# ਪੰਜਾਬੀ ਵਿਸ਼ਵ ਕੋਸ਼,

([illegible])



# ਪੰਜਾਬੀ ਵਿਸ਼ਵ ਕੋਸ਼

## ਜਿਲਦ ਬਾਰ੍ਹਵੀਂ

### ਡਰਬੀ ਤੋਂ ਤੌਹੀਦ

ਭਾਸ਼ਾ ਵਿਭਾਗ ਪੰਜਾਬ

PUNJABI VISHAV KOSH—Vol. XII
**Rachhpal Singh Gill**
Director, Languages Deptt., Punjab

**ਪੰਜਾਬੀ ਵਿਸ਼ਵ ਕੋਸ਼—ਜਿਲਦ ਬਾਰ੍ਹਵੀਂ**
**ਰਛਪਾਲ ਸਿੰਘ ਗਿੱਲ**
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

© ਭਾਸ਼ਾ ਵਿਭਾਗ, ਪੰਜਾਬ
ਸਾਲ : 2004
ਕਾਪੀਆਂ : 2000
ਕੀਮਤ : 169/- (ਕੇਵਲ ਇੱਕ ਸੌ ਉਨੱਤਰ ਰੁ:)

0420 — ਵਿ.ਕੋ. — 1517

**ਪ੍ਰਕਾਸ਼ਕ** : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
**ਛਾਪਕ** : ਮਨੂਜਾ ਆਫ਼ਸੈਟ ਵਰਕਸ, ਜਲੰਧਰ
**ਰਾਹੀਂ** : ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ

# ਸੰਪਾਦਕੀ ਬੋਰਡ


## ਮੁੱਖ ਸੰਪਾਦਕ

ਰਛਪਾਲ ਸਿੰਘ ਗਿੱਲ

## ਸੰਪਾਦਕ

**ਸਮਾਜ ਵਿਗਿਆਨ**

ਗੁਰਨਾਮ ਸਿੰਘ ਭੁੱਲਰ

**ਵਿਗਿਆਨ**

ਕੰਵਲਜੀਤ ਕੌਰ

**ਸਾਹਿਤ ਤੇ ਕਲਾ**

ਮਹਿੰਦਰ ਕੌਰ (ਸਾਬਕਾ)

ਹਰਜੀਤ ਕੌਰ

## ਸਹਿ-ਸੰਪਾਦਕ

ਸਤਨਾਮ ਸਿੰਘ

ਡਾ. ਸ਼ੈਲਜਾ ਗੋਇਲ

ਅੰਮ੍ਰਿਤਪਾਲ਼ ਕੌਰ

ਚੰਦਨਦੀਪ ਕੌਰ

ਕਰਮਜੀਤ ਕੌਰ

ਕੇਸਰ ਸਿੰਘ

ਵੀਰਪਾਲ ਕੌਰ

## ਚਿੱਤਰਕਾਰ

ਸਰਵਨ ਸਿੰਘ

## ਕੈਮਰਾਮੈਨ

ਆਸਿਫ਼ ਅਲੀ

# ਦੋ ਸ਼ਬਦ

ਮਨੁੱਖੀ ਜੀਵਨ ਦਾ ਸਰਵਪੱਖੀ ਗਿਆਨ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਵਿਸ਼ਵ ਪੱਧਰ ਦੇ ਗਿਆਨ ਨੂੰ ਉਸ ਦੀ ਆਪਣੀ ਮਾਤਭਾਸ਼ਾ ਵਿਚ ਉਪਲੱਬਧ ਕਰਵਾਇਆ ਜਾ ਸਕੇ। ਇਸ ਆਸ ਦੀ ਪੂਰਤੀ ਲਈ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪੈਟਰਨ ਤੇ ਤਿਆਰ ਕੀਤਾ ਜਾ ਰਿਹਾ ਪੰਜਾਬੀ ਵਿਸ਼ਵ ਕੋਸ਼ ਦਾ ਇਹ ਪ੍ਰਾਜੈਕਟ ਪੰਜਾਬੀ ਪਾਠਕਾਂ ਅਤੇ ਪੰਜਾਬੀ ਦੇ ਵਿਕਾਸ ਲਈ ਭਾਸ਼ਾ ਵਿਭਾਗ ਵਲੋਂ ਇਕ ਛੋਟਾ ਜਿਹਾ ਉਪਰਾਲਾ ਹੈ।

ਪੰਜਾਬੀ ਵਿਸ਼ਵ ਕੋਸ਼ ਵਿਚ ਸਾਹਿਤ ਤੇ ਕਲਾ, ਵਿਗਿਆਨ, ਸਮਾਜਿਕ ਵਿਸ਼ਿਆਂ ਅਤੇ ਹੋਰ ਕਈ ਅਜਿਹੇ ਜਟਿਲ ਵਿਸ਼ਿਆਂ ਨੂੰ ਸਰਲ ਤੇ ਸੌਖੀ ਪੰਜਾਬੀ ਬੋਲੀ ਵਿਚ ਬਿਆਨ ਕਰਨ ਅਤੇ ਇਸ ਦੇ ਨਾਲ ਪੰਜਾਬ, ਭਾਰਤ ਅਤੇ ਸੰਸਾਰ ਭਰ ਦੇ ਵੱਖ ਵੱਖ ਵਿਸ਼ਿਆਂ ਦਾ ਵੱਡਮੁਲਾ ਗਿਆਨ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਲੋੜ ਅਨੁਸਾਰ ਵਿਸ਼ੇਸ਼ ਵਿਸ਼ਿਆਂ ਨਾਲ ਸਬੰਧਤ ਐਂਟਰੀਆਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਅਤੇ ਵਿਦਵਾਨਾਂ ਪਾਸੋਂ ਲਿਖਵਾਈਆਂ ਗਈਆਂ ਹਨ।

ਪੰਜਾਬੀ ਵਿਸ਼ਵ ਕੋਸ਼ ਦੀ ਇਸ ਜਿਲਦ ਵਿਚ ਡਰਬੀ ਤੋਂ ਤੌਹੀਦ ਤਕ ਦੀਆਂ ਐਂਟਰੀਆਂ ਸ਼ਾਮਲ ਹਨ। ਇਸ ਖੋਜ ਕਾਰਜ ਨੂੰ ਨਿਭਾਉਂਦਿਆਂ ਭਾਵੇਂ ਪੂਰੀ ਮਿਹਨਤ ਅਤੇ ਸਾਵਧਾਨੀ ਤੋਂ ਕੰਮ ਲਿਆ ਗਿਆ ਹੈ ਪਰ ਫਿਰ ਵੀ ਹੋ ਸਕਦਾ ਹੈ ਕਿ ਕਿਤੇ ਅੰਕੜੇ ਅਤੇ ਤੱਤ ਮਿਤੀ ਅੰਤ ਤਕ ਨਾ ਦਿੱਤੇ ਜਾ ਸਕੇ ਹੋਣ ਕਿਉਂਕਿ ਸਾਧਨ ਸਾਮੱਗਰੀ ਅਤੇ ਅਮਲੇ ਵਿਸ਼ੇਸ਼ ਦੀ ਘਾਟ ਹੋਣ ਕਰ ਕੇ ਉਹ ਸਾਰੀਆਂ ਸਹੂਲਤਾਂ ਮੁਹੱਈਆ ਨਹੀਂ ਕੀਤੀਆਂ ਜਾ ਸਕੀਆਂ ਜਿਹੜੀਆਂ ਕਿ ਅਜਿਹੇ ਮਹੱਤਵਪੂਰਨ ਪ੍ਰਾਜੈਕਟ ਲਈ ਲੋੜੀਂਦੀਆਂ ਹਨ।

ਪੰਜਾਬੀ ਵਿਸ਼ਵ ਕੋਸ਼ ਦੀਆਂ ਪਹਿਲਾਂ ਛਪੀਆਂ ਜਿਲਦਾਂ ਵਾਂਗ ਪਾਠਕਾਂ ਦੀ ਸਹਾਇਤਾ ਲਈ ਇਸ ਜਿਲਦ ਦੇ ਆਰੰਭ ਵਿਚ ਹੀ ਇਸ ਦੀ ਵਰਤੋਂ ਬਾਰੇ ਸੰਖੇਪ ਸੂਚਨਾ ਦਿੱਤੀ ਗਈ ਹੈ ਤੇ ਨਾਲ ਹੀ ਜਿਲਦ ਵਿਚ ਵਰਤੀਆਂ ਗਈਆਂ ਸਾਰੀਆਂ ਹਵਾਲਾ ਪੁਸਤਕਾਂ, ਨਾਵਾਂ, ਥਾਵਾਂ ਨਾਲ ਸਬੰਧਤ ਸ਼ਬਦ ਸੰਖੇਪ ਸੂਚੀ ਵੀ ਦਿੱਤੀ ਗਈ ਹੈ।

ਪੰਜਾਬੀ ਦਾ ਇਹ ਹਵਾਲਾ ਗ੍ਰੰਥ ਪੰਜਾਬੀ ਪਾਠਕਾਂ ਅਤੇ ਵਿਦਵਾਨਾਂ ਨੂੰ ਭੇਟ ਕਰਦਿਆਂ ਮੈਂ ਆਸ ਕਰਦਾ ਹਾਂ ਕਿ ਸੁਹਿਰਦ ਪਾਠਕ ਇਸ ਜਿਲਦ ਵਿਚ ਰਹਿ ਗਈਆਂ ਤਰੁੱਟੀਆਂ ਤੋਂ ਜਾਣੂ ਕਰਵਾਉਣਗੇ ਅਤੇ ਆਪਣੇ ਵੱਡਮੁਲੇ ਸੁਝਾਵਾਂ ਨਾਲ ਇਸ ਪ੍ਰਾਜੈਕਟ ਨੂੰ ਹੋਰ ਚੰਗੇਰਾ ਅਤੇ ਸੁਚੱਜਾ ਬਣਾਉਣ ਵਿਚ ਸਾਡਾ ਸਹਿਯੋਗ ਦੇਣਗੇ।

ਬਾਰ੍ਹਵੀਂ ਜਿਲਦ ਦੀ ਤਿਆਰੀ ਅਤੇ ਛਪਾਈ ਵਿਚ ਵਿਸ਼ਵ ਕੋਸ਼ ਭਾਗ ਲਈ ਵਿਸ਼ੇਸ਼ ਅਮਲੇ ਦੀ ਘਾਟ ਦੇ ਬਾਵਜੂਦ ਵੀ ਸੰਪਾਦਕਾਂ ਅਤੇ ਵਿਸ਼ਾ ਸੰਪਾਦਕਾਂ ਤੋਂ ਇਲਾਵਾ ਸ. ਕੁਲਦੀਪ ਸਿੰਘ ਕੱਬਰਵਾਲ ਨੇ ਬਤੌਰ ਸੰਪਾਦਕ (ਹੁਣ ਰਿਟਾਇਰਡ) ਸਾਹਿਤ ਤੇ ਕਲਾ ਅਤੇ ਸਹਾਇਕ ਡਾਇਰੈਕਟਰ ਸ. ਅਵਤਾਰ ਸਿੰਘ ਹੱਦ, ਸ੍ਰੀਮਤੀ ਜਗਜੀਤ ਕੌਰ, ਸ੍ਰੀਮਤੀ ਬਲਵੰਤ ਕੌਰ (ਹੁਣ ਰਿਟਾਇਰਡ) ਅਤੇ ਸ. ਗੁਰਬਖਸ਼ ਸਿੰਘ ਹੁਰਾਂ ਨੇ ਆਪਣਾ ਨਿੱਗਰ ਯੋਗਦਾਨ ਪਾਇਆ ਹੈ। ਇਨ੍ਹਾਂ ਦੀ ਲਗਨ ਅਤੇ ਫ਼ਰਜ਼ ਸ਼ਨਾਸੀ ਕਾਬਲਿ-ਤਾਰੀਫ਼ ਹੈ।

ਇਸ ਜਿਲਦ ਦੀ ਇੰਨੀ ਵਧੀਆ ਛਪਾਈ ਥੋੜ੍ਹੇ ਜਿਹੇ ਸਮੇਂ ਵਿਚ ਨੇਪਰੇ ਚਾੜ੍ਹਨ ਲਈ, ਮੈਂ ਕੰਟਰੋਲਰ, ਛਪਾਈ ਅਤੇ ਲਿਖਣ ਸਾਮੱਗਰੀ ਵਿਭਾਗ, ਪੰਜਾਬ ਅਤੇ ਉਨ੍ਹਾਂ ਦੇ ਸਟਾਫ ਦਾ ਉਚੇਚ ਤੌਰ ਤੇ ਧੰਨਵਾਦੀ ਹਾਂ।

**ਰਛਪਾਲ ਸਿੰਘ ਗਿੱਲ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

# ਪੰਜਾਬੀ ਵਿਸ਼ਵ ਕੋਸ਼ ਦੀ ਵਰਤੋਂ

ਪੰਜਾਬੀ ਵਿਸ਼ਵ ਕੋਸ਼ ਵਿਚ ਸਾਹਿਤ ਤੇ ਕਲਾ, ਸਮਾਜ ਵਿਗਿਆਨ ਅਤੇ ਵਿਗਿਆਨ ਨਾਲ ਸਬੰਧਤ ਵਿਸ਼ਿਆਂ ਦੀਆਂ ਐਂਟਰੀਆਂ ਨੂੰ ਦਿੱਤੀ ਗਈ ਤਰਤੀਬ ਦੀ ਹੇਠਾਂ ਵਿਆਖਿਆ ਕੀਤੀ ਜਾਂਦੀ ਹੈ ਤਾਂ ਜੋ ਪਾਠਕ ਨੂੰ ਲੋੜੀਂਦੀ ਐਂਟਰੀ ਲੱਭਣ ਵਿਚ ਆਸਾਨੀ ਰਹੇ।

1. ਐਂਟਰੀਆਂ ਦੀ ਤਰਤੀਬ ਉਨ੍ਹਾਂ ਦੇ ਨਾਵਾਂ ਅਨੁਸਾਰ ਰੱਖੀ ਗਈ ਹੈ ਨਾ ਕਿ ਵਿਸ਼ਿਆਂ ਅਨੁਸਾਰ ਅਤੇ ਇਹ ਤਰਤੀਬ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਰੱਖੀ ਗਈ ਹੈ ਜਿਵੇਂ ਕਿ ੳ, ਅ, ੲ, ......ਲ਼, ਵ, ੜ। ਇਸ ਤੋਂ ਅੱਗੇ ਇਕੋ ਹੀ ਅੱਖਰ ਨੂੰ ਲਗਾਂ ਮਾਤਰਾਂ ਦੇ ਹਿਸਾਬ ਨਾਲ ਤਰਤੀਬਵਾਰ ਕੀਤਾ ਗਿਆ ਹੈ। ਉਨ੍ਹਾਂ ਵਿਚ ਮੁਕਤਾ (ਸ) ਸਭ ਤੋਂ ਪਹਿਲਾਂ ਅਤੇ ਕ੍ਰਮਵਾਰ ਕੰਨਾ (ਸਾ), ਸਿਹਾਰੀ (ਸਿ), ਬਿਹਾਰੀ (ਸੀ), ਔਂਕੜ (ਸੁ), ਦੁਲੈਂਕੜ (ਸੂ), ਲਾਂ (ਸੇ), ਦੁਲਾਂ (ਸੈ), ਹੋੜਾ (ਸੋ) ਅਤੇ ਕਨੌੜਾ (ਸੌ) ਰੱਖੇ ਗਏ ਹਨ।

ਤਰਤੀਬ ਵਿਚ ਬਿੰਦੀ (ਸਾਂ), ਟਿੱਪੀ (ਸੰ) ਅਤੇ ਅੱਧਕ (ਸੱ) ਆਦਿ ਨੂੰ ਕੋਈ ਵੱਖਰਾ ਕ੍ਰਮ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਜੇ ਕਿਸੇ ਐਂਟਰੀ ਦੇ ਸਿਰਲੇਖ ਵਿਚ ਕੌਮਾ (,) ਆਉਂਦਾ ਹੈ ਤਾਂ ਅੱਖਰ-ਕ੍ਰਮ ਵਿਚ ਉਸ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ।

2. ਕਿਸੇ ਸ਼ਬਦ ਦੇ ਪੈਰ ਵਿਚ ਆਉਣ ਵਾਲੇ 'ਰ' ਅਤੇ 'ਵ' ਨੂੰ ਕ੍ਰਮ ਦੇਣ ਲੱਗਿਆਂ ਪੂਰਾ 'ਰ' ਅਤੇ 'ਵ' ਮੰਨਿਆ ਗਿਆ ਹੈ। ਜਿਥੇ ਕਿਤੇ ਕਿਸੇ ਅੱਖਰ ਦੇ ਪੈਰ ਵਿਚ 'ਰ' ਆਇਆ ਹੈ ਅਤੇ ਉਸ ਅੱਖਰ ਨੂੰ ਕੋਈ ਲਗ ਮਾਤਰਾ ਲੱਗੀ ਹੋਈ ਹੈ ਤਾਂ ਅੱਖਰ-ਕ੍ਰਮ ਵਿਚ ਉਹ ਲਗ ਮਾਤਰਾ 'ਰ' ਨੂੰ ਹੀ ਮੰਨੀ ਗਈ ਹੈ ਨਾ ਕਿ ਮੂਲ ਅੱਖਰ ਨੂੰ ਜਿਵੇਂ ਅੰਮ੍ਰਿਤ।

3. ਐਂਟਰੀ ਦਾ ਸਿਰਲੇਖ ਭਾਵੇਂ, ਇਕ, ਦੋ ਜਾਂ ਬਹੁਤੇ ਸ਼ਬਦਾਂ ਦਾ ਹੈ ਤਰਤੀਬ ਪਹਿਲੇ ਸ਼ਬਦ ਨੂੰ ਮੁੱਖ ਰੱਖਕੇ ਹੀ ਦਿੱਤੀ ਗਈ ਹੈ ਜਿਵੇਂ—

**ੳ** :

**ਉਰਦੂ ਭਾਸ਼ਾ ਅਤੇ ਸਾਹਿਤ** :

**ਉੜੀਸਾ** :

4. ਭੂਗੋਲ ਨਾਲ ਸਬੰਧਤ ਇਕੋ ਨਾਂ ਦੀਆਂ ਇਕੋ ਹੀ ਥਾਂ ਤੇ ਕਈ ਕਈ ਐਂਟਰੀਆਂ ਦਰਜ ਹਨ। ਉਨ੍ਹਾਂ ਵਿਚੋਂ ਲੋੜੀਂਦੀ ਐਂਟਰੀ ਲੱਭਣ ਵਿਚ ਪਾਠਕ ਦੀ ਸਹੂਲਤ ਲਈ ਤਰਤੀਬ ਦੇਣ ਲੱਗਿਆਂ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਅਜਿਹੀਆਂ ਐਂਟਰੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਰੱਖੀ ਗਈ ਹੈ :—

**ਕਪੂਰਥਲਾ** : ਰਿਆਸਤ—

**ਕਪੂਰਥਲਾ** : ਜ਼ਿਲ੍ਹਾ—

**ਕਪੂਰਥਲਾ** : ਸ਼ਹਿਰ—

ਇਸ ਤਰ੍ਹਾਂ ਪਾਠਕ ਨੂੰ ਕਪੂਰਥਲਾ ਰਿਆਸਤ, ਜ਼ਿਲ੍ਹਾ ਜਾਂ ਸ਼ਹਿਰ ਲੱਭਣ ਵਿਚ ਮੁਸ਼ਕਲ ਪੇਸ਼ ਨਹੀਂ ਆਵੇਗੀ। ਇਕੋ ਹੀ ਨਾਂ ਦੇ ਕਈ ਕਈ ਸ਼ਹਿਰਾਂ ਦੀ ਸੂਰਤ ਵਿਚ ਐਂਟਰੀ ਦਾ ਆਰੰਭਕ ਵਾਕ ਅਜਿਹੇ ਢੰਗ ਨਾਲ ਸ਼ੁਰੂ ਕੀਤਾ ਗਿਆ ਹੈ ਕਿ ਉਸ ਦਾ ਪਹਿਲਾ ਹੀ ਸ਼ਬਦ ਇਹ ਸਪਸ਼ਟ ਕਰ ਦਿੰਦਾ ਹੈ ਕਿ ਇਹ ਸ਼ਹਿਰ ਕਿਸ ਰਾਜ ਜਾਂ ਕਿਸ ਦੇਸ਼ ਨਾਲ ਸਬੰਧ ਰੱਖਦਾ ਹੈ। ਉਦਾਹਰਣ ਲਈ :—

(ੳ) **ਕਿੰਗਜ਼ਟਨ** : ਸੰਯੁਕਤ ਰਾਜ ਅਮਰੀਕਾ ਦਾ ਇਹ ਸ਼ਹਿਰ............

**ਕਿੰਗਜ਼ਟਨ** : ਕੈਨੇਡਾ ਦਾ ਇਹ ਸ਼ਹਿਰ ............

(ਅ) **ਕਾਨਕਰਡ (Concord)** : ਕੈਲਿਫ਼ੋਰਨੀਆ ਰਾਜ (ਸ. ਰ. ਅ.) ਦੀ ਕਾਂਟਰਾ ਕਾਂਸਟਾ ਕਾਉਂਟੀ ਦਾ ਇਕ ਸ਼ਹਿਰ ਹੈ ਜੋ...

**ਕਾਨਕਰਡ (Concord)** : ਮੈਸਾਚੂਸੈਟਸ ਰਾਜ (ਸ. ਰ. ਅ.) ਦੀ ਮਿਡਲਸੈਕਸ ਕਾਉਂਟੀ ਦਾ ਇਕ ਸ਼ਹਿਰ ਹੈ ਜੋ.....

5. ਕ੍ਰਾਸ ਹਵਾਲੇ ਵਾਲੀਆਂ ਐਂਟਰੀਆਂ ਦੀ ਸੂਰਤ ਵਿਚ ਇਹ ਯਤਨ ਕੀਤਾ ਗਿਆ ਹੈ ਕਿ ਐਂਟਰੀ ਨੂੰ ਉਸ ਦੇ ਮੌਜੂਦਾ ਨਾਂ ਹੇ ਦਿੱਤਾ ਜਾਵੇ ਅਤੇ ਉਸ ਦੇ ਦੂਜੇ ਨਾਂ ਨੂੰ ਕ੍ਰਾਸ ਹਵਾਲੇ ਵਜੋਂ ਉਸ ਦੇ ਬਣਦੇ ਅੱਖਰ-ਕ੍ਰਮ ਅਨੁਸਾਰ ਦਿੱਤਾ ਜਾਵੇ, ਜਿਵੇਂ ਕਿ ਐਂਟ 'ਜ਼ੇਅਰ' ਦੇ ਨਾਂ ਹੇਠ ਪਵੇਗੀ ਪਰ ਜਿਥੇ 'ਕਾਂਗੋ' ਐਂਟਰੀ ਆਵੇਗੀ ਉਥੇ ਲਿਖਿਆ ਹੋਵੇਗਾ—

**ਕਾਂਗੋ** : 'ਵੇਖੋ, ਜ਼ੇਅਰ'

6. ਇਕੋ ਹੀ ਨਾਂ ਦੀਆਂ ਜੀਵਨੀਆਂ ਦਾ ਕ੍ਰਮ ਉਨ੍ਹਾਂ ਦੇ ਜੀਵਨ-ਕਾਲ ਅਨੁਸਾਰ ਦਿੱਤਾ ਗਿਆ ਹੈ ਜਿਵੇਂ :—

**ਸ਼ਾਹ ਨਵਾਜ਼ ਖ਼ਾਂ (18ਵੀਂ ਸਦੀ) :**

**ਸ਼ਾਹ ਨਵਾਜ਼ ਖ਼ਾਂ (20ਵੀਂ ਸਦੀ) :**

ਇਕ ਹੀ ਨਾਂ ਦੇ ਰਾਜਿਆਂ ਆਦਿ ਜਿਨ੍ਹਾਂ ਦੀਆਂ ਕਈ ਕਈ ਐਂਟਰੀਆਂ ਹਨ ਜਿਵੇਂ ਜੇਮਜ਼ ਪਹਿਲਾ, ਦੂਜਾ, ਤੀਜਾ ਆ ਦੀ ਲੋੜੀਂਦੀ ਐਂਟਰੀ ਨੂੰ ਆਸਾਨੀ ਨਾਲ ਲੱਭਣ ਲਈ ਐਂਟਰੀ ਦੇ ਸਿਰਲੇਖ ਦੇ ਨਾਲ ਬ੍ਰੈਕਟ ਵਿਚ ਉਸ ਦਾ ਨੰਬਰ-ਕ੍ਰਮ ਦਿੱਤਾ ਗਿਆ ਅਤੇ ਹੋਰ ਭੀ ਸਪਸ਼ਟ ਕਰਨ ਲਈ ਇਸ ਨਾਲ ਗੁਰਮੁਖੀ ਦੀ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਸਬੰਧਤ ਦੇਸ਼ ਦਾ ਨਾਂ ਵੀ ਦਿੱਤਾ ਗਿਆ ਜਿਵੇਂ—

**ਜੇਮਜ਼ (ਪਹਿਲਾ-ਇੰਗਲੈਂਡ) :**

**ਜੇਮਜ਼ (ਪਹਿਲਾ—ਸਪੇਨ) :**

**ਜੇਮਜ਼ (ਪਹਿਲਾ—ਪੁਰਤਗਾਲ) :**

7. ਐਂਟਰੀਆਂ ਦੇ ਅਖ਼ੀਰ ਵਿਚ ਉਨ੍ਹਾਂ ਵਿਚ ਵਰਤੀਆਂ ਗਈਆਂ ਹਵਾਲਾ ਪੁਸਤਕਾਂ ਦਾ ਨਾਂ ਸੰਖੇਪ ਰੂਪ ਵਿਚ ਦਿੱਤਾ ਗਿਆ ਇਸੇ ਤਰ੍ਹਾਂ ਐਂਟਰੀ ਵਿਚ ਵੀ ਸੰਖੇਪ ਸ਼ਬਦ ਵਰਤੇ ਗਏ ਹਨ ਜਿਨ੍ਹਾਂ ਦਾ ਪੂਰਾ ਨਾਂ ਪਾਠਕ ਆਰੰਭ ਵਿਚ ਦਿੱਤੀ ਗਈ 'ਸ਼ਬਦ-ਸੰਖੇਪ' ਸੂ ਵਿਚੋਂ ਵੇਖ ਸਕਦੇ ਹਨ।

ਪੰਜਾਬੀ ਵਿਸ਼ਵ ਕੋਸ਼ ਵਿਚ ਉਪਰੋਕਤ ਨਿਯਮ ਪਾਲਣ ਦਾ ਪੂਰਾ ਪੂਰਾ ਯਤਨ ਕੀਤਾ ਗਿਆ ਹੈ ਪਰ ਫਿਰ ਵੀ ਮੁਢਲੀਆਂ ਜਿਲ ਦੀ ਸਾਮੱਗਰੀ ਕਾਫ਼ੀ ਪਹਿਲਾਂ ਤਿਆਰ ਹੋਣ ਕਰਕੇ ਕਿਤੇ ਕਿਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਵਿਚ ਉਕਾਈ ਦੀ ਸੰਭਾਵਨਾ ਵੀ ਹੋ ਸਕ ਹੈ। ਪੰਜਾਬੀ ਵਿਸ਼ਵ ਕੋਸ਼ ਦੀਆਂ ਅਗਲੀਆਂ ਜਿਲਦਾਂ ਵਿਚ ਉਪਰੋਕਤ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ।

# ਸ਼ਬਦ-ਸੰਖੇਪ ਸੂਚੀ

## ਹਵਾਲਾ ਪੁਸਤਕਾਂ

| | |
|---|---|
| ਅ. ਹਿ. ਇੰਡ.—ਸਮਿਥ | ਅਰਲੀ ਹਿਸਟਰੀ ਆਫ਼ ਇੰਡੀਆ—ਸਮਿਥ |
| ਅ. ਹਿ. ਇੰਡ.—ਘੋਸ਼ | ਅਰਲੀ ਹਿਸਟਰੀ ਆਫ਼ ਇੰਡੀਆ—ਘੋਸ਼ |
| ਅੰਡ. ਯੰ. ਚਾ. | ਅੰਡਰਸਟੈਂਡਿੰਗ ਦੀ ਯੰਗ ਚਾਈਲਡ—ਡਬਲਿਊ. ਈ. ਬਲਾਟਜ਼ |
| ਅ.ਫਿ.-ਰਾਜਮ | ਅਟਾਮਿਕ ਫ਼ਿਜ਼ਿਕਸ—ਜੇ. ਬੀ. ਰਾਜਮ |
| ਆੱਕ. ਕੰ. ਅਮੈ. ਲਿਟ. | ਆੱਕਸਫ਼ੋਰਡ ਕੰਪੈਨੀਅਨ ਟੂ ਅਮੈਰੀਕਨ ਲਿਟਰੇਚਰ |
| ਆੱਕ. ਕੰ. ਆ. | ਆੱਕਸਫ਼ੋਰਡ ਕੰਪੈਨੀਅਨ ਟੂ ਆਰਟ |
| ਆੱਕ. ਕੰ. ਇੰਗ. ਲਿਟ. | ਆੱਕਸਫ਼ੋਰਡ ਕੰਪੈਨੀਅਨ ਟੂ ਇੰਗਲਿਸ਼ ਲਿਟਰੇਚਰ |
| ਆ. ਕੈ.—ਸੋਨੀ | ਆਰਗੈਨਿਕ ਕੈਮਿਸਟਰੀ—ਪੀ. ਐਲ. ਸੋਨੀ |
| ਆ. ਕੈ.—ਫਿਨਾਰ | ਆਰਗੈਨਿਕ ਕੈਮਿਸਟਰੀ—ਆਈ. ਐਨ. ਫ਼ਿਨਾਰ |
| ਆ. ਕੈ.—ਮੋਰੀਸਨ-ਬਾਇਡ | ਆਰਗੈਨਿਕ ਕੈਮਿਸਟਰੀ—ਮੋਰੀਸਨ ਅਤੇ ਬਾਇਡ |
| ਐਡ. ਸ. ਹਿ. ਪੰ. | ਦਾ ਐਡਵਾਂਸਡ ਸਟਡੀ ਇਨ ਦੀ ਹਿਟਸਰੀ ਆਫ਼ ਦੀ ਪੰਜਾਬ-ਜੀ. ਐਸ. ਛਾਬੜਾ |
| ਐਡ. ਹਿ. ਇੰਡ. | ਐਡਵਾਂਸ ਹਿਸਟਰੀ ਆਫ਼ ਇੰਡੀਆ—ਆਰ. ਸੀ. ਮਜੂਮਦਾਰ |
| ਐਨ. ਉਰ. | ਐਨਸਾਈਕਲੋਪੀਡੀਆ ਆਫ਼ ਉਰਦੂ |
| ਐਨ. ਅਮੈ. | ਐਨਸਾਈਕਲੋਪੀਡੀਆ ਆਫ਼ ਅਮੈਰੀਕਾਨਾ |
| ਐਨ. ਇਸ. | ਐਨਸਾਈਕਲੋਪੀਡੀਆ ਆਫ਼ ਇਸਲਾਮ |
| ਐਨ. ਇੰਡ. | ਐਨਸਾਈਕਲੋਪੀਡੀਆ ਇੰਡੀਕਾ |
| ਐਨ. ਸਾਈ. | ਐਨਸਾਈਕਲੋਪੀਡੀਆ ਆਫ਼ ਸਾਈਕਾਲੋਜੀ |
| ਐਨ. ਬ੍ਰਿ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ |
| ਐਨ. ਬ੍ਰਿ. ਮਾ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮਾਈਕ੍ਰੋਪੀਡੀਆ |
| ਐਨ. ਬ੍ਰਿ. ਮੈ. | ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੈਕਰੋਪੀਡੀਆ |
| ਐਨ. ਰਿ. | ਐਨਸਾਈਕਲੋਪੀਡੀਆ ਆਫ਼ ਰਿਲਿਜਨ-ਵਰਜਿਲੀਅਸ |
| ਐਨ. ਰਿ. ਐਥਿ. | ਐਨਸਾਈਕਲੋਪੀਡੀਆ ਆਫ਼ ਰਿਲਿਜਨ ਐਂਡ ਐਥਿਕਸ |
| ਐਮ. ਫ੍ਰੀ. ਫਾ. ਪੰ. | ਐਮੀਨੈਂਟ ਫ੍ਰੀਡਮ ਫ਼ਾਈਟਰਜ਼ ਆਫ਼ ਪੰਜਾਬ-ਫ਼ੌਜਾ ਸਿੰਘ |
| ਐਵ. ਐਨ. | ਐਵਰੀਮੈਨਜ਼ ਐਨਸਾਈਕਲੋਪੀਡੀਆ |
| ਇੰ. ਐਨ. ਸੋ. ਸਾ. | ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼ |
| ਇ. ਐਨ. ਕੈ. ਸਾ. | ਇੰਟਰਨੈਸ਼ਨਲ ਐਨਸਾਈਕਲੋਪੀਡੀਆ ਆਫ਼ ਕੈਮੀਕਲ ਸਾਇੰਸ |
| ਇ. ਬਾ. | ਇਕਨਾਮਿਕ ਬਾੱਟਨੀ—ਐਫ਼. ਹਿੱਲ |
| ਇੰਡ. ਪਾਕਿ. | ਇੰਡੀਆ ਐਂਡ ਪਾਕਿਸਤਾਨ—ਓ. ਐਚ. ਕੇ. ਸਪੇਟ |
| ਇੰਡ. ਰਿ. ਜਗ. | ਇੰਡੀਆ, ਏ ਰਿਜਿਨਲ ਜੀਓਗ੍ਰਾਫ਼ੀ—ਆਰ. ਐਲ. ਸਿੰਘ |
| ਇਨ. | ਇਨਸੈੱਕਟਸ—ਐੱਮ. ਐੱਸ. ਮੈਨੀ |
| ਇਨ. ਪੈ. ਕ੍ਰਾ. | ਇਨਸੈੱਕਟਸ ਪੈਸਟਸ ਆਫ਼ ਕ੍ਰਾਪਸ |
| ਇੰਪ. ਗ. ਇੰਡ. | ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ |
| ਏ. ਇੰਡ. | ਏਨਸ਼ੀਐਂਟ ਇੰਡੀਆ—ਰ. ਕ. ਮੁਕਰਜੀ |
| ਏ. ਹਿ. ਪਰ. | ਏ ਹਿਸਟਰੀ ਆਫ਼ ਪਰਸ਼ੀਆ—ਸਾਈਕਸ |
| ਸ. ਇੰਡ. | ਸਨੇਕਸ ਆਫ਼ ਇੰਡੀਆ—ਪੀ. ਜੇ. ਦੇਵਰਸ |
| ਸ. ਸਾ. ਹਾ. | ਦੀ ਸਟੈਂਡਰਡ ਸਾਈਕਲੋਪੀਡੀਆ ਆਫ਼ ਹਾਰਟੀਕਲਚਰ |
| ਸਟੇ. ਯੀ. ਬੁ. | ਸਟੇਟਸਮੈਨ ਯੀਅਰ ਬੁੱਕ |
| ਸ਼ਾ. ਐਨ. ਇਸ. | ਸ਼ਾਰਟਰ ਐਨਸਾਈਕਲੋਪੀਡੀਆ ਆਫ਼ ਇਸਲਾਮ |
| ਸਾ. ਟੂ. | ਸਾਇੰਸ ਟੂਡੇ |
| ਸਾ. ਰਿ. | ਸਾਇੰਸ ਰਿਪੋਰਟਰ |
| ਸਿ. ਸ਼੍ਰਾ. ਵੈ. ਪਾਕਿ. | ਸਿੱਖ ਸ਼੍ਰਾਈਨਜ਼ ਇਨ ਵੈਸਟ ਪਾਕਿਸਤਾਨ—ਖ਼ਾਨ ਮੁਹੰਮਦ ਵਲੀ ਉੱਲਾ ਖ਼ਾਂ |
| ਸਿ. ਪੋ. ਯੂ. ਆ. | ਸਿੱਖ ਪੋਰਟ੍ਰੇਟਸ ਬਾਈ ਯੂਰਪੀਅਨ ਆਰਟ੍ਸਿਟਸ |
| ਸਿ. ਮਿ. | ਸਿੱਖ ਮਿਸਲਾਂ—ਸੋਹਣ ਸਿੰਘ ਸੀਤਲ |
| ਹਿ. ਏ. ਇੰਡ. | ਹਿਸਟਰੀ ਆਫ਼ ਏਨਸ਼ੀਐਂਟ ਇੰਡੀਆ—ਡਾ. ਤ੍ਰਿਪਾਠੀ |
| ਹਿੰ. ਸ਼. ਸਾ | ਹਿੰਦੀ ਸ਼ਬਦ ਸਾਗਰ |

| | |
|---|---|
| ਹਿ. ਸੰ. ਲਿਟ. | ਏ ਹਿਸਟਰੀ ਆਫ਼ ਸੰਸਕ੍ਰਿਤ ਲਿਟਰੇਚਰ—ਏ. ਬੀ. ਕੀਥ |
| ਹਿੰ. ਸਾ. ਇਤਿ. | ਹਿੰਦੀ ਸਾਹਿਤ ਕਾ ਇਤਿਹਾਸ—ਰਾਮ ਚੰਦਰ ਸ਼ੁਕਲ |
| ਹਿੰ. ਸਾ. ਕੋ. | ਹਿੰਦੀ ਸਾਹਿਤ ਕੋਸ਼ |
| ਹਿ. ਸਿ.—ਕਨਿੰਘਮ | ਹਿਸਟਰੀ ਆਫ਼ ਸਿੱਖਸ-ਕਨਿੰਘਮ |
| ਹਿ. ਸਿ.—ਖੁ. ਸ. | ਹਿਸਟਰੀ ਆਫ਼ ਸਿੱਖਸ—ਖੁਸ਼ਵੰਤ ਸਿੰਘ |
| ਹਿ. ਸਿ.—ਹ. ਰ. ਗੁ. | ਹਿਸਟਰੀ ਆਫ਼ ਸਿੱਖਸ-ਹਰੀ ਰਾਮ ਗੁਪਤਾ |
| ਹਿੰ. ਕਾ. ਸੈ. | ਹਿੰਦੂ ਕਾਸਟਸ ਐਂਡ ਸੈਕਟਸ |
| ਹਿ. ਗੁ. | ਹਿਸਟਰੀ ਆਫ਼ ਗੁਪਤਾਜ਼ |
| ਹਿ. ਪੰ. | ਹਿਸਟਰੀ ਆਫ਼ ਦੀ ਪੰਜਾਬ—ਮੁਹੰਮਦ ਲਤੀਫ਼ |
| ਹਿ. ਪ. | ਹਿਸਟਰੀ ਆਫ਼ ਪਰਸ਼ੀਆ—ਸਾਈਕਸ |
| ਹਿ. ਫ਼੍ਰੀ. ਮੂ. ਇੰਡ | ਹਿਸਟਰੀ ਆਫ਼ ਫ਼੍ਰੀਡਮ ਮੂਵਮੈਂਟ ਇੰਨ ਇੰਡੀਆ—ਮਜੂਮਦਾਰ |
| ਹਿੰ. ਮਿ. ਕੋ. | ਹਿੰਦੂ ਮਿਥਿਹਾਸ ਕੋਸ਼ |
| ਹਿ. ਮੈ. ਇੰਡ. | ਹਿਸਟਰੀ ਆਫ਼ ਮੈਡਿਈਵਲ ਇੰਡੀਆ—ਈਸ਼ਵਰੀ ਪ੍ਰਸਾਦ |
| ਹਿੰ. ਵ. | ਹਿੰਦੂ ਵਰਲਡ |
| ਹਿੰ. ਵਿ. ਕੋ. | ਹਿੰਦੀ ਵਿਸ਼ਵ ਕੋਸ਼ |
| ਹੂ. ਇੰਡੀ. ਮਾਰ. | ਹੂ-ਜ਼ ਹੂ ਆਫ਼ ਇੰਡੀਅਨ ਮਾਰਟਰਜ਼ |
| ਹੂ. ਇੰਡੀ. ਰਾਈ. | ਹੂ-ਜ਼ ਹੂ ਆਫ਼ ਇੰਡੀਅਨ ਰਾਈਟਰਜ਼ |
| ਹੈਂ. ਐ. | ਹੈਂਡਬੁੱਕ ਆਫ਼ ਐਗਰੀਕਲਚਰ—ਆਈ. ਸੀ. ਏ. ਆਰ. |
| ਹੈਂ. ਫ਼ਿਜ਼ਿ. ਬਾ. ਕੈ. | ਹੈਂਡਬੁੱਕ ਆਫ਼ ਫ਼ਿਜ਼ਿਆਲੋਜੀ ਐਂਡ ਬਾਇਓ-ਕੈਮਿਸਟਰੀ |
| ਹੈ. ਵ. ਐ. | ਹੈਮੰਡ ਵਰਲਡ ਐਟਲਸ |
| ਕ. ਐਨ. ਲਿਟ. | ਕਲਾਸੀਕਲ ਐਨਸਾਈਕਲੋਪੀਡੀਆ ਆਫ਼ ਲਿਟਰੇਚਰ |
| ਕ. ਸ. ਸਾਈ. | ਕਨਟੈਂਪਰੇਰੀ ਸਕੂਲਜ਼ ਆਫ਼ ਸਾਈਕਾਲੋਜੀ—ਰਾਬਰਟ ਵੁਡਵਰਥ |
| ਕੰ. ਹਿ. ਇੰਡ | ਕੰਪਰੀਹੈਨਸਿਵ ਹਿਸਟਰੀ ਆਫ਼ ਇੰਡੀਆ—ਨੀਲ ਕਾਂਤ ਸ਼ਾਸ਼ਤਰੀ |
| ਕਾ. ਇੰਡ. | ਕਾਸਟਸ ਇਨ ਇੰਡੀਆ |
| ਕਾ. ਟ੍ਰੀ. | ਕਾਮਨ ਟ੍ਰੀਜ਼—ਡਾ. ਐੱਚ. ਸੰਤਾਪੂ |
| ਕਾ. ਬ. | ਕਾਮਨ ਬਰਡਜ਼—ਸਲੀਮ ਅਲੀ ਅਤੇ ਲਾਇਕ ਫ਼ਤਿਹ ਅਲੀ |
| ਕੈਂ. ਹਿ. ਇਸ. | ਕੈਂਬਰਿਜ ਹਿਸਟਰੀ ਆਫ਼ ਇਸਲਾਮ |
| ਕੈਂ. ਹਿ. ਇੰਡ | ਕੈਂਬਰਿਜ ਹਿਸਟਰੀ ਆਫ਼ ਇੰਡੀਆ—ਵੂਲਜ਼ਲੇ ਹੇਗ |
| ਕੋਲ. ਐਨ. | ਕੋਲੀਅਰਜ਼ ਐਨਸਾਈਕਲੋਪੀਡੀਆ |
| ਗ. ਇੰਡ. ਪਾਕਿ. | ਗਜ਼ਟੀਅਰ ਆਫ਼ ਇੰਡੀਆ ਐਂਡ ਪਾਕਿਸਤਾਨ |
| ਗ. ਇੰ. ਮੈ. ਪ. | ਗਲਾਸਰੀ ਆਫ਼ ਇੰਡੀਅਨ ਮੈਡੀਸਨਲ ਪਲਾਂਟਸ |
| ਗ. ਟ੍ਰਾ. ਕਾ. | ਗਲਾਸਰੀ ਆਫ਼ ਦੀ ਟ੍ਰਾਈਬਜ਼ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈੱਸਟ ਫ਼ਰੰਟੀਅਰਜ਼ ਪ੍ਰਾਵਿਨਸ |
| ਗ੍ਰੇ. ਮੈ. ਸਾ. | ਗ੍ਰੇਟ ਮੈਨ ਆਫ਼ ਸਾਇੰਸ—ਫ਼ਿਲਿਪ ਲੇਨਾਰਟ |
| ਗਾ. ਫ. | ਗਾਰਡਨ ਫ਼ਲਾਵਰਜ਼—ਵਿਸ਼ਨੂੰ ਸਰੂਪ |
| ਗੁ. ਅੰ. | ਗੁਪਤਾ ਅੰਪਾਇਰ—ਆਰ. ਕੇ. ਮੁਖਰਜੀ |
| ਗੁ. ਨਾ. ਸ਼. ਰ. | ਗੁਰੂ ਨਾਨਕ ਸ਼ਬਦ ਰਤਨਾਕਰ—ਡਾ. ਕਾਲਾ ਸਿੰਘ ਬੇਦੀ |
| ਗੁ. ਨਾ. ਪ੍ਰ. | ਗੁਰੂ ਨਾਨਕ ਪ੍ਰਕਾਸ਼—ਭਾਈ ਸੰਤੋਖ ਸਿੰਘ |
| ਗੁ. ਪ੍ਰ. ਸੂ. ਗ੍ਰੰ. | ਗੁਰੂ ਪ੍ਰਤਾਪ ਸੂਰਜ ਗ੍ਰੰਥ—ਭਾਈ ਸੰਤੋਖ ਸਿੰਘ |
| ਗੁ. ਪਾ. 6ਵੀਂ | ਗੁਰਬਿਲਾਸ ਪਾਤਸ਼ਾਹੀ ਛੇਵੀਂ |
| ਗੁ. ਮਾ. | ਗੁਰਮਤਿ ਮਾਰਤੰਡ |
| ਗੁ. ਲਿ. ਜ. ਵਿ. | ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ—ਜੀ. ਬੀ. ਸਿੰਘ |
| ਗੂ. ਮੈ. ਡਿ. | ਗੂਲਡ ਮੈਡੀਕਲ ਡਿਕਸ਼ਨਰੀ |
| ਚੀ. ਫੈ. ਨੋ. ਪੰ. | ਚੀਫ਼ਸ ਐਂਡ ਫ਼ੈਮਿਲੀਜ਼ ਆਫ਼ ਨੋਟ ਇਨ ਦਾ ਪੰਜਾਬ—ਐਲ. ਐਚ. ਗ੍ਰਿਫ਼ਿਨ |
| ਚੈਂਬ. ਐਨ. | ਚੈਂਬਰਜ਼ ਐਨਸਾਈਕਲੋਪੀਡੀਆ |
| ਚੋ. ਇੰਡ. ਡ੍ਰ. ਇੰਡ. | ਚੋਪੜਾਜ਼ ਇੰਡਿਜਿਨਸ ਡ੍ਰਗਜ਼ ਆਫ਼ ਇੰਡੀਆ |

## ਹਵਾਲਾ ਪੁਸਤਕਾਂ

| | |
|---|---|
| ਜਗ. ਡਿ. | ਦੀ ਜੀਓਗ੍ਰਾਫ਼ੀਕਲ ਡਿਕਸ਼ਨਰੀ—ਐਨ. ਐਲ. ਡੇ |
| ਜਗ. ਡਿ. ਏ. ਐਂਡ. ਮੈ. ਇੰਡ. | ਜੀਓਗ੍ਰਾਫ਼ੀਕਲ ਡਿਕਸ਼ਨਰੀ ਆਫ਼ ਏਨਸ਼ੀਐਂਟ ਐਂਡ ਮੈਡਿਈਵਲ ਇੰਡੀਆ |
| ਜਗ. ਪਾਕਿ. | ਜੀਓਗ੍ਰਾਫ਼ੀ ਆਫ਼ ਪਾਕਿਸਤਾਨ (ਤੀਜੀ ਐਡੀਸ਼ਨ)—ਕਾਜ਼ੀ ਅਹਿਮਦ |
| ਜੀ. ਐ. ਲਾ. ਐਨ. | ਜੀ-ਮੈਕਸ ਐਨੀਮਲ ਲਾਈਫ਼ ਐਨਸਾਈਕਲੋਪੀਡੀਆ |
| ਦਾ. ਇੰਡ. ਡਾ. | ਦਾ ਟਾਈਮਜ਼ ਆਫ਼ ਇੰਡੀਆ ਡਾਇਰੈਕਟਰੀ ਐਂਡ ਯੀਅਰ ਬੁੱਕ |
| ਟ੍ਰਾ. ਬ. | ਟ੍ਰੌਪੀਕਲ ਬਰਡਜ਼—ਕਲਾਈਵ ਰੂਟਸ |
| ਟੈ. ਬੁ. ਕੈ.-ਗਰੋਵਰ | ਏ ਟੈੱਕਸਟ ਬੁੱਕ ਆਫ਼ ਕੈਮਿਸਟਰੀ-ਗਰੋਵਰ |
| ਟੈ. ਬੁ. ਫਿ. ਕੈ. | ਟੈੱਕਸਟ ਬੁੱਕ ਆਫ਼ ਫ਼ਿਜ਼ੀਕਲ ਕੈਮਿਸਟਰੀ—ਨਿਰੰਜਨ ਸਿੰਘ, ਜੋਗਿੰਦਰ ਸਿੰਘ |
| ਟੈ. ਬੁ. ਮੈ. | ਟੈੱਕਸਟ ਬੁੱਕ ਆਫ਼ ਮੈਡੀਸਨ— ਡਬਲਿਊ. ਐਨ. ਮਾਨ |
| ਡਿ. ਐਜੂ. | ਡਿਕਸ਼ਨਰੀ ਆਫ਼ ਐਜੂਕੇਸ਼ਨ— ਕਾਰਟਰ ਵੀ. ਗੁੱਡ |
| ਡਿ. ਇਸ. | ਏ ਡਿਕਸ਼ਨਰੀ ਆਫ਼ ਇਸਲਾਮ |
| ਡਿ. ਸਾਈ. | ਏ ਡਿਕਸ਼ਨਰੀ ਆਫ਼ ਸਾਈਕਾਲੋਜੀ—ਜੇਮਜ਼ ਡ੍ਰੇਵਰ |
| ਡਿ. ਸਾ. ਬਾ. | ਡਿਕਸ਼ਨਰੀ ਆਫ਼ ਸਾਇੰਟਿਫ਼ਿਕ ਬਾਇਓਗ੍ਰਾਫ਼ੀ—ਚਾਰਲਸ, ਸੀ. ਜੀ. |
| ਡਿ. ਹਿੰ. ਮਾਈ. | ਏ ਡਿਕਸ਼ਨਰੀ ਆਫ਼ ਹਿੰਦੂ ਮਾਈਥਾਲੋਜੀ |
| ਡਿ. ਜਗ. | ਏ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ |
| ਡਿ. ਨੈ. ਬਾ. | ਡਿਕਸ਼ਨਰੀ ਆਫ਼ ਨੈਸ਼ਨਲ ਬਾਇਓਗ੍ਰਾਫ਼ੀ |
| ਡਿ. ਪੁ. ਸਾ. | ਡਿਕਸ਼ਨਰੀ ਆਫ਼ ਪੁਲੀਟੀਕਲ ਸਾਇੰਸ—ਜੋਸਫ਼ ਡੱਨਰ |
| ਤਵਾ. ਗੁ. ਖ਼ਾ. | ਤਵਾਰੀਖ਼ ਗੁਰੂ ਖ਼ਾਲਸਾ—ਗਿਆਨੀ ਗਿਆਨ ਸਿੰਘ |
| ਤਾ. ਅ. ਉਰ.—ਇ. ਹੁਸੈਨ | ਤਾਰੀਖ਼ਿ ਅਦਬਿ ਉਰਦੂ—ਇਜਾਜ਼ ਹੁਸੈਨ |
| ਤਾ. ਅ. ਉਰ.—ਸਕਸੈਨਾ | ਤਾਰੀਖ਼ਿ ਅਦਬਿ ਉਰਦੂ—ਸਕਸੈਨਾ |
| ਦੇਹਲੀ—ਹਿ. ਐਂਡ ਪਲੇ. ਇੰਟ. | ਦੇਹਲੀ-ਹਿਸਟਰੀ ਐਂਡ ਪਲੇਸਿਜ਼ ਆਫ਼ ਇੰਟਰੈਸਟ—ਡਾ. ਪ੍ਰਭਾ ਚੋਪੜਾ |
| ਨਿ. ਕ. ਯੂ. ਬਾ. | ਨਿਊ ਕਨਸਾਈਜ਼ ਯੂਨੀਵਰਸਲ ਬਾਇਓਗ੍ਰਾਫ਼ੀ |
| ਨਿ. ਡਿ. ਸਾਈ. | ਏ ਨਿਊ ਡਿਕਸ਼ਨਰੀ ਆਫ਼ ਸਾਈਕਾਲੋਜੀ—ਫ਼ਿਲਿਪ ਲਾਰੈਂਸ ਹੈਰੀਮੈਨ |
| ਨਿ. ਯੂ. ਐਨ. | ਨਿਊ ਯੂਨੀਵਰਸਲ ਐਨਸਾਈਕਲੋਪੀਡੀਆ |
| ਨਿ. ਲਾ. ਐਨ. ਮਾਈ. | ਨਿਊ ਲਾਰਾਊਸ ਐਨਸਾਈਕਲੋਪੀਡੀਆ ਆਫ਼ ਮਾਈਥਾਲੋਜੀ |
| ਨਿ. ਵ. ਐਨ. | ਦੀ ਨਿਊ ਵਰਲਡ ਐਨਸਾਈਕਲੋਪੀਡੀਆ |
| ਪੰ. ਸਨ. ਸਾ. | ਪੰਜਾਬ ਦੇ ਸਨਮਾਨਿਤ ਸਾਹਿਤਕਾਰ—ਭਾਸ਼ਾ ਵਿਭਾਗ, ਪੰਜਾਬ |
| ਪੰ. ਸਾ. ਇ.—ਕੋਹਲੀ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਕੋਹਲੀ |
| ਪੰ. ਸਾ. ਇ.—ਦਰਦੀ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਗੋਪਾਲ ਸਿੰਘ ਦਰਦੀ |
| ਪੰ. ਸਾ. ਇ.—ਨਰੂਲਾ | ਪੰਜਾਬੀ ਸਾਹਿਤ ਦਾ ਇਤਿਹਾਸ—ਡਾ. ਸੁਰਿੰਦਰ ਸਿੰਘ ਨਰੂਲਾ |
| ਪੰ. ਸਾ. ਇ.—ਪੰਜਾਬ | ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬ ਯੂਨੀਵਰਸਿਟੀ |
| ਪੰ. ਸਾ. ਇ.—ਪੰਜਾਬੀ | ਪੰਜਾਬੀ ਸਾਹਿਤ ਦਾ ਇਤਿਹਾਸ—ਪੰਜਾਬੀ ਯੂਨੀਵਰਸਿਟੀ |
| ਪੰ. ਸਾ. ਇ. —ਭਾ. ਵਿ. ਪੰ. | ਪੰਜਾਬੀ ਸਾਹਿਤ ਦਾ ਇਤਿਹਾਸ—ਭਾਸ਼ਾ ਵਿਭਾਗ, ਪੰਜਾਬ |
| ਪੰ. ਸਾ. ਇ.—ਰਸ | ਪੰਜਾਬੀ ਸਾਹਿਤ ਦਾ ਇਤਿਹਾਸ—ਨਿਹਾਲ ਸਿੰਘ ਰਸ |
| ਪੰ. ਸਾ. ਕੋ. | ਪੰਜਾਬੀ ਸਾਹਿਤ ਕੋਸ਼—ਪੰਜਾਬੀ ਯੂਨੀਵਰਸਿਟੀ |
| ਪੰ. ਸ਼ਾ. ਤਜ਼. | ਪੰਜਾਬੀ ਸ਼ਾਇਰਾਂ ਦਾ ਤਜ਼ਕਰਾ—ਮੌਲਾ ਬਖ਼ਸ਼ ਕੁਸ਼ਤਾ |
| ਪੰ. ਹੀ. | ਪੰਜਾਬ ਦੇ ਹੀਰੇ—ਮੌਲਾ ਬਖ਼ਸ਼ ਕੁਸ਼ਤਾ |
| ਪੰ. ਕਾ. | ਪੰਜਾਬ ਕਾਸਟਸ—ਇਬੈਟਸਨ |
| ਪੰ. ਕੋ. | ਪੰਜਾਬੀ ਕੋਸ਼ |
| ਪ. ਡਿਜ਼ੀ. | ਪਲਾਂਟ ਡਿਜ਼ੀਜ਼ਿਜ਼—ਆਰ. ਐਸ. ਮਾਥੁਰ |
| ਪ. ਪੰ. | ਪਲਾਂਟਸ ਆਫ਼ ਦੀ ਪੰਜਾਬ |
| ਪੰ. ਪ੍ਰ. | ਪੰਥ ਪ੍ਰਕਾਸ਼—ਗਿ. ਗਿਆਨ ਸਿੰਘ |
| ਪ. ਫ਼ਿਜ਼ਿ. | ਪਲਾਂਟ ਫ਼ਿਜ਼ਿਆੱਲੋਜੀ—ਐਸ. ਐਂਡਰਸਨ |
| ਪ੍ਰਾ. ਚਰਿ. ਕੋ. | ਪ੍ਰਾਚੀਨ ਚਰਿੱਤਰ ਕੋਸ਼ |
| ਪ੍ਰਾ. ਪੰ. ਪ੍ਰ. | ਪ੍ਰਾਚੀਨ ਪੰਥ ਪ੍ਰਕਾਸ਼—ਰਤਨ ਸਿੰਘ ਭੰਗੂ |
| ਪ੍ਰਾ. ਲਿ. ਮਾ. | ਪ੍ਰਾਚੀਨ ਲਿਪੀ ਮਾਲਾ—ਪੰਡਤ ਗੌਰੀ ਸ਼ੰਕਰ ਓਝਾ |
| ਪ੍ਰਿੰ. ਇਨ. ਮੈ. | ਪ੍ਰਿੰਸੀਪਲਜ਼ ਆਫ਼ ਇਨਟਰਨਲ ਮੈਡੀਸਨ—ਹੈਰੀਸਨ |

## ਹਵਾਲਾ ਪੁਸਤਕਾਂ

| | |
|---|---|
| ਪ੍ਰਿ. ਫ਼. ਵੈ. | ਪ੍ਰਿਜ਼ਰਵੇਸ਼ਨ ਆਫ਼ ਫ਼ਰੂਟਸ ਐਂਡ ਵੈਜੀਟੇਬਲਜ਼—ਆਈ. ਸੀ. ਏ. ਆਰ. |
| ਪੰ. ਲਿ. ਕੋ. | ਪੰਜਾਬੀ ਲਿਖਾਰੀ ਕੋਸ਼—ਜੋਗਿੰਦਰ ਸਿੰਘ ਰਾਮਦੇਵ |
| ਪੰ. ਲੋ. ਵਿ. ਕੋ. | ਪੰਜਾਬੀ ਲੋਕਧਾਰਾ ਵਿਸ਼ਵ ਕੋਸ਼—ਵਣਜਾਰਾ ਬੇਦੀ |
| ਪਾ. ਹੈਂ. ਇੰ. ਬ. | ਪਾਪੂਲਰ ਹੈਂਡ-ਬੁੱਕ ਆਫ਼ ਇੰਡੀਅਨ ਬਰਡਜ਼ |
| ਪੇਂਟ. ਸਿ. | ਪੇਟਿੰਗਜ਼ ਆਫ਼ ਦੀ ਸਿੱਖਸ—ਡਬਲਿਊ. ਆਰਚਰ |
| ਫ. ਐ. | ਫ਼ਰੰਟੀਅਰ ਆਫ਼ ਐਸਟ੍ਰਾਨੋਮੀ—ਫ਼ਰੈਂਡ ਹਾਇਲ |
| ਫ਼ੰ. ਇ. ਇੰਜ. | ਫ਼ੰਡਾਮੈਂਟਲਜ਼ ਆਫ਼ ਇਰੀਗੇਸ਼ਨ ਇੰਜੀਨੀਅਰਿੰਗ—ਭਾਰਤ ਸਿੰਘ |
| ਫ. ਸ਼੍ਰ. ਇੰ. | ਫ਼ਲਾਵਰਿੰਗ ਸ਼੍ਰੱਬਜ਼ ਇਨ ਇੰਡੀਆ—ਐਸ. ਐਲ. ਜਿੰਦਲ |
| ਫ਼. ਕ. ਇੰ. | ਫ਼ਰੂਟ ਕਲਚਰ ਇਨ ਇੰਡੀਆ—ਸ਼ਾਮ ਸਿੰਘ |
| ਫ. ਟ੍ਰੀ. ਸ਼੍ਰ. ਇੰ. | ਫਲਾਵਰਿੰਗ ਟ੍ਰੀਜ਼ ਐਂਡ ਸ਼੍ਰੱਬਜ਼ ਇਨ ਇੰਡੀਆ |
| ਫਾ. ਮੁ. ਐਂਪ. | ਫਾਲ ਆਫ਼ ਦੀ ਮੁਗ਼ਲ ਐਂਪਾਇਰ—ਜਾਦੂ ਨਾਥ ਸਰਕਾਰ |
| ਫ਼ੈ. ਮੈ. ਡਿ. | ਫ਼ੈਮਿਲੀ ਮੈਡੀਕਲ ਡਿਕਸ਼ਨਰੀ—ਡਾ. ਤ੍ਰਿਪਾਠੀ |
| ਫ਼ੋ. ਸਿ. ਇੰਡ. | ਦੀ ਫ਼ੋਰਟੀਫਾਈਡ ਸਿਟੀਜ਼ ਆਫ਼ ਇੰਡੀਆ—ਸਿਡਨੀ ਟਾਇ |
| ਬ੍ਰਿ. ਰੂ. ਇੰ. ਆਫ਼ | ਬ੍ਰਿਟਿਸ਼ ਰੂਲ ਇਨ ਇੰਡੀਆ ਐਂਡ ਆਫ਼ਟਰ—ਵੀ. ਡੀ. ਮਹਾਜਨ |
| ਬ੍ਰਿ.ਯੀ.ਬੁ. | ਬ੍ਰਿਟੈਨਿਕਾ, ਯੀਅਰ ਬੁੱਕ |
| ਬਾ. ਕੈ. | ਬਾਇਓ-ਕੈਮਿਸਟਰੀ—ਕਲਾਈਨਰ ਅਤੇ ਔਰਟਨ |
| ਬੁ. ਇੰ. ਬ. | ਦੀ ਬੁੱਕ ਆਫ਼ ਇੰਡੀਅਨ ਬਰਡਜ਼—ਸਲੀਮ ਅਲੀ |
| ਬੁ. ਪਾ. ਸਾ. | ਦੀ ਬੁੱਕ ਆਫ਼ ਪਾਪੂਲਰ ਸਾਇੰਸ |
| ਬੇ. ਨੀ. ਵ. | ਬੇਸਿਕ ਨੀਡਲ ਵਰਕ—ਵਾਈਨ ਫ਼ਰੀਡ ਐਂਡ ਬੁੱਲ |
| ਭਾ. ਅਜਾ. | ਭਾਰਤ ਦੇ ਅਜਾਇਬ ਘਰ |
| ਭਾ. ਪਹਿ. | ਭਾਰਤ ਦੇ ਪਹਿਲਵਾਨ—ਬਲਵੀਰ ਸਿੰਘ ਕੰਵਲ |
| ਭਾ. ਪ੍ਰ. ਵਿ. | ਭਾਰਤ ਦੇ ਪ੍ਰਸਿੱਧ ਵਿਗਿਆਨੀ—ਜਗਜੀਤ ਸਿੰਘ |
| ਮ. ਕੋ. | ਮਹਾਨ ਕੋਸ਼ |
| ਮਾ. ਮੈ. ਕੌਂ. | ਮਾਡਰਨ ਮੈਡੀਕਲ ਕੌਂਸਲਰ |
| ਮੁ. ਐਂਪਾ. | ਦੀ ਮੁਗ਼ਲ ਐਂਪਾਇਰ—ਡਾ. ਅਸ਼ਿਰਬਾਦੀ ਲਾਲ ਸ੍ਰੀਵਾਸਤਵਾ |
| ਮੈ. ਹੈ. ਐਨ. | ਮੈਡੀਕਲ ਐਂਡ ਹੈਲਥ ਐਨਸਾਈਕਲੋਪੀਡੀਆ |
| ਮੈਕ. ਐਨ. ਸਾ. ਟ. | ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਸਾਇੰਸ ਐਂਡ ਟੈਕਨਾਲੋਜੀ |
| ਮੈਕ. ਐਨ. ਵ. ਬਾ. | ਮੈਕਗ੍ਰਾਅ-ਹਿੱਲ ਐਨਸਾਈਕਲੋਪੀਡੀਆ ਆਫ਼ ਵਰਲਡ.ਬਾਇਓਗ੍ਰਾਫ਼ੀਜ਼ |
| ਮੈਕ. ਮਾ. ਮੈ. ਸਾ. | ਮੈਕਗ੍ਰਾਅ-ਹਿੱਲ ਮਾਡਰਨ ਮੈਨ ਆਫ਼ ਸਾਇੰਸ |
| ਮੈਥ. ਡਿ. | ਮੈਥੇਮੈਟਿਕਸ ਡਿਕਸ਼ਨਰੀ—ਜੇਮਜ਼ ਐਂਡ ਜੇਮਜ਼ |
| ਮੈ. ਪ. ਇੰ. ਪਾ. | ਮੈਡੀਸਿਨਲ ਪਲਾਂਟਸ ਆਫ਼ ਇੰਡੀਆ ਐਂਡ ਪਾਕਿਸਤਾਨ |
| ਮੈ. ਮੈ. | ਮੈਨ ਆਫ਼ ਮੈਥੇਮੈਟਿਕਸ—ਈ. ਟੀ. ਬੈੱਲ |
| ਯੂਨੀ. ਐਨ. | ਯੂਨੀਵਰਸਲ ਐਨਸਾਈਕਲੋਪੀਡੀਆ |
| ਰ. ਸਿੰ. | ਰਣਜੀਤ ਸਿੰਘ—ਸਰ ਲੈਪਲ ਗ੍ਰਿਫ਼ਿਨ |
| ਰਾ. ਸਿ. ਪਾ. ਪੰ. | ਰਾਈਜ਼ ਆਫ਼ ਦੀ ਸਿੱਖ ਪਾਵਰ ਇਨ ਦੀ ਪੰਜਾਬ—ਸੋਹਨ ਸਿੰਘ ਸੀਤਲ |
| ਰਾ. ਫਾ. ਮੁ. ਐਂਪ. | ਰਾਈਜ਼ ਐਂਡ ਫ਼ਾਲ ਆਫ਼ ਦੀ ਮੁਗ਼ਲ ਐਂਪਾਇਰ-ਆਰ.ਪੀ. ਤ੍ਰਿਪਾਠੀ |
| ਲਾ. ਐਨ. ਵਰ. | ਲਾਰੌਸ ਐਨਸਾਈਕਲੋਪੀਡੀਆ ਆਫ਼ ਵਰਲਡ—ਪਾਲ ਹੈਮਲਿਨ |
| ਲਾਂ. ਡਿ. ਜਗ. | ਲਾਂਗਮੈਨ ਡਿਕਸ਼ਨਰੀ ਆਫ਼ ਜੀਓਗ੍ਰਾਫ਼ੀ—ਸਰ ਡਡਲੇ ਸਟੈਂਪ |
| ਲਿੰ. ਸ. ਇੰਡ. | ਲਿੰਗੁਇਸਟਿਕ ਸਰਵੇ ਆਫ਼ ਇੰਡੀਆ—ਗ੍ਰੀਅਰਸਨ |
| ਲਿਟ. ਹਿ. ਐਰੈ. | ਏ ਲਿਟਰੇਰੀ ਹਿਸਟਰੀ ਆਫ਼ ਦੀ ਐਰੈਬਜ—ਨਿਕਲਸਨ |
| ਲਿਟ ਹਿ. ਪਰ. | ਏ ਲਿਟਰੇਰੀ ਹਿਸਟਰੀ ਆਫ਼ ਪਰਸ਼ੀਆ—ਬ੍ਰਾਊਨ |
| ਵ. ਹੂ. ਸਾ. | ਵਰਲਡ ਹੂ-ਜ਼ ਹੂ ਇਨ ਸਾਇੰਸ |
| ਵ. ਟੈ. | ਵਰਕਸ਼ਾਪ ਟੈਕਨਾਲੋਜੀ—ਡਬਲਿਊ. ਏ. ਚੈਪਮੈਨ |
| ਵ. ਯੂ. ਐਨ. | ਵਰਲਡ ਯੂਨੀਵਰਸਿਟੀ ਐਨਸਾਈਕਲੋਪੀਡੀਆ |
| ਵਾ. ਨਾਂ. ਸ. ਐਨ. | ਵਾਨ ਨਾਂਸਟਰਾਂਡ ਸਾਇੰਟਿਫ਼ਿਕ ਐਨਸਾਈਕਲੋਪੀਡੀਆ |
| ਵੈ. ਜਗ. ਡਿ. | ਵੈਬਸਟਰਜ਼ ਜੀਓਗ੍ਰਾਫ਼ੀਕਲ ਡਿਕਸ਼ਨਰੀ |
| ਵੈ. ਬਾਇ. ਡਿ. | ਵੈਬਸਟਰ ਬਾੱਇਗ੍ਰਾਫ਼ੀਕਲ ਡਿਕਸ਼ਨਰੀ |

| ਮਹਾਂਦੀਪ | | ਮਹਾਂਸਾਗਰ | |
|---|---|---|---|
| ਉ. ਅਮ. | ਉੱਤਰੀ ਅਮਰੀਕਾ | ਯੂ. | ਯੂਰਪ |
| ਅੰਟਾ. | ਅੰਟਾਰਕਟਿਕਾ | ਉ. ਅੰਧ. ਮਹਾਂ. | ਉੱਤਰੀ ਅੰਧ ਮਹਾਂਸਾਗਰ |
| ਅਫ. | ਅਫ਼ਰੀਕਾ | ਆਰ. ਮਹਾਂ. | ਆਰਕਟਿਕ ਮਹਾਂਸਾਗਰ |
| ਆਸ. | ਆਸਟ੍ਰੇਲੀਆ | ਸ਼ਾਂ. ਮਹਾਂ. | ਸ਼ਾਂਤ ਮਹਾਂਸਾਗਰ |
| ਏ. | ਏਸ਼ੀਆ | ਹਿੰ. ਮਹਾਂ. | ਹਿੰਦ ਮਹਾਂਸਾਗਰ |
| ਦੱ. ਅਮ. | ਦੱਖਣੀ ਅਮਰੀਕਾ | ਦੱ. ਅੰਧ. ਮਹਾਂ. | ਦੱਖਣੀ ਅੰਧ ਮਹਾਂਸਾਗਰ |

**ਸਾਗਰ**

| | | | |
|---|---|---|---|
| ਅ. ਸਾ. | ਅਰਬ ਸਾਗਰ | ਖਾ. ਬੰ. | ਖਾੜੀ ਬੰਗਾਲ |
| ਐਡ. ਸਾ. | ਐਡਰਿਆਟਿਕ ਸਾਗਰ | ਜਾ. ਸਾ. | ਜਾਪਾਨ ਸਾਗਰ |
| ਇੰ. ਚੈ. | ਇੰਗਲਿਸ਼ ਚੈਨਲ | ਦੱ. ਚੀ. ਸਾ. | ਦੱਖਣੀ ਚੀਨ ਸਾਗਰ |
| ਏ. ਸਾ. | ਏਜੀਅਨ ਸਾਗਰ | ਪੀ. ਸਾ. | ਪੀਲ਼ਾ ਸਾਗਰ |
| ਸ. ਸਾ. | ਸਫ਼ੈਦ ਸਾਗਰ | ਪੂ. ਚੀ. ਸਾ. | ਪੂਰਬੀ ਚੀਨ ਸਾਗਰ |
| ਕਾ. ਸਾ. | ਕਾਲਾ ਸਾਗਰ | ਬਾ. ਸਾ. | ਬਾਲਟਿਕ ਸਾਗਰ |
| ਕੈਸ. ਸਾ. | ਕੈਸਪੀਅਨ ਸਾਗਰ | ਬੇ. ਸਾ. | ਬੇਰਿੰਗ ਸਾਗਰ |
| ਕੈਰਿ. ਸਾ. | ਕੈਰਿਬੀਅਨ ਸਾਗਰ | ਰੂ. ਸਾ. | ਰੂਮ ਸਾਗਰ |
| ਖਾ. ਫ਼ਾ | ਖਾੜੀ ਫ਼ਾਰਸ | ਲਾ. ਸਾ. | ਲਾਲ ਸਾਗਰ |

**ਦੇਸ਼**

| | | | |
|---|---|---|---|
| ਉਜ਼ | ਉਜ਼ਬੇਕਿਸਤਾਨ | ਸਵਿ. | ਸਵਿਟਜ਼ਰਲੈਂਡ |
| ਉ. ਕੋ. | ਉੱਤਰੀ ਕੋਰੀਆ | ਸੋ. ਸੰਘ | ਸੋਵੀਅਤ ਸਮਾਜਵਾਦੀ ਗਣਰਾਜ ਸੰਘ |
| ਅਫ਼ਗ. | ਅਫ਼ਗਾਨਿਸਤਾਨ | ਹੰਗ. | ਹੰਗਰੀ |
| ਅਰ. | ਅਰਜਨਟੀਨਾ | ਹਾ. | ਹਾਲੈਂਡ |
| ਅਲ. | ਅਲਜੀਰੀਆ | ਕਜ਼ਾ. | ਕਜ਼ਾਕਿਸਤਾਨ |
| ਆਸ. | ਆਸਟ੍ਰੇਲੀਆ | ਕ. | ਕਤਾਰ |
| ਆਰ. | ਆਰਮੀਨੀਆ | ਕਾ. ਇੰ. ਸਟੇ. | ਕਾਮਨਵੈੱਲਥ ਆਫ਼ ਇੰਡੀਪੈਂਡੇਂਟ ਸਟੇਟਸ |
| ਐਸ. | ਐਸਤੋਨੀਆ | ਕਿਰ. | ਕਿਰਗੀਜ਼ੀਆ |
| ਐਜ਼. | ਐਜ਼ਰਬਾਈਜਾਨ | ਕੀ. | ਕੀਨੀਆ |
| ਇੰਗ. | ਇੰਗਲੈਂਡ | ਕੁ. | ਕੁਵੈਤ |
| ਇਸ. | ਇਸਰਾਈਲ | ਕੇ. ਅਮ. | ਕੇਂਦਰੀ ਅਮਰੀਕਾ |
| ਇਟ. | ਇਟਲੀ | ਕੈ. | ਕੈਨੇਡਾ |
| ਇੰਡੋ. | ਇੰਡੋਨੇਸ਼ੀਆ | ਕੋਲੰ. | ਕੋਲੰਬੀਆ |
| ਇਥੋ. | ਇਥੋਪੀਆ | ਗ੍ਰੀ. | ਗ੍ਰੀਨਲੈਂਡ |
| ਇਰ. | ਇਰਾਕ | ਚੀਨ | ਚੀਨ |
| ਈਰ | ਈਰਾਨ | ਚੈਕ | ਚੈਕ |
| ਸ. ਅ. | ਸਊਦੀ ਅਰਬ | ਜਰ. | ਜਰਮਨੀ |
| ਸ. ਅ. ਐਮੀ | ਸੰਯੁਕਤ ਅਰਬ ਐਮੀਰਾਤ | ਜਾ. | ਜਾਪਾਨ |
| ਸਕੈਂ. | ਸਕੈਂਡੇਨਵੀਆ | ਜਾਰ. | ਜਾਰਡਨ |
| ਸਪੇ. | ਸਪੇਨ | ਤਾਜ਼ਿ. | ਤਾਜ਼ਿਕਸਤਾਨ |
| ਸ. ਰ. ਅ. | ਸੰਯੁਕਤ ਰਾਜ ਅਮਰੀਕਾ | ਤਨ. | ਤਨਜ਼ਾਨੀਆ |
| ਸਲੋ. | ਸਲੋਵਾਕੀਆ | ਤੁ. | ਤੁਰਕੀ |

| | | | |
|---|---|---|---|
| ਤੁਰ. | ਤੁਰਕਮਾਨਿਸਤਾਨ | ਬੰ. ਦੇਸ਼ | ਬੰਗਲਾ ਦੇਸ਼ |
| ਥਾਈ. | ਥਾਈਲੈਂਡ | ਬੁਲ. | ਬੁਲਗਾਰੀਆ |
| ਦੱ. ਅਫ. | ਦੱਖਣੀ ਅਫ਼ਰੀਕਾ | ਬੈਲ. | ਬੈਲਜੀਅਮ |
| ਦੱ. ਕੋ. | ਦੱਖਣੀ ਕੋਰੀਆ | ਬੈਲੋ. | ਬੈਲੋਰਸ਼ੀਆ |
| ਨਾਈ. | ਨਾਈਜੀਰੀਆ | ਭਾ. | ਭਾਰਤ |
| ਨਿ. ਜ਼ੀ. | ਨਿਊਜ਼ੀਲੈਂਡ | ਮੰਗੋ. | ਮੰਗੋਲੀਆ |
| ਨੀ. ਲੈ. | ਨੀਦਰਲੈਂਡਜ਼ | ਮਲਾ. | ਮਲਾਇਆ |
| ਪੱ. ਜਰ. | ਪੱਛਮੀ ਜਰਮਨੀ | ਮਾਲ. | ਮਾਲਡੇਵੀਆ |
| (ਐਫ. ਆਰ. ਜੀ.) | (ਫ਼ੈਡਰਲ ਰੀਪਬਲਿਕ ਆਫ਼ ਜਰਮਨੀ) | ਮਿ. | ਮਿਸਰ |
| | | ਮੈਕ. | ਮੈਕਸੀਕੋ |
| ਪੱ. ਦੀ. ਸ. | ਪੱਛਮੀ ਦੀਪ ਸਮੂਹ | ਯ. ਅ. ਗ. | ਯਮਨ ਅਰਬ ਗਣਰਾਜ |
| (ਵੈ. ਇੰਡੀ.) | (ਵੈਸਟ ਇੰਡੀਜ਼) | ਯ. ਲੋ. ਗ. | ਯਮਨ ਲੋਕਰਾਜੀ ਗਣਰਾਜ |
| ਪਾਕਿ. | ਪਾਕਿਸਤਾਨ | ਯੂਕ. | ਯੂਕਰੇਨ |
| ਪੁਰ. | ਪੁਰਤਗਾਲ | ਯੂਗੋ. | ਯੂਗੋਸਲਾਵੀਆ |
| ਪੂ. ਜਰ. | ਪੂਰਬੀ ਜਰਮਨੀ | ਯੂਨ. | ਯੂਨਾਨ |
| (ਜੀ. ਡੀ. ਆਰ.) | (ਜਰਮਨ ਡੈਮੋਕ੍ਰੈਟਿਕ ਰੀਪਬਲਿਕ) | ਰੂਸ | ਰੂਸ |
| | | ਰੋਮਾ. | ਰੋਮਾਨੀਆ |
| ਪੂ. ਦੀ. ਸ. | ਪੂਰਬੀ ਦੀਪ-ਸਮੂਹ | ਲਿਥੂ. | ਲਿਥੁਏਨੀਆ |
| (ਈ. ਇੰਡੀ.) | (ਈਸਟ ਇੰਡੀਜ਼) | ਲੈਟ. | ਲੈਟਵੀਆ |
| ਪੋ. | ਪੋਲੈਂਡ | ਲੈਬ | ਲੈਬਨਾਨ |
| ਫ਼ਰਾਂ. | ਫ਼ਰਾਂਸ | ਵੀਅ. | ਵੀਅਤਨਾਮ |
| ਫ਼ਿਲ. | ਫ਼ਿਲਪੀਨ | | |

## ਭਾਰਤ ਦੇ ਰਾਜ ਅਤੇ ਸੰਘੀ ਖੇਤਰ

| | | | |
|---|---|---|---|
| ਉ. ਪ੍ਰ. | ਉੱਤਰ ਪ੍ਰਦੇਸ਼ | ਤਾਮ. | ਤਾਮਿਲਨਾਡੂ |
| ਉੜੀ. | ਉੜੀਸਾ | ਤ੍ਰਿ. | ਤ੍ਰਿਪੁਰਾ |
| ਅਰੁ. | ਅਰੁਨਾਚਲ ਪ੍ਰਦੇਸ਼ | ਨਾਗਾ. | ਨਾਗਾਲੈਂਡ |
| ਅਸਾ. | ਆਸਾਮ | ਪ. | ਪੰਜਾਬ |
| ਆਂ. ਪ੍ਰ. | ਆਂਧਰਾ ਪ੍ਰਦੇਸ਼ | ਪੱ. ਬੰ. | ਪੱਛਮੀ ਬੰਗਾਲ |
| ਸਿੱਕ. | ਸਿੱਕਮ | ਬਿਹਾ. | ਬਿਹਾਰ |
| ਹਰਿ. | ਹਰਿਆਣਾ. | ਮਹਾ. | ਮਹਾਰਾਸ਼ਟਰ |
| ਹਿ. ਪ੍ਰ. | ਹਿਮਾਚਲ ਪ੍ਰਦੇਸ਼ | ਮਨੀ. | ਮਨੀਪੁਰ |
| ਕਰ. | ਕਰਨਾਟਕ | ਮ. ਪ੍ਰ. | ਮੱਧ ਪ੍ਰਦੇਸ਼ |
| ਕੇਰ. | ਕੇਰਲ | ਮਿਜ਼ੋ. | ਮਿਜ਼ੋਰਮ |
| ਗੁਜ. | ਗੁਜਰਾਤ | ਮੇਘਾ. | ਮੇਘਾਲਿਆ |
| ਗੋ. | ਗੋਆ | ਰਾਜ. | ਰਾਜਸਥਾਨ |
| ਜ. ਕ. | ਜੰਮੂ ਕਸ਼ਮੀਰ | | |

| | | | |
|---|---|---|---|
| ਅੰਡੇ. ਨਿਕੋ. | ਅੰਡੇਮਾਨ ਅਤੇ ਨਿਕੋਬਾਰ ਦੀਪਸਮੂਹ | ਦਿੱਲੀ. | ਦਿੱਲੀ |
| ਚੰਡੀ. | ਚੰਡੀਗੜ੍ਹ | ਪਾਂਡੀ. | ਪਾਂਡੀਚਰੀ |
| ਦ. | ਦਮਨ ਅਤੇ ਦਿਉ | ਲਕ. ਮਿਨੀ. | ਲਕਸ਼-ਮਿਨੀਕਾਇ |
| ਦਾ. ਨ. ਹ. | ਦਾਦਰਾ ਅਤੇ ਨਗਰ ਹਵੇਲੀ | | |

## ਆਮ ਸ਼ਬਦ

| | | | |
|---|---|---|---|
| ਅੰ. ਅੰਕ. | ਅੰਤਮ ਅੰਕੜੇ | ਜ. | ਜਨਮ |
| ਅੰਦਾ. | ਅੰਦਾਜ਼ਨ | ਤਾ. ਮਰ. | ਤਾਜ਼ਾ ਮਰਦਮ-ਸ਼ੁਮਾਰੀ |
| ਅਨੁ. | ਅਨੁਵਾਦ | ਨਿ. ਖੇ. | ਨਿਰਪੱਖ ਖੇਤਰ |
| ਆ. ਅੰਕ. | ਆਰਜ਼ੀ ਅੰਕੜੇ | ਬਿ. | ਬਿਕਰਮੀ |
| ਈ. | ਈਸਵੀ | ਮਿਉਂ. | ਮਿਉਂਸਪਲਟੀ |
| ਈ. ਪੂ. | ਈਸਵੀ ਪੂਰਵ | ਮੌ. | ਮੌਤ |
| ਸ਼. ਖੇ. | ਸ਼ਹਿਰੀ ਖੇਤਰ | ਰਾ. ਕਾ. | ਰਾਜ-ਕਾਲ |
| ਹ. ਪੁ. | ਹਵਾਲਾ ਪੁਸਤਕ | ਲ. | ਲਗਭਗ |

## ਅੰਕੜੇ

| | | | |
|---|---|---|---|
| ਉ. ਵਿਥ. | ਉੱਤਰੀ ਵਿਥਕਾਰ | ਪੱ. ਲੰਬ. | ਪੱਛਮੀ ਲੰਬਕਾਰ |
| ਏਕ. | ਏਕੜ | ਪੂ. ਲੰਬ. | ਪੂਰਬੀ ਲੰਬਕਾਰ |
| ਸੈ. | ਸੈਲਸੀਅਸ | ਫ਼ਾ. | ਫ਼ਾਰਨਹੀਟ |
| ਸੈਂ. | ਸੈਂਟੀਗ੍ਰੇਡ | ਮਿ. ਮੀ. | ਮਿਲੀ ਮੀਟਰ |
| ਸੈਂ. ਮੀ. | ਸੈਂਟੀਮੀਟਰ | ਮਿਲੀ. | ਮਿਲੀਅਨ |
| ਹੈਕ. | ਹੈਕਟੇਅਰ | ਮੀ. | ਮੀਟਰ |
| ਕਿ. ਗ੍ਰਾ. | ਕਿਲੋਗ੍ਰਾਮ | ਮੀ$^2$ | ਵਰਗ ਮੀਟਰ |
| ਕਿ. ਮੀ. | ਕਿਲੋਮੀਟਰ | ਮੀ$^3$ | ਕਿਊਬਿਕ ਮੀਟਰ (ਘਣ ਮੀਟਰ) |
| ਕੈ. | ਕੈੱਲਵਿਨ | ਮੈ. ਖੇ. | ਮੈਟਰੋਪਾਲਿਟਨ ਖੇਤਰ |
| ਗ੍ਰਾ. | ਗ੍ਰਾਮ | ਵ. ਕਿ. ਮੀ. | ਵਰਗ ਕਿਲੋਮੀਟਰ |
| ਦੱ. ਵਿਥ. | ਦੱਖਣੀ ਵਿਥਕਾਰ | ਵ. ਮੀ. | ਵਰਗ ਮੀਲ |

**ਡਰਬੀ** : ਇੰਗਲੈਂਡ ਦੀ ਡਰਬੀਸ਼ਿਰ ਕਾਉਂਟੀ ਦਾ ਇਕ ਸ਼ਹਿਰ ਹੈ ਜਿਹੜਾ ਲੰਡਨ ਤੋਂ 185 ਕਿ.ਮੀ. ਉੱਤਰ-ਪੱਛਮ ਵਿਚ ਵਾਕਿਆ ਹੈ। ਇੰਗਲਿਸ਼ ਮਿਡਲੈਂਡਜ ਦਾ ਇਹ ਵੱਡਾ ਸੱਨਅਤੀ ਸ਼ਹਿਰ ਹੈ। ਇਸ ਸ਼ਹਿਰ ਦੀ ਸਥਾਪਨਾ 9ਵੀਂ ਸਦੀ ਵਿਚ ਡੇਨੀਆਂ ਨੇ ਡਿਓਰਾਬੀ ਨਾਂ ਦੇ ਸ਼ਹਿਰ ਨਾਲ ਕੀਤੀ ਸੀ। ਇਸੇ ਨਾਂ ਤੋਂ ਡਰਬੀ ਨਾਂ ਪ੍ਰਚਲਤ ਹੋਇਆ ਹੈ। ਇਸ ਨੂੰ 1154-56 ਈ. ਅਤੇ 1204 ਈ. ਵਿਚ ਸ਼ਹਿਰੀ ਅਖ਼ਤਿਆਰ ਮਿਲੇ। ਪੁਰਾਣੇ ਸ਼ਹਿਰ ਦੀਆਂ ਕਈ ਇਮਾਰਤਾਂ ਹਾਲੇ ਵੀ ਡਰਵੈਂਟ ਦਰਿਆ ਦੇ ਮੋੜ ਜਿਹੇ ਦੇ ਪਿਛਲੇ ਹਿੱਸੇ ਵਿਚ ਵੇਖੀਆਂ ਜਾ ਸਕਦੀਆਂ ਹਨ। ਇਥੇ 1750 ਈ. ਵਿਚ ਚੀਨੀ ਮਿੱਟੀ ਦੇ ਭਾਂਡੇ ਬਣਨੇ ਸ਼ੁਰੂ ਹੋਏ। ਸੰਨ 1840 ਤੋਂ ਪਿੱਛੋਂ ਇਥੇ ਰੇਲਾਂ ਦੇ ਇੰਜਨ ਬਣਾਉਣ ਅਤੇ ਮੁਰੰਮਤ ਕਰਨ ਦੀਆਂ ਵਰਕਸ਼ਾਪਾਂ ਸਥਾਪਿਤ ਹੋਈਆਂ। ਇਥੇ ਰੇਸ਼ਮੀ ਕਪੜੇ ਬਣਾਉਣ ਦੀ ਸੱਨਅਤ ਵੀ ਉੱਨਤ ਰਹੀ ਹੈ। ਪਸ਼ੂਆਂ ਦੀਆਂ ਮੰਡੀਆਂ ਵੀ ਇਥੇ ਲਗਦੀਆਂ ਹਨ। ਸ਼ਹਿਰ ਦੀਆਂ ਪੁਰਾਣੀਆਂ ਇਮਾਰਤਾਂ ਵਿਚੋਂ ਆਲ ਸੇਂਟਸ ਗਿਰਜਾ (1509) ਪ੍ਰਸਿੱਧ ਹੈ।

ਆਬਾਦੀ— 2,18,802 (1991)

52°53′ ਉ. ਵਿਥ ; 1°29′ ਪੱ. ਲੰਬ.

ਹ. ਪੁ.—ਐਨ. ਅਮੇ. 8 : 752 ; ਐਨ. ਬ੍ਰਿ. ਮਾ. 4 : 22

**ਡਰਬੀ** : ਦੱਖਣ-ਪੱਛਮੀ ਕਾਨੈਟੀਕਟ ਰਾਜ (ਸ.ਰ.ਅ.) ਵਿਚ ਨਿਊ ਹੈਵਨ ਕਾਉਂਟੀ ਦਾ ਸੱਨਅਤੀ ਸ਼ਹਿਰ ਹੈ ਜਿਹੜਾ ਨਿਊ ਹੈਵਨ ਸ਼ਹਿਰ ਤੋਂ 13 ਕਿ.ਮੀ. ਪੱਛਮ ਵਿਚ ਹੂਸਾਟਾਨਿਕ ਅਤੇ ਨਾਗਾਟਕ ਦਰਿਆਵਾਂ ਦੇ ਸੰਗਮ ਉੱਤੇ ਵੱਸਿਆ ਹੋਇਆ ਹੈ। ਇਸ ਸ਼ਹਿਰ ਵਾਲੀ ਥਾਂ ਉੱਤੇ 1642 ਈ. ਵਿਚ ਇਕ ਵਪਾਰਕ ਅੱਡਾ ਕਾਇਮ ਹੋਇਆ ਸੀ ਜਿਹੜਾ 1675 ਈ. ਵਿਚ ਸ਼ਹਿਰ ਦਾ ਰੂਪ ਧਾਰ ਗਿਆ। ਇਸ ਤੋਂ ਲਗਭਗ 200 ਸਾਲ ਪਿੱਛੋਂ ਤੱਕ ਇਹ ਮੱਛੀ ਫੜਨ, ਜਹਾਜ਼ ਨਿਰਮਾਣ ਕਰਨ ਅਤੇ ਬੰਦਰਗਾਹੀ ਕਾਰੋਬਾਰ ਵਿਚ ਜੁਟਿਆ ਰਿਹਾ। ਇਸ ਸ਼ਹਿਰ ਦੇ ਲਾਗੇ ਹੂਸਾਟਾਨਿਕ ਦਰਿਆ ਉਪਰ ਬੰਨ੍ਹ ਬਣਨ ਨਾਲ ਹੋਰਨਾਂ ਸ਼ਹਿਰਾਂ ਵੱਲ ਆਵਾਜਾਈ ਦੀ ਸਹੂਲਤ ਹੋ ਜਾਣ ਨਾਲ ਇਸ ਦਾ ਸੱਨਅਤੀ ਵਿਕਾਸ ਹੋਣ ਲਗ ਪਿਆ ਅਤੇ ਸਮੁੰਦਰੀ ਰੁਝੇਵੇਂ ਘੱਟ ਗਏ। ਸੰਨ 1893 ਵਿਚ ਨਾਗਾਟਕ ਦਰਿਆ ਦੇ ਪੱਛਮ ਵੱਲ ਦੀ ਬਰਮਿੰਘਮ ਬਰੋਅ ਨੂੰ ਇਸ ਸ਼ਹਿਰ ਵਿਚ ਮਿਲਾ ਕੇ ਡਰਬੀ ਸ਼ਹਿਰ ਦੇ ਤੌਰ ਤੇ ਨਿਗਮਿਤ ਕਰ ਲਿਆ ਗਿਆ। ਅੱਜਕੱਲ੍ਹ ਇਥੇ ਮਸ਼ੀਨਰੀ, ਮੋਟਰ, ਹਵਾਈ ਜਹਾਜ਼ਾਂ ਦੇ ਪੁਰਜ਼ੇ, ਰਸਾਇਣ, ਕੱਪੜੇ ਅਤੇ ਹੋਰ ਕਈ ਪ੍ਰਕਾਰ ਦੀਆਂ ਇੰਜੀਨੀਅਰੀ ਵਸਤਾਂ ਅਤੇ ਜੁੱਤੀਆਂ ਬਣਾਉਣ ਲਈ ਕੰਮ ਆਉਣ ਵਾਲੀ ਮਸ਼ੀਨਰੀ ਤਿਆਰ ਕੀਤੀ ਜਾਂਦੀ ਹੈ।

ਆਬਾਦੀ— 2,20,682 (1980)

41°19′ ਉ.ਵਿਥ.; 73°05′ ਪੱ. ਲੰਬ.

ਹ. ਪੁ.—ਐਨ ਬ੍ਰਿ. ਮਾ. 4 : 22 ; ਐਨ. ਅਮੇ. 8 : 762

**ਡਰਬੀ, ਐਡਵਰਡ ਸਟੈਨਲੇ** : ਇਸ ਦਾ ਪੂਰਾ ਨਾਂ ਡਰਬੀ ਐਡਵਰਡ ਜਾਰਜ ਜੈਫਰੀ ਸਮਿੱਥ ਸਟੈਨਲੇ ਸੀ ਅਤੇ ਇਹ ਚੌਧਵਾਂ ਅਰਲ ਅਤੇ ਇੰਗਲੈਂਡ ਦਾ ਇਕ ਪ੍ਰਸਿੱਧ ਸਿਆਸਤਦਾਨ ਸੀ ਜਿਹੜਾ ਤਿੰਨ ਵਾਰ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਿਆ। ਇਸ ਦਾ ਜਨਮ 29 ਮਾਰਚ, 1799 ਈ. ਲੰਕਾਸ਼ਿਰ ਵਿਚ ਨਾਉਸਲੇ ਪਾਰਕ ਵਿਖੇ ਹੋਇਆ। ਸੰਨ 1834 ਵਿਚ ਜਦੋਂ ਇਸ ਦੇ ਪਿਤਾ ਨੂੰ ਤੇਰ੍ਹਵੇਂ ਅਰਲ ਦੀ ਉਪਾਧੀ ਮਿਲੀ ਤਾਂ ਲੋਕ ਇਸ ਨੂੰ ਸਤਿਕਾਰ ਵਜੋਂ ਲਾਰਡ ਸਟੈਨਲੇ ਕਹਿਣ ਲਗ ਪਏ ਅਤੇ ਇਹ 1844 ਈ. ਵਿਚ ਇਸ ਅਹੁਦੇ ਨੂੰ ਆਪਣੇ ਨਾਮ ਨਾਲ ਜੋੜਕੇ ਹਾਊਸ ਆਫ਼ ਲਾਰਡਜ਼ ਵਿਚ ਜਾਣ ਲੱਗਾ। ਸੰਸਦ ਵਿਚ ਇਸਨੇ ਆਪਣਾ ਸਿਆਸੀ ਜੀਵਨ 1820 ਈ. ਵਿਚ ਵਿੱਗ ਪਾਰਟੀ ਦੇ ਮੈਂਬਰ ਵਜੋਂ ਸ਼ੁਰੂ ਕੀਤਾ। ਸੰਨ 1931 ਵਿਚ ਲਾਰਡ ਗਰੇ ਦੀ ਸਰਕਾਰ ਵਿਚ ਆਇਰਲੈਂਡ ਦਾ ਚੀਫ਼ ਸੈਕਟਰੀ ਬਣਨ ਤੋਂ ਬਾਅਦ ਇਹ ਕੈਬਨਿਟ ਦਾ ਮੈਂਬਰ ਬਣ ਗਿਆ। ਇਹ ਪ੍ਰੋਟੈਸਟੈਂਟਾਂ ਦਾ ਜ਼ੋਰਦਾਰ ਸਮੱਰਥਕ ਸੀ। ਸੰਨ 1834 ਵਿਚ ਇਸ ਨੇ ਆਇਰਲੈਂਡ ਦੇ ਚਰਚ ਦੇ ਝਗੜੇ ਕਾਰਨ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਪਰ 1841 ਈ. ਵਿਚ ਲਾਰਡ ਪੀਲ ਨਾਲ ਕੰਮ ਕੀਤਾ। ਸੰਨ 1845 ਵਿਚ ਕਾਰਨ ਲਾਅਜ਼ ਦੀ ਮਨਸੂਖ਼ੀ ਕਾਰਨ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸੰਨ 1852, 1858 ਅਤੇ 1866 ਵਿਚ ਇਹ ਤਿੰਨ ਵਾਰੀ ਪ੍ਰਧਾਨ ਮੰਤਰੀ ਬਣਿਆ। ਇਸ ਨੇ ਆਪਣੇ ਕਾਰਜ ਕਾਲ ਵਿਚ ਯਹੂਦੀਆਂ ਨਾਲ ਪਾਰਲੀਮੈਂਟ ਦੇ ਮੈਂਬਰ ਬਨਣ ਸਬੰਧੀ ਕੀਤੇ ਜਾਂਦੇ ਵਿਤਕਰੇ ਨੂੰ ਖ਼ਤਮ ਕਰਨ ਅਤੇ ਭਾਰਤੀ ਰਾਜ ਪ੍ਰਬੰਧ ਨੂੰ ਈਸਟ ਇੰਡੀਆ ਕੰਪਨੀ ਦੇ ਹੱਥੋਂ ਬਰਤਾਨੀਆ ਦੇ ਕ੍ਰਾਉਨ ਦੇ ਹੱਥ ਸੌਂਪਣ ਸਬੰਧੀ ਕਾਨੂੰਨ ਪਾਸ ਕੀਤੇ ਅਤੇ ਨਾਲ ਹੀ ਸੁਧਾਰ ਬਿਲ, 1867 ਪਾਸ ਕੀਤਾ।

ਇਹ ਸਰਕਾਰੀ ਗ਼ੁਲਾਮੀ ਨੂੰ ਪਸੰਦ ਨਹੀਂ ਸੀ ਕਰਦਾ। ਇਕ ਕੰਜ਼ਰਵੇਟਿਵ ਦੇ ਤੌਰ ਤੇ ਇਹ ਕਮਜ਼ੋਰ ਅਤੇ ਢਿੱਲੜ ਮੰਨਿਆ ਗਿਆ

ਫਿਰ ਵੀ ਬੈਂਜਾਮਿਨ ਡਿਜ਼ਰੇਲੀ ਦੇ ਇਸ ਬਾਰੇ ਵਿਚਾਰ ਇਹ ਸਨ ਕਿ ਇਸ ਨੇ ਗੁਲਾਮੀ ਖ਼ਤਮ ਕੀਤੀ। ਆਇਰਲੈਂਡ ਦੇ ਲੋਕਾਂ ਨੂੰ ਸਿਖਿਅਤ ਕੀਤਾ ਅਤੇ ਪਾਰਲੀਮੈਂਟ ਵਿਚ ਕਾਫ਼ੀ ਸੁਧਾਰ ਕੀਤੇ। ਰਾਜਨੀਤਕ ਖੇਤਰ ਵਿਚ ਇਸ ਨੂੰ ਜ਼ਿਆਦਾ ਪ੍ਰਸਿੱਧੀ ਪ੍ਰਾਪਤ ਨਾ ਹੋਈ। ਇਸ ਨੇ ਜਿਹੜਾ ਵੀ ਕੰਮ ਅਪਣਾਇਆ ਉਸ ਵਿਚ ਮਿਸਾਲ ਹੀ ਪੇਸ਼ ਕੀਤੀ। ਦੌੜਨ ਵਾਲੇ ਘੋੜੇ ਪਾਲਣ ਵਿਚ ਇਕੋ ਇਕ ਧੜੱਲੇਦਾਰ ਜ਼ਿੰਮੀਦਾਰ ਦੇ ਤੌਰ ਤੇ ਪ੍ਰਸਿੱਧ ਹੋਇਆ ਅਤੇ ਇਕ ਵਿਦਵਾਨ ਦੇ ਰੂਪ ਵਿਚ ਇਹ ਬਾਕੀ ਸਿਆਸਤਦਾਨਾਂ ਨਾਲੋਂ ਬਹੁਤ ਹੀ ਅੱਗੇ ਸੀ। ਇਲੀਅਡ ਦਾ ਇਸ ਨੇ ਖੁੱਲ੍ਹੀ ਕਵਿਤਾ ਵਿਚ ਅਨੁਵਾਦ ਕਰਕੇ ਛਪਾਇਆ ਅਤੇ ਆਕਸਫੋਰਡ ਤੋਂ ਇਨਾਮ ਪ੍ਰਾਪਤ ਕੀਤਾ। ਇਸ ਨੂੰ ਸਭ ਤੋਂ ਵੱਧ ਪ੍ਰਸਿੱਧੀ ਰਾਇਲ ਗ਼ੈਰ-ਪੇਸ਼ਾਵਰ ਲੋਕਾਂ ਦਾ ਵਰਗ ਵਿਸ਼ਲੇਸ਼ਣ ਕਰਨ ਵਿਚ ਪ੍ਰਾਪਤ ਹੋਈ।

ਇਸ ਨੇ ਆਇਰਲੈਂਡ ਦੇ ਲੋਕਾਂ ਦੀ ਉੱਨਤੀ ਲਈ ਹਰ ਸੰਭਵ ਯਤਨ ਕੀਤਾ।

ਹ. ਪੁ.- ਐਨ. ਬ੍ਰਿ. ਮਾ. 4 :23 ; ਐਨ. ਬ੍ਰਿ. ਮਾ. 7 : 478

**ਡਰਬੀਸ਼ਿਰ** : ਇਹ ਇੰਗਲੈਂਡ ਦੇ ਉੱਤਰੀ ਮੱਧ ਵਰਤੀ ਪ੍ਰਦੇਸ਼ ਵਿਚ ਸਥਿਤ ਇਕ ਕਾਉਂਟੀ ਹੈ। ਇਹ 1974 ਈ. ਨੂੰ ਹੋਂਦ ਵਿਚ ਆਈ। ਇਸ ਦੇ ਉੱਤਰ-ਪੂਰਬ ਵਿਚ ਯਾੱਰਕਸ਼ਿਰ, ਪੂਰਬ ਵਿਚ ਨਾਟਿੰਗਮਸ਼ਿਰ ਅਤੇ ਪੱਛਮ ਵਿਚ ਸਟੈਫਰਡਸ਼ਿਰ ਚਾਸਿਰ ਵਾਕਿਆ ਹਨ। 2,631 ਵ. ਕਿ. ਮੀ. ਖੇਤਰ ਵਿਚ ਫੈਲੀ ਇਸ ਕਾਉਂਟੀ ਦੀ ਆਬਾਦੀ 9,28,636 (1991) ਹੈ। ਕਾਉਂਟੀ ਵਿਚ ਪੈਨਾਈਨਜ਼ ਦਾ ਦੱਖਣੀ ਸਿਰਾ, ਚੂਨੇ ਅਤੇ ਰੇਤਲੇ ਪੱਥਰਾਂ ਦਾ ਬਣਿਆ ਡਰਬੀਸ਼ਿਰ ਗੁੰਬਦ ਸ਼ਾਮਲ ਹਨ।

ਇਹ ਕਾਉਂਟੀ ਅੰਬਰ ਵਾਦੀ, ਬਾਲ ਜੋਵਰ, ਚੈਸਟਰਫੀਲਡ, ਈਰੀਵਾਸ਼, ਹਾਈ ਪੀਕ, ਉੱਤਰ-ਪੂਰਬੀ ਡਰਬੀਸ਼ਿਰ, ਦੱਖਣੀ ਡਰਬੀਸ਼ਿਰ, ਪੱਛਮੀ ਡਰਬੀਸ਼ਿਰ ਅਤੇ ਡਰਬੀ ਸ਼ਹਿਰ ਨੌਂ ਡਿਸਟ੍ਰਿਕਟਾਂ ਵਿਚ ਵੰਡੀ ਹੋਈ ਹੈ। ਮੈਟਲਾਕ, ਕਾਉਂਟੀ ਦਾ ਰਾਜਪ੍ਰਬੰਧਕੀ ਕੇਂਦਰ ਹੈ। ਕਾਉਂਟੀ ਦੇ ਉੱਤਰੀ ਹਿੱਸਿਆਂ ਵਿਚ ਕਿੰਡਰ ਸਕਾਊਟ ਅਤੇ ਬਲੀਕਲੋਅ ਦੀਆਂ ਹੀਦਰ ਅਤੇ ਪੀਟ ਨਾਲ ਢੱਕੀਆਂ ਪਠਾਰਾਂ ਹਨ। ਪੂਰਬੀ ਭਾਗਾਂ ਵਿਚ ਕੋਲੇ ਦੇ ਅਥਾਹ ਭੰਡਾਰ ਹਨ ਜਿਹੜੇ ਇਥੋਂ ਦੀ ਆਰਥਿਕਤਾ ਦਾ ਆਧਾਰ ਹਨ। ਕਿੰਡਰ ਸਕਾਊਟ ਇਥੋਂ ਦੀ ਸਭ ਤੋਂ ਉੱਚੀ ਚੋਟੀ ਹੈ ਜਿਸਦੀ ਉਚਾਈ 609 ਮੀ. (2088 ਫੁੱਟ) ਹੈ। ਦੱਖਣੀ ਭਾਗ ਚੂਨੇ ਵਾਲੀ ਮਿੱਟੀ ਅਤੇ ਕੰਕਰਾਂ ਵਾਲਾ ਹੈ। ਬੇਕਵੈੱਲ ਅਤੇ ਬਕਸਟਨ ਦੇ ਦੁਆਲੇ ਚਰਾਂਦਾਂ ਹਨ ਜਿਥੇ ਭੇਡਾਂ, ਬੱਕਰੀਆਂ ਪਾਲੀਆਂ ਜਾਂਦੀਆਂ ਹਨ। ਡਰਬੀ ਦੇ ਦੱਖਣ-ਪੂਰਬ ਵੱਲ ਡਰਵੈਂਟ ਦਰਿਆ ਵਗਦਾ ਹੈ ਅਤੇ ਇਥੋਂ ਹੀ ਇਹ ਟ੍ਰੈਂਟ ਦਰਿਆ ਨਾਲ ਜਾ ਮਿਲਦਾ ਹੈ।

ਡਰਬੀਸ਼ਿਰ ਵਿਚ ਕਈ ਪੂਰਵ ਇਤਿਹਾਸਕ ਖੰਡਰਾਤ ਹਨ। ਰੋਮਨਾਂ ਦੁਆਰਾ ਬਣਾਈਆਂ ਸੜਕਾਂ ਤੇ ਕਿਲ੍ਹੇ ਆਦਿ ਵੇਖਣਯੋਗ ਸਥਾਨ ਹਨ। ਇਨ੍ਹਾਂ ਤੋਂ ਇਲਾਵਾ ਡੈਵਨਸ਼ਿਰ ਦੇ ਡਿਊਕਾਂ ਦਾ ਰਿਹਾਇਸ਼ੀ ਸਥਾਨ ਚੈਟਸਵਰਥ ਹਾਊਸ, ਰਟਲੈਂਡ ਦੇ ਡਿਊਕਾਂ ਦੀ ਸੀਟ ਹੈਡਨ ਹਾਲ ਅਤੇ 1591-97 ਦੌਰਾਨ ਬਣਿਆ ਹਾਰਡਵਿਕ ਹਾਊਸ ਇਥੋਂ ਦੀਆਂ ਸ਼ਾਨਦਾਰ ਇਮਾਰਤਾਂ ਹਨ।

17 ਵੀਂ ਸਦੀ ਤੋਂ ਹੀ ਪੂਰਬੀ ਡਰਬੀਸ਼ਿਰ ਦੀਆਂ ਲੋਹੇ ਦੀਆਂ ਖਾਨਾਂ ਤੋਂ ਲੋਹਾ ਕੱਢਿਆ ਜਾਣ ਲਗ ਪਿਆ ਸੀ। ਅਠ੍ਹਾਰਵੀਂ ਸਦੀ ਵਿਚ ਉਦਯੋਗਿਕ ਤਕਨੀਕਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ। ਸੰਨ 1717 ਵਿਚ ਇੰਗਲੈਂਡ ਦੀ ਪਹਿਲੀ ਆਧੁਨਿਕ ਫ਼ੈਕਟਰੀ ਲੋਂਬ ਦੀ ਸਿਲਕ ਮਿੱਲ ਡਰਬੀ ਵਿਚ ਹੀ ਸਥਾਪਿਤ ਕੀਤੀ ਗਈ। ਸੰਨ 1771 ਵਿਚ ਸਰ ਰਿਚਰਡ ਆਰਕਰਾਈਟ ਨੇ ਕ੍ਰਾਮਫ਼ਰਡ ਵਿਖੇ ਜ਼ਲ-ਸ਼ਕਤੀ ਰਾਹੀਂ ਚਲਣ ਵਾਲੀ ਪਹਿਲੀ ਕਾੱਟਨ ਸਪਿਨਿੰਗ ਮਿਲ ਲਾਈ। ਅਠ੍ਹਾਰਵੀਂ ਅਤੇ 19 ਵੀਂ ਸਦੀ ਦੇ ਆਰੰਭ ਵਿਚ ਡਰਬੀਸ਼ਿਰ ਦੀਆਂ ਵਾਦੀਆਂ ਕਪੜੇ ਦੀਆਂ ਸਿਲਕ ਮਿੱਲਾਂ ਦਾ ਉੱਘਾ ਕੇਂਦਰ ਬਣ ਗਈਆਂ। ਪੂਰਬੀ ਭਾਗਾਂ ਵਿਚ ਲੋਹੇ ਅਤੇ ਕੋਲੇ ਦੀ ਵਰਤੋਂ ਨਾਲ ਵਿਕਾਸ ਹੋਣ ਲਗਾ ਅਤੇ 1790 ਈ. ਵਿਚ ਮਾਈਨਿੰਗ ਅਤੇ ਇੰਜਨੀਅਰਿੰਗ ਨਾਲ ਸਬੰਧਤ ਕੰਪਨੀ ਦੀ ਸਥਾਪਨਾ ਹੋਈ। ਸੰਨ 1908 ਵਿਚ ਰੋਲਜ਼ ਰਾਇਸ ਲਿਮਟਿਡ ਨੇ ਇਥੇ ਆਪਣੀ ਪਹਿਲੀ ਫ਼ੈਕਟਰੀ ਸਥਾਪਿਤ ਕੀਤੀ। 19ਵੀਂ ਸਦੀ ਵਿਚ ਚੈਸਟਰਫੀਲਡ, ਇਲਕਸਟਨ, ਬਾੱਲਜ਼ੋਵਰ ਅਤੇ ਆੱਲਫਰਟਿਨ ਡਰਬੀਸ਼ਿਰ ਦੇ ਮਹੱਤਵਪੂਰਨ ਉਦਯੋਗਿਕ ਕੇਂਦਰ ਬਣ ਗਏ।

ਵੀਹਵੀਂ ਸਦੀ ਵਿਚ ਰਵਾਇਤੀ ਉਦਯੋਗਾਂ ਵਿਚ ਗਿਰਾਵਟ ਆਉਣ ਲਗੀ ਅਤੇ ਇੰਜੀਨੀਅਰਿੰਗ ਤੇ ਰਸਾਇਣਕ ਉਦਯੋਗ ਕਾਫ਼ੀ ਉੱਨਤ ਹੋਏ। ਉੱਤਰੀ ਭਾਗਾਂ ਦੀ ਟੂਰਿਜ਼ਮ ਕਾਰਨ ਕਾਫ਼ੀ ਮਹੱਤਤਾ ਹੈ।

ਹ. ਪੁ.- ਐਨ. ਬ੍ਰਿ. ਮਾ. 4 : 23; ਐਨ. ਅਮੇ. 8 :753

**ਡਰਬੀ, ਜੇਮਜ਼ ਸਟੈਨਲੇ (ਸੱਤਵਾਂ ਅਰਲ)** : ਇਸ ਦਾ ਵਧੇਰੇ ਪ੍ਰਚਲਤ ਨਾਂ ਬੈਰਨ ਸਟਰੇਂਜ ਸੀ ਅਤੇ 1642 ਈ. ਤੱਕ ਇਸ ਦਾ ਇਹੋ ਨਾਂ ਪ੍ਰਚਲਤ ਰਿਹਾ। ਇਹ ਡਰਬੀ ਦੇ ਛੇਵੇਂ ਅਰਲ ਵਿਲੀਅਮ ਦਾ ਸਭ ਤੋਂ ਵੱਡਾ ਪੁੱਤਰ ਸੀ ਜਿਸ ਦਾ ਜਨਮ 31 ਜਨਵਰੀ, 1607 ਨੂੰ ਇੰਗਲੈਂਡ ਵਿਚ ਲੰਕਾਸ਼ਿਰ ਦੇ ਨਾਜ਼ਲੇ ਨਗਰ ਵਿਚ ਹੋਇਆ। ਅੰਗਰੇਜ਼ਾਂ ਦੀ ਖ਼ਾਨਾ ਜੰਗੀ ਦੌਰਾਨ ਇਹ ਇਕ ਉੱਘਾ ਰਾਜਤੰਤਰ-ਵਾਦੀ ਰਾਇਲਿਸਟ ਕਮਾਂਡਰ ਸੀ। ਇਸ ਨੂੰ ਸੰਸਦੀਆਂ ਨੇ ਫਾਂਸੀ ਦਿੱਤੀ। ਸੰਨ 1625 ਵਿਚ ਇਹ ਪਾਰਲੀਮੈਂਟ ਵਿਚ ਲਿਵਰਪੂਲ ਤੋਂ ਸ਼ਾਮਲ ਹੋਇਆ ਤੇ 7 ਮਾਰਚ, 1628 ਨੂੰ ਇਹ ਹਾਊਸ ਆਫ਼ ਲਾਰਡਜ਼ ਵਿਚ ਬੈਰਨ ਸਟਰੇਂਜ ਦੇ ਤੌਰ ਤੇ ਸ਼ਾਮਲ ਹੋਇਆ। ਸੰਨ 1642 ਵਿਚ ਘਰੇਲੂ-ਯੁੱਧ ਛਿੜਨ ਤੇ ਇਹ ਸਦਾ ਚਾਰਲਸ ਪਹਿਲੇ ਦੇ ਹਿੱਤ ਵਿਚ ਸਰਗਰਮ ਰਿਹਾ। ਸੰਨ 1643 ਵਿਚ ਕਈ ਹਾਰਾਂ ਖਾਣ ਉਪਰੰਤ ਇਹ ਆਈਲ ਆਫ਼ ਮੈਨ ਚਲਾ ਗਿਆ ਅਤੇ ਉਥੋਂ ਦੀ ਗੜਬੜ ਨੂੰ ਦਬਾਇਆ। ਸੰਨ 1644 ਦੀਆਂ ਗਰਮੀਆਂ ਦੌਰਾਨ ਇਸ ਨੇ ਉੱਤਰ ਵੱਲ ਪ੍ਰਿੰਸ ਰਪਰਟ ਦੀ ਕਾਮਯਾਬ ਮੁਹਿੰਮ ਵਿਚ ਹਿੱਸਾ ਪਾਇਆ। ਫਿਰ ਇਹ ਰਪਰਟ ਦੇ ਨਾਲ ਹੀ ਮਾਰਟਨ ਮੂਰ ਗਿਆ ਤੇ ਉੱਤਰ ਵਿਚ ਚਾਰਲਸ ਦੇ ਉਦੇਸ਼ ਵਿਚ ਪੂਰਾ ਨਾ ਉਤਰਨ ਤੇ ਇਹ ਆਈਲ ਆਫ਼ ਮੈਨ ਮੁੜ ਗਿਆ। ਇਥੇ ਇਸ ਨੂੰ ਬਾਦਸ਼ਾਹ ਦਾ ਪੱਖੀ ਹੋਣ ਕਰਕੇ ਗ੍ਰਿਫ਼ਤਾਰ ਕੀਤਾ ਗਿਆ।

29 ਸਤੰਬਰ, 1642 ਨੂੰ ਆਪਣੇ ਪਿਤਾ ਦੀ ਮੌਤ ਉਪਰੰਤ ਇਹ ਅਰਲ ਬਣਿਆ। 12 ਜਨਵਰੀ, 1650 ਵਿਚ ਚਾਰਲਸ ਦੂਜੇ ਨੇ ਇਸ ਨੂੰ ਚੈਸ਼ਿਰ ਤੋਂ ਲੰਕਾਸ਼ਿਰ ਦੀ ਫ਼ੌਜ ਦਾ ਕਮਾਂਡਰ ਨਿਯੁਕਤ ਕੀਤਾ। 15 ਅਗਸਤ, 1651 ਨੂੰ ਇਹ ਲੰਕਾਸ਼ਿਰ ਵਿਚ ਵਾਈਰ ਵਾਟਰ ਵਿਖੇ ਪਹੁੰਚਿਆ ਪਰ 25 ਅਗਸਤ ਨੂੰ ਇਹ ਪੂਰੀ ਤਰ੍ਹਾਂ ਹਾਰ ਗਿਆ ਅਤੇ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਦੀ ਹਾਲਤ ਵਿਚ ਬਚ ਕੇ ਨਿਕਲ ਗਿਆ ਅਤੇ ਵਾਰਚੈਸਟਰ ਵਿਖੇ ਚਾਰਲਸ ਨੂੰ ਜਾ ਮਿਲਿਆ। ਲੜਾਈ ਉਪਰੰਤ ਬਾੱਸਕੋਬਲ ਜਾਂਦਿਆਂ ਰਸਤੇ ਵਿਚ ਫੜਿਆ ਗਿਆ ਤੇ ਚੈਸਟਰ ਵਿਖੇ 29 ਸਤੰਬਰ ਨੂੰ ਫ਼ੌਜੀ ਅਦਾਲਤ ਵਿਚੋਂ ਇਸਨੂੰ ਮੌਤ ਦੀ ਸਜ਼ਾ ਸੁਣਾਈ ਗਈ। ਆਲੀਵਰ ਕਰਾਮਵੈੱਲ ਦੀ ਮੱਦਦ ਨਾਲ ਇਸ ਨੇ ਮੁਆਫ਼ੀ ਲਈ ਅਪੀਲ ਕੀਤੀ ਪਰ ਇਹ ਅਪੀਲ ਨਾਮਨਜ਼ੂਰ ਹੋ ਗਈ ਅਤੇ ਇਸ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ। ਇਸ ਪਿੱਛੋਂ ਇਸ ਦਾ ਵੱਡਾ ਪੁੱਤਰ ਚਾਰਲਸ ਅੱਠਵਾਂ ਅਰਲ ਬਣਿਆ।

ਹ. ਪੁ.—ਐਨ. ਬ੍ਰਿ. ਮਾ. 4 : 23

**ਡਰਬੈਂਟ** : ਰੂਸ ਵਿਚ ਕੋਹਕਾਫ਼ ਪਹਾੜਾਂ ਅਤੇ ਕੈਸਪੀਅਨ ਸਾਗਰ ਦੇ ਵਿਚਕਾਰਲੇ ਤੰਗ ਜਿਹੇ ਹਿੱਸੇ ਵਿਚ ਵਾਕਿਆ ਇਕ ਸ਼ਹਿਰ ਹੈ ਜਿਹੜਾ ਦਾਗ਼ਿਸਤਾਨ ਖ਼ੁਦਮੁਖ਼ਤਾਰ ਖੇਤਰ ਦੇ ਵਿਸ਼ਾਲ ਸ਼ਹਿਰਾਂ ਵਿਚੋਂ ਇਕ ਹੈ। ਡਰਬੈਂਟ ਦਾ ਸ਼ਾਬਦਿਕ ਅਰਥ ਹੈ - ਦਰਵਾਜ਼ਾਬੰਦੀ। ਇਸ ਸ਼ਹਿਰ ਦੀ ਸਥਾਪਨਾ 438 ਈ. ਵਿਚ ਪ੍ਰਸ਼ਆ ਦੀ ਇਕ ਗੜ੍ਹੀ ਦੇ ਤੌਰ ਤੇ ਹੋਈ। ਸੰਨ 728 ਵਿਚ ਇਸ ਉਪਰ ਅਰਬਾਂ ਦਾ ਕਬਜ਼ਾ ਹੋ ਗਿਆ। ਇਸ ਸਮੇਂ ਇਸ ਸ਼ਹਿਰ ਨੇ ਬੜੀ ਉੱਨਤੀ ਕੀਤੀ। ਸੰਨ 1220 ਵਿਚ ਤਾਤਾਰਾਂ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ ਅਤੇ 1813 ਈ. ਵਿਚ ਇਸ ਉੱਤੇ ਰੂਸ ਦਾ ਅਧਿਕਾਰ ਹੋਇਆ।

ਸ਼ਹਿਰ ਵਿਚ ਕਈ ਇਤਿਹਾਸਕ ਪ੍ਰਾਚੀਨ ਯਾਦਗਾਰਾਂ ਅੱਜ ਵੀ ਮੌਜੂਦ ਹਨ। ਪ੍ਰਾਚੀਨ ਕਿਲ੍ਹਿਆਂ ਦੀਆਂ ਦੀਵਾਰਾਂ ਅਤੇ ਦਰ-ਵਾਜ਼ਿਆਂ ਦੇ ਖੰਡਰਾਤਾਂ ਨੂੰ ਕਾਫ਼ੀ ਸੰਭਾਲ ਕੇ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਅੱਠਵੀਂ ਸਦੀ ਦੇ ਗਿਰਜੇ ਅਤੇ ਮਸਜਿਦਾਂ ਵੀ ਕਾਇਮ ਹਨ।

ਦਾਗ਼ਿਸਤਾਨ ਦੀਆਂ ਪਹਾੜੀਆਂ ਅਤੇ ਆਸ ਪਾਸ ਦੇ ਖੇਤਰਾਂ ਨੂੰ ਗ਼ਲੀਚੇ ਬਣਾਉਣ ਲਈ ਉੱਨ ਇਥੋਂ ਹੀ ਮੁਹੱਈਆ ਕੀਤੀ ਜਾਂਦੀ ਹੈ। ਉੱਨ ਕਤਾਈ ਅਤੇ ਸ਼ਰਾਬ ਬਣਾਉਣ ਦੇ ਉਦਯੋਗ ਕਾਫ਼ੀ ਵਿਕਸਿਤ ਹੋ ਚੁਕੇ ਹਨ। ਇਥੇ ਵੱਡੀ ਪੱਧਰ ਤੇ ਡੱਬਾਬੰਦੀ ਦਾ ਕੰਮ ਵੀ ਹੁੰਦਾ ਹੈ। ਸ਼ਹਿਰ ਵਿਚ ਕਿੱਤਾ ਸਿਖਲਾਈ ਸਕੂਲ ਅਤੇ ਇਕ ਨਾਟਸ਼ਾਲਾ ਵੀ ਹੈ।

ਆਬਾਦੀ - 76,000 (1983)

42°03′ ਉ. ਵਿਥ. ; 48°18′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 4 : 22; ਐਨ. ਅਮੈ. 8 : 751

**ਡਰੱਮ** (Drum) : ਇਹ ਪਰਸੀਫਾੱਰਮੀਜ਼ ਵਰਗ ਦੀ ਸਾਈਨਡੀ (Sciaenidae) ਕੁਲ ਦੀਆਂ ਮੱਛੀਆਂ ਦੀਆਂ ਲਗਭਗ 160 ਜਾਤੀਆਂ ਦਾ ਆਮ ਨਾਂ ਹੈ ਜਿਨ੍ਹਾਂ ਨੂੰ ਕ੍ਰੋਕਰ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਸਮੁੰਦਰੀ ਮੱਛੀਆਂ ਹਨ, ਕੁਝ ਕੁ ਅਲੂਣੇ ਜਾਂ ਸੀਤ-ਉਸ਼ਣ ਪਾਣੀਆਂ ਵਿਚ ਵੀ ਮਿਲਦੀਆਂ ਹਨ।

ਇਹ ਮੱਛੀਆਂ ਵੱਖ ਵੱਖ ਆਕਾਰਾਂ ਵਿਚ ਮਿਲਦੀਆਂ ਹਨ। ਸਭ ਤੋਂ ਵੱਡੀ ਮੱਛੀ (Cynoscion macdonaldi) ਲਗਭਗ 100 ਕਿ. ਗ੍ਰਾ. ਭਾਰੀ ਹੁੰਦੀ ਹੈ। ਇਹ ਮੱਛੀਆਂ ਆਮ ਤੌਰ ਤੇ ਚਾਂਦੀ ਰੰਗੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਦੋ ਪਿਠ-ਖੰਭੜੇ ਹੁੰਦੇ ਹਨ। ਇਹ ਮਾਸਾਹਾਰੀ ਮੱਛੀਆਂ ਆਵਾਜ਼ ਪੈਦਾ ਕਰਦੀਆਂ ਹਨ। ਇਨ੍ਹਾਂ ਦੀਆਂ ਕਈ ਕਿਸਮਾਂ ਖਾਧੀਆਂ ਵੀ ਜਾਂਦੀਆਂ ਹਨ।

ਇਨ੍ਹਾਂ ਦੀਆਂ ਕੁਝ ਪ੍ਰਸਿੱਧ ਕਿਸਮਾਂ ਚੈਨਲ ਬਾਸ ਜਾਂ ਲਾਲ ਡਰੱਮ (Sciaenops ocellatus), ਅਲੂਣੇ ਪਾਣੀ ਦੀ ਡਰੱਮ (Aplodinotus grunniens), ਕਿੰਗਫ਼ਿਸ਼ ਜਾਂ ਵਾਈਟਿੰਗ (Menticirrhus saxatilis) ਅਤੇ ਸਮੁੰਦਰੀ ਡਰੱਮ ਜਾਂ ਕਾਲੀ ਡਰੱਮ (Pogonias cromis) ਹਨ।

ਹ. ਪੁ.- ਐਨ. ਬ੍ਰਿ. ਮਾ. 3 : 675

**ਡਰੱਮੰਡ, ਜੇਮਜ਼** : ਇਸ ਬਰਤਾਨਵੀ ਅਦਵੈਤਵਾਦੀ ਵਿਦਵਾਨ ਦਾ ਜਨਮ 14 ਮਈ, 1835 ਨੂੰ ਆਇਰਲੈਂਡ ਵਿਚ ਡਬਲਿਨ ਵਿਖੇ ਹੋਇਆ। ਇਸਨੇ ਡਬਲਿਨ ਦੇ ਟ੍ਰਿਨਿਟੀ ਕਾਲਜ ਅਤੇ ਲੰਡਨ ਦੇ ਮਾਨਚੈੱਸਟਰ ਨਿਊ ਕਾਲਜ ਵਿਖੇ ਸਿਖਿਆ ਪ੍ਰਾਪਤ ਕੀਤੀ। ਸੰਨ 1860 ਵਿਚ ਇਹ ਮਾਨਚੈੱਸਟਰ ਦੇ ਕ੍ਰਾਸ ਸਟ੍ਰੀਟ ਚੈਪਲ ਵਿਖੇ ਪਾਦਰੀ ਰਿਹਾ ਅਤੇ ਨੌਂ ਸਾਲ ਬਾਅਦ ਆਪਣੇ ਪੁਰਾਣੇ ਕਾਲਜ ਵਿਚ ਅੰਜੀਲ ਅਤੇ ਇਤਿਹਾਸਕ ਧਰਮ-ਸ਼ਾਸਤਰ ਦਾ ਲੈਕਚਰਾਰ ਰਿਹਾ। ਸੰਨ 1885 ਤੋਂ 1906 ਤਕ ਇਹ ਇਥੇ ਪ੍ਰਿੰਸੀਪਲ ਰਿਹਾ। ਸੰਨ 1889 ਵਿਚ ਇਹ ਕਾਲਜ ਨਾਲ ਹੀ ਆੱਕਸਫ਼ੋਰਡ ਗਿਆ। ਇਕ ਅਦਵੈਤਵਾਦੀ ਵਜੋਂ ਇਸਨੇ ਸਿਧਾਂਤਕ ਆਜ਼ਾਦੀ ਦੀ ਹਮਾਇਤ ਕੀਤੀ। 'ਦੀ ਜਿਊਇਸ਼ ਮਸੀਹ' 1877, 'ਇਨਕਵਾਇਰੀ ਇਨਟੂ ਦੀ ਕਰੈਕਟਰ ਐਂਡ ਆੱਥਰਸ਼ਿਪ ਆਫ਼ ਦੀ ਫ਼ੋਰਥ ਗਾੱਸਪਲ' (1903), 'ਸਟਡੀਜ਼ ਇਨ ਕ੍ਰਿਸਚੀਅਨ ਡਾੱਕਟ੍ਰਿਨ' (1908) ਆਦਿ ਇਸ ਦੀਆਂ ਕੁਝ ਪ੍ਰਮੁੱਖ ਪੁਸਤਕਾਂ ਹਨ।

13 ਜੂਨ, 1918 ਨੂੰ ਇਸਦੀ ਮੌਤ ਹੋ ਗਈ।

ਹ. ਪੁ.-ਐਨ. ਬ੍ਰਿ. 7 : 707; ਐਨ. ਅਮੈ. 9 : 553

**ਡਰੱਮੰਡ, ਵਿਲੀਅਮ** : ਸਕਾਟਲੈਂਡ ਦੇ ਇਸ ਕਵੀ ਦਾ ਜਨਮ 13 ਦਸੰਬਰ, 1585 ਨੂੰ ਹਾੱਥਾੱਰਨਡੈਨ ਵਿਖੇ ਹੋਇਆ। ਐਡਿਨਬਰਗ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰਨ ਉਪਰੰਤ ਇਸ ਨੇ ਫ਼ਰਾਂਸ ਵਿਚ ਪੈਰਿਸ ਅਤੇ ਬੂਰਜ਼ੂ ਤੋਂ ਕਾਨੂੰਨ ਦੀ ਸਿਖਿਆ ਪ੍ਰਾਪਤ ਕੀਤੀ। ਇਸ ਦੀ ਪਹਿਲੀ ਪੁਸਤਕ 'ਟੀਅਰਜ਼ ਆਨ ਦੀ ਡੈੱਥ ਆਫ਼ ਮੀਲਏਡੀਸ' (1613), ਰਾਜਕੁਮਾਰ ਹੈਨਰੀ ਦਾ ਮਰਸੀਆ ਸੀ। ਸੰਨ 1614 ਅਤੇ 1616 ਵਿਚ ਕਵਿਤਾਵਾਂ ਦੀਆਂ ਪੁਸਤਕਾਂ ਲਿਖਣ ਕਾਰਣ ਇਸ ਨੂੰ ਸਾਹਿਤਕ ਪ੍ਰਸਿੱਧੀ ਪ੍ਰਾਪਤ ਹੋਈ। ਇਸ ਨੇ ਫ਼ਰਾਂਸੀਸੀ, ਇਤਾਲਵੀ ਅਤੇ ਸਪੇਨੀ ਭਾਸ਼ਾਵਾਂ ਦੀਆਂ ਕਵਿਤਾਵਾਂ ਦੇ ਆਧਾਰ ਤੇ ਕਵਿਤਾ ਲਿਖੀ ਅਤੇ ਅਨੁਵਾਦ ਵੀ ਕੀਤੇ। ਇਸ ਨੇ ਅੰਗਰੇਜ਼ੀ ਕਵੀਆਂ ਦੀ ਵੀ ਨਕਲ ਕੀਤੀ। 'ਫ਼ਲਾਵਰਜ਼ ਆਫ਼ ਸੀਆੱਨ' (1623) ਇਸ ਦੀ ਇਕ ਧਾਰਮਿਕ ਪੁਸਤਕ ਸੀ ਅਤੇ 'ਏ ਸਾਈਪ੍ਰਿਸ ਗ੍ਰੋਵ' (1623) ਵਿਚ ਮੌਤ ਬਾਰੇ ਵਿਚਾਰ ਸਨ। ਇਸ ਤੋਂ ਇਲਾਵਾ ਇਸਨੇ 'ਦੀ ਹਿਸਟਰੀ ਆਫ਼ ਸਕਾਟਲੈਂਡ ਫਰਾਮ ਦੀ ਯੀਅਰ' 1423 'ਅਨਟਿਲ ਦੀ ਯੀਅਰ' 1542 (1655) ਅਤੇ 'ਫ਼ੋਰਥ ਫੀਸਟਿੰਗ' (1617) ਨਾਮੀ ਪੁਸਤਕਾਂ ਲਿਖੀਆਂ।



ਵਿਲੀਅਮ ਡਰੱਮੰਡ

ਦਸੰਬਰ, 1649 ਨੂੰ ਹਾੱਥਾੱਰਨਡੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਕੋਲ. ਐਨ. 6 :396 ; ਐਨ. ਬ੍ਰਿ. ਮਾ. 3 : 675 ; ਐਨ. ਅਮੈ. 9 : 353

**ਡਰੱਮੰਡ, ਵਿਲੀਅਮ ਹੈਨਰੀ** : ਕੈਨੇਡਾ ਦੇ ਇਸ ਹਾਸ-ਰਸੀ ਕਵੀ ਦਾ ਜਨਮ 13 ਅਪ੍ਰੈਲ , 1854 ਨੂੰ ਆਇਰਲੈਂਡ ਦੀ ਲੈਇਟਰਿਮ ਕਾਊਂਟੀ ਵਿਖੇ ਹੋਇਆ। ਇਸ ਨੇ ਆਪਣੀਆਂ ਕਵਿਤਾਵਾਂ ਵਿਚ ਕੈਨੇਡਾ ਨਿਵਾਸੀ ਫ਼ਰਾਂਸੀਸੀ ਕਿਸਾਨਾਂ ਦਾ ਦਰਦ



ਵਿਲੀਅਮ ਹੈਨਰੀ ਡੱਰਮੰਡ

ਭਰਿਆ ਭਾਵੁਕ ਚਿੱਤਰ ਖਿੱਚਿਆ। ਆਪਣੇ ਪਰਿਵਾਰ ਦੇ ਜੀਵਨ-ਨਿਰਬਾਹ ਵਿਚ ਸਹਾਇਤਾ ਕਰਨ ਲਈ ਇਸਨੇ 15 ਸਾਲ ਦੀ ਉਮਰ ਵਿਚ ਹੀ ਸਕੂਲ ਛੱਡ ਦਿੱਤਾ ਪਰ 30 ਸਾਲ ਦੀ ਉਮਰ ਵਿਚ ਇਸਨੇ ਕਿਊਬੈੱਕ ਦੇ ਬਿਸ਼ਪ ਕਾਲਜ ਤੋਂ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ। ਚਾਰ ਸਾਲ ਆਪਣੇ ਦੇਸ਼ ਵਿਖੇ ਹੀ ਪ੍ਰੈਕਟਿਸ ਕਰਨ ਮਗਰੋਂ ਇਹ ਮਾਂਟਰੀਆਲ ਚਲਾ ਗਿਆ ਅਤੇ ਇਥੇ ਇਸਨੇ ਜਲਸਿਆਂ ਵਿਚ ਆਪਣੀਆਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ। 'ਦੀ ਹੈਬਿਟੰਟ' (1897), 'ਜੌਨੀ ਕੋਰਟੀਓ' (1901), 'ਦੀ ਵਾਇਜ਼ਰ' (1905) ਅਤੇ ਮੌਤ ਤੋਂ ਬਾਅਦ ਛਪੀ 'ਦੀ ਗ੍ਰੇਟ ਫਾਈਟ' (1908) ਇਸ ਦੀਆਂ ਕਵਿਤਾਵਾਂ ਦੀਆਂ ਚਾਰ ਪੁਸਤਕਾਂ ਹਨ। ਇਸ ਦੇ ਸਾਰੇ ਸੰਗ੍ਰਿਹਾਂ ਨੂੰ ਸੰਨ 1912 ਵਿਚ 'ਦੀ ਪੋਇਟਿਕਲ ਵਰਕਸ ਆਫ਼ ਵਿਲੀਅਮ ਹੈਨਰੀ ਡਰੱਮੰਡ' ਨਾਂ ਹੇਠ ਛਾਪਿਆ ਗਿਆ।

6 ਅਪ੍ਰੈਲ, 1907 ਨੂੰ ਆਂਟੇਰੀਓ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਅਮੇ. 9 : 354; ਐਨ. ਬ੍ਰਿ. ਮਾ. 3: 676

**ਡਰਮੰਡਵਿਲ** : ਕੈਨੇਡਾ ਦੇ ਕਵੀਬੈੱਕ ਰਾਜ ਦੇ ਦੱਖਣ ਵਿਚ ਇਸੇ ਹੀ ਨਾਂ ਦੀ ਕਾਊਂਟੀ ਦਾ ਸਦਰ-ਮੁਕਾਮ ਅਤੇ ਵੱਡਾ ਸੱਨਅਤੀ ਸ਼ਹਿਰ ਹੈ ਜੋ ਸੈਨ ਫਰਾਂਸਵਾ ਦਰਿਆ ਉਪਰ ਅਤੇ ਮਾਂਟ੍ਰੀਅਲ ਸ਼ਹਿਰ ਤੋਂ 100 ਕਿ. ਮੀ. ਉੱਤਰ-ਪੂਰਬ ਵਿਚ ਮੁੱਖ ਰੇਲ ਮਾਰਗ ਅਤੇ ਟ੍ਰਾਂਸ-ਕੈਨੇਡਾ ਸ਼ਾਹਰਾਹ ਉਪਰ ਵਾਕਿਆ ਹੈ। ਇਥੇ ਨਕਲੀ ਰੇਸ਼ਮ, ਸੂਤੀ ਕੱਪੜੇ, ਇਮਾਰਤੀ ਲੱਕੜ, ਪੈਨਸਿਲਾਂ, ਭਾਰੀ ਮਸ਼ੀਨਰੀ, ਗੱਤੇ ਦੇ ਡੱਬੇ, ਬਿਜਲੀ ਦਾ ਸਮਾਨ ਆਦਿ ਬਣਦਾ ਹੈ। 1920ਵੇਂ ਦੇ ਦਹਾਕੇ ਵਿਚ ਇਸ ਦੇ ਨੇੜੇ ਹੀ ਪਣ-ਬਿਜਲੀ ਯੋਜਨਾਵਾਂ ਦੇ ਨੇਪਰੇ ਚੜ੍ਹ ਜਾਣ ਨਾਲ ਇਸ ਸ਼ਹਿਰ ਵਿਚ ਸੂਤੀ ਕੱਪੜੇ ਦੀ ਸੱਨਅਤ ਨੇ ਬਹੁਤ ਤਰੱਕੀ ਕੀਤੀ ਹੈ।

ਇਸ ਸ਼ਹਿਰ ਦੀ ਸਥਾਪਨਾ 1815 ਈ. ਵਿਚ ਮੇਜਰ ਜਨਰਲ ਫ਼੍ਰੈਡਰਿਕ ਜਾਰਜ ਹੈਰੀਅਟ ਨੇ ਕੀਤੀ ਸੀ ਪਰ ਇਸ ਦਾ ਨਾਂ ਉਸ ਵੇਲੇ ਦੇ ਕੈਨੇਡਾ ਦੇ ਕਮਾਂਡਰ ਇਨ ਚੀਫ਼, ਸਰ ਗਾਰਡਨ ਡ੍ਰਮੰਡ ਦੇ ਨਾਂ ਪਿੱਛੇ ਰੱਖਿਆ ਗਿਆ ਸੀ। ਸੰਨ 1874 ਵਿਚ ਇਹ ਇਕ ਪਿੰਡ ਹੁੰਦਾ ਸੀ। ਸੰਨ 1888 ਵਿਚ ਇਹ ਸ਼ਹਿਰ ਬਣ ਗਿਆ ਅਤੇ 1936 ਈ. ਵਿਚ ਇਸ ਨੇ ਇਕ ਵੱਡੇ ਸ਼ਹਿਰ ਦਾ ਰੂਪ ਧਾਰ ਲਿਆ। ਇਸ ਪਿੱਛੋਂ ਸੇਂਟ ਜੋਜ਼ਫ, ਡ੍ਰਮੰਡਵਿਲ ਪੱਛਮੀ ਅਤੇ ਡ੍ਰਮੰਡਵਿਲ ਦੱਖਣੀ ਨਾਂ ਦੇ ਕਸਬੇ ਕ੍ਰਮਵਾਰ 1955, 1961 ਅਤੇ 1981 ਈ. ਵਿਚ ਇਸ ਸ਼ਹਿਰ ਵਿਚ ਮਿਲਾ ਦਿੱਤੇ ਗਏ।

ਆਬਾਦੀ—36, 567 (1981)

45°53′ ਉ. ਵਿਥ. ; 72°14′ ਪੱ. ਲੰਬ.

ਹ. ਪੁ.- ਐਨ. ਬ੍ਰਿ. ਮਾ. 4 : 235; ਐਨ. ਅਮੇ. 9 : 422

**ਡਰਮਾਟ ਮੈਕਮਰੋ** : ਇਹ ਆਇਰਲੈਂਡ ਵਿਚ ਲੈਨਸਟਰ ਦਾ ਬਾਦਸ਼ਾਹ ਸੀ ਜਿਸ ਦਾ ਜਨਮ 1110 ਈ. ਵਿਚ ਹੋਇਆ ਸੀ। ਇਸ ਨੇ ਆਪਣਾ ਇਕ ਅੰਦਰੂਨੀ ਝਗੜਾ ਨਿਪਟਾਉਣ ਲਈ ਅੰਗਰੇਜ਼ਾਂ ਪਾਸੋਂ ਮੱਦਦ ਮੰਗੀ ਤੇ ਸਿੱਟੇ ਵਜੋਂ ਐਂਗਲੋ-ਨਾਰਮਨ ਹਮਲਾ ਹੋਇਆ ਅਤੇ ਅੰਗਰੇਜ਼ਾਂ ਨੇ ਆਇਰਲੈਂਡ ਉੱਤੇ ਜਿੱਤ ਪ੍ਰਾਪਤ ਕੀਤੀ।

ਸੰਨ 1126 ਵਿਚ ਆਪਣੇ ਪਿਤਾ ਐਨਾ ਦੀ ਮੌਤ ਪਿੱਛੋਂ ਜਦੋਂ ਇਹ ਗੱਦੀ ਤੇ ਬੈਠਿਆ ਤਾਂ ਇਸ ਨੂੰ ਆਪਣੇ ਬਹੁਤ ਸਾਰੇ ਵਿਰੋਧੀਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਹ ਵੀ ਆਪਣੇ ਆਪ ਨੂੰ ਗੱਦੀ ਦੇ ਦਾਅਵੇਦਾਰ ਸਮਝਦੇ ਸਨ। ਸੰਨ 1141 ਵਿਚ ਇਸ ਨੇ ਆਪਣੇ 17 ਵਿਰੋਧੀਆਂ ਨੂੰ ਮਾਰ ਕੇ ਜਾਂ ਅੰਨ੍ਹੇ ਕਰਕੇ ਆਪਣੀ ਸ਼ਕਤੀ ਦਾ ਸਬੂਤ ਪੇਸ਼ ਕੀਤਾ। ਖ਼ਾਨਦਾਨੀ ਦੁਸ਼ਮਣੀ ਕਾਰਨ ਇਸ ਨੂੰ 1166 ਈ. ਵਿਚ ਆਇਰਲੈਂਡ ਵਿਚੋਂ ਕੱਢ ਦਿਤਾ ਗਿਆ। ਇੰਗਲੈਂਡ ਦੇ ਬਾਦਸ਼ਾਹ ਹੈਨਰੀ ਦੂਜੇ ਨੇ ਪੈਮਬਰੋਕ ਦੇ ਦੂਜੇ ਅਰਲ, ਰਿਚਰਡ ਡੀ ਕਲੇਅਰ ਦਾ ਵਿਸ਼ੇਸ਼ ਜ਼ਿਕਰ ਕਰਦੇ ਹੋਏ ਇਸ ਨੂੰ ਦੱਖਣੀ ਵੇਲ ਦੇ ਬਹੁਤ ਸਾਰੇ ਐਂਗਲੋ ਨਾਰਮਨ ਸਰਦਾਰਾਂ ਪਾਸੋਂ ਮੱਦਦ ਲੈਣ ਦੀ ਆਗਿਆ ਦੇ ਦਿਤੀ। ਸੰਨ 1167 ਵਿਚ ਇਸ ਨੇ ਐਂਗਲੋ ਨਾਰਮਨਾਂ ਦੀ ਮੱਦਦ ਨਾਲ ਮੁੜ ਲੈਨਸਟਰ ਵਿਚ ਪੈਰ ਜਮਾ ਲਏ। ਜਦੋਂ ਪੈਮਬਰੋਕ ਅਗਸਤ, 1170 ਵਿਚ ਆਇਆ ਤਾਂ ਇਸ ਨੇ ਉਸ ਨਾਲ ਆਪਣੀ ਲੜਕੀ, ਇਵਾ ਦੀ ਸ਼ਾਦੀ ਕਰ ਦਿਤੀ। ਇਕ ਮਈ, 1171 ਨੂੰ ਇਸ ਦੀ ਮੌਤ ਮਗਰੋਂ ਪੈਮਬਰੋਕ ਲੈਨਸਟਰ ਦਾ ਬਾਦਸ਼ਾਹ ਬਣ ਗਿਆ।

ਹ. ਪੁ.- ਐਨ. ਬ੍ਰਿ. ਮਾ. 4 : 25

**ਡਰਮੱਪਟਰਾ** (**Dermoptera**) : ਇਹ ਥਣਧਾਰੀ




ਈਓਸੀਨ ਸਮੇਂ ਦੇ ਡਰਮੱਪਟਰਾ ਵਰਗ ਦੇ ਪ੍ਰਾਣੀ

ਪ੍ਰਾਣੀਆਂ ਦਾ ਇਕ ਵਰਗ ਹੈ ਜਿਸ ਵਿਚ ਸਿਰਫ ਉੱਡਣੇ-ਲੀਮਰ ਹੀ

ਹੁਣ ਜੀਉਂਦੇ ਮਿਲਦੇ ਹਨ। ਇਸ ਨੂੰ ਗੈਲੀਓਪਿਥੀਕਸ ਜਾਂ ਸਾਈਨੋਸੈਫ਼ੈਲਸ ਕਹਿੰਦੇ ਹਨ। ਇਹ ਪ੍ਰਾਣੀ ਦੱਖਣ-ਪੂਰਬੀ ਏਸ਼ੀਆ, ਈਸਟ ਇੰਡੀਜ਼ ਅਤੇ ਫਿਲੇਪਾਈਨ ਵਿਚ ਮਿਲਦੇ ਹਨ। ਉੱਤਰੀ ਅਮਰੀਕਾ ਦੇ ਟਰਸ਼ਰੀ ਸਮੇਂ ਦੇ ਸ਼ੁਰੂ ਦੇ ਕੁਝ ਪਥਰਾਟ ਵੀ ਇਸ ਵਰਗ ਵਿਚ ਸ਼ਾਮਲ ਕਰ ਲਏ ਜਾਂਦੇ ਹਨ। ਉੱਡਣੇ-ਲੀਮਰ ਕੀਟ-ਆਹਾਰੀ ਪ੍ਰਾਣੀਆਂ ਵਿਚੋਂ ਹੀ ਵਿਕਸਿਤ ਹੋਏ ਹਨ ਪਰ ਉਨ੍ਹਾਂ ਤੋਂ ਬਹੁਤ ਫ਼ਰਕ ਹੋਣ ਕਰਕੇ ਇਨ੍ਹਾਂ ਨੂੰ ਇਕ ਵਖਰੇ ਵਰਗ ਵਿਚ ਰਖ ਲਿਆ ਜਾਂਦਾ ਹੈ। ਇਹ ਇਕ ਵੱਡੀ ਗਲਹਿਰੀ ਦੇ ਆਕਾਰ ਦੇ ਪ੍ਰਾਣੀ ਹਨ ਜਿਨ੍ਹਾਂ ਦੀ ਦੰਦ ਤਰਤੀਬ ਵੱਖਰੀ ਜਿਹੀ ਹੈ ਪਰ ਮੂਲਕ ਤੌਰ ਤੇ ਇਹ ਕੀਟ-ਆਹਾਰੀ ਪ੍ਰਾਣੀਆਂ ਵਰਗੀ ਹੀ ਹੈ। ਇਨ੍ਹਾਂ ਦਾ ਆਹਾਰ ਪੱਤੇ ਅਤੇ ਫਲ ਹਨ। ਇਨ੍ਹਾਂ ਪ੍ਰਾਣੀਆਂ ਦੀ ਗਰਦਨ ਤੋਂ ਇਕ ਝਿੱਲੀ ਸ਼ੁਰੂ ਹੋ ਕੇ ਲੱਤਾਂ ਦੇ ਨਾਲ ਨਾਲ ਉਂਗਲਾਂ ਦੇ ਸਿਰਿਆਂ ਤਕ ਅਤੇ ਪੂਛ ਦੇ ਸਿਰੇ ਤਕ ਜਾਂਦੀ ਹੈ। ਇਸ ਦੀ ਸਹਾਇਤਾ ਨਾਲ ਇਹ ਪ੍ਰਾਣੀ ਹਵਾ ਵਿਚ ਬਹੁਤ ਹੌਲੀ ਹੌਲੀ ਸਰਕ ਸਕਦੇ ਹਨ ਪਰ ਚੰਗੀ ਤਰ੍ਹਾਂ ਉੱਡ ਨਹੀਂ ਸਕਦੇ।

ਹ. ਪੁ.- ਮੈਕ. ਐਨ. ਸ. ਟ. 4 : 68

**ਡਰਮੈਪਟਰਾ** (**Dermaptera**) : ਕੀੜਿਆਂ ਦੇ ਇਕ ਵਰਗ ਦਾ ਨਾਂ ਹੈ ਜਿਸ ਵਿਚ ਲਗਭਗ 1100 ਜਾਤੀਆਂ ਆਉਂਦੀਆਂ ਹਨ। ਇਨ੍ਹਾਂ ਸਾਰੀਆਂ ਜਾਤੀਆਂ ਦੇ ਕੀੜਿਆਂ ਨੂੰ 'ਈਅਰ ਵਿਗ' ਕਿਹਾ ਜਾਂਦਾ ਹੈ। ਇਹ ਸਭ ਤੋਂ ਪੁਰਾਤਨ ਕੀੜਿਆਂ ਵਿਚੋਂ ਹਨ ਜਿਹੜੇ ਜੁਰੈਸਿਕ ਕਾਲ ਵਿਚ ਵੀ ਮਿਲਦੇ ਸਨ।

ਤਕਰੀਬਨ 5-50 ਮਿ. ਮੀ. ਲੰਬੇ ਇਨ੍ਹਾਂ ਕੀੜਿਆਂ ਦਾ ਸਰੀਰ ਸਖ਼ਤ, ਚਪਟਾ, ਗੂੜ੍ਹੇ ਰੰਗ ਦਾ ਅਤੇ ਚਮਕੀਲਾ ਹੁੰਦਾ ਹੈ। ਟੋਹਣੀਆਂ ਲੰਬੀਆਂ, ਪਤਲੀਆਂ ਤੇ ਮੂੰਹ-ਅੰਗ ਚਿੱਥਣ (chewing) ਕਿਸਮ ਦੇ ਹੁੰਦੇ ਹਨ। ਅਗਲੇ ਪਰ ਛੋਟੇ ਅਤੇ ਸਖ਼ਤ ਹੁੰਦੇ ਹਨ ਅਤੇ ਪਿਛਲੇ ਪਰ ਵੱਡੇ ਅਤੇ ਝਿੱਲੀਮਈ ਹੁੰਦੇ ਹਨ ਅਤੇ ਇਨ੍ਹਾਂ ਵਿਚ ਰੇਡੀਅਲ ਸ਼ਿਰਾਵਾਂ ਹੁੰਦੀਆਂ ਹਨ।




ਡਰਮੈਪਟਰਾ

ਪੇਟ ਦੇ ਪਿਛਲੇ ਸਿਰੇ ਤੇ ਇਕ ਜੋੜਾ ਚਿਮਟੀਆਂ ਵਰਗੇ ਸਰਸਾਈ (ਲੁੰਦਾਰ ਉਪ-ਅੰਗ) ਦਾ ਹੁੰਦਾ ਹੈ ਜੋ ਤਕੜੇ ਤੇ ਹਿਲਣਸ਼ੀਲ ਹੁੰਦੇ ਹਨ। ਇਨ੍ਹਾਂ ਅੰਗਾਂ ਨੂੰ ਇਹ ਕੀੜੇ ਕਈ ਕੰਮਾਂ ਲਈ ਵਰਤਦੇ ਹਨ ਜਿਵੇਂ ਸਵੈ-ਰੱਖਿਆ ਲਈ, ਹੋਰ ਕੀੜਿਆਂ ਨੂੰ ਪਕੜਨ ਅਤੇ ਖਾਣ ਵਕਤ ਉਨ੍ਹਾਂ ਨੂੰ ਪਕੜੇ ਰਖਣ ਲਈ, ਪਿਛਲੇ ਪਰਾਂ ਨੂੰ ਅਗਲੇ ਪਰਾਂ ਦੇ ਹੇਠ੍ਹਾਂ ਇਕੱਠੇ ਕਰਨ ਲਈ ਜਾਂ ਮੈਥੁਨ ਉਡਾਰੀ ਸਮੇਂ ਨਰ ਮਾਦਾ ਨੂੰ ਪਕੜੇ ਰਖਣ ਲਈ ਇਨ੍ਹਾਂ ਨੂੰ ਵਰਤਦੇ ਹਨ। ਨਰ ਵਿਚ ਇਹ ਮਾਦਾ ਨਾਲੋਂ ਵੱਡੇ ਅਤੇ ਵਖਰੇ ਤਰ੍ਹਾਂ ਦੇ ਹੁੰਦੇ ਹਨ। ਖ਼ਤਰਾ ਨਜ਼ਰ ਆਉਣ ਤੇ ਉਹ ਇਨ੍ਹਾਂ ਉਪ-ਅੰਗਾਂ ਨੂੰ ਅਠੂੰਹੇ ਦੀ ਤਰ੍ਹਾਂ ਉਪਰ ਵਲ ਚੁੱਕ ਲੈਂਦੇ ਹਨ।

ਇਹ ਸਥੱਲੀ ਕੀੜੇ ਰਾਤਲ ਪ੍ਰਾਣੀ ਹਨ ਅਤੇ ਇਹ ਸਿਲ੍ਹੀਆਂ, ਹਨੇਰੀਆਂ ਥਾਵਾਂ ਤੇ ਪੱਥਰਾਂ, ਗੇਲੀਆਂ ਜਾਂ ਦਰਖ਼ਤਾਂ ਦੀ ਛਿੱਲ ਦੇ ਹੇਠਾਂ ਰਹਿੰਦੇ ਹਨ। ਠੰਡੇ ਇਲਾਕਿਆਂ ਵਿਚ ਇਹ ਮੁੱਖ ਤੌਰ ਤੇ ਬਨਸਪਤੀ ਆਹਾਰੀ ਹੁੰਦੇ ਹਨ ਅਤੇ ਗਲੇ ਸੜੇ ਮਾਦੇ ਨੂੰ ਹੀ ਖਾਂਦੇ ਹਨ ਪਰ ਆਮ ਤੌਰ ਤੇ ਇਨ੍ਹਾਂ ਦਾ ਪੋਸ਼ਣ ਜੀਉਂਦੇ ਪੌਦੇ ਹੁੰਦੇ ਹਨ। ਊਸ਼ਣ-ਖੰਡੀ ਇਲਾਕਿਆਂ ਵਿਚ ਇਹ ਕੀੜੇ ਮਾਸਾਹਾਰੀ ਹਨ ਅਤੇ ਕਈ ਕਿਸਮ ਦੇ ਕੀੜਿਆਂ ਦੇ ਲਾਰਵਿਆਂ ਤੇ ਨਿਰਬਾਹ ਕਰਦੇ ਹਨ। ਯੂਰਪੀ ਈਅਰ ਵਿਗ (Forcicula auricularia) ਬਾਗ਼ਾਂ ਦਾ ਪੈੱਸਟ ਹੈ ਅਤੇ ਘਰਾਂ ਵਿਚ ਵੀ ਇਹ ਪਰੇਸ਼ਾਨ ਕਰਦਾ ਹੈ।

ਇਨ੍ਹਾਂ ਕੀੜਿਆਂ ਬਾਰੇ ਇਕ ਫੋਕਾ ਵਹਿਮ ਜੁੜਿਆ ਹੋਇਆ ਹੈ ਕਿ ਇਹ ਸੁੱਤੇ ਪਏ ਬੰਦਿਆਂ ਦੇ ਕੰਨਾਂ ਵਿਚ ਵੜ ਜਾਂਦੇ ਹਨ।

ਹ. ਪੁ.- ਮੈਕ. ਐਨ. ਸ. ਟ. 4 :67; ਐਨ. ਬ੍ਰਿ. ਮਾ. 3 : 753

**ਡਰਵੰਟ ਦਰਿਆ (ਆਸਟ੍ਰੇਲੀਆ)** : ਆਸਟ੍ਰੇਲੀਆ ਦੇ ਤਸਮਾਨੀਆ ਟਾਪੂ ਦਾ ਇਹ ਦਰਿਆ ਹੈ ਜਿਹੜਾ ਕੇਂਦਰੀ ਪਠਾਰ ਦੀ ਸੈਂਟ ਕਲੇਅਰ ਝੀਲ ਵਿਚੋਂ ਨਿਕਲਦਾ ਹੈ। ਇਹ 182 ਕਿ. ਮੀ. ਦੱਖਣ-ਪੂਰਬ ਦੀ ਦਿਸ਼ਾ ਵਿਚ ਵਗਦਾ ਹੋਇਆ 5-1/2 ਕਿ. ਮੀ. ਚੌੜੇ ਦਹਾਨੇ ਵਿਚ ਦਾਖ਼ਲ ਹੋ ਕੇ, ਸਟੋਰਮ ਖਾੜੀ ਵਿਚ ਜਾ ਡਿਗਦਾ ਹੈ। ਇਸ ਦਰਿਆ ਦੇ ਵਿਚਲੇ ਹਿੱਸੇ ਦੇ ਆਸ ਪਾਸ ਜਲੋਢ ਮਿੱਟੀ ਦੇ ਨਿਖੇਪ ਹਨ ਜਿਥੇ ਹਾਪ (ਸ਼ਰਾਬ ਲਈ ਫਲ) ਦੀ ਪੈਦਾਵਾਰ ਹੁੰਦੀ ਹੈ। ਜਾਰਡਨ, ਕਲਾਈਡ, ਊਜ਼ ਤੇ ਡੀ ਇਸ ਦੀਆਂ ਹੋਰ ਸ਼ਾਖਾਵਾਂ ਹਨ ਜਿਹੜੀਆਂ ਪਣ-ਬਿਜਲੀ ਲਈ ਵਿਕਸਿਤ ਕੀਤੀਆਂ ਹੋਈਆਂ ਹਨ। ਦਰਿਆ ਦੇ ਮੁਹਾਣੇ ਤੋਂ 19 ਕਿ. ਮੀ. ਉਤਾਂਹ ਹੱਬਾਰਟ ਸ਼ਹਿਰ ਵੱਸਿਆ ਹੋਇਆ ਹੈ। ਹੱਬਾਰਟ ਤੋਂ ਅੱਗੇ ਮੁਹਾਣੇ ਤੀਕ ਪਾਣੀ ਡੂੰਘਾ ਹੋਣ ਕਾਰਨ ਵਧੀਆ ਬੰਦਰਗਾਹ ਵਿਚ ਬਦਲ ਗਿਆ ਹੈ। ਇਸ ਉੱਤੇ ਤਸਮਾਨ ਪੁਲ ਬਣਿਆ ਹੋਇਆ ਹੈ। ਹੱਬਾਰਟ ਸ਼ਹਿਰ ਤੱਕ ਇਸ ਵਿਚ ਜਹਾਜ਼ਰਾਨੀ ਆਮ ਹੁੰਦੀ ਹੈ।

43°03′ ਦੱ. ਵਿਥ. ; 147°22′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 4 : 27

**ਡਰਵੰਟ ਦਰਿਆ (ਇੰਗਲੈਂਡ)** : ਇੰਗਲੈਂਡ ਦੀ ਉੱਤਰੀ ਯਾਰਕਸ਼ਿਰ ਕਾਉਂਟੀ ਵਿਚ ਵਹਿਣ ਵਾਲਾ ਇਹ ਇਕ ਦਰਿਆ ਹੈ ਜਿਹੜਾ ਕਿ ਉੱਤਰੀ ਸਾਗਰ ਤੋਂ ਕੇਵਲ 10 ਕਿ. ਮੀ. (6 ਮੀਲ) ਦੀ ਦੂਰੀ ਤੇ ਅੰਦਰੂਨੀ ਭਾਗ ਵਲ ਨੂੰ ਪੈਂਦੇ ਫਾਈਲਿੰਗਡੇਨਜ਼ ਮੂਰ ਖੇਤਰ ਵਿਚੋਂ 267 ਮੀ. (875 ਫੁੱਟ) ਦੀ ਉੱਚਾਈ ਤੋਂ ਨਿਕਲਦਾ ਹੈ ਪਰ ਇਹ ਦਰਿਆ ਕਈ ਦਰਿਆਈ ਖੱਡਾਂ ਅਤੇ ਘਾਟੀਆਂ ਵਿਚੋਂ ਦੀ ਲਗਭਗ 90 ਕਿ. ਮੀ. ਤੱਕ ਵਹਿੰਦਾ ਹੋਇਆ ਊਜ਼ ਦਰਿਆ ਨਾਲ ਜਾ ਸੰਗਮ ਕਰਦਾ ਹੈ। ਦਰਿਆ ਦਾ ਇਹ ਅਜੀਬ ਜਿਹਾ ਰਸਤਾ ਇਸ ਦੇ ਪਹਿਲੇ ਰਸਤੇ ਵਿਚ ਬਰਫ਼ੀਲੀ ਚਾਦਰ ਦੀ ਰੁਕਾਵਟ ਖੜੀ ਹੋ ਜਾਣ ਕਾਰਣ ਹੋਂਦ ਵਿਚ ਆਇਆ। ਗਲੇਸ਼ੀਅਰ ਪਿਘਲਣ ਉਪਰੰਤ ਹੈਕਨੇਸ ਤੇ ਮਾਲਟਨ ਦੇ ਦੁਆਲੇ ਪੱਧਰੀਆਂ ਜਿਹੀਆਂ ਪਹਾੜੀਆਂ ਰਾਹੀਂ ਇਸ ਦੇ ਕਈ ਨਵੇਂ ਮਾਰਗ ਹੋਂਦ ਵਿਚ ਆਏ। ਇਸ ਦੇ ਬਿਲਕੁਲ ਉਲਟ ਪਿਕਰਿੰਗ ਅਤੇ ਯਾਰਕ ਵਾਦੀਆਂ ਵਿਚ ਵੱਡੇ ਗਲੇਸ਼ੀਅਰਾਂ ਅਤੇ ਝੀਲਾਂ ਦੇ ਨਿਖੇਪ ਉਪਰ ਇਸ ਦਾ ਰਾਹ ਇਕ ਦਮ ਪੱਧਰਾ ਹੈ। ਦਰਿਆ ਦਾ ਪਾਣੀ ਬਹੁਤ ਸਾਫ਼ ਹੈ ਤੇ ਡਰਵੰਟ ਨਾਂ ਵੀ ਕੈਲਟਿਕ ਸ਼ਬਦ ਡਵਰਜੰਟ ਤੋਂ ਪਿਆ ਹੈ ਜਿਸ ਤੋਂ ਭਾਵ ਹੈ ਸਾਫ਼ ਪਾਣੀ।

54°13′ ਉ. ਵਿਥ.; 0°40′ ਪੱ. ਲੰਬ.

ਹ. ਪੁ. -ਐਨ. ਬ੍ਰਿ. ਮਾ. 4 : 27

**ਡਰਵੰਟ ਵਾਟਰ** : ਉੱਤਰ-ਪੱਛਮੀ ਇੰਗਲੈਂਡ ਦੀ ਇਹ ਇਕ ਝੀਲ ਹੈ ਜਿਹੜੀ ਕੰਬਰੀਆ ਕਾਉਂਟੀ ਵਿਚ ਉੱਚੇ ਪਹਾੜਾਂ ਵਿਚਕਾਰ ਕੈਜ਼ਿਕ ਵਾਦੀ ਵਿਚ ਸਥਿਤ ਹੈ। ਇਹ ਝੀਲ ਆਪਣੇ ਆਲੇ ਦੁਆਲੇ ਦੀ ਸੁੰਦਰਤਾ ਲਈ ਮਸ਼ਹੂਰ ਹੈ। ਇਹ ਝੀਲ ਲਗਭਗ 5 ਕਿ. ਮੀ. ਲੰਬੀ ਅਤੇ 1.6 ਕਿ. ਮੀ. ਚੌੜੀ ਹੈ। ਇਸ ਦੀ ਵੱਧ ਤੋਂ ਵੱਧ ਗਹਿਰਾਈ 22 ਮੀ. ਹੈ। ਡਰਵੰਟ ਦਰਿਆ ਇਸ ਦੇ ਦੱਖਣੀ ਸਿਰੇ ਤੋਂ ਦਾਖ਼ਲ ਹੋ ਕੇ ਉੱਤਰ ਵੱਲ ਕੈਜ਼ਿਕ ਸ਼ਹਿਰ ਦੇ ਨਜ਼ਦੀਕ ਝੀਲ ਵਿਚੋਂ ਦੀ ਨਿਕਲਕੇ ਆਪਣਾ ਪੰਧ ਫਿਰ ਆਰੰਭ ਕਰਦਾ ਹੈ। ਇਸ ਨੂੰ ਵੇਖਣ ਲਈ ਸੈਲਾਨੀਆਂ ਦੀ ਭੀੜ ਲੱਗੀ ਰਹਿੰਦੀ ਹੈ। ਇਸ ਝੀਲ ਵਿਚਲੇ ਕਈ ਨਿੱਕੇ ਨਿੱਕੇ ਜਜ਼ੀਰਿਆਂ ਵਿਚੋਂ ਲਾਰਡਜ਼ ਆਈਲੈਂਡ ਉੱਤੇ ਕਿਸੇ ਸਮੇਂ ਡਰਵੰਟ ਵਾਟਰ ਦੇ ਅਰਲਾਂ ਦਾ ਨਿਵਾਸ ਹੁੰਦਾ ਸੀ।

54°42′ ਉ. ਵਿਥ. ; 3°25′ ਪੱ. ਲੰਬ.

ਹ. ਪੁ.- ਐਨ. ਬ੍ਰਿ. ਮਾ. 4 : 27

**ਡ੍ਰਾਇਓਪਿਥੀਕਸ** : ਇਹ ਪਥਰਾਟ ਏਪਾਂ ਦੇ ਇਕ ਗਰੁੱਪ ਦਾ ਨਾਂ ਹੈ ਜਿਹੜੇ ਡ੍ਰਾਇਓਪਿਥਸਾਇਨੀ ਉਪ-ਕੁਲ ਵਿਚ ਸ਼ਾਮਲ ਕੀਤੇ ਗਏ ਹਨ। ਇਹ ਪਥਰਾਟ ਮਾਇਓਸੀਨ ਦੇ ਸ਼ੁਰੂ ਦੇ ਸਮਿਆਂ ਤੋਂ ਲੈ ਕੇ ਪਿਛਲੇਰੇ ਪਲਾਇਓਸੀਨ ਸਮੇਂ ਤੱਕ ਯੂਰਪ, ਉੱਤਰੀ ਅਫ਼ਰੀਕਾ ਅਤੇ ਭਾਰਤ ਵਿਚ ਮਿਲੇ ਹਨ। ਇਸ ਉਪ-ਕੁਲ ਦੇ ਪ੍ਰਾਣੀ ਅਜੋਕੇ ਐਂਥ੍ਰੋਪਾੱਇਡ ਏਪਾਂ ਦੇ ਪੂਰਵਜ ਮੰਨੇ ਜਾਂਦੇ ਹਨ। ਕਈ ਵਿਗਿਆਨੀਆਂ ਦਾ ਖ਼ਿਆਲ ਹੈ ਕਿ ਮਨੁੱਖ ਅਤੇ ਅਜੋਕੇ ਏਪਾਂ ਦੇ ਸਾਂਝੇ ਪੂਰਵਜ ਵੀ ਇਨ੍ਹਾਂ ਵਿਚੋਂ ਹੀ ਹਨ।

ਹ. ਪੁ.- ਐਨ. ਬ੍ਰਿ. 7 : 692

**ਡਰਾਐਡਾ (Drogheda)** : ਆਇਰਲੈਂਡ ਦੀ ਲਾਉਥ ਕਾਉਂਟੀ ਦੀ ਦੱਖਣੀ ਹੱਦ ਉੱਤੇ ਇਹ ਇਕ ਬੰਦਰਗਾਹ ਅਤੇ ਵੱਡਾ ਸ਼ਹਿਰ ਹੈ ਜਿਹੜਾ ਕਿ ਬਾਇਨ ਦਰਿਆ ਦੇ ਮੁਹਾਣੇ ਤੋਂ 6-1/2 ਕਿ. ਮੀ. ਦੀ ਦੂਰੀ ਤੇ ਵਸਿਆ ਹੋਇਆ ਹੈ। ਇਸ ਦੀ ਸਥਾਪਨਾ 8ਵੀਂ ਤੋਂ 11ਵੀਂ ਸਦੀ ਵਿਚ ਡੈਨਮਾਰਕ ਵਾਸੀਆਂ ਨੇ ਕੀਤੀ ਸੀ ਜਿਸ ਉੱਤੇ ਨਾਰਮਨਾਂ ਨੇ ਕਬਜ਼ਾ ਕਰ ਲਿਆ। ਅੰਗਰੇਜ਼ਾਂ ਅਧੀਨ ਇਹ ਇਕ ਪ੍ਰਸ਼ਾਸਕੀ ਕੇਂਦਰ ਵੀ ਬਣਿਆ ਰਿਹਾ। ਮੱਧਕਾਲੀਨ ਸਮਿਆਂ ਵਿਚ ਇਥੇ ਕੁਝ ਕੁ ਪਾਰਲੀਮੈਂਟਾਂ ਦੀਆਂ ਬੈਠਕਾਂ ਵੀ ਹੁੰਦੀਆਂ ਰਹੀਆਂ ਜਿਨ੍ਹਾਂ ਵਿਚੋਂ 1494 ਈ. ਦੀ ਪਾਰਲੀਮੈਂਟ ਨੇ ਮਹੱਤਵਪੂਰਨ ਕਾਨੂੰਨ ਵੀ ਪਾਸ ਕੀਤਾ। ਐਡਵਰਡ ਤੀਜੇ ਹੇਠ ਇਹ ਇਕ ਮਹੱਤਵਪੂਰਨ ਸ਼ਹਿਰ ਬਣ ਗਿਆ। 17 ਵੀਂ ਸਦੀ ਵਿਚ ਇਹ ਜੰਗਾਂ ਦਾ ਮੈਦਾਨ ਵੀ ਰਿਹਾ। ਇਥੇ ਹੀ 1649 ਈ. ਵਿਚ ਰਾਜਤੰਤਰਵਾਦੀਆਂ ਦੇ 3000 ਫ਼ੌਜੀਆਂ ਦੀ ਇਕ ਟੁਕੜੀ ਨੇ ਕ੍ਰਾਮਵੈੱਲ ਦੇ ਵਿਰੁੱਧ ਘੇਰਾ ਪਾਇਆ ਸੀ ਪਰ ਕ੍ਰਾਮਵੈੱਲ ਨੇ ਮੁਕਾਬਲਾ ਕਰਕੇ ਕਈਆਂ ਨੂੰ ਮਾਰ ਮੁਕਾਇਆ ਤੇ ਜਿਹੜੇ ਬਚੇ ਉਨ੍ਹਾਂ ਨੂੰ ਬਰਬਾਡਾਸ ਟਾਪੂਆਂ ਉੱਤੇ ਭੇਜ ਦਿਤਾ। ਸੰਨ 1690 ਵਿਚ ਬਾਇਨ ਦੀ ਲੜਾਈ ਵਿਚ ਇਹ ਵਿਲੀਅਮ ਤੀਜੇ ਅਧੀਨ ਆ ਗਿਆ। ਅੱਜਕੱਲ੍ਹ ਇਥੇ ਸੱਨਅਤਾਂ ਵੀ ਉੱਨਤ ਹਨ ਜਿਨ੍ਹਾਂ ਵਿਚ ਕਪੜਾ ਬਣਾਉਣ, ਲੱਕੜੀ ਚੀਰਨ, ਰੇਲ ਦੇ ਡੱਬੇ ਬਣਾਉਣ, ਸ਼ਰਾਬ, ਸੀਮਿੰਟ ਤਿਆਰ ਕਰਨ ਦਾ ਕੰਮ ਕੀਤਾ ਜਾਂਦਾ ਹੈ। ਇਹ ਮੱਛੀਆਂ ਫੜ੍ਹਨ ਦਾ ਕੇਂਦਰ ਹੈ ਅਤੇ ਇਥੋਂ ਸਮੁੰਦਰ ਰਾਹੀਂ ਜ਼ਰਾਇਤੀ ਉਪਜ ਅਤੇ ਕੋਲਾ ਵੀ ਬਾਹਰ ਭੇਜਿਆ ਜਾਂਦਾ ਹੈ।

ਆਬਾਦੀ - 23,247 (1981)

53°43′ ਉ. ਵਿਥ. ; 6°21′ ਪੱ. ਲੰਬ.

ਹ. ਪੁ.- ਐਨ. ਬ੍ਰਿ. ਮਾ. 3 : 670

**ਡ੍ਰਾਈਅਸ** : ਇਹ ਗੁਲਾਬ ਕੁਲ ਦੀ ਇਕ ਪ੍ਰਜਾਤੀ ਹੈ ਜਿਸ ਵਿਚ ਪੋਟੇਨਟਿਨ ਨਾਲ ਸੰਬੰਧਤ ਪੰਜ ਜਾਤੀਆਂ ਹਨ ਜਿਨ੍ਹਾਂ ਨੂੰ ਪਹਾੜੀ ਏਵੀਨਜ਼. ਡਰਾਇਅਡਜ਼ ਅਤੇ ਫੀਦਰਜ਼ ਕਿਹਾ ਜਾਂਦਾ ਹੈ। ਇਹ ਸ਼ਾਖ਼ਤ ਬਣਤਰ ਵਾਲੀਆਂ ਸਦਾ ਬਹਾਰ ਝਾੜੀਆਂ ਹਨ ਜੋ 1 ਮੀ. ਤੋਂ 4 ਮੀ. ਉੱਚੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਸ਼ਾਖ਼ਾਵਾਂ ਧਰਾਤਲ ਦੇ ਸਮਤਲ ਹੁੰਦੀਆਂ ਹਨ, ਪੱਤੇ ਛੋਟੇ, ਦੰਦਿਆਂ ਵਾਲੇ ਜਾਂ ਇਨ੍ਹਾਂ ਉਪਰ ਵਾਲ ਹੁੰਦੇ ਹਨ। ਇਨ੍ਹਾਂ ਦੇ ਫੁੱਲ ਇਕੱਲੇ ਲਗਦੇ ਹਨ। ਫਲਾਂ ਦੇ ਪਿਛੇ ਇਕ ਖੰਭਨੁਮਾ ਵਾਧਾ ਹੁੰਦਾ ਹੈ ਅਤੇ ਇਹ ਪੌਦੇ ਉੱਤਰੀ ਅਰਧਗੋਲੇ ਵਿਚ ਪਥਰੀਲੇ ਇਲਾਕਿਆਂ ਵਿਚ ਅਤੇ ਯੂਰੇਸ਼ੀਆ ਦੇ ਕੁਝ ਭਾਗਾਂ ਵਿਚ ਮਿਲਦੇ ਹਨ। ਇਨ੍ਹਾਂ ਪੌਦਿਆਂ ਦਾ ਪਰਵਰਧਨ ਕਲਮਾਂ ਜਾਂ ਬੀਜਾਂ ਰਾਹੀਂ ਹੁੰਦਾ ਹੈ। ਇਨ੍ਹਾਂ ਪੌਦਿਆਂ ਦੀ ਇਕ ਕਿਸਮ (Dryas octopetala) ਪੱਥਰੀਲੇ ਬਗ਼ੀਚਿਆਂ ਲਈ ਬਹੁਤ ਢੁਕਵੀਂ ਹੈ ਪਰ ਇਸਨੂੰ ਇਕ ਵਾਰ ਲਗਾਉਣ ਤੋਂ ਬਾਅਦ ਉਖੇੜਨਾ ਨਹੀਂ ਚਾਹੀਦਾ। ਪੋਲੀ ਚੂਨੇ ਵਾਲੀ ਭੋਂ ਜਿਸਨੂੰ ਗਰਮੀਆਂ ਵਿਚ ਚੋਖਾ ਪਾਣੀ ਅਤੇ ਸਰਦੀਆਂ ਵਿਚ ਕੁਝ ਛਾਂ ਮਿਲ ਸਕੇ, ਇਸ ਦੀ ਪੈਦਾਵਾਰ ਲਈ ਚੰਗੀ ਰਹਿੰਦੀ ਹੈ। ਇਹ ਪੌਦੇ ਬਹੁਤ ਸਾਲਾਂ ਤੱਕ ਜੀਵਿਤ ਰਹਿੰਦੇ ਹਨ। ਇਨ੍ਹਾਂ ਪੌਦਿਆਂ ਤੋਂ ਬਹੁਤ ਸੰਘਣੀ ਚਟਾਈ ਬਣ ਸਕਦੀ ਹੈ।

ਹ. ਪੁ.- ਐਨ. ਬ੍ਰਿ. 7 : 687

**ਡਰਾਇੰਗ (ਤਕਨੀਕ)** : ਕਿਸੇ ਸਤ੍ਹਾ ਉੱਤੇ ਪੈਨਸਿਲ, ਬੁਰਸ਼, ਰੰਗਦਾਰ ਚਾਕ ਜਾਂ ਕਿਸੇ ਹੋਰ ਸਾਧਨ ਰਾਹੀਂ ਕਿਸੇ ਵਸਤੂ, ਮਨੁੱਖ, ਪ੍ਰਾਣੀ, ਭੂ-ਦ੍ਰਿਸ਼, ਚਿੰਨ੍ਹ, ਮਨ ਦੀ ਦਸ਼ਾ, ਕਲਪਨਾ, ਖਿਆਲ ਜਾਂ ਯੋਜਨਾ ਨੂੰ ਰੇਖਾਵਾਂ ਨਾਲ ਦਰਸਾਉਣ ਦੀ ਵਿਧੀ ਨੂੰ ਡਰਾਇੰਗ ਤਕਨੀਕ ਕਿਹਾ ਜਾਂਦਾ ਹੈ। ਅਜਿਹਾ ਕਰਨ ਲਈ ਚਿੱਤਰਮਈ ਨਿਰੂਪਣ ਢੰਗ ਅਤੇ ਸਜਾਵਟੀ ਡਿਜ਼ਾਈਨ ਢੰਗ ਵਰਤੇ ਜਾਂਦੇ ਹਨ। ਚਿੱਤਰਾਂ ਵਿਚ ਜਦੋਂ ਰੰਗ ਭਰ ਦਿੱਤੇ ਜਾਂਦੇ ਹਨ ਤਾਂ ਇਹ ਪੇਂਟਿੰਗ ਅਖਵਾਉਂਦੇ ਹਨ।

ਡਰਾਇੰਗ ਸਿਰਲੇਖ ਹੇਠ ਯੰਤ੍ਰਿਕ ਡਰਾਇੰਗ ਵੀ ਸ਼ਾਮਲ ਕੀਤੀ ਜਾਂਦੀ ਹੈ ਅਤੇ ਇਸ ਨੂੰ ਵੱਖੋ ਵੱਖਰੇ ਅਨੇਕਾਂ ਨਾਂ ਦਿੱਤੇ ਜਾਂਦੇ ਹਨ ਜਿਵੇਂ ਕਿ ਉਸਾਰੀ ਸਬੰਧੀ (ਕੰਸਟ੍ਰਕਟਿਵ) ਡਰਾਇੰਗ, ਡਰਾਫ਼ਟਿੰਗ ਡਰਾਇੰਗ, ਇਨਸਟ੍ਰਮੈਂਟਲ ਡਰਾਇੰਗ, ਪ੍ਰੀਸੀਜ਼ਨ ਡਰਾਇੰਗ, ਸਕੇਲ ਡਰਾਇੰਗ, ਇੰਜੀਨੀਅਰਿੰਗ ਡਰਾਇੰਗ, ਸਕੀਮੈਟਿਕ ਡਰਾਇੰਗ, ਡਾਇਆਗ੍ਰੈਮੈਟਿਕ (ਰੇਖਾ-ਚਿੱਤਰੀ) ਡਰਾਇੰਗ, ਭਵਨ-ਨਿਰਮਾਣ ਕਲਾ ਡਰਾਇੰਗ ਆਦਿ।

**ਇਤਿਹਾਸ**—ਜਦੋਂ ਤੋਂ ਮਨੁੱਖ ਹੋਂਦ ਵਿਚ ਆਇਆ ਹੈ ਉਦੋਂ ਤੋਂ ਹੀ ਕਲਾਕਾਰ ਅਤੇ ਆਮ ਸਾਧਾਰਨ ਮਨੁੱਖ ਕਿਸੇ ਨਾ ਕਿਸੇ ਕਿਸਮ ਦੀ ਡਰਾਇੰਗ ਦਾ ਇਸਤੇਮਾਲ ਕਰਦਾ ਆ ਰਿਹਾ ਹੈ। ਜੇਕਰ ਭਾਂਡੇ ਬਣਾਉਣ ਦੀ ਕਲਾ ਨੂੰ ਸਭ ਤੋਂ ਪੁਰਾਣਾ ਅਤੇ ਉਪਯੋਗੀ ਹੁਨਰ ਮੰਨਿਆ ਜਾਂਦਾ ਹੈ ਤਾਂ ਡਰਾਇੰਗ ਇਸ ਦੀ ਗ਼ੈਰਉਪਯੋਗੀ ਸਮਕਾਲੀ ਜਾਂ ਹਾਣੀ ਹੈ।

**ਡਰਾਇੰਗ ਤਕਨੀਕ ਦੇ ਤੱਤ**—ਕਿਸੇ ਕਲਾਕਾਰ ਜਾਂ ਉਭਰਦੇ ਕਲਾਕਾਰ ਵਲੋਂ ਦੋ ਰਸਤੇ ਅਖ਼ਤਿਆਰ ਕੀਤੇ ਜਾਂਦੇ ਹਨ। ਇਕ ਕੁਦਰਤੀ ਤੌਰ ਤੇ ਆਪਣੇ ਆਪ ਮੁਹਾਰਤ ਹਾਸਲ ਹੋ ਜਾਣ ਦਾ ਅਤੇ ਦੂਜਾ ਕੁਦਰਤੀ ਹੁਨਰ ਨੂੰ ਚਿੱਤਰਮਈ ਨਿਰੂਪਣ ਅਤੇ ਸਜਾਵਟੀ ਡਿਜ਼ਾਈਨਾਂ ਨਾਲ ਹੋਰ ਵੀ ਮੁਹਾਰਤ ਭਰਪੂਰ ਬਣਾਉਣ ਦਾ ਹੈ। ਇਸ ਲਈ ਡਰਾਇੰਗ ਤਕਨੀਕ ਲਈ ਨਿਮਨ ਲਿਖਤ ਤੱਤਾਂ ਨੂੰ ਵਿਚਾਰਨਾ ਜ਼ਰੂਰੀ ਹੋ ਜਾਂਦਾ ਹੈ: (1) ਰੇਖਾ ਜਾਂ ਲਾਈਨ (2) ਸ਼ਕਲ (3) ਰੰਗ ਦੀ ਝਲਕ (4) ਰੰਗ (5) ਬਣਤਰ।

**ਕ੍ਰਮ ਦੇ ਤਕਨੀਕੀ ਨਿਯਮ**—ਡਰਾਇੰਗ ਤਕਨੀਕ ਦਾ ਮੁਲਾਂਕਣ ਕਰਨ ਲਈ ਹਰ ਚਿੱਤਰ ਜਾਂ ਡਿਜ਼ਾਈਨ ਨੂੰ ਕੁਝ ਨਿਯਮਾਂ

ਅਧੀਨ ਬਣਾਇਆ ਜਾਂ ਪਰਖਿਆ ਜਾਂਦਾ ਹੈ ਜੋ ਇਸ ਤਰ੍ਹਾਂ ਹਨ : (1) ਪੁਨਰਾਵ੍ਰਿੱਤੀ ਜਾਂ ਨਕਲ (2) ਸੁਜੋੜ (3) ਸਮਰੂਪਤਾ (4) ਪਰਸਪਰ ਸਬੰਧ ਜਾਂ ਨਿਸਬਤ ਅਤੇ (5) ਉਘੜੇਵਾਂ ਆਦਿ।

**ਚਿੱਤਰਮਈ ਨਿਰੂਪਣ ਢੰਗ**

ਚਿੱਤਰਮਈ ਨਿਰੂਪਣ ਢੰਗ ਨੂੰ ਆਮ ਤੌਰ ਤੇ ਸਕੈੱਚਿੰਗ ਜਾਂ ਫ੍ਰੀਹੈਂਡ ਡਰਾਇੰਗ ਕਿਹਾ ਜਾਂਦਾ ਹੈ। ਇਸ ਢੰਗ ਅਧੀਨ ਕਿਸੇ ਚੀਜ਼ ਨੂੰ, ਭਾਵੇਂ ਉਹ ਕਾਲਪਨਿਕ ਹੋਵੇ ਜਾਂ ਕੁਦਰਤੀ, ਰੇਖਾ ਨਾਲ ਉਲੀਕਿਆ ਜਾਂਦਾ ਹੈ ਅਤੇ ਉਸ ਦਾ ਚਿੱਤਰ ਬਣਾਇਆ ਜਾਂਦਾ ਹੈ। ਚੀਜ਼ਾਂ ਦੇ ਸਹੀ ਤੌਰ ਤੇ ਚਿੱਤਰਮਈ ਨਿਰੂਪਣ ਕਰਨ ਲਈ ਕਲਾਕਾਰ ਨੂੰ ਡਰਾਇੰਗ ਤਕਨੀਕ ਦੇ ਤੱਤਾਂ ਅਤੇ ਕ੍ਰਮ ਦੇ ਤਕਨੀਕੀ ਨਿਯਮਾਂ ਦਾ ਪੂਰਨ ਤੇ ਮੁੱਢਲਾ ਗਿਆਨ ਹੋਣਾ ਜ਼ਰੂਰੀ ਹੈ, ਤਾਂ ਜੋ ਨਿਮਨਲਿਖਤਾਂ ਨੂੰ ਸਮਝਣ ਉਪਰੰਤ, ਡਰਾਇੰਗ ਤਿਆਰ ਕਰਨ ਲਈ ਉਪਯੋਗ ਵਿਚ ਲਿਆਂਦਾ ਜਾ ਸਕੇ। 1. ਰੇਖੀ ਅਤੇ ਕਾਲਪਨਿਕ ਚਿੱਤਰ 2. ਅੰਗ-ਵਿਗਿਆਨ (ਮਨੁੱਖ ਤੇ ਜਾਨਵਰ) 3. ਵੱਖੋ ਵਖਰੇ ਢੰਗਾਂ ਰਾਹੀ ਚਿੱਤਰ ਬਣਾਉਣਾ।

1. **ਰੇਖੀ ਅਤੇ ਕਾਲਪਨਿਕ ਚਿੱਤਰ** – ਇਹ ਚਿੱਤਰ ਪ੍ਰਕਾਸ਼ੀ ਭੁਲਾਵੇ ਅਤੇ ਛਾਇਆ ਦੀ ਕਿਰਿਆ ਤੋਂ ਉਤਪੰਨ ਹੁੰਦੇ ਹਨ। ਇਨ੍ਹਾਂ ਚਿੱਤਰਾਂ ਵਿਚ ਇਕ ਦਿਸ਼ਾ ਦੇ ਲਿਹਾਜ਼ ਨਾਲ ਤ੍ਰੈਵਿਮਾਈ ਚੀਜ਼ਾਂ ਦੀ ਡਰਾਇੰਗ ਦੋਵਿਮਾਈ ਸਤ੍ਹਾ ਉੱਤੇ ਬਣਾਈ ਜਾਂਦੀ ਹੈ। ਚੀਜ਼ ਆਪਣੇ ਅਸਲੀ ਰੂਪ ਨਾਲੋਂ ਕਾਫ਼ੀ ਭਿੰਨ ਦਿਖਾਈ ਦਿੰਦੀ ਹੈ, ਇਸੇ ਤਰ੍ਹਾਂ ਇਕ ਵਰਗਾਕਾਰ ਬਕਸਾ ਵਰਗਾਕਾਰ ਨਹੀਂ ਦਿਸਦਾ। ਪ੍ਰੰਤੂ ਜੇਕਰ ਭੁਜਾਵਾਂ ਨਾਪ ਕੇ ਲਈਆਂ ਜਾਣ ਤਾਂ ਇਹ ਆਈਸੋਮੀਟ੍ਰਿਕ ਜਾਂ ਸਮ-ਆਇਤਨੀ ਚਿੱਤਰ ਬਣ ਜਾਂਦਾ ਹੈ ਜਿਹੜਾ ਕਿ ਯੰਤ੍ਰਿਕ ਡਰਾਇੰਗ ਅਧੀਨ ਆਉਂਦਾ ਹੈ। ਜਦੋਂ ਇਕੋ ਅਕਾਰ ਦੀਆਂ ਦੋ ਚੀਜ਼ਾਂ ਵਿਚੋਂ ਇਕ ਨੂੰ ਦੂਰੀ ਤੋਂ ਦੇਖਿਆ ਜਾਵੇ ਤਾਂ ਉਹ ਨੇੜੇ ਪਈ ਚੀਜ਼ ਨਾਲੋਂ ਛੋਟੀ ਦਿਖਾਈ ਦੇਵੇਗੀ। ਇਸ ਨੂੰ ਰੇਖੀ-ਚਿੱਤਰ ਕਿਹਾ ਜਾਂਦਾ ਹੈ। ਜਦੋਂ ਇਕ ਰੰਗ ਵਾਲੀਆਂ ਦੋ ਚੀਜ਼ਾਂ ਵਿਚੋਂ ਇਕ ਨੂੰ ਦੂਰੀ ਤੋਂ ਦੇਖਿਆ ਜਾਵੇ ਤਾਂ ਇਹ ਨਜ਼ਦੀਕ ਪਈ ਚੀਜ਼ ਨਾਲੋਂ ਕੁਝ ਹਲਕੇ ਰੰਗ ਦੀ ਦਿਖਾਈ ਦੇਵੇਗੀ, ਇਸ ਨੂੰ ਕਾਲਪਨਿਕ ਚਿੱਤਰ ਕਿਹਾ ਜਾਂਦਾ ਹੈ। ਇਤਾਲਵੀਆਂ ਨੇ ਕੁਝ ਨਿਯਮ ਬਣਾਏ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਚਿੱਤਰ ਸਹੀ ਦਿਖਾਈ ਦਿੰਦੇ ਹਨ। ਚਿੱਤਰਾਂ ਦੀ ਸਹਾਇਤਾ ਨਾਲ ਇਨ੍ਹਾਂ ਨਿਯਮਾਂ ਦੀ ਨਿਮਨ ਅਨੁਸਾਰ ਵਿਆਖਿਆ ਕੀਤੀ ਗਈ ਹੈ :-

(ੳ) ਜਿਵੇਂ ਜਿਵੇਂ ਕੋਈ ਚੀਜ਼ ਪ੍ਰੇਖਕ ਤੋਂ ਦੂਰ ਹੁੰਦੀ ਜਾਂਦੀ ਹੈ ਉਸ ਦਾ ਆਕਾਰ ਘਟਦਾ ਜਾਂਦਾ ਹੈ।

(ਅ) ਕੋਣੀ ਚਿੱਤਰ ਵਿਚ ਜਿਹੜੀਆਂ ਸਮਾਂਤਰ ਰੇਖਾਵਾਂ ਪ੍ਰੇਖਕ ਵਲੋਂ ਵਾਪਸ ਆਉਂਦੀਆਂ ਹਨ ਉਸ ਤਲ ਵਿਚ ਇਕ ਬਿੰਦੂ ਉਤੇ ਅਭਿਸਾਰੀ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ ਜਿਸ ਨੂੰ ਵੀ. ਪੀ. (ਵੈਨਿਸ਼ਿੰਗ ਪੁਆਇੰਟ) ਕਿਹਾ ਜਾਂਦਾ ਹੈ। ਇਹ ਰੇਖਾਵਾਂ ਭਾਵੇਂ ਖਿਤਿਜੀ ਹੁੰਦੀਆਂ ਹਨ ਪਰ ਅਨੇਕਾਂ ਕੋਣਾਂ ਉੱਤੇ ਖਿੱਚੀਆਂ ਜਾਂਦੀਆਂ ਹਨ। ਸਮਾਂਤਰ ਲੰਬਾਤਮਕ ਰੇਖਾਵਾਂ ਪ੍ਰੇਖਕ ਨਾਲ ਸਮਕੋਣ ਬਣਾਉਂਦੀਆਂ ਹੋਈਆਂ ਖਿੱਚੀਆਂ ਜਾਂਦੀਆਂ ਹਨ।

(ੲ) ਖਿਤਿਜੀ ਚਿੱਤਰ ਵਿਚ ਪ੍ਰੇਖਕ ਤੋਂ ਵਾਪਸ ਆ ਰਹੀਆਂ ਸਮਾਂਤਰ ਖਿਤਿਜੀ ਰੇਖਾਵਾਂ ਉਸੇ ਤਲ ਵਿਚ ਇਕ ਕੋਣੀ ਚਿੱਤਰ ਦੇ ਰੂਪ ਵਿਚ ਅਭਿਸਾਰੀ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ, ਪ੍ਰੰਤੂ ਇਹ ਸਾਰੇ ਚਿੱਤਰ ਕੇਵਲ ਇਕੋ ਬਿੰਦੂ ਉੱਤੇ ਅਭਿਸਾਰੀ ਹੁੰਦੇ ਹਨ। ਖਿਤਿਜੀ ਸਮਾਂਤਰ ਰੇਖਾਵਾਂ ਜਿਹੜੀਆਂ ਪ੍ਰੇਖਕ ਦੇ ਨਾਲ ਜਾਂ ਵਾਪਸ ਆ ਰਹੀਆਂ ਰੇਖਾਵਾਂ ਦੇ ਨਾਲ ਸਮਕੋਣ ਬਣਾਉਂਦੀਆਂ ਹਨ, ਨੂੰ ਖਿਤਿਜੀ ਤੌਰ ਤੇ ਖਿੱਚਿਆ ਜਾਂਦਾ ਹੈ। ਸਮਾਂਤਰ ਲੰਬਾਤਮਕ ਰੇਖਾਵਾਂ ਪ੍ਰੇਖਕ ਦੇ ਨਾਲ ਸਮਕੋਣ ਬਣਾਉਂਦੀਆਂ ਹਨ ਜਿਵੇਂ ਕਿ ਕੋਣੀ ਚਿੱਤਰ ਵਿਚ ਇਨ੍ਹਾਂ ਨੂੰ ਲੰਬਾਤਮਕ ਤੌਰ ਤੇ ਖਿੱਚਿਆ ਜਾਂਦਾ ਹੈ।

(ਸ) ਤਲ ਦੀਆਂ ਰੇਖਾਵਾਂ ਤਿਰਛੇ ਤੌਰ ਤੇ ਵੀ. ਵੀ. ਐਲ. (ਵਰਟੀਕਲ ਵੈਨਿਸ਼ਿੰਗ ਲਾਈਨ) ਉੱਤੇ ਅਭਿਸਾਰੀ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ।

(ਹ) ਸਿੱਧੀ ਅੱਖ ਦੀ ਰੇਖਾ ਨੂੰ ਛੱਡ ਕੇ ਬਾਕੀ ਤਿਰਛੀ ਦਿਸ਼ਾ ਵਿਚ ਦੇਖਣ ਨਾਲ ਇਕ ਚੱਕਰ ਅੰਡਾਕਾਰ ਦਿਖਾਈ ਦਿੰਦਾ ਹੈ ਪ੍ਰੰਤੂ ਜਦੋਂ ਇਸ ਨੂੰ ਅੱਖ ਦੇ ਪੱਧਰ ਤੋਂ ਵੇਖਿਆ ਜਾਂਦਾ ਹੈ ਤਾਂ ਇਹ ਇਕ ਸਿੱਧੀ ਰੇਖਾ ਬਣ ਜਾਂਦਾ ਹੈ।

(ਕ) ਦੂਰੀ ਦੇ ਵਾਧੇ ਨਾਲ ਰੰਗ ਘੱਟ ਚਮਕੀਲਾ, ਹਲਕਾ ਅਤੇ ਸ਼ਾਂਤਮਈ ਜਿਹਾ ਲਗਦਾ ਹੈ।

2. **ਅੰਗ-ਵਿਗਿਆਨ** (**ਮਨੁੱਖ ਤੇ ਜਾਨਵਰ**)—ਜੇਕਰ ਕਿਸੇ ਕਲਾਕਾਰ ਨੇ ਆਪਣੀ ਕਲਾ ਵਿਚ ਨਿਪੁੰਨਤਾ ਹਾਸਲ ਕਰਨੀ ਹੈ ਤਾਂ ਉਸ ਨੂੰ ਹਰ ਦਿਸ਼ਾ ਤੋਂ ਦੇਖਣ ਸਮੇਂ ਦਿਖਾਈ ਦੇਣ ਵਾਲੀ ਹਰ ਸੰਭਵ ਮਨੁੱਖੀ ਜਾਂ ਜਾਨਵਰਾਂ ਦੀ ਮੁਦਰਾ ਉਲੀਕਣੀ ਆਉਣੀ ਚਾਹੀਦੀ ਹੈ। ਇਸ ਅਧੀਨ ਮਰਦਾਂ ਅਤੇ ਔਰਤਾਂ ਦੀਆਂ ਨੰਗੀ ਅਵਸਥਾ ਵਿਚ ਸਹੀ ਨਿਸਬਤਾਂ ਦਾ ਪੂਰਨ ਅਧਿਐਨ ਕਰਨਾ ਆਉਂਦਾ ਹੋਵੇ। ਮਨੁੱਖੀ ਢਾਂਚੇ ਅਤੇ ਮਾਸ ਪੇਸ਼ੀਆਂ ਦੇ ਆਪਸੀ ਸਬੰਧ ਦਾ ਗਿਆਨ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਾਨਵਰਾਂ ਦੇ ਅੰਗ-ਵਿਗਿਆਨ ਦਾ ਵੀ ਵਿਸਥਾਰ ਪੂਰਵਕ ਗਿਆਨ ਹੋਣਾ ਚਾਹੀਦਾ ਹੈ।

3. **ਵੱਖੋ ਵੱਖਰੇ ਢੰਗਾਂ ਰਾਹੀਂ ਚਿੱਤਰ ਬਣਾਉਣਾ**—ਡਰਾਇੰਗ ਕਰਨ ਲਈ ਵਰਤੇ ਜਾਣ ਵਾਲੇ ਕਿਸੇ ਵੀ ਸਾਧਨ ਦੇ ਅਧਾਰ ਉੱਤੇ ਚਿੱਤਰ ਬਣਾਉਣ ਦੇ ਤਿੰਨ ਵੱਖੋ ਵੱਖਰੇ ਢੰਗ ਹਨ। ਲੋੜੀਂਦਾ ਪ੍ਰਭਾਵ ਉਲੀਕਣ ਲਈ ਇਨ੍ਹਾਂ ਢੰਗਾਂ ਨੂੰ ਅੱਡੋ ਅੱਡਰੇ ਵੀ ਤੇ ਇਕ ਦੂਜੇ ਨਾਲ ਮਿਲਾਕੇ ਵੀ ਵਰਤਿਆ ਜਾ ਸਕਦਾ ਹੈ। ਚਿੱਤਰਾਂ ਨੂੰ ਰੇਖਾ-ਚਿੱਤਰ ਵਿਚ ਇਕ ਰੰਗ ਉੱਤੇ ਦੂਜੇ ਰੰਗ ਚੜ੍ਹਾਕੇ ਅਤੇ ਫਿੱਕੇ ਰੰਗ ਦੀ ਝਲਕ ਵਿਚ ਬਣਾਇਆ ਜਾ ਸਕਦਾ ਹੈ।

**ਡਰਾਇੰਗ ਮਾਧਿਅਮ**—ਡਰਾਇੰਗ ਤੋਂ ਭਾਵ ਆਮ ਕਰਕੇ ਪੈਨਸਿਲ ਨਾਲ ਡਰਾਇੰਗ ਉਲੀਕਣ ਤੋਂ ਲਿਆ ਜਾਂਦਾ ਹੈ। ਇਸ ਦੇ ਤਹਿਤ ਪੈੱਨ ਅਤੇ ਸਿਆਹੀ ਨਾਲ ਡਰਾਇੰਗ ਬਣਾਉਣਾ ਵੀ ਆ ਜਾਂਦਾ ਹੈ। ਇਸ ਦੀ ਵਰਤੋਂ ਰਸਾਲੇ ਅਤੇ ਕਿਤਾਬਾਂ ਆਦਿ ਛਾਪਣ ਲਈ ਕੀਤੀ ਜਾਂਦੀ ਹੈ। ਲੱਕੜ ਦੇ ਕੋਲੇ ਦੀ ਵਰਤੋਂ ਵਧੇਰੇ ਕਰਕੇ ਭਵਨ-ਨਿਰਮਾਤਾ ਕਰਦੇ ਹਨ। ਚਾਕ, ਰੰਗਦਾਰ ਚਾਕ ਅਤੇ ਰੰਗਦਾਰ ਪੈਨਸਿਲ (ਪੇਸਟਲ) ਨੂੰ ਵਧੇਰੇ ਮੱਹਤਤਾ ਨਹੀਂ ਦਿੱਤੀ ਜਾਂਦੀ ਕਿਉਂਕਿ ਇਨ੍ਹਾਂ ਨੂੰ ਰੰਗਾਂ ਦੀ ਹੀ ਇਕ ਕਿਸਮ ਮੰਨਿਆ ਜਾਂਦਾ ਹੈ। ਇੱਥੋਂ ਤਕ ਕਿ ਬੁਰਸ਼ ਅਤੇ ਸਿਆਹੀ ਨੂੰ ਰੇਖੀ-ਚਿੱਤਰਾਂ ਲਈ ਇਸਤੇਮਾਲ ਕਰਨਾ ਵੀ ਰੰਗਾਂ ਦਾ ਇਸਤੇਮਾਲ ਕਰਨਾ ਹੀ ਲਿਆ ਜਾਂਦਾ ਹੈ। ਹਰ ਇਕ ਮਾਧਿਅਮ ਦੇ ਆਪਣੇ ਗੁਣ ਅਤੇ ਲਾਭ ਹਨ ਜਿਨ੍ਹਾਂ ਕਰਕੇ ਇਨ੍ਹਾਂ ਨੂੰ ਖ਼ਾਸ ਕੰਮਾਂ ਲਈ ਇਕ ਦੂਜੇ ਤੋਂ ਪਹਿਲ ਦਿੱਤੀ ਜਾਂਦੀ ਹੈ। ਆਮ ਪ੍ਰਚਲਿਤ ਮਾਧਿਅਮ ਪੈਨਸਿਲ ਡਰਾਇੰਗ, ਪੈੱਨ ਤੇ ਸਿਆਹੀ ਡਰਾਇੰਗ ਅਤੇ ਚਾਰਕੋਲ ਡਰਾਇੰਗ ਹਨ।

**ਸਜਾਵਟੀ ਡਿਜ਼ਾਈਨ ਢੰਗ**

ਡਰਾਇੰਗ ਵਿਚ ਡਿਜ਼ਾਈਨ ਦੇ ਸਾਧਾਰਨ ਅਰਥ ਰਚਨਾ ਜਾਂ ਕਿਰਤ ਲਏ ਜਾਂਦੇ ਹਨ, ਪਰ ਜਦੋਂ ਸਜਾਵਟ ਸ਼ਬਦ ਇਸ ਦੇ ਨਾਲ ਜੁੜ ਜਾਂਦਾ ਹੈ ਤਾਂ ਇਹ ਨਮੂਨੇ-ਵਾਲੀ ਕਿਰਤ ਬਣ ਜਾਂਦੀ ਹੈ। ਸਜਾਵਟ ਜਾਂ ਨਮੂਨਾ ਦੋਵਿਮਾਈ ਹੁੰਦਾ ਹੈ ਅਤੇ ਸਜਾਵਟੀ ਨਮੂਨੇ ਨੂੰ

ਕਲਪਿਤ ਰਚਨਾ ਮੰਨਿਆ ਜਾਂਦਾ ਹੈ। ਇਸ ਦੀ ਵਰਤੋਂ ਸਤ੍ਹਾ ਨੂੰ ਵਧੇਰੇ ਸਜਾਵਟੀ ਬਣਾਉਣ ਲਈ ਕੀਤੀ ਜਾਂਦੀ ਹੈ। ਡਰਾਇੰਗ ਤਕਨੀਕ ਦੇ ਨਿਯਮਾਂ ਤੋਂ ਇਲਾਵਾ ਹੋਰ ਵੀ ਕਈ ਨਿਯਮ ਹਨ, ਜਿਨ੍ਹਾਂ ਦੀ ਵਰਤੋਂ ਚਿੱਤਰਮਈ ਨਿਰੂਪਣ ਢੰਗ ਨਾਲ ਨਹੀਂ ਕੀਤੀ ਗਈ। ਇਹ ਨਿਯਮ ਸਜਾਵਟੀ ਡਿਜ਼ਾਈਨ ਬਣਾਉਣ ਲਈ ਜ਼ਰੂਰੀ ਹਨ ਅਤੇ ਨਿਮਨ ਅਨੁਸਾਰ ਹਨ:-

1. ਡਿਜ਼ਾਈਨ ਦੀ ਮਹੱਤਤਾ, ਜਿਸ ਚੀਜ਼ ਉੱਤੇ ਇਹ ਬਣਾਉਣੇ ਹਨ ਤੋਂ ਵਧੇਰੇ ਨਹੀਂ ਹੋਣੀ ਚਾਹੀਦੀ।

2. ਡਿਜ਼ਾਈਨ ਦਾ ਜਿਸ ਚੀਜ਼ ਉੱਤੇ ਇਹ ਉਲੀਕਣਾ ਹੋਵੇ, ਉਸ ਦੇ ਮੂਲ ਗੁਣਾਂ ਉਤੇ ਭੈੜਾ ਪ੍ਰਭਾਵ ਨਹੀਂ ਪੈਣਾ ਚਾਹੀਦਾ।

3. ਡਿਜ਼ਾਈਨ ਚੀਜ਼ ਅਤੇ ਉਸ ਦੇ ਉਪਯੋਗ ਨਾਲ ਢੁੱਕਵਾਂ ਹੋਣਾ ਚਾਹੀਦਾ ਹੈ।

4. ਡਿਜ਼ਾਈਨ ਜਿਸ ਚੀਜ਼ ਉੱਤੇ ਉਲੀਕਣਾ ਹੈ, ਉਸ ਦਾ ਮਟੀਰੀਅਲ ਅਤੇ ਜਿਹੜੇ ਔਜ਼ਾਰਾਂ ਨਾਲ ਉਲੀਕਣਾ ਹੈ ਨਾਲ ਢੁੱਕਵਾਂ ਹੋਣਾ ਚਾਹੀਦਾ ਹੈ।

**ਡਿਜ਼ਾਈਨ ਦੇ ਚੋਣਵੇਂ ਗੁਣ**—ਸਜਾਵਟੀ ਡਿਜ਼ਾਈਨ ਦੇ ਗੁਣ ਸੰਗੀਤਮਈ ਰਚਨਾ ਦੇ ਵਿਸ਼ਾ-ਵਸਤੂ ਦੇ ਬਰਾਬਰ ਦੇ ਹੁੰਦੇ ਹਨ। ਇਹ ਗੁਣ ਪੂਰਨ ਜਾਂ ਅਰਧ ਕਲਪਿਤ, ਕੁਦਰਤੀ, ਜੁਮੈਟਰੀ ਸ਼ਕਲ ਵਾਲੇ ਅਤੇ ਅੱਖਰ-ਲੇਖਣ (ਜਾਂ ਨਾਮ ਅੰਕਣ) ਹੁੰਦੇ ਹਨ।

**ਸਜਾਵਟੀ ਡਿਜ਼ਾਈਨ ਦੀਆਂ ਕਿਸਮਾਂ**—ਸਜਾਵਟੀ ਡਿਜ਼ਾਈਨ ਦੀਆਂ ਨਿਮਨ ਲਿਖਤ ਤਿੰਨ ਮੁੱਢਲੀਆਂ ਕਿਸਮਾਂ ਹਨ :

1. ਸਰਬੱਤਰ (alloves) ਡਿਜ਼ਾਈਨ,

2. ਸਪਾਟ ਡਿਜ਼ਾਈਨ ਅਤੇ

3. ਕਿਨਾਰੀ (Border) ਡਿਜ਼ਾਈਨ।

ਹ. ਪੁ.- ਐਨ. ਬ੍ਰਿ. 7 : 656; ਐਨ. ਅਮੈ. 2 : 336

**ਡਰਾਇਰ, ਜਾੱਨ ਲੂਦਵੀ ਏਮਾਈਲ** : ਇਸ ਡੈਨਮਾਰਕੀ ਖਗੋਲਵੇਤਾ ਜਿਸਦਾ ਜਨਮ 13 ਫਰਵਰੀ, 1852 ਨੂੰ ਕੋਪਨਹੈਗਨ ਵਿਖੇ ਹੋਇਆ, ਨੇ New General Catalogue of Nebulae and Clusters of Stars ਦਾ ਸੰਕਲਨ ਕੀਤਾ ਸੀ ਜੋ 1888 ਵਿਚ ਪ੍ਰਕਾਸ਼ਿਤ ਹੋਈ ਅਤੇ ਇਸ ਦੇ ਪੂਰਕ-ਖੋਜ ਪੱਤਰ



ਡਰਾਇਰ, ਜਾੱਨ ਲੂਦਵੀ ਏਮਾਈਲ

1895 ਅਤੇ 1908 ਵਿਚ ਪ੍ਰਕਾਸ਼ਿਤ ਹੋਏ। ਅਜੇ ਵੀ ਇਹ ਮਿਆਰੀ ਕੈਟਾਲਾਗਾਂ ਵਿਚੋਂ ਇਕ ਹੈ। ਇਸਨੇ ਹੋਰ ਵੀ ਕਈ ਖਗੋਲੀ ਰਚਨਾਵਾਂ ਰਚੀਆਂ। ਸੰਨ 1882 ਵਿਚ ਇਹ ਉੱਤਰੀ ਆਇਰਲੈਂਡ ਵਿਚ ਆਰਮਾ ਵਿਖੇ ਪ੍ਰੇਖਣਸ਼ਾਲਾ ਦਾ ਡਾਇਰੈੱਕਟਰ ਬਣ ਗਿਆ। ਸੰਨ 1916 ਵਿਚ ਰਾੱਇਲ ਐਸਟ੍ਰਾਨੋਮੀਕਲ ਸੁਸਾਇਟੀ ਨੇ ਇਸਨੂੰ ਸੋਨੇ ਦਾ ਤਮਗਾ ਪ੍ਰਦਾਨ ਕੀਤਾ ਅਤੇ 1923 ਤੋਂ 1924 ਤਕ ਇਸ ਸੁਸਾਇਟੀ ਦਾ ਪ੍ਰਧਾਨ ਰਿਹਾ।

14 ਸਤੰਬਰ, 1926 ਨੂੰ ਆੱਕਸਫੋਰਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 666

**ਡ੍ਰਾਈਕਲੀਨਿੰਗ** : ਡ੍ਰਾਈਕਲੀਨਿੰਗ ਅਰਥਾਤ ਖ਼ੁਸ਼ਕ ਧੁਲਾਈ ਕਪੜੇ ਸਾਫ਼ ਕਰਨ ਦੀ ਇਕ ਵਿਧੀ ਹੈ ਜਿਸ ਵਿਚ ਪਾਣੀ ਦੀ ਥਾਂ ਦੂਸਰੇ ਤਰਲ ਵਰਤੇ ਜਾਂਦੇ ਹਨ। ਭਾਵੇਂ ਕੱਪੜੇ ਜਾਂ ਵਸਤੂ ਦੀ ਬਣਤਰ ਅਨੁਸਾਰ ਢੰਗ ਵਖਰੇ ਵਖਰੇ ਹੋਣ ਪ੍ਰੰਤੂ ਇਸ ਵਿਧੀ ਦਾ ਮੁੱਖ ਮਕਸਦ ਆਰਗੈਨਿਕ ਘੋਲਾਂ ਅਤੇ ਮੈਲ-ਨਿਵਾਰਕਾਂ ਵਿਚ ਕੱਪੜਾ ਜਾਂ ਵਸਤੂ ਡੁਬੋ ਕੇ ਹਿਲਾਉਣ ਨਾਲ ਘੱਟਾ, ਧੱਬੇ, ਦਾਗ਼ ਆਦਿ ਦੂਰ ਕਰਨਾ ਹੈ।

ਕਈ ਸਾਲ ਤਕ ਡ੍ਰਾਈਕਲੀਨਿੰਗ ਵਿਧੀ ਗੈਸੋਲੀਨ ਅਤੇ ਨੈਫ਼ੱਥਾ ਵਰਗੇ ਵਧੇਰੇ ਜਲਣਸ਼ੀਲ ਘੋਲਕਾਂ ਦੀ ਵਰਤੋਂ ਉਤੇ ਅਧਾਰਿਤ ਸੀ। ਭਾਵੇਂ ਲਾਗਤ ਘੱਟ ਸੀ ਪ੍ਰੰਤੂ ਅੱਗਾਂ ਲੱਗਣ ਨਾਲ ਹੋਰ ਡ੍ਰਾਈ-ਕਲੀਨਿੰਗ ਤਰਲਾਂ ਦੀ ਖੋਜ ਕਰਨੀ ਪਈ। ਸੰਨ 1925 ਵਿਚ ਸਟਾਡਰਡ ਘੋਲਕ (ਇਕ ਪੈਟ੍ਰੋਲੀਅਮ ਕਸ਼ੀਦਿਤ ਪਦਾਰਥ ਜਿਹੜਾ ਕਿ ਅਸ਼ੁੱਧੀਆਂ ਅਤੇ ਗੰਧਾਂ ਵਾਲੇ ਯੋਗਿਕਾਂ ਤੋਂ ਵਖਰਾ ਕੀਤਾ ਗਿਆ ਸੀ) ਵਿਕਸਿਤ ਹੋਇਆ। ਇਕ ਹੋਰ ਪੈਟ੍ਰੋਲੀਅਮ ਘੋਲਕ ਜਿਸ ਨੂੰ 140° ਫ਼ਾ. ਕਿਹਾ ਜਾਂਦਾ ਹੈ, ਹੋਂਦ ਵਿਚ ਆਇਆ। ਇਸ ਦਾ ਮੁੱਢਲਾ ਉਬਾਲ ਦਰਜਾ ਅਤੇ ਜਲਣ ਤਾਪਮਾਨ ਉੱਚਾ ਸੀ। ਕਾਰਬਨ ਟੈਟ੍ਰੱਕਲੋਰਾਈਡ, ਟ੍ਰਾਈਕਲੋਰੋਐਥੀਲੀਨ ਅਤੇ ਪਰਕਲੋਰੋ-ਐਥੀਲੀਨ ਵਰਗੇ ਬਣਾਏ ਗਏ ਕਲੋਰੀਨਿਤਹਾਈਡ੍ਰੋਕਾਰਬਨ ਘੋਲਕਾਂ ਦੀ ਹੋਂਦ ਦੇ ਬਾਵਜੂਦ ਇਨ੍ਹਾਂ ਦੋਹਾਂ ਘੋਲਕਾਂ ਦੀ ਵਰਤੋਂ ਵਧੇਰੇ ਹੁੰਦੀ ਰਹੀ। ਅਮਰੀਕਾ ਵਿਚ ਡ੍ਰਾਈਕਲੀਨਿੰਗ ਲਈ ਜ਼ਿਆਦਾ ਵਰਤੋਂ ਪੈਟ੍ਰੋਲੀਅਮ ਘੋਲਕ ਦੀ ਹੀ ਹੁੰਦੀ ਰਹੀ ਪ੍ਰੰਤੂ ਕਈਆਂ ਨੇ ਪਰਕਲੋਰੋਐਥੀਲੀਨ ਨੂੰ ਤਰਜੀਹ ਦਿੱਤੀ। ਅਮਰੀਕਾ ਤੋਂ ਛੁੱਟ ਹੋਰ ਦੇਸ਼ਾਂ ਵਿਚ ਟ੍ਰਾਈਕਲੋਰੋਐਥੀਲੀਨ ਦੀ ਵਰਤੋਂ ਕੀਤੀ ਜਾਂਦੀ ਹੈ। ਜ਼ਹਿਰੀਲਾ ਹੋਣ ਕਾਰਨ ਕਾਰਬਨ ਟੈਟ੍ਰੱਕਲੋਰਾਈਡ ਦੀ ਵਰਤੋਂ ਵਪਾਰਕ ਡ੍ਰਾਈ-ਕਲੀਨਿੰਗ ਵਿਚ ਬਿਲਕੁਲ ਬੰਦ ਹੋ ਗਈ।

ਪ੍ਰਚਲਤ ਡ੍ਰਾਈਕਲੀਨਿੰਗ ਆੱਪਰੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਪਲਾਂਟ ਵਿਚਲੇ ਕੱਪੜਿਆਂ ਦੇ ਦਾਗ਼ਾਂ, ਧੱਬਿਆਂ, ਆਦਿ ਲਈ ਘੋਖ ਕੀਤੀ ਜਾਂਦੀ ਹੈ। ਇਸ ਤੋਂ ਮਗਰੋਂ ਨਿਸ਼ਾਨੀਆਂ ਲਾਉਣ ਵਾਲਾ ਕੱਪੜਿਆਂ ਦੀ ਪਛਾਣ ਲਈ ਟੈਗ ਕਰਦਾ ਹੈ ਅਤੇ ਬਟਨ, ਪੇਟੀਆਂ, ਮੋਢਿਆਂ ਦੇ ਪੈਡ, ਗਹਿਣੇ ਅਤੇ ਦੂਸਰੀਆਂ ਟੁੱਟਣਹਾਰ ਚੀਜ਼ਾਂ ਲਾਹ ਲੈਂਦਾ ਹੈ। ਇਸ ਤੋਂ ਅੱਗੇ ਇਨ੍ਹਾਂ ਨੂੰ ਕੱਪੜੇ ਦੀ ਕਿਸਮ ਅਤੇ ਰੰਗ ਅਨੁਸਾਰ ਵੱਖਰਾ ਕਰ ਲਿਆ ਜਾਂਦਾ ਹੈ। ਹਰ ਕੱਪੜੇ ਨਾਲ ਦਾਗ਼ ਹਟਾਉਣ, ਸਿਲਾਈ ਕਰਨ, ਡ੍ਰਾਈਕਲੀਨ ਕਰਨ ਅਤੇ ਫ਼ਿਨਿਸ਼ਿੰਗ ਲਈ ਜ਼ਰੂਰੀ ਹਦਾਇਤਾਂ ਲਾ ਦਿੱਤੀਆਂ ਜਾਂਦੀਆਂ ਹਨ। ਮੁੱਢਲੀ ਵਿਧੀ ਵਿਚ ਕਾਫ਼ੀ ਸਾਰੇ ਮੈਲੇ ਕੱਪੜੇ ਪੈਟ੍ਰੋਲੀਅਮ ਜਾਂ ਸੰਸ਼ਲਿਸ਼ਟ ਘੋਲਕ ਵਿਚ ਪਾ ਦਿੱਤੇ ਜਾਂਦੇ ਹਨ। ਘੋਲਕ ਵਧੇਰੇ ਤੇਲ ਅਤੇ ਚਿਕਨਾਹਟ ਵਾਲੀ ਮਿੱਟੀ ਨੂੰ ਘੋਲ ਲੈਂਦੇ ਹਨ। ਗਾਚ, ਮਿੱਟੀ, ਧੂੜ, ਸੁਆਹ ਅਤੇ ਕਾਰਬਨ ਦੇ ਕਣ ਵਰਗੀਆਂ ਸਾਰੀਆਂ ਅਘੁਲਣਸ਼ੀਲ ਮਿੱਟੀਆਂ ਹਿਲਾਉਣ ਨਾਲ ਦੂਰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਦੂਰ ਹੋਈ ਸਾਰੀ ਮੈਲ ਘੋਲਕ ਅਤੇ ਮੈਲ-ਨਿਵਾਰਕ ਦੇ ਨਿਰੰਤਰ ਵਹਾਉ

ਦੁਆਰਾ ਬਾਹਰ ਕੱਢੀ ਜਾਂਦੀ ਹੈ ਅਤੇ ਘੋਲਕ ਵਿਚ ਇਕ ਸਸਪੈਨੱਸ਼ਨ ਬਣ ਜਾਂਦੀ ਹੈ।

ਡ੍ਰਾਈਕਲੀਨਿੰਗ ਵਿਧੀ ਤੋਂ ਮਗਰੋਂ ਨਿਚੋੜ ਕਿਰਿਆ ਹੁੰਦੀ ਹੈ ਜਿਸ ਵਿਚ ਇਨ੍ਹਾਂ ਕੱਪੜਿਆਂ ਨੂੰ ਇਕ ਬਰਤਨ ਵਿਚ ਘੁੰਮਾਉਣ ਨਾਲ ਵਾਧੂ ਘੋਲਕ ਕੱਢਿਆ ਜਾਂਦਾ ਹੈ। ਡ੍ਰਾਇੰਗ (ਖੁਸ਼ਕ ਕਰਨਾ) ਇਕ ਭਭਕੇ ਵਿਚ ਕੀਤੀ ਜਾਂਦੀ ਹੈ ਜਿੱਥੇ ਘੋਲਕਾਂ ਦੇ ਆਖਰੀ ਟ੍ਰੇਸ ਵੀ ਦੂਰ ਹੋ ਜਾਂਦੇ ਹਨ। ਡ੍ਰਾਈਕਲੀਨਿੰਗ ਪਲਾਂਟ ਵਿਚ ਸਭ ਤੋਂ ਮਾਹਿਰ ਕਾਰੀਗਰ ਧੱਬੇ ਦੂਰ ਕਰਨ ਵਾਲਾ ਹੁੰਦਾ ਹੈ ਜਿਹੜਾ ਕਿ ਦਾਗਾਂ ਨੂੰ ਪਛਾਣਦਾ ਹੈ ਅਤੇ ਇਨ੍ਹਾਂ ਨੂੰ ਯੋਗ ਰਸਾਇਣਿਕ ਪਦਾਰਥਾਂ, ਭਾਫ਼ ਜਾਂ ਕੁਟਾਈ ਅਤੇ ਖੁਸ਼ਕ ਬੁਰਸ਼ ਵਰਤ ਕੇ ਦੂਰ ਕਰਦਾ ਹੈ। ਇਹੋ ਕਾਰੀਗਰ ਇਸ ਗੱਲ ਦਾ ਵੀ ਖਿਆਲ ਰਖਦਾ ਹੈ ਕਿ ਕਿਸ ਦਾਗ਼ ਦੀ ਸਫ਼ਾਈ ਕਿਹੜੇ ਰੀਏਜੰਟ ਨਾਲ ਕਰਨੀ ਹੈ ਅਤੇ ਰੀਏਜੰਟ ਦੀ ਮਾਤਰਾ ਵੀ ਕਿੰਨੀ ਵਰਤਣੀ ਹੈ।

ਫ਼ਿਨਿਸ਼ਿੰਗ ਕਿਰਿਆ ਵਿਚ ਕੇਵਲ ਸਾਫ਼ ਕਪੜਿਆਂ ਨੂੰ ਪ੍ਰੈੱਸ ਕਰਨਾ ਆਉਂਦਾ ਹੈ। ਵਿਸ਼ੇਸ਼ ਤੌਰ ਤੇ ਬਣਾਈਆਂ ਭਾਫ਼–ਹਵਾ ਮਸ਼ੀਨਾਂ ਉੱਤੇ ਕੱਪੜੇ ਪ੍ਰੈੱਸ ਹੋਣ ਮਗਰੋਂ ਸਿਲਾਈ ਵਾਲੇ ਕੋਲ ਚਲੇ ਜਾਂਦੇ ਹਨ ਜਿਹੜਾ ਕਿ ਉਤਾਰੇ ਹੋਏ ਬਟਨ, ਫੀਤੇ ਆਦਿ ਲਾਉਂਦਾ ਹੈ ਅਤੇ ਥੋੜ੍ਹੀ ਬਹੁਤ ਲੋੜੀਂਦੀ ਸਿਲਾਈ ਦਾ ਕੰਮ ਵੀ ਕਰਦਾ ਹੈ। ਕਈ ਨਾਜ਼ੁਕ ਕੱਪੜਿਆਂ ਨੂੰ ਹੱਥ ਨਾਲ ਪ੍ਰੈੱਸ ਕੀਤਾ ਜਾਂਦਾ ਹੈ।

ਹ. ਪੁ.– ਐਨ. ਬ੍ਰਿ. 7 : 709

**ਡ੍ਰਾਈਡਨ, ਜਾਨ** : ਇਸ ਉੱਘੇ ਅੰਗਰੇਜ਼ ਕਵੀ, ਆਲੋਚਕ ਅਤੇ ਨਾਟਕਕਾਰ ਦਾ ਜਨਮ 9 ਅਗਸਤ, 1631 ਨੂੰ ਆਲਡਵਿੰਕਲ ਨਾਰਥੰਪਟਨਸ਼ਿਰ ਵਿਖੇ ਹੋਇਆ। ਇਸ ਨੇ ਵੈਸਟਮਿਨਸਟਰ ਸਕੂਲ ਅਤੇ ਟ੍ਰਿਨਿਟੀ ਕਾਲਜ ਕੈਂਬ੍ਰਿਜ ਤੋਂ ਵਿੱਦਿਆ ਪ੍ਰਾਪਤ ਕੀਤੀ। 18 ਸਾਲ ਦੀ ਉਮਰ ਵਿਚ ਇਸ ਨੇ ਆਪਣੀ ਪਹਿਲੀ ਕਵਿਤਾ ਲਿਖੀ। ਸੰਨ 1659 ਵਿਚ ਕਰਾਮਵੈੱਲ ਦੀ ਮੌਤ ਉਤੇ ਲਿਖੀ ਇਸ ਦੀ ਰਚਨਾ ਬਹੁਤ ਮਹੱਤਵਪੂਰਨ ਹੈ। 'ਰੈਸਟੋਰੇਸ਼ਨ' ਵਿਸ਼ੇ ਬਾਰੇ ਲਿਖੀਆਂ ਇਸ ਦੀਆਂ ਕਵਿਤਾਵਾਂ 'ਆਸਟ੍ਰੀਆ ਰੀਡਕੱਸ' (1660)



ਜਾਨ ਡ੍ਰਾਈਡਨ

ਤੋਂ ਲੈ ਕੇ 'ਐਨਸ ਮਿਰਾਬਿਲਿਸ' (1667) ਤਕ ਵਿਲੱਖਣ ਥਾਂ ਰੱਖਦੀਆਂ ਹਨ।

ਡ੍ਰਾਈਡਨ ਕਈ ਸਾਲ ਨਾਟਕ ਵੀ ਲਿਖਦਾ ਰਿਹਾ। 'ਦੀ ਵਾਈਲਡ ਗੈਲੈਂਟ' (1663) ਇਸ ਦਾ ਪਹਿਲਾ ਅਤੇ 'ਲਵ ਟ੍ਰਾਇਐਂਫੈਂਟ' ਅੰਤਮ ਨਾਟਕ ਸੀ।

50 ਸਾਲ ਦੀ ਉਮਰ ਵਿਚ ਰਚੀ 'ਐਬਸਾਲਮ ਐਂਡ ਐਕੀਟੱਫਲ' ਇਸ ਦੀ ਸ਼ਾਹਕਾਰ ਰਚਨਾ ਹੈ। ਅੰਗਰੇਜ਼ੀ ਭਾਸ਼ਾ ਵਿਚ ਇਹ ਆਪਣੀ ਹੀ ਕਿਸਮ ਦੀ ਇਕ ਮਹਾਨ ਵਿਅੰਗਮਈ ਰਾਜਨੀਤਕ ਕਵਿਤਾ ਹੈ। ਇਸ ਤੋਂ ਮਗਰੋਂ ਡ੍ਰਾਈਡਨ ਦੀ ਅਗਲੀ ਵਿਅੰਗਮਈ ਕਵਿਤਾ 'ਮੈਕਫਲੈਕਨੋ' ਪ੍ਰਕਾਸ਼ਿਤ ਹੋਈ ਜਿਹੜੀ 4 ਸਾਲ ਪਹਿਲਾਂ 1678 ਵਿਚ ਲਿਖੀ ਗਈ ਸੀ। ਇਸ ਕਵਿਤਾ ਵਿਚ ਡ੍ਰਾਈਡਨ ਨੇ ਉਦੋਂ ਦੇ ਰਾਜ ਕਵੀ ਸ਼ੈਡਵੈੱਲ ਦਾ ਖ਼ੂਬ ਮਖੌਲ ਉਡਾਇਆ ਹੈ। ਸੰਨ 1682 ਵਿਚ ਪ੍ਰਕਾਸ਼ਿਤ 'ਰਿਲਿਜਿਓ ਲਾਇਸੀ' ਵਿਚ ਇੰਗਲੈਂਡ ਦੇ ਪ੍ਰੋਟੈਸਟੈਂਟ ਚਰਚ ਦਾ ਸਮਰਥਨ ਅਤੇ ਈਸ਼ਵਰਵਾਦ ਦੇ ਸਪਸ਼ਟ ਤੇ ਤੀਬਰ ਤਰਕ ਪੇਸ਼ ਕੀਤੇ ਗਏ ਹਨ। 'ਦੀ ਹਾਈਂਡ ਐਂਡ ਦੀ ਪੈਂਥਰ' (1687) ਇਸ ਦਾ ਪ੍ਰਸਿੱਧ ਧਾਰਮਿਕ ਘੋਸ਼ਣਾ–ਪੱਤਰ ਹੈ। ਇਹ ਇਕ ਉੱਘਾ ਧਾਰਮਿਕ ਵਿਅੰਗ ਹੈ ਅਤੇ ਇਸ ਦੀ ਸਭ ਤੋਂ ਲੰਬੀ ਕਵਿਤਾ ਹੈ।

ਸੰਨ 1668 ਵਿਚ ਸਰ ਵਿਲੀਅਮ ਦੇਵਨੈਂਟ ਦੀ ਮੌਤ ਮਗਰੋਂ ਡ੍ਰਾਈਡਨ ਨੂੰ ਰਾਜ ਕਵੀ ਬਣਾਇਆ ਗਿਆ। ਦੋ ਸਾਲ ਮਗਰੋਂ ਇਸ ਨੂੰ ਸ਼ਾਹੀ ਇਤਿਹਾਸ ਲੇਖਕ ਨਿਯੁਕਤ ਕੀਤਾ ਗਿਆ।

ਕ੍ਰਾਂਤੀ ਪਿੱਛੋਂ 10 ਸਾਲ ਤਕ ਇਹ ਉੱਚ ਪਾਏ ਦੇ ਗ੍ਰੰਥਾਂ ਦੇ ਅਨੁਵਾਦ ਵਿਚ ਲਗਾ ਰਿਹਾ। ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਇਸ ਨੇ ਸੰਨ 1700 ਵਿਚ 'ਫੇਬਲਜ਼ ਏਨਸ਼ੀਐਂਟ ਐਂਡ ਮਾਡਰਨ' ਪੁਸਤਕ ਲਿਖੀ ਜਿਸ ਵਿਚ ਹੋਮਰ, ਓਵਿਦ, ਬੋਕੈਸੀਓ ਅਤੇ ਚਾੱਸਰ ਦੀਆਂ ਕਹਾਣੀਆਂ ਦੀ ਵਿਆਖਿਆ ਪੇਸ਼ ਕੀਤੀ। ਇਸ ਗੱਦ ਰਚਨਾ ਵਿਚ ਮੁੱਖ ਤੌਰ ਤੇ ਲੇਖ ਅਤੇ ਭੂਮਿਕਾਵਾਂ ਹਨ ਜੋ ਕਾਵਿ ਅਤੇ ਨਾਟ ਸਬੰਧੀ ਤਰ੍ਹਾਂ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਹਨ।

'ਕਾਂਕੈਸਟ ਆਫ਼ ਗ੍ਰਾਨਾਡਾ' (1670), 'ਮੈਰਿਜ ਏ ਲਾ ਮੋਡ' (1672), 'ਆਲ ਫਾਰ ਲਵ' (1679), 'ਦੀ ਮੈਡਲ' (1682), 'ਏ ਸਾਂਗ ਫ਼ਾਰ ਸੇਂਟ ਸੈਸਿਲੀਆ ਡੇ' (1687), 'ਅਲੈਗਜ਼ੈਂਡਰਜ਼ ਫੀਸਟ' (1697) ਆਦਿ ਇਸ ਦੇ ਕੁੱਝ ਉੱਘੇ ਨਾਟਕ ਅਤੇ ਕਵਿਤਾਵਾਂ ਹਨ। 'ਐੱਸੇ ਆਫ਼ ਡ੍ਰੈਮੈਟਿਕ ਪੋਇਸੀ' (1668) ਡ੍ਰਾਈਡਨ ਦੀ ਉਚ ਪਾਏ ਦੀ ਆਲੋਚਨਾਤਮਕ ਰਚਨਾ ਹੈ। ਡ੍ਰਾਈਡਨ ਸੰਸਦੀ ਬਹਿਸਾਂ ਲਈ ਵੀ ਮੰਨਿਆ ਹੋਇਆ ਸੀ। ਇਹ ਆਪਣੇ ਸਮੇਂ ਦਾ ਸਰਬ–ਉਤਮ ਬੌਧਿਕ ਅਤੇ ਵਿਆਪਕ ਪ੍ਰਤਿਭਾਸ਼ਾਲੀ ਵਿਅਕਤੀ ਸੀ।

ਗਠੀਆ ਹੋਣ ਕਾਰਨ ਮਈ, 1700 ਵਿਚ ਇਸ ਦੀ ਮੌਤ ਹੋ ਗਈ ਅਤੇ ਇਸ ਨੂੰ ਵੈਸਟਮਿਨਸਟਰ ਐਬੇ ਵਿਖੇ ਦਫ਼ਨਾਇਆ ਗਿਆ।

ਹ. ਪੁ.– ਐਨ. ਬ੍ਰਿ. ਮੈ. 5 :1062 ; ਚੈਂਬ. ਐਨ. 4 : 645 ; ਐਨ. ਬ੍ਰਿ. 7 : 710

**ਡ੍ਰਾਈਵਰ, ਸੈਮੂਅਲ ਰੋਲਜ਼** : ਇਸ ਅੰਗਰੇਜ਼ ਅੰਜੀਲੀ ਵਿਦਵਾਨ ਅਤੇ ਧਰਮ–ਉਪਦੇਸ਼ਕ ਦਾ ਜਨਮ 2 ਅਕਤੂਬਰ, 1846 ਨੂੰ ਸਾਊਥੈਂਪਟਨ ਵਿਖੇ ਹੋਇਆ। ਆੱਕਸਫ਼ੋਰਡ ਦੇ ਵਿਨਚੈਸਟਰ ਅਤੇ ਨਿਊ ਕਾਲਿਜ ਵਿਖੇ ਸਿੱਖਿਆ ਪ੍ਰਾਪਤ ਕਰਨ ਉਪਰੰਤ ਸੰਨ 1870 ਤੋਂ 1883 ਤਕ ਇਹ ਉਥੇ ਹੀ ਫੈਲੋ ਅਤੇ ਸਿੱਖਿਅਕ ਰਿਹਾ। ਸੰਨ 1883 ਤੋਂ ਇਸ ਨੇ ਹੀ ਬ੍ਰਿਊ ਦੇ ਰੀਜਿਅਸ ਪ੍ਰੋਫ਼ੈਸਰ ਅਤੇ

ਆੱਕਸਫ਼ੋਰਡ ਦੇ ਕ੍ਰਾਈਸਟ ਚਰਚ ਦੇ ਕੈਨਨ ਵਜੋਂ ਅਹੁਦਾ ਸੰਭਾਲਿਆ। ਸੰਨ 1876-1884 ਦੌਰਾਨ ਇਸ ਨੇ 'ਓਲਡ ਟੈਸਟਾਮੈਂਟ' ਦੇ ਅੰਗਰੇਜ਼ੀ ਅਨੁਵਾਦ ਨੂੰ ਸੋਧਣ ਵਿਚ ਮਦਦ ਕੀਤੀ।

ਇਸ ਨੇ ਆਪਣਾ ਜੀਵਨ 'ਓਲਡ ਟੈਸਟਾਮੈਂਟ' ਦੀ ਭਾਸ਼ਾ ਅਤੇ ਵਿਸ਼ਾ ਸਮਝਣ ਵਿਚ ਅਤੇ ਇਸ ਦੀ ਵਿਆਖਿਆ ਕਰਨ ਵਿਚ ਲਗਾਇਆ। ਬਰਤਾਨਵੀ ਵਿਦਿਆਰਥੀਆਂ ਨੂੰ 'ਓਲਡ ਟੈਸਟਾਮੈਂਟ' ਦੀ ਨਵੀਂ ਸਾਹਿਤਕ ਆਲੋਚਨਾਤਮਕ ਨੀਤੀ ਬਾਰੇ ਜਾਣੂੰ ਕਰਵਾਉਣ ਲਈ ਇਸ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਇਸ ਦੀ ਕਿਰਤ 'ਇੰਟਰੋਡਕਸ਼ਨ ਟੂ ਦੀ ਲਿਟਰੇਚਰ ਆਫ਼ ਦੀ ਓਲਡ ਟੈਸਟਾਮੈਂਟ' (1891) ਨੇ ਨੌਜਵਾਨ ਵਿਦਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ। 'ਏ ਟ੍ਰੀਟਾਈਜ਼ ਆਨ ਦੀ ਯੂਜ਼ਿਜ਼ ਆਫ਼ ਦੀ ਟੈਂਸਿਜ਼ ਇਨ ਹੀਬ੍ਰਿਊ' (1870) 'ਨੋਟਸ ਆਨ ਦੀ ਹੀਬ੍ਰਿਊ ਟੈਕਸਟ ਐਂਡ ਦੀ ਟਾਪੋਗ੍ਰਾਫੀ ਆਫ਼ ਦੀ ਬੁੱਕਸ ਆਫ਼ ਸੈਮੂਅਲ' (1901) ਆਦਿ ਇਸ ਦੀਆਂ ਕੁਝ ਕਿਰਤਾਂ ਹਨ। ਇਸਨੇ 'ਡੈਨੀਅਲ' (1901), 'ਦੀ ਮਾਈਨਰ ਪ੍ਰਾਫੈਟਸ' (1905), 'ਐਕਸੋਡਸ' (1911), 'ਜੈਨੇਸਿਸ' (1911) ਪੁਸਤਕਾਂ ਆਦਿ ਦੀ ਪੜਚੋਲ ਵੀ ਕੀਤੀ।

26 ਫ਼ਰਵਰੀ, 1914 ਨੂੰ ਆੱਕਸਫ਼ੋਰਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 7 :696 ; ਐਨ. ਅਮੈ. 9 :337

**ਡਰਾਏਜ਼ੇਨ, ਜਾਨ ਗਸਟਾਵ** : ਇਹ ਜਰਮਨੀ ਦਾ ਇਕ ਪ੍ਰਸਿੱਧ ਇਤਿਹਾਸਕਾਰ ਅਤੇ ਸਿਆਸਤਦਾਨ ਹੋਇਆ ਹੈ। ਇਸ ਦਾ ਜਨਮ 6 ਜੁਲਾਈ, 1808 ਨੂੰ ਪਾਮਅਕਨੀਆ ਵਿਚ ਟ੍ਰੈਪਟਾਉ ਵਿਖੇ ਹੋਇਆ। ਇਹ ਸ਼ਾਸਤਰੀ ਭਾਸ਼ਾ ਵਿਗਿਆਨ ਅਤੇ ਇਤਿਹਾਸ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਕੀਲ, ਯੇਨ ਅਤੇ ਬਰਲਿਨ ਵਿਚ ਪ੍ਰੋਫ਼ੈਸਰ ਰਿਹਾ।

ਸੰਨ 1848 ਦੀ ਬਗ਼ਾਵਤ ਸ਼ੁਰੂ ਹੋਣ ਤੇ ਇਸਨੂੰ ਫ਼ਰੈਂਕਫ਼ਰਟ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ ਅਤੇ ਵਿਧਾਨਕ ਕਮੇਟੀ ਦਾ ਸੈਕਟਰੀ ਬਣਾ ਦਿੱਤਾ ਗਿਆ। ਪਾਰਲੀਮੈਂਟ ਵਿਚ ਕੀਤੇ ਵਿਚਾਰ-ਵਟਾਂਦਰਿਆਂ ਨੂੰ ਇਹੀ ਸੰਪਾਦਤ ਕਰਦਾ ਸੀ। ਸੰਨ 1849 ਵਿਚ ਜਦੋਂ ਪ੍ਰਸ਼ਆ ਦੇ ਬਾਦਸ਼ਾਹ ਫ੍ਰੈਡਰਿਕ ਵਿਲੀਅਮ ਚੌਥੇ ਨੇ ਪਾਰਲੀਮੈਂਟ ਦੇ ਕਹਿਣ ਮੁਤਾਬਕ ਅਸਤੀਫ਼ਾ ਦਿੱਤਾ ਤਾਂ ਡਰਾਏਜ਼ੇਨ ਨੇ ਵੀ ਰਾਜਨੀਤੀ ਨੂੰ ਤਿਆਗ ਦਿੱਤਾ।

ਸੰਨ 1840-51 ਦੇ ਦੌਰਾਨ ਕੀਲ ਵਿਖੇ ਜਦੋਂ ਇਹ ਹਿਸਟਰੀ ਦਾ ਪ੍ਰੋਫ਼ੈਸਰ ਸੀ ਤਾਂ ਕਾਰਲ ਸਾਮਵਰ ਨਾਲ ਮਿਲ ਕੇ ਇਸਨੇ 1806 ਈ. ਵਿਚ ਸ਼ਲੈਸਵਿਗ, ਹੱਲਸਟੀਨ ਅਤੇ ਡੈਨਮਾਰਕ ਦੇ ਆਪਸੀ ਸਬੰਧਾਂ ਦਾ ਇਤਿਹਾਸ ਲਿਖਿਆ। ਇਸ ਨਾਲ ਬਹੁਤ ਸਾਰੇ ਜਰਮਨ ਵਾਸੀਆਂ ਦੇ ਡੈਨਮਾਰਕ ਨਾਲ ਝਗੜੇ ਪ੍ਰਤੀ ਵਿਚਾਰ ਬਦਲ ਗਏ। ਉਸਨੇ ਡੱਚ ਲੋਕਾਂ ਦੀ ਇੰਨੀ ਖੁਲ੍ਹੇ ਆਮ ਪੱਖ ਪੂਰੀ ਕਿ ਜਦੋਂ 1851ਈ. ਵਿਚ ਹੱਲਸਟੀਨ ਡੈਨਮਾਰਕ ਨੂੰ ਦਿੱਤਾ ਗਿਆ ਤਾਂ ਇਸ ਨੇ ਕੀਲ ਵਿਖੇ ਪੜ੍ਹਾਉਣਾ ਛੱਡ ਕੇ ਯੈਨ ਵਿਖੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਅਤੇ ਇਥੇ ਹੀ 1851-52 ਈ. ਵਿਚ ਲਿਬਰੇਸ਼ਨ ਵੇਲੇ ਦੇ ਇਕ ਬਹਾਦਰ ਪ੍ਰਸ਼ਅ ਜਰਨੈਲ ਗਰਾਫ਼ ਯਾਰਕ ਦੀ ਜੀਵਨੀ ਪੂਰੀ ਕੀਤੀ। ਇਸਨੇ ਆਪਣੇ ਜੀਵਨ ਦੇ ਅੰਤਲੇ ਸਾਲ ਪ੍ਰਸ਼ਅ ਦਾ ਇਤਿਹਾਸ ਲਿਖਣ ਤੇ ਹੀ ਲਗਾਏ ਪਰ ਇਸ ਕੰਮ ਨੂੰ ਉਹ ਸਿਰੇ ਨਾ ਚਾੜ੍ਹ ਸਕਿਆ ਕਿਉਂਕਿ 19 ਜੂਨ 1884 ਵਿਚ ਇਸਦੀ ਬਰਲਿਨ ਵਿਖੇ ਮੌਤ ਹੋ ਗਈ।

ਹ. ਪੁ.- ਐਨ. ਅਮੈ. 9 : 403 ; ਐਨ. ਬ੍ਰਿ. ਮਾ. 4 : 232

**ਡਰੱਸਰੇਸੀ** : ਇਹ ਦੋ-ਬੀਜਪੱਤਰੀ ਪੌਦਿਆਂ ਦੀ ਇਕ ਕੁਲ ਹੈ ਜੋ ਇਸ ਲਈ ਪ੍ਰਸਿੱਧ ਹੈ ਕਿ ਇਸ ਦੇ ਸਾਰੇ ਮੈਂਬਰ ਕੀਟ-ਆਹਾਰੀ ਹਨ। ਇਸ ਕੁਲ ਦੀਆਂ ਚਾਰ ਪ੍ਰਜਾਤੀਆਂ ਅਤੇ 90 ਜਾਤੀਆਂ ਹਨ। ਡਰਾਸਰਾ ਇਕ ਹਰ ਜਗ੍ਹਾ ਮਿਲਣ ਵਾਲੀ ਪ੍ਰਜਾਤੀ ਹੈ ਜਿਸ ਵਿਚ 85 ਜਾਤੀਆਂ ਸ਼ਾਮਲ ਹਨ ਜਿਨ੍ਹਾਂ ਵਿਚ ਸਨਡਿਊਜ਼ ਅਤੇ ਵੀਨਸੈਜ ਫਲਾਈਟਰੈਪ ਪ੍ਰਸਿੱਧ ਹਨ ਜੋ ਸਾਰੀ ਦੁਨੀਆ ਵਿਚ ਮਿਲ ਜਾਂਦੀਆਂ ਹਨ। ਐਲਡੋਰਵੈਂਡਾ ਪਾਣੀ ਵਿਚ ਮਿਲਣ ਵਾਲਾ ਇਕ ਪੌਦਾ ਹੈ ਜਿਸ ਦੀਆਂ ਜੜ੍ਹਾਂ ਨਹੀਂ ਹੁੰਦੀਆਂ । ਸਨਡਿਊ ਨਾਲ ਹੀ ਮਿਲਦਾ ਜੁਲਦਾ ਇਕ ਹੋਰ ਪੌਦਾ ਡਰਾਸੋਫਾਈਲਮ ਹੈ ਜੋ ਪੂਰਬੀ ਰੂਮ-ਸਾਗਰੀ ਖੇਤਰ ਵਿਚ ਮਿਲਦਾ ਹੈ।

ਹ. ਪੁ.- ਐਨ. ਬ੍ਰਿ. 7 : 698

**ਡਰਾਸੀਨਾ** : ਇਹ ਲਿਲੀਏਸੀ ਕੁਲ ਦੀਆਂ ਕੁਝ ਵਿਸ਼ੇਸ਼ ਝਾੜੀਆਂ ਜਾਂ ਰੁੱਖਾਂ ਦਾ ਆਮ ਅਤੇ ਪ੍ਰਜਾਤੀ ਦਾ ਨਾਂ ਹੈ। ਪੁਰਾਣੀ ਦੁਨੀਆ ਦੇ ਗਰਮ ਹਿੱਸਿਆਂ ਵਿਚ ਇਨ੍ਹਾਂ ਦੀਆਂ 50 ਜਾਤੀਆਂ ਮਿਲਦੀਆਂ ਹਨ। ਇਨ੍ਹਾਂ ਦੇ ਪੱਤੇ ਆਮ ਤੌਰ ਤੇ ਲੰਬੇ ਅਤੇ ਪਤਲੇ ਹੁੰਦੇ ਹਨ। ਯੋਗਿਕ ਰੈਸੀਮ ਚਿੱਟੇ ਰੰਗ ਦੀਆਂ ਛੋਟੇ ਛੋਟੇ ਫੁੱਲਾਂ ਵਾਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਫਲ ਬੈਰੀ ਰੂਪ ਵਿਚ ਹੁੰਦੇ ਹਨ। ਇਨ੍ਹਾਂ ਰੁੱਖਾਂ ਦੀ ਪ੍ਰਸਿੱਧ ਜਾਤੀ ਡਰਾਸੀਨਾ ਡਰੈਕੋ ਹੈ ਜੋ ਕੈਨੇਰੀ ਦੀਪ ਸਮੂਹ ਦਾ ਡਰੈਗਨ ਰੁੱਖ ਹੈ। ਇਹ ਰੁੱਖ ਆਪਣੀ ਉਮਰ ਦੇ ਲਿਹਾਜ਼ ਨਾਲ ਬਹੁਤ ਕੱਦ ਕਰ ਜਾਂਦਾ ਹੈ। ਇਸ ਰੁੱਖ ਦੇ ਰਿਸਾਉ ਤੋਂ ਬਣੀ ਗੂੰਦ ਪਹਿਲਾਂ ਪਹਿਲ ਦਵਾਈਆਂ ਵਿਚ ਵਰਤੀ ਜਾਂਦੀ ਸੀ।



ਡਰਾਸੀਨਾ

ਟੈਨਰਿਫ ਵਿਚ 1868 ਦੇ ਤੂਫ਼ਾਨ ਵਿਚ ਡਿੱਗਣ ਵਾਲਾ ਅਜਿਹਾ ਇਕ ਰੁੱਖ 23 ਮੀ. ਉੱਚਾ ਸੀ। ਇਸਦਾ ਘੇਰਾ 14 ਮੀ. ਸੀ ਅਤੇ ਇਸਦਾ ਕੁਝ ਮੀ. ਹਿੱਸਾ ਜੋ ਜ਼ਮੀਨ ਉਪਰ ਰਹਿ ਗਿਆ ਸੀ ਕਿਆਸ ਕੀਤਾ ਜਾਂਦਾ ਹੈ ਕਿ ਉਹ 6,000 ਸਾਲ ਪੁਰਾਣਾ ਸੀ। ਇਨ੍ਹਾਂ ਰੁੱਖਾਂ ਤੋਂ ਇਕ ਲਾਲ ਰੰਗ ਦਾ ਰਿਸਾਉ ਨਿਕਲਦਾ ਹੈ ਜਿਸਨੂੰ ਡਰੈਗਨ'ਜ਼ ਬਲੱਡ ਕਿਹਾ ਜਾਂਦਾ ਹੈ। ਇਨ੍ਹਾਂ ਰੁੱਖਾਂ ਦੀਆਂ ਦੋ ਜਾਤੀਆਂ (D. fragrans ਅਤੇ D. goldieana) ਆਮ ਤੌਰ ਤੇ ਗ੍ਰੀਨ ਹਾਊਸ ਵਿਚ ਰੱਖੀਆਂ ਜਾਂਦੀਆਂ ਹਨ।

ਕੁਝ ਕੁ ਕਾਸ਼ਤ ਕੀਤੇ ਜਾਂਦੇ ਡਰਾਸੀਨਾ ਪੌਦੇ ਇਸ ਨਾਲ ਹੀ ਮਿਲਦੀ ਜੁਲਦੀ ਕਾਰਡਿਲਾਈਨ ਪ੍ਰਜਾਤੀ ਨਾਲ ਸੰਬੰਧਿਤ ਹਨ। ਇਹ ਆਕਾਰ, ਰੰਗ ਅਤੇ ਪੱਤਿਆਂ ਦੀ ਖ਼ੂਬਸੂਰਤੀ ਲਈ ਉਗਾਏ ਜਾਂਦੇ ਹਨ ਅਤੇ ਇਹ ਸਜਾਵਟ ਜਾਂ ਗ੍ਰੀਨ ਹਾਊਸ ਪੌਦਿਆਂ ਵਜੋਂ ਬਹੁਤ ਲਾਭਕਾਰੀ ਹਨ।

ਹ. ਪੁ.- ਐਨ. ਬ੍ਰਿ. 7 : 620

**ਡ੍ਰਾਕਨਜ਼ਬਰਗ** : ਦੱਖਣੀ ਅਫ਼ਰੀਕਾ ਦੀ ਇਹ ਇਕ ਪਰਬਤੀ ਲੜੀ ਹੈ ਜਿਹੜੀ ਉੱਤਰ-ਪੂਰਬੀ ਟ੍ਰਾਂਸਵਾਲ ਪ੍ਰਾਂਤ ਤੋਂ ਲੀਸੋਥੋ ਤੋਂ ਅੱਗੇ ਦੱਖਣ-ਪੂਰਬੀ ਕੇਪ-ਪ੍ਰਾਂਤ ਤੱਕ 1125 ਕਿ. ਮੀ. ਦੇ ਖੇਤਰ ਵਿਚ ਫੈਲੀ ਹੋਈ ਹੈ। ਇਹ ਸਵਾਜ਼ੀਲੈਂਡ, ਨਟਾਲ ਅਤੇ ਟ੍ਰਾਂਸਕਈ ਗਣਰਾਜ ਨੂੰ ਟ੍ਰਾਂਸਵਾਲ, ਆਰੈਂਜ ਫ਼੍ਰੀ ਸਟੇਟ ਅਤੇ ਲੀਸੋਥੋ ਨਾਲੋਂ ਵੱਖ ਕਰਦੀ ਹੈ। ਚਟਾਨਾਂ ਦੀ ਬਣਤਰ ਪੱਖੋਂ ਇਹ ਅਫ਼ਰੀਕੀ ਉੱਚੇ ਪਹਾੜਾਂ ਦਾ ਹੀ ਇਕ ਹਿੱਸਾ ਹੈ ਪਰ ਇਸ ਦੀ ਉਚਾਈ ਲੀਸੋਥੋ ਦੀ ਪੂਰਬੀ ਅਤੇ ਦੱਖਣੀ ਹੱਦ ਦੇ ਨਾਲ ਨਾਲ ਵਧੇਰੇ ਹੈ। ਇਥੇ ਇਹ ਔਸਤਨ 3,000 ਮੀ. ਤੋਂ 3,333 ਮੀ. ਤੱਕ ਉੱਚੀ ਹੈ। ਇਥੇ ਹੀ ਇਸ ਦੀ ਸਭ ਤੋਂ ਉੱਚੀ ਸਿਖਰ 3,482 ਮੀ. ਉੱਚੀ ਹੈ। ਨਟਾਲ ਦੇ ਡ੍ਰਾਕਨਜ਼ਬਰਗ 260 ਕਿ. ਮੀ. ਦੇ ਖੇਤਰ ਵਿਚ ਆਵਾਜਾਈ ਦੇ ਬਿਲਕੁਲ ਅਯੋਗ ਹਨ। ਪੂਰਬੀ ਹਿੱਸੇ ਦੇ ਪਰਬਤਾਂ ਨੂੰ ਜ਼ੂਲੂ ਭਾਸ਼ਾ ਵਿਚ ਕਵੈਤਲੈਂਬਾਂ ਕਹਿੰਦੇ ਹਨ ਜਿਸ ਤੋਂ ਭਾਵ ਸਿੱਧੀ ਜਿਹੀ ਪਹਾੜੀ ਜਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਪਹਾੜੀਆਂ ਤੋਂ ਹੈ। ਇਨ੍ਹਾਂ ਸਿੱਧੀਆਂ ਪਹਾੜੀਆਂ ਤੋਂ ਦੱਖਣ ਅਤੇ ਪੂਰਬ ਵਿਚ ਇਨ੍ਹਾਂ ਦੀ ਉਚਾਈ ਘੱਟ ਜਾਂਦੀ ਹੈ ਜਿਥੇ ਇਹ ਵਾਦੀਆਂ ਦਾ ਰੂਪ ਧਾਰ ਲੈਂਦੇ ਹਨ। ਉੱਤਰ-ਪੱਛਮ ਵੱਲ ਵੀ ਇਹ ਹੌਲੀ ਹੌਲੀ ਨੀਵਾਣਾਂ ਨਾਲ ਹੀ ਮਿਲ ਜਾਂਦੇ ਹਨ। ਇਸ ਹਿੱਸੇ ਵਿਚ ਝਰਨੇ ਅਤੇ ਡੂੰਘੀਆਂ ਘਾਟੀਆਂ ਹਨ। ਟ੍ਰਾਂਸਵਾਲ ਵਿਚ ਇਹ ਕਿਧਰੇ ਵੱਧ ਉੱਚੇ ਅਤੇ ਕਿਧਰੇ ਘੱਟ ਉੱਚੇ ਹਨ। ਲੀਸੋਥੋ ਨਟਾਲ ਦੇ ਪਰਬਤ ਸਰਦੀਆਂ ਵਿਚ ਬਰਫ਼ ਨਾਲ ਢੱਕੇ ਰਹਿੰਦੇ ਹਨ। ਇਨ੍ਹਾਂ ਪਹਾੜਾਂ ਦੀਆਂ ਕਈ ਸਿਖ਼ਰਾਂ ਹਾਲੇ ਤੀਕ ਸਰ ਨਹੀਂ ਕੀਤੀਆਂ ਗਈਆਂ। ਡ੍ਰਾਕਨਜ਼ਬਰਗ ਉਪਰ ਕਈ ਸੈਰਗਾਹਾਂ ਅਤੇ ਪਰਬਤ – ਆਰੋਹੀਆਂ ਲਈ ਕੈਂਪਿੰਗ ਸਟੇਸ਼ਨ ਹਨ।

ਹ. ਪੁ.- ਐਨ. ਬ੍ਰਿ. ਮਾ. 4 : 213; ਐਨ. ਅਮੈ. 9 : 332

**ਡ੍ਰਾਕਾਨਸ਼ੀਅਸ, ਬਲਾਸੀਅਸ ਈਮੀਲੀਅਸ** : ਇਹ ਅਫ਼ਰੀਕਾ ਦਾ ਸਭ ਤੋਂ ਪਹਿਲਾ ਈਸਾਈ ਲਾਤੀਨੀ ਕਵੀ ਸੀ ਜੋ ਪੰਜਵੀ ਸਦੀ ਦੇ ਪਿਛਲੇ ਅੱਧ ਵਿਚ ਵੰਡਾਲ ਸ਼ਾਸਨ ਅਧੀਨ ਸਾਹਿਤਕ ਪੁਨਰ ਜਾਗ੍ਰਤੀ ਦੌਰਾਨ ਖ਼ੂਬ ਪ੍ਰਸਿੱਧ ਹੋਇਆ। ਇਸ ਦਾ ਜਨਮ ਕਾਰਥੇਜ ਵਿਖੇ ਹੋਇਆ। ਉਥੋਂ ਹੀ ਇਸ ਨੇ ਰਵਾਇਤੀ ਅਲੰਕਾਰਕ ਭਾਸ਼ਨਮਈ ਸਿੱਖਿਆ ਪ੍ਰਾਪਤ ਕੀਤੀ। ਇਸ ਪਿੱਛੋਂ ਇਹ ਵਕੀਲ ਬਣ ਗਿਆ। ਸ਼ੁਰੂ ਵਿਚ ਵੰਡਾਲ ਇਸ ਦੇ ਪੱਖ ਵਿਚ ਸਨ ਪਰ ਮਗਰੋਂ ਇਸ ਨੂੰ ਕੈਦ ਕਰ ਲਿਆ ਗਿਆ ਕਿਉਂਕਿ ਇਸਨੇ ਆਪਣੀ ਇਕ ਕਵਿਤਾ ਵਿਚ ਸ਼ਹਿਨਸ਼ਾਹ ਦੀ ਪ੍ਰਸ਼ੰਸਾ ਕੀਤੀ ਸੀ।

ਇਸਦੀ ਪਹਿਲੀ ਰਚਨਾ 'Romulea' ਮਿਥਿਹਾਸਕ ਤੇ ਦਾਰਸ਼ਨਿਕ ਕਵਿਤਾਵਾਂ ਦਾ ਸੰਗ੍ਰਹਿ ਸੀ। ਇਸ ਦੀਆਂ ਹੋਰ ਰਚਨਾਵਾਂ ਵਿਚ 'Aegraitudo Perdicae', 'Orestis tragoedia' 'De Laudibus dei' ਆਦਿ ਸ਼ਾਮਲ ਹਨ। ਅੰਤਲੀ ਪੁਸਤਕ ਤਿੰਨ ਜਿਲਦਾਂ ਵਿਚ ਹੈ। ਇਹ ਬਾਈਬਲ ਉਤੇ ਆਧਾਰਿਤ ਹੈ। ਇਸ ਰਚਨਾ ਵਿਚ ਸ੍ਰਿਸ਼ਟੀ ਰਚਨਾ, ਉਸ ਦਾ ਪਤਨ, ਪ੍ਰਭੂ ਦੀ ਦਿਆਲਤਾ, ਸੰਸਾਰਕ ਮੁਕਤੀ ਆਦਿ ਵਿਸ਼ੇ ਬਿਆਨ ਕੀਤੇ ਗਏ ਹਨ।

ਹ.ਪੁ.- ਐਨ. ਅਮੈ. 9 : 291; ਐਨ. ਬ੍ਰਿ. ਮਾ. 3 : 651

**ਡ੍ਰਾਗਾਬਿਚ** : ਯੂਕਰੇਨ ਦੀ ਲਵਾਫ਼ ਔਬਲਸਤ ਦਾ ਸ਼ਹਿਰ ਹੈ। ਸੰਨ 1959 ਤੱਕ ਲਵਾਫ਼ ਔਬਲਸਤ ਦਾ ਸਦਰ-ਮੁਕਾਮ ਹੁੰਦਾ ਸੀ। 11ਵੀਂ ਤੇ 12 ਵੀਂ ਸਦੀ ਵਿਚ ਇਹ ਲੂਣ ਦੇ ਉਤਪਾਦਨ ਲਈ ਮਸ਼ਹੂਰ ਸੀ ਪਰ ਅੱਜਕੱਲ੍ਹ ਇਹ ਪੈਟਰੋਲ, ਕੁਦਰਤੀ ਗੈਸ, ਪੋਟਾਸ਼ੀਅਮ, ਮੈਗਨੇਸ਼ੀਅਮ ਖਣਿਜਾਂ ਦੀ ਖਾਣ-ਖੁਦਾਈ ਲਈ ਮਸ਼ਹੂਰ ਹੈ। ਇਥੇ ਹਲਕੇ ਉਦਯੋਗ ਵੀ ਸਥਾਪਿਤ ਹਨ। ਤੇਲ ਸਾਫ਼ ਕਰਨ, ਮਸ਼ੀਨਾਂ ਬਣਾਉਣ ਅਤੇ ਛੋਟੀਆਂ ਮੋਟੀਆਂ ਵਸਤਾਂ ਬਣਾਉਣਾ ਇਥੋਂ ਦੀਆਂ ਖ਼ਾਸ ਸੱਨਅਤਾਂ ਹਨ। ਇਥੇ ਅਧਿਆਪਕ ਸਿਖਲਾਈ ਸੰਸਥਾ ਵੀ ਹੈ।

ਆਬਾਦੀ – 70,000 (1982)

49°21′ ਉ. ਵਿਥ. ; 23°30′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 4 : 229

**ਡ੍ਰਾਂਗੋ** : ਡਾਈਕਰੁੱਰਡੀ ਕੁਲ ਦੇ, ਪੁਰਾਣੀ ਦੁਨੀਆ ਦੇ ਪੈਸਰਿਨ ਪੰਛੀਆਂ ਦੀਆਂ ਤਕਰੀਬਨ 20 ਜਾਤੀਆਂ ਨੂੰ ਡ੍ਰਾਂਗੋ ਕਿਹਾ ਜਾਂਦਾ ਹੈ। ਤਕਰੀਬਨ 25-30 ਸੈਂ. ਮੀ. ਲੰਬੇ, ਕਟੇ ਹੋਏ ਪੂੰਝੇ ਵਾਲੇ, ਕਾਲੇ ਰੰਗ ਦੇ ਇਨ੍ਹਾਂ ਪੰਛੀਆਂ ਦੇ ਪੂੰਝੇ ਦੇ ਖੰਭ ਕਈ ਵਾਰ ਸਰੀਰ ਦੀ ਲੰਬਾਈ ਤੋਂ ਦੁਗਣੇ ਲੰਬੇ ਹੁੰਦੇ ਹਨ। ਭਾਰਤ ਦਾ ਡ੍ਰਾਂਗੋ ਕੁਕੂ (Surniculus lugubris) ਆਮ ਡ੍ਰਾਂਗੋ ਵਰਗਾ ਹੁੰਦਾ ਹੈ ਅਤੇ ਇਹ ਆਪਣੇ ਅੰਡੇ ਡ੍ਰਾਂਗੋ ਦੇ ਆਲ੍ਹਣੇ ਵਿਚ ਦਿੰਦਾ ਹੈ।

ਹ. ਪੁ.- ਐਨ.ਬ੍ਰਿ. 7 : 670

**ਡਰਾਗੋ ਲੂਈ ਮਾਰੀਆ** : ਇਹ ਅਰਜਨਟੀਨਾ ਦਾ ਰਾਜਨੀਤੀਵਾਨ ਸੀ ਜਿਸ ਨੇ ਫ਼ੌਜ ਦੀ ਸਹਾਇਤਾ ਨਾਲ ਕਰਜ਼ਿਆਂ ਦੀ ਜਬਰੀ ਵਸੂਲੀ ਨੂੰ ਰੋਕਿਆ ਤੇ ਇਸ ਵਿਰੁੱਧ ਡਰਾਗੋ ਸਿਧਾਂਤ ਪੁਸਤਕ ਵੀ ਲਿਖੀ। ਇਹ 6 ਮਈ, 1859 ਨੂੰ ਅਰਜਨਟੀਨਾ ਦੇ ਇਕ ਮੰਨੇ-ਪ੍ਰਮੰਨੇ ਪਰਿਵਾਰ ਵਿਚ ਬਵੇਨਸ ਐਰੀਜ਼ ਵਿਖੇ ਪੈਦਾ ਹੋਇਆ। ਛੋਟੀ ਆਯੂ ਵਿਚ ਹੀ ਇਹ ਐਲ ਡੀਆਰੀਓ ਦਾ ਚੀਫ਼ ਐਡੀਟਰ ਬਣਿਆ। ਕੁਝ ਵਰ੍ਹਿਆਂ ਪਿੱਛੋਂ ਸਰਕਾਰ ਦਾ ਵਿੱਤੀ ਅਫ਼ਸਰ ਨਿਯੁਕਤ ਹੋ ਗਿਆ ਅਤੇ ਇਸ ਪਿੱਛੋਂ ਵੈਨਜ਼ੂਏਲਾ ਕਾਊਂਟੀ ਵਿਚ ਸਰਕਾਰੀ ਕਰਜ਼ਿਆਂ ਦੀ ਜਬਰੀ ਵਸੂਲੀ ਦੌਰਾਨ ਇਸ ਨੂੰ ਬਦੇਸ਼ੀ ਮਾਮਲਿਆਂ ਦਾ ਵਜ਼ੀਰ ਥਾਪਿਆ ਗਿਆ। ਇਸ ਸਮੇਂ ਇਸ ਨੇ ਅਰਜਨਟੀਨਾ ਦੇ ਵਜ਼ੀਰ ਨੂੰ ਇਕ ਇਤਿਹਾਸਕ ਚਿੱਠੀ ਲਿਖੀ ਜਿਸ ਵਿਚ ਡਰਾਗੋ ਸਿਧਾਂਤ ਦੀ ਭੂਮਿਕਾ ਬਾਰੇ ਜਾਣਕਾਰੀ ਭੇਜੀ ਗਈ। ਸੰਨ 1907 ਵਿਚ ਹੇਗ ਵਿਖੇ ਸ਼ਾਂਤੀ ਸਥਾਪਿਤ ਕਰਨ ਸਬੰਧੀ ਹੋਈ ਇਕੱਤਰਤਾ ਵਿਚ ਵੀ ਇਸ ਨੇ ਆਪਣੀ ਕਾਊਂਟੀ ਦੀ ਪ੍ਰਤਿਨਿੱਧਤਾ ਕੀਤੀ। ਇਸ ਤੋਂ ਦੋ ਸਾਲ ਪਿੱਛੋਂ ਉੱਤਰੀ ਅੰਧ-ਮਹਾਂਸਾਗਰ ਵਿਚ ਮੱਛੀ ਦੇ ਵਪਾਰ ਸਬੰਧੀ ਪੈਦਾ ਹੋਈ ਖਿੱਚੋਤਾਣ ਦੇ ਸਮਝੌਤੇ ਲਈ ਸ. ਰ. ਅ. ਅਤੇ ਬਰਤਾਨੀਆ ਦੁਆਰਾ ਨਿਸਚਿਤ ਕੀਤੇ ਟ੍ਰੀਬਿਊਨਲ ਦਾ ਮੈਂਬਰ ਬਣਾਇਆ ਗਿਆ। ਰਾਜਨੀਤੀ ਸਬੰਧੀ ਦੂਰਦ੍ਰਿਸ਼ਟੀ ਵਾਲਾ ਹੋਣ ਕਰਕੇ ਇਸ ਨੂੰ ਅੰਤਰਰਾਸ਼ਟਰੀ ਨਿਆਂ ਦੀ ਸਥਾਈ

ਅਦਾਲਤ ਦੀ ਰੂਪ-ਰੇਖਾ ਸਬੰਧੀ ਕੌਂਸਲ ਆਫ਼ ਲੀਗ ਦਾ ਸੱਦਾ ਆਇਆ ਪਰ 9 ਜੂਨ, 1921 ਨੂੰ ਸ਼ਾਮਲ ਹੋਣ ਤੋਂ ਪਹਿਲਾਂ ਹੀ ਇਸਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 7 : 622

**ਡਰਾਚਮਾਨ, ਹੋਲਗਰ ਹੈਨਰਿਕ ਹਰਹੋਲਟ** : ਡੈਨਮਾਰਕ ਦੇ ਇਸ ਕਵੀ, ਨਾਵਲਕਾਰ ਅਤੇ ਚਿੱਤਰਕਾਰ ਦਾ ਜਨਮ ਕੋਪਨਹੇਗਨ ਵਿਖੇ 9 ਅਕਤੂਬਰ, 1846 ਨੂੰ ਹੋਇਆ। ਆਪਣੀਆਂ ਸਰੋਦੀ ਕਵਿਤਾਵਾਂ ਕਾਰਨ ਇਹ ਡੈਨਮਾਰਕ ਦੇ 19 ਵੀਂ ਸਦੀ ਦੇ ਉੱਘੇ ਕਵੀਆਂ ਵਿਚ ਗਿਣਿਆ ਜਾਣ ਲੱਗਾ।

ਸ਼ੁਰੂ ਤੋਂ ਹੀ ਇਸ ਨੂੰ ਸਮੁੰਦਰ ਨਾਲ ਬਹੁਤ ਪਿਆਰ ਅਤੇ ਘੁੰਮਣ ਫਿਰਨ ਦਾ ਬਹੁਤ ਸ਼ੌਕ ਸੀ। ਇਸ ਕਾਰਨ ਹੀ ਇਸ ਨੇ ਆਪਣਾ ਜੀਵਨ ਸਮੁੰਦਰੀ ਵਿਸ਼ਿਆਂ ਨੂੰ ਚਿਤਰਣ ਤੋਂ ਸ਼ੁਰੂ ਕੀਤਾ। ਸੰਨ 1871 ਵਿਚ ਲੰਡਨ ਜਾਣ ਤੇ ਇਸ ਦਾ ਧਿਆਨ ਸਮਾਜਿਕ ਸਮੱਸਿਆਵਾਂ ਵੱਲ ਗਿਆ। ਇਥੋਂ ਵਾਪਸ ਆ ਕੇ ਇਹ ਜਾਰਜ ਦੇ ਬ੍ਰੈਡੀਜ਼ ਦੇ ਗਰਮ ਦਲ ਵਿਚ ਸ਼ਾਮਲ ਹੋ ਗਿਆ। ਸੰਨ 1872 ਵਿਚ ਇਸ ਨੇ ਆਪਣੀਆਂ ਕਵਿਤਾਵਾਂ ਦੀ ਪਹਿਲੀ ਪੁਸਤਕ 'Digte' ਪ੍ਰਕਾਸ਼ਿਤ ਕੀਤੀ ਜਿਸ ਵਿਚ ਇਸ ਨੇ ਆਪਣੇ ਸਮਾਜਿਕ ਅਤੇ ਸਰੋਦੀ ਸਿਧਾਂਤਾਂ ਨੂੰ ਪ੍ਰਗਟ ਕੀਤਾ ਹੈ। ਇਸ ਦੀ ਵਾਰਤਕ 'ਦੀ ਪ੍ਰਿੰਸੈਸ ਐਂਡ ਹਾਫ਼ ਦੀ ਕਿੰਗਡਮ' (1878) ਵਿਚ ਦੇਸ਼ ਭਗਤੀ ਦੇ ਰੋਮਾਂਚਵਾਦ ਦੀ ਝਲਕ ਮਿਲਣ ਕਾਰਨ ਇਸ ਦਾ ਬ੍ਰੈਡੀਜ਼ ਗਰੁਪ ਨਾਲ ਵਿਰੋਧ ਉਤਪੰਨ ਹੋ ਗਿਆ। ਸੰਨ 1880 ਦੇ ਲਗਭਗ ਇਸ ਨੇ ਪ੍ਰਕਿਰਤੀਵਾਦ ਦੇ ਉਲਟ ਰੂੜ੍ਹੀਵਾਦੀ ਦ੍ਰਿਸ਼ਟੀਕੋਣ ਅਪਣਾਇਆ।

ਵਾਰਤਕ, ਨਾਟਕ, ਨਿੱਕੀ ਕਹਾਣੀ ਅਤੇ ਨਾਵਲ ਵਿਚ ਇਸ ਦਾ ਬਹੁਤ ਯੋਗਦਾਨ ਸੀ ਪਰ ਇਸ ਦੀਆਂ ਕਵਿਤਾਵਾਂ ਦਾ ਆਪਣੇ ਸਮੇਂ ਵਿਚ ਬਹੁਤ ਮਹੱਤਵਪੂਰਣ ਸਥਾਨ ਸੀ। ਬਾਈਰੋਨੋ ਦੀ 'ਡਾਨ ਹਵਾਨ' ਦਾ ਡੈਨਿਸ਼ ਭਾਸ਼ਾ ਵਿਚ ਉਲੱਥਾ ਕਰਕੇ ਇਸ ਨੇ ਆਪਣੇ ਆਪ ਨੂੰ ਯੋਗ ਗੀਤਕਾਰ ਕਰਾਰ ਦਿਤਾ ਹੈ। ਇਸ ਦੀਆਂ ਕਈ ਕਿਰਤਾਂ ਨੂੰ ਸਟੇਜ ਤੇ ਵੀ ਖੇਡਿਆ ਗਿਆ, 'ਵੈਲੈਂਡ ਦੀ ਸਮਿੱਥ' (1879) ਅਤੇ 'Hallfred Vandraandes Kjald' (1900) ਨਾਟਕਾਂ ਕਾਰਨ ਇਸ ਨੂੰ ਬਹੁਤ ਪ੍ਰਸਿੱਧੀ ਮਿਲੀ। ਇਸ ਦੇ ਨਾਵਲ ਵਧੇਰੇ ਕਰਕੇ ਇਸ ਦੇ ਆਪਣੇ ਜੀਵਨ ਦਾ ਹੀ ਚਿਤਰਣ ਪੇਸ਼ ਕਰਦੇ ਹਨ ਜਿਵੇਂ ਕਿ 'Forskrevt' (1890) ਵਿਚ ਹੈ। ਇਸ ਦੀਆਂ ਵਾਰਤਕ, ਨਾਵਲਾਂ ਅਤੇ ਕਹਾਣੀਆਂ ਦੀਆਂ ਹੋਰ ਵੀ ਕਿੰਨੀਆਂ ਪੁਸਤਕਾਂ ਹਨ। ਦੀ ਸੇਕਰਡ ਫ਼ਾਇਰ (1899) ਇਸ ਦੀ ਸਵੈ ਜੀਵਨੀ ਹੈ।

14 ਜਨਵਰੀ, 1908 ਨੂੰ ਕਾੱਰਨਬੈਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 651; ਕੋਲ. ਐਨ. 6: 377; ਐਨ. ਅਮੈ. 9 : 291

**ਡਰਾਨਸੀ** : ਫ਼ਰਾਂਸ ਵਿਚ ਪੈਰਿਸ ਸ਼ਹਿਰ ਦੇ ਬਾਹਰਵਾਰ ਕੋਈ 5 ਕਿ. ਮੀ. ਦੀ ਦੂਰੀ ਤੇ ਸਥਿਤ ਅੱਜਕੱਲ੍ਹ ਪੈਰਿਸ ਦਾ ਹੀ ਉੱਤਰ-ਪੂਰਬੀ ਸੱਨਅਤੀ ਉਪ-ਨਗਰ ਹੈ। ਦੂਜੇ ਮਹਾਂਯੁੱਧ ਦੌਰਾਨ ਜਰਮਨਾਂ ਦਾ ਫ਼ਰਾਂਸ ਉੱਤੇ ਕਬਜ਼ਾ ਹੋ ਜਾਣ ਮਗਰੋਂ ਇਸ ਸ਼ਹਿਰ ਦੀਆਂ ਦੱਖਣ-ਪੂਰਬੀ ਹਿੱਸੇ ਦੀਆਂ ਇਮਾਰਤਾਂ ਨੂੰ ਨਜ਼ਰਬੰਦੀ ਕੈਂਪਾਂ ਵਿਚ ਤਬਦੀਲ ਕੀਤਾ ਗਿਆ ਸੀ। ਸੰਨ 1914 ਤੋਂ 1944 ਈ. ਤੀਕ ਫ਼ਰਾਂਸੀਸੀ ਅਤੇ ਯਹੂਦੀ ਜੰਗੀ ਕੈਦੀ, ਜਿਨ੍ਹਾਂ ਦੀ ਗਿਣਤੀ ਕੋਈ 120,000 ਸੀ, ਨੂੰ ਡਰਾਨਸੀ ਦੇ ਇਨ੍ਹਾਂ ਕੈਂਪਾਂ ਵਿਚ ਕੈਦ ਕਰਨ ਪਿੱਛੋਂ ਜਰਮਨੀ ਦੇ ਤਬਾਹੀ ਕੈਂਪਾਂ ਵਿਚ ਭੇਜਿਆ ਗਿਆ ਸੀ ਜਿਥੇ ਬਹੁਤ ਸਾਰੇ ਕੈਦੀ ਮਰ ਗਏ ਸਨ। ਫ਼ਰਾਂਸੀਸੀ ਕਵੀ ਅਤੇ ਕਲਾਕਾਰ ਮੈਕਸ ਜੈਕਬ ਇਥੋਂ ਦੇ ਇਕ ਕੈਂਪ ਵਿਚ ਸਾਲ 1944 ਵਿਚ ਦਮ ਤੋੜ ਗਿਆ ਸੀ।

ਆਬਾਦੀ – 60,122 (1982)

ਹ. ਪੁ.- ਐਨ. ਬ੍ਰਿ. ਮਾ. 3 : 656

**ਡਰਾਮ** : ਇਹ ਭਾਰ ਦੀ ਇਕਾਈ ਹੈ ਜਿਹੜੀ ਬਰਤਾਨਵੀ ਤੋਲ ਪ੍ਰਣਾਲੀ (Avoidupois System) ਵਿਚ 1/16 ਔਂਸ (27.34375 ਗ੍ਰੇਨ ਜਾਂ 1. 772 ਗ੍ਰਾਮ) ਅਤੇ ਔਸ਼ਧ-ਵਿਕਰੇਤਾ ਪ੍ਰਣਾਲੀ (Apothecaries System) ਵਿਚ 1/8 ਔਂਸ (60 ਗ੍ਰੇਨ ਜਾਂ 3.888 ਗ੍ਰਾਮ) ਦੇ ਬਰਾਬਰ ਹੁੰਦੀ ਹੈ। ਡਰਾਮ ਸ਼ਬਦ ਦੀ ਵਰਤੋਂ 1/8 ਤਰਲ ਔਂਸ ਦੇ ਬਰਾਬਰ ਦੀ ਸਮਾਈ ਸਮਰੱਥਾ ਲਈ ਕੀਤੀ ਜਾਂਦੀ ਹੈ। ਇੰਗਲੈਂਡ ਵਿਚ ਡਰਾਮ ਸ਼ਬਦ ਕਾਰਡੀਅਲ ਦੀ ਇਕ ਖ਼ੁਰਾਕ, ਉਤੇਜਕ ਜਾਂ ਨਸ਼ੇਦਾਰ ਸ਼ਰਾਬ ਲਈ ਵਰਤਿਆ ਜਾਂਦਾ ਹੈ। ਇਸੇ ਲਈ ਸ਼ਰਾਬਖ਼ਾਨਿਆਂ ਵਿਚ ਡਰਾਮ-ਘਰ (Dram-House) ਜਾਂ ਡਰਾਮ-ਦੁਕਾਨ ਸ਼ਬਦ ਵਰਤਿਆ ਜਾਂਦਾ ਹੈ। ਡਰਾਮ ਸ਼ਬਦ ਯੂਨਾਨੀ ਭਾਸ਼ਾ ਦੇ drahm ਸ਼ਬਦ ਦਾ ਧੁਨੀਆਤਮਕ ਰੂਪ ਹੈ ਜਿਹੜਾ ਇਕ ਪ੍ਰਾਚੀਨ ਸਿੱਕੇ ਅਤੇ ਭਾਰ ਲਈ ਵਰਤਿਆ ਜਾਂਦਾ ਸੀ ਜਿਸ ਦਾ ਭਾਵ ਉੱਨੀ ਕੁ ਮਾਤਰਾ ਤੋਂ ਸੀ ਜਿੰਨੀ ਇਕ ਵਿਅਕਤੀ ਆਪਣੇ ਹੱਥਾਂ ਵਿਚ ਰਖ ਸਕਦਾ ਹੋਵੇ।

ਹ. ਪੁ.- ਐਨ. ਬ੍ਰਿ. ਮਾ. 4 : 213

**ਡ੍ਰਾਮਨ** : ਨਾਰਵੇ ਵਿਚ ਓਸਲੋ ਸ਼ਹਿਰ ਤੋਂ ਦੱਖਣ-ਪੱਛਮ ਵਿਚ ਡ੍ਰਾਮਸਲਵਾ ਦਰਿਆ ਦੇ ਮੁਹਾਣੇ ਉਪਰ ਡ੍ਰਾਮਸ ਫਿਓਰਡ ਦੇ ਸਾਹਮਣੇ ਜਿਹੇ ਬੁਸਕਾਰੂ ਕਾਉਂਟੀ ਦੀ ਰਾਜਧਾਨੀ ਹੈ। ਇਹ ਰੇਲਾਂ ਦਾ ਆਖ਼ਰੀ ਸਟੇਸ਼ਨ ਹੈ ਅਤੇ ਦੇਸ਼ ਦੀ ਬੰਦਰਗਾਹ ਵੀ ਹੈ। ਅੱਜਕੱਲ੍ਹ ਇਥੇ ਸ਼ੱਨਅਤਾਂ ਵੀ ਉੱਨਤ ਹਨ ਜਿਨ੍ਹਾਂ ਵਿਚ ਸ਼ਰਾਬ, ਲਕੜੀ ਚੀਰਨ, ਸੈਲੂਲੋਜ਼, ਚਮੜਾ, ਪਲਾਸਟਿਕ, ਬਿਜਲੀ ਦਾ ਸਾਮਾਨ, ਕਾਗਜ਼ ਆਦਿ ਬਣਾਉਣਾ ਸ਼ਾਮਲ ਹੈ। ਇਸ ਸ਼ਹਿਰ ਦੀ ਸਥਾਪਨਾ 13ਵੀਂ ਸਦੀ ਵਿਚ ਮੌਜੂਦਾ ਸ਼ਹਿਰ ਵਾਲੀ ਥਾਂ ਤੇ ਬਰਜਨਅਸ ਅਤੇ ਸਟਰਾਮਸੋ ਨਾਂ ਦੀਆਂ ਬਸਤੀਆਂ ਬਣਨ ਨਾਲ ਹੋਈ ਸੀ। ਸੰਨ 1715 ਵਿਚ ਇਹ ਸ਼ਹਿਰ ਬਣ ਗਈਆਂ ਤੇ 1811 ਈ. ਵਿਚ ਟਰੈਗ ਨਾਲ ਮਿਲ ਕੇ ਇਕੋ ਸ਼ਹਿਰ ਹੀ ਬਣ ਗਈਆਂ ਜਿਨ੍ਹਾਂ ਤੇ ਇਨ੍ਹਾਂ ਦਾ ਨਾਂ ਡ੍ਰਾਮਨ ਰੱਖਿਆ ਗਿਆ।

ਆਬਾਦੀ – 51,880 (1990)

59°44′ ਉ. ਵਿਥ.; 10°15′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 3 : 656

**ਡ੍ਰਾਮਨ** : ਦੱਖਣੀ-ਪੂਰਬੀ ਨਾਰਵੇ ਦੀ ਬੁਸਕਾਰੂ ਕਾਉਂਟੀ ਵਿਚ ਵਗਣ ਵਾਲਾ ਇਹ ਇਕ ਦਰਿਆ ਹੈ ਜਿਸ ਨੂੰ ਡ੍ਰਾਮਨਸਲਵਾ ਜਾਂ ਡ੍ਰਾਮ ਵੀ ਆਖਦੇ ਹਨ। ਇਹ ਹੇਲਿੰਗ ਪਰਬਤਾਂ ਦੀਆਂ ਢਲਾਣਾਂ ਉਪਰੋਂ ਨਿਕਲ ਕੇ ਪੂਰਬ-ਉੱਤਰ-ਪੂਰਬ ਦੀ ਦਿਸ਼ਾ ਵਿਚ ਵਗਦਾ ਹੋਇਆ ਗਾਲ ਸ਼ਹਿਰ ਵਿਚ ਦਾਖ਼ਲ ਹੋ ਜਾਂਦਾ ਹੈ ਅਤੇ ਇਸ ਤੋਂ ਅੱਗੇ ਇਹ-ਦੱਖਣ-ਦੱਖਣ-ਪੂਰਬ ਵੱਲ ਮੋੜ ਕੱਟਦਾ ਹੋਇਆ ਕੁੱਲ 309 ਕਿ. ਮੀ. ਦਾ ਪੈਂਡਾ ਤੈਅ ਕਰਕੇ ਡ੍ਰਾਮਨ ਸ਼ਹਿਰ ਨੇੜੇ ਦੀ ਡੂੰਘੀ ਘਾਟੀ ਵਿਚ ਡਿਗ ਕੇ ਸਮੁੰਦਰ ਵਿਚ ਲੋਪ ਹੋ ਜਾਂਦਾ ਹੈ। ਇਹ 17,100 ਵ. ਕਿ. ਮੀ. ਖੇਤਰ ਦਾ ਜਲ-ਨਿਕਾਸ ਕਰਦਾ ਹੈ। ਇਸ ਉਪਰ ਪਣ-

ਬਿਜਲੀ ਲਈ ਬਣੇ ਬੰਨ੍ਹਾਂ ਕਰਕੇ ਇਹ ਦਰਿਆ ਸੋਧ ਜਿਹੀ ਵਿਚ ਇਕੋ ਵੇਗ ਨਾਲ ਵਗਦਾ ਜਾਂਦਾ ਹੈ। ਇਸ ਦੇ ਆਸ ਪਾਸ ਕਾਗਜ਼ ਬਣਾਉਣ ਅਤੇ ਲਕੜੀ ਚੀਰਨ ਦੇ ਕਾਰਖ਼ਾਨੇ ਵੀ ਲੱਗੇ ਹੋਏ ਹਨ।

59°44′ ਉ. ਵਿਥ. ; 10°44′ ਪੂ. ਲੰਬ.

ਹ. ਪੁ.– ਐਨ. ਬ੍ਰਿ. ਮਾ. 3 : 214

**ਡ੍ਰਾਮੀਡਰੀ** : ਇਹ ਅਰਬੀ ਉਠਾਂ ਦੀ ਇਕ ਕੁਹਾਠ ਵਾਲੀ, ਇਕ ਜਾਤੀ ਦੀ ਬਹੁਤ ਚੁਸਤ ਅਤੇ ਸਵਾਰੀ ਕਰਨ ਵਾਲੀ ਨਸਲ ਦਾ ਨਾਂ ਹੈ। (ਵਿਸਤਾਰ ਲਈ ਵੇਖੋ ਉਠ)।

ਹ. ਪੁ.– ਐਨ. ਬ੍ਰਿ. 7 : 669

**ਡਰਾਵਾ** : ਇਹ ਦੱਖਣ ਕੇਂਦਰੀ ਯੂਰਪ ਵਿਚ ਡੈਨਿਊਬ ਦਰਿਆ ਦੀ ਸੱਜੇ ਕੰਢੇ ਦੀਆਂ ਸਹਾਇਕ ਨਦੀਆਂ ਵਿਚੋਂ ਮੁੱਖ ਨਦੀ ਹੈ। ਇਹ ਇਟਲੀ ਵਿਚ ਡੋਬੀਆਕੋ ਦੇ ਨਜ਼ਦੀਕ ਕਾਰਨਿਕ ਐਲਪਸ ਪਹਾੜਾਂ ਵਿਚੋਂ ਨਿਕਲਦੀ ਹੈ ਅਤੇ ਪੂਰਬੀ ਦਿਸ਼ਾ ਵਿਚ ਵਹਿੰਦੀ ਹੋਈ ਆਸਟ੍ਰੀਆ ਵਿਚੋਂ ਲੰਘਦੀ ਹੈ। ਇਥੇ ਇਸ ਨੂੰ ਡਰੈਊ ਕਿਹਾ ਜਾਂਦਾ ਹੈ। ਇਹ ਨਦੀ 719 ਕਿ. ਮੀ. ਲੰਮੀ ਹੈ। ਡਰੈਊਥਾਲ ਇਸ ਦੀ ਐਲਪਸ ਪਹਾੜੀਆਂ ਵਿਚ ਪੈਂਦੀ ਇਕ ਲੰਬੀ ਵਾਦੀ ਹੈ। ਯੂਗੋਸਲਾਵੀਆ ਵਿਚ ਲਿਗਰਾਡ ਦੇ ਨਜ਼ਦੀਕ ਮੁਰਾ ਨਦੀ ਇਸ ਨਾਲ ਆ ਮਿਲਦੀ ਹੈ। ਇਥੋਂ ਇਹ ਯੂਗੋਸਲਾਵੀਆ ਤੇ ਹੰਗਰੀ ਦੀ ਹੱਦਬੰਦੀ ਕਰਦੀ ਹੋਈ ਅੱਗੇ ਵਹਿੰਦੀ ਹੈ।

ਡਰਾਵਾ ਉਪਰ ਬਣੇ ਕਈ ਜਲ-ਬਿਜਲੀ ਸਟੇਸ਼ਨ ਆਸਟ੍ਰੀਆ ਦੀ ਕੁੱਲ ਬਿਜਲੀ ਦਾ ਤੀਜਾ ਹਿੱਸਾ ਪੈਦਾ ਕਰਦੇ ਹਨ। ਇਸ ਦੀ ਤੇਜ਼ ਚਾਲ ਕਿਸ਼ਤੀਆਂ ਵਾਲਿਆਂ ਲਈ ਖ਼ਤਰਾ ਬਣੀ ਰਹਿੰਦੀ ਹੈ। ਸਿਰਫ਼ ਵਿਲੈਚ ਅਤੇ ਆਸਟ੍ਰੀਆ ਵਿਚਲੇ ਭਾਗ ਵਿਚ ਜਹਾਜ਼ਰਾਨੀ ਹੋ ਸਕਦੀ ਹੈ। ਪੂਰਬ ਵਲੋਂ ਹੂਨ ਅਤੇ ਸਲਾਵ ਧਾੜਵੀ ਡਰਾਵਾ ਵਾਦੀ ਰਾਹੀਂ ਹੀ ਐਲਪਾਈਨ ਦੇਸ਼ਾਂ ਵਿਚ ਦਾਖ਼ਲ ਹੋਏ ਸਨ। ਆਸਟ੍ਰੀਆ ਅਤੇ ਯੂਗੋਸਲਾਵੀਆ ਦੇ ਕਈ ਪ੍ਰਸਿੱਧ ਸ਼ਹਿਰ ਇਸ ਦੇ ਕੰਢਿਆਂ ਉਤੇ ਵੱਸੇ ਹੋਏ ਹਨ।

ਹ. ਪੁ.– ਐਨ. ਬ੍ਰਿ. ਮਾ. 3 : 658 ; ਐਨ. ਅਮੈ. 9 : 361

**ਡ੍ਰਿੰਕਵਾਟਰ, ਜਾਨ** : ਇਹ ਇਕ ਅੰਗਰੇਜ਼ ਕਵੀ,



ਜਾਨ ਡਰਿੰਕਵਾਟਰ

ਨਾਟਕਕਾਰ ਅਤੇ ਆਲੋਚਕ ਸੀ ਜਿਹੜਾ 1910ਵੇਂ ਅਤੇ 1920ਵੇਂ ਦਹਾਕਿਆਂ ਵਿਚ ਜਾਰਜੀਅਨ ਯੁੱਗ ਦਾ ਖ਼ਾਸ ਵਿਦਵਾਨ ਸਮਝਿਆ ਜਾਂਦਾ ਸੀ। ਇਸ ਦਾ ਜਨਮ ਪਹਿਲੀ ਜੂਨ, 1882 ਨੂੰ ਐਸੈਕਸ ਵਿਚ ਲੈਟਨਸਟੋਨ ਵਿਖੇ ਹੋਇਆ। ਇਸ ਨੇ ਆੱਕਸਫ਼ੋਰਡ ਹਾਈ ਸਕੂਲ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ ਇਸ ਪਿੱਛੋਂ 12 ਸਾਲ ਇੰਸ਼ਿਓਰੈਂਸ ਕਲਰਕ ਰਿਹਾ। ਸੰਨ 1907 ਵਿਚ ਇਸ ਨੇ 'ਪਿਲਗ੍ਰਿਮ ਪਲੇਅਰਜ਼' ਦੀ ਸਥਾਪਨਾ ਲਈ ਮਦਦ ਕੀਤੀ ਅਤੇ 1909 ਵਿਚ ਇਹ ਇਕ ਪੇਸ਼ਾਵਰ ਨਾਟ ਮੰਡਲੀ ਦੇ ਥੀਏਟਰ ਦਾ ਮੈਨੇਜਰ ਬਣਿਆ ਜੋ ਬਾਅਦ ਵਿਚ ਬਰਮਿੰਘਮ ਰੈਪਰਟਰੀ ਥੀਏਟਰ ਕੰਪਨੀ ਬਣੀ।

ਇਸ ਦੀਆਂ ਕਵਿਤਾਵਾਂ 'ਕੁਲੈਕਟਿਡ ਪੋਇਮਜ਼' (1923) ਅਤੇ 'ਸਮਰ ਹਾਰਵੈਸਟ' (1934) ਵਿਚ ਪ੍ਰਕਾਸ਼ਤ ਹੋਈਆਂ। ਇਸ ਦਾ ਪਹਿਲਾ ਨਾਟਕ Cophetua (1911) ਵਿਚ ਲਿਖਿਆ ਗਿਆ। ਇਸ ਦੀਆਂ ਆਲੋਚਨਾਤਮਕ ਰਚਨਾਵਾਂ ਵਿਚ 'ਵਿਲੀਅਮ ਮਾੱਰਿਸ' (1912), 'ਸਵਿਨਬਰਨ' (1913) ਆਦਿ ਸ਼ਾਮਲ ਹਨ। ਇਸ ਨੇ ਤਿੰਨ ਇਤਿਹਾਸਕ ਨਾਟਕ 'ਮੈਰੀ ਸਟੂਅਰਟ' (1921), 'ਆੱਲੀਵਰ ਕ੍ਰਾਮਵੈੱਲ' (1921) ਅਤੇ 'ਰਾਬਰਟ ਈ. ਲੀ.' (1923) ਵੀ ਲਿਖੇ। ਇਸ ਤੋਂ ਬਿਨਾਂ ਇਸ ਦੀਆਂ ਹੋਰ ਰਚਨਾਵਾਂ 'ਇਬਰਾਹੀਮ ਲਿੰਕਨ' (1918), 'ਬਰ੍ਹਡ ਇਨ ਹੈੱਡ' (1927), 'ਗੀਬੈਲੀਅਨ' (1914), 'ਦੀ ਪਿਲਗ੍ਰਿਮ ਆਫ਼ ਈਟਰਨਿਟੀ' (1925) 'ਚਾਰਲਸ ਜੇਮਜ਼ ਫਾਕਸ' (1928), 'ਪੈਪੀਸ਼' (1930), 'ਇਨਹੈਰੀਟੈਂਸ' (1931) ਅਤੇ 'ਡਿਸਕਵਰੀ' (1932) ਆਦਿ ਹਨ।

25 ਮਾਰਚ, 1937 ਨੂੰ ਲੰਡਨ ਵਿਚ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.– ਐਨ. ਬ੍ਰਿ. ਮਾ. 3 : 669; ਐਨ. ਅਮੈ. 9 : 337

**ਡਰਿੱਲ** : ਇਹ ਸਖ਼ਤ ਪਦਾਰਥਾਂ ਵਿਚ ਸੁਰਾਖ਼ ਮਾਰਨ ਵਾਲੀ ਇਕ ਮਸ਼ੀਨ ਹੈ। ਡਰਿੱਲ ਨੂੰ ਘੁੰਮਣਸ਼ੀਲ ਸ਼ਾਫਟ ਵਿਚ ਪਕੜਿਆ ਜਾਂਦਾ ਹੈ ਅਤੇ ਜਿਸ ਪਦਾਰਥ ਜਾਂ ਜਾੱਬ (Workpiece) ਅੰਦਰ, ਜਿਸ ਵਿਚ ਸੁਰਾਖ਼ ਮਾਰਨਾ ਹੋਵੇ ਧੱਕਿਆ ਜਾਂਦਾ ਹੈ। ਜਾੱਬ ਨੂੰ ਮੇਜ਼ ਉਤੇ ਲਗੇ ਹੋਏ ਸ਼ਿਕੰਜੇ ਵਿਚ ਕਸਿਆ ਜਾਂਦਾ ਹੈ। ਡਰਿੱਲ ਨੂੰ ਆਮ ਕਰਕੇ ਤਿੰਨ ਜਬਾੜਿਆਂ ਵਾਲੇ ਚੱਕ ਵਿਚ ਪਕੜਿਆ ਜਾਂਦਾ ਹੈ ਜਿਹੜੇ ਰੇਡੀਅਲੀ ਇਕੋ ਜਿੰਨੇ ਖੁਲ੍ਹਦੇ ਜਾਂ ਕਸੇ ਜਾਂਦੇ ਹਨ ਜਾਂ ਫਿਰ ਇਸ ਨੂੰ, ਜੇਕਰ ਇਹ ਤਿਰਛੇ ਦਸਤੇ ਵਾਲੀ ਹੋਵੇ, ਸ਼ਾਫਟ ਦੇ ਤਿਰਛੇ ਸੁਰਾਖ਼ ਵਿਚ ਫਿਟ ਕੀਤਾ ਜਾਂਦਾ ਹੈ। ਹਮੇਸ਼ਾਂ ਬਦਲਵੀਂ ਸ਼ਾਫ਼ਟ ਸਪੀਡ ਦਾ ਪ੍ਰਬੰਧ ਕੀਤਾ ਹੁੰਦਾ ਹੈ ਅਤੇ ਕੁਝ ਕੁ ਮਸ਼ੀਨਾਂ ਵਿਚ ਡਰਿੱਲ ਦਾ ਜਾੱਬ ਅੰਦਰ ਆਪਣੇ ਆਪ ਜਾਣ ਦਾ ਪ੍ਰਬੰਧ ਵੀ ਕੀਤਾ ਹੁੰਦਾ ਹੈ।




ਡਰਿੱਲ

ਸਾਧਾਰਣ ਵਰਕਸ਼ਾਪ ਵਿਚ ਜਿਥੇ ਡਰਿੱਲ ਮਸ਼ੀਨ ਦੀ ਕਦੇ ਕਦਾਈਂ ਲੋੜ ਪੈਂਦੀ ਹੈ, ਦੀ ਕੇਵਲ ਇਕ ਸ਼ਾਫ਼ਟ ਹੁੰਦੀ ਹੈ। ਇਕ ਜਾੱਬ ਵਿਚ ਵੱਖੋ ਵੱਖਰੇ ਸਾਈਜ਼ ਦੇ ਇਕੋ ਸਮੇਂ ਇਕੱਠੇ ਜਾਂ ਇਕ ਤੋਂ ਬਾਅਦ

ਦੂਜਾ ਸੁਰਾਖ਼ ਮਾਰਨ ਲਈ ਬਹੁ-ਸ਼ਾਫ਼ਟ (Multiple spindle) ਮਸ਼ੀਨਾਂ ਵੀ ਉਪਲੱਬਧ ਹਨ। ਜਦੋਂ ਇਕੋ ਜਿਹੇ ਪੁਰਜ਼ਿਆਂ ਦਾ ਵੱਡੀ ਮਾਤਰਾ ਵਿਚ ਉਤਪਾਦਨ ਕਰਨਾ ਹੋਵੇ ਤਾਂ ਵਿਸ਼ੇਸ਼ ਡਰਿਲਿੰਗ ਮਸ਼ੀਨਾਂ, ਜਿਨ੍ਹਾਂ ਵਿਚ ਜਾੱਬ ਦੇ ਲਿਹਾਜ ਨਾਲ ਵੱਖੋ ਵੱਖਰੇ ਸਾਈਜ਼ ਦੀਆਂ ਸ਼ਾਫ਼ਟਾਂ ਲਗੀਆਂ ਹੋਣ, ਤਿਆਰ ਕੀਤੀਆਂ ਜਾ ਸਕਦੀਆਂ ਹਨ। ਬੇਸ਼ਕ ਡਰਿੱਲ ਮਸ਼ੀਨਾਂ ਦਾ ਉਪਯੋਗ ਆਮ ਹਾਲਤਾਂ ਵਿਚ ਸੁਰਾਖ਼ ਮਾਰਨ ਲਈ ਹੀ ਕੀਤਾ ਜਾਂਦਾ ਹੈ ਪ੍ਰੰਤੂ ਇਨ੍ਹਾਂ ਵਿਚ ਬੋਰਿੰਗ ਟੂਲ ਕਸਕੇ ਸੁਰਾਖ਼ ਵੱਡੇ ਕਰਨ ਦਾ ਕੰਮ ਅਤੇ ਰੀਮਰ ਨਾਲ ਫ਼ਿਨਿਸ਼ਿੰਗ ਕਰਨ ਦਾ ਕੰਮ ਵੀ ਕੀਤਾ ਜਾਂਦਾ ਹੈ। ਖ਼ਾਸ ਕਿਸਮ ਦੇ ਟੈਪਿੰਗ ਅਟੈਚਮੈਂਟ ਅਤੇ ਮੁਸ (Tap) ਨਾਲ ਸੁਰਾਖ਼ ਦੇ ਅੰਦਰਵਾਰ ਚੂੜੀਆਂ ਵੀ ਪਾਈਆਂ ਜਾਂਦੀਆਂ ਹਨ।

ਹ. ਪੁ.- ਐਨ. ਬ੍ਰਿ. ਮਾ. 3 : 663; ਮੈਕ. ਐਨ. ਸ. ਟ. (1977) 4 : 311

**ਡ੍ਰਿੱਲ (Drill)** : ਇਹ ਕੈਮਰੂਨਜ਼ ਵਿਚ ਮਿਲਣ ਵਾਲਾ ਇਕ ਵੱਡਾ, ਛੋਟੀ ਪੂਛ ਵਾਲਾ, ਬੈਬੂਨ (Papio (Mandrillus) leucophaeus) ਹੈ। ਇਹ ਮੈਂਡਰਿਲ ਨਾਲ ਮਿਲਦਾ ਜੁਲਦਾ ਹੈ ਪਰ ਉਸ ਤੋਂ ਛੋਟਾ ਹੁੰਦਾ ਹੈ ਤੇ ਇਸ ਦਾ ਚਿਹਰਾ ਕਾਲੇ ਰੰਗ ਦਾ ਹੁੰਦਾ ਹੈ। ਹੇਠਲਾ ਬੁਲ੍ਹ ਸ਼ੋਖ਼ ਕਿਰਮਚੀ ਰੰਗ ਦਾ, ਚਿਹਰੇ ਦੇ ਦੁਆਲੇ ਅਤੇ ਕੰਨਾਂ ਦੇ ਪਿੱਛੇ ਪਿਲੱਤਣ ਵਾਲੇ ਚਿੱਟੇ ਰੰਗ ਦੇ ਵਾਲ ਹੁੰਦੇ ਹਨ ਤੇ ਬਾਕੀ ਸਰੀਰ ਦਾ ਰੰਗ ਜ਼ੈਤੂਨੀ ਭੂਰਾ ਹੁੰਦਾ ਹੈ।

ਹ. ਪੁ.- ਐਨ. ਬ੍ਰਿ. 7 : 661

**ਡਰਿਲਿੰਗ ਮਸ਼ੀਨਰੀ** : ਇਸ ਮਸ਼ੀਨਰੀ ਦਾ ਉਪਯੋਗ ਧਰਤੀ ਵਿਚ ਛੇਕ ਕਰਨ ਲਈ ਕੀਤਾ ਜਾਂਦਾ ਹੈ। ਇਹ ਕੱਚਾ ਪੈਟਰੋਲ, ਕੁਦਰਤੀ ਗੈਸ, ਪਾਣੀ ਅਤੇ ਲੂਣਾਂ ਦੀ ਭਾਲ ਕਰਨ ਲਈ ਅਤੇ ਵਿਗਿਆਨਕ ਵਿਸਫ਼ੋਟਕਾਂ ਲਈ ਲਾਹੇਵੰਦ ਹੁੰਦੀ ਹੈ। ਸੁਰੰਗਾਂ, ਖਾਣ-ਖੁਦਾਈ ਅਤੇ ਹੋਰ ਕਿਸੇ ਕਿਸਮ ਦੀ ਖੁਦਾਈ ਦੌਰਾਨ ਵਿਸਫ਼ੋਟਕ ਪਦਾਰਥ ਰੱਖਣ ਲਈ ਛੇਕ ਕੀਤੇ ਜਾਂਦੇ ਹਨ।

ਬਹੁਤੀਆਂ ਆਧੁਨਿਕ ਡਰਿਲਿੰਗ ਮਸ਼ੀਨਾਂ ਚੋਟ ਮਾਰਨ ਵਾਲੀਆਂ, ਚਟਾਨਾਂ ਛਿਲਣ ਵਾਲੀਆਂ ਜਾਂ ਸੱਟ ਮਾਰਕੇ ਰਗੜਨ ਵਾਲੀਆਂ ਜਾਂ ਘੁੰਮਣਸ਼ੀਲ ਕਟਾਈ ਜਾਂ ਰਗੜਾਈ ਕਰਨ ਵਾਲੀਆਂ ਹਨ। ਇਕ ਮਿਸ਼ਰਿਤ ਘੁੰਮਣਸ਼ੀਲ-ਸੱਟ ਮਾਰਨ ਵਾਲੀ ਡਰਿੱਲ ਨਾਲ ਛੇਕ ਕਰਦੇ ਸਮੇਂ ਜਦੋਂ ਕੋਈ ਸਖ਼ਤ ਪਰਤ ਆਉਂਦੀ ਹੈ ਤਾਂ ਇਸ ਵਿਚ ਦੋਵੇਂ ਤਰ੍ਹਾਂ ਦੀ ਕਿਰਿਆ ਹੁੰਦੀ ਹੈ।

ਸਾਧਾਰਣ ਘੁੰਮਣਸ਼ੀਲ ਡਰਿੱਲ ਹੱਥ ਚਲਿਤ ਵਰਮੇ ਵਰਗੀ ਹੁੰਦੀ ਹੈ, ਜਿਹੜਾ ਤਰਖਾਣੇ ਕੰਮ ਲਈ ਵਰਤੇ ਜਾਣ ਵਾਲੇ ਵਰਮੇ ਨਾਲ ਮਿਲਦਾ ਜੁਲਦਾ ਹੈ। ਵਰਮੇ ਦੀ ਵਰਤੋਂ ਮੁੱਖ ਤੌਰ ਤੇ ਨਰਮ ਧਰਤੀ ਵਿਚ ਛੇਕ ਕਰਨ ਲਈ ਕੀਤੀ ਜਾਂਦੀ ਹੈ ਜਿਸ ਦੇ ਨਾਲ ਵਲਦਾਰ ਜਾਂ ਡੋਡੀ-ਨੁਮਾ ਡਰਿੱਲ ਲਗੀ ਹੁੰਦੀ ਹੈ। ਇਹ ਧਾਤ ਦੀ ਲੱਠ ਨਾਲ ਸਾੱਕਿਟ ਜੋੜ ਰਾਹੀਂ ਜੋੜੀ ਹੁੰਦੀ ਹੈ। ਜਿਉਂ ਜਿਉਂ ਛੇਕ ਡੂੰਘਾ ਹੁੰਦਾ ਜਾਂਦਾ ਹੈ ਲੱਠ ਦੇ ਨਾਲ ਇਕ ਤੋਂ ਬਾਅਦ ਦੂਜੀ, ਤੀਜੀ ਇਸ ਤਰ੍ਹਾਂ ਹੋਰ ਲੱਠਾਂ ਜੋੜੀ ਜਾਂਦੇ ਹਨ। ਲੱਠਾਂ ਨੂੰ ਖ਼ਿਤਿਜੀ ਲੀਵਰਾਂ ਦੀ ਸਹਾਇਤਾ ਨਾਲ ਸਿੱਧਾ ਰੱਖਿਆ ਜਾਂਦਾ ਹੈ। ਵਧੇਰੇ ਚੌੜੇ ਸੁਰਾਖ਼ਾਂ ਲਈ ਵਰਮਾ ਕਰੇਨ ਵੀ ਵਰਤੀ ਜਾ ਸਕਦੀ ਹੈ।

ਘੁੰਮਣਸ਼ੀਲ ਡਰਿਲਿੰਗ ਮਸ਼ੀਨ ਦਾ ਕਿਸੇ ਵੀ ਕੋਣ ਉਤੇ ਇਸਤੇਮਾਲ ਕੀਤਾ ਜਾ ਸਕਦਾ ਹੈ, ਇਹ ਧਰਤੀ ਹੇਠ੍ਹਾਂ ਖਾਣ-ਖੁਦਾਈ ਕਰਨ ਲਈ ਠੀਕ ਰਹਿੰਦੀ ਹੈ।

ਬਹੁਤੀਆਂ ਘੁੰਮਣਸ਼ੀਲ ਡਰਿਲਿੰਗ ਮਸ਼ੀਨਾਂ ਵਿਚ ਆਮ ਕਰਕੇ ਸਟੀਲ ਦੀਆਂ ਖੋਖਲੀਆਂ ਛੜਾਂ ਵਰਤੀਆਂ ਜਾਂਦੀਆਂ ਹਨ ਤਾਂ ਜੋ ਡਰਿੱਲ ਨੂੰ ਠੰਢਾ ਰਖਣ ਲਈ ਪਾਣੀ ਜਾਂ ਕਿਸੇ ਹੋਰ ਤਰਲ ਦਾ ਇਸਤੇਮਾਲ ਕੀਤਾ ਜਾ ਸਕੇ। ਘੁੰਮਣਸ਼ੀਲ ਡਰਿੱਲ ਦੀ ਬਿਟ ਜਾਂ ਨੋਕ ਤਿੰਨ ਤਰ੍ਹਾਂ ਦੀ ਹੁੰਦੀ ਹੈ।

1. **ਡਰੈਗ ਬਿਟ** -ਦੋ, ਤਿੰਨ ਜਾਂ ਚਾਰ ਫਾਲਿਆਂ ਵਾਲੀ ਅਤੇ ਕਦੇ ਕਦਾਈਂ ਟੰਗਸਟਨ ਕਾਰਬਾਈਡ ਦੇ ਸਿਰਿਆਂ ਵਾਲੀ ਹੁੰਦੀ ਹੈ, ਜਿਹੜੀ ਆਮ ਕਰਕੇ ਨਰਮ ਚਟਾਨਾਂ ਵਿਚ ਛੇਕ ਕਰਨ ਲਈ ਵਰਤੀ ਜਾਂਦੀ ਹੈ।

2. **ਰੋਲਰ ਬਿਟ** - ਇਹ ਫਾਨਾ-ਆਕਾਰ ਵਾਲੇ ਦੰਦੇ ਰਾਹੀਂ ਪੀੜਨ ਕਿਰਿਆ ਨਾਲ ਚਲਣ ਵਾਲੀ ਹੁੰਦੀ ਹੈ ਜਿਹੜੀ ਸਖ਼ਤ ਚਟਾਨਾਂ ਵਿਚ ਛੇਕ ਕਰਨ ਲਈ ਵਰਤੀ ਜਾਂਦੀ ਹੈ।

3. **ਹੀਰਾ-ਬਿਟ** - ਇਹ ਚਟਾਨਾਂ ਦੀ ਰਗੜਾਈ ਕਰਦੀਆਂ ਹਨ। ਕੋਰਿੰਗ. ਕਿਸਮ ਦੀ ਹੀਰਾ-ਬਿਟ ਗੋਲਾਕਾਰ ਛੇਕ ਕਰਦੀ ਹੈ ਜਿਸ ਦੀ ਕੋਰ ਛੇਕ ਹੋ ਰਹੀ ਪਰਤ ਬਾਰੇ ਨਮੂਨਾ ਮੁਹੱਈਆ ਕਰਦੀ ਹੈ। ਇਸ ਦੀ ਵਰਤੋਂ ਛਾਣ-ਬੀਣ ਲਈ ਕੀਤੀ ਜਾਂਦੀ ਹੈ।

ਸੱਟ ਮਾਰਨ ਵਾਲੀ ਡਰਿਲਿੰਗ ਘੁੰਮਣਸ਼ੀਲ ਡਰਿਲਿੰਗ ਨਾਲੋਂ ਹੌਲੀ ਕੰਮ ਕਰਦੀ ਹੈ ਪ੍ਰੰਤੂ ਇਸ ਦੀ ਵਰਤੋਂ ਘੱਟ ਡੂੰਘੀਆਂ ਥਾਵਾਂ ਉੱਤੇ ਹੁੰਦੀ ਹੈ। ਸੱਟ ਮਾਰਨ ਵਾਲੀ ਡਰਿਲਿੰਗ ਵਿਚ ਔਜ਼ਾਰ ਨਾਲ ਲੱਗੀ ਛੜ ਜਾਂ ਕੇਬਲ ਉਤੇ ਲਗਾਤਾਰ ਸੱਟਾਂ ਮਾਰੀਆਂ ਜਾਂਦੀਆਂ ਹਨ ਅਤੇ ਨਾਲ ਨਾਲ ਔਜ਼ਾਰ ਨੂੰ ਘੁੰਮਾਇਆ ਜਾਂਦਾ ਹੈ ਤਾਂ ਜੋ ਹਰ ਸੱਟ ਸਮੇਂ ਨਵੀਂ ਥਾਂ ਇਸਦੇ ਪ੍ਰਭਾਵ ਥੱਲੇ ਆਵੇ।

ਸੱਟ ਮਾਰਨ ਵਾਲੀ ਇਕ ਹੋਰ ਸਾਧਾਰਣ ਡਰਿੱਲ ਵਿਚ ਦੋਵੇਂ ਪਾਸੇ ਜਾਂ ਇਕ ਤੋਂ ਵੱਧ ਖੁਲ੍ਹੇ ਮੂੰਹ ਵਾਲੀਆਂ ਕਮਾਏ ਲੋਹੇ ਦੀ ਪਾਈਪ ਦੀਆਂ ਲੰਬਾਈਆਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਭਾਰੇ ਹਥੌੜੇ ਨਾਲ ਧੱਕਿਆ ਜਾਂਦਾ ਹੈ ਜਾਂ ਫਿਰ ਵਧੇਰੇ ਵੱਡੇ ਛੇਕਾਂ ਲਈ ਲਾਈਟ ਪਾਈਲ ਚਾਲਕ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪਹਿਲੇ ਪਾਈਪ ਦੇ ਅੰਦਰ ਦੂਜਾ ਪਾਈਪ ਸੁਟਿਆ ਜਾਂਦਾ ਹੈ ਅਤੇ ਇਸ ਦੇ ਅੰਦਰ ਪਾਣੀ ਪਾਇਆ ਜਾਂਦਾ ਹੈ ਤਾਂ ਜੋ ਮਿੱਟੀ ਪਾਸੇ ਹਟਦੀ ਜਾਵੇ ਅਤੇ ਗਾਦ ਬਾਹਰ ਨਿਕਲਦੀ ਰਹੇ। ਡੂੰਘੀ ਜਾਂ ਡੀਪ ਬੋਰਿੰਗ ਲਈ ਇਨ੍ਹਾਂ ਢੰਗਾਂ ਦੀ ਥਾਂ ਹੁਣ ਘੁੰਮਣਸ਼ੀਲ ਡਰਿਲਿੰਗ ਨੇ ਲੈ ਲਈ ਹੈ।

ਰੱਕ ਡਰਿੱਲ ਦੀ ਕਾਢ ਹੋ ਜਾਣ ਤੋਂ ਕਾਫ਼ੀ ਚਿਰ ਮਗਰੋਂ ਵੀ ਖਾਣ-ਖੁਦਾਈ ਲਈ ਦੋ ਆਦਮੀਆਂ ਵਾਲਾ ਮਨੁੱਖੀ ਢੰਗ ਹੀ ਵਰਤਿਆ ਜਾਂਦਾ ਰਿਹਾ ਹੈ। ਇਕ ਆਦਮੀ ਡਰਿੱਲ ਨੂੰ ਘੁੰਮਾਉਂਦਾ ਹੈ ਜਦੋਂ ਕਿ ਦੂਜਾ ਇਸ ਉੱਤੇ ਹਥੌੜੇ ਨਾਲ ਚੋਟ ਮਾਰਦਾ ਹੈ। ਡਰਿਲਿੰਗ ਮਸ਼ੀਨਰੀ ਵਿਚ ਵਧੇਰੇ ਵਿਕਾਸ ਸੁਰੰਗਾਂ ਦੀ ਖੁਦਾਈ ਕਰਨ ਵਾਲਿਆਂ ਨੇ ਕੀਤਾ ਹੈ। ਸੰਨ 1850 ਤੇ 1860 ਦੇ ਲਗਭਗ ਫ਼ਰਾਂਸ ਅਤੇ ਇਟਲੀ ਵਿਚਕਾਰ ਦੀ ਮਾਂਟ ਸੈਨਿਸ (ਫਰੇਜਸ) ਸੁਰੰਗ ਅਤੇ ਮੈਸਾਚੂਸੈੱਟਸ ਵਿਚ ਦੀ ਹੂਜੈਕ ਸੁਰੰਗ ਪੁੱਟੀਆਂ ਗਈਆਂ। ਇਨ੍ਹਾਂ ਵਿਚ ਰੱਕ-ਡਰਿਲਿੰਗ ਮਸ਼ੀਨਾਂ ਦੀ ਵਰਤੋਂ ਕੀਤੀ ਗਈ ਸੀ। ਇਹ ਸੁਰੰਗਾਂ ਇਨ੍ਹਾਂ ਮਸ਼ੀਨਾਂ ਦੇ ਵਿਕਾਸ ਸਬੰਧੀ ਹੋਈਆਂ ਖੋਜਾਂ ਲਈ ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਕੰਪਰੈਸਡ ਏਅਰ ਡਰਿੱਲਾਂ ਵੀ ਇਕ ਹਨ।

ਸਭ ਤੋਂ ਪਹਿਲਾਂ ਪੇਟੈਂਟ ਹੋਣ ਵਾਲੀ ਰੱਕ ਡਰਿੱਲ ਦੀ ਕਾਢ 1849 ਵਿਚ ਫ਼ਿਲਾਡੈਲੱਫੀਆ ਦੇ ਜੇ.ਜੇ-ਕਾਊਚ ਨੇ ਕੀਤੀ । ਇਸ ਦੀ ਡਰਿੱਲ ਰਾੱਡ ਖੋਖਲੇ ਪਿਸਟਨ ਵਿਚੋਂ ਦੀ ਲੰਘਦੀ ਸੀ ਜਿਹੜੀ ਚਟਾਨ ਉੱਤੇ ਮੱਛੀ ਦੀ ਤਰ੍ਹਾਂ ਟਕਰਾਉਂਦੀ ਸੀ। ਇਸ ਤੋਂ ਬਾਅਦ ਇਸਨੂੰ ਗਰਿਪਰ ਪਕੜ ਲੈਂਦਾ ਸੀ ਅਤੇ ਫਿਰ ਮੁੜ ਪਿਸਟਨ ਦੁਆਰਾ

ਪਹਿਲਾਂ ਵਾਂਗ ਚਟਾਨ ਉੱਤੇ ਮਾਰੀ ਜਾਂਦੀ ਸੀ। ਵਰਣਨਯੋਗ ਕਾਢ ਹੈਮਰਿੰਗ-ਟਾਈਪ ਰੱਕ ਡਰਿੱਲ ਦੀ ਸੀ ਜਿਹੜੀ ਕਿ ਉਪੱਰਲੇ ਪਾਸੇ (ਛੱਤ ਵਰਗੀਆਂ ਚਟਾਨਾਂ) ਵਲ ਡਰਿਲਿੰਗ ਕਰਨ ਲਈ ਵਰਤੀ ਜਾਂਦੀ ਸੀ। ਇਹ ਡੈਨਵਰ ਮਕੈਨਿਕ ਸੀ. ਐੱਚ. ਸ਼ਾਅ ਨੇ 1890 ਤੋਂ ਪਹਿਲਾਂ ਬਣਾਈ ਸੀ। ਚਟਾਨ ਦੇ ਕੱਟੇ ਹੋਏ ਟੁਕੜੇ ਗੁਰੁਤਾ ਕਾਰਨ ਥੱਲੇ ਡਿਗਦੇ ਰਹਿੰਦੇ ਸਨ। ਕਾਲੋਰਾਡੋ ਅਤੇ ਕੈਲੀਫ਼ੋਰਨੀਆ ਦੀਆਂ ਖਾਣਾਂ ਵਿਚ ਇਸ ਮਸ਼ੀਨ ਨੂੰ ਸਟਾਪਰ ਕਿਹਾ ਜਾਂਦਾ ਸੀ। ਇਸ ਨੂੰ ਗੈਸ ਦੁਆਰਾ ਸਹੀ ਥਾਂ ਉੱਤੇ ਰੱਖਿਆ ਜਾਂਦਾ ਸੀ ਅਤੇ ਸਟੀਲ ਜਾਂ ਫੌਲਾਦ ਨੂੰ ਚਟਾਨ ਦੇ ਅੰਦਰ ਧੱਕਿਆ ਜਾਂਦਾ ਸੀ। ਮਰਿੰਗ ਕਿਰਿਆ ਤੇ ਏਅਰ-ਲੈੱਗ ਫੀਡ ਦੋਵੇਂ ਖੋਜਾਂ ਆਧੁਨਿਕ ਮਸ਼ੀਨਾਂ ਲਈ ਮਹੱਤਵਪੂਰਨ ਹੋ ਗਈਆਂ। ਖੋਖਲੀ ਡਰਿੱਲ ਦੇ ਨਾਲ ਹਵਾ ਦੀ ਚੈਨਲ ਲਗਾ ਕੇ ਛੇਕ ਦੇ ਹੇਠਾਂ ਤਕ ਨਪੀੜਤ ਹਵਾ ਭੇਜਣ ਨਾਲ ਖਤਿਜੀ ਛੇਕਾਂ ਵਿਚੋਂ ਚਟਾਨਾਂ ਦੇ ਕੱਟੇ ਹੋਏ ਟੁਕੜਿਆਂ ਨੂੰ ਕਢਣਾਂ ਸੌਖਾ ਹੋ ਗਿਆ ਸੀ।

ਆਧੁਨਿਕ ਰੱਕ ਡਰਿੱਲਾਂ ਆਮ ਕਰਕੇ ਵੱਡੇ ਵੱਡੇ ਢਾਂਚਿਆਂ ਉੱਤੇ ਕਸੀਆਂ ਹੁੰਦੀਆਂ ਹਨ ਤਾਂ ਜੋ ਇਕੋ ਸਮੇਂ ਕਈ ਛੇਕ ਕੀਤੇ ਜਾ ਸਕਣ। ਫ਼ਰਾਂਸ ਤੇ ਇਟਲੀ ਦੀ ਵਿਚਕਾਰਲੀ ਸੁਰੰਗ (1960 ਦੇ ਲਗਭਗ) ਅਜਿਹੀ ਪਹਿਲੀ ਸੁਰੰਗ ਸੀ ਜਿਸ ਦੇ ਸਮੁੱਚੇ ਵਿਆਸ ਨੂੰ ਇਕੋ ਵਾਰੀ ਇਕਹਿਰੇ ਵਿਸਫ਼ੋਟ ਨਾਲ ਪੁਟਿਆ ਗਿਆ ਸੀ। ਹਲਕੀਆਂ ਫੁਲਕੀਆਂ ਗੈਸ ਚਾਲਿਤ ਰੱਕ ਡਰਿੱਲਾਂ ਦਾ ਵੀ ਖਾਣ-ਖੁਦਾਈ ਅਤੇ ਸੁਰੰਗ ਖੁਦਾਈ ਲਈ ਕਾਫ਼ੀ ਇਸਤੇਮਾਲ ਕੀਤਾ ਜਾਂਦਾ ਹੈ। ਟੰਗਸਟਨ ਕਾਰਬਾਈਡ ਬਿਟ ਦਾ ਇਸਤੇਮਾਲ ਕਰਨ ਵਾਲੇ ਪ੍ਰਮੁੱਖ ਮਾਡਲ ਦਾ ਡਿਜ਼ਾਈਨ ਸਵੀਡਨ ਦੇ ਆਰਿਕ ਰਿਡ ਨੇ ਕੀਤਾ ਸੀ।

ਹ. ਪੁ.- ਐਨ. ਬ੍ਰਿ. ਮਾ. 3 : 668

**ਡਰਿਲਿੰਗ ਮੱਡ** : ਬੈਂਟੋਨਾਈਟ ਅਤੇ ਪਾਣੀ ਨੂੰ ਮਿਲਾ ਕੇ ਬਣਾਏ ਗਏ ਮਿੱਟੀ ਦੇ ਮਿਸ਼ਰਨ ਨੂੰ ਡਰਿਲਿੰਗ ਮੱਡ ਕਹਿੰਦੇ ਹਨ, ਜਿਸ ਦਾ ਉਪਯੋਗ ਪਾਣੀ, ਗੈਸ ਅਤੇ ਤੇਲ ਲਈ ਡਰਿਲਿੰਗ ਕਰਦੇ ਸਮੇਂ ਚਟਾਨਾਂ ਦੇ ਟੁਕੜਿਆਂ ਨੂੰ ਬਾਹਰ ਕੱਢਣ ਅਤੇ ਕੱਟਣ ਵਾਲੀ ਬਿਟ ਨੂੰ ਗਰੀਸ ਦੇਣ ਤੇ ਠੰਢਾ ਰਖਣ ਲਈ ਕੀਤਾ ਜਾਂਦਾ ਹੈ। ਪਾਣੀ ਦੀ ਰਚਨਾ ਬਦਲਣ ਸਮੇਂ ਇਸ ਮਿਸ਼ਰਣ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਹੋਰ ਰਸਾਇਣਿਕ ਪਦਾਰਥ ਰਲਾਏ ਜਾਂਦੇ ਹਨ ਅਤੇ ਇਸ ਨੂੰ ਬਾਹਰ ਕੱਢਿਆ ਜਾਂਦਾ ਹੈ ਤਾਂ ਜੋ ਇਸ ਦਾ ਭਾਰ ਵਧ ਜਾਵੇ। ਡਰਿਲਿੰਗ ਮੱਡ ਦ੍ਰਵ-ਸਥਿਤਿਕ ਦਾਬ ਕਾਰਨ ਅਸਥਿਰ ਪਰਤ ਨੂੰ ਸੁਰਾਖ਼ ਅੰਦਰ ਡਿਗਣ ਤੋਂ ਵੀ ਰੋਕਦਾ ਹੈ ਅਤੇ ਲਾਗਲੇ ਜਲ-ਖੇਤਰਾਂ ਤੋਂ ਪਾਣੀ ਦੇ ਵਹਾਉ ਉਤੇ ਵੀ ਰੋਕ ਲਾਉਂਦਾ ਹੈ।

ਹ. ਪੁ.- ਐਨ. ਬ੍ਰਿ. ਮਾ. 3 : 669

**ਡਰੀਸ਼, ਹਾਂਸ ਐਡਾਲਫ ਐਡਵਰਡ (Driesch, Hans Adolf Eduard; 1867-1941)** : ਇਸ ਜੀਵ ਵਿਗਿਆਨੀ ਦਾ ਜਨਮ 28 ਅਕਤੂਬਰ, 1867 ਨੂੰ ਬਾਤਕਰਾੱਇਟਸਨਾਕ (Bad Kreuznack) (ਹੁਣ ਪੱਛਮੀ ਜਰਮਨੀ) ਵਿਖੇ ਹੋਇਆ। ਇਸ ਨੇ ਭਰੂਣ ਸਬੰਧੀ ਪ੍ਰਯੋਗਾਤਮਕ ਅਧਿਐਨ ਕੀਤਾ ਅਤੇ ਜੀਵਨ-ਤੱਤਵਾਦ (Vitalism) ਦੀ ਵਿਆਖਿਆ ਕੀਤੀ। ਇਸ ਅਨੁਸਾਰ ਵਿਸ਼ੇਸ਼ ਜੀਵਨ-ਤੱਤਵਾਦ, ਜੀਵਨ ਦੀ ਰੌ ਵਿਚ ਰਵਾਨਗੀ ਲਿਆਉਣ ਵਾਲੀ ਇਕ ਜੀਵਨ ਸ਼ਕਤੀ ਦਾ ਸੰਕਲਪ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਜੀਵਨ ਨੂੰ ਕੇਵਲ ਭੌਤਿਕੀ ਜਾਂ ਰਸਾਇਣਿਕ ਵਿਧੀਆਂ ਰਾਹੀਂ ਨਹੀਂ ਦਰਸਾਇਆ ਜਾ ਸਕਦਾ। ਇਸ ਨੇ ਆਪਣੀ ਵਿਦਿਆ ਹੈਮਬਰਗ, ਫ੍ਰੀਬਰਗ, ਮਿਊਨਿਕ ਅਤੇ ਜੇਨਾ ਵਿਚ ਪ੍ਰਾਪਤ ਕੀਤੀ। ਬਾਅਦ ਵਿਚ ਦੂਰ ਪੂਰਬ ਵਿਚ ਕਾਫ਼ੀ ਘੁੰਮਿਆ ਫਿਰਿਆ ਅਤੇ 1897 ਤੋਂ 1900 ਤਕ ਇਸ ਨੇ ਪ੍ਰਾਣੀ ਵਿਗਿਆਨਕ ਸਟੇਸ਼ਨ ਨੇਪਲਜ਼ ਵਿਖੇ ਕੰਮ ਕੀਤਾ। ਇਸ ਤੋਂ ਬਾਅਦ (1911) ਇਹ ਹੀਡਲਬਰਗ ਵਿਖੇ ਫ਼ਿਲਾਸਫ਼ੀ ਦਾ ਪ੍ਰੋਫ਼ੈਸਰ ਲਗ ਗਿਆ। ਇਸ ਨੇ ਕੋਲੋਨ (1920) ਅਤੇ ਲੀਪਜ਼ਿਗ (1912) ਵਿਖੇ ਪ੍ਰੋਫ਼ੈਸਰੀ ਕੀਤੀ। ਡਰੀਸ਼ ਨੇ ਆਪਣੀ ਫ਼ਿਲਾਸਫ਼ੀ ਦੀ ਸ਼ੁਰੂਆਤ ਹੈਕਲ ਦੇ ਸ਼ਿਸ਼ ਵਜੋਂ ਕੀਤੀ ਪ੍ਰੰਤੂ ਜੀ. ਵਾਲਫ ਅਤੇ ਡਬਲਿਯੂ. ਰਾਕਸ ਦੇ ਅਸਰ ਹੇਠ ਆਉਣ ਕਾਰਨ ਇਹ ਪ੍ਰਭਾਵਸ਼ੀਲ ਜੀਵਨ-ਤੱਤਵਾਦ-ਦੀ ਹਿਮਾਇਤ ਕਰਨ ਲਗ ਗਿਆ।

ਇਸ ਦਾ ਸਿਧਾਂਤ ਕਿ ਪ੍ਰੋਟੋਪਲਾਜ਼ਮ ਦੀ ਕਿਰਿਆਸ਼ੀਲਤਾ ਨੂੰ ਮਸ਼ੀਨੀ ਢੰਗਾਂ ਰਾਹੀਂ ਨਹੀਂ ਦਰਸਾਇਆ ਜਾ ਸਕਦਾ, ਸਮੁੰਦਰੀ ਅਰਚਿਨ ਦੇ ਬਲਾਸਟੂਲਾ ਉਪਰ ਕੀਤੇ ਪ੍ਰਯੋਗਾਂ ਦਾ ਸਿੱਟਾ ਸੀ। ਇਸ ਨੇ ਦਿਖਾਇਆ ਕਿ ਅਨਿਸ਼ਚਿਤ ਢੰਗ ਨਾਲ ਕੱਟੇ ਕਿਸੇ ਵੀ ਅੰਸ਼ ਤੋਂ ਹਮੇਸ਼ਾਂ ਇਕ ਪੂਰਨ ਭਰੂਣ ਬਣਦੀ ਹੈ। ਇਹ ਤੱਥ ਹੋਰਨਾਂ ਪ੍ਰਾਣੀ ਹਿੱਸਿਆਂ ਦੇ ਜੁੜਨ ਸਬੰਧੀ ਪ੍ਰਯੋਗਾਂ ਤੋਂ ਵੀ ਸਿੱਧ ਹੋ ਜਾਂਦਾ ਹੈ।

ਡਰੀਸ਼ ਹਾਂਸ ਐਡਾਲਫ ਦੀ ਮੌਤ ਲੀਪਜ਼ਿਗ ਵਿਖੇ 16 ਅਪ੍ਰੈਲ, 1941 ਨੂੰ ਹੋਈ।

ਹ. ਪੁ.- ਐਨ. ਬ੍ਰਿ. 7 : 691; ਐਨ. ਬ੍ਰਿ. ਮਾ. 3 : 666

**ਡਰੀਗਾਲਸਕੀ, ਐਰਿਕ ਡੋਗੋਬਰਟ ਫ਼ਾੱਨ (Drygalski, Erich Dagobert Von)** : ਜਰਮਨੀ ਦਾ ਇਕ ਉੱਘਾ ਭੂਗੋਲਵੇਤਾ ਅਤੇ ਗਲੇਸ਼ੀਆਈ ਵਿਗਿਆਨੀ ਸੀ। ਇਸ ਦਾ ਜਨਮ 9 ਫ਼ਰਵਰੀ, 1865 ਵਿਚ ਪ੍ਰਸ਼ਾਅ ਵਿਚ ਕੋਨਿਗਜ਼ਬਰਗ ਵਿਖੇ ਹੋਇਆ।



ਡਰੀਗਾਲਸਕੀ

ਸੰਨ 1901-02 ਦੌਰਾਨ ਇਹ ਖੋਜ ਯਾਤਰਾ ਦੇ ਅੰਤਰਰਾਸ਼ਟਰੀ ਪ੍ਰੋਗਰਾਮ ਅਧੀਨ ਆਪਣੀ ਅਗਵਾਈ ਹੇਠ ਇਕ ਮੁਹਿੰਮ ਲੈ ਕੇ ਐਂਟਾਰਕਟਿਕ ਰਵਾਨਾ ਹੋਇਆ। ਜਰਮਨ ਸਰਕਾਰ ਦੀ ਸਰਪ੍ਰਸਤੀ ਹੇਠ ਇਸ ਦੀ ਪਾਰਟੀ ਗੇਉਸ (Gaiss) ਜਹਾਜ਼ ਵਿਚ ਰਵਾਨਾ ਹੋਈ। ਇਹ ਪਾਰਟੀ 90° ਪੂ. ਲੰਬ. ਤੇ ਵਿਲਹੈੱਲਮ ਦੂਜੇ ਦੇ ਨਾਉਂ ਨਾਲ ਜਾਣੇ ਜਾਂਦੇ ਤੱਟ ਤੇ ਪਹੁੰਚੀ। ਇਥੇ ਇਸ ਟੁਕੜੀ ਨੂੰ ਬਰਫ਼ ਦੇ ਭਾਰੀ ਤੋਦਿਆਂ ਨੇ ਘੇਰ ਲਿਆ ਅਤੇ ਫ਼ਰਵਰੀ, 1902 ਨੂੰ ਇਹ ਗੇਉਸਬਰਗ ਦੇ ਪੂਰਬ ਵਿਚ 80 ਕਿ. ਮੀ. ਦੀ ਦੂਰੀ ਤੇ ਇਕ ਬਰਫ਼ ਤੋਂ ਮੁਕਤ ਪਰਿਸ਼ਾਂਤ ਜਵਾਲਾਮੁਖੀ ਤੇ ਪਹੁੰਚ ਗਏ। ਇਹ

ਜਵਾਲਾਮੁਖੀ ਡਰੀਗਾਲਸਕੀ ਦੀ ਇਕ ਵੱਡੀ ਖੋਜ ਸਾਬਤ ਹੋਈ। ਇਸ ਮੁਸ਼ਕਿਲ ਤੇ ਮਹਾਨ ਕੰਮ ਦਾ ਬਿਰਤਾਂਤ ਵਿਗਿਆਨਕ ਰਿਪੋਟਾਂ ਦੀਆਂ 20 ਜਿਲਦਾਂ ਵਿਚ ਛਾਪਿਆ ਗਿਆ। ਸੰਨ 1904 ਵਿਚ ਇਸ ਦੀ ਯਾਤਰਾ ਬਾਰੇ ਮੁੜ ਛਪਿਆ।

ਸੰਨ 1906-1934 ਦੌਰਾਨ ਇਸ ਨੇ ਮਿਊਨਿਕ ਦੀ ਯੂਨੀਵਰਸਿਟੀ ਵਿਚ ਭੂਗੋਲ ਦੇ ਪ੍ਰੋਫ਼ੈਸਰ ਵਜੋਂ ਕੰਮ ਕੀਤਾ। ਇਸ ਦੌਰਾਨ 1910 ਈ. ਵਿਚ ਇਸ ਨੇ ਨਾਰਵੇ ਦੇ ਉੱਤਰ ਵਿਚ ਸਥਿਤ ਸਪਿਟਸਬਰਗਨ ਦੇ ਆਰਕਟਿਕ ਟਾਪੂ ਵੱਲ ਜਾਣ ਵਾਲੀ ਫਰਡੀਨੇਂਡ ਗਰਾਫ਼ ਵਾੱਨ ਜ਼ੈਪਲਿ ਦੀ ਮੁਹਿੰਮ ਵਿਚ ਵੀ ਭਾਗ ਲਿਆ। ਇਥੇ ਇਸ ਤੇ ਪੈਣ ਵਾਲੇ ਗਲੇਸ਼ੀਅਰਾਂ ਦੇ ਪ੍ਰਭਾਵ ਦਾ ਅਧਿਐਨ ਕੀਤਾ। ਸੰਨ 1942 ਵਿਚ ਫਰਿਜ਼ ਮੈਸ਼ੈਟਸਹੈੱਕ ਦੀ ਮੱਦਦ ਨਾਲ ਇਸ ਨੇ ਗਲੇਸ਼ੀਆਈ ਵਿਗਿਆਨ ਉਪਰ ਇਕ ਪੁਸਤਕ ਲਿਖੀ ਜਿਸ ਵਿਚ ਇਸ ਸਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ।

10 ਜਨਵਰੀ, 1949 ਨੂੰ ਇਸ ਦੀ ਮਿਊਨਿਕ ਵਿਖੇ ਮੌਤ ਹੋ ਗਈ।

ਹ. ਪੁ. -ਐਨ. ਬ੍ਰਿ. ਮਾ. 4 : 240

**ਡਰੂਇਡਇਜ਼ਮ** : 'ਡਰੂਇਡਵਾਦ' ਸ਼ਬਦ ਪ੍ਰਾਚੀਨ ਇੰਗਲੈਂਡ ਦੀ ਕੈਲਟ ਜਾਤੀ ਦੇ ਪਰੋਹਤਾਂ ਦੇ ਮਤ ਲਈ ਵਰਤਿਆ ਜਾਂਦਾ ਹੈ। ਡਰੂਇਡਾਂ ਦੇ ਸਮੇਂ ਬਾਰੇ ਸਭ ਤੋਂ ਪਹਿਲਾ ਰਿਕਾਰਡ ਤੀਜੀ ਸਦੀ ਈ. ਪੂ. ਦਾ ਮਿਲਦਾ ਹੈ। ਰੋਮ ਦੇ ਲੋਕਾਂ ਨੇ ਜਦੋਂ ਗਾੱਲ (ਫ਼ਰਾਂਸ) ਅਤੇ ਬਰਤਾਨੀਆਂ ਦੇ ਲੋਕਾਂ ਉੱਤੇ ਵਿਜੈ ਪ੍ਰਾਪਤ ਕੀਤੀ ਤਦ ਉਨ੍ਹਾਂ ਨੇ ਕੈਲਟ ਜਾਤੀ ਦੇ ਲੋਕਾਂ ਨੂੰ ਡਰੂਇਡਾਂ ਦੇ ਗ਼ਲਬੇ ਹੇਠ ਵੇਖਿਆ। ਜੂਲੀਅਸ ਸੀਜ਼ਰ ਅਨੁਸਾਰ ਗਾੱਲ ਦੇ ਡਰੂਇਡ ਪਰੋਹਤ ਵੀ ਸਨ ਅਤੇ ਨਿਆਂ ਅਧਿਕਾਰੀ ਵੀ। ਬਰਤਾਨਵੀਆਂ ਨੇ ਉਨ੍ਹਾਂ ਨੂੰ ਲਗਭਗ ਖ਼ਤਮ ਕਰ ਦਿਤਾ। ਇਸ ਤੋਂ ਮਗਰੋਂ ਆਇਰਲੈਂਡ ਵਿਚ ਉਨ੍ਹਾਂ ਦੀ ਰਿਹਾਇਸ਼ ਦਸੀ ਜਾਂਦੀ ਹੈ ਜਿਥੇ ਉਨ੍ਹਾਂ ਦਾ ਵੱਡਾ ਪੇਸ਼ਾ ਜਾਦੂਗਰੀ ਰਿਹਾ।

ਡਰੂਇਡਾਂ ਨੇ ਆਤਮਾ ਦੀ ਅਮਰਤਾ ਦਾ ਪ੍ਰਚਾਰ ਕੀਤਾ। ਸਰੀਰਕ ਮੌਤ ਤੋਂ ਮਗਰੋਂ ਇਸ ਨੂੰ ਦੂਜੇ ਸਰੀਰਾਂ ਵਿਚ ਪ੍ਰਵੇਸ਼ ਕਰਦਾ ਦਸਿਆ। ਉਨ੍ਹਾਂ ਦੀ ਸਿੱਖਿਆ ਦਾ ਅਮਲ ਲੰਮਾ ਹੁੰਦਾ ਸੀ, ਕਈ ਵਾਰ ਉਹ ਵੀਹ ਵਰਿਆਂ ਤੋਂ ਵੀ ਵਧੇਰੇ ਸਮੇਂ ਤਕ ਟ੍ਰੇਨਿੰਗ ਪ੍ਰਾਪਤ ਕਰਦੇ ਰਹਿੰਦੇ । ਬ੍ਰਾਹਮਣਾਂ ਵਾਂਗੂ ਡਰੂਇਡ ਕੋਈ ਜੱਦੀ ਜਾਤ ਨਹੀਂ ਸੀ। ਡਰੂਇਡ ਨੂੰ ਕੋਈ ਕਰ (ਟੈਕਸ) ਨਹੀਂ ਸੀ ਭਰਨਾ ਪੈਂਦਾ ਅਤੇ ਨਾ ਹੀ ਉਨ੍ਹਾਂ ਲਈ ਲੜਾਈ ਵਿਚ ਜਾਣਾ ਜ਼ਰੂਰੀ ਹੁੰਦਾ ਸੀ, ਇਸ ਲਈ ਡਰੂਇਡ ਦੀ ਪਦਵੀ ਬੜੀ ਵਡਮੁੱਲੀ ਸਮਝੀ ਜਾਂਦੀ ਸੀ। ਡਰੂਇਡ ਨੂੰ ਬੂਟਿਆਂ, ਪਸ਼ੂਆਂ ਅਤੇ ਸਿਤਾਰਿਆਂ ਦਾ ਵਿਸ਼ੇਸ਼ ਗਿਆਨ ਹੁੰਦਾ ਸੀ, ਉਹ ਇਕ ਨਿਪੁੰਨ ਜਾਦੂਗਰ ਅਤੇ ਜੋਤਸ਼ੀ ਹੁੰਦਾ ਸੀ। ਉਸ ਵਲੋਂ ਪੂਜਾ ਬਲੂਤਾਂ ਦੇ ਝੁੰਡ ਵਿਚ ਕੀਤੀ ਜਾਂਦੀ ਸੀ। ਬਲੂਤ ਦੇ ਰੁੱਖ ਨੂੰ ਉਹ ਪਵਿੱਤਰ ਮੰਨਦਾ ਸੀ। ਪੂਜਾ ਦੇ ਸਮੇਂ ਮਾਨਸ ਦੀ ਬਲੀ ਦੇਣ ਦੀ ਪ੍ਰਥਾ ਵੀ ਸੀ।

ਈਸਾਈ ਮਤ ਦੇ ਆਉਣ ਨਾਲ ਡਰੂਇਡਵਾਦ ਖ਼ਤਮ ਹੋ ਗਿਆ ਭਾਵੇਂ ਇਸ ਦੇ ਕੁਝ ਵਿਸ਼ਵਾਸ ਲੋਕਾਂ ਨੇ ਗ੍ਰਹਿਣ ਕਰ ਲਏ।

—ਸੁਰਿੰਦਰ ਸਿੰਘ ਕੋਹਲੀ

**ਡਰੂਸਹਾਊਟ, ਮਾਰਟਿਨ** : ਇਸ ਅੰਗਰੇਜ਼ ਨੱਕਾਸ਼ਕਾਰ ਦਾ ਜਨਮ ਅਪ੍ਰੈਲ, 1601 ਦੇ ਲਗਭਗ ਲੰਡਨ ਵਿਖੇ ਹੋਇਆ। ਇਸ ਦੇ ਜੀਵਨ ਦੀ ਅਸਲੀਅਤ ਬਾਰੇ ਪੂਰੀ ਤਰ੍ਹਾਂ ਪਤਾ ਨਹੀਂ ਹੈ। 1623 ਵਿਚ ਸ਼ੈਕਸਪੀਅਰ ਦੇ ਨਾਟਕਾਂ ਦੀ ਪਹਿਲੀ ਐਡੀਸ਼ਨ ਸਮੇਂ ਉਸ ਦੀ ਤਸਵੀਰ ਨੂੰ ਉਕੇਰਨ ਕਾਰਨ ਇਹ ਬਹੁਤ ਪ੍ਰਸਿੱਧ ਹੈ। ਜਾਪਦਾ ਹੈ ਕਿ ਇਸ ਨੇ ਆਪਣੇ ਪਿਤਾ ਅਤੇ ਵੱਡੇ ਭਰਾ ਪਾਸੋਂ ਨੱਕਾਸ਼ੀ ਸਿੱਖੀ।

ਇਸ ਨੇ ਬਹੁਤ ਸਾਰੀਆਂ ਤਸਵੀਰਾਂ ਬਣਾਈਆਂ ਅਤੇ ਪੁਸਤਕ ਸਜਾਵਟ ਦਾ ਕੰਮ ਵੀ ਕੀਤਾ। ਇਨ੍ਹਾਂ ਲਈ ਇਸ ਨੇ ਮਿਥਿਹਾਸਕ, ਵਿਅੰਗਾਤਮਕ ਅਤੇ ਦੋ ਅਰਥੀ ਵਿਸ਼ੇ ਚੁਣੇ।

ਸੰਨ 1650 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਅਮੈ. 9: 338; ਐਨ. ਬ੍ਰਿ. 7:697; ਐਨ. ਬ੍ਰਿ.ਮਾ. 3:670

**ਡਰੂਜ਼** : ਇਹ ਲੈਬਨਾਨ, ਸੀਰੀਆ ਅਤੇ ਇਜ਼ਰਾਈਲ ਦੇ ਪਹਾੜੀ ਖੇਤਰਾਂ ਵਿਚ ਰਹਿਣ ਵਾਲੇ ਇਸਮਾਈਲੀ ਮੁਸਲਮਾਨਾਂ ਦਾ ਇਕ ਫਿਰਕਾ ਹੈ। ਇਨ੍ਹਾਂ ਡਰੂਜ਼ਾਂ ਦੀ ਗਿਣਤੀ 200,000 ਦੇ ਲਗਭਗ ਹੈ। ਇਨ੍ਹਾਂ ਦਾ ਆਪਣਾ ਹੀ ਧਰਮ ਹੈ। ਇਸ ਕਬੀਲੇ ਦਾ ਨਾਉਂ ਪਰਸ਼ੀਆ ਦੇ ਇਕ ਧਰਮ ਪ੍ਰਚਾਰਕ ਮੁਹੰਮਦ ਇਬਨ ਇਸਮਾਈਲ ਅਲ ਦਰਜ਼ੀ ਦੇ ਨਾਉਂ ਤੇ ਪਿਆ ਹੈ ਜਿਸ ਨੇ ਇਸ ਧਰਮ ਦਾ ਖੁਲ੍ਹੇ-ਆਮ ਪ੍ਰਚਾਰ ਕੀਤਾ ਅਤੇ ਇਹ ਧਰਮ ਮਿਸਰ ਅਤੇ ਉੱਤਰੀ ਅਫ਼ਰੀਕਾ ਦੇ ਫ਼ਾਤਮੀ ਖ਼ਾਨਦਾਨ ਦੇ ਛੇਵੇਂ ਇਮਾਮ ਅਲ ਹਾਕਿਮ (996 ਈ. ਤੋਂ 1021 ਈ.) ਦੇ ਸਮੇਂ ਪ੍ਰਚੱਲਤ ਹੋਇਆ। ਅਲ ਹਾਕਿਮ ਇਕ ਅਜੀਬ ਜਿਹੀ ਸ਼ਖ਼ਸੀਅਤ ਦਾ ਮਾਲਕ ਸੀ। ਜਿਥੇ ਇਹ ਹੱਦ ਦਰਜੇ ਦਾ ਦਿਆਲੂ ਸੀ ਉਥੇ ਇਹ ਜ਼ਾਲਮ ਵੀ ਬਹੁਤ ਸੀ। ਸੰਨ 1021 ਵਿਚ ਇਹ ਅਚਾਨਕ ਹੀ ਲਾਪਤਾ ਹੋ ਗਿਆ ਅਤੇ ਇੰਜ ਹੀ ਜਾਣਿਆ ਜਾਂਦਾ ਹੈ ਕਿ ਇਸ ਨੂੰ ਕਤਲ ਕਰ ਦਿਤਾ ਗਿਆ ਸੀ। ਇਸ ਨੇ ਮਿਸ਼ਨਰੀਆਂ ਰਾਹੀਂ ਡਰੂਜ਼ ਧਰਮ ਦਾ ਪ੍ਰਚਾਰ ਕਰਵਾਇਆ। ਹਮਜ਼ਾ ਇਬਨ ਅਲੀ, ਜੋ ਕਿ ਅਲ-ਦਰਜ਼ੀ ਦਾ ਸਮਕਾਲੀ ਵੀ ਸੀ ਅਤੇ ਉਸ ਦਾ ਵਿਰੋਧੀ ਵੀ ਸੀ, ਨੇ ਡਰੂਜ਼ ਧਰਮ ਨੂੰ ਇਕ ਰੂਪ ਦਿੱਤਾ। ਇਸ ਧਰਮ ਦੇ ਮੰਨਣ ਵਾਲਿਆਂ ਨੂੰ ਮੁਵਾਹੀਡਨ (Muwahhidun) ਜਾਂ ਇਕ ਈਸ਼ਵਰਵਾਦੀ (Monotheists) ਕਿਹਾ ਜਾਂਦਾ ਸੀ। ਇਸ ਨੇ ਹਮਜ਼ਾ ਮੁਹੰਮਦ ਸਾਹਿਬ ਅਤੇ ਅਲੀ ਦੋਹਾਂ ਨੂੰ ਨਿੰਦਿਆ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਝੂਠਾ ਹੀ ਕਿਹਾ। ਇਸੇ ਲਈ ਡਰੂਜ਼ੀਆਂ ਨੂੰ ਕਾਫ਼ਰ ਵੀ ਕਿਹਾ ਜਾਂਦਾ ਹੈ। ਮਿਸਰ ਵਿਚ ਇਨ੍ਹਾਂ ਨੂੰ ਬਹੁ-ਗਿਣਤੀ ਵਿਚ ਕਤਲ ਕੀਤਾ ਗਿਆ ਅਤੇ ਇਹ ਲੋਕ ਲੈਬਨਾਨ ਅਤੇ ਸੀਰੀਆ ਦੇ ਪਹਾੜੀ ਇਲਾਕਿਆਂ ਵਿਚ ਹੀ ਸੁਰੱਖਿਅਤ ਰਹੇ।

ਡਰੂਜ਼ ਦੇ ਲੋਕਾਂ ਦੀਆਂ ਆਪਣੀਆਂ ਹੀ ਧਾਰਮਿਕ ਪੁਸਤਕਾਂ ਹਨ ਜਿਨ੍ਹਾਂ ਨੂੰ ਉਹ ਕੁਰਾਨ ਅਤੇ ਬਾਈਬਲ ਨਾਲੋਂ ਵਧੇਰੇ ਮਾਨਤਾ ਦਿੰਦੇ ਹਨ। ਇਨ੍ਹਾਂ ਦੀ ਧਾਰਮਿਕ ਪੁਸਤਕ ਵਿਚ ਇਨ੍ਹਾਂ ਦੇ ਧਾਰਮਿਕ ਨੇਤਾਵਾਂ ਵੱਲੋਂ ਲਿਖੀਆਂ ਗਈਆਂ ਇਕ ਸੌ ਗਿਆਰਾਂ ਚਿੱਠੀਆਂ ਸ਼ਾਮਲ ਹਨ। ਸਮਾਂ ਪੈਣ ਤੇ ਇਨ੍ਹਾਂ ਲੋਕਾਂ ਨੇ ਇਕ ਆਪਣਾ ਸੰਗਠਨ ਬਣਾ ਲਿਆ ਜਿਸ ਵਿਚ ਇਨ੍ਹਾਂ ਦੇ ਆਪਣੇ ਹੀ ਕਾਨੂੰਨ ਸਨ। ਇਹ ਦੂਜੇ ਲੋਕਾਂ ਨੂੰ ਨਾ ਆਪਣੇ ਧਰਮ ਵਿਚ ਆਉਣ ਦਿੰਦੇ ਹਨ ਅਤੇ ਨਾ ਹੀ ਕਿਸੇ ਨੂੰ ਧਰਮ ਛੱਡਣ ਦੀ ਇਜਾਜ਼ਤ ਹੈ। ਦੂਜੇ ਲੋਕਾਂ ਨਾਲ ਇਹ ਵਿਆਹ ਸਬੰਧ ਵੀ ਨਹੀਂ ਰੱਖਦੇ। ਬਾਹਰਲੇ ਲੋਕ ਇਨ੍ਹਾਂ ਦੀਆਂ ਧਾਰਮਿਕ ਰੀਤਾਂ ਨੂੰ ਵੀਰਵਾਰ ਦੀ ਸ਼ਾਮੀ ਆ ਕੇ ਦੇਖ ਸਕਦੇ ਹਨ ਪਰ ਇਨ੍ਹਾਂ ਦੀਆਂ ਗੁਪਤ ਰੀਤਾਂ ਕਿਸੇ ਗ਼ੈਰ ਡਰੂਜ਼ੀ ਦੇ ਸਾਹਮਣੇ ਨਹੀਂ ਕੀਤੀਆਂ ਜਾਂਦੀਆਂ।

ਸੀਰੀਆ ਦੇ ਇਤਿਹਾਸ ਵਿਚ ਵੀ ਡਰੂਜ਼ੀ ਲੋਕ ਮਹੱਤਵਪੂਰਨ ਥਾਂ ਰੱਖਦੇ ਹਨ। ਕਈ ਆਜ਼ਾਦ ਰਿਆਸਤਾਂ 'ਤੇ ਇਨ੍ਹਾਂ ਨੇ ਰਾਜ ਵੀ ਕੀਤਾ ਅਤੇ ਜਿਸ ਨੇ ਵੀ ਇਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਉਸ ਦਾ ਡਟ ਕੇ ਮੁਕਾਬਲਾ ਕੀਤਾ।

ਅੱਜਕੱਲ੍ਹ ਡਰੂਜ਼ੀ ਸੀਰੀਆ ਵਿਚ ਰਾਜਨੀਤਕ ਅਤੇ ਧਾਰਮਿਕ ਔਕੜਾਂ ਆ ਜਾਣ ਕਾਰਣ ਸੰਯੁਕਤ ਰਾਜ ਅਮਰੀਕਾ ਵਿਚ ਵਸ ਗਏ ਹਨ।

ਹ. ਪੁ.—ਐਨ. ਬ੍ਰਿ. ਮਾ. 3 : 709; ਐਨ. ਅਮੈ. 9: 423

**ਡਰੂ, ਜਾਨ, ਸੀਨੀਅਰ** : ਸੰਯੁਕਤ ਰਾਜ ਅਮਰੀਕਾ ਦੇ ਇਸ ਥੀਏਟਰੀ ਮੈਨੇਜਰ ਅਤੇ ਅਦਾਕਾਰ ਦਾ ਜਨਮ 3 ਸਤੰਬਰ, 1827 ਨੂੰ ਡਬਲਿਨ ਵਿਖੇ ਹੋਇਆ। ਕੁਝ ਸਮਾਂ ਮਲਾਹ ਵਜੋਂ ਕੰਮ ਕਰਨ ਉਪਰੰਤ ਇਹ ਸਟੇਜ ਵੱਲ ਆਇਆ। ਸੰਨ 1842 ਤੋਂ 1846 ਦੌਰਾਨ ਇਹ ਨਿਊਯਾਰਕ ਵਿਚ ਬਹੁਤ ਪ੍ਰਸਿੱਧ ਹੋ ਗਿਆ। ਸੰਨ 1853 ਦੇ ਲਗਭਗ ਇਸ ਨੇ ਫ਼ਿਲਾਡੈਲਫ਼ੀਆ ਵਿਖੇ ਆਰਚ ਸਟ੍ਰੀਟ ਥੀਏਟਰ ਦੀ ਮੈਨੇਜਰੀ ਸੰਭਾਲੀ ਜਿਹੜੀ ਆਪਣੇ ਸਮੇਂ ਦੀ ਪ੍ਰਸਿੱਧ ਥੀਏਟਰ ਕੰਪਨੀ ਸੀ। ਸੰਨ 1850 ਵਿਚ ਇਸ ਨੇ ਪ੍ਰਸਿੱਧ ਅਦਾਕਾਰ ਲੂਜ਼ੀਆ ਲੇਨ ਨਾਲ ਸ਼ਾਦੀ ਕੀਤੀ। ਇਹ ਬਹੁਤ ਘੁੰਮਿਆ। ਸੰਨ 1855 ਵਿਚ ਇੰਗਲੈਂਡ ਅਤੇ ਆਇਰਲੈਂਡ, 1857 ਈ. ਵਿਚ ਆਸਟ੍ਰੀਆ ਅਤੇ ਕੈਲੀਫ਼ੋਰਨੀਆ ਅਤੇ 1858 ਈ. ਵਿਚ ਆਸਟ੍ਰੇਲੀਆ ਅਤੇ ਇੰਗਲੈਂਡ ਗਿਆ। ਸੰਨ 1862 ਦੇ ਸ਼ੁਰੂ ਵਿਚ ਇਹ ਆਪਣੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਆਪਣੇ ਘਰ ਵਾਪਸ ਆ ਗਿਆ। 9 ਮਈ, 1862 ਨੂੰ ਨਿਊਯਾਰਕ ਸ਼ਹਿਰ ਵਿਖੇ ਇਸ਼ ਨੇ ਆਪਣਾ ਆਖ਼ਰੀ ਪ੍ਰੋਗਰਾਮ ਦਿੱਤਾ। ਸੈਮੂਅਲ ਲਵਰਜ਼ ਦੇ ਨਾਟਕ 'ਵਾਈਟ ਹਾਊਸ ਆਫ਼ ਦੀ ਪੈਪਰਜ਼' ਵਿਚ ਜੈਰਾਲਡ ਪੈਪਰ ਵਜੋਂ ਇਸ ਨੇ ਉੱਤਮ ਰੋਲ ਨਿਭਾਇਆ ਸੀ।

21 ਮਈ, 1862 ਨੂੰ ਫ਼ਿਲਾਡੈਲਫ਼ੀਆ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 665; ਐਨ. ਅਮੈ. 9: 332; ਕੋਲ. ਐਨ. 6 : 389

**ਡਰੂ, ਜਾਨ, ਜੂਨੀਅਰ** : ਸ਼ੈਕਸਪੀਅਰ ਦੇ ਸੁਖਾਂਤ ਨਾਟਕਾਂ ਦੇ ਇਸ ਪ੍ਰਸਿੱਧ ਅਦਾਕਾਰ ਦਾ ਜਨਮ 13 ਨਵੰਬਰ, 1853 ਨੂੰ ਸੰਯੁਕਤ ਰਾਜ ਅਮਰੀਕਾ ਵਿਚ ਫ਼ਿਲਾਡੈਲਫ਼ੀਆ ਵਿਖੇ ਹੋਇਆ। ਇਹ ਡਰੂ ਜਾਨ ਸੀਨੀਅਰ ਅਤੇ ਲੂਈਸਾ ਲੇਨ ਡਰੂ ਦਾ ਸਭ ਤੋਂ ਵੱਡਾ ਲੜਕਾ ਸੀ। ਸੰਨ 1873 ਵਿਚ ਇਹ ਆਪਣੀ ਮਾਂ ਦੇ ਨਿਰਦੇਸ਼ਨ ਹੇਠ ਪਹਿਲੀ ਵਾਰ ਸਟੇਜ ਤੇ ਆਇਆ। ਸੰਨ 1875 ਵਿਚ ਇਹ ਨਿਊਯਾਰਕ ਵਿਚ ਅੱਗਸਟਨ ਡੇਲੀ ਦੇ ਸੁਖਾਂਤ ਦੀ 'ਬਿਗ ਬੋਨਾਨਜ਼ਾ' ਵਿਚ ਬਾਬ ਰੁਗਲਜ਼ ਰੋਲ ਵਿਚ ਸਾਹਮਣੇ ਆਇਆ। ਸੰਨ 1892 ਵਿਚ ਇਹ ਡੇਲੀ ਨੂੰ ਛੱਡ ਕੇ ਚਾਰਲਸ ਫ੍ਰੋਹਮਾਨ ਦੀ ਕੰਪਨੀ ਵਿਚ ਸ਼ਾਮਲ ਹੋ ਗਿਆ ਅਤੇ ਅਗਲੇ 20 ਸਾਲ ਉਸ ਦੇ ਨਿਰਦੇਸ਼ਨ ਹੇਠ ਇਸ ਨੇ 'ਏ ਮੈਰਿਜ ਆਫ਼ ਕਨਵੀਨੀਐਂਸ', 'ਵੱਨ ਸਮਰਜ਼ ਡੇ', 'ਮੱਚ ਅਡੋ ਅਬਾਊਟ ਨਥਿੰਗ', 'ਦੀ ਵਿੱਲ' ਅਤੇ 'ਦੀ ਸਕੂਲ ਫ਼ਾਰ ਸਕੈਂਡਲ' ਆਦਿ ਨਾਟਕਾਂ ਵਿਚ ਨਾਂ ਕਮਾਇਆ। ਕਲਾਸਿਕ ਨਾਟਕਾਂ ਅਤੇ ਸਮਕਾਲੀ ਨਾਟਕਾਂ ਵਿਚ ਇਸ ਨੇ ਕਈ ਤਰ੍ਹਾਂ ਦੇ ਰੋਲ ਅਦਾ ਕੀਤੇ। ਇਸ ਦੇ ਸਾਥੀ ਕਲਾਕਾਰ ਇਸ ਦੀ ਬੜੀ ਕਦਰ ਕਰਦੇ ਸਨ ਅਤੇ ਇਸ ਨੂੰ ਉਮਰ ਭਰ ਲਈ ਪਲੇਅਰਜ਼ ਕਲੱਬ ਦਾ ਪ੍ਰੈਜ਼ੀਡੈਂਟ ਚੁਣ ਲਿਆ ਗਿਆ। ਸੰਨ 1921–23 ਵਿਚ ਇਸ ਨੇ 'ਦੀ ਸਰਕਲ' ਨਾਟਕ ਵਿਚ ਅਦੁੱਤੀ ਅਦਾਕਾਰੀ ਕੀਤੀ। ਇਹ ਆਪਣੇ ਸਮੇਂ ਦਾ ਮਿਠਬੋਲੜਾ ਕਾਮੇਡੀਅਨ ਸੀ। ਇਸ ਦੀ ਸਵੈ ਜੀਵਨੀ 'ਮਾਈ ਯੀਰਜ਼ ਆੱਨ ਦੀ ਸਟੇਜ' 1922 ਵਿਚ ਪ੍ਰਕਾਸ਼ਿਤ ਹੋਈ।

9 ਜੁਲਾਈ, 1927 ਨੂੰ ਸਾਨ ਫ਼੍ਰਾਂਸਿਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 665; ਐਨ. ਅਮੈ. 9 : 333; ਕੋਲ. ਐਨ. 6 :389

**ਡਰੂ ਡੇਨੀਅਲ** : ਸੰਯੁਕਤ ਰਾਜ ਅਮਰੀਕਾ ਦਾ ਇਕ ਪੂੰਜੀਪਤੀ ਸੀ ਜਿਸ ਦਾ ਜਨਮ 29 ਜੁਲਾਈ, 1797 ਨੂੰ ਨਿਊਯਾਰਕ ਵਿਚ ਕਾਰਮਲ ਵਿਖੇ ਹੋਇਆ। ਆਪਣੇ ਪਿਤਾ ਦੇ ਫ਼ਾਰਮ ਤੇ ਰਹਿੰਦਿਆਂ ਹੀ ਇਸ ਨੇ ਥੋੜ੍ਹੀ ਜਿਹੀ ਵਿੱਦਿਆ ਪ੍ਰਾਪਤ ਕੀਤੀ। 15 ਸਾਲ ਦੀ ਉਮਰ ਵਿਚ ਇਹ ਪਸ਼ੂਆਂ ਦਾ ਇਕ ਪ੍ਰਸਿੱਧ ਵਪਾਰੀ ਬਣ ਗਿਆ। ਇਸ ਨੇ ਅਪਰ ਨਿਊਯਾਰਕ ਸਟੇਟ ਅਤੇ ਮਿਡਲ ਈਸਟ ਤੋਂ ਪਸ਼ੂ ਨਿਊਯਾਰਕ ਲਿਆਉਣੇ ਸ਼ੁਰੂ ਕਰ ਦਿੱਤੇ। ਸੰਨ 1834 ਵਿਚ ਪਸ਼ੂਆਂ ਦੇ ਵਪਾਰ ਵਿਚ ਸਫ਼ਲਤਾ ਤੋਂ ਬਾਅਦ ਇਸ ਨੇ ਨਿਊਯਾਰਕ ਤੋਂ ਪੀਕਸਕਿਲ ਤੱਕ ਭਾਫ਼ ਇੰਜਣ ਦੇ ਵਪਾਰ ਵਿਚ ਵੀ ਰੁਚੀ ਲਈ ਅਤੇ ਕਾਫ਼ੀ ਧਨ ਕਮਾਉਣ ਮਗਰੋਂ 1844 ਈ. ਵਿਚ ਇਹ ਦਲਾਲੀ ਦੇ ਪੇਸ਼ੇ ਵਿਚ ਆ ਗਿਆ। ਸੱਟੇ ਬਾਜ਼ੀ ਲਈ ਇਸ ਨੇ ਈਰੀ ਰੇਲ ਮਾਰਗ ਦੇ ਸਟਾਕ ਪੂੰਜੀ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਇਸ ਸਬੰਧੀ ਕੰਪਨੀ ਦਾ ਨਿਰਦੇਸ਼ਕ ਅਤੇ ਖ਼ਜ਼ਾਨਚੀ ਹੋਣ ਕਾਰਨ ਇਸ ਨੇ ਸਟਾਕ ਵਿਚ ਕਾਫ਼ੀ ਹੇਰਾਫੇਰੀ ਕੀਤੀ। ਸਰਕਾਰ ਜਾਂ ਕਾਨੂੰਨ ਵੱਲੋਂ ਚੈੱਕ ਨਾ ਕਰਨ ਤੇ ਲੋਕਾਂ ਵਿਚ ਕਾਫ਼ੀ ਗੁੱਸਾ ਵੱਧ ਗਿਆ। ਸੰਨ 1870 ਵਿਚ ਇਸ ਦੇ ਹੀ ਸਾਥੀਆਂ ਫਿਸਕ ਅਤੇ ਗੁਲਡ ਨੇ ਇਸ ਨੂੰ ਸਟਾਕ ਮਾਰਕਿਟ ਵਿਚ ਮਾਤ ਦੇ ਦਿੱਤੀ। ਸੰਨ 1875 ਵਿਚ ਦੇਸ਼ ਵਿਚ ਫੈਲੀ ਗੜਬੜੀ ਕਾਰਨ ਇਸਦਾ ਕੰਮ ਬਿਲਕੁਲ ਚੌਪਟ ਹੋ ਗਿਆ। ਇਸ ਦਾ ਦਿਵਾਲਾ ਨਿਕਲ ਗਿਆ ਅਤੇ ਮੁੜ ਇਹ ਕਦੇ ਵੀ ਆਪ ਪੇਸ਼ੇ ਵਿਚ ਨਾ ਉਠ ਸਕਿਆ।

18 ਸਤੰਬਰ, 1879 ਨੂੰ ਨਿਊਯਾਰਕ ਸ਼ਹਿਰ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 394

**ਡਰੂ, ਲੂਈਸਾ ਲੇਨ** : ਇਸ ਅਦਾਕਾਰਾ ਅਤੇ ਫ਼ਿਲਾਡੈਲਫ਼ੀਆ ਦੀ ਇਕ ਪ੍ਰਸਿੱਧ ਥੀਏਟਰੀ ਕੰਪਨੀ ਦੀ ਮੈਨੇਜਰ ਦਾ ਜਨਮ 10 ਜਨਵਰੀ, 1820 ਨੂੰ ਲੰਡਨ ਵਿਖੇ ਹੋਇਆ। ਇਸ ਦੇ ਮਾਤਾ ਪਿਤਾ ਥੀਏਟਰ ਨਾਲ ਸਬੰਧਤ ਸਨ। ਪਹਿਲੀ ਵਾਰੀ ਇਸ ਨੂੰ 12 ਮਹੀਨਿਆਂ ਦੀ ਉਮਰ ਵਿਚ ਸਟੇਜ ਉਪਰ ਲਿਆਂਦਾ ਗਿਆ। 1927 ਵਿਚ ਇਸ ਦੀ ਵਿਧਵਾ ਮਾਂ ਇਸ ਨੂੰ ਅਮਰੀਕਾ ਲੈ ਗਈ ਅਤੇ ਅੱਠ ਸਾਲ ਦੀ ਉਮਰ ਵਿਚ ਇਸ ਨੇ ਇਕ ਨਾਟਕ ਵਿਚ ਪੰਜ ਰੋਲ ਅਦਾ ਕੀਤੇ। ਬਚਪਨ ਵਿਚ ਹੀ ਇਸ ਨੇ 'ਰਿਚਰਡ ਤੀਜੇ' ਨਾਟਕ ਵਿਚ ਯਾਰਕ ਦੇ ਡਿਊਕ ਦਾ ਰੋਲ ਅਦਾ ਕੀਤਾ। 19ਵੀਂ ਸਦੀ ਦੇ ਰਿਵਾਜ ਅਨੁਸਾਰ ਇਸ ਨੇ ਰੋਮੀਓ, ਮਾਰਕ ਐਂਟਨੀ ਅਤੇ ਹੋਰ ਮਰਦਾਵੇਂ ਰੋਲ ਵੀ ਕੀਤੇ। ਸੰਨ 1850 ਵਿਚ ਇਸ ਨੇ ਅਦਾਕਾਰ ਅਤੇ ਮੈਨੇਜਰ ਜਾਨ ਡਰੂ ਸੀਨੀਅਰ ਨਾਲ ਤੀਜਾ ਵਿਆਹ ਕਰਵਾਇਆ। ਸੰਨ 1892 ਤਕ ਇਸ ਨੇ 'ਆਰਚ ਸਟ੍ਰੀਟ ਥੀਏਟਰ ਕੰਪਨੀ' ਦਾ ਨਿਰਦੇਸ਼ਨ ਕੀਤਾ ਅਤੇ 11 ਸਾਲ ਤਕ ਘੁੰਮਦੀ ਰਹੀ। ਆਪਣੀ ਮੌਤ ਤਕ ਇਹ ਸਟੇਜ ਤੇ ਕੰਮ ਕਰਦੀ ਰਹੀ। ਇਸ ਨੂੰ ਲੇਡੀ ਟੀਜ਼ਲ, ਪੈਗ ਵੂਫਿੰਗਟਨ ਅਤੇ ਲੀਡੀਆ ਲੈਂਗਵਿਸ਼ ਆਦਿ ਦੇ ਰੋਲਾਂ ਵਿਚ ਬਹੁਤ ਪ੍ਰਸਿੱਧੀ ਮਿਲੀ। ਇਹ ਸੁਖਾਂਤਕ ਰੋਲਾਂ ਨੂੰ ਤਰਜੀਹ ਦਿੰਦੀ ਸੀ। ਪਿਛਲੇ ਸਾਲਾਂ ਵਿਚ ਇਸ ਨੂੰ ਅਮਰੀਕੀ ਸਟੇਜ ਦੀ ਪ੍ਰਮੁੱਖ ਬਜ਼ੁਰਗ ਔਰਤ ਮੰਨਿਆ ਜਾਂਦਾ ਸੀ। ਸੰਨ 1896 ਵਿਚ ਇਹ

ਸਟੇਜ ਤੇ ਆਖ਼ਰੀ ਵਾਰ 'ਸਪੋਰਟਿੰਗ ਡਚਸ' (Sporting Duchess) ਨਾਟਕ ਵਿਚ ਆਈ।

31 ਅਗਸਤ, 1897 ਨੂੰ ਨਿਊਯਾਰਕ ਵਿਚ ਲਾਰਚਮਾਂਟ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 665; ਐਨ. ਅਮੈ. 9 : 333; ਕੋਲ. ਐਨ. 6 : 389

**ਡਰੇਸ, ਵਿਲੈਮ** : ਨੀਦਰਲੈਂਡਜ਼ ਦੇ ਇਸ ਪ੍ਰਸਿੱਧ ਡੱਚ ਸਿਆਸਤਦਾਨ ਅਤੇ ਪ੍ਰਧਾਨ ਮੰਤਰੀ ਦਾ ਜਨਮ 5 ਜੁਲਾਈ, 1886 ਵਿਚ ਐਮਸਟਰਡਮ ਵਿਖੇ ਹੋਇਆ। ਇਥੇ ਹੀ ਇਸ ਨੇ ਕਾੱਮਰਸ਼ੀਅਲ ਕਾਲਜ ਵਿਚ ਸਿੱਖਿਆ ਪ੍ਰਾਪਤ ਕਰਨ ਉਪਰੰਤ 1907 ਈ. ਵਿਚ ਨੀਦਰਲੈਂਡਜ਼ ਦੀ ਸੰਸਦ ਵਿਚ ਸਟੈਨੋ ਦੇ ਤੌਰ ਤੇ ਕੰਮ ਸ਼ੁਰੂ ਕੀਤਾ।

ਲੇਬਰ ਪਾਰਟੀ ਦਾ ਮੈਂਬਰ ਬਣਨ ਉਪਰੰਤ 1913 ਈ. ਵਿਚ ਇਹ ਹੇਗ ਸਿੱਟੀ ਕੌਂਸਲ ਦਾ ਅਤੇ 1933 ਈ. ਵਿਚ ਪਾਰਲੀਮੈਂਟ ਦਾ ਮੈਂਬਰ ਬਣਿਆ। ਸੰਨ 1939 ਵਿਚ ਸੈਕੰਡ ਚੈਂਬਰ ਦਾ ਪ੍ਰਧਾਨ ਚੁਣਿਆ ਗਿਆ। ਦੂਜੀ ਵੱਡੀ ਜੰਗ ਦੌਰਾਨ ਜਦੋਂ ਜਰਮਨੀ ਨੇ ਨੀਦਰਲੈਂਡਜ਼ ਤੇ ਕਬਜ਼ਾ ਕੀਤਾ ਤਾਂ ਡਰੇਸ ਨੂੰ ਵਿਰੋਧ ਕਰਨ ਦੇ ਜੁਰਮ ਵਿਚ ਕੈਦ ਕਰ ਲਿਆ। ਸੰਨ 1941 ਵਿਚ ਆਪਣੀ ਰਿਹਾਈ ਤੋਂ ਬਾਅਦ ਮੁੜ ਵਿਰੋਧੀ ਅੰਦੋਲਨ ਵਿਚ ਸਰਗਰਮ ਹੋ ਕੇ ਇਸ ਨੇ ਵੇਡਚ ਲੈਂਡਜ਼ਕੀ ਕਾਊਂਟੀ ਦੀ ਪ੍ਰਧਾਨਗੀ ਕੀਤੀ ਜਿਸ ਨਾਲ ਕਿ 1945 ਈ. ਵਿਚ ਨੀਦਰਲੈਂਡਜ਼ ਦੀ ਆਜ਼ਾਦੀ ਮਗਰੋਂ ਪਹਿਲੇ ਸਰਕਾਰੀ ਅਧਿਨਿਯਮ ਤਿਆਰ ਕੀਤੇ ਗਏ। ਸੰਨ 1945 ਵਿਚ ਇਸ ਨੂੰ ਸਮਾਜਕ ਮਾਮਲਿਆਂ ਦੇ ਮੰਤਰੀ ਦਾ ਅਹੁਦਾ ਮਿਲਿਆ ਜਿਸ ਵਿਚ ਇਸ ਨੇ ਕਈ ਸੁਧਾਰ ਕੀਤੇ। ਸੰਨ 1946 ਵਿਚ ਡਰੇਸ ਨੇ ਵਿਲੈਮ ਸ਼ਿਅਰ ਹਾਰਨ ਦੀ ਮਦਦ ਨਾਲ ਇਕ ਨਵੀਂ ਸੋਸ਼ਲਿਸਟ ਪਾਰਟੀ ਦੀ ਸਥਾਪਨਾ ਕੀਤੀ। 6 ਅਗਸਤ, 1948 ਵਿਚ ਇਹ ਪ੍ਰਧਾਨ ਮੰਤਰੀ ਬਣ ਗਿਆ ਅਤੇ ਕੈਥੋਲਿਕ ਪਾਰਟੀ ਦੀ ਮਦਦ ਨਾਲ ਸਾਂਝੀ ਸਰਕਾਰ ਬਣਾਈ। ਕੈਥੋਲਿਕ ਪਾਰਟੀ ਦੇ ਭੰਗ ਹੋਣ ਮਗਰੋਂ ਨਵੇਂ ਕਰ ਲਗਾਉਣ ਦੇ ਸੁਝਾਅ ਤੇ ਝਗੜਾ ਹੋਣ ਕਾਰਨ 12 ਦਸੰਬਰ, 1958 ਨੂੰ ਡਰੇਸ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਡਰੇਸ ਦੀ ਰਹਿਨੁਮਾਈ ਹੇਠ ਨੀਦਰਲੈਂਡਜ਼ ਨੇ ਨਾਰਥ ਐਟਲਾਂਟਕ ਟਰੀਟੀ ਆਰਗੇਨਾਈਜ਼ੇਸ਼ਨ, ਵੈਸਟਰਨ ਯੂਰਪੀਅਨ ਯੂਨੀਅਨ, ਯੂਰਪੀਅਨ ਇਕਨਾਮਿਕ ਕਮਿਊਨਿਟੀ ਅਤੇ ਅਜਿਹੀਆਂ ਹੋਰ ਕਈ ਅੰਤਰ ਰਾਸ਼ਟਰੀ ਸੰਸਥਾਵਾਂ ਨਾਲ ਸਬੰਧ ਜੋੜੇ ਅਤੇ ਉਨ੍ਹਾਂ ਵਿਚ ਭਾਗ ਲਿਆ। ਸੰਨ 1948 ਵਿਚ ਇੰਡੋਨੇਸ਼ੀਆ ਵਿਚ ਡੱਚਾਂ ਅਤੇ ਸਥਾਨਕ ਲੋਕਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਨੀਦਰਲੈਂਡਜ਼ ਨੇ ਇੰਡੋਨੇਸ਼ੀਆ ਦੇ ਸੰਯੁਕਤ ਰਾਜ ਨੂੰ ਫ਼ੈਡਰੇਸ਼ਨ ਦਾ ਮੈਂਬਰ ਸਵੀਕਾਰ ਕਰ ਲਿਆ। ਸੰਨ 1954 ਵਿਚ ਡਰੇਸ ਅਜੇ ਸਰਕਾਰ ਵਿਚ ਹੀ ਸੀ ਜਦੋਂ ਕਿ ਇੰਡੋਨੇਸ਼ੀਆ ਨੇ ਇਸ ਯੂਨੀਅਨ ਨੂੰ ਖ਼ਤਮ ਕਰ ਦਿੱਤਾ ਅਤੇ ਡੱਚਾਂ ਦੇ ਵਪਾਰ ਨੂੰ ਵੀ ਬੰਦ ਕਰ ਦਿੱਤਾ।

ਹ. ਪੁ.—ਐਨ. ਬ੍ਰਿ. ਮਾ. 3 : 661; ਐਨ. ਅਮੈ. 9 : 375

**ਡਰੇਕ, ਸਰ ਫ਼ਰਾਂਸਿਸ** : ਇਹ ਇਕ ਅੰਗਰੇਜ਼ ਐਡਮਿਰਲ ਸੀ ਜਿਹੜਾ ਮਹਾਰਾਣੀ ਐਲਿਜ਼ਬੈੱਥ ਦੇ ਰਾਜ-ਕਾਲ ਦੌਰਾਨ ਮਸ਼ਹੂਰ ਹੋਇਆ। ਵਿਸ਼ੇਸ਼ ਕਰਕੇ ਸਪੇਨੀ ਜੰਗੀ ਬੇੜੇ (ਆਰਮੇਡਾ) ਨੂੰ ਹਰਾਉਣ ਦਾ ਸਿਹਰਾ ਇਸੇ ਦੇ ਸਿਰ ਹੈ। ਇਸ ਤੋਂ ਬਿਨਾ ਸਮੁੰਦਰ ਰਾਹੀਂ ਦੁਨੀਆ ਦਾ ਚੱਕਰ ਲਾਉਣ ਵਾਲਾ ਵੀ ਇਹ ਸਭ ਤੋਂ ਪਹਿਲਾ ਮਨੁੱਖ ਸੀ। ਸਪੇਨ ਦੇ ਸਮੁੰਦਰੀ ਜਹਾਜ਼ਾਂ ਉਪਰ ਨਿਧੜਕਤਾ ਨਾਲ ਲੋਟੂ ਹਮਲੇ ਕਰਨ ਕਰਕੇ ਆਪਣੇ ਸਮੇਂ ਦੌਰਾਨ ਡਰੇਕ ਇੰਗਲੈਂਡ ਦੀ ਲੋਕ ਚਰਚਾ ਦਾ ਵਿਸ਼ਾ ਵੀ ਬਣਿਆ ਰਿਹਾ।

ਡਰੇਕ ਦਾ ਜਨਮ ਦੱਖਣ-ਪੱਛਮੀ ਇੰਗਲੈਂਡ ਦੇ ਡੇਵਨਸ਼ਿਰ ਸ਼ਹਿਰ ਵਿਖੇ 1540 ਈ. ਦੇ ਲਗਭਗ ਹੋਇਆ। ਇਸਦਾ ਪਿਤਾ ਬੈੱਡਫੋਰਡ ਦੇ ਲਾਰਡ ਫ਼ਰਾਂਸਿਸ ਰਸਨ ਦੇ ਮੁਜ਼ਾਰਿਆਂ ਵਿਚੋਂ ਇਕ



ਸਰ ਫ਼ਰਾਂਸਿਸ ਡਰੇਕ

ਕਿਸਾਨ ਸੀ। ਇਹ ਪ੍ਰੋਟੈਸਟੈਂਟ ਮਤ ਦਾ ਇਕ ਗ੍ਰਿਹਸਥੀ ਤੇ ਜੋਸ਼ੀਲਾ ਪ੍ਰਚਾਰਕ ਵੀ ਸੀ। ਡਰੇਕ ਦੇ ਜੀਵਨ ਉਪਰ ਇਸਦਾ ਚੋਖਾ ਅਸਰ ਪਿਆ। ਗਰੀਬੀ ਕਾਰਨ ਇਹ ਪਰਿਵਾਰ 1549 ਈ. ਵਿਚ ਪੱਛਮ ਵੱਲ ਟੁਰ ਪਿਆ। ਇਸ ਖੇਤਰ ਵਿਚ ਕੈਥੋਲਿਕਵਾਦ ਪੂਰੇ ਜ਼ੋਰਾਂ ਤੇ ਸੀ ਅਤੇ ਇਸ ਦੌਰਾਨ ਹੋਏ ਕੌੜੇ ਅਨੁਭਵਾਂ ਕਾਰਨ ਡਰੇਕ ਦੇ ਮਨ ਵਿਚ ਕੈਥੋਲਿਕਵਾਦ ਪ੍ਰਤਿ ਘ੍ਰਿਣਾ ਪੈਦਾ ਹੋ ਗਈ ਅਤੇ ਇਹ ਇੰਗਲੈਂਡ ਦੇ ਦੱਖਣ-ਪੂਰਬ ਵਿਚ ਕੈਂਟ ਖੇਤਰ ਵੱਲ ਟੇਮਜ਼ ਜਵਾਰ ਦਹਾਣੇ ਦੇ ਦੱਖਣੀ ਕੰਢੇ ਚੈਟਮ ਸ਼ਹਿਰ ਦੇ ਨਜ਼ਦੀਕ ਖੜ੍ਹੇ ਇਕ ਵੱਡੇ ਸਾਰੇ ਪੁਰਾਣੇ ਜਹਾਜ਼ ਨੂੰ ਆਪਣਾ ਘਰ ਬਣਾ ਕੇ ਰਹਿਣ ਲਗਾ। ਇਸ ਨਾਲ ਡਰੇਕ ਦੇ ਜੀਵਨ ਦੀ ਰੇਖਾ ਵੀ ਕਿਸਾਨ ਤੋਂ ਜਹਾਜ਼ਰਾਨ ਵੱਲ ਨੂੰ ਬਦਲੀ। 13 ਵਰ੍ਹਿਆਂ ਦੀ ਉਮਰ ਵਿਚ ਇਹ ਉੱਤਰੀ ਸਾਗਰ ਦੀਆਂ ਸਾਹਿਲੀ ਬੰਦਰਗਾਹਾਂ ਤੇ ਆਉਣ ਜਾਣ ਵਾਲੇ ਛੋਟੇ ਜਹਾਜ਼ਾਂ ਵਿਚੋਂ ਇਕ ਬਜ਼ੁਰਗ ਜਹਾਜ਼ਰਾਨ ਦੇ ਜਹਾਜ਼ ਉਪਰ ਸਿਖਾਂਦਰੂ ਬਣ ਕੇ ਰਹਿ ਪਿਆ। ਜਲਦੀ ਹੀ ਡਰੇਕ ਨੇ ਇਸ ਜਹਾਜ਼ ਨੂੰ ਕਠਿਨਾਈ ਸਮੇਂ ਕਾਬੂ ਕਰਨਾ ਸਿੱਖ ਲਿਆ ਅਤੇ ਜਹਾਜ਼ਰਾਨੀ ਦੀ ਸਿੱਖਿਆ ਹਾਸਲ ਕੀਤੀ। ਮਰਨ ਸਮੇਂ ਇਸ ਦਾ ਬਜ਼ੁਰਗ ਉਸਤਾਦ ਆਪਣਾ ਜਹਾਜ਼ ਡਰੇਕ ਦੇ ਹਵਾਲੇ ਕਰਕੇ ਇਸਨੂੰ ਜਹਾਜ਼ ਦਾ ਮਾਲਕ ਬਣਾ ਗਿਆ। ਕੁਝ ਵਰ੍ਹੇ ਉੱਤਰੀ ਸਾਗਰ ਵਿਚ ਯਾਤਰਾ ਕਰਨ ਉਪਰੰਤ ਇਸ ਵਿਚ ਵਿਸ਼ਾਲ ਸਾਗਰਾਂ ਦੀ ਯਾਤਰਾ ਦੀ ਉਮੰਗ ਪ੍ਰਬਲ ਹੋਈ ਅਤੇ 23 ਵਰ੍ਹੇ ਦੀ ਆਯੂ ਵਿਚ ਇਹ ਆਪਣੇ ਦੂਰ ਦੇ ਸਬੰਧੀ ਹਾਕਿਨਜ਼ ਪਰਿਵਾਰ ਦੇ ਬੇੜੇ ਵਿਚ ਸੀ—ਮੈਨ ਦੇ ਤੌਰ ਤੇ ਸ਼ਾਮਲ ਹੋ ਗਿਆ ਤੇ ਆਪਣਾ ਛੋਟਾ ਜਹਾਜ਼ ਵੇਚ ਦਿੱਤਾ। ਹੁਣ ਇਸਨੂੰ ਵਿਸ਼ਾਲ ਅੰਧ-ਮਹਾਂਸਾਗਰ ਵਿਚ ਯਾਤਰਾ ਕਰਨ ਦਾ ਖੁੱਲ੍ਹਾ ਮੌਕਾ ਮਿਲਿਆ ਅਤੇ ਇਸਨੇ ਸਮੁੰਦਰ ਵਿਚ ਆਉਂਦੀਆਂ ਭੂਮੀਆਂ ਦਾ ਆਪਣੀ ਕਿਸਮਤ ਅਜ਼ਮਾਉਣ ਲਈ ਜਾਇਜ਼ਾ ਲਿਆ।

ਸੰਨ 1566 ਵਿਚ ਜਾੱਨ ਲਾਵੈਲ ਦੀ ਅਗਵਾਈ ਹੇਠ ਸਪੇਨ ਦੇ ਪੱਛਮੀ ਦੀਪਾਂ ਵੱਲ ਸੀ-ਮੈਨ ਦੇ ਤੌਰ ਤੇ ਇਸਨੂੰ ਸਪੇਨਵਾਸੀਆਂ ਦਾ ਬਦੇਸ਼ੀਆਂ ਪ੍ਰਤਿ ਭੈੜੇ ਵਤੀਰੇ ਦਾ ਪਹਿਲੀ ਵਾਰ ਅਨੁਭਵ ਹੋਇਆ। ਉਨ੍ਹਾਂ ਨੇ ਇਨ੍ਹਾਂ ਦਾ ਮਾਲ ਖੋਹ ਲਿਆ ਅਤੇ ਕਈ ਤਰ੍ਹਾਂ

ਦੀਆਂ ਬਦਸਲੂਕੀਆਂ ਕੀਤੀਆਂ। ਡਰੇਕ ਨੇ ਮੌਕਾ ਮਿਲਣ ਤੇ ਸਪੇਨ ਦੇ ਜਹਾਜ਼ਰਾਨਾਂ ਨੂੰ ਸੋਧਣ ਦਾ ਇਰਾਦਾ ਬਣਾਇਆ। ਪੱਛਮੀ ਦੀਪ-ਸਮੂਹ ਦੀ ਦੂਜੀ ਯਾਤਰਾ ਸਮੇਂ ਡਰੇਕ ਨੂੰ ਜਾਨ ਹਾਕਿਨਜ਼ ਦਾ ਸਾਥ ਮਿਲਿਆ। ਇਸ ਵਾਰੀ ਮੈਕਸੀਕੋ ਦੇ ਸਾਹਿਲ ਤੋਂ ਕੁਝ ਹਟ ਕੇ ਸੈਨ ਹਵਾਨ ਡ ਯੂਲੂਆ ਦੇ ਸਥਾਨ ਤੇ ਫਿਰ ਸਪੇਨੀਆਂ ਵੱਲੋਂ ਅੰਗਰੇਜ਼ ਯਾਤਰੀਆਂ ਉਪਰ ਬੁਰੀ ਤਰ੍ਹਾਂ ਹਮਲਾ ਹੋਇਆ। ਇਨ੍ਹਾਂ ਵਿਚੋਂ ਬਹੁਤ ਸਾਰੇ ਅੰਗਰੇਜ਼ ਜਹਾਜ਼ਰਾਨ ਮਾਰੇ ਗਏ ਪਰ ਡਰੇਕ ਆਪਣਾ ਜੁਡਿਥ ਨਾਮੀ ਜਹਾਜ਼ ਲੈ ਕੇ ਇੰਗਲੈਂਡ ਪਰਤ ਆਇਆ। ਡਰੇਕ ਦੀ ਇਹ ਯਾਤਰਾ। ਮੁਹਿੰਮ ਵਿਤ ਪੱਖੋਂ ਘਾਟੇ ਵਿਚ ਰਹੀ ਪਰ ਸੀ-ਮੈਨ ਦੇ ਤੌਰ ਤੇ ਡਰੇਕ ਦਾ ਜਸ ਬਹੁਤ ਹੋਇਆ। ਮਹਾਰਾਣੀ ਐਲਿਜ਼ਬੈਥ ਵੀ ਇਸ ਦੇ ਨਾਂ ਤੋਂ ਜਾਣੂੰ ਹੋ ਗਈ। ਇਸ ਪਿੱਛੋਂ ਦੋ ਵਾਰੀ ਫਿਰ ਡਰੇਕ ਨੇ ਪੱਛਮੀ ਦੀਪਾਂ ਦੀ ਯਾਤਰਾ ਕੀਤੀ। ਸੰਨ 1572 ਵਿਚ ਜਹਾਜ਼ਰਾਨੀ ਵਿਚ ਡਰੇਕ ਦੀ ਸ਼ਲਾਘਾ ਸੁਣ ਕੇ ਮਹਾਰਾਣੀ ਨੇ ਇਸਨੂੰ ਗ਼ੈਰਸਰਕਾਰੀ ਤੌਰ ਤੇ ਸਪੇਨੀ ਖੇਤਰਾਂ ਤੇ ਹਮਲਾ ਕਰਨ ਦੀ ਆਗਿਆ ਦੇ ਦਿੱਤੀ ਅਤੇ ਇਹ 'ਪਾਸਾ' (70 ਟਨ) ਅਤੇ 'ਸਵੈਨ' (25 ਟਨ) ਨਾਮੀ ਜਹਾਜ਼ਾਂ ਦੀ ਅਗਵਾਈ ਕਰਕੇ ਰਵਾਨਾ ਹੋ ਗਿਆ। ਇਸ ਨੇ ਸਪੇਨ ਦੇ ਦੋ ਤਿੰਨ ਸ਼ਹਿਰਾਂ ਤੇ ਕਬਜ਼ਾ ਕਰਨ ਦੇ ਇਰਾਦੇ ਨਾਲ ਹਮਲਾ ਕੀਤਾ ਪਰ ਕਾਫੀ ਲੁੱਟ-ਮਾਰ ਕਰਨ ਉਪਰੰਤ ਅਤੇ ਜ਼ਖ਼ਮੀ ਹੋਣ ਕਰਕੇ ਸਾਥੀਆਂ ਸਮੇਤ ਬਚ ਨਿਕਲ ਆਇਆ ਅਤੇ ਫਿਰ ਹੌਸਲੇ ਨਾਲ ਪਨਾਮਾ ਥਲ-ਜੋੜ ਪਾਰ ਕਰਨ ਲਈ ਅਗਾਂਹ ਵਧਣਾ ਸ਼ੁਰੂ ਕੀਤਾ। ਇਸਨੇ ਰੱਬ ਅੱਗੇ ਆਪਣੀ ਜ਼ਿੰਦਗੀ ਲਈ ਅਤੇ ਇਸ ਵਿਸ਼ਾਲ ਸ਼ਾਂਤ ਮਹਾਂ ਸਾਗਰ ਨੂੰ ਅੰਗਰੇਜ਼ੀ ਜਹਾਜ਼ ਰਾਹੀਂ ਪਾਰ ਕਰਨ ਲਈ ਅਰਦਾਸ ਕੀਤੀ। ਇੰਗਲੈਂਡ ਪਰਤ ਕੇ ਇਸਨੂੰ ਬਹੁਤ ਪ੍ਰਸਿੱਧੀ ਹਾਸਲ ਹੋਈ। ਮਹਾਰਾਣੀ ਡਰੇਕ ਦੀ ਕਾਮਯਾਬੀ ਤੇ ਬਹੁਤ ਖ਼ੁਸ਼ ਹੋਈ ਪਰ ਸਰਕਾਰੀ ਤੌਰ ਤੇ ਇਸਨੂੰ ਸਨਮਾਨਤ ਨਾ ਕਰ ਸਕੀ।

ਇਸ ਪਿੱਛੋਂ ਇਸਨੇ ਦੋ ਸਾਲ ਆਇਰਲੈਂਡ ਵਿਚ ਬਿਤਾਏ ਅਤੇ 1577 ਈ. ਵਿਚ ਮਹਾਰਾਣੀ ਦੀ ਆਗਿਆ ਨਾਲ ਇਹ ਮੈਗਲਨ ਜਲ-ਡਮਰੂ ਰਾਹੀਂ ਦੱਖਣੀ ਅਮਰੀਕਾ ਦੇ ਦੁਆਲਿਓਂ ਵਿਸ਼ਾਲ ਸਮੁੰਦਰ ਵਿਚ ਦੂਰ ਸਥਿਤ ਸਾਹਿਲ ਦੀ ਭਾਲ ਵਿਚ ਟੁਰਿਆ। ਇਸ ਮੁਹਿੰਮ ਦਾ ਮੰਤਵ ਦੱਖਣ ਵਿਚ ਵਸਦੇ ਸਪੇਨੀ ਵਪਾਰੀਆਂ ਨਾਲ ਵਪਾਰਕ ਸੰਧੀਆਂ ਕਰਨਾ ਅਤੇ ਦੱਖਣੀ ਸ਼ਾਂਤ ਮਹਾਂ ਸਾਗਰ ਦੇ ਸਿਰੇ ਦੇ ਮਹਾਂਦੀਪ ਲੱਭਣਾ ਸੀ। ਇਸਦੇ ਨਾਲ ਹੀ ਮਹਾਰਾਣੀ ਨੇ ਸਪੇਨ ਦੇ ਬਾਦਸ਼ਾਹ ਤੋਂ ਬਦਲਾ ਲੈਣ ਦੇ ਇਵਜ਼ ਵਿਚ ਇਨਾਮ ਦੇਣ ਦਾ ਇਕਰਾਰ ਵੀ ਕੀਤਾ।

ਦਸੰਬਰ ਦੇ ਮਹੀਨੇ ਡਰੇਕ ਪੰਜ ਛੋਟੇ ਸਮੁੰਦਰੀ ਜਹਾਜ਼ਾਂ ਨਾਲ ਅਤੇ 200 ਤੋਂ ਘੱਟ ਗਿਣਤੀ ਵਿਚ ਅਮਲਾ ਲੈ ਕੇ ਤੁਰ ਪਿਆ ਜਿਹੜਾ ਦੁਨੀਆ ਦੇ ਕਿਸੇ ਵੀ ਸ਼ਕਤੀਸ਼ਾਲੀ ਸਾਮਰਾਜ ਦੀ ਹੱਦ ਵਿਚ ਜਾ ਕੇ ਜਾਨ ਜੋਖਮ ਵਿਚ ਪਾਉਣ ਲਈ ਨਾਕਾਫ਼ੀ ਸੀ। ਸੰਨ 1578 ਦੀ ਬਹਾਰ ਰੁੱਤ ਵਿਚ ਬ੍ਰਾਜ਼ੀਲ ਦੇ ਸਾਹਿਲ ਤੇ ਪਹੁੰਚਿਆ। ਇਸਦਾ ਪੈਲਿਕਨ ਨਾਮੀ ਫਲੈਗਸ਼ਿਪ ਸਿਰਫ 100 ਟਨ ਦਾ ਸੀ। ਬਾਅਦ ਵਿਚ ਇਸ ਦਾ ਨਾਂ ਇਸਨੇ 'ਗੋਲਡਨ ਹਿੰਦ' ਰੱਖਿਆ। ਦੱਖਣੀ ਅਮਰੀਕਾ ਪਹੁੰਚ ਕੇ ਇਸਨੇ ਸ਼ੱਕ ਪੈ ਜਾਣ ਤੇ ਸਟੋਰ ਵਾਲੇ ਜਹਾਜ਼ਾਂ ਦਾ ਮਾਲ ਹੋਰ ਜਹਾਜ਼ਾਂ ਵਿਚ ਭਰਿਆ ਤੇ ਖਾਲੀ ਹੋਏ ਜਹਾਜ਼ ਕੁਝ ਅਮਲੇ ਸਮੇਤ ਪਿਛਾਂਹ ਮੋੜ ਦਿੱਤੇ ਤੇ 21 ਅਗਸਤ, 1578 ਨੂੰ ਜਲ-ਡਮਰੂ ਵਿਚ ਦਾਖ਼ਲ ਹੋਇਆ ਤੇ 16 ਦਿਨਾਂ ਵਿਚ ਪਾਰ ਕੀਤਾ। ਇਸ ਸਮੇਂ ਤੇਜ਼ ਝੱਖੜ ਤੇ ਤੂਫ਼ਾਨ ਸ਼ੁਰੂ ਹੋ ਜਾਣ ਕਰਕੇ ਬਾਕੀ ਦੇ ਜਹਾਜ਼ ਡਰੇਕ ਨਾਲੋਂ ਵੱਖ ਹੋ ਗਏ ਤੇ ਆਪਸ ਵਿਚਲਾ ਸੰਚਾਰ ਵੀ ਟੁੱਟ ਗਿਆ। ਡਰੇਕ ਆਪਣੇ ਫਲੈਗਸ਼ਿਪ ਨੂੰ ਲੈ ਕੇ ਸ਼ਾਂਤ ਮਹਾਂਸਾਗਰ ਪਾਰ ਕਰਕੇ ਦੱਖਣੀ ਅਮਰੀਕਾ ਦੇ ਸਾਹਿਲ ਤੇ ਪਹੁੰਚ ਗਿਆ। ਇਸ ਸਾਗਰ ਵਿਚ ਸਪੇਨੀ ਜਹਾਜ਼ਾਂ ਤੋਂ ਬਿਨਾ ਹੋਰ ਕਿਸੇ ਦੇਸ਼ ਨੂੰ ਜਹਾਜ਼ਰਾਨੀ ਦੀ ਇਜਾਜ਼ਤ ਨਹੀਂ ਸੀ ਪਰ ਡਰੇਕ ਨੇ ਰਸਤੇ ਵਿਚ ਬਹੁਤ ਸਾਰੇ ਸਪੇਨੀ ਜਹਾਜ਼ਾਂ ਤੇ ਜੋਸ਼ ਭਰਪੂਰ ਹਮਲੇ ਕੀਤੇ ਤੇ ਕਾਫ਼ੀ ਲੁੱਟ-ਮਾਰ ਕਰਨ ਉਪਰੰਤ ਮੁਕਾਬਲਾ ਕਰਦਾ ਹੋਇਆ ਸਾਗਰ ਪਾਰ ਕਰ ਗਿਆ। ਅੰਧ-ਮਹਾਂਸਾਗਰ ਵਿਚ ਮੁੜ ਦਾਖ਼ਲ ਹੋਣ ਲਈ ਅੰਤਾਂ ਦੀ ਠੰਢ ਕਾਰਨ ਇਹ ਉੱਤਰ-ਪੱਛਮੀ ਰਸਤਾ ਅਖ਼ਤਿਆਰ ਕਰਨੋਂ ਅਸਮਰਥ ਰਿਹਾ। ਦੱਖਣ ਵੱਲ ਸਾਨ ਫ਼ਰਾਂਸਿਸਕੋ ਦੇ ਉੱਤਰ ਵਿਚ ਇਕ ਜਗਾ ਇਸਨੂੰ ਲੰਗਰ ਸੁਟਣੇ ਪਏ। ਅਜੋਕੇ ਕੈਨੇਡਾ ਦੇ ਪੱਛਮੀ ਸਾਹਿਲ ਤੇ ਜਾਣ ਵਾਲਾ ਇਹ ਪਹਿਲਾ ਯੂਰਪੀ ਸੀ। ਜੁਲਾਈ, 1579 ਈ. ਵਿਚ ਸ਼ਾਂਤ ਮਹਾਂ ਸਾਗਰ ਪਾਰ ਕਰਨ ਉਪਰੰਤ ਇਹ ਪੱਛਮ ਵੱਲ ਫ਼ਿਲਪੀਨ ਹੁੰਦਿਆਂ ਹੋਇਆਂ ਮੋਲਕਾਜ਼ (ਦੀਪ ਸਮੂਹ) ਠਹਿਰਿਆ ਅਤੇ ਸੁਲਤਾਨ ਨਾਲ ਇੰਗਲੈਂਡ ਲਈ ਮਸਾਲਿਆਂ ਦੀ ਦਰਾਮਦ ਬਾਰੇ ਫ਼ੈਸਲਾ ਕੀਤਾ। ਇਸ ਤੋਂ ਬਾਅਦ ਕਈ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਸਾਹਸਪੂਰਨ ਇਹ ਜਾਵਾ ਪਹੁੰਚਿਆ ਤੇ ਹਿੰਦ ਮਹਾਂਸਾਗਰ ਰਾਹੀਂ ਹੁੰਦਿਆਂ ਇਹ ਕੇਪ ਆਫ਼ ਗੁਡ ਹੋਪ ਗਿਆ। ਦੋ ਵਰ੍ਹਿਆਂ ਦੇ ਇਸ ਅਣਜਾਣੇ ਮੁਸੀਬਤਾਂ ਭਰੇ ਤੇ ਹੌਸਲਾ ਭਰਪੂਰ ਸਮੁੰਦਰੀ ਸਫ਼ਰ ਉਪਰੰਤ ਡਰੇਕ ਫਿਰ ਮਾਗੈਲਾਨ ਜਲ-ਡਮਰੂ ਵਲ ਮੁੜਿਆ। ਇਸ ਸਮੇਂ ਇਸਦੇ ਜਹਾਜ਼ੀ ਅਮਲੇ ਦੇ 100 ਮੈਂਬਰਾਂ ਵਿਚੋਂ ਸਿਰਫ 56 ਬਾਕੀ ਸਨ। 26 ਸਤੰਬਰ, 1580 ਨੂੰ ਕੀਮਤੀ ਪੱਥਰ, ਮਸਾਲੇ ਆਦਿ ਭਰਪੂਰ ਗੋਲਡਨ ਹਿੰਦ ਪਲਾਈ ਮਾਊਥ ਬੰਦਰਗਾਹ ਤੇ ਆ ਪਹੁੰਚਾ। ਹੁਣ ਡਰੇਕ ਦੁਨੀਆ ਦਾ ਪੂਰਾ ਚੱਕਰ ਲਾਉਣ ਵਾਲਾ ਪਹਿਲਾ ਕਪਤਾਨ ਅਤੇ ਸ਼ਾਂਤ ਮਹਾਂਸਾਗਰ, ਹਿੰਦ ਮਹਾਂ ਸਾਗਰ ਤੇ ਅੰਧ-ਮਹਾਂਸਾਗਰ ਪਾਰ ਕਰਨ ਵਾਲਾ ਪਹਿਲਾ ਅੰਗਰੇਜ਼ ਸੀ। ਇਸ ਖ਼ੁਸ਼ੀ ਦੇ ਮੌਕੇ ਮਹਾਰਾਣੀ ਖ਼ੁਦ ਗੋਲਡਨ ਹਿੰਦ ਦੇ ਅੰਦਰ ਗਈ ਅਤੇ ਆਪਣੇ ਹੱਥਾਂ ਨਾਲ ਇਕ ਮਾਮੂਲੀ ਕਿਸਾਨ ਦੇ ਸਾਹਸੀ ਬੇਟੇ ਨੂੰ ਨਾਈਟਹੁੱਡ ਦਾ ਤਮਗ਼ਾ ਭੇਟ ਕੀਤਾ।

ਸੰਨ 1585 ਵਿਚ ਇਹ ਫਿਰ ਸਪੇਨ ਵਿਰੁੱਧ ਮੁਹਿੰਮ ਤੇ 25 ਜਹਾਜ਼ਾਂ ਦਾ ਬੇੜਾ ਲੈ ਕੇ ਗਿਆ ਜਿਸ ਨੇ ਕਾਫ਼ੀ ਲੁੱਟ ਮਾਰ ਕੀਤੀ ਤੇ ਸਪੇਨ ਨੂੰ ਮਾਲੀ ਤੌਰ ਤੇ ਬਹੁਤ ਕਮਜ਼ੋਰ ਕਰ ਦਿੱਤਾ। ਹੁਣ ਸਪੇਨ ਦੇ ਬਾਦਸ਼ਾਹ ਲਈ ਇਹ ਇਕ ਭੈ ਭੀਤ ਮਨੁੱਖ ਬਣ ਗਿਆ। ਸਪੇਨ ਦੀ ਕਾਦੀਜ਼ ਬੰਦਰਗਾਹ ਉਪਰ ਧਾਵਾ ਬੋਲ ਕੇ 36 ਘੰਟਿਆਂ ਦੇ ਅੰਦਰ ਅੰਦਰ ਸਮੁੰਦਰੀ ਬੇੜੇ ਲਈ ਤਿਆਰ ਕੀਤਾ ਸਾਜ਼ੋ-ਸਾਮਾਨ ਤੇ ਧਨ-ਮਾਲ ਤਬਾਹ ਕਰ ਦਿੱਤਾ। ਸੰਨ 1588 ਵਿਚ ਸਪੇਨ ਵਲੋਂ ਮੁੜ ਸਮੁੰਦਰੀ ਬੇੜਾ ਤਿਆਰ ਕਰਕੇ ਇੰਗਲਿਸ਼ ਚੈਨਲ ਵਿਚ ਭੇਜੇ ਜਾਣ ਤੇ ਲਾਰਡ ਹਾਵਰਡ ਦੀ ਅਗਵਾਈ ਵਿਚ ਵਾਈਸ ਐਡਮਿਰਲ ਦੇ ਤੌਰ ਤੇ ਡਰੇਕ ਫਿਰ ਇਸ ਦੇ ਮੁਕਾਬਲੇ ਲਈ ਅੱਗੇ ਵਧਿਆ ਅਤੇ ਸਮੁੰਦਰੀ ਬੇੜੇ ਨੂੰ ਆਪਣੀ ਪਨਾਹਗੀਰ ਵਿਚੋਂ ਕੱਢਣ ਦਾ ਸਿਹਰਾ ਇਸ ਦੇ ਸਿਰ ਆਇਆ। ਹੁਣ ਡਰੇਕ ਯੂਰਪੀ ਲੋਕਾਂ ਵਿਚ ਇੰਨਾ ਪ੍ਰਸਿੱਧ ਹੋਇਆ ਕਿ ਇਸ ਬਾਰੇ ਕਵਿਤਾਵਾਂ ਤੇ ਅਨੇਕਾਂ ਹੀ ਸੁਵੀਨਰ ਛਾਪੇ ਗਏ। ਗੱਲ ਕੀ ਲੋਕ-ਕਥਾਵਾਂ ਵਿਚ ਵੀ ਡਰੇਕ ਦਾ ਨਾਂ ਪ੍ਰਚੱਲਤ ਹੋ ਗਿਆ। ਇਸ ਤੋਂ 200 ਵਰ੍ਹੇ ਪਿੱਛੋਂ ਹੋਰੇਸ਼ੀਓ ਨੈਲਸਨ ਦੇ ਪੈਦਾ ਹੋਣ ਤੱਕ ਹੋਰ ਕੋਈ ਵੀ ਯੂਰਪੀ ਡਰੇਕ ਦੀ ਥਾਂ ਨਾ ਲੈ ਸਕਿਆ।

ਇੰਨੀ ਪ੍ਰਸਿੱਧੀ ਅਤੇ ਮਾਣ ਹਾਸਲ ਕਰਨ ਦੇ ਬਾਵਜੂਦ ਡਰੇਕ ਆਪਣੇ ਅੰਤਲੇ ਦਿਨਾਂ ਵਿਚ ਮਾਨਸਿਕ ਤੌਰ ਤੇ ਖ਼ੁਸ਼ ਨਹੀਂ ਸੀ। ਇਕ ਤਾਂ ਦੋ ਸ਼ਾਦੀਆਂ ਦੇ ਬਾਵਜੂਦ ਵੀ ਇਸਦੀ ਕੋਈ ਸੰਤਾਨ ਨਾ ਹੋਈ ਅਤੇ ਦੂਜੇ ਪਾਸੇ ਇਸ ਦੀ ਆਖ਼ਰੀ ਪੁਰਤਗ਼ਾਲੀ ਮੁਹਿੰਮ ਅਸਫ਼ਲ ਰਹੀ ਜਿਸ ਦਾ ਇਹ ਸੁਪਨਾ ਵੀ ਨਹੀਂ ਸੀ ਲੈ ਸਕਦਾ।

ਡਰੇਕ ਜਹਾਜ਼ਰਾਨੀ ਦੇ ਹਰ ਨੁਕਤੇ ਵਿਚ ਤਾਕ ਸੀ। ਇਹ ਆਪਣੀ ਤੇਜ਼ ਯਾਦਾਸ਼ਤ, ਵਿਸ਼ਾਲ ਤਜਰਬੇ ਅਤੇ ਮਿੱਠ-ਬੋਲੜੇ

ਸੁਭਾਅ ਸਦਕਾ ਯੂਰਪ ਤੇ ਅਮਰੀਕਾ ਵਿਚ ਏਸ਼ੀਆ ਤੇ ਅਮਰੀਕਾ ਦੇ ਡਿਮੂਰਲੇਕ ਵਾਂਗ ਮਸ਼ਹੂਰ ਹੋਇਆ। ਇਕ ਸਪੇਨੀ ਮੁਦੱਬਰ ਅਨੁਸਾਰ ਇਹ ਅਣਜਾਣੀ ਦੁਨੀਆ ਦਾ ਚੋਰ ਉਸਤਾਦ ਸੀ। ਇੰਗਲੈਂਡ ਦੇ ਸ਼ਾਹੀ ਘਰਾਣੇ ਨਾਲ ਸਬੰਧਤ ਅਧਿਕਾਰੀ ਅਤੇ ਰਈਸ ਭਾਵੇਂ ਡਰੇਕ ਨੂੰ ਸਾਧਾਰਣ ਕਿਸਾਨ ਦੇ ਘਰ ਜਨਮਿਆ ਹੋਣ ਅਤੇ ਸ਼ਾਹੀ ਠਾਠ-ਬਾਠ ਵਾਲਾ ਸਲੀਕਾ ਨਾ ਹੋਣ ਕਰਕੇ ਪਸੰਦ ਨਹੀਂ ਸਨ ਕਰਦੇ ਪਰ ਇਕ ਸ਼ਰਧਾਵਾਨ ਮਨੁੱਖ ਅਤੇ ਯੋਗ ਵਪਾਰੀ ਹੋਣ ਦੇ ਨਾਲ ਨਾਲ ਇੰਗਲੈਂਡ ਨੂੰ ਵਿਸ਼ਾਲ ਕਰਨ ਵਾਲੇ ਬਹੁਤ ਸਾਰੇ ਗੁਣਾਂ ਦਾ ਮਾਲਕ ਹੋਣ ਦੇ ਨਾਤੇ ਇੰਗਲੈਂਡ ਦੀ ਮਲਕਾ ਦੀ ਨਜ਼ਰ ਵਿਚ ਇਸ ਦੀ ਬਹੁਤ ਕਦਰ ਸੀ।

28 ਜਨਵਰੀ, 1596 ਨੂੰ ਪਨਾਮਾ ਤੋਂ ਕੁਝ ਪਰ੍ਹੇ ਬੁਖ਼ਾਰ ਕਾਰਨ ਜਹਾਜ਼ਰਾਨੀ ਦੌਰਾਨ ਹੀ ਇਸ ਦੀ ਮੌਤ ਹੋਈ।

ਹ. ਪੁ.- ਐਨ. ਬ੍ਰਿ. 4 : 211; ਐਨ. ਅਮੈ. 9 : 300

**ਡਰੇਕੋ** : ਖਗੋਲ-ਵਿਗਿਆਨ ਵਿਚ ਇਹ ਉੱਤਰੀ ਅਰਧਗੋਲੇ ਦੀ ਇਕ ਖਿੱਤੀ ਹੈ ਜਿਸਨੂੰ ਡਰੈਗਨ ਵੀ ਕਹਿੰਦੇ ਹਨ। ਯੂਨਾਨੀ ਲੋਕ ਇਸ ਖਿੱਤੀ ਬਾਰੇ ਬਹੁਤ ਸਾਰੀਆਂ ਕਲਪਤ ਕਹਾਣੀਆਂ ਸੁਣਾਉਂਦੇ ਹਨ। ਉਨ੍ਹਾਂ ਵਿਚੋਂ ਇਕ ਇਹ ਹੈ ਕਿ ਜਦੋਂ ਹਰਕੂਲੀਸ ਨੇ ਹੈਸਪੀਰੀਅਨ ਫਲ ਦੀ ਰੱਖਿਆ ਕਰਨ ਵਾਲੇ ਅਜਗਰ ਨੂੰ ਮਾਰਿਆ ਤਦ ਹੈਰਾ ਨੇ ਇਸ ਜਾਨਵਰ ਦੀ ਸੇਵਾ ਦੇ ਇਨਾਮ ਵਜੋਂ ਇਸ ਨੂੰ ਸਵਰਗਾਂ ਵਿਚ ਭੇਜ ਦਿੱਤਾ। ਇਹ ਦੋ ਰਿੱਛਾਂ, ਅਰਸਾ ਮੇਜਰ ਅਤੇ ਅਰਸਾ ਮਾਈਨਰ (ਦੋ ਖਿੱਤੀਆਂ) ਨੂੰ ਅਲੱਗ ਅਲੱਗ ਰਖਣ ਲਈ ਉਨ੍ਹਾਂ ਵਿਚਕਾਰ ਖੜਾ ਹੈ। ਇਸ ਖਿੱਤੀ ਦਾ ਡਰੇਕੋਨਿਸ (Draconis) ਤਾਰਾ ਇਤਿਹਾਸਕ ਦਿਲਚਸਪੀ ਰਖਦਾ ਹੈ ਕਿਉਂਕਿ ਜੇਮਜ਼ ਬਰੈਡਲੇ ਨੇ ਇਸ ਤਾਰੇ ਦੇ ਆਪਣੇ ਨਿਰੀਖਣਾਂ ਤੋਂ ਪ੍ਰਕਾਸ਼-ਵਿਪੱਥਨ ਘਟਨਾ ਦੀ ਖੋਜ ਕੀਤੀ। ਇਹ ਮਾਣ ਇਸਨੂੰ ਇਸ ਕਰਕੇ ਪ੍ਰਾਪਤ ਹੈ ਕਿਉਂਕਿ ਗ੍ਰੀਨਵਿਚ ਦੇ ਸਿਖਰ ਬਿੰਦੂ ਦੇ ਨਜ਼ਦੀਕ ਦੀ ਗੁਜ਼ਰਨ ਵਾਲਾ ਇਹ ਸਭ ਤੋਂ ਵੱਧ ਚਮਕ ਵਾਲਾ ਤਾਰਾ ਹੈ ਜਿਸ ਕਰਕੇ ਅਪਵਰਤਨ ਤੋਂ ਉਤਪੰਨ ਹੋਣ ਵਾਲੇ ਨਿਰੀਖਣਾਂ ਵਿਚ ਗਲਤੀਆਂ ਘੱਟ ਜਾਂਦੀਆਂ ਹਨ।

ਹ. ਪੁ.- ਐਨ. ਬ੍ਰਿ. 7 : 621

**ਡ੍ਰੇਟਨ, ਮਾਈਕਲ** : ਇੰਗਲੈਂਡ ਦੇ ਇਸ ਕਵੀ ਦਾ ਜਨਮ 1563 ਵਿਚ ਵਾਰਵਿਕ ਸ਼ਿਰ ਵਿਚ ਹਾਰਟਸ਼ਿਲ ਵਿਖੇ ਹੋਇਆ। ਇਹ



**ਮਾਈਕਲ ਡ੍ਰੇਟਨ**

ਐਲਿਜ਼ਬੈਥ ਦੇ ਸਮੇਂ ਦਾ ਇਕ ਨਾਮੀ ਕਵੀ ਸੀ ਜਿਸਦਾ ਬਚਪਨ ਸਰ ਹੈਨਰੀ ਗੁਡੀਅਰ ਦੇ ਪਰਿਵਾਰ ਦੀ ਸੇਵਾ ਵਿਚ ਗੁਜ਼ਰਿਆ। ਉਸ ਦੀ ਧੀ ਐਨ ਨਾਲ ਇਸ ਦੀ ਮਿੱਤਰਤਾ ਹੋ ਗਈ। ਉਥੇ ਰਹਿ ਕੇ ਇਸ ਨੇ ਆਪਣੀ ਮੁੱਢਲੀ ਸਿਖਿਆ ਪ੍ਰਾਪਤ ਕੀਤੀ।

ਇਸ ਦੀ ਪਹਿਲੀ ਕ੍ਰਿਤ 'ਦੀ ਹਾਰਮਨੀ ਆੱਫ਼ ਦੀ ਚਰਚ' (1591) ਵਿਵਾਦ ਦਾ ਵਿਸ਼ਾ ਬਣ ਗਈ ਜੋ ਕਿ ਸਾੜ ਦਿਤੀ ਗਈ ਸੀ। ਇਸ ਦੀਆਂ ਅਗਲੀਆਂ ਕ੍ਰਿਤਾਂ ਵਿਚ 'ਆਈਡੀਆ ਦੀ ਸ਼ੇਫਰਡਜ਼ ਗਾਰਲੈਂਡ' (1593), 'ਆਈਡੀਆਜ਼ ਮਿਰਰ' (1594), 'ਐਨਡੀਮੀਅਨ ਐਂਡ ਫੀਬ' (1595) ਅਤੇ 'ਰਾੱਬਰਟ, ਡਿਊਕ ਆਫ਼ ਨਾਰਮੰਡੀ' (1596) ਸ਼ਾਮਲ ਹਨ।

ਡ੍ਰੇਟਨ ਨੇ ਹਰ ਕਾਵਿ ਵੰਨਗੀ ਉਤੇ ਹੱਥ ਅਜ਼ਮਾਇਆ। ਡ੍ਰੇਟਨ ਨੇ ਹੈਨਰੀ ਚੈਟਲ, ਟਾੱਮਸ ਡੈਕਰ ਅਤੇ ਹੋਰ ਸਮਕਾਲੀ ਨਾਟਕਕਾਰਾਂ ਨਾਲ ਮਿਲਕੇ ਕਈ ਨਾਟਕ ਵੀ ਲਿਖੇ। ਕਿਹਾ ਜਾਂਦਾ ਹੈ ਕਿ ਇਹ ਸ਼ੈਕਸਪੀਅਰ ਦਾ ਮਿੱਤਰ ਵੀ ਸੀ। ਇਸ ਦੀ ਕ੍ਰਿਤ ਪੋਲੀ-ਆੱਲਬੀਅਨ ਵਿਚ ਬਰਤਾਨੀਆ ਦਾ ਭੂਗੋਲਿਕ ਵਰਣਨ ਬੜੇ ਹੀ ਸੁੰਦਰ ਕਾਵਿਮਈ ਰੂਪ ਵਿੱਚ ਕੀਤਾ ਗਿਆ ਹੈ। ਇਸ ਰਚਨਾ ਵਿਚ ਦੇਸ਼ ਭਗਤੀ ਦੀ ਭਾਵਨਾ ਕੁੱਟ ਕੁੱਟ ਕੇ ਭਰੀ ਹੋਈ ਹੈ ਅਤੇ ਸੁੰਦਰਤਾ ਦਾ ਬਹੁਤ ਚੰਗਾ ਵਰਣਨ ਹੈ।

ਦੂਜੇ ਕਵੀਆਂ ਵਾਂਗ ਡ੍ਰੇਟਨ ਨੇ ਵੀ ਬਾਦਸ਼ਾਹ ਜੇਮਜ਼ ਪਹਿਲੇ ਦੀ ਗੱਦੀ ਨਸ਼ੀਨੀ ਦੀ ਬਹੁਤ ਉਸਤਤ ਕੀਤੀ ਪਰੰਤੂ ਇਸ ਨੇ ਆਪਣੀਆਂ ਕਵਿਤਾਵਾਂ ਵਿਚ ਮਹਾਰਾਣੀ ਇਲਿਜ਼ਬਥ ਪਹਿਲੀ ਦਾ ਕੋਈ ਜ਼ਿਕਰ ਨਾ ਕੀਤਾ ਜਿਸ ਕਾਰਨ ਇਸ ਦੀਆਂ ਕਾਫ਼ੀ ਚਿਰ ਤੋਂ ਲਗੀਆਂ ਆਸਾਂ ਉੱਤੇ ਪਾਣੀ ਫਿਰ ਗਿਆ। ਇਸ ਦੀ ਕਵਿਤਾ ਉਤੇ ਵੀ ਨਿਰਾਸ਼ਾ ਦੀ ਰੰਗਤ ਵਿਖਾਈ ਦੇਣ ਲਗ ਪਈ।

ਇਸ ਦੀ ਇਹ ਨਿਰਾਸ਼ਾ ਸੰਨ 1605 ਵਿਚ ਸਮਾਪਤ ਹੋਈ, ਜਦੋਂ ਇਸ ਨੇ ਆਪਣਾ ਸੰਗ੍ਰਹਿ 'ਪੋਇਮਜ਼' (1605) ਪ੍ਰਕਾਸ਼ਿਤ ਕੀਤਾ। ਆਪਣੀ ਰਚਨਾ 'ਪੋਇਮਜ਼ ਲਿਰਿਕ ਐਂਡ ਪੈਸਟੋਰਲ' (1606) ਰਾਹੀਂ ਇਸ ਨੇ ਅੰਗਰੇਜ਼ੀ ਕਵਿਤਾ ਵਿਚ 'ਓਡਜ਼' ਦੀ ਇਕ ਨਵੀਂ ਪਿਰਤ ਪਾਈ।

ਸੰਨ 1612 ਵਿਚ ਡ੍ਰੇਟਨ ਨੇ ਆਪਣੀ ਕਾਵਿ ਪੁਸਤਕ 'ਪੋਲੀਆਲਬੀਓਨ' ਦਾ ਪਹਿਲਾ ਭਾਗ ਅਤੇ 1622 ਵਿਚ ਦੂਜਾ ਭਾਗ ਪ੍ਰਕਾਸ਼ਿਤ ਕੀਤਾ। ਇਸ ਵਿਚ ਇਸ ਨੇ ਹੋਰ ਵੀ ਵਧੇਰੇ ਮਿਹਨਤ ਕੀਤੀ ਅਤੇ ਬੁਢਾਪੇ ਵਿਚ 'ਨਿੰਫੀਡੀਆ' ਜਿਹੀ ਸੁਹਣੀ ਕਵਿਤਾ ਲਿਖੀ। ਇਸ ਦੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਦੇਸ਼-ਪਿਆਰ ਸੀ।

ਸੰਨ 1631 ਵਿਚ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 7 :664 ; ਐਨ. ਅਮੈ. 9 : 320 ; ਐਨ. ਬ੍ਰਿ. ਮਾ. 3 : 659

**ਡਰੇਪਰ, ਹੈਨਰੀ** : ਸੰਯੁਕਤ ਰਾਜ ਦੇ ਇਸ ਚਿਕਿਤਸਕ ਅਤੇ ਖ਼ਗੋਲ ਵਿਗਿਆਨੀ ਦਾ ਜਨਮ ਪ੍ਰਿੰਸ ਐਡਵਰਡ ਕਾਉਂਟੀ ਵਿਖੇ 7 ਮਾਰਚ, 1837 ਨੂੰ ਹੋਇਆ। ਇਸ ਨੇ ਨਿਊਯਾਰਕ ਯੂਨੀਵਰਸਿਟੀ ਤੋਂ ਸਿੱਖਿਆ ਹਾਸਲ ਕੀਤੀ ਅਤੇ 1859 ਈ. ਵਿਚ ਨਿਊਯਾਰਕ ਦੇ ਬੈਲੇਵਯੂ ਹਸਪਤਾਲ ਵਿਚ ਨਿਯੁਕਤ ਹੋਇਆ। 1866 ਈ. ਵਿਚ ਇਹ ਆਪਣੀ ਯੂਨੀਵਰਸਿਟੀ ਦੀ ਮੈਡੀਕਲ ਫੈਕਲਟੀ ਦਾ ਡੀਨ ਬਣ ਗਿਆ। 1877 ਈ. ਵਿਚ ਇਹ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਅਤੇ ਅਮਰੀਕਨ ਫ਼ਿਲਾਸਫ਼ੀਕਲ ਸੁਸਾਇਟੀ ਅਤੇ 1881 ਵਿਚ ਅਮਰੀਕਨ ਅਕੈਡਮੀ ਆਫ਼ ਆਰਟਸ ਅਤੇ ਸਾਇੰਸਿਜ਼ ਦਾ ਮੈਂਬਰ ਚੁਣਿਆ ਗਿਆ।

ਡਰੇਪਰ ਦੇ ਪਿਤਾ ਜਾੱਨ ਵਿਲੀਅਮ ਡਰੇਪਰ ਨੂੰ ਸਭ ਤੋਂ ਪਹਿਲਾਂ ਚੰਨ ਦੀ ਫ਼ੋਟੋ ਖਿੱਚਣ ਵਿਚ ਸਫ਼ਲਤਾ ਪ੍ਰਾਪਤ ਹੋਈ। ਡਰੇਪਰ,

ਹੈਨਰੀ ਨੇ ਵੀ ਅਰਸ਼ੀ ਫ਼ੋਟੋਗ੍ਰਾਫ਼ੀ ਦੇ ਇਤਿਹਾਸ ਵਿਚ ਕਾਫ਼ੀ ਯੋਗਦਾਨ ਪਾਇਆ ਹੈ। ਇਸ ਨੇ ਸੰਯੁਕਤ ਰਾਜ ਵਿਚ ਸਿਲਵਰ-ਆੱਨ-ਗਲਾਸ ਰਿਫਲੈੱਕਟਰ ਦਾ ਆਰੰਭ ਕੀਤਾ ਅਤੇ ਇਸ ਦੀਆਂ ਫ਼ੋਟੋਗ੍ਰਾਫ਼ੀ ਸੰਭਾਵਨਾਵਾਂ ਤੋਂ ਲਾਭ ਉਠਾਉਣ ਵਾਲਾ ਇਹ ਪਹਿਲਾ ਵਿਅਕਤੀ ਸੀ। ਖ਼ਗੋਲ ਵਿਗਿਆਨ ਚਾਹੇ ਇਸ ਦਾ ਪੇਸ਼ਾ ਨਹੀਂ ਸੀ ਪਰ 1872 ਈ. ਵਿਚ ਇਸ ਨੇ ਪਹਿਲਾ ਤਾਰਾ-ਰੂਪ ਸਪੈਕਟ੍ਰੀ-ਚਿੱਤਰ ਖਿਚਿਆ ਅਤੇ 30 ਸਤੰਬਰ, 1880 ਨੂੰ ਮ੍ਰਿਗ ਨਛੱਤਰ ਧੁੰਦ-ਤਾਰੇ (ਨੈਬੂਲਾ) ਦੀ ਸਭ ਤੋਂ ਪਹਿਲਾਂ ਫ਼ੋਟੋ ਖਿੱਚਣ ਵਿਚ ਸਫਲਤਾ ਪ੍ਰਾਪਤ ਕੀਤੀ।

20 ਨਵੰਬਰ, 1882 ਨੂੰ ਨਿਊਯਾਰਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 7 : 654

**ਡਰੈਸਰ, ਕ੍ਰਿਸਟਾੱਫਰ** : ਇਸ ਬਰਤਾਨਵੀ ਡਿਜ਼ਾਈਨਰ (ਰੂਪਰੇਖਾਕਾਰ) ਦਾ ਜਨਮ 4 ਜੁਲਾਈ, 1834 ਨੂੰ ਗਲਾਸਗੋ ਵਿਖੇ ਹੋਇਆ। ਇਹ 19ਵੀਂ ਸਦੀ ਦਾ ਪਹਿਲਾ ਪੇਸ਼ਾਵਰ ਸੱਨਅਤੀ ਡਿਜ਼ਾਈਨਰ ਅਤੇ ਜਾਪਾਨੀ ਪ੍ਰਭਾਵ ਵਾਲੇ ਡਿਜ਼ਾਈਨ ਅਤੇ ਫੈਸ਼ਨ ਸਬੰਧੀ ਕੰਮ ਕਰਨ ਵਾਲਿਆਂ ਵਿਚੋਂ ਮੋਹਰੀ ਸੀ।

ਡਰੈਸਰ ਨੇ ਦੋ ਸਾਲ ਲੰਡਨ ਦੇ ਸਮਰਸੇਟ ਹਾਊਸ ਡਿਜ਼ਾਈਨ ਸਕੂਲ ਤੋਂ ਸਿਖਿਆ ਪ੍ਰਾਪਤ ਕੀਤੀ ਅਤੇ ਬਨਸਪਤੀ ਵਿਗਿਆਨ ਪੜ੍ਹਾਉਣ ਲਗਾ। ਯੂਨਿਟੀ ਇਨ ਵਰਾਇਟੀ (1859) ਛਪਣ ਤੋਂ ਬਾਅਦ ਇਹ ਲਿਨੀਅਨ ਸੁਸਾਇਟੀ ਦਾ ਫੈਲੋ ਬਣ ਗਿਆ। ਬਤੌਰ ਡਿਜ਼ਾਈਨ ਦੇ ਕੰਮ ਤੋਂ ਇਕ ਦਮ ਪਹਿਲਾਂ ਇਸ ਦੀ 'ਆਰਟ ਆਫ਼ ਡੈਕੋਰੇਟਿਵ ਡਿਜ਼ਾਈਨ (1862)' ਨਾਮੀ ਕ੍ਰਿਤ ਛਪਕੇ ਸਾਹਮਣੇ ਆਈ। ਇਸ ਨੇ 1876 ਵਿਚ ਬਰਤਾਨਵੀ ਸਰਕਾਰ ਦੇ ਨੁਮਾਇੰਦੇ ਵਜੋਂ ਜਾਪਾਨ ਦਾ ਦੌਰਾ ਕੀਤਾ ਅਤੇ ਉਪਰੰਤ ਜਾਪਾਨੀ ਮੋਟਿਫ਼ ਤੇ ਡਿਜ਼ਾਈਨ ਦੇ ਸਿਧਾਂਤ ਅਤੇ ਨਿਯਮਾਂ ਦੀ ਨਿਜੀ ਵਰਤੋਂ ਕਰਨ ਲਗ ਪਿਆ।

ਡਰੈਸਰ ਦੀ ਆਪਣੀ ਵਿਗਿਆਨਕ ਸ਼ਖ਼ਸੀਅਤ ਦੇ ਡੂੰਘੇ ਪ੍ਰਭਾਵ ਦੀ ਝਲਕ ਉਸ ਦੇ ਕੰਮ ਤੋਂ ਸਪਸ਼ਟ ਪ੍ਰਤੀਤ ਹੁੰਦੀ ਸੀ। ਕਈ ਮਾਹਿਰਾਂ ਦਾ ਵਿਚਾਰ ਸੀ ਕਿ ਡਰੈਸਰ ਦੇ ਡਿਜ਼ਾਈਨ ਵਧੇਰੇ ਸਿਧਾਂਤਕ ਹੋਣ ਕਾਰਨ ਹੀ ਘਟ ਸੁਹਜਾਤਮਕ ਨਜ਼ਰ ਆਉਂਦੇ ਸਨ। ਡਰੈਸਰ ਨੂੰ ਆਪਣੇ ਕੰਮ ਵਿਚ ਕਿੰਨੀ ਕੁ ਮੁਹਾਰਤ ਹਾਸਲ ਸੀ ਇਸ ਦੀ ਗਵਾਹੀ ਉਸ ਦੀਆਂ ਸ਼ੀਸ਼ੇ ਤੇ ਧਾਤਾਂ ਦੀਆਂ ਕ੍ਰਿਤਾਂ ਵਿਸ਼ੇਸ਼ ਤੌਰ ਤੇ ਭਰਦੀਆਂ ਹਨ।

ਡਰੈਸਰ ਦੀਆਂ ਹੋਰ ਕ੍ਰਿਤਾਂ ਵਿਚੋਂ 'ਦੀ ਡਿਵੈਲਪਮੈਂਟ ਆੱਫ਼ ਆਰਨਾਮੈਂਟਲ ਆਰਟ ਇਨ ਦਾ ਇੰਟਰਨੈਸ਼ਨਲ ਐਗਜ਼ੀਬੀਸ਼ਨ (1862)' ਅਤੇ 'ਜਾਪਾਨ, ਇਟਸ ਆਰਕੀਟੈਕਚਰ, ਆਰਟ ਐਂਡ ਆਰਟ ਮੈਨੂਫੈਕਚਰਜ਼ (1882)' ਪ੍ਰਮੁੱਖ ਹਨ।

24 ਨਵੰਬਰ, 1904 ਨੂੰ ਫ਼ਰਾਂਸ ਵਿਚ ਮਲੂਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 223

**ਡ੍ਰੈਕਮ** : ਪ੍ਰਾਚੀਨ ਯੂਨਾਨ ਦਾ ਇਹ ਇਕ ਚਾਂਦੀ ਦਾ ਸਿੱਕਾ ਅਤੇ ਅਜੋਕੇ ਯੂਨਾਨ ਦੀ ਇਕ ਮੁਦਰਾ ਇਕਾਈ ਹੈ। ਇਸ ਦਾ ਨਾਂ ਯੂਨਾਨੀ ਭਾਸ਼ਾ ਦੀ ਕਿਰਿਆ 'ਟੂ ਗ੍ਰਾਸਪ' ਤੋਂ ਲਿਆ ਗਿਆ ਹੈ ਜਿਸ ਤੋਂ ਭਾਵ ਹੈ ਘੁੱਟ ਕੇ ਫੜਨਾ। ਇਸ ਦਾ ਆਰੰਭਿਕ ਮੁੱਲ ਮੁੱਠੀਭਰ ਤੀਰਾਂ ਦੇ ਬਰਾਬਰ ਹੁੰਦਾ ਸੀ। ਪਹਿਲੇ ਡ੍ਰੈਕਮ ਵੱਖ ਵੱਖ ਇਲਾਕਿਆਂ ਵਿਚ ਵੱਖ ਵੱਖ ਵਜ਼ਨ ਦੇ ਹੁੰਦੇ ਸਨ। ਪੰਜਵੀਂ ਈ. ਪੂ. ਤੋਂ ਏਥਨਜ਼ ਨੇ ਵਣਜੀ ਖੇਤਰ ਵਿਚ ਸ੍ਰੇਸ਼ਟਤਾ ਪ੍ਰਾਪਤ ਕਰ ਲਈ ਅਤੇ ਏਥਨਜ਼ ਵਾਸੀਆਂ ਲਈ ਡ੍ਰੈਕਮ ਛੇ ਪਹਿਲੀ ਕਰੰਸੀ ਬਣ ਗਿਆ। ਇਕ ਡ੍ਰੈਕਮ ਛੇ ਆੱਬੋਲਾਂ ਦੇ ਬਰਾਬਰ, 100 ਡ੍ਰੈਕਮ ਇਕ ਮਾੱਇਨ ਦੇ ਬਰਾਬਰ ਅਤੇ 60 ਮਾਇਨ ਇਕ ਐਟਿਕ ਟੇਲੈਂਟ ਦੇ ਬਰਾਬਰ ਸੀ।

ਸਿਕੰਦਰ ਮਹਾਨ ਦੀਆਂ ਜਿੱਤਾਂ ਦੇ ਨਤੀਜੇ ਵਜੋਂ ਏਥਨੀ ਡ੍ਰੈਕਮ ਹੈਲਨਵਾਦੀ ਦੁਨੀਆ ਦੀ ਮੁਦ੍ਰਿਕ ਇਕਾਈ ਬਣ ਗਿਆ। ਕਿਸੇ ਵੱਲੋਂ ਇਕ ਡ੍ਰੈਕਮ ਦੇ ਚਾਂਦੀ ਦੇ ਸਿੱਕੇ ਅਤੇ ਇਸ ਦੇ ਗੁਣਜ (ਮਲਟੀਪਲ) ਵੀ ਖੋਟੇ ਹੋ ਗਏ। ਫਿਰ ਕਾਫ਼ੀ ਵਧੇਰੇ ਅਨੁਪਾਤ ਵਿਚ ਤਾਂਬਾ ਮਿਲਾਇਆ ਜਾਣ ਲਗ ਪਿਆ। ਡ੍ਰੈਕਮ ਵੀ ਮੁਸਲਮਾਨੀ ਸਿੱਕੇ, ਡਰਹੈਮ ਦਾ ਆਦਿ ਰੂਪ ਬਣ ਗਿਆ।

ਸੰਨ 1828 ਵਿਚ ਜਦੋਂ ਯੂਨਾਨ ਨੂੰ ਤੁਰਕੀ ਤੋਂ ਆਜ਼ਾਦੀ ਪ੍ਰਾਪਤ ਹੋਈ ਤਾਂ ਉਸ ਸਮੇਂ ਫ਼ੀਨਿਕਸ ਨੂੰ ਮੁਦਰਾ ਇਕਾਈ ਵਜੋਂ ਲਾਗੂ ਕੀਤਾ ਗਿਆ ਸੀ ਪਰ 1833 ਈ. ਵਿਚ ਇਸ ਦੀ ਥਾਂ ਤੇ ਮੁੜ ਡ੍ਰੈਕਮ ਨੂੰ ਪ੍ਰਚੱਲਤ ਕਰ ਦਿੱਤਾ ਗਿਆ। ਇਕ ਡ੍ਰੈਕਮ ਨੂੰ 100 ਲੈਪਟਿਆਂ ਵਿਚ ਵੰਡ ਦਿੱਤਾ ਗਿਆ।

ਹ. ਪੁ.—ਐਨ. ਬ੍ਰਿ. 4 : 207

**ਡ੍ਰੈਗਨ ਫ਼ਲਾਈ** : ਇਹ ਓਡੋਨੇਟਾ ਵਰਗ ਦੇ ਐਨ-ਆਈਸਾੱਪਟਰਾ ਉਪ-ਵਰਗ ਦੇ ਕੀੜੇ ਹਨ। ਇਨ੍ਹਾਂ ਦੀ ਖ਼ਾਸੀਅਤ ਇਨ੍ਹਾਂ ਦੇ ਚਾਰ ਵੱਡੇ, ਬਹੁਤੀਆਂ ਸ਼ਿਰਾਵਾਂ ਵਾਲੇ, ਝਿੱਲੀਮਈ ਪਰ ਹਨ।



ਡ੍ਰੈਗਨ ਫ਼ਲਾਈ

ਇਹ ਸਭ ਤੋਂ ਤੇਜ਼ ਉੱਡਣ ਵਾਲੇ ਕੀੜੇ, ਬੜੇ ਚੁਸਤ, ਫੁਰਤੀਲੇ, ਤਕੜੇ ਅਤੇ ਉਭਰਵੀਆਂ ਅੱਖਾਂ ਵਾਲੇ ਹੁੰਦੇ ਹਨ। ਅੱਖਾਂ ਨੇ ਸਿਰ ਦਾ ਬਹੁਤਾ ਹਿੱਸਾ ਮੱਲਿਆ ਹੁੰਦਾ ਹੈ। ਇਨ੍ਹਾਂ ਦਾ ਪਰ ਪਸਾਰ ਕੋਈ 16 ਸੈਂ. ਮੀ. ਦੇ ਕਰੀਬ ਹੁੰਦਾ ਹੈ। ਇਹ ਬਹੁਤ ਜ਼ਿਆਦਾ ਸ਼ਿਕਾਰਖੋਰ ਪ੍ਰਾਣੀ ਹਨ ਅਤੇ ਅੱਧੇ ਕੁ ਘੰਟੇ ਵਿਚ ਆਪਣੇ ਭਾਰ ਦੇ ਬਰਾਬਰ ਤਕ ਦਾ ਸ਼ਿਕਾਰ ਹੜੱਪ ਕਰ ਜਾਂਦੇ ਹਨ।

ਇਨ੍ਹਾਂ ਵਿਚ ਮੈਥੁਨ ਦਾ ਇਕ ਖ਼ਾਸ ਤਰੀਕਾ ਮਿਲਦਾ ਹੈ। ਇਨ੍ਹਾਂ ਦੇ ਮੈਥੁਨ ਅੰਗ ਪੇਟ ਦੇ ਅਗਲੇ ਪਾਸੇ (ਪਿਛੇ ਦੀ ਥਾਂ) ਸਥਿਤ ਹੁੰਦੇ ਹਨ। ਜਦੋਂ ਤਕ ਮਾਦਾ ਅੰਡੇ ਨਹੀਂ ਦੇ ਚੁਕਦੀ ਇਹ ਜੋੜਿਆਂ ਵਿਚ ਇਕੱਠੇ ਹੀ ਉਡਦੇ ਰਹਿੰਦੇ ਹਨ। ਇਨ੍ਹਾਂ ਦੇ ਨਿੰਫ਼ ਪਾਣੀ ਵਿਚ ਰਹਿੰਦੇ ਹਨ।

ਇਨ੍ਹਾਂ ਨਾਲ ਇਕ ਫ਼ੋਕਾ ਵਹਿਮ ਜੁੜਿਆ ਹੋਇਆ ਹੈ ਕਿ ਇਹ ਸੁੱਤੇ ਪਏ ਬੱਚਿਆਂ ਦੀਆਂ ਅੱਖਾਂ, ਕੰਨ ਅਤੇ ਮੂੰਹ ਸਿਊਂ ਸਕਦੇ ਹਨ, ਜਿਸ ਕਰਕੇ ਇਨ੍ਹਾਂ ਨੂੰ ਸ਼ੈਤਾਨ ਰਫ਼ੂਗਰ ਦੀ ਸੂਈ ਵੀ ਕਿਹਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 653

**ਡਰੈਜ਼ਡਨ** : ਇਹ ਜਰਮਨੀ ਦਾ ਇਕ ਬੈਜ਼ਰਕ (ਜ਼ਿਲ੍ਹਾ) ਹੈ ਜਿਹੜਾ 1952 ਈ. ਦੌਰਾਨ ਸੈਕਸਨੀ ਅਤੇ ਸਿਲੀਜ਼ੀਆ ਰਾਜਾਂ ਦੇ ਕੁਝ ਖੇਤਰ ਮਿਲਾ ਕੇ ਬਣਾਇਆ ਗਿਆ। ਇਹ ਬੈਜ਼ਰਕ ਕੁੱਲ 6738 ਵ. ਕਿ. ਮੀ. ਦੇ ਰਕਬੇ ਉਪਰ ਫੈਲਿਆ ਹੋਇਆ ਹੈ। ਇਸ ਦੀ ਆਬਾਦੀ 1,799,929 (1983) ਹੈ। ਦਰਿਆ ਐਲਬ ਅਤੇ ਸਪ੍ਰੀ ਇਸ ਖੇਤਰ ਦੀ ਜਲ-ਨਿਕਾਸੀ ਕਰਦੇ ਹਨ। ਡਰੈਜ਼ਡਨ ਸ਼ਹਿਰ ਇਸ ਦਾ ਸਦਰ-ਮੁਕਾਮ ਹੈ ਜਿਹੜਾ ਕਦੇ ਇਕ ਪੁਰਾਣੀ ਕਲਾ ਦਾ ਪ੍ਰਤੀਕ ਤੇ ਇਤਿਹਾਸਕ ਸ਼ਹਿਰ ਸੀ। ਇਸ ਤੋਂ ਬਿਨਾਂ ਗਾਰਲਿਜ਼, ਬਾਓਟਸਨ, ਮਾਈਸੈਨ, ਜਿਟਾਓ ਅਤੇ ਰੀਜ਼ ਇਸ ਬੈਜ਼ਰਕ ਦੇ ਛੋਟੇ ਛੋਟੇ ਸ਼ਹਿਰ ਹਨ। ਇਨ੍ਹਾਂ ਵਿਚ ਟੈਕਸਟਾਈਲ ਵਰਗੇ ਛੋਟੇ ਉਦਯੋਗ ਵਿਕਸਿਤ ਹਨ। ਬੈਜ਼ਰਕ ਦਾ ਉੱਤਰੀ ਤੇ ਪੂਰਬੀ ਲੈਓਸਿਟਜ਼ਰ ਬਰਗਲੈਂਡ ਖੇਤਰ ਸੰਘਣੀ ਆਬਾਦੀ ਵਾਲੀ ਪਠਾਰ ਹੈ। ਪੱਛਮੀ ਭਾਗ ਦਰਿਆ ਐਲਬ ਦੀ ਵਾਦੀ ਹੈ। ਇਸ ਦਾ ਉੱਤਰੀ ਖੇਤਰ ਜ਼ਰਖੇਜ਼ ਮੈਦਾਨ ਹੈ ਅਤੇ ਇਹ ਖੇਤਰ ਵਾਹੀ ਹੇਠ ਲਿਆਂਦਾ ਗਿਆ ਹੈ। ਦੱਖਣੀ ਭਾਗ ਵਿਚ ਪਰਬਤੀ ਜੰਗਲ ਹਨ।

51°4′ ਉ. ਵਿਥ.; 13°42′ ਪੂ. ਲੰਬ.

ਹ. ਪੁ.–ਐਨ. ਬ੍ਰਿ. ਮਾ. 4 : 22; ਐਨ. ਅਮੈ. 4 : 377



ਡਰੈਜ਼ਡਨ ਸ਼ਹਿਰ ਵਿਖੇ 18ਵੀਂ ਸਦੀ ਦਾ ਬਣਿਆ ਸਵਿੰਗਰ (ਮਹਿਲ) ਜਿਸਨੂੰ ਬਾਅਦ ਵਿਚ ਇਕ ਅਜਾਇਬ ਘਰ ਅਤੇ ਆਰਟ ਗੈਲਰੀ ਵਿਚ ਤਬਦੀਲ ਕਰ ਦਿੱਤਾ ਗਿਆ।

**ਡਰੈਂਟਾ** : ਨੀਦਰਲੈਂਡਜ਼ ਦੀ ਉੱਤਰ ਪੂਰਬੀ ਗੁੱਠ ਵਿਚ, ਜਰਮਨੀ ਦੀ ਹੱਦ ਦੇ ਨਾਲ ਲਗਵਾਂ ਨੀਦਰਲੈਂਡਜ਼ ਦਾ ਇਹ ਇਕ ਪ੍ਰਾਂਤ ਹੈ। ਇਸ ਦੀ ਰਾਜਧਾਨੀ ਆਸਨ ਹੈ। ਇਸ ਪ੍ਰਾਂਤ ਦਾ ਖੇਤਰਫਲ 168 ਵ. ਕਿ. ਮੀ. ਅਤੇ ਆਬਾਦੀ 4,45,596 (1992) ਹੈ। ਇਸ ਵਿਚ ਅਨੇਕਾਂ ਛੋਟੀਆਂ ਨਦੀਆਂ ਅਤੇ ਨਾਲੇ ਵਗਦੇ ਹਨ। ਇਹ ਬਹੁਤ ਹੀ ਉੱਘੜ-ਦੁੱਘੜਾ ਜਿਹਾ ਮੈਦਾਨੀ ਇਲਾਕਾ ਹੈ ਜਿਸ ਦੀ ਉਚਾਈ ਹਾਂਡਸਰੁੱਗ ਪਠਾਰ ਵੱਲ ਵਧਦੀ ਜਾਂਦੀ ਹੈ। ਇਸ ਦਾ 30 ਫ਼ੀਸਦੀ ਖੇਤਰ ਬੰਜਰ ਹੈ। ਵਾਦੀ ਦਾ ਜੰਗਲਾਂ ਵਾਲਾ ਲਗਭਗ ਸਾਰਾ ਖੇਤਰ 17 ਵੀਂ ਸਦੀ ਵਿਚ ਵਾਹੀਯੋਗ ਬਣਾ ਲਿਆ ਗਿਆ ਸੀ। ਇਸ ਪ੍ਰਾਂਤ ਦੇ ਜ਼ਰਾਇਤੀ ਖੇਤਰ ਲਈ ਆਸਨ ਇਕ ਵਧੀਆ ਮੰਡੀ ਹੈ। ਪ੍ਰਾਂਤ ਵਿਚ ਫਲਾਂ ਦੀ ਪੈਦਾਵਾਰ ਵੀ ਹੁੰਦੀ ਹੈ। ਰਾਈ ਅਤੇ ਆਲੂ ਇਥੋਂ ਦੀਆਂ ਮੁੱਖ ਫਸਲਾਂ ਹਨ। ਇਥੇ ਸੱਨਅਤਾਂ ਵੀ ਉੱਨਤ ਹਨ ਅਤੇ ਕਪੜਾ ਬੁਣਨ ਦੀਆਂ ਸੱਨਅਤਾਂ ਤਾਂ ਬਹੁਤ ਪੁਰਾਣੇ ਸਮੇਂ ਤੋਂ ਹੀ ਉੱਨਤ ਹਨ। ਦੂਜੇ ਮਹਾਂ ਯੁੱਧ ਪਿੱਛੋਂ ਸੁਨਬੈੱਕ ਵਿਚ ਤੇਲ ਸਾਫ਼ ਕਰਨ ਦਾ ਕਾਰਖ਼ਾਨਾ ਵੀ ਲਗਾਇਆ ਗਿਆ ਸੀ। ਇਹ ਖੇਤਰ ਪੂਰਵ ਇਤਿਹਾਸਕ ਕਾਲ ਤੋਂ ਆਬਾਦ ਹੈ। ਇਸ ਉੱਤੇ 5ਵੀਂ ਅਤੇ 6ਵੀਂ ਸਦੀ ਵਿਚ ਸੈਕਸਨਾਂ ਨੇ ਹਮਲਾ ਕੀਤਾ ਫਿਰ ਫ੍ਰੈਂਕ ਅਤੇ ਜਰਮਨ ਰਾਜਿਆਂ ਹੇਠ ਕਾਉਂਟਾਂ ਦੁਆਰਾ ਸ਼ਾਸਿਤ ਹੁੰਦਾ ਰਿਹਾ। ਸੰਨ 1046 ਤੋਂ 1522 ਤੀਕ ਯੂਟਰੈਕਟ ਦੇ ਬਿਸ਼ਪ ਅਧੀਨ ਖੇਤਰ ਦਾ ਇਕ ਹਿੱਸਾ ਸੀ ਪਰ 1536 ਈ. ਵਿਚ ਚਾਰਲਸ ਪੰਜਵੇਂ ਅਧੀਨ ਤੇ ਪਿਛੋਂ ਹੈਬਸਬਰਗ ਦੀਆਂ ਹੱਦਾਂ ਵਿਚ ਹੀ ਮਿਲ ਗਿਆ। ਇਸ ਨੇ ਸਪੇਨ ਦੇ ਖਿਲਾਫ਼ ਸਾਜ਼ਸ਼ ਵਿਚ ਹਿੱਸਾ ਲਿਆ। ਫਿਰ 1795 ਤੋਂ 1813 ਈ. ਵਿਚ ਫ਼ਰਾਂਸੀਸੀਆਂ ਹੇਠ ਤੇ ਦੂਜੇ ਮਹਾਂ ਯੁੱਧ ਦੌਰਾਨ ਜਰਮਨਾਂ ਅਧੀਨ ਆ ਗਿਆ। ਸੰਨ 1814 ਵਿਚ ਇਸ ਨੂੰ ਨੀਦਰਲੈਂਡਜ਼ ਦੀ ਬਾਦਸ਼ਾਹਤ ਵਿਚ ਮਿਲਾ ਲਿਆ ਗਿਆ।

ਹ. ਪੁ.- ਐਨ. ਅਮੈ. 9 : 377 ; ਐਨ. ਬ੍ਰਿ. ਮਾ. 4 : 220

**ਡ੍ਰੈਡ ਸਕਾੱਟ ਫ਼ੈਸਲਾ** : ਇਹ ਸੰਯੁਕਤ ਰਾਜ ਅਮਰੀਕਾ ਦੀ ਸੁਪਰੀਮ ਕੋਰਟ ਦਾ ਇਕ ਫ਼ੈਸਲਾ ਸੀ ਜੋ 6 ਮਾਰਚ, 1857 ਨੂੰ ਦਿੱਤਾ ਗਿਆ ਸੀ। ਇਸ ਅਨੁਸਾਰ ਗ਼ੁਲਾਮੀ ਨੂੰ ਕਾਨੂੰਨੀ ਤੌਰ ਤੇ ਜਾਇਜ਼ ਕਰਾਰ ਦਿੱਤਾ ਗਿਆ। ਇਸ ਨਾਲ ਪਹਿਲਾਂ ਤੋਂ ਚੱਲ ਰਹੇ ਝਗੜੇ ਦੇ ਸਬੰਧ ਵਿਚ ਅੱਗ ਹੋਰ ਵੀ ਭੜਕ ਉਠੀ ਅਤੇ ਦੇਸ਼ ਤੇਜ਼ੀ ਨਾਲ ਖ਼ਾਨਾਜੰਗੀ ਵੱਲ ਪ੍ਰੇਰਿਆ ਗਿਆ। ਹਰ ਜੱਜ ਨੇ ਆਪਣੀ-ਆਪਣੀ ਵੱਖਰੀ ਰਾਏ ਪੇਸ਼ ਕੀਤੀ ਪਰ ਚੀਫ਼ ਜਸਟਿਸ ਦੀ ਰਾਏ ਨੂੰ ਸਮੁੱਚੀ

ਅਦਾਲਤ ਦਾ ਫ਼ੈਸਲਾ ਕਰਕੇ ਜਾਣਿਆ ਜਾਂਦਾ ਹੈ। ਡ੍ਰੈਡ ਸਕਾਟ ਫ਼ੈਸਲੇ ਅਨੁਸਾਰ (1) ਹਬਸ਼ੀ ਸ਼ਹਿਰੀ ਨਹੀਂ ਸਨ, ਇਸ ਲਈ ਉਹ ਫ਼ੈਡਰਲ ਅਦਾਲਤਾਂ ਵਿਚ ਕਿਸੇ ਦੇ ਵਿਰੁੱਧ ਮੁਕੱਦਮੇ ਦਾਇਰ ਨਹੀਂ ਕਰਵਾ ਸਕਦੇ ਸਨ, (2) ਜੇ ਕਿਸੇ ਗ਼ੁਲਾਮ ਦਾ ਘਰ ਕਿਸੇ ਸੁਤੰਤਰ ਰਾਜ ਵਿਚ ਸਥਿਤ ਹੈ ਤਾਂ ਇਸ ਨਾਲ ਉਸ ਨੂੰ ਸੁਤੰਤਰ ਮਨੁੱਖ ਨਹੀਂ ਸਮਝਿਆ ਜਾਵੇਗਾ ਅਤੇ (3) 1820 ਦਾ ਮਿਜ਼ੂਰੀ ਸਮਝੌਤਾ ਜਿਸ ਅਨੁਸਾਰ 36°30′ ਵਿਥਕਾਰ ਦੇ ਉੱਤਰ ਵਿਚ ਪੈਂਦੇ ਲੂਜ਼ੀਆਨਾ ਖ਼ਰੀਦ ਦੇ ਇਲਾਕੇ ਵਿਚ ਗ਼ੁਲਾਮੀ ਉੱਤੇ ਰੋਕ ਲਗਾ ਦਿੱਤੀ ਗਈ ਸੀ, ਨੂੰ ਗ਼ੈਰ ਕਾਨੂੰਨੀ ਕਰਾਰ ਦਿੱਤਾ ਗਿਆ।

ਇਹ ਮੁਕੱਦਮਾ ਇਕ ਕਾਲੇ ਮਨੁੱਖ ਡ੍ਰੈਡ ਸਕੱਟ ਸਬੰਧੀ ਸੀ। ਸੰਨ 1834 ਵਿਚ ਇਸ ਨੂੰ ਇਸ ਦਾ ਮਾਲਕ ਇਕ ਗ਼ੁਲਾਮ ਰਾਜ ਮਿਜ਼ੂਰੀ ਵਿਚੋਂ ਇੱਲੀਨਾਇ ਦੇ ਸੁਤੰਤਰ ਰਾਜ ਵਿਚ ਲੈ ਗਿਆ ਸੀ ਅਤੇ ਮਗਰੋਂ ਲੂਜ਼ੀਆਨਾ ਖ਼ਰੀਦ ਦੇ ਉੱਤਰੀ ਭਾਗ ਵਿਚ ਲੈ ਗਿਆ। ਸੰਨ 1846 ਵਿਚ ਗ਼ੁਲਾਮੀ-ਵਿਰੋਧੀ ਵਕੀਲਾਂ ਦੀ ਮਦਦ ਨਾਲ ਸਕੱਟ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਤੰਤਰਤਾ ਲਈ ਮਿਜ਼ੂਰੀ ਰਾਜ ਦੀ ਅਦਾਲਤ ਵਿਚ ਇਸ ਆਧਾਰ ਤੇ ਮੁਕੱਦਮਾ ਦਾਇਰ ਕੀਤਾ ਕਿ ਉਸ ਦੀ ਰਿਹਾਇਸ਼ ਇਕ ਸੁਤੰਤਰ ਰਾਜ ਅਤੇ ਇਲਾਕੇ ਵਿਚ ਹੋਣ ਕਰਕੇ ਉਸ ਨੂੰ ਸੁਤੰਤਰ ਸਮਝਿਆ ਜਾਣਾ ਚਾਹੀਦਾ ਹੈ। ਅਦਾਲਤ ਨੇ ਇਹ ਗੱਲ ਨਾ ਮੰਨੀ ਅਤੇ ਕਿਹਾ ਕਿ ਪਾਰਲੀਮੈਂਟ ਨੂੰ ਕੁਝ ਖੇਤਰਾਂ ਵਿਚੋਂ ਗ਼ੁਲਾਮੀ ਖ਼ਤਮ ਕਰਨ ਦਾ ਕੋਈ ਅਧਿਕਾਰ ਨਹੀਂ ਕਿਉਂਕਿ ਗ਼ੁਲਾਮ ਸੰਪਤੀ ਸਨ ਅਤੇ ਸੰਪਤੀ ਅਧਿਕਾਰ ਸੰਵਿਧਾਨ ਅਨੁਸਾਰ ਸੁਰੱਖਿਅਤ ਸਨ।

ਡ੍ਰੈੱਡ ਸਕੱਟ ਦੇ ਫ਼ੈਸਲੇ ਨਾਲ ਗ਼ੁਲਾਮੀ-ਵਿਰੋਧੀ ਤਾਕਤਾਂ ਨੂੰ ਬੜੀ ਢਾਹ ਲੱਗੀ ਪਰ ਅਦਾਲਤ ਦੀ ਆਸ ਵਿਰੁੱਧ ਗ਼ੁਲਾਮੀ ਦੀ ਸਮੱਸਿਆ ਇਸ ਫ਼ੈਸਲੇ ਨਾਲ ਠੱਪੀ ਨਹੀਂ ਗਈ ਸਗੋਂ ਚਾਰ ਸਾਲਾ ਖ਼ਾਨਾਜੰਗੀ ਛਿੜ ਪਈ। ਮਗਰੋਂ ਸੰਵਿਧਾਨ ਵਿਚ ਤੇਰ੍ਹਵੀਂ ਤੇ ਚੌਦ੍ਹਵੀਂ ਤਰਮੀਮਾਂ ਦੁਆਰਾ ਗ਼ੁਲਾਮਾਂ ਨੂੰ ਸੁਤੰਤਰ ਕੀਤਾ ਗਿਆ ਅਤੇ ਸ਼ਹਿਰੀ ਹੱਕ ਦਿੱਤੇ ਗਏ।

ਹ. ਪੁ.- ਐਨ. ਬ੍ਰਿ. 7 : 671; ਐਨ. ਬ੍ਰਿ. ਮਾ. 3 : 661 ; ਐਨ. ਅਮੈ. 9 :321

**ਡਰੈਨ, ਆਂਦਰੇ** : ਇਸ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ



ਆਂਦਰੇ ਡਰੈਨ

10 ਜੂਨ, 1880 ਨੂੰ ਸ਼ਾਟੂ ਵਿਖੇ ਹੋਇਆ। 15 ਸਾਲ ਦੀ ਉਮਰ ਵਿਚ ਪੈਰਿਸ ਵਿਖੇ ਪੜ੍ਹਦੇ ਹੋਏ ਹੀ ਇਸ ਨੇ ਚਿੱਤਰਕਾਰੀ ਕਰਨੀ ਸ਼ੁਰੂ ਕੀਤੀ।

ਸੰਨ 1910 ਵਿਚ ਇਸ ਨੇ ਸਪੇਨ ਵਿਚ ਪਿਕਾਸੋ ਨਾਲ ਕੰਮ ਕੀਤਾ ਪਰ ਇਸ ਦੇ ਬਾਵਜੂਦ ਵੀ ਇਸ ਦੀ ਕਲਾ ਸੇਜ਼ਾਨੇ ਦੇ ਚਿੱਤਰਾਂ ਦੇ ਵਧੇਰੇ ਨੇੜੇ ਸੀ। ਆਪਣੇ ਭੂ-ਦ੍ਰਿਸ਼ ਚਿੱਤਰਾਂ, ਤਸਵੀਰਾਂ ਅਤੇ ਨਿਰਜਿੰਦ ਚਿੱਤਰਣ ਕਾਰਨ ਇਸ ਨੂੰ ਆਧੁਨਿਕ ਚਿੱਤਰਕਾਰ ਵਜੋਂ ਬਹੁਤ ਪ੍ਰਸਿੱਧੀ ਮਿਲੀ। ਇਸ ਦੀ ਕਲਾ ਨੂੰ ਰੰਗਾਂ ਦੇ ਜ਼ਿਆਦਾ ਡਿਜ਼ਾਈਨ ਕਾਰਨ ਯਾਦ ਕੀਤਾ ਜਾਂਦਾ ਹੈ। ਇਸ ਦੀਆਂ ਬਾਅਦ ਦੀਆਂ ਕਈ ਕ੍ਰਿਤਾਂ ਕਾਲਪਨਿਕ ਪ੍ਰਭਾਵ ਦਰਸਾਉਂਦੀਆਂ ਹਨ ਪਰ 1920 ਦੇ ਦਹਾਕੇ ਤੋਂ ਬਾਅਦ ਇਸ ਦੀ ਕਲਾ ਵਿਚ ਕੋਈ ਤਬਦੀਲੀ ਨਹੀਂ ਆਈ। ਇਹ ਇਕ ਯੋਗ ਸਜਾਵਟਕਾਰ ਵੀ ਸੀ। ਇਸ ਨੇ ਥੀਏਟਰ ਲਈ ਬੇਸ਼ੁਮਾਰ ਡਿਜ਼ਾਈਨ ਤਿਆਰ ਕੀਤੇ ਅਤੇ ਪੁਸਤਕਾਂ ਲਈ ਵੀ ਬਹੁਤ ਸਾਰੇ ਚਿੱਤਰ ਬਣਾਏ।

8 ਸਤੰਬਰ, 1554 ਨੂੰ ਗਾਰਸ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 3 :477 ; ਕੋਲ. ਐਨ. 6 : 211 ; ਐਨ. ਅਮੈ. 8 : 709

**ਡਰੋਮ** : ਫ਼ਰਾਂਸ ਦਾ ਇਹ ਦੱਖਣ-ਪੂਰਬੀ ਡਿਪਾਰਟਮੈਂਟ ਹੈ ਜਿਸ ਦਾ ਰਕਬਾ 6,525 ਵ. ਕਿ. ਮੀ. ਅਤੇ ਆਬਾਦੀ 5,77,600 (1991) ਹੈ। ਅੱਜਕੱਲ੍ਹ ਇਹ ਵੇਲਾਂਸ, ਡਾਈ ਅਤੇ ਨਯੋਨ ਤਿੰਨ ਪ੍ਰਬੰਧਕੀ ਹਲਕਿਆਂ ਵਿਚ ਵੰਡਿਆ ਹੋਇਆ ਹੈ। ਵੇਲਾਂਸ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੈ। ਇਸ ਦੀ 111 ਕਿ. ਮੀ. ਤੋਂ ਵੀ ਵੱਧ ਹੱਦ ਰੋਨ੍ਹ ਦਰਿਆ ਬਣਾਉਂਦਾ ਹੈ। ਇਸ ਡਿਪਾਰਟਮੈਂਟ ਦੇ ਪੂਰਬ ਵਿਚ ਐਲਪਸ ਪਰਬਤੀ ਖੇਤਰ ਹੈ ਜਿਹੜਾ ਜੰਗਲਾਂ ਨਾਲ ਢੱਕਿਆ ਹੋਇਆ ਹੈ। ਇਸ ਪੂਰੇ ਖੇਤਰ ਵਿਚੋਂ ਈਜ਼ਰ ਅਤੇ ਡਰੋਮ ਦੀਆਂ ਸਹਾਇਕ ਨਦੀਆਂ ਪੱਛਮ ਵੱਲ ਵਗਦੀਆਂ ਹੋਈਆਂ ਰੋਨ੍ਹ ਨਾਲ ਜਾ ਰਲਦੀਆਂ ਹਨ। ਡਿਪਾਰਟਮੈਂਟ ਦੇ ਉੱਤਰੀ ਹਿੱਸਿਆਂ ਵਿਚ ਦੱਖਣ ਨਾਲੋਂ ਵੱਧ ਵਰਖਾ ਹੁੰਦੀ ਅਤੇ ਗਰਮੀ ਘੱਟ ਪੈਂਦੀ ਹੈ। ਇਹ ਡਿਪਾਰਟਮੈਂਟ ਇਕ ਜ਼ਰਾਇਤੀ ਖੇਤਰ ਹੈ ਅਤੇ ਇਥੇ ਅੰਗੂਰ, ਜ਼ੈਤੂਨ ਆਦਿ ਫ਼ਲਾਂ ਦੀ ਪੈਦਾਵਾਰ ਹੁੰਦੀ ਹੈ ਅਤੇ ਸ਼ਰਾਬ ਤਿਆਰ ਕੀਤੀ ਜਾਂਦੀ ਹੈ। ਰੇਸ਼ਮ ਦੇ ਕੀੜਾ ਪਾਲਣਾ ਅਤੇ ਰੇਸ਼ਮ ਬਣਾਉਣਾ ਇਕ ਸਮੇਂ ਇਥੋਂ ਦਾ ਵੱਡਾ ਉਦਯੋਗ ਹੋਇਆ ਕਰਦਾ ਸੀ ਜਿਹੜਾ 20 ਵੀਂ ਸਦੀ ਵਿਚ ਚੀਨੀ ਅਤੇ ਇਤਾਲਵੀ ਰੇਸ਼ਮ ਉਤਪਾਦਨ ਵਧਣ ਕਰਕੇ ਪਹਿਲੋਂ ਨਾਲੋਂ ਕਾਫ਼ੀ ਘੱਟ ਗਿਆ। ਮੋਨਟੇਲੀਮਾਰ ਇਥੋਂ ਦਾ ਵੱਡਾ ਸ਼ਹਿਰ ਹੈ ਅਤੇ ਇਥੇ ਪਣ-ਬਿਜਲੀ ਪਲਾਂਟ ਵੀ ਹੈ। ਇਹ ਡਿਪਾਰਟਮੈਂਟ ਵਧੀਆ ਦਿਲਕਸ਼ ਕੁਦਰਤੀ ਨਜ਼ਾਰਿਆਂ ਵਾਲੇ ਸ਼ਹਿਰਾਂ ਅਤੇ ਪਿੰਡਾਂ ਲਈ ਵੀ ਮਸ਼ਹੂਰ ਹੈ। ਅੱਜਕੱਲ੍ਹ ਇਹ ਕੱਪੜੇ, ਜੁੱਤੀਆਂ ਅਤੇ ਟੋਪੀਆਂ ਬਣਾਉਣ ਦਾ ਇਕ ਚੰਗਾ ਕੇਂਦਰ ਹੈ।

ਹ. ਪੁ.- ਐਨ. ਬ੍ਰਿ. ਮਾ. 4 : 229; ਐਨ. ਅਮੈ. 9 : 399

**ਡਰੌਲੀ** : ਇਹ ਪੰਜਾਬ ਵਿਚ ਮੋਗਾ ਜ਼ਿਲ੍ਹੇ ਦਾ ਇਕ ਪਿੰਡ ਹੈ। ਇਥੇ ਮਾਈ ਰਾਮੋ ਦਾ ਪਤੀ ਭਾਈ ਸਾਂਈਦਾਸ ਰਹਿੰਦਾ ਸੀ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਾਂਢੂ ਸੀ। ਇਹ ਪਤੀ-ਪਤਨੀ ਦੋਵੇਂ ਗੁਰੂ ਜੀ ਦੇ ਪੱਕੇ ਸ਼ਰਧਾਲੂ ਅਤੇ ਸੇਵਕ ਸਨ। ਇਨ੍ਹਾਂ ਦੀ ਪ੍ਰੇਮ ਖਿੱਚ ਕਰਕੇ ਛੇਵੇਂ ਪਾਤਸ਼ਾਹ ਕਈ ਵਾਰੀ ਡਰੌਲੀ ਆ ਕੇ ਕਾਫ਼ੀ ਸਮਾਂ ਰਹਿੰਦੇ ਹੁੰਦੇ ਸਨ।

ਇਸੇ ਥਾਂ ਤੋਂ ਜਾ ਕੇ ਗੁਰੂ ਜੀ ਨੇ ਭਾਈ ਰੂਪ ਚੰਦ ਦਾ ਸੀਤਲ ਜਲ ਛਕਿਆ ਸੀ। ਬਾਬਾ ਗੁਰਦਿਤਾ ਜੀ ਦਾ ਜਨਮ ਇਸ ਪਿੰਡ ਵਿਚ ਹੋਇਆ ਸੀ। ਜਨਮ ਅਸਥਾਨ ਉੱਤੇ ਦਮਦਮਾ ਬਣਿਆ ਹੋਇਆ ਹੈ।

ਇਥੇ ਨੰਦ ਚੰਦ ਵਾਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੈ ਜੋ ਕਿ ਉਸਨੇ ਉਦਾਸੀ ਸਾਧਾਂ ਤੋਂ ਖੋਹ ਲਈ ਸੀ।

ਇਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਹੱਥਾਂ ਦਾ ਲਗਾਇਆ ਹੋਇਆ ਇਕ ਖੂਹ ਹੈ। ਮਾਤਾ ਦਮੋਦਰੀ ਜੀ (ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ) ਦਾ ਦੇਹਾਂਤ ਵੀ ਇਥੇ ਹੀ ਹੋਇਆ ਸੀ ਅਤੇ ਉਨ੍ਹਾਂ ਦਾ ਦੇਹਰਾ ਬਣਿਆ ਹੋਇਆ ਹੈ।

ਪਿੰਡ ਤੋਂ ਬਾਹਰ ਜਿਥੇ ਗੁਰੂ ਜੀ ਦੀਵਾਨ ਲਾਉਂਦੇ ਹੁੰਦੇ ਸਨ, ਉਥੇ ਸੁੰਦਰ ਦਰਬਾਰ ਬਣਿਆ ਹੋਇਆ ਹੈ। ਇਸ ਦੀ ਆਮਦਨ ਦਾ ਵਸੀਲਾ ਜਾਗੀਰ ਹੀ ਹੈ। ਵਿਸਾਖੀ ਅਤੇ ਮਾਘੀ ਨੂੰ ਇਥੇ ਮੇਲਾ ਲਗਦਾ ਹੈ। ਰੇਲਵੇ ਸਟੇਸ਼ਨ ਡਗਰੂ ਤੋਂ ਇਹ ਢਾਈ ਤਿੰਨ ਕਿ. ਮੀ. ਦੱਖਣ-ਪੱਛਮ ਵੱਲ ਹੈ।

ਹ. ਪੁ.–ਮ. ਕੋ.

**ਡਲਹੌਜ਼ੀ** : ਭਾਰਤ ਦੇ ਗਵਰਨਰ ਜਰਨਲ, ਲਾਰਡ ਡਲਹੌਜ਼ੀ ਦੇ ਨਾਂ ਤੇ ਬਣਿਆ ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਚੰਬਾ ਦਾ ਇਕ ਪ੍ਰਸਿੱਧ ਸ਼ਹਿਰ ਹੈ ਜਿਹੜਾ ਹਿਮਾਲਾ ਦੀਆਂ ਤਲਹੱਟੀਆਂ ਉਤੇ 2,300 ਮੀ. ਦੀ ਉਚਾਈ ਉਪਰ ਵਸਿਆ ਹੋਇਆ ਹੈ। ਪਠਾਨਕੋਟ ਤੋਂ ਇਹ 42 ਕਿ. ਮੀ. ਦੇ ਫ਼ਾਸਲੇ ਤੇ ਉੱਤਰ-ਪੂਰਬੀ ਦਿਸ਼ਾ ਵਿਚ ਸੜਕ ਰਾਹੀ ਮਿਲਿਆ ਹੋਇਆ ਹੈ। ਇਸ ਸ਼ਹਿਰ ਨੇ ਰਾਵੀ ਦਰਿਆ ਦੇ ਪੂਰਬ ਵਿਚ ਹਿਮਾਲਾ ਪਰਬਤਾਂ ਦੀ ਮੁੱਖ ਲੜੀ ਦੇ ਤਿੰਨ ਪਰਬਤਾਂ ਦੀਆਂ ਚੋਟੀਆਂ ਦੀਆਂ ਉਪਰਲੀਆਂ ਢਲਾਣਾਂ ਮੱਲੀਆਂ ਹੋਈਆਂ ਹਨ। ਸ਼ਹਿਰ ਦੇ ਪੂਰਬ ਵਿਚ ਡੇਨਕੁੰਡ ਨਾਮੀ ਗ੍ਰੇਨਾਈਟ ਪੱਥਰਾਂ ਵਾਲੀ ਚੋਟੀ ਹੈ ਜਿਸ ਉੱਪਰ ਚੀਲ ਦੇ ਰੁੱਖਾਂ ਦੀ ਭਰਮਾਰ ਦਿਖਾਈ ਦਿੰਦੀ ਹੈ। ਇਥੇ ਗਰਮੀਆਂ ਵਿਚ ਵੀ ਬਰਫ਼ ਪਈ ਰਹਿੰਦੀ ਹੈ। ਇਸ ਤੋਂ ਪਿਛਾਂਹ ਧੌਲਾਧਾਰ ਦੀਆਂ ਬਰਫ਼ ਨਾਲ ਢੱਕੀਆਂ ਚੋਟੀਆਂ ਦਿਲਕਸ਼ ਨਜ਼ਾਰਾ ਪੇਸ਼ ਕਰਦੀਆਂ ਹਨ। ਇਹ ਸਾਰਾ ਪਰਬਤੀ ਖੇਤਰ ਉੱਚਾ-ਨੀਵਾਂ ਗ੍ਰੇਨਾਈਟ ਚਟਾਨ ਦਾ ਬਣਿਆ ਹੋਇਆ ਹੈ ਜਿਸ ਦੀਆਂ ਪੱਧਰੀਆਂ ਜਿਹੀਆਂ ਢਲਾਣਾਂ ਉਪਰ ਇਥੋਂ ਦੇ ਵਸਨੀਕਾਂ ਦੇ ਘਰ ਬਣੇ ਹੋਏ ਹਨ।

ਸਭ ਤੋਂ ਪਹਿਲਾਂ 1851 ਈ. ਵਿਚ ਕਰਨਲ ਨੇਪੀਅਰ ਨੇ ਇਸ ਸਥਾਨ ਨੂੰ ਸਿਹਤਗਾਹ ਬਣਾਉਣ ਦਾ ਉਪਰਾਲਾ ਕੀਤਾ। ਇਸ ਉਪਰੰਤ 1853 ਈ. ਵਿਚ ਬਰਤਾਨਵੀ ਸਰਕਾਰ ਨੇ ਇਹ ਜਗ੍ਹਾ ਚੰਬੇ ਦੇ ਰਾਜੇ ਕੋਲੋਂ ਖ਼ਰੀਦ ਕੇ 1854 ਈ. ਵਿਚ ਇਕ ਨਵਾਂ ਸਟੇਸ਼ਨ ਕਾਇਮ ਕੀਤਾ। ਸੰਨ 1860 ਵਿਚ ਇਸ ਅਵਿਕਸਿਤ ਜਿਹੀ ਬਸਤੀ ਨੂੰ ਗੁਰਦਾਸਪੁਰ ਜ਼ਿਲ੍ਹੇ ਵਿਚ ਸ਼ਾਮਲ ਕੀਤਾ ਗਿਆ ਅਤੇ ਇਸ ਉਪਰੰਤ ਗੁਰਦਾਸਪੁਰ ਤੋਂ ਡਲਹੌਜ਼ੀ ਤੱਕ ਜਾਣ ਵਾਲੀ ਸੜਕ ਚੌੜੀ ਕੀਤੀ ਗਈ। ਇਸ ਉਸਾਰੀ ਦਾ ਕੰਮ ਵੱਡੇ ਪੈਮਾਨੇ ਤੇ ਹੋਣ ਲੱਗਾ। ਸ਼ਹਿਰ ਦੇ ਉੱਤਰ ਵਿਚ ਬੈਲੂਨ ਦੇ ਸਥਾਨ ਤੇ ਫ਼ੌਜੀ ਛਾਉਣੀ ਹੈ। ਇਥੋਂ ਦੀ ਸਿਹਤਗਾਹ (ਸੈਨੇਟੋਰੀਅਮ) ਦੀ ਮਹੱਤਤਾ ਦੂਰ ਦੂਰ ਤੱਕ ਫੈਲ ਗਈ। ਸੰਨ 1867 ਵਿਚ ਇਥੇ ਮਿਉਂਸਪਲਟੀ ਵੀ ਸਥਾਪਿਤ ਕਰ ਦਿੱਤੀ ਗਈ।

ਇਸ ਸ਼ਹਿਰ ਦੇ ਬਹੁ-ਪੱਖੀ ਵਿਕਾਸ ਦਾ ਸਿਹਰਾ ਗਵਰਨਰ ਜਨਰਲ ਡਲਹੌਜ਼ੀ ਦੇ ਸਿਰ ਤੇ ਹੈ। ਇਸੇ ਕਰਕੇ ਇਸ ਦਾ ਨਾਂ ਵੀ ਉਸੇ ਦੇ ਨਾਂ ਤੇ ਰੱਖਿਆ ਗਿਆ। ਇਸ ਪਿੱਛੋਂ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਦਾ ਗਰਮੀਆਂ ਦਾ ਸਦਰ-ਮੁਕਾਮ ਵੀ ਡਲਹੌਜ਼ੀ ਹੀ ਰੱਖਿਆ ਗਿਆ। ਅਜੋਕਾ ਡਲਹੌਜ਼ੀ ਆਲੇ ਦੁਆਲੇ ਤੇ ਖ਼ਾਸ ਕਰਕੇ ਪੰਜਾਬ ਦੇ ਲੋਕਾਂ ਲਈ ਗਰਮੀਆਂ ਦੀ ਇਕ ਪ੍ਰਸਿੱਧ ਸੈਰਗਾਹ ਹੈ ਜਿਥੇ ਜਾ ਕੇ ਉਹ ਗਰਮੀਆਂ ਦੀ ਤਪਸ਼ ਤੋਂ ਆਰਾਮ ਮਹਿਸੂਸ ਕਰਦੇ ਹਨ। ਇਥੇ ਪੰਜਾਬ ਯੂਨੀਵਰਸਿਟੀ ਵਲੋਂ ਇਕ ਵਿਸ਼ਰਾਮ ਕੇਂਦਰ ਬਣਾਇਆ ਹੋਇਆ ਹੈ।

ਸੱਤ ਧਾਰਾ, ਸੁਭਾਸ਼ ਬਾਉਲੀ, ਪੰਜ ਪੁਲ ਦੇ ਝਰਨੇ ਇਥੋਂ ਦੀਆਂ ਦਿਲਕਸ਼ ਥਾਵਾਂ ਹਨ। ਇਨ੍ਹਾਂ ਤੋਂ ਬਿਨਾ ਡਲਹੌਜ਼ੀ ਦੇ ਆਲੇ ਦੁਆਲੇ ਵੀ ਕਈ ਬਹੁਤ ਹੀ ਮਨਮੋਹਕ ਪਿਕਨਿਕ ਸਥਾਨ ਹਨ।

ਆਬਾਦੀ – 8,599 (1991)

33°32′ ਉ. ਵਿਥ. ; 75°58′ ਪੂ. ਲੰਬ.

ਹ. ਪੁ.– ਐਨ. ਬ੍ਰਿ. ਮਾ. 3 : 856; ਇੰਪ. ਗ. ਇੰਡ. 11: 125 ; ਹਿਮਾਚਲ ਪ੍ਰਦੇਸ਼-39

**ਡਲਹੌਜ਼ੀ, ਲਾਰਡ** : ਸੰਸਾਰ-ਪ੍ਰਸਿੱਧ ਅੰਗਰੇਜ਼ ਸਿਆਸਤ-ਦਾਨ ਅਤੇ ਭਾਰਤ ਦੇ ਗਵਰਨਰ ਜਨਰਲ ਜਿਸ ਦਾ ਪੂਰਾ ਨਾਂ ਜੇਮਜ਼ ਐਂਡਰੂ ਬਰੂਨ ਰੈਮ ਸੀ, ਦਾ ਜਨਮ 22 ਅਪ੍ਰੈਲ, 1812 ਨੂੰ ਸਕਾਟਲੈਂਡ ਕਾਉਂਟੀ ਵਿਚ ਡਲਹੌਜ਼ੀ ਦੇ ਨੌਵੇਂ ਅਰਲ, ਜਾਰਜ ਰੈਮਜ਼ੇ ਦੇ ਘਰ ਡਲਹੌਜ਼ੀ ਕੈਸੱਲ ਵਿਖੇ ਹੋਇਆ। ਇਸ ਦਾ ਪਰਿਵਾਰ ਫ਼ੌਜੀ ਅਤੇ ਸਿਵਲ ਸੇਵਾਵਾਂ ਨਾਲ ਸਬੰਧਤ ਸੀ ਪਰ ਸਮਕਾਲੀ ਸਮੇਂ ਅਨੁਸਾਰ ਇਸ ਕੋਲ ਕੋਈ ਬੱਚਤੀ ਦੌਲਤ ਨਹੀਂ ਸੀ ਜਿਸ ਦੇ ਨਤੀਜੇ ਵਜੋਂ ਇਸ ਨੂੰ ਕਈ ਵਾਰ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪਿਆ। ਸੰਨ 1837 ਵਿਚ ਇਹ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ ਅਤੇ 1843 ਈ. ਤੋਂ ਬੋਰਡ ਆਫ਼ ਟ੍ਰੇਡ ਦੇ ਵਾਈਸ ਪ੍ਰੈਜ਼ੀਡੈਂਟ ਵਜੋਂ ਅਤੇ 1845 ਈ. ਤੋਂ ਇਸ ਦੇ ਪ੍ਰੈਜ਼ੀਡੈਂਟ ਵਜੋਂ ਸੇਵਾ ਕੀਤੀ। ਇਸ ਦੌਰਾਨ ਇਸ ਨੇ ਰੇਲ ਮਾਰਗ ਸਬੰਧੀ ਕਈ ਸਮੱਸਿਆਵਾਂ ਨੂੰ ਨਜਿੱਠਿਆ ਜਿਸ ਕਾਰਨ ਇਹ ਇਕ ਸੁਲਝਿਆ ਹੋਇਆ ਪ੍ਰਸ਼ਾਸ਼ਕ ਸਮਝਿਆ ਜਾਣ ਲੱਗਾ। ਸੰਨ 1846 ਵਿਚ ਰਾਬਰਟ ਪੀਲ ਦੀ ਵਜ਼ਾਰਤ ਟੁੱਟਣ ਦੇ ਨਾਲ ਹੀ ਇਸ ਨੂੰ ਵੀ ਬਰਖ਼ਾਸਤ ਕੀਤਾ ਗਿਆ। ਅਗਲੇ ਹੀ ਵਰ੍ਹੇ ਇਸ ਨੂੰ ਵਿਗ ਪਾਰਟੀ ਦੀ ਵਜ਼ਾਰਤ ਵੱਲੋਂ ਭਾਰਤ ਦਾ ਗਵਰਨਰ ਜਨਰਲ ਨਿਯੁਕਤ ਕੀਤਾ ਗਿਆ। ਇਸ ਅਹੁਦੇ ਉੱਪਰ ਨਿਯੁਕਤ ਹੋਣ ਵਾਲੇ ਵਿਅਕਤੀਆਂ ਵਿਚੋਂ ਇਹ ਉਮਰ ਵਿਚ ਸਭ ਨਾਲੋਂ ਛੋਟਾ ਸੀ।



**ਲਾਰਡ ਡਲਹੌਜ਼ੀ**

ਜਨਵਰੀ, 1848 ਵਿਚ ਇਹ ਭਾਰਤ ਪੁੱਜਾ ਤਾਂ ਪੰਜਾਬ ਤੋਂ ਛੁੱਟ ਬਾਕੀ ਸਾਰਾ ਭਾਰਤ ਸ਼ਾਂਤ ਸੀ। ਸੰਨ 1846 ਦੌਰਾਨ ਅੰਗਰੇਜ਼ਾਂ ਅਤੇ ਸਿੱਖ ਫ਼ੌਜਾਂ ਵਿਚਕਾਰ ਹੋਈ ਲੜਾਈ ਵਿਚ ਅੰਗਰੇਜ਼ਾਂ ਦੀ ਜਿੱਤ ਹੋਈ ਸੀ ਪਰ ਵਿਦਰੋਹ ਅਜੇ ਵੀ ਕਾਇਮ ਸੀ। ਅਪ੍ਰੈਲ 14 , ਨੂੰ ਮੁਲਤਾਨ ਵਿਖੇ ਸਥਾਨਕ ਬਗ਼ਾਵਤ ਹੋਈ। ਇਹ ਇਸ ਨੂੰ ਪੇਸ਼

ਆਉਣ ਵਾਲੀ ਸਭ ਤੋਂ ਗੰਭੀਰ ਸਮੱਸਿਆ ਸੀ। ਇਸ ਨੂੰ ਦਬਾਉਣ ਲਈ ਇਸ ਨੂੰ ਕਾਫ਼ੀ ਹੱਥ-ਪੈਰ ਮਾਰਨੇ ਪਏ। ਅੰਤ ਨਵੰਬਰ ਵਿਚ ਇਸ ਨੂੰ ਬਰਤਾਨਵੀ ਫ਼ੌਜਾਂ ਦਾ ਸਹਾਰਾ ਲੈਣਾ ਪਿਆ ਤੇ ਕਈ ਲੜਾਈਆਂ ਉਪਰੰਤ ਇਹ ਸਿੱਖ ਰਾਜ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨ ਵਿਚ ਸਫ਼ਲ ਹੋਇਆ ਅਤੇ 1849 ਈ. ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਦਾ ਹਿੱਸਾ ਬਣਾ ਲਿਆ ਗਿਆ।

ਸੰਨ 1852 ਵਿਚ ਰੰਗੂਨ ਵਿਖੇ ਬਰਮੀਆਂ ਤੇ ਬਰਤਾਨਵੀਆਂ ਵਿਚਕਾਰ ਵਪਾਰਕ ਝਗੜਿਆਂ ਕਾਰਣ ਵਿਚਕਾਰ ਕਈ ਝੜਪਾਂ ਹੋਈਆਂ ਜਿਸ ਦੇ ਨਤੀਜੇ ਵਜੋਂ ਬਰਮਾ ਦੀ ਦੂਜੀ ਜੰਗ ਹੋਈ। ਪਰ ਸਾਲ ਦੇ ਅੰਦਰ-ਅੰਦਰ ਬਹੁਤ ਘੱਟ ਜਾਨੀ ਨੁਕਸਾਨ ਨਾਲ ਇਹ ਸਮੱਸਿਆ ਹੱਲ ਕਰ ਲਈ ਗਈ। ਰੰਗੂਨ ਅਤੇ ਪੀਗੂ ਪ੍ਰਾਂਤ ਬਰਤਾਨਵੀ ਰਾਜ ਵਿਚ ਸ਼ਾਮਲ ਕੀਤੇ ਗਏ। ਭਾਵੇਂ ਵਧੀਕੀਆਂ - ਭਰਪੂਰ ਡਿਪਲੋਮੇਸੀ ਲਈ ਇਸ ਦੀ ਫਿਰ ਸਖ਼ਤ ਨਿੰਦਿਆ ਕੀਤੀ ਗਈ ਪਰ ਬਰਤਾਨੀਆ ਨੂੰ ਬਰਮਾ ਵਿਚ ਨਵੀਂ ਸਥਾਪਿਤ ਹੋਈ ਸਰਕਾਰ ਤੋਂ ਬਹੁਤ ਫ਼ਾਇਦਾ ਪਹੁੰਚਿਆ ਕਿਉਂਕਿ ਬਦੇਸ਼ਾਂ ਵਿਚ ਇਸਦਾ ਰਵੱਈਆ ਨਰਮੀ ਵਾਲਾ ਤੇ ਬਰਮਾ ਵਿਚ ਘੱਟ ਦਮਨਕਾਰੀ ਸੀ। ਇਸੇ ਯੁੱਧ ਦੇ ਨਤੀਜੇ ਵਜੋਂ ਬਰਤਾਨੀਆ ਨੂੰ ਰੰਗੂਨ ਦੀ ਸਭ ਤੋਂ ਕੀਮਤੀ ਪ੍ਰਾਪਤੀ ਹੋਈ ਜਿਹੜੀ ਕਿ ਏਸ਼ੀਆ ਵਿਚ ਉਨ੍ਹਾਂ ਦੀਆਂ ਸਭ ਤੋਂ ਵੱਡੀਆਂ ਬੰਦਰਗਾਹਾਂ ਵਿਚੋਂ ਇਕ ਸੀ।

ਇਸ ਨੇ ਇਲਾਕਿਆਂ ਨੂੰ ਸ਼ਾਂਤਮਈ ਢੰਗ ਨਾਲ ਹਾਸਲ ਕਰਨ ਲਈ ਹਰੇਕ ਮੌਕੇ ਦਾ ਫ਼ਾਇਦਾ ਉਠਾਇਆ। ਇਥੋਂ ਤੱਕ ਕਿ ਈਸਟ ਇੰਡੀਆ ਕੰਪਨੀ (ਜਿਹੜੀ ਕਿ ਹੁਣ ਸੁਤੰਤਰ ਕਾਰਪੋਰੇਸ਼ਨ ਦੀ ਥਾਂ ਤੇ ਬਰਤਾਨਵੀ ਸਰਕਾਰ ਦੇ ਕੰਟਰੋਲ ਅਧੀਨ ਆ ਗਈ ਸੀ।) ਹਿੰਦੁਸਤਾਨ ਵਿਚ ਬੜੀ ਤੇਜ਼ੀ ਨਾਲ ਇਕ ਪ੍ਰਬਲ ਤਾਕਤ ਬਣ ਰਹੀ ਸੀ। ਈਸਟ ਇੰਡੀਆ ਵੱਲੋਂ ਭਾਰਤੀ ਸ਼ਾਸਕਾਂ ਨਾਲ ਕਈ ਸੰਧੀਆਂ ਕੀਤੀਆਂ ਅਤੇ ਸ਼ਾਸਕਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਆਪਣੀ ਰਿਆਸਤ ਦੇ ਅੰਦਰ ਬਰਤਾਨਵੀ ਰੈਜ਼ੀਡੈਂਟ ਅਤੇ ਫ਼ੌਜ ਰੱਖਣ ਦੇ ਬਦਲੇ, ਮਦਦ ਦੇਣ ਦਾ ਇਕਰਾਰ ਕੀਤਾ ਗਿਆ। ਇਸ ਨਾਲ ਅੰਗਰੇਜ਼ਾਂ ਦੀ ਜਨਰਲ ਪਾਲਿਸੀ ਉੱਪਰ ਵੀ ਕਾਫ਼ੀ ਅਸਰ ਪਿਆ। ਇਹ ਤਾਂ ਇਸ ਤੋਂ ਵੱਧ ਤਾਕਤ ਪ੍ਰਾਪਤ ਕਰਨਾ ਚਾਹੁੰਦਾ ਸੀ। ਹੁਣ ਹਰੇਕ ਲਾਵਾਰਸ ਭਾਰਤੀ ਸ਼ਾਸਕ ਨੂੰ ਕਿਸੇ ਵੀ ਲੜਕੇ ਨੂੰ ਆਪਣੇ ਉਤਰਾਧਿਕਾਰੀ ਵਜੋਂ ਮੁਤਬੰਨਾ ਬਣਾਉਣ ਲਈ ਬਰਤਾਨਵੀ ਹਕੂਮਤ ਦੀ ਆਗਿਆ ਲੈਣੀ ਰਸਮੀ ਹੋ ਗਈ। ਅਜਿਹੀ ਪਰਵਾਨਗੀ ਨਾ ਮਿਲਣ ਦੀ ਸੂਰਤ ਵਿਚ ਰਿਆਸਤ ਆਪਣੇ ਆਪ ਹੀ ਖ਼ਤਮ ਹੋ ਜਾਣੀ ਸੀ ਤੇ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਜਾਣੀ ਸੀ। ਇਸੇ ਆਧਾਰ ਤੇ ਹੀ ਸਤਾਰਾ 1848 ਈ. ਵਿਚ ਅਤੇ ਝਾਂਸੀ, ਨਾਗਪੁਰ ਰਿਆਸਤਾਂ 1852 ਈ. ਵਿਚ ਬਰਤਾਨਵੀ ਹਕੂਮਤ ਅਧੀਨ ਆ ਗਈਆਂ।

ਸੰਨ 1856 ਵਿਚ ਅੱਵਧ ਦੀ ਸ਼ਮੂਲੀਅਤ ਨਾਲ ਰਾਜਨੀਤਕ ਖੇਤਰ ਵਿਚ ਕਾਫ਼ੀ ਖ਼ਤਰੇ ਪੈਦਾ ਹੋਏ ਕਿਉਂਕਿ ਇਥੇ ਵਾਰਸ ਵਾਲਾ ਮਾਮਲਾ ਕੋਈ ਨਹੀਂ ਸੀ। ਇਥੋਂ ਦੇ ਨਵਾਬ ਉਪਰ ਸਿਰਫ਼ ਕੁਸ਼ਾਸਕ ਦਾ ਦੋਸ਼ ਲਗਾ ਕੇ ਉਸ ਦੀ ਮਰਜ਼ੀ ਦੇ ਵਿਰੁੱਧ ਹੀ ਉਸਦੀ ਰਿਆਸਤ ਨੂੰ ਬਰਤਾਨਵੀ ਰਾਜ ਵਿਚ ਸ਼ਾਮਲ ਕੀਤਾ ਗਿਆ ਸੀ। ਅਜਿਹੀ ਸਥਿਤੀ ਵਿਚ ਮੰਨੇ-ਪ੍ਰਮੰਨੇ ਮੁਸਲਮਾਨ ਵੀ ਨਾਰਾਜ਼ ਹੋਏ। ਅੰਗਰੇਜ਼ੀ ਰਾਜ ਅਧੀਨ ਇਥੋਂ ਦੇ ਸਿਪਾਹੀਆਂ ਦੇ ਵਿਸ਼ੇਸ਼ ਅਧਿਕਾਰ ਖ਼ਤਮ ਹੋ ਗਏ ਤੇ ਉਹ ਆਮ ਲੋਕਾਂ ਵਰਗੇ ਹੀ ਸਮਝੇ ਜਾਣ ਲਗੇ। ਸੰਨ 1856 ਵਿਚ ਡਲਹੌਜ਼ੀ ਦੇ ਭਾਰਤ ਵਿਚੋਂ ਚਲੇ ਜਾਣ ਪਿੱਛੋਂ, ਅੱਵਧ ਦੇ ਰਈਸ ਜ਼ਿਮੀਦਾਰਾਂ ਦੇ ਵੀ ਵਿਸ਼ੇਸ਼ ਅਧਿਕਾਰ ਖੋਹ ਲਏ ਗਏ। ਅਗਲੇ ਹੀ ਸਾਲ 1857 ਈ. ਵਿਚ ਆਰੰਭ ਹੋਣ ਵਾਲੇ ਗ਼ਦਰ ਵਿਚ ਅੱਵਧ ਰਿਆਸਤ ਨੇ ਵੀ ਚੋਖਾ ਹਿੱਸਾ ਪਾਇਆ।

ਦੇਸੀ ਇਲਾਕਿਆਂ ਨੂੰ ਕਬਜ਼ੇ ਵਿਚ ਲੈਣ ਤੋਂ ਇਲਾਵਾ ਇਸ ਨੇ ਇਨ੍ਹਾਂ ਪ੍ਰਾਂਤਾਂ ਨੂੰ ਇਕ ਆਧੁਨਿਕ ਕੇਂਦਰੀਕ੍ਰਿਤ ਰਾਜ ਦਾ ਅੰਗ ਬਣਾਉਣ ਵਿਚ ਮਹਾਨ ਪ੍ਰਾਪਤੀ ਹਾਸਲ ਕੀਤੀ। ਪੱਛਮੀ ਸੰਸਥਾਵਾਂ ਵਿਚ ਵਿਸ਼ਵਾਸ ਤੇ ਪ੍ਰਸ਼ਾਸਕੀ ਯੋਗਤਾਵਾਂ ਕਾਰਨ ਇਸ ਨੇ ਢੋ-ਢੁਆਈ ਤੇ ਸੰਚਾਰ ਪ੍ਰਣਾਲੀਆਂ ਦੇ ਵਿਕਾਸ ਵੱਲ ਵੀ ਧਿਆਨ ਦਿਤਾ। ਭਾਰਤ ਵਿਚ ਪਹਿਲੀ ਰੇਲਵੇ ਦੀ ਵਿਉਂਤਬੰਦੀ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਨੇ ਬੋਰਡ ਆਫ਼ ਟ੍ਰੇਡ ਵਿਚ ਪ੍ਰਾਪਤ ਕੀਤੇ ਆਪਣੇ ਤਜਰਬੇ ਦੇ ਆਧਾਰ ਤੇ ਅਗਾਉਂ ਰੇਲਵੇ ਵਿਕਾਸ ਦੀ ਨੀਂਹ ਰੱਖੀ ਜਿਸ ਵਿਚ ਮੁੱਖ ਤੌਰ ਤੇ ਬ੍ਰਾਂਚ ਰੇਲ-ਮਾਰਗਾਂ ਦੀਆਂ ਮੁਢਲੀਆਂ ਧਾਰਨਾਵਾਂ ਦੀ ਰੂਪ-ਰੇਖਾ ਤਿਆਰ ਕੀਤੀ ਗਈ ਅਤੇ ਰੇਲਵੇ ਕਾਮਿਆਂ ਅਤੇ ਰੇਲਵੇ ਦੀ ਉਸਾਰੀ ਨਾਲ ਪ੍ਰਭਾਵਿਤ ਜਾਇਦਾਦ ਮਾਲਕਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਵੀ ਉਪਬੰਧ ਰੱਖੇ ਗਏ। ਇਸ ਤੋਂ ਬਿਨਾਂ ਇਸ ਨੇ ਇਲੈਕਟ੍ਰਿਕ ਟੈਲੀਗ੍ਰਾਫ਼ ਲਾਈਨਾਂ ਦਾ ਜਾਲ ਵਿਛਾਉਣ ਦੀ ਯੋਜਨਾ ਬਣਾਈ ਤੇ ਇਸ ਨੂੰ ਅਮਲੀ ਰੂਪ ਦਿੱਤਾ। ਦਿੱਲੀ ਤੋਂ ਕਲਕੱਤਾ ਦਰਮਿਆਨ ਬਣਦੀ ਅਧੂਰੀ ਜਰਨੈਲੀ ਸੜਕ ਨੂੰ ਪੂਰਾ ਕੀਤਾ ਅਤੇ ਇਸ ਨੂੰ ਵਧਾ ਕੇ ਪੰਜਾਬ ਵਿਚ ਪਿਸ਼ਾਵਰ ਤੱਕ ਲਿਆਂਦਾ। ਡਾਕ-ਪ੍ਰਣਾਲੀ ਦਾ ਕੇਂਦਰੀਕਰਣ ਕੀਤਾ ਤੇ ਇਨ੍ਹਾਂ ਤੇ ਲੱਗਣ ਵਾਲੀਆਂ ਟਿਕਟਾਂ ਤੇ ਘੱਟ ਤੋਂ ਘੱਟ ਤੇ ਇਕੋ ਜਿਹਾ ਮੁੱਲ ਨਿਯਤ ਕੀਤਾ ਤਾਂ ਕਿ ਚਿੱਠੀਆਂ ਦੀ ਪਹੁੰਚ ਵੀ ਨਿਸ਼ਚਿਤ ਹੋ ਜਾਵੇ।

ਇਸ ਦੇ ਸਮਾਜਿਕ ਸੁਧਾਰਾਂ ਵਿਚ ਪੰਜਾਬ ਵਿਚ ਜਨਮ ਸਮੇਂ ਹੀ ਲੜਕੀਆਂ ਨੂੰ ਮਾਰ ਦੇਣ ਦੀ ਪ੍ਰਥਾ ਤੇ ਪਾਬੰਦੀ ਅਤੇ ਉੜੀਸਾ ਦੇ ਪਹਾੜੀ ਖੇਤਰਾਂ ਵਿਚ ਦਿੱਤੀ ਜਾਂਦੀ ਮਨੁੱਖੀ ਬਲੀ ਦੀ ਰੀਤ ਤੇ ਪਾਬੰਦੀ ਸ਼ਾਮਲ ਹਨ। ਇਸ ਨੇ ਸਕੂਲਾਂ ਵਿਚ ਦੇਸੀ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਤੋਂ ਇਲਾਵਾ ਲੜਕੀਆਂ ਦੀ ਸਿੱਖਿਆ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ।

ਸੰਨ 1856 ਵਿਚ ਇਹ ਭਾਰਤ ਤੋਂ ਵਾਪਸ ਚਲਾ ਗਿਆ। ਪਿੱਛੋਂ ਇਸ ਦੀਆਂ ਰਿਆਸਤਾਂ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਦੀ ਨੀਤੀ ਉਪਰ ਨੁਕਤਾਚੀਨੀ ਹੋਣੀ ਆਰੰਭ ਹੋ ਗਈ ਜਿਹੜੀ ਕਿ ਸਿੱਧੇ-ਅਸਿੱਧੇ ਰੂਪ ਵਿਚ 1857 ਈ. ਦੇ ਗਦਰ ਦੇ ਮੁੱਖ ਕਾਰਨਾਂ ਵਿਚੋਂ ਇਕ ਸੀ। ਅਜਿਹੀ ਨੁਕਤਾਚੀਨੀ ਨਾਲ ਇਸ ਦੀਆਂ ਆਧੁਨਿਕੀਕਰਣ ਵਿਚ ਕੀਤੀਆਂ ਪ੍ਰਾਪਤੀਆਂ ਦੀ ਅਹਿਮੀਅਤ ਹੀ ਘੱਟ ਗਈ। ਨੁਕਤਾਚੀਨੀ-ਭਰਪੂਰ ਦਲੀਲਾਂ, ਨਾਲ ਕੰਮ ਦੇ ਬੋਝ ਕਾਰਣ ਥੱਕੇ-ਟੁੱਟੇ ਤੇ ਮਾੜੀ ਸਿਹਤ ਕਾਰਨ, ਇਸਦੀ 19 ਦਸੰਬਰ, 1860 ਨੂੰ ਡਲਹੌਜ਼ੀ ਕੈਸੱਲ ਵਿਖੇ ਹੀ ਮੌਤ ਹੋ ਗਈ ਅਤੇ ਨਾਲ ਹੀ ਇਸ ਦਾ ਵਿਸ਼ੇਸ਼ ਮਾਰਕੁਇਸ ਦਾ ਰੁਤਬਾ ਵੀ ਸਦਾ ਲਈ ਖ਼ਤਮ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 56; ਹਿੰ. ਵਿ. ਕੋ. 5 : 210

**ਡੱਲ ਝੀਲ** : ਕੁਦਰਤੀ ਖ਼ੂਬਸੂਰਤੀ ਦੀ ਪ੍ਰਤੀਕ ਇਹ ਝੀਲ ਭਾਰਤ ਦੀ ਕਸ਼ਮੀਰ ਵਾਦੀ ਵਿਚ ਵਾਕਿਆ ਜੰਮੂ ਅਤੇ ਕਸ਼ਮੀਰ ਰਾਜ ਦੀ ਰਾਜਧਾਨੀ ਸ੍ਰੀਨਗਰ ਵਿਚ ਤਖ਼ਤ-ਏ-ਸੁਲੇਮਾਨ ਅਤੇ ਹਰੀ ਪਰਬਤਾਂ ਵਿਚਕਾਰ ਸਥਿਤ ਹੈ। ਇਹ ਝੀਲ ਸਾਢੇ ਛੇ. ਕਿ. ਮੀ. ਲੰਬੀ ਅਤੇ ਚਾਰ ਕਿ. ਮੀ. ਚੌੜੀ ਹੈ। ਝੀਲ ਦੇ ਨਾਂ ਬਾਰੇ ਪੂਰੇ ਯਕੀਨ ਨਾਲ ਤਾਂ ਭਾਵੇਂ ਨਹੀਂ ਕਿਹਾ ਜਾ ਸਕਦਾ ਪਰ ਇਕ ਵਿਦਵਾਨ ਅਨੁਸਾਰ ਕਸ਼ਮੀਰੀ ਬੋਲੀ ਵਿਚ ਡੱਲ ਸ਼ਬਦ ਦਾ ਮਤਲਬ ਹੀ ਝੀਲ ਹੈ ਅਤੇ ਦੂਜੇ ਪਾਸੇ ਤਿੱਬਤੀ ਬੋਲੀ ਵਿਚ ਡੱਲ ਦਾ ਅਰਥ ਅਡੋਲ ਜਾਂ ਸ਼ਾਂਤ ਹੁੰਦਾ ਹੈ। ਸ਼ਾਇਦ ਇਹੀ ਕਾਰਨ ਇਸ ਝੀਲ ਦੇ ਨਾਂ ਦਾ ਹੋਵੇ।

ਡੱਲ ਦਰਿਆ ਜਿਹਲਮ ਦੇ ਹੜ੍ਹ ਦੇ ਪਾਣੀ ਨੂੰ ਸੰਭਾਲਣ ਵਾਲਾ ਇਕ ਵੱਡਾ ਭੰਡਾਰ ਹੈ ਅਤੇ ਹੜ੍ਹਾਂ ਦੌਰਾਨ ਜਿਹਲਮ ਵਿਚਲਾ ਵਾਧੂ

ਪਾਣੀ ਇਸ ਝੀਲ ਵਿਚ ਆ ਜਮ੍ਹਾਂ ਹੁੰਦਾ ਹੈ ਜਿਸ ਨਾਲ ਆਲੇ ਦੁਆਲੇ ਦੇ ਖੇਤਰ ਹੜ੍ਹਾਂ ਦੀ ਮਾਰ ਤੋਂ ਬਚ ਜਾਂਦੇ ਹਨ।

ਡੱਲ ਦੀ ਸੁੰਦਰਤਾ ਇਸ ਦੇ ਆਲੇ ਦੁਆਲੇ ਦੀਆਂ ਅਸਮਾਨ ਛੋਹਦੀਆਂ ਪਰਬਤੀ ਟੀਸੀਆਂ ਅਤੇ ਇਸ ਦੇ ਕੰਢਿਆਂ ਤੇ ਉਗੀ ਹੋਈ ਬਨਸਪਤੀ ਕਰਕੇ ਹੈ। ਬਹਾਰ ਦੀ ਰੁੱਤ ਵਿਚ ਦਰਖ਼ਤਾਂ ਦੇ ਪੱਤਿਆਂ ਦਾ ਭਿੰਨ-ਭਿੰਨ ਭਾਅ ਮਾਰਦਾ ਹਰਾ ਰੰਗ ਅਤੇ ਪਹਾੜੀ ਦ੍ਰਿਸ਼ ਅੱਖਾਂ ਨੂੰ ਸੁਖਾਵੀਂ ਜਿਹੀ ਠੰਡਕ ਪਹੁੰਚਾਉਂਦੇ ਹਨ। ਅਕਤੂਬਰ ਮਹੀਨੇ ਵਿਚ ਤਾਂ ਝੀਲ ਵਿਸ਼ੇਸ਼ ਤੌਰ ਤੇ ਰੰਗ-ਬਰੰਗੀ ਦਿਖਾਈ ਦਿੰਦੀ ਹੈ। ਬੈਂਤ ਦੇ ਬੂਟੇ ਇਸ ਸਮੇਂ ਹਰੇ ਤੇ ਚਾਂਦੀ ਰੰਗੇ ਭੂਰੇ ਅਤੇ ਹਲਕੇ ਗੇਰੂ ਰੰਗ ਦੇ ਦਿਖਾਈ ਦਿੰਦੇ ਹਨ ਅਤੇ ਇਸ ਦੇ ਤਣੇ ਲਾਲ ਰੰਗ ਦੀ ਭਾਅ ਮਾਰਦੇ ਹਨ। ਇਹ ਸਾਰੇ ਰੰਗ ਝੀਲ ਦੇ ਪਾਣੀ ਵਿਚਲੀਆਂ ਤੈਰਦੀਆਂ ਜੜ੍ਹੀ-ਬੂਟੀਆਂ ਦੇ ਹਰੇ ਤੇ ਪੀਲੇ ਰੰਗਾਂ ਨਾਲ ਮਿਲਕੇ ਇਕ ਬਹੁਤ ਹੀ ਮਨਮੋਹਕ ਨਜ਼ਾਰਾ ਬੰਨ੍ਹਦੇ ਹੋਏ ਯਾਤਰੀਆਂ ਦੀਆਂ ਨਜ਼ਰਾਂ ਨੂੰ ਕੀਲ ਲੈਂਦੇ ਹਨ। ਚਨਾਰ ਦੇ ਦਰਖ਼ਤ ਕਿਰਮਚੀ ਰੰਗ ਨਾਲ ਠੰਢੇ ਵਾਤਾਵਰਣ ਨੂੰ ਨਿੱਘ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਤਰ੍ਹਾਂ ਪਾਪਲਰ ਦੇ ਦਰਖ਼ਤ ਸੁਨਿਹਰੀ ਖੰਭਿਆਂ ਦਾ ਰੂਪ ਧਾਰਨ ਕਰਕੇ ਅਸਮਾਨ ਨਾਲ ਗੱਲਾਂ ਕਰਦੇ ਲਗਦੇ ਹਨ। ਆਲੇ ਦੁਆਲੇ ਦੇ ਪਹਾੜਾਂ ਦੀਆਂ ਢਲਾਣਾਂ ਲਾਲ ਅਤੇ ਸੁਨਹਿਰੇ ਰੰਗ ਨਾਲ ਲੱਦੀਆਂ ਦਿਖਾਈ ਦਿੰਦੀਆਂ ਹਨ। ਝੀਲ ਤੋਂ ਸ੍ਰੀਨਗਰ ਸ਼ਹਿਰ ਵੱਲ ਝਾਤ ਮਾਰੀਏ ਤਾਂ ਖੱਬੇ ਹੱਥ ਤਖ਼ਤ-ਏ-ਸੁਲੇਮਾਨ ਅਤੇ ਸੱਜੇ ਹੱਥ ਹਰੀ ਪਰਬਤ ਪਹਾੜ ਹੈ ਤੇ ਸ਼ਹਿਰ ਇਨ੍ਹਾਂ ਦੇ ਵਿਚਕਾਰ ਹੈ। ਹਰੀ ਪਰਬਤ ਉਪਰਲਾ ਦ੍ਰਿਸ਼ਮਈ ਕਿਲਾ ਭੂਤ ਕਾਲ ਦੀਆਂ ਬਹੁਤ ਸਾਰੀਆਂ ਸ਼ਾਨੋ-ਸ਼ੌਕਤ ਭਰਪੂਰ ਯਾਦਾਂ ਦਿਵਾਉਂਦਾ ਦਿਖਾਈ ਦਿੰਦਾ ਹੈ।

ਕੁਦਰਤ ਦੇ ਯੋਗਦਾਨ ਤੋਂ ਇਲਾਵਾ ਡੱਲ ਦੀ ਸੁੰਦਰਤਾ ਲਈ ਮੁਗ਼ਲ ਬਾਦਸ਼ਾਹਾਂ ਨੇ ਵੀ ਕਾਫ਼ੀ ਹਿੱਸਾ ਪਾਇਆ। ਜਹਾਂਗੀਰ ਤੇ ਸ਼ਾਹ ਜਹਾਨ ਦੇ ਸਮੇਂ ਦੇ ਚਬੂਤਰਿਆਂ ਵਾਲੇ ਬਾਗ਼ ਅਤੇ ਉਨ੍ਹਾਂ ਵੱਲੋਂ ਲਗਾਏ ਗਏ ਮੈਦਾਨੀ ਇਲਾਕਿਆਂ ਦੇ ਸ਼ਾਨਦਾਰ ਦਰੱਖ਼ਤ ਇਸ ਸਥਾਨ ਦੀ ਸੁੰਦਰਤਾ ਨੂੰ ਚਾਰ ਚੰਨ ਲਗਾਉਂਦੇ ਹਨ। ਮੈਦਾਨੀ ਬ੍ਰਿਛਾਂ ਦੇ ਇਸ ਪਾਰਕ ਨੂੰ ਨਸੀਮ ਬਾਗ਼ ਕਿਹਾ ਜਾਂਦਾ ਹੈ। ਇਸ ਤੋਂ ਬਿਨਾਂ ਪਰੀ ਮਹਿਲ ਆਦਿ ਝੀਲ ਦੀ ਵਿਸ਼ੇਸ਼ਤਾ ਵਿਚ ਵਾਧਾ ਕਰਦੇ ਹਨ। ਝੀਲ ਵਿਚ ਸੋਨ ਲੰਕਾ ਤੇ ਰੂਪਾ ਲੰਕਾ ਨਾਮੀ ਦੋ ਛੋਟੇ ਛੋਟੇ ਜਜ਼ੀਰੇ ਝੀਲ ਵਿਚ ਸੈਰ ਕਰਨ ਵਾਲਿਆਂ ਦੀ ਦਿਲਚਸਪੀ ਵਧਾਉਂਦੇ ਹਨ।

ਦੁਨੀਆ ਭਰ ਦੇ ਯਾਤਰੀ ਇਥੇ ਆ ਕੇ ਠਹਿਰਦੇ ਹਨ ਅਤੇ ਕੁਦਰਤ ਦੀ ਸੁੰਦਰਤਾ ਮਾਣਦੇ ਹਨ।

ਹ. ਪੁ.- ਇੰਪ. ਗ਼.ਇੰਡ. 11 : 124; ਜਿਓਗ੍ਰਾਫੀ ਆਫ਼ ਜੰਮੂ ਐਂਡ ਕਸ਼ਮੀਰ; ਹਿ. ਵਿ. ਕੋ. 5

**ਡਲਬਰਗ, ਕਾਰਲ ਥੀਓਡੋਰ ਫ਼ੌਨ** : ਇਹ ਜਰਮਨੀ ਵਿਚ ਮਾਇੰਸ (Mainz) ਦਾ ਲਾਟਪਾਦਰੀ, ਹੋਲੀ ਰੋਮਨ ਐਂਪਾਇਰ ਦਾ ਪ੍ਰਮੁੱਖ (arch) ਚਾਂਸਲਰ, ਜਰਮਨੀ ਦਾ ਪ੍ਰਾਈਮੇਟ ਅਤੇ ਰਾਈਨ ਦੀ ਕਨਫ਼ੈਡਰੇਸ਼ਨ ਦਾ ਪ੍ਰਧਾਨ ਸੀ। ਇਹ ਜਰਮਨੀ ਦੇ ਇਕ ਉੱਘੇ ਕੁਲੀਨ ਵਰਗ ਨਾਲ ਸੰਬਧਤ ਸੀ ਅਤੇ ਇਸ ਦਾ ਜਨਮ 8 ਫ਼ਰਵਰੀ, 1744 ਨੂੰ ਹੈਰਨਸ਼ਾਈਮ ਵਿਖੇ ਹੋਇਆ। ਇਸ ਨੇ ਗਟਿੰਗਐਨ ਅਤੇ ਹਾਈਡੈਲਬਰਗ ਤੋਂ ਧਾਰਮਿਕ ਕਾਨੂੰਨ ਦੀ ਸਿਖਿਆ ਪ੍ਰਾਪਤ ਕੀਤੀ। ਸੰਨ 1772 ਵਿਚ ਇਹ ਐਰਫ਼ੁਰਟ (Erfurt) ਦਾ ਪਾਦਰੀ ਬਣ ਗਿਆ। ਇਹ ਜਰਮਨੀ ਦੇ ਏਕੀਕਰਣ ਦਾ ਹਾਮੀ ਸੀ ਅਤੇ 1785 ਈ. ਵਿਚ ਪ੍ਰਸ਼ਾਅ ਦੇ ਫ਼੍ਰੈਡਰਿਕ ਦੂਜੇ ਦੇ ਅਧੀਨ ਬਣੀ ਸ਼ਹਿਜ਼ਾਦਿਆਂ ਦੀ ਲੀਗ ਦੀ ਹਮਾਇਤ ਕਰਦਾ ਸੀ। ਪ੍ਰਸ਼ਾਅ ਦੇ ਪ੍ਰਭਾਵ ਕਾਰਨ ਹੀ 1787 ਈ. ਵਿਚ ਇਹ ਮਾਇੰਸ ਅਤੇ ਵਰਮਜ਼ ਦਾ ਉਪ-ਪਾਦਰੀ ਬਣਿਆ। ਸੰਨ 1802 ਵਿਚ ਇਹ ਮਾਇੰਸ ਦਾ ਲਾਟਪਾਦਰੀ ਅਤੇ ਹੋਲੀ ਰੋਮਨ ਐਂਪਾਇਰ ਦਾ ਪ੍ਰਮੁੱਖ ਚਾਂਸਲਰ ਬਣ ਗਿਆ। ਸੰਨ 1803 ਦੇ ਪੁਨਰਗਠਨ ਮਗਰੋਂ ਡਲਬਰਗ ਜਰਮਨੀ ਦਾ ਚਾਂਸਲਰ ਅਤੇ ਪ੍ਰਾਈਮੇਟ ਬਣਿਆ ; ਇਸ ਦੇ ਨਾਲ ਹੀ ਇਸ ਪਾਸ ਮਾਇੰਸ, ਕੋਲੋਨ ਅਤੇ ਟ੍ਰਾਇਰ ਦੇ ਧਾਰਮਿਕ ਅਧਿਕਾਰ ਵੀ ਸਨ। ਇਹ ਇਕ ਕੌਮੀ ਜਰਮਨ ਚਰਚ ਕਾਇਮ ਕਰਨ ਦਾ ਇੱਛਕ ਸੀ ਪਰ 1805 ਈ. ਵਿਚ ਪੋਪ ਨੇ ਇਸ ਨੂੰ ਰੋਕ ਦਿੱਤਾ। ਇਸ ਨੇ ਨੈਪੋਲੀਅਨ ਨਾਲ ਨੇੜਤਾ ਦੇ ਸਬੰਧ ਕਾਇਮ ਕਰ ਲਏ ਤਾਂ ਜੋ ਜਰਮਨੀ ਨੂੰ ਇਕ ਕਰ ਦਿੱਤਾ ਜਾਵੇ। ਸੰਨ 1810 ਵਿਚ ਇਸ ਨੂੰ ਗ੍ਰੈਂਡ ਡਿਊਕ ਆਫ਼ ਫਰੈਂਕਫਰਟ ਦੀ ਉਪਾਧੀ ਮਿਲੀ ਪਰ ਇਸ ਨੂੰ ਇਕ ਫ਼ਰਾਂਸੀਸੀ ਰੈਜ਼ੀਡੈਂਟ ਰੱਖਣ ਲਈ ਮੰਨਣਾ ਪਿਆ ਅਤੇ 1811 ਵਿਚ ਇਕ ਫ਼ਰਾਂਸੀਸੀ ਇਸ ਦੀ ਥਾਂ ਤੇ ਗ੍ਰੈਂਡ ਡਿਊਕ ਬਣਾਇਆ ਗਿਆ। ਨੈਪੋਲੀਅਨ ਦੀ ਹਾਰ ਮਗਰੋਂ ਵੀਆਨਾ ਦੀ ਕਾਂਗਰਸ ਸਮੇਂ ਇਹ ਉਪਾਧੀ ਖ਼ਤਮ ਕਰ ਦਿੱਤੀ ਗਈ। ਅਤੇ ਡਲਬਰਗ ਸਿਰਫ਼ ਰੀਗੈਨਜ਼ਬਰਗ ਦਾ ਹੀ ਲਾਟ ਪਾਦਰੀ ਰਹਿ ਗਿਆ।

10 ਫ਼ਰਵਰੀ, 1817 ਨੂੰ ਰੀਗੈਨਜ਼ਬਰਗ ਵਿਖੇ ਇਸ ਦੀ ਮੌਤ ਹੋਈ।

ਹ. ਪੁ.- ਐਨ. ਬ੍ਰਿ. ਮਾ. 3 : 352

**ਡਲਮਉ** : ਉੱਤਰ ਪ੍ਰਦੇਸ਼ ਰਾਜ (ਭਾਰਤ) ਵਿਚ ਰਾਏ ਬਰੇਲੀ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਗੰਗਾ ਨਦੀ ਦੇ ਉੱਤਰ ਵਿਚ ਪਹਾੜੀ ਜਿਹੀ ਉੱਤੇ ਵਸਿਆ ਹੋਇਆ ਹੈ। ਇਸ ਸ਼ਹਿਰ ਦੀ ਸਥਾਪਨਾ ਬਾਰੇ ਵੱਖ ਵੱਖ ਵਿਚਾਰ ਹਨ। ਇਕ ਵਿਚਾਰ ਅਨੁਸਾਰ ਇਸ ਸ਼ਹਿਰ ਦੀ ਸਥਾਪਨਾ ਕਨੌਜ ਦੇ ਰਾਜੇ ਡਲ ਡੇਵਾ ਨੇ ਕੀਤੀ ਸੀ। ਦੂਜੇ ਮਤ ਅਨੁਸਾਰ ਡਲ ਇਕ ਭਾਰ (Bhar) ਰਾਜਾ ਸੀ। ਡਲ ਦੇ ਭਾਰ ਰਾਜਾ ਹੋਣ ਦੀ ਗੱਲ ਵਧੇਰੇ ਮੰਨਣਯੋਗ ਹੈ। ਮੁਸਲਮਾਨਾਂ ਅਨੁਸਾਰ ਇਸ ਸ਼ਹਿਰ ਨੂੰ ਸੱਯਦ ਸਲਾਰ ਨੇ ਜਿੱਤਿਆ ਸੀ। ਇਸ ਪਿਛੋਂ ਫਿਰੋਜ਼ ਸ਼ਾਹ ਤੁਗ਼ਲਕ ਨੇ ਇਥੇ ਇਕ ਸਕੂਲ ਅਤੇ ਈਦਗਾਹ ਵੀ ਬਣਵਾਈ ਸੀ। 14 ਵੀਂ ਸਦੀ ਦੇ ਅਖ਼ੀਰਲੇ ਸਾਲਾਂ ਵਿਚ ਭਾਰ ਫਿਰ ਸੱਤ੍ਹਾ ਵਿਚ ਆ ਗਏ। ਭਾਰਾਂ ਦੇ ਰਾਜੇ ਨੇ ਸੱਯਦਾਂ ਦੀ ਲੜਕੀ ਨਾਲ ਵਿਆਹ ਕਰਾਉਣ ਦੀ ਖ਼ਾਹਿਸ਼ ਕੀਤੀ। ਇਸ ਇਰਾਦੇ ਨੂੰ ਖ਼ਤਮ ਕਰਨ ਲਈ ਜੌਨਪੁਰ ਦੇ ਇਬਰਾਹੀਮ ਸ਼ਾਹ ਨੇ ਦਖ਼ਲ ਦਿੱਤਾ ਤੇ ਕਿਲਾ ਜਿੱਤ ਲਿਆ। ਇਬਰਾਹੀਮ ਨੇ ਕਿਲੇ ਦੀ ਮੁਰੰਮਤ ਕਰਵਾਈ, ਬਾਗ਼ ਅਤੇ ਖੂਹ ਵੀ ਬਣਵਾਏ। ਇਸੇ ਬਾਗ਼ ਵਿਚ ਇਬਰਾਹੀਮ ਦਾ ਪਿਤਾ ਜਿਹੜਾ ਥੋੜ੍ਹੇ ਚਿਰ ਰਾਜ ਕਰਨ ਪਿੱਛੋਂ ਆਪਣੇ ਭਰਾ ਹੁਸੈਨ ਨਾਲ ਲੜਾਈ ਵਿਚ ਮਾਰਿਆ ਗਿਆ ਸੀ, ਦਾ ਮਕਬਰਾ ਵੀ ਹੈ। ਜੌਨਪੁਰ ਅਤੇ ਮੁਸਲਮਾਨਾਂ ਰਾਜ ਹੇਠ ਇਸ ਸ਼ਹਿਰ ਦੀ ਮਹੱਤਤਾ ਕੁਝ ਵਧੀ। ਇਸ ਦੌਰਾਨ ਇਥੇ ਇਮਾਰਤਾਂ ਅਤੇ ਮਸਜਿਦਾਂ ਵੀ ਬਣੀਆਂ। 18 ਵੀਂ ਸਦੀ ਵਿਚ ਨਵਾਬ ਸਿਰਾਜ-ਉੱਦ-ਦੌਲਾ ਨੇ ਇਥੇ ਘਰ ਵੀ ਬਣਵਾਇਆ ਸੀ। ਮਰਾਠਿਆਂ ਦੇ ਹਮਲਿਆਂ ਨੇ ਸ਼ਹਿਰ ਨੂੰ ਵੱਸਣ ਨਾ ਦਿੱਤਾ। ਇਸ ਸ਼ਹਿਰ ਦੀਆਂ ਪ੍ਰਸਿੱਧ ਥਾਵਾਂ ਵਿਚ ਪਹਾੜੀ ਉੱਪਰ ਬਣਿਆ ਇਕ ਕਿਲਾ ਹੈ, ਜਿਹੜਾ ਬੁੱਧ ਦੇ ਸਤੂਪਾਂ ਵਾਲੀ ਥਾਂ ਉਤੇ ਹੀ ਬਣਿਆ ਹੋਇਆ ਹੈ। ਪੂਰਬੀ ਹਿੱਸੇ ਵਿਚ ਇਬਰਾਹੀਮ ਸ਼ਾਹ ਦਾ ਬਣਵਾਇਆ ਦਰਵਾਜ਼ਾ ਵੀ ਹੈ। ਕੁਝ ਅੰਦਰਵਾਰ ਸ਼ਹਿਰ ਵਿਚ ਅਕਬਰ ਅਤੇ ਸ਼ਾਹ ਜਹਾਂ ਦੀਆਂ ਬਣਵਾਈਆਂ ਇਮਾਰਤਾਂ ਵੀ ਹਨ।

ਆਬਾਦੀ – 4,654 (1991)

26°04′ ਉ. ਵਿਥ.; 81°3′ ਪੂ. ਲੰਬ.

ਹ. ਪੁ.- ਇੰਪ. ਗ. ਇੰਡ. 11 : 127

**ਡਲਮਾ** : ਪੱਛਮੀ ਬੰਗਾਲ ਰਾਜ (ਭਾਰਤ) ਦੇ ਪੁਰੁਲੀਆ ਜ਼ਿਲ੍ਹੇ ਵਿਚ ਸਮੁੰਦਰੀ ਤਲ ਤੋਂ 1,320 ਮੀ. ਉੱਚੀ ਇਕ ਪਹਾੜੀ ਹੈ। ਆਮ ਤੌਰ ਤੇ ਇਸ ਪਹਾੜੀ ਨੂੰ ਪਾਰਸਨਾਥ ਪਹਾੜੀ ਦੇ ਬਰਾਬਰ ਦੀ ਹੀ ਮੰਨਿਆ ਜਾਂਦਾ ਹੈ ਪਰ ਇਸ ਦੀਆਂ ਸਿਖ਼ਰਾਂ ਪਾਰਸਨਾਥ ਨਾਲੋਂ ਘੱਟ ਉੱਚੀਆਂ ਅਤੇ ਢਲਾਣੂ ਜਿਹੀਆਂ ਹਨ। ਇਸ ਦੀਆਂ ਢਲਾਣਾਂ ਜੰਗਲਾਂ ਨਾਲ ਢੱਕੀਆਂ ਹੋਈਆਂ ਹਨ। ਇਸ ਦੀਆਂ ਢਲਾਣਾਂ ਉਤੇ ਖੜੀਏ ਅਤੇ ਪਹਾੜੀਏ ਆਦਿ ਕਬੀਲੇ ਵਸੇ ਹੋਏ ਹਨ।

22°53′ ਉ. ਵਿਥ. ; 86°14′ ਪੂ. ਲੰਬ.

ਹ. ਪੁ.- ਇੰਪ. ਗ. ਇੰਡ. 11 : 126

**ਡਲਵਿਚ** : ਇੰਗਲੈਂਡ ਦੀ ਗ੍ਰੇਟਰ ਲੰਡਨ ਬਰੋਅ ਦੇ ਦੱਖਣ ਵਿਚ ਸਥਿਤ ਡਲਵਿਚ ਸਕੂਲ ਦੇ ਦੁਆਲੇ ਬਣਿਆ ਇਕ ਖ਼ੂਬਸੂਰਤ ਰਿਹਾਇਸ਼ੀ ਸਥਾਨ ਹੈ। ਸ਼ੈਕਸਪੀਅਰ ਦੇ ਡਰਾਮਿਆਂ ਦੇ ਇਕ ਪਾਤਰ ਐਡਵਰਡ ਐਲਨ ਨੇ 1605 ਈ. ਵਿਚ ਡਲਵਿਚ ਮੈਨੱਰ ਖਰੀਦਿਆ ਅਤੇ 12 ਗ਼ਰੀਬ ਲਾਇਕ ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦੇਣ ਲਈ ਗਾੱਡਜ਼ ਗਿਫ਼ਟ ਨਾਂ ਦਾ ਇਕ ਕਾਲਜ ਖੋਲ੍ਹਿਆ ਜਿਸ ਵਿਚ 1857 ਈ. ਵਿਚ ਇਸ ਸੰਸਥਾ ਦਾ ਪੁਨਰ ਨਿਰਮਾਣ ਹੋਇਆ ਅਤੇ ਇਥੋਂ ਤਿੰਨ ਸਕੂਲਾਂ, ਕਾਲਜ, ਐਲਨਜ਼ ਸਕੂਲ ਅਤੇ ਜੇਮਜ਼ ਐਲਨ ਗਰਲਜ਼ ਸਕੂਲ ਦਾ ਸੰਚਾਲਣ ਹੋਇਆ। ਨਵਾਂ ਕਾਲਜ ਜੋ ਹੁਣ ਚਲਦਾ ਹੈ, ਦੀ ਸਥਾਪਨਾ ਸਰ ਚਾਰਲਸ ਬੇਰੀ ਦੀ ਦੱਸੀ ਤਰਤੀਬ ਅਨੁਸਾਰ 1866-70 ਈ. ਦੌਰਾਨ ਕੀਤੀ ਗਈ। ਸੰਨ 1814 ਵਿਚ ਡਲਵਿਚ ਕਾਲਜ ਪਿਕਚਰ ਗੈਲਰੀ ਬਣੀ।

ਹ. ਪੁ.- ਐਨ. ਬ੍ਰਿ. ਮਾ. 4 : 267

**ਡੱਲਾ** : ਇਹ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਵਿਚ ਸੁਲਤਾਨਪੁਰ ਤਹਿਸੀਲ ਦਾ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਲੋਹੀਆਂ ਤੋਂ 5 ਕਿ. ਮੀ. ਪੂਰਬ ਵੱਲ ਹੈ। ਇਥੇ ਭਾਈ ਲਾਲੋ, ਭਾਈ ਪਾਰੋ ਆਦਿ ਜਿਹੇ ਮਸ਼ਹੂਰ ਸਿੱਖ ਹੋਏ ਹਨ। ਭਾਈ ਗੁਰਦਾਸ ਜੀ ਲਿਖਦੇ ਹਨ - ਡੱਲੇ ਵਾਲੀ ਸੰਗਤ ਭਾਰੀ। ਇਸੇ ਥਾਂ ਤੇ ਹੀ ਨਾਰਾਇਣ ਦਾਸ ਦੀ ਸਪੁੱਤਰੀ ਸ੍ਰੀਮਤੀ ਦਮੋਦਰੀ ਜੀ ਨਾਲ 22 ਭਾਦੋਂ ਸੰਮਤ 1661 (1604 ਈ.) ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਹੋਇਆ ਸੀ। ਵਿਆਹ ਵਾਲੀ ਥਾਂ ਦਮਦਮਾ ਬਣਿਆ ਹੋਇਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਦੇ ਅਨੰਦ ਕਾਰਜ ਦੀ ਯਾਦਗਾਰ ਵਿਚ ਇਥੇ ਬਾਉਲੀ ਬਣਵਾਈ ਹੈ। ਇਹ ਪਿੰਡ ਦੇ ਪੂਰਬ ਵੱਲ ਨੂੰ ਹੈ। ਇਸ ਦੇ ਨਾਂ ਕਾਫ਼ੀ ਜ਼ਮੀਨ ਹੈ। ਡੱਲੇ ਵਿਚ ਭਾਈ ਲਾਲੋ ਦਾ ਅਸਥਾਨ ਵੀ ਪ੍ਰਸਿੱਧ ਹੈ, ਜਿਸ ਨਾਲ ਕਾਫ਼ੀ ਜ਼ਮੀਨ ਹੈ।

ਹ. ਪੁ.- ਮ. ਕੋ.

**ਡੱਲਾ ਸਿੰਘ** : ਇਸ ਨੂੰ ਡੱਲ ਸਿੰਘ ਜਾਂ ਡੱਲਾ ਵੀ ਕਹਿੰਦੇ ਹਨ। ਇਹ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਵਿਚ ਸਾਬੋ ਦੀ ਤਲਵੰਡੀ (ਦਮਦਮਾ ਸਾਹਿਬ) ਦਾ ਇਕ ਜੱਟ ਸਰਦਾਰ ਸੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮੀ ਸੀ। ਸੰਨ 1706 (ਸੰਮਤ 1762-63) ਵਿਚ ਇਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਕੋਲ ਠਹਿਰਾਇਆ ਅਤੇ ਰੱਜ ਕੇ ਸੇਵਾ ਕੀਤੀ। ਡੱਲੇ ਸਿੱਖ ਦਾ ਪ੍ਰੇਮ ਦੇਖ ਕੇ ਗੁਰੂ ਜੀ ਨੇ ਇਥੇ ਲਗਭਗ ਸਾਢੇ ਨੌਂ ਮਹੀਨੇ ਨਿਵਾਸ ਕੀਤਾ ਅਤੇ ਖ਼ੁਸ਼ ਹੋ ਕੇ ਗੁਰੂ ਜੀ ਨੇ ਇਸ ਨੂੰ ਗੁਰ ਵਸਤੂਆਂ-ਇਕ ਖੜਗ, ਦੋ ਦਸਤਾਰਾਂ, ਦੋ ਚੋਲੇ, ਦੋ ਪਜਾਮੇ ਅਤੇ ਇਕ ਬਾਜ਼ ਦਾ ਡੋਰਾ ਬਖ਼ਸ਼ੀਆਂ। ਇਹ ਵਸਤਾਂ ਤਾਂ ਹੁਣ ਵੀ ਇਸ ਦੇ ਵਾਰਸਾਂ ਦੇ ਪਾਸ ਹਨ। ਇਨ੍ਹਾਂ ਵਸਤੂਆਂ ਦਾ ਦਰਸ਼ਨ ਹਰੇਕ ਚਾਨਣੀ ਦਸਵੀਂ ਨੂੰ ਅਤੇ ਵਿਸਾਖੀ ਦੇ ਮੇਲੇ ਨੂੰ ਹੁੰਦਾ ਹੈ।

ਭਾਈ ਡੱਲੇ ਨੂੰ ਸੰਬੋਧਨ ਕਰਕੇ ਕਲਗੀਧਰ ਨੇ ਮਾਲਵੇ ਨੂੰ ਵਰਦਾਨ ਦਿੱਤਾ ਸੀ ਕਿ ਇਸ ਭੂਮੀ ਵਿਚ ਨਹਿਰਾਂ ਚੱਲਣਗੀਆਂ, ਅੰਬ ਲੱਗਣਗੇ, ਕਣਕ ਪੈਦਾ ਹੋਵੇਗੀ ਆਦਿ। ਡੱਲੇ ਸਿੱਖ ਨੇ ਗੁਰੂ ਜੀ ਤੋਂ ਅੰਮ੍ਰਿਤ ਛਕਿਆ ਅਤੇ ਡੱਲਾ ਸਿੰਘ ਕਰਕੇ ਪ੍ਰਸਿੱਧ ਹੋਇਆ।

ਹ. ਪੁ.- ਮ. ਕੋ.

**ਡਲਾਂਗ, ਜ਼ਾਰਜ ਵਾਸ਼ਿੰਗਟਨ** : ਇਹ ਅਮਰੀਕਾ ਦਾ ਇਕ ਪ੍ਰਸਿੱਧ ਸਮੁੰਦਰੀ ਫ਼ੌਜੀ ਅਫ਼ਸਰ ਅਤੇ ਆਰਕਟਿਕ ਦਾ ਖੋਜੀ ਸੀ ਪਰ ਬਦਕਿਸਮਤੀ ਨਾਲ ਇਹ ਧਰੁਵਾਂ ਦੀ ਖੋਜ ਯਾਤਰਾ ਲਈ ਜੀਨੈੱਟ ਜਹਾਜ਼ ਵਿਚ ਆਗੂ ਦੇ ਤੌਰ ਤੇ ਗਿਆ ਜਿਹੜਾ ਮੁੜ ਆਪਣੇ ਵਤਨ ਨਾ ਪਰਤਿਆ।

ਇਸ ਦਾ ਜਨਮ 22 ਅਗਸਤ, 1844 ਨੂੰ ਨਿਊਯਾਰਕ ਵਿਖੇ ਹੋਇਆ। ਅਮਰੀਕਾ ਵਿਚ ਜਿਸ ਵੇਲੇ ਖ਼ਾਨਾਜੰਗੀ ਸ਼ੁਰੂ ਹੋਈ ਤਾਂ ਇਹ ਸਰਕਾਰੀ ਜਲ-ਸੈਨਾ ਦੀ ਅਕਾਦਮੀ ਵਿਚ ਭਰਤੀ ਹੋ ਗਿਆ। ਸੰਨ 1865 ਵਿਚ ਇਸਨੇ ਉਥੋਂ ਡਿਗਰੀ ਪ੍ਰਾਪਤ ਕੀਤੀ।

ਸੰਨ 1873 ਵਿਚ ਜਦੋਂ ਇਹ ਆਰਕਟਿਕ ਵਿਚ ਬਤੌਰ ਲੈਫ਼ਟੀਨੈਂਟ ਗਿਆ ਹੋਇਆ ਸੀ ਤਾਂ ਇਸ ਦੇ ਮਨ ਵਿਚ ਧਰੁਵਾਂ ਦੀ ਖੋਜ ਕਰਨ ਸਬੰਧੀ ਉਤਸ਼ਾਹ ਪੈਦਾ ਹੋਇਆ। ਇਸ ਦਾ ਖਿਆਲ ਸੀ ਕਿ ਸਾਈਬੇਰੀਆ ਦੇ ਉੱਤਰ ਵਿਚ ਸਥਿਤ ਦੀਪ ਸ਼ਾਇਦ ਕਿਸੇ ਮਹਾਂਦੀਪ ਦਾ ਹੀ ਇਕ ਹਿੱਸਾ ਹਨ, ਜਿਨ੍ਹਾਂ ਰਾਹੀਂ ਉੱਤਰੀ ਧਰੁਵ ਤੇ ਪਹੁੰਚਿਆ ਜਾ ਸਕਦਾ ਹੈ ਪਰ ਇਸ ਸਬੰਧੀ ਖੋਜ ਕਰਨ ਲਈ ਕਾਫ਼ੀ ਧਨ ਦੀ ਲੋੜ ਸੀ। ਇਸ ਲੋੜ ਨੂੰ ਪੂਰਿਆਂ ਕਰਨ ਲਈ ਇਸਨੇ ਨਿਊਯਾਰਕ ਦੇ ਹੈਰਾਲਡ ਦੇ ਸੰਪਾਦਕ ਗਾਰਡਨ ਬੈਨਟ ਨੂੰ ਪੈਸਾ ਲਾਉਣ ਲਈ ਤਿਆਰ ਕਰ ਲਿਆ।

8 ਜੁਲਾਈ, 1879 ਨੂੰ ਆਪਣੇ ਸਾਥੀਆਂ ਸਮੇਤ ਇਹ ਸੈਨ ਫ਼ਰਾਂਸਿਸਕੋ ਤੋਂ ਜੀਨੈੱਟ ਰਾਹੀਂ ਧਰੁਵ ਵੱਲ ਰਵਾਨਾ ਹੋਇਆ ਪਰ ਬਦਕਿਸਮਤੀ ਨਾਲ 5 ਸਤੰਬਰ ਨੂੰ ਬੈਰਿੰਗ ਜਲ-ਡਮਰੂ ਦੇ ਉੱਤਰ ਪੱਛਮ ਵਿਚ ਬਰਫ਼ ਵਿਚ ਘਿਰ ਗਿਆ। ਦੋ ਸਾਲ ਤੱਕ ਇਹ ਜਹਾਜ਼ ਇੰਜ ਹੀ ਇਧਰ ਉਧਰ ਭਟਕਦਾ ਰਿਹਾ ਪਰ ਉਥੋਂ ਬਾਹਰ ਨਾ ਨਿਕਲ ਸਕਿਆ ਅਤੇ 13 ਜੂਨ, 1881 ਈ. ਨੂੰ ਇਹ ਉਥੇ ਹੀ ਡੁੱਬ ਗਿਆ।

ਡਲਾਂਗ ਆਪਣੇ ਅਮਲੇ ਦੇ 34 ਸਾਥੀਆਂ ਸਮੇਤ ਜਹਾਜ਼ ਦੀਆਂ ਤਿੰਨ ਕਿਸ਼ਤੀਆਂ ਰਾਹੀਂ 600 ਮੀਲ ਦੂਰ ਲੀਨ ਦਰਿਆ ਦੇ ਡੈਲਟੇ ਤੇ ਪਹੁੰਚਿਆ ਅਤੇ ਉਥੋਂ ਇਸਦੇ ਉੱਤਰੀ ਹਿੱਸੇ ਤੇ ਪਹੁੰਚ ਗਿਆ ਪਰ ਉਥੇ ਕਿਸੇ ਕਿਸਮ ਦੀ ਕੋਈ ਸਹਾਇਤਾ ਨਾ ਪ੍ਰਾਪਤ ਹੋਣ ਕਾਰਨ ਅਕਤੂਬਰ, 1881 ਈ. ਵਿਚ ਭੁਖਮਰੀ ਦੀ ਹਾਲਤ ਵਿਚ ਇਹ ਆਪਣੇ ਸਾਥੀਆਂ ਸਮੇਤ ਪ੍ਰਾਣ ਤਿਆਗ ਗਿਆ।

ਹ. ਪੁ.- ਐਨ. ਅਮੈ. 8 : 675

**ਡਲਾਂਬਰ, ਜੀਨ ਬਾਤੀਸਤ ਜੌਜ਼ਫ** : ਇਸ ਫ਼ਰਾਂਸੀਸੀ ਖਗੋਲਵੇਤਾ ਦਾ ਜਨਮ 19 ਸਤੰਬਰ, 1749 ਨੂੰ ਫ਼ਰਾਂਸ ਵਿਚ ਆਮਯੈਂਨ ਵਿਖੇ ਹੋਇਆ ਸੀ। ਯੂਰੇਨਸ ਦੀ ਖੋਜ ਤੋਂ ਅੱਠ ਸਾਲ ਬਾਅਦ 1790 ਈ. ਵਿਚ ਇਸ ਨੇ ਇਸ ਗ੍ਰਹਿ ਦੀਆਂ ਸਾਰਨੀਆਂ ਪ੍ਰਕਾਸ਼ਿਤ ਕੀਤੀਆਂ। ਇਸਨੇ ਬ੍ਰਹਸਪਤ, ਸ਼ਨਿਚਰ ਅਤੇ ਬ੍ਰਹਸਪਤ ਦੇ ਉਪ-ਗ੍ਰਹਿਆਂ ਦੀਆਂ ਸਾਰਨੀਆਂ ਵੀ ਤਿਆਰ ਕੀਤੀਆਂ। ਸੰਨ 1792 ਵਿਚ ਫ਼ਰਾਂਸੀਸੀ ਸਰਕਾਰ ਵਲੋਂ ਇਸ ਨੂੰ ਡਨਕਰਕ ਅਤੇ

ਬਾਰਸੈਲੋਨਾ ਵਿਚਕਾਰ ਮੈਰੀਡੀਅਨ ਦੀ ਚਾਪ ਮਾਪਣ ਲਈ ਨਿਯੁਕਤ ਕੀਤਾ ਗਿਆ। ਇਹ ਕੰਮ ਇਸ ਨੇ 1799 ਈ. ਵਿਚ ਮੁਕੰਮਲ ਕਰ ਦਿੱਤਾ। ਸੰਨ 1803 ਵਿਚ ਇਸ ਨੂੰ ਗਣਿਤ-ਵਿਗਿਆਨ ਸੈਕਸ਼ਨ ਦਾ ਸਥਾਈ ਸਕੱਤਰ ਨਿਯੁਕਤ ਕੀਤਾ ਗਿਆ। ਸੰਨ 1807 ਵਿਚ ਕਾਲਜ ਡੀ ਫਰਾਂਸ ਵਿਖੇ ਜੋਜ਼ੈਫ ਲਾਲਾਂਡ ਦੀ ਥਾਂ ਖਗੋਲ ਦਾ ਪ੍ਰੋਫ਼ੈਸਰ ਲਗ ਗਿਆ। ਉਸੇ ਸਾਲ ਇਸਨੇ ਸਫੈਰੀਕਲ ਟ੍ਰਿਗਨੋਮੈਟਰੀ ਵਿਚ ਚਾਰ ਫਾਰਮੂਲਿਆਂ-ਡਲਾਂਬਰ ਦੇ ਅਨੁਪਾਤ ਦੀ ਖੋਜ ਕੀਤੀ। ਇਸਨੇ Base due systeme metrique , ਤਿੰਨ ਜਿਲਦਾਂ (1806-1810) ; Histoire de l'astronomie ancienne, ਦੋ ਜਿਲਦਾਂ (1817) ; Distoire de l'astronomie an moyen, (1819) ਅਤੇ Histoire de l'astronomie modern ਦੋ ਜਿਲਦਾਂ (1821) ਪ੍ਰਕਾਸ਼ਿਤ ਕੀਤੀਆਂ।

ਇਸ ਦੀ ਮੌਤ 19 ਅਗਸਤ, 1822 ਨੂੰ ਪੈਰਿਸ ਵਿਖੇ ਹੋਈ।

ਹ. ਪੁ.- ਐਨ. ਅਮੈ. 8 : 606

**ਡਲਾਲਵੈਨ** : ਸਵੀਡਨ ਦੇ ਦੱਖਣੀ ਕੇਂਦਰੀ ਹਿੱਸੇ ਵਿਚ ਇਹ ਇਕ ਦਰਿਆ ਹੈ ਜਿਸ ਦੀ ਲੰਬਾਈ 420 ਕਿ. ਮੀ. ਹੈ। ਇਹ ਨਾਰਵੇ ਦੀ ਹੱਦ ਨੇੜਿਓਂ ਨਿਕਲਦਾ ਹੈ। ਇਹ ਅਸਟਰ ਅਤੇ ਵੈਸਟਰ ਦੋ ਨਦੀਆਂ ਦੇ ਮੇਲ ਤੋਂ ਹੋਂਦ ਵਿਚ ਆਉਂਦਾ ਹੈ। ਇਹ ਦੱਖਣ-ਪੂਰਬ ਵੱਲ ਵਹਿੰਦਾ ਹੋਇਆ ਅੱਗੇ ਬਾਥਨੀਆ ਦੀ ਖਾੜੀ ਵਿਚ ਜਾ ਡਿਗਦਾ ਹੈ। ਇਹ ਲੱਕੜੀ ਦੀ ਢੋ ਢੁਆਈ ਲਈ ਵੀ ਲਾਹੇਵੰਦ ਹੈ। ਇਸਦੇ ਰਾਹ ਵਿਚ ਰਮਣੀਕ ਦ੍ਰਿਸ਼ ਪੇਸ਼ ਕਰਨ ਵਾਲੀਆਂ ਪਹਾੜੀਆਂ ਸੈਲਾਨੀਆਂ ਦੀ ਖਿੱਚ ਦਾ ਸਥਾਨ ਹਨ। ਕੇਂਦਰੀ ਸਵੀਡਨ ਦੇ ਲੱਕੜ ਅਤੇ ਲੋਹੇ ਦੇ ਕਾਰਖ਼ਾਨਿਆਂ ਲਈ ਇਹ ਦਰਿਆ ਊਰਜਾ ਦਾ ਵੱਡਾ ਸਾਧਨ ਹੈ।

60°38′ ਉ. ਵਿਥ. ; 17°27′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 3 : 351

**ਡਲਿੰਗਰ, ਯੋਹਾਨ ਜੋਜ਼ੈਫ਼ ਇਗਨਾਜ਼ ਫ਼ੌਨ** : ਜਰਮਨੀ ਦੇ ਇਸ ਕੈਥੋਲਿਕ ਧਰਮ-ਸ਼ਾਸਤਰੀ ਦਾ ਜਨਮ 28 ਫ਼ਰਵਰੀ, 1799 ਨੂੰ ਬੈਮਬਰਗ (ਹੁਣ ਪੱਛਮੀ ਜਰਮਨੀ) ਵਿਚ ਹੋਇਆ। ਸੰਨ 1822 ਵਿਚ ਇਸ ਨੂੰ ਪਾਦਰੀ ਦਾ ਪਦ ਪ੍ਰਾਪਤ ਹੋਇਆ ਅਤੇ 1826 ਈ. ਵਿਚ ਇਹ ਮਿਊਨਿਖ ਯੂਨੀਵਰਸਿਟੀ ਵਿਖੇ ਧਰਮ-ਇਤਿਹਾਸ ਅਤੇ ਕਾਨੂੰਨ ਦਾ ਪ੍ਰੋਫ਼ੈਸਰ ਨਿਯੁਕਤ ਹੋ ਗਿਆ। ਇਸ ਆਸਾਮੀ ਤੇ ਇਸ ਨੇ (ਸਿਵਾਏ 1847 ਤੋਂ 1849 ਤਕ) 1871 ਈ. ਤਕ ਸੇਵਾ ਕੀਤੀ। ਸੰਨ 1871 ਵਿਚ ਇਸਨੂੰ ਭਾਈਚਾਰੇ ਵਿਚੋਂ ਛੇਕ ਕੇ ਇਸ ਨੂੰ ਆਸਾਮੀ ਤੋਂ ਸੇਵਾ ਮੁਕਤ ਕਰ ਦਿਤਾ ਗਿਆ। ਡਲਿੰਗਰ ਧਾਰਮਿਕ ਇਤਿਹਾਸ ਦਾ ਇਕ ਬੇਮਿਸਾਲ ਵਿਦਵਾਨ ਸੀ। ਇਸਦੇ ਮਿੱਤਰਾਂ ਦਾ ਘੇਰਾ ਬਹੁਤ ਵੱਡਾ ਅਤੇ ਅੰਤਰ-ਰਾਸ਼ਟਰੀ ਸੀ। ਸੰਨ 1848 ਵਿਚ ਇਹ ਰੋਮਨ ਕੈਥੋਲਿਕ ਪਾਰਟੀ ਵਲੋਂ ਫਰੈਂਕਫਰਟ ਨੈਸ਼ਨਲ ਅਸੈਂਬਲੀ ਲਈ ਚੁਣ ਲਿਆ ਗਿਆ। ਸੰਨ 1869-70 ਵਿਚ ਜਦੋਂ ਪਹਿਲੀ ਵੈਟੀਕਨ ਕੌਂਸਲ ਨੇ ਪੋਪ ਨੂੰ ਰੱਬ ਵਾਂਗ ਗਲਤੀ ਨਾ ਕਰਨ ਵਾਲਾ ਦਰਸਾਉਣ ਲਈ ਮਤਾ ਪਾਸ ਕੀਤਾ ਤਾਂ ਇਸ ਨੇ ਇਹ ਸਿਧਾਂਤ ਮੰਨਣ ਤੋਂ ਨਾਂਹ ਕਰ ਦਿੱਤੀ। ਹੌਲੀ ਹੌਲੀ ਇਸਨੂੰ ਜਰਮਨੀ ਵਿਚ ਪੋਪ ਵਿਰੋਧੀ ਧਿਰ ਦਾ ਕੈਥੋਲਿਕ ਨੇਤਾ ਮੰਨਿਆ ਜਾਣ ਲਗ ਪਿਆ।

ਸੰਨ 1869 ਵਿਚ ਇਸ ਨੇ ਕਈ ਲੇਖ ਲਿਖੇ, ਜਿਹੜੇ ਪਿਛੋਂ ਜੇਨਸ ਨਾਂ ਹੇਠ 'Der papst und das Konzil' ਪੁਸਤਕ ਵਿਚ ਪ੍ਰਕਾਸ਼ਤ ਹੋਏ। ਇਸ ਪੁਸਤਕ ਨੂੰ ਰੋਮ ਦੀ ਪਾਲਿਸੀ ਦੇ ਵਿਰੁੱਧ ਦਸਿਆ ਗਿਆ। ਇਸ ਵਿਚ ਡਲਿੰਗਰ ਨੇ ਟਰੈਂਟ ਕੌਂਸਲ ਪ੍ਰਤੀ ਨਫ਼ਰਤ ਦਰਸਾਈ ਹੈ। ਇਸ ਪੁਸਤਕ ਨੂੰ ਵਰਜਿਤ ਕਰ ਦਿੱਤਾ ਗਿਆ। ਆਪਣੇ ਆਖ਼ਰੀ ਸਾਲਾਂ ਵਿਚ ਇਸ ਨੇ ਆਪਣੇ ਮਿੱਤਰ ਐਫ਼. ਐਚ. ਰੂਸ ਨਾਲ ਮਿਲ ਕੇ ਕਈ ਕਿਤਾਬਾਂ ਲਿਖੀਆਂ।

10 ਜਨਵਰੀ, 1890 ਨੂੰ ਮਿਊਨਿਖ ਵਿਖੇ ਇਸਦੀ ਮੌਤ ਹੋ ਗਈ।

ਹ. ਪੁ. ਐਨ. ਬ੍ਰਿ. 7 :559 ; ਐਨ. ਅਮੈ. 9 : 237 ਬੀ

**ਡਲੀਬ, ਕਲੀਮੈਂਟ ਫਿਲੀਬੇਅਰ ਲੀਓ** : ਇਸ ਫ਼ਰਾਂਸੀਸੀ ਸੰਗੀਤਕਾਰ ਦਾ ਜਨਮ 21 ਫ਼ਰਵਰੀ, 1836 ਨੂੰ ਸੈਨ-ਜੈਰਮੇਨ-ਡੁਵਾਲ ਵਿਖੇ ਹੋਇਆ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਨਿਰਤ ਨਾਟਾਂ ਲਈ ਉੱਚ-ਪੱਧਰ ਦਾ ਸੰਗੀਤ ਲਿਖਿਆ। ਇਸ ਨੇ ਪੈਰਿਸ ਸੰਗੀਤ-ਵਿਦਿਆਲੇ ਵਿਚ ਉੱਘੇ ਸੰਗੀਤਕਾਰ ਅਡਾੱਲਫ਼ ਐਡਮ ਤੋਂ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ।

ਸੰਨ 1863 ਵਿਚ ਇਹ ਪੈਰਿਸ ਓਪੇਰਾ ਵਿਖੇ ਗਾਇਕ ਮੰਡਲੀ ਦੇ ਸਿਖਿਅਕ ਵਜੋਂ ਅਤੇ 1881 ਈ. ਵਿਚ ਪੈਰਿਸ ਸੰਗੀਤ-ਵਿਦਿਆਲੇ ਵਿਚ ਸੰਗੀਤ ਦਾ ਪ੍ਰੋਫ਼ੈਸਰ ਲੱਗਿਆ। ਸੰਨ 1884 ਵਿਚ ਇਹ ਫ਼ਰਾਂਸੀਸੀ ਸੰਸਥਾ ਦਾ ਮੈਂਬਰ ਬਣਿਆ।

ਲੂਟਵੀਕ ਮਿਨਕੁਸ ਦੇ ਸਹਿਯੋਗ ਨਾਲ ਸਟੇਜ ਕੀਤਾ। ਲਾ ਸੋਰਸ (La Source) ਇਸ ਦਾ ਪਹਿਲਾ ਸਫ਼ਲ ਸੰਗੀਤ-ਨਾਟ ਸੀ। ਇਸ ਮਗਰੋਂ ਇਸ ਨੂੰ ਬਹੁਤ ਕੰਮ ਮਿਲਣ ਲੱਗ ਪਿਆ। ਇਸ ਦੇ ਸੰਗੀਤ ਨਾਟ Coppelia ਨੂੰ 1870 ਵਿਚ ਪਹਿਲੀ ਵਾਰ ਖੇਡਿਆ ਗਿਆ ਅਤੇ ਇਸ ਨੂੰ ਅੱਜ ਵੀ ਖੇਡਿਆ ਜਾਂਦਾ ਹੈ। ਇਸ ਨੇ ਚਰਚ ਲਈ ਵੀ ਸੰਗੀਤ ਰਚਿਆ ਅਤੇ ਕਈ ਦਿਲਕਸ਼ ਗੀਤ ਵੀ ਲਿਖੇ।

Sylvia (1876) Le Roi L'adit (1873), ਅਤੇ Lakme (1883) ਇਸ ਦੇ ਕੁਝ ਸੰਗੀਤ ਨਾਟ ਹਨ।

16 ਜਨਵਰੀ, 1891 ਨੂੰ ਪੈਰਿਸ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 3 : 448; ਕੋਲ. ਐਨ. 6 :172; ਐਨ. ਅਮੈ. 8 :621

**ਡਲੀਲ, ਜੋਜ਼ੈਫ-ਨਿਕੋਲਸ** : ਇਹ ਇਕ ਫ਼ਰਾਂਸੀਸੀ ਖ਼ਗੋਲਵੇਤਾ ਸੀ ਜਿਸ ਨੇ ਦਸਿਆ ਕਿ ਆਕਾਸ਼ ਵਿਚ ਸੱਤ ਰੰਗੀ ਪੀਂਘ ਬੱਦਲਾਂ ਵਿਚ ਪਾਣੀ ਦੇ ਤੁਪਕੇ ਵਿਚ ਦੀ ਸੂਰਜੀ ਪ੍ਰਕਾਸ਼ ਦੇ ਕਿਰਣਾਟ ਦੁਆਰਾ ਬਣਦੀ ਹੈ। ਇਸਦਾ ਜਨਮ ਪੈਰਿਸ ਵਿਚ 4 ਅਪ੍ਰੈਲ, 1688 ਨੂੰ ਹੋਇਆ ਸੀ। ਸੂਰਜ ਦੇ ਸਾਹਮਣਿਓਂ ਸ਼ੁੱਕਰ ਅਤੇ ਬੁੱਧ ਗ੍ਰਹਿਆਂ ਦੇ ਪਾਰਗਮਨਾ ਦੇ ਨਿਰੀਖਣਾਂ ਤੋਂ ਧਰਤੀ ਤੋਂ ਸੂਰਜ ਦੀ ਦੂਰੀ ਲੱਭਣ ਦਾ ਕੰਮ ਵੀ ਇਸ ਨੇ ਹੀ ਕੀਤਾ ਸੀ। ਸੰਨ 1725 ਵਿਚ ਇਕ ਖਗੋਲੀ ਅਦਾਰੇ ਦੀ ਸਥਾਪਨਾ ਲਈ ਇਹ ਰੂਸ ਵਿਚ ਸੇਂਟ ਪੀਟਰਜ਼ਬਰਗ ਗਿਆ। ਚਾਰ ਸਾਲ ਠਹਿਰਨ ਦੇ ਇਰਾਦੇ ਨਾਲ ਗਿਆ ਸੀ ਪਰ 22 ਸਾਲ ਠਹਿਰਿਆ ਅਤੇ ਰੂਸੀ ਖਗੋਲਵੇਤਾਵਾਂ ਦੀ ਪਹਿਲੀ ਪੀੜ੍ਹੀ ਨੂੰ ਮਾਹਿਰ ਕਰ ਦਿੱਤਾ। ਇਸ ਦੀ ਪੁਸਤਕ Memocres poul servir a l' histoire el an progress de l'astronomie (1738) ਵਿਚ ਸੂਰਜੀ ਧੱਬਿਆਂ ਦੇ ਸੂਰਜ ਕੇਂਦਰੀ ਨਿਰਦੇਸ਼-ਅੰਕ ਗਿਆਤ ਕਰਨ ਦੀ ਪਹਿਲੀ ਵਿਧੀ ਦਿੱਤੀ ਗਈ ਹੈ। ਸੰਨ 1747 ਵਿਚ ਇਹ ਪੈਰਿਸ ਪਰਤ ਆਇਆ ਅਤੇ ਜਲ-ਸੈਨਾ ਵਿਭਾਗ ਲਈ ਜੀਓਗ੍ਰਾਫ਼ੀਕਲ ਐਸਟ੍ਰਾਨੋਮਰ ਨਿਯੁਕਤ ਕੀਤਾ ਗਿਆ। ਇਸ ਨੇ ਹੋਟਲ ਕਾਲੂਨੀ (Hotel Cluny) ਵਿਚ ਇਕ ਪ੍ਰੇਖਣਸ਼ਾਲਾ ਸਥਾਪਤ

ਕੀਤੀ। ਸੰਨ 1753 ਵਿਚ ਇਸ ਨੇ ਸ਼ੁੱਕਰ ਗ੍ਰਹਿ ਦੇ ਇਕ ਪਾਰਗਮਨ (1761) ਦਾ ਇਕ ਸਰਵਵਿਆਪੀ ਅਧਿਐਨ ਦਾ ਪ੍ਰਬੰਧ ਕੀਤਾ, ਇਹ ਆਪਣੀ ਕਿਸਮ ਦਾ ਪਹਿਲਾ ਅਧਿਐਨ ਸੀ।

11 ਸਤੰਬਰ, 1768 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 449

**ਡਲੂਥ** : ਸੰਯੁਕਤ ਰਾਜ ਅਮਰੀਕਾ ਦੇ ਉੱਤਰ-ਪੂਰਬੀ ਮਿਨਿਸੋਟਾ ਰਾਜ ਦੀ ਸੇਂਟ ਲੂਅਸ ਕਾਉਂਟੀ ਦਾ ਸ਼ਹਿਰ ਹੈ ਜਿਹੜਾ ਝੀਲ ਸੁਪੀਰੀਅਰ ਦੇ ਪੱਛਮੀ ਹਿੱਸੇ ਵਿਚ ਮਿੰਨੀ ਪਾਲਿਸ ਤੋਂ 225 ਕਿ. ਮੀ. ਉੱਤਰ-ਪੂਰਬ ਵਿਚ ਵਾਕਿਆ ਹੈ। ਇਹ ਰਾਜ ਦਾ ਤੀਜਾ ਵੱਡਾ ਸ਼ਹਿਰ, ਸੇਂਟ ਲਾਰੈਂਸ ਦਰਿਆਈ ਮਾਰਗ ਦਾ ਆਖ਼ਰੀ ਪੱਛਮੀ ਪੜਾਅ ਅਤੇ ਦੇਸ਼ ਭਰ ਵਿਚ ਮਸ਼ਹੂਰ ਕੁਦਰਤੀ ਬੰਦਰਗਾਹ ਹੈ। ਇਸ ਦਾ ਪਿਛਵਾੜਾ ਅਨਾਜ ਦੀ ਪੈਦਾਵਾਰ ਤੋਂ ਇਲਾਵਾ ਲੋਹੇ ਦਾ ਵੱਡਾ ਉਤਪਾਦਕ ਹੈ। ਇਹ ਇਨ੍ਹਾਂ ਸਾਰੀਆਂ ਵਸਤਾਂ ਨੂੰ ਸਮੁੰਦਰੀ ਜਹਾਜ਼ਾਂ ਰਾਹੀਂ ਬਾਹਰ ਭੇਜਦਾ ਹੈ। ਅਨੇਕਾਂ ਹੀ ਦੇਸ਼ਾਂ ਦੇ ਜਹਾਜ਼ ਏਰੀਅਲ ਲਿਫ਼ਟ ਬਰਿਜ ਵਾਲੀ ਨਹਿਰ ਨੂੰ ਪਾਰ ਕਰਨ ਮਗਰੋਂ ਮਿਨਿਸੋਟਾ ਪੁਆਇੰਟ ਵਾਲੀ ਕੁਦਰਤੀ ਬੰਦਰਗਾਹ ਵਿਚ ਦਾਖ਼ਲ ਹੋ ਜਾਂਦੇ ਹਨ। ਇਥੇ ਇਨ੍ਹਾਂ ਵਿਚ ਅਨਾਜ ਲੱਦਿਆ ਜਾਂਦਾ ਹੈ। ਅੱਜਕੱਲ੍ਹ ਇਹ ਸ਼ਹਿਰ ਛੋਟੀਆਂ ਵੱਡੀਆਂ ਸੱਨਅਤਾਂ ਦਾ ਕੇਂਦਰ ਹੈ। ਇਥੇ ਲੋਹਾ ਅਤੇ ਇਸਪਾਤ, ਸੀਮਿੰਟ, ਤੇਲ ਸਾਫ਼ ਕਰਨ ਦੇ ਕਾਰਖ਼ਾਨੇ ਹਨ। ਛੋਟੀਆਂ ਅਤੇ ਹਲਕੀਆਂ ਸੱਨਅਤਾਂ ਵਿਚ ਲੱਕੜ ਦੀਆਂ ਚੀਜ਼ਾਂ, ਮੀਟ ਦੀ ਪੈਕਿੰਗ, ਛਪਾਈ, ਭੋਜਨ ਦੀਆਂ ਚੀਜ਼ਾਂ, ਇਲੈਕਟ੍ਰਾਨਿਕ ਸਮਾਨ ਆਦਿ ਬਣਾਉਣਾ ਸ਼ਾਮਲ ਹੈ। ਇਥੋਂ ਦੀ ਆਰਥਿਕਤਾ ਦਾ ਇਕ ਹੋਰ ਧੁਰਾ ਸੈਰ-ਸਪਾਟਾ ਹੈ। ਇਹ ਸ਼ਹਿਰ ਵਧੀਆ ਕੁਦਰਤੀ ਬੰਦਰਗਾਹ ਹੋਣ ਕਰਕੇ ਇਕ ਸੈਰਗਾਹ ਵੀ ਹੈ। ਝੀਲ ਸੁਪੀਰੀਅਰ ਦੇ ਨਾਲ ਨਾਲ ਬਣੀ ਸੜਕ ਉਪਰ 250 ਕਿ. ਮੀ. ਦੂਰ ਕੈਨੇਡਾ ਦੀ ਹੱਦ ਤੱਕ ਪਹੁੰਚਿਆ ਜਾ ਸਕਦਾ ਹੈ। ਗਰਮੀਆਂ ਵਿਚ ਕਿਸ਼ਤੀਆਂ ਦੀ ਦੌੜ ਅਤੇ ਸਰਦੀਆਂ ਵਿਚ ਬਰਫ਼ ਉੱਤੇ ਸਕੀਇੰਗ ਸੈਲਾਨੀਆਂ ਦੀ ਖਿੱਚ ਦਾ ਕਾਰਨ ਹਨ। ਡਲੂਥ ਸਿੱਖਿਆ ਦਾ ਕੇਂਦਰ ਵੀ ਹੈ। ਇਥੇ ਮਿਨਿਸੋਟਾ ਯੂਨੀਵਰਸਿਟੀ ਦੀ ਡਲੂਥ ਬ੍ਰਾਂਚ (1905 ਈ.), ਕਾਲਜ ਆਫ਼ ਸੇਂਟ ਸਕਾਲਮਟਿਕਾ (1912 ਈ.), ਡਲੂਥ ਏਰੀਆ ਇੰਸਟੀਚਿਊਟ ਆਫ਼ ਟੈਕਨਾਲੋਜੀ, ਡਲੂਥ ਪਲੇਅ ਹਾਊਸ, ਸਿੰਫ਼ਨੀ ਆਰਕੈਸਟਰਾ, ਡਲੂਥ ਆਰਟ ਇੰਸਟੀਚਿਊਟ ਅਤੇ ਸੇਂਟ ਲੂਅਸ ਕਾਉਂਟੀ ਹਿਸਟਾਰੀਕਲ ਸੋਸਾਇਟੀ ਅਤੇ ਅਜਾਇਬ ਘਰ ਦੇਖਣ ਯੋਗ ਹਨ। ਸ਼ਹਿਰ ਦੀਆਂ ਹੋਰ ਮਸ਼ਹੂਰ ਥਾਂਵਾਂ ਵਿਚ ਡਲੂਥ ਚਿੜੀਆ-ਘਰ, ਚਿਸੋਲਮ ਅਜਾਇਬ ਘਰ ਅਤੇ ਲੀਫ਼ ਐਰਿਕਸਨ ਪਾਰਕ ਸ਼ਾਮਲ ਹਨ।

ਸ਼ਹਿਰ ਵਾਲੇ ਖੇਤਰ ਦੀ ਖੋਜ ਰੈਡੀਸਨ ਅਤੇ ਗ੍ਰੋਸੀਲੀਰਜ਼ ਨੇ 1654 ਈ. ਵਿਚ ਕੀਤੀ ਸੀ। ਸੰਨ 1679 ਵਿਚ ਸੀਅਰ ਡਲੂਥ (Sieur Duluth) ਇੱਧਰ ਆਇਆ ਸੀ ਜਿਸ ਦੇ ਨਾਂ ਤੇ ਹੀ ਸ਼ਹਿਰ ਦਾ ਨਾਂ ਪਿਆ। ਸੰਨ 1792 ਵਿਚ ਇਸ ਸ਼ਹਿਰ ਵਿਚ ਸੇਂਟ ਲੂਅਸ ਦਰਿਆਈ ਮੁਹਾਣੇ ਦੇ ਨੇੜੇ ਫ਼ਰ ਦੇ ਵਪਾਰ ਲਈ ਅੱਡੇ ਦੀ ਸਥਾਪਨਾ ਕੀਤੀ ਗਈ ਸੀ। ਫਿਰ 1817 ਈ. ਵਿਚ ਜਾਨ ਜੈਕਬ ਐਸਟਰ ਨੇ ਇਸ ਬਸਤੀ ਨੂੰ ਖਰੀਦ ਲਿਆ। ਇਨ੍ਹਾਂ ਫ਼ਰ ਵਪਾਰੀਆਂ ਪਿੱਛੋਂ ਲੱਕੜ ਚੀਰਨ ਲਈ ਲੋਕ ਇੱਧਰ ਆਉਂਦੇ ਰਹੇ। ਸੰਨ 1856 ਵਿਚ ਇਸ ਸ਼ਹਿਰ ਦੀ ਸਥਾਪਨਾ ਹੋਈ, ਪਿੱਛੋਂ 1870 ਈ. ਵਿਚ ਇਸ ਨੂੰ ਸ਼ਹਿਰੀ ਅਖ਼ਤਿਆਰ ਪ੍ਰਾਪਤ ਹੋਏ। ਇਸ ਤੋਂ 1 ਸਾਲ ਪਿੱਛੋਂ ਮਿਨਿਸੋਟਾ ਪੁਆਇੰਟ ਵਿਚੋਂ ਸਮੁੰਦਰੀ ਜਹਾਜ਼ਾਂ ਲਈ ਨਹਿਰ ਬਣਾਈ ਗਈ। ਸੰਨ 1880 ਵਿਚ ਇਸ ਸ਼ਹਿਰ ਦੇ ਪਿਛਵਾੜੇ ਵਿਚ ਖਾਣ ਖੁਦਾਈ ਆਰੰਭ ਹੋਣ ਪਿੱਛੋਂ ਸ਼ਹਿਰ ਉੱਨਤ ਹੋਣ ਲਗਿਆ। ਮਗਰੋਂ ਇਹ ਸੱਨਅਤਾਂ ਦਾ ਮਸ਼ਹੂਰ ਕੇਂਦਰ ਬਣਿਆ।

ਆਬਾਦੀ – 85,493 (1990)

46°47′ ਉ. ਵਿਥ .; 92°06′ ਪੱ. ਲੰਬ.

ਹ. ਪੁ.- ਐਨ. ਅਮੈ. 9 : 464; ਐਨ. ਬ੍ਰਿ. ਮਾ. 4:266

**ਡਲੇਕਰਵਾ, (ਫ਼ਰਡੀਨੈਂਡ ਵਿਕਟਰ) ਇਊਜੀਨ** : 19 ਵੀਂ ਸਦੀ ਦੇ ਪਹਿਲੇ ਅੱਧ ਦੇ ਇਸ ਪ੍ਰਸਿੱਧ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ 26 ਅਪ੍ਰੈਲ, 1798 ਨੂੰ ਪੈਰਿਸ ਦੇ ਨੇੜੇ ਸ਼ਾਰਾਨਟੋਨਸੈਂਟ-ਮੋਰਿਸ ਵਿਖੇ ਹੋਇਆ। ਇਸ ਰਾਹੀਂ ਕੀਤੇ ਗਏ ਰੰਗਾਂ ਦੀ ਵਰਤੋਂ ਨੇ ਪ੍ਰਭਾਵਵਾਦੀਆਂ ਅਤੇ ਇਸ ਤੋਂ ਬਾਦ ਦੇ ਚਿੱਤਰਕਾਰਾਂ ਉੱਪਰ ਬਹੁਤ ਪ੍ਰਭਾਵ ਪਾਇਆ।

ਜਦੋਂ ਇਹ ਸੱਤ ਸਾਲ ਦਾ ਹੀ ਸੀ। ਇਸ ਦੇ ਪਿਤਾ ਦੀ ਮੌਤ ਹੋ ਗਈ। ਚਿੱਤਰਕਾਰੀ ਸਿੱਖਣ ਲਈ ਇਸ ਨੂੰ ਲਾਈਸੀ ਨਪੋਲੀਅਨ ਅਤੇ ਫੇਰ ਪੀਅਰੇ ਨੈਰਸੀਸ ਗੇਰਿਨ ਦੇ ਸਟੂਡੀਓ ਭੇਜਿਆ ਗਿਆ। ਇਸ ਦੇ ਪਹਿਲੇ ਚਿੱਤਰ 'Dante and Virgil in the Infernal Regions' ਜੋ ਸੰਨ 1822 ਵਿਚ ਪ੍ਰਦਰਸ਼ਿਤ ਹੋਇਆ, ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਤਿਹਾਸਕ ਅਤੇ ਸਮਕਾਲੀ ਘਟਨਾਵਾਂ ਮੁੱਖ ਤੌਰ ਤੇ ਇਸ ਦੇ ਪ੍ਰੇਰਣਾ-ਸ੍ਰੋਤ ਸਨ। ਸੰਨ 1832 ਵਿਚ ਮੋਰਾਕੋ ਜਾਣ ਤੇ ਇਸ ਨੂੰ ਹੋਰ ਵਚਿੱਤਰ ਵਿਸ਼ੇ ਮਿਲੇ। ਇਸ ਨੇ ਕਈ ਸਜਾਵਟੀ ਕੰਮ ਵੀ ਕੀਤੇ ਜਿਨ੍ਹਾਂ ਵਿਚ ਸਭ ਤੋਂ ਪਹਿਲੇ ਬਰੋਬਨ (1833) ਦੇ ਕੰਧ ਚਿੱਤਰ ਸਨ। ਸੰਨ 1835 ਤੋਂ 1861 ਦੌਰਾਨ ਇਸ ਨੇ ਬਹੁਤ ਸਜਾਵਟੀ ਕੰਮ ਕੀਤਾ।

ਇਹ ਅੰਗਰੇਜ਼ ਭੂ-ਦ੍ਰਿਸ਼ ਚਿੱਤਰਕਾਰਾਂ ਦਾ ਪ੍ਰਸ਼ੰਸਕ ਸੀ ਜਿਨ੍ਹਾਂ ਦੀਆਂ ਕ੍ਰਿਤਾਂ ਨੂੰ ਵਾਚਣ ਲਈ 1825 ਈ. ਵਿਚ ਇਹ ਲੰਡਨ ਗਿਆ। ਇਸ ਨੇ ਬਾਇਰਨ ਦੀਆਂ ਕਵਿਤਾਵਾਂ ਅਤੇ ਵਾਲਟਰ ਸਕਾਟ ਦੀਆਂ ਕ੍ਰਿਤਾਂ ਤੋਂ ਵੀ ਕਈ ਵਿਸ਼ੇ ਲਏ। 'ਦੀ ਡੈੱਥ ਆੱਫ ਸਾਰਡਾਨਾਪਾਲੁਸ' (1827), 'ਗ੍ਰੀਸ ਐਕਸਪਾਇਰਿੰਗ ਆੱਨ ਦੀ ਰੂਇਨਜ਼ ਆੱਫ਼ ਮਿਸੋਲੋਂਘੀ' (1827), 'ਦੀ ਐਬਡਕਸ਼ਨ ਆਫ਼ ਟੇਕਿੰਗ ਆੱਫ ਰਿਬੈਕਾ' (1896) ਅਤੇ 'ਟੇਕਿੰਗ ਆੱਫ਼ ਕਾਨਸਟੈਂਟੀਨੋਪਲ ਬਾਈ ਦਾ ਮਾਰੂਸੇਡਰਜ਼' (1841) ਇਸ ਦਾ ਉਦਾਹਰਣ ਹਨ। 'ਗਾਡੈੱਸ ਆੱਫ਼ ਲਿਬਰਟੀ ਐਟ ਦੀ ਬੈਰੀਕੇਡਜ਼' ਚਿੱਤਰ ਤੋਂ ਇਸ ਦੀ ਕ੍ਰਾਂਤੀਕਾਰੀ ਪਾਰਟੀ ਨਾਲ ਹਿਮਾਇਤ ਬਾਰੇ ਪਤਾ ਚਲਦਾ ਹੈ।

ਲਕਸਮਬਰਗ ਮਹੱਲ ਅਤੇ ਚੈਂਬਰ ਆਫ਼ ਡਿਪਟੀਜ਼ ਆਦਿ ਵਿਚ ਬਣਾਏ ਇਸ ਦੇ ਕੰਧ-ਚਿੱਤਰ ਇਸ ਦੀ ਚਿੱਤਰਕਾਰੀ ਦਾ ਵਧੀਆ ਨਮੂਨਾ ਹਨ। ਇਸ ਦੇ ਤਰਕੀਬਨ ਸਾਰੇ ਪ੍ਰਮੁੱਖ ਚਿੱਤਰ ਲੂਵਰ ਦੀ ਆਰਟ ਗੈਲਰੀ ਵਿਚ ਉਪਲਬਧ ਹਨ। ਵਰਸੇਲਜ਼ ਮਿਊਜ਼ੀਅਮ ਵਿਚ ਵੀ ਇਸ ਦੇ ਦੋ ਸ਼ਾਹਕਾਰ ਰਖੇ ਪਏ ਹਨ।

ਵਧੇਰੇ ਕੰਮ ਕਰਨ ਕਾਰਨ ਇਸ ਦੀ ਸਿਹਤ ਤੇ ਬਹੁਤ ਅਸਰ ਪਿਆ। ਸੰਨ 1849 ਤਕ ਇਸਦੇ ਸਾਰੇ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਮਿੱਤਰਾਂ ਦੀ ਮੌਤ ਹੋ ਗਈ। ਇਸ ਤੋਂ ਬਾਦ ਦਾ ਸਮਾਂ ਇਸ ਨੇ ਆਪਣੀ ਕਲਪਨਾ ਨੂੰ ਸਜੀਵ ਕਰਨ ਵਿਚ ਹੀ ਬਿਤਾਇਆ। 13 ਅਗਸਤ, 1863 ਨੂੰ ਪੈਰਿਸ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 : 565; ਕੋਲ. ਐਨ. 6 : 158; ਐਨ. ਅਮੈ. 8 : 604

**ਡੱਲੇਕਲੂਜ਼, ਲੂਈ ਚਾਰਲਸ** : ਫ਼ਰਾਂਸ ਦਾ ਇਕ ਪ੍ਰਸਿੱਧ ਰਿਪਬਲਿਕਨ ਬਾਗ਼ੀ ਨੇਤਾ ਸੀ ਜਿਸ ਨੇ ਫ਼ਰਾਂਸ ਵਿਚ 1830 ਅਤੇ

1848 ਈ. ਵਿਚ ਹੋਣ ਵਾਲੀਆਂ ਬਗ਼ਾਵਤਾਂ ਵਿਚ ਸਰਗਰਮ ਹਿੱਸਾ ਲਿਆ। ਇਸ ਦਾ ਜਨਮ 2 ਅਕਤੂਬਰ, 1809 ਨੂੰ ਫ਼ਰਾਂਸ ਵਿਚ ਡਰਰ ਵਿਖੇ ਹੋਇਆ। ਸੰਨ 1830 ਵਿਚ ਹੋਣ ਵਾਲੀ ਬਗ਼ਾਵਤ ਸਮੇਂ ਇਹ ਅਜੇ ਵਿਦਿਆਰਥੀ ਹੀ ਸੀ ਪਰ ਇਸਨੇ ਉਸ ਸਮੇਂ ਵੀ ਗੁਪਤ ਰਿਪਬਲਿਕਨ ਸੁਸਾਇਟੀ 'Amis du Peuple' ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ। ਸੰਨ 1832 ਵਿਚ ਇਸ ਉੱਪਰ ਬਾਦਸ਼ਾਹ ਲੂਈ ਫ਼ਿਲਿਪ ਨੂੰ ਕਤਲ ਕਰਨ ਦੀ ਸਾਜ਼ਿਸ਼ ਕਰਨ ਦਾ ਦੋਸ਼ ਲਾਇਆ ਗਿਆ। ਇਸ ਕਾਰਨ ਇਹ ਫ਼ਰਾਂਸ ਛੱਡ ਕੇ ਬ੍ਰਸਲਜ਼ ਚਲਾ ਗਿਆ ਅਤੇ 1841 ਈ. ਤੱਕ ਉਥੇ ਹੀ ਰਿਹਾ।

ਫ਼ਰਾਂਸ ਵਾਪਸ ਆਉਣ ਤੇ ਇਹ ਵਲੈਂਟਸੀਐਨਜ਼ ਵਿਚ ਰਹਿਣ ਲਗਾ ਅਤੇ ਉਥੋਂ ਇਸ ਨੇ ਇਕ ਰੈਡੀਕਲ ਰਸਾਲਾ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਇਸ ਮਗਰੋਂ ਇਸ ਨੇ ਉੱਤਰੀ ਫ਼ਰਾਂਸ ਵਿਚ ਬਾਗ਼ੀ ਸਰਗਰਮੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਜੁਲਾਈ 1848 ਵਿਚ ਫ਼ਰਾਂਸ ਵਿਚ ਇਕ ਹੋਰ ਬਗ਼ਾਵਤ ਨਾਲ ਆਈ ਭਾਰੀ ਰਾਜਨੀਤਿਕ ਤਬਦੀਲੀ ਮਗਰੋਂ ਇਹ ਪੈਰਿਸ ਆ ਗਿਆ ਅਤੇ ਇਕ ਹੋਰ ਰਸਾਲਾ ਕੱਢਿਆ ਜਿਸ ਵਿਚ ਬਾਦਸ਼ਾਹ ਨੈਪੋਲੀਅਨ ਦੇ ਕੰਮਾਂ ਦੀ ਕਰੜੀ ਆਲੋਚਨਾ ਅਤੇ ਨਿਖੇਧੀ ਕੀਤੀ। ਇਸ ਕਾਰਨ ਇਸ ਨੂੰ ਜਲਾਵਤਨ ਹੋ ਕੇ ਇੰਗਲੈਂਡ ਆਉਣਾ ਪਿਆ। ਸੰਨ 1853 ਵਿਚ ਇਹ ਮੁੜ ਫ਼ਰਾਂਸ ਵਾਪਸ ਆ ਗਿਆ ਪਰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਸ ਨੂੰ ਫ਼ਰੈਂਚ ਗੀਆਨਾ ਭੇਜਿਆ ਗਿਆ। ਸੰਨ 1859 ਵਿਚ ਆਮ ਮੁਆਫ਼ੀ ਮਿਲਣ ਤੇ ਇਹ ਫ਼ਰਾਂਸ ਵਾਪਸ ਆ ਗਿਆ।

ਸੰਨ 1870 ਵਿਚ ਫ਼ਰਾਂਸ ਦੀ ਦੂਜੀ ਬਾਦਸ਼ਾਹਤ ਵੀ ਖ਼ਤਮ ਹੋ ਗਈ। ਡਲੇਕਲੂਜ਼ ਨੂੰ 1871 ਈ. ਵਿਚ ਨੈਸ਼ਨਲ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ। ਪੈਰਿਸ ਕਮਿਊਨ ਦੀ ਬਗ਼ਾਵਤ ਨੇ ਇਸ ਉੱਪਰ ਡੂੰਘਾ ਪ੍ਰਭਾਵ ਪਾਇਆ ਅਤੇ ਇਸ ਨੇ ਫ਼ੇਰ ਬਾਗ਼ੀਆਂ ਦਾ ਬੜੀ ਦਲੇਰੀ ਨਾਲ ਸਾਥ ਦਿੱਤਾ ਪਰ 25 ਮਈ, 1871 ਨੂੰ ਜਦੋਂ ਇਸ ਨੂੰ ਬਾਗ਼ੀਆਂ ਦੀ ਹਾਰ ਦਾ ਅਹਿਸਾਸ ਯਕੀਨੀ ਹੋ ਗਿਆ ਤਾਂ ਇਸ ਨੇ ਆਪਣੇ ਆਪ ਨੂੰ ਵਰਦੀਆਂ ਗੋਲੀਆਂ ਅੱਗੇ ਕਰਕੇ ਜਾਨ ਦੇ ਦਿੱਤੀ।

ਹ. ਪੁ.—ਐਨ. ਬ੍ਰਿ. ਮਾ. 3 : 972; ਐਨ. ਅਮੈ. 8 : 666

**ਡੱਲੇਵਾਲੀਆ ਮਿਸਲ** : ਇਹ ਸ. ਜੱਸਾ ਸਿੰਘ ਆਹਲੂਵਾਲੀਆ ਦੀ ਜਥੇਬੰਦੀ ਅਧੀਨ ਦਲ ਖ਼ਾਲਸਾ ਦੀਆਂ ਗਿਆਰਾਂ ਮਿਸਲਾਂ ਵਿਚੋਂ ਇਕ ਸੀ, ਜਿਸ ਦਾ ਬਾਨੀ ਸ. ਗੁਲਾਬ ਸਿੰਘ ਡੱਲੇਵਾਲੀ (ਜ਼ਿਲ੍ਹਾ ਜਲੰਧਰ ਨਜ਼ਦੀਕ ਸੁਲਤਾਨਪੁਰ) ਸੀ। ਸ. ਗੁਲਾਬ ਸਿੰਘ ਭਾਵੇਂ ਇਕ ਦੁਕਾਨਦਾਰ ਖੱਤਰੀ ਸ਼ਰਧਾ ਰਾਮ ਦੇ ਘਰ ਪੈਦਾ ਹੋਇਆ ਪਰ 1783 ਈ. ਵਿਚ ਇਸਨੇ ਸਿੱਖ ਧਰਮ ਅਪਣਾਇਆ ਤੇ ਆਪਣੇ ਆਪ ਨੂੰ ਕੌਮ ਖ਼ਾਤਰ ਸਮਰਪਿਤ ਕੀਤਾ। ਮਿਸਲਾਂ ਤੋਂ ਪਹਿਲਾਂ ਇਹ ਸਿੱਖਾਂ ਦੇ ਜਥਿਆਂ ਵਿਚ ਲਾਹੌਰ ਤੇ ਜਲੰਧਰ ਆਦਿ ਦੇ ਇਲਾਕਿਆਂ ਵਿਚ ਸੂਰਮਤਾਈ ਨਾਲ ਜੂਝਦਾ ਰਿਹਾ। ਕੁਝ ਚਿਰ ਪਿੱਛੋਂ ਥੋੜ੍ਹੇ ਜਿਹੇ ਸਰਦਾਰਾਂ ਦੀ ਸਹਾਇਤਾ ਨਾਲ ਇਸਨੇ ਆਪਣਾ ਵੱਖਰਾ ਜੱਥਾ ਬਣਾਇਆ।

ਸਰਦਾਰ ਗੁਲਾਬ ਸਿੰਘ ਸੋਹਣਾ ਜਵਾਨ, ਮਿੱਠ-ਬੋਲੜਾ ਅਤੇ ਦਲੇਰ ਮਨੁੱਖ ਸੀ। ਇਕ ਵਾਰੀ ਇਸ ਨੇ ਸਿਰਫ਼ ਡੇਢ ਕੁ ਸੌ ਸਿੰਘਾਂ ਨਾਲ ਹੀ ਜਲੰਧਰ ਸ਼ਹਿਰ ਤੇ ਹਮਲਾ ਕਰ ਦਿੱਤਾ ਤੇ ਸੈਂਕੜੇ ਹੀ ਮੁਸਲਮਾਨ ਮੌਤ ਦੇ ਘਾਟ ਉਤਾਰੇ ਤੇ ਫਿਰ ਕਰਤਾਰਪੁਰ ਜਾ ਕੇ ਠਹਿਰੀ ਹੋਈ ਖ਼ਾਲਸਾ ਫ਼ੌਜ ਨਾਲ ਜਾ ਮਿਲਿਆ। ਇਸ ਤੇ ਸ. ਗੁਲਾਬ ਸਿੰਘ ਦੀ ਬੀਰਤਾ ਦੀ ਧਾਕ ਜੰਮ ਗਈ। ਇਸ ਦੀ ਬਹਾਦਰੀ ਦੀ ਵਡਿਆਈ ਤੇ ਚੜ੍ਹਦੀ ਕਲਾ ਨੂੰ ਦੇਖ ਕੇ ਗੁਲਾਬ ਸਿੰਘ ਦੇ ਕਈ ਸਬੰਧੀਆਂ-ਮਿੱਤਰਾਂ ਨੇ ਵੀ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਏ ਤੇ ਜੱਥਿਆਂ ਵਿਚ ਸ਼ਾਮਲ ਹੋ ਗਏ।

ਸੰਨ 1751 ਵਿਚ ਗੁਲਾਬ ਸਿੰਘ ਨੇ ਆਪਣੇ ਜੱਥੇ ਨੂੰ ਲੈ ਕੇ ਐਮਨਾਬਾਦ ਤੇ ਹੱਲਾ ਬੋਲਿਆ ਜਿਸ ਦੇ ਜਵਾਬ ਵਿਚ ਜਸਪਤ ਰਾਏ ਨੇ ਇਨ੍ਹਾਂ ਦਾ ਪਿੱਛਾ ਕੀਤਾ ਪਰ ਗੁਲਾਬ ਸਿੰਘ ਆਪਣੇ ਜੱਥੇ ਸਮੇਤ ਬਚ ਨਿਕਲਿਆ। ਇਸ ਤੋਂ ਦੋ ਵਰ੍ਹੇ ਬਾਅਦ ਰੋੜੀ ਸਾਹਿਬ ਦੇ ਮੇਲੇ ਤੇ ਇਕੱਠੇ ਹੋਏ ਸਿੰਘਾਂ ਨੂੰ ਜਸਪਤ ਰਾਏ ਨੇ ਤਿਤਰ-ਬਿਤਰ ਕਰਨ ਦੀ ਕੋਸ਼ਿਸ਼ ਅਤੇ ਗੁਰਦੁਆਰੇ ਦੀ ਬੇਅਦਬੀ ਕੀਤੀ ਤਾਂ ਸ. ਗੁਲਾਬ ਸਿੰਘ ਨੇ ਉਸਨੂੰ ਉਥੇ ਹੀ ਮੌਤ ਦੇ ਘਾਟ ਉਤਾਰ ਦਿੱਤਾ। ਉਸ ਉਪਰੰਤ 1756 ਈ. ਦੌਰਾਨ ਗੁਲਾਬ ਸਿੰਘ ਤੇ ਇਸ ਦੇ ਧਰਮ-ਭਾਈ ਸ. ਕਰੋੜਾ ਸਿੰਘ ਦੀ ਅਗਵਾਈ ਵਿਚ ਜੱਥੇ ਨੇ ਹਰਦਵਾਰ ਵੱਲ ਰੁਖ ਕੀਤਾ ਤੇ ਗੰਗਾ ਪਾਂਡਿਆਂ ਨੂੰ ਸੋਧਿਆ ਤੇ ਕਈ ਮੁਸਲਮਾਨ ਨਵਾਬਾਂ ਦੇ ਦੰਦ ਖੱਟੇ ਕੀਤੇ। ਇਸ ਤਰ੍ਹਾਂ ਜੱਥਾ ਮੀਰਪੁਰ ਆਦਿ ਥਾਈਂ ਹੁੰਦਾ ਹੋਇਆ ਸਹਾਰਨਪੁਰ ਪਹੁੰਚਿਆ ਅਤੇ ਇਨ੍ਹਾਂ ਸਾਰਿਆਂ ਨੇ ਸਿੰਘਾਂ ਦੀ ਬਹਾਦਰੀ ਦੀ ਝਾਲ ਨਾ ਝਲਦਿਆਂ ਹੋਇਆਂ ਨਜ਼ਰਾਨੇ ਦੇ ਕੇ ਅਧੀਨਤਾ ਪਰਵਾਨ ਕੀਤੀ। ਸ. ਗੁਲਾਬ ਸਿੰਘ ਆਪਣੇ ਜੱਥੇ ਸਮੇਤ ਵਾਪਸ ਪਰਤ ਆਇਆ। ਇਸੇ ਤਰ੍ਹਾਂ 1758 ਈ. (1815 ਬਿ.) ਵਿਚ ਅਹਿਮਦ ਸ਼ਾਹ ਅਬਦਾਲੀ ਦੀ ਵਾਪਸੀ ਸਮੇਂ ਹਿੰਦੂ ਲੜਕੀਆਂ ਨੂੰ ਤੇ ਲੁਟੀ ਹੋਈ ਧੰਨ-ਦੌਲਤ ਵਾਪਸ ਲੈਣ ਲਈ ਦਰਿਆ ਰਾਵੀ ਉਪਰ ਸਿੰਘਾਂ ਦੀ ਉਸ ਨਾਲ ਹੋਈ ਜੰਗ ਵਿਚ ਵੀ ਸ. ਗੁਲਾਬ ਸਿੰਘ ਡੱਲੇਵਾਲੀਆ ਸ਼ਾਮਲ ਸੀ। ਇਸ ਪਿੱਛੋਂ ਜਿਹਲਮ ਦੇ ਕੋਲ ਰੋਹਤਾਸ ਤੋਂ ਲਾਹੌਰ ਵੱਲ ਆ ਰਿਹਾ ਸ਼ਾਹੀ ਖਜ਼ਾਨੇ ਦਾ ਪੰਜ ਲੱਖ ਰੁਪਿਆ ਖੋਹਣ ਦਾ ਕੰਮ ਵੀ ਗੁਲਾਬ ਸਿੰਘ ਤੇ ਕਰੋੜਾ ਸਿੰਘ ਦੀ ਅਗਵਾਈ ਵਿਚ ਹੋਇਆ ਜਿਸ ਨੂੰ ਖ਼ਾਲਸਾ ਦਲਾਂ ਵਿਚ ਰਸਦ ਪਾਣੀ ਆਦਿ ਲੋੜਾਂ ਲਈ ਵੰਡ ਕੇ ਵਰਤਿਆ ਗਿਆ। ਵੰਡ-ਛਕਣ, ਚੜ੍ਹਦੀ ਕਲਾ 'ਚ ਰਹਿਣ ਆਦਿ ਸਦਕਾ ਸਰਦਾਰ ਗੁਲਾਬ ਸਿੰਘ ਦੇ ਜੱਥੇ ਵਿਚ ਛੇ ਹਜ਼ਾਰ ਸਵਾਰ ਸ਼ਾਮਲ ਹੋ ਗਏ। ਸੰਨ 1759 (ਸੰਮਤ 1816) ਨੂੰ ਆਲੂ ਕਲਾਨੌਰ ਦੀ ਜੰਗ ਵਿਚ ਸ. ਗੁਲਾਬ ਸਿੰਘ ਬਹਾਦਰੀ ਨਾਲ ਸ਼ਹੀਦ ਹੋਇਆ। ਦੂਜੇ ਪਾਸੇ ਇਸ ਦੇ ਦੋਵੇਂ ਪੁੱਤਰ ਜੈਪਾਲ ਸਿੰਘ ਤੇ ਹਰਦਿਆਲ ਸਿੰਘ ਵੀ ਬਸੌਲੀ ਵਿਖੇ ਲੜਦੇ ਹੋਏ ਸ਼ਹੀਦ ਹੋ ਗਏ ਸਨ। ਇਸ ਲਈ ਸ. ਗੁਲਾਬ ਸਿੰਘ ਤੋਂ ਪਿਛੋਂ ਡੱਲੇਵਾਲੀਆ ਮਿਸਲ ਦਾ ਆਗੂ ਇਸ ਦਾ ਮੁਸਾਹਬ ਗੁਰਦਿਆਲ ਸਿੰਘ ਥਾਪਿਆ ਗਿਆ। ਇਕ ਸਾਲ ਪਿੱਛੋਂ ਦੁਆਬੇ ਦੀ ਲੜਾਈ ਵਿਚ ਗੁਰਦਿਆਲ ਸਿੰਘ ਸ਼ਹੀਦ ਹੋ ਗਿਆ ਤੇ ਤੋੜਵਾਲੀ ਦਾ ਜੰਮ-ਪਲ ਜੱਟ ਸ. ਤਾਰਾ ਸਿੰਘ ਕੰਗ ਜੱਥੇ ਦੀ ਅਗਵਾਈ ਕਰਨ ਲੱਗਾ। (ਜ. ਐਸ. ਛਾਬੜਾ ਅਨੁਸਾਰ ਤਾਰਾ ਸਿੰਘ ਪਿੰਡ ਡੱਲੇਵਾਲ ਦਾ ਵਾਸੀ ਸੀ)।

ਸ. ਤਾਰਾ ਸਿੰਘ ਬੱਕਰੀਆਂ ਚਾਰਨ ਦਾ ਕੰਮ ਕਰਦਾ ਹੁੰਦਾ ਸੀ। ਸਿੱਖਾਂ ਦੀ ਬਹਾਦਰੀ ਤੇ ਨਿਸ਼ਕਾਮ ਭਗਤੀ ਭਾਵ ਤੇ ਸੇਵਾ ਨੂੰ ਵੇਖਦਿਆਂ ਇਸ ਨੇ ਅੰਮ੍ਰਿਤ ਛੱਕਿਆ ਤੇ ਸਿੰਘ ਸੱਜ ਕੇ ਸ. ਗੁਲਾਬ ਸਿੰਘ ਡੱਲੇਵਾਲੇ ਨਾਲ ਲੜਾਈਆਂ ਵਿਚ ਰਹਿਣ ਲੱਗਾ। ਕਸੂਰ ਦੀ ਲੜਾਈ ਵਿਚ ਸ. ਹਰੀ ਸਿੰਘ ਭੰਗੀ ਨਾਲ ਇਸ ਨੇ ਆਪਣੀ ਸਿਆਣਪ ਤੇ ਬਹਾਦਰੀ ਦੇ ਸਬੂਤ ਪੇਸ਼ ਕੀਤੇ। ਇਸ ਪਿੱਛੋਂ ਅਦੀਨਾ ਬੇਗ ਦੇ ਦੀਵਾਨ ਬਿਸ਼ੰਬਰ ਦਿਆਲ ਨੂੰ ਲੜਾਈ ਦੌਰਾਨ ਮੌਤ ਦੇ ਘਾਟ ਉਤਾਰਿਆ ਤੇ ਇਸ ਦੇ ਇਲਾਕੇ ਉਪਰ ਕਬਜ਼ਾ ਕੀਤਾ ਤੇ ਇਥੋਂ ਦੇ ਬਹੁਤ ਸਾਰੇ ਲੋਕਾਂ ਨੂੰ ਗੁਰੂ ਘਰ ਦੀ ਸੇਵਾ ਲਈ ਪ੍ਰੇਰਿਆ ਤੇ ਸਿੰਘ ਸਜਾਇਆ। ਇਸ ਦੇ ਉੱਚੇ ਤੇ ਸੁੱਚੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਚੌਧਰੀ ਗੌਹਰ ਦਾਸ ਸਾਕਨ ਕਿੰਗ ਨੇ ਵੀ ਅੰਮ੍ਰਿਤ ਪਾਨ ਕੀਤਾ ਜਿਸ ਦੇ ਨਤੀਜੇ ਵਜੋਂ ਇਸ ਦਾ ਸਾਰਾ ਪਿੰਡ ਹੀ ਸਿੰਘ ਸੱਜ ਗਿਆ ਤੇ ਡੱਲੇਵਾਲੀਆ ਜੱਥੇ ਵਿਚ ਦਸ ਹਜ਼ਾਰ ਸਿੰਘ ਹੋ ਗਏ।

ਸੰਨ 1763 (1820 ਬਿ.) ਨੂੰ ਸਰਹਿੰਦ ਦੇ ਹਮਲੇ ਸਮੇਂ ਵੀ ਸਿੱਖਾਂ ਨਾਲ ਸ਼ਾਮਲ ਹੋਇਆ। ਇਸ ਦੌਰਾਨ ਸਰਹਿੰਦ ਦਾ ਹਾਕਮ ਜ਼ੈਨ ਖ਼ਾਂ ਮਾਰਿਆ ਗਿਆ ਤੇ ਫਿਰ ਸ. ਤਾਰਾ ਸਿੰਘ ਨੇ ਆਪਣੇ ਜੱਥੇ ਨਾਲ ਧਰਮ ਕੋਟ, ਘੁੰਗਰਾਣਾ, ਬੱਦੋਵਾਲ ਆਦਿ ਤੇ ਕਬਜ਼ਾ ਕੀਤਾ। ਗਹੂੰ (ਗਹੋ) ਨੂੰ ਮੁਕਾਮ ਨਿਸ਼ਚਿਤ ਕੀਤਾ। ਹੁਣ ਇਸ ਜੱਥੇ ਦੇ ਕਬਜ਼ੇ ਵਿਚ 8 ਲੱਖ ਦੀ ਆਮਦਨ ਦਾ ਇਲਾਕਾ ਸੀ ਅਤੇ ਸ. ਤਾਰਾ ਸਿੰਘ ਆਪਣੇ ਸਿੱਖੀ ਜੀਵਨ, ਵਿਵੇਕ ਬੁੱਧੀ ਅਤੇ ਪਿਆਰ ਭਰਿਆ ਵਤੀਰਾ ਹੋਣ ਕਰਕੇ ਜਿੱਥੇ ਜਾਂਦਾ ਸਤਿਕਾਰਿਆ ਤੇ ਪਿਆਰਿਆ ਜਾਂਦਾ।

ਇਕ ਵਾਰੀ ਕਿਲਾ ਦੱਖਣੀ (ਬੱਦੋਵਾਲ) ਦੇ ਸੰਸਾਰ ਚੰਦ ਨੇ ਸ. ਤਾਰਾ ਸਿੰਘ ਨਾਲ ਕੋਈ 20 ਦਿਨ ਲੜਾਈ ਜਾਰੀ ਰੱਖੀ ਪਰ ਉਸ ਦਾ ਇਹ ਵਿਉਂਤਬੱਧ ਤੇ ਅਚਾਨਕ ਹਮਲਾ ਵੀ ਨਾਕਾਮਯਾਬ ਰਿਹਾ ਤੇ ਸੰਸਾਰ ਚੰਦ ਨੂੰ ਆਪਣੀ ਫ਼ੌਜ ਕਿਲੇ ਤੋਂ ਵਾਪਸ ਮੋੜਨੀ ਪਈ। ਸ. ਤਾਰਾ ਸਿੰਘ ਦੇ ਅਧੀਨ ਸਭ ਲੋਕ ਖੁਸ਼ ਸਨ ਤੇ ਜਦੋਂ ਵੀ ਉਸ ਉਪਰ ਕੋਈ ਭੀੜ ਬਣਦੀ ਤਾਂ ਆਮ ਜਨਤਾ ਵੀ ਇਕ-ਮੁੱਠ ਹੋ ਕੇ ਮਦਦ ਲਈ ਲੱਕ ਬੰਨ੍ਹ ਲੈਂਦੀ।

ਸ. ਤਾਰਾ ਸਿੰਘ ਦੇ ਅੱਗੇ ਤਿੰਨ ਲੜਕੇ-ਗੁਜਰ ਸਿੰਘ, ਦਸੌਂਧਾ ਸਿੰਘ ਤੇ ਝੰਡਾ ਸਿੰਘ ਸਨ। ਇਨ੍ਹਾਂ ਨੂੰ ਘੁੰਗਰਾਣਾ, ਧਰਮਕੋਟ, ਕਿਲਾ ਦੱਖਣੀ (ਬੱਦੋਵਾਲ) ਸਤਲੁਜ ਦੇ ਖੱਬੇ ਪਾਸੇ ਦਾ ਇਲਾਕਾ ਅਤੇ ਦੁਆਬਾ ਬਿਸਤ ਜਲੰਧਰ, ਨਕੋਦਰ ਆਦਿ ਇਲਾਕੇ ਤਰਤੀਬ ਵਾਰ ਵੰਡ ਦਿੱਤੇ। ਇਹ ਤਿੰਨੇ ਤੀਹ-ਤੀਹ ਹਜ਼ਾਰ ਦੀ ਆਮਦਨ ਵਾਲੇ ਇਲਾਕੇ ਸਨ। ਬਾਕੀ ਦਾ ਲਗਭਗ 5 ਲੱਖ ਦੀ ਆਮਦਨੀ ਦਾ ਰਕਬਾ ਆਪਣੇ ਕੋਲ ਰੱਖਿਆ ਜਿਸ ਨੂੰ 1807 ਈ. ਵਿਚ ਰਾਹੋਂ ਵਿਖੇ ਇਸ ਦੀ ਚੜ੍ਹਾਈ ਕਰਨ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸ. ਤਾਰਾ ਸਿੰਘ ਦੀ ਘਰ ਵਾਲੀ ਸਰਦਾਰਨੀ ਰਤਨ ਕੌਰ ਨੇ ਅਫ਼ਸੋਸ ਲਈ ਆਏ ਮਹਾਰਾਜਾ ਰਣਜੀਤ ਸਿੰਘ ਦੀ ਪੰਜ ਘੋੜੇ, ਛੇ ਲੱਖ ਰੁਪਿਆ ਤੇ ਇਕ ਹਾਥੀ ਦੀ ਜ਼ੰਜੀਰ ਭੇਟ ਕਰਕੇ ਵਡਿਆਈ ਕੀਤੀ ਪਰ ਕਿਲੇ ਅੰਦਰ ਦਾਖ਼ਲ ਹੋਣ ਦੀ ਆਗਿਆ ਨਾ ਦਿੱਤੀ। ਇਸ ਤੇ ਮਹਾਰਾਜੇ ਨੇ ਕਿਲੇ ਉੱਪਰ ਹਮਲਾ ਕੀਤਾ। ਇਧਰ ਸ. ਤਾਰਾ ਸਿੰਘ ਦੀ ਸਿੰਘਣੀ ਵੀ ਬਹਾਦਰੀ ਨਾਲ ਮੁਕਾਬਲਾ ਕਰਨ ਲੱਗੀ ਤੇ ਕੁਝ ਘੰਟੇ ਡਟਵੀਂ ਲੜਾਈ ਹੋਈ। ਅੰਤ ਨੂੰ ਮਹਾ. ਰਣਜੀਤ ਸਿੰਘ ਦੀ ਫ਼ੌਜ ਦੇ ਪੈਰ ਉਖੜ ਗਏ ਪਰ ਦੂਜੇ ਪਾਸਿਓਂ ਕਿਲੇ ਦੇ ਨੌਕਰਾਂ ਨੇ ਦਰਵਾਜ਼ਾ ਖੋਲ੍ਹ ਦਿੱਤਾ ਜਿਸ ਨਾਲ ਮਹਾਰਾਜਾ ਜਿੱਤ ਗਿਆ। ਇਸ ਪਿੱਛੋਂ ਇਸ ਇਲਾਕੇ ਦੇ ਮਾਲਕ ਸ. ਝੰਡਾ ਸਿੰਘ ਕੋਲ ਮਾਲ੍ਹਪੁਰ, ਨਕੋਦਰ ਬਲੋਕੀ ਆਦਿ ਰਹਿਣ ਦਿੱਤੇ ਤੇ ਦੋ ਪਿੰਡ ਸਰਦਾਰਨੀ ਰਤਨ ਕੌਰ ਨੂੰ ਗੁਜ਼ਾਰੇ ਲਈ ਸੰਭਾਲ ਦਿੱਤੇ। ਗੁਜਰ ਸਿੰਘ ਤੇ ਦਸੌਂਧਾ ਸਿੰਘ ਕੋਲੋਂ ਵੀ ਘੁੰਗਰਾਨਾ ਤੇ ਬੱਦੋਵਾਲ ਦਾ ਇਲਾਕਾ ਲੈ ਕੇ ਸ. ਗੁਰਦਿੱਤ ਸਿੰਘ ਡੱਲੇਵਾਲ ਨੂੰ ਉਸ ਦੇ ਨਾ ਚਾਹੁੰਦਿਆਂ ਵੀ ਸੌਂਪ ਦਿੱਤਾ। ਇਸ ਤੇ ਦਸੌਂਧਾ ਸਿੰਘ ਆਪਣੇ ਸਹੁਰੇ ਚਲਾ ਗਿਆ ਤੇ ਉਥੇ ਹੀ ਇਸ ਨੇ ਆਪਣੇ ਪ੍ਰਾਣ ਛੱਡੇ। ਇਸ ਦੀ ਸੰਤਾਨ ਨਹੀਂ ਸੀ। ਹੁਣ ਗੁੱਜਰ ਸਿੰਘ ਤੇ ਝੰਡਾ ਸਿੰਘ ਨੂੰ ਉਦਾਸੀ ਸਾਧਾਂ ਵਾਲੇ ਬੱਲ੍ਹ ਦੇ (ਜਿਹੜੇ ਸ. ਤਾਰਾ ਸਿੰਘ ਵਲੋਂ ਸੌਂਪੇ ਗਏ ਸਨ) ਅੱਧੇ ਪਿੰਡ ਦੇ ਦਿੱਤੇ ਗਏ। ਸਰਦਾਰਨੀ ਰਤਨ ਕੌਰ ਦੀ ਪੈਨਸ਼ਨ ਬੰਨ੍ਹ ਦਿੱਤੀ ਜਿਹੜੀ ਇਹ ਆਪਣੀ ਜ਼ਿੰਦਗੀ ਭਰ (1906 ਈ. ਤੱਕ) ਲੈਂਦੀ ਰਹੀ। ਇਸ ਪਿੱਛੋਂ ਕੁਝ ਪੈਨਸ਼ਨ ਝੰਡਾ ਸਿੰਘ ਦੇ ਲੜਕੇ ਨਾਰਲ ਸਿੰਘ ਨੂੰ ਮਿਲਦੀ ਰਹੀ ਜਦ ਕਿ ਨਾਰਲ ਸਿੰਘ ਤੇ ਬਖਤਾਵਰ ਸਿੰਘ ਕੋਲ ਬਲੋਕੀ ਪਿੰਡ ਤੇ ਸਕਰਪੁਰ ਦਾ 280 ਰੁਪਏ ਸਾਲਾਨਾ ਦੀ ਜਾਗੀਰ ਦਾ ਜ਼ਿਮੀਦਾਰਾ ਵੀ ਸੀ। ਨਾਰਲ ਸਿੰਘ ਨੇ ਅੰਗ੍ਰੇਜ਼ੀ ਫ਼ੌਜ ਸੂਬੇਦਾਰੀ ਪੈਨਸ਼ਨ ਵੀ ਹਾਸਲ ਕੀਤੀ। ਇਸ ਦਾ ਪੁੱਤਰ ਅਮਰ ਸਿੰਘ ਇਸ ਪਿੱਛੋਂ ਜਗੀਰ ਬਲੋਕੀ ਜਲੰਧਰ ਵਿਖੇ 40 ਘੁਮਾਂ ਜ਼ਮੀਨ ਤੇ 685 ਰੁਪਏ ਜਗੀਰ ਦਾ ਮਾਲਕ ਬਣਿਆ। ਜ਼ਿਲ੍ਹਾ ਅੰਬਾਲਾ ਵਿਚ ਮੁਸਤਫ਼ਾਬਾਦ ਦੇ ਸਰਦਾਰ, ਕਰਨਾਲ ਜ਼ਿਲ੍ਹੇ ਵਿਚ ਬੜਥਲ ਦੇ ਸਰਦਾਰ ਤੇ ਜਲੰਧਰ ਜ਼ਿਲ੍ਹੇ ਦੇ ਕੰਗ ਰਈਸ ਡੱਲੇਵਾਲੀਆ ਮਿਸਲ ਵਿਚੋਂ ਹੀ ਹਨ।

ਹ. ਪੁ.–ਸਿੱਖ ਮਿਸਲਾਂ 112; ਹਿ. ਸਿ. ਹ.–ਗੁਪਤਾ ; ਤਵਾ. ਗੁ. ਖਾ. 2 : 250; ਮ. ਕੋ. 558., ਹਿੰ. ਪੰ. ਕੋ. 2 : 25

**ਡਲੈਂਡ ਮਾਰਗਰੇਟ ਵੇਡ** : ਸੰਯੁਕਤ ਰਾਜ ਅਮਰੀਕਾ ਦੀ ਇਸ ਨਾਵਲਕਾਰ ਅਤੇ ਕਵਿਤਰੀ ਦਾ ਜਨਮ 28 ਫ਼ਰਵਰੀ, 1857 ਨੂੰ ਪੈਨਸਿਲਵੇਨੀਆ ਰਾਜ ਵਿਚ ਐਲੀਗਨੀ ਵਿਖੇ ਹੋਇਆ। ਪ੍ਰਾਈਵੇਟ ਸਕੂਲਾਂ ਅਤੇ ਕੂਪਰ ਯੂਨੀਅਨ ਸਕੂਲ ਨਿਊਯਾਰਕ ਵਿਖੇ ਵਿਦਿਆ ਪ੍ਰਾਪਤ ਕਰਨ ਮਗਰੋਂ ਕੁਝ ਸਮੇਂ ਲਈ ਇਸ ਨੇ ਗਰਲਜ਼ ਸਕੂਲ, ਨਾਰਮਲ ਕਾਲਜ ਨਿਊਯਾਰਕ ਵਿਚ ਡਰਾਇੰਗ ਦੇ ਅਧਿਆਪਕ ਵਜੋਂ ਸੇਵਾ ਕੀਤੀ।

ਸੰਨ 1886 ਵਿਚ ਇਸ ਨੇ ਆਪਣਾ ਕਾਵਿ-ਸੰਗ੍ਰਹਿ 'ਦੀ ਓਲਡ ਗਾਰਡਨ' ਪ੍ਰਕਾਸ਼ਿਤ ਕੀਤਾ। ਇਸ ਦਾ ਪਹਿਲਾ ਨਾਵਲ 'ਜਾਨ ਵਾਰਡ, ਪ੍ਰੀਚਰ' (1888) ਧਾਰਮਕ ਅਤੇ ਸਮਾਜਕ ਸਮੱਸਿਆਵਾਂ ਬਾਰੇ ਹੈ, ਪਰ ਲੋਕਾਂ ਨੇ ਇਸ ਦੇ ਸਾਦੇ ਵਿਚਾਰਾਂ ਨੂੰ ਪਸੰਦ ਨਹੀਂ ਕੀਤਾ। ਆਪਣੇ ਚਾਰ ਨਾਵਲਾਂ 'ਓਲਡ ਚੈਸਟਰ ਟੇਲਜ਼', (1899), 'ਡਾ. ਲੈਵੰਡਰ'ਜ਼ ਪੀਪਲ' (1903), 'ਅਰਾਊਂਡ ਓਲਡ ਚੈਸਟਰ' (1915) ਅਤੇ 'ਨਿਊ ਫਰੈਂਡਜ਼ ਇਨ ਓਲਡ ਚੈਸਟਰ' (1924) ਵਿਚ ਇਸ ਨੇ ਪੇਂਡੂ ਜੀਵਨ ਨੂੰ ਚਿਤਰਿਆ ਹੈ।

ਇਸ ਦੀ ਸਵੈ-ਜੀਵਨੀ 'ਇਫ਼ ਦਿਸ ਬੀ ਆਈ' (ਐਜ਼ ਆਈ ਸਪੋਜ਼ ਇਟ ਬੀ) 1935 ਈ. ਵਿਚ ਪ੍ਰਕਾਸ਼ਿਤ ਹੋਈ। ਆਪਣੀਆਂ ਰਚਨਾਵਾਂ ਕਰਕੇ ਇਸ ਨੇ ਬਹੁਤ ਨਾਂ ਖੱਟਿਆ।

13 ਜਨਵਰੀ, 1945 ਨੂੰ ਬੋਸਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ.ਬ੍ਰਿ. ਮਾ. 3 : 442; ਐਨ. ਅਮੇ. 8 : 606; ਐਵ. ਐਨ. 4 : 319; ਵ. ਯੂ. ਐਨ. 5 : 1491

**ਡਲੌਨੇ, ਚਾਰਲਸ ਯੂਜੀਨ** : ਇਹ ਇਕ ਫ਼ਰਾਂਸੀਸੀ ਗਣਿਤਵੇਤਾ ਅਤੇ ਖਗੋਲਵੇਤਾ ਸੀ। ਇਸ ਦੁਆਰਾ ਸੁਝਾਏ ਗਏ ਚੰਨ ਗਤੀ ਸਿੱਧਾਂਤ ਦਾ ਗ੍ਰਹਿ ਗਤੀ ਸਿੱਧਾਂਤਾਂ ਅਤੇ ਖਗੋਲ-ਭੌਤਿਕੀ ਦੇ ਵਿਕਾਸ ਵਿਚ ਮਹੱਤਵਪੂਰਨ ਸਥਾਨ ਹੈ। ਇਸ ਦਾ ਜਨਮ 9 ਅਪ੍ਰੈਲ, 1816 ਨੂੰ ਫ਼ਰਾਂਸ ਵਿਚ ਲੂਸਿਗਨੀ-ਸਰ ਰਰਸੈ ਵਿਖੇ ਹੋਇਆ ਸੀ। ਇਕੋਲੇ ਡੈਸ ਮਾਈਨਜ਼ ਤੋਂ ਇੰਜੀਨੀਅਰਿੰਗ ਦੀ ਵਿਦਿਆ ਪ੍ਰਾਪਤ ਕਰਨ ਉਪਰੰਤ 1843 ਈ. ਵਿਚ ਇੰਜੀਨੀਅਰ ਅਤੇ 1858 ਈ. ਵਿਚ ਚੀਫ਼ ਇੰਜੀਨੀਅਰ ਬਣ ਗਿਆ। ਸੰਨ 1841 ਤੋਂ 48 ਤਕ ਗਣਿਤ ਅਤੇ ਖਗੋਲ ਦੀ ਵਿਦਿਆ ਪ੍ਰਾਪਤ ਕੀਤੀ। ਸੰਨ 1850 ਤੋਂ ਇਕੋਲੇ ਪਾਲੀਟੈਕਨਿਕ ਵਿਖੇ ਮਕੈਨਿਕਸ ਪੜ੍ਹਾਉਣ ਲਗ ਗਿਆ ਅਤੇ ਬਾਦ ਵਿਚ ਇਕੋਲੇ ਡੈਸ ਮਾਈਨਜ਼ ਵਿਖੇ ਵੀ ਪੜ੍ਹਾਉਂਦਾ ਰਿਹਾ। ਸੰਨ 1855 ਵਿਚ ਅਕੈਡਮੀ ਡੈਸ ਸਾਇੰਸਜ਼ ਦਾ ਮੈਂਬਰ ਬਣ ਗਿਆ ਅਤੇ 1870 ਈ. ਵਿਚ ਯੂ. ਜੇ. ਜੇ. ਲੈਵੈਰੀਆ (U. J. J. Leveries) ਦੀ ਥਾਂ ਪੈਰਿਸ ਪ੍ਰੇਖਣਸ਼ਾਲਾ ਦਾ ਡਾਇਰੈੱਕਟਰ ਬਣ ਗਿਆ।

ਇਸ ਨੇ (Cours elementaire de mecanique (1850); Cours elementaire d'astronomie (1853); La theorie de

la luna (1860-67) ; Traite de mecanique rationnelle (1856); Relentissement de la rotaition de la terre (1866) ਅਤੇ Rapport sur les progres de l'astronomie (1867) ਪੁਸਤਕਾਂ ਲਿਖੀਆਂ।

5 ਅਗਸਤ, 1872 ਨੂੰ ਸ਼ੈਰਬੁਰ (Cherbourg) ਦੇ ਨਜ਼ਦੀਕ ਇਕ ਕਿਸ਼ਤੀ ਦੁਰਘਟਨਾ ਵਿਚ ਡੁਬਣ ਨਾਲ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 443

**ਡਲੋਰਸ** : ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੱਛਮੀ ਕਾਲਰਾਡੋ ਰਾਜ ਵਿਚ ਵਹਿਣ ਵਾਲਾ ਇਹ ਇਕ ਦਰਿਆ ਹੈ ਜਿਹੜਾ ਲਾ ਪਲਾਟਾ ਪਹਾੜਾਂ ਵਿਚੋਂ ਨਿਕਲ ਕੇ ਡੂੰਘੀਆਂ ਖੱਡਾਂ ਵਿਚੋਂ ਦੀ ਦੱਖਣ-ਪੱਛਮ ਨੂੰ ਵਗਦਾ ਹੋਇਆ ਡਲੋਰਸ ਦੇ ਨੇੜਿਓਂ ਲੰਘਦਾ ਹੈ ਅਤੇ ਫੇਰ ਉੱਤਰ-ਪੱਛਮ ਵੱਲ ਨੂੰ ਪੈਰਾਡਾਕਸ ਵਾਦੀ ਦੇ ਵਿਚੋਂ ਦੀ ਵਹਿੰਦਾ ਹੈ। ਇਸੇ ਵਾਦੀ ਦੇ ਉੱਤਰੀ ਸਿਰੇ ਤੋਂ ਇਸ ਦੀ ਮੁੱਖ ਸਹਾਇਕ ਨਦੀ ਸੈਨ ਮਿਗਾਲ ਇਸ ਵਿਚ ਆ ਮਿਲਦੀ ਹੈ। 400 ਕਿ. ਮੀ. ਦਾ ਫ਼ਾਸਲਾ ਤੈਅ ਕਰਨ ਉਪਰੰਤ ਇਹ ਗੇਟਵੇ ਦੇ ਕੋਲੋਂ ਦੀ ਅਤੇ ਉਤਾਂਹ ਸਰਹੱਦ ਤੋਂ ਪਾਰ ਨਿਰੰਤਰ ਵਹਿੰਦਾ ਹੋਇਆ ਮਐਬ ਦੇ ਨਜ਼ਦੀਕ ਕਾਲਰਾਡੋ ਦਰਿਆ ਵਿਚ ਜਾ ਮਿਲਦਾ ਹੈ। ਬਸੰਤ ਦੇ ਮੌਸਮ ਅਤੇ ਗਰਮੀਆਂ ਵਿਚ ਇਸਦਾ ਵਹਾਅ ਘੱਟ ਜਾਂਦਾ ਹੈ।

ਇਸ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦਾ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ। ਸੰਨ 1765 ਵਿਚ ਇਕ ਸਪੇਨੀ ਵਪਾਰੀ, ਚਵਾਨ ਮਾਰੀਆ ਰਿਵੈਰਾ (Juan Maria Rivera) ਨੇ ਇਸ ਦਾ ਨਾਉਂ ਰੀਓ ਡ ਨਐਸਤਰਾ ਸਨੋਰਾ ਡ ਲਾਰ ਡਲੋਰਸ (Rio de Nuertra Senora De los Dolores) ਰੱਖਿਆ।

ਹ. ਪੁ.—ਐਨ. ਬ੍ਰਿ. ਮਾ. 3 : 609

**ਡਵਾਰਟੇ** : ਡੋਮਿਨੀਕਨ ਗਣਰਾਜ ਦੇ ਉੱਤਰੀ ਕੇਂਦਰੀ ਹਿੱਸੇ ਵਿਚ ਇਹ ਪ੍ਰਾਂਤ ਹੈ ਜਿਹੜਾ ਲਾ ਵੈਗਾ ਰੀਆਲ ਉਪਜਾਊ ਮੈਦਾਨੀ ਖੇਤਰ ਦੇ ਪੂਰਬੀ ਹਿੱਸੇ ਵਿਚ ਕਾਮੂ ਦਰਿਆ ਨਾਲ ਆਈ ਉਪਜਾਊ ਮਿੱਟੀ ਦੇ ਨਿਖੇਪਾਂ ਤੋਂ ਹੋਂਦ ਵਿਚ ਆਇਆ ਹੈ। ਇਸੇ ਕਰਕੇ ਇਹ ਜਲੋਢ ਮਿੱਟੀ ਵਾਲਾ ਸੰਘਣੀ ਵੱਸੋਂ ਦਾ ਖੇਤਰ ਹੈ। ਇਹ ਸਾਰੇ ਦੇਸ਼ ਦੇ ਕੋਕੋ ਦੇ ਕੁੱਲ ਉਪਤਪਾਦਨਾਂ ਦਾ ਅੱਧਾ ਹਿੱਸਾ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਚੌਲ, ਕੇਲੇ, ਕਾਫ਼ੀ ਅਤੇ ਮੱਕੀ ਵੀ ਇਥੋਂ ਦੀਆਂ ਹੋਰ ਉਪਜਾਂ ਹਨ। ਇਥੋਂ ਸਾਮਾਨਾ ਖਾੜੀ ਉੱਤੇ ਸਥਿਤ ਸਾਨਚਜ਼ ਸ਼ਹਿਰ ਵੱਲ ਰੇਲਾਂ ਜਾਂਦੀਆਂ ਹਨ। ਸੰਨ 1936 ਵਿਚ ਕਾਇਮ ਹੋਏ ਇਸ ਪ੍ਰਾਂਤ ਦਾ ਰਕਬਾ 1431 ਵ. ਕਿ. ਮੀ. ਅਤੇ ਆਬਾਦੀ 235,544 (1987) ਹੈ। ਸੈਨ ਫ਼ਰਾਂਸਿਸਕੋ ਡੇ ਮਾਕਾਰਿਸ ਇਸਦੀ ਰਾਜਧਾਨੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 682

**ਡਵੀਨਾ, ਉੱਤਰੀ** : ਰੂਸ ਦੇ ਯੂਰਪੀ ਖੇਤਰ ਦੇ ਉੱਤਰੀ ਹਿੱਸੇ ਦਾ ਦਰਿਆ ਹੈ। ਇਹ ਆਪਣੀ 744 ਕਿ. ਮੀ. ਲੰਬਾਈ, ਨਾਲ ਇਥੋਂ ਦੇ ਸਾਰੇ ਦਰਿਆਵਾਂ ਵਿਚੋਂ ਲੰਬਾ ਅਤੇ ਮਹੱਤਵਪੂਰਨ ਹੈ। ਇਹ ਵੋਲਗਡਾਸਕਾਯਾ ਆੱਬਲਸਤ ਵਿਚ ਵਾਲੀਕੀ ਉਸਤਯੁਕ ਸ਼ਹਿਰ ਦੇ ਸਾਮ੍ਹਣੇ ਜਿਹੇ ਸੁਕੋਨਾ ਅਤੇ ਯੁਗ ਦਰਿਆਵਾਂ ਦੇ ਮੇਲ ਤੋਂ ਹੋਂਦ ਵਿਚ ਆਇਆ ਹੈ। ਸੁਕੋਨਾ ਇਸ ਦੀ 562 ਕਿ. ਮੀ. ਲੰਬੀ ਅਤੇ ਯੁਗ 574 ਕਿ. ਮੀ. ਲੰਬੀ ਸ਼ਾਖਾ ਹੈ। ਇਨਾਂ ਦੋਹਾਂ ਦੇ ਮਿਲਣ ਮਗਰੋਂ 64 ਕਿ.ਮੀ. ਦਾ ਵਹਿਣ ਪਾਰ ਕਰਨ ਪਿੱਛੋਂ ਕਟਲੈਸ ਸ਼ਹਿਰ ਨੇੜੇ 1130 ਕਿ. ਮੀ. ਲੰਬੀ ਵਾਈਚਗਡਾ ਸਹਾਇਕ ਨਦੀ ਇਸ ਨਾਲ ਰਲ ਜਾਂਦੀ ਹੈ। ਫਿਰ ਇਹ ਉੱਤਰ-ਪੱਛਮ ਦਾ ਰੁੱਖ ਅਖ਼ਤਿਆਰ ਕਰਕੇ ਉੱਤਰੀ ਜੰਗਲਾਂ ਵਾਲੇ ਖੇਤਰ ਨੂੰ ਪਾਰ ਕਰਦਾ ਹੋਇਆ ਆਰਕੈਨਜੈਲਸਕ ਸ਼ਹਿਰ ਨੇੜੇ ਸਫੈਦ ਸਾਗਰ ਦੀ ਫਵੀਨਾ ਜਲ ਦੁਆਰ ਵਿਚ ਦਾਖ਼ਲ ਹੋ ਜਾਂਦਾ ਹੈ। ਵਾਈਚਗਡਾ ਨਾਲ ਮਿਲਣ ਵਾਲੀ ਥਾਂ ਤੋਂ ਪਿਛਲੇ ਹਿੱਸੇ ਵਿਚ ਇਸਨੂੰ ਵੱਡਾ ਉੱਤਰੀ ਡਵੀਨਾ ਕਹਿੰਦੇ ਹਨ। ਵਾਈਚਗਡਾ, ਵਾਗਾ ਅਤੇ ਪਿਨੇਗਾ ਇਸ ਦੀਆਂ ਖਾਸ ਸਹਾਇਕ ਨਦੀਆਂ ਹਨ। ਮੁਹਾਣੇ ਨੇੜੇ ਇਹ ਕਈ ਸ਼ਾਖ਼ਾਵਾਂ ਵਿਚ ਵੰਡਿਆ ਜਾਂਦਾ ਹੈ।

ਇਹ ਦਰਿਆ 3,57,000 ਵ. ਕਿ. ਮੀ. ਖੇਤਰ ਦਾ ਜਲ ਨਿਕਾਸ ਕਰਦਾ ਹੈ। ਇਹ ਉਬੜ ਖਾਬੜ ਅਤੇ ਨੀਵੇਂ ਜਿਹੇ ਬੇਸਿਨ ਨੂੰ ਪਾਰ ਕਰਕੇ ਸਮੁੰਦਰ ਵਿਚ ਡਿਗਦਾ ਹੈ। ਇਸ ਬੇਸਿਨ ਦੇ ਪੂਰਬ ਵਿਚ ਤਾ ਮਿਸਕੀ ਪਰਬਤ ਅਤੇ ਸੈਵਰਨੀਯਾ ਪਹਾੜੀਆਂ ਹਨ ਜਿਨ੍ਹਾਂ ਵਿਚੋਂ ਇਸ ਦੀਆਂ ਸਹਾਇਕ ਨਦੀਆਂ ਨਿਕਲਦੀਆਂ ਹਨ। ਪੂਰੇ ਬੇਸਿਨ ਦਾ ਅੱਧੇ ਨਾਲੋਂ ਜ਼ਿਆਦਾ ਹਿੱਸਾ ਜੰਗਲ ਨਾਲ ਢੱਕਿਆ ਹੋਇਆ ਹੈ। ਇਸੇ ਬੇਸਿਨ ਵਿਚ ਦਰਿਆ ਦੇ ਖੱਬੇ ਪਾਸੇ ਝੀਲਾਂ ਅਤੇ ਦਲਦਲਾਂ ਹਨ। ਦਰਿਆ ਦੇ ਦੋਨੋਂ ਪਾਸੇ ਜੰਗਲ ਅਤੇ ਝਾੜੀਆਂ ਦੀ ਭਰਮਾਰ ਹੈ। ਦਰਿਆ ਦੇ ਮੁਹਾਣੇ ਵਾਲਾ ਹਿੱਸਾ ਦਲਦਲੀ ਜਿਹਾ ਹੈ ਪਰ ਜਲ ਦੁਆਰ ਨੇੜੇ ਇਸ ਵਿਚ 30 ਤੋਂ ਵੀ ਵੱਧ ਕਿਸਮਾਂ ਦੀਆਂ ਮੱਛੀਆਂ ਮਿਲਦੀਆਂ ਹਨ।

ਇਸ ਦਰਿਆ ਵਿਚ ਪਾਣੀ ਪਹਾੜਾਂ ਉਪਰਲੀ ਬਰਫ਼ ਪਿੰਘਲਣ ਨਾਲ ਆਉਂਦਾ ਹੈ। ਪਾਣੀ ਦੀ ਮਾਤਰਾ ਮਈ ਮਹੀਨੇ (ਗਰਮੀ ਰੁੱਤ) ਵਿਚ ਬਹੁਤ ਜ਼ਿਆਦਾ ਹੋ ਜਾਂਦੀ ਹੈ ਅਤੇ ਵਰਖਾ ਰਹਿਤ ਮੌਸਮਾਂ ਜਿਵੇਂ ਪਤਝੜ ਅਤੇ ਗਰਮੀਆਂ ਦੇ ਅਖ਼ੀਰਲੇ ਦਿਨਾਂ ਵਿਚ ਘੱਟ ਹੁੰਦੀ ਹੈ। ਦਰਿਆਈ ਮੁਹਾਣੇ ਵਿਚ ਸਮੁੰਦਰ ਵਿਚ ਜਵਾਰ ਆਉਣ ਨਾਲ ਵੀ ਪਾਣੀ ਵੱਧ ਜਾਂਦਾ ਹੈ। ਦਰਿਆ ਦਾ ਉੱਪਰਲਾ ਹਿੱਸਾ ਨਵੰਬਰ ਦੇ ਆਖ਼ਰੀ ਦਿਨਾਂ ਵਿਚ ਜੰਮਣਾ ਸ਼ੁਰੂ ਹੋ ਜਾਂਦਾ ਹੈ ਅਤੇ ਗਰਮੀ ਦੇ ਅਖ਼ੀਰਲੇ ਦਿਨਾਂ ਯਾਨੀ ਅਪ੍ਰੈਲ ਮਹੀਨੇ ਵਿਚ ਬਰਫ਼ ਪਿਘਲ ਜਾਣ ਪਿੱਛੋਂ ਇਹ ਫਿਰ ਵਗਣ ਲਗ ਪੈਂਦਾ ਹੈ। ਪੂਰੇ ਦਰਿਆਈ ਬੇਸਿਨ ਵਿਚ ਮਨੁੱਖ ਨੇ ਬਹੁਤ ਤਬਦੀਲੀ ਲਿਆਂਦੀ ਹੈ। ਦਲਦਲਾਂ ਵਿਚੋਂ ਪਾਣੀ ਕੱਢਣ ਅਤੇ ਦਰਿਆਈ ਪਾਣੀ ਦੀ ਸਹੀ ਵਰਤੋਂ ਲਈ ਯੋਜਨਾਵਾਂ ਬਣਾਈਆਂ ਗਈਆਂ ਹਨ। ਦਰਿਆ ਉੱਤੇ ਬੰਨ੍ਹ ਮਾਰ ਕੇ ਜਲ ਭੰਡਾਰ ਬਣਾਏ ਗਏ ਹਨ। ਇਹ ਵੋਲਗਾਬਾਲਟਿਕ ਜਲ ਮਾਰਗ ਦਾ ਇਕ ਹਿੱਸਾ ਹੈ ਜਿਸ ਉਤੇ ਜਹਾਜ਼ ਖੜ੍ਹਾਉਣ ਲਈ ਕਈ ਵਧੀਆ ਬੰਦਰਗਾਹਾਂ ਬਣੀਆਂ ਹੋਈਆਂ ਹਨ। ਇਸ ਰਾਹੀਂ ਲੱਕੜ ਦੀ ਢੋ-ਢੁਆਈ ਵੀ ਆਮ ਹੁੰਦੀ ਹੈ।

64°32′ ਉ. ਵਿਥ. ; 40°3′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 8 :788; ਐਨ. ਅਮੈ. 9 :504

**ਡਵੀਨਾ ਖਾੜੀ** : ਇਹ ਸਫ਼ੈਦ ਸਾਗਰ ਦੇ ਦੱਖਣ-ਪੂਰਬ ਵੱਲ ਵਧਿਆ ਹੋਇਆ ਇਕ ਹਿੱਸਾ ਹੈ ਇਸ ਵਿਚ ਉੱਤਰੀ ਡਵੀਨਾ ਨਾਂ ਦਾ ਦਰਿਆ ਡਿਗਦਾ ਹੈ। ਇਸ ਖਾੜੀ ਦੇ ਅਖ਼ੀਰਲੇ ਸਿਰੇ ਉੱਪਰ ਆਰਕੈਨਜੈਲਸਕ ਆਬੱਲਸਤ ਦੀ ਆਰਕੈਨਜੈਲਸਕ ਬੰਦਰਗਾਹ ਸਥਿਤ ਹੈ।

ਹ. ਪੁ.- ਵੈ. ਜਗ. ਡਿ. : 348

**ਡਵੀਨਾ, ਪੱਛਮੀ** : ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਦੇ ਯੂਰਪੀ ਖੇਤਰ ਦਾ ਇਹ ਇਕ ਵੱਡਾ ਦਰਿਆ ਹੈ ਜਿਹੜਾ 1,020 ਕਿ. ਮੀ. ਲੰਬਾ ਹੈ। ਇਹ ਦਰਿਆ ਵਾਲਡਾਈ ਪਹਾੜਾਂ ਵਿਚੋਂ ਵੋਲਗਾ ਅਤੇ ਨੀਪਰ ਦਰਿਆਵਾਂ ਦੇ ਸ੍ਰੋਤਾਂ ਨੇੜਿਓਂ ਨਿਕਲਦਾ ਹੈ। ਅੱਗੇ ਇਹ ਦੱਖਣ-ਪੱਛਮ ਅਤੇ ਪੱਛਮ ਵਿਚ ਬੈਲੋਰਸ਼ੀਆ ਤੋਂ ਅੱਗੇ

ਅਤੇ ਡਾਉਗਾਫਪਿਲਜ਼ ਸ਼ਹਿਰ ਆਬਾਦ ਹਨ। ਇਸ ਦਰਿਆ ਵਿਚ ਕਈ ਸਹਾਇਕ ਨਦੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਖੱਬੇ ਪਾਸਿਓਂ ਮੇਜਾ ਉੱਲਾ ਤੇ ਡਿਸਨਾ ਅਤੇ ਸੱਜੇ ਪਾਸਿਓਂ ਡ੍ਰਿਸਾ ਆਗਰੇ ਅਤੇ ਪੈਡੈਡਸੀ ਵਰਣਨਯੋਗ ਹਨ। ਆਪਣੀਆਂ ਸਾਰੀਆਂ ਨਦੀਆਂ ਸਮੇਤ ਇਹ 88,000 ਵ. ਕਿ. ਮੀ. ਖੇਤਰ ਦਾ ਜਲ ਨਿਕਾਸ ਕਰਦਾ ਹੈ। ਇਹ ਲਗਭਗ ਸਮੁੰਦਰੀ ਸਤ੍ਹਾ ਤੋਂ 100 ਤੋਂ 200 ਮੀ. ਉੱਚੇ ਖੇਤਰ ਵਿਚੋਂ ਲੰਘਦਾ ਹੈ।

ਪੂਰਾ ਬੇਸਿਨ ਦਲਦਲਾਂ ਅਤੇ ਝੀਲਾਂ ਨੇ ਮੱਲਿਆ ਹੋਇਆ ਹੈ। ਇਸ ਦੇ ਬੇਸਿਨ ਵਿਚ 5,000 ਤੋਂ ਵੀ ਵਧ ਝੀਲਾਂ ਹਨ। ਦਰਿਆ ਵਿਚ ਪਾਣੀ ਪਹਾੜਾਂ ਉਪਰਲੀ ਬਰਫ਼ ਪਿਘਲਣ ਨਾਲ ਆਉਂਦਾ ਹੈ। ਬਸੰਤ ਦੇ ਦਿਨਾਂ ਵਿਚ ਇਸ ਵਿਚ ਪਾਣੀ ਕਾਫ਼ੀ ਵੱਧ ਜਾਂਦਾ ਹੈ। ਨਵੰਬਰ ਅਤੇ ਦਸੰਬਰ ਵਿਚ ਇਸ ਦਾ ਪਾਣੀ ਜੰਮਣ ਲਗ ਜਾਂਦਾ ਹੈ। ਅਪਰੈਲ ਤੋਂ ਦਸੰਬਰ ਵਿਚ ਬਰਫ਼ ਪਿਘਲਣ ਪਿੱਛੋਂ ਇਸ ਵਿਚ ਜਹਾਜ਼ਰਾਨੀ ਹੋਣ ਲੱਗ ਜਾਂਦੀ ਹੈ। ਪੁਰਾਣੇ ਸਮਿਆਂ ਤੋਂ ਹੀ ਇਹ ਮਸ਼ਹੂਰ ਦਰਿਆਈ ਮਾਰਗ ਰਿਹਾ ਹੈ। ਇਸ ਰਸਤਿਓਂ ਬਿਜ਼ੰਤੀਨ ਅਤੇ ਅਰਬ ਦੇ ਪੂਰਬੀ ਹਿੱਸਿਆਂ ਵੱਲ ਆਵਾਜਾਈ ਹੁੰਦੀ ਰਹੀ ਹੈ। 19 ਵੀਂ ਸਦੀ ਵਿਚ ਨਹਿਰਾਂ ਬਣਾ ਕੇ ਇਸ ਨੂੰ ਨੀਪਰ ਦਰਿਆ ਨਾਲ ਵੀ ਜੋੜਿਆ ਗਿਆ ਪਰ ਇਹ ਮਾਰਗ ਮਹੱਤਵਪੂਰਨ ਦਰਿਆਈ ਮਾਰਗ ਨਹੀਂ ਬਣ ਸਕਿਆ। ਅੱਜਕੱਲ੍ਹ ਇਹ ਲੱਕੜੀ ਦੀ ਢੋ-ਢੁਆਈ ਤੋਂ ਇਲਾਵਾ ਬਹੁ-ਮੰਤਵੀ ਯੋਜਨਾਵਾਂ ਲਈ ਵੀ ਲਾਹੇਵੰਦ ਬਣਿਆ ਹੋਇਆ ਹੈ। ਇਸ ਉੱਪਰ ਪਣ-ਬਿਜਲੀ ਤਿਆਰ ਕਰਨ ਲਈ ਤਿੰਨ ਡੈਮ ਬਣਾਏ ਗਏ ਹਨ।

57°04′ ਉ. ਵਿਥ. ; 24°03′ ਪੂ. ਲੰਬ.

ਹ. ਪੁ.- ਐਨ. ਬ੍ਰਿ. ਮਾ. 8 : 600 ; ਐਨ. ਅਮੈ. 9 : 504

**ਡਵੂਰ, ਕਰਾਲਵੋ ਨਾਡ ਲਾਬੈਮ** : ਇਹ ਚੈੱਕ ਗਣਰਾਜ ਦੇ ਵਾਈਚੋਡੋਚੈਸਕੀ ਖੇਤਰ ਦਾ ਇਕ ਸ਼ਹਿਰ ਹੈ ਜਿਹੜਾ ਹਰਾਡਐਟਸ ਕਰਾਲਾਵਾ ਦੇ ਉੱਤਰ ਵਿਚ ਐਲਬ ਦਰਿਆ ਦੇ ਖੱਬੇ ਕੰਢੇ 'ਤੇ ਵਾਕਿਆ ਹੈ। ਸ਼ਹਿਰ ਦੇ ਨਾਉਂ ਦਾ ਜਰਮਨ ਅਤੇ ਚੈੱਕ ਦੋਹਾਂ ਭਾਸ਼ਾਵਾਂ ਵਿਚ ਅਰਥ 'ਐਲਬ ਦੀ ਮਹਾਰਾਣੀ ਦਾ ਦਰਬਾਰ' ਹੈ। ਇਸ ਸ਼ਹਿਰ ਦੀ ਸਥਾਪਨਾ ਤੇਰ੍ਹਵੀਂ ਸਦੀ ਦੇ ਅੰਤ ਵਿਚ ਬਾਦਸ਼ਾਹ ਵੈਨਸੈਸਲਾਜ ਨੇ ਕੀਤੀ ਅਤੇ ਇਸ ਨੂੰ ਆਪਣੀ ਮਹਾਰਾਣੀ ਇਲਿਜ਼ਬਥ ਨੂੰ ਤੋਹਫ਼ੇ ਵਜੋਂ ਭੇਟ ਕੀਤਾ।

ਸ਼ਹਿਰ ਦੀ ਇਤਿਹਾਸਕ ਪੱਖੋਂ ਕਾਫ਼ੀ ਮਹੱਤਤਾ ਹੈ। ਸੰਨ 1866 ਵਿਚ ਇਥੇ ਹੀ ਆਸਟ੍ਰੀਆ ਨੂੰ ਪ੍ਰਸ਼ਾਅ ਹੱਥੋਂ ਕਰਾਰੀ ਹਾਰ ਹੋਈ ਸੀ।

ਅੱਜਕੱਲ੍ਹ ਇਹ ਸ਼ਹਿਰ ਲਿਨਨ ਅਤੇ ਕੱਪੜਾ ਬਣਾਉਣ ਦਾ ਇਕ ਕੇਂਦਰ ਬਣ ਚੁੱਕਾ ਹੈ।

ਆਬਾਦੀ – 17, 873 (1981)

ਹ. ਪੁ.- ਐਨ. ਬ੍ਰਿ. ਮਾ. 4 : 306

**ਡਵੋਰਜ਼ਾਕ, ਐਂਟੋਨਿਨ** : ਚੈਕੋਸਲੋਵਾਕੀਆ ਦੇ ਇਸ ਸੰਸਾਰ ਪ੍ਰਸਿੱਧ ਸੰਗੀਤਕਾਰ ਦਾ ਜਨਮ 8 ਸਤੰਬਰ, 1841 ਈ. ਨੂੰ ਬੋਹੀਮੀਆ ਖੇਤਰ ਵਿਚ ਮੌਜੂਦਾ ਮਾਈਲੀਵਸਕੋ ਵਿਖੇ ਹੋਇਆ । ਇਸ ਨੇ ਜ਼ਲੋਨੀਚੇ ਦੇ ਨੇੜੇ ਇਕ ਸਕੂਲ ਮਾਸਟਰ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ 16 ਸਾਲ ਦੀ ਉਮਰ ਵਿਚ ਪਰਾਗ ਔਰਗਨ ਸਕੂਲ ਵਿਖੇ ਸਿੱਖਿਆ ਪ੍ਰਾਪਤ ਕਰਦੇ ਹੋਏ ਇਸ ਨੇ ਇਕ ਛੋਟੇ ਔਰਕੈਸਟਰਾ ਲਈ ਵਾਇਲਨ ਵਜਾਈ ਅਤੇ 1859 ਈ. ਵਿਚ ਸਕੂਲ ਛੱਡਣ ਤੋਂ ਬਾਅਦ ਚੈਕ ਪ੍ਰੋਵਿਜ਼ਨਲ ਥੀਏਟਰ ਲਈ ਵਾਇਓਲਾ ਵਜਾਇਆ।

ਸੰਨ 1874 ਵਿਚ ਇਕ ਸਿੰਫਨੀ ਪੇਸ਼ ਕਰਨ ਦੇ ਸਬੰਧ ਵਿਚ ਇਸ ਨੂੰ ਆਸਟ੍ਰੀਆ ਸਟੇਟ ਪ੍ਰਾਈਜ਼ ਮਿਲਿਆ ਅਤੇ ਅਗਲੇ ਸਾਲਾਂ ਦੌਰਾਨ ਇਸ ਨੂੰ ਇਹ ਇਨਾਮ ਵਾਰ ਵਾਰ ਮਿਲਦਾ ਰਿਹਾ। ਬਹੁਤ ਵਾਰ ਇਸ ਨੂੰ ਇੰਗਲੈਂਡ ਆਉਣ ਦਾ ਸੱਦਾ ਮਿਲਿਆ ਅਤੇ 1892 ਈ. ਵਿਚ ਇਸ ਨੂੰ ਨਿਊਯਾਰਕ ਦੀ ਨੈਸ਼ਨਲ ਕੰਜ਼ਰਵੇਟਰੀ ਆਫ਼ ਮਿਊਜ਼ਿਕ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਹ ਸੰਯੁਕਤ ਰਾਜ ਵਿਖੇ ਤਿੰਨ ਸਾਲ ਰਿਹਾ ਪਰ ਉਦਰੇਵੇਂ ਕਾਰਨ ਆਪਣੇ ਦੇਸ਼ ਵਾਪਸ ਪਰਤ ਆਇਆ। ਇਥੇ ਇਹ ਸੰਗੀਤ ਵਿਦਿਆਲੇ ਵਿਚ ਪ੍ਰੋਫੈਸਰ ਅਤੇ 1901 ਈ. ਵਿਚ ਡਾਇਰੈਕਟਰ ਲਗਿਆ। ਸੰਯੁਕਤ ਰਾਜ ਵਿਖੇ ਰਹਿੰਦੇ ਹੋਏ ਇਸ ਨੇ ਆਪਣੀਆਂ ਕਈ ਸਫ਼ਲ ਕ੍ਰਿਤਾਂ ਰਚੀਆਂ।

ਸੰਨ 1891 ਵਿਚ ਪਰਾਗ ਅਤੇ ਕੈਂਬ੍ਰਿਜ ਯੂਨੀਵਰਸਿਟੀਆਂ ਨੇ ਇਸ ਨੂੰ ਆਨਰੇਰੀ ਡਿਗਰੀਆਂ ਦੇ ਕੇ ਸਨਮਾਨਿਤ ਕੀਤਾ। ਇਸ ਨੇ ਸਿੰਫਨੀਆਂ, ਬਹੁਤ ਸਾਰੇ ਧਾਰਮਕ ਗੀਤ ਅਤੇ ਕਈ ਸੰਗੀਤ ਨਾਟ ਲਿਖੇ ਜੋ ਕਿ ਬੋਹੀਮੀਆ ਦੇ ਖੇਤਰ ਵਿਚ ਬਹੁਤ ਪ੍ਰਸਿੱਧ ਹੋਏ। ਇਸ ਨੇ ਪਿਆਨੋ, 16 ਚਉਬੋਲਿਆਂ ਅਤੇ ਹੋਰ ਕਈ ਚੈਂਬਰ ਸੰਗੀਤਕ ਕ੍ਰਿਤਾਂ ਲਈ ਸੰਗੀਤ ਦਿੱਤਾ।

1 ਮਈ, 1904 ਈ. ਨੂੰ ਪਰਾਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.— ਐਨ. ਅਮੈ. 9 : 444; ਕੋਲ. ਐਨ. 6 : 442 ; ਐਨ. ਬ੍ਰਿ. 7 : 801

**ਡਾਊਈ ਜਾਨ ਅਲੈਗਜ਼ੈਂਡਰ** : ਅਮਰੀਕਾ ਵਿਚ ਈਸਾਈ ਕੈਥੋਲਿਕ ਚਰਚ ਦੇ ਬਾਨੀ ਅਤੇ ਜੀਔਨ ਸਿਟੀ ਨੂੰ ਕਾਇਮ ਕਰਨ ਵਾਲੇ ਇਸ ਧਾਰਮਕ ਆਗੂ ਦਾ ਜਨਮ ਸਕਾਟਲੈਂਡ ਵਿਚ ਐਡਿਨਬਰਾ ਵਿਖੇ 25 ਮਈ, 1847 ਈ. ਨੂੰ ਹੋਇਆ।

ਇਹ ਬਚਪਨ ਵਿਚ ਹੀ ਆਪਣੇ ਪਰਿਵਾਰ ਨਾਲ ਆਸਟ੍ਰੇਲੀਆ ਚਲਿਆ ਗਿਆ ਸੀ ਮਗਰੋਂ ਇਹ ਧਰਮ-ਵਿਦਿਆ ਪੜ੍ਹਨ ਲਈ ਐਡਿਨਬਰਾ ਪਰਤ ਆਇਆ। ਸੰਨ 1870 ਵਿਚ ਇਸ ਨੂੰ ਆਸਟ੍ਰੇਲੀਆ ਵਿਚ ਆਲਮਾ ਵਿਖੇ ਪਾਦਰੀ ਨਿਯੁਕਤ ਕਰ ਦਿੱਤਾ ਗਿਆ। ਅਗਲੇ ਕੁਝ ਸਾਲ ਇਸ ਨੇ ਤਮਾਖੂ ਅਤੇ ਸ਼ਰਾਬ ਦੀ ਵਰਤੋਂ ਵਿਰੁੱਧ ਮੁਹਿੰਮ ਚਲਾਈ। ਅਧਿਆਤਮਕ ਇਲਾਜ ਦਾ ਨਿੱਜੀ ਤਜਰਬਾ ਹੋਣ ਕਰਕੇ ਇਸ ਨੇ 'ਇੰਟਰਨੈਸ਼ਨਲ ਡਿਵਾਈਨ ਹੀਲਿੰਗ ਐਸੋਸੀਏਸ਼ਨ' ਦੀ ਸਥਾਪਨਾ ਕੀਤੀ ਅਤੇ ਇਸ ਅਧੀਨ ਵੱਖ ਵੱਖ ਥਾਵਾਂ ਤੇ ਕਈ 'ਡਿਵਾਈਨ ਹੀਲਿੰਗ ਹੋਮਜ਼' ਸਥਾਪਿਤ ਕੀਤੇ।

ਸੰਨ 1896 ਵਿਚ ਇਸ ਨੇ ਈਸਾਈ ਕੈਥੋਲਿਕ ਚਰਚ ਦੀ ਸਥਾਪਨਾ ਕੀਤੀ । ਇਸ ਤੋਂ ਪਹਿਲਾਂ 1888 ਵਿਚ ਇਹ ਸ਼ਿਕਾਗੋ ਵਿਚ ਰਹਿਣ ਲੱਗ ਪਿਆ ਸੀ। ਇਥੇ ਇਹ ਅਧਿਆਤਮਕ ਇਲਾਜ ਲਈ ਬਹੁਤ ਪ੍ਰਸਿੱਧ ਹੋਇਆ। ਇਸ ਦੀ ਸ਼ੁਹਰਤ ਦੀ ਈਰਖਾ ਕਾਰਨ ਲਗਭਗ 100 ਡਾਕਟਰਾਂ ਨੇ ਇਸ ਤੇ ਮੁਕੱਦਮੇ ਕੀਤੇ ਪਰੰਤੂ ਇਹ ਹਰ ਮੁਕੱਦਮੇ ਵਿਚ ਜਿੱਤਿਆ । ਸੰਨ 1901 ਵਿਚ ਇਸ ਨੇ ਮਿਸ਼ੀਗਨ ਲੇਕ ਦੇ ਕਿਨਾਰੇ ਇਕ ਨਵੇਂ ਸ਼ਹਿਰ ਦੀ ਨੀਂਹ ਰੱਖੀ ਜਿਸ ਨੂੰ ਜੀਔਨ ਸਿਟੀ ਦਾ ਨਾਂ ਦਿੱਤਾ ਗਿਆ। ਇਥੇ ਇਸ ਦੇ ਲਗਭਗ 5000 ਚੇਲੇ ਬਣ ਗਏ ਸਨ।

ਸੰਨ 1901 ਵਿਚ ਇਸ ਨੇ ਆਪਣੇ ਆਪ ਨੂੰ 'ਆਲੀਜਾਹ' ਅਤੇ ਮਗਰੋਂ 'ਪੈਗੰਬਰ' ਅਖਵਾਉਣਾ ਸ਼ੁਰੂ ਕਰ ਦਿੱਤਾ। ਕੁਝ ਚਿਰ ਪਿਛੋਂ ਆਪਣੀ ਸਿਹਤ ਦੀ ਖਰਾਬੀ ਕਾਰਨ ਇਸ ਨੇ ਵਿਲਬਰ ਵੋਲੀਵਾ ਨੂੰ ਆਪਣੀ ਮੁਹਿੰਮ ਦਾ ਕਾਇਮ-ਮੁਕਾਮ ਮੁਖੀ ਨਿਯੁਕਤ ਕਰ ਦਿੱਤਾ। ਇਸ ਪਿਛੋਂ ਇਸ ਨੂੰ ਲੋਕਾਂ ਵੱਲੋਂ ਇਸ ਮੁਹਿੰਮ ਦਾ ਆਗੂ ਮੰਨਣ ਤੋਂ

ਇਨਕਾਰ ਕਰ ਦਿੱਤਾ ਗਿਆ ਜਿਸ ਦੇ ਨਾਲ ਇਸ ਦੇ ਮਨ ਨੂੰ ਬਹੁਤ ਸੱਟ ਪਹੁੰਚੀ।

9 ਮਾਰਚ , 1907 ਈ. ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 :616 ; ਐਨ. ਬ੍ਰਿ. ਮਾ. 3 : 646

**ਡਾਊਸਨ, ਐਰਨੈਸਟ ਕ੍ਰਿਸਟਾੱਫਰ** : ਇਸ ਅੰਗਰੇਜ਼ ਕਵੀ ਦਾ ਜਨਮ 2 ਅਗਸਤ, 1867 ਈ. ਨੂੰ ਕੈਂਟ ਵਿਖੇ ਹੋਇਆ। ਸੰਨ 1886 ਵਿਚ ਇਹ 'ਕਵੀਨਜ਼ ਕਾਲਜ ਆੱਕਸਫ਼ੋਰਡ' ਵਿਖੇ ਦਾਖ਼ਲ ਹੋਇਆ ਪਰ ਪਿਤਾ ਨੂੰ ਵਪਾਰ ਵਿਚ ਘਾਟਾ ਪੈ ਜਾਣ ਕਾਰਨ ਘਰੇਲੂ ਹਾਲਤ ਨੂੰ ਦੇਖਦਿਆਂ 1888 ਈ. ਵਿਚ ਕਾਲਜ ਛੱਡਣਾ ਪਿਆ। ਜਵਾਨੀ ਦੇ ਦਿਨਾਂ ਵਿਚ ਇਹ ਜ਼ਿਆਦਾਤਰ ਫ਼ਰਾਂਸ ਵਿਖੇ ਹੀ ਰਿਹਾ। ਇਹ ਰਾਈਮਰਜ਼ ਕਲੱਬ ਦਾ ਸਰਗਰਮ ਮੈਂਬਰ ਸੀ। ਬੋਡਲੇਅਰ, ਵੈਰਨੈਲ ਆਦਿ ਨੂੰ ਇਹ ਆਪਣਾ ਸਾਹਿਤਕ ਗੁਰੂ ਮੰਨਦਾ ਸੀ। ਸੰਨ 1891 ਵਿਚ ਇਸਨੇ ਰੋਮਨ ਕੈਥੋਲਿਕ ਧਰਮ ਅਖ਼ਤਿਆਰ ਕੀਤਾ ਅਤੇ ਆਪਣੀ ਪ੍ਰਸਿੱਧ ਕਵਿਤਾ 'Non Sum Qualis Bonde sub Regno Cynarac' ਲਿਖੀ। ਆਰਥਰ ਮੂਰ ਨਾਲ ਮਿਲ ਕੇ ਡਾਊਸਨ ਦੇ ਦੋ ਨਾਵਲ 'ਏ ਕਾਮੇਡੀ ਆਫ਼ ਮਾਸਕਸ' (1893) ਅਤੇ 'ਐਡ੍ਰੀਅਨ ਰੋਮ' (1899) ਅਤੇ ਨਿੱਕੀਆਂ ਕਹਾਣੀਆਂ ਦੀ ਇਕ ਪੁਸਤਕ 'ਡਾਇਲੇਆਸ' (1895) ਲਿਖੀ। ਇਸ ਦੀ ਪ੍ਰਸਿੱਧੀ ਦਾ ਕਾਰਨ ਇਸ ਦੀਆਂ ਕਵਿਤਾਵਾਂ ਦੀ ਪੁਸਤਕ 'ਵਰਸਿਜ਼' (1896) ਅਤੇ 'ਡੈਕੋਰੇਸ਼ਨਜ਼' (1899) ਸਨ।

ਡਬਲਯੂ. ਬੀ. ਯੀਟਸ ਨੇ ਮੰਨਿਆ ਹੈ ਕਿ ਇਸ ਦੀ ਲੇਖਣੀ ਦੀ ਤਕਨੀਕੀ ਉਨੱਤੀ ਦਾ ਆਧਾਰ ਡਾਊਸਨ ਸੀ ਅਤੇ ਰੂਪੈਰਟ ਬਰੁੱਕ ਉਪਰ ਵੀ ਇਸਦਾ ਕਾਫ਼ੀ ਪ੍ਰਭਾਵ ਪਿਆ ਜੋ ਮੁਢਲੀਆਂ ਕ੍ਰਿਤਾਂ ਵਿਚ ਸਾਫ਼ ਨਜ਼ਰ ਆਉਂਦਾ ਹੈ।

23 ਫ਼ਰਵਰੀ, 1900 ਈ. ਨੂੰ ਲੰਡਨ ਵਿਚ ਲੀਊਸ਼ਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :649 ; ਐਨ. ਅਮੈ. 9 : 289 ; ਐਨ. ਬ੍ਰਿ. 7 :619

**ਡਾਊਸਾ** : ਇਹ ਭਾਰਤ ਦੇ ਰਾਜਸਥਾਨ ਰਾਜ ਦੇ ਜੈਪੁਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਰਾਜਪੁਤਾਨਾ ਦੀ ਹੋਂਦ ਸਮੇਂ ਉਥੋਂ ਦੀ ਰਿਆਸਤ ਜੈਪੁਰ ਵਿਚ ਇਸੇ ਨਾਂ ਦੀ ਨਿਜ਼ਾਮਤ ਦਾ ਸਦਰ-ਮੁਕਾਮ ਹੁੰਦਾ ਸੀ। ਇਹ ਸ਼ਹਿਰ ਜੈਪੁਰ ਸ਼ਹਿਰ ਤੋਂ ਪੂਰਬ ਵੱਲ ਲਗਭਗ 60 ਕਿ. ਮੀ. ਦੀ ਦੂਰੀ ਤੇ ਸਥਿੱਤ ਹੈ। ਇਤਿਹਾਸਕ ਪੱਖ ਤੋਂ, ਜਦੋਂ ਕਛਵਾਹਾ ਰਾਜਿਆਂ ਨੇ ਮੀਨਿਆਂ ਤੋਂ ਅੰਬਰ ਜ਼ਬਰਦਸਤੀ ਖੋਹ ਲਿਆ, ਉਸ ਤੋਂ ਪਹਿਲਾਂ ਇਹ ਕਛਵਾਹਾ ਰਾਜਿਆਂ ਦੀ ਰਾਜਧਾਨੀ ਰਿਹਾ। ਸ਼ਹਿਰ ਦੇ ਪੂਰਬ ਵੱਲ ਇਸ ਦੇ ਉਪਰੋਂ ਦੀ ਦਿਖਾਈ ਦਿੰਦੀ ਇਕ ਵੀਰਾਨ ਪਹਾੜੀ ਹੈ ਜਿਹੜੀ ਸੁਮੰਦਰੀ ਸਤਹ ਤੋਂ ਲਗਭਗ 500 ਮੀਟਰ ਉੱਚੀ ਹੈ ਅਤੇ ਇਸ ਦੀ ਚੋਟੀ ਉੱਤੇ ਇਕ ਕਿਲਾ ਬਣਿਆ ਹੋਇਆ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਬਰਗੁਜ਼ਾਰ ਰਾਜਿਆਂ, ਜੋ ਕਛਵਾਹਿਆਂ ਤੋਂ ਪਹਿਲਾਂ ਇਥੇ ਰਾਜ ਕਰਦੇ ਸਨ, ਨੇ ਬਣਵਾਇਆ ਸੀ। ਸ਼ਹਿਰ ਦੇ ਦੁਆਲੇ ਇਕ ਢਹੀ ਹੋਈ ਦੀਵਾਰ ਵੀ ਇਸੇ ਗੱਲ ਦਾ ਸਬੂਤ ਹੈ। ਸ਼ਹਿਰ ਵਿਚ ਡਾਕਖਾਨਾ, ਹਸਪਤਾਲ ਅਤੇ ਸਕੂਲ ਆਦਿ ਸਥਾਪਿਤ ਹਨ। ਇਸ ਦੇ ਉੱਤਰ-ਪੂਰਬ ਵੱਲ ਅਬਰਕ ਅਤੇ ਉੱਤਰ-ਪੱਛਮ ਵੱਲ ਚਿੱਟੇ ਸੰਗਮਰਮਰ ਦੀ ਖਾਣ-ਖੁਦਾਈ ਕੀਤੀ ਜਾਂਦੀ ਹੈ।

ਆਬਾਦੀ – 38,576 (1991)

26°54′ ਉ. ਵਿਥ. ; 76° 21′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 149

**ਡਾਊ, ਹਰਬਰਟ ਹੈਨਰੀ** : ਅਮਰੀਕਾ ਵਿਚ ਰਸਾਇਣਿਕ ਉਦਯੋਗ ਦੇ ਇਸ ਬਾਨੀ ਦਾ ਜਨਮ 26 ਫ਼ਰਵਰੀ, 1866 ਨੂੰ ਬੈਲੱਵਿਲ ; ਆਨਟੇਰਿਓ ਵਿਖੇ ਹੋਇਆ। ਇਸ ਨੇ ਬਰਾਈਨ (ਲੂਣ ਅਤੇ ਪਾਣੀ ਦੇ ਸੰਘਣੇ ਘੋਲ) ਦਾ ਬੜੀ ਚੰਗੀ ਤਰ੍ਹਾਂ ਵਿਸ਼ਲੇਸ਼ਣ ਕੀਤਾ ਅਤੇ ਇਹ ਪਤਾ ਲਗਾਇਆ ਕਿ ਕੈਨਟਾਨ, ਓਹਾਈਓ, ਮਿਡਲੈਂਡ ਅਤੇ ਮਿਸ਼ੀਗਨ ਦੀਆਂ ਬਰਾਈਨਾਂ ਵਿਚ ਬ੍ਰੋਮੀਨ ਵਧੇਰੇ ਮਾਤਰਾ ਵਿਚ ਹੁੰਦੀ ਹੈ। ਇਸ ਨੇ ਬਰਾਈਨ ਵਿਚੋਂ ਬ੍ਰੋਮੀਨ ਕੱਢਣ ਦੇ ਇਲੈਕਟ੍ਰਾਲਿਟਿਕ ਢੰਗਾਂ ਨੂੰ ਵਿਕਸਿਤ ਅਤੇ ਪੇਟੈਂਟ ਕੀਤਾ ਅਤੇ ਮਿਡਲੈਂਡ ਕੈਮੀਕਲ ਕੰਪਨੀ ਸਥਾਪਿਤ ਕੀਤੀ। ਅਮਰੀਕਾ ਦੇ ਰਸਾਇਣਿਕ ਉਦਯੋਗ ਵਿਚ ਸਿੱਧੇ ਕਰੰਟ ਜੈਂਨਰੇਟਰ ਦੀ ਵਰਤੋਂ ਕਰਨ ਵਾਲੀ ਪਹਿਲੀ ਕਾਮਯਾਬ ਕੰਪਨੀ ਸੀ।

ਨਾਵਾਰ; ਓਹਾਇਓ ਵਿਖੇ 1895 ਈ. ਵਿਚ ਕਲੋਰੀਨ ਕੱਢਣ ਵਾਲੀ ਇਕ ਕੰਪਨੀ ਬਣੀ ਸੀ ਜਿਹੜੀ ਬਾਅਦ ਵਿਚ 1897 ਈ. ਵਿਚ ਨਵੀਂ ਬਣੀ ਡੈਊ ਕੈਮੀਕਲ ਕੰਪਨੀ ਵਿਚ ਮਿਲਾ ਦਿੱਤੀ ਗਈ। ਡਾਊ ਦੀ ਬਰਾਈਨ ਵਿਚ ਦਿਲਚਸਪੀ ਕੀਟਨਾਸ਼ਕਾਂ ਅਤੇ ਔਸ਼ਧ ਜਨਕ ਦਵਾਈਆਂ ਲਈ ਬਹੁਤ ਲਾਹੇਵੰਦ ਸਿੱਧ ਹੋਈ। ਮੈਗਨੀਸ਼ੀਅਮ ਦੀਆਂ ਮਿਸ਼ਰਿਤ-ਧਾਤਾਂ ਦੇ ਅਧਿਐਨਾਂ ਨਾਲ ਡਾਊ-ਧਾਤ ਤਿਆਰ ਹੋਈ। ਇਸ ਨੇ ਮਹਾਂਸਾਗਰ ਦੀਆਂ ਬਰਾਈਨਾਂ ਤੋਂ ਮੈਗਨੀਸ਼ੀਅਮ ਸਲਫ਼ੇਟ (ਐਪਸਮ ਸਾਲਟ) ਉਤਪੰਨ ਕਰਨ ਲਈ ਸਵੈ-ਚਾਲਿਤ ਵਿਧੀ ਹੋਂਦ ਵਿਚ ਲਿਆਂਦੀ। ਅਮਰੀਕਾ ਵਿਚ ਡਾਊ ਸਭ ਤੋਂ ਪਹਿਲਾ ਵਿਅਕਤੀ ਸੀ ਜਿਸ ਨੇ ਸੰਸ਼ਲਿਸ਼ਟ ਨੀਲ ਅਤੇ ਆਇਓਡੀਨ ਤਿਆਰ ਕੀਤੀ। ਅੰਤ ਵਿਚ ਇਸ ਦੀ ਕੰਪਨੀ ਦੁਨੀਆਂ ਦੇ ਰਸਾਇਣਿਕ ਪਦਾਰਥ ਬਣਾਉਣ ਵਾਲੀਆਂ ਪ੍ਰਮੁੱਖ ਕੰਪਨੀਆਂ ਵਿਚੋਂ ਇਕ ਸੀ ਅਤੇ ਇਸ ਨੂੰ 100 ਤੋਂ ਵੱਧ ਪੇਟੈਂਟ ਮਿਲ ਗਏ ਸਨ।

15 ਅਕਤੂਬਰ, 1930 ਨੂੰ ਇਸ ਦਾ ਰਾਚੈੱਸਟਰ, ਮਿਨਈਸੋਟਾ ਵਿਖੇ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 646

**ਡਾਊ, ਜ਼ੈਰਾਰ (ਜਾਂ ਗੈਰਿਟ)** : ਬੈਰੋਕ ਸ਼ੈਲੀ ਦੇ ਇਸ ਚਿੱਤਰਕਾਰ ਦਾ ਜਨਮ 7 ਅਪ੍ਰੈਲ, 1613 ਈ. ਨੂੰ ਨੀਦਰਲੈਂਡ ਵਿਚ ਲਾਈਡਨ ਵਿਖੇ ਹੋਇਆ। ਇਸ ਨੇ ਪਹਿਲਾਂ ਆਪਣੇ ਪਿਤਾ ਤੋਂ ਅਤੇ ਫਿਰ ਸੰਨ 1628 ਤੋਂ 1631 ਤੱਕ ਰੈਮਬ੍ਰਾਂਟ ਤੋਂ ਸਿੱਖਿਆ ਪ੍ਰਾਪਤ ਕੀਤੀ। ਇਸ ਦੇ ਮੁਢਲੇ ਚਿੱਤਰਾਂ ਉਪਰ ਰੈਮਬ੍ਰਾਂਟ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ। ਇਨ੍ਹਾਂ ਕ੍ਰਿਤਾਂ ਵਿਚ ਚਾਨਣ ਤੇ ਛਾਂ ਦੇ ਚਿੱਤਰ ਅਤੇ ਬੁਰਸ਼ ਚਲਾਉਣ ਦਾ ਢੰਗ ਸਪੱਸ਼ਟ ਨਜ਼ਰ ਆਉਂਦਾ ਹੈ। 'ਬਲਾਇੰਡ ਟੋਬਿਟ ਵੈਲਕਮਿੰਗ ਹਿਜ਼ ਸਨ' ਇਸ ਸ਼ੈਲੀ ਦੀ ਉਦਾਹਰਣ ਹੈ। ਬਾਅਦ ਵਿਚ ਇਸ ਨੇ ਬੇਹੱਦ ਬਾਰੀਕ ਲਘੂ ਚਿੱਤਰ ਕਲਾ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਇਸ ਨੇ ਲੱਕੜੀ ਉਪਰ ਵੀ ਚਿੱਤਰ ਬਣਾਏ। ਤਸਵੀਰਾਂ ਬਣਾਉਣ ਵਿਚ ਪ੍ਰਸਿੱਧੀ ਪ੍ਰਾਪਤ ਕਰਨ ਉਪਰੰਤ ਇਸ ਨੇ ਸਾਧਾਰਨ ਜੀਵਨ-ਦ੍ਰਿਸ਼ ਬਣਾਉਣੇ ਸ਼ੁਰੂ ਕੀਤੇ। ਲਾਈਡਨ ਵਿਖੇ ਇਸ ਨੇ ਚਿੱਤਰਕਾਰਾਂ ਦੇ ਇਕ ਸੰਘ ਅਤੇ ਸਕੂਲ ਦੀ ਸਥਾਪਨਾ ਕੀਤੀ। 'ਦੀ ਯੰਗ ਮਦਰ' (1658), 'ਨਾਈਟ-ਸਕੂਲ' (ਲ. 1660), 'ਦੀ ਈਵਨਿੰਗ ਸਕੂਲ' ਆਦਿ ਇਸ ਦੇ ਕੁਝ ਚਿੱਤਰ ਹਨ।

9 ਫ਼ਰਵਰੀ, 1675 ਈ. ਨੂੰ ਲਾਈਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :636 ; ਐਨ. ਅਮੈ. 9 : 272; ਕੌਲ. ਐਨ 6 : 365

**ਡਾਊਟੀ, ਚਾਰਲਸ ਮੌਂਟੈਗੂ** : ਇੰਗਲੈਂਡ ਦੇ ਇਸ ਲੇਖਕ ਅਤੇ ਯਾਤਰੂ ਦਾ ਜਨਮ 19 ਅਗਸਤ, 1843 ਈ. ਨੂੰ ਸਫਕ ਵਿਚ ਥੀਬਰਟਨ ਹਾਲ ਵਿਖੇ ਹੋਇਆ। ਇਸ ਨੇ ਲੰਡਨ ਅਤੇ ਕੈਂਬਰਿਜ ਯੂਨੀਵਰਸਿਟੀਆਂ ਵਿਖੇ ਵਿਦਿਆ ਪ੍ਰਾਪਤ ਕੀਤੀ। ਵਿਦਿਆ-ਪ੍ਰਾਪਤੀ ਦੇ ਨਾਲ ਨਾਲ ਇਸ ਨੇ ਸੀਰੀਆ, ਯੂਰਪ, ਅਫ਼ਰੀਕਾ ਅਤੇ ਫ਼ਲਸਤੀਨ ਦਾ ਸਫ਼ਰ ਕੀਤਾ। ਆਪਣੇ ਸਫ਼ਰਾਂ ਦੌਰਾਨ ਇਸ ਨੇ ਭੂਗੋਲ ਤੇ ਪ੍ਰਾਚੀਨ ਵਸਤੂਆਂ ਦਾ ਅਧਿਐਨ ਕੀਤਾ। ਸੰਨ 1876 ਵਿਚ ਇਸ ਨੇ ਦਮਿਸ਼ਕ ਤੋਂ ਅਰਬ ਦੀ ਯਾਤਰਾ ਸ਼ੁਰੂ ਕੀਤੀ ਜਿਸ ਨੇ ਇਸ ਨੂੰ ਸੰਸਾਰ ਵਿਚ ਪ੍ਰਸਿੱਧ ਕਰ ਦਿੱਤਾ। ਅਰਬ ਦਾ ਸਫ਼ਰ ਇਸ ਨੇ ਲਗਭਗ ਦੋ ਸਾਲਾਂ ਵਿਚ ਮੁਕੰਮਲ ਕੀਤਾ। ਇਸ ਸਫ਼ਰ ਤੋਂ ਮਗਰੋਂ ਇਸ ਨੇ ਅਰਬਾਂ ਦੀ ਰਹਿਣੀ-ਬਹਿਣੀ ਅਤੇ ਉੱਤਰ-ਪੱਛਮੀ ਅਰਬ ਦੇ ਭੂਗੋਲ ਉਤੇ ਬਹੁਤ ਰੌਸ਼ਨੀ ਪਾਈ।

ਇੰਗਲੈਂਡ ਵਾਪਸ ਆ ਕੇ ਇਸ ਨੇ ਬਹੁਤ ਕੁਝ ਲਿਖਿਆ। ਇਸ ਦੀ ਭਾਸ਼ਾ ਅਤੇ ਸ਼ੈਲੀ ਐਲਿਜ਼ਬਥ-ਕਾਲ ਵਰਗੀ ਸੀ। ਇਸ ਦੀ ਕਵਿਤਾ ਦੀ ਪੁਸਤਕ 'ਦੀ ਡਾਨ ਇਨ ਬ੍ਰਿਟਨ' (1906) ਛੇ ਜਿਲਦਾਂ ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਤੋਂ ਬਿਨਾਂ ਇਸ ਦੀਆਂ ਹੋਰ ਪੁਸਤਕਾਂ 'ਐਡਮ ਕਾਸਟ ਫੋਰਥ'; (1908), 'ਦੀ ਕਲਿਫ਼ਸ' (1908); 'ਦੀ ਕਲਾਊਡਜ਼' (1912); 'ਦੀ ਟਾਈਟਨਜ਼' ਤੇ 'ਮਨਸੋਲ' (1920) ਹਨ।

20 ਜਨਵਰੀ, 1926 ਈ. ਨੂੰ ਕੈਂਟ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 606; ਐਨ. ਅਮੈ. 9 : 277

**ਡਾਊਡਨ ਐਡਵਰਡ** : ਆਇਰਲੈਂਡ ਦੇ ਇਸ ਆਲੋਚਕ ਅਤੇ ਕਵੀ ਦਾ ਜਨਮ 3 ਮਈ, 1843 ਈ. ਨੂੰ ਕਾਰਕ ਕਾਉਂਟੀ ਵਿਚ ਕਾਰਕ ਵਿਖੇ ਹੋਇਆ। ਇਹ ਬਿਸ਼ਪ ਜਾਨ ਡਾਊਡਨ ਦਾ ਛੋਟਾ ਭਰਾ ਸੀ। ਇਸ ਨੇ ਕੁਈਨਜ਼ ਕਾਲਜ ਕਾਰਕ ਅਤੇ ਟ੍ਰਿਨਿਟੀ ਕਾਲਜ ਡਬਲਿਨ ਵਿਖੇ ਵਿਦਿਆ ਪ੍ਰਾਪਤ ਕੀਤੀ। ਸੰਨ 1867 ਵਿਚ ਇਹ ਭਾਸ਼ਣ-ਕਲਾ ਅਤੇ ਅੰਗਰੇਜ਼ੀ ਸਾਹਿਤ ਦਾ ਪ੍ਰੋਫ਼ੈਸਰ ਨਿਯੁਕਤ ਹੋ ਗਿਆ। ਇਸ ਦੀ 'ਸ਼ੈਕਸਪੀਅਰ ਏ ਕ੍ਰਿਟੀਕਲ ਸਟੱਡੀ ਆਫ਼ ਹਿਜ਼ ਮਾਈਂਡ ਐਂਡ ਆਰਟ' (1875) ਅੰਗਰੇਜ਼ੀ ਸਹਿਤ ਦੀ ਪਹਿਲੀ ਪੁਸਤਕ ਸੀ ਜਿਸ ਵਿਚ ਇਸਨੇ ਸ਼ੈਕਸਪੀਅਰ ਦੀਆਂ ਸਾਰੀਆਂ ਰਚਨਾਵਾਂ ਨੂੰ ਇਕੱਠਿਆਂ ਕੀਤਾ ਸੀ। 'ਲਾਈਫ਼ ਆਫ਼ ਸ਼ੈਲੇ' (1886), ਆਲੋਚਨਾ ਦੀ ਇਸ ਦੀ ਇਕ ਪ੍ਰਸਿੱਧ ਪੁਸਤਕ ਹੈ।

ਇਸ ਨੇ ਸ਼ੈਕਸਪੀਅਰ ਦੀ ਪੁਸਤਕ 'ਹੈਮਲਟ' ਅਤੇ 'ਰੋਮੀਓ ਐਂਡ ਜੂਲੀਅਟ' ਦਾ ਸੰਪਾਦਨ ਵੀ ਕੀਤਾ। ਸੰਨ 1900 ਵਿਚ ਇਸਨੇ ਸ਼ੈਲੇ ਦੀਆਂ ਰਚਨਾਵਾਂ ਦਾ ਸੰਪਾਦਨ ਕੀਤਾ।

4 ਅਪ੍ਰੈਲ, 1913 ਈ. ਨੂੰ ਡਬਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 615; ਐਨ. ਅਮੈ. 9 : 286

**ਡਾਊਨ** : ਇਹ ਉੱਤਰੀ ਆਇਰਲੈਂਡ ਦੇ ਅਲਸਟਰ ਪ੍ਰਾਂਤ ਦੀ ਕਾਉਂਟੀ ਹੈ ਜਿਹੜੀ 2,466 ਵ. ਕਿ. ਮੀ. ਦੇ ਰਕਬੇ ਉਪਰ ਉੱਚੀ-ਨੀਵੀਂ ਧਰਾਤਲ ਵਿਚ ਫੈਲੀ ਹੋਈ ਹੈ। ਡਾਊਨ ਪੈਟਰਿਕ ਇਸ ਦਾ ਸਦਰ-ਮੁਕਾਮ ਹੈ। ਇਸ ਸ਼ਹਿਰ ਦਾ ਨਾਂ ਸ਼ਾਇਦ ਸੇਂਟ ਪੈਟਰਿਕ ਦੀ ਇਥੇ ਸਮਾਧ ਕਰਕੇ ਪਿਆ ਜਾਪਦਾ ਹੈ।

ਡਾਊਨ ਕਾਉਂਟੀ ਦਾ ਧਰਾਤਲ ਤਿੰਨ ਉੱਚ-ਭੂਮੀ ਮੈਦਾਨਾਂ ਵਿਚ ਵੰਡਿਆ ਹੋਇਆ ਹੈ। (1) ਦੱਖਣ ਵੱਲ ਮੋਰਨ ਪਰਬਤ ਹਨ ਜਿਹੜੇ 852 ਮੀ. ਦੀ ਉੱਚਾਈ ਤੇ ਹਨ। ਇਨ੍ਹਾਂ ਨੂੰ ਸਲੀਵ ਡੋਨਾਰਡ ਚੋਟੀ ਦਾ ਖੇਤਰ ਵੀ ਕਿਹਾ ਜਾਂਦਾ ਹੈ। ਇਹ ਖੇਤਰ ਈਓਸੀਨ ਗ੍ਰੇਨਾਈਟ ਕਿਸਮ ਦਾ ਹੈ। (2) ਵਿਚਕਾਰਲਾ 535 ਮੀ. ਉੱਚਾ ਕੈਲਡੋਨੀ ਗ੍ਰੇਨਾਈਟ ਵਾਲਾ ਬੈਲਨ ਹਿੰਚ ਪਰਬਤੀ ਖੇਤਰ ਜਾਂ ਸਲੀਵ ਕਰੂਬ ਚੋਟੀ ਦਾ ਖੇਤਰ ਅਤੇ (3) ਹੇਠਲਾ ਜਾਂ ਨੀਵੀਂ ਭੂਮੀ ਵਾਲਾ ਕੈਸਲੇਰ ਕਾਉਂਟੀ ਅਤੇ ਹਾਲੀਵੁੱਡ ਦਾ ਪਰਬਤੀ ਖੇਤਰ ਹੈ।

ਸਲੀਵ ਕਰੂਬ ਪਹਾੜ ਦੇ ਉੱਤਰ-ਪੱਛਮ ਵਿਚ ਲਗਾਨ ਦਰਿਆ ਦੀ ਵਾਦੀ ਹੈ। ਡਾਊਨ ਕਾਉਂਟੀ ਸਾਰੀ ਹੀ ਸਲੇਟ ਤੇ ਰੇਤਲੇ ਪੱਥਰਾਂ ਵਾਲੀ ਚਟਾਨੀ ਬਣਤਰ ਵਾਲੀ ਹੈ। ਇਸ ਦਾ ਪੌਣ-ਪਾਣੀ ਤਪਤ-ਖੰਡੀ ਕਿਸਮ ਦਾ ਸਿੱਲ੍ਹਾ ਪਰ ਇਕਸਾਰ ਹੈ। ਸਾਲ ਦਾ ਬਹੁਤਾ ਸਮਾਂ ਬੱਦਲ ਛਾਏ ਰਹਿੰਦੇ ਹਨ ਤੇ ਬਾਰਸ਼ ਕਾਫ਼ੀ ਹੁੰਦੀ ਹੈ। ਇਸ ਕਾਉਂਟੀ ਵਿਚੋਂ ਮਹਾ ਪੱਥਰੀ ਮਨੁੱਖੀ ਯਾਦਗਾਰਾਂ ਵੀ ਮਿਲੀਆਂ ਹਨ। ਡਾਊਨ ਪੈਟਰਿਕ ਸ਼ਹਿਰ ਤੋਂ ਸੇਂਟ ਪੈਟਰਿਕ ਦੀਆਂ ਯਾਦਗਾਰਾਂ ਵੀ ਪ੍ਰਾਪਤ ਹੋਈਆਂ ਹਨ।

ਡਰੋਮਓਰ ਇਸ ਦੀ ਪ੍ਰਾਚੀਨ ਕਲੀਸੀਆਈ ਰਾਜ-ਕਾਲ ਦੌਰਾਨ ਰਾਜਧਾਨੀ ਸੀ। ਬਾਰ੍ਹਵੀਂ ਸਦੀ ਦੌਰਾਨ ਜਾਨ ਡੀ ਕੂਰਸੀ ਨੇ ਇਸ ਦੇ ਚੋਖੇ ਇਲਾਕੇ ਉੱਤੇ ਕਬਜ਼ਾ ਕਰਕੇ ਆਪਣਾ ਰਾਜ ਕਾਇਮ ਕੀਤਾ। ਉਸ ਦੇ ਬਣਵਾਏ ਹੋਏ ਕਈ ਕਿਲੇ ਹੁਣ ਵੀ ਉਸ ਦੇ ਰਾਜ-ਕਾਲ ਦੀ ਯਾਦ ਦਿਵਾਉਂਦੇ ਹਨ। ਅੰਗਰੇਜ਼ਾਂ ਵਿਚੋਂ ਟਿਊਡਰ ਬੰਸ ਦੇ ਰਾਜ-ਕਾਲ ਦੌਰਾਨ ਸਕਾਟਲੈਂਡ ਅਤੇ ਇੰਗਲੈਂਡ ਦੇ ਸਾਹਸੀਆਂ ਨੇ ਇਥੇ ਆਪਣੀਆਂ ਨੌਆਬਾਦੀਆਂ ਵੀ ਕਾਇਮ ਕੀਤੀਆਂ।

ਮੁੱਖ ਸ਼ਹਿਰ ਡਾਊਨ ਪੈਟਰਿਕ ਤੋਂ ਇਲਾਵਾ ਬੈਂਗੋਰ, ਨਿਊਟਨਾਰਡਜ਼, ਬੈੱਲਫ਼ੈਸਟ ਅਤੇ ਹਿਲਜ਼ਬਰੋ ਇਸ ਕਾਉਂਟੀ ਦੇ ਹੋਰ ਮਸ਼ਹੂਰ ਸ਼ਹਿਰ ਹਨ। ਹਿਲਜ਼ਬਰੋ ਵਿਖੇ ਆਇਰਲੈਂਡ ਦੇ ਗਵਰਨਰ ਦਾ ਨਿਵਾਸ-ਸਥਾਨ ਹੈ।

ਕਾਉਂਟੀ ਦੀ ਆਰਥਿਕਤਾ ਮੁੱਖ ਰੂਪ ਵਿਚ ਵਾਹੀ ਉਪਰ ਨਿਰਭਰ ਹੈ। ਇਸ ਦੀਆਂ ਮੁੱਖ ਫਸਲਾਂ ਜਵੀ, ਸਣ ਤੇ ਆਲੂ ਹਨ। ਇਸ ਤੋਂ ਬਿਨਾਂ ਡੇਅਰੀ, ਮੁਰਗੀ-ਪਾਲਣ ਤੇ ਸੂਰ-ਪਾਲਣ ਆਦਿ ਵਰਗੇ ਵਾਹੀ ਨਾਲ ਸਬੰਧਤ ਧੰਦੇ ਵੀ ਪ੍ਰਫੁੱਲਤ ਹਨ।

ਸ਼ਹਿਰਾਂ ਵਿਚ ਨਾਇਲਨ ਤੇ ਸੂਤ ਦੀ ਕਤਾਈ ਤੇ ਬੁਣਾਈ, ਭੋਜਨ ਦੀ ਪ੍ਰਾਸੈੱਸਿੰਗ, ਹਵਾਈ ਜਹਾਜ਼ਾਂ ਦੇ ਪੁਰਜ਼ੇ ਬਣਾਉਣ ਆਦਿ ਦੇ ਉਦਯੋਗ ਵੀ ਤਰੱਕੀ ਤੇ ਹਨ। ਸ਼ਹਿਰਾਂ ਵਿਚ ਸੈਲਾਨੀ ਉਦਯੋਗ ਕਾਉਂਟੀ ਦੀ ਤਰੱਕੀ ਨੂੰ ਚਾਰ ਚੰਨ ਲਾ ਰਿਹਾ ਹੈ।

ਹ. ਪੁ.—ਐਨ. ਬ੍ਰਿ. 7 : 616 ; ਐਨ. ਅਮੈ. 9 : 320

**ਡਾਊਨਜ਼** : ਇਹ ਇੰਗਲੈਂਡ ਦੇ ਦੱਖਣ-ਪੂਰਬ ਵਿਚ ਸਥਿਤ ਗੋਲਾਈਦਾਰ ਪਹਾੜੀਆਂ ਹਨ ਜੋ ਮੁੱਖ ਤੌਰ ਤੇ ਚਾਕ ਦੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਦਾ ਨਾਂ ਅੰਗਰੇਜ਼ੀ ਦੇ ਸ਼ਬਦ 'ਡੂਨ' ਤੋਂ ਪਿਆ ਜਿਸਦਾ ਮਤਲਬ ਪਹਾੜੀ ਹੁੰਦਾ ਹੈ। ਇਸ ਵਿਚ ਮੁਖ ਤੌਰ ਤੇ ਉੱਤਰੀ ਡਾਊਨਜ਼, ਕੈਂਟ ਅਤੇ ਸਰੀ ਕਾਉਂਟੀਆਂ ਦੇ ਦੱਖਣੀ ਡਾਊਨਜ਼ ਅਤੇ ਵਿਲਟਸ਼ਿਰ ਅਤੇ ਬਰਕਸ਼ਿਰ ਦੀਆਂ ਉੱਚ-ਭੂਮੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਉੱਤਰੀ ਡਾਊਨਜ਼ ਸਰੀ ਅਤੇ ਕੈਂਟ ਕਾਉਂਟੀਆਂ ਰਾਹੀਂ ਅਤੇ ਦੱਖਣੀ ਡਾਊਨਜ਼ ਸਸੈਕਸ ਰਾਹੀਂ ਸਮੁੰਦਰ ਤੱਕ ਜਾਂਦੀ ਹੈ। ਉੱਤਰੀ ਡਾਊਨਜ਼ ਦੀ ਲੰਬਾਈ ਲਗਭਗ 150 ਕਿ. ਮੀ. ਹੈ। ਇਸ ਵਿਚ ਥਾਂ-ਥਾਂ ਤੇ ਕਈ ਡੂੰਘੇ ਦੱਰੇ ਹਨ। ਦੋਵੇਂ ਲੜੀਆਂ ਦੇ ਦੱਰਿਆਂ ਵਿਚੋਂ ਰੇਲਾਂ ਅਤੇ ਸੜਕਾਂ ਜਾਂਦੀਆਂ ਹਨ। ਉੱਤਰੀ ਡਾਊਨਜ਼ ਦੇ ਦਰਿਆ ਉੱਤਰ ਵੱਲ ਅਤੇ ਦੱਖਣੀ ਡਾਊਨਜ਼ ਦੇ ਦਰਿਆ ਦੱਖਣ ਵੱਲ ਵਹਿੰਦੇ ਹਨ। ਦੋਹਾਂ ਲੜੀਆਂ ਦੇ ਵਿਚਕਾਰ ਵੀਲਡ ਦਾ ਖੇਤਰ ਹੈ।

ਡਾਊਨਜ਼ ਉਪਰ ਬਹੁਤ ਅਰਸਾ ਪਹਿਲਾਂ ਬਹੁਤ ਸੰਘਣੇ ਜੰਗਲ ਹੁੰਦੇ ਸਨ ਪਰ ਹੁਣ ਇਹ ਬਿਲਕੁਲ ਵੀਰਾਨ ਹਨ ਕੇਵਲ ਛੋਟਾ ਘਾਹ ਹੀ ਹੁੰਦਾ ਹੈ ਜਿਸ ਤੇ ਭੇਡਾਂ ਪਾਲੀਆਂ ਜਾਂਦੀਆਂ ਹਨ। ਡਾਊਨਜ਼ ਮੁੱਖ

ਤੌਰ ਤੇ ਇਥੇ ਪਾਏ ਗਏ ਪੂਰਵ-ਇਤਿਹਾਸਕ ਚਿੰਨ੍ਹਾਂ ਕਰਕੇ ਮਸ਼ਹੂਰ ਹੈ। ਇਸ ਪਰਬਤ-ਲੜੀ ਦੀ ਔਸਤ ਚੌੜਾਈ ਲਗਭਗ 10 ਕਿ. ਮੀ. ਅਤੇ ਉੱਚਾਈ ਲਗਭਗ 165 ਮੀ. ਹੈ।

ਹ. ਪੁ.—ਐਨ. ਬ੍ਰਿ. ਮਾ. 4 :204 ; ਹਿੰ. ਵਿ. ਕੋ. 5 : 214 ; ਐਨ. ਅਮੇ. 9 : 321

**ਡਾਊਨ, ਲੀਓਪੋਲਡ ਜੋਜ਼ੈਫ਼** : ਆਸਟ੍ਰੀਆ ਦੇ ਇਸ ਉੱਘੇ ਫ਼ੀਲਡ ਮਾਰਸ਼ਲ ਦਾ ਜਨਮ 24 ਸਤੰਬਰ, 1705 ਨੂੰ ਆਸਟ੍ਰੀਆ ਵਿਚ ਵੀਆਨਾ ਵਿਖੇ ਹੋਇਆ।



ਜੋਜ਼ੈਫ਼ ਲੀਓਪੋਲਡ

ਸੰਨ 1718 ਵਿਚ ਛੋਟੀ ਉਮਰ ਵਿਚ ਹੀ ਇਹ ਆਸਟ੍ਰੀਆ ਵੱਲੋਂ ਸਿਸਲੀ ਨੂੰ ਭੇਜੀ ਮੁਹਿੰਮ ਵਿਚ ਸ਼ਾਮਲ ਹੋ ਗਿਆ ਅਤੇ ਮੈਦਾਨੇ ਜੰਗ ਦਾ ਚੰਗਾ ਤਜਰਬਾ ਹਾਸਲ ਕੀਤਾ। ਇਸ ਤੋਂ ਮਗਰੋਂ ਇਸ ਨੇ 1734-35 ਈ. ਵਿਚ ਇਟਲੀ ਅਤੇ ਰ੍ਹਾਈਨ ਦੀ ਅਤੇ 1737-39 ਵਿਚ ਤੁਰਕੀ ਵਿਰੁੱਧ ਅਤੇ 1740-48 ਈ. ਦੌਰਾਨ ਆਸਟ੍ਰੀਆ ਦੇ ਉਤਰਾਧਿਕਾਰ ਦੇ ਯੁੱਧ ਵਿਚ ਭਾਗ ਲਿਆ। ਹੌਲੀ ਹੌਲੀ ਇਸ ਨੇ ਆਸਟ੍ਰੀਆਈ ਫ਼ੌਜਾਂ ਦਾ ਪੁਨਰਗਠਨ ਕਰਨਾ ਆਰੰਭ ਕੀਤਾ। ਫ਼ੌਜੀਆਂ ਦੀ ਗਿਣਤੀ ਵਿਚ ਵਾਧਾ ਕੀਤਾ, ਉਨ੍ਹਾਂ ਵਿਚ ਅਨੁਸ਼ਾਸਨ ਦੀ ਭਾਵਨਾ ਵਧਾਉਣ ਦੇ ਜਤਨ ਕੀਤੇ ਅਤੇ ਉਨ੍ਹਾਂ ਦੀ ਤਕਨੀਕੀ ਸਿਖਲਾਈ ਅਤੇ ਟ੍ਰੇਨਿੰਗ ਲਈ ਕੈਡਿਟ ਸਕੂਲ ਦੀ ਸਥਾਪਨਾ ਕੀਤੀ। ਸਿੱਟੇ ਵਜੋਂ ਆਸਟ੍ਰੀਆ ਦੀਆਂ ਫ਼ੌਜਾਂ ਪ੍ਰਸ਼ਾਅ ਦੇ ਬਾਦਸ਼ਾਹ ਫਰੈਡਰਿਕ ਦੀ ਗ੍ਰੇਟ ਦੀ ਉਮੀਦ ਤੋਂ ਕਿਧਰੇ ਜ਼ਿਆਦਾ ਤਾਕਤਵਰ ਬਣ ਗਈਆਂ।

ਆਸਟ੍ਰੀਆ ਅਤੇ ਪ੍ਰਸ਼ਾਅ ਦਰਮਿਆਨ ਹੋਣ ਵਾਲੇ ਸੱਤ-ਸਾਲਾ ਜੰਗ ਦੌਰਾਨ ਇਸ ਦੀਆਂ ਲੋੜੋਂ ਵੱਧ ਸਾਵਧਾਨੀ ਵਾਲੀਆਂ ਨੀਤੀਆਂ ਕਾਰਨ ਇਸ ਦੀ ਆਲੋਚਨਾ ਵੀ ਕੀਤੀ ਗਈ। ਜੂਨ 1757, ਵਿਚ ਇਸ ਨੇ ਕਾੱਲੀਨ ਵਿਖੇ ਬਾਦਸ਼ਾਹ ਫਰੈਡਰਿਕ ਦੀਆਂ ਫ਼ੌਜਾਂ ਨੂੰ ਹਰਾਇਆ। ਸੰਨ 1758 ਵਿਚ ਅਤੇ 1759 ਈ. ਵਿਚ ਮੈਕਸਨ ਵਿਖੇ ਪ੍ਰਸ਼ਾਅ ਦੀਆਂ ਫ਼ੌਜਾਂ ਨੂੰ ਹਾਰ ਦਿਤੀ। ਸੰਨ 1760 ਵਿਚ ਟਾੱਰਗੂ ਵਿਖੇ ਇਸ ਦੀ ਹਾਰ ਹੋਈ। ਸੰਨ 1762 ਵਿਚ ਇੰਪੀਰੀਅਲ ਵਾਰ ਕੌਂਸਲ ਦਾ ਪ੍ਰਧਾਨ ਬਣਿਆ। ਇਹ ਅਹੁਦਾ ਸੰਭਾਲਣ ਮਗਰੋਂ ਇਕ ਵਾਰੀ ਮੁੜ ਇਸ ਨੇ ਫ਼ੌਜ ਵਿਚ ਸ਼ਾਨਦਾਰ ਸੁਧਾਰ ਕੀਤੇ ਅਤੇ ਕੈਡਿਟ ਅਕੈਡਮੀ ਨੂੰ ਹੋਰ ਵੀ ਚੰਗਾ ਬਣਾਉਣ ਦਾ ਯਤਨ ਕੀਤਾ।

5 ਫਰਵਰੀ, 1766 ਵਿਚ ਵੀਆਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 903

**ਡਾਊਲੈਂਡ, ਜਾਨ** : ਇਸ ਅੰਗਰੇਜ਼ੀ ਸੰਗੀਤਕਾਰ ਦਾ ਜਨਮ ਸੰਨ 1562-63 ਵਿਚ ਹੋਇਆ ਦੱਸਿਆ ਜਾਂਦਾ ਹੈ। ਇਸ ਦੇ ਬਚਪਨ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਇਸ ਦਾ ਜਨਮ ਆਇਰਲੈਂਡ ਵਿਚ ਕਾਉਂਟੀ ਡਬਲਿਨ ਵਿਖੇ ਜਾਂ ਇੰਗਲੈਂਡ ਵਿਚ ਵੈਸਟਮਿਨਸਟਰ ਵਿਖੇ ਹੋਇਆ। ਵਿਦਿਆ ਪ੍ਰਾਪਤ ਕਰਕੇ ਸੰਨ 1580 ਤੋਂ 1584 ਤੱਕ ਚਾਰ ਸਾਲਾਂ ਲਈ ਇਸ ਨੇ ਅੰਗਰੇਜ਼ ਰਾਜਦੂਤਾਂ ਕੋਲ ਨੌਕਰੀ ਕੀਤੀ। ਇਸ ਸੇਵਾ ਦੌਰਾਨ ਇਹ ਕਈ ਕੈਥੋਲਿਕ ਵਿਅਕਤੀਆਂ ਦੇ ਸੰਪਰਕ ਵਿਚ ਆਇਆ। ਫਿਰ ਇਹ ਇੰਗਲੈਂਡ ਵਾਪਸ ਆ ਗਿਆ। ਸੰਨ 1588 ਵਿਚ ਇਸ ਨੇ ਆੱਕਸਫੋਰਡ ਤੋਂ ਅਤੇ 1597 ਤੋਂ ਪਹਿਲਾਂ ਕੈਂਬਰਿਜ ਤੋਂ ਸੰਗੀਤ ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਇਹ ਯੂਰਪ ਦੇ ਲੰਬੇ ਸਫ਼ਰ ਲਈ ਰਵਾਨਾ ਹੋਇਆ। ਇਸ ਸਫ਼ਰ ਦੌਰਾਨ ਇਹ ਕਈ ਰਾਜ-ਦਰਬਾਰਾਂ ਵਿਚ ਗਿਆ ਜਿਥੇ ਇਹ ਕਈ ਉੱਚ ਕੋਟੀ ਦੇ ਸੰਗੀਤਕਾਰਾਂ ਨੂੰ ਮਿਲਿਆ। ਇਸ ਦੀ ਰੋਮ ਜਾਣ ਦੀ ਬਹੁਤ ਇੱਛਾ ਸੀ ਪਰੰਤੂ ਇਹ ਪੂਰੀ ਨਾ ਹੋ ਸਕੀ। ਕੁਝ ਸਮੇਂ ਲਈ ਇਹ ਇੰਗਲੈਂਡ ਵਾਪਸ ਆ ਗਿਆ। ਸੰਨ 1598 ਵਿਚ ਇਸ ਨੇ ਡੈਨਮਾਰਕ ਦੇ ਕ੍ਰਿਸਚੀਅਨ ਚੌਥੇ ਕੋਲ ਵੀਣਾ ਵਜਾਉਣ ਦੀ ਨੌਕਰੀ ਸ਼ੁਰੂ ਕਰ ਲਈ ਪਰ ਨਾ ਤਸੱਲੀਬਖਸ਼ ਆਚਰਣ ਕਾਰਨ ਸੰਨ 1606 ਵਿਚ ਇਸ ਨੂੰ ਡੈਨਮਾਰਕ ਦੀ ਸੇਵਾ ਚੋਂ ਕੱਢ ਦਿੱਤਾ ਗਿਆ। ਮਗਰੋਂ 1612 ਈ. ਵਿਚ ਕਿੰਗ ਜੇਮਜ਼ ਦੇ ਕੋਲ ਵੀਣਾ ਵਜਾਉਣ ਦੀ ਨੌਕਰੀ ਤੇ ਲੱਗ ਗਿਆ। ਇਸ ਨੇ 90 ਦੇ ਲਗਭਗ ਰਚਨਾਵਾਂ ਪੇਸ਼ ਕੀਤੀਆਂ।

ਸੰਨ 1626 ਵਿਚ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 616; ਐਨ. ਬ੍ਰਿ. ਮਾ. 3 : 647

**ਡਾਇਓ ਕ੍ਰਿਸੱਸਟਮ** : ਇਹ ਯੂਨਾਨੀ ਅਲੰਕਾਰ ਸ਼ਾਸਤਰੀ ਅਤੇ ਦਰਸ਼ਨ ਵਿਗਿਆਨੀ ਸੀ ਜਿਹੜਾ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਕਾਰਨ ਰੋਮ ਅਤੇ ਸਾਰੇ ਰਾਸ਼ਟਰ ਵਿਚ ਬਹੁਤ ਪ੍ਰਸਿੱਧ ਸੀ। ਇਸ ਦਾ ਜਨਮ ਲਗਭਗ 40 ਈ. ਵਿਚ ਬਿਥੀਨੀਆ ਵਿਚ ਪਰੂਸ ਵਿਖੇ ਹੋਇਆ। ਰਾਜਸੀ ਕਾਰਨਾਂ ਕਰਕੇ 82 ਈ. ਵਿਚ ਇਸ ਨੂੰ ਬਿਥੀਨੀਆ ਅਤੇ ਇਟਲੀ ਵਿਚੋਂ ਕੱਢ ਦਿੱਤਾ ਗਿਆ। 14 ਸਾਲ ਇਹ ਪੂਰੀ ਗ਼ਰੀਬੀ ਦੀ ਹਾਲਤ ਵਿਚ ਕਾਲੇ ਸਾਗਰ ਦੇ ਲਾਗੇ ਚਾਗੇ ਘੁੰਮਦਾ ਰਿਹਾ। ਬਾਦਸ਼ਾਹ ਡੋਮੀਟੀਅਸ ਦੀ ਮੌਤ ਨਾਲ ਇਸ ਦੀ ਜਲਾਵਤਨੀ ਦਾ ਅੰਤ ਹੋਇਆ ਅਤੇ ਇਕ ਭਾਸ਼ਣਕਾਰ ਅਤੇ ਫ਼ਿਲਾਸਫ਼ਰ ਵਜੋਂ ਇਸ ਨੇ ਨਵਾਂ ਜੀਵਨ ਆਰੰਭ ਕੀਤਾ।

ਡਾਇਓ ਕ੍ਰਿਸੱਸਟਮ ਦੇ 80 ਭਾਸ਼ਣਾਂ ਦਾ ਸੰਗ੍ਰਹਿ ਅਤੇ ਕੁਝ ਲੇਖ ਅਤੇ ਵਾਰਤਾਲਾਪ ਦੇ ਟੋਟੇ ਬਚੇ ਮਿਲਦੇ ਹਨ। 'On Kingship', 'Olympicus', 'On Aeschylus, Sophocles and Euripides' ਅਤੇ 'Euboicus' ਭਾਸ਼ਣ ਪ੍ਰਸਿੱਧ ਹਨ। 'ਇਊਬੋਇਕਸ' ਵਿਚ ਇਸ ਨੇ ਇਊਬੀਆ ਟਾਪੂ ਉੱਤੇ ਪੇਂਡੂ ਜੀਵਨ ਦਾ ਵਰਣਨ ਕੀਤਾ ਹੈ ਅਤੇ ਇਸ ਕਰਕੇ ਇਸ ਦੀ ਸਮਾਜਕ ਅਤੇ ਆਰਥਕ ਇਤਿਹਾਸ ਪੱਖੋਂ ਬੜੀ ਮਹੱਤਤਾ ਹੈ। ਡਾਇਓ ਨੂੰ ਯੂਨਾਨ ਨਾਲ ਬਹੁਤ ਪਿਆਰ ਸੀ ਅਤੇ ਇਹ ਰੋਮ ਦੀ ਹਕੂਮਤ ਨੂੰ ਸਵੀਕਾਰ ਕਰਦਾ ਸੀ।

112 ਈ. ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 556

**ਡਾਇਓਕਲੀਸ਼ਨ** : ਤੀਜੀ ਸਦੀ ਦੌਰਾਨ ਇਹ ਰੋਮ ਦਾ ਇਕ ਪ੍ਰਸਿੱਧ ਬਾਦਸ਼ਾਹ ਸੀ। ਇਸ ਦਾ ਜਨਮ 245 ਈ. ਵਿਚ ਡੇਲਮੇਸ਼ੀਆ, ਜੋ ਕਿ ਅਜੋਕੇ ਯੂਗੋਸਲਾਵੀਆ ਵਿਚ ਹੈ, 'ਚ ਸਾਲੋਨਾ ਵਿਖੇ ਇਕ ਮਾਮੂਲੀ ਜਿਹੇ ਘਰਾਣੇ ਵਿਚ ਹੋਇਆ। ਇਸ ਦਾ ਮੁੱਢਲਾ ਨਾਉਂ

ਡਾਇਓਕਲੀਸ ਸੀ। ਫ਼ੌਜ ਵਿਚ ਵੱਡਾ ਅਫ਼ਸਰ ਬਣਨ ਉਪਰੰਤ ਹੀ ਇਸ ਨੇ ਆਪਣਾ ਨਾਉਂ ਡਾਇਓਕਲੀਸ਼ਨ ਰੱਖ ਲਿਆ। ਆਪਣੇ ਜੀਵਨ ਦੇ ਮੁੱਢਲੇ ਵਰ੍ਹੇ ਇਸ ਨੇ ਗਾੱਲ ਵਿਖੇ ਸੈਨਿਕ ਕੈਂਪਾਂ ਵਿਚ ਗੁਜ਼ਾਰੇ। ਬਾਅਦ ਵਿਚ ਰੋਮਨ ਬਾਦਸ਼ਾਹ ਕਾਰੀਨਸ ਦੇ ਅੰਗ-ਰੱਖਿਅਕਾਂ ਵਿਚ ਸ਼ਾਮਲ ਕਰ ਦਿੱਤਾ ਗਿਆ। ਇਹ ਉਨ੍ਹਾਂ ਬਹਾਦਰ ਸੂਰਮਿਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਬਾਦਸ਼ਾਹ ਨੇ ਈਰਾਨੀਆਂ ਵਿਰੁੱਧ ਲੜਨ ਲਈ ਤਿਆਰ ਕੀਤਾ ਸੀ।

ਸੰਨ 284 ਵਿਚ ਬਾਦਸ਼ਾਹ ਕਾਰੀਨਸ ਦੇ ਸਹਿ-ਬਾਦਸ਼ਾਹ ਅਤੇ ਹੇਰਾ ਨੁਮੈਰੀਅਨ ਦੇ ਕਤਲ ਹੋ ਜਾਣ ਤੇ, ਸਿਪਾਹੀਆਂ ਨੇ ਡਾਇਓਕਲੀਸ਼ਨ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਬਾਦਸ਼ਾਹ ਬਣ ਕੇ ਇਸ ਨੇ 'ਐਪਰ' ਜਿਸ ਉੱਤੇ ਨੁਮੈਰੀਅਨ ਨੂੰ ਕਤਲ ਕਰਨ ਦਾ ਸ਼ੱਕ ਸੀ, ਨੂੰ ਆਪਣੇ ਹੱਥੀਂ ਕਤਲ ਕਰ ਦਿੱਤਾ ਪਰ ਇਸ ਦਾ ਰਾਜ ਸਿਰਫ ਏਸ਼ੀਆ ਮਾਈਨਰ ਅਤੇ ਸੀਰੀਆ ਤੱਕ ਹੀ ਸੀਮਿਤ ਸੀ ਅਤੇ ਬਾਕੀ ਦੇ ਰਾਜ ਉੱਤੇ ਬਾਦਸ਼ਾਹ ਕਾਰੀਨਸ ਦਾ ਹੀ ਰਾਜ ਸੀ। ਸੰਨ 285 ਵਿਚ ਰਾਜ-ਪ੍ਰਾਪਤੀ ਲਈ ਇਨ੍ਹਾਂ ਦੋਹਾਂ ਭਰਾਵਾਂ ਵਿਚਕਾਰ ਲੜਾਈ ਹੋ ਗਈ। ਕਾਰੀਨਸ ਦੇ ਆਪਣੇ ਅਫ਼ਸਰ ਨੇ ਹੀ ਉਸ ਦਾ ਕਤਲ ਕਰ ਦਿੱਤਾ ਅਤੇ ਡਾਇਓਕਲੀਸ਼ਨ ਸਾਰੇ ਰੋਮ ਦਾ ਬਾਦਸ਼ਾਹ ਬਣ ਗਿਆ।

ਬਾਦਸ਼ਾਹ ਬਣਨ ਉਪਰੰਤ ਇਸ ਨੇ ਆਪਣੇ ਰਾਜ ਨੂੰ ਮਜ਼ਬੂਤ ਅਤੇ ਸੁਰੱਖਿਅਤ ਬਣਾਉਣ ਲਈ ਹਰ ਖੇਤਰ ਵਿਚ ਕਈ ਤਬਦੀਲੀਆਂ ਅਤੇ ਸੁਧਾਰ ਕੀਤੇ। ਵਿਸ਼ਾਲ ਸਾਮਰਾਜ ਨੂੰ ਸਹੀ ਢੰਗ ਨਾਲ ਚਲਾਉਣ ਲਈ ਇਸ ਨੇ ਚੌਕੜੀਰਾਜ ਦੇ ਦੋ ਵੱਡੇ ਬਾਦਸ਼ਾਹ ਅਤੇ ਦੋ ਛੋਟੇ ਬਾਦਸ਼ਾਹ ਸਥਾਪਿਤ ਕੀਤੇ। ਇਸ ਪੱਖ ਤੋਂ 285 ਈ. ਵਿਚ ਇਸ ਨੇ ਮੈਕਸਿਮੀਅਨ, ਜੋ ਕਿ ਇਕ ਅਲਿਰੀਅਨ ਸੀ, ਨੂੰ ਸੀਜ਼ਰ (ਛੋਟਾ ਬਾਦਸ਼ਾਹ) ਦਾ ਪਦ ਦਿੱਤਾ ਅਤੇ ਉਸ ਨੂੰ ਰਾਜ ਦੇ ਪੱਛਮੀ ਹਿੱਸੇ ਦੀ ਦੇਖ-ਰੇਖ ਸੌਂਪ ਦਿੱਤੀ ਅਤੇ ਜਰਮਨੀ ਵਲੋਂ ਹੋਣ ਵਾਲੇ ਹਮਲਿਆਂ ਨੂੰ ਰੋਕਣ ਲਈ ਇਸ ਨੂੰ ਉੱਤਰੀ ਇਟਲੀ ਵਿਚ ਮਿਲਨ ਵਿਖੇ ਭੇਜਿਆ। ਬਾਦਸ਼ਾਹ ਆਪ ਪੱਛਮੀ ਅਨਾਤੋਲੀਆ ਵਿਚ ਨਿਕਾਮੀਡੀਆ ਵਿਚ ਰਿਹਾ ਤਾਂ ਕਿ ਪੂਰਬੀ ਹਿੱਸੇ ਵਿਚ ਫ਼ਾਰਸ ਦੀ ਹੱਦ ਤੇ ਪੂਰੀ ਨਿਗਰਾਨੀ ਰੱਖੀ ਜਾ ਸਕੇ।

ਸੰਨ 293 ਵਿਚ ਇਸ ਨੇ ਆਗਸਟੱਸ ਦਾ ਖ਼ਿਤਾਬ ਧਾਰਨ ਕੀਤਾ ਤੇ ਫ਼ੌਜਾਂ ਦੇ ਕਹਿਣ ਤੇ ਮੈਕਸਿਮੀਅਨ ਨੂੰ ਵੀ ਆਗਸਟੱਸ ਮੰਨ ਲਿਆ। ਹੁਣ ਇਸ ਨੇ ਆਪਣੇ ਪੂਰਬ ਦੇ ਰਾਜ ਲਈ ਗਾਲੇਰੀਅਸ ਨੂੰ ਸੀਜ਼ਰ ਬਣਾ ਲਿਆ ਅਤੇ ਕਾੱਨਸਟੈਂਟੀਅਸ ਪਹਿਲੇ ਕਲੋਰਸ ਨੂੰ ਵੀ ਮੈਕਸਿਮੀਅਨ ਦਾ ਸੀਜ਼ਰ ਬਣਾਇਆ ਪਰ ਆਪਣਾ ਅਹੁਦਾ ਇਸ ਨੇ ਸਭ ਤੋਂ ਉਪਰ ਰੱਖਿਆ। ਪ੍ਰਾਂਤਕ ਗਵਰਨਰਾਂ ਦੀ ਤਾਕਤ ਨੂੰ ਘੱਟ ਕਰਨ ਲਈ ਪ੍ਰਾਂਤਾਂ ਨੂੰ ਅੱਗੋਂ ਫਿਰ ਵੰਡ ਦਿੱਤਾ। ਸੈਨੇਟ ਦੀ ਤਾਕਤ ਨੂੰ ਵੀ ਇਸਨੇ ਕਾਫ਼ੀ ਘਟਾ ਦਿੱਤਾ ਅਤੇ ਇੰਜ ਇਹ ਆਪ ਇਕ ਖ਼ੁਦ-ਮੁਖ਼ਤਿਆਰ ਬਾਦਸ਼ਾਹ ਬਣ ਗਿਆ। ਇਸ ਨੇ ਫ਼ੌਜ ਵਿਚ ਵੀ ਕਈ ਸੁਧਾਰ ਕੀਤੇ। ਯੋਗ ਫ਼ੌਜੀਆਂ ਦੀ ਗਿਣਤੀ ਵਿਚ ਵਾਧਾ ਕੀਤਾ ਅਤੇ ਫ਼ੌਜਾਂ ਨੂੰ ਪੁਨਰ-ਸੰਗਠਤ ਕੀਤਾ। ਸਥਾਨਕ ਫ਼ੌਜੀ ਟੁਕੜੀਆਂ ਨੂੰ ਵੀ ਸਰਹੱਦਾਂ ਤੇ ਭੇਜਿਆ। 20 ਸਾਲ ਦੀ ਨੌਕਰੀ ਤੋਂ ਬਾਅਦ ਫ਼ੌਜੀਆਂ ਨੂੰ ਸੇਵਾ-ਮੁਕਤ ਕਰਨ ਦਾ ਨਿਯਮ ਬਣਾਇਆ। ਚੰਗੇ ਫ਼ੌਜੀ ਪ੍ਰਬੰਧ ਕਰਕੇ ਬਗ਼ਾਵਤਾਂ ਅਤੇ ਬਾਹਰੀ ਹਮਲਿਆਂ ਤੋਂ ਦੇਸ਼ ਨੂੰ ਮੁਕਤ ਰੱਖਿਆ। ਲੋਕਾਂ ਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਚੀਜ਼ਾਂ ਦੀਆਂ ਕੀਮਤਾਂ ਘੱਟ ਕੀਤੀਆਂ। ਉਨ੍ਹਾਂ ਨੂੰ ਕਰ ਨੂੰ ਜਿਨਸ ਦੇ ਰੂਪ ਵਿਚ ਦੇਣ ਦੀ ਛੋਟ ਦਿੱਤੀ ਗਈ। ਖੇਤੀਯੋਗ ਜ਼ਮੀਨ 'ਤੇ ਅਤੇ ਲੋਕਾਂ ਉੱਤੇ ਕਰ ਵੀ ਲਾਏ। ਹਰ ਪੰਜ ਸਾਲਾਂ ਮਗਰੋਂ ਇਨ੍ਹਾਂ ਸਾਰੀਆਂ ਦੀ ਮੁੜ ਪੜਤਾਲ ਕੀਤੀ ਜਾਂਦੀ ਸੀ। ਮੁੜ ਇਕੋ ਹੀ ਵਜ਼ਨ ਦੇ ਸੋਨੇ ਅਤੇ ਚਾਂਦੀ ਦੇ ਸਿੱਕੇ ਜਾਰੀ ਕੀਤੇ। ਕਾਂਸੀ ਦੇ ਸਿੱਕੇ ਵੀ ਸ਼ੁਰੂ ਕੀਤੇ। ਰੋਜ਼ਾਨਾ ਦੇ ਲੈਣ-ਦੇਣ ਲਈ ਛੋਟੇ (ਛੋਟੀ ਰਕਮ ਵਾਲੇ) ਸਿੱਕੇ ਜਾਰੀ ਕੀਤੇ। ਚੋਰ-ਬਾਜ਼ਾਰੀ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਮੁਕੱਰਰ ਕੀਤੀਆਂ।



ਡਾਇਓਕਲੀਸ਼ਨ

ਇਹ ਈਸਾਈਆਂ ਦਾ ਕੱਟੜ ਵਿਰੋਧੀ ਸੀ। ਇਸ ਨੇ ਉਨ੍ਹਾਂ ਉਪਰ ਕਾਫ਼ੀ ਜ਼ੁਲਮ ਵੀ ਕੀਤੇ। ਇਹ ਆਦਿ ਬਹੁ-ਦੇਵ ਧਰਮ ਨੂੰ ਮੁੜ ਪ੍ਰਚਲਿਤ ਕਰਨ ਦੇ ਹੱਕ ਵਿਚ ਸੀ।

ਸੰਨ 304 ਵਿਚ ਇਹ ਕਾਫ਼ੀ ਬੀਮਾਰ ਹੋ ਗਿਆ। ਇਸ ਕਾਰਨ 1 ਮਈ, 305 ਵਿਚ ਮੈਕਸਿਮੀਅਨ ਨੂੰ ਜ਼ਿੰਮੇਵਾਰੀ ਸੰਭਾਲ ਕੇ ਇਸ ਨੇ ਰਾਜ-ਗੱਦੀ ਛੱਡ ਦਿੱਤੀ ਅਤੇ ਐਡਰਿਆਟਕ ਸਾਗਰ ਦੇ ਤੱਟ ਉੱਤੇ ਸਪਲਿਟ ਵਿਖੇ ਆਪਣੇ ਬਣਾਏ ਆਲੀਸ਼ਾਨ ਮਹਿਲ ਵਿਚ ਰਹਿਣ ਲੱਗ ਪਿਆ ਪਰ ਇਸ ਤੋਂ ਪਿੱਛੋਂ ਜਲਦੀ ਹੀ ਰਾਜ ਵਿਚ ਕਾਫ਼ੀ ਗੜਬੜ ਫੈਲ ਗਈ ਅਤੇ ਗੱਦੀ-ਨਸ਼ੀਨੀ ਲਈ ਜੱਦੋਜਹਿਦ ਸ਼ੁਰੂ ਹੋ ਗਈ। ਇਸ ਦੇ ਅੰਤਲੇ ਸਾਲ ਉਦਾਸੀ ਵਿਚ ਬੀਤੇ। ਸੰਨ 316 ਵਿਚ ਸਾਲੋਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 105; ਐਨ. ਅਮੈ. 9: 132 ; ਕੋਲ. ਐਨ. 6 : 282

**ਡਾਇਓਡੋਟਸ (ਪਹਿਲਾ)** : ਇਹ ਬਾਖ਼ਤਰੀਆ ਦੇ ਸਿਲੋਕਸੀ ਪ੍ਰਾਂਤ ਦਾ ਗਵਰਨਰ ਸੀ ਜਿਸਨੇ ਇਸੇ ਹੀ ਨਾਂ ਦੇ ਆਪਣੇ ਲੜਕੇ ਨਾਲ ਮਿਲਕੇ ਬਾਖ਼ਤਰੀਆ ਦੀ ਯੂਨਾਨੀ ਬਾਦਸ਼ਾਹਤ ਕਾਇਮ ਕੀਤੀ। ਬਗ਼ਾਵਤ ਕਰਨ ਉਪਰੰਤ ਇਹ 250 ਈ. ਦੌਰਾਨ ਬਾਦਸ਼ਾਹ ਬਣਿਆ। ਇਸ ਤੋਂ ਪਹਿਲਾਂ ਡਾਇਓਡੋਟਸ ਸਿਲੋਕਸੀ ਦੇ ਬਾਦਸ਼ਾਹ ਐਂਟੀਓਕਸ ਪਹਿਲੇ ਅਤੇ ਦੂਜੇ ਦੇ ਅਧੀਨ ਰਿਹਾ। ਇਸ ਦੇ ਰਾਜ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਕੁਝ ਇਤਿਹਾਸਕਾਰਾਂ ਅਨੁਸਾਰ ਸਿਲੋਕਸੀ ਬਾਦਸ਼ਾਹ, ਸਿਲੋਕਸ ਦੂਜੇ ਨੇ ਇਸ ਨਾਲ ਮਿੱਤਰਤਾ ਪਾਉਣ ਲਈ ਇਸ ਨਾਲ ਆਪਣੀ ਭੈਣ ਦਾ ਵਿਆਹ ਕਰ ਦਿੱਤਾ। ਸੰਨ 246 ਦੇ ਕਰੀਬ ਸਿਲੋਕਸੀ ਬਾਦਸ਼ਾਹਤ ਖ਼ਤਰੇ ਵਿਚ ਪੈਣ ਤੇ ਇਸ ਦਾ ਪੁੱਤਰ ਡਾਇਓਡੋਟਸ ਦੂਜਾ ਬਾਦਸ਼ਾਹ ਬਣਿਆ ਅਤੇ ਡਾਇਓਡੋਟਸ ਪਹਿਲੇ ਦੀ ਮੌਤ ਉਪਰੰਤ ਉਹ ਆਪਣੇ ਕਬੀਲੇ ਦੇ ਨਾਂ ਸਾਟਰ ਵਜੋਂ ਪ੍ਰਸਿੱਧ ਹੋਇਆ।

ਹ. ਪੁ.—ਐਨ. ਬ੍ਰਿ. ਮਾ. 4 :107

**ਡਾਇਓਡੋਟਸ (ਦੂਜਾ)** : ਇਹ ਸਿਲੋਕਸੀ ਬਾਦਸ਼ਾਹ ਡਾਇਓਡੋਟਸ ਪਹਿਲੇ ਦਾ ਪੁੱਤਰ ਸੀ ਅਤੇ ਤੀਜੀ ਸਦੀ ਈ. ਪੂ. ਦੇ

ਅੰਤਲੇ ਵਰ੍ਹਿਆਂ ਵਿਚ ਗੱਦੀ ਉੱਤੇ ਬੈਠਾ। ਇਸ ਦੇ ਪਿਤਾ ਦੀ ਸੁਤੰਤਰ ਬਾਦਸ਼ਾਹਤ ਬਾਰੇ ਭਾਵੇਂ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਸਨੇ ਇਕ ਆਜ਼ਾਦ ਬਾਦਸ਼ਾਹ ਦੇ ਰੂਪ ਵਿਚ ਰਾਜ ਕੀਤਾ ਅਤੇ ਆਪਣੇ ਪਿਤਾ ਤੋਂ ਉਲਟ ਸਿਲੋਕਸ ਦੂਜੇ ਦੇ ਵਿਰੁੱਧ ਪਾਰਥੀਆਂ ਨਾਲ ਸਮਝੌਤੇ ਵਿਚ ਬਾਖ਼ਤਰੀਆ ਬਾਦਸ਼ਾਹਤ ਦੀ ਆਜ਼ਾਦੀ ਦਾ ਦਾਅਵਾ ਕੀਤਾ। ਸੰਨ 235 ਦੇ ਲਗਭਗ ਇਸ ਨੂੰ ਯੂਥਿਡਾਮਸ ਨੇ ਗੱਦੀ ਤੋਂ ਲਾਹ ਦਿੱਤਾ।

ਹ. ਪੁ.—ਐਨ. ਬ੍ਰਿ. ਮਾ. 4 : 107

**ਡਾਇਓਡੋਰਸ ਸਿਕੁਲਸ** : ਇਹ ਇਕ ਯੂਨਾਨੀ ਇਤਿ- ਹਾਸਕਾਰ ਸੀ ਜਿਹੜਾ ਪਹਿਲੀ ਸਦੀ ਈ. ਪੂ. ਦੌਰਾਨ ਹੋਇਆ। ਇਹ ਇਟਲੀ ਦੇ ਕੇਂਦਰੀ ਸਿਸਲੀ ਰਾਜ ਦੇ ਅਜਿਰੀਅਮ ਕਮਿਊਨ ਵਿਖੇ ਜੰਮਿਆ ਤੇ ਰੋਮ ਦੇ ਸਿਕੰਦਰੀਆ ਸ਼ਹਿਰ ਵਿਚ ਇਸ ਨੇ ਆਪਣਾ ਜੀਵਨ ਬਿਤਾਇਆ। ਇਸ ਨੂੰ ਮਿਥਿਹਾਸਕ ਯੁੱਗ ਤੋਂ ਲੈ ਕੇ 54 ਈ. ਪੂ. ਤੱਕ ਦਾ ਇਤਿਹਾਸ ਲਿਖਣ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਇਸ ਦੇ ਇਤਿਹਾਸ ਦੇ 40 ਅਧਿਆਇ ਸਨ ਅਤੇ ਇਹ ਤਿੰਨ ਭਾਗਾਂ'ਚ ਵੰਡਿਆ ਹੋਇਆ ਸੀ। ਇਨ੍ਹਾਂ ਵਿਚੋਂ ਪਹਿਲੇ ਪੰਜ ਅਤੇ 11 ਤੋਂ 20 ਤੱਕ ਦੇ ਅਧਿਆਇ ਪ੍ਰਚਲਿਤ ਹਨ। ਇਸ ਦਾ ਇਤਿਹਾਸ ਭਾਵੇਂ ਪੂਰਬਲੇ ਇਤਿਹਾਸਕਾਰਾਂ ਤੇ ਹੀ ਨਿਰਭਰ ਹੈ ਪਰ ਇਸ ਨੂੰ ਲਿਖਣ ਵਿਚ ਵਰਤੀ ਗਈ ਕਾਲ-ਭੂਮਿਕਾ ਵਿਉਂਤ ਡਾਇਆਡੋਰਸ ਦੀ ਆਪਣੀ ਨਿੱਜੀ ਹੈ ਜਿਸ ਵਿਚ ਮੱਧ-ਪੂਰਬ-ਯੂਨਾਨ ਅਤੇ ਰੋਮ ਦੇਸ਼ ਸ਼ਾਮਲ ਹਨ।

ਹ. ਪੁ.—ਐਨ. ਅਮੈ. 9 : 133

**ਡਾਇਓਡੋਰਸ ਕ੍ਰੋਨਸ** : ਇਹ ਤੁਰਕੀ ਦਾ ਫ਼ਿਲਾਸਫ਼ਰ ਸੀ ਜਿਹੜਾ ਮਿਗਾਰਾ ਪੰਥ ਨਾਲ ਸਬੰਧ ਰੱਖਦਾ ਸੀ। ਇਹ ਚੌਥੀ ਸਦੀ ਈਸਵੀ ਪੂਰਵ ਦੌਰਾਨ ਐਨਾਤੋਲੀਆ ਦੇ ਕੈਰੀਆ ਡਿਵੀਜ਼ਨ ਵਿਚ ਇਆਸਸ ਵਿਖੇ ਹੋਇਆ। ਆਪਣੇ ਗੁਰੂ ਅਪੱਲੋਨੀਅਸ ਦੁਆਰਾ ਇਸ ਦੇ ਸਬੰਧ ਪ੍ਰਸਿੱਧ ਯੂਨਾਨੀ ਫ਼ਿਲਾਸਫ਼ਰ ਇਊਬੁਲੀਡੀਜ਼ ਨਾਲ ਕਾਇਮ ਹੋਏ। ਇਨ੍ਹਾਂ ਤਿੰਨਾਂ ਨੇ ਮਿਲ ਕੇ ਮਿਗਾਰਾ ਪੰਥ ਦੀ ਸਾਖ਼ ਕਾਇਮ ਕੀਤੀ ਜੋ ਤਰਕ ਸ਼ਾਸਤਰ ਦੇ ਪੱਖੋਂ ਬਹੁਤ ਮਜ਼ਬੂਤ ਸੀ। ਤੀਜੀ ਸਦੀ ਈਸਵੀ ਦਾ ਯੂਨਾਨੀ ਇਤਿਹਾਸਕਾਰ ਡਾਇਓਜੀਨੀਜ਼ ਲੇਅਰਟੀਅਸ ਲਿਖਦਾ ਹੈ ਕਿ ਟੱਲਮੀ ਸੋਤਰ ਦੇ ਦਰਬਾਰ ਵਿਚ ਡਾਇਓਡੋਰਸ ਇਕ ਤਰਕਪੂਰਨ ਸਮੱਸਿਆ ਦਾ ਹੱਲ ਨਾ ਦੱਸ ਸਕਣ ਕਾਰਨ ਆਪਣੀ ਅਸਫ਼ਲਤਾ ਤੇ ਬਹੁਤ ਹੀ ਮਾਯੂਸ ਹੋਇਆ ਅਤੇ ਸ਼ਰਮ ਕਾਰਨ 307 ਈ. ਪੂ. ਵਿਚ ਇਸ ਦੀ ਮੌਤ ਹੋ ਗਈ।

ਡਾਇਓਡੋਰਸ ਦੀ ਕੋਈ ਵੀ ਲਿਖਤ ਸੰਪੂਰਨ ਰੂਪ ਵਿਚ ਨਹੀਂ ਮਿਲਦੀ, ਸਗੋਂ ਹੋਰ ਪ੍ਰਾਚੀਨ ਫ਼ਿਲਾਸਫ਼ਰਾਂ ਦੀਆਂ ਕ੍ਰਿਤਾਂ ਵਿਚੋਂ ਹੀ ਇਸ ਸਬੰਧੀ ਸਮਗਰੀ ਉਪਲੱਬਧ ਹੈ।

ਹ. ਪੁ.—ਐਨ. ਬ੍ਰਿ. ਮਾ. 3 : 557

**ਡਾਇਓਨਾਈਸਸ** : ਯੂਨਾਨੀ ਮਿਥਿਹਾਸ ਅਨੁਸਾਰ ਇਹ ਉਤਪਾਦਨ ਤੇ ਬਨਸਪਤੀ ਅਤੇ ਖ਼ਾਸ ਤੌਰ ਤੇ ਸ਼ਰਾਬ ਅਤੇ ਵਿਸਮਾਦ ਦਾ ਦੇਵਤਾ ਹੈ। ਇਸ ਲਈ ਇਸ ਨੂੰ ਬੈਕਸ ਦੇਵਤਾ ਜਾਂ ਮਦਿਰਾ ਦੇਵ (ਸ਼ਰਾਬ ਦਾ ਦੇਵਤਾ) ਕਿਹਾ ਜਾਂਦਾ ਹੈ। ਬੈਕਸ ਤੋਂ ਇਲਾਵਾ ਇਸ ਦੇ ਹੋਰ ਨਾਂ ਸੈਬਾਜ਼ੀਅਸ ਅਤੇ ਬੈਸਾਰੀਅਸ ਵੀ ਹਨ। ਇਸੇ ਤਰ੍ਹਾਂ ਇਸ ਦੇ ਜਨਮ, ਮਰਨ ਅਤੇ ਵਿਆਹ ਸਬੰਧੀ ਕਈ ਵਚਿੱਤਰ ਗਾਥਾਵਾਂ ਦਾ ਵਰਣਨ ਕੀਤਾ ਗਿਆ ਹੈ। ਸਭ ਤੋਂ ਵੱਧ ਪ੍ਰਚੱਲਤ ਰਵਾਇਤ ਅਨੁਸਾਰ ਇਹ ਜ਼ਿਊਸ ਦਾ ਪੁੱਤਰ ਸੀ ਅਤੇ ਇਸ ਦਾ ਜਨਮ ਥੀਬਜ਼ ਵਿਖੇ ਹੋਇਆ। ਇਸ ਦੀ ਮਾਂ ਸੈਮਲੀ ਥੀਬਜ਼ ਦੇ ਰਾਜੇ ਕੈਡਮਸ ਦੀ ਧੀ ਸੀ ਪਰ ਮੂਲ ਰੂਪ ਵਿਚ ਉਹ ਫ਼੍ਰੀਜ਼ੀਆ ਦੀ ਭੌਂ-ਦੇਵੀ ਸੀ। ਮਿਥਿਹਾਸ ਅਨੁਸਾਰ ਜ਼ਿਊਸ ਦੀ ਪਤਨੀ ਹੇਰਾ ਨੇ ਈਰਖਾ ਵੱਸ ਹੋ ਕੇ ਸੈਮਲੀ ਨੂੰ ਚੁੱਕ ਦਿੱਤੀ ਕਿ ਉਹ ਆਪਣੇ ਪਿਆਰੇ ਦੇ ਦੇਵਤਵ ਨੂੰ ਪਰਖਣ ਲਈ ਉਸ ਨੂੰ ਆਪਣੇ ਅਸਲੀ ਰੂਪ ਵਿਚ ਆਉਣ ਲਈ ਬੇਨਤੀ ਕਰੇ। ਜ਼ਿਊਸ ਨੇ ਆਪਣੀ ਪ੍ਰੇਮਿਕਾ ਦੀ ਇੱਛਾ ਪੂਰੀ ਕੀਤੀ ਅਤੇ ਬਿਜਲੀ (ਰੌਸ਼ਨੀ) ਦਾ ਦੇਵਤਾ ਹੋਣ ਦੇ ਨਾਤੇ ਇਹ ਆਪਣੀ ਤੇਜ਼ ਲਿਸ਼ਕੋਰ ਵਿਚ ਆ ਗਿਆ। ਇਹ ਲਿਸ਼ਕੋਰ ਇਤਨੀ ਤੇਜ਼ ਸੀ ਕਿ ਸੈਮਲੀ ਨਾਸ਼ਵਾਨ ਜੀਵ ਹੋਣ ਦੇ ਨਾਤੇ ਝੱਲ ਨਾ ਸਕੀ ਤੇ ਉਸ ਦੀ ਮੌਤ ਹੋ ਗਈ। ਡਾਇਓਨਾਈਸਸ ਉਸ ਸਮੇਂ ਗਰਭ ਵਿਚ ਸੀ ਪਰ ਜ਼ਿਊਸ ਨੇ ਆਪਣੀ ਤਾਕਤ ਨਾਲ ਆਪਣੇ ਪੁੱਤਰ ਨੂੰ ਬਚਾ ਲਿਆ ਅਤੇ ਆਪਣੇ ਪੱਟ ਨਾਲ ਸਿਉਂ ਕੇ ਰੱਖ ਲਿਆ। ਦਿਨ ਪੁੱਗਣ ਤੇ (ਪ੍ਰੋੜ ਹੋਣ ਤੇ) ਇਸ ਦਾ ਜਨਮ ਹੋਇਆ। ਇਸੇ ਲਈ ਉਸ ਨੂੰ ਦੋ ਵਾਰ ਪੈਦਾ ਹੋਇਆ ਦੱਸਿਆ ਜਾਂਦਾ ਹੈ। ਇਸ ਦਾ ਪਾਲਣ-ਪੋਸ਼ਣ ਨਈਸਾ ਦੀਆਂ ਪਰੀਆਂ ਨੇ ਕੀਤਾ ਜੋ ਕਿ ਬਿਲਕੁਲ ਕਾਲਪਨਿਕ ਥਾਂ ਹੈ।

ਜਦੋਂ ਡਾਇਓਨਾਈਸਸ ਵੱਡਾ ਹੋਇਆ ਤਾਂ ਇਸ ਨੇ ਲੋਕਾਂ ਨੂੰ ਅੰਗੂਰਾਂ ਦੀ ਖੇਤੀ ਬਾਰੇ ਸਮਝਾਉਣ ਲਈ ਅਤੇ ਆਪਣੀ ਸ਼ੁਹਰਤ ਵਧਾ ਕੇ ਪੂਜਾ ਕਰਵਾਉਣ ਲਈ ਸਾਰੀ ਦੁਨੀਆ ਦਾ ਦੌਰਾ ਕੀਤਾ। ਇਸ ਪ੍ਰਚਾਰ ਦੇ ਦੌਰਾਨ ਇਸ ਦੀ ਵਿਰੋਧਤਾ ਹੋਣ ਲੱਗੀ ਕਿਉਂਕਿ ਇਸ ਦੀ ਪ੍ਰੇਰਣਾ ਨਾਲ ਔਰਤਾਂ ਸ਼ਰਾਬ ਪੀ ਕੇ ਰੰਗਰਲੀਆਂ ਵਿਚ ਉਲਝ ਗਈਆਂ ਸਨ। ਇਸ ਦੇ ਆਪਣੇ ਹੀ ਦੇਸ਼ ਵਿਚ ਥੀਬਜ਼ ਦੇ ਰਾਜੇ ਪੈਂਥੀਅਸ ਨੇ ਇਨ੍ਹਾਂ ਰੰਗਰਲੀਆਂ ਵਾਲੀਆਂ ਰਸਮਾਂ ਦੀ ਵਿਰੋਧਤਾ ਕੀਤੀ ਅਤੇ ਜਦੋਂ ਉਹ ਲੁਕ ਕੇ ਇਨ੍ਹਾਂ ਦੀਆਂ ਹਰਕਤਾਂ ਦੀ ਸੂਹ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਨਸ਼ੇ ਵਿਚ ਇਸ ਦੀ ਆਪਣੀ ਹੀ ਮਾਂ ਹੱਥੋਂ ਇਸਦਾ ਕਤਲ ਹੋ ਗਿਆ ਜਿਸਨੇ ਇਸਨੂੰ ਪਸ਼ੂ ਦੇ ਭੁਲੇਖੇ ਟੋਟੇ ਟੋਟੇ ਕਰ ਦਿੱਤਾ।

ਇਸੇ ਤਰ੍ਹਾਂ ਥ੍ਰੇਸੀਆਈ ਰਾਜੇ (ਲਾਈਕਰਗਸ) ਨਾਲ ਵਾਪਰਿਆ। ਉਸ ਦੇ ਹਮਲੇ ਤੋਂ ਬਚਣ ਲਈ ਇਸ ਨੇ ਖੂਹ ਵਿਚ ਛਾਲ ਮਾਰ ਦਿੱਤੀ। ਜ਼ਿਊਸ ਨੇ ਰਾਜੇ ਨੂੰ ਅੰਨ੍ਹਾ ਕਰ ਦਿੱਤਾ ਤੇ ਉਹ ਪਾਗ਼ਲ ਹੋ ਗਿਆ। ਉਸ ਨੇ ਅੰਗੂਰ ਦੀ ਵੇਲ ਦੇ ਭੁਲੇਖੇ ਆਪਣਾ ਪੁੱਤਰ ਹੀ ਕਤਲ ਕਰ ਦਿੱਤਾ ਤੇ ਆਪ ਜਲਦੀ ਮਰ ਗਿਆ।

ਮਿਨਿਆਸ ਦੀਆਂ ਤਿੰਨ ਧੀਆਂ ਨੇ ਰਾਤ ਵਾਲੀਆਂ ਰੰਗਰਲੀਆਂ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਇਹ ਪਾਗ਼ਲ ਹੋ ਗਈਆਂ ਤੇ ਉਨ੍ਹਾਂ ਵਿਚੋਂ ਇਕ ਦੇ ਪੁੱਤਰ ਨੇ ਉਨ੍ਹਾਂ ਸਾਰੀਆਂ ਨੂੰ ਕੱਢ ਦਿੱਤਾ ਤੇ ਉਹ ਤਿੰਨੇ ਪੰਛੀ ਜਾਂ ਚਮਗਿਦੜਾਂ ਦੀ ਜੂਨ ਵਿਚ ਪਾ ਦਿੱਤੀਆਂ ਗਈਆਂ।

ਇਸੇ ਤਰ੍ਹਾਂ ਏਥਨਜ਼ ਵਾਸੀਆਂ ਨੇ ਇਸ ਫ਼ਿਰਕੇ ਦੀ ਬਹੁਤ ਨਿੰਦਾ ਕੀਤੀ। ਇਸ ਬਦਨਾਮੀ ਦੇ ਬਦਲੇ ਉਨ੍ਹਾਂ ਨੇ ਸਜ਼ਾ ਦੇ ਤੌਰ ਤੇ ਮਰਦਾਂ ਨੂੰ ਨਿਪੁੰਸਕ ਬਣਾ ਦਿੱਤਾ। ਔਰਤਾਂ ਨੇ ਆਪਣੇ ਟੱਬਰ-ਟੀਹਰਾਂ ਨੂੰ ਛੱਡ ਦਿੱਤਾ। ਉਨ੍ਹਾਂ ਨੇ ਬਦਾਮੀ ਰੰਗ ਦੀਆਂ ਖੱਲਾਂ ਪਹਿਨ ਕੇ ਇਸ਼ਕ-ਪੇਚੇ ਦੇ ਤਾਜ ਬੰਨ੍ਹ ਲਏ। ਆਪਣੇ ਧਰਮ ਦੀ ਮਰਿਆਦਾ ਅਨੁਸਾਰ ਇਉਈ ਦੀਆਂ ਆਵਾਜ਼ਾਂ ਪਹਾੜਾਂ ਵੱਲ ਤੁਰ ਪਈਆਂ। ਉਨ੍ਹਾਂ ਨੇ ਹੱਥਾਂ ਵਿਚ ਅੰਗੂਰਾਂ ਦੀਆਂ ਵੇਲਾਂ ਲਪੇਟ ਕੇ ਬਣਾਈਆਂ ਹੋਈਆਂ ਸੋਟੀਆਂ ਫੜੀਆਂ ਹੁੰਦੀਆਂ ਸਨ ਤੇ ਉਹ ਬੰਸਰੀਆਂ ਅਤੇ ਢੋਲਾਂ ਦੀਆਂ ਆਵਾਜ਼ਾਂ ਵਿਚ ਨਾਚ ਕਰਦੀਆਂ ਸਨ। ਜਦੋਂ ਉਹ ਦੇਵਤੇ ਦੇ ਆਵੇਸ਼ ਵਿਚ ਹੁੰਦੀਆਂ ਸਨ ਤਾਂ ਮਦਹੋਸ਼ ਹੋਈਆਂ ਆਪਣੇ ਆਪ ਵਿਚ ਜਾਦੂਮਈ ਤਾਕਤ ਰੱਖਦੀਆਂ ਸਨ। ਇਸ ਤਾਕਤ ਨਾਲ ਉਹ ਸੱਪਾਂ ਤੇ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਵੱਸ ਵਿਚ ਕਰ ਲੈਂਦੀਆਂ ਸਨ।

ਇਸ ਦੀ ਪੂਜਾ ਏਸ਼ੀਆ ਮਾਈਨਰ ਵਿਚ ਖ਼ਾਸ ਕਰਕੇ ਫ਼੍ਰੀਜ਼ੀਆ ਅਤੇ ਲਿਡੀਆ ਵਿਚ ਹੁੰਦੀ ਰਹੀ। ਇਹ ਏਸ਼ੀਆਈ ਦੇਵਤਾ

ਸਬਾਜ਼ੀਅਸ ਨਾਲ ਨੇੜੇ ਦਾ ਸਬੰਧ ਰੱਖਦਾ ਸੀ। ਹਰ ਸਾਲ ਇਸ ਦੀ ਸ਼ਾਦੀ ਦੀ ਵਰ੍ਹੇ-ਗੰਢ ਬੜੀ ਧੂਮ ਧਾਮ ਨਾਲ ਮਨਾਈ ਜਾਂਦੀ ਹੈ। ਲੋਕਾਂ



ਡਾਇਓਨਾਈਸਸ

ਦੇ ਇਸ ਦਾ ਦੇਵਤਵ ਪਰਖਣ ਲਈ ਮਜਬੂਰ ਕਰਨ ਤੇ ਇਹ ਆਪਣੀ ਮਾਂ ਨੂੰ ਪਤਾਲ 'ਚੋਂ ਕੱਢ ਕੇ ਲਿਆਇਆ ਜਿਵੇਂ ਕਿ ਬਹੁਤ ਦੇਵਤਿਆਂ ਬਾਰੇ ਆਮ ਪ੍ਰਚੱਲਤ ਰਵਾਇਤਾਂ ਹਨ, ਉਨ੍ਹਾਂ ਦੀ ਤਰ੍ਹਾਂ ਇਹ ਬਨਸਪਤੀ ਨਾਲ ਸਬੰਧਤ ਦੇਵਤਾ ਫ਼੍ਰੀਜ਼ੀਆ ਵਿਚ ਪੂਰਾ ਹੋ ਗਿਆ ਤੇ ਦੁਬਾਰਾ ਫਿਰ ਪ੍ਰਗਟ ਹੋਇਆ।

ਆੱਰਫ਼ਿਕ ਮਿਥਿਹਾਸ ਅਨੁਸਾਰ ਇਹ ਜ਼ਿਊਸ ਤੇ ਪਰਸੀਫ਼ੋਨ ਦਾ ਅਦਭੁਤ ਬੱਚਾ ਸੀ। ਇਸ ਨੂੰ ਗੁੱਪਤ ਰੱਖ ਕੇ ਪਾਲਿਆ ਗਿਆ। ਈਰਖਾਲੂ ਹੇਰਾ ਨੇ ਇਸ ਦੀ ਸੂਹ ਲੈ ਲਈ ਤੇ ਉਸ ਨੇ ਇਸ ਕੋਲ ਟਾਈਟਨਜ਼ ਨੂੰ ਭੇਜ ਦਿੱਤਾ। ਟਾਈਟਨਜ਼ ਨੇ ਇਸ ਨੂੰ ਮਾਰ ਕੇ ਟੁਕੜੇ ਟੁਕੜੇ ਕਰਕੇ ਇਸ ਦੇ ਅੰਗਾਂ ਨੂੰ ਖਾ ਲਿਆ। ਏਥਨਾ ਨੇ ਇਸ ਦਾ ਦਿਲ ਜ਼ਿਊਸ ਨੂੰ ਦੇ ਦਿੱਤਾ। ਸ਼ਾਇਦ ਇਸ ਦੀ ਪੂਜਾ ਵਿਚ ਇਹ ਗਲਪ ਕਥਾ ਵੀ ਖ਼ੂੰਖਾਰ ਰਸਮ ਨਾਲ ਸਬੰਧਤ ਹੈ ਜਿਸ ਵਿਚ ਕਈ ਵਾਰੀ ਮਨੁੱਖ ਦੀ ਬਲੀ ਦਿੱਤੀ ਜਾਂਦੀ ਹੈ ਤੇ ਉਸ ਦੇ ਟੁਕੜੇ ਟੁਕੜੇ ਕਰਕੇ ਪਵਿੱਤਰਤਾ ਨਾਲ ਕੱਚਾ ਮਾਸ ਖਾਧਾ ਜਾਂਦਾ ਹੈ।

ਪਹਿਲਾਂ ਇਸ ਦਾ ਸਰੂਪ ਦਾੜ੍ਹੀ ਵਾਲਾ ਚਿੱਤਰਿਆ ਜਾਂਦਾ ਸੀ ਪਰ ਪਿਛੋਂ ਇਸਨੂੰ ਨੌਜਵਾਨ ਅਤੇ ਜਨਾਨੜਾ ਜਿਹੇ ਰੂਪ ਵਿਚ ਚਿੱਤਰਿਆ ਜਾਣ ਲੱਗਾ। ਇਸੇ ਲਈ ਇਸੇ ਦੇ ਸ਼ਰਧਾਲੂ ਖੇਤਰਾਂ ਵਿਚ ਫੁੱਲਦਾਨਾਂ ਉਤੇ ਸ਼ਰਾਬੀਆਂ ਦੇ ਚਿੱਤਰ ਬਣਾਉਣ ਦਾ ਰਿਵਾਜ ਸੀ। ਆਮ ਕਰਕੇ ਇਸ ਦਾ ਚਿੰਨ੍ਹ ਇਸ਼ਕ-ਪੇਚੇ ਦਾ ਹਾਰ ਅਤੇ ਦੋ ਹੱਥੀਆਂ ਵਾਲਾ ਵੱਡਾ ਸਾਰਾ ਪਿਆਲਾ ਹੁੰਦਾ ਹੈ।

ਹ. ਪੁ.—ਐਨ. ਬ੍ਰਿ. 7 : 466; ਐਨ. ਬ੍ਰਿ. ਮਾ. 3 : 560

**ਡਾਇਓਨੀ** : ਯੂਨਾਨੀ ਮਿਥਿਹਾਸ ਅਨੁਸਾਰ ਇਹ ਡੋਡੋਨਾ ਦੇ ਜ਼ਿਊਸ ਦੀ ਪੂਜਾ-ਸਾਥਣ ਸੀ। ਦੇਵਤਿਆਂ ਦੇ ਬਾਦਸ਼ਾਹ ਜ਼ਿਊਸ ਦੀ ਸਾਥਣ ਅਤੇ ਪਤਨੀ ਤਾਂ ਆਮ ਕਰਕੇ ਹੇਰਾ ਦੇਵੀ ਦੱਸੀ ਜਾਂਦੀ ਹੈ, ਇਸ ਲਈ ਡਾਇਓਨੀ ਨੂੰ ਵੱਖ ਵੱਖ ਰੂਪਾਂ ਵਿਚ ਬਿਆਨ ਕੀਤਾ ਗਿਆ ਹੈ। ਇਲੀਅਡ ਵਿਚ ਇਸ ਨੂੰ ਜ਼ਿਊਸ ਦੀ ਧੀ ਐਫ਼੍ਰੋਡਿਟੀ ਦੇਵੀ ਦੀ ਮਾਂ ਲਿਖਿਆ ਗਿਆ ਹੈ ਅਤੇ ਹਿਸਿਆਡ ਦੀ ਪੁਸਤਕ 'ਥਿਓਗਨੀ' ਵਿਚ ਇਸ ਨੂੰ ਓਸ਼ਨਸ ਦੀ ਧੀ ਦੱਸਿਆ ਗਿਆ ਹੈ।

ਹ. ਪੁ.—ਐਨ. ਬ੍ਰਿ. ਮਾ. 3 : 559

**ਡਾਇਓਰਾਈਟ** : ਇਹ ਇਕ ਪਲੂਟਾਨਿਕ (ਪਤਾਲੀ) ਚਟਾਨ ਹੈ ਜਿਸ ਦੀ ਬਣਤਰ ਦਾਣੇਦਾਰ ਹੁੰਦੀ ਹੈ। ਇਸ ਵਿਚ ਦੋ ਤਿਹਾਈ ਹਿੱਸੇ ਪਲੇਜੀਓ ਕਲੇਜ਼ ਫੈੱਲਸਪਾਰ ਅਤੇ ਇਕ ਤਿਹਾਈ ਗੂੜ੍ਹੇ ਰੰਗਦਾਰ ਖਣਿਜ ਹੁੰਦੇ ਹਨ। ਡਾਇਓਰਾਈਟ ਉਨ੍ਹਾਂ ਗੂੜ੍ਹੇ ਭੂਸਲੇ ਪੱਥਰਾਂ ਵਿਚੋਂ ਇਕ ਹੈ ਜਿਨ੍ਹਾਂ ਦਾ ਵਪਾਰਕ ਨਾਂ 'ਕਾਲਾ ਗ੍ਰੈਨਾਈਟ' ਹੈ। ਮੁਕਤ ਰੂਪ ਵਿਚ ਇਹ ਛੋਟੇ ਛੋਟੇ ਪੁੰਜਾਂ ਦੀ ਸ਼ਕਲ ਵਿਚ ਜਾਂ ਗੈਬਰੋ ਗ੍ਰੈਨੋਡਾਇਓਰਾਈਟ ਜਾਂ ਗ੍ਰੈਨਾਈਟ ਨਾਲ ਮਿਲੇ ਵਧੇਰੇ ਅਨਿਯਮਿਤ ਪੁੰਜਾਂ ਦੀ ਸ਼ਕਲ ਵਿਚ ਮਿਲਦਾ ਹੈ। ਇਸ ਵਿਚ ਕੁਆਰਟਜ਼ ਦੀ ਮਾਤਰਾ ਵਧਣ ਨਾਲ ਇਹ ਕੁਆਰਟਜ਼ ਡਾਇਓਰਾਈਟ (ਟੋਨਾਲਾਈਟ) ਵਿਚ ਅਤੇ ਜਦੋਂ ਪੋਟਾਸ਼ ਫ਼ੈੱਲਸਪਾਰ ਦੀ ਮਾਤਰਾ ਵੱਧ ਜਾਵੇ ਤਾਂ ਮਾਂਜੋਨਾਈਟ ਵਿਚ ਬਦਲ ਜਾਂਦਾ ਹੈ। ਜੇਕਰ ਇਨ੍ਹਾਂ ਦੋਹਾਂ ਦੀ ਮਾਤਰਾ ਵੱਧ ਜਾਵੇ ਤਾਂ ਗ੍ਰੈਨੋਡਾਇਓਰਾਈਟ ਬਣ ਜਾਂਦਾ ਹੈ। ਡਾਇਓਰਾਈਟ ਵਿਚ ਹੋਰ ਆਸਾਨੀ ਨਾਲ ਨਾ ਦਿਖਣ ਯੋਗ ਉਪ-ਖਣਿਜ ਮੈਗਨੇਟਾਈਟ, ਇਲਮੈਨਾਈਟ, ਸਫ਼ੀਨ, ਜਰਕਾੱਨ ਅਤੇ ਐਪਾਟਾਈਟ ਹਨ।

ਡਾਇਓਰਾਈਟ ਦਾ ਔਸਤ ਵਿਸ਼ਲੇਸ਼ਣ (ਭਾਰ % ਵਿਚ) ਇਸ ਤਰ੍ਹਾਂ ਹੈ : ਸਿਲੀਕਾੱਨ ਦੇ ਆੱਕਸਾਈਡ, 59. 67; ਐਲੂਮਿਨੀਅਮ, 16.68; ਫੈਰਿਕ ਲੋਹਾ, 2.93 ; ਫੈਰਸ ਲੋਹਾ, 4.09; ਮੈਗਨੀਸ਼ੀਅਮ, 3.62; ਕੈਲਸ਼ੀਅਮ, 6. 22; ਸੋਡੀਅਮ, 3.50; ਪੋਟਾਸ਼ੀਅਮ, 2.13; ਟਾਈਟੇਨੀਅਮ, 0.39 ਅਤੇ 0.77 ਪਾਣੀ।

ਹ. ਪੁ.—ਐਨ. ਬ੍ਰਿ. 7 : 469

**ਡਾਇਆਸਪੋਰ** : ਇਹ ਐਲੂਮਿਨੀਅਮ ਆੱਕਸਾਈਡ ਦਾ ਇਕ ਖਣਿਜ ਹੈ ਜਿਹੜਾ ਕਿ ਕੋਰੰਡਮ ਨਾਲ ਮਿਲਿਆ ਹੁੰਦਾ ਹੈ। ਇਹ ਕਈ ਵਾਰੀ ਐਲੂਮਿਨੀਅਮ ਅਤੇ ਇਸ ਦੀਆਂ ਮਿੱਟੀਆਂ ਦੇ ਮੁੱਖ ਸ੍ਰੋਤ ਬਾੱਕਸਾਈਟ ਦਾ ਮੁੱਖ ਅੰਸ਼ ਵੀ ਹੁੰਦਾ ਹੈ। ਇਹ ਰੰਗਹੀਣ, ਭੂਸਲਾ ਹਰਾ, ਭੂਰਾ, ਪੀਲਾ ਜਾਂ ਗੁਲਾਬੀ ਤੇ ਕਈ ਵਾਰ ਵੈਂਗਣੀ ਹੋ ਸਕਦਾ ਹੈ। ਇਸ ਦੀ ਪਛਾਣ ਅਬਰਕ, ਜਿਪਸਮ, ਸਿਲਖੜੀ ਤੇ ਬਰੂਸਾਈਟ ਵਰਗੇ ਪਲੇਟੀ-ਖਣਿਜਾਂ ਨਾਲੋਂ ਝੱਟ ਹੋ ਜਾਂਦੀ ਹੈ ਕਿਉਂਕਿ ਇਸ ਦੀ ਕਠੋਰਤਾ ਵਧੇਰੇ ਅਰਥਾਤ 6.5 ਤੋਂ 7 ਹੈ। ਇਸ ਦੀ ਵਿਸ਼ਿਸ਼ਟ ਘਣਤਾ 3.4 ਹੈ। ਜਦੋਂ ਇਸ ਨੂੰ ਬਲੋ ਪਾਈਪ (ਫੂਕਣੀ) ਵਿਚ ਗਰਮ ਕੀਤਾ ਜਾਂਦਾ ਹੈ ਤਾਂ ਇਹ ਬੜੀ ਤੇਜ਼ੀ ਨਾਲ ਤਿੜਤਿੜ ਕਰਦਾ ਹੈ ਅਤੇ ਚਿੱਟੀਆਂ ਪੇਪੜੀਆਂ ਬਣਾਉਂਦਾ ਹੈ, ਇਸੇ ਕਰਕੇ ਇਸ ਦਾ ਯੂਨਾਨੀ ਨਾਂ ਡਾਇਆਸਪੋਰਾ ਅਰਥਾਤ ਸਕੈਟਰਿੰਗ ਹੈ। ਇਸ ਦੀ ਰਚਨਾ AlO (OH) ਹੈ।

ਹ. ਪੁ.—ਐਨ. ਬ੍ਰਿ. 7 : 367

**ਡਾਇਆਜ਼ੀਨ** : ਇਹ ਭਿੰਨ-ਚੱਕਰੀ (ਹੈਟਰੋਸਾਇਕਲਿਕ) ਕਾਰਬਨੀ ਯੋਗਿਕਾਂ ਦੇ ਗਰੁੱਪ ਵਿਚੋਂ ਇਕ ਹੈ ਜਿਸ ਵਿਚ ਇਕ ਛੇ-

ਮੈਂਬਰੀ, ਤ੍ਰੈਅਸੰਤ੍ਰਿਪਤ (Triunsaturated) ਛੱਲਾ ਹੁੰਦਾ ਹੈ ਜਿਸ ਵਿਚ ਨਾਈਟ੍ਰੋਜਨ ਦੇ ਦੋ ਬਿਖਮ ਪਰਮਾਣੂ ਹੁੰਦੇ ਹਨ। ਹੇਠਾਂ ਕੁਝ ਇਕ ਸਾਧਾਰਣ ਡਾਇਆਜ਼ੀਨਾਂ ਦੇ ਫ਼ਾਰਮੂਲੇ ਦਿੱਤੇ ਗਏ ਹਨ ਜਿਨ੍ਹਾਂ ਵਿਚ ਪਾਇਰੀਡਾਜ਼ੀਨ (Pyridazine), ਪਿਰੀਮਿਡੀਨ (Pyrimidine), ਪਾਇਰਾਜ਼ੀਨ (Pyrazine) ਤੇ ਕੁਝ ਇਕ ਦੋ ਚੱਕਰੀ ਅਤੇ ਤ੍ਰੈ ਚੱਕਰੀ ਸੰਗਲਿਤ ਡਾਇਆਜ਼ੀਨ ਸ਼ਾਮਲ ਹਨ :—




ਡਾਇਆਜ਼ੀਨ

ਇਹ ਮੂਲ ਯੋਗਿਕ ਹਨ ਜਿਹੜੇ ਕੁਝ ਹੱਦ ਤਕ ਸੁਗੰਧਿਤ ਵੀ ਹੁੰਦੇ ਹਨ। ਬਹੁਤ ਸਾਰੇ ਮਹੱਤਵਪੂਰਨ ਕੁਦਰਤੀ ਉਤਪਾਦਨਾਂ ਵਿਚ ਪਿਰੀਮਿਡੀਨ, ਪਿਊਰੀਨ, ਟੈਰੀਡੀਨ ਅਤੇ ਕੁਇਨਾਜ਼ੋਲੀਨ ਛੱਲਾ ਪ੍ਰਣਾਲੀ ਹੁੰਦੀ ਹੈ। ਕੁਝ ਬਣਾਉਟੀ ਰੰਗ ਅਤੇ ਦਵਾਈਆਂ ਵੀ ਡਾਇਆਜ਼ੀਨ ਦੇ ਵਿਉਤਪੰਨ ਤੱਤ (Derivatives) ਹਨ। ਪਿਪਰਾਜ਼ੀਨ ਜਾਂ ਹੈਕਸਾਹਾਈਡ੍ਰੋਪਾਇਰਾਜ਼ੀਨ, ਇਕ ਸੰਤ੍ਰਿਪਤ ਸਾਇਕਲਿਕ ਡਾਈਐਮੀਨ ਹੈ ਜੋ ਇੰਨਾ ਕੁ ਖਾਰਾ ਹੁੰਦਾ ਹੈ ਕਿ ਕਾਰਬਨਡਾਈਆੱਕਸਾਈਡ ਨਾਲ ਸੰਯੋਜਿਤ ਹੋ ਜਾਵੇ।

ਹ. ਪੁ.—ਮੈਕ. ਐਨ. ਸਾ. ਟ. 4 : 122

**ਡਾਇਆਟ੍ਰਾਈਮਾ** : ਇਹ ਡਾਇਆਟ੍ਰਾਈਮੀਫ਼ੌਰਮੀਜ਼ ਵਰਗ ਦੇ ਲੁਪਤ ਹੋ ਚੁੱਕੇ ਪੰਛੀ ਹਨ। ਇਨ੍ਹਾਂ ਦੇ ਪਥਰਾਟ ਉੱਤਰੀ ਅਮਰੀਕਾ ਅਤੇ ਯੂਰਪ ਦੀਆਂ ਈਓਸੀਨ ਸਮੇਂ ਦੇ ਸ਼ੁਰੂ ਦੀਆਂ ਚਟਾਨਾਂ ਵਿਚੋਂ ਮਿਲੇ ਹਨ।

ਇਹ ਪੰਛੀ ਬਹੁਤ ਵੱਡੇ (ਤਕਰੀਬਨ 2·25 ਮੀ. ਉੱਚੇ) ਆਕਾਰ ਦੇ ਸਨ ਪਰ ਇਨ੍ਹਾਂ ਦੇ ਖੰਭ ਬਹੁਤ ਛੋਟੇ ਛੋਟੇ ਸਨ ਅਤੇ ਇਹ ਉਡ ਨਹੀਂ ਸਕਦੇ ਸਨ। ਇਨ੍ਹਾਂ ਦੀਆਂ ਲੱਤਾਂ ਬਹੁਤ ਤਾਕਤਵਰ ਸਨ ਜਿਨ੍ਹਾਂ ਨਾਲ ਸ਼ਾਇਦ ਇਹ ਬਹੁਤ ਤੇਜ਼ ਦੌੜ ਸਕਦੇ ਸਨ। ਇਨ੍ਹਾਂ ਦਾ ਸਰੀਰ ਤੇ ਖੋਪਰੀ ਭਾਰੀ, ਗਰਦਨ-ਮੁਹਰੇ ਮੋਟੇ ਅਤੇ ਚੁੰਝ ਤਾਕਤਵਰ ਸੀ। ਸਿਰ, ਗਰਦਨ ਅਤੇ ਲੱਤਾਂ ਦੀਆਂ ਹੱਡੀਆਂ ਦੇ ਤਾਕਤਵਰ ਵਾਧਰਿਆਂ ਤੋਂ ਇਨ੍ਹਾਂ ਦੀਆਂ ਪੇਸ਼ੀਆ ਦੇ ਚੰਗੇ ਵਿਕਸਿਤ ਹੋਣ ਦਾ ਅਤੇ ਇਨ੍ਹਾਂ ਦੇ ਸ਼ਿਕਾਰੀ ਹੋਣ ਦਾ ਅਨੁਮਾਨ ਲਗਦਾ ਹੈ। ਇਸ ਸਮੇਂ ਦੇ ਛੋਟੇ ਛੋਟੇ ਥਣਧਾਰੀ ਪ੍ਰਾਣੀ ਇਨ੍ਹਾਂ ਦਾ ਆਹਾਰ ਸਨ।

ਦੱਖਣੀ ਅਮਰੀਕਾ ਵਿਚ ਵੀ ਇਸ ਵਰਗੀ ਇਕ ਕਿਸਮ ਮਾਇਓਸੀਨ ਸਮੇਂ ਵਿਚ ਵਿਕਸਿਤ ਹੋਈ। ਇਹ ਤਕਰੀਬਨ 1·5 ਮੀ. ਉੱਚੀ, ਛੋਟੇ ਖੰਭਾਂ, ਵੱਡੇ ਸਿਰ, ਤਾਕਤਵਰ ਚੁੰਝ ਅਤੇ ਲੱਤਾਂ ਵਾਲੀ ਕਿਸਮ ਸੀ।

ਹ. ਪੁ.—ਐਨ. ਬ੍ਰਿ. ਮਾ. 3 :526 ; ਮੈਕ. ਐਨ. ਸ. ਟ. 4: 104

**ਡਾਇਆਟੌਨਿਕ ਸਕੇਲ ਜਾਂ ਅੱਠ-ਸੁਰਾ ਸੁਰਗ੍ਰਾਮ** : ਪੂਰਨ ਅਤੇ ਅੱਧੇ ਸਟੈੱਪਾਂ ਨਾਲ ਬਣੀ ਹੋਈ ਕਿਸੇ ਵੀ ਮੇਜਰ ਜਾਂ ਮਾਈਨਰ ਸਕੇਲ ਨੂੰ ਡਾਇਆਟੌਨਿਕ ਸਕੇਲ ਜਾਂ ਅੱਠ-ਸੁਰਾ ਸੁਰਗ੍ਰਾਮ ਕਿਹਾ ਜਾਂਦਾ ਹੈ। ਆਧੁਨਿਕ ਪੱਛਮੀ ਅੱਠ-ਸੁਰਾ ਸੁਰਗ੍ਰਾਮ ਪ੍ਰਾਚੀਨ ਗਿਰਜਾ -ਘਰਾਂ ਦੀਆਂ ਸੁਰਾਂ ਤੋਂ ਉਤਪੰਨ ਹੋਈ ਹੈ, ਜਿਸ ਦੀਆਂ ਸੱਤ ਸੁਰਾਂ ਵੱਖੋ-ਵੱਖਰੇ ਅੱਠ-ਸੁਰਾ ਸੁਰਗ੍ਰਾਮ ਨਮੂਨੇ ਦੀਆਂ ਹੁੰਦੀਆਂ ਸਨ, ਜਿਨ੍ਹਾਂ ਵਿਚੋਂ ਕੇਵਲ ਆਇਓਨੀਅਨ ਅਤੇ ਇਓਲਿਸੀ ਰਾਗ ਹੀ ਬਤੌਰ ਮੇਜਰ ਅਤੇ ਮਾਈਨਰ ਸੁਰਗ੍ਰਾਮ ਦੇ ਰਹਿ ਸਕੇ ਹਨ। ਸਵੀਕਰਨ ਤੋਂ ਬਾਅਦ ਹੀ 18 ਵੀਂ ਸਦੀ ਵਿਚ ਮੇਜਰ-ਮਾਈਨਰ ਸੁਰਗ੍ਰਾਮ ਸਿਸਟਮ ਦੀ ਸਥਾਪਨਾ ਹੋ ਸਕੀ। ਇਸ ਅੱਠ-ਸੁਰਾਂ ਵਾਲੇ ਮੇਜਰ ਮਾਈਨਰ ਸਿਸਟਮ ਦੀਆਂ ਅੱਗੇ 12 ਬਰਾਬਰ ਦੀਆਂ ਸੈਮੀਟੋਨਾਂ ਹਨ।

ਮੇਜਰ ਅਤੇ ਮਾਈਨਰ ਸੁਰਗ੍ਰਾਮ ਨੂੰ ਅੱਠ ਸੁਰਾਂ ਦੀਆਂ 12 ਨੋਟਾਂ ਵਿਚੋਂ ਕਿਸੇ ਇਕ ਨਾਲ ਬਣਾਇਆ ਜਾ ਸਕਦਾ ਹੈ। ਮੇਜਰ ਸਵ੍ਹ-T-T-T-S ਜਿਵੇਂ 'c-d-e-f-g-a-b-c' ਦੀ ਤਰਤੀਬ ਵਿਚ ਹੁੰਦੀਆਂ ਹਨ। ਮਾਈਨਰ ਸੁਰਗ੍ਰਾਮ ਵਿਚ ਵੀ ਸੱਤ ਟੋਨਾਂ ਵਰਤੀਆਂ ਜਾਂਦੀਆਂ ਹਨ ਅਤੇ ਇਹ ਅਨੇਕਾਂ ਤਰ੍ਹਾਂ ਨਾਲ ਤਰਤੀਬ ਬੱਧ ਹੁੰਦੀਆਂ ਹਨ। ਮਧੁਰ ਮਾਈਨਰ ਇਸ ਦੀ ਇਕ ਸਾਧਾਰਨ ਕਿਸਮ ਹੈ ਜਿਹੜੀ ਕਿ 'T-S-T-T-T-T-S' ਜਿਵੇਂ 'c-d-e-f-g-a-b-c' ਅਨੁਸਾਰ ਉੱਚੀ ਹੁੰਦੀ ਹੈ ਅਤੇ ਕੁਦਰਤੀ ਮਾਈਨਰ ਸੁਰਗ੍ਰਾਮ ਦੀ ਤਰ੍ਹਾਂ T-S-T-T-T-T-S ਜਿਵੇਂ ਕਿ 'c-d-eb-f-g-a-b-c' ਅਨੁਸਾਰ ਧੀਮੀ ਜਾਂ ਨੀਵੀਂ ਹੁੰਦੀ ਜਾਂਦੀ ਹੈ। ਸੁਰਗ੍ਰਾਮ ਦੀ ਸਭ ਤੋਂ ਧੀਮੀ ਨੋਟ ਤੋਂ ਸ਼ੁਰੂ ਕਰਕੇ ਹਰ ਇਕ ਟੋਨ ਦੇ ਨਾਂ ਹੇਠ ਅਨੁਸਾਰ ਰੱਖੇ ਗਏ ਹਨ : ਟੌਨਿਕ, ਸੁਪਰਟੋਨਿਕ, ਮੀਡੀਐਂਟ, ਸਬਡੋਮੀਨੈਂਟ, ਡੋਮੀਨੈਂਟ, ਸਬ ਮੀਡੀਐਂਟ ਜਾਂ ਸੁਪਰਡੋਮੀਨੈਂਟ ਅਤੇ ਸਬਟੌਨਿਕ ਜਾਂ ਲੀਡਿੰਗ ਟੋਨ।

ਦੁਆਦਸ-ਸੁਰਗ੍ਰਾਮ, ਜਿਸ ਵਿਚ ਅੱਠ ਸੁਰਾਂ ਦੀਆਂ ਸਾਰੀਆਂ 12 ਟੋਨਾਂ ਦਾ ਇਸਤੇਮਾਲ ਹੁੰਦਾ ਹੈ, ਦੇ ਲਿਹਾਜ਼ ਨਾਲ ਉਹ ਸੰਗੀਤ ਜਿਸ ਵਿਚ ਮੁੱਖ ਤੌਰ ਤੇ ਮੇਜਰ ਜਾਂ ਮਾਈਨਰ ਸੁਰਗ੍ਰਾਮ ਦੀਆਂ ਨੋਟਾਂ ਹੀ ਵਰਤੀਆਂ ਜਾਂਦੀਆਂ ਨੂੰ ਅੱਠ-ਸੁਰਾ ਸੁਰਗ੍ਰਾਮ ਕਿਹਾ ਜਾਂਦਾ ਹੈ। ਵੀਹਵੀਂ ਸਦੀ ਤੋਂ ਪਹਿਲਾਂ ਦੀ ਪੱਛਮੀ ਸੰਗੀਤ ਕਲਾ ਤੋਂ ਇਲਾਵਾ ਇਹ ਹੋਰ ਥਾਵਾਂ ਤੇ ਵੀ ਮਿਲਦਾ ਹੈ ਜਿਵੇਂ ਕਿ ਪੂਰਬੀ ਲੋਕ-ਸੰਗੀਤ ਅਤੇ ਕੁਝ ਕੁ ਅਫ਼ਰੀਕਨ ਤੇ ਚੀਨੀ ਸੰਗੀਤ ਵਿਚ। ਪ੍ਰਾਚੀਨ ਮਿਸਰੀ ਸੰਗੀਤ ਵਿਚ ਚਾਰ-ਨੋਟ ਵਾਲੀ ਸੁਰਗ੍ਰਾਮ ਦੀ ਕਿਸਮ ਲਈ ਵੀ ਅੱਠ-ਸੁਰਾ ਸੁਰਗ੍ਰਾਮ ਸ਼ਬਦ ਵਰਤਿਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 526

**ਡਾਇਆਨੀਸ਼ੀਅਸ, ਹੈਲਕਾਰਨੈਸਸ** : ਇਹ ਯੂਨਾਨੀ ਇਤਿਹਾਸਕਾਰ ਅਤੇ ਉਥੋਂ ਦੀ ਭਾਸ਼ਣ-ਵਿਦਿਆ ਦਾ ਅਧਿਆਪਕ ਸੀ

ਜਿਹੜਾ ਪਹਿਲੀ ਈ. ਪੂ. ਦੌਰਾਨ ਮਸ਼ਹੂਰ ਹੋਇਆ। ਇਸ ਦੇ ਜਨਮ ਬਾਰੇ ਨਿਸ਼ਚਿਤ ਤੌਰ ਤੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਕਈ ਵਿਦਵਾਨਾਂ ਅਨੁਸਾਰ ਇਹ ਏਸ਼ੀਆ ਕੋਚਕ ਵਿਚ ਕੇਰੀਆ ਡਵੀਜ਼ਨ ਦੇ ਹੈਲਕਾਰਨੈਸਸ ਸ਼ਹਿਰ ਵਿਖੇ ਜਨਮਿਆ। 30 ਈ. ਪੂ. ਦੌਰਾਨ ਇਹ ਰੋਮ ਵਿਖੇ ਸਾਹਿਤ-ਸ਼ਾਸਤਰ ਦੇ ਅਧਿਆਪਕ ਦੇ ਤੌਰ ਤੇ ਆਪਣਾ ਗੁਜ਼ਾਰਾ ਕਰਨ ਲੱਗਾ। ਇਸ ਸਮੇਂ ਇਹ ਆਪਣੀਆਂ ਮੁੱਖ ਕ੍ਰਿਤਾਂ ਵਿਚੋਂ ਰੋਮਨ ਐਂਟੀਕੁਈਟੀਜ਼ ਪੁਸਤਕ ਲਿਖ ਰਿਹਾ ਸੀ। ਇਹ ਕਿਤਾਬ 7 ਈ. ਪੂ. ਦੌਰਾਨ ਛਪਣੀ ਸ਼ੁਰੂ ਹੋਈ। ਇਹ ਕਿਤਾਬ 20 ਜਿਲਦਾਂ ਵਿਚ ਸੀ ਜਿਹੜੀ ਕਿ ਮੁਢਲੇ ਰੋਮਨ ਲੋਕਾਂ ਦੀ ਉਸਤਤੀ ਵਿਚ ਲਿਖੇ ਗੀਤਾਂ ਦੇ ਰੂਪ ਵਿਚ ਸੀ। ਇਸ ਵਿਚ ਡਾਇਆਨੀਸ਼ੀਅਸ ਨੇ ਰੋਮਨਾਂ ਸਬੰਧੀ ਪ੍ਰਚੱਲਤ ਯੂਨਾਨੀ ਦ੍ਰਿਸ਼ਟੀਕੋਣ ਦੇ ਉਲਟ ਗ਼ੈਰਯੂਨਾਨੀ ਹੋਣ ਦੀ ਥਾਂ ਰੋਮ ਦੀ ਬੁਨਿਆਦ ਰੱਖਣ ਵਾਲਿਆਂ ਦਾ ਮੂਲ ਯੂਨਾਨ ਦੱਸਿਆ ਹੈ, ਜਿਹੜਾ ਗ਼ਲਤ ਸਿੱਧ ਕੀਤਾ ਗਿਆ ਹੈ।

ਇਸ ਕ੍ਰਿਤ ਵਿਚ ਸੰਵੇਦਨਸ਼ੀਲ ਅਤੇ ਸੰਵੇਗਕ ਵੇਰਵਿਆਂ ਤੇ ਜ਼ੋਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਈ ਥਾਈਂ ਕਾਲਪਨਿਕ ਭਾਸ਼ਣ ਵੀ ਸ਼ਾਮਲ ਕੀਤੇ ਗਏ ਹਨ ਜਿਸ ਕਰਕੇ ਇਹ ਲਿਖਤ ਬਹੁਤੀ ਪਾਏਦਾਰ ਨਹੀਂ ਜਾਪਦੀ ਪਰ ਇਹ ਕਿਰਤ ਰੋਮ ਦੇ ਆਰੰਭਕ ਇਤਿਹਾਸ ਦੀ ਜਾਣਕਾਰੀ ਲਈ ਸਭ ਤੋਂ ਮੁੱਲਵਾਨ ਹਵਾਲਾ ਹੈ। ਇਨ੍ਹਾਂ ਵਿਚੋਂ ਪਹਿਲੀਆਂ ਦਸ ਪੁਸਤਕਾਂ ਹੁਣ ਤੱਕ ਪ੍ਰਚੱਲਤ ਹਨ।

ਹ. ਪੁ.- ਐਨ. ਅਮੈ. 9 : 136; ਐਨ. ਬ੍ਰਿ. ਮਾ. 9 : 109

**ਡਾਇਆਨੀਸ਼ੀਅਸ, ਦਾ ਐਲਡਰ** : ਇਹ ਸਿਸਲੀ ਵਿਚ ਸਿਰਾਕਿਊਜ਼ ਦਾ ਇਕ ਸ਼ਕਤੀਸ਼ਾਲੀ ਤਾਨਾਸ਼ਾਹ ਸੀ। ਇਸ ਦਾ ਜਨਮ 430 ਈ. ਪੂ. ਦੇ ਲਗਭਗ ਹੋਇਆ। ਇਸ ਨੇ ਸਿਸਲੀ ਤੇ ਦੱਖਣੀ ਇਟਲੀ ਦੀਆਂ ਜਿੱਤਾਂ ਸਦਕਾ ਸਿਰਾਕਿਊਜ਼ ਨੂੰ ਯੂਨਾਨ ਦੇ ਸਾਰੇ ਸ਼ਹਿਰਾਂ ਵਿਚੋਂ ਵੱਧ ਤਾਕਤਵਰ ਸ਼ਹਿਰ ਬਣਾਇਆ। ਇਸ ਦੇ ਨਾਲ ਹੀ ਇਸ ਨੇ ਇਕ ਪਾਸੇ ਯੂਨਾਨੀ ਸਿਸਲੀ ਨੂੰ ਕਾਰਥੇਜ ਦੇ ਕਬਜ਼ੇ ਵਿਚ ਜਾਣ ਤੋਂ ਬਚਾਇਆ । ਦੂਜੇ ਪਾਸੇ ਇਸ ਦੇ ਨਿਰਦਈ ਤੇ ਮਿਲਟਰੀ ਤਾਨਾਸ਼ਾਹੀ ਰਵੱਈਏ ਕਾਰਨ ਯੂਨਾਨੀ ਸਭਿਆਚਾਰ ਨੂੰ ਬਹੁਤ ਧੱਕਾ ਲੱਗਿਆ। ਕਈ ਲੇਖਕਾਂ ਨੇ ਭਾਵੇਂ ਡਾਇਆਨੀਸ਼ੀਅਸ ਨੂੰ ਯੂਨਾਨਵਾਦ (ਹੈਲਨਵਾਦ) ਦਾ ਚੈਂਪੀਅਨ ਲਿਖਿਆ ਹੈ ਪਰ ਇਸ ਦੀਆਂ ਨਿਰਦਇਤਾ-ਭਰਪੂਰ ਜਿੱਤਾਂ ਨੇ ਯੂਨਾਨੀਆਂ ਵਿਚ ਇਸ ਨੂੰ ਹਰਮਨ-ਪਿਆਰਾ ਨਾ ਹੋਣ ਦਿੱਤਾ।

ਇਸ ਨੇ ਆਪਣਾ ਜੀਵਨ ਇਕ ਸਰਕਾਰੀ ਮਹਿਕਮੇ ਦੇ ਕਲਰਕ ਦੇ ਤੌਰ ਤੇ ਆਰੰਭਿਆ ਅਤੇ 409 ਈ. ਪੂ. ਵਿਚ ਸਿਸਲੀ ਵਿਖੇ ਕਾਰਥੇਜ ਵਿਰੁੱਧ ਹੋਈ ਜੰਗ ਵਿਚ ਇਸ ਨੇ ਆਪਣੀ ਪ੍ਰਤਿਭਾ ਵਿਖਾਈ ਅਤੇ ਇਸ ਲੜਾਈ ਦੌਰਾਨ ਪੈਦਾ ਹੋਏ ਸੰਕਟ ਦੌਰਾਨ ਮੌਕਾ ਤਾੜ ਕੇ ਇਹ 405 ਈ. ਪੂ. ਦੌਰਾਨ ਖ਼ੁਦ ਹੀ ਤਾਨਾਸ਼ਾਹ ਬਣ ਬੈਠਾ ਅਤੇ ਅੱਠ ਸਾਲ ਲਗਾਤਾਰ ਬੇਰਹਿਮੀ ਨਾਲ ਇਸਨੇ ਆਪਣੇ ਆਪ ਨੂੰ ਮਜਬੂਤ ਕੀਤਾ ਅਤੇ ਚਾਰੇ ਪਾਸੇ ਆਪਣਾ ਸਿੱਕਾ ਜਮਾ ਲਿਆ। ਇਸ ਨੇ ਸਿਰਾਕਿਊਜ਼ ਸ਼ਹਿਰ ਦੇ ਆਲੇ-ਦੁਆਲੇ ਇਕ ਦੀਵਾਰ ਬਣਾਈ ਤੇ ਐਪੀਪੋਲੀ ਦੀ ਕਿਲਾਬੰਦੀ ਕੀਤੀ। ਯੂਨਾਨੀ ਨਾਗਰਿਕਾਂ ਨੂੰ ਨੈਕਸਾਸ, ਕਟਾਨਾ ਤੇ ਲਿਓਨਟੀਨੀ ਸ਼ਹਿਰਾਂ ਵਿਚੋਂ ਕੱਢ ਦਿੱਤਾ ਤੇ ਬਹੁਤ ਸਾਰਿਆਂ ਨੂੰ ਗੁਲਾਮ ਬਣਾ ਕੇ ਰੱਖ ਲਿਆ। ਉਨ੍ਹਾਂ ਦੇ ਘਰ ਸਿਸਲੀ ਵਾਸੀਆਂ ਨੂੰ ਅਤੇ ਇਟਲੀ ਤੋਂ ਨਾਲ ਲਿਆਂਦੇ ਫ਼ੌਜੀਆਂ ਨੂੰ ਸੰਭਾਲ ਦਿੱਤੇ ਗਏ।

ਇਸ ਪਿੱਛੋਂ ਇਸ ਨੇ ਪੱਛਮੀ ਤੇ ਦੱਖਣੀ ਸਿਸਲੀ ਉੱਤੇ ਕਬਜ਼ਾ ਕਰਨ ਲਈ ਕਾਰਥੇਜ ਦੇ ਵਿਰੁੱਧ ਆਪਣੀ ਸੈਨਾ ਨਾਲ ਤਿਆਰੀ ਕੀਤੀ। 397 ਤੋਂ 396 ਈ. ਪੂ. ਦੌਰਾਨ ਇਸ ਦੀ ਕਾਰਥੇਜ ਨਾਲ ਪਹਿਲੀ ਪਿਊਨਿਕ ਜੰਗ ਹੋਈ ਜਿਸ ਵਿਚ ਯੂਨਾਨੀ ਫ਼ੌਜਾਂ ਨੇ ਮੋਤਿਆ ਅਤੇ ਕਾਰਥੇਜੀ ਸਿਰਾਕਿਊਜ਼ ਨੂੰ ਘੇਰਾ ਪਾਇਆ ਅਤੇ ਡਾਇਆਨੀ-ਸ਼ੀਅਸ ਨੂੰ ਸ਼ਾਨਦਾਰ ਜਿੱਤ ਹਾਸਲ ਹੋਈ। ਹੁਣ ਕਾਰਥੇਜ ਸਿਰਫ ਸਿਸਲੀ ਦੇ ਉੱਤਰ-ਪੱਛਮੀ ਖੇਤਰ ਉਪਰ ਹੀ ਕਾਬਜ਼ ਸੀ। ਦੂਜੀ ਵਾਰੀ 392 ਈ. ਪੂ. ਵਿਚ ਫਿਰ ਇਨ੍ਹਾਂ ਵਿਚਕਾਰ ਲੜਾਈ ਹੋਈ ਪਰ ਇਸ ਵਾਰ ਦੀ ਲੜਾਈ ਸੰਧੀ ਵਿਚ ਬਦਲ ਗਈ ਤੇ ਡਾਇਆਨੀਸ਼ੀਅਸ ਇਸ ਵਾਰ ਫੇਰ ਫਾਇਦੇ ਵਿਚ ਹੀ ਰਿਹਾ। 390 ਈ. ਪੂ. ਪਿੱਛੋਂ ਇਸ ਨੇ ਰੇਗੀਅਮ ਅਤੇ ਦੱਖਣੀ ਇਟਲੀ ਦੇ ਕਈ ਹੋਰਨਾਂ ਸ਼ਹਿਰਾਂ ਤੇ ਹਮਲਾ ਕੀਤਾ ਤੇ ਥੁਰੀ, ਕ੍ਰੋਟੋਨ ਆਦਿ ਖੇਤਰ ਤਬਾਹ ਕਰ ਦਿੱਤੇ। ਕੁਝ ਚਿਰ ਪਿੱਛੋਂ ਯੂਨਾਨੀ ਇਟਲੀ ਵਿਚ ਡਾਇਆਨੀਸ਼ੀਅਸ ਸਭ ਤੋਂ ਵੱਡੀ ਤਾਕਤ ਬਣ ਬੈਠਾ। ਇਲੀਰੀਆ ਅਤੇ ਉੱਤਰ-ਪੂਰਬੀ ਇਟਲੀ ਵੱਲ ਨੌਆਬਾਦਕਾਰ ਭੇਜੇ ਗਏ।

ਡਾਇਆਨੀਸ਼ੀਅਸ ਨੇ ਕਾਰਥੇਜੀ ਬਾਦਸ਼ਾਹ ਨਾਲ 383-378 ਈ. ਪੂ. ਦੌਰਾਨ ਤੀਜੀ ਜੰਗ ਲੜੀ। ਇਸ ਵਿਚ ਇਸ ਦਾ ਬਹੁਤ ਨੁਕਸਾਨ ਹੋਇਆ। ਕ੍ਰੋਨੀਅਮ ਵਿਖੇ ਇਸ ਨੂੰ ਬੁਰੀ ਤਰ੍ਹਾਂ ਭਾਂਜ ਮਿਲੀ ਤੇ ਇਸ ਦੇ 1000 ਦੇ ਕਰੀਬ ਅਫ਼ਸਰ ਮਾਰੇ ਗਏ ਤੇ ਇਸ ਨੂੰ ਦਰਿਆ ਹੈਲੀਕਸ ਦਾ ਪੱਛਮੀ ਖੇਤਰ ਛੱਡਣਾ ਪਿਆ। ਇੰਨਾ ਕੁਝ ਹੋਣ ਤੇ ਵੀ ਇਸ ਨੇ ਹੌਂਸਲਾ ਨਹੀਂ ਛੱਡਿਆ। 367 ਈ. ਪੂ. ਦੌਰਾਨ ਡਾਈਆਨੀਸ਼ੀਅਸ ਕਾਰਥੇਜੀ ਫ਼ੌਜਾਂ ਨਾਲ ਲੜਦਿਆਂ ਹੋਇਆ ਆਪਣੇ ਪ੍ਰਾਣ ਤਿਆਗ ਗਿਆ।

ਹ. ਪੁ.—ਐਨ. ਬ੍ਰਿ. 4 : 110

**ਡਾਇਆਨੀਸ਼ੀਅਸ, ਦਾ ਯੰਗਰ** : ਇਹ ਸਿਸਲੀ ਦੇ ਸਿਰਾਕਿਊਜ਼ ਰਾਜ ਦਾ ਬਾਦਸ਼ਾਹ ਸੀ ਜਿਹੜਾ ਇਥੋਂ ਦੇ ਬਾਦਸ਼ਾਹ ਡਾਇਆਨੀਸ਼ੀਅਸ ਦਾ ਐਲਡਰ ਦਾ ਜਾਂਨਸ਼ੀਨ ਅਤੇ ਪੁੱਤਰ ਸੀ। ਇਹ 367 ਈ. ਪੂ. ਦੌਰਾਨ ਲਗਭਗ 30 ਸਾਲ ਦੀ ਉਮਰ ਵਿਚ ਗੱਦੀ ਉਤੇ ਬੈਠਿਆ। ਇਹ ਆਪਣੇ ਪਿਤਾ ਵਾਂਗ ਸਖ਼ਤ-ਦਿਲ ਤੇ ਜੋਸ਼ੀਲਾ ਸੈਨਿਕ ਤਾਨਾਸ਼ਾਹ ਨਹੀਂ ਸੀ। ਇਸ ਨੂੰ ਦਰਬਾਰਦਾਰੀ ਵਾਲੀ ਜ਼ਿੰਦਗੀ ਜ਼ਿਆਦਾ ਪਸੰਦ ਸੀ। ਇਸੇ ਕਰਕੇ ਗੱਦੀ ਉੱਤੇ ਬੈਠਦਿਆਂ ਹੀ ਇਸ ਨੇ ਸਭ ਤੋਂ ਪਹਿਲਾਂ ਕਾਰਥੇਜ ਦੇ ਬਾਦਸ਼ਾਹ ਨਾਲ ਸੰਧੀ ਕੀਤੀ। ਆਪਣੇ ਰਾਜ-ਕਾਲ ਦੌਰਾਨ ਇਸ ਨੇ ਦੱਖਣੀ ਇਟਲੀ ਵਿਚ ਦੋ ਨੌਆਬਾਦੀਆਂ ਕਾਇਮ ਕੀਤੀਆਂ ਅਤੇ ਦਾਰਸ਼ਨਿਕਾਂ ਦੀ ਸਰਪ੍ਰਸਤੀ ਕੀਤੀ। ਆਪ ਕਈ ਕਵਿਤਾਵਾਂ ਲਿਖੀਆਂ ਅਤੇ ਕਈ ਦਾਰਸ਼ਨਿਕ ਕੰਮ ਵੀ ਕੀਤੇ। 366 ਈ. ਪੂ. ਦੌਰਾਨ ਇਸ ਦੇ ਵਜ਼ੀਰ ਅਤੇ ਸਬੰਧੀ ਡਾਇਆਨ ਨੇ ਅਫਲਾਤੂਨ ਨੂੰ ਸਿਰਾਕਿਊਜ਼ ਬੁਲਾਇਆ ਜਿਸ ਨੇ ਇਸ ਨੂੰ ਉਦਾਰਵਾਦੀ ਨੀਤੀ ਵੀ ਅਪਣਾਉਣ ਲਈ ਸਲਾਹ ਦਿੱਤੀ ਪਰ ਕਾਮਯਾਬ ਨਾ ਹੋਇਆ ਅਤੇ ਡਾਇਆਨੀਸ਼ੀਅਸ ਤੇ ਡਾਇਆਨ ਵਿਚਕਾਰਲੇ ਵਾਦੀ ਮਤ-ਭੇਦਾਂ ਨੇ ਇਨ੍ਹਾਂ ਨੂੰ ਆਪੋ ਵਿਚ ਦੁਸ਼ਮਣ ਬਣਾ ਦਿੱਤਾ ਅਤੇ ਡਾਇਆਨ ਨੇ ਡਾਇਆਨੀਸ਼ੀਅਸ ਨੂੰ ਰਾਜ ਵਿਚੋਂ ਕੱਢ ਦਿੱਤਾ।

357 ਈ. ਪੂ. ਦੌਰਾਨ ਡਾਇਆਨ ਨੇ ਕਾਰਥੇਜੀ ਬਾਦਸ਼ਾਹ ਦੀ ਮੱਦਦ ਨਾਲ ਸਿਰਾਕਿਊਜ਼ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਇਸ ਸਮੇਂ ਬਾਦਸ਼ਾਹ ਆਪਣੀ ਫ਼ੌਜ ਸਮੇਤ ਦੱਖਣੀ ਇਟਲੀ ਵੱਲ ਗਿਆ ਹੋਇਆ ਸੀ। 351 ਈ. ਪੂ. ਵਿਚ ਬਾਦਸ਼ਾਹ ਦੇ ਲੜਕੇ ਨੇ ਸਿਰਾਕਿਊਜ਼ ਸ਼ਹਿਰ ਦਾ ਆੱਰਟਿਜੀਆ ਟਾਪੂ ਵਾਲਾ ਹਿੱਸਾ ਡਾਇਆਨ ਦੇ ਹਵਾਲੇ ਕਰ ਦਿੱਤਾ। ਦੂਜੇ ਪਾਸੇ ਬਾਦਸ਼ਾਹ ਡਾਇਆਨੀਸ਼ੀਅਸ ਨੇ ਇਟਲੀ ਦੇ ਲੋਕਰੀ ਸ਼ਹਿਰ ਵਿਖੇ ਆਪਣਾ ਅੱਡਾ ਕਾਇਮ ਕੀਤਾ ਤੇ 347 ਈ. ਪੂ. ਵਿਚ ਉਸ ਨੇ ਸਿਰਾਕਿਊਜ਼ ਦਾ ਖੁੱਸਿਆ ਹੋਇਆ ਹਿੱਸਾ ਮੁੜ ਵਾਪਸ ਲੈ ਲਿਆ ਪਰ ਲੋਕਰੀ

ਸ਼ਹਿਰ ਹੱਥੋਂ ਜਾਂਦਾ ਰਿਹਾ। 345 ਈ. ਪੂ. ਵਿਚ ਮੁੱਖ-ਭੂਮੀ ਵਾਲੇ ਸਿਰਾਕਿਊਜ਼ ਉਪਰ ਲਿਓਨਟੀਨੀ ਦੇ ਮਾਲਕ ਹਿਸੀਟਾਸ ਨੇ ਕਬਜ਼ਾ ਕੀਤਾ ਤੇ ਕਾਰਥੇਜੀ ਫ਼ੌਜ ਦੀ ਮੱਦਦ ਨਾਲ ਡਾਇਆਨੀਸ਼ੀਅਸ ਨੂੰ ਅੱਰਟਿਜੀਆ ਦੇ ਅੰਦਰ ਘੇਰ ਲਿਆ। ਇਸ ਤੋਂ ਅਗਲੇ ਹੀ ਵਰ੍ਹੇ ਇਸ ਨੇ ਅੱਰਟਿਜੀਆ ਦਾ ਇਲਾਕਾ ਕੋਰਿੰਥ ਦੇ ਟ੍ਰੀਮੋਰੀਅਨ ਦੇ ਸਪੁਰਦ ਕਰ ਦਿੱਤਾ ਅਤੇ ਆਪ ਕੋਰਿੰਥ ਜਾ ਕੇ ਟਿਕ ਗਿਆ ਅਤੇ ਇਸ ਨੇ ਆਪਣੇ ਅੰਤਲੇ ਦਿਨ ਤੱਕ ਇਥੇ ਹੀ ਜ਼ਿੰਦਗੀ ਬਸਰ ਕੀਤੀ।

ਹ. ਪੁ.—ਐਨ. ਬ੍ਰਿ. ਮਾ. : 4 :110 ;ਐਨ. ਅਮੈ. 9 : 33

**ਡਾਇਆੱਪਟਰ** : ਇਹ ਮਿਣਤੀ ਦੀ ਇਕ ਇਕਾਈ ਹੈ ਜਿਸ ਦੀ ਵਰਤੋਂ ਆੱਪਟਿਕਸ ਵਿਚ ਕਿਸੇ ਲੈੱਨਜ ਜਾਂ ਲੈਨੱਜ਼ ਸਿਸਟਮ ਦੀ ਸਮਰੱਥਾ ਮਿਣਨ ਲਈ ਕੀਤੀ ਜਾਂਦੀ ਹੈ। ਲੈੱਨਜ ਦੀ ਕਿਸੇ ਆਪਣੀ ਕਿਰਨ-ਪੁੰਜ ਨੂੰ ਅਭਿਸਾਰਿਤ ਜਾਂ ਅਪਸਾਰਿਤ ਕਰਨ ਦੀ ਸਮਰੱਥਾ ਇਸ ਦੀ ਫ਼ੋਕਸ ਦੂਰੀ ਦੇ ਉਲਟ ਅਨੁਪਾਤੀ ਹੁੰਦੀ ਹੈ ਅਤੇ ਜਦੋਂ ਫ਼ੋਕਸ ਦੂਰੀ ਮੀਟਰਾਂ ਵਿਚ ਹੁੰਦੀ ਹੈ ਤਾਂ ਲੈੱਨਜ ਸਮਰੱਥਾ ਡਾਇਆੱਪਟਰਾਂ ਵਿਚ ਦੱਸੀ ਜਾਂਦੀ ਹੈ। ਇਸ ਤਰ੍ਹਾਂ ਜੇ ਕਿਸੇ ਲੈੱਨਜ਼ ਦੀ ਫ਼ੋਕਸ ਦੂਰੀ 1 ਮੀ. ਹੋਵੇ ਤਾਂ ਉਸ ਦੀ ਲੈੱਨਜ ਸਮਰੱਥਾ 1 ਡਾਇਆੱਪਟਰ ਹੋਵੇਗੀ ਅਤੇ 50 ਸੈਂ. ਮੀ. ਫ਼ੋਕਸ ਦੂਰੀ ਵਾਲੇ ਲੈੱਨਜ਼ ਦੀ ਸਮਰੱਥਾ 2 ਡਾਇਆੱਪਟਰ ਅਤੇ 2 ਮੀ. ਫ਼ੋਕਸ ਦੂਰੀ ਵਾਲੇ ਦੀ $\frac{1}{2}$ ਡਾਇਆੱਪਟਰ ਹੋਵੇਗੀ।

ਹ. ਪੁ.—ਐਨ. ਬ੍ਰਿ. 7 : 469

**ਡਾਇਸਪੋਰ** : ਫ਼ਲਸਤੀਨ ਤੋਂ ਬਾਹਰ ਰਹਿਣ ਵਾਲੇ ਯਹੂਦੀਆਂ ਨੂੰ ਡਾਇਸਪੋਰ ਕਿਹਾ ਜਾਂਦਾ ਹੈ। ਇਨ੍ਹਾਂ ਲਈ ਹੀਬ੍ਰਿਊ ਭਾਸ਼ਾ ਦਾ ਸ਼ਬਦ ਗੈਲੂਟ (ਬਨਵਾਸ) ਵਰਤਿਆ ਗਿਆ ਹੈ। ਇਹੋ ਲੋਕ ਇਜ਼ਰਾਈਲ ਦੀ ਭੋਂ ਨਾਲ ਆਪਣਾ ਵਿਸ਼ੇਸ਼ ਸਬੰਧ ਸਮਝਦੇ ਹਨ। ਇਨ੍ਹਾਂ ਦਾ ਮੁੱਢ 586 ਈ. ਪੂ. ਵਿਚ ਬਾਬਲੀ ਦੇਸ਼ ਨਿਕਾਲੇ ਨਾਲ ਹੁੰਦਾ ਹੈ। 'ਜੂਡਾ' ਰਾਜ ਨੂੰ ਬਾਬਲੀਆਂ ਵੱਲੋਂ ਜਿੱਤਣ ਮਗਰੋਂ ਯਹੂਦੀ ਵਸੋਂ ਦਾ ਕੁਝ ਭਾਗ ਗ਼ੁਲਾਮ ਬਣਾ ਦਿੱਤਾ ਗਿਆ। ਭਾਵੇਂ ਸਾਈਰਸ ਮਹਾਨ ਨੇ 538 ਈ. ਪੂ. ਵਿਚ ਇਨ੍ਹਾਂ ਨੂੰ ਆਪਣੇ ਦੇਸ਼ ਵਾਪਸ ਜਾਣ ਦੀ ਆਗਿਆ ਦੇ ਦਿੱਤੀ ਸੀ ਪਰ ਇਨ੍ਹਾਂ ਵਿਚੋਂ ਬਹੁਤ ਸਾਰੇ ਯਹੂਦੀ ਵਾਪਸ ਨਾ ਆਏ।

ਮੁਢਲੇ ਯਹੂਦੀ ਇਤਿਹਾਸ ਸਮੇਂ ਪਹਿਲੀ ਸਦੀ ਈ. ਪੂ. ਦੌਰਾਨ ਇਹ ਸਭ ਤੋਂ ਵੱਧ ਸ਼ਾਨਦਾਰ ਢੰਗ ਨਾਲ ਸਕੰਦਰੀਆ ਵਿਚ ਵਿਕਸਿਤ ਹੋ ਗਏ ਸਨ ਜਿਥੋਂ ਦੀ ਆਬਾਦੀ ਦਾ ਲਗਭਗ 40% ਭਾਗ ਇਨ੍ਹਾਂ ਦਾ ਸੀ। ਪਹਿਲੀ ਸਦੀ ਦੇ ਲਗਭਗ 50,00,000 ਦੇ ਕਰੀਬ ਯਹੂਦੀ ਫ਼ਲਸਤੀਨ ਤੋਂ ਬਾਹਰ ਰਹਿੰਦੇ ਸਨ। ਉਨ੍ਹਾਂ ਦਾ 4/5 ਭਾਗ ਰੋਮ ਵਿਚ ਰਹਿੰਦਾ ਸੀ ਪਰ ਉਨ੍ਹਾਂ ਨੇ ਧਾਰਮਿਕ ਤੇ ਸਭਿਆਚਾਰਕ ਤੌਰ ਤੇ ਆਪਣੇ ਆਪ ਨੂੰ ਫ਼ਲਸਤੀਨ ਨਾਲ ਹੀ ਜੋੜ ਰੱਖਿਆ ਸੀ। ਇਸ ਤਰ੍ਹਾਂ 70 ਈ. ਵਿਚ ਯਰੂਸ਼ਲਮ ਦੀ ਤਬਾਹੀ ਤੋਂ ਪਹਿਲਾਂ ਵੀ ਡਾਇਸਪੋਰ ਯਹੂਦੀਆਂ ਦੀ ਗਿਣਤੀ ਫ਼ਲਸਤੀਨ ਵਿਚਲੇ ਯਹੂਦੀਆਂ ਨਾਲੋਂ ਕਿਤੇ ਜ਼ਿਆਦਾ ਸੀ। ਇਸ ਤੋਂ ਮਗਰੋਂ ਯਹੂਦੀ ਬਾਬਲ, ਪਰਸ਼ੀਆ, ਸਪੇਨ, ਫ਼ਰਾਂਸ, ਜਰਮਨੀ, ਪੋਲੈਂਡ, ਰੂਸ ਅਤੇ ਸੰਯੁਕਤ ਰਾਜ ਵਿਚ ਵੱਸ ਗਏ ਅਤੇ ਇਨ੍ਹਾਂ ਦੇ ਗੁਰੂਆਂ ਨੇ ਵੱਖ ਵੱਖ ਭਾਸ਼ਾਵਾਂ, ਰਸਮ-ਰਿਵਾਜ ਅਤੇ ਸਭਿਆਤਾਵਾਂ ਧਾਰਨ ਕਰ ਲਈਆਂ।

ਇਨ੍ਹਾਂ ਵੱਲੋਂ ਨਿਭਾਏ ਗਏ ਰੋਲ, ਇਨ੍ਹਾਂ ਦੀ ਲੋੜ ਅਤੇ ਇਨ੍ਹਾਂ ਵਲੋਂ ਬਰਕਰਾਰ ਰੱਖੀ ਰਾਸ਼ਟਰੀ ਸ਼ਨਾਖ਼ਤ ਦੀ ਮਹੱਤਤਾ ਬਾਰੇ ਯਹੂਦੀਆਂ ਦੇ ਵੱਖ ਵੱਖ ਵਿਚਾਰ ਹਨ। ਕੱਟੜ ਯਹੂਦੀ ਜ਼ਿਉਨ ਅੰਦੋਲਨ (ਯਹੂਦੀਆਂ ਦੀ ਇਜ਼ਰਾਈਲ ਵਿਚ ਵਾਪਸੀ) ਦੇ ਹਾਮੀ ਸਨ ਕੁਝ ਕੱਟੜ ਯਹੂਦੀ ਇਜ਼ਰਾਈਲ ਵਿਚ ਮਸੀਹਾ ਰਹਿਤ ਅਤੇ ਧਰਮ-ਨਿਰਪੇਖ ਰਾਜ ਹੋਣ ਕਾਰਨ ਆਧੁਨਿਕ ਰਾਸ਼ਟਰ ਦੀ ਵੀ ਵਿਰੋਧਤਾ ਕਰਦੇ ਹਨ ਕਿਉਂਕਿ ਇਸ ਨੇ ਇਥੇ ਆਪਣਾ ਮਸੀਹਾ ਭੇਜਣ ਬਾਰੇ ਈਸ਼ਵਰ ਦੀ ਇੱਛਾ ਦਾ ਵਿਰੋਧ ਕੀਤਾ ਹੈ। ਦੂਸਰੇ ਸੰਸਾਰ-ਯੁੱਧ ਵਿਚ ਯਹੂਦੀਆਂ ਦਾ ਵੱਡੇ ਪੱਧਰ ਤੇ ਕਤਲ ਹੋਣ ਕਾਰਣ ਮਾਨਵੀ ਆਧਾਰ ਤੇ ਇਨ੍ਹਾਂ ਲਈ ਵੱਖਰੇ ਰਾਸ਼ਟਰ ਦਾ ਹੋਣਾ ਲਾਜ਼ਮੀ ਬਣ ਗਿਆ ਹੈ। ਸੰਸਾਰ ਵਿਚ ਲਗਭਗ 14,000,000 ਯਹੂਦੀ ਰਹਿੰਦੇ ਹਨ ਜਿਨ੍ਹਾਂ ਵਿਚੋਂ ਲਗਭਗ 30,00,000 ਇਜ਼ਰਾਈਲ ਵਿਚ; 57,00,000 ਸੰਯੁਕਤ ਰਾਜ ਅਤੇ 27,00,000 ਰੂਸ ਵਿਚ ਰਹਿੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 3 : 524

**ਡਾਇਟੋਮ** : ਇਹ ਬੈਸੀਲੈਰੀਓਫਾਈਸੀ ਸ਼੍ਰੇਣੀ ਦੇ ਸੂਖ਼ਮਦਰਸ਼ੀ ਇਕਹਿਰੇ ਸੈੱਲ ਜਾਂ ਕਲੋਨੀਆਂ ਵਾਲੇ ਸਾਵਲ ਹਨ। ਇਹ ਆਪਣੀ ਗੁੰਝਲਦਾਰ ਸੈੱਲ ਕੰਧ ਦੀ ਬਣਤਰ ਕਾਰਨ ਪਛਾਣੇ ਜਾਂਦੇ ਹਨ ਜੋ ਆਮ ਤੌਰ ਤੇ ਸਿਲਿਕਾ ਨਾਲ ਭਰੀ ਹੋਈ ਹੁੰਦੀ ਹੈ। ਇਨ੍ਹਾਂ ਦੀ ਬਹੁਤ ਜ਼ਿਆਦਾ ਗਿਣਤੀ ਅਕਸਰ ਛੋਟੇ ਆਕਾਰ ਦੀ ਹੀ ਹੁੰਦੀ ਹੈ ਅਤੇ ਇਕ ਸੈੱਲ ਜਿਸਦੀ ਲੰਬਾਈ 1/200 ਇੰਚ ਹੈ ਉਹ ਦਰਮਿਆਨੇ ਆਕਾਰ ਤੋਂ ਕਿਤੇ ਵੱਧ ਹੁੰਦਾ ਹੈ। ਇਨ੍ਹਾਂ ਦੀਆਂ ਮੁਢਲੀਆਂ ਕਿਸਮਾਂ ਦਾ ਪਤਾ 18 ਵੀਂ ਸਦੀ ਵਿਚ ਓ.ਐਫ. ਮੂਲਰ ਦੀ ਖੋਜ ਦੁਆਰਾ ਲਗਾਇਆ ਗਿਆ। ਅਜੋਕੀਆਂ ਸੂਖ਼ਮਦਰਸ਼ੀ ਖ਼ੁਰਦਬੀਨਾ ਅਤੇ ਸੂਖ਼ਮਦਰਸ਼ੀ ਤਰੀਕਿਆਂ ਦੀ ਮਦਦ ਨਾਲ ਇਨ੍ਹਾਂ ਛੋਟੇ ਛੋਟੇ ਪੌਦਿਆਂ ਦਾ ਅਧਿਐਨ ਵਿਕਾਸ ਕਰ ਸਕਿਆ ਹੈ ਅਤੇ ਹੁਣ ਤੱਕ ਇਨ੍ਹਾਂ ਦੀਆਂ 5,500 ਜਾਤੀਆਂ ਮਿਲ ਸਕੀਆਂ ਹਨ।

**ਵੰਡ ਅਤੇ ਉਪਲਬਧਤਾ**—ਇਨ੍ਹਾਂ ਦੇ ਵਾਧੇ ਲਈ ਨਮੀ ਅਤੇ ਪ੍ਰਕਾਸ਼ ਦੀ ਲੋੜ ਪੈਂਦੀ ਹੈ ਅਤੇ ਜਿਥੇ ਕਿਤੇ ਵੀ ਇਹ ਦੋਵੇਂ ਚੀਜ਼ਾਂ ਆਪਸ ਵਿਚ ਮਿਲਦੀਆਂ ਹੋਣ ਡਾਇਟੋਮ ਉਥੇ ਪਾਏ ਜਾਂਦੇ ਹਨ। ਇਹ ਕਾਸ਼ਤ ਕੀਤੇ ਖੇਤਾਂ ਅਤੇ ਤਰ ਚਟਾਨਾਂ ਤੇ ਕਈ ਹੋਰ ਕਿਸਮਾਂ ਨਾਲ ਮਿਲੇ ਹੋਏ ਪਾਏ ਜਾਂਦੇ ਹਨ। ਛੱਪੜਾਂ ਅਤੇ ਪਾਣੀ ਦੇ ਹੋਰਨਾਂ ਸੋਮਿਆਂ ਵਿਚ ਜਿਵੇਂ ਚਿੱਕੜਾਂ ਉੱਪਰ ਇਨ੍ਹਾਂ ਦੀ ਭੂਰੀ ਜਿਹੀ ਇਕ ਤਹਿ ਬਣ ਜਾਂਦੀ ਹੈ ਜਾਂ ਫਿਰ ਪਾਣੀ ਵਿਚ ਤਰ ਰਹੀਆਂ ਟਹਿਣੀਆਂ ਜਾਂ ਪੌਦਿਆਂ ਦੀਆਂ ਸ਼ਾਖ਼ਾਵਾਂ ਅਤੇ ਤਣਿਆਂ ਉਪਰ ਵੀ ਇਹ ਜੰਮੇ ਰਹਿੰਦੇ ਹਨ। ਇਨ੍ਹਾਂ ਦੀਆਂ ਸਮੁੰਦਰੀ ਕਿਸਮਾਂ ਸਮੁੰਦਰੀ ਜੜੀ ਬੂਟੀਆਂ ਨਾਲ ਆਮ ਤੌਰ ਤੇ ਜੁੜੀਆਂ ਰਹਿੰਦੀਆਂ ਹਨ ਅਤੇ ਕਈ ਕਿਸਮਾਂ ਮੌਲਸਕਾਂ, ਹੋਲੋਥੂਰੀਅਨ ਅਤੇ ਐਸੀਡੀਅਨ ਦੇ ਮਿਹਦੇ ਵਿਚ ਵੀ ਮਿਲਦੀਆਂ ਹਨ। ਤਾਜ਼ੇ ਪਾਣੀ ਅਤੇ ਸਮੁੰਦਰ ਵਿਚ ਮੁਕਤ ਤਰਦੇ ਫਿਰਦੇ ਡਾਇਟੋਮ ਦੇ ਮਿਰਿਆਡ ਪਾਏ ਜਾਂਦੇ ਹਨ ਜੋ ਕਿਸੇ ਵਕਤ ਪਲੈਂਕਟਾਨ ਦਾ ਜ਼ਿਆਦਾ ਮਾਦਾ ਬਣਾਉਂਦੇ ਹਨ। ਇਹ ਠੰਡੇ ਇਲਾਕਿਆਂ ਵਿਚ ਵੀ ਪਾਏ ਜਾਂਦੇ ਹਨ ਕਿਉਂਕਿ ਇਹ ਠੰਢੇ ਪਾਣੀ ਨੂੰ ਜ਼ਿਆਦਾ ਪਸੰਦ ਕਰਦੇ ਹਨ। ਇਨ੍ਹਾਂ ਦੀ ਜ਼ਿਆਦਾ ਗਿਣਤੀ ਆਰਕਟਿਕ ਅਤੇ ਐਨਟਾਰਟਿਕ ਸਮੁੰਦਰਾਂ ਵਿਚ ਪਾਈ ਜਾਂਦੀ ਹੈ। ਤਾਜ਼ੇ ਪਾਣੀ ਵਾਲੀਆਂ ਕਿਸਮਾਂ ਲੂਣੇ ਅਤੇ ਖਾਰੇ ਪਾਣੀ ਵਾਲੀਆਂ ਕਿਸਮਾਂ ਤੋਂ ਜਲਦੀ ਹੀ ਪਛਾਣ ਲਈਆਂ ਜਾਂਦੀਆਂ ਹਨ।

**ਡਾਇਟੋਮ ਵਾਲੀ ਧਰਤੀ**—ਪਥਰਾਟਾਂ ਵਾਲੇ ਡਾਇਟੋਮ ਦਾ ਬਹੁਤ ਭਾਰੀ ਗਿਣਤੀ ਵਿਚ ਪਤਾ ਚਲ ਚੁਕਿਆ ਹੈ ਕਿਉਂਕਿ ਇਨ੍ਹਾਂ ਦੀ ਸਿਲੀਕਾਮਈ ਕੰਧ ਅਟੁੱਟ ਹੁੰਦੀ ਹੈ ਇਹ ਜੀਵ ਦੀ ਮੌਤ ਤੋਂ ਬਾਅਦ ਵੀ ਰਹਿੰਦੀ ਹੈ ਇਸ ਲਈ ਜਿਥੇ ਡਾਇਟੋਮ ਜ਼ਿਆਦਾ ਹੁੰਦੇ ਹਨ ਉਨ੍ਹਾਂ ਦੇ ਛੋਟੇ ਛੋਟੇ ਵਾਲਵ ਪਾਣੀ ਵਿਚ ਰਿਸ ਰਿਸ ਕੇ ਸਮੁੰਦਰ ਜਾਂ ਝੀਲ ਵਲ ਵਹਿ ਤੁਰਦੇ ਹਨ। ਇਹ ਅਜੋਕੇ ਸਮੇਂ ਵਿਚ ਹੀ ਨਹੀਂ ਸਗੋਂ ਪਿਛਲੇ ਸਮੇਂ ਵੀ ਜਮ੍ਹਾਂ ਹੁੰਦੇ ਆਏ ਹਨ। ਡਾਇਟੋਮਮਈ ਧਰਤੀ ਵਿਚਲੇ

ਡਿਪਾਜ਼ਿਟ ਧਰਤੀ ਦੇ ਕਈ ਹਿੱਸਿਆਂ ਜਿਵੇਂ ਕੁਝ ਅਲੂਣੇ ਪਾਣੀ ਅਤੇ ਕਈ ਸਮੁੰਦਰੀ ਮੂਲ ਦੇ ਹੁੰਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਡਿਪਾਜ਼ਿਟ ਕੁਝ-ਕੁ ਮੀਟਰ ਦੀ ਮੋਟਾਈ ਦੇ ਹਨ ਪਰੰਤੂ ਕੁਝ ਕੁ ਤਾਂ ਬਹੁਤ ਹੀ ਸੰਘਣੇ ਹਨ। ਸਭ ਤੋਂ ਸੰਘਣੇ ਡਿਪਾਜ਼ਿਟ ਜੋ ਅੱਜ ਤਕ ਲੱਭੇ ਜਾ ਚੁੱਕੇ ਹਨ ਉਹ ਕੈਲਿਫ਼ੋਰਨੀਆ ਵਿਚ ਪਾਏ ਗਏ ਸਨ ਜਿੱਥੇ ਜ਼ਮੀਨ ਥੱਲੇ ਇਨ੍ਹਾਂ ਦੇ ਡਿਪਾਜ਼ਿਟ ਕਰੀਬ 1000 ਮੀ. ਤੱਕ ਸੀ। ਪਥਰਾਟੀ ਡਿਪਾਜ਼ਿਟ ਬਹੁਤ ਸਾਰੇ ਟਰਸ਼ਰੀ ਚਟਾਨਾਂ ਵਿਚ ਮਿਲਦੇ ਹਨ ਭਾਵੇਂ ਕਿ ਟ੍ਰਾਈਐਸਿਕ ਕਾਲ ਦੇ ਵੀ ਡਾਇਟੋਮ ਮਿਲਦੇ ਹਨ ਜਿਨ੍ਹਾਂ ਦਾ ਸਮਾਂ 160,000,000 ਤੋਂ 200,000,000 ਸਾਲ ਤੱਕ ਰਿਹਾ।

**ਬਣਾਵਟ**—ਕਈ ਕਿਸਮਾਂ ਦੀ ਭਿੰਨਤਾ ਦੇ ਬਾਵਜੂਦ ਵੀ ਡਾਇਟੋਮ ਦੀ ਸ਼੍ਰੇਣੀ ਵਿਚ ਰਚਨਾ ਸਬੰਧੀ ਕਾਫ਼ੀ ਇਕਸਾਰਤਾ ਪਾਈ ਜਾਂਦੀ ਹੈ। ਡਾਇਟੋਮ ਦੇ ਅਲਗ ਅਲਗ ਸੈੱਲਾਂ ਨੂੰ ਫ੍ਰਸਟਿਊਲਜ਼ ਕਿਹਾ ਜਾਂਦਾ ਹੈ ਅਤੇ ਸੈੱਲ ਕੰਧ ਦੋ ਇਕਸਾਰ ਅਰਧ ਹਿੱਸਿਆਂ ਦੀ ਬਣੀ ਹੁੰਦੀ ਹੈ। ਹਰੇਕ ਹਿੱਸਾ ਇਕ ਥੋੜ੍ਹੇ ਜਿਹੇ ਕਨਵੈਕਸ ਵਾਲਵ ਦਾ ਬਣਿਆ ਹੁੰਦਾ ਹੈ ਜਿਸ ਦੇ ਅੰਦਰਲੇ ਮੁੜੇ ਹੋਏ ਪਾਸਿਆਂ ਦੇ ਲੰਬ ਕੋਣ ਤੇ ਇਕ ਚੌੜਾ, ਖੁਰੀ ਵਰਗਾ ਜੋੜਕ ਬੈਂਡ ਲਗਾ ਹੁੰਦਾ ਹੈ। ਇਕ ਹਿੱਸਾ ਦੂਸਰੇ ਨਾਲੋਂ ਥੋੜ੍ਹਾ ਛੋਟਾ ਹੁੰਦਾ ਹੈ। ਛੋਟਾ ਹਿੱਸਾ ਵੱਡੇ ਦੇ ਅੰਦਰ ਇਸ ਤਰ੍ਹਾਂ ਫ਼ਿੱਟ ਹੋ ਜਾਂਦਾ ਹੈ ਜਿਵੇਂ ਕਿਸੇ ਬਕਸੇ ਅੰਦਰ ਕੋਈ ਦੂਸਰਾ ਬਕਸਾ ਫ਼ਿੱਟ ਹੋ ਜਾਂਦਾ ਹੋਵੇ। ਜਿਉਂ ਜਿਉਂ ਪ੍ਰੋਟੋਪਲਾਜ਼ਮਿਕ ਮਾਦੇ ਵਿਚ ਵਾਧਾ ਹੁੰਦਾ ਜਾਂਦਾ ਹੈ ਤਿਉਂ ਤਿਉਂ ਹੀ ਸਿਲਿਕਾਮਈ ਵਾਲਵ ਇਕ ਦੂਜੇ ਤੋਂ ਪਰ੍ਹਾਂ ਧਕਿਆ ਜਾਂਦਾ ਹੈ।

ਡਾਇਟੋਮਾਂ ਨੂੰ ਆਮ ਤੌਰ ਤੇ ਦੋ ਪੱਖਾਂ ਤੋਂ ਦਰਸਾਇਆ ਜਾ ਸਕਦਾ ਹੈ ਇਕ ਤਾਂ ਉਹ ਜਿਸ ਵਿਚ ਵਾਲਵ ਦੀ ਸਤ੍ਹਾ ਦਿਖਾਈ ਦਿੰਦੀ ਹੈ ਜਿਵੇਂ ਵਾਲਵ ਦਾ ਉਪਰਲਾ ਦ੍ਰਿਸ਼ ਅਤੇ ਦੂਜੀਆਂ ਹਾਲਤਾਂ ਵਿਚ ਜਿਥੇ ਵਾਲਵ ਦੀ ਹੇਠਲੀ ਸਤ੍ਹਾ ਦਿਖਾਈ ਦਿੰਦੀ ਹੈ। ਉਪਰਲੀ ਸਤ੍ਹਾ ਵਾਲੀਆਂ ਕਿਸਮਾਂ ਵਿਚ ਬਹੁਤ ਵਖਰੇਵਾਂ ਪਾਇਆ ਜਾਂਦਾ ਹੈ। ਹੇਠਲੇ ਦ੍ਰਿਸ਼ ਵਾਲੀਆਂ ਕਿਸਮਾਂ ਵਿਚ ਬਹੁਤ ਇਕਸਾਰਤਾ ਹੁੰਦੀ ਹੈ ਅਤੇ ਇਹ ਆਮ ਤੌਰ ਤੇ ਆਇਤਾਕਾਰ ਹੁੰਦੀਆਂ ਹਨ। ਵਾਲਵ ਗੋਲ, ਤਿਕੋਨੇ ਜਾਂ ਅੰਡਾਕਾਰ ਹੋ ਸਕਦੇ ਹਨ। ਕੁਝ ਵਾਲਵ ਤਾਂ ਰੇਖਾਬਧ ਹੁੰਦੇ ਹਨ ਜਦ ਕਿ ਕੁਝ ਕੁ ਏਕੰਮ ਦੇ ਚੰਨ ਵਰਗੇ ਅਤੇ ਕਈ ਹੋਰ ਫਾਨੇ ਦੀ ਸ਼ਕਲ ਵਰਗੇ ਹੁੰਦੇ ਹਨ। ਪ੍ਰਚਲਿਤ ਕਿਸਮਾਂ ਫਿਰ ਵੀ ਕਿਸ਼ਤੀ ਦੀ ਸ਼ਕਲ ਵਾਂਗ ਹੁੰਦੀਆਂ ਹਨ ਜਿਵੇਂ ਨੇਵੀਕਿਊਲਾ (Navicula) ਜਿਸ ਵਿਚ 1,000 ਤੋਂ ਵੱਧ ਜਾਤੀਆਂ ਪਾਈਆਂ ਜਾਂਦੀਆਂ ਹਨ।

ਬਹੁਤ ਸਾਰੀਆਂ ਜਾਤੀਆਂ ਆਪਣੇ ਆਪ ਹੀ ਮੁਕਤ ਹਾਲਤ ਵਿਚ ਤਰਦੀਆਂ ਰਹਿੰਦੀਆਂ ਹਨ ਪਰੰਤੂ ਕੁਝ ਕਿਸਮਾਂ ਜਿਵੇਂ ਗੋਂਫੋਨਿਮਾ (Gomphonema) ਆਪਣੀਆਂ ਸਧਾਰਨ ਜਾਂ ਲੇਸਲੀਆਂ ਸ਼ਾਖਾਵਾਂ ਰਾਹੀਂ ਦੂਸਰੀਆਂ ਵਸਤਾਂ ਨਾਲ ਜੁੜ ਜਾਂਦੀਆਂ ਹਨ। ਕੁਝ -ਕੁ ਦੇ ਫ੍ਰਸਟਿਊਲਜ਼ ਇਸ ਤਰ੍ਹਾਂ ਜੁੜੇ ਹੋਏ ਹੁੰਦੇ ਹਨ ਕਿ ਉਹ ਰਿਬਨ ਵਰਗੀਆਂ ਕਲੋਨੀਆਂ (Fragilaria) ਜਾਂ ਟੇਢੀਆਂ ਚੇਨਾਂ ਦੇ ਰੂਪ ਵਿਚ ਪਾਏ ਹੁੰਦੇ ਹਨ। ਕੁਝ-ਕੁ ਜਾਤੀਆਂ ਵਿਚ ਬਹੁਤ ਸਾਰੇ ਅਲੱਗ ਅਲੱਗ ਸੈੱਲ ਇਕ ਨਲੀ ਵਾਂਗ ਜਿਲੈਟਿਨ ਵਰਗੇ ਘੇਰੇ ਵਿਚ ਘਿਰੇ ਹੁੰਦੇ ਹਨ।

**ਵਾਲਵ**—ਇਹ ਪਤਲੇ ਅਤੇ ਪਾਰਦਰਸ਼ੀ ਹੁੰਦੇ ਹਨ ਅਤੇ ਆਮ ਤੌਰ ਤੇ ਕਈ ਤਰ੍ਹਾਂ ਦੇ ਨਿਸ਼ਾਨਾਂ ਨਾਲ ਸਜੇ ਹੁੰਦੇ ਹਨ। ਇਹ ਨਿਸ਼ਾਨ ਵਾਲਵ ਦੇ ਮੂੰਹ ਤੇ ਹੁੰਦੇ ਹਨ ਅਤੇ ਚੰਗੇ ਲੈਨੱਜ਼ਾਂ ਰਾਹੀਂ ਇਹ ਵੱਖ ਵੱਖ ਧੱਬਿਆਂ ਦੀਆਂ ਸ਼੍ਰੇਣੀਆਂ ਵਾਂਗ ਨਜ਼ਰ ਆਉਂਦੇ ਹਨ ਜੋ ਸਿਲੀਕਾਮਈ ਕੰਧ ਵਿਚਲੀਆਂ ਛੋਟੀਆਂ ਛੋਟੀਆਂ ਖੋਲਾਂ ਨਾਲ ਮਿਲਦੇ ਜੁਲਦੇ ਹਨ। ਵਿਸ਼ੇਸ਼ ਕਰਕੇ ਨੇਵੀਕਿਊਲਾੱਇਡ ਕਿਸਮਾਂ ਦੇ ਡਾਇਟੋਮ ਦੇ ਕੇਂਦਰਾਂ ਵਿਚ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਵਾਲਵ ਦੇ ਬਾਹਰ ਵਲ ਦੇ ਸਿਰੇ ਭਾਰੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਨੱਡਿਊਲਜ਼ ਕਿਹਾ ਜਾਂਦਾ ਹੈ। ਇਨ੍ਹਾਂ ਦੀ ਬਣਤਰ ਗੁੰਝਲਦਾਰ ਹੁੰਦੀ ਹੈ ਅਤੇ ਇਹ ਆਮ ਤੌਰ ਤੇ ਇਕ ਲੰਬੇ ਤੇ ਤੰਗ ਕਲੈਫਟ ਜਾਂ ਰੇਫ਼ ਰਾਹੀਂ ਜੁੜੇ ਹੁੰਦੇ ਹਨ।

ਡਾਇਟੋਮ ਸੈੱਲ ਦੇ ਵਿਚਲਾ ਪਦਾਰਥ ਵੀ ਸਾਵਲ (algae) ਵਰਗਾ ਹੀ ਹੁੰਦਾ ਹੈ। ਕੰਧ ਦੇ ਪਿਛੇ ਇਕ ਸਾਈਟੋਪਲਾਜ਼ਮਿਕ ਪਦਾਰਥ ਦੀ ਤਹਿ ਹੁੰਦੀ ਹੈ ਜਿਸ ਵਿਚ ਸੈੱਲ ਸੈਪ ਘਿਰਿਆ ਹੁੰਦਾ ਹੈ ਅਤੇ ਇਹ ਜਾਂ ਤਾਂ ਦੋ ਚੌੜੇ ਬੈਂਡਾਂ ਰਾਹੀਂ ਜੁੜਿਆ ਹੁੰਦਾ ਹੈ ਜਾਂ ਫਿਰ ਕਈ ਐਲਟੋਮਾਈਜਿੰਗ ਸਟਰੈਂਡਾਂ ਰਾਹੀਂ ਜਿਨ੍ਹਾਂ ਦਾ ਕੇਂਦਰੀ ਸਾਈਟੋਪਲਾਜ਼ਮ ਨਿਊਕਲੀਅਸ ਨਾਲ ਜੁੜਿਆ ਹੁੰਦਾ ਹੈ। ਕ੍ਰੋਮੈਟੋਫੋਰ ਜੇ ਗਿਣਤੀ ਵਿਚ ਇਕ ਜਾਂ ਦੋ ਹੋਣ ਤਾਂ ਵੱਡੇ ਆਕਾਰ ਦੇ ਹੁੰਦੇ ਹਨ ਅਤੇ ਜੇ ਇਨ੍ਹਾਂ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਇਹ ਛੋਟੇ ਛੋਟੇ ਤੇ ਖੰਨਦਾਰ ਡਿਸਕਾਂ ਦੇ ਬਣੇ ਹੁੰਦੇ ਹਨ। ਇਨ੍ਹਾਂ ਦਾ ਵਿਸ਼ੇਸ਼ ਭੂਰਾ ਰੰਗ ਡਾਇਟੋਮਿਨ ਕਰਕੇ ਹੁੰਦਾ ਹੈ ਜੋ ਇਕ ਪਿਗਮੈਂਟ ਹੈ ਅਤੇ ਇਹ ਪਿਗਮੈਂਟ ਭੂਰੇ ਸਾਵਲ ਨਾਲ ਮਿਲਦਾ ਜੁਲਦਾ ਹੈ ਅਤੇ ਕਲੋਰੋਫ਼ਿਲ ਨੂੰ ਢੱਕ ਲੈਂਦਾ ਹੈ। ਸੈੱਲਾਂ ਵਿਚ ਅਕਸਰ ਕਾਫ਼ੀ ਤੇਲ ਹੁੰਦਾ ਹੈ।

ਬਹੁਤ ਸਾਰੇ ਡਾਇਟੋਮ ਜਿਨ੍ਹਾਂ ਦੇ ਵਾਲਵਾਂ ਵਿਚ ਅਸਲੀ ਰੇਫ਼ ਹੋਵੇ ਉਹ ਪਾਣੀ ਵਿਚ ਚਲਣ ਦੇ ਯੋਗ ਹੁੰਦੇ ਹਨ ਅਤੇ ਕਦੀ ਕਦਾਈਂ ਇਹ ਕਾਫ਼ੀ ਤੇਜ਼ੀ ਨਾਲ ਚਲਦੇ ਹਨ। ਕੁਝ ਵਿਗਿਆਨੀ ਇਹ ਯਕੀਨ ਕਰਦੇ ਹਨ ਕਿ ਇਹ ਗਤੀ ਰੇਫ਼ ਵਿਚਲੇ ਖੇਤਰ ਤੋਂ ਨਿਕਲਦੀ ਮਿਊਸੀਲੇਜ ਤੇ ਨਿਰਭਰ ਕਰਦੀ ਹੈ।

**ਪ੍ਰਜਣਨ**—ਵਾਧੇ ਦੀ ਸਾਧਾਰਨ ਵਿਧੀ ਸੈੱਲ ਦੇ ਵਿਭਾਜਨ ਕਾਰਨ ਹੀ ਹੁੰਦੀ ਹੈ ਜੋ ਅਕਸਰ ਰਾਤ ਦੇ ਵੇਲੇ ਹੀ ਹੁੰਦਾ ਹੈ। ਸੈੱਲ ਪਦਾਰਥ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਅਤੇ ਸੈੱਲ ਕੰਧ ਦੋ ਹਿੱਸਿਆਂ ਵਿਚ ਵੱਖ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਤੋਂ ਬਾਅਦ ਤਾਜ਼ੇ ਵਾਲਵ ਜੋ ਪਹਿਲਾਂ ਪਹਿਲ ਬਹੁਤ ਨਰਮ ਹੁੰਦੇ ਹਨ, ਨਵੇਂ ਪ੍ਰੋਟੋਪਲਾਜ਼ਮਿਕ ਪੁੰਜਾਂ ਦੀ ਸਤ੍ਹਾ ਤੇ ਉਤਪੰਨ ਹੁੰਦੇ ਹਨ। ਮੁਢਲੇ ਫ੍ਰਸਟਿਊਲਜ਼ ਦੇ ਗਰਡਲ ਵਿਚ ਵੀ ਨਵੇਂ ਵਾਲਵ ਪਏ ਹੁੰਦੇ ਹਨ ਪਰੰਤੂ ਜਿਵੇਂ ਹੀ ਇਨ੍ਹਾਂ ਦੇ ਆਪਣੇ ਜੋੜਕ ਬੈਂਡ ਵਿਕਸਿਤ ਹੁੰਦੇ ਹਨ ਪਿਤਰੀ ਬੈਂਡ ਅਲਗ ਹੋ ਜਾਂਦੇ ਹਨ। ਹਰੇਕ ਨਵੇਂ ਸੈੱਲ ਵਿਚ ਇਕ ਵਾਲਵ ਇਕ ਮੂਲ ਤੋਂ ਲਿਆ ਹੁੰਦਾ ਹੈ ਅਤੇ ਜੋ ਵਾਲਵ ਨਵਾਂ ਬਣਦਾ ਹੈ ਉਹ ਇਸ ਦੇ ਘੱਟ ਜਾਂ ਵੱਧ ਸਮਾਂਤਰ ਹੁੰਦਾ ਹੈ। ਇਹ ਵਿਧੀ ਕੁਝ ਵਕਫਿਆਂ ਤੋਂ ਬਾਅਦ ਦੁਹਰਾਈ ਜਾਂਦੀ ਹੈ ਅਤੇ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਇਕ ਇਕਹਿਰੇ ਫ੍ਰਸਟਿਊਲ ਤੋਂ 1,000,000,000 ਨਵੇਂ ਸੈੱਲ ਇਕ ਮਹੀਨੇ ਦੇ ਸਮੇਂ ਵਿਚ ਪੈਦਾ ਹੋ ਜਾਂਦੇ ਹਨ।

ਪੈੱਨੇਟ ਡਾਇਟੋਮਾਂ ਵਿਚ ਆਕਸੋਸਪੋਰ ਇਕ ਜ਼ਾਈਗੋਟ ਹੁੰਦਾ ਹੈ ਜੋ ਦੋ ਕਾਨਫਲੈਜਲੈਂਟ ਗੈਮੀਟਾਂ ਦੇ ਮੇਲ ਨਾਲ ਬਣਦਾ ਹੈ। ਦੋ ਛੋਟੇ ਸੈੱਲ ਇਕ ਬਰਾਬਰ ਸ਼ਰੇਸ਼ ਵਾਲੇ ਘੇਰੇ ਵਿਚ ਘਿਰ ਜਾਂਦੇ ਹਨ ਅਤੇ ਸੈੱਲ ਕੰਧਾਂ ਦੇ ਵਾਲਵ ਅਲਗ ਅਲਗ ਹੋ ਜਾਂਦੇ ਹਨ। ਬਹੁਤ ਸਾਰੀਆਂ ਜਾਤੀਆਂ ਵਿਚ ਹਰੇਕ ਸੈੱਲ ਦਾ ਪ੍ਰੋਟੋਪਲਾਸਟ ਇਕ ਗੈਮੀਟ ਵਾਂਗ ਕੰਮ ਕਰਦਾ ਹੈ ਅਤੇ ਇਕ ਇਕ ਹਿੱਸਾ ਆਕਸੋਸਪੋਰ ਬਣ ਜਾਂਦਾ ਹੈ। ਕੁਝ ਦੂਸਰੀਆਂ ਜਾਤੀਆਂ ਵਿਚ ਹਰੇਕ ਸੈੱਲ ਦੋ ਗੈਮੀਟ ਬਣਾਉਂਦਾ ਹੈ ਅਤੇ ਇਸ ਤਰ੍ਹਾਂ ਆਕਸੋਸਪੋਰ ਬਣ ਜਾਂਦੇ ਹਨ। ਉਹ ਸੈੱਲ ਜੋ ਗੈਮੀਟਾਂ ਵਾਂਗ ਕੰਮ ਕਰਦੇ ਹਨ ਉਨ੍ਹਾਂ ਵਿਚ ਹਮੇਸ਼ਾਂ ਉਨ੍ਹਾਂ ਦੇ ਨਿਊਕਲੀਅਸਾਂ ਦੀ ਇਕ ਘਟਾਊ (meiotic) ਵੰਡ ਹੁੰਦੀ ਹੈ।

ਸੈਂਟਰਿਕ ਡਾਇਟੋਮ ਦੇ ਸੈੱਲ ਹਮੇਸ਼ਾ ਇਕਹਿਰਾ ਆਕਸੋਸਪੋਰ ਪੈਦਾ ਕਰਦੇ ਹਨ। ਬਹੁਤ ਸਮੇਂ ਤੋਂ ਇਹ ਸੋਚਿਆ ਜਾਂਦਾ ਸੀ ਕਿ ਇਹ ਕੁਦਰਤੀ ਤੌਰ ਤੇ ਵੀ ਅਲਿੰਗੀ ਸੁਭਾਅ ਵਾਲੇ ਹਨ ਫਿਰ ਵੀ ਹੁਣ ਇਹ

ਪਤਾ ਲਗਾਇਆ ਜਾ ਚੁੱਕਾ ਹੈ ਕਿ ਕੁਝ ਵਿਸ਼ੇਸ਼ ਸੈਂਟਰਿਕ ਡਾਇਟੋਮ ਦੇ ਆਕਸੋਸਪੋਰ ਲਿੰਗੀ ਤੌਰ ਤੇ ਵੀ ਪੈਦਾ ਹੁੰਦੇ ਹਨ ਅਤੇ ਹੁਣ ਇਹ ਖਿਆਲ ਕੀਤਾ ਜਾ ਰਿਹਾ ਹੈ ਕਿ ਸਾਰੇ ਗਰੁੱਪ ਵਿਚ ਹੀ ਇੰਜ ਹੁੰਦਾ ਹੈ। ਸੈਂਟਰਿਕ ਡਾਇਟੋਮਾਂ ਦੇ ਆਕਸੋਸਪੋਰ ਬਣਨ ਵਿਚ ਇਕ ਜਾਤੀ ਦੇ ਖਾਸ ਸੈੱਲਾਂ ਦੇ ਵਾਲਵ ਦੂਰ ਹੱਟ ਜਾਂਦੇ ਹਨ ਅਤੇ ਪ੍ਰੋਟੋਪਲਾਸਟ ਗੋਲ ਹੋ ਕੇ ਇਕੱਲੇ ਸੈੱਲ ਬਣਾ ਲੈਂਦਾ ਹੈ। ਦੂਸਰੀਆਂ ਜਾਤੀਆਂ ਦੇ ਸੈੱਲਾਂ ਦੇ ਪ੍ਰੋਟੋਪਲਾਸਟ 8, 16, 32, 64 ਜਾਂ 128 ਫਲੈਜੀਲੈਟਿਡ ਐਂਥਰੋਜ਼ਾਇੱਡਾ ਵਿਚ ਵੰਡੇ ਜਾਂਦੇ ਹਨ। ਸੈੱਲ ਤੋਂ ਨਿਕਲੇ ਐਂਥਰੋਜ਼ਾਇਡ ਇਧਰ ਉਧਰ ਤਰ ਕੇ ਅੰਡਿਆਂ ਵਿਚ ਸਮਾ ਜਾਂਦੇ ਹਨ। ਉਹ ਸੈੱਲ ਜਿਨ੍ਹਾਂ ਤੋਂ ਐਂਥਰੋਜ਼ਾਇਡ ਜਾਂ ਅੰਡੇ ਪੈਦਾ ਹੁੰਦੇ ਹਨ, ਉਨ੍ਹਾਂ ਦੇ ਨਿਊਕਲੀਅਸਾਂ ਵਿਚ ਮੀਓਟਿਕ ਵੰਡ ਹੁੰਦੀ ਹੈ।

**ਵਰਗੀਕਰਨ**—ਡਾਇਟੋਮ ਜਾਂ ਬੈਸੀਲੈਰੀਓਫਾਈਐਸੀ ਕਰਾਈਸੋਫਾਈਟਾ ਫਾਈਲਮ ਦੀਆਂ ਤਿੰਨ ਸ਼੍ਰੇਣੀਆਂ ਵਿਚੋਂ ਇਕ ਹੈ। ਇਸ ਸ਼੍ਰੇਣੀ ਵਿਚ ਦੋ ਵਰਗ ਹਨ ਇਕ ਸੈਂਟਰੇਲੀਜ਼ ਅਤੇ ਦੂਜਾ ਪੈਨੇਲੀਜ਼।

ਸੈਂਟਰੇਲੀਜ਼ ਦੇ ਵਾਲਵਾਂ ਵਿਚ ਇਕ ਸਜਾਵਟ ਹੁੰਦੀ ਹੈ ਜੋ ਰੈਡੀਕਲ ਜਾਂ ਇਕ ਕੇਂਦਰਿਤ ਬਿੰਦੂ ਵਲ ਇੱਕਠੀਆਂ ਹੁੰਦੀਆਂ ਹਨ। ਆਮ ਤੌਰ ਤੇ ਸੈੱਲਾਂ ਵਿਚ ਕਾਫੀ ਕ੍ਰੋਮੈਟੋਫੋਰ ਹੁੰਦੇ ਹਨ ਜੋ ਹਿਲਜੁਲ ਨਹੀਂ ਸਕਦੇ ਅਤੇ ਇਹ ਮਾਈਕਰੋਸਪੋਰ ਤੋਂ ਪੈਦਾ ਹੁੰਦੇ ਹਨ ਅਤੇ ਅਲਿੰਗੀ ਜਣਨ ਰਾਹੀਂ ਆਕਸੋਸਪੋਰ ਪੈਦਾ ਕਰਦੇ ਹਨ। ਇਸ ਵਰਗ ਵਿਚ 100 ਪ੍ਰਜਾਤੀਆਂ ਅਤੇ 2400 ਜਾਤੀਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਸਮੁੰਦਰੀ ਹਨ।

ਪੈਨੇਲੀਜ਼ ਦੇ ਵਾਲਵਾਂ ਵਿਚ ਇਕ ਸਜਾਵਟ ਹੁੰਦੀ ਹੈ ਜੋ ਦੋ-ਪਾਸੀਸਮਮਿਤ ਜਾਂ ਏਸਮਿਟ੍ਰੀਕਲ ਹੁੰਦੀਆਂ ਹਨ। ਆਮ ਤੌਰ ਤੇ ਇਨ੍ਹਾਂ ਦੇ ਸੈੱਲਾਂ ਵਿਚ ਇਕ ਜਾਂ ਦੋ ਕ੍ਰੋਮੈਟੋਫੋਰਜ਼ ਹੁੰਦੇ ਹਨ। ਇਹ ਕਦੀ ਵੀ ਮਾਈਕ੍ਰੋਸਪੋਰ ਤੋਂ ਪੈਦਾ ਨਹੀਂ ਹੁੰਦੇ ਅਤੇ ਦੋ ਗੈਮੀਟਾਂ ਦੇ ਸੁਮੇਲ ਨਾਲ ਪੈਦਾ ਹੋਏ ਆਕਸੋਸਪੋਰ ਤੋਂ ਪੈਦਾ ਹੁੰਦੇ ਹਨ। ਰੇਫ ਵਾਲੀਆਂ ਜਾਤੀਆਂ ਜਲਦੀ ਹੀ ਹਿਲਜੁਲ ਸਕਦੀਆਂ ਹਨ। ਇਸ ਵਰਗ ਵਿਚ 70 ਪ੍ਰਜਾਤੀਆਂ ਅਤੇ 2900 ਜਾਤੀਆਂ ਹਨ।

ਹ. ਪੁ.- ਐਨ. ਬ੍ਰਿ. 7 : 368

**ਡਾਇਨਮੋ** : ਵੇਖੋ ਜੈਨਰੇਟਰ ਬਿਜਲੀ

**ਡਾਇਮੰਡ ਹਾਰਬਰ** : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਦੱਖਣੀ ਚੌਬੀਸ ਪਰਗਨਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਹੁੱਗਲੀ ਨਦੀ ਦੀ ਇਕ ਸਹਾਇਕ ਨਦੀ, ਹਾਜੀਪੁਰ ਕਰੀਕ ਦੇ ਦੋਹਾਂ ਕੰਢਿਆਂ ਉੱਤੇ ਵਸਿਆ ਹੋਇਆ ਹੈ। ਇਹ ਜ਼ਰਾਇਤੀ ਉਪਜਾਂ ਦਾ ਵਪਾਰਕ ਕੇਂਦਰ ਹੈ ਅਤੇ ਚੌਲ ਛੜਣ ਇਥੋਂ ਦਾ ਇਕੋ-ਇਕ ਉਦਯੋਗ ਹੈ। ਸਟੀਮਰਾਂ ਦਾ ਇਹ ਇਕ ਮਹੱਤਵਪੂਰਨ ਅੱਡਾ ਹੈ। ਇਸ ਤੋਂ ਇਲਾਵਾ ਇਥੇ ਇਕ ਕਸਟਮ-ਘਰ ਹੈ ਅਤੇ ਇਹ ਬੰਦਰਗਾਹ-ਅਧਿਕਾਰੀ ਦਾ ਵੀ ਸਥਾਨ ਹੈ। ਇਸ ਦੇ ਦੱਖਣ ਵਿਚ ਚਿੰਗਰੀਖਾਲੀ ਦਾ ਕਿਲਾ ਹੈ। ਇਥੇ ਕਲਕੱਤਾ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਵੀ ਹੈ।

ਆਬਾਦੀ - 30,266 (1991)

22° 12′ ਉ. ਵਿਥ. ; 88° 14′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 65

**ਡਾਇਮੰਡ ਦੀਪ** : ਇਹ ਮਿਆਂਮਾਰ (ਬਰਮਾ) ਦੇ ਤੱਟ ਉੱਤੇ ਜੰਗਲਾਂ ਨਾਲ ਢੱਕਿਆ ਹੋਇਆ ਇਕ ਛੋਟਾ ਜਿਹਾ ਦੀਪ ਹੈ ਜੋ ਬਸੀਨ ਦਰਿਆ ਦੇ ਮੁਹਾਣੇ ਦੇ ਦੱਖਣ ਵੱਲ, ਨੈਗਰੇਸ ਦੀਪ ਤੋਂ ਲਗਭਗ 12 ਕਿ. ਮੀ. ਦੀ ਦੂਰੀ ਉੱਤੇ ਸਥਿਤ ਹੈ। ਇਹ ਕੇਵਲ ਇਕ ਵਰਗ ਮੀਲ ਖੇਤਰ ਵਿਚ ਫੈਲਿਆ ਹੋਇਆ ਹੈ। ਇਸ ਦੇ ਦੱਖਣ ਵੱਲ ਅਲਗੁਆਡਾ ਰੀਫ਼ ਨਾਂ ਦਾ ਚਾਨਣ-ਮੁਨਾਰਾ ਹੈ। ਇਸ ਦਾ ਨਾਂ ਇਸ ਦੇ ਆਕਾਰ ਕਰਕੇ ਪਿਆ ਹੈ ਕਿਉਂਕਿ ਇਹ ਲਗਭਗ ਡਾਇਮੰਡ ਦੀ ਸ਼ਕਲ ਦਾ ਹੈ। ਇਸ ਦੀ ਮਸ਼ਹੂਰੀ ਇਕ ਤਾਂ ਇਥੋਂ ਦੇ ਸਮੁੰਦਰੀ ਕੱਛੂਆਂ ਕਰਕੇ ਹੈ ਤੇ ਦੂਸਰਾ ਇਥੇ ਇਕ ਵਾਇਰਲੈੱਸ ਟੈਲੀਗ੍ਰਾਫੀ ਸਟੇਸ਼ਨ ਕਰਕੇ ਹੈ ਜਿਸ ਰਾਹੀਂ ਅੰਡੇਮਾਨ ਦੀਪ-ਸਮੂਹ ਨਾਲ ਸੰਪਰਕ ਸਥਾਪਿਤ ਕੀਤਾ ਹੋਇਆ ਹੈ। ਇਹ ਟੈਲੀਗ੍ਰਾਫ ਲਾਈਨ ਰਾਹੀਂ ਬਸੀਨ ਨਾਲ ਵੀ ਜੁੜਿਆ ਹੋਇਆ ਹੈ। ਇਥੇ ਲੋੜ ਅਨੁਸਾਰ ਛੋਟੇ ਸਮੁੰਦਰੀ ਜਹਾਜ਼ ਵੀ ਆਉਂਦੇ ਰਹਿੰਦੇ ਹਨ।

15° 30′ ਉ. ਵਿਥ. ; 94° 45′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 340

**ਡਾਇਰ, ਰਿਜਿਨਲਡ ਐਡਵਰਡ ਹੈਰੀ** : ਇਹ ਇਕ ਅੰਗਰੇਜ਼ ਜਰਨੈਲ ਸੀ। ਇਸ ਦਾ ਜਨਮ 9 ਅਕਤੂਬਰ, 1864 ਵਿਚ ਪੱਛਮੀ ਪੰਜਾਬ ਵਿਚ ਮਰੀ ਵਿਖੇ ਹੋਇਆ।

ਸੰਨ 1885 ਵਿਚ ਵੈੱਸਟ ਸਰੀ ਰੈਜਮੈਂਟ ਵਿਚ ਕਮਿਸ਼ਨ ਲੈਣ ਉਪਰੰਤ ਇਸ ਨੂੰ ਇੰਡੀਅਨ ਆਰਮੀ ਵਿਚ ਭੇਜਿਆ ਗਿਆ। ਇਸ ਨੇ 1886-87 ਈ. ਦੌਰਾਨ ਬਰਮਾ ਮੁਹਿੰਮ ਵਿਚ ਅਤੇ 1901-02 ਈ. ਵਿਚ ਵਜ਼ੀਰਿਸਤਾਨ ਦੀ ਘੇਰਾਬੰਦੀ ਵਿਚ ਭਾਗ ਲਿਆ। ਪਹਿਲੀ ਵੱਡੀ ਜੰਗ ਵਿਚ ਜਰਮਨਾਂ ਨੂੰ ਅਫ਼ਗ਼ਾਨਿਸਤਾਨ ਵਿਚ ਵਧਣ ਤੋਂ ਰੋਕਣ ਲਈ ਇਸ ਨੇ ਈਸਟਰਨ ਪਰਸ਼ੀਅਨ ਘੇਰੇ ਦੀ ਕਮਾਨ ਸੰਭਾਲੀ।

ਸੰਨ 1919 ਵਿਚ ਇਸ ਨੂੰ ਜਲੰਧਰ ਵਿਖੇ ਬ੍ਰਿਗੇਡ ਕਮਾਂਡਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ। ਪੰਜਾਬ ਦੇ ਤਤਕਾਲੀਨ ਲੈਫਟੀਨੈਂਟ ਗਵਰਨਰ, ਸਰ ਮਾਈਕਲ ਓਡਵਾਇਰ ਨੇ ਪੰਜਾਬੀਆਂ ਉੱਤੇ ਕਾਫ਼ੀ ਜ਼ੁਲਮ ਕੀਤੇ ਹੋਏ ਸਨ ਜਿਸ ਕਾਰਨ ਪੰਜਾਬੀਆਂ ਦੇ ਦਿਲਾਂ ਵਿਚ ਬੜਾ ਰੋਸ ਸੀ। ਇਸੇ ਰੋਸ ਦਾ ਪ੍ਰਗਟਾਵਾ ਕਰਨ ਲਈ 13 ਅਪ੍ਰੈਲ, 1919 ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਲਗਭਗ 6 ਤੋਂ 10 ਹਜ਼ਾਰ ਦੀ ਗਿਣਤੀ ਵਿਚ ਲੋਕ ਇਕੱਠੇ ਹੋਏ। ਇਨ੍ਹਾਂ ਨਿਹੱਥੇ ਲੋਕਾਂ ਉੱਤੇ ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤਿਆਂ ਗੋਲੀ ਚਲਾਉਣ ਦਾ ਹੁਕਮ ਦਿੱਤਾ। ਇਹ ਸਥਾਨ ਤਿੰਨ ਪਾਸਿਉਂ ਬੰਦ ਸੀ ਅਤੇ ਖੁਲ੍ਹੇ ਪਾਸਿਓਂ ਬਰਤਾਨਵੀ ਸਿਪਾਹੀਆਂ ਵਲੋਂ ਅੰਧਾ-ਧੁੰਧ ਗੋਲੀਆਂ ਚੱਲੀਆਂ ਜਿਸ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਮਾਰੇ ਗਏ।

ਇਸ ਕਤਲੇਆਮ ਨਾਲ ਇਕ ਵਾਰੀ ਤਾਂ ਬਰਤਾਨਵੀ ਸਰਕਾਰ ਵੀ ਹਿੱਲ ਗਈ ਅਤੇ ਇਸ ਨੂੰ ਸੇਵਾ-ਮੁਕਤ ਕਰ ਦਿੱਤਾ ਗਿਆ। ਬਾਅਦ ਵਿਚ ਬਰਤਾਨਵੀ ਸਰਕਾਰ ਨੇ ਡਾਇਰ ਨੂੰ ਇਹ ਕਹਿ ਕੇ ਦੋਸ਼-ਮੁਕਤ ਕਰ ਦਿੱਤਾ ਕਿ ਇਹ ਇਸ ਗੱਲੋਂ ਅਣਜਾਣ ਸੀ ਕਿ ਲੋਕਾਂ ਕੋਲ ਭੱਜਣ ਲਈ ਕੋਈ ਰਸਤਾ ਨਹੀਂ ਸੀ ਅਤੇ ਇਸ ਨੂੰ ਇਹ ਵੀ ਡਰ ਸੀ ਕਿ ਲੋਕ ਗੁੱਸੇ ਵਿਚ ਇਸ ਦੇ ਸਿਪਾਹੀਆਂ ਨੂੰ ਹੀ ਕੁਚਲ ਦੇਣਗੇ। ਇਸ ਨੇ ਲੋਕਾਂ ਨੂੰ ਤੰਗ ਕਰਨ ਲਈ ਅੰਮ੍ਰਿਤਸਰ ਸ਼ਹਿਰ ਦਾ ਪਾਣੀ ਅਤੇ ਬਿਜਲੀ ਕੱਟ ਦਿੱਤੀ। ਉਨ੍ਹਾਂ ਨੂੰ ਤੰਗ ਕਰਨ ਲਈ ਕਿਲੇ ਦੇ ਨਜ਼ਦੀਕ ਇਸ ਕੰਮ ਲਈ ਇਕ ਚਬੂਤਰਾ ਵੀ ਬਣਵਾਇਆ ਗਿਆ।

ਬਾਅਦ ਵਿਚ ਇਹ ਇੰਗਲੈਂਡ ਪਰਤ ਗਿਆ। 23 ਜੁਲਾਈ, 1927 ਵਿਚ ਇਸ ਦੀ ਲੰਡਨ ਵਿਚ ਬਰਿਸਟਲ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3:736; ਬ੍ਰਿਟਿਸ਼ ਰੂਲ ਇਨ ਇੰਡੀਆ ਐਂਡ ਆਫਟਰ—ਵੀ. ਡੀ. ਮਹਾਜਨ : 462

**ਡਾੱਇਲ, ਸਰ ਆਰਥਰ ਕਾੱਨਨ** : ਇਹ ਬਰਤਾਨੀਆ ਦਾ ਉੱਘਾ ਲਿਖਾਰੀ ਸੀ। ਇਸ ਦਾ ਜਨਮ 22 ਮਈ, 1859 ਈ. ਨੂੰ

ਸਕਾਟਲੈਂਡ ਵਿਚ ਐਡਨਬਰਾ ਵਿਖੇ ਹੋਇਆ। ਵਿਦਿਆ ਪ੍ਰਾਪਤੀ ਪਿਛੋਂ ਇਸ ਨੇ ਐਡਨਬਰਾ ਯੂਨੀਵਰਸਿਟੀ ਵਿਚ ਡਾਕਟਰੀ ਦੀ ਪੜ੍ਹਾਈ ਕੀਤੀ (ਐਮ. ਬੀ. 1881, ਐਮ. ਡੀ. 1885)। ਸੰਨ 1882 ਵਿਚ ਇਸ ਨੇ ਇੰਗਲੈਂਡ ਵਿਚ ਸਾਊਥ ਸੀ ਵਿਖੇ ਡਾਕਟਰੀ ਦੀ ਪ੍ਰੈਕਟਿਸ ਸ਼ੁਰੂ ਕੀਤੀ। ਇਸ ਦੀ ਮਾਇਕ ਹਾਲਤ ਕਮਜ਼ੋਰ ਸੀ ਇਸ ਲਈ ਆਪਣੀ ਆਮਦਨ ਨੂੰ ਵਧਾਉਣ ਲਈ ਇਸ ਨੇ ਲਿਖਣਾ ਵੀ ਸ਼ੁਰੂ ਕੀਤਾ। ਸੰਨ 1881 ਵਿਚ ਇਸ ਨੇ ਆਪਣੀ ਰਚਨਾ 'ਏ ਸਟੱਡੀ ਇਨ ਸਕਾਰਲੈੱਟ' ਵਿਚ ਕਤਲ ਤੇ ਬਦਲੇ ਦੀ ਭਾਵਨਾ ਦਾ ਜ਼ਿਕਰ ਬਿਆਨਿਆ। ਅੰਗਰੇਜ਼ੀ ਗਲਪ ਵਿਚ ਸਭ ਤੋਂ ਵੱਧ ਉੱਘੇ ਜਾਸੂਸੀ ਪਾਤਰ ਸ਼ਰਲੌਕ ਹੋਮਜ਼ ਅਤੇ ਡਾ. ਵਾਟਸਨ ਇਸੇ ਦੀ ਹੀ ਦੇਣ ਹੈ। ਕਿਹਾ ਜਾਂਦਾ ਹੈ ਕਿ ਇਸ ਜਾਸੂਸ ਦੀਆਂ ਭਿਆਨਕ ਤਰਕਪੂਰਨ ਸ਼ਕਤੀਆਂ ਦਾ ਸੁਝਾਅ ਇਸ ਦੇ ਐਡਨਬਰਾ ਦੇ ਇਕ ਸੁਘੜ ਤੇ ਪਾਰਖੂ ਅਧਿਆਪਕ ਨੇ ਦਿੱਤਾ।

– ਸੰਨ 1890 ਵਿਚ ਇਸ ਨੇ ਡਾਕਟਰੀ ਦੀ ਪ੍ਰੈਕਟਿਸ ਛੱਡ ਦਿੱਤੀ। ਇਹ ਇਸ ਕਿੱਤੇ ਤੋਂ ਉਕਤਾ ਗਿਆ ਸੀ ਕਿਉਂਕਿ ਇਸਦਾ ਝੁਕਾਅ ਵਧੇਰੇ ਲਿਖਣ ਵੱਲ ਸੀ। ਸੰਨ 1902 ਵਿਚ ਇਸ ਨੇ ਸ਼ਰਲੌਕ ਹੋਮਜ਼ ਦੇ ਮਿੱਤਰਾਂ ਦੇ ਕਹਿਣ ਤੇ 'ਦੀ ਹਾਉਂਡ ਆਫ਼ ਦਾ ਬਾਸਕਰ ਵਿਲੀਸ' ਲਿਖੀ। ਉੱਘੇ ਪਾਤਰ ਸ਼ਰਲੌਕ ਹੋਮਜ਼ ਦੀਆਂ ਕਹਾਣੀਆਂ ਇਹ ਆਪਣੀ ਮੌਤ ਤੋਂ ਕੁਝ ਹੀ ਸਾਲ ਪਹਿਲਾਂ ਤੱਕ ਲਿਖਦਾ ਰਿਹਾ ਤੇ 'ਸਟਰੈਂਡ' ਮੈਗਜ਼ੀਨ ਵਿਚ ਭੇਜਦਾ ਰਿਹਾ।

ਇਸ ਤੋਂ ਇਲਾਵਾ ਇਸ ਨੇ ਕਈ ਇਤਿਹਾਸਕ ਰੋਮਾਂਸ ਜਿਵੇਂ 'ਰੱਡਨੀ ਸਟੋਨ' (1896); 'ਦੀ ਗ੍ਰੇਟ ਬੋਰ ਵਾਰ' (1900); 'ਦੀ ਵਾਰ ਇਨ ਸਾਊਥ ਅਫ਼ਰੀਕਾ' (1902) ਲਿਖੇ। ਇਨ੍ਹਾਂ ਰਚਨਾਵਾਂ ਕਾਰਨ ਇਸ ਨੂੰ ਨਾਈਟ ਥਾਪਿਆ ਗਿਆ। 6 ਜਿਲਦਾਂ ਵਿਚ ਇਸ ਨੇ 'ਹਿਸ਼ਟਰੀ ਆਫ਼ ਦ ਬ੍ਰਿਟਿਸ਼ ਕੰਪੇਨ ਇਨ ਫ਼ਰਾਂਸ ਐਂਡ ਫਲੈਂਡਰਜ਼' (1916-20) ਲਿਖੀ। ਇਸੇ ਤਰ੍ਹਾਂ 'ਏ ਸਟੋਰੀ ਆਫ਼ ਵਾਟਰਲੂ' ਇਸ ਦਾ ਇਕ ਕਾਮਯਾਬ ਨਾਟਕ ਹੈ।

'ਦੀ ਵਾਂਡਰਿੰਗਜ਼ ਆਫ਼ ਏ ਸਪਿਰਿਚੁਅਲਿਸਟ' (1921) ਅਤੇ ਦੋ ਜਿਲਦਾਂ ਵਿਚ 'ਹਿਸਟਰੀ ਆਫ਼ ਸਪਿਰਿਚੁਅਲਿਜ਼ਮ' (1926) ਇਸ ਦੀਆਂ ਅਧਿਆਤਮਕ ਰਚਨਾਵਾਂ ਹਨ। ਸੰਨ 1924 ਵਿਚ ਇਸ ਨੇ ਆਪਣੀ ਸਵੈ-ਜੀਵਨੀ 'ਮੈਮਾਇਰਜ਼ ਐਂਡ ਐਡਵੈਂਚਰਜ਼' ਲਿਖੀ। ਆਪਣੇ ਪੁੱਤਰ ਦੀ ਮੌਤ ਪਿਛੋਂ ਇਸ ਦਾ ਝੁਕਾਅ ਅਧਿਆਤਮਵਾਦ ਵੱਲ ਹੋ ਗਿਆ ਸੀ।

ਸਰ ਆਰਥਰ ਕੱਨਨ ਡਾਇਨ ਦਾ 7 ਜੁਲਾਈ, 1930 ਨੂੰ ਸਸੈੱਕਸ ਵਿਚ ਕਰੋਬੌਰੋ ਵਿਖੇ ਦੇਹਾਂਤ ਹੋ ਗਿਆ।

ਹ. ਪੁ.—ਐਨ. ਅਮੇ. 9 :289 ; ਐਨ. ਬ੍ਰਿ. ਮਾ. 3 :650

**ਡਾਈਓ ਕੈਸ਼ੀਅਸ ਕੱਕਸੀਏਨਸ** : ਰੋਮ ਦੇ ਇਸ ਉੱਘੇ ਇਤਿਹਾਸਕਾਰ ਅਤੇ ਰਾਜਪ੍ਰਬੰਧਕ ਦਾ ਜਨਮ 150 ਈ. ਵਿਚ ਬਥਿਨੀਆ ਵਿਚ ਨਾਈਸੀਆ ਵਿਖੇ ਹੋਇਆ। ਇਸ ਦਾ ਪਿਤਾ ਕੈਸ਼ੀਅਸ ਏਪਰੋਨੀਏਨਸ, ਡੈਲਮੇਸ਼ੀਆ ਅਤੇ ਸਲਿਸ਼ੀਆ ਦਾ ਗਵਰਨਰ ਸੀ।

ਸੰਨ 180 ਵਿਚ ਆਪਣੇ ਪਿਤਾ ਦੀ ਮੌਤ ਉਪਰੰਤ ਇਹ ਰੋਮ ਆ ਗਿਆ ਅਤੇ ਸੈਨੇਟ ਦਾ ਮੈਂਬਰ ਬਣਿਆ। ਬਾਦਸ਼ਾਹ ਕੱਮਾਡੱਸ ਦੇ ਰਾਜਕਾਲ ਦੌਰਾਨ ਇਸ ਨੇ ਵਕਾਲਤ ਦਾ ਪੇਸ਼ਾ ਅਖ਼ਤਿਆਰ ਕੀਤਾ ਅਤੇ ਮਗਰੋਂ ਨਾਜ਼ਮ ਅਤੇ ਕੁਏਸਟਰ (ਖਜ਼ਾਨਾ ਅਫਸਰ) ਦੇ ਅਹੁਦਿਆਂ ਤੇ ਰਿਹਾ। ਪਰਟੀਨੈਕਸ ਨੇ ਇਸ ਨੂੰ ਪ੍ਰਿਟਰ ਦਾ ਅਹੁਦਾ ਦਿੱਤਾ।

ਮਕਰਾਈਨਸ ਦੇ ਕਾਲ ਵਿਚ ਇਹ ਪਰਗਾਮਮ ਅਤੇ ਸਮਰਨਾ ਦਾ ਰਾਜਪ੍ਰਬੰਧਕ ਬਣਿਆ ਅਤੇ ਰੋਮ ਵਾਪਸ ਆਉਣ ਉਪਰੰਤ ਇਹ ਕਾਂਸਲ ਬਣ ਗਿਆ। ਇਸ ਤੋਂ ਬਾਅਦ ਇਸ ਨੂੰ ਪਰੋਕਾਂਸਲ ਬਣਾ ਕੇ ਅਫ਼ਰੀਕਾ ਭੇਜਿਆ ਗਿਆ। ਵਾਪਸ ਰੋਮ ਆਉਣ ਉਪਰੰਤ ਇਹ ਬਤੌਰ ਲੀਗੇਟ ਪਹਿਲਾਂ ਡੈਲਮੇਸ਼ੀਆ ਅਤੇ ਫੇਰ ਪਾਨਾਨੀਆ ਗਿਆ। ਸੰਨ 229 ਵਿਚ ਐਲਿਗਜ਼ੈਂਡਰ ਸਾਵਿਰਸ ਨੇ ਦੂਜੀ ਵਾਰ ਇਸ ਨੂੰ ਕਾਂਸਲ ਬਣਾਇਆ।

ਸੇਵਾ-ਨਵਿਰਤ ਹੋਣ ਤੋਂ ਪਹਿਲਾਂ ਇਸ ਨੇ ਕਈ ਕਿਤਾਬਾਂ ਲਿਖੀਆਂ ਜਿਸ ਵਿਚ ਇਸ ਨੇ ਸਾਥੀ ਐਰੀਅਨ ਦੀ ਜੀਵਨ-ਕਥਾ, ਇਟਲੀ ਵਿਚ ਆਨੀਅਸ ਦੇ ਆਉਣ ਤੋਂ ਐਲਿਗਜ਼ੈਂਡਰ ਦੇ ਰਾਜ ਕਾਲ ਤੱਕ ਦਾ ਰੋਮ ਦਾ ਇਤਿਹਾਸ ਸ਼ਾਮਲ ਹੈ। ਰੋਮ ਦਾ ਇਤਿਹਾਸ ਜਿਹੜਾ 'ਰੋਮੇਇਕਾ' ਨਾਉਂ ਨਾਲ ਜਾਣਿਆ ਜਾਂਦਾ ਹੈ, 80 ਜਿਲਦਾਂ ਵਿਚ ਸੀ, ਜਿਨ੍ਹਾਂ ਵਿਚੋਂ ਹੁਣ ਕੁਝ ਕੁ ਜਿਲਦਾਂ ਹੀ ਸੁਰੱਖਿਅਤ ਹਨ। ਇਹ ਪੁਸਤਕਾਂ ਯੂਨਾਨੀ ਭਾਸ਼ਾ ਵਿਚ ਲਿਖੀਆਂ ਗਈਆਂ ਅਤੇ ਇਨ੍ਹਾਂ ਤੋਂ ਰੋਮ ਦੇ ਅੰਤਲੇ ਸਾਲਾਂ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ।

ਸੰਨ 235 ਵਿਚ ਇਸ ਦੀ ਬਥਿਨੀਆ ਵਿਚ ਨਾਈਸੀਆ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :556; ਐਨ. ਬ੍ਰਿ. 7 : 459

**ਡਾਈਅਰ, ਸਰ ਜੇਮਜ਼** : ਇਹ ਇਕ ਅੰਗਰੇਜ਼ ਜੱਜ ਸੀ ਜਿਹੜਾ 1559 ਈ. ਤੋਂ ਕਾਮਨ ਪਲੀਜ਼ ਕੋਰਟ ਦਾ ਚੀਫ਼ ਜਸਟਿਸ ਰਿਹਾ। ਇਸ ਨੇ ਹੀ ਮੁਕੱਦਮਿਆਂ ਦੀ ਆਧੁਨਿਕ ਰਿਪੋਰਟ ਪ੍ਰਣਾਲੀ ਸ਼ੁਰੂ ਕੀਤੀ। ਇਸ ਦਾ ਜਨਮ 1512 ਈ. ਵਿਚ ਸਿਰਾਸੈਟ ਵਿਚ ਰਾਊਂਡਹਿਲ ਵਿਖੇ ਹੋਇਆ। ਇਸ ਨੇ ਬਰਾੱਡਗੇਟ ਹਾਲ (ਜਿਥੇ ਹੁਣ ਪੈਂਬਰੋਕ ਕਾਲਜ ਹੈ), ਆਕਸਫ਼ੋਰਡ ਵਿਖੇ ਵਿਦਿਆ ਪ੍ਰਾਪਤ ਕੀਤੀ ਪਰ ਕੋਈ ਡਿਗਰੀ ਨਹੀਂ ਲਈ। ਸੰਨ 1537 ਤੋਂ ਕੁਝ ਸਮਾਂ ਪਹਿਲਾਂ ਇਸ ਨੂੰ ਮਿਡਲ ਟੈਂਪਲ ਦੀ ਬਾਰ ਵਿਚ ਬੁਲਾਇਆ ਗਿਆ ਜਦੋਂ ਇਸ ਦਾ ਨਾਂ ਆਪਣੀਆਂ ਪਹਿਲੀਆਂ ਰਪੋਟਾਂ ਵਿਚ ਆਇਆ। ਸੰਨ 1547 ਵਿਚ ਇਸਨੂੰ ਕੈਂਬਰਿਜਸ਼ਿਰ ਤੋਂ ਪਾਰਲੀਮੈਂਟ ਲਈ ਚੁਣਿਆ ਗਿਆ। ਸੰਨ 1552 ਵਿਚ ਇਸ ਨੂੰ ਨਾਈਟ ਦਾ ਖ਼ਿਤਾਬ ਮਿਲਿਆ। ਸੰਨ 1553 ਵਿਚ ਇਸ ਨੂੰ ਹਾਊਸ ਆਫ਼ ਕਾਮਨਜ਼ ਦਾ ਸਪੀਕਰ ਚੁਣਿਆ ਗਿਆ।

ਸੰਨ 1557 ਵਿਚ ਇਸ ਨੂੰ ਕੋਰਟ ਆਫ਼ ਕਾਮਨ ਪਲੀਜ਼ ਦਾ ਜੱਜ ਬਣਾ ਦਿੱਤਾ ਗਿਆ। ਸੰਨ 1559 ਤੋਂ 1582 ਈ. ਤੱਕ ਇਹ ਇਸੇ ਕਚਹਿਰੀ ਦੇ ਚੀਫ਼ ਜਸਟਿਸ ਦੇ ਤੌਰ ਤੇ ਕੰਮ ਕਰਦਾ ਰਿਹਾ। 14 ਮਾਰਚ, 1582 ਨੂੰ ਇਸ ਦੀ ਮੌਤ ਗਰੇਟ ਸਟਾਉਟਨ (ਹਟਟਿੰਗਡਨਸ਼ਿਰ) ਵਿਖੇ ਹੋਈ। ਇਹ ਆਪਣੀ ਦਿਆਨਤਦਾਰੀ ਤੇ ਵਿਦਵਤਾ ਲਈ ਬਹੁਤ ਪ੍ਰਸਿੱਧ ਸੀ। ਇਸ ਦੀਆਂ 1513 ਤੋਂ 1582 ਈ. ਦੇ ਸਮੇਂ ਦੀਆਂ ਕੇਸ ਰਪੋਟਾਂ ਤਿੰਨ ਜਿਲਦਾਂ ਵਿਚ ਪ੍ਰਕਾਸ਼ਿਤ ਹੋਈਆਂ ਹਨ।

ਇਸ ਦੀ ਮੌਤ 24 ਮਾਰਚ, 1582 ਨੂੰ ਹੰਟਿੰਗਡਨਸ਼ਿਰ ਵਿਚ ਗ੍ਰੇਟ ਸਟਾਗਟਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 736

**ਡਾਈਅਰ, ਜਾਨ** : ਇਹ ਇਕ ਅੰਗਰੇਜ਼ ਕਵੀ ਸੀ। ਇਸ ਦਾ ਜਨਮ 1699 ਈ. ਵਿਚ ਹੋਇਆ। 13 ਅਗਸਤ, 1699 ਈ. ਨੂੰ ਕਾਰਮਰਥੈਨਸ਼ਿਰ ਵਿਚ ਐਬਰਗਲੈਸਨੀ ਵਿਖੇ ਇਸ ਨੂੰ ਬਪਤਿਸਮਾ ਦਿੱਤਾ ਗਿਆ। ਵਧੇਰੇ ਕਰਕੇ ਇਹ ਆਪਣੀ ਬਿਆਨੀਆ ਕਵਿਤਾ 'ਗਰਾਗਰਹਿੱਲ' ਕਾਰਨ ਪ੍ਰਸਿਧ ਹੋਇਆ। ਇਹ ਇਕ ਸੰਖਿਪਤ ਵਰਣਨਾਤਮਕ ਤੇ ਇਕਾਗਰਚਿੱਤ ਕਵਿਤਾ ਹੈ।

ਇਸ ਨੇ ਆਪਣੀ ਕਵਿਤਾ ਵਿਚ ਕਲਾਸਕੀ ਪੇਂਡੂ ਵਿਸ਼ਾ ਚਿਤਰਿਆ ਹੈ। ਇਸ ਦੀ ਪੁਸਤਕ 'ਦਾ ਰੁਇਨਜ਼ ਆਫ਼ ਰੋਮ' (1740) ਵਿਚ ਵੀ ਇਸ ਨੇ ਬਿਆਨ ਤੇ ਚਿੰਤਨ ਦਾ ਸੁਮੇਲ ਕੀਤਾ ਹੈ। ਇਸ ਦੀ ਸਭ ਤੋਂ ਲੰਬੀ ਕਵਿਤਾ 'ਦ ਫ਼ਲੀਸ' (1757) ਸੈਲਾਨੀ ਛੰਦ ਵਿਚ ਹੈ ਜਿਸ ਦੀਆਂ ਚਾਰ ਜਿਲਦਾਂ ਹਨ। ਇਸ ਕਵਿਤਾ ਦਾ ਵਿਸ਼ੇਸ਼ ਗੁਣ ਇਸ ਦੀ ਪ੍ਰਤਿਲਿਪੀ ਦੀ ਯੋਗਤਾ ਅਤੇ ਅਣਕਾਵਿਕ ਵਿਸ਼ੇ ਨੂੰ ਆਪਣੀ ਭਾਸ਼ਾ ਦੁਆਰਾ ਸੁੰਦਰ ਢੰਗ ਨਾਲ ਵਰਣਨ ਕਰਨਾ ਹੈ।

ਸੰਨ 1757 ਵਿਚ ਲਿੰਕਨਸ਼ਿਰ ਵਿਚ ਕੱਨਿੰਗਜ਼ਬੀ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. 7 : 814; ਐਨ. ਬ੍ਰਿ. ਮਾ. 3:736

**ਡਾਈਆਜ਼ਾਨੀਜ਼ ਆਫ਼ ਅਪੋਲੋਨੀਆ** : ਇਸ ਯੂਨਾਨੀ ਦਾਰਸ਼ਨਿਕ ਦਾ ਜਨਮ ਫ਼੍ਰੀਜ਼ੀਆ ਵਿਚ ਅਪੋਲੋਨੀਆ ਵਿਖੇ ਹੋਇਆ। ਇਹ 435 ਈ. ਪੂ. ਅਰਥਾਤ 5ਵੀਂ ਸਦੀ ਈ. ਪੂ. ਵਿਚ ਵਧਿਆ-ਫੁੱਲਿਆ। ਇਸਦੇ ਜੀਵਨ ਬਾਰੇ ਬਹੁਤ ਥੋੜ੍ਹਾ ਪਤਾ ਹੈ। ਬ੍ਰਹਿਮੰਡ ਦੇ ਸਿਧਾਂਤ ਕਾਰਨ ਅਤੇ ਪ੍ਰਾਚੀਨ ਵਿਚਾਰਾਂ ਨੂੰ ਨਵੀਆਂ ਖੋਜਾਂ ਨਾਲ ਸੰਸਲੇਸ਼ਣ ਕਰਨ ਕਾਰਨ ਇਸ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਇਸ ਨੇ ਆਪਣਾ ਬਹੁਤਾ ਸਮਾਂ ਏਥਨਜ਼ ਵਿਖੇ ਬਿਤਾਇਆ। ਇਥੇ ਇਸ ਦੇ ਵਿਚਾਰ ਇਸ ਦੇ ਜੀਵਨ ਲਈ ਹੀ ਖ਼ਤਰਾ ਬਣ ਗਏ ਅਤੇ ਯੂਨਾਨੀ ਨਾਟਕਕਾਰ, ਅਰਿਸਟੋਫੇਨੀਜ਼ ਨੇ ਆਪਣੇ ਨਾਟਕ ਨੈਫੇਲੇ (Nephelai) 'ਦੀ ਕਲਾਊਡਜ਼' ਵਿਚ ਇਸ ਦਾ ਮਖੌਲ ਉਡਾਇਆ। ਯੂਨਾਨੀ ਭਾਸ਼ਾ ਵਿਚ ਇਸ ਨੇ ਕਈ ਕ੍ਰਿਤਾਂ ਲਿਖੀਆਂ ਜਿਨ੍ਹਾਂ ਵਿਚੋਂ 'ਪੈਰੀਫਾਈਸੀਔਸ ਔਨ ਨੇਚਰ' ਪ੍ਰਸਿੱਧ ਹੈ।

ਇਸ ਦਾ ਮੁੱਖ ਉਦੇਸ਼ ਸੰਸਾਰ ਦਾ ਉਹ ਮੂਲ ਸ੍ਰੋਤ ਲੱਭਣਾ ਸੀ ਜਿਥੋਂ ਸਾਰੀਆਂ ਵਸਤਾਂ ਪੈਦਾ ਹੁੰਦੀਆਂ ਹਨ ਅਤੇ ਆਪਣੇ ਸਿਖਿਅਕ ਆਨੈਕਸਿਮੇਨੀਜ਼ ਦੀ ਤਰ੍ਹਾਂ ਇਸ ਨੇ ਵੀ ਇਹ ਨਿਚੋੜ ਕੱਢਿਆ ਕਿ ਸਾਰੀਆਂ ਵਸਤਾਂ ਦਾ ਇਕੋ ਇਕ ਮੁੱਖ ਸ੍ਰੋਤ ਹਵਾ ਹੈ। ਆਪਣੀਆਂ ਇਨ੍ਹਾਂ ਖੋਜਾਂ ਕਾਰਨ ਹੀ ਇਸ ਨੂੰ ਪਹਿਲਾ ਅਨੁਭਵਵਾਦੀ ਕਿਹਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 :558; ਐਨ. ਅਮੈ. 9 : 133; ਐਵ. ਐਨ. 4 : 403; ਐਨ. ਬ੍ਰਿ. 7: 462

**ਡਾਈਅੱਟ ਟਾਮਸ ਡਬਲਯੂ** : ਇਸ ਪੈਟੈਂਟ ਦਵਾਈਆਂ ਦੇ ਸ਼ਾਹੀ ਵਪਾਰੀ, ਸ਼ੀਸ਼ਾ ਤਿਆਰ ਕਰਨ ਵਾਲੇ, ਸੰਜਮੀ ਵਕੀਲ ਅਤੇ ਸੁਧਾਰਕ ਦਾ ਜਨਮ 1771 ਈ. ਨੂੰ ਇੰਗਲੈਂਡ ਵਿਖੇ ਹੋਇਆ। ਇਸ ਦੀਆਂ ਤਸਵੀਰਾਂ ਵਾਲੀਆਂ ਬੋਤਲਾਂ ਵਿਸ਼ੇਸ਼ ਤੌਰ ਤੇ ਬਹੁਮੁੱਲੇ ਪ੍ਰਾਚੀਨ ਅਵਸ਼ੇਸ਼ਾਂ ਵਿਚੋਂ ਗਿਣੀਆਂ ਜਾਂਦੀਆਂ ਹਨ।

ਸੰਨ 1790 ਦੇ ਲਗਭਗ ਜਦੋਂ ਇਹ ਇਕ ਦਵਾਈਆਂ ਦੇ ਸਿੱਖਿਆਰਥੀ ਵਜੋਂ ਫਿਲਾਡੈਲਫ਼ੀਆ ਪਹੁੰਚਿਆ ਤਾਂ ਉਸ ਕੋਲ ਕੋਈ ਪੈਸਾ ਨਹੀਂ ਸੀ। ਇਹ ਇਕ ਤਹਿਖ਼ਾਨੇ ਵਿਚ ਕਿਰਾਏ ਤੇ ਰਿਹਾ ਜਿਥੇ ਰਹਿ ਕੇ ਇਹ ਦਿਨ ਵੇਲੇ ਬੂਟ ਪਾਲਿਸ਼ ਕਰਦਾ ਹੁੰਦਾ ਸੀ ਅਤੇ ਰਾਤ ਸਮੇਂ ਪਾਲਿਸ਼ ਬਣਾਉਣ ਦਾ ਕੰਮ ਕਰਦਾ ਸੀ। ਡਾਈਅੱਟ ਨੇ 1807 ਈ. ਵਿਚ ਦਵਾਈਆਂ ਦੀ ਦੁਕਾਨ ਖੋਲ੍ਹੀ ਅਤੇ ਐਮ. ਡੀ. ਕਰਨ ਉਪਰੰਤ ਛੇਤੀ ਹੀ ਇਹ ਪਰਿਵਾਰਕ ਦਵਾਈਆਂ ਬਣਾਉਣ ਨੂੰ ਵੱਡੇ ਪੈਮਾਨੇ ਉੱਤੇ ਤਿਆਰ ਕਰਨ ਵਾਲਾ ਦੇਸ਼ ਦਾ ਵੱਡਾ ਵਪਾਰੀ ਬਣ ਗਿਆ। ਇਸ ਦੀਆਂ ਜ਼ਿਆਦਾ ਵਿਕਣ ਵਾਲੀਆਂ ਦਵਾਈਆਂ ਵਿਚ ਪੂਰਨ ਤੌਰ ਤੇ ਕੀੜੇ ਮਾਰਨ ਵਾਲੀਆਂ ਦਵਾਈਆਂ ਅਤੇ ਦਿਲ ਦੇ ਰੋਗਾਂ ਸਬੰਧੀ ਖਾਣ ਵਾਲੀਆਂ ਦਵਾਈਆਂ ਸਨ। ਦਵਾਈਆਂ ਲਈ ਵੱਡੇ ਪੱਧਰ ਉੱਤੇ ਬੋਤਲਾਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਇਸ ਨੇ 1833 ਈ. ਵਿਚ ਕਨਿੰਗਸਟਨ ਗਲਾਸ ਵਰਕਸ ਫ਼ੈਕਟਰੀ ਖਰੀਦ ਲਈ ਜਿਥੇ ਇਸ ਨੇ 400 ਕਾਰੀਗਰ ਰੱਖੇ। ਇਥੋਂ ਹੀ ਇਸ ਨੂੰ ਆਪਣੇ ਆਸ਼ਾਵਾਦੀ ਸੁਪਨੇ ਪੂਰੇ ਹੋਣ ਦੀ ਆਸ ਨਜ਼ਰ ਆਉਣ ਲੱਗੀ। ਡਾਈਅੱਟਵਿਲੇ ਜਾਂ ਟੈਂਪਰੈਂਸੀਵਿਲੇ ਨਾਮੀ ਫ਼ੈਕਟਰੀ ਵਿਚ ਸ਼ਰਾਬ ਪੀਣ ਦੀ ਆਗਿਆ ਨਹੀਂ ਸੀ ਬੇਸ਼ਕ ਡਾਕਟਰ ਦੁਆਰਾ ਬਣਾਈਆਂ ਆਪਣੀਆਂ ਦਵਾਈਆਂ ਲਈ ਅਲਕੋਹਲ ਕਾਫ਼ੀ ਮਾਤਰਾ ਵਿਚ ਇਸਤੇਮਾਲ ਹੁੰਦੀ ਸੀ। ਫ਼ੈਕਟਰੀ ਦੇ ਕਾਰੀਗਰ ਸਵੇਰੇ ਘੰਟੀ ਵੱਜਣ ਤੇ ਉਠਦੇ, ਉਨ੍ਹਾਂ ਦੇ ਨਹਾਉਣ-ਧੋਣ ਲਈ ਵਿਸ਼ੇਸ਼ ਸਮਾਂ ਨਿਸ਼ਚਿਤ ਸੀ। ਉਨ੍ਹਾਂ ਨੂੰ ਕੰਮ ਕਰਦਿਆਂ ਖਾਣ ਲਈ ਹਲਕਾ ਨਾਸ਼ਤਾ ਦਿੱਤਾ ਜਾਂਦਾ ਸੀ। ਰਾਤ ਦੇ ਖਾਣੇ ਤੋਂ ਬਾਅਦ ਇਕ ਘੰਟਾ ਮੌਜ-ਮਸਤੀ ਕਰਨ ਉਪਰੰਤ ਉਹ ਰਾਤ ਦੇ ਸਕੂਲ ਅਤੇ ਪ੍ਰਾਰਥਨਾ ਵਿਚ ਸ਼ਾਮਲ ਹੁੰਦੇ। ਡਾਈਅੱਟ ਨੇ ਬੈਂਕ ਸ਼ੁਰੂ ਕੀਤਾ ਜਿਸ ਦੀ ਅਸਫ਼ਲਤਾ ਉੱਤੇ ਪਸ਼ਚਾਤਾਪ ਕਰਨ ਲਈ ਇਸ ਨੂੰ ਕੁਝ ਸਮੇਂ ਦੀ ਕੈਦ ਵੀ ਕੱਟਣੀ ਪਈ। ਕੈਦ ਕੱਟਣ ਉਪਰੰਤ ਵਾਪਸ ਆ ਕੇ ਡਾਈਅੱਟ ਨੇ ਫਿਰ ਆਪਣੀ ਦਵਾਈਆਂ ਦੀ ਦੁਕਾਨ ਉੱਤੇ ਕੰਮ ਸ਼ੁਰੂ ਕੀਤਾ ਅਤੇ ਅੰਤ ਤੱਕ ਕਰਦਾ ਰਿਹਾ।

ਡਾਈਅੱਟ ਦੀ ਸ਼ੀਸ਼ੇ ਦੀ ਫ਼ੈਕਟਰੀ ਵਿਚ ਸ਼ਰਾਬ ਤੇ ਦਵਾਈਆਂ ਦੀਆਂ ਸ਼ੀਸ਼ੀਆਂ, ਆਚਾਰ ਪਾਉਣ ਲਈ ਬੋਤਲਾਂ ਤੇ ਮਰਤਬਾਨ, ਨਸਵਾਰ ਪਾਉਣ ਲਈ ਜਾਰ ਤੇ ਰੰਗਦਾਰ ਸ਼ੀਸ਼ੇ ਦੀਆਂ ਸੁਰਾਹੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਦਾ ਰੰਗ ਜੈਤੂਨ ਵਰਗੇ ਰੰਗ ਤੋਂ ਲੈ ਕੇ ਐਂਬਰ ਵਰਗਾ ਜਾਂ ਤੋਤੀਆ-ਹਰਾ ਹੁੰਦਾ ਸੀ। ਨੀਲੇ ਰੰਗ ਵਾਲੀਆਂ ਬੋਤਲਾਂ ਵਿਸ਼ੇਸ਼ ਤੌਰ ਤੇ ਖ਼ੂਬਸੂਰਤ ਹੁੰਦੀਆਂ ਸਨ। ਸੰਸਾਰ ਪ੍ਰਸਿੱਧ ਜਾਰਜ ਵਾਸ਼ਿੰਗਟਨ, ਜਾਨੀ ਲਿੰਡ ਅਤੇ ਲੂਈਸ ਕਸਾਊਟਰ ਆਦਿ ਬੋਤਲਾਂ ਦੀ ਨਕਲ ਤਿਆਰ ਹੋਣੀ ਵੀ ਇਥੋਂ ਹੀ ਸ਼ੁਰੂ ਹੋਈ। ਕਈ ਬੋਤਲਾਂ ਉਪਰ ਇਕ ਪਾਸੇ ਇਸਦੀ ਆਪਣੀ ਤਸਵੀਰ ਅਤੇ ਦੂਜੇ ਪਾਸੇ ਬੇਂਜਾਮਿਨ ਫਰੈਂਕਲਿਨ ਨਾਲ ਜਾਂ ਕਿਸੇ ਹੋਰ ਉੱਘੀ ਸਖ਼ਸ਼ੀਅਤ ਨਾਲ ਉਸ ਦੀ ਤਸਵੀਰ ਬਣੀ ਹੁੰਦੀ ਸੀ।

ਹ. ਪੁ.—ਐਨ. ਬ੍ਰਿ. ਮਾ. 4 : 310

**ਡਾਈਅੱਨ** : ਇਹ ਇਟਲੀ ਦੇ ਸਿਰਾਕਿਊਜ਼ ਰਾਜ ਦਾ ਫਿਲਾਸਫਰ ਅਤੇ ਰਾਜਨੀਤਕ ਲੀਡਰ ਸੀ ਜੋ 408 ਈ. ਪੂ. ਦੌਰਾਨ ਇਥੋਂ ਦੇ ਇਕ ਸ਼ਾਹੀ ਘਰਾਣੇ ਵਿਚ ਪੈਦਾ ਹੋਇਆ। 387 ਈ. ਪੂ. ਦੌਰਾਨ ਅਫ਼ਲਾਤੂਨ ਸਿਰਾਕਿਊਜ਼ ਆਇਆ ਅਤੇ ਡਾਈਆਨ ਉਸ ਨੂੰ ਮਿਲਕੇ ਬਹੁਤ ਪ੍ਰਭਾਵਿਤ ਹੋਇਆ, ਜਿਸ ਦੇ ਨਤੀਜੇ ਵਿਚ ਇਸ ਨੇ ਜ਼ਾਲਮ ਹਾਕਮ ਦੇ ਬਰਖ਼ਿਲਾਫ਼ ਆਵਾਜ਼ ਬੁਲੰਦ ਕੀਤੀ। 366 ਈ. ਪੂ. ਦੌਰਾਨ ਸਿਰਾਕਿਊਜ਼ ਰਾਜ ਦੇ ਦੁਸ਼ਮਣ ਕਾਰਥੇਜ ਨਾਲ ਸਮਝੌਤਾ ਕਰਵਾਉਣ ਉਪਰੰਤ ਇਸ ਨੇ ਅਫ਼ਲਾਤੂਨ ਨੂੰ ਫਿਰ ਸੱਦਾ-ਪੱਤਰ ਭੇਜਣ ਲਈ ਨਾਕਾਮਯਾਬ ਕੋਸ਼ਿਸ਼ ਕੀਤੀ ਤੇ ਅੰਤ ਨੂੰ ਆਪ ਹੀ ਅਦਨ ਜਾ ਕੇ ਅਫ਼ਲਾਤੂਨ ਦੀ ਅਕਾਦਮੀ ਵਿਚ ਸ਼ਾਮਲ ਹੋ ਗਿਆ।

357 ਈ. ਪੂ. ਵਿਚ ਇਸ ਨੇ ਥੋੜ੍ਹੀ ਜਿਹੀ ਕਾਰਥੇਜੀ ਫ਼ੌਜ ਲੈ ਕੇ ਸਿਰਾਕਿਊਜ਼ ਤੇ ਹਮਲਾ ਕੀਤਾ। 355 ਈ. ਪੂ. ਦੌਰਾਨ ਕਾਫ਼ੀ ਜੱਦੋ-ਜਹਿਦ ਪਿੱਛੋਂ ਇਹ ਆਰਟੀਜੀਆ ਦੇ ਖੇਤਰ ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋਇਆ। ਸਿਰਾਕਿਊਜ਼ ਦਾ ਸੰਵਿਧਾਨ ਅਫ਼ਲਾਤੂਨ ਦੀ ਵਿਚਾਰਧਾਰਾ ਅਨੁਸਾਰ ਤਰਮੀਮ ਕੀਤਾ ਪਰ ਅਮਲੀ ਰੂਪ ਵਿਚ ਇਹ ਪਹਿਲੇ ਹਾਕਮਾਂ ਨਾਲੋਂ ਵੱਧ ਜ਼ਾਲਮ ਸਿੱਧ ਹੋਇਆ।

354 ਈ. ਪੂ. ਦੌਰਾਨ ਇਸ ਨੂੰ ਕੈਲੀਪਸ ਦੇ ਹੁਕਮ ਨਾਲ ਸੈਨਿਕਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ।

ਹ. ਪੁ.—ਐਨ. ਅਮੈ. 9 : 134; ਐਨ. ਬ੍ਰਿ. ਮਾ. 3 : 559.

**ਡਾਈਆਮੀਡ ਟਾਪੂ** : ਇਹ ਬੇਰਿੰਗ ਜਲ-ਡਮਰੂ ਵਿਚ ਸਥਿਤ ਦੋ ਟਾਪੂ ਹਨ ਜਿਹੜੇ ਅਲਾਸਕਾ ਦੇ ਕੇਪ ਪ੍ਰਿੰਸ ਆਫ਼ ਵੇਲਜ਼ ਦੇ ਪੱਛਮ ਵੱਲ 40 ਕਿ. ਮੀ. ਦੇ ਫ਼ਾਸਲੇ ਤੇ ਸਥਿਤ ਹਨ। ਸਾਈਬੇਰੀਆ ਮੁੱਖ-ਭੂਮੀ ਤੋਂ ਵੀ ਇਹ ਦੀਪ ਇੰਨੀ ਹੀ ਦੂਰੀ ਤੇ ਹਨ। ਇਨ੍ਹਾਂ ਵਿਚੋਂ ਵੱਡਾ ਡਾਈਆਮੀਡ ਰੂਸ ਵਿਚ ਸ਼ਾਮਲ ਹੈ। ਇਸ ਨੂੰ ਰਤਮਾਨੋਵ ਕਿਹਾ ਜਾਂਦਾ ਹੈ ਅਤੇ ਛੋਟਾ ਡਾਈਆਮੀਡ ਉੱਤਰੀ ਅਮਰੀਕਾ ਨਾਲ ਸਬੰਧਤ ਹੈ। ਇਹ ਦੋਵੇਂ ਟਾਪੂ ਆਪਸ ਵਿਚ 3 ਕਿ. ਮੀ. ਦੇ ਫ਼ਾਸਲੇ ਤੇ ਸਥਿਤ ਹਨ ਅਤੇ ਦੋਹਾਂ ਦੀ ਆਬਾਦੀ ਬਹੁਤ ਵਿਰਲੀ ਹੈ। ਇਨ੍ਹਾਂ ਟਾਪੂਆਂ ਦਾ ਨਾਂ ਡਾਈਆਮੀਡ ਦੇ ਨਾਂ ਤੇ ਪਿਆ ਕਿਉਂਕਿ ਇਨ੍ਹਾਂ ਟਾਪੂਆਂ ਨੂੰ ਡੈਨਿਸ਼ ਜਹਾਜ਼ਰਾਨ ਵਾਈਟਸ ਜੋਨੈਸਨ ਬੇਰਿੰਗ ਨੇ ਸੇਂਟ ਡਾਈਆਮੀਡ ਦੇ ਦਿਨ 16 ਅਗਸਤ, 1718 ਨੂੰ ਲੱਭਿਆ ਸੀ।

ਹ. ਪੁ.- ਐਨ. ਅਮੈ. 9 : 134

**ਡਾਈਐਜ਼ੋ ਯੋਗਿਕ** : ਕਾਰਬਨੀ ਪਦਾਰਥਾਂ ਦੀ ਸ਼੍ਰੇਣੀ ਵਿਚ ਉਹ ਹਰ ਇਕ ਪਦਾਰਥ ਜਿਸ ਦੀ ਅਣਵੀ ਬਣਤਰ ਵਿਸ਼ੇਸ਼ ਪਰਮਾਣਵੀ ਬਣਤਰ ਦਾ ਇਕ ਹਿੱਸਾ $R_2C=N^+=N^-$, ਹੋਵੇ, ਨੂੰ ਡਾਈਐਜ਼ੋ ਯੋਗਿਕ ਕਿਹਾ ਜਾਂਦਾ ਹੈ ਜਿਸ ਵਿਚ R ਹਾਈਡ੍ਰੋਜਨ ਦਾ ਇਕ ਪਰਮਾਣੂ ਜਾਂ ਅਨੇਕਾਂ ਕਾਰਬਨੀ ਗਰੁੱਪਾਂ ਵਿਚੋਂ ਕੋਈ ਇਕ ਨੂੰ ਦਰਸਾਉਂਦਾ ਹੈ।

ਡਾਈਐਜ਼ੋਮੀਥੇਨ (diazomethane) ਸਭ ਤੋਂ ਵੱਧ ਅਤੇ ਆਮ ਮਿਲਣ ਵਾਲਾ ਡਾਈਐਜ਼ੋ ਯੋਗਿਕ ਹੈ ਜਿਹੜਾ ਕਿ ਇਕ ਜ਼ਹਿਰਿਲੀ, ਵਿਸਫ਼ੋਟਕ ਪੀਲੇ ਰੰਗ ਦੀ ਗੈਸ ਹੈ ਜਿਸ ਨੂੰ ਆਮ ਕਰਕੇ ਈਥਰ ਦੇ ਘੋਲ ਦੇ ਤੌਰ ਤੇ ਤਿਆਰ ਕੀਤਾ ਜਾਂਦਾ ਹੈ। ਇਸ ਦਾ ਉਪਯੋਗ ਆਮ ਤੌਰ ਤੇ ਪ੍ਰਯੋਗਸ਼ਾਲਾਵਾਂ ਵਿਚ ਕਾਰਬੌਕਸਲਿਕ ਤੇਜ਼ਾਬਾਂ ਨੂੰ ਮੈਥਿਲ ਐੱਸਟਰਾਂ (methyl esters) ਜਾਂ ਇਨ੍ਹਾਂ ਦੇ ਸਮਜਾਤਾਂ (Homologues) ਵਿਚ ਤਬਦੀਲ ਕਰਨ ਲਈ ਕੀਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 4 : 71

**ਡਾਈਐਂਥਸ** : ਇਹ ਬੂਟੀ-ਨੁਮਾ ਪੌਦਿਆਂ ਦੀ ਪ੍ਰਜਾਤੀ ਹੈ ਜਿਸ ਵਿਚ ਕਾਫ਼ੀ ਚਮਕੀਲੇ ਫੁੱਲ ਹੁੰਦੇ ਹਨ। ਇਨ੍ਹਾਂ ਨੂੰ ਆਮ ਤੌਰ ਤੇ ਬਾਗ ਬਗ਼ੀਚਿਆਂ ਵਿਚ ਉਗਾਇਆ ਜਾਂਦਾ ਹੈ। ਇਸ ਦੀਆਂ ਕਰੀਬ 300 ਜਾਤੀਆਂ ਵਿਚੋਂ ਬਹੁਤ ਸਾਰੀਆਂ ਯੂਰੇਸ਼ੀਆ ਦੀਆਂ ਜੰਮਪਲ ਹਨ। ਡਾਈਐਂਥਸ ਨਾਂ ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ ਜਿਸ ਵਿਚ ਇਸ ਦਾ ਅਰਥ ਦੇਵਤੇ ਦਾ ਫੁੱਲ (Flower of God) ਹੈ, (ਵੇਖੋ ਕਾਰਨੇਸ਼ਨ)।

ਹ. ਪੁ.—ਐਨ. ਬ੍ਰਿ. 7 : 365

**ਡਾਈਸ, ਅਲੈਗਜ਼ੈਂਡਰ** : ਸਕਾਟਲੈਂਡ ਦੇ ਇਸ ਵਿਦਵਾਨ ਅਤੇ ਸੰਪਾਦਕ ਦਾ ਜਨਮ 30 ਜੂਨ, 1798 ਈ. ਨੂੰ ਸਕਾਟਲੈਂਡ ਵਿਚ ਐਡਿਨਬਰਾ ਵਿਖੇ ਹੋਇਆ ਜਿਥੇ ਇਸ ਨੇ ਮੁਢਲੀ ਵਿਦਿਆ ਪ੍ਰਾਪਤ ਕੀਤੀ ਤੇ ਪਿਛੋਂ ਆੱਕਸਫ਼ੋਰਡ ਵਿਚ ਪੜ੍ਹਨ ਲੱਗ ਪਿਆ।

ਸੰਨ 1822 ਤੋਂ 1825 ਤੱਕ ਇਹ ਕਾਰ੍ਹਨਵਾਲ ਅਤੇ ਸਫਕ ਵਿਖੇ ਛੋਟੇ ਪਾਦਰੀ ਦੇ ਅਹੁਦੇ ਤੇ ਰਿਹਾ। ਮਗਰੋਂ ਇਸ ਨੇ ਇਹ ਅਹੁਦਾ ਛੱਡ ਦਿੱਤਾ। ਸੰਨ 1825 ਵਿਚ ਇਹ ਲੰਡਨ ਵਿਚ ਰਹਿਣ ਲੱਗ ਪਿਆ ਤੇ ਇਸਨੇ ਸਾਹਿਤ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ।

ਇਸ ਦੀ ਪਹਿਲੀ ਪੁਸਤਕ 'ਸਿਲੈੱਕਟ ਟਰਾਂਸਲੇਸ਼ਨਸ ਫ਼ਰਾਮ ਕਵਿੰਟਸ ਸਮਿਰਨੀਅਸ' 1821 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਸੰਨ 1825 ਵਿਚ ਇਸ ਨੇ 'ਸਪੈਸੀਮਨਜ਼ ਆਫ਼ ਬ੍ਰਿਟਿਸ਼ ਪੋਇਟਿਸਿਜ਼' ਪ੍ਰਕਾਸ਼ਿਤ ਕੀਤੀ।

ਸੰਨ 1827 ਵਿਚ ਇਸ ਨੇ 'ਵਿਲੀਅਮ ਕਾਲਿਨਜ਼' (1828 ਵਿਚ) 'ਜਾਰਜ ਪੀਲ' (1830 ਵਿਚ), 'ਜਾਨ ਵੈਬਸਟਰ' (1831 ਵਿਚ), 'ਰਾਬਰਟ ਗਰੀਨ' (1833 ਵਿਚ), ਜੇਮਜ਼ ਸ਼ਰਲੀ ਆਦਿ ਪੁਸਤਕਾਂ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਇਕ ਚੰਗਾ ਸੰਪਾਦਕ ਸਾਬਤ ਕਰ ਦਿਤਾ। ਸੈਕਸ਼ਪੀਅਰ ਦੀਆਂ ਕ੍ਰਿਤਾਂ ਨੂੰ ਨੌਂ ਜਿਲਦਾਂ ਵਿਚ ਸੰਪਾਦਿਤ ਕਰਕੇ ਇਸ ਨੇ ਬਹੁਤ ਨਾਂ ਖੱਟਿਆ। ਇਸ ਨੇ ਕਈ ਹੋਰ ਉੱਘੇ ਕਵੀਆਂ ਦੀਆਂ ਕਵਿਤਾਵਾਂ ਨੂੰ ਲੋੜੀਦੀਆਂ ਟਿੱਪਣੀਆਂ ਸਹਿਤ ਪ੍ਰਕਾਸ਼ਿਤ ਕੀਤਾ।

ਡਾਈਸ ਨੇ ਆਪਣੇ ਸਮਕਾਲੀ ਲੇਖਕਾਂ ਦੀਆਂ ਰਚਨਾਵਾਂ ਦੀ ਆਲੋਚਨਾ ਕਰਕੇ ਕਈਆਂ ਨਾਲ ਮਿੱਤਰਤਾ ਵੀ ਗਵਾ ਲਈ। ਅੰਗਰੇਜ਼ੀ ਵਿਚ ਪੁਰਾਤਨ ਕਵਿਤਾ ਨੂੰ ਪ੍ਰਕਾਸ਼ਿਤ ਕਰਨ ਦੇ ਉਦੇਸ਼ ਨਾਲ ਇਸਨੇ ਸੁਸਾਇਟੀ ਦੀ ਸਥਾਪਨਾ ਕੀਤੀ।

15 ਮਈ, 1869 ਈ. ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 735; ਐਵ. ਐਨ. 4:555 ; ਐਨ. ਅਮੈ. 9 : 448

**ਡਾਈਸਨ, ਸਰ ਫਰੈਂਕ (ਵਾਟਸਨ)** : ਇਸ ਅੰਗਰੇਜ਼ ਖਗੋਲ-ਵਿਗਿਆਨੀ ਦਾ ਜਨਮ 8 ਜਨਵਰੀ, 1868 ਨੂੰ ਲੈੱਸਟਰਸ਼ਿਰ ਵਿਚ ਐਸਬੀ-ਡ-ਲਾ-ਜ਼ੂਸ਼ ਦੇ ਨੇੜੇ ਮੀਸ਼ਮ ਵਿਖੇ ਹੋਇਆ। ਇਸ ਨੇ 1919 ਈ. ਵਿਚ ਸੂਰਜ ਦੇ ਨੇੜਲੇ ਤਾਰਿਆਂ ਦਾ ਅਧਿਐਨ ਕੀਤਾ ਜਿਸ ਤੋਂ ਅਜਿਹੇ ਸਬੂਤ ਮਿਲੇ ਹਨ ਜਿਨ੍ਹਾਂ ਨਾਲ ਆਈਨਸਟਾਈਨ ਦੀ ਭਵਿੱਖਬਾਣੀ ਕਿ ਪ੍ਰਕਾਸ਼ ਵਲ ਖਾ ਕੇ ਗੁਰੂਤਵੀ ਖੇਤਰ ਵਿਚ ਚਲਾ ਜਾਂਦਾ ਹੈ, ਦੀ ਪੁਸ਼ਟੀ ਹੁੰਦੀ ਹੈ।

ਸੰਨ 1894 ਵਿਚ ਡਾਈਸਨ ਰੱਇਲ ਗ੍ਰੀਨਵਿਚ ਪ੍ਰੇਖਣਸ਼ਾਲਾ ਵਿਖੇ ਮੁੱਖ ਸਹਾਇਕ ਦੇ ਤੌਰ ਤੇ ਨਿਯੁਕਤ ਹੋਇਆ। ਇਸ ਉਪਰੰਤ ਉਹ ਪੁਰਤਗਾਲ (1900), ਸੁਮਾਟਰਾ (1901) ਅਤੇ ਟਿਊਨੀਸ਼ੀਆ (1905) ਵਿਚ ਗ੍ਰਹਿਣ ਸਬੰਧੀ ਕੀਤੀਆਂ ਗਈਆਂ ਖੋਜ-ਯਾਤਰਾਵਾਂ ਦਾ ਮੈਂਬਰ ਰਿਹਾ। ਉਸ ਦੇ ਸੂਰਜ ਦੇ ਕਰੋਨਾ ਅਤੇ ਵਰਣ-ਮੰਡਲ ਸਬੰਧੀ ਕੀਤੇ ਗਏ ਪ੍ਰੇਖਣ ਡਿਟਰਮੀਨੇਸ਼ਨ ਆੱਫ਼ ਵੇਵ-ਲੈਂਥਸ ਫਰਾਮ ਸਪੈੱਕਟਰਾ ਓਬਟੇਨਡ ਐਟ ਦਾ ਟੋਟਲ ਸੋਲਰ ਐਕਲਿਪਸਜ਼ ਆੱਫ਼ 1900 , 1901 ਐਂਡ 1905 (1906) ("Determination of wave lengths from spectra obtained at the total solar eclipses of 1900, 1901 and 1905 (1906)") ਨਾਮੀ ਸਿਰਲੇਖ ਅਧੀਨ ਛਪੇ ਹੋਏ ਹਨ। ਡਾਈਸਨ 1901 ਈ. ਵਿਚ ਲੰਡਨ ਦੀ ਰੱਇਲ ਸੁਸਾਇਟੀ ਦਾ ਫ਼ੈਲੋ ਚੁਣਿਆ ਗਿਆ ਅਤੇ 1905 ਈ. ਵਿਚ ਸਕਾਟਲੈਂਡ ਦਾ ਰੱਇਲ ਖਗੋਲ-ਵਿਗਿਆਨੀ ਥਾਪਿਆ ਗਿਆ। ਇਹ 1901 ਈ. ਵਿਚ ਗ੍ਰੀਨਵਿਚ ਵਿਖੇ ਵਾਪਸ ਆ ਗਿਆ ਜਿਥੇ ਇਹ ਇੰਗਲੈਂਡ ਦਾ ਨੌਵਾਂ ਰੱਇਲ ਖਗੋਲ-ਵਿਗਿਆਨੀ ਬਣਿਆ ਅਤੇ ਪੰਜ ਸਾਲ ਬਾਅਦ ਇਸ ਨੂੰ ਨਾਈਟ ਦਾ ਖ਼ਿਤਾਬ ਦਿੱਤਾ ਗਿਆ। ਇਸ ਨੂੰ 1921 ਈ. ਵਿਚ ਤਾਰਿਆਂ ਦੇ ਫ਼ੈਲਾਉ, ਉਨ੍ਹਾਂ ਦੀਆਂ ਗਤੀਆਂ ਅਤੇ ਆਕਾਸ਼-ਗੰਗਾ ਦੀ ਬਣਤਰ ਵਿਚ ਇਨ੍ਹਾਂ ਦੇ ਆਪਸੀ ਸਬੰਧਾਂ ਬਾਰੇ ਕੀਤੇ ਪ੍ਰੇਖਣਾਂ ਕਰਕੇ ਸਨਮਾਨਿਆ ਗਿਆ। ਇਸ ਨੇ ਰਿਚਰਡ ਵੈਨ ਡਰ ਰੀਟ ਵੂਲੀ ਨਾਲ ਮਿਲਕੇ, 'ਐਕਲਿਪਸਿਜ਼ ਆਫ਼ ਦਾ ਸਨ ਐਂਡ ਮੂਨ' ਨਾਮੀ ਰਚਨਾ ਸਾਂਝੇ ਤੌਰ ਤੇ ਲਿਖੀ ਸੀ।

25 ਮਈ, 1939 ਨੂੰ ਸਮੁੰਦਰ ਵਿਚ ਹੀ ਜਦੋਂ ਇਹ ਆਸਟ੍ਰੇਲੀਆ ਤੋਂ ਇੰਗਲੈਂਡ ਜਾ ਰਿਹਾ ਸੀ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 310

**ਡਾਈਸ, ਵਿਲੀਅਮ** : ਸਕਾਟਲੈਂਡ ਦੇ ਇਸ ਚਿੱਤਰਕਾਰ ਜਾ ਜਨਮ 19 ਨਵੰਬਰ, 1806 ਈ. ਨੂੰ ਐਬਰਡੀਨ ਵਿਖੇ ਹੋਇਆ। 16 ਸਾਲ ਦੀ ਉਮਰ ਵਿਚ ਇਸ ਨੇ ਐਬਰਡੀਨ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਬਾਅਦ ਵਿਚ ਐਡਨਬਰਗ ਦੀ ਰੱਾਇਲ ਸਕਾਟਿਸ਼ ਅਕਾਦਮੀ ਅਤੇ ਲੰਡਨ ਦੀ ਰੱਾਇਲ ਅਕਾਦਮੀ ਤੋਂ ਚਿੱਤਰਕਾਰੀ ਸਿੱਖੀ। ਇਹ ਸ਼ੁਰੂ ਦੀ ਇਤਾਲਵੀ ਚਿੱਤਰਕਲਾ ਨਾਲ ਸਬੰਧਤ ਬਰਤਾਨਵੀ ਵਿਦਿਆਰਥੀਆਂ ਵਿਚੋਂ ਇਕ ਸੀ। ਸੰਨ 1825 ਅਤੇ ਸੰਨ 1827-1828 ਵਿਚ ਇਹ ਇਟਲੀ ਗਿਆ ਅਤੇ ਰੋਮ ਵਿਖੇ ਜਰਮਨ ਚਿੱਤਰਕਾਰਾਂ ਨੂੰ ਮਿਲਿਆ। ਸੰਨ 1830 ਤੋਂ 1837 ਤਕ ਇਹ ਐਡਨਬਰਗ ਦੇ ਸਕੂਲ ਆਫ਼ ਡਿਜ਼ਾਈਨ ਦਾ ਸਕੱਤਰ ਅਤੇ ਡਾਇਰੈਕਟਰ ਨਿਯੁਕਤ ਕੀਤਾ ਗਿਆ। ਸੰਨ 1844 ਵਿਚ ਇਸ ਨੂੰ ਲੰਡਨ ਦੇ ਕਿੰਗਜ਼ ਕਾਲਜ ਵਿਖੇ ਕਲਾ ਦੇ ਪ੍ਰੋਫ਼ੈਸਰ ਵਜੋਂ ਨਿਯੁਕਤ ਕੀਤਾ ਗਿਆ। ਇਸੇ ਸਾਲ ਇਹ ਰੱਾਇਲ ਅਕਾਦਮੀ ਦਾ ਸਹਿਯੋਗੀ ਅਤੇ ਸੰਨ 1848 ਵਿਚ ਪੂਰਾ ਮੈਂਬਰ ਬਣਿਆ।

ਸੰਨ 1846 ਵਿਚ ਇਸ ਨੇ ਹਾਊਸ ਆਫ਼ ਲਾਰਡਜ਼ ਲਈ 'ਬੈਪਟਿਜ਼ਮ ਆਫ਼ ਐਥਲਬਰਟ ਮੁਹਰਾਕਸ਼ੀ' ਅਤੇ ਰਾਣੀ ਦੇ ਕਮਰੇ ਵਿਚ 'ਕਿੰਗ ਆਰਥਰ' ਦੀ ਲੜੀਵਾਰ (1848) ਮੁਹਰਾਕਸ਼ੀ ਕੀਤੀ ਜੋ ਕਿ ਨਾਮੁਕੰਮਲ ਹੈ। 'ਕਨਟੈਂਟਮੈਂਟ' (1832), 'ਪੈਰਵੈਲ ਬੇ' (1860) ਅਤੇ 'ਜਾਰਜ ਹਰਬਰਟ' (1861) ਇਸ ਦੇ ਕੁਝ ਪ੍ਰਮੁੱਖ ਚਿੱਤਰ ਹਨ।

14 ਫ਼ਰਵਰੀ, 1864 ਈ. ਨੂੰ ਸੱਰੇ ਵਿਚ ਸਟ੍ਰੀਥਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ—ਐਨ. ਅਮੇ. 9 :448 ; ਐਨ. ਬ੍ਰਿ. ਮਾ. 3 :735 ; ਐਨ. ਬ੍ਰਿ. 7 : 813

**ਡਾਈਸੀਆਰਕਸ** : ਇਹ ਇਕ ਯੂਨਾਨੀ ਫ਼ਿਲਾਸਫ਼ਰ ਸੀ ਜਿਹੜਾ ਇਟਲੀ ਦੇ ਟਾਪੂ ਸਿਸਲੀ ਵਿਚ ਮੈਸੀਨਾ ਵਿਖੇ 320 ਈ. ਪੂ. ਦੇ ਲਾਗੇ ਚਾਗੇ ਹੋਇਆ। ਇਹ ਅਰਸਤੂ ਦਾ ਸ਼ਾਗਿਰਦ ਸੀ ਅਤੇ ਬਹੁਤ ਵੱਡਾ ਵਿਦਵਾਨ ਸੀ। ਸਿਸਰੋ ਅਤੇ ਪਲੂਟਾਰਕ ਵਰਗੇ ਵਿਅਕਤੀਆਂ ਨੇ ਇਸ ਦਾ ਪ੍ਰਭਾਵ ਕ਼ਬੂਲਿਆ। ਆਪਣੇ ਜੀਵਨ ਦਾ ਵਧੇਰਾ ਭਾਗ ਇਸ ਨੇ ਸਪਾਰਟਾ ਵਿਖੇ ਗੁਜ਼ਾਰਿਆ। ਸਿਲਸਿਲੇਵਾਰ ਫ਼ਲਸਫ਼ੇ ਦੀ ਬਜਾਇ ਇਸ ਨੇ ਗਿਆਨ ਦੀਆਂ ਵੱਖ ਵੱਖ ਸ਼ਾਖਾਵਾਂ ਜਿਵੇਂ ਸਾਹਿਤ, ਸੰਗੀਤ, ਜੀਵਨੀ, ਰਾਜਨੀਤੀ ਅਤੇ ਭੂਗੋਲ ਦਾ ਪ੍ਰਸਾਰ ਕੀਤਾ। ਆਪਣੀ 'Bios Hellados' (ਯੂਨਾਨ ਦਾ ਜੀਵਨ) ਨਾਮੀ ਪੁਸਤਕ ਵਿਚ ਇਸ ਨੇ ਯੂਨਾਨੀ ਸਭਿੱਅਤਾ ਦੇ ਇਤਿਹਾਸ ਦਾ ਮੁੱਢ ਤੋਂ ਲੈ ਕੇ ਮੁਕੰਮਲ ਵਰਣਨ ਕੀਤਾ।

ਹ. ਪੁ.—ਐਨ. ਬ੍ਰਿ. ਮਾ. 3 : 529

**ਡਾਈਸੀ, ਐਲਬਰਟ ਵੈਂਨ** : ਇੰਗਲੈਂਡ ਦੇ ਇਸ ਕਾਨੂੰਨਦਾਨ ਦਾ ਜਨਮ 4 ਫ਼ਰਵਰੀ, 1835 ਈ. ਨੂੰ ਲੈਸਟਰਸ਼ਿਰ ਵਿਚ ਲੁਟਰਵਰਥ ਵਿਖੇ ਹੋਇਆ। ਇਸ ਨੇ ਕੈਂਬਰਿਜ ਵਿਖੇ ਵਿਦਿਆ ਪ੍ਰਾਪਤ ਕੀਤੀ ਅਤੇ ਸੰਨ 1863 ਵਿਚ ਲੰਡਨ ਵਿਖੇ ਵਕਾਲਤ ਸ਼ੁਰੂ ਕੀਤੀ ਜੋ ਇਸ ਨੇ ਲਗਭਗ 19 ਸਾਲ ਕੀਤੀ।

ਸੰਨ 1882 ਤੋਂ 1909 ਤੱਕ ਇਸਨੇ ਆੱਕਸਫੋਰਡ ਵਿਖੇ ਕਾਨੂੰਨ ਦੀ ਸਿੱਖਿਆ ਦਿੱਤੀ। ਸੰਨ 1899 ਤੋਂ 1912 ਤੱਕ ਇਹ ਲੰਡਨ ਵਿਖੇ ਵਰਕਿੰਗ ਮੈਨਜ਼ ਕਾਲਜ (Working Men's College) ਵਿਚ ਪ੍ਰਿੰਸੀਪਲ ਵੀ ਲੱਗਿਆ ਰਿਹਾ।

ਡਾਈਸੀ ਨੇ ਕਾਨੂੰਨੀ ਤੇ ਰਾਜਨੀਤਕ ਪ੍ਰਸ਼ਨਾਂ ਸਬੰਧੀ ਬਹੁਤ ਕੁਝ ਲਿਖਿਆ 'ਇਨਟੋਰੋਡਕਸ਼ਨ ਟੂ ਦੀ ਸਟੱਡੀ ਆੱਫ਼ ਦੀ ਲਾਅ ਆਫ਼ ਦੀ ਕਾਨਸਟੀਚਿਊਸ਼ਨ', (1885) 'ਡਾਈਜੈਸੱਟ ਆੱਫ਼ ਦੀ ਲਾਅ ਆੱਫ਼ ਇੰਗਲੈਂਡ' ਅਤੇ 'ਲੈਕਚਰਜ਼ ਆੱਨ ਦੀ ਰੀਲੇਸ਼ਨ ਬਿਟਵੀਨ ਲਾਅ ਐਂਡ ਪਬਲਿਕ ਓਪੀਨੀਅਨ ਇਨ ਇੰਗਲੈਂਡ ਡਿਉਰਿੰਗ ਦੀ ਨਾਈਨਟੀਂਨਥ ਸੈਂਚਰੀ' (1905) ਇਸ ਦੀਆਂ ਮਹੱਤਵਪੂਰਨ ਪੁਸਤਕਾਂ ਹਨ।

ਇਸਦੀ ਕ੍ਰਿਤ 'ਇਨਟਰੋਡਕਸ਼ਨ ਟੂ ਦੀ ਸੱਟਡੀ ਆੱਫ਼ ਦੀ ਲਾਅ ਆੱਫ਼ ਦੀ ਕਾਨਸਟੀਚਿਊਸ਼ਨ' ਨੂੰ ਬਰਤਾਨਵੀ ਸੰਵਿਧਾਨ ਦਾ ਹਿੱਸਾ ਹੀ ਮੰਨਿਆ ਜਾਂਦਾ ਹੈ। ਇਸ ਦੀ ਇਹ ਪੁਸਤਕ ਅਮਰੀਕੀ ਬਰਤਾਨਵੀ ਵਿਧਾਨਕ-ਪ੍ਰਥਾ ਉਤੇ ਆਧਾਰਿਤ ਸੀ। ਸੰਨ 1886 ਅਤੇ 1913 ਦੌਰਾਨ ਲਿਖੀਆਂ ਚਾਰ ਪੁਸਤਕਾਂ ਵਿਚ ਇਸਨੇ ਆਇਰਲੈਂਡ ਦੇ ਹੋਮ ਰੂਲ ਦੀ ਵਿਰੋਧਤਾ ਕੀਤੀ।

7 ਅਪ੍ਰੈਲ, 1922 ਈ. ਨੂੰ ਆੱਕਸਫੋਰਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :530 ; ਐਨ. ਅਮੇ. 9 : 78

**ਡਾਈਕ੍ਰੋਮੇਟ** : ਇਹ $Cr_2O_7^{2-}$ ਆਇਨ ਹੈ ਜਿਹੜਾ ਕਿ ਡਾਈਕ੍ਰੋਮਿਕ ਐਸਿਡ $H_2Cr_2O_7$ ਤੋਂ ਬਣਾਇਆ ਜਾਂਦਾ ਹੈ। ਇਹ ਤੇਜ਼ਾਬ ਅਤੇ ਦੂਸਰੇ ਪਾੱਲੀਐਸਿਡ ਕ੍ਰੋਮੀਅਮ ਟ੍ਰਾਈਆੱਕਸਾਈਡ, $Cr_2O_3$ ਨੂੰ ਪਾਣੀ ਵਿਚ ਘੋਲ ਕੇ ਤਿਆਰ ਕੀਤੇ ਜਾਂਦੇ ਹਨ। ਡਾਈਕ੍ਰੋਮੇਟਾਂ ਨੂੰ ਹੇਠ ਲਿਖੀ ਸਮੀਕਰਨ ਅਨੁਸਾਰ ਕ੍ਰੋਮੇਟਾਂ ਵਿਚ ਬਦਲਿਆ ਜਾਂਦਾ ਹੈ :—

$$Cr_2O_7^{2-} + 2\,OH^- \rightleftharpoons 2Cr\,O_4^{2-} + H_2O$$

(ਸੰਗਤਰੀ) (ਪੀਲਾ)

ਜ਼ਿਆਦਾਤਰ ਡਾਈਕ੍ਰੋਮੇਟ ਪਾਣੀ ਵਿਚ ਘੁਲਣਸ਼ੀਲ ਹਨ ਅਤੇ ਘੁਲ ਕੇ ਸੰਗਤਰੀ ਰੰਗ ਦਾ ਘੋਲ ਬਣਾਉਂਦੇ ਹਨ। ਡਾਈਕ੍ਰੋਮੇਟ ਚੰਗੇ ਆੱਕਸੀਕਾਰਕ ਹੁੰਦੇ ਹਨ ਅਤੇ ਇਸੇ ਗੁਣ ਕਰਕੇ ਇਨ੍ਹਾਂ ਦੀ ਵਰਤੋਂ ਰਸਾਇਣਿਕ ਵਿਧੀਆਂ, ਵਿਸ਼ਲੇਸ਼ੀ ਰਸਾਇਣ-ਵਿਗਿਆਨ, ਵਿਸਫੋਟਕਾਂ ਅਤੇ ਮਾਚਿਸਾਂ ਵਿਚ ਕੀਤੀ ਜਾਂਦੀ ਹੈ। ਡਾਈਕ੍ਰੋਮੇਟਾਂ ਦੀ ਵਰਤੋਂ ਬਿਜਲੱਈ-ਲੇਪਣ, ਚਮੜਾ-ਰੰਗਾਈ, ਫ਼ੋਟੋਗ੍ਰਾਫ਼ੀ ਅਤੇ ਪਿਗਮੈਂਟਾਂ ਵਿਚ ਵੀ ਕੀਤੀ ਜਾਂਦੀ ਹੈ।

ਹ. ਪੁ.—ਮੈਕ. ਐਨ. ਸ. ਟ. 4 : 1008

**ਡਾਈਕਵਿਲ** : ਇਹ ਨੌਵੀਂ ਸਦੀ ਵਿਚ ਆਇਰਲੈਂਡ ਦਾ ਇਕ ਪ੍ਰਸਿੱਧ ਸਾਧੂ, ਗਰਾਮਰਵੇਤਾ ਤੇ ਭੂਗੋਲਵੇਤਾ ਸੀ ਜੋ 825 ਈ. ਦੇ ਲਾਗੇ ਚਾਗੇ ਪ੍ਰਸਿੱਧ ਹੋਇਆ। ਵਿਗਿਆਨ ਦੇ ਇਤਿਹਾਸ ਦੇ ਪੱਖੋਂ ਇਸ ਦੀ ਦੇਣ ਮਹਾਨ ਹੈ ਅਤੇ ਇਸ ਤੋਂ 9 ਵੀਂ ਸਦੀ ਵਿਚ ਆਇਰਲੈਂਡ ਦੇ ਗਿਆਨ ਦਾ ਅੰਦਾਜ਼ਾ ਲਗਦਾ ਹੈ। ਧਾਰਮਿਕ ਉਤਸਵਾਂ ਦੀਆਂ ਮਿਤੀਆਂ ਦਾ ਹਿਸਾਬ ਲਗਾਉਣ ਕਰਕੇ ਇਸ ਨੇ ਤਾਰਾ-ਵਿਗਿਆਨ ਦੇ ਗਿਆਨ ਵਿਚ ਬਹੁਤ ਕੁਸ਼ਲਤਾ ਪ੍ਰਾਪਤ ਕੀਤੀ। 825 ਈ. ਵਿਚ ਇਸ ਨੇ ਆਪਣੀ ਪੁਸਤਕ 'De mensura orbis terrae' (ਦੁਨੀਆ ਦੀ ਪੈਮਇਸ਼ ਬਾਰੇ) ਮੁਕੰਮਲ ਕੀਤੀ। ਇਸ ਪੁਸਤਕ ਵਿਚ 795 ਈ. ਵਿਚ ਆਇਰਲੈਂਡ ਦੇ ਸਾਧੂਆਂ ਵੱਲੋਂ ਆਈਸਲੈਂਡ ਦੀ ਯਾਤਰਾ ਕਰਨ ਦਾ ਜ਼ਿਕਰ ਹੈ ਜਦੋਂ ਕਿ ਉਹ ਅੱਧੀ ਰਾਤ ਨੂੰ ਸੂਰਜ ਦੇਖ ਕੇ ਹੈਰਾਨ ਰਹਿ ਗਏ ਸਨ। ਇਸੇ ਪੁਸਤਕ ਵਿਚ ਨੀਲ ਦਰਿਆ ਅਤੇ ਲਾਲ ਸਾਗਰ ਦੇ ਖੇਤਰ ਦਾ ਵੀ ਬੜਾ ਚੰਗਾ ਵਰਣਨ ਕੀਤਾ ਗਿਆ ਹੈ। ਆਪਣੀ ਪੁਸਤਕ ਵਿਚ ਦਿੱਤੇ ਤੱਥਾਂ ਲਈ ਡਾਈਵਿਲ ਨੇ 30 ਯੂਨਾਨੀ ਅਤੇ ਲਾਤੀਨੀ ਲੇਖਕਾਂ ਦੇ ਹਵਾਲੇ ਦਿੱਤੇ ਹਨ।

ਹ. ਪੁ.—ਐਨ. ਬ੍ਰਿ. ਮਾ. 3 : 533

**ਡਾਈਕੋਕੂ** : ਇਹ ਜਾਪਾਨੀ ਮਿਥਿਹਾਸ ਵਿਚ ਕਿਸਮਤ ਦੇ ਸੱਤ ਦੇਵਤਿਆਂ ਵਿਚੋਂ ਇਕ ਹੈ ਜਿਹੜਾ ਧਨ ਅਤੇ ਕਿਸਾਨਾਂ ਦੀ ਸੁਰੱਖਿਆ ਦਾ ਦੇਵਤਾ ਕਿਹਾ ਜਾਂਦਾ ਹੈ। ਮਿਥਿਹਾਸ ਅਤੇ ਕਲਾ ਵਿਚ ਇਸ ਨੂੰ ਕਾਲਾ ਤੇ ਤਾਕਤਵਰ ਦਿਖਾਇਆ ਜਾਂਦਾ ਹੈ ਜਿਸ ਦੇ ਸੱਜੇ ਹੱਥ ਵਿਚ ਇੱਛਾ ਪੂਰੀ ਕਰਨ ਵਾਲੀ ਇਕ ਮੁੰਗਲੀ, ਪਿੱਠ ਉਤੇ ਕੀਮਤੀ ਚੀਜ਼ਾਂ ਨਾਲ ਭਰਿਆ ਇਕ ਥੈਲਾ ਅਤੇ ਚਾਵਲਾਂ ਦੀਆਂ ਦੋ ਬੋਰੀਆਂ ਉਤੇ ਇਸ ਨੂੰ ਬੈਠਾ ਦਿਖਾਇਆ ਹੁੰਦਾ ਹੈ। ਵਧੇਰੇ ਕਰਕੇ ਚੂਹੇ ਚਾਵਲਾਂ ਨੂੰ ਕੁਤਰਦੇ ਦਿਖਾਏ ਜਾਂਦੇ ਹਨ ; ਇਹ ਵੀ ਬਹੁਲਤਾ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ ਹੈ। ਆਮ ਤੌਰ ਤੇ ਡਾਈਕੋਕੂ ਨੂੰ ਭਾਰਤੀ ਦੇਵੀ ਮਹਾਂਕਾਲੀ ਨਾਲ ਜੋੜਿਆ ਜਾਂਦਾ ਹੈ ਜਿਹੜੀ ਕਿ ਬੁੱਧ ਮੱਤ ਦੇ ਨਾਲ ਹੀ ਜਾਪਾਨ ਪਹੁੰਚੀ। ਸ਼ਿੰਟੋ ਪੂਜਾ ਵਿਧਾਨ ਵਿਚ ਡਾਈਕੋਕੂ ਨੂੰ ਦੇਵਤੇ ਤੇ ਮਿਥਿਹਾਸਕ ਨਾਇਕ ਓਕੂਨੀ-ਨੁਸ਼ੀ ਨਾਲ ਜੋੜਿਆ ਜਾਂਦਾ ਹੈ ਜਿਸ ਦਾ ਉਚਾਰਣ ਚੀਨੀ ਭਾਵ-ਚਿੱਤਰ ਵਿਚ ਡਾਈਕੋਕੂ ਕਰਕੇ ਕੀਤਾ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 348

**ਡਾਈਗਾਕ ਗੁਕਸੋ** : ਇਹ ਕੋਰੀਆ ਦਾ ਬੋਧੀ ਪੁਜਾਰੀ ਸੀ ਜਿਸ ਨੇ ਬੁੱਧ ਮੱਤ ਦੇ ਚੋਂਟੀ (Chont'ae) ਫ਼ਿਰਕੇ (ਚੀਨ ਵਿਚ ਇਸ ਨੂੰ 'ਚਾਨ' ਅਤੇ ਜਾਪਾਨ ਵਿਚ 'ਜ਼ੈੱਨ' ਕਿਹਾ ਜਾਂਦਾ ਹੈ।) ਦੀ ਨੀਂਹ ਰੱਖੀ। ਇਸ ਦਾ ਦੁਨਿਆਵੀ ਨਾਂ ਊਈਚੋਂ (Uich'on) ਸੀ। ਇਸ ਦਾ ਜਨਮ 1055 ਈ. ਵਿਚ ਹੋਇਆ। ਗਿਆਰਾਂ ਸਾਲ ਦੀ ਉਮਰ ਵਿਚ ਬੋਧੀ ਬਣ ਕੇ ਇਸ ਨੇ ਗਾਰਲੈਂਡ ਸੂਤਰ ਅਤੇ ਹੋਰ ਧਰਮ ਗ੍ਰੰਥਾਂ ਦਾ ਅਧਿਐਨ ਸ਼ੁਰੂ ਕਰ ਦਿੱਤਾ। 1084 ਵਿਚ ਇਹ ਚੀਨ ਦੇ ਸੁੰਗ ਦਰਬਾਰ ਵਿਚ ਗਿਆ, ਜਿੱਥੇ ਡੇਢ ਸਾਲ ਰਹਿ ਕੇ ਇਸ ਨੇ ਬੋਧੀ ਸਾਹਿਤ ਦਾ ਅਧਿਐਨ ਕੀਤਾ ਅਤੇ ਵੱਡੇ ਵੱਡੇ ਚੀਨੀ ਬੋਧੀਆਂ ਨੂੰ ਮਿਲਿਆ। ਕੋਰੀਆ ਵਿਚ ਵਾਪਸ ਪਰਤ ਕੇ ਇਸ ਨੇ ਲਾਈਆਓ ਅਤੇ ਸਿੱਲਾ ਪਾਦਰੀਆਂ ਦੀਆਂ ਲਿਖਤਾਂ ਇਕੱਤਰ ਕੀਤੀਆਂ। ਹੁੰਗਵਾਂਗਸਾ ਦੇ ਮੰਦਰ ਦਾ ਮੁਖੀ ਪੁਜਾਰੀ ਰਹਿਣ ਸਮੇਂ ਇਸ ਨੇ ਬੁਧ ਮੱਤ ਸਬੰਧੀ ਇਕੱਤਰ ਕੀਤੀਆਂ 4750 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਸੰਨ 1097 ਵਿਚ ਡਾਈਗਾਕ ਨੇ ਨਵਾਂ ਮੱਤ 'ਚੋਂਟੀ' ਕਾਇਮ ਕੀਤਾ। ਇਹ ਚੀਨੀ ਬੋਧੀ ਕੁਈ-ਫੇਂਗ (Kuei-feng) ਦੇ ਮੱਤ ਸੋਨ (Son or Ch'an) ਅਤੇ ਗਾਰਲੈਂਡ ਸੂਤਰ ਦੇ ਮੁੱਖ ਸਿਧਾਂਤ ਦਾ ਸੁਮੇਲ ਕਰਕੇ ਬਣਾਇਆ ਗਿਆ ਸੀ। ਸੰਨ 1097 ਵਿਚ ਇਸ ਦੀ ਸਿਫ਼ਾਰਸ਼ ਨਾਲ ਸਿੱਕੇ ਘੜੇ ਗਏ ਸਨ ; ਇਸ ਗੱਲ ਤੋਂ ਇਹ ਸਿੱਧ ਹੁੰਦਾ ਹੈ ਕਿ ਇਸ ਨੂੰ ਕੌਮ ਦੀ ਖ਼ੁਸ਼ਹਾਲੀ ਦਾ ਕਿੰਨਾ ਖ਼ਿਆਲ ਸੀ।

ਹ. ਪੁ.—ਐਨ. ਬ੍ਰਿ. ਮਾ. 3 : 347

**ਡਾਈਜ਼ ਆਇਰੀ** : ਇਹ ਇਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੈ ਗੁੱਸੇ ਦਾ ਦਿਨ। ਇਹ ਰੋਮਨ ਕੈਥੋਲਿਕ ਚਰਚ ਵਿਚ ਲਾਸਟ ਜਜਮੈਂਟ ਸਬੰਧੀ ਲਿਖੇ ਇਕ ਗੀਤ ਦੇ ਮੁਢਲੇ ਸ਼ਬਦ ਹਨ। ਇਹ ਸ਼ਬਦ ਈਸਾਈ ਲੋਕਾਂ ਦੁਆਰਾ ਕਿਸੇ ਦੀ ਮੌਤ ਉੱਤੇ ਗਾਇਆ ਜਾਂਦਾ ਹੈ। ਇਹ ਗੀਤ ਸੇਂਟ ਫ਼ਰਾਂਸਿਸ ਦੇ ਫ਼ਿਰਕੇ ਨਾਲ ਸਬੰਧਤ ਇਕ ਸਾਧੂ ਨੇ ਲਿਖਿਆ ਸੀ।

ਸਕਾਟ ਦੀ ਪੁਸਤਕ 'ਲੇ ਆਫ਼ ਦੀ ਸਾਫ਼ਟ ਮਿਨਸਟ੍ਰਲ' ਵਿਚ ਇਸ ਦਾ ਪੈਰਾਵਾਰ ਅਰਥ ਲਿਖਿਆ ਹੋਇਆ ਹੈ। ਮੋਜ਼ਾਰਟ ਅਤੇ ਵਰਡੀ ਵਰਗੇ ਉੱਘੇ ਸੰਗੀਤਕਾਰਾਂ ਨੇ ਇਸ ਲਈ ਸੰਗੀਤ ਦੀ ਰਚਨਾ ਕੀਤੀ। ਰੋਮਾਂਚਕਾਰੀ ਯੁੱਗ ਵਿਚ ਮੂਲ ਸੁਰੀਲੇ ਗੀਤ ਨੇ ਬਹੁਤ ਪ੍ਰਭਾਵ ਪਾਇਆ। ਇਸ ਦੇ ਲਗਭਗ 200 ਤਰਜਮੇ ਸਤਾਰ੍ਹਵੀਂ ਸਦੀ ਦੇ ਅੰਤ ਤੀਕ ਕੀਤੇ ਜਾ ਚੁੱਕੇ ਸਨ।

ਹ. ਪੁ. —ਐਨ. ਬ੍ਰਿ. 7 :402 ; ਐਨ. ਅਮੈ. 9 : 99 ; ਐਵ. ਐਨ. 5 : 392

**ਡਾਈਜੀਨਿਸ ਆਕਰਿਤਾਸ, ਬਸਿਲੀਅਸ** : ਇਹ ਦਸਵੀਂ ਸਦੀ ਵਿਚ ਲਿਖੇ ਇਕ ਬਾਜ਼ਨਤੀਨੀ ਮਹਾਂਕਾਵਿ ਦਾ ਨਾਇਕ ਹੈ। ਇਸ ਦਾ ਪਿਤਾ ਅਰਬ ਦੇਸ਼ ਦਾ ਅਮੀਰ ਸੀ ਜੋ ਈਸਾਈ ਬਣ ਗਿਆ ਸੀ ਅਤੇ ਇਸ ਦੀ ਮਾਂ ਇਕ ਬਹਾਦਰ ਯੂਨਾਨੀ ਜਰਨੈਲ ਦੀ ਧੀ ਸੀ। ਇਸੇ ਕਾਰਨ ਇਸ ਨੂੰ 'ਡਾਈਜੀਨੀ' ਅਰਥਾਤ ਦੂਹਰੀ ਨਸਲ ਦਾ ਕਿਹਾ ਜਾਂਦਾ ਹੈ। ਇਸ ਦੀ ਬਹਾਦਰੀ ਦੀ ਚਰਚਾ ਇਸਦੇ ਬਚਪਨ ਵਿਚ ਹੀ ਆਰੰਭ ਹੋ ਗਈ ਸੀ।

ਪਿਛੋਂ ਇਸ ਨੇ ਇਕ ਯੂਨਾਨੀ ਜਰਨੈਲ ਦੀ ਧੀ ਨਾਲ ਵਿਆਹ ਕਰਵਾ ਲਿਆ। ਆਪਣੀ ਪਤਨੀ ਅਤੇ ਆਪਣੇ ਕੁਝ ਸਿਪਾਹੀਆਂ ਨਾਲ ਇਹ ਸਰਹੱਦ ਦੇ ਨੇੜੇ ਘੁੰਮਦਾ ਰਹਿੰਦਾ ਅਤੇ ਸਰਹੱਦ ਪਾਰ ਕਰਨ ਵਾਲੇ ਧਾੜਵੀਆਂ ਨਾਲ ਜੰਗ ਕਰਦਾ ਰਹਿੰਦਾ ਸੀ। ਇਸਨੇ ਇਊਫਰੋਲਸ (Euphroles) ਦੇ ਸਥਾਨ ਤੇ ਇਕ ਮਹਿਲ ਤਿਆਰ ਕਰਵਾਇਆ ਤੇ ਉਥੇ ਕੁਝ ਚਿਰ ਪਿਛੋਂ ਇਸ ਦੀ ਮੌਤ ਹੋ ਗਈ।

ਮਹਾਂਕਾਵਿ ਵਿਚ ਇਸਨੇ ਆਪਣਾ ਜ਼ਿਕਰ ਆਪਣੇ ਸ਼ਬਦਾਂ ਵਿਚ ਕੀਤਾ ਹੈ। ਇਸ ਮਹਾਂਕਾਵਿ ਦੀ ਮੂਲ ਕਾਪੀ ਗੁੰਮ ਹੋ ਚੁੱਕੀ ਹੈ ਪਰ ਇਸ ਦੀਆਂ ਛੇ ਹੋਰ ਲਿਖਤਾਂ (ਇਨ੍ਹਾਂ ਵਿਚ ਇਕ ਕਵਿਤਾ) ਪ੍ਰਾਪਤ ਹੋਈਆਂ ਹਨ ਜਿਨ੍ਹਾਂ ਦੀ ਲਿਖਤ ਦਾ ਸਮਾਂ ਅਲੱਗ ਅਲੱਗ ਹੈ ਅਤੇ ਇਨ੍ਹਾਂ ਦੇ ਸੰਪਾਦਕ ਵੀ ਅਲੱਗ ਅਲੱਗ ਹਨ। ਸਭ ਤੋਂ ਪਹਿਲੀ ਲਿਖਤ ਚੌਦਵੀਂ ਸਦੀ ਦੀ ਹੱਥ ਲਿਖਤ ਵਿਚੋਂ ਲਈ ਗਈ ਜਾਪਦੀ ਹੈ। ਇਸ ਮਹਾਂਕਾਵਿ ਬਾਰੇ ਅਲੱਗ ਅਲੱਗ ਸਾਹਿਤਕਾਰਾਂ ਨੇ ਵੱਖਰੇ ਵੱਖਰੇ ਵਿਚਾਰ ਪ੍ਰਗਟ ਕੀਤੇ ਹਨ। ਕੁਝ ਸਾਹਿਤਕਾਰ ਇਸ ਨੂੰ ਇਕ ਯੂਨਾਨੀ ਲੋਕ ਗੀਤ ਨਾਲ ਜੋੜਦੇ ਹਨ। ਮੂਲ ਮਹਾਂਕਾਵਿ ਦੇ ਲੇਖਕ ਨੇ ਇਸ ਨੂੰ ਦਸਵੀਂ ਸਦੀ ਦੇ ਅਰਬੀ ਮਹਾਂਕਾਵਿ ਨਾਲ ਜੋੜਿਆ ਹੈ। ਕੁਝ ਵੀ ਹੋਵੇ ਇਹ ਮਹਾਂਕਾਵਿ ਯੂਨਾਨੀ ਸਾਹਿਤ ਦੀ ਇਕ ਵਡਮੁੱਲੀ ਰਚਨਾ ਮੰਨਿਆ ਜਾ ਸਕਦਾ ਹੈ।

ਹ. ਪੁ.—ਐਨ. ਬ੍ਰਿ. 7 : 428

**ਡਾਈਨ** : ਇਹ ਇਕਾਈਆਂ ਦੇ ਸੈਂਟੀਮੀਟਰ-ਗ੍ਰਾਮ-ਸੈਕੰਡ ਸਿਸਟਮ ਵਿਚ ਬਲ ਦੀ ਇਕ ਇਕਾਈ ਹੈ। ਡਾਈਨ ਪੁੰਜ ਇਕਾਈ (ਗ੍ਰਾਮ) ਜਿਹੜੀ ਕਿ 1/1000 ਕਿ. ਗ੍ਰਾ. ਅਤੇ ਲੰਬਾਈ ਇਕਾਈ (ਸੈਂ. ਮੀ.), 1/100 ਮੀਟਰ ; ਉੱਤੇ ਨਿਰਭਰ ਹੈ। ਇਸ ਲਈ ਇਕ ਡਾਈਨ ਉਹ ਬਲ ਹੈ ਜਿਸ ਨਾਲ ਇਕ ਗ੍ਰਾਮ ਪੁੰਜ ਨੂੰ 1 ਸੈਂ. ਮੀ. / ਸੈਕੰਡ ਪ੍ਰਵੇਗ ਮਿਲਦਾ ਹੈ। ਇਕ ਡਾਈਨ 10 ਨਿਊਟਨ ਦੇ ਬਰਾਬਰ ਹੁੰਦਾ ਹੈ।

ਹ. ਪੁ.—ਮੈਕ. ਐਨ. ਸ. ਟ. 4 : 353

**ਡਾਈਨਜ਼, ਵਿਲੀਅਮ ਹੈਨਰੀ** : ਬਰਤਾਨੀਆ ਦੇ ਇਸ ਉੱਘੇ ਮੌਸਮ ਵਿਗਿਆਨੀ ਦਾ ਜਨਮ ਇਕ ਮੌਸਮ ਵਿਗਿਆਨੀ ਦੇ ਘਰ 5 ਅਗਸਤ, 1855 ਨੂੰ ਲੰਡਨ ਵਿਖੇ ਹੋਇਆ।

ਇਸ ਨੇ ਕਾਰਪਸ ਕ੍ਰਿਸ਼ਟੀ ਕਾਲਜ, ਕੈਂਬਰਿਜ ਤੋਂ ਬੀ. ਏ. ਪਾਸ ਕੀਤੀ। ਇਹ ਹਵਾ ਦੀ ਗਤੀ ਖੋਜ ਕਰਨ ਵਿਚ ਦਿਲਚਸਪੀ ਲੈਣ ਲੱਗ ਪਿਆ। ਇਸ ਨੇ ਸਭ ਤੋਂ ਪਹਿਲਾਂ ਦਬਾਉ-ਟਿਊਬ ਵਾਯੂਵੇਗ ਮਾਪਕ ਦੀ ਕਾਢ ਕੱਢੀ ਜਿਹੜਾ ਕਿ ਹਵਾ ਦਾ ਵੇਗ ਅਤੇ ਰੁੱਖ ਮਾਪਣ ਵਾਲਾ ਪਹਿਲਾ ਯੰਤਰ ਸੀ। ਇਸ ਨੇ ਉਪਰਲੀ ਹਵਾ ਨੂੰ ਮਾਪਣ ਲਈ ਪਤੰਗਾਂ ਅਤੇ ਗੁਬਾਰਿਆਂ ਨੂੰ ਪਹਿਲੀ ਵਾਰ ਵਰਤੋਂ ਵਿਚ ਲਿਆਂਦਾ ਸੀ। ਇਸ ਨੇ ਆਪਣੀ ਹੀ ਕਿਸਮ ਦਾ ਇਕ ਮੀਟੀਰੋਗ੍ਰਾਫ਼ ਤਿਆਰ ਕਰਕੇ ਪਤੰਗਾਂ ਅਤੇ ਗੁਬਾਰਿਆਂ ਵਿਚ ਫਿੱਟ ਕਰ ਦਿੱਤਾ ਅਤੇ ਕਈ ਸਾਲ ਤੱਕ ਇਹ ਯੰਤਰ ਹੀ ਉਪਰਲੇ ਵਾਯੂਮੰਡਲੀ ਪਰਿਵਰਤਨਾਂ ਦਾ ਪਤਾ ਲਾਉਣ ਲਈ ਇਕ ਮਿਆਰੀ ਬਰਤਾਨਵੀ ਯੰਤਰ ਵਜੋਂ ਪ੍ਰਚੱਲਤ

ਰਿਹਾ। ਇਸਨੇ ਸਮਤਾਪ ਵਾਯੂਮੰਡਲ ਵਿਚ ਦਬਾਉ, ਤਾਪਮਾਨ ਅਤੇ ਸਿੱਲ੍ਹ ਬਾਰੇ ਡੈਟਾ ਮੁਹੱਈਆ ਕੀਤਾ। ਇਸਨੇ ਇਨ੍ਹਾਂ ਡੈਟਿਆਂ ਦੇ ਵਿਸ਼ਲੇਸ਼ਣ ਨਾਲ ਉਪਰਲੀ ਹਵਾ ਦੇ ਗੁਣਾਂ ਅਤੇ ਚੱਕਰਵਾਤ ਅਤੇ ਪ੍ਰਤਿਚੱਕਰਵਾਤ ਦੇ ਰਾਹੀਂ ਵਿਗਿਆਨ ਵਿਚਕਾਰਲੇ ਅਹਿਮ ਸਹਿ-ਸਬੰਧਾਂ ਬਾਰੇ ਜਾਣਕਾਰੀ ਦਿੱਤੀ। ਸੰਨ 1901-02 ਤੱਕ ਇਹ ਰੱਇਲ ਮੀਟਰੀਓਲੀਜੀਕਲ ਸੁਸਾਇਟੀ ਦਾ ਪ੍ਰਧਾਨ ਰਿਹਾ ਤੇ 1905 ਵਿਚ ਰੱਇਲ ਸੁਸਾਇਟੀ ਦਾ ਫੈਲੋ ਚੁਣਿਆ ਗਿਆ। ਇਸ ਦੇ ਖੋਜ ਪੱਤਰਾਂ ਦਾ ਸੰਗ੍ਰਹਿ 1931 ਈ. ਵਿਚ ਰੱਇਲ ਮੀਟਰੀਓ-ਲੀਜੀਕਲ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਦੀ ਮੌਤ 24 ਦਸੰਬਰ, 1927 ਨੂੰ ਇੰਗਲੈਂਡ ਵਿਚ ਬੈਨਸਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 4 : 101

**ਡਾਈਨਾਸਟਸ** : ਇਹ ਪ੍ਰਸਿੱਧ ਅੰਗਰੇਜ਼ੀ ਕਵੀ ਅਤੇ ਨਾਵਲਕਾਰ ਟਾਮਸ ਹਾਰਡੀ ਦੀ ਪ੍ਰਸਿੱਧ ਰਚਨਾ ਹੈ। ਇਹ ਸੁੰਦਰ ਰਚਨਾ ਇਕ ਵਿਸ਼ਾਲ ਕਾਵਿ-ਨਾਟਕ ਦੇ ਰੂਪ ਵਿਚ ਲਿਖੀ ਗਈ ਹੈ ਜਿਸ ਅਭਿਨੈ ਕੇਵਲ ਕਲਪਨਾ ਦੇ ਰੰਗਮੰਚ ਤੇ ਹੀ ਹੋ ਸਕਦਾ ਹੈ। ਭਾਵੇਂ ਇਸ ਨੂੰ ਇਕ ਨਾਟਕ ਦਾ ਰੂਪ ਦਿੱਤਾ ਗਿਆ ਹੈ, ਫਿਰ ਵੀ ਇਸ ਵਿਚ ਮਹਾਂਕਾਵਿ ਦੇ ਸਾਰੇ ਗੁਣ ਮੌਜੂਦ ਹਨ। ਇਸ ਕਾਵਿ ਵਿਚ ਹਾਰਡੀ ਮਨੁੱਖੀ ਕਿਸਮਤ ਦੀ ਖੇਡ ਤੇ ਵਿਆਪਕ ਨਜ਼ਰ ਮਾਰਦਾ ਹੈ ਅਤੇ ਉਸ ਨੂੰ ਨਿਰਦਈ ਕਿਸਮਤ ਨਾਲ ਦੁਖੀ ਪ੍ਰਾਣੀ ਦੇ ਰੂਪ ਵਿਚ ਦੇਖਦਾ ਹੈ।

ਇਹ ਕਾਵਿ-ਨਾਟਕ ਤਿੰਨ ਹਿੱਸਿਆਂ ਵਿਚ ਪ੍ਰਕਾਸ਼ਿਤ ਹੋਇਆ, ਪਹਿਲਾ ਭਾਗ 1904 ਵਿਚ, ਦੂਜਾ 1906 ਵਿਚ ਅਤੇ ਤੀਜਾ 1908 ਵਿਚ। ਇਸ ਰਚਨਾ ਵਿਚ ਹਾਰਡੀ ਦੀ ਵਿਚਾਰਧਾਰਾ ਆ ਜਾਂਦੀ ਹੈ। ਇਸ ਵਿਚ ਨੈਪੋਲੀਅਨ ਦੀ ਕਹਾਣੀ, ਉਸ ਦੀ ਉੱਨਤੀ ਤੇ ਉਸ ਦਾ ਪਤਨ ਦਿਖਾਇਆ ਹੈ। ਇਸ ਤਰ੍ਹਾਂ ਇਹ ਰਚਨਾ ਸਾਨੂੰ ਟਾਲਸਟਾਏ ਦੇ ਮਹਾਨ ਨਾਵਲ 'ਵਾਰ ਐਂਡ ਪੀਸ' ਦੀ ਯਾਦ ਤਾਜ਼ਾ ਕਰਾਉਂਦੀ ਹੈ। ਹਾਰਡੀ ਨੈਪੋਲੀਅਨ ਨੂੰ ਹੋਣੀ ਦੇ ਤਰਸਯੋਗ ਪੁਤਲੇ ਦੇ ਰੂਪ ਵਿਚ ਦੇਖਦਾ ਹੈ। ਨੈਪੋਲੀਅਨ ਨੂੰ ਜਿੱਤ ਦੀ ਅਪਾਰ ਖੁਸ਼ੀ ਹੈ ਪਰ ਸਵਰਗ ਵਿਚ ਦੈਵੀ ਸ਼ਕਤੀਆਂ ਉਸ ਦੀਆਂ ਹਰਕਤਾਂ ਨੂੰ ਦਿਆ-ਦ੍ਰਿਸ਼ਟੀ ਨਾਲ ਦੇਖਦੀਆਂ ਹਨ ਜਿਵੇਂ ਉਹ ਕਹਿੰਦੀਆਂ ਹੋਣ ਕਿ ਮਨੁੱਖ ਕਿੰਨਾ ਤਰਸਯੋਗ ਪ੍ਰਾਣੀ ਹੈ।

ਇਸੇ ਰਚਨਾ ਵਿਚ ਹਾਰਡੀ ਨੇ ਆਪਣੀ 'ਇਮਾਨੈਂਟ ਵਿੱਲ' ਦੀ ਕਲਪਨਾ ਪੇਸ਼ ਕੀਤੀ ਹੈ। ਇਹ ਵਿਸ਼ਵ ਦੀ ਅੰਤਰੀਵ ਇੱਛਾ-ਸ਼ਕਤੀ ਹੈ ਜੋ ਜੀਵਨ ਦੇ ਸਾਰੇ ਵਿਹਾਰਾਂ ਨੂੰ ਪ੍ਰਭਾਵਿਤ ਕਰਦੀ ਹੈ। ਡਾਈਨਾਸਟਸ ਉੱਤੇ ਪ੍ਰਸਿੱਧ ਜਰਮਨ ਵਿਚਾਰਕ ਸ਼ੋਪੇਨਹਾਵਰ ਦਾ ਸਪੱਸ਼ਟ ਪ੍ਰਭਾਵ ਹੈ।

ਹ. ਪੁ.—ਹਿੰ. ਵਿ. ਕੋ. 5 : 213

**ਡਾਈਨਾਰਕਸ** : ਇਹ ਏਥਨਜ਼ ਦਾ ਪੇਸ਼ਾਵਰ ਭਾਸ਼ਣ ਲਿਖਾਰੀ ਸੀ। ਇਸ ਦੀਆਂ ਰਚਨਾਵਾਂ ਏਥਨਜ਼-ਭਾਸ਼ਣ-ਕਲਾ ਦੀ ਮੁਢਲੀ ਗਿਰਾਵਟ ਨੂੰ ਪ੍ਰਗਟ ਕਰਦੀਆਂ ਹਨ। ਇਸ ਦੀ ਪ੍ਰਸਿੱਧੀ ਉਸ ਸਕੈਂਡਲ ਬਾਰੇ ਲਿਖਣ ਵਿਚ ਹੋਈ ਜਿਸ ਵਿਚ ਸਿਕੰਦਰ ਮਹਾਨ ਦਾ ਖ਼ਜ਼ਾਨਚੀ ਹਰਪਾਲਸ 324 ਈ. ਪੂ. ਏਥਨਜ਼ ਭੇਜਣ ਵੇਲੇ ਬੇਸ਼ੁਮਾਰ ਧਨ ਉਹ ਆਪਣੇ ਨਾਲ ਲੈ ਜਾਂਦਾ ਹੈ ਜਿਹੜਾ ਏਸ਼ੀਆ ਦੀ ਜਿੱਤ ਸਮੇਂ ਲੁੱਟ ਕੇ ਲਿਆਂਦਾ ਗਿਆ ਸੀ ਅਤੇ ਜਿਸ ਦਾ ਬਹੁਤ ਸਾਰਾ ਭਾਗ ਡੈਮੱਸਥੀਨੀਜ਼ ਅਤੇ ਹੋਰ ਉੱਘੇ ਰਾਜਨੀਤਕਾਂ ਨੇ ਹਥਿਆ ਲਿਆ ਸੀ। ਡਾਈਨਾਰਕਸ ਨੇ ਇਸ ਸਬੰਧ ਵਿਚ ਮੁਕੱਦਮੇ ਦੇ ਬਿਆਨ ਤੇ ਤਕਰੀਰਾਂ ਲਿਖੀਆਂ। ਇਨ੍ਹਾਂ ਮੁਕੱਦਮਿਆਂ ਬਾਰੇ ਇਸ ਦੀਆਂ ਤਿੰਨ ਰਚਨਾਵਾਂ 'ਅਗੇਨਸਟ ਡੈਮੱਸਥੀਨੀਜ਼', 'ਅਗੇਨਸਟ ਆਰਿਸਟੋਜੀਟਨ' ਅਤੇ 'ਅਗੇਨਸਟ ਫਿਲੱਕਲੀਜ਼' ਹਨ। ਡਾਇਉਨਾਈਸੀਅਸ ਨੇ ਡਾਈਨਾਰਕਸ ਦੇ 87 ਭਾਸ਼ਣਾਂ ਦੀ ਸੂਚੀ ਬਣਾਈ ਹੈ ਜਿਨ੍ਹਾਂ ਵਿਚੋਂ 60 ਨੂੰ ਅਸਲੀ ਮੰਨਿਆ ਜਾਂਦਾ ਹੈ। ਡਾਈਉਨਾਈਸੀਅਸ ਅਨੁਸਾਰ ਇਸ ਦੀ ਭਾਸ਼ਣ-ਕਲਾ ਵਿਚ ਸਿਰਜਨਾਤਮਕ ਸ਼ਕਤੀ ਦੀ ਘਾਟ ਸੀ ਤੇ ਨਿਆਂਪੂਰਕ ਦਲੀਲ ਦੀ ਥਾਂ ਗਾਲੀ-ਗਲੋਚ ਵਾਲੀ ਭਾਸ਼ਾ ਵਰਤੀ ਗਈ ਸੀ। ਇਸ ਦੇ ਵਿਚਾਰ ਦੂਜੇ ਭਾਸ਼ਣ ਲਿਖਾਰੀਆਂ ਤੋਂ ਚੋਰੀ ਕੀਤੇ ਹੋਏ ਸਨ।

ਹ. ਪੁ.—ਐਨ. ਬ੍ਰਿ. ਮਾ. 3 : 551

**ਡਾਈਨਾੱਰਨਿਥੀਡ਼ਾੱਰਮੀਜ਼** : ਇਹ ਨਾ-ਉਡ ਸਕਣ ਵਾਲੇ, ਪਥਰਾਟ ਪੰਛੀਆਂ ਦਾ ਇਕ ਵਰਗ ਹੈ ਜਿਸ ਨੂੰ ਦੋ ਕੁਲਾਂ, 5 ਪ੍ਰਜਾਤੀਆਂ ਅਤੇ 23 ਜਾਤੀਆਂ ਵਿਚ ਵੰਡਿਆ ਹੋਇਆ ਹੈ। ਨਿਊਜ਼ੀਲੈਂਡ ਦੇ ਇਨ੍ਹਾਂ ਪੰਛੀਆਂ ਨੂੰ ਮੋਆ (Moas) ਕਹਿੰਦੇ ਹਨ। ਇਨ੍ਹਾਂ ਦੇ ਪਥਰਾਟ ਅਪਰ ਮਾਇਓਸੀਨ ਅਤੇ ਲੋਅਰ ਪਲਾਇਓਸੀਨ ਡਿਪਾਜ਼ਿਟਾਂ ਵਿਚੋਂ ਮਿਲੇ ਹਨ।

ਇਹ ਪੰਛੀ ਟਰਕੀ-ਪੰਛੀ (Anomolopteryx owenii) ਦੇ ਆਕਾਰ ਤੋਂ ਲੈ ਕੇ ਤਕਰੀਬਨ 3.60 ਮੀ. ਤੱਕ ਉੱਚੇ ਮਿਲਦੇ ਹਨ। ਇਨ੍ਹਾਂ ਦੀਆਂ ਲੱਤਾਂ ਮਜ਼ਬੂਤ, ਪੈਰ ਚਾਰ-ਉਂਗਲਾਂ ਵਾਲੇ, ਗਰਦਨ ਲੰਮੀ ਤੇ ਸਿਰ ਛੋਟਾ ਸੀ ਅਤੇ ਪਰ (wings) ਅਵਿਕਸਿਤ ਹਾਲਤ ਵਿਚ ਜਾਂ ਹੁੰਦੇ ਹੀ ਨਹੀਂ ਸਨ। ਖੰਭ ਈਮੂ ਪੰਛੀ ਵਰਗੇ ਸਨ। ਕਈ ਪੰਛੀ ਭੂਰੇ ਰੰਗ ਦੇ (ਜਿਸ ਦਾ ਸਿਰ ਚਿੱਟਾ ਤੇ ਇਸ ਤੋਂ ਪਿਛੇ ਇਕ ਕਾਲਾ ਬੈਂਡ ਸੀ), ਕਈਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਸਨ ਅਤੇ ਕਈ ਚਿੱਟੇ ਰੰਗ ਦੇ ਹੁੰਦੇ ਸਨ।

ਨਿਊਜ਼ੀਲੈਂਡ ਦੇ ਕੀਵੀ ਪੰਛੀਆਂ ਨੂੰ ਇਨ੍ਹਾਂ ਦੇ ਜਿਉਂਦੇ ਨਜ਼ਦੀਕੀ ਸਬੰਧੀ ਮੰਨਿਆ ਜਾਂਦਾ ਹੈ।

ਹ. ਪੁ.—ਮੈਕ. ਐਨ. ਸ. ਟ. 4 : 198; ਵੈਬਸਟਰ ਡਿਕਸ਼ਨਰੀ 2 : 1449

**ਡਾਈਨੋਸੈਰਾਟਾ** : ਇਹ ਲੁਪਤ ਹੋ ਚੁੱਕੇ, ਵੱਡੇ-ਵੱਡੇ, ਬਨਸਪਤੀ-ਆਹਾਰੀ, ਥਣਧਾਰੀ ਪ੍ਰਾਣੀਆਂ ਦਾ ਇਕ ਵਰਗ ਹੈ। ਇਨ੍ਹਾਂ ਪ੍ਰਾਣੀਆਂ ਨੂੰ ਯੂਇੰਟਾਥੀਅਰ ਕਹਿੰਦੇ ਹਨ। ਇਹ ਪ੍ਰਾਣੀ ਉੱਤਰੀ ਅਮਰੀਕਾ ਅਤੇ ਉੱਤਰ-ਪੂਰਬੀ ਏਸ਼ੀਆ ਦੇ ਸੀਨੋਜ਼ੋਇਕ ਸਮੇਂ ਦੇ ਸ਼ੁਰੂ ਦੇ ਡਿਪਾਜ਼ਿਟਾਂ ਵਿਚੋਂ ਮਿਲੇ ਹਨ। ਇਹ ਈਓਸੀਨ ਸਮੇਂ ਵਿਚ ਗੈਂਡੇ ਦੇ ਆਕਾਰ ਦੇ ਹੋ ਗਏ ਸਨ। ਮੱਧ ਈਓਸੀਨ ਸਮੇਂ ਵਿਚ ਇਹ ਬਹੁਤ ਮਿਲਦੇ ਸਨ ਪਰ ਆੱਲੀਗੋਸੀਨ ਦੇ ਸ਼ੁਰੂ ਤੋਂ ਪਹਿਲਾਂ ਹੀ ਇਹ ਲੁਪਤ ਹੋ ਗਏ ਸਨ।

ਇਨ੍ਹਾਂ ਪ੍ਰਾਣੀਆਂ ਦੀਆਂ ਲੱਤਾਂ, ਕੁਝ ਕੁਝ, ਸਰੀਰ ਦਾ ਭਾਰ ਚੁੱਕਣ ਲਈ ਅਨੁਕੂਲਿਤ (semigraviportal) ਅਤੇ ਪੈਰ ਪੰਜ-ਉਂਗਲਾਂ ਵਾਲੇ, ਖੁਰਾਂ ਵਾਲੇ ਸਨ। ਦੰਦ ਸਾਰੀਆਂ ਕਿਸਮਾਂ ਵਿਚ ਘਟਦੇ ਗਏ, ਪਿਛਲੇਰੀਆਂ ਕਿਸਮਾਂ ਵਿਚ ਤਾਂ ਸਾਰੇ ਉਪਰਲੇ ਮਖਲੇ ਦੰਦ (incisors) ਖ਼ਤਮ ਹੋ ਗਏ, ਇਥੋਂ ਤੱਕ ਕਿ ਇਕ ਕਿਸਮ ਗੋਬੀਆ-ਥੀਰੀਅਮ (Gobiatherium) ਵਿਚ ਤਾਂ ਉਪਰਲੇ ਸੂਏ ਦੰਦ ਵੀ ਖ਼ਤਮ ਹੋ ਗਏ ਸਨ। ਉਪਰਲੇ ਮੋਲਰ ਤੇ ਪ੍ਰੀਮੋਲਰ ਦੰਦ V- ਆਕਾਰ ਦੇ ਸਨ ਅਤੇ ਹੇਠਲੇ ਯੂਇੰਟਾਥੀਰੀਅਮ ਦਾ ਪਿੰਜਰ ਇਨ੍ਹਾਂ ਦੰਦਾਂ ਦੇ V-ਆਕਾਰ ਦੇ ਸਿਰੇ (Crests) ਸਨ। ਸਾਰੀਆਂ ਕਿਸਮਾਂ ਵਿਚ ਗੋਬੀਆਥੀਰੀਅਮ (Gobiatherium) ਨੂੰ ਛਡਕੇ ਇਕ ਕਟਾਰ ਵਰਗਾ ਸੂਆ ਦੰਦ ਤੇ ਹੇਠਲੇ ਜਬਾੜ੍ਹੇ ਦਾ ਇਕ ਵਧਾਅ (flange) ਹੁੰਦਾ ਸੀ ਜਿਨ੍ਹਾਂ ਨੂੰ ਇਹ ਸੁਰੱਖਿਆ ਲਈ ਵਰਤਦੇ ਸਨ। ਬਹੁਤ ਪੂਰਵਜ ਕਿਸਮਾਂ ਵਿਚ ਸਿੰਗ ਨਹੀਂ ਸਨ ਪਰ ਈਓਸੀਨ ਦੇ ਸ਼ੁਰੂ ਵਿਚ ਉੱਤਰੀ ਅਮਰੀਕੀ ਕਿਸਮਾਂ ਵਿਚ ਸਿੰਗ ਨਿਕਲਣ ਲਗ ਗਏ ਸਨ।

ਡਾਈਨੋਸੈਰਾਟਾ ਨੂੰ ਤਿੰਨ ਕੁਲਾਂ ਵਿਚ ਵੰਡਿਆ ਗਿਆ ਹੈ – ਪ੍ਰੋਡੀਨੋਸੈਰਾਟਡੀ, ਯੁਇੰਟਾਥੈਰਾਈਡੀ ਅਤੇ ਗੋਬ੍ਰੀਆਥੈਰਾਈਡੀ। ਪਿਛਲੀ ਕੁਲ ਪੁਰਾਤਨ ਯੁਇੰਟਾਥੈਰਾਈਡੀ ਤੋਂ ਨਿਕਲੀ ਹੋਈ ਇਕ ਬਿਲਕੁਲ ਵੱਖਰੇ ਲੱਛਣਾਂ ਵਾਲੀ ਬ੍ਰਾਂਚ ਹੈ ਅਤੇ ਇਸ ਨੂੰ ਇਕ ਵੱਖਰੀ ਕੁਲ ਮੰਨਿਆ ਜਾਂਦਾ ਹੈ।

ਡਾਈਨੋਸੈਰਾਟਾ ਆਰਕਟੋਸਾਇਆਨੱਇਡ ਕ੍ਰੀਓਡਾਂਟ ਕਾਰ-ਨੀਵੋਰਾ ਤੋਂ ਨਿਕਲੇ ਹਨ ਪਰ ਇਨ੍ਹਾਂ ਦੇ ਅਗੋਂ ਉਤਰਾਧਿਕਾਰੀ ਕੋਈ ਨਹੀਂ ਮਿਲਦੇ।

ਹ. ਪੁ.–ਮੈਕ. ਐਨ. ਸ. ਟ. 4 : 196

**ਡਾਈਨੋਸੌਰੀਆ** : ਇਹ ਰੀਂਗਣੇ ਪ੍ਰਾਣੀਆਂ ਦੀ ਇਕ ਉਹ ਲੜੀ ਹੈ ਜਿਹੜੇ ਮੀਜ਼ੋਜ਼ੋਇਕ ਐਰਾ ਸਮੇਂ ਵਧੇ ਫੁਲੇ ਅਤੇ ਉਸ ਸਮੇਂ ਧਰਤੀ ਉੱਤੇ ਇਨ੍ਹਾਂ ਪ੍ਰਾਣੀਆਂ ਦਾ ਹੀ ਰਾਜ ਸੀ ਪਰ ਇਸ ਐਰਾ ਦੇ ਖ਼ਤਮ ਹੋਣ ਦੇ ਨਾਲ ਹੀ ਇਹ ਪ੍ਰਾਣੀ ਲੁਪਤ ਹੋ ਗਏ। ਇਹ ਪ੍ਰਾਣੀ ਇਕ ਦਮ ਕਿਉਂ ਲੁਪਤ ਹੋ ਗਏ, ਇਸ ਦੇ ਕਾਰਨਾਂ ਦਾ ਪੱਕਾ ਪਤਾ ਨਹੀਂ ਲਗ ਸਕਿਆ, ਕੇਵਲ ਅਨੁਮਾਨ ਹੀ ਲਗਾਏ ਗਏ ਹਨ। ਇਨ੍ਹਾਂ ਦਾ ਨਾਂ ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ 'ਡਰਾਉਣੀਆਂ ਛਿਪਕਲੀਆਂ'। ਇਹ ਨਾਂ ਇਨ੍ਹਾਂ ਦੇ ਦਿਉਆਂ ਵਰਗੇ ਕਦ-ਕਾਠਾਂ ਕਰਕੇ ਪਿਆ ਹੈ।

ਡਾਈਨੋਸੌਰ ਪ੍ਰਾਣੀ ਦੋ ਵੱਖ ਵੱਖ ਪਰ ਸਬੰਧਤ ਗਰੁੱਪਾਂ ਵਿਚ ਰਖੇ ਜਾਂਦੇ ਹਨ। ਇਕ ਵਰਗ ਸੌਰਿਸਕੀਆ ਹੈ, ਜਿਸ ਵਿਚ ਰੀਂਗਣੇ ਪ੍ਰਾਣੀਆਂ ਵਰਗੇ ਜਾਨਵਰ ਆਉਂਦੇ ਹਨ ਅਤੇ ਦੂਜਾ ਵਰਗ ਔਰਨਿਥਿਸਕੀਆ ਹੈ, ਜਿਸ ਦੇ ਮੈਂਬਰ ਪੰਛੀਆਂ ਵਰਗੇ ਹੁੰਦੇ ਸਨ। ਇਨ੍ਹਾਂ ਦੋਹਾਂ ਗਰੁੱਪਾਂ ਦੇ ਪ੍ਰਾਣੀਆਂ ਵਿਚ ਕਾਫ਼ੀ ਫਰਕ ਸੀ। ਇਕ ਪ੍ਰਤੱਖ ਫ਼ਰਕ ਇਨ੍ਹਾਂ ਦੇ ਪੈਲਵਿਕ ਗਰਡਲ ਦੀ ਬਣਤਰ ਵਿਚ ਸੀ। ਦੋਨਾਂ ਗਰੁੱਪਾਂ ਵਿਚ ਗਰਡਲ ਦੀਆਂ ਤਿੰਨਾਂ ਹੱਡੀਆਂ ਵਿਚੋਂ ਉਪਰਲੀ, ਇਲਿਅਮ ਹੱਡੀ ਬਹੁਤ ਮਜ਼ਬੂਤ ਸੀ ਅਤੇ ਇਹ ਰੀੜ੍ਹ ਦੀ ਹੱਡੀ ਨਾਲ ਪੱਕੀ ਜੁੜੀ ਹੋਈ ਸੀ। ਹੇਠਲੀਆਂ ਦੋ ਹੱਡੀਆਂ, ਪਿਊਬਿਸ ਅਤੇ ਇਸਕੀਅਮ ਵਿਚ ਲੱਤਾਂ ਦੀ ਬਣਤਰ ਅਤੇ ਪੇਸ਼ੀਆਂ ਦੇ ਜੁੜਨ ਵਿਚ ਤਬਦੀਲੀ ਕਰਕੇ ਇਨ੍ਹਾਂ ਵਿਚ ਕਾਫ਼ੀ ਤਬਦੀਲੀ ਆਈ ਹੋਈ ਸੀ ਅਤੇ ਇਹ ਲੰਬੀਆਂ, ਡੰਡੇ ਵਰਗੀਆਂ ਸਨ।

ਸੌਰਿਸਕੀਆ ਵਿਚ ਪਿਊਬਿਸ, ਲਿੰਬ ਸਾਕਿਟ (limb Socket) ਤੋਂ ਹੇਠਾਂ ਵੱਲ ਤੇ ਅੱਗੇ ਵਲ ਸੀ ਅਤੇ ਇਸਕੀਅਮ ਹੇਠਾਂ ਵਲ ਤੇ ਪਿਛੇ ਵਲ ਸੀ। ਇਸ ਤਰ੍ਹਾਂ ਇਲੀਅਮ ਨਾਲ ਮਿਲਕੇ ਤਿੰਨ-ਅਰੀ ਗਰਡਲ ਬਣਦਾ ਸੀ। ਔਰਨਿਥਿਸਕੀਆ ਵਿਚ ਇਹ ਚਾਰ-ਅਰੀ ਬਣਤਰ ਬਣਦੀ ਸੀ। ਇਨ੍ਹਾਂ ਦੀ ਪਿਊਬਿਸ ਪੰਛੀਆਂ ਦੀ ਤਰ੍ਹਾਂ ਪਿਛੇ ਵਲ ਨੂੰ ਲਟਕ ਕੇ ਇਸਕੀਅਮ ਦੇ ਸਮਾਂਤਰ ਆਈ ਹੋਈ ਸੀ ਅਤੇ ਇਸਦੇ ਅਗੇ ਇਕ ਪੈਡਲ ਵਰਗਾ ਵਾਧਰਾ ਨਿਕਲਿਆ ਹੋਇਆ ਸੀ। ਇਸ ਤੋਂ ਇਲਾਵਾ ਦੋਨਾਂ ਗਰੁੱਪਾਂ ਵਿਚ ਕਈ ਹੋਰ ਵੀ ਫ਼ਰਕ ਸਨ, ਜਿਵੇਂ ਸੌਰਿਸਕੀਅਨਾਂ ਵਿਚ ਦੰਦ ਨੋਕੀਲੇ ਤੇ ਸਾਧਾਰਨ ਬਣਤਰ ਵਾਲੇ ਸਨ ਅਤੇ ਇਹ ਪੂਰੇ ਜਬਾੜ੍ਹਿਆਂ ਉੱਤੇ ਸਥਿਤ ਸਨ। ਔਨਿਥਿਸਕੀਅਨਾਂ ਵਿਚ ਅਗਲੇ ਦੰਦਾਂ ਦੀ ਥਾਂ ਚੁੰਝ ਸੀ ਅਤੇ ਪਾਸਿਆਂ ਵਾਲੇ ਦੰਦ ਪੱਤਾ-ਆਕਾਰ ਦੇ ਸਨ। ਇਸੇ ਕਰਕੇ ਇਨ੍ਹਾਂ ਦਾ ਆਹਾਰ ਵੀ ਫ਼ਰਕ ਸੀ।

ਕਾਫ਼ੀ ਡਾਈਨੋਸੌਰ ਪ੍ਰਾਣੀ ਮਾਸਾਹਾਰੀ ਸਨ ਪਰ ਬਹੁਤੇ ਸ਼ਾਕਾਹਾਰੀ ਬਣ ਗਏ ਸਨ। ਪੁਰਾਤਨ ਡਾਈਨੋਸੌਰ ਦੋ-ਪੈਰੇ ਪ੍ਰਾਣੀ ਸਨ ਅਤੇ ਬਹੁਤ ਗਰੁੱਪਾਂ ਵਿਚ ਇਹੀ ਲੱਛਣ ਅਗੋਂ ਤੁਰਦਾ ਰਿਹਾ। ਦੋਨੋਂ ਗਰੁੱਪਾਂ ਵਿਚ ਕਈ ਸ਼ਾਕਾਹਾਰੀ ਕਿਸਮਾਂ ਚੌ-ਪਾਈਆਂ ਬਣ ਗਈਆਂ ਸਨ।

ਹ. ਪੁ.–ਐਨ. ਬ੍ਰਿ. ਮਾ. 3 : 555; ਐਨ. ਬ੍ਰਿ. 7 : 454

**ਡਾਈਨੋਫ਼ਲੈਜੈਲੇਟ** : ਇਹ ਦੋ (ਵੱਖ ਵੱਖ ਤਰ੍ਹਾਂ ਦੇ) ਫ਼ਲੈਜੈਲਾ ਵਾਲੇ, ਇਕ-ਸੈੱਲੇ, ਉਨ੍ਹਾਂ ਜਲੀ-ਜੀਵਾਂ ਲਈ ਇਕ ਆਮ ਨਾਂ ਹੈ ਜਿਨ੍ਹਾਂ ਵਿਚ ਪ੍ਰਾਣੀਆਂ ਅਤੇ ਪੌਦਿਆਂ ਦੋਨਾਂ ਦੇ ਲੱਛਣ ਮਿਲਦੇ ਹਨ। ਇਨ੍ਹਾਂ ਵਿਚੋਂ ਬਹੁਤੇ ਸੂਖ਼ਮਦਰਸ਼ੀ ਅਤੇ ਸਮੁੰਦਰੀ ਜੀਵ ਹਨ ਜਿਹੜੇ ਠੰਡੇ ਸਮੁੰਦਰਾਂ ਨੂੰ ਛੱਡਕੇ ਹੋਰ ਸਾਰੇ ਸਮੁੰਦਰਾਂ ਵਿਚ ਮਿਲ ਜਾਂਦੇ ਹਨ। ਬਨਸਪਤੀ ਵਿਗਿਆਨ ਵਿਚ ਇਨ੍ਹਾਂ ਨੂੰ ਐਲਗੀ ਦੇ ਨਾਲ ਡਾਈਨੋਫ਼ਾਈਸੀ ਕੁਲ ਵਿਚ ਅਤੇ ਪ੍ਰਾਣੀ ਵਿਗਿਆਨ ਵਿਚ ਪ੍ਰੋਟੋਜ਼ੋਨਾਂ ਦੇ ਵਰਗ ਡਾਈਨੋਫ਼ਲੈਜਲਿਡਾ ਵਿਚ ਰਖਿਆ ਜਾਂਦਾ ਹੈ। ਇਨ੍ਹਾਂ ਵਿਚ ਪੋਸ਼ਣ ਪੌਦਿਆਂ ਦੀ ਤਰ੍ਹਾਂ, ਪ੍ਰਾਣੀਆਂ ਦੀ ਤਰ੍ਹਾਂ ਜਾਂ ਦੋਨਾਂ ਦੇ ਰਲਵੇਂ ਤਰੀਕੇ ਵਰਗਾ ਮਿਲਦਾ ਹੈ।

ਇਹ ਜੀਵ ਤਕਰੀਬਨ 5 ਤੋਂ 2,000 ਮਾਈਕ੍ਰਾਨ ਤੱਕ ਦੇ ਆਕਾਰ ਦੇ ਮਿਲਦੇ ਹਨ। ਇਸ ਦੇ ਸੈੱਲ ਦੇ ਵਿਚ ਇਕ ਮੱਧ ਝਿਰੀ ਹੁੰਦੀ ਹੈ ਜਿਸ ਨੂੰ ਐਨੂਲਸ ਕਹਿੰਦੇ ਹਨ। ਇਸ ਵਿਚ ਇਕ ਫ਼ਲੈਜੈਲਮ ਹੁੰਦਾ ਹੈ। ਇਸ ਝਿਰੀ ਤੋਂ ਇਕ ਹੋਰ ਝਿਰੀ, ਸਲਕਸ ਉਸ ਨੁਕਤੇ ਤੱਕ ਜਾਂਦੀ ਹੈ ਜਿਥੇ ਦੂਜਾ ਫ਼ਲੈਜੈਲਮ ਜੁੜਿਆ ਹੁੰਦਾ ਹੈ। ਕਈ ਕਿਸਮਾਂ ਉੱਤੇ ਸੈਲੂਲੋਜ਼ ਦੀਆਂ ਪਲੇਟਾਂ ਜਾਂ ਇਕ ਪਤਲੀ ਸੁਰਖਿਅਤ ਤਹਿ ਹੁੰਦੀ ਹੈ। ਇਨ੍ਹਾਂ ਵਿਚ ਪੀਲੇ ਜਾਂ ਭੂਰੇ ਜਿਹੇ ਰੰਗ ਦੇ ਪਲਾਸਟਿਡ ਹੁੰਦੇ ਹਨ। ਇਨ੍ਹਾਂ ਵਿਚ ਜਣਨ ਦੋ- ਖੰਡਨ ਜਾਂ ਬਹੁ-ਖੰਡਨ ਦੇ ਤਰੀਕੇ ਨਾਲ ਹੁੰਦਾ ਹੈ (ਇਕ ਪ੍ਰਜਾਤੀ ਵਿਚ ਲਿੰਗੀ ਜਣਨ ਵੀ ਮਿਲਦਾ ਹੈ) ਅਤੇ ਅਨੁਕੂਲ ਹਾਲਤਾਂ ਵਿਚ ਇਨ੍ਹਾਂ ਦੀ ਤਦਾਦ ਇਕ ਲਿਟਰ ਪਾਣੀ ਵਿਚ ਕੋਈ 60,000,000 ਦੇ ਕਰੀਬ ਹੁੰਦੀ ਹੈ। ਇਸੇ ਕਰਕੇ ਪਾਣੀ ਦਾ ਰੰਗ ਵੀ ਬਦਲ ਜਾਂਦਾ ਹੈ ਅਤੇ ਸਮੁੰਦਰੀ ਮੱਛੀਆਂ ਅਤੇ ਦੂਜੇ ਜਾਨਵਰਾਂ ਲਈ ਇਹ ਜ਼ਹਿਰੀਲੇ ਹੁੰਦੇ ਹਨ। ਇਹ ਪ੍ਰਾਣੀ ਪਾਣੀ ਵਿਚ ਰੌਸ਼ਨੀ ਵੀ ਪੈਦਾ ਕਰਦੇ ਹਨ।

ਹ. ਪੁ.–ਐਨ. ਬ੍ਰਿ. ਮਾ. 3 : 555

**ਡਾਈਫ਼ੀਨਾਈਲ** : ਇਸ ਨੂੰ ਬਾਈਫ਼ੀਨਾਈਲ ਵੀ ਕਿਹਾ ਜਾਂਦਾ ਹੈ। ਇਹ ਇਕ ਐਰੋਮੈਟਿਕ ਹਾਈਡ੍ਰੋਕਾਰਬਨ ਹੈ ਜਿਹੜੀ ਕਿ ਤਾਰਕੋਲ ਕਸ਼ੀਦਿਤ ਪਦਾਰਥ ਦੇ 240° - 300° ਸੈਂ. ਵਿਚਕਾਰ ਉਬਲਦੇ ਅੰਸ਼ ਵਿਚ ਮਿਲਦੀ ਹੈ। ਇਸ ਨੂੰ ਪ੍ਰਾਪਤ ਕਰਨ ਲਈ ਇਸ ਪਦਾਰਥ ਨੂੰ ਗੰਧਕ ਦੇ ਤੇਜ਼ਾਬ ਨਾਲ ਗਰਮ ਕਰਨ ਉਪਰੰਤ ਤੇਜ਼ਾਬ ਦੀ ਤਹਿ ਨੂੰ ਵੱਖਰਾ ਕੀਤਾ ਜਾਂਦਾ ਹੈ ਅਤੇ ਅਘੁਲ ਤੇਲ ਨੂੰ ਕਾਫ਼ੀ ਜ਼ਿਆਦਾ ਠੰਢਾ ਕੀਤਾ ਜਾਂਦਾ ਹੈ। ਇਸ ਦਾ ਸੰਸ਼ਲੇਸ਼ਣ ਸਾਧਾਰਨ ਐਰੋਮੈਟਿਕ ਪਦਾਰਥਾਂ ਨਾਲ ਵੀ ਕੀਤਾ ਜਾ ਸਕਦਾ ਹੈ। ਇਸ ਦੇ ਰਵੇ ਪਲੇਟਾਂ ਵਰਗੇ ਹੁੰਦੇ ਹਨ ਜਿਹੜੇ 70° - 71° ਸੈਂ. ਉੱਤੇ ਪਿਘਲਦੇ ਹਨ। ਇਨ੍ਹਾਂ ਦਾ ਉਬਾਲ-ਦਰਜਾ 254° ਸੈਂ. ਹੈ। ਇਸ ਦੀ ਬਣਤਰ $C_6H_5 \cdot C_6H_5$ ਹੈ। ਇਸ ਦੀ ਵਰਤੋਂ ਤਾਪ-ਬਦਲੀ ਤਰਲ ਦੇ ਤੌਰ ਤੇ ਕੀਤੀ ਜਾਂਦੀ ਹੈ।

ਹ. ਪੁ.–ਐਨ. ਬ੍ਰਿ. 7 : 470

**ਡਾਈਬੀਲੀਅਸ, ਮਾਰਟਿਨ** : ਜਰਮਨੀ ਦੇ ਇਸ ਵਿਦਵਾਨ ਦਾ ਜਨਮ 14 ਸਤੰਬਰ, 1883 ਈ. ਨੂੰ ਡ੍ਰੈਜ਼ਡਨ ਵਿਖੇ ਹੋਇਆ। ਇਸ ਨੇ 'ਨਿਊ ਟੈਸਟਾਮੈਂਟ' ਦਾ ਅਧਿਐਨ ਕੀਤਾ। ਸੰਨ 1915 ਵਿਚ ਇਹ ਹਾਈਡਲਬਰਗ ਚਲਾ ਗਿਆ ਅਤੇ ਉਥੇ ਨਿਊ ਟੈਸਟਾਮੈਂਟ ਦਾ ਪ੍ਰੋਫ਼ੈਸਰ ਲੱਗ ਗਿਆ। ਆਪਣੀ ਮੌਤ ਤੱਕ ਇਹ ਇਸੇ ਪਦ ਤੇ ਰਿਹਾ।

ਇਸ ਨੇ ਧਰਮ ਸਬੰਧੀ ਕਈ ਪੁਸਤਕਾਂ ਲਿਖੀਆਂ। ਇਸ ਦੀ ਪੁਸਤਕ, 'Die Formgeschichte des Evangeliums' ਇਸ ਦੀਆਂ ਕ੍ਰਿਤਾਂ ਵਿਚੋਂ ਉੱਤਮ ਗਿਣੀ ਜਾਂਦੀ ਹੈ।

ਈਸਾ ਮਸੀਹ ਅਤੇ ਪਾਲ ਸਬੰਧੀ ਇਸ ਦੀਆਂ ਪੁਸਤਕਾਂ ਆਮ ਪਾਠਕਾਂ ਲਈ ਬਹੁਤ ਵਧੀਆ ਸਾਬਤ ਹੋਈਆਂ।

11 ਨਵੰਬਰ, 1947 ਈ. ਨੂੰ ਹਾਈਡਲਬਰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 7 : 374

**ਡਾਈਯੂਰੈਟਿਕਸ** : ਇਹ ਉਹ ਦਵਾਈਆਂ ਹਨ, ਜਿਨ੍ਹਾਂ ਦੀ ਵਰਤੋਂ ਖ਼ੂਨ ਵਿਚ ਇਕੱਠੇ ਹੋਏ ਵਾਧੂ ਤਰਲ ਪਦਾਰਥ ਕੱਢਣ ਲਈ ਕੀਤੀ ਜਾਂਦੀ ਹੈ। ਬਹੁਤਾ ਪਿਸ਼ਾਬ ਆਉਣ ਨੂੰ ਡਾਈਯੂਰੇਸਿਸ ਕਿਹਾ ਜਾਂਦਾ ਹੈ। ਪਿਸ਼ਾਬ ਵਿਚ ਠੋਸ ਤੇ ਪਾਣੀ ਦੋਵੇਂ ਹੁੰਦੇ ਹਨ। ਕੁਝ ਡਾਈਯੂਰੈਟਿਕਸ ਪਾਣੀ ਕੱਢਣ ਦਾ ਕੰਮ ਕਰਦੀਆਂ ਹਨ ਜਦੋਂ ਕਿ ਕੁਝ ਠੋਸਾਂ ਦੀ ਵੱਧ ਮਾਤਰਾ ਨੂੰ ਕੱਢਣ ਦਾ। ਜਦੋਂ ਕਿਸੇ ਇਕੱਲੀ ਦਵਾਈ ਦਾ ਲੋੜੀਂਦਾ ਅਸਰ ਪੂਰੀ ਤਰ੍ਹਾਂ ਨਾ ਹੁੰਦਾ ਹੋਵੇ ਤਾਂ ਕਈ ਦਵਾਈਆਂ ਇਕੱਠੀਆਂ ਹੀ ਦਿੱਤੀਆਂ ਜਾਂਦੀਆਂ ਹਨ। ਪਾਣੀ ਵੀ ਇਕ ਚੰਗਾ ਡਾਈਯੂਰੈਟਿਕ ਹੈ ਪਰ ਇਹ ਉਨ੍ਹਾਂ ਰੋਗੀਆਂ ਲਈ ਹੀ ਲਾਹੇਵੰਦ ਸਿੱਧ ਹੁੰਦਾ ਹੈ ਜਿਨ੍ਹਾਂ ਵਿਚ ਪਹਿਲਾਂ ਪਾਣੀ ਦੀ ਮਾਤਰਾ ਵਾਧੂ ਨਾ ਹੋਵੇ ਜਾਂ ਜਿਨ੍ਹਾਂ ਦੇ ਸਰੀਰ ਵਿਚੋਂ ਵਾਧੂ ਪਾਣੀ ਪਿਸ਼ਾਬ ਰਾਹੀਂ ਨਿਕਲ ਜਾਂਦਾ ਹੋਵੇ।

ਉਹ ਡਾਈਯੂਰੈਟਿਕਸ ਜੋ ਪਾਣੀ ਦੀ ਵਾਧੂ ਮਾਤਰਾ ਨੂੰ ਕੱਢਣ ਲਈ ਸਹਾਈ ਹੁੰਦੇ ਹਨ, ਖ਼ੂਨ ਦੇ ਦੌਰੇ ਨੂੰ ਵੀ ਉਤੇਜਿਤ ਕਰਦੇ ਹਨ ਜਿਵੇਂ ਡਿਜੀਟੇਲਿਸ, ਡਾਇਆਮਾੱਕਸ, ਅਲਕੋਹਲ ਅਤੇ ਕਾੱਫ਼ੀ। ਡਾਈਯੂਰੈਟਿਕਸ ਦਾ ਇਕ ਹੋਰ ਗਰੁੱਪ ਜਿਸ ਵਿਚ ਮਰਕਿਊਰਕ ਡਾਈਯੂਰੈਟਿਕਸ ਆਉਂਦੇ ਹਨ ਨੂੰ ਮਿਨਰਲ ਸਾਲਟ ਡਾਈਯੂਰੈਟਿਕਸ ਕਿਹਾ ਜਾਂਦਾ ਹੈ। ਮਿਨਰਲ ਸਾਲਟ ਬਹੁਤ ਘੱਟ ਮਾਤਰਾ ਵਿਚ ਦਿੱਤੇ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਵਧੇਰੇ ਮਾਤਰਾ ਅੰਤੜੀਆਂ ਲਈ ਉਤੇਜਕ ਸਿੱਧ ਹੁੰਦੀ ਹੈ।

ਆਮ ਤੌਰ ਤੇ ਡਾਈਯੂਰੈਟਿਕਸ ਗੁਰਦੇ ਵਿਚ ਨਾੜੀਆਂ ਦੇ ਗੁੱਛੇ ਵਿਚੋਂ ਛਾਣਨ ਦੀ ਕਿਰਿਆ ਨੂੰ ਤੇਜ਼ ਕਰਨ ਦਾ ਜਾਂ ਸੋਖਣ ਨਾਲੀਆਂ ਵਿਚ ਸੋਖਣ ਕਿਰਿਆ ਨੂੰ ਘਟਾਉਣ ਦਾ ਕੰਮ ਕਰਦੇ ਹਨ। ਮਰਸੇਲਾਇਲ ਅਤੇ ਮੇਰਬਾਫੇਨ ਵਰਗੇ ਮਿਨਰਲ ਸਾਲਟ ਡਾਈ-ਯੂਰੈਟਿਕਸ, ਟਿਊਬਲਰ ਸੋਖਣ ਕਿਰਿਆ ਨੂੰ ਘਟਾਉਂਦੇ ਹਨ।

ਹ. ਪੁ.–ਐਨ. ਬ੍ਰਿ. 7 :444 ; ਮੈ. ਹੈ. ਐਨ. 2: 518

**ਡਾਈਵਰਟੀਕੁਲਾਈਟਸ** : ਬਾਲਗ ਅਵਸਥਾ ਵਿਚ ਕਈ ਵਾਰ ਮਨੁੱਖ ਦੀ ਵੱਡੀ ਆਂਦਰ ਦੀ ਦੀਵਾਰ ਤੇ ਥੈਲੀਆਂ (diverticula) ਜਿਹੀਆਂ ਬਣ ਜਾਂਦੀਆਂ ਹਨ, ਜਿਨ੍ਹਾਂ ਦੀ ਸੋਜ ਜਾਂ ਲਾਗ ਨੂੰ ਡਾਈਵਰਟੀਕੁਲਾਈਟਸ ਆਖਿਆ ਜਾਂਦਾ ਹੈ।

ਇਸ ਬੀਮਾਰੀ ਦੀ ਪੁਸ਼ਟੀ ਬੇਰੀਅਮ ਟੈਸਟ ਰਾਹੀਂ ਕੀਤੀ ਜਾਂਦੀ ਹੈ। ਇਸ ਟੈਸਟ ਲਈ ਰੋਗੀ ਨੂੰ ਬੇਰੀਅਮ ਦਾ ਘੋਲ ਪਿਲਾਇਆ ਜਾਂਦਾ ਹੈ ਅਤੇ ਫਿਰ ਉਸ ਦੀ ਐਕੱਸ ਕਿਰਨਾਂ ਨਾਲ ਜਾਂਚ ਕੀਤੀ ਜਾਂਦੀ ਹੈ। ਐਕੱਸ ਕਿਰਨਾਂ ਨਾਲ ਥੈਲੀਆਂ ਅਤੇ ਅੰਤੜੀਆਂ ਦਾ ਸੁੰਗੜਾਉ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ ਅਤੇ ਨਾਲ ਹੀ ਜੇਕਰ ਅੰਤੜੀਆਂ ਵਿਚ ਕਿਧਰੇ ਕੋਈ ਰੁਕਾਵਟ ਹੋਵੇ ਤਾਂ ਉਸ ਦਾ ਵੀ ਪਤਾ ਲਗ ਜਾਂਦਾ ਹੈ।

ਜੇ ਇਹ ਬੀਮਾਰੀ ਗੰਭੀਰ ਰੂਪ ਧਾਰਨ ਕਰ ਲਏ ਤਾਂ ਅੰਤੜੀਆਂ ਵਿਚ ਅਲਸਰ ਅਤੇ ਛੇਕ ਹੋਣ ਲਗਦੇ ਹਨ। ਇਸ ਹਾਲਤ ਵਿਚ ਅਪਰੇਸ਼ਨ ਦਾ ਛੇਤੀ ਕਰਵਾਉਣਾ ਜ਼ਰੂਰੀ ਹੋ ਜਾਂਦਾ ਹੈ। ਬਿਰਧ ਰੋਗੀਆਂ ਵਿਚ ਪੁਰਾਣੀ ਲਾਗ ਕਾਰਨ ਕੈਂਸਰ ਹੋਣ ਦਾ ਡਰ ਰਹਿੰਦਾ ਹੈ। ਇਸ ਦੇ ਇਲਾਜ ਲਈ ਆਰਾਮ ਕਰਨਾ ਤੇ ਅੰਤੜੀਆਂ ਸਾਫ਼ ਰਖਣ ਲਈ ਅਨੀਮਾ ਕਰਵਾਉਂਦੇ ਰਹਿਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਨਿਰੰਤਰ ਰੁਕਾਵਟ ਜਾਂ ਹਮੇਸ਼ਾ ਸੋਜ਼ਸ਼ ਦੇ ਕਾਰਨ ਦਰਦ ਰਹਿਣ ਤੇ ਵੀ ਅਪਰੇਸ਼ਨ ਜ਼ਰੂਰੀ ਹੋ ਜਾਂਦਾ ਹੈ।

ਇਸ ਰੋਗ ਦੇ ਰੋਗੀਆਂ ਨੂੰ ਤਰਲ ਜਾਂ ਨਰਮ ਖ਼ੁਰਾਕ ਖਾਣੀ ਚਾਹੀਦੀ ਹੈ। ਮਿਰਚਾਂ, ਕਰਾਰਾ ਭੋਜਨ ਅਤੇ ਬੀਜਾਂ ਵਾਲੀ ਖ਼ੁਰਾਕ ਦਾ ਪ੍ਰਹੇਜ ਕਰਨਾ ਚਾਹੀਦਾ ਹੈ।

ਹ. ਪੁ.–ਮੈ. ਹੈ. ਐਨ. 2 : 518

**ਡਾਸਨ, ਜਾਰਜ ਜੈਫ਼ਰੀ** : ਇਹ ਇਕ ਪ੍ਰਸਿੱਧ ਅੰਗਰੇਜ਼ ਪੱਤਰਕਾਰ ਸੀ ਜਿਹੜਾ 1912 ਤੋਂ 1919 ਈ. ਅਤੇ ਫਿਰ 1923 ਤੋਂ 1941 ਈ. ਵਿਚ ਆਪਣੀ ਰਿਟਾਇਰਮੈਂਟ ਤੱਕ 'ਟਾਈਮਜ਼' ਅਖ਼ਬਾਰ ਦਾ ਐਡੀਟਰ ਰਿਹਾ ਸੀ। ਇਸ ਦਾ ਜਨਮ ਯਾਰਕਸ਼ਿਰ ਵਿਚ ਸਕਿਪਟਨ ਵਿਖੇ 1874 ਈ. ਵਿਚ ਹੋਇਆ। ਈਟਨ ਅਤੇ ਆੱਕਸਫ਼ੋਰਡ ਵਿਚ ਨਾਮਣਾ ਖੱਟਣ ਮਗਰੋਂ 1898 ਈ. ਵਿਚ ਇਹ ਵਿਦੇਸ਼-ਮੰਤਰਾਲੇ ਦੇ ਦੱਖਣ-ਅਫ਼ਰੀਕੀ ਵਿਭਾਗ ਵਿਚ ਨੌਕਰੀ ਕਰਨ ਲੱਗਾ। ਸੰਨ 1905 ਤੋਂ 1910 ਈ. ਤੱਕ ਇਹ ਦੱਖਣੀ ਅਫ਼ਰੀਕਾ ਦੇ ਗਵਰਨਰ ਜਨਰਲ ਦਾ ਸੱਕਤਰ ਰਿਹਾ। ਸੰਨ 1910 ਵਿਚ ਇਹ ਲੰਡਨ ਵਿਚ 'ਟਾਈਮਜ਼' ਦਾ ਸਹਿ-ਸੰਪਾਦਕ ਅਤੇ 2 ਸਾਲਾਂ ਮਗਰੋਂ ਸੰਪਾਦਕ ਨਿਯੁਕਤ ਹੋਇਆ। ਪਾਲਿਸੀ ਝਗੜਿਆਂ ਕਰਕੇ 1919 ਈ. ਵਿਚ ਇਸ ਨੇ ਅਸਤੀਫ਼ਾ ਦੇ ਦਿਤਾ ਪਰ ਜਾਨ ਜੈਕਬ ਐਸਟਰ ਦੇ ਅਖ਼ਬਾਰ ਦਾ ਮਾਲਕ ਬਣਨ ਉਪਰੰਤ 1923 ਈ. ਵਿਚ ਡਾਸਨ ਨੂੰ ਮੁੜ ਐਡੀਟਰ ਬਣਾਇਆ ਗਿਆ। ਇਸ ਨੇ 'ਟਾਈਮਜ਼' ਅਖ਼ਬਾਰ ਦੀ ਬੜੀ ਰੱਜ ਕੇ ਅਤੇ ਸੁਚੱਜੀ ਸੇਵਾ ਕੀਤੀ।

7 ਨਵੰਬਰ, 1944 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ

ਹ. ਪੁ.–ਐਨ. ਅਮੈ. 8 : 576; ਐਨ. ਬ੍ਰਿ. 7 : 110

**ਡਾਸਯੇ, ਆਂਦਰੇ** : ਇਸ ਫ਼ਰਾਸੀਸੀ ਵਿਦਵਾਨ ਦਾ ਜਨਮ 6 ਅਪ੍ਰੈਲ, 1651 ਈ. ਨੂੰ ਕਾਸਟਰ ਵਿਖੇ ਹੋਇਆ। ਇਹ ਸੌਮੂਰ ਵਿਚ ਸਿੱਖਿਆ ਪ੍ਰਾਪਤ ਕਰਨ ਉਪਰੰਤ 1672 ਈ. ਵਿਚ ਪੈਰਿਸ ਚਲਾ ਗਿਆ ਅਤੇ 1683 ਈ. ਵਿਚ ਇਸਨੇ ਆਪਣੇ ਪਹਿਲੇ ਅਧਿਆਪਕ ਦੀ ਧੀ ਨਾਲ ਵਿਆਹ ਕਰਵਾ ਲਿਆ। ਇਹ ਸਨਾਤਨ ਸਾਹਿਤ ਦਾ ਸੰਪਾਦਕ ਰਿਹਾ। ਲੂਵਰ ਵਿਖੇ ਇਸਨੇ ਲਾਇਬ੍ਰੇਰੀਅਨ ਵਜੋਂ ਕੰਮ ਕੀਤਾ। ਸੰਨ 1695 ਵਿਚ ਇਸ ਨੂੰ 'Academie Francaise' ਦਾ ਮੈਂਬਰ ਚੁਣਿਆ ਗਿਆ। ਸੰਨ 1713 ਵਿੱਚ ਇਹ ਫ਼ਰਾਂਸੀਸੀ ਅਕਾਦਮੀ ਦਾ ਸਥਾਈ ਸਕੱਤਰ ਨਿਯੁਕਤ ਹੋਇਆ।

ਇਸਨੇ ਹੋਰੇਸ, ਹਿਪੋਕੇਟੀਜ਼, ਅਰਸਤੂ ਅਫਤਨ (169 ਆਦਿ ਦੀਆਂ ਕ੍ਰਿਤਾਂ ਦੇ ਉਲਥੇ ਕੀਤੇ।

18 ਸਤੰਬਰ, 1722 ਈ. ਨੂੰ ਪੈਰਿਸ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. ਮਾ. 3 : 339; ਐਨ. ਅਮੈ. 8 : 288

**ਡਾਹੋਮੀ** : ਇਹ ਪੱਛਮੀ ਅਫ਼ਰੀਕਾ ਦੀ ਇਕ ਬਾਦਸ਼ਾਹਤ ਜੋ ਅਠ੍ਹਾਰਵੀਂ ਅਤੇ ਉੱਨੀਵੀਂ ਸਦੀਆਂ ਵਿਚ ਅਫ਼ਰੀਕਾ ਦੇ ਮੌਜੂਦਾ ਬਾਨਿਨ ਗਣਰਾਜ ਦੇ ਦੱਖਣੀ ਖੇਤਰ ਵਿਚ ਪ੍ਰਫੁੱਲਤ ਹੋਈ। ਸਤਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਐਲਾਡਾ ਰਾਜ ਅਤੇ ਵੀਡਾ ਰਾਜ ਗੁਲਾਮਾਂ ਦਾ ਵਪਾਰ ਕਰਕੇ ਬਹੁਤ ਅਮੀਰ ਹੋ ਗਏ ਸਨ ਤੇ ਇਥੋਂ ਦੇ ਤਿੰਨ ਭਰਾ

ਵਿਚ ਐਲਾਡਾ ਰਾਜ ਉੱਤੇ ਕਬਜ਼ਾ ਕਰਨ ਲਈ ਲੜਾਈ ਹੋ ਗਈ। ਰਵਾਇਤ ਅਨੁਸਾਰ ਇਨ੍ਹਾਂ ਵਿਚੋਂ ਇਕ ਭਰਾ ਨੇ ਐਲਾਡਾ ਰਾਜ ਤੇ ਕਬਜ਼ਾ ਕਰ ਲਿਆ ਤੇ ਦੂਜੇ ਦੋਹਾਂ ਵਿਚੋਂ ਇਕ ਨੇ ਵੀਡਾ ਰਾਜ ਦੇ ਦੱਖਣ ਵੱਲ ਦੇ ਤੱਟ ਤੇ ਪੋਰਟੋ ਨੋਵੋ ਰਾਜ ਦੀ ਨੀਂਹ ਰੱਖੀ। ਦੂਜੇ ਭਰਾ ਨੇ ਉੱਤਰ ਵੱਲ ਅਬੋਮੇਈ ਰਾਜ ਦੀ ਨੀਂਹ ਰੱਖੀ। ਇਸ ਤੋਂ ਬਾਅਦ ਇੱਸ ਦੇ ਪੋਤੇ (ਰਾਜ ਕਾਲ 1650–85) ਨੇ ਅਬੋਮੇਈ ਨੂੰ ਇਕ ਸ਼ਕਤੀਸ਼ਾਲੀ ਰਾਜ ਬਣਾ ਲਿਆ। ਇਸ ਦਾ ਉੱਤਰਾਧਿਕਾਰੀ ਅਗਾਜਾ (ਰਾਜ–ਕਾਲ 1708–40) ਗਿੰਨੀ ਦੀ ਖਾੜੀ ਤੋਂ ਯੂਰਪੀਨ ਵਪਾਰੀਆਂ ਨਾਲ ਵੱਟੇ ਹਥਿਆਰਾਂ ਦਾ ਵਪਾਰ ਕਰਨ ਲਈ ਤਤਪਰ ਸੀ ਜਿਸ ਲਈ ਉਸਨੇ 1724 ਈ. ਵਿਚ ਵੀਡਾ ਰਾਜਾਂ ਨੂੰ ਜਿੱਤ ਲਿਆ। ਇਸ ਤਰ੍ਹਾਂ ਇਨ੍ਹਾਂ ਤਿੰਨਾਂ ਰਾਜਾਂ ਦੇ ਸੰਗਠਿਤ ਰਾਜ ਨੂੰ ਡਾਹੋਮੀ ਬਾਦਸ਼ਾਹਤ ਕਿਹਾ ਜਾਣ ਲੱਗਾ ਤੇ ਇਹ ਤਿੰਨੇ ਰਾਜ ਇਸ ਦੇ ਰਾਜਾਂ ਦੇ ਤੌਰ ਤੇ ਰਹੇ। ਇਸ ਤੋਂ ਬਾਅਦ ਦੇ ਬਾਦਸ਼ਾਹਾਂ ਨੇ ਵੀ ਵੱਖ ਵੱਖ ਸਮਿਆਂ ਵਿਚ ਇਸ ਬਾਦਸ਼ਾਹਤ ਵਿਚ ਹੋਰ ਕਈ ਸੂਬੇ ਮਿਲਾਏ।

ਇਸ ਤਰ੍ਹਾਂ ਅਫ਼ਰੀਕਾ ਵਿਚ ਇਹ ਇਕ ਬਿਲਕੁਲ ਨਵੇਕਲੀ ਨਿਰੰਕੁਸ਼ ਬਾਦਸ਼ਾਹਤ ਸੀ। ਆਪਣੇ ਸ਼ਾਨਦਾਰ ਲਾਉ ਲਸ਼ਕਰ ਨਾਲ ਰਹਿੰਦਾ ਬਾਦਸ਼ਾਹ, ਅਮੀਰਾਂ, ਆਮ ਜਨਤਾ ਅਤੇ ਗੁਲਾਮਾਂ ਵਿਚ ਵੱਡੇ ਸਮਾਜ ਦਾ ਮੁੱਖੀ ਹੁੰਦਾ ਸੀ ਜਿਸ ਤੇ ਕੋਈ ਵੀ ਕਿੰਤੂ ਨਹੀਂ ਕਰ ਸਕਦਾ ਸੀ। ਰਾਜਾ ਆਮ ਬੰਦਿਆਂ ਵਿਚੋਂ ਬਣਾਈ ਇਕ ਕੇਂਦਰੀ ਨੌਕਰਸ਼ਾਹੀ ਦੁਆਰਾ ਰਾਜ ਕਰਦਾ ਸੀ ਪਰ ਇਹ ਲੋਕ ਰਾਜੇ ਨੂੰ ਵੰਗਾਰ ਨਹੀਂ ਸਨ ਸਕਦੇ। ਖੇਤਰ ਵਿਚ ਕੰਮ ਕਰਨ ਵਾਲੇ ਹਰ ਇਕ ਆਦਮੀ ਦੇ ਪ੍ਰਤੀ ਰੂਪ ਵਜੋਂ ਕੋਰਟ ਵਿਚ ਇਕ ਔਰਤ ਹੁੰਦੀ ਸੀ ਜੋ ਉਸ ਦੀ ਨਿਰੀਖਣ ਕਰਦੀ ਸੀ ਤੇ ਰਾਜੇ ਨੂੰ ਸਲਾਹ ਦਿੰਦੀ ਸੀ।

ਡਾਹੋਮੀ ਯੁੱਧ ਕੇਵਲ ਰਾਜ ਦਾ ਖੇਤਰ ਵਧਾਉਣ ਲਈ ਹੀ ਨਹੀਂ ਸਗੋਂ ਗ਼ੁਲਾਮਾਂ ਨੂੰ ਫੜਨ ਲਈ ਵੀ ਕੀਤੇ ਜਾਂਦੇ ਸਨ। ਗ਼ੁਲਾਮਾਂ ਨੂੰ ਹਥਿਆਰਾਂ ਬਦਲੇ ਜਾਂ ਤਾਂ ਯੂਰਪੀ ਵਪਾਰੀਆਂ ਕੋਲ ਵੇਚ ਦਿੱਤਾ ਜਾਂਦਾ ਸੀ ਜਾਂ ਫ਼ੌਜ ਅਤੇ ਰਾਜ ਦੀਆਂ ਅੰਦਰੂਨੀ ਲੋੜਾਂ ਦੀ ਪੂਰਤੀ ਲਈ ਜਾਂ ਸ਼ਾਹੀ ਬਾਗ–ਬਗੀਚਿਆਂ ਵਿਚ ਕੰਮ ਕਰਨ ਲਈ ਰੱਖ ਲਿਆ ਜਾਂਦਾ ਸੀ। ਫ਼ੌਜ ਵਿਚ ਭਰਤੀ ਕੀਤੀਆਂ ਜਾਂਦੀਆਂ ਔਰਤਾਂ ਨੂੰ ਲੜਾਈ ਦੇ ਸਮੇਂ ਤੋਂ ਇਲਾਵਾ ਸ਼ਾਹੀ ਅੰਗ–ਰੱਖਿਅਕਾਂ ਦੇ ਤੌਰ ਤੇ ਨਿਯੁਕਤ ਕੀਤਾ ਜਾਂਦਾ ਸੀ। ਇਥੋਂ ਦੇ ਬਾਦਸ਼ਾਹ ਗੇਜ਼ੂ ਦੇ ਸਮੇਂ ਵਿਚ ਕਾਫ਼ੀ ਸੁਧਾਰ ਹੋਏ ਅਤੇ 1840 ਈ. ਦੇ ਲਗਭਗ ਯੋ ਰਾਜ ਨੂੰ ਖ਼ਰਾਜ ਦੇਣਾ ਬੰਦ ਕਰ ਦਿੱਤਾ ਗਿਆ ਪਰ ਬਾਦਸ਼ਾਹਤ ਦੇ ਹਾਲਾਤ ਬਦਲ ਗਏ ਕਿਉਂਕਿ ਬਰਤਾਨੀਆ ਗ਼ੁਲਾਮਾਂ ਦਾ ਅੰਤਰ–ਦੇਸ਼ੀ ਵਪਾਰ ਖ਼ਤਮ ਕਰਵਾਉਣ ਵਿਚ ਸਫ਼ਲ ਹੋ ਗਿਆ ਤੇ ਇਸ ਨਾਲ ਇਨ੍ਹਾਂ ਦੀ ਆਰਥਿਕਤਾ ਨੂੰ ਕਾਫ਼ੀ ਧੱਕਾ ਵੱਜਾ। ਗਲੀਲੀ (1858–89) ਦੇ ਰਾਜ ਕਾਲ ਸਮੇਂ ਡਾਹੋਮੀ ਬਾਦਸ਼ਾਹਤ ਦਾ ਕਾਫ਼ੀ ਆਰਥਿਕ ਪਤਨ ਹੋਇਆ। ਹੌਲੀ ਹੌਲੀ ਫ਼ਰਾਂਸ ਨੇ ਪੋਰਟੋ ਨੋਵੋ ਅਤੇ ਕੋਟੋਨਾਉ ਤੇ ਕਬਜ਼ਾ ਕਰਕੇ ਇਥੋਂ ਤੱਟਵਰਤੀ ਵਪਾਰ ਸ਼ੁਰੂ ਕਰ ਦਿੱਤਾ ਜਿਸ ਨਾਲ ਵੀਡਾ ਦੀ ਤਜਾਰਤ ਖ਼ਤਮ ਹੋ ਗਈ। ਬਗ਼ਾਵਤਾਂ ਵੱਧ ਗਈਆਂ। ਅੰਤ 1892 ਈ. ਵਿਚ ਇਕ ਫਰਾਂਸੀਸੀ ਮੁਹਿੰਮ ਦੇ ਮੋਢੀ ਕਰਨੈਲ ਨੇ ਡਾਹੋਮੀ ਨੂੰ ਹਰਾ ਕੇ ਇਕ ਅਧੀਨ ਰਾਜ ਬਣਾ ਦਿੱਤਾ। ਬਾਦਸ਼ਾਹ ਬੈਹਨਜ਼ਿਨ ਨੂੰ ਵੈਸਟ ਇੰਡੀਜ਼ ਭੇਜ ਦਿੱਤਾ ਗਿਆ ਅਤੇ ਬਾਦਸ਼ਾਹਤ ਨੂੰ ਡਾਹੋਮੀ ਨਾਂ ਦੀ ਫ਼ਰਾਂਸੀਸੀ ਬਸਤੀ ਵਿਚ ਮਿਲਾ ਦਿੱਤਾ ਗਿਆ ਤੇ ਪੋਰਟੋ ਨੋਵੋ ਨੂੰ ਇਸ ਦਾ ਸਦਰ–ਮੁਕਾਮ ਬਣਾਇਆ।

ਹ. ਪੁ.—ਐਨ. ਬ੍ਰਿ. ਮਾ. 3 : 848

**ਡਾਕਊ ਕੈਂਪ** : ਇਹ ਪਹਿਲਾ ਨਾਜ਼ੀ ਨਜ਼ਰਬੰਦੀ ਕੈਂਪ ਸੀ ਜਿਹੜਾ ਜਰਮਨੀ ਵਿਚ ਹਿਟਲਰ ਦੇ ਚਾਂਸਲਰ ਬਣਨ ਤੋਂ ਪੰਜ ਹਫ਼ਤਿਆਂ ਬਾਅਦ 10 ਮਾਰਚ, 1933 ਨੂੰ ਮਿਊਨਿਕ ਦੇ ਉੱਤਰ ਵਿਚ 16 ਕਿ. ਮੀ. ਦੀ ਦੂਰੀ ਤੇ ਡਾਕਊ ਸ਼ਹਿਰ ਤੋਂ ਬਾਹਰਵਾਰ ਲਾਇਆ ਗਿਆ। ਇਸ ਦੀ ਸਥਾਪਨਾ ਦੂਜੇ ਐੱਸ.ਐੱਸ.-ਸੰਗਠਿਤ ਕੈਂਪਾਂ ਲਈ ਇਕ ਮਾਡਲ ਸਿਖਲਾਈ ਕੇਂਦਰ ਵਜੋਂ ਹੋਈ। ਦੂਜੀ ਵੱਡੀ ਜੰਗ ਦੌਰਾਨ ਇਸ ਕੈਂਪ ਦੀਆਂ 150 ਸ਼ਾਖਾਵਾਂ ਸਾਰੇ ਦੱਖਣੀ ਜਰਮਨੀ ਅਤੇ ਆਸਟ੍ਰੀਆ ਵਿਚ ਸ਼ੁਰੂ ਹੋ ਗਈਆਂ ਅਤੇ ਇਨ੍ਹਾਂ ਸਾਰੀਆਂ ਨੂੰ ਡਾਕਊ ਦੇ ਨਾਂ ਨਾਲ ਹੀ ਜਾਣਿਆ ਜਾਣ ਲੱਗਾ।

ਡਾਕਊ ਕੈਂਪਾਂ ਵਿਚ ਸਮੇਂ–ਸਮੇਂ 160,000 ਦੇ ਕਰੀਬ ਕੈਦੀ ਮੁੱਖ ਕੈਂਪ ਵਿਚ ਅਤੇ 90,000 ਦੇ ਕਰੀਬ ਬ੍ਰਾਂਚ ਕੈਂਪਾਂ ਵਿਚ ਆਏ। ਕੈਂਪਾਂ ਤੋਂ ਮਿਲੇ ਅਧੂਰੇ ਰਿਕਾਰਡਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਇਨ੍ਹਾਂ ਕੈਦੀਆਂ ਵਿਚੋਂ ਘੱਟ ਘੱਟ 32,000 ਦੇ ਕਰੀਬ ਕੈਦੀ ਸਰੀਰਕ ਤਸੀਹਿਆਂ, ਗੰਦੇ ਭੋਜਨ ਅਤੇ ਬੀਮਾਰੀਆਂ ਕਾਰਨ ਮਰ ਗਏ। ਅਣਗਿਣਤ ਕੈਦੀ ਪੋਲੈਂਡ ਵਿਚ ਸਥਾਪਿਤ ਕੈਂਪਾਂ ਵਿਚ ਭੇਜੇ ਗਏ ਅਤੇ ਉਥੇ ਮਾਰ ਦਿੱਤੇ ਗਏ।

ਡਾਕਊ ਕੈਂਪਾਂ ਦੇ ਕੈਦੀਆਂ ਉਪਰ ਸਭ ਤੋਂ ਪਹਿਲੀ ਵਾਰੀ ਜਰਮਨੀ ਦੇ ਡਾਕਟਰਾਂ ਅਤੇ ਸਾਇੰਸਦਾਨਾਂ ਨੇ ਤਜਰਬੇ ਕਰਨ ਲਈ ਪ੍ਰਯੋਗਸ਼ਾਲਾਵਾਂ ਬਣਾਈਆਂ। ਇਨ੍ਹਾਂ ਵਿਚ ਵਾਯੂ–ਮੰਡਲੀ ਦਬਾਉ ਵਿਚ ਵਾਧੇ ਘਾਟੇ ਦਾ ਮਨੁੱਖੀ ਜੀਵਨ ਤੇ ਅਸਰ, ਸਮ–ਤਾਪੀ ਜੀਵਾਂ ਉੱਪਰ ਜਮਾਓ ਦਾ ਅਸਰ, ਕੈਦੀਆਂ ਨੂੰ ਮਲੇਰੀਏ ਦੀ ਇਨਫ਼ੈਕਸ਼ਨ ਨਾਲ ਬੀਮਾਰ ਕਰਨ ਮਗਰੋਂ ਅਗਿਆਤ ਅਸਰ ਵਾਲੀਆਂ ਦਵਾਈਆਂ ਨਾਲ ਇਲਾਜ ਕਰਨ, ਸਮੁੰਦਰੀ ਪਾਣੀ ਪੀਣ ਜਾਂ ਭੁੱਖੇ ਪਿਆਸੇ ਰਹਿਣ ਦਾ ਮਨੁੱਖਾਂ ਤੇ ਅਸਰ ਆਦਿ ਦੇਖਣ ਲਈ ਕਈ ਅਣ–ਮਨੁੱਖੀ ਤਜਰਬੇ ਕੀਤੇ ਗਏ। ਦੂਜੀ ਵੱਡੀ ਜੰਗ ਵਿਚ ਇਹੋ ਜਿਹੇ ਤਜਰਬਿਆਂ ਅਤੇ ਬੇਹੱਦ ਸਖ਼ਤ ਤੇ ਗੰਦੇ ਹਾਲਾਤਾਂ ਵਾਲੀ ਜ਼ਿੰਦਗੀ ਨੇ ਇਨ੍ਹਾਂ ਕੈਂਪਾਂ ਨੂੰ ਬੜਾ ਬਦਨਾਮ ਕੀਤਾ। ਜੰਗ ਤੋਂ ਬਾਅਦ ਇਨ੍ਹਾਂ ਤਜਰਬੇ ਕਰਨ ਵਾਲੇ ਸਾਇੰਸਦਾਨਾਂ ਅਤੇ ਡਾਕਟਰਾਂ ਉੱਪਰ ਨਯੂਰਨਬਰਗ ਵਿਖੇ ਮੁਕੱਦਮੇ ਚਲਾਏ ਗਏ ਅਤੇ ਉਨ੍ਹਾਂ ਵਿਚੋਂ ਸੱਤ ਨੂੰ ਮੌਤ ਦੀ ਸਜ਼ਾ ਮਿਲੀ।

ਹ. ਪੁ—ਐਨ. ਬ੍ਰਿ. ਮਾ. 3 : 841

**ਡਾਕ, ਸਾਈਮਨ** : ਜਰਮਨੀ ਦੇ ਇਸ ਕਵੀ ਦਾ ਜਨਮ ਲਿਥੂਨੀਆ ਦੇ ਨੇੜੇ ਮੇਮੈਲ ਵਿਖੇ 29 ਜੁਲਾਈ, 1605 ਈ. ਨੂੰ ਹੋਇਆ। ਇਸਨੇ ਮੁਢਲੀ ਵਿਦਿਆ ਕੋਨਿਗਸਬਰਗ ਵਿਖੇ ਪ੍ਰਾਪਤ ਕੀਤੀ ਅਤੇ ਮਗਰੋਂ ਇਸੇ ਹੀ ਯੂਨੀਵਰਸਿਟੀ ਤੋਂ ਦਰਸ਼ਨ ਦੀ ਸਿਖਿਆ ਪ੍ਰਾਪਤ ਕੀਤੀ। ਸੰਨ 1639 ਵਿਚ ਇਹ ਕੋਨਿਗਸਬਰਗ



**ਸਾਈਮਨ ਡਾਕ**

ਯੂਨੀਵਰਸਿਟੀ ਵਿਚ ਕਵਿਤਾ ਦਾ ਪ੍ਰੋਫ਼ੈਸਰ ਲੱਗ ਗਿਆ ਅਤੇ ਕੁਝ ਚਿਰ ਪਿਛੋਂ ਇਥੋਂ ਦੇ ਕਵੀਆਂ ਦੀ ਟੋਲੀ ਨੇ ਇਸ ਨੂੰ ਆਪਣਾ ਨੇਤਾ ਮੰਨ ਲਿਆ।

ਇਸ ਦੀ ਕਵਿਤਾ ਵਿਚ ਨਿੱਘ ਅਤੇ ਸਚਾਈ ਦੀ ਝਲਕ ਸੀ। ਇਸ ਦੀ ਸਭ ਤੋਂ ਚੰਗੀ ਕਵਿਤਾ 'Der Mensch Hat nicshts so eigen' ਮੰਨੀ ਜਾਂਦੀ ਹੈ। ਜ਼ਾਈਸਮਰ ਨੇ ਇਸ ਦੀਆਂ ਕ੍ਰਿਤਾਂ ਨੂੰ 4 ਜਿਲਦਾਂ ਵਿਚ ਸੰਪਾਦਨ ਕੀਤਾ।

15 ਜੁਲਾਈ, 1659 ਈ. ਨੂੰ ਕੋਨਿਗਸਬਰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਵ. ਐਨ. 4 : 228; ਐਨ. ਬ੍ਰਿ. 6: 989 ; ਐਨ. ਅਮੈ. 8 : 387

**ਡਾਕਟਰਜ਼ ਕਾਮਨਜ਼** : ਇਹ ਲੰਡਨ ਵਿਚ 'ਇਨਜ਼ ਆਫ਼ ਕੋਰਟ' ਵਾਂਗ ਇਕ ਸਵੈ-ਸ਼ਾਸਤ ਸਿੱਖਿਆ ਸੰਸਥਾ ਸੀ ਜਿਸ ਵਿਚ ਧਾਰਮਿਕ ਅਤੇ ਦੀਵਾਨੀ ਕਾਨੂੰਨ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਇਸ ਦੇ ਮੈਂਬਰਾਂ ਨੇ ਆੱਕਸਫ਼ੋਰਡ ਜਾਂ ਕੈਂਬਰਿਜ ਤੋਂ ਕਾਨੂੰਨ ਵਿਚ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕੀਤੀ ਹੁੰਦੀ ਸੀ। ਸੰਨ 1768 ਦੇ ਸ਼ਾਹੀ ਫ਼ੁਰਮਾਨ ਰਾਹੀਂ ਇਸ ਨੂੰ ਮਾਨਤਾ ਦਿੱਤੀ ਗਈ ਅਤੇ ਸੁਸਾਇਟੀ ਦਾ ਨਾਂ 'ਕਾਲਜ ਆਫ਼ ਡਾਕਟਰਜ਼ ਆਫ਼ ਲਾਅ ਐਕਸਰਸੈਂਟ ਇਨ ਦੀ ਐਨਲੀ ਜ਼ਿਆਸਟੀਕਲ ਐਂਡ ਮਿਰੈਲਟੀ ਕੋਰਟਸ' ਹੋ ਗਿਆ।

ਇਹ ਸੁਸਾਇਟੀ 1568 ਈ. ਵਿਚ ਸਥਾਪਿਤ 'ਡਾਕਟਰਜ਼ ਕਾਮਨਜ਼' ਦੀ ਪੁਰਾਣੀ ਸੰਸਥਾ ਦੀ ਇਮਾਰਤ ਵਿਚ ਹੀ ਕੰਮ ਕਰਨ ਲਗ ਪਈ। ਮਗਰੋਂ ਇਸ ਇਮਾਰਤ ਨੂੰ 1666 ਵਿਚ ਅੱਗ ਲਗਣ ਨਾਲ ਇਹ ਤਬਾਹ ਹੋ ਗਈ। ਸੰਨ 1572 ਵਿਚ ਇਹ ਇਮਾਰਤ ਮੁੜ ਉਸਾਰੀ ਗਈ। ਇਸ ਇਮਾਰਤ ਵਿਚ ਕੇਵਲ ਮੈਂਬਰਾਂ ਨੂੰ ਹੀ ਜਾਣ ਦੀ ਆਗਿਆ ਹੁੰਦੀ ਸੀ।

ਪਿਛੋਂ ਸੰਨ 1857 ਵਿਚ ਕਾਨੂੰਨੀ ਸੁਧਾਰਾਂ ਉਪਰੰਤ ਚਾਰਟਰ ਮੁੜ ਵਾਪਸ ਕਰ ਦਿੱਤਾ ਗਿਆ ਅਤੇ ਅਦਾਲਤਾਂ ਵਿਚ ਬਾਰ ਦੇ ਸਾਰੇ ਮੈਂਬਰਾਂ ਨੂੰ ਜਾਣ ਦੀ ਖੁਲ੍ਹ ਹੋ ਗਈ। ਸੰਨ 1858 ਵਿਚ ਇਹ ਸੁਸਾਇਟੀ ਸਮਾਪਤ ਕਰ ਦਿੱਤੀ ਗਈ।

ਹ. ਪੁ.- ਐਨ. ਬ੍ਰਿ. 7 :537 ; ਐਨ. ਅਮੈ. 9 : 218 ; ਐਵ. ਐਨ. 5 : 436

**ਡਾਂਕਾਸਟਰ** : ਇਹ ਇੰਗਲੈਂਡ ਦੀ ਸਾਊਥ ਯਾਰਕਸ਼ਿਰ ਕਾਊਂਟੀ ਦੇ ਡਾਂਕਾਸਟਰ ਡਿਸਟ੍ਰਿਕਟ ਦਾ ਇਕ ਇਤਿਹਾਸਕ ਸ਼ਹਿਰ ਤੇ ਸਦਰ-ਮੁਕਾਮ ਹੈ ਜਿਹੜਾ ਦਰਿਆ ਡਾਨ ਦੇ ਕੰਢੇ ਰੋਮਨ ਸਟੇਸ਼ਨ ਵਾਲੇ ਸਥਾਨ ਤੇ ਵਾਕਿਆ ਹੈ। ਮੱਧਕਾਲ ਦੌਰਾਨ ਇਹ ਨਗਰ ਇਕ ਜ਼ਰਖੇਜ਼ ਜ਼ਿਲ੍ਹੇ ਦੀ ਮੰਡੀ ਦੇ ਰੂਪ ਵਿਚ ਵਧਿਆ ਫੁੱਲਿਆ। ਸੰਨ 1194 ਵਿਚ ਇਸ ਨੂੰ ਇਸ ਦੀ ਪਹਿਲੀ ਸ਼ਾਹੀ ਸਨਦ ਪ੍ਰਾਪਤ ਹੋਈ ਅਤੇ 19 ਵੀਂ ਸਦੀ ਦੌਰਾਨ ਇਹ ਰੇਲਵੇ ਦਾ ਵੱਡਾ ਜੰਕਸ਼ਨ ਬਣਿਆ। 20 ਵੀਂ ਸਦੀ ਵਿਚ ਕੋਲੇ ਦੀਆਂ ਖਾਣਾਂ ਦੀ ਖੁਦਾਈ ਪੂਰਬ ਵੱਲ ਨੂੰ ਸਰਕ ਜਾਣ ਕਰਕੇ ਖਾਣਾਂ ਵਿਚ ਕੰਮ ਕਰਨ ਵਾਲਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਵੀ ਡਾਂਕਾਸਟਰ ਸ਼ਹਿਰ ਹੀ ਢੁੱਕਵਾਂ ਸੀ ਅਤੇ ਅਨਾਜ ਦੀ ਮੰਡੀ ਦੇ ਨਾਲ ਨਾਲ ਇਥੇ ਹੋਰ ਉਦਯੋਗ ਵੀ ਸਥਾਪਿਤ ਹੋਏ। ਇਥੋਂ ਦਾ 1748 ਈ. ਦਾ ਰਜਵਾੜਾ-ਮਹਿਲ ਇੰਗਲੈਂਡ ਦੇ ਬਾਕੀ ਬਚੇ ਪੁਰਾਣੇ ਅਸਲੀ ਤਿੰਨ ਮਹਿਲਾਂ ਵਿਚੋਂ ਇਕ ਹੈ। ਇਥੇ ਬਿਜਲਈ ਸਮਾਨ, ਖੇਤੀਬਾੜੀ ਦੇ ਸੰਦ ਤੇ ਬਣਾਉਟੀ ਫ਼ਾਈਬਰ ਤਿਆਰ ਹੁੰਦਾ ਹੈ।

ਆਬਾਦੀ – 81, 610 (1982)

53° 32′ ਉ. ਵਿਥ. ; 1°07′ ਪੱ. ਵਿਥ.

ਹ. ਪੁ.—ਐਨ. ਬ੍ਰਿ. ਮਾ. 4 :173 ; ਐਨ. ਅਮੈ. 9 : 285

**ਡਾਕਾਰ** : ਇਹ ਅਫ਼ਰੀਕਾ ਦੇ ਸੈਨੀਗਾਲ ਗਣਰਾਜ ਦੀ ਰਾਜਧਾਨੀ ਅਤੇ ਪੱਛਮੀ ਅਫ਼ਰੀਕਾ ਦੀਆਂ ਮੁੱਖ ਬੰਦਰਗਾਹਾਂ ਵਿਚੋਂ ਇਕ ਹੈ। ਇਹ ਅਫ਼ਰੀਕਾ ਦੇ ਧੁਰ ਪੱਛਮ ਵਿਚ ਕੇਪਵਾਰਟ ਪ੍ਰਾਇਦੀਪ ਦੇ ਜੈਂਬੀਆ ਅਤੇ ਸੈਨੀਗਾਲ ਦਰਿਆਵਾਂ ਦੇ ਮੁਹਾਣਿਆਂ ਦੇ ਵਿਚਕਾਰ ਸਥਿਤ ਹੈ। ਇਸ ਸਹਿਰ ਦਾ ਨਾਂ ਡਾਖਾਰ ਸ਼ਬਦ ਤੋਂ ਪਿਆ ਜਿਸ ਦਾ ਮਤਲਬ ਇਮਲੀ ਦੇ ਦਰਖ਼ਤ ਤੋਂ ਹੈ। ਸੰਨ 1617 ਵਿਚ ਇਸ ਖੇਤਰ ਵਿਚ ਯੂਰਪੀ ਨੌਆਬਾਦੀਆਂ ਸਥਾਪਿਤ ਹੋਣੀਆਂ ਆਰੰਭ ਹੋਈਆਂ। 1677 ਵਿਚ ਫ਼ਰਾਂਸੀਸੀਆਂ ਨੇ ਡਾਕਾਰ ਦੇ ਨਜ਼ਦੀਕ ਗਾਰੇ ਜਜ਼ੀਰੇ



ਡਾਕਾਰ ਸ਼ਹਿਰ ਦੀ ਸਮੁੱਚੀ ਦਿੱਖ

ਉੱਪਰ ਕਬਜ਼ਾ ਕੀਤਾ ਅਤੇ 1857 ਈ. ਵਿਚ ਡਾਕਾਰੀ ਦੀ ਮੁੱਖ-ਭੂਮੀ ਵੀ ਆਪਣੇ ਅਧੀਨ ਕਰ ਲਈ। ਸੰਨ 1866 ਵਿਚ ਦੱਖਣੀ ਅਮਰੀਕਾ ਦੇ ਫ਼ਰਾਂਸੀਸੀ ਸਟੀਮਸ਼ਿੱਪ ਵੀ ਇਥੋਂ ਕੋਲਾ ਲੈਣ ਲਈ ਆਉਣੇ ਸ਼ੁਰੂ ਹੋਏ। ਸੰਨ 1855 ਵਿਚ ਸੇਂਟ ਲੂਈ ਤੋਂ ਡਾਕਾਰ ਤੱਕ ਪੱਛਮੀ ਅਫ਼ਰੀਕਾ ਦਾ ਪਹਿਲਾ ਰੇਲ-ਮਾਰਗ ਚਾਲੂ ਹੋਣ ਨਾਲ ਇਥੇ ਤਰੱਕੀ ਦਾ ਰਾਹ ਖੁਲ੍ਹ ਗਿਆ। ਸੰਨ 1904 ਵਿਚ ਫ਼ਰਾਂਸੀਸੀ ਪੱਛਮੀ

ਅਫ਼ਰੀਕਾ ਦੀ ਸੰਘੀ ਰਾਜਧਾਨੀ ਸੇਂਟ-ਲੂਈ ਤੋਂ ਬਦਲ ਕੇ ਡਾਕਾਰ ਲਿਆਂਦੀ ਗਈ।

ਪਹਿਲੀ ਵੱਡੀ ਜੰਗ ਦੌਰਾਨ ਇਸ ਬੰਦਰਗਾਹ ਦੀ ਮਹੱਤਤਾ ਬਹੁਤ ਹੀ ਵਧ ਗਈ। ਸੰਨ 1924 ਵਿਚ ਫ਼ਰਾਂਸੀਸੀ ਸੂਡਾਨ (ਅਜੋਕਾ ਮਾਲੀ) ਤੱਕ ਇਕ ਰੇਲ-ਮਾਰਗ ਚਾਲੂ ਕੀਤਾ ਗਿਆ ਜਿਸ ਰਾਹੀਂ ਵਪਾਰਕ ਵਸਤਾਂ ਬੰਦਰਗਾਹ ਤੱਕ ਪਹੁੰਚਾਣ ਵਿਚ ਸੌਖ ਹੋ ਗਈ। ਇਨ੍ਹਾਂ ਵਰ੍ਹਿਆਂ ਦੌਰਾਨ ਡਾਕਾਰ ਨੇ ਦਿਨ-ਦੁੱਗਣੀ ਅਤੇ ਰਾਤ-ਚੌਗੁਣੀ ਤਰੱਕੀ ਕੀਤੀ ਅਤੇ 1930 ਦੇ ਦਹਾਕੇ ਵਿਚ ਇਹ ਮੂੰਗਫਲੀ ਦੇ ਵਪਾਰ ਲਈ ਰੂਫਿਸਕ ਬੰਦਰਗਾਹ ਨੂੰ ਵੀ ਪਿੱਛੇ ਛੱਡ ਗਈ।

ਦੂਜੀ ਵੱਡੀ ਲੜਾਈ ਦੌਰਾਨ ਇਸ ਸ਼ਹਿਰ ਦੀ ਤਰੱਕੀ ਅਤੇ ਆਰਥਿਕਤਾ ਨੂੰ ਕਾਫ਼ੀ ਧੱਕਾ ਲੱਗਾ ਪਰ 1943 ਈ. ਵਿਚ ਫ਼ਰਾਂਸੀਸੀ ਪੱਛਮੀ ਅਫ਼ਰੀਕਾ ਵੱਲੋਂ ਸ਼ਾਂਤੀ ਸਬੰਧੀ ਮੁਜ਼ਾਹਰਾ ਕਰਨ ਉਪਰੰਤ ਡਾਕਾਰ ਫਿਰ ਤਰੱਕੀ ਦੇ ਰਾਹ ਤੇ ਚੱਲ ਪਿਆ। ਹੁਣ ਇਹ ਮੂੰਗਫਲੀ ਦੇ ਤੇਲ ਦੇ ਉਦਯੋਗ ਲਈ ਪ੍ਰਸਿੱਧ ਹੋਇਆ। ਇਸ ਦੇ ਨਾਲ ਹੋਰ ਵੀ ਬਹੁਤ ਸਾਰੇ ਉਦਯੋਗ ਸਥਾਪਿਤ ਹੋਏ। ਸੰਨ 1959 ਤੋਂ 1961 ਤੱਕ ਫ਼ਰਾਂਸੀਸੀ ਅਫ਼ਰੀਕਾ ਅੱਠ ਆਜ਼ਾਦ ਰਾਜਾਂ ਵਿਚ ਵੰਡਿਆ ਗਿਆ ਤੇ ਮੰਡੀਆਂ ਛੋਟੀਆਂ ਹੋ ਗਈਆਂ ਤੇ ਡਾਕਾਰ 1959 ਤੋਂ 1960 ਈ. ਤੱਕ ਥੁੜ੍ਹ-ਚਿਰੀ ਮਾਲੀ ਸੰਘ ਦੀ ਰਾਜਧਾਨੀ ਰਿਹਾ। ਇਸ ਪਿੱਛੋਂ ਇਹ ਸੈਨੇਗਾਲ ਗਣਰਾਜ ਦੀ ਰਾਜਧਾਨੀ ਬਣਾਇਆ ਗਿਆ। ਦੂਜੀ ਵੱਡੀ ਜੰਗ ਤੋਂ ਬਾਅਦ ਸ਼ਹਿਰੀ ਰੂਪ ਵਿਚ ਇਸ ਦਾ ਕਾਫ਼ੀ ਪਸਾਰਾ ਹੋਇਆ।

ਸ਼ਹਿਰ ਦੇ ਦੱਖਣੀ ਹਿੱਸੇ ਵਿਚ ਸਰਕਾਰੀ ਇਮਾਰਤਾਂ ਹਸਪਤਾਲ ਅਤੇ ਦੂਤਾਵਾਸ ਆਦਿ ਹਨ ਅਤੇ ਉੱਤਰੀ ਹਿੱਸੇ ਵਿਚ ਵਪਾਰ ਆਦਿ ਦਾ ਕੰਮ ਚਲਦਾ ਹੈ। ਸ਼ਹਿਰ ਦੇ ਉੱਤਰੀ ਤੇ ਦੱਖਣੀ ਹਲਕਿਆਂ ਵਿਚ ਬੰਦਰਗਾਹ ਸਬੰਧੀ ਕੁਆਰਟਰ ਅਤੇ ਬਿਲਡਿੰਗਾਂ ਹਨ। ਡਾਕਾਰ ਊਸ਼ਣ-ਖੰਡੀ ਅਫ਼ਰੀਕਾ ਦਾ ਸਭ ਤੋਂ ਵੱਧ ਵਿਕਸਿਤ ਉਦਯੋਗਿਕ ਕੇਂਦਰ ਹੈ। ਮੂੰਗਫਲੀ ਦਾ ਤੇਲ, ਮੱਛੀਆਂ ਦੀ ਡੱਬਾਬੰਦੀ, ਆਟੇ ਦੀਆਂ ਮਿੱਲਾਂ, ਬੀਅਰ ਬਣਾਉਣ ਅਤੇ ਟਰੱਕਾਂ ਦੇ ਪੁਰਜ਼ੇ ਜੋੜਨ ਵਰਗੇ ਉਦਯੋਗ ਇਥੇ ਵਿਕਸਿਤ ਹਨ।

ਇਥੇ ਕਈ ਵਧੀਆ ਵਧੀਆ ਸਮੁੰਦਰੀ ਪੁਰਾਤੱਤਵ ਵਿਗਿਆਨ ਸਬੰਧੀ ਅਤੇ ਗਾਰੇ ਦੇ ਇਤਿਹਾਸਕ ਅਜਾਇਬ ਘਰ ਹਨ। ਹੈਨ ਵਿਖੇ ਡਾਕਾਰ ਦਾ ਪਾਰਕ ਅਤੇ ਚਿੜੀਆ-ਘਰ ਹੈ।

ਆਬਾਦੀ – ਲ. 1,382,000 (1985)

14° 48′ ਉ. ਵਿਥ. ; 17° 14′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 ; 852

**ਡਾਕੋਟਾ (ਉੱਤਰੀ)** : ਸੰਯੁਕਤ ਰਾਜ ਅਮਰੀਕਾ ਦਾ ਇਹ ਇਕ ਰਾਜ ਹੈ। ਇਸ ਦਾ ਕੁੱਲ ਰਕਬਾ 783,022 ਵ. ਕਿ. ਮੀ. ਅਤੇ ਕੁੱਲ ਆਬਾਦੀ 638,800 (1990) ਹੈ। ਬਿਸਮਾਰਕ ਇਸ ਰਾਜ ਦੀ ਰਾਜਧਾਨੀ ਅਤੇ ਇਥੋਂ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਖੇਤਰ ਨਾਲ ਲਗਦੇ ਰਾਜਾਂ ਦੇ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਦਿਹਾਤੀ ਅਤੇ ਵਾਹੀਯੋਗ ਹੈ। ਇਸ ਦੀ ਵੱਸੋਂ ਵੀ ਮੁਕਾਬਲਤਨ ਵਿਰਲੀ ਹੈ। ਇਹ ਖੇਤਰ ਅਮਰੀਕਾ ਦੇ 1889 ਈ. ਵਿਚ ਸਭ ਤੋਂ ਪਿੱਛੋਂ ਸਥਾਪਿਤ ਹੋਣ ਵਾਲੇ ਸਰਹੱਦੀ ਖੇਤਰਾਂ ਵਿਚੋਂ ਇਕ ਹੈ ਪਰ ਉਨ੍ਹਾਂ ਖੇਤਰਾਂ ਵਾਂਗ ਇਹ ਕਿਸੇ ਕਿਸਮ ਦੇ ਲੜਾਈ-ਝਗੜੇ, ਅਮਨ-ਕਾਨੂੰਨ ਜਾਂ ਸੋਨਾ ਜਮ੍ਹਾਂ ਕਰਨ ਵਰਗੀਆਂ ਸਮੱਸਿਆਵਾਂ ਤੋਂ ਬਚਿਆ ਰਿਹਾ।

ਸਭ ਤੋਂ ਪਹਿਲਾਂ ਇੰਡੀਅਨ ਲੋਕਾਂ ਨੇ ਇਸ ਖੇਤਰ ਨੂੰ ਸ਼ਿਕਾਰ ਖੇਡਣ ਤੇ ਵਾਹੀ ਕਰਨ ਦੇ ਮੰਤਵ ਲਈ ਆਬਾਦ ਕੀਤਾ। ਬਾਅਦ ਵਿਚ ਇਹ ਸਫੈਦ ਫਰ ਦੇ ਵਪਾਰ ਲਈ ਵੀ ਮਸ਼ਹੂਰ ਹੋਇਆ। ਇਥੋਂ ਦਾ ਠੰਢਾ ਅਤੇ ਘੱਟ-ਸਿੱਲ੍ਹਾ ਪੌਣ-ਪਾਣੀ ਬਹਾਰ ਮੌਸਮ ਦੀ ਕਣਕ ਅਤੇ ਪਸ਼ੂ-ਪਾਲਣ ਲਈ ਢੁੱਕਵਾਂ ਹੋਣ ਕਰਕੇ ਦੂਰ-ਦੁਰਾਡੇ ਦੇ ਲੋਕਾਂ ਲਈ ਖਿੱਚ ਦਾ ਕਾਰਨ ਬਣਿਆ ਤੇ ਹੌਲੀ ਹੌਲੀ ਇਥੋਂ ਦੇ ਡਾਕੋਟਾ ਜਾਤੀ ਦੇ ਵਸਨੀਕਾਂ ਨੇ ਵੀ ਬਾਹਰੋਂ ਆਉਣ ਵਾਲੇ ਲੋਕਾਂ ਦੀ ਰੀਸ ਅਨੁਸਾਰ ਵਾਹੀ ਤੋਂ ਇਲਾਵਾ ਹੋਰ ਸਿਰਜਨਾਤਮਕ ਧੰਦਿਆਂ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ ਤੇ ਆਪਣੇ ਰਾਜ ਨੂੰ ਕੁਝ ਸਮੇਂ ਵਿਚ ਆਰਥਿਕ ਪੱਖੋਂ ਸਵੈ-ਆਸਰਿਤ ਕਰਨ ਵਿਚ ਕਾਮਯਾਬ ਹੋ ਗਏ।

ਇਸ ਰਾਜ ਵਿਚ ਪ੍ਰੇਅਰੀ ਦੇ ਵਿਸ਼ਾਲ ਖੇਤਰ ਦੀ ਤਿੰਨ ਤਰ੍ਹਾਂ ਦੀ ਧਰਾਤਲੀ ਨੁਹਾਰ ਵੇਖਣ ਨੂੰ ਮਿਲਦੀ ਹੈ ਅਤੇ ਪੂਰਬ ਤੋਂ ਪੱਛਮ ਵੱਲ ਨੂੰ ਇਸ ਪ੍ਰੇਅਰੀ ਖੇਤਰ ਦੀ ਉੱਚਾਈ ਅੱਧਾ ਕੁ ਮੀਲ ਤੱਕ ਹੀ ਵੱਧਦੀ ਹੈ। ਇਸ ਦਾ ਧੁਰ ਪੂਰਬ ਵੱਲ ਦਾ ਨੀਵਾਂ ਖੇਤਰ ਰੈੱਡ ਦਰਿਆ ਦੀ ਉਪਜਾਊ ਵਾਦੀ ਵਾਲਾ ਹੈ ਜਿਸ ਦੀ ਚੌੜਾਈ ਇਸ ਰਾਜ ਦੇ ਉੱਤਰੀ ਸਿਰੇ ਵੱਲ 64 ਕਿ.ਮੀ. (40 ਮੀਲ) ਅਤੇ ਦੱਖਣ ਵੱਲ 16 ਕਿ.ਮੀ. (10 ਮੀਲ) ਤੱਕ ਹੈ। ਇਸ ਵਾਦੀ ਦੇ ਪੱਛਮ ਵੱਲ ਇਸ ਦਾ ਦੂਜਾ ਧਰਾਤਲੀ ਖੇਤਰ ਪੈਂਬੀਨਾ ਐੱਸਕਾਰਪਮੈਂਟ ਹੈ, ਜੋ 90-120 ਮੀ. (300-400 ਫੁੱਟ) ਤੱਕ ਉੱਚਾ ਹੈ। ਇਹ ਧਰਾਤਲੀ ਖੰਡ ਪੂਰਬੀ ਨੀਵੇਂ ਖੇਤਰ ਨੂੰ ਇਸ ਦੇ ਤੀਜੇ ਧਰਾਤਲੀ ਖੰਡ, ਡ੍ਰਿਫਟ ਪ੍ਰੇਅਰੀ ਤੋਂ ਅੱਡ ਕਰਦਾ ਹੈ। ਡ੍ਰਿਫਟ ਪ੍ਰੇਅਰੀ ਦਾ ਖੇਤਰ ਗਲੇਸ਼ਵਰੀ ਵਿਸਥਾਪਨ ਕਰਕੇ ਹੀ ਹੋਂਦ ਵਿਚ ਆਇਆ ਹੈ। ਇਸ ਖੇਤਰ ਦੀ ਕੈਨੇਡਾ ਨਾਲ ਲਗਦੀ ਹੱਦ ਉੱਤੇ ਟਰਟਲ ਪਰਬਤ ਹਨ ਅਤੇ ਇਸ ਦੇ ਪੱਛਮੀ ਕੰਢੇ ਉੱਤੇ ਮਜ਼ੂਰੀ ਐੱਸਕਾਰਪਮੈਂਟ ਹੈ ਜੋ ਗ੍ਰੇਟ ਪਲੇਨਜ਼ ਜਾਂ ਮਜ਼ੂਰੀ ਦੇ ਪਠਾਰ ਤੱਕ 90-120 ਮੀ. (300-400 ਫੁੱਟ) ਉੱਚੀ ਹੈ।

ਉੱਤਰੀ ਡਾਕੋਟਾ ਦਾ ਪੌਣਪਾਣੀ ਮਹਾਂਦੀਪੀ ਹੈ ਜਿਸ ਕਰਕੇ ਗਰਮੀਆਂ ਤਪਦੀਆਂ ਤੇ ਸਰਦੀਆਂ ਠੰਢੀਆਂ ਹੁੰਦੀਆਂ ਹਨ। ਨੌਆਬਾਦੀਆਂ ਤੋਂ ਪਹਿਲਾਂ ਰਾਜ ਦਾ 95 ਪ੍ਰਤੀਸ਼ਤ ਖੇਤਰ ਘਾਹ ਨਾਲ ਭਰਿਆ ਰਹਿੰਦਾ ਸੀ ਅਤੇ ਮੱਝਾਂ ਆਦਿ ਲਈ ਕੁਦਰਤੀ ਚਰਾਗਾਹ ਸੀ।

ਕਣਕ ਇਥੋਂ ਦੀ ਮੁੱਖ ਫ਼ਸਲ ਹੈ ਪਰ ਰਾਈ ਤੇ ਫ਼ਲੈਕਸ ਵੀ ਬੀਜੀ ਜਾਂਦੀ ਹੈ। ਮੱਖਣ ਇਥੋਂ ਦਾ ਪ੍ਰਮੁੱਖ ਉਦਯੋਗਿਕ ਉਤਪਾਦਨ ਹੈ। ਇਸ ਤੋਂ ਬਿਨਾਂ ਤੇਲ ਸਾਫ਼ ਕਰਨ ਦਾ ਉਦਯੋਗ ਵੀ ਵਿਕਸਿਤ ਹੈ। ਸੰਨ 1951 ਵਿਚ ਟਾਇਓਗਾ ਵਿਖੇ ਤੇਲ ਦੀ ਲੱਭਤ ਨਾਲ ਉੱਤਰੀ ਡਾਕੋਟਾ ਸੰਯੁਕਤ ਰਾਜ ਦੇ ਸਭ ਤੋਂ ਵੱਡੇ ਪੈਟਰੋਲੀਅਮ ਉਦਪਾਦਕਾਂ ਵਿਚੋਂ ਇਕ ਹੈ।

ਇਥੋਂ ਦੀ ਰਾਜ ਸਰਕਾਰ ਦਾ ਮੁਖੀ ਗਵਰਨਰ ਹੈ ਜਿਸ ਨੂੰ ਚਾਰ ਸਾਲ ਲਈ ਚੁਣਿਆ ਜਾਂਦਾ ਹੈ। ਨੌ ਕਾਰਜਕਾਰੀ ਵਿਭਾਗਾਂ ਦੇ ਮੁਖੀ ਚੁਣੇ ਜਾਂਦੇ ਹਨ। ਵੋਟਾਂ ਆਮ ਤੌਰ ਤੇ ਗਣਤੰਤਰ ਉਮੀਦਵਾਰਾਂ ਦੇ ਹੱਕ ਵਿਚ ਜਾਂਦੀਆਂ ਹਨ ਅਤੇ ਉੱਤਰੀ ਡਾਕੋਟਾ ਦੇ ਬਹੁਤੇ ਮਤਦਾਤਾ ਆਜ਼ਾਦ ਹਨ।

ਹ. ਪੁ.—ਐਨ. ਬ੍ਰਿ. ਮੈ. 29 : 389; ਹਿੰ. ਵਿ. ਕੋ. 5: 219 ; ਐਨ. ਅਮੈ. 20 : 442

**ਡਾਕੋਟਾ (ਦੱਖਣੀ)** : ਇਹ ਸੰਯੁਕਤ ਰਾਜ ਅਮਰੀਕਾ ਦਾ ਇਕ ਮੈਦਾਨੀ ਰਾਜ ਹੈ। ਇਸ ਦੇ ਉੱਤਰ ਵਿਚ ਉੱਤਰੀ ਡਾਕੋਟਾ, ਪੂਰਬ ਵਿਚ ਮਿਨਿਸੋਟਾ ਤੇ ਆਇਓਵਾ, ਦੱਖਣ ਵਿਚ ਨੈਬਰਾਸਕਾ ਅਤੇ ਪੱਛਮ ਵੱਲ ਵਾਇਓਮਿੰਗ ਅਤੇ ਮੋਨਟਾਨਾ ਦੇ ਰਾਜ ਲਗਦੇ ਹਨ। ਇਸ ਰਾਜ ਦਾ ਕੁੱਲ ਰਕਬਾ 199,730 ਵ. ਕਿ. ਮੀ. ਅਤੇ ਆਬਾਦੀ 696,004 (1990) ਹੈ। ਪਿਯਰੇ ਇਸ ਦੀ ਰਾਜਧਾਨੀ ਹੈ।

ਇਸ ਰਾਜ ਦਾ ਨਾਂ ਇੰਡੀਅਨ ਲੋਕਾਂ ਦੀ ਸੂ ਜਾਤੀ ਜਿਸ ਨੂੰ ਡਾਕੋਟਾ ਵੀ ਕਿਹਾ ਜਾਂਦਾ ਸੀ, ਦੇ ਨਾਂ ਤੇ ਪਿਆ ਕਿਉਂਕਿ ਯੂਰਪੀਅਨਾਂ ਤੋਂ ਪਹਿਲਾਂ ਇਹ ਲੋਕ ਹੀ ਇਸ ਖੇਤਰ ਦੇ ਵਾਸੀ ਸਨ। ਇਸ ਰਾਜ ਦਾ ਸੰਵਿਧਾਨ 1889 ਈ. ਵਿਚ ਲਾਗੂ ਹੋਇਆ। ਗਵਰਨਰ ਰਾਜ ਦਾ ਮੁਖੀ ਹੈ ਅਤੇ ਇਸ ਤੋਂ ਬਿਨਾਂ ਇਕ ਲੈਫਟੀਨੈਂਟ ਗਵਰਨਰ, ਚਾਰ ਪ੍ਰਬੰਧਕੀ ਅਧਿਕਾਰੀ ਚੁਣੇ ਜਾਂਦੇ ਹਨ। ਇਹ ਸਭ ਚਾਰ ਸਾਲਾਂ ਲਈ ਚੁਣੇ ਹੁੰਦੇ ਹਨ।

ਇਹ ਰਾਜ ਅਮਰੀਕਾ ਦੇ ਉਨ੍ਹਾਂ ਕੁਝ ਰਾਜਾਂ ਵਿਚੋਂ ਇਕ ਹੈ ਜਿਨ੍ਹਾਂ ਵਿਚ ਹੁਣ ਤੱਕ ਵੀ ਜ਼ਿਆਦਾ ਦਿਹਾਤੀ ਵੱਸੋਂ ਹੀ ਪ੍ਰਧਾਨ ਹੈ। ਇਹ ਰਾਜ ਅਮਰੀਕਾ ਵਿਚ ਸੋਨੇ ਦੇ ਉਤਪਾਦਨ ਵਿਚ ਦੂਜੇ ਨੰਬਰ ਤੇ ਹੈ ਜਦੋਂ ਕਿ ਪੱਛਮੀ ਅਰਧ ਗੋਲੇ ਦੀਆਂ ਸਭ ਤੋਂ ਵੱਡੀਆਂ ਸੋਨੇ ਦੀਆਂ ਖਾਣਾਂ ਵਿਚੋਂ ਹੋਮਸਟੇਕ ਖਾਣ ਇਸ ਰਾਜ ਵਿਚ ਹੈ। ਰਾਜ ਦੀ ਆਰਥਿਕਤਾ ਜ਼ਿਆਦਤਰ ਖੇਤੀਬਾੜੀ ਉੱਪਰ ਆਧਾਰਤ ਹੈ।

ਧਰਾਤਲ ਪੱਖੋਂ ਇਸ ਰਾਜ ਨੂੰ ਤਿੰਨ ਵੱਖ ਵੱਖ ਭਾਗਾਂ ਵਿਚ ਵੰਡਿਆ ਜਾਂਦਾ ਹੈ—ਇਸ ਦੇ ਪਹਿਲੇ ਖੇਤਰ ਵਿਚ ਪੂਰਬ ਵੱਲ ਦਾ ਪੱਧਰਾ ਗਲੇਸ਼ਵਰੀ ਮੈਦਾਨ ਹੈ। ਦੂਜੇ ਖੇਤਰ ਵਿਚ ਪੱਛਮ ਵੱਲ ਦੇ ਗੈਰ-ਗਲੇਸ਼ਵਰੀ ਗ੍ਰੇਟ ਪਲੇਨਜ਼ ਹਨ। ਇਸ ਖੇਤਰ ਵਿਚ ਉੱਚੇ-ਉੱਚੇ ਟਿੱਬੇ, ਉੱਘੜ-ਦੁੱਗੜੀਆਂ ਖੱਡਾਂ ਅਤੇ ਸਮਤਲ ਜਿਹੇ ਪਠਾਰ ਹਨ। ਇਥੋਂ ਦੀ ਭੂਮੀ ਬੰਜਰ ਹੈ। ਇਹ ਖੇਤਰ ਪੂਰਬ ਇਤਿਹਾਸਕ ਜਾਨਵਰਾਂ ਦੇ ਪਥਰਾਟਾਂ ਲਈ ਮਸ਼ਹੂਰ ਹੈ। ਤੀਜੇ ਖੇਤਰ ਵਿਚ ਗੁੰਬਦਨੁਮਾ ਬਲੈਕ ਹਿਲਜ਼ ਹਨ। ਇਹ ਆਪਣੇ ਆਲੇ ਦੁਆਲੇ ਦੇ ਮੈਦਾਨਾਂ ਨਾਲੋਂ 1,100 ਮੀ. ਉੱਚਾ ਹੈ। ਰਾੱਕੀ ਪਰਬਤਾਂ ਦੇ ਪੂਰਬ ਵਿਚ ਸਥਿਤ ਇਸ ਖੇਤਰ ਦੀ ਹਾਰਨੀ ਚੋਟੀ ਉੱਤਰੀ ਅਮਰੀਕਾ ਵਿਚ ਸਭ ਤੋਂ ਉੱਚੀ (2,207 ਮੀ.) ਹੈ।

ਲਗਭਗ ਸਾਰੇ ਰਾਜ ਦੀ ਜਲ-ਨਿਕਾਸੀ ਮਿਜ਼ੂਰੀ ਦਰਿਆ ਰਾਹੀਂ ਹੁੰਦੀ ਹੈ। ਬਿਗ ਸੂ, ਵਰਮਿਲੀਅਨ ਤੇ ਜੇਮਜ਼ ਦੱਖਣ ਦਿਸ਼ਾ ਵਿਚ ਵਹਿਣ ਵਾਲੀਆਂ ਅਤੇ ਗਰੈਂਡ ਮੋਰਾਉ, ਚੇਐਨ, ਬੈਡ ਤੇ ਵ੍ਹਾਈਟ ਪੂਰਬ ਵੱਲ ਵਹਿਣ ਵਾਲੀਆਂ ਮਿਜ਼ੂਰੀ ਦੀਆਂ ਸਹਾਇਕ ਨਦੀਆਂ ਹਨ।

ਗਰਮੀ ਅਤੇ ਸਰਦੀ ਅਤਿ ਦਰਜੇ ਦੀ ਪੈਂਦੀ ਹੈ। ਵਰਖਾ ਘੱਟ ਹੁੰਦੀ ਹੈ। ਆਸਮਾਨ ਆਮ ਕਰਕੇ ਸਾਫ਼ ਰਹਿੰਦਾ ਹੈ। ਬਲੈਕ ਹਿੱਲਜ਼ ਖੇਤਰ ਵਿਚ ਕੋਲਾ, ਸੋਨਾ, ਸ਼ੀਸ਼ਾ, ਚਾਂਦੀ, ਟੰਗਸਟਨ, ਯੂਰੇਨੀਅਮ ਆਦਿ ਖਣਿਜ ਤੇ ਇਮਾਰਤੀ ਪੱਥਰ ਮਿਲਦਾ ਹੈ।

ਰਾਜ ਦਾ 2/5 ਭਾਗ ਵਾਹੀ ਹੇਠ ਹੈ। ਇਹ ਮੁੱਖ ਰੂਪ ਵਿਚ ਮਿਜ਼ੂਰੀ ਦਰਿਆ ਦੇ ਪੂਰਬ ਵੱਲ ਸਥਿਤ ਹੈ। ਰੈਪਿਡ ਨਗਰ ਵਿਚ ਸੀਮਿੰਟ ਉਦਯੋਗ ਅਤੇ ਬਲੈਕ ਹਿੱਲਜ਼ ਖੇਤਰ ਲਕੜੀ ਦੇ ਕੰਮ ਲਈ ਪ੍ਰਸਿੱਧ ਹੈ। ਸਿਚਲੇ ਦੀ ਡਾਕੋਟਾ ਵੇਸਿਲਿਆਸ ਯੂਨੀਵਰਸਿਟੀ 1885 ਈ. ਵਿਚ ਅਤੇ ਸਾਊਥ ਡਾਕੋਟਾ ਯੂਨੀਵਰਸਿਟੀ ਵਰਮਿਲੀਅਨ ਵਿਖੇ 1882 ਈ. ਵਿਚ ਸਥਾਪਿਤ ਹੋਈਆਂ।

ਹ. ਪੁ.—ਐਨ. ਬ੍ਰਿ. ਮੈ. 29 : 395 ; ਐਨ. ਬ੍ਰਿ. ਮਾ. 11 : 40; ਵੈਬ. ਜੁ. ਡਿਕ. 489

**ਡਾਕੋਟਾ ਨਦੀ** : ਵੇਖੋ ਜੇਮਜ਼ ਦਰਿਆ

**ਡਾਕੋਟਾ ਲੋਕ** : ਇਹ ਉੱਤਰੀ ਅਮਰੀਕਾ ਦੇ ਇੰਡੀਅਨ ਜਾਤੀ ਦੇ ਲੋਕ ਹਨ ਜਿਹੜੇ 17 ਵੀਂ ਸਦੀ ਦੌਰਾਨ ਮਹਾਨ ਝੀਲਾਂ ਦੇ ਖੇਤਰ ਵਿਚ ਵੱਸੇ ਹੋਏ ਸਨ। ਇਨ੍ਹਾਂ ਨੂੰ ਉਸ ਸਮੇਂ ਜ਼ਿਆਦਾ ਕਰਕੇ ਸੂ (Sioux) ਕਿਹਾ ਜਾਂਦਾ ਸੀ ਜਿਸ ਦਾ ਫਰਾਂਸੀਸੀ ਬੋਲੀ ਵਿਚ ਮਤਲਬ ਦੁਸ਼ਮਣੀ ਤੋਂ ਲਿਆ ਜਾਂਦਾ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕੀ ਸੂ ਬੋਲੀ ਬੋਲਣ ਵਾਲੇ ਸਨ। ਮੁੱਖ ਰੂਪ ਵਿਚ ਇਨ੍ਹਾਂ ਨੂੰ ਉਪ-ਭਾਸ਼ਾ ਤੇ ਸਭਿਆਚਾਰ ਪੱਖੋਂ ਤਿੰਨ ਭਾਗਾਂ ਸੈਂਟੀ, ਯੈਂਗਕਟਨ ਤੇ ਟੈਟਾੱਨ ਵਿਚ ਵੰਡਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਗਰੁੱਪਾਂ ਨੂੰ ਕ੍ਰਮਵਾਰ ਡਕੋਟਾ, ਨਾਕੋਟਾ ਤੇ ਲਾਕੋਟਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਹਰੇਕ ਗਰੁੱਪ ਨੂੰ ਅਗਾਂਹ ਅਜੋਕੇ ਕਬੀਲਿਆਂ ਵਿਚ ਜਿਨ੍ਹਾਂ ਨੂੰ ਬੈਂਡਜ਼ ਵੀ ਕਹਿੰਦੇ ਹਨ, ਵੰਡਿਆ ਗਿਆ ਹੈ। ਡਾਕੋਟਾ ਸ਼ਬਦ ਸੈਂਟੀ ਉਪ-ਭਾਸ਼ਾ ਵਿਚ ਮਿੱਤਰਾਂ ਜਾਂ ਸਮਵਰਗਾਂ ਲਈ ਵਰਤਿਆ ਜਾਂਦਾ ਹੈ।

ਡਾਕੋਟਾ ਲੋਕ ਪ੍ਰਾਰੰਭਿਕ ਸਮੇਂ ਜੰਗਲਾਂ ਵਿਚ ਰਹਿੰਦੇ ਸਮੇਂ ਸੱਤ ਕਬੀਲਿਆਂ ਵਿਚ ਵੰਡੇ ਹੋਏ ਸਨ। ਸੰਨ 1640 ਵਿਚ ਇਹ ਦੱਖਣੀ ਮਿਨਿਸੋਟਾ ਅਤੇ ਨਾਲ ਲਗਦੇ ਇਲਾਕੇ ਵਿਚ ਰਹਿੰਦੇ ਸਨ ਤੇ ਇਹ ਸ਼ਿਕਾਰ, ਮੱਛੀਆਂ ਫੜਨ ਅਤੇ ਝੀਲਾਂ ਤੇ ਜੰਗਲਾਂ ਦੇ ਉਤਮਾਦਰ ਪਦਾਰਥ ਇਕੱਠੇ ਕਰਨ ਦਾ ਧੰਦਾ ਕਰਦੇ ਸਨ। ਇਸ ਤੋਂ ਬਿਨਾਂ ਆਪਣਾ ਨਿਰਬਾਹ ਚਲਾਉਣ ਲਈ ਮੱਕੀ ਦੀ ਫਸਲ ਬੀਜਦੇ ਸਨ। ਫਿਰ ਆੱਜਬਵਾ ਲੋਕਾਂ ਨੇ ਡਾਕੋਟਾ ਲੋਕਾਂ ਨੂੰ ਪੱਛਮ ਵੱਲ ਧੱਕ ਦਿੱਤਾ। ਸੰਨ 1760 ਤੱਕ ਕੁਝ ਟੈਟਾੱਨ ਮਿਜ਼ੂਰੀ ਦਰਿਆ ਪਾਰ ਕਰਕੇ ਉੱਚੇ ਮੈਦਾਨਾਂ ਵਿਚ ਅਤੇ ਬਲੈਕ ਹਿਲਜ਼ ਤੱਕ ਪਹੁੰਚ ਗਏ। ਸੰਨ 1812 ਦੀ ਜੰਗ ਤੱਕ ਪੂਰਬ ਵਿਚਲੇ ਸੈਂਟੀ ਅਤੇ ਵਿਸਿਐਲ ਕਬੀਲੇ ਬਰਤਾਨਵੀਆਂ ਨਾਲ ਦੋਸਤਾਨਾ ਢੰਗ ਨਾਲ ਰਹਿੰਦੇ ਰਹੇ। ਸੰਨ 1815 ਵਿਚ ਅਮਰੀਕਾਂ ਦੀ ਸਰਕਾਰ ਨਾਲ ਸਮਝੌਤੇ ਅਧੀਨ ਡਾਕੋਟਾ ਧੁਰ ਪੱਛਮੀ ਖੇਤਰ ਵਿਚ ਜਾ ਪਹੁੰਚੇ ਪਰ 1862 ਈ. ਵਿਚ ਸਰਕਾਰ ਦੀ ਜ਼ਿਆਦਤੀ ਦੇਖ ਕੇ ਸੈਂਟੀ ਕਬੀਲੇ ਬਾਗ਼ੀ ਹੋ ਗਏ ਤੇ ਸੰਯੁਕਤ ਰਾਜ ਦੀ ਫ਼ੌਜ ਕੋਲੋਂ ਹਾਰ ਖਾਣ ਉਪਰੰਤ ਬਹੁਤ ਸਾਰੇ ਸੈਂਟੀ ਮੈਨੀਟੋਬਾ ਅਤੇ ਸਸਕੈਚਵਾਨ ਖੇਤਰਾਂ ਵਿਚ ਜਾ ਵੱਸੇ ਅਤੇ ਕੁਝ ਨੈਬਰਾਸਕਾ ਅਤੇ ਡਾਕੋਟਾ ਕਬੀਲੇ ਦੇ ਰਾਖਵੇਂ ਖੇਤਰਾਂ ਵਿਚ ਚਲੇ ਗਏ।

ਡਾਕੋਟਾ ਜਾਤੀ ਦੇ ਮਨੁੱਖ ਬਹਾਦਰੀ ਦੇ ਕਾਰਨਾਮਿਆਂ ਨਾਲ ਆਪਣਾ ਰੁਤਬਾ ਕਾਇਮ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਕਿਸੇ ਹਮਲੇ ਵਿਚ ਘੋੜੇ ਅਤੇ ਦੁਸ਼ਮਣ ਦਾ ਸਿਰ ਲਾਹ ਲਿਆਉਣਾ, ਵੀਰਤਾ ਦਾ ਚਿੰਨ੍ਹ ਸੀ। ਸੂਰਜ-ਨਾਚ ਇਨ੍ਹਾਂ ਦਾ ਮਨ-ਪਸੰਦ ਕਬਾਇਲੀ ਪੁਰਬ ਮੰਨਿਆਂ ਜਾਂਦਾ ਹੈ।

ਡਾਕੋਟਾ ਔਰਤਾਂ ਸੇਹ ਦੇ ਤੱਕਲੇ ਅਤੇ ਮਣਕਿਆਂ ਦੇ ਕਸੀਦੇ ਵਿਚ ਮਾਹਿਰ ਸਨ। ਇਨ੍ਹਾਂ ਦੇ ਜੁਮੈਟਰੀ ਨਮੂਨੇ ਵਿਸ਼ੇਸ਼ ਅਰਥਾਂ ਦੇ ਸੰਕੇਤਕ ਸਨ। ਕਈ ਲੋਕੀ ਚਮੜੇ ਉੱਪਰ ਆਪਣੀਆਂ ਬਹਾਦਰ ਇਤਿਹਾਸਕ ਘਟਨਾਵਾਂ ਉਲੀਕਦੇ ਸਨ।

20 ਵੀਂ ਸਦੀ ਦੌਰਾਨ ਡਾਕੋਟਾਂ ਦੀ ਗਿਣਤੀ 40,000 ਦੇ ਲਗਭਗ ਰਹਿ ਗਈ ਸੀ ਜਿਨ੍ਹਾਂ ਵਿਚੋਂ 70% ਦੱਖਣੀ ਤੇ ਉੱਤਰੀ ਡਾਕੋਟਾ ਦੇ ਰਾਖਵੇਂ ਇਲਾਕਿਆਂ ਵਿਚ ਰਹਿ ਰਹੇ ਸਨ ਤੇ ਕੁਝ ਕੁ ਹਜ਼ਾਰ ਕੈਨੇਡਾ ਵਿਚ ਰਹਿੰਦੇ ਰਹੇ ਸਨ।

ਹ. ਪੁ.—ਐਨ. ਬ੍ਰਿ. ਮਾ. 3 :852 ; ਐਨ. ਅਮੈ. 9 : 432

**ਡਾੱਗਮਾ (ਕੱਟੜ ਧਾਰਮਿਕ ਧਾਰਨਾ)** : ਸ਼ੁਰੂ ਸ਼ੁਰੂ ਵਿਚ ਡਾੱਗਮਾ ਸੰਮਤੀ ਜਾਂ ਵਿਵਸਥਾ 'ਆਦੇਸ਼' ਦੇ ਅਰਥ ਵਿਚ ਵਰਤਿਆ ਜਾਂਦਾ ਸੀ ਪਰ ਪਿਛੋਂ ਜਾ ਕੇ ਅਜਿਹੀ ਧਾਰਨਾ ਦੀ ਇੱਛਾ ਕੀਤੀ ਜਾਣ ਲੱਗੀ ਕਿ ਜਿਸ ਨੂੰ ਕੋਈ ਵਿਅਕਤੀ ਸਿਰਫ ਮੰਨਦਾ ਹੀ ਨਹੀਂ ਸਗੋਂ ਉਸ ਉੱਤੇ ਪੂਰੇ ਜ਼ੋਰ ਨਾਲ ਡਟਿਆ ਰਹਿੰਦਾ ਹੈ। ਇਸ ਸ਼ਬਦ ਦੀ ਵਰਤੋਂ ਅਕਸਰ ਧਰਮ ਵਿੱਦਿਆ ਦੇ ਸਬੰਧ ਵਿਚ ਹੁੰਦੀ ਹੈ। ਡਾੱਗਮਾ ਇਕ ਅਜਿਹੀ ਧਾਰਨਾ ਹੈ ਜਿਸ ਨੂੰ ਕਿਸੇ ਵੀ ਫ਼ਿਰਕੇ ਦੇ ਸਾਰੇ ਮੈਂਬਰਾਂ ਨੂੰ ਮੰਨਣਾ ਪੈਂਦਾ ਹੈ ਕਿਉਂਕਿ ਇਹ ਆਪਣੇ ਤੱਤ (ਤਤ੍ਵ) ਵਿਚ ਦੈਵੀ ਪ੍ਰਕਾਸ਼ ਹੈ। ਇਸ ਪ੍ਰਕਾਸ਼ ਨੂੰ ਜਦੋਂ ਅਜਿਹਾ ਕਰਨ ਦੀ ਲੋੜ ਹੋਵੇ ਤਾਂ ਕੋਈ ਅਧਿਕਾਰ ਪ੍ਰਾਪਤ-ਵਿਅਕਤੀ ਜਾਂ ਵਿਸ਼ੇਸ਼ ਵਿਚਾਰ ਸਭਾ ਸੂਤਰਬੱਧ ਕਰਦੀ ਹੈ। ਈਸਾਈਆਂ ਲਈ ਈਸਾ ਦੇ ਬਚਨ, ਬੋਧੀਆਂ ਲਈ ਬੁੱਧ ਦੇ ਬਚਨ ਅਜਿਹੇ ਸੰਕਲਪ ਹਨ। ਇਸ ਨੂੰ ਸਿਧਾਂਤ ਨਹੀਂ

ਕਹਿ ਸਕਦੇ ਕਿਉਂਕਿ ਇਸ ਦੇ ਸਿੱਧ ਕਰਨ ਦਾ ਪ੍ਰਸ਼ਨ ਹੀ ਨਹੀਂ ਉਠਦਾ।

ਈਸਾਈ ਸੰਪਰਦਾ ਲਈ ਪ੍ਰਮੁੱਖ ਡਾੱਗਮਾ ਤ੍ਰਿਤਵ ਦਾ ਸਮਰੂਪ ਹੈ। ਇਸ ਵਿਚ 'ਪਿਤਾ', 'ਪੁੱਤਰ' ਅਤੇ 'ਪਵਿੱਤਰ ਆਤਮਾ' ਤਿੰਨ ਸੁੈਧੀਨ ਚੇਤਨ ਸ਼ਾਮਲ ਹਨ। ਤਿੰਨ ਚੇਤਨ ਕਿਵੇਂ ਇਕ ਚੇਤਨ ਦਾ ਅੰਸ਼ ਬਣ ਸਕਦੇ ਹਨ ਇਹ ਬਹਿਸ ਦਾ ਵਿਸ਼ਾ ਨਹੀਂ, ਸਗੋਂ ਦੈਵੀ ਖੋਜ ਹੈ। ਸੰਨ 325-26 ਵਿਚ ਨਾਈਸ ਦੀ ਵਿਚਾਰ ਸਭਾ ਵਿਚ ਨਿਸ਼ਚਾ ਕੀਤਾ ਗਿਆ ਕਿ 'ਪਿਤਾ ਅਤੇ ਪੁੱਤਰ ਦਾ ਤੱਤ ਇਕ ਹੀ ਹੈ', 'ਪਿਤਾ ਪੁੱਤਰ ਦਾ ਉਤਪਾਦਕ ਨਹੀਂ ਜਨਮਦਾਤਾ ਹੈ। ਇਹ ਵੀ ਫ਼ੈਸਲਾ ਹੋਇਆ ਕਿ 'ਪਵਿੱਤਰ ਆਤਮਾ' ਪਿਤਾ ਅਤੇ ਪੁੱਤਰ ਦੋਹਾਂ ਤੋਂ ਪੈਦਾ ਹੋਈ ਹੈ। ਸੰਨ 1545 – 63 ਵਿਚ ਟਰੈਂਟ ਦੀ ਵਿਚਾਰ ਸਭਾ ਵਿਚ ਜੋ ਪ੍ਰਸਤਾਵ ਪਾਸ ਹੋਇਆ ਉਹ ਅਕਸਰ ਹੁਣ ਵੀ ਰੋਮਨ ਕੈਥੋਲਿਕ-ਸੰਪਰਦਾਇ ਲਈ ਮੰਨਣਯੋਗ ਹੈ। ਸੰਨ 1870 ਵਿਚ ਰੋਮ ਦੀ ਸਭਾ ਵਿਚ ਨਿਸ਼ਚਾ ਕੀਤਾ ਗਿਆ ਕਿ ਪੋਪ ਨੂੰ ਅਧਿਕਾਰ ਪ੍ਰਾਪਤ ਹੈ ਕਿ ਉਹ ਈਸਾਈ ਮਤ ਨੂੰ ਸੂਤਰਬਧ ਕਰ ਸਕੇ।

ਧਰਮ ਅੰਦੋਲਨ ਦੇ ਪਿਛੋਂ ਪ੍ਰੋਟੈਸਟੈਂਟ ਸੰਪਰਦਾ ਨੇ ਕਿਹਾ ਕਿ ਦੈਵੀ ਪ੍ਰਕਾਸ਼ ਦੀ ਵਿਆਖਿਆ ਹਰੇਕ ਈਸਾਈ ਦਾ ਅਧਿਕਾਰ ਹੈ। ਬੁੱਧ ਭਿਕਸ਼ੂ ਨੂੰ ਦੀਖਿਆ ਲੈਣ ਸਮੇਂ ਹੇਠ ਲਿਖੀ ਪ੍ਰਤਿਗਿਆ ਕਰਨੀ ਪੈਂਦੀ ਸੀ :–

1. ਮੈਂ ਬੁੱਧ ਦੀ ਸ਼ਰਨ ਵਿਚ ਜਾਂਦਾ ਹਾਂ।

2. ਮੈਂ ਧਰਮ ਦੀ ਸ਼ਰਨ ਵਿਚ ਜਾਂਦਾ ਹਾਂ।

3. ਮੈਂ ਸੰਘ ਦੀ ਸ਼ਰਨ ਵਿਚ ਜਾਂਦਾ ਹਾਂ।

ਈਸਾ ਅਤੇ ਗੌਤਮ ਬੁੱਧ ਨੇ ਜੋ ਕੁਝ ਕਿਹਾ ਆਪਣੇ ਅਧਿਕਾਰ ਨਾਲ ਕਿਹਾ, ਮੁਹੰਮਦ ਨੇ ਜੋ ਕੁਝ ਕਿਹਾ ਉਹ ਉਸ ਦੇ ਵਿਚਾਰ ਵਿਚ ਈਸ਼ਵਰੀ ਸੰਦੇਸ਼ ਸੀ ਜੋ ਇਕ ਦੇਵਦੂਤ (ਫ਼ਰਿਸ਼ਤੇ) ਨੇ ਉਸ ਨੂੰ ਪਹੁੰਚਾਇਆ। ਇਸਲਾਮ ਵਿਚ ਮਾਨਤਾ ਪੂਰਨ ਧਰਮ ਸੂਤਰ 'ਈਮਾਨ' ਅਖਵਾਉਂਦਾ ਹੈ। ਈਮਾਨ ਦੇ ਸ਼ੁੱਭ ਅੰਸ਼ ਹਨ :—

ਈਸ਼ਵਰ ਵਿਚ ਵਿਸ਼ਵਾਸ, ਫਰਿਸ਼ਤਿਆਂ ਵਿਚ ਵਿਸ਼ਵਾਸ, ਜਿੰਨ, ਧਰਮ ਵਿਚ ਵਿਸ਼ਵਾਸ, ਪਰੀ, ਦੇਵਾਂ ਵਿਚ ਵਿਸ਼ਵਾਸ, ਨਬੀਆਂ ਵਿਚ ਵਿਸ਼ਵਾਸ, ਪਰਲੋ ਦਿਵਸ (ਕਿਆਮਤ) ਅਤੇ ਉਸ ਦੇ ਪਿਛੋਂ ਕਰਮਾਂ ਦਾ ਫਲ ਮਿਲਣ ਵਿਚ ਵਿਸ਼ਵਾਸ, ਭਾਗ (ਕਿਸਮਤ) ਵਿਚ ਵਿਸ਼ਵਾਸ।

ਹਰ ਹਾਲਤ ਵਿਚ ਵਿਸ਼ਵਾਸੀ ਮੰਨਦਾ ਹੈ ਕਿ ਡਾੱਗਮਾ ਸੱਚ ਹੈ ਅਤੇ ਅਧਿਕਾਰ ਯੁਕਤ ਹੈ; ਇਹ ਖੁਲ੍ਹਾ ਪ੍ਰਸ਼ਨ ਨਹੀਂ ।

ਹ. ਪੁ.—ਹਿੰ. ਵਿ. ਕੋ. 5: 220

**ਡਾੱਗਫ਼ਿਸ਼** : ਇਹ ਉੱਤਰੀ ਅਮਰੀਕਾ ਦੇ ਪੂਰਬੀ ਹਿੱਸਿਆਂ ਵਿਚ, ਅਲੂਣੇ ਪਾਣੀ ਵਿਚ ਮਿਲਣ ਵਾਲੀ ਪੂਰਵਜ ਹੱਡਲ ਮੱਛੀ ਹੈ। ਇਸ ਦਾ ਵਿਗਿਆਨਕ ਨਾਂ ਐਮੀਆ ਕਾਲਵਾ ਹੈ। ਇਸ ਤੋਂ ਇਲਾਵਾ ਕਈ ਸਮੁੰਦਰੀ ਇਲੈਸਮੋਬ੍ਰੈਂਕ ਮੱਛੀਆਂ ਜਿਵੇਂ 'Squlus acanthias' ਨੂੰ ਵੀ ਡਾੱਗਫ਼ਿਸ਼ ਕਹਿ ਦਿੱਤਾ ਜਾਂਦਾ ਹੈ।



ਡਾੱਗਫ਼ਿਸ਼

ਡਾੱਗਫ਼ਿਸ਼ ਗੂੜ੍ਹੇ ਭੂਰੇ ਰੰਗ ਦੀ ਸਿਲਿੰਡਰਾਕਾਰ ਮੱਛੀ ਹੈ। ਇਸ ਦਾ ਮੂੰਹ ਅਗਲੇ ਹਿੱਸੇ ਦੇ ਸਿਰੇ ਤੇ ਹੁੰਦਾ ਹੈ ਅਤੇ ਇਕ ਲੰਮਾ ਪਿੱਠ ਖੰਭੜਾ ਹੁੰਦਾ ਹੈ। ਮਾਦਾ ਮੱਛੀ ਤਕਰੀਬਨ 90 ਸੈਂ. ਮੀ. ਲੰਮੀ ਹੁੰਦੀ ਹੈ, ਨਰ ਮੱਛੀ ਇਸ ਤੋਂ ਕੁਝ ਛੋਟੀ ਹੁੰਦੀ ਹੈ। ਨਰ ਮੱਛੀ ਦੇ ਪੂਛ ਖੰਭੜੇ ਦੇ ਮੁੱਢ ਵਿਚ ਉੱਪਰ ਵਲ ਇਕ ਕਾਲਾ ਚਟਾਖ਼ ਹੁੰਦਾ ਹੈ ਜਿਸ ਦੇ ਦੁਆਲੇ ਸੰਤਰੀ ਪੀਲੇ ਜਿਹੇ ਰੰਗ ਦਾ ਚੱਕਰ ਹੁੰਦਾ ਹੈ। ਮਾਦਾ ਵਿਚ ਇਹ ਚੱਕਰ ਨਹੀਂ ਹੁੰਦਾ ਤੇ ਚਟਾਖ਼ ਜਾਂ ਤਾਂ ਹੁੰਦਾ ਹੀ ਨਹੀਂ ਜਾਂ ਧੁੰਦਲਾ ਜਿਹਾ ਹੁੰਦਾ ਹੈ। ਇਨ੍ਹਾਂ ਮੱਛੀਆਂ ਦਾ ਆਹਾਰ ਦੂਜੀਆਂ ਮੱਛੀਆਂ ਅਤੇ ਕ੍ਰੇ-ਫ਼ਿਸ਼ਾਂ (ਆਰਥ੍ਰੋਪੋਡ) ਹਨ।

ਮਾਦਾ ਮੱਛੀ ਇਕ ਆਲ੍ਹਣੇ ਵਿਚ ਕਈ ਹਜ਼ਾਰ ਅੰਡੇ ਦਿੰਦੀ ਹੈ। ਨਰ ਮੱਛੀ ਇਨ੍ਹਾਂ ਅੰਡਿਆਂ ਦੀ ਨਿਗਰਾਨੀ ਅਤੇ ਇਨ੍ਹਾਂ ਵਿਚੋਂ ਨਿਕਲੇ ਬੱਚਿਆਂ ਦੀ ਕੁਝ ਸਮੇਂ ਤੱਕ ਦੇਖ ਭਾਲ ਕਰਦੀ ਹੈ।

ਇਸ ਮੱਛੀ ਨੂੰ ਦੱਖਣੀ ਹਿੱਸੇ ਵਿਚ ਕੁਝ ਹੱਦ ਤੱਕ ਖਾਣ ਲਈ ਵਰਤਿਆ ਜਾਂਦਾ ਹੈ ਪਰ ਆਮ ਤੌਰ ਤੇ ਇਸ ਨੂੰ ਫ਼ਜ਼ੂਲ ਹੀ ਸਮਝਿਆ ਜਾਂਦਾ ਹੈ।

ਹ. ਪੁ.—ਮੈਕ. ਐਨ. ਸ. ਟ. 4 : 260

**ਡਾੱਗਵੁੱਡ (Dogwood)** : ਇਹ ਇਕ ਰੁੱਖ ਹੈ ਜਿਸ ਦਾ ਵਿਗਿਆਨਕ ਨਾਂ ਕਾੱਰਨਸ ਫਲੋਰਿਡਾ ਹੈ। ਇਸ ਨੂੰ ਫੁੱਲਦਾਰ ਡਾੱਗਵੁੱਡ ਵੀ ਆਖਦੇ ਹਨ। ਸੰਯੁਕਤ ਰਾਜ ਅਮਰੀਕਾ ਦੇ ਪੂਰਬੀ ਹਿੱਸੇ ਅਤੇ ਕੈਨੇਡਾ ਦੇ ਦੱਖਣੀ ਆੱਨਟਾਰੀਓ ਵਿਚ ਮਿਲਣ ਵਾਲੇ ਇਸ ਰੁੱਖ ਦੀ ਉਚਾਈ 12.2 ਮੀ. (40 ਫੁੱਟ) ਤੱਕ ਹੋ ਜਾਂਦੀ ਹੈ।




ਡਾੱਗਵੁੱਡ

(ੳ) ਪੱਤਾ, (ਅ) ਫੁੱਲ-ਗੁੱਛਾ, (ੲ) ਟਾਹਣੀ

ਇਸ ਦੇ ਪੱਤੇ ਸਾਧਾਰਣ, ਪਤਝੜੀ ਅਤੇ ਸਾਬਤ ਕਿਨਾਰਿਆਂ ਵਾਲੇ ਹੁੰਦੇ ਹਨ ਜਿਹੜੇ ਇਕ ਦੂਜੇ ਦੇ ਆਮ੍ਹੋ-ਸਾਹਮਣੇ ਲੱਗੇ ਹੁੰਦੇ ਹਨ। ਜਦੋਂ ਇਹ ਰੁੱਖ ਫੁੱਲਾਂ ਨਾਲ ਲੱਦਿਆ ਹੁੰਦਾ ਹੈ ਉਦੋਂ ਇਸ ਦੇ ਫੁੱਲਾਂ ਦੁਆਲੇ ਚਾਰ ਵੱਡੀਆਂ ਸਫ਼ੈਦ, ਦੰਦਿਆਂ ਵਾਲੀਆਂ ਬ੍ਰੈਕਟਾਂ ਜਾਂ ਪੰਖੜੀਆਂ (ਪੈਟਲਜ਼) ਵਰਗੀਆਂ ਛੋਟੀਆਂ ਪੱਤੀਆਂ ਹੁੰਦੀਆਂ ਹਨ ਜਿਹੜੀਆਂ ਇਸ ਰੁੱਖ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੀਆਂ ਹਨ। ਇਸ

ਰੁੱਖ ਦੀਆਂ ਗੁਲਾਬੀ ਅਤੇ ਕ੍ਰੀਮ ਰੰਗ ਦੀਆਂ ਕਿਸਮਾਂ ਆਮ ਉਗਾਈਆਂ ਜਾਂਦੀਆਂ ਹਨ। ਇਹ ਰੁੱਖ ਛਾਂ ਵਿਚ ਵੀ ਉਗਾਇਆ ਜਾ ਸਕਦਾ ਹੈ। ਮਈ ਦੇ ਆਰੰਭ ਵਿਚ ਇਸਦੇ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ। ਫੁੱਲ ਲੱਗਣ ਦੀ ਰੁੱਤ ਜਿਹੜੀ ਕਿ ਆਮ ਤੌਰ ਤੇ ਮਈ ਦੇ ਸ਼ੁਰੂ ਵਿਚ ਹੀ ਹੁੰਦੀ ਹੈ। ਇਸ ਰੁੱਖ ਦੀ ਲੱਕੜ ਬਹੁਤ ਹੀ ਸਖ਼ਤ ਹੁੰਦੀ ਹੈ, ਜਿਹੜੀ ਕਿ ਰੋਲਰ-ਸਕੇਟ, ਤਰਖਾਣਾਂ ਦੇ ਰੰਦੇ ਆਦਿ ਵਰਗੀਆਂ ਹੋਰ ਸਖ਼ਤ ਚੀਜ਼ਾਂ ਬਣਾਉਣ ਲਈ ਵਰਤੀ ਜਾਂਦੀ ਹੈ। ਆਧੁਨਿਕ ਪਸ਼ੂ-ਫਾਰਮਾਂ ਵਰਗੀਆਂ ਥਾਵਾਂ ਉੱਤੇ ਜਿਥੇ ਛੋਟੇ ਅਕਾਰ ਦੇ ਰੁੱਖਾਂ ਦੀ ਲੋੜ ਹੁੰਦੀ ਹੈ ਉਥੇ ਇਹ ਰੁੱਖ ਛਾਂ ਦੇਣ ਲਈ ਬੜਾ ਵਧੀਆ ਰਹਿੰਦਾ ਹੈ। ਡਾੱਗਵੁੱਡ ਦੀ ਸ਼ਾਂਤ ਮਹਾਂਸਾਗਰੀ ਕਿਸਮ ਕਾੱਰਨਸ ਨਿਊਟਾਲੀਆਈ ਹੈ। ਇਹ ਪੂਰਬੀ ਡਾੱਗਵੁੱਡ ਨਾਲ ਮਿਲਦੀ ਜੁਲਦੀ ਹੈ। ਉਹ ਦੱਖਣ-ਪੱਛਮੀ ਬਰਤਾਨਵੀ ਕੋਲੰਬੀਆ ਤੋਂ ਲੈ ਕੇ ਦੱਖਣੀ ਕੈਲੀਫ਼ੋਰਨੀਆ ਤੱਕ ਉੱਗਦੀ ਹੈ। ਇਸ ਦੀਆਂ ਛੋਟੀਆਂ ਪੱਤੀਆਂ ਗੋਲਾਕਾਰ ਹੁੰਦੀਆਂ ਹਨ। ਜਾਪਾਨੀ ਡਾੱਗਵੁੱਡ ਵੀ ਇਨ੍ਹਾਂ ਕਿਸਮਾਂ ਨਾਲ ਮਿਲਦੀ-ਜੁਲਦੀ ਹੈ। ਇਸਦਾ ਵਿਗਿਆਨਕ ਨਾਂ ਕਾੱਰਕਨਸ ਕਾਊਸਾ ਹੈ। ਇਹ ਇਕ ਛੋਟਾ ਜਿਹਾ ਰੁੱਖ ਹੈ ਜਿਸ ਦੀਆਂ ਛੋਟੀਆਂ ਪੱਤੀਆਂ ਤਿੱਖੀਆਂ ਹੁੰਦੀਆਂ ਹਨ ਅਤੇ ਇਸ ਨੂੰ ਜੂਨ ਦੇ ਮਹੀਨੇ ਵਿਚ ਫੁੱਲ ਖਿੜਦੇ ਹਨ। ਉਪਰੋਕਤ ਤੋਂ ਛੁੱਟ, ਇਸ ਦੀਆਂ ਕਈ ਝਾੜੀਨੁਮਾ ਕਿਸਮਾਂ ਮਿਲਦੀਆਂ ਹਨ ਜਿਨ੍ਹਾਂ ਨੂੰ ਸਜਾਵਟ ਲਈ ਉਗਾਇਆ ਜਾਂਦਾ ਹੈ।

ਹ. ਪੁ.—ਮੈਕ. ਐਨ. ਸਾ. ਟ. 4 : 292

**ਡਾਗ 'ਜ਼ ਟੁੱਥ ਵਾਇਲੈੱਟ** : ਇਹ ਲਿਲੀਏਸੀ ਕੁਲ ਦੀ ਇਰੀਥਰੋਨੀਅਮ ਪ੍ਰਜਾਤੀ ਦੇ ਕਿਸੇ ਵੀ ਪੌਦੇ ਲਈ ਵਰਤਿਆ ਜਾਂਦਾ ਇਕ ਨਾਂ ਹੈ। ਇਸ ਦੀਆਂ ਕਰੀਬ 20 ਜਾਤੀਆਂ ਹਨ ਅਤੇ ਲਗਭਗ ਸਾਰੀਆਂ ਹੀ ਉੱਤਰੀ ਅਮਰੀਕਾ ਦੀਆਂ ਜੰਮਪਲ ਹਨ। ਇਹ ਨੀਵੀਆਂ ਜੜ੍ਹੀ ਬੂਟੀਆਂ ਹਨ ਜਿਨ੍ਹਾਂ ਦੇ ਤਣਿਆਂ ਤੋਂ ਸ਼ਾਖਾਵਾਂ ਨਹੀਂ ਨਿਕਲਦੀਆਂ ਅਤੇ ਲਿੱਲੀ ਫੁਲਾਂ ਦੀ ਤਰ੍ਹਾਂ ਇਨ੍ਹਾਂ ਦੇ ਫੁੱਲ ਅਕਸਰ ਵੱਡੇ ਅਤੇ ਤਣੇ ਦੇ ਸਿਖ਼ਰ ਤੇ ਇੱਕਲੇ ਹੀ ਲਗਦੇ ਹਨ।

ਉੱਤਰੀ ਅਮਰੀਕਾ ਦਾ ਸਭ ਤੋਂ ਪ੍ਰਸਿਧ ਫੁੱਲ ਪੀਲੇ ਰੰਗ ਦਾ Erythronium americanum ਹੈ। ਇਸਨੂੰ ਟਰਾਊਟ ਲਿਲੀ ਵੀ ਕਿਹਾ ਜਾਂਦਾ ਹੈ। ਬਹਾਰ-ਰੁੱਤ ਦਾ ਇਹ ਜੰਗਲੀ ਫੁੱਲ ਦਲਦਲੀ ਜੰਗਲਾਂ ਵਿਚ ਨੋਵਾ ਸਕੌਸ਼ਾ ਤੋਂ ਮਿਨਾਸੋਟਾ ਅਤੇ ਦੱਖਣ ਤੋਂ ਫਲੋਰਿਡਾ ਤੱਕ ਮਿਲਦਾ ਹੈ।

ਯੂਰਪ ਵਿਚ ਮਿਲਣ ਵਾਲਾ ਡਾਗ'ਜ਼ ਟੁੱਥ ਵਾਇਲੈੱਟ (E. dens canis) ਅਕਸਰ ਬਹਾਰ ਰੁੱਤ ਵਿਚ ਖਿੜਦਾ ਹੈ ਜਿਸ ਦੇ ਗੁਲਾਬੀ ਵੈਂਗਣੀ ਰੰਗ ਦੇ ਫੁੱਲ ਲਗਦੇ ਹਨ ਅਤੇ ਇਸਨੂੰ ਬਗ਼ੀਚਿਆਂ ਦੇ ਕਿਨਾਰਿਆਂ ਵਿਚ ਲਾਇਆ ਜਾਂਦਾ ਹੈ। ਇਸ ਪੌਦੇ ਦਾ ਅੰਗਰੇਜ਼ੀ ਭਾਸ਼ਾ ਵਿਚ ਇਹ ਨਾਂ ਇਸ ਲਈ ਪਿਆ ਜਾਪਦਾ ਹੈ ਕਿਉਂਕਿ ਇਸ ਦੇ ਫੁੱਲਾਂ ਦੀ ਸ਼ਕਲ ਕੁੱਤੇ ਦੇ ਦੰਦਾਂ ਨਾਲ ਮਿਲਦੀ ਹੈ।

ਹ. ਪੁ.—ਐਨ. ਬ੍ਰਿ. 7 : 554

**ਡਾਗੁਰ** : ਚੀਨ ਦੀ ਮੰਗੋਲ ਜਾਤੀ ਦੇ ਇਹ ਲੋਕ ਉੱਤਰੀ ਮੰਚੂਰੀਆ ਦੇ ਹੇਲੁੰਗਜੀਆਂਗ ਪ੍ਰਾਂਤ ਵਿਚ ਰਹਿੰਦੇ ਹਨ। ਇਨ੍ਹਾਂ ਨੂੰ ਡਾਘੁਰ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੀ ਬੋਲੀ ਟੁੰਗੂਜ਼ਿਕ ਸੀ ਜਿਹੜੀ ਮੰਗੋਲੀਆਈ ਅਤੇ ਟੁੰਗੂਜ਼ ਬੋਲੀਆਂ ਦਾ ਮਿਸ਼ਰਣ ਸੀ। ਹੁਣ ਇਸ ਨੂੰ ਮੰਗੋਲੀ ਉਪ-ਭਾਸ਼ਾ ਦਾ ਪ੍ਰਾਚੀਨ ਰੂਪ ਕਿਹਾ ਜਾਂਦਾ ਹੈ ਕਿਉਂਕਿ ਇਸ ਦੀਆਂ ਉਦਾਹਰਣਾਂ 13 ਵੀਂ ਸਦੀ ਦੇ ਦਸਤਾਵੇਜ਼ਾਂ ਵਿਚ ਮੌਜੂਦ ਹਨ।

17 ਵੀਂ ਸਦੀ ਦੇ ਅੰਤਲੇ ਵਰ੍ਹਿਆਂ ਦੌਰਾਨ ਇਹ ਲੋਕ ਨੋਨੀ ਦਰਿਆ ਦੇ ਦੱਖਣ ਵੱਲ ਚਲੇ ਗਏ ਤੇ ਹੁਣ ਵੀ ਉਥੇ ਹੀ ਵੱਸੇ ਹੋਏ ਹਨ।

ਚੀਨੀ ਤੇ ਮਾਂਚੂ ਪ੍ਰਭਾਵ ਅਧੀਨ ਆਉਣ ਤੋਂ ਪਹਿਲਾਂ ਇਹ ਲੋਕ ਜੰਗਲੀ ਸ਼ਿਕਾਰੀ ਅਤੇ ਡੰਗਰ-ਪਸ਼ੂ ਚਾਰਨ ਵਾਲੇ ਦੇ ਰੂਪ ਵਿਚ ਸਨ। 20 ਵੀਂ ਸਦੀ ਦੌਰਾਨ ਇਹ ਲੋਕ ਪਿੰਡਾਂ ਵਿਚ ਵੱਸੇ ਤੇ ਸਬਜ਼ੀਆਂ-ਭਾਜੀਆਂ ਤੇ ਅਨਾਜ ਆਦਿ ਦੀ ਖੇਤੀ ਕਰਨ ਲੱਗ ਪਏ। ਇਸ ਦੇ ਨਾਲ ਨਾਲ ਘੋੜੇ, ਡੰਗਰ-ਪਸ਼ੂ, ਸੂਰ ਤੇ ਮੁਰਗੀ-ਪਾਲਣ ਦਾ ਕੰਮ ਵੀ ਕਰਦੇ ਸਨ। ਇਹ ਸ਼ਿਕਾਰ ਕਰਨਾ ਤੇ ਦੂਰ ਦੁਰਾਡਿਓਂ ਲੱਕੜਾਂ ਲਿਆਉਣ ਦਾ ਕੰਮ ਵੀ ਕਰਦੇ ਰਹੇ।

ਇਹ ਲੋਕ ਸੰਯੁਕਤ ਤੇ ਪਿਤਾ-ਪ੍ਰਧਾਨ ਪਰਿਵਾਰਾਂ ਵਿਚ ਰਹਿੰਦੇ ਸਨ। ਪਿੰਡ ਦੇ ਸਾਰੇ ਵਾਸੀ ਆਪੋ ਵਿਚ ਭਾਈਚਾਰਕ ਤੌਰ ਤੇ ਸਬੰਧੀ ਹੁੰਦੇ ਸਨ। ਬਾਹਰਲਾ ਪਰਿਵਾਰ ਸਿਰਫ਼ ਪਿੰਡ ਦੇ ਮੁਖੀ ਦੀ ਆਗਿਆ ਨਾਲ ਹੀ ਰਹਿ ਸਕਦਾ ਸੀ। ਸਾਂਝੇ ਪਿਤਰ ਦੀ ਸੰਤਾਨ ਦੇ ਰੂਪ ਵਿਚ ਕਈ ਕਈ ਪਿੰਡ ਵੀ ਆਪਸ ਵਿਚ ਸਬੰਧੀ ਹੁੰਦੇ ਸਨ। ਇਨ੍ਹਾਂ ਸਬੰਧਤ ਪਿੰਡਾਂ ਨੂੰ ਹਾਲਾ ਕਿਹਾ ਜਾਂਦਾ ਹੈ। ਡਾਗੁਰ ਲੋਕ ਪਿੱਤਰ-ਪੂਜਾ ਵਿਚ ਵਿਸ਼ਵਾਸ ਰੱਖਦੇ ਹਨ ਤੇ 'ਹਾਲਾ' ਦੇ ਅੰਦਰ ਹੀ ਵਿਆਹ ਸ਼ਾਦੀਆਂ ਕਰਦੇ ਹਨ।

ਹ. ਪੁ.—ਐਨ. ਅਮੇ. 8 : 421; ਐਨ. ਬ੍ਰਿ. ਮਾ. 3 : 343

**ਡਾਗੁਬਾਯਾਜਿਟ** : ਡਾਗੁਬਾਯਾਜਿਟ ਪੂਰਬੀ ਤੁਰਕੀ ਵਿਚ ਇਸੇ ਨਾਂ ਦੇ ਪ੍ਰਾਂਤ ਦਾ ਸ਼ਹਿਰ ਹੈ ਜਿਹੜਾ ਕਾਮਨਵੈੱਲਥ ਆਫ਼ ਇੰਡੀਪੈਂਡੰਟ ਸਟੇਟਸ ਅਤੇ ਈਰਾਨ ਦੀਆਂ ਹੱਦਾਂ ਨੇੜੇ ਸਮੁੰਦਰ ਤਲ ਤੋਂ 1,800 ਮੀ. ਦੀ ਉੱਚਾਈ ਉੱਤੇ ਵੱਸਿਆ ਹੋਇਆ ਹੈ। ਇਹ ਟ੍ਰੈਬਜ਼ਾਨ ਤੋਂ ਉੱਤਰ-ਪੱਛਮੀ ਈਰਾਨ ਵੱਲ ਜਾਂਦੇ ਪ੍ਰਾਚੀਨ ਵਪਾਰਕ-ਮਾਰਗ ਉੱਤੇ ਪੈਂਦਾ ਸੀ ਤੇ ਅੱਜ ਵੀ ਇਹ ਯੂਰਪ ਤੋਂ ਈਰਾਨ ਵੱਲ ਜਾਂਦੇ ਮਾਰਗ ਉੱਤੇ ਪੈਂਦਾ ਹੈ। ਇਸ ਕਰਕੇ ਇਹ ਵਪਾਰਕ ਸ਼ਹਿਰ ਦੇ ਤੌਰ ਤੇ ਜਾਣਿਆਂ ਜਾਂਦਾ ਸੀ। ਪਹਿਲੇ ਮਹਾਂਯੁੱਧ ਦੌਰਾਨ ਇਸ ਮਾਰਗ ਉੱਤੇ ਰੂਸੀਆਂ ਦਾ ਕਬਜ਼ਾ ਹੋ ਗਿਆ, ਜਿਸ ਕਰਕੇ ਸ਼ਹਿਰ ਦੀ ਮਹੱਤਤਾ ਪਹਿਲਾਂ ਨਾਲੋਂ ਘਟ ਗਈ। ਅੱਜਕੱਲ੍ਹ ਇਹ ਆਲੇ-ਦੁਆਲੇ ਦੇ ਉਤਪਾਦਨਾਂ ਦੀ ਮੰਡੀ ਹੈ।

ਆਬਾਦੀ – 23, 513 (1980)

39° 32′ ਉ. ਵਿਥ. ; 44° 08′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 602

**ਡਾਚਲਾਂ, ਕਿਜਾਈ ਹਾਜੀ ਅਹਿਮਦ** : ਇਹ ਮੁਹੰਮਦੀਆ ਨਾਮੀ ਇਕ ਇਸਲਾਮੀ ਸੁਧਾਰਵਾਦੀ ਲਹਿਰ ਦਾ ਮੋਢੀ ਸੀ ਜਿਸ ਦਾ ਇੰਡੋਨੇਸ਼ੀਆ ਦੇ ਇਸਲਾਮੀ ਧਰਮ ਅਤੇ ਹੋਰ ਵੀ ਕਿੰਨੇ ਹੀ ਰਾਸ਼ਟਰਵਾਦੀ ਨੇਤਾਵਾਂ ਉਤੇ ਬਹੁਤ ਡੂੰਘਾ ਅਸਰ ਪਿਆ। ਇਸ ਦਾ ਜਨਮ ਜਾਵਾ ਵਿਚ ਜੋਗਜਕਾਰਟਾ ਵਿਖੇ 1868 ਈ. ਵਿਚ ਹੋਇਆ ਡਾਚਲਾਂ ਇਕ ਅਮੀਰ ਸੌਦਾਗਰ ਸੀ । ਸੰਨ 1900 ਤੋਂ ਬਾਅਦ ਇਹ ਹੱਜ ਲਈ ਮੱਕੇ ਗਿਆ ਅਤੇ ਹੱਜ ਤੋਂ ਆ ਕੇ ਇਹ ਧਰਮ-ਸੁਧਾਰ ਦੇ ਕੰਮਾਂ ਵਿਚ ਜੁੱਟ ਗਿਆ।

ਮੁਹੰਮਦੀਆ ਲਹਿਰ ਦੀ ਨੀਂਹ ਪੱਛਮੀ ਸੰਗਠਨਵਾਦੀ ਢੰਗ ਉਤੇ ਮਈ 1912 ਈ. ਵਿਚ ਰੱਖੀ ਗਈ। ਇਸ ਲਹਿਰ ਦਾ ਮੁੱਖ ਮੰਤਵ ਸਿੱਖਿਆ ਦੇਣਾ, ਸਮਾਜਕ ਕੰਮ ਕਰਨੇ ਅਤੇ ਹਸਪਤਾਲ ਤੇ ਸਕੂਲ ਆਦਿ ਖੋਲ੍ਹਣਾ ਸੀ। ਇਸ ਦੇ ਪ੍ਰੋਗਰਾਮ ਈਸਾਈ ਮਿਸ਼ਨਰੀਆ ਦੇ ਢੰਗ ਦੇ ਸਨ। ਅਹਿਮਦੀਆ ਲਹਿਰ ਦਾ ਇਹੋ ਨਿਸ਼ਾਨਾ ਸੀ ਕਿ ਇਸ ਤਰ੍ਹਾਂ ਈਸਾਈ ਮੱਤ ਦਾ ਅਸਰ ਘਟਾਇਆ ਜਾ ਸਕਦਾ ਹੈ। ਇਹ ਲਹਿਰ ਰਾਜਨੀਤਿਕ ਸਰਗਰਮੀਆਂ ਤੋਂ ਦੂਰ ਰਹਿੰਦੀ ਸੀ ਪਰ ਡਾਚਲ ਨੇ ਆਪਣੇ ਇਸ ਸੰਗਠਨ ਅਤੇ ਰਾਜਨੀਤਿਕ ਇਸਲਾਮੀ ਐਸੋਸੀਏਸ਼ਨ

ਵਿਚਕਾਰ ਡੂੰਘਾ ਤਾਲਮੇਲ ਕਾਇਮ ਰੱਖਿਆ ਹੋਇਆ ਸੀ। ਛੇਤੀ ਹੀ ਮੁਹੰਮਦੀਆ ਲਹਿਰ ਵੱਲੋਂ ਚਲਾਏ ਗਏ ਸਕੂਲਾਂ ਨੂੰ ਸਰਕਾਰੀ ਮਦਦ ਮਿਲਣ ਲਗ ਪਈ ਅਤੇ ਇੰਡੋਨੇਸ਼ੀਆ ਦੇ ਲੋਕ ਆਪਣੇ ਬੱਚਿਆਂ ਨੂੰ ਈਸਾਈ ਢੰਗ ਦੀ ਬਜਾਇ ਇਸਲਾਮੀ ਢੰਗ ਦੀ ਵਿਦਿਆ ਦਿਵਾਉਣਾ ਚੰਗਾ ਸਮਝਣ ਲੱਗ ਪਏ। ਸੰਨ 1920 ਤੋਂ ਮਗਰੋਂ ਮੁਹੰਮਦੀਆ ਲਹਿਰ ਆਪਣੇ ਕੇਂਦਰ ਸੋਗਜਕਾਰਟਾ ਤੋਂ ਬਾਹਰ ਸਾਰੇ ਜਾਵਾ ਅਤੇ ਫਿਰ ਸਾਰੇ ਇੰਡੋਨੇਸ਼ੀਆ ਵਿਚ ਉੱਭਰ ਰਹੀ ਮੱਧ ਸ਼੍ਰੇਣੀ ਵਿਚ ਬਹੁਤ ਪ੍ਰਭਾਵਸ਼ਾਲੀ ਹੋ ਗਈ।

ਡਾਚਲਾਂ ਦੀ ਮੌਤ 23 ਫ਼ਰਵਰੀ, 1923 ਨੂੰ ਹੋਈ।

ਹ. ਪੁ.–ਐਨ. ਬ੍ਰਿ. ਮਾ. 3 : 338

**ਡੱਜ, ਗ੍ਰੈਨਵਿਲ ਮੈਲਿਨ** : ਉਨ੍ਹੀਵੀਂ ਸਦੀ ਦੇ ਦੌਰਾਨ ਪੱਛਮੀ ਅਤੇ ਦੱਖਣੀ ਪੱਛਮੀ ਸੰਯੁਕਤ ਰਾਜ ਵਿਚ ਰੇਲਾਂ ਵਿਛਾਉਣ ਦਾ ਕੰਮ ਕਰਨ ਵਾਲੇ ਇਸ ਸਿਵਲ ਇੰਜੀਨੀਅਰ ਦਾ ਜਨਮ 12 ਅਪ੍ਰੈਲ, 1831 ਨੂੰ ਡੈਨਵਰਜ, ਮੈਸਾਚੂਸੈੱਟਸ ਵਿਖੇ ਹੋਇਆ। ਇਸ ਨੇ ਡਰੈਮ (ਐਨ. ਐਚ) ਅਕੈਡਮੀ ਅਤੇ ਨਾਰਵਿਚ ਯੂਨੀਵਰਸਿਟੀ ਤੋਂ ਸੈਨਿਕ ਸਿਖਿਆ ਵਿਚ ਗਰੈਜੂਏਸ਼ਨ ਅਤੇ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਇਸ ਸਮੇਂ ਸੰਯੁਕਤ ਰਾਜ ਵਿਚ ਵੱਡੀ ਪੱਧਰ ਉੱਤੇ ਰੇਲਾਂ ਵਿਛਾਉਣ ਦਾ ਕੰਮ ਸ਼ੁਰੂ ਹੀ ਹੋਇਆ ਸੀ। ਘਰੇਲੂ ਜੰਗ ਦੇ ਦੌਰਾਨ ਇਸ ਨੇ ਬਹੁਤ ਛੇਤੀ ਤਰੱਕੀ ਕੀਤੀ ਅਤੇ ਬਰਗੇਡੀਅਰ ਜਨਰਲ ਬਣ ਗਿਆ। ਚੈਟਾਹੂਚੀ ਦਰਿਆ ਉੱਤੇ ਕੇਵਲ ਤਿੰਨ ਦਿਨਾਂ ਦੇ ਅੰਦਰ 4 ਮੀ. (14 ਫੁੱਟ) ਉੱਚਾ ਤੇ 216 ਮੀ. (710 ਫੁੱਟ) ਲੰਬਾ ਪੁਲ ਤਿਆਰ ਕਰਕੇ ਪੁਲ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1866 ਤੋਂ 1870 ਤੱਕ ਇਹ ਯੂਨੀਅਨ ਪੈਸੀਫਿਕ, ਰੇਲਰੋਡ ਦੀ ਉਸਾਰੀ ਸਮੇਂ ਮੁੱਖ ਇੰਜੀਨੀਅਰ ਰਿਹਾ। ਇਸ ਨੇ ਸੰਯੁਕਤ ਰਾਜ ਵਿਚ ਲਗਭਗ 14,500 ਕਿ. ਮੀ. ਲੰਬੀਆਂ ਸੜਕਾਂ ਬਣਾਵਾਈਆਂ।

3 ਜਨਵਰੀ, 1916 ਨੂੰ ਕਾਊਂਸਲ ਬਲੱਫ਼ਸ, ਆਈਓਵਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 3 : 598

**ਡਾਜ਼, ਚਾਰਲਸ ਗੇਟਸ** : ਇਹ ਸੰਯੁਕਤ ਰਾਜ ਅਮਰੀਕਾ ਦਾ ਉਪ-ਰਾਸ਼ਟਰਪਤੀ ਅਤੇ ਰਾਜਦੂਤ ਸੀ। ਇਸ ਦਾ ਜਨਮ 27 ਅਗਸਤ, 1865 ਨੂੰ ਅਮਰੀਕਾ ਦੇ ਓਹਾਈਓ ਰਾਜ ਵਿਚ ਮੈਰੀਐਟਾ ਨਾਂ ਦੇ ਸਥਾਨ ਵਿਖੇ ਹੋਇਆ। ਇਹ ਪਹਿਲੇ ਵਿਸ਼ਵ-ਯੁੱਧ ਉਪਰੰਤ ਜਰਮਨੀ ਦੇ ਮੁਆਵਜ਼ੇ ਦੀ ਅਦਾਇਗੀਆਂ ਦਾ ਪ੍ਰਬੰਧ ਕਰਨ ਲਈ 'ਡਾਜ਼ ਪਲੈਨ' ਦਾ ਲੇਖਕ ਵੀ ਸੀ।

ਇਸ ਨੇ ਮੈਰੀਐਟਾ ਕਾਲਜ ਅਤੇ ਸਿਨਸਿਨਾਟੀ ਲਾਅ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਲਿੰਕਨ ਵਿਚ ਵਕਾਲਤ (1887-94 ਈ.) ਕਰਨ ਪਿੱਛੋਂ ਇਵੈਨਸਟਨ ਚਲਾ ਗਿਆ। ਇਥੇ ਇਹ ਪੱਕੇ ਤੌਰ ਤੇ ਰਹਿਣ ਲੱਗ ਪਿਆ। ਪ੍ਰਾਈਵੇਟ ਵਪਾਰ ਕਰਦਿਆਂ ਇਸ ਨੇ ਇਲੀਨਾਇ ਦੀ ਸੈਂਟਰਲ ਟ੍ਰੱਸਟ ਕੰਪਨੀ ਦਾ ਗਠਨ ਕੀਤਾ। ਇਸ ਤੋਂ ਬਾਅਦ, 1897 ਤੋਂ 1902 ਤੱਕ ਅਮਰੀਕਾ ਦੀ ਕਰੰਸੀ ਦਾ ਕੰਪਟ੍ਰੋਲਰ ਰਿਹਾ। ਪਹਿਲੇ ਵਿਸ਼ਵ-ਯੁੱਧ ਦੌਰਾਨ ਇਹ ਫ਼ਰਾਂਸ ਵਿਚ ਅਮਰੀਕਨ ਐਕਸਪੀਡਸ਼ਨਰੀ ਫੋਰਸ ਵਿਚ ਸਪਲਾਈ ਪ੍ਰਾਪਤ ਕਰਨ ਦੇ ਮੁੱਖੀ ਦੇ ਤੌਰ ਤੇ ਕੰਮ ਕਰਨ ਲਗਾ। ਸੰਨ 1919 ਵਿਚ ਇਸ ਨੇ ਬ੍ਰਿਗੇਡੀਅਰ ਜਨਰਲ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸੰਨ 1921 ਵਿਚ ਇਸ ਨੂੰ ਬਜਟ ਦਾ ਪਹਿਲਾ ਅਮਰੀਕੀ ਡਾਇਰੈਕਟਰ ਨਿਯੁਕਤ ਕੀਤਾ ਗਿਆ। ਪਹਿਲੇ ਵਿਸ਼ਵ ਯੁੱਧ ਵਿਚ ਸਾਥੀ ਦੇਸ਼ਾਂ ਨੂੰ ਮੁਆਵਜ਼ੇ ਦੀ ਰਾਸ਼ੀ ਅਦਾ ਕਰਨ ਵਿਚ ਜਰਮਨੀ ਦੀ ਅਸਮਰੱਥਾ ਦੀ ਮੁਸ਼ਕਿਲ ਦੇ ਹੱਲ ਲਈ ਯੋਜਨਾ ਤਿਆਰ ਕਰਨ ਵਾਸਤੇ ਇਸ ਨੂੰ ਐਲਾਈਡ ਰੈਪਰੇਸ਼ਨਜ ਕਮਿਸ਼ਨ ਵਲੋਂ ਨਿਯੁਕਤ ਕੀਤਾ ਗਿਆ। ਡਾਜ਼ ਨੇ 1924 ਈ. ਵਿਚ ਇਕ ਅਜਿਹੀ ਯੋਜਨਾ ਪੇਸ਼ ਕੀਤੀ ਜਿਸ ਵਿਚ ਅਮਰੀਕਾ ਦੇ ਨਿਵੇਸ਼ਕਾਰਾਂ ਤੋਂ ਕਰਜ਼ੇ ਦੇ ਰੂਪ ਵਿਚ ਸਹਾਇਤਾ ਪ੍ਰਾਪਤ ਕਰਕੇ ਜਰਮਨ ਦੇ ਵਿੱਤ ਨੂੰ ਪੁਨਰ ਸੰਗਠਿਤ ਕਰਨ ਬਾਰੇ ਤਜਵੀਜ਼ ਸੀ। 'ਡਾਜ਼ ਪਲੈਨ' ਨੇ ਯੂਰਪ ਨੂੰ ਕੁਝ ਸਾਲਾਂ ਲਈ ਆਰਥਿਕ ਪਤਨ ਤੋਂ ਬਚਾ ਲਿਆ ਪਰ ਇਹ ਯੋਜਨਾ ਵਿਸ਼ਵ ਦੇ ਆਰਥਿਕ ਅਸੰਗਠਨ ਦੀ ਦੁਬਿਧਾ ਲਈ ਨਾ ਮਾਤਰ ਹੱਲ ਹੀ ਸੀ। ਡਾਜ਼, ਰਾਸ਼ਟਰਪਤੀ ਕਾਲਵਿਨ ਕੂਲਿਜ (1925-29 ਈ.) ਅਧੀਨ ਉਪ-ਰਾਸ਼ਟਰਪਤੀ ਦੇ ਅਹੁਦੇ ਤੇ ਵੀ ਰਿਹਾ। ਸੰਨ 1929-32 ਤੱਕ ਇਹ ਇੰਗਲੈਂਡ ਵਿਚ ਅਮਰੀਕਾ ਦਾ ਰਾਜਦੂਤ ਰਿਹਾ। ਸੰਨ 1932 ਵਿਚ ਮੰਦਵਾੜੇ ਦੌਰਾਨ ਇਹ ਵਿੱਤ ਕਾਰਪੋਰੇਸ਼ਨ ਦੇ ਪੁਨਰਗਠਨ ਲਈ ਅਮਰੀਕਾ ਵਾਪਸ ਆਇਆ ਅਤੇ ਰਾਜਦੂਤ ਦੀ ਪਦਵੀ ਤੋਂ ਅਸਤੀਫ਼ਾ ਦੇ ਕੇ ਇਹ ਮੁੜ ਬੈਂਕ ਦੇ ਕਾਰਜ ਵਿਚ ਜੁਟ ਗਿਆ।

ਸੰਨ 1925 ਵਿਚ ਡਾਜ਼ ਨੂੰ ਸਰ ਆਸਟਨ ਚੈਂਬਰਲੇਨ ਨਾਲ ਸਾਂਝੇ ਤੌਰ ਤੇ ਸ਼ਾਂਤੀ ਲਈ ਨੋਬੇਲ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਹ ਏ ਜਰਨਲ ਆਫ਼ ਦਾ ਗ੍ਰੇਟ ਵਾਰ (1921), ਨੋਟਸ ਐਜ਼ ਵਾਈਸ ਪ੍ਰੈਜੀਡੈਂਟ (1935) ਅਤੇ ਏ ਜਰਨਲ ਆਫ਼ ਰੈਪਰੇਸ਼ਨਜ਼ (1939) ਨਾਮੀ ਪੁਸਤਕਾਂ ਦਾ ਕਰਤਾ ਵੀ ਸੀ।

ਇਸ ਦੀ ਮੌਤ 23 ਅਪ੍ਰੈਲ, 1951 ਨੂੰ ਇਵੈਨਟਨ ਵਿਖੇ ਹੋਈ।

ਹ. ਪੁ–ਐਨ. ਬ੍ਰਿ. ਮਾ. 3: 406

**ਡਾਜ, ਰੇਮੰਡ** : ਅਮਰੀਕਾ ਦੇ ਇਸ ਪ੍ਰਯੋਗਾਤਮਕ ਮਨੋਵਿਗਿਆਨੀ ਦਾ ਜਨਮ 20 ਫ਼ਰਵਰੀ, 1871 ਨੂੰ ਮੈਸਾਚੂਸੈੱਟਸ ਰਾਜ (ਸ. ਰ. ਅ.) ਵਬਰਨ ਵਿਖੇ ਹੋਇਆ। ਇਸਨੂੰ ਬਹੁਤਾ ਕਰਕੇ ਇਸ ਦੀ ਪੜ੍ਹਨ ਵੇਲੇ ਮਨੁੱਖੀ ਅੱਖਾਂ ਦੀ ਹਰਕਤ ਦੇ ਬਾਰੇ ਕੀਤੀ ਖੋਜ ਕਰਕੇ ਜਾਣਿਆ ਜਾਂਦਾ ਹੈ। ਇਸ ਨੇ ਵਿਲੀਅਮਜ਼ ਕਾਲਜ ਅਤੇ ਹਾਲੇ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1896 ਵਿਚ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰਨ ਉਪਰੰਤ 1898 ਤੋਂ 1924 ਤੱਕ ਇਹ ਵੈਸਲੇਆਨ ਯੂਨੀਵਰਸਿਟੀ ਵਿਚ ਮਨੋਵਿਗਿਆਨ ਦਾ ਅਧਿਆਪਕ ਰਿਹਾ। ਮਨੋਵਿਗਿਆਨ ਦੀ ਸੰਸਥਾ ਵਲੋਂ 1929 ਈ. ਵਿਚ ਇਸ ਨੂੰ ਯੇਲ ਇਨਸਟੀਚਿਊਸ਼ਨ ਆੱਫ ਹਿਊਮਨ ਰੀਲੇਸ਼ਨਜ਼ ਨਾਂ ਦੀ ਇਕ ਨਵੀਂ ਬਣੀ ਸੰਸਥਾ ਦਾ ਡਾਇਰੈਕਟਰ ਬਣਾ ਦਿੱਤਾ ਗਿਆ। ਸੰਨ 1936 ਵਿਚ ਸੇਵਾ-ਮੁਕਤ ਹੋਣ ਤੱਕ ਇਹ ਇਸੇ ਅਹੁਦੇ ਤੇ ਕੰਮ ਕਰਦਾ ਰਿਹਾ।

ਡਾਜ ਨੇ ਮਨੁੱਖੀ ਅੱਖ ਦੀ ਪੜ੍ਹਨ ਸਮੇਂ ਹਰਕਤ ਦੀ ਰਫ਼ਤਾਰ ਨੂੰ ਨਾਪਣ ਅਤੇ ਰਿਕਾਰਡ ਕਰਨ ਲਈ ਟੈਕਿਸਟੋਸਕੋਪ ਨਾਮੀ ਇਕ ਯੰਤਰ ਬਣਾਇਆ ਜਿਸ ਦੀ ਇਸ ਨੇ ਬੜੀ ਬਰੀਕੀ ਵਿਚ ਖੋਜ ਕੀਤੀ। ਇਸ ਦੀ ਇਸ ਖੋਜ ਨੂੰ ਪਹਿਲੇ ਸੰਸਾਰ-ਯੁੱਧ ਸਮੇਂ ਤੋਪਚੀਆਂ ਨੂੰ ਟ੍ਰੇਨਿੰਗ ਦੇਣ ਲਈ ਅਮਲੀ ਰੂਪ ਵਿਚ ਵਰਤਿਆ ਗਿਆ।

ਇਸ ਤੋਂ ਇਲਾਵਾ ਡਾਜ ਨੇ ਅਲਕੋਹਲ ਦੇ ਸਰੀਰ-ਕ੍ਰਿਆਤਮਕ ਪ੍ਰਭਾਵ ਦਾ ਵੀ ਅਧਿਐਨ ਕੀਤਾ ਜਿਸ ਵਿਚ ਇਸ ਨੇ ਅਲਕੋਹਲ ਦੇ ਨਿਰਾਸ਼ਾਤਮਕ ਲੱਛਣਾਂ ਨੂੰ ਦਰਸਾਇਆ। ਇਸ ਤਰ੍ਹਾਂ ਆਦੀਪੁਣੇ ਅਤੇ ਇਸ ਦੀਆਂ ਹੋਰ ਅਵਸਥਾਵਾਂ ਦੇ ਗਿਆਨ ਵਿਚ ਵਾਧਾ ਕੀਤਾ। ਇਸ ਦੀਆਂ ਪ੍ਰਸਿੱਧ ਰਚਨਾਵਾਂ ਦੀ ਐਲੀਮੈਂਟਰੀ,

ਕੰਡੀਸ਼ਨਜ਼ ਆਫ਼ ਹਿਊਮਨ ਵੇਰੀਏਬਿਲਟੀ (1927) ਅਤੇ ਈ. ਕਾਹਕ ਨਾਲ ਰਲਕੇ ਲਿਖੀ 'ਦੀ ਕਰੇਵਿੰਗ ਫ਼ਾਰ ਸੁਪੀਰੀਆਰੀਟੀ' (1931) ਹਨ। 8 ਅਪ੍ਰੈਲ, 1942 ਨੂੰ ਟ੍ਰਾਈਅਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਅਮੈ. 9 : 232

**ਡਾਜ਼, ਵਿਲੀਅਮ ਰਿਊਟਰ** : ਇਹ ਇਕ ਅੰਗਰੇਜ਼ ਖਗੋਲਵੇਤਾ ਸੀ ਜਿਸ ਨੇ ਯੁਗਮ ਤਾਰਿਆਂ ਦੀਆਂ ਵਿਸਤ੍ਰਿਤ ਪੈਮਾਇਸ਼ਾਂ ਅਤੇ ਗ੍ਰਹਿਆਂ ਦੀ ਸਾਵਧਾਨੀ ਪੂਰਵਕ ਆਪਣੇ ਨਿਰੀਖਣਾਂ ਸਦਕਾ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਦਾ ਜਨਮ 19 ਮਾਰਚ, 1799 ਨੂੰ ਲੰਦਨ ਵਿਚ ਹੋਇਆ। ਇਸ ਨੇ ਡਾਕਟਰੀ ਦੀ ਸਿਖਲਾਈ ਲੈ ਕੇ ਹੈਡਨਹਮ ਅਤੇ ਲਿਵਰਪੂਲ ਵਿਖੇ ਪ੍ਰੈਕਟਿਸ ਕੀਤੀ ਅਤੇ ਬਾਅਦ ਵਿਚ ਇਹ ਪ੍ਰੋਟੈਸਟੈਂਟ ਪਾਦਰੀ ਬਣ ਗਿਆ। ਸੰਨ 1829 ਵਿਚ ਇਸਨੇ ਲੈਂਗਕਾਸ਼ਿਰ ਵਿਚ ਆਰਮਜ਼ਕਰਕ ਵਿਖੇ ਇਕ ਨਿਜੀ ਪ੍ਰੇਖਣਸ਼ਾਲਾ ਸਥਾਪਤ ਕੀਤੀ ਜਿਥੇ ਇਸਨੇ 200 ਤਾਰਿਆਂ ਦੀ ਪੈਮਾਇਸ਼ ਕੀਤੀ। ਸੰਨ 1839 ਵਿਚ ਸਾਊਥ ਵਿਲਾ, ਰੀਜੈਂਟ ਪਾਰਕ, ਲੰਡਨ ਵਿਖੇ ਵਿਸ਼ਪ ਪ੍ਰੇਖਣਸ਼ਾਲਾ ਦਾ ਚਾਰਜ ਸੰਭਾਲਿਆ। ਇਸ ਤੋਂ ਬਾਅਦ ਇਸਨੇ 1844 ਵਿਚ ਕੈਂਟ ਵਿਚ ਕਰੇਨ ਬਰੁੱਕ ਵਿਖੇ, 1850 ਵਿਚ ਵਾਟਰਿੰਗਬਰੀ ਵਿਖੇ ਤੇ 1857 ਵਿਚ ਹੈਟਨਹਮ ਵਿਖੇ ਨਿਜੀ ਪ੍ਰੇਖਣਸ਼ਾਲਾਵਾਂ ਸਥਾਪਤ ਕੀਤੀਆਂ। ਸੰਨ 1850 ਵਿਚ ਇਸ ਨੇ ਸ਼ਨਿਚਰ ਦੇ ਕਰੇਪ ਛੱਲੇ (Crepe ring) ਦੀ ਖੋਜ ਕੀਤੀ ਅਤੇ 1857 ਵਿਚ ਇਸ ਨੇ ਬ੍ਰਹਸਪਤ ਦਾ ਲਾਲ ਧੱਬਾ ਵੇਖਿਆ। ਮੰਗਲ ਗ੍ਰਹਿ ਦੀ ਨਵੰਬਰ, 1854 ਦੀ ਸਥਿਤੀ (ਜਦੋਂ ਧਰਤੀ ਸੂਰਜ ਅਤੇ ਇਸ ਗ੍ਰਹਿ ਵਿਚਕਾਰ ਹੁੰਦੀ ਹੈ) ਦਾ ਬਹੁਤ ਹੀ ਸਹੀ ਚਿਤੱਰ ਤਿਆਰ ਕੀਤਾ। ਸੰਨ 1855 ਵਿਚ ਰੌਇਲ ਐਸਟ੍ਰਾਨੋਮੀਕਲ ਸੁਸਾਇਟੀ ਵਲੋਂ ਇਸ ਨੇ ਸੋਨੇ ਦਾ ਤਮਗ਼ਾ ਪ੍ਰਾਪਤ ਕੀਤਾ ਅਤੇ 1865 ਵਿਚ ਰੌਇਲ ਸੁਸਾਇਟੀ ਦਾ ਫੈਲੋ ਚੁਣਿਆ ਗਿਆ। ਚੰਦਰਮਾ ਉੱਪਰ ਇਕ ਕ੍ਰੇਟਰ ਦਾ ਨਾਂ ਵੀ ਇਸ ਦੇ ਨਾਂ ਉਪਰ ਰੱਖਿਆ ਗਿਆ ਸੀ।

15 ਫਰਵਰੀ, 1868 ਨੂੰ ਹੈਡਨਹਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 406

**ਡਾਜਲ** : ਇਹ ਪਾਕਿਸਤਾਨ ਵਿਚ ਪੰਜਾਬ ਸੂਬੇ ਦੇ ਜ਼ਿਲ੍ਹਾ ਗਾਜ਼ੀ ਖ਼ਾਂ ਦਾ ਇਕ ਪੁਰਾਣਾ ਸ਼ਹਿਰ ਹੈ ਜਿਹੜਾ ਡੇਰਾ ਗਾਜ਼ੀ ਖ਼ਾਂ ਸ਼ਹਿਰ ਦੇ ਦੱਖਣ ਵੱਲ 77.24 ਕਿ. ਮੀ. ਦੀ ਦੂਰੀ ਤੇ ਚਾੱਚਰ ਦੱਰੇ ਦੇ ਪ੍ਰਵੇਸ਼ ਦੁਆਰ ਉੱਤੇ ਵੱਸਿਆ ਹੋਇਆ ਹੈ। ਨਾਹਰਾਂ ਦੇ ਰਾਜ ਦੌਰਾਨ ਸਭ ਤੋਂ ਪਹਿਲੇ ਨੰਬਰ ਤੇ ਮਹੱਤਤਾ ਹਾਸਲ ਕਰਨ ਦਾ ਮਾਣ ਇਸ ਸ਼ਹਿਰ ਨੂੰ ਹਾਸਲ ਹੋਇਆ। ਨਾਹਰਾਂ ਤੋਂ ਇਹ ਸ਼ਹਿਰ ਗਾਜ਼ੀ ਖ਼ਾਂ ਨੇ ਖੋਹ ਲਿਆ ਅਤੇ ਫਿਰ ਉਸ ਕੋਲੋਂ ਕਲਾੱਤ ਦੇ ਖ਼ਾਨਾਂ ਕੋਲ ਆ ਗਿਆ। ਚਾੱਚਰ ਦੱਰੇ ਰਾਹੀਂ ਹੋਣ ਵਾਲੇ ਵਪਾਰ ਦਾ ਇਹ ਮਸ਼ਹੂਰ ਕੇਂਦਰ ਵੀ ਰਿਹਾ। ਬਾਅਦ ਵਿਚ ਇਸਦੀ ਵਪਾਰਕ ਮਹੱਤਤਾ ਬਹੁਤ ਘੱਟ ਗਈ। ਇਥੇ ਤੇਲ ਵੱਡੀ ਮਾਤਰਾ ਵਿਚ ਕੱਢਿਆ ਅਤੇ ਨਿਰਯਾਤ ਕੀਤਾ ਜਾਂਦਾ ਹੈ।

ਸੰਨ 1875 ਵਿਚ ਇਸ ਸ਼ਹਿਰ ਦੇ ਨਾਲ ਲਗਦੇ ਪਿੰਡ ਨੌਸ਼ਹਿਰੇ ਨੂੰ ਮਿਲਾਕੇ ਇਸ ਸ਼ਹਿਰ ਵਿਚ ਮਿਊਂਸਪਲ ਕਮੇਟੀ ਦੀ ਸਥਾਪਨਾ ਕੀਤੀ ਗਈ।

29° 34′ ਉ. ਵਿਥ. ; 70° 24′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11. 123

**ਡਾਜ਼ਾਈ ਓਸਾਮੂ** : ਇਸ ਜਾਪਾਨੀ ਨਾਵਲਕਾਰ ਦਾ ਜਨਮ 9 ਜੂਨ, 1909 ਨੂੰ ਉੱਤਰੀ ਜਾਪਾਨ ਦੇ ਆਓਮੋਰਾਈ ਪ੍ਰੀਫ਼ੈਕਚਰ ਵਿਚ ਕਾਨਾਗੀ ਵਿਖੇ ਹੋਇਆ। ਇਸ ਦਾ ਪਿਤਾ ਇਕ ਤਕੜਾ ਜ਼ਿਮੀਂਦਾਰ ਅਤੇ ਨੀਤੀਵਾਨ ਸੀ। ਇਹ ਦੂਜੇ ਸੰਸਾਰ ਯੁੱਧ ਦੇ ਅੰਤ ਸਮੇਂ ਆਪਣੇ ਯੁੱਗ ਦੀ ਸਾਹਿਤਕ ਆਵਾਜ਼ ਵਜੋਂ ਉੱਭਰਿਆ। ਇਸ ਨੇ ਯੁੱਧ ਦੇ ਮਗਰੋਂ ਦੀ ਜਾਪਾਨ ਦੀ ਉਲਝਣਾਂ ਭਰੀ ਸਥਿਤੀ ਦਾ ਸਹੀ ਸਹੀ



ਡਾਜ਼ਾਈ ਓਸਾਮੂ

ਨਿਰੂਪਣ ਕਰਨ ਉਪਰੰਤ ਇਥੋਂ ਦੀਆਂ ਰਵਾਇਤੀ ਕਦਰਾਂ ਕੀਮਤਾਂ ਨੂੰ ਘੋਖਿਆ ਤੇ ਸਮਝਿਆ ਜਦੋਂ ਕਿ ਨਵੀਂ ਪੀੜ੍ਹੀ ਨੇ ਪਿਛਲੀਆਂ ਕੀਮਤਾਂ ਨੂੰ ਅਸਵੀਕਾਰ ਕਰ ਦਿੱਤਾ ਸੀ। ਆਪਣੀਆਂ ਲਿਖਤਾਂ ਵਿਚ ਇਸਨੇ ਆਪਣੇ ਪਿਛੋਕੜ ਨਾਲ ਸਬੰਧਿਤ ਕੁਝ ਵਿਸ਼ਿਆਂ ਨੂੰ ਮੁੜ ਛੋਹਿਆ। ਭਾਵੇਂ ਇਸ ਦੀਆਂ ਲਿਖਤਾਂ ਵਧੇਰੇ ਕਰਕੇ ਉਦਾਸੀ ਤੇ ਨਿਰਾਸਤਾ ਭਰੀਆਂ ਹੁੰਦੀਆਂ ਸਨ ਪਰ ਫਿਰ ਵੀ ਇਹ ਆਪਣੇ ਹਾਸ-ਰਸ ਕਰਕੇ ਕਾਫੀ ਮਸ਼ਹੂਰ ਸੀ। ਇਸਦੀਆਂ ਅਜਿਹੀਆਂ ਰਚਨਾਵਾਂ ਕਦੇ ਕਦੇ ਹਾਸੋਹੀਣੀਆਂ ਵੀ ਬਣ ਜਾਂਦੀਆਂ ਸਨ।

ਇਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਬੈਨਨ' (1936 ਦੀ ਟਵਾਈਲਾਈਟ ਯੀਅਰਜ਼ ) ਦੀ ਰਚਨਾ ਤੋਂ ਇਸ ਦੀ ਵਿਸ਼ੇ ਤੇ ਸ਼ੈਲੀ ਦੀ ਚੋਣ ਦਾ ਪਤਾ ਲਗਦਾ ਹੈ। ਇਸ ਦਾ ਵਿਅਕਤੀਤਵ ਇਸ ਦੇ ਗਲਪ ਪਾਤਰਾਂ ਵਿਚ ਵੇਖਿਆ ਜਾ ਸਕਦਾ ਹੈ। ਨੌਜਵਾਨਾਂ ਲਈ ਇਸ ਦੀ ਕਲਾ ਖ਼ਾਸ ਕਰਕੇ ਖਿੱਚ ਰਖਦੀ ਸੀ। ਜਾਪਾਨੀ ਲੇਖਕਾਂ ਵਿਚੋਂ ਕੇਵਲ ਇਸੇ ਨੇ ਹੀ ਯੁੱਧ ਦੌਰਾਨ (1941-45) ਅਸਲੀ ਸਾਹਿਤਕ ਗੁਣਾਂ ਵਾਲੀਆਂ ਰਚਨਾਵਾਂ ਪੇਸ਼ ਕੀਤੀਆਂ। 'ਓਟੋਗੀ ਜ਼ੋਸ਼ੀ' (1945, ਫੇਅਰੀ ਟੇਲਜ਼) ਇਸ ਦੀ ਅਜਿਹੀ ਰਚਨਾ ਹੈ ਜਿਸ ਵਿਚ ਰਵਾਇਤੀ ਕਹਾਣੀਆਂ ਨੂੰ ਕਮਾਲ ਦੀ ਨਵੀਂ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। 'Tsugaru' (1944) ਸ਼ਾਇਦ ਇਸ ਦੀ ਸਭ ਤੋਂ ਵਧੀਆ ਰਚਨਾ ਹੈ ਜੋ ਇਸ ਦੇ ਜਨਮ ਅਸਥਾਨ ਦੀ ਡੂੰਘੀ ਹਮਦਰਦੀ ਦਰਸਾਉਣ ਵਾਲੀ ਯਾਦਗਾਰ ਸੀ। ਇਸ ਦੀਆਂ ਯੁੱਧ ਪਿਛੋਂ ਦੀਆਂ ਰਚਨਾਵਾਂ 'Shayo' (1947) 'Biyon no Tsuma' (1947) ਅਤੇ 'Ningen Shikkaku' (1948) ਹਨ ਜਿਨ੍ਹਾਂ ਦਾ ਅਨੁਵਾਦ ਡੋਨਾਲਡ ਕੀਨ ਨੇ ਕੀਤਾ।

13 ਜੂਨ, 1948 ਈ. ਵਿਚ ਆਪਣਾ ਅਧੂਰਾ ਅਸ਼ੁਭ ਸਿਰਲੇਖ ਵਾਲਾ ਨਾਵਲ 'ਗੁੱਡਬਾਈ' ਵਿਚੇ ਹੀ ਛੱਡ ਕੇ ਡਾਜ਼ਾਈ ਨੇ ਆਤਮ ਹੱਤਿਆ ਕਰ ਲਈ।

ਹ. ਪੁ.—ਐਨ. ਬ੍ਰਿ. ਮਾ. 3 : 410

**ਡਾਟੋ ਇਰਾਦਯੈਰ, ਐਡੂਆਰਡੋ** : ਇਹ ਸਪੇਨ ਦਾ ਪ੍ਰਸਿੱਧ ਸਿਆਸਤਦਾਨ ਸੀ ਜਿਹੜਾ 1913 ਤੋਂ 1921 ਈ. ਦੌਰਾਨ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਕਰਦਾ ਰਿਹਾ ਅਤੇ ਤਿੰਨ ਵਾਰ ਉਥੋਂ ਦਾ ਪ੍ਰਧਾਨ ਮੰਤਰੀ ਬਣਿਆ। ਇਸ ਦਾ ਜਨਮ 12 ਅਗਸਤ, 1856 ਨੂੰ ਸਪੇਨ ਵਿਚ ਲਾ ਕਾਰੂਨਾ ਵਿਖੇ ਹੋਇਆ। ਸੰਨ 1892 ਵਿਚ ਗ੍ਰਹਿ ਵਿਭਾਗ ਵਿਚ ਅਧੀਨ ਸਕੱਤਰ ਨਿਯੁਕਤ ਹੋਇਆ ਅਤੇ 1899 ਈ. ਵਿਚ ਇਸੇ ਵਿਭਾਗ ਦਾ ਵਜ਼ੀਰ ਬਣ ਗਿਆ। ਰਾਜਨੀਤੀ ਵਿਚ ਰਹਿੰਦਿਆਂ ਡਾਟੋ ਨੇ ਕਈ ਵਿਸ਼ੇਸ਼ ਲਾਭਦਾਇਕ ਸੁਧਾਰ ਕੀਤੇ ਪਰ ਇਸ ਦੇ ਬਾਵਜੂਦ ਇਹ ਨਾ ਤਾਂ ਪਾਰਟੀ ਅੰਦਰਲੀ ਤਰੇੜ ਨੂੰ ਮਿਟਾਉਣ ਵਿਚ ਅਤੇ ਨਾ ਹੀ ਜਨਤਾ ਵਿਚ ਫੈਲੀ ਬੇਚੈਨੀ ਨੂੰ ਦੂਰ ਕਰਨ ਵਿਚ ਸਫ਼ਲ ਹੋਇਆ। ਇਸ ਨੇ ਕਾਮਿਆਂ ਦੇ ਮੁਆਵਜ਼ਾ ਐਕਟ ਦੀ ਯੋਜਨਾ ਅਤੇ ਔਰਤਾਂ ਨੂੰ ਰੋਜ਼ਗਾਰ ਦੇਣ ਸਬੰਧੀ ਬਿੱਲ ਬਣਾਇਆ। ਸੰਨ 1902 ਵਿਚ ਇਹ ਨਿਆਂ ਮੰਤਰੀ ਤੇ 1907 ਈ. ਵਿਚ ਮੈਡਰਿਡ ਦਾ ਮੇਅਰ ਬਣਿਆ। ਇਸ ਤੋਂ 6 ਸਾਲ ਬਾਅਦ 1913 ਵਿਚ ਐਨਟੋਨੀਓ ਮੌਰ ਵੱਲੋਂ ਪਾਰਟੀ ਦੀ ਅਗਵਾਈ ਲਈ ਇਨਕਾਰ ਕਰਨ ਉਪਰੰਤ, ਡਾਟੋ ਅਤੇ ਐਨਟੋਨੀਓ ਵਿਚਕਾਰ ਤੀਬਰ ਮਤਭੇਦ ਹੋਣ ਸਦਕਾ ਕੰਜ਼ਰਵੇਟਿਵ ਪਾਰਟੀ ਬਹੁਤ ਕਮਜ਼ੋਰ ਹੋ ਗਈ।

ਸੰਨ 1915 ਤੱਕ ਇਹ ਸਪੇਨ ਦਾ ਪ੍ਰਧਾਨ ਮੰਤਰੀ ਰਿਹਾ ਅਤੇ ਇਸ ਦੀ ਅਗਵਾਈ ਹੇਠ ਪਹਿਲੀ ਵੱਡੀ ਜੰਗ ਛਿੜਨ ਸਮੇਂ ਸਪੇਨ ਨੇ ਨਿਰਪੱਖ ਦ੍ਰਿਸ਼ਟੀਕੋਣ ਰੱਖਿਆ ਅਤੇ ਇਸ ਨੇ ਕੈਟਾਲਾਨ ਦੀ ਸਵੈ-ਸਰਕਾਰ ਦੀ ਇਕ ਇਕਾਈ ਦੇ ਰੂਪ ਵਿਚ ਮੈਨਕਮਿਊਨੀਦਾਦ ਸਥਾਪਿਤ ਕਰਨ ਦੀ ਇਜਾਜ਼ਤ ਦੇ ਦਿੱਤੀ। ਸੰਨ 1917 ਵਿਚ ਜੂਨ ਤੋਂ ਅਕਤੂਬਰ ਤੱਕ ਇਹ ਫਿਰ ਪ੍ਰਧਾਨ ਮੰਤਰੀ ਬਣਿਆ। ਇਸ ਸਮੇਂ ਇਸ ਨੇ ਗੜਬੜ, ਹੜਤਾਲਾਂ ਅਤੇ ਬਗ਼ਾਵਤ ਆਦਿ ਤੇ ਕਾਬੂ ਪਾਉਣ ਲਈ ਸੰਵਿਧਾਨਕ ਸਹੂਲਤਾਂ ਅਸਥਾਈ ਤੌਰ ਤੇ ਬੰਦ ਕਰ ਦਿੱਤੀਆਂ। ਸੰਨ 1920 ਵਿਚ ਇਹ ਤੀਜੀ ਵਾਰ ਫੇਰ ਪ੍ਰੀਮੀਅਰ ਬਣਿਆ ਤੇ ਮਜ਼ਦੂਰ-ਵਜ਼ਾਰਤ ਦੀ ਸਥਾਪਨਾ ਕੀਤੀ ਤੇ ਕੰਜ਼ਰਵੇਟਿਵ ਪਾਰਟੀ ਵਿਚ ਏਕਤਾ ਕਰਨ ਲਈ ਪੂਰੀ ਵਾਹ ਲਾਈ ਅਤੇ ਸਮਾਜਕ ਔਕੜਾਂ ਤੇ ਕਾਬੂ ਪਾਉਣ ਦੇ ਯਤਨ ਵਿਚ ਲੱਗ ਗਿਆ। ਇਸੇ ਦੌਰਾਨ 8 ਮਾਰਚ , 1921 ਨੂੰ ਮੈਡਰਿਡ ਵਿਖੇ ਇਕ ਬਾਗ਼ੀ ਨੇ ਇਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਹ. ਪੁ.—ਐਨ. ਬ੍ਰਿ. ਮਾ. 3 : 897

**ਡਾਂਡਰਸ, ਫ਼ਰਾਂਸ ਕਾਰਨੀਲੀਅਸ** : ਜਰਮਨੀ ਦੇ ਇਸ ਅੱਖ ਵਿਗਿਆਨੀ ਦਾ ਜਨਮ 27 ਮਈ, 1818 ਨੂੰ ਨੀਦਰਲੈਂਡ ਵਿਚ ਟਿਲਬਰਗ ਵਿਖੇ ਹੋਇਆ। ਇਹ ਯੂਟ੍ਰੈਕਟ ਵਿਖੇ ਸਿਖਿਆ ਪ੍ਰਾਪਤ ਕਰਨ ਮਗਰੋਂ ਫ਼ੌਜ ਵਿਚ ਸਰਜਨ ਲਗ ਗਿਆ। ਸੰਨ 1847 ਵਿਚ ਯੂਟ੍ਰੈਕਟ ਵਿਖੇ ਇਹ ਸਰੀਰ-ਕ੍ਰਿਆਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਇਸ ਨੇ 1852 ਤੋਂ ਬਾਅਦ ਅੱਖ ਵਿਗਿਆਨ ਦੇ ਖੇਤਰ ਵਿਚ ਮੁਹਾਰਤ ਹਾਸਲ ਕੀਤੀ ਜਿਸ ਦਾ ਸਬੰਧ ਇਸ ਰਾਹੀਂ 'Muscae Volitantes (1847), ਦਰਸ਼ੀ ਕਿਰਨ ਰੇਖਾ ਦੀ ਅਭਿਰੂਪਤਾ ਅਤੇ ਅਨੁਕੂਲਣ ਵਿਚਲੇ ਆਪਸੀ ਸਬੰਧ (1848), ਕਾਰਨੀਆ ਦੀ ਪੁਨਰ ਸੁਰਜੀਤੀ (1848), ਅਤਿਦੀਰਘ ਦ੍ਰਿਸ਼ਟੀ (1858), ਦੀਰਘ ਦ੍ਰਿਸ਼ਟੀ (1862) ਅਤੇ ਦ੍ਰਿਸ਼ਟੀ ਬਿਖਮਤਾ (1862) ਬਾਰੇ ਕੀਤੇ ਅਧਿਐਨ ਨਾਲ ਹੈ। ਇਸ ਦੁਆਰਾ ਲਿਖੀ ਗਈ "The Anomalies of Refraction and Accommodatian" ਨਾਮੀ ਪੁਸਤਕ 1864 ਵਿਚ ਇੰਗਲੈਂਡ ਵਿਖੇ ਪ੍ਰਕਾਸ਼ਿਤ ਹੋਈ। ਯੂਟ੍ਰੈਕਟ ਵਿਖੇ 24 ਮਾਰਚ, 1889 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 582

**ਡਾਡਾ** : ਕਲਾ ਦੇ ਖੇਤਰ ਵਿਚ ਇਹ ਇਕ ਸਰਬ-ਖੰਡਨਵਾਦ ਲਹਿਰ ਸੀ ਜਿਹੜੀ ਕਿ 20 ਵੀਂ ਸਦੀ ਦੇ ਮੁੱਢ ਵਿਚ ਵਧੇਰੇ ਕਰਕੇ ਜ਼ਿਊਰਿਕ, ਨਿਊਯਾਰਕ, ਬਰਲਿਨ, ਕੋਲੋਨ, ਹੈਨੋਵਰ ਅਤੇ ਪੈਰਿਸ ਵਿਚ ਫੈਲੀ ਸੀ। ਇਸ ਲਹਿਰ ਦਾ ਨਾਂ ਡਾਡਾ ਕਿਉਂ ਪਿਆ, ਇਸ ਬਾਰੇ ਵੱਖ ਵੱਖ ਰਾਵਾਂ ਹਨ। ਵਧੇਰੇ ਪ੍ਰਚੱਲਤ ਵਿਚਾਰ ਅਨੁਸਾਰ 1916 ਈ. ਵਿਚ ਕੁਝ ਨੌਜਵਾਨ ਕਲਾਕਾਰਾਂ ਦੀ ਜ਼ਿਊਰਿਕ ਵਿਖੇ ਹੋ ਰਹੀ ਇਕ ਮੀਟਿੰਗ ਵਿਚ ਇਹ ਨਾਂ ਸਹਿਜਸੁਭਾ ਹੀ ਅਪਣਾਇਆ ਗਿਆ ਸੀ ਜਦੋਂ ਇਕ ਫਰੈਂਚ-ਜਰਮਨ ਡਿਕਸ਼ਨਰੀ ਵਿਚ ਰਖਿਆ ਪਿਆ ਇਕ ਪੇਪਰ ਲਾਈਫ਼ ਡਾਡਾ (ਫ਼ਰਾਂਸੀਸੀ ਭਾਸ਼ਾ ਵਿਚ ਇਸ ਦਾ ਅਰਥ ਹੈ ਤਫ਼ਰੀਹ ਘੋੜਾ) ਸ਼ਬਦ ਵੱਲ ਇਸ਼ਾਰਾ ਕਰਦਾ ਦਿਖਾਈ ਦਿੱਤਾ। ਨੌਜਵਾਨਾਂ ਦੇ ਉਸ ਗਰੁੱਪ ਨੂੰ ਆਪਣੀਆਂ ਸੁਹਜ-ਸੁਆਦ ਵਿਰੋਧੀ ਕ੍ਰਿਤਾਂ ਤੇ ਰੋਸ ਪ੍ਰਗਟ ਕਰਨ ਵਾਲੀਆਂ ਸਰਗਰਮੀਆਂ ਲਈ ਇਹ ਨਾਂ ਬੜਾ ਢੁਕਵਾਂ ਜਾਪਿਆ ।

ਇਸ ਲਹਿਰ ਦਾ ਮੁੱਢ ਫ਼ਰਾਂਸੀਸੀ ਚਿੱਤਰਕਾਰ ਮਾਰਸਲ ਡੂਸ਼ਾਂ (Marcel-Duchamp) ਨੇ 1913 ਵਿਚ ਆਪਣੀ ਕ੍ਰਿਤ ਸਟੂਲ ਉੱਤੇ ਪੁੱਠੇ ਪਏ ਬਾਈਸਿਕਲ ਵ੍ਹੀਲ ਨਾਲ ਆਰੰਭ ਕੀਤੀ। ਜ਼ਿਊਰਿਕ ਵਾਂਗ ਨਿਊਯਾਰਕ ਵਿਚ ਵੀ ਮੈਨਰੇ ਅਤੇ ਫ਼੍ਰਾਂਸਿਸ ਪਿਕਾਬੀਆ ਵਰਗੇ ਕਲਾਕਾਰ ਡਾਡਾ ਵਰਗੀਆਂ ਸਰਗਰਮੀਆਂ ਵਿਚ ਲਗੇ ਰਹੇ। ਉਨ੍ਹਾਂ ਨੇ 291 'ਦੀ ਬਲਾਈਂਡ ਮੈਨ ਰੌਂਗਰੌਂਗ' ਅਤੇ 'ਨਿਊ ਯਾਰਕ ਡਾਡਾ' ਵਰਗੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ। ਇਨ੍ਹਾਂ ਸਾਰੀਆਂ ਸਰਗਰਮੀਆਂ ਦਾ ਨਿਸ਼ਾਨਾ ਪ੍ਰਚੱਲਤ ਸੁਹਜ ਸੁਆਦ ਦੇ ਮਿਆਰ ਨੂੰ ਢਹਿ ਢੇਰੀ ਕਰਨਾ ਸੀ। ਸੰਨ 1917 ਵਿਚ ਡਾਡਾ ਲਹਿਰ ਬਰਲਿਨ ਵੀ ਲਿਜਾਈ ਗਈ। ਉਥੇ ਇਹ ਵਧੇਰੇ ਕਰਕੇ ਸਿਆਸੀ ਰੰਗਣ ਲੈ ਗਈ। ਉਥੋਂ ਦੇ ਕਲਾਕਾਰਾਂ ਦਾ ਆਪਣੇ ਵਿਚਾਰ ਪੇਸ਼ ਕਰਨ ਦਾ ਇਹ ਵਿਲੱਖਣ ਢੰਗ ਸੀ ਜਿਸ ਵਿਚ ਵੱਖ ਵੱਖ ਤਰ੍ਹਾਂ ਦੀਆਂ ਫੋਟੋਆਂ ਚੇਪ ਕੇ ਉਨ੍ਹਾਂ ਦੇ ਹੇਠਾਂ ਦੱਸਣ ਯੋਗ ਗੱਲਾਂ ਛਾਪੀਆਂ ਜਾਂਦੀਆਂ ਸਨ। ਕਲਾਕਾਰ ਪਬਲਿਕ ਜਲਸਿਆਂ ਦੁਆਰਾ ਵੀ ਲੋਕਾਂ ਨੂੰ ਰੋਹ ਦਿਵਾਉਂਦੇ ਸਨ। ਜਰਮਨੀ ਦੇ ਹੋਰਾਂ ਸ਼ਹਿਰਾਂ ਵਿਚ ਵੀ ਡਾਡਾ ਪ੍ਰਕਾਸ਼ਨਾਵਾਂ ਹੋਂਦ ਵਿਚ ਆਉਣ ਲਗ ਪਈਆਂ।

ਪੈਰਿਸ ਵਿਚ ਡਾਡਾ ਲਹਿਰ ਵਧੇਰੇ ਕਰਕੇ ਸਾਹਿਤਕ ਰੰਗਣ ਲੈ ਗਈ ਪਰ 1922 ਤੋਂ ਮਗਰੋਂ ਇਸ ਲਹਿਰ ਦਾ ਤੇਜ ਘਟਣ ਲੱਗ ਪਿਆ ਅਤੇ ਇਸ ਗਰੁਪ ਦਾ ਧਿਆਨ ਪੜਯਥਾਰਥਵਾਦ ਵੱਲ ਹੋ ਗਿਆ। ਡਾਡਾ ਲਹਿਰ ਨੇ 20 ਵੀਂ ਸਦੀ ਦੀ ਕਲਾ ਉਤੇ ਬਹੁਤ ਡੂੰਘਾ ਪ੍ਰਭਾਵ ਪਾਇਆ।

ਹ. ਪੁ.—ਐਨ. ਬ੍ਰਿ. ਮਾ. 3 :341 ; ਐਨ. ਅਮੈ. 8 : 390 ; ਕੋਲ. ਐਨ. 6 : 31.

**ਡਾੱਨ** : ਇੰਗਲੈਂਡ ਦਾ ਇਕ ਦਰਿਆ ਹੈ ਜਿਹੜਾ ਪੈਨਾਈਨ ਪਰਬਤ-ਲੜੀ ਵਿਚੋਂ 460 ਮੀ. ਦੀ ਉੱਚਾਈ ਤੋਂ ਨਿਕਲਦਾ ਹੈ। ਇਹ ਦੱਖਣੀ ਯਾਰਕਸ਼ਿਰ ਦੇ ਡੂੰਘੇ ਤੇ ਕੱਟੇ-ਵੱਢੇ ਹੋਏ ਕੋਲੇ ਦੇ ਖੇਤਰ ਵਿਚੋਂ ਹੁੰਦਾ ਹੋਇਆ ਸ਼ੈਫੀਲਡ ਸ਼ਹਿਰ ਕੋਲੋਂ ਦੀ ਲੰਘਕੇ ਸਟੀਲ-ਨਿਰਮਾਣ ਡਿਸਟ੍ਰਿਕਟ ਦੇ ਖੇਤਰ ਵਿਚ ਦਾਖ਼ਲ ਹੁੰਦਾ ਹੈ। ਇਥੋਂ ਇਹ ਆਪਣਾ ਰੁਖ ਉੱਤਰ-ਪੂਰਬ ਵੱਲ ਕਰਦਾ ਹੈ ਤੇ ਡਾਨਕੈਸਟਰ ਪਾਰ ਕਰ ਜਾਂਦਾ ਹੈ। ਇਥੇ ਆ ਕੇ ਇਸਦੀ ਵਾਦੀ ਕਾਫ਼ੀ ਚੌੜੀ ਹੋ ਜਾਂਦੀ ਹੈ ਅਤੇ 110 ਕਿ. ਮੀ. ਦਾ ਪੰਧ ਤੈਅ ਕਰਨ ਉਪਰੰਤ ਗੂਲੀ ਦੇ ਸਥਾਨ ਤੋਂ ਇਹ ਊਜ਼ ਦਰਿਆ ਵਿਚ ਜਾ ਮਿਲਦਾ ਹੈ।

55° 37′ ਉ. ਵਿਥ. ; 1° 2′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 170

**ਡਾੱਨ** : ਸਕਾਟਲੈਂਡ ਦਾ ਇਕ ਦਰਿਆ ਹੈ ਜਿਹੜਾ ਇਸ ਦੇ ਉੱਤਰੀ ਕੇਂਦਰੀ ਭਾਗ ਵਿਚ ਵਗਦਾ ਹੈ। ਇਹ ਦਰਿਆ ਮੀਕਲ ਗ੍ਰੇਟ ਪਰਬਤਾਂ ਦੀਆਂ ਢਲਾਣਾਂ ਵਿਚੋਂ ਨਿਕਲਦਾ ਹੈ ਅਤੇ ਪਹਿਲਾਂ ਦਰਿਆ 'ਡੀ' ਦੇ ਸਮਾਨਾਂਤਰ ਪੂਰਬੀ ਦਿਸ਼ਾ ਵੱਲ ਅਤੇ ਫਿਰ ਦੱਖਣੀ ਦਿਸ਼ਾ ਵੱਲ ਵਹਿੰਦਾ ਹੈ। 132 ਕਿ. ਮੀ. ਦਾ ਪੰਧ ਤੈਅ ਕਰਨ ਉਪਰੰਤ ਐਬਰਡੀਨ ਦੇ ਸਥਾਨ ਤੋਂ ਉੱਤਰੀ ਸਾਗਰ ਵਿਚ ਜਾ ਡਿਗਦਾ ਹੈ। ਡਾੱਨ ਦੇ ਉਪਰਲੇ ਹਿੱਸੇ ਵਿਚ ਕਈ ਪਹਾੜੀ ਨਾਲੇ ਇਸ ਵਿਚ ਆ ਕੇ ਰਲਦੇ ਹਨ। ਨੀਵੀਂ ਭੂਮੀ ਵਿਚ ਆ ਕੇ ਇਸ ਦਾ ਵਹਾਓ ਸ਼ਾਂਤੀਪੂਰਨ ਹੋ ਜਾਂਦਾ ਹੈ। ਇਸ ਖੇਤਰ ਵਿਚ ਖੇਤੀ ਕੀਤੀ ਜਾਂਦੀ ਹੈ ਤੇ ਡੰਗਰ-ਪਸ਼ੂ ਵੀ ਪਾਲੇ ਜਾਂਦੇ ਹਨ। ਐਬਰਡੀਨ ਸ਼ਹਿਰ ਤੋਂ ਬਿਨਾਂ ਇਨਵੈਰੁਰੀ ਇਸ ਦਰਿਆ ਦੇ ਕੰਢੇ ਦਾ ਇਕ ਹੋਰ ਉੱਘਾ ਸ਼ਹਿਰ ਹੈ।

57° 15′ ਉ. ਵਿਥ.; 2° 40′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 :170

**ਡਾੱਨ** : ਸੋਵੀਅਤ ਯੂਰਪ ਦਾ ਇਹ ਦਰਿਆ ਕੇਂਦਰੀ ਰੂਸ ਦੀਆਂ ਉੱਚ-ਭੂਮੀਆਂ ਵਿਚੋਂ ਮਾਸਕੋ ਦੇ ਦੱਖਣ ਵਿਚ ਨੋਵੋਮੋਸਕੋਵਸਕ ਸ਼ਹਿਰ ਦੇ ਨਜ਼ਦੀਕ ਸ਼ੈਂਟ ਨਾਂ ਦੇ ਇਕ ਛੋਟੇ ਜਿਹੇ ਜਲ-ਭੰਡਾਰ ਵਿਚੋਂ ਨਿਕਲਦਾ ਹੈ। ਇਹ ਦਰਿਆ ਤਕਰੀਬਨ ਦੱਖਣੀ ਦਿਸ਼ਾ ਵਿਚ ਵਹਿੰਦਾ ਹੋਇਆ 1,870 ਕਿ. ਮੀ. ਦਾ ਫ਼ਾਸਲਾ ਤੈਅ ਕਰਨ ਉਪਰੰਤ ਆਜ਼ੋਵ ਸਾਗਰ ਦੀ ਟਾਗਨਰੋਗ ਖਾੜੀ ਵਿਚ ਜਾ ਡਿਗਦਾ ਹੈ। ਡਾੱਨ ਰੂਸ ਦਾ ਇਕ ਇਤਿਹਾਸਕ, ਮਹੱਤਵਪੂਰਨ ਪ੍ਰਤੀਕਾਤਮਕ ਜਲ-ਮਾਰਗ ਹੈ। ਕ੍ਰਾਸੀਵਾਯਾ ਮੀਚਾ, ਸੋਸਨਾ, ਚਿਰ ਅਤੇ ਡੋਨੈੱਟਸ ਇਸ ਦੀਆਂ ਸੱਜੇ ਕੰਢੇ ਦੀਆਂ ਅਤੇ ਵੋਰੋਨੈਜ਼, ਖੋਪਰ ਅਤੇ ਮਾਨਯੈਹ ਇਸ ਦੇ ਖੱਬੇ ਕੰਢੇ ਦੀਆਂ ਸਹਾਇਕ ਨਦੀਆਂ ਹਨ। ਆਰੰਭ ਵਿਚ ਡਾੱਨ ਕੇਂਦਰੀ ਰੂਸ ਦੀਆਂ ਉਠਾਣਾਂ ਦੇ ਪੂਰਬੀ ਕੰਢੇ ਦੇ ਨਾਲ ਨਾਲ ਵਹਿੰਦਾ ਹੈ ਅਤੇ ਇਸ ਪੰਧ ਦੇ ਵਿਚਕਾਰਲੇ ਹਿੱਸੇ ਵਿਚ ਆ ਕੇ ਵਾਦੀ 6 ਕਿ. ਮੀ. ਤੱਕ ਚੌੜੀ ਹੋ ਜਾਂਦੀ ਹੈ ਤੇ ਇਹ ਸੀਮਾਲਿੰਸਕ ਜਲ-ਭੰਡਾਰ ਵਿਚ ਦਾਖ਼ਲ ਹੁੰਦਾ ਹੈ। ਇਹ ਜਲ-ਭੰਡਾਰ 156 ਮੀ. ਲੰਬਾ ਤੇ 38.4 ਕਿ. ਮੀ. ਚੌੜਾ ਹੈ ਤੇ ਡਾੱਨ ਦੇ ਵਹਾਓ ਦਾ ਅੰਤਲਾ ਭਾਗ ਬਣਾਉਂਦਾ ਹੈ। ਇਥੇ ਇਹ ਜਲ-ਭੰਡਾਰ ਦਰਿਆ ਦੇ ਅਗਲੇ ਵਹਾਓ ਨੂੰ ਸਾਲ-ਭਰ ਲਗਾਤਾਰ ਇਕੋ ਜਿਹਾ ਰੱਖਦਾ ਹੈ ਜਿਸ ਕਰਕੇ ਇਸ ਹਿੱਸੇ ਵਿਚ ਢੋਆ-ਢੁਆਈ ਲਈ ਜਹਾਜ਼ਰਾਨੀ ਮੁਮਕਿਨ ਰਹਿੰਦੀ ਹੈ।

ਆਰੰਭ ਵਿਚ ਡਾੱਨ ਦਾ ਵਹਾਓ ਬਰਫ਼ ਉੱਪਰ ਨਿਰਭਰ ਹੁੰਦਾ ਸੀ। ਦਰਿਆਈ ਬੇਸਿਨ ਵਿਚੋਂ ਬਹੁਤ ਸਾਰੇ ਖਣਿਜ ਘੁਲ ਕੇ ਆਜ਼ੋਵ ਸਾਗਰ ਵਿਚ ਪਹੁੰਚਦੇ ਰਹਿੰਦੇ ਹਨ। ਦਰਿਆ ਦੇ ਬੇਸਿਨ ਦਾ ਜ਼ਿਆਦਾ ਤਰ ਹਿੱਸਾ ਜ਼ਰਖੇਜ਼ ਖੇਤਾਂ ਦੇ ਰੂਪ ਅਤੇ ਟਿੰਬਰ ਪੈਦਾ ਕਰਨ ਵਾਲਾ ਖੇਤਰ ਹੈ। ਹੇਠਲੇ ਭਾਗ ਵਿਚ ਸਿੰਜਾਈ ਲਈ ਨਹਿਰਾਂ ਦਾ ਜਾਲ ਵਿਛਿਆ ਹੋਇਆ ਹੈ। ਦਰਿਆ ਦਾ ਡੈਲਟਾ ਮੱਛੀ ਫੜਨ ਲਈ ਬਹੁਤ ਹੀ ਲਾਹੇਵੰਦ ਹੈ। ਬਹਾਰ ਦੇ ਮੌਸਮ ਦੌਰਾਨ ਡਾੱਨ ਵਿਚ ਆਜ਼ੋਵ ਸਾਗਰ ਤੋਂ 990 ਮੀ. ਤੱਕ ਜਹਾਜ਼ਰਾਨੀ ਹੋ ਸਕਦੀ ਹੈ। ਇਸ ਦੇ ਕੰਢੇ ਉੱਤੇ ਕਈ ਵੱਡੀਆਂ ਬੰਦਰਗਾਹਾਂ ਹਨ।

47° 30′ ਉ. ਵਿਥ. ; 40° 30′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 170

**ਡਾਨਐਕਰ, ਯੋਹਾਨ ਹਾਈਨਰਿਕ ਵੱਾਨ** : ਜਰਮਨੀ ਦੇ ਇਸ ਬੁੱਤਕਾਰ ਦਾ ਜਨਮ 15 ਅਕਤੂਬਰ, 1758 ਨੂੰ ਸਟਟਗਾਰਟ ਵਿਖੇ ਹੋਇਆ। ਇਸ ਦਾ ਪਿਤਾ ਵੂਰਵੈੱਮਬਰਗ ਦੇ ਡਿਊਕ ਦੇ ਅਸਤਬਲ ਵਿਚ ਨੌਕਰ ਸੀ। ਡਿਊਕ ਨੇ ਇਸ ਨੌਜੁਆਨ ਕਲਾਕਾਰ ਨੂੰ ਸੰਨ 1780 ਵਿਚ ਸਟਟਗਾਰਟ ਦੇ ਪੁਰਾਣੇ ਮਹੱਲ ਨੂੰ ਸਜਾਉਣ ਲਈ ਨਿਯੁਕਤ ਕੀਤਾ। ਸੰਨ 1783 ਤੋਂ 1785 ਤਕ ਇਸ ਨੇ ਪੈਰਿਸ ਤੋਂ ਅਤੇ ਫਿਰ ਰੋਮ ਵਿਖੇ ਸਿਖਿਆ ਪ੍ਰਾਪਤ ਕੀਤੀ। ਰੋਮ ਵਿਖੇ ਇਹ 1790 ਤੱਕ ਰਿਹਾ ਅਤੇ ਨਵ-ਕਲਾਸਕੀਵਾਦ ਤੋਂ ਬਹੁਤ ਪ੍ਰਭਾਵਿਤ ਹੋਇਆ। ਫਿਰ ਇਹ ਸਟਟਗਾਰਟ ਪਰਤ ਆਇਆ। ਆਪਣੇ ਅਖ਼ੀਰਲੇ 40 ਸਾਲ ਇਸ ਨੇ ਮੁੱਖ ਤੌਰ ਤੇ ਸਟਟਗਾਰਟ ਵਿਖੇ ਹੀ ਬਿਤਾਏ। ਇਸ ਨੂੰ ਬੁੱਤਕਾਰੀ ਦੇ ਪ੍ਰੋਫ਼ੈਸਰ ਅਤੇ ਮਹੱਲ ਦੀ ਆਰਟ ਗੈਲਰੀ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਹ ਗੈਟੇ ਅਤੇ ਸ਼ਿਲਰ ਦੋਹਾਂ ਦਾ ਦੋਸਤ ਸੀ। ਇਸ ਰਾਹੀਂ ਬਣਾਏ ਗਏ ਸ਼ਿਲਰ ਅਤੇ ਗੱਲਕ ਦੇ ਅੱਧੇ ਬੁੱਤ ਇਸ ਦੀਆਂ ਵਧੀਆ ਕ੍ਰਿਤਾਂ ਵਿਚੋਂ ਮੰਨੇ ਗਏ ਹਨ। ਇਸ ਤੋਂ ਇਲਾਵਾ ਇਸ ਦੀਆਂ ਮਹਾਨ ਕ੍ਰਿਤਾਂ ਵਿਚ ਈਸਾ-ਮਸੀਹ ਦਾ ਬੁੱਤ ਜਿਸ ਉੱਪਰ ਇਸ ਨੇ ਅੱਠ ਸਾਲ ਲਗਾਏ, ਸੰਗੀਤਕਾਰ ਕ੍ਰਿਸਟੋਫ਼ ਵਿਲੀਬਾਰਡ ਗਲੱਕ ਦਾ ਅੱਧਾ ਬੁੱਤ ਅਤੇ 'Ariadne' (1806) ਦਾ ਬੁੱਤ ਸ਼ਾਮਲ ਹਨ। ਇਸ ਨੂੰ ਕਈ ਵਾਰੀ ਸਨਮਾਨਿਆ ਗਿਆ।

ਇਸ ਨੇ ਨਵ-ਕਲਾਸਕੀਵਾਦ ਯੁਗ ਦੀਆਂ ਕਲਾ-ਪਰੰਪਰਾਵਾਂ ਦੀ ਵਿਆਖਿਆ ਕੀਤੀ । ਇਸ ਦੀਆਂ ਕ੍ਰਿਤਾਂ ਉੱਤੇ ਸ਼ਾਸਤਰੀ ਸ਼ੈਲੀ ਦੀ ਪ੍ਰਾਚੀਨਤਾ ਅਤੇ ਈਸਾਈ ਕਲਾ ਦਾ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ। ਇਸ ਦੇ ਘਰ ਅਤੇ ਗੈਲਰੀ ਦਾ ਵਰਣਨ-ਹੈਨਰੀ ਵਾਡਜ਼ਵਰਥ ਲਾਂਗਫੈਲੋ ਨੇ 'Hyperion' ਵਿਚ ਕੀਤਾ ਹੈ।

8 ਦਸੰਬਰ, 1841 ਨੂੰ ਸਟਟਗਾਰਟ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 8 :462 ਬੀ; ਕੋਲ. ਐਨ. 6 : 80; ਐਨ. ਬ੍ਰਿ. 7 : 58

**ਡਾੱਨ, ਜਾਨ** : ਇੰਗਲੈਂਡ ਦੇ ਇਸ ਕਵੀ ਅਤੇ ਪਾਦਰੀ ਦਾ ਜਨਮ ਰੋਮਨ ਕੈਥੋਲਿਕ ਮਾਪਿਆਂ ਦੇ ਘਰ 1572 ਈ. ਵਿਚ ਲੰਡਨ ਸ਼ਹਿਰ ਵਿਖੇ ਹੋਇਆ। ਇਸ ਦਾ ਪਿਤਾ ਇਕ ਅਮੀਰ ਵਪਾਰੀ ਸੀ ਇਸ ਦੀ ਮਾਂ ਐਲਿਜ਼ਬੈਥ ਹੇਵੁੱਡ ਇਕ ਨਾਟਕਕਾਰ ਦੀ ਧੀ ਸੀ।



ਜਾਨ ਡਾਨ

ਸੰਨ 1584 ਵਿਚ ਇਹ ਹਾਰਟ ਹਾਲ ਆਕਸਫ਼ੋਰਡ ਵਿਚ ਦਾਖਲ ਹੋਇਆ। ਪਿੱਛੋਂ 1592 ਵਿਚ ਇਹ ਲਿੰਕਨ ਇੰਨ ਵਿਚ ਕਾਨੂੰਨ ਦੀ ਵਿੱਦਿਆ ਪ੍ਰਾਪਤ ਕਰਨ ਲਈ ਗਿਆ। ਅਗਸਤ, 1596 ਵਿਚ ਇਸ ਨੂੰ ਸਰ ਟਾਮਸ ਟੀਜ਼ਰਟਨ ਦਾ ਸਕੱਤਰ ਨਿਯੁਕਤ ਕੀਤਾ ਗਿਆ।

ਇਸ ਦੀਆਂ ਦੋ ਕਵਿਤਾਵਾਂ 'ਦੀ ਸਟਾਰਮ' ਅਤੇ 'ਦੀ ਕਾਮ' ਛੰਦ ਨਾਵਲ ਪੱਤਰਕਾਰੀ ਦੀਆਂ ਪ੍ਰਸਿੱਧ ਉਦਾਹਰਣਾਂ ਹਨ।

ਦਸੰਬਰ, 1601 ਵਿਚ ਇਸ ਨੇ ਈਜਰਟਨ ਦੀ ਭਤੀਜੀ ਐਨ ਮੂਰ ਨਾਲ ਚੋਰੀ ਛੁੱਪੇ ਵਿਆਹ ਕਰਵਾ ਲਿਆ ਜਿਸ ਕਰਕੇ ਇਸ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ। ਇਸ ਨੂੰ ਇਸ ਕਸੂਰ ਬਦਲੇ ਜੇਲ੍ਹ ਵੀ ਜਾਣਾ ਪਿਆ। ਜੇਲ੍ਹ ਤੋਂ ਰਿਹਾ ਹੋਣ ਤੇ ਇਸ ਦੇ ਗਰੀਬੀ ਦੇ ਦਿਨ ਸ਼ੁਰੂ ਹੋ ਗਏ।

ਇਸ ਦੀ ਸਭ ਤੋਂ ਚੰਗੀ ਕਵਿਤਾ ਵਿਆਹ ਪਿੱਛੋਂ ਹੀ ਲਿਖੀ ਗਈ। ਇਹ ਕਵਿਤਾ ਛਪਵਾਉਣ ਲਈ ਨਹੀਂ ਸਗੋਂ ਆਪਣੇ ਆਪ ਅਤੇ ਆਪਣੇ ਮਿੱਤਰਾਂ ਨੂੰ ਖੁਸ਼ ਕਰਨ ਲਈ ਲਿਖਦਾ ਸੀ। ਆਪਣੀਆਂ ਧਾਰਮਕ ਗੁੰਝਲਾਂ ਤੇ ਸੰਦੇਹਾਂ ਨੂੰ ਇਸ ਨੇ ਆਪਣੇ ਧਾਰਮਕ ਗੀਤਾਂ (1607-13) ਵਿਚ ਵਿਅਕਤ ਕੀਤਾ ਹੈ।

ਵੀਹਵੀਂ ਸਦੀ ਵਿਚ ਇਸ ਦੀਆਂ ਕਵਿਤਾਵਾਂ ਬਹੁਤ ਪ੍ਰਸਿੱਧ ਹੋਈਆਂ। ਪਹਿਲੇ ਵਿਸ਼ਵ ਯੁੱਧ ਅਤੇ ਦੂਜੇ ਵਿਸ਼ਵ ਯੁੱਧ ਵਿਚਕਾਰ ਅਮਰੀਕਾ ਤੇ ਇੰਗਲੈਂਡ ਵਿਚ ਲਿਖੀ ਕਵਿਤਾ ਤੇ ਇਸ ਦੀ ਮੁਹਰ ਪ੍ਰਤੱਖ ਲਗੀ ਵਿਖਾਈ ਦਿੰਦੀ ਹੈ। ਅਜੋਕੇ ਪਾਠਕਾਂ ਲਈ ਤਾਂ ਇਸ ਦੀ ਵਾਰਤਕ ਹੀ ਬੜੀ ਮਹੱਤਵਪੂਰਨ ਹੈ। ਧਰਮ ਪ੍ਰਚਾਰ ਸੰਬੰਧੀ ਇਸ ਦੀ ਪੁਸਤਕ 'Devotions upon Emergent Occassions' 1624 ਵਿਚ ਪ੍ਰਕਾਸ਼ਿਤ ਹੋਈ।

31 ਮਾਰਚ, 1631 ਨੂੰ ਲੰਡਨ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 :586 ; ਐਨ. ਅਮੈ. 9 : 259

**ਡਾੱਨ ਜੁਆਨ** : ਇਹ ਉੱਘੇ ਨਾਟਕਕਾਰ ਮੌਲੀਯੈਰ ਦਾ ਇਕ ਸੁਖਾਂਤ ਨਾਟਕ ਹੈ ਜਿਹੜਾ ਟਿਰਸੋ ਡ ਮੋਲਿਨਾ ਦੇ ਇਕ ਨਾਟਕ ਤੇ ਆਧਾਰਿਤ ਹੈ। ਇਸਨੂੰ ਪਹਿਲੀ ਵਾਰ 15 ਫ਼ਰਵਰੀ, 1665 ਨੂੰ ਪੈਰਿਸ ਵਿਖੇ ਖੇਡਿਆ ਗਿਆ। ਇਸ ਵਿਚ ਮੌਲੀਯੈਰ ਨੇ ਨੌਕਰ ਦਾ ਰੋਲ ਅਦਾ ਕੀਤਾ ਅਤੇ ਉਸਨੇ ਉਪਦੇਸ਼ਾਤਮਕ ਪ੍ਰਚਾਰ ਦੀ ਥਾਂ ਤੇ ਚਰਿੱਤਰ ਚਿੱਤਰਨ ਉੱਤੇ ਜ਼ੋਰ ਦਿਤਾ ਹੈ। ਇਸ ਵਿਚਲਾ ਡਾਨ ਜੁਆਨ ਪੂਰਾ ਦੁਸ਼ਟ ਤੇ ਆਪਹੁਦਰਾ ਹੈ ਪਰ ਫੇਰ ਵੀ ਜਾਨ ਮਿਲਟਨ ਦੇ ਸ਼ੈਤਾਨ ਅਤੇ ਸ਼ੈਕਸਪੀਅਰ ਦੇ ਇਆਗੋ ਵਾਂਗ ਇਹ ਵੀ ਆਪਣੀਆਂ ਕਰਤੂਤਾਂ ਅਤੇ ਹਿੰਮਤ ਕਾਰਨ ਦਰਸ਼ਕਾਂ ਨੂੰ ਮੋਹ ਲੈਂਦਾ ਹੈ। ਵੱਖ ਵੱਖ ਪ੍ਰਸੰਗਾਂ ਦੁਆਰਾ ਮੌਲੀਯੈਰ ਨੇ ਡਾੱਨ ਜੁਆਨ ਦੇ ਚਰਿੱਤਰ ਨੂੰ ਸਹੀ ਰੂਪ ਵਿਚ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਇਹ ਕਿਧਰੇ ਆਪਣੀ ਬੀਵੀ ਨੂੰ ਬੇਰਹਿਮੀ ਨਾਲ ਤਿਆਗਦਾ ਦਿਖਾਇਆ ਗਿਆ ਹੈ, ਕਿਤੇ ਸਨਕੀਪੁਣੇ ਨਾਲ ਦੋ ਭੋਲੀਆਂ ਕੁੜੀਆਂ ਨਾਲ ਇਸ਼ਕ ਕਰਦਾ ਦਿਖਾਇਆ ਗਿਆ ਹੈ, ਕਿਤੇ ਚਾਪਲੂਸੀ ਭਰੇ ਸ਼ਬਦਾਂ ਨਾਲ ਉਸ ਵਪਾਰੀ ਨੂੰ ਝਾਂਸਾ ਦਿੰਦਾ ਹੈ ਜਿਸਦਾ ਉਹ ਦੇਣਦਾਰ ਹੈ, ਕਿਤੇ ਪਹਿਲਾਂ ਆਪਣੇ ਪਿਤਾ ਦੀ ਅਵੱਗਿਆ ਕਰਦਾ ਹੈ ਅਤੇ ਬਾਅਦ ਵਿਚ ਆਪਣੀਆਂ ਹਰਕਤਾਂ ਸੁਧਾਰਨ ਦਾ ਪੱਜ ਕਰਕੇ ਆਪਣੇ ਪਾਪਾਂ ਵਿਚ ਹੋਰ ਵਾਧਾ ਕਰਦਾ ਹੈ ਪਰ ਫੇਰ ਵੀ ਉਹ ਬੜੇ ਹੌਂਸਲੇ ਵਿਚ ਰਹਿੰਦਾ ਹੈ, ਭਾਵੇਂ ਡਾਕੂਆਂ ਨੂੰ ਲਲਕਾਰਦਾ ਹੈ, ਭਾਵੇਂ ਆਪਣੇ ਸਾਲਿਆਂ ਨਾਲ ਲੜਾਈ ਕਰਦਾ ਹੈ, ਨਾ ਉਸ ਨੂੰ ਰੱਬ ਦਾ ਭੈ ਹੈ, ਨਾ ਮਨੁੱਖ ਦਾ ਅਤੇ ਨਾ ਸ਼ੈਤਾਨ ਦਾ। ਰਹਿੰਦੀ ਖੂੰਹਦੀ ਕਸਰ ਨੌਕਰ ਪੂਰੀ ਕਰਦਾ ਹੈ ਜੋ ਆਪਣੇ ਮਾਲਕ ਦੀਆਂ ਹਰਕਤਾਂ ਨੂੰ ਘਿਰਣਾ ਨਾਲ ਦੇਖਦੇ ਹੋਏ ਕਈ ਵਾਰ ਡਰਦੇ ਡਰਦੇ ਵਿਰੋਧ ਪ੍ਰਗਟ ਕਰਦਾ ਹੈ ਪਰ ਉਸ ਨੂੰ ਛਡ ਕੇ ਜਾਣ ਲਈ ਕਦੇ ਵੀ ਤਿਆਰ ਨਹੀਂ ਹੋਇਆ ਅਤੇ ਡਾੱਨ ਜੁਆੱਨ ਦੇ ਨਰਕ ਵਿਚ ਜਾਣ ਸਮੇਂ ਉਸ ਨੂੰ ਆਪਣੀ ਤਨਖ਼ਾਹ ਦਾ ਹੀ ਫਿਕਰ ਹੈ। ਫ਼ਰਾਂਸੀਸੀ ਸ਼ਾਹੀ ਦਰਬਾਰ ਨੇ ਬਦਕਾਰੀ ਅਤੇ ਪਖੰਡ ਉਪਰ ਮੌਲੀਯੈਰ ਰਾਹੀਂ ਕੀਤੇ ਗਏ ਵਾਰਾਂ ਨੂੰ ਨਾਪਸੰਦ ਕੀਤਾ। ਇਸ ਲਈ ਮਗਰੋਂ ਇਸ ਨਾਟਕ ਵਿਚ ਜ਼ਰਾ ਨਰਮ ਰਵੱਈਆ ਵਰਤਾ ਕੇ ਪੇਸ਼ ਕੀਤਾ ਗਿਆ ਪਰ 1847 ਈ. ਤੋਂ ਫਿਰ ਇਸ ਨਾਟਕ ਨੂੰ ਮੌਲੀਯੈਰ ਦੇ ਲਿਖੇ ਅਨੁਸਾਰ ਹੀ ਖੇਡਿਆ ਜਾ ਰਿਹਾ ਹੈ।

ਹ. ਪੁ.—ਐਨ. ਅਮੈ. 9 : 251

**ਡਾਨ (ਜੂਲੀਅਸ ਸਾੱਫਸ) ਫੀਲਿਕਸ** : ਜਰਮਨੀ ਦੇ ਇਸ ਨਾਵਲਕਾਰ , ਕਵੀ, ਕਾਨੂੰਨਦਾਨ ਅਤੇ ਇਤਿਹਾਸਕਾਰ ਦਾ ਜਨਮ 9 ਫ਼ਰਵਰੀ, 1834 ਨੂੰ ਹੈਮਬਰਗ ਸ਼ਹਿਰ ਵਿਖੇ ਹੋਇਆ। ਇਸ ਨੇ ਮਿਊਨਿਕ ਅਤੇ ਬਰਲਿਨ ਵਿਚ ਫ਼ਿਲਾਸਫ਼ੀ ਅਤੇ ਕਾਨੂੰਨ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਪਿਛੋਂ ਮਿਊਨਿਕ ਵਿਖੇ ਪ੍ਰੋਫ਼ੈਸਰ ਲਗ ਗਿਆ।



**ਫੀਲਿਕਸ ਡਾਨ**

ਕਾਨੂੰਨ ਸਬੰਧੀ ਇਸ ਨੇ ਕਈ ਪੁਸਤਕਾਂ ਲਿਖੀਆਂ ਪਰ ਇਸ ਦੀ ਵਧੇਰੇ ਪ੍ਰਸਿੱਧੀ ਇਸ ਦੇ ਇਤਿਹਾਸਕ ਅਤੇ ਰੋਮਾਂਚਕ ਨਾਵਲਾਂ ਕਰਕੇ ਹੈ ਜਿਨ੍ਹਾਂ ਵਿਚੋਂ 'Die Koniga der Germanen' (11 ਜਿਲਦਾਂ' 1861-1907) ਅਤੇ 'Ein Kampfum Rom' (4 ਜਿਲਦਾਂ, 1876-78) ਬਹੁਤ ਮਹੱਤਵਪੂਰਨ ਹਨ।

ਲਿਖਣ ਦੇ ਇਸ ਮਹਾਨ ਕਾਰਜ ਵਿਚ ਇਸ ਦੀ ਪਤਨੀ ਨੇ ਇਸ ਦੀ ਬਹੁਤ ਸਹਾਇਤਾ ਕੀਤੀ। ਇਸਨੇ ਵਾਰਤਕ ਅਤੇ ਕਵਿਤਾ ਦੀਆਂ ਵੀ ਕਈ ਪੁਸਤਕਾਂ ਲਿਖੀਆਂ। ਇਸ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਦਾ ਇਕ ਸੰਗ੍ਰਹਿ 21 ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ। ਇਸ ਦੀ ਕਵਿਤਾ ਪੌਰਾਣਿਕ ਕਥਾਵਾਂ ਉੱਤੇ ਆਧਾਰਿਤ ਹੈ। ਇਨ੍ਹਾਂ ਵਿਚੋਂ 'Herald and Theano' (1854-55) ਅਤੇ 'Die Amalungen' ਉੱਤਮ ਮਹਾਂਕਾਵਿ ਹਨ।

2 ਜਨਵਰੀ, 1912 ਨੂੰ ਬ੍ਰੈਸਲਾਊ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਵ. ਐਨ. 4 : 230 ; ਵ. ਯੂ. ਐਨ. 5 : 430 ; ਐਨ. ਅਮੈ. 8 : 395 ; ਐਨ. ਬ੍ਰਿ. 6 : 696 ; ਐਨ. ਬ੍ਰਿ. ਮਾ. 3 : 346.

**ਡਾਨਟਰਾਕੈਸਟੋ** : ਇਹ ਨਿਊ ਗਿੱਨੀ ਦੀ ਪਾਪੂਆ ਖਾੜੀ ਵਿਚ ਸਥਿੱਤ ਇਕ ਦੀਪ ਹੈ ਜੋ ਨਿਊ ਗਿੱਨੀ ਦੇ ਪੂਰਬੀ ਸਿਰੇ ਤੋਂ ਲੈ ਕੇ ਵਾੱਰਡਜ਼ ਹੰਟ ਜਲ-ਡਮਰੂ ਦੇ ਪਾਰ, ਦੱਖਣ ਪੂਰਬੀ ਸ਼ਾਂਤ ਮਹਾਂਸਾਗਰ ਵਿਚ ਸਾਲਮਾਨ ਸਾਗਰ ਤੱਕ ਫੈਲਿਆ ਹੈ। ਪ੍ਰਬੰਧਕੀ ਪੱਖ ਤੋਂ ਇਹ ਟਾਪੂ ਮਿਲਨ ਬੇ ਡਿਸਟ੍ਰਿਕਟ ਦਾ ਹਿੱਸਾ ਹਨ। ਇਨ੍ਹਾਂ ਵਿਚੋਂ ਨਾੱਰਮਨਬੀ, ਫਰਗਾਸਨ, ਗੁਡਅਨਫ, ਸਾਨਾਰੋਆ ਅਤੇ ਡੋਬੂ

ਜਵਾਲਾਮੁਖੀ ਦੀਪ ਹਨ। ਇਨ੍ਹਾਂ ਦੀਪਾਂ ਦੀਆਂ ਪਹਾੜੀਆਂ ਜੰਗਲਾਂ ਨਾਲ ਭਰੀਆਂ ਹੋਈਆਂ ਹਨ। ਇਨ੍ਹਾਂ ਦੀਆਂ ਢਲਾਨਾਂ ਸਿੱਧੀਆਂ ਹਨ ਅਤੇ ਕਈ ਚੋਟੀਆਂ ਦੀ ਉੱਚਾਈ 500 ਤੋਂ 2400 ਮੀ. ਤੱਕ ਜਾਂਦੀ ਹੈ। ਸਾਰੇ ਦੀਪਾਂ ਦਾ ਕੁੱਲ ਖੇਤਰਫਲ 3,142 ਵ. ਕਿ. ਮੀ. ਹੈ। ਇਨ੍ਹਾਂ ਦੀਪਾਂ ਨੂੰ ਪਹਿਲਾਂ ਪਹਿਲ ਇਕ ਫ਼ਰਾਂਸੀਸੀ ਜਹਾਜ਼ਰਾਨ ਬਰੂਨੀ ਡਾਨਟਰਾਕੈਸਟੋ ਨੇ 1793 ਈ. ਵਿਚ ਲੱਭਿਆ ਸੀ ਅਤੇ ਉਸ ਨੇ ਆਪਣੇ ਨਾਂ ਤੇ ਹੀ ਇਨ੍ਹਾਂ ਦਾ ਨਾਂ ਰੱਖ ਦਿੱਤਾ। ਇਥੋਂ ਦੀਆਂ ਤੱਟ-ਵਰਤੀ ਉਪਜਾਊ ਥਾਵਾਂ ਉੱਤੇ ਨਾਰੀਅਲ ਕਾਫ਼ੀ ਮਾਤਰਾ ਵਿਚ ਪੈਦਾ ਕੀਤਾ ਜਾਂਦਾ ਹੈ।

ਆਬਾਦੀ - 40,742 (1980)

9° 40′ ਦੱ. ਵਿਥ. ; 151° 0′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 18

**ਡਾਨਟਾੱਨ, ਜ਼ਾਰਜ਼ ਜ਼ਾਕ** : ਇਹ ਫ਼ਰਾਂਸੀਸੀ ਕ੍ਰਾਂਤੀਕਾਰੀ ਲੀਡਰ ਅਤੇ ਉੱਚ-ਕੋਟੀ ਦਾ ਬੁਲਾਰਾ ਸੀ। ਇਸ ਨੂੰ ਫ਼ਰਾਂਸ ਦੇ ਇਕ-ਪੁਰਖੀ ਰਾਜ ਦਾ ਤਖ਼ਤਾ ਉਲਟਾ ਕੇ ਫ਼ਰਾਂਸ ਵਿਚ ਪਹਿਲਾਂ ਗਣਤੰਤਰ ਰਾਜ ਸਥਾਪਿਤ ਕਰਨ ਵਾਲੀ ਮੁੱਖ ਤਾਕਤ ਵੀ ਕਿਹਾ ਜਾਂਦਾ ਹੈ। ਡਾਨਟਾੱਨ ਦਾ ਜਨਮ 26 ਅਕਤੂਬਰ, 1759 ਨੂੰ ਆਰਸੀ ਸੁਰ ਓਬ ਵਿਖੇ ਜਾਕੂਸ ਡਾਨਟਾੱਨ ਨਾਉਂ ਦੇ ਇਕ ਵਕੀਲ ਦੇ ਘਰ ਹੋਇਆ। ਸ਼ੈਂਪੇਨ ਵਿਖੇ ਸਕੂਲ ਦੀ ਪੜ੍ਹਾਈ ਕਰਨ ਉਪਰੰਤ 1784 ਈ. ਵਿਚ ਇਸ ਨੇ ਰੀਮਜ਼ ਤੋਂ ਕਾਨੂੰਨ-ਵਿੱਦਿਆ ਦੀ ਡਿਗਰੀ ਪ੍ਰਾਪਤ ਕੀਤੀ ਤੇ ਪੈਰਿਸ ਜਾ ਕੇ ਵਕਾਲਤ ਆਰੰਭੀ।

ਜੁਲਾਈ, 1789 ਵਿਚ ਫ਼ਰਾਂਸ ਦੀ ਕ੍ਰਾਂਤੀ ਆਰੰਭ ਹੋਣ ਸਮੇਂ ਇਹ ਕਾਰਡਿਲੀਰੋ ਡਿਸਟ੍ਰਿਕਟ ਦੇ ਸਿਵਿਕ ਗਾਰਡਾਂ ਵਿਚ ਸ਼ਾਮਲ ਹੋਇਆ ਅਤੇ ਅਕਤੂਬਰ ਵਿਚ ਡਿਸਟ੍ਰਿਕਟ ਦਾ ਪ੍ਰਧਾਨ ਬਣ ਗਿਆ। ਸੰਨ 1790 ਵਿਚ ਆਪਣੇ ਡਿਸਟ੍ਰਿਕਟ ਦੇ ਕੁਝ ਕੁ ਖਾੜਕੂ ਪੰਥੀਆਂ ਦੇ ਸਹਿਯੋਗ ਨਾਲ ਇਸ ਨੇ ਕਲੱਬ ਆਫ਼ ਕਾਰਡਿਲੀਅਰਜ਼ ਨਾਂ ਹੇਠ ਇਕ ਐਸੋਸੀਏਸ਼ਨ ਸਥਾਪਿਤ ਕੀਤੀ। ਸੰਨ 1791 ਵਿਚ ਇਹ ਪੈਰਿਸ ਡਿਪਾਰਟਮੈਂਟ ਦਾ ਪ੍ਰਸ਼ਾਸਕ ਚੁਣਿਆ ਗਿਆ। ਲੂਈ ਸੋਲਵੇਂ ਦੀ ਦੇਸ਼ ਛੱਡਣ ਦੀ ਚੇਸ਼ਟਾ ਉਪਰੰਤ ਪੈਦਾ ਹੋਏ ਸੰਕਟ ਦੌਰਾਨ ਡਾਨਟਾੱਨ ਦਾ ਨਾਂ ਕ੍ਰਾਂਤੀਕਾਰੀ ਲਹਿਰ ਵਿਚ ਕਾਫ਼ੀ ਉਭਰਿਆ। ਕਈ ਪਟੀਸ਼ਨ-ਕਰਤਾਵਾਂ ਨੂੰ ਕਤਲ ਕੀਤਾ ਗਿਆ ਪਰ ਡਾਨਟਾੱਨ ਲੰਡਨ ਜਾ ਕੇ ਲੁਕ ਗਿਆ। ਚੋਣ ਵਿਚ ਹਿੱਸਾ ਲੈਣ ਲਈ ਇਹ ਪੈਰਿਸ ਵਾਪਸ ਆ ਗਿਆ ਤੇ 1791 ਈ. ਦੇ ਦਸੰਬਰ ਮਹੀਨੇ ਵਿਚ ਪੈਰਿਸ ਕਮਿਊਨ ਦੇ ਸਰਕਾਰੀ ਵਕੀਲ ਦਾ ਸੈਕੰਡ ਐਸਿਸਟੈਂਟ ਚੁਣਿਆ ਗਿਆ। ਸੰਨ 1792 ਵਿਚ ਦੂਜੇ ਕੌਮੀ ਸੰਕਟ ਦੌਰਾਨ ਜਦੋਂ ਆਸਟ੍ਰੀਆ ਤੇ ਪ੍ਰਸ਼ਾਅ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਗਿਆ ਸੀ, ਡਾਨਟਾੱਨ ਨੇ ਜਨ-ਰੱਖਿਅਕ ਵਾਲਾ ਕੰਮ ਆਰੰਭ ਕਰ ਦਿੱਤਾ। 18 ਜੂਨ ਨੂੰ ਇਸਨੇ ਬਾਦਸ਼ਾਹ ਦੇ ਸਲਾਹਕਾਰ ਨੂੰ ਆਪਣੇ ਅਖ਼ਤਿਆਰਾਂ ਦੀ ਨਾਜਾਇਜ਼ ਵਰਤੋਂ ਕਰਨ ਸਬੰਧੀ ਉਸ ਵਿਰੁੱਧ ਦੋਸ਼ ਲਾਏ। 10 ਅਗਸਤ, 1792 ਦੀ ਮੁੱਢਲੀ ਬਗ਼ਾਵਤ ਵਿਚ ਇਕ-ਪੁਰਖੀ ਰਾਜ ਦਾ ਤਖ਼ਤਾ ਪਲਟਾਉਣ ਵਿਚ ਭਾਵੇਂ ਸਪੱਸ਼ਟ ਰੂਪ ਵਿਚ ਡਾਨਟਾੱਨ ਦਾ ਨਾਂ ਨਹੀਂ ਆਉਂਦਾ ਪਰ ਇਸ ਦੀ ਕਾਮਯਾਬੀ ਦਾ ਸਿਹਰਾ ਇਸੇ ਨੂੰ ਦਿੱਤਾ ਜਾਂਦਾ ਹੈ।

7 ਅਪ੍ਰੈਲ, 1793 ਨੂੰ ਡਾਨਟਾੱਨ ਬਗ਼ਾਵਤੀ ਸਰਕਾਰ ਦੀ ਪਹਿਲੀ ਪਬਲਿਕ ਸੇਫਟੀ ਕਮੇਟੀ ਦਾ ਮੈਂਬਰ ਬਣਿਆ। ਇਸ ਦੌਰਾਨ ਭ੍ਰਿਸ਼ਟਾਚਾਰੀਆਂ ਤੇ ਖ਼ਰਾਬ ਸਾਥੀਆਂ ਦੀਆਂ ਸਲਾਹਾਂ ਕਾਰਨ ਸਰਕਾਰੀ ਮਹੌਲ ਵਿਚ ਇਸ ਦੀ ਬੇਪ੍ਰਤੀਤੀ ਫੈਲੀ ਅਤੇ ਅਸਰ-ਰਸੂਖ ਨੂੰ ਵੀ ਸੱਟ ਵੱਜੀ। ਅੰਤ ਨੂੰ ਇਸ ਨੂੰ ਗ੍ਰਿਫ਼ਤਾਰ ਕਰਕੇ ਕ੍ਰਾਂਤੀਕਾਰੀ ਟ੍ਰਿਬਿਊਨਲ ਦੇ ਅੱਗੇ ਪੇਸ਼ ਕੀਤਾ ਗਿਆ ਅਤੇ 5 ਅਪ੍ਰੈਲ, 1794 ਨੂੰ ਪੈਰਿਸ ਵਿਖੇ ਇਸ ਨੂੰ ਫਾਂਸੀ ਦਿੱਤੀ ਗਈ।

ਹ. ਪੁ.—ਐਨ. ਬ੍ਰਿ. ਮਾ. 3 : 878; ਐਨ. ਅਮੇ. 8 :491

**ਡਾਨਡੋਲੋ** : ਇਹ ਇਟਲੀ ਦਾ ਇਕ ਪੁਰਾਤਨ ਉੱਘਾ ਤੇ ਅਮੀਰ ਖ਼ਾਨਦਾਨ ਹੈ । ਇਸ ਦਾ ਇਤਿਹਾਸ ਲਗਭਗ ਦਸਵੀਂ ਸਦੀ ਤੋਂ ਸ਼ੁਰੂ ਹੁੰਦਾ ਹੈ। ਜਦੋਂ ਦਲਦਲੀ ਖੇਤਰ ਦਾ ਪਸਾਰ ਮੁੱਖ ਭੂਮੀ ਵੱਲ ਹੋਣਾ ਸ਼ੁਰੂ ਹੋਇਆ ਤਾਂ ਵੈਨਿਸ ਦੇ ਇਸ ਖ਼ਾਨਦਾਨ ਨੇ ਵੀ ਮਹੱਤਤਾ ਪ੍ਰਾਪਤ ਕੀਤੀ। ਗਿਆਰ੍ਹਵੀਂ ਸਦੀ ਤੱਕ ਇਹ ਕਾਫ਼ੀ ਅਮੀਰ ਹੋ ਗਿਆ ਸੀ। ਇਥੋਂ ਤੱਕ ਕਿ 12 ਵੀਂ ਸਦੀ ਵਿਚ ਚਰਚ ਅਤੇ ਸਟੇਟ ਦੇ ਮਹੱਤਵਪੂਰਨ ਅਹੁਦਿਆਂ ਦਾ ਵੀ ਇਹ ਭਾਈਵਾਲ ਬਣ ਗਿਆ ਸੀ। ਇਸ ਖ਼ਾਨਦਾਨ ਦੇ ਚਾਰ ਮੁੱਖ ਡਾਨਡੋਲੋ ਡੋਜ-ਪਦ (ਵੈਨਿਸ ਦੇ ਮੈਜਿਸਟਰੇਟ ਦੀ ਪਦਵੀ) ਤੇ ਰਹੇ ਹਨ। ਇਨ੍ਹਾਂ ਵਿਚੋਂ ਪਹਿਲਾ ਅਤੇ ਸਭ ਤੋਂ ਮਸ਼ਹੂਰ ਅਤੇ ਮਹੱਤਵਪੂਰਨ ਵਿਅਕਤੀ ਐਨਰੀਕੋ ਸੀ ਜਿਸ ਦੀ ਮੌਤ 1205 ਈ. ਵਿਚ ਹੋਈ। ਸੰਨ 1192 ਵਿਚ ਹੋਈ ਇਸ ਦੀ ਚੋਣ ਸਮੇਂ ਬੇਸ਼ੱਕ ਇਹ 85 ਸਾਲਾਂ ਦਾ ਸੀ ਫਿਰ ਵੀ ਇਸ ਨੇ ਆਪਣੇ ਸ਼ਹਿਰ ਦੇ ਹਿੱਤਾਂ ਦੀ ਰਾਖੀ ਲਈ ਪੀਜ਼ਨਜ਼ ਵਿਰੁੱਧ ਬਹੁਤ ਦਲੇਰੀ ਅਤੇ ਹਿੰਮਤ ਨਾਲ ਮੁਕਾਬਲਾ ਕੀਤਾ। ਚੌਥੇ ਧਰਮ ਯੁੱਧ ਵਿਚ ਇਹ ਬਹੁਤ ਮਸ਼ਹੂਰ ਲੀਡਰ ਸੀ। ਇਸ ਦੀ ਸ਼ਾਇਦ ਹੱਲਾ ਸ਼ੇਰੀ ਅਤੇ ਪ੍ਰਭਾਵ ਦਾ ਹੀ ਅਸਰ ਸੀ ਕਿ ਇਹ ਧਰਮ-ਯੁੱਧ ਕਾਨਸਟੈਨਟੀਨਓਪਲ ਦੇ ਵਿਰੁੱਧ ਮੁੜ ਗਿਆ ਜਿਸ ਕਰਕੇ 1204 ਈ. ਵਿਚ ਕਾਨਸਟੈਂਨਟੀਨ-ਓਪਲ ਫੜਿਆ ਗਿਆ। ਚੌਥੇ ਧਰਮ-ਯੁੱਧ ਦੇ ਯੋਧਿਆਂ ਨੇ ਇਕ ਲਾਤੀਨੀ ਰਾਜ ਸਥਾਪਿਤ ਕੀਤਾ। ਉਹ ਸ਼ਾਇਦ ਇਸ ਨੂੰ ਬਾਦਸ਼ਾਹ ਦਾ ਪਦ ਦੇ ਦਿੰਦੇ ਪਰ ਇਸ ਨੇ ਇਨਕਾਰ ਕਰ ਦਿੱਤਾ। ਫਿਰ ਵੀ ਵੈਨਿਸ ਲਈ ਰਾਜ ਤੇ ਚੌਥੇ ਹਿੱਸੇ ਤੋਂ ਵੱਧ ਖੇਤਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ ਜਿਸ ਵਿਚ ਅਲਬਾਨੀਆ, ਦੱਖਣੀ ਯੂਨਾਨ ਅਤੇ ਆਈਓਨੀਅਨ ਦੀਪ ਦੀ ਮੁੱਖ ਧਰਤੀ ਸ਼ਾਮਲ ਸੀ। ਇਸ ਨਾਲ ਪੂਰਬੀ ਮਧਵਰਤੀ/ਭੂ-ਮਧ ਸਾਗਰੀ ਖੇਤਰ ਵਿਚ ਵੈਨਿਸ ਇਕ ਪ੍ਰਭਾਵਸ਼ਾਲੀ ਸਮੁੰਦਰ ਤੱਟਵਰਤੀ ਅਤੇ ਉਪਨਿਵੇਸ਼ੀ ਸ਼ਕਤੀ ਬਣ ਗਿਆ। ਇਸ ਸਮੇਂ ਜੀਓਵਾਨੀ ਡਾਨਡੋਲੋ (ਡੋਜ-ਪਦ 1280-1288 ਈ.) ਨੇ ਵੈਨਿਸ ਦਾ ਇਹ ਅਹੁਦਾ ਸੰਭਾਲਿਆ ਜਦੋਂ ਸ਼ਹਿਰ ਆਪਣੀ ਮਧ-ਕਾਲੀ ਸ਼ਾਨੋ-ਸ਼ੌਕਤ ਦੀ ਸਿਖਰ ਛੋਹਣ ਵਾਲਾ ਸੀ।

ਫ਼ਰਾਂਸੈਸਕੋ ਡਾਨਡੋਲੋ (ਡੋਜ-ਪਦ 1332-1339 ਈ.) ਨੇ ਇਥੋਂ ਦੀ ਮੁੱਖ ਧਰਤੀ ਦੀ ਇਕ ਪ੍ਰਭਾਵਸ਼ਾਲੀ ਸ਼ਕਤੀ, ਵਰੋਨਾ ਦੇ ਸਕੈਲਾਜਰੀ ਖ਼ਾਨਦਾਨ ਦੇ ਡਰ ਤੋਂ ਵੈਨਿਸ ਨੂੰ ਮੁਕਤ ਕਰਵਾਇਆ ਐਂਡਰੀ ਡਾਨਡੋਲੋ (ਡੋਜ-ਪਦ 1343-1354 ਈ.) ਨੇ ਉਸ ਸਮੇ ਸ਼ਹਿਰ ਦਾ ਇਹ ਪਦ ਸੰਭਾਲਿਆ ਜਦੋਂ ਸ਼ਹਿਰ ਨੂੰ ਭੂਚਾਲ, ਪਲੇਗ ਅਤੇ ਆਰਥਿਕ ਸੰਕਟ ਨੇ ਘੇਰਿਆ ਹੋਇਆ ਸੀ। ਇਸ ਨੇ ਜਨੋਅ ਵਿਰੁੱਧ ਇਕ ਭਿਅੰਕਰ ਲੜਾਈ ਲੜੀ ਅਤੇ ਹਾਰ ਗਿਆ। ਇਸ ਤਰ੍ਹ ਇਸ ਖ਼ਾਨਦਾਨ ਨੇ ਵੈਨਿਸ ਦੇ ਚਰਚ ਅਤੇ ਸਟੇਟ ਲਈ ਹੋਰ ਵੀ ਕਈ ਮਹੱਤਵਪੂਰਨ ਵਿਅਕਤੀ ਪੈਦਾ ਕੀਤੇ। ਇਸ ਦੇ ਬਹੁਤ ਸਾਰੇ ਲੋਕ ਹਾਲੇ ਵੀ ਕਈ ਮਹੱਤਵਪੂਰਨ ਅਹੁਦਿਆਂ ਤੇ ਹਨ।

ਹ. ਪੁ.—ਐਨ. ਬ੍ਰਿ. ਮਾ. 3 : 873; ਐਨ. ਅਮੇ. 8 : 480

**ਡਾਨ-ਨੂਨਤਸੀਓ, ਗਾਬਰੀਐਲੀ** : ਇਟਲੀ ਦੇ ਇ ਕਵੀ ਦਾ ਜਨਮ 12 ਮਾਰਚ, 1863 ਨੂੰ ਪੈਸਕਾਰਾਂ ਦੇ ਇਕ ਅਮੀ ਜ਼ਿਮੀਂਦਾਰ ਦੇ ਘਰ ਹੋਇਆ। ਇਹ ਪਰੈਟੋ ਅਤੇ ਫਿਰ ਰੋ ਵਿਸ਼ਵਵਿਦਿਆਲੇ ਵਿਚ ਪੜ੍ਹਿਆ। ਸੰਨ 1879 ਵਿਚ ਇਸ ਆਪਣੀਆਂ ਕਵਿਤਾਵਾਂ ਦਾ ਇਕ ਸੰਗ੍ਰਹਿ 'Primovere' ਪ੍ਰਕਾਸ਼ਿ ਕੀਤਾ। ਇਸ ਪਿਛੋਂ 1882 ਈ. ਵਿਚ ਇਸ ਨੇ 'Canto nov

(ਨਵਾਂ ਗੀਤ) ਨਾਂ ਹੇਠ ਪੁਸਤਕ ਛਪਵਾਈ ਅਤੇ ਇਟਲੀ ਦਾ ਪ੍ਰਸਿੱਧ ਕਵੀ ਗਿਣਿਆ ਜਾਣ ਲੱਗ ਪਿਆ। ਮਗਰੋਂ ਇਸ ਨੇ ਕਵਿਤਾ, ਛੋਟੀਆਂ ਕਹਾਣੀਆਂ ਅਤੇ ਨਾਵਲਾਂ ਦੀਆਂ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਿਨ੍ਹਾਂ ਦੇ ਅੰਗਰੇਜ਼ੀ ਨਾਂ ਇਸ ਪ੍ਰਕਾਰ ਹਨ— 'ਦੀ ਚਾਈਲਡ ਆੱਫ ਪਲੇਜ਼ਰ', 'ਦੀ ਇਨਟਰੂਡਰ' (1892) ਅਤੇ 'ਦੀ ਟ੍ਰਾਇਮਫ਼ ਆੱਫ਼ ਡੈਥ' (1896)। ਇਸ ਦੀਆਂ ਸਭ ਤੋਂ ਉੱਤਮ ਪੁਸਤਕਾਂ 'ਇਨ ਪ੍ਰੇਜ਼ ਆਫ ਸਕਾਈ' ਤੇ 'ਸੀ ਅਰਥ ਐਂਡ ਹੀਰੋਜ਼' (Sea, Earth & Heroes) (1899) ਮੰਨੀਆਂ ਜਾਂਦੀਆਂ ਹਨ।

ਸੰਨ 1896 ਵਿਚ ਇਸ ਦੀ ਜਾਣ ਪਹਿਚਾਣ ਈਲੀਓਨੋਰਾ ਐਕਟ੍ਰੈਸ ਨਾਲ ਹੋ ਗਈ। ਇਸ ਨੇ ਉਸ ਲਈ ਨਾਟਕ ਲਿਖਣੇ ਸ਼ੁਰੂ ਕੀਤੇ। ਮਗਰੋਂ ਇਸ ਨੇ ਉਸ ਨਾਲੋਂ ਮਿੱਤਰਤਾ ਖ਼ਤਮ ਕਰ ਦਿਤੀ ਅਤੇ ਆਪਣੇ ਸਬੰਧਾਂ ਬਾਰੇ ਲਿੰਗੀ ਵਾਸਨਾ ਭਰਿਆ ਇਕ ਨਾਵਲ 'Jorio IL Luoco' (1900) ਲਿਖਿਆ। ਨਾਟਕ ਦੇ ਖੇਤਰ ਵਿਚ ਇਸ ਦਾ 'ਡਾੱਟਰ ਆੱਫ਼ ਜੋਰੀਓ' (1907) ਇਕ ਪ੍ਰਸਿੱਧ ਕਾਵਿ ਅੰਗਰੇਜ਼ੀ ਅਨੁਵਾਦਿਤ ਨਾਟਕ ਹੈ।

ਆਪਣਾ ਜੀਵਨ ਇਸ ਨੇ ਐਸ਼ਪ੍ਰਸਤੀ ਵਿਚ ਗੁਜ਼ਾਰਿਆ ਅਤੇ ਕਰਜ਼ਾਈ ਹੋ ਕੇ 1910 ਵਿਚ ਇਹ ਫ਼ਰਾਂਸ ਭੱਜ ਗਿਆ। ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਵਿਚ ਇਹ ਇਟਲੀ ਵਾਪਸ ਆਇਆ ਅਤੇ ਇਟਲੀ ਵੱਲੋਂ ਇਤਿਹਾਦੀ ਫ਼ੌਜਾਂ ਦਾ ਸਾਥ ਦੇਣ ਦੀ ਪੋੜ੍ਹਤਾ ਕੀਤੀ। ਜੰਗ ਦੌਰਾਨ ਇਸ ਨੇ ਥਲ ਸੈਨਾ ਅਤੇ ਹਵਾਈ ਸੈਨਾ ਵਿਚ ਸੇਵਾ ਕੀਤੀ। ਇਕ ਲੜਾਈ ਵਿਚ ਇਸ ਦੀ ਇਕ ਅੱਖ ਵੀ ਜਾਂਦੀ ਰਹੀ। ਇਹ ਕੱਟੜ ਫ਼ਾਸਿਸਟਵਾਦੀ ਸੀ ਅਤੇ ਮਗਰੋਂ ਬੇਨੀਟੋ ਮੁਸਲੀਨੀ ਨੇ ਇਸ ਨੂੰ ਇਨਾਮ ਦੇ ਕੇ ਸਨਮਾਨਿਆ । ਇਸ ਨੇ ਆਪਣੀਆਂ ਹੱਡ ਬੀਤੀਆਂ ਲਿਖੀਆਂ। ਪਹਿਲੀ ਮਾਰਚ, 1939 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 9 :58; ਐਨ. ਅਮੈ. 8 : 402 ਸੀ ; ਐਨ. ਬ੍ਰਿ. ਮਾ. 3 : 372.

**ਡਾੱਨਲਸਨ, ਫੋਰਟ** : ਸੰਯੁਕਤ ਰਾਜ ਅਮਰੀਕਾ ਦੇ ਟੈਨੇਸੀ ਰਾਜ ਵਿਚ ਡੋਵਰ ਵਿਖੇ ਅਮਰੀਕੀ ਖ਼ਾਨਾਜੰਗੀ ਸਮੇਂ ਸੰਘੀ ਫ਼ੌਜਾਂ ਦੁਆਰਾ ਬਣਾਈ ਇਕ ਮੋਰਚਾਬੰਦੀ ਸੀ। ਇਸ ਮੋਰਚਾਬੰਦੀ ਨੂੰ ਉਸਾਰਣ ਦਾ ਮੁੱਖ ਕਾਰਨ ਲੋਅਰ ਕੰਬਰਲੈਂਡ ਦਰਿਆ ਅਤੇ ਨੈਸ਼ਵਿਲ ਤੱਕ ਦੇ ਦਰਿਆਈ ਰਸਤੇ ਦੀ ਰਾਖੀ ਕਰਨਾ ਸੀ। 12 ਫਰਵਰੀ, 1862 ਨੂੰ ਜਨਰਲ ਯੂ. ਐਸ. ਗਰਾਂਟ ਨੇ ਸੈਨਿਕ ਅਤੇ ਨੌਸੈਨਿਕ ਜੰਗੀ ਚਾਲਾਂ ਰਾਹੀਂ ਟੈਨੇਸੀ ਦਰਿਆ ਉੱਤੇ ਵਾਕਿਆ ਫੋਰਟ ਹੈਨਰੀ ਉਪਰ ਕਬਜ਼ਾ ਕਰਕੇ ਆਪਣਾ ਰੁਖ ਡਾੱਨਲਸਨ ਫੋਰਟ ਵੱਲ ਕੀਤਾ। ਯੂਨੀਅਨ ਗੰਨਬੋਟਾਂ ਨੇ ਕਿਲੇ ਦੇ ਜਲ-ਤੋਪਖ਼ਾਨੇ ਉੱਤੇ ਹਮਲਾ ਕੀਤਾ। ਸੰਘੀ ਫ਼ੌਜਾਂ ਯੂਨੀਅਨ ਫ਼ੌਜਾਂ ਦੀ ਮੋਰਚਾਬੰਦੀ ਤੋੜਨ ਵਿਚ ਅਸਮਰੱਥ ਰਹੀਆਂ। 16 ਫਰਵਰੀ, 1862 ਨੂੰ ਡਾੱਨਲਸਨ ਫੋਰਟ ਉੱਪਰ ਫ਼ੌਜਾਂ ਨੇ ਕਬਜ਼ਾ ਕਰ ਲਿਆ। ਸਿੱਟੇ ਵਜੋਂ ਟੈਨੇਸੀ ਜਾਣ ਲਈ ਦਰਿਆਈ ਮਾਰਗ ਖੁਲ੍ਹ ਗਿਆ ਅਤੇ ਸੰਘੀ ਫ਼ੌਜਾਂ ਦੇ ਕੋਲੰਬਸ ਤੇ ਨੈਸ਼ਵਿਲ ਵਰਗੇ ਗੜ੍ਹ ਉਨ੍ਹਾਂ ਹੱਥੋਂ ਨਿਕਲ ਗਏ।

ਹ. ਪੁ.—ਐਨ. ਬ੍ਰਿ. ਮਾ. 3 : 620; ਐਨ. ਬ੍ਰਿ. 7 : 583

**ਡਾਨਾਓਸ** : ਯੂਨਾਨੀ ਮਿਥਿਹਾਸ ਅਨੁਸਾਰ ਇਹ ਮਿਸਰ ਦੇ ਬਾਦਸ਼ਾਹ ਬੇਲਸ ਦਾ ਪੁੱਤਰ ਅਤੇ ਈਜਿਪਟਸ ਦਾ ਜੁੜਵਾਂ ਭਰਾ ਸੀ। ਜਦੋਂ ਇਸ ਦੇ ਭਰਾ ਨੇ ਇਸ ਨੂੰ ਮਿਸਰ ਵਿਚੋਂ ਕੱਢ ਦਿੱਤਾ ਤਾਂ ਇਹ ਆਪਣੀਆਂ50 ਧੀਆਂ ਸਮੇਤ ਆਰਗੋਸ ਭੱਜ ਨਿਕਲਿਆ ਅਤੇ ਉਥੋਂ ਦਾ ਬਾਦਸ਼ਾਹ ਬਣ ਗਿਆ। ਥੋੜ੍ਹੀ ਦੇਰ ਮਗਰੋਂ ਹੀ ਈਜਿਪਟਸ ਦੇ 50 ਪੁੱਤਰ ਆਰਗੋਸ ਵਿਚ ਅੱਪੜ ਗਏ ਅਤੇ ਡਾਨਾਓਸ ਆਪਣੀਆਂ ਧੀਆਂ ਦੀ ਸ਼ਾਦੀ ਉਨ੍ਹਾਂ ਨਾਲ ਕਰਨ ਲਈ ਮਜਬੂਰ ਹੋ ਗਿਆ ਪਰ ਇਸ ਨੇ ਹਰ ਇਕ ਧੀ ਨੂੰ ਹੁਕਮ ਦਿੱਤਾ ਕਿ ਸੁਹਾਗ ਦੀ ਰਾਤ ਨੂੰ ਉਹ ਆਪਣੇ ਪਤੀ ਨੂੰ ਕਤਲ ਕਰ ਦੇਵੇ। ਸਾਰੀਆਂ ਨੇ ਹੁਕਮ ਮੰਨਿਆ ਪਰ ਹਾਈਪਰਮੈਸਟਰਾ ਨੇ ਲਿਕਸੀਅਸ ਨੂੰ ਨਾ ਮਾਰਿਆ। ਜਦੋਂ ਡਾਨਾਓਸ ਬਾਕੀ ਦੀਆ ਧੀਆਂ ਲਈ ਹੋਰ ਪਤੀ ਨਾ ਲੱਭ ਸਕਿਆ ਤਾਂ ਇਸ ਨੇ ਉਨ੍ਹਾਂ ਦੀਆਂ ਜ਼ਿਲ੍ਹੇ ਦੇ ਜਵਾਨਾਂ ਨਾਲ ਸ਼ਾਦੀਆਂ ਕਰ ਦਿੱਤੀਆਂ। ਆਪਣੇ ਇਸ ਗੁਨਾਹ ਲਈ ਕੁੜੀਆਂ ਨੂੰ ਸਜ਼ਾ ਵਜੋਂ ਇਕ ਅਜਿਹੇ ਬਰਤਨ ਵਿਚ ਪਾਣੀ ਭਰਨ ਲਈ ਕਿਹਾ ਗਿਆ ਜਿਸ ਦਾ ਥੱਲਾ ਹੀ ਕੋਈ ਨਹੀਂ ਸੀ ਅਤੇ ਇੰਜ ਇਹ ਕਦੇ ਨਾ ਮੁੱਕਣ ਵਾਲਾ ਕੰਮ ਸੀ। ਈਜਿਪਟਸ ਦੇ ਪੁੱਤਰਾਂ ਦਾ ਉਨ੍ਹਾਂ ਦੀਆਂ ਪਤਨੀਆਂ ਹੱਥੋਂ ਕਤਲ ਕੀਤੇ ਜਾਣਾ ਹੀ ਇਸ ਗੱਲ ਦਾ ਸਿੱਟਾ ਸਮਝਿਆ ਜਾਂਦਾ ਹੈ ਕਿ ਗਰਮੀਆਂ ਵਿਚ ਆਰਗਾਲਸ ਦਰਿਆ ਅਤੇ ਚਸ਼ਮੇ ਸੁੱਕ ਜਾਂਦੇ ਹਨ।

ਹ. ਪੁ.—ਐਨ. ਬ੍ਰਿ. ਮਾ. 3 :366

**ਡਾੱਨਾਟੈਲੋ** : ਇਹ ਇਟਲੀ ਦਾ ਬੁੱਤਘਾੜਾ ਸੀ ਜਿਸ ਦਾ ਜਨਮ ਲਗਭਗ 1386 ਈ. ਵਿਚ ਫ਼ਲੋਰੈਂਸ ਵਿਖੇ ਹੋਇਆ। ਇਸ ਦੀ ਕਲਾ ਦੀ ਇਤਿਹਾਸਕ ਮਹੱਤਤਾ ਕਾਰਨ ਇਸ ਨੂੰ ਇਸ ਵਿਸ਼ੇ ਦੇ ਸੁਨਹਿਰੀ ਯੁਗ ਦਾ ਇਕ ਮਹਾਨ ਕਲਾਕਾਰ ਮੰਨਿਆ ਗਿਆ ਹੈ। ਇਸ ਦਾ ਪੂਰਾ ਨਾਂ ਡਾੱਨੈਟੋ ਡੀ ਨਿਕੋਲੋ ਡੀ ਬੈਟੋ ਬਾਰਡੀ ਸੀ। ਡਾੱਨਾਟੈਲੋ ਦੇ ਬਚਪਨ ਬਾਰੇ ਕੁਝ ਪੱਕੇ ਤੌਰ ਤੇ ਨਹੀਂ ਕਿਹਾ ਜਾ ਸਕਦਾ । ਇਸ ਨੇ ਲਗਭਗ 14 ਸਾਲ ਦੀ ਉਮਰ ਵਿਚ ਫ਼ਲੋਰੈਂਸ ਗਿਰਜਾ ਘਰ ਵਿਚ ਬੁੱਤ ਕਲਾ ਸਿੱਖੀ ਅਤੇ 17 ਸਾਲ ਦੀ ਉਮਰ ਵਿਚ ਆਪਣੇ ਇਕ ਮਿੱਤਰ ਬਰੂਨੇਲਲੇਸਕੀ ਨਾਲ ਰੋਮ ਗਿਆ। ਇਥੇ ਦੋਵੇਂ ਨੌਜਵਾਨ ਸੋਨੇ ਦੇ ਵਪਾਰ ਦੇ ਨਾਲ ਨਾਲ ਸ਼ਿਲਪਕਲਾ ਦਾ ਅਧਿਐਨ ਕਰਦੇ ਰਹੇ। ਕੁਝ ਚਿਰ ਪਿਛੋਂ ਦੋਵੇਂ ਸੰਗਮਰਮਰ ਅਤੇ ਕਾਂਸੀ ਦੇ ਬੁੱਤ ਬਣਾਉਣ ਦੇ ਹੁਨਰ ਵਿਚ ਨਿਪੁੰਨ ਹੋ ਕੇ ਫ਼ਲੋਰੈਂਸ ਵਾਪਸ ਚਲੇ ਗਏ। ਇਸ ਦੌਰਾਨ ਡਾੱਨਾਟੈਲੋ ਉਤੇ ਆਪਣੇ ਇਸ ਮਿੱਤਰ ਦਾ ਬਹੁਤ ਪ੍ਰਭਾਵ ਪਿਆ।

ਫ਼ਲੋਰੈਂਸ ਵਾਪਸੀ ਉਪਰੰਤ ਇਸ ਨੇ ਕਈ ਅਜਿਹੇ ਸੁੰਦਰ ਬੁੱਤ ਬਣਾਏ ਜਿਨ੍ਹਾਂ ਨੇ ਇਸ ਨੂੰ ਇਕ ਮਹਾਨ ਬੁੱਤਘਾੜਾ ਸਾਬਤ ਕਰ ਦਿੱਤਾ। ਡਾੱਨਾਟੈਲੋ ਦੀ ਬੁੱਤਸਾਜ਼ੀ ਉਤੇ ਇਸ ਦੇ ਮਿੱਤਰ ਬਰੂਨੇਲਲੇਸਕੀ ਦੀ ਮੁਹਰ ਪ੍ਰਤੱਖ ਨਜ਼ਰ ਆਉਂਦੀ ਹੈ।

ਨਵੰਬਰ, 1406 ਵਿਚ ਇਸ ਨੇ ਫ਼ਲੋਰੈਂਸ ਗਿਰਜਾਘਰ ਲਈ ਸੰਗਮਰਮਰ ਦੇ ਦੋ ਛੋਟੇ ਬੁੱਤ ਬਣਾਉਣ ਦਾ ਕੰਮ ਸ਼ੁਰੂ ਕੀਤਾ ਪਰ ਮੁੱਲ ਦੀ ਅਦਾਇਗੀ ਨਾ ਕੀਤੇ ਜਾਣ ਕਾਰਨ ਇਸ ਨੇ ਕੇਵਲ ਇਕ ਹੀ ਮੂਰਤੀ ਬਣਾਉਣ ਦਾ ਕੰਮ ਮੁਕੰਮਲ ਕੀਤਾ। ਹੁਣ ਤੱਕ ਮਿਲੇ ਇਸ ਦੇ ਬਣਾਏ ਬੁੱਤਾਂ ਦੇ ਆਧਾਰ ਉਤੇ ਫ਼ਲੋਰੈਂਸ ਅਜਾਇਬ ਘਰ ਵਿਚ ਰੱਖੀ ਡੇਵਿਡ ਦੀ ਮੂਰਤੀ ਨੂੰ ਇਸ ਦੀ ਸਭ ਤੋਂ ਪਹਿਲੀ ਮਹਾਨ ਕਿਰਤ ਕਿਹਾ ਜਾ ਸਕਦਾ ਹੈ। ਇਸ ਤੋਂ ਪਿਛੋਂ ਇਸ ਨੇ ਸੇਂਟ ਜਾਨ, ਸੇਂਟ ਮਾਰਕ ਅਤੇ ਸੇਂਟ ਜਾਰਜ ਦੀਆਂ ਬਹੁਤ ਸੁੰਦਰ ਮੂਰਤੀਆਂ ਦਾ ਨਿਰਮਾਣ ਕੀਤਾ। ਇਸ ਦੇ ਸਰਪ੍ਰਸਤ ਕੋਸੀਮੋ ਡਾ ਮੈਡਿਚੀ ਨੇ ਵੀ ਇਸ ਦੀ ਹਰ ਕੰਮ ਵਿਚ ਪੂਰੀ ਸਹਾਇਤਾ ਕੀਤੀ।

ਮਾਈਕੈਲੋਟਜ਼ੋ ਦੇ ਸਹਿਯੋਗ ਨਾਲ ਡਾੱਨਾਟੈਲੋ ਨੇ ਚਾਰ ਯਾਦਗਾਰੀ ਸਮਾਰਕਾਂ ਉੱਤੇ ਕੰਮ ਕੀਤਾ ; ਇਹ ਸਮਾਰਕ 1420 ਅਤੇ 1432 ਈ. ਦੇ ਵਿਚਕਾਰ ਮੁਕੰਮਲ ਹੋਏ। ਸੰਨ 1444 ਵਿਚ ਇਹ ਪਾਡੂਆ (Padua) ਵਿਖੇ ਚਲਾ ਗਿਆ ਜਿਥੇ ਇਸਨੇ ਬਹੁਤ ਹੀ ਸ਼ਾਨਦਾਰ ਕਲਾ ਕਿਰਤਾਂ ਪੇਸ਼ ਕੀਤੀਆਂ। ਇਨ੍ਹਾਂ ਵਿਚ ਗਟਾੱਮੇਲਾਟਾ (Gattamelata) ਦਾ ਬੁੱਤ ਅਤੇ ਸਾਨ ਆਨਟੋਨੀਓ ਦੇ ਗਿਰਜਾਘਰ

ਵਿਚ ਸਜਾਵਟ ਦਾ ਕੰਮ ਸ਼ਾਮਲ ਹੈ। ਸੰਨ 1450 ਤੋਂ 1453 ਤੱਕ ਡਾੱਨਾਟੈਲੋ ਨੇ ਫੈਰਾਰਾ, ਵੈਨਿਸ ਅਤੇ ਮੋਤੇਨਾ ਵਿਖੇ ਕੰਮ ਕੀਤਾ ਅਤੇ ਫਿਰ ਪਾਡੂਆ ਵਾਪਸ ਆ ਗਿਆ। ਸੰਨ 1456 ਵਿਚ ਇਹ ਮੁੜ ਫੈਰਾਰਾ ਚਲਾ ਗਿਆ ਪਰ ਅਗਲੇ ਹੀ ਸਾਲ ਫ਼ਲੋਰੈਂਸ ਪਰਤ ਗਿਆ।

ਇਸ ਸਮੇਂ ਤਕ ਇਹ ਸੰਗਮਰਮਰ ਦੇ ਬੁੱਤ ਬਣਾਉਣ ਵਿਚ ਇਕ ਮਹਾਨ ਬੁੱਤਘਾੜਾ ਮੰਨਿਆ ਜਾਣ ਲੱਗ ਪਿਆ। ਇਸ ਨੇ ਆਪਣੇ ਜੀਵਨ ਦੇ ਅੰਤਮ ਦਿਨ ਆਪਣੇ ਮਿੱਤਰ ਅਤੇ ਸਰਪ੍ਰਸਤ ਮੈਡਿਚੀ ਦੇ ਗਿਰਜਾ ਘਰ ਨੂੰ ਅਰਪਨ ਕੀਤੇ ਅਤੇ ਅੰਤ 13 ਦਸੰਬਰ, 1466 ਨੂੰ ਫ਼ਲੋਰੈਂਸ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 7 : 578; ਐਨ. ਅਮੇ. 9 : 255 ; ਐਵ. ਐਨ. 4 : 457

**ਡਾਨਿਗਾੱਲ** : ਆਇਰਲੈਂਡ ਦੀ ਉੱਤਰ-ਪੱਛਮੀ ਨੁੱਕਰ ਵਿਚ ਅਲਸਟਰ ਰਾਜ ਦੀਆਂ ਤਿੰਨ ਕਾਉਂਟੀਆਂ ਵਿਚੋਂ ਇਕ ਕਾਉਂਟੀ ਹੈ। ਇਸ ਦੇ ਪੱਛਮ ਅਤੇ ਉੱਤਰ ਵਿਚ ਅੰਧ ਮਹਾਂਸਾਗਰ, ਪੂਰਬ ਵੱਲ ਫੋਇਲ ਝੀਲ ਅਤੇ ਉੱਤਰੀ ਆਇਰਲੈਂਡ ਅਤੇ ਦੱਖਣ ਵੱਲ ਉੱਤਰੀ ਆਇਰਲੈਂਡ ਅਤੇ ਲੀਟਰਾਮ ਕਾਉਂਟੀ ਹਨ। ਇਸ ਦਾ ਧਰਾਤਲੀ ਖੇਤਰ 4,830 ਵ. ਕਿ. ਮੀ. ਅਤੇ ਆਬਾਦੀ 1,27,994 (1991) ਹੈ। ਲਿਫਰਡ ਨਾਂ ਦਾ ਇਕ ਛੋਟਾ ਜਿਹਾ ਪਿੰਡ ਕਾਉਂਟੀ ਦਾ ਸਦਰ-ਮੁਕਾਮ ਹੈ। ਕਾਉਂਟੀ ਦਾ ਬਹੁਤਾ ਹਿੱਸਾ ਪਹਾੜੀ ਹੈ ਜਿਸ ਵਿਚ ਬਲੂ ਸਟਾਕ ਪਰਬਤ ਲੜੀ ਸਭ ਤੋਂ ਵੱਧ ਮਹੱਤਵਪੂਰਨ ਹੈ। ਇਸ ਦੀ ਸਭ ਤੋਂ ਉੱਚੀ ਚੋਟੀ 674 ਮੀ. ਹੈ। ਇਥੋਂ ਦੀ ਧਰਤੀ ਬਹੁਤੀ ਉਪਜਾਊ ਨਹੀਂ ਹੈ। ਜਵੀ ਅਤੇ ਆਲੂ ਇਥੋਂ ਦੀਆਂ ਮੁੱਖ ਫਸਲਾਂ ਹਨ।

ਆਬਾਦੀ ਬਹੁਤਾ ਕਰਕੇ ਤੱਟੀ ਖੇਤਰਾਂ ਅਤੇ ਦਰਿਆਈ ਵਾਦੀਆਂ ਵਿਚ ਹੈ। ਡਾਇਗਾੱਲ, ਬਾਂਕਰੈਨਾ, ਬੈਲੀਸ਼ਨੱਨ ਅਤੇ ਲੈਟਰਕੈਨੀ ਇਥੋਂ ਦੇ ਮੁੱਖ ਸ਼ਹਿਰ ਹਨ। ਇਥੋਂ ਦਾ ਪ੍ਰਬੰਧ ਇਕ ਕਾਉਂਟੀ ਕੌਂਸਲ ਕਰਦੀ ਹੈ। ਪੱਛਮੀ ਤੱਟ ਤੇ ਕਿਲੀਬੈਗਜ਼ ਇਥੋਂ ਦੀ ਮੱਛੀ ਫੜਨ ਦੀ ਮੁੱਖ ਬੰਦਰਗਾਹ ਅਤੇ ਮੱਛੀ-ਪ੍ਰਾਸੈੱਸਿੰਗ ਕੇਂਦਰ ਹੈ। ਡਾਨਿਗਾੱਲ ਦੇ ਕੁਦਰਤੀ ਨਜ਼ਾਰਿਆਂ, ਗੌਲਫ ਦੇ ਮੈਦਾਨਾਂ ਅਤੇ ਬੀਚਿਜ਼ ਕਰਕੇ ਇਥੇ ਸੈਲਾਨੀ ਕਾਫ਼ੀ ਆਉਂਦੇ ਹਨ। ਪੱਛਮੀ ਡਾਨਿਗਾੱਲ ਮੁੱਖ ਤੌਰ ਤੇ ਆਇਰਿਸ਼ ਭਾਸ਼ਾ ਦਾ ਖੇਤਰ ਹੈ। ਇਥੇ ਊਨੀ ਕਪੜੇ ਬਣਾਉਣ ਦੀ ਦਸਤਕਾਰੀ ਹੈ ਤੇ ਆਧੁਨਿਕ ਉਦਯੋਗਿਕ ਵਿਕਾਸ ਵਿਚ ਗਲੀਚੇ, ਮੱਛੀਆਂ ਫੜਨ ਦੇ ਜਾਲ, ਸਿਨਥੈਟਿਕ ਰੇਸ਼ੇ ਅਤੇ ਸੀਤੇ ਸਿਲਾਏ ਕਪੜੇ ਬਣਾਉਣਾ ਸ਼ਾਮਲ ਹੈ।

54°50′ ਉ. ਵਿਥ. ; 38°0′ ਪੱ. ਲੰਬ.

ਹ. ਪੁ.–ਐਨ. ਬ੍ਰਿ. 7 : 583

**ਡਾਨੀਐਲ, ਗਾਬਰੀਐਲ** : ਫ਼ਰਾਂਸ ਦੇ ਇਸ ਉੱਘੇ ਇਤਿਹਾਸਕਾਰ ਦਾ ਜਨਮ 8 ਫ਼ਰਵਰੀ, 1649 ਨੂੰ ਫ਼ਰਾਂਸ ਵਿਚ ਰੁਆਨ ਵਿਖੇ ਹੋਇਆ। ਸੰਨ 1667 ਵਿਚ ਇਹ ਸੁਸਾਇਟੀ ਆਫ਼ ਜੀਸਸ ਦਾ ਮੈਂਬਰ ਬਣਿਆ ਅਤੇ ਮਗਰੋਂ ਪੈਰਿਸ ਵਿਖੇ ਇਕ ਦੀਖਿਆ-ਪ੍ਰਾਪਤ ਧਰਮ-ਸੰਘ ਭਵਨ ਦਾ ਲਾਇਬ੍ਰੇਰੀਅਨ ਬਣ ਗਿਆ। ਬਾਅਦ ਵਿਚ ਫ਼ਰਾਂਸ ਦੇ ਬਾਦਸ਼ਾਹ ਲੂਈ ਚੌਧਵੇਂ ਨੇ ਇਸ ਨੂੰ ਫ਼ਰਾਂਸ ਦਾ ਸ਼ਾਹੀ ਇਤਿਹਾਸਕਾਰ ਨਿਯੁਕਤ ਕੀਤਾ। ਇਸ ਕਾਲ ਦੌਰਾਨ ਇਸ ਨੇ 1691 ਈ. ਵਿਚ 'Voiage du monde de Descartes' ਅਤੇ 1694 ਈ. ਵਿਚ ਪਾਸਕਲ ਦੇ ਵਿਚਾਰਾਂ ਦੇ ਵਿਰੋਧ ਵਿਚ 'Entretiens de Cleandre et d' Eudoxe sur les lettres-provinciales' ਕਿਤਾਬਾਂ ਲਿਖੀਆਂ। ਸੰਨ 1721 ਵਿਚ ਫ਼ਰਾਂਸੀਸੀ ਫ਼ੌਜ ਉੱਪਰ ਦੋ ਜਿਲਦਾਂ ਵਿਚ 'Histoire de la milice francaise' ਮੁਕੰਮਲ ਕੀਤੀ ਪਰ ਇਸ ਦੀ ਸ਼ਾਨਦਾਰ ਕ੍ਰਿਤ 'Histoire de France depuis l'etablissement de la monarchie francaise' ਹੀ ਮੰਨੀ ਜਾਂਦੀ ਹੈ।

23 ਜੂਨ, 1728 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. — ਐਨ. ਬ੍ਰਿ. ਮਾ. 3 : 370; ਐਨ. ਬ੍ਰਿ. 7 :50

**ਡਾੱਪਲਰ, ਕ੍ਰਿਸਚਨ ਯੋਹਾਨ** : ਆਸਟ੍ਰੀਆ ਦੇ ਇਸ ਭੌਤਿਕ ਵਿਗਿਆਨੀ ਦਾ ਜਨਮ 29 ਨਵੰਬਰ, 1803 ਨੂੰ ਸਾਲਜ਼ਬਰਗ ਵਿਖੇ ਹੋਇਆ। ਇਸ ਨੇ ਡਾੱਪਲਰ ਪ੍ਰਭਾਵ ਦੀ ਖੋਜ ਕੀਤੀ। ਸਾਲਜ਼ਬਰਗ ਅਤੇ ਵੀਐਨਾ ਤੋਂ ਸਿੱਖਿਆ ਪ੍ਰਾਪਤ ਕਰਨ



ਕ੍ਰਿਸਚਨ ਯੋਹਾਨ, ਡਾੱਪਲਰ

ਉਪਰੰਤ ਇਸ ਨੂੰ 1850 ਵਿਚ ਫਿਜ਼ੀਕਲ ਇੰਸਟੀਚਿਊਟ ਦਾ ਡਾਇਰੈਕਟਰ ਅਤੇ ਵੀਐਨਾ ਵਿਖੇ ਪ੍ਰਯੋਗਿਕ ਭੌਤਿਕ-ਵਿਗਿਆਨ ਦਾ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। ਡਾੱਪਲਰ ਨੇ ਸ਼ੁਰੂ ਵਿਚ ਤਾਂ ਗਣਿਤ ਦੇ ਖੇਤਰ ਵਿਚ ਕੰਮ ਕੀਤਾ ਪਰ ਮਗਰੋਂ ਭੌਤਿਕ ਵਿਗਿਆਨ ਦੇ ਖੇਤਰ ਵਿਚ ਵਧੇਰੇ ਪ੍ਰਸਿੱਧੀ ਹਾਸਲ ਕੀਤੀ। ਇਸ ਨੇ 1842 ਈ. ਵਿਚ ਡਾੱਪਲਰ-ਪ੍ਰਭਾਵ ਸਬੰਧੀ "Uber das farbige Licht der Doppelsterne" ਸਿਰਲੇਖ ਹੇਠ ਪਰਚਾ ਪ੍ਰਕਾਸ਼ਿਤ ਕਰਵਾਇਆ। ਇਸ ਪਰਚੇ ਵਿਚ ਇਸ ਨੇ ਕਿਸੇ ਚੱਲ ਰਹੇ ਸ੍ਰੋਤ ਤੋਂ ਆ ਰਹੀ ਆਵਾਜ਼ ਅਤੇ ਚੱਲ ਰਹੇ ਤਾਰੇ ਦੀ ਰੌਸ਼ਨੀ ਵਿਚਲੀ ਅਨੁਰੂਪਤਾ (ਸਮਾਨਤਾ) ਬਾਰੇ ਦੱਸਿਆ ਸੀ ਜਿਵੇਂ ਕਿ ਕਿਸੇ ਚਲ ਰਹੇ ਸ੍ਰੋਤ ਦੀ ਆਵਾਜ਼ ਦੀ ਪਿੱਚ (ਉਚਾਈ) ਘੱਟਦੀ ਵਧਦੀ ਹੈ। ਠੀਕ ਉਸੇ ਤਰ੍ਹਾਂ ਚਲ ਰਹੇ ਤਾਰੇ ਦੀ ਰੌਸ਼ਨੀ ਦਾ ਰੰਗ ਵੀ ਬਦਲ ਜਾਵੇਗਾ।

ਸੰਨ 1845 ਵਿਚ ਸੀ. ਐੱਚ. ਡੀ. ਬੋਇਸ ਬਾਲਾਟ ਨੇ ਇਸ ਸਿੱਧਾਂਤ ਦੀ ਪੁਸ਼ਟੀ ਕੀਤੀ ਜਦੋਂ ਕਿ 1848 ਈ. ਵਿਚ ਪ੍ਰਕਾਸ਼-ਵਿਗਿਆਨ ਦੇ ਖੇਤਰ ਵਿਚ ਆਰਮੰਡ ਫੀਜ਼ੋ ਨੇ ਇਸ ਨੂੰ ਠੀਕ ਦਸਦੇ ਹੋਏ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਡਾੱਪਲਰ ਸਿੱਧਾਂਤ ਦੀ ਵਰਤੋਂ ਦ੍ਰਿਸ਼ਟੀ ਰੇਖਾ ਅਨੁਸਾਰ ਤਾਰਿਆਂ ਦੀ ਗਤੀ ਦਾ ਪਤਾ ਲਗਾਉਣ ਅਤੇ ਦੋਹਰੇ ਤਾਰਿਆਂ ਨੂੰ ਲੱਭਣ ਲਈ ਕੀਤੀ ਜਾਂਦੀ ਹੈ।

17 ਮਾਰਚ, 1853 ਨੂੰ ਵੈਨਿਸ ਵਿਖੇ ਡਾੱਪਲਰ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 7 : 591

**ਡਾੱਪਲਰ ਪ੍ਰਭਾਵ** : ਇਹ ਸੁਣਨ ਵਾਲੇ ਅਤੇ ਕੰਪਨ-ਸ੍ਰੋਤ ਵਿਚਕਾਰ ਸਾਪੇਖੀ ਗਤੀ ਕਾਰਨ ਕਿਸੇ ਕੰਪਨ ਦੀ ਪ੍ਰੇਖਿਤ ਆਵ੍ਰਿੱਤੀ ਵਿਚ ਆਈ ਤਬਦੀਲੀ ਹੈ। ਆਵਾਜ਼ ਵਿਚ ਇਹ ਪ੍ਰਭਾਵ ਆਮ ਮਹਿਸੂਸ ਕੀਤਾ ਜਾਂਦਾ ਹੈ। ਜਦੋਂ ਰੇਲ ਦਾ ਇੰਜਣ ਕਿਸੇ ਕੋਲੋਂ ਲੰਘਦਾ ਹੈ ਤਾਂ ਉਸ ਦੀ ਸੀਟੀ ਦੀ ਪਿੱਚ ਕਾਫ਼ੀ ਘਟ ਗਈ ਜਾਪਦੀ ਹੈ। ਜਦੋਂ ਸੀਟੀ ਮਾਰਦਾ ਇੰਜਣ ਸੁਣਨ ਵਾਲੇ ਕੋਲੋਂ ਪਰ੍ਹਾਂ ਜਾ ਰਿਹਾ ਹੁੰਦਾ ਹੈ ਤਾਂ ਆਵ੍ਰਿੱਤੀ ਕਾਫ਼ੀ ਘਟ ਗਈ ਜਾਪਦੀ ਹੈ। ਸੁਣਨ ਵਾਲੇ ਲਈ ਆਭਾਸੀ ਆਵ੍ਰਿੱਤੀ n′ ਦੋ ਫ਼ਾਰਮੂਲਿਆਂ ਨਾਲ ਕੱਢੀ ਜਾਂਦੀ ਹੈ ਅਰਥਾਤ ਜਦੋਂ ਇੰਜਣ ਕਿਸੇ ਵਲ ਪਹੁੰਚ ਰਿਹਾ ਹੈ ਤਾਂ

$$n' = n \frac{v}{v - \vartheta}$$

ਅਤੇ ਪਰ੍ਹਾਂ ਜਾਣ ਸਮੇਂ

$$n' = n \frac{v}{v - \vartheta}$$

ਇੱਥੇ v ਆਵਾਜ਼ ਦਾ ਵੇਗ, $\vartheta$ ਇੰਜਣ ਦਾ ਵੇਗ ਆਵਾਜ਼ ਅਤੇ ਸ੍ਰੋਤ ਦੀ ਅਸਲ ਆਵ੍ਰਿੱਤੀ n ਹੈ। ਜੇਕਰ $\vartheta_0$ ਸੁਣਨ ਵਾਲੇ ਦਾ ਵੇਗ ਅਤੇ w ਹਵਾ ਦਾ ਵੇਗ ਹੋਵੇ ਤਾਂ

$$n' = n \frac{v + w - \nu_0}{v + w - \nu}$$

ਪ੍ਰਕਾਸ਼-ਤਰੰਗਾਂ ਲਈ ਇਸ ਪ੍ਰਭਾਵ ਨੂੰ ਡਾੱਪਲਰ-ਫੀਜ਼ੋ ਪ੍ਰਭਾਵ ਕਿਹਾ ਜਾਂਦਾ ਹੈ, ਕਿਉਂਕਿ ਪ੍ਰਕਾਸ਼-ਤਰੰਗਾਂ ਲਈ ਇਸ ਪ੍ਰਭਾਵ ਦੀ ਸਹੀ ਪ੍ਰਯੋਗਿਕ ਵਿਆਖਿਆ ਫ਼ੀਜ਼ੋ ਨੇ ਕੀਤੀ ਸੀ। ਇਹ ਪ੍ਰਭਾਵ ਸਪੈਕੱਟ੍ਰਸਕੋਪੀ ਵਿਚ ਸਪੱਸ਼ਟ ਹੈ। ਪ੍ਰਕਾਸ਼ ਤਰੰਗਾਂ ਲਈ

$$n' = n \sqrt{\frac{c + \nu_r}{c - \nu_r}}$$

ਜਿੱਥੇ $v_r$ ਪ੍ਰੇਖਕ ਅਤੇ ਸ੍ਰੋਤ ਵਿਚਕਾਰ ਸਾਪੇਖੀ ਵੇਗ ਅਤੇ C ਪ੍ਰਕਾਸ਼ ਦੀ ਰਫ਼ਤਾਰ ਹੈ।

ਹ. ਪੁ.—ਐਨ. ਬ੍ਰਿ. 7 : 591; ਟੈਕਸਟ ਬੁੱਕ ਆਫ਼ ਫ਼ਿਜ਼ਿਕਸ-ਡੰਕਨ ਐਂਡ ਸ਼ਟਾਰਲਿੰਗ: 702; ਵਾ. ਨਾ. ਸ. ਐਨ. 551

**ਡਾੱਪਲਰਾਈਟ** : ਇਹ ਕੁਦਰਤ ਵਿਚ ਮਿਲਦੀ ਹਿਊਮਿਕ ਐਸਿਡਾਂ ਦੀ ਜੈੱਲ ਹੈ। ਇਹ ਦਲਦਲ ਦੀ ਪੀਟ ਜਾਂ ਜਿਥੇ ਘਟੀਆਂ ਦਰਜੇ ਦੇ ਕੋਲੇ ਦਾ ਪਾਣੀ ਇਕੱਠਾ ਹੋ ਸਕਦਾ ਹੋਵੇ, ਵਿਚ ਮਿਲਦੀ ਹੈ। ਇਹ ਖਾਰ ਵਿਚ ਘੁਲਣਸ਼ੀਲ ਹੈ ਅਤੇ ਇਸ ਵਿਚ ਕਾਰਬਨੀ ਤੌਰ ਤੇ ਬੰਧਿਤ ਕੈਲਸ਼ੀਅਮ, ਲੋਹਾ ਜਾਂ ਮੈਗਨੀਸ਼ੀਅਮ ਮਿਲੇ ਹੁੰਦੇ ਹਨ। ਇਸ ਵਿਚ ਰਾਖ ਦੀ ਮਾਤਰਾ ਲਗਭਗ 5% ਹੁੰਦੀ ਹੈ। ਰਾਖ ਮੁਕਤ ਡਾੱਪਲਰਾਈਟ ਵਿਚ ਔਸਤਨ 56.5% ਕਾਰਬਨ, 5.5% ਹਾਈਡ੍ਰੋਜਨ, 36.0% ਆੱਕਸੀਜਨ ਅਤੇ 2.0% ਨਾਈਟ੍ਰੋਜਨ ਹੁੰਦੀ ਹੈ। ਪਦਾਰਥ ਦੀ ਰਚਨਾ ਲਗਭਗ ਉਸੇ ਕੋਲੇ ਵਰਗੀ ਹੁੰਦੀ ਹੈ ਜਿਸ ਵਿਚੋਂ ਇਹ ਕੱਢੀ ਜਾਂਦੀ ਹੈ। ਨਿਰਜਲੀਕਰਨ ਤੇ ਡਾੱਪਲਰਾਈਟ ਇਕ ਕਾਲਾ, ਭੁਰਭੁਰਾ ਠੋਸ ਬਣ ਜਾਂਦਾ ਹੈ ਜਿਸ ਦਾ ਫ਼੍ਰੈਕਚਰ ਕਨਕਾੱਇਡੀ ਹੁੰਦਾ ਹੈ।

ਹ. ਪੁ.—ਮੈਕ. ਐਨ. ਸ. ਟ. 4 : 268

**ਡਾਪੋਲੀ** : ਇਹ ਭਾਰਤ ਦੇ ਮਹਾਂਰਾਸ਼ਟਰ ਰਾਜ ਦੇ ਰਤਨਾਗਿਰੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਸਮੁੰਦਰ ਤੋਂ ਲਗਭਗ 10 ਕਿ. ਮੀ. ਦੀ ਦੂਰੀ ਤੇ ਵੱਸਿਆ ਹੋਇਆ ਹੈ। ਸੰਨ 1880 ਤੋਂ ਸ਼ਹਿਰ ਵਿਚ ਮਿਊਂਸਪਲਟੀ ਬਣੀ ਹੋਈ ਹੈ। ਕੋਨਕਨ ਰਾਜਿਆਂ ਨੇ ਇਸ ਨੂੰ ਇਕ ਫ਼ੌਜੀ ਛਾਉਣੀ ਬਣਾਇਆ ਸੀ ਪਰ 1857 ਈ. ਤੋਂ ਬਾਅਦ ਇਹ ਛਾਉਣੀ ਤੋੜ ਦਿੱਤੀ ਗਈ ਜਿਸ ਨਾਲ ਡਾਪੋਲੀ ਦਾ ਮਹੱਤਵ ਵੀ ਘੱਟ ਗਿਆ। ਇਥੋਂ ਦੇ ਪੁਰਾਣੇ ਮਿਲਟਰੀ ਕੈਂਪ ਵਿਚ ਇਕ ਬਹੁਤ ਪੁਰਾਣਾ ਅਤੇ ਸੁੰਦਰ ਚਰਚ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਇਥੇ 1818 ਅਤੇ 1821 ਈ. ਦੇ ਬਣੇ ਦੋ ਪੁਰਾਣੇ ਯੂਰਪੀ ਕਬਰਸਤਾਨ ਵੀ ਹਨ। ਸ਼ਹਿਰ ਵਿਚ ਪਹਿਲਾਂ ਤੋਂ ਹੀ ਡਾਕਟਰੀ, ਸਿੱਖਿਆ ਅਤੇ ਨਿਆਂ ਸਬੰਧੀ ਸਹੂਲਤਾਂ ਪ੍ਰਾਪਤ ਹਨ।

ਆਬਾਦੀ – 9,697 (1991)

17° 46′ ਉ. ਵਿਥ. ; 73° 11′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 150

**ਡਾੱਫਿਨ** : ਸੰਨ 1350 ਤੋਂ 1830 ਦੇ ਸਮੇਂ ਦੌਰਾਨ ਫ਼ਰਾਂਸ ਦੇ ਬਾਦਸ਼ਾਹ ਦੇ ਸਭ ਤੋਂ ਵੱਡੇ ਪੁੱਤਰ ਜਾਂ ਪੋਤਰੇ ਨੂੰ ਦਿੱਤੀ ਜਾਂਦੀ ਇਹ ਇਕ ਉਪਾਧੀ ਸੀ। ਮੁੱਢ ਵਿਚ ਇਹ ਸ਼ਬਦ ਐਲਬਾਨ ਦੇ ਕਾਉਂਟਾਂ ਦਾ ਉਪ-ਨਾਉਂ ਸੀ। ਇਨ੍ਹਾਂ ਕਾਉਂਟਾ ਨੇ ਰੋਨ੍ਹ ਦਰਿਆ ਅਤੇ ਵੀਆਨਾ ਦੇ ਦੱਖਣ ਅਤੇ ਪੂਰਬ ਵੱਲ ਦੇ ਐਲਪਸ ਪਹਾੜਾਂ ਦੇ ਵਿਚਕਰਾਲੇ ਖੇਤਰ ਤੇ ਰਾਜ ਕੀਤਾ ਸੀ। ਐਲਬਾਨ ਦਾ ਕਾਉਂਟ ਗਵੀਗੋ ਚੌਥਾ (ਮੌਤ 1142 ਈ.) ਸਭ ਤੋਂ ਪਹਿਲਾ ਵਿਅਕਤੀ ਸੀ ਜਿਸ ਨੇ ਸਭ ਤੋਂ ਪਹਿਲਾਂ ਇਹ ਉਪ-ਨਾਂ ਆਪਣੇ ਨਾਂ ਨਾਲ ਲਗਾਇਆ। ਇਹ ਕਿਆਸ ਕੀਤਾ ਜਾਂਦਾ ਹੈ ਕਿ ਸ਼ਾਇਦ ਇਹ ਨਾਂ ਸੇਂਟ ਡੈਲਫਾਈਨਸ ਦੇ ਨਾਂ ਤੋਂ ਲਿਆ ਗਿਆ ਹੋਵੇ ਜੋ 380-404 ਈ. ਤੱਕ ਬੋਰਡੀਓ ਦਾ ਬਿਸ਼ਪ ਸੀ ਅਤੇ ਜਾਂ ਫਿਰ ਉਸ ਸੇਂਟ ਡੈਲਫਾਈਨਸ ਦੇ ਨਾਂ ਤੋਂ ਲਿਆ ਗਿਆ ਹੋਵੇ ਜੋ 650-659 ਈ. ਤੱਕ ਲਿਓਨ ਦਾ ਬਿਸ਼ਪ ਸੀ। ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਇਹ ਨਾਉਂ ਕਾਉਂਟ ਨੇ ਡਾੱਫਿਨ ਨਾਂ ਦੇ ਆਪਣੇ ਇਕ ਐਂਗਲੋਸੈਕਸਨ ਚਚੇਰੇ ਭਰਾ ਦੇ ਨਾਂ ਤੋਂ ਲਿਆ ਹੋਵੇ ਪਰ 13ਵੀਂ ਸਦੀ ਦੇ ਅੰਤ ਤੱਕ ਇਹ ਨਾਂ ਇਕ ਉਪਾਧੀ ਬਣ ਗਿਆ ਸੀ ਜਦੋਂ ਵੀਆਨੀ ਕਾਉਂਟ ਹਮਬਰਟ ਪਹਿਲਾ (ਰਾਜ ਕਾਲ 1282-1306 ਈ.) ਆਪਣੇ ਆਪ ਨੂੰ ਡਾੱਫਿਨ ਆਫ਼ ਵੀਅਨਵਾ ਕਹਾਉਣ ਲੱਗਾ ਅਤੇ 1293 ਈ. ਦੇ ਇਕ ਐਕਟ ਦੁਆਰਾ ਡਾੱਫਿਨ ਸ਼ਬਦ ਪਹਿਲੀ ਵਾਰੀ ਉਸ ਇਲਾਕੇ ਲਈ ਵਰਤਿਆ ਗਿਆ ਜਿਸ ਤੇ ਇਹ ਰਾਜ ਕਰਦਾ ਸੀ। ਸੰਨ 1349 ਵਿਚ ਕਾਉਂਟ ਹਮਬਰਟ ਦੂਜੇ ਨੇ ਡਾੱਫਿਨ ਦੀ ਉਪਾਧੀ, ਫ਼ਰਾਂਸ ਦੇ ਬਾਦਸ਼ਾਹ ਫ਼ਿਲਿਪ ਛੇਵੇਂ ਨੂੰ ਵੇਚ ਦਿੱਤੀ ਅਤੇ ਇਸ ਤਰ੍ਹਾਂ ਇਹ ਉਪਾਧੀ ਫ਼ਰਾਂਸ ਦੇ ਸ਼ਾਹੀ ਘਰਾਣੇ ਵਿਚ ਵਰਤੀ ਜਾਣ ਲਗੀ।

ਹ. ਪੁ.—ਐਨ. ਅਮੈ. 8 : 524; ਐਨ. ਬ੍ਰਿ. ਮਾ. 3 : 903

**ਡਾੱਬਸਨ (ਹੈਨਰੀ) ਅੱਸਟਿਨ** : ਇੰਗਲੈਂਡ ਦੇ ਇਸ ਕਵੀ, ਜੀਵਨੀਕਾਰ ਅਤੇ ਆਲੋਚਕ ਦਾ ਜਨਮ 18 ਜਨਵਰੀ, 1840 ਨੂੰ ਪਲੀਮੱਥ ਵਿਖੇ ਹੋਇਆ।

ਇਸ ਨੇ ਆਪਣੀ ਜੀਵਨ ਯਾਤਰਾ 1856 ਈ. ਵਿਚ ਵਪਾਰ ਬੋਰਡ ਵਿਚ ਕਲਰਕ ਵਜੋਂ ਸ਼ੁਰੂ ਕੀਤੀ। ਸੰਨ 1874 ਵਿਚ ਇਹ ਪਹਿਲਾ ਦਰਜਾ ਕਲਰਕ ਬਣ ਗਿਆ ਅਤੇ ਸੰਨ 1884 ਵਿਚ ਮੁੱਖ ਕਲਰਕ ਬਣ ਗਿਆ। ਸੰਨ 1901 ਵਿਚ ਇਹ ਇਸ ਅਹੁਦੇ ਤੋਂ ਰੀਟਾਇਰ ਹੋਇਆ। ਇੰਨੀ ਲੰਬੀ ਨੌਕਰੀ ਦੌਰਾਨ ਇਸ ਨੇ ਸਾਹਿਤ ਰਚਨਾ ਦਾ ਕਾਰਜ ਜਾਰੀ ਰੱਖਿਆ।

ਸ਼ੁਰੂ ਸ਼ੁਰੂ ਵਿਚ ਇਹ ਇਕ ਕਵੀ ਵਜੋਂ ਉਭਰਿਆ ਅਤੇ ਇਸ ਨੇ ਕਵਿਤਾ ਦੀਆਂ ਕਈ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ

'ਪ੍ਰੋਵਰਬਜ਼ ਇਨ ਪੋਰਸੀਲੇਨ' (1877); 'ਕੁਲੈਕਟਿਡ ਪੋਇਮਜ਼' (1897) ਅਤੇ 'ਕਾਰਮਿਨਾ ਵੋਟਿਵਾ' (1901) ਸ਼ਾਮਲ ਹਨ।

ਸੰਨ 1885 ਉਪਰੰਤ ਡਾੱਬਰਸ ਨੇ ਮੁੱਖ ਤੌਰ ਤੇ ਜੀਵਨੀਆਂ ਅਤੇ ਆਲੋਚਨਾ ਦੀਆਂ ਪੁਸਤਕਾਂ ਲਿਖਣ ਦਾ ਹੀ ਕੰਮ ਕੀਤਾ। ਇਸ ਨੇ ਸਰ ਰਿਚਰਡ ਸਟੀਲ (1886), ਹਾੱਰੇਸ ਵਾਲਪੋਲ (1890), ਫੈਨੀ ਬਰਨੀ (1893) ਅਤੇ ਹੋਰ ਕਈ ਵਿਅਕਤੀਆਂ ਦੀਆਂ ਜੀਵਨੀਆਂ ਲਿਖੀਆਂ। ਇਸ ਦੀਆਂ ਆਲੋਚਨਾ ਦੀਆਂ ਪੁਸਤਕਾਂ ਵਿਚ 'ਏਟੀਨਥ ਸੈਂਚਰੀ ਵਿਨਯੈੱਟਸ' (1892-96) ਅਤੇ 'ਸਾਈਡਵਾਕ ਸਟੱਡੀਜ਼' ਸ਼ਾਮਲ ਹਨ।

2 ਸਤੰਬਰ, 1921 ਨੂੰ ਈਲਿੰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 527; ਐਨ. ਅਮੈ. 9 : 215 ; ਐਵ. ਐਨ. 5 : 432; ਵ. ਯੂਨੀ 5 : 1560

**ਡਾਬਸਨ, ਫ਼ਰੈਂਕ** : ਇੰਗਲੈਂਡ ਦੇ ਇਸ ਬੁੱਤ-ਤਰਾਸ਼ ਦਾ ਜਨਮ 18 ਨਵੰਬਰ, 1888 ਈ. ਨੂੰ ਲੰਡਨ ਵਿਖੇ ਹੋਇਆ ਜਿਸ ਨੇ ਇੰਗਲੈਂਡ ਦੀ ਅਜੋਕੀ ਬੁੱਤਕਾਰੀ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ।

ਇਸ ਦਾ ਪਿਤਾ ਵੀ ਇਕ ਕਲਾਕਾਰ ਸੀ। ਇਸ ਨੇ ਲੰਡਨ ਆਰਟ ਸਕੂਲ ਵਿਚ ਕਲਾ ਦਾ ਅਧਿਐਨ ਕੀਤਾ। ਸ਼ੁਰੂ ਵਿਚ ਹੀ ਇਸ ਨੇ ਅੰਗਰੇਜ਼ੀ ਕਲਾ ਦੀ ਆਧੁਨਿਕ ਲਹਿਰ ਦੇ ਆਗੂਆਂ ਦੀ ਪਹਿਲੀ ਕਤਾਰ ਵਿਚ ਥਾਂ ਪ੍ਰਾਪਤ ਕਰ ਲਈ ਸੀ। ਕੁਝ ਸਮੇਂ ਵਿਚ ਹੀ ਇਸ ਨੇ ਵੈਨਿਸ, ਡਰੈਸਡੈਨ, ਸਟਾਕਹੋਮ, ਵੈਬਕੇ, ਪੈਰਿਸ ਅਤੇ ਨਿਊਯਾਰਕ ਵਿਖੇ ਆਪਣੀਆਂ ਕਿਰਤਾਂ ਦੀ ਨੁਮਾਇਸ਼ ਲਗਾਈ।

ਇਸ ਦੀਆਂ ਕਲਾ-ਕਿਰਤਾਂ ਵਿਚ ਇਸਤਰੀਆਂ ਦੇ ਨੰਗੇ ਅਤੇ ਅਰਧ ਨੰਗੇ ਬੁੱਤ ਸਭ ਤੋਂ ਉੱਤਮ ਮੰਨੇ ਜਾਂਦੇ ਹਨ। ਅਜਿਹਾ ਹੀ ਇਕ 'ਟਰੁੱਥ' ਨਾਮੀ ਬੁੱਤ ਟਾਟੇ ਗੈਲਰੀ ਵਿਚ ਰਖਿਆ ਹੋਇਆ ਹੈ। ਬੁੱਤ ਬਣਾਉਣ ਲਈ ਇਸ ਨੇ ਸਫੈਦ ਸੰਗਮਰਮਰ, ਹੈਮਹਿੱਲ ਪੱਥਰ, ਪੋਰਟਲੈਂਡ ਸਟੋਨ, ਕਾਂਸੀ, ਟੈਰਾਕੋਟਾ, ਪਲਾਸਟਰ, ਚਾਂਦੀ ਅਤੇ ਕੱਚ ਆਦਿ ਅਨੇਕਾਂ ਕਿਸਮਾਂ ਦੀ ਸਮੱਗਰੀ ਦੀ ਵਰਤੋਂ ਕੀਤੀ।

ਸੰਨ 1923 ਤੋਂ 1927 ਤੱਕ ਡਾੱਬਸਨ ਕਲਾਕਾਰਾਂ ਅਤੇ ਲਿਖਾਰੀਆਂ ਦੇ ਲੰਡਨ ਗੁਰੱਪ ਦਾ ਪ੍ਰਧਾਨ ਰਿਹਾ। ਪਿਛੋਂ ਸੰਨ 1946 ਤੋਂ 1953 ਤੀਕ ਇਹ ਰੱਾਇਲ ਕਾਲਜ ਆਫ਼ ਆਰਟ ਵਿਚ ਪ੍ਰੋਫ਼ੈਸਰ ਰਿਹਾ।

ਸੰਨ 1953 ਵਿਚ ਇਸ ਨੂੰ ਰੱਾਇਲ ਅਕੈਡਮੀ ਦਾ ਮੈਂਬਰ ਚੁਣ ਲਿਆ ਗਿਆ।

22 ਜੁਲਾਈ, 1963 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 527; ਐਨ. ਅਮੈ. 9 : 215; ਐਵ. ਐਨ. 4 : 432

**ਡਾਬਸਨ ਮੱਖੀ** : ਇਹ ਕੁਰਿਡੈਲਡੀ ਕੁਲ ਦੇ, ਉੱਤਰੀ ਅਤੇ ਦੱਖਣੀ ਅਮਰੀਕਾ, ਏਸ਼ੀਆ, ਆਸਟ੍ਰੇਲੀਆ ਅਤੇ ਅਫ਼ਰੀਕਾ ਵਿਚ ਮਿਲਣ ਵਾਲੇ ਵੱਡੇ ਵੱਡੇ ਕੀੜੇ ਹਨ। ਇਨ੍ਹਾਂ ਕੀੜਿਆਂ ਦੇ ਚਾਰੋ ਪਰਾਂ ਵਿਚ ਸ਼ਿਰਾਵਾਂ ਦਾ ਜਾਲ ਵਿਛਿਆ ਹੁੰਦਾ ਹੈ।

ਇਸ ਦਾ ਪ੍ਰਾਣੀ ਵਿਗਿਆਨਕ ਨਾਂ ਕੁਰਿਡੈਲਸ ਕਾਰਨਿਊਟਸ ਹੈ। ਇਸ ਮੱਖੀ ਦਾ ਪਰ-ਪਸਾਰ ਤਕਰੀਬਨ 13 ਸੈਂ. ਮੀ. ਹੁੰਦਾ ਹੈ। ਮੈਂਡੀਬਲ, ਨਰ ਕੀੜਿਆਂ ਵਿਚ ਮਾਦਾ ਨਾਲੋਂ ਵੱਡੇ ਹੁੰਦੇ ਹਨ। ਮਾਦਾ ਮੱਖੀ ਝੀਲਾਂ ਦੇ ਨੇੜੇ, ਝੁੰਡਾਂ ਵਿਚ ਤਕਰੀਬਨ 3,000 ਤੱਕ ਚਿੱਟੇ ਜਿਹੇ ਰੰਗ ਦੇ ਅੰਡੇ ਦਿੰਦੀ ਹੈ। ਅੰਡਿਆਂ ਵਿਚੋਂ ਲਾਰਵੇ ਨਿਕਲ ਕੇ ਪਾਣੀ ਵਿਚ ਚਲੇ ਜਾਂਦੇ ਹਨ ਅਤੇ ਤਕਰੀਬਨ 2 ਜਾਂ 3 ਸਾਲ ਵਿਚ ਪ੍ਰੌੜ੍ਹ ਹੁੰਦੇ ਹਨ। ਇਸ ਅਵਸਥਾ ਵਿਚ ਲਾਰਵੇ ਵੱਡੇ ਅਤੇ ਕਾਲੇ ਜਿਹੇ ਰੰਗ ਦੇ ਹੁੰਦੇ ਹਨ ਅਤੇ ਝੀਲਾਂ ਦੇ ਤੇਜ਼ ਵਗਦੇ ਪਾਣੀਆਂ ਵਿਚ ਪੱਥਰਾਂ ਦੇ ਹੇਠਾਂ ਰਹਿੰਦੇ ਹਨ। ਇਹ ਦੂਜੇ ਜਲੀ ਕੀੜਿਆਂ ਅਤੇ ਛੋਟੇ ਛੋਟੇ ਰੀੜ੍ਹਰਹਿਤ ਪ੍ਰਾਣੀਆਂ ਤੇ ਆਹਾਰ ਕਰਦੇ ਹਨ। ਇਨ੍ਹਾਂ ਦੇ ਮੂੰਹ-ਅੰਗ ਬਹੁਤ ਤੇਜ਼ ਕਟਣ ਵਾਲੇ ਹੁੰਦੇ ਹਨ। ਪ੍ਰੌੜ੍ਹ ਲਾਰਵਾ ਪਾਣੀ ਵਿਚੋਂ ਗਿੱਲੀ ਮਿੱਟੀ ਜਾਂ ਪਾਣੀ ਦੇ ਨੇੜੇ ਤੇੜੇ ਦੀ ਗਲ-ਸੜ ਰਹੀ ਬਨਸਪਤੀ ਵਿਚ ਆ ਜਾਂਦਾ ਹੈ ਅਤੇ ਪਿਊਪਾ ਅਵਸਥਾ ਵਿਚ ਬਦਲ ਜਾਂਦਾ ਹੈ ਅਤੇ ਫਿਰ ਇਸ ਵਿਚੋਂ ਬਾਲਗ਼ ਮੱਖੀ ਨਿਕਲਦੀ ਹੈ।

ਇਸ ਮੱਖੀ ਦੇ ਲਾਰਵਿਆਂ ਨੂੰ ਮੱਛੀਆਂ ਦੇ (ਖ਼ਾਸ ਕਰਕੇ ਬਾਸ ਮੱਛੀ) ਚੋਗੇ ਲਈ ਵੀ ਵਰਤਿਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 594

**ਡਾੱਬਸਨ, ਵਿਲੀਅਮ** : ਤਸਵੀਰਾਂ ਬਣਾਉਣ ਵਾਲੇ ਇਸ ਅੰਗਰੇਜ਼ ਚਿੱਤਰਕਾਰ ਦਾ ਜਨਮ 1610 ਈ. ਵਿਚ ਲੰਡਨ ਵਿਖੇ ਹੋਇਆ। ਇਹ ਇਕ ਜਰਮਨ ਕਲਾਕਾਰ ਫ਼ਰਾਂਸਿਸ ਕਲੀਨ ਦਾ ਸ਼ਾਗਿਰਦ ਸੀ। ਇਸ ਦੀ ਕਲਾ ਉੱਪਰ ਵੈਨਿਸ ਦੀ ਸ਼ੈਲੀ ਦਾ ਪ੍ਰਭਾਵ ਸੀ। ਵਾਨ ਡਈਕ ਦੀ ਮੌਤ ਉਪਰੰਤ ਇਹ ਸ਼ਾਹੀ ਚਿੱਤਰਕਾਰ ਬਣਿਆ।

ਵਿਲੀਅਮ ਕਾਮਪਟਨ ਦਾ ਆਦਮ ਕੱਦ ਚਿੱਤਰ ਅਤੇ ਬੀਹੈਡਿੰਗ ਆਫ ਸੇਂਟ ਜਾਨ ਦਾ ਚਿੱਤਰ ਦੋਵੇਂ ਡਾਬਸਨ ਦੇ ਬਣਾਏ ਵਧੀਆ ਚਿੱਤਰ ਹਨ।

28 ਅਕਤੂਬਰ, 1646 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 594; ਐਨ. ਅਮੈ. 8 : 215.

**ਡਾਬਸਿਨਾ** : ਸਲੋਵਾਕੀਆ ਗਣਰਾਜ ਦੇ ਸਲੋਵਾਕ ਓਰ ਪਹਾੜਾਂ ਵਿਚ ਖਾਣਾਂ ਨਾਲ ਸਬੰਧਤ ਇਹ ਇਕ ਪਿੰਡ ਹੈ ਜਿਹੜਾ ਸਲਾਨਾ ਦਰਿਆ ਅਤੇ ਕੋਸ਼ਟਸੇ ਸ਼ਹਿਰ ਦੇ ਪੱਛਮ ਵਿਚ ਸਥਿੱਤ ਹੈ। ਬਸਤੀ ਦੀ ਨੀਂਹ ਪ੍ਰਵਾਸੀ ਜਰਮਨ ਖਾਣ ਮਜ਼ਦੂਰਾਂ ਨੇ 1326 ਈ. ਵਿਚ ਰੱਖੀ ਸੀ। ਜੰਗਲਾਂ ਵਿਚੋਂ ਲੱਕੜਾਂ ਕੱਟਣ ਅਤੇ ਲੋਹੇ ਨੂੰ ਖਾਣਾਂ ਵਿਚੋਂ ਕੱਢਣ ਦਾ ਰਵਾਇਤੀ ਕੰਮ ਅੱਜ ਵੀ ਜਾਰੀ ਹੈ। ਦੂਜੇ ਸੰਸਾਰ ਯੁੱਧ ਤੋਂ ਪਿੱਛੋਂ ਸਥਾਪਿਤ ਹੋਇਆ ਪਣ-ਬਿਜਲੀ ਦਾ ਸਟੇਸ਼ਨ ਵੀ ਇਸ ਦੇ ਨੇੜੇ ਹੀ ਹੈ। ਉੱਤਰ-ਪੱਛਮ ਵਿਚ ਕੁਝ ਕਿਲੋਮੀਟਰ ਦੀ ਦੂਰੀ ਤੇ ਚੂਨੇ ਦੀਆਂ ਵੱਡੀਆਂ ਵੱਡੀਆਂ ਚਟਾਨਾਂ ਵਿਚ ਡਾਬਸਿਨਾ ਬਰਫ਼ੀਲੀ ਗੁਫ਼ਾ ਬਣੀ ਹੋਈ ਹੈ। ਸਭ ਤੋਂ ਵੱਡਾ ਕਮਰਾ 120 ਮੀ. (396 ਫੁੱਟ) ਲੰਬਾ, 45 ਮੀ., (148 ਫੁੱਟ) ਚੌੜਾ ਤੇ 12 ਮੀ. (39 ਫੁੱਟ) ਉੱਚਾ ਹੈ। ਇਥੇ ਇਕ ਛੋਟਾ ਹਾਲ ਵੀ ਹੈ। ਇਸ ਦਾ ਫਰਸ਼ ਲ. 20 ਮੀ. (66 ਫੁੱਟ) ਮੋਟੀ ਬਰਫ਼ ਦੀ ਚਾਦਰ ਦਾ ਬਣਿਆ ਹੋਇਆ ਹੈ।

48°49′ ਉ. ਵਿਥ. ; 20°23′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 143

**ਡਾੱਬਰੂਜਾ** : ਪੂਰਬੀ ਯੂਰਪ ਦਾ ਇਹ ਇਤਿਹਾਸਕ ਖੇਤਰ ਪੱਛਮ ਤੋਂ ਪੂਰਬ ਵੱਲ ਦਰਿਆ ਡੈਨਿਊਬ ਅਤੇ ਕਾਲਾ ਸਾਗਰ ਦੇ ਵਿਚਕਾਰ 23,345 ਵ. ਕਿ. ਮੀ. ਦੇ ਰਕਬੇ ਵਿਚ ਫੈਲਿਆ ਹੋਇਆ ਹੈ। ਰਾਜਨੀਤਕ ਪੱਖੋਂ ਇਸ ਖੇਤਰ ਦਾ ਕੁਝ ਭਾਗ ਦੱਖਣ-ਪੂਰਬੀ ਰੁਮਾਨੀਆ ਅਤੇ ਕੁਝ ਭਾਗ ਉੱਤਰ-ਪੂਰਬੀ ਬੁਲਗਾਰੀਆ ਅਧੀਨ ਹੈ

ਬੁਲਗਾਰੀਆ ਅਧੀਨ ਆਉਂਦਾ ਖੇਤਰ ਲਗਭਗ ਸਾਰਾ ਹੀ ਉੱਚ ਭੂਮੀਆਂ ਵਾਲਾ ਹੈ ਜਦੋਂ ਕਿ ਰੁਮਾਨੀਆ ਵਾਲਾ ਡਾੱਬਰੂਜਾ-ਖੇਤਰ ਨੀਵੀਆਂ ਭੂਮੀਆਂ ਤੇ ਸਾਹਿਲੀ ਖਾਰੇ ਪਾਣੀ ਦੀਆਂ ਝੀਲਾਂ ਤੇ ਦਲਦਲਾਂ ਨਾਲ ਭਰਪੂਰ ਹੈ। ਸੰਨ 1913 ਤੋਂ 40 ਤੱਕ ਇਹ ਰੁਮਾਨੀਆ ਦਾ ਇਕ ਪ੍ਰਾਂਤ ਰਿਹਾ। ਸੰਨ 1940 ਵਿਚ ਡਾੱਬਰੂਜਾ ਦਾ ਦੱਖਣੀ ਪਾਸੇ ਦਾ ਅੱਧਾ ਹਿੱਸਾ ਬੁਲਗਾਰੀਆ ਅਧੀਨ ਚਲਾ ਗਿਆ।

ਡਾੱਬਰੂਜਾ ਖੇਤਰ ਵਿਚ ਪ੍ਰਾਚੀਨ ਕਾਲ ਦੌਰਾਨ ਯੂਨਾਨੀ, ਰੋਮਨ ਤੇ ਬਾਜ਼ਨਤੀਨੀ ਨੌਆਬਾਦੀਆਂ ਆਬਾਦ ਹੋਈਆਂ। ਗਾੱਥ, ਹੁਨ ਤੇ ਅਲਾਨੀ ਲੋਕਾਂ ਨੇ ਜੰਗਾਂ - ਯੁੱਧਾਂ ਦੌਰਾਨ ਇਸ ਖੇਤਰ ਨੂੰ ਵਾਰ-ਵਾਰ ਤਬਾਹ ਕੀਤਾ। 18 ਵੀਂ ਤੇ 19ਵੀਂ ਸ਼ਦੀ ਦੌਰਾਨ ਰੂਸੀ-ਤੁਰਕੀ ਜੰਗਾਂ ਵਿਚ ਵੀ ਇਸੇ ਖੇਤਰ ਨੂੰ ਮੈਦਾਨੇਜੰਗ ਬਣਨਾ ਪਿਆ।

ਹ. ਪੁ.—ਐਨ. ਬ੍ਰਿ. ਮਾ. 4 : 143

**ਡਾੱਬਲਿਨ, ਆਲਫਰੇਟ** : ਜਰਮਨੀ ਦੇ ਇਸ ਨਾਵਲਕਾਰ ਅਤੇ ਨਿਬੰਧਕਾਰ ਦਾ ਜਨਮ 10 ਅਗਸਤ, 1878 ਨੂੰ ਪੋਲੈਂਡ ਵਿਚ ਸ਼ਚੀਟਸੀਨ ਵਿਖੇ ਹੋਇਆ। ਇਹ ਡਾਕਟਰੀ ਕਰਦਾ ਸੀ ਅਤੇ ਬਰਲਿਨ ਵਿਖੇ ਆਪਣੀ ਦੁਕਾਨ ਚਲਾਉਂਦਾ ਸੀ। ਇਸਦੇ ਲਿਖਣ ਦੀ ਤਕਨੀਕ ਅਤੇ ਸਟਾਈਲ ਵੱਖਰਾ ਸੀ। ਇਹ ਸਭਿਅਤਾ ਦੇ ਖੋਖਲੇਪਨ ਨੂੰ ਇਸਦੀ ਬਰਬਾਦੀ ਦਾ ਕਾਰਨ ਮੰਨਦਾ ਸੀ ਅਤੇ ਇਸ ਨੂੰ ਆਪਣੀਆਂ ਲਿਖਤਾਂ ਵਿਚ ਬਿਆਨ ਕਰਨ ਦੀ ਤੀਬਰ ਇੱਛਾ ਰੱਖਦਾ ਸੀ। ਦੇਸ਼ ਵਿਚੋਂ ਕੱਢੇ ਜਾਣ ਤੇ ਸੰਨ 1933 ਤੋਂ 1945 ਤੱਕ ਫ਼ਰਾਂਸ ਅਤੇ ਅਮਰੀਕਾ ਵਿਚ ਰਿਹਾ। 'Die drel Sprunge des wang - Lun' (1915) ਇਸਦਾ ਪਹਿਲਾ ਸਫ਼ਲ ਨਾਵਲ ਸੀ। ਆਪਣੇ ਨਾਵਲ 'Berge, Meere und Giganten' ਵਿਚ ਇਸਨੇ ਖ਼ੁਦ ਦੀ ਇਨਸਾਨ ਪ੍ਰਤੀ ਕਰੋਪੀ ਨੂੰ ਪੇਸ਼ ਕੀਤਾ ਹੈ। 'Berlin Alexanderplatez' ਇਸ ਦਾ ਉੱਤਮ ਨਾਵਲ ਸੀ।

28 ਜੂਨ, 1957 ਨੂੰ ਪੱਛਮੀ ਜਰਮਨੀ ਵਿਚ ਐਮੈਨਡਿੰਗੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 593

**ਡਾ ਬੀਅਰ, ਸਰ ਗਾੱਵਿਨ (ਰਾਈਲੈਂਡਜ਼)** : ਇਹ ਇਕ ਪ੍ਰਸਿੱਧ ਪ੍ਰਾਣੀ ਅਤੇ ਆਕ੍ਰਿਤੀ ਵਿਗਿਆਨੀ ਹੋਇਆ ਹੈ ਜਿਹੜਾ ਪ੍ਰਯੋਗਾਤਮਕ ਭਰੂਣ ਵਿਗਿਆਨ, ਸਰੀਰ ਰਚਨਾ ਵਿਗਿਆਨ ਅਤੇ ਵਿਕਾਸ ਉੱਤੇ ਕੰਮ ਸਦਕਾ ਜਾਣਿਆ ਜਾਂਦਾ ਹੈ। ਇਸ ਦਾ ਜਨਮ 1 ਨਵੰਬਰ, 1899 ਨੂੰ ਲੰਦਨ ਵਿਖੇ ਹੋਇਆ।

ਸੰਨ 1926 ਤੋਂ 1965 ਤੱਕ ਇਹ ਵੱਖ ਵੱਖ ਯੂਨੀ-ਵਰਸਿਟੀਆਂ ਵਿਚ ਲੈਕਚਰਾਰ ਅਤੇ ਪ੍ਰੋਫ਼ੈਸਰ ਦੇ ਤੌਰ ਤੇ ਕੰਮ ਕਰਦਾ ਰਿਹਾ। ਇਸ ਨੇ ਬ੍ਰਿਟਿਸ਼ ਮਿਊਜ਼ੀਅਮ ਆਫ਼ ਨੈਚੁਰਲ ਹਿਸਟਰੀ ਦੇ ਡਾਇਰੈਕਟਰ ਦੇ ਤੌਰ ਤੇ ਵੀ ਕੰਮ ਕੀਤਾ। ਇਸ ਨੂੰ ਮਿਲੇ ਸਨਮਾਨਾਂ ਵਿਚੋਂ ਕੁਝ 'Chevalier region d' Honneur' (1953), ਨਾਈਟਹੁੱਡ (1954), 'Socie'te d' Acclimitation the Geoffrey, st. Hilaire', ਗੋਲਡ ਮੈਡਲ' (1954), 'ਰਾੱਇਲ ਸੁਸਾਇਟੀ ਦਾ ਡਾਰਵਿਨ ਮੈਡਲ' (1958), 'ਦਾ ਲੀਨੀਅਨ ਸੁਸਾਇਟੀ, ਗੋਲਡ ਮੈਡਲ' (1958) ਹਨ।

ਵਿਕਾਸਗਤ ਵਿਧੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਨੇ ਇੰਨਟ੍ਰੋਡਕਸ਼ਨ ਟੂ ਐਕਸਪੈਰੀਮੈਂਟਲ ਐਂਬ੍ਰੀਆੱਲੋਜੀ (1920) ਲਿਖੀ। ਇਸ ਵਿਚ ਇਸ ਨੇ ਕਈ ਅਜਿਹੀਆਂ ਬਣਤਰਾਂ ਐਕਟੋਡਰਮ ਤੋਂ ਬਣਦੀਆਂ ਦੱਸੀਆਂ ਜਿਹੜੀਆਂ ਉਦੋਂ ਤੱਕ ਮੀਜ਼ੋਡਰਮ ਤੋਂ ਬਣਦੀਆਂ ਸਮਝੀਆਂ ਜਾਂਦੀਆਂ ਰਹੀਆਂ ਸਨ। ਇਸੇ ਤਰ੍ਹਾਂ 'ਐਂਬ੍ਰੀ-ਓਜ਼ ਐਂਡ ਐਨਸੈਸਟਰਜ਼ (1940)' ਵਿਚ ਇਸ ਨੇ ਪੀਡੋਮਾੱਰਫ਼ੋਸਿਸ ਦਾ ਸੰਕਲਪ ਦਿੱਤਾ, ਜਿਸ ਅਨੁਸਾਰ ਬਾਲਗਾ ਵਿਚ ਪੂਰਵਜਾਂ ਦੀ ਬਾਲ-ਅਵਸਥਾ ਦੇ ਲੱਛਣ ਰਹਿ ਜਾਂਦੇ ਹਨ। ਇਸ ਨੇ 'ਕਲੈਨੇਡੈਸੱਟਿਨ ਵਿਕਾਸ' ਵਿਕਾਸਗਤ ਤਬਦੀਲੀਆਂ ਜਿਹੜੀਆਂ ਸਿਰਫ ਪਰਿਵਰਧਨ ਦੀਆਂ ਹਾਲਤਾਂ ਵਿਚ ਅਸਰ ਪਾਉਂਦੀਆਂ ਹਨ, ਬਾਰੇ ਵੀ ਦੱਸਿਆ। ਆਰਕੀਅਾੱਪਟੈਰਿਕਸ ਪਥਰਾਟ ਵਿਚ ਇਸ ਨੇ ਸਟੱਰਨਮ ਵੀ ਲੱਭੀ, ਜਿਸ ਤੋਂ ਇਸ ਨੇ ਮੋਜ਼ੇਇਕ ਵਿਕਾਸ ਦਾ ਵੀ ਸੁਝਾਅ ਦਿੱਤਾ। ਇਸ ਅਨੁਸਾਰ ਟੁਕੜਾ ਦਰ ਟੁਕੜਾ ਆਈ ਤਬਦੀਲੀ ਰਾਹੀਂ ਇਕ ਕਿਸਮ ਦੇ ਪ੍ਰਾਣੀ ਦਾ ਅਗਲੀ ਕਿਸਮ ਦੇ ਪ੍ਰਾਣੀ ਤੱਕ ਵਿਕਾਸ ਹੋ ਜਾਂਦਾ ਹੈ। ਪਿਟੂਈਟਰੀ ਗਲੈਂਡ ਉੱਤੇ ਵੀ ਇਸ ਨੇ ਖੋਜ ਕੀਤੀ।

'ਡਿਵੈਲਪਮੈਂਟ ਆਫ਼ ਦਾ ਵਰਟਿਬਰੇਟ ਸਕੱਲ (1935)' ਇਸਦੀ ਇਕ ਮਹੱਤਵਪੂਰਨ ਲਿਖਤ ਹੈ।

ਹ. ਪੁ.—ਐਨ. ਬ੍ਰਿ. ਮਾ. 3 : 417

**ਡਾਮ** : ਇਹ ਉੱਤਰ-ਪੱਛਮੀ ਬੈਲਜੀਅਮ ਦੇ ਪੱਛਮੀ ਫਲੈਂਡਰਜ਼ ਪ੍ਰਾਂਵਿੰਸ ਦਾ ਇਕ ਖੇਤੀ-ਪ੍ਰਧਾਨ ਪਿੰਡ ਹੈ ਜਿਹੜਾ ਬਰੁਗ-ਸਲਾੱਇਸ ਨਹਿਰ ਦੇ ਕੰਢੇ ਵਾਕਿਆ ਹੈ। ਤੇਰ੍ਹਵੀਂ ਅਤੇ ਚੌਧਵੀਂ ਸਦੀ ਦੌਰਾਨ ਇਹ ਬਰੁਗ ਕਮਿਊਨ ਦੀ ਇਕ ਉੱਘੀ ਬੰਦਰਗਾਹ ਸੀ। ਹੈਨਸੀਐਟਿਕ ਲੀਗ ਦੇ ਵਪਾਰੀਆਂ ਉਪਰ ਇਸੇ ਦੇ ਸਮੁੰਦਰੀ ਕਾਨੂੰਨ ਲਾਗੂ ਹੁੰਦੇ ਸਨ। ਪੰਦਰਵੀਂ ਸਦੀ ਵਿਚ ਜ਼ਵਾਈਨ ਦੇ ਗਾਰ ਨਾਲ ਭਰ ਜਾਣ ਕਾਰਨ ਬੰਦਰਗਾਹ ਭੂ-ਬੱਧ ਹੋ ਗਈ। ਇਸ ਕਾਰਨ ਸ਼ਹਿਰ ਦਾ ਬੰਦਰਗਾਹ ਵਜੋਂ ਵਿਕਾਸ ਖ਼ਤਮ ਹੋ ਗਿਆ ਅਤੇ ਸਮੁੰਦਰ ਦੀ ਸੁੱਕੀ ਜ਼ਮੀਨ ਉਪਰ ਇਹ ਇਕ ਉਪਜਾਊ ਪਿੰਡ ਵਜੋਂ ਵਿਕਸਿਤ ਹੋਇਆ। ਇਸੇ ਪਿੰਡ ਵਿਚ 1235 ਈ. ਵਿਚ ਫਲੀਮੀ ਕਾਵਿ ਦੇ ਮੋਢੀ, ਜੈਕਬ ਵਾਨ ਮੇਰਲੈਂਟ ਦਾ ਜਨਮ ਹੋਇਆ। ਸੰਨ 1340 ਵਿਚ ਸਲਾੱਇਸ ਤੋਂ ਥੋੜ੍ਹਾ ਹਟ ਕੇ ਫ਼ਰਾਂਸੀਸੀ ਫ਼ੌਜਾਂ ਨੂੰ ਇੰਗਲੈਂਡ ਦੇ ਐਡਵਰਡ ਤੀਜੇ ਦੀਆਂ ਫ਼ੌਜਾਂ ਕੋਲੋਂ ਹਾਰਨਾ ਪਿਆ।

ਪਿੰਡ ਵਿਚ ਨੋਟਰ ਡਮ ਗਿਰਜੇ ਦੇ ਖੰਡਰਾਤ ਅਤੇ 1464-68 ਈ. ਦੌਰਾਨ ਬਣਿਆ ਟਾਊਨ ਹਾਲ ਅੱਜ ਵੀ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਇਥੇ ਦੋ ਅਜਾਇਬ ਘਰ ਵੀ ਹਨ।

ਆਬਾਦੀ – 1,021 (1971)

51°15′ ਉ. ਵਿਥ.; 3°17′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 363

**ਡਾਮ, (ਕਾਰਲ ਪੀਟਰ) ਹੈਨਰਿਕ** : ਇਸ ਜੀਵ-ਰਸਾਇਣ ਵਿਗਿਆਨੀ ਦਾ ਜਨਮ 21 ਫਰਵਰੀ, 1895 ਨੂੰ ਕੋਪਨਹੈਗਨ ਵਿਖੇ ਹੋਇਆ। ਇਸ ਨੇ ਐਡਵਰਡ ਏ. ਡਾੱਇਜ਼ੀ ਨਾਲ ਰਲ ਕੇ ਖ਼ੂਨ ਦੇ ਵਹਾਉ ਨੂੰ ਰੋਕਣ ਵਾਲੇ ਪਦਾਰਥਾਂ ਦੀ ਖੋਜ ਕੀਤੀ ਅਤੇ ਵਿਟਾਮਿਨ-ਕੇ (1939) ਦੀ ਕਾਢ ਕੱਢੀ ਅਤੇ ਸਿੱਟੇ ਵਜੋਂ ਇਸ ਨਾਲ 1943 ਦਾ ਫਿਜ਼ਿਆਲੋਜੀ ਅਤੇ ਮੈਡੀਸਨ ਦਾ ਨੋਬਲ ਪੁਰਸਕਾਰ ਸਾਂਝਾ ਕੀਤਾ। ਡਾਮ ਅਤੇ ਇਸੇ ਦੇ ਸਾਥੀਆਂ ਨੇ (1929-34) ਚੂਚਿਆਂ ਵਿਚ ਆਹਾਰਿਕ ਘਾਟ ਤੋਂ ਪੈਦਾ ਹੁੰਦੀ ਇਕ ਬੀਮਾਰੀ ਬਾਰੇ ਦੱਸਿਆ ਜਿਸ ਵਿਚ ਖ਼ੂਨ ਜ਼ਿਆਦਾ ਵਗਦਾ ਸੀ ਅਤੇ ਜੰਮਣ ਵਿਚ ਕਾਫ਼ੀ ਸਮਾਂ ਲੈਂਦਾ ਸੀ। ਇਸ ਨੇ ਇਸ ਬੀਮਾਰੀ ਦਾ ਕਾਰਨ ਇਕ ਵਿਟਾਮਿਨ ਦੀ ਘਾਟ ਦੱਸਿਆ। ਇਸ ਵਿਟਾਮਿਨ ਦੇ ਬਾਰੇ ਇਸ ਨੇ ਦੱਸਿਆ ਕਿ ਇਹ ਚਰਬੀ ਵਿਚ ਘੁਲਣਸ਼ੀਲ ਹੈ ਅਤੇ ਹਰੇ ਪੱਤਿਆਂ ਵਿਚ ਮਿਲਦਾ ਹੈ। ਇਸ ਵਿਟਾਮਿਨ ਨੂੰ ਇਸ ਨੇ ਵਿਟਾਮਿਨ-ਕੇ (Koagulations-Vitamin) ਦਾ ਨਾਂ ਦਿੱਤਾ। ਸੰਨ

1939 ਵਿਚ ਡੱਾਇਜ਼ੀ ਅਤੇ ਇਸ ਨੇ ਵੱਖਰੇ ਵੱਖਰੇ ਇਸ ਵਿਟਾਮਿਨ ਨੂੰ ਐਲਫ਼ਾ-ਐਲਫ਼ਾ ਵਿਚੋਂ ਕੱਢਿਆ। ਵਿਟਾਮਿਨ ਦੇ ਇਸ ਰੂਪ ਨੂੰ ਮਗਰੋਂ ਵਿਟਾਮਿਨ $K_1$ ਕਿਹਾ ਗਿਆ। ਡਾਮ ਦੀ ਵਿਟਾਮਿਨਾਂ ਦੀਆਂ ਹੋਰ ਖੋਜਾਂ ਅਤੇ ਚਰਬੀਆਂ ਤੇ ਸਟੈਰੋਲਾਂ ਦੀ ਬਾਇਓਕੈਮਿਸਟਰੀ ਜਾਣਨ ਬਾਰੇ ਵੱਡੀ ਦੇਣ ਹੈ।

ਕੋਪਨਹੈਗਨ ਦੇ ਪੱਲੀਟੈਕਨਿਕ ਇੰਸਟੀਚਿਊਟ ਤੋਂ 1920 ਵਿਚ ਗ੍ਰੈਜੂਏਸ਼ਨ ਕਰਕੇ ਡਾਮ ਸਕੂਲ ਆਫ਼ ਐਗਰੀਕਲਚਰ ਐਂਡ ਵੈਟਰਨਰੀ ਮੈਡੀਸਨ ਵਿਖੇ ਅਤੇ ਮਗਰੋਂ ਕੋਪਨਹੈਗਨ ਦੀ ਯੂਨੀਵਰਸਿਟੀ ਦੀ ਫ਼ਿਜ਼ਿਆਲੋਜੀਕਲ ਲੈਬਾਰਟਰੀ ਵਿਖੇ ਪੜ੍ਹਾਉਂਦਾ ਰਿਹਾ। ਸੰਨ 1940 ਵਿਚ ਇਹ ਅਮਰੀਕਾ ਆ ਗਿਆ ਅਤੇ ਇਥੇ ਨਿਊਯਾਰਕ ਵਿਖੇ ਰਾਚੈਸੱਟਰ ਯੂਨੀਵਰਸਿਟੀ ਵਿਚ ਆਪਣੀ ਖੋਜ ਜਾਰੀ ਰੱਖੀ। ਸੰਨ 1946 ਵਿਚ ਇਹ ਕੋਪਨਹੈਗਨ ਵਿਖੇ ਪੱਲੀਟੈਕਨਿਕ ਇੰਸਟੀਚਿਊਟ ਵਿਚ ਜੀਵ-ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਬਣ ਗਿਆ ਅਤੇ 1956 ਵਿਚ ਡੈਨਿਸ਼ ਫੈਟ ਰਿਸਰਚ ਇੰਸਟੀਚਿਊਟ ਦਾ ਮੁੱਖੀ ਬਣਿਆ।

ਹ. ਪੁ.—ਐਨ. ਬ੍ਰਿ. ਮਾ. 3 : 359

**ਡਾਮਗਾਨ** : ਈਰਾਨ ਦੇ ਉੱਤਰੀ ਭਾਗ ਵਿਚ ਸੈਮਨਾਨ ਪ੍ਰਾਵਿੰਸ ਦਾ ਇਕ ਉੱਘਾ ਸ਼ਹਿਰ ਹੈ ਜਿਹੜਾ ਇਕ ਵਿਸ਼ਾਲ ਬੰਜਰ ਮੈਦਾਨ ਵਿਚ ਐਲਬਰੂਜ਼ ਪਹਾੜਾਂ ਦੇ ਦੱਖਣ ਵਿਚ 1,200 ਮੀ. ਦੀ ਉਚਾਈ ਤੇ ਵਾਕਿਆ ਹੈ। ਇਹ ਤਹਿਰਾਨ ਤੋਂ ਖ਼ੁਰਾਸਾਨ ਜਾਣ ਵਾਲੀ ਰੇਲਵੇ ਲਾਈਨ ਉਪਰ ਸਥਿਤ ਹੈ। ਇਥੇ ਨੌਂਵੀਂ ਸਦੀ ਦੀ ਬਣੀ ਈਰਾਨ ਦੀ ਸਭ ਤੋਂ ਪ੍ਰਾਚੀਨ ਮਸਜਿਦ 'ਤਾਰਿਕ ਖ਼ਾਨੇ' ਅਤੇ ਸਲਜੂਕ ਕਾਲ ਦੇ ਕਈ ਗੁੰਬਦ ਤੇ ਮੀਨਾਰ ਅੱਜ ਵੀ ਮੌਜੂਦ ਹਨ। ਇਥੇ ਹੋਈਆਂ ਪੁਰਾਤੱਤਵੀ ਖੋਜਾਂ ਤੋਂ ਸਾਸਾਨੀ ਕਾਲ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਡਾਮਗਾਨ ਮੱਧਕਾਲ ਵਿਚ ਕਿਊਮਸ ਪ੍ਰਾਵਿੰਸ ਦਾ ਇਕ ਉੱਘਾ ਸ਼ਹਿਰ ਅਤੇ ਰਾਜਧਾਨੀ ਸੀ ਪਰ 1723 ਈ. ਵਿਚ ਇਸ ਉੱਪਰ ਅਫ਼ਗਾਨਾਂ ਨੇ ਹਮਲਾ ਕਰ ਕੇ ਇਸ ਨੂੰ ਬਰਬਾਦ ਕਰ ਦਿੱਤਾ। ਮਗਰੋਂ ਇਸ ਦੀ ਮੁੜ ਸਥਾਪਨਾ ਹੋਈ। ਇਹ ਸ਼ਹਿਰ ਪਿਸਤੇ ਅਤੇ ਬਦਾਮਾਂ ਦੇ ਵਪਾਰ ਲਈ ਬੜਾ ਪ੍ਰਸਿੱਧ ਹੈ।

ਆਬਾਦੀ – 17,179 (1976)

36° 10′ ਉ. ਵਿਥ. ; 54° 20′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 866

**ਡਾਮਬੈਨ, ਰਾਬਰਟ ਫ਼ਰਾਂਸਵਾ** : ਫ਼ਰਾਂਸ ਦੇ ਇਸ ਜਨੂਨੀ ਵਿਅਕਤੀ ਦਾ ਜਨਮ 9 ਜਨਵਰੀ, 1715 ਨੂੰ ਲਾਟਿਊਲਾਇ ਵਿਖੇ ਹੋਇਆ। ਇਸ ਨੇ 1757 ਈ. ਵਿਚ ਫ਼ਰਾਂਸ ਦੇ ਬਾਦਸ਼ਾਹ ਲੂਈ ਪੰਦਰ੍ਹਵੇਂ ਨੂੰ ਮਾਰਨ ਦਾ ਇਕ ਅਸਫ਼ਲ ਯਤਨ ਕੀਤਾ।

ਇਹ ਇਕ ਦਰਬਾਨ ਦਾ ਪੁੱਤਰ ਸੀ। ਇਸ ਨੇ ਘਰੇਲੂ ਨੌਕਰ ਵਜੋਂ ਉਪਰੋਥਲੀ ਕਈ ਤਰ੍ਹਾਂ ਦੇ ਕੰਮ ਕੀਤੇ ਤੇ ਆਪਣੇ ਮਾਲਕਾਂ ਦੀ ਹੀ ਚੋਰੀ ਕਰਨ ਕਰਕੇ ਇਸ ਨੂੰ ਕਈ ਵਾਰ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ। 5 ਜਨਵਰੀ, 1757 ਨੂੰ ਜਦੋਂ ਬਾਦਸ਼ਾਹ ਲੂਈ ਵਰਸੇਲਜ਼ ਵਿਖੇ ਆਪਣੀ ਬੱਘੀ ਵਿਚ ਚੜ੍ਹ ਰਿਹਾ ਸੀ ਤਾਂ ਇਸ ਨੇ ਉਨ੍ਹਾਂ ਨੂੰ ਛੁਰਾ ਮਾਰ ਦਿੱਤਾ। ਭਾਵੇਂ ਬਾਦਸ਼ਾਹ ਲੂਈ ਥੋੜ੍ਹਾ ਹੀ ਜ਼ਖ਼ਮੀ ਹੋਇਆ ਸੀ ਪਰ ਇਸ ਦੇ ਸਿਆਸੀ ਸਿੱਟੇ ਬਹੁਤ ਗੰਭੀਰ ਨਿਕਲਣੇ ਸਨ। ਇਸ ਵਿਚ ਫ਼ਰੈਂਚ ਰੋਮਨ ਕੈਥੋਲਿਕ ਚਰਚ ਦੇ ਦੋ ਵਿਰੋਧੀ ਧੜੇ ਸੋਸਾਇਟੀ ਆਫ਼ ਜੀਸਸ ਅਤੇ ਜੇਨਸਨਿਸਟ (ਜੈਨਸਨੀ) ਦੇ ਫਸ ਜਾਣ ਦੀ ਸੰਭਾਵਨਾ ਸੀ।

ਬਹੁਤ ਸਾਰਿਆਂ ਨੇ ਇਹ ਦੋਸ਼ ਲਾਇਆ ਕਿ ਬਾਦਸ਼ਾਹ ਵਿਰੁੱਧ ਤਿਆਰ ਕੀਤੀ ਸਾਜ਼ਿਸ਼ ਵਿਚ ਇਸ ਦਾ ਪੂਰਾ ਹੱਥ ਹੈ ਪਰ ਹੋਰਨਾਂ ਨੇ ਇਹ ਸ਼ੱਕ ਕੀਤਾ ਕਿ ਇਹ ਪਾਰਲੀਮੈਂਟ ਵਿਚ ਜੈਨਸਨੀਆਂ ਦੀ ਮਦਦ ਲਈ ਇਕ ਏਜੰਟ ਦੇ ਰੂਪ ਵਿਚ ਆਉਂਦਾ ਹੈ ਪਰ ਸਰਕਾਰ ਇਹ ਸਾਬਤ ਨਾ ਕਰ ਸਕੀ ਕਿ ਇਹ ਇਸ ਸਾਜ਼ਿਸ਼ ਵਿਚ ਵਾਕਿਆ ਹੀ ਸ਼ਾਮਲ ਸੀ। ਇਸ ਤੇ ਬਾਦਸ਼ਾਹ ਨੂੰ ਮਾਰਨ ਦਾ ਦੋਸ਼ ਲਾਇਆ ਗਿਆ ਅਤੇ ਇਸ ਨੂੰ ਪਲੇਸ ਡੀ ਗਰੀਵ ਵਿਚ ਘੋੜਿਆਂ ਤੋਂ ਖਿਚਵਾ ਕੇ ਮਾਰਨ ਦੀ ਸਜ਼ਾ ਦਿੱਤੀ ਗਈ। ਇਸ ਨੂੰ ਕਈ ਤਸੀਹੇ ਦਿੱਤੇ ਗਏ ਗਰਮ ਕੀਤੇ ਜਮੂਰਾਂ ਨਾਲ ਤੰਗ ਕੀਤਾ ਗਿਆ ਅਤੇ ਇਸ ਦੇ ਜ਼ਖ਼ਮ ਉੱਤੇ ਪਿਘਲੀ ਹੋਈ ਮੋਮ, ਸਿੱਕਾ ਅਤੇ ਉਬਲਦਾ ਹੋਇਆ ਤੇਲ ਛਿੜਕਿਆ ਗਿਆ। ਇਸ ਦੀ ਮੌਤ ਤੋਂ ਬਾਅਦ ਇਸ ਦੇ ਘਰ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਇਸ ਦੇ ਭੈਣਾਂ-ਭਰਾਵਾਂ ਨੂੰ ਆਪਣੇ ਨਾਂ ਬਦਲ ਲੈਣ ਦਾ ਹੁਕਮ ਦਿੱਤਾ ਗਿਆ ਅਤੇ ਇਸ ਦਾ ਪਿਤਾ, ਪਤਨੀ ਅਤੇ ਧੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 866

**ਡਾਮਰ** : ਇਹ ਸ਼ਿਵ ਦਾ ਬਣਾਇਆ ਹੋਇਆ ਤੰਤਰ-ਸ਼ਾਸਤਰ ਹੈ । ਇਨ੍ਹਾਂ ਦੀ ਗਿਣਤੀ ਪੰਜ ਹੈ ਜਿਵੇਂ ਯੋਗ ਡਾਮਰ, ਸ਼ਿਵ ਡਾਮਰ, ਦੁਰਗਾ ਡਾਮਰ, ਸਾਰਸਵਤ ਡਾਮਰ ਅਤੇ ਬ੍ਰਹਮ ਡਾਮਰ ਪਰ ਕਈ ਹਵਾਲਿਆਂ ਅਨੁਸਾਰ ਇਨ੍ਹਾਂ ਦੀ ਗਿਣਤੀ ਛੇ ਹੈ ਅਤੇ ਛੇਵਾਂ ਗੰਧਰਵ ਡਾਮਰ ਦੱਸਿਆ ਗਿਆ ਹੈ। ਇਸ ਤਰ੍ਹਾਂ ਇਹ ਹਿੰਦੂਆਂ ਦੀ ਉਪਾਸਨਾ ਸਬੰਧੀ ਇਕ ਸ਼ਾਸਤਰ ਹੈ ਜਿਹੜਾ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ—ਆਗਮ, ਯਾਮਲ ਅਤੇ ਮੁੱਖ ਤੰਤਰ।

ਵਰਾਹ ਤੰਤਰ ਅਨੁਸਾਰ ਜਿਸ ਵਿਚ ਸ੍ਰਿਸ਼ਟੀ, ਪਰਲੋ, ਦੇਵਤਿਆਂ ਦੀ ਪੂਜਾ, ਸਭ ਕੰਮਾਂ ਦੇ ਸਾਧਨ, ਚਾਰ ਪ੍ਰਕਾਰ ਦੇ ਧਿਆਨ ਆਦਿ ਦਾ ਵਰਣਨ ਹੋਵੇ ਉਸ ਨੂੰ ਆਗਮ ਕਹਿੰਦੇ ਹਨ; ਜਿਸ ਵਿਚ ਸ੍ਰਿਸ਼ਟੀਤਵ, ਜੋਤਸ਼ੀ, ਨਿਤ ਕਿਰਤ, ਕ੍ਰਮ, ਸੂਤਰ, ਵਰਣਭੇਟ ਅਤੇ ਯੁੱਗ ਧਰਮ ਦਾ ਵਰਣਨ ਹੋਵੇ ਉਸ ਨੂੰ ਯਾਮਲ ਕਹਿੰਦੇ ਹਨ ਅਤੇ ਜਿਸ ਵਿਚ ਸ੍ਰਿਸ਼ਟੀ, ਲੈਅ. ਮੰਤਰ ਨਿਰਣਾ, ਦੇਵਤਿਆਂ ਦੇ ਸੰਸਥਾਨ, ਜੰਤਰ ਨਿਰਣਾ, ਤੀਰਥ, ਆਸ਼ਰਮ, ਧਰਮ, ਕਲਪ ਜੋਤਿਸ਼ ਵਰਤ ਕਥਾ, ਸ਼ੌਚ ਤੇ ਅਸ਼ੌਚ, ਇਸਤਰੀ-ਪੁਰਸ਼-ਲੱਛਣ, ਰਾਜ ਧਰਮ, ਦਾਨ ਧਰਮ, ਯੁਗ ਧਰਮ, ਵਿਵਹਾਰ ਅਤੇ ਅਧਿਆਤਮਕ ਵਿਸ਼ਿਆਂ ਦਾ ਵਰਣਨ ਹੋਵੇ ਉਹ ਤੰਤਰ ਅਖਵਾਉਂਦਾ ਹੈ। ਇਸ ਸ਼ਾਸਤਰ ਦਾ ਸਿਧਾਂਤ ਹੈ ਕਿ ਕਲਯੁਗ ਵਿਚ ਵੈਦਕ ਮੰਤਰਾਂ, ਜਪਾਂ ਅਤੇ ਯੱਗਾਂ ਆਦਿ ਦਾ ਕੋਈ ਫਲ ਨਹੀਂ ਹੁੰਦਾ। ਇਸ ਯੁਗ ਵਿਚ ਸਭ ਪ੍ਰਕਾਰ ਦੇ ਕੰਮਾਂ ਦੀ ਸਿੱਧੀ ਲਈ ਤੰਤਰ ਸ਼ਾਸਤਰ ਵਿਚ ਆਏ ਮੰਤਰਾਂ ਅਤੇ ਉਪਾਵਾਂ ਆਦਿ ਨਾਲ ਹੀ ਸਹਾਇਤਾ ਮਿਲਦੀ ਹੈ। ਇਸ ਸ਼ਾਸਤਰ ਦੇ ਸਿਧਾਂਤ ਬਹੁਤ ਗੁਪਤ ਰੱਖੇ ਜਾਂਦੇ ਹਨ ਅਤੇ ਇਸ ਦੀ ਸਿੱਖਿਆ ਲੈਣ ਲਈ ਪਹਿਲਾਂ ਦੀਖਿਆ ਦੇਣੀ ਪੈਂਦੀ ਹੈ। ਅੱਜਕੱਲ੍ਹ ਅਕਸਰ ਕਿਸੇ ਨੂੰ ਮਾਰਨ, ਵੱਸ ਕਰਨ ਆਦਿ ਲਈ ਅਤੇ ਅਨੇਕ ਪ੍ਰਕਾਰ ਦੀਆਂ ਸਿਧੀਆਂ ਆਦਿ ਦੇ ਸਾਧਨ ਲਈ ਇਨ੍ਹਾਂ ਤੰਤਰਾਂ ਦੇ ਮੰਤਰ ਅਤੇ ਕਿਰਿਆਵਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਸ਼ਾਕਤਾਂ ਦਾ ਸ਼ਾਸਤਰ ਹੈ ਅਤੇ ਇਸ ਦੇ ਮੰਤਰ ਅਕਸਰ ਅਰਥਹੀਣ ਅਤੇ ਇਕ ਅੱਖਰੀ ਹੁੰਦੇ ਹਨ ਜਿਵੇਂ ਸ਼੍ਰੀ ਸ਼੍ਰੂੰ , ਆਦਿ। ਤਾਂਤਰਿਕਾਂ ਦਾ ਪੰਚ-ਮਕਾਰ-ਪਦ, ਮਾਸ, ਮਤਸਯ ਮੁਦਰਾ ਮੈਥਨ ਅਤੇ ਚੱਕਰ ਪੂਜਾ ਪ੍ਰਸਿੱਧ ਹੈ।

ਹ. ਪੁ.—ਮ. ਕੋ. 559 ; ਹਿੰ. ਸ਼. ਸਾ. 4:1947 , 1987

**ਡਾਮਰ** : ਸਖ਼ਤ ਵਾਰਨਿਸ਼ ਬਰੋਜ਼ੇ ਦੀਆਂ ਬਹੁਤ ਸਾਰੀਆਂ ਕਿਸਮਾਂ ਨੂੰ ਡਾਮਰ ਆਖਦੇ ਹਨ। ਇਸਦੀ ਮਹੱਤਤਾ ਇਸ ਦਾ ਤੇਜ਼ ਸੁਗੰਧਿਤ ਅਤੇ ਅੱਗ ਫੜਨ ਵਾਲਾ ਹੋਣ ਕਰਕੇ ਹੈ। ਡਾਮਰ ਨੂੰ ਦੱਖਣ ਪੂਰਬੀ ਏਸ਼ੀਆ ਵਿਚ ਮਿਲਣ ਵਾਲੇ ਕੋਨਧਾਰੀ ਰੁੱਖਾਂ ਜਿਨ੍ਹਾਂ ਵਿ

ਸ਼ੋਰੀਆ ਜਾਤੀ ਦੇ ਰੁੱਖ, ਡਿਪਟੋਕਾਰਪੇਸੀ ਕੁਲ ਦੀਆਂ ਕਈ ਜਾਤੀਆਂ ਅਤੇ ਬਰਸੀਰੇਸੀ ਕੁਲ ਦੀਆਂ ਕੁੱਝ ਜਾਤੀਆਂ ਸ਼ਾਮਲ ਹਨ, ਆਦਿ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਡਾਮਰ ਪਲਸਤਰਾਂ, ਵਾਰਨਿਸ਼ਾਂ ਅਤੇ ਰੋਗਨਾਂ ਵਿਚ ਵੀ ਵਰਤਿਆ ਜਾਂਦਾ ਹੈ। ਡਾਮਰ ਨੂੰ ਨਾਈਟ੍ਰੋ-ਸੈਲੂਲੋਜ਼ ਨਾਲ ਮਿਲਾ ਕੇ ਛੇਤੀ ਸੁੱਕਣ ਵਾਲੇ ਡਾਮਰ ਤਿਆਰ ਕੀਤੇ ਜਾਂਦੇ ਹਨ। ਡਾਮਰ ਦਾ ਕਲੋਰੋਫ਼ਾਰਮ ਜਾਂ ਜ਼ਾਈਲੀਨ ਵਿਚ ਘੋਲ ਤਿਆਰ ਕਰਕੇ ਬਨਸਪਤੀ ਅਤੇ ਪ੍ਰਾਣੀ ਪਦਾਰਥਾਂ ਦੀਆਂ ਪਤਲੀਆਂ ਪਤਲੀਆਂ ਕਾਟਾਂ ਨੂੰ ਖ਼ੁਰਦਬੀਨੀ ਨਿਰੀਖਣ ਲਈ ਸੁਰਖਿਅਤ ਰੱਖਣ ਅਤੇ ਪੜ੍ਹਨ ਲਈ ਵਰਤਿਆ ਜਾਂਦਾ ਹੈ। ਤਾਰਪੀਨ ਦੇ ਤੇਲ ਨਾਲ ਮਿਲਾ ਕੇ ਡਾਮਰ ਤੋਂ ਇਕ ਵਧੀਆ ਵੇਾਰਨਿਸ਼ ਤਿਆਰ ਹੁੰਦੀ ਹੈ ਜਿਸ ਦੇ ਸੁੱਕਣ ਉਪਰੰਤ ਬੜੀ ਸਫ਼ਾਈ ਅਤੇ ਮਜ਼ਬੂਤੀ ਆਉਂਦੀ ਹੈ। ਅਤਿ ਸੁਗੰਧੀ ਵਾਲਾ ਇਹ ਬਰੋਜ਼ਾ ਦਰਖ਼ਤਾਂ ਤੋਂ ਇਕ ਨਰਮ ਵਿਸਕਸੀ ਪਦਾਰਥ ਦੇ ਰੂਪ ਵਿਚ ਨਿਕਲਦਾ ਹੈ। ਬਾਹਰ ਨਿਕਲਦਿਆਂ ਹੀ ਇਹ ਸਖ਼ਤ ਹੋ ਜਾਂਦਾ ਹੈ ਅਤੇ ਇਸ ਦੀ ਸੁਗੰਧੀ ਵੀ ਖ਼ਤਮ ਹੋ ਜਾਂਦੀ ਹੈ। ਬਜ਼ਾਰ ਵਿਚ ਮਿਲਣ ਵਾਲਾ ਡਾਮਰ ਸਖ਼ਤ, ਪਾਰਦਰਸ਼ੀ, ਟੁੱਟਣਸ਼ੀਲ ਅਤੇ ਤੂੜੀ ਰੰਗੇ ਦਾਨਿਆਂ ਦੇ ਰੂਪ ਵਿਚ ਹੁੰਦਾ ਹੈ ਅਤੇ ਇਸ ਦੀ ਕੋਈ ਗੰਧ ਨਹੀਂ ਹੁੰਦੀ।

ਨਿਊਜ਼ੀਲੈਂਡ ਦਾ ਡਾਮਰ ਜਿਸ ਨੂੰ ਕੌੜੀ ਗੂੰਦ ਜਾਂ ਕੌੜੀ ਕੋਪਲ ਵੀ ਆਖਦੇ ਹਨ। ਜੋ ਕੌੜੀ ਪਾਈਨ ਐਗੈਥਿਸ ਔਸਟ੍ਰੇਲਿਸ ਤੋਂ ਨਿਕਲਦਾ ਹੈ। ਮਲਾਇਆ ਅਤੇ ਇੰਡੋਨੇਸ਼ੀਆ ਦਾ ਡਾਮਰ ਐਗੈਥਿਸ ਐਲਬਾ ਤੋਂ ਨਿਕਲਦਾ ਹੈ। ਭਾਰਤ ਵਿਚ ਮਿਲਣ ਵਾਲੇ ਡਾਮਰਾਂ ਵਿਚ ਕਾਲਾ ਡਾਮਰ ਕੈਨੇਰੀਅਮ ਸਟ੍ਰਿਕਟਮ ਤੋਂ ਅਤੇ ਚਿੱਟਾ ਡਾਮਰ, ਵੈਟੇਰੀਆ ਇੰਡੀਕਾ ਤੋਂ ਮਿਲਦਾ ਹੈ। ਸਾਲ ਡਾਮਰ ਸ਼ੋਰੀਆ ਰੋਬਸਟਾ ਤੋਂ ਪ੍ਰਾਪਤ ਹੁੰਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 362

**ਡਾਮਾਸਕਿਨੋਸ** : ਇਹ ਏਥਨਜ਼ ਦਾ ਲਾਟ ਪਾਦਰੀ ਅਤੇ 1944-46 ਦੀ ਖ਼ਾਨਾਜੰਗੀ ਦੌਰਾਨ ਯੂਨਾਨ ਦਾ ਰੀਜੈਂਟ ਸੀ। ਇਸ ਦਾ ਜਨਮ 3 ਮਾਰਚ, 1891 ਨੂੰ ਢੋਰਵਿਟਸੀਆ ਵਿਖੇ ਹੋਇਆ। ਬਲਕਾਨ ਦੀਆਂ ਲੜਾਈਆਂ ਦੇ ਦੌਰਾਨ ਇਹ ਫ਼ੌਜ ਵਿਚ ਸੀ ਅਤੇ 1917 ਵਿਚ ਇਸਨੂੰ ਪਾਦਰੀ ਬਣਾਇਆ ਗਿਆ। ਸੰਨ 1922 ਵਿਚ



ਡਾਮਾਸਕਿਨੋਸ

ਇਹ ਕੋਰਿੰਥ ਦਾ ਬਿਸ਼ਪ ਅਤੇ 1938 ਵਿਚ ਏਥਨਜ਼ ਦਾ ਲਾਟ ਪਾਦਰੀ ਬਣਿਆ ਪਰ ਪ੍ਰਧਾਨ-ਮੰਤਰੀ ਨੇ ਇਸ ਦੀ ਚੋਣ ਨੂੰ ਰੱਦ ਕਰਾਰ ਦਿੱਤਾ ਅਤੇ ਇਸ ਦੀ ਥਾਂ ਟ੍ਰੈਬੀਜ਼ੋਡ ਦੇ ਬਿਸ਼ਪ ਕ੍ਰਾਟੀਸੈਥੋਸ ਨੂੰ ਲਾਟ ਪਾਦਰੀ ਬਣਾ ਦਿੱਤਾ। ਫਿਰ ਡਾਮਾਸਕਿਨੋਸ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਪਰ ਜੁਲਾਈ, 1941 ਵਿਚ ਦੂਜੇ-ਸੰਸਾਰ-ਯੁੱਧ ਸਮੇਂ ਜਦੋਂ ਜਰਮਨੀ ਨੇ ਯੂਨਾਨ ਉਤੇ ਕਬਜ਼ਾ ਕਰ ਲਿਆ ਤਾਂ ਇਸ ਨੂੰ ਵਾਪਸ ਬੁਲਾ ਕੇ ਲਾਟ ਪਾਦਰੀ ਬਣਾ ਦਿੱਤਾ ਗਿਆ। ਲਾਟ ਪਾਦਰੀ ਦੇ ਨਾਤੇ ਇਸ ਨੇ ਜਰਮਨੀ ਦੇ ਅਧਿਕਾਰ ਦਾ ਵਿਰੋਧ ਕੀਤਾ ਅਤੇ ਯਹੂਦੀਆਂ ਨੂੰ ਨਾਜ਼ੀਆਂ ਤੋਂ ਬਚਾਉਣ ਲਈ ਜ਼ੋਰ ਲਾਇਆ। ਸੰਨ 1944 ਵਿਚ ਜਰਮਨਾਂ ਦੇ ਚਲੇ ਜਾਣ ਮਗਰੋਂ ਜਦੋਂ ਖ਼ਾਨਾਜੰਗੀ ਸ਼ੁਰੂ ਹੋ ਗਈ ਤਾਂ ਦੇਸ਼ ਨਿਕਾਲਾ ਦਿੱਤੇ ਗਏ ਬਾਦਸ਼ਾਹ ਜਾਰਜ ਦੂਜੇ ਦੀ ਆਗਿਆ ਨਾਲ ਡਾਮਾਸਕਿਨੋਸ ਨੂੰ ਰੀਜੈਂਟ ਥਾਪਿਆ ਗਿਆ। ਆਪਣੀ ਦਿਆਨਤਦਾਰੀ ਅਤੇ ਇਨਸਾਫ਼ ਪਸੰਦੀ ਕਰਕੇ ਇਹ ਸਾਰੀਆਂ ਪਾਰਟੀਆਂ ਨੂੰ ਪ੍ਰਵਾਨ ਸੀ। ਅਗਲੇ 16 ਮਹੀਨਿਆਂ ਵਿਚ ਇਸ ਨੇ ਪੰਜ ਪ੍ਰਧਾਨ ਮੰਤਰੀ ਬਣਾਏ ਅਤੇ 1945 ਈ. ਵਿਚ ਇਕ ਅੰਤਰਿਮ ਕੈਬਨਿਟ ਕਾਇਮ ਕੀਤੀ। 28 ਸਤੰਬਰ, 1946 ਨੂੰ ਇਸ ਨੇ ਅਸਤੀਫ਼ਾ ਦੇ ਦਿੱਤਾ ਅਤੇ ਮਗਰੋਂ ਸਿਰਫ਼ ਲਾਟ ਪਾਦਰੀ ਦੀਆਂ ਡਿਊਟੀਆਂ ਹੀ ਨਿਭਾਉਂਦਾ ਰਿਹਾ।

20 ਮਈ, 1949 ਨੂੰ ਏਥਨਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :361

**ਡਾਮੈਸ਼ੀਅਸ** : ਯੂਨਾਨ ਦੇ ਇਸ ਨਵ-ਅਫ਼ਲਾਤੂਨਵਾਦੀ ਦਾਰਸ਼ਨਿਕ ਦਾ ਜਨਮ ਲ. 480 ਈ. ਵਿਚ ਹੋਇਆ। ਇਸ ਨੇ ਸਿਕੰਦਰੀਆ ਅਤੇ ਏਥਨਜ਼ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਸ ਦੀ ਸਰਪ੍ਰਸਤੀ ਹੇਠ ਚਲਾਈ ਜਾ ਰਹੀ ਅਕਾਦਮੀ ਨੂੰ ਸੰਨ 529 ਵਿਚ ਈਸਾਈ ਬਾਦਸ਼ਾਹ ਜਸਤਨੀਅਨ ਦੇ ਆਦੇਸ਼ ਤੇ ਬੰਦ ਕਰਨਾ ਪਿਆ। ਇਸ ਦੇ ਸਿੱਟੇ ਵਜੋਂ ਇਸ ਨੇ ਅਤੇ ਇਸ ਦੇ ਸਾਥੀਆਂ ਅਤੇ ਸ਼ਾਗਿਰਦਾਂ ਨੇ ਈਰਾਨ ਦੇ ਬਾਦਸ਼ਾਹ ਖੁਸਰੋ ਪਹਿਲੇ ਕੋਲ ਜਾ ਕੇ ਪਨਾਹ ਲਈ ਪਰ ਈਰਾਨ ਦਰਬਾਰ ਵਿਚ ਆਪਣੇ ਅਨੁਕੂਲ ਮਾਹੌਲ ਨਾ ਹੋਣ ਕਾਰਨ ਇਹ ਵਾਪਸ ਏਥਨਜ਼ ਚਲਾ ਗਿਆ।

'Aporiai Kai lyseis peri ton proton archon' ਇਸ ਦੀ ਉੱਘੀ ਕਿਰਤ ਹੈ। ਆਪਣੀਆਂ ਕਿਰਤਾਂ ਰਾਹੀਂ ਇਸ ਨੇ ਬਾਅਦ ਦੇ ਈਸਾਈ ਰਹੱਸਵਾਦ ਦੀ ਅਗਵਾਈ ਕੀਤੀ।

ਸੰਨ 550 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 360; ਐਨ. ਅਮੈ. 8 : 426

**ਡਾੱਰਗਨ, ਟਾਮਸ ਅਲਾਇਸੀਅਸ** : ਸੰਯੁਕਤ ਰਾਜ ਅਮਰੀਕਾ ਦੇ ਇਸ ਪੱਤਰਕਾਰ ਅਤੇ ਵਿਅੰਗ-ਚਿੱਤਰਕਾਰ ਦਾ ਜਨਮ 29 ਅਪ੍ਰੈਲ, 1877 ਨੂੰ ਸਾਨ ਫ਼ਰਾਂਸਿਸਕੋ, ਕੈਲਿਫ਼ੋਰਨੀਆ ਵਿਚ ਹੋਇਆ। ਚਿੱਤਰਕਾਰੀ ਦੀ ਸਿੱਖਿਆ ਪ੍ਰਾਪਤ ਕਰਕੇ ਛੋਟੀ ਉਮਰ ਵਿਚ ਹੀ ਇਹ 'ਸਾਨ ਫ਼ਰਾਂਸਿਸਕੋ ਬੁਲੇਟਿਨ' ਦੇ ਕਲਾ ਵਿਭਾਗ ਵਿਚ ਨੌਕਰ ਹੋ ਗਿਆ। ਇਥੇ ਇਸ ਨੇ ਵਿਅੰਗ-ਚਿੱਤਰਕਾਰ ਅਤੇ ਹਾਸ ਭਰਪੂਰ ਲਿਖਾਰੀ ਦਾ ਕੰਮ ਕੀਤਾ।

ਸੰਨ 1902 ਵਿਚ ਕੁਝ ਸਮੇਂ ਲਈ ਇਹ 'ਨਿਊਯਾਰਕ ਜਰਨਲ' ਲਈ ਰਾਜਨੀਤਕ ਵਿਅੰਗ-ਚਿੱਤਰਕਾਰ ਵਜੋਂ ਕੰਮ ਕਰਦਾ ਰਿਹਾ। ਫਿਰ ਇਹ ਮੁੱਕੇਬਾਜ਼ਾਂ ਦੇ ਚਿੱਤਰ ਬਣਾਉਣ ਲੱਗ ਪਿਆ ਜਿਹੜੇ ਬਹੁਤ ਲੋਕਪ੍ਰਿਯ ਹੋ ਗਏ ਇਸ ਦਾ ਨਾਂ ਟੈਡ ਮਸ਼ਹੂਰ ਹੋ ਗਿਆ।

ਇਸ ਦੇ ਵਿਅੰਗ-ਚਿੱਤਰ 'ਸਿਲਕ ਹੈਟ ਹੈਰੀ' ਅਤੇ 'ਜੱਜ ਰੱਮੀ' ਬਹੁਤ ਪ੍ਰਚੱਲਤ ਹੋਏ।

ਲੌਂਗ ਆਈਲੈਂਡ ਵਿਚ ਗ੍ਰੇਟ ਨੈੱਕ ਵਿਖੇ 2 ਮਈ, 1929 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 593

**ਡਾਰਟਰ** : ਇਹ ਅਲੂਣੇ ਪਾਣੀ ਵਿਚ ਮਿਲਣ ਵਾਲੀਆਂ ਲਗਭਗ 100 ਜਾਤੀਆਂ ਦੀਆਂ ਛੋਟੀਆਂ ਛੋਟੀਆਂ ਮੱਛੀਆਂ ਦਾ ਨਾਂ ਹੈ ਜਿਹੜੀਆਂ ਪਰਸੀਫਾੱਰਮੀਜ਼ ਵਰਗ, ਪਰਸਿਡੀ ਕੁਲ ਅਤੇ ਇਥੀਓਸਟੋਮਿਨੀ ਉਪ ਕੁਲ ਨਾਲ ਸਬੰਧਤ ਹਨ। ਸਾਰੀਆਂ ਡਾਰਟਰ ਮੱਛੀਆਂ ਪੂਰਬੀ ਉੱਤਰੀ ਅਮਰੀਕਾ ਦੀਆਂ ਮੂਲ ਵਾਸੀ ਹਨ। ਇਹ ਨਦੀਆਂ ਦੇ ਸਾਫ਼ ਪਾਣੀ ਦੇ ਤਲ ਦੇ ਨੇੜੇ ਰਹਿੰਦੀਆਂ ਹਨ। ਜਦੋਂ ਇਹ ਖਾਣਾ ਖਾ ਰਹੀਆਂ ਹੋਣ ਜਾਂ ਜਦੋਂ ਇਨ੍ਹਾਂ ਨੂੰ ਛੇੜਿਆ ਜਾਵੇ ਤਾਂ ਇਹ ਇਕਦਮ ਝਪਟ ਕੇ ਪੈਂਦੀਆਂ ਹਨ। ਇਹ ਪਾਣੀ ਦੇ ਹੋਰ ਦੂਜੇ ਛੋਟੇ ਜੀਵ ਜੰਤੂਆਂ ਦਾ ਸ਼ਿਕਾਰ ਕਰਦੀਆਂ ਹਨ।



ਡਾਰਟਰ

ਇਸ ਕੁਲ ਦੇ ਹੋਰ ਮੈਂਬਰਾਂ ਦੀ ਤਰ੍ਹਾਂ ਡਾਰਟਰ ਮੱਛੀਆਂ ਦੇ ਦੋ ਪਿਛਲੇ ਖੰਭੜੇ ਹੁੰਦੇ ਹਨ। ਇਹ ਮੱਛੀਆਂ 2.5 ਸੈਂ. ਮੀ. ਤੋਂ ਲੈ ਕੇ 23 ਸੈਂ. ਮੀ. (1 ਤੋਂ 9 ਇੰਚ) ਤੱਕ ਲੰਬੀਆਂ ਹੁੰਦੀਆਂ ਹਨ ਪਰ ਬਹੁਤੀਆਂ ਡਾਰਟਰ ਮੱਛੀਆਂ 5-7 ਸੈਂ. ਮੀ. ਲੰਬੀਆਂ ਹੁੰਦੀਆਂ ਹਨ। ਕੁਝ ਡਾਰਟਰ ਮੱਛੀਆਂ ਬੇਹੱਦ ਗੂੜ੍ਹੇ ਰੰਗਾਂ ਵਾਲੀਆਂ ਹੁੰਦੀਆਂ ਹਨ, ਖਾਸ ਕਰਕੇ ਇਨ੍ਹਾਂ ਦੇ ਨਰ ਪ੍ਰਜਣਨ ਰੁੱਤੇ ਵਿਸ਼ੇਸ਼ ਤੌਰ ਤੇ ਰੰਗਦਾਰ ਹੋ ਜਾਂਦੇ ਹਨ। ਵੱਖੋ-ਵੱਖ ਜਾਤੀਆਂ ਦੀਆਂ ਮੱਛੀਆਂ ਦੀਆਂ ਅੰਡ-ਜਣਨ ਆਦਤਾਂ ਵੀ ਵੱਖੋ ਵੱਖਰੀਆਂ ਹਨ। ਕਈ ਜਾਤੀਆਂ ਦੀਆਂ ਮੱਛੀਆਂ ਤਾਂ ਅੰਡਿਆਂ ਨੂੰ ਖਿਲਾਰ ਜਾਂ ਮਿਟੀ ਵਿਚ ਦੱਬ ਦਿੰਦੀਆਂ ਹਨ ਜਦੋਂ ਕਿ ਕਈਆਂ ਦੇ ਨਰ ਅੰਡਿਆਂ ਲਈ ਆਲ੍ਹਣੇ ਬਣਾਉਂਦੇ ਹਨ ਅਤੇ ਉਦੋਂ ਤੀਕ ਅੰਡਿਆਂ ਦੀ ਦੇਖਭਾਲ ਕਰਦੇ ਹਨ ਜਦੋਂ ਤੀਕ ਉਨ੍ਹਾਂ ਵਿਚੋਂ ਪੂੰਗ ਨਾ ਨਿਕਲ ਆਉਣ।

ਡਾਰਟਰ ਮੱਛੀਆਂ ਦੀਆਂ ਕਈ ਜਾਤੀਆਂ ਘਟਦੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਕਈਆਂ ਦੇ ਖ਼ਤਮ ਹੋਣ ਦਾ ਖਤਰਾ ਇੰਨਾ ਵਧ ਗਿਆ ਕਿ ਇਨ੍ਹਾਂ ਦਾ ਨਾਂ 'ਰੈੱਡ ਡੈੱਟਾ ਬੁਕ' ਵਿਚ ਦਰਜ ਹੋ ਚੁੱਕਾ ਹੈ। ਇਨ੍ਹਾਂ ਜਾਤੀਆਂ ਦੇ ਅਲੋਪ ਹੋਣ ਦਾ ਕਾਰਨ ਇਨ੍ਹਾਂ ਦੇ ਨਿਵਾਸ ਸਥਾਨਾਂ ਵਿਚ ਹੋ ਰਿਹਾ ਨਿਤ-ਪ੍ਰਤਿ ਦਾ ਘਾਟਾ ਹੈ।

ਹੰ. ਪੁ.—ਐਨ. ਬ੍ਰਿ. ਮਾ. 3 : 892.

**ਡਾਰਡੇਨਸ** : ਯੂਨਾਨੀ ਮਿਥਿਹਾਸ ਅਨੁਸਾਰ ਇਹ ਜ਼ਿਊਸ ਤੇ ਪਲਾਈਐਡ ਇਲੈਕਟਰਾ ਦਾ ਪੁੱਤਰ ਸੀ। ਇਹ ਟ੍ਰੌਡ ਦੇ ਦਾਰਦਨਾਂ ਦਾ ਪੂਰਵਜ ਸੀ ਅਤੇ ਈਨੀਐਸ ਵਲੋਂ ਰੋਮਨਾਂ ਦਾ ਵੀ ਵੱਡ ਵਡੇਰਾ ਸੀ। ਰਵਾਇਤਾਂ ਅਨੁਸਾਰ ਆਪਣੇ ਭਰਾ ਇਆਸੀਅਸ ਨੂੰ ਕਤਲ ਕਰਨ ਮਗਰੋਂ ਡਾਰਡੇਨਸ ਸਮੁੰਦਰ ਪਾਰ ਕਰਕੇ ਆਰਕੇਡੀਆ ਤੋਂ ਸਾਮੋਥ੍ਰਸ ਭੱਜ ਨਿਕਲਿਆ। ਜਦੋਂ ਉਸ ਟਾਪੂ ਉੱਤੇ ਹੜ੍ਹ ਆ ਗਿਆ ਤਾਂ ਇਹ ਟ੍ਰੌਡ ਚਲਾ ਗਿਆ। ਫ੍ਰਿਜ਼ੀਆ ਦੇ ਹੁਕਮਰਾਨ ਟਿਊਸਰ ਨੇ ਇਸ ਦਾ ਨਿੱਘਾ ਸਵਾਗਤ ਕੀਤਾ ਅਤੇ ਇਸ ਨੇ ਉਸ ਦੀ ਧੀ ਬੇਟਾਈਆ ਨਾਲ ਸ਼ਾਦੀ ਕਰ ਲਈ। ਇਸ ਤਰੀਕੇ ਨਾਲ ਇਹ ਟ੍ਰਾੱਇ ਦੇ ਸ਼ਾਹੀ ਘਰਾਣੇ ਦਾ ਬਾਨੀ ਬਣਿਆ।

ਹ. ਪੁ.—ਐਨ. ਬ੍ਰਿ. ਮਾ. 3 : 377

**ਡਾਰਡੇਨਲਜ਼ ਜਲ-ਡਮਰੂ** : ਉੱਤਰ-ਪੱਛਮੀ ਤੁਰਕੀ ਵਿਚ ਇਕ ਤੰਗ ਜਿਹਾ ਜਲ-ਡਮਰੂ ਹੈ ਜਿਹੜਾ ਏਜੀਅਨ ਸਾਗਰ ਨੂੰ ਮਾਰਮਰਾ ਸਾਗਰ ਨਾਲ ਜੋੜਦਾ ਹੈ। ਉੱਤਰ-ਪੱਛਮ ਵਿਚ ਯੂਰਪ ਵਿਚ ਗਾਲਿਪਾਲੀ ਪ੍ਰਾਇਦੀਪ ਅਤੇ ਦੱਖਣ-ਪੂਰਬ ਵਿਚ ਏਸ਼ੀਆ ਮਾਈਨਰ ਦੀ ਮੁੱਖ ਭੂਮੀ ਵਿਚ ਵਾਕਿਆ ਇਸ ਜਲ-ਡਮਰੂ ਮੱਧ ਦੀ ਲੰਬਾਈ 61 ਕਿ. ਮੀ., ਚੌੜਾਈ $1\frac{1}{4}$ ਕਿ. ਮੀ. ਤੋਂ 6 ਕਿ. ਮੀ. ਦੇ ਕਰੀਬ ਅਤੇ ਡੂੰਘਾਈ 55 ਮੀ. ਹੈ ਜਿਹੜੀ ਤੰਗ ਕੇਂਦਰੀ ਭਾਗ ਵਿਚ 92 ਮੀ. ਤੱਕ ਪਹੁੰਚ ਜਾਂਦੀ ਹੈ। ਇਸ ਜਲ-ਡਮਰੂ ਦਾ ਨਾਉਂ ਪੁਰਾਤਨ ਟਰਾਇ ਸ਼ਹਿਰ ਦੇ ਕੋਲ ਵਾਕਿਆ ਡਾਰਡੇਨਸ ਸ਼ਹਿਰ ਦੇ ਨਾਉਂ ਤੇ ਪਿਆ ਜਿਥੇ 85 ਈ. ਪੂ. ਪਾਂਟਸ ਦੇ ਬਾਦਸ਼ਾਹ ਅਤੇ ਰੋਮਨ ਜਰਨੈਲ ਸੁਲਾ ਵਿਚਕਾਰ ਸੰਧੀ ਹੋਈ ਸੀ। ਮਾਰਮਰਾ ਸਾਗਰ ਤੋਂ ਏਜੀਅਨ ਤੀਕ ਇਸ ਦਾ ਵਹਾਉ ਕਾਫ਼ੀ ਤੇਜ਼ ਹੈ ਅਤੇ ਇਹ ਪ੍ਰਤਿਪੂਰਕ ਅੰਤਰ-ਪ੍ਰਵਾਹ ਵਜੋਂ ਖਾਰਾ ਪਾਣੀ ਵਾਪਸ ਲਿਆਉਂਦਾ ਹੈ।

ਗਾਲਿਪਾਲੀ ਅਤੇ ਚਾਨਾਕਾਲੇ ਇਸਦੇ ਕੰਢੇ ਉੱਤੇ ਸਥਿਤ ਪ੍ਰਸਿੱਧ ਬੰਦਰਗਾਹਾਂ ਹਨ। ਇਨ੍ਹਾਂ ਤੋਂ ਇਲਾਵਾ ਕਈ ਉੱਘੇ ਕਿਲੇ ਵੀ ਬਣੇ ਹੋਏ ਹਨ। ਇਸ ਦੇ ਪਾਣੀ ਵਿਚ ਕਈ ਤਰ੍ਹਾਂ ਦੀਆਂ ਮੱਛੀਆਂ ਹਨ ਜਿਹੜੀਆਂ ਕਾਲੇ ਸਾਗਰ ਅਤੇ ਏਜੀਅਨ ਸਾਗਰ ਦਰਮਿਆਨ ਘੁੰਮਦੀਆਂ ਰਹਿੰਦੀਆਂ ਹਨ।

ਇਹ ਜਲ-ਡਮਰੂ ਇਤਿਹਾਸਕ ਪੱਖੋਂ ਵੀ ਕਾਫ਼ੀ ਮਹੱਤਵਪੂਰਨ ਹੈ। ਹੈੱਲਾਸਪਾਂਟ ਵਿਖੇ ਹੀ ਯੂਨਾਨੀ ਮਿਥਿਹਾਸ ਦੇ ਪ੍ਰੇਮੀ ਹੀਰੋ ਅਤੇ ਲੀਐਂਡਰ ਦੀ ਪ੍ਰੇਮ ਕਹਾਣੀ ਵਾਪਰੀ। ਦੱਖਣ-ਪੱਛਮੀ ਸਿਰੇ ਵੱਲੋਂ ਪ੍ਰਾਚੀਨ ਟਰਾਇ ਸ਼ਹਿਰ ਡਾਰਡੇਨਲਜ਼ ਨੂੰ ਸੁਰੱਖਿਆ ਪ੍ਰਦਾਨ ਕਰਦਾ ਸੀ। 480 ਈ. ਪੂ. ਵਿਚ ਜ਼ਰਕਸੀਜ਼ ਪਹਿਲੇ ਦੀਆਂ ਪ੍ਰਸ਼ੀਆਈ ਫ਼ੌਜਾਂ ਅਤੇ 334 ਈ. ਪੂ. ਯੂਨਾਨ ਦੇ ਸਿਕੰਦਰ ਮਹਾਨ ਦੀਆਂ ਫ਼ੌਜਾਂ ਨੇ ਪ੍ਰਸ਼ਾਅ ਵਿਰੁੱਧ ਆਪਣੀ ਮੁਹਿੰਮ ਵਿਚ ਕਿਸ਼ਤੀਆਂ ਦਾ ਪੁਲ ਬਣਾ ਕੇ ਇਸ ਜਲ-ਡਮਰੂ ਨੂੰ ਪਾਰ ਕੀਤਾ। ਇਹ ਜਲ-ਡਮਰੂ ਹਮੇਸ਼ਾ ਤੋਂ ਹੀ ਇਸਤੰਬੋਲ ਲਈ ਆਰਥਿਕ ਅਤੇ ਯੁੱਧ ਕਲਾ ਪੱਖੋਂ ਇਕ ਗੇਟਵੇ (ਮੁਖ ਦਰਵਾਜ਼ਾ) ਬਣਿਆ। ਸੰਨ 1807 ਵਿਚ ਸਰ ਜਾਨ ਟੀ. ਡਕਵਰਥ ਨੇ ਬਰਤਾਨਵੀ ਬੇੜੇ ਨਾਲ ਇਸ ਉਪਰ ਕਬਜ਼ਾ ਕੀਤਾ। ਪਹਿਲੀ ਵੱਡੀ ਜੰਗ ਦੌਰਾਨ ਇਤਿਹਾਦੀ ਫ਼ੌਜਾਂ ਇਸ ਉੱਪਰ ਆਪਣਾ ਕਬਜ਼ਾ ਕਰਨ ਵਿਚ ਅਸਮਰੱਥ ਰਹੀਆਂ। ਜਲ-ਡਮਰੂ ਦੀ ਸਥਿਤੀ ਨੇ ਇਸ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਰਾਜਨੀਤਕ ਮਹੱਤਤਾ ਦਿੱਤੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 884

**ਡਾਰਨਲੀ, ਹੈਨਰੀ ਸਟੂਅਰਟ** : ਇਹ ਬਰਤਾਨੀਆ ਦੇ ਸਰਬਸੱਤਾਵਾਨ ਬਾਦਸ਼ਾਹਾਂ ਦਾ ਪੂਰਵਜ ਤੇ ਸਕਾਟਲੈਂਡ ਦੀ ਮਹਾਰਾਣੀ ਮੇਰੀ ਦਾ ਰਿਸ਼ਤੇ ਵਿਚੋਂ ਭਰਾ ਅਤੇ ਦੂਜਾ ਪਤੀ ਸੀ। ਇਸਦਾ ਜਨਮ 7 ਦਸੰਬਰ, 1545 ਨੂੰ ਯਾਰਕਸ਼ਿਰ ਵਿਚ ਟੈਂਪਲ ਨਿਊਸਾਮ ਵਿਖੇ ਹੋਇਆ। ਇਸ ਦਾ ਪਿਤਾ ਮੈਥੀਊ ਸਟੂਅਰਟ ਕੈਲਿਫ਼ੋਰਨੀਆ ਰਾਜ (ਸ.ਰ.ਅ.) ਦੀ ਲਾੱਸ ਏਂਜਲਸ ਕਾਉਂਟੀ ਦੇ ਲੇਨਾਨਸ ਸ਼ਹਿਰ ਦਾ ਚੌਥਾ ਅਰਲ ਸੀ। ਇਸ ਦੀ ਮਾਤਾ ਮਾਰਗ੍ਰੇਟ ਡਗਲਸ, ਹੈਨਰੀ ਸੱਤਵੇਂ ਦੀ ਵਾਹਦ-ਪੋਤਰੀ ਹੋਣ ਕਾਰਨ ਇੰਗਲੈਂਡ ਦੀ ਗੱਦੀ ਲਈ ਹੱਕਦਾਰ ਬਣੀ। ਹੈਨਰੀ ਸਟੂਅਰਟ ਡਾਰਨਲੀ ਦਾ ਮੇਰੀ ਨਾਲ ਸ਼ਾਦੀ ਕਰਵਾਉਣ ਦਾ ਮੰਤਵ ਇੰਗਲੈਂਡ ਦੀ ਗੱਦੀ ਨੂੰ ਹੱਥ ਵਿਚ ਰੱਖਣਾ ਸੀ। ਮੇਰੀ ਦੇ ਪਹਿਲੇ ਪਤੀ ਫ੍ਰਾਂਸਿਸ ਦੂਜੇ ਦੀ ਮੌਤ ਮਗਰੋਂ ਇਹ ਜੋੜੀ ਕਾਫ਼ੀ ਜਾਣੀ ਪਹਿਚਾਣੀ ਬਣ ਗਈ ਸੀ।

ਫਰਵਰੀ, 1565 ਵਿਚ ਇਹ ਇੰਗਲੈਂਡ ਤੋਂ ਮਹਾਰਾਣੀ ਐਲਿਜ਼ਬੈਥ ਪਹਿਲੀ ਦੀ ਆਗਿਆ ਨਾਲ ਸਕਾਟਲੈਂਡ ਚਲਾ ਗਿਆ। ਅਪ੍ਰੈਲ ਦੇ ਅਖੀਰ ਵਿਚ ਇਹ ਪਤਾ ਚਲ ਗਿਆ ਕਿ ਮੇਰੀ ਇਸ ਨਾਲ ਸ਼ਾਦੀ ਕਰਨਾ ਚਾਹੁੰਦੀ ਹੈ। ਉਸ ਨੇ ਇਸ ਨੂੰ ਰਾਸ ਦਾ ਅਰਲ ਅਤੇ ਆਲਬਨੀ ਦਾ ਡਿਊਕ ਨਿਯੁਕਤ ਕਰ ਦਿੱਤਾ। ਐਲਿਜ਼ਬੈਥ ਅਤੇ ਬਰਤਾਨਵੀ ਪਰੀਵੀ ਕੌਂਸਲ ਦੇ ਵਿਰੋਧ ਕਰਨ ਦੇ ਬਾਵਜੂਦ ਵੀ 29 ਜੁਲਾਈ, 1565 ਨੂੰ ਰੋਮਨ ਕੈਥੋਲਿਕ ਰਸਮ ਮੁਤਾਬਿਕ ਸ਼ਾਦੀ ਹੋ ਗਈ। ਇਸ ਸ਼ਾਦੀ ਨੂੰ ਸਕਾਟਲੈਂਡ ਦੇ ਪ੍ਰੋਟੈਸਟੈਂਟ ਮੰਤਰੀ ਮੰਡਲ ਨੇ ਆਪਣੀ ਹੱਤਕ ਸਮਝਿਆ। ਇਹ ਗੱਲ ਮੇਰੀ ਨੂੰ ਵੀ ਸਮਝ ਪੈ ਗਈ ਕਿ ਦਿਖਾਵੇ ਮਾਤਰ ਪਿਆਰ ਕੇਵਲ ਇਸ ਦਾ ਇਕ ਗੁਣ ਸੀ।

19 ਜੂਨ, 1566 ਨੂੰ ਇਨ੍ਹਾਂ ਦੇ ਘਰ ਲੜਕਾ ਪੈਦਾ ਹੋਣ ਨਾਲ ਜਿਹੜਾ ਬਾਅਦ ਵਿਚ ਜੇਮਜ਼ ਪਹਿਲੇ ਵਜੋਂ ਬਰਤਾਨੀਆ ਦਾ ਬਾਦਸ਼ਾਹ (ਸਟਾਕਲੈਂਡ ਦਾ ਜੇਮਜ਼ ਛੇਵਾਂ) ਬਣਿਆ, ਇੰਗਲੈਂਡ ਦੀ ਗੱਦੀ ਸਬੰਧੀ ਸਮੱਸਿਆ ਹੱਲ ਹੋ ਗਈ ਪਰ ਇਹ ਸਾਰਿਆਂ ਨੂੰ ਖਟਕਦਾ ਰਿਹਾ। ਇਕ ਦਿਨ ਜਦੋਂ ਮੇਰੀ ਐਡਨਬਰਗ ਵਿਖੇ ਆਪਣੀ ਅਸਥਾਈ ਰਿਹਾਇਸ਼ ਵਿਚ ਨਹੀਂ ਸੀ ਤਾਂ ਮਹਿਲ ਨੂੰ ਬਾਰੂਦ ਨਾਲ ਉਡਾ ਦਿੱਤਾ ਗਿਆ। ਹੋ ਸਕਦਾ ਹੈ ਕਿ ਮਗਰੋਂ ਇਸ ਨੂੰ ਗਲਾ ਘੁੱਟ ਕੇ ਮਾਰ ਦਿੱਤਾ ਗਿਆ ਹੋਵੇ। ਇਸ ਤਰ੍ਹਾਂ ਇਸ ਦੀ ਮੌਤ 9 ਜਾਂ 10 ਫਰਵਰੀ, 1567 ਨੂੰ ਐਡਨਬਰਗ ਵਿਖੇ ਹੋ ਗਈ ਸੀ ਤੇ ਇਸ ਦੀ ਵਿਧਵਾ ਨੇ ਇਸ ਦੀ ਮੌਤ ਤੋਂ ਤਿੰਨ ਮਹੀਨੇ ਮਗਰੋਂ ਹੀ ਸ਼ਾਦੀ ਕਰ ਲਈ ਸੀ।

ਹ. ਪੁ.—ਐਨ. ਬ੍ਰਿ. ਮਾ. 3 : 383; ਐਨ. ਅਮੈ. 8 : 480 ; ਵੈਂ. ਨਿ. ਬਾ. ਡਿ.

**ਡਾੱਰਨੈੱਲ ਕੇਸ** : ਇਸ ਨੂੰ 'ਫ਼ਾਈਵ ਨਾਈਟਸ ਕੇਸ' ਵੀ ਕਿਹਾ ਜਾਂਦਾ ਹੈ। ਅੰਗਰੇਜ਼ ਲੋਕਾਂ ਦੇ ਇਤਿਹਾਸ ਵਿਚ ਇਹ ਇਕ ਮਸ਼ਹੂਰ ਕੇਸ ਹੈ ਅਤੇ ਇਸ ਦੇ ਨਤੀਜੇ ਵਜੋਂ ਹੀ 'ਪੈਟੀਸ਼ਨ ਆਫ਼ ਰਾਈਟ' ਪਾਸ ਹੋਇਆ ਸੀ। ਜਬਰੀ ਕਰਜ਼ਿਆਂ ਦੀ ਅਦਾਇਗੀ ਕਰਨ ਤੋਂ ਇਨਕਾਰੀ ਹੋ ਜਾਣ ਕਾਰਨ, ਸਰ ਜਾਨ ਕਾਰਬੈਟ, ਸਰ ਵਾਲਟਰ ਅਰਲ, ਸਰ ਐਡਮੰਡ ਹੈਪਡਨ ਅਤੇ ਸਰ ਜਾਨ ਹੈਵਿੰਗਮ ਨਾਂ ਦੇ ਨਾਈਟਾਂ ਦੇ ਨਾਲ ਹੀ ਸਰ ਟਾਮਸ ਡਾਰਨੈੱਲ ਨੂੰ ਬਾਦਸ਼ਾਹ ਚਾਰਲਸ ਪਹਿਲੇ ਦੇ ਹੁਕਮ ਨਾਲ ਮਾਰਚ, 1627 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਨਾਈਟਾਂ ਨੇ ਬਾਦਸ਼ਾਹ ਕੋਲੋਂ ਗ੍ਰਿਫ਼ਤਾਰੀ ਦੇ ਕਾਰਨ ਪੁੱਛੇ ਅਤੇ ਜ਼ਮਾਨਤ ਤੇ ਰਿਹਾਅ ਹੋਣ ਦੀ ਅਪੀਲ ਕੀਤੀ। ਸੰਨ 1627 ਵਿਚ ਇਨ੍ਹਾਂ ਵੱਲੋਂ ਦਾਇਰ ਕੀਤੀ ਹੈਬੀਅਸ ਕਾੱਰਪਸ ਰਿੱਟ ਦੀ ਕਿੰਗਜ਼ ਬੈਂਚ ਦੇ ਸਾਹਮਣੇ ਸੁਣਵਾਈ ਹੋਈ। ਨਾਈਟਾਂ ਦੇ ਵਕੀਲ ਨੇ ਵਧੇਰੇ ਕਰਕੇ ਮੱਧਯੁਗ ਦੇ ਸਮੇਂ ਦੀਆਂ ਮਿਸਾਲਾਂ ਅਤੇ ਨਾਲ ਹੀ ਮੈਗਨਾਕਾਰਟਾ ਦੇ ਖੰਡ 39 ਉਤੇ ਆਧਾਰਿਤ ਦਲੀਲਾਂ ਪੇਸ਼ ਕਰਦਿਆਂ ਹੋਇਆਂ ਸਿੱਧ ਕੀਤਾ ਕਿ ਕਾਨੂੰਨੀ ਪ੍ਰਕ੍ਰਿਆ ਤੋਂ ਬਗ਼ੈਰ ਕਿਸੇ ਦੀ ਆਜ਼ਾਦੀ ਨਾ ਖੋਹੀ ਜਾਵੇ। ਦੂਜੇ ਪਾਸਿਓਂ ਬਾਦਸ਼ਾਹ ਵੱਲੋਂ ਟਿਊਡਰ ਨਜ਼ੀਰਾਂ ਦੇ ਆਧਾਰ ਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਸਬੰਧੀ ਵਿਸ਼ਾਲ ਅਖ਼ਤਿਆਰ ਹਾਸਲ ਹੋਣ ਦੇ ਸਬੂਤ ਪੇਸ਼ ਕੀਤੇ ਗਏ ਅਤੇ ਫ਼ੈਸਲੇ ਅਨੁਸਾਰ ਜ਼ਮਾਨਤ ਤੋਂ ਇਨਕਾਰ ਕੀਤਾ ਗਿਆ ਕਿਉਂਕਿ ਨਵੇਂ ਕਾਨੂੰਨਾਂ ਅਨੁਸਾਰ ਬਾਦਸ਼ਾਹ ਕਦੇ ਵੀ ਬਿਨਾਂ ਕਾਰਨ ਦੱਸੇ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਸਕਦਾ ਸੀ। ਨਾਈਟਾਂ ਦੇ ਰਿਹਾਅ ਹੋਣ ਤੋਂ ਪਿਛੋਂ ਵੀ ਇਸ ਮੁੱਦੇ ਤੇ ਪਾਰਲੀਮੈਂਟ ਵਿਚ ਬਹਿਸ ਹੁੰਦੀ ਰਹੀ। ਚਾਰਲਸ ਪਹਿਲੇ ਦਾ ਸਮਝੌਤਾ ਇਹ ਸੀ ਕਿ ਜਬਰੀ ਕਰਜ਼ਿਆਂ ਦੀ ਅਦਾਇਗੀ ਕਰਨ ਤੋਂ ਇਨਕਾਰੀ ਹੋਣ ਵਾਲੇ ਲੋਕਾਂ ਨੂੰ ਜੇਲ੍ਹ ਵਿਚ ਨਾ ਸੁੱਟਿਆ ਜਾਵੇ ਪਰ ਇਹ ਸਮਝੌਤਾ ਵੀ ਉਸ ਸਮੇਂ ਦੇ ਹਾਊਸ ਆਫ਼ ਕਾਮਨਜ਼ ਨੂੰ ਸ਼ਾਂਤ ਨਾ ਕਰ ਸਕਿਆ ਜਿਸ ਨੇ ਮੈਗਨਾਕਾਰਟਾ ਸਬੰਧੀ ਆਪਣੇ ਹੀ ਅਰਥ-ਨਿਰਣੇ ਨੂੰ ਜ਼ਿੱਦੀ ਬਾਦਸ਼ਾਹ ਉੱਪਰ ਠੋਸਣਾ ਚਾਹਿਆ ਸੀ। ਇਸ ਗਤੀਰੋਧ ਕਾਰਣ ਹੀ 'ਪੈਟੀਸ਼ਨ ਆਫ਼ ਰਾਈਟ' (1628) ਹੋਂਦ ਵਿਚ ਆਇਆ ਸੀ।

ਹ. ਪੁ.—ਐਨ. ਬ੍ਰਿ. ਮਾ. 3: 285

**ਡਾਰਫ਼ੁਰ-ਅਸ਼-ਸ਼ਮਾਲੀਆ** : ਉੱਤਰ-ਪੱਛਮੀ ਸੂਡਾਨ ਦੇ ਡਾਰਫ਼ੁਰ ਖੰਡ ਦਾ ਇਕ ਰਾਜ ਹੈ ਜੋ 1975 ਈ. ਵਿਚ ਡਾਰਫ਼ੁਰ ਨਾਂ ਦੇ ਸਾਬਕਾ ਰਾਜ ਵਿਚੋਂ ਬਣਾਇਆ ਗਿਆ। ਇਹ ਚਾਡ ਝੀਲ ਦੇ ਪੂਰਬ ਵਿਚ ਵਾਕਿਆ ਹੈ। ਰਾਜ ਦਾ ਕੁੱਲ ਖੇਤਰਫਲ 346,155 ਵ. ਕਿ. ਮੀ. (133,651 ਵ. ਮੀਲ) ਅਤੇ ਆਬਾਦੀ 1,104,000 (1976 ਅੰਦ.) ਹੈ। ਬਹੁਤ ਸਾਰੇ ਬਰਸਾਤੀ ਨਾਲੇ ਇਸ ਰਾਜ ਵਿਚੋਂ ਲੰਘਦੇ ਹਨ। ਰਾਜ ਦੇ ਦੱਖਣ ਕੇਂਦਰੀ ਭਾਗ ਵਿਚ 2,200 ਮੀ. ਤੱਕ ਦੀ ਉੱਚਾਈ ਵਾਲੇ ਮੱਰ੍ਹਾ ਪਹਾੜ ਹਨ।

ਰਾਜ ਦਾ ਉੱਤਰੀ ਹਿੱਸਾ ਸਾਧਾਰਨ ਅਤੇ ਖ਼ੁਸ਼ਕ ਇਲਾਕਾ ਹੈ ਜਿਸ ਕਰਕੇ ਇਥੋਂ ਦੀ ਵਸੋਂ ਵੀ ਬਹੁਤ ਵਿਰਲੀ ਹੈ। ਇਸ ਦੇ ਖ਼ੁਸ਼ਕ ਖੇਤਰ ਵਿਚ ਊਠ, ਭੇਡਾਂ ਅਤੇ ਬੱਕਰੀਆਂ ਪਾਲੀਆਂ ਜਾਂਦੀਆਂ ਹਨ। ਦੱਖਣ ਦੀ ਸਟੈਪੀ ਧਰਾਤਲ ਤੇ ਕੁਝ ਕੰਡਿਆਲੀਆਂ ਝਾੜੀਆਂ ਦਿਖਾਈ ਦਿੰਦੀਆਂ ਹਨ। ਮੱਰ੍ਹਾ ਪਹਾੜਾਂ ਉੱਤੇ ਭਾਰੀ ਵਰਖਾ ਹੋਣ ਕਰਕੇ ਚੌਲ ਅਤੇ ਫਲਾਂ ਦੀ ਚੰਗੀ ਖੇਤੀ ਕੀਤੀ ਜਾਂਦੀ ਹੈ। ਇਥੋਂ ਦੀਆਂ ਰਵਾਇਤੀ ਦਸਤਕਾਰੀਆਂ ਵਿਚ ਹਾਥੀ ਦੰਦ, ਚਮੜਾ ਤੇ ਲੱਕੜੀ ਦਾ ਸਾਮਾਨ ਸ਼ਾਮਲ ਹੈ ਅਤੇ ਗ਼ਲੀਚੇ ਵੀ ਬੁਣੇ ਜਾਂਦੇ ਹਨ। ਅਲ-ਫ਼ਾਸ਼ੀਰ ਸ਼ਹਿਰ ਰਾਜ ਦੀ ਰਾਜਧਾਨੀ ਹੈ ਜੋ ਰੇਲਾਂ ਅਤੇ ਸੜਕਾਂ ਰਾਹੀਂ ਵੱਡੇ ਵੱਡੇ ਸ਼ਹਿਰਾਂ ਨਾਲ ਜੁੜੀ ਹੋਈ ਹੈ। ਇਥੋਂ ਦੀ ਆਬਾਦੀ ਵਿਚ ਅਰਬੀ ਲੋਕ ਜ਼ਿਆਦਾ ਹਨ।

ਹ. ਪੁ.—ਐਨ. ਬ੍ਰਿ. ਮਾ. 3 : 885

**ਡਾਰਬਵਾ, ਜਾਰਜ (Darboy, Georges)** : ਪੈਰਿਸ ਦੇ ਇਸ ਲਾਟ ਪਾਦਰੀ ਦਾ ਜਨਮ 16 ਜਨਵਰੀ, 1813 ਨੂੰ ਫੇਲ-ਬਿਲਟ ਵਿਖੇ ਹੋਇਆ। ਸੰਨ 1859 ਵਿਚ ਇਸ ਨੂੰ ਨੈਨਸੀ ਦਾ ਪਾਦਰੀ ਅਤੇ 1862 ਵਿਚ ਪੈਰਿਸ ਦਾ ਲਾਟ ਪਾਦਰੀ ਬਣਾ ਦਿਤਾ ਗਿਆ।

ਸੰਨ 1864 ਵਿਚ ਇਹ ਨੈਪੋਲੀਅਨ ਤੀਜੇ ਦਾ ਮੁੱਖ ਧਰਮ ਅਧਿਕਾਰੀ ਨਿਯੁਕਤ ਹੋਇਆ। ਫਿਰ ਇਹ ਸੈਨੇਟਰ, ਪ੍ਰਿਵੀ ਅਤੇ ਰੀਜੈਂਸੀ ਕੌਂਸਲ ਦਾ ਮੈਂਬਰ ਬਣ ਗਿਆ। ਧਰਮ ਸਬੰਧੀ ਵੱਖਰੇ ਵਿਚਾਰਾਂ ਦਾ ਮਾਲਕ ਹੋਣ ਕਾਰਨ ਪੋਪ ਪਾਈਅਸ ਨੌਂਵੇਂ ਨਾਲ ਇਸ ਦੀ ਕੁਝ ਅਣਬਣ ਜਿਹੀ ਹੋ ਗਈ ਸੀ। ਸੰਨ 1870 ਦੀ ਵੈਟੀਕਨ ਕੌਂਸਲ ਸਮੇਂ ਇਨ੍ਹਾਂ ਦੇ ਤੁਅਲਕਾਤ ਹੋਰ ਵੀ ਵਿਗੜ ਗਏ।

ਫ਼ਰਾਂਸ ਤੇ ਜਰਮਨੀ ਵਿਚਕਾਰ ਜੰਗ ਦੌਰਾਨ ਇਸ ਨੇ ਜ਼ਖ਼ਮੀਆਂ ਦੀ ਮਰ੍ਹਮ-ਪੱਟੀ ਦਾ ਕੰਮ ਸੰਭਾਲਿਆ। ਪੈਰਿਸ ਦੇ ਕਬਜ਼ੇ ਸਮੇਂ ਇਹ ਆਪਣੇ ਕਿੱਤੇ ਵਾਲੇ ਸਥਾਨ ਤੇ ਹੀ ਟਿਕਿਆ ਰਿਹਾ।

4 ਅਪ੍ਰੈਲ, 1871 ਨੂੰ ਪੋਪ ਦੇ ਹੁਕਮਾਂ ਅਧੀਨ ਇਸਨੂੰ ਕੈਦ ਕਰਕੇ ਜੇਲ੍ਹ ਵਿਚ ਸੁੱਟ ਦਿਤਾ ਗਿਆ ਅਤੇ ਅਡਾਲਫ਼ ਨੇ ਇਸ ਦਾ ਔਗਸਤ ਦੇ ਨਾਲ ਤਬਾਦਲਾ ਕਰਨ ਤੋਂ ਨਾਂਹ ਕਰ ਦਿਤੀ ਤਾਂ ਇਸ ਨੂੰ ਚਾਰ ਹੋਰ ਪਾਦਰੀਆਂ ਸਮੇਤ 24 ਮਈ, 1871 ਨੂੰ ਗੋਲੀ ਮਾਰ ਦਿੱਤੀ ਗਈ।

ਹ. ਪੁ.—ਐਨ. ਬ੍ਰਿ. 7 :72; ਐਨ. ਅਮੈ. 8 : 471; ਐਵ. ਐਨ. 5 : 262

**ਡਾਰਬੂ, (ਜੀਨ-) ਗਾਸਟਨ (Darboux, (Jean-Gaston)** : ਇਸ ਫ਼ਰਾਂਸੀਸੀ ਗਣਿਤ-ਸ਼ਾਸਤਰੀ ਦਾ ਜਨਮ 14

ਅਗਸਤ, 1842 ਨੂੰ ਫਰਾਂਸ ਵਿਚ ਨੀਮ (Nimes) ਵਿਖੇ ਹੋਇਆ ਜਿਸ ਨੇ ਜੁਮੈਟਰੀ ਅਤੇ ਇਸਦੇ ਵਿਸ਼ਲੇਸ਼ਣ ਸਬੰਧੀ ਮਹੱਤਵਪੂਰਨ ਯੋਗਦਾਨ ਪਾਇਆ। ਇਸ ਦੇ ਨਾਂ ਪਿਛੇ ਹੀ ਇਸ ਦੁਆਰਾ ਦੱਸੇ ਅਨੁਕਲ ਨੂੰ ਡਾਰਬੂ ਅਨੁਕਲ (Darboux integral) ਕਿਹਾ ਜਾਂਦਾ ਹੈ। ਡਾਰਬੂ ਨੇ 1866-67 ਵਿਚ ਪੈਰਿਸ ਦੇ 'College de France' ਵਿਖੇ ਬਤੌਰ ਗਣਿਤੀ ਭੌਤਿਕ-ਵਿਗਿਆਨ ਸਹਾਇਕ ਦੇ ਕੰਮ ਕਰਨ ਉਪਰੰਤ 1867—72 ਤੱਕ 'Lycee Louis le Grand' ਵਿਖੇ, 1872-73 ਵਿਚ 'The Ecole Normale Superieure' ਵਿਖੇ ਅਤੇ 1873—90 ਤੱਕ Sorbonne ਵਿਖੇ ਪੜ੍ਹਾਉਣ ਦਾ ਕੰਮ ਕੀਤਾ। ਇਕ ਉੱਚ ਕੋਟੀ ਦਾ ਅਧਿਆਪਕ ਅਤੇ ਗਣਿਤ -ਸ਼ਾਸਤਰੀ ਹੋਣ ਦੇ ਨਾਲ ਨਾਲ ਡਾਰਬੂ ਇਕ ਯੋਗ ਪ੍ਰਬੰਧਕ ਵੀ ਸੀ।

ਡਾਰਬੂ ਦਾ ਗਣਿਤ ਦੇ ਖੇਤਰ ਵਿਚ ਕੀਤਾ ਲਗਭਗ ਸਾਰਾ ਕੰਮ ਜੁਮੈਟਰੀ ਨਾਲ ਹੀ ਸਬੰਧਤ ਸੀ। ਇਸ ਦੁਆਰਾ 1864 ਅਤੇ 1866 ਵਿਚ ਲਿਖੇ ਖੋਜ-ਪੱਤਰ ਲੰਬਕੋਣੀ ਸਤ੍ਹਾਂ ਬਾਰੇ ਸਨ। ਇਸ ਉਪਰੰਤ 1870 ਵਿਚ ਇਸ ਨੇ ਦੂਜੇ ਦਰਜੇ ਦੇ ਅੰਸ਼ਿਕ ਅਵਕਲ ਸਮੀਕਰਣ (Partial Differential equation) ਉੱਤੇ ਖੋਜ-ਨਿਬੰਧ ਲਿਖਿਆ ਜਿਸ ਵਿਚ ਅਨੁਕਲਨ (integration) ਦਾ ਨਵਾਂ ਢੰਗ ਦੱਸਿਆ ਗਿਆ ਸੀ। ਇਸ ਨੇ ਆਪਣੇ ਖੋਜ-ਪੱਤਰ 'Sur une classe remarquable de Courbes et de surfaces algebrigques et sur la theorie des inmaginaires' (1873); ਵਿਚ ਅਨੋਖੇ ਵਕਰਾਂ ਅਤੇ ਅਲਜਬਰੱਈ ਸਤ੍ਹਾਵਾਂ ਦੀ ਸ਼੍ਰੇਣੀ ਅਤੇ ਕਲਪਿਤ ਸੰਖਿਆਵਾਂ ਦੇ ਸਿੱਧਾਂਤ ਬਾਰੇ ਲਿਖਿਆ ਹੈ। ਇਸ ਨੇ ਸਤ੍ਹਾਵਾਂ ਦੀ ਸ਼੍ਰੇਣੀ ਦਾ ਸਿੱਧਾਂਤ ਵੀ ਬਣਾਇਆ ਜਿਸ ਨੂੰ ਸਾਈ-ਕਲਾਈਡ ਆਖਦੇ ਹਨ। ਇਸ ਦੀ 'Lecons Sur la th-eorie gene-rale des surfaces et les applications geeome-triques du calcul infinite-simal' ਨਾਮੀ ਚਾਰ ਜਿਲਦਾਂ ਵਿਚ ਛਪੀ ਇਕ ਪ੍ਰਮੁੱਖ ਰਚਨਾ ਹੈ। ਇਸ ਵਿਚ ਸਤ੍ਹਾਵਾਂ ਦੇ ਸਾਧਾਰਣ ਸਿੱਧਾਤਾਂ ਅਤੇ ਅਨੰਤ ਸੂਖਮ ਕਲਨ ਦੇ ਪ੍ਰਯੋਗ ਸਬੰਧੀ ਪਾਠ ਦਰਜ ਹਨ ਜਿਨ੍ਹਾਂ ਦਾ ਸਬੰਧ ਅਨੰਤ ਸੂਖਮ ਜੁਮੈਟਰੀ ਨਾਲ ਹੈ ਅਤੇ ਇਹ ਪਹਿਲਾਂ ਕੀਤੇ ਲਗਭਗ ਸਾਰੇ ਕੰਮ ਦਾ ਇਕ ਸੰਗ੍ਰਹਿ ਹੈ। ਸੰਨ 1898 ਵਿਚ ਲੰਬਕੋਣੀ ਸਿਸਟਮਾਂ ਅਤੇ ਵਕਰਰੇਖੀ ਨਿਰਦੇਸ਼-ਅੰਕਾਂ ਸਬੰਧੀ ਪਾਠਾਂ ਵਾਲੀ ਇਸ ਦੀ ਰਚਨਾ 'Lecons Sur les systems orthogonaux et les Coordonne-es Curvi lignes' ਛਪੀ। ਇਸ ਨੇ ਬਹੁਤ ਵੱਡੀਆਂ ਸੰਖਿਆਵਾਂ ਦੀਆਂ ਕਿਰਿਆਵਾਂ ਦੇ ਨਿਕਟੀਕਰਨ (approximation), ਨਿਰੰਤਰਹੀਨ ਫੰਕਸ਼ਨ (dis-continuous functions) , ਡਾਈਨੈਮਿਕਸ ਅਤੇ ਹੋਰ ਬਹੁਤ ਸਾਰੇ ਗਣਿਤਕ ਵਿਸ਼ਿਆਂ ਸਬੰਧੀ ਕਈ ਪਰਚੇ ਅਤੇ ਖੋਜ ਨਿਬੰਧ ਲਿਖੇ।

23 ਫਰਵਰੀ, 1917 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 883

**ਡਾਰਮਸਟੈਟ** : ਜਰਮਨੀ ਦੇ ਹੈਸਨ ਰਾਜ ਦਾ ਇਹ ਇਕ ਸ਼ਹਿਰ ਹੈ ਜਿਹੜਾ ਓਡਨਵਾਲਟ ਪਠਾਰ ਅਤੇ ਰਾਈਨ ਦਰਿਆ ਦੇ ਵਿਚਕਾਰ ਫਰੈਂਕਫਰਟ ਆਨ ਮਾਈਨ ਤੋਂ ਲਗਭਗ 25 ਕਿ. ਮੀ. ਅਤੇ ਮਾਈਨ ਦੇ ਦੱਖਣ-ਪੂਰਬ ਵੱਲ ਸਥਿਤ ਹੈ। ਇਸਦਾ ਸਭ ਤੋਂ ਪਹਿਲਾ ਜ਼ਿਕਰ 11 ਵੀਂ ਸਦੀ ਵਿਚ ਮਿਲਦਾ ਹੈ। 14 ਵੀਂ ਸਦੀ ਤੱਕ ਇਹ ਇਕ ਛੋਟਾ ਜਿਹਾ ਪਿੰਡ ਹੁੰਦਾ ਸੀ ਜਿਸ ਉੱਤੇ ਕੈਟਸਨੈਲਨਬੋਗਨ ਦੇ ਕਾਊਂਟਾਂ ਦਾ ਕਬਜ਼ਾ ਹੁੰਦਾ ਸੀ। ਸੰਨ 1330 ਵਿਚ ਇਸ ਨੂੰ ਚਾਰਟਰ ਮਿਲਿਆ। ਸੰਨ 1479 ਵਿਚ ਇਸ ਦਾ ਹੈਸੀ ਦੇ ਜਾਗੀਰਦਾਰਾਂ ਦੇ ਨਾਂ ਵਸੀਕਾ ਕਰ ਦਿੱਤਾ ਗਿਆ। ਸੰਨ 1919 ਤੋਂ 1945 ਤੱਕ ਇਹ ਹੈਸੀ ਰਾਜ ਦੀ ਰਾਜਧਾਨੀ ਰਿਹਾ। 19 ਵੀਂ ਸਦੀ ਵਿਚ ਵਿਸ਼ੇਸ਼ ਕਰਕੇ ਰਸਾਇਣਕ ਪਦਾਰਥਾਂ ਦੇ ਵਿਕਾਸ ਨਾਲ ਉਦਯੋਗੀਕਰਨ ਦਾ ਵੀ ਤੇਜ਼ੀ ਨਾਲ ਵਿਸਥਾਰ ਹੋਇਆ। ਪੁਰਾਣੇ ਡਾਰਮਸਟੈਟ ਸ਼ਹਿਰ ਵਿਚ ਨਵਾਂ ਅਤੇ ਪੁਰਾਣਾ ਦੋਵੇਂ ਸ਼ਹਿਰ ਸ਼ਾਮਲ ਸਨ ਭਾਵੇਂ ਦੂਜੇ ਵਿਸ਼ਵ-ਯੁੱਧ ਸਮੇਂ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ ਫਿਰ ਵੀ ਪੁਰਾਣੇ ਸ਼ਹਿਰ ਦਾ ਟਾਊਨ ਹਾਲ, ਗਿਰਜਾਘਰ, ਸਤਾਰ੍ਹਵੀਂ ਸਦੀ ਦੇ ਮਹਿਲ ਅਤੇ ਅਜਾਇਬ-ਘਰ ਆਦਿ ਇਮਾਰਤਾਂ ਬਚ ਗਈਆਂ ਅਤੇ ਸ਼ਹਿਰ ਦੀ ਮੁੜ-ਉਸਾਰੀ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਇਥੇ ਕਈ ਹੋਰ ਇਤਿਹਾਸਕ ਯਾਦਗਾਰਾਂ ਅਤੇ ਇਮਾਰਤਾਂ ਵੀ ਹਨ। ਸੰਨ 1836 ਵਿਚ ਸਥਾਪਿਤ ਕੀਤੀ ਤਕਨੀਕੀ ਯੂਨੀਵਰਸਿਟੀ, ਇੰਜੀਨੀਅਰਿੰਗ, ਆਰਟ ਅਤੇ ਸੰਗੀਤ ਸਕੂਲ ਇਥੋਂ ਦੀਆਂ ਵਿਦਿਅਕ ਸੰਸਥਾਵਾਂ ਹਨ। ਲੁਡਵਿਗ ਦਸਵੇਂ ਦਾ 33 ਮੀ. (108 ਫੁੱਟ) ਉੱਚਾ ਬੁੱਤ ਵੇਖਣਯੋਗ ਹੈ। ਇਹ ਸ਼ਹਿਰ ਇਕ ਉੱਨਤ ਉਦਯੋਗਿਕ ਕੇਂਦਰ ਹੈ। ਰਸਾਇਣਕ ਪਦਾਰਥ, ਮਸ਼ੀਨਰੀ, ਰੇਡੀਓ ਅਤੇ ਰਸੋਈ ਦੇ ਚੁੱਲੇ ਇਥੋਂ ਦੇ ਪ੍ਰਮੁੱਖ ਉਤਪਾਦਨ ਹਨ।

ਆਬਾਦੀ—1,38,577 (1983 ਅੰਦਾ.)

46° 21′ ਉ. ਵਿਥ.; 26° 32′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 890

**ਡਾਰਮੈਸਟੇਟਰ, ਆਰਸੀਨ** : ਫ਼ਰਾਂਸ ਦੇ ਇਸ ਵਿਦਵਾਨ ਅਤੇ ਭਾਸ਼ਾ ਵਿਗਿਆਨੀ ਦਾ ਜਨਮ 5 ਜਨਵਰੀ, 1846 ਨੂੰ ਸ਼ਾਟੋ-ਸਾਲਿਨਜ਼ ਵਿਖੇ ਹੋਇਆ। ਸੰਨ 1881 ਵਿਚ ਸੋਰਬੋਨ ਵਿਖੇ ਪ੍ਰਾਚੀਨ ਫ਼ਰਾਂਸੀਸੀ ਭਾਸ਼ਾ ਅਤੇ ਸਾਹਿਤ ਦੇ ਪ੍ਰੋਫੈਸਰ ਦੇ ਅਹੁਦੇ ਤੇ ਨਿਯੁਕਤ ਹੋਣ ਤੋਂ ਪਹਿਲਾਂ ਇਹ ਆਪਣੀ ਪੁਸਤਕ 'ਟਾਟਾਈਜ਼ ਔਨ ਦੀ ਫ਼ਾਰਮੇਸ਼ਨ ਆੱਫ ਵਰਡਜ਼' (1873) ਪ੍ਰਕਾਸ਼ਿਤ ਕਰਵਾ ਚੁੱਕਿਆ ਸੀ।

ਦੋ ਹੋਰ ਵਿਦਵਾਨਾਂ ਨਾਲ ਮਿਲ ਕੇ ਇਸ ਨੇ 'ਜਨਰਲ ਡਿਕਸ਼ਨਰੀ ਆਫ ਦੀ ਫਰੈਂਚ ਲੈਂਗੁਏਜ' (2 ਜਿਲਦਾਂ) ਤਿਆਰ ਕੀਤੀ। ਇਸ ਤੋਂ ਇਲਾਵਾ ਇਸਨੇ ਕਈ ਹੋਰ ਪੁਕਤਕਾਂ ਵੀ ਪ੍ਰਕਾਸ਼ਿਤ ਕਰਵਾਈਆਂ।

16 ਨਵੰਬਰ, 1788 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 79; ਐਵ. ਐਨ. 5: 267 ; ਐਨ. ਬ੍ਰਿ. ਮਾ. 3 : 382

**ਡਾਰਮੈਸਟੇਟਰ, ਜੇਮਜ਼** : ਇਹ ਫ਼ਰਾਂਸ ਦਾ ਇਕ ਉੱਘਾ ਭਾਸ਼ਾ-ਵਿਗਿਆਨੀ ਸੀ ਜੋ ਕਿ ਪ੍ਰਾਚੀਨ ਈਰਾਨੀ ਭਾਸ਼ਾ ਦੇ ਪਾਰਸੀ ਗ੍ਰੰਥ ਅਵੇਸਤਾ (Avesta) ਨੂੰ ਅੰਗਰੇਜ਼ੀ ਅਤੇ ਫ਼ਰਾਂਸੀਸੀ ਭਾਸ਼ਾਵਾਂ ਵਿਚ ਅਨੁਵਾਦ ਕਰਨ ਲਈ ਜਾਣਿਆ ਜਾਂਦਾ ਸੀ। ਇਸ ਦਾ ਜਨਮ 28 ਮਾਰਚ, 1849 ਈ. ਨੂੰ ਫ਼ਰਾਂਸ ਵਿਚ ਸ਼ਾਟੋ ਸਾਲਿਨਜ਼ ਵਿਖੇ ਹੋਇਆ। ਪਾਰਸੀ ਮਿਥਿਹਾਸ ਬਾਰੇ ਲਿਖਿਆ ਥੀਸਿਸ ਇਸ ਦੀ ਇਕ ਵਿਸ਼ੇਸ਼ ਰਚਨਾ ਹੈ। ਸੰਨ 1877 ਵਿਚ ਇਹ ਪੈਰਿਸ ਵਿਖੇ ਪ੍ਰਾਚੀਨ ਈਰਾਨੀ ਭਾਸ਼ਾ ਪੜ੍ਹਾਉਣ ਲੱਗਾ ਅਤੇ ਨਾਲ ਨਾਲ ਇਸਨੇ ਆਪਣੀ ਖੋਜ ਵੀ ਜਾਰੀ ਰੱਖੀ। ਸੰਨ 1883 ਵਿਚ ਇਸਨੇ 'Etudes iraniennes' ਰਚਨਾ ਪ੍ਰਕਾਸ਼ਿਤ ਕਰਵਾਈ। ਸੰਨ 1885 ਵਿਚ ਇਹ ਕਾਲਜ ਡੀ ਫ਼ਰਾਂਸ ਵਿਚ ਪ੍ਰੋਫੈਸਰ ਨਿਯੁਕਤ ਹੋਇਆ। ਸੰਨ 1886 ਵਿਚ ਇਹ ਭਾਰਤ ਦੀ ਯਾਤਰਾ ਤੇ ਆਇਆ ਅਤੇ ਇਸ ਨੇ ਗੀਤ ਦਾ ਅਫ਼ਗਾਨੀ ਵਿਚ ਅਨੁਵਾਦ ਕੀਤਾ। ਫਿਰ ਇਸ ਨੇ ਸੰਨ 1883 ਤੋਂ 87 ਦੌਰਾਨ ਅੰਗਰੇਜ਼ੀ ਵਿਚ ਅਤੇ ਸੰਨ 1892 ਤੋਂ 93 ਦੌਰਾਨ ਫ਼ਰਾਂਸੀਸੀ ਵਿਚ ਅਨੁਵਾਦ ਕੀਤਾ। ਆਪਣੀਆਂ ਪ੍ਰਕਾਸ਼ਨਾਵਾਂ ਤੋ

ਇਲਾਵਾ ਇਸ ਨੇ ਆਪਣੇ ਭਰਾ ਆਰਸੀਨੀ ਦੀ ਮੌਤ ਪਿਛੋਂ ਉਸ ਦੇ ਇਥੇ ਕਈ ਮਸੌਦੇ ਵੀ ਪ੍ਰਕਾਸ਼ਿਤ ਕਰਵਾਏ।

19 ਅਕਤੂਬਰ, 1894 ਈ. ਨੂੰ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 :382 ; ਐਨ. ਅਮੈ. 8 : 479

**ਡਾਰਲਿੰਗ, ਗ੍ਰੇਸ ਹਾਰਸਲੀ** : ਇਸ ਅੰਗਰੇਜ਼ ਨਾਇਕਾ ਦਾ ਜਨਮ 24 ਨਵੰਬਰ, 1815 ਨੂੰ ਇੰਗਲੈਂਡ ਵਿਚ ਬੈਮਬਰੋ ਵਿਖੇ ਹੋਇਆ। ਇਸ ਦਾ ਪਿਤਾ ਨਾਰਥੰਬਰਲੈਂਡ ਦੇ ਨੇੜੇ ਫ਼ਾਰਨ ਦੀਪ ਵਿਖੇ ਸਥਿਤ ਲਾਂਗ ਸਟੋਨ ਲਾਈਟ ਹਾਊਸ ਦਾ ਰਖਵਾਲਾ ਸੀ। 7 ਸਤੰਬਰ, 1838 ਨੂੰ ਜਦੋਂ ਲਾਈਟ ਹਾਊਸ ਦੇ ਨੇੜੇ 'ਫੋਰਫਾਰਸਿਰ' ਨਾਂ ਦਾ ਜਹਾਜ਼ ਚਟਾਨਾਂ ਨਾਲ ਟਕਰਾਇਆ ਤਾਂ ਇਸ ਬਹਾਦਰ ਲੜਕੀ ਨੇ ਇਕ ਛੋਟੀ ਜਿਹੀ ਕਿਸ਼ਤੀ ਵਿਚ ਆਪਣੇ ਪਿਤਾ ਨੂੰ ਨਾਲ ਲੈ ਕੇ ਜਹਾਜ਼ ਨਾਲ ਲਟਕ ਰਹੇ ਚਾਰ ਆਦਮੀਆਂ ਅਤੇ ਇਕ ਔਰਤ ਨੂੰ ਬਚਾਇਆ। ਇਸ ਦੀ ਬਹਾਦਰੀ ਦਾ ਇਹ ਕਾਰਨਾਮਾ ਜਲਦੀ ਹੀ ਦੂਰ ਦੂਰ ਤੱਕ ਫੈਲ ਗਿਆ ਅਤੇ ਇਸ ਨੂੰ ਇਨਾਮ ਦੇ ਕੇ ਸਨਮਾਨਿਆ ਗਿਆ।

20 ਅਕਤੂਬਰ, 1842 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :381 ; ਐਨ. ਅਮੈ. 8 : 478

**ਡਾਰਲਿੰਗਟਨ** : ਇਹ ਸ.ਰ.ਅ. ਦੇ ਦੱਖਣੀ ਕੈਰੋਲਾਈਨਾ ਰਾਜ ਦੇ ਉੱਤਰ-ਪੂਰਬ ਵਿਚ ਇਸੇ ਹੀ ਨਾਂ ਦੀ ਕਾਉਂਟੀ ਦਾ ਸਦਰ-ਮੁਕਾਮ ਹੈ ਜੋ ਕੋਲੰਬੀਆ ਦੇ ਉੱਤਰ-ਪੂਰਬ ਵੱਲ ਲਗਭਗ 100 ਕਿ. ਮੀ. ਦੀ ਦੂਰੀ ਤੇ ਕਪਾਹ ਅਤੇ ਤਮਾਕੂ ਦੇ ਬਹੁਤ ਉਪਜਾਊ ਖੇਤਰ ਵਿਚ ਸਥਿਤ ਹੈ। ਇਸ ਸ਼ਹਿਰ ਦੀ ਸਥਾਪਨਾ 1785 ਈ. ਵਿਚ ਹੋਈ ਅਤੇ 1835 ਈ. ਵਿਚ ਇਸ ਨੂੰ ਸ਼ਹਿਰ ਦਾ ਦਰਜਾ ਮਿਲਿਆ। ਤਮਾਕੂ, ਕਪਾਹ, ਸੋਇਆਬੀਨ ਅਤੇ ਜੰਗਲੀ ਲੱਕੜੀ ਇਥੋਂ ਦੀਆਂ ਮੁੱਖ ਜ਼ਰਾਇਤੀ ਉਪਜਾਂ ਹਨ। ਇਥੇ ਪਸ਼ੂ ਪਾਲਣ ਦਾ ਕਿੱਤਾ ਬਹੁਤ ਪ੍ਰਫੁੱਲਿਤ ਹੈ। ਇਲੈਕਟ੍ਰਾਨਿਕ ਸਾਮਾਨ, ਕੱਪੜਾ, ਪੇਪਰ ਅਤੇ ਇਸਪਾਤ ਇਥੋਂ ਦੇ ਉਦਯੋਗ ਦੇ ਮੁੱਖ ਉਤਪਾਦਨ ਹਨ। ਮੋਟਰਕਾਰਾਂ ਦੀ ਖਰੀਦੋ-ਫਰੋਖ਼ਤ ਦਾ ਇਹ ਇਕ ਵੱਡਾ ਕੇਂਦਰ ਹੈ। ਇਹ ਕਾਰਾਂ ਦੀ ਦੌੜ (ਡਾਰਲਿੰਗਟਨ ਰੇਸ-ਵੇ) ਲਈ ਮਸ਼ਹੂਰ ਹੈ। ਸੰਨ 1965 ਦੌਰਾਨ ਇਥੇ ਸਟਾਕ-ਕਾਰ ਅਜਾਇਬ ਘਰ ਸਥਾਪਿਤ ਕੀਤਾ ਗਿਆ ਜਿਹੜਾ ਯਾਤਰੀਆਂ ਲਈ ਖਿੱਚ ਦਾ ਕਾਰਨ ਹੈ।

ਆਬਾਦੀ – 7,989 (1980)

34° 18′ ਉ. ਵਿਥ. ; 79° 49′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 889 ; ਕੋਲ. ਐਨ. 6 : 92

**ਡਾਰਲਿੰਗ ਦਰਿਆ** : ਇਹ ਦੱਖਣ-ਪੂਰਬੀ ਆਸਟ੍ਰੇਲੀਆ ਦੇ ਮਰੀ-ਡਾਰਲਿੰਗ ਦਰਿਆਈ ਸਿਲਸਿਲੇ ਦਾ ਸਭ ਤੋਂ ਲੰਬਾ ਦਰਿਆ ਹੈ। ਇਹ ਕਵੀਨਜ਼ਲੈਂਡ ਸਰਹੱਦ ਉੱਤੇ ਨਿਊ ਸਾਊਥ ਵੇਲਜ਼ ਪ੍ਰਾਂਤ ਦੇ ਨਜ਼ਦੀਕ ਗ੍ਰੇਟ ਡਿਵਾਇਡਿੰਗ ਰੇਂਜ (ਪੂਰਬੀ ਉੱਚ-ਭੂਮੀਆਂ) ਵਿਚਲੇ ਬਹੁਤ ਸਾਰੇ ਮੁੱਖ ਚਸ਼ਮਿਆਂ ਵਿਚੋਂ ਨਿਕਲਦਾ ਹੈ। ਇਸ ਦਾ ਵਹਿਣ ਸਾਧਾਰਨ ਰੂਪ ਵਿਚ ਦੱਖਣ-ਪੱਛਮੀ ਦਿਸ਼ਾ ਵੱਲ ਹੈ ਪਰ ਪੂਰਬੀ ਸਾਹਿਲ ਤੋਂ ਬਹੁਤਾ ਦੂਰ ਨਹੀਂ ਜਾਂਦਾ। ਨਿਊ ਸਾਊਥ ਵੇਲਜ਼ ਤੋਂ ਪਾਰ 2,700 ਕਿ. ਮੀ. ਦਾ ਪੰਧ ਤੈਅ ਕਰਨ ਉਪਰੰਤ ਇਹ ਵਿਕਟੋਰੀਆ ਪ੍ਰਾਂਤ ਦੀ ਹੱਦ ਉਪਰ ਸਥਿਤ ਵੈਂਟਵਰਥ ਦੇ ਸਥਾਨ ਤੋਂ ਦਰਿਆ ਮਰੀ ਨਾਲ ਜਾ ਰਲਦਾ ਹੈ। ਇਥੋਂ ਮਰੀ ਦਾ ਮੁਹਾਣਾ (ਦੱ. ਆਸਟ੍ਰੇਲੀਆ ਵਿਚ) 240 ਕਿ. ਮੀ. ਰਹਿ ਜਾਂਦਾ ਹੈ।

ਇਸ ਦੇ ਸ੍ਰੋਤ ਸਥਾਨ ਤੇ ਇਸ ਨੂੰ ਸੈਵਰਨ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ ਅਤੇ ਫਿਰ ਵੱਖ ਵੱਖ ਖੇਤਰਾਂ ਦੀਆਂ ਵੱਖ ਵੱਖ ਥਾਵਾਂ ਵਿਚ ਡੂਮਾਰੈਸਕ, ਮੈਸਿਨਟਾਇਰ ਬਾਰਵਾੱਨ ਤੇ ਅੰਤ ਵਿਚ ਡਾਰਲਿੰਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਲਗੋਆ ਵਾਰੀਗੋ, ਪਾਰੂ, ਨੈਖਾੱਏ ਅਤੇ ਬੋਗਾਨ ਇਸ ਦੀਆਂ ਮੁੱਖ ਸਹਾਇਕ ਨਦੀਆਂ ਹਨ ਜਿਨ੍ਹਾਂ ਦਾ ਵਹਾਅ ਔੜ ਜਾਂ ਹੜ੍ਹਾਂ ਕਰਕੇ ਘਟਦਾ-ਵਧਦਾ ਰਹਿੰਦਾ ਹੈ। ਡਾਰਲਿੰਗ ਦਾ ਸਮੁੱਚਾ ਦਰਿਆਈ-ਸਿਲਸਿਲਾ 650,000 ਵ. ਕਿ. ਮੀ. ਰਕਬੇ ਦੀ ਜਲ-ਨਿਕਾਸੀ ਕਰਦਾ ਹੈ। 19 ਵੀਂ ਸਦੀ ਦੇ ਅੰਤਲੇ ਵਰ੍ਹਿਆਂ ਦੌਰਾਨ ਜਹਾਜ਼ਰਾਨੀ ਦੇ ਪੱਖੋਂ ਵੀ ਇਸ ਦੀ ਕਾਫ਼ੀ ਮਹੱਤਤਾ ਰਹੀ ਪਰ ਬਾਅਦ ਵਿਚ ਰੇਲ-ਗੱਡੀਆਂ ਚਲਣ ਨਾਲ ਜਲ-ਮਾਰਗ ਦੀ ਵਿਸ਼ੇਸ਼ਤਾ ਜਾਂਦੀ ਰਹੀ।

34° 07′ ਦੱ. ਵਿਥ. ; 141° 55′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 889

**ਡਾਰਲੀ, ਜਾਰਜ** : ਆਇਰਲੈਂਡ ਦੇ ਇਸ ਕਵੀ, ਆਲੋਚਕ ਅਤੇ ਗਣਿਤ-ਵੇਤਾ ਦਾ ਜਨਮ 1795 ਈ. ਵਿਚ ਡਬਲਿਨ ਵਿਖੇ ਹੋਇਆ। ਇਸ ਨੇ ਟ੍ਰਿਨਿਟੀ ਕਾਲਜ ਡਬਲਿਨ ਵਿਖੇ ਵਿਦਿਆ ਪ੍ਰਾਪਤ ਕੀਤੀ। ਸੰਨ 1821 ਵਿਚ ਇਹ ਲੰਡਨ ਵਿਖੇ ਇਕ ਆਜ਼ਾਦ ਲੇਖਕ ਦੇ ਰੂਪ ਵਿਚ ਉਭਰਿਆ। ਸੰਨ 1822 ਵਿਚ ਇਸ ਨੇ ਆਪਣੀ ਪਹਿਲੀ ਕਵਿਤਾ 'ਦੀ ਐਰਰਜ਼ ਆੱਫ ਐਕਸਟੇਸੀ' ਪ੍ਰਕਾਸ਼ਿਤ ਕੀਤੀ।

ਇਸ ਨੇ 'ਲੰਡਨ ਮੈਗਜ਼ੀਨ' ਅਤੇ ਹੋਰ ਰਸਾਲਿਆਂ ਲਈ ਵੀ ਲਿਖਿਆ। 'ਲੇਬਰਜ਼ ਆੱਫ਼ ਆਈਡਲਨੈੱਸ' (1826) ਇਸ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਦੇ ਕਾਵਿ-ਨਾਟਕਾਂ ਵਿਚ 'Nepenthe', 'Sylvia', 'Thomas a Becket' (1840) ਅਤੇ 'Ethelstan' (1841) ਦੇ ਨਾਂ ਸ਼ਾਮਲ ਹਨ। ਇਸ ਦੇ ਸਮਕਾਲੀ ਸਾਹਿਤਕਾਰਾਂ ਨੇ ਇਸ ਦੀ ਬਹੁਤ ਘੱਟ ਸਲਾਹੁਣਾ ਕੀਤੀ ਪਰੰਤੂ ਵੀਹਵੀਂ ਸਦੀ ਦੇ ਲੇਖਕਾਂ ਨੇ ਇਸ ਦੀ ਬਹੁਤ ਹੀ ਸਿਫ਼ਤ ਕੀਤੀ। ਜ਼ਬਾਨ ਤੋਂ ਥਥਲਾਉਣ ਕਾਰਨ ਇਹ ਆਪਣੇ, ਵਿਸ਼ੇਸ਼ ਕਰਕੇ ਗੱਲ ਬਾਤ ਕਰਨ ਵਿਚ ਆਤਮ ਵਿਸ਼ਵਾਸ਼ ਪੈਦਾ ਨਾ ਕਰ ਸਕਿਆ ਪਰ ਆਪਣੇ ਬਹੁਤ ਸਾਰੇ ਦੋਸਤਾਂ ਮਿੱਤਰਾਂ ਨੂੰ ਚਿੱਠੀ-ਪੱਤਰ ਲਿਖਣ ਵਿਚ ਬਹੁਤ ਕਮਾਲ ਦਿਖਾਉਂਦਾ ਸੀ।

23 ਨਵੰਬਰ, 1846 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 78; ਐਨ. ਅਮੈ. 8 : 478 ; ਐਵ. ਐਨ. 5 : 266 ; ਐਨ. ਬ੍ਰਿ. ਮਾ. 3 : 381

**ਡਾਰਵਿਨ** : ਇਹ ਆਸਟ੍ਰੇਲੀਆ ਦੇ ਨਾਰਦਰਨ ਟੈਰਿਟਰੀ ਰਾਜ ਦੀ ਰਾਜਧਾਨੀ ਅਤੇ ਮੁੱਖ ਬੰਦਰਗਾਹ ਹੈ। ਡਾਰਵਿਨ ਸ਼ਹਿਰ ਆਪਣੀ ਬੰਦਰਗਾਹ ਦੇ ਦਾਖ਼ਲ-ਦੁਆਰ ਦੇ ਉੱਤਰ-ਪੂਰਬ ਵਿਚ ਇਕ ਨੀਵੇਂ ਪ੍ਰਾਇਦੀਪ ਉਪਰ ਵੱਸਿਆ ਹੋਇਆ ਹੈ। ਬੰਦਰਗਾਹ ਦੀ ਨੀਂਹ 1839 ਈ. ਵਿਚ ਜਾਨ ਨਾਉਂ ਦੇ ਸਰਵੇਖਕ ਨੇ ਰੱਖੀ ਸੀ ਅਤੇ ਇਸ ਦਾ ਨਾਂ ਬਰਤਾਨਵੀ ਸਾਇੰਸਦਾਨ, ਚਾਰਲਸ ਡਾਰਵਿਨ ਦੇ ਨਾਂ ਤੇ ਰੱਖਿਆ ਗਿਆ। ਸੰਨ 1861 ਤੱਕ ਇਹ ਸਥਾਨ ਆਬਾਦ ਨਹੀਂ ਸੀ ਹੋਇਆ। ਉਦੋਂ ਇਸ ਖੇਤਰ ਨੂੰ ਪਾਮਰਜ਼ਸਟੋਨ ਹੀ ਕਿਹਾ ਜਾਂਦਾ ਸੀ। ਸੰਨ 1911 ਵਿਚ ਦੱਖਣੀ ਆਸਟ੍ਰੇਲੀਆ ਤੋਂ ਆਸਟ੍ਰੇਲੀਆਈ ਕਾਮਨਵੈੱਲਥ ਪ੍ਰਸ਼ਾਸਨ ਦੇ ਅਧੀਨ ਆ ਜਾਣ ਉਪਰੰਤ ਇਸ ਖੇਤਰ ਦਾ ਨਾਂ ਬੰਦਰਗਾਹ ਦੇ ਨਾਂ ਤੇ ਡਾਰਵਿਨ ਰੱਖਿਆ ਗਿਆ। 1930 ਦੇ ਦਹਾਕੇ ਤੋਂ ਹਵਾਈ ਸੇਵਾਵਾਂ ਦੇ ਸਥਾਪਿਤ ਹੋਣ ਕਰਕੇ ਡਾਰਵਿਨ ਤੇਜ਼ੀ ਨਾਲ ਤਰੱਕੀ ਕਰਨ ਲੱਗਾ। ਦੂਜੇ ਵੱਡੇ ਯੁੱਧ ਦੌਰਾਨ ਇਹ ਸੈਨਿਕਾਂ ਦਾ ਅੱਡਾ ਵੀ ਰਿਹਾ ਤੇ 1942 ਈ. ਵਿਚ ਜਾਪਾਨੀਆਂ ਨੇ ਡਾਰਵਿਨ ਨੂੰ ਬੰਬਾਰੀ ਨਾਲ ਤਬਾਹ ਕਰ ਦਿੱਤਾ ਪਰ ਮਗਰੋਂ ਇਸ ਦੀ

ਵੱਡੇ ਪੈਮਾਨੇ ਤੇ ਉਸਾਰੀ ਕੀਤੀ ਗਈ। ਸੰਨ 1959 ਵਿਚ ਇਸ ਨੂੰ ਸ਼ਹਿਰ ਦਾ ਦਰਜਾ ਹਾਸਲ ਹੋਇਆ। ਸੰਨ 1974 ਵਿਚ ਤੂਫਾਨ ਕਾਰਨ ਇਹ ਫਿਰ ਤਬਾਹ ਹੋਇਆ। ਇਸ ਵਾਰ ਇਸ ਨੂੰ ਪੂਰੇ ਆਧੁਨਿਕ ਢੰਗ ਨਾਲ ਉਸਾਰਿਆ ਗਿਆ। ਇਸ ਦੇ ਨਤੀਜੇ ਵਜੋਂ ਅਜੋਕਾ ਡਾਰਵਿਨ ਬਹੁਤ ਸਾਰੇ ਆਧੁਨਿਕ ਉਦਯੋਗਾਂ ਦਾ ਕੇਂਦਰ ਹੈ। ਇਥੋਂ ਡੰਗਰ, ਚੌਲ, ਯੂਰੇਨੀਅਮ (ਕੱਚੀ ਧਾਤ) ਆਦਿ ਦੀ ਬਰਾਮਦ ਹੁੰਦੀ ਹੈ ਅਤੇ ਇਸਨੂੰ ਆਵਾਜਾਈ ਤੇ ਸੰਚਾਰ ਕੇਂਦਰ ਹੋਣ ਦਾ ਮਾਣ ਵੀ ਹਾਸਲ ਹੈ। ਇਥੇ ਇਕ ਅੰਤਰਰਾਸ਼ਟਰੀ ਹਵਾਈ ਅੱਡਾ ਹੈ।

ਆਬਾਦੀ – 1,68,600 (1992)

12° 21′ ਦੱ. ਵਿਥ. ; 130° 55′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 894

**ਡਾਰਵਿਨ, ਇਰੈਜ਼ਮਸ** : ਇਸ ਉੱਘੇ ਚਿਕਿਤਸਾ ਵਿਗਿਆਨੀ ਦਾ ਜਨਮ 12 ਦਸੰਬਰ, 1731 ਨੂੰ ਐਲਟਨ, ਨਾਟਿੰਘਮਸ਼ਿਰ ਵਿਖੇ ਹੋਇਆ। ਇਹ ਪ੍ਰਸਿੱਧ ਜੀਵ-ਵਿਗਿਆਨੀਆਂ ਚਾਰਲਸ ਡਾਰਵਿਨ ਅਤੇ ਫ਼ਰਾਂਸਿਸ ਗੈਲਟਨ ਦਾ ਦਾਦਾ ਸੀ।

ਇਸ ਨੇ 1750 ਤੋਂ 1754 ਤੱਕ ਕੈਂਬਰਿਜ ਯੂਨੀਵਰਸਿਟੀ ਅਤੇ 1754 ਤੋਂ 1756 ਤੱਕ ਐਡਨਬਰਾ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕੀਤੀ। ਇਸ ਦਾ ਅਹਿਸਾਸ ਕਰਦੇ ਹੋਏ ਕਿ ਨਾਟਿੰਘਮ ਵਿਖੇ ਡਾਕਟਰੀ ਦਾ ਧੰਦਾ ਵਧੇਰੇ ਸਫ਼ਲ ਨਹੀਂ ਹੋਵੇਗਾ ਉਸ ਨੇ ਲਿਚਫੀਲਡ ਵਿਖੇ ਸਫ਼ਲਤਾ ਭਰਪੂਰ ਪ੍ਰੈੱਕਟਿਸ ਸ਼ੁਰੂ ਕਰ ਦਿੱਤੀ ਅਤੇ ਛੇਤੀ ਹੀ ਇਸ ਨੇ ਬਤੌਰ ਇਕ ਪੇਸ਼ਾਵਰ ਡਾਕਟਰ ਦੇ ਚੰਗੀ ਸ਼ੁਹਰਤ ਕਮਾ ਲਈ ਜਿਸ ਦੇ ਫ਼ਲ-ਸਰੂਪ ਜਾਰਜ ਤੀਜੇ ਨੇ ਲੰਦਨ ਵਿਖੇ ਇਸ ਨੂੰ ਆਪਣਾ ਨਿੱਜੀ ਡਾਕਟਰ ਨਿਯੁਕਤ ਕਰਨ ਦੀ ਪੇਸ਼ਕਸ਼ ਕੀਤੀ । ਡਾਰਵਿਨ ਨੇ ਇਸ ਪੇਸ਼ਕਸ਼ ਨੂੰ ਪ੍ਰਵਾਨ ਨਾ ਕੀਤਾ। ਲਿਚਫੀਲਡ ਵਿਖੇ ਇਸ ਨੇ ਜੋਜ਼ਫ ਪਰਿਸਟਲੀ, ਜਾਨ ਜ਼ਾਕ ਰੂਸ ਅਤੇ ਸੈਮੂਅਲ ਜਾਨਸਨ ਵਰਗੀਆਂ ਉੱਘੀਆਂ ਸ਼ਖ਼ਸ਼ੀਅਤਾਂ ਨਾਲ ਕਾਫ਼ੀ ਸਹਿਚਾਰ ਵਧਾ ਲਿਆ।

1781 ਈ. ਵਿਚ ਡਾਰਵਿਨ ਡਰਬੀ ਚਲਾ ਗਿਆ ਜਿਥੇ ਇਸਨੇ ਇਕ ਦਾਰਸ਼ਨਿਕ ਸੁਸਾਇਟੀ ਸਥਾਪਿਤ ਕੀਤੀ। ਸੰਨ 1784 ਵਿਚ ਇਸ ਨੇ ਲਿਚਫੀਲਡ ਵਿਖੇ ਇਕ ਡਿਸਪੈਂਸਰੀ ਖੋਲ੍ਹੀ। ਡਾਰਵਿਨ ਇਕ ਆਜ਼ਾਦ ਅਤੇ ਗਰਮ ਖਿਆਲੀਆ ਵਿਅਕਤੀ ਸੀ। ਇਹ ਅਕਸਰ ਆਪਣੇ ਵਿਗਿਆਨਕ ਵਿਚਾਰਾਂ ਨੂੰ ਕਾਵਿ-ਰੂਪ ਵਿਚ ਪ੍ਰਗਟਾਉਂਦਾ ਸੀ ਜਿਹੜਾ ਕਿ ਬੇਜੋੜ ਤੇ ਕਵਿਤਾ ਪੱਖੋਂ ਠੀਕ ਨਹੀਂ ਹੁੰਦਾ ਸੀ।

ਜ਼ੂਨੋਮੀਆ ਜਾਂ ਲਾਅਜ਼ ਆਫ਼ ਔਰਗੈਨਿਕ ਲਾਈਫ਼ ਵਿਚ ਇਸ ਨੇ ਵੀ ਲੈਮਾਰਕ ਵਾਂਗ ਉੱਤਪਤੀ ਸਬੰਧੀ ਆਪਣੇ ਵਿਚਾਰਾਂ ਨੂੰ ਹੀ ਪਹਿਲ ਦਿੱਤੀ ਹੈ। ਡਾਰਵਿਨ ਦੇ ਵਿਚਾਰਾਂ ਅਨੁਸਾਰ ਜਾਤੀਆਂ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੀਆਂ ਹਨ। ਇਸ ਨੇ 18 ਵੀਂ ਸਦੀ ਦੇ ਪਦਾਰਥਵਾਦ ਦੀਆਂ ਕਦਰਾਂ ਕੀਮਤਾਂ ਨੂੰ ਸੁਰਜੀਤ ਕੀਤਾ ਪਰ ਜਿਹੜੇ ਸਿੱਟੇ ਇਸ ਨੇ ਸਾਧਾਰਣ ਅਧਿਐਨ ਰਾਹੀਂ ਪ੍ਰਾਪਤ ਕੀਤੇ ਸਨ ਉਹ 19 ਵੀਂ ਸਦੀ ਦੇ ਵਿਗਿਆਨੀਆਂ, ਜਿਨ੍ਹਾਂ ਵਿਚ ਇਸ ਦਾ ਆਪਣਾ ਪੋਤਾ ਚਾਰਲਸ ਡਾਰਵਿਨ ਵੀ ਸ਼ਾਮਲ ਹੈ, ਦੀਆਂ ਵਧੇਰੇ ਵਿਵੇਕਸ਼ੀਲ (ਸੂਖਮ) ਖੋਜਾਂ ਨੂੰ ਪੂਰਵ ਅਨੁਮਾਨਿਤ ਕਰਦੇ ਹਨ।

ਇਸ ਦੀਆਂ ਪ੍ਰਮੁੱਖ ਲਿਖਤਾਂ ਵਿਚੋਂ 'ਦੀ ਬਾਟੈਨਿਕ ਗਾਰਡਨ' (1794-95); ਦੀ ਟੈਂਪਲ ਆਫ਼ ਨੇਚਰ ਜਾਂ ਓਰੀਜਨ ਆਫ਼ ਸੁਸਾਇਟੀ (1803); 'ਏ ਪਲਾਨ ਫ਼ਾਰ ਦੀ ਕੰਡਕਟ ਆਫ਼ ਫੀਮੇਲ ਐਜੂਕੇਸ਼ਨ ਇਨ ਬੋਰਡਿੰਗ ਸਕੂਲਜ਼' (1973) ਅਤੇ 'ਫ਼ਾਈਟੋਲੋ-ਜੀਆ' ਜਾਂ 'ਦੀ ਫ਼ਿਲਾਸਫੀ ਆਫ਼ ਐਗਰੀਕਲਚਰਲ ਐਂਡ ਗਾਰਡ-ਨਿੰਗ' (1800) ਆਦਿ ਉੱਚ ਪਾਏ ਦੀਆਂ ਅਤੇ ਵਰਨਣਯੋਗ ਹਨ।

ਇਸ ਦੀ ਮੌਤ 18 ਅਪ੍ਰੈਲ, 1802 ਨੂੰ ਡਰਬੀ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 385

**ਡਾਰਵਿਨ, ਚਾਰਲਸ (ਰਾਬਰਟ)** : ਇਸ ਅੰਗਰੇਜ਼ ਪ੍ਰਕਿਰਤੀ-ਵਿਗਿਆਨੀ ਦਾ ਜਨਮ 12 ਫਰਵਰੀ, 1809 ਨੂੰ ਇੰਗਲੈਂਡ ਵਿਚ ਮਾਊਂਟ, ਸ਼ਰੂਜ਼ਬੈਰੀ, ਸੁਰੱਪਸ਼ਿਰ ਵਿਖੇ ਹੋਇਆ। ਇਹ ਵਿਕਾਸ ਦੇ ਪ੍ਰਸਿੱਧ ਸਿੱਧਾਂਤ ਜਿਸ ਨੂੰ ਡਾਰਵਿਨਵਾਦ ਆਖਦੇ ਹਨ ਕਰਕੇ ਪ੍ਰਸਿੱਧ ਹੈ। 'ਆੱਨ ਦਾ ਓਰੀਜਨ ਆਫ਼ ਸਪੀਸੀਜ਼ ਬਾਇ ਮੀਨਜ਼ ਆਫ਼ ਨੈਚੂਰਲ ਸਿਲੈੱਕਸ਼ਨ-1859' ਅਤੇ 'ਦਾ ਡੀਸੈਂਟ ਆਫ਼ ਮੈਨ ਐਂਡ ਸਿਲੈਕਸ਼ਨ ਇਨ ਰਿਲੇਸ਼ਨ ਟੂ ਸੈਕਸ- 1871' ਇਸ ਦੀਆਂ ਦੋ ਪ੍ਰਮੁੱਖ ਰਚਨਾਵਾਂ ਹਨ ਜਿਨ੍ਹਾਂ ਵਿਚ ਇਸ ਨੇ ਵਿਕਾਸ ਦੇ ਸਿੱਧਾਂਤ ਦੀ ਵਿਆਖਿਆ ਕੀਤੀ ਹੈ। ਇਸ ਦੀਆਂ ਇਨ੍ਹਾਂ ਲਿਖਤਾਂ ਨੇ ਉਸ ਸਮੇਂ ਦੇ ਵਿਗਿਆਨੀਆਂ ਅਤੇ ਧਾਰਮਿਕ ਵਿਅਕਤੀਆਂ ਨੂੰ ਬੇਹੱਦ ਪ੍ਰਭਾਵਿਤ ਕੀਤਾ।

ਅੱਠ ਸਾਲ ਦੀ ਉਮਰ ਤੋਂ ਹੀ ਡਾਰਵਿਨ ਦਾ ਪਾਲਣ ਪੋਸ਼ਣ ਇਸ ਦੀ ਵੱਡੀ ਭੈਣ ਨੇ ਕੀਤਾ। ਬਚਪਨ ਵਿਚ ਉਹ ਇਕ ਸਾਧਾਰਣ ਬੱਚਾ ਸੀ। ਉਦੋਂ ਇਹ ਨਹੀਂ ਸੀ ਲਗਦਾ ਕਿ ਉਹ ਵੱਡਾ ਹੋ ਕੇ ਇਕ ਸੰਸਾਰ ਪ੍ਰਸਿੱਧ ਹਸਤੀ ਬਣੇਗਾ। ਹੌਲੀ ਹੌਲੀ ਉਸ ਦੀ ਦਿਲਚਸਪੀ ਕੁਦਰਤ ਦੇ ਇਤਿਹਾਸ ਵਲ ਹੋ ਗਈ ਅਤੇ 1831 ਵਿਚ ਉਹ ਐਚ ਐਮ ਐਸ 'ਬੀਗਲ਼' (HMS 'Beagle') ਜਹਾਜ਼ ਉੱਤੇ ਇਕ ਪ੍ਰਕਿਰਤੀ-ਵਿਗਿਆਨੀ ਵਜੋਂ ਰਵਾਨਾ ਹੋਇਆ। ਇਹ ਯਾਤਰਾ ਦੱਖਣੀ ਅਮਰੀਕਾ ਦੇ ਪੱਛਮੀ ਤੱਟ ਅਤੇ ਕੁਝ ਸ਼ਾਂਤ ਮਹਾਂਸਾਗਰੀ ਦੀਪਾਂ ਦੇ ਜੰਗਲੀ ਜੀਵਨ ਦਾ ਸਰਵੇ ਕਰਨ ਲਈ ਆਰੰਭੀ ਗਈ ਸੀ। ਆਪਣੀ ਯਾਤਰਾ ਦੇ ਇਨ੍ਹਾਂ ਪੰਜਾਂ ਸਾਲਾਂ ਦੌਰਾਨ ਉਸ ਨੂੰ ਜਾਤੀਆਂ ਦੇ ਹੌਲੀ ਹੌਲੀ ਵਿਕਾਸ ਕਰਨ ਬਾਰੇ ਯਕੀਨ ਹੋ ਗਿਆ। ਇੰਗਲੈਂਡ ਪਰਤ ਕੇ ਉਸ ਨੇ 20 ਸਾਲ ਕੰਮ ਕੀਤਾ ਅਤੇ ਆਪਣੇ ਵਿਚਾਰਾਂ ਨੂੰ ਹੋਰ ਨਿਖਾਰਨ ਉਪਰੰਤ 1856 ਵਿਚ ਵਿਕਾਸ ਸਬੰਧੀ ਇਕ ਨਿਰਣਾਇਕ ਰਚਨਾ ਲਿਖੀ। ਸੰਨ 1858 ਵਿਚ ਇਕ ਹੋਰ ਪ੍ਰਕਿਰਤੀ-ਵਿਗਿਆਨੀ ਅੱਲਫਰਡ ਰਸਲ ਵਾਲਸ ਦੀ ਇਕ ਚਿੱਠੀ ਜਿਸ ਵਿਚ ਡਾਰਵਿਨ ਦੇ ਹੀ ਵਿਚਾਰਾਂ ਨੂੰ ਪ੍ਰਗਟਾਇਆ ਹੋਇਆ ਸੀ ਨੇ ਉਸ ਨੂੰ ਆਪਣੇ ਕੀਤੇ ਕੰਮ ਨੂੰ ਸੰਖੇਪ ਰੂਪ ਵਿਚ ਛਾਪਣ ਲਈ ਪ੍ਰੇਰਿਆ। ਅਗਲੇ ਹੀ ਸਾਲ ਉਸ ਨੇ ਆਪਣਾ ਇਹ ਕੰਮ 'ਆੱਨ ਦਾ ਓਰੀਜਨ ਆਫ਼ ਸਪੀਸੀਜ਼' ਸਿਰਲੇਖ ਅਧੀਨ ਛਾਪਿਆ।

ਡਾਰਵਿਨ ਦੇ ਅੰਤਲੇ ਦਿਨ ਬਹੁਤ ਹੀ ਸਰੀਰਕ ਦੁਖਾਂ ਤਕਲੀਫਾਂ ਵਿਚ ਬੀਤੇ। ਉਸ ਨੂੰ ਦੱਖਣੀ ਅਮਰੀਕਾ ਤੋਂ ਹੀ ਸ਼ਾਗਾਸ ਨਾਮੀ ਬੀਮਾਰੀ ਹੋ ਗਈ ਸੀ ਜਿਸ ਬਾਰੇ ਉਦੋਂ ਇਸ ਨੂੰ ਹਾਲੇ ਬਹੁਤਾ ਗਿਆਨ ਨਹੀਂ ਸੀ।

ਡਾਰਵਿਨ ਦੀ ਪ੍ਰਤਿਭਾ ਕੇਵਲ ਵਿਕਾਸ ਸਬੰਧੀ ਪ੍ਰਸ਼ਨਾਂ ਤੱਕ ਹੀ ਸੀਮਤ ਨਹੀਂ ਸੀ ਸਗੋਂ ਉਸ ਨੇ ਕੁਦਰਤ ਦੇ ਹੋਰ ਵੀ ਬਹੁਤ ਸਾਰੇ ਭੇਦਾਂ ਨੂੰ ਖੋਲ੍ਹਿਆ ਜਿਵੇਂ ਕਿ ਬਾਰਨੇਕਲਾਂ ਦਾ ਵਰਗੀਕਰਨ, ਮੂੰਗਾਂ ਚਟਾਨ ਦੇ ਵਲਗਣਾਂ ਦਾ ਬਣਨਾ, ਪੌਦਿਆਂ ਦੀਆਂ ਪ੍ਰਕਾਸ਼ ਸਬੰਧੀ ਪ੍ਰਤਿਕ੍ਰਿਆਵਾਂ ਅਤੇ ਭੂਮੀ ਦੀ ਉਪਜਾਊ ਸ਼ਕਤੀ ਵਧਾਉਣ ਵਿਚ ਗੰਡੋਇਆਂ ਦੀ ਭੂਮਿਕਾ ਆਦਿ।

ਡਾਰਵਿਨ ਦੁਆਰਾ ਜਾਤੀਆਂ ਦੀ ਉਤਪਤੀ ਸਬੰਧੀ ਕੀਤੇ ਕੰਮ ਉਪਰੰਤ ਅੱਗੇ ਕਈ ਹੋਰ ਮਹੱਤਵਪੂਰਨ ਕੰਮ ਹੋਏ। ਉਸ ਦੁਆਰਾ

ਅੰਤਲੇ ਦਿਨਾਂ ਵਿਚ ਕੀਤੇ ਕੰਮਾਂ ਵਿਚੋਂ ਵੇਰੀਏਸ਼ਨ ਇਨ ਐਨੀਮਲਜ਼ ਐਂਡ ਪਲਾਂਟਸ ਅੰਡਰ ਡੋਮੈਸਟੀਕੇਸ਼ਨ- 1868 ਅਤੇ ਦਾ ਡੀਸੈਂਟ ਆਫ਼ ਮੈਨ- 1871 ਪ੍ਰਮੁੱਖ ਹਨ।

19 ਅਪ੍ਰੈਲ, 1882 ਨੂੰ ਕੈਂਟ ਵਿਚ ਡਾਊਨ ਹਾਊਸ ਡਾਊਨੇ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 894

**ਡਾਰਵਿਨ ਦਾ ਸਿੱਧਾਂਤ** : ਪਹਿਲਾਂ ਮੌਜੂਦਾ ਜੀਵਾਂ ਤੋਂ ਤਰੱਕੀ ਕਰਦੇ ਕਰਦੇ ਵਿਕਾਸ ਪਰਿਵਰਤਨਾਂ ਦੁਆਰਾ ਨਵੇਂ ਪ੍ਰਕਾਰ ਦੇ ਪ੍ਰਾਣੀਆਂ ਦਾ ਜਨਮ ਵਿਕਾਸ ਅਖਵਾਉਂਦਾ ਹੈ। ਡਾਰਵਿਨ ਨੇ ਵਿਕਾਸ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਹੈ ਕਿ ਇਹ ਪਿਤੱਰਾਂ ਦੇ ਸੰਸੋਧਿਤ ਰੂਪ ਦਾ ਨਾਂ ਹੈ।

ਕ੍ਰਮ ਵਿਕਾਸ ਦੇ ਸਿੱਧਾਂਤਾਂ ਵਿਚੋਂ ਸਭ ਤੋਂ ਮਹੱਤਵਪੂਰਨ ਸਿੱਧਾਂਤ ਚ਼ਾਰਲਸ ਡਾਰਵਿਨ ਦਾ ਕੁਦਰਤੀ ਚੋਣ ਸਿੱਧਾਂਤ (Theory of Natural selection) ਹੈ ਜਿਸ ਨੂੰ ਉਸਨੇ 1859 ਵਿਚ ਬਿਆਨ ਕੀਤਾ। ਇਸ ਸਿੱਧਾਂਤ ਦੀ ਸਚਾਈ ਉਸਦੀ ਵਰ੍ਹਿਆਂ ਦੀ ਕਰੜੀ ਮਿਹਨਤ ਤੇ ਲਗਨ ਦਾ ਸਿੱਟਾ ਸੀ ਤੇ ਇਹ ਪੌਦੇ ਤੇ ਜੀਵਾਂ ਦੋਹਾਂ ਤੇ ਲਾਗੂ ਹੁੰਦੀ ਸੀ। ਲਗਭਗ ਇਸੇ ਸਮੇਂ ਦੌਰਾਨ ਇਕ ਹੋਰ ਪ੍ਰਾਕ੍ਰਿਤਕ ਵਿਗਿਆਨੀ ਅਲਫ਼ਰਡ ਰਸਲ ਵਾਲੇਸ ਵੀ ਇਸੇ ਸਿੱਧਾਂਤ ਤੇ ਪੁੱਜਿਆ ਸੀ। ਡਾਰਵਿਨ ਦੇ ਸਿਧਾਂਤ ਦੇ ਮੁਖ ਨੁਕਤੇ ਹੇਠ ਲਿਖੇ ਹਨ :—

**1. ਬਹੁ-ਸੰਤਾਨ ਉਤਪਤੀ** (Over production)—ਸਾਰੇ ਪੌਦੇ ਤੇ ਜੰਤੂ ਇਸ ਕੋਸ਼ਿਸ਼ ਵਿਚ ਹੁੰਦੇ ਹਨ ਕਿ ਉਹ ਵਧ ਤੋਂ ਵਧ ਸੰਤਾਨ ਪੈਦਾ ਕਰਨ। ਹਰ ਜੀਵ ਵਿਚ ਆਪਣੀ ਨਸਲ ਨੂੰ ਕਾਇਮ ਰਖਣ ਅਤੇ ਵਧ ਤੋਂ ਵਧ ਬੱਚੇ ਪੈਦਾ ਕਰਨ ਦੀ ਪ੍ਰਬਲ ਰੁੱਚੀ ਹੁੰਦੀ ਹੈ। ਪ੍ਰਾਣੀ ਜੁਮੈਂਟਰਈ ਅਨੁਪਾਤ ਵਿਚ ਵਧਦੇ ਹਨ ਤੇ ਜੇ ਇਹ ਸਾਰੇ ਜ਼ਿੰਦਾ ਰਹਿਣ ਤਾਂ ਕੁਲ 5 ਪੀੜੀਆਂ ਵਿਚ ਇਨ੍ਹਾਂ ਦੀ ਗਿਣਤੀ ਇੰਨੀ ਜ਼ਿਆਦਾ ਹੋ ਜਾਂਦੀ ਹੈ ਕਿ ਉਨ੍ਹਾਂ ਦੀ ਸਮਾਈ ਲਈ ਅਠ ਗ੍ਰਹਿਆਂ ਦੀ ਲੋੜ ਪੈਂਦੀ ਹੈ।

ਸੂਰਜ-ਮੁਖੀ ਦਾ ਇੱਕ ਫੁੱਲ ਇਕ ਸਾਲ ਵਿਚ 7000 ਤੋਂ ਵੀ ਵਧ ਬੀਜ ਪੈਦਾ ਕਰਦਾ ਹੈ। ਜੇ ਸਾਰੇ ਬੀਜਾਂ ਤੋਂ ਨਵੇਂ ਪੌਦੇ ਬਣ ਜਾਣ ਤਾਂ ਕੁਝ ਹੀ ਪੀੜੀਆਂ ਵਿਚ ਇਕੱਲੇ ਇਕ ਪੌਦੇ ਤੋਂ ਇਤਨੇ ਪੌਦੇ ਹੋ ਜਾਣਗੇ ਕਿ ਉਨ੍ਹਾਂ ਨੂੰ ਰਹਿਣ ਲਈ ਸਾਰੀ ਧਰਤੀ ਦੀ ਲੋੜ ਪਵੇਗੀ। ਹਾਥੀ ਜਣਨ ਕਿਰਿਆ ਵਿਚ ਸਭ ਨਾਲੋਂ ਸੁਸਤ ਹੈ ਤੇ ਉਹ 30 ਸਾਲ ਦੀ ਉਮਰ ਵਿਚ ਲਿੰਗਕ ਤੌਰ ਤੇ ਪਰਪਕ ਹੁੰਦਾ ਹੈ। ਇਹ ਦੱਸ ਸਾਲ ਮਗਰੋਂ ਇਕ ਬੱਚਾ ਜਣਦਾ ਹੈ ਤੇ ਜੀਵਨ ਵਿਚ ਕੇਵਲ 3 ਬੱਚੇ ਪੈਦਾ ਕਰਦਾ ਹੈ। ਜੇ ਇਕ ਜੋੜੇ ਦੇ ਸਾਰੇ ਬੱਚੇ ਜਿਉਂਦੇ ਰਹਿਣ ਤਾਂ 750 ਸਾਲਾਂ ਵਿਚ 9 ਕਰੋੜ 90 ਲੱਖ ਹਾਥੀ ਪੈਦਾ ਹੋ ਜਾਣਗੇ। ਬੈਂਕ-ਟੀਰੀਆਂ ਦਾ ਇੱਕ ਸੈੱਲ ਯੋਗ ਵਾਤਾਵਰਣ ਵਿਚ ਹਰ 30 ਮਿੰਟਾਂ ਮਗਰੋਂ ਦੋ ਵਿਚ ਵਿਭਾਜਿਤ ਹੋ ਜਾਂਦਾ ਹੈ। ਜੇ ਸਾਰੇ ਨਵ ਉਪਜੇ ਸੈੱਲ ਜ਼ਿੰਦਾ ਰਹਿਣ ਤਾਂ 24 ਘੰਟਿਆ ਵਿਚ ਹੀ ਇਕ ਬੈਂਕਟੀਰੀਅਲ ਸੈੱਲ ਤੋਂ ਅਸੰਖਾਂ ਸੈੱਲ ਉਤਪਤ ਹੋ ਜਾਣਗੇ। ਸੋ ਸਪਸ਼ਟ ਹੈ ਕਿ ਜੇ ਜੀਵਾਂ ਦੁਆਰਾ ਪੈਦਾ ਕੀਤੀ ਸੰਤਾਨ ਸਾਰੀ ਜ਼ਿੰਦਾ ਰਹੇ ਤਾਂ ਕੁਝ ਸਮੇਂ ਵਿਚ ਹੀ ਇਨ੍ਹਾਂ ਦੀ ਗਿਣਤੀ ਇੰਨੀ ਜ਼ਿਆਦਾ ਹੋ ਜਾਵੇਗੀ ਕਿ ਉਹ ਧਰਤੀ ਤੇ ਸਮਾ ਸਕਣ ਦੇ ਯੋਗ ਨਹੀਂ ਹੋ ਸਕਣਗੇ। ਅਰਥ ਸਾਸ਼ਤਰ ਵਿਚ ਇਕ ਕਹਾਵਤ ਹੈ ਕਿ ਕੁਦਰਤ ਦਾ ਮੇਜ਼ ਸੀਮਤ ਹੈ ਤੇ ਬਿਨ ਬੁਲਾਏ ਮਹਿਮਾਨ ਭੁੱਖੇ ਰਹਿੰਦੇ ਹਨ। ਸੋ ਪ੍ਰਾਕ੍ਰਿਤੀ ਵਿਚ ਥਾਂ ਤੇ ਖ਼ੁਰਾਕ ਸੀਮਤ ਹੈ ਤੇ ਹਰ ਪ੍ਰਾਣੀ ਨੂੰ ਰਹਿਣ ਲਈ ਯੋਗ ਥਾਂ ਤੇ ਉਚਿਤ ਭੋਜਨ ਦੀ ਲੋੜ ਹੈ।

**2. ਜੀਵਨ ਸੰਘਰਸ਼** (Struggle for Existence)—ਹਰ ਜੀਵਤ ਜੀਵ ਨੂੰ ਭੋਜਨ ਦੀ ਲਗਾਤਾਰ ਮਾਤਰਾ, ਰਹਿਣ ਦੀ ਥਾਂ, ਵਧਣ ਵਾਸਤੇ ਉਚਿਤ ਵਾਤਾਵਰਣ ਦੀ ਲੋੜ ਹੁੰਦੀ ਹੈ। ਪੌਦਿਆਂ ਨੂੰ ਪਾਣੀ, ਖਣਿਜਾਂ , ਕਾਰਬਨ ਡਾਇਆੱਕਸਾਇਡ ਤੇ ਪ੍ਰਕਾਸ਼ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਆਪਣਾ ਭੋਜਨ ਬਣਾ ਸਕਣ ਤੇ ਵਧ ਫੁਲ ਸਕਣ। ਇਸੇ ਤਰ੍ਹਾਂ ਪ੍ਰਾਣੀ ਉਸ ਖੇਤਰ ਦਾ ਤਿਆਗ ਕਰਦੇ ਹਨ ਜਿਥੇ ਭੋਜਨ ਤੇ ਸ਼ਰਨ ਦੀਆਂ ਮੂਲ ਲੋੜਾਂ ਪ੍ਰਾਪਤ ਨਹੀਂ ਹੁੰਦੀਆਂ ਜੇ ਪੌਦਿਆਂ ਤੇ ਪ੍ਰਾਣੀਆਂ ਨੂੰ ਮਜ਼ਬੂਰੀ ਦੀ ਹਾਲਤ ਵਿਚ ਐਸੀ ਥਾਂ ਰਹਿਣਾ ਪਵੇ ਜਿਥੇ ਜੀਵਨ ਦੀਆਂ ਮੂਲ ਲੋੜਾਂ ਦੀ ਥੁੜ ਹੋਵੇ ਤਾਂ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਉਨ੍ਹਾਂ ਵਿਚਕਾਰ ਸੰਘਰਸ਼ ਜਾਂ ਘੋਲ ਸ਼ੁਰੂ ਹੋ ਜਾਂਦਾ ਹੈ। ਸੋ ਜੀਵਾਂ ਵਿਚ ਜੀਵਨ ਦੀਆਂ ਮੂਲ ਲੋੜਾਂ ਦੀ ਪ੍ਰਾਪਤੀ ਲਈ ਮੁਕਾਬਲਾ ਜੀਵਨ ਸੰਘਰਸ਼ ਅਖਵਾਉਂਦਾ ਹੈ। ਇਹ ਜੀਵਨ ਸੰਘਰਸ਼ ਤਿੰਨ ਕਿਸਮਾਂ ਦਾ ਹੁੰਦਾ ਹੈ।

1. ਅੰਤਰਜਾਤੀ ਸੰਘਰਸ਼—ਇਸ ਪ੍ਰਕਾਰ ਦਾ ਸੰਘਰਸ਼ ਇਕੋ ਨਸਲ ਦੇ ਮੈਂਬਰਾਂ ਵਿਚਕਾਰ ਹੁੰਦਾ ਹੈ ਜਿਵੇਂ ਆਦਮੀ ਆਦਮੀ ਵਿਚ, ਬਿੱਲੀ ਬਿੱਲੀ ਵਿਚ ਤੇ ਕੁੱਤੇ ਕੁੱਤੇ ਵਿਚਕਾਰ ਸੰਘਰਸ਼। ਜਿਵੇਂ ਕੁੱਤੇ ਰੋਟੀ ਦੇ ਟੁਕੜੇ ਲਈ ਆਪਸ ਵਿਚ ਲੜਦੇ ਹਨ ਤੇ ਤਕੜਾ ਕੁੱਤਾ ਰੋਟੀ ਖੋਹ ਕੇ ਲੈ ਜਾਂਦਾ ਹੈ। ਸੰਘਰਸ਼ ਦੀਆਂ ਸਭ ਕਿਸਮਾਂ ਵਿਚੋਂ ਅੰਤਰਜਾਤੀ ਸੰਘਰਸ਼ ਸਭ ਤੋਂ ਪ੍ਰਬਲ ਹੈ ਕਿਉਂਕਿ ਇਕੋ ਨਸਲ ਦੇ ਮੈਂਬਰਾਂ ਦੀਆਂ ਲੋੜਾਂ ਇਕੋ ਜਿਹੀਆਂ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਇਕੋ ਜਿਹੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

2. ਅੰਤਰਾਜਾਤੀ ਸੰਘਰਸ਼—ਇਹ ਉਹ ਸੰਘਰਸ਼ ਹੈ ਜੋ ਵੱਖ ਵੱਖ ਜਾਤੀਆਂ ਦੇ ਮੈਂਬਰਾਂ ਵਿਚਕਾਰ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਇਕ ਬਾਜ ਘੁੱਗੀ ਦਾ ਸ਼ਿਕਾਰ ਕਰਨ ਲਈ ਉਸ ਦਾ ਪਿਛਾ ਕਰਦਾ ਹੈ ਤੇ ਘੁੱਗੀ ਬਚਣ ਦੀ ਕੋਸ਼ਿਸ਼ ਕਰਦੀ ਹੈ।

3. ਵਾਤਾਵਰਨ ਸੰਬੰਧੀ ਸੰਘਰਸ਼—ਇਹ ਸੰਘਰਸ਼ ਵਾਤਾਵਰਣ ਦੀਆਂ ਸ਼ਕਤੀਆਂ ਦੇ ਵਿਰੁੱਧ ਸੰਘਰਸ਼ ਹੈ ਜਿਵੇਂ ਕਿ ਮਹਾਮਾਰੀ, ਹੜ੍ਹ ਅਤੇ ਜਵਾਲਾਮੁਖੀ ਆਦਿਕ ਵਿੱਰੁਧ।

**3. ਤਕੜੇ ਦੀ ਜਿੱਤ** (Survival of the fittest)—ਇਸ ਨੂੰ ਸਭ ਤੋਂ ਯੋਗ ਦਾ ਬਚਾਅ ਵੀ ਕਿਹਾ ਜਾਂਦਾ ਹੈ। ਜੀਵਨ ਦੇ ਇਸ ਲਗਾਤਾਰ ਹੁੰਦੇ ਸੰਘਰਸ਼ ਵਿਚ ਕੇਵਲ ਉਹੀ ਜੀਵ ਜਿਉਂਦੇ ਰਹਿੰਦੇ ਹਨ ਜੋ ਜੀਵਨ ਲਈ ਸਭ ਤੋਂ ਵੱਧ ਯੋਗ ਹੁੰਦੇ ਹਨ ਅਰਥਾਤ ਸ਼ਕਤੀਸ਼ਾਲੀ ਹੁੰਦੇ ਹਨ ਤੇ ਆਪਣੇ ਮੁਕਾਬਲੇ ਵਿਚ ਆਉਣ ਵਾਲੇ ਜੀਵਾਂ ਨੂੰ ਮਾਰ ਦਿੰਦੇ ਹਨ। ਮੰਨ ਲਉ ਇਕ ਖੇਤ ਵਿਚ ਵੱਖ ਵੱਖ ਕਿਸਮ ਦੇ ਬਹੁਤ ਸਾਰੇ ਪੌਦੇ ਲਾਏ ਗਏ ਹਨ ਤਾਂ ਵਧੇਰੇ ਸਿਹਤਮੰਦ ਪੌਦੇ ਜ਼ਿਆਦਾ ਪਾਣੀ ਤੇ ਖਣਿਜ ਸੋਖਣਗੇ ਜਦੋਂ ਕਿ ਘੱਟ ਸਿਹਤਮੰਦ ਕਿਸਮਾਂ ਇਸ ਦੌੜ ਵਿਚ ਪਿਛੇ ਰਹਿ ਜਾਣਗੀਆਂ ਤੇ ਅੰਤ ਮਰ ਮੁਕ ਜਾਣਗੀਆਂ। ਕਈ ਵੱਡੇ ਪੌਦੇ ਸੂਰਜ ਦੀਆਂ ਕਿਰਨਾਂ ਨੂੰ ਰੋਕ ਲੈਂਦੇ ਹਨ ਤੇ ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦੇ ਹੇਠ ਉੱਗਣ ਵਾਲੇ ਛੋਟੇ ਪੌਦਿਆਂ ਨੂੰ ਪ੍ਰਕਾਸ਼ ਦੀ ਕਾਫ਼ੀ ਮਾਤਰਾ ਨਹੀਂ ਮਿਲਦੀ ਤੇ ਇਸ ਤਰ੍ਹਾਂ ਉਨ੍ਹਾਂ ਦੇ ਵਾਧੇ ਉੱਤੇ ਬੁਰਾ ਅਸਰ ਪੈਂਦਾ ਹੈ। ਤਕੜੇ ਪ੍ਰਾਣੀ ਮਾੜੇ ਨੂੰ ਮਾਰ ਦਿੰਦੇ ਹਨ। ਕੁੱਤੇ ਆਪਸ ਵਿਚ ਲੜਦੇ ਹੋਣ ਤਾਂ ਤਕੜੇ ਦੀ ਜਿੱਤ ਹੁੰਦੀ ਹੈ ਤੇ ਉਹ ਮਾੜੇ ਕੋਲੋਂ ਰੋਟੀ ਖੋਹ ਕੇ ਲੈ ਜਾਂਦਾ ਹੈ। ਇਹ ਮੁਕਾਬਲਾ ਕੇਵਲ ਨਿਮਨ ਕੋਟੀ ਦੇ ਪ੍ਰਾਣੀਆਂ ਵਿਚ ਹੀ ਨਹੀਂ ਸਗੋਂ ਆਦਮੀਆਂ ਵਿਚਕਾਰ ਵੀ ਹੁੰਦਾ ਹੈ ਤੇ ਇਸਦੀਆਂ ਉਦਾਹਰਣਾਂ ਅਸੀਂ ਆਪਣੇ ਜੀਵਨ ਵਿਚ ਵੇਖਦੇ ਹਾਂ। 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਅਖਾਣ ਅਜ ਵੀ ਠੀਕ ਜਾਪਦਾ ਹੈ। ਇਸ ਤਰ੍ਹਾਂ ਜੀਵਨ ਸੰਘਰਸ਼ ਦੇ ਕਾਰਨ ਕਿਸੇ ਪ੍ਰਾਣੀ ਦੀ ਆਬਾਦੀ ਰੋਕੀ ਜਾ ਸਕਦੀ ਹੈ। ਸਿਰਫ਼ ਜੀਵਨ ਲਈ ਯੋਗ ਪ੍ਰਾਣੀ ਹੀ ਜ਼ਿੰਦਾ ਰਹਿੰਦੇ ਹਨ।

4. **ਵਿੰਭਿਨਤਾਵਾਂ ਤੇ ਕੁਦਰਤੀ ਚੋਣ** (Variations & Natural Selection)—ਹਰ ਜੀਵ ਇਕ ਦੂਜੇ ਨਾਲੋਂ ਭਿੰਨਤਾ ਰੱਖਦਾ ਹੈ। ਇਹ ਭਿੰਨਤਾ ਇਕੋ ਮਾਪਿਆਂ ਦੀ ਸੰਤਾਨ ਵਿਚ ਹੀ ਹੁੰਦੀ ਹੈ। ਜੀਵਨ ਸੰਘਰਸ਼ ਦਾ ਸਾਹਮਣਾ ਕਰਨ ਲੱਗਿਆਂ ਜੀਵ ਵਾਤਾਵਰਨ ਅਨੁਸਾਰ ਵੀ ਭਿੰਨਤਾ ਪੈਦਾ ਕਰਦੇ ਹਨ। ਇਹ ਵਿਭਿੰਨਤਾਵਾਂ ਲਾਭਦਾਇਕ ਵੀ ਹੁੰਦੀਆਂ ਹਨ ਤੇ ਹਾਨੀਕਾਰਕ ਵੀ। ਕਿਸੇ ਪੌਦੇ ਦੇ ਪੱਤਿਆਂ ਵਿਚ ਕਲੋਰੋਫ਼ਿਲ ਦਾ ਘੱਟ ਜਾਣਾ ਉਸ ਲਈ ਹਾਨੀਕਾਰਕ ਸਿੱਧ ਹੁੰਦਾ ਹੈ ਤੇ ਉਸਨੂੰ ਜੀਵਨ ਸੰਘਰਸ਼ ਵਿਚੋਂ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਕਲੋਰੋਫ਼ਿਲ ਦੀ ਘਾਟ ਦੀ ਭਿੰਨਤਾ ਪੌਦੇ ਲਈ ਯੋਗ ਮਾਤਰਾ ਵਿਚ ਖ਼ੁਰਾਕ ਪੈਦਾ ਨਹੀਂ ਕਰ ਸਕਦੀ ਤੇ ਉਹ ਦੂਜਿਆਂ ਤੋਂ ਮਾੜਾ ਰਹਿ ਜਾਂਦਾ ਹੈ ਪਰ ਜੇ ਮਾਰੂਥਲ ਦਾ ਕੋਈ ਪੌਦਾ ਆਪਣੇ ਆਪ ਵਿਚ ਘੱਟ ਪਾਣੀ ਵਾਸ਼ਪਿਤ ਕਰਨ ਦੀ ਭਿੰਨਤਾ ਰੱਖਦਾ ਹੈ ਤਾਂ ਇਹ ਉਹਦੇ ਲਈ ਲਾਭਦਾਇਕ ਸਿੱਧ ਹੁੰਦੀ ਹੈ ਕਿਉਂਕਿ ਇਸ ਤਰ੍ਹਾਂ ਉਸ ਦੀ ਵਾਤਾਵਰਨ ਪ੍ਰਤਿ ਅਨੁਕੂਲਤਾ ਤੇ ਜ਼ਿੰਦਾ ਰਹਿਣ ਦੇ ਭੇਦ ਵਿਚ ਵਾਧਾ ਹੁੰਦਾ ਹੈ। ਇਸੇ ਤਰ੍ਹਾਂ ਜਾਨਵਰਾਂ ਦੀ ਚਾਲ ਵਿਚ ਤੇਜ਼ੀ, ਸੁੰਘਣ ਸ਼ਕਤੀ ਵਿਚ ਵਾਧਾ, ਸੁਣਨ ਤੇ ਦੇਖਣ ਦੀਆਂ ਤੀਬਰ ਸ਼ਕਤੀਆਂ ਵਰਗੀਆਂ ਭਿੰਨਤਾਵਾਂ ਉਸ ਦੇ ਜਿਉਂਦੇ ਰਹਿਣ ਵਿਚ ਸਹਾਈ ਸਿੱਧ ਹੁੰਦੀਆਂ ਹਨ। ਅਜਿਹੀਆਂ ਲਾਭਦਾਇਕ ਭਿੰਨਤਾਵਾਂ ਜੀਵ ਵਿਰਸੇ ਵਿਚ ਆਪਣੀ ਸੰਤਾਨ ਨੂੰ ਦਿੰਦਾ ਹੈ।

ਕੁਦਰਤ ਕੇਵਲ ਉਨ੍ਹਾਂ ਪ੍ਰਾਣੀਆਂ ਦੀ ਚੋਣ ਕਰਦੀ ਹੈ ਜੋ ਵਾਤਾਵਰਨ ਲਈ ਯੋਗਤਾ ਰਖਦੇ ਹਨ ਤੇ ਉਨ੍ਹਾਂ ਪ੍ਰਾਣੀਆਂ ਨੂੰ ਰੱਦ ਕਰ ਦਿੰਦੀ ਹੈ ਜੋ ਵਾਤਾਵਰਨ ਸੰਬੰਧੀ ਅਨੁਸਾਰਤਾ ਨਹੀਂ ਰਖਦੇ। ਚੋਣ ਤੇ ਰੱਦ ਦੇ ਇਸ ਕੁਦਰਤੀ ਅਮਲ ਨੂੰ ਹੀ ਯੋਗਤਮ ਦਾ ਬਚਾਅ ਕਿਹਾ ਜਾਂਦਾ ਹੈ। ਇਸ ਦੀ ਵਿਆਖਿਆ ਲਈ ਕਿਹਾ ਜਾ ਸਕਦਾ ਹੈ ਕਿ ਖੱਚਰ ਆਪਣੀ ਮਾਤਾ (ਘੋੜੀ) ਅਤੇ ਬਾਪ (ਖੋਤੇ) ਨਾਲੋਂ ਵਧੇਰੇ ਬਲਵਾਨ ਹੁੰਦੀ ਹੈ ਤੇ ਪ੍ਰਤਿਕੂਲ ਹਾਲਤਾਂ ਦਾ ਆਸਾਨੀ ਨਾਲ ਟਾਕਰਾ ਕਰ ਸਕਦੀ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਥੋਂ ਤੱਕ ਇਸ ਦੀ ਆਪਣੀ ਜ਼ਿੰਦਗੀ ਦਾ ਸੁਆਲ ਹੈ ਇਹ ਬਿਲਕੁਲ ਯੋਗ ਹੈ। ਸੋ ਜੀਵ ਵਿਗਿਆਨ ਅਨੁਸਾਰ ਯੋਗਤਾ ਦਾ ਅਰਥ ਹੈ ਨਸਲ ਨੂੰ ਜਾਰੀ ਰਖਣ ਲਈ ਬੱਚੇ ਪੈਦਾ ਕਰਨਾ। ਸੋ ਕੁਦਰਤੀ ਦੇਣ ਦੇ ਸਿੱਟੇ ਦੇ ਤੌਰ ਤੇ ਉਸ ਨਵੀਂ ਨਸਲ ਦੇ ਬਣਨ ਦਾ ਖੇਤਰ ਜਾਂ ਮੌਕਾ ਮੌਜੂਦ ਹੈ ਜਿਸ ਵਿਚ ਸਭ ਤੋਂ ਉਤਮ ਗੁਣ ਹੋਵੇ।

**ਨਵੀਆਂ ਨਸਲਾਂ ਦੀ ਉਤਪਤੀ**—ਕੁਦਰਤੀ ਚੋਣ ਦੁਆਰਾ ਕੇਵਲ ਯੋਗਤਮ ਜੀਵਾਂ ਦਾ ਹੀ ਬਚਾਅ ਹੁੰਦਾ ਹੈ ਜਿਨ੍ਹਾਂ ਵਿਚ ਵਾਤਾਵਰਨ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ ਦੀ ਸਮਰੱਥਾ ਜਾਂ ਭਿੰਨਤਾ ਹੋਵੇ। ਇਹੀ ਜੀਵ ਆਪਣੀਆਂ ਇਨ੍ਹਾਂ ਲਾਭਦਾਇਕ ਯੋਗਤਾਵਾਂ ਨੂੰ ਆਪਣੀ ਸੰਤਾਨ ਨੂੰ ਸੌਂਪ ਦਿੰਦੇ ਹਨ। ਜਿਸ ਵਿਚ ਫਿਰ ਕੁਝ ਹੋਰ ਲਾਭਦਾਇਕ ਭਿੰਨਤਾਵਾਂ ਪੈਦਾ ਹੁੰਦੀਆਂ ਹਨ ਤੇ ਉਹ ਫਿਰ ਆਪਣੀ ਸੰਤਾਨ ਨੂੰ ਵਿਰਸੇ ਵਿਚ ਇਹ ਗੁਣ ਦੇ ਦਿੰਦੇ ਹਨ। ਇਉਂ ਚੰਗੇ ਗੁਣ ਪੀੜ੍ਹੀ ਦਰ ਪੀੜ੍ਹੀ ਵਿਰਾਸਤ ਵਿਚ ਮਿਲਦੇ ਰਹਿੰਦੇ ਹਨ ਤੇ ਅਯੋਗ ਗੁਣਾਂ ਵਾਲੇ ਜੀਵ ਹੌਲੀ ਹੌਲੀ ਖਤਮ ਹੁੰਦੇ ਜਾਂਦੇ ਹਨ। ਇਸ ਤਰ੍ਹਾਂ ਹੌਲੀ ਹੌਲੀ ਤੇ ਨਿਰੰਤਰ ਆਉਣ ਵਾਲੀਆਂ ਪੀੜ੍ਹੀਆਂ ਵਿਚ ਗੁਣ ਭਿੰਨ ਹੁੰਦੇ ਜਾਂਦੇ ਹਨ ਤੇ ਅਖ਼ੀਰ ਇਕ ਨਵੇਂ ਗੁਣਾਂ ਵਾਲੀ ਭਿੰਨ ਨਸਲ ਦੀ ਉਤਪਤੀ ਹੁੰਦੀ ਹੈ ਜੋ ਵਿਕਾਸ ਦੀਆਂ ਕੜੀਆਂ ਨੂੰ ਜਾਰੀ ਰਖਦੀ ਹੈ।

ਹ. ਪੁ.—ਈਕਾਲੋਜੀ : ਕੇ. ਐਲ. ਚੋਪੜਾ

**ਡਾਰਾ** : ਇਹ ਦੱਖਣੀ ਸੀਰੀਆ ਦੇ ਇਸੇ ਨਾਂ ਦੇ ਮੁਹਾਫ਼ਜ਼ੇ ਦਾ ਸਦਰ-ਮੁਕਾਮ ਅਤੇ ਦੱਖਣ-ਪੱਛਮੀ ਸੀਰੀਆ ਦੇ ਹਾਉਰਾਨ ਖੇਤਰ ਦਾ ਪ੍ਰਮੁੱਖ ਸ਼ਹਿਰ ਹੈ। ਇਹ ਜਾਰਡਨ ਦੀ ਸਰਹੱਦ ਦੇ ਨਜ਼ਦੀਕ ਵਾਦੀ ਜਰੀਦ ਦਾ ਰੇਲਾਂ ਅਤੇ ਸੜਕਾਂ ਦਾ ਇਕ ਜੰਕਸ਼ਨ ਹੈ। ਇਹ ਆਮਾਨ, ਯੋਰੋਸ਼ਲਮ, ਹਾਈਫ਼ਾ ਅਤੇ ਦਮਿਸ਼ਕ ਵਿਚਕਾਰ ਇਕ ਕੇਂਦਰੀ ਸਥਾਨ ਹੈ। ਸ਼ਹਿਰ ਦੇ ਇਕ ਉਪਜਾਊ ਖੇਤਰ ਵਿਚ ਸਥਿਤ ਹੋਣ ਕਰਕੇ ਇਹ ਕਣਕ ਅਤੇ ਜੌਆਂ ਦੀ ਖਰੀਦ-ਫ਼ਰੋਖ਼ਤ ਦੀ ਮੰਡੀ ਹੈ ਅਤੇ ਇਕ ਵੱਡੀ ਫ਼ੌਜੀ ਛਾਉਣੀ ਵੀ ਹੈ। ਇਥੇ ਯੂਨਾਨੀ ਰੋਮਨ ਕਾਲ ਦੇ ਖੰਡਰਾਤ ਅਤੇ 1253 ਈ. ਦੀ ਬਣੀ ਇਕ ਮਸਜਿਦ ਮੌਜੂਦ ਹੈ। ਸੰਨ 636 ਵਿਚ ਯਾਰਮੂਕ ਦਰਿਆ ਦੀ ਫ਼ੈਸਲਾਕੁਨ ਲੜਾਈ ਵੀ ਡਾਰਾ ਦੇ ਨੇੜੇ ਹੀ ਲੜੀ ਗਈ ਸੀ। ਪਹਿਲੇ ਸੰਸਾਰ ਯੁੱਧ ਸਮੇਂ ਵੀ ਇਹ ਲੜਾਈ ਦਾ ਸਥਾਨ ਰਿਹਾ ਹੈ।

ਆਬਾਦੀ – 49, 534 (1981)

32°37′ ਉ. ਵਿਥ.; 36°06′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 882

**ਡਾਰਾਬ** : ਇਹ ਦੱਖਣ-ਪੱਛਮੀ ਈਰਾਨ ਦੇ ਫ਼ਾਰਸ ਪ੍ਰਾਂਤ ਦਾ ਇਕ ਸ਼ਹਿਰ ਹੈ ਜੋ ਸ਼ੀਰਾਜ਼ ਸ਼ਹਿਰ ਤੋਂ 200 ਕਿ. ਮੀ. ਦੱਖਣ-ਪੂਰਬ ਵੱਲ 1200 ਮੀ. ਦੀ ਉਚਾਈ ਤੇ ਸਥਿਤ ਹੈ।

ਆਧੁਨਿਕ ਡਾਰਾਬ ਡਾਰਾਬਜਿਰਡ ਨਾਮੀ ਇਕ ਪੁਰਾਣੇ ਸ਼ਹਿਰ ਦੇ ਖੰਡਰਾਤਾਂ ਦੇ ਉੱਤਰ-ਪੂਰਬ ਵੱਲ ਵੱਸਿਆ ਹੋਇਆ ਹੈ। ਸ਼ਹਿਰ ਸੰਤਰੇ ਅਤੇ ਨਿੰਬੂਆਂ ਦੇ ਬਾਗ਼ਾਂ ਲਈ ਮਸ਼ਹੂਰ ਹੈ।

ਆਬਾਦੀ – 25,123 (1976)

28° 50′ ਉ. ਵਿਥ. ; 54° 34′ ਪੂ. ਲੰਬ.

ਹ. ਪੁ—ਐਨ. ਬ੍ਰਿ. ਮਾ. 3 : 882

**ਡਾੱਰੀਅਨਜ਼** : ਇਹ ਪ੍ਰਾਚੀਨ ਯੂਨਾਨੀਆਂ ਦਾ ਇਕ ਪ੍ਰਮੁੱਖ ਵਰਗ ਸੀ ਜਿਹੜਾ 12 ਵੀਂ ਸਦੀ ਈ. ਪੂ. ਦੌਰਾਨ ਹਰਕੁਲੀਸ ਦੇ ਉੱਤਰਾਧਿਕਾਰੀਆਂ ਦੀ ਅਗਵਾਈ ਹੇਠ ਪੈਲਾਪਨੀਜ਼ ਪ੍ਰਾਇਦੀਪ ਦਾ ਜੇਤੂ ਸਮਝਿਆ ਜਾਂਦਾ ਹੈ। ਪੁਰਾਤੱਤਵ-ਵਿਗਿਆਨ ਤੇ ਭਾਸ਼ਾ-ਵਿਗਿਆਨ ਦੀ ਖੋਜ ਅਨੁਸਾਰ ਡਾੱਰੀਅਨ ਲੋਕ ਯੂਨਾਨ ਵਿਚ ਬਲਕਾਨ ਦੀਆਂ ਨੀਵੀਆਂ ਭੂਮੀਆਂ ਵੱਲੋਂ ਆਏ। ਸਭ ਤੋਂ ਪਹਿਲਾਂ ਇਹ ਆਰਗਾਸ ਸ਼ਹਿਰ ਦੇ ਖੇਤਰ ਵਿਚ ਆ ਕੇ ਟਿਕੇ ਅਤੇ ਨਾਲ ਨਾਲ ਮੈਗਾਰਾ ਪੈਲਾਪਾਨੀਸਮ, ਕੋਰਿੰਥ, ਸਪਾਰਟਾ ਤੇ ਮਸੀਨੀਆ ਉਪਰ ਵੀ ਕਬਜ਼ਾ ਕਰ ਗਏ। ਤਾਂਬਾ ਯੁਗ ਦੇ ਅੰਤ ਵਿਚ (1100 ਈ. ਪੂ.) ਇਹ ਲੋਕ ਈਜੀਅਨ ਖੇਤਰ ਦੇ ਥੀਰਾ, ਮਾਲਾਸ, ਕਰੀਟ (Crete) ਰੋਡਜ਼ ਆਦਿ ਇਲਾਕਿਆਂ ਤੇ ਵੀ ਕਾਬਜ਼ ਹੋ ਗਏ। 750 ਈ. ਪੂ. ਦੌਰਾਨ ਪਿਛਲੀ ਨੌਆਬਾਦੀਆਂ ਦੀ ਸਥਾਪਤੀ ਸਮੇਂ ਅਫ਼ਰੀਕਾ ਵਿਚ ਸਾਈਰੀਨ ਵਿਖੇ ਤੇ ਇਟਲੀ ਦੇ ਟਾਰੈਂਟਮ ਵਿਖੇ ਡਾੱਰੀਅਨ ਨੌ ਆਬਾਦੀਆਂ ਆਬਾਦ ਹੋਈਆਂ। ਇਸੇ ਸਮੇਂ ਸਿਸਲੀ ਦੇ ਸਿਰਾਕੂਜ਼ ਖੇਤਰ ਵਿਚ ਵੀ ਡਾੱਰੀਅਨ ਨੌਆਬਾਦੀ ਸਥਾਪਿਤ ਕੀਤੀ ਗਈ।

ਡਾਰੀਅਨ ਲੋਕੀ ਸਭਿਆਚਾਰਕ ਤੇ ਭਾਸ਼ਾ-ਵਿਗਿਆਨ ਪੱਖੋਂ ਇਕ ਵੱਖਰਾ ਵਰਗ ਸੀ ਜਿਸਨੇ ਯੂਨਾਨੀ ਸਭਿੱਅਤਾ ਦੇ ਆਇਓਨੀਅਨ, ਈਓਲੀਅਲ ਤੋਂ ਹੋਰਨਾਂ ਵਰਗਾਂ ਦੀ ਸਭਿੱਅਤਾ ਨਾਲ ਆਪਣੀ ਸਾਂਝ ਪਾਈ। ਡਾੱਰੀਅਨ ਦੀਆਂ ਸਿਟੀਸਟੇਟਾਂ ਰਾਜਨੀਤਕ ਪੱਖੋਂ ਤਿੰਨ ਕਬੀਲਿਆਂ ਵਿਚ ਵੰਡੀਆਂ ਗਈਆਂ ਜਿਨ੍ਹਾਂ ਦੇ ਕੇਂਦਰ ਸਪਾਰਟਾ, ਆਰਗਾੱਸ ਤੇ ਕੋਰਿੰਥ ਸਨ। 7 ਵੀਂ ਅਤੇ 6ਵੀਂ.ਈ.ਪੂ. ਦੌਰਾਨ ਇਹ ਪਿੱਤਲ ਦੇ ਕੰਮਾਂ, ਬੁੱਤ-ਤਰਾਸ਼ੀ, ਬਰਤਨ ਬਣਾਉਣ ਤੇ ਉਸਾਰੀ ਕਲਾ ਪੱਖੋਂ ਪ੍ਰਭਾਵੀ ਸਨ। ਸਦੀ ਈ. ਪੂ. ਤੱਕ ਸਾਰੇ ਯੂਨਾਨ ਦੇ ਮੰਦਰਾਂ ਵਿਚ ਡਾੱਰਿਕ ਢੰਗ ਦੇ ਥੰਮ੍ਹ ਵਰਤੇ ਜਾਂਦੇ ਰਹੇ ਹਨ।

ਹ. ਪੁ.—ਐਨ. ਬ੍ਰਿ. ਮਾ. 4 : 185; ਐਨ. ਅਮੈ. 9 : 297

**ਡਾਰੀਮ (Tarim)** : ਇਹ ਚੀਨ ਦੇ ਸਿਕਿਆਂਗ ਵੀਗਰ ਖੁਦਮੁਖ਼ਤਾਰ ਖੇਤਰ ਜੋ ਤਿੱਬਤੀ ਪਠਾਰ ਦੇ ਇਕ ਦਮ ਉੱਤਰ ਵੱਲ ਹੈ, ਦਾ ਮੁੱਖ ਦਰਿਆ ਹੈ। ਇਸ ਦੀ ਕੁੱਲ ਲੰਬਾਈ ਲਗਭਗ 2,030 ਕਿ. ਮੀ. ਹੈ ਪਰ ਕਿਉਂਕਿ ਦਰਿਆ ਆਪਣਾ ਰਸਤਾ ਆਮ ਬਦਲਦਾ ਰਹਿੰਦਾ ਹੈ ਇਸ ਲਈ ਇਸ ਦੀ ਲੰਬਾਈ ਵੀ ਸਾਲਾਂ ਬੱਧੀ ਬਦਲਦੀ ਰਹਿੰਦੀ ਹੈ। ਇਸ ਦਾ ਬਹੁਤਾ ਮਾਰਗ ਤਾਕਲਾ ਮਕਾਨ ਮਾਰੂਥਲ ਵਿਚ ਹੀ ਪੈਂਦਾ ਹੈ ਅਤੇ ਇਸ ਦੇ ਜਲ ਭੰਡਾਰ ਦਾ ਕੁਝ ਹਿੱਸਾ ਰੂਸ ਦੇ ਪਹਾੜੀ ਖੇਤਰ ਵਿਚ ਵੀ ਪੈਂਦਾ ਹੈ । ਇਹ ਡਾਰੀਮ ਬੇਸਿਨ ਵਿਚ ਹੀ ਵਗਦਾ ਹੈ ਅਤੇ ਇਸ ਬੇਸਿਨ ਦੇ ਦੂਜੇ ਦਰਿਆਵਾਂ ਵਾਂਗ ਇਹ ਭੀ ਆਪਣਾ ਮਾਰਗ ਅਕਸਰ ਬਦਲਦਾ ਰਹਿੰਦਾ ਹੈ। ਇਹ ਕਜ਼ਿਲਸਾ ਅਤੇ ਯਾਰਕੰਦ ਦਰਿਆਵਾਂ ਦੇ ਸੰਗਮ ਤੋਂ ਬਣਿਆ ਹੈ। ਸੰਗਮ ਤੋਂ ਲਗਭਗ 350 ਕਿ. ਮੀ. ਉੱਤਰ-ਪੱਛਮ ਵਿਚ ਆਕਸੂ ਨਦੀ ਉੱਤਰ ਵੱਲੋਂ ਆ ਕੇ ਇਸ ਵਿਚ ਮਿਲ ਜਾਂਦੀ ਹੈ। ਇਸ ਤੋਂ 30 ਕਿ. ਮੀ. ਬਾਅਦ ਹੀ ਦੱਖਣ ਵੱਲੋਂ ਆ ਕੇ ਕੋਤਾਨ ਦਰਿਆ ਵੀ ਇਸ ਵਿਚ ਮਿਲ ਜਾਂਦਾ ਹੈ। ਕੋਤਾਨ ਦਰਿਆ ਵਿਚ ਸਾਰੇ ਸਾਲ ਵਿਚੋਂ ਕੇਵਲ 40 ਦਿਨ ਤੱਕ ਹੀ ਪਾਣੀ ਰਹਿੰਦਾ ਹੈ ਜਦੋਂ ਕਿ ਆਕਸੀ ਨਦੀ ਸਾਰਾ ਸਾਲ ਵਗਦੀ ਹੈ। ਆਕਸੂ ਡਾਰੀਮ ਦੀ ਸਭ ਤੋਂ ਮਹੱਤਵਪੂਰਨ ਸਹਾਇਕ ਨਦੀ ਹੈ ਅਤੇ ਡਾਰੀਮ ਆਪਣਾ 70 ਤੋਂ 80 ਪ੍ਰਤੀਸ਼ਤ ਪਾਣੀ ਇਸੇ ਤੋਂ ਹੀ ਪ੍ਰਾਪਤ ਕਰਦਾ ਹੈ।

ਬਗਰਾਚ-ਕੋਲ ਝੀਲ ਤੋਂ ਨਿਕਲ ਕੇ ਕੋਚੋਹ ਨਦੀ ਵੀ ਇਸ ਵਿਚ 40° ਉ.ਵਿਥ. ਤੇ ਸਥਿਤ ਆਈਰਲਗਨ ਦੇ ਸਥਾਨ ਤੇ ਮਿਲਦੀ ਹੈ। ਇਸ ਦੇ ਰਸਤੇ ਵਿਚ ਕਾਰਾ ਬੁਰਾਨ ਅਤੇ ਲੱਪ-ਨਾਰ ਨਾਂ ਦੀਆਂ ਦੋ ਝੀਲਾਂ ਵੀ ਆਉਂਦੀਆਂ ਹਨ। ਦਸੰਬਰ ਤੋਂ ਫਰਵਰੀ ਤੱਕ ਦਰਿਆ ਦਾ ਪਾਣੀ ਜੰਮ ਜਾਂਦਾ ਹੈ ਅਤੇ ਗਰਮੀਆਂ ਵਿਚ ਬਰਫ਼ ਪਿੰਘਲਣ ਨਾਲ ਦਰਿਆ ਵਿਚ ਹੜ੍ਹ ਆ ਜਾਂਦੇ ਹਨ। ਦਰਿਆ ਡਾਰੀਮ ਦੇ ਬੇਸਿਨ ਦਾ ਕੁੱਲ ਰਕਬਾ ਉਪਰੋਕਤ ਦੋਹਾਂ ਝੀਲਾਂ ਸਮੇਤ 9,51,500 ਵ. ਕਿ. ਮੀ. ਹੈ ਜਿਸ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਜਿਵੇਂ—

1. ਤਾਕਲਾ ਮਾਕਾਨ ਮਾਰੂਥਲ—ਇਹ ਯੂਰੇਸ਼ੀਆ ਦਾ ਸਭ ਤੋਂ ਸੁੱਕਾ ਖੇਤਰ ਹੈ ਤੇ ਇਸ ਵਿਚ 157,500 ਕਿ. ਮੀ. (105,000 ਮੀਲ) ਦੇ ਰੇਤਲੇ ਖੇਤਰ ਤੋਂ ਇਲਾਵਾ 450 ਤੋਂ ਲਗਭਗ 2500 ਕਿ. ਮੀ. ਤੱਕ ਛੋਟੇ ਛੋਟੇ ਰੇਤਲੇ ਪਹਾੜਾਂ ਦੀਆਂ ਲੜੀਆਂ ਹਨ। ਇਸ ਭਾਗ ਦੇ ਉੱਤਰ ਵਿਚ ਯਾਰਕੰਦ ਨਦੀ, ਪੂਰਬ ਵਿਚ ਡਾਰੀਮ ਅਤੇ ਪੱਛਮ ਵਿਚ ਤਿਸਨਫ ਹੈ।

2. ਨਖ਼ਲਿਸਤਾਨ ਦੀ ਪੱਟੀ—ਇਸ ਦੇ ਦੱਖਣ ਵਿਚ ਤੀਐਨਸ਼ਾਨ ਅਤੇ ਪੂਰਬ ਵਿਚ ਪਾਮੀਰ ਹੈ। ਇਸ ਦੇ ਉੱਤਰ ਅਤੇ ਪੱਛਮ ਵਿਚ ਦੱਖਣ ਦੇ ਮੁਕਾਬਲੇ ਖੇਤੀਯੋਗ ਭੂਮੀ ਜ਼ਿਆਦਾ ਹੈ।

3. ਲਾਪ ਅਤੇ ਤੁਰਫਾਨ ਬੇਸਿਨ - ਇਸ ਖੇਤਰ ਅਧੀਨ ਮਾਰੂਥਲੀ ਬਾਗ, ਮਾਰੂਥਲ ਅਤੇ ਕੁਝ ਵਾਹੀਯੋਗ ਖੇਤਰ ਪਾਇਆ ਜਾਂਦਾ ਹੈ।

4. ਸੁਲਹੋ ਬੇਸਿਨ ਅਤੇ ਖੇਤੀਯੋਗ ਭੂਮੀ—ਇਸ ਵਿਚ ਪੂਰਨ ਰੂਪ ਵਿਚ ਸਿੰਜਾਈ ਤੇ ਆਧਾਰਤ ਖੇਤੀਯੋਗ ਭੂਮੀ ਹੈ। ਇਹ ਤੁਨ ਹਾਂਗ ਨਖ਼ਲਿਸਤਾਨ ਦੇ ਨਜ਼ਦੀਕ ਹੈ। ਇਸ ਦੇ ਦੱਖਣ ਵਿਚ ਨਾਨਸ਼ਾਨ ਪਰਬਤ ਦੀ ਤਲਹੱਟੀ ਤੱਕ ਰੇਤ ਦੇ ਟਿੱਲੇ ਹੀ ਦਿਖਾਈ ਦਿੰਦੇ ਹਨ।

ਡਾਰੀਮ ਬੇਸਿਨ ਵਿਚ ਅਵਖੇਪਣ ਬਹੁਤ ਘਟ ਹੈ। ਕਈ ਸਾਲਾਂ ਵਿਚ ਤਾਂ ਹੁੰਦਾ ਹੀ ਨਹੀਂ। ਔਸਤ ਸਾਲਾਨਾ ਅਵਖੇਪਣ 10-12 ਮਿ. ਮੀ. ਤੱਕ ਹੀ ਹੈ। ਵੱਧ ਤੋਂ ਵੱਧ ਤਾਪਮਾਨ 40° ਸੈਂ. ਹੈ।

ਡਾਰੀਮ ਬੇਸਿਨ ਵਿਚ ਬਨਸਪਤੀ ਕੇਵਲ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਫਾਲ ਨਾਲ ਹੀ ਪਾਈ ਜਾਂਦੀ ਹੈ। ਦਰਿਆ ਵਿਚ ਮੱਛੀ ਕਾਫ਼ੀ ਹੁੰਦੀ ਹੈ। ਇਸ ਤੋਂ ਇਲਾਵਾ ਕੁਲਾਨ ਵਰਗੇ ਦੋ ਕੁਹਾਨਾ ਜਾਂ ਦੋ ਢੂੰਡ ਵਾਲੇ ਉਠ ਅਤੇ ਸਾਇਬੇਰੀਅਨ ਰੈਂਡੀਅਰ ਆਦਿ ਵੀ ਹੁੰਦੇ ਹਨ।

ਇਥੋਂ ਦੀ ਖਿੰਡਵੀਂ ਵੱਸੋਂ ਦੀ ਆਰਥਿਕਤਾ ਦਾ ਮੁੱਖ ਆਧਾਰ ਨਖ਼ਲਿਸਤਾਨ ਹਨ ਜਿਨ੍ਹਾਂ ਵਿਚ ਅਨਾਜ, ਕਪਾਹ, ਰੇਸ਼ਮ, ਫ਼ਲ, ਉੱਨ ਆਦਿ ਦੀ ਪੈਦਾਵਾਰ ਹੁੰਦੀ ਹੈ। ਇਸ ਤੋਂ ਇਲਾਵਾ ਖੋਤਾਨ ਜੇਡ ਇਥੋਂ ਦੀ ਹੋਰ ਇਕੋ ਇਕ ਮਹੱਤਵਪੂਰਨ ਚੀਜ਼ ਹੈ।

ਹ. ਪੁ.—ਐਨ. ਬ੍ਰਿ. ਮਾ.11 :562 ; ਹਿੰ. ਵਿ. ਕੋ. 5 : 312

**ਡਾੱਰੇ, (ਪਾਲ) ਗਸਟੇਵ** : ਇਸ ਫ਼ਰਾਂਸੀਸੀ ਚਿੱਤਰਕਾਰ ਅਤੇ ਕਲਾਕਾਰ ਦਾ ਜਨਮ 6 ਜਨਵਰੀ, 1832 ਨੂੰ ਸਟਰਾਸਬੁਰਗ ਵਿਖੇ ਹੋਇਆ। ਇਹ 19 ਵੀਂ ਸਦੀ ਦੇ ਅਖ਼ੀਰ ਦਾ ਇਕ ਸਫ਼ਲ ਪੁਸਤਕ ਸਚਿੱਤਰਕ ਸੀ। ਸੰਨ 1847 ਵਿਚ ਇਹ ਪੈਰਿਸ ਚਲਾ ਗਿਆ ਅਤੇ ਉਥੇ ਕੁੱਝ ਸਾਲ ਸਿਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ 'Journal pour rire' ਲਈ ਰੇਖਾ-ਚਿੱਤਰਾਂ ਦੀ ਇਕ ਲੜੀ ਬਣਾਈ ਅਤੇ ਛੇਤੀ ਹੀ ਯੂਰਪ ਦਾ ਸ੍ਰੇਸ਼ਠ ਸਚਿੱਤਰਕ ਮੰਨਿਆ ਜਾਣ ਲਗਾ। ਸੰਨ 1847-54 ਦੌਰਾਨ ਇਸ ਨੇ ਪੱਥਰ ਦੇ ਛਾਪੇ ਵਾਲੇ ਬਹੁਤ ਸਾਰੇ ਚਿੱਤਰਾਂ ਤੋਂ ਇਲਾਵਾ 90 ਤੋਂ ਵੀ ਵੱਧ ਪੁਸਤਕਾਂ ਲਈ ਤਸਵੀਰਾਂ ਬਣਾਈਆਂ। ਇਸ ਨੇ ਦਾਂਤੇ, ਮਿਲਟਨ, ਸਰਵੈਂਟੀਜ਼ ਅਤੇ ਟੈਨੀਸਨ ਵਰਗੇ ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਪੁਸਤਕਾਂ ਲਈ ਚਿੱਤਰ ਵੀ ਬਣਾਏ।

ਇਕ ਚਿੱਤਰਕਾਰ ਵਜੋਂ ਡਾੱਰੇ ਕੋਈ ਬਹੁਤਾ ਸਫ਼ਲ ਨਹੀਂ ਸੀ ਪਰ ਇੰਗਲੈਂਡ ਵਿਚ ਇਸ ਦੀਆਂ ਕ੍ਰਿਤਾਂ ਨੂੰ ਬਹੁਤ ਸਲਾਹਿਆ ਗਿਆ। ਇਸ ਦੇ ਚਿੱਤਰਾਂ 'ਕ੍ਰਾਈਸਟਸ ਐਂਟਰੀ ਇਨਟੂ ਯੋਰੋਸ਼ਲਮ' ਅਤੇ 'ਕ੍ਰਾਈਸਟ ਲੀਵਿੰਗ ਦੀ ਪ੍ਰੀਟੋਰੀਅਮ' ਨੂੰ ਲੰਡਨ ਵਿਖੇ ਖ਼ਾਸ ਤੌਰ ਤੇ ਪ੍ਰਦਰਸ਼ਿਤ ਕੀਤਾ ਗਿਆ।

ਇਸ ਦਾ ਚਿੱਤਰ 'ਰੀਟ੍ਰੀਟ ਟ੍ਰਾਮ ਮਾਸਕੋ' ਨਿਊ ਯਾਰਕ ਸ਼ਹਿਰ ਦੇ ਮੈਟ੍ਰੋਪਾਲਿਟਨ ਮਿਊਜ਼ਿਅਮ ਵਿਖੇ ਲੱਗਾ ਹੋਇਆ ਹੈ। ਇਸ ਨੇ ਕਈ ਧਾਰਮਕ ਅਤੇ ਇਤਿਹਾਸਕ ਵਿਸ਼ੇ ਵੀ ਚਿੱਤਰੇ। ਇਸ ਨੇ ਮੂਰਤੀਕਾਰ ਵਜੋਂ ਵੀ ਕੁਝ ਸਫ਼ਲਤਾ ਪ੍ਰਾਪਤ ਕੀਤੀ।

23 ਜਨਵਰੀ, 1883 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 628; ਐਨ. ਅਮੈ. 9 : 264

**ਡਾਲਟਨਗੰਜ** : ਇਹ ਭਾਰਤ ਦੇ ਬਿਹਾਰ ਰਾਜ ਦੇ ਪਾਲਮਾਉ ਜ਼ਿਲ੍ਹੇ ਦਾ ਪ੍ਰਬੰਧਕੀ ਸ਼ਹਿਰ ਹੈ ਜੋ ਉੱਤਰੀ ਕੋਇਲ ਦਰਿਆ ਦੇ ਪੂਰਬ ਵਲ ਸਥਿਤ ਹੈ। ਸ਼ਹਿਰ ਦੀ ਸਥਾਪਨਾ 1862 ਈ. ਵਿਚ ਕਰਨਲ ਡਾਲਟਨ ਨੇ ਕੀਤੀ ਸੀ ਜੋ ਉਸ ਸਮੇਂ ਛੋਟਾ ਨਾਗਪੁਰ ਦਾ ਕਮਿਸ਼ਨਰ ਸੀ। ਸੰਨ 1888 ਵਿਚ ਇਥੇ ਮਿਉਂਸਪਲਟੀ ਬਣਾਈ ਗਈ। ਸ਼ਹਿਰ ਜ਼ਰਾਇਤੀ ਉਪਜਾਂ ਦੀ ਖਰੀਦੋ-ਫਰੋਖ਼ਤ ਦਾ ਕੇਂਦਰ ਹੈ। ਉਦਯੋਗਿਕ ਪੱਖ ਤੋਂ ਇਥੇ ਲਾਖ ਬਣਾਈ ਜਾਂਦੀ ਹੈ। ਸ਼ਹਿਰ ਵਿਚ ਰਾਂਚੀ ਯੂਨੀਵਰਸਿਟੀ ਨਾਲ ਸਬੰਧਤ ਦੋ ਕਾਲਜ ਹਨ। ਕੋਲੇ ਦੀਆਂ ਮਸ਼ਹੂਰ ਡਾਲਟਨਗੰਜ ਖਾਣਾਂ ਸ਼ਹਿਰ ਦੇ ਦੱਖਣ ਵੱਲ ਹਨ।

ਆਬਾਦੀ - 56,323 (1991)

24° 3′ ਉ. ਵਿਥ. ; 84° 4′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 862 ; ਇੰਪ. ਗ. ਇੰਡ. 11 : 128

**ਡਾਲਟਨ, ਜੱਾਨ** : ਇਸ ਅੰਗਰੇਜ਼ ਰਸਾਇਣ ਅਤੇ ਭੌਤਿਕ-ਵਿਗਿਆਨੀ ਦਾ ਜਨਮ 6 ਸਤੰਬਰ, 1766 ਨੂੰ ਕੰਬਰਲੈਂਡ ਵਿਚ ਈਗਲਜ਼ਫੀਲਡ ਵਿਖੇ ਹੋਇਆ। ਇਸ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਮਾਨਚੈੱਸਟਰ ਵਿਚ ਬਤੀਤ ਕੀਤਾ। ਇਸ ਨੇ 1787 ਵਿਚ ਮੌਸਮ-ਵਿਗਿਆਨ ਦਾ ਅਧਿਐਨ ਸ਼ੁਰੂ ਕੀਤਾ ਅਤੇ ਆਪਣੇ ਜੀਵਨ ਦੇ ਮਗਰਲੇ 57 ਸਾਲਾਂ ਵਿਚ ਲਗਭਗ 2,00,000 ਪ੍ਰੇਖਣਾਂ ਦੇ ਇੰਦਰਾਜ਼ ਕੀਤੇ। ਇਸ ਨੇ ਆਪਣੇ ਪ੍ਰਯੋਗਾਂ ਲਈ ਆਪਣੇ ਆਪ ਯੰਤਰ ਬਣਾਏ। ਇਸ ਦੀ ਪਹਿਲੀ ਵੱਖਰੀ ਪੁਸਤਕ 'Meterological observations and essays' (1793) ਸੀ। ਇਸ ਪੁਸਤਕ ਵਿਚ ਇਸ ਨੇ ਅੱਗੇ ਕਰਨ ਵਾਲੀਆਂ ਕਈ ਖੋਜਾਂ ਦੇ ਮੂਲਾਂ ਦੀ ਵਿਆਖਿਆ ਕੀਤੀ ਹੋਈ ਸੀ। ਸੰਨ 1794 ਵਿਚ ਇਹ ਮਾਨਚੈੱਸਟਰ ਸਾਹਿਤਕ ਅਤੇ ਦਾਰਸ਼ਨਿਕ ਸੰਸਥਾ ਦਾ ਮੈਂਬਰ ਚੁਣਿਆ ਗਿਆ ਅਤੇ ਵੋਟਾਂ ਤੋਂ ਕੁਝ ਹਫ਼ਤੇ ਬਾਅਦ ਇਸ ਨੇ ਆਪਣਾ ਪਹਿਲਾ ਖੋਜ-ਪੱਤਰ 'Extraordinary Facts Relating to the Vision of Colours' ਕੱਢਿਆ; "ਇਸ ਦਾ ਅਰਥ ਸੀ ਵਰਨਾਂ ਦੀ ਦ੍ਰਿਸ਼ਟੀ ਨਾਲ ਸੰਬੰਧਤ ਅਨੋਖੇ ਤੱਥ।" ਇਸ ਵਿਚ ਇਸ ਨੇ ਪ੍ਰਕਾਸ਼ੀ ਵਿਸ਼ੇਸ਼ਤਾ, ਜਿਸ ਨੂੰ ਡਾਲਟਨਵਾਦ ਜਾਂ ਵਰਣ-ਅੰਧਤਾ ਕਿਹਾ ਜਾਂਦਾ ਹੈ, ਦਾ ਸਭ ਤੋਂ ਪਹਿਲਾਂ ਵਰਣਨ ਕੀਤਾ ਅਤੇ ਆਪਣੇ ਤੇ ਦੂਸਰਿਆਂ ਵਿਚ ਪ੍ਰੇਖਿਤ ਲੱਛਣਾਂ ਦਾ ਸਾਰ ਦੱਸਿਆ। ਸੰਨ 1803 ਵਿਚ ਇਸ ਨੇ ਇਕ ਹੋਰ ਖੋਜ-ਪੱਤਰ 'ਪਾਣੀ ਅਤੇ ਦੂਸਰੇ ਤਰਲਾਂ ਦੁਆਰਾ ਗੈਸਾਂ ਦਾ ਸੋਖਣ' ਛਪਵਾਇਆ ਜਿਸ ਵਿਚ ਇਸ ਦਾ ਅੰਸ਼ਿਕ-ਦਬਾਵਾਂ ਦਾ ਨਿਯਮ ਸੀ। ਜੋਜ਼ਫ਼ ਐੱਲ. ਗੇ. ਲੁਸੈਕ ਤੋਂ ਬਿਨ੍ਹਾਂ ਹੀ ਇਸ ਇਕੱਲੇ ਨੇ ਪਤਾ ਲਾਇਆ ਕਿ ਸਾਰੀਆਂ ਗੈਸਾਂ ਦਾ ਪਸਾਰ-ਗੁਣਾਂਕ ਇਕੋ ਹੁੰਦਾ ਹੈ।

ਇਸ ਨੇ ਮਾਦੇ ਦੇ ਐਟਾਮਿਕ ਸਿੱਧਾਂਤ ਨੂੰ ਵਿਕਸਿਤ ਕੀਤਾ ਜਿਸ ਕਾਰਨ ਇਸ ਨੂੰ ਅਜੋਕੀ ਭੌਤਿਕੀ ਵਿਗਿਆਨ ਦੇ ਪਿਤਾਮਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਸ ਨੇ ਉੱਤਰ ਧ੍ਰਵੀ ਜੋਤੀ (ਆਰੋਗ ਬੋਰੀਏਲਿਸ) , ਵਪਾਰਕ ਪੌਣਾਂ ਅਤੇ ਬਾਰਸ਼ ਦੇ ਕਾਰਨ ਨਾਲ ਸੰਬੰਧਤ ਵਡਮੁੱਲੇ ਪ੍ਰੇਖਣ ਕੀਤੇ। ਇਸ ਨੇ ਪਾਣੀ ਦੀ ਅਧਿਕਤਮ ਘਣਤਾ ਦਾ ਦਰਜਾ ਵੀ ਪਤਾ ਲਗਾਇਆ।

ਸੰਨ 1800 ਦੇ ਨੇੜੇ ਰਸਾਇਣ-ਵਿਗਿਆਨ ਵਿਚ ਕੀਤੇ ਮੁੱਖ ਕੰਮ ਵਿਚ ਡਾਲਟਨ ਨੇ ਇਕ ਨਿਯਮ ਵਿਕਸਿਤ ਕੀਤਾ ਜਿਸ ਨੂੰ ਹੁਣ ਡਾਲਟਨ ਦਾ ਅੰਸ਼ਿਕ ਦਬਾਵਾਂ ਦਾ ਨਿਯਮ ਕਿਹਾ ਜਾਂਦਾ ਹੈ (ਡਾਲਟਨ ਦਾ ਨਿਯਮ)। ਇਸ ਨੇ ਇਹ ਵੀ ਦੱਸਿਆ ਜਦੋਂ ਗੈਸਾਂ ਦਾ ਤਾਪਮਾਨ ਵਧਾਇਆ ਜਾਂਦਾ ਹੈ ਤਾਂ ਇਹ ਫੈਲਦੀਆਂ ਹਨ। ਇਸ ਨੇ ਹੋਰ ਪ੍ਰਯੋਗਾਂ ਦੁਆਰਾ ਗੈਸਾਂ ਦੀ ਪਾਣੀ ਵਿਚ ਘੁਲਣਸ਼ੀਲਤਾ, ਗੈਸਾਂ ਦੀ ਪਸਰਨ ਦਰ ਅਤੇ ਵਾਯੂਮੰਡਲ ਦੀ ਰਚਨਾ ਦੀ ਸਥਿਰਤਾ ਵਿਖਾਈ। ਡਾਲਟਨ ਨੇ ਪਰਮਾਣੂਆਂ ਦੇ ਸਾਪੇਖੀ ਭਾਰਾਂ ਦਾ ਪਤਾ ਲਾਇਆ, ਨਿਸ਼ਚਿਤ ਅਤੇ ਬਹੁ-ਅਨੁਪਾਤਾਂ ਦੇ ਨਿਯਮਾਂ ਨੂੰ ਵਿਕਸਿਤ ਕੀਤਾ ਅਤੇ ਅੰਤ ਵਿਚ ਐਟਾਮਿਕ ਸਿੱਧਾਂਤ ਵਿਵਸਥਿਤ ਕੀਤਾ। ਇਸ ਸਿੱਧਾਂਤ ਅਨੁਸਾਰ ਸਾਰੇ ਤੱਤ ਛੋਟੇ ਛੋਟੇ, ਸਮਾਨ ਅਤੇ ਅਵਿਨਾਸ਼ੀ ਕਣਾਂ ਦੇ ਬਣੇ ਹੁੰਦੇ ਹਨ। ਇਨ੍ਹਾਂ ਖੋਜਾਂ ਵਿਚੋਂ ਕਈ ਇਸ ਦੀ ਪੁਸਤਕ 'New System of Chemical Philosophy' (ਪਹਿਲਾ ਭਾਗ 1808 ; ਦੂਸਰਾ ਭਾਗ 1810 ) ਵਿਚ ਸ਼ਾਮਲ ਹਨ।

ਇਸ ਦੀ ਮੌਤ 27 ਜੁਲਾਈ, 1844 ਨੂੰ ਮਾਨਚੈੱਸਟਰ ਵਿਖੇ ਹੋਈ ਅਤੇ ਇੱਥੇ ਹੀ ਇਸ ਦੀ ਯਾਦ ਵਿਚ ਇਸ ਦਾ ਇਕ ਬੁੱਤ ਲਗਾਇਆ ਗਿਆ। ਡਾਲਟਨ ਬਾਰੇ ਜੋ ਨਿਸ਼ਾਨੀਆਂ ਇਕੱਠੀਆਂ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚੋਂ ਜ਼ਿਆਦਾਤਰ ਦੂਨੀਆਂ ਦੀ ਦੂਸਰੀ ਵੱਡੀ ਲੜਾਈ ਦੌਰਾਨ, ਜਦੋਂ ਮਾਨਚੈੱਸਟਰ ਉੱਤੇ ਹਵਾਈ ਹਮਲਾ ਹੋਇਆ, ਗਵਾਚ ਗਈਆਂ।

ਹ. ਪੁ.—ਐਨ. ਬ੍ਰਿ. 7 :11 ; ਐਨ. ਬ੍ਰਿ. ਮਾ. 3 :358

**ਡਾਲਟਨ ਦਾ ਨਿਯਮ (Dalton's Law)** : ਇਹ ਨਿਯਮ ਅੰਗਰੇਜ਼ ਰਸਾਇਣ-ਵਿਗਿਆਨੀ ਜਾੱਨ ਡਾਲਟਨ ਨੇ 1801 ਵਿਚ ਪਰਿਭਾਸ਼ਿਤ ਕੀਤਾ। ਇਸ ਅਨੁਸਾਰ ਗੈਸਾਂ ਦੇ ਮਿਸ਼ਰਨ ਦਾ ਕੁੱਲ ਦਬਾਉ ਉਸ ਵਿਚਲੀਆਂ ਵੱਖ ਵੱਖ ਗੈਸਾਂ ਦੇ ਅੰਸ਼ਿਕ ਦਬਾਉ ਦੇ ਕੁੱਲ ਜੋੜ ਦੇ ਬਰਾਬਰ ਹੁੰਦਾ ਹੈ। ਅੰਸ਼ਿਕ ਦਬਾਉ ਉਹ ਦਬਾਉ ਹੈ ਜਿਹੜਾ ਉਸੇ ਤਾਪਮਾਨ ਤੇ ਹਰ ਗੈਸ ਪਾਉਂਦੀ ਹੈ ਜਦੋਂ ਕਿ ਇਸ ਦਾ ਆਇਤਨ, ਮਿਸ਼ਰਨ ਦੇ ਕੁੱਲ ਆਇਤਨ ਦੇ ਬਰਾਬਰ ਹੁੰਦਾ ਹੈ। ਇਹ ਨਿਯਮ ਕੇਵਲ ਆਦਰਸ਼ ਜਾਂ ਪੂਰਨ ਗੈਸਾਂ ਲਈ ਹੀ ਸਹੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 358

**ਡਾਲੰਡ, ਜੱਾਨ** : ਪ੍ਰਕਾਸ਼ੀ ਅਤੇ ਖਗੋਲੀ ਯੰਤਰ ਬਣਾਉਣ ਵਾਲੇ ਇਸ ਵਿਗਿਆਨੀ ਦਾ ਜਨਮ 10 ਜੂਨ, 1706 ਨੂੰ ਲੰਡਨ ਵਿਚ ਸਪਿਟਲਫ਼ੀਲਡਜ਼ ਵਿਖੇ ਹੋਇਆ। ਇਸ ਨੇ ਇਕ ਅਵਰਨਕ ਅਪਵਰਤੀ ਦੂਰਬੀਨ ਅਤੇ ਇਕ ਪ੍ਰਯੋਗਿਕ ਹੀਲੀਓਮੀਟਰ, ਸੂਰਜ ਦਾ ਵਿਆਸ ਅਤੇ ਆਕਾਸ਼ੀ ਪਿੰਡਾਂ ਵਿਚਕਾਰ ਕੋਣ ਮਾਪਣ ਲਈ ਇਕ ਦੂਰਬੀਨ ਵਿਕਸਿਤ ਕੀਤੀ। ਇਹ ਹਯੂਗਨਾਟ ਸ਼ਰਨਾਰਥੀਆਂ ਦਾ ਪੁੱਤਰ ਸੀ ਅਤੇ ਇਸ ਨੇ ਆਪਣਾ ਪਰਿਵਾਰਕ ਕਿੱਤਾ ਅਰਥਾਤ ਰੇਸ਼ਮ ਬੁਣਨਾ ਸਿੱਖ ਲਿਆ। ਇਹ ਪ੍ਰਕਾਸ਼-ਵਿਗਿਆਨ ਅਤੇ ਖਗੋਲ-ਵਿਗਿਆਨ ਵਿਚ ਮਾਹਿਰ ਹੋ ਗਿਆ, 1752 ਵਿਚ ਇਸ ਨੇ ਆਪਣੇ ਪੁੱਤਰ ਪੀਟਰ ਨਾਲ ਪ੍ਰਕਾਸ਼ ਸੰਬੰਧੀ ਸਾਮਾਨ ਬਣਾਉਣ ਦਾ ਵਪਾਰ ਸ਼ੁਰੂ ਕੀਤਾ। ਦੋ ਸਾਲ ਮਗਰੋਂ ਇਸ ਨੇ ਆਪਣਾ ਹੀਲੀਓਮੀਟਰ ਹੋਂਦ ਵਿਚ ਲੈ ਆਂਦਾ।

ਸੰਨ 1747 ਵਿਚ ਨਿਊਟਨ ਦੇ ਕਥਨ ਕਿ ਲੈੱਨਜ਼ਾਂ ਵਿਚ ਵਰਣ ਵਿਪੱਥਨ ਨੂੰ ਠੀਕ ਨਹੀਂ ਕੀਤਾ ਜਾ ਸਕਦਾ, ਬਾਰੇ ਵਾਦ-ਵਿਵਾਦ ਹੋ ਗਿਆ। ਜਦੋਂ ਮਗਰੋਂ ਕੀਤੇ ਗਏ ਪ੍ਰਯੋਗ ਇਸ ਕਥਨ ਦੇ ਉਲਟ ਸਾਬਤ ਹੋਏ ਤਾਂ ਡਾਲੰਡ ਨੇ ਦੂਰਬੀਨਾਂ ਵਿਚ ਵਰਤੋਂ ਲਈ ਫ਼ਲਿੰਟ ਅਤੇ ਕ੍ਰਾਊਨ ਸ਼ੀਸ਼ੇ ਦਾ ਇਕ ਅਵਰਨਕ ਲੈਂਨਜ਼ ਤਿਆਰ ਕੀਤਾ। ਇਸ ਅਵਿਸ਼ਕਾਰ ਨਾਲ ਇਸ ਨੂੰ ਲੰਡਨ ਦੀ ਰੱਾਇਲ ਸੋਸਾਇਟੀ ਨੇ ਕਾਪਲੇ ਮੈਡਲ ਦਿੱਤਾ ਪ੍ਰੰਤੂ ਮਗਰੋਂ ਇੰਗਲੈਂਡ ਦੇ ਚੈੱਸਟਰ ਮੂਰ ਹਾਲ ਦੁਆਰਾ ਪਹਿਲਾਂ ਕੱਢੀ ਕਾਢ ਨੂੰ ਮਾਨਤਾ ਦਿੱਤੀ ਗਈ।

ਇਸ ਦੀ ਮੌਤ 30 ਨਵੰਬਰ, 1761 ਨੂੰ ਲੰਡਨ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 607

**ਡੱਾਲਫ਼ਿਨ** : ਡੱਾਲਫ਼ਿਨ ਦੋ ਬਿਲਕੁਲ ਵੱਖ ਵੱਖ ਤਰ੍ਹਾਂ ਦੇ ਪ੍ਰਾਣੀਆਂ ਲਈ ਇਕ ਆਮ ਨਾਂ ਹੈ। ਇਕ ਤਾਂ ਵੇਲ੍ਹ ਮੱਛੀਆਂ (ਜਲੀ ਥਣਧਾਰੀ ਪ੍ਰਾਣੀ) ਦੀਆਂ ਡੈਲਫ਼ਿਨਿੱਡੀ (Delphinidae), ਪਲੈਟਨਿਸਟਡੀ (Platanistidae) ਅਤੇ ਸਟੈਨਿੱਡੀ (Stenidae) ਕੁਲਾਂ ਦੇ ਪ੍ਰਾਣੀਆਂ ਨੂੰ ਡੱਾਲਫ਼ਿਨ ਕਿਹਾ ਜਾਂਦਾ ਹੈ ਅਤੇ ਦੂਜਾ ਕੋਰੀਫ਼ੀਨਿੱਡੀ (Coryphaenidae) ਕੁਲ ਦੀਆਂ ਸਮੁੰਦਰੀ ਮੱਛੀਆਂ ਲਈ ਇਹ ਨਾਂ ਵਰਤਿਆ ਜਾਂਦਾ ਹੈ।

ਥਣਧਾਰੀ ਡੱਾਲਫ਼ਿਨ ਛੋਟੇ ਅਤੇ ਪਤਲੇ ਪ੍ਰਾਣੀ ਹਨ ਜਿਨ੍ਹਾਂ ਦੀ ਚੁੰਝ ਵਰਗੀ ਥੁਥਨੀ ਹੁੰਦੀ ਹੈ। ਇਹ ਆਪਣੀ ਸੁੰਦਰਤਾ, ਯੋਗਤਾ ਖੇਡਣ-ਮਲਣ ਅਤੇ ਮਨੁੱਖ ਨਾਲ ਦੋਸਤੀ ਕਰ ਲੈਣ ਦੀਆਂ ਆਦਤਾਂ ਕਰਕੇ ਪ੍ਰਸਿੱਧ ਹਨ। ਇਨ੍ਹਾਂ ਦੀਆਂ ਪ੍ਰਸਿੱਧ ਜਾਤੀਆਂ ਡੈਲਫ਼ਿਨਿੱਡ ਕੁਲ ਦੀ ਆਮ ਡੱਾਲਫ਼ਿਨ (Delphinus delphis) ਅਤੇ ਬੋਤਲ-ਵਰਗੇ ਨੱਕ ਵਾਲੀ ਡੱਾਲਫ਼ਿਨ (Tursiops truncatus) ਹਨ।

ਡੈਲਫ਼ਿਨਿੱਡੀ ਕੁਲ ਵਿਚ 14 ਪ੍ਰਜਾਤੀਆਂ ਅਤੇ ਤਕਰੀਬਨ 32 ਜਾਤੀਆਂ ਆਉਂਦੀਆਂ ਹਨ ਜਿਹੜੀਆਂ ਸਾਰੇ ਸੰਸਾਰ ਦੇ ਸਮੁੰਦਰਾਂ ਵਿਚ ਮਿਲਦੀਆਂ ਹਨ। ਬੋਤਲ-ਵਰਗੀ ਨੱਕ ਵਾਲੇ ਡਾੱਲਫ਼ਿਨ ਉਪਰੋਂ ਸਲੇਟੀ, ਕਾਲੇ ਜਾਂ ਭੂਰੇ ਅਤੇ ਹੇਠਲੇ ਪਾਸਿਓਂ ਪੀਲੇ ਜਿਹੇ ਰੰਗ ਦੇ, ਤਕਰੀਬਨ 1-4 ਮੀ. ਲੰਬੇ ਪ੍ਰਾਣੀ ਹਨ। ਇਨ੍ਹਾਂ ਦਾ ਆਹਾਰ ਮੁੱਖ ਤੌਰ ਤੇ ਮੱਛੀਆਂ ਹਨ ਅਤੇ ਇਹ ਕਈ ਸੈਂਕੜਿਆਂ ਦੇ ਝੁੰਡਾਂ ਵਿਚ ਇਕੱਠੀਆਂ ਰਹਿੰਦੀਆਂ ਹਨ।



ਡਾਲਫ਼ਿਨ

ਪਲੈਟਨਿਸਟਡੀ ਕੁਲ ਵਿਚ ਚਾਰ ਪ੍ਰਜਾਤੀਆਂ ਸ਼ਾਮਲ ਹਨ। ਇਨ੍ਹਾਂ ਨੂੰ ਦਰਿਆਵਾਂ ਦੀਆਂ ਡਾੱਲਫ਼ਿਨਾਂ ਕਹਿੰਦੇ ਹਨ ਅਤੇ ਇਹ ਛੋਟੇ ਛੋਟੇ ਪ੍ਰਾਣੀ ਦੱਖਣੀ ਅਮਰੀਕਾ ਅਤੇ ਏਸ਼ੀਆ ਦੇ ਅਲੂਣੇ ਪਾਣੀਆਂ ਵਿਚ ਮਿਲਦੇ ਹਨ। ਇਨ੍ਹਾਂ ਦੀ ਚੁੰਝ ਲੰਬੀ, ਅੱਖਾਂ ਛੋਟੀਆਂ ਤੇ ਦੇਖਣ ਸ਼ਕਤੀ ਕਮਜ਼ੋਰ ਹੁੰਦੀ ਹੈ।

ਸਟੈਨਿੱਡੀ ਕੁਲ ਵਿਚ ਲੰਬੇ ਮੂੰਹ ਤੇ ਲੰਬੀ ਚੁੰਝ ਵਾਲੀਆਂ ਡਾੱਲਫ਼ਿਨਾਂ ਦੀਆਂ ਤਿੰਨ ਪ੍ਰਜਾਤੀਆਂ ਅਤੇ ਅੱਠ ਜਾਤੀਆਂ ਆਉਂਦੀਆਂ ਹਨ। ਇਹ ਊਸ਼ਨ-ਖੰਡੀ ਦਰਿਆਵਾਂ ਤੇ ਸਮੁੰਦਰਾਂ ਵਿਚ ਮਿਲਦੀਆਂ ਹਨ।

ਡਾੱਲਫ਼ਿਨ ਮੱਛੀ (Coryphaena hippuras) ਨੂੰ ਮਾਹੀਮਾਹੀ ਜਾਂ ਡੋਰਾਡੋ ਵੀ ਕਹਿੰਦੇ ਹਨ। ਇਸ ਦਾ ਸਿਰ ਵੱਡਾ, ਸਰੀਰ ਪਤਲਾ ਤੇ ਪੂੰਛ ਕੱਟੀ ਹੋਈ ਹੁੰਦੀ ਹੈ। ਨਰ ਮੱਛੀ ਮਾਦਾ ਤੋਂ ਵੱਡੀ ਹੁੰਦੀ ਹੈ ਤੇ ਤਕਰੀਬਨ 1-5 ਮੀ. ਲੰਬੀ ਤੇ 30 ਕਿ. ਗ੍ਰ. ਭਾਰੀ ਹੁੰਦੀ ਹੈ। ਇਹ ਸਾਰੇ ਸੰਸਾਰ ਦੇ ਉਸ਼ਨ-ਖੰਡੀ ਤੇ ਸ਼ੀਤ-ਉਸ਼ਨ ਪਾਣੀਆਂ ਵਿਚ ਮਿਲਦੀ ਹੈ। ਇਸ ਨੂੰ ਖਾਧਾ ਵੀ ਜਾਂਦਾ ਹੈ। ਇਸ ਦੀ ਇਕ ਹੋਰ ਜਿਉਂਦੀ ਜਾਤੀ ਪੋਮਪਾਨੋ ਡਾੱਲਫ਼ਿਨ (Coryphaena equiselis) ਹੈ।

ਹ. ਪੁ.—ਐਨ. ਬ੍ਰਿ. ਮਾ. 3 : 609

**ਡਾਲਫਿਨਜ਼ ਨੋਜ਼** : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਵਿਸ਼ਾਖਾਪਟਨਮ ਜ਼ਿਲ੍ਹੇ ਦੀ ਇਸੇ ਨਾਂ ਦੀ ਬੰਦਰਗਾਹ ਦੀ ਦੱਖਣੀ ਸ਼ਾਖਾ ਹੈ ਜੋ ਕਿ ਇਕ ਵਿਸ਼ਾਲ ਅੰਤਰੀਪ ਅਤੇ ਸਮੁੰਦਰੀ ਜਹਾਜ਼ਾਂ ਲਈ ਇਕ ਮਸ਼ਹੂਰ ਸੀਮਾ ਚਿੰਨ੍ਹ ਹੈ। ਇਸ ਦੀ ਚੋਟੀ ਉੱਤੇ ਲੱਗਿਆ ਝੰਡੇ ਦਾ ਪੋਲ ਸਮੁੰਦਰ ਸਤਹ ਤੋਂ ਲਗਭਗ 500 ਮੀ. ਦੀ ਉਚਾਈ ਤੇ ਹੈ। ਪਹਾੜੀ ਉੱਤੇ ਇਕ ਪੁਰਾਣੇ ਤੋਪਖ਼ਾਨੇ ਦੇ ਖੰਡਰਾਤ ਹਨ ਜਿਥੇ ਪਹਿਲਾਂ ਇਕ ਚਾਨਣ ਮੁਨਾਰਾ ਵੀ ਹੁੰਦਾ ਸੀ ਪਰ ਇਹ 1876 ਈ. ਵਿਚ ਆਏ ਇਕ ਤੂਫ਼ਾਨ ਨਾਲ ਤਬਾਹ ਹੋ ਗਿਆ।

17° 41′ ਉ. ਵਿਥ. ; 83° 19′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 367

**ਡਾਲਫ਼ੂਸ, ਐਂਗਲਬਰਟ** : ਆਸਟ੍ਰੀਆ ਦੇ ਇਸ ਨਾਮਵਰ ਚਾਂਸਲਰ ਅਤੇ ਤਾਨਾਸ਼ਾਹ ਦਾ ਜਨਮ 4 ਅਕਤੂਬਰ, 1892 ਨੂੰ ਕਿਰਨਬਰਗ ਵਿਖੇ ਹੋਇਆ। ਸੰਨ 1922 ਵਿਚ ਲੋਅਰ ਆਸਟ੍ਰੀਅਨ ਚੈਂਬਰ ਆਫ਼ ਐਗਰੀਕਲਚਰ ਦਾ ਡਾਇਰੈਕਟਰ ਅਤੇ 1931-32 ਵਿਚ ਖੇਤੀਬਾੜੀ ਮੰਤਰੀ ਬਣਨ ਤੋਂ ਪਹਿਲਾਂ ਇਹ ਕੰਜ਼ਰਵੇਟਿਵ ਕ੍ਰਿਸਚੀਅਨ ਸੋਸ਼ਲਿਸਟ ਪਾਰਟੀ ਦੇ ਕੰਮ ਕਾਜ ਵਿਚ ਬਹੁਤ ਸਰਗਰਮ ਹੁੰਦਾ ਸੀ।

ਇਹ ਮਈ, 1932 ਵਿਚ ਚਾਂਸਲਰ ਬਣਿਆ ਅਤੇ ਮੁਸੋਲੀਨੀ ਤੋਂ ਸਿਆਸੀ ਆਰਥਿਕ ਸਹਾਇਤਾ ਅਤੇ ਰਾਸ਼ਟਰ ਸੰਘ ਤੋਂ ਕਰਜ਼ੇ ਪ੍ਰਾਪਤ ਕਰਕੇ ਇਸ ਨੇ ਆਸਟ੍ਰੀਆ ਨੂੰ ਹੋਰ ਪੱਕਾ ਕੀਤਾ।

ਵੋਟਾਂ ਪਾਉਣ ਸਮੇਂ ਕਾਰਜਵਿਧੀ ਵਿਚ ਹੋਈ ਕਿਸੇ ਗ਼ਲਤੀ ਕਾਰਣ ਇਸਨੇ ਮਾਰਚ, 1933 ਵਿਚ ਸੰਸਦੀ ਸਰਕਾਰ ਨੂੰ ਮੁਅੱਤਲ ਕਰ ਦਿੱਤਾ ਅਤੇ ਤਾਨਾਸ਼ਾਹੀ ਸਮਾਪਤ ਕਰ ਦਿੱਤੀ। ਇਸ ਨੇ ਇਕ ਪਾਦਰੀਆਈ-ਸੱਤਾਵਾਦੀ ਰਾਜ ਸਥਾਪਿਤ ਕੀਤਾ ਜਿਹੜਾ ਕਿ ਵੱਖ ਵੱਖ ਸਿਆਸੀ ਗਰੁਪਾਂ ਦੀ ਰਲੀ-ਮਲੀ ਇਕ ਨਾਗਰਿਕ ਫ਼ੌਜ ਤੇ ਆਧਾਰਿਤ ਸੀ ਅਤੇ ਇਸ ਨੂੰ ਹੋਰ ਪਕੇਰਾ ਕਰਨ ਲਈ ਇਸ ਨੇ ਇਟਲੀ ਤੋਂ ਰੂੜ੍ਹੀਵਾਦੀ ਸਮਰਥਨ ਵੀ ਪ੍ਰਾਪਤ ਕੀਤਾ। ਇਸਨੇ ਆਸਟ੍ਰੀਆ ਦੇ ਨਾਜ਼ੀਆਂ ਦਾ ਡਟ ਕੇ ਮੁਕਾਬਲਾ ਕੀਤਾ ਜਿਸਦੇ ਨਤੀਜੇ ਵਜੋਂ ਹਿਟਲਰ ਨਾਰਾਜ਼ ਹੋ ਗਿਆ ਅਤੇ ਉਸਨੇ ਆਸਟ੍ਰੀਆ ਰਾਜ ਦਾ ਬਾਈਕਾਟ ਕੀਤਾ ਅਤੇ ਆਸਟ੍ਰੀਆ ਦੇ ਨਾਜ਼ੀ ਸਾਜ਼ਸ਼ੀਆਂ ਦੀ ਮੱਦਦ ਕੀਤੀ। ਇਸਨੇ ਫ਼ਰਵਰੀ, 1934 ਵਿਚ ਆਸਟ੍ਰੀਆ ਦੇ ਸਮਾਜਵਾਦੀਆਂ ਵਿਰੁੱਧ ਫ਼ੌਜੀ ਕਾਰਵਾਈ ਕਰਕੇ ਆਪਣੇ ਰਾਜ ਨੂੰ ਖਤਰੇ ਵਿਚ ਪਾਇਆ ਅਤੇ ਮਗਰੋਂ ਸਮਾਜਵਾਦੀ ਨੇਤਾਵਾਂ ਨੂੰ ਕੈਦੀ ਬਣਾ ਲਿਆ। ਜੁਲਾਈ, 1934 ਨੂੰ ਕੁਝ ਸਰਗਰਮ ਨਾਜ਼ੀਆਂ ਨੇ ਇਸ ਤੋਂ ਤਾਕਤ ਹਥਿਆਉਣ ਲਈ ਸਿਰਤੋੜ ਯਤਨ ਕੀਤੇ ਅਤੇ ਵੀਆਨਾ ਵਿਚ ਇਸਨੂੰ ਆਪਣੇ ਦਫ਼ਤਰ ਵਿਚ ਹੀ ਮਾਰ ਦਿੱਤਾ।

ਹ. ਪੁ.—ਐਨ. ਅਮੈ. 9 : 260

**ਡਾਲਮਾਨ, ਫ਼ਰੀਡਰਿਕ ਕ੍ਰਿਸਟਾਫ** : ਜਰਮਨੀ ਦੇ ਇਸ ਉੱਘੇ ਇਤਿਹਾਸਕਾਰ ਦਾ ਜਨਮ 13 ਮਈ, 1785 ਵਿਚ ਮੈਕਲਨਬਰਗ ਵਿਚ ਵਿਜ਼ਮਾਰ ਵਿਖੇ ਹੋਇਆ। ਇਹ ਜਰਮਨੀ ਦੇ ਏਕੀਕਰਣ ਦਾ ਵੱਡਾ ਹਿਮਾਇਤੀ ਸੀ। ਇਸ ਨੇ ਆਪਣੇ ਦੇਸ਼ ਦੇ ਸੰਵਿਧਾਨ ਦਾ 1848 ਈ. ਦਾ ਖਰੜਾ ਤਿਆਰ ਕਰਨ ਵਿਚ ਵੀ ਕਾਫ਼ੀ ਮਿਹਨਤ ਕੀਤੀ। ਇਸ ਨੇ ਕੋਪਨਹੇਗਨ ਅਤੇ ਹਾਲ ਵਿਖੇ ਆਪਣੀ ਵਿੱਦਿਆ ਪ੍ਰਾਪਤ ਕੀਤੀ। ਨੈਪੋਲੀਅਨ ਦੇ 1806 ਈ. ਦੇ ਜਰਮਨੀ ਉੱਪਰ ਹਮਲੇ ਦੀ ਇਸ ਨੇ ਕਰੜੀ ਆਲੋਚਨਾ ਕੀਤੀ ਅਤੇ ਇਹ ਜਰਮਨੀ ਦਾ ਇਕ ਸਰਗਰਮ ਰਾਸ਼ਟਰਵਾਦੀ ਬਣ ਗਿਆ।

ਸੰਨ 1812-1829 ਦੇ ਦੌਰਾਨ ਇਹ ਕੀਲ ਵਿਖੇ ਇਤਿਹਾਸ ਦਾ ਅਧਿਆਪਕ ਰਿਹਾ। ਸੰਨ 1829 ਵਿਚ ਇਹ ਗੱਟਿੰਗਨ ਯੂਨੀਵਰਸਿਟੀ ਵਿਚ ਚਲਾ ਗਿਆ ਜਿਥੇ ਇਸ ਨੇ 1833 ਈ. ਦੇ ਹੈਨੋਵਰ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿਚ ਮੱਦਦ ਕੀਤੀ। ਜਦੋਂ ਬਾਦਸ਼ਾਹ ਅਰਨਸਟ ਅਗਸਟਸ ਨੇ 1837 ਈ. ਵਿਚ

ਸੰਵਿਧਾਨ ਨੂੰ ਅਸਵੀਕਾਰ ਕਰ ਦਿੱਤਾ ਤਾਂ ਇਸ ਨੇ ਗਾੱਟਿੰਗਨ ਦੇ ਸੱਤ ਅਧਿਆਪਕਾਂ ਸਮੇਤ ਇਸ ਦਾ ਵਿਰੋਧ ਕੀਤਾ। ਇਸ ਤੇ ਇਸ ਨੂੰ ਮੁਅੱਤਲ ਕਰ ਦਿੱਤਾ ਗਿਆ। ਫਿਰ ਇਸ ਨੇ ਕੁਝ ਵਰ੍ਹੇ ਲਾਈਪਸਿਗ ਅਤੇ ਯੇਨ ਵਿਚ ਗੁਜ਼ਾਰੇ।

ਐਡਮੰਡ ਬਰਕ ਅਤੇ ਹੀਗਲ ਦੇ ਵਿਚਾਰਾਂ ਦਾ ਇਸ ਦੇ ਰਾਜਨੀਤਕ ਵਿਚਾਰਾਂ ਤੇ ਬਹੁਤ ਪ੍ਰਭਾਵ ਪਿਆ। ਇਸ ਨੇ ਦੋ ਵਿਧਾਨਕ ਸਦਨਾਂ ਤੇ ਆਧਾਰਤ ਸੰਵਿਧਾਨਕ ਰਾਜਤੰਤਰੀ ਦੀ ਹਿਮਾਇਤ ਕੀਤੀ ਜੋ ਕਿ ਮੰਤਰੀ ਮੰਡਲ ਦੀ ਸਲਾਹ ਦੇ ਨਾਲ ਕੰਮ ਕਾਰ ਚਲਾਵੇ।

ਸੰਨ 1842 ਵਿਚ ਇਹ ਬਾਨ ਯੂਨੀਵਰਸਿਟੀ ਵਿਚ ਅਧਿਆਪਕ ਬਣ ਗਿਆ। ਇਸ ਨੇ ਇੰਗਲੈਂਡ ਅਤੇ ਫਰਾਂਸ ਵਿਚ ਹੋਈਆਂ ਬਗ਼ਾਵਤਾਂ ਬਾਰੇ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ ਇਸ ਨੇ ਬਰਤਾਨਵੀ ਸਰਕਾਰ ਦੇ ਢਾਂਚੇ ਨੂੰ ਅੱਵਲ ਮੰਨਿਆ।

ਸੰਨ 1848 ਦੀ ਬਗ਼ਾਵਤ ਦੇ ਦੌਰਾਨ ਫਰੈਂਕਫਰਟ ਕਨਵੈਨਸ਼ਨ ਵਿਚ ਇਸ ਦੇ ਵਿਚਾਰਾਂ ਨੂੰ ਮਹੱਤਵਪੂਰਨ ਥਾਂ ਦਿੱਤੀ ਗਈ। ਜਦੋਂ ਫਰੈਂਕਫਰਟ ਅਸੈਂਬਲੀ ਨੇ ਫ੍ਰੈਡਰਿਕ ਵਿਲੀਅਮ ਚੌਥੇ ਨੂੰ ਜਰਮਨੀ ਦਾ ਬਾਦਸ਼ਾਹ ਚੁਣਿਆ ਤਾਂ ਡਾਲਮਾਨ ਨੂੰ ਵੀ ਉਸ ਡੈਪੂਟੇਸ਼ਨ ਦਾ ਮੈਂਬਰ ਬਣਾਇਆ ਗਿਆ ਜਿਹੜਾ ਬਰਲਿਨ ਜਾ ਰਿਹਾ ਸੀ ਤਾਂ ਕਿ ਪ੍ਰਸ਼ਾਅ ਦੇ ਬਾਦਸ਼ਾਹ ਨੂੰ ਤਾਜ ਪੇਸ਼ ਕੀਤਾ ਜਾਵੇ ਪਰ ਫ੍ਰੈਡਰਿਕ ਵਿਲੀਅਮ ਦੇ ਨਾਂਹ ਕਰਨ ਤੇ ਇਸ ਨੇ ਨੈਸ਼ਨਲ ਅਸੈਂਬਲੀ ਤੋਂ ਅਸਤੀਫ਼ਾ ਦੇ ਦਿੱਤਾ। ਪਾਰਲੀਮੈਂਟ ਦੀ ਅਸਫ਼ਲਤਾ ਤੇ ਇਸ ਨੇ ਮੁੜ ਬਾਨ ਯੂਨੀਵਰਸਟੀ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਇਸ ਨੇ ਜਰਮਨੀ ਦੇ ਇਤਿਹਾਸਕ ਅਤੇ ਰਾਜਨੀਤਕ ਸੋਮਿਆਂ ਤੇ ਬੁਨਿਆਦੀ ਖੋਜ ਪੁਸਤਕ ਸੂਚੀ ਬਣਾਈ।

5 ਦਸੰਬਰ, 1860 ਨੂੰ ਬਾਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ.ਅਮੇ. 8 :426 ; ਐਨ. ਬ੍ਰਿ. ਮਾ. 3 : 847

**ਡਾਲਮੀਅਰ, ਜਾੱਨ ਹੈਨਰੀ** : ਇਸ ਐਂਗਲੋ ਜਰਮਨ ਐਨਕ-ਸਾਜ਼ ਅਤੇ ਲੈੱਨਜ਼ ਨਿਰਮਾਤਾ ਦਾ ਜਨਮ ਵੈਸਟਫੈਲਯਾ ਵਿਚ ਲਾਕਸਟੈੱਨ ਵਿਖੇ 6 ਸਤੰਬਰ, 1830 ਨੂੰ ਹੋਇਆ। ਸੰਨ 1851 ਵਿਚ ਇਹ ਲੰਡਨ ਚਲਾ ਗਿਆ ਅਤੇ ਉੱਥੇ ਜਾ ਕੇ ਐਂਡਰਿਊ ਰਾਸ ਨਾਲ ਲੈੱਨਜ਼ ਅਤੇ ਦੂਰਬੀਨਾਂ ਬਣਾਉਣ ਸੰਬੰਧੀ ਕੰਮ ਕੀਤਾ ਅਤੇ ਬਾਅਦ ਵਿਚ ਇਸ ਨੇ ਰਾਸ ਦੀ ਦੂਸਰੀ ਲੜਕੀ ਨਾਲ ਸ਼ਾਦੀ ਕਰ ਲਈ। ਰਾਸ ਦੀ ਮੌਤ ਤੋਂ ਮਗਰੋਂ ਇਸ ਨੂੰ ਰਾਸ ਦੀ ਜਾਇਦਾਦ ਦਾ ਕਾਫ਼ੀ ਹਿੱਸਾ ਮਿਲ ਗਿਆ। ਇਸ ਤੋਂ ਮਗਰੋਂ ਆਪਣਾ ਝੁਕਾਅ ਫ਼ੋਟੋਗ੍ਰਾਫ਼ਿਕ ਲੈੱਨਜ਼ਾਂ ਵਲ ਮੋੜ ਲਿਆ। ਇਸਨੇ ਤਸਵੀਰਾਂ ਅਤੇ ਭੂ-ਦ੍ਰਿਸ਼ਾਂ ਦੇ ਲੈੱਨਜ਼ਾਂ ਵਿਚ ਖ਼ੁਰਦਬੀਨ ਦੇ ਆੱਬਜੈਕਟ ਲੈੱਨਜ਼ਾਂ ਵਿਚ ਅਤੇ ਪ੍ਰਕਾਸ਼ੀ ਚਿੱਤਰਾ ਲਈ ਕੰਡੈਂਸਰਾਂ ਵਿਚ ਸੁਧਾਰ ਕੀਤੇ। ਆਕਾਸ਼ੀ ਫ਼ੋਟੋਗ੍ਰਾਫ਼ੀ ਦੇ ਸੰਬੰਧ ਵਿਚ ਇਸ ਨੇ 1863 ਵਿਚ, ਵਿਲਨਾ ਪ੍ਰੇਖਣਸ਼ਾਲਾ ਲਈ 1864 ਵਿਚ ਹਾਰਵਰਡ ਕਾਲਜ ਪ੍ਰੇਖਣਸ਼ਾਲਾ ਲਈ ਅਤੇ 1873 ਵਿਚ ਅੰਗਰੇਜ਼ ਸਰਕਾਰ ਲਈ ਕਈ ਫ਼ੋਟੋਹੀਲੀਓਗ੍ਰਾਫ਼ ਤਿਆਰ ਕੀਤੇ।

ਇਸ ਦੇ ਦੂਸਰੇ ਪੁੱਤਰ ਟਾਮਸ ਰੂਡਾਲਫ਼ਸ ਡਾਲਮੀਅਰ (1859-1906) ਨੇ ਆਮ ਵਰਤੋਂ ਲਈ ਟੈਲੀਫ਼ੋਟੋਗ੍ਰਾਫ਼ਿਕ ਲੈੱਨਜ਼ ਤਿਆਰ ਕੀਤੇ ਅਤੇ ਇਸ ਵਿਸ਼ੇ ਉੱਤੇ ਇਕ ਸਟੈਂਡਰਡ ਪੁਸਤਕ (Telephotography, 1899) ਲਿਖੀ।

ਇਸ ਦੀ ਮੌਤ 30 ਦਸੰਬਰ, 1883 ਨੂੰ ਨਿਊਜ਼ੀਲੈਂਡ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 356

**ਡਾੱਲਮੈਸੈਚ, ਆਰਨਲਡ** : ਇਸ ਫ਼ਰਾਂਸੀਸੀ ਸੰਗੀਤਕਾਰ ਦਾ ਜਨਮ 24 ਫ਼ਰਵਰੀ, 1858 ਨੂੰ ਲੀਮਾਂ (Le Mans) ਵਿਖੇ ਹੋਇਆ। ਇਸ ਨੇ ਆਪਣੇ ਪਿਤਾ ਅਤੇ ਦਾਦੇ ਤੋਂ ਪਿਆਨੋ ਅਤੇ ਆੱਰਗਨ ਵਜਾਉਣਾ ਸਿਖਿਆ। ਬ੍ਰਸੱਲਜ਼ ਸੰਗੀਤ ਵਿਦਿਆਲੇ ਅਤੇ ਲੰਡਨ ਦੇ ਰੱਾਇਲ ਕਾਲਜ ਆਫ਼ ਮਿਊਜ਼ਿਕ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਵਾਇਲਨ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ। ਪਹਿਲਾਂ ਇਸ ਨੇ ਅੰਗਰੇਜ਼ ਸੰਗੀਤਕਾਰਾਂ ਦੇ ਰਚੇ ਹੋਏ ਹਥ-ਲਿਖਤ ਖਰੜਿਆਂ ਦੀ ਖੋਜ ਕੀਤੀ ਫਿਰ ਉਨ੍ਹਾਂ ਦੇ ਸੰਗੀਤ ਨੂੰ ਸਪਤ ਸਰਗਮ ਸ਼ੈਲੀ ਵਿਚ ਪੇਸ਼ ਕਰਨ ਲਈ ਅਭਿਆਸ ਕਰਦਾ ਰਿਹਾ ਅਤੇ 1890 ਈ. ਵਿਚ ਇਸ ਨੇ ਸਾਰੰਗੀ ਦਾ ਆਪਣਾ ਪਹਿਲਾ ਸੰਗੀਤ ਸਮਾਰੋਹ ਪੇਸ਼ ਕੀਤਾ। ਪ੍ਰਾਚੀਨ ਸੰਗੀਤ ਨੂੰ ਸਪਤ-ਸਰਗਮ-ਸਾਜ਼ਾਂ ਤੇ ਪੇਸ਼ ਕਰਨ ਲਈ ਇਸ ਨੇ ਆਪਣੀ ਪਤਨੀ ਅਤੇ ਕੈਥਲੀਨ ਸਾਲਮਨ ਨਾਲ ਮਿਲਕੇ ਤਿੰਨ ਗਾਇਕਾਂ ਦੀ ਮੰਡਲੀ ਦੀ ਸਥਾਪਨਾ ਕਰਨ ਉਪਰੰਤ ਸੰਯੁਕਤ ਰਾਜ ਅਤੇ ਪੈਰਿਸ ਵਿਖੇ ਸੰਗੀਤ ਦੇ ਪ੍ਰੋਗਰਾਮ ਦਿੱਤੇ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਇਸ ਨੇ ਆਧੁਨਿਕ ਰਿਕਾਰਡ ਬਣਾਏ ਜੋ ਕਿ ਬਹੁਤ ਸਫ਼ਲ ਰਹੇ।

ਇਸ ਨੇ ਪ੍ਰਾਚੀਨ ਸੰਗੀਤ ਨਾਲ ਸਬੰਧਤ ਕਈ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਅਤੇ ਇਸ ਦੀ ਪੁਸਤਕ 'ਦੀ ਇੰਟਰਪ੍ਰੇਟੇਸ਼ਨ ਆਫ਼ ਦੀ ਮਿਊਜ਼ਿਕ ਆਫ਼ ਦੀ ਸੈਵਨਟੀਨਥ ਐਂਡ ਏਟੀਨਥ ਸੈਂਚਰੀਜ਼' (1915 ਅਤੇ 1944) ਇਸ ਖੇਤਰ ਵਿਚ ਮੂਲ ਰਚਨਾ ਸੀ ਸੰਨ 1914 ਵਿਚ ਇਹ ਇੰਗਲੈਂਡ ਵਿਚ ਵਸ ਗਿਆ ਅਤੇ 1916 ਈ. ਵਿਚ ਹੇਜ਼ਲਮੀਅਰ ਵਿਖੇ ਪੁਰਾਤਨ ਸੰਗੀਤ ਦੇ ਅਭਿਆਸ ਲਈ ਇਕ ਕੇਂਦਰ ਦੀ ਸਥਾਪਨਾ ਕੀਤੀ।

28 ਫ਼ਰਵਰੀ, 1840 ਨੂੰ ਸਰੇ ਵਿਚ ਹੇਜ਼ਲਮੀਅਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 608; ਕੋਲ. ਐਨ. 6 : 339

**ਡਾਲਾਡੀਏ, ਐਡੂਅਰਡ** : ਫਰਾਂਸ ਦੇ ਇਸ ਪ੍ਰਧਾਨ ਮੰਤਰੀ ਦਾ ਜਨਮ 18 ਜੂਨ, 1884 ਵਿਚ ਫਰਾਂਸ ਵਿਚ ਕਾਰਪਾਨਤ੍ਰਾਸ ਵਿਖੇ ਹੋਇਆ।

ਕੁਝ ਦੇਰ ਇਤਿਹਾਸ ਦਾ ਅਧਿਆਪਕ ਬਣਨ ਮਗਰੋਂ ਇਹ 1919 ਈ. ਵਿਚ ਚੈਂਬਰ ਆਫ ਡਿਪਟੀਜ਼ ਦਾ ਮੈਂਬਰ ਬਣ ਗਿਆ ਅਤੇ 1919 ਤੋਂ 1940 ਤਕ ਇਹ ਗਰਮ ਖਿਆਲੀਆਂ ਦਾ ਸਰਗਰਮ ਨੇਤਾ ਰਿਹਾ। ਸੰਨ 1924 ਵਿਚ ਹੈਰੀਅਟ ਦੀ ਸਰਕਾਰ ਵਿਚ ਇਹ ਕਲੋਨੀਆਂ ਦਾ ਮੰਤਰੀ ਬਣਿਆ। ਸੰਨ 1925 ਤੋਂ 1933 ਤੱਕ ਇਸ ਨੇ ਸਤ ਵੱਖਰੇ ਵੱਖਰੇ ਮੰਤਰੀਆਂ ਵਜੋਂ ਕੰਮ ਕੀਤਾ।

31 ਜਨਵਰੀ, 1933 ਨੂੰ ਇਸ ਨੇ ਆਪਣੀ ਸਰਕਾਰ ਬਣਾਈ ਪਰ ਇਹ ਸਰਕਾਰ ਸਿਰਫ਼ ਅਕਤੂਬਰ, 1933 ਤੱਕ ਹੀ ਚਲ ਸਕੀ ਸੰਨ 1934 ਵਿਚ ਇਸ ਨੇ ਦੂਜੀ ਵਾਰੀ ਸਰਕਾਰ ਬਣਾਈ ਅਤੇ ਉਹ ਵੀ ਸਿਰਫ਼ ਚਾਰ ਹਫਤੇ ਹੀ ਚਲ ਸਕੀ। ਅਪ੍ਰੈਲ, 1938 ਵਿਚ ਇਹ ਫਿਰ ਪ੍ਰਧਾਨ ਮੰਤਰੀ ਬਣਿਆ। ਇਸ ਵਾਰੀ ਇਸ ਨੇ ਚੈਂਬਰ ਵਿਚ ਆਪਣੀ ਪਾਰਟੀ ਨੂੰ ਰੂੜ੍ਹੀਵਾਦੀ ਪਾਰਟੀ ਨਾਲ ਜੋੜਿਆ।

ਸੰਨ 1938 ਵਿਚ ਮਿਊਨਿਕ ਵਿਖੇ ਹੋਈ ਕਾਨਫਰੰਸ ਵਿਚ ਇਸ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਨਾਲ ਮਿਲ ਕੇ ਜਰਮਨੀ ਨਾਲ ਸਮਝੌਤਾ ਕੀਤਾ। ਸੰਨ 1940 ਵਿਚ ਜਦੋਂ ਫਰਾਂਸ ਜਰਮਨੀ ਕੋਲੋਂ ਹਾਰ ਗਿਆ ਤਾਂ ਇਸ ਨੇ ਚੋਰੀ-ਛਿਪੇ ਫਰਾਂਸੀਸੀ ਉੱਤਰੀ ਅਫ਼ਰੀਕਾ ਵਿਚ ਸਰਕਾਰ ਬਣਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ ਪਰ ਮੋਰਾਕੋ ਵਿਚ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫਰਾਂਸ ਲਿਆਂਦਾ

ਗਿਆ। ਇਥੇ ਇਸ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਬਾਅਦ ਵਿਚ ਸਿਆਸੀ ਕੈਦੀ ਦੇ ਤੌਰ ਤੇ ਇਸ ਨੂੰ ਜਰਮਨੀ ਦੇ ਹਵਾਲੇ ਕਰ ਦਿੱਤਾ ਗਿਆ । ਸੰਨ 1945 ਵਿਚ ਅਮਰੀਕਨ ਫ਼ੌਜਾਂ ਨੇ ਇਸ ਨੂੰ ਆਜ਼ਾਦ ਕਰਵਾ ਦਿੱਤਾ। ਯੁੱਧ ਤੋਂ ਬਾਅਦ ਇਹ ਮੁੜ ਚੈਂਬਰ ਆਫ਼ ਡਿਪਟੀਜ਼ ਦਾ ਮੈਂਬਰ ਬਣ ਗਿਆ ਅਤੇ 1958 ਈ. ਵਿਚ ਇਸ ਨੇ ਰਾਜਨੀਤੀ ਨੂੰ ਤਿਆਗ ਦਿੱਤਾ ਅਤੇ ਅਲੋਪ ਜਿਹਾ ਰਹਿ ਕੇ ਬਾਕੀ ਦੀ ਜ਼ਿੰਦਗੀ ਬਤੀਤ ਕੀਤੀ।

10 ਅਕਤੂਬਰ, 1970 ਵਿਚ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :845 ; ਐਨ. ਅਮੈ. 8 : 433

**ਡਾਲਿਸ਼** : ਇਹ ਇੰਗਲੈਂਡ ਦੀ ਡੈਵਨ ਕਾਉਂਟੀ ਦੇ ਟਿਨਬ੍ਰਿਜ ਡਿਸਟ੍ਰਿਕਟ ਦਾ ਇਕ ਸ਼ਹਿਰ (ਪੈਰਿਸ਼) ਹੈ ਜੋ ਸਮੁੰਦਰੀ ਤੱਟ ਤੋਂ ਥੋੜ੍ਹਾ ਜਿਹਾ ਪਿਛਾਂਹ ਵੱਲ ਇਕ ਤਿਖੀ ਢਾਲ ਵਾਲੀ ਪਹਾੜੀ ਉਪਰ ਸਥਿਤ ਹੈ। ਇਸ ਥਾਂ ਤੇ ਜਾਂ ਤਾਂ ਪੈਦਲ ਜਾਂ ਰੇਲ-ਮਾਰਗ ਦੁਆਰਾ ਪਹੁੰਚਿਆ ਜਾ ਸਕਦਾ ਹੈ। ਉੱਨ੍ਹੀਵੀਂ ਸਦੀ ਵਿਚ ਇਹ ਇਕ ਬਹੁਤ ਫ਼ੈਸ਼ਨਦਾਰ ਸ਼ਹਿਰ ਦਾ ਰੂਪ ਧਾਰਨ ਕਰ ਗਿਆ ਸੀ ਅਤੇ ਚਾਰਲਸ ਡਿਕਨਜ਼ ਤੇ ਜੇਨ ਔਸਟਨ ਵਰਗੇ ਪ੍ਰਸਿੱਧ ਨਾਵਲਕਾਰਾਂ ਨੇ ਆਪਣੇ ਨਾਵਲਾਂ ਵਿਚ ਵੀ ਇਸ ਦਾ ਵਧੀਆ ਨਕਸ਼ਾ ਖਿੱਚਿਆ ਹੈ। ਇਹ ਰੇਲ-ਮਾਰਗ ਆਰੰਭ ਵਿਚ ਖਿਲਾਅ (Vacuum) ਪ੍ਰਤਿ ਪੈਦਾ ਹੋਏ ਵਾਤਾਵਰਣਕ ਦਬਾਓ ਦੁਆਰਾ ਧੱਕਣ (ਠੇਲ੍ਹਣ) ਦੀ ਵਿਧੀ ਦਰਸਾਉਣ ਲਈ ਬਣਾਇਆ ਗਿਆ ਸੀ। ਇਸ ਮੰਤਵ ਲਈ ਪੇਟੈਂਟ ਦਾ ਤਿਆਰ ਕੀਤਾ ਮਾਡਲ ਤਾਂ ਚੱਲਣ ਵਿਚ ਠੀਕ ਸਿੱਧ ਹੋਇਆ ਪਰ 1844 ਵਿਚ ਪੂਰੇ ਆਕਾਰ ਦੀ ਰੇਲ ਇਸ ਪੇਟੈਂਟ ਵਾਂਗ ਕਾਮਯਾਬ ਨਾ ਹੋਈ। ਇਸ ਲਈ ਇਸ ਮਾਰਗ ਨੂੰ ਪਰੰਪਰਾਗਤ ਢੰਗ ਵਿਚ ਤਬਦੀਲ ਕੀਤਾ ਗਿਆ। ਇਹ ਰੇਲ-ਮਾਰਗ ਉੱਤਰ ਵਿਚ ਐਕਸਟਰ ਤੋਂ ਲੈ ਕੇ ਦੱਖਣ ਵਿਚ ਨਿਊਟਨ ਐਬਟ ਤੱਕ ਸਾਗਰੀ ਤੱਟ ਦੇ ਨਾਲ ਨਾਲ ਕਈ ਵੇਰ ਸੁਰੰਗਾਂ ਦੇ ਅੰਦਰ ਜਾਂਦਾ ਹੈ ਅਤੇ ਕਈ ਵਾਰ ਬਾਹਰ ਆਉਂਦਾ ਹੈ। ਇਹ ਬਰਤਾਨੀਆ ਦਾ ਬਹੁਤ ਹੀ ਖ਼ੂਬਸੂਰਤ ਤੇ ਦ੍ਰਿਸ਼ਮਈ ਰੇਲ-ਮਾਰਗ ਮੰਨਿਆ ਜਾਂਦਾ ਹੈ।

ਆਬਾਦੀ – 10,755 (1981)

50° 35′ ਉ. ਵਿਥ. ; 3° 28′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 922

**ਡਾਲੀ, ਸਿਲਵਾਡੋਰ** : ਸਪੇਨ ਦੇ ਇਸ ਸੁਪ੍ਰਸਿੱਧ ਚਿੱਤਰਕਾਰ ਦਾ ਜਨਮ 11 ਮਈ, 1904 ਨੂੰ ਫੀਗਰਾਸ ਵਿਖੇ ਹੋਇਆ। ਮੈਡਰਿਡ ਸਕੂਲ ਆਫ਼ ਫ਼ਾਈਨ ਆਰਟਸ ਵਿਖੇ ਇਸ ਦੇ 19 ਵੀਂ ਸਦੀ ਦੇ ਰੋਮਾਂਸਵਾਦ ਤੋਂ ਭਵਿੱਖਵਾਦ, ਅਧਿਆਤਮਵਾਦ ਅਤੇ ਕਿਊਬਿਜ਼ਮ ਦੇ ਪੜਾਵਾਂ ਵਿਚ ਦੀ ਲੰਘਿਆ।

ਸਿਗਮੰਡ ਫ਼ਾਈਡ ਦੀਆਂ ਲਿਖਤਾਂ ਅਤੇ ਪੈਰਿਸ ਦੇ ਪੜਯਥਾਰਥਵਾਦੀਆਂ ਦੇ ਸੰਪਰਕ ਵਿਚ ਆਉਣ ਕਾਰਨ 1920 ਵਿਆਂ ਦੇ ਅੰਤ ਵਿਚ ਇਸ ਦੀ ਸ਼ੈਲੀ ਵਿਚ ਪਕਿਆਈ ਆ ਗਈ। ਇਹ ਆਂਟੋਨੀਓ ਗਾਊਡੀ ਦੀ ਉਸਾਰੀ ਕਲਾ ਦੀ ਬੇਮੁਹਾਰੀ ਪ੍ਰਾਕ੍ਰਿਤਕ ਸ਼ੈਲੀ ਤੋਂ ਬਹੁਤ ਪ੍ਰਭਾਵਿਤ ਹੋਇਆ। ਸੰਨ 1929 ਵਿਚ ਪੈਰਿਸ ਵਿਖੇ ਵੱਸਣ ਉਪਰੰਤ ਇਸ ਨੇ ਮਨੋ-ਸਰੀਰਕ ਚਿੱਤਰਕਾਰ ਵਜੋਂ ਆਪਣਾ ਜੀਵਨ ਸ਼ੁਰੂ ਕੀਤਾ।

ਸੰਨ 1940 ਤੋਂ ਇਹ ਅਮਰੀਕਾ ਵਿਚ, ਨਿਊਯਾਰਕ ਵਿਖੇ ਵਸ ਗਿਆ ਜਿਥੇ ਇਸ ਨੇ ਆਪਣਾ ਵਧੇਰਾ ਸਮਾਂ ਥੀਏਟਰ, ਦੁਕਾਨਾਂ ਦੀ ਅੰਦਰੂਨੀ ਸਜਾਵਟ, ਕੱਪੜਿਆਂ ਅਤੇ ਗਹਿਣਿਆਂ ਦੇ ਡਿਜ਼ਾਇਨ ਤਿਆਰ ਕਰਨ ਲਈ ਲਗਾਇਆ। ਸੰਨ 1950 ਤੋਂ 1970 ਤਕ ਦੀਆਂ ਇਸ ਦੀਆਂ ਕਿਰਤਾਂ ਦਾ ਮੁੱਖ ਵਿਸ਼ਾ ਧਾਰਮਕ ਸੀ। ਸੰਨ 1940 ਵਿਚ ਇਸ ਨੇ ਨਿਊਯਾਰਕ ਵਰਲਡ ਫੇਅਰ ਲਈ 'ਡਾਲੀਜ਼ ਡ੍ਰੀਮ ਆਫ਼ ਵੀਨਸ' ਡਿਜ਼ਾਇਨ ਤਿਆਰ ਕੀਤਾ। ਇਸ ਨੇ 'ਡਿਵਾਈਨ ਕਾਮੇਡੀ' (1954) ਅਤੇ 'ਡੌਨ ਕਵਿਕਸੋਟ' (1975) ਆਦਿ ਪੁਸਤਕਾਂ ਲਈ ਰੇਖਾ-ਚਿੱਤਰ ਵੀ ਬਣਾਏ। ਇਸ ਤੋਂ ਇਲਾਵਾ ਡਾਲੀ ਨੇ 'Un Chien andelou' (1929) 'L age d' or' (1931), Lacemaker and Rhinoceros', (1961) ਆਦਿ ਫ਼ਿਲਮਾਂ ਲਈ ਦ੍ਰਿਸ਼ ਚਿੱਤਰ ਵੀ ਬਣਾਏ।

ਸੰਨ 1965 ਵਿਚ ਇਸ ਨੇ ਦਾਂਤੇ ਦਾ ਬੁੱਤ ਬਣਾਇਆ ਜਿਹੜਾ ਇਸ ਖੇਤਰ ਵਿਚ ਇਸ ਦੀ ਵੱਡੀ ਦੇਣ ਸੀ। ਇਸ ਨੇ ਕੁਝ ਪੁਸਤਕਾਂ ਵੀ ਲਿਖੀਆਂ ਜਿਨ੍ਹਾਂ ਵਿਚ 'ਦੀ ਸੀਕਰਟ ਲਾਈਫ਼ ਔਫ਼ ਸਿਲਵਾਡਾਰ ਡਾਲੀ' (1942), 'ਹਿਡਨ ਫ਼ੇਸਿਜ਼' (1944), 'ਫ਼ਿਫ਼ਟੀ ਸੀਕ੍ਰਟਸ ਆਫ਼ ਮੈਜਕ ਕ੍ਰਾਫਟਸਮੈਨਸ਼ਿਪ' (1948) ਅਤੇ 'ਡਾਲੀ ਔਨ ਮਾਡਰਨ ਆਰਟ' (1951) ਆਦਿ ਸ਼ਾਮਲ ਹਨ।

ਹ. ਪੁ.—ਐਨ. ਬ੍ਰਿ. ਮਾ. 3 :354 ; ਐਨ. ਅਮੈ. 8 : 415.

**ਡਾਲੀਨ, ਓਲਫ਼ ਵੱਾਨ** : ਸਵੀਡਨ ਦੇ ਇਸ ਕਵੀ ਅਤੇ ਇਤਿਹਾਸਕਾਰ ਦਾ ਜਨਮ 29 ਅਗਸਤ, 1708 ਨੂੰ ਵਿਨਬਰਗ ਵਿਖੇ ਹੋਇਆ। ਇਹ ਸਵੀਡਨ ਸਾਹਿਤ ਦਾ ਪਹਿਲਾ ਪ੍ਰਸਿੱਧ ਲੇਖਕ ਸੀ ਜਿਸ ਨੇ ਸਵੀਡਨ ਸਭਿਆਚਾਰ ਵਿਚ ਗਿਆਨ-ਪ੍ਰਾਪਤੀ ਦੇ ਵਿਚਾਰਾਂ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ। ਲੁੰਡ ਯੂਨੀਵਰਸਿਟੀ ਵਿਖੇ ਸਿਖਿਆ ਪ੍ਰਾਪਤ ਕਰਨ ਉਪਰੰਤ ਇਸ ਨੇ ਇਕ ਕੁਲੀਨ ਘਰਾਣੇ ਵਿਚ ਸਿਖਿਅਕ ਵਜੋਂ ਕੰਮ ਕੀਤਾ। ਇਹ ਪਤਾ ਲਗਣ ਤੇ ਕਿ ਸਵੀਡਨ ਦੇ ਪਹਿਲੇ ਸਾਹਿਤਕ ਰਸਾਲੇ, 'Then swanska Argus' (1732-34) ਦਾ ਅਨਾਮ ਸੰਪਾਦਕ ਡਾਲੀਨ ਹੀ ਸੀ, ਇਹ



ਓਲਫ਼ ਵੱਾਨ ਡਾਲੀਨ

ਸਵੀਡਨ ਦੇ ਸਾਹਿਤਕ ਖੇਤਰ ਵਿਚ ਬਹੁਤ ਪ੍ਰਸਿੱਧ ਹੋ ਗਿਆ। ਇਸ ਦੀਆਂ ਦੋ ਨਾਟਕੀ ਕ੍ਰਿਤਾਂ ਅਤੇ ਮਹਾਂਕਾਵਿ 'ਸਵੀਡਸ਼ ਲਿਬਰਟੀ' (1742) ਕੋਈ ਬਹੁਤੀਆਂ ਸਫ਼ਲ ਨਹੀਂ ਸਨ। 'ਦੀ ਟੇਲ ਅਬਾਊਟ ਦੀ ਹੱਾਰਸ' (1740) ਇਸ ਦੀ ਸਭ ਤੋਂ ਵਧੀਆ ਅਤੇ ਪ੍ਰਸਿੱਧ ਕ੍ਰਿਤ ਸੀ। ਇਸ ਵਿਚ ਘੋੜਾ ਸਵੀਡਨ ਦੇ ਲੋਕਾਂ ਦੀ ਅਤੇ ਉਸ ਦੇ ਮਾਲਕ ਸਵੀਡਨ ਦੇ ਬਾਦਸ਼ਾਹਾਂ ਦੀ ਪ੍ਰਤਿਨਿਧਤਾ ਕਰਦੇ ਸਨ। ਇਹ ਰਾਜ ਦਰਬਾਰ ਦਾ ਚਹੇਤਾ ਸੀ।

ਸੰਨ 1751 ਵਿਚ ਇਹ ਸਵੀਡਨ ਦੇ ਰਾਜਕੁਮਾਰ ਦਾ ਸਿਖਿਅਕ ਅਤੇ ਨਿਜੀ ਸਲਾਹਕਾਰ ਨਿਯੁਕਤ ਹੋਇਆ। ਸੰਨ 1753 ਵਿਚ ਇਹ ਸਵੀਡਸ਼ ਅਕਾਦਮੀ ਆਫ਼ ਲਿਟਰੇਚਰ ਦਾ ਸਕੱਤਰ ਬਣਿਆ। ਰਾਜ-ਦਰਬਾਰ ਵਿਚ ਹੋਈ ਕ੍ਰਾਂਤੀ ਦੀ ਸਾਜ਼ਿਸ਼ ਦੇ ਸ਼ੱਕ ਵਿਚ ਸੰਨ 1756 ਤੋਂ 1761 ਤੱਕ ਪੰਜ ਸਾਲ ਲਈ ਇਸ ਨੂੰ ਰਾਜ ਦਰਬਾਰ ਤੋਂ ਕੱਢ ਦਿੱਤਾ ਗਿਆ। ਇਸ ਸਮੇਂ ਦੋਰਾਨ ਇਸ ਨੇ ਆਪਣੀ ਪ੍ਰਮੁੱਖ ਕ੍ਰਿਤ 'ਹਿਸਟਰੀ ਆਫ਼ ਦੀ ਸਵੀਡਸ਼ ਕਿੰਗਡਮ' (1747-62) ਨੂੰ ਤਿੰਨ ਜਿਲਦਾਂ ਵਿਚ ਮੁਕੰਮਲ ਕੀਤਾ। ਮੁੜ ਬਹਾਲ ਹੋਣ ਉਪਰੰਤ 1755 ਈ. ਵਿਚ ਇਹ ਸ਼ਾਹੀ ਇਤਿਹਾਸਕਾਰ ਬਣਿਆ। ਸੰਨ 1763 ਵਿਚ ਆਪਣੀ ਮੌਤ ਸਮੇਂ ਇਹ ਸ਼ਾਹੀ ਚਾਂਸਲਰ ਸੀ।

ਇਸ ਨੇ ਫ਼ਰਾਂਸੀਸੀ ਕਲਾਸਿਕੀ ਸ਼ੈਲੀ ਵਿਚ ਸਾਧਾਰਣ ਕਵਿਤਾਵਾਂ ਅਤੇ ਵਿਅੰਗਾਤਮਕ ਤੇ ਤਰਕਹੀਣ ਨਾਟਕ ਲਿਖੇ। ਆਪਣੀ ਵਾਰਤਕ ਸ਼ੈਲੀ ਕਾਰਨ ਇਹ ਆਪਣੇ ਸਮੇਂ ਦਾ ਪ੍ਰਸਿੱਧ ਸਵੀਡੀ ਲੇਖਕ ਸੀ।

12 ਅਗਸਤ , 1763 ਨੂੰ ਸਟਾਕਹੋਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 354; ਐਨ. ਅਮੇ. 8 :416

**ਡਾਲੇਨ, ਨਿਲਜ ਗੁਸਟਾਵ** : ਸਵੈਚਲਿਤ ਸੂਰਜੀ ਵਾਲਵ ਜਾਂ ਸੋਲਵੈਟਿਲ ਦੀ ਖੋਜ ਲਈ 1912 ਵਿਚ ਭੌਤਿਕ-ਵਿਗਿਆਨ ਲਈ ਨੋਬਲ ਪੁਰਸਕਾਰ ਹਾਸਲ ਕਰਨ ਵਾਲੇ ਇਸ ਵਿਗਿਆਨੀ ਦਾ ਜਨਮ 30 ਨਵੰਬਰ, 1869 ਨੂੰ ਸਟੈਂਸਟਾਰਪ, ਸਵੀਡਨ ਵਿਖੇ ਹੋਇਆ। ਇਹ ਵਾਲਵ ਗੈਸ ਵਾਲੇ ਸੋਮੇਂ ਦੀ ਰੌਸ਼ਨੀ ਨੂੰ ਸੂਰਜੀ ਪ੍ਰਕਾਸ਼ ਦੇ ਲਿਹਾਜ ਨਾਲ ਸਵੇਰ ਵੇਲੇ ਬੰਦ ਕਰਦਾ ਹੈ ਅਤੇ ਜਦੋਂ ਰੌਸ਼ਨੀ ਘੱਟ ਜਾਂਦੀ ਹੈ, ਚਾਲੂ ਰਖਦਾ ਹੈ। ਇਸ ਦਾ ਉਪਯੋਗ ਛੇਤੀ ਹੀ ਸੰਸਾਰ ਭਰ ਵਿਚ ਤੈਰਨ ਵਾਲੇ ਢੋਲਾਂ ਅਤੇ ਚਾਲਕ ਰਹਿਤ ਚਾਨਣ ਮੁਨਾਰਿਆਂ ਵਿਚ ਹੋਣ ਲਗ ਪਿਆ। ਸੰਨ 1906 ਵਿਚ ਇਹ ਗੈਸ ਐਕੁਮੁਲੇਟਰ ਕੰਪਨੀ ਦਾ ਮੁੱਖ ਇੰਜੀਨੀਅਰ ਬਣ ਗਿਆ, ਜਿਹੜੀ ਕਿ ਐਸਿਟਿਲੀਨ ਗੈਸ ਤਿਆਰ ਕਰਦੀ ਸੀ। ਇਸ ਨੇ ਗੈਸਾਂ ਅਤੇ ਟਰਬਾਈਨਾਂ ਸੰਬੰਧੀ ਬਹੁਤ ਖੋਜ ਕੀਤੀ, ਜਿਸ ਦੇ ਫਲਸਰੂਪ ਹਾੱਟ-ਏਅਰ ਟਰਬਾਈਨ ਇੰਜਣ ਅਤੇ ਲਾਵਲ ਭਾਫ਼ ਟਰਬਾਈਨ ਦੇ ਵਿਕਸਿਤ ਰੂਪ ਹੋਂਦ ਵਿਚ ਆਏ। ਇਹ 1909 ਵਿਚ ਕੰਪਨੀ ਦਾ ਮੈਨੇਜਿੰਗ ਡਾਇਰੈਕੱਟਰ ਬਣ ਗਿਆ ਅਤੇ ਅਗੈਮਾਸਨ ਪਦਾਰਥ ਦੀ ਖੋਜ ਕੀਤੀ, ਜਿਹੜਾ ਬਿਨ੍ਹਾਂ ਕਿਸੇ ਵਿਸਫੋਟ ਤੋਂ ਐਸਿਟਿਲੀਨ ਨੂੰ ਸੋਖ਼ ਲੈਂਦਾ ਹੈ। ਸੰਨ 1913 ਵਿਚ ਜਦੋਂ ਇਹ ਪ੍ਰਯੋਗ ਕਰ ਰਿਹਾ ਸੀ ਤਾਂ ਅਚਾਨਕ ਵਿਸਫ਼ੋਟ ਹੋ ਜਾਣ ਨਾਲ ਅੰਨ੍ਹਾਂ ਹੋ ਗਿਆ ਪ੍ਰੰਤੂ ਅੰਤ ਸਮੇਂ ਤਕ ਵੀ ਇਹ ਤਜ਼ਰਬੇ ਕਰਦਾ ਰਿਹਾ।

9 ਦਸੰਬਰ, 1937 ਨੂੰ ਸਟੱਕਹੋਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 353

**ਡੱਲੈ, ਏਟਯੈਨ (Dolet, Etienne)** : ਇਸ ਫ਼ਰਾਂਸੀਸੀ ਵਿਦਵਾਨ ਦਾ ਜਨਮ 3 ਅਗਸਤ , 1509 ਨੂੰ ਆੱਰਲੀਆਂ ਵਿਖੇ ਹੋਇਆ। ਇਸ ਨੂੰ ਪੁਨਰ-ਜਾਗ੍ਰਿਤੀ ਕਾਲ ਦਾ ਪਹਿਲਾ ਸ਼ਹੀਦ ਮੰਨਿਆ ਜਾਂਦਾ ਹੈ। 12 ਸਾਲ ਦੀ ਉਮਰ ਵਿਚ ਇਹ ਪੈਰਿਸ ਯੂਨੀਵਰਸਿਟੀ ਗਿਆ ਜਿਥੇ ਇਸ ਨੂੰ ਸਿਸਰੋ ਦੀਆਂ ਲਿਖਤਾਂ ਦਾ ਅਧਿਐਨ ਕਰਨ ਦੀ ਰੁਚੀ ਪੈਦਾ ਹੋ ਗਈ ਅਤੇ ਆਪਣੇ ਸਾਰੇ ਜੀਵਨ ਵਿਚ ਇਸ ਦਾ ਧਿਆਨ ਏਧਰ ਹੀ ਰਿਹਾ। ਇਟਲੀ ਵਿਖੇ ਰਹਿਣ ਦੌਰਾਨ ਇਸ ਨੂੰ ਮਾਨਵਿਕੀ-ਸ਼ਾਸਤਰ ਪੜ੍ਹਨ ਦਾ ਸ਼ੌਕ ਪੈਦਾ ਹੋਇਆ।



**ਏਟਯੈਨ ਡੱਲੈ**

ਆਪਣੇ ਗੁਸੈਲੇ ਅਤੇ ਝਗੜਾਲੂ ਸੁਭਾਅ ਕਾਰਨ ਇਸ ਨੂੰ ਕਈ ਵਾਦ-ਵਿਵਾਦਾਂ ਵਿਚੋਂ ਦੀ ਗੁਜ਼ਰਨਾ ਪਿਆ। ਇਕ ਚਿੱਤਰਕਾਰ ਦਾ ਖ਼ੂਨ ਕਰਨ ਤੇ ਇਸ ਨੂੰ ਕੈਦ ਕੀਤਾ ਗਿਆ ਪਰ ਸ਼ਾਹੀ ਹੁਕਮ ਨਾਲ ਇਸ ਨੂੰ ਮਾਫ਼ੀ ਦਿੱਤੀ ਗਈ। ਇਰਾਸਮਸ ਵੱਲੋਂ ਲਗਾਏ ਗਏ ਇਸ ਦੋਸ਼ ਦੇ ਜਵਾਬ ਵਿਚ ਕਿ ਇਹ ਸਿਸਰੋ ਦੀ ਸ਼ੈਲੀ ਦੀ ਅੰਨ੍ਹੇਵਾਹ ਨਕਲ ਕਰਦਾ ਹੈ, ਇਸ ਨੇ 'Dialogus de imitatione Ciceroniana' (1535) ਨਾਮੀ ਪੁਸਤਕ ਲਿਖੀ। ਸੰਨ 1536 ਵਿਚ ਇਸ ਨੇ 'Commentarii' ਦੀ ਪਹਿਲੀ ਜਿਲਦ ਅਤੇ 1538 ਵਿਚ ਦੂਜੀ ਜਿਲਦ ਛਾਪੀ । ਬਾਦਸ਼ਾਹ ਫ਼ਰਾਂਸਿਸ ਪਹਿਲੇ ਦੀ ਆਗਿਆ ਨਾਲ 1542 ਈ. ਵਿਚ ਡੱਲੈਂ ਨੇ ਇਕ ਛਾਪਾਖਾਨਾ ਲਗਾਇਆ ਜਿਸ ਵਿਚ ਇਸ ਨੇ ਪਹਿਲੀ ਪੁਸਤਕ 'Cato Christianus' ਪ੍ਰਕਾਸ਼ਿਤ ਕੀਤੀ। ਇਸ ਤੋਂ ਇਲਾਵਾ ਵੀ ਇਸ ਨੇ ਕਈ ਧਾਰਮਕ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।

ਸੰਨ 1542 ਅਤੇ 1544 ਵਿਚ ਇਸ ਨੂੰ ਨਾਸਤਕ ਹੋਣ ਅਤੇ ਗਲਤ ਅਨੁਵਾਦ ਪ੍ਰਕਾਸ਼ਨ ਕਰਨ ਦੇ ਦੋਸ਼ ਵਿਚ ਕੈਦ ਕੀਤਾ ਗਿਆ। ਸੰਨ 1546 ਵਿਚ ਇਸ ਨੂੰ ਫਿਰ ਧਰਮ ਵਿਰੋਧੀ ਹੋਣ ਕਰਕੇ ਤੀਜੀ ਵਾਰ ਕੈਦ ਕੀਤਾ ਗਿਆ। ਇਸ ਨੂੰ ਤਸੀਹੇ ਦਿੱਤੇ ਗਏ ਅਤੇ ਅੰਤ 3 ਅਗਸਤ, 1546 ਨੂੰ ਪੈਰਿਸ ਵਿਖੇ ਇਸ ਨੂੰ ਅਗਨੀ-ਦੰਡ ਦਿੱਤਾ ਗਿਆ।

ਹ. ਪੁ.—ਐਨ. ਬ੍ਰਿ. ਮਾ 3 : 604; ਐਨ. ਅਮੇ. 9 : 235

**ਡਾਲੋਮਾਈਟਸ** : ਇਹ ਉੱਤਰੀ ਇਟਲੀ ਦੇ ਐਲਪਸ ਪਹਾੜਾਂ ਦਾ ਇਕ ਖੇਤਰ ਹੈ ਜਿਸ ਦੇ ਪੂਰਬ ਵਿਚ ਅਪਰ ਪਿਆਵੀ ਦਰਿਆ ਦੀ ਵਾਦੀ, ਦੱਖਣ ਵਿਚ ਅਪਰ ਬਰੈਂਟਾ, ਪੱਛਮ ਵਿਚ ਆਡਾਜਾ ਅਤੇ ਇਜ਼ਾਰਕੋ ਦਰਿਆ ਇਸ ਦੀ ਹੱਦਬੰਦੀ ਕਰਦੇ ਹਨ। ਇਸ ਖੇਤਰ ਦਾ ਕੁੱਲ ਰਕਬਾ 4,100 ਵ. ਕਿ. ਮੀ. ਹੈ ਜਿਸ ਵਿਚ ਬਲੂਨੋ ਅਤੇ ਬਲਜ਼ਾਨੋ ਪ੍ਰਾਂਤ ਸ਼ਾਮਲ ਹਨ। ਇਨ੍ਹਾਂ ਵਿਚੋਂ ਬਹੁਤੇ ਡਾਲੋਮਾਈਟਸ ਪਹਾੜ 1918 ਈ. ਵਿਚ ਦੱਖਣੀ ਟਿਰੋਲ ਰਾਜ ਦਾ ਖੇਤਰ ਇਟਲੀ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਆਸਟ੍ਰੀਆ ਅਧੀਨ ਸਨ। ਇਸ ਖੇਤਰ ਦੇ ਲੋਕ ਖਾਸ ਕਰਕੇ ਬਲਜ਼ਾਨੋ ਪ੍ਰਾਂਤ ਵਿਚ ਜਰਮਨ ਬੋਲੀ ਬੋਲਦੇ ਹਨ। ਕਈ ਥਾਈਂ ਲਾਤੀਨੀ ਭਾਸ਼ਾ ਵਿਚੋਂ ਨਿਕਲੀ ਹੋਈ ਲੈਡਿਨ ਅਤੇ ਸਵਿਸਰੋਮਾਂਸ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਇਸ ਖੇਤਰ ਵਿਚ ਬਹੁਤ ਸਾਰੀਆਂ ਪ੍ਰਭਾਵਸ਼ਾਲੀ ਚੋਟੀਆਂ ਹਨ। ਇਨ੍ਹਾਂ ਵਿਚੋਂ 18 ਚੋਟੀਆਂ ਤਾਂ 3,050 ਮੀ. ਤੋਂ ਵੀ ਵੱਧ ਉੱਚੀਆਂ ਹਨ। ਮਾਰਮਾਲਾਡਾ ਇਨ੍ਹਾਂ ਵਿਚੋਂ ਸਭ ਤੋਂ ਉੱਚੀ (3,690 ਮੀ.) ਹੈ। ਇਸ ਪਰਬਤੀ ਲੜੀ ਅਤੇ ਇਨ੍ਹਾਂ ਵਿਚਲੀ ਵਿਸ਼ੇਸ਼ ਚਟਾਨ ਦਾ ਨਾਂ 18 ਵੀਂ ਸਦੀ ਦੌਰਾਨ ਫਰਾਂਸੀਸੀ ਭੂ-ਵਿਗਿਆਨੀ ਡਾਈਔਡਨ ਡਾੱਲੋਮਿਉ ਦੇ ਨਾਂ ਤੇ ਪਿਆ ਜਿਸ ਨੇ ਸਭ ਤੋਂ ਪਹਿਲਾਂ ਇਸ ਖੇਤਰ ਦਾ ਵਿਗਿਆਨਕ ਅਧਿਐਨ ਕੀਤਾ। ਉੱਚਾਈਆਂ ਉਪਰ ਗਲੇਸ਼ੀਅਰੀ ਚਿੰਨ੍ਹ ਮਿਲਦੇ ਹਨ। ਇਸ ਖੇਤਰ ਵਿਚ ਕੁੱਲ 41 ਗਲੇਸ਼ੀਅਰ ਹਨ।

ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਪਸ਼ੂ ਪਾਲਣਾ ਤੇ ਜੰਗਲ ਲਗਾਉਣਾ ਹੈ। ਅੱਜਕੱਲ੍ਹ ਇਸ ਖੇਤਰ ਦਾ ਮਹੱਤਵ ਪਣ-ਬਿਜਲੀ ਸ਼ਕਤੀ ਅਤੇ ਸੈਰਗਾਹਾਂ ਦੇ ਪੱਖੋਂ ਜ਼ਿਆਦਾ ਹੈ।

ਹ. ਪੁ.— ਐਨ. ਅਮੇ. 9: 261; ਐਨ. ਬ੍ਰਿ. ਮਾ. 4 : 159

**ਡਾਵਿਦ ਆਬ ਗਵਿਲਾਮ** (**Dafydd ap Gwilym**) : ਇਸ ਨੂੰ ਵੇਲਜ਼ ਦੇ ਸਾਹਿਤ ਦੀਆਂ ਮਹਾਨ ਹਸਤੀਆਂ ਵਿਚੋਂ ਗਿਣਿਆ ਜਾਂਦਾ ਹੈ । ਇਸ ਦਾ ਜਨਮ ਕਾਰਡੀਗੈਨਸ਼ਿਰ ਵਿਚ 1320 ਈ. ਵਿਚ ਹੋਇਆ। ਸਿਵਾਇ ਇਸ ਦੇ ਕਿ ਇਹ ਸਾਊਥ ਵੇਲਜ਼ ਦੇ ਇਕ ਅਮੀਰ ਘਰਾਣੇ ਵਿਚੋਂ ਸੀ ਇਸ ਦੇ ਜੀਵਨ ਬਾਰੇ ਬਹੁਤ ਘੱਟ ਵੇਰਵਾ ਪ੍ਰਾਪਤ ਹੈ। ਇਸ ਦੇ ਗੀਤ-ਕਾਵਿ ਇਸ ਗੱਲ ਦਾ ਸਬੂਤ ਹਨ ਕਿ ਇਹ ਵੇਲਜ਼ ਦੀ ਗੀਤ ਕਲਾ ਵਿਚ ਨਿਪੁੰਨ ਸੀ। ਆਮ ਕਰਕੇ ਇਹ ਕਾਵਿਕ ਬੰਧਨਾਂ ਦਾ ਧਾਰਨੀ ਸੀ ਪਰ ਨਾਲ ਹੀ ਇਸ ਦੀਆਂ ਕੁਝ ਘੱਟ ਕਰੜੀਆਂ ਕਾਵਿਮਈ ਰਵਾਇਤਾਂ ਅਤੇ ਸ਼ਬਦਾਵਲੀ ਤੋਂ ਪਤਾ ਲਗਦਾ ਹੈ ਕਿ ਇਸ ਦੇ ਉੱਤੇ ਭੱਟਾਂ ਅਤੇ ਫਿਰਤੂ ਕਵੀਆਂ ਦਾ ਬੜਾ ਪ੍ਰਭਾਵ ਸੀ। ਇਸ ਨੇ ਆਪਣੀਆਂ ਉੱਚ ਕੋਟੀ ਦੀਆਂ ਕਵਿਤਾਵਾਂ ਵਿਚ ਪ੍ਰਕਿਰਤੀ ਅਤੇ ਪਿਆਰ ਦਾ ਚਿਤਰਨ ਬੜੇ ਖ਼ੂਬਸੂਰਤ ਢੰਗ ਨਾਲ ਕੀਤਾ ਹੈ। ਆਪਣੀ ਭੱਟਾਂ ਵਾਲੀ ਕਵਿਤਾ ਵਿਚ ਜੋ ਸੁਤੰਤਰਤਾ ਅਤੇ ਖੁਲ੍ਹਦਿਲੀ ਇਸ ਨੇ ਵਰਤੋਂ ਵਿਚ ਲਿਆਂਦੀ ਹੈ ਉਸ ਦਾ ਪ੍ਰਭਾਵ ਵੇਲਜ਼ ਦੇ ਕਵੀਆਂ ਦੀਆਂ ਮਗਰਲੀਆਂ ਪੀੜ੍ਹੀਆਂ ਉੱਤੇ ਬਹੁਤ ਪਿਆ।

ਇਸ ਦੀ ਮੌਤ 1380 ਈ. ਦੇ ਨੇੜੇ ਤੇੜੇ ਕਾਰਡੀਗੈਨਸ਼ਿਰ ਵਿਚ ਸਟਰੇਟੀ ਫਲੋਰਿਡਾ ਵਿਖੇ ਹੋਈ।

ਹ. ਪੁ.–ਐਨ. ਬ੍ਰਿ. 6 : 992; ਐਨ. ਬ੍ਰਿ.ਮਾ. 3: 342

**ਡਾਵੀਡ, ਜ਼ਾਕ ਲੂਈ** : ਇਸ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ 30 ਅਗਸਤ, 1748 ਨੂੰ ਪੈਰਿਸ ਵਿਖੇ ਹੋਇਆ। ਸੰਨ 1775 ਵਿਚ ਇਸ ਨੂੰ 'Antiochus and Stratonice' ਤੇ ਪ੍ਰਿਕਸ ਡੀ ਰੋਮ ਮਿਲਿਆ। ਰੋਮ ਵਿਖੇ ਰਹਿੰਦੇ ਹੋਏ ਇਸਦਾ ਝੁਕਾਅ ਕਲਾਸਿਕੀ ਸ਼ੈਲੀ ਵੱਲ ਵੱਧ ਗਿਆ। ਇਸ ਨੂੰ ਕਲਾਸਿਕੀ ਸਕੂਲ ਦਾ ਬਾਨੀ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਪੰਜ ਸਾਲ ਤਕ ਇਸ ਨੇ ਯੂਨਾਨੀ ਰੋਮਨ ਬੁੱਤ-ਤਰਾਸ਼ੀ ਤੇ ਪੁਨਰ-ਜਾਗ੍ਰਤੀ ਕਾਲ ਦੀ ਕਲਾ ਸ਼ੈਲੀ ਅਤੇ ਬੈਰੋਕ ਸ਼ੈਲੀ ਨਾਲ ਸਬੰਧਤ ਇਟਲੀ ਦੇ ਪ੍ਰਸਿੱਧ ਕਲਾਕਾਰਾਂ ਦਾ ਤਨਦੇਹੀ ਨਾਲ ਅਧਿਐਨ ਕੀਤਾ।

ਸੰਨ 1780 ਵਿਚ ਪੈਰਿਸ ਵਾਪਿਸ ਆਉਣ ਤੇ ਇਹ 'ਰਾੱਇਲ ਅਕੈਡਮੀ ਆਫ਼ ਪੇਂਟਿੰਗ ਐਂਡ ਸਕਲਪਚਰ' ਦਾ ਮੈਂਬਰ ਬਣਿਆ। ਸੰਨ 1784 ਵਿਚ ਇਸ ਨੇ ਲੂਈ 16ਵੇਂ ਦੀ ਹਦਾਇਤ ਤੇ ਆਪਣੀ ਪ੍ਰਸਿੱਧ ਕ੍ਰਿਤ 'ਓਥ ਆਫ਼ ਦੀ ਹੋਰਾਤਈ' ਬਣਾਈ ਜੋ ਹੁਣ ਲੂਵਰ ਵਿਚ ਪਈ ਹੈ। ਸੰਨ 1787 ਵਿਚ ਇਸਨੇ 'ਡੈਥ ਆਫ਼ ਸੁਕਰਾਤ', 1788 ਵਿਚ 'ਦੀ ਲਵਜ਼ ਆਫ਼ ਪੈਰਿਸ ਐਂਡ ਹੈਲਨ' ਅਤੇ 1789 ਵਿਚ 'ਦੀ ਰਿਟਰਨ ਆਫ਼ ਬਰੂਟਸ' ਨਾਮੀ ਚਿੱਤਰ ਬਣਾਏ।

ਫ਼ਰਾਂਸੀਸੀ ਅੰਦੋਲਨ ਛਿੜਨ ਤੋਂ ਬਾਅਦ ਇਹ ਇਕ ਸਰਗਰਮ ਜੈਕੋਬਿਨ ਬਣਿਆ। ਸੰਨ 1792 ਵਿਚ ਇਸ ਨੂੰ ਰੀਪਬਲੀਕਨਾਂ ਦੀ ਨੈਸ਼ਨਲ ਕਨਵੈਨਸ਼ਨ ਦਾ ਮੈਂਬਰ ਚੁਣਿਆ ਗਿਆ। ਇਸਨੇ ਲੂਈ ਸੋਲ੍ਹਵੇਂ ਦੀ ਮੌਤ ਦੇ ਪੱਖ ਵਿਚ ਮਤ ਦਿੱਤਾ। ਸੰਨ 1794 ਵਿਚ ਰਾਜਸੀ ਪਲਟੇ ਕਾਰਨ ਕੁਝ ਮਹੀਨਿਆਂ ਲਈ ਇਸ ਨੂੰ ਕੈਦ ਕੀਤਾ ਗਿਆ। ਉਸ ਸਮੇਂ ਦੌਰਾਨ ਇਸਨੇ ਆਪਣਾ ਪ੍ਰਸਿੱਧ ਸਵੈ-ਚਿੱਤਰ ਅਤੇ ਆਪਣੀ ਕੈਦ ਕੋਠੜੀ ਵਿਚੋਂ ਦਿਸ ਰਹੇ ਲਕਸਮਬਰਗ ਬਾਗ਼ ਦੇ ਦ੍ਰਿਸ਼ ਨੂੰ ਚਿਤਰਿਆ।

ਸੰਨ 1804 ਵਿਚ ਇਸ ਨੂੰ ਨੈਪੋਲੀਅਨ ਦਾ ਸ਼ਾਹੀ ਚਿੱਤਰਕਾਰ ਨਿਯੁਕਤ ਕੀਤਾ ਗਿਆ ਅਤੇ ਇਸ ਨੂੰ ਚਾਰ ਵੱਡੇ ਚਿੱਤਰ ਬਣਾਉਣ ਲਈ ਕਿਹਾ ਗਿਆ ਜਿਨ੍ਹਾਂ ਵਿਚੋਂ 'ਕੰਨਸਕ੍ਰੇਸ਼ਨ ਆਫ਼ ਨੈਪੋਲੀਅਨ' (ਜਿਸਨੂੰ 'ਕਾਰੋਨੇਸ਼ਨ' ਵੀ ਕਿਹਾ ਜਾਂਦਾ ਹੈ 1805-07) ਅਤੇ 'ਦੀ ਡਿਸਟ੍ਰਿਬਿਊਸ਼ਨ ਆਫ਼ ਦੀ ਈਗਲਜ਼' (1810) ਦੋ ਹੀ ਮੁਕੰਮਲ ਹੋਏ। 'Leonidos at Ther mopylae' (1814) ਇਸਦਾ ਪੈਰਿਸ ਵਿਖੇ ਆਖ਼ਰੀ ਚਿੱਤਰ ਸੀ। ਸੰਨ 1815 ਵਿਚ ਨੈਪੋਲੀਅਨ ਦੇ ਪਤਨ ਤੋਂ ਬਾਅਦ ਇਸ ਨੂੰ ਬ੍ਰਸਲਜ਼ ਵਿਖੇ ਜਲਾਵਤਨ ਕੀਤਾ ਗਿਆ। ਇਥੇ ਇਸਨੇ ਆਪਣੇ ਇਕ ਬੈਲਜੀਅਮੀ ਸ਼ਾਗਿਰਦ ਫ੍ਰਾਂਸਵਾ ਜੋਜ਼ਫ ਨਾਲ ਮਿਲ ਕੇ ਇਕ ਪ੍ਰਸਿੱਧ ਚਿੱਤਰ 'ਥ੍ਰੀ ਵੂਮਨ ਆਫ਼ ਗੈਂਟ' ਬਣਾਇਆ। ਇਸਨੇ ਕਈ ਕਲਾਸਿਕੀ ਅਤੇ ਇਤਿਹਾਸਕ ਵਿਸ਼ਿਆਂ ਤੇ ਚਿੱਤਰ ਬਣਾਏ। 'ਪੋਟ੍ਰੇਟ ਆਫ਼ ਲਾਵੋਈਸੀਰ ਐਂਡ ਹਿਜ਼ ਵਾਈਫ਼' (1789), 'ਦੀ ਓਥ ਆਫ਼ ਦੀ ਟੈਨਿਸ ਕੋਰਟ' (1791), 'ਦੀ ਰੇਪ ਆਫ਼ ਦੀ ਸਾਬੀਨ ਵਿਮਨ' (1799) ਅਤੇ 'ਮਾਰਸ ਐਂਡ ਵੈਨਿਸ' (1824) ਆਦਿ ਇਸ ਦੀਆਂ ਕੁਝ ਪ੍ਰਮੁੱਖ ਕ੍ਰਿਤਾਂ ਹਨ।

29 ਦਸੰਬਰ, 1825 ਨੂੰ ਬ੍ਰੱਸਲਜ਼ ਵਿਖੇ ਹੀ ਇਸਦੀ ਮੌਤ ਹੋ ਗਈ।

ਹ. ਪੁ.–ਐਨ. ਅਮੇ. 8 : 501; ਐਨ. ਬ੍ਰਿ. ਮੈ. 5: 519; ਕੋਲ. ਐਨ. 6 : 102

**ਡਾਵੀਡ, ਪੀਰ ਜ਼ਾਂ** : ਇਸ ਫ਼ਰਾਂਸੀਸੀ ਮੂਰਤੀਕਾਰ ਦਾ ਜਨਮ 12 ਮਾਰਚ, 1788 ਨੂੰ ਆਂਜ੍ਹੇ ਵਿਖੇ ਹੋਇਆ। ਇਸ ਨੇ ਪੈਰਿਸ ਵਿਖੇ ਚਿੱਤਰਕਾਰੀ ਸਿੱਖੀ। ਸੰਨ 1811 ਵਿਚ ਇਸਨੂੰ ਆਪਣੀ ਉਭਰਵੀਂ ਸ਼ਿਲਪ ਕ੍ਰਿਤ, 'Death of Epam inondou' ਲਈ 'ਪ੍ਰਿਕਸ ਡੀ ਰੋਮ' ਪੁਰਸਕਾਰ ਮਿਲਿਆ। ਰੋਮ ਵਿਖੇ ਪੰਜ ਸਾਲ ਰਹਿਣ ਦੌਰਾਨ ਇਹ ਐਨਟੋਨੀਓ ਕੈਨੋਵਾ ਤੋਂ ਬਹੁਤ ਪ੍ਰਭਾਵਿਤ ਹੋਇਆ। ਸੰਨ 1816 ਵਿਚ ਪੈਰਿਸ ਵਾਪਿਸ ਆ ਕੇ ਇਸ ਨੇ ਆਪਣਾ ਸਟੂਡੀਓ ਖੋਲ੍ਹਿਆ ਤੇ ਛੇਤੀ ਹੀ ਆਪਣੇ ਬਣਾਏ 'ਗ੍ਰੇਟ ਕੋਨਡੇ' ਨਾਂ ਦੇ ਵੱਡ

ਆਕਾਰੀ ਬੁੱਤ (ਜੋ ਹੁਣ ਵਰਸੇਲਜ਼ ਵਿਖੇ ਹੈ) ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1826 ਵਿਚ ਇਹ ਆਰਟ ਅਕਾਦਮੀ ਦਾ ਮੈਂਬਰ ਅਤੇ ਪ੍ਰੋਫ਼ੈਸਰ ਲਗਿਆ। ਪੈਰਿਸ ਵਿਖੇ ਤਰਾਸ਼ ਕੇ ਬਣਾਇਆ ਹੋਇਆ ਬੁੱਤ 'ਪੈਥੀਆੱਨ' ਇਸ ਦੀ ਸ਼ਾਹਕਾਰ ਕ੍ਰਿਤ ਹੈ ਜਿਹੜਾ 1837 ਈ. ਵਿਚ ਮੁਕੰਮਲ ਹੋਇਆ ਸੀ। ਇਸ ਨੇ 1848 ਦੇ ਅੰਦੋਲਨ ਵਿਚ ਵੀ ਭਾਗ ਲਿਆ। ਇਹ ਵਿਧਾਨ-ਸਭਾ ਦਾ ਮੈਂਬਰ ਸੀ। ਸੰਨ 1851 ਵਿਚ ਨੈਪੋਲੀਅਨ ਤੀਜੇ ਦੇ ਰਾਜ ਪਲਟੇ ਤੋਂ ਬਾਅਦ ਇਹ ਜਲਾਵਤਨ ਹੋ ਗਿਆ ਅਤੇ ਕੁਝ ਸਮਾਂ ਯੂਨਾਨ ਵਿਖੇ ਰਿਹਾ। ਇਸ ਨੇ ਕਈ ਬੁੱਤ, ਅੱਧੀਆਂ ਤਸਵੀਰਾਂ ਅਤੇ ਬਹੁਤ ਸਾਰੇ ਤਮਗ਼ੇ ਬਣਾਏ।

ਡਾਵੀਡ ਦੀਆਂ ਮੌਲਿਕ ਅਤੇ ਨਕਲ ਕੀਤੀਆਂ ਦੋਵੇਂ ਤਰ੍ਹਾਂ ਦੀਆਂ ਕਿਰਤਾਂ ਆਂਜ਼ੇ ਦੇ ਪ੍ਰਮੁੱਖ ਅਜਾਇਬ ਘਰ ਵਿਚ ਹਨ। ਇਸ ਨੇ ਟਾਮਸ ਜੈਫ਼ਰਸਨ, ਫ਼੍ਰਾਂਸਵਾ ਫ਼ੈਨੀਲੋਨ, ਫ਼੍ਰਾਂਸਵਾ ਜੋਜ਼ਫ਼ ਟਾਲਮਾ ਦੇ ਬੁੱਤ ਅਤੇ ਵਿਕਟਰ ਹਿਊਗੋ, ਰਨੇ ਡੀ ਸ਼ਾੱਟਓਬਰੀਆਂ ਅਤੇ ਜਾਰਜ ਵਾਸ਼ਿੰਗਟਨ ਆਦਿ ਦੀਆਂ ਅੱਧੀਆਂ ਮੂਰਤਾਂ ਬਣਾਈਆਂ।

ਇਸ ਨੇ 500 ਤੋਂ ਵੀ ਵੱਧ ਤਮਗ਼ੇ ਬਣਾਏ। ਇਨ੍ਹਾਂ ਉਪਰ ਇਸ ਨੇ ਉਸ ਸਮੇਂ ਦੇ ਪ੍ਰਸਿੱਧ ਵਿਅਕਤੀਆਂ ਦੀਆਂ ਤਸਵੀਰਾਂ ਬਣਾਈਆਂ, ਜਿਵੇਂ ਬੋਨਪਾਰਟ, ਜਾਰਜ ਸੈਂਡ ਅਤੇ ਰੋਸੀਨੀ ਆਦਿ।

5 ਜਨਵਰੀ, 1856 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 8 : 502; ਕੋਲ. ਐਨ. 6 : 103; ਐਨ. ਬ੍ਰਿ. 7 : 99

**ਡਾਵੀਲਾ, ਐਰੀਕੋ ਕੇਟਰੀਨੋ** : ਇਟਲੀ ਦੇ ਇਸ ਇਤਿਹਾਸਕਾਰ ਦਾ ਜਨਮ 30 ਅਕਤੂਬਰ, 1576 ਨੂੰ ਵੈਕਾਟੋ ਦੇ ਖ਼ੁਦਮੁਖ਼ਤਾਰ ਖੰਡ ਦੇ ਪੈਜਾਵਾ (Padua) ਪ੍ਰਾਂਤ ਵਿਚ ਵੀਨਸ ਵਿਖੇ ਹੋਇਆ। ਇਸ ਨੇ ਫਰਾਂਸ ਵਿਚ ਹੋਏ ਘਰੇਲੂ ਯੁੱਧਾਂ ਦਾ ਇਤਿਹਾਸ ਲਿਖਿਆ ਹੈ। ਸੰਨ 1583 ਵਿਚ ਇਹ ਫਰਾਂਸ ਦੇ ਬਾਦਸ਼ਾਹ ਹੈਨਰੀ ਦੂਜੇ ਦੀ ਮਹਾਰਾਣੀ ਕੈਥਰੀਨ ਦੀ ਮੈਡਿਸਿਸ ਦਾ ਸੇਵਾਦਾਰ ਲੱਗ ਗਿਆ। ਹੌਲੀ ਹੌਲੀ ਇਹ ਇਕ ਸੈਨਿਕ ਬਣ ਗਿਆ ਅਤੇ 1598 ਵਿਚ ਸ਼ਾਂਤੀ ਕਾਇਮ ਹੋਣ ਤੱਕ ਇਹ ਕਈ ਘਰੇਲੂ ਜੰਗਾਂ ਵਿਚ ਲੜਦਾ ਰਿਹਾ। ਮਗਰੋਂ ਇਹ ਪੈਜਾਵਾ ਪਰਤ ਆਇਆ ਅਤੇ ਦੁਬਾਰਾ ਲੜਾਈ ਸ਼ੁਰੂ ਹੋਣ ਤੱਕ, ਜੋ ਸਮਾਂ ਇਸ ਨੂੰ ਮਿਲਿਆ, ਇਸ ਨੇ ਕਾਫ਼ੀ ਕਿਤਾਬਾਂ ਦਾ ਅਧਿਐਨ ਕੀਤਾ। ਫਿਰ ਇਹ ਵੀਨਸ ਦੇ ਗਣਤੰਤਰ ਵਿਚ ਨੌਕਰੀ ਤੇ ਲੱਗ ਗਿਆ। ਇਥੇ ਹੀ ਇਸ ਨੇ ਫਰਾਂਸ ਦੇ ਗ੍ਰਹਿ-ਯੁੱਧਾਂ ਦਾ, ਜਿਸ ਵਿਚ ਇਹ ਆਪ ਵੀ ਹਿੱਸਾ ਲੈਂਦਾ ਰਿਹਾ, ਬਾਰੇ ਲਿਖਿਆ। ਸੰਨ 1630 ਵਿਚ ਇਸ ਦੀ 'Historia delle guerra civili di francai' ਨਾਂ ਦੀ ਕਿਤਾਬ ਛਪੀ ਜਿਹੜੀ ਇੰਨੀ ਪ੍ਰਸਿੱਧ ਹੋਈ ਕਿ ਲਗਾਤਾਰ ਇਸ ਦੇ ਦੋ ਸੌ ਸੰਸਕਰਨ ਛਾਪੇ ਗਏ।

26 ਮਈ, 1631 ਈ. ਨੂੰ ਵੀਨਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 914

**ਡਾਵੂ, ਲੂਈ ਨਿਕੋਲਸ (Davout, Louis Nicolas)** : ਇਹ ਨੈਪੋਲੀਅਨ (ਫਰਾਂਸ) ਦਾ ਇਕ ਉੱਘਾ ਜਰਨੈਲ ਹੋਇਆ ਹੈ। ਇਸ ਦਾ ਜਨਮ 10 ਮਈ, 1770 ਨੂੰ ਫ਼ਰਾਂਸ ਦੇ ਇਕ ਅਮੀਰ ਘਰਾਣੇ ਵਿਚ ਹੋਇਆ। ਮੁੱਢ ਵਿਚ ਹੀ ਇਸਨੇ ਬਹੁਤ ਵਧੀਆ ਫ਼ੌਜੀ ਸਿਖਲਾਈ ਪ੍ਰਾਪਤ ਕੀਤੀ। ਇਸ ਨੇ 1790 ਵਿਚ ਫ਼ਰਾਂਸ ਦੀ ਬਗ਼ਾਵਤ ਤੋਂ ਪਹਿਲਾਂ ਦੀ ਬਗ਼ਾਵਤ ਵਿਚ ਆਪਣੀ ਫ਼ੌਜੀ ਟੁਕੜੀ ਦੀ ਕਮਾਨ ਸੰਭਾਲੀ। ਇਸ ਨੇ 1792-93 ਦੀ ਬੈਲਜੀਅਨ ਮੁਹਿੰਮ ਵਿਚ ਵੀ ਆਪਣੀ ਯੋਗਤਾ ਦਿਖਾਈ ਤੇ ਚਾਰਲਸ ਡੈਮੂਰੀਜ਼ ਦੀ ਸਾਜਸ਼ ਨੂੰ ਵੀ ਸਿਆਣਪ ਨਾਲ ਅਸਫ਼ਲ ਬਣਾ ਦਿੱਤਾ।

ਸੰਨ 1794 ਵਿਚ ਇਹ ਬ੍ਰਿਗੇਡੀਅਰ ਜਰਨਲ ਦੇ ਅਹੁਦੇ ਤੇ ਪਹੁੰਚ ਗਿਆ ਪਰ ਇਸ ਨੂੰ ਪਹਿਲਾਂ ਬਗ਼ਾਵਤ ਵਿਚ ਭਾਗ ਲੈਣ ਕਾਰਨ ਅਤੇ ਦੂਜੀ ਵਾਰੀ ਉੱਚੇ ਘਰਾਣੇ ਨਾਲ ਸਬੰਧਤ ਹੋਣ ਕਾਰਨ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਰਈਸ-ਵਿਰੋਧੀ ਜੈਕੋਬਿਨੀਆਂ ਦੀ ਹਾਰ ਉਪਰੰਤ ਜਲਦੀ ਹੀ ਇਸ ਨੂੰ ਵਾਪਸ ਬੁਲਾ ਲਿਆ ਗਿਆ। ਸੰਨ 1798-99 ਵਿਚ ਇਹ ਨੈਪੋਲੀਅਨ ਨਾਲ ਮਿਸਰ ਗਿਆ ਅਤੇ ਇਸ ਨੂੰ ਡਵੀਜ਼ਨਲ ਜਨਰਲ ਬਣਾ ਦਿੱਤਾ ਗਿਆ।



**ਲੂਈ ਨਿਕੋਲਸ ਡਾਵੂ**

ਇਸ ਨੇ 1805 ਈ. ਵਿਚ ਅਉਸਟਰਲਿਟਸ (Austerlitz), 1806 ਵਿਚ ਐਉਰਸ਼ਟੈਟ (Aerstadt), ਯੇਨ (Jene), 1806 ਵਿਚ ਆਈਲੂ (Eylau) 1807 ਵਿਚ, ਐਕਮਯੂਲ (Eckmuhl) ਅਤੇ 1809 ਵਿਚ ਵਾਗਰਾਮ ਦੀਆਂ ਜਿੱਤਾਂ ਹਾਸਲ ਕੀਤੀਆਂ। ਨੈਪੋਲੀਅਨ ਨੇ ਖ਼ੁਸ਼ ਹੋ ਕੇ ਇਸ ਨੂੰ 'ਡਿਊਕਅਲ' ਦਾ ਖਿਤਾਬ ਦਿੱਤਾ ਅਤੇ ਇਸ ਨੂੰ 'ਪ੍ਰਿੰਸ ਡ ਐਕਮਯੂਲ' ਬਣਾ ਦਿੱਤਾ ਗਿਆ। ਰੂਸ ਦੀ ਮੁਹਿੰਮ ਵਿਚ ਵੀ ਇਸ ਨੇ ਬੜੀ ਸਫਲਤਾ ਪੂਰਬਕ ਆਪਣਾ ਕਾਰਜ ਨਿਭਾਇਆ। ਇਹ ਬਾਰਡੀਨੋ ਵਿਖੇ ਜ਼ਖਮੀ ਵੀ ਹੋ ਗਿਆ। ਇਥੇ ਹੀ ਇਸ ਦੀ ਹਮਲਾ ਕਰਨ ਦੀ ਸਿਆਣੀ ਯੋਜਨਾ ਨੈਪੋਲੀਅਨ ਨੇ ਨਾ ਮੰਨੀ ਅਤੇ ਇਸ ਮੁਹਿੰਮ ਵਿਚ ਨੈਪੋਲੀਅਨ ਨੂੰ ਜ਼ਬਰਦਸਤ ਹਾਰ ਹੋਈ।

ਸੰਨ 1813 ਵਿਚ ਇਸ ਨੇ ਹੈਮਬਰਗ ਉੱਤੇ ਦੁਬਾਰਾ ਕਬਜ਼ਾ ਕਰ ਲਿਆ ਪਰ ਨੈਪੋਲੀਅਨ ਦੀ ਹਾਰ ਤੋਂ ਬਾਅਦ ਇਸ ਨੇ ਆਪਣੀ ਫ਼ੌਜੀ ਨੌਕਰੀ ਤਿਆਗ ਦਿੱਤੀ ਪਰ ਸੌ ਦਿਨਾਂ ਜੰਗ ਦੇ ਦੌਰਾਨ ਸ਼ਾਹੀ ਸੇਵਾ ਲਈ ਇਹ ਮੁੜ ਯੁੱਧ-ਮੰਤਰੀ ਬਣ ਕੇ ਨੌਕਰੀ ਵਿਚ ਆ ਗਿਆ। ਵਾਟਰਲੂ ਦੀ ਹਾਰ ਤੋਂ ਬਾਅਦ ਇਸ ਨੇ 3 ਜੁਲਾਈ, 1815 ਈ. ਨੂੰ ਪੈਰਿਸ ਦੀ ਸੰਧੀ ਕੀਤੀ। ਇਹ ਆਪਣੇ ਫ਼ੌਜੀਆਂ ਦਾ ਬਹੁਤ ਧਿਆਨ ਰੱਖਦਾ ਸੀ। ਇਸ ਦੇ ਅਫ਼ਸਰ ਇਸ ਤੋਂ ਡਰਦੇ ਸਨ। ਇਹ ਅਨੁਸ਼ਾਸਨ ਪਸੰਦ ਜਰਨੈਲ ਸੀ ਅਤੇ ਅੰਤ ਤੱਕ ਆਪਣੇ ਬਾਦਸ਼ਾਹ ਪ੍ਰਤੀ ਵਫ਼ਾਦਾਰ ਰਿਹਾ।

1 ਜੂਨ, 1823 ਈ. ਵਿਚ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :920 ; ਐਨ. ਅਮੈ. 8 : 540

**ਡਾਵਿਲੀਅਸ, ਗੇਅਸ (Duilius, Gaius)** : ਇਹ ਤੀਸਰੀ ਸਦੀ ਈ. ਪੂ. ਦਾ ਇਕ ਬਹਾਦਰ ਰੋਮਨ ਐਡਮਿਰਲ ਸੀ ਜਿਸ

ਨੇ 264-241 ਈ. ਪੂ. ਹੋਣ ਵਾਲੀ ਪਹਿਲੀ ਪਿਊਨਿਕ ਜੰਗ ਵਿਚ ਕਾਰਥੇਜੀਆਂ ਨੂੰ ਬੁਰੀ ਤਰ੍ਹਾਂ ਹਰਾਇਆ। 260 ਈ. ਪੂ. ਵਿਚ ਸਿਸਲੀ ਵਿਚ ਕਾਂਸਲ ਵਜੋਂ ਥਲ ਸੈਨਾ ਦੀ ਕਮਾਂਡ ਕਰਨ ਸਮੇਂ ਆਪਣੇ ਸਾਥੀ ਸੀ. ਕਾਰਨੀਲੀਅਸ ਸਿਪੀਓ ਐਸੀਨਾ ਦੇ ਫੜੇ ਜਾਣ ਤੇ ਇਸ ਨੇ ਉਸ ਦਾ ਅਹੁਦਾ ਸੰਭਾਲਿਆ ਸੀ। ਇਸ ਨੇ ਕੁੰਡਿਆਂ ਨਾਲ ਫੱਟੇ ਜੋੜ ਕੇ ਪੁਲ ਬਣਾਉਂਣ ਦੀ ਕਾਢ ਕੱਢੀ ਸੀ ਅਤੇ ਸਿਸਲੀ ਦੇ ਦੱਖਣੀ ਤੱਟ ਉਪਰ ਮਾਈਲੀ ਬੰਦਰਗਾਹ ਤੋਂ ਕਾਫ਼ੀ ਦੂਰ ਕਾਰਥੇਜੀ ਸਮੁੰਦਰੀ ਫ਼ੌਜ ਉਪਰ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ ਸੀ। ਰੋਮ ਦੇ ਇਤਿਹਾਸ ਵਿਚ ਇਸ ਨੂੰ ਪਹਿਲਾ ਸਮੁੰਦਰੀ ਜੇਤੂ ਜਰਨੈਲ ਮੰਨਿਆ ਗਿਆ ਹੈ ਅਤੇ ਸਭਾ ਸਥਾਨ ਉਪਰ ਇਕ ਯਾਦਗਾਰੀ ਸਤੰਭ ਨੂੰ, ਇਸ ਵਲੋਂ ਜਿੱਤੇ ਹੋਏ ਸਮੁੰਦਰੀ ਜਹਾਜ਼ਾਂ ਦੀਆਂ ਤਾਂਬੇ ਦੀਆਂ ਚੁੰਝਾਂ ਨਾਲ ਸਜਾਇਆ ਗਿਆ ਹੈ।

ਹ. ਪੁ.–ਐਨ. ਬ੍ਰਿ. 7 : 742; ਐਨ. ਬ੍ਰਿ. ਮਾ. 4 : 261

**ਡਿਉਢ** : ਇਸ ਸ਼ਬਦ ਦਾ ਭਾਵ ਹੈ ਇਕ ਪੂਰਾ ਅਤੇ ਇਕ ਅੱਧਾ। ਇਕ ਛੰਦ ਦਾ ਨਾਂ ਡਿਉਢ ਹੈ ਜਿਸ ਨੂੰ ਦੁਭੰਗੀ ਅਤੇ 'ਮਦਨਰਰ' ਵੀ ਕਹਿੰਦੇ ਹਨ। ਇਸ ਵਿਚ ਚਾਰ ਚਰਣ ਅਤੇ 40 ਮਾਤਰਾਵਾਂ ਦਾ ਪ੍ਰਤਿਚਰਣ ਹੁੰਦਾ ਹੈ। 10 ਉੱਤੇ ਪਹਿਲਾ, 8 ਉੱਤੇ ਦੂਜਾ, 14 ਉੱਤੇ ਤੀਜਾ ਅਤੇ 8 ਉੱਤੇ ਚੌਥਾ ਵਿਸ਼ਰਾਮ ਲਗਦਾ ਹੈ। ਤੀਜੇ ਅਤੇ ਚੌਥੇ ਪਦ ਦਾ ਅਨੁਪ੍ਰਾਸ ਮਿਲਵਾਂ ਹੁੰਦਾ ਹੈ। ਹਰੇਕ ਚਰਣ ਦੇ ਸ਼ੁਰੂ ਵਿਚ ਦੋ ਲਘੂ ਅਤੇ ਅੰਤ ਵਿਚ ਇਕ ਗੁਰੂ ਹੁੰਦਾ ਹੈ। ਉਦਾਹਰਣ ਵਜੋਂ : -

ਕਲਗੀਧਰ ਸੁਾਮੀ ਅੰਤਰਯਾਮੀ

ਜੋ ਸਿਰ ਪੈ ਨਿਜ ਹਾਥ ਧਰੈ, ਸਭ ਦੁੱਖ ਹਰੈ।

ਕਰ ਰੰਕਨ ਰਾਜਾ, ਦੇਇ ਸਮਾਜਾ,

ਸਯਾਲਨ ਕੋ ਸਮ ਸਿੰਘ ਕਰੈ, ਬਲ ਤੇਜ ਭਰੈ

ਇਸ ਛੰਦ ਦੇ ਦੂਜੇ ਰੂਪ ਵਿਚ 36 ਮਾਤਰਾਵਾਂ ਦਾ ਪ੍ਰਤਿਚਰਣ ਹੁੰਦਾ ਹੈ। ਪਹਿਲਾ ਵਿਸ਼ਰਾਮ 11 ਤੇ, ਦੂਜਾ 12 ਤੇ ਅਤੇ ਤੀਜਾ 8 ਤੇ ਹੁੰਦਾ ਹੈ। ਦੂਜੇ, ਤੀਜੇ ਵਿਸ਼ਰਾਮ ਤੇ ਦੋ-ਦੋ ਗੁਰੂ ਅਤੇ ਅਨੁਪ੍ਰਾਸ ਦਾ ਮੇਲ ਹੁੰਦਾ ਹੈ। ਹਰੇਕ ਚਰਣ ਦੇ ਆਦਿ ਵਿਚ ਲਘੂ ਹੁੰਦਾ ਹੈ। ਜਿਵੇਂ :—

ਪਰਉਪਕਾਰ ਰਾਤ ਦਿਨ ਕਰਦਾ, ਧਰੇ ਨ ਮਨ ਹੰਕਾਰਾ, ਗੁਰੂ ਦਾ ਪਆਰਾ।

ਭੁਜਬਲ ਸਾਥ ਕਮਾਵੇ ਰੋਜ਼ੀ, ਕਦੇ ਨਾ ਹੱਥ ਪਸਾਰਾ, ਬਿਨ ਕਰਤਾਰਾ।

ਡਿਉਢ ਦਾ ਤੀਜਾ ਰੂਪ 'ਫਨੀਸ਼' ਛੰਦ ਹੈ। ਇਸ ਦੇ ਚਾਰ ਚਰਣ, 42 ਮਾਤਰਾਵਾਂ ਦੇ ਪ੍ਰਤਿਚਰਣ ਹੁੰਦੇ ਹਨ। ਪਹਿਲਾ ਵਿਸ਼ਰਾਮ 10 ਤੇ , ਦੂਜਾ, ਤੀਜਾ, ਚੌਥਾ ਅਤੇ ਪੰਜਵਾਂ ਵਿਸ਼ਰਾਮ ਅੱਠ-ਅੱਠ ਮਾਤਰਾਵਾਂ ਉਤੇ ਹੁੰਦਾ ਹੈ। ਅੰਤ ਵਿਚ ਦੋ ਗੁਰੂ ਹੁੰਦੇ ਹਨ। ਪਹਿਲੇ ਤਿੰਨ ਵਿਸ਼ਰਾਮ ਦਾ ਅਨੁਪ੍ਰਾਸ ਆਪੋ ਵਿਚ ਮਿਲਵਾਂ ਹੁੰਦਾ ਹੈ, ਚੌਥੇ ਅਤੇ ਪੰਜਵੇਂ ਵਿਸ਼ਰਾਮ ਦਾ ਅਨੁਪ੍ਰਾਸ ਆਪਸ ਵਿਚ ਮਿਲਦਾ ਹੈ। ਜਿਵੇਂ—ਜਿਨ ਮਨਮਤਿ ਤਯਾਗੀ, ਗੁਰਮਤਿ ਪਾਗੀ, ਭੇ ਅਨੁਰਾਗੀ, ਸ੍ਰੀ ਗੁਰਬਾਨੀ, ਜੋ ਸੁਖਦਾਨੀ।

ਹ. ਪੁ.–ਮ. ਕੋ.

**ਡਿਊਅਰ, ਸਰ ਜੇਮਜ਼** : ਇਸ ਅੰਗਰੇਜ਼ ਰਸਾਇਣ ਅਤੇ ਭੌਤਿਕ-ਵਿਗਿਆਨੀ ਦਾ ਜਨਮ 20 ਸਤੰਬਰ, 1842 ਨੂੰ ਸਕਾਟਲੈਂਡ ਵਿਚ ਕਿਨਕਾਰਡਿਨ-ਆੱਨ-ਫੋਰਥ ਵਿਖੇ ਹੋਇਆ। ਇਸ ਨੂੰ ਨਿਮਨ ਤਾਪ ਪ੍ਰਕਿਰਿਆਵਾਂ ਦੇ ਅਧਿਐਨ ਅਤੇ ਨਿਰਵਾਯੂ ਫਲਾਸਕ, ਜਿਹੜੀ ਕਿ ਇਸ ਦੇ ਨਾਂ ਨਾਲ ਪ੍ਰਚੱਲਿਤ ਹੈ, ਕਾਰਨ ਯਾਦ ਕੀਤਾ ਜਾਂਦਾ ਹੈ। ਇਸ ਨੇ ਡਾਲਰ ਅਕੈਡਮੀ, ਡਾਲਰ ਕਲੈਕਮੈਨਐਨਸ਼ਿਰ ਅਤੇ ਐਡਿਨਬਰੋ ਯੂਨੀਵਰਸਿਟੀ ਤੋਂ ਵਿਦਿਆ ਪ੍ਰਾਪਤ ਕੀਤੀ। ਸੰਨ 1875 ਵਿਚ ਇਹ ਕੈਂਬਰਿਜ ਵਿਖੇ ਕੁਦਰਤੀ ਪ੍ਰਯੋਗਿਕ ਫ਼ਿਲਾਸਫੀ ਦਾ ਜੈਕਸੋਨੀ ਪ੍ਰੋਫ਼ੈਸਰ ਚੁਣਿਆ ਗਿਆ ਅਤੇ 1877 ਵਿਚ ਇਸ ਨੇ ਰੱਾਇਲ ਇੰਸਟੀਚਿਊਸ਼ਨ, ਲੰਦਨ ਵਿਚ ਜੇ. ਐੱਚ. ਗਲੈਡਸਟਨ ਦੀ ਥਾਂ ਰਸਾਇਣ-ਵਿਗਿਆਨ ਦੇ ਫੂਲੇਰੀ ਪ੍ਰੋਫ਼ੈਸਰ ਦੀ ਪਦਵੀ ਪ੍ਰਾਪਤ ਕੀਤੀ।

ਡਿਊਅਰ ਦੇ ਮੁਢਲੇ ਖੋਜ-ਪੱਤਰ ਆੱਰਗੈਨਿਕ ਰਸਾਇਣ-ਵਿਗਿਆਨ, ਉੱਚ ਤਾਪਮਾਨ ਦੀ ਮਿਣਤੀ, ਬਿਜੱਲਈ-ਪ੍ਰਕਾਸ਼ ਮਾਪਕਤਾ ਅਤੇ ਬਿਜਲੀ ਆੱਰਕ ਦੀ ਕਿਰਿਆਸ਼ੀਲਤਾ ਨਾਲ ਸੰਬੰਧਤ ਹਨ। ਯੂਨੀਵਰਸਿਟੀ ਕਾਲਜ ਲੰਦਨ ਦੇ ਜੇ.ਈ. ਫਲੈਮਿੰਗ ਨਾਲ ਮਿਲ ਕੇ ਇਸ ਨੇ ਬਹੁਤ ਨੀਵੇਂ ਤਾਪਮਾਨ ਉੱਤੇ ਪਦਾਰਥਾਂ ਦੀ ਵਿਸ਼ਿਸ਼ਟ ਪ੍ਰੇਰਣ ਸਮੱਰਥਾ ਦਾ ਪਤਾ ਲਾਇਆ। ਇਸ ਦਾ ਕਥਿਤ ਸਥਾਈ ਗੈਸਾਂ ਦੇ ਦ੍ਰਵਣ ਉੱਤੇ ਕੰਮ ਅਤੇ ਪਰਮ-ਜ਼ੀਰੋ ਦੇ ਨੇੜੇ ਤਾਪਮਾਨ ਉੱਤੇ ਖੋਜਾਂ ਵਧੇਰੇ ਪ੍ਰਸਿੱਧ ਹਨ। ਇਸ ਖੋਜ ਵਲ ਇਸ ਦੀ ਦਿਲਚਸਪੀ ਘੱਟੋ ਘੱਟ 1874 ਵਿਚ ਉਦੋਂ ਸ਼ੁਰੂ ਹੋਈ ਦੱਸੀ ਜਾਂਦੀ ਹੈ ਜਦੋਂ ਇਸ ਨੇ ਬ੍ਰਿਟਿਸ਼ ਐਸੋਸੀਏਸ਼ਨ ਅੱਗੇ 'ਤਰਲ ਗੈਸਾਂ ਦਾ ਗੁਪਤ ਤਾਪ' ਬਾਰੇ ਵਿਚਾਰ ਵਟਾਂਦਰਾ ਕੀਤਾ। ਸੰਨ 1891 ਤੱਕ ਡਿਊਅਰ ਕਾਫ਼ੀ ਮਾਤਰਾ ਵਿਚ ਤਰਲ ਆਕਸੀਜਨ ਬਣਾਉਣ ਲਈ ਇਕ ਮਸ਼ੀਨ ਤਿਆਰ ਕਰ ਚੁੱਕਾ ਸੀ। ਇਸ ਨੇ ਇਸ ਤਰਲ ਦੀ ਵਰਤੋਂ ਉਲਕਾ-ਪਿੰਡਾਂ ਉੱਤੇ ਕੁਝ ਨਿਮਨ-ਤਾਪਮਾਨ ਪ੍ਰਯੋਗਾਂ ਲਈ ਕੀਤੀ ਅਤੇ 1891 ਵਿਚ ਸਿੱਧ ਕੀਤਾ ਕਿ ਤਰਲ ਆਕਸੀਜਨ ਅਤੇ ਓਜ਼ੋਨ ਚੁੰਬਕੀ ਹਨ। ਇਸ ਨੇ ਬਹੁਤ ਨੀਵੇਂ ਤਾਪਮਾਨਾਂ ਉੱਤੇ ਅਧਿਐਨਾਂ ਵਿਚ ਤਰਲ ਗੈਸਾਂ ਦੀ ਵਰਤੋਂ ਨੂੰ ਸਹਾਈ ਮੰਨਿਆ।

ਸੰਨ 1892 ਦੇ ਲਗਭਗ ਇਸ ਨੂੰ ਤਰਲ ਗੈਸਾਂ ਨੂੰ ਸਟੋਰ ਕਰਨ ਲਈ ਨਿਰਵਾਯੂ-ਜਾਕਿਟ ਵਾਲੇ ਬਰਤਨ ਦੀ ਵਰਤੋਂ ਦਾ ਖ਼ਿਆਲ ਸੁੱਝਿਆ। ਇਹ ਯੰਤਰ ਇੰਨਾ ਸੁਯੋਗ ਸਿੱਧ ਹੋਇਆ ਕਿ ਇਸ ਵਿਚ ਬਾਹਰਲਾ ਤਾਪ ਬਿਲਕੁਲ ਨਹੀਂ ਸੀ ਪਹੁੰਚ ਸਕਦਾ ਅਤੇ ਇਸ ਵਿਚ ਤਰਲਾਂ ਨੂੰ ਅੱਗੇ ਨਾਲੋਂ ਵਧੇਰੇ ਸਮੇਂ ਲਈ ਸੰਭਾਲਿਆ ਜਾ ਸਕਦਾ ਸੀ। ਡਿਊਅਰ ਦੁਆਰਾ ਤਿਆਰ ਕੀਤੇ ਇਸ ਯੰਤਰ ਦਾ ਨਾਂ 'ਡਿਊਅਰ ਫਲਾਸਕ' ਨਾਲ ਜਾਣਿਆ ਜਾਂਦਾ ਹੈ ਅਤੇ ਇਹ ਨਿਮਨ ਤਾਪਮਾਨ ਉੱਤੇ ਕੰਮ ਲਈ ਬਹੁਤ ਮਹੱਤਵਪੂਰਣ ਹੈ। ਇਸੇ ਸਿੱਧਾਂਤ ਦੀ ਵਰਤੋਂ ਵਧੇਰੇ ਕਰਕੇ ਆਮ ਥਰਮਸ ਬੋਤਲ ਜਾਂ ਨਿਰਵਾਯੂ ਫਲਾਸਕ ਵਿਚ ਕੀਤੀ ਗਈ ਹੈ। ਇਸ ਤੋਂ ਬਾਅਦ ਇਸ ਨੇ ਇਕ ਉੱਚ ਦਬਾਉ ਹਾਈਡ੍ਰੋਜਨ ਜੈੱਟ ਨਾਲ ਪ੍ਰਯੋਗ ਕੀਤੇ, ਇਸ ਤਰ੍ਹਾਂ ਪ੍ਰਾਪਤ ਸਿਟਿਆਂ ਨਾਲ ਇਸ ਨੇ ਰੱਾਇਲ ਇੰਸਟੀਚਿਊਸ਼ਨ ਵਿਖੇ ਇਕ ਵੱਡੀ ਸ਼ੀਤਣ ਮਸ਼ੀਨ ਬਣਾਈ ਜਿਸ ਨਾਲ 1898 ਵਿਚ ਪਹਿਲਾਂ ਹਾਈਡ੍ਰੋਜਨ ਨੂੰ ਤਰਲ ਅਵਸਥਾ ਵਿਚ ਅਤੇ 1890 ਵਿਚ ਠੋਸ ਅਵਸਥਾ ਵਿਚ ਬਦਲਿਆ। ਇਸ ਨੇ ਘੱਟ ਤਾਪਮਾਨਾਂ ਉੱਤੇ ਠੰਢੇ ਕੀਤੇ ਚਾਰਕੋਲ ਦੀਆਂ ਗੈਸ ਸੋਖਣ ਸਮਰੱਥਾਵਾਂ ਦਾ ਪਤਾ ਲਾਇਆ ਅਤੇ ਇਨ੍ਹਾਂ ਦੀ ਵਰਤੋਂ ਉੱਚ ਵੈਕਿਊਮ ਉਤਪੰਨ ਕਰਨ ਅਤੇ ਗੈਸ ਵਿਸ਼ਲੇਸ਼ਣ ਵਿਚ ਕੀਤੀ। ਇਸ ਨੇ ਸਰ ਫ੍ਰੈਡੱਰਿਕ ਏਬੈੱਲ ਨਾਲ ਮਿਲ ਕੇ ਧੂੰਆਂ ਰਹਿਤ ਬੰਬ ਈਜਾਦ ਕੀਤਾ। ਇਸ ਨੇ 1849 ਵਿਚ ਰੱਾਇਲ ਸੋਸਾਇਟੀ ਦਾ ਰਮਫ਼ਰਡ ਮੈਡਲ ਪ੍ਰਾਪਤ ਕੀਤਾ। ਇਸ ਨੂੰ 1904 ਵਿਚ ਨਾਈਟ ਦੇ ਖ਼ਿਤਾਬ ਨਾਲ ਸਨਮਾਨਿਆ ਗਿਆ।

ਇਸ ਦੀ ਮੌਤ 27 ਮਾਰਚ, 1923 ਨੂੰ ਹੋਈ।

ਹ. ਪੁ.–ਐਨ. ਬ੍ਰਿ. 7 : 345

**ਡਿਊਈ ਜਾਨ** : ਸੰਯੁਕਤ ਰਾਜ ਅਮਰੀਕਾ ਦੇ ਇਸ ਉੱਘੇ ਦਾਰਸ਼ਨਿਕ, ਮਨੋਵਿਗਿਆਨੀ ਅਤੇ ਸਿੱਖਿਆ ਸ਼ਾਸਤਰੀ ਦਾ ਜਨਮ 20 ਅਕਤੂਬਰ, 1859 ਨੂੰ ਬਰਲਿੰਗਟਨ (ਵਰਮਾਂਟ) ਵਿਖੇ ਹੋਇਆ। ਇਹ ਪਰਿਣਾਮਵਾਦ ਦੇ ਦਾਰਸ਼ਨਿਕ ਸਕੂਲ ਦੇ ਬਾਨੀਆਂ ਵਿਚੋਂ ਇਕ ਅਤੇ ਸੰਯੁਕਤ ਰਾਜ ਦੀ ਪ੍ਰਗਤੀਵਾਦੀ ਸਿੱਖਿਆ ਦੇ ਅੰਦੋਲਨ ਦਾ ਪ੍ਰਤੀਨਿਧ ਸੀ।



ਜਾਨ ਡਿਊਈ

ਸੰਨ 1879 ਵਿਚ ਇਸਨੇ ਵਰਮਾਂਟ ਦੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਅਤੇ 1884 ਈ. ਵਿਚ ਜਾਹਨਜ਼ ਹਾਪਕਿਨਜ਼ ਯੂਨੀ-ਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਇਹ ਮਿਨਾਸੋਟਾ ਅਤੇ ਮਿਸ਼ੀਗਨ ਯੂਨੀਵਰਸਿਟੀ ਵਿਚ ਦਸ ਸਾਲ ਪ੍ਰੋਫ਼ੈਸਰ ਰਿਹਾ। ਇਥੇ ਇਸ ਨੇ ਜਰਮਨ ਫ਼ਿਲਾਸਫ਼ਰ ਹੇਗਲ ਅਤੇ ਬ੍ਰਿਟਿਸ਼ ਨੀਓ ਹੇਗਲੀਅਨਜ਼ ਬਾਰੇ ਡੂੰਘਾ ਅਧਿਐਨ ਕੀਤਾ। ਮਿਸ਼ੀਗਨ ਵਿਚ ਹੀ ਇਸ ਨੇ ਆਪਣੀ ਇਕ ਵਿਦਿਆਰਥਣ ਹੈਰੀਅਟ ਐਲਾਈਸ ਜਿਸ ਦੀ ਸਮਾਜਕ ਅਤੇ ਵਿਦਿਅਕ ਸਮਸਿਆਵਾਂ ਵਿਚ ਕਾਫ਼ੀ ਦਿਲਚਸਪੀ ਸੀ, ਨਾਲ ਵਿਆਹ ਕਰਵਾ ਲਿਆ।

ਮਿਸ਼ੀਗਨ ਅਤੇ ਮਿਨਾਸੋਟਾ ਯੂਨੀਵਰਸਿਟੀ ਵਿਖੇ ਪੜ੍ਹਾਉਣ ਉਪਰੰਤ 1894 ਈ. ਵਿਚ ਇਹ ਸ਼ਿਕਾਗੋ ਯੂਨੀਵਰਸਿਟੀ ਵਿਖੇ ਦਰਸ਼ਨ ਸ਼ਾਸਤਰ ਦਾ ਪ੍ਰੋਫ਼ੈਸਰ ਅਤੇ ਦਰਸ਼ਨ, ਮਨੋਵਿਗਿਆਨ ਅਤੇ ਸਿੱਖਿਆ-ਸ਼ਾਸਤਰ ਵਿਭਾਗ ਦਾ ਚੇਅਰਮੈਨ ਲੱਗ ਗਿਆ। ਡਿਊਈ ਨੇ ਇਨ੍ਹਾਂ ਤਿੰਨਾਂ ਵਿਸ਼ਿਆਂ ਵਿਚ ਸਬੰਧ ਸਥਾਪਤ ਕਰਨ ਅਤੇ ਸਿੱਖਿਆ ਸ਼ਾਸਤਰ ਨੂੰ ਦਰਸ਼ਨ ਅਤੇ ਮਨੋਵਿਗਿਆਨ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ। ਸ਼ਿਕਾਗੋ ਯੂਨੀਵਰਸਿਟੀ ਦੀ ਇਸ ਪ੍ਰਾਪਤੀ ਨਾਲ ਇਸਨੂੰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਹੋਈ। ਇਸ ਵਲੋਂ ਸਟਡੀਜ਼ ਇਨ ਲਾਜਿਕਲ ਥਿਊਰੀ ਹੇਠ ਲੇਖਾਂ ਦੇ ਪ੍ਰਕਾਸ਼ਿਤ ਹੋਣ ਤੇ ਫ਼ਿਲਾਸਫੀ ਦਾ ਇਕ ਨਵਾਂ ਸ਼ੂਕੂਲ 'ਸ਼ਿਕਾਗੋ ਸਕੂਲ' ਦੇ ਨਾਂ ਹੇਠ ਹੋਂਦ ਵਿਚ ਆਇਆ।

ਹੇਗਲ ਦੇ ਵਿਚਾਰ ਸਿਧਾਂਤ ਨਾਲੋਂ ਇਸ ਨੇ ਮਨੋਵਿਗਿਆਨ ਅਤੇ ਜੀਵ ਵਿਗਿਆਨ ਦੇ ਵਿਕਾਸਾਤਮਕ ਵਿਚਾਰ ਨੂੰ ਪਹਿਲ ਦਿੱਤੀ। ਮਨੋਵਿਗਿਆਨ ਦੇ ਖੇਤਰ ਵਿਚ ਵੀ ਇਸਨੇ ਬਹੁਤ ਯੋਗਦਾਨ ਪਾਇਆ ਹੈ। ਇਸ ਦੇ ਮਨੋਵਿਗਿਆਨਕ ਸਾਹਿਤ ਬਾਰੇ ਲਿਖੇ ਕਈ ਲੇਖਾਂ ਨੂੰ ਮੀਲ ਪੱਥਰ ਹੀ ਸਮਝਿਆ ਜਾਂਦਾ ਹੈ ਅਤੇ ਇਨ੍ਹਾਂ ਲੇਖਾਂ ਦੇ ਸਿਰ ਤੇ ਡਿਊਈ ਦਾ ਮਨੋਵਿਗਿਆਨਕ ਇਤਿਹਾਸ ਵਿਚ ਸਦਾ ਲਈ ਪੱਕਾ ਸਥਾਨ ਬਣ ਗਿਆ ਹੈ।

ਸੰਨ 1904 ਵਿਚ ਇਹ ਕੋਲੰਬੀਆ ਯੂਨੀਵਰਸਿਟੀ ਵਿਖੇ ਦਰਸ਼ਨ ਦਾ ਪ੍ਰੋਫ਼ੈਸਰ ਅਤੇ ਫਿਰ ਅਮੈਰੀਟਸ ਪ੍ਰੋਫ਼ੈਸਰ ਰਿਹਾ। 47 ਸਾਲ ਤਕ ਇਹ ਕੋਲੰਬੀਆ ਨਾਲ ਸਬੰਧਤ ਰਿਹਾ ਅਤੇ 25 ਸਾਲਾਂ ਦੇ ਆਪਣੇ ਪ੍ਰਭਾਵਸ਼ਾਲੀ ਸਿਖਿਅਕ ਜੀਵਨ ਦੌਰਾਨ ਇਹ ਅਮਰੀਕਾ ਦੇ ਉੱਘੇ ਸਿਖਿਅਕਾਂ ਵਿਚ ਗਿਣਿਆ ਜਾਣ ਲੱਗਾ। ਇਸ ਨੇ ਤਰਕ ਅਤੇ ਗਿਆਨ ਦੇ ਸਿਧਾਂਤ, ਮਨੋਵਿਗਿਆਨ, ਸਿੱਖਿਆ, ਸਮਾਜਕ ਦਰਸ਼ਨ, ਲਲਿਤ-ਕਲਾ ਅਤੇ ਧਰਮ ਵਰਗੇ ਅਨੇਕਾਂ ਵਿਸ਼ਿਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਉੱਘੀਆਂ ਪੁਸਤਕਾਂ ਕਾਰਨ ਇਹ ਅਮਰੀਕਾ ਦਾ ਉੱਘਾ ਦਾਰਸ਼ਨਿਕ ਅਤੇ ਦੇਸ਼ ਦੇ ਰਚਨਾਤਮਕ ਵਿਦਵਾਨਾਂ ਵਿਚ ਗਿਣਿਆ ਜਾਣ ਲੱਗਾ। ਇਸ ਦੀਆਂ ਲਿਖਤਾਂ ਦੀ ਸੂਚੀ 125 ਪੰਨਿਆਂ ਵਿਚ ਹੈ। ਦੇਸ਼ੀ ਬਦੇਸ਼ੀ ਅਤੇ ਅੰਤਰ ਰਾਸ਼ਟਰੀ ਪ੍ਰਗਤੀ ਬਾਰੇ ਇਸ ਦੇ ਲੇਖ 'ਦੀ ਨਿਊ ਰਿਪਬਲਿਕ' ਸਮੇਤ ਕਈ ਰਸਾਲਿਆਂ ਵਿਚ ਛਪੇ।

ਸੰਨ 1925 ਵਿਚ ਇਸ ਦੀ ਪ੍ਰਸਿੱਧ ਪੁਸਤਕ 'ਇਕਸਪੀਰੀਐਂਸ ਐਂਡ ਨੇਚਰ' ਛਪੀ ਜਿਸ ਵਿਚ ਇਸ ਦੇ ਫ਼ਲਸਫ਼ੇ ਦੇ ਮੁੱਖ ਪੱਖ ਸਿਲਸਿਲੇ ਬੱਧ ਪੇਸ਼ ਕੀਤੇ ਗਏ ਹਨ। ਇਹ ਯੂਨੀਵਰਸਿਟੀ ਪ੍ਰੋਫ਼ੈਸਰਾਂ ਦੀ ਅਮਰੀਕੀ ਐਸੋਸੀਏਸ਼ਨ ਦੇ ਬਾਨੀਆਂ ਵਿਚੋਂ ਸੀ ਅਤੇ ਇਸ ਦਾ ਪਹਿਲਾ ਪ੍ਰਧਾਨ ਅਤੇ ਨਿਊਯਾਰਕ ਸ਼ਹਿਰ ਦੇ ਪਹਿਲੇ ਸਿੱਖਿਅਕ ਸੰਘ ਦਾ ਚਾਰਟਰ ਮੈਂਬਰ ਵੀ ਸੀ। ਸੰਨ 1919 ਵਿਚ ਇਸਨੇ ਸੋਸ਼ਲ ਰਿਸਰਚ ਲਈ ਨਿਊ ਸਕੂਲ ਅਤੇ ਸੰਨ 1933 ਵਿਚ ਯੂਨੀਵਰਸਿਟੀ - ਇਨ - ਇਗਜ਼ਾਈਲ ਸਥਾਪਿਤ ਕਰਨ ਵਿਚ ਮਦਦ ਕੀਤੀ। ਇਹ ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ, ਲੀਗ ਫਾਰ ਇੰਡਸਟ੍ਰੀਅਲ ਡੈਮੋਕ੍ਰੇਸੀ ਅਤੇ ਪੀਪਲਜ਼ ਲਾਬੀ ਵਿਚ ਕਈ ਅਹੁਦਿਆਂ ਤੇ ਰਿਹਾ।

ਸੰਨ 1930 ਦੇ ਦਹਾਕੇ ਦੇ ਮੰਦੇ ਦੌਰਾਨ ਪੈਦਾ ਹੋਈਆਂ ਮੁਸ਼ਕਿਲਾਂ ਨੂੰ ਦਬਾਉਣ ਲਈ ਇਸਨੇ ਇਕ ਤੀਜੀ ਸਿਆਸੀ ਪਾਰਟੀ ਸੰਗਠਿਤ ਕੀਤੀ। ਲਿਓਨ ਟ੍ਰਾਟਸਕੀ ਵਿਰੁੱਧ ਲਗਾਏ ਗਏ ਇਲਜ਼ਾਮਾਂ ਦੀ ਜਾਂਚ ਕਰਨ ਲਈ 1937 ਈ. ਵਿਚ ਇਸ ਹੇਠ ਇਕ ਕਮਿਸ਼ਨ ਸੰਗਠਿਤ ਕੀਤਾ ਗਿਆ।

ਇਸ ਦੀ ਪ੍ਰਸਿੱਧੀ ਨੂੰ ਦੇਖਦੇ ਹੋਏ ਇਸ ਨੂੰ ਬਦੇਸ਼ਾਂ ਜਿਵੇਂ ਰੂਸ, ਚੀਨ, ਜਾਪਾਨ, ਮੈਕਸੀਕੋ, ਦੱਖਣੀ ਅਫ਼ਰੀਕਾ ਆਦਿ ਤੋਂ ਸੱਦੇ ਆਏ ਅਤੇ ਕਈ ਸਨਮਾਨ ਪ੍ਰਾਪਤ ਹੋਏ। ਇਸਨੂੰ ਘੱਟੋ-ਘੱਟ 13 ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਆਨਰੇਰੀ ਡਿਗਰੀਆਂ ਦਿੱਤੀਆਂ ਗਈਆਂ। ਸੰਨ 1939 ਵਿਚ ਚੀਨ ਦੀ ਸਰਕਾਰ ਵਲੋਂ 'ਆਰਡਰ ਆਫ਼ ਦੀ ਜੇਡ' ਅਤੇ 1949 ਈ. ਵਿਚ ਚਿਲੀਅਨ ਸਰਕਾਰ ਵਲੋਂ 'ਆਰਡਰ ਆਫ਼ ਮੈਰਿਟ' ਦੇ ਕੇ ਸਨਮਾਨਿਤ ਕੀਤਾ ਗਿਆ। ਆਪਣੇ ਦੇਸ਼ ਵਿਚ ਵੀ ਅਨੇਕਾਂ ਅਦਾਰਿਆਂ ਦਾ ਇਸਨੂੰ ਉਮਰ ਭਰ ਲਈ ਪ੍ਰਧਾਨ ਬਣਾਇਆ ਗਿਆ। ਇਸਦੇ 70 ਵੇਂ, 80 ਵੇਂ ਅਤੇ 90 ਵੇਂ ਜਨਮ ਦਿਨ ਨੂੰ ਦੇਸ਼ ਭਰ ਵਿਚ ਮਨਾਇਆ ਗਿਆ।

ਵੱਖ ਵੱਖ ਖੇਤਰਾਂ ਵਿਚ ਡਿਊਈ ਨੇ ਅਨੇਕਾਂ ਪੁਸਤਕਾਂ ਲਿਖੀਆਂ। ਸਿੱਖਿਆ ਵਿਚ 'ਦਾ ਸਕੂਲ ਐਂਡ ਸੋਸਾਇਟੀ' (1899); 'ਡੈਮੋਕਰੇਸੀ ਐਂਡ ਐਜੂਕੇਸ਼ਨ' (1916); ਇਕਸਪੀਰੀਐਂਸ ਐਂਡ ਐਜੂਕੇਸ਼ਨ, ਫਲਸਫ਼ੇ ਅਤੇ ਮਨੋਵਿਗਿਆਨ ਵਿਚ - 'ਸਟੱਡੀਜ਼ ਇਨ

ਲਾੱਜਿਕਲ ਥਿਊਰੀ' (1903); 'ਹਾਊ ਵੀ ਥਿੰਕ' (1910); 'ਰੀਕਾਨਸਟ੍ਰਕੱਸ਼ਨ ਇਨ ਫ਼ਿਲਾਸਫ਼ੀ' (1920); 'ਹਿਊਮਨ ਨੇਚਰ ਐਂਡ ਕੰਡਕਟ' (1922); 'ਦਾ ਪਬਲਿਕ ਐਂਡ ਇਟਸ ਪ੍ਰਾਬਲਮਜ਼' (1927) ਅਤੇ 'ਆਰਟ ਐਂਡ ਇਕਸਪੀਰੀਐਂਸ' (1934) ਇਸ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਅਖ਼ੀਰਲੀ ਉਮਰ ਵਿਚ ਇਸ ਦਾ ਚੂਲਾ ਟੁੱਟ ਗਿਆ ਅਤੇ ਇਹ ਮੰਜੇ ਜੋਗਾ ਹੀ ਰਹਿ ਗਿਆ ਸੀ ਪਰ ਲਿਖਣਾ ਇਸ ਨੇ ਫਿਰ ਭੀ ਨਾ ਛੱਡਿਆ। ਜੂਨ, 1952 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 508 ; ਐਨ. ਅਮੇ. 9 : 47

**ਡਿਊਈ, ਜਾਰਜ** : ਸੰਯੁਕਤ ਰਾਜ ਅਮਰੀਕਾ ਦੀ ਸਮੁੰਦਰੀ ਫ਼ੌਜ ਦਾ ਇਕ ਪ੍ਰਸਿੱਧ ਕਮਾਂਡਰ ਸੀ ਜਿਸਨੇ ਮਨੀਲਾ ਦੀ ਖਾੜੀ ਉਪਰ 1898 ਈ. ਵਿਚ ਸਪੇਨੀ ਬੇੜੇ ਨੂੰ ਕਰਾਰੀ ਹਾਰ ਦਿੱਤੀ ਸੀ। ਇਸ ਦਾ ਜਨਮ 26 ਦਸੰਬਰ, 1837 ਨੂੰ ਮਾਂਟਪੀਲੀਅਰ ਵਿਖੇ ਹੋਇਆ। ਨੇਵਲ ਅਕਾਦਮੀ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ 1861 ਈ. ਵਿਚ ਇਸਨੂੰ ਲੈਫਟੀਨੈਂਟ ਬਣਾਇਆ ਗਿਆ। ਘਰੇਲੂ ਯੁੱਧ ਦੌਰਾਨ ਇਸਨੇ ਕਈ ਬੰਦਰਗਾਹਾਂ 'ਤੇ ਹੋਏ ਹਮਲਿਆਂ ਵਿਚ ਹਿੱਸਾ ਲਿਆ। ਯੁੱਧ ਦੌਰਾਨ ਅਤੇ ਬਾਅਦ ਵਿਚ ਲਗਾਤਾਰ ਤਰੱਕੀ ਕਰਦਾ ਗਿਆ।

ਸੰਨ 1897 ਵਿਚ ਇਸਨੂੰ ਇਸ ਦੀ ਇੱਛਾ ਤੇ ਏਸ਼ੀਆਟਿਕ ਸੁਕੈਡਰਨ ਦੀ ਕਮਾਨ ਦਿੱਤੀ ਗਈ। ਜੰਗ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਇਸਨੇ ਸਪੇਨੀ ਫਿਲਪੀਨ ਦੀਪ ਸਮੂਹਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਅਤੇ ਆਪਣੇ ਬੇੜੇ ਨੂੰ ਲੜਾਈ ਲਈ ਪੂਰਾ ਤਿਆਰ ਕਰ ਲਿਆ। ਅਪ੍ਰੈਲ, 1898 ਵਿਚ ਸੱਚਮੁਚ ਹੀ ਜੰਗ ਛਿੜ ਪਈ। ਇਸ ਦੀ ਸਕੀਮ ਅੱਗੇ ਸਪੇਨੀ ਬਿਲਕੁਲ ਹੀ ਅੜ ਨਾ ਸਕੇ ਅਤੇ ਇਸਨੇ ਇਕ ਬੰਦੇ ਦੀ ਜਾਨ ਗਵਾਏ ਬਿਨ੍ਹਾਂ ਹੀ ਇਹ ਜਿੱਤ ਪ੍ਰਾਪਤ ਕਰ ਲਈ ਅਤੇ ਫਿਲਪੀਨ ਉਤੇ ਕਬਜ਼ਾ ਕਰ ਲਿਆ ਜਿਸ ਨਾਲ ਅਮਰੀਕਾ ਪੱਛਮੀ ਸ਼ਾਂਤ ਮਹਾਂਸਾਗਰੀ ਖੇਤਰ ਦੀਆਂ ਪ੍ਰਮੁੱਖ ਸ਼ਕਤੀਆਂ ਵਿਚ ਗਿਣਿਆ ਜਾਣ ਲੱਗਾ।



ਜਾਰਜ ਡਿਊਈ

ਦੇਸ਼ ਪਰਤਣ ਤੇ ਨਿਊਯਾਰਕ ਵਿਖੇ ਇਸਦਾ ਬਹੁਤ ਸਵਾਗਤ ਕੀਤਾ ਗਿਆ। ਸਰਕਾਰ ਨੇ ਇਸਨੂੰ ਨੇਵੀ ਦੀ ਸਭ ਤੋਂ ਵੱਡੀ ਪਦਵੀ ਐਡਮਿਰਲ ਦੇ ਕੇ ਸਨਮਾਨਿਤ ਕੀਤਾ ਅਤੇ ਵਿਸ਼ੇਸ਼ ਉਪਬੰਧਾਂ ਅਧੀਨ ਇਹ ਆਪਣੀ ਮੌਤ ਤੱਕ ਨੌਕਰੀ ਵਿਚ ਹੀ ਰਿਹਾ। ਆਪਣੇ ਅੰਤਲੇ ਸੱਤ ਸਾਲਾਂ ਦੌਰਾਨ ਇਹ ਜਲ- ਸੈਨਾ ਦੇ ਜਨਰਲ ਬੋਰਡ ਦਾ ਪ੍ਰਧਾਨ ਰਿਹਾ। ਸੰਨ 1913 ਵਿਚ ਇਸਦੀ ਸਵੈ-ਜੀਵਨੀ 'ਦੀ ਆਟੋ-ਬਾਇਓਗ੍ਰਾਫੀ ਆਫ਼ ਜਾਰਜ ਡਿਊਈ' ਨਾਮੀ ਪੁਸਤਕ ਪ੍ਰਕਾਸ਼ਿਤ ਹੋਈ।

16 ਜਨਵਰੀ, 1917 ਨੂੰ ਵਾਸ਼ਿੰਗਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 507 ; ਐਨ. ਅਮੇ. 9 : 47

**ਡਿਊਈ, ਟਾਮਸ ਐਡਮੰਡ** : ਇਹ ਅਮਰੀਕਾ ਦਾ ਇਕ ਬਹੁਤ ਪ੍ਰਸਿੱਧ ਸਰਕਾਰੀ ਵਕੀਲ ਹੋਇਆ ਹੈ ਜਿਹੜਾ 1943 ਤੋਂ 1955 ਤੱਕ ਨਿਊਯਾਰਕ ਦਾ ਗਵਰਨਰ ਰਿਹਾ ਸੀ ਅਤੇ ਜਿਸ ਨੂੰ ਰੀਪਬਲਕਨ ਪਾਰਟੀ ਵੱਲੋਂ ਪ੍ਰਧਾਨਗੀ ਪਦ ਲਈ ਦੋ ਵਾਰ ਨਾਮਜ਼ਦ ਕੀਤਾ ਗਿਆ ਸੀ। ਇਸ ਦਾ ਜਨਮ 24 ਮਾਰਚ, 1902 ਨੂੰ ਮਿਸ਼ੀਗਨ ਵਿਚ ਓਵਾਸੋ ਵਿਖੇ ਹੋਇਆ। ਪੜ੍ਹਾਈ ਖ਼ਤਮ ਕਰਕੇ ਡਿਊਈ ਨਿਊਯਾਰਕ ਵਿਚ ਵਕਾਲਤ ਕਰਨ ਲੱਗ ਪਿਆ। ਸੰਨ 1931 ਵਿਚ ਇਹ ਸਰਕਾਰੀ ਵਕੀਲ ਬਣ ਗਿਆ ਅਤੇ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਸੰਯੁਕਤ ਰਾਜ ਅਟਾਰਨੀ ਦਾ ਮੁੱਖ ਸਹਾਇਕ ਨਿਯੁਕਤ ਹੋਇਆ। ਇਹ ਨਿਊਯਾਰਕ ਵਿਚ ਸੰਗਠਤ ਅਪਰਾਧਾਂ ਦੀ ਤਫ਼ਤੀਸ਼ ਲਈ ਬਹੁਤ ਪ੍ਰਸਿੱਧ ਹੋਇਆ। ਸੰਨ 1937 ਵਿਚ ਇਹ ਜ਼ਿਲ੍ਹਾ ਅਟਾਰਨੀ ਚੁਣਿਆ ਗਿਆ। ਭਾਵੇਂ ਇਹ ਨਿਊਯਾਰਕ ਦੇ ਗਵਰਨਰ ਲਈ ਰੀਪਬਲਕਨ ਪਾਰਟੀ ਦੇ ਉਮੀਦਵਾਰ ਵਜੋਂ 1938 ਵਿਚ ਅਸਫ਼ਲ ਰਿਹਾ ਪਰ ਅਗਲੀਆਂ 1942, 1946 ਤੇ 1950 ਦੀਆਂ ਤਿੰਨ ਚੋਣਾਂ ਵਿਚ ਇਹ ਨਿਊਯਾਰਕ ਦੇ ਅਹੁਦੇ ਲਈ ਚੁਣਿਆ ਗਿਆ। ਸੰਨ 1944 ਤੇ 1948 ਵਿਚ ਇਹ ਪ੍ਰਧਾਨ ਲਈ ਨਾਂ-ਮਾਤਰ ਵੋਟਾਂ ਤੇ ਅਸਫ਼ਲ ਰਿਹਾ। ਸੰਨ 1952 ਵਿਚ ਇਸ ਨੇ ਦੂਰ ਪੂਰਬ ਦੀ ਯਾਤਰਾ ਕੀਤੀ ਅਤੇ ਇਸ ਯਾਤਰਾ ਦਾ ਵਰਨਨ ਆਪਣੀ ਪੁਸਤਕ 'ਜਰਨੀ ਟੂ ਦੀ ਫਾਰ ਪੈਸਿਫ਼ਿਕ' (1952) ਵਿਚ ਕੀਤਾ। ਸੰਨ 1955 ਵਿਚ ਤੀਜੀ ਵਾਰ ਨਿਊਯਾਰਕ ਦਾ ਗਵਰਨਰ ਚੁਣੇ ਜਾਣ ਮਗਰੋਂ ਇਸ ਨੇ ਵਕਾਲਤ ਕਰਨੀ ਸ਼ੁਰੂ ਕਰ ਦਿਤੀ।

16 ਮਾਰਚ, 1971 ਨੂੰ ਫਲੋਰਿਡਾ ਰਾਜ ਵਿਚ ਬਾਲ ਹਾਰਬਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7. 347; ਐਨ. ਬ੍ਰਿ. ਮਾ. 3. 508

**ਡਿਊਈ ਮੇਲਵਿਲ** : ਸੰਯੁਕਤ ਰਾਜ ਅਮਰੀਕਾ ਦਾ ਇਕ ਲਾਇਬ੍ਰੇਰੀਅਨ ਸੀ ਜਿਸਨੇ ਅਮਰੀਕਾ ਵਿਚ ਲਾਇਬ੍ਰੇਰੀ ਵਿਗਿਆਨ ਨੂੰ ਉੱਨਤ ਕੀਤਾ। ਇਸ ਦਾ ਜਨਮ 10 ਦਸੰਬਰ, 1851 ਨੂੰ ਐਡਮਜ਼ ਸੈਂਟਰ ਵਿਖੇ ਹੋਇਆ। ਸੰਨ 1874 ਵਿਚ ਇਸ ਨੇ ਐਮਹਰਸਟ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਅਤੇ 1876 ਈ. ਤਕ ਇਥੇ ਹੀ ਲਾਇਬ੍ਰੇਰੀਅਨ ਦੇ ਅਹੁਦੇ ਤੇ ਰਿਹਾ। ਇਸ ਸਮੇਂ ਦੌਰਾਨ ਇਸਨੇ ਵਰਗੀਕਰਨ ਪ੍ਰਣਾਲੀ ਜਿਸਨੂੰ ਡਿਊਈ ਦਸ਼ਮਲਵ ਪ੍ਰਣਾਲੀ ਵੀ ਕਿਹਾ ਜਾਂਦਾ ਹੈ ਦੀ ਕਾਢ ਕੱਢੀ। ਇਸ ਪ੍ਰਣਾਲੀ ਨੂੰ ਅੱਜ ਵੀ ਸੰਯੁਕਤ ਰਾਜ ਅਤੇ ਬਦੇਸ਼ਾਂ ਦੀਆਂ ਕਈ ਲਾਇਬ੍ਰੇਰੀਆਂ ਵਿਚ ਵਰਤਿਆ ਜਾਂਦਾ ਹੈ। ਇਸ ਪ੍ਰਣਾਲੀ ਦਾ ਇਸਨੇ 'ਏ ਕਲਾਸੀਫੀਕੇਸ਼ਨ ਐਂਡ ਸਬਜੈਕਟ ਇਨਡੈਕਸ ਫ਼ਾਰ ਕੈਟਾਲਾਗਿੰਗ ਐਂਡ ਅਰੇਂਜਿੰਗ ਦੀ ਬੁਕਸ ਐਂਡ ਪੈਂਫਲਿਟਸ ਆਫ਼ ਏ ਲਾਇਬ੍ਰੇਰੀ' (1876) ਵਿਚ ਵਰਨਨ ਕੀਤਾ ਹੈ।

ਸੰਨ 1877 ਵਿਚ ਇਹ ਬੋਸਟਨ ਚਲਾ ਗਿਆ ਇਥੇ ਇਸਨੇ 'ਲਾਇਬ੍ਰੇਰੀ ਜਰਨਲ' ਕੱਢਣਾ ਸ਼ੁਰੂ ਕੀਤਾ। ਇਹ 'ਅਮਰੀਕੀ ਲਾਇਬ੍ਰੇਰੀ ਐਸੋਸੀਏਸ਼ਨ' ਦਾ ਬਾਨੀ, ਸਕੱਤਰ, ਪ੍ਰਧਾਨ ਅਤੇ 'ਸਪੈਲਿੰਗ ਰਿਫਾਰਮ ਐਸੋਸੀਏਸ਼ਨ' ਦਾ ਬਾਨੀ ਅਤੇ ਸਕੱਤਰ ਵੀ ਰਿਹਾ। ਸੰਨ 1883 ਵਿਚ ਇਹ ਨਿਊਯਾਰਕ ਸ਼ਹਿਰ ਦੇ ਕੋਲੰਬੀਆ

ਕਾਲਜ ਦਾ ਲਾਇਬ੍ਰੇਰੀਅਨ ਬਣਿਆ ਅਤੇ ਇਥੇ ਲਾਇਬ੍ਰੇਰੀ ਸਿਖਲਾਈ ਦੀ ਪਹਿਲੀ ਸੰਸਥਾ 'ਸਕੂਲ ਆਫ਼ ਲਾਇਬ੍ਰੇਰੀ ਇਕਾਨਮੀ' ਦੀ ਸਥਾਪਨਾ ਕੀਤੀ। ਸੰਨ 1888 ਵਿਚ ਇਹ ਸਕੂਲ ਇਸਦੀ ਨਿਗਰਾਨੀ ਹੇਠ ਸਟੇਟ ਲਾਇਬ੍ਰੇਰੀ ਸਕੂਲ ਦੇ ਨਾਂ ਹੇਠ ਅਲਬਨੀ ਚਲਾ ਗਿਆ। ਸੰਨ 1889 ਤੋਂ 1906 ਤੱਕ ਇਹ ਨਿਊਯਾਰਕ ਸਟੇਟ ਲਾਇਬ੍ਰੇਰੀ ਦਾ ਡਾਇਰੈਕਟਰ, 1889 ਤੋਂ 1900 ਤੱਕ ਇਸ ਦਾ ਸਕੱਤਰ ਅਤੇ 1904 ਤੋਂ 1906 ਤੱਕ ਲਾਇਬ੍ਰੇਰੀਆਂ ਦਾ ਡਾਇਰੈਕਟਰ ਰਿਹਾ। ਇਸਨੇ ਸਟੇਟ ਲਾਇਬ੍ਰੇਰੀਆਂ ਦਾ ਪੁਨਰਗਠਨ ਕੀਤਾ ਅਤੇ ਚਲਦੀਆਂ ਫਿਰਦੀਆਂ ਲਾਇਬ੍ਰੇਰੀਆਂ ਅਤੇ ਚਿੱਤਰ ਇਕੱਠੇ ਕਰਨ ਦਾ ਸਿਲਸਿਲਾ ਪ੍ਰਚੱਲਤ ਕੀਤਾ।

ਵਰਗੀਕਰਨ ਸਬੰਧੀ ਇਸਦੀ ਪੁਸਤਕ ਦਾ ਤੇਰ੍ਹਵਾਂ ਸੰਸਕਰਣ 1932 ਵਿਚ 'ਡੈਸੀਮਲ ਕਲਾਸੀਫਿਕੇਸ਼ਨ ਐਂਡ ਰੈਲੇਟਿਵ ਇਨਡੈਕਸ' ਹੇਠ ਛਪਿਆ।

26 ਦਸੰਬਰ, 1931 ਨੂੰ ਹਾਈਲੈਂਡਜ਼ ਕਾਊਂਟੀ ਵਿਖੇ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਅਮੇ . 9 : 48; ਐਨ. ਬ੍ਰਿ. ਮਾ. 3 : 508

**ਡਿਊਸਲਡਾੱਰਫ** : ਡਿਸਟ੍ਰਿਕਟ—ਜਰਮਨ ਦੇ ਉੱਤਰ-ਪੱਛਮੀ ਖੇਤਰ ਵਿਚ ਪੱਛਮੀ-ਕੇਂਦਰੀ ਨਾਰਥ ਰਾਈਨ ਵੈਸਟਫ਼ੇਲੀਆ ਦਾ ਇਹ ਪ੍ਰਸ਼ਾਸਕੀ ਡਿਸਟ੍ਰਿਕਟ ਹੈ। ਇਸ ਦੇ ਪੱਛਮ ਵੱਲ ਨੀਦਰਲੈਂਡਜ਼ ਅਤੇ ਉੱਤਰ-ਪੂਰਬ ਵਿਚ ਨੁਸਟਰ, ਪੂਰਬ ਵਿਚ ਆਰਨਜ਼ਬਰਗ ਅਤੇ ਦੱਖਣ ਵਿਚ ਕਲੋਨ ਡਿਸਟ੍ਰਿਕਟ ਹਨ। ਇਸ ਡਿਸਟ੍ਰਿਕਟ ਦਾ ਖੇਤਰਫਲ 5,288 ਵ. ਕਿ. ਮੀ. ਅਤੇ ਆਬਾਦੀ 5,220,500 (1991) ਹੈ। ਇਸ ਡਿਸਟ੍ਰਿਕਟ ਨੇ ਇਤਿਹਾਸਕ ਖੰਡ ਰਾਈਨਲੈਂਡ ਦਾ ਉੱਤਰੀ ਖੇਤਰ ਰੋਕਿਆ ਹੋਇਆ ਹੈ। ਇਸ ਡਿਸਟ੍ਰਿਕਟ ਦੀ ਸਥਾਪਨਾ 1816 ਵਿਚ ਹੋਈ ਸੀ ਤੇ ਇਸ ਦਾ ਨਾਂ ਇਥੋਂ ਦੇ ਮਸ਼ਹੂਰ ਸੱਨਅਤੀ ਸ਼ਹਿਰ ਡਿਊਸਲਡਾੱਰਫ ਦੇ ਨਾਂ ਤੇ ਰੱਖਿਆ ਗਿਆ।

ਡਿਊਸਲਡਾੱਰਫ ਡਿਸਟ੍ਰਿਕਟ ਅੱਜਕੱਲ੍ਹ ਦੇ ਵੱਡੇ ਸੱਨਅਤੀ ਖੇਤਰਾਂ ਵਿਚੋਂ ਇਕ ਹੈ। ਇਸ ਦੀ ਉੱਨਤੀ ਦਾ ਆਧਾਰ ਇਥੇ ਵਧੀਆ ਰੇਲ ਸੜਕ ਮਾਰਗ, ਰਾਈਨ ਦਰਿਆ ਰਾਹੀਂ ਆਵਾਜਾਈ ਅਤੇ ਰੂਹਰ ਦੀਆਂ ਕੋਲੇ ਦੀਆਂ ਖਾਣਾਂ ਹਨ। ਇਸੇ ਕਰਕੇ ਇਥੇ ਸੱਨਅਤਾਂ ਉੱਨਤ ਹਨ। ਸੱਨਅਤੀ ਖੇਤਰ ਤੋਂ ਇਲਾਵਾ ਇਹ ਜਰਮਨੀ ਦਾ ਸੰਘਣੀ ਵਸੋਂ ਵਾਲਾ ਖੇਤਰ ਵੀ ਹੈ। ਇਥੋਂ ਦਾ ਡਿਊਸਲਡਾੱਰਫ ਸ਼ਹਿਰ ਦੇਸ਼ ਭਰ ਵਿਚ ਸੰਘਣੀ ਵਸੋਂ ਵਾਲਾ ਸਹਿਰ ਹੈ। ਇਥੇ ਪ੍ਰਤੀ ਵ. ਕਿ. ਮੀ. ਵਿਚ 983 ਵਿਅਕਤੀ ਵੱਸੇ ਹੋਏ ਹਨ। ਐਸਨ, ਡਿਊਸਲਡਾੱਰਫ ਅਤੇ ਡਿਊਸਬਰਗ, ਇਥੋਂ ਦੇ 500,000 ਤੋਂ ਵੱਧ ਵਸੋਂ ਵਾਲੇ ਸ਼ਹਿਰ ਹਨ।

ਇਸ ਖੇਤਰ ਵਿਚ ਡਿਊਸਲਡਾੱਰਫ ਸ਼ਹਿਰ ਦੇ ਦੱਖਣ ਵੱਲ ਦਾ ਖੇਤਰ ਬਹੁਤ ਉਪਜਾਊ ਹੈ। ਇਥੇ ਕਣਕ ਅਤੇ ਚੁਕੰਦਰ ਦੀ ਪੈਦਾਵਾਰ ਹੁੰਦੀ ਹੈ। ਇਸ ਲੋਅਸ ਮਿੱਟੀ ਦੇ ਮੈਦਾਨ ਦੇ ਉੱਤਰ ਵਿਚ ਘੱਟ ਉਪਜਾਊ ਇਲਾਕਾ ਹੈ। ਡਿਸਟ੍ਰਿਕਟ ਵਿਚ ਦੁੱਧ ਲਈ ਪਸ਼ੂ ਪਾਲੇ ਜਾਂਦੇ ਹਨ।

ਇਸ ਡਿਸਟ੍ਰਿਕਟ ਵਿਚ ਰਾਈਨਫ੍ਰੈਂਕਨ ਤੋਂ ਇਲਾਵਾ ਪੂਰਬੀ ਯੂਰਪ, ਪੂਰਬੀ ਰੂਮ ਸਾਗਰੀ ਖੰਡ, ਨੀਦਰਲੈਂਡਜ਼ ਤੋਂ ਆ ਕੇ ਲੋਕ ਵੱਸੇ ਹੋਏ ਹਨ। ਇਥੋਂ ਦੇ ਲੋਕ ਹੇਠਲੇ ਫ੍ਰੈਂਕਨ ਖੇਤਰ ਵਾਲੀ ਭਾਸ਼ਾ ਬੋਲਦੇ ਹਨ। ਐਸਨ, ਡਿਊਸਬਰਗ, ਡਿਊਸਲਡਾੱਰਫ ਵਿਖੇ ਉੱਚ ਵਿਦਿਆ ਲਈ ਯੂਨੀਵਰਸਿਟੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 4 : 298

**ਡਿਊਸਲਡਾੱਰਫ** : ਸ਼ਹਿਰ—ਨਾਰਥ ਰਾਈਨ ਵੈਸਟ-ਫ਼ੇਲੀਆ (ਜਰਮਨੀ) ਲੈਂਡ (ਰਾਜ) ਦੀ ਰਾਜਧਾਨੀ, ਰੂਹਰ ਖੇਤਰ ਦਾ ਸੱਨਅਤੀ, ਵਪਾਰਕ ਅਤੇ ਸੰਸਕ੍ਰਿਤਕ ਕੇਂਦਰ ਅਤੇ ਦੇਸ਼ ਦੀ ਪ੍ਰਸਿੱਧ ਬੰਦਰਗਾਹ ਹੈ। ਇਹ ਰਾਈਨ ਉੱਤੇ ਵੱਸੇ ਕਾਲੋਨ ਸ਼ਹਿਰ ਤੋਂ 34 ਕਿ. ਮੀ. ਉੱਤਰ-ਪੱਛਮ ਵਿਚ ਵਾਕਿਆ ਹੈ। ਰੂਹਰ ਕੋਲੇ ਦੀਆਂ ਖਾਣਾਂ ਵਾਲੇ ਖੇਤਰ ਵਿਚ ਨਵੀਆਂ ਸੱਨਅਤਾਂ ਦੇ ਖੁਲ੍ਹਣ ਕਰਕੇ ਇਸ ਸ਼ਹਿਰ ਨੇ ਬਹੁਤ ਤਰੱਕੀ ਕੀਤੀ ਹੈ। ਇਹ ਸ਼ਹਿਰ ਕਦੇ ਵੀ ਧਾਤਾਂ ਬਣਾਉਣ ਦਾ ਕੇਂਦਰ ਤਾਂ ਨਹੀਂ ਰਿਹਾ ਪਰ ਇਸਨੇ ਮਸ਼ੀਨਾਂ ਆਦਿ ਬਣਾਉਣ ਵਿਚ ਬਹੁਤ ਉੱਨਤੀ ਕਰ ਲਈ ਹੈ। ਅੱਜਕੱਲ੍ਹ ਇਥੇ ਮਸ਼ੀਨਰੀ, ਕਾਗਜ਼, ਕੱਪੜੇ, ਰਸਾਇਣ, ਔਜ਼ਾਰ ਬਣਾਉਣ ਦੀਆਂ ਸੱਨਅਤਾਂ ਸਥਾਪਿਤ ਹਨ। ਅੱਜਕੱਲ੍ਹ ਇਹ ਆਮ ਸੱਨਅਤੀ ਸ਼ਹਿਰਾਂ ਨਾਲੋਂ ਵਧੀਆ ਬਣਿਆ ਹੋਇਆ ਹੈ। ਦੂਜੇ ਮਹਾਂਯੁੱਧ ਦੀ ਤਬਾਹੀ ਪਿੱਛੋਂ ਇਸ ਨੂੰ ਆਧੁਨਿਕ ਨਵੀ ਉਸਾਰੀ ਕਲਾ ਅਨੁਸਾਰ ਬਣਾਇਆ ਗਿਆ। ਇਹ ਸ਼ਹਿਰ 11 ਵੀਂ ਸਦੀ ਤੋਂ ਪਹਿਲਾਂ ਦਾ ਆਬਾਦ ਹੈ। ਪੁਰਾਣਾ ਸ਼ਹਿਰ ਡਿਊਸਲ ਦਰਿਆ (ਰਾਈਨ ਦੀ ਸ਼ਾਖਾ) ਦੇ ਕੰਢੇ ਕਸਬੇ ਦੇ ਰੂਪ ਵਿਚ ਵੱਸਿਆ ਹੋਇਆ ਸੀ। ਸੰਨ 1288 ਵਿਚ ਬੈਰਗ ਦੇ ਕਾਊਂਟ ਨੇ ਇਸਨੂੰ ਸ਼ਹਿਰੀ ਅਖ਼ਤਿਆਰ ਦਿੱਤੇ ਤੇ ਪਿੱਛੋਂ ਰਾਜਧਾਨੀ ਵੀ ਬਣਾ ਲਿਆ। ਇਸਨੂੰ ਤੀਹ-ਸਾਲਾ ਜੰਗ ਅਤੇ ਸਪੇਨ ਦੇ ਤਖ਼ਤ ਦੀ ਜਾਨਸ਼ੀਨੀ ਜੰਗ ਵਿਚ ਭਾਰੀ ਨੁਕਸਾਨ ਹੋਇਆ ਪਰ ਪਿੱਛੋਂ ਵਿਲਹੈਲਮ ਦੂਜੇ ਅਧੀਨ ਫਿਰ ਉਸਾਰਿਆ ਗਿਆ। ਇਹ ਨੁਕਸਾਨ ਤਾਂ ਪੂਰਾ ਕਰ ਲਿਆ ਗਿਆ। ਸੰਨ 1805-13 ਵਿਚ ਨੈਪੋਲੀਅਨ ਦੀ ਬੈਰਗ ਡੱਚੀ ਦੀ ਰਾਜਧਾਨੀ ਵੀ ਰਿਹਾ। ਸੰਨ 1815 ਵਿਚ ਇਸ ਉੱਤੇ ਪ੍ਰਸ਼ਾਅ ਦਾ ਕਬਜ਼ਾ ਹੋ ਗਿਆ। ਫਿਰ 19 ਵੀਂ ਸਦੀ ਦੇ ਵਿਚਲੇ ਸਾਲਾਂ ਵਿਚ ਰਾਈਨ ਵਿਚ ਜਹਾਜ਼ਰਾਨੀ ਅਤੇ ਰੂਹਰ ਖੇਤਰ ਵਿਚ ਰੇਲਾਂ ਦੇ ਵਿਕਾਸ ਨਾਲ ਇਸ ਸ਼ਹਿਰ ਦੀ ਤਰੱਕੀ ਹੋਈ। ਦੂਜੇ ਮਹਾਂਯੁੱਧ ਵਿਚ ਹੋਈ ਤਬਾਹੀ ਕਾਰਨ ਸ਼ਹਿਰ ਵਿਚ ਪੁਰਾਣੀਆਂ ਇਮਾਰਤਾਂ ਤਾਂ ਘੱਟ ਹੀ ਹਨ। ਇਸ ਪਿੱਛੋਂ ਪੁਰਾਣੀਆਂ ਤੇ ਢਹਿ ਰਹੀਆਂ ਇਮਾਰਤਾਂ ਦੀ ਮੁਰੰਮਤ ਹੋਈ ਤੇ ਕਈ ਨਵੀਆਂ ਬਣੀਆਂ। 18 ਵੀ ਸਦੀ ਦੀਆਂ ਇਮਾਰਤਾਂ ਵਿਚ ਮੱਧ ਕਾਲੀਨ ਗਿਰਜਾ ਅਤੇ ਸਿਟੀ ਹਾਲ ਹਾਲੇ ਵੀ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਤੋਂ ਇਲਾਵਾ ਅੱਜਕੱਲ੍ਹ ਇਥੇ ਆਰਟ ਅਕੈਡਮੀ, ਅਜਾਇਬਘਰ, ਲਾਇਬ੍ਰੇਰੀ ਜਿਸ ਵਿਚ ਹੈਨਰਿਕ ਹੀਨ ਦੀਆਂ ਰਚਨਾਵਾਂ ਹਨ, ਤੋਂ ਇਲਾਵਾ ਮੈਡੀਕਲ ਅਕੈਡਮੀ, ਤਕਨੀਕੀ ਅਤੇ ਸੱਨਅਤੀ ਸਿਖਲਾਈ ਸੰਸਥਾਵਾਂ ਸਥਾਪਿਤ ਹਨ।

ਆਬਾਦੀ—575,794 (1991)

51°12′ ਉ. ਵਿਥ.; 6°47′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 :727 ; ਐਨ. ਅਮੇ. 9 : 497

**ਡਿਊਕ** : ਇਹ ਯੂਰਪ ਵਿਚ ਕੁਲੀਨ ਸ਼੍ਰੇਣੀ ਦਾ ਖ਼ਿਤਾਬ ਸੀ। ਔਰਤ ਦੇ ਲਈ ਡਿਊਕ ਦੀ ਥਾਂ ਡਚੈੱਸ ਸ਼ਬਦ ਵਰਤਿਆ ਜਾਂਦਾ ਸੀ। ਬਾਦਸ਼ਾਹ ਅਤੇ ਸ਼ਹਿਜ਼ਾਦਾ ਤੋਂ ਬਾਅਦ ਇਹ ਸਭ ਤੋਂ ਉੱਚਾ ਖ਼ਿਤਾਬ ਮੰਨਿਆ ਜਾਂਦਾ ਸੀ। ਇੰਗਲੈਂਡ ਵਿਚ ਇਹ 14 ਵੀਂ ਸਦੀ ਤੋਂ ਬਾਅਦ ਚੱਲਿਆ ਅਤੇ ਬਹੁਤ ਜ਼ਿਆਦਾ ਵਰਤੋਂ ਵਿਚ ਆਉਣ ਲੱਗਾ। ਇਸ ਸ਼ਬਦ ਦੀ ਵਿਉਂਤਪਤੀ ਲਾਤੀਨੀ ਸ਼ਬਦ 'ਡਕਸ' ਤੋਂ ਕੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ ਨੇਤਾ।

ਰੋਮਨ ਰਾਜਾਂ ਵਿਚ ਇਹ ਪਦਵੀ ਉਨ੍ਹਾਂ ਫ਼ੌਜੀ ਕਮਾਂਡਰਾਂ ਨੂੰ ਦਿਤੀ ਜਾਂਦੀ ਸੀ ਜਿਹੜੇ ਕਿਸੇ ਰਾਜ ਜਾਂ ਖੇਤਰ ਦਾ ਰਾਜ-ਪ੍ਰਬੰਧ ਵੀ ਕਰਦੇ ਹੁੰਦੇ ਸਨ। ਫਰਾਂਸ ਅਤੇ ਜਰਮਨੀ ਵਿਚ ਵੀ ਵਿਸ਼ਾਲ ਰਾਜਾਂ ਦੇ ਮੁਖੀਆਂ ਲਈ ਇਸ ਅਹੁਦੇ ਦੀ ਵਰਤੋਂ ਕੀਤੀ ਜਾਂਦੀ ਸੀ।

ਇਟਲੀ ਵਿਚ ਬਹੁਤ ਸਾਰੇ ਡਿਊਕ ਫ਼ੌਜੀ ਸਰਬਰਾਹ ਸਨ ਅਤੇ ਇਹ ਅਕਸਰ ਬਹੁਤ ਤਾਕਤਵਰ ਮੰਨੇ ਜਾਂਦੇ ਸਨ। ਮੱਧ-ਕਾਲੀਨ ਯੂਰਪ ਵਿਚ ਐਲਪਸ ਦੇ ਉੱਤਰ ਵਿਚ ਇਸ ਅਹੁਦੇ ਨੂੰ ਕਾਫ਼ੀ ਮਹੱਤਤਾ ਮਿਲੀ।

16 ਵੀਂ ਤੋਂ 19 ਵੀਂ ਸਦੀ ਦੇ ਦੌਰਾਨ ਛੋਟੇ ਇਲਾਕਿਆਂ ਦੇ ਪ੍ਰਬੰਧਕਾਂ ਨੇ ਡਿਊਕ ਦੀ ਪਦਵੀ ਇਖ਼ਤਿਆਰ ਕਰਨੀ ਸ਼ੁਰੂ ਕਰ ਦਿਤੀ।

ਪੰਜਵੀਂ ਤੋਂ ਅੱਠਵੀਂ ਸਦੀ ਦੇ ਦੌਰਾਨ ਸਪੇਨ ਦੀਆਂ ਵਿਜ਼ਗਾਥਿਕ ਜਾਤੀਆਂ ਮੁਸਲਮਾਨਾਂ ਦੇ ਅਧੀਨ ਇਕ ਤਰ੍ਹਾਂ ਨਾਲ ਖ਼ਤਮ ਹੋ ਗਈਆਂ ਪਰ ਜਦੋਂ ਈਸਾਈਆਂ ਨੇ ਉਥੇ ਮੁੜ ਆਪਣਾ ਰਾਜ ਕਾਇਮ ਕਰ ਲਿਆ ਤਾਂ ਡਿਊਕ ਸ਼ਬਦ ਨੂੰ ਆਦਰ ਵਾਚਕ ਰੂਪ ਵਿਚ ਵਰਤਿਆ ਜਾਣ ਲੱਗਾ। ਪਹਿਲੋਂ ਪਹਿਲ ਤਾਂ ਇਹ ਅਹੁਦਾ ਸ਼ਾਹੀ ਘਰਾਣੇ ਨੂੰ ਹੀ ਮਿਲਦਾ ਸੀ ਪਰ 15 ਵੀਂ ਸਦੀ ਦੇ ਅੰਤਲੇ ਸਾਲਾਂ ਤੋਂ ਇਹ ਅਹੁਦਾ ਅਮੀਰਾਂ ਨੂੰ ਦਿੱਤਾ ਜਾਣ ਲਗਾ। ਜਿਨ੍ਹਾਂ ਮੁਲਕਾਂ ਵਿਚ ਇਨ੍ਹਾਂ ਅਹੁਦਿਆਂ ਦੇ ਆਦਮੀ ਸਨ ਉਨ੍ਹਾਂ ਵਿਚ ਡਿਊਕ ਅਤੇ ਡਚੈੱਸ ਨੂੰ ਉਨ੍ਹਾਂ ਦੀਆਂ ਭਾਸ਼ਾਵਾਂ ਵਿਚ ਵੱਖਰੇ-ਵੱਖਰੇ ਨਾਵਾਂ ਨਾਲ ਸੱਦਿਆ ਜਾਂਦਾ ਸੀ। ਡਿਊਕ ਦੀ ਪਦਵੀ ਦਾ ਬਹੁਤਾ ਜ਼ੋਰ ਜਰਮਨੀ, ਫਰਾਂਸ, ਇਟਲੀ, ਸਪੇਨ, ਪੁਰਤਗਾਲ ਅਤੇ ਬਰਤਾਨੀਆ ਵਿਚ ਰਿਹਾ ਪਰ ਇਸ ਤੋਂ ਇਲਾਵਾ ਇਸ ਦੇ ਮੁਕਾਬਲੇ ਦੇ ਖ਼ਿਤਾਬ ਹਾਲੈਂਡ, ਪੋਲੈਂਡ, ਚੈਕੋਸਲੋਵਾਕੀਆ, ਨਾਰਵੇ, ਰੂਸ, ਜਾਪਾਨ ਅਤੇ ਲਾਤੀਨੀ ਮੁਲਕਾਂ ਵਿਚ ਵੀ ਦਿਤੇ ਜਾਂਦੇ ਸਨ।

ਹ. ਪੁ.—ਐਨ. ਬ੍ਰਿ. ਮਾ. 4 : 62; ਐਨ. ਅਮੈ. 9 : 462.

**ਡਿਊਕਾਸ, ਪਾਲ ਅਬਰਾਹਮ** : ਇਸ ਉੱਘੇ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ ਪਹਿਲੀ ਅਕਤੂਬਰ, 1865 ਨੂੰ ਪੈਰਿਸ ਵਿਖੇ ਹੋਇਆ। ਇਹ ਆਪਣੀ ਇਕੋ-ਇਕ ਆਰਕੈਸਟਰਾ ਕ੍ਰਿਤ



ਪਾਲ ਅਬਰਾਹਮ ਡਿਊਕਾਸ

'L'Apprenti Soricer' (1897) ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1882 ਤੋਂ 1887 ਤਕ ਇਸ ਨੇ ਪੈਰਿਸ ਵਿਖੇ ਸਿੱਖਿਆ ਪ੍ਰਾਪਤ ਕੀਤੀ। ਆਪਣੇ ਪਹਿਲੇ ਨਾਟ-ਗੀਤ 'Veleda' (1888) ਕਾਰਨ ਦੂਜੇ ਨੰਬਰ ਤੇ ਗ੍ਰੈਂਡ ਪ੍ਰਿਕਸ ਡ ਰੋਮ ਜਿੱਤਣ ਨਾਲ ਇਹ ਨੌਜਵਾਨ ਸੰਗੀਤਕਾਰਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਿਆ। ਸੰਨ 1910 ਤੋਂ 1912 ਤਕ ਇਹ ਪੈਰਿਸ ਸੰਗੀਤ ਵਿਦਿਆਲੇ ਵਿਖੇ ਪਹਿਲਾਂ ਆਰਕੈਸਟਰੇ ਦਾ ਪ੍ਰੋਫ਼ੈਸਰ ਅਤੇ ਫਿਰ 1927 ਤੋਂ ਆਪਣੀ ਮੌਤ ਤਕ ਸੰਗੀਤ ਦਾ ਪ੍ਰੋਫ਼ੈਸਰ ਰਿਹਾ। 'Les Eceits de Paul Dukas Sur la musique' (1948) ਸੰਗੀਤ ਸਬੰਧੀ ਇਸ ਦੇ ਪ੍ਰਸਿੱਧ ਪੜਚੋਲ ਲੇਖਾਂ ਦਾ ਸੰਗ੍ਰਿਹ ਹੈ।

'La Peri' (1912), 'Aeianeet Barbe-Bleue' (1907), 'La Plainte au Loin du foune' (1920) ਅਤੇ 'Sonate' (1901) ਆਦਿ ਇਸ ਦੇ ਕੁਝ ਪਿਆਨੋ-ਸੰਗੀਤ ਅਤੇ ਨਿਰਤ-ਨਾਟ ਹਨ। ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਇਸ ਨੇ ਆਪਣੀਆਂ ਬਹੁਤ ਸਾਰੀਆਂ ਅਪ੍ਰਕਾਸ਼ਿਤ ਸੰਗੀਤ ਰਚਨਾਵਾਂ ਸਾੜ ਫੂਕ ਦਿਤੀਆਂ।

17 ਮਈ, 1935 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :697 ; ਐਨ. ਅਮੈ. 9 : 390

**ਡਿਊਕੇਲੀਅਨ** : ਯੂਨਾਨੀ ਪੌਰਾਣਿਕ ਕਥਾ ਅਨੁਸਾਰ ਇਹ ਮਨੁੱਖ ਜਾਤੀ ਦੇ ਜਨਮ-ਦਾਤਾ ਪ੍ਰੋਮਿਥੀਅਸ ਦਾ ਪੁੱਤਰ ਸੀ ਜੋ ਥੈਸਲੀ ਵਿਚ ਥਿਆ ਦਾ ਰਾਜਾ ਸੀ। ਇਹ ਯੂਨਾਨੀ ਜਾਤੀ ਦੇ ਮਿਥਿਹਾਸਕ ਪੂਰਵਜ ਹੈਲਕ ਦਾ ਪਿਤਾ ਅਤੇ ਪਿਰਹਾ ਦਾ ਪਤੀ ਸੀ। ਜ਼ਿਊਸ ਦੇਵਤਾ ਜਦੋਂ ਮਨੁੱਖ ਦੇ ਦੁਰਾਚਾਰਾਂ ਉਤੇ ਕ੍ਰੋਧਿਤ ਹੋਇਆ ਤਾਂ ਉਸ ਨੇ ਹੜ੍ਹ ਲਿਆ ਕੇ ਸਾਰੇ ਪ੍ਰਾਣੀਆਂ ਦਾ ਸਰਬਨਾਸ਼ ਕਰਨ ਦਾ ਇਰਾਦਾ ਬਣਾਇਆ। ਉਦੋਂ ਡਿਊਕੇਮਾਨ ਨੇ ਇਕ ਕਿਸ਼ਤੀ ਬਣਾਈ ਅਤੇ ਆਪਣੀ ਪਤਨੀ ਸਹਿਤ ਪਾਰਨਾਸੱਧ ਪਰਬਤ ਉਤੇ ਉਤਰ ਗਿਆ। ਕਿਸੇ ਗ਼ੈਬੀ ਆਵਾਜ਼ ਨੇ ਇਸ ਨੂੰ ਸੂਚਨਾ ਦਿਤੀ ਕਿ ਆਪਣੇ ਮੋਢਿਆਂ ਉੱਤੋਂ ਦੀ ਆਪਣੀ ਮਾਂ ਦੀਆਂ ਹੱਡੀਆਂ (ਭਾਵ ਪੱਥਰ) ਸੁਟਣ ਨਾਲ ਮਨੁੱਖ ਜਾਤੀ ਦੁਬਾਰਾ ਪੈਦਾ ਹੋ ਸਕਦੀ ਹੈ। ਇਨ੍ਹਾਂ ਦੋਹਾਂ ਨੇ ਮਾਤ ਭੂਮੀ ਤੋਂ ਪੱਥਰ ਚੁੱਕ ਕੇ ਸੁਟੇ। ਡਿਊਕੇਲੀਅਨ ਨੇ ਜਿਹੜੇ ਪੱਥਰ ਸੁੱਟੇ ਉਹ ਆਦਮੀ ਬਣ ਗਏ ਅਤੇ ਜੋ ਪੱਥਰ ਉਸ ਦੀ ਪਤਨੀ ਪਿਰਹਾ ਨੇ ਸੁਟੇ ਉਹ ਔਰਤਾਂ ਬਣ ਗਈਆਂ।

ਹ.ਪੁ.—ਐਨ. ਬ੍ਰਿ. 7 : 319; ਐਨ. ਬ੍ਰਿ. ਮਾ. 3 : 495; ਕੋਲ. ਐਨ. 6 : 232

**ਡਿਊਜ਼ਬਰੀ** : ਇਹ ਇੰਗਲੈਂਡ ਦੀ ਸਾਬਕਾ ਕਾਊਂਟੀ ਯਾਰਕਸ਼ਿਰ ਦੀ ਵੈਸਟ ਰਾਈਡਿੰਗ ਪ੍ਰਬੰਧਕੀ ਕਾਊਂਟੀ ਦਾ ਇਕ ਸ਼ਹਿਰ ਹੈ ਜਿਹੜਾ ਲੀਡਜ਼ ਤੋਂ 13 ਕਿ. ਮੀ. (8 ਮੀਲ) ਦੀ ਦੂਰੀ ਤੇ ਕੱਲਡਰ ਨਦੀ ਉਪਰ ਵਾਕਿਆ ਹੈ।

ਇਥੋਂ ਦਾ ਮੁੱਖ ਉਦਯੋਗ ਕੋਲੇ ਦੀ ਖੁਦਾਈ ਕਰਨਾ ਹੈ। ਇਸ ਤੋਂ ਬਿਨਾਂ ਕੰਬਲ, ਗ਼ਲੀਚੇ, ਮਸ਼ੀਨਾਂ, ਬਰਤਨ, ਚਮੜੇ ਦਾ ਸਾਮਾਨ, ਰਸਾਇਣ, ਦਵਾਈਆਂ, ਸਾਬਣ ਅਤੇ ਪਲਾਸਟਿਕ ਬਣਾਉਣ ਦੇ ਉਦਯੋਗ ਵੀ ਕਾਫ਼ੀ ਵਿਕਸਤ ਹੋ ਚੁਕੇ ਹਨ।

13 ਵੀਂ ਸਦੀ ਦਾ ਬਣਿਆ ਮੂਰਹੱਲ ਆਲ ਸੇਂਟ ਨਾਉਂ ਦਾ ਪ੍ਰਸਿੱਧ ਗਿਰਜਾ ਅਤੇ ਕਿਰਕਲੀਜ ਦੇ ਖੰਡਰਾਤ ਇਥੋਂ ਦੀ ਮਹੱਤਤਾ ਵਿਚ ਵਾਧਾ ਕਰਦੇ ਹਨ। ਇਥੇ ਤਕਨੀਕੀ ਸਿੱਖਿਆ ਦੇਣ ਲਈ ਇਕ ਕਾਲਜ ਵੀ ਹੈ। ਇਹ ਸ਼ਹਿਰ ਰੇਲਾਂ ਰਾਹੀਂ ਆਸਪਾਸ ਦੇ ਦੂਜੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ – 51,310 (1971)

ਹ. ਪੁ.—ਹਿੰ. ਵਿ. ਕੋ. 5 : 268

**ਡਿਊਟ੍ਰੱਾਨ** : ਭਾਰੀ ਹਾਈਡ੍ਰੋਜਨ, $H^2$ ਦੇ ਨਿਊਕਲੀਅਸ ਨੂੰ ਡਿਊਟ੍ਰੱਾਨ ਕਿਹਾ ਜਾਂਦਾ ਹੈ। ਸਭ ਤੋਂ ਸਰਲ ਬਹੁਨਿਊਕਲੀਅੱਨ ਨਿਊਕਲੀਅਸ ਹੋਣ ਕਰਕੇ ਡਿਊਟ੍ਰਾਨ ਦਾ ਬਹੁਤ ਜ਼ਿਆਦਾ ਅਧਿਐਨ ਕੀਤਾ ਗਿਆ ਹੈ। ਇਸ ਦੀ ਬੰਧਕ-ਊਰਜਾ 2.227

ਮਿਲੀਅਨ ਇਲੈਕੱਟ੍ਰਾਨ-ਵੋਲਟ ਹੈ। ਇਸ ਵਿਯੋਜਨ ਊਰਜਾ ਦਾ ਸਹੀ ਪਤਾ ਲਾਉਣ ਨਾਲ ਨਿਊਟ੍ਰੋਨ ਦੇ ਪੁੰਜ ਦਾ ਪਤਾ ਲਾਇਆ ਜਾ ਸਕਦਾ ਹੈ, ਡਿਊਟ੍ਰੋਨ ਦਾ ਪੁੰਜ (2·014187) ਪ੍ਰਮਾਣਵੀ ਪੁੰਜ ਇਕਾਈ ਅਤੇ ਪ੍ਰੋਟੌਨ ਦਾ ਪੁੰਜ ਹੋਰ ਪ੍ਰਯੋਗਾਂ ਰਾਹੀਂ ਪਤਾ ਲਗਾਏ ਜਾ ਸਕਦੇ ਹਨ।

ਪ੍ਰੋਟੌਨ ਅਤੇ ਨਿਊਟ੍ਰਾਨ ਦੇ ਨਿੱਜੀ ਕੋਣੀ ਸੰਵੇਗ ਜਾਂ ਸਪਿਨ (ਚੱਕਰਨ) ਮਿਲ ਕੇ ਡਿਊਟ੍ਰੋਨ ਇਕਾਈ ਸਪਿਨ ਬਣਾਉਂਦੇ ਹਨ ਇਸ ਲਈ ਡਿਊਟ੍ਰੋਨ ਅੰਕੜਾ ਵਿਗਿਆਨ ਦੀ ਬੋਸ-ਆਈਨਸਟਾਈਨ ਸਟੈਟਿਸਟਿਕਸ ਦੀ ਪਾਲਣਾ ਕਰਦੇ ਹਨ ਅਰਥਾਤ ਇਹ ਇਕ (ਬੋਸਾੱਨ) ਹੈ ਡਿਊਟ੍ਰੋਨ ਦੀ ਚੁੰਬਕੀ ਮੋਮੈਂਟ 0. 857407 ਨਿਊਕਲੀ ਮੈਗਨੇਟਾੱਨ ਅਤੇ ਬਿਜੱਲਈ ਕੁਆਡਰੁਪੋਲ ਮੋਮੈਂਟ $2{\cdot}738 \times 10^{-27}$ ਸੈਂ.$^2$ ਹੈ।

ਡਿਊਟ੍ਰੋਨਾਂ ਦੀ ਵਧੇਰੀ ਵਰਤੋਂ ਨਿਊਕਲੀ ਬੰਬਾਰੀ ਦੇ ਪ੍ਰਯੋਗਾਂ ਵਿਚ ਪ੍ਰੋਜੈਕੱਟਾਈਲਾਂ ਦੇ ਤੌਰ ਤੇ ਖ਼ਾਸ ਕਰਕੇ (d, p), (d, n) ਅਤੇ (dα) ਕਿਰਿਆਵਾਂ ਉਤਪੰਨ ਕਰਨ ਲਈ ਕੀਤੀ ਜਾਂਦੀ ਹੈ। ਪਹਿਲੀਆਂ ਦੋ ਕਿਰਿਆਵਾਂ ਵਿਚ ਡਿਊਟ੍ਰੋਨ ਦੀ ਬੰਧਕ ਊਰਜਾ ਘੱਟ ਹੋਣ ਕਾਰਨ, ਇਸ ਵਿਚੋਂ ਨਿਊਟ੍ਰੋਨ n ਜਾਂ ਪ੍ਰੋਟੌਨ ਨਿਕਲ ਜਾਂਦਾ ਹੈ ਇਸ ਨੂੰ ਟਾਰਗੈਟ ਨਿਊਕਲੀਅਸ ਗ੍ਰਹਿਣ ਕਰ ਲੈਂਦਾ ਹੈ। ਡਿਊਟ੍ਰੋਨ ਦਾ ਦੂਸਰਾ ਅੱਧ (ਪ੍ਰੋਟੌਨ ਜਾਂ ਨਿਊਟ੍ਰੋਨ) ਵਾਧੂ ਊਰਜਾ ਲੈ ਜਾਂਦਾ ਹੈ। ਕੁਦਰਤ ਵਿਚ $^1H : {}^2H$ ਦੀ ਉਪਲੱਬਧੀ 6700 ਦੇ ਅਨੁਪਾਤ ਵਿਚ ਹੈ (ਵਿਸਥਾਰ ਲਈ ਵੇਖੋ ਡਿਊਟੀਰੀਅਮ)।

ਹ. ਪੁ.–ਮੈਕ. ਐਨ. ਸ. ਟ. 4 : 85

**ਡਿਊਟੀਰੀਅਮ** : ਇਹ ਹਾਈਡ੍ਰੋਜਨ ਤੱਤ ਦਾ ਸਮਸਥਾਨਕ ਹੈ ਜਿਸ ਦਾ ਰਸਾਇਣਿਕ ਚਿੰਨ੍ਹ 2H ਜਾਂ D ਹੈ। ਇਸ ਦਾ ਪਰਮਾਣਵੀ ਭਾਰ 2.0147 ਹੈ। ਹਾਈਡ੍ਰੋਜਨ ਦੇ ਰਸਾਇਣਿਕ ਅਤੇ ਭੌਤਿਕ ਪਰਮਾਣਵੀ-ਭਾਰਾਂ ਵਿਚਕਾਰ ਅੰਤਰ ਅਤੇ ਨਿਊਕਲੀ ਸਥਾਈਪਣ ਕਾਰਨ 2H ਦੀ ਪੂਰਵ-ਸੂਚਨਾ ਮਿਲੀ। ਸੰਨ 1931 ਵਿਚ ਇਸ ਸਮਸਥਾਨਕ ਡਿਊਟੀਰੀਅਮ ਦੀ ਇਕ ਕਾਮਯਾਬ ਖੋਜ ਐੱਚ. ਸੀ. ਯੂਰੀ. ਐੱਫ਼. ਜੀ. ਬਰਿਕਵੈੱਡੀ ਅਤੇ ਜੀ. ਐੱਮ. ਮਰਫ਼ੀ ਨੇ ਕੀਤੀ। ਇਹ ਆਮ ਹਾਈਡ੍ਰੋਜਨ ਜਿਸ ਦਾ ਪਰਮਾਣਵੀਂ ਭਾਰ 1.0089 ਹੈ, ਦੇ 6700 ਹਿੱਸਿਆਂ ਵਿਚ ਸਿਰਫ ਇਕ ਹਿੱਸਾ ਹੁੰਦੀ ਹੈ। ਉਦਯੋਗਿਕ ਹਾਈਡ੍ਰੋਜਨ, ਖ਼ਾਸ ਕਰਕੇ ਜਿਹੜੀ ਪਾਣੀ ਦੇ ਇਲੈਕੱਟ੍ਰੋਲਿਸਿਜ਼ ਤੋਂ ਉਤਪੰਨ ਹੁੰਦੀ ਹੈ, ਵਿਚ ਡਿਊਟੀਰੀਅਮ ਦੀ ਮਾਤਰਾ ਇਸ ਤੋਂ ਵੀ ਘੱਟ ਹੁੰਦੀ ਹੈ।

ਡਿਊਟੀਰੀਅਮ, $D_2$, ਕਮਰੇ ਦੇ ਤਾਪਮਾਨ ਉੱਤੇ ਇਕ ਗੈਸ ਹੈ। ਇਹ ਭਾਰੇ ਪਾਣੀ ($D_2O$) ਤੋਂ ਇਲੈਕਟ੍ਰਾਲਿਸਿਜ਼ ਦੁਆਰਾ ਜਾਂ ਜਿਸਤ, ਲੋਹਾ, ਕੈਲਸੀਅਮ ਅਤੇ ਯੂਰੇਨੀਅਮ ਵਰਗੀਆਂ ਧਾਤਾਂ ਨਾਲ $D_2O$ ਦੀ ਕਿਰਿਆ ਦੁਆਰਾ ਤਿਆਰ ਕੀਤੀ ਜਾਂਦੀ ਹੈ। ਇਹ ਸਿੱਧੇ ਤੌਰ ਤੇ ਤਰਲ ਹਾਈਡ੍ਰੋਜਨ ਦੇ ਅੰਸ਼ਕ ਕਸ਼ੀਦਣ ਦੁਆਰਾ ਵੀ ਤਿਆਰ ਕੀਤੀ ਜਾਂਦੀ ਹੈ।

ਆਮ ਡਿਊਟੀਰੀਅਮ ਦੋ-ਤਿਹਾਈ ਭਾਗ ਆੱਰਥੋ ਅਤੇ ਇਕ-ਤਿਹਾਈ ਭਾਗ ਪੈਰਾ ਡਿਊਟੀਰੀਅਮ ਦਾ ਅਣਵੀ ਮਿਸ਼ਰਣ ਹੈ (20° K ਤਾਪਮਾਨ ਉੱਤੇ ਸੰਤੁਲਨ ਰਚਨਾ 97.8% ਆੱਰਥੋ-ਡਿਊਟੀਰੀਅਮ ਹੈ)। ਡਿਊਟੀਰੀਅਮ ਦੀ ਆੱਰਥੋ-ਪੈਰਾ ਰਚਨਾ ਦਾ ਵਿਸ਼ਲੇਸ਼ਣ 77° K ਉੱਤੇ ਗੈਸ ਦੀ ਤਾਪ-ਚਾਲਕਤਾ ਦੇ ਮਾਪ ਨਾਲ ਬੜੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਡਿਊਟੀਰੀਅਮ ਇਕ ਬੋਸਾੱਨ ਹੈ ਅਰਥਾਤ ਇਹ ਬੋਸ ਆਈਨਸਟਾਈਨ ਬੰਨ ਸਟੈਟਿਸਟਿਕਸ ਦੀ ਪਾਲਣਾ ਕਰਦੀ ਹੈ ਅਤੇ ਆੱਰਥੋ ਕਿਸਮ ਵਿਚ ਘੁੰਮਣ ਕੁਆਂਟਮ-ਸੰਖਿਆਵਾਂ ਵੀ ਹੁੰਦੀਆਂ ਹਨ ਜਦੋਂ ਕਿ ਪੈਰਾ ਕਿਸਮ ਵਿਚ ਬਿਖਮ ਕੁਆਂਟਮ – ਸੰਖਿਆਵਾਂ ਹੁੰਦੀਆਂ ਹਨ। ਆੱਰਥੋ – ਅਤੇ ਪੈਰਾ – ਡਿਊਟੀਰੀਅਮ ਦੇ ਭੌਤਿਕ ਅਤੇ ਰਸਾਇਣਿਕ ਗੁਣ ਕਾਫ਼ੀ ਮਿਲਦੇ ਜੁਲਦੇ ਹਨ। ਡਿਊਟੀਰੀਅਮ ਦੇ ਜ਼ਿਆਦਾਤਰ ਭੌਤਿਕ ਅਤੇ ਰਸਾਇਣਿਕ ਗੁਣ ਪ੍ਰੋਟੀਅਮ (ਸਾਧਾਰਨ ਹਾਈਡ੍ਰੋਜਨ ਜਿਸ ਦਾ ਪਰਮਾਣਵੀ – ਭਾਰ 1 ਹੁੰਦਾ ਹੈ) ਨਾਲ ਮਿਲਦੇ ਜੁਲਦੇ ਹਨ। ਕਈ ਹਾਲਤਾਂ ਵਿਚ ਡਿਊਟੀਰੀਅਮ ਪ੍ਰੋਟੀਅਮ ਨਾਲੋਂ ਕੁਝ ਘੱਟ ਕਿਰਿਆਸ਼ੀਲ ਹੈ। ਡਿਊਟੀਰੀਅਮ ਅਤੇ ਹਾਈਡ੍ਰੋਜਨ ਦੇ ਕੁਝ-ਕੁ ਭੌਤਿਕ ਗੁਣਾਂ ਦਾ ਆਪਸੀ ਮੁਕਾਬਲਾ ਹੇਠਾਂ ਸਾਰਨੀ ਵਿਚ ਦਿੱਤਾ ਗਿਆ ਹੈ।

**ਡਿਊਟੀਰੀਅਮ ਦੇ ਕੁਝ ਚੋਣਵੇਂ ਭੌਤਿਕ – ਗੁਣਾਂ ਦੇ ਮੁੱਲ**

| | ਹਾਈਡ੍ਰੋਜਨ | ਡਿਊਟੀਰੀਅਮ |
|---|---|---|
| ਤੀਹਰਾ | 13.96°k | 18.72°k |
| ਸਾਧਰਨ ਉਬਾਲ ਦਰਜਾ | 20.4°k | 23.6°k |
| ਕ੍ਰਾਂਤਿਕ ਤਾਪਮਾਨ | 32.24°k | 38.35°k |
| ਕ੍ਰਾਂਤਿਕ ਦਬਾਉ | 12.8 ਵਾਯੂ-ਮੰਡਲ | 16.4 ਵਾਯੂ-ਮੰਡਲ |
| ਗਲਣ-ਗਰਮੀ | 28.0 ਕੈਲੋਰੀ/ਮੋਲ | 47.0 ਕੈਲੋਰੀ/ਮੋਲ |
| ਵਾਸ਼ਪੀਕਰਨ-ਗਰਮੀ (ਸਾਧਾਰਨ ਉਬਾਲ ਦਰਜੇ ਤੇ) | 216 ਕੈਲੋਰੀ/ਮੋਲ | 293 ਕੈਲੋਰੀ/ਮੋਲ |
| 20°k ਉੱਤੇ ਤਰਲ ਦੇ ਗ੍ਰਾਮ-ਅਣੁਕ ਆਇਤਨ | 28.3 ਮਿ. ਲਿ. | 23.5 ਮਿ. ਲਿ. |

ਡਿਊਟੀਰੀਅਮ ਗੈਸ ਵਿਚ ਆਮ ਕਰਕੇ HD ਦੀ ਥੋੜ੍ਹੀ ਜਿਹੀ ਮਿਲਾਵਟ ਹੁੰਦੀ ਹੈ। ਪ੍ਰੋਟੀਅਮ ਅਤੇ ਡਿਊਟੀਰੀਅਮ ਦਾ ਅਨੁਪਾਤ ਪਤਾ ਕਰਨ ਲਈ ਪੁੰਜ ਸਪੈਕੱਟ੍ਰੋਮੀਟਰ, ਤਾਪ ਚਾਲਕਤਾ ਢੰਗ, ਅਤੇ ਕਿਸੇ ਸੁਰਾਖ਼ ਵਿਚ ਗੈਸ ਦੇ ਪਸਰਨ ਦੀ ਵਿਧੀ ਵਰਤੀ ਜਾਂਦੀ ਹੈ। ਹੇਠ ਲਿਖੇ ਗੁਣ ਵਿਸ਼ਲੇਸ਼ਣ ਦੇ ਆਧਾਰ ਲਈ ਵਰਤੇ ਗਏ ਹਨ। ਇਨਫ੍ਰਾਰੈੱਡ ਸਪੈਕੱਟ੍ਰਮ, ਘਣਤਾ, ਅਪਵਰਤਨ-ਅੰਕ ਅਤੇ ਨਿਊਕਲੀ ਚੁੰਬਕੀ ਅਨੁਨਾਦ। ਡਿਊਟੀਰੀਅਮ 1000°k ਉੱਤੇ ਪ੍ਰੋਟੀਅਮ ਨਾਲੋਂ 32% ਘੱਟ ਵਿਯੋਜਿਤ ਹੁੰਦੀ ਹੈ। ਕਮਰੇ ਦੇ ਤਾਪਮਾਨ ਉੱਤੇ ਪਾਣੀ ਵਿਚੋਂ ਡਿਊਟੀਰੀਅਮ ਪਰਮਾਣੂਆਂ ਦਾ ਹਾਈਡ੍ਰੋਜਨ ਗੈਸ ਦੇ ਰੂਪ ਵਿਚ ਬਿਜੱਲਈ ਅਪਘਟਨ ਹੋ ਜਾਂਦਾ ਹੈ ਅਤੇ ਇਸ ਦੀ ਦਰ ਪ੍ਰੋਟੀਅਮ ਪਰਮਾਣੂਆਂ ਦੀ ਦਰ ਦਾ $\frac{1}{8}$ ਹੁੰਦੀ ਹੈ।

ਡਿਊਟੀਰੀਅਮ ਦੀ ਵਰਤੋਂ ਮੁੱਖ ਤੌਰ ਤੇ ਭਾਰੇ ਪਾਣੀ ਦੇ ਰੂਪ ਵਿਚ ਕੀਤੀ ਜਾਂਦੀ ਹੈ। ਅਸੰਯੁਕਤ ਹਾਲਤ ਵਿਚ ਇਹ ਖੋਜ ਲਈ ਬੜੀ ਲਾਹੇਵੰਦ ਹੈ। ਬੱਬਲ ਚੈਂਬਰਾਂ ਵਿਚ ਤਰਲ ਡਿਊਟੀਰੀਅਮ ਦੀ ਵਰਤੋਂ ਮੁਢਲੇ ਕਣਾਂ ਦੀਆਂ ਡਿਊਟੀਰੀਅਮ ਨਿਊਕਲੀਅਸ (ਡਿਊਟ੍ਰੋਨ)ਨਾਲ ਕਿਰਿਆਵਾਂ ਦੇ ਅਧਿਐਨ ਲਈ ਕੀਤੀ ਜਾਂਦੀ ਹੈ ਸਾਈਕਲੋਟ੍ਰੋਨਾਂ ਵਿਚ ਡਿਊਟ੍ਰੋਨਾਂ ਨੂੰ ਅਕਸਰ ਪ੍ਰਵੇਗਿਤ ਕੀਤਾ ਜਾਂਦਾ ਹੈ ਤਾਂ ਕਿ ਦੂਸਰੇ ਨਿਊਕਲੀਅਸਾਂ ਨਾਲ ਇਨ੍ਹਾਂ ਦੀ ਕਿਰਿਆ ਦਾ ਅਧਿਐਨ ਕੀਤਾ ਜਾ ਸਕੇ ਅਤੇ ਰੇਡੀਓ-ਐਕੱਟਿਵ ਨਿਊਕਲਾਈਡ ਉਤਪੰਨ ਕੀਤੇ ਜਾ ਸਕਣ। ਟ੍ਰੇਸਰ ਅਧਿਐਨਾਂ ਲਈ ਆੱਰਗੈਨਿਕ ਯੋਗਿਕਾਂ ਦੇ ਸਿੱਧੇ ਸੰਸ਼ਲੇਸ਼ਣਾਂ ਵਿਚ ਡਿਊਟੀਰੀਅਮ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਤਾਪ-ਨਿਊਕਲੀ ਸੰਯੋਜਨ (fusion) ਨੂੰ ਕੰਟਰੋਲ ਕੀਤਾ ਜਾ ਸਕੇ ਤਾਂ ਇਹ ਡਿਊਟੀਰੀਅਮ ਗੈਸ ਸ਼ਕਤੀ ਦਾ ਬਹੁਤ ਹੀ ਮਹੱਤਵਪੂਰਨ ਸੋਮਾ ਸਾਬਤ ਹੋਵੇਗੀ।

ਹ. ਪੁ.–ਮੈਕ. ਐਨ. ਸ. ਟ. 4 : 102

**ਡਿਊਮਜ਼ਨਿਲ, ਮੱਲੀ** : ਦੁਖਾਂਤ ਨਾਟਕਾਂ ਦੀ ਇਸ ਅਦਾਕਾਰਾ ਦਾ ਜਨਮ 2 ਜਨਵਰੀ, 1713 ਨੂੰ ਪੈਰਿਸ ਵਿਖੇ ਹੋਇਆ। ਇਹ ਵਾੱਲਟੇਅਰ ਅਤੇ ਰਾਸੀਨ ਦੇ ਨਾਟਕ ਖੇਡਣ ਕਾਰਨ ਬਹੁਤ ਪ੍ਰਸਿੱਧ ਹੋਈ। ਪ੍ਰਾਂਤਕ ਥੀਏਟਰ ਵਿਚ ਕੰਮ ਕਰਨ ਤੋਂ ਬਾਅਦ 1737 ਈ. ਵਿਚ ਇਸਨੇ ਪਹਿਲੀ ਵਾਰ ਪੈਰਿਸ ਵਿਖੇ ਅਪਣਾ ਪ੍ਰੋਗਰਾਮ ਦਿੱਤਾ। ਇਸ ਨੇ ਰਾਸੀਨ ਦੇ ਨਾਟਕਾਂ ਦੀਆਂ ਕਲਾਈਟਮਨੈਸਤ੍ਰੀ, ਫੀਡਰੀ, ਐਥਾਲੀ ਅਤੇ ਹਰਮਿਆਨ ਦੇ ਪਾਰਟ ਕਰਕੇ ਤਰਥਲੀ ਮਚਾ ਦਿਤੀ। ਕਾੱਰਨੇਈ ਨੇ ਨਾਟਕ 'Rodogune' ਵਿਚ ਕਲੀਓਪੈਟਰਾ ਦਾ ਰੋਲ ਅਦਾ ਕਰਨ ਵਿਚ ਵੀ ਇਸ ਨੇ ਕਮਾਲ ਕਰ ਦਿਤੀ। ਲਗਾਤਾਰ ਤਿੰਨ ਨਾਟਕਾਂ ਵਿਚ ਕੰਮ ਕਰਕੇ ਇਸਨੇ ਦਰਸ਼ਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਤ ਕੀਤਾ। ਸੰਨ 1775 ਵਿਚ ਇਹ ਸਟੇਜ ਤੋਂ ਰਿਟਾਇਰ ਹੋ ਗਈ।

20 ਫ਼ਰਵਰੀ, 1803 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ..ਪੁ.—ਐਨ. ਬ੍ਰਿ. ਮਾ. 3 : 702

**ਡਿਊਮਾ, ਅਲੈਕਸਾਂਦਰ (Dumas, Alexandre)** : ਇਹ 19 ਵੀਂ ਸਦੀ ਦਾ ਇਕ ਬਹੁਤ ਉੱਘਾ ਫ਼ਰਾਂਸੀਸੀ ਨਾਟਕਕਾਰ ਅਤੇ ਨਾਵਲਕਾਰ ਸੀ। ਇਸ ਦਾ ਜਨਮ 24 ਜੁਲਾਈ, 1802 ਨੂੰ ਏਨ ਵਿਚ ਵਿਹਲੀਅਰ ਕਾਂਤਰੇ ਵਿਖੇ ਹੋਇਆ। ਬਚਪਨ ਵਿਚ ਹੀ ਇਸ ਦੇ ਪਿਤਾ ਦੀ ਮੌਤ ਹੋ ਗਈ। ਸੋ ਥੋੜ੍ਹੀ ਵਿਦਿਆ ਪ੍ਰਾਪਤ ਕਰਨ ਉਪਰੰਤ ਇਹ ਪੈਰਿਸ ਵਿਚ ਕਲਰਕ ਬਣ ਗਿਆ ਮਗਰੋਂ ਇਸ ਨੇ ਉੱਚ ਕੋਟੀ ਦੇ ਵਿਦਵਾਨਾਂ ਦੀਆਂ ਲਿਖਤਾਂ ਦਾ ਅਧਿਐਨ ਕੀਤਾ।



ਅਲੈਕਸਾਂਦਰ ਡਿਊਮਾ

ਇਸ ਨੇ ਦੈਨਿਕ ਪੱਤਰ 'ਲ ਮੁਸਕਤੇਰ' ਅਤੇ ਸਪਤਾਹਕ ਪੱਤਰ 'ਮਾਂਤਕ੍ਰਿਸਤੋ' ਚਾਲੂ ਕੀਤੇ। ਇਸ ਨੇ ਆਪਣੇ ਸਹਿਯੋਗੀਆਂ ਦੀ ਮਦਦ ਨਾਲ 91 ਨਾਟਕ ਲਿਖੇ। ਇਸ ਦੀਆਂ ਰਚਨਾਵਾਂ ਵਿਚ ਮਨੋਵਿਗਿਆਨਕ ਗੰਭੀਰਤਾ ਨਹੀਂ ਹੈ ਪਰ ਨਾਟਕਾਂ ਦੇ ਪਾਤਰ ਚਿਤਰਣ ਵਿਚ ਸਜੀਵਤਾ ਅਤੇ ਕਿਰਿਆਸ਼ੀਲਤਾ ਆਦਿ ਤੱਤ ਹਨ।

ਇਹ ਵਧੇਰੇ ਕਰਕੇ ਆਪਣੇ ਇਤਿਹਾਸਕ ਨਾਵਲਾਂ ਕਰਕੇ ਪ੍ਰਸਿੱਧ ਹੈ। ਫ਼ਰਾਂਸ ਦੀ ਕ੍ਰਾਂਤੀ ਕਰਕੇ ਵਾਤਾਵਰਣ ਕੁਝ ਅਜਿਹਾ ਹੀ ਸੀ। ਇਹ ਫ਼ਰਾਂਸ ਦੀ ਸ਼ਕਤੀ ਦਾ ਪ੍ਰਤੀਨਿਧ ਸੀ। ਇਹ ਸਕਾੱਟ ਅਤੇ ਸ਼ਿੱਲਰ ਵਰਗੇ ਉੱਘੇ ਲੇਖਕਾਂ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਇਸ ਨੇ ਵਰਣਨਾਤਮਕ ਨਾਵਲਾਂ ਦੀ ਥਾਂ ਨਾਟਕੀ ਨਾਵਲ ਲਿਖੇ। ਸਕਾੱਟ ਦੀ ਦ੍ਰਿਸ਼ਟੀ ਦਾਰਸ਼ਨਿਕ ਸੀ ਪਰ ਇਸ ਨੇ ਆਪਣੀ ਰਚਨਾ ਵਿਚ ਅਤੀਤ ਦਾ ਸੁੰਦਰ ਚਿੱਤਰ ਪੇਸ਼ ਕੀਤਾ। ਇਸ ਦੀਆਂ ਰਚਨਾਵਾਂ ਵਿਚ 16 ਵੀਂ, 17 ਵੀਂ ਅਤੇ 18 ਵੀਂ ਸਦੀ ਦੇ ਸ਼ਕਤੀਸ਼ਾਲੀ ਫ਼ਰਾਂਸ ਦਾ ਬਾਹਰੀ ਰੂਪ ਝਲਕਦਾ ਹੈ। ਇਸ ਦੇ ਪ੍ਰਮੁੱਖ ਨਾਵਲ 'ਦੀ ਕਾਊਂਟ ਆੱਫ਼ ਮਾਂਟ ਕ੍ਰਿਸਟੋ', (1844-45); 'ਦੀ ਥ੍ਰੀ ਮਸਕੀਟੀਅਰਜ਼' (1850); 'ਟੈੱਨ ਯੀਅਰਜ਼ ਲੇਟਰ' (1848-50) ਅਤੇ 'ਦੀ ਬਲੈਕ ਟਿਊਲਪ' (1850) ਹਨ। ਅਯਾਸ਼ੀ ਨਾਲ, ਲਗਾਤਾਰ ਲਿਖਣ ਨਾਲ ਤੇ ਕਰਜ਼ਾਈ ਹੋਣ ਨਾਲ ਇਸ ਦੀ ਸਿਹਤ ਖ਼ਰਾਬ ਰਹਿਣ ਲੱਗ ਪਈ। ਪਹਿਲਾਂ ਇਸ ਨੇ ਆਪਣੇ ਲੜਕੇ ਨੂੰ ਨਰਾਜ਼ ਕਰ ਲਿਆ ਸੀ ਪਰ ਫਿਰ ਉਸੇ ਨੇ ਇਸ ਦੀ ਦੇਖ ਭਾਲ ਕੀਤੀ। 5 ਦਸੰਬਰ, 1870 ਨੂੰ ਡੀਐਪ ਦੇ ਨੇੜੇ ਪਵੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਹਿੰ. ਵਿ. ਕੋ. 5 : 269 ; ਐਨ. ਬ੍ਰਿ. ਮਾ. 3 : 700

**ਡਿਊਮਾ, ਜਾਂ ਬਾਤੀਸਤ ਆਂਦਰੇ** : ਕਾਰਬਨੀ ਰਸਾਇਣ-ਵਿਗਿਆਨ ਅਤੇ ਵਿਸ਼ੇਸ਼ ਤੌਰ ਤੇ ਕਾਰਬਨੀ ਵਿਸ਼ਲੇਸ਼ਣ ਦਾ ਮੁੱਢ ਬੰਨਣ ਵਾਲੇ ਫਰਾਂਸ ਦੇ ਇਸ ਰਸਾਇਣ-ਵਿਗਿਆਨੀ ਦਾ ਜਨਮ 14 ਜੁਲਾਈ, 1800 ਨੂੰ ਫ਼ਰਾਂਸ ਵਿਚ ਐਲਾੱਸ ਵਿਖੇ ਹੋਇਆ। ਇਸਦੀ ਉਮਰ ਹਾਲੇ 21 ਸਾਲ ਦੀ ਵੀ ਨਹੀਂ ਸੀ ਕਿ ਇਸ ਨੇ ਜੀਵ ਰਸਾਇਣ-ਵਿਗਿਆਨ ਅਤੇ ਭਰੂਣ-ਵਿਗਿਆਨ ਦੇ ਖੇਤਰ ਵਿਚ ਮੌਲਿਕ ਕੰਮ ਕੀਤਾ। ਚਾਰਲਸ ਕੋਉਨਡੇਟ ਨਾਲ ਮਿਲਕੇ ਇਸ ਨੇ 1818 ਵਿਚ ਗਿਲੜ੍ਹ ਦੇ ਇਲਾਜ ਲਈ ਆਇਓਡੀਨ ਦੀ ਵਰਤੋਂ ਸ਼ੁਰੂ ਕੀਤੀ। ਡਿਊਮ 1832 ਵਿਚ ਪੈਰਿਸ ਯੂਨੀਵਰਸਿਟੀ ਦੇ ਕਾੱਲਜ ਆੱਫ਼ ਫ਼ਰਾਂਸ ਵਿਖੇ ਪ੍ਰੋਫ਼ੈਸਰ ਲੱਗ ਗਿਆ।

ਇਸ ਨੇ 1830 ਵਿਚ ਕਾਰਬਨੀ ਯੋਗਿਕਾਂ ਵਿਚ ਨਾਈਟਰੋਜਨ ਅੰਸ਼ ਦਾ ਪਤਾ ਲਗਾਉਣ ਲਈ ਜਲਣ ਵਿਧੀ ਦੀ ਸ਼ੁਰੂਆਤ ਕੀਤੀ ਅਤੇ 1831 ਵਿਚ ਐਂਥਰਾਸੀਨ ਵਿਯੁਕਤ ਕੀਤੀ। ਇਸਨੇ 1832 ਵਿਚ ਮੁਸ਼ਕ-ਕਫ਼ੂਰ ਦੇ ਫ਼ਾਰਮੂਲੇ ਦੀ ਕਾਢ ਕੱਢੀ ਅਤੇ 1834 ਵਿਚ ਇਹ ਸਿੱਧ ਕੀਤਾ ਕਿ ਕਾਰਬਨੀ ਯੋਗਿਕਾਂ ਵਿਚ ਹਾਈਡਰੋਜਨ ਦੀ ਥਾਂ ਹੈਲੋਜਨ ਲੈ ਸਕਦੇ ਹਨ। ਇਸ ਨੇ 1834 ਵਿਚ ਹੀ ਯੁਜੈਨ ਮੈੱਲਚਯਾੱਰ ਪੈੱਲਗੋਜ਼ ਨਾਲ ਮਿਲਕੇ ਮੈਥਿਲ ਅਲਕੋਹਲ ਨੂੰ ਵਿਯੁਕਤ ਕੀਤਾ ਅਤੇ 1836 ਵਿਚ ਅਲਕੋਹਲ ਲੜੀ ਸਥਾਪਤ ਕੀਤੀ। ਜਸਟਿਸ ਵਾੱਨ ਲੀਵਿੱਗ ਨਾਲ ਕੰਮ ਕਰਕੇ ਇਸ ਨੇ ਸਿੱਧ ਕੀਤਾ ਕਿ ਕਾਰਬਨੀ ਰਸਾਇਣ ਵਿਗਿਆਨ ਵਿਚ ਪਰਮਾਣੂਆਂ ਦੇ ਸਮੂਹ ਇਕੱਠੇ ਹੋ ਕੇ ਕਿਰਿਆ ਕਰ ਸਕਦੇ ਹਨ ਅਤੇ ਰਸਾਇਣਿਕ ਪ੍ਰਤਿਕ੍ਰਿਆਵਾਂ ਦੌਰਾਨ ਬਿਨ੍ਹਾਂ ਬਦਲੇ ਅਣੂਆਂ ਦੇ ਦੂਜੇ ਹਿੱਸਿਆਂ ਨੂੰ ਬਦਲ ਸਕਦੇ ਹਨ। ਇਸਨੇ ਪਰਮਾਣੂ ਭਾਰਾਂ ਬਾਰੇ ਵੀ ਖੋਜ ਕੀਤੀ ਜੋ ਜਾੱਨ ਬੈੱਰਸੇਲੀਅਸ ਦੁਆਰਾ ਖੋਜ ਕੀਤੇ ਭਾਰਾਂ ਨਾਲੋਂ ਵੱਖਰੇ ਸਨ। ਹੁਣ ਵੀ ਕਈ ਵਾਰ ਗੈਸਾਂ ਅਤੇ ਘੱਟ-ਉਬਾਲ ਦਰਜੇ ਵਾਲੇ ਤਰਲਾਂ ਦਾ ਅਣਵੀ ਭਾਰ ਪਤਾ ਕਰਨ ਲਈ ਡਿਊਮਾ ਦਾ ਤਰੀਕਾ ਹੀ ਅਪਣਾਇਆ ਜਾਂਦਾ ਹੈ।

ਸੰਨ 1849 ਵਿਚ ਡਿਊਮਾ, ਨੈਸ਼ਨਲ ਅਸੈਂਬਲੀ ਦਾ ਮੈਂਬਰ ਬਣ ਗਿਆ ਅਤੇ ਬਾਅਦ ਵਿਚ ਪੈਰਿਸ ਦੀ ਸਿਟੀ ਕੌਂਸਿਲ ਦਾ ਸੈਨੇਟਰ ਤੇ ਪ੍ਰਧਾਨ ਰਹਿਣ ਉਪਰੰਤ ਇਹ ਫਰੈਂਚ ਮਿੰਟ ਦਾ ਮਾਸਟਰ ਬਣਿਆ।

10 ਅਪ੍ਰੈਲ, 1884 ਨੂੰ ਕੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 268; ਐਨ. ਬ੍ਰਿ. 7 : 750

**ਡਿਊਮਾ, ਡਿਊਰਵਿਲ ਜੂਲਜ਼ ਜੈਬੈਸਤੀਅਨ ਸੀਜ਼ਰ** : ਇਹ ਫਰਾਂਸ ਦਾ ਇਕ ਉੱਘਾ ਨੌਸੈਨਿਕ ਅਤੇ ਖੋਜੀ ਹੋਇਆ ਹੈ। ਇਸ ਦਾ ਜਨਮ 23 ਮਈ, 1790 ਫ਼ਰਾਂਸ ਵਿਚ

ਕੌਲਡੇ-ਸੁਰ-ਨਵਾਰੇ ਵਿਖੇ ਹੋਇਆ। ਇਸ ਨੇ 1807 ਈ. ਵਿਚ ਇਕ ਸਿੱਖਿਆਰਥੀ ਦੇ ਤੌਰ ਤੇ ਨੌਸੈਨਾ ਵਿਚ ਪ੍ਰਵੇਸ਼ ਕੀਤਾ।

ਇਸ ਨੇ 1826-29 ਈ. ਵਿਚ ਦੱਖਣੀ ਸ਼ਾਂਤ ਮਹਾਂਸਾਗਰ ਵੱਲ ਖੋਜ ਕਰਨ ਲਈ ਯਾਤਰਾ ਕੀਤੀ ਅਤੇ 1837-40 ਦੇ ਦੌਰਾਨ ਦੱਖਣੀ ਧਰੁਵ ਦੀ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਸਦਕਾ ਹੀ ਇਸਨੇ ਬਹੁਤ ਸਾਰੇ ਦੀਪਾਂ ਦੀ ਖੋਜ ਕੀਤੀ ਅਤੇ ਪੁਰਾਣੇ ਚਾਰਟਾਂ ਨੂੰ ਮੁੜ ਬਣਾਇਆ।

ਸੰਨ 1820 ਵਿਚ ਜਦੋਂ ਇਹ ਪੂਰਬੀ ਰੂਮ ਸਾਗਰ ਦੇ ਚਾਰਟਾਂ ਸਬੰਧੀ ਖੋਜ ਕਰ ਰਿਹਾ ਸੀ ਤਾਂ ਇਸ ਨੇ ਫ਼ਰਾਂਸੀਸੀ ਸਰਕਾਰ ਨੂੰ ਵੀਨਸ ਦ ਮੀਲੋ ਦੀਆਂ ਯਾਦਗਾਰੀ ਯੂਨਾਨੀ ਮੂਰਤੀਆਂ ਬਾਰੇ ਦੱਸਿਆ, ਜਿਹੜੀਆਂ 'ਏਜੀਅਨ ਦੀਪ' ਵਿਚ ਗੁੰਮ ਹੋ ਚੁੱਕੀਆਂ ਸਨ।

ਸੰਨ 1822 ਦੇ ਕਰੀਬ ਇਹ ਸੰਸਾਰ ਦੀ ਯਾਤਰਾ ਤੇ ਨਿਕਲਿਆ ਅਤੇ 1825 ਈ. ਵਿਚ ਫਰਾਂਸ ਪਰਤਿਆ। ਇਸ ਨੇ ਆਪਣੀ ਅਗਲੀ ਯਾਤਰਾ ਦੱਖਣੀ ਸ਼ਾਂਤ ਮਹਾਂ ਸਾਗਰ ਵੱਲੋਂ ਕੀਤੀ ਜਿਸ ਵਿਚ ਇਸ ਨੇ 1780 ਈ. ਦੇ ਗੁੰਮ ਹੋਏ ਖੋਜੀ ਜੀਨ ਫਰਾਂਸਵਾਂ ਲਾ ਪਾਰੂਜ਼ ਦੀ ਖੋਜ ਕੀਤੀ। ਇਸ ਯਾਤਰਾ ਦੇ ਦੌਰਾਨ ਇਸ ਨੇ ਨਿਊਜ਼ੀਲੈਂਡ ਦੇ ਵੀ ਕਈ ਹਿੱਸਿਆਂ ਦੇ ਚਾਰਟ ਬਣਾਏ। ਇਸੇ ਯਾਤਰਾ ਦੇ ਦੌਰਾਨ ਇਹ ਫਿਜ਼ੀ ਲਾਇਲਟੀ ਆਈਲੈਂਡਜ਼, ਨਿਊ ਕਲਡੋਨੀਆ, ਨਿਊ ਗਿੰਨੀ, ਅਮਬੋਆਨਾ, ਕੈਰੋਲਾਈਨ ਆਇਨਜ਼ ਅਤੇ ਸਲਬੀਜ਼ ਆਦਿ ਥਾਵਾਂ ਤੇ ਵੀ ਗਿਆ।

ਸੰਨ 1822-25 ਦੇ ਦੌਰਾਨ ਇਸ ਨੇ ਲੂਈ ਡੂਪਰੇ ਦੇ ਨਾਲ ਸਾਰੇ ਸੰਸਾਰ ਦਾ ਚੱਕਰ ਲਾਇਆ। ਸੰਨ 1829 ਵਿਚ ਇਹ ਫ਼ਰਾਂਸ ਮੁੜ ਆਇਆ ਅਤੇ 1830 ਈ. ਵਿਚ ਇਸ ਨੇ ਫ਼ਰਾਂਸ ਦੇ ਬਾਦਸ਼ਾਹ ਚਾਰਲਸ ਦਸਵੇਂ ਨੂੰ ਦੇਸ਼ ਨਿਕਾਲੇ ਲਈ ਇੰਗਲੈਂਡ ਪਹੁੰਚਾਇਆ। ਸੰਨ 1837 ਵਿਚ ਇਸ ਨੇ ਦੱਖਣੀ ਧਰੁਵੀ ਇਲਾਕੇ ਦੀ ਹੋਰ ਖੋਜ ਅਤੇ ਪੱਛਮੀ ਸ਼ਾਂਤ ਮਹਾਂਸਾਗਰ ਵਿਚਲੇ ਨਵੇਂ ਦੀਪਾਂ ਦੀ ਖੋਜ ਲਈ ਯਾਤਰਾ ਸ਼ੁਰੂ ਕੀਤੀ। ਆਪਣੇ ਜਹਾਜ਼ਾਂ ਆਸਤਰੋਲੇਬ ਅਤੇ ਜ਼ੀਲੀ ਨਾਲ ਸਟ੍ਰੇਟਸ ਆਫ਼ ਮਜਲਨ ਵਿਚੋਂ ਹੁੰਦਿਆਂ ਹੋਇਆਂ ਇਸ ਨੇ 1838 ਈ. ਵਿਚ ਲੂਈ ਫਿਲਪ ਪੈਨਿਨਸੂਲਾ ਅਤੇ ਜਾਇਨਵਿਲ ਦੀਪ ਦੀ ਖੋਜ ਕੀਤੀ। ਫਿਰ ਇਸ ਨੇ ਦੱਖਣ-ਪੱਛਮੀ ਸ਼ਾਂਤ ਮਹਾਂਸਾਗਰ ਦੀ ਖੋਜ ਕੀਤੀ। ਸੰਨ 1840 ਵਿਚ ਇਸ ਨੇ ਦੱਖਣੀ ਧਰੁਵ ਦੇ ਇਕ ਤੱਟੀ ਇਲਾਕੇ ਦਾ ਨਾਮ ਆਪਣੀ ਪਤਨੀ ਦੇ ਨਾਉਂ ਤੇ ਅਡੇਲੀ ਕੋਸਟ ਰੱਖਿਆ। ਸੰਨ 1841 ਦੇ ਅੰਤ ਵਿਚ ਇਹ ਫਰਾਂਸ ਪਰਤਿਆ। 8 ਮਈ, 1842 ਈ. ਵਿਚ ਪੈਰਿਸ ਦੇ ਨਜ਼ਦੀਕ ਇਕ ਰੇਲ-ਦੁਰਘਟਨਾ ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 269; ਐਨ. ਅਮੈ. 9 : 469

**ਡਿਊਰਨ** : ਜਰਮਨੀ ਦੇ ਉੱਤਰ-ਪੱਛਮੀ ਹਿੱਸੇ ਵਿਚ ਉੱਤਰੀ ਰ੍ਹਾਈਨ ਵੈਸੱਟਫੇਲੀਆ ਰਾਜ ਦਾ ਸੱਨਅਤੀ ਸ਼ਹਿਰ ਹੈ ਜਿਹੜਾ ਆਈਫੈੱਲ ਪਰਬਤ ਦੀਆਂ ਉੱਤਰ-ਪੂਰਬੀ ਢਲਾਣਾਂ ਉੱਤੇ ਆਕੈੱਨ ਤੋਂ 28 ਕਿ. ਮੀ. ਪੂਰਬ ਵੱਲ ਰੂਰ ਦਰਿਆ ਦੇ ਕੰਢੇ ਵੱਸਿਆ ਹੋਇਆ ਹੈ। ਸੰਨ 748 ਵਿਚ ਇਸ ਦਾ ਫਰੈਂਕਾਂ ਦੀ ਇਕ ਬਸਤੀ ਦੇ ਤੌਰ ਤੇ ਜ਼ਿਕਰ ਆਇਆ। ਬਾਅਦ ਵਿਚ ਫਰੈਂਕ ਬਾਦਸ਼ਾਹ ਪੈਪਿਨ ਤੀਜੇ ਅਧੀਨ ਇਹ ਇਕ ਵੱਡੇ ਸ਼ਹਿਰ ਵਜੋਂ ਉੱਨਤ ਹੋ ਗਿਆ। ਬਾਦਸ਼ਾਹ ਸ਼ਾਰਲਮੇਨ ਅਧੀਨ ਇਹ ਇਥੋਂ ਦੀਆਂ ਡਾਇਟਾਂ ਅਤੇ ਸਾਇਨਾਡਾਂ (ਧਰਮ ਸਭਾਵਾਂ) ਦਾ ਸਦਰ-ਮੁਕਾਮ ਰਿਹਾ ਅਤੇ ਇਥੋਂ ਹੀ ਸੈਕਸਨ ਤੇ ਚੜ੍ਹਾਈਆਂ ਕੀਤੀਆਂ ਗਈਆਂ। ਸੰਨ 1242 ਵਿਚ ਯੂਲਿਕ ਦੇ ਡਿਊਕਾਂ ਹੇਠ ਚਲਾ ਗਿਆ। ਸੰਨ 1543 ਵਿਚ ਯੂਲਿਕ ਦੇ ਬਾਦਸ਼ਾਹ ਵਿਲੀਅਮ ਪੰਜਵੇਂ ਅਤੇ ਬਾਦਸ਼ਾਹ ਚਾਰਲਸ ਪੰਜਵੇਂ ਵਿਚਕਾਰ ਹੋਈ ਲੜਾਈ ਦੌਰਾਨ ਇਹ ਤਬਾਹ ਹੋ ਗਿਆ। ਦੁਬਾਰਾ ਦੂਜੇ ਮਹਾਂਯੁੱਧ ਵਿਚ ਇਹ ਫਿਰ ਢਹਿ ਢੇਰੀ ਕਰ ਦਿੱਤਾ ਗਿਆ ਪਰ ਬਾਅਦ ਵਿਚ ਸਾਰਾ ਹੀ ਨਵੇਂ ਸਿਰੇ ਤੋਂ ਉਸਾਰ ਦਿੱਤਾ ਗਿਆ। ਅੱਜਕੱਲ੍ਹ ਇਹ ਧਾਤ ਦੀਆਂ ਚੀਜ਼ਾਂ, ਕਾਗਜ਼, ਕੱਪੜੇ, ਸ਼ੀਸ਼ਾ, ਖੰਡ ਅਤੇ ਰਸਾਇਣ ਬਣਾਉਣ ਦਾ ਕੇਂਦਰ ਹੈ। ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ ਬਨਸਪਤਿਕ ਬਾਗ਼ ਅਤੇ ਖਗੋਲ ਵਿਗਿਆਨ ਦੀ ਪ੍ਰਯੋਗਸ਼ਾਲਾ ਹੈ।

ਆਬਾਦੀ—85,867 (1983)

50°48′ ਉ. ਵਿਥ.; 6°28′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 289

**ਡਿਊਰੈਂਟ, ਫ੍ਰਾਂਸਿਸਕੋ** : ਇਹ ਇਟਲੀ ਦਾ ਇਕ ਉੱਘਾ ਧਾਰਮਕ ਸੰਗੀਤ ਰਚਨਹਾਰਾ ਅਤੇ ਸੰਗੀਤ ਸਿਖਿਅਕ ਸੀ। ਇਸ ਦਾ ਜਨਮ ਨੇਪਲਜ਼ ਵਿਚ 31 ਮਾਰਚ, 1684 ਨੂੰ ਹੋਇਆ। ਇਸ ਨੇ ਰੋਮ ਵਿਚ ਅਤੇ ਸ਼ਾਇਦ ਨੇਪਲਜ਼ ਵਿਖੇ ਵੀ ਵਿਦਿਆ ਪ੍ਰਾਪਤ ਕੀਤੀ। ਸੰਨ 1710 ਵਿਚ ਇਹ ਸੈਨ ਔਨਫ੍ਰਾਈਓ ਕੰਜ਼ਰਵੇਟਰੀ ਵਿਚ ਪੜ੍ਹਾਉਣ ਲਗ ਪਿਆ। ਇਹ ਕਈ ਵੱਖ ਵੱਖ ਥਾਵਾਂ ਤੇ ਸੰਗੀਤ ਦੀ ਸਿੱਖਿਆ ਦਿੰਦਾ ਰਿਹਾ। ਸੰਨ 1745 ਵਿਚ ਇਹ ਸੈਨ ਔਨਫ੍ਰਾਈਓ ਦਾ ਪ੍ਰਿੰਸੀਪਲ ਲੱਗਾ। ਇਸ ਦੀਆਂ ਸੰਗੀਤ ਰਚਨਾਵਾਂ ਵਿਚ ਸ਼ਬਦ, ਪੂਜਾ, ਸਮਾਰੋਹ, ਧਾਰਮਕ ਗੀਤ ਅਤੇ ਤਾਰਾਂ ਦੇ ਸੰਗੀਤ ਦੀ ਸੈਟਿੰਗ ਆਦਿ ਸ਼ਾਮਲ ਹਨ।

ਇਸ ਦੀ ਮੌਤ 13 ਅਗਸਤ, 1755 ਨੂੰ ਨੇਪਲਜ਼ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 721

**ਡਿਊਰੈਂਟ, ਵਿੱਲ** : ਸੰਯੁਕਤ ਰਾਜ ਅਮਰੀਕਾ ਦੇ ਇਸ ਲਿਖਾਰੀ ਅਤੇ ਲੈਕਚਰਾਰ ਦਾ ਪੂਰਾ ਨਾਂ ਵਿਲੀਅਮ ਜੇਮਜ਼ ਡਿਊਰੈਂਟ ਸੀ। ਇਸ ਦਾ ਜਨਮ 5 ਨਵੰਬਰ, 1885 ਨੂੰ ਮੈਸਾਚੂਸੈੱਟਸ ਰਾਜ ਵਿਚ, ਨਾਰਥ ਐਡਮਜ਼ ਵਿਖੇ ਹੋਇਆ। ਇਸ ਦੀਆਂ ਪੁਸਤਕਾਂ 'ਦੀ ਸਟੋਰੀ ਆਫ਼ ਫ਼ਿਲਾਸਫ਼ੀ' (1926) ਅਤੇ 'ਦੀ ਸਟੋਰੀ ਆਫ਼ ਸਿਵਿਲਾਇਜ਼ੇਸ਼ਨ' (10 ਜਿਲਦਾਂ 1935-67) ਨੇ ਇਸ ਨੂੰ ਤਤਕਾਲੀਨ ਦਰਸ਼ਨ-ਸ਼ਾਸਤਰ ਅਤੇ ਇਤਿਹਾਸ ਦੇ ਪ੍ਰਸਿੱਧ ਲਿਖਾਰੀਆਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ।

ਇਸ ਦਾ ਲਿਖਾਰੀ ਜੀਵਨ 'ਫ਼ਿਲਾਸਫ਼ੀ ਐਂਡ ਦੀ ਸੋਸ਼ਲ ਪ੍ਰਾਬਲਮ' ਦੇ ਪ੍ਰਕਾਸ਼ਿਤ ਹੋਣ ਤੇ ਸ਼ੁਰੂ ਹੋਇਆ। ਇਸ ਦੀ ਦੂਜੀ ਪੁਸਤਕ 'ਦੀ ਸਟੋਰੀ ਆਫ਼ ਫ਼ਿਲਾਸਫ਼ੀ' ਦੀਆਂ 20 ਲੱਖ ਕਾਪੀਆਂ ਤਿੰਨ ਦਹਾਕਿਆਂ ਤੋਂ ਘੱਟ ਸਮੇਂ ਅੰਦਰ ਵਿਕੀਆਂ ਅਤੇ ਇਸ ਦੇ ਅਨੁਵਾਦ ਕਈ ਭਾਸ਼ਾਵਾਂ ਵਿਚ ਹੋਏ। ਅਗਲੇ ਸਾਲ ਇਸ ਦਾ ਇਕੋ ਇਕ ਨਾਵਲ 'ਟਰਾਂਜ਼ੀਸ਼ਨ' ਛਪਿਆ। ਇਹ ਇਸ ਦੇ ਆਪਣੇ ਸਮਾਜਕ, ਧਾਰਮਕ ਅਤੇ ਰਾਜਨੀਤਕ ਜੀਵਨ ਦੀਆਂ ਭਰਮ-ਨਵਿਰਤੀਆਂ ਦਾ ਇਕ ਲੇਖਾ ਸੀ। ਇਸ ਦੀ ਪੁਲਿਤਸਰ ਪੁਰਸਕਾਰ ਜੇਤੂ ਪੁਸਤਕ 'ਰੂਸੋ ਐਂਡ ਰੈਵੋਲੂਸ਼ਨ' (1967) ਇਸ ਦੇ ਸ਼ਾਨਦਾਰ ਸਭਿਆਚਾਰਕ ਇਤਿਹਾਸ 'ਦੀ ਸਟੋਰੀ ਆਫ਼ ਸਿਵਿਲਾਇਜ਼ੇਸ਼ਨ' ਦੀ ਦਸਵੀਂ ਜਿਲਦ ਸੀ। ਸੰਨ 1970 ਵਿਚ ਇਸ ਨੇ 'ਇੰਟਰਪ੍ਰਿਟੇਸ਼ਨ ਆਫ਼ ਲਾਈਫ਼-ਏ ਸਰਵੇ ਆਫ਼ ਕੰਟੈਂਪਰੇਰੀ ਲਿਟਰੇਚਰ' ਪ੍ਰਕਾਸ਼ਿਤ ਕੀਤੀ। ਇਹ ਪੁਸਤਕ ਇਸ ਦੇ ਜੀਵਨ ਭਰ ਦੇ ਆਧੁਨਿਕ ਸਾਹਿਤ ਦੀ ਪੜ੍ਹਾਈ ਦੇ ਵਿਸਥਾਰ ਪੂਰਵਕ ਨੋਟ ਸਨ। ਇਹ ਪੁਸਤਕ ਗ਼ੈਰ-ਰਸਮੀ ਅਤੇ ਪ੍ਰਸੰਗਾਤਮਕ ਹੈ ਅਤੇ ਇਹ ਸਾਧਾਰਨ ਪਾਠਕਾਂ ਲਈ ਹੈ

ਸੰਨ 1913 ਵਿਚ ਜਦੋਂ ਇਹ ਨਿਊਯਾਰਕ ਵਿਚ ਫੈਰਰ ਮਾਡਰਨ ਸਕੂਲ ਵਿਖੇ ਅਧਿਆਪਕ ਸੀ ਤਾਂ ਇਸ ਨੇ ਆਪਣੀ ਇਕ ਸ਼ਾਗਿਰਦ ਅੱਡਾ ਕੌਫ਼ਮਾਨ ਨਾਲ ਵਿਆਹ ਕਰਵਾ ਲਿਆ ਅਤੇ ਉਹ ਇਸ ਸਮੇਂ ਤੋਂ ਮਗਰੋਂ ਦੇ ਪ੍ਰਕਾਸ਼ਨਾਂ ਵਿਚ ਆਪਣੇ ਪਤੀ ਦੀ ਸਹਿਲੇਖਕ ਰਹੀ।

ਇਸ ਦੀ ਮੌਤ ਲਾੱਸ ਏਂਜਲਸ ਵਿਚ 7 ਨਵੰਬਰ, 1981 ਨੂੰ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 721

**ਡਿਊਰੈਂਡਸ ਆੱਫ਼ ਸੈਂ-ਪੋਰਸ਼ਾਂ (Durandus of Saint-Pourcain)** : ਇਸ ਬਿਸ਼ਪ, ਧਰਮ-ਸ਼ਾਸਤਰੀ ਅਤੇ ਦਾਰਸ਼ਨਿਕ ਦਾ ਜਨਮ ਲ. 1270 ਈ. ਵਿਚ ਫ਼ਰਾਂਸ ਵਿਚ ਸੈਂਪੋਰਸ਼ਾਂ ਵਿਖੇ ਹੋਇਆ। ਸੇਂਟ ਟਾਮਸ ਐਕਵੀਨਾਸ ਨਾਲ ਵਿਚਾਰਾਂ ਦੀ ਵਿਰੋਧਤਾ ਹੋਣ ਕਾਰਨ ਇਹ ਬਹੁਤ ਪ੍ਰਸਿੱਧ ਹੋਇਆ।

ਡਿਊਰੈਂਡਸ ਮਗਰੋਂ ਦੋਮਿਨਿਕਨ ਮਤ ਵਿਚ ਸ਼ਾਮਲ ਹੋਇਆ ਅਤੇ 1313 ਈ. ਵਿਚ ਇਸ ਨੇ ਪੈਰਿਸ ਵਿਖੇ ਧਰਮ ਵਿਸ਼ੇ ਵਿਚ ਡਾਕਟਰ ਦੀ ਡਿਗਰੀ ਹਾਸਲ ਕੀਤੀ। ਪੋਪ ਨੇ ਇਸ ਨੂੰ ਐਵੀਨਯਾ ਵਿਖੇ ਧਰਮ ਦਾ ਲੈਕਚਰਾਰ ਲਗਾ ਦਿੱਤਾ। ਮਗਰੋਂ ਇਹ ਕਈ ਵੱਖ ਵੱਖ ਥਾਵਾਂ ਤੇ ਪਾਦਰੀ ਦੀ ਹੈਸੀਅਤ ਵਿਚ ਰਿਹਾ। ਇਸ ਦੇ ਵਿਚਾਰਾਂ ਅਨੁਸਾਰ ਕਿਸੇ ਦਾਰਸ਼ਨਿਕ ਨੂੰ ਵਿਸ਼ਵਾਸ਼ਯੋਗ ਅਸੂਲਾਂ ਤੋਂ ਇਲਾਵਾ ਹੋਰਾਂ ਮਸਲਿਆਂ ਵਿਚ ਆਪਣੀਆਂ ਦਲੀਲਾਂ ਅਤੇ ਨਿਰਣਿਆਂ ਨੂੰ ਹੀ ਪਹਿਲ ਦੇਣੀ ਚਾਹੀਦੀ ਹੈ। ਇਸ ਨੇ ਤਰਕ ਅਤੇ ਵਿਸ਼ਵਾਸ ਦੇ ਪੂਰਣ ਤੌਰ ਤੇ ਵਖਰੇਵੇਂ ਉੱਤੇ ਜ਼ੋਰ ਦਿਤਾ। ਆਪਣੇ ਵਿਚਾਰਾਂ ਕਾਰਨ ਉਸ ਸਮੇਂ ਦੇ ਪ੍ਰਮਾਣਕ ਧਰਮ ਵਿਗਿਆਨੀ ਐਕਵੀਨਾਸ ਨਾਲ ਇਸ ਦੇ ਮਤਭੇਦ ਹੋ ਗਏ। ਧਰਮ ਦੇ ਆਗੂਆਂ ਵੱਲੋਂ ਕਈ ਵਾਰ ਇਸ ਨੂੰ ਝਾੜ ਵੀ ਪਾਈ ਗਈ।

12 ਵੀਂ ਸਦੀ ਦੇ ਇਤਾਲਵੀ ਧਰਮ-ਸ਼ਾਸਤਰੀ ਪੀਟਰ ਲਾਮਬਾਰਡ ਦੀ ਪੁਸਤਕ 'Sentences' ਉੱਤੇ ਲਿਖਿਆ ਟੀਕਾ ਇਸ ਦੀ ਇਕ ਪ੍ਰਸਿੱਧ ਰਚਨਾ ਹੈ। ਇਸ ਤੋਂ ਇਲਾਵਾ 1328 ਈ. ਵਿਚ ਇਸ ਨੇ 'De origine potestatum et iuris dicionum' ਪੁਸਤਕ ਵੀ ਲਿਖੀ। ਇਸ ਪੁਸਤਕ ਵਿਚ ਇਸ ਨੇ ਪੋਪ ਜਾਨ 22 ਵੇਂ ਅਤੇ ਫ਼ਰਾਂਸ ਦੇ ਬਾਦਸ਼ਾਹ ਫ਼ਿਲਿਪ ਛੇਵੇਂ ਵਿਚਕਾਰ ਪੋਪ ਦੇ ਅਧਿਕਾਰਾਂ ਸਬੰਧੀ ਵਿਵਾਦ ਬਾਰੇ ਪੋਪ ਦਾ ਪੱਖ ਪੂਰਿਆ।

10 ਸਤੰਬਰ, 1334 ਨੂੰ ਮੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 3 : 720

**ਡਿਸਟੈਂਪਰ** : ਇਹ ਦੀਵਾਰਾਂ ਉੱਤੇ ਰੰਗ ਕਰਨ ਦਾ ਸਭ ਤੋਂ ਪੁਰਾਣਾ ਢੰਗ ਹੈ। ਇਹ ਇਕ ਵਿਸ਼ੇਸ਼ ਪ੍ਰਕਾਰ ਦਾ ਲੇਪ ਹੈ, ਜੋ ਪਾਣੀ ਵਿਚ ਘੋਲ ਕੇ ਵਰਤੋਂ ਵਿਚ ਲਿਆਇਆ ਜਾਂਦਾ ਹੈ।

ਸਭ ਤੋਂ ਸਾਧਾਰਨ ਡਿਸਟੈਂਪਰ ਨੂੰ ਸਫ਼ੇਦੀ ਕਿਹਾ ਜਾਂਦਾ ਹੈ। ਇਹ ਕਲੀ, ਸਰੇਸ਼ ਤੇ ਪਾਣੀ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ। ਸਰੇਸ਼ ਚੇਪਕ ਦਾ ਕੰਮ ਕਰਦਾ ਹੈ ਤਾਂ ਜੋ ਲੇਪ ਰਗੜ ਨਾਲ ਉਤਰ ਨਾ ਸਕੇ। ਅਜਿਹਾ ਡਿਸਟੈਂਪਰ ਸਸਤਾ ਹੁੰਦਾ ਹੈ ਅਤੇ ਵੱਡੇ ਬੁਰਸ਼ ਜਾਂ ਕੂਚੀ ਨਾਲ ਕੀਤਾ ਜਾ ਸਕਦਾ ਹੈ। ਪਾਣੀ ਲੱਗਣ ਨਾਲ ਇਸ ਤਰ੍ਹਾਂ ਦਾ ਡਿਸਟੈਂਪਰ ਉਤਰ ਜਾਂਦਾ ਹੈ ਇਹੋ ਕਾਰਨ ਹੈ ਕਿ ਇਸ ਨੂੰ ਛੱਤਾਂ ਦੇ ਹੇਠਾਂ ਜਾਂ ਕਮਰਿਆਂ ਦੇ ਅੰਦਰਵਾਰ ਹੀ ਕੀਤਾ ਜਾਂਦਾ ਹੈ। ਇਹ ਡਿਸਟੈਂਪਰ ਗਾੜ੍ਹੇ ਲੇਪ ਜਾਂ ਸੁੱਕੇ ਪਾਊਡਰ ਦੇ ਰੂਪ ਵਿਚ ਮਿਲਦੇ ਹਨ। ਵਰਤਣ ਤੋਂ ਪਹਿਲਾਂ ਇਸ ਵਿਚ ਕੇਵਲ ਠੰਡਾ ਜਾਂ ਕੋਸਾ ਪਾਣੀ ਪਾਉਣ ਦੀ ਹੀ ਲੋੜ ਹੁੰਦੀ ਹੈ। ਵਧੀਆ ਡਿਸਟੈਂਪਰ ਵਿਚ ਥੋੜ੍ਹੀ ਮਾਤ੍ਰਾ ਨੀਲ ਦੀ ਵੀ ਮਿਲਾਈ ਹੁੰਦੀ ਹੈ ਤਾਂ ਜੋ ਸਫ਼ੇਦੀ ਵਿਚ ਨਿਖਾਰ ਆ ਜਾਵੇ। ਬਾਹਰਲੀਆਂ ਦੀਵਾਰਾਂ ਲਈ ਵਰਤੇ ਜਾਣ ਵਾਲੇ ਡਿਸਟੈਂਪਰਾਂ ਵਿਚ ਕੁਝ ਮਾਤਰਾ ਤੇਲ ਦੀ ਵੀ ਮਿਲੀ ਹੁੰਦੀ ਹੈ। ਇਸੇ ਕਰਕੇ ਉਸ ਨੂੰ ਪਾਣੀ ਦੀ ਥਾਂ ਕਿਸੇ ਵਿਸ਼ੇਸ਼ ਤਰਲ ਵਿਚ ਘੋਲਿਆ ਜਾਂਦਾ ਹੈ।

ਸੁੱਕਾ ਡਿਸਟੈਂਪਰ ਬਣਾਉਣ ਲਈ ਸਾਰੀਆਂ ਚੀਜ਼ਾਂ ਪੂਰੀ ਤਰ੍ਹਾਂ ਸੁਕਾ ਕੇ ਹੀ ਪੀਸੀਆਂ ਜਾਂਦੀਆਂ ਹਨ। ਜੇਕਰ ਉਸ ਵਿਚ ਥੋੜ੍ਹੀ ਜਿਹੀ ਵੀ ਨਮੀ ਰਹਿ ਜਾਏ ਤਾਂ ਉਹ ਪਾਊਡਰ ਜੰਮ ਕੇ ਸਖ਼ਤ ਹੋ ਜਾਂਦਾ ਹੈ। ਸੁੱਕੇ ਪਾਊਡਰ ਨੂੰ ਮੁਲਾਇਮ ਰੱਖਣ ਲਈ ਉਸ ਵਿਚ ਥੋੜ੍ਹੀ ਮਾਤਰਾ ਸੁਹਾਗੇ, ਸੈਲੀਸਿਲਿਕ ਐਸਿਡ ਜਾਂ ਫ਼ਟਕੜੀ ਵੀ ਮਿਲਾ ਦਿੱਤੀ ਜਾਂਦੀ ਹੈ।

**ਰੰਗਦਾਰ ਡਿਸਟੈਂਪਰ**—ਸੁੱਕੇ ਡਿਸਟੈਂਪਰ ਵਿਚ ਲੋੜੀਂਦਾ ਰੰਗ ਮਿਲਾ ਕੇ ਵੱਖ ਵੱਖ ਰੰਗਾਂ ਦਾ ਡਿਸਟੈਂਪਰ ਤਿਆਰ ਕੀਤਾ ਜਾ ਸਕਦਾ ਹੈ। ਮਿਲਾਏ ਜਾਣ ਵਾਲੇ ਰੰਗ ਪੱਕੇ ਅਤੇ ਸਥਾਈ ਹੋਣੇ ਚਾਹੀਦੇ ਹਨ ਜਿਨ੍ਹਾਂ ਉਪਰ ਧੁੱਪ ਅਤੇ ਖਾਰ ਦਾ ਅਸਰ ਨਾ ਹੋਵੇ ਜਿਵੇਂ ਲਾਜਵਰਦੀ ਨੀਲਾ, ਜਿਸਤੀ ਪੀਲਾ, ਹੰਸਾ ਪੀਲਾ, ਚੂਨ ਹਰਾ ਅਤੇ ਵੀਨਸੀ ਲਾਲ ਆਦਿ।

**ਧੋਣਯੋਗ ਡਿਸਟੈਂਪਰ ਜਾਂ ਜਲ-ਰੋਗਨ**—ਆਮ ਧਾਰਨਾ ਹੈ ਕਿ ਡਿਸਟੈਂਪਰ ਨੂੰ ਧੋਇਆ ਨਹੀਂ ਜਾ ਸਕਦਾ। ਜਲ-ਰੋਗਨ ਇਕ ਵਧੀਆ ਕਿਸਮ ਦਾ ਡਿਸਟੈਂਪਰ ਹੁੰਦਾ ਹੈ ਜਿਸ ਵਿਚ ਆਮ ਡਿਸਟੈਂਪਰ ਤੋਂ ਇਲਾਵਾ ਤੇਲ ਅਤੇ ਵਾਰਨਿਸ਼ ਵੀ ਮਿਲਾਏ ਹੋਏ ਹੁੰਦੇ ਹਨ ਜੋ ਇਸ ਨੂੰ ਵਧੇਰੇ ਪਕੜਤਾ ਪ੍ਰਦਾਨ ਕਰਦੇ ਹਨ। ਅਜਿਹਾ ਡਿਸਟੈਂਪਰ ਸੁੱਕਣ ਤੋਂ ਕੁਝ ਦਿਨ ਬਾਅਦ ਧੋਇਆ ਜਾ ਸਕਦਾ ਹੈ ਇਸ ਵਿਚ ਤੇਲ ਅਤੇ ਵਾਰਨਿਸ਼ ਮਿਲੇ ਹੋਣ ਕਰਕੇ ਇਹ ਡਿਸਟੈਂਪਰ ਹਮੇਸ਼ਾ ਗਾੜ੍ਹੇ ਘੋਲ ਦੇ ਰੂਪ ਵਿਚ ਹੀ ਬਣਾਏ ਤੇ ਵੇਚੇ ਜਾਂਦੇ ਹਨ। ਇਸ ਵਿਚ ਸਿਰਫ਼ ਠੰਢਾ ਜਾਂ ਕੋਸਾ ਪਾਣੀ ਹੀ ਮਿਲਾਉਣਾ ਪੈਂਦਾ ਹੈ। ਡਿਸਟੈਂਪਰ ਨੂੰ ਠੀਕ ਮਾਤਰਾ ਵਿਚ ਪਾਣੀ ਵਿਚ ਘੋਲ ਕੇ ਬੁਰਸ਼ ਨਾਲ ਦੀਵਾਰਾਂ ਤੇ ਲੇਪਿਆ ਜਾਂਦਾ ਹੈ। ਸੁੱਕਣ ਤੋਂ ਪਹਿਲਾਂ ਦੀਵਾਰਾਂ ਉਪਰ ਇਕ ਮੁਲਾਇਮ ਬੁਰਸ਼ ਫੇਰ ਦਿੱਤਾ ਜਾਂਦਾ ਹੈ ਤਾਂ ਜੋ ਬੁਰਸ਼ ਦੇ ਵਾਲਾਂ ਦੇ ਨਿਸ਼ਾਨ ਲੱਗੇ ਨਜ਼ਰ ਨਾ ਆਉਣ । ਵੱਡੀਆਂ ਵੱਡੀਆਂ ਥਾਵਾਂ ਉੱਤੇ ਜਿੱਥੇ ਬੁਰਸ਼ ਨਾਲ ਰੰਗ ਕਰਨ ਤੇ ਦੇਰ ਲਗਦੀ ਹੋਵੇ ਅਤੇ ਰੰਗ ਵਿਚ ਫ਼ਰਕ ਪੈਣ ਦਾ ਡਰ ਹੋਵੇ ਉਥੇ ਸਪ੍ਰੇ-ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਦੀਵਾਰਾਂ ਵਿਚਲੇ ਧੱਬਿਆਂ ਅਤੇ ਵੱਖ ਵੱਖ ਤਰ੍ਹਾਂ ਦੇ ਪਲਸਤਰਾਂ ਕਾਰਨ ਡਿਸਟੈਂਪਰ ਰੰਗ ਵਿਚ ਇਕਸਾਰਤਾ ਨਹੀਂ ਹੋ ਸਕਦੀ। ਅਜਿਹੀ ਸਥਿਤੀ ਵਿਚ ਡਿਸਟੈਂਪਰ ਕਰਨ ਤੋਂ ਪਹਿਲਾਂ ਅਸਤਰ ਲਗਾਉਣਾ ਜ਼ਰੂਰੀ ਹੋ ਜਾਂਦਾ ਹੈ। ਡਿਸਟੈਂਪਰ ਬਣਾਉਣ ਵਾਲੀਆਂ ਕੰਪਨੀਆਂ ਅਸਤਰ ਵੀ ਬਣਾਉਂਦੀਆਂ ਹਨ।

ਬਾਹਰ ਦੀਆਂ ਦੀਵਾਰਾਂ ਜਿੱਥੇ ਧੁੱਪ ਤੇ ਬਾਰਸ਼ ਦਾ ਅਸਰ ਸਿੱਧਾ ਹੁੰਦਾ ਹੈ ਉਥੇ ਖ਼ਾਸ ਕਿਸਮ ਦਾ ਡਿਸਟੈਂਪਰ ਵਰਤਿਆ ਜਾਂਦਾ ਹੈ। ਭਾਵੇਂ ਇਹ ਡਿਸਟੈਂਪਰ ਵਿਸ਼ੇਸ਼ ਤੌਰ ਤੇ ਅਜਿਹੀਆਂ ਥਾਵਾਂ ਲਈ ਹੀ ਬਣਾਇਆ ਹੁੰਦਾ ਹੈ ਪਰ ਫਿਰ ਵੀ ਇਹ ਇਕ ਦੋ ਸਾਲ ਤੋਂ ਵੱਧ ਨਹੀਂ ਟਿਕਦਾ, ਮੱਧਮ ਪੈ ਜਾਂਦਾ ਹੈ। ਬਾਹਰਵਾਰ ਕਰਨ ਵਾਲੇ ਡਿਸਟੈਂਪਰ ਵਿਚ ਅੰਦਰਵਾਰ ਕਰਨ ਵਾਲੇ ਡਿਸਟੈਂਪਰ ਤੋਂ ਵਧੇਰੇ ਤੇਲ ਮਿਲਾਇਆ ਜਾਂਦਾ ਹੈ, ਜਿਹੜਾ ਇਸ ਨੂੰ ਮੌਸਮੀ ਪ੍ਰਭਾਵਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

ਹ. ਪੁ.—ਐਨ. ਬ੍ਰਿ. 7 :425 ; ਹਿੰ. ਵਿ. ਕੋ. 5 : 248

**ਡਿਸਟੈਂਪਰ, ਕੈਨਾਈਨ** : ਇਹ ਕੁੱਤਿਆਂ ਦੀ ਇਕ ਬਹੁਤ ਹੀ ਘਾਤਕ ਅਤੇ ਲਾਗ ਵਾਲੀ ਬੀਮਾਰੀ ਹੈ ਜਿਹੜੀ ਇਕ ਵਿਸ਼ਾਣੂ ਦੁਆਰਾ ਹੁੰਦੀ ਹੈ। ਇਹ ਬੀਮਾਰੀ ਬਘਿਆੜ, ਲੂੰਬੜੀ, ਮਿੰਕ, ਰੈਕੂਨ

ਅਤੇ ਫ਼ੈਰਟ ਨੂੰ ਵੀ ਹੋ ਸਕਦੀ ਹੈ ਪਰ ਪ੍ਰਯੋਗਸ਼ਾਲਾਵਾਂ ਵਿਚ ਅਤੇ ਫਾਰਮ ਉੱਤੇ ਪਾਲੇ ਜਾਣ ਵਾਲੇ ਹੋਰ ਪ੍ਰਾਣੀਆਂ ਅਤੇ ਪਸ਼ੂਆਂ ਆਦਿ ਨੂੰ ਇਹ ਨਹੀਂ ਹੁੰਦੀ । ਦੁਨੀਆ ਵਿਚ ਜਿਥੇ ਵੀ ਕੁੱਤੇ ਹੋਣਗੇ ਉਥੇ ਇਹ ਬੀਮਾਰੀ ਵੀ ਜ਼ਰੂਰ ਹੋਵੇਗੀ।

ਡਿਸਟੈਂਪਰ ਦਾ ਵਿਸ਼ਾਣੂ ਅਤਿ-ਸੂਖ਼ਮਦਰਸ਼ੀ ਹੁੰਦਾ ਹੈ ਜੋ 56° ਸੈਂ. ਤੱਕ ਗਰਮ ਕਰਨ ਤੇ ਤੁਰੰਤ ਮਰ ਜਾਂਦਾ ਹੈ ਪਰ ਸਾਧਾਰਨ ਤਾਪਮਾਨ ਤੇ ਇਹ ਕਈ ਦਿਨ ਤੱਕ ਲਾਗ ਲਾ ਸਕਦਾ ਹੈ। ਜੇਕਰ ਇਸ ਨੂੰ ਅਤਿ ਠੰਢੀ ਹਾਲਤ ਵਿਚ ਸੁਕਾ ਲਿਆ ਜਾਵੇ ਤਾਂ ਇਹ ਸਾਲਾਂ ਬੱਧੀ ਪਲਰਨਯੋਗ ਰਹਿੰਦਾ ਹੈ। ਬੀਮਾਰ ਪ੍ਰਾਣੀ ਦਾ ਮਲਮੂਤਰ, ਖ਼ਾਸ ਕਰਕੇ ਬੀਮਾਰੀ ਦੇ ਪਹਿਲੇ ਕੁੱਝ ਦਿਨਾਂ ਵਿਚ ਨੱਕ ਵਿਚੋਂ ਵਗਿਆ ਪਾਣੀ ਆਦਿ ਸਭ ਤੋਂ ਵੱਧ ਲਾਗ ਵਾਲੇ ਹੁੰਦੇ ਹਨ। ਬੀਮਾਰੀ ਦੇ ਵਿਸ਼ਾਣੂ ਕੁੱਤਿਆਂ ਦੇ ਖਾਣ ਅਤੇ ਪੀਣ ਵਾਲੇ ਭਾਂਡਿਆਂ, ਉਨ੍ਹਾਂ ਦੇ ਬੁਰਸ਼ਾਂ ਅਤੇ ਕੁੱਤਿਆਂ ਦੀ ਦੇਖਭਾਲ ਕਰਨ ਵਾਲਿਆਂ ਦੇ ਕੱਪੜਿਆਂ ਅਤੇ ਬੂਟਾਂ ਦੁਆਰਾ ਵੀ ਫੈਲਦੇ ਹਨ। ਵਿਸ਼ਾਣੂਆਂ ਨਾਲ ਲੱਦੇ ਛੋਟੇ ਛੋਟੇ ਤੁਪਕੇ ਹਵਾ ਦੁਆਰਾ ਇਕ ਥਾਂ ਤੋਂ ਦੂਜੀ ਥਾਂ ਪਹੁੰਚ ਜਾਂਦੇ ਹਨ।

ਇਸ ਬੀਮਾਰੀ ਦੇ ਪੂਰੇ ਚੱਕਰ ਦੀ ਜਾਣਕਾਰੀ ਸਭ ਤੋਂ ਪਹਿਲੀ ਵਾਰ ਲੇਡੱਲਾ ਅਤੇ ਡੰਕਿਨ ਨੇ ਦਿੱਤੀ। ਲਾਗ ਲੱਗਣ ਤੋਂ ਬਾਅਦ 3 ਤੋਂ 5 ਦਿਨ ਤੱਕ ਰੋਗ ਪਲਰਨ ਦਾ ਸਮਾਂ ਹੁੰਦਾ ਹੈ ਜਿਸ ਪਿਛੋਂ ਕੁੱਝ ਦਿਨ ਤੇਜ਼ ਬੁਖ਼ਾਰ (105° ਤੋਂ 106° ਫਾ. ਤਕ) ਚੜ੍ਹਦਾ ਹੈ। ਕੁੱਝ ਦਿਨ ਛੱਡਕੇ ਬੀਮਾਰੀ ਦਾ ਹਮਲਾ ਫਿਰ ਹੁੰਦਾ ਹੈ। ਕੁੱਤਾ ਬਿਲਕੁਲ ਸੁਸਤ ਹੋ ਜਾਂਦਾ ਹੈ ਅਤੇ ਖਾਣਾ ਪੀਣਾ ਵੀ ਛੱਡ ਦਿੰਦਾ ਹੈ। ਇਸ ਨਾਲ ਉਹ ਕਮਜ਼ੋਰ ਹੋ ਜਾਂਦਾ ਹੈ ਅਤੇ ਕਈ ਵਾਰ ਤਾਂ ਉਸ ਦੇ ਸਰੀਰ ਵਿਚ ਪਾਣੀ ਦੀ ਕਮੀ ਵੀ ਹੋ ਜਾਂਦੀ ਹੈ। ਗੁੰਝਲ-ਰਹਿਤ ਬੀਮਾਰੀ ਆਮ ਤੌਰ ਤੇ 4 ਤੋਂ 8 ਹਫ਼ਤੇ ਰਹਿੰਦੀ ਹੈ। ਲਾਗ ਲੱਗਣ ਤੋਂ 10 ਤੋਂ ਲੈ ਕੇ 15 ਦਿਨਾਂ ਬਾਅਦ ਕੁੱਤੇ ਨੂੰ ਸਖ਼ਤ ਜ਼ੁਕਾਮ ਹੋ ਜਾਂਦਾ ਹੈ। ਸਕਲੀਮ (ਅੱਖ ਦਾ ਸਫ਼ੈਦ ਹਿੱਸਾ) ਅਤੇ ਕੋਆ-ਝਿੱਲੀ(Conjuctiva) ਵਿਚ ਲਾਗ ਹੋ ਜਾਂਦੀ ਹੈ। ਫਿਰ ਲਾਗ ਸਾਰੀ ਸਾਹ ਨਲੀ ਵਿਚ ਫੈਲ ਜਾਂਦੀ ਹੈ। ਨੱਕ ਅਤੇ ਅੱਖਾਂ ਵਿਚੋਂ ਬੇਹੱਦ ਪਾਣੀ ਵਗਦਾ ਹੈ। ਇਸ ਤੋਂ ਇਲਾਵਾ ਸਾਰੀ ਆਹਾਰ ਨਲੀ ਵੀ ਇਸ ਦੀ ਲਪੇਟ ਵਿਚ ਆ ਸਕਦੀ ਹੈ ਜਿਸ ਵਿਚ ਉਲਟੀਆਂ ਅਤੇ ਪੇਚਸ ਆਦਿ ਹੋ ਸਕਦਾ ਹੈ। ਲੇਸਦਾਰ ਪੇਚਸ਼ ਜਿਸ ਵਿਚ ਡਿਸਟੈਂਪਰ ਦੇ ਵਿਸ਼ਾਣੂ ਹੁੰਦੇ ਹਨ, ਦੀ ਇਕ ਖ਼ਾਸ ਭੈੜੀ ਜਿਹੀ ਬਦਬੂ ਹੁੰਦੀ ਹੈ।

ਇਕ ਚੌਥਾਈ ਕੇਸਾਂ ਵਿਚ ਨਾੜੀ ਸਿਸਟਮ ਵੀ ਗ੍ਰਸਤ ਹੋ ਜਾਂਦਾ ਹੈ। ਇਸ ਵਿਚ ਕੁਝ ਪੇਸ਼ੀਆਂ ਵਿਚ ਹਲਕੀਆਂ ਤ੍ਰਾਟਾਂ ਉਠ ਸਕਦੀਆਂ ਹਨ ਜਾਂ ਪਿਛਲੇ ਹਿੱਸੇ ਵਿਚ ਅਧਰੰਗ ਹੋ ਸਕਦਾ ਹੈ। ਕਈ ਵਾਰ ਬੀਮਾਰੀ ਹੋਰ ਸਹਿਵਰਤੀ ਲਾਗਾਂ ਕਰਕੇ ਵਧੇਰੇ ਗੁੰਝਲਦਾਰ ਵੀ ਹੋ ਸਕਦੀ ਹੈ। ਇਸ ਰੋਗ ਦੇ ਵਿਸ਼ਾਣੂਆਂ ਦੀ ਇਹ ਇਕ ਖ਼ਾਸ ਪ੍ਰਵਿਰਤੀ ਹੈ ਕਿ ਇਹ ਅਧਿਛੱਦ ਸੈੱਲਾਂ (ਐਪੀਥੀਲੀਅਲ ਸੈੱਲ) ਜਿਹੜੇ ਕਿ ਸਰੀਰ ਉਪਰਲੀ ਚਮੜੀ, ਮੂੰਹ ਦੀ ਅੰਦਰਲੀ ਬਲਗ਼ਮੀ ਝਿੱਲੀ, ਸੰਘ, ਮਿਹਦੇ, ਅੰਤੜੀਆਂ, ਜਿਗਰ ਅਤੇ ਹੋਰ ਗ੍ਰੰਥੀਆਂ ਆਦਿ ਦੀ ਅੰਦਰਲੀ ਤਹਿ ਬਣਾਉਂਦੇ ਹਨ, ਉੱਤੇ ਧਾਵਾ ਬੋਲਦੇ ਹਨ। ਬੀਮਾਰੀ ਦੀ ਗੰਭੀਰਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਸਰੀਰ ਦੇ ਕਿਸ ਅੰਗ ਦੇ ਅਧਿਛੱਦ ਸੈੱਲ ਰੋਗ ਗ੍ਰਸਤ ਹਨ।

ਰੋਗ ਦੀ ਮੁੱਢਲੀ ਅਵਸਥਾਂ ਵਿਚ ਖ਼ੂਨ ਵਿਚੋਂ ਲਸੀਕਾ ਅਣੂਆਂ (ਲਿੰਫ਼ੋਸਾਈਟਸ) ਦੀ ਗਿਣਤੀ ਬਹੁਤ ਘੱਟ ਜਾਂਦੀ ਹੈ। ਲਗਭਗ ਚਾਰ ਜਾਂ ਪੰਜ ਹਫ਼ਤਿਆਂ ਪਿਛੋਂ ਲਿੰਫ਼ੋਸਾਈਟ ਬਣਾਉਣ ਵਾਲੇ ਤੰਤੂ ਮੁੜ ਲਸੀਕਾ ਅਣੂ ਬਣਾਉਣ ਲਗ ਜਾਂਦੇ ਹਨ ਪਰ ਉਦੋਂ ਤੱਕ ਨਾੜੀ-ਸਿਸਟਮ ਪੂਰੀ ਤਰ੍ਹਾਂ ਰੋਗ-ਗ੍ਰਸਤ ਹੋ ਜਾਂਦਾ ਹੈ। ਇਸੇ ਕਰਕੇ ਲਗਭਗ ਸਾਰੇ ਕੇਸਾਂ ਵਿਚ ਦਿਮਾਗ਼ ਉੱਤੇ ਸੋਜਸ਼ ਦਾ ਹੋਣਾ ਸੁਭਾਵਕ ਹੈ।

**ਇਲਾਜ**—ਇਸ ਬੀਮਾਰੀ ਦੇ ਇਲਾਜ ਵਿਚ ਕਾਫ਼ੀ ਸਮਾਂ ਲਗ ਜਾਂਦਾ ਹੈ ਇਸ ਲਈ ਧੀਰਜ ਰਖਣ ਦੀ ਲੋੜ ਹੁੰਦੀ ਹੈ। ਬੀਮਾਰੀ ਦੇ ਸ਼ੁਰੂ ਵਿਚ ਹੀ ਜੇਕਰ ਸੀਰਮ ਜਾਂ ਸੀਰਮ ਦਾ ਗਲੋਬੂਲਿਨ ਵਾਲਾ ਭਾਗ ਦਿੱਤਾ ਜਾਵੇ ਤਾਂ ਲਾਹੇਵੰਦ ਹੁੰਦਾ ਹੈ। ਬੀਮਾਰੀ ਨੂੰ ਸਹਿਵਰਤੀ ਲਾਗਾਂ ਤੋਂ ਬਚਾਉਣ ਲਈ ਐਂਟੀਬਾਇਓਟਿਕ ਦਵਾਈਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਕੁੱਤੇ ਦੇ ਨੱਕ ਦੀ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਭੋਜਨ ਦੀ ਸੁਗੰਧੀ ਆ ਸਕੇ ਅਤੇ ਉਹ ਪੂਰੀ ਤਰ੍ਹਾਂ ਖ਼ੁਰਾਕ ਲੈਂਦਾ ਰਹੇ। ਜਿਸ ਨਾਲ ਸਰੀਰ ਵਿਚ ਤਰਲ ਪਦਾਰਥ ਦੀ ਕਮੀ ਵੀ ਨਹੀਂ ਹੋਵੇਗੀ।

**ਰੋਕਥਾਮ**—ਲੇਡੱਲਾ ਅਤੇ ਡੰਕਿਨ ਨੇ ਇਸ ਬੀਮਾਰੀ ਦੀ ਰੋਕਥਾਮ ਲਈ ਪਹਿਲਾਂ ਇਕ ਲੋਦਾ ਤਿਆਰ ਕੀਤਾ। ਉਨ੍ਹਾਂ ਨੇ ਬੀਮਾਰੀ ਦੀ ਲਾਗ ਵਾਲੇ ਪ੍ਰਾਣੀਆਂ ਦੇ ਤੰਤੂਆਂ ਦੀ ਫ਼ਾੱਰਮੇਲਿਨ (formalin) ਨਾਲ ਪ੍ਰਤਿਕਿਰਿਆ ਕਰਕੇ ਕੁੱਤਿਆਂ ਦੇ ਤੰਦਰੁਸਤ ਕਤੂਰਿਆਂ ਨੂੰ ਟੀਕੇ ਲਗਾਏ। ਇਸ ਨਾਲ ਕਤੂਰਿਆਂ ਵਿਚ ਰੋਗ ਪ੍ਰਤਿ ਸੁਰੱਖਿਆ ਪੈਦਾ ਹੋ ਗਈ। ਗ੍ਰੀਨ ਨੇ ਲੇਡੱਲਾ-ਡੰਕਿਨ ਵਿਸ਼ਾਣੂ ਨੂੰ ਫ਼ੈਰਟ ਦੇ ਸਰੀਰ ਵਿਚ ਬਾਰ ਬਾਰ ਦਾਖ਼ਲ ਕਰਕੇ ਇਕ ਜਿਉਂਦਾ ਵਿਸ਼ਾਣੂ ਤਿਆਰ ਕੀਤਾ ਜਿਸ ਨੇ ਕੁੱਤਿਆਂ ਵਿਚ ਰੋਗ ਪ੍ਰਤਿ-ਸੁਰੱਖਿਆ ਲਿਆਂਦੀ। ਇਸ ਕੰਮ ਲਈ ਕੁੱਤੇ ਪੂਰੀ ਤਰ੍ਹਾਂ ਤੰਦਰੁਸਤ ਹੋਣੇ ਚਾਹੀਦੇ ਹਨ। ਜੇਕਰ ਉਨ੍ਹਾਂ ਦੇ ਸਰੀਰ ਵਿਚ ਵਰਮ ਆਦਿ ਹੋਣ ਤਾਂ ਇਸ ਨਾਲ ਗੰਭੀਰ ਪ੍ਰਤਿਕਿਰਿਆ ਵੀ ਹੋ ਸਕਦੀ ਹੈ।

ਅਜਿਹੇ ਕੁੱਤਿਆਂ ਜਿਨ੍ਹਾਂ ਦੇ ਸਰੀਰ ਵਿਚ ਰੋਗ ਪ੍ਰਤਿ ਸੁਰੱਖਿਆ ਪੈਦਾ ਹੋ ਚੁਕੀ ਹੋਵੇ ਦਾ ਸੀਰਮ ਲੈ ਕੇ ਦੂਜੇ ਕੁੱਤਿਆਂ ਨੂੰ ਲੋਦਾ ਲਗਾਉਣ ਨਾਲ ਉਨ੍ਹਾਂ ਦੇ ਸਰੀਰ ਵਿਚ ਵੀ ਰੋਗ ਪ੍ਰਤਿ ਸੁਰੱਖਿਆ ਪੈਦਾ ਕੀਤੀ ਜਾ ਸਕਦੀ ਹੈ। ਇਸ ਨਾਲ ਕੁੱਤਾ 10 ਸਾਲ ਸੁਰੱਖਿਅਤ ਹੋ ਜਾਂਦਾ ਹੈ।

ਜੇਕਰ ਇਕ ਵਾਰ ਰੋਗ ਹੋਂਦ ਉਪਰੰਤ ਕੁੱਤਾ ਠੀਕ ਹੋ ਜਾਵੇ ਤਾਂ ਵੀ ਉਸ ਦੇ ਸਰੀਰ ਵਿਚ ਰੋਗ ਪ੍ਰਤਿ ਸੁਰੱਖਿਆ ਪੈਦਾ ਹੋ ਜਾਂਦੀ ਹੈ ਜਾਂ ਪਤਲੇ ਕੀਤੇ ਜਿਉਂਦੇ ਵਿਸ਼ਾਣੂ ਦੇ ਲੋਦੇ ਲਾ ਕੇ ਵੀ ਸੁਰੱਖਿਆ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਸੁਰੱਖਿਆ ਨੂੰ ਕ੍ਰਿਆਸ਼ੀਲ ਸੁਰੱਖਿਆ ਆਖਦੇ ਹਨ। ਇਹ 8 ਮਹੀਨੇ ਤੋਂ ਲੈ ਕੇ ਕਈ ਸਾਲਾਂ ਤੱਕ ਰਹਿ ਸਕਦੀ ਹੈ। ਕੁੱਤੇ ਨੂੰ ਬੀਮਾਰੀ ਤੋਂ ਸੁਰੱਖਿਅਤ ਰਖਣ ਲਈ ਦੋ ਢੰਗ ਹਨ :- 1. ਉਸ ਦਾ ਸੀਰਮ ਹਰ ਸਾਲ ਟੈਸਟ ਕੀਤਾ ਜਾਵੇ ਜੇਕਰ ਸੀਰਮ ਵਿਚ ਰੋਗ ਪ੍ਰਤਿ ਸੁਰੱਖਿਆ ਘੱਟ ਹੋਵੇ ਤਾਂ ਦੁਬਾਰਾ ਲੋਦਾ ਲਵਾਇਆ ਜਾਵੇ। 2. ਹਰ ਸਾਲ ਬਿਨ੍ਹਾਂ ਟੈਸਟ ਕੀਤਿਆਂ ਹੀ ਲੋਦਾ ਲਵਾ ਦਿੱਤਾ ਜਾਵੇ।

ਹ. ਪੁ.—ਐਨ. ਬ੍ਰਿ. 7 : 493

**ਡਿਸ ਪੇਟਰ** : ਰੋਮਨ ਧਰਮ ਅਨੁਸਾਰ ਇਹ ਨਰਕਾਂ ਦਾ ਦੇਵਤਾ ਹੈ ਪਰ ਯੂਨਾਨੀ ਧਰਮ ਵਿਚ ਇਹ ਦੇਵਤਾ 'ਪਲੂਟੋ' ਹੈ। 'ਡਿਸ' ਸ਼ਬਦ ਦੇ ਅਰਥ ਹਨ 'ਅਮੀਰ' ਅਤੇ ਇਹ ਲਾਤੀਨੀ ਭਾਸ਼ਾ ਵਿਚ ਯੂਨਾਨੀ ਸ਼ਬਦ 'ਪਲੂਟੋ' ਦਾ ਅਨੁਵਾਦ ਹੈ। ਪੇਟਰ ਸ਼ਬਦ ਇਸ ਕਰਕੇ ਨਾਲ ਲਾਇਆ ਜਾਂਦਾ ਹੈ ਕਿਉਂਕਿ ਇਹ ਪਾਤਾਲ ਦੀ ਦੁਨੀਆ ਦਾ ਸ਼ਹਿਨਸ਼ਾਹ ਹੈ। ਇਸ ਦੀ ਪਤਨੀ ਦਾ ਨਾਂ 'ਪ੍ਰੋਸਰਪੀਨਾ' ਹੈ ਜੋ ਯੂਨਾਨੀ 'ਪਰਸੀਫੋਨ' ਦਾ ਵਿਗੜਿਆ ਰੂਪ ਹੈ।

ਹ. ਪੁ.—ਐਨ. ਬ੍ਰਿ. ਮਾ. 3 : 576

**ਡਿਸਾਈਪਲਜ਼ ਆਫ਼ ਕ੍ਰਾਈਸਟ** : ਇਹ ਪ੍ਰੋਟੈਸਟੈਂਟ ਈਸਾਈਆਂ ਦੀ ਇਕ ਧਾਰਮਕ ਸੰਸਥਾ ਹੈ ਜਿਸ ਦਾ ਮੁੱਢ 19 ਵੀਂ ਸਦੀ

ਦੇ ਆਰੰਭ ਵਿਚ ਅਮਰੀਕਾ ਦੇ ਸਰਹੱਦੀ ਖੇਤਰ ਵਿਚ ਹੋਏ ਦੋ ਅੰਦੋਲਨਾਂ ਕਾਰਨ ਬੱਝਾ। ਕੰਟਕੀ ਰਾਜ ਵਿਚ ਲੈਕਸਿੰਗਟਨ ਵਿਖੇ ਪਹਿਲੀ ਜਨਵਰੀ, 1832 ਨੂੰ ਇਨ੍ਹਾਂ ਅੰਦੋਲਨਾਂ ਦੇ ਸੰਗਮ ਨਾਲ ਈਸਾਈ ਭਾਈਚਾਰੇ ਦੀ ਇਕ ਸੰਸਥਾ ਹੋਂਦ ਵਿਚ ਆਈ। ਇਸ ਸੰਸਥਾ ਨੂੰ ਕ੍ਰਿਸਚਿਅਨ ਚਰਚ ਜਾਂ ਡਿਸਾਈਪਲਜ਼ ਆਫ਼ ਕ੍ਰਾਈਸਟ ਦਾ ਨਾਂ ਦਿੱਤਾ ਗਿਆ। ਇਹ ਧਰਮ ਸੰਯੁਕਤ ਰਾਜ ਅਮਰੀਕਾ ਤੋਂ ਬਾਹਰ ਵੀ ਮੌਜੂਦ ਹੈ। 1958 ਈ. ਤੋਂ ਸੰਯੁਕਤ ਰਾਜ ਤੇ ਕੈਨੇਡਾ ਵਿਚ ਇਹ ਸੰਸਥਾ 'ਇੰਟਰਨੈਸ਼ਨਲ ਕਨਵੈਨਸ਼ਨ ਆੱਫ਼ ਕ੍ਰਿਸਚੀਅਨ ਚਰਚਿਜ਼' (ਡਿਸਾਈਪਲਜ਼ ਆਫ਼ ਕ੍ਰਾਈਸਟ) ਕਰਕੇ ਪ੍ਰਸਿੱਧ ਹੈ। ਇਸ ਤੋਂ ਇਲਾਵਾ ਈਸਾ ਦੇ ਚਰਚਾਂ ਦੀ ਇਕ ਵਿਸ਼ਵਪਰਿਪਾਟੀ ਵੀ ਹੈ ਜਿਸ ਵਿਚ ਬਰਤਾਨੀਆ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਮਿਸ਼ਨ-ਖੇਤਰਾਂ ਦੇ ਚਰਚ ਸ਼ਾਮਲ ਹਨ। ਭਰਾਤਰੀ ਭਾਵ ਤੇ ਸਾਂਝੇ ਹੰਭਲੇ ਦੇ ਮੰਤਵ ਨਾਲ ਸ਼ਹਿਰੀ, ਪ੍ਰਾਂਤਕ ਰਾਸ਼ਟਰੀ ਤੇ ਵਿਸ਼ਵ ਸੰਸਥਾਵਾਂ ਬਣਾਈਆਂ ਗਈਆਂ ਹਨ ਜਿਹੜੀਆਂ ਇਨ੍ਹਾਂ ਨੂੰ ਸੌਂਪੇ ਜਾਂ ਸਪੁਰਦ ਕੀਤੇ ਕੰਮਾਂ ਤੋਂ ਬਿਨਾਂ ਸਥਾਨਕ ਸੰਸਥਾਵਾਂ ਦੇ ਨਮਿਤ ਕੋਈ ਨਿਰਣਾ ਨਹੀਂ ਕਰਦੀਆਂ।

ਇਨ੍ਹਾਂ ਸਾਰੀਆਂ ਸੰਸਥਾਵਾਂ ਨੇ ਈਸਾਈ ਮੱਤ ਦੇ 'ਪ੍ਰਾਚੀਨ ਸੰਪ੍ਰਦਾਇ' ਨੂੰ ਮੁੜ ਬਹਾਲ ਕਰਨ ਦੀ ਕੋਸ਼ਿਸ਼ ਕੀਤੀ ਅਤੇ 'ਮਨੁੱਖੀ ਧਰਮ ਸਿਧਾਂਤਾਂ' ਦਾ ਖੰਡਨ ਕੀਤਾ। ਇਸ ਸੰਸਥਾ ਦੀ ਨਿਯਮਾਵਲੀ ਦੇ ਮੂਲ ਪਾਠ ਵਿਚ ਇਸ ਧਰਮ ਦੇ ਮੁੱਢ, ਵਿਵਾਦ ਅਤੇ ਸੰਪ੍ਰਦਾਇਕ ਫੁਟ, 20 ਵੀਂ ਸਦੀ ਵਿਚ ਈਸਾ ਦੇ ਚਰਚਾਂ, ਸ਼ਾਗਿਰਦਾਂ, ਵਿਸ਼ਵਾਸਾਂ ਤੇ ਪੂਜਾ ਆਦਿ ਦਾ ਵਰਣਨ ਕੀਤਾ ਗਿਆ ਹੈ। ਮਗਰੋਂ ਇਸ ਵਿਚ ਸਿਧਾਂਤਾਂ, ਅੰਦਰੂਨੀ ਮਤਭੇਦਾਂ, ਅਜੋਕੀਆਂ ਧਾਰਮਕ ਰੁਚੀਆਂ ਅਤੇ ਸਮਾਜਕ ਮਸਲਿਆਂ ਨੂੰ ਸ਼ਾਮਲ ਕੀਤਾ ਗਿਆ।

ਹ. ਪੁ.—ਐਨ. ਅਮੇ. 9 :151; ਐਨ. ਬ੍ਰਿ. 7 : 488; ਐਨ. ਬ੍ਰਿ. ਮਾ. 3 : 571

**ਡਿਕਸ, ਆਟੋ** : ਜਰਮਨੀ ਦੇ ਇਸ ਚਿੱਤਰਕਾਰ ਅਤੇ ਉਕੇਰੇ ਦਾ ਜਨਮ 2 ਦਸੰਬਰ, 1891 ਨੂੰ ਥਿਊਰਿੰਜੀਆ ਵਿਚ ਅੰਤਰਮਹੌਸ ਵਿਖੇ ਹੋਇਆ। ਇਸ ਨੇ ਆਪਣੀ ਕਲਾ ਵਿਚ 20 ਵੀਂ ਸਦੀ ਦੇ ਸਮਾਜਕ ਵਿਵਾਦ ਅਤੇ ਉਸ ਤੋਂ ਉਤਪੰਨ ਹੋਏ ਨਿਰਾਸ਼ਾ ਅਤੇ ਰਹਿਮ ਦੇ ਮਿਲੇ-ਜੁਲੇ ਵਿਚਾਰਾਂ ਨੂੰ ਪੇਸ਼ ਕੀਤਾ ਹੈ।

ਇਹ ਇਕ ਰੇਲਵੇ ਕਰਮਚਾਰੀ ਦਾ ਪੁੱਤਰ ਸੀ। ਇਸ ਨੇ ਡਰੈੱਜ਼ਡਨ ਤੋਂ ਕਲਾ ਦੀ ਸਿੱਖਿਆ ਪ੍ਰਾਪਤ ਕੀਤੀ। ਮੁੱਢ ਵਿਚ ਇਹ ਇਕ ਭਾਵਵਾਦੀ ਸੀ ਜਿਹੜਾ ਅਜੋਕੇ ਆਰਟ ਦੀਆਂ ਵੱਖ ਵੱਖ ਪਰਵਿਰਤੀਆਂ ਵਿਚੋਂ ਲੰਘ ਕੇ ਸਮਾਜ ਦੇ ਯਥਾਰਥਵਾਦ ਨੂੰ ਉਘੇੜਨ ਲੱਗਾ। ਡਸਲਡੋਰਫ਼ ਵਿਖੇ ਸਿੱਖਿਆ ਦਿੰਦੇ ਹੋਏ ਇਸ ਨੇ 'ਪਿੰਪ ਐਂਡ ਗਰਲਜ਼' ਅਤੇ 'ਟੂ ਸੈਕਰੀਫ਼ਾਈਸਜ਼ ਆਫ਼ ਕੈਪੀਟਲਿਜ਼ਮ' ਵਰਗੇ ਚਿੱਤਰ ਬਣਾਏ। ਸੰਨ 1924 ਵਿਚ ਇਸ ਨੇ 'ਵਾਰ' ਸਿਰਲੇਖ ਹੇਠ 50 ਧਾਤ ਪੱਤਰੀਆਂ ਉੱਕਰੀਆਂ। ਇਨ੍ਹਾਂ ਵਿਚ ਇਸ ਨੇ ਲੜਾਈ ਦੌਰਾਨ ਆਪ ਦੇਖੀ ਹੋਈ ਸਾਰੀ ਦਹਿਸ਼ਤ ਦਾ ਪ੍ਰਗਟਾਵਾ ਕੀਤਾ। ਸੰਨ 1927 ਵਿਚ ਇਹ ਡਰੈੱਜ਼ਡਨ ਦੀ ਆਰਟ ਅਕਾਦਮੀ ਵਿਖੇ ਪ੍ਰੋਫ਼ੈਸਰ ਲਗਿਆ ਅਤੇ ਸੰਨ 1923 ਤਕ ਇਸ ਅਹੁਦੇ ਤੇ ਰਿਹਾ। ਸੰਨ 1931 ਵਿਚ ਇਸ ਨੂੰ ਪ੍ਰਸ਼ਅਨ ਅਕਾਦਮੀ ਲਈ ਚੁਣਿਆ ਗਿਆ। ਦੂਜੇ ਵਿਸ਼ਵ ਯੁੱਧ ਦੌਰਾਨ ਇਸ ਨੂੰ 1939 ਈ. ਵਿਚ ਗੈਸਟੈਪੋ ਅਤੇ ਸੰਨ 1945 ਵਿਚ ਫ਼ਰਾਂਸੀਸੀ ਫ਼ੌਜ ਨੇ ਕੈਦ ਕੀਤਾ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਸ ਦੀਆਂ ਪ੍ਰਦਰਸ਼ਨੀਆਂ ਜਰਮਨੀ ਅਤੇ ਇਟਲੀ ਵਿਖੇ ਲੱਗੀਆਂ।

ਸ਼ੁਰੂ ਵਿਚ ਇਸ ਨੇ ਪ੍ਰਤੀਕਾਤਮਕ ਚਿੱਤਰ ਬਣਾਏ। ਬਾਅਦ ਵਿਚ ਇਸ ਦਾ ਝੁਕਾਅ ਧਾਰਮਕ ਰਹੱਸਵਾਦ ਵੱਲ ਹੋ ਗਿਆ, 'ਸਾਊਲ ਐਂਡ ਡੇਵਿਡ' (1945) ਅਤੇ 'ਕਰੂਸੀਫ਼ਿਕੇਸ਼ਨ' (1946) ਆਦਿ ਇਸੇ ਦਾ ਉਦਾਹਰਣ ਹਨ। ਇਸ ਨੇ ਭੂ-ਦ੍ਰਿਸ਼ ਚਿੱਤਰ ਅਤੇ ਕਈ ਦਰਜਨ ਪੱਥਰ-ਛਾਪੇ ਵੀ ਬਣਾਏ।

25 ਜੁਲਾਈ, 1969 ਨੂੰ ਜਰਮਨੀ ਦੇ ਵੂਰਟੈਮਬੈਰਕ ਵਿਚ ਸਿਨਜੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੇ. 9 : 209; ਐਨ. ਬ੍ਰਿ. ਮਾ. 3 : 587 ; ਕੋਲ. ਐਨ. 6 : 319

**ਡਿਕਸਨ, ਜਾਰਜ (Doxon, George)** : ਇੰਗਲੈਂਡ ਦਾ ਇਕ ਪ੍ਰਸਿੱਧ ਸਮੁੰਦਰੀ ਖੋਜੀ ਸੀ ਜਿਸ ਦਾ ਜਨਮ 1755 ਵਿਚ ਹੋਇਆ। ਇਸ ਨੇ ਉੱਤਰੀ ਅਮਰੀਕਾ ਦੇ ਪੱਛਮੀ ਤੱਟ ਦੀ ਖੋਜ ਕੀਤੀ ਜਿਸਨੂੰ ਕਿ ਅੱਜਕੱਲ੍ਹ ਬ੍ਰਿਟਿਸ਼ ਕੋਲੰਬੀਆ ਕਿਹਾ ਜਾਂਦਾ ਹੈ। ਇਸ ਦੀ ਖੋਜ ਨਾਲ ਇੰਗਲੈਂਡ ਦਾ ਫਰ ਦਾ ਵਪਾਰ ਬਹੁਤ ਵਧਿਆ।

ਕੈਪਟਨ ਕੁੱਕ ਦੀ ਤੀਜੀ ਸਮੁੰਦਰੀ ਯਾਤਰਾ (1776-79) ਵਿਚ ਇਸ ਨੇ ਕੁੱਕ ਦਾ ਸਾਥ ਦਿੱਤਾ ਅਤੇ ਇਸ ਯਾਤਰਾ ਮਗਰੋਂ ਜਦੋਂ ਇਹ ਵਾਪਸ ਪਰਤਿਆ ਤਾਂ ਇਸ ਨੂੰ ਸਮੁੰਦਰੀ ਬੇੜੇ ਦਾ ਕਪਤਾਨ ਬਣਾਇਆ ਗਿਆ। ਪੱਛਮੀ ਉੱਤਰੀ ਅਮਰੀਕਾ ਵਿਚ ਫਰ ਦਾ ਵਪਾਰ ਵਧਾਉਣ ਲਈ ਇਸਨੇ 1785 ਈ. ਵਿਚ ਬਾਦਸ਼ਾਹ ਜਾਰਜ ਦੀ ਲੰਡਨ ਕੰਪਨੀ ਦੇ ਜਹਾਜ਼ ਕਵੀਨ ਸ਼ਾਰਲਾਟ' ਨਾਲ ਯਾਤਰਾ ਸ਼ੁਰੂ ਕੀਤੀ। ਇਸ ਦੌਰਾਨ ਇਸ ਨੇ 'ਕਵੀਨ ਸ਼ਾਰਲਾਟ ਟਾਪੂ, ਪੋਰਟ ਮੁਲਗ੍ਰੇਵ ਨਾਰਫਾਕ ਸਾਊਂਡ, ਡਿਕਸਨ ਐਂਟਰਾਂਸ ਅਤੇ ਅਲੈਗਜ਼ਾਂਦਰ ਆਰਕੀਪੀਲਾਗੋ ਆਦਿ ਟਾਪੂਆਂ ਦੀ ਖੋਜ ਕੀਤੀ। ਚੀਨ ਵਿਚ ਇਸਨੇ ਫਰ ਦਾ ਇਕ ਪੂਰਾ ਜਹਾਜ਼ ਵੇਚ ਦਿੱਤਾ ਅਤੇ 1788 ਈ. ਵਿਚ ਇਹ ਚਾਹ ਦਾ ਇਕ ਜਹਾਜ਼ ਲੈ ਕੇ ਦੇਸ਼ ਦੇਸ਼ਾਂਤ੍ਰ ਘੁੰਮਦਾ ਹੋਇਆ ਇੰਗਲੈਂਡ ਪਰਤਿਆ। ਜਹਾਜ਼ ਦੇ ਵਣਜ ਅਧਿਕਾਰੀ ਵਿਲੀਅਮ ਬਰਸਫੋਰਡ ਨੇ ਜੋ ਚਿੱਠੀਆਂ ਇਸਨੂੰ ਲਿਖੀਆਂ, ਉਨ੍ਹਾਂ ਤੇ ਆਧਾਰਤ ਇਸਨੇ 'ਏ ਵਾੱਇਜ ਰਾਊਂਡ ਦਾ ਵਰਲਡ; ਬਟ ਮੋਰ ਪਰਟੀਕੁਲਰ ਟੂ ਦਾ ਨਾਰਥ ਵੈਸਟ ਕੋਸਟ ਆਫ਼ ਅਮੈਰਿਕਾ' ਪੁਸਤਕ ਲਿਖੀ।

ਹ. ਪੁ.—ਐਨ. ਬ੍ਰਿ. ਮਾ. 4 : 136

**ਡਿਕਸੰਨ, ਲੈਨਰਡ ਯੂਜੀਨ** (Dickson, Leonard Eugene; 1874 – 1954) : ਇਹ ਇਕ ਅਮਰੀਕੀ ਗਣਿਤਵੇਤਾ ਸੀ ਜਿਸਨੇ ਸੰਖਿਆ ਸਿੱਧਾਂਤ ਅਤੇ ਗਰੁੱਪ ਸਿੱਧਾਂਤ ਵਿਚ ਬਹੁਤ ਯੋਗਦਾਨ ਪਾਇਆ। ਇਸ ਜਾ ਜਨਮ 22 ਜਨਵਰੀ, 1874 ਨੂੰ ਅਮਰੀਕਾ ਦੇ ਆਈਓਵਾ (Iowa) ਰਾਜ ਵਿਚ ਇੰਡੀਪੈਂਡੈਂਸ ਵਿਖੇ ਹੋਇਆ ਸੀ। ਸੰਨ 1899 ਵਿਚ ਆਸਤਿਨ (Aistom) ਵਿਖੇ ਟੈਕਸਨ ਯੂਨੀਵਰਸਿਟੀ ਵਿਚ ਗਣਿਤ ਦਾ ਐਸੋਸੀਏਟ ਪ੍ਰੋਫ਼ੈਸਰ ਅਤੇ 1900 ਵਿਚ ਸ਼ਿਕਾਗੋ ਯੂਨੀਵਰਸਿਟੀ ਦੇ ਸਟਾਫ਼ ਵਿਚ ਸ਼ਾਮਲ ਹੋ ਗਿਆ, ਜਿਥੇ ਇਹ 1939 ਤੱਕ ਰਿਹਾ। ਇਸ ਦੁਆਰਾ ਰਚਿਤ ਪੁਸਤਕਾਂ ਵਿਚ 'ਲੀ ਨੀਅਰ ਅਲਜ਼ਬਰਾੱਜ਼' (1914) ; 'ਅਲਜਬਰਈ ਇਨਵੇਰੀਐਂਟਸ' (1915); 'ਹਿਸਟਰੀ ਆਫ਼ ਦੀ ਥਿਊਰੀ ਆਫ਼ ਨੰਬਰਜ਼' ਤਿੰਨ ਜਿਲਦਾਂ (1923) ; 'ਅਲਜ਼ਬਰਾੱਜ਼ ਐਂਡ ਦੇਅਰ ਅਰਥਮੈਟਿਕਸ' (1923) ; 'ਮਾਡਰਨ ਅਲਜ਼ਬਰੱਈ ਥਿਊਰੀਜ਼' (1926) ਅਤੇ 'ਸਟਡੀਜ਼ ਇਨ ਦੀ ਥਿਊਰੀ ਆਫ਼ ਨੰਬਰਜ਼' (1930) ਸ਼ਾਮਲ ਹਨ।

17 ਜਨਵਰੀ, 1954 ਨੂੰ ਟੈਕਸਾਸ ਰਾਜ ਵਿਚ ਹਾਰਲਿੰਸੈਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 :531 ; ਐਨ. ਅਮੇ. 9 : 85

**ਡਿਕਸਿਸੈੱਲ** : ਇਹ ਪੈਸੈਰੀਫ਼ਾਰਮੀਜ਼ ਵਰਗ ਦੀ ਮੱਧ ਅਮਰੀਕਾ ਵਿਚ ਮਿਲਣ ਵਾਲੀ ਇਕ ਚਿੜੀ ਹੈ। ਇਸ ਦਾ

ਵਿਗਿਆਨਕ ਨਾਂ ਸਪਾਈਜ਼ਾ ਅਮੈਰੀਕਾਨਾ (Spiza americana) ਹੈ। ਇਸ ਦਾ ਨਾਂ ਇਸ ਦੇ ਗਾਉਣ ਤੋਂ ਪਿਆ ਹੈ, ਜਿਸ ਵਿਚ ਇਹ ਵਾਰ ਵਾਰ ਤੇ ਤੇਜ਼ ਤੇਜ਼ ਆਪਣਾ ਨਾਂ ਦੁਹਰਾਉਂਦੀ ਹੈ।



ਡਿਕਸਿਸੈੱਲ

ਨਰ ਪੰਛੀ ਦੀ ਛਾਤੀ ਪੀਲੇ ਰੰਗ ਦੀ ਹੁੰਦੀ ਹੈ, ਜਿਸ ਉਪਰ ਕਾਲਾ ਚਟਾਖ਼ (ਬਿਬ) ਹੁੰਦਾ ਹੈ। ਇਸ ਦੀ ਪਿੱਠ ਉੱਤੇ ਭੂਰੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਮਾਦਾ ਦਾ ਰੰਗ ਮੱਧਮ ਜਿਹਾ ਪੀਲਾ ਹੁੰਦਾ ਹੈ।

ਹ. ਪੁ.–ਮੈਕ. ਐਨ. ਸ. ਟ. (1977) 4 : 108

**ਡਿਕਸੀ** : ਸੰਯੁਕਤ ਰਾਜ ਅਮਰੀਕਾ ਦੇ ਉਨ੍ਹਾਂ ਦੱਖਣੀ ਰਾਜਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਸਬੰਧ 1860-65 ਦੌਰਾਨ ਅਮਰੀਕਾ ਦੇ ਸੰਘੀ ਰਾਜਾਂ ਨਾਲ ਸੀ। ਡਿਕਸੀ ਨਾਉਂ ਡੇਨੀਅਲ ਡੀਕਾਟਰ ਐਮੇਟਰ ਦੇ 1859 ਈ. ਵਿਚ ਲਿਖੇ ਉਸ ਗੀਤ ਦੇ ਸਿਰਲੇਖ ਤੋਂ ਲਿਆ ਗਿਆ ਜਿਹੜਾ ਸੰਘੀ ਫ਼ੌਜਾਂ ਦੇ ਕੂਚ ਨਾਲ ਸਬੰਧਤ ਗੀਤ ਵਜੋਂ ਕਾਫ਼ੀ ਹਰਮਨ ਪਿਆਰਾ ਸੀ ਅਤੇ ਇਸ ਨੂੰ ਸੰਘਵਾਦੀ ਗੀਤ ਵਜੋਂ ਜਾਣਿਆ ਜਾਂਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ 1860 ਈ. ਵਿਚ ਨਿਊ ਆਰਲੀਨਜ਼ ਦੇ ਸਿਟੀਜ਼ਨਜ਼ ਬੈਂਕ ਦੁਆਰਾ ਜਾਰੀ ਕੀਤੇ 10 ਪੌਂਡ ਦੇ ਨੋਟ ਜਿਸ ਦੇ ਪਿਛਲੇ ਪਾਸੇ ਡਿਕਸ ਅਤੇ ਜਿਸਦਾ ਸ਼ਾਬਦਿਕ ਅਰਥ 'ਦੱਸਾ' ਸੀ, ਕਾਰਨ ਵੀ ਇਨ੍ਹਾਂ ਰਾਜਾਂ ਨੂੰ ਡਿਕਸੀ ਕਿਹਾ ਜਾਣ ਲੱਗਾ ਕਿਉਂਕਿ ਦੱਖਣੀ ਰਾਜਾਂ ਵਿਚ ਰਹਿਣ ਵਾਲੇ ਫਰਾਂਸੀਸੀ ਭਾਸ਼ਾਈ ਲੋਕ ਇਸ ਨੋਟ ਦੀ ਵਰਤੋਂ ਕਾਫ਼ੀ ਕਰਦੇ ਸਨ।

ਹ. ਪੁ.–ਐਨ. ਬ੍ਰਿ. ਮਾ. 4 : 135

**ਡਿਕ, ਜਾਰਜ ਫ਼ੈਡਰਿਕ** : ਇਸ ਅਮਰੀਕੀ ਫ਼ਿਜ਼ੀਸ਼ੀਅਨ ਅਤੇ ਪੈਥਾਲੋਜਿਸਟ ਦਾ ਜਨਮ 21 ਜੁਲਾਈ, 1881 ਨੂੰ ਫੋਰਟ ਵੇਨ, ਇੰਡੀਆਨਾ ਵਿਖੇ ਹੋਇਆ। ਇਸਨੇ ਆਪਣੀ ਪਤਨੀ ਗਲੈਡੀਸ ਹੈਨਰੀ ਡਿਕ ਨਾਲ ਇੱਕਠੇ ਸਕਾਰਲੈਟ ਫੀਵਰ ਦੇ ਕਾਰਨ ਅਤੇ ਇਸਦੇ ਉਪਾਵਾਂ ਦੀ ਖੋਜ ਕੀਤੀ। ਇਸ ਤੋਂ ਇਲਾਵਾ ਇਸ ਬੁਖ਼ਾਰ ਨੂੰ ਪੈਦਾ ਕਰਨ ਵਾਲੇ ਹੀਮੋਲਿਟਿਕ ਸਟ੍ਰੈਪਟੋਕੱਕਸ ਨੂੰ ਅੱਡ ਕੀਤਾ, ਬਚਾਉ ਲਈ ਡਿਕ ਟੱਕਸਿਨ ਤਿਆਰ ਕੀਤਾ ਤੇ ਟੱਕਸਿਨ ਐਂਟੀਟੱਕਸਿਨ ਦਾ ਤਰੀਕਾ ਕੱਢਿਆ ਅਤੇ ਸੰਵੇਦਨਸ਼ੀਲਤਾ ਦੇਖਣ ਲਈ ਡਿ ਸਕਿਨ ਟੈਸਟ ਪ੍ਰਚਲਿਤ ਕੀਤਾ।

10 ਅਕਤੂਬਰ, 1967 ਨੂੰ ਪੈਲੋ ਐਲਟੋ, ਕੈਲੀਫੋਰਨੀਆ ਵਿ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 3 :530

**ਡਿਕਟੇਟਰ** : ਵੇਖੋ ਤਾਨਾਸ਼ਾਹ

**ਡਿਕਟੇਟਰਸ਼ਿਪ** : ਵੇਖੋ ਤਾਨਾਸ਼ਾਹੀ

**ਡਿਕਨਜ਼, ਚਾਰਲਸ (ਜਾਨ ਹੁੱਫਾਮ)** : ਅੰਗਰੇਜ਼ੀ ਇਸ ਮਹਾਨ ਨਾਵਲਕਾਰ ਦਾ ਜਨਮ 7 ਫ਼ਰਵਰੀ, 1812 ਨੂੰ ਹੈਂਪਸ਼ਿ ਵਿਚ, ਪੋਰਟਸਮਾਊਥ ਵਿਖੇ ਹੋਇਆ। ਇਸ ਦਾ ਪਿਤਾ ਜਾਨ ਡਿਕਨ ਜੋ ਇੰਗਲੈਂਡ ਦੀ ਜਲਸੈਨਾ ਦੇ ਤਨਖ਼ਾਹ ਵਿਭਾਗ ਵਿਚ ਕਲਰਕ ਵ ਨੌਕਰੀ ਕਰਦਾ ਸੀ, ਸਾਰੀ ਉਮਰ ਹੀ ਆਪਣੀ ਭੈੜੀ ਕਿਸਮਤ ਅ ਆਪਣੀਆਂ ਗਲਤੀਆਂ ਕਾਰਨ ਜੀਵਨ ਦੇ ਮੰਝਧਾਰ ਵਿਚ ਡਿੱਕੇ-ਡੋ ਖਾਂਦਾ ਰਿਹਾ। ਸੰਨ 1816 ਵਿਚ ਸਾਰਾ ਪਰਿਵਾਰ ਚੈਟਮ ਚਲਾ ਗਿਆ ਸੀ ਅਤੇ ਉੱਥੇ ਇਹ 5 ਸਾਲ ਤੀਕ ਰਿਹਾ।



ਚਾਰਲਸ ਡਿਕਨਜ਼

ਡਿਕਨਜ਼ ਦੇ ਬਚਪਨ ਬਾਰੇ ਵਧੇਰੇ ਕੁਝ ਨਹੀਂ ਪਤਾ । ਇਸ ਬਹੁਤ ਥੋੜ੍ਹੀ ਵਿਦਿਆ ਪ੍ਰਾਪਤ ਕੀਤੀ ਸੀ। ਕਿਹਾ ਜਾਂਦਾ ਹੈ ਕਿ ਆਪ ਨਾਵਲ 'ਡੇਵਿਡ ਕਾਪਰਫ਼ੀਲਡ' ਵਿਚ ਇਸ ਨੇ ਆਪਣੇ ਬਚਪਨ ਡੇਵਿਡ ਦੇ ਨਾਂ ਹੇਠਾਂ ਚਿਤਰਿਆ ਹੈ। ਇਸ ਤਰ੍ਹਾਂ ਇਸ ਨੇ ਆਪ ਪਿਤਾ ਨੂੰ ਇਸੇ ਨਾਵਲ ਵਿਚ ਮਿਕੌਬਰ ਦੇ ਰੂਪ ਵਿਚ ਚਿਤਰਿਆ ਹੈ

ਨਾਵਲ ਲਿਖਣ ਦੀ ਲਗਨ ਇਸਨੂੰ ਆਪਣੇ ਪਿਤਾ ਦੇ ਰੱਖੇ ਪੁਰਾਣੇ ਨਾਵਲਾਂ ਤੋਂ ਲੱਗੀ ਸੀ। ਇਸ ਦੇ ਪਿਤਾ ਦੀਆਂ ਗਲਤੀਆਂ ਮਾੜੇ ਕੰਮਾਂ ਕਰਕੇ ਪਰਿਵਾਰ ਨੂੰ ਗ਼ਰੀਬੀ ਦੀ ਹਾਲਤ ਵਿਚ 'ਕੈਂਬਡ ਟਾਊਨ' ਜਾ ਕੇ ਰਹਿਣਾ ਪਿਆ। ਇਸ ਗ਼ਰੀਬੀ ਦਾ ਵਰਣਨ ਡਿਕਨਜ਼ ਨੇ ਆਪਣੇ ਨਾਵਲ 'ਡੇਵਿਡ ਕੱਪਰਫ਼ੀਲਡ' ਵਿਚ ਕੀ ਹੈ। ਡਿਕਨਜ਼ ਦੇ ਪਿਤਾ ਤੋਂ ਤੰਗ ਆ ਕੇ ਉਸ ਦੇ ਲਹਿਣੇਦਾਰਾਂ ਨੇ ਨੂੰ ਜੇਲ੍ਹ ਭਿਜਵਾ ਦਿੱਤਾ ਸੀ। ਡਿਕਨਜ਼ ਦੀ ਮਾਂ ਨੂੰ ਛੋਟੇ ਬੱਚੇ ਪੜ੍ਹਾ ਪਰਿਵਾਰ ਦਾ ਖ਼ਰਚ ਚਲਾਉਣਾ ਪਿਆ। ਡਿਕਨਜ਼ ਨੂੰ ਵੀ 'ਹੰ ਹੰਗਰਫੋਰਡ ਸਟੇਅਰਜ਼' ਵਿਚ ਕੰਮ ਕਰਨ ਲਗਾ ਦਿੱਤਾ ਗਿਆ। ਡਿਕਨਜ਼ ਨੇ ਗ਼ਰੀਬੀ, ਗਲੀਆਂ ਅਤੇ ਜੇਲ੍ਹ ਦੇ ਜੀਵਨ ਆਦਿ ਬਹੁਤ ਤਜਰਬਾ ਪ੍ਰਾਪਤ ਕੀਤਾ ਜੋ ਕਿ ਪਿਛੋਂ ਇਸ ਦੇ ਬਹੁਤ

ਆਇਆ। ਇਸੇ ਤਜਰਬੇ ਨੂੰ ਇਸ ਨੇ ਆਪਣੇ ਨਾਵਲ 'ਡੇਵਿਡ ਕਾਪਰਫੀਲਡ' ਵਿਚ ਬਹੁਤ ਸੁਹਣੀ ਤਰ੍ਹਾਂ ਚਿਤਰਿਆ ਹੈ।

ਸੰਨ 1824 ਵਿਚ ਇਸ ਦੇ ਪਿਤਾ ਨੇ ਆਪਣਾ ਕਰਜ਼ਾ ਉਤਾਰ ਦਿੱਤਾ। ਇਸ ਨੇ ਨਾਲ ਹੀ ਡਿਕਨਜ਼ ਨੂੰ ਵੀ ਦੋ ਸਾਲ 'ਹੈਂਪ ਸਟੈਡ' ਵਿਖੇ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਨ ਦਾ ਮੌਕਾ ਮਿਲ ਗਿਆ। ਸੰਨ 1827 ਵਿਚ ਇਸ ਨੇ ਇਕ ਵਕੀਲ ਕੋਲ ਨੌਕਰੀ ਕਰ ਲਈ ਜਿਥੇ ਇਹ ਇਕ ਸਾਲ ਤੋਂ ਥੋੜ੍ਹਾ ਵੱਧ ਸਮਾਂ ਹੀ ਟਿਕਿਆ। ਇਥੇ ਇਸ ਨੇ ਸ਼ਾਰਟ-ਹੈਂਡ ਦੀ ਸਿੱਖਿਆ ਪ੍ਰਾਪਤ ਕਰ ਲਈ ਜੋ ਪਿਛੋਂ ਇਸ ਨੂੰ ਪੱਤਰਪ੍ਰੇਰਕ ਬਣਨ ਵਿਚ ਸਹਾਈ ਸਿੱਧ ਹੋਈ। ਇਸ ਉਪਰੰਤ ਪਹਿਲਾਂ ਕੋਰਟ ਵਿਚ ਪੱਤਰਪ੍ਰੇਰਕ ਵਜੋਂ ਗਿਆ ਅਤੇ ਪਿਛੋਂ ਪਾਰਲੀਮੈਂਟ ਵਿਚ ਚਲਾ ਗਿਆ।

ਸੰਨ 1835 ਵਿਚ ਡਿਕਨਜ਼, 'ਮੱਰਨਿੰਗ ਕ੍ਰਾਨੀਕਲ' ਦਾ ਪੱਤਰ-ਪ੍ਰੇਰਕ ਬਣ ਗਿਆ। ਇਸ ਤੋਂ ਪਹਿਲਾਂ ਸੰਨ 1833 ਵਿਚ ਇਸ ਨੇ 'ਮਾਰਨਿੰਗ ਕ੍ਰਾਨੀਕਲ' ਵਿਚ ਆਪਣੇ ਕੁਝ ਲੇਖ ਛਪਵਾਏ ਜਿਨ੍ਹਾਂ ਤੋਂ ਇਸ ਵਿਚਲਾ ਨਾਵਲਕਾਰ ਵਿਖਾਈ ਦੇਣ ਲੱਗ ਪਿਆ ਸੀ। ਸੰਨ 1836 ਵਿਚ ਡਿਕਨਜ਼ ਦੇ ਸਾਰੇ ਲੇਖ ਇਕ ਸੰਗ੍ਰਹਿ ਦੇ ਰੂਪ ਵਿਚ ਛਾਪੇ ਗਏ। ਪਿਛੋਂ ਇਸ ਨੇ 'ਈਵਨਿੰਗ ਕ੍ਰਾਨੀਕਲ' ਵਿਚ ਵੀ ਆਪਣੀਆਂ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ। ਪਿੱਕਵਿਕ ਕਲੱਬ ਦੇ ਸਕੱਤਰ ਸੀਮੂਰ ਦੀ ਮੌਤ ਪਿਛੋਂ ਇਸ ਨੇ 'ਪਾਸਟਯੂਮਸ ਪੇਪਰਜ਼ ਆਫ਼ ਦੀ ਪਿੱਕਵਿਕ ਕਲੱਬ' ਤਿਆਰ ਕਰਕੇ ਇਕ ਬੇਮਿਸਾਲ ਕੰਮ ਕੀਤਾ।

2 ਅਪ੍ਰੈਲ, 1836 ਨੂੰ ਡਿਕਨਜ਼ ਦਾ ਵਿਆਹ 'ਈਵਨਿੰਗ ਕ੍ਰਾਨੀਕਲ' ਦੇ ਸੰਪਾਦਕ ਜਾਰਜ ਹੋਗਾਰਥ ਦੀ ਧੀ ਕੈਥਰੀਕ ਹੋਗਾਰਥ ਨਾਲ ਹੋ ਗਿਆ। ਇਸ ਸਮੇਂ ਤਕ ਡਿਕਨਜ਼ ਇਕ ਚੰਗੇ ਸਾਹਿਤਕਾਰ ਵਜੋਂ ਪ੍ਰਸਿੱਧ ਹੋ ਚੁੱਕਾ ਸੀ। ਇਸ ਵਿਆਹ ਦੀ ਸਾਹਿਤਕ ਖੇਤਰਾਂ ਵਿਚ ਬਹੁਤ ਚਰਚਾ ਹੋਈ। ਪੰਦਰਾਂ ਸਾਲਾਂ ਦੇ ਵਿਵਾਹਿਤ ਜੀਵਨ ਵਿਚ ਇਸ ਦੇ ਦਸ ਬੱਚੇ ਹੋਏ। ਕੁਝ ਸਮਾਂ ਹੋਰ ਇਸ ਦਾ ਵਿਵਾਹਿਤ ਜੀਵਨ ਠੀਕ ਚਲਦਾ ਰਿਹਾ। ਇਸ ਦੀ ਸਾਲੀ ਮੈਰੀ ਹੋਗਾਰਥ ਇਸ ਦੇ ਕੋਲ ਆ ਕੇ ਰਹਿਣ ਲੱਗ ਪਈ ਜੋ ਅਚਾਨਕ ਹੀ ਮਰ ਗਈ। ਡਿਕਨਜ਼ ਨੇ ਇਸ ਮੌਤ ਤੇ ਬਹੁਤ ਦੁੱਖ ਮਨਾਇਆ ਤੇ ਇਸ ਦੁੱਖ ਨੂੰ ਆਪਣੇ ਨਾਵਲ 'ਦੀ ਓਲਡ ਕਿਊਰਿਆਸਿਟੀ ਸ਼ਾੱਪ' ਵਿਚ 'ਲਿਟਲ ਲੈੱਲ' ਦੇ ਪਾਤਰ ਵਜੋਂ ਬਹੁਤ ਸੁਹਣੀ ਤਰ੍ਹਾਂ ਚਿਤਰਿਆ। ਇਸ ਪਿਛੋਂ ਇਸ ਦੀ ਇਕ ਹੋਰ ਸਾਲੀ ਜਾਰਜੀਨਾ ਇਸ ਦੇ ਪਰਿਵਾਰ ਵਿਚ ਆ ਕੇ ਰਹਿਣ ਲੱਗ ਪਈ। ਕੁਝ ਚਿਰ ਪਿਛੋਂ ਇਸ ਦੀ ਪਤਨੀ ਕੈਥਰੀਨ ਇਸ ਨਾਲੋਂ ਵੱਖਰੀ ਹੋ ਗਈ ਪਰੰਤੂ ਇਸ ਦੀ ਸਾਲੀ ਜਾਰਜੀਨਾ ਇਸ ਦੇ ਕੋਲ ਹੀ ਰਹਿੰਦੀ ਰਹੀ।

ਸੰਨ 1838 ਵਿਚ ਡਿਕਨਜ਼ ਨੇ ਆਪਣਾ ਅਗਲਾ ਨਾਵਲ 'ਆਲੀਵਰ ਟਵਿੱਸਟ' ਲਿਖਿਆ। ਇਸ ਨਾਵਲ ਦੇ ਸਮਾਪਤ ਹੋਣ ਤੋਂ ਪਹਿਲਾਂ ਹੀ ਡਿਕਨਜ਼ ਨੇ ਆਪਣਾ ਕੰਮ 'ਨਿਕੋਲਸ ਨਿਕਲਬਾਈ' ਆਰੰਭ ਕਰ ਦਿੱਤਾ। ਇਸੇ ਦੌਰਾਨ ਇਸ ਨੇ 'ਸਕੈਚਿਜ਼ ਆਫ਼ ਯੰਗ ਜੈਂਟਲਮੈਨ' ਅਤੇ 'ਸਕੈਚਿਜ਼ ਆਫ਼ ਯੰਗ ਕਪਲਜ਼' ਵੀ ਲਿਖੇ।

ਸੰਨ 1842 ਵਿਚ ਅਮਰੀਕਾ ਦੀ ਯਾਤਰਾ ਕਰਨ ਉਪਰੰਤ ਡਿਕਨਜ਼ ਨੇ 'ਮਾਰਟਿਨ ਅਤੇ ਅਮੈਰੀਕਨ ਨੋਟਸ' ਲਿਖੇ। ਇਸ ਦੇ ਤੁਰੰਤ ਪਿਛੋਂ ਇਸ ਦੀ ਪੁਸਤਕ 'ਕ੍ਰਿਸਮਸ ਟੇਲਜ਼' ਨੇ ਬਹੁਤ ਸਾਰੇ ਪਾਠਕਾਂ ਦਾ ਦਿਲ ਖਿੱਚਿਆ।

ਸੰਨ 1845 ਵਿਚ ਡਿਕਨਜ਼ ਨੇ ਇਟਲੀ ਦੀ ਯਾਤਰਾ ਕੀਤੀ ਤੇ ਵਾਪਸ ਆਉਣ ਤੇ ਇਸ ਨੇ 'ਡੇਲੀ ਨਿਊਜ਼' ਦੀ ਸੰਪਾਦਕੀ ਦਾ ਕੰਮ ਸੰਭਾਲ ਲਿਆ। ਥੋੜ੍ਹੇ ਚਿਰ ਪਿਛੋਂ ਹੀ ਇਸ ਨੇ ਇਹ ਕੰਮ ਛੱਡ ਦਿੱਤਾ ਅਤੇ ਆਪਣੀ ਪੁਸਤਕ 'ਪਿਕਚਰਜ਼ ਫ੍ਰੌਮ ਇਟਲੀ' ਲਿਖੀ ਜੋ ਕਿ ਲੜੀਵਾਰ 'ਡੇਲੀ ਨਿਊਜ਼' ਵਿਚ ਛਪਦੀ ਰਹੀ।

ਸੰਨ 1850 ਵਿਚ ਡਿਕਨਜ਼ 'ਹਾਊਸਹੋਲਡ ਵਰਡਜ਼' ਦਾ ਸੰਪਾਦਕ ਬਣ ਗਿਆ। ਇਸ ਮੈਗਜ਼ੀਨ ਵਿਚ ਇਸ ਦੀਆਂ ਕਈ ਕ੍ਰਿਤਾਂ ਲੜੀਵਾਰ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਇਸ ਵਿਚ ਇਸ ਦੀ ਕ੍ਰਿਤ 'ਏ ਚਾਈਲਡ'ਜ਼ ਹਿਸਟਰੀ ਆਫ਼ ਇੰਗਲੈਂਡ' ਵੀ ਛਪੀ। ਇਸ ਨੇ ਸੰਨ 1859 ਵਿਚ ਇਸ ਦਾ ਪ੍ਰਕਾਸ਼ਨ ਬੰਦ ਕਰ ਦਿੱਤਾ ਅਤੇ ਇਹੋ ਜਿਹਾ ਹੀ ਇਕ ਹੋਰ ਮੈਗਜ਼ੀਨ 'ਆਲ ਦੀ ਯੀਅਰ ਰਾਊਂਡ' ਸ਼ੁਰੂ ਕਰ ਦਿੱਤਾ, ਜਿਸ ਵਿਚ ਇਸ ਦੀਆਂ ਕ੍ਰਿਤਾਂ 'ਏ ਟੇਲ ਆਫ਼ ਟੂ ਸਿਟੀਜ਼' (1859); 'ਗਰੇਟ ਐਕਸਪੈਕਟੇਸ਼ਨਜ਼' (1860-61); 'ਅਨਕਮਰਸ਼ੀਅਲ ਟਰੈਵਲਰ' (1861) ਅਤੇ 'ਅਵਰ ਮਿਊਚਲ ਫਰੈਂਡ' ਆਦਿ ਪ੍ਰਕਾਸ਼ਿਤ ਹੋਈਆਂ। ਇਸ ਦੀ ਅੰਤਮ ਕ੍ਰਿਤ ਸੰਨ 1870 ਵਿਚ ਛਪੀ ਜੋ 'ਦੀ ਮਿਸਟਰੀ ਆਫ਼ ਐਡਵਿਨ ਡਰੂਡ' ਦੇ ਸਿਰਲੇਖ ਹੇਠ ਛਪੀ ਪਰੰਤੂ ਇਸ ਦੀ ਮੌਤ ਤੋਂ ਪਹਿਲਾਂ ਕੇਵਲ ਤਿੰਨ ਅੰਕ ਛਪ ਸਕੇ।

ਆਪਣੇ ਜੀਵਨ ਦੇ ਪਿਛਲੇ 10 ਸਾਲਾਂ ਵਿਚ ਡਿਕਨਜ਼ ਨੇ 'ਬਲੀਕ ਹਾਊਸ' (1852-53), 'ਹਾਰਡ ਟਾਈਮਜ਼' (1854), 'ਏ ਕ੍ਰਿਸਮਸ ਕੈਰੋਲ', 'ਦੀ ਕ੍ਰਿਕਟ ਆੱਨ ਦੀ ਹਰਥ' ਅਤੇ 'ਦੀ ਬੈਟਲ ਆਫ਼ ਲਾਈਫ਼' ਆਦਿ ਪੁਸਤਕਾਂ ਦੀ ਰਚਨਾ ਕੀਤੀ।

ਜੀਵਨ ਦੇ ਅੰਤਮ ਸਮੇਂ ਡਿਕਨਜ਼ ਦੀ ਪਤਨੀ ਇਸ ਨੂੰ ਛੱਡ ਗਈ ਸੀ। ਆਪਣੇ ਕਹਿਣ ਅਨੁਸਾਰ ਡਿਕਨਜ਼ ਇਹ ਮਹਿਸੂਸ ਕਰਦਾ ਸੀ ਕਿ ਇਹ ਆਪਣੀ ਪਤਨੀ ਨਾਲ ਨਹੀਂ ਰਹਿ ਸਕਦਾ ਇਸ ਲਈ ਪਤਨੀ ਦੇ ਜਾਣ ਤੋਂ ਪਹਿਲਾਂ ਇਕ ਅਦਾਕਾਰ 'ਐਲਨ ਟੈਰਨਾਨ' ਨਾਲ ਇਸ ਦਾ ਬਹੁਤ ਪਿਆਰ ਪੈ ਗਿਆ ਸੀ। ਇਹ ਵੀ ਪਤਾ ਲਗਦਾ ਹੈ ਕਿ ਉਹ 1860 ਈ. ਤੋਂ ਇਸ ਦੀ ਰਖੇਲ ਵਜੋਂ ਰਹਿ ਰਹੀ ਸੀ। ਮਰਨ ਸਮੇਂ ਡਿਕਨਜ਼ ਉਸ ਲਈ ਲਗਭਗ 1000 ਪੌਂਡ ਛੱਡ ਗਿਆ ਸੀ।

ਡਿਕਨਜ਼ ਕਵਿਤਾ ਵੀ ਬਹੁਤ ਸੁਹਣੀ ਲਿਖਦਾ ਸੀ। ਕਿਹਾ ਜਾਂਦਾ ਹੈ ਕਿ ਮਰਨ ਉਪਰੰਤ ਇਸ ਨੂੰ ਵੈਸੱਟਮਿਨਸਟਰ ਐਬੇ ਦੇ ਕਵੀਆਂ ਵਾਲੇ ਪਾਸੇ ਦਫ਼ਨਾਇਆ ਗਿਆ ਸੀ।

9 ਜੂਨ, 1870 ਨੂੰ ਗੈਡਜ਼ ਹਿੱਲ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 7 :378 ; ਐਨ. ਅਮੈ. 9 : 80 ; ਵ. ਯੂ. ਐਨ. 5 : 1526

**ਡਿਕਿਨਸਨ, ਐਮਿਲੀ, ਇਲਿਜ਼ਬਥ** : ਸੰਯੁਕਤ ਰਾਜ ਅਮਰੀਕਾ ਦੀ ਇਸ ਮਹਾਨ ਕਵਿਤਰੀ ਦਾ ਜਨਮ 10 ਦਸੰਬਰ, 1830 ਨੂੰ ਮੈਸਾਚੂਸੈੱਟਸ ਰਾਜ ਵਿਚ ਐਮਹਰਸਟ ਵਿਖੇ ਐਡਵਰਡ ਡਿਕਿਨਸਨ ਦੇ ਘਰ ਹੋਇਆ। ਇਸ ਦਾ ਪਿਤਾ ਇਕ ਵਕੀਲ ਸੀ ਅਤੇ ਬੜੇ ਸਖ਼ਤ ਸੁਭਾਅ ਵਾਲਾ ਸੀ। ਇਸ ਨੇ ਐਮਹਰਸਟ ਅਕੈਡਮੀ ਅਤੇ ਮਾਊਂਟ ਹੋਲੀਓਕ ਫੀਮੇਲ ਸੈਮੀਨਰੀ ਵਿਖੇ ਵਿਦਿਆ ਪ੍ਰਾਪਤ ਕੀਤੀ।

ਇਸ ਨੂੰ ਰੱਬ ਦੇ ਬੰਦਿਆਂ ਨਾਲ ਬਹੁਤ ਪਿਆਰ ਸੀ। ਇਹ ਇਕਾਂਤ ਵਿਚ ਰਹਿਣਾ ਪਸੰਦ ਕਰਦੀ ਸੀ ਅਤੇ ਪੁਸਤਕਾਂ ਪੜ੍ਹਨਾ ਇਸ ਦਾ ਸ਼ੌਕ ਸੀ। ਇਹ ਬਹੁਤ ਹਸਮੁੱਖ ਪਰ ਬੜੀ ਸ਼ਰਮਾਕਲ ਸੀ। ਇਸ ਨੇ ਆਪਣੀ ਬੀਮਾਰ ਮਾਂ ਦੀ ਸੇਵਾ ਕਰਨ ਲਈ ਸਾਰੀ ਉਮਰ ਵਿਆਹ ਨਹੀਂ ਕੀਤਾ ਸੀ। ਸੰਨ 1855 ਵਿਚ ਆਪਣੀ ਭੈਣ ਦੇ ਨਾਲ ਵਾਸ਼ਿੰਗਟਨ ਅਤੇ ਇਕ ਵਾਰੀ ਵੈਸਟਨ ਅਤੇ ਕੈਂਬਰਿਜ ਜਾਣ ਤੋਂ ਇਲਾਵਾ ਇਸ ਨੇ ਆਪਣਾ ਘਰ ਕਦੇ ਨਹੀਂ ਛੱਡਿਆ ਸੀ।

ਇਸ ਨੇ ਮਾਊਂਟ ਹੋਲੀਓਕ ਫੀਮੇਲ ਸੈਮੀਨਰੀ ਤੋਂ ਵਾਪਸ ਪਰਤਣ ਉਪਰੰਤ 1861 ਈ. ਵਿਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਇਹ ਲਗਨ ਇਸ ਨੂੰ ਆਪਣੇ ਪਿਤਾ ਦੇ ਦਫ਼ਤਰ ਵਿਚ ਕੰਮ

ਕਰਦੇ ਕਾਨੂੰਨ ਦੇ ਇਕ ਵਿਦਿਆਰਥੀ ਬੈਂਜਾਮਿਨ ਨਿਊਟਨ ਦੀ ਪ੍ਰੇਰਣਾ ਤੋਂ ਲਗੀ ਸੀ।

ਕਈ ਹਵਾਲਿਆਂ ਅਨੁਸਾਰ ਇਸ ਦੇ ਸਾਰੀ ਉਮਰ ਕੰਵਾਰੇ ਰਹਿਣ ਦਾ ਕਾਰਨ ਇਸ ਦਾ ਵਿਆਹ ਇਸ ਦੇ ਪ੍ਰੇਮੀ ਨਾਲ ਨਾ ਹੋਣਾ ਦਸਿਆ ਗਿਆ ਹੈ। ਇਸ ਕਰਕੇ ਇਸ ਨੇ ਕਿਸੇ ਹੋਰ ਨਾਲ ਵਿਆਹ



**ਐਮਿਲੀ ਡਿਕਿਨਸਨ**

ਕਰਨ ਤੋਂ ਇਨਕਾਰ ਕਰ ਦਿੱਤਾ। ਕਈ ਹਵਾਲੇ ਜਾਰਜ ਗੋਲਡ ਨੂੰ ਇਸ ਦਾ ਪ੍ਰੇਮੀ ਲਿਖਦੇ ਹਨ।

ਐਮਿਲੀ ਨੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਪਰੰਤੂ ਇਸ ਨੇ ਇਕ ਵੀ ਕਵਿਤਾ ਆਪਣੇ ਜਿਉਂਦੇ ਜੀ ਪ੍ਰਕਾਸ਼ਿਤ ਨਹੀਂ ਕੀਤੀ। ਇਨ੍ਹਾਂ ਵਿਚੋਂ ਕੁਝ ਕੁ ਇਸ ਦੀ ਮੌਤ ਉਪਰੰਤ 1890 ਈ. ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ। ਇਸ ਦੀਆਂ ਕਵਿਤਾਵਾਂ ਛੋਟੀਆਂ ਛੋਟੀਆਂ ਸਨ ਜਿਨ੍ਹਾਂ ਨੂੰ 'ਲਾਈਫ', 'ਲਵ', 'ਨੇਚਰ' ਅਤੇ 'ਡੈੱਥ' ਆਦਿ ਸਿਰਲੇਖਾਂ ਅਧੀਨ ਇਕੱਤਰ ਕੀਤਾ ਜਾ ਸਕਦਾ ਹੈ। ਇਸ ਦਾ ਕਾਵਿ-ਸੰਗ੍ਰਹਿ 'ਬੋਲਟਸ ਆਫ਼ ਮੈਲੋਡੀ' 1943 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਦੇ ਪੱਤਰਾਂ ਦਾ ਸੰਗ੍ਰਹਿ 1894 ਵਿਚ ਅਤੇ ਕਾਵਿ ਸੰਗ੍ਰਹਿ 'ਕੰਪਲੀਟ-ਪੋਇਮਜ਼' 1925 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਦਾ ਕਾਵਿ-ਸੰਗ੍ਰਹਿ 'ਫਰਦਰ ਪੋਇਮਜ਼' 1929 ਈ. ਵਿਚ ਅਤੇ ਸੋਧਿਆ ਕਾਵਿ-ਸੰਗ੍ਰਹਿ 'ਕੰਪਲੀਟ-ਪੋਇਮਜ਼' 1937 ਈ. ਵਿਚ ਪ੍ਰਕਾਸ਼ਿਤ ਹੋਇਆ।

ਇਸ ਦੇ ਜੀਵਨ ਕਾਲ ਪਿਛੋਂ ਪ੍ਰਕਾਸ਼ਿਤ ਕੀਤੇ ਇਸ ਦੇ ਸੰਗ੍ਰਹਿਆਂ ਦੇ ਆਧਾਰ ਤੇ ਇਸ ਨੂੰ ਮਹਾਨ ਕਵਿਤਰੀ ਮੰਨਿਆ ਗਿਆ ਹੈ।

16 ਮਈ, 1886 ਨੂੰ ਐਮਹਰਸਟ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. 7 : 384 ; ਐਵ. ਐਨ. 4 : 385 ; ਵ. ਯੂ. ਐਨ. 5 : 537

**ਡਿਕਿਨਸਨ, ਵੂਡਰਫ ਰਿਚਰਡਜ਼** : ਇਸ ਮਹਾਨ ਸਰੀਰ ਕਿਰਿਆ ਵਿਗਿਆਨੀ ਦਾ ਜਨਮ 30 ਅਕਤੂਬਰ, 1895 ਨੂੰ ਆਰੇਂਜ ਨਿਊ ਜਰਸੀ ਵਿਖੇ ਹੋਇਆ। ਇਸ ਨੇ 1956 ਵਿਚ ਫ਼ਿਜ਼ਿਆਲੋਜੀ ਅਤੇ ਮੈਡੀਸਨ ਦਾ ਪੁਰਸਕਾਰ ਵਰਨਰ ਫਾਰਸਮੈਨ ਅਤੇ ਐਂਡਰੀ ਐਫ਼ ਕੂਰਨਾਰਡ ਨਾਲ ਸਾਂਝਾ ਕੀਤਾ। ਕੂਰਨਾਰਡ ਅਤੇ ਰਿਚਰਡਜ਼ ਨੇ ਫਾਰਸਮੈਨ ਦੀ ਤਕਨੀਕ ਵਰਤ ਕੇ ਇਕ ਲਚਕਦਾਰ ਨਲੀ (Catheter) ਦੀ ਵਰਤੋਂ ਦਿਲ ਦੀ ਪਰਖ ਕਰਨ ਲਈ ਕੀਤੀ ਜੋ ਕੂਹਣੀ ਦੀ ਨਾੜੀ ਤੋਂ ਦਿਲ ਨੂੰ ਜਾਂਦੀ ਸੀ।

ਇੰਗਲੈਂਡ ਵਿਚ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਇਸ ਨੇ ਆਪਣੀ ਖੋਜ 1928 ਵਿਚ ਕੋਲੰਬੀਆ ਦੇ ਕਾਲਜ ਆਫ਼ ਫ਼ਿਜ਼ੀਸ਼ਨਜ ਐਂਡ ਸਰਜਨਜ਼ ਵਿਖੇ ਕੀਤੀ। ਇਹ 1947 ਤੋਂ 1961 ਤੱਕ ਇਥੇ ਪੜਾਉਂਦਾ ਰਿਹਾ ਅਤੇ ਬਾਅਦ ਵਿਚ ਇਥੇ ਹੀ ਪ੍ਰੋਫ਼ੈਸਰ ਐਮਿਰਟਸ ਵੀ ਰਿਹਾ। ਸੰਨ 1945 ਤੋਂ 1961 ਤੱਕ ਇਸ ਨੇ ਕੋਲੰਬੀਆ ਮੈਡੀਕਲ ਡਿਵੀਜਨ ਦਾ ਨਿਰੀਖਣ ਕੀਤਾ ਜੋ ਨਿਊਯਾਰਕ ਦੇ ਬੈਲਵਿਊ ਹਸਪਤਾਲ ਨਾਲ ਸਬੰਧਤ ਸੀ। ਇਥੇ ਹੀ ਇਹ ਕੂਰਨਾਰਡ ਨੂੰ ਮਿਲਿਆ। ਇਨ੍ਹਾਂ ਨੇ ਮਿਲਕੇ ਫਾਰਸਮੈਨ ਦੇ ਤਰੀਕੇ ਨੂੰ ਹੋਰ ਵੀ ਪਰਿਪੱਕਤਾ ਨਾਲ ਵਰਤਿਆ। ਇਸ ਤਰੀਕੇ ਨੂੰ ਕਾਰਡਿਅਕ ਕੈਥੇਟੇਰਾਈਜ਼ੇਸ਼ਨ ਕਿਹਾ ਜਾਂਦਾ ਸੀ। ਇਸ ਤਰੀਕੇ ਨਾਲ ਖ਼ੂਨ ਦਾ ਦਬਾਉ ਅਤੇ ਦਿਲ ਦੀਆਂ ਹੋਰ ਹਾਲਤਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ।

23 ਫਰਵਰੀ, 1973 ਨੂੰ ਲੇਕਵਿਲੇ, ਕਾਨਕੈਟੀਕਟ ਵਿਚ ਇਹ ਵਿਗਿਆਨੀ ਸਵਰਗਵਾਸ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 8 : 568; ਨੋਬਲ ਪ੍ਰਾਈਜ਼ ਵਿਨਰਜ਼ ਇਨ ਮੈਡੀਸਨ ਐਂਡ ਫ਼ਿਜ਼ਿਆਲੋਜੀ : 330

**ਡਿਗ (ਨਰਿਗ)** : ਮਹਾਭਾਰਤ ਅਤੇ ਭਾਗਵਤ ਅਨੁਸਾਰ ਇਹ ਇਕ ਪ੍ਰਾਚੀਨ ਪ੍ਰਤਾਪੀ ਅਤੇ ਦਾਨੀ ਰਾਜਾ ਸੀ ਜੋ ਇਕਸ਼ਵਾਕੂ ਦਾ ਪੁੱਤਰ ਸੀ। ਇਸ ਦਾ ਰਾਜ ਪਯੋਸ਼ਣੀ ਨਦੀ ਦੇ ਕਿਨਾਰੇ ਸੀ। ਇਥੇ ਇਸ ਨੇ ਅਨੇਕਾਂ ਯੱਗ ਕੀਤੇ ਅਤੇ ਕਰੋੜ ਗਊਆਂ ਦਾ ਦਾਨ ਕੀਤਾ ਜਿਨ੍ਹਾਂ ਵਿਚੋਂ ਗਲਤੀ ਨਾਲ ਇਕ ਗਊ ਵੱਗ ਵਿਚ ਆ ਵੜੀ ਅਤੇ ਉਹ ਦੂਜੇ ਬ੍ਰਾਹਮਣ ਨੂੰ ਦਾਨ ਵਿਚ ਦਿੱਤੀ ਗਈ। ਇਸ ਉੱਤੇ ਬ੍ਰਾਹਮਣਾਂ ਦਾ ਝਗੜਾ ਹੋ ਗਿਆ ਤੇ ਇਹ ਦੋਵੇਂ ਫੈਸਲੇ ਲਈ ਰਾਜੇ ਕੋਲ ਆਏ। ਡਿਗ ਨੇ ਉਨ੍ਹਾਂ ਨੂੰ ਸਮਝੌਤੇ ਲਈ ਕਿਹਾ ਪਰ ਉਹ ਨਾ ਮੰਨੇ। ਇਹ ਵੀ ਫ਼ੈਸਲਾ ਨਾ ਕਰ ਸਕਿਆ ਅਤੇ ਜਿਸ ਬ੍ਰਾਹਮਣ ਕੋਲ ਪਹਿਲਾਂ ਗਾਂ ਗਈ ਸੀ ਉਸ ਨੇ ਇਸ ਨੂੰ ਸਰਾਪ ਦੇ ਦਿੱਤਾ। ਫ਼ਲਸਰੂਪ ਬ੍ਰਾਹਮਣ ਦੀ ਬਦਦੁਆ ਕਾਰਨ ਇਸ ਨੂੰ ਹਜ਼ਾਰ ਵਰ੍ਹੇ ਕਿਰਲਾ ਬਣ ਕੇ ਇਕ ਖੂਹ ਵਿਚ ਰਹਿਣਾ ਪਿਆ। ਅੰਤ ਭਗਵਾਨ ਕ੍ਰਿਸ਼ਨ ਜੀ ਨੇ ਇਸ ਦੀ ਮੁਕਤੀ ਕੀਤੀ।

ਹ. ਪੁ.—ਮ. ਕੋ. : 560, 724 ; ਪ੍ਰਾ. ਚਰਿ. : 374

**ਡਿੰਗਐਲਸ਼ਟੈੱਟ, ਫਰਾਂਟਸ ਫ਼ਰਡੀਨੈਂਡ ਫ੍ਰਾਈਹਰ ਫ਼ੌਨ** : ਜਰਮਨੀ ਦੇ ਇਸ ਕਵੀ ਤੇ ਨਾਵਲਕਾਰ ਦਾ ਜਨਮ 30 ਜੂਨ,



**ਫਰਾਂਟਸ ਫਰਡੀਨੈਂਡ ਫ੍ਰਾਈਹਰ ਡਿੰਗਐਲਸ਼ਟੈੱਟ**

1814 ਨੂੰ ਹਾਲਜ਼ਡੋਰਫ਼ ਵਿਖੇ ਹੋਇਆ। ਇਹ ਆਪਣੇ ਰਾਜਨੀਤਿਕ ਵਿਅੰਗ-ਲੇਖਾਂ ਕਰਕੇ ਪ੍ਰਸਿੱਧ ਸੀ।

ਇਹ ਉਦਾਰਚਿਤ ਯੰਗ ਜਰਮਨ ਲਹਿਰ ਦਾ ਸਰਗਰਮ ਮੈਂਬਰ ਸੀ ਅਤੇ ਇਸ ਨੇ ਸ਼ਹਿਜ਼ਾਦਿਆਂ ਸਬੰਧੀ ਵਿਅੰਗ-ਲੇਖ ਲਿਖੇ। ਸੰਨ 1867 ਵਿਚ ਰਾਜਨੀਤਿਕ ਦਲ-ਬਦਲੀ ਉਪਰੰਤ ਇਸ ਨੂੰ ਮਿਊਨਿਕ ਅਤੇ ਫਿਰ ਵਾਈਮਰ ਵਿਖੇ ਸਰਕਾਰੀ ਨਾਟਕਘਰਾਂ ਦਾ ਪ੍ਰਬੰਧਕ ਅਤੇ ਪਿਛੋਂ ਗੀਤ-ਨਾਟਾਂ ਅਤੇ ਹਾਫ਼ਬਰਗ ਥੀਏਟਰ (ਵਿਐਨਾ) ਦਾ ਡਾਇਰੈੱਕਟਰ ਬਣਾ ਦਿਤਾ ਗਿਆ। ਜਰਮਨੀ ਦੇ ਸ਼ਹਿਜ਼ਾਦਿਆਂ ਵਿਰੁੱਧ ਲਿਖੀ ਇਸ ਦੀ ਵਿਅੰਗ ਪੁਸਤਕ Lieder eines Kosmopolitischen Nachtiwachters ਨੇ ਬਹੁਤ ਤਰਥੱਲੀ ਮਚਾ ਦਿਤੀ। ਇਸ ਨੇ ਜਰਮਨੀ ਵਿਚ ਸ਼ੈਕਸਪੀਅਰ ਸੁਸਾਇਟੀ ਦੀ ਸਥਾਪਨਾ ਕੀਤੀ ਅਤੇ ਸ਼ੈਕਸਪੀਅਰ ਦੇ ਕਈ ਡਰਾਮਿਆਂ ਦਾ ਅਨੁਵਾਦ ਕੀਤਾ। ਇਸ ਨੇ ਕਈ ਨਾਵਲ ਅਤੇ ਸਵੈ-ਜੀਵਨੀ Munchenr Bilderbogen (1879) ਵੀ ਲਿਖੀ।

ਇਸ ਦੀਆਂ ਸਾਰੀਆਂ ਰਚਨਾਵਾਂ ਦਾ ਸੰਗ੍ਰਹਿ 12 ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ।

15 ਮਈ, 1881 ਨੂੰ ਵਿਐਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 453; ਐਵ. ਐਨ. 4: 401; ਐਨ. ਅਮੈ. 9 : 125

**ਡਿਗਰੂ** : ਇਹ ਭਾਰਤ ਦੇ ਆਸਾਮ ਰਾਜ ਦਾ ਇਕ ਦਰਿਆ ਹੈ ਜਿਹੜਾ ਖਾਸੀ ਦੀਆਂ ਪਹਾੜੀਆਂ ਤੋਂ ਨਿਕਲਦਾ ਹੈ ਅਤੇ ਉੱਤਰ-ਪੂਰਬ ਵੱਲ ਵਗਦਾ ਹੋਇਆ ਕਾਮਰੂਪ ਜ਼ਿਲ੍ਹੇ ਨੂੰ ਪਾਰ ਕਰਕੇ ਸੋਨਪੁਰ ਪਿੰਡ ਦੇ ਕੋਲੋਂ ਹੋ ਕੇ ਜਾਂਦਾ ਹੈ ਜਿਸ ਕਾਰਨ ਇਸਨੂੰ ਸੋਨਾਪੁਰੀਆ ਵੀ ਕਿਹਾ ਜਾਂਦਾ ਹੈ। ਕਾਲਾਂਗ ਦਰਿਆ ਨਾਲ ਰਲ ਕੇ ਇਹ ਬ੍ਰਹਮਪੁੱਤਰ ਦਰਿਆ ਵਿਚ ਮਿਲ ਜਾਂਦਾ ਹੈ। ਖਾਸੀ ਪਹਾੜੀਆਂ ਵਿਚ ਇਸ ਦਰਿਆ ਨੂੰ ਅਮਥਰੂ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ।

ਹ. ਪੁ.—ਇੰਪ. ਗ. ਇੰਡ. 11 : 345

**ਡਿੰਗਲ** : ਇਹ ਰਾਜਸਥਾਨ ਦੀ ਉਹ ਭਾਸ਼ਾ ਜਾਂ ਸਾਹਿਤਕ ਸ਼ੈਲੀ ਹੈ ਜਿਸ ਵਿਚ ਭੱਟ ਚਾਰਣ ਆਦਿ ਕਵਿਤਾ ਲਿਖਦੇ ਹਨ। ਇਹ ਭਾਸ਼ਾ ਹੁਣ ਦੀ ਪ੍ਰਚੱਲਤ ਬੋਲੀ ਤੋਂ ਬਹੁਤ ਭਿੰਨ ਹੈ। ਚਾਰਣ ਕਵੀਆਂ ਤੋਂ ਬਿਨਾਂ ਪ੍ਰਿਥੀਰਾਜ ਜਿਹੇ ਹੋਰ ਕਵੀਆਂ ਨੇ ਵੀ ਡਿੰਗਲ ਸ਼ੈਲੀ ਵਿਚ ਰਚਨਾ ਕੀਤੀ ਹੈ। ਰਾਜਸਥਾਨ ਦੇ ਭੱਟ ਕਵੀ 'ਪਿੰਗਲ' ਵਿਚ ਰਚਨਾ ਕਰਦੇ ਰਹੇ ਹਨ। ਕੁਝ ਵਿਦਵਾਨ ਡਿੰਗਲ ਅਤੇ ਰਾਜਸਥਾਨੀ ਨੂੰ ਇਕ ਦੂਜੇ ਦਾ ਪਰਿਆਇਵਾਚੀ ਮੰਨਦੇ ਹਨ ਪਰ ਇਹ ਮੱਤ ਭਾਸ਼ਾ ਸ਼ਾਸਤਰੀ ਦ੍ਰਿਸ਼ਟੀ ਤੋਂ ਦੋਸ਼ਪੂਰਣ ਹੈ, ਇਸੇ ਤਰ੍ਹਾਂ ਨਰਪਤ ਨਾਲਹ, ਬਰਦਾਈ, ਨਲ ਸਿੰਘ ਭੱਟ ਆਦਿ ਦੀਆਂ ਰਚਨਾਵਾਂ ਨੂੰ ਡਿੰਗਲ ਸਾਹਿਤ ਵਿਚ ਮੰਨ ਲੈਣਾ ਵਿਗਿਆਨਕ ਸਿਧਾਂਤਾਂ ਦੇ ਉਲਟ ਹੈ। ਇਸ ਵਿਚ ਨਾਲਹ ਦੀ ਰਚਨਾ 'ਕਥਾ' ਰਾਜਸਥਾਨ ਦੀ ਹੈ। ਬਾਕੀ ਰਚਨਾਵਾਂ ਨਿਸ਼ਚਿਤ ਰੂਪ ਨਾਲ ਪਿੰਗਲ ਸ਼ੈਲੀ ਵਿਚ ਹਨ। ਅਸਲ ਵਿਚ ਡਿੰਗਲ ਦਾ ਸਭ ਤੋਂ ਪਹਿਲਾ ਢਾਡੀ ਕਵੀ ਬਾਦਰ ਹੈ। ਇਸ ਦੀਆਂ ਸਾਹਿਤਕ ਸ਼ੈਲੀ ਵਿਚ ਕਾਫ਼ੀ ਰਚਨਾਵਾਂ ਹਨ ਜਿਨ੍ਹਾਂ ਵਿਚ ਜ਼ਿਆਦਾਤਰ ਫੁਟਕਲ ਦੋਹੇ ਅਤੇ ਰਾਜ ਪ੍ਰਸ਼ਾਸਨ ਦੇ ਗੀਤ ਹਨ। ਡਿੰਗਲ ਦੇ ਪ੍ਰਮੁੱਖ ਕਵੀਆਂ ਵਿਚ ਬਾਦਰ, ਪ੍ਰਿਥੀਰਾਜ, ਈਸਰਦਾਸ, ਦੁਰਗਾ ਜੀ ਆਢਾ, ਕਰਣੀਦਾਨ ਕਵੀ, ਮੰਛਾ ਰਾਮ ਸੇਵਕ, ਬਾਂਕੀਦਾਸ ਆਸ਼ੀਆ, ਕਿਸ਼ਨ ਜੀ ਆਢਾ, ਮਿਸ਼ਰਣ ਕਵੀ ਸੂਰਜਮੱਲ ਅਤੇ ਮਹਾਰਾਜਾ ਚਤਰ ਸਿੰਘ ਜੀ ਹਨ। ਪਿਛਲੇ ਕਵੀਆਂ ਦੀਆਂ ਰਚਨਾਵਾਂ ਅਸਲ ਵਿਚ ਡਿੰਗਲ ਸ਼ੈਲੀ ਵਿਚ ਨਹੀਂ ਸਗੋਂ ਕਸ਼ਮ ਮੇਵਾੜੀ ਬੋਲੀ ਵਿਚ ਹਨ। ਸਾਹਿਤਕ ਭਾਸ਼ਾ ਸ਼ੈਲਾਂ ਵਿਚ ਡਿੰਗਲ ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ ਬਾਂਕੀਦਾਸ ਨੇ ਕੁਕਵੀ ਬਤੀਸੀ (1871 ਬਿ. ਸੰ.) ਵਿਚ ਕੀਤੀ ਹੈ। ਡਿੰਗਲ ਸ਼ਬਦ ਦੇ ਅਰਥ ਲਈ ਕਈ ਮੱਤ ਪ੍ਰਚੱਲਤ ਹਨ :-

ਡਿੰਗਲ ਸ਼ਬਦ ਦਾ ਅਰਥ ਅਨਿਯਮਿਤ ਭਾਵ ਗੰਵਾਰੂ ਹੈ ; ਵਿਆਕਰਣ ਦੇ ਨਿਯਮਾਂ ਦਾ ਅਨੁਸਰਣ ਨਾ ਕਰਨ ਕਾਰਨ ਇਸ ਨੂੰ ਡਿੰਗਲ ਕਿਹਾ ਜਾਂਦਾ ਹੈ (ਤੈਸਿਸਤੋਰੀ) ।

ਹਰਪ੍ਰਸਾਦ ਸ਼ਾਸਤਰੀ ਲਿਖਦਾ ਹੈ ਕਿ ਪਹਿਲਾਂ ਮਾਰਵਾੜ ਦੇਸ਼ ਦੀ ਭਾਸ਼ਾ ਨੂੰ 'ਡਗਲ' ਕਿਹਾ ਜਾਂਦਾ ਸੀ। ਬਾਅਦ ਵਿਚ ਓਝਾ ਕਹਿੰਦਾ ਹੈ ਕਿ 'ਡ' ਵਰਣਬਹੁਲਾ ਹੋਣ ਕਾਰਨ ਇਸ ਨੂੰ 'ਡਿੰਗਲ' ਕਿਹਾ ਜਾਂਦਾ ਹੈ।

ਮੇਕਾਰੀਆ ਇਨ੍ਹਾਂ ਸਾਰੇ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਉਸ ਅਨੁਸਾਰ ਡਿੰਗਲ ਸ਼ਬਦ ਜੋ ਇਸ ਦਾ ਅਸਲੀ ਰੂਪ ਹੈ ਡੀਂਗੇ ਸ਼ਬਦ ਦੇ ਪਿਛੇਤਰ 'ਲ' ਦੇ ਜੋੜਨ ਨਾਲ ਬਣਿਆ ਹੈ। ਇਸ ਦਾ ਅਸਲੀ ਅਰਥ ਇਕ ਪਾਸੇ ਡੀਂਗ ਯੁਕਤ ਅਤੇ ਦੂਜੇ ਪਾਸੇ ਉਘੜ-ਦੁਗੜ ਹੈ।

ਡਿੰਗਲ ਦੀ ਧੁਨੀ ਸੰਗਠਨ ਅਤੇ ਵਿਆਕਰਣ ਮਾਰਵਾੜੀ ਜਾਂ ਪੱਛਮੀ ਰਾਜਸਥਾਨੀ ਦੇ ਹੀ ਅਨੁਰੂਪ ਹੈ ਪਰ ਇਸ ਦਾ ਸ਼ਬਦ-ਕੋਸ਼ ਅਨੇਕ ਤਦਭਵ, ਅਰਧਤਤਸਮ ਜਾਂ ਦੇਸ਼ੀ ਸ਼ਬਦਾਂ ਨਾਲ ਭਰਿਆ ਪਿਆ ਹੈ ਜੋ ਉਸੇ ਰੂਪ ਵਿਚ ਨਹੀਂ ਵਰਤੇ ਜਾਂਦੇ। ਵਿਦਵਾਨ ਮੁਰਾਰੀਦਾਨ ਨੇ ਇਕ ਡਿੰਗਲ ਕੋਸ਼ ਦੀ ਰਚਨਾ ਕੀਤੀ ਹੈ ਜਿਸ ਵਿਚ ਡਿੰਗਲ ਵਿਚ ਵਰਤੇ ਸ਼ਬਦਾਂ ਦੇ ਅਰਥ ਦਿੱਤੇ ਹਨ।

ਹ. ਪੁ.—ਹਿੰ. ਵਿ. ਕੋ. 5 : 234; ਮ. ਕੋ.

**ਡਿਜ਼ਰੇਲੀ, ਇਸਾਕ** : ਇੰਗਲੈਂਡ ਦੇ ਇਸ ਵਿਦਵਾਨ ਅਤੇ ਸਾਹਿਤਕ ਆਲੋਚਕ ਦਾ ਜਨਮ 11 ਮਈ, 1766 ਨੂੰ ਲੰਡਨ ਵਿਖੇ ਹੋਇਆ। ਇਸ ਦਾ ਪਿਤਾ ਇਕ ਯਹੂਦੀ ਪਰਿਵਾਰ ਨਾਲ ਸਬੰਧਤ ਸੀ ਜਿਸ ਨੂੰ ਸਪੇਨ ਵਿਚੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ ਅਤੇ ਇਹ ਪਰਿਵਾਰ ਵੈਨਿਸ ਤੋਂ 1748 ਈ. ਵਿਚ ਇੰਗਲੈਂਡ ਆ ਗਿਆ ਸੀ।

ਇਸਾਕ ਨੇ ਐਮੈਸਟਰਡਮ ਅਤੇ ਲੀਡਨ ਵਿਖੇ ਵਿਦਿਆ ਪ੍ਰਾਪਤ ਕੀਤੀ ਅਤੇ ਕਵੀ ਤੇ ਨਾਵਲਕਾਰ ਵਜੋਂ ਜੀਵਨ ਸ਼ੁਰੂ ਕੀਤਾ। ਇਸ ਨੇ ਕਵਿਤਾਵਾਂ ਦੇ ਦੋ ਸੰਗ੍ਰਹਿ ਅਤੇ 7 ਨਾਵਲ ਛਪਵਾਏ ਪਰ ਇਨ੍ਹਾਂ ਵਿਚ ਇਸ ਨੂੰ ਕੋਈ ਸਫ਼ਲਤਾ ਪ੍ਰਾਪਤ ਨਾ ਹੋਈ। ਇਸ ਦੀ ਅਸਲ ਪ੍ਰਸਿੱਧੀ ਸਾਹਿਤ ਅਤੇ ਇਤਿਹਾਸ ਦੀਆਂ ਪੁਸਤਕਾਂ ਕਰਕੇ ਹੋਈ।

ਇਸ ਦੀ ਪੁਸਤਕ 'ਕਲੈਮਿਟੀਜ਼ ਆਫ਼ ਆੱਥਰਜ਼' 1812-13 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਦੇ ਦੋ ਸਾਲ ਪਿਛੋਂ ਇਸ ਨੇ 'ਕੁਅਰਲਜ਼ ਆਫ਼ ਆਰਥਰਜ਼' ਪ੍ਰਕਾਸ਼ਿਤ ਕੀਤੀ। ਸੰਨ 1828 ਤੋਂ 1831 ਵਿਚਕਾਰ ਇਸ ਨੇ 5 ਜਿਲਦਾਂ ਵਿਚ 'ਕੁਮੈਂਟਰੀਜ਼ ਆੱਨ ਦੀ ਲਾਈਫ਼ ਐਂਡ ਰੇਨ ਆਫ਼ ਚਾਰਲਸ I' ਪ੍ਰਕਾਸ਼ਿਤ ਕਰਵਾਈ। ਇਹ ਇਸ ਦੀ ਸਭ ਤੋਂ ਵਧੀਆ ਰਚਨਾ ਮੰਨੀ ਜਾਂਦੀ ਹੈ।

ਕੁਝ ਚਿਰ ਲਈ ਇਸ ਨੇ ਕਵੀ ਬਣਨ ਦਾ ਸ਼ੌਕ ਛੱਡ ਦਿੱਤਾ। ਸੰਨ 1817, 1823 ਅਤੇ 1824 ਵਿਚ ਇਸ ਨੇ 'ਕਿਊਰਾਸਿਟੀਜ਼' ਦੀਆਂ ਅਗਲੀਆਂ ਜਿਲਦਾਂ ਪ੍ਰਕਾਸ਼ਿਤ ਕਰਵਾਈਆਂ। ਇਸ ਪੁਸਤਕ ਦੀਆਂ ਕੁੱਲ ਛੇ ਜਿਲਦਾਂ ਸਨ ਅਤੇ ਇਸ ਦੀਆਂ 12 ਐਡੀਸ਼ਨਾਂ ਇਸ ਦੇ ਜੀਵਨ-ਕਾਲ ਵਿਚ ਛਪ ਚੁੱਕੀਆਂ ਸਨ।

ਸੰਨ 1833 ਵਿਚ ਇਸ ਨੇ 'ਜੀਨੀਅਸ ਆਫ਼ ਜੂਡਾਇਜ਼ਮ' ਲਿਖੀ ਜਿਸ ਵਿਚ ਇਸ ਨੇ ਪ੍ਰਾਚੀਨ ਯਹੂਦੀਆਂ ਬਾਰੇ ਲਿਖਿਆ। ਭਾਵੇਂ ਇਹ ਆਪ ਈਸਾਈ ਨਹੀਂ ਬਣਿਆ ਸੀ ਪਰੰਤੂ ਆਪਣੇ ਬੱਚਿਆਂ ਨੂੰ

ਇਸ ਨੇ ਈਸਾਈ ਬਣਾ ਦਿੱਤਾ ਸੀ। ਸੰਨ 1839 ਵਿਚ ਇਸ ਦੀ ਅੱਖਾਂ ਦੀ ਰੌਸ਼ਨੀ ਜਾਂਦੀ ਰਹੀ।

19 ਜਨਵਰੀ, 1848 ਨੂੰ ਬਕਿੰਘਮਸ਼ਿਰ ਵਿਚ ਬਰਾਡਨਹੈਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 :493 ; ਐਨ. ਅਮੈ. 9 : 169 ; ਐਵ. ਐਨ. 4:419 ; ਵ. ਯੂ. ਐਨ. 5 : 1551

**ਡਿਜ਼ਰੇਲੀ, ਬੈਂਜਾਮਿਨ** : ਬਰਤਾਨੀਆ ਦੇ ਇਸ ਉੱਘੇ ਪ੍ਰਧਾਨ ਮੰਤਰੀ, ਨਾਮਵਰ ਸਿਆਸਤਦਾਨ ਅਤੇ ਲੇਖਕ ਦਾ ਜਨਮ 21 ਦਸੰਬਰ, 1804 ਈ. ਵਿਚ ਲੰਡਨ ਵਿਖੇ ਇਕ ਇਤਾਲਵੀ ਯਹੂਦੀ



**ਬੈਂਜਾਮਿਨ ਡਿਜ਼ਰੇਲੀ**

ਘਰਾਣੇ ਵਿਚ ਹੋਇਆ। ਇਸ ਦੇ ਬਚਪਨ ਦੀ ਇਕ ਅਹਿਮ ਘਟਨਾ ਇਸਦੇ ਪਿਤਾ ਦਾ 1813 ਈ. ਵਿਚ ਬੈਵਿਸ ਮਾਰਕਸ (Bevis Marks) ਦੇ ਯਹੂਦੀ ਸਭਾ-ਘਰ ਨਾਲ ਹੋਇਆ ਝਗੜਾ ਸੀ ਜਿਸ ਦੇ ਸਿੱਟੇ ਵਜੋਂ 1817 ਈ. ਵਿਚ ਉਹ ਆਪਣੇ ਬੱਚਿਆਂ ਨੂੰ ਈਸਾਈਆਂ ਵਜੋਂ ਬਪਤਿਸਮਾ ਦੁਆਉਣ ਵਿਚ ਕਾਮਯਾਬ ਹੋਇਆ। ਡਿਜ਼ਰੇਲੀ ਨੇ ਆਪਣੀ ਮੁੱਢਲੀ ਸਿੱਖਿਆ ਛੋਟੇ ਸਕੂਲਾਂ ਵਿਚ ਹੀ ਪ੍ਰਾਪਤ ਕੀਤੀ। 17 ਸਾਲਾਂ ਦੀ ਉਮਰ ਵਿਚ ਲੰਡਨ ਦੀ ਸਾਲਿਸਟਰਾਂ ਦੀ ਇਕ ਫ਼ਰਮ ਨੇ ਇਸ ਨੂੰ ਆਪਣੇ ਨਾਲ ਕਾਨੂੰਨ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ ਪਰ ਇਸ ਦੀ ਰੁਚੀ ਕਿਸੇ ਵੱਡੇ ਕੰਮ ਵਿਚ ਸਫ਼ਲ ਹੋ ਕੇ ਨਾਮਣਾ ਖੱਟਣ ਦੀ ਸੀ। ਸੰਨ 1824-26 ਦੌਰਾਨ ਇਹ ਸਟਾਕ ਮਾਰਕੀਟ ਆਦਿ ਵਿਚ ਰੁੱਝਿਆ ਰਿਹਾ ਪਰ ਬੁਰੀ ਤਰ੍ਹਾਂ ਫੇਲ੍ਹ ਹੋਇਆ ਅਤੇ ਇਸ ਦੇ ਸਿਰ ਕਾਫ਼ੀ ਕਰਜ਼ਾ ਵੀ ਚੜ੍ਹ ਗਿਆ। ਅਸਫ਼ਲਤਾ ਦੇ ਬਾਵਜੂਦ ਇਸ ਨੇ ਹੌਸਲਾ ਨਾ ਹਾਰਿਆ ਅਤੇ ਆਪਣੇ ਆਪ ਨੂੰ ਲਿਖਣ ਦੇ ਕੰਮ ਵਿਚ ਮਸਰੂਫ਼ ਕੀਤਾ। ਆਪਣੇ ਪਿਤਾ ਇਸਾਕ ਡਿਜ਼ਰੇਲੀ ਦੇ ਰਸੂਖ਼ ਸਦਕਾ ਇਸ ਨੂੰ ਸਾਹਿਤਕ ਖੇਤਰ ਵਿਚ ਜਾਣ ਲਈ ਕਾਫ਼ੀ ਸੌਖ ਰਹੀ। ਸੰਨ 1826-27 ਦੌਰਾਨ ਇਸ ਦਾ ਪਹਿਲਾ ਨਾਵਲ 'ਵਿਵੀਅਨ ਗ੍ਰੇ (Vivian Grey) ਪੰਜ ਜਿਲਦਾਂ ਵਿਚ ਛਪਿਆ ਜਿਸ ਵਿਚ ਇਸ ਨੇ ਆਪਣੇ ਕੁਝ ਸਮਕਾਲੀ ਉੱਘੇ ਵਿਅਕਤੀਆਂ ਉਤੇ ਕਾਫ਼ੀ ਵਿਅੰਗ ਕੀਤਾ ਸੀ ਜਿਸ ਕਾਰਨ ਇਸ ਦੀ ਕਾਫ਼ੀ ਆਲੋਚਨਾ ਹੋਈ। ਸਿੱਟੇ ਵਜੋਂ 1828 ਈ. ਵਿਚ ਨਰਵਸ ਬ੍ਰੇਕ ਡਾਊਨ ਹੋਣ ਕਾਰਨ ਅਗਲਾ ਕੁਝ ਸਮਾਂ ਇਸ ਨੇ ਬਕਿੰਘਮਸ਼ਿਰ ਵਿਖੇ ਆਪਣੇ ਪਿਤਾ ਦੇ ਘਰ ਵਿਚ ਹੀ ਬਿਤਾਇਆ। ਸੰਨ 1830 ਵਿਚ ਇਸ ਦਾ ਨਾਵਲ 'ਯੰਗ ਡਿਊਕ' ਤਿੰਨ ਜਿਲਦਾਂ ਵਿਚ ਛਪਿਆ। ਫੇਰ ਮੱਧਵਰਤੀ ਅਤੇ ਮੱਧ ਪੂਰਬੀ ਦੇਸ਼ਾਂ ਦੀ ਯਾਤਰਾ ਨੇ ਇਸ ਦੇ ਹਿੰਦੁਸਤਾਨ, ਮਿਸਰ ਅਤੇ ਤੁਰਕੀ ਨਾਲ ਬਦੇਸ਼ੀ ਸਬੰਧਾਂ ਬਾਰੇ ਵੀ ਨਜ਼ਰੀਏ ਵਿਚ ਕਾਫ਼ੀ ਅਸਰ ਪਾਇਆ।

ਸੰਨ 1831 ਤੀਕ ਇਹ ਰਾਜਨੀਤੀ ਵਿਚ ਹਿੱਸਾ ਲੈਣ ਦਾ ਫ਼ੈਸਲਾ ਕਰ ਚੁੱਕਾ ਸੀ। ਆਜ਼ਾਦ ਉਮੀਦਵਾਰ ਦੇ ਤੌਰ ਤੇ ਇਸਨੇ ਆਪਣੇ ਜੱਦੀ ਸ਼ਹਿਰ ਬਕਿੰਘਮਸ਼ਿਰ ਤੋਂ ਚੋਣ ਲੜੀ ਪਰ ਅਸਫ਼ਲ ਰਿਹਾ। ਟੋਰੀ ਪਾਰਟੀ ਵਿਚ ਰਲਣ ਮਗਰੋਂ 1837 ਈ. ਵਿਚ ਕੈਂਟ ਤੋਂ ਕੰਜ਼ਰਵੇਟਿਵ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕੀਤੀ। ਹਾਊਸ ਆਫ਼ ਕਾਮਨਜ਼ ਵਿਚ ਇਸ ਦਾ ਪਹਿਲਾ ਭਾਸ਼ਣ ਬੁਰੀ ਤਰ੍ਹਾਂ ਅਸਫ਼ਲ ਰਿਹਾ। ਸੰਨ 1839 ਵਿਚ ਇਸ ਨੇ ਲੰਡਨ ਦੀ ਇਕ ਅਮੀਰ ਵਿਧਵਾ ਵਿੰਡਮ ਲੂਅਸ ਨਾਲ ਵਿਆਹ ਕਰਵਾ ਲਿਆ।

ਕੰਜ਼ਰਵੇਟਿਵ ਪਾਰਟੀ ਦੇ ਨੇਤਾ ਸਰ ਰਾਬਰਟ ਪੀਲ ਨੇ ਡਿਜ਼ਰੇਲੀ ਦੀ ਰਾਜਨੀਤੀ ਵਿਚ ਕਾਫ਼ੀ ਮਦਦ ਕੀਤੀ। ਸੰਨ 1814 ਵਿਚ ਜਦੋਂ ਕੰਜ਼ਰਵੇਟਿਵ ਪਾਰਟੀ ਨੂੰ ਜਿੱਤ ਹਾਸਲ ਹੋਈ ਅਤੇ ਪੀਲ ਪ੍ਰਧਾਨ ਮੰਤਰੀ ਬਣਿਆ ਪਰ ਡਿਜ਼ਰੇਲੀ ਨੂੰ ਕੈਬਨਿਟ ਵਿਚ ਕੋਈ ਅਹੁਦਾ ਨਾ ਦਿੱਤਾ ਗਿਆ ਜਿਸ ਕਾਰਨ ਦੋਹਾਂ ਦੇ ਸਬੰਧਾਂ ਵਿਚ ਦਰਾੜ ਪੈ ਗਈ। ਨੌਜਵਾਨ ਟੋਰੀਆਂ ਦੇ ਇਕ ਸਮੂਹ 'ਯੰਗ ਇੰਗਲੈਂਡ' ਨੇ ਡਿਜ਼ਰੇਲੀ ਦੀ ਹਿਮਾਇਤ ਕੀਤੀ। ਸੰਨ 1845 ਵਿਚ ਪੀਲ ਨੇ ਆਯਾਤ ਕੀਤੇ ਅਨਾਜ ਉਪਰ ਸੁਰੱਖਿਅਕ ਕਰਾਂ ਨੂੰ ਹਟਾ ਦਿੱਤਾ ਜਿਸ ਨੂੰ ਕਾੱਰਨ ਲਾੱਅਜ਼ ਕਰਕੇ ਵੀ ਜਾਣਿਆ ਜਾਂਦਾ ਹੈ। 'ਯੰਗ ਇੰਗਲੈਂਡ' ਗਰੁੱਪ ਨੇ ਪੀਲ ਵਿਰੁੱਧ ਮੁਜ਼ਾਹਰਾ ਕੀਤਾ। ਇਨ੍ਹਾਂ ਨੂੰ ਆਮ ਜਨਤਾ ਨੇ ਭਰਵਾਂ ਹੁੰਗਾਰਾ ਦਿੱਤਾ। ਡਿਜ਼ਰੇਲੀ ਪੀਲ ਦੇ ਹਿਮਾਇਤੀਆਂ ਨੂੰ ਵੀ ਉਸ ਨਾਲੋਂ ਤੋੜਨ ਵਿਚ ਸਫ਼ਲ ਰਿਹਾ ਅਤੇ ਸਿੱਟੇ ਵਜੋਂ ਪੀਲ ਨੇ 1846 ਈ. ਵਿਚ ਅਸਤੀਫ਼ਾ ਦੇ ਦਿੱਤਾ।

ਪੀਲ ਨੂੰ ਬਹੁਮੱਤ ਦੀ ਹਿਮਾਇਤ ਘਟਣ ਅਤੇ ਲਾਰਡ ਬੈਂਟਿੰਗ ਦੀ ਮੌਤ ਕਾਰਨ ਡਿਜ਼ਰੇਲੀ ਕਾਮਨਜ਼ ਵਿਚ ਵਿਰੋਧੀ ਧੜੇ ਦਾ ਨੇਤਾ ਬਣ ਗਿਆ। ਸੰਨ 1847-48 ਦੌਰਾਨ ਸਮਾਜਕ ਅਤੇ ਰਾਜਨੀਤਕ ਪੱਖੋਂ ਇਸ ਦੀ ਸਥਿਤੀ ਮਜ਼ਬੂਤ ਬਣੀ। ਸੰਨ 1852 ਵਿਚ ਵਿੱਗ ਪਾਰਟੀ ਨੂੰ ਹਾਰ ਹੋਈ ਅਤੇ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਅਰਲ ਆਫ਼ ਡਰਬੀ ਨੇ ਥੋੜ੍ਹ-ਚਿਰੀ ਅਲਪ-ਸੰਖਿਅਕ ਸਰਕਾਰ ਦਾ ਪਹਿਲਾਂ 1852 ਵਿਚ ਤੇ ਫਿਰ 1858 ਈ. ਵਿਚ ਗਠਨ ਕੀਤਾ। ਡਿਜ਼ਰੇਲੀ ਦੋ ਵਾਰ ਵਿੱਤ ਵਿਭਾਗ ਦਾ ਚਾਂਸਲਰ ਨਿਯੁਕਤ ਹੋਇਆ। ਸੰਨ 1859 ਵਿਚ ਇਸ ਨੇ ਵਿਚਲੇ ਦਰਜੇ ਦਾ ਸੁਧਾਰ ਬਿਲ ਪੇਸ਼ ਕੀਤਾ ਪਰ ਪਾਸ ਨਾ ਹੋਇਆ। ਤੀਜੀ ਵਾਰੀ ਮੁੜ 1861 ਈ. ਵਿਚ ਇਹ ਚਾਂਸਲਰ ਬਣਿਆ।

ਸੰਨ 1868 ਵਿਚ ਡਰਬੀ ਦੇ ਰਾਜਨੀਤੀ ਨੂੰ ਤਿਆਗਣ ਮਗਰੋਂ ਡਿਜ਼ਰੇਲੀ ਪ੍ਰਧਾਨ ਮੰਤਰੀ ਬਣਿਆ। ਜਲਦੀ ਹੀ ਚੋਣਾਂ ਵਿਚ ਲਿਬਰਲ ਪਾਰਟੀ ਨੂੰ ਜਿੱਤ ਹਾਸਲ ਹੋਈ ਅਤੇ ਡਿਜ਼ਰੇਲੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਅਗਲੇ ਬਾਰਾਂ ਸਾਲਾਂ ਦੌਰਾਨ ਡਿਜ਼ਰੇਲੀ ਅਤੇ ਵਿਲੀਅਮ ਈ. ਗਲੈਡਸਟੋਨ ਦੀ ਆਪਸੀ ਟੱਕਰ ਚਲਦੀ ਰਹੀ। ਸੰਨ 1873 ਵਿਚ ਗਲੈਡਸਟੋਨ ਨੇ ਆਪਣੀ ਵਜ਼ਾਰਤ ਦੀ ਹਾਰ ਹੋਣ ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਪਰ ਡਿਜ਼ਰੇਲੀ ਨੇ ਆਪਣੀ ਪਾਰਟੀ ਦੇ ਹਿੱਤ ਨੂੰ ਵੇਖਦੇ ਹੋਏ ਅਹੁਦਾ ਸੰਭਾਲਣ ਤੋਂ ਇਨਕਾਰ ਕਰ ਦਿੱਤਾ। ਸੰਨ 1874 ਵਿਚ ਕੰਜ਼ਰਵੇਟਿਵ ਪਾਰਟੀ ਨੂੰ ਚੋਣਾਂ ਵਿਚ ਭਾਰੀ ਜਿੱਤ ਪ੍ਰਾਪਤ ਹੋਈ ਅਤੇ ਡਿਜ਼ਰੇਲੀ ਦੂਜੀ ਵਾਰ ਪ੍ਰਧਾਨ ਮੰਤਰੀ ਬਣਿਆ। ਇਸ ਕਾਲ ਦੌਰਾਨ ਇਸ ਨੇ ਮਹਾਰਾਣੀ ਦੀ ਮਿੱਤਰਤਾ ਤੋਂ ਵੀ ਫਾਇਦਾ ਉਠਾਇਆ। ਇਸ ਦੇ ਆਰਟੀਜ਼ਨਜ਼ ਅਤੇ ਲੇਬਰਜ਼ ਡਵੈਲਿੰਗ ਇੰਪਰੂਵਮੈਂਟ ਐਕਟ ਨੇ ਗੰਦੀਆਂ ਬਸਤੀਆਂ ਨੂੰ ਸਾਫ਼

ਕਰਵਾਉਣ ਵਿਚ ਕਾਮਯਾਬੀ ਹਾਸਲ ਕੀਤੀ। ਸੰਨ 1875 ਦਾ ਪਬਲਿਕ ਹੈਲਥ ਐਕਟ, 1774,1878 ਦੇ ਫ਼ੈਕਟਰੀ ਐਕਟ ਮਜ਼ਦੂਰਾਂ ਦੀ ਲੁੱਟ-ਖਸੁੱਟ ਖ਼ਤਮ ਕਰਨ ਵਿਚ ਸਹਾਈ ਸਿੱਧ ਹੋਏ।

ਡਿਜ਼ਰੇਲੀ ਦੀਆਂ ਸਾਮਰਾਜੀ ਅਤੇ ਬਦੇਸ਼ ਨੀਤੀਆਂ ਕਾਫ਼ੀ ਸਫ਼ਲ ਰਹੀਆਂ। ਸੁਏਜ਼ ਕੈਨਾਲ ਦੇ ਸ਼ੇਅਰਾਂ ਨੂੰ ਪ੍ਰਾਪਤ ਕਰਨਾ ਇਕ ਵੱਡੀ ਸਫ਼ਲਤਾ ਸੀ। ਸੰਨ 1876 ਵਿਚ ਇਸ ਨੇ ਮਹਾਰਾਣੀ ਵਿਕਟੋਰੀਆ ਨੂੰ ਹਿੰਦੁਸਤਾਨ ਦੀ ਮਹਾਰਾਣੀ ਦਾ ਖ਼ਿਤਾਬ ਦੇਣ ਲਈ ਮਤਾ ਪੇਸ਼ ਕੀਤਾ। ਮੁਖ਼ਾਲਫ਼ਤ ਦੇ ਬਾਵਜੂਦ ਮਹਾਰਾਣੀ ਦੀ ਆਪਣੀ ਇੱਛਾ ਹੋਣ ਕਾਰਨ ਡਿਜ਼ਰੇਲੀ ਸਫ਼ਲ ਰਿਹਾ। ਆਪਣੀ ਵਿਗੜੀ ਹੋਈ ਸਿਹਤ ਕਾਰਨ ਇਸ ਨੇ ਪੀਅਰ ਬਣਨਾ ਨਾ ਮਨਜ਼ੂਰ ਕਰਕੇ ਬੀਕਨਜ਼ਫੀਲਡ ਦੇ ਅਰਲ ਦੀ ਉਪਾਧੀ ਸਵੀਕਾਰ ਕੀਤੀ ਅਤੇ ਹਾਊਸ ਆਫ਼ ਲਾਰਡਜ਼ ਦਾ ਨੇਤਾ ਬਣਿਆ।

ਸੰਨ 1878 ਵਿਚ ਇਹ ਬਲਕਾਨ ਅਤੇ ਤੁਰਕੀ ਵਿਚ ਰੂਸੀ ਦਖ਼ਲਅੰਦਾਜ਼ੀ ਉਪਰ ਰੋਕ ਲਾਉਣ ਵਿਚ ਸਫ਼ਲ ਰਿਹਾ। ਸੰਨ 1878 ਵਿਚ ਬਰਲਿਨ ਦੀ ਕਾਂਗਰਸ ਵਿਚ ਇਹ ਬਰਤਾਨੀਆ ਲਈ ਵੱਧ ਤੋਂ ਵੱਧ ਫਾਇਦੇ ਲੈਣ ਵਿਚ ਪੂਰੀ ਤਰ੍ਹਾਂ ਸਫ਼ਲ ਹੋ ਕੇ ਇੰਗਲੈਂਡ ਪਰਤਿਆ।

ਮਹਾਰਾਣੀ ਨੇ ਇਸ ਨੂੰ ਡਿਊਕ ਅਤੇ ਆਰਡਰ ਆਫ਼ ਗਾਰਟਰ ਦੇ ਸਨਮਾਨ ਦਿਤੇ ਜਿਨ੍ਹਾਂ ਵਿਚੋਂ ਇਸ ਨੇ ਡਿਊਕ ਦਾ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ।

ਇਸ ਦੀ ਮਾੜੀ ਸਿਹਤ ਦੇ ਬਾਵਜੂਦ ਪਾਰਟੀ ਨੇ ਇਸ ਨੂੰ ਅਹੁਦਾ ਨਾ ਛੱਡਣ ਦਿੱਤਾ। ਅਫ਼ਗਾਨਿਸਤਾਨ ਅਤੇ ਦੱਖਣੀ ਅਮਰੀਕਾ ਵਿਚ ਅਸਫ਼ਲਤਾ ਅਤੇ ਘਰੇਲੂ ਸਮੱਸਿਆਵਾਂ ਵਿਚ ਵਾਧਾ ਹੋਣ ਕਾਰਨ 1880 ਈ. ਵਿਚ ਹੋਣ ਵਾਲੀਆਂ ਚੋਣਾਂ ਵਿਚ ਇਸ ਦੀ ਪਾਰਟੀ ਨੂੰ ਭਾਰੀ ਹਾਰ ਹੋਈ। ਇਸ ਨੇ ਆਪਣਾ ਨਾਵਲ 'ਐਂਡੀਮੀਅਨ' ਮੁਕੰਮਲ ਕਰਨ ਲਈ ਰਾਜਨੀਤੀ ਨੂੰ ਤਿਆਗ ਦਿੱਤਾ।

19 ਅਪ੍ਰੈਲ, 1801 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 127; ਐਨ. ਅਮੇ. 8 : 182

**ਡਿਜ਼ਾਈਨ (ਮਿਆਰੀ)** : ਇਹ ਸਰਵ ਪ੍ਰਮਾਣਿਤ ਇਕੋ ਜਿਹੇ ਢੰਗ, ਮਾਪ, ਸਾਮੱਗਰੀ ਜਾਂ ਪੁਰਜ਼ੇ ਹੁੰਦੇ ਹਨ ਜਿਹੜੇ ਸਿੱਧੇ ਤੌਰ ਤੇ ਕਿਸੇ ਚੀਜ਼ ਦੇ ਡਿਜ਼ਾਈਨ ਜਾਂ ਸੁਗਮਤਾ ਉੱਤੇ ਪ੍ਰਭਾਵ ਪਾਉਂਦੇ ਹਨ। ਡਿਜ਼ਾਈਨ ਦਾ ਮਿਆਰੀਕਰਨ ਆਮ ਪ੍ਰਚੱਲਿਤ ਇਕ ਸਹਿਮਤੀ ਹੁੰਦੀ ਹੈ ਜਿਹਾ ਕਿ ਰੇਖੀ ਪੈਮਾਇਸ਼ ਲਈ ਮੀਟਰ ਜਾਂ ਢੱਕਣਾਂ ਨੂੰ ਕੱਸਣ ਲਈ ਵਰਤਿਆ ਜਾਣ ਵਾਲਾ ਇਕ ਵਿਸ਼ੇਸ਼ ਸਾਈਜ਼ ਦਾ ਸਕ੍ਰਿਊ। ਕਿਸੇ ਚੀਜ਼ ਨੂੰ ਘੱਟ ਲਾਗਤ ਨਾਲ ਤਿਆਰ ਕਰਨ ਲਈ ਮਿਆਰੀਕਰਨ ਦੀ ਬਹੁਤ ਮਹੱਤਤਾ ਹੈ।

ਜਦੋਂ ਇੰਜੀਨੀਅਰਿੰਗ ਦੇ ਪੱਖੋਂ ਇਕ ਸਰਵੋਤਮ ਡਿਜ਼ਾਈਨ ਤਿਆਰ ਕਰਨਾ ਅਸੰਭਵ ਹੋ ਜਾਂਦਾ ਹੈ ਤਾਂ ਅਜਿਹੀ ਹਾਲਤ ਵਿਚ ਅਨੇਕਾਂ ਡਿਜ਼ਾਈਨਾਂ ਦਾ ਮਿਆਰੀਕਰਨ ਕਰਨਾ ਪੈਂਦਾ ਹੈ। ਇਸ ਤਰ੍ਹਾਂ ਲੋੜੀਂਦੀ ਸਮਰੱਥਾ ਵਾਲੇ ਕਾਬਲਿਆਂ ਵਾਲੇ ਜੋੜ ਲਈ ਵੱਖੋ ਵੱਖਰੇ ਆਕਾਰ ਅਤੇ ਵੱਖੋ ਵੱਖਰੀ ਕਾਬਲਿਆਂ ਦੀ ਗਿਣਤੀ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਕ ਹੋਰ ਵਿਚਾਰਧਾਰਾ ਜਿਸ ਕਾਰਨ ਡਿਜ਼ਾਈਨਾਂ ਦਾ ਮਿਆਰੀਕਰਨ ਹੋਣਾ ਜ਼ਰੂਰੀ ਹੈ ਉਹ ਲੋੜੀਂਦੀ ਮੰਗ ਵਿਚ ਮਾਮੂਲੀ ਜਿਹੀ ਤਬਦੀਲੀ ਦਾ ਪ੍ਰਭਾਵ ਪੈਣਾ ਹੈ। ਜਦੋਂ ਇਕ ਹੋਰ ਕਾਬਲਿਆਂ ਵਾਲਾ ਜੋੜ ਪਹਿਲੇ ਜੋੜ ਨਾਲੋਂ ਥੋੜ੍ਹੀ ਜਿਹੀ ਵਧੇਰੇ ਸਮਰੱਥਾ ਵਾਲਾ ਲੋੜੀਂਦਾ ਹੋਵੇ ਤਾਂ ਇਸ ਦੇ ਕਾਬਲਿਆਂ ਦੀ ਗਿਣਤੀ ਪਹਿਲੇ ਜੋੜ ਜਿੰਨੀ ਹੋ ਸਕਦੀ ਹੈ ਪਰੰਤੂ ਸਾਈਜ਼ ਉਨ੍ਹਾਂ ਨਾਲੋਂ ਥੋੜ੍ਹਾ ਵੱਡਾ ਹੋਵੇਗਾ ਜਾਂ ਫਿਰ ਇਸ ਵਿਚ ਪਹਿਲੇ ਸਾਈਜ਼ ਵਾਂਗ ਇਕ ਵਾਧੂ ਕਾਬਲਾ ਲਗਾਉਣਾ ਪਵੇਗਾ। ਨਿਰਮਾਤਾ ਵੱਖੋ ਵੱਖਰੇ ਸਾਈਜ਼ ਦੇ ਕਾਬਲੇ ਬਣਾਉਣ ਦੀ ਥਾਂ ਉਨ੍ਹਾਂ ਨੂੰ ਇਕੋ ਸਾਈਜ਼ ਦੇ ਬਣਾਉਂਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਜੋੜ ਦੀ ਸਮਰੱਥਾ ਅਨੁਸਾਰ ਵਧਾਈ ਘਟਾਈ ਜਾ ਸਕਦੀ ਹੈ ਕਿਉਂਕਿ ਆਰਥਿਕਤਾ ਦੇ ਪੱਖੋਂ ਅਜਿਹਾ ਕਰਨਾ ਅਤਿ ਜ਼ਰੂਰੀ ਹੋ ਜਾਂਦਾ ਹੈ। ਇਸ ਤਰ੍ਹਾਂ ਕਾਬਲਿਆਂ ਦੇ ਸਾਈਜ਼ ਦਾ ਮਿਆਰੀਕਰਨ ਕੀਤਾ ਜਾਂਦਾ ਹੈ। ਡਿਜ਼ਾਈਨਾਂ ਦਾ ਮਿਆਰੀਕਰਨ ਜਿਹੜਾ ਮੰਗ ਅਤੇ ਵਾਸਤਵਿਕ ਤੱਥਾਂ ਉੱਤੇ ਨਿਰਭਰ ਕਰਦਾ ਹੈ, ਵਿਗਿਆਨ ਅਤੇ ਤਕਨੀਕ ਵਿਚਕਾਰ ਇਕ ਇੰਜੀਨੀਅਰਿੰਗ ਪੁਲ ਹੈ।

**ਮਿਆਰੀਕਰਨ ਦੇ ਲਾਭ**—ਪ੍ਰਮਾਣਿਤ ਢੰਗ ਅਤੇ ਸਾਮੱਗਰੀ ਇਸ ਗੱਲ ਦਾ ਯਕੀਨ ਦਿਵਾਉਂਦੇ ਹਨ ਕਿ ਨਵੇਂ ਡਿਜ਼ਾਈਨ ਪੁਰਾਣੇ ਡਿਜ਼ਾਇਨਾਂ ਨਾਲੋਂ ਵਧੇਰੇ ਲਾਹੇਵੰਦ ਸਿੱਧ ਹੁੰਦੇ ਹਨ। ਇੰਜੀਨੀਅਰਿੰਗ ਦਾ ਇਹ ਪਹਿਲੂ ਨਿਮਨਲਿਖਤ ਸਬੰਧੀ ਸਰਕਾਰੀ ਆਦੇਸ਼ ਅਤੇ ਵਪਾਰਕ ਤੌਰ ਤਰੀਕਿਆਂ ਨੂੰ ਜਨਮ ਦਿੰਦਾ ਹੈ ਜਿਵੇਂ ਕਿ ਉਚਿਤ ਪ੍ਰਤਿਬਲ, ਸੁਰੱਖਿਆ ਫੈਕਟਰ, ਡਿਜ਼ਾਈਨ ਵਿਧੀ, ਸਾਮੱਗਰੀ, ਆਕਾਰ ਤੇ ਤਿਆਰ ਪੱਧਰ ਅਤੇ ਚੀਜ਼ਾਂ ਦਾ ਉਤਪਾਦਨ ਢੰਗ, ਮੁੱਲਾਂਕਣ ਤੇ ਨਿਰੀਖਣ ਆਦਿ।

ਇਕ ਜਟਿਲ ਜਾਂ ਅਜਿਹੀ ਚੀਜ਼ ਦਾ ਉਤਪਾਦਨ ਜਿਹੜੀ ਜਦੋਂ ਪੂਰਨ ਤੌਰ ਤੇ ਬਣ ਚੁੱਕੀ ਹੋਏ ਅਤੇ ਜਿਸ ਦਾ ਮਗਰੋਂ ਅੰਦਰੂਨੀ ਨਿਰੀਖਣ ਨਾ ਕੀਤਾ ਜਾ ਸਕਦਾ ਹੋਵੇ, ਡਿਜ਼ਾਈਨ ਦੇ ਮਿਆਰ ਨੂੰ ਜਨਮ ਦਿੰਦਾ ਹੈ। ਉਦਾਹਰਣ ਵਜੋਂ ਉਪਭੋਗੀ ਵਸਤਾਂ ਦਾ ਹਰ ਉਪਭੋਗਤਾ ਨਿੱਜੀ ਪੱਧਰ ਤੇ ਨਿਰੀਖਣ ਨਹੀਂ ਕਰ ਸਕਦਾ ਜਿਸ ਨਾਲ ਵਸਤੂ ਉਪਯੋਗਤਾ ਦੇ ਲਿਹਾਜ਼ ਨਾਲ ਇਸ ਦੀ ਕੀਮਤ ਦੇ ਸਹੀ ਹੋਣ ਦਾ ਅਨੁਮਾਨ ਲਗ ਸਕੇ। ਅਜਿਹਾ ਕਰਨ ਲਈ ਉਪਭੋਗਤਾਵਾਂ ਦੁਆਰਾ ਡਿਜ਼ਾਈਨ ਦੇ ਮਿਆਰੀਕਰਨ ਦੀ ਮੰਗ ਕੀਤੀ ਜਾਂਦੀ ਹੈ। ਇਹ ਮਿਆਰ ਖਰੀਦਣ ਤੋਂ ਪਹਿਲਾਂ ਉਪਭੋਗਤਾ ਨੂੰ ਖਰੀਦੀ ਜਾ ਰਹੀ ਚੀਜ਼ ਦੇ ਗੁਣਾਂ ਬਾਰੇ ਸੁਚੇਤ ਕਰਦਾ ਹੈ। ਇਨ੍ਹਾਂ ਮਿਆਰਾਂ ਕਾਰਨ ਹੀ ਨਿਰਮਾਤਾਵਾਂ ਨੂੰ ਆਪਣੀ ਚੀਜ਼ ਦੀ ਬਾਜ਼ਾਰ ਵਿਚ ਵਿਕਰੀ ਸਬੰਧੀ ਪੂਰਨ ਗਿਆਨ ਪ੍ਰਾਪਤ ਹੋ ਜਾਂਦਾ ਹੈ। ਮਿਆਰਾਂ ਕਾਰਨ ਹੀ ਕਿਆਸ ਕੀਤੇ ਗਏ ਉਤਪਾਦਨ ਤੋਂ ਹੋਣ ਵਾਲੇ ਘਾਟਿਆਂ ਤੋਂ ਬਚਿਆ ਜਾ ਸਕਦਾ ਹੈ। ਇਸ ਆਧਾਰ ਉੱਤੇ ਨਵੀਆਂ ਖੋਜਾਂ ਅਤੇ ਸੋਧਾਂ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਹੀ ਬਦਲਿਆ ਜਾ ਸਕਦਾ ਹੈ। ਉਦਯੋਗਿਕ ਮਿਆਰ ਦੇ ਸਬੰਧ ਵਿਚ ਡਿਜ਼ਾਈਨ ਨੂੰ ਬਦਲਣ ਨਾਲ ਨਵੀਆਂ ਬੰਦਸ਼ਾਂ ਸਾਹਮਣੇ ਆਉਂਦੀਆਂ ਹਨ। ਇਕ ਡਿਜ਼ਾਈਨਰ ਦਾ ਦੂਜੇ ਡਿਜਾਈਨਰਾਂ ਨਾਲ ਤਾਲਮੇਲ ਵਪਾਰ ਦੀਆਂ ਨਵੀਆਂ ਲੀਹਾਂ ਪੈਦਾ ਕਰਦਾ ਹੈ ਜਾਂ ਇਨ੍ਹਾਂ ਦੇ ਵਪਾਰੀਆਂ ਨੂੰ ਖੋਜਾਂ ਦੀਆਂ ਕਿਸਮਾਂ ਅਤੇ ਵਰਤੋਂ ਦੇ ਢੰਗਾਂ ਬਾਰੇ ਪੂਰੀ ਜਾਣਕਾਰੀ ਮੁਹੱਈਆ ਕਰਦਾ ਹੈ।

ਮਿਆਰੀਕਰਨ ਦੇ ਰਾਹੀਂ ਡਿਜ਼ਾਈਨਰ, ਵਸਤਾਂ ਸਬੰਧੀ ਵਿਸਥਾਰ ਪੂਰਵਕ ਵੇਰਵਾ ਸੰਗਠਿਤ ਰੂਪ ਵਿਚ ਦੇ ਸਕਦਾ ਹੈ, ਆਕਾਰਾਂ ਦੀ ਭਿੰਨਤਾ ਘੱਟ ਜਾਂਦੀ ਹੈ ਜਿਸ ਨਾਲ ਉਤਪਾਦਨ ਅਤੇ ਉਪਲੱਬਧੀ ਵਿਚ ਸੌਖ ਹੋ ਜਾਂਦੀ ਹੈ। ਆਰਥਿਕਤਾ ਨੂੰ ਮੁੱਖ ਰਖੱਦੇ ਹੋਏ ਕੁਝ-ਕੁ ਅਜਿਹੇ ਸੰਭਵ ਆਕਾਰ ਨਿਸ਼ਚਿਤ ਕਰਨੇ ਚਾਹੀਦੇ ਹਨ ਜਿਹੜੇ ਲਗਭਗ ਸਰਵ ਪ੍ਰਮਾਣਿਤ ਆਕਾਰ ਹੀ ਹੋਣ। ਇਸ ਕੰਮ ਲਈ ਅਨੇਕਾਂ ਅੰਗ ਰੱਖੇ ਗਏ ਹਨ। ਇਸ ਤਰ੍ਹਾਂ ਡਿਜ਼ਾਈਨਰ ਉਤਪਾਦਨ ਲਈ ਲੋੜੀਂਦੇ ਪੁਰਜ਼ੇ ਦਾ ਸਿੱਧਾਂਤਕ ਤੌਰ ਤੇ ਸਾਈਜ਼ ਲੱਭ ਲੈਂਦਾ ਹੈ, ਤਜਰਬੇ ਦੇ ਆਧਾਰ ਉੱਤੇ ਸੁਰੱਖਿਆ ਫੈਕਟਰ ਜੋੜ ਲੈਂਦਾ ਹੈ, ਜਿਹੜਾ ਕਿ ਆਪਣੇ ਆਪ ਵਿਚ ਇਕ ਡਿਜ਼ਾਈਨ ਦਾ ਮਿਆਰ ਹੈ ਅਤੇ ਇਸ

ਤੋਂ ਪੁਰਜ਼ੇ ਦਾ ਮਿਆਰੀ ਸਾਈਜ਼ ਚੁਣ ਲੈਂਦਾ ਹੈ। ਇਸ ਮਿਆਰੀਕਰਨ ਦੇ ਸਦਕੇ ਹੀ ਕੁਝ-ਕੁ ਕਿਸਮਾਂ ਦੇ ਗਰਾਰੀ ਦੰਦਿਆਂ, ਦਬਾਉ ਕੋਣ, ਪਿੱਚ ਅਤੇ ਕੱਟ ਦੇ ਆਧਾਰ ਤੇ ਬਹੁਤ ਵੱਡੀ ਮਾਤਰਾ ਵਿਚ ਗਰਾਰੀਆਂ ਦੀਆਂ ਕਿਸਮਾਂ ਆਸਾਨੀ ਨਾਲ ਬਣਾਈਆਂ ਜਾ ਸਕੀਆਂ ਹਨ।

ਮਿਆਰੀਕਰਨ ਇਕ ਇੰਜੀਨੀਅਰ ਨੂੰ ਡਿਜ਼ਾਈਨ ਉੱਤੇ ਪ੍ਰਭਾਵ ਪਾਉਣ ਵਾਲੇ ਪਰਸਪਰ ਪ੍ਰਭਾਵਾਂ ਬਾਰੇ ਪੂਰਵ ਗਿਆਨ ਪ੍ਰਦਾਨ ਕਰਦਾ ਹੈ ਅਤੇ ਡਿਜ਼ਾਈਨ ਕਰਨ ਲਈ ਸੁਖਾਵਾਂ ਤੇ ਢੁਕਵਾਂ ਵਾਤਾਵਰਣ ਪੈਦਾ ਕਰਦਾ ਹੈ ਜਿਸ ਸਦਕੇ ਉਹ ਵਿਸ਼ਵਾਸ ਨਾਲ ਡਿਜ਼ਾਈਨ ਕਰਦਾ ਹੈ। ਸਾਮੱਗਰੀ ਦਾ ਮਿਆਰੀਕਰਨ ਉਸ ਨੂੰ ਇਕ ਸਮਾਨ ਗੁਣਾਂ ਦਾ ਭਰੋਸਾ ਦਿਵਾਉਂਦਾ ਹੈ ਜਿਨ੍ਹਾਂ ਦੇ ਆਧਾਰ ਉੱਤੇ ਉਹ ਆਪਣੇ ਡਿਜ਼ਾਈਨ ਸਬੰਧੀ ਹਿਸਾਬ ਲਗਾ ਸਕਦਾ ਹੈ। ਉਤਪਾਦਨ ਢੰਗਾਂ ਦੇ ਮਿਆਰੀਕਰਨ ਦੇ ਸਦਕੇ ਉਸ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਉਸ ਦੁਆਰਾ ਨਿਸ਼ਚਿਤ ਕੀਤੇ ਸਾਈਜ਼ਾਂ ਵਾਲੇ ਪੁਰਜ਼ਿਆਂ ਦਾ ਉਤਪਾਦਨ ਹੋ ਸਕਦਾ ਹੈ। ਮਿਆਰੀਕਰਨ ਸਦਕੇ ਹੀ ਉਹ ਅੰਦਾਜ਼ਾ ਲਗਾ ਸਕਦਾ ਹੈ ਕਿ ਉਸ ਦਾ ਡਿਜ਼ਾਈਨ ਠੀਕ ਅਤੇ ਪ੍ਰਮਾਣਿਤ ਹੋਵੇਗਾ।

ਮਿਆਰੀਕਰਨ ਦੇ ਤਹਿਤ ਮੂਲ ਪੁਰਜ਼ੇ, ਸਤ੍ਹਾ, ਸਾਮੱਗਰੀ, ਢੰਗ ਜਾਂ ਪ੍ਰਕ੍ਰਿਆਵਾਂ, ਔਜ਼ਾਰ, ਮਸ਼ੀਨਾਂ, ਨਿਰੀਖਣ ਢੰਗ ਅਤੇ ਇਥੋਂ ਤੀਕ ਕਿਸ ਢੰਗ ਨਾਲ ਵੇਰਵਾ ਦਿੱਤਾ ਜਾਵੇ ਆਦਿ ਵੀ ਆਉਂਦਾ ਹੈ। ਮਿਆਰੀਕਰਨ ਸਦਕੇ ਸਾਰਾ ਕੰਮ ਇਕ ਸੁਰ ਹੋ ਜਾਂਦਾ ਹੈ ਜਿਸ ਦੇ ਫ਼ਲਸਰੂਪ ਇੰਜੀਨੀਅਰ ਆਪਣਾ ਪੂਰਾ ਧਿਆਨ ਉਤਪਾਦਨ ਅਧੀਨ ਚੀਜ਼ ਦੇ ਵਿਸ਼ੇਸ਼ ਗੁਣਾਂ ਉੱਤੇ ਕੇਂਦਰਿਤ ਕਰ ਸਕਦਾ ਹੈ। ਆਮ ਅਤੇ ਪਰਿਵਰਤਨਸ਼ੀਲ ਹਾਲਤਾਂ ਮਿਆਰੀਕਰਨ ਦੇ ਮੂਲ ਕੇਂਦਰ ਹਨ, ਕੇਵਲ ਖ਼ਾਸ ਹਾਲਤਾਂ ਵਿਚ ਹੀ ਮਿਆਰੀਕਰਨ ਤੋਂ ਬਿਨਾਂ ਕਿਸੇ ਚੀਜ਼ ਦਾ ਡਿਜ਼ਾਈਨ ਲਾਹੇਵੰਦ ਸਾਬਤ ਹੋ ਸਕਦਾ ਹੈ।

ਭਾਵੇਂ ਇੰਜੀਨੀਅਰਿੰਗ ਵਿਚ ਕਈ ਥਾਵਾਂ ਉੱਤੇ ਮਿਆਰੀਕਰਨ ਨੂੰ ਲਾਜ਼ਮੀ ਤੌਰ ਤੇ ਲਾਗੂ ਨਹੀਂ ਕੀਤਾ ਜਾ ਸਕਦਾ । ਇਕ ਨਵੇਂ ਉਤਪਾਦਨ ਦਾ ਸਫ਼ਲ ਹੋਣਾ ਉਪਭੋਗਤਾ ਅਤੇ ਉਦਯੋਗਿਕ ਮਿਆਰ ਉੱਤੇ ਨਿਰਭਰ ਕਰਦਾ ਹੈ। ਮੁੱਖ ਇੰਜੀਨੀਅਰਿੰਗ ਦਾ ਕੰਮ ਪ੍ਰਚੱਲਿਤ ਮਿਆਰਾਂ ਵੱਲ ਧਿਆਨ ਦਿਵਾਉਣਾ ਅਤੇ ਲਾਗੂ ਕਰਾਉਣਾ ਹੈ। ਮਿਆਰੀਕਰਨ ਅਮਲੀ ਤੌਰ ਉੱਤੇ ਅਤੇ ਵਧੇਰੇ ਆਰਥਿਕਤਾ ਪ੍ਰਦਾਨ ਕਰਦਾ ਹੈ।

**ਮਿਆਰੀਕਰਨ ਲਈ ਢੁੱਕਵੀਆਂ ਹਾਲਤਾਂ**—ਬਾਲ ਬੇਰਿੰਗ ਜਾਂ ਬਾਲ ਧਾਰਕ ਸੰਸਾਰ ਭਰ ਵਿਚ ਬਹੁਤ ਵੱਡੀ ਪੱਧਰ ਉੱਤੇ ਇਸਤੇਮਾਲ ਕੀਤੇ ਜਾਂਦੇ ਹਨ ਇਸ ਲਈ ਇਹ ਮਿਆਰੀਕਰਨ ਦਾ ਪ੍ਰਕਰਨ ਹਨ। ਸਕ੍ਰਿਊ ਚੂੜੀਆਂ ਰਾਸ਼ਟਰੀ ਪੱਧਰ ਦੇ ਮਿਆਰੀਕਰਨ ਦੇ ਅਧੀਨ ਆਉਂਦੀਆਂ ਹਨ ਪਰੰਤੂ ਮਿਆਰੀਕਰਨ ਦੀ ਅੰਤਰਰਾਸ਼ਟਰੀ ਸੰਸਥਾ ਇਨ੍ਹਾਂ ਨੂੰ ਅੰਤਰਰਾਸ਼ਟਰੀ ਮਿਆਰੀਕਰਨ ਦੇ ਅਧੀਨ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਲਿਫ਼ਟ ਦੇ ਰੱਸੇ ਹਰ ਇਕ ਉਦਯੋਗ ਵਿਚ ਆਪਣੇ ਪੱਧਰ ਉੱਤੇ ਮਿਆਰੀਕਰਨ ਅਧੀਨ ਆਉਂਦੇ ਹਨ। ਇਕ ਕੰਪਨੀ ਡਰਾਫ਼ਟ-ਰੂਮ ਪ੍ਰੈਕਟਿਸ, ਪੁਰਜ਼ਿਆਂ ਦਾ ਬਣਾਉਣਾ, ਪੁਰਜ਼ਿਆਂ ਅਤੇ ਸਾਮੱਗਰੀ ਨੂੰ ਸਟਾਕ ਕਰਨ ਆਦਿ ਅੰਦਰੂਨੀ ਤੌਰ ਤੇ ਮਿਆਰੀਕਰਨ ਅਧੀਨ ਆਉਂਦੇ ਹਨ ਜਿਹੜੇ ਸਾਰੇ ਉਦਯੋਗਾਂ ਵਿਚ ਅਪਣਾਏ ਜਾਂਦੇ ਹਨ ਜਿਹਾ ਕਿ ਅਮਰੀਕਨ ਡਰਾਫ਼ਟਿੰਗ ਸਟੈਂਡਰਡਜ਼ ਮੈਨੂਅਲ ਜਿਥੇ ਸੰਭਵ ਹੁੰਦਾ ਹੈ ਅਪਣਾਇਆ ਜਾਂਦਾ ਹੈ।

ਵਾਰ ਵਾਰ ਵਰਤੇ ਜਾਣ ਵਾਲੇ ਨਿਰਮਾਣ ਢੰਗ ਲਈ ਮਿਆਰੀਕਰਨ ਲਾਗੂ ਕਰਨਾ ਹਮੇਸ਼ਾ ਸੰਭਵ ਹੁੰਦਾ ਹੈ। ਇਕੋ ਜਿਹੇ ਪੁਰਜ਼ਿਆਂ ਨੂੰ ਲਗਾਤਾਰ ਫ਼ਿੱਟ ਕਰਨਾ ਜਿਵੇਂ ਕਿ ਇਲੈਕਟ੍ਰਾਨਿਕ ਸਰਕਟ ਵਿਚ ਵੱਖੋ ਵੱਖਰੇ ਛੋਟੇ ਛੋਟੇ ਪੁਰਜ਼ਿਆਂ ਨੂੰ ਜੋੜਨਾ ਆਦਿ ਵਰਗੇ ਅਨੇਕਾਂ ਪੁਰਜ਼ਿਆਂ ਦਾ ਮਿਆਰੀਕਰਨ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਮਿਆਰੀਕਰਨ ਪੁਰਜ਼ੇ ਵੇਚਣ ਵਾਲਿਆਂ ਨੂੰ ਲੋੜੀਂਦੀਆਂ ਵਿਸ਼ੇਸ਼ਤਾਵਾਂ ਵਾਲੇ ਵਧੀਆ ਪੁਰਜ਼ੇ ਵੇਚਣ ਵਿਚ ਸਹਾਈ ਹੁੰਦਾ ਹੈ। ਮਿਆਰੀਕਰਨ ਦਾ ਕੀਮਤ ਘਟਾਉਣ, ਪੁਰਜਿਆਂ ਦੀ ਆਸਾਨੀ ਨਾਲ ਅਦਲਾ ਬਦਲੀ ਅਤੇ ਸਾਮੱਗਰੀ ਦੀ ਖ਼ਪਤ ਵਿਚ ਕਮੀ ਕਰਨ ਲਈ ਬਹੁਤ ਲਾਭ ਹੁੰਦਾ ਹੈ।

ਮਸ਼ੀਨਿੰਗ ਦਾ ਖ਼ਰਚ, ਸਟਾਕ ਪ੍ਰਬੰਧ, ਖ਼ਰੀਦੋ-ਫ਼ਰੋਖ਼ਤ ਤੇ ਸੰਭਾਲ ਆਦਿ ਦੇ ਸਬੰਧੀ ਮਿਆਰੀਕਰਨ ਦੁਆਰਾ ਲਾਈਆਂ ਗਈਆਂ ਪਾਬੰਦੀਆਂ ਇਕ ਰਚਨਾਤਮਕ ਇੰਜੀਨੀਅਰ ਦੇ ਰਸਤੇ ਵਿਚ ਰੁਕਾਵਟ ਬਣਦੀਆਂ ਹਨ, ਫਿਰ ਵੀ ਵਿਸ਼ੇਸ਼ ਪ੍ਰਕਾਰ ਦੀਆਂ ਸੰਰਚਨਾਵਾਂ ਦੇ ਢਾਂਚਿਆਂ ਨੂੰ ਮਸ਼ੀਨਿੰਗ ਦੇ ਢੰਗਾਂ ਦੀ ਥਾਂ ਢਲਾਈ ਦੇ ਢੰਗ ਦੁਆਰਾ ਤਿਆਰ ਕਰਨ ਲਈ ਪਹਿਲ ਦਿੱਤੀ ਜਾਂਦੀ ਹੈ ਜਿਹੜਾ ਕਿ ਘੱਟ ਖ਼ਰਚੀਲਾ ਪੈਂਦਾ ਹੈ। ਚੀਜ਼ਾਂ ਦਾ ਡਿਜ਼ਾਈਨ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਕੁੱਝ ਪੁਰਜ਼ੇ ਹਰ ਇਕ ਮਾਡਲ ਵਿਚ ਉਹ ਹੀ ਰੱਖੇ ਜਾਂਦੇ ਹਨ। ਡਿਜ਼ਾਈਨਰ ਇਕ ਗੱਲ ਨੂੰ ਧਿਆਨ ਵਿਚ ਰੱਖਦਾ ਹੈ ਕਿ ਕਿਹੜੇ ਕਿਹੜੇ ਪੁਰਜ਼ਿਆਂ ਦੇ ਸਾਂਚੇ ਤੇ ਡਾਈਆਂ ਆਦਿ ਆਸਾਨੀ ਨਾਲ ਬਾਜ਼ਾਰ ਵਿਚ ਮਿਲਦੇ ਹਨ ਜਦੋਂ ਕਿ ਨਵਾਂ ਪੁਰਜ਼ਾ ਡਿਜ਼ਾਈਨ ਕਰਨ ਨਾਲ ਵੀ ਉਹ ਹੀ ਕੰਮ ਲਿਆ ਜਾਂਦਾ ਹੈ ਜਿਹੜਾ ਪ੍ਰਚਲਤ ਪੁਰਜ਼ਾ ਕਰਦਾ ਹੈ।

**ਨਵੀਆਂ ਮਿਆਰਾਂ**—ਬਹੁਤ ਸਾਰੀਆਂ ਸੁਸਾਇਟੀਆਂ ਅਤੇ ਵਪਾਰਕ ਸਭਾਵਾਂ ਮਿਆਰ ਬਣਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਅਜੋਕੇ ਪੱਧਰ ਤੱਕ ਚੁੱਕਣ ਦਾ ਆਪਣਾ ਪ੍ਰਮੁੱਖ ਕੰਮ ਕਰਦੀਆਂ ਹਨ। ਸਰਕਾਰ ਦੀਆਂ ਉਹ ਸ਼ਾਖ਼ਾਵਾਂ ਵਿਸ਼ੇਸ਼ ਕਰਕੇ ਜਿਹੜੀਆਂ ਚੀਜ਼ਾਂ ਦੀ ਵਸੂਲੀ ਕਰਦੀਆਂ ਹਨ, ਦੇ ਮਿਆਰੀਕਰਨ ਗਰੁੱਪ ਹੁੰਦੇ ਹਨ। ਸੰਯੁਕਤ ਰਾਜ ਵਿਚ ਅਜਿਹੇ ਕੁਝ ਉਪਰਾਲੇ ਸਮੂਹਕ ਤੌਰ ਤੇ ਫੈਡਰਲ ਸਪੈਸੀਫਿਕੇਸ਼ਨ ਬੋਰਡ ਵਰਗੀਆਂ ਏਜੰਸੀਆਂ ਦੁਆਰਾ ਕੀਤੇ ਜਾਂਦੇ ਹਨ। ਵੱਡੇ-ਵੱਡੇ ਉਦਯੋਗਾਂ ਵਿਚ, ਜਿਨ੍ਹਾਂ ਦੇ ਅਨੇਕਾਂ ਹੀ ਛੋਟੇ ਛੋਟੇ ਪਲਾਂਟ ਹੁੰਦੇ ਹਨ, ਇਕ ਵਖਰਾ ਗਰੁੱਪ ਇਸ ਕੰਮ ਲਈ ਨਿਯੁਕਤ ਕੀਤਾ ਹੁੰਦਾ ਹੈ ਤਾਂ ਜੋ ਚੀਜ਼ਾਂ ਦਾ ਸਹੀ ਮਿਆਰੀਕਰਨ ਹੋ ਸਕੇ।

ਸਾਧਾਰਣ ਇੰਜੀਨੀਅਰਿੰਗ ਮਿਆਰ ਜਿਵੇਂ ਕਿ ਅਮਰੀਕਨ ਸਟੈਂਡਰਡਜ਼ ਐਸੋਸੀਏਸ਼ਨ ਦੁਆਰਾ ਪ੍ਰਕਾਸ਼ਿਤ ਕੀਤੇ ਗਏ ਹਨ, ਸਾਲਾਂ ਬੱਧੀ ਮਿਹਨਤ ਨਾਲ ਕਮੇਟੀਆਂ ਦੁਆਰਾ ਤਿਆਰ ਕੀਤੇ ਗਏ ਹਨ ਅਤੇ ਚਾਹਵਾਨ ਉਦਯੋਗਾਂ ਵਿਚ ਭੇਜੇ ਗਏ ਹਨ। ਸਿੱਟੇ ਵਜੋਂ ਇਕ ਪ੍ਰਮਾਣਿਕ ਕੀਤੀ ਗਈ ਮਿਆਰ ਬਹੁਤ ਡੂੰਘੇ ਅਧਿਐਨ ਤੋਂ ਬਾਅਦ ਅਪਣਾਈ ਜਾਂਦੀ ਹੈ ਕਿਉਂਕਿ ਡਿਜ਼ਾਈਨਰ ਇਕੱਲੇ ਤੌਰ ਤੇ ਇਸ ਦੇ ਸਹੀ ਹੋਣ ਦੀ ਪੁਸ਼ਟੀ ਨਹੀਂ ਕਰ ਸਕਦਾ। ਇਹ ਵੀ ਸੰਭਵ ਨਹੀਂ ਕਿ ਇਕ ਆਦਮੀ ਦੁਆਰਾ ਕੀਤੀ ਗਈ ਸੋਧ ਨਾਲੋਂ ਪੂਰਨ ਤੌਰ ਤੇ ਵਿਸ਼ਲੇਸ਼ਣ ਕਰਨ ਮਗਰੋਂ ਕੀਤੀ ਗਈ ਸੋਧ ਵਧੇਰੇ ਚੰਗੀ ਤੇ ਢੁੱਕਵੀਂ ਹੋਵੇਗੀ। ਉਦਾਹਰਣ ਵਜੋਂ ਕਟੱਣ ਵਾਲੇ ਔਜ਼ਾਰਾਂ ਦਾ ਮਿਆਰ ਵੱਡੇ ਤਜ਼ਰਬੇ ਅਤੇ ਨਿਯੰਤਰਿਤ ਟੈਸਟਾਂ ਦਾ ਨਤੀਜਾ ਹੈ। ਇਸੇ ਤਜ਼ਰਬੇ ਸਦਕੇ ਉੱਚ-ਸਪੀਡ ਵਾਲੀਆਂ ਸਵੈ-ਚਾਲਿਤ ਮਸ਼ੀਨਾ ਤੋਂ ਵਧੇਰੇ ਲਾਭ ਵਾਲਾ ਕੰਮ ਲੈਣਾ ਸੰਭਵ ਹੋਇਆ ਹੈ।

ਉਦਯੋਗਾਂ ਦੁਆਰਾ ਚਲਾਈਆਂ ਜਾ ਰਹੀਆਂ ਸੰਸਥਾਵਾਂ ਜਿਹਾ ਕਿ ਅੰਡਰਰਾਈਟਰਜ਼ ਲੈਬਾਰਟਰੀ ਡਿਜ਼ਾਈਨ ਉੱਤੇ ਅਨੇਕਾਂ ਪੱਖਾਂ ਤੋਂ ਵਿਚਾਰ ਕਰਦੀ ਹੈ। ਅਜਿਹੀ ਸਹਿਕਾਰੀ ਸੰਸਥਾ ਵਲੋਂ ਡਿਜ਼ਾਈਨ ਦੀ ਸਿਫ਼ਾਰਸ਼ ਅਤੇ ਉਸ ਦੀਆਂ ਜ਼ਰੂਰਤਾਂ ਨਿਸ਼ਚਿਤ ਕਰਨਾ ਉਪਭੋਗਤਾ ਦੀ ਸੁਰੱਖਿਆ ਨੂੰ ਕਲਾ ਨਾਲ ਜੋੜਨਾ ਹੈ। ਤੇਜ਼ੀ ਨਾਲ ਵਿਕਾਸ ਕਰ ਰਹੇ ਮੁਲਕਾਂ ਵਿਚ ਮਿਆਰੀਕਰਨ ਔਕੜਾਂ ਅਤੇ ਖ਼ਤਰੇ ਭਰਪੂਰ ਹੁੰਦਾ ਹੈ

ਪਰੰਤੂ ਉਚਿਤ ਮੌਲਿਕ ਮਿਆਰ ਪਰਖ ਅਧੀਨ ਸਮੇਂ ਵਿਚ ਜਿਉਂ ਦੇ ਤਿਉਂ ਰਹਿੰਦੇ ਹਨ। ਸਾਮੱਗਰੀ ਨੂੰ ਇਧਰ ਉਧਰ ਕਰਨ ਦਾ ਕੰਮ ਮਿਆਰੀਕਰਨ ਦਾ ਇਕ ਖ਼ਾਸ ਖੇਤਰ ਹੈ। ਸਧਾਰਨ ਢੋਅ-ਢੁਆਈ ਦੇ ਸਾਧਨ ਮਿਆਰਿਤ ਸ਼ਿਪਿੰਗ ਕੰਟੇਨਰਜ਼ ਅਤੇ ਫੱਟਿਆਂ ਨੂੰ ਅਪਣਾ ਰਹੇ ਹਨ। ਪਲਾਂਟ ਦੇ ਅੰਦਰ ਮਿਆਰਿਤ ਸਾਮਾਨ ਦੀ ਚੱਕ ਥੱਲ ਨਾਲ ਸਟੋਰ ਕਰਨ ਦੀ ਲਾਗਤ ਵਿਚ ਭਾਰੀ ਕਮੀ ਆ ਜਾਂਦੀ ਹੈ। ਇਸ ਤੋਂ ਇਲਾਵਾ ਟੁੱਟ ਭੱਜ ਘਟਣ ਨਾਲ ਢੋਅ-ਢੁਆਈ ਦੇ ਖਰਚ ਵਿਚ ਵੀ ਕਮੀ ਹੋ ਜਾਂਦੀ ਹੈ।

ਮਿਆਰੀਕਰਨ ਨਾਲ ਸਬੰਧਤ ਇੰਜੀਨੀਅਰ ਗਰੁੱਪ ਵੇਰਵਾ ਇਕੱਠਾ ਕਰਕੇ ਟੈੱਸਟ ਕਰਨ ਉਪਰੰਤ ਮਿਆਰ ਨਿਸ਼ਚਿਤ ਕਰਦਾ ਹੈ ਤਾਂ ਜੋ ਸਮੁੱਚੀ ਕੰਪਨੀ ਦੇ ਹਰ ਭਾਗ ਵਿਚ ਵਰਤੇ ਜਾ ਸਕਣ ਭਾਵੇਂ ਅੰਤਿਮ ਜ਼ਿੰਮੇਵਾਰੀ ਜਾਂ ਅਧਿਕਾਰ ਉਸ ਭਾਗ ਦਾ ਆਪਣਾ ਹੁੰਦਾ ਹੈ ਕਿ ਇਹ ਮਿਆਰ ਲਾਗੂ ਕੀਤਾ ਜਾਣਾ ਹੈ ਜਾਂ ਨਹੀਂ। ਕੀਮਤ ਨੂੰ ਸਾਮੱਗਰੀ, ਢੰਗਾਂ ਅਤੇ ਪ੍ਰੋਸੈੱਸਾਂ ਦਾ ਮਿਆਰ ਨਿਸ਼ਚਿਤ ਕਰਨ ਮਗਰੋਂ ਮਿਆਰਿਤ ਉਪਕਰਣ ਜਾਂ ਮਸ਼ੀਨਾਂ ਚਾਹੀਦੀਆਂ ਹਨ ਜਿਹੜੀਆਂ ਲੰਬੇ ਅਰਸੇ ਤੱਕ ਕੰਮ ਕਰਨਯੋਗ ਹੁੰਦੀਆਂ ਹਨ ਜਿਸ ਕਾਰਨ ਲੱਗੀ ਲਾਗਤ ਆਪਣੇ ਆਪ ਪੂਰੀ ਹੁੰਦੀ ਰਹਿੰਦੀ ਹੈ।

ਡਿਜ਼ਾਈਨ ਦਾ ਮਿਆਰ ਇੰਜੀਨੀਅਰ ਦੇ ਰੋਜ਼ਾਨਾ ਕੰਮ ਦਾ ਇਕ ਅੰਗ ਬਣ ਜਾਂਦਾ ਹੈ। ਮੌਜੂਦਾ ਚੀਜ਼ ਦੇ ਕੁਝ ਹਿੱਸੇ ਨਵੀਂ ਚੀਜ਼ ਵਿਚ ਜਿਉਂ ਦੇ ਤਿਉਂ ਰੱਖ ਲਏ ਜਾਂਦੇ ਹਨ ਜਦੋਂ ਕਿ ਉਨ੍ਹਾਂ ਦੀ ਸੋਧ ਵੀ ਸੰਭਵ ਹੁੰਦੀ ਹੈ। ਨਵਾਂ ਪੁਰਜ਼ਾ ਇਸ ਤਰ੍ਹਾਂ ਡਿਜ਼ਾਈਨ ਕੀਤਾ ਜਾਂਦਾ ਹੈ ਜਿਹੜਾ ਦੋਵੇਂ ਨਵੀਂ ਤੇ ਪੁਰਾਣੀ ਚੀਜ਼ ਵਿਚ ਵਰਤਿਆ ਜਾ ਸਕਦਾ ਹੋਵੇ। ਪੁਰਜ਼ਿਆਂ ਨੂੰ ਬੰਨ੍ਹਣ ਦਾ ਨਵਾਂ ਸੁਧਰਿਆ ਢੰਗ ਲਾਗੂ ਕੀਤਾ ਜਾ ਸਕਦਾ ਹੈ। ਪੁਰਜ਼ਿਆਂ ਨੂੰ ਬੰਨ੍ਹਣ ਦੇ ਢੰਗ ਦਾ ਵੀ ਮੌਜੂਦਾ ਹਾਲਤਾਂ ਵਿਚ ਮਿਆਰੀਕਰਨ ਕੀਤਾ ਜਾ ਸਕਦਾ ਹੈ ਅਤੇ ਕਾਮਿਆਂ ਨੂੰ ਸਿਖਲਾਈ ਦੇ ਕੇ ਵਧੇਰੇ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰਚੱਲਿਤ ਪ੍ਰੋਸੈੱਸਾਂ ਜਾਂ ਢੰਗਾਂ ਵਿਚ ਸੋਧ ਵੀ ਕੀਤੀ ਜਾ ਸਕਦੀ ਹੈ ਅਤੇ ਨਵੇਂ ਪ੍ਰੋਸੈੱਸਾਂ ਦਾ ਵੀ ਡਿਜ਼ਾਈਨ ਕੀਤਾ ਜਾ ਸਕਦਾ ਹੈ।

**ਮੰਤਵ ਅਤੇ ਪ੍ਰਯੋਗਸ਼ੀਲਤਾ—** ਛੋਟੇ ਤੋਂ ਛੋਟੇ ਮਿਆਰ ਨੂੰ ਵੱਡੀ ਤੋਂ ਵੱਡੀ ਪੱਧਰ ਤੱਕ ਪ੍ਰਯੋਗਸ਼ੀਲਤਾ ਪ੍ਰਦਾਨ ਕਰਾਉਣਾ ਇਸ ਨੂੰ ਨਿਸ਼ਚਿਤ ਕਰਨ ਵਾਲੇ ਗਰੁੱਪ ਦੀ ਵਿਭਿੰਨਤਾ ਹੈ। 'ਦੀ ਅਮਰੀਕਨ ਸਟੈਂਡਰਡਜ਼ ਐਸੋਸੀਏਸ਼ਨ' ਨੇ ਉਦਯੋਗਿਕ ਅਤੇ ਪੇਸ਼ਾਵਰ ਸੋਸਾਇਟੀਆਂ ਨਾਲ ਮਿਲਕੇ ਲਗਭਗ ਤਕਨੀਕੀ ਦੇ ਹਰ ਫੇਜ਼ ਵਿਚ ਅਨੇਕਾਂ ਕਿਸਮਾਂ ਦੇ ਮਿਆਰ ਨਿਸ਼ਚਿਤ ਕੀਤੇ ਹਨ। ਹਰ ਤਰ੍ਹਾਂ ਦਾ ਮਿਆਰ ਘੱਟੋ ਘੱਟ 5 ਸਾਲਾਂ ਵਿਚ ਇਕ ਵਾਰੀ ਮੁੜ ਵਿਚਾਰ ਅਤੇ ਪ੍ਰੋੜ੍ਹਤਾ ਮੰਗਦਾ ਹੈ।

ਪ੍ਰਮੁੱਖ ਤੇ ਲਾਹੇਵੰਦ ਮਿਆਰਾਂ ਵਿਚ ਧਾਤਵੀ ਫਿਟਾਂ ਜਾਂ ਮੇਚਿਆਂ ਦਾ ਮਿਆਰ ਨਿਸ਼ਚਿਤ ਕਰਨਾ ਹੈ ਬੇਸ਼ਕ ਇਸ ਮਿਆਰ ਦੀ ਵਰਤੋਂ ਵਿਚ ਹੌਲੀ ਹੌਲੀ ਵਾਧਾ ਹੋ ਰਿਹਾ ਹੈ। ਧਾਤ ਦੇ ਪੁਰਜ਼ੇ ਤਿਆਰ ਕਰਨ ਵਾਲਿਆਂ ਦੀ ਸਹਿਨਸ਼ੀਲਤਾ, ਗੁੰਜਾਇਸ਼ ਅਤੇ ਗੇਜਾਂ ਦਾ ਮਿਆਰ ਰੱਖਣਾ, ਮੁੱਢਲਾ ਫ਼ਰਜ ਹੈ। ਇਹ ਮਿਆਰ ਸੁਰਾਖ਼ ਦੀ ਅਸਲ ਪੈਮਾਇਸ਼ ਦਿੰਦਾ ਹੈ ਜਿਵੇਂ ਕਿ ਸੁਰਾਖ਼ ਦੇ ਸਾਧਾਰਣ ਵਿਆਸ ਨੂੰ ਮੂਲ ਮੰਨ ਕੇ ਬਾਕੀ ਪੈਮਾਇਸ਼ਾਂ ਦਾ ਪਤਾ ਲਗਾਇਆ ਜਾਂਦਾ ਹੈ। ਇਸ ਨਿਊਨਤਮ ਵਿਆਸ ਵਿਚੋਂ ਚਲਣਯੋਗ ਮੇਚ ਜਾਂ ਫਿਟ ਘਟਾ ਕੇ ਸ਼ਾਫ਼ਟ ਦਾ ਵੱਧ ਤੋਂ ਵੱਧ ਵਿਆਸ ਪਤਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁੰਜਾਇਸ਼ ਘੱਟ ਤੋਂ ਘੱਟ ਵਿਆਸੀ ਸਰਕਣ ਵਿੱਥ ਹੁੰਦੀ ਹੈ ਜਿਸ ਕਾਰਨ ਇਹ ਸੁਰਾਖ਼ ਅੰਦਰ ਆਸਾਨੀ ਨਾਲ ਗਤੀ ਕਰ ਸਕਦੀ ਹੈ। ਸੁਰਾਖ਼ ਨੂੰ ਧਨਾਤਮਕ ਸਹਿਨਸ਼ੀਲਤਾ ਦਿੱਤੀ ਜਾਂਦੀ ਹੈ ਤਾਂ ਜੋ ਇਹ ਸਥਾਨ ਸੁਰਾਖ਼ ਨਾਲੋਂ ਕੁਝ ਵਡੇ ਆਕਾਰ ਦੀ ਹੋਵੇ ਅਤੇ ਸ਼ਾਫ਼ਟ ਨੂੰ ਰਿਣਾਤਮਕ ਸ਼ਹਿਨਸ਼ੀਲਤਾ ਦਿੱਤੀ ਜਾਂਦੀ ਹੈ, ਤਾਂ ਜੋ ਇਸ ਦਾ ਵਿਆਸ ਸਾਧਾਰਣ ਵਿਆਸ ਨਾਲੋਂ ਕੁਝ ਘੱਟ ਰਹਿ ਜਾਵੇ। ਇਨ੍ਹਾਂ ਮਿਆਰਾਂ ਦੇ ਸਦਕੇ ਹੀ ਸਾਧਾਰਣ ਵਿਆਸ ਵਾਲੀ ਸ਼ਾਫ਼ਟ ਉਸੇ ਵਿਆਸ ਵਾਲੇ ਸੁਰਾਖ਼ ਵਿਚੋਂ ਆਸਾਨੀ ਨਾਲ ਲੰਘ ਜਾਂਦੀ ਹੈ।

19ਵੀਂ ਸਦੀ ਦੇ ਮਿਆਰੀਕਰਨ ਇਨਕਲਾਬ ਨੇ ਅਜਿਹੇ ਮਿਆਰਾਂ ਨੂੰ ਹੋਂਦ ਵਿਚ ਲਿਆਂਦਾ ਹੈ ਤਾਂ ਜੋ ਬਦਲ ਕੇ ਵਰਤੇ ਜਾਣ ਵਾਲੇ ਪੁਰਜ਼ਿਆਂ ਨੂੰ ਵੱਡੀ ਪੱਧਰ ਉੱਤੇ ਹੱਥ ਨਾਲ ਤਿਆਰ ਕਰਨ ਅਤੇ ਪੁਰਜ਼ਿਆਂ ਨੂੰ ਬੰਨ੍ਹਣ ਦੀ ਥਾਂ ਨਵੇਂ ਢੰਗ ਅਖ਼ਤਿਆਰ ਕੀਤੇ ਜਾ ਸਕਣ। ਵੀਹਵੀਂ ਸਦੀ ਦੇ ਸਵੈ-ਚਾਲਿਤ ਉਦਯੋਗ ਕੰਪਿਊਟਰ ਆਦਿ ਦੀ ਸਹਾਇਤਾ ਨਾਲ ਉਤਪਾਦਨ ਕਰਨਾ ਜਾਂ ਅਸੈਂਬਲ ਕਰਨਾ ਮਿਆਰੀਕਰਨ ਨੂੰ ਹੋਰ ਵੀ ਉਤਸਾਹਿਤ ਕਰਦੇ ਹਨ।

ਹ. ਪੁ.—ਮੈਕ. ਐਨ. ਸ. ਟ. (1977) 4 : 95

**ਡਿਜਿਟੈਲਿਸ** : ਇਹ ਸਕ੍ਰਾੱਫੂਲੇਰੀਏਸੀ ਕੁਲ ਦੀ ਇਕ ਪ੍ਰਜਾਤੀ ਹੈ ਜਿਸ ਵਿਚ 20-30 ਜਾਤੀਆਂ ਆਉਂਦੀਆਂ ਹਨ। ਇਹ ਬੂਟੀ-ਨੁਮਾ ਪੌਦੇ ਕਾਨੇਅਰੀ ਟਾਪੂਆਂ ਤੋਂ ਲੈ ਕੇ ਮੱਧ ਏਸ਼ੀਆ ਤੱਕ ਮਿਲਦੇ ਹਨ। ਇਸ ਪ੍ਰਜਾਤੀ ਦੀ ਪੱਛਮੀ ਯੂਰਪ ਵਿਚ ਮਿਲਣ ਵਾਲੀ ਇਕ ਪ੍ਰਸਿੱਧ ਜਾਤੀ ਡਿਜਿਟੈਲਿਸ ਪਰਪਿਊਰੀਆ (Digitalis purpurea) ਹੈ, ਜਿਸ ਨੂੰ 'ਫ਼ਾੱਕਸਗਲੱਵ' ਵੀ ਕਿਹਾ ਜਾਂਦਾ ਹੈ।

ਇਸ ਦਾ ਪੌਦਾ ਤਕਰੀਬਨ 45-150 ਸੈਂ. ਮੀ. ਤੱਕ ਉੱਚਾ ਹੁੰਦਾ ਹੈ। ਤਣੇ ਦੇ ਹੇਠਲੇ ਹਿੱਸੇ ਤੇ ਬਦਲਵੇਂ ਲੰਬੂਤਰੇ ਜਿਹੇ ਪੱਤੇ ਲਗਦੇ ਹਨ ਅਤੇ ਉਪਰ ਇਕ ਲੰਬਾ ਲਟਕਦਾ ਘੰਟੀ-ਨੁਮਾ ਫੁੱਲਾਂ ਦਾ ਗੁੱਛਾ ਲਗਦਾ ਹੈ ਇਨ੍ਹਾਂ ਵਿਚੋਂ ਹਰੇਕ ਫੁੱਲ ਤਕਰੀਬਨ 6.5 ਸੈਂ. ਮੀ. ਲੰਬਾ ਹੁੰਦਾ ਹੈ। ਫੁੱਲਾਂ ਦਾ ਰੰਗ ਵੈਂਗਣੀ, ਪੀਲਾ ਜਾਂ ਚਿੱਟਾ ਹੁੰਦਾ ਹੈ ਅਤੇ ਇਨ੍ਹਾਂ ਦੇ ਅੰਦਰਵਾਰ ਚਟਾਖ਼ ਪਏ ਹੁੰਦੇ ਹਨ।

ਡਿਜਿਟੈਲਿਸ ਪਰਪਿਊਰੀਆ ਇਕ ਮਹੱਤਵਪੂਰਨ ਦਵਾਈ 'ਡਿਜਿਟੈਲਿਸ' ਦਾ ਸੋਮਾ ਹੈ। ਇਸ ਦਵਾਈ ਦੀ ਦਿਲ ਦੀਆਂ ਬੀਮਾਰੀਆਂ ਵਿਚ ਬਹੁਤ ਮਹੱਤਤਾ ਹੈ। ਇਸ ਪੌਦੇ ਦੇ ਤਾਜ਼ੇ ਤੋੜੇ ਪੱਤੇ, (ਪੂਰੇ ਆਕਾਰ ਦੇ) ਇਕ ਦਮ ਸੁਕਾ ਕੇ ਹਵਾ-ਬੰਦ ਬਰਤਨਾਂ ਵਿਚ ਰੱਖ ਲਏ ਜਾਂਦੇ ਹਨ। ਡਿਜਿਟੈਲਿਸ ਦਾ ਅਸਰਦਾਇਕ ਤੱਤ ਗਲੂਕੋਸਾਈਡ, ਡਿਜਿਟੈਲਿਨ ਹੈ। ਇਹ ਦਿਲ ਦੀ ਧੜਕਨ ਨੂੰ ਘਟਾਉਂਦਾ ਅਤੇ ਨਿਯਮਿਤ ਕਰਦਾ ਹੈ; ਪੱਠਿਆਂ ਦੇ ਸੁੰਗੜਾਓ ਨੂੰ ਉਤੇਜਿਤ ਕਰਦਾ ਹੈ।

ਹ. ਪੁ.—ਮੈਕ. ਐਨ. ਸ.ਟ. 4 : 191; ਐਨ. ਬ੍ਰਿ. ਮਾ. 4 : 260

**ਡਿਟਰਸਡਾੱਰਫ਼, ਕਾਰਲ ਡਿਟਰਸ ਫ਼ੋਨ** : ਆਸਟ੍ਰੀਆ ਦੇ ਇਸ ਸੰਗੀਤਕਾਰ ਦਾ ਜਨਮ 2 ਨਵੰਬਰ, 1739 ਨੂੰ ਵਿਆਨਾ ਵਿਖੇ ਹੋਇਆ। ਇਸ ਦਾ ਮੁਢਲਾ ਨਾਂ ਕਾਰਲ ਡਿਟਰਸ ਸੀ ਪਰ 1773 ਈ. ਵਿਚ ਸਰਦਾਰੀ ਮਿਲਣ ਤੇ ਇਸਨੇ ਡਿਟਰਸ ਫ਼ੋਨ ਡਿਟਰਸਡਾੱਰਫ਼ ਰੱਖ ਲਿਆ। ਛੋਟੀ ਉਮਰ ਤੋਂ ਹੀ ਇਹ ਇਕ ਚੰਗਾ ਵਾੱਇਲਨ-ਵਾਦਕ ਸੀ। 12 ਸਾਲ ਦੀ ਉਮਰ ਵਿਚ ਹੀ ਇਸ ਨੇ ਪੱਕੇ ਤੌਰ ਤੇ ਆਰਕੈਸਟਰਾ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਾਅਦ ਵਿਚ ਇਹ ਵਿਆਨਾ ਓਪੇਰੇ ਵਿਚ ਸ਼ਾਮਲ ਹੋ ਗਿਆ। ਸੰਨ 1765 ਵਿਚ ਇਹ ਹੰਗਰੀ ਵਿਚ ਗ੍ਰੋਸਵਾਰਡੀਨ ਦੇ ਪਾਦਰੀ ਦੇ ਆਰਕੈਸਟਰਾ ਦਾ ਡਾਇਰੈਕਟਰ ਬਣਿਆ। ਉਥੇ ਹੀ ਇਸ ਨੇ ਸੰਗੀਤ ਰਚਨਾ ਸ਼ੁਰੂ ਕੀਤੀ। ਸੰਨ 1769 ਵਿਚ ਇਹ ਆਰਕੈਸਟਰਾ ਸਮਾਪਤ ਕਰ ਦਿੱਤਾ ਗਿਆ ਸੀ।

ਸੰਨ 1770 ਵਿਚ ਡਿਟਰਸਡਾੱਰਫ਼ ਬ੍ਰੈਸਲਾਉ ਦੇ ਪਾਦਰੀ ਰਾਜਕੁਮਾਰ ਦਾ ਸੰਗੀਤ ਡਾਇਰੈਕਟਰ ਬਣਿਆ ਅਤੇ ਇਥੇ ਇਸਨੇ 11

ਹਾਸਰਸਪੂਰਣ ਸੰਗੀਤ-ਨਾਟ ਰਚੇ। ਸੰਨ 1783 ਤੋਂ ਇਸ ਦੀ ਸੰਗੀਤ ਰਚਨਾ ਵਿਚ ਬਹੁਤ ਤੇਜ਼ੀ ਆਈ। ਇਸ ਨੇ 44 ਸੰਗੀਤ-ਨਾਟ ਅਤੇ 100 ਤੋਂ ਵੀ ਵੱਧ ਸਿੰਫ਼ਨੀ ਕ੍ਰਿਤਾਂ ਰਚੀਆਂ। ਇਹ ਆਪਣੇ ਹਾਸਰਸਪੂਰਣ ਸੰਗੀਤ-ਨਾਟਾਂ ਕਾਰਨ ਵਧੇਰੇ ਪ੍ਰਸਿੱਧ ਹੈ। ਇਸ ਦੀਆਂ ਵਧੇਰੇ ਸਫ਼ਲ ਰਚਨਾਵਾਂ ਵਿਚ ਜਿਨ੍ਹਾਂ ਨੂੰ ਅੱਜ ਵੀ ਖੇਡਿਆ ਜਾਂਦਾ ਹੈ, 'Ester' (1773), ਸੰਗੀਤ-ਨਾਟ 'Doktor und Apothece' (1786), 'Das Rotkapphen' (1788) ਅਤੇ 'Heronymus Knicker' (1789) ਆਦਿ ਸ਼ਾਮਲ ਹਨ।

ਸੰਨ 1795 ਵਿਚ ਪਾਦਰੀ ਦੀ ਮੌਤ ਤੋਂ ਬਾਅਦ ਇਸ ਨੂੰ ਬਹੁਤ ਥੋੜ੍ਹੀ ਪੈਨਸ਼ਨ ਦੇ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ। ਬਹੁਤ ਗਰੀਬੀ ਦੀ ਹਾਲਤ ਵਿਚ ਆਪਣੀ ਮੌਤ ਨੂੰ ਉਡੀਕਦੇ ਹੋਏ ਇਸ ਨੇ ਆਪਣੇ ਲੜਕੇ ਨੂੰ ਆਪਣੀ ਸਵੈ-ਜੀਵਨੀ ਬੋਲ ਕੇ ਲਿਖਾਈ।

24 ਅਕਤੂਬਰ, 1799 ਨੂੰ ਬੋਹੀਮੀਆ ਦੇ ਨਾਈਹਾਫ ਵਿਚ, ਸ਼ਲੋਸ ਰੱਥਲਹੋਟਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 580; ਐਨ. ਅਮੈ. 9 : 196

**ਡਿਟਰਾਇਟ**: ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੂਰਬੀ ਮਿਸ਼ੀਗਨ ਰਾਜ ਵਿਚ ਵੇਨ ਕਾਊਂਟੀ ਦਾ ਸਦਰ-ਮੁਕਾਮ, ਰਾਜ ਦਾ ਸਭ ਤੋਂ ਵੱਧ ਵੱਸੋਂ ਵਾਲਾ ਸ਼ਹਿਰ ਅਤੇ ਸੰਯੁਕਤ ਰਾਜ ਦਾ ਛੇਵਾਂ ਵੱਡਾ ਸ਼ਹਿਰ ਹੈ ਜੋ ਇਸੇ ਹੀ ਨਾਂ ਦੇ ਦਰਿਆ ਉੱਤੇ ਸੇਂਟ ਕਲੇਅਰ ਝੀਲ ਦੇ ਬਿਲਕੁਲ ਪੱਛਮ ਵਿਚ ਸਥਿਤ ਹੈ। ਇਹ ਸ਼ਹਿਰ ਡਿਟਰਾਇਟ ਦਰਿਆ ਦੇ ਨਾਲ ਨਾਲ 18 ਕਿ. ਮੀ. (11 ਮੀ.) ਤੱਕ ਫੈਲਿਆ ਹੋਇਆ ਹੈ। ਦਰਿਆ ਦੇ ਪੱਛਮੀ ਕੰਢੇ ਉਪਰ ਇਸ ਸ਼ਹਿਰ ਦੀ ਸ਼ਕਲ ਇਕ ਅੱਧੇ-ਚੱਕਰ ਵਰਗੀ ਬਣ ਜਾਂਦੀ ਹੈ। ਹਾਈਲੈਂਡ ਪਾਰਕ ਅਤੇ ਹੇਮਟ੍ਰੈਮਿਕ ਨਾਂ ਦੇ ਦੋ ਸੁਤੰਤਰ ਸ਼ਹਿਰ ਸਮੁੱਚੇ ਤੌਰ ਤੇ ਇਸ ਸ਼ਹਿਰ ਦੀ ਹਦੂਦ ਦੇ ਅੰਦਰਵਾਰ ਹੀ ਪੈਂਦੇ ਹਨ। ਸੰਯੁਕਤ ਰਾਜ ਦੀਆਂ ਮੋਟਰ ਗੱਡੀਆਂ ਦਾ ਸਭ ਤੋਂ ਵੱਡਾ ਉਤਪਾਦਕ ਸ਼ਹਿਰ ਹੋਣ ਕਾਰਨ, ਇਹ ਆਮ ਕਰਕੇ 'ਮੋਟਰ ਸਿਟੀ' ਵਜੋਂ ਜਾਣਿਆ ਜਾਂਦਾ ਹੈ।

ਇਸ ਸ਼ਹਿਰ ਦੀ ਨੀਂਹ ਆਂਟਵਾਨ ਡੇ ਲਾ ਮਾਥ ਕੇਡੀਲੋਕ ਨਾਂ ਦੇ ਇਕ ਫਰਾਂਸੀਸੀ ਬਸਤੀਵਾਦੀ ਪ੍ਰਬੰਧਕ ਨੇ 24 ਜੁਲਾਈ, 1701 ਨੂੰ ਰੱਖੀ। ਉਸਨੇ ਇਥੇ ਇਕ ਕਿਲਾ ਬਣਵਾਇਆ ਅਤੇ ਉਸ ਦਾ ਨਾਂ Fort Poutchartrain Du-Detroit ਰੱਖਿਆ। ਕਿਲੇ ਦੇ ਹਿਊਰਾਨ ਝੀਲ ਅਤੇ ਇਰੀ ਝੀਲ ਨੂੰ ਜੋੜਨ ਵਾਲੇ ਜਲ-ਮਾਰਗ ਉੱਤੇ ਸਥਿਤ ਹੋਣ ਕਾਰਣ, ਉਸ ਨੇ ਇਸਦਾ ਨਾਂ ਡਿਟਰਾਇਟ ਰੱਖਿਆ ਜਿਸ ਤੋਂ ਭਾਵ ਹੈ ਜਲਡਮਰੂ। ਇੰਡੀਅਨਾਂ ਅਤੇ ਅੰਦਰੂਨੀ ਲੜਾਈਆਂ ਦੇ ਹੁੰਦੇ ਹੋਏ ਵੀ ਇਹ ਕਿਲਾ ਫਰ ਦੇ ਵਪਾਰ ਲਈ ਇਕ ਵਿਕਸਿਤ ਅੱਡਾ ਬਣ ਗਿਆ। ਫਰਾਂਸੀਸੀ ਅਤੇ ਇੰਡੀਅਨ ਯੁੱਧ ਦੇ ਦੌਰਾਨ 1760 ਈ. ਵਿਚ ਮੇਜਰ ਰਾਬਰਟ ਰਾਜਰਜ ਦੀ ਅਗਵਾਈ ਥੱਲੇ ਲੜ ਰਹੀ ਅੰਗ੍ਰੇਜ਼ ਫ਼ੌਜ ਨੇ ਬੜੀ ਆਸਾਨੀ ਨਾਲ ਹੀ ਇਸ ਉੱਤੇ ਕਬਜ਼ਾ ਕਰ ਲਿਆ। ਤਿੰਨ ਸਾਲ ਮਗਰੋਂ, 1763 ਵਿਚ ਇੰਡੀਅਨਾਂ ਨੇ ਪਾਂਟੀਐਕ ਦੀ ਕਮਾਂਡ ਅਧੀਨ ਇਸ ਦੀ ਪੰਜ ਮਹੀਨਿਆਂ ਤੋਂ ਵੱਧ ਸਮੇਂ ਲਈ ਘੇਰਾਬੰਦੀ ਕਰੀ ਰੱਖੀ ਪਰ ਇਸ ਉੱਤੇ ਕਬਜ਼ਾ ਕਰਨ ਵਿਚ ਅਸਫ਼ਲ ਰਹੇ। ਸੰਨ 1778 ਵਿਚ ਕਿਲਾ ਲਰਨੌਟ ਨਾਂ ਦੇ ਇਕ ਨਵੇਂ ਕਿਲੇ ਦੀ ਬੁਨਿਆਦ ਰੱਖੀ ਗਈ। ਇਸ ਸਮੇਂ ਪਿੰਡ ਵਿਚ ਲਗਭਗ 300 ਲੋਕ ਵੱਸਦੇ ਸਨ। ਅਮਰੀਕੀ ਇਨਕਲਾਬ ਦੌਰਾਨ ਇਹ ਅੰਗ੍ਰੇਜ਼ਾਂ ਦਾ ਪੱਛਮੀ ਹੈੱਡ-ਕੁਆਰਟਰ ਬਣ ਗਿਆ ਅਤੇ ਉਸ ਯੁੱਧ ਉਪਰੰਤ ਇਹ 1796 ਈ. ਤੱਕ ਉਨ੍ਹਾਂ ਦੇ ਕਬਜ਼ੇ ਹੇਠ ਰਿਹਾ। ਸੰਨ 1796 ਵਿਚ ਜੇਜ਼ ਦੀ ਸੰਧੀ ਪਿੱਛੋਂ, ਜਰਨੈਲ ਐਂਥਨੀ ਵੇਨ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ। ਇਥੋਂ ਦੇ ਆਬਾਦਕਾਰਾਂ ਨੇ ਜਰਨੈਲ ਦੇ ਨਾਂ ਪਿੱਛੇ ਹੀ ਵੇਨ ਕਾਊਂਟੀ ਦਾ ਨਾਂ ਰੱਖ ਦਿੱਤਾ ਅਤੇ ਮਗਰੋਂ ਕਿਲੇ ਦਾ ਨਾਂ ਕਿਲਾ ਸ਼ੈਲਬੀ ਰੱਖ ਦਿੱਤਾ। ਅਜੋਕੇ ਕਿਲੇ ਦੇ ਸ਼ਹਿਰ ਦੇ ਵਪਾਰ ਕੇਂਦਰ ਵਿਚ ਸਥਿਤ ਹੋਣ ਕਾਰਣ ਇਸ ਨੂੰ ਮਗਰੋਂ ਢਾਹ ਦਿੱਤਾ ਗਿਆ। ਫ਼ੌਜੀ ਅਮਲਾ ਜਿਹੜਾ ਕਿ ਪਹਿਲਾਂ ਸ਼ਹਿਰ ਤੋਂ ਦੂਰ ਸੀ, ਕਿਲਾ ਵੇਨ ਵਿਚ ਤਬਦੀਲ ਕਰ ਦਿੱਤਾ ਗਿਆ।



**ਡਿਟਰਾਇਟ ਵਿਚ ਬਹੁਤ ਸਾਰੀਆਂ ਇੰਜੀਨੀਅਰੀ ਸੁਸਾਇਟੀਆਂ ਦੇ ਕੇਂਦਰ ਦਾ ਹੋਰੇਸ ਐਚ ਰੈਕਮ ਮੈਮੋਰੀਅਲ**

ਅਮਰੀਕਨਾਂ ਦੇ ਰਾਜ-ਕਾਲ ਦੌਰਾਨ ਇਹ ਸ਼ਹਿਰ ਵਿਚ ਬਹੁਤ ਪ੍ਰਫੁਲਤ ਹੋਇਆ। ਸੰਨ 1802 ਵਿਚ ਇਸਨੂੰ ਇਕ ਪਿੰਡ ਵਜੋਂ ਨਿਗਮਿਤ ਕੀਤਾ ਗਿਆ ਅਤੇ 1805 ਈ. ਵਿਚ ਮਿਸ਼ੀਗਨ ਟੈਰੀਟਰੀ ਦਾ ਰਾਜਧਾਨੀ ਸ਼ਹਿਰ ਬਣਿਆ। 5 ਜੂਨ, 1805 ਨੂੰ ਇਹ ਸ਼ਹਿਰ ਅੱਗ ਦੀ ਲਪੇਟ ਵਿਚ ਆ ਗਿਆ ਅਤੇ ਇਸ ਦਾ ਖੁਰਾ-ਖੋਜ ਹੀ ਮਿਟ ਗਿਆ। ਨਵੇਂ ਸ਼ਹਿਰ ਦਾ ਨਕਸ਼ਾ ਵਾਸ਼ਿੰਗਟਨ ਸ਼ਹਿਰ ਦੇ ਨਕਸ਼ੇ ਅਨੁਸਾਰ ਤਿਆਰ ਕੀਤਾ ਗਿਆ ਜਿਸ ਵਿਚ ਖੁਲ੍ਹੇ ਬਾਜ਼ਾਰ, ਚੌਂਕ ਅਤੇ ਚੱਕਰਾਂ ਦੀ ਵਿਵਸਥਾ ਰੱਖੀ ਗਈ। ਕੈਂਪਸ ਮਾਰਟੀਅਸ ਅਤੇ ਗ੍ਰੈਂਡ ਸਰਕਸ ਪਾਰਕ ਅੱਜ ਵੀ ਪੁਰਾਣੇ ਸ਼ਹਿਰ ਦੇ ਹਿੱਸੇ ਵਜੋਂ ਮੌਜੂਦ ਹਨ। ਸੰਨ 1812 ਦੇ ਯੁੱਧ ਦੌਰਾਨ ਪਹਿਲਾਂ 1812 ਈ. ਵਿਚ ਜਰਨੈਲ ਵਿਲੀਅਮ ਹਲ ਨੇ ਇਸ ਨੂੰ ਅੰਗ੍ਰੇਜ਼ਾਂ ਦੇ ਹਵਾਲੇ ਕਰ ਦਿੱਤਾ ਪਰ ਮਗਰੋਂ 1813 ਈ. ਵਿਚ ਅਮਰੀਕਨਾਂ ਨੇ ਇਸ ਉੱਤੇ ਫਿਰ ਕਬਜ਼ਾ ਕਰ ਲਿਆ। ਸੰਨ 1817 ਦੇ ਰਸ਼-ਬੈਗਟ ਸਮਝੌਤੇ ਅਨੁਸਾਰ ਗ੍ਰੇਟ ਲੇਕਸ ਵਿਚੋਂ ਦੀ ਲੰਘਣ ਵਾਲੇ ਹਥਿਆਰਬੰਦ ਸਮੁੰਦਰੀ ਜਹਾਜ਼ਾਂ ਉੱਤੇ ਪਾਬੰਦੀ ਲਾ ਦਿੱਤੀ ਗਈ ਜਿਸਦੇ ਫਲਸਰੂਪ ਸਯੁੰਕਤ ਰਾਜ ਅਤੇ ਕੈਨੇਡਾ ਵਿਚਕਾਰ ਮੇਲ-ਮਿਲਾਪ ਦਾ ਇਕ ਨਵਾਂ ਯੁਗ ਆਰੰਭ ਹੋਇਆ।

ਸ਼ਹਿਰ ਅਤੇ ਰਾਜ ਦੀ ਵਸੋਂ ਬਹੁਤ ਘੱਟ ਰਫ਼ਤਾਰ ਨਾਲ ਵਧ ਰਹੀ ਸੀ। ਸੰਨ 1825 ਵਿਚ ਇਰੀ ਕੈਨਾਲ ਦੇ ਚਾਲੂ ਹੋ ਜਾਣ ਨਾਲ ਅਤੇ ਇਰੀ ਝੀਲ ਵਿਚ ਜਹਾਜ਼ਰਾਨੀ ਦੇ ਵਿਕਾਸ ਹੋਣ ਨਾਲ ਲੋਕ ਮਿਸ਼ੀਗਨ ਵੱਲ ਨੂੰ ਆਉਣ ਲਗ ਪਏ। ਸੰਨ 1837 ਵਿਚ ਮਿਸ਼ੀਗਨ ਰਾਜ ਹੋਂਦ ਵਿਚ ਆਇਆ। ਇਹ ਇਸੇ ਹੀ ਰਾਜ ਦਾ 1847 ਈ. ਤੱਕ ਰਾਜਧਾਨੀ ਸ਼ਹਿਰ ਬਣਿਆ ਰਿਹਾ।

ਪਹਿਲੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ ਦੇ ਵਾਸੀਆਂ ਨੇ ਫ਼ੌਜੀ ਵਲੰਟੀਅਰਾਂ, ਹਵਾਈ ਜਹਾਜ਼ਾਂ, ਕਿਸ਼ਤੀਆਂ ਅਤੇ ਟੈਂਕਾਂ ਵਿਚ ਚੋਖਾ

ਯੋਗਦਾਨ ਪਾਇਆ। ਸੰਨ 1930 ਵੇਂ ਦੇ ਮੰਦਵਾੜੇ ਦੌਰਾਨ ਇਸ ਸ਼ਹਿਰ ਨੂੰ ਵੀ ਕਾਫ਼ੀ ਨੁਕਸਾਨ ਉਠਾਉਣਾ ਪਿਆ। ਬੇਰੋਜ਼ਗਾਰੀ ਵਿਸਤ੍ਰਿਤ ਰੂਪ ਵਿਚ ਫੈਲ ਗਈ। ਸੰਨ 1933 ਵਿਚ ਕੰਮ ਕਰਨ ਵਾਲੇ ਲੋਕਾਂ ਵਿਚੋਂ ਇਕ ਤਿਹਾਈ ਲੋਕ ਬੇਰੋਜ਼ਗਾਰ ਹੋ ਚੁੱਕੇ ਸਨ।

ਦੂਜੇ ਵਿਸ਼ਵ ਯੁੱਧ ਵਿਚ ਵੀ ਇਸ ਸ਼ਹਿਰ ਨੇ ਬਹੁਤ ਯੋਗਦਾਨ ਪਾਇਆ। ਫੋਰਡ ਮੋਟਰ ਕੰਪਨੀ ਨੇ ਨੇੜੇ ਹੀ ਪੈਂਦੇ ਇਪਸਲੈਂਟੀ ਨਾਂ ਦੇ ਉਦਯੋਗਿਕ ਸ਼ਹਿਰ ਵਿਚ ਵਿਲੋਰਲ ਬੰਬਰ ਪਲਾਂਟ ਸਥਾਪਿਤ ਕਰ ਦਿੱਤਾ ਅਤੇ ਕ੍ਰਾਈਸਲਰ ਕਾਰਪੋਰੇਸ਼ਨ ਟੈਂਕਾਂ ਦਾ ਨਿਰਮਾਣ ਕਰਨ ਵਾਲੀ ਇਕ ਮੋਹਰੀ ਕਾਰਪੋਰੇਸ਼ਨ ਬਣ ਗਈ। ਇਹ ਸ਼ਹਿਰ 'ਲੋਕ ਰਾਜ ਦਾ ਅਸਲਾਖ਼ਾਨਾ' ਵਜੋਂ ਮਸ਼ਹੂਰ ਹੋ ਗਿਆ।

ਸੰਨ 1943 ਵਿਚ ਇਥੇ ਨਸਲੀ ਦੰਗੇ ਫਸਾਦ ਹੋਏ ਜਿਸਦੇ ਨਤੀਜੇ ਵਜੋਂ 35 ਵਿਅਕਤੀ ਥਾਂ ਤੇ ਹੀ ਮਾਰ ਦਿੱਤੇ ਗਏ ਅਤੇ 1,000 ਤੋਂ ਵੱਧ ਵਿਅਕਤੀ ਜ਼ਖਮੀ ਹੋਏ। ਸਰਕਾਰੀ ਅਧਿਕਾਰੀਆਂ, ਵਪਾਰਕ ਅਤੇ ਕਿਰਤੀ ਨੇਤਾਵਾਂ, ਪਾਦਰੀਆਂ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਨਸਲੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਪੂਰੇ ਜਤਨ ਕੀਤੇ। ਇਸ ਸਬੰਧ ਵਿਚ ਕਾਫ਼ੀ ਕਾਮਯਾਬੀ ਵੀ ਪ੍ਰਾਪਤ ਹੋਈ ਅਤੇ ਇਹ ਸ਼ਹਿਰ ਅਸਲ ਵਿਚ ਇਕ ਮਾਡਲ ਸਿਟੀ ਹੀ ਬਣ ਗਿਆ। ਜੁਲਾਈ, 1967 ਵਿਚ ਇਥੇ ਫਿਰ ਬਹੁਤ ਦੰਗੇ ਫਸਾਦ ਹੋਏ ਜਿਹੜੇ ਕਿ ਪੰਜ ਦਿਨ ਚਲਦੇ ਰਹੇ ਅਤੇ ਨਤੀਜੇ ਵਜੋਂ ਇਸ ਸ਼ਹਿਰ ਦਾ ਸਾਰਾ ਹੀ ਕੰਮ ਠੱਪ ਹੋ ਗਿਆ। ਇਸ ਮੌਕੇ ਤੇ 43 ਵਿਅਕਤੀ ਮਾਰ ਦਿੱਤੇ ਗਏ ਅਤੇ ਕਈ ਹਜ਼ਾਰ ਵਿਅਕਤੀ ਜ਼ਖਮੀ ਹੋਏ। ਸ਼ਹਿਰ ਦੇ ਕਈ ਹਿੱਸੇ ਮਲੀਆਮੇਟ ਕਰ ਦਿੱਤੇ ਗਏ। ਕਾਲੇ ਅਤੇ ਗੋਰੇ ਨੇਤਾਵਾਂ ਨੇ ਨਿਊ ਡਿਟਰਾਇਟ ਕਮੇਟੀ ਰਾਹੀਂ ਨਸਲੀ ਵਿਤਕਰੇ ਦਾ ਸਥਾਈ ਹੱਲ ਲੱਭਣ ਲਈ ਫ਼ੌਜਾਂ ਦਾ ਸਾਥ ਦਿੱਤਾ।

ਸੰਨ 1810 ਵਿਚ ਇਸ ਸ਼ਹਿਰ ਦੀ ਕੁਲ ਵੱਸੋਂ 1,650 ਸੀ। ਸੰਨ 1820 ਦੇ ਅੰਤ ਤੱਕ ਇਹ ਵਸੋਂ ਘਟ ਕੇ 1,432 ਹੋ ਗਈ। ਇਰੀ ਕੈਨਾਲ ਦੇ ਚਾਲੂ ਹੋਣ ਨਾਲ, ਗ੍ਰੇਟ ਲੇਕਸ ਵਿਚ ਵਿਕਸਿਤ ਹੋ ਰਹੀ ਕਾਮਰਸ ਨਾਲ ਅਤੇ ਰੇਲ-ਮਾਰਗਾਂ ਦੇ ਬਨਣ ਨਾਲ ਇਸ ਸ਼ਹਿਰ ਦੀ ਵਸੋਂ 1850 ਈ. ਦੇ ਅੰਤ ਤੱਕ 21,019 ਹੋ ਗਈ। ਸ਼ਹਿਰ ਦੀ ਮਹੱਤਤਾ ਕਾਰਣ ਇਥੇ ਕਾਫ਼ੀ ਗਿਣਤੀ ਵਿਚ ਲੋਕ ਬਾਹਰੋਂ ਆਣ ਕੇ ਵੱਸਣ ਲਗ ਪਏ। ਸੰਨ 1860 ਵਿਚ ਇਥੋਂ ਦੀ ਵਸੋਂ 45,516 ਹੋ ਗਈ। ਸੰਨ 1870 ਵਿਚ ਇਸ ਸ਼ਹਿਰ ਦੀ ਵਸੋਂ 79,577 ਸੀ ਅਤੇ ਇਹ ਸੰਯੁਕਤ ਰਾਜ ਦਾ 18 ਵਾਂ ਵੱਡਾ ਸ਼ਹਿਰ ਗਿਣਿਆ ਜਾਣ ਲੱਗ ਪਿਆ ਸੀ। 1900 ਦੇ ਅਖੀਰ ਤੱਕ ਇਥੋਂ ਦੀ ਵਸੋਂ 2,85,704 ਹੋ ਗਈ।

ਮੋਟਰ ਗੱਡੀਆਂ ਅਤੇ ਹੋਰਨਾਂ ਉਦਯੋਗਾਂ ਦੇ ਵਿਕਾਸ ਨਾਲ 1900 ਤੋਂ ਪਿੱਛੋਂ ਇਸ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ। ਸੰਨ 1920 ਦੇ ਅਖੀਰ ਵਿਚ ਇਸ ਦੀ ਵਸੋਂ 9,93,678 ਹੋ ਗਈ ਅਤੇ ਇਹ ਸੰਯੁਕਤ ਰਾਜ ਦਾ ਚੌਥਾ ਵੱਡਾ ਸ਼ਹਿਰ ਬਣ ਗਿਆ ਅਤੇ 1950 ਤੱਕ ਇਸ ਦਾ ਇਹੀ ਸਥਾਨ ਰਿਹਾ।

ਸੰਨ 1970 ਤੱਕ ਵਸੋਂ ਪੱਖੋਂ ਤਾਂ ਇਸ ਦਾ ਪਹਿਲਾਂ ਵਾਲਾ ਹੀ ਸਥਾਨ ਰਿਹਾ ਪਰ ਅਮਰੀਕਾ ਦੇ ਹੋਰਨਾਂ ਉਦਯੋਗਿਕ ਸ਼ਹਿਰਾਂ ਦੀ ਤਰ੍ਹਾਂ ਇਥੋਂ ਦੀ ਵਸੋਂ ਵੀ ਕਾਫ਼ੀ ਘਟਣੀ ਸ਼ੁਰੂ ਹੋ ਗਈ। ਸੰਨ 1970 ਵਿਚ ਇਥੋਂ ਦੀ ਵਸੋਂ 15,11,482 (1960 ਤੋਂ ਲੈ ਕੇ 9.5 ਪ੍ਰਤੀਸ਼ਤ ਕਮੀ) ਸੀ। ਇੰਨੇ ਚਿਰ ਨੂੰ 1970 ਵਿਚ ਸਟੈਂਡਰਡ ਮੈਟਰੋਪਾਲਿਟਨ ਸਟੈਟਿਸਟੀਕਲ ਏਰੀਏ (ਮਕੋਮ ਓਕਲੈਂਡ ਅਤੇ ਵੇਨ ਕਾਉਂਟੀਆਂ) ਦੀ ਵਸੋਂ ਵਧ ਕੇ 41,99,931 ਹੋ ਗਈ।

ਇਥੋਂ ਦਾ ਪ੍ਰਸ਼ਾਸਨ ਇਕ ਮੇਅਰ ਕੌਂਸਲ ਚਲਾਉਂਦੀ ਹੈ ਜਿਹੜੀ ਕਿ ਇਕ ਪੱਖਪਾਤ ਰਹਿਤ ਸਰਕਾਰ ਹੁੰਦੀ ਹੈ। ਮੇਅਰ ਅਤੇ ਨੌਂ-ਮੈਂਬਰੀ ਕੌਂਸਲ ਦੀ ਚੋਣ ਹਰ ਚਾਰ ਸਾਲ ਬਾਅਦ ਹੁੰਦੀ ਹੈ। ਸਿਟੀ



ਡਿਟਰਾਇਟ ਦੇ ਕੇਂਦਰੀ ਹਿੱਸੇ ਵਿਚ ਕੋਬੋ ਹਾਲ ਦੀ ਛੱਤ ਉੱਤੇ ਬਣਿਆ ਕਾਰ ਪਾਰਕ

ਕਲਰਕ ਅਤੇ ਖਜ਼ਾਨਚੀ ਦੀ ਵੀ ਚੋਣ ਉਸੇ ਗੁਪਤ-ਵੋਟ ਉੱਤੇ ਹੁੰਦੀ ਹੈ। ਇਸ ਸ਼ਹਿਰ ਦਾ ਚਾਰਟਰ 1918 ਈ. ਵਿਚ ਅਪਣਾਇਆ ਗਿਆ ਸੀ। ਜਾਇਦਾਦ ਕਰ ਅਤੇ ਆਮਦਨ ਕਰ ਹੀ ਇਥੋਂ ਦੀ ਆਮਦਨ ਦੇ ਮੁੱਖ ਸ੍ਰੋਤ ਹਨ।

ਸੰਨ 1934 ਵਿਚ ਜਦੋਂ ਫੈਡਰਲ ਮਕਾਨ - ਉਸਾਰੀ ਪ੍ਰੋਗਰਾਮ ਸ਼ੁਰੂ ਹੋਇਆ ਤਾਂ ਇਸ ਸ਼ਹਿਰੀ ਪ੍ਰਸ਼ਾਸਨ ਨੇ ਗੰਦੀਆਂ ਬਸਤੀਆਂ ਨੂੰ ਸਾਫ਼ ਕਰਨ, ਘੱਟ ਖਰਚੇ ਨਾਲ ਮਕਾਨ ਬਣਾਉਣ ਦੇ ਪ੍ਰਾਜੈਕਟ ਚਾਲੂ ਕੀਤੇ ਜਿਹੜੇ ਕਿ 20 ਵੀਂ ਸਦੀ ਦੇ ਦੂਜੇ ਅੱਧ ਤੱਕ ਚਲਦੇ ਰਹੇ।

ਦੂਜੇ ਵਿਸ਼ਵ ਯੁੱਧ ਉਪਰੰਤ ਸ਼ਹਿਰ ਦੀ ਯੋਜਨਾਬੰਦੀ ਕੀਤੀ ਗਈ ਜਿਸ ਵਿਚ ਦਰਿਆ ਦੇ ਬਿਲਕੁਲ ਸਾਹਮਣੇ ਵਾਲੀ ਥਾਂ ਤੇ 58.3 ਏਕੜ ਵਿਚ ਇਕ ਸ਼ਹਿਰੀ ਕੇਂਦਰ ਵਿਕਸਿਤ ਕਰਨਾ ਵੀ ਸ਼ਾਮਲ ਸੀ। ਬਹੁਤ ਸਾਰੀਆਂ ਪੁਰਾਣੀਆਂ ਅਤੇ ਮਾੜੀਆਂ ਇਮਾਰਤਾਂ ਢਾਹ ਦਿੱਤੀਆਂ ਗਈਆਂ ਅਤੇ ਸਭ ਤੋਂ ਪਹਿਲੀ ਸ਼ਹਿਰੀ ਇਮਾਰਤ ਵੈਟਰਨਜ਼ ਮੈਮੋਰੀਅਲ ਮੁਕੰਮਲ ਕੀਤੀ ਗਈ। ਸਿਟੀ-ਕਾਉਂਟੀ ਬਿਲਡਿੰਗ ਹੈਨਰੀ ਅਤੇ ਐਡਸਲ ਫੋਰਡ ਆਡੀਟੋਰੀਅਮ, ਕੋਬੋ ਹਾਲ ਅਤੇ ਕੋਬੋ ਕਾਨਵੈਨਸ਼ਨ ਏਰੀਆ ਇਥੋਂ ਦੀਆਂ ਹੋਰ ਇਮਾਰਤਾਂ ਹਨ।

ਸ਼ਹਿਰ ਦੇ ਸਭ ਤੋਂ ਵੱਡੇ ਦਫ਼ਤਰਾਂ ਦੀਆਂ ਇਮਾਰਤਾਂ, ਹੋਟਲ, ਡਿਪਾਰਟਮੈਂਟਲ ਸਟੋਰ ਅਤੇ ਬੈਂਕ ਸ਼ਹਿਰ ਦੇ ਵਪਾਰਕ ਕੇਂਦਰ ਵਿਚ ਹਨ। 47-ਮੰਜ਼ਲੀ ਪੈਨੋਬਸਕੋਟ ਬਿਲਡਿੰਗ ਇਥੋਂ ਦੀ ਸਭ ਤੋਂ ਉੱਚੀ ਇਮਾਰਤ ਹੈ। ਜਨਰਲ ਮੋਟਰਜ਼ ਬਿਲਡਿੰਗ ਇਥੋਂ ਦੀ ਸਭ ਤੋਂ ਵੱਡੀ ਦਫ਼ਤਰੀ-ਇਮਾਰਤ ਹੈ ਜਿਹੜੀ ਕਿ ਨਿਊ ਸੈਂਟਰ ਏਰੀਏ ਵਿਚ ਗ੍ਰੈਂਡ ਬਾਉਲਵਰਡ ਅਤੇ ਸੈਕੰਡ ਐਵੇਨਿਊ ਵਿਖੇ ਹੈ। ਇਸ ਦੇ ਗੁਆਂਢ ਵਿਚ ਇਕ ਹੋਰ ਦਫ਼ਤਰੀ ਇਮਾਰਤ-ਫਿਸ਼ਰ ਬਿਲਡਿੰਗ ਹੈ। ਜਨਰਲ ਮੋਟਰਜ਼, ਫਿਸ਼ਰ ਅਤੇ ਨਿਊ ਸੈਂਟਰ ਇਮਾਰਤਾਂ ਜ਼ਮੀਨ-ਦੋਜ਼ ਸੁਰੰਗਾਂ ਦੁਆਰਾ ਜੁੜੀਆਂ ਹੋਈਆਂ ਹਨ ਜਿਨ੍ਹਾਂ ਦੇ ਵਿਚੋਂ ਪੈਦਲ ਚਲਣ ਵਾਲੇ ਯਾਤਰੀ ਲੰਘਦੇ ਹਨ। ਤੇਜ਼ੀ ਨਾਲ ਵਿਕਸਿਤ ਹੋ ਰਹੇ ਮੈਟ੍ਰੋਪਾਲਿਟਨ ਖੇਤਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਾਈਵੇਟ ਪੂੰਜੀ ਨਾਲ ਸ਼ਹਿਰੋਂ ਬਾਹਰ ਵੀ ਵੱਡੇ ਵੱਡੇ ਖਰੀਦਾਰੀ ਕੇਂਦਰ ਬਣਾਏ ਗਏ ਹਨ।

ਰਨੇਸੈਂਸ ਸੈਂਟਰ (ਜਿਸ ਵਿਚ ਚਾਰ 32-ਮੰਜ਼ਲੀਆਂ ਦਫਤਰੀ ਇਮਾਰਤਾਂ ਹਨ ਜਿਹੜੀਆਂ ਕਿ 1977 ਈ. ਵਿਚ ਖੋਲ੍ਹੇ ਗਏ 73-ਮੰਜ਼ਲੇ ਡਿਟਰਾਇਟ ਪਲਾਜ਼ਾ ਹੋਟਲ ਦੁਆਰਾ ਘਿਰੀਆਂ ਹੋਈਆਂ ਹਨ) ਅਤੇ ਮੈਡੀਕਲ ਸੈਂਟਰ ਜਿਸ ਵਿਚ 4 ਵੱਡੇ ਹਸਪਤਾਲ ਹਨ, ਇਥੋਂ ਦੀਆਂ ਮੌਜੂਦਾ ਇਮਾਰਤਾਂ ਹਨ।

ਸੰਨ 1970 ਵੇਂ ਦੇ ਆਰੰਭ ਵਿਚ ਹੀ ਇਸ ਸ਼ਹਿਰ ਵਿਚ ਐਕਸਪ੍ਰੈੱਸ ਰਸਤਿਆਂ ਦਾ ਜਾਲ ਵਿਛਾ ਦਿੱਤਾ ਗਿਆ ਜਿਸ ਨਾਲ ਇਥੋਂ ਕਿਸੇ ਵੀ ਇਲਾਕੇ ਵੱਲ ਨੂੰ ਬੜੀ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਸੀ।

ਸੰਨ 1890 ਦੇ ਆਰੰਭ ਵਿਚ ਪ੍ਰਾਈਵੇਟ ਮਲਕੀਅਤ ਵਾਲੀਆਂ ਟ੍ਰਾਮਕਾਰ ਲਾਈਨਾਂ ਤੋਂ ਅਸੰਤੁਸ਼ਟ ਹੋ ਕੇ, 1913 ਈ. ਵਿਚ ਇਥੋਂ ਦੇ ਚਾਰਟਰ ਵਿਚ ਤਬਦੀਲੀ ਲਿਆਂਦੀ ਗਈ ਜਿਸ ਦੇ ਫਲਸਰੂਪ ਇਨ੍ਹਾਂ ਲਾਈਨਾਂ ਦੀ ਮਲਕੀਅਤ ਸ਼ਹਿਰ ਅਧੀਨ ਹੋ ਗਈ ਪਰ ਅਜਿਹੀ ਪਹਿਲੀ ਲਾਈਨ ਕੇਵਲ 1921 ਈ. ਵਿਚ ਹੀ ਚਾਲੂ ਹੋ ਸਕੀ। ਸੰਨ 1922 ਵਿਚ ਸ਼ਹਿਰੀ ਪ੍ਰਸ਼ਾਸਨ ਨੇ ਲਾਈਨਾਂ ਆਪ ਖਰੀਦ ਲਈਆਂ ਜਿਸ ਨਾਲ ਸ਼ਹਿਰੀ ਅਤੇ ਪ੍ਰਾਈਵੇਟ ਲਾਈਨਾਂ ਵਿਚਕਾਰ ਫ਼ਸਾਦ ਖ਼ਤਮ ਹੋ ਗਿਆ। ਸੰਨ 1920 ਦੇ ਅਖ਼ੀਰ ਵਿਚ ਸ਼ਹਿਰ ਵੱਲੋਂ ਮੋਟਰ ਬੱਸਾਂ ਵੀ ਚਲਾਈਆਂ ਗਈਆਂ ਪਰ ਹੁਣ ਪ੍ਰਾਈਵੇਟ ਬੱਸ ਕੰਪਨੀ ਫਿਰ ਇਸ ਦੇ



ਅਮਰੀਕਾ ਦੀਆਂ ਵੱਡੀਆਂ ਲਾਇਬ੍ਰੇਰੀਆਂ ਵਿਚੋਂ ਇਕ ਡਿਟਰਾਇਟ ਪਬਲਿਕ ਲਾਇਬ੍ਰੇਰੀ ਹੈ ਤੇ ਇਸ ਵਿਚ ਕਲਪੁਰਜ਼ਿਆਂ ਨਾਲ ਸਬੰਧਿਤ ਇਤਿਹਾਸਕ ਦਸਤਾਵੇਜ ਸੰਭਾਲੇ ਹੋਏ ਹਨ।

ਮੁਕਾਬਲੇ ਵਿਚ ਆ ਗਈ ਜਿਸ ਨੂੰ 1932 ਈ. ਵਿਚ ਸ਼ਹਿਰੀ ਪ੍ਰਬੰਧ ਨੇ ਆਪਣੇ ਅਧੀਨ ਕਰ ਲਿਆ।

ਦੂਜੇ ਵਿਸ਼ਵ ਯੁੱਧ ਪਿੱਛੋਂ ਟ੍ਰਾਮਕਾਰਾਂ ਹੌਲੀ ਹੌਲੀ ਅਲੋਪ ਹੋ ਗਈਆਂ ਅਤੇ 1956 ਈ. ਦੇ ਅਖ਼ੀਰ ਤੱਕ ਡਿਟਰਾਇਟ ਸਟਰੀਟ ਰੇਲਵੇ ਨੇ ਸਮੁੱਚੇ ਤੌਰ ਤੇ ਬੱਸਾਂ ਨੂੰ ਹੀ ਅਪਣਾ ਲਿਆ। 1960 ਵਿਆਂ ਦੇ ਅਖ਼ੀਰ ਵਿਚ ਇਸ ਪ੍ਰਣਾਲੀ ਉਪਰੋਂ ਸਰਪਰਸਤੀ ਘਟ ਗਈ। ਨਤੀਜੇ ਵਜੋਂ ਘਾਟੇ ਦੀ ਦਰ ਬਹੁਤ ਹੀ ਵਧ ਗਈ। ਸੰਨ 1969 ਵਿਚ ਇਥੋਂ ਦੇ ਨਾਗਰਿਕਾਂ ਨੇ ਇਸ ਪ੍ਰਣਾਲੀ ਵਿਚ ਆਮਦਨ ਕਰ ਵਿਚੋਂ ਸਬਸਿਡੀ ਪ੍ਰਾਪਤ ਕਰਨ ਲਈ ਆਪਣੀ ਰਾਇ ਪ੍ਰਗਟ ਕੀਤੀ।

7 ਵੱਡੀਆਂ ਰੇਲ ਰੋਡ ਪ੍ਰਣਾਲੀਆਂ ਸ਼ਹਿਰ ਨੂੰ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਇਥੇ ਤਿੰਨ ਹਵਾਈ ਅੱਡੇ–ਸਿਟੀ, ਮੈਟਰੋਪਾਲਿਟਨ ਅਤੇ ਵਿਲੋਂਰਨ ਹਨ।

ਇਸ ਸ਼ਹਿਰ ਦਾ ਨਿਰਮਾਣ ਕੇਂਦਰ ਵਜੋਂ ਇਤਿਹਾਸ ਉਨ੍ਹੀਵੀਂ ਸਦੀ ਦੇ ਮੱਧ ਵਿਚ ਹੀ ਸ਼ੁਰੂ ਹੋ ਜਾਂਦਾ ਹੈ। 1820 ਵਿਆਂ ਵਿਚ ਫਰ ਦਾ ਵਪਾਰ ਘਟ ਜਾਣ ਉਪਰੰਤ, ਇਹ ਕਸਬਾ ਗ੍ਰੇਟ ਲੇਕਸ ਉਪਰ ਸਥਿਤ ਸਮੁੰਦਰੀ ਜਹਾਜ਼ਾਂ ਦਾ ਨਿਰਮਾਣ ਕਰਨ ਵਾਲੇ ਸਾਰੇ ਮੋਹਰੀ ਕੇਂਦਰਾਂ ਵਿਚੋਂ ਇਕ ਬਣ ਗਿਆ ਅਤੇ ਨਾਲ ਹੀ ਇਹ ਆਟੇ ਅਤੇ ਅਨਾਜ ਦਾ ਇਕ ਅਹਿਮ ਕੇਂਦਰ ਬਣ ਗਿਆ। ਸੰਨ 1860 ਦੇ ਅਖੀਰ ਤੱਕ ਇਸ ਸ਼ਹਿਰ ਵਿਚ ਭਾਫ਼ ਦੇ ਇੰਜਣ, ਰੇਲ ਰੋਡ ਕਾਰਾਂ, ਬਾਇਲਰ, ਸਟੋਵ, ਹਾਟ–ਪਲੇਟ ਅਤੇ ਹੋਰ ਮਸ਼ੀਨਰੀ ਤਿਆਰ ਕੀਤੀ ਜਾਂਦੀ ਸੀ। ਖਾਨਾਜੰਗੀ ਤੋਂ ਬਾਅਦ ਦੇ ਦਹਾਕਿਆਂ ਵਿਚ ਵੀ ਇਨ੍ਹਾਂ ਉਦਯੋਗਾਂ ਦਾ ਕਾਫ਼ੀ ਵਿਕਾਸ ਹੁੰਦਾ ਰਿਹਾ। ਇਸ ਤੋਂ ਇਲਾਵਾ ਇਥੇ ਦਵਾਈਆਂ, ਤੰਬਾਕੂ ਦੀਆਂ ਵਸਤਾਂ ਅਤੇ ਰੰਗ–ਰੋਗਨ ਵੀ ਤਿਆਰ ਹੋਣ ਲਗ ਪਿਆ।

ਵੀਹਵੀਂ ਸਦੀ ਦੇ ਆਰੰਭ ਵਿਚ ਹੀ ਇਥੇ ਮੋਟਰ–ਗੱਡੀਆਂ ਦਾ ਨਿਰਮਾਣ ਹੋਣ ਲਗ ਪਿਆ। ਭਾਵੇਂ ਮੋਟਰ–ਗੱਡੀਆਂ ਦੇ ਨਿਰਮਾਣ ਕਰਨ ਅਤੇ ਪੁਰਜ਼ੇ ਮੇਲਣ ਦਾ ਕੰਮ ਸੰਯੁਕਤ ਰਾਜ ਦੇ ਹੋਰਨਾਂ ਸ਼ਹਿਰਾਂ ਵਿਚ ਸਥਾਪਿਤ ਸਹਾਇਕ ਕਾਰਖ਼ਾਨਿਆਂ ਵਿਚ ਹੀ ਹੋਣ ਲਗ ਪਿਆ ਸੀ ਪਰ ਦੇਸ਼ ਦੀਆਂ ਪ੍ਰਮੁੱਖ ਕੰਪਨੀਆਂ ਦਾ ਸਦਰ–ਮੁਕਾਮ ਇਸੇ ਸ਼ਹਿਰ ਵਿਚ ਹੀ ਕਾਇਮ ਰਿਹਾ।

ਇਥੇ ਮਸ਼ੀਨੀ ਸੰਦ ਅਤੇ ਸਹਾਇਕ ਸਾਮਾਨ, ਗ੍ਰੇ ਲੋਹਾ, ਫਾਊਂਡਰੀ ਦਾ ਸਾਮਾਨ, ਧਾਤ ਦਾ ਸਾਮਾਨ, ਉਦਯੋਗਿਕ ਅਕਾਰਬਨੀ ਰਸਾਇਣਿਕ ਪਦਾਰਥ, ਦਵਾਈਆਂ, ਰੰਗ–ਰੋਗਨ, ਵਾਰਨਿਸ਼ ਤਾਰਾਂ, ਦਫ਼ਤਰੀ ਮਸ਼ੀਨਰੀ ਅਤੇ ਰਬੜ ਦੇ ਟਾਇਰ ਤਿਆਰ ਕੀਤੇ ਜਾਂਦੇ ਹਨ। ਸੰਯੁਕਤ ਰਾਜ ਦੇ ਹੋਰਨਾਂ ਖੇਤਰਾਂ ਦੇ ਮੁਕਾਬਲੇ ਇਥੋਂ ਦੇ ਧਾਤ ਅਤੇ ਧਾਤ ਦੀਆਂ ਵਸਤਾਂ ਤਿਆਰ ਕਰਨ ਵਾਲੇ ਕਾਰਖ਼ਾਨਿਆਂ ਵਿਚ ਸਭ ਤੋਂ ਵੱਧ ਲੋਕ (84%) ਰੋਜ਼ਗਾਰ ਵਿਚ ਲਗੇ ਹੋਏ ਹਨ।

ਇਹ ਯੂਨਾਈਟਿਡ ਆਟੋਮੁਬੀਲ ਵਰਕਰਜ਼ ਦਾ ਸਦਰ–ਮੁਕਾਮ ਹੈ ਜਿਹੜਾ ਕਿ ਸੰਸਾਰ ਭਰ ਦੀਆਂ ਸਭ ਤੋਂ ਵੱਡੀਆਂ ਲੇਬਰ ਯੂਨੀਅਨਾਂ ਵਿਚੋਂ ਇਕ ਹੈ। ਇਸ ਦੀ ਸਥਾਪਨਾ 1936 ਈ. ਵਿਚ ਕੀਤੀ ਗਈ ਸੀ। ਇਸ ਦੀਆਂ ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਿਚ 1500 ਸਥਾਨਕ ਯੂਨੀਅਨਾਂ ਹਨ। ਇਹ 1,700,000 ਕਾਮਿਆਂ ਦੀ ਨੁਮਾਇੰਦਗੀ ਕਰਦੀ ਹੈ। ਇਸ ਨੇ ਇਸ ਸ਼ਹਿਰ ਦੇ ਮੈਟਰੋਪਾਲਿਟਨ ਖੇਤਰ ਦੇ ਉਚੇਰੇ ਜੀਵਨ–ਪੱਧਰ ਵਿਚ ਬਹੁਤ ਯੋਗਦਾਨ ਪਾਇਆ ਹੈ।

ਇਸ ਸ਼ਹਿਰ ਵਿਚ ਸੀਨੀਅਰ ਅਤੇ ਜੂਨੀਅਰ ਹਾਈ ਸਕੂਲਾਂ ਅਤੇ ਟ੍ਰੇਡ ਸਕੂਲਾਂ ਸਹਿਤ 300 ਤੋਂ ਵੱਧ ਪਬਲਿਕ ਸਕੂਲ ਹਨ। ਵੇਨ ਸਟੇਟ ਯੂਨੀਵਰਸਿਟੀ ਅਤੇ ਪੇਸ਼ਾਵਰ, ਤਕਨੀਕੀ ਅਤੇ ਜੂਨੀਅਰ ਕਾਲਜ ਉਚੇਰੀ ਸਿੱਖਿਆ ਮੁਹੱਈਆ ਕਰਦੇ ਹਨ। ਮਿਸ਼ੀਗਨ ਯੂਨੀਵਰਸਿਟੀ ਦਾ ਫੇਅਰਲੇਨ ਵਿਖੇ ਬ੍ਰਾਂਚ ਕੈਂਪਸ ਹੈ। ਵੇਨ ਸਟੇਟ ਯੂਨੀਵਰਸਿਟੀ, ਈਸਟਰਨ ਮਿਸ਼ੀਗਨ ਯੂਨੀਵਰਸਿਟੀ ਅਤੇ ਮਿਸ਼ੀਗਨ ਯੂਨੀਵਰਸਿਟੀ ਆਦਿ ਸਿੱਖਿਅਕ ਪ੍ਰੋਗਰਾਮਾਂ ਵਿਚ ਮਿਲਵਰਤਨ ਦਿੰਦੀਆਂ ਹਨ। ਵੇਨ ਸਟੇਟ ਯੂਨੀਵਰਸਿਟੀ ਵੇਨ ਕੈਂਪਸ ਵਿਚ ਹੀ ਸਥਾਪਿਤ ਕਿਰਤ ਅਤੇ ਉਦਯੋਗਿਕ ਸਬੰਧ, ਸੰਸਥਾ ਚਲਾਉਂਦੀਆਂ ਹਨ।

ਇਥੋਂ ਦਾ ਸਭਿਆਚਾਰਕ ਜੀਵਨ ਬਹੁਤ ਹੀ ਅਮੀਰ ਹੈ। ਇਥੇ ਕਈ ਸਭਿਆਚਾਰਕ ਸੋਸਾਇਟੀਆਂ ਜਿਵੇਂ ਲਾਈਸੀਅਮ ਮਕੈਨਿਕਸ ਸੋਸਾਇਟੀ, ਯੰਗਮੈਨਜ਼ ਸੋਸਾਇਟੀ, ਐਥਨੀਅਮ ਭਾਈਚਾਰਕ ਗਰੁੱਪ, ਸੰਗੀਤ, ਦਾਨੀ ਅਤੇ ਧਾਰਮਿਕ ਸੋਸਾਇਟੀਆਂ, ਰੀਡਿੰਗ ਕਲੱਬ ਅਤੇ ਵਿਗਿਆਨਕ ਸੰਸਥਾਵਾਂ ਸਥਾਪਿਤ ਹਨ ਜਿਨ੍ਹਾਂ ਨੇ ਇਥੋਂ ਦੇ ਨਾਗਰਿਕਾਂ ਦੇ ਬੌਧਿਕ ਜੀਵਨ ਵਿਚ ਬਹੁਤ ਯੋਗਦਾਨ ਪਾਇਆ ਹੈ। ਇਨ੍ਹਾਂ ਸ਼ਹਿਰਾਂ ਵਿਚੋਂ 'ਦੀ ਡਿਟਰਾਇਟ ਡਰੀਪ੍ਰੈਸ' ਅਤੇ 'ਦੀ ਡਿਟਰਾਇਟ ਨਿਊਜ਼ ਨਾਂ' ਦੇ ਦੋ ਦੈਨਿਕ ਪ੍ਰਕਾਸ਼ਿਤ ਹੁੰਦੇ ਹਨ।

ਇਥੋਂ ਦੀਆਂ ਸਭਿਆਚਾਰਕ ਸੰਸਥਾਵਾਂ ਵਿਚੋਂ ਕਰੇਨ ਬਰੁੱਕ ਅਕੈਡਮੀ ਆਫ਼ ਆਰਟ ਸਭ ਤੋਂ ਪ੍ਰਸਿੱਧ ਹੈ ਜਿਹੜੀ ਕਿ ਕ੍ਰੇਨ ਬਰੁੱਕ ਐਸਟੇਟ ਵਿਚ ਸਥਿਤ ਹੈ। ਇਥੇ ਹੀ ਐਸਟੇਟ ਵਿਚ ਕ੍ਰੇਨ ਬਰੁੱਕ ਇੰਸਟੀਚਿਊਟ ਆਫ਼ ਸਾਇੰਸ (1930) ਹੈ।

ਵੇਨ ਸਟੇਟ ਯੂਨੀਵਰਸਿਟੀ ਦੇ ਨਾਲ ਹੀ ਡਿਟਰਾਇਟ ਕਲਚਰਲ ਸੈਂਟਰ ਆ ਲਗਦਾ ਹੈ। ਇਸ ਸੈਂਟਰ ਵਿਚ ਹੀ ਇਥੋਂ ਦੇ ਮੁੱਖ ਲਾਇਬ੍ਰੇਰੀ, ਡਿਟਰਾਇਟ ਇੰਸਟੀਚਿਊਟ ਆਫ਼ ਆਰਟ, ਡਿਟਰਾਇਟ ਹਿਸਟਾਰੀਕਲ ਮਿਊਜ਼ੀਅਮ, ਹੋਰੇਸ ਐਚ. ਰੈਕਮ ਐਜੂਕੇਸ਼ਨਲ ਮੈਮੋਰੀਅਲ ਅਤੇ ਡਿਟਰਾਇਟ ਪਬਲਿਕ ਸਕੂਲ ਚਿਲਡ੍ਰਨ ਮੈਮੋਰੀਅਲ ਹੈ।

ਇਹ ਗਿਰਜਾ ਘਰਾਂ ਦਾ ਵੀ ਸ਼ਹਿਰ ਹੈ। ਇਥੇ ਵੱਖ ਵੱਖ ਫਿਰਕਿਆਂ ਦੇ ਕੋਈ 1,000 ਤੋਂ ਵਧ ਗਿਰਜਾ–ਘਰ ਹਨ।

ਸ਼ਹਿਰ ਵਿਚ ਬਹੁਤ ਸਾਰੇ ਪਾਰਕ ਅਤੇ ਖੇਡਾਂ ਦੇ ਮੈਦਾਨ ਹਨ। ਖੇਡਾਂ ਦੇ ਮੈਦਾਨਾਂ ਨੇ ਤਾਂ 2,400 ਹੈਕ. (6,000 ਏਕੜ) ਰਕਬਾ ਮੱਲਿਆ ਹੋਇਆ ਹੈ। ਸ਼ਹਿਰ ਦੇ ਉੱਤਰ–ਪੱਛਮ ਵਿਚ 56 ਕਿ. ਮੀ. ਦੀ ਦੂਰੀ ਤੇ ਕੈਨਸਿੰਗਟਨ ਮੈਟਰੋਪਾਲਿਟਨ ਪਾਰਕ ਅਤੇ ਉੱਤਰ ਵਲ ਨੂੰ 48 ਕਿ. ਮੀ. ਦੀ ਦੂਰੀ ਤੇ ਸਟੋਨੀ ਕ੍ਰੀਕ ਮੈਟਰੋਪਾਲਿਟਨ ਪਾਰਕ ਹੈ। ਇਸ ਤੋਂ ਇਲਾਵਾ ਇਥੇ 6 ਹੋਰ ਵੀ ਪਾਰਕ ਹਨ। ਇਥੋਂ ਦੀ ਸੇਂਟ ਕਲੇਅਰ ਝੀਲ ਉੱਤੇ ਬਣੀ ਮੈਟਰੋਪਾਲਿਟਨ ਬੀਚ, ਸੰਸਾਰ ਭਰ ਦੀਆਂ ਤਾਜ਼ੇ ਪਾਣੀ ਦੀਆਂ ਸਭ ਤੋਂ ਵੱਡੀਆਂ ਸਰਕਾਰੀ ਬੀਚਾਂ ਵਿਚੋਂ ਇਕ ਹੈ।

ਦੱਖਣੀ ਓਕਲੈਂਡ ਕਾਉਂਟੀ ਵਿਚ ਡਿਟਰਾਇਟ ਜ਼ੂਆਲੋਜੀਕਲ ਪਾਰਕ ਹੈ। ਹੋਲਡਨ ਮਿਊਜ਼ੀਅਮ ਆਫ ਲਿਵਿੰਗ ਰੈਪਟਾਈਲਜ਼ ਅਤੇ ਪੈਂਗੁਇਨ ਹਾਊਸ ਤਾਂ ਵਿਸ਼ੇਸ਼ ਕਰਕੇ ਦਿਲ ਖਿਚਵੀਆਂ ਥਾਵਾਂ ਹਨ।

ਆਬਾਦੀ – 10,27,974 (1990)

42° 20′ ਉ. ਵਿਥ. ; 83° 4′ ਪੱ. ਲੰਬ.

ਹ. ਪੁ. —ਐਨ. ਬ੍ਰਿ. ਮੈ. 5 : 620; ਐਨ. ਅਮੈ. 9 : 24 ; ਕੋਲ. ਐਨ. 6 : 229

**ਡਿਟੈੱਕਟਰ** : ਇਹ ਇਕ ਅਰੇਖੀ ਯੰਤਰ ਹੈ ਜਿਸ ਦੀ ਵਰਤੋਂ ਲੋੜੀਂਦੇ ਸੰਕੇਤ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਸ ਨੂੰ ਡੀਮਾਡੂਲੇਟਰ ਵੀ ਕਿਹਾ ਜਾਂਦਾ ਹੈ। ਰੇਡੀਓ ਸੰਚਾਰਾਂ ਵਿਚ ਭੇਜਣ ਵਾਲੇ ਸੰਕੇਤ ਜਾਂ ਸਿਗਨਲ ਨੂੰ ਪਹਿਲਾਂ ਇਕ ਆਵਰਤੀ ਤਰੰਗ, ਜਿਸ ਨੂੰ ਵਾਹਕ ਕਿਹਾ ਜਾਂਦਾ ਹੈ, ਉੱਤੇ ਅੰਕਿਤ ਜਾਂ ਮਾਡੂਲਿਤ ਕੀਤਾ

ਜਾਂਦਾ ਹੈ। ਮਾਡੂਲਿਤ ਸੰਕੇਤ ਪ੍ਰਾਪਤ ਕਰਨ ਮਗਰੋਂ ਮਾਡੂਲਿਤ ਤਰੰਗ ਉੱਤੋਂ ਮੂਲ ਸੰਕੇਤ ਨੂੰ ਡੀਮਾਡੂਲੇਸ਼ਨ ਜਾਂ ਡਿਟੈੱਕਸ਼ਨ ਵਿਧੀ ਰਾਹੀਂ ਹਟਾਉਣਾ ਜ਼ਰੂਰੀ ਹੈ ਕਿਉਂਕਿ ਸੰਚਾਰ ਨੂੰ ਵਰਧਨ-ਆਵ੍ਰਿੱਤੀ ਜਾਂ ਫੇਜ਼-ਮਾਡੂਲੇਸ਼ਨ ਦੁਆਰਾ ਨੇਪਰੇ ਚਾੜ੍ਹਿਆ ਜਾ ਸਕਦਾ ਹੈ, ਇਸ ਨੂੰ ਨੇਪੜੇ ਚਾੜ੍ਹਣ ਵਾਲੀ ਡਿਟੈਕੱਸ਼ਨ ਵਿਧੀ ਅਤੇ ਪ੍ਰਯੋਗਿਕ ਸਰਕਟ ਹਰ ਹਾਲਤ ਵਿਚ ਭਿੰਨ ਹੋਣਗੇ। ਵਰਧਨ-ਮਾਡੂਲਿਤ ਆਵਰਤੀ ਤਰੰਗਾਂ ਦੀ ਡਿਟੈੱਕਸ਼ਨ ਇਕਦਿਸ਼ਾਕਰਨ ਵਿਧੀ ਨਾਲ ਕੀਤੀ ਜਾਂਦੀ ਹੈ। ਆਵ੍ਰਿੱਤੀ ਅਤੇ ਫੇਜ਼ ਮਾਡੂਲਿਤ ਸਿਗਨਲਾਂ ਦੀ ਡਿਟੈੱਕਸ਼ਨ ਲਈ ਪਹਿਲਾਂ ਮਾਡੂਲਿਤ ਤਰੰਗ ਨੂੰ ਇਕ ਸਰਕਟ ਵਿਚੋਂ ਲੰਘਾਇਆ ਜਾਂਦਾ ਹੈ ਜਿਹੜਾ ਕਿ ਤਰੰਗ ਨੂੰ ਵਰਧਨ-ਮਾਡੂਲਿਤ ਤਰੰਗ ਵਿਚ ਬਦਲ ਦਿੰਦਾ ਹੈ ਅਤੇ ਇਸ ਤੋਂ ਵਰਧਨ-ਮਾਡੂਲੇਸ਼ਨ ਡਿਟੈੱਕਟਰ ਦੁਆਰਾ ਲੋੜੀਦਾ ਸਿਗਨਲ ਪ੍ਰਾਪਤ ਕੀਤਾ ਜਾਂਦਾ ਹੈ।

ਡਿਟੈੱਕਟਰਾਂ ਦੀ ਵਧੇਰੇ ਵਰਤੋਂ ਰੇਡੀਓ ਅਤੇ ਟੈਲੀਵੀਜ਼ਨ ਵਰਗੇ ਰੇਡੀਓ ਸਿਗਨਲ ਪ੍ਰਾਪਤ ਕਰਨ ਵਾਲੇ ਸਰਕਟਾਂ ਵਿਚ ਕੀਤੀ ਜਾਂਦੀ ਹੈ। ਵਧੇਰੇ ਸਰਲ ਡਿਟੈੱਕਟਰ ਤਾਪ-ਆਇਨੀ ਡਾਈਓਡ, ਕ੍ਰਿਸਟਲ ਰੈਕੱਟੀਫਾਇਰ ਅਤੇ ਤਾਂਬਾ ਤੇ ਸੀਲੀਨੀਅਮ ਆੱਕਸਾਈਡ ਰੈੱਕਟੀਫ਼ਾਇਰ ਹਨ। ਇਲੈੱਕਟ੍ਰਾੱਨੀ ਡਾਇਓਡਾਂ ਦੀ ਅੰਦਰੂਨੀ ਧਾਰਨ ਸਮੱਰਥਾ ਸਾਪੇਖੀ ਤੌਰ ਤੇ ਘੱਟ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਸੂਖਮ-ਤਰੰਗ ਖੇਤਰ ਤੱਕ ਸਾਰੀਆਂ ਆਵ੍ਰਿੱਤੀਆਂ ਲਈ ਕੀਤੀ ਜਾਂਦੀ ਹੈ। ਕ੍ਰਿਸਟਲ ਰੈਕੱਟੀਫ਼ਾਇਰਾਂ ਦੀ ਧਾਰਨ ਸਮਰੱਥਾ ਘੱਟ ਅਤੇ ਛੋਟਾ ਆਕਾਰ ਹੋਣ ਕਰਕੇ ਇਨ੍ਹਾਂ ਨੂੰ ਸਾਰੀਆਂ ਰੇਡੀਓ ਅਤੇ ਸੂਖ਼ਮ-ਤਰੰਗ ਆਵ੍ਰਿੱਤੀਆਂ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਦਾ ਹੋਰ ਲਾਭ ਇਹ ਹੈ ਕਿ ਇਨ੍ਹਾਂ ਵਿਚ ਕੈਥੋਡ ਨੂੰ ਗਰਮ ਕਰਨ ਦੀ ਸ਼ਕਤੀ ਦੀ ਲੋੜ ਨਹੀਂ ਪੈਂਦੀ ਅਤੇ ਆਕਾਰ ਛੋਟਾ ਹੋਣ ਕਰਕੇ ਸਸਤੇ ਹਨ। ਤਾਂਬਾ ਅਤੇ ਹੋਰ ਆੱਕਸਾਈਡ ਰੈਕੱਟੀਫ਼ਾਇਰ ਨਿਮਨ ਰੇਡੀਓ ਆਵ੍ਰਿੱਤੀਆਂ ਲਈ ਲਾਹੇਵੰਦ ਹਨ। ਟ੍ਰਾਈਓਡ, ਟੈੱਟ੍ਰੋਡ ਅਤੇ ਵਧੇਰੇ ਜਟਿਲ ਇਲੈੱਕਟ੍ਰਾੱਨੀ ਯੰਤਰਾਂ ਦੇ ਅਰੇਖੀ ਲੱਛਣ ਵਿਸ਼ੇਸ਼ ਵਰਤੋਂ ਲਈ ਲਾਹੇਵੰਦ ਹਨ। ਟ੍ਰਾਈਓਡ ਅਤੇ ਦੂਸਰੀਆਂ ਮਲਟੀਐਲੀਮੈਂਟ ਨਿਰਵਾਯੂ ਨਲੀਆਂ ਦੀ ਵਰਤੋਂ ਇਕੋ ਸਮੇਂ ਡਿਟੈਕੱਟਰ ਅਤੇ ਵਰਧਕ ਦੇ ਤੌਰ ਤੇ ਕੀਤੀ ਜਾ ਸਕਦੀ ਹੈ।

ਹ. ਪੁ.—ਮੈਕ. ਐਨ. ਸ. ਟ. 4 : 80

**ਡਿਡਵਾਨਾ** : ਇਹ ਭਾਰਤ ਦੇ ਰਾਜਸਥਾਨ ਰਾਜ ਦੇ ਨਗੌਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਜੋਧਪੁਰ ਸ਼ਹਿਰ ਤੋਂ ਲਗਭਗ 200 ਕਿ. ਮੀ. ਉੱਤਰ-ਪੂਰਬ ਵਿਚ ਵਾਕਿਆ ਹੈ। ਸ਼ਹਿਰ ਦਾ ਪ੍ਰਾਚੀਨ ਨਾਉਂ ਦਰੂਦਵਾਨਕ ਸੀ। ਇਸ ਉਪਰ ਪਹਿਲਾਂ ਸਾਂਭਰ ਦੇ ਚੌਹਾਨ ਰਾਜਿਆਂ ਦਾ ਕਬਜ਼ਾ ਸੀ। ਕੁਝ ਚਿਰ ਇਸ ਉਪਰ ਮੁਗ਼ਲ ਬਾਦਸ਼ਾਹਾਂ ਦਾ ਅਧਿਕਾਰ ਰਿਹਾ ਅਤੇ ਮਗਰੋਂ ਅਠਾਰ੍ਹਵੀਂ ਸਦੀ ਵਿਚ ਜੋਧਪੁਰ ਦੇ ਮਹਾਰਾਜਾ ਬਖ਼ਤ ਸਿੰਘ ਦੇ ਅਧੀਨ ਹੋ ਗਿਆ।

ਸ਼ਹਿਰ ਦੇ ਚਾਰੇ ਪਾਸੇ ਪੱਥਰਾਂ ਦੀ ਇਕ ਮਜ਼ਬੂਤ ਕੰਧ ਬਣੀ ਹੋਈ ਹੈ। ਸ਼ਹਿਰ ਵਿਚ ਪੁਰਾਤੱਤਵੀ ਮਹੱਤਵ ਦੀਆਂ ਖ਼ੂਬਸੂਰਤ ਇਮਾਰਤਾਂ ਹਨ। ਇਥੋਂ ਦੀ ਇਕ ਮਸਜਿਦ ਬਾਦਸ਼ਾਹ ਅਕਬਰ ਵੇਲੇ ਦੀ ਬਣੀ ਮੰਨੀ ਜਾਂਦੀ ਹੈ। ਇਸ ਤੋਂ ਬਿਨਾਂ ਕਈ ਮੰਦਰ ਆਦਿ ਵੀ ਬਣੇ ਹੋਏ ਹਨ।

ਇਸ ਦੇ ਦੱਖਣ-ਪੂਰਬ ਵਿਚ ਲਗਭਗ 4 ਕਿਲੋਮੀਟਰ ਦੀ ਦੂਰੀ ਤੇ ਦੌਲਤਾਪੁਰ ਪਿੰਡ ਵਿਚ ਇਕ ਤਾਂਬੇ ਦੀ ਤਸ਼ਤਰੀ ਮਿਲੀ ਹੈ ਜਿਸ ਉਪਰ ਮਹੱਤਵਪੂਰਨ ਇਤਿਹਾਸਕ ਰਿਕਾਰਡ ਦਰਜ ਹੈ। ਡਿਡਵਾਨੇ ਦੇ ਦੱਖਣ-ਪੂਰਬ ਵੱਲ ਇਕ ਖਾਰੀ ਝੀਲ ਹੁੰਦੀ ਸੀ।

ਆਬਾਦੀ – 32,889 (1991)

27° 24′ ਉ. ਵਿਥ.; 74° 35′ ਪੂ. ਲੰਬ.

ਹ. ਪੁ.– ਇੰਪ. ਗ. ਇੰਡ. 11 : 343

**ਡਿਡੀਅਸ ਜੂਲੀਏਨਸ, ਮਾਰਕਸ** : ਇਹ ਰੋਮ ਦਾ ਇਕ ਪ੍ਰਸਿੱਧ ਬਾਦਸ਼ਾਹ ਸੀ ਜਿਸ ਦਾ ਜਨਮ 135 ਈ. ਦੇ ਲਗਭਗ ਮਿਲਾਨ ਵਿਖੇ ਹੋਇਆ। ਬਾਦਸ਼ਾਹ ਬਣਨ ਤੋਂ ਪਹਿਲਾਂ ਇਹ ਰੋਮਨ ਰਾਜ ਵਿਚ ਕਾਫ਼ੀ ਉੱਚੇ ਅਹੁਦਿਆਂ ਤੇ ਰਿਹਾ। ਇਹ ਸ਼ਾਹੀ ਘਰਾਣੇ ਵਿਚੋਂ ਨਹੀਂ ਸ ਸਗੋਂ ਰੋਮ ਦਾ ਇਕ ਸਿਰਕੱਢ ਸੈਨੇਟਰ ਸੀ ਜਿਸਨੇ ਬਾਅਦ ਵਿਚ ਬਾਦਸ਼ਾਹਤ ਹਾਸਲ ਕੀਤੀ। ਸੰਨ 167 ਵਿਚ ਇਸਨੇ ਮਾਈਨਜ਼ ਵਿ ਇਕ ਵੱਡੀ ਲੀਜਨ ਦੀ ਕਮਾਂਡ ਸੰਭਾਲੀ ਅਤੇ ਉੱਤਰ-ਪੂਰਬੀ ਗਾੱਲ ਡਾਲਮੇਸ਼ੀਆ, ਲੋਅਰ ਜ਼ਾਈਨ, ਬਥੀਨੀਆ ਅਤੇ ਅਫ਼ਰੀਕਾ ਵਿਚ



ਮਾਰਕਸ ਡਿਡੀਅਸ ਜੂਲੀਏਨਸ

ਪ੍ਰਬੰਧਕੀ ਕਾਰਜ ਵੀ ਸੰਭਾਲੇ।

ਕਮੋਡਸ ਦੇ ਰਾਜ ਦੌਰਾਨ ਹੋਈਆਂ ਰਾਜਨੀਤਕ ਗੜਬੜਾਂ ਵਿ ਇਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਪਹਿਲੀ ਜਨਵਰੀ, 19 ਦੀ ਸ਼ਾਮ ਨੂੰ ਕਮੋਡਸ ਦਾ ਕਤਲ ਕਰ ਦਿੱਤਾ ਗਿਆ ਅਤੇ ਉਸ ਵਾਰਸ ਪਰਟੀਨੈਕਸ ਨੂੰ ਵੀ ਮਾਰਚ ਵਿਚ ਸ਼ਾਹੀ ਸੁਰੱਖਿਆ ਸੈਨਿਕਾਂ ਮਿਲਾਨ ਦੇ ਸੈਨੇਟਰਾਂ ਦੀ ਸ਼ਹਿ ਤੇ ਮੌਤ ਦੇ ਘਾਟ ਉਤਾਰ ਦਿੱਤਾ। ਸ਼ਾਹ ਗੱਦੀ ਦੀ ਨੀਲਾਮੀ ਹੋਈ ਜਿਸ ਵਿਚ ਡਿਡੀਅਸ ਨੇ ਕਾਫ਼ੀ ਧਨ ਦੇ ਪਿਛਲੇ ਬਾਦਸ਼ਾਹ ਦੇ ਸਹੁਰੇ ਨੂੰ ਹਰਾ ਕੇ ਤਖ਼ਤ ਹਾਸਲ ਕਰ ਲਿਆ ਇਸਨੇ ਸੈਨਿਕ ਗਾਰਡਾਂ ਨੂੰ ਵੀ ਰੁਪਿਆ ਪੈਸਾ ਦੇ ਕੇ ਆਪਣੇ ਵੱਲ ਕ ਲਿਆ। ਇੰਜ 28 ਮਾਰਚ, 193 ਨੂੰ ਡਿਡੀਅਸ ਬਾਦਸ਼ਾਹ ਬ ਗਿਆ ਪਰ ਇਸਨੂੰ ਆਪਣੇ ਵਿਰੋਧੀਆਂ ਤੋਂ ਜਾਨ ਦਾ ਕਾਫ਼ੀ ਖ਼ਤਰ ਹੋਣ ਕਾਰਨ ਕਾਫ਼ੀ ਅੰਗ-ਰੱਖਿਅਕ ਆਪਣੇ ਨਾਲ ਰੱਖਣੇ ਪੈਂਦੇ ਸਨ ਇਸਦਾ ਵਿਰੋਧੀ ਸੈਪਟਾਈਮਸ ਸੀਵੀਰਸ ਇਸਦੇ ਸਮਰਥਕਾਂ ਨੂੰ ਇਸ ਵਿਰੁੱਧ ਕਰਨ ਵਿਚ ਕਾਮਯਾਬ ਹੋ ਗਿਆ। ਉਨ੍ਹਾਂ ਨੇ ਇਟਲੀ ਹਮਲਾ ਕੀਤਾ ਅਤੇ 1 ਜੂਨ, 193 ਵਿਚ ਡਿਡੀਅਸ ਨੂੰ ਕਤਲ ਕਰ ਸੈਪਟਾਈਮਸ ਨੂੰ ਬਾਦਸ਼ਾਹ ਬਣਾ ਦਿੱਤਾ।

ਹ. ਪੁ.—ਐਨ. ਬ੍ਰਿ. ਮਾ. 4 : 91;ਐਨ. ਅਮੈ. 9 : 81

**ਡਿਡੀਮਸ ਕਾਲਸੈਂਟਰਸ** : ਇਹ ਇਕ ਯੂਨਾਨੀ ਵਿਦਵਾ ਅਤੇ ਵਿਆਕਰਣ ਸ਼ਾਸਤਰੀ ਸੀ ਜੋ ਲਗਭਗ 80 ਈ. ਪੂ. ਤੋਂ10 ਈ ਪੂ. ਦੇ ਲਗਭਗ ਸਕੰਦਰੀਆ ਵਿਚ ਹੋਇਆ। ਇਹ ਪ੍ਰਾਚੀਨ ਅ ਆਧੁਨਿਕ ਸਨਾਤਨੀ ਵਿਦਵਾਨਾਂ ਵਿਚਕਾਰ ਇਕ ਮੁੱਖ ਕੜੀ ਸ

ਇਹ ਹੱਦ ਦਰਜੇ ਦਾ ਮਿਹਨਤੀ ਸੀ ਜਿਸ ਕਰਕੇ ਇਸ ਦਾ ਨਾਂ 'ਕਾਲਸੈਂਟਰਸ' ਪੈ ਗਿਆ। ਇਸ ਨੇ 3500 ਪੁਸਤਕਾਂ ਲਿਖੀਆਂ। ਇਸ ਦੀ ਕਾਰਗੁਜ਼ਾਰੀ ਵਿਚ ਹੋਮਰ ਅਤੇ ਕਈ ਯੂਨਾਨੀ ਲੇਖਕਾਂ ਦੀਆਂ ਪੁਸਤਕਾਂ ਬਾਰੇ ਟੀਕੇ ਸ਼ਾਮਲ ਹਨ। ਇਸ ਤੋਂ ਇਲਾਵਾ ਇਸ ਦੀਆਂ ਪੁਸਤਕਾਂ ਵਿਚ ਕੋਸ਼ਕਾਰੀ ਅਤੇ ਵਿਆਕਰਣ ਆਦਿ ਬਾਰੇ ਵੀ ਕ੍ਰਿਤਾਂ ਸ਼ਾਮਲ ਹਨ।

ਹ. ਪੁ.—ਐਨ. ਬ੍ਰਿ. ਮਾ. 3 : 535; ਐਨ. ਅਮੈ. 9 : 94 ; ਐਵ. ਐਨ. 4 : 390

**ਡਿਡੀਮਸ ਦਾ ਬਲਾਈਂਡ** : ਇਹ ਮਿਸਰ ਵਿਚ ਈਸਟਰਨ ਚਰਚ ਦਾ ਇਕ ਪ੍ਰਸਿੱਧ ਧਰਮ-ਸ਼ਾਸਤਰੀ ਸੀ। ਇਸ ਦਾ ਜਨਮ ਲਗਭਗ 313 ਈ. ਵਿਚ ਸਕੰਦਰੀਆ ਵਿਖੇ ਹੋਇਆ। ਪੰਜਵੀਂ ਸਦੀ ਵਿਚ ਹੋਏ ਪਾਲਾਡੀਅਸ ਵਿਦਵਾਨ ਅਨੁਸਾਰ ਭਾਵੇਂ ਡਿਡੀਮਸ ਬਚਪਨ (ਚਾਰ ਸਾਲ ਦੀ ਉਮਰ) ਤੋਂ ਹੀ ਅੰਨ੍ਹਾ ਸੀ ਅਤੇ ਸਾਰੀ ਉਮਰ ਅਨਪੜ੍ਹ ਰਿਹਾ ਪਰ ਤਾਂ ਵੀ ਆਪਣੇ ਸਮੇਂ ਦੇ ਸਭ ਤੋਂ ਵੱਡੇ ਵਿਦਵਾਨ ਸਾਧੂਆਂ ਵਿਚ ਗਿਣਿਆ ਜਾਂਦਾ ਸੀ। ਸਕੰਦਰੀਆ ਦਾ ਬਿਸ਼ਪ ਐਥਨੇਸੀਅਸ ਮਹਾਨ ਅਤੇ ਸੇਂਟ ਜੀਰੋਮ ਇਸ ਦੀ ਬਹੁਤ ਕਦਰ ਕਰਦੇ ਸਨ ਪਰ 553 ਈ. ਵਿਚ ਕੁਸਤੁਨਤੁਨੀਆ ਵਿਖੇ ਹੋਈ ਦੂਜੀ ਕੌਂਸਲ ਸਮੇਂ ਹੋਰਾਂ ਸਹਿਤ ਸੇਂਟ ਜੀਰੋਮ ਨੇ ਵੀ ਡਿਡੀਮਸ ਵੱਲੋਂ ਓਰੀਜੈਨਿਸਟ ਸਿਧਾਂਤ ਫੈਲਾਉਣ ਕਰਕੇ ਇਸ ਦੀਆਂ ਕਈ ਕ੍ਰਿਤਾਂ ਉੱਤੇ ਨੁਕਤਾਚੀਨੀ ਕੀਤੀ। ਇਸ ਦੇ ਸਿੱਟੇ ਵਜੋਂ ਮੱਧ ਕਾਲ ਦੌਰਾਨ ਡਿਡੀਮਸ ਦੀਆਂ ਵਧੇਰੀਆਂ ਪੁਸਤਕਾਂ ਦੀਆਂ ਹੋਰ ਅੱਗੇ ਨਕਲਾਂ ਨਹੀਂ ਉਤਾਰੀਆਂ ਗਈਆਂ ਸਨ। ਡਿਡੀਮਸ ਵੱਲੋਂ ਕੀਤੇ ਗਏ ਬਾਈਬਲ ਦੇ ਟੀਕੇ ਕੁਝ ਅੰਸ਼ਾਂ ਦੇ ਰੂਪ ਵਿਚ ਹੀ ਉਪਲੱਬਧ ਹਨ। ਇਸ ਦੀ ਮੌਤ 398 ਈ. ਦੇ ਲਗਭਗ ਸਕੰਦਰੀਆ ਵਿਚ ਹੀ ਹੋਈ।

ਹ. ਪੁ.—ਐਨ. ਬ੍ਰਿ. ਮਾ. 3 :535 ; ਐਨ. ਅਮੈ. 9 : 94

**ਡਿੱਥੀਰੈਂਬ** : ਯੂਨਾਨ ਵਿਖੇ ਸ਼ਰਾਬ ਦੇ ਦੇਵਤੇ ਡਾਈਓਨਿਸਸ ਦੇ ਸਨਮਾਨ ਵਿਚ ਜੋੜੇ ਗਏ ਗੀਤ ਦਾ ਨਾਂ ਹੈ । ਇਸ ਦਾ ਆਰੰਭ ਸੱਤਵੀਂ ਸਦੀ ਈ. ਪੂ. ਹੋਇਆ। ਅਜਿਹੇ ਗੀਤ ਨੂੰ ਗਾਉਣ ਲਈ ਇਕ ਬੰਦਾ ਅੱਗੇ ਅੱਗੇ ਬੋਲਦਾ ਹੈ ਅਤੇ ਬਾਕੀ ਬੰਦੇ ਉੱਚੀ ਆਵਾਜ਼ ਵਿਚ ਉਸ ਦੇ ਮਗਰ ਗਾਉਂਦੇ ਹਨ। ਇਸ ਦੇ ਟਾਕਰੇ ਤੇ ਅਪੋਲੋ ਦੇਵਤੇ ਦੇ ਸਨਮਾਨ ਵਿਚ ਗਾਇਆ ਜਾਣ ਵਾਲਾ ਗੀਤ ਬੜੀ ਧੀਮੀ ਸੁਰ ਵਾਲਾ ਹੁੰਦਾ ਹੈ। 600 ਈ. ਪੂ. ਦੇ ਲਗਭਗ ਡਿੱਥੀਰੈਂਬ ਨੂੰ ਸਾਹਿਤਕ ਮਹੱਤਤਾ ਮਿਲਣ ਲਗੀ ਜਦੋਂ ਏਰੀਆੱਨ ਕਵੀ ਨੇ ਇਸ ਕਿਸਮ ਦੇ ਗੀਤਾਂ ਨੂੰ ਸੰਗੀਤਬੱਧ ਕੀਤਾ। ਜਦੋਂ ਡਿੱਥੀਰੈਂਬ ਦਾ ਸੁਨਹਿਰੀ ਯੁਗ ਸੀ ਲਗਭਗ ਉਸੇ ਸਮੇਂ ਯੂਨਾਨ ਦੀ ਸਰੋਦੀ ਕਵਿਤਾ ਆਪਣੀ ਚੜ੍ਹਦੀ ਕਲਾ ਵਿਚ ਸੀ। ਉਸ ਸਮੇਂ ਸਾਈਮੋਨਿਡੀਜ਼, ਪਿੰਡਾਰ ਅਤੇ ਬੈਕੀਲਾਈਡੀਜ਼ ਇਸ ਦੇ ਪ੍ਰਸਿੱਧ ਸੰਗੀਤ ਰਚਨਹਾਰੇ ਸਨ।

ਹੌਲੀ ਹੌਲੀ ਨਾਟਕਾਂ ਵਾਂਗ ਡਿੱਥੀਰੈਂਬ ਦੇ ਵੀ ਮੁਕਾਬਲੇ ਹੋਣ ਲੱਗ ਪਏ। ਚੌਥੀ ਸਦੀ ਈ. ਪੂ. ਤੋਂ ਦੂਜੀ ਸਦੀ ਈਸਵੀ ਤੱਕ ਗੀਤ ਦੇ ਬੋਲਾਂ ਨਾਲੋਂ ਸੰਗੀਤ ਉਤੇ ਵਧੇਰੇ ਜ਼ੋਰ ਦਿੱਤਾ ਜਾਣ ਲੱਗ ਪਿਆ। ਉਸ ਤੋਂ ਮਗਰੋਂ ਇਨ੍ਹਾਂ ਦਾ ਰਿਵਾਜ ਖ਼ਤਮ ਹੋ ਗਿਆ। ਅਜੋਕੀ ਕਵਿਤਾ ਵਿਚ ਅਸਲ ਡਿੱਥੀਰੈਂਬ ਦਾ ਲਗਭਗ ਅਭਾਵ ਹੈ। ਇਨ੍ਹਾਂ ਸਮੂਹ-ਗਾਣਾਂ ਦਾ ਸ੍ਰੋਤ ਅਸਪੱਸ਼ਟ ਹੈ। ਅਰਸਤੂ ਅਨੁਸਾਰ ਇਨ੍ਹਾਂ ਦਾ ਸਬੰਧ ਕੁਝ ਹੱਦ ਤੀਕ ਯੂਨਾਨੀ ਦੁਖਾਂਤ ਨਾਟਕਾਂ ਦੇ ਸਹਿਗਾਨਾਂ ਨਾਲ ਸੀ।

ਹ. ਪੁ.—ਐਨ. ਬ੍ਰਿ. ਮਾ. 3 :580 ; ਐਨ. ਅਮੈ. 9 : 196

**ਡਿਪ ਸਰਕਲ** : ਇਸ ਨੂੰ ਝੁਕਾਉ ਮਾਪਕ ਵੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਚੁੰਬਕੀ ਝੁਕਾਉ ਜਾਂ ਡਿਪ ਨੂੰ ਮਿਣਨ ਲਈ ਕੀਤੀ ਜਾਂਦੀ ਹੈ। ਚੁੰਬਕਤਾ ਵਿਚ ਧਰਤੀ ਦੇ ਚੁੰਬਕੀ ਖੇਤਰ ਅਤੇ ਖਿਤਿਜੀ ਦਿਸ਼ਾ ਦੁਆਰਾ ਬਣਾਏ ਕੋਣ ਨੂੰ ਡਿਪ ਕੋਣ ਕਿਹਾ ਜਾਂਦਾ ਹੈ। ਇਸ ਕੋਣ ਨੂੰ ਕਈ ਵਾਰੀ ਕੇਵਲ ਡਿਪ ਜਾਂ ਝੁਕਾਉ ਵੀ ਕਿਹਾ ਜਾਂਦਾ ਹੈ। ਖਗੋਲ-ਵਿਗਿਆਨ ਅਤੇ ਸਰਵੇਖਣ ਵਿਚ ਖਿਤਿਜ-ਝੁਕਾਉ ਪ੍ਰੇਖਕ ਦੇ ਐਲੀਵੇਸ਼ਨ (ਉਚਾਣ) ਕਾਰਨ ਖਗੋਲੀ ਖਿਤਿਜ ਅਤੇ ਦਿਸੱਦੇ ਖਿਤਿਜ ਵਿਚਕਾਰ ਕੋਣੀ ਫ਼ਾਸਲਾ ਹੈ। ਭੂ-ਵਿਗਿਆਨ ਵਿਚ ਇਹ ਉਹ ਕੋਣ ਹੈ ਜਿਹੜਾ ਕਿਸੇ ਪਰਤ ਦੀ ਅਧਿਕਤਮ ਢਲਾਨ ਦੀ ਰੇਖਾ ਖਿਤਿਜੀ ਨਾਲ ਬਣਾਉਂਦੀ ਹੈ।

ਡਿਪ ਸਰਕਲ ਵਿਚ ਇਕ ਧਾਤ ਦੇ ਦਰਜੇਦਾਰ ਚੱਕਰ ਦੇ ਵਿਚਕਾਰ ਇਕ ਚੁੰਬਕੀ ਸੂਈ ਚੂਲਿਤ ਹੁੰਦੀ ਹੈ। ਚੱਕਰ ਇਸ ਤਰ੍ਹਾਂ ਉੱਚਾ ਕੀਤਾ ਹੁੰਦਾ ਹੈ ਕਿ ਤਲ ਖੜ੍ਹੇ ਦਾਅ ਅਤੇ ਧੁਰਾ ਜਿਸ ਦੁਆਲੇ ਸੂਈ ਘੁੰਮਦੀ ਹੈ ਲੰਮੇ ਦਾਅ ਹੁੰਦਾ ਹੈ। ਜੇ ਅਜਿਹੇ ਯੰਤਰ ਨੂੰ ਇਸ ਤਰ੍ਹਾਂ ਰੱਖ ਦਿੱਤਾ ਜਾਵੇ ਕਿ ਚੱਕਰ ਦਾ ਤਲ ਚੁੰਬਕੀ ਮੈਰੀਡੀਅਨ ਵਿਚ ਹੋਵੇ ਤਾਂ ਸੂਈ ਧਰਤੀ ਦੇ ਚੁੰਬਕੀ ਖੇਤਰ ਦੀ ਦਿਸ਼ਾ ਵਲ ਜਾਵੇਗੀ।

ਹ. ਪੁ.—ਐਨ. ਬ੍ਰਿ. 7 : 470

**ਡਿਪਸੋਮੇਨੀਆ** : ਇਹ ਸ਼ਬਦ ਬਹੁਤ ਜ਼ਿਆਦਾ ਸ਼ਰਾਬ ਪੀਣ ਕਾਰਨ ਪੈਦਾ ਹੁੰਦੇ ਬੇਹੋਸ਼ੀ ਦੇ ਦੌਰਿਆਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਕਈ ਵਾਰ ਇਸ ਸ਼ਬਦ ਦੀ ਵਰਤੋਂ ਸ਼ਦੀਦ ਅਲਕੋਹਲਤਾ ਦੇ ਤੁੱਲ ਵੀ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. 7 : 482

**ਡਿਪਟਰਾ** : ਇਹ ਇਨਸੈੱਕਟਾ ਸ਼੍ਰੇਣੀ ਦਾ ਇਕ ਵਰਗ ਹੈ ਜਿਸਦੇ ਕੀੜਿਆਂ ਨੂੰ ਮੱਖੀਆਂ, ਨੈਟ ਜਾਂ ਮਿਜ ਆਦਿ ਵੀ ਕਿਹਾ ਜਾਂਦਾ ਹੈ। ਭਾਵੇਂ ਹੋਰ ਵੀ ਕਈ ਵਰਗਾਂ ਦੇ ਕੀੜਿਆਂ ਦੇ ਨਾਂਵਾਂ ਦੇ ਨਾਲ ਫਲਾਈ ਜਾਂ ਮੱਖੀ ਸ਼ਬਦ ਲਗ ਜਾਂਦਾ ਹੈ ਪਰ ਅਸਲੀ ਮੱਖੀਆਂ ਇਸੇ ਵਰਗ ਦੇ ਕੀਟ ਹਨ। ਇਨ੍ਹਾਂ ਮੱਖੀਆਂ ਦੇ ਸਿਰਫ਼ ਦੋ ਪਰ ਹੁੰਦੇ ਹਨ ਇਸੇ ਕਰਕੇ ਇਨ੍ਹਾਂ ਦਾ ਨਾਂ ਡਿਪਟਰਾ ਪਿਆ ਹੈ। ਇਨ੍ਹਾਂ ਕੀੜਿਆਂ ਦੇ ਲਾਰਵਿਆਂ ਨੂੰ ਮੈਗਟ ਅਤੇ ਇਨ੍ਹਾਂ ਦੇ ਪਰਜੀਵੀ, ਬਿਨਾਂ ਪਰਾਂ ਵਾਲੀਆਂ ਕਿਸਮਾਂ ਨੂੰ ਕੈਡ ਕਿਹਾ ਜਾਂਦਾ ਹੈ।

ਕੋਲੀਆੱਪਟਰਾ ਅਤੇ ਲੈਪਿਡਾੱਪਟਰਾ ਤੋਂ ਬਾਅਦ ਜਾਤੀਆਂ ਦੀ ਗਿਣਤੀ ਵਿਚ ਤੀਜਾ ਦਰਜਾ ਇਸ ਵਰਗ ਦਾ ਆਉਂਦਾ ਹੈ ਪਰ ਇਸ ਦੇ ਕੀੜੇ ਸਭ ਤੋਂ ਜ਼ਿਆਦਾ ਵਿਸਤ੍ਰਿਤ ਮਿਲਦੇ ਹਨ। ਇਨ੍ਹਾਂ ਦੀਆਂ ਸਾਰੇ ਸੰਸਾਰ ਵਿਚ ਕੋਈ 85,000 ਕਿਸਮਾਂ ਮਿਲਦੀਆਂ ਹਨ। ਸਿਰਫ਼ ਉੱਤਰੀ ਅਤੇ ਦੱਖਣੀ ਹਿਮ ਪ੍ਰਦੇਸ਼ਾਂ ਦੇ ਸਭ ਤੋਂ ਠੰਢੇ ਹਿੱਸਿਆਂ ਅਤੇ ਬਹੁਤ ਉੱਚੇ ਪਹਾੜਾਂ ਦੀਆਂ ਚੋਟੀਆਂ ਨੂੰ ਛੱਡਕੇ ਇਹ ਬਾਕੀ ਹਰੇਕ ਮਹਾਂਦੀਪ ਅਤੇ ਬਹੁਤੇ ਦੀਪ-ਸਮੂਹਾਂ ਤੇ ਮਿਲਦੇ ਹਨ।

**ਮਾੱਰਫ਼ਾੱਲੋਜੀ**—ਬਾਲਗ਼ ਮੱਖੀ 1 ਮਿ. ਮੀ. ਤੋਂ ਵੀ ਘੱਟ ਤੋਂ ਲੈ ਕੇ 2.5 ਮਿ. ਮੀ. ਤੋਂ ਵੱਧ ਤੱਕ ਲੰਬੀ ਹੁੰਦੀ ਹੈ। ਸਰੀਰ ਤਿੰਨ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ, ਸਿਰ ਛਾਤੀ ਅਤੇ ਪੇਟ। ਸਿਰ ਖੜ੍ਹੇ ਦਾਅ ਹੁੰਦਾ ਹੈ। ਇਸ ਦੇ ਪਿਛਲੇ ਪਾਸੇ ਤਿੰਨ ਆੱਸੈਲਾਈ ਅਤੇ ਹੇਠਲੇ ਪਾਸੇ ਮੂੰਹ-ਅੰਗ ਹੁੰਦੇ ਹਨ। ਸਿਰ ਉੱਤੇ ਦੋ ਵੱਡੀਆਂ ਸੰਯੁਕਤ ਅੱਖਾਂ ਹੁੰਦੀਆਂ ਹਨ ਜਿਹੜੀਆਂ ਜਾਂ ਤਾਂ ਸਿਰ ਉੱਤੇ ਆਪਸ ਵਿਚ ਜੁੜੀਆਂ ਹੁੰਦੀਆਂ ਹਨ ਜਾਂ ਸਿਰ ਉੱਤੇ ਕੈਪਸਿਊਲ ਰਾਹੀਂ ਵੱਖ ਵੱਖ ਹੋਈਆਂ ਹੁੰਦੀਆਂ ਹਨ।

**ਮੂੰਹ-ਅੰਗ**—ਇਹ ਚੂਸਣ ਜਾਂ ਵਿਨ੍ਹਣ ਕਿਸਮ ਦੇ ਹੁੰਦੇ ਹਨ ਪਰ ਇਨ੍ਹਾਂ ਦੀ ਬਣਤਰ ਵਿਚ ਬਹੁਤ ਜ਼ਿਆਦਾ ਵਖਰੇਵੇਂ ਮਿਲਦੇ ਹਨ।

ਮੱਛਰ ਅਤੇ ਕਈ ਹੋਰ ਨੈਮੈਟੋਸੈਰਾ ਕੀੜਿਆਂ ਉਪਰਲਾ ਲੇਬਰਮ, ਮੈਂਡੀਬਲ, ਹਾਈਪੋਫ਼ੈਰਿੰਕਸ ਅਤੇ ਮੈਕਸਿਲੀ ਬਹੁਤ ਲੰਬੇ ਹੁੰਦੇ ਹਨ

ਅਤੇ ਇਨ੍ਹਾਂ ਤੋਂ ਇਕ ਵਿਨ੍ਹਣ-ਟਿਊਬ ਬਣਦੀ ਹੈ ਜਿਹੜੀ ਲੇਬੀਅਮ ਜਾਂ ਲੈਬੈਲਮ ਵਿਚ ਲਿਪਟੀ ਹੁੰਦੀ ਹੈ। ਆੱਰਥੱਰੈਫ਼ਾ ਵਿਚ ਵੀ ਵਿੰਨ੍ਹਣ




ਸਟੇਬਲ ਫਲਾਈ (Stomoxys calcitrans) (ੳ) ਬਾਲਗ਼ ਮਾਦਾ (ਅ) ਲਹੂ ਨਾਲ ਭਰੀ ਮੱਖੀ

ਕਿਸਮ ਦੇ ਮੂੰਹ-ਅੰਗ ਹੁੰਦੇ ਹਨ ਪਰ ਬਹੁਤੇ ਸਾਈਕਲੱਰੈਫ਼ਾ ਵਿਚ ਚੂਸਣ ਕਿਸਮ ਦੇ ਮੂੰਹ ਅੰਗ ਹੁੰਦੇ ਹਨ ਅਤੇ ਇਨ੍ਹਾਂ ਦੇ ਮੈਂਡੀਬਲ ਬਹੁਤ ਛੋਟੇ ਹੁੰਦੇ ਹਨ ਜਾਂ ਹੁੰਦੇ ਹੀ ਨਹੀਂ ; ਜ਼ਿਆਦਾ ਕੰਮ ਮੈਕਸਿਲੀ ਅਤੇ ਲੈਬੀਅਮ ਦਾ ਹੁੰਦਾ ਹੈ। ਸਾਰੀਆਂ ਮੱਖੀਆਂ ਵਿਚ ਫੈਰਿੰਜੀਅਲ ਪੰਪ ਹੁੰਦਾ ਹੈ ਜਿਹੜਾ ਤਰਲ ਆਹਾਰ ਨੂੰ ਬਾਹਰ ਨਾਲੀ ਤੱਕ ਪਹੁੰਚਾਉਂਦਾ ਹੈ।

**ਟੋਹਣੀਆਂ**—ਹਰੇਕ ਟੋਹਣੀ ਦੋ ਆਧਾਰ ਖੰਡਾਂ ਦੀ ਬਣੀ ਹੁੰਦੀ ਹੈ ਜਿਸ ਉੱਤੇ ਇਕ ਜਾਂ ਜ਼ਿਆਦਾ ਖੰਡਾਂ ਦਾ ਫ਼ਲੈਜੈਲਮ ਹੁੰਦਾ ਹੈ। ਨੈਮੇਟੋਸੈਰਾ ਵਿਚ ਫ਼ਲੈਜੈਲਮ ਕਈ ਇਕੋ ਜਿਹੇ ਖੰਡਾਂ ਦਾ ਬਣਿਆ ਹੁੰਦਾ ਹੈ।

**ਛਾਤੀ ਜਾਂ ਥੌਰੈਕਸ**—ਛਾਤੀ ਤਿੰਨ ਹਿੱਸਿਆਂ ਵਿਚ ਵੰਡੀ ਹੁੰਦੀ ਹੈ ਪ੍ਰੋਥੋਰੈਕਸ ਮੀਜ਼ੋਥੋਰੈਕਸ ਅਤੇ ਮੈਟਾਥੋਰੈਕਸ। ਮੀਜ਼ੋਥੋਰੈਕਸ ਹਿੱਸਾ ਸਭ ਤੋਂ ਵੱਡਾ ਹੁੰਦਾ ਹੈ; ਇਸ ਦੇ ਨਾਲ ਇਕ ਜੋੜਾ ਪਰਾਂ ਦਾ ਲਗਿਆ ਹੁੰਦਾ ਹੈ ਅਤੇ ਇਨ੍ਹਾਂ ਪਰਾਂ ਲਈ ਪੇਸ਼ੀਆਂ ਹੁੰਦੀਆਂ ਹਨ। ਤਿੰਨ ਜੋੜੇ ਲੱਤਾਂ ਦੇ ਹੁੰਦੇ ਹਨ ਜਿਹੜੀਆਂ ਤਕਰੀਬਨ ਇਕੋ ਜਿਹੀਆਂ ਹੁੰਦੀਆਂ ਹਨ। ਕੁਝ ਜਾਤੀਆਂ ਵਿਚ ਪ੍ਰੋਥੋਰੈਸਿਕ ਲੱਤਾਂ ਪਕੜਨ ਲਈ ਪ੍ਰਵਰਤਿਤ ਹੋਈਆਂ ਹੁੰਦੀਆਂ ਹਨ। ਕਈ ਜਾਤੀਆਂ ਦੇ ਨਰ ਕੀੜਿਆਂ ਵਿਚ ਲੱਤਾਂ ਦਾ ਕੋਈ ਵੀ ਇਕ ਜੋੜਾ ਸੈਕੰਡਰੀ ਲਿੰਗ ਲੱਛਣਾਂ ਨਾਲ ਪ੍ਰਵਰਤਿਤ ਹੋਇਆ ਹੁੰਦਾ ਹੈ। ਲੱਤ ਦਾ ਕਾੱਕਸਾ ਲੰਬਾ ਹੁੰਦਾ ਹੈ, ਟਾਰਸੋਮੀਅਰ 2-5 ਹੁੰਦੇ ਹਨ ਅਤੇ ਤਕਰੀਬਨ ਸਾਰੀਆਂ ਜਾਤੀਆਂ ਵਿਚ ਨਹੁੰਦਰਾਂ ਹੁੰਦੀਆਂ ਹਨ ਅਤੇ ਕਈਆਂ ਵਿਚ ਇਨ੍ਹਾਂ ਨਹੁੰਦਰਾਂ ਦੇ ਹੇਠਾਂ ਝਿੱਲੀਮਈ ਪੈਡ, ਪਲਵਿਲੱਸ ਹੁੰਦੇ ਹਨ। ਕਈਆਂ ਵਿਚ ਦੋ ਪਲਵਿਲਾਈ ਦੇ ਵਿਚਕਾਰ ਇਕ ਐਂਪਡੀਅਮ (ਕੰਡੇ ਜਾਂ ਪੈਡ ਵਰਗਾ) ਹੁੰਦਾ ਹੈ।

**ਪਰ**—ਇਨ੍ਹਾਂ ਵਿਚ ਪਰਾਂ ਦਾ ਸਿਰਫ਼ ਪਹਿਲਾ ਜੋੜਾ, ਮੀਜ਼ੋਥੋਰੈਸਿਕ ਪਰ, ਹੀ ਵਿਕਸਿਤ ਹੋਏ ਹੁੰਦੇ ਹਨ। ਦੂਜਾ ਜੋੜਾ ਮੁੰਗਲੀ-ਆਕਾਰ ਅੰਗਾਂ ਜਾਂ ਹਾਲਟਰਾਂ (ਸਮਤੋਲਕ ਅੰਗ) ਵਿਚ ਪ੍ਰਵਰਤਿਤ ਹੋਇਆ ਹੁੰਦਾ ਹੈ ਜਿਹੜੇ ਉਡਾਰੀ ਸਮੇਂ ਸੰਤੁਲਨ ਰੱਖਣ ਦਾ ਕੰਮ ਕਰਦੇ ਹਨ।

**ਕਰੜੇ ਵਾਲ** (setae) —ਕਈ ਕੁਲਾਂ ਦੇ ਕੀੜਿਆਂ ਦੇ ਸਿਰ ਅਤੇ ਸਰੀਰ ਉੱਤੇ ਬਹੁਤ ਵੱਡੇ ਕਰੜੇ ਵਾਲ ਹੁੰਦੇ ਹਨ ਜਿਹੜੇ ਉਨ੍ਹਾਂ ਦੀ ਪਛਾਣ ਵਿਚ ਵੀ ਸਹਾਈ ਹੁੰਦੇ ਹਨ।

**ਆਹਾਰ**—ਡਿਪਟਰਨ ਕੀੜਿਆਂ ਦੀਆਂ ਭੋਜਨ ਜ਼ਰੂਰਤਾਂ ਵਿਚ ਬਹੁਤ ਵਖਰੇਵੇਂ ਮਿਲਦੇ ਹਨ। ਇਥੋਂ ਤੱਕ ਕਿ ਮਾਦਾ ਦੀਆਂ ਭੋਜਨ ਲੋੜਾਂ ਨਰ ਨਾਲੋਂ ਵਖਰੀਆਂ ਹੁੰਦੀਆਂ ਹਨ। ਵੱਖ ਵੱਖ ਤਰ੍ਹਾਂ ਦਾ ਆਹਾਰ ਪ੍ਰਾਪਤ ਕਰਨ ਲਈ ਇਨ੍ਹਾਂ ਕੀੜਿਆਂ ਦੇ ਮੂੰਹ ਅੰਗ ਵੀ ਵੱਖੋ ਵੱਖਰੀ ਕਿਸਮ ਦੇ ਹੁੰਦੇ ਹਨ। ਬਹੁਤੇ ਮਾਦਾ ਨੈਮੇਟੋਸੈਰਾ ਡਿਪਟਰਨ ਕੀੜਿਆਂ ਨੂੰ ਅੰਡੇ ਬਣਾਉਣ ਤੋਂ ਪਹਿਲਾਂ ਲਹੂ ਦੀ ਖ਼ੁਰਾਕ ਦੀ ਲੋੜ ਹੁੰਦੀ ਹੈ; ਕਈ ਮਾਦਾ ਕਿਸੇ ਖ਼ਾਸ ਪਰਪੋਸ਼ੀ ਤੇ ਹੀ ਆਹਾਰ ਕਰਦੀਆਂ ਹਨ। ਲਹੂ ਦਾ ਆਹਾਰ ਲੈਣ ਵਾਲੀਆਂ ਕਿਸਮਾਂ ਸਾਰੇ ਵਰਗ ਵਿਚ ਹੀ ਮਿਲਦੀਆਂ ਹਨ। ਕੀੜੇ ਮਨੁੱਖਾਂ ਅਤੇ ਜਾਨਵਰਾਂ ਦੇ ਸਰੀਰਾਂ ਵਿਚੋਂ ਨਿਕਲੇ ਰਿਸਾਵਾਂ (exudates) ਤੇ ਆਹਾਰ ਕਰਦੇ ਹਨ। ਬਹੁਤੇ ਬਾਲਗ਼ ਡਿਪਟਰਨ ਕੀੜੇ ਸਭ ਤਰ੍ਹਾਂ ਦੇ ਛੋਟੇ ਛੋਟੇ ਆਰਥ੍ਰੋਪੋਡਾਂ ਨੂੰ ਖਾਂਦੇ ਹਨ। ਉਹ ਕੀੜੇ ਜਿਨ੍ਹਾਂ ਦੇ ਲਾਰਵੇ ਪੌਦਿਆਂ ਵਿਚ ਰਹਿੰਦੇ ਤੇ ਵਿਕਸਤ ਹੁੰਦੇ ਹਨ, ਉਨ੍ਹਾਂ ਦੀਆਂ ਭੋਜਨ ਆਦਤਾਂ ਵਿਚ ਬਹੁਤ ਵਖਰੇਵੇਂ ਮਿਲਦੇ ਹਨ।

**ਜਣਨ ਅਤੇ ਜੀਵਨ-ਚੱਕਰ**—ਪਿਊਪੇਰੀਅਮ ਵਿਚੋਂ ਬਾਲਗ਼ ਮਾਦਾ ਕੀੜਾ ਨਿਕਲਣ ਤੋਂ ਲੈ ਕੇ ਅੰਡੇ ਦੇਣੇ ਸ਼ੁਰੂ ਕਰਨ ਤੱਕ ਦਾ ਸਮਾਂ ਵੱਖ ਵੱਖ ਕੀੜਿਆਂ ਵਿਚ ਵੱਖ ਵੱਖ ਹੁੰਦਾ ਹੈ। ਕਈ 3 ਜਾਂ 4 ਦਿਨਾਂ ਤੋਂ ਲੈ ਕੇ 30 ਦਿਨਾਂ ਤੱਕ ਦੇ ਸਮੇਂ ਤੋਂ ਬਾਅਦ ਅੰਡੇ ਦੇਣੇ ਸ਼ੁਰੂ ਕਰਦੀਆਂ ਹਨ। ਕਈ ਕੀੜਿਆਂ ਨੂੰ ਹਰ ਵਾਰ ਅੰਡੇ ਦੇਣ ਤੋਂ ਬਾਅਦ ਨਿਸ਼ੇਚਨ ਦੀ ਲੋੜ ਹੁੰਦੀ ਹੈ ਅਤੇ ਕਈਆਂ ਨੂੰ ਸਾਰੀ ਉਮਰ ਵਿਚ ਇਕ ਹੀ ਵਾਰ ਨਿਸ਼ੇਚਨ ਕਾਫ਼ੀ ਹੁੰਦਾ ਹੈ। ਨਰ ਕੀੜੇ ਅੰਡਿਆਂ ਵਿਚੋਂ ਆਮ ਤੌਰ ਤੇ ਮਾਦਾ ਕੀੜਿਆਂ ਨਾਲੋਂ ਜਲਦੀ ਨਿਕਲਦੇ ਹਨ ਅਤੇ ਮਾਦਾ ਦੇ ਅੰਡੇ ਦੇਣ ਤੱਕ ਉਹ ਪੂਰੇ ਪ੍ਰੌੜ੍ਹ ਹੋ ਚੁੱਕੇ ਹੁੰਦੇ ਹਨ। ਨਿਸ਼ੇਚਨ ਵੀ ਵੱਖ ਵੱਖ ਤਰ੍ਹਾਂ ਨਾਲ ਹੁੰਦਾ ਹੈ। ਬਹੁਤ ਨੈਮੇਟੋਸੈਰਾ ਅਤੇ ਕਈ ਹੋਰ ਨਰ ਕੀੜੇ ਮੈਥੁਨ (Swarm) ਬਣਾਉਂਦੇ ਹਨ ਅਤੇ ਆਪ ਉਸਦੇ ਆਲੇ ਦੁਆਲੇ



ਚੱਕਰ ਕੱਟਦੇ ਰਹਿੰਦੇ ਹਨ। ਕਈ ਅੰਡਿਆਂ ਦਾ ਨਿਸ਼ੇਚਨ ਮਾਦਾ ਦੇ ਅੰਡੇ ਦੇਣ ਦੇ ਸਮੇਂ ਤੇ ਹੀ ਹੁੰਦਾ ਹੈ। ਨਰ ਕੀੜੇ ਤਾਕ ਵਿਚ ਬੈਠੇ ਰਹਿੰਦੇ ਹਨ ਅਤੇ ਮਾਦਾ ਦੇ ਅੰਡੇ ਦੇਣ ਤੋਂ ਇਕ ਦਮ ਪਹਿਲਾਂ, ਉਸ ਦੌਰਾਨ ਜਾਂ ਇਕ ਦਮ ਪਿਛੋਂ ਨਿਸ਼ੇਚਨ ਕਰਦੇ ਹਨ।




ਵੱਖ-ਵੱਖ ਤਰ੍ਹਾਂ ਦੇ ਡਿਪਟਰਨ ਅੰਡੇ

ਅੰਡੇ ਆਮ ਤੌਰ ਤੇ ਲੰਬੂਤਰੇ ਜਿਹੇ ਅਤੇ ਦੋਨੋਂ ਸਿਰਿਆਂ ਤੋਂ ਨੋਕੀਲੇ ਹੁੰਦੇ ਹਨ। ਸਤਹ ਤਕਰੀਬਨ ਪੱਧਰੀ ਹੁੰਦੀ ਹੈ ਪਰ ਇਨ੍ਹਾਂ ਦੇ ਉੱਤੇ ਕਈ ਤਰ੍ਹਾਂ ਦੇ ਡਿਜ਼ਾਈਨ ਬਣੇ ਹੁੰਦੇ ਹਨ। ਕਈ ਜਲੀ ਜਾਤੀਆਂ ਦੇ ਅੰਡਿਆਂ ਉੱਤੇ ਹਵਾ-ਪੋਟਲੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਤੈਰਦੇ ਰਹਿੰਦੇ ਹਨ।

ਤਾਜ਼ੇ ਦਿੱਤੇ ਅੰਡਿਆਂ ਦਾ ਰੰਗ ਚਿੱਟਾ ਹੁੰਦਾ ਹੈ ਪਰ ਬਾਅਦ




ਵਿਚ ਜਿਉਂ ਜਿਉਂ ਅੰਦਰ ਭਰੂਣ ਵਿਕਸਿਤ ਹੁੰਦਾ ਹੈ, ਇਨ੍ਹਾਂ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਹੈ। ਅੰਡਿਆਂ ਦੀ ਗਿਣਤੀ ਵੀ ਵੱਖ ਵੱਖ ਹੁੰਦੀ ਹੈ। ਅੰਡੇ ਦੇਣ ਤੋਂ ਬਾਅਦ ਮਾਦਾ ਅਕਸਰ ਮਰ ਜਾਂਦੀਆਂ ਹਨ।

ਅੰਡੇ-ਸੇਣ ਦਾ ਸਮਾਂ ਵੱਖ ਵੱਖ ਹੁੰਦਾ ਹੈ। ਇਸ ਤੋਂ ਬਾਅਦ ਅੰਡਿਆਂ ਵਿਚੋਂ ਲਾਰਵੇਂ ਨਿਕਲਦੇ ਹਨ, ਜਿਨ੍ਹਾਂ ਦਾ ਕੰਮ ਸਿਰਫ਼ ਖਾਣਾ ਅਤੇ ਵਧਣਾ ਹੈ। ਇਨ੍ਹਾਂ ਦਾ ਸਰੀਰ ਲੰਬੂਤਰਾ ਹੁੰਦਾ ਹੈ ਅਤੇ ਇਨ੍ਹਾਂ ਦੇ ਮੂੰਹ-ਅੰਗ ਸਕਲਿਰੱਟਾਈਜ਼ਡ ਬਣਤਰਾਂ ਹੁੰਦੀਆਂ ਹਨ। ਇਹ ਖਰੋਚਣ ਜਾਂ ਚਿਥੱਣ ਲਈ ਕਈ ਤਰ੍ਹਾਂ ਦੇ ਬਣੇ ਹੁੰਦੇ ਹਨ ; ਪਰ ਕਈਆਂ ਵਿਚ ਇਹ ਅਵਿਕਸਿਤ ਹਾਲਤ ਵਿਚ ਹੁੰਦੇ ਹਨ ਜਾਂ ਹੁੰਦੇ ਹੀ ਨਹੀਂ। ਬਹੁਤੇ ਨਿਮਨ ਪੱਧਰੀ ਡਿਪਟਰਨ ਕੀੜਿਆਂ ਵਿਚ ਲਾਰਵਿਆਂ ਦਾ ਸਿਰ ਵੱਡਾ ਅਤੇ ਗੁੰਝਲਦਾਰ ਹੁੰਦਾ ਹੈ ਪਰ ਵਿਕਸਿਤ ਕਿਸਮਾਂ ਵਿਚ ਇਸਦਾ ਆਕਾਰ ਛੋਟਾ ਹੁੰਦਾ ਹੈ। ਇਨ੍ਹਾਂ ਦੀਆਂ ਕਈ ਵਾਰ ਅਗਲੀਆਂ ਅਤੇ ਪਿਛਲੀਆਂ ਪ੍ਰੋ-ਲੱਤਾਂ (prolegs) ਵੀ ਹੁੰਦੀਆਂ ਹਨ। ਲਾਰਵਾ ਅਵਸਥਾ ਨੂੰ ਤਿੰਨ ਸਟੇਜਾਂ ਜਾਂ 'ਇਨਸਟਾਰਜ਼' ਵਿਚ ਵੰਡਿਆ ਜਾ ਸਕਦਾ ਹੈ। ਹਰ ਸਟੇਜ ਤੋਂ ਬਾਅਦ ਲਾਰਵੇ ਤੋਂ ਚਮੜੀ ਉਤਰਦੀ ਹੈ ਅਤੇ ਇਸਦੇ ਸਰੀਰ ਵਿਚ ਵਾਧਾ ਹੁੰਦਾ ਹੈ। ਡਿਪਟਰਾ ਕੀੜਿਆਂ ਵਿਚ ਚਾਰ ਇਨਸਟਾਰ ਹਾਲਤਾਂ ਹੁੰਦੀਆਂ ਹਨ ਅਤੇ ਬਹੁਤੇ ਲਾਰਵੇ ਇਨ੍ਹਾਂ ਚਾਰ ਹਾਲਤਾਂ ਵਿਚ ਚੁਸਤ ਰਹਿੰਦੇ ਹਨ। ਸਾਈਕਲੱਰੈਫ਼ਾਂ ਵਿਚ ਤੀਜੇ ਇਨਸਟਾਰ ਦੇ ਕੁੰਜ ਲਾਉਣ ਤੋਂ ਬਾਅਦ ਇਕ ਸਖ਼ਤ ਪਿਊਪੇਰੀਅਮ ਬਣਦਾ ਹੈ ਅਤੇ ਇਸਦੇ ਅੰਦਰ ਲਾਰਵਾ ਨਿਸਚਲ ਰਹਿੰਦਾ ਹੈ। ਆਖ਼ਰੀ ਲਾਰਵਾ ਹਾਲਤ ਤੋਂ ਬਾਅਦ ਇਸ ਬਣਤਰ ਵਿਚ ਇਕ ਦਮ ਬਹੁਤ ਤਬਦੀਲੀ ਆਉਂਦੀ ਹੈ ਅਤੇ ਇਸ ਤੋਂ ਬਾਲਗ ਕੀੜਾ ਬਣਦਾ ਹੈ। ਇਸ ਸਮੇਂ ਦੌਰਾਨ ਕੀੜੇ ਦੀ ਅਵਸਥਾ ਨੂੰ ਪਿਊਪਾ ਅਵਸਥਾ ਕਹਿੰਦੇ ਹਨ। ਪਿਊਪਿਆਂ ਦੇ ਸਰੀਰ ਦੇ ਨਾਲ ਲਗਵੇਂ ਉਪ-ਅੰਗ ਹੁੰਦੇ ਹਨ। ਪਿਊਪੇ ਵਿਚੋਂ ਵਿਕਸਿਤ ਹੁੰਦਾ ਬਾਲਗ ਕੀੜਾ ਕਈ ਵਾਰ ਤਾਂ ਮੁਕਤ ਹੁੰਦਾ ਹੈ ਅਤੇ ਕਈਆਂ ਵਿਚ ਇਹ ਇਕ ਚਮੜੀ ਵਿਚ ਲਿਪਟਿਆ ਹੁੰਦਾ ਹੈ ਜਿਹੜਾ ਬੀਜ ਜਾਂ ਕੈਪਸੂਲ ਵਾਂਗ ਲਗਦਾ ਹੈ। ਜਦੋਂ ਟਿਸ਼ੂ ਪੂਰੀ ਤਰ੍ਹਾਂ ਵਿਕਸਿਤ ਹੋ ਜਾਂਦੇ ਹਨ ਤਾਂ ਇਸ ਵਿਚੋਂ ਬਾਲਗ ਕੀੜਾ ਨਿਕਲਦਾ ਹੈ ਜਿਸ ਨੂੰ ਕੁਝ ਸਮਾਂ ਆਪਣੇ ਪਰਾਂ ਨੂੰ ਸੁਕਾਉਣ, ਸਖ਼ਤ ਕਰਨ ਅਤੇ ਫ਼ੈਲਾਉਣ ਵਿਚ, ਰੰਗ ਬਦਲੀ ਵਿਚ ਅਤੇ ਲਿੰਗੀ ਪ੍ਰੌੜ੍ਹਤਾ ਤੱਕ ਪਹੁੰਚਣ ਲਈ ਲਗਦਾ ਹੈ। ਇਸ ਤੋਂ ਬਾਅਦ ਇਸਦਾ ਜੀਵਨ-ਚੱਕਰ ਮੁੜਕੇ ਸ਼ੁਰੂ ਹੁੰਦਾ ਹੈ

**ਵਰਗੀਕਰਨ**—ਡਿਪਟਰਾ ਵਰਗ ਨੂੰ ਦੋ ਉਪ-ਵਰਗਾਂ ਵਿਚ ਵੰਡਿਆ ਗਿਆ ਹੈ ਅਤੇ ਇਹ ਉਪ-ਵਰਗ ਅਗੋਂ ਹੋਰ ਗਰੁੱਪਾਂ (ਸ਼ੈਕਸ਼ਨਾਂ) ਵਿਚ ਵੰਡੇ ਗਏ ਹਨ। ਹਰੇਕ ਗਰੁੱਪ ਵਿਚ ਕਈ ਕੁਲਾਂ ਸ਼ਾਮਲ ਕੀਤੀਆਂ ਗਈਆਂ ਹਨ।

**ਮਹੱਤਤਾ**—ਡਿਪਟਰਨ ਕੀੜਿਆਂ ਦੀ ਹੋਰ ਕੀੜਿਆਂ ਨਾਲੋਂ ਆਰਥਕ ਮਹੱਤਤਾ ਕੁਝ ਜ਼ਿਆਦਾ ਹੈ। ਇਹ ਮਹੱਤਤਾ ਜਾਤੀਆਂ ਕਰਕੇ ਹੈ ਜਿਹੜੀਆਂ ਮਨੁੱਖ, ਪਾਲਤੂ ਜਾਨਵਰਾਂ ਅਤੇ ਪੌਦਿਆਂ ਤੇ ਅਸਰ ਪਾਉਂਦੀਆਂ ਹਨ । ਇਹ ਕਿਸੇ ਨਾ ਕਿਸੇ ਤਰੀਕੇ ਨਾਲ ਲਾਭ ਪਹੁੰਚਾਉਂਦੀਆਂ ਹਨ। ਬਹੁਤੀਆਂ ਮੱਖੀਆਂ ਪਰਾਗਣ ਵਿਚ ਸਹਾਇਤਾ ਕਰਦੀਆਂ ਹਨ। ਕਈ ਡਿਪਟਰਨ ਕੀੜੇ ਹਾਨੀਕਾਰਕ ਆਰਥ੍ਰੋਪੋਡਾਂ ਤੇ ਆਹਾਰ ਕਰਦੇ ਹਨ। ਜਲੀ ਲਾਰਵੇ ਅਤੇ ਪਿਊਪੇ ਮੱਛੀਆਂ ਅਤੇ ਹੋਰ ਜਲੀ ਪ੍ਰਾਣੀਆਂ ਦਾ ਆਹਾਰ ਵੀ ਬਣਦੇ ਹਨ; ਕਈ ਸਥੱਲੀ ਲਾਰਵੇ ਦਾ ਕੰਮ ਕਰਦੇ ਹਨ ਅਤੇ ਜੀਵਾਣੂਆਂ ਨੂੰ ਗਲ ਸੜ ਰਹੀ ਬਨਸਪਤੀ ਅਤੇ ਪ੍ਰਾਣੀਆਂ ਨੂੰ ਖ਼ਤਮ ਕਰਨ ਵਿਚ ਸਹਾਇਤਾ ਕਰਦੇ ਹਨ।

ਡਾਕਟਰੀ ਦੇ ਪੱਖੋਂ ਵੀ ਇਨ੍ਹਾਂ ਕੀੜਿਆਂ ਦੀ ਬਹੁਤ ਮਹੱਤਤਾ ਹੈ। ਇਹ ਬਹੁਤ ਸਾਰੇ ਪਰਜੀਵੀਆਂ ਅਤੇ ਬੀਮਾਰੀਆਂ ਲਈ ਵਾਹਕ ਹਨ।

ਹ. ਪੁ.—ਮੈਕ. ਐਨ. ਸ. ਟ. 4 : 211

**ਡਿਪਟਰੋਕਾਰਪੇਸੀ** : ਇਹ ਦੱਖਣੀ ਏਸ਼ੀਆ ਅਤੇ ਅਫ਼ਰੀਕਾ ਵਿਚ ਮਿਲਣ ਵਾਲੇ ਇਮਾਰਤੀ ਲੱਕੜ ਦੇ ਰੁੱਖ ਦੀ ਇਕ ਕੁਲ ਦਾ ਨਾਂ ਹੈ ਜਿਸ ਵਿਚ ਬਾਈ (22) ਪ੍ਰਜਾਤੀਆਂ ਮਿਲਦੀਆਂ ਹਨ। ਇਸ ਕੁਲ ਦੀਆਂ ਬਹੁਤੀਆਂ ਜਾਤੀਆਂ ਦੇ ਰੁੱਖ ਉੱਚੇ ਸ਼ਾਨਦਾਰ ਹੁੰਦੇ ਹਨ ਜਿਨ੍ਹਾਂ ਦੇ ਪੱਤੇ ਚਮੜੇ ਵਰਗੇ ਹਮੇਸ਼ਾ ਹਰੇ ਭਰੇ ਰਹਿੰਦੇ ਹਨ ਤੇ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲਾ ਬਰੋਜ਼ਾ ਸੁਗੰਧਤ ਹੁੰਦਾ ਹੈ। ਇਨ੍ਹਾਂ ਦੇ ਫੁਲ ਗੁੱਛੇਦਾਰ ਅਤੇ ਮਨਮੋਹਨੀ ਖ਼ੁਸ਼ਬੂ ਛੱਡਣ ਵਾਲੇ ਹੁੰਦੇ ਹਨ ਜਿਨ੍ਹਾਂ ਵਿਚ ਪੰਜ ਮੁੜੀਆਂ

ਹੋਈਆਂ ਚਮੜੇ ਵਰਗੀਆਂ ਰੰਗਦਾਰ ਪੱਤੀਆਂ ਹੁੰਦੀਆਂ ਹਨ। ਡਿਪਟਰੋਕਾਰਪਸ ਜਾਤੀ ਦੇ ਰੁੱਖ ਤੋਂ ਇਮਾਰਤੀ ਲੱਕੜ ਤੋਂ ਇਲਾਵਾ ਹੋਰ ਕਈ ਚੀਜ਼ਾਂ ਵੀ ਤਿਆਰ ਹੁੰਦੀਆਂ ਹਨ। ਡਿਪਟਰੋਕਾਰਪਸ ਗਲੈਂਡੂਲੋਸਾ ਤੋਂ ਬਾਮ ਜਾਂ ਗੁੱਗਲ ਦੀ ਧੂੱਪ ਲਈ ਤੇਲ ਵੀ ਪ੍ਰਾਪਤ ਕੀਤਾ ਜਾਂਦਾ ਹੈ ਜੋ ਹੋਰ ਕਈ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ। ਸ਼ੋਰੀਆਂ ਪ੍ਰਜਾਤੀ ਦੇ ਕਈ ਰੁੱਖ ਜਿਵੇਂ ਸ਼ੋਰੀਆਂ ਰਬਾਸਟਾ ਤੋਂ ਬਹੁਮੁੱਲੀ ਇਮਾਰਤੀ ਲੱਕੜ ਤੋਂ ਇਲਾਵਾ ਕਈ ਤਰ੍ਹਾਂ ਦੇ ਲਾਭਵੰਦ ਬਰੋਜ਼ੇ ਵੀ ਪ੍ਰਾਪਤ ਕੀਤੇ ਜਾਂਦੇ ਹਨ। ਡ੍ਰਾਈਓਬੈਲਨਾਪਸ ਐਰੋਮੇਟਿਕਾ (Dryobalanops aromatica) ਤੋਂ ਮੁਸ਼ਕ ਕਪੂਰ ਪ੍ਰਾਪਤ ਕੀਤਾ ਜਾਂਦਾ ਹੈ ਜਿਹੜਾ ਕਈ ਦਵਾਈਆਂ, ਵਾਰਨਿਸ਼ਾਂ ਵਿਚ ਅਤੇ ਸ਼ਵ ਲੇਪਣ ਦੇ ਤੌਰ ਤੇ ਵਰਤਿਆ ਜਾਂਦਾ ਹੈ।

ਹ. ਪੁ.–ਐਨ. ਬ੍ਰਿ. ਮਾ. 4 : 117

**ਡਿਪਟਿਕ** : ਰੋਮ ਸਾਮਰਾਜ ਦੌਰਾਨ ਇਹ ਤਖ਼ਤੀਆਂ ਦਾ ਇਕ ਜੋੜਾ ਹੁੰਦਾ ਸੀ ਜਿਹੜਾ ਪੱਤਰ ਅਤੇ ਹੋਰ ਦਸਤਾਵੇਜ਼ ਲਿਖਣ ਲਈ ਜਾਂ ਤਸਵੀਰਾਂ ਬਣਾਉਣ ਲਈ ਵਰਤਿਆ ਜਾਂਦਾ ਸੀ।

ਇਹ ਤਖ਼ਤੀਆਂ ਬਹੁਤ ਖ਼ੂਬਸੂਰਤ ਬਣਾਈਆਂ ਹੁੰਦੀਆਂ ਸਨ ਅਤੇ ਕਦੇ ਕਦੇ ਲੱਕੜ ਦੀ ਬਜਾਏ ਹਾਥੀ ਦੰਦ ਜਾਂ ਕਿਸੇ ਕੀਮਤੀ ਧਾਤ ਦੀਆਂ ਵੀ ਬਣਾਈਆਂ ਜਾਂਦੀਆਂ ਸਨ । ਕਦੇ ਕਦੇ ਨਵਾਂ ਨਿਯੁਕਤ ਹੋਇਆ ਕੋਈ ਵੱਡਾ ਸਰਕਾਰੀ ਅਧਿਕਾਰੀ ਜਾਂ ਜੱਜ ਆਦਿ ਆਪਣੇ ਮਿੱਤਰਾਂ ਜਾਂ ਹੋਰ ਵਿਸ਼ੇਸ਼ ਵਿਅਕਤੀਆਂ ਨੂੰ ਅਜਿਹੀਆਂ ਤਖ਼ਤੀਆਂ ਪੇਸ਼ ਕਰਦਾ ਸੀ। ਇਹ ਤਖ਼ਤੀ ਜਾਂ ਡਿਪਟਿਕ ਦੇਵੀ ਸਨਮਾਨ ਦੀ ਨਿਸ਼ਾਨੀ ਹੁੰਦੀ ਸੀ। ਇਨ੍ਹਾਂ ਤਖ਼ਤੀਆਂ ਉੱਤੇ ਫੁੱਲ ਬੂਟੇ ਜਾਂ ਹੋਰ ਕੋਈ ਦ੍ਰਿਸ਼ ਉਕਰਿਆ ਜਾਂ ਚਿਤਰਿਆ ਹੁੰਦਾ ਸੀ। ਅੱਜਕੱਲ੍ਹ ਉਪਲੱਬਧ ਤਖ਼ਤੀਆਂ ਤੋਂ ਬਾਜ਼ਨਤੀਨੀ ਕਲਾ ਦਾ ਅਧਿਐਨ ਕਰਨ ਵਾਲਿਆਂ ਨੂੰ 406 ਈ. ਤੋਂ 541 ਈ. ਦੌਰਾਨ ਦੇ ਸਮੇਂ ਬਾਰੇ ਸਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮੱਧ ਕਾਲ ਵਿਚ ਚਿਤਰੀਆਂ ਜਾਂ ਉੱਕਰੀਆਂ ਹੋਈਆ ਤਖ਼ਤੀਆਂ ਪੂਜਾ ਸਥਾਨਾਂ ਤੇ ਵਰਤੋਂ ਵਿਚ ਲਿਆਂਦੀਆਂ ਗਈਆਂ ਸਨ। ਇਨ੍ਹਾਂ ਤਖ਼ਤੀਆਂ ਉੱਤੇ ਉਨ੍ਹਾਂ ਵਿਅਕਤੀਆਂ ਦੇ ਨਾਂ ਲਿਖੇ ਜਾਂਦੇ ਸਨ ਜਿਨ੍ਹਾਂ ਲਈ ਅਰਦਾਸ ਕਰਨੀ ਹੁੰਦੀ ਸੀ। ਇਸ ਲਿਸਟ ਵਿਚ ਮਰੇ ਜਾਂ ਜਿਉਂਦੇ ਪ੍ਰਸਿੱਧ ਈਸਾਈਆਂ ਦੇ ਨਾਂ, ਸਥਾਨਕ ਗਿਰਜਿਆਂ ਦੇ ਪਾਦਰੀਆਂ ਦੇ ਨਾਂ ਅਤੇ ਹੋਰ ਵਿਸ਼ੇਸ਼ ਵਿਅਕਤੀਆਂ ਦੇ ਨਾਂ ਸ਼ਾਮਲ ਹੁੰਦੇ ਸਨ। ਸਮਾਂ ਬੀਤਣ ਨਾਲ ਇਹ ਲਿਸਟ ਵਧਦੀ ਗਈ ਅਤੇ ਦੂਜੇ ਸ਼ਹਿਰਾਂ ਦੇ ਗਿਰਜਿਆਂ ਦੇ ਪਾਦਰੀਆਂ ਦੇ ਨਾਂ ਵੀ ਸ਼ਾਮਲ ਹੁੰਦੇ ਗਏ।

ਹ. ਪੁ.–ਐਨ. ਬ੍ਰਿ. 7 :483; ਐਨ. ਅਮੈ. 9 : 142

**ਡਿਪਨੋਆਈ (Dipnoi)** : ਇਹ ਪਾਈਸੀਜ਼ ਸ਼੍ਰੇਣੀ ਦੀ ਸਾਰਕੋਟੈਰੀਜੀ (Sarcopterygii) ਉਪ-ਸ਼੍ਰੇਣੀ ਦਾ ਇਕ ਸੁਪਰਵਰਗ ਹੈ। ਇਸ ਵਿਚ ਲੰਗ ਫਿਸ਼ ਆਉਂਦੀਆਂ ਹਨ। ਇਸ ਨੂੰ ਡਿਪਨਿਊਸਟਾ (Dipneusta) ਵੀ ਕਹਿੰਦੇ ਹਨ। ਇਹ ਪੁਰਾਤਨ ਕ੍ਰਾੱਸਾੱਪਟੈਰਿਜਿਅਨ ਮੱਛੀਆਂ ਤੋਂ ਨਿਕਲੀਆਂ ਅਤੇ ਡਿਵੋਨੀਅਨ ਸਮੇਂ ਦੇ ਮੱਧ ਵਿਚ ਪ੍ਰਤੱਖ ਹੋਈਆਂ ਸਨ। ਪਿਛਲੇਰੇ-ਪੇਲੀਓਜ਼ੋਇਕ ਅਤੇ ਮੀਜ਼ੋਜ਼ੋਇਕ ਦੇ ਸ਼ੁਰੂ ਦੇ ਸਮਿਆਂ ਵਿਚ ਇਨ੍ਹਾਂ ਦੀ ਬਹੁਤਾਤ ਸੀ ਪਰ ਉਸ ਤੋਂ ਬਾਅਦ ਇਹ ਬਹੁਤ ਘੱਟ ਗਈਆਂ ਸਨ। ਇਸ ਦਾ ਇਕੋ ਵਰਗ ਡਿਪਟੈਰੀਫਾੱਰਮੀਜ਼ (Dipteriformes) ਹੈ ਜਿਸ ਦੀਆਂ ਛੇ ਕੁਲਾਂ ਹਨ। ਦੋ ਕੁਲਾਂ ਦੀਆਂ ਮੱਛੀਆਂ ਦੇ ਨੁਮਾਇੰਦੇ ਜੀਉਂਦੇ ਮਿਲਦੇ ਹਨ। ਸਿਰਾਟੋਡਾੱਨਟਿਡੀ (Ceratodontidae) ਕੁਲ ਦੀ ਮੱਛੀ ਨੀਓਸਿਰੈਟੋਡਸ ਫੋਰਸਟੇਰੀ (Neoceratodus forsteri) ਆਸਟ੍ਰੇਲੀਆ ਵਿਚ ਮਿਲਦੀ ਹੈ। ਇਹ ਖੜੇ ਹੋਏ ਪਾਣੀ ਵਿਚ ਰਹਿ ਸਕਦੀ ਹੈ ਅਤੇ ਹਵਾ ਵਿਚ ਸਾਹ ਲੈ ਸਕਦੀ ਹੈ ਪਰ ਗਰਮੀ ਵਿਚ ਸਿਥੱਲ ਅਵਸਥਾ ਧਾਰਨ ਨਹੀਂ ਕਰਦੀ। ਲੈਪਿਡੋਸਾਇਰਿਨਿਡੀ (Lepidosirenidae) ਕੁਲ ਦੀ ਲੈਪਿਡੋਸਾਇਰਨ ਪੈਰਾਡਾੱਕਸਾ (Lepidosiren paradoxa) ਦੱਖਣੀ ਅਮਰੀਕਾ ਵਿਚ ਅਤੇ ਪ੍ਰੋਟਾੱਪਟਰੱਸ (Protopterus) ਦੀਆਂ ਚਾਰ ਜਾਤੀਆਂ ਅਫ਼ਰੀਕਾ ਵਿਚ ਮਿਲਦੀਆਂ ਹਨ। ਦਲਦਲਾਂ ਦੇ ਸੁੱਕ ਜਾਣ ਤੇ ਇਹ ਆਪਣੇ ਆਪ ਨੂੰ ਮਿੱਟੀ ਨਾਲ ਢੱਕ ਲੈਂਦੀਆਂ ਤੇ ਹਵਾ ਵਿਚ ਸਾਹ ਲੈਂਦੀਆਂ ਹਨ।

ਹ. ਪੁ.–ਮੈਕ. ਐਨ. ਸ. ਟ. 4 : 210

**ਡਿਪਰ** : ਇਹ ਪੈਸੈਰੀਫ਼ਾੱਰਮੀਜ਼ ਵਰਗ ਦੀ ਸਿੰਕਲਿਡੀ (Cinclidae) ਕੁਲ ਦੇ ਚਾਰ ਗਾਉਣ ਵਾਲੇ ਪੰਛੀਆਂ ਲਈ ਵਰਤਿਆ ਜਾਂਦਾ ਆਮ ਨਾਂ ਹੈ। ਇਸ ਨੂੰ ਜਲ-ਚਿੜੀ (water onsel) ਵੀ ਕਹਿੰਦੇ ਹਨ। ਇਸ ਦੀ ਪ੍ਰਸਿੱਧ ਕਿਸਮ ਯੂਰੇਸ਼ੀਆ ਦੀ ਸਿੰਕਲਸ ਸਿੰਕਲਸ (Cinculus cinculus) ਹੈ। ਇਹ ਚਲਦੇ ਪਾਣੀ ਵਿਚ ਹੇਠਾਂ ਤੁਰ ਕੇ ਕੀੜੇ ਪਕੜਦੀ ਹੈ, ਪਾਣੀ ਦੀ ਸਤਹ ਤੇ ਵੀ ਇਹ ਤੁਰ ਸਕਦੀ ਹੈ ਭਾਵੇਂ ਇਸ ਦੇ ਪੈਰ ਝਿੱਲੀਮਈ ਨਹੀਂ ਹੁੰਦੇ।

ਯੂਰੇਸ਼ੀਅਨ ਡਿਪਰ ਕਾਲੇ ਜਿਹੇ ਭੂਰੇ ਰੰਗ ਦੀ ਤੇ ਚਿੱਟੀ ਛਾਤੀ ਵਾਲੀ ਚਿੜੀ ਹੈ। ਉੱਤਰੀ ਅਮਰੀਕੀ ਡਿਪਰ ਸੀ. ਮੈਕਸੀਕਾਨਸ (C. maxicanus) ਸਲੇਟੀ ਰੰਗ ਦੀ ਹੁੰਦੀ ਹੈ ; ਬਾਕੀ ਦੀਆਂ ਦੋ ਜਾਤੀਆਂ ਦੱਖਣੀ ਅਮਰੀਕਾ ਅਤੇ ਏਸ਼ੀਆ ਦੇ ਪਹਾੜੀ ਖੇਤਰਾਂ ਵਿਚ ਮਿਲਦੀਆਂ ਹਨ।

ਇਹ ਤਕਰੀਬਨ 18 ਸੈਂ. ਮੀ. ਲੰਬੀਆਂ, ਭਰਵੇਂ ਸਰੀਰ ਵਾਲੀਆਂ ਤੇ ਠਿੰਗਣੇ ਪੂੰਝੇ (stub tailed) ਵਾਲੀਆਂ ਚਿੜੀਆਂ ਹਨ ਜਿਨ੍ਹਾਂ ਦੀਆਂ ਚੁੰਝਾਂ ਅਤੇ ਲੱਤਾਂ ਥਰੱਸ਼ ਪੰਛੀਆਂ ਵਰਗੀਆਂ ਹੁੰਦੀਆਂ ਹਨ। ਇਹ ਚਿੜੀਆਂ ਕਿਸੇ ਵਿਰਲ ਵਾਲੀ ਥਾਂ ਵਿਚ (ਆਮ ਤੌਰ ਤੇ ਕਿਸੇ ਝਰਨੇ ਦੇ ਪਿਛੇ) ਮੱਸ (moss) ਦੇ, ਗੁੰਬਦ ਵਰਗੇ ਆਲ੍ਹਣੇ ਬਣਾਉਂਦੀਆਂ ਹਨ ਜਿਨ੍ਹਾਂ ਵਿਚ ਅੰਦਰ ਦਾਖ਼ਲ ਹੋਣ ਲਈ ਸਿਰਫ਼ ਛੋਟਾ ਜਿਹਾ ਰਸਤਾ ਹੁੰਦਾ ਹੈ। ਇਸ ਆਲ੍ਹਣੇ ਵਿਚ ਚਿੜੀ 4-7, ਚਿੱਟੇ ਰੰਗ ਦੇ ਅੰਡੇ ਦਿੰਦੀ ਹੈ।

ਹ. ਪੁ.–ਐਨ. ਬ੍ਰਿ. ਮਾ. 3 : 567; ਐਨ. ਬ੍ਰਿ. 7: 482

**ਡਿਪਲਿਊਰਾ** : ਇਹ ਇਨਸੈਕਟਾ ਸ਼੍ਰੇਣੀ ਦਾ ਇਕ ਵਰਗ ਹੈ ਜਿਸ ਵਿਚ ਬਹੁਤ ਛੋਟੇ ਛੋਟੇ, ਨਾਜ਼ੁਕ ਜਿਹੇ, ਪਰਹੀਣ ਕੀੜਿਆਂ ਦੀਆਂ ਤਕਰੀਬਨ 400 ਜਾਤੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਕੀੜੇ ਸੰਸਾਰ ਵਿਆਪੀ ਹਨ।

ਇਹ ਕੀੜੇ ਤਕਰੀਬਨ 8-10 ਮਿ. ਮੀ. ਲੰਬੇ ਹੁੰਦੇ ਹਨ। ਸਭ ਤੋਂ ਵੱਡੀ ਜਾਤੀ ਹੈੱਟਰੋਜੈਪਿਕਸ ਸੋਲੀ (Heterojapyx soulei) ਦੀ ਲੰਬਾਈ 50 ਮਿ. ਮੀ. ਦੇ ਕਰੀਬ ਹੁੰਦੀ ਹੈ। ਇਨ੍ਹਾਂ ਕੀੜਿਆਂ ਦੀਆਂ ਸੰਯੁਕਤ ਅੱਖਾਂ ਅਤੇ ਅੱਸੈਲਾਈ ਨਹੀ ਹੁੰਦੀਆਂ ਜਿਸ ਕਰਕੇ ਇਹ ਅੰਨ੍ਹੇ ਹੁੰਦੇ ਹਨ। ਇਨ੍ਹਾਂ ਦੀਆਂ ਟੋਹਣੀਆਂ ਕਈ ਖੰਡਾਂ ਵਿਚ ਵੰਡੀਆਂ ਹੁੰਦੀਆਂ ਹਨ, ਸਾਹ-ਨਲੀਆਂ (ਟ੍ਰੇਕੀਅਲ ਸਿਸਟਮ) ਹੁੰਦੀਆਂ ਹਨ; ਮੈਲਪਿਗੀ ਨਲਕੀਆਂ ਅਵਸ਼ੇਸ਼ ਹਾਲਤ ਵਿਚ ਹੁੰਦੀਆਂ ਹਨ ਜਾਂ ਹੁੰਦੀਆਂ ਹੀ ਨਹੀਂ। ਇਹ ਕੀੜੇ ਸਿਲ੍ਹੀਆਂ ਤੇ ਲੁਕਵੀਆਂ ਥਾਵਾਂ ਤੇ ਰਹਿੰਦੇ ਹਨ, ਜਿਵੇਂ ਮਿੱਟੀ ਜਾਂ ਗਲ ਸੜ ਰਹੀ ਲੱਕੜੀ ਵਿਚ, ਪੱਥਰਾਂ ਦੇ ਹੇਠਾਂ ਆਦਿ, ਇਸੇ ਕਰਕੇ ਇਨ੍ਹਾਂ ਦਾ ਆਮ ਪਤਾ ਨਹੀਂ ਲਗਦਾ। ਇਹ ਕੀੜੇ ਥਾਈਸੈਨੂਰਨ ਕੀੜਿਆਂ ਨਾਲ ਮਿਲਦੇ ਜੁਲਦੇ ਹਨ।




ਡਿਪਲਿਊਰਾ
(ੳ) ਕੈਮਪੋਡੀਅਡੀ (ਅ) ਪ੍ਰੋਜਜਿਪਡੀ (ੲ) ਜਪਿਜਡੀ

ਹ. ਪੁ.–ਮੈਕ. ਐਨ. ਸ. ਟ. 4 : 210

**ਡਿਪਲੋਪੋਡਾ** : ਇਹ ਅੰਡੇ ਦੇਣ ਵਾਲੇ, ਸਥੱਲੀ ਆਰਥ੍ਰੋਪੋਡ ਪ੍ਰਾਣੀਆਂ ਦੀ ਇਕ ਸ਼੍ਰੇਣੀ ਹੈ। ਇਸ ਦੇ ਪ੍ਰਾਣੀਆਂ ਨੂੰ ਮਿਲੀਪੀਡ (ਬਹੁਤ ਸਾਰੀਆਂ ਲੱਤਾਂ ਜਾਂ ਪੈਰਾਂ ਵਾਲੇ ਜੀਵ) ਕਿਹਾ ਜਾਂਦਾ ਹੈ। ਇਨ੍ਹਾਂ ਦਾ ਸਰੀਰ ਅਨੇਕਾਂ ਇਕੋ ਜਿਹੇ ਸਿਲਿੰਡਰਾਕਾਰ ਖੰਡਾਂ ਵਿਚ ਵੰਡਿਆ ਹੁੰਦਾ ਹੈ ਜਿਨ੍ਹਾਂ ਨੂੰ ਡਿਪਲੋਸੋਮਾਈਟ ਕਹਿੰਦੇ ਹਨ। ਪਹਿਲੇ ਦੋ ਜਾਂ ਤਿੰਨ ਖੰਡਾਂ ਨੂੰ ਛੱਡ ਕੇ ਬਾਕੀ ਹਰੇਕ ਖੰਡ ਉੱਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਪ੍ਰਾਣੀ ਤੁਰਦੇ ਹਨ। ਸਰੀਰ ਵਿਚ ਛਾਤੀ ਅਤੇ ਪੇਟ ਹਿੱਸੇ ਵੱਖ ਵੱਖ ਨਹੀਂ ਹੋਏ ਹੁੰਦੇ। ਅਗਲੇ ਸਿਰੇ ਤੇ ਸਿਰ ਹੁੰਦਾ ਹੈ ਜਿਸ ਉੱਤੇ ਇਕ ਜੋੜਾ ਛੋਟੀਆਂ ਛੋਟੀਆਂ, ਸਾਧਾਰਣ, ਅੱਠ ਜੋੜਾਂ ਵਾਲੀਆਂ ਟੋਹਣੀਆਂ ਦਾ ਹੁੰਦਾ ਹੈ। ਮੈਂਡੀਬਲ (ਉਪਰਲਾ ਜਬਾੜ੍ਹਾ) ਮਜ਼ਬੂਤ ਹੁੰਦੇ ਹਨ ਅਤੇ ਇਕ ਨੈਥੋਕਾਈਲੇਰੀਅਮ (Gnathochilarium) ਹੇਠਲਾ ਬੁਲ੍ਹ ਹੁੰਦਾ ਹੈ। ਖ਼ਤਰਾ ਨਜ਼ਰ ਆਉਣ ਤੇ ਇਹ ਪ੍ਰਾਣੀ ਆਪਣੇ ਆਪ ਨੂੰ ਗੇਂਦ ਵਾਂਗ ਬਣਾ ਲੈਂਦੇ ਹਨ।

ਪਾਚਨ-ਨਾਲੀ (ਸਿਵਾਇ ਓਨੀਸਕੋਮਾਰਫ਼ ਜਾਤੀ ਦੇ) ਇਕ ਸਿੱਧੀ ਨਲੀ ਦੇ ਆਕਾਰ ਦੀ ਹੁੰਦੀ ਹੈ। ਗੁਦਾ ਅਖ਼ੀਰਲੇ ਖੰਡ ਉੱਤੇ ਸਥਿਤ ਹੁੰਦਾ ਹੈ ਅਤੇ ਦੋ ਤਰ੍ਹਾਂ ਬੰਦ ਹੋ ਸਕਣ ਵਾਲੇ ਗੁਦਾ ਵਾਲਵਾਂ ਰਾਹੀਂ ਢਕਿਆ ਹੁੰਦਾ ਹੈ। ਸਾਹ ਚੰਗੀਆਂ ਵਿਕਸਿਤ ਸਾਹ-ਨਲੀਆਂ ਰਾਹੀਂ ਲਿਆ ਜਾਂਦਾ ਹੈ ਜਿਹੜੀਆਂ ਲੱਤਾਂ ਦੇ ਆਧਾਰ ਤੇ ਸਥਿਤ ਸਟਿਗਮੈਟਾ ਰਾਹੀਂ ਬਾਹਰ ਖੁਲ੍ਹਦੀਆਂ ਹਨ।

ਦੋਵੇਂ ਲਿੰਗ ਵੱਖ-ਵੱਖ ਹੁੰਦੇ ਹਨ ਅਤੇ ਨਿਸ਼ੇਚਨ ਅੰਦਰੂਨੀ ਹੁੰਦਾ ਹੈ। ਸ਼ੁਕ੍ਰਾਣੂ ਪਹਿਲਾਂ ਨਰ ਵੀਰਜ ਦੁਆਰ ਰਾਹੀਂ ਗੋਨੋਪੋਡ ਵਿਚ ਆ ਜਾਂਦੇ ਹਨ। ਗੋਨੋਪੋਡ ਸੱਤਵੇਂ ਖੰਡ ਦੀਆਂ ਲੱਤਾਂ ਵਿਚੋਂ ਪ੍ਰਵਰਤਿਤ ਹੋ ਕੇ ਬਣੇ ਹੁੰਦੇ ਹਨ। ਇਥੋਂ ਇਹ ਸਾਈਫੋਪਾੱਡਜ਼ (Cyphopods) ਸੈਮੀਨਲ ਰਿਸੈਪਟੇਕਲ ਵਿਚ ਆ ਜਾਂਦੇ ਹਨ। ਓਨੀਸਕੋਮਾਰਫ਼ ਮਿਲੀਪਿਡਾਂ ਵਿਚ ਗੋਨੋਪੋਡ ਵਿਕਸਿਤ ਨਹੀਂ ਹੁੰਦੇ ਅਤੇ ਨਰ ਸਪੱਰਮੈਟੋਫੋਰਾਂ ਨੂੰ ਮੂੰਹ-ਅੰਗਾਂ ਰਾਹੀਂ ਤਬਦੀਲ ਕਰਦਾ ਹੈ। ਅੰਡਿਆਂ ਦੀ ਗਿਣਤੀ ਅਤੇ ਆਕਾਰ ਵਿਚ ਬਹੁਤ ਭਿੰਨਤਾ ਮਿਲਦੀ ਹੈ ਅਤੇ ਇਹ ਇਕ ਇਕ ਕਰਕੇ ਜਾਂ ਇਕੱਠੇ ਦਿੱਤੇ ਜਾਂਦੇ ਹਨ। ਪ੍ਰਾਣੀ ਸੱਤ ਵ੍ਰਿਧੀ ਹਾਲਤਾਂ ਵਿਚੋਂ ਲੰਘਦਾ ਹੈ ਅਤੇ ਵਿਕਾਸ ਹੌਲੀ ਹੌਲੀ ਹੁੰਦਾ ਹੈ। ਹਰ ਹਾਲਤ ਵਿਚ ਸਰੀਰ ਦੇ ਖੰਡਾਂ ਅਤੇ ਲੱਤਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਹਿੰਦਾ ਹੈ ਅਤੇ ਵਿਕਾਸ ਪੂਰਾ ਹੋਣ ਨੂੰ ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਲਗ ਜਾਂਦਾ ਹੈ। ਲਿੰਗੀ ਪੌੜ੍ਹਤਾ ਦੀ ਹਾਲਤ ਵਿਚ ਬਦਲਣ ਤੋਂ ਬਾਅਦ ਜਲਦੀ ਹੀ ਮੈਥੁਨ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ।




ਮਿਲੀਪੀਡ

**ਵਰਗੀਕਰਨ**—ਆਮ ਤੌਰ ਤੇ ਇਸ ਸ਼੍ਰੇਣੀ ਨੂੰ 11 ਵਰਗਾਂ ਅਤੇ ਕੋਈ 111 ਤੋਂ ਵੱਧ ਕੁਲਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਦੀਆਂ ਲਗਭਗ 25,000 ਜਾਤੀਆਂ ਹਨ ਪਰ ਹੁਣ ਤੱਕ 8000 ਕੁ ਜਾਤੀਆਂ ਦਾ ਹੀ ਵਿਵਰਣ ਮਿਲਦਾ ਹੈ। ਵਰਗੀਕਰਨ ਦਾ ਆਧਾਰ ਮੁੱਖ ਤੌਰ ਤੇ ਗੋਨੋਪੋਡ ਦੀ ਬਣਤਰ ਹੈ।

ਹ. ਪੁ.–ਮੈਕ. ਐਨ. ਸ. ਟ. 4 : 209

**ਡਿ, ਫਾੱਰਸਟ, ਲੀ** : ਆਧੁਨਿਕ ਰੇਡੀਓ ਟਿਊਬ ਆੱਡੀਅਨ ਦੇ ਮੁੱਢਲੇ ਰੂਪ ਦੇ ਇਸ ਖੋਜੀ ਦਾ ਜਨਮ 26 ਅਗਸਤ, 1873 ਨੂੰ ਕੌਂਸਲ ਬਲਫ ਵਿਖੇ ਹੋਇਆ। ਇਸ ਨੇ 1896 ਈ. ਵਿਚ ਯੇਲ ਸ਼ੈਫੀਲਡ ਵਿਗਿਆਨਕ ਸਕੂਲ ਤੋਂ ਗਰੈਜੂਏਸ਼ਨ ਕੀਤੀ ਅਤੇ 1899 ਈ. ਵਿਚ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਬਾਅਦ ਛੇਤੀ ਹੀ ਇਸਨੇ ਰੇਡੀਓ ਸੰਚਾਰ ਸਬੰਧੀ ਖੋਜ ਆਰੰਭ ਕਰ ਦਿੱਤੀ ਜਿਸ ਨੂੰ ਉਸ ਸਮੇਂ ਵਾਇਰਲੈਸ ਕਿਹਾ ਜਾਂਦਾ ਸੀ। ਇਸ ਨੇ ਡਿ ਫਾੱਰਸਟ ਵਾਇਰਲੈਸ ਟੈਲੀਗ੍ਰਾਫ਼ ਕੰਪਨੀ ਦੀ ਸਥਾਪਨਾ ਕੀਤੀ ਪਰੰਤੂ ਕੁਝ ਸਾਲਾਂ ਬਾਅਦ ਹੀ ਇਹ ਕੰਪਨੀ ਬੰਦ ਹੋ ਗਈ। ਇਸ ਨੇ ਕਈ ਸਾਲ ਰੇਡੀਓ ਤਰੰਗਾਂ ਨੂੰ ਗ੍ਰਹਿਣ ਕਰਨ ਲਈ ਸੂਚਕ ਯੰਤਰ ਬਣਾਉਣ ਵਿਚ ਲਗਾ ਦਿੱਤੇ। ਸੰਨ 1906 ਵਿਚ ਇਸਨੂੰ ਇਹ ਸੁਣਨ ਯੰਤਰ ਬਣਾਉਣ ਵਿਚ ਸਫ਼ਲਤਾ ਪ੍ਰਾਪਤ ਹੋਈ। ਹੌਲੀ ਹੌਲੀ ਇਨ੍ਹਾਂ ਟਿਊਬਾਂ ਦੀ ਵਰਤੋਂ ਬਤੌਰ ਜੈਨਰੇਟਰਾਂ, ਧੁਨੀ ਵਰਧਕ ਯੰਤਰਾਂ (ਐਂਪਲੀਫਾਇਰਾਂ) ਅਤੇ ਰੇਡੀਓ ਤਰੰਗਾਂ ਦੇ ਸੂਚਕ ਯੰਤਰਾਂ ਵਜੋਂ ਹੋਣ ਲਗ ਪਈ। ਪਹਿਲੇ ਸੰਸਾਰ ਯੁੱਧ ਦੌਰਾਨ ਰੇਡੀਓ ਸੰਚਾਰ ਦੀ ਲੋੜ ਮਹਿਸੂਸ ਹੋਣ ਉਪਰੰਤ ਹੋਰ ਵਿਗਿਆਨੀਆਂ ਦੇ ਯੋਗਦਾਨ ਨਾਲ ਆੱਡੀਅਨ ਇਕ ਬਹੁਮੁੱਲਾ ਤਕਨੀਕੀ ਯੰਤਰ ਬਣ ਗਿਆ ਅਤੇ ਇਸ ਦਾ ਉਤਪਾਦਨ ਪੈਮਾਨੇ ਤੇ ਹੋਣ ਲਗ ਪਿਆ।

ਸੰਨ 1910 ਵਿਚ ਡਿ ਫਾੱਰਸਟ ਨੇ ਐਨਰਿਕੋ ਦੇ ਗਾਣਿਆਂ (ਗਾਉਣ ਦੀ ਆਵਾਜ਼) ਦਾ ਪ੍ਰਸਾਰਣ ਕੀਤਾ। ਇਸ ਕਾਰਨ ਇਸਨੂੰ ਰੇਡੀਓ ਪ੍ਰਸਾਰਣ ਦਾ ਮੋਢੀ ਮੰਨਿਆ ਜਾਣ ਲਗ ਪਿਆ। ਆਵਾਜ਼ ਅਤੇ ਗਤੀ ਵਾਲੀਆਂ ਫਿਲਮਾਂ ਦੇ ਵਿਕਾਸ ਵਿਚ ਵੀ ਇਸਦਾ ਕਾਫ਼ੀ ਯੋਗਦਾਨ ਹੈ। ਕਈ ਸੰਸਥਾਵਾਂ ਵਲੋਂ ਇਸ ਨੂੰ ਮੈਡਲਾਂ ਨਾਲ

ਸਨਮਾਨਿਆ ਗਿਆ। ਇਹ ਰੇਡੀਓ ਇੰਜੀਨੀਅਰਾਂ ਦੀ ਸੰਸਥਾ ਦਾ ਪ੍ਰਧਾਨ ਵੀ ਰਿਹਾ।

ਹ. ਪੁ.—ਐਨ. ਬ੍ਰਿ. 7 : 140 ਏ

**ਡਿਬਡਿਨ, ਚਾਰਲਸ** : ਇਸ ਅੰਗਰੇਜ਼ ਨਾਟਕਕਾਰ, ਅਦਾਕਾਰ ਅਤੇ ਸੰਗੀਤਕਾਰ ਦਾ ਜਨਮ ਇੰਗਲੈਂਡ ਵਿਚ, ਸਾਊਥੈਂਪਟਨ ਵਿਖੇ ਹੋਇਆ। 4 ਮਾਰਚ, 1745 ਨੂੰ ਇਸ ਨੂੰ ਬਪਤਿਸਮਾ ਮਿਲਿਆ। ਸਮੁੰਦਰ ਬਾਰੇ ਲਿਖੀਆਂ ਆਪਣੀਆਂ ਕਵਿਤਾਵਾਂ ਅਤੇ ਓਪੇਰਿਆਂ ਕਾਰਨ 18 ਵੀਂ ਸਦੀ ਦੇ ਅੰਤ ਵਿਚ ਇਹ ਸੰਗੀਤਕਾਰ ਵਜੋਂ ਬਹੁਤ ਪ੍ਰਸਿੱਧ ਹੋਇਆ। 15 ਸਾਲ ਦੀ ਉਮਰ ਵਿਚ ਇਸ ਨੇ ਲੰਡਨ ਵਿਖੇ ਇਕ ਸੰਗੀਤ-ਪ੍ਰਕਾਸ਼ਕ ਕੋਲ ਕੰਮ ਕੀਤਾ ਅਤੇ 1762 ਈ. ਵਿਚ ਇਸ ਨੇ ਆਪਣਾ ਸਟੇਜੀ ਜੀਵਨ ਸ਼ੁਰੂ ਕੀਤਾ। ਇਸ ਨੇ ਕਈ ਨਾਟਕਾਂ ਵਿਚ ਅਦਾਕਾਰੀ ਵੀ ਕੀਤੀ।

ਡਿਬਡਿਨ ਇਕ ਸਵੈ-ਸਿਖਿਅਕ ਸੰਗੀਤਕਾਰ ਸੀ ਅਤੇ ਇਸ ਨੇ ਤਕਰੀਬਨ 100 ਸਟੇਜੀ ਕਿਰਤਾਂ ਅਤੇ 1400 ਦੇ ਲਗਭਗ ਗੀਤ ਲਿਖੇ। ਤਕਰੀਬਨ 50 ਸਾਲ ਤਕ ਇਹ ਲੰਡਨ ਦੀ ਸਟੇਜ ਨਾਲ ਲੇਖਕ, ਸੰਗੀਤਕਾਰ ਅਤੇ ਨਿਰਮਾਤਾ ਵਜੋਂ ਜੁੜਿਆ ਰਿਹਾ। ਚਾਰ ਜਿਲਦਾਂ ਵਿਚ ਇਸ ਨੇ ਆਪਣੀ ਸਵੈ-ਜੀਵਨੀ 'ਪ੍ਰੋਫੈਸ਼ਨਲ ਲਾਈਫ਼' (1803) ਪ੍ਰਕਾਸ਼ਿਤ ਕੀਤੀ।

'ਬਲੋ ਹਾਈ ਬਲੋ ਲੋ' , 'ਪੁਅਰ ਜੈਕ' ਅਤੇ 'ਟੂ ਬੈਚਲਰਜ਼ ਹਾਲ' ਆਦਿ ਇਸ ਦੇ ਕੁਝ ਪ੍ਰੱਸਿਧ ਗੀਤ ਹਨ। 'ਦੀ ਸ਼ੈਪਰਡਜ਼ ਅਫ਼ਰੀਕਾ' (1764), 'ਦੀ ਵਾਟਰਮੈਨ' (1774) ਅਤੇ 'ਦੀ ਕਵੇਕਰ' (1775) ਆਦਿ ਇਸ ਦੇ ਓਪੇਰੇ ਅਤੇ 'ਦੀ ਯੰਗਰ ਬ੍ਰਦਰ' (1793) ਤੇ 'ਹੰਨਾ ਹਿਊਇਟ' (1796) ਦੋ ਨਾਵਲ ਹਨ। ਇਸ ਤੋਂ ਇਲਾਵਾ ਡਿਬਡਿਨ ਨੇ 5 ਜਿਲਦਾਂ ਵਿਚ 'ਹਿਸਟਰੀ ਆਫ਼ ਦੀ ਸਟੇਜ' (1800) ਵੀ ਲਿਖੀ।

25 ਜੁਲਾਈ, 1814 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 76 ; ਐਨ.ਬ੍ਰਿ. ਮਾ. 3 : 528

**ਡਿਬਡਿਨ, ਟਾਮਸ ਟਰੱਗਲਾਨ** : ਇੰਗਲੈਂਡ ਦੇ ਇਸ ਪੁਸਤਕ ਸੂਚੀਕਾਰ ਦਾ ਜਨਮ 1776 ਈ. ਵਿਚ ਕਲਕੱਤੇ ਵਿਖੇ ਹੋਇਆ। ਇਹ ਉੱਘੇ ਸੰਗੀਤਕਾਰ, ਅਦਾਕਾਰ ਅਤੇ ਲੇਖਕ ਚਾਰਲਸ ਡਿਬਡਿਨ ਦਾ ਭਤੀਜਾ ਸੀ। ਅਜੇ ਇਹ ਚਾਰ ਸਾਲ ਦਾ ਹੀ ਸੀ ਕਿ ਪਿਤਾ ਦੀ ਮੌਤ ਹੋ ਜਾਣ ਕਾਰਨ ਇਹ ਇੰਗਲੈਂਡ ਚਲਾ ਗਿਆ। ਉਥੇ ਇਸ ਨੇ ਆੱਕਸਫ਼ੋਰਡ ਵਿਖੇ ਵਿਦਿਆ ਪ੍ਰਾਪਤ ਕੀਤੀ।

ਇਹ ਆਪਣੀ ਪਹਿਲੀ ਰਚਨਾ 'ਇੰਟਰੋਡਕਸ਼ਨ ਟੂ ਦੀ ਨੱਲੈਜ ਆਫ਼ ਰੇਅਰ ਐਂਡ ਵੈਲਿਊਏਬਲ ਐਡੀਸ਼ਨਜ਼ ਆਫ਼ ਦੀ ਗ੍ਰੀਕ ਐਂਡ ਲੈਟਿਨ ਕਲਾਸਿਕਸ' (1802) ਕਾਰਨ ਪ੍ਰਸਿੱਧ ਹੋ ਗਿਆ। ਇਸ ਰਚਨਾ ਨੇ ਲਾਰਡ ਸਪੈਂਸ਼ਰ ਦਾ ਧਿਆਨ ਆਪਣੇ ਵਲ ਖਿੱਚ ਲਿਆ ਸੀ ਅਤੇ ਉਸ ਨੇ ਇਸ ਨੂੰ ਅਲਥਾਰਪ ਵਿਖੇ ਪਰਿਵਾਰਿਕ ਲਾਇਬ੍ਰੇਰੀ ਦੀ ਪੁਸਤਕ ਸੂਚੀ ਬਣਾਉਣ ਦਾ ਕੰਮ ਸੌਂਪ ਦਿੱਤਾ ਸੀ। ਇਸ ਨੇ ਬਹੁਤ ਮਿਹਨਤ ਨਾਲ ਇਹ ਕੰਮ ਕੀਤਾ ਅਤੇ 'ਬਿਬਲੀਓਥੈਕਾ ਸਪੈਂਸੇਰਿਆਨਾ' (1885) ਤਿਆਰ ਕੀਤੀ। ਇਸ ਪੁਸਤਕ ਨੇ ਇਸ ਦੇ ਸਮਕਾਲੀ ਵਿਦਵਾਨਾਂ ਉੱਤੇ ਬਹੁਤ ਪ੍ਰਭਾਵ ਪਾਇਆ ਸੀ।

ਸੰਨ 1824 ਵਿਚ ਲਾਰਡ ਸਪੈਂਸਰ ਨੇ ਇਸ ਨੂੰ ਲੰਡਨ ਦੇ ਮੇਰੀ'ਜ਼ ਬਰਾਈਆਂਨਸਟਨ ਸਕੁਏਅਰ ਦਾ ਪਾਦਰੀ ਨਿਯੁਕਤ ਕਰ ਦਿਤਾ ਸੀ ਜਿਸ ਅਹੁਦੇ ਤੇ ਇਹ ਨਵੰਬਰ, 1847 ਤਕ ਰਿਹਾ। ਡਿਬਡਿਨ ਨੇ ਪੁਸਤਕਾਂ ਅਤੇ ਹੱਥ ਲਿਖਤਾਂ ਦੀ ਖੋਜ ਵਿਚ ਬਹੁਤ ਦੂਰ ਦੁਰਾਡੇ ਤਕ ਸਫ਼ਰ ਕੀਤਾ।

ਡਿਬਡਿਨ ਦੀ ਪੁਸਤਕ 'ਬਿਬਲੀਓਗ੍ਰਾਫ਼ੀਕਲ, ਐਂਟੀਕੁਐਰੀਅ ਐਂਡ ਪਿਕਚਰੈਸ਼ਕਿਉ ਟੂਰ ਇਨ ਫ਼ਰਾਂਸ ਐਂਡ ਜਰਮਨੀ' (1821) ਵ ਇਕ ਮਹਾਨ ਪੁਸਤਕ ਮੰਨੀ ਗਈ ਹੈ।

18 ਨਵੰਬਰ, 1847 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ

ਹ. ਪੁ.—ਐਨ. ਬ੍ਰਿ. 7 :374 ; ਐਨ. ਅਮੈ. 9 : 76 ; ਐਵ. ਐ 4 : 381

**ਡਿਬਰੂ** : ਆਸਾਮ ਦਾ ਇਕ ਦਰਿਆ ਹੈ ਜਿਹੜਾ ਲਖੀਮਪੁ ਜ਼ਿਲ੍ਹੇ ਦੇ ਦੱਖਣ ਵਿਚੋਂ ਗੁਜ਼ਰਦਾ ਹੈ ਅਤੇ ਲਗਭਗ 160 ਕਿ. ਮੀ ਬ੍ਰਹਮਪੁੱਤਰ ਦਰਿਆ ਦੇ ਸਮਾਨਾਂਤਰ ਪੂਰਬ ਤੋਂ ਪੱਛਮ ਵੱਲ ਵਗਦਾ ਹੈ ਡਿਬਰੂਗੜ੍ਹ ਸ਼ਹਿਰ ਤੋਂ ਹੇਠਾਂ ਜਾ ਕੇ ਇਹ ਬ੍ਰਹਮਪੁੱਤਰ ਨਾਲ ਮਿ ਜਾਂਦਾ ਹੈ। ਡਿਬਰੂਗੜ੍ਹ ਸ਼ਹਿਰ ਦੇ ਨਾਂ ਤੇ ਹੀ ਇਸਨੂੰ ਡਿਬਰੂ ਕਿ ਜਾਣ ਲੱਗਾ।

ਹ. ਪੁ.—ਇੰਪ. ਗ. ਇੰਡ. 11 : 341

**ਡਿਬਾਂਗ ਦਰਿਆ** : ਹਿਮਾਲਾ ਦੀਆਂ ਪਹਾੜੀਆਂ ਵਿ ਨਿਕਲਣ ਵਾਲਾ ਇਹ ਇਕ ਦਰਿਆ ਹੈ ਜਿਹੜਾ ਮਿਸ਼ਮੀਆਂ ਦੁਆ ਆਬਾਦ ਕੀਤੀਆਂ ਪਹਾੜੀਆਂ ਵਿਚੋਂ ਦੀ ਵਗਦਾ ਹੋਇਆ ਆਸ ਵਿਚ ਸੈਦੀਆ ਦੇ ਨੇੜੇ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦਾ ਇਥੋਂ ਦੇ ਕਬਾਇਲੀ ਲੋਕਾਂ ਦੇ ਅਣਸੁਖਾਵੇਂ ਹਾਲਾਤ ਅਤੇ ਕਈ ਹੋ ਸਥਾਨਕ ਮੁਸ਼ਕਲਾਂ ਕਾਰਨ ਇਸ ਦੇ ਮਾਰਗ ਦੀ ਖੋਜ ਸੰਭਵ ਨਹੀਂ ਸਕੀ। ਦਰਿਆ ਦੇ ਖੱਬੇ ਕੰਢੇ ਤੇ ਉੱਤਰ-ਪੂਰਬੀ ਸਰਹੱਦ ਤੇ ਬੋਮਜੂਰ ਦੀ ਸਭ ਤੋਂ ਪਹਿਲੀ ਬਰਤਾਨਵੀ ਚੌਕੀ ਸੀ।

ਹ. ਪੁ.—ਇੰਪ. ਗ. ਇੰਡ. 11 : 341

**ਡਿਰੈਕ, ਪਾਲ ਏਡਰੀਐਨ ਮਾੱਰਿਸ (Dirac, Pa Adrien Maurice)** : ਇਸ ਗਣਿਤਵੇਤਾ ਤੇ ਭੌਤਿਕ ਵਿਗਿਆ ਦਾ ਜਨਮ 9 ਅਗਸਤ, 1902 ਨੂੰ ਬਰਿਸਟਿਲ ਵਿਖੇ ਹੋਇਆ ਪਹਿਲਾਂ ਇਸ ਨੇ ਬਰਿਸਟਿਲ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਡਿਗਰੀ ਪ੍ਰਾਪਤ ਕੀਤੀ। ਉਪਰੰਤ ਦੋ ਸਾਲ ਇਹ ਗਣਿਤ ਦਾ ਅਧਿ ਕਰਦਾ ਰਿਹਾ ਅਤੇ ਬਾਅਦ ਵਿਚ ਭੌਤਿਕ ਵਿਗਿਆਨ ਦੇ ਖੇਤਰ ਵਿ ਕੰਮ ਕਰਨ ਲਗ ਪਿਆ। ਇਸ ਨੇ ਕੈਂਬਰਿਜ ਯੂਨੀਵਰਸਿਟੀ ਤੋਂ 19 ਈ. ਵਿਚ ਪੀ. ਐਚ. ਡੀ. ਕੀਤੀ। ਇਹ 1927 ਈ. ਵਿਚ ਜਾੱਨ'ਜ਼ ਕਾਲਜ ਵਿਖੇ ਫ਼ੈਲੋ ਨਿਯੁਕਤ ਹੋ ਗਿਆ ਅਤੇ ਮਗਰੋਂ ਯੂਰਪ ਅਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕੰਮ ਕਰ ਰਿਹਾ।

ਸੰਨ 1930 ਵਿਚ ਇਹ ਲੰਡਨ ਦੀ ਰਾੱਇਲ ਸੋਸਾਇਟੀ ਫ਼ੈਲੋ ਨਿਯੁਕਤ ਹੋਇਆ ਅਤੇ 1933 ਈ. ਵਿਚ ਪ੍ਰੋਫ਼ੈਸਰ ਸਕਰੋਡਿੰ ਨਾਲ ਪਰਮਾਣੂ ਦੇ ਕੁਆਂਟਮ ਮਕੈਨਿਕਸ ਸਬੰਧੀ ਕੰਮ ਕਰਨ ਫਲਸਰੂਪ ਇਸ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕ ਗਿਆ। ਇਸ ਨੂੰ 1939 ਈ. ਵਿਚ ਰਾੱਇਲ ਸੋਸਾਇਟੀ ਵਲੋਂ ਰਾੱ ਮੈਡਲ ਪ੍ਰਦਾਨ ਕੀਤਾ ਗਿਆ।

ਇਸ ਨੇ ਇਲੈੱਕਟ੍ਰਾੱਨ ਦੇ ਗੁਣਾਂ ਦਾ ਸਭ ਤੋਂ ਪਹਿ ਸਪਸ਼ਟੀਕਰਨ ਦਿੱਤਾ ਅਤੇ ਉਨ੍ਹਾਂ ਸਿੱਧਾਂਤਾਂ ਦੇ ਆਧਾਰ ਉੱਤੇ ਪਾਜ਼ੇਟ੍ਰਾੱਨ ਦੀ ਭਵਿੱਖਬਾਣੀ ਕੀਤੀ, ਜੋ ਬਾਅਦ ਵਿਚ ਡਾ. ਐਂਡਰ ਦੇ ਪ੍ਰਯੋਗਾਂ ਰਾਹੀਂ ਠੀਕ ਸਿੱਧ ਹੋਈ।

ਇਸ ਦੁਆਰਾ ਲਿਖੀ ਪੁਸਤਕ 'ਪ੍ਰਿੰਸੀਪਲਜ਼ ਆਫ਼ ਕੁਅ ਮਕੈਨਿਕਸ' ਆਪਣੇ ਵਿਸ਼ੇ ਦੀਆਂ ਪ੍ਰਸਿੱਧ ਪੁਸਤਕਾਂ ਵਿਚੋਂ ਇਕ

ਹ. ਪੁ.—ਐਨ. ਬ੍ਰਿ. 7 : 483; ਹਿੰ. ਵਿ. ਕੋ. 5: 246

**ਡਿਲ** : ਇਹ ਇਕ-ਰੁੱਤੀ ਜਾਂ ਦੋ-ਰੁੱਤੀ ਛੋਟੇ ਜਿਹੇ ਆਕਾਰ ਦੀ ਬੂਟੀ ਹੈ। ਇਸ ਦਾ ਵਿਗਿਆਨਕ ਨਾਂ ਐਨੇਥਮ ਗ੍ਰੈਵੀਓਲੈਨਜ (Anethum graveolens) ਹੈ ਅਤੇ ਇਹ ਅੰਬੈਲੀਫ਼ਰੀ (Umbelliferae) ਕੁਲ ਨਾਲ ਸਬੰਧਤ ਹੈ। ਪ੍ਰਾਚੀਨ ਲੋਕ ਡਿਲ ਨੂੰ ਬਹੁਤ ਹੀ ਪਸੰਦ ਕਰਦੇ ਸਨ ਅਤੇ ਹੁਣ ਇਹ ਯੂਰਪ, ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਆਮ ਬੀਜੀ ਜਾਂਦੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਇਹ ਅਚਾਰਾਂ ਨੂੰ ਖ਼ੁਸ਼ਬੂਦਾਰ ਬਣਾਉਣ ਲਈ ਵਰਤੀ ਜਾਂਦੀ ਹੈ। ਫ਼ਰਾਂਸ, ਭਾਰਤ ਅਤੇ ਹੋਰ ਦੇਸ਼ਾਂ ਵਿਚ ਡਿਲ ਦੀ ਵਰਤੋਂ ਸੂਪ, ਚਟਨੀਆਂ ਅਤੇ ਹੋਰ ਖਾਣਿਆਂ ਵਿਚ ਕੀਤੀ ਜਾਂਦੀ ਹੈ। ਇਸ ਦਾ ਫਲ ਅਤੇ ਤੇਲ ਦੋਵੇਂ ਹੀ ਦਵਾਈਆਂ ਵਿਚ ਵਰਤੇ ਜਾਂਦੇ ਹਨ।

ਹ. ਪੁ.—ਮੈਕ. ਐਨ. ਸਾ. ਟ. 4 : 196

**ਡਿਲਤੀ, ਵਿਲਹੈਲਮ** : ਜਰਮਨੀ ਦੇ ਇਸ ਫ਼ਿਲਾਸਫ਼ਰ ਦਾ ਜਨਮ 19 ਨਵੰਬਰ, 1833 ਨੂੰ ਬੀਬ੍ਰਿਕ ਵਿਖੇ ਹੋਇਆ। ਇਸ ਨੇ ਹਾਈਡਲਬੈਰਕ ਅਤੇ ਬਰਲਿਨ ਵਿਖੇ ਸਿੱਖਿਆ ਪ੍ਰਾਪਤ ਕੀਤੀ। ਸੰਨ 1866 ਤੋਂ 1868 ਤਕ ਇਹ ਬੇਸਲ ਵਿਖੇ, 1868 ਤੋਂ 1871 ਤੱਕ ਕੀਲ, 1871 ਤੋਂ 1882 ਤਕ ਬ੍ਰੈਸਲਾਉ ਅਤੇ ਫਿਰ 1882 ਤੋਂ ਬਰਲਿਨ ਵਿਚ ਅਧਿਆਪਕ ਰਿਹਾ।

ਸੰਨ 1905 ਵਿਚ ਇਸ ਨੇ ਆਪਣੀ ਪੁਸਤਕ 'Das Erlebnis und die Dichtung' ਪ੍ਰਕਾਸ਼ਿਤ ਕੀਤੀ। ਇਸ ਦੀ ਪ੍ਰਸਿੱਧੀ ਇਸ ਗੱਲ ਕਰਕੇ ਹੋਈ ਜਦੋਂ ਇਸ ਨੇ ਦਸਿਆ ਕਿ ਇਤਿਹਾਸ ਅਤੇ ਸਮਾਜ-ਵਿਗਿਆਨ ਦੀ ਵਿਗਿਆਨਕ ਖੋਜ ਵਿਚ ਮਨੋਵਿਗਿਆਨ ਦੀ ਲੋੜ ਹੁੰਦੀ ਹੈ ਨਾ ਕਿ ਪਰਾ-ਭੌਤਿਕ ਵਿਗਿਆਨ ਦੀ। ਇਹ ਵਿਚਾਰ ਇਸ ਨੇ ਆਪਣੀ ਪੁਸਤਕ 'Einleitung in die Geisteswissenschaften' (1883) ਵਿਚ ਵਿਅਕਤ ਕੀਤੇ।

ਪਹਿਲੀ ਅਕਤੂਬਰ, 1911 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 548; ਐਨ. ਅਮੈ. 9: 122; ਐਨ. ਬ੍ਰਿ. ਮੈ. 5 :804

**ਡਿਲਮਾਨ, (ਕ੍ਰਿਸ਼ਚਨ ਫ੍ਰੀਡਰਿਕ) ਔਗਸਟ** : ਜਰਮਨੀ ਦੇ ਇਸ ਪ੍ਰੋਟੈਸਟੈਂਟ ਧਰਮ ਸ਼ਾਸਤਰੀ ਅਤੇ ਵਿਦਵਾਨ ਦਾ ਜਨਮ 25 ਅਪ੍ਰੈਲ, 1823 ਨੂੰ ਵਰਟੈਮਬਰਕ ਵਿਚ ਇਲਿਨਗੈਨ ਟੂਬਿੰਗੈਨ ਵਿਖੇ ਹੋਇਆ। ਟੂਬਿੰਗੈਨ ਵਿਖੇ ਵਿਦਿਆ ਪ੍ਰਾਪਤ ਕਰਨ ਮਗਰੋਂ ਇਸ ਨੇ ਪੈਰਿਸ, ਲੰਡਨ ਅਤੇ ਔਕਸਫੋਰਡ ਦੀਆਂ ਲਾਇਬ੍ਰੇਰੀਆਂ ਵਿਚ ਇਥੋਪੀਆ ਦੇ ਦਸਤਾਵੇਜ਼ਾਂ ਦਾ ਅਧਿਐਨ ਕੀਤਾ। ਸੰਨ 1848 ਵਿਚ ਇਹ ਟੂਬਿੰਗੈਨ ਵਾਪਸ ਪਰਤ ਆਇਆ ਅਤੇ ਉਥੇ ਲੈਕਚਰਾਰ ਦੀ ਆਸਾਮੀ ਤੇ ਨਿਯੁਕਤ ਹੋ ਗਿਆ। ਮਗਰੋਂ ਇਸਨੇ ਕਈ ਵੱਖ ਵੱਖ ਥਾਵਾਂ ਤੇ ਪ੍ਰੋਫ਼ੈਸਰ ਵਜੋਂ ਸੇਵਾ ਕੀਤੀ। ਡਿਲਮਾਨ ਨੇ ਇਥੋਪੀਆਈ ਭਾਸ਼ਾ ਦੇ ਵਿਆਕਰਣ ਅਤੇ ਸ਼ਬਦਾਵਲੀ ਦੀ ਰਚਨਾ ਕੀਤੀ ਅਤੇ ਓਲਡ ਟੈਸਟਾਮੈਂਟ ਦੀਆਂ ਕਈ ਪੁਸਤਕਾਂ ਨੂੰ ਇਥੋਪੀਆਈ ਭਾਸ਼ਾ ਵਿਚ ਅਨੁਵਾਦ ਕੀਤਾ। ਸੰਨ 1864 ਵਿਚ ਇਸ ਨੂੰ ਓਲਡ ਟੈਸਟਾਮੈਂਟ ਟੀਕਾ ਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ।

ਸੰਨ 1877 ਵਿਚ ਇਹ ਰੌਇਲ ਅਕੈਡਮੀ ਆਫ਼ ਸਾਇੰਸਜ਼ ਦਾ ਮੈਂਬਰ ਬਣ ਗਿਆ। ਡਿਲਮਾਨ ਇਥੋਪੀਆਈ ਭਾਸ਼ਾਵਾਂ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਣ ਲੱਗ ਪਿਆ। ਇਥੋਪੀਅਨ ਗ੍ਰਾਮਰ (1857), ਇਥੋਪੀਅਨ ਡਿਕਸਾਰ (1865) ਅਤੇ ਇਥੋਪੀਅਨ ਸਿਲੈਕਸ਼ਨਜ਼ (1866) ਇਸ ਦੀਆਂ ਮੁੱਖ ਰਚਨਾਵਾਂ ਹਨ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਇਸ ਨੇ ਧਰਮ ਸਬੰਧੀ ਬਹੁਤ ਸਾਰੀਆਂ ਪੁਸਤਕਾਂ ਵੀ ਲਿਖੀਆਂ।

4 ਜੁਲਾਈ, 1894 ਨੂੰ ਬਰਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 438; ਐਨ. ਅਮੈ. 9 : 121

**ਡਿੱਲਾ** : ਇਹ ਇਕ ਛੰਦ ਹੈ ਜਿਸ ਨੂੰ ਸੁਪ੍ਰਿਯਾ ਵੀ ਕਹਿੰਦੇ ਹਨ। ਇਸ ਵਿਚ ਚਾਰ ਚਰਣ ਹੁੰਦੇ ਹਨ ਅਤੇ ਪ੍ਰਤੀ ਚਰਣ 16 ਮਾਤ੍ਰਾਵਾਂ ਹੁੰਦੀਆਂ ਹਨ; ਅੰਤ ਵਿਚ ਭਗਣ (SII) ਹੁੰਦਾ ਹੈ। ਜਿਵੇਂ –
ਰਾਮ ਨਾਮ ਨਿਸ੍ ਬਾਸਰ ਗਾਵਹੁ ਜਨਮ ਲੇਨ ਕਰ ਫਲ ਜਗ ਪਾਵਹੁ॥
ਸੀਖ ਹਮਾਰੀ ਜੋ ਹਿਯ ਲਾਵਹੁ॥ ਜਨਮ ਮਰਣ ਕੇ ਫੰਦ ਨਸਾਵਹੁ॥

ਹ. ਪੁ.—ਹਿੰ. ਸ. ਸਾ. 4 : 1953; ਮ. ਕੋ.

**ਡਿਲੀਆਨਿਸ, ਥੀਓਡੋਰਸ** : ਯੂਨਾਨ ਦੇ ਇਸ ਪ੍ਰਸਿੱਧ ਰਾਜਨੀਤੀਵਾਨ ਦਾ ਜਨਮ 14 ਜਨਵਰੀ, 1826 ਨੂੰ ਹੋਇਆ। ਇਹ ਪੰਜ ਵਾਰੀ ਆਪਣੇ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਇਸਨੇ ਐਥਨਜ਼ ਵਿਖੇ ਕਾਨੂੰਨ ਦੀ ਵਿਦਿਆ ਹਾਸਲ ਕੀਤੀ। ਬਹੁਤ ਸਾਲ ਤੀਕ ਇਹ ਤੁਰਕ-ਵਿਰੋਧੀ ਨੀਤੀ ਦਾ ਤਰਜ਼ਮਾਨ ਰਿਹਾ।

ਸੰਨ 1862 ਵਿਚ ਇਹ ਬਦੇਸ਼ ਮੰਤਰੀ ਬਣ ਗਿਆ। ਜਨਵਰੀ, 1867 ਤੋਂ ਫ਼ਰਵਰੀ 1868 ਤੱਕ ਇਹ ਪੈਰਿਸ ਵਿਖੇ ਮੰਤਰੀ ਰਿਹਾ। ਸੰਨ 1877 ਵਿਚ ਇਸਨੇ ਤੁਰਕੀ ਨਾਲ ਜੰਗ ਕਰਨ ਦੀ ਹਿਮਾਇਤ ਕੀਤੀ ਅਤੇ ਇਸਦੀ ਹਾਰ ਤੇ ਇਹ ਅਲੈਗਜਾਂਦਰਾਸ ਕੌਮੌਂਡੌਰਾਸ ਦੇ ਮੰਤਰੀ-ਮੰਡਲ ਵਿਚ ਬਦੇਸ਼ ਮੰਤਰੀ ਬਣ ਗਿਆ। ਸੰਨ 1878 ਵਿਚ ਬਰਲਿਨ ਕਾਂਗਰਸ ਵਿਚ ਇਹ ਯੂਨਾਨੀ ਨੁਮਾਇੰਦਾ ਸੀ। ਖਾਰਿਲਾਉਸ ਟਰਿਕਾਉਪਿਸ ਨੇ 1882 ਈ. ਤੋਂ ਬਾਅਦ ਜਦੋਂ ਤਾਕਤ ਸੰਭਾਲੀ ਤਾਂ ਇਨ੍ਹਾਂ ਦੋਹਾਂ ਰਾਜਨੀਤੀਵਾਨਾਂ ਵਿਚ ਤਾਕਤ ਹਥਿਆਉਣ ਲਈ ਦੌੜ-ਭੱਜ ਸ਼ੁਰੂ ਹੋ ਗਈ ਅਤੇ ਕੁਝ ਸਾਲ ਤੱਕ ਇਹ ਦੋਵੇਂ ਹੀ ਯੂਨਾਨ ਦੀ ਰਾਜਨੀਤੀ ਤੇ ਛਾਏ ਰਹੇ। ਡਿਲੀਆਨਿਸ ਨੇ 1885 ਈ. ਵਿਚ ਇਕ ਮੰਤਰੀ-ਮੰਡਲ ਦੀ ਸਥਾਪਨਾ ਕੀਤੀ ਪਰ ਆਪਣੀ ਯੁੱਧ-ਨੀਤੀ ਦੇ ਅਸਫਲ ਹੋ ਜਾਣ ਤੇ ਇਸਨੇ ਅਗਲੇ ਹੀ ਸਾਲ ਇਹ ਮੰਤਰੀ-ਮੰਡਲ ਤੋੜ ਦਿੱਤਾ। ਸੰਨ 1890 ਵਿਚ ਇਸਨੇ ਮੁੜ ਤਾਕਤ ਸੰਭਾਲੀ ਪਰ ਇਸ ਵਾਰੀ ਇਹ ਦੇਸ਼ ਦੇ ਆਰਥਿਕ ਸੰਕਟ ਨੂੰ ਠੀਕ ਹੱਲ ਨਾ ਕਰ ਸਕਿਆ। ਇਸ ਕਾਰਨ ਇਸ ਦਾ ਬਾਦਸ਼ਾਹ ਨਾਲ ਸੰਘਰਸ਼ ਸ਼ੁਰੂ ਹੋ ਗਿਆ ਅਤੇ ਬਾਦਸ਼ਾਹ ਨੇ 1892 ਈ. ਵਿਚ ਇਸਨੂੰ ਬਰਖ਼ਾਸਤ ਕਰ ਦਿੱਤਾ। ਸੰਨ 1895 ਵਿਚ ਇਹ ਫਿਰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਇਸਨੇ ਤੁਰਕੀ ਨਾਲ ਲੜਾਈ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਪਰ ਸ਼ਰਮਨਾਕ ਹਾਰ ਦਾ ਮੂੰਹ ਦੇਖਣਾ ਪਿਆ ਅਤੇ 1897 ਵਿਚ ਇਹ ਆਪਣੇ ਅਹੁਦੇ ਤੋਂ ਹਟ ਗਿਆ। ਸੰਨ 1902-03 ਵਿਚ ਇਹ ਫਿਰ ਪ੍ਰਧਾਨ ਮੰਤਰੀ ਬਣਿਆ ਅਤੇ 1904 ਵਿਚ ਇਹ ਮੁੜ ਪੂਰੀ ਤਾਕਤ ਪ੍ਰਾਪਤ ਕਰ ਗਿਆ। ਜੂਆ ਘਰਾਂ ਦੇ ਵਿਰੁੱਧ ਕੰਮ ਕਰਨ ਤੇ 13 ਜੂਨ, 1905 ਨੂੰ ਇਸਨੂੰ ਕਤਲ ਕਰ ਦਿੱਤਾ ਗਿਆ।

ਹ. ਪੁ.—ਐਨ. ਬ੍ਰਿ. 7 : 437

**ਡਿਲੇਟਰ** : ਪ੍ਰਾਚੀਨ ਰੋਮ ਵਿਚ ਇਹ ਸ਼ਬਦ 'ਵਕੀਲ' ਜਾਂ 'ਮੁਖ਼ਬਰ' ਲਈ ਵਰਤਿਆ ਜਾਂਦਾ ਸੀ। ਰੋਮ ਕੋਲ ਪੁਲਿਸ, ਸਰਕਾਰੀ ਵਕੀਲ ਬਹੁਤੇ ਨਾ ਹੋਣ ਕਾਰਨ ਉਨ੍ਹਾਂ ਨੂੰ ਫ਼ੌਜਦਾਰੀ ਕਾਨੂੰਨ ਅਤੇ ਮਾਲੀ ਕਲੇਮਾਂ ਲਈ ਮੁਖ਼ਬਰਾਂ ਦੀ ਲੋੜ ਪੈਂਦੀ ਸੀ ਜਿਨ੍ਹਾਂ ਦਾ ਰੋਲ ਵੀ ਮਹੱਤਵਪੂਰਨ ਹੁੰਦਾ ਸੀ। ਇਸ ਲਈ ਇਨ੍ਹਾਂ ਨੂੰ ਹੱਲਾਸ਼ੇਰੀ ਦੇਣੀ ਜ਼ਰੂਰੀ ਸੀ। ਇਹ ਇਸ ਤਰ੍ਹਾਂ ਸੀ ਕਿ ਗ਼ੁਲਾਮਾਂ ਨੂੰ ਆਜ਼ਾਦੀ, ਵਿਦੇਸ਼ੀਆਂ ਨੂੰ ਨਾਗਰਿਕਤਾ ਅਤੇ ਸ਼ਹਿਰੀਆਂ ਨੂੰ ਮਾਇਕ ਤੇ ਅਭਿਨੰਦਨ ਐਵਾਰਡ ਦਿੱਤੇ ਜਾਂਦੇ ਸਨ। ਇਸ ਕਾਰਨ ਇਹ ਇਕ ਲਾਹੇਵੰਦ ਪਰ ਬਦਨਾਮ ਕਿੱਤਾ ਬਣ ਗਿਆ ਅਤੇ ਇਸ ਦੀ ਕੁਵਰਤੋਂ ਹੋਣ ਲੱਗ ਪਈ। ਕਾਨੂੰਨ

ਨੇ ਇਸ ਦੀ ਕੁਵਰਤੋਂ ਨੂੰ ਰੋਕਣ ਲਈ ਕੁਵਰਤੋਂ ਕਰਨ ਵਾਲੇ ਨੂੰ ਸਜ਼ਾ ਦੇਣ ਦਾ ਉਪਬੰਧ ਕੀਤਾ। ਕੁਵਰਤੋਂ ਕਰਨ ਵਾਲੇ ਤੋਂ ਸਿਵਲ ਹੱਕ ਖੋਹੇ ਜਾਣ ਲੱਗ ਪਏ। ਅਜਿਹੇ ਬੰਦਿਆਂ ਦੇ ਛਾਂਟੇ ਲਾਏ ਜਾਂਦੇ ਜਾਂ ਦੇਸ਼-ਨਿਕਾਲਾ ਦਿੱਤਾ ਜਾਂਦਾ ਪਰ ਕਿਉਂ ਜੋ ਅਜਿਹੇ ਵਿਅਕਤੀਆਂ ਦੀਆਂ ਸਰਗਰਮੀਆਂ ਬਾਦਸ਼ਾਹ ਲਈ ਲਾਹੇਵੰਦ ਹੁੰਦੀਆਂ ਸਨ, ਇਸ ਲਈ ਕਈ ਵਾਰੀ ਅਜਿਹੇ ਬੇਅਸੂਲ ਡਿਲੇਟਰ ਦੰਡ ਤੋਂ ਬਚ ਨਿਕਲਦੇ ਸਨ ਅਤੇ ਕਈ ਤਾਂ ਰਾਜਨੀਤਕ ਸੱਤਾ ਵੀ ਪ੍ਰਾਪਤ ਕਰ ਲੈਂਦੇ ਸਨ।

ਹ. ਪੁ.—ਐਨ. ਬ੍ਰਿ. 7 : 189; ਐਨ. ਬ੍ਰਿ. ਮਾ. 3 : 443

**ਡਿਲੇਨੀਉਸ, ਜਾੱਨ ਜੈਕਬ** : ਇਸ ਪ੍ਰਸਿੱਧ ਬਨਸਪਤੀ ਵਿਗਿਆਨੀ ਦਾ ਜਨਮ 1687 ਈ. ਵਿਚ ਡਾਰਮਸ਼ਟਾਟ (ਹੁਣ ਪੱਛਮੀ ਜਰਮਨੀ ਵਿਚ) ਵਿਖੇ ਹੋਇਆ। ਪੌਦਿਆਂ ਬਾਰੇ ਇਸ ਨੇ ਕਈ ਵਿਸਥਾਰਪੂਰਵਕ ਲੇਖ ਲਿਖੇ ਹਨ। ਇਸ ਦੀ Catalogus Plantarum circa Gissam sponte nascentium (1718) ਵਿਚ ਉੱਚ ਪੱਧਰ ਪੌਦਿਆਂ ਦੀਆਂ 980 ਜਾਤੀਆਂ, ਮਾੱਸ ਅਤੇ ਇਨ੍ਹਾਂ ਵਰਗੇ ਹੀ ਹੋਰ ਪੌਦਿਆਂ ਦੀਆਂ 200 ਕਿਸਮਾਂ ਅਤੇ ਉੱਲੀ ਦੀਆਂ 160 ਕਿਸਮਾਂ ਦਾ ਜ਼ਿਕਰ ਹੈ। ਜਾੱਨ ਰੇ ਦੀ 'ਸਿਨੋਪਸਿਸ ਮੈਥੋਡਿਕਾ ਸਟਰਪੀਅਮ ਬ੍ਰਿਟੈਨਿਕਾਰਮ' Synopsis Methodica stirpium Britannicarum (1690) ਦੀ ਇਸ ਨੇ ਸੋਧ ਕੀਤੀ ਅਤੇ ਤੀਜੀ ਐਡੀਸ਼ਨ ਤਿਆਰ ਕੀਤੀ। ਇਸ ਦੇ ਸਭ ਤੋਂ ਪ੍ਰਸਿੱਧ ਕੰਮ ਹਨ, ਹਾਰਟਸ ਏਲਥਾਮੇਨਸਿਸ Hortus Elthamensis (2 ਜਿਲਦਾਂ, 1732), ਜਿਸ ਵਿਚ ਸ਼ਿਰਾਰਡ ਬਾਗ਼ ਏਲਥਾਮ (Eltham) ਦੇ ਪੌਦਿਆਂ ਦਾ ਵਿਵਰਣ ਅਤੇ 417 ਚਿਤੱਰ (ਖਾਕੇ) ਹਨ ਅਤੇ ਹਿਸਟੋਰੀਆ ਮਸਕੋਰਮ Historia Muscorum (1741) ਜਿਸ ਵਿਚ ਮਾੱਸ ਦੀਆਂ 600 ਤੋਂ ਵੱਧ ਜਾਤੀਆਂ ਦਾ ਵਿਵਰਣ ਅਤੇ ਚਿੱਤਰ ਹਨ।

ਲੀਨੀਅਸ ਨੇ ਆਪਣਾ ਕੰਮ ਕਰਾਈਟੀਕਾ ਬੋਟੇਨਿਕਾ (Critica Botanica) ਇਸ ਨੂੰ ਸਮਰਪਿਤ ਕਰ ਦਿੱਤਾ ਅਤੇ ਇਸ ਦੇ ਨਾਂ ਤੇ ਹੀ ਇਕ ਫੁੱਲਦਾਰ ਪੌਦੇ ਦੀ ਪ੍ਰਜਾਤੀ ਦਾ ਨਾਂ ਡਿਲੇਨੀਆ (Dillenia) ਰੱਖਿਆ ਗਿਆ।

2 ਅਪ੍ਰੈਲ, 1747 ਨੂੰ ਆਕਸਫ਼ੋਰਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 548

**ਡੀਓਡਾਟੀ, ਜੋਵਾੱਨੀ** : ਸਵਿਟਜ਼ਰਲੈਂਡ ਦੇ ਇਸ ਪ੍ਰੋਟੈਸਟੈਂਟ ਪਾਦਰੀ ਦਾ ਜਨਮ 6 ਜੂਨ, 1576 ਨੂੰ ਜਨੇਵਾ ਵਿਖੇ ਹੋਇਆ। ਇਸ ਨੇ ਬਾਈਬਲ ਦਾ ਇਤਾਲਵੀ ਭਾਸ਼ਾ ਵਿਚ ਅਨੁਵਾਦ (1603) ਕੀਤਾ। ਕਝ ਸਮਾਂ ਇਹ ਇਬਰਾਨੀ ਭਾਸ਼ਾ ਦਾ ਪ੍ਰੋਫ਼ੈਸਰ ਅਤੇ ਪਿਛੋਂ ਜਨੇਵਾ ਵਿਖੇ ਧਰਮ-ਸ਼ਾਸਤਰ ਦਾ ਪ੍ਰੋਫ਼ੈਸਰ ਰਿਹਾ। ਇਹ ਇਕ ਉੱਘਾ ਸਮਾਜ-ਸੁਧਾਰਕ ਨੇਤਾ ਅਤੇ ਪੱਕਾ ਕਾਲਵਿਨਵਾਦੀ ਸੀ।

3 ਅਕਤੂਬਰ, 1649 ਨੂੰ ਜਨੇਵਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 461; ਐਨ. ਅਮੈ. 9 : 132; ਐਨ. ਬ੍ਰਿ. ਮਾ. 3 : 557

**ਡੀਓਡੈਂਡ** : ਇਹ ਕਾਨੂੰਨੀ ਭਾਸ਼ਾ ਦਾ ਸ਼ਬਦ ਹੈ ਅਤੇ ਨਿੱਜੀ ਜਾਇਦਾਦ ਦੀ ਉਸ ਚੀਜ਼ ਲਈ ਵਰਤਿਆ ਜਾਂਦਾ ਹੈ ਜਿਸ ਦੇ ਨਾਲ ਕਿਸੇ ਇਨਸਾਨ ਦੀ ਮੌਤ ਹੋ ਗਈ ਹੋਵੇ। ਇਹ ਮੌਤ ਅਚਾਨਕ ਜਿਸ ਚੀਜ਼ ਨਾਲ ਹੋ ਗਈ ਹੋਵੇ ਜਾਂ ਜਾਣ ਬੁੱਝ ਕੇ ਇਹ ਚੀਜ਼ ਮਾਰ ਕੇ ਕਿਸੇ ਇਨਸਾਨ ਨੂੰ ਮਾਰ ਦਿੱਤਾ ਗਿਆ ਹੋਵੇ, ਇਕੋ ਹੀ ਗੱਲ ਹੈ। ਇੰਗਲੈਂ: ਦੇ ਆਮ ਕਾਨੂੰਨ ਵਿਚ ਮਰੇ ਇਨਸਾਨ ਦੀ ਆਤਮਾ ਲਈ ਪਸ਼ਚਾਤਾ ਵਜੋਂ ਇਹ ਚੀਜ਼ ਬਾਦਸ਼ਾਹ ਨੂੰ ਦੇ ਦਿੱਤੀ ਜਾਂਦੀ ਸੀ।

ਇਹ ਚੀਜ਼ ਜਾਨਦਾਰ ਵੀ ਹੋ ਸਕਦੀ ਹੈ ਅਤੇ ਬੇਜਾਨ ਵੀ 'ਡੀਓਡੈਂਡ' ਦਾ ਸ਼ਾਬਦਿਕ ਅਰਥ ਹੈ "ਪ੍ਰਮਾਤਮਾ ਨੂੰ ਸੌਂਪੀ ਕੋਏ ਵਸਤੂ।" ਇਹ ਰਿਵਾਇਤ ਪ੍ਰਾਚੀਨ ਸਮੇਂ ਤੋਂ ਚਲਦੀ ਆ ਰਹੀ ਸੀ ਅ: ਇਸ ਨਾਲ ਧਾਰਮਿਕ ਭਾਵਨਾ ਵੀ ਜੁੜੀ ਹੋਈ ਸੀ ਪਰੰਤੂ ਹੌਲੀ ਹੌਲ ਇਸ ਸ਼ਬਦ ਦਾ ਅਰਥ ਬਦਲ ਕੇ ਕੇਵਲ 'ਕਿਸੇ ਚੀਜ਼ ਦਾ ਜ਼ਬਤ : ਜਾਣਾ' ਬਣ ਗਿਆ।

ਡੀਓਡੈਂਡ ਲਾਗੂ ਕੀਤੇ ਜਾਣ ਵਿਚ ਕਈ ਸ਼ਰਤਾਂ ਵੇਖਣੀਅ ਹੁੰਦੀਆਂ ਸਨ। ਜੇਕਰ ਉਹ ਚੀਜ਼ ਜਿਸ ਨਾਲ ਮੌਤ ਹੋਈ ਹੋਵੇ ਚਲਦ ਹੋਵੇ ਤਾਂ ਸਾਰੀ ਚੀਜ਼ ਜ਼ਬਤ ਹੋ ਜਾਂਦੀ ਸੀ ਭਾਵੇਂ ਮਰਨ ਵਾਲਾ ਬੱਚ ਹੋਵੇ ਜਾਂ ਬਾਲਗ। ਜੇ ਚੀਜ਼ ਇਕ ਥਾਂ ਖੜ੍ਹੀ ਹੋਵੇ ਤੇ ਮਰਨ ਵਾਲਾ ਬੱਚ ਹੋਵੇ ਤਾਂ ਡੀਓਡੈਂਡ ਲਾਗੂ ਨਹੀਂ ਕੀਤਾ ਜਾਂਦਾ ਸੀ। ਜੇਕਰ ਵਸ: ਚਲਦੀ ਨਾ ਹੋਵੇ ਅਤੇ ਮਰਨ ਵਾਲਾ ਬਾਲਗ ਹੋਵੇ ਤਾਂ ਕੇਵਲ ਉ ਹਿੱਸਾ, ਜਿਵੇਂ ਕਿ ਗੱਡੇ ਵਿਚੋਂ ਨਿਕਲ ਕੇ ਡਿਗਿਆ ਪਹੀਆ ਆਦਿ ਜਿਸ ਨਾਲ ਮੌਤ ਹੋਈ ਹੋਵੇ, ਜ਼ਬਤ ਕੀਤਾ ਜਾਂਦਾ ਸੀ। ਡੀਓਡੈਂ: ਸਮੁੰਦਰ ਵਿਚ ਲਾਗੂ ਨਹੀਂ ਹੁੰਦਾ ਸੀ। ਇਹ ਅਮਰੀਕਾ ਦੇ ਕਾਨੂੰਨ ਦ ਹਿੱਸਾ ਕਦੇ ਵੀ ਨਾ ਬਣਿਆ।

ਇੰਗਲੈਂਡ ਵਿਚ ਡੀਓਡੈਂਡ 1846 ਵਿਚ ਸਮਾਪਤ ਕਰ ਦਿੱਤ ਗਿਆ।

ਹ. ਪੁ.—ਐਨ. ਬ੍ਰਿ. 7 : 263; ਐਵ. ਐਨ. 4 : 346; ਐਨ. ਅਮੈ. 9 701

**ਡੀਅਰ ਫਲਾਈ** : ਇਹ ਡਿਪਟਰਾ ਵਰਗ ਦੀ ਟਬੈਨਿਡ (Tabanidae) ਕੁਲ ਅਤੇ ਕ੍ਰਿਸਾਪਸ (Chrysops) ਪ੍ਰਜਾਤੀ ਦੀਅ ਮੱਖੀਆਂ ਹਨ। ਇਨ੍ਹਾਂ ਮੱਖੀਆਂ ਦੇ ਪਰ ਧਾਰੀਦਾਰ ਹੁੰਦੇ ਹਨ। ਉੱਤਰ ਅਮਰੀਕਾ ਦੇ ਪੱਛਮੀ ਹਿੱਸੇ ਵਿਚ ਇਸ ਦੀ ਇਕ ਜਾਤੀ ਕ੍ਰਿ ਡਿਸਕਾਲਿਸ (C. discalis) ਮਨੁੱਖਾਂ ਵਿਚ ਟੂਲੇਰੀਮੀਆ ਬੀਮਾਰ ਫੈਲਾਉਂਦੀ ਹੈ ਤੇ ਇਸ ਦੇ ਕੱਟਣ ਨਾਲ ਦਰਦ ਹੁੰਦਾ ਹੈ। ਅਫ਼ਰੀਕ ਵਿਚ ਇਸ ਦੀਆਂ ਕ੍ਰਿ. ਡਿਸਕਾਲਿਸ ਅਤੇ ਕ੍ਰਿ. ਸਿਲੇਸ਼ੀਆ (( silacea) ਜਾਤੀਆਂ ਅੱਖ ਦੇ ਵਰਮ ਲੋਆ ਲੋਆ (Loa loa) ਦੀਅ ਵਾਹਕ ਹਨ।

ਹ. ਪੁ.—ਐਨ. ਬ੍ਰਿ. 7 : 167

**ਡੀਅਰਬਰਨ** : ਇਹ ਅਮਰੀਕਾ ਦੇ ਦੱਖਣ-ਪੂਰਬੀ ਮਿਸ਼ੀਗ ਦੀ ਵੇਨ ਕਾਉਂਟੀ ਦਾ ਇਕ ਸ਼ਹਿਰ ਹੈ ਜੋ ਡਿਟਰਾਇਟ ਦੇ ਨਾਲ ਹੁ ਦਰਿਆ ਤੇ ਵੱਸਿਆ ਹੋਇਆ ਹੈ। ਸ਼ਹਿਰ 'ਫੋਰਡ ਮੋਟਰ ਕੰਪਨੀ' ਅ ਕੰਪਨੀ ਦੇ ਨਿਰਮਾਤਾ ਹੈਨਰੀ ਫੋਰਡ ਦੀ ਜਨਮ-ਭੂਮੀ ਹੋਣ ਕਰ ਮਸ਼ਹੂਰ ਹੈ। ਫੋਰਡ ਮੋਟਰ ਕੰਪਨੀ ਤੋਂ ਇਲਾਵਾ ਇਥੇ 200 ਦੇ ਲਗਭ ਹੋਰ ਉਦਯੋਗਿਕ ਪਲਾਂਟ ਵੀ ਹਨ ਜਿਨ੍ਹਾਂ ਵਿਚ ਕਈ ਕਿਸਮ ਦੀਅ ਵਸਤਾਂ ਬਣਾਈਆਂ ਜਾਂਦੀਆਂ ਹਨ।

ਸੰਨ 1795 ਵਿਚ ਆਬਾਦ ਹੋਏ ਇਸ ਸ਼ਹਿਰ ਦਾ ਨਾਉਂ ਹੈਨ ਡੀਅਰਬਰਨ (ਕ੍ਰਾਂਤੀਕਾਰੀ ਯੁੱਧ ਸਮੇਂ ਦਾ ਪ੍ਰਸਿੱਧ ਜਰਨੈਲ) ਦੇ ਨਾਉਂ ਪਿਆ। ਇਹ ਸ਼ਿਕਾਗੋ ਦੇ ਰਾਹ ਤੇ ਡਾਕ-ਬੱਘੀ ਦਾ ਇਕ ਪੜਾਅ ਸ ਸੰਨ 1848 ਵਿਚ ਡਿਟਰਾਇਟ ਤੋਂ ਸ਼ਿਕਾਗੋ ਜਾਣ ਵਾਲੇ ਫੱਟਿਆਂ ਮਾਰਗ ਉੱਤੇ ਬਣਾਏ ਛੇ ਚੁੰਗੀ ਫਾਟਕਾਂ ਵਿਚੋਂ ਇਕ ਇਥੇ ਬਣਾਇਆ ਗਿਆ। ਸੰਨ 1929 ਵਿਚ ਇਸ ਨੂੰ ਸ਼ਹਿਰ ਦੇ ਤੌਰ ਤੇ ਨਿਗਮਿ ਕੀਤਾ ਗਿਆ।

ਇਥੇ ਮਿਸ਼ੀਗਨ ਯੂਨੀਵਰਸਿਟੀ ਦਾ ਡੀਅਰਬਰਨ ਕੈਂਪਸ ਅਤੇ ਹੈਨਰੀ ਫੋਰਡ ਕਮਿਊਨਿਟੀ ਕਾਲਜ ਹਨ। ਸ਼ਹਿਰ ਦੇ ਕੁੱਲ ਖੇਤਰ ਦੇ ਲਗਭਗ 15% ਹਿੱਸੇ ਵਿਚ ਪਾਰਕ, ਖੇਡ-ਮੈਦਾਨ ਅਤੇ ਤੈਰਾਕੀ ਦੇ ਤਲਾਅ ਹਨ। ਇਥੇ ਦਾ ਗ੍ਰੀਨ ਫੀਲਡ ਨਾਮੀ ਪਿੰਡ ਇਕ ਖ਼ਾਸ ਦਿਲਚਸਪੀ ਦਾ ਕੇਂਦਰ ਹੈ। ਇਸ ਵਿਚ ਹੈਨਰੀ ਫੋਰਡ ਦੁਆਰਾ ਸਥਾਪਿਤ ਕੀਤੇ ਮੁੱਢਲੇ ਅਮਰੀਕਨ ਜੀਵਨ ਦਾ ਝਲਕਾਰਾ ਮਿਲਦਾ ਹੈ। ਇਸ ਦੇ ਨਜ਼ਦੀਕ ਹੀ ਹੈਨਰੀ ਫੋਰਡ ਅਜਾਇਬ ਘਰ ਹੈ। ਇਸ ਤੋਂ ਇਲਾਵਾ ਇਥੇ ਹੋਰ ਵੀ ਕਈ ਇਤਿਹਾਸਿਕ ਇਮਾਰਤਾਂ ਅਤੇ ਅਜਾਇਬ ਘਰ ਹਨ। ਇਥੇ ਇਕ ਹਵਾਈ ਅੱਡਾ ਵੀ ਹੈ।

ਆਬਾਦੀ—90,660 (1980)

42° 18′ ਉ. ਵਿਥ.; 83° 10′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 940; ਐਨ. ਅਮੇ. 8 : 563

**ਡੀਆਸ਼ ਡ ਨੋਵੇਜ਼ ਬਾਰਟੋਲੋਮੀਓ** : ਇਹ ਪੰਦਰਵੀਂ ਸਦੀ ਦਾ ਇਕ ਮਸ਼ਹੂਰ ਪੁਰਤਗਾਲੀ ਜ਼ਹਾਜ਼ਰਾਨ ਸੀ ਜਿਸ ਨੇ ਕੇਪ ਆਫ਼ ਗੁੱਡ ਹੋਪ ਅਤੇ ਭਾਰਤ ਤੱਕ ਦੇ ਸਮੁੰਦਰੀ ਰਸਤੇ ਦੀ ਖੋਜ ਕੀਤੀ। ਇਸ ਦਾ ਜਨਮ 1450 ਈ. ਵਿਚ ਹੋਇਆ। ਇਸ ਨੇ ਦੱਖਣੀ ਅਫ਼ਰੀਕਾ ਦੇ ਗੋਲਡ ਕੋਸਟ ਖੇਤਰ ਵਿਚ ਕਈ ਸਮੁੰਦਰੀ ਯਾਤਰਾਵਾਂ ਕੀਤੀਆਂ। ਸੰਨ 1487 ਵਿਚ ਬਾਦਸ਼ਾਹ ਜਾਨ ਦੂਜੇ ਨੇ ਇਸ ਨੂੰ ਦੱਖਣੀ ਅਫਰੀਕਾ ਦੇ ਸਮੁੰਦਰੀ ਤੱਟਾਂ ਦੀ ਅਤੇ ਭਾਰਤ ਦੇ ਸਮੁੰਦਰੀ ਰਸਤੇ ਦੀ ਖੋਜ ਮੁਹਿੰਮ ਲਈ ਇਕ ਜਹਾਜ਼ੀ ਬੇੜੇ ਦਾ ਮੁੱਖੀ ਬਣਾ ਕੇ ਭੇਜਿਆ। ਇਸ ਯਾਤਰਾ ਵਿਚ 'ਕੇਪ-ਕਰਾਸ' (22° ਦੱ.) ਪਹੁੰਚਣ ਤੋਂ ਬਾਅਦ ਇਸ ਨੇ ਤੱਟ ਛੱਡ ਦਿੱਤਾ ਅਤੇ ਪਹਿਲਾਂ ਦੱਖਣ ਵੱਲ ਦੂਰ ਤੱਕ ਗਿਆ ਅਤੇ ਫਿਰ ਪੂਰਬੀ ਤੇ ਉੱਤਰੀ ਦਿਸ਼ਾਵਾਂ ਵੱਲ ਗਿਆ। ਇਸ ਤਰ੍ਹਾਂ ਅਣਜਾਣੇ ਵਿਚ ਹੀ ਇਸ ਨੇ ਕੇਪ ਆਫ਼ ਗੁੱਡ ਹੋਪ ਦੀ ਪ੍ਰਕਰਮਾ ਕਰ ਲਈ ਅਤੇ ਕੇਪ ਆਫ਼ ਗੁੱਡ ਹੋਪ ਦੇ 370 ਕਿ. ਮੀ. ਪੂਰਬ ਵੱਲ ਮਾਸਲ ਖਾੜੀ ਤੇ ਇਸ ਨੇ ਲੰਗਰ ਸੁੱਟ ਲਿਆ। ਆਪਣੇ ਸਾਥੀ ਮਲਾਹਾਂ ਦੇ ਇਨਕਾਰ ਕਰ ਦੇਣ ਕਰਕੇ ਇਹ ਅੱਗੇ ਨਾ ਜਾ ਸਕਿਆ। ਇਥੋਂ ਵਾਪਸ ਆਉਂਦੇ ਇਸ ਨੇ ਅਫ਼ਰੀਕਾ ਦੇ ਧੁਰ ਦੱਖਣੀ ਸਿਰੇ ਤੇ ਸਥਿਤ ਕੇਰ ਅਗਲਹਾਸ ਦਾ ਸਥਾਨ ਲਭਿਆ ਅਤੇ ਸ਼ਾਇਦ ਇਸ ਦਾ ਨਾਂ ਸੇਂਟ ਬ੍ਰੈਂਡਨ ਰੱਖਿਆ। ਇਸ ਤੋਂ ਬਾਅਦ ਫਿਰ ਇਸ ਨੇ ਕੇਪ ਆਫ਼ ਗੁੱਡ ਹੋਪ ਦੀ ਖੋਜ ਕੀਤੀ। ਬਾਰਟੋਲੋਮੀਓ ਦੱਖਣ-ਪੱਛਮ ਦੇ ਕੈਮਰੂੰਸ, ਪ੍ਰਿੰਸ ਦੀਪ ਅਤੇ ਗੋਲਡ ਕੋਸਟ ਹੁੰਦਾ ਹੋਇਆ ਦਸੰਬਰ 1488 ਵਿਚ ਲਿਜ਼ਬਨ ਪਹੁੰਚਿਆ। ਇਸ ਤਰ੍ਹਾਂ ਇਸ ਨੇ 16 ਮਹੀਨਿਆਂ ਵਿਚ 2250 ਕਿ. ਮੀ. ਦੀ ਅਫਰੀਕਨ ਤੱਟ ਦੀ ਸਮੁੰਦਰੀ ਯਾਤਰਾ ਤੈਅ ਕੀਤੀ ਜੋ ਯੂਰਪੀਨ ਲੋਕਾਂ ਲਈ ਨਵੀਂ ਸੀ ਅਤੇ ਭਾਰਤ ਦਾ ਸਮੁੰਦਰੀ ਰਸਤਾ ਲਭਿਆ। ਇਸ ਤੋਂ ਬਾਅਦ ਇਸ ਨੇ ਬ੍ਰਾਜ਼ੀਲ ਦੀ ਯਾਤਰਾ ਕੀਤੀ। ਇਥੋਂ ਵਾਪਸ ਆਉਂਦੇ ਹੋਏ ਤੂਫਾਨ ਵਿਚ ਫਸ ਕੇ ਇਸ ਦਾ ਜਹਾਜ਼ ਨਸ਼ਟ ਹੋ ਗਿਆ। ਇਸੇ ਹਾਦਸੇ ਵਿਚ ਹੀ 1506 ਈ. ਵਿਚ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਅਮੇ. 9 : 68; ਹਿੰ. ਵਿ. ਕੋ. 5 : 249; ਐਨ. ਬ੍ਰਿ. ਮਾ. 4 : 69

**ਡੀਆਜ਼, ਪਾਰਫਿਰੀਓ** : ਮੈਕਸੀਕੋ ਦੇ ਇਸ ਪ੍ਰਸਿੱਧ ਰਾਸ਼ਟਰਪਤੀ ਦਾ ਜਨਮ 15 ਸਤੰਬਰ, 1830 ਨੂੰ ਮੈਕਸੀਕੋ ਵਿਚ ਵਹਾਕਾ ਵਿਖੇ ਹੋਇਆ। ਇਸਨੂੰ ਨਵੀਨ ਮੈਕਸੀਕੋ ਦਾ ਸਿਰਜਣਹਾਰ ਵੀ ਮੰਨਿਆ ਜਾਂਦਾ ਹੈ। ਇਸਨੇ ਆਪਣੇ ਰਾਜ ਨੂੰ ਸ਼ਕਤੀਸ਼ਾਲੀ ਬਣਾਇਆ ਅਤੇ ਲਗਭਗ ਤਿੰਨ ਦਹਾਕਿਆਂ ਤੱਕ ਇਸਨੂੰ ਆਪਣੇ ਸਖ਼ਤ ਪਹਿਰੇ ਹੇਠ ਰੱਖਿਆ। ਇਸ ਦਾ ਰਾਜ-ਕਾਲ ਪਹਿਲਾਂ 1876-1880 ਤੱਕ ਅਤੇ ਫਿਰ 1884-1911 ਤੱਕ ਰਿਹਾ।

ਇਸ ਦਾ ਜਨਮ ਇਕ ਮਾਮੂਲੀ ਘਰਾਣੇ ਵਿਚ ਹੋਇਆ। ਇਸ ਉਪਰ ਮਹਾਨ ਉਦਾਰ ਇੰਡੀਅਨ ਨੇਤਾ, ਬੈਨੇਟੋ ਡਵਾਰਾਜ਼ ਦਾ ਕਾਫ਼ੀ



**ਪਾਰਫਿਰੀਓ ਡੀਆਜ਼**

ਅਸਰ ਸੀ। ਇਸ ਦੇ ਅਸਰ ਹੇਠ ਹੀ ਇਸਨੇ ਕਾਨੂੰਨੀ ਵਿਦਿਆ ਹਾਸਲ ਕੀਤੀ। ਸੰਨ 1846 ਵਿਚ ਜਦੋਂ ਅਮਰੀਕਾ ਨਾਲ ਜੰਗ ਛਿੜੀ ਤਾਂ ਇਹ ਫ਼ੌਜ ਵਿਚ ਭਰਤੀ ਹੋ ਗਿਆ। ਮਗਰੋਂ ਇਸਨੇ 1854 ਈ. ਵਿਚ ਤਾਨਸ਼ਾਹ ਸਾਂਤਾ ਐਨਾ ਦੇ ਵਿਰੁੱਧ ਬਗ਼ਾਵਤ ਵਿਚ ਉਦਾਰਪੰਥੀਆਂ ਨੂੰ ਪੂਰਾ ਸਹਿਯੋਗ ਦਿੱਤਾ। ਇਸਨੇ ਮੈਕਸਿਮਿਲੀਅਨ ਨੂੰ ਬਾਦਸ਼ਾਹ ਬਣਾਉਣ ਲਈ ਫਰਾਂਸੀਸੀ ਹਮਲਾਵਰਾਂ ਦਾ ਵੀ ਮੁਕਾਬਲਾ ਕੀਤਾ। ਇਸ ਤੋਂ ਇਸਨੂੰ ਜਰਨੈਲ ਬਣਾ ਦਿੱਤਾ ਗਿਆ। ਸੰਨ 1858 ਵਿਚ ਇਸਨੇ ਡਵਾਰਾਜ਼ ਨੂੰ ਰਾਸ਼ਟਰਪਤੀ ਬਣਾਉਣ ਵਿਚ ਵੀ ਪੂਰੀ ਮੱਦਦ ਕੀਤੀ।

ਜਦੋਂ ਦੇਸ਼ ਵਿਚ ਸ਼ਾਂਤੀ ਕਾਇਮ ਹੋ ਗਈ ਤਾਂ ਇਸ ਨੇ ਆਪਣੀ ਫ਼ੌਜੀ ਨੌਕਰੀ ਤਿਆਗ ਦਿੱਤੀ ਅਤੇ ਵਾਪਸ ਵਹਾਕਾ (ਜਿਥੋਂ ਦਾ ਇਹ ਜੰਮਪਲ ਸੀ) ਆ ਗਿਆ। ਜਲਦੀ ਹੀ ਇਹ ਡਵਾਰਾਜ਼ ਦੀ ਸਰਕਾਰ ਤੋਂ ਅਸੰਤੁਸ਼ਟ ਹੋ ਗਿਆ। ਇਸ ਲਈ ਇਸਨੇ ਡਵਾਰਾਜ਼ ਦੀਆਂ ਅਗਲੀਆਂ ਚੋਣਾਂ ਵਿਚ ਉਸਦਾ ਸਾਥ ਨਾ ਦਿੱਤਾ। ਅਗਲੇ ਸਾਲ ਡਵਾਰਾਜ਼ ਦੀ ਮੌਤ ਤੋਂ ਬਾਅਦ ਡੀਆਜ਼ ਨੇ ਰਾਸ਼ਟਰਪਤੀ ਸੀਬੈਚੀਅਨ ਲਰਡੋ ਵਿਰੁੱਧ ਇਕ ਅਸਫਲ ਅੰਦੋਲਨ ਸ਼ੁਰੂ ਕੀਤਾ ਅਤੇ ਇਸ ਕਾਰਨ 1876 ਈ. ਵਿਚ ਇਸ ਨੂੰ ਦੇਸ਼ ਛੱਡ ਕੇ ਅਮਰੀਕਾ ਭੱਜਣਾ ਪਿਆ। ਛੇ ਮਹੀਨੇ ਮਗਰੋਂ ਇਸਨੇ ਵਾਪਸ ਆ ਕੇ ਟੈਕੋਕ ਦੀ ਲੜਾਈ ਵਿਚ ਸਰਕਾਰੀ ਫ਼ੌਜਾਂ ਨੂੰ ਹਰਾ ਦਿੱਤਾ ਅਤੇ ਮਈ, 1877 ਵਿਚ ਇਸ ਨੂੰ ਰਾਸ਼ਟਰਪਤੀ ਚੁਣਿਆ ਗਿਆ।

ਇਸਨੇ ਆਪਣੇ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਕਈ ਰਾਜਨੀਤਕ ਅਤੇ ਆਰਥਿਕ ਸੁਧਾਰ ਕੀਤੇ। ਸਹਿਯੋਗੀਆਂ ਨੂੰ ਇਸਨੇ ਸਤਿਕਾਰਿਆ ਪਰ ਅੱਖੜਾਂ ਨੂੰ ਚੰਗੀ ਤਰ੍ਹਾਂ ਦਬਾਇਆ। ਇਸਨੇ ਹਰ ਸਿਰ ਚੁੱਕਦੀ ਬਗ਼ਾਵਤ ਨੂੰ ਦਬਾ ਦਿੱਤਾ ਅਤੇ ਫ਼ੌਜੀ ਉਤਸ਼ਾਹ ਨਾਲ ਆਪਣੇ ਦੇਸ਼ ਦਾ ਰਾਜ-ਪ੍ਰਬੰਧ ਚਲਾਇਆ। ਰੋਮਨ ਕੈਥੋਲਿਕ ਚਰਚ ਵੱਲੋਂ ਵੀ ਇਸਨੂੰ ਪੂਰਾ ਸਹਿਯੋਗ ਪ੍ਰਾਪਤ ਹੋਇਆ। ਬਦਲੇ ਵਿਚ ਉਨ੍ਹਾਂ ਨੂੰ ਕੁਝ ਹੱਦ ਤੱਕ ਆਜ਼ਾਦੀ ਪ੍ਰਾਪਤ ਹੋਈ। ਸਾਰੀ ਜਨ ਸੰਖਿਆ ਦਾ ਇਕ ਤਿਹਾਈ ਹਿੱਸਾ ਜੋ ਕਿ ਇੰਡੀਅਨਾਂ ਦਾ ਸੀ, ਨੂੰ ਨਿਆਂ ਨਾ ਮਿਲਿਆ।

ਜਦੋਂ ਡੀਆਜ਼ ਤਾਕਤ ਵਿਚ ਆਇਆ ਸੀ ਉਸ ਵੇਲੇ ਮੈਕਸੀਕੋ ਦੀ ਸਰਕਾਰ ਘਾਟੇ ਵਿਚ ਚੱਲ ਰਹੀ ਸੀ ਪਰ ਇਸਨੇ ਆਪਣੇ ਸਿਆਣੇ

ਅਤੇ ਸੁਯੋਗ ਅਰਥ-ਸ਼ਾਸਤਰੀਆਂ ਮਤੀਆਸ ਰੋਮੀਰੋ ਅਤੇ ਜੋਜ਼ ਵਾਈ ਲਿਮਨੂਟਰ ਦੀ ਮੱਦਦ ਨਾਲ ਇਸ ਦੀ ਡਿਗਦੀ ਹੋਈ ਹਾਲਤ ਨੂੰ ਸੰਭਾਲਣ ਲਈ ਬਦੇਸ਼ੀਆਂ ਨੂੰ ਧਨ ਲਗਾਉਣ ਲਈ ਉਤਸ਼ਾਹਿਤ ਕੀਤਾ ਪਰ ਇਸ ਨਾਲ ਸਥਾਨਕ ਮਜ਼ਦੂਰਾਂ ਅਤੇ ਉਦਯੋਗਾਂ ਨੂੰ ਬਹੁਤ ਨੁਕਸਾਨ ਪਹੁੰਚਿਆ। ਇਸ ਬਦੇਸ਼ੀ ਪੂੰਜੀ ਦਾ ਵਧੇਰੇ ਲਾਭ ਵੀ ਬਦੇਸ਼ੀਆਂ ਨੂੰ ਹੋਇਆ ਅਤੇ ਸਾਰਾ ਪੈਸਾ ਕੁਝ ਕੁ ਪੂੰਜੀਪਤੀਆਂ ਦੇ ਹੱਥ ਵਿਚ ਹੀ ਰਹਿ ਗਿਆ। ਸੰਨ 1910 ਤੱਕ ਆਰਥਿਕ ਹਾਲਤ ਕਾਫ਼ੀ ਨਾਜ਼ੁਕ ਹੋ ਗਈ। ਮਜ਼ਦੂਰਾਂ ਨੂੰ ਪੈਸੇ ਘੱਟ ਮਿਲਣ ਲੱਗੇ ਜਿਸ ਕਾਰਨ ਹੜਤਾਲਾਂ ਆਮ ਹੋਣ ਲੱਗੀਆਂ। ਕਿਸਾਨਾਂ ਦੀ ਆਰਥਿਕ ਹਾਲਤ ਵੀ ਬਹੁਤ ਖ਼ਰਾਬ ਹੋ ਗਈ।

ਮੈਕਸੀਕੋ ਵਿਚ ਬਗ਼ਾਵਤਾਂ ਹੋਣੀਆਂ ਸ਼ੁਰੂ ਹੋਈਆਂ ਅਤੇ ਇਸ ਦੇ ਫਲਸਰੂਪ ਡੀਆਜ਼ ਨੇ 25 ਮਈ, 1911 ਨੂੰ ਅਸਤੀਫ਼ਾ ਦੇ ਦਿੱਤਾ। ਇਸਨੂੰ ਦੇਸ਼ ਨਿਕਾਲਾ ਦੇ ਕੇ ਪੈਰਿਸ ਵਿਚ ਭੇਜ ਦਿੱਤਾ ਗਿਆ। ਸੰਨ 1911 ਵਿਚ ਆਪਣੀ ਮੌਤ ਹੋਣ ਤੱਕ ਇਹ ਉਥੇ ਹੀ ਰਿਹਾ।

ਹ. ਪੁ.—ਐਨ. ਬ੍ਰਿ. ਮਾ. 4 : 70; ਐਨ. ਅਮੈ. 9 : 71

**ਡੀਆ ਡਾਇਆ** : ਇਹ ਇਕ ਦੇਵੀ ਸੀ ਜਿਸ ਦੀ ਰੋਮ ਦੇ ਨੇੜੇ ਦਰਖਤਾਂ ਤੇ ਪਵਿੱਤਰ ਝੁੰਡ ਵਿਚ ਅਰਾਵਲ ਭਰਾਵਾਂ ਨਾਉਂ ਦੇ ਪਾਦਰੀਆਂ ਨੇ ਪੂਜਾ ਕੀਤੀ ਸੀ। ਇਸ ਦਾ ਇਤਿਹਾਸ ਇਸ ਦੇ ਪੂਜਾ-ਸਥਾਨਾਂ ਵਿਖੇ ਪ੍ਰਾਪਤ ਹੋਏ ਦਸਤਾਵੇਜ਼ਾਂ ਤੋਂ ਹੀ ਮਿਲਿਆ ਹੈ। ਇਸ ਦੇ ਮੂਲ ਬਾਰੇ ਕੋਈ ਪੱਕੀ ਗੱਲ ਨਹੀਂ ਕਹੀ ਜਾ ਸਕਦੀ। ਵਿਦਵਾਨਾਂ ਨੇ ਇਸ ਨੂੰ ਕਈ ਅਲੱਗ ਅਲੱਗ ਨਾਂ ਦਿਤੇ ਹਨ ਅਤੇ ਕਈ ਵੱਖ ਵੱਖ ਦੇਵੀ-ਦੇਵਤਿਆਂ ਦੇ ਬਰਾਬਰ ਦੱਸਿਆ ਹੈ।

ਇਸ ਦੀ ਯਾਦ ਵਿਚ ਮਨਾਏ ਉਤਸਵਾਂ ਅਤੇ ਰਸਮਾਂ-ਰਿਵਾਜਾਂ ਤੋਂ ਇਹ ਪਤਾ ਲਗਦਾ ਹੈ ਕਿ ਇਸ ਦੇਵੀ ਦਾ ਸਬੰਧ ਖੇਤਾਂ ਦੀ ਉਪਜਾਊ ਸ਼ਕਤੀ ਨਾਲ ਹੈ। ਇਸ ਦਾ ਸਾਲਾਨਾ ਉਤਸਵ ਮਈ ਵਿਚ ਤਿੰਨ ਦਿਨ ਤਕ ਮਨਾਇਆ ਜਾਂਦਾ ਸੀ।

ਹ. ਪੁ.—ਐਨ. ਬ੍ਰਿ. 7 : 115

**ਡੀਆਥ ਦੇ ਸੋਲੀਸ, ਹਵਾਨ** : ਸਪੇਨ ਦੇ ਇਸ ਪ੍ਰਸਿੱਧ ਸਮੁੰਦਰੀ ਖੋਜੀ ਦਾ ਜਨਮ ਲ. 1470 ਈ. ਵਿਚ ਲੈਬਰੀਹਾ ਵਿਖੇ ਹੋਇਆ। ਸੰਨ 1506 ਵਿਚ ਇਹ ਭਾਰਤ ਵਲ ਨੂੰ ਜਾਣ ਵਾਲੇ ਪੱਛਮੀ ਸਮੁੰਦਰੀ ਰਸਤੇ ਦਾ ਪਤਾ ਲਾਉਣ ਲਈ ਪੀਨਥੱਨ ਨਾਂ ਦੇ ਇਕ ਸਪੇਨੀ ਸਮੁੰਦਰੀ ਖੋਜੀ ਨਾਲ ਮੁਹਿੰਮ ਤੇ ਗਿਆ। ਆਪਣੇ ਇਸ ਸਮੁੰਦਰੀ ਸਫ਼ਰ ਦੌਰਾਨ ਇਹ ਕੇਂਦਰੀ ਅਮਰੀਕਾ ਦੇ ਤੱਟ ਉੱਤੇ ਵੀ ਪੁੱਜਾ ਤੇ ਇਸ ਦੇ ਨਾਲ ਹੀ ਦੱਖਣ ਵਿਚ ਹਾਂਡੂਰਾਸ ਤੱਕ ਕੈਰਿਬੀਅਨ ਸਮੁੰਦਰ ਦੀ ਖੋਜ ਕੀਤੀ। ਸੰਨ 1508 ਵਿਚ ਇਹ 40° ਦੱਖਣੀ ਵਿਥਕਾਰ ਤੇ ਪਹੁੰਚ ਗਏ ਅਤੇ ਰੀਓ ਡੇ ਜਨੈਰੋ ਦੀ ਖਾੜੀ ਦੀ ਖੋਜ ਕੀਤੀ। ਸੰਨ 1515 ਵਿਚ ਇਹ ਪੂਰਬੀ ਦੁਨੀਆ ਦੀ ਹੋਰ ਭਾਲ ਕਰਨ ਦੇ ਸਬੰਧ ਵਿਚ ਤਿੰਨ ਸਮੁੰਦਰੀ ਜਹਾਜ਼ਾਂ ਦੀ ਅਗਵਾਈ ਕਰਦਾ ਹੋਇਆ ਸਪੇਨ ਤੋਂ ਸਮੁੰਦਰੀ ਸਫ਼ਰ ਕਰਨ ਲਈ ਤੁਰਿਆ। ਇਸ ਸਫ਼ਰ ਦੌਰਾਨ ਇਸ ਨੇ ਪਲਾਟਾ ਦੀ ਖੋਜ ਕੀਤੀ।

ਸੰਨ 1516 ਦੇ ਸਮੁੰਦਰੀ ਸਫ਼ਰ ਦੌਰਾਨ ਹੀ ਇਸ ਨੂੰ ਇੰਡੀਅਨਾਂ ਨੇ ਮਾਰ ਦਿੱਤਾ।

ਹ. ਪੁ.—ਐਨ. ਅਮੈ. 25 : 241

**ਡੀਆਥ ਦੈਲ ਕਾਸਟੀਲੋ ਬਰਨਾਲ** : ਸਪੇਨ ਦੇ ਇਸ ਸਿਪਾਹੀ ਅਤੇ ਇਤਿਹਾਸਕਾਰ ਦਾ ਜਨਮ ਸਪੇਨ ਵਿਚ ਮੈਡੀਨਾ ਦੈਲ ਕੈਂਪੋ ਵਿਖੇ 1469 ਈ. ਵਿਚ ਹੋਇਆ। 18 ਸਾਲ ਦੀ ਉਮਰ ਵਿਚ ਇਹ ਇਕ ਖੋਜ ਯਾਤਰਾ ਵਿਚ ਸ਼ਾਮਲ ਹੋ ਗਿਆ। ਪਹਿਲਾਂ ਇਹ ਪਾਨਾਮਾ ਤੇ ਫਿਰ ਕਿਊਬਾ ਗਿਆ। ਸੰਨ 1517-1518 ਵਿਚ ਇਸ ਨੇ ਯੂਕਟਾਨ ਦੀ ਖੋਜ ਸਬੰਧੀ ਦੋ ਯਾਤਰਾਵਾਂ ਕੀਤੀਆਂ। ਸੰਨ 1518 ਦੇ ਅਖ਼ੀਰ ਵਿਚ ਇਸਨੇ ਅਰਨੋਨ ਕਾਰਟੀਜ਼ ਨਾਲ ਮਿਲਕੇ ਮੈਕਸੀਕੋ ਦੀ ਜਿੱਤ ਪ੍ਰਾਪਤ ਕੀਤੀ। ਸੰਨ 1541 ਵਿਚ ਇਹ ਗਵਾਤੇਮਾਲਾ ਚਲਾ ਗਿਆ। ਬਰਨਾਲ ਡੀਆਥ ਦੀ ਮਸ਼ਹੂਰੀ ਇਸ ਦੀ ਇਤਿਹਾਸ ਸਬੰਧੀ ਪੁਸਤਕ Historia verdodera de la conquista de la Nueva Espana) (ਸਪੇਨ ਦੀ ਜਿੱਤ ਦਾ ਸੱਚਾ ਇਤਿਹਾਸ) ਲਿਖਣ ਨਾਲ ਹੋਈ। ਇਹ ਪੁਸਤਕ ਇਸਨੇ 1568 ਈ. ਵਿਚ ਲਿਖੀ ਪਰ ਇਸ ਦਾ ਪ੍ਰਕਾਸ਼ਨ 1632 ਈ. ਵਿਚ ਹੋਇਆ। ਇਸ ਤੋਂ ਬਾਅਦ ਇਸ ਪੁਸਤਕ ਦਾ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਵੀ ਕੀਤਾ ਗਿਆ। ਸ਼ਾਇਦ 1548 ਈ. ਵਿਚ ਗਵਾਤੇਮਾਲਾ ਵਿਖੇ ਇਸ ਦਾ ਦਿਹਾਂਤ ਹੋ ਗਿਆ।

ਹ. ਪੁ.—ਐਨ. ਅਮੈ. 9 : 72; ਐਨ. ਬ੍ਰਿ. ਮਾ. 4 : 71

**ਡੀ. ਐਨ. ਏ. (ਡੀਆੱਕਸੀਰਾਈਬੋਨਿਊਕਲੀਇਕ ਐਸਿਡ)** : ਇਹ ਵਿਸ਼ਾਣੂਆਂ (Viruses) ਨੂੰ ਛੱਡ ਕੇ ਜਿਨ੍ਹਾਂ ਵਿਚ ਰਾਈਬੋਨਿਊਕਲੀਇਕ ਐਸਿਡ (RNA) ਹੁੰਦਾ ਹੈ ਬਾਕੀ ਦੇ ਸਾਰੇ ਜੀਵਾਂ ਵਿਚ ਜਣਨਿਕ ਸੂਚਨਾ ਪਹੁੰਚਾਉਣ ਵਾਲਾ ਮੁੱਖ ਵਾਹਕ ਹੈ। ਡੀਆੱਕਸੀਰਾਈਬੋਨਿਊਕਲੀਇਕ ਐਸਿਡ (ਡੀ ਐਨ. ਏ) ਦਾ ਬਹੁਤਾ ਭਾਗ ਸੈੱਲ ਦੇ ਨਿਊਕਲੀਅਸ ਵਿਚ ਕ੍ਰੋਮੋਸੋਮ ਦੇ ਇਕ ਭਾਗ ਦੇ ਰੂਪ ਵਿਚ ਹੁੰਦਾ ਹੈ। ਇਸ ਤੋਂ ਇਲਾਵਾ ਇਹ ਥੋੜ੍ਹੀ ਮਾਤਰਾ ਵਿਚ ਮਾਈਟੋਕਾਂਡ੍ਰੀਆ, ਪਲਾਸਟਿਡਾਂ ਅਤੇ ਹੋਰ ਸਾਈਟੋਪਲਾਜ਼ਮੀ ਸੈੱਲ-ਭਾਗਾਂ ਵਿਚ ਵੀ ਮਿਲਦਾ ਹੈ।



ਡੀ. ਐਨ. ਏ. ਦੀ ਬਣਤਰ ਦਾ
ਵਾਟਸਨ-ਕਰਿਕ (Watson-Crick) ਮਾਡਲ।

**ਬਣਤਰ ਅਤੇ ਕੰਮ**—ਡੀ. ਐਨ. ਏ. ਦੇ ਅਣੂ ਅਤਿ ਲੰਬੇ ਬਹੁਲਕ ਹੁੰਦੇ ਹਨ ਜਿਹੜੇ ਡੀਆੱਕਸੀਰਾਈਬੋਨਿਊਕਲੀਓਟਾਈਡ

ਦੀਆਂ ਇਕਾਈਆਂ ਦੇ ਲਗਾਤਾਰ ਦੁਹਰਾਏ ਜਾਣ ਨਾਲ ਬਣਦੇ ਹਨ। ਹਰ ਇਕਾਈ ਵਿਚ ਇਕ ਦੋ-ਡੀਆੱਕਸੀਰਾਈਬੋਜ਼ ਨਾਮੀ ਖੰਡ, ਫ਼ਾਸਫ਼ੇਟ ਅਤੇ ਪਿਊਰੀਨ ਜਾਂ ਪਿਰੀਮਿਡੀਨ ਨਾਮੀ ਕਾਰਬਨੀ ਖਾਰ ਦਾ ਇਕ ਇਕ ਹਿੱਸਾ ਹੁੰਦਾ ਹੈ।

ਡੀਆੱਕਸੀਰਾਈਬੋਨਿਊਕਲੀਓਟਾਈਡ ਇਕਾਈਆਂ ਨੂੰ ਫ਼ਾਸਫ਼ੇਟ ਗਰੁੱਪ ਆਪੋ ਵਿਚ ਜੋੜਦੇ ਹਨ ਭਾਵ ਇਕ ਚੀਨੀ (ਖੰਡ) ਦੀ 3[1] ਪੁਜੀਸ਼ਨ ਨੂੰ ਚੀਨੀ (ਖੰਡ) ਦੀ ਅਗਲੀ 5 ਪੁਜੀਸ਼ਨ ਨਾਲ ਜੋੜਨਾ। ਏਕਾਂਤਰ ਚੀਨੀ ਅਤੇ ਅਣੂ ਦੀ ਰੀੜ੍ਹ ਦੀ ਹੱਡੀ ਦੇ ਬਚੇ ਹੋਏ ਫ਼ਾਸਫ਼ੇਟ ਤੇ ਪਿਊਰੀਨ ਤੇ ਪਿਰੀਮਿਡੀਨ ਖਾਰ ਡੀਆੱਕਸੀਰਾਈਬੋਜ਼ ਦੀ 1[1] ਪੁਜੀਸ਼ਨ ਰਾਹੀਂ ਰੀੜ੍ਹ ਦੀ ਹੱਡੀ ਨਾਲ ਜੁੜੇ ਹੋਏ ਹੁੰਦੇ ਹਨ (ਚਿਤੱਰ 1)। ਇਹ ਚੀਨੀ-ਫ਼ਾਸਫ਼ੇਟ ਵਾਲੀ ਰੀੜ੍ਹ ਦੀ ਹੱਡੀ ਡੀ.ਐਨ ਏ ਦੇ ਲਗਭਗ ਸਾਰੇ ਹੀ ਅਣੂਆਂ ਵਿਚ ਇਕੋ ਜਿਹੀ ਹੀ ਹੁੰਦੀ ਹੈ। ਕਿਸੇ ਵੀ ਡੀ. ਐਨ. ਏ. ਅਣੂ ਦੀ ਨਿਜੀ ਹੋਂਦ ਉਸ ਵਿਚ ਮਿਲਣ ਵਾਲੇ ਪਿਊਰੀਨ ਅਤੇ ਪਿਰੀਮਿਡੀਨ ਖਾਰਾਂ ਦੀ ਤਰਤੀਬ ਕਾਰਨ ਹੁੰਦੀ ਹੈ।

ਬਹੁਤੇ ਡੀ. ਐਨ. ਏ. ਅਣੂ ਦੂਹਰੀ ਲੜੀ ਵਾਲੇ ਹੁੰਦੇ ਹਨ ਜਿਸ ਵਿਚ ਡੀ. ਐਨ. ਏ. ਦੀਆਂ ਦੋ ਲੜੀਆਂ ਆਪਸ ਵਿਚ ਇਕ ਦੂਜੇ ਦੁਆਲੇ ਲਿਪਟੀਆਂ ਹੋਈਆਂ ਹੁੰਦੀਆਂ ਹਨ ਅਤੇ ਇਹ ਦੋਵੇਂ ਲੜੀਆਂ ਇਕ ਦੂਜੇ ਦੇ ਉਲਟ ਜਾਂ ਅਸਮਾਂਤਰ ਚਲਦੀਆਂ ਹਨ। ਇਹ ਇਕ ਤਰ੍ਹਾਂ ਦੀ ਸੱਜੇ ਗੇੜ ਕੁੰਡਲਨੀ (helix) ਬਣਾਉਂਦੀਆਂ ਹਨ ਜਿਸ ਵਿਚ ਖਾਰ ਇਕ ਦੂਜੇ ਉੱਤੇ ਇਸ ਤਰ੍ਹਾਂ ਟਿਕੇ ਹੁੰਦੇ ਹਨ ਜਿਸ ਤਰ੍ਹਾਂ ਇਕ ਸਿੱਕੇ ਉੱਤੇ ਦੂਜਾ ਸਿੱਕਾ ਟਿਕਿਆ ਹੋਵੇ। ਦੋਵੇਂ ਲੜੀਆਂ ਆਪਸ ਵਿਚ ਬਹੁਤ ਸਾਰੇ ਕਮਜ਼ੋਰ ਹਾਈਡ੍ਰੋਜਨ ਬੰਧਨਾਂ ਨਾਲ ਜੁੜੀਆਂ ਹੁੰਦੀਆਂ ਹਨ ਜਿਹੜੇ ਪੂਰਕ (Complementary) ਖਾਰਾਂ ਦੇ ਵਿਚਕਾਰ ਬਣਦੇ ਹਨ। ਪੂਰਕ ਖਾਰਾਂ ਦੇ ਜੋੜੇ ਇਸ ਪ੍ਰਕਾਰ ਬਣਦੇ ਹਨ ਜਿਵੇਂ ਐਡੀਨਿਨ-ਥਾਈਮੀਨ ਅਤੇ ਗੁਆਨਿਨ-ਸਾਈਟੋਸਿਨ ਭਾਵ ਇਨ੍ਹਾਂ ਵਿਚ ਹਮੇਸ਼ਾ ਇਕ ਪਿਊਰੀਨ (ਐਡੀਨਿਨ ਜਾਂ ਗੁਆਨਿਨ) ਅਤੇ ਇਕ ਪਿਰੀਮਿਡੀਨ (ਸਾਈਟੋਸਿਨ ਜਾਂ ਥਾਈਮੀਨ) ਹੁੰਦੀ ਹੈ। ਇਸ ਤਰ੍ਹਾਂ ਦੇ ਖਾਰ ਜੋੜੇ ਨਾ ਕੇਵਲ ਡੀ. ਐਨ. ਏ. ਦੀ ਬਣਤਰ ਲਈ ਹੀ ਮਹੱਤਵਪੂਰਨ ਹੁੰਦੇ ਹਨ ਸਗੋਂ ਇਸ ਦੇ ਦੋ ਕੰਮਾਂ ਰੈਪਲੀਕੇਸ਼ਨ (ਪ੍ਰਤਿਕ੍ਰਿਤੀ ਰਾਹੀਂ) ਅਤੇ ਟ੍ਰਾਂਸਕ੍ਰਿਪਸ਼ਨ (ਲਿਪੀਅੰਤਰਣ) ਦੀ ਕਾਰਜਸ਼ੀਲਤਾ ਲਈ ਵੀ ਮਹੱਤਵਪੂਰਨ ਹਨ। ਡੀ. ਐਨ. ਏ. ਦੁਆਰਾ ਸੰਚਾਰ ਹੋਣ ਵਾਲੀ ਸੂਚਨਾ ਨੂੰ ਪਿਊਰੀਨ ਅਤੇ ਪਿਰੀਮਿਡੀਨ ਖਾਰਾਂ ਦੀ ਤਰਤੀਬ ਅਨੁਸਾਰ ਕੋਡ ਦੀ ਗੁਪਤ ਭਾਸ਼ਾ ਵਿਚ ਅਣੂਆਂ ਅੰਦਰ ਉਲਟਾਇਆ ਜਾਂਦਾ ਹੈ। ਹਰ ਪਿਤਰੀ ਡੀ. ਐਨ. ਏ. ਅਣੂ ਦੀਆਂ ਬਿਲਕੁਲ ਇਕੋ ਜਿਹੀਆਂ ਦੋ ਕਾਪੀਆਂ ਬਣ ਜਾਂਦੀਆਂ ਹਨ ਜਿਸ ਨਾਲ ਇਹ ਸੂਚਨਾ ਸਦੀਵੀ ਹੋ ਜਾਂਦੀ ਹੈ। ਇਸ ਸੂਚਨਾ ਦਾ ਬਹੁਤਾ ਭਾਗ ਪ੍ਰੋਟੀਨ ਅਤੇ ਪ੍ਰੋਟੀਨ ਕਿਰਿਆ ਦੀਆਂ ਉਪਜਾਂ ਦੇ ਰੂਪ ਵਿਚ ਵਿਅਕਤ ਹੁੰਦਾ ਹੈ ਤੇ ਇਹ ਦੋ ਪੜਾਵਾਂ ਵਿਚ ਹੁੰਦਾ ਹੈ। ਪਹਿਲੇ ਪੜਾ ਵਿਚ ਡੀ. ਐਨ. ਏ. ਦੀ ਟ੍ਰਾਂਸਕ੍ਰਿਪਸ਼ਨ ਦੁਆਰਾ ਰਾਈਬੋਨਿਊਕਲੀਇਕ ਐਸਿਡ (ਆਰ. ਐਨ. ਏ.) ਬਣਦਾ ਹੈ ਅਤੇ ਦੂਜੇ ਪੜਾ ਵਿਚ ਇਸ ਆਰ. ਐਨ. ਏ. (RNA) ਦੇ ਬਦਲਦੇ ਰੂਪ ਵਿਚ ਪ੍ਰੋਟੀਨ ਦੀ ਸਿਰਜਣਾ ਹੁੰਦੀ ਹੈ। ਪ੍ਰੋਟੀਨ ਲੜੀ ਵਿਚ ਹਰ ਐਮਾਈਨੋ ਤੇਜ਼ਾਬ ਡੀ. ਐਨ. ਏ. ਵਿਚਲੇ ਸੰਬੰਧਤ ਤਿੰਨ ਖਾਰਾਂ ਦੇ ਸਮੂਹ ਤੋਂ ਬਣਦਾ ਹੈ ਜਿਸ ਨੂੰ ਆਰ. ਐਨ. ਏ. ਦੇ ਤਿੰਨ ਖਾਰਾਂ ਦੇ ਸਮੂਹ ਦੁਆਰਾ ਦਰਸਾਇਆ ਜਾਂਦਾ ਹੈ। ਡੀ. ਐਨ. ਏ. ਵਿਚਲੀ ਕੁਝ ਸੂਚਨਾ ਸਿੱਧੇ ਤੌਰ ਤੇ ਟ੍ਰਾਂਸਕ੍ਰਿਪਸ਼ਨ ਰਾਹੀਂ ਆਰ. ਐਨ. ਏ. (RNA) ਵਿਚ ਵਿਅਕਤ ਹੋ ਜਾਂਦੀ ਹੈ। ਉਦਾਹਰਣ ਵਜੋਂ ਰਾਈਬੋਸੋਮਲ ਆਰ. ਐਨ. ਏ. ਅਤੇ ਟ੍ਰਾਂਸਫ਼ਰ ਆਰ. ਐਨ. ਏ.।

**ਰੈਪਲੀਕੇਸ਼ਨ**—ਡੀ. ਐਨ. ਏ. ਦੀ ਦੂਹਰੀ ਕੁੰਡਲਦਾਰ ਬਣਤਰ ਤੋਂ ਇਕ ਦਮ ਇਹ ਪਤਾ ਲਗ ਜਾਂਦਾ ਹੈ ਕਿ ਨਕਲ ਜਾਂ ਦੁਹਰਾਉ (ਰੈਪਲੀਕੇਸ਼ਨ) ਦੀ ਕਿਰਿਆ ਕਿਸ ਤਰ੍ਹਾਂ ਵਾਪਰਦੀ ਹੈ। ਦੋਵੇਂ ਲੜੀਆਂ ਵਿਚ ਖਾਰਾਂ ਦੀ ਇਕ ਖ਼ਾਸ ਤਰਤੀਬ ਹੁੰਦੀ ਹੈ ਜਿਹੜੇ ਇਕ ਦੂਜੇ ਦੇ ਪੂਰਕ ਹੁੰਦੇ ਹਨ ਅਤੇ ਇਥੇ ਐਡੀਨਿਨ ਥਾਈਮੀਨ ਨਾਲ ਜੋੜਾ ਬਣਾਉਂਦੀ ਹੈ ਜਦੋਂ ਕਿ ਗੁਆਨਿਨ ਸਾਈਟੋਸਿਨ ਨਾਲ। ਹਰ ਲੜੀ ਦੇ ਖਾਰ ਦੀ ਇਸ ਤਰਤੀਬ ਉੱਤੇ ਅਣੂ ਦੀ ਬਣਤਰ ਨਿਰਭਰ ਕਰਦੀ ਹੈ। ਡੀ. ਐਨ. ਏ. ਦੀ ਨਕਲ ਜਾਂ ਦੁਹਰਾਉ ਦੀ ਕਿਰਿਆ ਦੌਰਾਨ ਥੋੜ੍ਹੀ ਥੋੜ੍ਹੀ ਦੂਰ ਤੋਂ ਪੂਰਕ ਲੜੀਆਂ ਇਕ ਦੂਜੇ ਤੋਂ ਵੱਖ ਹੁੰਦੀਆਂ ਜਾਂਦੀਆਂ ਹਨ। ਉਪਰੰਤ ਦੋਵੇਂ ਪਿਤਰੀ ਲੜੀਆਂ ਦੀਆਂ ਪੂਰਕ ਲੜੀਆਂ ਮੁੜ ਬਣ ਜਾਂਦੀਆਂ ਹਨ। ਇਸ ਤਰ੍ਹਾਂ ਪਿਤਰੀ ਲੜੀ ਵਿਚ ਐਡੀਨਿਨ ਦੇ ਸਾਹਮਣੇ ਥਾਈਮੀਨ ਅਤੇ ਥਾਈਮੀਨ ਦੇ ਸਾਹਮਣੇ ਐਡੀਨਿਨ ਦਾ ਸੰਸਲੇਸ਼ਣ ਹੋ ਜਾਂਦਾ ਹੈ। ਇਸ ਕਿਰਿਆ ਦੌਰਾਨ ਕੋਈ ਗ਼ਲਤੀ ਹੋਣ ਦੀ ਸੰਭਾਵਨਾ ਨਾ ਮਾਤਰ ਹੀ ਹੁੰਦੀ ਹੈ ਜਾਂ ਇੰਜ ਕਹਿ ਲਵੋ ਕਿ 10 ਲੱਖ ਖਾਰਾਂ ਦੀਆਂ ਲੜੀਆਂ ਵਿਚ ਸਿਰਫ਼ ਇਕਾ-ਦੁਕਾ ਗ਼ਲਤੀ ਦੀ ਹੀ ਸੰਭਾਵਨਾ ਹੁੰਦੀ ਹੈ। ਜੇ ਅਜਿਹਾ ਹੋ ਜਾਵੇ ਤਾਂ ਗ਼ਲਤੀ ਸੁਧਰ ਵੀ ਜਾਂਦੀ ਹੈ ਪਰੰਤੂ ਜੇ ਇਹ ਤਬਦੀਲੀ ਨਾ ਹੋਵੇ ਤਾਂ ਆਉਣ ਵਾਲੀ ਨਸਲ ਵਿਚ ਇਸੇ ਡੀ. ਐਨ. ਏ. ਤੋਂ ਸੰਤਾਨ ਪੈਦਾ ਹੁੰਦੀ ਹੈ। ਅਜਿਹੀ ਗ਼ਲਤੀ ਹੋਣ ਕਰਕੇ ਖਾਰਾਂ ਵਿਚ ਬੇਤਰਤੀਬੀ ਆਉਣ ਨਾਲ ਡੀ. ਐਨ. ਏ. ਦੁਆਰਾ ਪੈਦਾ ਕੀਤੀ ਪ੍ਰੋਟੀਨ ਦੀ ਵਿਸ਼ੇਸ਼ਤਾ ਵੀ ਵੱਖਰੀ ਹੁੰਦੀ ਹੈ। ਇਸ ਪ੍ਰਕਾਰ ਆਈ ਤਬਦੀਲੀ ਨੂੰ ਜੀਵ-ਵਿਗਿਆਨ ਵਿਚ ਉਤਪਰਿਵਰਤਨ ਭਾਵ ਮਿਊਟੇਸ਼ਨ ਆਖਦੇ ਹਨ।

ਡੀ. ਐਨ. ਏ. ਦੀ ਨਕਲ ਭਾਵ ਇਸ ਦੀ ਨਵੀਂ ਕਾਪੀ ਬਣਾਉਣ ਦੀ ਕਿਰਿਆ ਵਿਚ ਜਿਹੜੇ ਐਂਨਜ਼ਾਈਮ ਮਦਦ ਕਰਦੇ ਹਨ ਉਨ੍ਹਾਂ ਨੂੰ ਸਮੂਹ ਰੂਪ ਵਿਚ ਡੀ. ਐਨ. ਏ ਪਾੱਲੀਮੀਰੇਜ਼ਿਜ਼ (Polymerases) ਜਾਂ ਬਹੁਲਕ ਆਖਦੇ ਹਨ। ਇਨ੍ਹਾਂ ਨੂੰ ਬੈਕਟੀਰੀਆ ਅਤੇ ਕੁਝ ਹੋਰ ਸੈੱਲਾਂ ਤੋਂ ਵੱਖ ਵੀ ਕੀਤਾ ਜਾ ਚੁੱਕਾ ਹੈ। ਪਰਖ-ਨਲੀ ਵਿਚ ਡੀ. ਐਨ. ਏ. ਦੀ ਨਕਲ ਪੈਦਾ ਕਰਨ ਵਿਚ ਕਾਫ਼ੀ ਦਿੱਕਤ ਆਉਂਦੀ ਹੈ ਕਿਉਂਕਿ ਇਹ ਸੈੱਲ ਦੇ ਅੰਦਰ ਵਾਪਰਦੀ ਹੈ। ਪਰ ਫਿਰ ਵੀ ਕਈ ਅਜਿਹੇ ਤਰੀਕੇ ਕੱਢੇ ਜਾ ਚੁੱਕੇ ਹਨ ਜਿਨ੍ਹਾਂ ਰਾਹੀਂ ਅਜਿਹਾ ਸੰਭਵ ਹੋ ਸਕਦਾ ਹੈ। ਇਹ ਕਾਫ਼ੀ ਗੁੰਝਲਦਾਰ ਕਿਰਿਆ ਹੈ ਜਿਸ ਵਿਚ ਡੀ. ਐਨ. ਏ. ਬਹੁਲਕਾਂ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਪ੍ਰੋਟੀਨਾਂ ਦੀ ਲੋੜ ਪੈਂਦੀ ਹੈ। ਇਨਾਂ ਦੁਆਰਾ ਇਕਹਿਰੀ ਲੜੀ ਵਾਲੇ ਗੋਲਕਾਰ ਡੀ.




ਡੀ. ਐਨ. ਏ. ਵਿਚ ਰੈਪਲੀਕੇਸ਼ਨ ਕਿਰਿਆ :

A- ਐਡੀਨਿਨ, C- ਸਾਈਟੋਸਿਨ, G- ਗੁਆਨਿਨ, T- ਥਾਈਮੀਨ

ਐਨ. ਏ. ਦਾ ਨਮੂਨਾ ਦੂਹਰੀ ਲੜੀ ਵਾਲੇ ਡੀ. ਐਨ. ਏ. ਅਣੂ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਉਪਰ ਦਿੱਤੇ ਸਾਰੇ ਡੀ. ਐਨ. ਏ. ਬਹੁਲਕ ਡੀ. ਐਨ. ਏ. ਦੀ ਲੜੀ ਨੂੰ ਕੇਵਲ ਇਕ ਦਿਸ਼ਾ ਵਿਚ ਹੀ ਵਧਾਉਂਦੇ ਹਨ ਅਤੇ ਅਜਿਹਾ ਵਾਧਾ ਨਿਊਕਲੀਓਟਾਈਡਾਂ ਦੇ ਲਗਾਤਾਰ ਜਮਾਂ ਹੋਣ ਨਾਲ ਹੁੰਦਾ ਹੈ। ਇਹ ਨਿਊਕਲੀਓਸਾਈਡ 5[1] ਟ੍ਰਾਈਫ਼ਾਸਫ਼ੇਟਾਂ ਵਿਚੋਂ ਨਿਕਲਕੇ ਲੜੀ ਦੇ ਅੰਤ ਤੇ ਡੀਆੱਕਸੀਰਾਈਬੋਜ਼ ਦੇ 3[1] ਹਾਈਡ੍ਰੌਕਸਲ ਨੂੰ ਮੁਕਤ ਕਰਦੇ ਹਨ। ਕੋਈ ਵੀ ਡੀ. ਐਨ. ਏ. ਬਹੁਲਕ ਨਵੀਂ ਲੜੀ ਸ਼ੁਰੂ ਨਹੀਂ ਕਰ ਸਕਦਾ ਸਗੋਂ ਪਹਿਲਾਂ ਮੌਜੂਦ ਡੀ. ਐਨ. ਏ. ਜਾਂ ਆਰ. ਐਨ. ਏ. ਦੀ ਲੜੀ ਦੇ ਆਖ਼ਰੀ ਹਿੱਸੇ ਵਿਚ ਜੁੜਕੇ ਕੇਵਲ ਵਾਧਾ ਕਰਨ ਦੇ ਸਮਰੱਥ ਹੀ ਹੁੰਦਾ ਹੈ। ਆਰ. ਐਨ. ਏ. ਬਹੁਲਕ ਨਵੀਆਂ ਲੜੀਆਂ ਸ਼ੁਰੂ ਕਰ ਸਕਦਾ ਹੈ ਅਤੇ ਇਹ ਨਵੀਂਆਂ ਲੜੀਆਂ ਸ਼ੁਰੂ ਕਰਨ ਲਈ ਡੀ. ਐਨ. ਏ. ਦੀ ਨਕਲ ਕਰਨ ਦਾ ਕੰਮ ਕਰਦਾ ਹੈ ਜਿਹੜੀਆਂ ਬਾਅਦ ਵਿਚ ਡੀ. ਐਨ. ਏ. ਬਹੁਲਕਾਂ ਰਾਹੀਂ ਲੰਬੀਆਂ ਹੁੰਦੀਆਂ ਜਾਂਦੀਆਂ ਹਨ। ਦੂਹਰੀ ਲੜੀ ਵਾਲੇ ਡੀ. ਐਨ. ਏ. ਵਿਚ ਕਿਉਂਕਿ ਦੋਵੇਂ ਲੜੀਆਂ ਇਕ ਦੂਜੇ ਦੇ ਅਸਮਾਂਤਰ ਹੁੰਦੀਆਂ ਹਨ ਇਸ ਲਈ ਨਵੀਆਂ ਲੜੀਆਂ ਵਿਚੋਂ ਇਕ ਰੈਪਲੀਕੇਸ਼ਨ ਚਿਮਟੇ ਵਲ ਵਧਦੀ ਹੈ ਅਤੇ ਦੂਜੀ ਇਸ ਤੋਂ ਪਰੇ ਨੂੰ ਜਾਂਦੀ ਹੈ। ਜਿਹੜੀ ਲੜੀ ਚਿਮਟੇ ਤੋਂ ਪਰੇ ਨੂੰ ਜਾਂਦੀ ਹੈ ਉਸ ਦਾ ਸੰਸਲੇਸ਼ਣ ਲਗਾਤਾਰ ਨਹੀਂ ਹੁੰਦਾ। ਇਸ ਦੇ ਹਰ ਟੁਕੜੇ ਜਾਂ ਹਿੱਸੇ ਨੂੰ ਡੀ. ਐਨ. ਏ. ਬਹੁਲਕ ਤੋਂ ਇਲਾਵਾ ਹੋਰ ਪ੍ਰੋਟੀਨਾਂ ਦੀ ਲੋੜ ਵੀ ਹੁੰਦੀ ਹੈ। ਨਵਾਂ ਬਣਿਆ ਹਿੱਸਾ ਫਿਰ ਡੀ. ਐਨ. ਏ. ਬਹੁਲਕ ਦੁਆਰਾ ਲੰਬਾ ਹੋ ਜਾਂਦਾ ਹੈ ਅਤੇ ਅਖ਼ੀਰ ਵਿਚ ਡੀ. ਐਨ. ਏ. ਲੀਗੇਜ਼ (ligase) ਨਾਮੀ ਐਨੱਜ਼ਾਈਮ ਦੁਆਰਾ ਪਹਿਲਾਂ ਉਸਰ ਰਹੀ ਲੜੀ ਨਾਲ ਜੁੜ ਜਾਂਦਾ ਹੈ ਅਤੇ ਨਾਲ ਹੀ ਇਸ ਕਿਰਿਆ ਦੇ ਸ਼ੁਰੂ ਵਿਚ ਹੋਈਆਂ ਘਟਨਾਵਾਂ ਵਿਚ ਹਿੱਸਾ ਲੈਣ ਵਾਲੇ ਆਰ. ਐਨ. ਏ. ਦੀ ਕਾਟ ਛਾਂਟ ਵੀ ਹੋ ਜਾਂਦੀ ਹੈ।

**ਟ੍ਰਾਂਸਕ੍ਰਿਪਸ਼ਨ**—ਟ੍ਰਾਂਸਕ੍ਰਿਪਸ਼ਨ ਦੀ ਮੁੱਖ ਕਿਰਿਆ ਖਾਰਾਂ ਦੇ ਜੋੜੇ ਬਣਨ ਤੇ ਨਿਰਭਰ ਕਰਦੀ ਹੈ ਅਤੇ ਇਹ ਨਕਲ ਜਾਂ ਉਤਾਰੇ ਭਾਵ ਰੈਪਲੀਕੇਸ਼ਨ ਦੀ ਕਿਰਿਆ ਨਾਲ ਮਿਲਦੀ ਜੁਲਦੀ ਹੈ। ਫ਼ਰਕ ਕੇਵਲ ਇੰਨਾ ਹੀ ਹੈ ਕਿ ਡੀ. ਐਨ. ਏ. ਦੀ ਸਿਰਫ਼ ਇਕ ਲੜੀ ਦੀ ਹੀ ਨਕਲ ਹੁੰਦੀ ਹੈ ਅਤੇ ਇਹ ਨਕਲ ਨਮੂਨੇ ਤੋਂ ਵਖਰੀ ਹੁੰਦੀ ਹੈ। ਆਰ. ਐਨ. ਏ. (RNA) ਅਤੇ ਡੀ. ਐਨ. ਏ. (DNA) ਵਿਚ ਇਕ ਫ਼ਰਕ ਇਹ ਵੀ ਹੈ ਕਿ ਆਰ. ਐਨ. ਏ. ਵਿਚ ਰਾਈਬੋਜ਼ ਚੀਨੀ (ਖੰਡ) ਹੁੰਦੀ ਹੈ ਜਦੋਂ ਕਿ ਡੀ. ਐਨ ਏ. ਵਿਚ ਡੀਆੱਕਸੀਰਾਈਬੋਜ਼ ਅਤੇ ਇਸ ਵਿਚ ਥਾਈਮੀਨ ਦੀ ਥਾਂ ਦੋ ਪਿਰੀਮਿਡੀਨ ਖਾਰਾਂ ਵਿਚੋਂ ਇਕ ਯੂਰਾਸਿਲ (Uracil) ਹੁੰਦਾ ਹੈ ਪਰ ਇਸ ਤਬਦੀਲੀ ਨਾਲ ਖਾਰਾਂ ਦੇ ਜੋੜੇ ਬਣਨ ਦੀ ਮੁੱਢਲੀ ਕਿਰਿਆ ਨਹੀਂ ਬਦਲਦੀ ਕੇਵਲ ਇਥੇ ਐਡੇਨਿਨ ਯੂਰਾਸਿਲ ਨਾਲ ਜੁੜਦੀ ਹੈ। ਡੀ. ਐਨ. ਏ. ਸੰਸਲੇਸ਼ਣ ਵਾਂਗ ਆਰ. ਐਨ. ਏ. ਸੰਸਲੇਸ਼ਣ ਵਿਚ ਵੀ ਉਸਾਰੀ ਦਾ ਮੁੱਖ ਧੁਰਾ ਨਿਊਕਲੀਓਸਾਈਡ 5[1] ਟ੍ਰਾਈਫ਼ਾਸਫ਼ੇਟ ਹੀ ਹਨ। ਇਹ ਵੱਧ ਰਹੀ ਨਿਊਕਲੀਇਕ ਐਸਿਡ ਲੜੀ ਨਾਲ ਜੁੜਨ ਦੀ ਕਿਰਿਆ ਸਮੇਂ ਆਪਣੇ ਦੋ ਫਾਸਫ਼ੇਟ ਖੋ ਬੈਠਦੇ ਹਨ। ਟ੍ਰਾਂਸਕ੍ਰਿਪਸ਼ਨ ਦੀ ਕਿਰਿਆ ਡੀ. ਐਨ. ਏ. ਉੱਤੇ ਖ਼ਾਸ ਖ਼ਾਸ ਥਾਵਾਂ ਤੇ ਇਕ ਐਨੱਜ਼ਾਈਮ (DNA-primed RNA polymerase) ਜੁੜਨ ਨਾਲ ਹੁੰਦੀ ਹੈ। ਇਨ੍ਹਾਂ ਥਾਵਾਂ ਤੇ ਡੀ. ਐਨ. ਏ. ਦੀਆਂ ਲੜੀਆਂ ਇਕ ਦੂਜੇ ਤੋਂ ਵੱਖ ਹੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਇਕ ਲੜੀ ਜਿਸ ਉੱਤੇ ਪਿਰੀਮਿਡੀਨ ਬਹੁਤੇ ਹੁੰਦੇ ਹਨ, ਨਮੂਨੇ ਦੀ ਲੜੀ ਵਜੋਂ ਚੁਣ ਲਈ ਜਾਂਦੀ ਹੈ। ਇਸ ਉਪਰੰਤ ਪੂਰਕ ਪਿਊਰੀਨ ਡੀਆੱਕਸੀਰਾਇਬੋਨਿਊਕਲੀਓਸਾਈਡ ਟ੍ਰਾਈਫ਼ਾਸਫ਼ੇਟ ਨਾਲ ਆਰ. ਐਨ. ਏ. ਦਾ ਸੰਸਲੇਸ਼ਣ ਹੁੰਦਾ ਹੈ। ਇਹ ਕਿਰਿਆ ਡੀ. ਐਨ. ਏ. ਅਣੂ ਦੇ ਨਾਲ ਨਾਲ ਲਗਾਤਾਰ ਹੁੰਦੀ ਰਹਿੰਦੀ ਹੈ ਜਿਸ ਵਿਚ ਨਮੂਨੇ ਦੀ ਡੀ. ਐਨ. ਏ. ਲੜੀ ਵਿਚ ਦਿੱਤੀ ਤਰਤੀਬ ਅਨੁਸਾਰ ਪੂਰਕ ਖਾਰਾਂ ਜੁੜਦੀਆਂ ਜਾਂਦੀਆਂ ਹਨ। ਆਰ. ਐਨ. ਏ. ਦੇ ਸੰਸਲੇਸ਼ਣ ਪਿਛੋਂ ਡੀ. ਐਨ. ਏ. ਦੀਆਂ ਲੜੀਆਂ ਮੁੜ ਆਪਸ ਵਿਚ ਜੁੜ ਕੇ ਪਹਿਲਾਂ ਵਾਲੀ ਮੂਲ ਬਣਤਰ ਵਾਲੀ ਸਥਿਤੀ ਵਿਚ ਆ ਜਾਂਦੀਆਂ ਹਨ।

**ਡੀ. ਐਨ. ਏ. ਵਿਭਿੰਨਤਾਵਾਂ (Variations)**—ਵਖੋ ਵਖਰੇ ਜੀਵਾਂ ਵਿਚ ਡੀ. ਐਨ. ਏ. ਦੀ ਬਣਤਰ ਅਤੇ ਮਾਤਰਾ ਵਿਚ ਕਾਫ਼ੀ ਵਖਰੇਵੇਂ ਜਾਂ ਵਿਭਿੰਨਤਾਵਾਂ ਮਿਲਦੀਆਂ ਹਨ। ਬੈਕਟੀਰੀਆ ਵਿਚ ਗੁਆਨਿਨ ਅਤੇ ਸਾਈਟੋਸਿਨ (ਜੀ ਸੀ) 25% ਤੋਂ ਲੈ ਕੇ 75% ਤਕ ਮਿਲਦੀ ਹੈ। ਹੋਰ ਗਰੁੱਪਾਂ ਵਿਚ ਘੱਟ ਵਿਭਿੰਨਤਾ ਪਾਈ ਜਾਂਦੀ ਹੈ ਜਿਵੇ ਕਿ ਉੱਚ ਵਰਗ ਦੇ ਪੌਦਿਆਂ ਵਿਚ 35 ਤੋਂ 49% ਜੀ. ਸੀ (ਗੁਆਨਿਨ ਤੇ ਸਾਈਟੋਸਿਨ) ਹੁੰਦੀ ਹੈ। ਇਸੇ ਤਰ੍ਹਾਂ ਵਖੋ ਵਖਰੇ ਵਰਗਾਂ ਦੇ ਜੀਵ ਅਤੇ ਇਕੋ ਵਰਗ ਦੇ ਜੀਵਾਂ ਵਿਚ ਵੀ ਡੀ. ਐਨ. ਏ. ਦੀ ਮਾਤਰਾ ਵਿਚ ਵਿਭਿੰਨਤਾ ਮਿਲਦੀ ਹੈ।

ਜੀਵਾਂ ਦੀ ਜਟਿਲਤਾ (Complexity) ਦੇ ਨਾਲ ਨਾਲ ਡੀ ਐਨ. ਏ. ਦੀ ਮਾਤਰਾ ਪ੍ਰਤਿ ਸੈੱਲ ਵਧਦੀ ਜਾਂਦੀ ਹੈ ਪਰੰਤੂ ਮਿਲਦੇ ਜੁਲਦੇ ਗਰੁੱਪਾਂ ਦੇ ਜੀਵਾਂ ਵਿਚ ਵੀ ਕਾਫ਼ੀ ਵਿਭਿੰਨਤਾ ਮਿਲਦੀ ਹੈ। ਡੀ ਐਨ. ਏ. ਦੀ ਮਾਤਰਾ ਵਿਸ਼ਾਣੂਆਂ ਵਿਚ $6\times10^{-19}$ ਗ੍ਰਾ. ਪ੍ਰਤਿ ਕਣ ਅਤੇ ਪੌਦਿਆਂ ਦੇ ਸੈੱਲਾਂ ਵਿਚ $2\times10^{-10}$ ਗ੍ਰਾ. ਪ੍ਰਤਿ ਹੈਪਲਾੱਇਡ (Haploid) ਸੈੱਲ ਹੁੰਦੀ ਹੈ। ਸਭ ਤੋਂ ਛੋਟੇ ਵਿਸ਼ਾਣੂਆਂ ਵਿਚ ਡੀ. ਐਨ ਏ. ਦਾ ਕੋਡ ਪਾੱਲੀਪੈੱਪਟਾਈਡਾਂ (polypeptides) ਲਈ ਹੁੰਦਾ ਹੈ ਅਤੇ ਇਨ੍ਹਾਂ ਵਿਚ ਹਰ ਤਰਤੀਬ ਕੇਵਲ ਇਕ ਵਾਰ ਹੀ ਆਉਂਦੀ ਹੈ ਇਸੇ ਤਰ੍ਹਾਂ ਬੈਕਟੀਰੀਆ ਵਿਚ ਵੀ ਡੀ. ਐਨ. ਏ. ਦਾ ਕੋਡ ਪਾੱਲੀਪੈੱਪਟਾਈਡਾਂ ਲਈ ਹੁੰਦਾ ਹੈ ਅਤੇ ਇਸ ਦੀਆਂ ਵੀ ਬਹੁਤੀਆ ਤਰਤੀਬਾਂ ਕੇਵਲ ਇਕ ਵਾਰ ਹੀ ਆਉਂਦੀਆਂ ਹਨ ਪਰੰਤੂ ਉੱਚ ਵਰਗ ਦੇ ਜੀਵਾਂ ਵਿਚ ਬਹੁਤ ਸਾਰੀਆਂ ਲੜੀਆਂ $10^2$ ਤੋਂ ਲੈ ਕੇ $10^7$ ਵਾਰ ਤਕ ਦੁਹਰਾਈਆਂ ਹੁੰਦੀਆਂ ਹਨ ਅਤੇ ਡੀ. ਐਨ. ਏ. ਦਾ ਬਹੁਤਾ ਭਾਗ ਪਾੱਲੀਪੈੱਪਟਾਈਡ ਦੇ ਰੂਪ ਵਿਚ ਨਹੀਂ ਹੁੰਦਾ। ਇਕ ਵਰਗ ਦੇ ਜੀਵ ਜਿਵੇਂ ਕਿ ਉੱਚ ਵਰਗ ਦੇ ਪੌਦਿਆਂ ਵਿਚ ਡੀ. ਐਨ. ਏ. ਦੀ ਪ੍ਰਤਿ ਸੈੱਲ ਮਾਤਰਾ ਇਕ ਤੋਂ ਲੈ ਕੇ 100 ਵਾਰ ਤਕ ਵਿਭਿੰਨ ਹੋ ਸਕਦੀ ਹੈ ਇਸੇ ਤਰ੍ਹਾਂ ਮੱਛੀਆਂ ਦੇ ਇਕ ਵਰਗ ਲੰਗ ਫਿਸ਼ ਵਿਚ ਹੋਰ ਦੂਜੀਆਂ ਮੱਛੀਆਂ ਨਾਲੋਂ 100 ਗੁਣਾਂ ਜ਼ਿਆਦਾ ਡੀ. ਐਨ. ਏ. ਹੁੰਦਾ ਹੈ ਅਤੇ ਇਸ ਨਾਲ ਉਨ੍ਹਾਂ ਦੀ ਬਣਤਰ ਕੋਈ ਵਧੇਰੇ ਗੁੰਝਲਦਾਰ ਵੀ ਨਹੀਂ ਹੁੰਦੀ। ਇਸ ਤੋਂ ਇਲਾਵਾ ਇਕ ਜਾਤੀ ਜਾਂ ਪ੍ਰਜਾਤੀ ਦੇ ਜੀਵਾਂ ਵਿਚ ਵੀ ਪ੍ਰਤਿ ਸੈੱਲ ਡੀ. ਐਨ. ਏ. ਦੀ ਮਾਤਰਾ ਵਿਚ ਵਿਭਿੰਨਤਾ ਹੋ ਸਕਦੀ ਹੈ।

ਡੀ. ਐਨ. ਏ. ਦੇ ਕਈ ਭਾਗ ਪਾੱਲੀਪੈੱਪਟਾਈਡ ਲੜੀਆਂ ਬਾਰੇ ਵੇਰਵਾ ਦੇਣ ਤੋਂ ਇਲਾਵਾ ਹੋਰ ਕੰਮ ਵੀ ਕਰਦੇ ਹਨ ਜਿਵੇਂ ਕਿ ਆਰ. ਐਨ. ਏ. ਅਣੂਆਂ ਲਈ ਕੋਡ ਦੇਣਾ ਜਿਹੜੇ ਅਗੋਂ ਪ੍ਰੋਟੀਨ ਸੰਸਲੇਸ਼ਣ ਵਿਚ ਕੰਮ ਆਉਂਦੇ ਹਨ। ਉਦਾਹਰਣ ਵਜੋਂ ਰਾਈਬੋਸੋਮਲ ਆਰ. ਐਨ. ਏ. ਅਤੇ ਟ੍ਰਾਂਸਫ਼ਰ ਆਰ. ਐਨ. ਏ.। ਉੱਚ ਵਰਗ ਦੇ ਜੀਵਾਂ ਵਿਚ ਅਜਿਹੀਆਂ ਤਰਤੀਬਾਂ ਦੀਆਂ ਸੈਂਕੜੇ ਜਾਂ ਹਜ਼ਾਰਾਂ ਕਾਪੀਆਂ ਪ੍ਰਤਿ ਸੈੱਲ ਮੌਜੂਦ ਹੋ ਸਕਦੀਆਂ ਹਨ। ਕਈ ਜ਼ਰੂਰੀ ਤਰਤੀਬਾਂ ਜਾਂ ਲੜੀਆਂ ਦੀਆਂ ਵਾਧੂ ਕਾਪੀਆਂ ਹੋਣ ਦਾ ਇਹ ਲਾਭ ਹੁੰਦਾ ਹੈ ਕਿ ਕਿਸੇ ਵਾ ਕਾਪੀ ਵਿਚ ਉਤਪਰਿਵਰਤਨ (ਮਿਊਟੇਸ਼ਨ) ਜਾਂ ਪੁਨਰ ਤਰਤੀਬ ਰਾਹੀਂ ਕੋਈ ਤਬਦੀਲੀ ਆਉਣੀ ਸੰਭਵ ਹੁੰਦੀ ਹੈ ਜਿਹੜੀ ਕਿ ਉਂਞ ਵੀ ਕਿ ਲਈ ਮਾਰੂ ਜਾਂ ਘਾਤਕ ਸਿੱਧ ਹੋ ਸਕਦੀ ਹੋਵੇ। ਡੀ. ਐਨ. ਏ. ਦੇ ਵ ਵਖਰੇ ਭਾਗਾਂ ਦੇ ਪ੍ਰਗਟਾਉ ਉੱਤੇ ਪੂਰਾ ਨਿਯੰਤਰਣ ਹੁੰਦਾ ਹੈ।

ਮੁੱਖ ਕ੍ਰੋਮੋਸੋਮਲ ਡੀ. ਐਨ. ਏ. ਤੋਂ ਇਲਾਵਾ ਬਹੁਤ ਸਾਰੇ ਸੈੱਲਾਂ ਵਿਚ ਹੋਰ ਡੀ. ਐਨ. ਏ. ਅਣੂ ਵੀ ਹੁੰਦੇ ਹਨ ਜਿਵੇਂ ਕਿ ਬੈਕਟੀਰੀਆ ਵਿਚ ਪਲਾਜ਼ਮਿਡ (plasmid) ਹੁੰਦੇ ਹਨ। ਇਨ੍ਹਾਂ ਉੱਤੇ ਪ੍ਰਜਣਨ ਸਬੰਧੀ ਜੀਨ ਹੁੰਦੇ ਹਨ ਅਤੇ ਇਨ੍ਹਾਂ ਉੱਤੇ ਦਵਾਈਆਂ ਆਦਿ ਵਿਰੁੱਧ ਜੀਵ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਜੀਨ ਵੀ ਹੁੰਦੇ ਹਨ। ਪਲਾਜ਼ਮਿਡ ਸੁਤੰਤਰ ਤੌਰ ਤੇ ਮੁੜ ਬਣ ਸਕਦੇ ਹਨ ਪਰ ਕੁਝ ਹਾਲਤਾਂ ਵਿਚ ਇਹ ਬੈਕਟੀਰੀਆ ਦੇ ਕ੍ਰੋਮੋਸੋਮ ਨਾਲ ਜੁੜ ਜਾਂਦੇ ਹਨ ਭਾਵ ਇਕਮਿਕ ਹੋ ਜਾਂਦੇ ਹਨ। ਇਥੋਂ ਇਹ ਦੁਬਾਰਾ ਫਿਰ ਸੁਤੰਤਰ ਹੋ ਸਕਦੇ ਹਨ ਅਤੇ ਆਪਣੀ ਪਹਿਲੀ ਸਥਿਤੀ ਵਿਚ ਆ ਸਕਦੇ ਹਨ। ਪਲਾਜ਼ਮਿਡ ਡੀ. ਐਨ. ਏ. ਦਾ ਆਕਾਰ ਛੋਟਾ ਹੋਣ ਕਾਰਨ ਇਸ ਦੀ ਬਣਤਰ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਇਸ ਉੱਤੇ ਪ੍ਰਯੋਗ ਆਦਿ ਕਰਨਾ ਕਾਫ਼ੀ ਅਸਾਨ ਹੈ। ਹੋਰ ਸ੍ਰੋਤਾਂ ਤੋਂ ਪ੍ਰਾਪਤ ਹੋਏ ਡੀ. ਐਨ. ਏ. ਅਣੂ ਵਿਚ ਮਿਲਣ ਵਾਲੇ ਖਾਰਾਂ ਦੀ ਤਰਤੀਬ ਨੂੰ ਇਸ ਡੀ. ਐਨ. ਏ. ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਜਿਸ ਨਾਲ ਦੋਗਲਾ ਡੀ. ਐਨ. ਏ. ਪੈਦਾ ਹੁੰਦਾ ਹੈ ਜਿਹੜਾ ਕਿ ਅਣਗਿਣਤ ਨਕਲਾਂ ਤਿਆਰ ਕਰਨ ਦੇ ਯੋਗ ਹੁੰਦਾ ਹੈ।

ਉੱਚ ਵਰਗ ਦੇ ਪ੍ਰਾਣੀਆਂ ਦੇ ਡੀ. ਐਨ. ਏ. ਦੀ ਬਣਤਰ ਅਤੇ ਇਸ ਦੇ ਕੰਮਾਂ ਬਾਰੇ ਘੋਖ ਵਿਚਾਰ ਕਰਨ ਵਿਚ ਜਣਨਿਕ ਇੰਜੀਨੀਅਰੀ (Genetic Engineering) ਬੜੀ ਸਹਾਈ ਸਿੱਧ ਹੁੰਦੀ ਹੈ। ਵਿਹਾਰਕ ਕੰਮਾਂ ਲਈ ਵੀ ਡੀ. ਐਨ. ਏ. ਦੇ ਅਜਿਹੇ ਹਿੱਸਿਆਂ ਦਾ ਵਾਧਾ ਕਰਨਾ ਕਾਫ਼ੀ ਲਾਹੇਵੰਦ ਰਹਿੰਦਾ ਹੈ। ਉਦਾਹਰਣ ਵਜੋਂ ਇਨਸੁਲਿਨ ਨਾਮੀ ਹਾਰਮੋਨ ਬਣਾਉਣ ਵਾਲੇ ਜੀਨ ਵਿਚਲੀਆਂ ਖਾਰਾਂ ਦੀ ਤਰਤੀਬ ਵਾਲਾ ਡੀ. ਐਨ. ਏ. ਪਲਾਜ਼ਮਿਡ ਵਿਚ ਮਿਲਾ ਦਿੱਤਾ ਜਾਂਦਾ ਹੈ ਜਿਸ ਦੁਆਰਾ ਸਸਤੇ ਅਤੇ ਸੌਖੇ ਤਰੀਕੇ ਨਾਲ ਇਨਸੁਲਿਨ ਪ੍ਰਾਪਤ ਹੋ ਜਾਂਦੀ ਹੈ ਜੋ ਸ਼ਕਰ ਰੋਗ ਰੋਕਣ ਲਈ ਅਤਿ ਜ਼ਰੂਰੀ ਹੈ। ਉੱਚ ਵਰਗ ਦੇ ਪ੍ਰਾਣੀਆਂ ਦੇ ਮਾਈਟੋਕਾਂਡ੍ਰੀਆ ਅਤੇ ਕਲੋਰੋਪਲਾਸਟਾਂ ਵਿਚ ਆਪਣਾ ਆਪਣਾ ਡੀ. ਐਨ. ਏ. ਹੁੰਦਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਪ੍ਰਾਣੀ ਪ੍ਰਾਚੀਨ ਕਾਲ ਵਿਚ ਮਿਲਣ ਵਾਲੇ ਛੋਟੇ ਵਰਗ ਦੇ ਪ੍ਰਾਣੀਆਂ ਤੋਂ ਹੀ ਪੈਦਾ ਹੋਏ ਹਨ। ਅਜਿਹੇ ਪ੍ਰਾਣੀਆਂ ਦਾ ਮਾਈਟੋਕਾਂਡ੍ਰੀਆ ਆਦਿ ਵਿਚ ਮਿਲਣ ਵਾਲਾ ਡੀ. ਐਨ. ਏ. ਆਪਣੇ ਆਪ ਪੁਨਰ-ਵ੍ਰਿਤ (ਰੈਪਲੀਕੇਟ) ਹੋ ਸਕਦਾ ਹੈ ਭਾਵੇਂ ਸੈੱਲ ਉੱਤੇ ਨਿਊਕਲੀਅਸ ਵਿਚ ਮਿਲਣ ਵਾਲੇ ਡੀ. ਐਨ. ਏ. ਦਾ ਹੀ ਨਿਯੰਤਰਨ ਹੁੰਦਾ ਹੈ। ਸੈੱਲ ਭਾਗਾਂ ਦੇ ਰਾਈਬੋਸੋਮਾਂ ਦਾ ਆਰ. ਐਨ. ਏ. ਅਤੇ ਕੁਝ ਪ੍ਰੋਟੀਨਾਂ ਦੀ ਨਿਯਮਾਵਲੀ ਸੈੱਲ ਭਾਗਾਂ ਵਿਚ ਮਿਲਣ ਵਾਲਾ ਡੀ. ਐਨ. ਏ. ਹੀ ਨਿਸ਼ਚਿਤ ਕਰਦਾ ਹੈ। ਇਹ ਵਖਰੀ ਗੱਲ ਹੈ ਕਿ ਸੈੱਲ ਵਿਚ ਮਿਲਣ ਵਾਲੀਆਂ ਹੋਰ ਪ੍ਰੋਟੀਨਾਂ ਦਾ ਸੰਸਲੇਸ਼ਣ ਨਿਊਕਲੀਅਸ ਵਿਚਲੇ ਡੀ. ਐਨ. ਏ. ਦੁਆਰਾ ਹੀ ਹੁੰਦਾ ਹੈ।

ਪਲਾਜ਼ਮਿਡ ਡੀ. ਐਨ. ਏ., ਸੈੱਲ-ਭਾਗਾਂ ਦੇ ਡੀ. ਐਨ. ਏ. ਅਤੇ ਵਿਸ਼ਾਣੂਆਂ ਦੇ ਡੀ. ਐਨ. ਏ. ਦੀ ਬਣਤਰ ਭਾਵ ਦਿਖ ਗੋਲਾਕਾਰ ਹੁੰਦੀ ਹੈ। ਅਜਿਹੀ ਬਣਤਰ ਦਾ ਇਹ ਫਾਇਦਾ ਹੁੰਦਾ ਹੈ ਕਿ ਇਸ ਉੱਤੇ ਹੋਰ ਰਸਾਇਣਾਂ ਅਤੇ ਐਨਜ਼ਾਈਮਾਂ ਦਾ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਇਸ ਦਾ ਕੋਈ ਵੀ ਸਿਰਾ ਮੁਕਤ ਭਾਵ ਖੁਲ੍ਹਾ ਨਹੀਂ ਹੁੰਦਾ ਜਿਸ ਉੱਤੇ ਇਹ ਅਸਰ ਕਰ ਸਕਣ। ਪ੍ਰਾਣੀਆਂ ਦੇ ਹੋਰ ਵਿਸ਼ਾਣੂਆਂ ਅਤੇ ਬੈਕਟੀਰੀਆ ਦਾ ਡੀ. ਐਨ. ਏ. ਆਮ ਡੀ. ਐਨ. ਏ. ਤੋਂ ਵਖਰੀ ਤਰ੍ਹਾਂ ਦਾ ਹੁੰਦਾ ਹੈ ਭਾਵ ਦੋ ਲੜੀਆਂ ਦੀ ਥਾਂ ਇਹ ਸਿਰਫ਼ ਇਕ ਲੜੀ ਵਾਲਾ ਹੀ ਹੁੰਦਾ ਹੈ। ਕੁਝ ਬੈਕਟੀਰੀਆ ਦੇ ਵਿਸ਼ਾਣੂਆਂ ਵਿਚ ਵੀ ਡੀ. ਐਨ. ਏ. ਦੀ ਅਜਿਹੀ ਵਖਰੀ ਕਿਸਮ ਦੀ ਰਸਾਇਣਿਕ ਬਣਤਰ ਮਿਲਦੀ ਹੈ। ਇਨ੍ਹਾਂ ਵਿਚ ਸਾਈਟੋਸੀਨ ਪੂਰੀ ਤਰ੍ਹਾਂ ਮੀਥਾਈਲ ਸਾਈਟੋਸੀਨ ਜਾਂ ਹਾਈਡ੍ਰਾਕਸੀਮੀਥਾਈਲ ਸਾਈਟੋਸੀਨ ਦੁਆਰਾ ਤਬਦੀਲ ਹੋਈ ਹੁੰਦੀ ਹੈ। ਇਸੇ ਤਰ੍ਹਾਂ ਥਾਈਮੀਨ ਯੂਰਾਸਿਲ ਜਾਂ ਹਾਈਡ੍ਰਾਕਸੀਮੀਥਾਈਲ ਯੂਰਾਸਿਲ ਦੁਆਰਾ ਤਬਦੀਲ ਹੋਈ ਹੁੰਦੀ ਹੈ। ਅਜਿਹੀਆਂ ਤਬਦੀਲੀਆਂ ਦੋ ਲੜੀਆਂ ਵਾਲੇ ਡੀ. ਐਨ. ਏ. ਦੀ ਸਮੁੱਚੀ ਬਣਤਰ ਅਤੇ ਇਸ ਵਿਚਲੀਆਂ ਖਾਰਾਂ ਦੀ ਤਰਤੀਬ ਉੱਤੇ ਤਾਂ ਕੋਈ ਪ੍ਰਭਾਵ ਨਹੀਂ ਪਾਉਂਦੀਆਂ ਪਰੰਤੂ ਇਸ ਤਰ੍ਹਾਂ ਦੀ ਕਿਰਿਆ ਡੀ. ਐਨ. ਏ. ਦੀ ਸਥਿਰਤਾ ਉੱਤੇ ਜ਼ਰੂਰ ਅਸਰ ਪਾਉਂਦੀ ਹੈ।

ਹ. ਪੁ.–ਮੈਕ. ਐਨ. ਸਾ. ਟ 4 : 81

**ਡੀਐੱਪ** : ਇਹ ਉੱਤਰੀ ਫ਼ਰਾਂਸ ਦੇ ਓਤ ਨਾਰਮੰਡੀ ਖੇਤਰ ਦੇ ਸੇਨ ਮਾਰੀਟੀਮ ਡਿਪਾਰਟਮੈਂਟ ਦਾ ਇਕ ਮਹੱਤਵਪੂਰਨ ਬੰਦਰਗਾਹੀ ਸ਼ਹਿਰ ਹੈ ਜੋ ਇੰਗਲਿਸ਼ ਚੈਨਲ ਤੇ ਪੈਰਿਸ ਤੋਂ 170 ਕਿ. ਮੀ. ਉੱਤਰ-ਪੱਛਮ ਵੱਲ ਕੌਕਸ ਤੱਟ ਤੇ ਆਰਕ ਦਰਿਆ ਦੇ ਮੁਹਾਣੇ ਤੇ ਵਸਿਆ ਹੋਇਆ ਹੈ । ਇਸ ਦੇ ਆਲੇ-ਦੁਆਲੇ ਖੜੀਆ ਮਿੱਟੀ ਦੇ ਟਿੱਲੇ ਹਨ।

ਇਹ ਕਾਫ਼ੀ ਪੁਰਾਣਾ ਸ਼ਹਿਰ ਹੈ। ਇਸ ਦੇ ਪੁਰਾਣੇ ਹਿੱਸੇ ਵਿਚ 18ਵੀਂ ਸਦੀ ਦੇ ਬਣੇ ਕਈ ਘਰ ਤੇ 1435 ਈ. ਦਾ ਬਣਿਆ ਇਕ ਕਿਲਾ ਵੀ ਹੈ। ਸੰਨ 1944 ਵਿਚ ਕਿਲੇ ਦਾ ਕਾਫ਼ੀ ਹਿੱਸਾ ਢਹਿ ਗਿਆ ਸੀ ਪਰ ਇਸ ਦੀ ਮੁਰੰਮਤ ਕਰਵਾ ਕੇ ਇਸ ਵਿਚ ਹੁਣ ਅਜਾਇਬ ਘਰ ਬਣਾਇਆ ਹੋਇਆ ਹੈ। ਸ਼ਹਿਰ ਦਾ ਵੀ ਕਾਫ਼ੀ ਹਿੱਸਾ ਦੂਜੇ ਸੰਸਾਰ ਯੁੱਧ ਵਿਚ ਬਰਬਾਦ ਹੋ ਜਾਣ ਕਰਕੇ ਫਿਰ ਤੋਂ ਬਣਾਇਆ ਹੋਇਆ ਹੈ।

ਪੁਰਾਣੇ ਸਮੇਂ ਤੋਂ ਹੀ ਫ਼ਰਾਂਸ ਦੇ ਰਾਜਿਆਂ ਨੇ ਇਸ ਦੇ ਫ਼ੌਜੀ ਮਹੱਤਵ ਨੂੰ ਪਛਾਣਦੇ ਹੋਏ ਇਸ ਨੂੰ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਹੋਈਆਂ ਸਨ ਪਰ ਵੱਖ ਵੱਖ ਸਮਿਆਂ ਤੇ ਸ਼ਹਿਰ ਦਾ ਭਾਰੀ ਨੁਕਸਾਨ ਹੁੰਦਾ ਰਿਹਾ। ਸੌ-ਸਾਲਾ ਯੁੱਧ ਦੌਰਾਨ ਇਸ ਉੱਤੇ ਅੰਗਰੇਜ਼ਾਂ ਦਾ ਅਧਿਕਾਰ ਸੀ। ਸੰਨ 1435 ਵਿਚ ਧਰਮ ਯੁੱਧ ਸਮੇਂ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ। ਸਭ ਤੋਂ ਵੱਧ ਨੁਕਸਾਨ 1668 ਈ. ਵਿਚ ਪਲੇਗ ਪੈਣ ਨਾਲ ਹੋਇਆ ਜਦੋਂ ਇਥੋਂ ਦੇ 10,000 ਲੋਕ ਇਸ ਬੀਮਾਰੀ ਨਾਲ ਮਰ ਗਏ। ਸੰਨ 1694 ਵਿਚ ਅੰਗਰੇਜ਼ਾਂ ਅਤੇ ਵਲੰਦੇਜ਼ੀਆਂ ਨੇ ਸ਼ਹਿਰ ਨੂੰ ਬਿਲਕੁਲ ਤਬਾਹ ਕਰ ਦਿੱਤਾ।

ਮੌਜੂਦਾ ਸ਼ਹਿਰ ਦੀ ਆਰਕ ਦਰਿਆ ਦੇ ਬੈਂਡ ਵਿਚ ਕੱਟ ਕੇ ਬਣਾਈ ਬੰਦਰਗਾਹ ਇੰਗਲਿਸ਼ ਚੈਨਲ ਦੀ ਸਭ ਤੋਂ ਸੁਰੱਖਿਅਤ ਬੰਦਰਗਾਹਾਂ ਵਿਚੋਂ ਇਕ ਹੈ। ਸਰਦੀ ਦੇ ਮੌਸਮ ਨੂੰ ਛੱਡ ਕੇ ਇਥੋਂ ਨਿਊ ਹੈਵਨ ਨੂੰ ਰੋਜ਼ਾਨਾ ਯਾਤਰੂ ਜਹਾਜ਼ ਆਉਂਦੇ–ਜਾਂਦੇ ਰਹਿੰਦੇ ਹਨ। ਪੈਰਿਸ ਦੀਆਂ ਮੰਡੀਆਂ ਨੂੰ ਮੱਛੀ ਮੁੱਖ ਤੌਰ ਤੇ ਇਥੋਂ ਹੀ ਭੇਜੀ ਜਾਂਦੀ ਹੈ।

ਸਮੁੰਦਰੀ ਜਹਾਜ਼ ਬਣਾਉਣਾ, ਤੇਲ ਸਾਫ਼ ਕਰਨਾ, ਰੱਸੀਆਂ ਅਤੇ ਕਪੜਾ ਬਣਾਉਣਾ ਇਥੋਂ ਦੇ ਮੁੱਖ ਉਦਯੋਗ ਹਨ। ਇਸ ਤੋਂ ਇਲਾਵਾ 15 ਵੀਂ ਸਦੀ ਤੋਂ ਇਥੇ ਹਾਥੀ ਦੰਦ ਅਤੇ ਹੱਡੀਆਂ ਤੋਂ ਵੀ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਹੁਣ ਇਥੇ ਘੜੀਆਂ, ਟੈਲੀਫ਼ੂਨ ਦਾ ਸਾਮਾਨ, ਮੋਟਰਕਾਰਾਂ ਅਤੇ ਰਸਾਇਣ ਪਦਾਰਥ ਆਦਿ ਵੀ ਤਿਆਰ ਕੀਤੇ ਜਾਂਦੇ ਹਨ।

ਆਬਾਦੀ—35, 659 (1982)

49° 56′ ਉ. ਵਿਥ. ; 1° 05′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 84; ਐਨ. ਅਮੈ. 9 :97

**ਡੀ ਐਮਿਸਿਸ, ਏਡਮੰਡੋ** : ਇਹ ਇਟਲੀ ਦਾ ਉੱਘਾ ਨਾਵਲਕਾਰ, ਕਹਾਣੀਕਾਰ ਅਤੇ ਕਵੀ ਸੀ। ਇਹ ਆਪਣੇ ਸਫ਼ਰਨਾਮਿਆਂ ਅਤੇ ਬੱਚਿਆਂ ਦੀਆਂ ਕਹਾਣੀਆਂ ਕਰਕੇ ਵੀ ਹਰਮਨ

ਪਿਆਰਾ ਸੀ। ਇਸ ਦਾ ਜਨਮ 31 ਅਕਤੂਬਰ, 1846 ਨੂੰ ਓਨੀਗਲੀਆ ਵਿਚ ਹੋਇਆ। ਆਪਣੇ ਫ਼ੌਜੀ ਜੀਵਨ ਦੌਰਾਨ ਇਹ ਫ਼ੌਜੀ ਰਸਾਲੇ `L gtalia militare' ਲਈ ਲਿਖਦਾ ਸੀ ਅਤੇ 1867 ਵਿਚ ਉਸ ਦਾ ਐਡੀਟਰ ਬਣ ਗਿਆ ਸੀ। ਇਸ ਦਾ ਪਹਿਲਾ ਕਹਾਣੀ ਸੰਗ੍ਰਹਿ `La Vita militare' (1868) 'ਮਿਲਟਰੀ ਲਾਈਫ਼ ਇਨ ਇਟਲੀ' ਸੀ। ਇਸ ਦਾ ਇਕ ਹੋਰ ਕਹਾਣੀ ਸੰਗ੍ਰਹਿ `Novelle' (1812) ਸੀ ਜਿਸ ਨੂੰ ਕਿ ਕਈ ਆਲੋਚਕ ਬਹੁਤ ਉੱਚ ਕੋਟੀ ਦੀ ਰਚਨਾ ਮੰਨਦੇ ਹਨ। ਸੰਨ 1880 ਵਿਚ ਇਸ ਨੇ ਕਾਵਿ ਸੰਗ੍ਰਹਿ 'Poesie' ਲਿਖਿਆ। ਇਸ ਤੋਂ ਇਲਾਵਾ ਇਸ ਨੇ ਕਈ ਨਾਵਲ, ਸਫ਼ਰਨਾਮੇ ਅਤੇ ਵਿਦਿਆ ਸਬੰਧੀ ਲੇਖ ਇਟਲੀ ਦੀ ਭਾਸ਼ਾ ਉਤੇ ਵੀ ਲਿਖੇ। ਇਸ ਦੀ ਸਭ ਤੋਂ ਵਧੀਆ ਰਚਨਾ ਬੱਚਿਆਂ ਦੀ ਕਹਾਣੀ `Cuore' (1886), ਹੈ ਜਿਸਦਾ 1960 ਵਿਚ 'ਦੀ ਹਾਰਟ ਆਫ ਏ ਬੁਆੱਇ' ਅੰਗਰੇਜੀ ਭਾਸ਼ਾ ਵਿਚ ਅਨੁਵਾਦ ਹੋਇਆ। ਇਸ ਕਹਾਣੀ ਦਾ ਅਨੁਵਾਦ 25 ਤੋਂ ਵੱਧ ਭਾਸ਼ਾਵਾਂ ਵਿਚ ਹੋਇਆ।

ਇਸ ਦਾ ਦੇਹਾਂਤ 11 ਮਾਰਚ , 1908 ਨੂੰ ਬੋਰਡੀਘੇਰਾ ਵਿਖੇ ਹੋਇਆ।

ਹ. ਪੁ.—ਐਨ. ਬ੍ਰਿ. ਮਾ. 3 : 413; ਐਨ. ਅਮੈ. 8 : 535.

**ਡੀਸ਼ੀਅਸ** : ਇਕ ਪ੍ਰਸਿੱਧ ਰੋਮਨ ਬਾਦਸ਼ਾਹ ਸੀ ਜਿਸ ਦਾ ਪੂਰਾ ਨਾਂ ਡੀਸ਼ੀਅਸ, ਗਾਈਅਸ ਮੈਸੀਅਸ ਕਵਿੰਟਸ ਟਰਾਜੇਨਸ ਸੀ। ਇਸ ਦਾ ਜਨਮ ਲਗਭਗ 201 ਈ. ਵਿਚ ਬੁਡਾਲੀਆ ਸ਼ਹਿਰ ਵਿਖੇ ਹੋਇਆ। ਭਾਵੇਂ ਇਸ ਦੇ ਮੁਢਲੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਇਸ ਬਾਰੇ ਕੋਈ ਮਤਭੇਦ ਨਹੀਂ ਕਿ ਗੱਦੀ ਉੱਤੇ ਬੈਠਣ ਤੋਂ ਪਹਿਲਾਂ, ਇਹ ਇਕ ਸੈਨੇਟਰ ਅਤੇ ਕਾਂਸਲ ਸੀ।

ਸੰਨ 248 ਵਿਚ ਰੋਮ ਦੇ ਬਾਦਸ਼ਾਹ ਫ਼ਿਲਿਪ ਨੂੰ ਜਦੋਂ ਜਰਮਨਾਂ ਅਤੇ ਗਾਥਾਂ ਨੇ ਦਰਿਆ ਡੈਨਯੂਬ ਦੇ ਕੰਢੇ ਤੇ ਵੱਖ ਵੱਖ ਰਾਜਾਂ ਉੱਤੇ ਹਮਲੇ ਕਰਕੇ ਤੰਗ ਕੀਤਾ ਹੋਇਆ ਸੀ ਅਤੇ ਦੂਜੇ ਪਾਸੇ ਉਸ ਦੇ ਰਾਜ ਅੰਦਰ ਤਖ਼ਤ ਖੋਹਣ ਲਈ ਕਈ ਦਾਅਵੇਦਾਰ ਬਣੇ ਹੋਏ ਸਨ, ਅਜਿਹੇ ਨਾਜ਼ਕ ਮੌਕੇ ਤੇ ਡੀਸ਼ੀਅਸ ਨੇ ਬਾਦਸ਼ਾਹ ਫ਼ਿਲਿਪ ਨੂੰ ਤਖ਼ਤ ਨਾ ਛੱਡਣ ਦੀ ਸਲਾਹ ਦਿੱਤੀ। ਇਸ ਤਰ੍ਹਾਂ ਕਰਨ ਨਾਲ ਇਸ ਨੂੰ ਬਾਦਸ਼ਾਹ ਦਾ ਵਿਸ਼ਵਾਸ ਪ੍ਰਾਪਤ ਹੋ ਗਿਆ ਅਤੇ ਇਹ ਬਾਦਸ਼ਾਹ ਦਾ ਵਿਸ਼ਵਾਸਪਾਤਰ ਬਣ ਗਿਆ। ਇਸ ਤੋਂ ਥੋੜ੍ਹੀ ਦੇਰ ਮਗਰੋਂ ਹੀ ਬਾਦਸ਼ਾਹ ਫ਼ਿਲਿਪ ਨੇ ਇਸ ਨੂੰ ਸੈਨਾ ਦੀ ਕਮਾਨ ਦੇ ਕੇ ਡੈਨਯੂਬ ਵੱਲ ਭੇਜਿਆ। ਇਥੇ 249 ਈ. ਵਿਚ ਇਸ ਦੀਆਂ ਫ਼ੌਜਾਂ ਨੇ ਇਸ ਦੀ ਮਰਜ਼ੀ ਦੇ ਵਿਰੁੱਧ ਹੀ ਇਸ ਨੂੰ ਰੋਮ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਅਤੇ ਇਸ ਨੂੰ ਇਟਲੀ ਤੇ ਹਮਲਾ ਕਰਨ ਲਈ ਮਜਬੂਰ ਕੀਤਾ ਗਿਆ। ਵਰੋਨਾ ਨੇੜੇ ਬਾਦਸ਼ਾਹ ਫ਼ਿਲਿਪ ਇਸ ਨਾਲ ਟਾਕਰਾ ਕਰਦਾ ਹੋਇਆ ਲੜਾਈ ਵਿਚ ਮਾਰਿਆ ਗਿਆ।

ਬਾਦਸ਼ਾਹ ਬਣਨ ਤੋਂ ਬਾਅਦ ਡੀਸ਼ੀਅਸ ਨੇ ਆਪਣੀਆਂ ਫ਼ੌਜਾਂ ਵਿਚ ਅਨੁਸ਼ਾਸਨ ਲਿਆਉਣ ਲਈ ਯੋਜਨਾਵਾਂ ਬਣਾਈਆਂ ਅਤੇ ਸਰਹੱਦਾਂ ਤੇ ਫ਼ੌਜੀ ਮੋਰਚਿਆਂ ਦੀ ਮੁਰੰਮਤ ਆਦਿ ਕਰਵਾਈ। ਰੋਮ ਤੇ ਪੁਰਾਤਨ ਧਰਮ ਨੂੰ ਲਾਗੂ ਕਰਨ ਦੀ ਖ਼ਾਹਿਸ਼ ਕਾਰਨ ਹੀ ਇਸ ਦੇ ਰਾਜ ਵਿਚ ਈਸਾਈਆਂ ਦਾ ਖੁੱਲ੍ਹੇਆਮ ਕਤਲੇਆਮ ਸ਼ੁਰੂ ਹੋ ਗਿਆ।

ਸੰਨ 250 ਵਿਚ ਬਰਬਰਾਂ ਦੇ ਰਾਈਨ ਦਰਿਆ ਦੇ ਕੰਢੇ ਉੱਤੇ ਕੀਤੇ ਹਮਲਿਆਂ ਨੂੰ ਦਬਾਉਣ ਵਿਚ ਇਹ ਸਫ਼ਲ ਹੋ ਗਿਆ ਪਰ 251 ਈ. ਵਿਚ ਦੋ ਗਾਥਿਕ ਫ਼ੌਜਾਂ ਦੇ ਬਲਕਾਨ ਉਪਰ ਹਮਲਿਆਂ ਵਿਚ ਜਿੱਤ ਹਾਸਲ ਕਰਨ ਮਗਰੋਂ ਦਬਰੂਜਾ ਦੀ ਲੜਾਈ ਵਿਚ ਐਡਮਕਲਿਸੀ ਦੇ ਨੇੜੇ ਆਪਣੇ ਹੀ ਬੰਦਿਆਂ ਦੀ ਸਾਜ਼ਸ਼ ਨਾਲ ਇਹ ਮਾਰਿਆ ਗਿਆ।

ਹ. ਪੁ.— ਐਨ. ਬ੍ਰਿ. 7 : 123; ਐਨ. ਅਮੈ. 8 : 588

**ਡੀਸੈਲ, ਲੋਡਵਿਕ ਵਾਨ** : ਵਲੰਦੇਜ਼ੀ ਭਾਸ਼ਾ ਦੇ ਇਸ ਉੱਘੇ ਲੇਖਕ ਅਤੇ ਆਲੋਚਕ ਦਾ ਜਨਮ 22 ਸਤੰਬਰ, 1864 ਨੂੰ ਐਮਸਟੱਰਡਮ ਵਿਖੇ ਹੋਇਆ। ਇਸ ਨੇ ਆਪਣੀ ਪੁਸਤਕ 'Verzamelde Opstellen' (1894-1911) ਗਿਆਰਾਂ ਜਿਲਦਾਂ ਵਿਚ ਪ੍ਰਕਾਸ਼ਿਤ ਕੀਤੀ।

ਇਸ ਨੇ ਆਪਣਾ ਸਾਹਿਤਕ ਜੀਵਨ ਐਮਿਲ ਜ਼ੋਲਾਂ ਦੇ ਪ੍ਰਸ਼ੰਸਕ ਵਜੋਂ ਸ਼ੁਰੂ ਕੀਤਾ। ਫਿਰ ਇਸ ਨੇ ਇਕ ਨਾਵਲ `Een Liefde' ਪ੍ਰਕਾਸ਼ਿਤ ਕੀਤਾ। ਪਿਛੋਂ ਇਸ ਨੇ ਪ੍ਰਕਿਰਤੀਵਾਦ ਛੱਡ ਕੇ ਨਿੱਜੀ ਵਿਚਾਰਧਾਰਾ ਦੀ ਵਾਰਤਕ ਲਿਖਣੀ ਸ਼ੁਰੂ ਕਰ ਦਿੱਤੀ।

ਇਹ ਹਰ ਗੱਲ ਨੂੰ ਬੜੀ ਬਰੀਕੀ ਨਾਲ ਵੇਖਦਾ ਸੀ ਅਤੇ ਇਸ ਨੇ ਵਲੰਦੇਜ਼ੀ ਸਾਹਿਤਕ ਖੇਤਰ ਤੇ ਬਹੁਤ ਪ੍ਰਭਾਵ ਪਾਇਆ।

ਇਸ ਦੀਆਂ ਲਿਖਤਾਂ ਦੇ ਸੰਗ੍ਰਹਿ 6 ਜਿਲਦਾਂ ਵਿਚ 1922-24 ਈ. ਦੌਰਾਨ ਪ੍ਰਕਾਸ਼ਿਤ ਹੋਏ। ਇਸ ਨੂੰ ਇਸ ਦੇ ਮਿੱਤਰ ਵਿਲੈਮ ਕਲੂਸ ਦੇ ਨਾਲ 1935 ਈ. ਵਿਚ ਐਮਸੱਟਰਡਮ ਵਿਚ ਆਨਰੇਰੀ ਡਾੱਕਟ੍ਰੇਟ ਦੀ ਡਿਗਰੀ ਦੇ ਕੇ ਸਨਮਾਨਿਆ ਗਿਆ।

26 ਜਨਵਰੀ, 1952 ਨੂੰ ਹਾਰਲੇਮ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 348; ਐਵ. ਐਨ. 4 : 345

**ਡੀਹਾਂਗ** : ਇਹ ਆਸਾਮ ਦਾ ਇਕ ਦਰਿਆ ਹੈ ਜਿਹੜਾ ਸਦੀਆ ਦੇ ਪੱਛਮ ਵਲੋਂ ਬ੍ਰਹਮਪੁੱਤਰ ਦਰਿਆ ਵਿਚ ਮਿਲ ਜਾਂਦਾ ਹੈ। ਇਹ ਸਾਰਾ ਹੀ ਪਹਾੜੀ ਮਾਰਗਾਂ ਰਾਹੀਂ ਵਗਦਾ ਹੈ ਅਤੇ ਇਸ ਕਰਕੇ ਇਸ ਨੂੰ ਤਿੱਬਤ ਦੇ ਸਾਨ-ਪੋ ਦਰਿਆ ਵਰਗਾ ਮੰਨਿਆ ਜਾਂਦਾ ਹੈ।

ਹ. ਪੁ.—ਇੰਪ. ਗ. ਇੰਡ. 11 : 345

**ਡੀ ਹੈਵੀਲੈਂਡ, ਸਰ ਜੈਫ਼ਰੀ (De Havilland, sir Geoffrey)** : ਲੰਬੀਆਂ ਅਤੇ ਵਪਾਰਕ ਜੈੱਟ ਉਡਾਨਾਂ ਦੇ ਮੋਢੀ ਅਤੇ ਅੰਗਰੇਜ਼ੀ ਹਵਾਈ ਜਹਾਜ਼ਾਂ ਦੇ ਇਸ ਡਿਜ਼ਾਈਨਰ ਤੇ ਨਿਰਮਾਤਾ ਦਾ ਜਨਮ 1882 ਈ. ਵਿਚ ਹੋਇਆ। ਇਹ ਜੈੱਟ ਨਾਲ ਚਲਣ ਵਾਲੇ ਜਹਾਜ਼ ਨਿਰਮਾਤਾਵਾਂ ਦੇ ਮੋਢੀਆ ਵਿਚੋਂ ਸੀ। ਸੰਨ 1910 ਵਿਚ ਇਸ ਨੇ ਸਫ਼ਲਤਾਪੂਰਵਕ 50 ਹਾਰਸਪਾਵਰ ਦੇ ਇੰਜਣ ਵਾਲਾ ਜਹਾਜ਼ ਤਿਆਰ ਕੀਤਾ ਅਤੇ ਉਡਾਨ ਭਰੀ। ਪਹਿਲੇ ਸੰਸਾਰ ਯੁੱਧ ਦੇ ਦੌਰਾਨ ਇਹ ਹਵਾਈ ਜਹਾਜ਼ ਬਣਾਉਣ ਵਾਲੀ ਕੰਪਨੀ ਦਾ ਮੁੱਖ ਡਿਜ਼ਾਈਨਰ ਅਤੇ ਨਿਰੀਖਣ ਪਾਇਲਟ ਸੀ, ਜਿਥੇ ਇਸ ਨੇ ਸਫ਼ਲਤਾਪੂਰਵਕ ਕਈ ਲੜਾਕੇ ਹਵਾਈ ਜਹਾਜ਼ ਅਤੇ ਹਲਕੇ ਬੰਬਰ ਤਿਆਰ ਕੀਤੇ। ਸਤੰਬਰ, 1920 ਵਿਚ ਇਸ ਨੇ 'ਡੀ. ਹੈਵੀਲੈਂਡ ਏਅਰ ਕਰਾਫ਼ਟ ਕੰਪਨੀ' ਦੀ ਸ਼ਥਾਪਨਾ ਕੀਤੀ। ਮਾਥ (Moth) ਨਾਮੀ ਦੋ ਸੀਟਾਂ ਵਾਲੇ ਹਵਾਈ ਜਹਾਜ਼ ਦੀ ਸਫ਼ਲਤਾ ਨੇ ਕੰਪਨੀ ਨੂੰ ਮਾਲੀ ਤੌਰ ਤੇ ਵਧੇਰੇ ਤਕੜਾ ਬਣਾ ਦਿੱਤਾ ਅਤੇ ਗ੍ਰੇਟ ਬ੍ਰਿਟੇਨ ਵਿਚ ਫ਼ਲਾਇੰਗ ਕਲੱਬ ਲਹਿਰ ਸ਼ੁਰੂ ਕੀਤੀ। ਦੂਜੇ ਸੰਸਾਰ ਯੁੱਧ ਸਮੇਂ ਕੰਪਨੀ ਦਾ ਬਹੁਤ ਵੱਡਾ ਸਫ਼ਲ ਉਤਪਾਦਨ ਪਲਾਈਵੁੱਡ ਤੋਂ ਤਿਆਰ ਕੀਤਾ ਗਿਆ। ਦੋ ਇੰਜਣ ਵਾਲਾ ਬਹੁ-ਮੰਤਵੀ ਮਾਸਕੀਟੋ (Mosquito) ਹਵਾਈ ਜਹਾਜ਼ ਸੀ। ਦੂਜੇ ਸੰਸਾਰ ਯੁੱਧ ਤੋਂ ਬਾਅਦ ਇਸ ਨੇ ਕੋਮੈਟ ਏਅਰ ਲਾਈਨਰ ਅਤੇ ਡੀ. ਐਚ ਗੋਸਟ (D.H. Ghost ) ਜੈਟੱ ਇੰਜਣਾਂ ਦਾ ਮੁੱਢ ਬੰਨ੍ਹਿਆ। ਇਸ ਨੂੰ 1944 ਈ. ਵਿਚ ਨਾਈਟ ਬਣਾ ਦਿੱਤਾ ਗਿਆ ਅਤੇ 1962 ਈ. ਵਿਚ ਇਸ ਨੂੰ ਆਰਡਰ ਆਫ਼ ਮੈਰਿਟ ਨਾਲ ਸਨਮਾਨਿਆ ਗਿਆ।

ਸੰਨ 1965 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 437

**ਡੀ ਕਵਿਨਸੀ, ਟਾਮਸ** : ਇੰਗਲੈਂਡ ਦੇ ਇਸ ਲੇਖਕ ਦਾ ਜਨਮ 15 ਅਗਸਤ, 1785 ਨੂੰ ਮਾਨਚੈਸਟਰ ਵਿਖੇ ਹੋਇਆ। ਇਹ ਇਕ ਆਲੋਚਕ ਅਤੇ ਪ੍ਰਸਤਾਵ ਲੇਖਕ ਵਜੋਂ ਬਹੁਤ ਪ੍ਰਸਿੱਧ ਹੋਇਆ।

ਇਸਦੀ ਉਮਰ ਮਸਾਂ ਸਾਲ ਦੀ ਸੀ ਜਦੋਂ ਇਸ ਦੇ ਪਿਤਾ ਦੀ ਮੌਤ ਹੋ ਗਈ। ਪਿਤਾ ਦੀ ਮੌਤ ਪਿਛੋਂ ਇਸ ਦੀ ਮਾਂ ਨੇ ਇਸ ਦੀ ਪਾਲਣਾ ਕੀਤੀ। ਇਸ ਦੇ ਬਚਪਨ ਦਾ ਇਸ ਦੇ ਸਾਰੇ ਜੀਵਨ ਉੱਤੇ ਬਹੁਤ ਪ੍ਰਭਾਵ ਪਿਆ ਅਤੇ ਇਹ ਆਪਣੀਆਂ ਲਿਖਤਾਂ ਵਿਚ ਵਾਰ ਵਾਰ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਬਿਆਨ ਕਰਦਾ ਰਿਹਾ ਹੈ।

ਬਾਥ ਗਰੈਮਰ ਸਕੂਲ ਵਿਚ ਥੋੜ੍ਹਾ ਚਿਰ ਪੜ੍ਹ ਕੇ ਇਸ ਨੂੰ ਮਾਨਚੈਸਟਰ ਗਰੈਮਰ ਸਕੂਲ ਵਿਚ ਪੜ੍ਹਨ ਭੇਜ ਦਿੱਤਾ ਗਿਆ। ਇਥੇ ਇਹ ਖੁਸ਼ ਨਾ ਰਹਿ ਸਕਿਆ ਅਤੇ 18 ਮਹੀਨੇ ਰਹਿ ਕੇ ਉਥੋਂ ਨੱਠ ਗਿਆ ਅਤੇ ਅੱਠ ਮਹੀਨੇ ਵੇਲਜ਼ ਅਤੇ ਲੰਡਨ ਵਿਚ ਰਿਹਾ। ਇਥੇ ਲੰਡਨ ਵਿਚ ਇਸ ਦੀ ਮਿੱਤਰਤਾ ਇਕ ਜਵਾਨ ਵੇਸਵਾ ਐਨ ਨਾਲ ਹੋ ਗਈ।

ਸੰਨ 1803 ਦੇ ਅਖ਼ੀਰ ਵਿਚ ਇਹ ਵੂਰਸੈਸਟਰ ਕਾਲਜ, ਆੱਕਸਫੋਰਡ ਚਲਾ ਗਿਆ ਪਰੰਤੂ ਉਥੇ ਸੰਨ 1809 ਤਕ ਵੀ ਡਿਗਰੀ ਪ੍ਰਾਪਤ ਨਾ ਕਰ ਸਕਿਆ। ਉਥੇ ਇਹ ਆਪਣੇ ਆਪ ਨੂੰ ਛੇਕਿਆ ਜਿਹਾ ਮਹਿਸੂਸ ਕਰਦਾ ਸੀ।

ਇਸ ਪਿਛੋਂ ਸੰਨ 1808 ਵਿਚ ਇਹ ਵਰਡਜ਼ਵਰਥ ਅਤੇ ਕਾੱਲਰਿਜ ਦਾ ਸਾਥ ਮਾਣਨ ਲਈ ਗਰਾਸਮੀਰ ਚਲਾ ਗਿਆ। ਇਸ ਤੋਂ ਪਹਿਲਾਂ ਸੰਨ 1804 ਵਿਚ ਇਹ ਅਫ਼ੀਮ ਦਾ ਸੁਆਦ ਚੱਖ ਚੁੱਕਾ ਸੀ। ਇਸ ਦੀ ਪੁਸਤਕ 'ਕਨਫ਼ੈਸ਼ਨਜ਼ ਆਫ਼ ਐਨ ਇੰਗਲਿਸ਼ ਓਪੀਅਮ ਈਟਰ' ਇਸ ਦੇ ਜੀਵਨ ਚਿੱਤਰ ਨੂੰ ਬਹੁਤ ਚੰਗੀ ਤਰ੍ਹਾਂ ਚਿੱਤਰਦੀ ਹੈ। ਪਹਿਲੀ ਵਾਰ ਤਾਂ ਇਸਨੇ ਅਫ਼ੀਮ ਆਪਣੀ ਉਦਾਸੀ ਦੂਰ ਕਰਨ ਲਈ ਖਾਧੀ ਸੀ ਪਰੰਤੂ ਉਸ ਸੁਆਦ ਨੇ ਇਸ ਦਾ ਸਾਰਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਸੀ।

ਸੰਨ 1817 ਵਿਚ ਇਸ ਦਾ ਵਿਆਹ ਮਾਰਗ੍ਰੈਟ ਸਿੰਪਸਨ ਨਾਲ ਹੋ ਗਿਆ ਜੋ ਕਿ ਇਸ ਦੇ ਗੁਆਂਢ ਵਿਚ ਹੀ ਰਹਿੰਦੀ ਸੀ। ਹੁਣ ਇਸ ਨੇ ਅਫ਼ੀਮ ਖਾਣ ਦੀ ਆਦਤ ਛੱਡਣ ਦੀ ਕੋਸ਼ਿਸ ਕੀਤੀ ਪਰੰਤੂ ਇਸ ਵਿਚ ਇਹ ਸਫ਼ਲ ਨਾ ਹੋਇਆ ਅਤੇ ਸਾਰੀ ਉਮਰ ਅਫ਼ੀਮ ਖਾਣ ਦਾ ਆਦੀ ਰਿਹਾ। ਸੰਨ 1818-19 ਵਿਚ ਇਸ ਨੇ ਵੈਸਟਮੋਰਲੈਂਡ ਗਜ਼ਟ ਦੀ ਸੰਪਾਦਨਾ ਕੀਤੀ। ਇਹ ਇਸ ਦਾ ਪਹਿਲਾ ਨਿਯਮਿਤ ਕਾਰਜ ਸੀ। ਸੰਪਾਦਕ ਵਜੋਂ ਕੰਮ ਕਰਨ ਦਾ ਇਸ ਨੂੰ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਇਸ ਵਿਚ ਲਿਖਣ ਦਾ ਸ਼ੌਕ ਪੈਦਾ ਹੋ ਗਿਆ ਅਤੇ ਸਤੰਬਰ, 1821 ਵਿਚ ਇਸ ਨੇ 'ਲੰਡਨ ਮੈਗਜ਼ੀਨ' ਵਿਚ ਆਪਣੀ ਲੋਕਪ੍ਰਿਯ ਪ੍ਰਸਿੱਧ ਪੁਸਤਕ 'ਕਨਫ਼ੈਸ਼ਨਜ਼ ਆਫ਼ ਐਨ ਇੰਗਲਿਸ਼ ਓਪੀਅਮ-ਈਟਰ' ਪ੍ਰਕਾਸ਼ਿਤ ਕੀਤੀ। ਇਹ ਰਚਨਾ ਇਸ ਦੇ ਨਿਜੀ ਜੀਵਨ ਤੇ ਆਧਾਰਿਤ ਸੀ। ਸੰਨ 1822 ਵਿਚ ਇਹ ਰਚਨਾ ਪੁਸਤਕ ਰੂਪ ਵਿਚ ਛਪੀ।

ਪਿਛੋਂ ਇਸ ਨੇ 'ਬਲੈਕ ਵੁੱਡ ਮੈਗਜ਼ੀਨ', 'ਟੇਟਸ ਮੈਗਜ਼ੀਨ', 'ਐਡਿਨਬਰਗ ਲਿਟਰੇਰੀ ਗਜ਼ਟ' ਆਦਿ ਵਿਚ ਆਪਣੀਆਂ ਕਈ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ। ਸੰਨ 1853 ਵਿਚ ਇਸ ਨੇ ਆਪਣੀਆਂ ਰਚਨਾਵਾਂ ਦੇ ਸੰਗ੍ਰਹਿ ਦੀ ਪਹਿਲੀ ਜਿਲਦ ਪ੍ਰਕਾਸ਼ਿਤ ਕੀਤੀ।

ਸੰਨ 1837 ਵਿਚ ਇਸ ਦੀ ਪਤਨੀ ਦੀ ਮੌਤ ਹੋ ਗਈ। ਇਸ ਉਪਰੰਤ ਇਸ ਨੇ ਆਪਣੇ ਬੱਚਿਆਂ ਨੂੰ ਨਾਲ ਦੇ ਪਿੰਡ ਲਾਸਵੇਡ ਵਿਖੇ ਛੱਡ ਦਿੱਤਾ ਅਤੇ ਆਪ ਵੱਖਰਾ ਰਹਿਣ ਲੱਗ ਪਿਆ। ਇਸ ਦੌਰਾਨ ਇਹ ਇਕ ਥਾਂ ਤੋਂ ਦੂਜੀ ਥਾਂ ਘੁੰਮਦਾ ਰਹਿੰਦਾ ਅਤੇ ਇਸ ਨੇ ਵੱਖ ਵੱਖ ਥਾਵਾਂ ਤੇ ਕਈ ਕਮਰੇ ਕਿਰਾਏ ਤੇ ਲੈ ਰਖੇ ਸਨ। ਮੌਤ ਸਮੇਂ ਇਸ ਦੇ ਕੋਲ ਵੱਖ ਵੱਖ ਥਾਵਾਂ ਤੇ ਛੇ ਮਕਾਨ ਸਨ ਜਿਨ੍ਹਾਂ ਸਾਰਿਆਂ ਦਾ ਇਹ ਕਿਰਾਇਆ ਭਰਦਾ ਸੀ।

ਕਵਿਨਸੀ ਦਾ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਦਾ ਆਪਣਾ ਵੱਖਰਾ ਹੀ ਢੰਗ ਸੀ। ਇਸ ਦੀਆਂ ਲਿਖਤਾਂ ਵਿਚੋਂ ਇਸ ਦੀਆਂ ਸਵੈ-ਜੀਵਨੀ ਰਚਨਾਵਾਂ ਬਹੁਤ ਮਹੱਤਵਪੂਰਨ ਹਨ। ਇਸ ਤਰ੍ਹਾਂ 'ਕਨਫ਼ੈਸ਼ਨਜ਼' ਇਸ ਦੀ ਸਭ ਤੋਂ ਚੰਗੀ ਰਚਨਾ ਮੰਨੀ ਜਾਂਦੀ ਹੈ।

8 ਦਸੰਬਰ, 1859 ਨੂੰ ਸਕਾਟਲੈਂਡ ਵਿਚ ਐਡਿਨਬਰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 270; ਐਨ. ਅਮੈ. 8 : 707; ਐਵ. ਐਨ. 4 : 349

**ਡੀਕੇਟਰ** : ਇਹ ਸ. ਰ. ਅ. ਦੇ ਕੇਂਦਰੀ ਇਲੀਨਾਇ ਵਿਚ ਮੇਸਨ ਕਾਉਂਟੀ ਦਾ ਇਕ ਸ਼ਹਿਰ ਹੈ ਜਿਹੜਾ ਸੇਗਾਮਨ ਦਰਿਆ ਦੇ ਕੰਢੇ ਵੱਸਿਆ ਹੋਇਆ ਹੈ। ਇਸ ਦੇ ਦੁਆਲੇ ਬਹੁਤ ਉਪਜਾਊ ਖੇਤਰ ਹੋਣ ਕਰਕੇ ਇਹ ਇਕ ਵਪਾਰਕ ਮੰਡੀ ਵੀ ਹੈ। ਇਹ ਪ੍ਰਮੁੱਖ ਰੇਲਵੇ ਜੰਕਸ਼ਨ ਵੀ ਹੈ।

ਇਸ ਦੀ ਆਰਥਿਕਤਾ ਦਾ ਮੁੱਖ ਆਧਾਰ ਭਾਰੀ ਉਦਯੋਗ ਹਨ ਜਿਨ੍ਹਾਂ ਵਿਚ ਲੋਹਾ, ਇਸਪਾਤ, ਤਾਂਬੇ ਦੀਆਂ ਚੀਜ਼ਾਂ, ਮੋਟਰਕਾਰਾਂ ਦੇ ਪੁਰਜ਼ੇ, ਟਾਇਰ, ਬਿਜਲੀ ਦੇ ਪੁਰਜ਼ੇ, ਸ਼ੀਸ਼ਾ, ਰਸਾਇਣਕ ਪਦਾਰਥ, ਖਾਣ ਦੀਆਂ ਚੀਜ਼ਾਂ, ਸੋਇਆਬੀਨ ਅਤੇ ਮੱਕੀ ਤੇ ਨਾ ਖਾਣ-ਯੋਗ ਪਦਾਰਥ, ਕੱਪੜੇ, ਪਲਾਸਟਿਕ ਦੀਆਂ ਚੀਜ਼ਾਂ ਅਤੇ ਪਤੰਗ ਆਦਿ ਬਣਾਏ ਜਾਂਦੇ ਹਨ।

ਸ਼ਹਿਰ ਵਿਚ ਮਿਲੀਕਿਨ ਯੂਨੀਵਰਸਿਟੀ ਅਤੇ ਇਸ ਦੇ ਨਾਲ ਸਬੰਧਤ ਇਕ ਪ੍ਰੈਸਬੀਟਰੀ ਸੰਸਥਾ ਅਤੇ ਇਕ ਕਲਾ-ਕੇਂਦਰ ਵੀ ਹੈ। ਇਥੋਂ ਦਾ ਮਿਉਂਸਪਲ ਬੈਂਡ ਜਿਹੜਾ 1857 ਈ. ਵਿਚ ਹੋਂਦ ਵਿਚ ਆਇਆ ਸੀ, ਅਮਰੀਕਾ ਦਾ ਸਭ ਤੋਂ ਪੁਰਾਣਾ ਬੈਂਡ ਹੈ। ਇਤਿਹਾਸਕ ਪੱਖ ਤੋਂ ਇਥੇ ਸਭ ਤੋਂ ਪਹਿਲੀ ਸਥਾਈ ਬਸਤੀ 1821 ਈ. ਵਿਚ ਸਥਾਪਿਤ ਹੋਈ ਸੀ ਤੇ ਸ਼ਹਿਰ ਦਾ ਨਾਂ ਸਟੀਫਨ ਡੀਕੇਟਰ ਦੇ ਨਾਂ ਤੇ ਪਿਆ ਜੋ ਅਮਰੀਕਾ ਦੇ ਤਜਾਰਤੀ ਸਮੁੰਦਰੀ ਜਹਾਜ਼ਾਂ ਦਾ ਕਮਾਂਡਰ ਸੀ। ਸੰਨ 1830 ਵਿਚ ਇਬਰਾਹਮ ਲਿੰਕਨ ਦੇ ਪਰਿਵਾਰ ਨੇ ਆਪਣਾ ਪਹਿਲਾ ਘਰ ਇਥੇ ਬਣਾਇਆ। ਇਸ ਨੂੰ ਹੁਣ ਲਿੰਕਨ ਦੇ ਨਾਂ ਤੇ ਇਕ ਪਾਰਕ ਦਾ ਰੂਪ ਦਿੱਤਾ ਗਿਆ ਹੈ। ਸੰਨ 1860 ਵਿਚ ਅਮਰੀਕਾ ਦੀ ਰਿਪਬਲਿਕਨ ਕਨਵੈਨਸ਼ਨ ਵੀ ਡੀਕੇਟਰ ਵਿਚ ਹੀ ਹੋਈ ਸੀ ਜਿਸ ਵਿਚ ਲਿੰਕਨ ਨੂੰ ਅਮਰੀਕਾ ਦਾ ਪ੍ਰਧਾਨ ਬਣਨ ਲਈ ਪਹਿਲੀ ਵਾਰ ਸਮਰਥਨ ਮਿਲਿਆ ਸੀ। ਗਣਤੰਤਰ ਦੀ ਗਰੈਂਡ ਆਰਮੀ ਦੀ ਪਹਿਲੀ ਚੌਕੀ ਵੀ ਡੀਕੇਟਰ ਵਿਚ ਹੀ ਸਥਾਪਿਤ ਕੀਤੀ ਗਈ ਸੀ।

ਆਬਾਦੀ—ਸ਼ਹਿਰ—83,885 (1990) ; ਮੈ. ਖੇ.—117, 206 (1990)

39° 51′ ਉ. ਵਿਥ.; 89° 32′ ਪੱ. ਲੰਬ.

ਹ. ਪੁ.—ਐਨ. ਅਮੈ. 8 : 583; ਐਨ. ਬ੍ਰਿ. ਮਾ. 3 : 948

**ਡੀ ਕੋਵਨ (ਹੈਨਰੀ ਲੂਈ) ਰੇਜਨਲਡ** : ਸੰਯੁਕਤ ਰਾਜ ਅਮਰੀਕਾ ਦੇ ਇਸ ਸੰਗੀਤਕਾਰ ਅਤੇ ਆਲੋਚਕ ਦਾ ਜਨਮ 3 ਅਪ੍ਰੈਲ, 1859 ਨੂੰ ਕਨੈਟੀਕਟ ਰਾਜ ਵਿਚ ਮਿਡਲਟਾਊਨ ਵਿਖੇ ਹੋਇਆ। ਸੰਨ 1879 ਵਿਚ ਆੱਕਸਫੋਰਡ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਇਸ ਨੇ ਜਰਮਨੀ ਆੱਸਟ੍ਰੀਆ ਅਤੇ ਫ਼ਰਾਂਸ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਛੇਤੀ ਹੀ ਇਹ 'ਹਾਰਪਰਜ਼ ਵੀਕਲੀ' ਅਤੇ ਨਿਊ ਯਾਰਕ ਦੇ 'ਵਰਲਡ' ਰਸਾਲੇ ਦਾ ਸੰਗੀਤਕ ਆਲੋਚਕ ਬਣ ਗਿਆ। ਸੰਨ 1887

ਤੋਂ 1913 ਦੌਰਾਨ ਇਸ ਨੇ 20 ਹਲਕੇ ਫੁਲਕੇ ਸੰਗੀਤ-ਨਾਟ ਰਚੇ। ਇਸ ਦੇ ਇਹ ਇਕਾਂਗੀ ਸੰਗੀਤ-ਨਾਟ ਬਹੁਤ ਸਫਲ ਹੋਏ, ਵਿਸ਼ੇਸ਼ ਕਰਕੇ 'ਰੱਬਿਨ ਹੁੱਡ' (1890) ਤਾਂ ਬਹੁਤ ਹੀ ਸਲਾਹਿਆ ਗਿਆ ਅਤੇ ਤਿੰਨ ਹਜ਼ਾਰ ਤੋਂ ਵੱਧ ਵਾਰੀ ਪੇਸ਼ ਕੀਤਾ ਗਿਆ। ਇਸ ਦੀਆਂ ਹੋਰ ਕ੍ਰਿਤਾਂ ਵਿਚ 'ਰਾਬ ਰੱਾਇ' (1894), 'ਦੀ ਹਾਈਵੇਮੈਨ' (1897) ਅਤੇ 'ਮੇਡ ਮੇਰੀਅਨ' (1901) ਆਦਿ ਸ਼ਾਮਲ ਹਨ। 'ਦੀ ਕੈਂਟਰਬਰੀ ਪਿਲਗ੍ਰਿਮਜ਼' ਅਤੇ 'ਰਿਪ ਵੈਨ ਵਿੰਕਲ' (1920) ਇਸ ਦੇ ਵੱਡੇ ਸੰਗੀਤ-ਨਾਟ ਹਨ। ਇਸ ਨੇ ਪਿਆਨੋ ਅਤੇ ਆਰਕੈਸਟਰਾ ਲਈ ਵੀ ਬਹੁਤ ਸੰਗੀਤ ਰਚਿਆ।

16 ਜਨਵਰੀ, 1920 ਨੂੰ ਸ਼ਿਕਾਗੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.— ਐਨ. ਬ੍ਰਿ. ਮਾ. 3 : 440; ਕੋਲ. ਐਨ. 6 : 158; ਐਨ. ਅਮੈ. 8 : 604

**ਡੀਗੁਲ ਦਰਿਆ** : ਇੰਡੋਨੇਸ਼ੀਆ ਦੇ ਪੂਰਬੀ ਕੇਂਦਰੀ ਇਰੀਅਨ ਜਯਾ ਵਿਚ ਸਟਾਰ ਪਰਬਤਾਂ ਤੋਂ ਨਿਕਲਣ ਵਾਲਾ ਇਕ ਦਰਿਆ ਹੈ। ਆਪਣੇ ਸੋਮੇ ਤੋਂ 525 ਕਿ. ਮੀ. ਦੱਖਣ-ਪੱਛਮ ਵੱਲ ਵਗਦਾ ਹੋਇਆ ਇਕ ਵਿਸ਼ਾਲ ਦਲਦਲੀ ਖੇਤਰ ਨੂੰ ਪਾਰ ਕਰਦਾ ਹੋਇਆ ਪੁਲਾਉ ਡੋਲਾਕ ਤੋਂ ਇਕਦਮ ਉੱਤਰ ਵਿਚ ਆਰਾਫੁਰਾ ਸਾਗਰ ਵਿਚ ਜਾ ਡਿਗਦਾ ਹੈ।

ਇਹ ਦਰਿਆ ਤਾਨਾਮੀਰਾਹ ਤੱਕ, ਜਿਹੜਾ ਇਸ ਦੇ ਕੰਢੇ ਦਾ ਮੁੱਖ ਸ਼ਹਿਰ ਹੈ, ਜਹਾਜ਼ਰਾਨੀ ਯੋਗ ਹੈ। ਇਹ ਸ਼ਹਿਰ 1927 ਈ. ਵਿਚ ਡੱਚ ਈਸਟ ਇੰਡੀਜ਼ ਦੇ ਸਿਆਸੀ ਕੈਦੀਆਂ ਨੂੰ ਰੱਖਣ ਲਈ ਵਸਾਇਆ ਗਿਆ ਸੀ ਅਤੇ 1942 ਈ. ਤੀਕ ਇਹ ਇਸ ਮੰਤਵ ਲਈ ਵਰਤਿਆ ਜਾਂਦਾ ਰਿਹਾ ਹੈ।

ਹ. ਪੁ.—ਐਨ. ਬ੍ਰਿ. ਮਾ. 4 : 93

**ਡੀਗੋ ਸਵਾਰੇਜ** : ਮੈਡਾਗਾਸਕਰ (ਅਫ.) ਦੇ ਧੁਰ ਉੱਤਰ ਵੱਲ ਇਸੇ ਨਾਂ ਦੀ ਖਾੜੀ ਦੇ ਦੱਖਣੀ ਸਿਰੇ ਉੱਪਰ ਇਕ ਮਸ਼ਹੂਰ ਅਤੇ ਕੁਦਰਤੀ ਬੰਦਰਗਾਹ ਹੈ। ਇਸ ਦਾ ਇਕ ਹੋਰ ਨਾਂ ਐਂਟੀਸਨਾਨਾ ਵੀ ਹੈ। ਇਹ ਫਰਾਂਸੀਸੀ ਜਲ-ਸੈਨਾ ਅੱਡੇ ਦੇ ਤੌਰ ਤੇ ਕਾਇਮ ਹੋਇਆ ਸੀ ਪਰ ਹੁਣ ਇਹ ਵੱਡਾ ਸ਼ਹਿਰ ਬਣ ਗਿਆ ਹੈ। ਸਮੁੰਦਰ ਵਿਚ ਆਉਂਦੇ ਜਾਂਦੇ ਜਹਾਜ਼ਾਂ ਦੇ ਖੜ੍ਹਾਉਣ ਵਾਲੀ ਥਾਂ ਹੋਣ ਕਾਰਨ ਇਥੋਂ ਦੀ ਆਰਥਿਕਤਾ ਦੀਆਂ ਸਾਰੀਆਂ ਸਰਗਰਮੀਆਂ ਬੰਦਰਗਾਹੀ ਸਰਗਰਮੀਆਂ ਨਾਲ ਜੁੜੀਆਂ ਹੋਈਆਂ ਹਨ। ਜਹਾਜ਼ਾਂ ਦੀ ਮੁਰੰਮਤ ਅਤੇ ਨਿਰਮਾਣ ਇਥੋਂ ਦਾ ਮੁੱਖ ਉਦਯੋਗ ਰਿਹਾ ਹੈ ਪਰ ਅੱਜਕੱਲ੍ਹ ਇਥੇ ਸਾਬਣ, ਲੂਣ, ਰਸਾਇਣ ਅਤੇ ਭੋਜਨ ਦੀਆਂ ਚੀਜ਼ਾਂ ਵੀ ਬਣਦੀਆਂ ਹਨ। ਸ਼ਹਿਰ ਦੇ ਨੇੜੇ ਹੀ 10.5 ਕਿ. ਮੀ. ਦੂਰ ਦੱਖਣ-ਪੱਛਮ ਵਾਲੇ ਪਾਸੇ ਅੰਤਰਦੇਸ਼ੀ ਹਵਾਈ ਅੱਡਾ ਹੈ। ਇਹ ਰੇਲਾਂ ਨਾਲ ਤਾਂ ਨਹੀਂ ਜੁੜਿਆ ਪਰ ਇਕ ਛੋਟੀ ਜਿਹੀ ਸੜਕ ਰਾਹੀਂ ਇਹ ਰਾਜਧਾਨੀ ਤਾਨਾਨਾਰੀਵ ਨਾਲ ਜੁੜਿਆ ਹੋਇਆ ਹੈ। ਇਹ ਇਕ ਤਰ੍ਹਾਂ ਨਾਲ ਅੰਤਰਵਰਤੀ ਖੇਤਰਾਂ ਦੀ ਦਾਖ਼ਲਾ ਬੰਦਰਗਾਹ ਸੀ ਜਿਸ ਦੀ ਖੋਜ ਵਿਚ ਪੁਰਤਗਾਲ ਦੇ ਸ਼ਹਿਜ਼ਾਦੇ ਹੈਨਰੀ ਲਈ ਬਸਤੀਆਂ ਦੀ ਖੋਜ ਦੇ ਸਿਲਸਿਲੇ ਵਿਚ ਨਿਕਲੇ ਖੋਜੀ ਡੀਗੋ ਡੀਆਸ ਨੇ 1500 ਈ. ਵਿਚ ਕੀਤੀ ਸੀ। 17ਵੀਂ ਸਦੀ ਵਿਚ ਇਸੇ ਹਿੱਸੇ ਵਿਚ ਫਰਾਂਸੀਸੀ ਸਮੁੰਦਰੀ ਲੁਟੇਰਿਆਂ ਨੇ ਲਿਬਰਟੇਲੀਆ ਸਾਮਰਾਜ ਦੀ ਸਥਾਪਨਾ ਕਰ ਲਈ ਸੀ। ਇਹ ਸਾਮਰਾਜ ਥੋੜ੍ਹੀ ਦੇਰ ਹੀ ਕਾਇਮ ਰਿਹਾ। 19ਵੀਂ ਸਦੀ ਵਿਚ ਮੈਲਾਗਾਸੀ ਦੀ ਮੇਰੀਨਾ ਬਾਦਸ਼ਾਹਤ ਤੇ ਫਰਾਂਸੀਸੀਆਂ ਦੀ ਇਸ ਦਖ਼ਲ ਅੰਦਾਜ਼ੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਦੇ ਬਾਵਜੂਦ ਵੀ 1885 ਈ. ਵਿਚ ਇਸ ਸ਼ਹਿਰ ਨੂੰ ਫ਼ਰਾਂਸੀਸੀਆਂ ਨੇ ਆਪਣੀ ਵੱਖਰੀ ਬਸਤੀ ਦੀ ਰਾਜਧਾਨੀ ਬਣਾ ਲਿਆ। ਸੰਨ 1896 ਵਿਚ ਇਸ ਨੂੰ ਮੈਡਾਗਾਸਕਰ (ਮੈਲਾਗਾਸੀ) ਵਿਚ ਮਿਲਾ ਲਿਆ ਗਿਆ।

ਆਬਾਦੀ—54,418 (1990)

12° 16′ ਦੱ. ਵਿਥ. ; 49° 17′ ਪੂ. ਲੰਬ.

ਹ. ਪੁ.—ਐਨ. ਅਮੈ. 9 : 95 (1985)

**ਡੀਜ਼ਲ, ਰੁਡਾਲਫ਼ (ਕਰਿਸਚੈਨ ਕਾਰਲ)** Diesel, Rudolf (Christian Karl) : ਅੰਤਰ-ਦਹਿਨ ਡੀਜ਼ਲ ਇੰਜਣ ਦੀ ਖੋਜ ਕਰਨ ਵਾਲੇ ਇਸ ਇੰਜੀਨੀਅਰ ਦਾ ਜਨਮ 18 ਮਾਰਚ, 1858 ਨੂੰ ਪੈਰਿਸ ਵਿਖੇ ਹੋਇਆ। "Technische Hochchule of Munich" ਤੋਂ ਵਿਦਿਆ ਪ੍ਰਾਪਤ ਕਰਨ ਮਗਰੋਂ ਇਸ ਨੇ 'The Sulzar Machine Works of Winterthur' ਵਿਚ ਸਵਿਟਜ਼ਰਲੈਂਡ ਵਿਖੇ ਦੋ ਸਾਲਾਂ ਲਈ ਮਕੈਨਿਕ ਅਤੇ ਪੁਰਜ਼ਿਆਂ ਦੇ ਡਿਜ਼ਾਈਨਰ ਵਜੋਂ ਕੰਮ ਕੀਤਾ। ਸੰਨ 1885 ਵਿਚ ਇਸ ਨੇ ਖ਼ਾਸ ਕਿਸਮ ਦੇ ਇੰਜਣ ਸਬੰਧੀ ਕੰਮ ਆਰੰਭਿਆ, ਜਿਸ ਦਾ ਪਹਿਲਾ ਕਾਰਜਕਾਰੀ ਮਾਡਲ 1893 ਈ. ਵਿਚ ਮੁਕੰਮਲ ਹੋਇਆ। ਸੰਨ 1896 ਵਿਚ ਇਸ ਨੇ ਵਿਕਸਿਤ ਮਾਡਲ ਦੀ ਪ੍ਰਦਰਸ਼ਨੀ ਕੀਤੀ ਜਿਸ ਨੂੰ ਵਪਾਰਕ ਤੌਰ ਤੇ ਬਹੁਤ ਵੱਡੀ ਸਫ਼ਲਤਾ ਪ੍ਰਾਪਤ ਹੋਈ।

29 ਸੰਤਬਰ, 1913 ਨੂੰ ਇੰਗਲਿਸ਼ ਚੈਨਲ ਵਿਖੇ ਇਸ ਦੀ ਮੌਤ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 538

**ਡੀ, ਜਾੱਨ** : ਇਸ ਕੀਮੀਆਗਰ ਜੋਤਸ਼ੀ ਅਤੇ ਗਣਿਤਵੇਤਾ ਦਾ ਜਨਮ 13 ਜੁਲਾਈ, 1527 ਨੂੰ ਲੰਡਨ ਵਿਖੇ ਹੋਇਆ ਜਿਸ ਨੇ ਇੰਗਲੈਂਡ ਵਿਚ ਗਣਿਤ ਪ੍ਰਤੀ ਦੁਬਾਰਾ ਦਿਲਚਸਪੀ ਪੈਦਾ ਕਰਨ ਵਿਚ ਕਾਫ਼ੀ ਯੋਗਦਾਨ ਪਾਇਆ। ਇਹ 1547 ਤੋਂ 1550 ਦੇ ਦੌਰਾਨ ਮਹਾਂਦੀਪ ਸਬੰਧੀ ਅਧਿਐਨ ਕਰਨ ਅਤੇ ਲੈਕਚਰ ਦੇਣ ਉਪਰੰਤ 1551 ਵਿਚ ਇੰਗਲੈਂਡ ਵਾਪਸ ਪਰਤ ਗਿਆ ਜਿਥੇ ਇਸ ਨੂੰ ਸਰਕਾਰ ਨੇ ਪੈਨਸ਼ਨ ਲਗਾ ਦਿੱਤੀ। ਡੀ. ਜਾੱਨ ਮਹਾਰਾਣੀ ਮੈਰੀ ਟਿਊਡਰ ਦਾ ਜੋਤਸ਼ੀ ਬਣ ਗਿਆ। ਇਸ ਤੋਂ ਪਿਛੋਂ ਛੇਤੀ ਹੀ ਇਸ ਨੂੰ ਜਾਦੂਗਰ ਹੋਣ ਦੇ ਜੁਰਮ ਵਿਚ ਕੈਦ ਕਰ ਲਿਆ ਗਿਆ ਅਤੇ 1555 ਵਿਚ ਰਿਹਾ ਕਰ ਦਿੱਤਾ ਗਿਆ।

ਇਲਿਜ਼ਾਬੈੱਥ ਪਹਿਲੀ ਦੀ ਅਦਾਲਤ ਵਿਚ ਜੋਤਸ਼ ਅਤੇ ਜਨਮ-ਕੁੰਡਲੀ ਸਬੰਧੀ ਕੰਮ ਕਰਨ ਤੋਂ ਇਲਾਵਾ ਇਹ ਜਹਾਜ਼ਰਾਨਾਂ ਅਤੇ ਸਮੁੰਦਰੀ ਖੋਜੀਆਂ ਨੂੰ ਜੋ ਨਵੇਂ ਸੰਸਾਰ ਦੀ ਖੋਜ ਦੇ ਕੰਮ ਵਿਚ ਲਗੇ ਹੋਏ ਸਨ ਨੂੰ ਆਪਣੇ ਸੁਝਾਅ ਅਤੇ ਹਦਾਇਤਾਂ ਵੀ ਦਿੰਦਾ ਸੀ। ਇਸ ਨੂੰ ਮਹਾਰਾਣੀ ਇਲਿਜ਼ਾਬੈੱਥ ਦੀ ਤਾਜਪੋਸ਼ੀ ਲਈ ਢੁਕਵਾਂ ਭਾਗਾਂ ਵਾਲਾ ਦਿਨ ਦੱਸਣ ਲਈ ਵੀ ਪੁਛਿਆ ਗਿਆ ਜਿਸ ਦਾ ਪ੍ਰਗਟਾਵਾ ਇਸ ਨੇ ਆਪਣੀਆਂ ਲਿਖਤਾਂ ਵਿਚ ਰਹੱਸਵਾਦੀ ਭਾਵਾਂ ਨਾਲ ਕੀਤਾ ਹੈ।

ਯੂਕਲਿਡ ਦੇ ਕੰਮ ਦਾ ਜੋ ਅੰਗਰੇਜ਼ੀ ਅਨੁਵਾਦ ਪਹਿਲੀ ਵਾਰੀ ਛਪਿਆ ਭਾਵੇਂ ਉਸ ਦਾ ਸਿਹਰਾ ਸਰ ਹੈਨਰੀ ਬਿਲਿੰਗਜ਼ਲੀ ਦੇ ਸਿਰ ਜਾਂਦਾ ਹੈ ਜਿਹੜਾ ਪਹਿਲਾਂ ਸ਼ੈਰਿਫ਼ (ਨਗਰ ਦਾ ਕਾਰਜਕਾਰੀ ਮੁਖੀ) ਅਤੇ ਬਾਅਦ ਵਿਚ ਲੰਡਨ ਦਾ ਲਾਰਡ ਮੇਅਰ (ਨਗਰ ਸਭਾ ਦਾ ਮੁਖੀ) ਬਣਿਆ ਸੀ ਪਰ ਅਸਲ ਵਿਚ ਇਹ ਸਾਰਾ ਅਨੁਵਾਦ ਜਾਂ ਇਸ ਦਾ ਕੁਝ ਹਿੱਸਾ ਡੀ. ਜਾੱਨ ਨੇ ਕੀਤਾ ਸੀ। ਇਸ ਤੋਂ ਇਲਾਵਾ ਇਸ ਅਨੁਵਾਦ ਦਾ ਮੁੱਖ-ਬੰਦ ਵੀ ਡੀ. ਜਾੱਨ ਨੇ ਹੀ ਲਿਖਿਆ ਸੀ ਜਿਸ ਕਾਰਨ ਗਣਿਤ ਵੱਲ ਆਮ ਰੁਚੀ ਵਿਚ ਕਾਫ਼ੀ ਵਾਧਾ ਹੋਇਆ।

ਸੰਨ 1583 ਤੋਂ 1589 ਤਕ ਡੀ. ਜਾੱਨ ਨੇ ਪੋਲੈਂਡ ਅਤੇ ਬੋਹੀਮੀਆ ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ ਇਸ ਨੇ ਕਈ ਰਾਜ

ਕੁਮਾਰਾਂ ਦੀਆਂ ਅਦਾਲਤਾਂ ਵਿਚ ਆਪਣੇ ਜਾਦੂ ਦਾ ਪ੍ਰਦਰਸ਼ਨ ਕੀਤਾ। ਸੰਨ 1595 ਵਿਚ ਇਸ ਨੂੰ ਮਾਨਚੈਸਟਰ ਕਾਲਜ ਵਿਖੇ ਵਾਰਡਨ ਨਿਯੁਕਤ ਕੀਤਾ ਗਿਆ।

ਦਸੰਬਰ, 1608 ਵਿਚ ਮਾਰਟਲੇਕ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 429

**ਡੀਟਸ, ਫ੍ਰੀਡਰਿਕ ਕ੍ਰਿਸਚਨ** (**Diez, Friedrich Christian**) : ਇਹ ਜਰਮਨੀ ਦਾ ਭਾਸ਼ਾ ਵਿਗਿਆਨੀ ਸੀ। ਜਿਸ ਦਾ ਜਨਮ 15 ਮਾਰਚ, 1794 ਨੂੰ ਪੱਛਮੀ ਜਰਮਨੀ ਵਿਚ ਹੋਇਆ। ਇਸ ਨੇ ਰੋਮਾਂਸ ਭਾਸ਼ਾਵਾਂ (ਇਤਾਲਵੀ ਇੰਡੋ-ਯੂਰਪੀ ਭਾਸ਼ਾਵਾਂ ਦਾ ਗਰੁੱਪ) ਦੀ ਪਦਵੰਡ ਕੀਤੀ। ਇਸ ਤਰ੍ਹਾਂ ਨਾਲ ਇਸ ਨੇ ਤੁਲਨਾਤਮਕ ਭਾਸ਼ਾ ਵਿਗਿਆਨ ਦੀ ਇਕ ਮਹੱਤਵਪੂਰਨ ਸ਼ਾਖ ਦੀ ਨੀਂਹ ਰਖੀ। ਵਿਦਿਆਰਥੀ ਜੀਵਨ ਸਮੇਂ ਇਤਾਲਵੀ ਕਵਿਤਾ ਵਿਚ ਇਸ ਨੂੰ ਡੂੰਘੀ ਰੁਚੀ ਸੀ। ਸੰਨ 1808 ਵਿਚ ਜਰਮਨੀ ਦੇ ਕਵੀ ਗੇਟੇ ਨੂੰ ਮਿਲਣ ਮਗਰੋਂ ਇਸ ਦਾ ਧਿਆਨ ਪ੍ਰਾਂਤਕ ਸਾਹਿਤ ਦੀ ਖੋਜ ਵੱਲ ਹੋ ਗਿਆ। ਸੰਨ 1822 ਵਿਚ ਇਹ ਤਨਖ਼ਾਹਦਾਰ ਵਿਦਿਆਰਥੀ ਲੈਕਚਰਾਰ ਦੇ ਤੌਰ ਤੇ ਬਾੱਨ ਦੀ ਯੂਨੀਵਰਸਿਟੀ ਵਿਚ ਲਗ ਗਿਆ। ਉਥੇ ਇਸ ਨੇ ਦੋ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਸੰਨ 1830 ਵਿਚ ਬਾੱਨ ਵਿਖੇ ਆਧੁਨਿਕ ਸਾਹਿਤ ਦਾ ਪ੍ਰੋਫ਼ੈਸਰ ਬਣ ਕੇ ਬਹੁਤਾ ਧਿਆਨ ਰੋਮਾਂਸ ਭਾਸ਼ਾਵਾਂ ਵੱਲ ਦਿੱਤਾ। ਇਸ ਦੀਆਂ ਦੋ ਰਚਨਾਵਾਂ 'Grammatic der romanischen-Sprahen' (ਤਿੰਨ ਜਿਲਦਾਂ, ਗਰਾਮਰ ਆਫ਼ ਦਾ ਰੋਮਾਂਸ ਲੈਂਗੁਏਜਿਜ਼) ਅਤੇ 'Etym-ologisches worterbuch der romanischen Sprachen' (ਦੋ ਜਿਲਦਾਂ—1853) ਹਨ। ਇਸ ਦੇ ਕੰਮ ਦੀ ਤੁਲਨਾ ਜਰਮਨੀ ਭਾਸ਼ਾਵਾਂ ਦੇ ਖੇਤਰ ਵਿਚ ਜੈਕਬ ਗਰਿਮ ਵਲੋਂ ਕੀਤੇ ਕੰਮ ਨਾਲ ਕੀਤੀ ਜਾਂਦੀ ਹੈ।

29 ਮਈ, 1876 ਨੂੰ ਬਾੱਨ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. 7: 406; ਐਨ. ਬ੍ਰਿ. ਮਾ. 3 : 540

**ਡੀਟਰਿਕ, ਕ੍ਰਿਸਚਨ ਵਿਲਹੈਲਮ ਐਰਨਸਟ** : ਜਰਮਨੀ ਦੇ ਇਸ ਚਿੱਤਰਕਾਰ ਅਤੇ ਉਕੇਰੇ ਦਾ ਜਨਮ 30 ਅਕਤੂਬਰ, 1712 ਨੂੰ ਵਾਈਮਾਰ ਵਿਖੇ ਹੋਇਆ। ਆਪਣੇ ਚਿੱਤਰਕਾਰ ਪਿਤਾ ਯੋਹਾਨ ਜਾਰਜ ਪਾਸੋਂ ਅਤੇ ਡ੍ਰੈੱਜ਼ਡਨ ਵਿਚ ਸਿੱਖਿਆ ਪ੍ਰਾਪਤ ਕਰਨ ਮਗਰੋਂ ਸੈਕਸਨੀ ਦੇ ਰਾਜਾ ਆੱਗਸਟਸ ਦੂਜੇ ਨੇ ਇਸ ਨੂੰ ਪਹਿਲੀਆਂ ਸਦੀਆਂ ਵਿਚ ਹੋਏ ਚਿੱਤਰਕਾਰਾਂ ਵਰਗਾ ਕੰਮ ਸਿਖਣ ਲਈ ਨੀਦਰਲੈਂਡ ਭੇਜਿਆ। ਇਸ ਨੇ ਮਹਾਨ ਕਲਾਕਾਰਾਂ ਦੀ ਨਕਲ ਕਰਨ ਵਿਚ ਏਨੀ ਨਿਪੁੰਨਤਾ ਹਾਸਲ ਕੀਤੀ ਕਿ ਇਸ ਦੀਆਂ ਜ਼ਿਆਦਾ ਕਿਰਤਾਂ ਨੂੰ ਗਲਤੀ ਨਾਲ ਰੈਂਮਬ੍ਰੈਂਟ, ਓਸਟੇਡ, ਵਾਟੋ ਅਤੇ ਸਾਲਵੇਟੋਰ ਰੋਜ਼ਾ ਆਦਿ ਦੀਆਂ ਦਸਿਆ ਗਿਆ ਹੈ। ਸੰਨ 1741 ਵਿਚ ਇਹ ਡ੍ਰੈੱਜ਼ਡਨ ਵਿਖੇ ਆੱਗਸਟਸ ਤੀਜੇ ਦੇ ਦਰਬਾਰ ਵਿਚ ਚਿੱਤਰਕਾਰ ਨਿਯੁਕਤ ਹੋਇਆ। ਸੰਨ 1748 ਵਿਚ ਇਹ ਡ੍ਰੈਜ਼ਡੈੱਨ ਗੈਲਰੀ ਦੇ ਚਿੱਤਰਾਂ ਦਾ ਕੀਪਰ ਨਿਯੁਕਤ ਹੋਇਆ ਅਤੇ 1764 ਈ. ਵਿਚ ਇਸੇ ਆਰਟ ਅਕਾਦਮੀ ਦਾ ਪ੍ਰੋਫ਼ੈਸਰ ਬਣ ਗਿਆ।

23 ਅਪ੍ਰੈਲ, 1774 ਨੂੰ ਡ੍ਰੈਜ਼ਡਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 539; ਐਨ. ਬ੍ਰਿ. 7 : 406

**ਡੀਟਰਿਕ ਫ਼ਾਨ ਬੈਰਨ** : ਇਹ ਇਟਲੀ ਦੇ ਬਾਦਸ਼ਾਹ ਥੀਓਡੋਰ ਮਹਾਨ (ਰਾਜਕਾਲ 493-526 ਈ.) ਦੀ ਜਰਮੈਨਿਕ ਭਾਸ਼ਾਵਾਂ ਨਾਲ ਸਬੰਧਤ ਵੀਰ-ਗਾਥਾ ਦਾ ਇਕ ਤੇਜਸਵੀ ਨਾਇਕ ਹੈ। ਇਸ ਦੇ ਕਾਰਨਾਮੇ ਦੱਖਣੀ ਜਰਮਨੀ ਭਾਸ਼ਾ ਦੇ ਗੀਤਾਂ ਨਾਲ ਸਬੰਧਤ ਹਨ ਜੋ ਦਾਸ ਹੈਲਡਨਬਕ, 'ਡੀਟਰਿਕ ਦਾ ਭਜਣਾ' 'ਰਾਵੈਨਾ ਦੀ ਲੜਾਈ' ਅਤੇ 'ਆਲਫਾਰਤ ਦੀ ਮੌਤ' ਆਦਿ ਪੁਸਤਕਾਂ ਵਿਚ ਦਰਜ ਹਨ। ਐਂਗਲੋ-ਸੈਕਸਨ ਰੀਕਾਰਡ ਵਿਚ ਇਸ ਦਾ ਹਵਾਲਾ ਬਹੁਤ ਘੱਟ ਅਤੇ ਅਸਪੱਸ਼ਟ ਜਿਹਾ ਹੈ। ਜਦੋਂ ਐਨਮੈਰਿਕ ਨੇ ਡੀਟਰਿਕ ਨੂੰ ਇਸ ਦੇ ਰਾਜ ਬੈਰਨ ਵਿਚੋਂ ਕੱਢ ਦਿੱਤਾ ਤਾਂ ਇਹ ਕਈ ਸਾਲ ਐਟਿਲਾ ਦੇ ਰਾਜ ਵਿਚ ਰਿਹਾ। ਅਖੀਰ ਹੁੱਨ ਫ਼ੌਜ ਦੀ ਮਦਦ ਨਾਲ ਇਸ ਨੇ ਰਾਵੈਨਾ ਦੀ ਲੜਾਈ ਵਿਚ ਅਰਮੈਨਾਰਿਕ ਨੂੰ ਹਰਾਇਆ। ਐਟਿਲਾ ਦੇ ਦੋ ਪੁੱਤਰ ਯੁੱਧ ਵਿਚ ਮਾਰੇ ਗਏ ਅਤੇ ਡੀਟਰਿਕ ਉਨ੍ਹਾਂ ਦੀ ਮੌਤ ਬਾਰੇ ਸਪਸ਼ਟੀਕਰਨ ਦੇਣ ਲਈ ਐਟਿਲਾ ਆਇਆ। ਬਾਅਦ ਵਿਚ ਇਹ ਐਰਮੈਨਾਰਿਕ ਨੂੰ ਕਤਲ ਕਰਕੇ ਇਹ ਬਦਲਾ ਲੈ ਲੈਂਦਾ ਹੈ। ਜਲਾਵਤਨੀ ਸਮੇਂ ਡੀਟਰਿਕ ਵਲੋਂ ਕੀਤੇ ਗਏ ਹੈਰਾਨੀਜਨਕ ਕਾਰਨਾਮੇ ਦਰਸਾਏ ਗਏ ਹਨ। ਇਸ ਨੂੰ ਸਿਆਣਾ ਅਤੇ ਨਿਆਂਕਾਰੀ ਹੁਕਮਰਾਨ ਦਿਖਾਇਆ ਗਿਆ ਹੈ ਜਦ ਇਸ ਦੇ ਵਿਰੋਧੀ ਐਰਮੈਨਾਰਿਕ ਨੂੰ ਜ਼ਾਲਮ ਕਿਹਾ ਗਿਆ ਹੈ। ਇਸ ਬਾਰੇ ਦਰਸਾਈਆਂ ਗਈਆਂ ਕਈ ਘਟਨਾਵਾਂ ਦਾ ਥੀਓਡੋਰ ਦੀ ਕਹਾਣੀ ਵਿਚ ਕੋਈ ਆਧਾਰ ਨਹੀਂ ਭਾਵੇਂ ਉਨ੍ਹਾਂ ਵਿਚੋਂ ਕੁਝ ਅਨੁਭਵ ਥੀਓਡੋਰ ਦੇ ਪਿਤਾ ਦੇ ਹੋਣਗੇ। ਬਾਕੀ ਘਟਨਾਵਾਂ ਮਨਘੜਤ ਹਨ। ਡੀਟਰਿਕ ਦੌਰ ਦੇ ਹੋਰ ਮੁੱਖ ਨਾਇਕ ਹਿਲਡੇ-ਬਰਾਂਡ ਅਤੇ ਉਸ ਦੇ ਦੋ ਭਤੀਜੇ ਹਨ। ਇਕ ਹੋਰ ਨਾਇਕ ਵਿਟਿਚ ਦਾ ਨਾਂ ਵੀ ਆਉਂਦਾ ਹੈ ਜਿਹੜਾ ਡੀਟਰਿਕ ਦਾ ਬੇਈਮਾਨ ਗੁਲਾਮ ਸੀ ਅਤੇ ਜਿਸ ਨੇ ਐਟਿਲਾ ਦੇ ਪੁੱਤਰਾਂ ਨੂੰ ਮਾਰਿਆ ਸੀ।

ਹ. ਪੁ.—ਐਨ. ਬ੍ਰਿ. 7 : 406; ਐਨ. ਬ੍ਰਿ. ਮਾ. 3 : 539

**ਡੀਡਰੋ, ਡੈਨਿਸ** (**Diderot, Denis**) : ਇਹ ਫ਼ਰਾਂਸ ਦਾ ਵਿਦਵਾਨ ਤੇ ਫ਼ਿਲਾਸਫ਼ਰ ਸੀ। ਇਸ ਦਾ ਜਨਮ 5 ਅਕਤੂਬਰ, 1713 ਨੂੰ ਫ਼ਰਾਂਸ ਵਿਚ ਲਾਂਜਰੇ ਵਿਖੇ ਹੋਇਆ। ਇਹ ਫ਼ਰਾਂਸੀਸੀ ਵਿਸ਼ਵਕੋਸ਼ ਦਾ ਮੁੱਖ ਸੰਪਾਦਕ ਸੀ। ਸੰਨ 1729 ਤੋਂ 1732 ਤਕ ਇਸ ਨੇ ਪੈਰਿਸ ਵਿਖੇ ਵਿਦਿਆ ਪ੍ਰਾਪਤ ਕੀਤੀ ਤੇ ਐਮ. ਏ. ਦੀ ਡਿਗਰੀ ਲਈ। ਸੰਨ 1741 ਵਿਚ ਇਹ ਰੂਸੋ ਨੂੰ ਮਿਲਿਆ ਤੇ ਉਸ ਰਾਹੀਂ ਇਹ ਕੋਂਡੀਯਾਕ ਨੂੰ ਮਿਲਿਆ ਜੋ ਕਿ ਇਕ ਉੱਘਾ ਦਾਰਸ਼ਨਿਕ ਸੀ। ਇਸ ਨੇ ਉਸ ਦਾ ਅਸਰ ਕਬੂਲਿਆ। ਸੰਨ 1742 ਵਿਚ ਇਸ ਨੇ ਚੋਰੀ ਛਿੱਪੇ ਇਕ ਬਜਾਜ ਦੀ ਧੀ ਨਾਲ ਸ਼ਾਦੀ ਕਰ ਲਈ।

ਸੰਨ 1745 ਵਿਚ ਡੀਡਰੋ ਨੇ ਜ੍ਹਾਂ ਲੀ ਰੋਡ ਡਅਲੈਂਬੇਅਰ ਨਾਲ ਮਿਲ ਕੇ ਸਹਿ-ਸੰਪਾਦਕ ਵਜੋਂ 'ਵਿਸ਼ਵਕੋਸ਼' ਤਿਆਰ ਕਰਨਾ ਸ਼ੁਰੂ ਕੀਤਾ। ਸੰਨ 1772 ਵਿਚ ਇਸ 'ਵਿਸ਼ਵਕੋਸ਼' ਦੇ ਮੁਕੰਮਲ ਹੋਣ ਤੇ ਇਸ ਦੀ ਮਿੱਤਰਤਾ ਕੈਥਰੀਨ ਦੇ ਗ੍ਰੇਟ ਆਫ਼ ਰਸ਼ੀਆ ਨਾਲ ਹੋ ਗਈ। ਸੰਨ 1773 ਵਿਚ ਇਹ ਸੇਂਟ ਪੀਟਰਜ਼ਬਰਗ ਗਿਆ ਤੇ ਪੰਜਾਂ ਮਹੀਨਿਆਂ ਪਿਛੋਂ ਪੈਰਿਸ ਪਰਤ ਆਇਆ।

ਡੀਡਰੋ ਦੀਆਂ ਦਾਰਸ਼ਨਿਕ ਰਚਨਾਵਾਂ ਵਿਚ 'Pensees Philosophiques' (1746), 'Lettre Sur les aveugles' (1749), 'Lettre Sur les Sourds et muets' (1751) ਅਤੇ 'Elements de Physiologie' (1774-80) ਆਦਿ ਸ਼ਾਮਲ ਹਨ।

ਇਸ ਵਿਦਵਾਨ ਦਾ ਦੇਹਾਂਤ 30 ਜੁਲਾਈ, 1784 ਨੂੰ ਪੈਰਿਸ ਵਿਖੇ ਹੋਇਆ।

ਹ. ਪੁ.—ਐਨ. ਅਮੇ. 9 : 91; ਐਨ. ਬ੍ਰਿ. ਮੈ. 5 : 723; ਐਨ. ਬ੍ਰਿ. ਮਾ. 3 : 534

**ਡੀਡਾਲਾ** : ਇਹ ਯੂਨਾਨ ਦੇ ਸਭ ਤੋਂ ਵੱਡੇ ਦੇਵਤੇ ਜ਼ਿਊਸ ਦੀ ਪਤਨੀ ਹੇਰਾ ਨਾਲ ਸਬੰਧਤ ਇਕ ਪ੍ਰਾਚੀਨ ਉਤਸਵ ਸੀ ਜਿਹੜਾ

ਸਿਥੀਰਾੱਨ ਪਹਾੜ ਉੱਤੇ ਮਨਾਇਆ ਜਾਂਦਾ ਸੀ। ਲੱਕੜੀ ਦੀ ਮੂਰਤੀ ਨੂੰ ਦੁਲਹਨ ਵਾਂਗ ਸਜਾ ਕੇ ਜਲੂਸ ਕੱਢਿਆ ਜਾਂਦਾ ਸੀ ਅਤੇ ਫਿਰ ਜਾਨਵਰਾਂ ਦੀਆਂ ਬਲੀਆਂ ਸਹਿਤ ਉਸ ਨੂੰ ਜਲਾ ਦਿੱਤਾ ਜਾਂਦਾ ਸੀ। ਇਕ ਕਾਲਪਨਿਕ ਵਾਰਤਾ ਪ੍ਰਚੱਲਿਤ ਸੀ ਕਿਉਂਕਿ ਜ਼ਿਊਸ ਨੇ ਇਸ ਤਰ੍ਹਾਂ ਹੀ ਇਕ ਮੂਰਤੀ ਨਾਲ ਪਿਆਰ ਜਤਾ ਕੇ ਅਤੇ ਹੇਰਾ ਵਿਚ ਹਸਦ ਪੈਦਾ ਕਰਕੇ ਆਪਣੀ ਨਰਾਜ਼ ਹੋਈ ਪਤਨੀ ਨੂੰ ਮੁੜ ਮੋਹ ਲਿਆ ਸੀ। ਡੀਡਾਲਾ ਵਿਚ ਦੋਹਾਂ ਵਿਚ ਸਮਝੌਤਾ ਹੋ ਜਾਣ ਮਗਰੋਂ 'ਨਵੀਂ ਸ਼ਾਦੀ' ਦਿਖਾਈ ਜਾਂਦੀ ਸੀ।

ਹ. ਪੁ.—ਐਨ. ਬ੍ਰਿ. ਮਾ. 3 : 341

**ਡੀਡੇ ਟਾਊਨ (Dedaye)** : ਮਿਆਂਮਾਰ (ਬਰਮਾ) ਦੇ ਪਯਾਪੋਂ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੇ ਨਗਰ ਖੇਤਰ ਦਾ ਸਦਰ-ਮੁਕਾਮ ਹੈ ਜਿਹੜਾ ਚਾਈਨਾ ਬਕੀਰ ਦਰਿਆ ਦੇ ਸੱਜੇ ਕੰਢੇ ਉੱਤੇ ਉਸੇ ਦੇ ਮੁਹਾਣੇ ਤੋਂ 25 ਕਿ. ਮੀ. (15 ਮੀਲ) ਦੀ ਦੂਰੀ ਤੇ ਸਥਿਤ ਹੈ। ਇਹ ਕਸਬਾ ਨੀਵੀ ਥਾਂ ਤੇ ਵਸਿਆ ਹੋਇਆ ਹੈ। ਇਸ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ। ਇਥੇ ਜ਼ਿਲ੍ਹੇ ਦਾ ਸਭ ਤੋਂ ਮਸ਼ਹੂਰ ਬੋਧੀ ਮੰਦਰ ਵੀ ਹੈ। ਰੰਗੂਨ, ਬਸੀਨ ਅਤੇ ਮੌਬੀਨ ਦੇ ਵਿਚਕਾਰ ਮੁੱਖ ਰੇਲਵੇ ਲਾਈਨ ਉੱਤੇ ਸਥਿਤ ਹੋਣ ਕਾਰਣ ਇਹ ਵਪਾਰ ਦੇ ਕੇਂਦਰ ਵਜੋਂ ਵੀ ਥੋੜ੍ਹੀ ਜਿਹੀ ਮਹੱਤਤਾ ਰੱਖਦਾ ਹੈ।

16° 26′ ਉ. ਵਿਥ.; 95° 56′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 208

**ਡੀ. ਡੀ. ਟੀ.** : ਇਹ ਡਾਈ-ਕਲੋਰੋ ਡਾਈ ਫੈਨਿਲ ਟ੍ਰਾਈਕਲੋਰੋ ਈਥੇਨ ਦਾ ਸੰਖੇਪ ਰੂਪ ਹੈ, ਜੋ ਕਾਰਬਨੀ ਹੈਲੋਜੈੱਨ ਯੋਗਿਕਾਂ ਦੀ ਕੁਲ ਦੀ ਇਕ ਸੰਸ਼ਲੇਸ਼ਣੀ ਕੀੜੇ-ਮਾਰ ਦਵਾਈ ਹੈ। ਇਹ ਦਵਾਈ ਬਹੁਤ ਸਾਰੇ ਕੀੜਿਆਂ ਲਈ ਮਾਰੂ ਸਿੱਧ ਹੁੰਦੀ ਹੈ। ਇਹ ਇਕ ਅਜਿਹੀ ਕਿਸਮ ਦੀ ਜ਼ਹਿਰ ਹੁੰਦੀ ਹੈ ਜੋ ਤੰਤੂ-ਪ੍ਰਬੰਧ ਵਿਚ ਅਵਿਵਸਥਾ ਪੈਦਾ ਕਰਦੀ ਹੈ।

ਡੀ. ਡੀ. ਟੀ. ਨੂੰ ਪਹਿਲੀ ਵਾਰ 1874 ਈ. ਵਿਚ ਗੰਧਕ ਦੇ ਤੇਜ਼ਾਬ ਦੀ ਮੌਜੂਦਗੀ ਵਿਚ ਕਲੋਰਲ ਦੀ ਕਲੋਰੋਬੈਂਨਜ਼ੀਨ ਨਾਲ ਹੋਈ ਪ੍ਰਤਿਕ੍ਰਿਆ ਰਾਹੀਂ ਤਿਆਰ ਕੀਤਾ ਗਿਆ ਸੀ। ਇਸ ਦੇ ਕੀੜੇ-ਮਾਰੂ ਗੁਣਾਂ ਦੀ ਖੋਜ 1939 ਈ. ਵਿਚ ਪ੍ਰਸਿੱਧ ਵਿਗਿਆਨੀ ਪਾਲ ਹਰਮਨ ਮੂਲਰ ਨੇ ਕੀਤੀ ਸੀ। ਦੂਜੇ ਸੰਸਾਰ ਯੁਧ ਦੌਰਾਨ ਅਤੇ ਉਸ ਪਿੱਛੋਂ ਡੀ. ਡੀ. ਟੀ. ਜੂੰਆਂ, ਮੱਖੀਆਂ ਅਤੇ ਮੱਛਰਾਂ ਨੂੰ ਮਾਰਨ ਲਈ ਇਕ ਅਸਰਦਾਇਕ ਘਾਤਕ ਸਿੱਧ ਹੋਈ। ਇਹ ਕੀੜੇ ਕਈ ਬੀਮਾਰੀਆਂ ਜਿਵੇਂ ਟਾਈਫਸ, ਪਲੇਗ, ਮਲੇਰੀਆ ਅਤੇ ਪੀਤ ਬੁਖ਼ਾਰ ਦੇ ਰੋਗਾਣੂਵਾਹਕ ਹੁੰਦੇ ਹਨ। ਇਨ੍ਹਾਂ ਕੀੜਿਆਂ ਤੋਂ ਇਲਾਵਾ ਹੋਰ ਕੀੜੇ ਜਿਵੇਂ ਆਲੂਆਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਇਕ ਭੌਰਾ, ਜਿਪਸੀ ਪਤੰਗਾ ਅਤੇ ਹੋਰ ਫ਼ਸਲੀ ਕੀੜਿਆਂ ਆਦਿ ਲਈ ਵੀ ਇਹ ਦਵਾਈ ਇਕ ਵਧੀਆ ਘਾਤਕ ਸਿੱਧ ਹੋਈ ਹੈ।

ਕੀੜਿਆਂ ਦੀਆਂ ਕਈ ਕਿਸਮਾਂ ਡੀ. ਡੀ. ਟੀ. ਪ੍ਰਤਿਰੋਧਕ ਸੰਤਾਨ ਪੈਦਾ ਕਰਨ ਵਿਚ ਸਫ਼ਲ ਹੋ ਗਈਆਂ ਹਨ। ਇਹ ਯੋਗਿਕ (ਡੀ. ਡੀ. ਟੀ.) ਤੋਂ ਪ੍ਰਭਾਵਿਤ ਹੋਏ ਕੀੜਿਆਂ ਨੂੰ ਆਪਣੀ ਖ਼ੁਰਾਕ ਵਜੋਂ ਖਾਂਦੇ ਰਹਿੰਦੇ ਹਨ ਅਤੇ ਅੰਤ ਉਹ ਖ਼ੁਦ ਵੀ ਇਸ ਦੇ ਮਾਰੂ ਅਸਰ ਹੇਠ ਆ ਕੇ ਮਾਰੇ ਜਾਂਦੇ ਹਨ ਜਿਵੇਂ ਕਈ ਪੰਛੀ ਅਤੇ ਮੱਛੀਆਂ ਆਦਿ। ਇਨ੍ਹਾਂ ਦੋ ਹਾਨੀਆਂ ਕਾਰਨ 1960 ਈ. ਤੋਂ ਬਾਅਦ ਡੀ. ਡੀ. ਟੀ. ਦੀ ਇਕ ਕੀੜੇ-ਮਾਰ ਦਵਾਈ ਵਜੋਂ ਮਹੱਤਤਾ ਘੱਟ ਗਈ ਹੈ। ਸੰਯੁਕਤ ਰਾਜ ਵਿਚ ਤਾਂ 1972 ਈ. ਤੋਂ ਬਾਅਦ ਸਰਕਾਰ ਵਲੋਂ ਡੀ. ਡੀ. ਟੀ. ਦੀ ਵਰਤੋਂ ਉੱਤੇ ਰੋਕ ਲਗਾ ਦਿੱਤੀ ਗਈ ਹੈ।

ਸ਼ੁਧ ਡੀ. ਡੀ. ਟੀ. ਰੰਗਹੀਣ, ਰਵੇਦਾਰ ਠੋਸ ਪਦਾਰਥ ਹੁੰਦਾ ਹੈ ਜਿਸ ਦਾ ਪਿਘਲਾਓ ਤਾਪਮਾਨ 109° ਸੈਂ. ਹੈ। ਵਪਾਰਕ ਪੱਧਰ ਉੱਤੇ ਵਰਤੋਂ ਵਿਚ ਆਉਣ ਵਾਲੀ ਡੀ. ਡੀ. ਟੀ. ਵਿਚ 65 ਤੋਂ 80 ਪ੍ਰਤੀਸ਼ਤ ਕਾਰਜਸ਼ੀਲ ਯੋਗਿਕ, ਹੋਰ ਸਬੰਧਤ ਪਦਾਰਥ ਸਮੇਤ ਇਕ ਰਵੇਹੀਣ ਪਾਊਡਰ ਹੁੰਦਾ ਹੈ, ਜਿਸ ਦਾ ਪਿਘਲਾਓ ਦਰਜਾ ਘੱਟ ਹੁੰਦਾ ਹੈ। ਡੀ. ਡੀ. ਟੀ. ਦੀ ਵਰਤੋਂ ਧੂੜੇ ਜਾਂ ਘੋਲ ਦੇ ਰੂਪ ਵਿਚ ਛਿੜਕ ਰਾਹੀਂ ਕੀਤੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 411

**ਡੀਡੇਲਸ** : ਯੂਨਾਨੀ ਮਿਥਿਹਾਸ ਅਨੁਸਾਰ ਇਹ ਇਕ ਕਾਰੀਗਰ ਅਤੇ ਬੁੱਤਘਾੜਾ ਸੀ ਜਿਸ ਨੇ ਹੋਰ ਬਹੁਤ ਸਾਰੀਆਂ ਚੀਜ਼ਾਂ ਤੋਂ ਇਲਾਵਾ ਕ੍ਰੀਟ ਦੇ ਬਾਦਸ਼ਾਹ ਮਿਨੋਸ ਲਈ ਭੁੱਲਭੁੱਲਈਆ ਵੀ ਬਣਾਏ ਸੀ। ਜਦੋਂ ਬਾਦਸ਼ਾਹ ਇਸ ਨਾਲ ਕਿਸੇ ਗੱਲੋਂ ਨਾਰਾਜ਼ ਹੋ ਗਿਆ ਤਾਂ ਇਸ ਨੇ ਆਪਣੇ ਲਈ ਅਤੇ ਆਪਣੇ ਪੁੱਤਰ ਇਕਾਰਸ ਲਈ ਮੋਮ ਦੇ ਖੰਭ ਬਣਾਏ ਅਤੇ ਇਹ ਦੋਵੇਂ ਸਿਸਲੀ ਵਿਚ ਭੱਜ ਨਿਕਲੇ ਪਰ ਇਕਾਰਸ ਸੂਰਜ ਦੇ ਏਨੇ ਲਾਗੇ ਕਰਕੇ ਉਡਿਆ ਕਿ ਉਸ ਦੇ ਖੰਭ ਪਿਘਲ ਗਏ ਅਤੇ ਉਹ ਸਮੁੰਦਰ ਵਿਚ ਡਿਗ ਪਿਆ ਅਤੇ ਡੁੱਬ ਗਿਆ। ਜਿਸ ਟਾਪੂ ਉੱਤੇ ਉਸ ਦੀ ਲਾਸ਼ ਪਹੁੰਚੀ, ਉਸ ਦਾ ਨਾਂ ਮਗਰੋਂ ਆਈਕੇਰੀਆ ਪਿਆ। ਜਿਹੜੀਆਂ ਪ੍ਰਾਚੀਨ ਇਮਾਰਤਾਂ ਅਤੇ ਬੁੱਤਾਂ ਦੇ ਮੂਲ ਬਾਰੇ ਕੁਝ ਪਤਾ ਨਹੀਂ ਸੀ, ਉਨ੍ਹਾਂ ਬਾਰੇ ਯੂਨਾਨੀਆਂ ਦਾ ਵਿਚਾਰ ਸੀ ਕਿ ਉਹ ਡੀਡੇਲਸ ਦੇ ਬਣਾਏ ਹੋਏ ਸਨ।

ਡੀਡੇਲਸ ਸ਼ਬਦ ਯੂਨਾਨ ਵਿਚ ਇਕ ਵਿਸ਼ੇਸ਼ ਕਿਸਮ ਦੀ ਪ੍ਰਾਚੀਨ ਯੂਨਾਨੀ ਕਲਾ ਲਈ ਵਰਤਿਆ ਜਾਂਦਾ ਹੈ ਜਦੋਂ ਮੂਰਤੀਕਾਰੀ ਵਧੇਰੇ ਕਰਕੇ ਲੱਕੜੀ ਉੱਤੇ ਕੀਤੀ ਜਾਂਦੀ ਸੀ।

ਹ. ਪੁ.—ਐਨ. ਬ੍ਰਿ. ਮਾ. 3 : 342

**ਡੀ, ਦਰਿਆ** : ਇਹ ਸਕਾਟਲੈਂਡ ਦੇ ਗ੍ਰੈਂਪੀਅਨ ਖੇਤਰ ਦਾ ਇਕ ਦਰਿਆ ਹੈ ਜੋ ਕੈਰਨਗੋਰਮ ਪਹਾੜਾਂ ਵਿਚੋਂ ਸਮੁੰਦਰ ਸਤਹ ਤੋਂ 1,250 ਮੀ. (4,000 ਫੁੱਟ) ਦੀ ਉੱਚਾਈ ਤੋਂ ਨਿਕਲ ਕੇ ਪੂਰਬ ਦਿਸ਼ਾ ਵਿਚ ਵਹਿੰਦਾ ਹੋਇਆ ਐਬਰਡੀਨ ਦੇ ਸਥਾਨ ਤੋਂ ਉੱਤਰੀ ਸਾਗਰ ਵਿਚ ਮਿਲ ਜਾਂਦਾ ਹੈ। ਇਹ ਦਰਿਆ ਸਾਲਮਨ ਮੱਛੀ ਲਈ ਮਸ਼ਹੂਰ ਹੈ। ਮੁੱਢ ਵਿਚ ਇਹ ਦਰਿਆ ਉੱਚ-ਭੂਮੀਆਂ ਦੀਆਂ ਤੰਗ ਘਾਟੀਆਂ ਵਿਚੋਂ ਬਹੁਤ ਤੇਜ਼ ਤੂਫ਼ਾਨੀ ਵੇਗ ਨਾਲ ਵਗਦਾ ਹੈ ਪਰ ਬਾਅਦ ਵਿਚ ਇਸ ਦੀ ਵਾਦੀ ਚੌੜੀ ਹੁੰਦੀ ਜਾਂਦੀ ਹੈ।

ਹ. ਪੁ.—ਐਨ. ਬ੍ਰਿ. ਮਾ. 3 : 954; ਐਨ. ਅਮੈ. 8 : 612

**ਡੀਨੀਜ਼, ਜੂਲੀਓ** : ਇਹ ਪੁਰਤਗਾਲ ਦਾ ਕਵੀ ਨਾਟਕਕਾਰ ਤੇ ਨਾਵਲਕਾਰ ਸੀ। ਇਸ ਦਾ ਅਸਲ ਨਾਂ ਜੋਆਕਿ ਗਿਲਹਰਮ ਗੋਮਜ਼ ਕੋਏਲਹੋ ਸੀ। ਇਸ ਸਰਬਪੱਖੀ ਵਿਦਵਾਨ ਦਾ ਜਨ 14 ਨਵੰਬਰ, 1839 ਨੂੰ ਪੋਰਤੋ ਵਿਖੇ ਹੋਇਆ। ਇਸ ਨੇ ਰੋਜ਼ਾਨਾ ਜ਼ਿੰਦਗੀ ਨੂੰ ਬਹੁਤ ਨੇੜੇ ਹੋ ਕੇ ਵੇਖਿਆ ਹੈ।

ਇਸ ਦੇ ਨਾਵਲ ਸਰਲ ਸ਼ੈਲੀ ਵਿਚ ਹੋਣ ਕਰਕੇ ਆਮ ਜਨਤਾ ਦੀ ਸਮਝ ਵਿਚ ਆਉਣ ਵਾਲੇ ਹਨ। ਇਸੇ ਲਈ ਪੁਰਤਗਾਲ ਵਿ ਇਸ ਦੇ ਨਾਵਲ ਬੇਹੱਦ ਹਰਮਨ ਪਿਆਰੇ ਹਨ। ਨਾਵਲਾਂ ਦੀ ਸ਼ੈਲੀ ਅਤੇ ਵਿਸ਼ਾ ਵਸਤੂ ਨੂੰ ਰੋਮਾਂਸਵਾਦ ਤੇ ਯਥਾਰਥਵਾਦ ਦੇ ਵਿਚਕਾ ਸਮਝਿਆ ਜਾਂਦਾ ਹੈ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇ ਈਮਾਨਦਾਰੀ ਅਤੇ ਸਾਦਗੀ ਨੂੰ ਵਡਿਆਉਂਦਾ ਸੀ ਅਤੇ ਪੇਂਡੂ ਜੀਵ ਅਤੇ ਪੇਂਡੂ ਲੋਕਾਂ ਨੂੰ ਬਹੁਤ ਪਿਆਰ ਕਰਦਾ ਸੀ।

ਇਹ ਪੋਰਤੋ ਵਿਖੇ ਮੈਡੀਕਲ ਸਕੂਲ ਵਿਚ ਇਕ ਮੰਨਿਆ ਪ੍ਰਮੰਨਿਆ ਡਿਪਟੀ ਪ੍ਰੋਫ਼ੈਸਰ ਸੀ ਪਰ ਛੋਟੀ ਉਮਰ ਵਿਚ ਹੀ ਤਪਦਿਕ

ਜਾਣ ਕਾਰਨ ਇਸ ਨੂੰ ਇਸ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਇਸ ਤੋਂ ਪਹਿਲਾਂ ਇਹ 'Jornal do Porto' ਵਿਚ ਪੇਂਡੂ ਜੀਵਨ ਦੇ ਸਬੰਧ ਵਿਚ ਕਈ ਕਹਾਣੀਆਂ ਛਪਵਾ ਚੁਕਿਆ ਸੀ। ਆਪਣੀ ਬੀਮਾਰੀ ਦੇ



ਜੂਲੀਓ ਡੀਨੀਜ਼

ਨਿਵਾਰਣ ਲਈ ਇਹ ਸਮੁੰਦਰੀ ਤੱਟ ਦੇ ਸ਼ਹਿਰ ਓਵਾਰ (Ovar) ਵਿਚ ਚਲਾ ਗਿਆ ਅਤੇ ਉਥੇ ਆਪਣਾ ਸਭ ਤੋਂ ਵੱਧ ਪ੍ਰਸਿੱਧ ਨਾਵਲ 'As Pupilas do Senhor Reitor' (1867) ਲਿਖਿਆ। ਇਸ ਵਿਚ ਇਸ ਨੇ ਪੇਂਡੂ ਜੀਵਨ ਅਤੇ ਪੇਂਡੂ ਦ੍ਰਿਸ਼ ਬੜੇ ਸਾਦੇ ਅਤੇ ਆਕਰਸ਼ਕ ਢੰਗ ਨਾਲ ਪੇਸ਼ ਕੀਤੇ ਹਨ। ਸੰਨ 1868 ਵਿਚ ਇਸ ਨੇ 'Uma Familia Inglesa' (1868) ਨਾਵਲ ਲਿਖਿਆ ਜਿਸ ਵਿਚ ਇਸ ਨੇ ਚਾਰਲਸ ਡਿਕਨਜ਼ ਦੀ ਤਰ੍ਹਾਂ ਆਪਣੇ ਸ਼ਹਿਰ ਪੋਰਤੋ ਦੀ ਸੁਸਾਇਟੀ ਦਾ ਵਰਣਨ ਕੀਤਾ ਹੈ।

ਇਸ ਦੀਆਂ ਕਵਿਤਾਵਾਂ ਅਤੇ ਨਾਟਕ ਇਸ ਦੇ ਮਰਨ ਤੋਂ ਪਿਛੋਂ ਛਪੀਆਂ ਪਰ ਇਹ ਆਪਣੇ ਨਾਵਲਾਂ ਕਰਕੇ ਵਧੇਰੇ ਪ੍ਰਸਿੱਧ ਹੋਇਆ। ਸੰਨ 1900 ਤਕ ਇਸ ਦੇ ਨਾਵਲ 'As Pupilas do Senhor Reitor' ਦੀਆਂ 14 ਐਡੀਸ਼ਨਾਂ ਛਪ ਚੁਕੀਆਂ ਸਨ। ਇਸ ਨੇ ਕੁਲੀਨ ਵਰਗ ਉਤੇ ਮੱਧ ਵਰਗ ਦੀਆਂ ਕਦਰਾਂ ਦੀ ਪ੍ਰਮੁੱਖਤਾ ਦਰਸਾਈ ਜਿਸ ਕਰਕੇ ਇਸ ਦੇ ਨਾਵਲ ਭਾਰੀ ਗਿਣਤੀ ਵਿਚ ਪਾਠਕਾਂ ਵਿਚ ਹਰਮਨ ਪਿਆਰੇ ਸਿੱਧ ਹੋਏ।

12 ਸਤੰਬਰ, 1871 ਨੂੰ ਪੋਰਤੋ ਵਿਖੇ ਹੀ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. 7 : 453; ਐਨ. ਬ੍ਰਿ. ਮਾ. 3 : 554

**ਡੀਪਾੱਲੀਮਰਾਈਜੇਸ਼ਨ** **(Depolymerisation)** : ਪਾੱਲੀਮਰ ਦੇ ਮੁੜ ਮਾੱਨੋਮਰ ਵਿਚ ਬਦਲਣ ਦੀ ਕਿਰਿਆ ਨੂੰ ਡੀਪਾੱਲੀਮਰਾਈਜੇਸ਼ਨ ਜਾਂ ਵਿ-ਬਹੁਲਕੀਕਰਨ ਕਿਹਾ ਜਾਂਦਾ ਹੈ। ਹੇਠ ਲਿਖੀ ਸਮੀਕਰਨ ਵਿਚ ਪ੍ਰੋਪਾਈਲੀਨ ਦੇ ਟ੍ਰਾਈਮਰ 2, 4 – ਡਾਈਮੀਥਾਈਲ-4-ਹੈਪਟੀਨ ਦੀ ਡੀਪਾੱਲੀਮਰਾਈਜੇਸ਼ਨ ਵਿਖਾਈ ਗਈ ਹੈ :

$$\begin{array}{l} \qquad\quad CH_3 \qquad\quad CH_3 \\ \qquad\quad | \qquad\qquad\ \ | \\ CH_3—CH—CH_2—C = CH—CH_2—CH_3 \rightarrow 3CH_3—CH{=}CH_2 \end{array}$$

ਪੈਟ੍ਰੋਲੀਅਮ ਉਦਯੋਗ ਵਿਚ ਆਮ ਕਰਕੇ ਇਸ ਕਿਰਿਆ ਦੀ ਵਰਤੋਂ ਵਿਸ਼ੇਸ਼ ਤੌਰ ਤੇ ਨਹੀਂ ਕੀਤੀ ਜਾਂਦੀ ਸਗੋਂ ਕਈ ਵਾਰੀ ਜੇ ਭਰੇ ਜਾਣ ਵਾਲੇ ਮਾਲ ਵਿਚ ਪਾੱਲੀਮਾਰ ਹੋਣ ਤਾਂ ਉਤਪ੍ਰੇਰਕੀ ਜਾਂ ਤਾਪ-ਭੰਜਨ ਆਪਰੇਸ਼ਨਾਂ ਦੌਰਾਨ ਇਹ ਕਿਰਿਆ ਅਚਾਨਕ ਹੀ ਹੋ ਜਾਂਦੀ ਹੈ। ਇਹ ਕਿਰਿਆ ਪ੍ਰੋਟਾੱਨੀ ਉਤਪ੍ਰੇਰਕਾਂ ਖ਼ਾਸ ਕਰਕੇ ਮੁਸਾਮਦਾਰ ਟੇਕਾਂ ਉੱਤੇ ਰੱਖੇ ਅਕਾਰਬਨੀ ਤੇਜ਼ਾਬ ਜਾਂ 250-500° ਸੈਂ. ਉੱਤੇ ਸਿਲੀਕਾ-ਐਲੂਮਿਨਾ ਵਰਗੇ ਤੇਜ਼ਾਬੀ ਭੰਜਨ ਉਤਪ੍ਰੇਰਕਾਂ ਦੁਆਰਾ ਪ੍ਰਵੇਗਿਤ ਹੁੰਦੀ ਹੈ ਅਤੇ ਫਿਰ ਕਿਰਿਆ-ਵਿਧੀ ਵਿਚ ਓਲੀਫਿਨਾ ਦੇ ਉਤਪ੍ਰੇਰਕੀ ਭੰਜਨ ਨਾਲ ਮਿਲਦੀ ਜੁਲਦੀ ਹੈ। ਇਕੱਲੇ ਤਾਪ ਦੁਆਰਾ ਡੀਪਾੱਲੀਮਰਾਈਜੇਸ਼ਨ ਤਾਪ ਭੰਜਨ ਕਿਰਿਆ-ਵਿਧੀ ਦੁਆਰਾ ਸ਼ੁਰੂ ਹੋਵੇਗੀ। ਦੋਹਾਂ ਹਾਲਤਾਂ ਦੀ ਉਪਜ ਵਿਚ ਮੂਲ ਮਾੱਨੋਮਰ ਨਾਲੋਂ ਭਿੰਨ ਪਾੱਲੀਮਰ ਅੰਸ਼ਾਂ ਦੀ ਕਾਫ਼ੀ ਮਾਤਰਾ ਹੋ ਸਕਦੀ ਹੈ।

ਹ. ਪੁ.—ਮੈਕ. ਐਨ. ਸ. ਟ. (1977) 4 : 82 ਬੀ

**ਡੀ ਬੈਰੀ, ਹਾਈਨਰਿਕ ਐਨਟਨ** **(de Bary, Heinrich Anton, 1831-88)** : ਇਸ ਨੂੰ ਆਧੁਨਿਕ ਉੱਲੀ ਵਿਗਿਆਨ ਅਤੇ ਬਨਸਪਤੀ ਰੋਗ-ਵਿਗਿਆਨ ਦਾ ਸੰਸਥਾਪਕ ਕਿਹਾ ਜਾ ਸਕਦਾ ਹੈ। ਇਸ ਦਾ ਜਨਮ ਫਰੈਂਕਫਰਟ ਐਮ ਮੇਨ (ਹੁਣ ਪੱਛਮੀ ਜਰਮਨੀ) ਵਿਚ 26 ਜਨਵਰੀ, 1831 ਨੂੰ ਹੋਇਆ। ਇਸ ਦੀਆਂ ਖੋਜਾਂ, ਜਿਨ੍ਹਾਂ ਵਿਚ ਉੱਲੀ ਅਤੇ ਹੋਰ ਅਜਿਹੇ ਕਾਰਿੰਦੇ ਜੋ ਪੌਦਿਆਂ ਵਿਚ ਰੋਗ ਪੈਦਾ ਕਰਦੇ ਹਨ, ਨੇ ਇਸ ਨੂੰ ਕਾਫ਼ੀ ਪ੍ਰਸਿੱਧੀ ਹਾਸਲ ਕਰਵਾਈ।

ਇਹ ਸੰਨ 1855 ਤੋਂ 66 ਤੱਕ ਫਰਾਈਬਰਗ ਅਤੇ ਬਰਾਈਸਗੋ ਯੂਨੀਵਰਸਿਟੀ, ਸੰਨ 1867-72 ਵਿਚ ਹਾਲ ਵਿਚ ਅਤੇ 1872-88 ਵਿਚ ਸਟਰਸਬਰਗ ਯੂਨੀਵਰਸਿਟੀਆਂ ਵਿਚ ਬਨਸਪਤੀ ਵਿਗਿਆਨ ਦਾ ਪ੍ਰੋਫ਼ੈਸਰ ਰਿਹਾ। ਇਸ ਨੇ ਬਹੁਤ ਸਾਰੀਆਂ ਉੱਲੀਆਂ ਦੇ ਜੀਵਨ-ਕਾਲ ਦਾ ਪਤਾ ਲਗਾਇਆ ਜਿਸ ਲਈ ਇਸ ਨੇ ਇਕ ਵਰਗੀਕਰਨ ਵਿਕਸਿਤ ਕੀਤਾ ਜਿਸ ਦਾ ਬਹੁਤ ਸਾਰਾ ਹਿੱਸਾ ਅਜੇ ਤੱਕ ਵੀ ਆਧੁਨਿਕ ਉੱਲੀ-ਵਿਗਿਆਨੀਆਂ ਨੇ ਪ੍ਰਮਾਣਿਕ ਮੰਨਿਆ ਹੋਇਆ ਹੈ। ਇਹ ਮੀਜ਼ਬਾਨ-ਪਰਜੀਵੀ ਪ੍ਰਤਿ ਕਿਰਿਆਵਾਂ ਦਾ ਪਤਾ ਲਗਾਉਣ ਵਾਲਾ ਪਹਿਲਾ ਵਿਅਕਤੀ ਸੀ। ਇਸ ਨੇ ਕਈ ਢੰਗਾਂ ਨਾਲ ਉੱਲੀ ਦੇ ਮੀਜ਼ਬਾਨ ਟਿਸ਼ੂ ਵਿਚ ਦਾਖ਼ਲ ਹੋਣ ਤੇ ਤਰੀਕਿਆਂ ਨੂੰ ਪ੍ਰਦਰਸ਼ਿਤ ਕੀਤਾ।

ਇਸਨੇ ਆਪਣੀ ਇਕ ਪੁਸਤਕ (Untersuchungen uber die Brandpilze (Researches Concerning Fungal Blights), 1853) ਵਿਚ ਇਹ ਕਿਹਾ ਕਿ ਉਹ ਉੱਲੀਆਂ ਜੋ ਪੌਦਿਆਂ ਦੀਆਂ ਕੁੰਗੀ ਅਤੇ ਕਾਂਗਿਆਰੀ ਬੀਮਾਰੀਆਂ ਨਾਲ ਸਬੰਧਤ ਹਨ, ਉਹੀ ਇਨ੍ਹਾਂ ਬੀਮਾਰੀਆਂ ਦਾ ਕਾਰਨ ਹਨ ਨਾ ਕਿ ਇਨ੍ਹਾਂ ਬੀਮਾਰੀਆਂ ਦਾ ਅਸਰ ਹਨ। ਇਸ ਨੇ 1865 ਵਿਚ ਭਿੰਨ-ਪਰਪੋਸਿਤਾ ਬਾਰੇ ਪਹਿਲੀ ਵਾਰ ਸਿੱਧ ਕੀਤਾ ਕਿ ਕਣਕ ਦੀ ਕੁੰਗੀ ਦੇ ਜੀਵਨ-ਚੱਕਰ ਵਿਚ ਦੋ ਮੀਜ਼ਬਾਨ ਆਉਂਦੇ ਹਨ, ਇਕ ਕਣਕ ਅਤੇ ਇਕ ਹੋਰ ਪੌਦਾ, ਬਾਰਬੈਰੀ, ਜਿਸ ਤੇ ਉੱਲੀ ਆਪਣੀ ਦੂਜੀ ਹਾਲਤ ਦਾ ਨਿਰਬਾਹ ਕਰਦੀ ਹੈ। ਲਿਚਨ ਪੌਦਿਆਂ ਵਿਚ ਇਸ ਨੇ 1866 ਈ. ਵਿਚ ਪਹਿਲੀ ਵਾਰ ਇਹ ਦੱਸਿਆ ਕਿ ਉੱਲੀ ਅਤੇ ਐਲਗਾ (ਸਾਵਲ) ਇਕ ਨਿਕਟ ਮੇਲ-ਜੋਲ ਨਾਲ ਰਹਿੰਦੇ ਹਨ ਜਿਸ ਲਈ ਇਸ ਨੇ 1879 ਈ. ਵਿਚ ਇਕ ਸ਼ਬਦ ਸਹਿਜੀਵਤਾ ਅਪਨਾਇਆ, ਜਿਸ ਦਾ ਮਤਲਬ ਸੀ ਦੋ ਆਰਗੇਨਿਜ਼ਮਾਂ ਵਿਚਲੀ ਅੰਦਰੂਨੀ ਆਪਸੀ ਫਾਇਦੇ ਵਾਲੀ ਸਾਂਝੇਦਾਰੀ।

ਇਸ ਦੀ ਇਕ ਹੋਰ ਮਹੱਤਵਪੂਰਨ ਦੇਣ ਸਲਾਈਮ ਮੋਲਡ ਅਤੇ ਸਾਵਲ ਪੌਦਿਆਂ ਵਿਚ ਉਤਪਤੀ ਦੀ ਲਿੰਗੀ ਪ੍ਰਣਾਲੀ ਬਾਰੇ ਪ੍ਰਬਲ ਜਾਣਕਾਰੀ ਹੈ। ਡੀ ਬੈਰੀ ਨੇ ਪੌਦਾ ਐਨਾਟਮੀ ਦਾ ਆਧੁਨਿਕ ਸੰਕਲਪ ਵੀ ਦਿੱਤਾ ਜੋ ਇਸ ਦੀ ਪੁਸਤਕ (Vergleichende Anatomie der

Vegetationsorgane der Phenerogamen and Farne (1877, Comparative Anatomy of Phanerogams and Ferns, 1884) ਵਿਚ ਦਰਜ ਹੈ।

ਹ. ਪੁ.–ਐਨ. ਬ੍ਰਿ. ਮਾ. 3 : 417

**ਡੀਮਾੱਟਿਕ ਭਾਸ਼ਾ** : ਇਹ ਯੂਨਾਨੀ ਲੋਕਾਂ ਦੀ ਰੋਜ਼ਾਨਾ ਵਰਤੋਂ ਵਾਲੀ ਭਾਸ਼ਾ ਤੇ ਆਧਾਰਤ ਇਕ ਸਾਹਿਤਕ ਭਾਸ਼ਾ ਹੈ। ਪੰਦਰ੍ਹਵੀਂ ਸਦੀ ਤੋਂ ਲੈ ਕੇ ਡੀਮਾੱਟਿਕ ਦੇ ਮੁਦਈ ਕਲਾਸਕੀ ਸ਼ੈਲੀ, ਕੈਥਾਰੈਵਸਾ (Katharevusa) ਦੀ ਵਿਰੋਧਤਾ ਕਰਕੇ ਇਸ ਭਾਸ਼ਾ ਦੇ ਸਾਹਿਤਕ ਅਧਿਐਨ ਲਈ ਜੱਦੋ ਜਹਿਦ ਕਰ ਰਹੇ ਸਨ। ਸੰਨ 1880 ਦੇ ਦਹਾਕੇ ਵਿਚ ਡੀਮਾੱਟਿਕ ਲਹਿਰ ਨੇ ਇਕ ਨਵਾਂ ਮੋੜ ਲਿਆ ਜਿਸ ਨਾਲ ਅਗਾਂਹਵਧੂ ਜਵਾਨ ਲਿਖਾਰੀਆਂ ਦੀ ਹਿੰਮਤ ਨਾਲ 'ਨਿਊ ਸਕੂਲ ਆੱਫ ਏਥਨਜ਼' ਦਾ ਮੁੱਢ ਬੱਝਾ। ਇਸ ਸਕੂਲ ਦੀ ਪ੍ਰੇਰਨਾ ਸਦਕਾ ਯੂਨਾਨੀਆਂ ਦੀ ਵਾਰਤਕ ਤੇ ਕਵਿਤਾ ਬੋਝਲ ਸਨਾਤਨੀ ਰਵਾਇਤ ਵਿਚੋਂ ਨਿਕਲ ਗਈ। ਸੰਨ 1888 ਵਿਚ ਆਈਓਆਨੀਜ਼ ਸਾਈਕਾਰਿਸ ਦੀ ਪ੍ਰਕਾਸ਼ਤ ਹੋਈ ਰਚਨਾ 'To taxidi mou' ਇਸ ਖ਼ਿਆਲ ਨਾਲ ਰਚੀ ਗਈ ਤਾਂ ਕਿ ਯੂਨਾਨ ਵਾਸੀ ਭਾਸ਼ਾ ਵਿਗਿਆਨ ਸਬੰਧੀ ਸੁਚੇਤ ਹੋ ਜਾਣ। ਉੱਘੇ ਆਲੋਚਕਾਂ, ਵਿਦਵਾਨਾਂ ਤੇ ਲਿਖਾਰੀਆਂ ਨੇ ਬਹਿਸ ਕਰਕੇ ਇਸ ਗੱਲ ਦਾ ਸਮਰਥਨ ਕੀਤਾ ਕਿ ਯੂਨਾਨੀ ਕਲਾ ਅਤੇ ਸਾਹਿਤ ਸਮਕਾਲੀਨ ਪੇਂਡੂ ਜੀਵਨ ਲਈ ਪ੍ਰੇਰਨਾ ਸ੍ਰੋਤ ਹੈ। ਆਧੁਨਿਕ ਯੂਨਾਨੀ ਲੋਕ ਕਥਾਵਾਂ, ਮੱਧਯੁਗ ਅਤੇ ਆਧੁਨਿਕ ਯੂਨਾਨੀ ਇਤਿਹਾਸ ਦਾ ਅਧਿਐਨ ਇਸ ਕਾਰਵਾਈ ਵਿਚ ਪੂਰਾ ਸਹਾਇਕ ਸਿੱਧ ਹੋਇਆ। ਡੀਮਾੱਟਿਕ ਦੀ ਲਿਖਣ ਸ਼ੈਲੀ ਪਹਿਲਾਂ ਕਲਪਿਤ ਪਾਤਰਾਂ ਲਈ ਅਤੇ ਹੌਲੀ ਹੌਲੀ ਵਿਗਿਆਨਕ ਅਤੇ ਸਰਕਾਰੀ ਦਸਤਾਵੇਜ਼ਾਂ ਦੀਆਂ ਸਭ ਲਿਖਤਾਂ ਲਈ ਆਮ ਤੌਰ ਤੇ ਪ੍ਰਵਾਨਤ ਹੋ ਗਈ। ਡੀਮਾੱਟਿਕ ਦੇ ਲਾਗੂ ਹੋਣ ਨਾਲ ਅਤੇ ਸਮਕਾਲੀਨ ਜੀਵਨ ਨਾਲ ਸਬੰਧਤ ਵਿਸ਼ਿਆਂ ਦੀ ਚੋਣ ਨਾਲ ਯੂਨਾਨੀ ਥੀਏਟਰ ਮੁੜ ਸੁਰਜੀਤ ਹੋ ਗਿਆ ਅਤੇ ਵੀਹਵੀਂ ਸਦੀ ਵਿਚ ਕੌਮੀ ਨਾਟਕ ਦੀ ਸਥਾਪਨਾ ਲਈ ਲਾਹੇਵੰਦ ਸਾਬਤ ਹੋਇਆ।

ਹ. ਪੁ.- ਐਨ. ਬ੍ਰਿ. ਮਾ. 3 :462

**ਡੀਮੀਟਰ** : ਯੂਨਾਨੀ ਧਰਮ ਅਨੁਸਾਰ ਇਹ ਕ੍ਰੋਨਸ ਦੇਵਤੇ ਅਤੇ ਰ੍ਹੀਆ ਦੇਵੀ ਦੀ ਧੀ, ਜ਼ਿਊਸ ਦੇਵਤੇ ਦੀ ਭੈਣ ਅਤੇ ਜ਼ਰਾਇਤ ਦੀ ਦੇਵੀ ਹੈ। ਇਸ ਦੇ ਨਾਂ ਦਾ ਅਰਥ 'ਅਨਾਜ ਦੀ ਮਾਂ' ਜਾਂ 'ਧਰਤੀ ਮਾਂ' ਹੈ।

ਡੀਮੀਟਰ ਨੇ ਨਾ ਸਿਰਫ਼ ਅੰਨ ਤੇ ਹੀ ਬਲਕਿ ਸੇਮ ਤੋਂ ਛੁੱਟ ਧਰਤੀ ਦੇ ਸਾਰੇ ਫਲਾਂ ਸਮੇਤ ਸਮੁੱਚੀ ਬਨਸਪਤੀ ਨੂੰ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਇਹ ਧਰਤੀ ਦੀ ਦੇਵੀ 'ਗੀਆ' ਦੇ ਇਕ ਸਮਾਨ ਹੈ।

ਡੀਮੀਟਰ ਨੂੰ ਸਿਹਤ, ਜਨਮ ਅਤੇ ਵਿਆਹ ਦੀ ਦੇਵੀ ਵੀ ਮੰਨਿਆ ਜਾਂਦਾ ਹੈ। ਇਸ ਨੂੰ ਕਈ ਸਿਆਸੀ ਅਤੇ ਨਸਲੀ ਖ਼ਿਤਾਬ (ਜਿਵੇਂ ਐਫ਼ਿਕਥਿਓਨਿਸ ) ਵੀ ਦਿੱਤੇ ਗਏ ਹਨ। ਇਸ ਦੇ ਸਨਮਾਨ ਵਿਚ ਮਨਾਏ ਜਾਣ ਵਾਲੇ ਖੇਤੀ ਸਬੰਧੀ ਤਿਉਹਾਰਾਂ ਵਿਚ ਨਿਮਨ ਤਿਉਹਾਰ ਸ਼ਾਮਲ ਸਨ :-

(1) **ਹੈਲੋਆ** (Haloa) **ਤਿਉਹਾਰ** : ਇਹ ਸ਼ਬਦ Halos ਚੋਂ ਨਿਕਲਿਆ ਹੈ ਜਿਸ ਦਾ ਭਾਵ ਖਲਵਾੜਾ ਹੈ। ਇਹ ਤਿਉਹਾਰ ਏਥਨਜ਼ ਤੋਂ ਸ਼ੁਰੂ ਹੋ ਕੇ ਇਲਿਊਸਿਸ ਵਿਚ ਸਮਾਪਤ ਹੁੰਦਾ ਸੀ। ਇਸ ਨੂੰ ਦਸੰਬਰ ਵਿਚ ਮਨਾਇਆ ਜਾਂਦਾ ਹੈ। ਪੈਦਾਵਾਰ ਸਬੰਧੀ ਤਿਉਹਾਰ ਹੋਣ ਦੇ ਨਾਲ ਨਾਲ ਇਸ ਵਿਚ ਗੁੱਝੇ ਧਾਰਮਕ ਸੰਕੇਤ ਵੀ ਮਿਲਦੇ ਹਨ।

(2) **ਚਲੋਈਆ** (Chloia) **ਤਿਉਹਾਰ** : ਇਹ ਪੁੰਗਰ ਰਹੀ ਫ਼ਸਲ ਦਾ ਤਿਉਹਾਰ ਹੈ ਜੋ ਕਿ ਬਸੰਤ ਰੁੱਤ ਦੇ ਸ਼ੁਰੂ ਵਿਚ ਮਨਾਇਆ ਜਾਂਦਾ ਸੀ। 'ਚਲੋਈਆ' ਤੋਂ ਭਾਵ ਹੈ 'ਹਰਿਆਵਲ'।

(3) **ਪ੍ਰੋਈਰੋਸੀਆ** (Procrosia) **ਤਿਉਹਾਰ** : ਇਸ ਵਿਚ ਚੋਖੀ ਫ਼ਸਲ ਹੋਣ ਦੀ ਪ੍ਰਾਥਨਾ ਕੀਤੀ ਜਾਂਦੀ ਸੀ। ਇਹ ਪ੍ਰਾਥਨਾ ਬੀਜ ਬੀਜਣ ਤੋਂ ਪਹਿਲਾਂ ਕੀਤੀ ਜਾਂਦੀ ਸੀ। ਸੰਭਵ ਹੈ ਕਿ ਇਹ ਤਿਉਹਾਰ ਸਤੰਬਰ ਦੇ ਮਹੀਨੇ ਵਿਚ ਮਨਾਇਆ ਜਾਂਦਾ ਸੀ।

(4) **ਥਾਲਾਈਸੀਆ** (Thalysia) **ਤਿਉਹਾਰ**: ਇਹ ਤਿਉਹਾਰ ਕੋਸ ਦੀਪ ਵਿਚ ਵਾਢੀਆਂ ਉਪਰੰਤ ਪਤਝੜ ਰੁੱਤ ਵਿਚ ਮਨਾਇਆ ਜਾਂਦਾ ਸੀ।

(5) **ਥੈਸਮੋਫੋਰੀਆ** (Thesmophoria) : ਇਹ ਔਰਤਾਂ ਦਾ ਤਿਉਹਾਰ ਸੀ ਜਿਸ ਨੂੰ ਬੀਜ ਦੇ ਵਾਧੇ ਲਈ ਮਨਾਇਆ ਜਾਂਦਾ ਸੀ।

(6) **ਸਕਿਰੋਫੋਰੀਆ** (Skirophoria) **ਤਿਉਹਾਰ** : ਇਹ ਗਰਮੀਆਂ ਦੇ ਮੱਧ ਵਿਚ ਮਨਾਇਆ ਜਾਂਦਾ ਸੀ।

ਡੀਮੀਟਰ ਦਾ ਪਸੰਦੀ ਦਾ ਪਸ਼ੂ ਸੂਰ ਹੈ ਅਤੇ ਸੱਪ ਹਮੇਸ਼ਾਂ ਇਸ ਦਾ ਸਾਥ ਦਿੰਦਾ ਹੁੰਦਾ ਸੀ। ਕਈ ਵਾਰ ਇਹ ਘੋੜਿਆਂ ਜਾਂ ਅਜਗਰ ਨਾਲ ਜੁਤੀ ਬੱਘੀ ਵਿਚ ਜਾਂਦੀ ਹੁੰਦੀ ਸੀ, ਕਦੇ ਪੈਦਲ ਚਲਦੀ ਅਤੇ ਕਈ ਵਾਰੀ ਇਕੱਲੀ ਜਾਂ ਆਪਣੀ ਲੜਕੀ ਨਾਲ ਗੱਦੀ ਤੇ ਬੈਠੀ ਨਜ਼ਰ ਆਉਂਦੀ ਸੀ।

ਹ. ਪੁ.- ਐਨ. ਬ੍ਰਿ. ਮਾ. 3 : 456 ; ਐਨ. ਅਮੈ. 8 : 636

**ਡੀਮੀਟਰੀਅਸ** : ਇਹ ਚੌਥੀ ਸਦੀ ਈ. ਪੂ. ਦੇ ਮੁੱਢ ਵਿਚ ਯੂਨਾਨ ਦਾ ਉੱਘਾ ਬੁੱਤਘਾੜਾ ਸੀ। ਪੁਰਾਤਨ ਆਲੋਚਕਾਂ ਦੇ ਕਥਨ ਅਨੁਸਾਰ ਇਹ ਇਕ ਮੰਨਿਆ ਪ੍ਰਮੰਨਿਆ ਕਲਾਕਾਰ ਸੀ ਕਿਉਂਕਿ ਇਹ ਅਜਿਹੇ ਸਜੀਵ ਅਤੇ ਯਥਾਰਥਕ ਬੁੱਤ ਘੜਦਾ ਸੀ ਅਤੇ ਇੰਜ ਇਹ ਆਪਣੇ ਬੁੱਤਾਂ ਵਿਚ ਰੂਹ ਫੂਕ ਦਿੰਦਾ ਸੀ। ਇਸ ਦਾ ਕੋਰਿੰਥੀਆ ਦੇ ਜਰਨੈਲ ਪੈਲੀਕਲ ਦਾ ਬਣਾਇਆ ਹੋਇਆ ਬੁੱਤ ਦੇਖ ਕੇ ਲੂਸੈਨ ਨੇ ਇਸ ਦੀ ਬਹੁਤ ਸ਼ਲਾਘਾ ਕੀਤੀ ਸੀ। ਇਸ ਦਾ ਮੁਕਾਬਲਾ ਇਕ ਪੀੜ੍ਹੀ ਪਹਿਲਾਂ ਦੇ ਬੁੱਤਾਂ ਨੂੰ ਕਾਲਪਨਿਕ ਰੂਪ ਦੇਣ ਵਾਲੇ ਬੁੱਤਘਾੜੇ ਕਰੈਸਿਲਾਸ ਨਾਲ ਕੀਤਾ ਜਾਂਦਾ ਸੀ। ਲੂਸੈਨ ਨੇ ਜੋ ਵੀ ਵਿਲੱਖਣਤਾ ਦਾ ਜ਼ਿਕਰ ਕੀਤਾ ਹੈ ਉਹ ਤੀਜੀ ਸਦੀ ਤੋਂ ਪਹਿਲਾਂ ਯੂਨਾਨੀ ਚਿੱਤਰ ਕਲਾ ਵਿਚ ਕਿਤੇ ਨਹੀਂ ਮਿਲਦੀ। ਚੌਥੀ ਸਦੀ ਤਕ ਯੂਨਾਨੀ ਬੁੱਤ ਕਲਾ ਨੂੰ ਕਾਲਪਨਿਕ ਰੂਪ ਨਹੀਂ ਦਿੱਤਾ ਜਾਂਦਾ ਸੀ। ਡੀਮੀਟਰੀਅਸ ਦਾ ਸਮਾਂ ਅਥੈਲੀਅਨ ਐਕਰੋਪਾਲਿਸ ਦੇ ਸ਼ਿਲਾਲੇਖਾਂ ਤੋਂ ਸਿੱਧ ਹੁੰਦਾ ਹੈ।

ਹ. ਪੁ.- ਐਨ. ਬ੍ਰਿ. ਮਾ. 7 : 214 ; ਐਨ. ਬ੍ਰਿ. ਮਾ. 3 : 456

**ਡੀਮੀਟ੍ਰੀਅਸ** : ਇਹ ਪਹਿਲੀ ਸਦੀ ਵਿਚ ਹੋਇਆ ਯੂਨਾਨ ਦਾ ਇਕ ਉੱਘਾ ਦਰਸ਼ਨਵਾਦੀ ਸੀ। ਸੁਭਾਅ ਵਜੋਂ ਇਹ ਇਕ ਸਨਕੀ ਪੁਰਸ਼ ਸੀ। ਇਹ ਉਨ੍ਹਾਂ ਨੀਤੀਵਾਨਾਂ ਵਿਚੋਂ ਸੀ ਜਿਨ੍ਹਾਂ ਨੇ ਰੋਮ ਵਿਚ ਸ਼ਾਸਕਾਂ ਕਾਲੀਗੁਲਾ, ਨੀਰੋ ਅਤੇ ਵੈਸਪਾਸੀਅਨੂ ਦੀਆਂ ਨੀਤੀਆਂ ਉਤੇ ਤਕੜੀ ਚੋਟ ਮਾਰੀ। ਇਸ ਕਾਰਨ 66 ਈ. ਵਿਚ ਨੀਰੋ ਨੇ ਇਸ ਨੂੰ ਯੂਨਾਨ ਵਿਚੋਂ ਦੇਸ਼ ਨਿਕਾਲੇ ਤੇ ਭੇਜ ਦਿੱਤਾ। ਪਿਛੋਂ ਵੈਸਪਾਸੀਅਨ ਦੇ ਰਾਜ ਦੌਰਾਨ ਇਹ ਵਾਪਸ ਦੇਸ਼ ਪਰਤ ਆਇਆ ਅਤੇ ਬਾਦਸ਼ਾਹਤ ਵਿਰੁੱਧ ਨਿਧੜਕ ਹੋ ਕੇ ਪ੍ਰਚਾਰ ਕਰਦਾ ਰਿਹਾ।

ਹ. ਪੁ.- ਐਨ. ਬ੍ਰਿ. ਮਾ. 3 : 465; ਐਨ. ਅਮੈ. 8 : 638

**ਡੀਰਿੰਗ, ਰਿਚਰਡ** : ਇਸ ਅੰਗਰੇਜ਼ ਆੱਰਗਨਵਾਦਕ ਅਤੇ ਸੰਗੀਤਕਾਰ ਦਾ ਜਨਮ ਲ. 1580 ਈ. ਵਿਚ ਕੈਂਟ ਵਿਖੇ ਹੋਇਆ

ਇਹ ਵਧੇਰੇ ਕਰਕੇ ਆਪਣੇ ਸੁਰ (Vocal) ਸੰਗੀਤ ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1619 ਵਿਚ ਇਸਨੇ ਆੱਕਸਫ਼ੋਰਡ ਤੋਂ ਸੰਗੀਤ ਦੀ ਡਿਗਰੀ ਲਈ ਅਤੇ 1612 ਈ. ਵਿਚ ਇਟਲੀ ਦਾ ਦੌਰਾ ਕੀਤਾ, ਸੰਨ 1617 ਵਿਚ ਇਹ ਬ੍ਰਸਲਜ਼ ਦੇ ਇਕ ਕਾਨਵੈਂਟ ਦਾ ਆੱਰਗਨਵਾਦਕ ਨਿਯੁਕਤ ਹੋਇਆ। ਇਹ ਚਾਰਲਸ ਪਹਿਲੇ ਦਾ ਵੀਣਾ-ਵਾਦਕ ਅਤੇ ਗਾਇਕ ਵੀ ਰਿਹਾ ਸੀ। ਇਸਦਾ ਸੰਗੀਤ ਇਸਦੀ ਮੌਤ ਤੋਂ ਬਾਅਦ ਤਕ ਲੋਕਪ੍ਰਿਯ ਰਿਹਾ। ਇਸ ਦੀਆਂ ਕ੍ਰਿਤਾਂ ਵਿਚ ਭਜਨ, ਸਾਜ਼-ਸੰਗੀਤ, ਪ੍ਰੀਤ-ਗੀਤ ਅਤੇ ਚਰਚ ਸੰਗੀਤ ਆਦਿ ਸ਼ਾਮਲ ਹਨ।

22 ਮਾਰਚ, 1630 ਨੂੰ ਇਸ ਨੂੰ ਲੰਡਨ ਵਿਖੇ ਦਫ਼ਨਾਇਆ ਗਿਆ।

ਹ. ਪੁ.– ਐਨ. ਬ੍ਰਿ. ਮਾ. 3 : 480

**ਡੀਰੀਕਲੇ ਸਮੱਸਿਆ (Dirichlet Problem)** : ਇਸ ਨੂੰ ਪੁਟੈਂਸ਼ੀਅਲ ਸਿੱਧਾਂਤ ਦੀ ਪਹਿਲੀ ਸੀਮਾ ਮੁੱਲ ਸਮੱਸਿਆ (First Boundary Value Problem Of Potential Theory) ਵੀ ਕਿਹਾ ਜਾਂਦਾ ਹੈ। ਗਣਿਤ ਵਿਚ ਇਹ ਸਮੱਸਿਆ ਕੁਝ ਅੰਸ਼ਿਕ ਡਿਫਰੈਂਸ਼ੀਅਲ ਸਮੀਕਰਨਾਂ ਨੂੰ ਸੂਤਰਬਧ ਅਤੇ ਹੱਲ ਕਰਨ ਦੀ ਹੈ ਜਿਹੜੀਆਂ ਤਾਪ, ਬਿਜਲੀ ਅਤੇ ਦ੍ਰਵਾਂ ਦੇ ਪ੍ਰਵਾਹ ਦੇ ਅਧਿਐਨ ਤੋਂ ਉਤਪੰਨ ਹੁੰਦੀਆਂ ਹਨ। ਸ਼ੁਰੂ ਸ਼ੁਰੂ ਵਿਚ ਇਹ ਸਮੱਸਿਆ ਸੀਮਾ ਦੇ ਨਾਲ ਨਾਲ ਲਈਆਂ ਗਈਆਂ ਮਿਣਤੀਆਂ ਤੋਂ ਕਿਸੇ ਡਿਸਕ ਉਪਰ ਸੰਤੁਲਨ ਤਾਪਮਾਨ ਵੰਡ ਗਿਆਤ ਕਰਨ ਦੀ ਸੀ। ਡਿਸਕ ਦੇ ਅੰਦਰਲੇ ਬਿੰਦੂ ਦਾ ਤਾਪਮਾਨ ਤਾਂ ਇਕ ਅੰਸ਼ਿਕ ਡਿਫਰੈਂਸ਼ੀਅਲ ਸਮੀਕਰਨ, ਜਿਸ ਨੂੰ ਲਾਪਲੇਸ ਸਮੀਕਰਨ ਕਹਿੰਦੇ ਹਨ, ਨੂੰ ਸੰਤੁਸ਼ਟ ਕਰਦਾ ਹੈ। ਇਸ ਸਮੱਸਿਆ ਵਿਚ ਥੋੜ੍ਹਾ ਜਿਹਾ ਫ਼ਰਕ ਉਦੋਂ ਪੈਂਦਾ ਹੈ ਜਦੋਂ ਉਹ ਬਿੰਦੂ ਡਿਸਕ ਦੇ ਅੰਦਰ ਵਾਰ ਹੋਣ ਜਿਥੋਂ ਤਾਪਮਾਨ ਉਨਾਂ ਚਿਰ ਦਿੱਤਾ ਜਾ ਲਿਆ ਜਾਂਦਾ ਹੈ ਜਦੋਂ ਤੱਕ ਕਿ ਹਰ ਬਿੰਦੂ ਤੇ ਤਾਪਮਾਨ ਸਥਿਰ ਨਾ ਹੋ ਜਾਏ। ਇਸ ਸੂਰਤ ਵਿਚ ਪਵਾਸਾੱਨ (Poisson) ਸਮੀਕਰਨ ਸੰਤੁਸ਼ਟ ਹੁੰਦੀ ਹੈ। ਡੀਰੀਕਲੇ ਸਮੱਸਿਆ ਨੂੰ ਡਿਸਕ ਤੋਂ ਬਿਨ੍ਹਾਂ ਕਿਸੇ ਹੋਰ ਸਧਾਰਨ ਕਨੈਕਟਿਡ ਖੇਤਰ (Connected region) ਜਿਸ ਵਿਚ ਕੋਈ ਛੇਕ ਨਾ ਹੋਏ ਵਾਸਤੇ ਵੀ ਹੱਲ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਸੀਮਾ ਦੇ ਨਾਲ ਨਾਲ ਤਾਪਮਾਨ ਵਿਚ ਥੋੜ੍ਹਾ ਥੋੜ੍ਹਾ ਫ਼ਰਕ ਹੋਵੇ।

ਹ. ਪੁ.–ਐਨ. ਬ੍ਰਿ. ਮਾ. 3 : 570

**ਡੀਰੀਕਲੇ ਸਿੱਧਾਂਤ (Dirichlet Principle)** : ਮਿਸ਼ਰਿਤ ਵਿਸ਼ਲੇਸ਼ਣ ਵਿਚ ਡੀਰੀਕਲੇ ਪ੍ਰਿੰਸੀਪਲ ਅਨੁਸਾਰ ਡੀਰੀਕਲੇ ਸਮੱਸਿਆ ਨੂੰ ਹੱਲ ਕਰਨ ਵਾਲਾ ਫੰਕਸ਼ਨ u, ਜੋ ਕਿ ਮਿਸ਼ਰਿਤ ਤਲ ਵਿਚ ਦਿੱਤੇ ਹੋਏ ਜਾਰਡਨ ਪ੍ਰਭਾਵ-ਖੇਤਰ (domain) $\Omega$ ਵਾਸਤੇ ਅਤੇ ਸੀਮਾ $\partial\Omega$ ਤੇ ਦਿੱਤੇ ਹੋਏ ਨਿਰੰਤਰ ਵਾਸਤਵਿਕ-ਮੁੱਲ ਵਾਲੇ ਫੰਕਸ਼ਨ f ਵਾਸਤੇ

$\int_{\Omega}^{\partial\Omega}$ ਉੱਤੇ $u = f$

ਵਿਚ u ਹਾਰਮੋਨਿਕ

ਹੋਵੇ, ਡੀਰੀਕਲੇ ਇੰਟੈਗਰਲ

$$\iint_{\Omega}\left[\left(\frac{\partial u}{\partial x}\right)^2+\left(\frac{\partial u}{\partial y}\right)^2\right]dxdy$$

ਨੂੰ ਛੋਟਾ ਕਰਦਾ ਹੈ।

ਹ. ਪੁ.–ਐਨ. ਬ੍ਰਿ. ਮਾ. 3 : 569

**ਡੀਰੀਕਲੇ ਲੜੀ (Dirichlet Series)** : ਮਿਸ਼ਰਿਤ ਵਿਸ਼ਲੇਸ਼ਣ d ਵਿਚ

$$\sum_{n=1}^{\infty} a_n e^{-\lambda_n z}$$

ਵਰਗੀ ਕੋਈ ਵੀ ਲੜੀ ਡੀਰੀਕਲੇ ਲੜੀ ਅਖਵਾਉਂਦੀ ਹੈ, ਸ਼ਰਤ ਇਹ ਹੈ ਕਿ ਇਸ ਵਿਚ ਗੁਣਾਂਕ ..... $a_n$ ਮਿਸ਼ਰਿਤ ਸੰਖਿਆਵਾਂ ਅਤੇ ਘਾਤ - ਅੰਕ $\lambda_n$ ਪ੍ਰਤਿਬੰਧ

$$0 \leq \lambda_1 < \lambda_2 < \ldots\ldots \lim_{n\to\infty} \lambda_n = \infty$$

ਨੂੰ ਸੰਤੁਸ਼ਟ ਕਰਨ ਵਾਲੀਆਂ ਵਾਸਤਵਿਕ ਸੰਖਿਆਵਾਂ ਹੋਣੀਆਂ ਚਾਹੀਦੀਆਂ ਹਨ।

ਹ. ਪੁ.–ਐਨ. ਬ੍ਰਿ. ਮਾ. 3 : 570

**ਡੀਰੈਕ, ਪਾਲ ਐਡਰੀਨ ਮੌਰਿਸ (Dirac, P.A.M)** : ਕੁਆਂਟਮ ਮਕੈਨਿਕਸ ਦਾ ਨਵੇਂ ਸ਼ੁੱਧ ਅਤੇ ਸਰਲ ਢੰਗ ਨਾਲ ਵਰਣਨ ਕਰਕੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਮਹਾਨ ਯੋਗਦਾਨ ਪਾਉਣ ਵਾਲੇ, ਇਸ ਸਿੱਧਾਂਤਕ ਭੌਤਿਕ ਵਿਗਿਆਨੀ ਦਾ ਜਨਮ 8 ਅਗਸਤ, 1902 ਈ. ਨੂੰ ਬ੍ਰਿਸਟਲ (Bristol) ਇੰਗਲੈਂਡ ਵਿਖੇ ਹੋਇਆ ਜਿਸ ਨੇ 1933 ਈ. ਦਾ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਇਰਵਿਨ ਸਰੋਡਿੰਜਰ (Erwin Schrodinger) ਨਾਲ ਸਾਂਝਾ ਕੀਤਾ। ਇਸ ਨੇ ਬ੍ਰਿਸਟਲ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਮਗਰੋਂ ਭੌਤਿਕ ਵਿਗਿਆਨ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮਗਰਲੀ ਪੜ੍ਹਾਈ ਉੱਤੇ ਇੰਜੀਨੀਅਰਿੰਗ ਦਾ ਬਹੁਤ ਪ੍ਰਭਾਵ ਪਿਆ। ਇਸ ਨੇ ਕੈਂਬਰਿਜ ਯੂਨੀਵਰਸਿਟੀ ਤੋਂ ਪੀ. ਐਚ. ਡੀ. ਕਰਨ ਉਪਰੰਤ ਉਥੇ ਹੀ ਪੜ੍ਹਾਉਣਾ ਆਰੰਭ ਕਰ ਦਿੱਤਾ ਅਤੇ 1932 ਈ. ਵਿਚ ਇਸ ਦੀ ਲੂਕੈਸੀਅਨ ਪ੍ਰੋਫ਼ੈਸਰ ਆਫ਼ ਮੈਥੇਮੈਟਿਕਸ (Lucasian Professor of Mathematics) ਦੀ ਆਸਾਮੀ ਲਈ ਨਿਯੁਕਤੀ ਹੋ ਗਈ।

ਸੰਨ 1926 ਵਿਚ ਜਦੋਂ ਇਹ ਅਜੇ ਗਰੈਜੂਏਸ਼ਨ ਹੀ ਕਰਦਾ ਸੀ, ਇਸ ਨੇ ਭੌਤਿਕ ਵਿਗਿਆਨ ਨੂੰ ਪਹਿਲੀ ਮਹੱਤਵਪੂਰਨ ਦੇਣ ਕੁਆਂਟਮ ਮਕੈਨਿਕਸ ਦੀ ਬਣਾਵਟ ਦਾ ਪਤਾ ਲਗਾਕੇ ਦਿੱਤੀ। ਮਗਰੋਂ ਇਸ ਨੇ ਇਕ ਸਿੱਧਾਂਤ ਬਾਰੇ ਦੱਸਿਆ, ਜਿਹੜਾ ਇਲੈਕਟ੍ਰਾੱਨ ਸਪਿਨ ਅਤੇ ਮੁਢਲੇ ਕਣ ਪਾਜ਼ੇਟ੍ਰਾੱਨ ਦੀ ਹੋਂਦ ਬਾਰੇ ਭਵਿੱਖਬਾਣੀ ਕਰਦਾ ਸੀ। ਇਸ ਨੇ ਵਿਕਿਰਨ ਦੇ ਕੁਆਂਟਮ ਸਿੱਧਾਂਤ ਦਾ ਅਗਾਸ ਕੀਤਾ। ਇਹ ਫਰਮੀ-ਡੀਰੈਕ ਸਟੈਟਿਸਟਿਕਸ ਦਾ ਸਹਿ ਖੋਜੀ ਸੀ ਇਸ ਅਨੁਸਾਰ ਇਕ ਕਿਸਮ ਦੇ ਉਪ-ਪਰਮਾਣੂ ਕਣਾਂ (ਜਿਵੇਂ ਇਲੈਕਟ੍ਰਾੱਨ, ਪ੍ਰੋਟਾੱਨ ਅਤੇ ਨਿਊਟ੍ਰਾੱਨ) ਵਿਚ ਕੁਆਂਟਮ-ਮਕੈਨੀਕਲ ਇਕਸਾਰਤਾ ਹੁੰਦੀ ਹੈ, ਜਿਸ ਕਾਰਨ ਇਕ ਤੋਂ ਵੱਧ ਕਣਾਂ ਦਾ ਕਿਸੇ ਵਿਸ਼ੇਸ਼ ਕੁਆਂਟਮ ਮਕੈਨੀਕਲ ਅਵਸਥਾ ਵਿਚ ਹੋਣਾ ਅਸੰਭਵ ਹੈ (ਵਿਸਥਾਰ ਲਈ ਵੇਖੋ ਕੁਆਂਟਮ ਸਟੈਟਿਸਟਿਕਸ)। ਇਸ ਨੇ 1939 ਈ. ਵਿਚ ਰਾੱਇਲ ਸੁਸਾਇਟੀ ਦਾ ਮੈਡਲ ਹਾਸਲ ਕੀਤਾ।

ਹ. ਪੁ.–ਐਨ. ਬ੍ਰਿ. ਮਾ. 3 : 568

**ਡੀਲ** : ਇਹ ਸਕਾਟਸ ਪਾਈਨ ਪਾਈਨਸ ਸਿਲਵੇਸਟਰਿਸ (Pinus sylvestris) ਅਤੇ ਨਾਰਵੇ ਸਪ੍ਰੂਸ ਪਿਸ਼ੀ ਏਬੀਜ਼ ਤੋਂ ਪ੍ਰਾਪਤ ਹੋਣ ਵਾਲੀ ਲੱਕੜੀ ਦਾ ਆਮ ਨਾਂ ਹੈ। ਇਨ੍ਹਾਂ ਵਿਚੋਂ ਪਹਿਲੀ ਨੂੰ ਪੀਲੀ ਜਾਂ ਲਾਲ ਡੀਲ ਅਤੇ ਦੂਜੀ ਨੂੰ ਚਿੱਟੀ ਡੀਲ ਦਾ ਨਾਂ ਵੀ ਦਿੱਤਾ ਜਾਂਦਾ ਹੈ। ਸਕਾਟਸ ਪਾਈਨ ਦੀ ਲੱਕੜੀ ਜ਼ਿਆਦਾ ਚੰਗੀ ਹੁੰਦੀ ਹੈ।

ਹ. ਪੁ.–ਐਨ. ਬ੍ਰਿ. 7 : 126

**ਡੀਲਸ, ਆਟੋ ਪਾਲ ਹੈਰੱਮਾਨ** : ਜਰਮਨੀ ਦੇ ਇਸ ਕਾਰਬਨੀ ਰਸਾਇਣ-ਵਿਗਿਆਨੀ ਦਾ ਜਨਮ 23 ਜਨਵਰੀ, 1876 ਨੂੰ ਹੈਮਬਰਗ ਵਿਖੇ ਹੋਇਆ। ਇਸ ਨੇ 1950 ਈ. ਦਾ ਰਸਾਇਣ-ਵਿਗਿਆਨ ਦਾ ਨੋਬਲ ਪੁਰਸਕਾਰ ਕਰਟ ਐਲਡਰ ਨਾਲ ਰਲ ਕੇ ਡਾਈਈਨ ਸੰਸ਼ਲੇਸ਼ਣ ਉੱਤੇ ਕੰਮ ਕਰਨ ਦੇ ਸਿੱਟੇ ਵਜੋਂ ਪ੍ਰਾਪਤ ਕੀਤਾ। ਇਸ ਨੇ ਬਰਲਿਨ ਯੂਨੀਵਰਸਿਟੀ ਵਿਖੇ ਐਮਿਲ ਫਿਸ਼ਰ ਹੇਠ ਰਸਾਇਣ-ਵਿਗਿਆਨ ਦਾ ਅਧਿਐਨ ਕੀਤਾ। ਕਈ ਆਸਾਮੀਆਂ ਉੱਤੇ ਕੰਮ ਕਰਨ ਮਗਰੋਂ ਇਸ ਨੂੰ 1916 ਈ. ਵਿਚ ਕੀਲ ਯੂਨੀਵਰਸਿਟੀ ਨੇ ਰਸਾਇਣ-ਵਿਗਿਆਨ ਦਾ ਪ੍ਰੋਫ਼ੈਸਰ ਬਣਾ ਦਿੱਤਾ। ਸੰਨ 1945 ਵਿਚ ਇਹ ਪ੍ਰੋਫ਼ੈਸਰ ਆਫ਼ ਅਮੈਰੀਟਸ ਬਣਿਆ।

ਸੰਨ 1906 ਵਿਚ ਇਸ ਨੇ ਬਹੁਤ ਹੀ ਪ੍ਰਸਿੱਧ ਅਤੇ ਕਿਰਿਆਸ਼ੀਲ ਪਦਾਰਥ ਕਾਰਬਨ ਸਬ-ਆੱਕਸਾਈਡ ਜਾਂ ਮੈਲਾੱਨਿਕ ਐਨੱਹਾਈਡ੍ਰਾਈਡ ($C_3O_2$) ਦੀ ਖੋਜ ਕੀਤੀ ਅਤੇ ਇਸ ਦੀ ਰਸਾਇਣਿਕ ਬਣਤਰ ਅਤੇ ਗੁਣਾਂ ਦਾ ਪਤਾ ਲਾਇਆ। ਧਾਤਵੀ ਸਿਲੀਨੀਅਮ ਦੀ ਵਰਤੋਂ ਕਰਕੇ ਇਸ ਨੇ ਵਧੇਰੀ ਹਾਈਡ੍ਰੋਜਨ ਵਾਲੇ ਆੱਰਗੈਨਿਕ ਯੌਗਿਕਾਂ ਦੇ ਅਣੂਆਂ ਵਿਚੋਂ ਹਾਈਡ੍ਰੋਜਨ ਦੇ ਕੁਝ ਪਰਮਾਣੂ ਕੱਢਣ ਦਾ ਆਸਾਨੀ ਨਾਲ ਕੰਟਰੋਲ ਕੀਤੇ ਜਾਣ ਵਾਲਾ ਢੰਗ ਕੱਢਿਆ। ਇਸ ਦਾ ਸਭ ਤੋਂ ਮਹੱਤਵਪੂਰਨ ਕੰਮ ਡਾਈਈਨ ਸੰਸ਼ਲੇਸ਼ਣ ਨਾਲ ਸੰਬੰਧਤ ਸੀ, ਜਿਸ ਵਿਚ ਡਾਈਈਨਾਂ, ਦੂਹਰੇ-ਬੰਧਿਤ ਕਾਰਬਨ ਪ੍ਰਮਾਣੂਆਂ ਵਾਲੇ ਆੱਰਗੈਨਿਕ ਪਦਾਰਥਾਂ (ਜਿਵੇਂ ਕਿ 1, 3 ਬਿਊਟਾਡਾਈਈਨ) ਦੀ ਵਰਤੋਂ ਕਈ ਆੱਰਗੈਨਿਕ ਪਦਾਰਥਾਂ ਦੇ ਸੰਸ਼ਲੇਸ਼ਣ ਲਈ ਉਨ੍ਹਾਂ ਹਾਲਤਾਂ ਵਿਚ ਕੀਤੀ ਗਈ ਸੀ ਜਿਹੜੀਆਂ ਪ੍ਰਾਪਤ ਉਪਜਾਂ ਦੀ ਅਣਵੀਂ ਰਚਨਾ ਉੱਤੇ ਰੌਸ਼ਨੀ ਪਾਉਂਦੀਆਂ ਸਨ। ਇਹ ਢੰਗ 1928 ਈ. ਵਿਚ ਇਸ ਦੇ ਵਿਦਿਆਰਥੀ ਕਰਟ ਐਲਡਰ ਦੀ ਸਹਾਇਤਾ ਨਾਲ ਵਿਕਸਿਤ ਹੋਇਆ ਅਤੇ ਇਸ ਨੂੰ ਡੀਲਸ ਐਲਡਰ ਕਿਰਿਆ ਕਿਹਾ ਜਾਂਦਾ ਹੈ।

ਇਨ੍ਹਾਂ ਨੇ ਬਿਊਟਾਡਾਈਈਨ ਜਾਂ ਇਸ ਦੇ ਐਲੱਕਾਈਲ ਵਿਉਤਪੰਨ ਜਾਂ ਸਾਈਕਲੀ ਡਾਈਈਨਾਂ ਵਰਗੀਆਂ ਸਰਲ ਡਾਈਈਨਾਂ ਲਈਆਂ ਅਤੇ ਇਨ੍ਹਾਂ ਨੂੰ 1, 4 ਨੈਫ਼ਥੋਕੁਇਨੋਨਾਂ ਨਾਲ ਮਿਲਾ ਕੇ ਬਿਨ੍ਹਾਂ ਕਿਸੇ ਦੂਸਰੇ ਰੀਏਜੰਟ ਦੇ ਵਿਘਨ ਪਾਏ ਐਂਥ੍ਰਾਕੁਇਨੋਨ ਦੇ ਸਮਜਾਤਾਂ ਦੀ ਪੂਰੀ ਲੜੀ ਪ੍ਰਾਪਤ ਕੀਤੀ। ਇਨ੍ਹਾਂ ਨੇ ਜਟਿਲ ਅਣੂ ਕੇਵਲ ਅਭਿਕਾਰਕਾਂ ਨੂੰ ਹੀ ਇਕੱਠੇ ਕਰਨ ਨਾਲ ਪ੍ਰਾਪਤ ਕੀਤੇ। ਬਹੁਤੇ ਤਾਪ ਦੀ ਲੋੜ ਨਾ ਹੋਣ ਅਤੇ ਵਧੇਰੇ ਤਾਪ ਉਤਪੰਨ ਨਾ ਹੋਣ ਕਾਰਨ ਕਿਰਿਆਵਾਂ ਤਾਪ ਦੀਆਂ ਉਨ੍ਹਾਂ ਹਾਲਤਾਂ ਵਿਚ ਹੁੰਦੀਆਂ ਰਹੀਆਂ ਜਿਹੋ ਜਿਹੀਆਂ ਜੀਵਿਤ ਆਰਗੈਨਿਜ਼ਮ ਵਿਚ ਹੁੰਦੀਆਂ ਹਨ। ਆਈਸੋਪਰੀਨ ਵਰਗੀਆਂ ਸਾਧਾਰਨ ਡਾਈਈਨਾਂ ਪਾੱਲੀਮਰਾਈਜੇਸ਼ਨ (ਬਹੁਲੀਕਰਨ) ਨਾਲ ਇਕ ਸੰਸ਼ਲਿਸ਼ਟ ਰਬੜ ਬਣਾਉਂਦੀਆਂ ਹਨ ਅਤੇ ਡਾਈਈਨ ਸੰਸ਼ਲੇਸ਼ਣ ਵਿਸ਼ੇਸ਼ ਤੌਰ ਤੇ ਪਲਾਸਟਿਕ ਉਤਪਾਦਨ ਵਿਚ ਲਾਹੇਵੰਦ ਸਾਬਤ ਹੋਇਆ ਹੈ।

7 ਮਾਰਚ, 1954 ਨੂੰ ਕੀਲ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. 7 : 395; ਐਨ. ਬ੍ਰਿ. ਮਾ. 3: 537

**ਡੀਲਫਿਸ਼** : ਇਹ ਲੈਮਪਰਿਡੀਫ਼ਾੱਰਮੀਜ਼ (Lampridiformes) ਵਰਗ, ਟ੍ਰੈਕੀਪਟੈਰਡੀ (Trachipteridae) ਕੁਲ ਅਤੇ ਟ੍ਰੈਕੀਪਟੈਰਸ (Trachipterus) ਪ੍ਰਜਾਤੀ ਦੀਆਂ ਸੰਸਾਰ ਵਿਆਪੀ ਸਮੁੰਦਰੀ ਮੱਛੀਆਂ ਹਨ, ਜਿਹੜੀਆਂ 400 ਮੀ. ਤੱਕ ਦੀ ਡੂੰਘਾਈ ਤੋਂ ਉਪਰ ਉਪਰ ਹੀ ਮਿਲਦੀਆਂ ਹਨ।

ਤਕਰੀਬਨ 2.5 ਮੀ. ਲੰਮੀਆਂ ਇਨ੍ਹਾਂ ਮੱਛੀਆਂ ਦਾ ਸਰੀਰ ਪਤਲਾ ਤੇ ਪਾਸਿਆਂ ਤੋਂ ਪਿਚਕਿਆ ਹੋਇਆ, ਸਿਰ ਛੋਟਾ, ਮੂੰਹ ਤੰਗ ਤੇ ਦੰਦ ਕਮਜ਼ੋਰ ਹੁੰਦੇ ਹਨ। ਇਨ੍ਹਾਂ ਦਾ ਪਿੱਠ ਖੰਭੜਾ ਸਾਰੀ ਪਿੱਠ ਤੱਕ ਜਾਂਦਾ ਹੈ। ਖੰਭੜਾ (ਜੇ ਹੋਵੇ ਤਾਂ) ਅਵਿਕਸਿਤ ਹਾਲਤ ਵਿਚ ਹੁੰਦਾ ਹੈ। ਪੈਕਟੋਰਲ ਖੰਭੜੇ ਛੋਟੇ ਛੋਟੇ ਹੁੰਦੇ ਹਨ।

ਹ. ਪੁ.–ਐਨ. ਬ੍ਰਿ. ਮਾ. 3 : 413

**ਡੀ. ਲਾ ਮੇਅਰ, ਵਾਲਟਰ ਜਾਨ** : ਇਸ ਬਰਤਾਨਵੀ ਕਵੀ ਤੇ ਨਾਵਲਕਾਰ ਦਾ ਜਨਮ 25 ਅਪ੍ਰੈਲ, 1873 ਨੂੰ ਕੈਂਟ ਵਿਚ ਚਾਰਲਟਨ ਵਿਖੇ ਹੋਇਆ। ਇਸ ਨੇ ਸੇਂਟ ਪਾਲ ਸਕੂਲ, ਲੰਡਨ ਤੋਂ ਵਿਦਿਆ ਪ੍ਰਾਪਤ ਕੀਤੀ। ਸੰਨ 1890 ਤੋਂ 1908 ਤਕ ਇਹ ਲੰਡਨ ਵਿਚ ਐਂਗਲੋ ਅਮੈਰੀਕਨ ਆਇਲ ਕੰਪਨੀ ਦੇ ਦਫ਼ਤਰ ਵਿਚ ਕਲਰਕ ਰਿਹਾ। ਇਸ ਦੀ ਸਭ ਤੋਂ ਪਹਿਲੀ ਰਚਨਾ 'ਕਿਸਮਤ' ਸੀ ਜੋ 1895 ਵਿਚ 'ਦਾ ਸਕੈਚ' ਵਿਚ ਛਪੀ। 'ਵਾਲਟਰ ਰੈਮਲ' ਕਲਪਿਤ ਨਾਂ ਹੇਠ ਇਸ ਦੀ ਪਹਿਲੀ ਕਿਤਾਬ 'ਸਾਂਗਜ਼ ਆਫ਼ ਚਾਈਲਡਹੁੱਡ' 1902 ਵਿਚ ਪ੍ਰਕਾਸ਼ਤ ਹੋਈ। ਸੰਨ 1908 ਵਿਚ ਬਰਤਾਨੀਆ ਸਰਕਾਰ ਨੇ ਇਸ ਨੂੰ ਥੋੜ੍ਹੀ ਜਿਹੀ ਗਰਾਂਟ ਦਿੱਤੀ ਅਤੇ ਫਿਰ 100 ਪੌਂਡ ਸਾਲਾਨਾ ਪੈਨਸ਼ਨ ਦੇ ਕੇ ਸਰਕਾਰ ਨੇ ਇਸ ਦੀ ਮਾਇਕ ਸਹਾਇਤਾ ਕੀਤੀ।

ਇਸ ਦਾ ਪਹਿਲਾ ਨਾਵਲ 'ਹੈਨਰੀ ਬਰਾੱਕਨ' 1904 ਵਿਚ ਛਪਿਆ ਅਤੇ ਇਸ ਦੀ ਪੁਸਤਕ 'ਪੋਇਮਜ਼' 1906 ਵਿਚ ਛਪੀ ਇਸ ਪਿਛੋਂ ਬੱਚਿਆਂ ਅਤੇ ਬਾਲਗਾਂ ਲਈ ਲਗਾਤਾਰ ਅਣਗਿਣਤ ਨਿੱਕੀਆਂ ਕਹਾਣੀਆਂ, ਕਵਿਤਾਵਾਂ ਤੇ ਨਾਵਲ ਛਪੇ। ਇਸ ਦੀਆਂ ਹੋਰ ਰਚਨਾਵਾਂ ਵਿਚ 'ਦਾ ਮੈਮਾਇਅਰਜ਼ ਆਫ਼ ਏ ਮਿਡਗੈਟ' (1921) 'ਦਿਸ ਯੀਅਰ, ਨੈਕਸਟ ਯੀਅਰ' (1937) ; 'ਮੈਮਰੀ ਐਂਡ ਅਦਰ ਪੋਇਮਜ਼' (1938) ; ਬੀਹੋਲਡ, ਦਿਸ ਡਰੀਮਰ (1939) ਪਲੇਜ਼ਰਜ਼ ਐਂਡ ਸਪੈਕੁਲੇਸ਼ਨਜ਼ (1940) ; 'ਬੈਲੱਜ਼ ਐਂਡ ਗ੍ਰਾਸ' (1941) 'ਕੁਲੈਕਟਿਡ ਪੋਇਮਜ਼' (1942) ; 'ਲਵ' (1943) ; 'ਕੁਲੈਕਟਿਡ ਰ੍ਹਾਈਮਜ਼ ਐਂਡ ਵਰਸਿਜ਼' (1944) ; 'ਦਾ ਬਰਨਿੰਗ ਗਲਾਸ' (1945) ; 'ਦੀ ਟ੍ਰੈਵਲਰ' (1946) ਅਤੇ 'ਓ ਲਵਲੀ ਇੰਗਲੈਂਡ' (1953) ਆਦਿ ਸ਼ਾਮਲ ਹਨ। ਇਹ ਆਪਣੀ ਰਚਨਾ ਵਿਚ ਅਲੌਕਿਕ ਵਾਤਾਵਰਨ ਪੈਦਾ ਕਰਨ ਦੀ ਸਮਰਥਾ ਰੱਖਦਾ ਸੀ। ਸੰਨ 1948 ਵਿਚ ਇਸ ਨੂੰ 'ਕੰਪੈਨੀਅਨ ਆਫ਼ ਆੱਨਰ' ਅਤੇ 1953 ਵਿਚ 'ਆੱਰਡਰ ਆੱਫ਼ ਮੈਰਿਟ' ਨਾਲ ਸਨਮਾਨਿਆ ਗਿਆ।

22 ਜੂਨ, 1956 ਵਿਚ ਇਸ ਸਰਬਪੱਖੀ ਵਿਦਵਾਨ ਦੀ ਮੌਤ ਮਿਡਲਸੈਕਸ ਵਿਚ ਟਵਿਕੱਨਹੈਮ ਵਿਖੇ ਹੋਈ।

ਹ. ਪੁ.–ਐਨ. ਬ੍ਰਿ. ਮਾ. 3 : 441; ਐਨ. ਅਮੈ. 8 : 606

**ਡੀ ਲਾ ਰੋਸ਼, ਮਾਜ਼ੋ** : ਕੈਨੇਡਾ ਦੀ ਇਸ ਉੱਘੀ ਲੇਖਿਕਾ ਦਾ ਜਨਮ 15 ਜਨਵਰੀ, 1885 ਨੂੰ ਆਂਟੇਰੀਓ ਵਿਚ ਨਿਊਮਾਰਕਿਟ ਵਿਖੇ ਹੋਇਆ। ਇਸ ਨੇ ਜਾਲਨਾ ਦੇ ਵਾਈਟ ਓਕ ਪਰਿਵਾਰ ਬਾਰੇ ਲੜੀਵਾਰ ਨਾਵਲ ਲਿਖੇ ਅਤੇ 1925 ਤੋਂ 1950 ਈ. ਦੌਰਾਨ ਇਹ ਉੱਘੀ ਲੇਖਿਕਾ ਬਣੀ। ਇਸ ਦੇ ਇਨ੍ਹਾਂ ਬਿਰਤਾਂਤਾਂ ਦੀ ਲੜੀ ਕੈਨੇਡਾ ਨਾਲੋਂ ਸੰਯੁਕਤ ਰਾਜ ਅਤੇ ਯੂਰਪ ਵਿਚ ਵਧੇਰੇ ਪ੍ਰਚੱਲਤ ਹੋਈ। ਇਸ ਪਹਿਲੀ ਸਫ਼ਲਤਾ 'Jalna' (1927) ਦੇ ਛਪਣ ਨਾਲ ਪ੍ਰਾਪਤ ਹੋਈ ਸੰਨ 1935 ਵਿਚ ਇਸ ਨਾਵਲ ਉੱਤੇ ਪਿਕਚਰ ਵੀ ਬਣੀ। ਇਸ ਇਲਾਵਾ 15 ਹੋਰ ਪੁਸਤਕਾਂ ਵਿਚ ਇਸ ਨੇ ਵਾਈਟ ਓਕ ਪਰਿਵਾਰ 100 ਸਾਲਾਂ ਦਾ ਵੇਰਵਾ ਦਿੱਤਾ ਹੈ। ਇਸ ਨੇ ਬੱਚਿਆਂ ਦੀ ਕਹਾਣੀਆਂ, ਸਫ਼ਰਨਾਮੇ, ਨਾਟਕ ਅਤੇ ਸਵੈਜੀਵਨੀ 'ਰਿੰਗਿੰਗ ਚੇਂਜਿਜ਼' (1957) ਅਤੇ ਨਾਟਕ ਵੀ ਲਿਖੇ।

12 ਜੁਲਾਈ, 1962 ਨੂੰ ਟਰਾਂਟੋ ਵਿਖੇ ਇਸ ਦੀ ਮੌਤ ਹੋ ਗਈ

ਹ. ਪੁ.–ਐਨ. ਬ੍ਰਿ. ਮਾ. 3 : 443; ਕੋਲ. ਐਨ. 6 : 159

**ਡੀਲੀਅਸ, ਫ੍ਰੈਡਰਿਕ** : ਇਸ ਬਰਤਾਨਵੀ ਸੰਗੀਤਕਾਰ ਦਾ ਜਨਮ 29 ਜਨਵਰੀ, 1862 ਨੂੰ ਯਾਰਕਸ਼ਿਰ ਵਿਚ ਬ੍ਰੈਡਫੋਰਡ ਵਿਖੇ ਹੋਇਆ। ਲੰਡਨ ਤੋਂ ਵਿਦਿਆ ਪ੍ਰਾਪਤ ਕਰਨ ਮਗਰੋਂ ਕੁਝ ਸਮੇਂ ਲਈ ਇਹ ਆਪਣੇ ਪਿਤਾ ਦੀ ਫਰਮ ਵਿਚ ਕੰਮ ਕਰਦਾ ਰਿਹਾ। ਸੰਨ 1884 ਵਿਚ ਇਹ ਫਲੋਰਿਡਾ ਚਲਾ ਗਿਆ। ਸੰਗਤਰਿਆਂ ਦੇ ਬਾਗ ਵਿਚ ਕੰਮ ਕਰਨ ਦੇ ਨਾਲ ਨਾਲ ਆਪਣਾ ਵਾਧੂ ਸਮਾਂ ਇਸਨੇ ਸੰਗੀਤ ਸਿੱਖਣ ਵਿਚ ਲਗਾਇਆ। ਸੰਨ 1886 ਵਿਚ ਇਹ ਲਾਈਪਸਿਕ ਚਲਾ ਗਿਆ ਅਤੇ ਉਥੇ ਇਸ ਸੰਗੀਤ ਵਿਦਿਆਲੇ ਵਿਚ ਸ਼ਾਮਲ ਹੋ ਗਿਆ। ਇਸ ਸਮੇਂ ਦੌਰਾਨ ਫਿਰ ਇਹ ਪੈਰਿਸ ਵਿਚ ਜਾ ਕੇ ਰਹਿਣ ਲੱਗ ਪਿਆ ਅਤੇ 1901 ਵਿਚ ਚਿੱਤਰਕਾਰ ਜੈਲਕਾ ਰੋਜ਼ਨ ਨਾਲ ਵਿਆਹ ਕਰਵਾਉਣ ਤੋਂ ਬਾਅਦ ਇਹ ਗ੍ਰੇਜ਼-ਸੁਰ-ਲੋਇੰਗ ਵਿਖੇ ਵੱਸ ਗਿਆ। ਇਸ ਦੇ ਗੀਤਾਂ, ਓਪੇਰਿਆਂ ਅਤੇ ਆੱਰਕੈਸਟਰਾ ਸੰਗੀਤ ਨੂੰ ਵਿਸ਼ੇਸ਼ ਕਰਕੇ ਜਰਮਨੀ ਵਿਚ ਬੜਾ ਪਸੰਦ ਕੀਤਾ ਗਿਆ। ਸੱਠ ਸਾਲ ਦੀ ਉਮਰ ਮਗਰੋਂ ਇਸ ਨੂੰ ਅਧਰੰਗ ਹੋ ਗਿਆ ਅਤੇ ਅੰਤ ਵਿਚ ਇਸ ਦੀਆਂ ਅੱਖਾਂ ਦੀ ਰੌਸ਼ਨੀ ਖ਼ਤਮ ਹੋ ਗਈ। ਫਿਰ ਵੀ ਇਸ ਨੇ ਲਿਖੇਰੇ ਐਰਿਕ ਫ਼ੈਨਬਾਈ ਦੀ ਸਹਾਇਤਾ ਨਾਲ ਸੰਗੀਤ ਰਚਨਾ ਜਾਰੀ ਰੱਖੀ। ਸੰਨ 1929 ਵਿਚ ਇਸ ਨੂੰ ਕੰਪੈਨੀਅਨ ਆਫ਼ ਆਨਰ ਦੀ ਉਪਾਧੀ ਨਾਲ ਸਨਮਾਨਿਆ ਗਿਆ।

ਇਸ ਦੇ ਸੰਗੀਤ-ਨਾਟ ਅਤੇ ਹੋਰ ਸੰਗੀਤ ਰਚਨਾਵਾਂ ਅਜੇ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚ 'ਓਵਰ ਦੀ ਹਿਲਜ਼ ਐਂਡ ਫਾਰ ਅਵੇ' (1895) , ਆਰਕੈਸਟਰਾ ਲਈ 'ਡਾਨਸ ਰੈਪਸੋਡੀਜ਼' (1908, 1916) ਅਤੇ 'ਸਮਰ ਨਾਈਟ ਆੱਨ ਦੀ ਰਿਵਰ' (1912) ਸ਼ਾਮਲ ਹਨ।

10 ਜੂਨ, 1934 ਨੂੰ ਫ਼ਰਾਂਸ ਵਿਚ ਗ੍ਰੇਜ਼-ਸਰ-ਲੋਇੰਗ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 8 : 623; ਐਨ. ਬ੍ਰਿ.ਮਾ. 3 : 449; ਕੋਲ. ਐਨ. 6 : 173

**ਡੀਲੀਅਨ ਸਮੱਸਿਆ** : ਇਸ ਸਮੱਸਿਆ ਨੂੰ ਘਣ ਦਾ ਦੁਗਣੀਕਰਨ ਵੀ ਕਹਿੰਦੇ ਹਨ। ਇਹ ਯੂਨਾਨੀ ਗਣਿਤਵੇਤਾਵਾਂ ਦੀਆਂ ਮਸ਼ਹੂਰ ਹੱਲ ਨਾ ਹੋ ਸਕੀਆਂ ਸਮੱਸਿਆਵਾਂ ਵਿਚੋਂ ਇਕ ਹੈ ਜਿਸ ਦਾ ਸਬੰਧ ਕਿਸੇ ਦਿੱਤੇ ਹੋਏ ਘਣ ਤੋਂ ਦੁਗਣੇ ਆਇਤਨ ਦਾ ਘਣ ਬਣਾਉਣ ਨਾਲ ਹੈ। ਇਸ ਸਮੱਸਿਆ ਦੇ ਨਾਂ ਬਾਰੇ ਪਿਛੋਕੜ ਇਸ ਤਰ੍ਹਾਂ ਹੈ ਕਿ ਲਗਭਗ 430 ਈ. ਪੂ. ਡੀਲਾਸ ਉੱਤੇ ਪਲੇਗ ਫੈਲ ਗਈ ਅਤੇ ਕਿਸੇ ਗੈਬੀ ਆਵਾਜ਼ ਨੇ ਡੀਲੀਅਨਾਂ ਨੂੰ ਇਹ ਸਲਾਹ ਦਿੱਤੀ ਕਿ ਮੌਜੂਦਾ ਘਣਆਕਾਰ ਕੁਰਬਾਨਗਾਹ ਤੋਂ ਦੁੱਗਣੇ ਆਇਤਨ ਦੀ ਇਕ ਨਵੀਂ ਕੁਰਬਾਨਗਾਹ ਬਣਾਈ ਜਾਵੇ ਤਦ ਇਸ ਪਲੇਗ ਦਾ ਖ਼ਾਤਮਾ ਹੋਵੇਗਾ। ਇਸ ਸਮੱਸਿਆ ਨੂੰ ਹੱਲ ਕਰਨ ਲਈ ਬਹੁਤ ਸਾਰੇ ਉੱਘੇ ਗਣਿਤਵੇਤਾਵਾਂ ਨੇ ਕੰਮ ਕੀਤਾ।

ਹ. ਪੁ.—ਐਨ. ਬ੍ਰਿ. ਮਾ. 3 : 448

**ਡੀਲੀਆ** : ਇਹ ਆਈਓਨੀਆ ਦੇ ਲੋਕਾਂ ਦਾ ਇਕ ਪ੍ਰਾਚੀਨ ਉਤਸਵ ਸੀ ਜਿਹੜਾ ਯੂਨਾਨੀ ਦੇਵਤੇ ਅਪੋਲੋ ਦੇ ਸਨਮਾਨ ਵਿਚ ਡੀਲੋਸ ਵਿਖੇ ਹਰ ਸਾਲ ਮਨਾਇਆ ਜਾਂਦਾ ਸੀ। ਸਥਾਨਕ ਤੌਰ ਤੇ ਇਸ ਨੂੰ ਅਪੋਲੋਨੀਆ ਕਿਹਾ ਜਾਂਦਾ ਸੀ। ਆਈਓਨੀਆ ਦੀ ਰਾਜਨੀਤਕ ਕਦਰ ਕੀਮਤ ਘੱਟ ਜਾਣ ਨਾਲ ਇਸ ਉਤਸਵ ਦੀ ਮਹੱਤਤਾ ਵੀ ਘੱਟ ਗਈ ਪਰ 426 ਈ. ਪੂ. ਸ਼ਾਹੀ ਫ਼ੁਰਮਾਨ ਨਾਲ ਏਥਨਜ਼ ਦੇ ਲੋਕਾਂ ਨੇ ਇਸ ਨੂੰ ਮੁੜ ਮਨਾਉਣਾ ਸ਼ੁਰੂ ਕੀਤਾ।

ਹ. ਪੁ.- ਐਨ. ਬ੍ਰਿ. ਮਾ. 3 : 447

**ਡੀਵਾਨੀਯਾ** : ਇਹ ਇਰਾਕ ਦਾ ਇਕ ਸ਼ਹਿਰ ਹੈ ਜਿਹੜਾ ਬਗ਼ਦਾਦ ਤੋਂ 160 ਕਿ. ਮੀ. ਦੱਖਣ-ਵੱਲ ਫ਼ਰਾਤ ਦਰਿਆ ਦੀ ਹਿਲ੍ਹਾ ਸਾਖ਼ਾ ਦੇ ਕੰਢੇ ਹਿੱਲਾ ਤੋਂ ਕੋਈ 80 ਕਿ. ਮੀ. ਦੱਖਣ-ਪੂਰਬ ਵੱਲ ਵਾਕਿਆ ਹੈ ਅਤੇ ਬਗ਼ਦਾਦ ਨਾਲ ਸੜਕ ਤੇ ਰੇਲ ਦੁਆਰਾ ਜੁੜਿਆ ਹੋਇਆ ਹੈ। ਦਰਿਆ ਦੇ ਦੋਹਾਂ ਕੰਢਿਆਂ ਉੱਤੇ ਵਾਕਿਆ ਇਸ ਸ਼ਹਿਰ ਦਾ ਵਧੇਰੇ ਹਿੱਸਾ ਦਰਿਆ ਦੇ ਖੱਬੇ ਕੰਢੇ ਉਪਰ ਵਸਿਆ ਹੋਇਆ ਹੈ। ਇਸ ਦਾ ਪ੍ਰਾਚੀਨ ਨਾਉਂ ਹਿਸਕਾ ਸੀ।

ਇਥੋਂ ਦੀਆਂ ਇਮਾਰਤਾਂ ਇੱਟਾਂ ਅਤੇ ਗਾਰੇ ਦੀਆਂ ਬਣੀਆਂ ਹੋਈਆਂ ਹਨ. ਬਗ਼ਦਾਦ ਵਾਲੀ ਸੜਕ ਤੇ ਵਾਕਿਆ ਹੋਣ ਕਾਰਨ ਇਸ ਸ਼ਹਿਰ ਦਾ ਫ਼ੌਜੀ ਨੁਕਤੇ ਤੋਂ ਕਾਫ਼ੀ ਮਹੱਤਤਾ ਹੈ।

ਹ. ਪੁ.—ਐਨ. ਬ੍ਰਿ. 7 : 520

**ਡੀਵਿਨੀ, ਥੀਓਡੋਰ ਲੋ** : ਇਹ ਸੰਯੁਕਤ ਰਾਜ ਅਮਰੀਕਾ ਦਾ ਛਪਾਈ ਕਲਾ ਦਾ ਵਿਦਵਾਨ ਸੀ ਜਿਸ ਨੇ ਟਾਈਪ ਦੇ ਇਤਿਹਾਸ ਸਬੰਧੀ ਕਈ ਪੁਸਤਕਾਂ ਲਿਖੀਆਂ। ਇਸ ਦਾ ਜਨਮ 25 ਦਸੰਬਰ, 1828 ਨੂੰ ਕੁਨੈਕਟੀਕਟ ਰਾਜ ਵਿਚ ਸਟੈਮਫਰਡ ਵਿਖੇ ਹੋਇਆ। ਵੱਖ. ਵੱਖ ਅਖ਼ਬਾਰਾਂ ਵਿਚ ਸਿਖਾਂਦਰੂ ਰਹਿਣ ਮਗਰੋਂ 1849 ਵਿਚ ਇਹ ਨਿਊਯਾਰਕ ਸ਼ਹਿਰ ਦੇ ਇਕ ਮਸ਼ਹੂਰ ਛਾਪਕ ਫਰਾਂਸਿਸ ਹਾਰਟ ਕੋਲ ਕੰਮ ਕਰਨ ਲੱਗ ਗਿਆ। ਇਸ ਨੇ ਕਿਤਾਬਾਂ ਛਾਪਣ ਦੇ ਕੰਮ ਵਿਚ ਬੜੀ ਦਿਲਚਸਪੀ ਲਈ। ਸੰਨ 1864 ਵਿਚ ਇਸਨੇ ਛਪਾਈ ਸਬੰਧੀ ਲਿਖਣਾ ਸ਼ੁਰੂ ਕੀਤਾ।

ਫ੍ਰਾਂਸਿਸ ਹਾਰਟ ਦੀ ਮੌਤ ਪਿਛੋਂ ਇਹ ਆਪ ਫ਼ਰਮ ਦਾ ਮਾਲਕ ਬਣ ਗਿਆ। ਛਪਾਈ ਦੇ ਖੇਤਰ ਵਿਚ ਬਹੁਤ ਵਾਧਾ ਹੋਇਆ। ਸੰਨ 1883 ਵਿਚ ਇਸ ਨੇ ਫਰਮ ਦਾ ਨਾਂ ਬਦਲ ਕੇ 'ਥੀਓਡੋਰ ਐਲ. ਡੀ ਵਿਨੀ ਐਂਡ ਕੰਪਨੀ' ਰੱਖ ਦਿੱਤਾ। ਡੀਵਿਨੀ 'ਗਰੋਲੀਅਰ ਕਲਬ' ਦਾ ਮੋਢੀ ਸੀ। ਇਸ ਕਲੱਬ ਵੱਲੋਂ ਬਹੁਤ ਸਾਰੀਆਂ ਪੁਸਤਕਾਂ ਦੀ ਸੰਪਾਦਨਾ ਕੀਤੀ ਗਈ। ਇਕ ਛਾਪਕ ਦੇ ਤੌਰ ਤੇ ਇਹ ਮਾਅਰਕੇ ਦਾ ਕਲਾਕਾਰ ਸੀ ਪਰ ਫਿਰ ਵੀ ਇਸ ਨੂੰ ਸਿਰਜਨਾਤਮਕ ਕਲਾਕਾਰ ਨਹੀਂ ਕਿਹਾ ਜਾ ਸਕਦਾ।

ਛਪਾਈ ਦੀ ਕਲਾ ਨਾਲ ਸਬੰਧਤ ਇਸ ਨੇ ਵਿਦਵਤਾ ਪੂਰਨ, ਸਰਲ ਅਤੇ ਸਪੱਸ਼ਟ ਪੁਸਤਕਾਂ ਲਿਖੀਆਂ। ਇਸ ਦੀਆਂ ਪ੍ਰਮੁੱਖ ਰਚਨਾਵਾਂ ਵਿਚ 'ਦੀ ਪ੍ਰੈਕਟਿਸ ਆਫ਼ ਟਾਈਪੋਗ੍ਰਾਫ਼ੀ (1900-04) ; 'ਦੀ ਇਨਵੈਨਸ਼ਨ ਆਫ਼ ਪ੍ਰਿੰਟਿੰਗ' (1876), ਅਤੇ 'ਕ੍ਰਿਸਟੋਫਰ ਪਲੈਨਟਿਨ ਐਂਡ ਦਾ ਪਲੈਟਿਨ – ਮੋਰੈਟਸ ਮਿਊਜ਼ੀਅਮ ਐਟ ਐਂਟਵਰਪ' (1888) ਸ਼ਾਮਲ ਹਨ।

16 ਫ਼ਰਵਰੀ, 1914 ਨੂੰ ਨਿਊਯਾਰਕ ਸ਼ਹਿਰ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਅਮੈ. 9 : 41 ; ਐਨ. ਬ੍ਰਿ. ਮਾ. 3 : 504

**ਡੂਗੇ, ਲੀਆੱਨ** : ਇਹ ਇਕ ਫ਼ਰਾਂਸੀਸੀ ਕਾਨੂੰਨਦਾਨ ਹੋਇਆ ਹੈ ਜਿਹੜਾ ਆਪਣੇ ਸਮੇਂ ਦਾ ਬਹੁਤ ਹੀ ਕ੍ਰਾਂਤੀਕਾਰੀ ਕਾਨੂੰਨੀ ਵਿਚਾਰਵਾਨ ਮੰਨਿਆ ਜਾਂਦਾ ਸੀ। ਇਸ ਦਾ ਜਨਮ 4 ਫ਼ਰਵਰੀ, 1859 ਈ. ਨੂੰ ਜ਼ੀਰੋਂਦ ਵਿਚ ਲਿਯੂਰਨ ਵਿਖੇ ਹੋਇਆ। ਇਸ ਨੇ ਬੋਰਡੋ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਪ੍ਰਾਪਤ ਕੀਤੀ ਅਤੇ 1883 ਈ. ਵਿਚ ਕਾਂ (Caen) ਵਿਖੇ ਲਾਅ ਫੈਕਲਟੀ ਵਿਚ ਪ੍ਰੋਫ਼ੈਸਰ ਨਿਯੁਕਤ ਹੋ ਗਿਆ। ਸੰਨ 1886 ਵਿਚ ਇਹ ਫਿਰ ਬੋਰਡੋ ਵਿਖੇ ਹੀ ਲਾਅ ਫੈਕਲਟੀ ਦਾ ਡੀਨ ਬਣ ਗਿਆ। ਆਪਣੇ ਜੀਵਨ ਦੇ ਅੰਤਲੇ ਸਮੇਂ ਤੱਕ ਇਹ ਇਸੇ ਪਦ ਤੇ ਰਿਹਾ। ਇਕ ਹੋਣਹਾਰ ਅਧਿਆਪਕ ਅਤੇ ਸੰਵਿਧਾਨਕ ਕਾਨੂੰਨ ਦਾ ਵਿਦਵਾਨ ਹੋਣ ਦੇ ਨਾਤੇ ਇਹ ਕਾਨੂੰਨ-ਦਾਰਸ਼ਨਿਕ ਵਜੋਂ ਜਗਤ ਪ੍ਰਸਿੱਧ ਹੋਇਆ। ਇਸ ਨੇ ਕਾਨੂੰਨ ਦੇ

ਪਰੰਪਰਾਗਤ ਸਿਧਾਂਤਾਂ ਨੂੰ ਰੱਦ ਕਰਦਿਆਂ ਇਹ ਸਿਧਾਂਤ ਪ੍ਰਕਾਸ਼ਤ ਕੀਤਾ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ ਜਿਸ ਵਿਚ ਸਮਾਜਕ ਗਠਬੰਧਨ ਦੀ ਭਾਵਨਾ ਵਿਦਮਾਨ ਹੈ। ਇਸ ਦੇ ਵਿਚਾਰ ਵਿਚ ਰਾਜ ਦੀ ਨਾ ਕੋਈ ਸ਼ਖ਼ਸੀਅਤ ਹੈ ਅਤੇ ਨਾ ਹੀ ਇਸ ਕੋਲ ਪ੍ਰਭੁਸਤਾ ਹੈ ਅਤੇ ਸਰਕਾਰਾਂ ਸਮਾਜ ਅਤੇ ਕਾਨੂੰਨ ਦੀਆਂ ਪਾਬੰਦ ਹਨ। ਕਾਨੂੰਨ ਸਬੰਧੀ ਇਸ ਦੀਆਂ ਕਈ ਪੁਸਤਕਾਂ ਬਹੁਤ ਮਹੱਤਵਪੂਰਨ ਮੰਨੀਆਂ ਜਾਂਦੀਆਂ ਹਨ ਜਿਵੇਂ 'ਲਾਅ ਇਨ ਦੀ ਮਾਡਰਨ ਸਟੇਟ'।

ਇਸ ਦੀ ਮੌਤ 18 ਦਸੰਬਰ, 1928 ਨੂੰ ਬੋਰਡੋ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 7 : 741; ਐਨ. ਬ੍ਰਿ. ਮਾ. 3 : 695

**ਡੁਮਕਾ** : ਉੱਤਰ-ਪੂਰਬੀ ਭਾਰਤ ਵਿਚ ਬਿਹਾਰ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਮੋਰ ਦਰਿਆ ਦੇ ਪੂਰਬ ਵੱਲ ਜ਼ਰਾਇਤੀ ਵਪਾਰ ਦਾ ਕੇਂਦਰ ਹੈ। ਇਥੇ ਭਾਗਲਪੁਰ ਯੂਨੀਵਰਸਿਟੀ ਨਾਲ ਸਬੰਧਿਤ ਇਕ ਕਾਲਜ ਸਥਾਪਿਤ ਹੈ। ਇਹ ਬਿਹਾਰ ਰਾਜ ਵਿਚ ਸਭ ਤੋਂ ਪੁਰਾਣੇ ਬਰਤਾਨਵੀ ਅੱਡੇ ਦੇ ਤੌਰ ਤੇ ਮਸ਼ਹੂਰ ਹੈ। ਸੰਨ 1769 ਦੇ ਬਣੇ ਨਕਸ਼ੇ ਵਿਚ ਇਸ ਨੂੰ 'ਡਮ ਕਾਮਾਂ' ਨਾਂ ਨਾਲ ਦਿਖਾਇਆ ਗਿਆ ਹੈ। ਸੰਨ 1795 ਵਿਚ ਇਸ ਨੂੰ ਭਾਗਲਪੁਰ ਵਿਚ ਮਿਲਾ ਲਿਆ ਗਿਆ। ਸੰਨ 1855 ਤੱਕ ਇਸ ਦਾ ਨਾਂ ਡਮਕਾ ਜਾਂ ਡੂਮਕਾ ਸੀ। ਸੰਨ 1855 ਵਿਚ ਇਹ ਸੰਥਾਲ ਪਰਗਨਾ ਜ਼ਿਲ੍ਹੇ ਦਾ ਸਦਰ-ਮੁਕਾਮ ਸੀ ਪਰ ਪਿੱਛੋਂ ਇਹ ਡੁਮਕਾ ਉਪ-ਜ਼ਿਲ੍ਹੇ ਦਾ ਸਦਰ-ਮੁਕਾਮ ਰਿਹਾ। ਸੰਨ 1903 ਤੋਂ ਇਥੇ ਮਿਉਂਸਪਲਟੀ ਕਾਇਮ ਹੈ।

ਆਬਾਦੀ—38,096 (1991)

24° 16′ ਉ. ਵਿਥ. ; 87° 15′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 269

**ਡੁਮਡੁਮਾ** : ਇਹ ਭਾਰਤ ਦੇ ਆਸਾਮ ਰਾਜ ਦੇ ਡਿਬਰੂਗੜ੍ਹ ਜ਼ਿਲ੍ਹੇ ਦਾ ਇਕ ਨਗਰ ਹੈ। ਚਾਹ-ਉਦਯੋਗ ਦਾ ਇਹ ਪ੍ਰਸਿੱਧ ਕੇਂਦਰ ਹੈ। ਇਥੋਂ ਦਾ ਪੁਰਾਣਾ ਕਿਲਾ ਇਸ ਸ਼ਹਿਰ ਦੀ ਪ੍ਰਾਚੀਨਤਾ ਦਾ ਸੰਕੇਤ ਹੈ ਅਤੇ ਇਸ ਕਿਲੇ ਦੇ ਖੰਡਰਾਂ ਵਿਚ ਪੁਲਸ ਚੌਕੀ ਸਥਾਪਿਤ ਕੀਤੀ ਗਈ ਹੈ।

ਆਬਾਦੀ — 15,121 (1991)

27°34′ ਉ. ਵਿਥ. ; 95° 35′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 377; ਹਿੰ. ਵਿ. ਕੋ. 5 : 252

**ਡੁਰਾਂਸ** : ਇਹ ਦੱਖਣ-ਪੂਰਬੀ ਫਰਾਂਸ ਦਾ ਦਰਿਆ ਹੈ ਜਿਹੜਾ ਓਤ-ਐਲਪਸ (Hautes Alpes) ਡਿਪਾਰਟਮੈਂਟ ਵਿਚ ਐਲਪਸ ਪਹਾੜਾਂ ਉਪਰੋਂ ਬ੍ਰੀਆਨਸੋਨ ਨੇੜਿਓਂ ਨਿਕਲਦਾ ਹੈ। ਆਪਣੇ ਸ੍ਰੋਤ ਤੋਂ ਦੱਖਣ-ਪੱਛਮ ਦੀ ਦਿਸ਼ਾ ਵਿਚ 304 ਕਿ. ਮੀ. ਦਾ ਪੈਂਡਾ ਤੈਅ ਕਰਨ ਪਿੱਛੋਂ ਐਵੀਨਯਾਨ ਤੋਂ 3 ਕਿ.ਮੀ. ਦੱਖਣ-ਪੱਛਮ ਵਿਚ ਇਹ ਰੋਨ੍ਹ ਦਰਿਆ ਨਾਲ ਮਿਲ ਜਾਂਦਾ ਹੈ। ਕਲੇਰ ਅਤੇ ਗੀਸੇਨ ਦਰਿਆ ਇਸ ਨਾਲੋਂ ਤੇਜ਼ ਵਹਾਅ ਵਾਲੇ ਹਨ। ਦੋਨੋਂ ਹੀ ਇਸ ਦੇ ਸ੍ਰੋਤ ਵਾਲੀ ਥਾਂ ਨੇੜੇ ਇਸ ਵਿਚ ਮਿਲ ਜਾਂਦੇ ਹਨ ਜਿਸ ਤੋਂ ਵਹਾਅ ਵੀ ਕਾਫੀ ਤੇਜ਼ ਹੋ ਜਾਂਦਾ ਹੈ। ਕਈ ਹੋਰ ਸ਼ਾਖਾਵਾਂ ਨੂੰ ਆਪਣੇ ਵਿਚ ਸਮੇਟ ਕੇ ਇਹ ਤੰਗ ਘਾਟੀਆਂ ਅਤੇ ਪਥਰੀਲੀਆਂ ਵਾਦੀਆਂ ਵਿਚੋਂ ਲੰਘ ਕੇ ਆਮਬ੍ਰਾਨ ਦੇ ਆਲੇ-ਦੁਆਲੇ ਘੁੰਮਦਾ ਹੈ। ਐਲਪਸ ਡਾ ਓਤ ਡਿਪਾਰਟਮੈਂਟ ਵਿਚ ਬੂਸ਼ (Buech) ਨਾਲਾ ਇਸ ਨਾਲ ਮਿਲਦਾ ਹੈ। ਵਰਨਨ ਦਰਿਆ ਨਾਲ ਮਿਲਣ ਪਿੱਛੋਂ ਬੂਸ਼ ਡੂ ਰੋਨ੍ਹ ਅਤੇ ਵੋਕਲੂਜ਼ (Vaucluse) ਡਿਪਾਰਟਮੈਂਟਾਂ ਦੀ ਹੱਦ ਨੇੜੇ ਰੋਨ੍ਹ ਦਰਿਆ ਨਾਲ ਮਿਲਣ ਲਈ ਪੱਛਮ ਵਿਚ ਵਹਿੰਦਾ ਹੈ। ਹੇਠਲੇ ਡੁਰਾਂਸ ਤੇ ਇਸ ਦੀਆਂ ਸਹਾਇਕ ਨਦੀਆਂ ਉਪਰ ਪਣ-ਬਿਜਲੀ ਯੋਜਨਾਵਾਂ ਅਤੇ ਜਲ-ਭੰਡਾਰ ਬਣਾਕੇ ਇਸਦਾ ਪਾਣੀ ਭੂਮੀ ਦੀ ਸਿੰਜਾਈ ਲਈ ਵਰਤਿਆ ਜਾਂਦਾ ਹੈ।

43° 55′ ਉ. ਵਿਥ.; 4° 44′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 286 ; ਐਨ. ਅਮੈ. 9 :485

**ਡੁਰੁਕੁਲੀ** : ਇਹ ਮੱਧ ਅਤੇ ਦੱਖਣੀ ਅਮਰੀਕਾ ਵਿਚ ਮਿਲਣ ਵਾਲੀ, ਸੈਬਿਡੀ (Cebidae) ਕੁਲ ਦਾ ਜੰਗਲੀ ਬਾਂਦਰ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਏਓਟੀਜ਼ ਟ੍ਰਿਵਿਰਗੇਟਸ (Aotes triurgatus) ਹੈ। ਰਾਤ ਨੂੰ ਦੇਖ ਸਕਣ ਕਰਕੇ ਇਸ ਨੂੰ ਰਾਤਲ-ਬਾਂਦਰ ਜਾਂ ਉੱਲੂ-ਬਾਂਦਰ ਵੀ ਕਹਿੰਦੇ ਹਨ।

ਇਹ ਬਾਂਦਰ ਤਕਰੀਬਨ 25-50 ਸੈਂ. ਮੀ. ਲੰਮਾ ਹੁੰਦਾ ਹੈ ਤੇ ਲਗਭਗ ਇਤਨੀ ਹੀ ਲੰਮੀ ਇਸ ਦੀ ਪੂਛ ਹੁੰਦੀ ਹੈ। ਇਸਦਾ ਸਿਰ ਗੋਲ, ਕੰਨ ਛੋਟੇ ਤੇ ਫ਼ਰ ਸੰਘਣੀ, ਨਰਮ ਤੇ ਭੂਰੇ ਜਾਂ ਸਲੇਟੀ ਰੰਗ ਦੀ ਹੁੰਦੀ ਹੈ। ਇਸ ਦੀ ਖ਼ਾਸ ਪਛਾਣ ਇਸ ਦੀਆਂ ਵੱਡੀਆਂ ਵੱਡੀਆਂ, ਪੀਲੇ-ਜਿਹੇ ਭੂਰੇ ਰੰਗ ਦੀਆਂ ਅੱਖਾਂ ਹਨ ਜਿਨ੍ਹਾਂ ਦੇ ਦੁਆਲੇ ਚਿੱਟੇ ਨਿਸ਼ਾਨ ਹੁੰਦੇ ਹਨ ਅਤੇ ਇਹ ਨਿਸ਼ਾਨ ਤਿੰਨ ਗੂੜ੍ਹੇ ਰੰਗ ਦੀਆਂ ਧਾਰੀਆਂ ਨੂੰ ਵੱਖ ਕਰਦੇ ਹਨ।

ਇਨ੍ਹਾਂ ਬਾਂਦਰਾਂ ਦੀ ਆਵਾਜ਼ ਬਹੁਤ ਉੱਚੀ ਹੁੰਦੀ ਹੈ। ਦਰਖ਼ਤਾਂ ਦੀਆਂ ਖੋਲਾਂ ਵਿਚ ਇਹ ਛੋਟੇ ਛੋਟੇ ਪਰਿਵਾਰਾਂ ਵਿਚ ਰਹਿੰਦੇ ਹਨ। ਰਾਤ ਨੂੰ ਇਹ ਖ਼ੁਰਾਕ ਦੀ ਭਾਲ ਵਿਚ ਨਿਕਲਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਕੀੜੇ ਮਕੌੜੇ, ਫੁਲ ਅਤੇ ਛੋਟੇ ਛੋਟੇ ਜਾਨਵਰ ਹਨ। ਤ੍ਰੇਲ ਦੇ ਤੁਪਕਿਆਂ ਤੇ ਦਰਖ਼ਤਾਂ ਦੀਆਂ ਟਹਿਣੀਆਂ ਤੋਂ ਇਹ ਪਾਣੀ ਦੀ ਲੋੜ ਪੂਰੀ ਕਰਦੇ ਹਨ। ਆਮ ਤੌਰ ਤੇ ਇਹ ਇਕੋ ਹੀ ਬੱਚੇ ਨੂੰ ਜਨਮ ਦਿੰਦੇ ਹਨ।

ਹ. ਪੁ.—ਐਨ. ਬ੍ਰਿ. ਮਾ. 3 : 726

**ਡੁਰੂ ਦਰਿਆ** : ਉੱਤਰੀ ਸਪੇਨ ਅਤੇ ਪੁਰਤਗਾਲ ਦਾ ਸਭ ਤੋਂ ਵੱਡਾ ਦਰਿਆ ਹੈ ਜਿਹੜਾ ਸਪੇਨ ਦੇ ਸੋਰੀਆ ਪ੍ਰਾਂਤ ਦੇ ਸਿਐਰਾ ਡੇ ਉਰਬੀਆ ਪਰਬਤਾਂ ਵਿਚੋਂ ਨਿਕਲ ਕੇ ਨਿਊਮੈਨਚੀਆ ਪਠਾਰ ਨੂੰ ਪਾਰ ਕਰਕੇ 770 ਕਿ. ਮੀ. ਦਾ ਸਫਰ ਕਰਨ ਉਪਰੰਤ ਪੁਰਤਗਾਲ ਦੇ ਓਪੋਰਟੋ ਸ਼ਹਿਰ ਨੇੜੇ ਅੰਧ ਮਹਾਂਸਾਗਰ ਵਿਚ ਜਾ ਡਿਗਦਾ ਹੈ। 110 ਕਿ. ਮੀ. ਦੇ ਖੇਤਰ ਵਿਚ ਇਹ ਸਪੇਨ ਅਤੇ ਪੁਰਤਗਾਲ ਵਿਚਲੀ ਹੱਦ ਬਣਾਉਂਦਾ ਹੈ। ਇਹ ਕੁੱਲ 79,096 ਵ. ਕਿ. ਮੀ. ਖੇਤਰ ਦਾ ਜਲ ਨਿਕਾਸ ਕਰਦਾ ਹੈ। ਇਸਦੇ ਸਾਰੇ ਵਹਿਣ ਵਿਚ ਕਈ ਸਹਾਇਕ ਨਦੀਆਂ ਇਸ ਨਾਲ ਰਲਦੀਆਂ ਹਨ। ਉੱਤਰੀ ਖੇਤਰ ਵਲੋਂ ਦੀ ਏਜ਼ਲਾ, ਪਿਸਵੈਰਗਾ ਇਸ ਵਿਚ ਮਿਲ ਜਾਂਦੀਆਂ ਹਨ। ਦੱਖਣੀ ਖੇਤਰ ਵਲੋਂ ਆਉਣ ਵਾਲੀਆਂ ਨਦੀਆਂ ਘੱਟ ਮਹੱਤਵਪੂਰਨ ਹਨ।

ਸੰਨ 1930 ਤੋਂ ਪਿੱਛੋਂ ਇਸ ਦਰਿਆ ਦਾ ਪਾਣੀ ਸਿੰਜਾਈ ਅਤੇ ਬਿਜਲੀ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦਰਿਆ ਦੇ ਸਾਰੇ ਵਹਿਣ ਦੇ ਆਸਪਾਸ ਦੇ ਇਲਾਕੇ ਵਿਚ ਅੰਗੂਰਾਂ ਦੀ ਕਾਸ਼ਤ ਹੁੰਦੀ ਹੈ। ਮੁਹਾਣੇ ਦੇ ਨੇੜੇ ਰੇਤ ਭਿੱਤੀਆਂ, ਬ੍ਰੇਤੀਆਂ ਚਟਾਨਾਂ ਕਰਕੇ ਇਸ ਦਾ ਮੁਹਾਣਾ ਉਥਲਾ ਪੁਥਲਾ ਜਿਹਾ ਹੋ ਗਿਆ ਹੈ। ਇਸੇ ਕਰਕੇ ਪੁਰਤਗਾਲ ਵਿਚ ਇਸ ਵਿਚ ਛੋਟੀਆਂ ਕਿਸ਼ਤੀਆਂ ਹੀ ਚਲ ਸਕਦੀਆਂ ਹਨ।

41° 08′ ਉ. ਵਿਥ.; 8° 40′ ਪੱ. ਲੰਬ.

ਹ. ਪੁ.—ਐਨ. ਅਮੈ. 9 : 315 : ਐਨ. ਬ੍ਰਿ. ਮਾ. 3 : 644

**ਡੁਰੈਸ** : ਇਹ ਪੱਛਮੀ ਅਲਬਾਨੀਆ ਦੀ ਪ੍ਰਮੁੱਖ ਬੰਦਰਗਾਹ ਹੈ ਅਤੇ ਡੁਰੈਸ ਡਿਸਟ੍ਰਿਕਟ ਦੀ ਰਾਜਧਾਨੀ ਅਤੇ ਇਕ ਪ੍ਰਸਿਧ ਸ਼ਹਿਰ ਹੈ

ਜਿਹੜਾ ਵੱਖ ਵੱਖ ਸਦੀਆਂ ਦੌਰਾਨ ਕਈ ਹਕੂਮਤਾਂ ਅਧੀਨ ਰਿਹਾ ਹੈ। ਇਹ ਅਲਬਾਨੀਆ ਦੇ ਟਿਰਾਨੇ ਸ਼ਹਿਰ ਦੇ ਪੱਛਮ ਵਿਚ ਐਡਰੀ-ਆਟਿਕ ਸਾਗਰ ਦੇ ਸਾਹਿਲ ਤੇ ਵਾਕਿਆ ਹੈ। ਡੁਰੈਸ ਦਾ ਪ੍ਰਾਰੰਭਕ ਨਾਂ ਐਪੀਡੈਮਨਸ ਸੀ ਜਿਸਨੂੰ 625 ਈ. ਪੂ. ਦੇ ਲਗਭਗ ਯੂਨਾਨ ਦੇ



ਡੁਰੈਸ ਦੇ ਸਾਬਕਾ ਬਾਦਸ਼ਾਹ ਜ਼ਾਗ ਦੇ ਮਹਿਲ ਦਾ ਲਾਂਘਾ

ਕਾੱਰਸਿਰਾ ਅਤੇ ਕੋਰਿੰਥ ਦੇ ਵਾਸੀਆਂ ਨੇ ਇਕ ਨੌਆਬਾਦੀ ਦੇ ਰੂਪ ਵਿਚ ਆਬਾਦ ਕੀਤਾ। ਪੈਲੋਪਾੱਨੇਸ਼ੀਆਈ ਜੰਗ ਦਾ ਕਾਰਨ ਡੁਰੈਸ ਸ਼ਹਿਰ ਹੀ ਸੀ। 312 ਈ. ਪੂ. ਦੌਰਾਨ ਡੁਰੈਸ ਉੱਤੇ ਇਲੀਰੀਅਨ ਬਾਦਸ਼ਾਹਤ ਦਾ ਕਬਜ਼ਾ ਹੋਇਆ । ਇਸ ਪਿੱਛੋਂ ਰੋਮਨਾਂ ਨੇ ਇਥੇ ਆਪਣਾ ਅਧਿਕਾਰ ਜਮਾ ਲਿਆ ਤੇ ਇਸ ਸ਼ਹਿਰ ਦਾ ਨਾਂ ਡਰੇਕੀਅਮ ਰੱਖ ਦਿੱਤਾ ਅਤੇ ਇਥੇ ਸੈਨਿਕ ਮਹਾਂਮਾਰਗ ਦਾ ਅੰਤਮ ਪੜਾਅ ਸਥਾਪਿਤ ਕੀਤਾ ਜਿਸ ਕਰਕੇ ਡੁਰੈਸ ਇਲੀਰੀਕਮ ਦੀ ਸਭ ਤੋਂ ਵੱਧ ਮਹੱਤਵਪੂਰਨ ਬੰਦਰਗਾਹ ਬਣਿਆ।

ਚੌਥੀ ਸਦੀ ਈ. ਦੌਰਾਨ ਇਥੇ ਐਪੀਰਸ ਨੌਵਾ ਨਾਮੀ ਇਕ ਰੋਮਨ ਪ੍ਰਾਂਤ ਦੀ ਰਾਜਧਾਨੀ ਸਥਾਪਿਤ ਕੀਤੀ ਗਈ। ਸੰਨ 449 ਵਿਚ ਇਥੇ ਲਾਟ ਪਾਦਰੀ ਦਾ ਅਧਿਕਾਰ ਖੇਤਰ ਨਿਸ਼ਚਿਤ ਕੀਤਾ ਗਿਆ। ਇਸ ਸਮੇਂ ਦੀਆਂ ਪੁਰਾਣੀਆਂ ਇਮਾਰਤਾਂ ਅਤੇ ਰੋਮਨਾਂ ਦੇ ਕਾਰਜ - ਖੇਤਰ ਜਿਉਂ ਦੇ ਤਿਉਂ ਮੌਜੂਦ ਹਨ। ਸੰਨ 481 ਵਿਚ ਇਥੇ ਥੀਓਡਾੱਰਿਕ ਆਸਟਰੋਗਾਥ ਦਾ ਕਬਜ਼ਾ ਹੋਇਆ। ਦਸਵੀਂ ਤੇ ਗਿਆਰ੍ਹਵੀਂ ਸਦੀ ਦੌਰਾਨ ਬੁਲਗਾਰੀਆ ਨੇ ਇਥੇ ਹਮਲਾ ਕੀਤਾ ਤੇ ਕਬਜ਼ਾ ਕਰ ਲਿਆ। ਸੰਨ 1082 ਵਿਚ ਰਾਬਰਟ ਗਵੀਸਕਾਰਡ ਨਾਂ ਦੇ ਨਾਰਮਨ ਖੋਜੀ ਦੇ ਕਬਜ਼ੇ ਵਿਚ ਆ ਗਿਆ। ਫਿਰ 1185 ਈ. ਵਿਚ ਸਿਸਲੀ ਦੇ ਬਾਦਸ਼ਾਹ ਵਿਲੀਅਮ ਦੂਜੇ, ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ ਵੀਨਸੀ ਹਕੂਮਤ, 1258 ਈ. ਵਿਚ ਨੇਪਲਜ਼ ਤੇ ਫਿਰ 1272 ਈ. ਵਿਚ ਸਿਸਲੀ ਦੇ ਰਾਜਿਆਂ ਦਾ ਵਾਰੀ ਵਾਰੀ ਕਬਜ਼ਾ ਹੋਇਆ। ਸੰਨ 1333 ਵਿਚ ਇਹ ਯੂਨਾਨੀ ਪ੍ਰਿੰਸੀਪਲਟੀ ਨਾਲ ਜੋੜਿਆ ਗਿਆ ਪਰ 1334 ਵਿਚ ਸਰਬੀਆ ਹਕੂਮਤ ਇਸ ਸ਼ਹਿਰ ਤੇ ਹਾਵੀ ਹੋ ਗਈ ਜਿਨ੍ਹਾਂ ਤੋਂ ਅਗਾਂਹ ਵੀਨਸ ਦੇ ਅਧੀਨ ਚਲਾ ਗਿਆ ਤੇ 1501 ਈ. ਵਿਚ ਇਥੇ ਤੁਰਕਾਂ ਦਾ ਕਬਜ਼ਾ ਹੋ ਗਿਆ ਜਿਹੜਾ 1912 ਈ. ਤੱਕ ਕਾਇਮ ਰਿਹਾ। ਸੰਨ 1913 ਵਿਚ ਬਲਕਾਨ ਦੀ ਪਹਿਲੀ ਜੰਗ ਹਾਰ ਜਾਣ ਤੇ ਤੁਰਕ ਇਥੋਂ ਚਲੇ ਗਏ ਅਤੇ ਡੁਰੈਸ ਨੂੰ ਆਜ਼ਾਦ ਅਲਬਾਨੀਆ ਦੀ ਰਾਜਧਾਨੀ ਹੋਣ ਦਾ ਐਲਾਨ ਕਰ ਦਿੱਤਾ। ਅਗਲੇ ਹੀ ਵਰ੍ਹੇ ਇਥੇ ਸ਼ਹਿਜ਼ਾਦੇ ਵਿਲਹੈਲਮ ਨੇ ਯੂਰਪੀ ਮੱਦਦ ਨਾਲ ਹਮਲਾ ਕੀਤਾ। ਪਹਿਲੀ ਵੱਡੀ ਜੰਗ ਵਿਚ ਆਸਟ੍ਰੀਆ ਅਤੇ ਇਤਾਲਵੀਆ ਦੇ ਕਬਜ਼ੇ ਹੇਠ ਵੀ ਆਇਆ। ਸੰਨ 1920 ਵਿਚ ਇਤਾਲਵੀ ਫ਼ੌਜਾਂ ਪਿਛਾਂਹ ਹਟੀਆਂ ਤੇ 7 ਅਪ੍ਰੈਲ, 1939 ਨੂੰ ਫਾਸ਼ੀ ਇਟਲੀ (Fascist Italy) ਨੇ ਇਸਨੂੰ ਆਪਣਾ ਸਾਮਾਨ ਉਤਾਰਨ ਲਈ ਮੁੱਖ ਬੰਦਰਗਾਹ ਦੇ ਤੌਰ ਤੇ ਵਰਤਿਆ ਤੇ ਅਲਬਾਨੀਆ 'ਤੇ ਹਮਲਾ ਕੀਤਾ।

ਅੱਜਕੱਲ੍ਹ ਖ਼ੁਰਾਕੀ ਸਾਮਾਨ ਦੀ ਦਰਾਮਦ ਮੁੱਖ ਤੌਰ ਤੇ ਇਸੇ ਬੰਦਰਗਾਹ ਰਾਹੀਂ ਹੁੰਦੀ ਹੈ। ਸੰਨ 1944 ਵਿਚ ਜਰਮਨਾਂ ਨੇ ਇਸਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਪਰ ਮੁੜ ਉਸਾਰੀ ਕਰ ਦਿੱਤੀ ਗਈ ਹੈ ਅਤੇ ਇਥੋਂ ਰੇਲ-ਮਾਰਗ ਟਿਰਾਨੇ ਆਦਿ ਮਹੱਤਵਪੂਰਨ ਸਥਾਨਾਂ ਨੂੰ ਜਾਂਦੇ ਹਨ। ਇਥੇ ਸਮੁੰਦਰੀ ਜਹਾਜ਼ਾਂ ਦੇ ਕਾਰਖ਼ਾਨੇ, ਤਮਾਕੂ, ਪਲਾਸਟਿਕ ਤੇ ਚਮੜੇ ਦਾ ਸਾਮਾਨ ਬਣਾਉਣ ਦੇ ਉਦਯੋਗ ਸਥਾਪਿਤ ਹਨ।

ਆਬਾਦੀ—86,900 (1991)

ਹ. ਪੁ.–ਐਨ. ਬ੍ਰਿ. ਮਾ. 4 : 296; ਵੈਬ. ਨਿਊ ਜੁਗ. ਡਿਕ.

**ਡੁਰੈਂਗੋ** : ਰਾਜ—ਇਹ ਉੱਤਰ-ਕੇਂਦਰੀ ਮੈਕਸੀਕੋ ਦਾ ਰਾਜ ਹੈ। ਉੱਤਰ ਵੱਲੋਂ ਚਿਵਾਵਾ, ਪੂਰਬ ਵੱਲੋਂ ਕੋਆਵੀਲਾ ਤੇ ਜ਼ੈਕਾਟੇਕਾਸ, ਦੱਖਣ ਵਲੋਂ ਯੈਰਿਤ ਅਤੇ ਪੱਛਮ ਵਲੋਂ ਸੀਨਾਲੋਆ ਰਾਜ ਇਸਦੀ ਹੱਦਬੰਦੀ ਕਰਦੇ ਹਨ। ਡੁਰੈਂਗੋ ਸ਼ਹਿਰ ਇਸ ਰਾਜ ਦੀ ਰਾਜਧਾਨੀ ਹੈ। ਰਾਜ ਦਾ ਕੁੱਲ ਰਕਬਾ 1,19,648 ਵ. ਕਿ. ਮੀ. ਅਤੇ ਕੁੱਲ ਵਸੋਂ 13,52,156 (1990) ਹੈ। ਸੰਨ 1562-63 ਦੌਰਾਨ ਸਭ ਤੋਂ ਪਹਿਲਾਂ ਯੂਰਪੀ ਖੋਜੀ ਇਥੇ ਪਹੁੰਚੇ । ਸੰਨ 1823 ਤੋਂ ਪਹਿਲਾਂ ਡੁਰੈਂਗੋ ਅਤੇ ਚਿਵਾਵਾ ਖੇਤਰ ਨੁਏਵਾ ਵਿਜ਼ੀਆਯਾ ਦਾ ਵੱਡਾ ਹਿੱਸਾ ਸਨ ਅਤੇ ਇਸ ਵਿਸ਼ਾਲ ਖੇਤਰ ਵਿਚ ਨੌਆਬਾਦੀਆਂ ਨਾਲ ਨਾਲ ਹੀ ਸਥਾਪਿਤ ਹੋਈਆਂ। ਸੰਨ 1823 ਵਿਚ ਚਿਵਾਵਾ ਅਤੇ ਡੁਰੈਂਗੋ ਵੱਖ ਵੱਖ ਸਵੈ-ਸ਼ਾਸਤ ਰਾਜ ਸਥਾਪਿਤ ਹੋਏ। 19ਵੀਂ ਸਦੀ ਦੇ ਅੰਤਲੇ ਵਰ੍ਹਿਆਂ ਤੱਕ ਇਨ੍ਹਾਂ ਦੋਹਾਂ ਰਾਜਾਂ ਦੇ ਸਰਹੱਦੀ ਇਲਾਕਿਆਂ ਵਿਚ ਭਾਰਤੀ ਲੋਕਾਂ ਦਾ ਬੋਲ-ਬਾਲਾ ਸੀ।

ਡੁਰੈਂਗੋ ਰਾਜ ਦਾ 1,23,181 ਵ. ਕਿ. ਮੀ. ਦਾ ਪੱਛਮੀ ਖੇਤਰ ਖਣਿਜ ਪਦਾਰਥਾਂ ਦਾ ਭੰਡਾਰ ਹੈ। ਇਸਨੂੰ ਸੀਐਰਾ ਮਾਦਰੇ ਆੱਕਸੀਡੈਂਟਲ ਕਿਹਾ ਜਾਂਦਾ ਹੈ। ਪੂਰਬੀ ਖੇਤਰ ਅਰਧ-ਬੰਜਰ ਮੈਦਾਨੀ ਇਲਾਕਾ ਹੈ। ਇਥੇ ਪਸ਼ੂ-ਪਾਲਣ ਫਾਰਮ ਬਣਾਏ ਗਏ ਹਨ। ਸੀਐਰਾ ਮਾਦਰੇ ਖੇਤਰ ਤੋਂ ਪੂਰਬੀ ਪਾਸੇ ਵੱਲ ਰੀਓ ਨਾਜ਼ਾਸ ਵਹਿੰਦਾ ਹੈ ਜਿਹੜਾ ਇਥੋਂ ਦਾ ਸਭ ਤੋਂ ਵੱਡਾ ਦਰਿਆ ਹੈ ਅਤੇ 600 ਕਿ. ਮੀ. ਲੰਬਾ ਹੈ। ਬਹਾਰ-ਰੁੱਤ ਦੀ ਵਰਖਾ ਦੇ ਫਲਸਰੂਪ ਇਹ ਖੇਤਾਂ ਦੀ ਸਿੰਜਾਈ ਦਾ ਮੁੱਖ ਸਾਧਨ ਹੁੰਦਾ ਹੈ। ਕਪਾਹ, ਕਣਕ, ਮੱਕੀ, ਤਮਾਕੂ, ਗੰਨਾ, ਸਬਜ਼ੀਆਂ ਅਤੇ ਫੁੱਲ ਇਸ ਦਰਿਆ ਦੀ ਵਾਦੀ ਦੀਆਂ ਮੁੱਖ ਵਪਾਰਕ ਫਸਲਾਂ ਹਨ। ਰੀਓ ਨਾਜ਼ਾਸ ਦੇ ਹੇਠਲੇ ਹਿੱਸੇ ਵਿਚ ਲਾਰੂਨਾ ਕਪਾਹ ਦਾ ਖੇਤਰ ਹੈ। ਇਹ ਰਾਜ ਖਣਿਜ ਉਤਪਾਦਨ ਦਾ ਪ੍ਰਮੁੱਖ ਖੇਤਰ ਹੈ। ਇਥੇ ਚਾਂਦੀ, ਸੋਨਾ , ਗੰਧਕ, ਕਲੀ, ਕੋਲਾ, ਪਾਰਾ, ਸੁਰਮਾ, ਤਾਂਬਾ ਆਦਿ ਦੇ ਭੰਡਾਰ ਹਨ ਪਰ ਇਨ੍ਹਾਂ ਦੀ ਖੁਦਾਈ ਦਾ ਕੰਮ ਪੂਰੀ ਤਰ੍ਹਾਂ ਸ਼ੁਰੂ ਨਹੀਂ ਕੀਤਾ ਗਿਆ। ਰਾਜ ਅੰਦਰ ਢੋ-ਢੁਆਈ ਦੀ ਪੂਰੀ ਸਹੂਲਤ ਨਾ ਹੋਣਾ ਵੀ ਖਾਣ-ਉਦਯੋਗ ਦੀ ਉੱਨਤੀ ਵਿਚ ਵੱਡੀ ਰੁਕਾਵਟ ਹੈ।

ਮੈਕਸੀਕੋ ਦੀ ਨੈਸ਼ਨਲ ਰੇਲਵੇ ਦੇ ਰੇਲ-ਮਾਰਗ ਡੁਰੈਂਗੋ ਰਾਜ ਨੂੰ ਉੱਤਰ-ਪੂਰਬ ਤੋਂ ਦੱਖਣ-ਪੱਛਮੀ ਦਿਸ਼ਾ ਵਿਚ ਪਾਰ ਕਰਦੇ ਹਨ। ਇਕ ਹੋਰ ਰੇਲ ਮਾਰਗ ਰਾਜ ਦੇ ਪੂਰਬੀ ਖੇਤਰ ਦੇ ਆਰ ਪਾਰ ਜਾਂਦਾ ਹੈ। ਪੈਨ

ਅਮਰੀਕਨ ਹਵਾਈ ਮਾਰਗ ਦੀਆਂ ਸੇਵਾਵਾਂ ਵੀ ਇਸ ਰਾਜ ਨੂੰ ਮੁਹੱਈਆ ਕੀਤੀਆਂ ਗਈਆਂ ਹਨ।

ਹ. ਪੁ.—ਐਨ. ਬ੍ਰਿ. ਮਾ. 4 : 287

**ਡੁਰੈਂਗੋ** : ਸ਼ਹਿਰ—ਉੱਤਰੀ-ਪੱਛਮੀ ਕੇਂਦਰੀ ਮੈਕਸੀਕੋ ਦੇ ਇਸੇ ਨਾਂ ਦੇ ਰਾਜ ਦਾ ਵੱਡਾ ਸ਼ਹਿਰ ਹੈ ਜਿਸ ਦਾ ਪੂਰਾ ਨਾਂ ਵਿਕਟੋਰੀਆ ਡੇ ਡੁਰੈਂਗੋ ਹੈ। ਇਹ ਡੁਰੈਂਗੋ ਰਾਜ ਦੇ ਦੱਖਣੀ ਹਿੱਸੇ ਵਿਚ 1900 ਮੀ. ਦੀ ਉੱਚਾਈ ਉਪਰ ਗਵਾਦੀਆਨਾ ਵਾਦੀ ਦੇ ਜ਼ਰਾਇਤੀ ਅਤੇ ਪਸ਼ੂ-ਪਾਲਣ ਖੇਤਰ ਵਿਚ ਸਥਿਤ ਹੈ। ਇਸ ਦਾ ਪਿਛਵਾੜਾ ਲੋਹੇ ਦੀ ਖਾਣ-ਖੁਦਾਈ ਲਈ ਵੀ ਮਸ਼ਹੂਰ ਹੈ। ਇਸੇ ਕਰਕੇ ਇਹ ਸ਼ਹਿਰ ਇਨ੍ਹਾਂ ਸਭ ਚੀਜ਼ਾਂ ਦੀ ਤਜਾਰਤ ਲਈ ਵਪਾਰਕ ਮੰਡੀ ਦਾ ਕੰਮ ਕਰਦਾ ਹੈ। ਅੱਜਕੱਲ੍ਹ ਇਥੇ ਸੱਨਅਤਾਂ ਵੀ ਉੱਨਤ ਹਨ ਜਿਨ੍ਹਾਂ ਵਿਚ ਲੋਹੇ ਦੀ ਢਲਾਈ, ਕੱਪੜਾ ਤਿਆਰ ਕਰਨ, ਭੋਜਨ ਦੀਆਂ ਚੀਜ਼ਾਂ ਦੀ ਪ੍ਰਾਸੈਸਿੰਗ, ਸ਼ੀਸ਼ਾ, ਤਮਾਕੂ ਆਦਿ ਤਿਆਰ ਕਰਨ ਦਾ ਕੰਮ ਹੁੰਦਾ ਹੈ। ਇਹ ਆਲੇ ਦੁਆਲਿਓਂ ਆਉਂਦੀਆਂ ਰੇਲਾਂ, ਸੜਕਾਂ ਦਾ ਕੇਂਦਰ ਵੀ ਹੈ।

ਇਸ ਸ਼ਹਿਰ ਦੀ ਸਥਾਪਨਾ 1563 ਈ. ਵਿਚ ਕੀਤੀ ਗਈ ਸੀ। ਇਹ ਉੱਤਰੀ ਮੈਕਸੀਕੋ ਦੇ ਸ਼ੁਰੂ ਦੇ ਇਤਿਹਾਸ ਵਿਚ ਧਰਮ ਅਤੇ ਸਿਆਸਤ ਦਾ ਕੇਂਦਰ ਰਿਹਾ ਹੈ। ਇਥੇ 1856 ਈ. ਤੋਂ ਯੂਨੀਵਰਸਿਟੀ ਸਥਾਪਿਤ ਹੈ। ਇਸ ਸ਼ਹਿਰ ਦੇ ਨੇੜੇ ਦੋ ਗਰਮ ਪਾਣੀ ਦੇ ਚਸ਼ਮਿਆਂ ਕਰਕੇ, ਇਹ ਇਕ ਸੈਰਗਾਹ ਵੀ ਹੈ। ਇਸ ਦੇ ਨੇੜੇ ਹੀ ਜਰਨਲ ਗਵਾਦਾਲੂਪੇ ਵਿਕਟੋਰੀਆ ਅੰਦਰਰਾਸ਼ਟਰੀ ਹਵਾਈ ਅੱਡਾ ਵੀ ਹੈ।

ਆਬਾਦੀ—2,39,000 (1980)

24° 02′ ਉ. ਵਿਥ. ; 104° 40′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 287; ਐਨ. ਅਮੈ. 9 : 486

**ਡੁਰੈਂਟ ਵਿਲ ਅਤੇ ਐਰੀਅਲ** : ਇਹ ਦੋਵੇਂ ਪਤੀ ਪਤਨੀ ਅਮਰੀਕਾ ਦੇ ਪ੍ਰਸਿੱਧ ਲੇਖਕ ਸਨ ਜਿਹੜੇ 'ਸਟੋਰੀ ਆਫ਼ ਸਿਵਲਾਈਜੇਸ਼ਨ' ਦੱਸ ਜਿਲਦਾਂ ਵਿਚ (1935-67) ਲਿਖਣ ਕਾਰਣ ਇਤਿਹਾਸ ਅਤੇ ਦਰਸ਼ਨ ਦੇ ਪ੍ਰਸਿੱਧ ਲੇਖਕਾਂ ਵਿਚ ਗਿਣੇ ਜਾਂਦੇ ਹਨ। ਡੁਰੈਂਟ ਵਿਲ ਦਾ ਜਨਮ 5 ਨਵੰਬਰ 1885 ਨੂੰ ਸੰਯੁਕਤ ਰਾਜ ਅਮਰੀਕਾ ਦੇ ਮੈਸਾਚੂਸੈੱਟਸ ਪ੍ਰਾਂਤ ਦੀ ਬਰਕਸ਼ਿਰ ਕਾਉਂਟੀ ਦੇ ਉੱਤਰੀ ਐਡਮਜ਼ ਸ਼ਹਿਰ ਵਿਚ ਹੋਇਆ ਸੀ। ਐਰੀਅਲ ਜਿਸਦਾ ਮੁੱਢਲਾ ਨਾਉਂ ਏਡਾ ਕੈਉਫ਼ਮਾਨ ਸੀ, ਦਾ ਜਨਮ 10 ਮਈ, 1898 ਨੂੰ ਰੂਸ ਵਿਚ ਹੋਇਆ।

ਇਸ ਦਾ ਲੇਖਕ ਵਜੋਂ ਜੀਵਨ 'ਫ਼ਿਲਾਸਫ਼ੀ ਐਂਡ ਦੀ ਸੋਸ਼ਲ ਪ੍ਰਾਬਲਮ' (1917) ਛਪਣ ਨਾਲ ਆਰੰਭ ਹੁੰਦਾ ਹੈ। ਇਸ ਦੀ ਦੂਜੀ ਪੁਸਤਕ 'ਦੀ ਸਟੋਰੀ ਆਫ਼ ਦੀ ਫ਼ਿਲਾਸਫ਼ੀ' (1926) ਦੀਆਂ 30 ਸਾਲਾਂ ਤੋਂ ਘੱਟ ਸਮੇਂ ਵਿਚ 2000,000 ਤੋਂ ਵੱਧ ਕਾਪੀਆਂ ਵਿਕੀਆਂ ਤੇ ਉਸ ਦਾ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਇਸਤੋਂ ਇਲਾਵਾ ਇਸ ਨੇ 'ਰੂਸੋ ਐਂਡ ਰੇਵਲਯੂਸ਼ਨ', (1967) ਆਦਿ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ। ਜਦੋਂ ਇਹ ਨਿਊਯਾਰਕ ਸ਼ਹਿਰ ਵਿਚ ਫੈਰਰ ਮਾਡਲ ਸਕੂਲ ਵਿਚ ਪੜ੍ਹਾ ਰਿਹਾ ਸੀ ਇਸ ਨੇ ਆਪਣੀ ਇਕ ਵਿਦਿਆਰਥਣ, ਏਡਾ ਕੈਉਫਮੈਨ ਨਾਲ ਸ਼ਾਦੀ ਕਰ ਲਈ ਤੇ ਇਸ ਦਾ ਨਾਂ ਐਰੀਅਲ ਰੱਖ ਲਿਆ ਤੇ ਉਹ ਇਸ ਦੀਆਂ ਲਿਖਤਾਂ ਵਿਚ ਉਸ ਦਾ ਸਾਥ ਦਿੰਦੀ ਰਹੀ। ਸੰਨ 1977 ਵਿਚ ਇਨ੍ਹਾਂ ਦੋਹਾਂ ਦੀ ਸਵੈ-ਜੀਵਨੀ 'ਏ ਡਿਊਲ ਆਟੋਬਾੱਇਗਰਾਫ਼ੀ' ਵਿਚ ਪ੍ਰਕਾਸ਼ਿਤ ਹੋਈ।

7 ਨਵੰਬਰ, 1981 ਨੂੰ ਲਾਸ ਏਂਜਲਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 287

**ਡੂ** : ਪੂਰਬੀ ਫਰਾਂਸ ਦੇ ਫਰਾਂਸ ਕੋਂਟੇ ਖੇਤਰ ਵਿਚ ਇਹ ਇਕ ਡਿਪਾਰਟਮੈਂਟ ਹੈ ਜਿਹੜਾ ਕਿ ਸਵਿਟਜ਼ਰਲੈਂਡ ਦੀ ਸਰਹੱਦ ਉੱਤੇ ਸਥਿਤ ਹੈ। ਇਹ ਡਿਪਾਰਟਮੈਂਟ ਮਾਂਟਬੇਲੀਅਰਡ ਨਾਂ ਦੀ ਇਕ ਅਲਸੇਸੀਅਨ ਰਿਆਸਤ ਵਿਚੋਂ ਕੁਝ ਇਲਾਕਾ ਲੈ ਕੇ ਅਤੇ ਫਰਾਂਸ ਕੋਂਟੇ ਨਾਂ ਦੇ ਇਤਿਹਾਸਕ ਪ੍ਰਾਂਤ ਵਿਚੋਂ ਕੁਝ ਇਲਾਕਾ ਲੈ ਕੇ ਬਣਾਇਆ ਗਿਆ। ਇਸ ਦਾ ਖੇਤਰਫਲ 5,228 ਵ. ਕਿ. ਮੀ. (2,019 ਵ. ਮੀਲ) ਅਤੇ ਵਸੋਂ 484,828 (1990) ਹੈ। ਇਸ ਡਿਪਾਰਟਮੈਂਟ ਵਿਚ ਬਜ਼ੈਨਸਨ, ਮੌਂਬੇਲਯਾਰ, ਪੋਂਤਾਰਲਿਯੇ ਨਾਂ ਦੇ ਪ੍ਰਬੰਧਕੀ ਹਲਕੇ ਹਨ। ਇਸ ਡਿਪਾਰਟਮੈਂਟ ਦਾ ਨਾਂ ਇਸੇ ਹੀ ਨਾਂ ਦੇ ਦਰਿਆ ਪਿੱਛੇ ਪਿਆ ਹੈ ਜਿਹੜਾ ਕਿ ਇਸ ਡਿਪਾਰਟਮੈਂਟ ਦੀ ਰਾਜਧਾਨੀ ਸ਼ਹਿਰ, ਬੇਜਾਸੋ ਦੇ ਆਲੇ-ਦੁਆਲੇ ਘੁੰਮਣ-ਘੇਰੀਆਂ ਵਿਚ ਵਹਿੰਦਾ ਹੈ। ਆਗਨਾੱਨ ਦਰਿਆ ਡਿਪਾਰਟਮੈਂਟ ਦੀ ਉੱਤਰ-ਪੱਛਮੀ ਸਰਹੱਦ ਬਣਾਉਂਦਾ ਹੈ ਅਤੇ ਉੱਤਰ-ਪੂਰਬ ਤੋਂ ਦੱਖਣ-ਪੱਛਮ ਦਿਸ਼ਾ ਵਿਚ ਜੁਰਾ ਪਰਬਤ ਦੀਆਂ ਚਾਰ ਸਮਾਨਾਂਤਰ ਲੜੀਆਂ ਇਸ ਨੂੰ ਪਾਰ ਕਰਦੀਆਂ ਹਨ।

ਇਥੋਂ ਦਾ ਜਲਵਾਯੂ ਠੰਢਾ ਅਤੇ ਬਰਸਾਤੀ ਹੈ। ਜ਼ਿਆਦਾਤਰ ਇਥੇ ਸਖ਼ਤ ਸਰਦ ਰੁੱਤ ਹੁੰਦੀ ਹੈ। ਉਪਰਲੇ ਇਲਾਕਿਆਂ ਵਿਚ ਬਰਫ਼ ਆਮ ਕਰਕੇ ਛੇ ਤੋਂ ਅੱਠ ਮਹੀਨਿਆਂ ਦੌਰਾਨ ਪੈਂਦੀ ਹੈ। ਇਹ ਇਲਾਕੇ ਜਾਂ ਤਾਂ ਬੰਜਰ ਹਨ ਅਤੇ ਜਾਂ ਸੰਘਣੇ ਜੰਗਲਾਂ ਨਾਲ ਢੱਕੇ ਪਏ ਹਨ। ਇਸ ਤੋਂ ਇਲਾਵਾ ਇਥੇ ਬਹੁਤ ਵਧੀਆ ਚਰਾਗਾਹਾਂ ਵੀ ਹਨ। ਇਥੋਂ ਦੇ ਮੈਦਾਨੀ ਇਲਾਕਿਆਂ ਵਿਚ ਖਾਧ ਪਦਾਰਥ, ਸਬਜ਼ੀਆਂ, ਫਲ ਅਤੇ ਹਰ ਕਿਸਮ ਦੀਆਂ ਵੇਲਾਂ ਉਗਾਈਆਂ ਜਾਂਦੀਆਂ ਹਨ। ਸਹਿਕਾਰੀ ਕਾਰਖ਼ਾਨਿਆਂ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਗਰੂਯੇਰ ਪਨੀਰ (ਪਾਲੀ ਗੋਕਾਪਨੀਰ) ਬਣਾਇਆ ਜਾਂਦਾ ਹੈ।

ਸਮੁੱਚੇ ਤੌਰ ਤੇ ਇਹ ਡਿਪਾਰਟਮੈਂਟ ਇਕ ਦਿਹਾਤੀ ਇਲਾਕਾ ਹੀ ਹੈ। ਜ਼ਿਆਦਾਤਰ ਕਸਬੇ ਡੂ ਵਾਦੀ ਦੇ ਵਿਚ ਜਾਂ ਉਸ ਦੇ ਨੇੜੇ-ਤੇੜੇ ਸਥਿਤ ਹਨ। ਇਸ ਵਿਚ ਘੜੀਆਂ ਬਣਾਉਣ, ਧਾਤ ਦਾ ਸਾਮਾਨ, ਮੋਟਰ ਵਾਹਨਾਂ, ਕਪੜੇ ਅਤੇ ਖ਼ੁਰਾਕ ਤਿਆਰ ਕਰਨ ਦੇ ਉਦਯੋਗ ਸਥਾਪਿਤ ਹਨ। ਇਸ ਡਿਪਾਰਟਮੈਂਟ ਦੇ ਉੱਤਰੀ ਹਿੱਸੇ ਵਿਚ ਤਕਰੀਬਨ ਮੋਟਰ-ਗੱਡੀਆਂ ਬਣਾਉਣ ਦਾ ਸਿਰ ਕੱਢਵਾਂ ਉਦਯੋਗ ਸਥਾਪਿਤ ਹੈ ਇਥੇ ਸੈਰਸਪਾਟਾ ਵੀ ਬਹੁਤ ਵਿਕਸਿਤ ਹੈ।

ਹ. ਪੁ.—ਐਨ. ਬ੍ਰਿ. 4 : 194

**ਡੂਆਮੈੱਲ, ਜਾਰਜ (Duhamel, Georges)** : ਇਹ ਇਕ ਫ਼ਰਾਂਸੀਸੀ ਨਾਵਲਕਾਰ ਸੀ ਜੋ ਆਪਣੇ ਲੜੀਵਾਰ ਪ੍ਰਕਾਸ਼ਿਤ ਦੋ ਨਾਵਲਾਂ 'Vie et aventures de Salavin' (5 ਜਿਲਦਾਂ-1920-32) ਅਤੇ 'Chronique des Pasquier' (10 ਜਿਲਦਾਂ 1933-



ਜਾਰਜ ਡੂਆਮੈੱਲ

44) ਲਈ ਪ੍ਰਸਿੱਧ ਹੈ। ਇਸ ਦਾ ਜਨਮ 30 ਜੂਨ, 1884 ਨੂੰ ਪੈਰਿਸ ਵਿਚ ਹੋਇਆ। ਸੰਨ 1908 ਵਿਚ ਇਸ ਨੇ ਵਿਗਿਆਨ ਵਿਚ ਡਿਗਰੀ ਪ੍ਰਾਪਤ ਕੀਤੀ ਅਤੇ 1909 ਈ. ਵਿਚ ਇਹ ਡਾਕਟਰ ਆਫ਼ ਮੈਡੀਸਨ ਬਣਿਆ। ਇਸ ਦੀਆਂ ਲਿਖਤਾਂ ਵਿਚ ਇਸ ਦੀ ਵਿਗਿਆਨ, ਚਿਕਿਤਸਾ ਅਤੇ ਸੰਗੀਤ ਵਿਚ ਰੁਚੀ ਦੀ ਝਲਕ ਪੈਂਦੀ ਹੈ। ਇਸ ਨੇ ਖ਼ੂਬ ਸੈਰ-ਸਪਾਟਾ ਕੀਤਾ ਜਿਸ ਨਾਲ ਇਸ ਦਾ ਦ੍ਰਿਸ਼ਟੀ ਕੋਣ ਬਹੁਤ ਵਿਸ਼ਾਲ ਹੋ ਗਿਆ। ਪਹਿਲਾਂ ਇਹ ਕਵਿਤਾ, ਨਾਟਕ ਅਤੇ ਸਾਹਿਤਕ ਪੜਚੋਲ ਲਿਖਦਾ ਸੀ। ਇਸ ਨੂੰ ਸਮਾਜਕ ਕੰਮਾਂ ਵਿਚ ਬੜੀ ਦਿਲਚਸਪੀ ਸੀ। ਪਹਿਲੇ ਸੰਸਾਰ ਯੁੱਧ ਦੇ ਦੌਰਾਨ ਇਸ ਨੇ ਸੀਮਾ ਉੱਤੇ ਇਕ ਡਾਕਟਰ ਵਜੋਂ ਡਿਊਟੀ ਨਿਭਾਈ। ਜੰਗ ਦੇ ਦੌਰਾਨ ਲੋਕਾਂ ਦੀਆਂ ਮੁਸੀਬਤਾਂ ਨੂੰ ਇਸ ਨੇ ਆਪਣੀਆਂ ਪੁਸਤਕਾਂ 'Vie des Martyrs' (1917) ਅਤੇ 'Civilisation' 1914-1917 (1918) ਵਿਚ ਪੇਸ਼ ਕੀਤਾ ਅਤੇ ਜੰਗ ਦੀ ਨਿਰਾਥਕਤਾ ਨੂੰ ਰੂਪਮਾਨ ਕੀਤਾ।

ਸੰਨ 1920 ਤੋਂ ਮਗਰੋਂ ਇਸ ਨੇ ਲਿਖਣ ਨੂੰ ਹੀ ਆਪਣਾ ਕਿੱਤਾ ਬਣਾ ਲਿਆ। ਇਸ ਨੇ ਕਈ ਨਾਵਲ ਅਤੇ ਸਮਾਜਕ ਤੇ ਨੈਤਿਕ ਵਿਸ਼ਿਆਂ ਤੇ ਕਿੰਨੇ ਹੀ ਲੇਖ ਲਿਖੇ।

ਇਹ ਇਸ ਪੱਖ ਦਾ ਧਾਰਨੀ ਸੀ ਕਿ ਮਨੁੱਖੀ ਸਭਿਅਤਾ ਵਿਚ ਜੋ ਕੁਝ ਚੰਗਾ ਹੈ ਉਸ ਨੂੰ ਸੁਰੱਖਿਅਤ ਰਖਣਾ ਚਾਹੀਦਾ ਹੈ ਅਤੇ ਵਿਅਕਤੀਗਤ ਸੁਤੰਤਰਤਾ ਨੂੰ ਕਾਇਮ ਰੱਖਣਾ ਚਾਹੀਦਾ ਹੈ।

'Lumierers Sur Mavie' ਨਾਂ ਹੇਠਾਂ ਇਸ ਨੇ 5 ਜਿਲਦਾਂ ਵਿਚ ਆਪਣੀ ਸਵੈ ਜੀਵਨੀ ਵੀ ਲਿਖੀ। ਦੂਜੇ ਸੰਸਾਰ ਯੁੱਧ ਤੋਂ ਮਗਰੋਂ ਇਹ ਬਹੁਤ ਘੁੰਮਿਆ ਫਿਰਿਆ ਅਤੇ ਇਸ ਨੇ ਜਾਪਾਨ, ਤੁਰਕੀ ਅਤੇ ਇਸਰਾਈਲ ਸਬੰਧੀ ਪੁਸਤਕਾਂ ਲਿਖੀਆਂ।

13 ਅਪ੍ਰੈਲ, 1966 ਨੂੰ ਪੈਰਿਸ ਦੇ ਨੇੜੇ ਵਾਲਮੋਂਡਾੱਇ (Valmondois) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 742; ਐਨ. ਬ੍ਰਿ. ਮਾ. 3 : 695

**ਡੂਏ** : ਉੱਤਰੀ ਫਰਾਂਸ ਦੇ ਨਾਰ ਡਿਪਾਰਟਮੈਂਟ ਦਾ ਇਕ ਸ਼ਹਿਰ ਹੈ ਜਿਹੜਾ ਲੀਲ ਸ਼ਹਿਰ ਤੋਂ ਕੋਈ 40 ਕਿ. ਮੀ. ਦੱਖਣ ਵੱਲ ਬੈਲਜੀਅਮ ਦੀ ਹੱਦ ਤੋਂ 20 ਕਿ. ਮੀ. ਦੱਖਣ-ਪੱਛਮ ਵੱਲ ਨੂੰ ਹਟਵਾਂ ਸਕਾਰਪ ਦਰਿਆ ਦੇ ਕੰਢੇ ਉੱਤੇ ਵੱਸਿਆ ਹੋਇਆ ਹੈ। ਇਹ ਉੱਤਰੀ ਫ਼ਰਾਂਸ ਦੀਆਂ ਕੋਲਾ ਖਾਣਾਂ, ਰਸਾਇਣ ਅਤੇ ਇੰਜੀਨੀਅਰੀ ਦੇ ਕਾਰਖਾਨਿਆਂ ਦਾ ਪ੍ਰਮੁੱਖ ਕੇਂਦਰ ਹੈ। ਇਥੇ ਲੋਹੇ ਦੀ ਢਲਾਈ, ਧਾਤ, ਚੀਨੀ, ਰੇਲ ਦਾ ਸਾਮਾਨ, ਬੀਅਰ, ਕੱਚ ਅਤੇ ਰਸਾਇਣ ਤਿਆਰ ਕਰਨ ਦੇ ਕਾਰਖਾਨੇ ਹਨ। ਇਥੇ ਜ਼ਿਆਦਾਤਰ ਅਨਾਜ ਤੇਲ ਅਤੇ ਕੋਲੇ ਦਾ ਵਪਾਰ ਕੀਤਾ ਜਾਂਦਾ ਹੈ।

ਮੱਧ ਯੁੱਗ ਦੌਰਾਨ ਇਸ ਉੱਤੇ ਫਲੈਂਡਰਜ਼ ਦੇ ਕਾਊਂਟਾਂ ਅਤੇ ਬਾਅਦ ਵਿਚ ਵਾਰੀ-ਵਾਰੀ, ਆਸਟ੍ਰੀਆ ਅਤੇ ਸਪੇਨ ਦੇ ਡਿਊਕਾਂ ਦਾ ਅਧਿਕਾਰ ਰਿਹਾ। ਸੰਨ 1667 ਵਿਚ ਲੂਈ 14ਵੇਂ ਨੇ ਇਸ ਸ਼ਹਿਰ ਉੱਤੇ ਅਧਿਕਾਰ ਕਰ ਲਿਆ ਅਤੇ ਅਗਲੇ ਸਾਲ ਹੀ ਐਕਸ-ਲਾ-ਸ਼ਾਪੈਲ ਦੀ ਸੰਧੀ ਅਧੀਨ ਇਸ ਨੂੰ ਫ਼ਰਾਂਸ ਨੂੰ ਸੌਂਪ ਦਿੱਤਾ। ਸੰਨ 1710 ਅਤੇ 1712 ਦੀਆਂ ਨਾਕਾਬੰਦੀਆਂ ਦੌਰਾਨ ਇਹ ਸ਼ਹਿਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਅਤੇ 1918 ਈ. ਵਿਚ ਕੁਝ ਹੱਦ ਤੱਕ ਸੜ ਗਿਆ। ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ ਨੂੰ ਬਹੁਤ ਨੁਕਸਾਨ ਪਹੁੰਚਿਆ। 18ਵੀਂ ਸਦੀ ਵਿਚ ਇਸ ਨੂੰ ਮੁੜ ਤੋਂ ਤਕਰੀਬਨ ਸਾਰਾ ਹੀ ਬਣਾਇਆ ਗਿਆ।

ਆਬਾਦੀ— 41,576 (1982)

50° 22' ਉ. ਵਿਥ.; 3° 04' ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 636; ਐਨ. ਅਮੈ. 9 : 272

**ਡੂਸ਼ਾਂ, ਮਾਰਸੈੱਲ** : ਇਸ ਫ਼ਰਾਂਸੀਸੀ ਚਿੱਤਰਕਾਰ ਦਾ ਜਨਮ 28 ਜੁਲਾਈ, 1987 ਨੂੰ ਨਾਰਮੰਡੀ ਵਿਚ ਬੇਲਨਵੀਲ ਵਿਖੇ ਹੋਇਆ। ਇਹ ਜੈਕਸ ਵੀਯਾਨ ਚਿੱਤਰਕਾਰ ਅਤੇ ਰੇਮੰਡ ਡੂਸ਼ਾਂ ਵੀਯਾਨ ਬੁੱਤਘਾੜੇ ਦਾ ਭਰਾ ਸੀ। ਇਸ ਨੇ ਕਈ ਹਾਸ-ਰਸ ਰਸਾਲਿਆਂ ਲਈ ਕਾਰਟੂਨ ਵੀ ਬਣਾਏ। ਇਸ ਦੀਆਂ ਸ਼ੁਰੂ ਦੀਆਂ ਕਿਰਤਾਂ ਵਿਚ 'ਪੋਰਟ੍ਰੇਟ ਆਫ਼ ਦੀ ਆਰਟਿਸਟ ਫ਼ਾਦਰ' ਵਰਗੇ ਚਿੱਤਰ ਸ਼ਾਮਲ ਹਨ। ਸੰਨ 1911 ਤੋਂ ਇਸ ਨੇ ਕਿਊਬਿਜ਼ਮ ਸ਼ੈਲੀ ਵਿਚ ਚਿੱਤਰ ਬਣਾਉਣੇ ਸ਼ੁਰੂ ਕੀਤੇ। ਸੰਨ 1912 ਵਿਚ ਇਸ ਨੇ ਪ੍ਰਸਿੱਧ ਕਿਊਬਿਸਟ ਚਿੱਤਰ 'ਨਿਊਡ ਡਿਸੈਂਡਿੰਗ ਏ ਸਟੇਅਰਕੇਸ ਨੰਬਰ 2' ਬਣਾਇਆ। ਇਸ ਚਿੱਤਰ ਨੇ 1913 ਈ. ਵਿਚ ਨਿਊਯਾਰਕ ਵਿਚ ਸਨਸਨੀ ਪੈਦਾ ਕੀਤੀ। ਇਸ ਤੋਂ ਬਾਅਦ ਇਸ ਨੇ ਕੁਝ ਹੋਰ ਚਿੱਤਰ ਬਣਾਏ।

ਅਗਲੇ 10 ਸਾਲ ਇਸ ਨੇ ਕੋਈ ਪ੍ਰਮੁੱਖ ਚਿੱਤਰ ਨਹੀਂ ਬਣਾਇਆ ਅਤੇ ਅਖ਼ੀਰ ਵਿਚ ਇਸ ਨੇ ਚਿੱਤਰਕਾਰੀ ਹੀ ਛੱਡ ਦਿੱਤੀ ਪਰ 1920 ਈ. ਤਕ ਇਸ ਦਾ ਡਾਡਾਇਜ਼ਮ ਤੇ ਬਹੁਤ ਪ੍ਰਭਾਵ ਸੀ। ਜੂਨ, 1915 ਵਿਚ ਇਹ ਨਿਊਯਾਰਕ ਚਲਾ ਗਿਆ। ਉਥੇ ਇਸ ਨੇ ਆਧੁਨਿਕ ਕਲਾ ਨੂੰ ਉੱਨਤ ਕਰਨ ਲਈ ਇਕ ਸੁਸਾਇਟੀ ਕਾਇਮ ਕੀਤੀ।

ਪੂਰੇ 10 ਸਾਲ ਇਹ 'ਦੀ ਲਾਰਜ ਗਲਾਸ' ਨਾਮੀ ਚਿੱਤਰ ਬਣਾਉਣ ਵਿਚ ਲੱਗਾ ਰਿਹਾ ਪਰ 1923 ਈ. ਵਿਚ ਇਸ ਨੂੰ ਅਧੂਰਾ ਹੀ ਛੱਡ ਦਿੱਤਾ।

ਫਿਰ ਇਹ ਪੜ-ਯਥਾਰਥਵਾਦ ਨਾਲ ਜੁੜ ਗਿਆ। ਨਿਊ-ਯਾਰਕ ਵਿਚ ਇਸ ਦੀ ਚੰਗੀ ਪ੍ਰਸਿੱਧੀ ਹੋਣ ਲਗੀ। ਸੰਨ 1947 ਵਿਚ ਇਕ ਵਾਰੀ ਇਹ ਪੈਰਿਸ ਗਿਆ ਪਰ ਛੇਤੀ ਹੀ ਨਿਊਯਾਰਕ ਵਾਪਿਸ ਚਲਾ ਗਿਆ ਅਤੇ ਆਪਣਾ ਬਾਕੀ ਜੀਵਨ ਵਧੇਰੇ ਕਰਕੇ ਉਥੇ ਹੀ ਗੁਜ਼ਾਰਿਆ। ਸੰਨ 1955 ਵਿਚ ਇਹ ਸੰਯੁਕਤ ਰਾਜ ਅਮਰੀਕਾ ਦਾ ਨਾਗਰਿਕ ਬਣ ਗਿਆ।

'ਨਿਊਡ ਆਨ ਨਿਊਡ' (1909), 'ਰੈੱਡ ਨਿਊਡ' (1910), 'ਦੀ ਚੈਸ ਪਲੇਅਰ' (1910), 'ਲੈਂਡਸਕੇਪ' (1911), 'ਸੈਡ ਯੰਗ ਮੈਨ ਇਨ ਏ ਟ੍ਰੇਨ' (1911), 'ਪੋਰਟ੍ਰੇਟ' (1911), 'ਬ੍ਰਾਈਡ' (1912), ਬਾਈਸਾਈਕਲ ਵੀਲ੍ਹ' (1913), ' ਵਿਦ ਹਿਡਨ ਨਾੱਇਜ਼' (1916) 'ਜਾਰਜ ਵਸ਼ਿੰਗਟਨ' (1943), 'ਸੈੱਲਫ਼ ਪੋਰਟ੍ਰੇਟ ਇਨ ਪ੍ਰੋਫ਼ਾਈਲ' (1958) ਆਦਿ ਇਸ ਦੇ ਬੇਸ਼ੁਮਾਰ ਚਿੱਤਰਾਂ ਵਿਚੋਂ ਕੁਝ ਕੁ ਹਨ। ਇਸ ਦੀਆਂ ਵਧੇਰੀਆਂ ਕ੍ਰਿਤਾਂ ਨਿਊਯਾਰਕ ਦੇ ਮਿਊਜ਼ੀਅਮ ਆਫ਼ ਮਾਡਰਨ ਆਰਟ ਅਤੇ ਯੇਲ ਯੂਨੀਵਰਸਿਟੀ ਵਿਖੇ ਪਈਆਂ ਹਨ।

2 ਅਕਤੂਬਰ, 1968 ਨੂੰ ਪੈਰਿਸ ਦੇ ਨੇੜੇ ਨਿਊਯੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 : 1078; ਐਨ. ਅਮੈ. 9 : 377

**ਡੂਸ਼ਾਂ-ਵੀਯਾਨ, ਰੇਮੰਡ** : ਇਹ ਇਕ ਪ੍ਰਸਿੱਧ ਫ਼ਰਾਂਸੀਸੀ ਆਧੁਨਿਕ ਬੁੱਤਘਾੜਾ ਸੀ। ਇਸ ਦਾ ਜਨਮ 5 ਨਵੰਬਰ, 1876 ਵਿਚ ਪੈਰਿਸ ਵਿਖੇ ਹੋਇਆ। ਇਹ ਪਹਿਲਾ ਸ਼ਿਲਪਕਾਰ ਸੀ ਜਿਸ ਨੇ ਆਧੁਨਿਕ ਕਲਾ-ਸਿਧਾਂਤ 'ਕਿਊਬਿਜ਼ਮ' (ਭਾਵ ਜਿਸ ਵਿਚ ਚਿੱਤਰ ਜਿਊਮੈਟਰੀ ਦੀਆਂ ਸ਼ਕਲਾਂ ਦਾ ਭੁਲੇਖਾ ਪਾਉਣ ਵਾਲੇ ਹੁੰਦੇ ਹਨ) ਚਾਲੂ ਕੀਤਾ। ਇਸ ਦੇ ਦੋ ਭਰਾ ਉੱਘੇ ਸ਼ਿਲਪਕਾਰ ਸਨ। ਇਸ ਲਈ ਬੁੱਤਕਾਰੀ ਦੀ ਲਾਈਨ ਵਿਚ ਪੈਣ ਲਈ 1900 ਈ. ਵਿਚ ਇਸ ਨੇ ਵੀ ਆਪਣਾ ਡਾਕਟਰੀ ਦਾ ਧੰਦਾ ਛੱਡ ਦਿੱਤਾ। ਇਹ ਫ਼ਰਾਂਸੀਸੀ ਸ਼ਿਲਪਕਾਰ ਆੱਗਸਤੇ ਰੋਡਿਨ ਦੀ ਕਲਾ ਤੋਂ ਪ੍ਰਭਾਵਿਤ ਹੋਇਆ। 'Baudelaire' (1911) ਅਤੇ 'Maggy' (1911) ਦੇ ਬੁੱਤ ਇਸ ਦੀ

ਕਲਾ ਦੇ ਨਮੂਨੇ ਹਨ। 'ਦਾ ਸੀਟਿਡ ਵਿਮੈਨ' (1914) ਯੇਲ ਯੂਨੀਵਰਸਿਟੀ ਆਰਟ ਗੈਲਰੀ ਵਿਚ ਲੱਗੀ ਮੂਰਤੀ ਇਸ ਦੀ ਕਲਾ ਦੀ ਵਿਲੱਖਣਤਾ ਦੀ ਝਲਕ ਹੈ। ਨਿਊਯਾਰਕ ਵਿਚ ਉਪਲੱਬਧ ਇਸ ਦਾ ਬਣਾਇਆ ਹਾੱਰਸ (1914) ਨਾਮੀ ਬੁੱਤ ਇਸ ਦਾ ਸ਼ਾਹਕਾਰ ਹੈ। ਇਸ ਨੇ ਭਵਨ-ਨਿਰਮਾਣ ਕਲਾ ਵਿਚ ਵੀ ਕਿਊਬਿਜ਼ਮ ਦਾ ਢੰਗ ਸ਼ੁਰੂ ਕੀਤਾ ਪਰ ਇਸ ਨੂੰ ਅਸਲ ਵਿਚ ਲਿਆਉਣ ਤੋਂ ਪਹਿਲਾਂ ਹੀ ਪਹਿਲੇ ਸੰਸਾਰ ਯੁੱਧ ਵਿਚ 7 ਅਕਤੂਬਰ, 1918 ਨੂੰ ਕਾਨਜ਼ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. 7 :730 ; ਐਨ. ਬ੍ਰਿ. ਮਾ. 3 : 688

**ਡੂਸੀਸ, ਜ਼ਾਂ ਫ਼ਰਾਂਸਵਾ** : ਇਹ ਫ਼ਰਾਂਸੀਸੀ ਨਾਟਕਕਾਰ ਸੀ ਜਿਸ ਨੇ ਸਭ ਤੋਂ ਪਹਿਲਾਂ ਫ਼ਰਾਂਸੀਸੀ ਸਟੇਜ ਉਤੇ ਸ਼ੈਕਸਪੀਅਰ ਦੇ ਦੁਖਾਂਤਾਂ ਨੂੰ ਪੇਸ਼ ਕਰਨ ਦਾ ਲਗਾਤਾਰ ਯਤਨ ਕੀਤਾ। ਇਸ ਦਾ ਜਨਮ 22 ਅਗਸਤ, 1733 ਨੂੰ ਵਰਸੇਲਜ਼ ਵਿਖੇ ਹੋਇਆ।



ਜ਼ਾਂ ਫਰਾਂਸਵਾ ਡੂਸੀਸ

ਇਹ 'ਹੈਮਲੈਟ' (1769) 'ਮੈਕਬੈੱਥ' (1784) ਅਤੇ 'ਓਥੈਲੋ' (1792) ਆਦਿ ਵਿਚ ਬਹੁਤ ਕਾਮਯਾਬ ਰਿਹਾ। ਡੂਸੀਸੀ ਬੁਰਜ਼ਵਾ ਪਰਿਵਾਰ ਨਾਲ ਸਬੰਧ ਰੱਖਦਾ ਸੀ ਅਤੇ ਸ਼ਾਹੀ ਦਰਬਾਰ ਦੀਆਂ ਕਈ ਪ੍ਰਭਾਵਸ਼ਾਲੀ ਹਸਤੀਆਂ ਦਾ ਸੈਕਟਰੀ ਰਿਹਾ। ਇਸ ਨੇ ਆਪਣਾ ਇਕ ਦੁਖਾਂਤ ਲਿਖਿਆ ਪਰ ਕਾਮਯਾਬ ਨਾ ਹੋਇਆ। ਇਸ ਪਿਛੋਂ ਇਸ ਦਾ ਝੁਕਾਅ ਸ਼ੈਕਸਪੀਅਰ ਦੇ ਡਰਾਮਿਆਂ ਵੱਲ ਹੋ ਗਿਆ ਪਰ ਇਸ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ ਸੋ ਇਸ ਨੇ ਕੱਚੇ ਪਿੱਲੇ ਅਨੁਵਾਦਾਂ ਦਾ ਸਹਾਰਾ ਲਿਆ। ਇਸ ਦੇ ਆਪਣੇ ਦੁਖਾਂਤਕ ਨਾਟਕ Oedipe Chez Admete' (1778) ਅਤੇ 'Abufar' ' (1795) ਇਸ ਦੇ ਸਰਬੋਤਮ ਨਾਟਕ ਸਮਝੇ ਗਏ ਹਨ। ਪਹਿਲੀ ਪੁਸਤਕ ਦੇ ਆਧਾਰ ਤੇ ਇਸ ਨੂੰ ਫ਼ਰਾਂਸੀਸੀ ਅਕੈਡਮੀ ਲਈ ਚੁਣਿਆ ਗਿਆ। ਇਸ ਦੀਆਂ ਰਚਨਾਵਾਂ ਵਿਚ ਇਸ ਵੱਲੋਂ ਲਿਖੇ ਗਏ ਕਮਾਲ ਦੇ ਪੱਤਰ ਵੀ ਸ਼ਾਮਲ ਹਨ।

ਇਸ ਦੀ ਮੌਤ ਸ਼ਾਇਦ 1816 ਈ. ਵਿਚ 31 ਮਾਰਚ ਨੂੰ ਵਰਸੇਲਜ਼ ਵਿਖੇ ਹੋਈ।

ਹ. ਪੁ.— ਐਨ. ਬ੍ਰਿ. 7 :731 ; ਐਨ. ਬ੍ਰਿ. ਮਾ. 3 : 689

**ਡੂਸੀਸ਼ੀਅਸ** : ਇਹ ਸਿਸਲੀ ਦੇ ਸਿਕੂਲੀਅਨ ਨਾਂ ਦੇ ਇਕ ਕਬੀਲੇ ਦਾ ਹੈਲਨਵਾਦੀ ਨੇਤਾ ਸੀ ਜਿਸਨੇ ਪੂਰਬੀ ਸਿਸਲੀ ਦੇ ਸਥਾਨਕ ਭਾਈਚਾਰਿਆਂ ਨੂੰ ਕੁਝ ਸਮੇਂ ਲਈ ਇਕੱਠਿਆਂ ਕਰਕੇ ਇਕ ਤਾਕਤਵਰ ਸੰਘ ਦੀ ਸਥਾਪਨਾ ਕੀਤੀ ਸੀ। ਇਸ ਦੇ ਜਨਮ ਜਾਂ ਮੁੱਢਲੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। 460 ਈ. ਪੂ. ਸਿਰਾਕਿਊਜ਼ ਅਤੇ ਦੂਜੀਆਂ ਸਿਸਲੀਆਈ ਰਿਆਸਤਾਂ ਵਿਚ ਜ਼ੋਰ ਜਬਰ ਦਾ ਖ਼ਾਤਮਾ ਹੋਇਆ ਤੇ ਇਸੇ ਰਾਜਨੀਤਕ ਤਬਦੀਲੀ ਦੌਰਾਨ ਇਸ ਨੇ ਤਾਕਤ ਹਾਸਲ ਕਰ ਲਈ। ਸਿਰਾਕਿਊਜ਼ੀ ਲੋਕਤੰਤਰ ਦੀ ਹਿਮਾਇਤ ਨਾਲ ਇਸਨੇ ਕੇਟਾਨ ਵਿਚੋਂ ਪਹਿਲੇ ਜਾਬਰ ਸ਼ਾਸਕ ਹਾਈਰਨ ਦੇ ਨੌਂ ਆਬਾਦਕਾਰਾਂ ਨੂੰ ਬਾਹਰ ਕੱਢ ਕੇ ਉਸਨੂੰ ਮੂਲ ਕੈਲਸਿਡੀਅਨ ਵਾਸੀਆਂ ਦੇ ਸਪੁਰਦ ਕੀਤਾ।

ਇਸ ਮਗਰੋਂ ਡੂਸੀਸ਼ੀਅਸ ਨੇ ਦੂਜੇ ਫਿਰਕਿਆਂ ਉਪਰ ਵੀ ਆਪਣਾ ਪ੍ਰਭਾਵ ਕਾਇਮ ਕੀਤਾ ਅਤੇ ਪਾਲਾਈਸ ਵਿਖੇ ਇਕ ਨਵੇਂ ਕੇਂਦਰ ਦੀ ਸਥਾਪਨਾ ਕੀਤੀ। ਇਸ ਦੀ ਅਖ਼ਤਿਆਰ ਕੀਤੀ ਸੁਤੰਤਰ ਨੀਤੀ ਕਾਰਨ ਸਿਰਾਕਿਊਜ਼ ਅਤੇ ਐਕਰਾਗਾਸ ਨੇ ਇਸ ਵਿਰੁੱਧ ਗਠਜੋੜ ਕਰ ਲਿਆ। ਆਰੰਭ ਵਿਚ ਡੂਸੀਸ਼ੀਅਸ ਨੂੰ ਆਪਣੇ ਵਿਰੋਧੀਆਂ ਵਿਰੁਧ ਨਿੱਕੀਆਂ-ਨਿੱਕੀਆਂ ਜਿੱਤਾਂ ਹਾਸਲ ਹੋਈਆਂ ਪਰ 450 ਈ. ਪੂ. ਇਸਨੂੰ ਦੋਹਾਂ ਦੀਆਂ ਇਕੱਠੀਆਂ ਫ਼ੌਜਾਂ ਤੋਂ ਭਾਰੀ ਫ਼ੈਸਲਾਕੁੰਨ ਹਾਰ ਹੋਈ ਜਿਸ ਕਾਰਨ ਇਹ ਸਿਕੂਲੀਆਂ ਦਾ ਵਿਸ਼ਵਾਸ ਵੀ ਗੁਆ ਬੈਠਾ। ਆਪਣੇ ਪਹਿਲੇ ਸਬੰਧਾਂ ਦੇ ਸਿਰ ਤੇ ਇਸਨੇ ਸਿਰਾਕਊਜ਼ ਵਿਖੇ ਸ਼ਰਨ ਲਈ ਤੇ ਫੇਰ ਕੋਰਿੰਥ ਚਲਾ ਗਿਆ।

446 ਈ. ਪੂ. ਵਿਚ ਇਹ ਸਿਸਲੀ ਮੁੜ ਆਇਆ ਅਤੇ ਉੱਤਰੀ ਤੱਟ ਉੱਤੇ ਯੂਨਾਨੀਆਂ ਅਤੇ ਸਿਕੂਲੀਆਂ ਨਾਲ ਕੈਲੀ ਐਕਟ ਨੂੰ ਆਬਾਦ ਕੀਤਾ। ਇਸੇ ਕੇਂਦਰ ਤੋਂ ਇਸਨੇ ਫੇਰ ਆਪਣੀ ਸਿਸਲੀ ਸ਼ਕਤੀ ਨੂੰ ਮੁੜ ਸਥਾਪਿਤ ਕਰਨ ਦਾ ਜਤਨ ਕੀਤਾ ਪਰ ਇਸ ਦੀਆਂ ਕੋਸ਼ਿਸ਼ਾਂ ਨੂੰ ਬਹੁਤੀ ਸਫ਼ਲਤਾ ਨਾ ਮਿਲੀ।

140 ਈ. ਪੂ. ਵਿਚ ਇਸਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 4 : 251

**ਡੂਸ਼ੇਅਨ, ਗੀਯੋਮ-ਬੈਨਜਾਮਿਨ-ਆਮਾਂਡ** : ਇਸ ਫ਼ਿਜ਼ੀਸ਼ੀਅਨ ਤੇ ਨਿਊਰੱਲੋਜਿਸਟ ਦਾ ਜਨਮ 17 ਸਤੰਬਰ, 1806 ਨੂੰ ਬੂਲੋਨੀ, ਫ਼ਰਾਂਸ ਵਿਖੇ ਹੋਇਆ। ਕਈ ਤਰ੍ਹਾਂ ਦੇ ਨਾੜੀ ਅਤੇ ਪੇਸ਼ੀ-ਵਿਗਾੜਾਂ ਅਤੇ ਉਨ੍ਹਾਂ ਦੇ ਇਲਾਜ ਬਾਰੇ ਗਿਆਨ ਦੇਣ ਵਾਲਾ ਅਤੇ ਬਿਜਲੀ ਰਾਹੀਂ ਰੋਗ ਦੀ ਸ਼ਨਾਖ਼ਤ ਅਤੇ ਇਲਾਜ ਨੂੰ ਈਜਾਦ ਕਰਨ ਵਾਲਾ ਇਹ ਪਹਿਲਾ ਵਿਗਿਆਨੀ ਸੀ। ਇਸਨੇ Duchenne's trocar ਔਜ਼ਾਰ ਵੀ ਬਣਾਇਆ ਜਿਸਨੂੰ ਬਾਇਔਪਸੀ ਵਿਚ ਵਰਤਿਆ ਜਾਂਦਾ ਹੈ। "De L'Electrisation localisee" (1855) ਅਤੇ "Physiologie des mouvements" (1867) ਇਸ ਦੀਆਂ ਪ੍ਰਸਿੱਧ ਲਿਖਤਾਂ ਹਨ।

15 ਸਤੰਬਰ, 1875 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 688

**ਡੂਸ਼ੇਅਨ, ਰੋਜ਼ ਫਿਲਿਪਾਈਨ** : ਇਹ ਫ਼ਰਾਂਸ ਦੀ ਇਕ ਧਰਮ ਪ੍ਰਚਾਰਕ ਅਤੇ ਉੱਘੀ ਸਿਖਿਆ ਸ਼ਾਸਤਰੀ ਸੀ ਜਿਸ ਦਾ ਜਨਮ 29 ਅਗਸਤ, 1769 ਨੂੰ ਗ੍ਰੈਨੋਬਲ ਵਿਖੇ ਹੋਇਆ। ਇਸ ਨੇ ਗ੍ਰੈਨੋਬਲ ਵਿਚ ਹੀ 'ਵਿਵਿਟੇਸ਼ਨ' ਆਰਡਰ ਦੀਆਂ ਸੰਤਣੀਆਂ ਕੋਲੋਂ ਸਿਖਿਆ ਪ੍ਰਾਪਤ ਕੀਤੀ ਅਤੇ 1788 ਈ. ਵਿਚ ਇਹ ਆਪ ਵੀ ਇਸ ਸੰਘ ਵਿਚ ਸ਼ਾਮਲ ਹੋ ਗਈ। ਪਰ ਕੁਝ ਦੇਰ ਬਾਅਦ ਫ਼ਰਾਂਸ ਦੇ ਇਨਕਲਾਬ ਕਾਰਨ ਇਹ ਸੰਘ ਭੰਗ ਕੀਤਾ ਗਿਆ । ਇਸ ਤੋਂ ਪਿਛੋਂ ਲਗਾਤਾਰ 9 ਸਾਲ ਤੱਕ ਇਹ ਧਰਮ-ਅਰਥ ਕੰਮ ਕਰਦੀ ਰਹੀ। ਸੰਨ 1804 ਵਿਚ ਇਹ 'ਸੇਕਰਿਡ ਹਾਰਟ' ਸੁਸਾਇਟੀ ਦੀ ਮੈਂਬਰ ਬਣੀ। ਸੰਨ 1815 ਵਿਚ ਇਸ ਨੇ ਫ਼ਰਾਂਸ ਵਿਚ ਸਭ ਤੋਂ ਪਹਿਲਾਂ 'ਸੇਕਰਿਡ ਹਾਰਟ' ਕਾਨਵੈਂਟ ਸਥਾਪਤ ਕੀਤਾ। ਸੰਨ 1818 ਵਿਚ ਇਹ ਪੰਜ ਸੰਤਣੀਆਂ

ਦਾ ਜਥਾ ਲੈ ਕੇ ਮਿਸੀਸਿਪੀ ਦੇ ਪੱਛਮ ਵੱਲ ਗਈ। ਸੇਂਟ ਚਾਰਲਸ ਵਿਖੇ ਇਨ੍ਹਾਂ ਨੇ ਇਕ ਮੁਫ਼ਤ ਸਕੂਲ ਖੋਲ੍ਹਿਆ ਅਤੇ ਨਾਲ ਹੀ ਬੋਰਡਿੰਗ ਸਿਖਿਆ-ਸੰਸਥਾ ਕਾਇਮ ਕੀਤੀ। ਇਸ ਤੋਂ ਮਗਰੋਂ ਇਸ ਨੇ ਵੱਖ ਵੱਖ ਥਾਵਾਂ ਤੇ ਕਈ ਹੋਰ ਯਤੀਮਖ਼ਾਨੇ ਤੇ ਸਕੂਲ ਖੋਲ੍ਹੇ।

ਇਸ ਤਰ੍ਹਾਂ ਪੂਰੀ ਤਨਦੇਹੀ ਨਾਲ ਧਰਮ ਪ੍ਰਚਾਰ ਕਰਦੀ ਕਰਦੀ ਇਹ ਬੀਮਾਰ ਰਹਿਣ ਲੱਗ ਪਈ। ਆਪਣੀ ਉਮਰ ਦਾ ਅਖ਼ੀਰਲਾ ਅੱਧਾ ਦਹਾਕਾ ਇਸ ਨੇ ਮਿਜ਼ੂਰੀ ਰਾਜ ਵਿਚ ਸੇਂਟ ਚਾਰਲਸ ਵਿਖੇ ਬਿਤਾਇਆ।

18 ਨਵੰਬਰ, 1852 ਨੂੰ ਸੇਂਟ ਚਾਰਲਸ ਵਿਖੇ ਇਸ ਦੀ ਮੌਤ ਹੋ ਗਈ ਜਿਥੇ ਇਸ ਦੀ ਯਾਦ ਵਿਚ ਚਰਚ ਬਣਾਇਆ ਹੋਇਆ ਹੈ। ਇਸ ਦਾ ਪੁਰਬ 17 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਹ. ਪੁ.—ਐਨ. ਬ੍ਰਿ. ਮਾ. 3 : 689

**ਡੂਸ਼ੇਅਨ, ਲੂਈ-ਮਾਰੀ-ਆਲੀਵੀਯੇ (Duchesne, Louis-Maria-Oliver)** : ਇਹ ਧਾਰਮਕ ਵਿਦਵਾਨ, ਫ਼ਰਾਂਸੀਸੀ ਰੋਮਨ ਕੈਥੋਲਿਕ ਇਤਿਹਾਸਕਾਰ ਸੀ। ਇਸ ਦਾ ਜਨਮ 13 ਸਤੰਬਰ, 1843 ਨੂੰ ਫ਼ਰਾਂਸ ਵਿਚ ਸੇਂਟ ਸਰਵਾਂ ਵਿਖੇ ਹੋਇਆ। ਇਸ ਨੇ ਰੋਮ ਤੇ ਪੈਰਿਸ ਵਿਚ ਸਿਖਿਆ ਪ੍ਰਾਪਤ ਕੀਤੀ। ਰੋਮ ਵਿਚ ਇਸ ਨੇ ਪਾਦਰੀਪਣ ਦੀ ਸਿਖਿਆ ਲਈ ਅਤੇ 1867 ਈ. ਵਿਚ ਇਸ ਦੀ ਪਾਦਰੀਪਦ ਉਤੇ ਨਿਯੁਕਤੀ ਹੋਈ। 1877 ਈ. ਵਿਚ ਇਹ ਪੈਰਿਸ ਦੇ ਕੈਥੋਲਿਕ ਇਨਸਟੀਚਿਊਟ ਵਿਚ ਇਤਿਹਾਸ ਦਾ ਪ੍ਰੋਫ਼ੈਸਰ ਬਣ ਗਿਆ। ਇਥੇ ਇਸ ਨੇ ਇਕ ਅਜਿਹਾ ਕੋਰਸ ਚਲਾਇਆ ਜਿਸ ਵਿਚ ਵਜ਼ੀਫ਼ਾ ਪ੍ਰਾਪਤ ਕਰਨ ਲਈ ਸਹੀ ਰੂਪ ਵਿਚ ਵਿਗਿਆਨਕ ਢੰਗ ਲਾਗੂ ਕੀਤਾ। ਇਥੇ ਹੀ 1881 ਈ. ਵਿਚ ਇਸ ਨੇ ਇਕ ਇਤਿਹਾਸਕ ਤੇ ਧਾਰਮਿਕ ਰੀਵੀਊ ਅਰੰਭ ਕੀਤਾ। ਇਸ ਦੇ ਭਾਸ਼ਣਾਂ ਦੀ ਬਹੁਤ ਆਲੋਚਨਾ ਹੁੰਦੀ ਸੀ। ਸੰਨ 1895 ਤੋਂ ਪਿਛੋਂ ਇਸ ਨੇ ਰੋਮ ਵਿਖੇ ਫਰੈਂਚ ਸਕੂਲ ਵਿਚ ਬਹੁਤ ਦਿਲਚਸਪੀ ਲਈ ਅਤੇ ਇਸਨੂੰ 'Ecole Francaise' ਦਾ ਡਾਇਰੈਕਟਰ ਬਣਾਇਆ ਗਿਆ। ਆਪਣੀ ਮੌਤ ਤੱਕ ਇਹ ਇਸੇ ਅਹੁਦੇ ਤੇ ਰਿਹਾ।

ਸੰਨ 1910 ਵਿਚ ਇਸ ਨੂੰ ਫ਼ਰਾਂਸ ਦੀ ਅਕੈਡਮੀ ਲਈ ਮੈਂਬਰ ਚੁਣਿਆ ਗਿਆ। ਇਸ ਦੀਆਂ ਰਚਨਾਵਾਂ 'Liber Pontificalis (2 ਜਿਲਦਾਂ) (1886-92) ਅਤੇ 'Autonomics ecclesiastiques : eglises separees' (1896) ਹਨ। ਇਸ ਮਗਰਲੀ ਪੁਸਤਕ ਵਿਚ ਇਸ ਨੇ ਯੂਨਾਨੀ ਅਤੇ ਐਂਗਲੀਕਨ ਚਰਚਾਂ ਦੀ ਉਤਪਤੀ ਬਾਰੇ ਵਰਣਨ ਕੀਤਾ ਹੈ। 'ਅਰਲੀ ਹਿਸਟਰੀ ਆੱਫ਼ ਕ੍ਰਿਸਚੀਅਨ' ਦੀਆਂ ਤਿੰਨ ਜਿਲਦਾਂ ਇਸ ਦੇ ਹੁੰਦੇ ਹੋਏ ਅਤੇ ਚੌਥੀ ਜਿਲਦ ਇਸ ਦੇ ਮਰਨ ਪਿਛੋਂ ਪ੍ਰਕਾਸ਼ਿਤ ਹੋਈ ਸੀ।

21 ਅਪ੍ਰੈਲ, 1922 ਨੂੰ ਰੋਮ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 699; ਐਨ. ਅਮੈ. 9 : 377

**ਡੂਸ਼ੇਨ, ਆਂਦਰੇ** : ਫ਼ਰਾਂਸ ਦੇ ਇਸ ਵਿਸ਼ਵ-ਪ੍ਰਸਿੱਧ ਭੂਗੋਲਵੇਤਾ ਅਤੇ ਇਤਿਹਾਸਕਾਰ ਦਾ ਜਨਮ ਮਈ, 1584 ਨੂੰ ਟਰੇਨ ਖੇਤਰ ਵਿਚ, ਲੀਲ ਯੂਕਾਰਡ ਵਿਖੇ ਹੋਇਆ। ਆਮ ਕਰਕੇ ਇਸ ਨੂੰ ਫਰਾਂਸ ਦੇ ਇਤਿਹਾਸ ਦਾ ਪਿਤਾਮਾ ਆਖਿਆ ਜਾਂਦਾ ਹੈ। ਇਹ ਉਹ ਪਹਿਲਾ ਵਿਅਕਤੀ ਸੀ ਜਿਸ ਨੇ ਰਾਸ਼ਟਰੀ ਇਤਿਹਾਸ ਲਈ ਆਲੋਚਨਾਤਮਕ ਹਵਾਲੇ ਇਕੱਤਰ ਕੀਤੇ ਸਨ। ਕਾਰਡੀਨਲ ਰਿਚਲਿਊ ਇਸ ਦਾ ਸਰਪ੍ਰਸਤ ਸੀ ਅਤੇ ਉਸੇ ਨੇ ਹੀ ਇਸਨੂੰ ਸ਼ਾਹੀ ਇਤਿਹਾਸਕਾਰ ਅਤੇ ਭੂਗੋਲਵੇਤਾ ਵਜੋਂ ਨਿਯੁਕਤ ਕਰਵਾਇਆ ਸੀ। ਇਸ ਨੇ ਆਪ ਇਤਿਹਾਸ, ਬੰਸਾਵਲੀਆਂ ਅਤੇ ਖ਼ਾਨਦਾਨਾਂ ਦੇ ਇਤਿਹਾਸਾਂ ਉਪਰ ਅਤੇ ਨਾਲ ਹੀ ਖਰੜਿਆਂ ਦੇ ਸਾਰਾਂਸ਼ਾਂ ਦੀਆਂ ਫੋਲੀਓ ਜਿਲਦਾਂ ਪ੍ਰਕਾਸ਼ਿਤ ਕਰਵਾਈਆਂ। Historiae Normannorum Scriptores Antiqui (1619; "ਏਂਸ਼ੀਐਂਟ ਰਾਈਟਰਜ਼ ਆਫ ਦੀ ਹਿਸਟਰੀ ਆਫ ਨਾਰਮਨਜ਼") - ਜਿਹੜਾ ਕਿ ਕੁਝ ਇਕ ਪਾਠ ਪੁਸਤਕਾਂ ਦਾ ਕੇਵਲ ਇਕੋ-ਇਕ ਹੀ ਸ੍ਰੋਤ ਹੈ ਅਤੇ Historiac Francorum Scriptores – ਪੰਜ ਜਿਲਦਾਂ (1636-49; "ਰਾਈਟਰਜ਼ ਆਫ਼ ਦਾ ਹਿਸਟਰੀ ਆਫ਼ ਫਰੈਂਕਸ"), ਫਰਾਂਸੀਸੀ ਇਤਿਹਾਸ ਦੇ ਬ੍ਰਿਤਾਂਤਕ ਸ੍ਰੋਤਾਂ ਦਾ 24 ਜਿਲਦਾਂ ਵਿਚ ਪ੍ਰਕਾਸ਼ਿਤ ਕੀਤਾ ਜਾਣ ਵਾਲਾ ਵਿਸਤ੍ਰਿਤ ਸੰਗ੍ਰਹਿ ਜਿਨ੍ਹਾਂ ਵਿਚੋਂ ਕੇਵਲ ਪਹਿਲੀਆਂ ਪੰਜ ਜਿਲਦਾਂ ਹੀ ਲਿਖੀਆਂ ਗਈਆਂ ਸਨ, ਇਸ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਇਸ ਦੀਆਂ ਹੱਥ-ਲਿਖਤਾਂ ਨੂੰ ਪ੍ਰਾਜੈੱਕਟਾਂ ਰਾਹੀਂ ਛਾਪਿਆ ਗਿਆ ਜਿਸ ਵਿਚ ਹਿਸਟੋਰੀਆ ਫਰੈਨਕੋਰਮ ਸਕ੍ਰਿਪਟੋਰੀਜ (5 ਜਿਲਦਾਂ, 1636-1649) ਅਤੇ ਹਿਸਟੋਰੀ ਡੈਸ ਕਾਰਡੈਨਾਕਸ ਫਰੈਂਚਾਈਜ (2 ਜਿਲਦਾਂ, 1660-1666) ਸਬੰਧੀ ਕੰਮ ਉਸ ਦੇ ਮਰਨ ਉਪਰੰਤ ਵੀ ਚਲਦਾ ਰਿਹਾ। ਇਸ ਕੰਮ ਨੂੰ ਇਸਦੇ ਲੜਕੇ ਫਰਾਂਸਵਾ ਨੇ ਪੂਰਾ ਕੀਤਾ। ਆਂਡਰੇ ਨੇ ਐਬੇਲਾਰਡ, ਅਲਾੱਨ ਚਾਰਟਰ, ਅਤੇ ਈਟੈਨੀ ਪਾਸਕੂਅਰ ਬਾਰੇ ਵੀ ਐਡੀਸ਼ਨ ਛਾਪੇ। ਇਸ ਤੋਂ ਇਲਾਵਾ ਜਿਵਨੈਲ ਸਟਾਵਿਰਜ ਦਾ ਵੀ ਅਨੁਵਾਦ ਕੀਤਾ।

ਇਸ ਦੀ ਮੌਤ 30 ਮਈ, 1649 ਨੂੰ ਪੈਰਿਸ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 4 : 254; ਐਨ. ਅਮੈ. 9 : 327

**ਡੂਸੈਕ, ਜਾਨ ਲਾਡੀਸਲਾਫ਼** : ਚੈਕ ਗਣਰਾਜ ਦੇ ਇਸ ਪਿਆਨੋ-ਵਾਦਕ ਅਤੇ ਸੰਗੀਤਕਾਰ ਦਾ ਜਨਮ 12 ਫ਼ਰਵਰੀ, 1760 ਨੂੰ ਬੋਹੀਮੀਆ ਵਿਚ ਕਾਸਲਾਫ਼ ਵਿਖੇ ਹੋਇਆ। ਸ਼ੁਰੂ ਵਿਚ ਇਸ ਨੇ ਆਪਣੇ ਪਿਆਨੋਵਾਦਕ ਪਿਤਾ ਕੋਲੋਂ ਅਤੇ ਬਾਅਦ ਵਿਚ ਪ੍ਰਾਗ ਵਿਖੇ ਧਰਮ-ਸ਼ਾਸਤਰ ਦੀ ਸਿੱਖਿਆ ਪ੍ਰਾਪਤ ਕੀਤੀ। ਇਹ ਆਪਣੇ ਸਰਪ੍ਰਸਤ ਕਾਊਂਟ ਮਾਨਰ ਨਾਲ ਨੀਦਰਲੈਂਡ ਗਿਆ ਅਤੇ ਉਥੇ ਇਸ ਨੇ ਪਿਆਨੋ ਵਾਦਕ ਵਜੋਂ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ । ਸੰਨ 1783 ਦੇ ਲਗਭਗ ਇਹ ਹੈਮਬਰਗ ਚਲਾ ਗਿਆ ਅਤੇ ਫਿਰ ਬਰਲਿਨ ਅਤੇ ਸੇਂਟ ਪੀਟਰਜ਼ਬਰਗ ਗਿਆ। ਇਸ ਨੇ ਪੈਰਿਸ, ਇਟਲੀ, ਇੰਗਲੈਂਡ, ਪ੍ਰਸ਼ਆ ਅਤੇ ਲਿਥੁਆਨੀਆਂ ਵਿਖੇ ਸਫ਼ਲ ਪ੍ਰੋਗਰਾਮ ਦਿੱਤੇ। ਫ਼ਰਾਂਸ ਵਾਪਿਸ ਪਰਤ ਕੇ ਇਸ ਨੇ 1807 ਈ. ਦੇ ਲਗਭਗ ਇਹ ਟੈਲੀਰੈਂਡ ਦੇ ਘਰ ਰਹਿਣ ਲੱਗ ਪਿਆ। ਆਪਣੀ ਜ਼ਿੰਦਗੀ ਦੇ ਆਖ਼ਰੀ ਸਾਹ ਤੱਕ ਉਥੇ ਹੀ ਰਿਹਾ।

ਇਕ ਸੰਗੀਤਕਾਰ ਅਤੇ ਪਿਆਨੋਵਾਦਕ ਵਜੋਂ ਇਸ ਨੇ ਵਿਕਸਿਤ ਹੋ ਰਹੀ ਪਿਆਨੋ-ਸ਼ੈਲੀ ਤੇ ਬਹੁਤ ਪ੍ਰਭਾਵ ਪਾਇਆ। ਹੋਰ ਕਈ ਕ੍ਰਿਤਾਂ ਤੋਂ ਇਲਾਵਾ ਇਸ ਨੇ ਪਿਆਨੋ ਲਈ 12 ਸੰਗੀਤ-ਰਚਨਾਵਾਂ, ਤਕਰੀਬਨ 40 ਪਿਆਨੋ ਸੋਨਾਟਾ, 14 ਪਿਆਨੋ ਟ੍ਰਾਇਉ ਅਤੇ ਬਹੁਤ ਸਾਰਾ ਹੋਰ ਸੰਗੀਤ ਰਚਿਆ। 'ਦੀ ਕੈਪਟਿਵ ਆਫ਼ ਸਪਿਲਬਰਗ' (1798) ਇਸ ਦਾ ਇਕ ਸੰਗੀਤ ਨਾਟ ਹੈ।

ਇਸ ਦਾ ਸੰਗੀਤ ਆਪਣੀ ਵਿਸ਼ਿਸ਼ਟਤਾ ਅਤੇ ਮੌਲਿਕਤਾ ਕਾਰਨ ਬਹੁਤ ਪ੍ਰਸਿੱਧ ਹੋਇਆ।

20 ਮਾਰਚ, 1912 ਨੂੰ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.— ਐਨ. ਅਮੈ. 9 : 427; ਐਨ. ਬ੍ਰਿ. ਮਾ. 3 : 727

**ਡੂ ਕਾਂਜ, ਚਾਰਲਸ ਡੂ ਫਰੇਨੀ, ਸਿਊਰ** : ਫ਼ਰਾਂਸ ਦੇ ਇਸ ਸੰਸਾਰ-ਪ੍ਰਸਿੱਧ ਵਿਦਵਾਨ ਅਤੇ ਕੋਸ਼ਕਾਰ ਦਾ ਜਨਮ 18

ਦਸੰਬਰ, 1610 ਨੂੰ ਆਮਯਾਂ ਵਿਖੇ ਹੋਇਆ। ਇਸ ਨੇ ਮੱਧਕਾਲ ਦੀਆਂ ਲਾਤੀਨੀ ਅਤੇ ਯੂਨਾਨੀ ਭਾਸ਼ਾਵਾਂ ਵਿਚ ਕੋਸ਼ ਤਿਆਰ ਕੀਤੇ ਜਿਨ੍ਹਾਂ ਵਿਚ ਇਸ ਨੇ ਭਾਸ਼ਾ ਦਾ ਇਤਿਹਾਸਕ ਪਿਛੋਕੜ ਵੀ ਦਿੱਤਾ। ਆਰੋਨੀਆ ਵਿਖੇ ਕਾਨੂੰਨ ਦੀ ਸਿੱਖਿਆ ਪ੍ਰਾਪਤ ਕਰਨ ਮਗਰੋਂ 1631 ਈ. ਵਿਚ ਇਸ ਨੂੰ ਪੈਰਿਸ ਦੀ ਪਾਰਲੀਮੈਂਟਰੀ ਬਾਰ ਵਿਚ ਵਕਾਲਤ ਕਰਨ ਦੀ ਆਗਿਆ ਮਿਲ ਗਈ ਪਰ ਥੋੜ੍ਹੇ ਚਿਰ ਪਿਛੋਂ ਹੀ ਇਹ ਆਮਯਾਂ ਵਾਪਸ ਆ ਗਿਆ। ਉਥੇ ਇਸ ਨੂੰ ਆਪਣੇ ਸਹੁਰੇ ਦੀ ਆਸਾਮੀ ਉਤੇ ਸ਼ਹਿਰ ਦਾ ਨਾਂ-ਮਾਤਰ ਖਜ਼ਾਨਚੀ ਨਿਯੁਕਤ ਕਰ ਦਿੱਤਾ ਗਿਆ, ਜਿਥੇ ਇਸ ਦੀ ਕੋਈ ਜ਼ਿੰਮੇਵਾਰੀ ਜਾਂ ਕੰਮ ਨਹੀਂ ਸੀ।

ਕਾਫ਼ੀ ਵੱਡੀ ਉਮਰ ਵਿਚ ਇਸ ਨੇ ਲਿਖਣ ਦਾ ਕੰਮ ਸ਼ੁਰੂ ਕੀਤਾ ਅਤੇ ਇਸ ਨੇ ਆਪਣੀ ਪਹਿਲੀ ਪੁਸਤਕ Histoicl dc l' empire dc Constantinople sour lcs cmpcrcurs francois 'ਦੋ ਜਿਲਦਾਂ ਵਿਚ 1657 ਈ. ਵਿਚ ਮੁਕੰਮਲ ਕੀਤੀ। ਸੰਨ 1678 ਵਿਚ ਇਸ ਨੇ ਆਪਣੀ ਪੁਸਤਕ Glossarium and scriptorcs mcdiae ct infimal latinitatis ਪ੍ਰਕਾਸ਼ਿਤ ਕੀਤੀ ਜੋ ਕਿ ਦੂਜੀ ਵਾਰ 1954 ਵਿਚ ਮੁੜ ਪ੍ਰਕਾਸ਼ਿਤ ਕੀਤੀ ਗਈ। ਸੰਨ 1688 ਵਿਚ ਇਸ ਦੀ ਪੁਸਤਕ `Glossorium ad soriptores Mcdiac ct Infimac Gcaccitatis ਪ੍ਰਕਾਸ਼ਿਤ ਹੋਈ। ਇਨ੍ਹਾਂ ਪੁਸਤਕਾਂ ਵਿਚ ਡੂ ਕਾਂਜ ਨੇ ਦੋਹਾਂ ਭਾਸ਼ਾਵਾਂ ਦਾ ਇਤਿਹਾਸਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਰਕੇ ਇਹ ਪੁਸਤਕਾਂ ਬਹੁਤ ਹੀ ਮਹੱਤਵਪੂਰਨ ਸਿੱਧ ਹੋਈਆਂ।

ਡੂ ਕਾਂਜ ਇਕ ਖ਼ੁਸ਼ਦਿਲ ਅਤੇ ਸਾਧਾਰਣ ਤਬੀਅਤ ਵਾਲਾ ਇਨਸਾਨ ਸੀ। ਇਸ ਨੇ ਸਮਕਾਲੀ ਵਿਦਵਾਨਾਂ ਦੇ ਦਿਲ ਵਿਚ ਕਾਫ਼ੀ ਡੂੰਘੀ ਥਾਂ ਬਣਾ ਰੱਖੀ ਸੀ। ਇਸ ਨੂੰ ਭਾਸ਼ਾ, ਇਤਿਹਾਸ, ਕਾਨੂੰਨ, ਭੂਗੋਲ ਅਤੇ ਪੁਰਾਤੱਤਵ ਬਾਰੇ ਕਾਫ਼ੀ ਗਿਆਨ ਸੀ।

ਸੰਨ 1688 ਵਿਚ ਭਿਆਨਕ ਮਹਾਂਮਾਰੀ ਕਾਰਨ ਇਸ ਨੂੰ ਆਮਯਾਂ ਛੱਡਕੇ ਪੈਰਿਸ ਜਾਣਾ ਪਿਆ ਜਿਥੇ 23 ਅਕਤੂਬਰ, 1688 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 376; ਐਨ. ਬ੍ਰਿ. ਮਾ. 3 : 687 ; ਐਨ. ਬ੍ਰਿ. 7 : 728 ; ਕੋਲ. ਐਨ. 6 : 402

**ਡੂਕੈਨਵਾ, ਫ਼ਰਾਂਸਵਾ** : ਫ਼ਲੈਂਡਰਜ਼ ਦੇ ਇਸ ਮੂਰਤੀਕਾਰ ਦਾ ਜਨਮ 1597 ਈ. ਵਿਚ ਬ੍ਰਸਲਜ਼ (ਬੈਲਜੀਅਮ) ਵਿਖੇ ਹੋਇਆ। ਇਸ ਨੇ ਆਪਣੀ ਪਰਿਵਾਰਕ ਵਰਕਸ਼ਾਪ ਤੋਂ ਕਲਾ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਛੋਟੀ ਉਮਰ ਵਿਚ ਹੀ ਪ੍ਰਸਿੱਧ ਹੋ ਗਿਆ। ਸੰਨ 1618 ਵਿਚ ਇਹ ਰੋਮ ਚਲਾ ਗਿਆ ਅਤੇ ਆਪਣੀ ਗੁਮਨਾਮੀ ਦੇ ਦਸ ਸਾਲਾਂ ਦੌਰਾਨ ਕਲਾਸਿਕੀ ਮੂਰਤੀ ਕਲਾ ਨੂੰ ਮੁੜ ਤੋਂ ਸਥਾਪਤ ਕੀਤਾ। ਇਸੇ ਸਮੇਂ ਦੌਰਾਨ ਹੀ ਇਸ ਨੇ ਛੋਟੇ ਪੱਧਰ ਤੇ ਕਾਂਸੀ, ਹਾਥੀਦੰਦ ਅਤੇ ਲੱਕੜੀ ਦੀਆਂ ਮੌਲਿਕ ਕ੍ਰਿਤਾਂ ਬਣਾਈਆਂ। ਸੰਨ 1627-28 ਦੌਰਾਨ ਇਸ ਨੇ ਉਸ ਸਮੇਂ ਦੇ ਪ੍ਰਭਾਵਸ਼ਾਲੀ ਮੂਰਤੀਕਾਰ ਜਿਆਂ ਲੋਰੈਂਟਸੋ ਬੇਰੀਨੀਨੀ ਨਾਲ ਮਿਲਕੇ ਸੇਂਟ ਪੀਟਰਜ਼ ਦੇ ਗਿਰਜੇ ਵਿਚ ਕੰਮ ਕੀਤਾ। ਸੰਨ 1629 ਵਿਚ ਇਸ ਨੂੰ ਪੱਥਰ ਦੀਆਂ ਯਾਦਗਾਰੀ ਮੂਰਤੀਆਂ 'ਸੇਂਟ ਐਂਡਰਿਊ' ਅਤੇ 'ਸੇਂਟ ਸੁੱਸਨਾ' ਬਣਾਉਣ ਲਈ ਨਿਯੁਕਤ ਕੀਤਾ ਗਿਆ। ਇਸ ਨੇ ਮਿਥਿਹਾਸਕ ਸ਼ਰਾਬ ਦੇ ਦੇਵਤੇ ਨਾਲ ਸਬੰਧਤ ਅਤੇ ਧਾਰਮਿਕ ਵਿਸ਼ਿਆਂ ਤੇ ਉਭਰਵੀਂ ਨਕਾਸ਼ੀ ਵਾਲੀਆਂ ਕਈ ਮੂਰਤੀਆਂ ਬਣਾਈਆਂ।

ਇਸ ਨੂੰ ਫ਼ਰਾਂਸ ਦੇ ਸ਼ਾਹੀ ਦਰਬਾਰ ਵਿਚ ਸੱਦਿਆ ਗਿਆ ਪਰ ਰਸਤੇ ਵਿਚ ਹੀ 12 ਜੁਲਾਈ, 1643 ਨੂੰ ਇਟਲੀ ਵਿਚ ਲਿਵੋਰਨੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 416; ਐਨ. ਬ੍ਰਿ. ਮਾ. 3 : 719

**ਡੂਕੋਮਨ, ਏਲੀ** : ਇਹ ਸਵਿਟਜ਼ਰਲੈਂਡ ਦਾ ਇਕ ਲਿਖਾਰੀ, ਪੱਤਰਕਾਰ ਅਤੇ 'ਨੋਬਲ ਪੀਸ ਪ੍ਰਾਈਜ਼' ਵਿਜੇਤਾ ਸੀ। ਇਸ ਦਾ ਜਨਮ 19 ਫ਼ਰਵਰੀ, 1833 ਨੂੰ ਜਨੇਵਾ ਵਿਖੇ ਹੋਇਆ। ਜਨੇਵਾ ਅਤੇ ਬਰਨ ਵਿਚ ਇਹ ਇਕ ਮੈਗਜ਼ੀਨ ਅਤੇ ਸਮਾਚਾਰ ਪੱਤਰ ਦਾ ਸੰਪਾਦਕ ਰਿਹਾ ਤੇ ਇਸ ਪਿਛੋਂ ਕਾਫ਼ੀ ਦੇਰ ਇਹ 'ਜਿਊਰਾ ਸਿੰਪਲਟਨ ਰੇਲਵੇ' ਦਾ ਜਨਰਲ ਸੈਕਟਰੀ ਰਿਹਾ। ਇਹ ਆਪਣਾ ਵਧੇਰੇ ਸਮਾਂ ਸ਼ਾਂਤੀ ਸਥਾਪਤ ਕਰਨ ਦੀਆਂ ਸਰਗਰਮੀਆਂ ਵਿਚ ਬਿਤਾਉਂਦਾ ਸੀ। ਇਕ ਲਿਖਾਰੀ ਤੇ ਚੰਗਾ ਵਕਤਾ ਹੋਣ ਦੇ ਨਾਤੇ ਇਸ ਨੂੰ 'ਇੰਟਰਨੈਸ਼ਨਲ ਲੀਗ ਫ਼ਾਰ ਪੀਸ ਐਂਡ ਲਿਬਰਟੀ ਵਲੋਂ' 1867 ਈ. ਵਿਚ ਚਲਾਏ ਹੋਏ ਫ਼ਰਾਂਸੀਸੀ ਰਸਾਲੇ 'Lcs Etats-Unis d' Europc' ਦਾ ਸੰਪਾਦਕ ਬਣਾਇਆ ਗਿਆ। ਸੰਨ 1889 ਵਿਚ ਇਹ ਪੈਰਿਸ ਵਿਚ ਸ਼ਾਂਤੀ ਕਾਨਫ਼ਰੰਸ ਵਿਚ ਅਤੇ 1891 ਈ. ਵਿਚ ਰੋਮ ਵਿਖੇ ਸ਼ਾਂਤੀ ਲਈ ਹੋਈ ਕਾਨਫ਼ਰੰਸ ਵਿਚ ਪ੍ਰਤੀਨਿਧ ਬਣ ਕੇ ਗਿਆ। ਸੰਨ 1892 ਵਿਚ ਇਹ 'ਇੰਟਰਨੈਸ਼ਨਲ ਬਿਊਰੋ' ਦਾ ਆਨਰੇਰੀ ਜਨਰਲ ਸੈਕਟਰੀ ਬਣਿਆ।

ਸੰਨ 1895 ਤੋਂ ਮਗਰੋਂ ਇਸ ਨੇ ਬਿਊਰੋ ਨਾਲ ਸਬੰਧਤ ਕਾਰਵਾਈਆਂ ਬਾਰੇ 'Correspondence bi-mensuelle ਨਾਂ ਦੀ ਰਚਨਾ ਪ੍ਰਕਾਸ਼ਿਤ ਕੀਤੀ। ਸ਼ਾਂਤੀ ਸਥਾਪਨਾ ਦੇ ਅੰਦੋਲਨ ਲਈ ਇਸ ਨੇ ਬਹੁਤ ਸਾਰੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ। ਇਸੇ ਲਈ 1902 ਈ. ਵਿਚ ਇਸ ਨੂੰ ਅਮਨ ਲਈ ਨੋਬਲ ਪੁਰਸਕਾਰ ਦੇ ਕੇ ਸਨਮਾਨਿਆ ਗਿਆ।

7 ਦਸੰਬਰ, 1906 ਨੂੰ ਬਰਨ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3: 690; ਐਨ. ਅਮੈ. 9 : 381 ; ਵ. ਯੂ. ਐਨ. 5 : 1617

**ਡੂੰਗਰਪੁਰ** : ਜ਼ਿਲ੍ਹਾ—ਭਾਰਤ ਦੇ ਰਾਜਸਥਾਨ ਰਾਜ ਦਾ ਇਕ ਜ਼ਿਲ੍ਹਾ ਹੈ ਜਿਸਦਾ ਖੇਤਰਫਲ 3,770 ਵ. ਕਿ. ਮੀ. ਤੇ ਆਬਾਦੀ 8,74,549 (1991) ਹੈ। ਜ਼ਿਲ੍ਹੇ ਦੀਆਂ ਹੱਦਾਂ ਉੱਤਰ ਵੱਲ ਉਦੈਪੁਰ, ਪੂਰਬ ਵੱਲ ਬਾਂਸਵਾੜਾ, ਦੱਖਣ ਅਤੇ ਦੱਖਣ-ਪੱਛਮ ਵੱਲ ਗੁਜਰਾਤ ਰਾਜ ਨਾਲ ਲਗਦੀਆਂ ਹਨ। ਡੂੰਗਰਪੁਰ ਸ਼ਹਿਰ ਇਸ ਜ਼ਿਲ੍ਹੇ ਦਾ ਸਦਰ ਮੁਕਾਮ, ਵੱਡਾ ਸ਼ਹਿਰ ਅਤੇ ਸਿੱਖਿਆ ਦਾ ਕੇਂਦਰ ਹੈ।

ਇਸ ਜ਼ਿਲ੍ਹੇ ਦੀ ਧਰਾਤਲ ਉੱਘੜ-ਦੁੱਘੜੀ ਜਿਹੀ ਹੈ ਅਤੇ ਜ਼ਮੀਨ ਪਥਰੀਲੀ ਹੈ। ਸਿਰਫ ਦੱਖਣ-ਪੂਰਬੀ ਖੇਤਰ ਹੀ ਮੈਦਾਨੀ ਹੈ ਪਰ ਪਹਾੜ ਨੀਵੇਂ ਹੀ ਹਨ। ਇਥੋਂ ਦਾ ਜਲਵਾਯੂ ਆਮ ਤੌਰ ਤੇ ਖੁਸ਼ਕ ਜਿਹਾ ਹੀ ਹੈ। ਜ਼ਿਲ੍ਹੇ ਦਾ ਜਲ-ਨਿਕਾਸ ਸੋਮਾ ਅਤੇ ਮਾਹੀ ਦਰਿਆਵਾਂ ਰਾਹੀਂ ਹੁੰਦਾ ਹੈ। ਮਾਹੀ ਦਰਿਆ ਹੀ ਡੂੰਗਰਪੁਰ ਦੀ ਬਾਂਸਵਾੜਾ ਨਾਲ ਹੱਦ ਬਣਾਉਂਦਾ ਹੈ। ਜ਼ਿਲ੍ਹੇ ਵਿਚ ਖੇਤੀਬਾੜੀ ਅਤੇ ਖਾਣ-ਖੁਦਾਈ ਆਰਥਿਕਤਾ ਦੇ ਧੁਰੇ ਹਨ। ਇਥੇ ਚੌਲ, ਕਣਕ, ਮੱਕੀ, ਜੌਂ, ਛੋਲੇ, ਗੰਨਾ ਆਦਿ ਫ਼ਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ ਅਤੇ ਸਿੱਕਾ, ਜਿਸਤ, ਲੋਹਾ, ਚਾਂਦੀ, ਅਬਰਕ ਦੀ ਖਾਣ-ਖੁਦਾਈ ਹੁੰਦੀ ਹੈ। ਡੂੰਗਰਪੁਰ ਸ਼ਹਿਰ ਨੇੜੇ ਗ੍ਰੇਨਾਈਟ ਪੱਥਰ ਵੀ ਮਿਲਦਾ ਹੈ।

ਸੱਨਅਤਾਂ ਜ਼ਿਲ੍ਹੇ ਵਿਚ ਘੱਟ ਹੀ ਹਨ। ਇਥੇ ਲੱਕੜੀ ਤੇ ਪੱਥਰ ਤਰਾਸ਼ਣ ਦਾ ਕੰਮ ਹੁੰਦਾ ਹੈ। ਇਸ ਤੋਂ ਇਲਾਵਾ ਚਾਂਦੀ ਦੇ ਗਹਿਣੇ ਪਿੱਤਲ ਅਤੇ ਤਾਂਬੇ ਦੇ ਭਾਂਡੇ ਵੀ ਬਣਾਏ ਜਾਂਦੇ ਹਨ। ਡੂੰਗਰਪੁਰ ਸ਼ਹਿਰ ਦਸਤਕਾਰੀਆਂ ਦਾ ਕੇਂਦਰ ਹੈ।

ਇਸ ਜ਼ਿਲ੍ਹੇ ਵਿਚ ਰੇਲ-ਮਾਰਗ ਨਹੀਂ ਹਨ। ਇਸ ਲਈ ਆਵਾਜਾਈ ਦਾ ਵੱਡਾ ਸਾਧਨ ਸੜਕਾਂ ਹੀ ਹਨ। ਡੂੰਗਰਪੁਰ ਅਤੇ ਬਾਂਸਵਾੜਾ ਜ਼ਿਲ੍ਹੇ ਦੇ ਵੱਡੇ ਸ਼ਹਿਰ ਹਨ। ਇਹ ਸੜਕਾਂ ਰਾਹੀਂ ਉਦੈਪੁਰ, ਅਹਿਮਦਾਬਾਦ ਵਰਗੇ ਰੇਲ ਸਟੇਸ਼ਨਾਂ ਨਾਲ ਜੁੜੇ ਹੋਏ ਹਨ।

ਇਹ ਜ਼ਿਲ੍ਹਾ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਡੂੰਗਰਪੁਰ ਰਿਆਸਤ ਵਿਚ ਸ਼ਾਮਲ ਹੁੰਦਾ ਸੀ। ਇਥੇ ਭੀਲ ਅਤੇ ਚੌਹਾਨ ਰਾਜਪੂਤ ਰਹਿੰਦੇ ਸਨ।

ਡੂੰਗਰਪੁਰ ਅਤੇ ਬਾਂਸਵਾੜਾ ਜ਼ਿਲ੍ਹਿਆਂ ਵਾਲੇ ਖੇਤਰ ਨੂੰ ਉਸ ਸਮੇਂ ਬਾਗੜ ਕਿਹਾ ਜਾਂਦਾ ਸੀ। ਸੰਨ 1527 ਤੱਕ ਇਹ ਦੋਵੇਂ ਜ਼ਿਲ੍ਹੇ ਇਕੋ ਡੂੰਗਰਪੁਰ ਰਿਆਸਤ ਦਾ ਹਿੱਸਾ ਸਨ ਪਰ ਪਿੱਛੋਂ ਬਾਗੜ ਦੇ ਸਰਦਾਰ ਦੀ ਮੌਤ ਉਪਰੰਤ ਇਹ ਦੋ ਹੋ ਗਏ। ਮੁਗ਼ਲਾਂ ਦੀ ਚੜ੍ਹਤ ਵਾਲੇ ਸਾਲਾਂ ਵਿਚ ਡੂੰਗਰਪੁਰ ਨੇ ਮੁਗ਼ਲਾਂ ਦੀ ਈਨ ਮੰਨੀ ਅਤੇ ਪਿੱਛੋਂ ਮਰਹੱਟਿਆਂ ਅਤੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਕੀਤੀ। ਭਾਰਤ ਦੇ ਆਜ਼ਾਦ ਹੋਣ ਪਿੱਛੋਂ ਇਹ ਰਾਜਸਥਾਨ ਰਾਜ ਵਿਚ ਜ਼ਿਲ੍ਹੇ ਦੇ ਤੌਰ ਤੇ ਸ਼ਾਮਲ ਕਰ ਲਿਆ ਗਿਆ। ਇਸ ਤਰ੍ਹਾਂ ਇਥੋਂ ਦੇ ਸਥਾਨਕ ਰਾਜਿਆਂ ਦੀ ਇਹ ਸ਼ਾਹੀ ਰਿਆਸਤ ਰਾਜਸਥਾਨ ਰਾਜ ਦਾ ਹਿੱਸਾ ਬਣੀ।

ਹ. ਪੁ.—ਐਨ. ਬ੍ਰਿ. ਮਾ. 3 : 709; ਇੰਪ. ਗ. ਇੰਡ. 11 : 378

**ਡੂਗਾਂਗ** : ਇਹ ਸਾਇਰੀਨੀਆ ਵਰਗ ਦੀ ਇਕ ਪ੍ਰਜਾਤੀ ਹੈ। ਇਨ੍ਹਾਂ ਜਲੀ, ਥਣਧਾਰੀ ਪ੍ਰਾਣੀਆਂ ਨੂੰ 'ਡੂਗਾਂਗ' ਜਾਂ 'ਸਮੁੰਦਰੀ ਗਾਂ' ਵੀ ਕਿਹਾ ਜਾਂਦਾ ਹੈ। ਇਹ ਗਰਮ ਤੱਟੀ ਪਾਣੀਆਂ ਵਿਚ ਰਹਿੰਦੇ ਹਨ। ਇਹ ਪ੍ਰਾਣੀ ਤਕਰੀਬਨ ਦੋ ਮੀ. ਤੋਂ ਪੌਣੇ ਤਿੰਨ ਮੀ. ਦੇ ਕਰੀਬ ਲੰਮੇ ਹੁੰਦੇ ਹਨ; ਪੂਛ ਵੇਲ੍ਹ ਮੱਛੀ ਵਾਂਗ, ਕਮਾਨ (Crescent) ਵਰਗੀ ਹੁੰਦੀ ਹੈ, ਦੰਦਾਂ ਦੀ ਗਿਣਤੀ ਘੱਟ ਹੁੰਦੀ ਹੈ, ਨਰ ਪ੍ਰਾਣੀਆਂ ਦੇ ਉਪਰਲੇ ਜਬਾੜ੍ਹੇ ਵਿਚ ਹਾਥੀ-ਦੰਦ (tusks) ਹੁੰਦੇ ਹਨ; ਅਗਲੇ ਖੰਭ (flippers) ਚੰਗੇ ਵਿਕਸਿਤ ਹੁੰਦੇ ਹਨ ਪਰ ਉਨ੍ਹਾਂ ਦੇ ਨਹੁੰ ਨਹੀਂ ਹੁੰਦੇ; ਹੱਡੀਆਂ ਸਖ਼ਤ ਤੇ ਮਜ਼ਬੂਤ ਹੁੰਦੀਆਂ ਹਨ ਅਤੇ ਪਿੰਜਰ ਹਾਥੀ ਦੇ ਪਿੰਜਰ ਨਾਲ ਮਿਲਦਾ ਜੁਲਦਾ ਹੈ ਭਾਵੇਂ ਇਨ੍ਹਾਂ ਦੀਆਂ ਪਿਛਲੀਆਂ ਲੱਤਾਂ ਦੀਆਂ ਹੱਡੀਆਂ ਨਹੀਂ ਹੁੰਦੀਆਂ।

ਇਨ੍ਹਾਂ ਦੇ ਬੁੱਲ੍ਹ ਮੋਟੇ ਤੇ ਥੁਥਨੀ (truncated) ਹੁੰਦੀ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਇਹ ਪਾਣੀ ਵਿਚਲੀ ਬਨਸਪਤੀ ਖਾਂਦੇ ਹਨ। ਹਰ 5-10 ਮਿੰਟਾਂ ਪਿਛੋਂ ਇਹ ਤਾਜ਼ੀ ਹਵਾ ਲੈਣ ਲਈ ਪਾਣੀ ਤੋਂ ਬਾਹਰ ਆਉਂਦੇ ਹਨ। ਇਹ ਦੂਰ ਪੂਰਬੀ ਊਸ਼ਣ ਖੰਡੀ ਸਮੁੰਦਰਾਂ ਦੇ ਘੱਟ ਡੂੰਘੇ ਪਾਣੀਆਂ ਵਿਚ ਰਹਿੰਦੇ ਹਨ ਅਤੇ ਛੋਟੇ ਛੋਟੇ ਝੁੰਡਾਂ ਵਿਚ ਪਾਣੀ ਦੇ ਕਿਨਾਰੇ ਬੈਠੇ ਧੁੱਪ ਸੇਕਦੇ ਦਿੱਸਦੇ ਹਨ। ਇਨ੍ਹਾਂ ਦੀ ਦੇਖਣ ਸ਼ਕਤੀ ਕਮਜ਼ੋਰ ਪਰੰਤੂ ਸੁਣਨ ਸ਼ਕਤੀ ਬਹੁਤ ਤੇਜ਼ ਹੁੰਦੀ ਹੈ ਭਾਵੇਂ ਇਨ੍ਹਾਂ ਦੇ ਬਾਹਰਲੇ ਕੰਨ ਨਹੀਂ ਹੁੰਦੇ। 12 ਮਹੀਨੇ ਦੇ ਗਰਭ ਕਾਲ ਤੋਂ ਬਾਅਦ ਮਾਦਾ ਇਕ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਉਸ ਦੀ ਪੂਰੀ ਦੇਖ ਭਾਲ ਕਰਦੀ ਹੈ। ਇਸਦੇ ਦੋ ਪੈਕਟੋਰਲ-ਥਣ ਹੁੰਦੇ ਹਨ ਅਤੇ ਬੱਚੇ ਨੂੰ ਦੁੱਧ ਚੁੰਘਾਉਂਦੇ ਸਮੇਂ ਉਸ ਨੂੰ ਇਕ ਖੰਭ ਦੇ ਨਾਲ ਜੱਫ਼ੀ ਪਾਈ ਰਖਦੀ ਹੈ।

ਇਸ ਦੀ ਇਕ ਪ੍ਰਸਿੱਧ ਜਾਤੀ ਡੂਗਾਂਗ ਡੂਗਾਂਗ (Dugong dugong) ਹੈ ਜਿਸ ਦੀਆਂ ਅਗੋਂ ਕਈ ਨਸਲਾਂ ਹਨ। ਇਸ ਦਾ ਮਾਸ ਸੁਆਦਲਾ ਹੋਣ ਕਰਕੇ ਇਸ ਦਾ ਸ਼ਿਕਾਰ ਕੀਤਾ ਜਾਂਦਾ ਹੈ। ਇਸ ਦੀ ਚਰਬੀ ਵਿਚੋਂ ਨਿਕਲਿਆ ਤੇਲ ਕਾਫ਼ੀ ਗੁਣਕਾਰੀ ਹੈ। ਇਕ ਬਾਲਗ ਡੂਗਾਂਗ ਤੋਂ 10-12 ਗੈਲਨ ਤੇਲ ਪ੍ਰਾਪਤ ਹੋ ਸਕਦਾ ਹੈ। ਇਸ ਪ੍ਰਾਣੀ ਦੇ ਲੁਪਤ ਹੋ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ।

ਹ. ਪੁ.—ਐਨ. ਬ੍ਰਿ. 7 : 740

**ਡੂਗੇ, ਗਾਸਪਰਡ (Dughet Gaspard)** : ਬੈਰੋਕ ਸ਼ੈਲੀ ਦੇ ਇਸ ਭੂ-ਦ੍ਰਿਸ਼ ਚਿੱਤਰਕਾਰ ਦਾ ਜਨਮ 1615 ਈ. ਵਿਚ ਰੋਮ ਵਿਚ ਹੋਇਆ। ਇਸ ਨੇ ਵਧੇਰੇ ਕਰਕੇ ਰੋਮ ਅਤੇ ਉਸ ਦੇ ਲਾਗੇ ਚਾਗੇ ਹੀ ਕੰਮ ਕੀਤਾ। ਇਸ ਦਾ ਜੀਜਾ ਨਿਕੋਲਸ ਪੂਸਿਨ ਬੜਾ ਪ੍ਰਸਿੱਧ ਵਿਅਕਤੀ ਸੀ। ਇਸ ਲਈ ਇਹ ਆਪਣੇ ਆਪ ਨੂੰ ਗਾਸਪਰਡ ਪੂਸਿਨ ਅਖਵਾਉਂਦਾ ਸੀ। ਇਸ ਦੀ ਸ਼ੈਲੀ ਸਾਧਾਰਣ ਹੈ ਜਿਹੜੀ ਨਿਕੋਲਸ ਪੂਸਿਨ ਅਤੇ ਕਲਾੱਡ ਲਾੱਰੇਨ ਦੀਆਂ ਸ਼ੈਲੀਆਂ ਦਾ ਮਿਲਗੋਭਾ ਹੈ। ਇਸ ਦੇ ਚਿੱਤਰ ਵਧੇਰੇ ਕਰਕੇ ਕਾਲਪਨਿਕ ਹਨ। ਇਸ ਨੇ ਰੋਮ ਦੇ ਨੇੜੇ ਦੇ ਪੇਂਡੂ ਇਲਾਕੇ ਨੂੰ ਵੀ ਚਿੱਤਰਿਆ। ਇਸ ਦੇ ਪ੍ਰਮੁੱਖ ਚਿੱਤਰ ਰੋਮ ਦੀਆਂ ਆਰਟ ਗੈਲਰੀਆਂ ਵਿਚ ਰੱਖੇ ਪਏ ਹਨ। ਇਸ ਦੇ ਕਈ ਚਿੱਤਰ ਇੰਗਲੈਂਡ ਵਿਚ ਵੀ ਹਨ ਜਿਥੇ ਇਹ 18 ਵੀਂ ਸਦੀ ਵਿਚ ਬਾਗਾਂ ਅਤੇ ਭੂ-ਦ੍ਰਿਸ਼ਾਂ ਦੀ ਰੂਪ-ਰੇਖਾ ਤਿਆਰ ਕਰਨ ਲਈ ਮਾਡਲਾਂ ਵਜੋਂ ਲਿਜਾਏ ਗਏ ਸਨ। ਅਜਿਹੇ ਨਮੂਨਿਆਂ ਵਿਚ 'ਲੈਂਡਸਕੇਪ ਵਿਦ ਸੇਫਾਲਸ ਹੰਟਿੰਗ' ਆਦਿ ਸ਼ਾਮਲ ਹਨ।

ਸੰਨ 1675 ਵਿਚ ਰੋਮ ਵਿਚ ਹੀ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 695

**ਡੂਜਾਰਡਿਨ, ਐਡੂਅਰਡ-ਐਮਾਈਨ ਲੂਇਸ** : ਇਹ ਫ਼ਰਾਂਸ ਦਾ ਲੇਖਕ ਅਤੇ ਪੱਤਰਕਾਰ ਸੀ ਜਿਹੜਾ ਆਪਣੇ ਨਾਵਲ 'Les Louriors sont Coupes' (1888 ਵੀਂ ਵਿੱਲ ਟੂ ਦਾ ਵੂਡਜ਼ ਨੋ ਮੋਰ 1938) ਕਰਕੇ ਬਹੁਤ ਪ੍ਰਸਿੱਧ ਹੋਇਆ। ਇਸ ਦਾ ਜਨਮ 10 ਨਵੰਬਰ, 1861 ਨੂੰ ਸੇਂਟ ਜਰਵਾਇਸ ਲਾਫਰੈਟ ਵਿਖੇ ਹੋਇਆ। ਆਪਣੇ ਨਾਵਲ ਵਿਚ ਇਸ ਨੇ ਸਭ ਤੋਂ ਪਹਿਲਾਂ ਮਨਬਚਨੀ ਢੰਗ ਦੀ ਵਰਤੋਂ ਕੀਤੀ। ਇਸ ਤੋਂ ਹੀ ਅੰਗਰੇਜ਼ੀ ਨਾਵਲਕਾਰ ਜੇਮਜ਼ ਜਾੱਇਸ ਨੇ ਆਪਣੀ ਚੇਤਨਾ-ਪ੍ਰਵਾਹ (Stream of Consciousness) ਦੀ ਤਕਨੀਕ ਲਈ, ਜਿਸ ਦੀ ਵਰਤੋਂ ਉਸ ਨੇ ਪਹਿਲੀ ਵਾਰ 'Ulysses' ਵਿਚ ਕੀਤੀ।

ਡੂਜਾਰਡਿਨ ਚਿੰਨ੍ਹਵਾਦੀ ਅੰਦੋਲਨ ਨਾਲ ਸਬੰਧਤ ਸੀ ਅਤੇ ਇਸ ਨੇ ਚਿੰਨ੍ਹਵਾਦੀ ਕਵਿਤਾ ਅਤੇ ਡਰਾਮੇ ਪ੍ਰਕਾਸ਼ਿਤ ਕੀਤੇ। ਇਸ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਸਾਹਿਤਕ ਸਮੀਖਿਆ ਤੇ ਸਮਾਲੋਚਨਾ ਵੀ ਕੀਤੀ। ਇਸ ਤੋਂ ਇਲਾਵਾ ਇਸ ਨੇ ਕਈ ਸਾਹਿਤਕ ਰਸਾਲੇ ਵੀ ਚਾਲੂ ਕੀਤੇ। ਇਹ ਇਕ ਪ੍ਰਸਿੱਧ ਲੈਕਚਰਾਰ ਸੀ। ਇਸ ਨੇ ਯਹੂਦੀ ਮਤ ਤੇ ਈਸਾਈ ਮਤ ਬਾਰੇ ਬਹੁਤ ਸਾਰੇ ਲੇਖ ਵੀ ਲਿਖੇ।

31 ਅਕਤੂਬਰ, 1949 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 697

**ਡੂਜਾਰਡਿਨ, ਕਾਰਲ** : ਇਸ ਵਲੰਦੇਜ਼ੀ ਚਿੱਤਰਕਾਰ ਅਤੇ ਉਕੇਰੇ ਦਾ ਜਨਮ 1622 ਈ. ਵਿਚ ਐਮਸਟਰਡਮ ਵਿਖੇ ਹੋਇਆ। ਇਹ ਇਟਲੀ ਦੇ ਕਿਸਾਨਾਂ ਅਤੇ ਚਰਵਾਹਿਆਂ ਦਾ ਆਪਣੇ ਪਸ਼ੂਆਂ ਸਹਿਤ ਸਜੀਵ ਚਿਤਰਣ ਕਰਨ ਕਰਕੇ ਬਹੁਤ ਪ੍ਰਸਿੱਧ ਹੋਇਆ। ਇਟਲੀ ਦਾ ਦੌਰਾ ਕਰਨ ਤੋਂ ਬਾਅਦ ਇਸ ਨੇ 1652 ਤੋਂ 1674 ਈ. ਤੱਕ ਐਮਸਟਰਡਮ ਅਤੇ ਹੇਗ ਵਿਖੇ ਕੰਮ ਕੀਤਾ। ਇਸ ਤੋਂ ਬਾਅਦ ਇਹ ਰੋਮ ਪਰਤ ਗਿਆ ਅਤੇ ਆਪਣੀ ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ ਤੱਕ ਉਥੇ ਹੀ ਰਿਹਾ। ਇਸ ਨੇ ਆਪਣੇ ਚਿੱਤਰਾਂ ਲਈ ਧਾਰਮਕ, ਮਿਥਿਹਾਸਕ, ਦੋ ਅਰਥੀ-ਵਿਸ਼ੇ ਅਤੇ ਸਾਧਾਰਣ ਜੀਵਨ ਤੇ ਅਧਾਰਿਤ ਵਿਸ਼ੇ ਵੀ ਲਏ।

20 ਨਵੰਬਰ, 1678 ਨੂੰ ਵੈਨਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 697

**ਡੂਜ਼ੇ, ਈਲੀਓਨੋਰਾ** : ਇਟਲੀ ਦੀ ਇਸ ਅਦਾਕਾਰਾ ਦਾ ਜਨਮ 3 ਅਕਤੂਬਰ, 1858 ਨੂੰ ਇਟਲੀ ਵਿਚ ਵਿਰੇਵਾਨੋ ਦੇ ਨੇੜੇ ਹੋਇਆ। ਇਸ ਦੇ ਪਰਿਵਾਰ ਦੇ ਵਧੇਰੇ ਮੈਂਬਰ ਅਦਾਕਾਰ ਸਨ।

ਚਾਰ ਸਾਲ ਦੀ ਉਮਰ ਵਿਚ ਹੀ ਇਸ ਨੇ ਪਹਿਲੀ ਵਾਰ 'ਲਾ ਮਿਜ਼ਰੇਬਲ' ਵਿਚ ਕੰਮ ਕੀਤਾ। ਜਦੋਂ ਇਹ ਛੇ ਸਾਲ ਦੀ ਹੋਈ ਤਾਂ ਇਸ ਦਾ ਨਾਂ ਨਾਟਕਾਂ ਨਾਲ ਸਬੰਧਤ ਪੋਸਟਰਾਂ ਤੇ ਆਉਣ ਲੱਗਾ। 14 ਸਾਲ

ਦੀ ਉਮਰ ਵਿਚ ਇਸ ਨੇ ਸ਼ੈਕਸਪੀਅਰ ਦੇ ਨਾਟਕ ਵਿਚ ਜੂਲੀਅਟ ਦਾ ਰੋਲ ਅਦਾ ਕੀਤਾ ਪਰ 1878 ਵਿਚ ਨੇਪਲਜ਼ ਵਿਖੇ ਐਮਾਈਲ ਜ਼ੋਲਾ (Emile Zola) ਦੇ ਨਾਟਕ ਵਿਚ ਜੋ ਰੋਲ ਇਸ ਨੇ ਅਦਾ ਕੀਤਾ ਉਸ ਨਾਲ ਇਹ ਬਹੁਤ ਪ੍ਰਸਿੱਧ ਹੋ ਗਈ। ਕੋਈ ਵੀ ਅਜਿਹਾ ਪ੍ਰਮੁੱਖ ਥੀਏਟਰ ਨਹੀਂ ਸੀ ਜਿਸ ਨੇ ਇਸ ਦਾ ਸੁਆਗਤ ਨਾ ਕੀਤਾ ਹੋਵੇ। ਨਿਊਯਾਰਕ ਵਿਖੇ ਇਸ ਨੂੰ ਪਹਿਲੀ ਵਾਰ ਜਨਵਰੀ, 1893 ਵਿਚ ਬੁਲਾਇਆ ਗਿਆ। ਉਸ ਤੋਂ ਮਗਰੋਂ ਵੀ ਇਹ ਕਿੰਨੀ ਵਾਰੀ ਉਥੇ ਗਈ। ਸੰਨ 1923 ਵਿਚ ਹੈਨਰਿਕ ਇਬਸਨ ਦੇ ਨਾਟਕ 'ਲੇਡੀ ਫ਼੍ਰੌਮ ਦੀ ਸੀ' ਵਿਚ ਇਸ ਨੇ ਬਹੁਤ ਕਮਾਲ ਕੀਤਾ। ਸੰਨ 1894 ਵਿਚ ਇਸ ਦਾ ਨੌਜਵਾਨ ਕਵੀ ਗਾਬ੍ਰੀਐੱਲ ਨਾਲ ਪਿਆਰ ਹੋ ਗਿਆ। ਗਾਬ੍ਰੀਐੱਲ ਨੇ ਇਸ ਲਈ ਕਈ ਨਾਟਕ ਲਿਖੇ। ਇਸ ਦਾ ਚਿਹਰਾ ਬਹੁਤ ਭਾਵਪੂਰਣ ਸੀ ਅਤੇ ਇਸ ਦੀ ਆਵਾਜ਼ ਹਰ ਤਰ੍ਹਾਂ ਦੇ ਭਾਵ ਪ੍ਰਗਟਾ ਸਕਦੀ ਸੀ।

ਪਹਿਲੇ ਵਿਸ਼ਵ-ਯੁੱਧ ਤੋਂ ਕੁਝ ਚਿਰ ਪਹਿਲਾਂ ਡੂਜ਼ੇ ਅਚਾਨਕ ਹੀ ਬਹੁਤ ਮਾਯੂਸ ਹੋ ਗਈ ਅਤੇ ਇਸ ਨੇ ਨਾਟਕ ਖੇਡਣੇ ਛੱਡ ਦਿੱਤੇ। ਲੜਾਈ ਮਗਰੋਂ ਅਮਨ ਸਥਾਪਿਤ ਹੋਣ ਤੇ ਇਸ ਨੇ ਮੁੜ ਤੋਂ ਆਪਣਾ ਸਟੇਜੀ ਜੀਵਨ ਸ਼ੁਰੂ ਕਰ ਦਿੱਤਾ। ਸਿਹਤ ਠੀਕ ਨਾ ਹੋਣ ਕਾਰਨ ਸੰਯੁਕਤ ਰਾਜ ਅਮਰੀਕਾ ਦਾ ਦੌਰਾ ਕਰਦੇ ਹੋਏ ਰਸਤੇ ਵਿਚ ਹੀ 21 ਅਪ੍ਰੈਲ, 1924 ਨੂੰ ਪੈਨਸਿਲਵਾਨੀਆ ਰਾਜ ਵਿਚ ਪਿਟਸਬਰਗ ਵਿਖੇ ਇਹ ਸੰਸਾਰ ਪ੍ਰਸਿੱਧ ਐਕਟ੍ਰੈੱਸ ਸਦਾ ਲਈ ਸੰਸਾਰ ਦੀ ਸਟੇਜ ਤੋਂ ਚਲੀ ਗਈ।

ਹ. ਪੁ.—ਐਨ. ਬ੍ਰਿ. ਮਾ. 5 : 1095; ਐਨ. ਅਮੈ. 9 : 427 ; ਕੋਲ. ਐਨ. 6 : 434

**ਡੂਟਚੋ ਡੀ ਬਵੋਨੀਨਸੇਨਯਾ (Ducciodi Buoninsegna)** : ਮੱਧ ਯੁੱਗ ਦੇ ਇਸ ਉੱਘੇ ਇਤਾਲਵੀ ਚਿੱਤਰਕਾਰ ਅਤੇ ਸਿਐਨੀ ਪੱਧਤੀ ਦੇ ਮੋਢੀ ਦਾ ਜਨਮ ਲ. 1255 ਈ. ਵਿਚ ਸਿਐਨਾ ਵਿਖੇ ਹੋਇਆ। ਇਸ ਦੇ ਮੁੱਢਲੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਉਪਲੱਬਧ ਹੈ। ਜਾਪਦਾ ਹੈ ਕਿ ਇਸ ਨੇ ਕਿਸੇ ਬਾਜ਼ਨਤੀਨੀ ਅਧਿਆਪਕ ਪਾਸੋਂ ਸਿਖਿਆ ਪ੍ਰਾਪਤ ਕੀਤੀ ਸੀ। ਸੰਨ 1278 ਤੱਕ ਇਹ ਇਕ ਪ੍ਰੌੜ ਅਤੇ ਸੁਤੰਤਰ ਚਿੱਤਰਕਾਰ ਵਜੋਂ ਸਥਾਪਤ ਹੋ ਚੁੱਕਿਆ ਸੀ।

ਡੂਟਚੋ ਨੇ ਆਪਣੇ ਤੋਂ ਪੁਰਾਣੇ ਚਿੱਤਰਕਾਰਾਂ ਬਾਰੇ ਪੜ੍ਹਿਆ ਅਤੇ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸ ਨੇ ਆਪਣੇ ਚਿੱਤਰਾਂ ਲਈ ਸਿਐਨਾ ਤੋਂ ਬਾਹਰ ਦੇ ਵੀ ਵਿਸ਼ੇ ਲਏ। ਸੰਨ 1285 ਵਿਚ ਇਸ ਨੇ ਫਲੋਰੈਂਸ ਵਿਖੇ ਗਿਰਜੇ ਵਿਚ ਮੈਡੋਨਾ ਦੀ ਤਸਵੀਰ ਬਣਾਉਣ ਦਾ ਠੇਕਾ ਲਿਆ।

ਸੰਨ 1298 ਵਿਚ ਇਹ ਸਿਐਨਾ ਦੀ ਕੌਂਸਲ ਦਾ ਮੈਂਬਰ ਬਣਿਆ। ਸੰਨ 1308 ਤੋਂ 1311 ਤੱਕ ਇਸ ਨੇ ਸਿਐਨਾ ਦੇ ਗਿਰਜੇ ਲਈ ਇਕ ਮੂਰਤੀ ਬਣਾਈ ਜੋ ਇਸ ਦੀ ਇਕ ਮਹਾਨ ਕਿਰਤ ਮੰਨੀ ਜਾਂਦੀ ਹੈ। ਇਸ ਨੂੰ 'Maesta' ਦਾ ਨਾਂ ਦਿੱਤਾ ਗਿਆ। ਇਹ ਤਸਵੀਰ 12 ਫੁੱਟ ਲੰਬੀ ਸੀ। ਇਸ ਦੇ ਕੇਂਦਰ ਵਿਚ ਮੈਡੋਨਾ ਨੂੰ ਤਖ਼ਤ ਤੇ ਸੁਸ਼ੋਭਿਤ ਕੀਤਾ ਗਿਆ ਸੀ ਅਤੇ ਉਸ ਦੇ ਆਲੇ-ਦੁਆਲੇ ਦ੍ਰਿਸ਼ ਬਣਾਏ ਗਏ ਸਨ।

ਡੂਟਚੋ ਦੇ ਚਿੱਤਰਾਂ ਵਿਚ ਇਤਾਲਵੀ – ਬਾਜ਼ਨਤੀਨੀ ਸ਼ੈਲੀ ਦੀ ਝਲਕ ਮਿਲਦੀ ਹੈ। ਕਈਆਂ ਚਿੱਤਰਾਂ ਵਿਚ ਬਾਜ਼ਨਤੀਨੀ ਅਤੇ ਗਾੱਥੀ ਸ਼ੈਲੀ ਦਾ ਸੁਮੇਲ ਹੈ। ਇਹ ਆਪਣੇ ਚਿੱਤਰਾਂ ਵਿਚ ਨਾਟਕੀ ਅਤੇ ਕਾਲਪਨਿਕ ਪ੍ਰਭਾਵ ਸ਼ਕਤੀ ਲਿਆਉਣ ਤੋਂ ਅਸਮਰੱਥ ਰਿਹਾ। ਇਸ ਦੇ ਚਿੱਤਰਾਂ ਵਿਚ ਰੋਜ਼ਾਨਾ ਜੀਵਨ ਦੀ ਵੀ ਝਲਕ ਮਿਲਦੀ ਹੈ। ਡੂਟਚੋ ਨੇ ਆਪਣੇ ਚਿੱਤਰਾਂ ਵਿਚ ਗੂੜ੍ਹੇ ਰੰਗਾਂ ਦੀ ਵਰਤੋਂ ਕੀਤੀ ਅਤੇ ਰੋਸ਼ਨੀ ਅਤੇ ਛਾਂ ਨੂੰ ਵੀ ਵਿਖਾਇਆ ਹੈ।

'ਮੈਡੋਨਾ ਰੂਸੈਲਾਈ' (1285) 'ਮੈਡੋਨਾ ਵਿਦ ਚਾਈਲਡ ਐਂਡ ਏਂਜਲਜ਼ (ਲ. 1300), 'ਮੈਡੋਨਾ ਐਨਥ੍ਰੋਨਡ ਵਿਚ ਏਂਜਲਜ਼', 'ਮੈਡੋਨਾ ਐਂਡ ਚਾਈਲਡ', 'ਸੇਂਟ ਪਾਲ' ਅਤੇ 'ਦੀ ਪ੍ਰੀਜ਼ੈਂਟੇਸ਼ਨ ਇਨ ਦੀ ਟੈਂਪਲ' ਆਦਿ ਇਸ ਦੇ ਕੁਝ ਉੱਘੇ ਚਿੱਤਰ ਹਨ। ਇਸ ਦੇ ਬਣਾਏ ਚਿੱਤਰ ਲੰਡਨ, ਵਾਸ਼ਿੰਗਟਨ, ਸਿਐਨਾ, ਬਰਨ, ਬ੍ਰਸਲਜ਼ ਆਦਿ ਦੇ ਮਿਊਜ਼ੀਅਮਾਂ ਅਤੇ ਆਰਟ ਗੈਲਰੀਆਂ ਵਿਚ ਲੱਗੇ ਹੋਏ ਹਨ।

ਸੰਨ 1318 ਦੇ ਅੰਤ ਜਾਂ 1319 ਈ. ਦੇ ਪਹਿਲੇ ਅੱਧ ਵਿਚ ਸਿਐਨਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 : 1076; ਐਨ, ਅਮੈ, 9: 376

**ਡੂਟਰਾ, ਏਊਰੀਕੂ ਗੈਸਪਰ** : ਬ੍ਰਾਜ਼ੀਲ ਦੇ ਇਸ ਨਾਮਵਰ ਸਿਪਾਹੀ ਅਤੇ ਪ੍ਰੈਜ਼ੀਡੈਂਟ ਦਾ ਜਨਮ 18 ਮਈ, 1885 ਨੂੰ ਬ੍ਰਾਜ਼ੀਲ ਵਿਚ, ਕੁਯਾਬਾ ਦੇ ਸਥਾਨ ਤੇ ਹੋਇਆ। ਇਸ ਦਾ ਰਾਜ-ਕਾਲ ਸੰਵਿਧਾਨਕ ਅਤੇ ਲੋਕਰਾਜ ਦੀ ਮੁੜ-ਸਥਾਪਤੀ ਲਈ ਮਸ਼ਹੂਰ ਹੈ ਇਹ 1910 ਵਿਚ ਰਿਸਾਲੇ ਵਿਚ ਸੈਕਿੰਡ ਲੈਫਟੀਨੈਂਟ ਭਰਤੀ ਹੋਇਆ। ਅਗਲੇ 22 ਸਾਲਾਂ ਵਿਚ ਇਹ ਕਈ ਨੇਮੀ ਜ਼ਿੰਮੇਵਾਰੀਆਂ ਨਿਭਾਉਂਦਾ ਰਿਹਾ ਅਤੇ ਤਰੱਕੀ ਹਾਸਲ ਕਰਦਾ ਗਿਆ। ਇਸ ਸਮੇ ਦੌਰਾਨ ਇਸਨੇ ਸਿਆਸਤ ਵਿਚ ਕੋਈ ਵੀ ਦਿਲਚਸਪੀ ਨਾ ਲਈ ਇਸ ਨੇ ਸਰਕਾਰ ਵਿਰੁੱਧ ਉੱਠ ਰਹੀਆਂ ਸਾਰੀਆਂ ਇਨਕਲਾਬੀ ਲਹਿਰਾਂ ਨੂੰ ਕੁਚਲਣ ਲਈ ਸਮੇਂ ਦੀ ਸਥਾਪਿਤ ਸਰਕਾਰ ਦੀ ਪੁਰਜ਼ੋਰ ਹਿਮਾਇਤ ਕੀਤੀ। ਜਦੋਂ 1930 ਦੇ ਰਾਜ-ਪਲਟੇ ਸਮੇਂ ਜਟੂਲਯੂ ਡੁਰਨੇਲਿਸ਼ ਵਾਰਗਸ ਨੇ ਤਾਕਤ ਆਪਣੇ ਹੱਥਾਂ ਵਿਚ ਲੈ ਲਈ ਸੀ ਤਾਂ ਉਸ ਸਮੇਂ ਇਸ ਨੇ ਉਸ ਦਾ ਡੱਟ ਕੇ ਵਿਰੋਧ ਕੀਤਾ ਸੀ ਪਰ ਮਗਰੋ 1932 ਦੀ ਸਾਉਂ ਪਾਊਲੂ ਬਗ਼ਾਵਤ ਸਮੇਂ ਇਸਨੇ ਉਸਦੀ ਪੂਰੀ ਹਿਮਾਇਤ ਕੀਤੀ। ਐਸਟਾਡੋ ਨੋਵਾਂ ਰਾਜ ਲਈ 1937 ਦਾ ਸੰਵਿਧਾਨ ਬਣਾ ਕੇ, ਇਹ ਦੇਸ਼ ਦੀਆਂ ਪ੍ਰਮੁੱਖ ਹਸਤੀਆਂ ਵਿਚ ਗਿਣਿਆ ਜਾਣ ਲੱਗ ਪਿਆ। ਰੀਓ ਡੇ ਜਨੈਰੋ ਵਿਚ ਫ਼ੌਜ ਦੇ ਕਮਾਂਡਿੰਗ ਜਰਨੈਲ ਦੇ ਤੌਰ ਤੇ ਇਸਨੇ 1935 ਵਿਚ ਕਮਿਊਨਿਸਟ ਬਗ਼ਾਵਤ ਨੂੰ ਦਬਾਇਆ ਸੰਨ 1936 ਤੋਂ 1945 ਤੱਕ ਇਹ ਯੁੱਧ-ਮੰਤਰੀ ਦੇ ਤੌਰ ਤੇ ਰਿਹਾ।

ਅੱਠ ਸਾਲਾਂ ਮਗਰੋਂ ਜਦੋਂ ਅਕਤੂਬਰ, 1945 ਵਿਚ ਵਾਰਗਸ ਨੇ ਚੋਣਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਇਸ ਨੇ ਇਸ ਸਫ਼ਲ ਰਾਜ-ਪਲਟੇ ਦੀ ਅਗਵਾਈ ਕੀਤੀ ਅਤੇ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀ ਹਿਮਾਇਤ ਨਾਲ ਦਸੰਬਰ ਵਿਚ ਦੇਸ਼ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ ਇਸ ਨੇ ਦਿਹਾਤੀ ਕਾਮਿਆਂ ਅਤੇ ਵਾਰਗਸ ਦੀ ਸਿਫਾਰਸ਼ ਤੇ ਬ੍ਰਾਜ਼ੀਲੀਅਨ ਲੇਬਰ ਪਾਰਟੀ ਦੀ ਵੀ ਹਿਮਾਇਤ ਪ੍ਰਾਪਤ ਕਰ ਲਈ ਇਸ ਦੇ ਰਾਜ-ਪ੍ਰਬੰਧ ਦੌਰਾਨ ਬ੍ਰਾਜ਼ੀਲ ਵਿਚ ਆਮ ਵਾਂਗ ਕੰਮ-ਕਾਰ ਚੱਲਣ ਲੱਗ ਪਿਆ ਅਤੇ ਲੋਕਰਾਜੀ ਆਜ਼ਾਦੀਆਂ ਦਾ ਸਤਿਕਾਰ ਹੋਣ ਲੱਗ ਪਿਆ। ਇਸ ਨੇ ਅਮਰੀਕਨ ਸਟੇਟਸ ਸੰਘ ਰਾਹੀਂ ਸੰਯੁਕਤ ਰਾਜ ਨਾਲ ਆਪਸੀ ਸਬੰਧਾਂ ਵਿਚ ਹੋਰ ਸੁਧਾਰ ਲਿਆਉਣ ਲਈ ਪੂਰੀ ਕੋਸ਼ਿਸ਼ ਕੀਤੀ। ਵਿਤੀ ਨੀਤੀ ਦੇ ਖੇਤਰ ਵਿਚ ਇਸ ਦੇ ਰਾਜ-ਪ੍ਰਬੰਧ ਨੂੰ ਕੋਈ ਸਪਸ਼ਟ ਸੇਧ ਨਾ ਮਿਲ ਸਕੀ ਜਿਸ ਦੇ ਨਤੀਜੇ ਵਿਚ ਦੇਸ਼ ਵਿਚ ਅਸ਼ਾਂਤੀ ਫੈਲ ਗਈ ਅਤੇ ਵਾਰਗਸ 1951 ਦੀ ਚੋਣ ਜਿੱਤ ਗਿਆ ਇਸ ਦੀ ਮੌਤ 11 ਜੂਨ, 1974 ਨੂੰ ਰੀਓ ਡੇ ਜਨੈਰੋ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 4 : 301; ਕੋਲ. ਐਨ. 6 : 440 : ਐਨ. ਅਮੈ 9 : 501

**ਡੂਟਰਾੱਨੋਮੀ ਪੁਸਤਕ** : ਇਹ ਬਾਈਬਲ ਦਾ ਪੰਜਵਾਂ ਭਾਗ ਹੈ। ਇਹ ਮੂਸਾ ਵੱਲੋਂ ਇਸਰਾਈਲੀਆਂ ਦੇ ਨਾਂ ਵਿਦਾਇਗੀ ਭਾਸ਼ਣ ਹੈ ਮੂਸਾ ਨੇ ਸਿਨਾਈ ਵਿਖੇ ਲੋਕਾਂ ਨੂੰ ਆਚਾਰ-ਵਿਹਾਰ ਦੇ ਸਿਧਾਂਤ ਦੱਸੇ ਸਨ। ਸੋ ਇਸ ਨੇ ਇਨ੍ਹਾਂ ਸਿਧਾਂਤਾਂ ਨੂੰ ਦੁਹਰਾਇਆ ਅਤੇ ਇਸ ਗੱਲ

ਉਤੇ ਜ਼ੋਰ ਦਿਤਾ ਕਿ ਉਹ ਕੈਨਾਨ ਦੀ ਧਰਤੀ ਤੇ ਵੱਸਣ ਵਾਲੇ ਲੋਕਾਂ ਦੇ ਹਿਤ ਲਈ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰਨ । ਮੂਸਾ ਨੇ ਇਨ੍ਹਾਂ ਭਾਸ਼ਣਾਂ ਰਾਹੀਂ ਇਸਰਾਈਲੀਆਂ ਦਾ ਬੀਤ ਚੁੱਕਿਆ ਸਮਾਂ ਯਾਦ ਕਰਾਇਆ।

ਡੂਟਰਾੱਨੋਮੀ ਦਾ ਭਾਵ 'ਨਕਲ' ਜਾਂ 'ਦੁਹਰਾਈ' ਹੈ। ਮੂਸਾ ਨੇ ਇਸ ਵਿਚ ਉਹ ਵਿਚਾਰ ਦੁਹਰਾਏ ਹਨ ਜੋ ਪ੍ਰਮੁੱਖ ਪੁਸਤਕਾਂ ਵਿਚ ਪਹਿਲਾਂ ਹੀ ਉਪਲੱਬਧ ਸਨ। 'ਡੂਟਰਾੱਨੋਮੀ' ਵਿਚ ਆਪ ਆਚਰਣ ਦੇ ਮੁਢਲੇ ਵਰਣਨ ਪਿੱਛੇ (1-4) ਕਾਨੂੰਨ ਦੀ ਹੋਰ ਜਾਣਕਾਰੀ ਮਿਲਦੀ ਹੈ ਅਤੇ ਇਸ ਦੇ ਵਿਸ਼ੇ ਉਤੇ (5-11) ਹੋਰ ਜ਼ੋਰ ਦਿੱਤਾ ਗਿਆ ਹੈ। ਪੰਜਵਾਂ ਅਧਿਆਇ ਦੂਜੇ ਪ੍ਰਵਰਨ ਤੋਂ ਸ਼ੁਰੂ ਹੁੰਦਾ ਹੈ ਜਿਸ ਵਿਚ ਸਾਰੇ ਕਾਨੂੰਨ ਦੱਸੇ ਗਏ ਹਨ (12-26,28)। ਤੀਜਾ ਪ੍ਰਵਚਨ 29 ਅਤੇ 30 ਦੇ ਵਿਚ ਹੈ। ਬਾਕੀ ਸਾਰੀ ਪੁਸਤਕ ਵਿਚ ਮੂਸਾ ਦੇ ਅੰਤਲੇ ਕਾਰਜਾਂ ਅਤੇ ਉਸ ਦੀ ਮੌਤ ਦਾ ਬਿਆਨ ਹੈ। ਇਸ ਵਿਚ ਦੋ ਕਵਿਤਾਵਾਂ 'Song of Moses' (32) ਅਤੇ 'Blessing of Moses ' (33) ਸ਼ਾਮਲ ਹਨ।

ਇਹ ਦਲੀਲ ਕਾਫ਼ੀ ਸਮੇਂ ਤੋਂ ਮੰਨ ਲਈ ਗਈ ਹੈ ਕਿ ਇਸ ਪੁਸਤਕ ਦੀ ਮੂਸਾ ਵੱਲੋਂ ਲਿਖੇ ਜਾਣ ਦੀ ਸੰਭਾਵਨਾ ਨਹੀਂ । ਇਸ ਵਿਚ ਕਿਤੇ ਵੀ ਉਸ ਦੇ ਕਰਤਾ ਹੋਣ ਦਾ ਜ਼ਿਕਰ ਨਹੀਂ ਆਇਆ-ਕੇਵਲ ਇਸ ਕਰਕੇ ਹੀ ਨਹੀਂ ਕਿ ਇਸ ਵਿਚ ਉਸ ਦੀ ਮੌਤ ਦਾ ਜ਼ਿਕਰ ਹੈ, ਸਗੋਂ ਇਸ ਕਰਕੇ ਵੀ ਕਿ ਇਸ ਵਿਚ ਅਜਿਹੇ ਸਮਾਜ ਦੀ ਭਵਿੱਖਤ ਦੀ ਕਲਪਨਾ ਕੀਤੀ ਗਈ ਹੈ ਜੋ ਕਿ ਉਸ ਸਮੇਂ ਦੇ ਸਮਾਜ ਨਾਲੋਂ ਬਿਲਕੁਲ ਭਿੰਨ ਹੈ। 'ਹੀਬਰਿਊ ਲਾ' ਕੇਵਲ ਇਸ ਕਰਕੇ ਹੀ ਮੂਸਾ ਦਾ ਹੈ ਕਿ ਮੂਸਾ ਇਸ ਕਾਨੂੰਨੀ ਰਵਾਇਤ ਦਾ ਮੋਢੀ ਸੀ ਪਰ ਉਹ ਸਾਰੇ ਕਾਨੂੰਨਾਂ ਦਾ ਕਰਤਾ ਨਹੀਂ ਸੀ। ਜਿਸ ਢਾਂਚੇ ਵਿਚ ਡੂਟਰਾੱਨੋਮੀ ਦੇ ਕਾਨੂੰਨ ਸੈੱਟ ਕੀਤੇ ਗਏ ਹਨ ਉਹ ਉਸ ਦੀਆਂ ਦੂਜੀਆਂ ਨਿਯਮਾਵਲੀਆਂ ਨਾਲੋਂ ਵੱਖ ਹਨ।

ਇਸ ਪੁਸਤਕ ਦੇ ਮੁੱਢ ਬਾਰੇ ਭਿੰਨ ਭਿੰਨ ਰਾਵਾਂ ਹਨ ਪਰ 1805 ਈ. ਤੋਂ ਮਗਰੋਂ ਇਹ ਵਿਚਾਰ ਸਵੀਕਾਰ ਕੀਤਾ ਗਿਆ ਹੈ ਕਿ ਇਹ ਕਾਨੂੰਨ ਪੁਸਤਕ 621 ਈ. ਪੂ. ਦੌਰਾਨ ਇਕ ਮੰਦਰ ਵਿਚੋਂ ਲੱਭੀ ਸੀ। ਜੋਸੀਆਹ ਦੇ ਸੁਧਾਰਾਂ ਤੋਂ ਮਗਰੋਂ ਇਸ ਪੁਸਤਕ ਵਿਚ ਬੇਸ਼ੁਮਾਰ ਰਲਾਅ-ਮਿਲਾਅ ਹੁੰਦੇ ਗਏ। ਮਹਾਨ ਅਵਤਾਰਾਂ ਐਮੱਸ, ਹੋਸੀਆ ਅਤੇ ਇਸਾਈਆਹ ਆਦਿ ਵਰਗੇ ਮਹਾਨ ਅਵਤਾਰਾਂ ਨੇ ਜੋ ਜੋ ਪ੍ਰਚਾਰ ਲੋਕਾਂ ਵਿਚ ਕੀਤੇ ਸਨ ਲਗਭਗ ਉਹ ਸਭ ਕੁਝ ਇਕ ਕਾਨੂੰਨ ਦੀ ਸ਼ਕਲ ਵਿਚ ਡੂਟਰਾਨੋਮੀ ਵਿਚ ਦਰਜ ਹੈ ਫਿਰ ਵੀ ਇਹ ਪੁਸਤਕ ਹੂਬਹੂ ਅਵਤਾਰਾਂ ਦੀ ਦਾਸਤਾਂ ਦੀ ਪ੍ਰਦਰਸ਼ਨੀ ਨਹੀਂ ਕਰਦੀ। ਇਹ ਮੌਲਿਕ ਹੈ। ਇਥੋਂ ਤੱਕ ਇਕ ਇਸ ਦੇ ਕਾਨੂੰਨੀ ਭਾਗ ਵਿਚ ਵੀ ਭਾਸ਼ਾਈ ਵਾਰਤਕ ਸੁੰਦਰ ਅਤੇ ਅਨੂਠੀ ਹੈ। ਇਸ ਸਾਰੀ ਪੁਸਤਕ ਵਿਚ ਇਸ ਦੇ ਨਿੱਜੀ ਵਿਸ਼ਿਆਂ ਵਿਚ ਸ਼ੁੱਧਤਾ, ਨਵੀਨਤਾ ਤੇ ਜੋਸ਼ ਭਰਿਆ ਹੋਇਆ ਹੈ।

ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਸਾਰੀ ਪੁਸਤਕ ਵਿਚ ਸਾਧਾਰਣ ਵਿਚਾਰ ਅਤੇ ਬਿਲਕੁਲ ਇਕਸਾਰ ਸ਼ੈਲੀ ਦੇਖ ਕੇ ਅਸੀਂ ਸੁਭਾਵਕ ਹੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਇਹ ਇਕੋ ਵਿਅਕਤੀ ਦੀ ਕਿਰਤ ਹੈ। ਪਰ ਇਸ ਵਿਚ ਸ਼ੱਕ ਨਹੀਂ ਕਿ ਇਸ ਦੀ ਮੌਜੂਦਾ ਸ਼ਕਲ ਅਤੇ ਆਕਾਰ ਹੌਲੀ ਹੌਲੀ ਹੋਂਦ ਵਿਚ ਆਇਆ। ਤਰ੍ਹਾਂ ਤਰ੍ਹਾਂ ਦੇ ਪ੍ਰਵਚਨਾਂ ਤੇ ਕਾਨੂੰਨਾਂ ਦੀ ਬੇਤਰਤੀਬੀ ਇਸੇ ਗੱਲ ਦਾ ਸਬੂਤ ਹਨ। ਕਈ ਥਾਵਾਂ ਤੇ ਸ਼ੈਲੀ ਦੀ ਭਿੰਨਤਾ ਤੇ ਪਰਸਪਰ ਵਿਰੋਧ ਇਸ ਵਿਚਾਰ ਨੂੰ ਹੋਰ ਪੱਕਾ ਕਰਦੇ ਹਨ। ਇਸ ਪੁਸਤਕ ਦਾ ਧਾਰਮਿਕ ਰੀਤੀ ਰਿਵਾਜ ਅਤੇ ਸਮਾਜਕ ਨੈਤਿਕਤਾ ਨਾਲ ਸਿੱਧਾ ਸਬੰਧ ਹੈ।

ਹ. ਪੁ.–ਐਨ. ਬ੍ਰਿ. ਮਾ. 3 : 497; ਐਨ. ਅਮੈ. 9: 33; ਵ. ਯੂ. ਐਨ. 5 : 1524

**ਡੂ ਟਾਇਟ, ਜੈਕਬ ਡਾਨਯੈਲ** : ਇਹ ਇਕ ਅਫ਼ਰੀਕੀ ਕਵੀ, ਪਾਦਰੀ ਅਤੇ ਬਾਈਬਲ ਦਾ ਵਿਦਵਾਨ ਸੀ। ਇਸ ਦਾ ਜਨਮ 21 ਫ਼ਰਵਰੀ, 1877 ਨੂੰ ਦੱਖਣੀ ਅਫ਼ਰੀਕਾ ਦੇ ਕੇਪ ਪ੍ਰੋਵਿੰਸ ਵਿਚ ਪਾਰਲ ਵਿਖੇ ਹੋਇਆ। ਇਸ ਨੇ ਪ੍ਰਟੋਰੀਆ, ਰਸਟੈਨਬਰਗ ਆਦਿ ਥਾਵਾਂ ਤੋਂ ਵਿੱਦਿਆ ਪ੍ਰਾਪਤ ਕਰਕੇ ਬਰਜਡੋਰਪ ਵਿਖੇ ਪ੍ਰਮਾਰਥਕ ਸਕੂਲ ਤੋਂ ਪੜ੍ਹਾਈ ਕੀਤੀ। ਸੰਨ 1899 ਵਿਚ ਇਸ ਨੇ ਪਾਦਰੀਪਣ ਲਈ ਅੰਤਲੀ ਪ੍ਰੀਖਿਆ ਪਾਸ ਕੀਤੀ।

ਦੱਖਣੀ ਅਫ਼ਰੀਕਾ ਦੇ ਯੁੱਧ ਛਿੜਨ ਤੇ ਇਹ ਬੋਅਰ ਫ਼ੌਜਾਂ ਵਿਚ ਪਾਦਰੀ ਵਜੋਂ ਭਰਤੀ ਹੋ ਗਿਆ। ਸੰਨ 1900 ਵਿਚ ਇਹ ਐਮਸ-ਟਰਡਮ ਗਿਆ। ਉਥੋਂ ਦੀ ਫਰੀ ਯੂਨੀਵਰਸਿਟੀ ਤੋਂ ਇਸ ਨੇ 1903 ਈ. ਵਿਚ ਧਰਮ-ਸ਼ਾਸਤਰ ਵਿਚ ਡਾਕਟਰ ਦੀ ਡਿਗਰੀ ਲਈ ਅਤੇ ਪਾਦਰੀਪਦ ਸੰਭਾਲ ਲਿਆ। ਸੰਨ 1911 ਵਿਚ ਇਹ ਟ੍ਰਾਂਸਵਾਲ ਵਿਖੇ ਯੂਨੀਵਰਸਿਟੀ ਵਿਚ ਧਰਮ-ਸ਼ਾਸਤਰ ਦਾ ਪ੍ਰੋਫ਼ੈਸਰ ਬਣ ਗਿਆ। ਸੰਨ 1949 ਵਿਚ ਆਪਣੀ ਰੀਟਾਇਰਮੈਂਟ ਸਮੇਂ ਇਹ ਉਥੋਂ ਚਾਂਸਲਰ ਨਿਯੁਕਤ ਹੋ ਗਿਆ।

ਡੂ ਟਾਇਟ ਨੇ ਬਾਈਬਲ ਦਾ ਕਾਫ਼ੀ ਜ਼ਿਆਦਾ ਹਿੱਸਾ ਅਫ਼ਰੀਕੀ ਭਾਸ਼ਾ ਵਿਚ ਅਨੁਵਾਦ ਕੀਤਾ ਜੋ 1932 ਈ. ਵਿਚ ਮੁਕੰਮਲ ਹੋਇਆ ਬਚਪਨ ਵਿਚ ਹੀ ਇਸ ਨੂੰ ਅਜਿਹੇ ਹਾਲਾਤ ਵਿਚੋਂ ਲੰਘਣਾ ਪਿਆ ਕਿ ਇਹ ਦੇਸ਼-ਭਗਤ ਅਤੇ ਕਾਲਵਿਕਵਾਦੀ ਬਣ ਗਿਆ। ਇਸ ਦੀ ਦੇਸ਼-ਭਗਤੀ ਦੀ ਝਲਕ ਇਸ ਦੀਆਂ ਰਚਨਾਵਾਂ ਵਿਚੋਂ ਦਿਖਾਈ ਦਿੰਦੀ ਹੈ। ਇਸ ਦੀਆਂ ਰਚਨਾਵਾਂ ਵਿਚ 'Trekker Swee' (1915), 'Passieblomme' (1934), 'Skemering' (1948) ਆਦਿ ਸ਼ਾਮਲ ਹਨ। ਇਸ ਦੀ ਸਭ ਤੋਂ ਵੱਡੀ ਦੇਣ Afrikaan-spsalter (1936) ਦਾ ਸੰਕਲਨ ਕਰਨਾ ਸੀ। ਇਸ ਪੁਸਤਕ ਨੂੰ ਵਲੰਦੇਜ਼ੀ, ਬੈਲਜੀਅਮੀ ਅਤੇ ਅਫ਼ਰੀਕੀ ਭਾਸ਼ਾਵਾਂ ਵਿਚ ਕਵਿਤਾ ਦੇ ਉੱਤਮ ਨਮੂਨਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ।

ਇਸ ਦਾ ਦੇਹਾਂਤ 1 ਜੁਲਾਈ, 1953 ਨੂੰ ਪ੍ਰੀਟੋਰੀਆ ਵਿਖੇ ਹੋਇਆ।

ਹ. ਪੁ.–ਐਨ. ਬ੍ਰਿ. ਮਾ. 3; 730; ਐਨ. ਬ੍ਰਿ. 7 : 803

**ਡੂਨਾਸ਼ ਬਿਨ ਤਾਮੀਮ** : ਇਬਰਾਨੀ ਅਤੇ ਅਰਬੀ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਵਾਲੇ ਇਸ ਪਹਿਲੇ ਵਿਦਵਾਨ ਅਤੇ ਚਿਕਿਤਸਕ ਦਾ ਜਨਮ ਲ. 900 ਈ. ਵਿਚ ਹੋਇਆ। ਇਹ ਟਿਊਨਿਸ਼ੀਆ ਵਿਚ ਫ਼ਾਤਮੀ ਖਲੀਫ਼ਿਆਂ ਦੇ ਦਰਬਾਰ ਵਿਖੇ ਚਿਕਿਤਸਕ ਦੇ ਅਹੁਦੇ ਤੇ ਰਿਹਾ ਅਤੇ ਉਥੇ ਹੀ ਇਬਰਾਨੀ ਭਾਸ਼ਾ ਦਾ ਅਭਿਆਸ ਕਰਦਾ ਰਿਹਾ। ਅਰਬੀ ਭਾਸ਼ਾ ਵਿਚ ਲਿਖੀ ਆਪਣੀ ਰਚਨਾ ਕਾਰਨ ਇਹ ਬਹੁਤ ਪ੍ਰਸਿੱਧ ਹੋਇਆ ਪਰ ਇਸ ਦਾ ਮੂਲ ਖਰੜਾ ਗੁੰਮ ਚੁੱਕਿਆ ਹੈ ਅਤੇ ਹੁਣ ਇਬਰਾਨ ਭਾਸ਼ਾ ਵਿਚ ਹੋਇਆ ਅਨੁਵਾਦ ਹੀ ਉਪਲੱਬਧ ਹੈ। ਇਸ ਪੁਸਤਕ ਵਿਚ ਇਸ ਨੇ ਦੱਸਿਆ ਹੈ ਕਿ ਇਬਰਾਨੀ ਭਾਸ਼ਾ ਅਰਬੀ ਤੋਂ ਪੁਰਾਣੀ ਹੈ ਅਤੇ ਅਰਬੀ ਭਾਸ਼ਾ ਇਬਰਾਨੀ ਭਾਸ਼ਾ ਵਿਚੋਂ ਹੀ ਨਿਕਲੀ ਹੈ।

ਸੰਨ 960 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ. ਮਾ. 3 : 705

**ਡੂਨਾਸ਼ਬਿਨ ਲਬ੍ਰਾਤ** : ਇਸ ਇਬਰਾਨੀ ਕਵੀ ਅਤੇ ਵਿਆਕਰਣ-ਸ਼ਾਸਤਰੀ ਦਾ ਜਨਮ ਲ. 920 ਈ. ਵਿਚ ਮੋਰਾਕੋ ਵਿਚ, ਫੈਸ ਵਿਖੇ ਹੋਇਆ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਆਪਣੀਆਂ ਕਵਿਤਾਵਾਂ ਵਿਚ ਅਰਬੀ ਛੰਦਾਂ ਦੀ ਵਰਤੋਂ ਕੀਤੀ।

ਡੂਨਾਸ਼ ਨੇ ਬੇਬੀਲੋਨੀਆ ਵਿਚ ਸੂਰਾ ਵਿਖੇ ਇਕ ਉੱਘੇ ਯਹੂਦੀ

ਵਿਦਵਾਨ ਤੋਂ ਸਿੱਖਿਆ ਪ੍ਰਾਪਤ ਕੀਤੀ। ਸੂਰਾ ਵਿਖੇ ਹੀ ਇਸ ਨੇ ਪਹਿਲੀ ਵਾਰ ਅਰਬੀ ਛੰਦਾਂ ਵਿਚ ਆਪਣੀ ਕਵਿਤਾ ਲਿਖੀ। ਕੁਝ ਸਮੇਂ ਪਿਛੋਂ ਡੂਨਾਸ਼ ਸਪੇਨ ਵਿਚ ਕਾੱਰਡੋਬਾ ਚਲਾ ਗਿਆ। ਇਸ ਨੇ ਮੈਨਾਹੇਮ ਵੱਲੋਂ ਲਿਖੇ ਗਏ ਇਬਰਾਨੀ ਸ਼ਬਦਕੋਸ਼ ਵਿਰੁੱਧ ਬਹੁਤ ਵਾਦਵਿਵਾਦ ਪੂਰਨ ਵਿਚਾਰ ਪੇਸ਼ ਕੀਤੇ। ਮੈਨਾਹੇਮ ਦੇ ਮਰਨ ਤੋਂ ਬਾਅਦ ਉਸ ਦੇ ਸ਼ਾਗਿਰਦਾਂ ਨੇ ਡੂਨਾਸ਼ਬਿਨ ਦੇ ਵਿਰੁੱਧ ਲਿਖਿਆ। ਇਸ ਵਾਦ-ਵਿਵਾਦ ਦੇ ਸਿੱਟੇ ਵਜੋਂ ਇਬਰਾਨੀ ਭਾਸ਼ਾ ਦੇ ਵਿਆਕਰਣ ਨੂੰ ਮੁੜ ਤੋਂ ਦੁਹਰਾਏ ਜਾਣ ਬਾਰੇ ਸੋਚਿਆ ਜਾਣ ਲਗਿਆ। ਇਸ ਨੇ ਵਿਆਕਰਣ ਸਬੰਧੀ ਇਕ ਖੋਜ ਗ੍ਰੰਥ ਵੀ ਲਿਖਿਆ ਜਿਹੜਾ ਕਦੇ ਪ੍ਰਕਾਸ਼ਿਤ ਨਹੀਂ ਹੋਇਆ।

ਸੰਨ 990 ਦੇ ਲਗਭਗ ਸ਼ਾਇਦ ਕਾਰਡੋਬਾ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 705

**ਡੂਪਰੇ, ਜ਼ਿਊਲਜ਼** : ਇਸ ਫ਼ਰਾਂਸੀਸੀ ਭੂ-ਦ੍ਰਿਸ਼ ਚਿੱਤਰਕਾਰ ਦਾ ਜਨਮ 5 ਅਪ੍ਰੈਲ, 1811 ਨੂੰ ਨਾਂਤ ਵਿਖੇ ਹੋਇਆ। ਇਹ ਪ੍ਰਕ੍ਰਿਤੀਵਾਦੀ ਫ਼ਰਾਂਸੀਸੀ ਚਿੱਤਰਕਾਰਾਂ ਦੇ 'ਬਾਰਬਿਜ਼ਾ ਗਰੁੱਪ' ਦੇ ਆਗੂਆਂ ਵਿਚੋਂ ਇਕ ਸੀ। ਇਸ ਨੇ ਆਪਣਾ ਚਿੱਤਰਕਾਰੀ ਦਾ ਜੀਵਨ ਆਪਣੇ ਪਿਤਾ ਦੇ ਕਾਰਖ਼ਾਨੇ ਵਿਚ ਮਿੱਟੀ ਦੇ ਭਾਂਡਿਆਂ ਦੀ ਸਜਾਵਟ ਕਰਦੇ ਹੋਏ ਸ਼ੁਰੂ ਕੀਤਾ। ਸੰਨ 1830 ਵਿਚ ਇਹ ਪੈਰਿਸ ਗਿਆ। ਉੱਥੇ ਇਸ ਦੇ ਹੁਨਰ ਨੂੰ ਬਹੁਤ ਸਲਾਹਿਆ ਗਿਆ। ਸੰਨ 1831 ਵਿਚ ਇਸ ਨੇ ਪਹਿਲੀ ਵਾਰ ਆਪਣੇ ਚਿੱਤਰਾਂ ਦੀ ਨੁਮਾਇਸ਼ ਲਗਾਈ। ਸੰਨ 1834 ਵਿਚ ਇਹ ਇੰਗਲੈਂਡ ਗਿਆ। ਉਥੇ ਇਹ ਅੰਗਰੇਜ਼ ਭੂ-ਦ੍ਰਿਸ਼ ਚਿੱਤਰਕਾਰ ਜਾਨ ਕਾਨਸਟੇਬਲ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸ ਨੂੰ ਰੰਗਾਂ ਨਾਲ ਪਾਣੀ ਉਪਰ ਰੋਸ਼ਨੀ ਦਾ ਪ੍ਰਭਾਵ ਚਿੱਤਰਣ ਦਾ ਬੇਹੱਦ ਸ਼ੌਕ ਸੀ ਅਤੇ ਖਾਸ ਕਰਕੇ ਸਮੁੰਦਰੀ ਨਜ਼ਾਰਿਆਂ ਦੀਆਂ ਤਸਵੀਰਾਂ ਕਾਰਨ ਇਹ ਬਹੁਤ ਪ੍ਰਸਿੱਧ ਹੋਇਆ।

6 ਅਕਤੂਬਰ, 1889 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 717; ਐਨ. ਅਮੈ. 9 : 415; ਕੋਲ. ਐਨ. 6 : 426

**ਡੂਪਲੈੱਕਸ, ਜੋਜ਼ਫ ਫਰਾਂਸਵਾ** : ਫ਼ਰਾਂਸ ਦੇ ਇਸ ਵਿਸ਼ਵ-ਪ੍ਰਸਿੱਧ ਉਪ-ਨਿਵੇਸ਼ੀ ਪ੍ਰਸ਼ਾਸਕ ਅਤੇ ਭਾਰਤ ਦੇ ਫਰਾਂਸੀਸੀ ਗਵਰਨਰ ਜਨਰਲ ਦਾ ਜਨਮ 1 ਜਨਵਰੀ, 1697 ਨੂੰ ਫ਼ਰਾਂਸ ਵਿਚ ਲੈਂਡਰੇਸੀਜ਼ ਵਿਖੇ ਹੋਇਆ। ਭਾਰਤ ਅਤੇ ਅਮਰੀਕਾ ਦੀ ਯਾਤਰਾ ਤੋਂ ਮਗਰੋਂ ਇਸ ਨੂੰ 1721 ਈ. ਵਿਚ ਪਾਂਡੀਚਰੀ ਵਿਖੇ ਫਰੈਂਚ ਈਸਟ ਇੰਡੀਆ ਕੰਪਨੀ ਦੀ ਸੁਪੀਰੀਅਰ ਕੌਂਸਲ ਵਿਚ ਲੈ ਲਿਆ ਗਿਆ। ਸੰਨ 1742 ਵਿਚ ਇਸ ਨੂੰ ਭਾਰਤ ਵਿਚ ਹੀ ਚੰਦਰ ਨਗਰ (ਬੰਗਾਲ) ਵਿਖੇ ਫ਼ਰਾਂਸੀਸੀ ਫੈਕਟਰੀ ਦਾ ਸੁਪਰਡੈਂਟ ਨਿਯੁਕਤ ਕੀਤਾ ਗਿਆ।

ਫ਼ਰਾਂਸ ਅਤੇ ਬਰਤਾਨੀਆ ਵਿਚਕਾਰਲੇ ਯੁੱਧ ਦੌਰਾਨ ਇਸ ਨੇ ਫ਼ਰਾਂਸੀਸੀ ਬੇੜੇ ਦੀ ਸਹਾਇਤਾ ਨਾਲ ਮਦਰਾਸ ਜਿੱਤ ਲਿਆ ਅਤੇ ਪਾਂਡੀਚਰੀ ਵਿਖੇ ਬਰਤਾਨੀਆ ਦੀ ਘੇਰਾਬੰਦੀ ਦਾ ਮੁਕਾਬਲਾ ਕੀਤਾ। ਏਕਸ-ਲਾ-ਚੈਪੇਲ ਦੀ ਸ਼ਾਂਤੀ-ਸੰਧੀ ਨੇ ਇਸ ਦੀਆਂ ਜਿੱਤਾਂ ਨੂੰ ਰੱਦ ਕਰ ਦਿੱਤਾ। ਸੰਨ 1754 ਵਿਚ ਇਸ ਨੂੰ ਅਹੁਦੇ ਤੋਂ ਉਤਾਰ ਦਿੱਤਾ ਗਿਆ ਅਤੇ ਬੇਇੱਜ਼ਤੀ ਅਤੇ ਬਦਨਾਮ ਕਰਕੇ ਵਾਪਸ ਫ਼ਰਾਂਸ ਭੇਜ ਦਿੱਤਾ ਗਿਆ। ਇਥੇ ਇਹ ਗੁੰਮਨਾਮ ਜਿਹੀ ਹਾਲਤ ਵਿਚ ਰਿਹਾ ਅਤੇ 10 ਨਵੰਬਰ, 1763 ਨੂੰ ਪੈਰਿਸ ਵਿਖੇ ਗੁਮਨਾਮੀ ਵਿਚ ਹੀ ਇਹ ਸਦਾ ਦੀ ਨੀਂਦ ਸੌਂ ਗਿਆ।

ਹ. ਪੁ.—ਐਨ. ਬ੍ਰਿ. ਮਾ. 4 : 277; ਐਨ. ਅਮੈ. 9 : 479

**ਡੂਪਾਰਕ, ਮਾਰੀ ਯੂਜੀਨ ਹੈਨਰੀ ਫੁਕ** : ਇਸ ਫ਼ਰਾਂਸੀਸੀ ਸੰਗੀਤਕਾਰ ਦਾ ਜਨਮ 21 ਜਨਵਰੀ, 1848 ਨੂੰ ਪੈਰਿਸ ਵਿਖੇ ਹੋਇਆ। ਪੈਰਿਸ ਵਿਖੇ ਕਾਨੂੰਨ ਦੀ ਸਿੱਖਿਆ ਲੈਂਦੇ ਹੋਏ ਇਸ ਨੇ ਸੀਜ਼ਰ ਫਰੈਂਕ ਤੋਂ ਪਿਆਨੋ ਸਿੱਖੀ ਅਤੇ ਕਾਨੂੰਨ ਦੇ ਨਾਲ ਨਾਲ ਸੰਗੀਤ ਵਿਚ ਇਸ ਨੂੰ ਵਧੇਰੇ ਰੁਚੀ ਹੋ ਗਈ। ਸੰਨ 1868 ਤੱਕ ਇਸ ਨੇ ਉਹ 16 ਗੀਤ ਰਚਣੇ ਸ਼ੁਰੂ ਕਰ ਦਿੱਤੇ ਸਨ ਜਿਨ੍ਹਾਂ ਉਪਰ ਇਸ ਦੀ ਪ੍ਰਸਿੱਧੀ ਆਧਾਰਿਤ ਹੈ। ਇਸ ਦੇ ਗੀਤ ਉਸ ਸਮੇਂ ਦੀਆਂ ਫ਼ਰਾਂਸੀਸੀ ਕਵਿਤਾਵਾਂ, ਸੁਮੇਲ ਸੰਗੀਤ ਅਤੇ ਕਾਵਿ ਟੁਕੜੀਆਂ ਤੇ ਆਧਾਰਿਤ ਹਨ।

ਸਿਹਤ ਦੀ ਖ਼ਰਾਬੀ ਕਾਰਨ 1885 ਈ. ਤੋਂ ਮਗਰੋਂ ਇਸ ਨੇ ਸੰਗੀਤ-ਰਚਨਾ ਬੰਦ ਕਰ ਦਿੱਤੀ। ਇਸ ਦੀ ਕ੍ਰਿਆਤਮਕ ਸ਼ਕਤੀ ਘਟਦੀ ਗਈ ਅਤੇ 1890 ਈ. ਦੇ ਲਾਗੇ ਚਾਗੇ ਇਸ ਨੇ ਆਪਣਾ ਸਾਰਾ ਪੱਤਰ-ਵਿਹਾਰ ਅਤੇ ਅਣਛਪੀਆਂ ਰਚਨਾਵਾਂ ਅਤੇ ਰੇਖਾ-ਚਿੱਤਰਾਂ ਨੂੰ ਖ਼ਤਮ ਕਰ ਦਿਤਾ।

12 ਫ਼ਰਵਰੀ, 1833 ਨੂੰ ਮਾਂਟ ਡੀ-ਮਾਰਸਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 410; ਐਨ. ਬ੍ਰਿ. ਮਾ. 3 : 714

**ਡੂਪਾਂਲੂ, ਫੀਲਿਕਸ ਆਂਟਵਾਂ-ਫਿਲੀਬੇਅਰ** : ਇ ਫ਼ਰਾਂਸੀਸੀ ਰੋਮਨ ਕੈਥੋਲਿਕ ਧਰਮ-ਸ਼ਾਸਤਰੀ ਸੀ। ਇਸ ਦਾ ਜਨਮ ਜਨਵਰੀ, 1802 ਨੂੰ ਸੇਂਟ-ਫੀਲਿਕਸ ਵਿਖੇ ਹੋਇਆ। ਸੰਨ 182 ਵਿਚ ਇਹ ਪਾਦਰੀ ਨਿਯੁਕਤ ਹੋਇਆ। ਛੇਤੀ ਹੀ ਇਹ ਇ ਸਿੱਖਿਅਕ ਵਜੋਂ ਬਹੁਤ ਪ੍ਰਸਿੱਧ ਹੋ ਗਿਆ ਤੇ ਈਸਾਈ ਧਰਮ ਦੀਅ ਕਲਾਸਾਂ ਚਾਲੂ ਕਰਨ ਵਿਚ ਸਫ਼ਲ ਹੋਇਆ।

ਸੰਨ 1849 ਵਿਚ ਅੱਰਲੀਅਨਜ਼ ਦਾ ਬਿਸ਼ਪ ਬਣਿਆ 1854 ਈ. ਵਿਚ ਇਹ ਫ਼ਰੈਂਚ ਅਕੈਡਮੀ ਦਾ ਮੈਂਬਰ ਚੁਣਿਆ ਗਿਅ ਇਸੇ ਸਮੇਂ ਦੌਰਾਨ ਇਸ ਨੇ ਲਿਬਰਲ ਕੈਥੋਲਿਕ ਰਸਾਲੇ 'Le Corre spondent' ਨੂੰ ਮੁੜ ਸੰਗਠਿਤ ਕੀਤਾ।

ਬਾਦਸ਼ਾਹ ਨੈਪੋਲੀਅਨ ਤੀਜੇ ਨੇ ਜਦੋਂ ਪਾਦਰੀਆਂ ਦ ਦੁਨਿਆਵੀ ਪ੍ਰਭੁਤਾ ਨੂੰ ਵੰਗਾਰਿਆ ਤਾਂ ਇਸ ਨੇ ਅਖ਼ਬਾਰਾਂ ਵਿ ਪੱਤਰਾਂ ਦੀ ਲੜੀ ਛਾਪ ਕੇ ਇਸ ਨੂੰ ਬਚਾਇਆ। ਇਹ ਇਸ ਗੱਲ ਨਹੀਂ ਮੰਨਦਾ ਸੀ ਕਿ ਪੋਪ ਕਦੇ ਗਲਤੀ ਨਹੀਂ ਕਰਦਾ। ਸੰਨ 1869 70 ਦੀ ਪਹਿਲੀ ਵੈਟੀਕਲ ਕੌਂਸਲ ਸਮੇਂ ਅਜਿਹੇ ਬੇਗਰਜ਼ ਨੇਤਾ ਵਿਚੋਂ ਇਹ ਇਕ ਸੀ। ਇਸ ਦੀਆਂ ਰਚਨਾਵਾਂ 'ਕ੍ਰਿਸਚੀਅਨ ਮੈਰਿਜ ਅਤੇ ' ਦਾ ਸਟੂਡੀਅਸ ਵਿਮੈਨ' ਦਾ ਅਨੁਵਾਦ ਅੰਗਰੇਜ਼ੀ ਵਿ ਹੋਇਆ। ਇਸ ਦੀਆਂ ਪ੍ਰਸਿੱਧ ਰਚਨਾਵਾਂ ਵਿਚ 'De L' educatio (1850); 'De la haute education intellectuelle' (186 ਅਤੇ 'Histoire de Jesus' (1872) ਸ਼ਾਮਲ ਹਨ।

11 ਅਕਤੂਬਰ, 1878 ਨੂੰ ਲਾਕੂੰਬ ਵਿਚ ਈਸੀਅਰ ਵਿ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 714; ਐਨ. ਅਮੈ. 9 : 410

**ਡੂਪੂਈਟਰੈਨ, ਗੀਯੋਮ, ਬਾਰੋਨ** : ਇਸ ਸਰਜਨ ਅ ਪੈਥਾਲੋਜਿਸਟ ਦਾ ਜਨਮ 5 ਅਕਤੂਬਰ, 1777 ਨੂੰ ਪਾਇ ਬੁਫਾਇਰੀ (ਫਰਾਂਸ) ਵਿਖੇ ਹੋਇਆ। ਇਹ 'Dupuytre Contracture' (ਜਿਸ ਵਿਚ ਹਥੇਲੀ ਦੇ ਟਿਸ਼ੂਆਂ ਰਾਹੀਂ ਇਕ ਜ਼ਿਆਦਾ ਉਂਗਲਾਂ ਸਥਾਈ ਤੌਰ ਤੇ ਸੁੰਗੜ ਜਾਂਦੀਆਂ ਹਨ) ਘਟਾਉਣ (alleviation) ਦੀ ਵਿਆਖਿਆ ਕਰਕੇ ਜਾਣਿਆ ਜ ਹੈ।

ਹੇਠਲਾ ਜਬਾੜ੍ਹਾ ਕੱਢ ਦੇਣਾ, ਚੂਲੇ ਦੀ ਹੱਡੀ ਦੀ ਜਮਾਂਦਰੂ ਮੋਚ ਦੀ ਵਿਆਖਿਆ, ਗਰਦਨ ਦੇ ਕੈਂਸਰ ਦੀ ਸਰਜਰੀ ਸ਼ੁਰੂ ਕਰਨਾ, ਬਣਾਉਟੀ ਗੁੱਦੇ ਦੀ ਉਤਪਤੀ, ਸਬਕਲੇਵੀਅਨ ਧਮਣੀ ਨੂੰ ਬੰਨਣ (ligation), ਦਬਾਉ ਰਾਹੀਂ ਐਨਿਊਰਿਜ਼ਮਾਂ (aneurysms) ਦਾ ਇਲਾਜ, ਟੇਢੀ ਗਰਦਨ ਦਾ ਸਰਜੀਕਲ ਇਲਾਜ ਆਦਿ ਇਸ ਦੇ ਹੋਰ ਪ੍ਰਸਿੱਧ ਕੰਮ ਹਨ।

ਇਸ ਦੀ ਮੌਤ 8 ਫ਼ਰਵਰੀ, 1835 ਨੂੰ ਪੈਰਿਸ ਵਿਖੇ ਹੋਈ।

ਹ. ਪੁ.—ਐਨ. ਬ੍ਰਿ. ਮਾ. 3 : 718

**ਡੂਪੈਰੋਂ, ਜ਼ਾਕਸ ਡੇਵੀ** : ਇਸ ਫ਼ਰਾਂਸੀਸੀ ਕਾਰਡੀਨਲ ਦਾ ਜਨਮ 25 ਨਵੰਬਰ, 1563 ਨੂੰ ਬਰਨ ਵਿਖੇ ਹੋਇਆ। ਫ਼ਰਾਂਸ ਦੇ ਬਾਦਸ਼ਾਹ ਹੈਨਰੀ ਚੌਥੇ ਨੂੰ ਰੋਮਨ ਕੈਥੋਲਿਕ ਧਰਮ ਵਿਚ ਲਿਆਉਣ ਕਾਰਨ ਇਹ ਬਹੁਤ ਪ੍ਰਸਿੱਧ ਹੋਇਆ।

ਇਸ ਦਾ ਪਿਤਾ ਪ੍ਰੋਟੈਸਟੈਂਟ ਬਣ ਕੇ ਸਵਿਟਜ਼ਰਲੈਂਡ ਚਲਾ ਗਿਆ ਅਤੇ ਇਸ ਨੇ ਪੈਰਿਸ ਵਾਪਿਸ ਆ ਕੇ ਰੋਮਨ ਕੈਥੋਲਿਕ ਧਰਮ ਅਪਣਾ ਲਿਆ। ਹੈਨਰੀ ਚੌਥੇ ਦੇ ਪ੍ਰਚਾਰਕ ਵਜੋਂ ਇਸ ਨੇ ਕੈਥੋਲਿਕ ਪਾਦਰੀ ਵਜੋਂ ਆਪਣੀ ਵਿਸੇਸ਼ ਥਾਂ ਬਣਾਈ। ਸੰਨ 1591 ਵਿਚ ਇਹ ਏਵਰਰ (Evreux) ਦਾ ਬਿਸ਼ਪ, 1604 ਈ. ਵਿਚ ਰੋਮ ਦਾ ਕਾਰਡੀਨਲ ਅਤੇ ਉਪ-ਰਾਜਦੂਤ ਅਤੇ 1606 ਈ. ਵਿਚ ਸਾਂਸ (sens) ਦਾ ਆਰਕ-ਬਿਸ਼ਪ ਬਣਿਆ। ਇਸ ਨੇ ਪੋਪ ਲੀਓ ਛੇਵੇਂ ਅਤੇ ਪਾਲ ਪੰਜਵੇਂ ਦੀਆਂ ਚੋਣਾਂ ਵਿਚ ਵੀ ਹਿੱਸਾ ਲਿਆ।

ਆਪਣੇ ਜੀਵਨ ਦੌਰਾਨ ਡੂ ਪੈਰਾ ਨੇ ਦਾਰਸ਼ਨਿਕ, ਧਾਰਮਕ ਅਤੇ ਸਫ਼ਾਰਤੀ ਮਾਮਲਿਆਂ ਸਬੰਧੀ ਕਈ ਪੁਸਤਕਾਂ ਲਿਖੀਆਂ। ਇਸ ਦੀਆਂ ਸੰਗ੍ਰਿਹ ਕੀਤੀਆਂ ਰਚਨਾਵਾਂ 1622 ਈ. ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ।

5 ਸਤੰਬਰ, 1618 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 3 : 714; ਐਨ. ਅਮੈ. 9 : 411

**ਡੂਫੀ, ਰਾਓਲ** : ਇਸ ਫ਼ਰਾਂਸੀਸੀ ਚਿੱਤਰਕਾਰ ਅਤੇ ਡੀਜ਼ਾਈਨਕਾਰ ਦਾ ਜਨਮ 3 ਜੂਨ, 1877 ਨੂੰ ਲੀ ਹਾਵਰ ਵਿਖੇ ਹੋਇਆ। ਇਸ ਦੇ ਭੜਕੀਲੇ ਰੰਗਾਂ ਨੇ ਆਧੁਨਿਕ ਕਲਾ, ਖ਼ਾਸ ਤੌਰ ਤੇ ਫ਼ੋਵਇਜ਼ਮ ਨੂੰ ਲੋਕ-ਪ੍ਰਿਯ ਬਣਾਉਣ ਵਿਚ ਉੱਘਾ ਯੋਗਦਾਨ ਪਾਇਆ। ਇਸ ਨੇ ਲੀ ਹਾਵਰ ਅਤੇ ਪੈਰਿਸ ਵਿਖੇ ਚਿੱਤਰਕਾਰੀ ਸਿਖੀ।

ਮੁੱਢ ਵਿਚ ਰਾਓਲ ਪ੍ਰਭਾਵਵਾਦੀ ਸ਼ੈਲੀ ਦੇ ਚਿੱਤਰ ਬਣਾਉਂਦਾ ਸੀ, ਪਰ 1907 ਈ. ਤੋਂ ਇਸ ਨੇ ਫੋਵ ਸ਼ੈਲੀ ਦੇ ਚਿੱਤਰ ਬਣਾਉਣੇ ਸ਼ੁਰੂ ਕੀਤੇ ਅਤੇ ਇਸ ਤਰ੍ਹਾਂ ਹੌਲੀ-ਹੌਲੀ ਇਸ ਨੇ ਆਪਣੀ ਇਕ ਵੱਖਰੀ ਸ਼ੈਲੀ ਵਿਕਸਿਤ ਕਰ ਲਈ।

ਸੰਨ 1911 ਵਿਚ ਇਸ ਨੇ ਗੀਯੋਮ ਅਪੋਲੀਨੇਅਰ ਲਈ ਲੜੀਵਾਰ ਕਾਠ-ਚਿੱਤਰ ਬਣਾਏ। ਇਸ ਨੇ ਕਈ ਕੱਪੜਾ ਮਿੱਲਾਂ ਲਈ ਲੱਕੜੀ ਦੇ ਬਲਾਕ ਤਿਆਰ ਕੀਤੇ ਅਤੇ ਆਪਣੀ ਇਸ ਵਪਾਰਕ ਸਫ਼ਲਤਾ ਤੋਂ ਉਤਸ਼ਾਹਿਤ ਹੋ ਕੇ ਇਸ ਨੇ ਮਿੱਟੀ ਦੇ ਬਰਤਨ ਅਤੇ ਟੇਪੈਸਟਰੀ ਬਣਾਉਣੀ ਸ਼ੁਰੂ ਕੀਤੀ। 1920 ਦੇ ਦਹਾਕੇ ਦੇ ਮੱਧ ਵਿਚ ਇਸ ਨੇ ਮੁੜ ਤੋਂ ਆਪਣਾ ਧਿਆਨ ਚਿੱਤਰਕਾਰੀ ਵੱਲ ਲਗਾਇਆ ਅਤੇ ਕਈ ਉੱਤਮ ਕਿਸਮ ਦੇ ਚਿੱਤਰ ਬਣਾਏ।

23 ਮਾਰਚ, 1953 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 694; ਐਨ. ਅਮੈ. 9 : 388

**ਡੂਫੇ ਗੀਯੋਮ** : ਬਰਗੰਡੀ ਦੇ ਇਸ ਸੰਗੀਤਕਾਰ ਦਾ ਜਨਮ ਬੈਲਜੀਅਮ ਵਿਚ ਸ਼ਾਇਦ ਈਨੋ (Hainant) ਵਿਖੇ ਲ. 1400 ਈ. ਵਿਚ ਹੋਇਆ।

ਫ਼ਰਾਂਸ ਵਿਚ ਇਸ ਨੇ ਕਾਂਬਰੀ ਵਿਖੇ ਸਿੱਖਿਆ ਪ੍ਰਾਪਤ ਕੀਤੀ, ਜਿਥੇ ਇਹ ਭਜਨ-ਮੰਡਲੀ ਵਿਚ ਸ਼ਾਮਲ ਸੀ। ਸੰਨ 1426 ਵਿਚ ਇਹ ਕਾਂਬਰੀ ਵਿਖੇ ਪਾਦਰੀ ਬਣ ਗਿਆ।

1428 ਤੋਂ 1437 ਦੇ ਵਿਚਕਾਰ ਇਹ ਪੋਪ ਦੀ ਭਜਨ ਮੰਡਲੀ ਵਿਚ ਪਾਸ ਰਹਿਣ ਮਗਰੋਂ 1440 ਈ. ਦੇ ਲਾਗੇ ਚਾਗੇ ਇਹ ਪੱਕੇ ਤੌਰ ਤੇ ਕਾਂਬਰੀ ਵਿਚ ਰਹਿਣ ਲੱਗ ਪਿਆ। ਸੰਨ 1445 ਦੇ ਲਗਭਗ ਇਸ ਨੇ ਧਰਮ ਕਾਨੂੰਨ ਵਿਚ ਡਿਗਰੀ ਲਈ।

ਡੂਫੇ ਦੀਆਂ ਉਪਲੱਬਧ ਰਚਨਾਵਾਂ ਵਿਚ 87 ਭਜਨ, 59 ਫ਼ਰਾਂਸੀਸੀ ਗੀਤ, 7 ਇਟਲੀ ਦੇ ਗੀਤ, ਰੱਬੀ-ਭੋਜ ਸਮੇਂ ਦੀਆਂ 7 ਪੂਰੀਆਂ ਸੰਗੀਤ ਰਚਨਾਵਾਂ ਸਮੇਂ ਇਸ ਨੇ ਜਨਤਕ ਉਤਸਵਾਂ ਲਈ ਕਈ ਰਸਮੀ ਭਜਨ ਰਚੇ।

ਇਸ ਦੇ ਭਜਨ, ਜੋ ਆਮ ਤੌਰ ਤੇ ਤਿੰਨ ਸੁਰਾਂ ਵਿਚ ਹਨ, ਬਸੰਤ ਰੁੱਤ, ਪਿਆਰ ਅਤੇ ਦਿਲਗ਼ੀਰੀ ਨਾਲ ਸਬੰਧਤ ਹਨ।

27 ਨਵੰਬਰ, 1474 ਨੂੰ ਕਾਂਬਰੀ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 386; ਕੋਲ. ਐਨ. 6 : 409; ਐਨ. ਬ੍ਰਿ. ਮਾ. 3: 693

**ਡੂਬਨੋ, ਸਾਈਮਨ** : ਇਹ ਇਕ ਯਹੂਦੀ ਇਤਿਹਾਸਕਾਰ ਸੀ ਜਿਸਦਾ ਜਨਮ ਰੂਸ ਦੇ ਬੈਲੋਰਸ਼ੀਆ ਗਣਤੰਤਰ ਵਿਚ ਮਟਿਸਲਾਵੈਲ ਵਿਖੇ 10 ਸਤੰਬਰ, 1860 ਵਿਚ ਹੋਇਆ। ਸ਼ੁਰੂ ਸ਼ੁਰੂ ਵਿਚ ਇਸਨੇ ਰਵਾਇਤੀ ਯਹੂਦੀ ਵਿੱਦਿਆ ਹਾਸਲ ਕੀਤੀ ਪਰ ਅੱਲੜ੍ਹ ਉਮਰ ਵਿਚ ਹੀ ਇਸ ਦਾ ਧਿਆਨ ਧਰਮ-ਨਿਰਪੇਖ ਵਿੱਦਿਆ ਵੱਲ ਹੋ ਗਿਆ। ਇਸੇ ਕਾਰਨ ਇਸਨੇ ਹਾਸਕਾਲਾ ਦੀਆਂ ਲਿਖਤਾਂ, ਰੂਸੀ ਸ਼ਾਸਤਰ, ਪੱਛਮੀ ਫ਼ਿਲਾਸਫੀ, ਇਤਿਹਾਸ ਅਤੇ ਸਮਾਜਕ ਵਿਗਿਆਨਾਂ ਦਾ ਡੂੰਘਾ ਅਧਿਐਨ ਕੀਤਾ। ਐਚ. ਟੀ. ਬਕਲ ਹਰਬਰਟ ਸਪੈਂਸਰ ਅਤੇ ਅਗਸਤ ਕਾਮਤੇ ਦੇ ਵਿਕਾਸਾਤਮਕ ਪ੍ਰੱਤਖਵਾਦ ਦਾ ਵੀ ਇਸ ਤੇ ਡੂੰਘਾ ਅਸਰ ਪਿਆ। ਜੇ.ਐਸ. ਮਿਲ ਦੇ ਕਲਾਸਕੀ ਉਦਾਰਤਾਵਾਦ ਨੇ ਇਸ ਦੀ ਰਾਜਨੀਤਕ ਫ਼ਿਲਾਸਫ਼ੀ ਨੂੰ ਪ੍ਰਭਾਵਿਤ ਕੀਤਾ।

ਸੰਨ 1882 ਵਿਚ ਇਸਨੇ ਰੂਸੋ ਯਹੂਦੀ ਰਸਾਲੇ ਵੱਸ ਖੋਦ ਵਿਚ ਆਪਣਾ ਯੋਗਦਾਨ ਪਾਉਣਾ ਸ਼ੁਰੂ ਕੀਤਾ। ਬਾਲਸ਼ਵਿਕਾਂ ਨੂੰ ਪਸੰਦ ਨਾ ਕਰਨ ਕਰਕੇ 1922 ਈ. ਵਿਚ ਇਹ ਰੂਸ ਛੱਡ ਕੇ ਬਰਲਿਨ ਆ ਗਿਆ। ਸੰਨ 1933 ਵਿਚ ਨਾਜ਼ੀ ਜਰਮਨੀ ਦੀਆਂ ਯਹੂਦੀ ਵਿਰੋਧੀ ਨੀਤੀਆਂ ਕਾਰਨ ਇਸਨੂੰ ਜਰਮਨੀ ਤੋਂ ਭੱਜਣਾ ਪਿਆ ਅਤੇ ਇਸਨੇ ਲਾਟਵੀਆ ਵਿਚ ਰੀਗਾ ਵਿਖੇ ਸ਼ਰਨ ਲਈ।

ਇਸਨੇ ਰੂਸ ਅਤੇ ਪੋਲੈਂਡ ਦੇ ਯਹੂਦੀਆਂ ਦੇ ਇਤਿਹਾਸ ਲਈ ਸਮੱਗਰੀ ਇਕੱਠੀ ਕੀਤੀ। ਇਸ ਨੇ ਸਭ ਤੋਂ ਪਹਿਲੀ ਵਾਰੀ ਹੈਸਾਡਿਜ਼ਮ ਅਤੇ ਉਸਦੇ ਵਿਰੋਧੀਆਂ ਤੋਂ ਇਕੱਤ੍ਰਿਤ ਕੀਤੇ ਮੂਲ ਤੱਤਾਂ ਤੇ ਆਧਾਰਤ ਹੈਸਾਡਿਜ਼ਮ ਦੇ ਨਿਰਪੱਖ ਅਤੇ ਨਿਯਮਿਤ ਅਧਿਐਨ ਨੂੰ ਲਾਗੂ ਕੀਤਾ। ਇਸ ਨੇ ਇਹ ਵਿਚਾਰ ਆਪਣੀ 1931 ਈ. ਵਿਚ ਪ੍ਰਕਾਸ਼ਿਤ ਕੀਤੀ ਪੁਸਤਕ 'Geschichte des chassidismas' ਵਿਚ ਪਰਗਟ ਕੀਤੇ। ਇਸ ਦਾ ਵਿਚਾਰ ਸੀ ਕਿ ਯਹੂਦੀ ਮਹਿਜ਼ ਇਕ ਧਾਰਮਿਕ ਫ਼ਿਰਕਾ ਹੀ ਨਹੀਂ ਹੈ ਸਗੋਂ ਇਨ੍ਹਾਂ ਵਿਚ ਇਕ ਸੰਸਕ੍ਰਿਤਕ ਕੌਮੀਅਤ ਦੇ ਸਾਰੇ ਵਿਸ਼ੇਸ਼ ਲੱਛਣ ਮੌਜੂਦ ਹਨ ਅਤੇ ਇੰਜ ਇਹ ਇਕ ਵੱਖਰੇ ਖ਼ੁਦਮੁਖ਼ਤਿਆਰ ਸਮਾਜਕ ਅਤੇ ਸੰਸਕ੍ਰਿਤਕ ਜੀਵਨ ਦੇ ਮਾਲਕ ਹਨ।

ਇਸ ਨੇ ਸਭ ਤੋਂ ਪਹਿਲੀ ਵਾਰੀ ਹੈਸਾਡਿਜ਼ਮ ਅਤੇ ਉਸਦੇ ਵਿਰੋਧੀਆਂ ਤੋਂ ਮੁਸ਼ੱਕਤ ਨਾਲ ਇਕੱਤ੍ਰਿਤ ਕੀਤੇ ਮੂਲ ਤੱਥਾਂ ਤੇ ਆਧਾਰਤ ਹੈਸਾਡਿਜ਼ਮ ਦੇ ਨਿਰਪੱਖ ਅਤੇ ਪ੍ਰਣਾਲੀਬੱਧ ਅਧਿਐਨ ਨੂੰ ਲਾਗੂ ਕੀਤਾ।

ਹ.ਪੁ.—ਐਨ. ਬ੍ਰਿ. ਮਾ. 4 : 248

**ਡੂ ਬੱਇਸ, ਵਿਲੀਅਮ ਐਡਵਰਡ ਬਰਗਹਾਰਟ** : ਇਸ ਅਮਰੀਕੀ ਸਿੱਖਿਅਕ, ਲੇਖਕ ਅਤੇ ਸਮਾਜ-ਵਿਗਿਆਨੀ ਦਾ ਜਨਮ 23 ਫ਼ਰਵਰੀ, 1868 ਨੂੰ ਮੈਸਾਚੂਸੈੱਟਸ ਰਾਜ ਵਿਚ ਗ੍ਰੇਟ ਬਾਰਿੰਗਟਨ ਵਿਖੇ ਹੋਇਆ। ਇਹ ਸੰਸਾਰ ਪ੍ਰਸਿੱਧ ਅਮਰੀਕੀ ਹਬਸ਼ੀ ਨੇਤਾ ਸੀ। ਸੰਨ 1895 ਵਿਚ ਹਾਰਵਰਡ ਯੂਨੀਵਰਸਿਟੀ ਤੋਂ ਡਾਕਟਰੇਟ ਕੀਤੀ। ਇਹ ਪਹਿਲਾਂ ਓਹਾਈਓ (1894-96) ਅਤੇ ਫਿਰ ਐਟਲਾਂਟਾ ਯੂਨੀਵਰਸਿਟੀ (1897-1910) ਵਿਖੇ ਪ੍ਰੋਫ਼ੈਸਰ ਰਿਹਾ। 10 ਸਾਲ ਤੋਂ ਵੀ ਵੱਧ ਸਮੇਂ ਤਕ ਇਹ ਅਮਰੀਕਾ ਵਿਖੇ ਕਾਲੇ ਲੋਕਾਂ ਸਬੰਧੀ ਸਮਾਜ ਵਿਗਿਆਨਕ ਖੋਜਾਂ ਕਰਦਾ ਰਿਹਾ ਅਤੇ ਇਸ ਦੇ ਆਧਾਰ ਤੇ ਇਸ ਨੇ ਸੰਨ 1897 ਤੋਂ 1914 ਤਕ ਐਟਲਾਂਟਾ ਯੂਨੀਵਰਸਿਟੀ ਵਿਖੇ 16 ਖੋਜ ਮੋਨੋਗ੍ਰਾਫ਼ ਲਿਖੇ।

ਸੰਨ 1909 ਵਿਚ 'NAACP' (ਨੈਸ਼ਨਲ ਐਸੋਸੀਏਸ਼ਨ ਫਾਰ ਦੀ ਐਡਵਾਂਸਮੈਂਟ ਆੱਫ ਕਲਰਕ ਪੀਪਲ) ਵਿਚ ਇਸ ਨੇ ਉੱਘਾ ਯੋਗਦਾਨ ਪਾਇਆ। ਸੰਨ 1910 ਤੋਂ 1932 ਤੱਕ ਇਹ ਇਸ ਨੈਸ਼ਨਲ ਐਸੋਸੀਏਸ਼ਨ ਦਾ ਡਾਇਰੈਕਟਰ ਅਤੇ ਇਸ ਦੇ ਰਸਾਲੇ 'Crisis 'ਦਾ ਬਾਨੀ ਸੰਪਾਦਕ ਰਿਹਾ। ਸੰਨ 1934 ਵਿਚ ਇਸ ਐਸੋਸੀਏਸ਼ਨ ਤੇ ਇਹ ਦੋਸ਼ ਲਗਾ ਕੇ ਅੱਡ ਹੋ ਗਿਆ ਕਿ ਇਹ ਐਸੋਸੀਏਸ਼ਨ ਮੱਧ-ਵਰਗੀ ਕਾਲੇ ਲੋਕਾਂ ਦੇ ਹਿਤ ਬਾਰੇ ਹੀ ਸੋਚਦੀ ਹੈ ਨਾ ਕਿ ਸਮੁੱਚੀ ਜਨਤਾ ਦੀਆਂ ਸਮੱਸਿਆਵਾਂ ਵੱਲ ਧਿਆਨ ਦਿੰਦੀ ਹੈ। ਸੰਨ 1933 ਤੋਂ 1944 ਤੱਕ ਇਹ ਐਟਲਾਂਟਾ ਦੇ ਸਮਾਜ-ਵਿਗਿਆਨ ਭਾਗ ਦਾ ਮੁਖੀ ਅਤੇ ਸੰਨ 1933 ਤੋਂ 1945 ਤਕ ਐਨਸਾਈਕਲੋਪੀਡੀਆ ਆੱਫ਼ ਦੀ ਨੀਗਰੋ ਦਾ ਮੁੱਖ ਸੰਪਾਦਕ ਰਿਹਾ।

ਸੰਨ 1961 ਵਿਚ ਡੂ ਬੱਇਸ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਅਤੇ ਘਾਨਾ ਵਿਖੇ ਜਾ ਕੇ ਵਸ ਗਿਆ। ਉਥੇ ਇਹ 'ਐਨਸਾਈਕਲੋਪੀਡੀਆ ਅਫ਼ਰੀਕਾਨਾ' ਦਾ ਡਾਇਰੈਕਟਰ ਲੱਗਿਆ। 'ਦੀ ਸੋਲਜ਼ ਆਫ਼ ਬਲੈਕ ਫ਼ੋਕ' (1903), 'ਜਾਨ ਬ੍ਰਾਊਨ' (1909), 'ਬਲੈਕ ਰੀਕਨਸਟ੍ਰਕਸ਼ਨ' (1935), ' ਡਸਕ ਆੱਫ ਡਾੱਨ' (1940), 'ਦੀ ਵਰਲਡ ਐਂਡ ਅਫ਼ਰੀਕਾ' (1947) ਅਤੇ 'ਇਨ ਬੈਟਲ ਫਾਰ ਪੀਸ' (1952) ਆਦਿ ਇਸ ਦੀਆਂ ਕੁਝ ਪੁਸਤਕਾਂ ਹਨ।

27 ਅਗਸਤ, 1963 ਨੂੰ ਘਾਨਾ ਵਿਚ ਅੱਕਰਾ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮੈ. 5 :1074 ; ਐਨ. ਅਮੈ. 9 : 374

**ਡੂ' ਬੱਸ, ਚਾਰਲਸ (Du Bos Charles)** : ਇਸ ਫ਼ਰਾਂਸੀਸੀ ਅਤੇ ਅੰਗਰੇਜ਼ੀ ਸਾਹਿਤ ਦੇ ਸੁਚੇਤ ਆਲੋਚਕ ਜਿਸ ਦੀਆਂ ਸ਼ੈਕਸਪੀਅਰ, ਸ਼ੈਲੇ ਅਤੇ ਬਾਇਰਨ ਸਬੰਧੀ ਲਿਖਤਾਂ ਕਰਕੇ ਫ਼ਰਾਂਸੀਸੀਆਂ ਦਾ ਧਿਆਨ ਅੰਗਰੇਜ਼ੀ ਸਾਹਿਤ ਵੱਲ ਖਿੱਚਿਆ ਗਿਆ, ਇਹ ਦਾ ਜਨਮ 27 ਅਕਤੂਬਰ, 1882 ਨੂੰ ਪੈਰਿਸ ਵਿਖੇ ਹੋਇਆ। ਇਸ ਨੇ ਆੱਕਸਫੋਰਡ ਵਿਖੇ ਅਤੇ ਫਿਰ ਜਰਮਨੀ ਵਿਚ ਵਿੱਦਿਆ ਪ੍ਰਾਪਤ ਕੀਤੀ।

ਇਸ ਦੀ ਮਾਂ ਅੰਗਰੇਜ ਸੀ। ਸੋ ਇਸਨੂੰ ਬਚਪਨ ਤੋਂ ਹੀ ਅੰਗਰੇਜ਼ੀ ਸਾਹਿਤ ਵੱਲ ਰੁਚੀ ਹੋ ਗਈ। ਇਸ ਨੇ ਗੇਟੇ ਅਤੇ ਫ਼ਰਾਂਸੀਸੀ ਲਿਖਾਰੀ ਗਸਟੇਵ ਫਾੱਲਬਰਟ ਅਤੇ ਪਰਾੱਸਪਰ ਮੈਰੀਮੀ ਆਦਿ ਬਾਰੇ ਪੜਚੋਲ ਕੀਤੀ। ਇਸ ਦੀਆਂ ਕਿਰਤਾਂ ਵਿਚ ਇਸ ਦਾ ਆਪਣੇ ਦੋਸਤ ਆਂਦਰੇ ਜ਼ੀਦ ਨਾਲ ਕੀਤਾ ਪੱਤਰ-ਵਿਹਾਰ ਵੀ ਸ਼ਾਮਲ ਹੈ । ਇਸ ਦੀ ਮੁੱਖ ਰੁਚੀ ਕਿਸੇ ਰਚਨਾ ਦੀ ਅਸਲ 'ਰੂਹ' ਜਾਂ ਭਾਵ-ਅਰਥ ਜਾਣਨ ਵੱਲ ਅਤੇ ਇਹ ਵੇਖਣ ਵੱਲ ਸੀ ਉਹ ਰਚਨਾ ਪਾਠਕ ਦੀ 'ਰੂਹ' ਜਾਂ ਅੰਤਹਕਰਣ ਤੇ ਕੀ ਪ੍ਰਭਾਵ ਪਾਉਂਦੀ ਸੀ। ਜਿਉਂ ਜਿਉਂ ਇਹ ਵੱਡਾ ਹੁੰਦਾ ਗਿਆ ਇਸ ਦੀ ਇਹ ਧਾਰਨਾ ਧਾਰਮਿਕ ਰੰਗ ਫੜਦੀ ਗਈ। ਇਸ ਦੀ ਰਚਨਾ ' ਜਰਨਲ ਇਨਟਾਈਮ' (ਛੇ ਜਿਲਦਾਂ) ਤੋਂ ਇਸ ਵਿਚ ਆਈ ਇਸ ਤਬਦੀਲੀ ਦਾ ਪਤਾ ਲਗਦਾ ਹੈ ਅਤੇ ਇਸ ਤਰ੍ਹਾਂ 1927 ਵਿਚ ਇਹ ਰੋਮਨ ਕੈਥੋਲਿਕ ਧਰਮ ਵਿਚ ਸ਼ਾਮਲ ਹੋ ਗਿਆ।

5 ਅਗਸਤ, 1939 ਨੂੰ ਲਾ-ਸੈਲੇ-ਸੇਂਟ ਕਲਾਊਡ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 686

**ਡੂਮਾ** : ਇਹ ਸ਼ਬਦ ਰੂਸ ਦੀ ਚੁਣੀ ਹੋਈ ਵਿਧਾਨ ਸਭਾ ਲਈ ਵਰਤਿਆ ਜਾਂਦਾ ਸੀ ਜਿਹੜੀ ਸਟੇਟ ਕਾਂਸਲ ਨਾਲ ਰਲ ਕੇ ਰੂਸ ਦੀ ਸ਼ਾਹੀ ਵਿਧਾਨ ਸਭਾ ਨੂੰ ਬਣਾਉਂਦੀ ਸੀ। ਸੰਨ 1906 ਤੋਂ ਸ਼ੁਰੂ ਹੋਈ ਇਹ ਸਭਾ ਰੂਸ ਵਿਚ ਫ਼ਰਵਰੀ 1917 ਵਿਚ ਹੋਈ ਬਗ਼ਾਵਤ ਦੌਰਾਨ ਭੰਗ ਕੀਤੀ ਗਈ। ਡੂਮਾ ਦਾ ਸ਼ਾਬਦਿਕ ਅਰਥ ਹੈ 'ਸੋਚ-ਵਿਚਾਰ (deliberation)। ਇਸਦੀ ਸਥਾਪਨਾ ਰੂਸ ਵਿਚ ਪਾਰਲੀਮੈਂਟਰੀ ਸੁਧਾਰਾਂ ਪ੍ਰਤੀ ਪਹਿਲਾ ਕਦਮ ਸੀ। ਸੰਨ 1905 ਵਿਚ ਰੂਸ ਵਿਚ ਹੋਈ ਬਗ਼ਾਵਤ ਦੇ ਸਿੱਟਿਆਂ ਨੂੰ ਵੇਖਦੇ ਹੋਏ ਬਾਦਸ਼ਾਹ ਨਿਕੋਲਸ ਦੂਜੇ ਨੇ ਆਪਣੇ ਅਕਤੂਬਰ ਵਿਚ ਜਾਰੀ ਕੀਤੇ ਘੋਸ਼ਣਾ-ਪੱਤਰ ਵਿਚ ਡੂਮਾ ਦਾ ਐਲਾਨ ਕੀਤਾ, ਜਿਸ ਰਾਹੀਂ ਲੋਕਾਂ ਨੂੰ ਇਹ ਯਕੀਨ ਦੁਆਇਆ ਗਿਆ ਕਿ ਇਹ ਇਕ ਪ੍ਰਤੀਨਿਧ ਅਸੈਂਬਲੀ ਹੋਵੇਗੀ ਅਤੇ ਰਾਜ ਦੇ ਵਿਧਾਨ ਦੀ ਹਰ ਕਾਰਵਾਈ ਨੂੰ ਇਸ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਅਪ੍ਰੈਲ, 1906 ਵਿਚ ਡੂਮਾ ਦੀ ਪਹਿਲੀ ਮੀਟਿੰਗ ਹੋਣ ਤੋਂ ਪਹਿਲਾਂ ਹੀ ਮੁਢਲੇ ਕਾਨੂੰਨ ਲਾਗੂ ਕਰਨ ਸਮੇਂ ਰਾਜ ਦੇ ਮੰਤਰੀਆਂ ਨੇ ਰਾਜਕੀ ਬਜਟ ਦੇ ਕੁਝ ਹਿੱਸੇ ਆਦਿ ਨੂੰ ਇਸਦੇ ਅਧਿਕਾਰ ਖੇਤਰ ਤੋਂ ਮੁਕਤ ਕਰ ਦਿੱਤਾ। ਡੂਮਾ ਦੀ ਪਹਿਲੀ ਮੀਟਿੰਗ 10 ਮਈ ਤੋਂ 21 ਜੁਲਾਈ, 1906 ; ਦੂਜੀ 5 ਮਾਰਚ ਤੋਂ 16 ਜੂਨ 1907; ਤੀਜੀ 14 ਨਵੰਬਰ 1907 ; ਚੌਥੀ 22 ਜੂਨ, 1912 ਅਤੇ 28 ਨਵੰਬਰ 1912, ਪੰਜਵੀਂ ਮਾਰਚ, 1917 ਨੂੰ ਹੋਈ। ਪਹਿਲੇ ਦੋ ਡੂਮਾਂ ਦੀ ਚੋਣ 5 ਵੱਡੇ ਸ਼ਹਿਰਾਂ ਨੂੰ ਛੱਡ ਕੇ ਬਾਕੀ ਸਥਾਨਾਂ ਤੇ ਅਸਿੱਧੇ ਤੌਰ ਤੇ ਹੋਈ ਜਿਸਨੇ ਕਿਸਾਨ ਵਰਗ ਦੀ ਪ੍ਰਤੀਨਿਧਤਾ ਕੀਤੀ। ਇਨ੍ਹਾਂ ਉਪਰ ਲਿਬਰਲ ਅਤੇ ਸੋਸ਼ਲਿਸਟ ਵਿਰੋਧੀ ਗੁੱਟਾਂ ਦਾ ਪ੍ਰਭਾਵ ਵਧੇਰੇ ਸੀ ਅਤੇ ਇਹ ਦੇਸ਼ ਵਿਚ ਸੁਧਾਰ ਲਿਆਉਣ ਲਈ ਜ਼ੋਰ ਦਿੰਦੇ ਸਨ। ਦੋਵੇਂ ਡੂਮਾ ਆਪਣੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਭੰਗ ਹੋ ਗਈਆਂ।

ਸੰਨ 1907 ਵਿਚ ਦੇਸ਼ ਵਿਚ ਰਾਜ-ਪਲਟੇ ਮਗਰੋਂ ਪ੍ਰਧਾਨ ਮੰਤਰੀ ਪਿਓਤਰ ਆਰਕਾਡੀਵਿਚ ਸਟਾਲੀਪਿਨ ਨੇ ਗਰਮ ਧੜੇ ਅਤੇ ਘੱਟ-ਗਿਣਤੀ ਧੜਿਆਂ ਦੀ ਪ੍ਰਤੀਨਿਧਤਾ ਨੂੰ ਘਟਾਉਣ ਲਈ ਵਿਸ਼ੇਸ਼ ਅਧਿਕਾਰਾਂ ਤੇ ਰੋਕ ਲਾ ਦਿੱਤੀ। ਇਸੇ ਆਧਾਰ ਤੇ ਤੀਜੀ ਡੂਮਾ ਬਣੀ ਜਿਹੜੀ ਵਧੇਰੇ ਰੂੜ੍ਹੀਵਾਦੀ ਸੀ ਪਰ ਇਸਨੇ ਜਿਥੇ ਸਰਕਾਰ ਵਲੋਂ ਲਾਗੂ ਕੀਤੇ ਭੂਮੀ ਸਬੰਧੀ ਅਤੇ ਫ਼ੌਜ ਸਬੰਧੀ ਸੁਧਾਰਾਂ ਦੀ ਹਿਮਾਇਤ ਕੀਤੀ ਉਥੇ ਸਰਕਾਰੀ ਸਲਾਹਕਾਰਾਂ ਤੇ ਅਫ਼ਸਰਸ਼ਾਹੀ ਦੀਆਂ ਮਾੜੀਆਂ ਨੀਤੀਆਂ ਦੀ ਆਲੋਚਨਾ ਵੀ ਕੀਤੀ। ਇਸਨੇ ਪੰਜ ਸਾਲ ਦਾ ਪੂਰਾ ਸਮਾਂ ਮਾਣਿਆ।

ਚੌਥੀ ਡੂਮਾ ਵੀ ਰੂੜ੍ਹੀਵਾਦੀ ਸੀ। ਜਿਉਂ ਜਿਉਂ ਪਹਿਲੀ ਵੱਡੀ ਜੰਗ ਫੈਲਦੀ ਗਈ ਤਿਉਂ ਤਿਉਂ ਇਨ੍ਹਾਂ ਦੀ ਸਰਕਾਰ ਪ੍ਰਤੀ ਵਿਰੋਧਤਾ ਵਧਦੀ ਗਈ ਅਤੇ ਵਿਸ਼ੇਸ਼ ਕਰਕੇ ਸਰਕਾਰ ਵੱਲੋਂ ਸੈਨਾ ਦੀ ਸਪਲਾਈ ਸਬੰਧੀ ਨੀਤੀ ਨੇ ਇਸ ਵਿਚ ਬੜਾ ਅਸੰਤੋਸ਼ ਪੈਦਾ ਕੀਤਾ। ਸੰਨ 1915 ਤੱਕ ਸਰਕਾਰ ਦੀ ਇਹ ਪੂਰੀ ਤਰ੍ਹਾਂ ਵਿਰੋਧੀ ਬਣ ਗਈ। ਮਾਰਚ 1917 ਦੀ ਬਗ਼ਾਵਤ ਦੌਰਾਨ ਡੂਮਾ ਨੇ ਆਰਜ਼ੀ ਕਮੇਟੀ ਸਥਾਪਿਤ ਕੀਤੀ ਜਿਸਨੇ ਪਹਿਲੀ ਆਰਜ਼ੀ ਸਰਕਾਰ ਬਣਾਈ ਅਤੇ ਬਾਦਸ਼ਾਹ ਨਿਕੋਲਸ ਦੂਜੇ ਦੇ ਤਖ਼ਤ ਛੱਡਣ ਦਾ ਸਵਾਗਤ ਕੀਤਾ।

ਹ. ਪੁ.—ਐਨ. ਬ੍ਰਿ. ਮਾ. 4 : 267

**ਡੂਮਾ, ਅਲੈਗਜੈਂਡਰ** : ਇਹ ਉੱਘਾ ਫ਼ਰਾਸੀਸੀ ਲੇਖਕ ਸੀ ਜਿਸਨੂੰ ਡੂਮਾ ਫਿਲਜ਼ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਉੱਘੇ ਨਾਵਲਕਾਰ ਅਲੈਗਜ਼ੈਂਡਰ ਡੂਮਾ ਪੀਰ ਦਾ ਨਾਜਾਇਜ਼ ਪੁੱਤਰ ਅਤੇ 'ਸਮੱਸਿਆ ਨਾਟਕ' ਦੇ ਮੋਢੀਆਂ ਵਿਚੋਂ ਸੀ। ਇਸ ਦਾ ਜਨਮ 27 ਜੁਲਾਈ, 1824 ਨੂੰ ਪੈਰਿਸ ਵਿਖੇ ਹੋਇਆ। ਇਸ ਨੇ ਮੱਧ ਵਰਗ ਲਈ ਯਥਾਰਥਵਾਦੀ ਡਰਾਮੇ ਲਿਖੇ ਜਿਨ੍ਹਾਂ ਵਿਚ ਇਸ ਨੇ ਉਸ ਸਮੇਂ ਦੀਆਂ ਬੁਰਾਈਆਂ ਬਾਰੇ ਲਿਖਿਆ ਤੇ ਉਨ੍ਹਾਂ ਨੂੰ ਦੂਰ ਕਰਨ ਦੇ ਸੁਝਾਅ ਦਿੱਤੇ। ਇਸ ਦਾ ਪਹਿਲਾ ਕਾਮਯਾਬ ਨਾਵਲ 'La Dame aux Camelias' (1848) ਸੀ ਪਰ ਇਸ ਨੇ ਇਹੀ ਕਹਾਣੀ 1852 ਈ. ਵਿਚ ਨਾਟਕ ਦੇ ਰੂਪ ਵਿਚ ਛਾਪੀ ਜਿਸ ਦਾ ਅੰਗਰੇਜ਼ੀ ਨਾਂ Camille ਹੈ। ਇਹ ਫ਼ਰਾਂਸੀਸੀ ਰੋਮਾਂਚਕ ਡਰਾਮੇ ਤੋਂ ਉਤੇਜਿਤ ਹੋਇਆ ਅਤੇ ਇਸ ਨੇ ਆਪਣੀ ਰਚਨਾ ਵਿਚ ਸਮਾਜਕ ਸੰਦੇਸ਼ ਦਿੱਤਾ। ਇਸ ਨੇ ਆਪਣੀਆਂ ਕਿਰਤਾਂ ਵਿਚ ਪਰਿਵਾਰ ਅਤੇ ਵਿਆਹ ਦੀ ਪਵਿੱਤਰਤਾ ਉਤੇ ਜ਼ੋਰ ਦਿੱਤਾ ਤੇ ਇਸ ਬਾਰੇ ਉਪਦੇਸ਼ ਵੀ ਦਿੱਤੇ। ਇਸ ਦਾ ਨਾਟਕ 'Le Demi - Monde 'ਵਿਭਚਾਰੀ ਮਨੁੱਖਾਂ ਵੱਲੋਂ ਵਿਆਹ ਦੀ ਪ੍ਰਥਾ ਨੂੰ ਪਹੁੰਚਾਈ ਜਾਂਦੀ ਠੇਸ ਦਾ ਨਿਰੂਪਣ ਕਰਦਾ ਹੈ। ਇਸ ਨੇ ਗ਼ੈਰ-ਕਾਨੂੰਨੀ ਬੱਚਿਆਂ ਅਤੇ ਭ੍ਰਿਸ਼ਟ ਹੋ ਚੁੱਕੀਆਂ ਔਰਤਾਂ ਦੀ ਦੁਰਦਸ਼ਾ ਵੱਲ ਧਿਆਨ ਦਿੱਤਾ। ਆਧੁਨਿਕ ਦਰਸ਼ਕ ਇਸ ਦੇ ਨਾਟਕਾਂ ਨੂੰ ਸ਼ਬਦਾਂ ਦਾ ਵਾਧੂ ਭਾਰ ਹੀ ਸਮਝਦੇ ਹਨ ਪਰ ਉਨ੍ਹੀਵੀਂ ਸਦੀ ਦੇ ਆਖ਼ਰੀ ਸਮੇਂ ਵਿਚ ਉੱਘੇ ਆਲੋਚਕਾਂ ਨੇ ਨੈਤਿਕ ਗੰਭੀਰਤਾ ਕਾਰਨ ਇਸ ਦੇ ਨਾਟਕਾਂ ਦੀ ਪ੍ਰਸੰਸਾ ਕੀਤੀ। ਸੰਨ 1875 ਵਿਚ ਇਸ ਨੂੰ ਫ਼ਰਾਂਸ ਦੀ ਅਕੈਡਮੀ ਦਾ ਮੈਂਬਰ ਬਣਾਇਆ ਗਿਆ।

ਇਸ ਦੇ ਸੁਆਦਲੇ ਨਾਟਕਾਂ ਵਿਚ 'Le Fils naturel ' (1858; 'ਦੀ ਨੇਚੁਰਲ ਸਨ') ਅਤੇ 'Un pere prodigue' (1859) ਸ਼ਾਮਲ ਹਨ। ਇਸ ਅੰਤਲੇ ਨਾਟਕ ਵਿਚ ਇਸ ਨੇ ਆਪਣੇ ਪਿਤਾ ਦਾ ਚਰਿੱਤਰ ਪੇਸ਼ ਕੀਤਾ ਹੈ।

27 ਨਵੰਬਰ, 1895 ਨੂੰ ਮਾਰਲੀ-ਲੀ-ਰੋਇ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 701 ; ਐਨ. ਅਮੈ. 9 : 396

**ਡੂਮਾਂ, ਪੀਅਰੀ ਏਟੀਐਨ ਲੂਈ** : ਸਵਿਟਜ਼ਰਲੈਂਡ ਦੇ ਇਸ ਲੇਖਕ ਦਾ ਜਨਮ 18 ਜੁਲਾਈ, 1759 ਨੂੰ ਜਨੇਵਾ ਵਿਖੇ ਹੋਇਆ। ਇਸ ਨੇ ਜਨੇਵਾ ਦੇ ਕਾਲਜ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ 1781 ਈ. ਵਿਚ ਇਥੋਂ ਦਾ ਪਾਦਰੀ ਨਿਯੁਕਤ ਹੋ ਗਿਆ। ਸੰਨ 1786 ਵਿਚ ਇਹ ਲੰਡਨ ਗਿਆ। ਇਸ ਦੌਰਾਨ ਇਸ ਨੇ ਵਿਗ੍ਹ ਪਾਰਟੀ ਦੇ ਕਈ ਨੇਤਾਵਾਂ ਨਾਲ ਕਾਫ਼ੀ ਨੇੜੇ ਦੇ ਸਬੰਧ ਪੈਦਾ ਕਰ ਲਏ। ਸੰਨ 1788 ਵਿਚ ਇਹ ਪੈਰਿਸ ਗਿਆ। ਉਥੇ ਮਿਰਾਬੋ ਨਾਲ ਇਸ ਦੀ ਚੰਗੀ ਦੋਸਤੀ ਹੋ ਗਈ। ਜਨਵਰੀ, 1789 ਤੋਂ ਮਾਰਚ, 1790 ਤੱਕ ਇਸ ਨੇ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਬਹੁਤ ਹਿੱਸਾ ਲਿਆ।

ਸੰਨ 1791 ਵਿਚ ਲੰਡਨ ਪਰਤ ਕੇ ਇਸ ਨੇ ਜੈਰੇਮੀ ਬੈਂਥਮ ਨਾਲ ਮਿਲ ਕੇ ਉਸ ਦੇ ਕਈ ਫ਼ਰਾਂਸੀਸੀ ਖਰੜਿਆਂ ਦਾ ਸੰਪਾਦਨ ਕੀਤਾ।

ਸੰਨ 1814 ਵਿਚ ਡੂਮਾਂ ਜਨੇਵਾ ਵਾਪਸ ਚਲਾ ਗਿਆ ਤੇ ਪਿਛੋਂ ਪ੍ਰਤਿਨਿਧ ਕੌਂਸਲ ਦਾ ਨੇਤਾ ਬਣ ਗਿਆ। ਇਸ ਦੀ ਪੁਸਤਕ 'Soukenirs sur Mirabeau' ਇਸ ਦੇ ਮਰਨ ਉਪਰੰਤ 1832 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਇਸ ਨੇ ਫ਼ਰਾਂਸ ਦੀ ਕ੍ਰਾਂਤੀ ਬਾਰੇ ਮਹੱਤਵਪੂਰਨ ਜਾਣਕਾਰੀ ਵਰਣਨ ਕੀਤੀ ਹੈ ਅਤੇ ਇਸ ਵਿਚ ਮਿਰਾਬੋ ਦੇ ਕਈ ਭਾਸ਼ਣ ਸ਼ਾਮਲ ਕੀਤੇ ਹਨ।

29 ਸਤੰਬਰ, 1829 ਨੂੰ ਇਟਲੀ ਵਿਚ ਮਿਲਾਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 703; ਐਨ. ਅਮੈ. 9 : 398 ; ਐਨ. ਬ੍ਰਿ. 7 : 753

**ਡੂਮਾਂ, ਫ਼ਰਾਂਸਵਾ** (**Dumunt, Francois**) : ਇਹ ਫ਼ਰਾਂਸ ਦੇ ਮਹਾਨ ਸੂਖ਼ਮ ਚਿੱਤਰਕਾਰਾਂ ਵਿਚੋਂ ਇਕ ਸੀ। ਇਸ ਦਾ ਜਨਮ 7 ਜਨਵਰੀ, 1751 ਨੂੰ ਲੂਨੇਵੀਲ ਵਿਖੇ ਹੋਇਆ। ਸੰਨ 1788 ਵਿਚ ਇਹ ਨਿਪੁੰਨ ਹੋ ਕੇ ਚਿੱਤਰਕਾਰੀ ਸਿਖਾਉਣ ਲਗ ਪਿਆ ਅਤੇ ਇਸ ਨੂੰ ਲੂਵਰ ਵਿਖੇ ਮਕਾਨ ਮਿਲ ਗਿਆ। ਇਸ ਨੇ ਆਪਣੇ ਸਮੇਂ ਦੇ ਬਹੁਤ ਉੱਘੇ ਵਿਅਕਤੀਆਂ-ਜਿਵੇਂ ਲੂਈ-ਸੋਲ੍ਹਵਾਂ, ਮੈਰੀ ਐਨਟੋਇਕ, ਲੂਈ ਅਠਾਰ੍ਹਵਾਂ ਅਤੇ ਚਾਰਲਸ ਦਸਵੇਂ ਦੀਆਂ ਬਹੁਤ ਸੁੰਦਰ ਤਸਵੀਰਾਂ ਬਣਾਈਆਂ। ਇਸ ਦਾ ਸ਼ਾਗਿਰਦ ਇਸ ਦਾ ਛੋਟਾ ਭਰਾ ਟੋਨੀ ਡੂਮਾਂ ਵੀ ਸੂਖਮ ਕਲਾ ਦਾ ਮਾਲਕ ਸੀ। ਸੰਨ 1810 ਵਿਚ ਉਸ ਨੂੰ ਅਕੈਡਮੀ ਵਲੋਂ ਮੈਡਲ ਮਿਲਿਆ ਸੀ।

ਇਸ ਦਾ ਦੇਹਾਂਤ 27 ਅਗਸਤ, 1831 ਵਿਚ ਪੈਰਿਸ ਵਿਖੇ ਹੋਇਆ।

ਹ. ਪੁ.—ਐਨ. ਬ੍ਰਿ. ਮਾ. 3: 704; ਐਨ. ਬ੍ਰਿ. 7 : 753

**ਡੂਮੂਰਯੇ, ਚਾਰਲਸ ਫ਼ਰਾਂਸਵਾ ਡੂਨ** : ਫਰਾਂਸ ਦੇ ਇਸ ਉੱਘੇ ਜਰਨੈਲ ਅਤੇ ਸਿਆਸਤਦਾਨ ਦਾ ਜਨਮ 25 ਜਨਵਰੀ, 1739 ਨੂੰ ਕੈਂਬਰੇ ਵਿਖੇ ਹੋਇਆ। ਇਸਦਾ ਪਿਤਾ ਫ਼ੌਜ ਦਾ ਰਸਦ-ਅਧਿਕਾਰੀ ਸੀ। ਸੰਨ 1758 ਵਿਚ ਇਹ ਫਰਾਂਸੀਸੀ ਫ਼ੌਜ ਵਿਚ ਭਰਤੀ ਹੋਇਆ ਅਤੇ ਸਭ ਤੋਂ ਪਹਿਲੀ ਵਾਰੀ ਇਹ ਆਪਣੇ ਪਿਤਾ ਨਾਲ ਸੱਤ-ਸਾਲਾ ਜੰਗ ਦੌਰਾਨ ਹੈਨੋਵਰ ਗਿਆ। ਇਥੇ ਇਸ ਨੇ ਪ੍ਰਸ਼ਾਅ ਵਿਰੁੱਧ ਲੜੀ ਜੰਗੀ 'ਚ ਸਫ਼ਲਤਾ ਹਾਸਲ ਕੀਤੀ।

ਬਾਦਸ਼ਾਹ ਲੂਈ ਪੰਦਰ੍ਹਵੇਂ ਨੇ ਇਸ ਨੂੰ 1767 ਵਿਚ ਮੈਡਰਿਡ, 1770-72 ਵਿਚ ਪੋਲੈਂਡ ਅਤੇ 1773 ਵਿਚ ਸਵੀਡਨ ਵਿਚ ਗੁਪਤ ਸਫ਼ਾਰਤੀ ਮਿਸ਼ਨਾਂ ਤੇ ਭੇਜਿਆ। ਸੰਨ 1773 ਵਿਚ ਇਸਨੂੰ ਵਾਪਸ ਬੁਲਾ ਕੇ ਸਾਜ਼ਿਸ ਕਰਨ ਦੇ ਦੋਸ਼ ਵਿਚ ਕੈਦ ਕਰ ਲਿਆ। ਸੰਨ 1775 ਵਿਚ ਇਹ ਰਿਹਾਅ ਹੋਇਆ ਅਤੇ ਕਰਨਲ ਦੇ ਅਹੁਦੇ ਨਾਲ ਲੀਅਲ ਭੇਜਿਆ ਗਿਆ। ਸੰਨ 1778 ਵਿਚ ਇਹ ਸ਼ੈਰਬੁਰਗ ਵਿਖੇ ਕਮਾਂਡਰ ਨਿਯੁਕਤ ਹੋਇਆ ਅਤੇ ਅਗਲੇ 11 ਸਾਲ ਇਸ ਨੇ ਇਸ ਬੰਦਰਗਾਹ ਦੇ ਵਿਕਾਸ ਦਾ ਕਾਰਜ ਸੰਭਾਲੀ ਰੱਖਿਆ।

ਸੰਨ 1789 ਵਿਚ ਫਰਾਂਸ ਵਿਚ ਇਨਕਲਾਬ ਆਇਆ। ਸੰਨ 1790 ਵਿਚ ਇਹ ਜੈਕੋਬਿਨ ਧੜੇ ਨਾਲ ਰਲ ਗਿਆ ਅਤੇ ਨੈਨਤਸ ਵਿਖੇ ਇਕ ਫ਼ੌਜੀ ਡਵੀਜ਼ਨ ਦਾ ਕਮਾਂਡਰ ਬਣਿਆ। ਇਸਦੇ ਨਾਲ ਨਾਲ ਹੀ ਇਸਨੇ ਬਾਦਸ਼ਾਹ ਲੂਈ ਸੋਲ੍ਹਵੇਂ ਤੋਂ ਰਿਆਇਤਾਂ ਵੀ ਹਾਸਲ ਕੀਤੀਆਂ।

ਮਾਰਚ, 1792 ਵਿਚ ਇਹ ਗਿਰੋਂਡਿਨ ਮੰਤਰੀ ਮੰਡਲ ਵਿਚ ਵਿੱਤੀ ਮਾਮਲਿਆਂ ਦਾ ਮੰਤਰੀ ਬਣਿਆ। ਆਸਟ੍ਰੀਆ ਦੇ ਇਕ ਕੱਟੜ ਵਿਰੋਧੀ ਵਜੋਂ ਇਸਨੇ ਆਪਣੇ ਗਿਰੋਂਡਿਨ ਸਹਿਯੋਗੀਆਂ ਨਾਲ ਰਲ ਕੇ ਹੋਲੀ ਰੋਮਨ ਬਾਦਸ਼ਾਹ ਫਰਾਂਸਿਸ ਦੂਜੇ ਵਿਰੁੱਧ ਜੰਗ ਕਰਨ ਲਈ ਜ਼ੋਰ ਪਾਇਆ। ਸਿੱਟੇ ਵਜੋਂ 20 ਅਪ੍ਰੈਲ, 1792 ਨੂੰ ਆਸਟ੍ਰੀਆ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਗਿਆ। ਇਸ ਨੇ ਆਪਣੀਆਂ ਫ਼ੌਜਾਂ ਦੀ ਵਰਤੋਂ ਲੈਜਿਸਲੇਟਿਵ ਅਸੈਂਬਲੀ ਨੂੰ ਹਟਾਉਣ ਅਤੇ ਬਾਦਸ਼ਾਹ ਦੇ ਨਾਉਂ ਤੇ ਰਾਜ ਕਰਨ ਲਈ ਵੀ ਕੀਤੀ। ਮੁੱਢਲੀਆਂ ਮੁਹਿੰਮਾਂ ਵਿਚ ਫ਼ਰਾਂਸੀਸੀ ਫ਼ੌਜਾਂ ਨੂੰ ਹਾਰ ਹੋਈ। 12 ਜੂਨ, 1792 ਨੂੰ ਇਹ ਯੁੱਧ ਮੰਤਰੀ ਨਿਯੁਕਤ ਹੋਇਆ ਪਰ ਤਿੰਨ ਦਿਨ ਮਗਰੋਂ ਹੀ ਇਸਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਕੇ ਉੱਤਰ ਵਿਚ ਫ਼ੌਜ ਦੀ ਕਮਾਨ ਸੰਭਾਲ

ਲਈ। ਇਸ ਦੌਰਾਨ ਪ੍ਰਸ਼ਾਅ ਆਸਟ੍ਰੀਆ ਵਲੋਂ ਜੰਗ ਵਿਚ ਸ਼ਾਮਲ ਹੋ ਗਿਆ। 20 ਸਤੰਬਰ ਨੂੰ ਇਸ ਨੇ ਵੈਲਮੀ ਦੀ ਲੜਾਈ ਵਿਚ ਪ੍ਰਸ਼ਾਅ ਦੀਆਂ ਫ਼ੌਜਾਂ ਨੂੰ ਹਾਰ ਦਿੱਤੀ ਅਤੇ ਉਨ੍ਹਾਂ ਨੂੰ ਫਰਾਂਸ ਵਿਚੋਂ ਬਾਹਰ ਕੱਢ ਦਿੱਤਾ। 6 ਨਵੰਬਰ ਨੂੰ ਇਸਨੇ ਜਮੈਪ ਦੀ ਲੜਾਈ ਵਿਚ ਆਸਟ੍ਰੀਆਈ ਫ਼ੌਜਾਂ ਨੂੰ ਹਰਾ ਕੇ ਬੈਲਜੀਅਮ ਉੱਤੇ ਫ਼ਤਹਿ ਹਾਸਲ ਕੀਤੀ।

26 ਫ਼ਰਵਰੀ, 1793 ਨੂੰ ਇਸ ਨੇ ਹਾਲੈਂਡ ਤੇ ਹਮਲਾ ਕੀਤਾ ਪਰ ਇਸਨੂੰ ਨੈੱਰਵਿੰਡਨ ਅਤੇ ਲੂਵੈਨ ਵਿਖੇ ਆਸਟ੍ਰੀਆ ਹੱਥੋਂ ਹਾਰ ਹੋਈ। ਇਸ ਮਗਰੋਂ ਇਸਨੇ ਜੰਗਬੰਦੀ ਕਰ ਲਈ ਅਤੇ ਨੈਸ਼ਨਲ ਕਨਵੈਨਸ਼ਨ ਨੂੰ ਡੇਗਣ ਲਈ ਪੈਰਿਸ ਵੱਲ ਜਾਣ ਦੀ ਯੋਜਨਾ ਬਣਾਈ। ਜਦੋਂ ਫ਼ਰਾਂਸ ਵਿਚੋਂ ਕਨਵੈਨਸ਼ਨ ਨੇ ਇਸ ਹੱਥੋਂ ਕਮਾਂਡ ਲੈਣ ਲਈ ਆਪਣੇ ਨੁਮਾਇੰਦੇ ਭੇਜੇ ਤਾਂ ਇਸਨੇ ਉਨ੍ਹਾਂ ਨੂੰ ਆਸਟ੍ਰੀਆ ਦੇ ਹਵਾਲੇ ਕਰ ਦਿੱਤਾ। ਇਸ ਦੀਆਂ ਫ਼ੌਜਾਂ ਨੇ ਧੋਖਾ ਦਿੱਤਾ ਅਤੇ ਇਹ ਆਪ ਆਸਟ੍ਰੀਆ ਚਲਾ ਗਿਆ। ਇਸ ਦੀ ਦਲ-ਬਦਲੀ ਕਾਰਨ ਜੈਕੋਬੀਅਨਾਂ ਨੇ ਇਸਦੇ ਦੂਜੇ ਗਿਰੋਂਡਿਨ ਸਹਿਯੋਗੀਆਂ ਨੂੰ ਆਪਣੀ ਕਨਵੈਨਸ਼ਨ ਵਿਚੋਂ ਕੱਢ ਦਿੱਤਾ।

ਕੁਝ ਸਮਾਂ ਜਰਮਨੀ ਅਤੇ ਸਵਿਟਜ਼ਰਲੈਂਡ ਵਿਚ ਰਹਿਣ ਮਗਰੋਂ ਇਹ ਇੰਗਲੈਂਡ ਆ ਗਿਆ ਜਿਥੇ 1800 ਈ. ਵਿਚ ਇਸਨੂੰ ਪੈਨਸ਼ਨ ਮਿਲਣੀ ਸ਼ੁਰੂ ਹੋਈ। ਸੰਨ 1814 ਵਿਚ ਫਰਾਂਸ ਵਿਚ ਰਾਜਤੰਤਰੀ ਕਾਇਮ ਹੋਣ ਦੇ ਬਾਵਜੂਦ ਬਾਦਸ਼ਾਹ ਲੂਈ ਅਠਾਰ੍ਹਵੇਂ ਨੇ ਇਸਦੇ ਫਰਾਂਸ ਆਉਣ ਤੇ ਪਾਬੰਦੀ ਲਗਾ ਦਿੱਤੀ।

14 ਮਾਰਚ, 1823 ਨੂੰ ਇਸਦੀ ਬਕਿੰਘਮਸ਼ਿਰ ਵਿਚ ਟਰਵਿਲ ਪਾਰਕ ਵਿਖੇ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 704

**ਡੂਮੇ ਪਾਲ** : ਇਹ ਇਕ ਪ੍ਰਸਿੱਧ ਫਰਾਂਸੀਸੀ ਸਿਆਸਤਦਾਨ ਅਤੇ ਉਥੋਂ ਦੇ ਤੀਜੇ ਗਣਤੰਤਰ ਦਾ ਤੇਰ੍ਹਵਾਂ ਰਾਸ਼ਟਰਪਤੀ ਹੋਇਆ ਹੈ। ਇਸਦਾ ਜਨਮ 22 ਮਾਰਚ, 1857 ਨੂੰ ਆਰੀਐਕ ਵਿਖੇ ਹੋਇਆ।

ਸੰਨ 1888 ਵਿਚ ਇਸਨੇ ਚੈਂਬਰ ਆਫ ਡਿਪਟੀਜ਼ ਵਿਚ ਪ੍ਰਵੇਸ਼ ਕੀਤਾ ਅਤੇ ਗਰਮ ਖਿਆਲੀ ਧੜੇ ਨਾਲ ਰਲ ਗਿਆ। ਸੰਨ 1895-96 ਦੇ ਦੌਰਾਨ ਇਹ ਲਿਓਨ ਬਰਜਾਈ ਦੇ ਮੰਤਰੀ ਮੰਡਲ ਵਿਚ ਵਿੱਤ-ਮੰਤਰੀ ਰਿਹਾ ਅਤੇ ਇਸਨੇ ਆਮਦਨੀ ਕਰ ਲਗਾਉਣ ਦਾ ਇਕ ਅਸਫ਼ਲ ਯਤਨ ਕੀਤਾ। ਸੰਨ 1897 ਵਿਚ ਇਸਨੂੰ ਹਿੰਦ-ਚੀਨ ਦਾ ਗਵਰਨਰ ਬਣਾਇਆ ਗਿਆ ਅਤੇ ਇਥੇ ਇਸਨੇ ਬੜੀ ਯੋਗਤਾ ਨਾਲ ਕੰਮ ਕੀਤਾ।

ਸੰਨ 1902 ਵਿਚ ਇਹ ਫਰਾਂਸ ਮੁੜ ਆਇਆ ਅਤੇ ਈਮਾਈਲ ਕੌਮਜ਼ ਦੇ ਮੰਤਰੀ ਮੰਡਲ ਨੂੰ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ। ਇੰਜ ਇਸਨੇ ਗਰਮ ਧੜਿਆਂ ਨੂੰ ਇਕ ਤਾਕਤਵਰ ਵਿਰੋਧੀ ਧੜੇ ਦੇ ਰੂਪ ਵਿਚ ਖੜਾ ਕਰ ਦਿੱਤਾ। ਜਨਵਰੀ, 1905 ਵਿਚ ਇਹ ਚੈਂਬਰ ਦਾ ਪ੍ਰਧਾਨ ਚੁਣਿਆ ਗਿਆ। ਫਿਰ ਇਸਨੇ 1906 ਈ. ਵਿਚ ਗਣਤੰਤਰ ਦਾ ਰਾਸ਼ਟਰਪਤੀ ਬਣਨ ਦਾ ਅਸਫ਼ਲ ਯਤਨ ਕੀਤਾ।

ਪਹਿਲੀ ਸੰਸਾਰ ਜੰਗ ਜਿਸ ਵਿਚ ਇਸਦੇ ਚਾਰੇ ਲੜਕੇ ਮਾਰੇ ਗਏ ਸਨ, ਦੇ ਦੌਰਾਨ ਇਸਨੇ ਫ਼ੌਜੀ ਕਾਰਵਾਈਆਂ ਸਬੰਧੀ ਮੰਤਰੀ ਮੰਡਲ ਵਿਚ ਬੜੇ ਮਹੱਤਵਪੂਰਨ ਕੰਮ ਕੀਤੇ। ਸੰਨ 1921-22 ਅਤੇ ਫਿਰ 1925-26 ਵਿਚ ਇਹ ਮੁੜ ਵਿੱਤ-ਮੰਤਰੀ ਚੁਣਿਆ ਗਿਆ। ਜਨਵਰੀ, 1927 ਵਿਚ ਇਸਨੂੰ ਸੈਨੇਟ ਦਾ ਪ੍ਰਧਾਨ ਚੁਣਿਆ ਗਿਆ। ਮਈ, 1931 ਵਿਚ ਇਹ ਗਣਤੰਤਰ ਦਾ ਰਾਸ਼ਟਰਪਤੀ ਬਣ ਗਿਆ ਅਤੇ 13 ਜੂਨ ਨੂੰ ਇਸਨੇ ਇਹ ਅਹੁਦਾ ਸੰਭਾਲ ਲਿਆ।

6 ਮਈ, 1932 ਈ. ਨੂੰ ਇਸ ਨੂੰ ਇਕ ਰੂਸੀ ਕੱਟੜਵਾਦੀ ਨੇ ਕਤਲ ਕਰ ਦਿੱਤਾ।

ਹ. ਪੁ.—ਐਨ. ਬ੍ਰਿ. 7 : 612

**ਡੂਰਰ, ਅਲਬ੍ਰੈਖਤ** : ਜਰਮਨੀ ਦੇ ਇਸ ਚਿੱਤਰਕਾਰ ਅ ਪੁਨਰਜਾਗ੍ਰਤੀ ਕਾਲ ਦੇ ਮਹਾਨ ਕਲਾਕਾਰ ਦਾ ਜਨਮ 21 ਮਈ 1471 ਨੂੰ ਨੂਰਨਬੈਰਕ ਵਿਖੇ ਹੋਇਆ।

ਇਸ ਨੇ ਆਪਣੇ ਸੁਨਿਆਰ ਪਿਤਾ ਦੇ ਕਾਰਖਾਨੇ ਵਿਚ ਕੰ ਸਿੱਖਣਾ ਸ਼ੁਰੂ ਕੀਤਾ। ਆਪਣੀ ਉਮਰ ਤੋਂ ਵਧੇਰੀ ਨਿਪੁੰਨਤਾ ਦਾ ਸਬੂ ਇਸ ਨੇ 1484 ਈ. ਵਿਚ ਸਵੈ-ਚਿੱਤਰ ਬਣਾ ਕੇ ਪੇਸ਼ ਕੀਤਾ। ਸੰ 1486 ਵਿਚ ਇਸ ਨੇ ਚਿੱਤਰਕਾਰ ਮਾਈਕਲ ਵੋਲਗੈਮਟ ਤੋ ਚਿੱਤਰਕਾਰੀ ਸਿੱਖਣੀ ਸ਼ੁਰੂ ਕੀਤੀ। ਸਿਖਲਾਈ ਪੂਰੀ ਕਰਨ ਤੋਂ ਬਾਅ 1490 ਈ. ਵਿਚ ਇਸ ਨੇ ਇਕ ਸਾਧਾਰਣ ਕਾਰੀਗਰ ਵਜੋਂ ਬਦੇਸ਼ਾਂ ਦ ਦੌਰਾ ਸ਼ੁਰੂ ਕੀਤਾ। ਆਪਣੇ ਚਾਰ ਸਾਲਾਂ ਦੀ ਯਾਤਰਾ ਦੌਰਾਨ ਇ ਜਰਮਨੀ ਦੇ ਕਈ ਹਿੱਸਿਆਂ ਵਿਚ ਘੁੰਮਿਆ ਅਤੇ ਵੱਖ ਵੱਖ ਥਾਵਾਂ ਤੇ ਚਿੱਤਰਕਾਰੀ ਕਰਦਾ ਰਿਹਾ। ਐਲਪਸ ਪਹਾੜ ਦੇ ਦ੍ਰਿਸ਼ਾਂ ਨੂੰ ਇਸ ਨੇ ਜਲ-ਰੰਗਾਂ ਵਿਚ ਚਿੱਤਰਿਆ। ਸੰਨ 1498 ਵਿਚ ਇਸ ਨੇ ਅਪਾੱਕੇਲਿਪਸ ਦੇ 15 ਚਿੱਤਰ, 'ਲਾਰਜ ਪੈਸ਼ਨ' ਦੇ ਸੱਤ ਪੰਨੇ, ਸੰ 1502 ਤੋਂ 1504 'ਲਾਈਫ ਆਫ਼ ਦੀ ਵਰਜਿਨ' ਦੇ 19 ਠੱਪੇ ਅ ਇਸੇ ਸਮੇਂ ਦੌਰਾਨ (1495-1504) ਹੀ ਕਈ ਨੱਕਾਸ਼ੀਆਂ ਕੀਤੀਆਂ ਜਿਵੇਂ 'ਫੋਰ ਵਿਚਿਜ਼', 'ਦੀ ਡਾਕਟਰਜ਼ ਡ੍ਰੀਮ, ਦੀ ਵਰਜਿਨ ਵਿਦ ਦ ਮੰਕੀ' ਆਦਿ । ਇਨ੍ਹਾਂ ਸਭ ਉੱਤੇ ਇਟਲੀ ਦੀ ਸ਼ੈਲੀ ਦਾ ਪ੍ਰਭਾ ਸਪਸ਼ਟ ਹੈ। ਇਟਲੀ ਵਿਚ ਇਹ ਦੋ ਵਾਰ (1494-95) ਅਤੇ 150 ਤੋਂ 1507) ਤੱਕ ਗਿਆ ਸੀ। ਉਥੇ ਇਸ ਨੇ ਆਪਣਾ ਵਧੇਰਾ ਸਮ ਵੈਨਿਸ ਵਿਖੇ ਬਿਤਾਇਆ।

ਸੰਨ 1512 ਵਿਚ ਬਾਦਸ਼ਾਹ ਮੈਕਸਮਿਲੀਅਨ ਪਹਿਲੇ ਨੇ ਇ ਨੂੰ ਸ਼ਾਹੀ ਚਿੱਤਰਕਾਰ ਨਿਯੁਕਤ ਕੀਤਾ ਅਤੇ ਇਹ ਇਸ ਅਹੁਦੇ 1519 ਈ. ਤੱਕ ਰਿਹਾ। ਜਰਮਨੀ ਦੇ ਕਈ ਉੱਘੇ ਕਲਾਕਾਰਾਂ ਨਾ ਮਿਲ ਕੇ ਬਾਦਸ਼ਾਹ ਦੀ ਪੂਜਾ ਦੀ ਪੁਸਤਕ ਦੇ ਹਾਸ਼ੀਏ ਵਿਚ ਇਸ ਬੜੀ ਸੁੰਦਰ ਡਰਾਇੰਗ ਕੀਤੀ। ਇਸ ਕੰਮ ਲਈ ਇਸ ਨੂੰ ਸ਼ਾਹੀ ਖਜ਼ਾ ਵਿਚੋਂ ਪੈਨਸ਼ਨ ਲੱਗ ਗਈ। ਸੰਨ 1515 ਤਕ ਇਸ ਨੇ ਅੰਤਰਰਾਸ਼ਟ ਪ੍ਰਸਿੱਧੀ ਪ੍ਰਾਪਤ ਕੀਤੀ।

ਸੰਨ 1521 ਵਿਚ ਇਹ ਆਪਣੀ ਨੀਂਦਰਲੈਂਡ ਦੀ ਯਾਤ ਖ਼ਤਮ ਕਰਕੇ ਨੂਰਨਬੈਰਕ ਆ ਗਿਆ ਅਤੇ ਆਪਣਾ ਵਧੇਰਾ ਸ ਲਿਖਣ ਵਿਚ ਬਿਤਾਇਆ। ਇਸ ਦੀ ਲਿਖਣ-ਸਮੱਗਰੀ ਵਿਚ ਸਵੈ ਜੀਵਨੀ, ਪੱਤਰ, ਕਵਿਤਾਵਾਂ ਅਤੇ ਤਿੰਨ ਖੋਜ-ਗ੍ਰੰਥ ਸ਼ਾਮਲ ਹਨ ਇਨ੍ਹਾਂ ਖੋਜ-ਗ੍ਰੰਥਾਂ ਵਿਚ ਕਲਾਕਾਰਾਂ ਲਈ ਸੂਚਨਾ ਪੁਸਤਕ 'ਟ੍ਰੀਟੀ ਆੱਨ ਮੈਨਸੁਰੇਸ਼ਨ ਵਿਦ ਦੀ ਕੰਪਾਸਿਜ਼ ਐਂਡ ਰੂਲਰ ਇਨ ਲਾਈਨ ਪਲੇਨਜ਼ ਐਂਡ ਹੋਲ ਬਾਡੀਜ਼' (1525), 'ਟ੍ਰੀਟੀਜ਼ ਆੱਨ ਪ੍ਰੋਪੋਰਸ਼ਨ (1525) ਅਤੇ ਕਿਲੇਬੰਦੀ ਤੇ ਆਧਾਰਿਤ ਖੋਜ-ਗ੍ਰੰਥ 'ਇਨਸਟ੍ਰਕਸ਼ ਆੱਨ ਦੀ ਫੋਰਟੀਫੀਕੇਸ਼ਨ ਆੱਫ਼ ਸਿਟੀਜ਼, ਕਾਸਲਜ਼ ਐਂਡ ਟਾਊਨ (1527) ਸ਼ਾਮਲ ਹਨ। ਸੰਨ 1526 ਵਿਚ ਇਸ ਨੇ ਆਪਣਾ ਸਭ ਪ੍ਰਸਿੱਧ ਚਿੱਤਰ 'ਫੋਰ ਅਪਾਸਲ' (Four Apostles) (ਸੇਂਟ ਜਾਨ, ਸੇ ਪੀਟਰ, ਸੇਂਟ ਪਾਲ ਅਤੇ ਸੇਂਟ ਮਾਰਕ) ਬਣਾਇਆ।

6 ਅਪ੍ਰੈਲ, 1528 ਨੂੰ ਨੂਰਨਬੈਰਕ ਵਿਚ ਇਸ ਦੀ ਮੌਤ ਗਈ। ਇਟਲੀ ਦੇ ਕਈ ਉੱਘੇ ਕਲਾਕਾਰਾਂ ਦੀ ਤਰ੍ਹਾਂ ਇਹ ਵੀ ਆਪ ਆਪ ਨੂੰ 'ਆਰਟਿਸਟ ਪ੍ਰਿੰਸ,' ਸਮਝਦਾ ਸੀ। ' ਡ੍ਰੈਜ਼ਡਨ ਅਲਟਰਾਪੀ (1496); 'ਲੈਮੈਂਟੇਸ਼ਨ ਆਫ਼ ਕ੍ਰਾਈਸਟ' (ਲ. 1500), ' ਐਡੋਰੇਸ਼ਨ ਆਫ਼ ਦੀ ਮੇਗੀ '(1504), ਦੀ ਫੀਸਟ ਆਫ਼ ਦੀ ਰੋ ਗਾਰਲੈਂਡਜ਼' (1506), 'ਯੰਗ ਜੀਸਸ ਵਿਦ ਦੀ ਡਾਕਟਰ (1506), 'ਐਡਮ ਐਂਡ ਈਵ' (1507) ਆਦਿ ਇਸ ਦੇ ਕੁਝ ਪ੍ਰਸਿ ਧਾਰਮਕ ਚਿੱਤਰ ਹਨ। 'ਸਵੈ ਚਿੱਤਰ' (1493), 'ਫ੍ਰੈਡਰਿਕ ਵਾਈਜ਼ (1496), 'ਪ੍ਰੋਟ੍ਰੇਟ ਆਫ਼ ਏ ਯੰਗ ਮੈਨ' (1500,150

ਆਦਿ ਇਸ ਦੀਆਂ ਪ੍ਰਸਿੱਧ ਤਸਵੀਰਾਂ ਹਨ। ਇਵੇਂ ਹੀ 'ਐਡਮ ਐਂਡ ਈਵ (1504); ਮੈਨ ਆਫ਼ ਸੱਰੋਜ਼' (1509), 'ਸਮਾਲ ਪੈਸ਼ਨਜ਼' (ਲੜੀਵਾਰ 1509-11), 'ਨਾਈਟ ਡੈਥ ਐਂਡ ਡੈਵਲ' (1513), ਆਦਿ ਇਸ ਦੀਆਂ ਕੁਝ ਪ੍ਰਸਿੱਧ ਨੱਕਾਸ਼ੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 5 : 1085; ਐਨ. ਅਮੈ. 9 : 420 ; ਕੋਲ. ਐਨ. 6 : 429

**ਡੂਰਾਓ, ਜੋਸ ਡ ਸਾਂਟਾ ਰੀਟਾ** : ਇਹ ਬ੍ਰਾਜ਼ੀਲ ਦਾ ਇਕ ਉੱਘਾ ਸਾਹਿਤਕਾਰ ਸੀ ਜੋ ਵਧੇਰੇ ਕਰਕੇ ਆਪਣੇ ਮਹਾਂ ਕਾਵਿ 'ਕਾਮਾਮੁਰੁ' 'Caramuru' ਕਰਕੇ ਜਾਣਿਆ ਜਾਂਦਾ ਹੈ।

ਇਸ ਦਾ ਜਨਮ ਲ. 1737 ਈ. ਵਿਚ ਕਾਤਾ ਪਰੀਤਾ (Cata Preta) ਵਿਖੇ ਹੋਇਆ। ਇਸ ਨੇ ਰੀਓ ਡੇ ਜਾਨੇਰੋ ਵਿਖੇ ਜੈਸੁਇਟ ਕਾਲਜ ਵਿਚ ਸਿਖਿਆ ਪ੍ਰਾਪਤ ਕੀਤੀ। ਸੰਨ 1756 ਵਿਚ ਕੋਇਮਬਰਾ ਯੂਨੀਵਰਸਿਟੀ (ਪੁਰਤਗਾਲ) ਤੋਂ ਇਸ ਨੇ ਧਰਮ ਵਿਗਿਆਨ ਵਿਚ ਡਾਕਟ੍ਰੇਟ ਦੀ ਡਿਗਰੀ ਲਈ। ਸੰਨ 1758 ਵਿਚ ਇਹ ਆੱਰਡਰ ਆਫ਼ ਸੇਂਟ ਆੱਗਸਟਿਨ ਦੇ ਗਰੇਸੀਅਨ ਕਾਨਵੈਂਟ ਵਿਚ ਸ਼ਾਮਲ ਹੋ ਗਿਆ ਜਿਥੇ ਇਸ ਨੇ ਜੀਸਸੀਆ ਪ੍ਰਤੀ ਖੁੱਲ੍ਹੇ ਤੌਰ ਤੇ ਸ਼ਰਧਾ ਪ੍ਰਗਟ ਕਰਕੇ ਵੱਡਿਆਂ ਦੀ ਨਰਾਜ਼ਗੀ ਮੁੱਲ ਲਈ। ਨਤੀਜੇ ਵਜੋਂ ਇਸ ਨੂੰ ਦੇਸ਼ ਛੱਡਣਾ ਪਿਆ। ਸੰਨ 1762-63 ਵਿਚ ਸਪੇਨ ਵਿਚ ਨਜ਼ਰਬੰਦ ਰਹਿਣ ਪਿਛੋਂ ਇਹ ਰੋਮ ਚਲਿਆ ਗਿਆ। ਉਥੇ ਇਹ ਪੋਪ ਦਾ ਲਾਇਬ੍ਰੇਰੀਅਨ ਰਿਹਾ ਅਤੇ ਉਥੋਂ ਦੇ ਸਾਹਿਤਕਾਰਾਂ ਨਾਲ ਮੇਲ-ਜੋਲ ਪੈਦਾ ਕੀਤਾ। ਸੰਨ 1778 ਵਿਚ ਇਹ ਪੁਰਤਗਾਲ ਮੁੜ ਆਇਆ ਅਤੇ ਕੋਇਮਬਰਾ ਵਿਖੇ ਧਰਮ ਸ਼ਾਸਤਰ ਦਾ ਪ੍ਰੋਫ਼ੈਸਰ ਬਣ ਗਿਆ। ਥੋੜ੍ਹੀ ਦੇਰ ਬਾਦ ਹੀ ਇਹ ਗਰੇਸ਼ੀਅਨ ਕਾੱਨਵੈਂਟ ਵਿਚ ਚਲਾ ਗਿਆ ਤੇ ਉਥੋਂ ਦਾ ਮੁਖੀ ਬਣ ਗਿਆ।

ਸੰਨ 1781 ਵਿਚ ਲਿਜ਼ਬਨ ਵਿਖੇ ਇਸ ਨੇ ਬ੍ਰਾਜ਼ੀਲੀ ਸਾਹਿਤ ਦੀ ਮਹਾਨ ਰਚਨਾ 'Caramuru' ਲਿਖੀ। ਇਸ ਗੱਲ ਤੋਂ ਮਾਯੂਸ ਹੋ ਕੇ ਕਿ ਇਸ ਦੀ ਮਹਾਨ ਕਿਰਤ ਦਾ ਇਕੋ ਦਮ ਉਹ ਮੁਲ ਨਹੀਂ ਪਿਆ ਜੋ ਪੈਣਾ ਚਾਹੀਦਾ ਸੀ, ਇਸ ਨੇ ਆਪਣੀਆਂ ਹੋਰ ਬਹੁਤ ਸਾਰੀਆਂ ਰਚਨਾਵਾਂ ਸਾੜ ਕੇ ਸਵਾਹ ਕਰ ਦਿਤੀਆਂ।

24 ਜਨਵਰੀ, 1784 ਨੂੰ ਲਿਜ਼ਬਨ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 721 ; ਐਨ. ਬ੍ਰਿ. 7 : 774

**ਡੂਰਾਕ, ਜ਼ੇਰੋ ਕਰੀਸਟਾੱਫ ਮੀਸ਼ੈਲ** : ਇਹ ਫਰਾਂਸ ਦਾ ਇਕ ਪ੍ਰਸਿੱਧ ਜਰਨੈਲ ਅਤੇ ਸਿਆਸਤਦਾਨ ਹੋਇਆ ਹੈ ਜਿਹੜਾ ਨੈਪੋਲੀਅਨ ਦਾ ਵੀ ਸਭ ਤੋਂ ਨਜ਼ਦੀਕੀ ਸਲਾਹਕਾਰ ਰਿਹਾ ਹੈ। ਇਸ ਜਾ ਜਨਮ 25 ਅਕਤੂਬਰ, 1772 ਈ. ਵਿਚ ਫਰਾਂਸ ਵਿਚ ਪੋਨਟਾਮੂਸੋਨ ਵਿਖੇ ਹੋਇਆ। ਫ਼ੌਜੀ ਪਰਿਵਾਰ ਨਾਲ ਸਬੰਧ ਹੋਣ ਕਾਰਨ ਇਸ ਨੂੰ ਵੀ ਸ਼ਾਲੋਨ ਦੇ ਤੋਪਖਾਨੇ ਦੇ ਫ਼ੌਜੀ ਸਕੂਲ ਵਿਚ ਭੇਜਿਆ ਗਿਆ ਪਰ ਬਾਅਦ ਵਿਚ ਇਸਦਾ ਮਨ ਬਦਲ ਗਿਆ ਤੇ ਇਹ ਫਰਾਂਸ ਵਾਪਸ ਆ ਕੇ 1793 ਵਿਚ ਮੈਟਸ ਸਕੂਲ ਵਿਚ ਦਾਖ਼ਲ ਹੋ ਗਿਆ ਅਤੇ ਇਟਲੀ ਦੇ ਫ਼ੌਜੀ ਤੋਪਖਾਨੇ ਵਿਚ ਚਲਾ ਗਿਆ। ਸੰਨ 1796 ਵਿਚ ਨੈਪੋਲੀਅਨ ਇਸ ਨੂੰ ਆਪਣੇ ਕੋਲ ਲੈ ਗਿਆ ਅਤੇ ਇਸ ਨੂੰ ਮੇਜਰ ਬਣਾ ਕੇ ਮਿਸਰ ਵਿਚ ਅਤੇ ਕਰਨਲ ਬਣਾ ਕੇ ਸੀਰੀਆ ਵਿਚ ਭੇਜਿਆ। ਇਸਦੇ ਸਾਰੇ ਸਮਕਾਲੀ ਇਸ ਦੇ ਚੰਗੇ ਅਤੇ ਸੰਕੋਚੀ ਸੁਭਾ ਕਾਰਨ ਇਸਦੀ ਪ੍ਰਸ਼ੰਸਾ ਕਰਦੇ ਸਨ। ਸੰਨ 1804 ਤੋਂ ਇਹ ਪ੍ਰਮੁੱਖ ਸੈਨਾਪਤੀ ਦੇ ਅਹੁਦੇ ਤੇ ਆ ਗਿਆ ਅਤੇ ਆਪਣੇ ਇਸ ਕਾਰਜ ਕਾਲ ਦੇ ਦੌਰਾਨ ਇਸਨੇ ਮਹਿਲਾਂ ਵਿਚ ਚੰਗਾ ਅਨੁਸਾਸ਼ਨ ਕਾਇਮ ਰੱਖਿਆ।

ਬਾਅਦ ਵਿਚ ਇਸਨੇ ਬਹੁਤ ਸਾਰੀਆਂ ਸੰਧੀਆਂ ਵੀ ਕੀਤੀਆਂ ਜਿਨ੍ਹਾਂ ਵਿਚੋਂ 1807-08 ਦੀਆਂ ਫਾਨਟਨਬਲੋ ਅਤੇ ਬੇਓਨ ਦੀਆਂ ਸੰਧੀਆਂ ਵਰਣਨਯੋਗ ਹਨ ਕਿਉਂਕਿ ਇਨ੍ਹਾਂ ਨਾਲ ਸਪੇਨ ਵਿਚ ਦਖ਼ਲਅੰਦਾਜ਼ੀ ਸਬੰਧੀ ਨਿਪਟਾਰਾ ਹੋ ਗਿਆ। ਹਰ ਅਹਿਮ ਫੈਸਲਾ ਕਰਨ ਤੋਂ ਪਹਿਲਾਂ ਨੈਪੋਲੀਅਨ ਸਦਾ ਇਸ ਤੋਂ ਸਲਾਹ ਲੈਂਦਾ ਸੀ।

ਸੰਨ 1813 ਵਿਚ ਇਸ ਨੂੰ ਸੈਨੇਟਰ ਬਣਾ ਦਿੱਤਾ ਗਿਆ। ਇਸਨੇ ਨਵੀਂ ਫ਼ੌਜੀ ਜਥੇਬੰਦੀ ਵਿਚ ਕਾਫ਼ੀ ਕੰਮ ਕੀਤਾ ਅਤੇ ਲੂਟਸਨ ਅਤੇ ਬਾਉਟਸਨ ਦੀਆਂ ਲੜਾਈਆਂ ਵਿਚ ਵੀ ਹਿੱਸਾ ਲਿਆ। ਸਿਲੀਸ਼ੀਆ ਵਿਖੇ ਅਚਾਨਕ ਤੋਪ ਦੇ ਗੋਲੇ ਦੀ ਅੱਗ ਨਾਲ ਝੁਲਸ ਕੇ ਇਹ ਜ਼ਖ਼ਮੀ ਹੋ ਗਿਆ ਅਤੇ 23 ਮਈ, 1813 ਨੂੰ ਸਿਲੀਸ਼ੀਆ ਵਿਚ ਮਾਰਕਜ਼ ਡਾੱਰਫ ਵਿਖੇ ਇਸਦੀ ਮੌਤ ਹੋ ਗਈ। ਨੈਪੋਲੀਅਨ ਨੇ ਇਸਦੀ ਮੌਤ ਦਾ ਬਹੁਤ ਸੋਗ ਮਨਾਇਆ।

ਹ. ਪੁ.—ਐਨ. ਬ੍ਰਿ. ਮਾ. 4 : 295

**ਡੂਰਾਂ, ਗੀਯੋਮ (Durand, Guillaume)** : ਡੂਰਾਂਡੀ ਜਾਂ ਡੂਰਾਂਤੀ ਕਰਕੇ ਵੀ ਜਾਣੇ ਜਾਂਦੇ ਇਸ ਉੱਘੇ ਫ਼ਰਾਂਸੀਸੀ ਧਰਮ ਸ਼ਾਸਤਰੀ ਦਾ ਜਨਮ ਪਵੀਮਿਸੋਂ (Puymisson) ਵਿਖੇ ਲ. 1230 ਈ. ਵਿਚ ਹੋਇਆ। ਇਟਲੀ ਵਿਚ ਬੋਲੋਨਯਾ ਤੋਂ ਧਰਮ ਕਾਨੂੰਨ ਦੀ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਕੁਝ ਚਿਰ ਲਈ ਇਸ ਨੇ ਉਥੇ ਅਤੇ ਫਿਰ ਮੋਡੈਨਾ ਵਿਖੇ ਪੜ੍ਹਾਇਆ। ਸੰਨ 1260 ਤੋਂ ਕੁਝ ਮਗਰੋਂ ਇਸ ਨੂੰ 'ਹੋਲੀ ਸੀ' ਚਰਚ ਵਿਚ ਇਕ ਜੱਜ ਨਿਯੁਕਤ ਕੀਤਾ ਗਿਆ। ਇਸ ਤੋਂ ਮਗਰੋਂ ਇਹ ਹੋਰ ਕਿੰਨੀਆਂ ਹੀ ਧਾਰਮਕ ਅਤੇ ਰਾਜਨੀਤਕ ਨਿਯੁਕਤੀਆਂ ਤੇ ਰਿਹਾ ਅਤੇ 1283 ਵਿਚ ਇਕ ਨਵੇਂ ਸੂਬੇ ਦਾ ਗਵਰਨਰ ਜਨਰਲ ਬਣ ਗਿਆ। ਮਗਰੋਂ ਇਹ ਦੱਖਣੀ ਫ਼ਰਾਂਸ ਵਿਚ ਮੈਂਡੀ ਵਿਖੇ ਬਿਸ਼ਪ ਲੱਗ ਗਿਆ। ਇਸ ਦੀ ਪੁਸਤਕ 'Speculum iudiciale' (1271-1276) ਛਪਣ ਨਾਲ ਇਹ ਇਕ ਲੇਖਕ ਵਜੋਂ ਬੜਾ ਪ੍ਰਸਿੱਧ ਹੋ ਗਿਆ। ਇਹ ਪੁਸਤਕ ਧਾਰਮਕ ਕਾਨੂੰਨ ਅਤੇ ਕੁਝ ਹੱਦ ਤਕ ਸਿਵਲ ਕਾਨੂੰਨ ਦਾ ਇਕ ਮਹਾਨ ਗ੍ਰੰਥ ਹੈ। 'Rationate divinorum officiorum' (ਲ. 1285-91) ਇਸ ਦੀ ਇਕ ਹੋਰ ਉੱਘੀ ਕਿਰਤ ਹੈ।

ਹ. ਪੁ.—ਐਨ. ਬ੍ਰਿ. ਮਾ. 3 : 720; ਐਨ. ਅਮੈ. 9: 417; ਐਨ. ਬ੍ਰਿ. 7: 772

**ਡੂਰਿੰਗ ਕਾਰਲ ਯੂਜੀਨ** : ਜਰਮਨੀ ਦੇ ਇਸ ਦਾਰਸ਼ਨਿਕ, ਸਿਆਸੀ ਅਰਥ-ਸ਼ਾਸਤਰੀ ਅਤੇ ਲੇਖਕ ਦਾ ਜਨਮ 12 ਜਨਵਰੀ, 1833 ਨੂੰ ਬਰਲਿਨ ਵਿਖੇ ਹੋਇਆ। ਕਾਨੂੰਨ ਦੀ ਪੜ੍ਹਾਈ ਕਰਨ ਉਪਰੰਤ 1856 ਤੋਂ 1859 ਤੱਕ ਇਸ ਨੇ ਵਕਾਲਤ ਕੀਤੀ ਪਰ ਅੱਖਾਂ ਦੀ ਬੀਮਾਰੀ ਕਾਰਨ ਆਪਣਾ ਇਹ ਕਿੱਤਾ ਛੱਡ ਕੇ ਬਰਲਿਨ ਦੀ ਯੂਨੀਵਰਸਿਟੀ ਵਿਚ ਆਮ ਖੁੱਲ੍ਹਾ ਅਧਿਐਨ ਕਰਨ ਲਗ ਪਿਆ। ਸੰਨ 1864 ਤੋਂ 1877 ਤਕ ਇਹ ਬਰਲਿਨ ਯੂਨੀਵਰਸਿਟੀ ਵਿਖੇ ਦਰਸ਼ਨ ਅਤੇ ਅਰਥ-ਸ਼ਾਸਤਰ ਦਾ ਪ੍ਰੋਫ਼ੈਸਰ ਰਿਹਾ। ਦਰਸ਼ਨ ਅਤੇ ਅਰਥ-ਸ਼ਾਸਤਰ ਤੋਂ ਇਲਾਵਾ ਇਸ ਨੇ ਗਣਿਤ, ਫਿਜ਼ਿਕਸ ਅਤੇ ਸਾਹਿਤ ਤੇ ਕਈ ਖੋਜ-ਗ੍ਰੰਥ ਲਿਖੇ। ਕਈ ਵੱਖ ਵੱਖ ਸੰਸਥਾਵਾਂ ਅਤੇ ਵਿਚਾਰ-ਧਾਰਾਵਾਂ ਦੇ ਉਲਟ ਲਿਖਣ ਕਰਕੇ ਇਸ ਨੇ ਬਹੁਤ ਸਾਰੇ ਵਿਰੋਧੀ ਪੈਦਾ ਕਰ ਲਏ।

ਡੂਰਿੰਗ ਦਾ ਦਰਸ਼ਨ ਵਧੇਰੇ ਕਰਕੇ ਆੱਗਸਤ ਕਾਮਤੇ ਦੇ ਦਰਸ਼ਨ ਤੇ ਆਧਾਰਿਤ ਹੈ। ਇਸ ਦੇ ਗਿਆਨ ਸ਼ਾਸਤਰ ਵਿਚ ਪ੍ਰੱਤਖਵਾਦ ਦੀ ਬਹੁਤ ਝਲਕ ਮਿਲਦੀ ਹੈ। ਨੀਤੀ-ਸ਼ਾਸਤਰ ਵਿਚ ਇਸ ਨੇ ਆਪਣੇ ਆਸ਼ਾਵਾਦੀ ਵਿਚਾਰ ਪੇਸ਼ ਕੀਤੇ ਹਨ। ਕੁਝ ਆਲੋਚਕਾਂ ਨੇ ਸਮਾਜਵਾਦ ਬਾਰੇ ਇਸ ਦੇ ਵਿਚਾਰਾਂ ਨੂੰ ਖ਼ਿਆਲੀ ਮੰਨਿਆ ਹੈ। ਪ੍ਰਸਿੱਧ ਮਾਰਕਸਵਾਦੀ ਲੇਖਕ ਐਂਗਲਜ਼ ਨੇ ਇਸ ਦੀ ਆਲੋਚਨਾ ਕੀਤੀ।

'Capital and Arbeit' (1865), 'Kritische Geschichte der philosophie ' (1869), 'National-and socialokonomic' (1873-92) ਅਤੇ 'Logik and wissenschaftstheorie ' (1878) ਆਦਿ ਦਰਸ਼ਨ ਅਤੇ ਅਰਥ-ਸ਼ਾਸਤਰ ਸਬੰਧੀ ਡੂਰਿੰਗ ਦੀਆਂ ਪ੍ਰਸਿੱਧ ਪੁਸਤਕਾਂ ਹਨ। ' Sache Leben and Feinde ' (1882) ਇਸ ਦੀ ਸਵੈ-ਜੀਵਨੀ ਹੈ।

21 ਸਤੰਬਰ, 1921 ਨੂੰ ਨੋਵਾਵੀਸ (Nowawes) ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 696; ਐਨ. ਅਮੈ. 9 : 389

**ਡੂਰੈਂਟੇ, ਫ਼ਰਾੱਨਚੈਸਕੋ** (**Durante, Francesco**) : ਇਟਲੀ ਦੇ ਇਸ ਸੰਗੀਤਕਾਰ ਦਾ ਜਨਮ 31 ਮਾਰਚ, 1684 ਨੂੰ ਨੇਪਲਜ਼ ਵਿਖੇ ਹੋਇਆ। ਇਸ ਨੇ ਰੋਮ ਅਤੇ ਸ਼ਾਇਦ ਨੇਪਲਜ਼ ਵਿਖੇ ਸਿੱਖਿਆ ਪ੍ਰਾਪਤ ਕੀਤੀ।

ਇਸ ਨੇ ਕਈ ਵੱਖ ਵੱਖ ਸੰਗੀਤ-ਵਿਦਿਆਲਿਆਂ ਵਿਖੇ ਸਿੱਖਿਆ ਦਿੱਤੀ। ਸੰਨ 1745 ਵਿਚ ਇਹ ਐਲ.ਲੀਓ ਤੋਂ ਬਾਅਦ ਸਾਨ ਓਨੋਫ੍ਰੀਓ ਵਿਖੇ ਮੁੱਖ ਅਧਿਆਪਕ ਲੱਗਿਆ।

ਇਸ ਦੀਆਂ ਸੰਗੀਤਕ ਰਚਨਾਵਾਂ ਵਿਚ ਭਜਨ, ਗੀਤ, ਮਰਸੀਏ ਲਈ ਸੰਗੀਤ ਅਤੇ ਤਾਰਾਂ ਵਾਲੇ ਸਾਜ਼ਾਂ ਲਈ ਸੰਗੀਤ ਸ਼ਾਮਲ ਹੈ।

13 ਅਗਸਤ, 1755 ਨੂੰ ਨੇਪਲਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 72

**ਡੂਰੈਂਡ, ਐਸ਼ਰ ਬ੍ਰਾਊਨ** : ਸੰਯੁਕਤ ਰਾਜ ਅਮਰੀਕਾ ਦੇ ਇਸ ਚਿੱਤਰਕਾਰ, ਨੱਕਾਸ਼ੀਕਾਰ ਅਤੇ ਸਚਿਤੱਰਕ ਦਾ ਜਨਮ ਨਿਊਜਰਸੀ ਰਾਜ ਵਿਚ, ਜੈਫਰਸਨ ਵਿਖੇ 21 ਅਗਸਤ, 1796 ਨੂੰ ਹੋਇਆ। ਇਹ ਭੂ-ਦ੍ਰਿਸ਼ ਚਿੱਤਰਕਲਾ ਦੀ ਹਡਸਨ ਚਿੱਤਰ ਪ੍ਰਣਾਲੀ ਦੇ ਬਾਨੀਆਂ ਵਿਚੋਂ ਇਕ ਸੀ। ਇਹ ਪ੍ਰਣਾਲੀ 19ਵੀਂ ਸਦੀ ਦੇ ਮੱਧ ਵਿਚ ਵਿਕਸਿਤ ਹੋਈ।

ਸਿੱਖਿਆ ਪ੍ਰਾਪਤ ਕਰਕੇ ਇਸ ਨੇ ਪੜ੍ਹਾਉਣਾ ਸ਼ੁਰੂ ਕੀਤਾ। ਜਾਨ ਟ੍ਰੰਬੱਲ ਦੇ ਚਿੱਤਰ 'ਦੀ ਸਈਨਿੰਗ ਆੱਫ ਦੀ ਡਿਕਲਾਰੇਸ਼ਨ ਆੱਫ਼ ਇੰਡੀਪੈਂਡੈਂਸ' ਨੂੰ ਉਕਰ ਕੇ ਬਣਾਉਣ ਨਾਲ 1823 ਈ. ਤੱਕ ਇਹ ਬਹੁਤ ਪ੍ਰਸਿੱਧ ਹੋ ਗਿਆ ਸੀ ਅਤੇ ਅਮਰੀਕਾ ਦੇ ਉੱਘੇ ਨੱਕਾਸ਼ੀਕਾਰਾਂ ਵਿਚ ਗਿਣਿਆਂ ਜਾਣ ਲੱਗ ਪਿਆ ਸੀ। ਇਸ ਨੇ ਸੁਗਾਤ-ਪੁਸਤਕਾਂ ਅਤੇ ਰਸਾਲਿਆਂ ਲਈ ਵੀ ਚਿੱਤਰ ਬਣਾਏ। ਇਸ ਤੋਂ ਇਲਾਵਾ ਇਸ ਨੇ 72 ਪ੍ਰਸਿੱਧ ਅਮਰੀਕੀ ਸਮਕਾਲੀਆਂ ਦੀਆਂ ਤਸਵੀਰਾਂ ਨੱਕਾਸ਼ ਕੀਤੀਆਂ।

ਇਸ ਨੇ ਆਪਣੇ ਭਰਾ ਸਾਈਰੁਸ ਡੂਰੈਂਡ ਦੀ ਸਾਂਝੇਦਾਰੀ ਨਾਲ ਬੈਂਕ ਨੋਟਾਂ ਦੀ ਨਕਾਸ਼ੀ ਲਈ ਇਕ ਕੰਪਨੀ ਕਾਇਮ ਕੀਤੀ। ਡੂਰੈਂਡ ਨੈਸ਼ਨਲ ਅਕੈਡਮੀ ਆੱਫ ਡਿਜ਼ਾਈਨ (1826) ਦੇ ਸੰਸਥਾਪਕਾਂ ਵਿਚੋਂ ਇਕ ਸੀ ਅਤੇ 1845 ਤੋਂ 1861 ਤੱਕ ਇਸ ਦਾ ਪ੍ਰਧਾਨ ਰਿਹਾ ਸੀ।

ਪੁਰਾਣੇ ਕਲਾਕਾਰਾਂ ਦੀਆਂ ਕ੍ਰਿਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸੰਨ 1840-41 ਦੌਰਾਨ ਇਹ ਯੂਰਪ ਗਿਆ। ਵਾਪਿਸ ਆਉਣ ਤੇ ਇਸ ਨੇ ਹਡਸਨ ਰਿਵਰ, ਖੇਤਰ ਆਡੀਰੋਨਡੈਕ ਪਹਾੜਾਂ ਅਤੇ ਨਿਊ ਇੰਗਲੈਂਡ ਦੇ ਰੋਮਾਂਟਿਕ ਭੂ-ਦ੍ਰਿਸ਼ ਬਣਾਏ। 'ਕਿੰਡਰਡ ਸਪਿਰਿਟ' (1849) ਇਸ ਦੀ ਸਭ ਤੋਂ ਉੱਤਮ ਕ੍ਰਿਤ ਹੈ।

17 ਸਤੰਬਰ, 1886 ਨੂੰ ਜੈਫੱਰਸਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 416; ਕੋਲ. ਐਨ. 6 : 427; ਐਨ. ਬ੍ਰਿ. ਮਾ 3 : 719

**ਡੂਰੈਨ** : ਜਰਮਨੀ ਦੇ ਉੱਤਰ-ਪੱਛਮ ਵਿਚ ਨਾਰਥਰਾਈਨ ਵੈਸਟਫੇਲੀਆ ਰਾਜ ਦਾ ਇਕ ਸ਼ਹਿਰ ਹੈ ਜਿਹੜਾ ਆਈਫ਼ਲ ਪਹਾੜ ਦੀਆਂ ਉੱਤਰੀ-ਪੂਰਬੀ ਢਲਾਣਾਂ ਵਿਚ ਰੁਅਰ ਦਰਿਆ ਦੇ ਕੰਢੇ ਵਾਕਿਆ ਹੈ। ਫਰੈਂਕ ਬਾਦਸ਼ਾਹ, ਪੈਪਨ ਤੀਜੇ ਦੀ ਸ਼ਾੱਰਟ ਨੇ ਇਸ ਦੀ ਸਥਾਪਨਾ 748 ਵਿਚ ਇਕ ਫਰੈਂਕਿਸ਼ ਬਸਤੀ ਵਜੋਂ ਕੀਤੀ। ਮਗਰੋਂ ਇਸ ਦੇ ਪੁੱਤਰ ਸ਼ਾਰਲਮੇਨ ਅਧੀਨ ਇਹ ਡਾਇਟਾਂ ਅਤੇ ਸਾਇਨਾਡ ਦੀ ਸੀਟ ਰਿਹਾ ਅਤੇ ਆਪਣੀਆਂ ਸੈਕਸਨ ਮੁਹਿੰਮਾਂ ਦੌਰਾਨ ਉਸਨੇ ਇਸੇ ਸ਼ਹਿਰ ਨੂੰ ਆਪਣਾ ਅੱਡਾ ਬਣਾਇਆ। ਸੰਨ 1242 ਵਿਚ ਇਹ ਯੂਲਿਕ ਦੇ ਡਿਊਕਾਂ ਅਧੀਨ ਆ ਗਿਆ। ਸੰਨ 1543 ਵਿਚ ਯੂਲਿਕ ਦੇ ਵਿਲੀਅਮ ਪੰਜਵੇਂ ਅਤੇ ਬਾਦਸ਼ਾਹ ਚਾਰਲਸ ਪੰਜਵੇਂ ਦੌਰਾਨ ਹੋਏ ਯੁੱਧ ਵਿਚ ਇਸ ਸ਼ਹਿਰ ਦੀ ਭਾਰੀ ਬਰਬਾਦੀ ਹੋਈ ਅਤੇ ਮਗਰੋਂ ਸ਼ਹਿਰ ਨੂੰ ਮੁੜ ਉਸਾਰਿਆ ਗਿਆ।

ਦੂਜੀ ਵੱਡੀ ਜੰਗ ਵਿਚ ਇਹ ਇਕ ਵਾਰੀ ਮੁੜ ਬਰਬਾਦ ਹੋਇਆ। ਜੰਗ ਮਗਰੋਂ ਇਸਨੂੰ ਫਿਰ ਉਸਾਰਿਆ ਗਿਆ। ਸੰਨ 1970 ਦੇ ਦਹਾਕੇ ਦੇ ਸ਼ੁਰੂ ਵਿਚ ਗੁਰਜੈਨਿਕ ਅਤੇ ਬਿਰਕੈਸਡਾਰਫ ਦੇ ਇਲਾਕੇ ਇਸ ਵਿਚ ਸ਼ਾਮਲ ਕੀਤੇ ਗਏ। ਇਥੇ ਕਾਗਜ਼, ਧਾਤ ਦੀਆਂ ਵਸਤਾਂ ਕੱਪੜਾ, ਸ਼ੀਸ਼ਾ, ਚੀਨੀ ਅਤੇ ਰਸਾਇਣਾਂ ਦਾ ਉਤਪਾਦਨ ਹੁੰਦਾ ਹੈ।

ਆਬਾਦੀ – 85,867 (1983)

50°49′ ਉ. ਵਿਥ. ; 6°28′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 289

**ਡੂਵੈਨੈਕ, ਫ੍ਰੈਂਕ** : ਸੰਯੁਕਤ ਰਾਜ ਅਮਰੀਕਾ ਦੇ ਇਸ ਚਿੱਤਰਕਾਰ, ਮੂਰਤੀਕਾਰ ਅਤੇ ਸਿੱਖਿਅਕ ਦਾ ਜਨਮ 9 ਅਕਤੂਬਰ 1848 ਨੂੰ ਕੈਂਟਕੀ ਰਾਜ ਵਿਚ ਕੋਵਿੰਗਟਨ ਵਿਖੇ ਹੋਇਆ। ਇਸ ਨੇ ਅਮਰੀਕਾ ਦੇ ਲੋਕਾਂ ਦੀਆਂ ਰੁਚੀਆਂ ਨੂੰ ਯੂਰਪ ਦੇ ਪ੍ਰਕਿਰਤੀਵਾਦ ਵੱਲ ਪ੍ਰੇਰਿਤ ਕੀਤਾ।

ਇਸ ਨੇ ਮਿਊਨਿਕ ਵਿਖੇ ਵਿਲਹੈਲਮ ਡਾਈਡਜ਼ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1875 ਵਿਚ ਬੋਸਟਨ ਵਿਖੇ ਲਗਾਈ ਗਈ ਪ੍ਰਦਰਸ਼ਨੀ ਕਾਰਨ ਲੋਕਾਂ ਦਾ ਧਿਆਨ ਇਸ ਦੀਆਂ ਕ੍ਰਿਤਾਂ ਵੱਲ ਖਿਚਿਆ ਗਿਆ। ਸੰਨ 1878 ਤੋਂ 1888 ਦੌਰਾਨ ਕਈ ਨੌਜਵਾਨ ਅਮਰੀਕੀ ਕਲਾਕਾਰਾਂ ਨੇ ਮਿਊਨਿਕ, ਫਲੋਰੈਂਸ ਅਤੇ ਫਿਰ ਸਿਨਸਿਨਾਈ ਵਿਖੇ ਇਸ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1888 ਤੋਂ ਬਾਅਦ ਇਹ ਕਈ ਸਾਲ ਤੱਕ ਸਿਨਸਿਨਾਈ ਦੀ ਆਰਟ ਅਕਾਦਮੀ ਦਾ ਡੀਨ ਰਿਹਾ। ਉਥੋਂ ਦੇ ਮਿਊਜ਼ਅਮ ਵਿਚ ਇਸ ਦੀਆਂ ਕ੍ਰਿਤਾਂ ਦਾ ਬਹੁਤ ਵੱਡਾ ਸੰਗ੍ਰਹਿ ਹੈ। ਫਲੋਰੈਂਸ ਦੇ ਬਰਤਾਨਵੀ ਕਬਰਿਸਤਾਨ ਵਿਚ ਬਣਾਇਆ ਇਸ ਦੀ ਪਤਨੀ ਦਾ ਬੁੱਤ ਇਸ ਦੀ ਸਭ ਤੋਂ ਵਧੀਆ ਕ੍ਰਿਤ ਹੈ।

3 ਜਨਵਰੀ, 1919 ਨੂੰ ਓਹਾਈਓ ਰਾਜ ਵਿਚ, ਸਿਨਸਿਨਾਈ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. ਐਨ. ਬ੍ਰਿ. 7 : 805; ਐਨ. ਅਮੈ. 9 :443 ; ਐਨ. ਬ੍ਰਿ. ਮਾ 3:731

**ਡੂ ਵੈਰਜ੍ਹਿਯੇ ਡ ਓਰਾਨ, ਜਾਂ** : ਇਸ ਫ਼ਰਾਂਸੀਸੀ ਧਰਮ ਸ਼ਾਸਤਰੀ ਦਾ ਜਨਮ 1581 ਈ. ਵਿਚ ਬੇਯੋਨ (Bayonne) ਵਿਖੇ ਹੋਇਆ। ਇਹ ਜੈਨਸਨਵਾਦ ਅੰਦੋਲਨ ਦੇ ਬਾਨੀਆਂ ਵਿਚੋਂ ਸੀ। ਲੂਵੇਨ ਯੂਨੀਵਰਸਿਟੀ ਤੋਂ ਧਰਮ ਦੀ ਸਿੱਖਿਆ ਪ੍ਰਾਪਤ ਕਰਕੇ ਪਾਦਰੀ ਦਾ ਰੁਤਬਾ ਲੈਣ ਉਪਰੰਤ ਇਹ ਪੈਰਿਸ ਵਿਖੇ ਵੱਸ ਗਿਆ।

ਸੰਨ 1611 ਤੋਂ ਮਗਰੋਂ ਡੂ ਵੈਰਜ਼ਿਯੇ ਨੇ ਬੇਯੋਨ ਵਿਖੇ ਆਪਣੇ ਮਿੱਤਰ ਜੈਨਸਨ ਨਾਲ ਮਿਲ ਕੇ ਸੰਤ ਆੱਗਸਤੀਨ ਦੇ ਜੀਵਨ ਅਤੇ ਉਸ ਦੀਆਂ ਲਿਖਤਾਂ ਬਾਰੇ ਘੋਖ ਕੀਤੀ। ਸੰਨ 1617 ਵਿਚ ਇਹ ਪਵਾਤੀਏ (Poitiers) ਦੇ ਬਿਸ਼ਪ ਦਾ ਨਿਜੀ ਸਕੱਤਰ ਲਗਾ। ਸੰਨ 1618 ਵਿਚ ਇਸ ਨੂੰ ਪਾਦਰੀ ਥਾਪਿਆ ਗਿਆ ਅਤੇ ਸੰਨ 1620 ਵਿਚ ਸਾਂ-ਸਾਈਰਾਂ (Saint-Cyran) ਦਾ ਐਬਟ ਬਣਾਇਆ ਗਿਆ। ਇਸ ਕਰਕੇ ਇਸ ਨੂੰ ਆਮ ਤੌਰ ਤੇ ਸੰਤ ਸਾਈਰਾਂ ਕਿਹਾ ਜਾਣ ਲੱਗ ਪਿਆ।

ਡੂ ਵੈਰਜ਼ਿਯੇ ਸੰਤ ਆੱਗਸਤੀਨ ਦੀਆਂ ਲੀਹਾਂ ਉਤੇ ਰੋਮਨ ਕੈਥੋਲਿਕ ਧਰਮ ਵਿਚ ਸੁਧਾਰ ਲਿਆਉਣ ਦੇ ਸੁਪਨੇ ਲੈਣ ਲੱਗਾ। ਇਸ ਮੰਤਵ ਲਈ ਮਦਦ ਵਾਸਤੇ ਇਸ ਨੂੰ ਪੈਰਿਸ ਤੋਂ ਬਾਹਰ ਜਾਣਾ ਪਿਆ। ਸੰਨ 1637 ਵਿਚ ਇਸ ਨੇ ਵਰਸੇਲਜ਼ ਦੇ ਨੇੜੇ ਪੋਰ ਰਾਇਲ ਵਿਖੇ ਸਾਲਿਟੇਅਰਜ਼ (Solitaires) ਨਾਮੀ ਸੰਘ ਦੀ ਸਥਾਪਨਾ ਕੀਤੀ।

ਫਿਰ ਇਸ ਨੇ ਪੀਟਰਸ ਔਰੀਲੀਅਸ (Petrus Aurelius) ਦੇ ਫ਼ਰਜ਼ੀ ਨਾਂ ਹੇਠ ਯਸੂਹੀਆਂ ਦੇ ਵਿਰੁੱਧ ਲਿਖਣਾ ਸ਼ੁਰੂ ਕੀਤਾ। ਇਸ ਤਰ੍ਹਾਂ ਇਸ ਨੇ ਰਿਸ਼ਿਲੂ (Richelieu) ਨੂੰ ਨਾਰਾਜ਼ ਕਰ ਲਿਆ। ਉਸ ਦੇ ਹੁਕਮ ਨਾਲ ਡੂ ਵੈਰਜ਼ਿਯੇ ਨੂੰ ਕੈਦ ਕਰ ਲਿਆ ਗਿਆ। ਸੰਨ 1643 ਵਿਚ ਰਿਸ਼ਿਲੂ ਦੀ ਮੌਤ ਉਪਰੰਤ ਇਸ ਨੂੰ ਰਿਹਾ ਕੀਤਾ ਗਿਆ। ਇਸ ਦੇ ਕਈ ਸਮਕਾਲੀ ਇਸ ਤੋਂ ਬਹੁਤ ਪ੍ਰਭਾਵਿਤ ਹੋਏ।

11 ਅਕਤੂਬਰ, 1643 ਨੂੰ ਪੈਰਿਸ ਵਿਖੇ ਇਸ ਦੀ ਮੋਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 731; ਐਨ. ਅਮੈ. 9 : 443

**ਡੂਵੈਰਯੇ, ਹੈਨਰੀ** : ਇਹ ਸਹਿਰਾ (ਅਫ਼ਰੀਕਨ ਮਾਰੂਥਲ) ਦਾ ਇਕ ਫਰਾਂਸੀਸੀ ਖੋਜੀ ਸੀ ਜਿਸ ਦੀਆਂ ਖੋਜਾਂ ਨਾਲ ਇਸ ਇਲਾਕੇ ਵਿਚ ਫਰਾਂਸੀਸੀ ਦਾਖ਼ਲੇ ਲਈ ਆਸਾਨੀ ਹੋ ਗਈ। ਇਸ ਦਾ ਜਨਮ 28 ਫ਼ਰਵਰੀ, 1840 ਵਿਚ ਪੈਰਿਸ ਵਿਖੇ ਹੋਇਆ। ਛੋਟੀ ਉਮਰੇ ਹੀ ਇਸਨੇ ਅਫ਼ਰੀਕਾ ਵਿਚ ਖੋਜਾਂ ਕਰਨ ਦਾ ਕੰਮ ਸ਼ੁਰੂ ਕੀਤਾ ਅਤੇ 1857 ਈ. ਵਿਚ ਅਲਜੀਰੀਆ ਵਿਚ ਇਕ ਚੱਕਰ ਲਗਾਉਣ ਨਾਲ ਇਸਨੂੰ ਪ੍ਰਸਿੱਧ ਜਰਮਨ ਖੋਜੀ ਹੈਨੱਰਿਕ ਬੈਰਥ ਦੀ ਮਦਦ ਹਾਸਲ ਹੋ ਗਈ। ਅਫ਼ਰੀਕਾ ਦੀ ਯਾਤਰਾ ਕਰਨ ਲਈ ਪਹਿਲਾਂ ਇਸਨੇ ਛੋਟੀ ਉਮਰ ਵਿਚ ਹੀ ਅਰਬੀ ਭਾਸ਼ਾ ਬੋਲਣੀ ਸਿੱਖੀ ਅਤੇ ਫਿਰ ਇਸ ਨੇ ਉੱਤਰੀ ਸਹਿਰਾ ਦੀ ਯਾਤਰਾ ਕੀਤੀ ਅਤੇ ਤਿੰਨ ਸਾਲ ਮਗਰੋਂ ਇਹ ਫਰਾਂਸ ਵਾਪਸ ਆਇਆ ਅਤੇ ਆਪਣੀ ਇਸ ਖੋਜ ਬਾਰੇ ਇਸਨੇ 1864 ਵਿਚ 'Exploration du Sahara Ses Touareg du nord' ਨਾਂ ਦੀ ਕਿਤਾਬ ਛਾਪੀ।

ਇਸਨੇ ਆਪਣੀਆਂ ਬਾਅਦ ਦੀਆਂ ਯਾਤਰਾਵਾਂ ਦੌਰਾਨ ਅਲਜੀਰੀਆ ਅਤੇ ਟਿਊਨੀਸ਼ੀਆ ਦੀਆਂ ਪੇਤਲੀਆਂ ਲੂਣੀਆਂ ਝੀਲਾਂ ਦੀ ਖੋਜ ਕੀਤੀ। ਇਸਨੇ ਟੁਅਰਗ ਦੇ ਰਿਵਾਜਾਂ ਅਤੇ ਭਾਸ਼ਾਵਾਂ ਸਬੰਧੀ ਖੋਜ ਕਰਨ ਵੱਲ ਖਾਸ ਧਿਆਨ ਦਿੱਤਾ। ਸੰਨ 1881 ਵਿਚ ਇਸਨੇ ਲਾ ਟਿਊਨਿਸ਼ (La Tunisie) ਅਤੇ 1884 ਈ. ਵਿਚ ਸਨੂਸੀ (Sanusi) ਮੁਸਲਮਾਨਾਂ ਉਤੇ ਕਿਤਾਬਾਂ ਛਪਵਾਈਆਂ। 25 ਅਪ੍ਰੈਲ, 1892 ਵਿਚ ਫਰਾਂਸ ਵਿਚ ਸੈਵਰ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 4 : 304; ਐਨ. ਅਮੈ. 9: 504

**ਡੇਅਰੀ ਉਦਯੋਗ** : ਦੁਨੀਆ ਦੇ ਸਰਬਪੱਖੀ ਵਿਕਾਸ ਵਿਚ ਉਦਯੋਗਾਂ ਨੇ ਇਕ ਅਹਿਮ ਰੋਲ ਅਦਾ ਕੀਤਾ ਹੈ। ਇਨ੍ਹਾਂ ਉਦਯੋਗਾਂ ਵਿਚੋਂ ਇਕ ਉਦਯੋਗ ਡੇਅਰੀ ਉਦਯੋਗ ਹੈ। ਇਸ ਉਦਯੋਗ ਵਿਚ ਦੁੱਧ ਦੀ ਪੈਦਾਵਾਰ, ਡੇਅਰੀ ਉਪਜਾਂ ਦੀ ਵੰਡ ਅਤੇ ਮਾਰਕੀਟਿੰਗ ਆਦਿ ਸ਼ਾਮਲ ਹੈ।

**ਇਤਿਹਾਸ** — ਪ੍ਰਾਚੀਨ ਇਤਿਹਾਸਕ ਰਿਕਾਰਡਾਂ ਤੋਂ ਇਹ ਪਤਾ ਚਲਦਾ ਹੈ ਕਿ ਗਾਵਾਂ ਅਤੇ ਭੇਡਾਂ ਨੂੰ ਦੁੱਧ, ਮੱਖਣ ਅਤੇ ਪਨੀਰ ਆਦਿ ਦੀ ਪੈਦਾਵਾਰ ਲਈ ਪਾਲਿਆ ਜਾਂਦਾ ਸੀ। ਇਹ ਰਵਾਇਤ ਦੱਖਣ-ਪੱਛਮੀ ਏਸ਼ੀਆ ਤੋਂ ਹੋਰਨਾਂ ਦੇਸ਼ਾਂ ਨੂੰ ਫੈਲੀ ਕਿਉਂਕਿ ਦੁਧਾਰੂ ਪਸ਼ੂ ਉਨ੍ਹਾਂ ਇਲਾਕਿਆਂ ਵਿਚ ਚੰਗੀ ਤਰ੍ਹਾਂ ਪਲ ਸਕਦੇ ਹਨ ਜਿਥੇ ਚਰਾਗਾਹਾਂ ਅਤੇ ਹਰਾ ਚਾਰਾ ਕਾਫੀ ਮਿਲਦਾ ਹੋਵੇ ਅਤੇ ਮੌਸਮ ਬਹੁਤਾ ਠੰਢਾ ਨਾ ਹੋਵੇ। ਅਤਿ ਸਰਦ ਮੌਸਮ ਤੋਂ ਪਸ਼ੂਆਂ ਨੂੰ ਬਚਾਉਣਾ ਕਾਫੀ ਮਹਿੰਗਾ ਪੈਂਦਾ ਹੈ।

ਅਜੋਕਾ ਡੇਅਰੀ ਫਾਰਮਿੰਗ ਕਿੱਤਾ ਆਪਣੇ ਆਪ ਵਿਚ ਨਵੀਨ ਹੈ। ਪਹਿਲਾਂ ਪਹਿਲ ਦੁਧਾਰੂ ਪਸ਼ੂ ਇਕ ਖੇਤੀ ਕਰ ਰਹੇ ਪਰਿਵਾਰ ਨੇ ਆਪਣੀ ਦੁੱਧ ਦੀ ਲੋੜ ਪੂਰੀ ਕਰਨ ਲਈ ਹੀ ਰੱਖੇ ਹੁੰਦੇ ਸਨ। ਦੁੱਧ ਦੀ ਵਿਕਰੀ ਉਦੋਂ ਸ਼ੁਰੂ ਹੋਈ ਜਦੋਂ ਗਾਹਕ ਫਾਰਮਾਂ ਤੇ ਦੁੱਧ ਲੈਣ ਲਈ ਜਾ ਪਹੁੰਚੇ ਜਾਂ ਕਿਸਾਨ ਖ਼ੁਦ ਹੀ ਦੁੱਧ ਨੂੰ ਖ਼ਪਤਕਾਰਾਂ ਕੋਲ ਲੈ ਜਾਣ ਲਗਾ। ਪਿਛਲੇ 100 ਸਾਲਾਂ ਵਿਚ ਪੰਜ ਵੱਖੋ ਵੱਖ ਵਿਕਾਸ ਪਹਿਲੂਆਂ ਨੇ ਦੁੱਧ ਅਤੇ ਦੁੱਧ ਉਪਜਾਂ ਨੂੰ ਵਪਾਰ ਪੱਖੋਂ ਮਹੱਤਵਪੂਰਨ ਵਸਤਾਂ ਵਿਚੋਂ ਇਕ ਨੰਬਰ ਤੇ ਲੈ ਆਂਦਾ ਹੈ। (1) ਦੁੱਧ ਤੋਂ ਵਸਤਾਂ ਤਿਆਰ ਕਰਨ ਵਾਲਾ ਉਦਯੋਗ ਸਿਸਟਮ 19ਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਇਆ ਜਿਸ ਨਾਲ ਫਾਰਮ ਅਤੇ ਦੁੱਧ ਤੋਂ ਤਿਆਰ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਮਿਆਰ ਵਿਚ ਕਾਫ਼ੀ ਸੁਧਾਰ ਹੋਇਆ। (2) ਇਸੇ ਸਮੇਂ ਦੌਰਾਨ ਦੁੱਧ ਨੂੰ ਸੰਘਣਾ ਕਰਨਾ ਅਤੇ ਜਰਮ-ਰਹਿਤ ਕਰਕੇ ਡਬੇ-ਬੰਦ ਕਰਨ ਦੀ ਵਿਧੀ ਦਾ ਵੀ ਵਿਕਾਸ ਹੋਇਆ। ਇਸ ਤੋਂ ਕਰੀਬ 25 ਕੁ ਸਾਲ ਬਾਅਦ ਸ਼ੀਸ਼ੇ ਦੀਆਂ ਬੋਤਲਾਂ ਵਿਚ ਦੁੱਧ ਦੀ ਵੰਡ ਦਾ ਸਿਲਸਿਲਾ ਸ਼ੁਰੂ ਹੋਇਆ। (3) ਸ਼ਹਿਰਾਂ ਅਤੇ ਕਸਬਿਆਂ ਵਿਚ ਪਹਿਲਾਂ ਪਹਿਲ ਵਿਕਣ ਵਾਲਾ ਦੁੱਧ ਨੇੜੇ ਨੇੜੇ ਦੇ ਫਾਰਮਾਂ ਤੋਂ ਹੀ ਆਇਆ ਕਰਦਾ ਸੀ। ਰੈਫ੍ਰਿਜਰੇਸ਼ਨ (ਸੀਤਨ) ਦੇ ਆ ਜਾਣ ਨਾਲ ਦੁੱਧ ਨੂੰ ਕਾਫ਼ੀ ਦੇਰ ਤਕ ਤਾਜ਼ਾ ਰੱਖ ਸਕਣ ਤੋਂ ਇਲਾਵਾ ਡੇਅਰੀ ਉਪਜਾਂ ਨੂੰ ਦੁਨੀਆ ਦੇ ਸਾਰੇ ਹਿੱਸਿਆਂ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਪਹੁੰਚਾਉਣਾ ਵੀ ਸੰਭਵ ਹੋ ਗਿਆ। (4) ਬਹੁਤ ਪਹਿਲਾਂ ਦੁੱਧ ਦੀ ਢੋਆ-ਢੁਆਈ ਵੱਡੇ ਵੱਡੇ ਸ਼ਹਿਰਾਂ ਨੂੰ ਰੇਲਾਂ ਰਾਹੀਂ ਕੀਤੀ ਜਾਂਦੀ ਸੀ। ਮੋਟਰ ਗੱਡੀਆਂ ਅਤੇ ਪੱਕੀਆਂ ਸੜਕਾਂ ਨੇ ਕਈ ਮੰਡੀਆਂ ਵਿਚ ਤਾਜ਼ਾ ਦੁੱਧ ਪਹੁੰਚਾਉਣਾ ਵੀ ਸੰਭਵ ਕਰ ਦਿੱਤਾ ਜੋ ਫਾਰਮਾਂ ਤੋਂ ਕਈ ਸੌ ਜਾਂ ਕਈ ਹਜ਼ਾਰ ਮੀਲ ਦੂਰ ਸਨ। ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿਚ ਬਹੁਤ ਵੱਡੀ ਮਿਕਦਾਰ ਵਿਚ ਦੁੱਧ ਫਾਰਮ ਤੇ ਹੀ ਦੁੱਧ ਠੰਢਾ ਕਰਨ ਵਾਲੇ ਟੈਂਕ ਲੱਗ ਗਏ ਜਿਥੋਂ ਕਿ ਇਹ ਟਰੱਕਾਂ ਰਾਹੀਂ ਸਿੱਧਾ ਹੀ ਚੁੱਕਿਆ ਜਾਣ ਲੱਗਾ ਸੀ। (5) ਪਾਸਚੁਰੀਕਰਣ ਦਾ ਵਧੇਰੇ ਉਪਯੋਗ ਅਤੇ ਡੇਅਰੀ ਉਪਜਾਂ ਦੀਆਂ ਵਾਜਬ ਕੀਮਤਾਂ ਮਿਲਣ ਸਬੰਧੀ ਨਿਯਮ ਇਕ ਲਾਹੇਵੰਦ ਧੰਦਾ ਸਿੱਧ ਹੋਇਆ।

ਅਠ੍ਹਾਰਵੀਂ ਸਦੀ ਦੇ ਅੱਧ ਵਿਚ ਬਰਤਾਨੀਆ ਦੇ ਕਿਸਾਨਾਂ ਨੇ ਗਾਵਾਂ ਅਤੇ ਹੋਰ ਫਾਰਮੀ ਪਸ਼ੂਆਂ ਦੀ ਨਸਲ ਸੁਧਾਰਨ ਦਾ ਕੰਮ ਸ਼ੁਰੂ ਕੀਤਾ। ਇਸ ਕੰਮ ਲਈ ਨੇੜੇ ਤੋਂ ਸਬੰਧਤ ਜਾਨਵਰਾਂ ਦਾ ਆਪਸੀ ਮੇਲ ਕਰਵਾਇਆ ਜਾਂਦਾ ਸੀ। ਪਹਿਲਾਂ ਪਹਿਲ ਜੋ ਲੋਕ ਨਸਲਕਸ਼ੀ ਵਿਚ ਪਏ, ਉਹ ਆਪਣੇ ਵੱਗ ਦੇ ਸੁਧਾਰ ਲਈ ਦੁੱਧ ਦਾ ਰਿਕਾਰਡ ਇਕ ਸੂਚਕ ਵਜੋਂ ਰੱਖਦੇ ਸਨ। 'ਸਟੈਂਡਰਡ ਡੇਅਰੀ ਹਰਡ ਇੰਪਰੂਵਮੈਂਟ ਐਸੋਸੀਏਸ਼ਨ' ਦੇ ਪੈਦਾਵਾਰੀ ਰਿਕਾਰਡ ਸੰਤਾਨ ਪ੍ਰੀਖਣਾਂ ਲਈ ਵਰਤੇ ਜਾਂਦੇ ਸਨ ਜਿਸ ਵਿਚ ਸਾਨ੍ਹਾਂ ਦੀ ਉਪਜਾਇਕਤਾ ਅਤੇ ਗਾਵਾਂ ਦੀ ਦੁੱਧ ਦੇਣ ਦੀ ਸਮਰੱਥਾ ਦਾ ਮੁਕਾਬਲਾ ਕੀਤਾ ਜਾਂਦਾ ਸੀ। ਕਰੀਬ 1940 ਈ. ਤੋਂ ਪਿੱਛੋਂ ਡੇਅਰੀ ਗਾਵਾਂ ਦੇ ਮਸਨੂਈ ਗੱਭਣ ਤਰੀਕੇ ਕਾਫ਼ੀ ਵਿਸਤਾਰ ਨਾਲ ਅਪਣਾਏ ਜਾਣ ਲਗ ਪਏ।

**ਖ਼ੁਰਾਕ** — ਦੁਧਾਰੂ ਪਸ਼ੂਆਂ ਤੋਂ ਚੰਗਾ ਦੁੱਧ ਲੈਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪਸ਼ੂਆਂ ਨੂੰ ਪੌਸ਼ਟਿਕ ਲੋੜੀਂਦੀ ਮਿਕਦਾਰ ਵਿਚ

ਖ਼ੁਰਾਕ ਦਿੱਤੀ ਜਾਵੇ। ਫਲੀਦਾਰ ਚਾਰੇ ਜਾਂ ਘਾਹ-ਮਿਲੇ ਫਲੀਦਾਰ ਚਾਰੇ ਤੋਂ ਵਧੀਆ ਕਿਸਮ ਦਾ ਸੁੱਕਾ ਚਾਰਾ ਤਿਆਰ ਕੀਤਾ ਜਾਵੇ, ਵਧੀਆ ਖ਼ਮੀਰੇ ਹੋਏ ਚਾਰੇ ਦੀ ਵਰਤੋਂ ਕੀਤੀ ਜਾਵੇ ਅਤੇ ਸੁੱਕੇ ਚਾਰੇ ਨਾਲ ਦਾਣਾ ਮਿਸ਼ਰਣ ਆਦਿ ਤਿਆਰ ਕੀਤਾ ਜਾਵੇ। ਤਜਰਬਿਆਂ ਰਾਹੀਂ ਇਹ ਸਿੱਧ ਹੋ ਚੁੱਕਾ ਹੈ ਕਿ ਜੇਕਰ ਚਾਰੇ ਵਾਲੀਆਂ ਫਸਲਾਂ ਵਿਚ ਖਾਦਾਂ ਆਦਿ ਪਾਈਆਂ ਜਾਣ ਤਾਂ ਇਹ ਚੰਗਾ ਝਾੜ ਦੇ ਸਕਦੀਆਂ ਹਨ। ਵੀਹਵੀਂ ਸਦੀ ਦੇ ਦੂਜੇ ਅੱਧ ਤੋਂ ਮੱਕੀ, ਚਰੀ, ਫਲੀਦਾਰ ਚਾਰੇ ਅਤੇ ਘਾਹ ਆਦਿ ਤੋਂ ਤਿਆਰ ਕੀਤੇ ਜਾਂਦੇ ਖ਼ਮੀਰੇ ਚਾਰੇ ਵਲ ਜ਼ਿਆਦਾ ਧਿਆਨ ਦਿੱਤਾ ਜਾਣ ਲੱਗ ਪਿਆ। ਸੰਘਣੇ ਦਾਣੇ ਤੋਂ ਤਿਆਰ ਕੀਤੇ ਜਾਂਦੇ ਮਿਸ਼ਰਣ ਜਿਨ੍ਹਾਂ ਵਿਚ ਫਾਰਮੀ ਦਾਣੇ ਬਾਰੀਕ ਕੀਤੇ ਹੋਏ ਅਤੇ ਪ੍ਰੋਟੀਨ ਯੁਕਤ (ਜਿਵੇਂ ਸੋਇਆਬੀਨ ਖਲ਼, ਵੜੇਵਿਆਂ ਦੀ ਖਲ, ਤਿਲਾਂ ਦੇ ਬੀਜਾਂ ਦੀ ਖਲ) ਅਤੇ ਖਣਿਜੀ ਲੂਣ ਹੋਣ ਅਤੇ ਜਿਨ੍ਹਾਂ ਵਿਚਲੀ ਕੁੱਲ ਪ੍ਰੋਟੀਨ 13 ਤੋਂ 18 ਪ੍ਰਤਿਸ਼ਤ ਹੋਵੇ, ਅਕਸਰ ਦੁੱਧ ਦੀ ਉਪਜ ਦੇ ਅਨੁਪਾਤੀ ਵਿਚ ਪਸ਼ੂਆਂ ਨੂੰ ਦਿੱਤੇ ਜਾਂਦੇ ਰਹੇ ਹਨ।

ਨਿਊਜ਼ੀਲੈਂਡ ਵਿਚ ਦੁਧਾਰੂ ਪਸ਼ੂ ਆਮ ਕਰਕੇ ਚਰਾਗਾਹਾਂ ਤੇ ਹੀ ਨਿਰਭਰ ਕਰਦੇ ਹਨ ਜਾਂ ਫਿਰ ਸੁੱਕਾ ਅਤੇ ਖ਼ਮੀਰਿਆਂ ਹੋਇਆ ਚਾਰਾ ਵੀ ਇਨ੍ਹਾਂ ਨੂੰ ਪਾਇਆ ਜਾਂਦਾ ਹੈ। ਇਥੇ ਡੇਅਰੀ ਫਾਰਮ ਛੋਟੇ ਛੋਟੇ ਹਨ ਪਰ ਛੋਟੇ ਫਾਰਮਾਂ ਦੇ ਬਾਵਜੂਦ ਇਨ੍ਹਾਂ ਵਿਚ ਪਸ਼ੂ ਵੱਡੀ ਗਿਣਤੀ ਵਿਚ ਰੱਖੇ ਜਾਂਦੇ ਹਨ। ਉਦਾਹਰਨ ਦੇ ਤੌਰ ਤੇ 100 ਏਕੜ ਫਾਰਮ ਵਿਚ ਕਈ ਵਾਰ 50 ਜਾਂ ਇਸ ਤੋਂ ਵੀ ਵੱਧ ਪਸ਼ੂ ਰੱਖੇ ਜਾਂਦੇ ਸਨ। ਇਥੇ ਜ਼ਿਆਦਾਤਰ ਜਰਸੀ ਗਾਵਾਂ ਹੀ ਪਾਲੀਆਂ ਜਾਂਦੀਆਂ ਹਨ। ਪਸ਼ੂ ਵੱਗ ਸੁਧਾਰ ਸੰਸਥਾਵਾਂ ਅਤੇ ਮਸਨੂਈ ਨਸਲਕਸ਼ੀ ਪ੍ਰੋਗਰਾਮ ਆਮ ਚਲਦੇ ਹਨ। ਇਥੋਂ ਦੀਆਂ ਵੱਡੀਆਂ ਵੱਡੀਆਂ ਚਰਾਗਾਹਾਂ ਨੂੰ ਖਾਦ ਪਾਉਣ, ਬੀਜ ਪਾਉਣ ਅਤੇ ਕੀੜੇਮਾਰ ਦੁਆਈਆਂ ਦੀ ਵਰਤੋਂ ਕਰਨ ਲਈ ਹਵਾਈ ਜਹਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਡੈਨਮਾਰਕ ਅਤੇ ਨੀਦਰਲੈਂਡਜ਼ ਵਿਚ ਡੇਅਰੀ ਫਾਰਮਾਂ ਦੇ ਖ਼ਾਸ ਲੱਛਣ ਹਨ; ਛੋਟਾ ਸਾਈਜ਼, ਭੋਂ ਦੀ ਤੀਬਰ ਬੀਜਾਈ ਵਾਹੀ, ਗਾਵਾਂ ਦੀ ਜ਼ਿਆਦਾ ਗਿਣਤੀ ਅਤੇ ਪ੍ਰਤਿ ਗਊ ਦੁੱਧ ਦੀ ਜ਼ਿਆਦਾ ਪੈਦਾਵਾਰ। ਚਰਾਗਾਹਾਂ ਤੋਂ ਕਾਫ਼ੀ ਮਿਕਦਾਰ ਵਿਚ ਚਾਰਾ ਮਿਲਦਾ ਹੈ, ਖਾਸ ਕਰਕੇ 5 ਤੋਂ 6 ਮਹੀਨੇ ਤੱਕ। ਡੈਨਮਾਰਕ ਦੇ ਡੇਅਰੀ ਫਾਰਮ ਪੈਦਾਵਾਰੀ ਰਿਕਾਰਡ ਰੱਖਣ ਵਿਚ ਅੱਗੇ ਰਹੇ ਹਨ। ਇਸ ਤੋਂ ਇਲਾਵਾ ਉਹ ਗਊ ਦੀ ਚੋਣ, ਉਸਦੀ ਕਿਸਮ ਅਤੇ ਨਸਲ ਸੁਧਾਰ ਲਈ ਮਸਨੂਈ ਨਸਲਕਸ਼ੀ ਵਿਚ ਵੀ ਅੱਗੇ ਰਹੇ ਹਨ। ਡੈਨਮਾਰਕ ਦੀ ਪ੍ਰਸਿੱਧ ਨਸਲ ਰੈੱਡ-ਡੈੱਨਿਸ਼ ਹੈ ਜਦੋਂ ਕਿ ਨੀਦਰਲੈਂਡਜ ਵਿਚ ਫ੍ਰੀਜ਼ੀਅਨ ਨਸਲ ਵਧੇਰੇ ਪ੍ਰਸਿੱਧ ਹੈ। ਇਹ ਨਸਲ ਆਪਣੇ ਸਰੀਰ ਉਪਰਲੇ ਚਿੱਟੇ ਅਤੇ ਕਾਲੇ ਜਾਂ ਲਾਲ ਚਿੱਟੇ ਚਟਾਖਾਂ ਕਰਕੇ ਪਛਾਣੀ ਜਾਂਦੀ ਹੈ।

## ਡੇਅਰੀ ਮਸ਼ੀਨਰੀ

ਬਹੁਤ ਸਦੀਆਂ ਤੱਕ ਦੁੱਧ ਦੀਆਂ ਉਪਜਾਂ ਅਤੇ ਦੁੱਧ ਦੀ ਸੰਭਾਲ ਆਦਿ ਵਿਚ ਵਰਤਿਆ ਜਾਂਦਾ ਸਾਜ਼ੋ-ਸਮਾਨ ਹੌਲੀ ਹੌਲੀ ਵਿਕਸਿਤ ਹੁੰਦਾ ਆ ਰਿਹਾ ਹੈ। ਕੁਝ ਹੀ ਸਮੇਂ ਤੋਂ ਪਹਿਲਾਂ ਨਿਰੋਗਤਾ ਅਤੇ ਜਲਦੀ ਹੀ ਖ਼ਰਾਬ ਹੋ ਜਾਣ ਵਾਲੀਆਂ ਵਸਤਾਂ ਵੱਲ ਯੋਗ ਧਿਆਨ ਦਿੱਤੇ ਜਾਣ ਸਬੰਧੀ ਬਹੁਤ ਘੱਟ ਹੀ ਪਤਾ ਸੀ ਕਿਉਂਕਿ ਦੁੱਧ ਬਹੁਤ ਛੇਤੀ ਖੱਟਾ ਜਾਂ ਖ਼ਰਾਬ ਹੋ ਜਾਂਦਾ ਸੀ, ਇਸ ਤੋਂ ਬਚਣ ਲਈ ਗਾਵਾਂ ਅਤੇ ਬੱਕਰੀਆਂ ਨੂੰ ਦੂਰ ਦੂਰ ਲਿਜਾਇਆ ਜਾਂਦਾ ਸੀ ਅਤੇ ਇਨ੍ਹਾਂ ਨੂੰ ਇਕ ਘਰ ਤੋਂ ਦੂਜੇ ਤੱਕ ਲਿਜਾ ਕੇ ਇਨ੍ਹਾਂ ਦਾ ਖਪਤਕਾਰਾਂ ਦੇ ਭਾਂਡਿਆਂ ਵਿਚ ਹੀ ਦੁੱਧ ਕੱਢਿਆ ਜਾਂਦਾ ਸੀ। ਕਈ ਖੇਤਰਾਂ ਵਿਚ ਹੁਣ ਵੀ ਇਹੋ ਢੰਗ ਅਪਣਾਇਆ ਜਾਂਦਾ ਹੈ।

ਦੁੱਧ ਨੂੰ ਜਿੰਨੀ ਦੇਰ ਉਬਾਲਿਆ ਨਾ ਜਾਏ ਅਕਸਰ ਇਹ ਪੀਣ ਲਈ ਅਸੁਰਖਿਅਤ ਹੀ ਹੁੰਦਾ ਹੈ। ਹਾਲਾਂਕਿ ਇਹ ਵਿਧੀ ਇਤਰਾਜ਼ਯੋਗ ਹੈ ਕਿਉਂਕਿ ਇਸ ਨਾਲ ਇਸਦੀ ਸੁਗੰਧੀ ਅਤੇ ਰਚਨਾ ਵਿਚ ਤਬਦੀਲੀ ਆ ਜਾਂਦੀ ਹੈ। ਛੂਤਕ ਬੀਮਾਰੀਆਂ ਜਿਨ੍ਹਾਂ ਵਿਚ ਗੋਕਾ ਤਪਦਿਕ ਵੀ ਸ਼ਾਮਲ ਹੈ, ਕਈ ਵਾਰ ਮਨੁੱਖਾਂ ਦੁਆਰਾ ਕੱਚੇ ਦੁੱਧ ਦੇ ਪੀਣ ਕਾਰਨ ਪੈਦਾ ਹੋ ਜਾਂਦੀਆਂ ਹਨ, ਖਾਸ ਕਰਕੇ ਬੱਚਿਆਂ ਵਿਚ। ਇਨ੍ਹਾਂ ਬੀ-ਮਾਰੀਆਂ ਤੋਂ ਬਚਾਉ ਲਈ ਦੋ ਵੱਡੇ ਬਚਾਉ ਸਾਧਨ ਹਨ, ਇਕ ਡੇਅਰੀ ਉਪਜਾਂ ਦਾ ਪਾਸਚੁਰੀਕਰਣ ਹੈ, ਜੋ 1895 ਈ. ਵਿਚ ਸ਼ੁਰੂ ਕੀਤਾ ਗਿਆ ਸੀ।

ਦੂਜਾ ਦੁੱਧ ਨੂੰ ਕਾਫ਼ੀ ਦੇਰ ਤੱਕ ਠੀਕ ਰੱਖਣ ਲਈ ਇਹ ਜ਼ਰੂਰੀ ਹੈ ਕਿ ਇਸਨੂੰ ਕੱਢਣ ਤੋਂ ਬਾਅਦ ਬਹੁਤ ਜਲਦੀ ਹੀ ਠੰਢਾ ਕਰ ਦਿੱਤਾ ਜਾਵੇ। ਪਹਿਲਾਂ ਪਹਿਲ ਦੁੱਧ ਨੂੰ ਪਾਣੀ ਦੇ ਟੱਬਾਂ ਵਿਚ ਰੱਖਕੇ ਠੰਢਾ ਕੀਤਾ ਜਾਂਦਾ ਸੀ। ਕਈ ਵਾਰ ਦੁੱਧ ਵਿਚ ਬਰਫ ਵੀ ਪਾ ਲਈ ਜਾਂਦੀ ਸੀ। ਵੀਹਵੀਂ ਸਦੀ ਦੇ ਪਹਿਲੇ ਭਾਗ ਵਿਚ ਜਦੋਂ ਦੁੱਧ ਕੱਢਣ ਵਾਲੀਆਂ ਮਸ਼ੀਨਾਂ ਵੱਡੇ ਵੱਡੇ ਫਾਰਮਾਂ ਵਿਚ ਇਸਤੇਮਾਲ ਕੀਤੀਆਂ ਜਾਣ ਲੱਗ ਪਈਆਂ, ਉਸ ਤੋਂ ਪਹਿਲਾਂ ਜ਼ਿਆਦਾਤਰ ਦੁੱਧ ਹੱਥਾਂ ਨਾਲ ਹੀ ਕੱਢਿਆ ਜਾਂਦਾ ਸੀ। ਦੁੱਧ ਚੋਣ ਵੇਲੇ ਵਰਤੇ ਜਾਂਦੇ ਬਰਤਨ ਆਮ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਸਨ, ਪਹਿਲੀ ਕਿਸਮ ਦੇ ਬਰਤਨ ਵਿਚ ਮੂੰਹ ਪੂਰੀ ਤਰ੍ਹਾਂ ਢੱਕਿਆ ਹੁੰਦਾ ਸੀ ਕੇਵਲ ਇਸ ਦੇ ਵਿਚਕਾਰ ਇਕ ਬਰੀਕ ਜਾਲੀ ਵਾਲਾ ਦੁਆਰ ਹੁੰਦਾ ਸੀ, ਦੂਸਰੀ ਕਿਸਮ ਦੇ ਬਰਤਨਾਂ ਵਿਚ ਢੱਕਣ ਠੋਸ ਧਾਤ ਦਾ ਬਣਿਆ ਹੁੰਦਾ ਸੀ ਜਿਸ ਵਿਚ ਇਕ ਦੁਆਰ ਹੁੰਦਾ ਸੀ ਇਸ ਤਰ੍ਹਾਂ ਦੇ ਬਰਤਨਾਂ ਨਾਲ ਦੁੱਧ ਵਿਚ ਗਰਦਾ ਮਿੱਟੀ ਅਤੇ ਹੋਰ ਕੋਈ ਚੀਜ਼ ਦੁੱਧ ਅੰਦਰ ਜਾਣ ਦੀ ਗੁੰਜ਼ਾਇਸ਼ ਨਹੀਂ ਰਹਿੰਦੀ। ਦੁੱਧ ਨੂੰ ਰਿੜਕਣ ਲਈ ਸਭ ਤੋਂ ਪਹਿਲਾਂ ਬੱਕਰੀ ਦੀ ਚਮੜੀ ਦਾ ਜਾਂ ਕੋਈ ਹੋਰ ਸਾਧਾਰਨ ਬਰਤਨ ਵਰਤਿਆ ਜਾਂਦਾ ਸੀ ਜਿਸ ਵਿਚ ਕ੍ਰੀਮ ਹਿਲਾਈ ਜਾ ਸਕੇ। ਆਈਸ-ਕ੍ਰੀਮ ਬਣਾਉਣ ਲਈ ਇਕ ਅਜਿਹੇ ਬਰਤਨ ਦੀ ਵਰਤੋਂ ਕੀਤੀ ਜਾਂਦੀ ਸੀ ਜਿਸ ਵਿਚ ਦੁੱਧ ਅਤੇ ਖੰਡ ਪਾ ਕੇ ਉਸ ਨੂੰ ਇਕ ਲੱਕੜੀ ਦੇ ਟੱਬ ਵਿਚ ਰੱਖਿਆ ਜਾਂਦਾ ਸੀ ਜਿਸ ਵਿਚ ਬਰਫ਼ ਪਾਈ ਹੁੰਦੀ ਸੀ। ਦੁੱਧ ਵਾਲੇ ਬਰਤਨ ਵਿਚ ਇਕ ਅਜਿਹੀ ਕਮਾਨੀ ਲਗੀ ਹੁੰਦੀ ਸੀ ਜਿਸ ਨੂੰ ਹੱਥ ਨਾਲ ਚਲਾਉਣ ਵਾਲੇ ਹੈਂਡਲ ਦੀ ਮੱਦਦ ਨਾਲ ਘੁੰਮਾਇਆ ਜਾਂਦਾ ਸੀ ਅਤੇ ਬਰਫ਼ ਦੀ ਠੰਢ ਨਾਲ ਆਈਸ-ਕ੍ਰੀਮ ਜੰਮ ਜਾਇਆ ਕਰਦੀ ਸੀ। ਮੱਖਣ ਬਣਾਉਣ ਲਈ ਕ੍ਰੀਮੀ ਡੇਅਰੀਆਂ ਬਹੁਤ ਸਾਰੇ ਯਰੂਪੀਅਨ ਦੇਸ਼ਾਂ ਅਤੇ ਸੰਯੁਕਤ ਰਾਜ ਅਮਰੀਕਾ ਵਿਚ 19 ਵੀਂ ਸਦੀ ਦੇ ਮੱਧ ਵਿਚ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਬਾਅਦ ਵਿਚ ਕ੍ਰੀਮ ਵੱਖ ਕਰਨ ਵਾਲੀਆਂ ਅਪਕੇਂਦਰੀ ਕ੍ਰੀਮ ਮਧਾਣੀ (ਸੈਂਟਰੀਫਿਊਗਲ ਕ੍ਰੀਮ ਸੈਪਰੇਟਰਜ਼) ਨੇ ਡੇਅਰੀ ਉਦਯੋਗ ਵਿਚ ਕ੍ਰਾਂਤੀ ਲੈ ਆਂਦੀ।

**ਦੁੱਧ ਚੋਣ ਵਾਲੀਆਂ ਮਸ਼ੀਨਾਂ** — ਡੇਅਰੀ ਫਾਰਮਾਂ ਦੇ ਕੰਮ ਵਿਚ ਤੇਜ਼ੀ ਲਿਆਉਣ ਅਤੇ ਖਰਚਾ ਘਟਾਉਣ ਦੀ ਜ਼ਰੂਰਤ ਨੇ ਦੁੱਧ ਚੋਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਆਮ ਵਧਾ ਦਿੱਤੀ। ਇਕ ਅਨੁਮਾਨ ਅਨੁਸਾਰ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਉਨ੍ਹਾਂ ਡੇਅਰੀ ਫਾਰਮਾਂ ਵਿਚ ਜਿਥੇ ਦੱਸ ਜਾਂ ਦੱਸ ਤੋਂ ਵੱਧ ਗਾਵਾਂ ਹੋਣਗੀਆਂ ਉਥੇ ਦੁੱਧ ਚੋਣ ਦਾ ਕੰਮ ਮਸ਼ੀਨਾਂ ਦੁਆਰਾ ਕੀਤਾ ਜਾਵੇਗਾ। ਇਹ ਮਸ਼ੀਨਾਂ ਗਊ ਦੇ ਥਣਾਂ ਵਿਚੋਂ ਦੁੱਧ ਚੂਸ ਕੇ ਬਾਹਰ ਕੱਢਣ ਦੀ ਵਿਧੀ ਉੱਤੇ ਆਧਾਰਤ ਹਨ ਅਤੇ ਖੋਜ ਨੇ ਇਹ ਸਿੱਧ ਕੀਤਾ ਹੈ ਕਿ ਇਹ ਮਸ਼ੀਨਾਂ ਵੀ ਉਨੀ ਹੀ ਚੰਗੀ ਤਰ੍ਹਾਂ ਕੰਮ ਕਰ ਸਕਦੀਆਂ ਹਨ ਜਿੰਨੀ ਚੰਗੀ ਤਰ੍ਹਾਂ ਹੱਥ ਨਾਲ ਦੁੱਧ ਚੋਇਆ ਜਾ ਸਕਦਾ ਹੈ। ਅੱਜਕੱਲ੍ਹ ਸਟੇਨਲੈਸ ਸਟੀਲ, ਪਲਾਸਟਿਕ ਜਾਂ ਸ਼ੀਸ਼ੇ ਦੀਆਂ ਪਾਈਪਾਂ ਦੁਆਰਾ ਦੁੱਧ ਕੱਢ ਕੇ ਬਾਲਟੀਆਂ ਵਿਚ ਜਾਂਦਾ ਜਿੱਥੇ ਇਸ ਨੂੰ ਤੋਲਿਆ ਜਾਂਦਾ ਹੈ ਅਤੇ ਮਗਰੋਂ ਇਹ ਦੁੱਧ ਠੰਢਾ ਰੱਖਣ ਵਾਲੀ ਥਾਂ ਭੇਜ ਦਿੱਤਾ ਜਾਂਦਾ ਹੈ।

**ਦੁੱਧ ਠੰਢਾ ਕਰਨ ਵਾਲੀਆਂ ਮਸ਼ੀਨਾਂ** - ਦੁੱਧ ਨੂੰ ਬਹੁਤ ਜਲਦੀ 50° ਫਾ. ਤੇ ਜਾਂ ਇਸ ਤੋਂ ਵੀ ਘੱਟ ਠੰਢਾ ਕਰ ਦੇਣਾ ਚਾਹੀਦਾ ਹੈ ਅਤੇ ਜਦੋਂ ਤੱਕ ਇਹ ਫਾਰਮ ਵਿਚ ਸਟੋਰ ਕੀਤਾ ਜਾਣਾ ਹੋਵੇ ਇਹ ਠੰਢਾ ਹੀ

ਰੱਖਿਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਵਿਚ ਬੈਕਟੀਰੀਆ ਦੇ ਤੇਜ਼ੀ ਨਾਲ ਹੋਣ ਵਾਲੇ ਵਾਧੇ ਨੂੰ ਰੋਕਿਆ ਜਾ ਸਕੇ। ਮੈਕੈਨੀਕਲ ਰੈਫ੍ਰਿਜਰੇਸ਼ਨ ਦੁੱਧ ਨੂੰ ਠੰਢਾ ਕਰਨ ਲਈ ਜ਼ਰੂਰੀ ਹੁੰਦੀ ਹੈ ਅਤੇ ਇਸ ਦਾ ਤਾਪਮਾਨ 40° ਫਾ. ਰੱਖਿਆ ਜਾਂਦਾ ਹੈ। ਡੇਅਰੀ ਫਾਰਮਾਂ ਤੋਂ ਫਿਰ ਦੁੱਧ, ਦੁੱਧ ਦੇ ਕਾਰਖਾਨਿਆਂ ਤੱਕ ਸਟੇਨਲੈਸ ਸਟੀਲ ਦੇ ਟੈਂਕਰਾਂ ਵਿਚ ਲਿਜਾਇਆ ਜਾਂਦਾ ਹੈ ਜਿਨ੍ਹਾਂ ਦੀ 1000 ਤੋਂ 2500 ਗੈਲਨ ਦੁੱਧ ਦੀ ਸਮਰੱਥਾ ਹੁੰਦੀ ਹੈ।

**ਕਰੀਮ ਕੱਢਣ ਵਾਲੀਆਂ ਮਸ਼ੀਨਾਂ** - ਕਰੀਮ ਕੱਢਣ ਵਾਲੀਆਂ ਮਸ਼ੀਨਾਂ ਨੇ ਕਰੀਮ ਨੂੰ ਵੱਡੀ ਪੱਧਰ ਤੇ ਇਕੱਠੇ ਕੀਤੇ ਜਾਣ ਵਾਲੇ ਕਠਿਨ ਕੰਮ ਨੂੰ ਸੁਖਾਲਾ ਬਣਾ ਦਿੱਤਾ ਹੈ। ਅਪਕੇਂਦਰੀ ਮਧਾਣੀ (ਸੈਂਟਰੀਫਿਊਗਲ ਸੈਪਰੇਟਰ) ਵਿਚ ਇਕ ਤੇਜ਼ੀ ਨਾਲ ਘੁੰਮਣ ਵਾਲਾ ਕਟੋਰਾ ਜਾਂ ਕੌਲ ਹੁੰਦਾ ਹੈ ਜਿਸ ਵਿਚ ਕਈ ਤਸ਼ਤਰੀਆਂ ਹੁੰਦੀਆਂ ਹਨ। ਕਟੋਰਾ ਇਕ ਧੁਰੇ ਉੱਤੇ ਕੱਸਿਆ ਹੁੰਦਾ ਹੈ ਜੋ ਦੁੱਧ ਵਾਲੇ ਬਰਤਨ ਦੇ ਥੱਲੇ ਹੁੰਦਾ ਹੈ। ਦੁੱਧ ਕਟੋਰੇ ਦੇ ਉਪਰਲੇ ਸਿਰੇ ਤੋਂ ਦਾਖ਼ਲ ਹੁੰਦਾ ਹੈ ਅਤੇ ਤਸ਼ਤਰੀਆਂ ਵਿਚ ਵੰਡਿਆ ਜਾਂਦਾ ਹੈ। ਜਦੋਂ ਸਮੁੱਚਾ ਦੁੱਧ ਇਨ੍ਹਾਂ ਤਸ਼ਤਰੀਆਂ 'ਚੋਂ ਦੀ ਲੰਘਦਾ ਹੈ ਤਾਂ ਇਹ ਪਤਲੀਆਂ ਪਤਲੀਆਂ ਪਰਤਾਂ ਵਿਚ ਵੰਡਿਆ ਜਾਂਦਾ ਹੈ। ਕਟੋਰੇ ਵਿਚਲਾ ਦੁੱਧ ਜਲਦੀ ਹੀ ਕਟੋਰੇ ਦੀ ਗਤੀ ਧਾਰਨ ਕਰ ਲੈਂਦਾ ਹੈ ਜੋ ਕਿ 6000 ਤੋਂ 8000 ਚੱਕਰ ਪ੍ਰਤਿ ਮਿੰਟ ਹੁੰਦੀ ਹੈ ਇਸ ਤੋਂ ਛੇਤੀ ਹੀ ਬਾਅਦ ਕਰੀਮ ਅਲੱਗ ਹੋਣੀ ਸ਼ੁਰੂ ਹੋ ਜਾਂਦੀ ਹੈ। ਕਰੀਮ ਰਹਿਤ ਸਪਰੇਟਾ ਦੁੱਧ ਭਾਰਾ ਹੋਣ ਕਾਰਨ ਕਟੋਰੇ ਦੇ ਬਾਹਰਲੇ ਪਾਸੇ ਆ ਜਾਂਦਾ ਹੈ ਅਤੇ ਇਹ ਇਸ ਦੇ ਬਾਹਰ ਜਾਣ ਲਈ ਬਣਾਏ ਹੋਏ ਦੁਆਰ ਰਾਹੀਂ ਬਾਹਰ ਨਿਕਲ ਜਾਂਦਾ ਹੈ। ਕਰੀਮ ਜੋ ਕਿ ਭਾਰ ਪੱਖੋਂ ਹੌਲੀ ਹੁੰਦੀ ਹੈ, ਉਹ ਅੰਦਰਵਾਰ ਰਹਿ ਜਾਂਦੀ ਹੈ ਅਤੇ ਕਟੋਰੇ ਦੇ ਕੇਂਦਰ ਵਿਚੋਂ ਬਣੇ ਰਸਤੇ ਰਾਹੀਂ ਥੱਲੇ ਨਿਕਲ ਜਾਂਦੀ ਹੈ।

**ਦੁੱਧ ਸਾਫ਼ ਕਰਨ ਵਾਲੀਆਂ ਮਸ਼ੀਨਾਂ** — ਇਹ ਮਸ਼ੀਨਾਂ ਵੀ ਅਪਕੇਂਦਰ ਬਲ ਦੇ ਨਿਯਮ ਅਨੁਸਾਰ ਹੀ ਕੰਮ ਕਰਦੀਆਂ ਹਨ ਪਰੰਤੂ ਇਨ੍ਹਾਂ ਕਰੀਮ ਕੱਢਣ ਵਾਲੀਆਂ ਤਸ਼ਤਰੀਆਂ ਉੱਤੇ ਕਟੋਰੇ ਦਾ ਅੰਤਰ ਹੁੰਦਾ ਹੈ। ਇਥੇ ਦੁੱਧ ਤੇਜ਼ੀ ਨਾਲ ਘੁੰਮ ਰਹੇ ਕਟੋਰੇ ਵਿਚ ਦਾਖ਼ਲ ਹੋ ਕੇ ਇਕ ਇਕਹਿਰੇ ਦੁਆਰ ਰਾਹੀਂ ਬਾਹਰ ਨਿਕਲ ਜਾਂਦਾ ਹੈ।

**ਪਾਸਚੁਰੀਕਰਣ ਮਸ਼ੀਨਾਂ** — ਦੁੱਧ ਅਤੇ ਦੁੱਧ ਦੀਆਂ ਉਪਜਾਂ ਜ਼ਿਆਦਾ ਸੁਰੱਖਿਅਤ ਬਣਾਉਣ ਲਈ ਪਾਸਚੁਰੀਕ੍ਰਿਤ ਕੀਤੀਆਂ ਜਾਂਦੀਆਂ ਹਨ। ਇਸ ਵਿਧੀ ਵਿਚ ਬੀਮਾਰੀ ਪੈਦਾ ਕਰਨ ਵਾਲੇ ਜੀਵਾਣੂ ਖ਼ਤਮ ਕੀਤੇ ਜਾਂਦੇ ਹਨ ਅਤੇ ਕਾਫ਼ੀ ਦੇਰ ਤੱਕ ਦੁੱਧ ਨੂੰ ਠੀਕ ਰੱਖਣ ਦੀ ਸਮਰੱਥਾ ਵਧਾਈ ਜਾਂਦੀ ਹੈ। ਪਾਸਚੁਰੀਕਰਣ ਦੋ ਢੰਗਾਂ ਰਾਹੀ ਕੀਤਾ ਜਾਂਦਾ ਹੈ : (1) ਵੈਟ ਵਿਧੀ - ਜੋ ਦੁੱਧ ਨੂੰ 145° ਫਾ. ਉੱਤੇ 30 ਮਿੰਟਾਂ ਤੱਕ ਗਰਮ ਕਰਦਾ ਹੈ (2) ਉੱਚ ਤਾਪਮਾਨ ਘੱਟ ਸਮੇਂ ਲਈ (H T S T) ਜਾਂ ਲਗਾਤਾਰ ਵਹਾਓ ਸਾਧਨ ਜੋ ਦੁੱਧ ਨੂੰ 161° ਫਾ. ਉੱਤੇ 15 ਮਿੰਟਾਂ ਤੱਕ ਗਰਮ ਕਰਦਾ ਹੈ। ਇਸ ਵਿਚ ਸਟੈਨਲੈੱਸ ਸਟੀਲ ਦੇ ਵੈਟ ਵਰਤੇ ਜਾਂਦੇ ਹਨ ਜਿਨ੍ਹਾਂ ਵਿਚ ਦੋਹਰੀ ਪਰਤ ਵਾਲੀਆਂ ਜੈਕਟਾਂ ਹੁੰਦੀਆਂ ਹਨ। ਦੋਹਰੀ ਪਰਤ ਵਾਲੀਆਂ ਜੈਕਟਾਂ ਵਿਚ ਜਾਂ ਤਾਂ ਭਾਫ਼ ਜਾਂ ਗਰਮ ਪਾਣੀ ਦੁੱਧ ਨੂੰ ਗਰਮ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਦੁੱਧ ਨੂੰ ਠੰਢਿਆ ਕਰਨ ਲਈ ਠੰਢਾ ਪਾਣੀ ਵਰਤਿਆ ਜਾਂਦਾ ਹੈ।

**ਦੁੱਧ ਨੂੰ ਬੋਤਲਾਂ ਵਿਚ ਭਰਨਾ** — ਵਿਕਸਿਤ ਦੇਸ਼ਾਂ ਵਿਚ ਦੁੱਧ ਨੂੰ ਖ਼ਪਤਕਾਰਾਂ ਤੱਕ ਪਹੁੰਚਾਉਣ ਲਈ ਦੁੱਧ ਦੀਆਂ ਬੋਤਲਾਂ ਦੀ ਵਰਤੋਂ ਆਮ ਹੋਣ ਲਗ ਪਈ ਹੈ। ਕਿਸੇ ਵਕਤ 10-20 ਗੈਲਨ ਦੇ ਕੇਨਾਂ ਵਿਚ ਸਿੱਧੇ ਹੀ ਦੁੱਧ ਖਪਤਕਾਰਾਂ ਦੇ ਬਰਤਨਾਂ ਵਿਚ ਪਾ ਦਿੱਤਾ ਜਾਂਦਾ ਸੀ। ਸੰਯੁਕਤ ਰਾਜ ਅਮਰੀਕਾ ਵਿਚ ਹੁਣ ਇਹ ਵਿਧੀ ਗੈਰ ਕਾਨੂੰਨੀ ਕਰਾਰ ਦਿੱਤੀ ਜਾ ਚੁੱਕੀ ਹੈ। ਦੁੱਧ ਦੀ ਵਿਕਰੀ ਵਾਲੇ ਬਰਤਨ ਮਸ਼ੀਨਾਂ ਰਾਹੀਂ ਭਰੇ ਅਤੇ ਸੀਲ ਹੋਣੇ ਚਾਹੀਦੇ ਹਨ। ਇਸ ਲਈ ਦੁੱਧ ਦਾ ਕਾਰਖ਼ਾਨਿਆਂ ਵਿਚ ਦੁੱਧ ਨੂੰ ਪਾਸਚੁਰੀਕਰਣ ਤੋਂ ਬਾਅਦ ਠੰਢਾ ਹੋਣਾ ਲਾਜ਼ਮੀ ਹੈ। ਬੋਤਲ-ਬੰਦ ਦੁੱਧ ਕਈ ਸਾਲਾਂ ਤੱਕ ਵਿਕਦਾ ਰਿਹਾ ਹੈ। ਸ਼ੀਸ਼ੇ ਦੀਆਂ ਬੋਤਲਾਂ ਬਹੁਤ ਜਲਦੀ ਕਰੀਮ ਰਹਿਤ ਹੋ ਜਾਂਦੀਆਂ ਸਨ ਅਤੇ ਦੁੱਧ ਲੈਣ ਵਾਲਾ ਦੁੱਧ ਉਪਰ ਕਰੀਮ ਦੀ ਬਣੀ ਪਰਤ ਵੇਖਣ ਦਾ ਇਛੁਕ ਹੁੰਦਾ ਸੀ। ਹੁਣ ਸਟੋਰਾਂ ਰਾਹੀਂ ਜਦੋਂ ਦੁੱਧ ਦੀ ਵਿਕਰੀ ਬਹੁਤ ਵੱਧ ਗਈ ਹੈ ਅਤੇ ਬੋਤਲਾਂ ਲੈਣ ਅਤੇ ਵਾਪਸ ਕਰਨ ਵਿਚ ਆਉਂਦੀ ਦਿਕਤ ਨੂੰ ਵਿਚਾਰਦੇ ਹੋਏ ਦੁੱਧ ਗੱਤੇ, ਕਾਗਜ਼ ਜਾਂ ਪਾਲੀਥੀਨ ਦੇ ਲਫਾਫਿਆਂ ਵਿਚ ਵਿਕਣ ਲੱਗ ਪਿਆ ਹੈ। ਭਾਰਤ ਵਿਚ ਵੀ ਲਫਾਫਿਆਂ ਵਿਚ ਬੰਦ ਕੀਤਾ ਦੁੱਧ ਵਿਕਣ ਲਗ ਪਿਆ ਹੈ।

**ਮੱਖਣ ਬਣਾਉਣਾ** — ਮੱਖਣ ਬਣਾਉਣ ਲਈ ਸਭ ਤੋਂ ਜ਼ਰੂਰੀ ਕੰਮ ਦੁੱਧ ਦੀ ਕਰੀਮ ਨੂੰ ਇਕੱਠਾ ਕਰਨ ਦਾ ਹੈ। ਮੱਖਣ ਬਣਾਉਣ ਤੋਂ ਪਹਿਲਾਂ ਦੁੱਧ ਦਾ ਪਾਸਚੁਰੀਕਰਣ ਕਰਨਾ ਬਹੁਤ ਜ਼ਰੂਰੀ ਹੈ। ਕਰੀਮ ਨੂੰ ਇਕ ਘੁੰਮ ਰਹੇ ਪਾਈਪ ਦੀ ਕਿਸਮ ਦੀ ਮਧਾਣੀ ਵਿਚ ਰਿੜਕਿਆ ਜਾਂਦਾ ਹੈ ਜੋ ਲੱਕੜੀ ਜਾਂ ਧਾਤ ਦਾ ਬਣਿਆ ਹੋਇਆ ਹੁੰਦਾ ਹੈ। ਧਾਤ ਤੋਂ ਬਣੇ ਰਿੜਕਣੇ ਜੋ ਦੂਸਰੇ ਸੰਸਾਰ ਯੁੱਧ ਤੋਂ ਬਾਅਦ ਵਿਕਸਿਤ ਹੋਏ, ਆਮ ਵਰਤੇ ਜਾਂਦੇ ਹਨ ਕਿਉਂਕਿ ਇਨ੍ਹਾਂ ਨੂੰ ਆਸਾਨੀ ਨਾਲ ਕੀਟਾਣੂ-ਰਹਿਤ ਰੱਖਿਆ ਜਾ ਸਕਦਾ ਹੈ। ਕਰੀਮ ਨੂੰ ਉੱਨਾ ਚਿਰ ਰਿੜਕਿਆ ਜਾਂਦਾ ਹੈ ਜਦੋਂ ਤੱਕ ਚਿਕਨਾਈ ਦੇ ਬਹੁਤ ਹੀ ਸੂਖ਼ਮ ਤੁਪਕੇ ਇਕੱਠੇ ਹੋ ਕੇ ਮੱਖਣ ਦੇ ਕਿਣਕੇ ਨਾ ਬਣਾ ਲੈਣ ਜੋ ਕਿ ਤਰਲ ਹਿੱਸੇ ਤੋਂ ਅਲੱਗ ਹੋ ਜਾਂਦੇ ਹਨ। ਤਰਲ (ਲੱਸੀ) ਨੂੰ ਹੇਠਾਂ ਕਿਸੇ ਬਰਤਨ ਵਿਚ ਕੱਢ ਦਿੱਤਾ ਜਾਂਦਾ ਹੈ ਅਤੇ ਮੱਖਣ ਉਪਰੋਂ ਇਕੱਠਾ ਕਰ ਲਿਆ ਜਾਂਦਾ ਹੈ। ਮੱਖਣ ਵਿਚ ਲੂਣ ਪਾ ਕੇ ਇਸ ਨੂੰ ਇਕਸਾਰ ਇਕ ਗੁੰਦਵੇਂ ਆਕਾਰ ਵਿਚ ਇਕੱਠਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਤਿਆਰ ਕੀਤੇ ਗਏ ਮੱਖਣ ਵਿਚ 80 ਪ੍ਰਤਿਸ਼ਤ ਚਿਕਨਾਈ ਹੋਣੀ ਚਾਹੀਦੀ ਹੈ। ਰਵਾਇਤੀ ਮਧਾਣੀ ਦੁਆਰਾ 1000 ਤੋਂ 5000 ਪਾਊਂਡ ਮੱਖਣ ਤਿਆਰ ਕੀਤਾ ਜਾ ਸਕਦਾ ਹੈ।

**ਪਨੀਰ ਤਿਆਰ ਕਰਨਾ** — ਇਕ ਕਿਸਮ ਦਾ ਵਧੀਆ ਪਨੀਰ (Cheddar cheese) ਪੂਰਨ ਦੁੱਧ ਤੋਂ ਹੀ ਤਿਆਰ ਹੋ ਸਕਦਾ ਹੈ ਜੋ ਜਾਂ ਤਾਂ ਕੱਚਾ ਹੁੰਦਾ ਹੈ ਜਾਂ ਫਿਰ ਪਾਸਚੁਰੀਕ੍ਰਿਤ। ਪਨੀਰ ਦੀ ਕਿਸਮ ਦਾ ਦਹੀਂ , ਇਕ ਕਿਸਮ ਦੇ ਐਨਜ਼ਾਈਮ ਰੈਨੈੱਟ ਐਕਸਟਰੈਕਟ ਦੇ ਦੁੱਧ ਦੇ ਪ੍ਰੋਟੀਨ ਅੰਸ਼, ਕੇਸੀਨ ਤੇ ਕਿਰਿਆ ਕਰਕੇ ਬਣਾਇਆ ਜਾਂਦਾ ਹੈ। ਜਦ ਇਹ ਦਹੀਂ ਬਣ ਜਾਂਦਾ ਹੈ ਤਾਂ ਇਸ ਨੂੰ ਛੋਟੇ ਛੋਟੇ ਕਿਊਬਾਂ ਵਿਚ ਕੱਟ ਲਿਆ ਜਾਂਦਾ ਹੈ, ਹਿਲਾਇਆ ਜਾਂਦਾ ਹੈ ਅਤੇ ਫਿਰ ਇਸ ਵਿਚੋਂ ਲੱਸੀ ਅੱਡ ਕਰਨ ਲਈ ਇਸਨੂੰ ਗਰਮ ਕੀਤਾ ਜਾਂਦਾ ਹੈ। ਬੈਕਟੀਰੀਆ ਜੋ ਤਾਜ਼ੇ ਦੁੱਧ ਵਿਚ ਪਾਏ ਜਾਂਦੇ ਹਨ, ਉਨ੍ਹਾਂ ਨਾਲ ਲੈਕਟਿਕ ਐਸਿਡ ਪੈਦਾ ਹੁੰਦਾ ਹੈ। ਇਸ ਨਾਲ ਲੱਸੀ ਬਾਹਰ ਨਿਕਲਣ ਅਤੇ ਪੱਕੇ ਹੋਏ ਪਨੀਰ ਵਿਚ ਵੀ ਸੁਧਾਰ ਹੋਣ ਵਿਚ ਮੱਦਦ ਮਿਲਦੀ ਹੈ। ਜਦੋਂ ਦਹੀਂ ਚੰਗੀ ਤਰ੍ਹਾਂ ਜੰਮ ਜਾਂਦਾ ਹੈ, ਲੱਸੀ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਦਹੀਂ ਨੂੰ ਹੇਠਲੀ ਸਤ੍ਹਾ ਤੇ ਪੂਰੀ ਤਰ੍ਹਾਂ ਇਕੱਠਾ ਹੋਣ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਦਹੀਂ ਦੀਆਂ ਟੁਕੜੀਆਂ ਛੋਟੇ ਛੋਟੇ ਹਿੱਸਿਆਂ ਵਿਚ ਕੱਟੀਆਂ ਜਾਂਦੀਆਂ ਹਨ ਤਾਂ ਜੋ ਇਨ੍ਹਾਂ ਵਿਚ ਇਕਸਾਰ ਲੂਣ ਮਿਲਾਇਆ ਜਾ ਸਕੇ। ਇਸ ਦਹੀਂ ਨੂੰ ਫਿਰ ਦ੍ਰਵ-ਚਾਲਿਤ ਪ੍ਰੈੱਸ ਵਿਚ 12 ਤੋਂ 18 ਘੰਟਿਆਂ ਤੱਕ ਦਾਬ ਦੇ ਕੇ ਰੱਖਿਆ ਜਾਂਦਾ ਹੈ ਤਾਂ ਜੋ ਮਨਪਸੰਦ ਸ਼ਕਲਾਂ ਦਾ ਪਨੀਰ ਤਿਆਰ ਕੀਤਾ ਜਾ ਸਕੇ। ਇਸ ਪਨੀਰ ਦਾ ਕਾਲ-ਪ੍ਰਭਾਵਨ 50° ਫਾ. ਤੇ ਇਕ ਮਹੀਨੇ ਤੋਂ ਇਕ ਸਾਲ ਤੱਕ ਜਾਰੀ ਰਹਿੰਦਾ ਹੈ। ਪਨੀਰ ਦੀਆਂ 18 ਵੱਖ ਵੱਖ ਕਿਸਮਾਂ ਹਨ ਜਿਨ੍ਹਾਂ ਦੇ ਕਰੀਬ 500 ਨਾਂ ਹਨ।

**ਆਈਸ ਕਰੀਮ ਬਣਾਉਣਾ** — ਹੋਰ ਕਿਸੇ ਦੀ ਡੇਅਰੀ ਉਪਜ ਨੂੰ ਉਹ ਪ੍ਰਸਿੱਧੀ ਹਾਸਲ ਨਹੀਂ ਹੋਈ ਜਿੰਨੀ ਕਿ ਆਈਸ-ਕਰੀਮ ਨੂੰ

ਹੋਈ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਹੋਈਆਂ ਤਕਨੀਕੀ ਖੋਜਾਂ ਨੇ ਇਸ ਦੀ ਤਿਆਰੀ ਵਿਚ ਕਾਫ਼ੀ ਸੁਧਾਰ ਲਿਆਂਦਾ ਹੈ। ਦੁੱਧ ਨੂੰ ਇਕਸਾਰਤਾ ਪ੍ਰਦਾਨ ਕਰਨ ਵਾਲਾ ਹੋਮੋਜੀਨਾਈਜ਼ਰ, ਮਸ਼ੀਨੀ ਰੈਫਰੀ ਸੀਤਲ, ਸਟੇਨਲੈੱਸ ਸਟੀਲ, ਉਚ-ਤਾਪਮਾਨ ਘੱਟ ਸਮਾਂ (H T S T) ਪਾਸਚੁਰੀਕਰਣ ਅਤੇ ਢੋਆ-ਢੁਆਈ ਦੇ ਆਧੁਨਿਕ ਸਾਧਨਾਂ ਨੇ ਆਈਸ-ਕਰੀਮ ਤਿਆਰ ਕਰਨ ਦੇ ਹਰੇਕ ਪੜਾਅ ਵਿਚ ਆਪਣਾ ਅਹਿਮ ਹਿੱਸਾ ਪਾਇਆ ਹੈ। ਜਿਸ ਕੰਮ ਨੂੰ ਅਜ ਦੋ-ਤਿੰਨ ਘੰਟਿਆਂ ਤੱਕ ਸਮਾਂ ਲਗਦਾ ਹੈ, ਇਸ ਕੰਮ ਨੂੰ ਪਹਿਲਾਂ ਦੋ ਤਿੰਨ ਦਿਨ ਲਗ ਜਾਇਆ ਕਰਦੇ ਸਨ।

**ਭਾਰਤ ਵਿਚ ਡੇਅਰੀ ਉਦਯੋਗ** – ਭਾਰਤ ਵਿਚ ਕੁਝ ਸਾਲਾਂ ਤੋਂ ਦੁੱਧ ਦੀ ਉਪਜ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਹਰ ਪੰਜ ਸਾਲਾ ਵਿਕਾਸ ਯੋਜਨਾਵਾਂ ਵਿਚ ਇਸ ਟੀਚੇ ਨੂੰ ਵਧਾਉਣ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਤੀਬਰ ਪਸ਼ੂ ਵਿਕਾਸ ਪ੍ਰਾਜੈਕਟ ਜਿਨ੍ਹਾਂ ਵਿਚ ਨਸਲਕਸ਼ੀ ਦਾ ਕੰਟਰੋਲ, ਖ਼ੁਰਾਕ ਅਤੇ ਚਾਰੇ ਦੀ ਲੋੜ ਨੂੰ ਪੂਰਿਆਂ ਕਰਨ, ਅਸਰਦਾਰ ਸਿਹਤ ਪੱਖੀ ਕਦਮ, ਡੇਅਰੀ ਵਿਸਤਾਰ, ਮਾਰਕੀਟਿੰਗ ਦੀਆਂ ਸਹੂਲਤਾਂ, ਦੁੱਧ ਦੀ ਵਿਕਰੀ ਦਾ ਗਰੰਟੀਸ਼ੁਦਾ ਮੁੱਲ ਆਦਿ ਕੁਝ ਅਜਿਹੇ ਕਦਮ ਹਨ ਜੋ ਭਾਰਤ ਵਿਚ ਡੇਅਰੀ ਉਦਯੋਗ ਦਾ ਧੁਰਾ ਹਨ ਅਤੇ 1977-78 ਤੱਕ ਅਜਿਹੇ 86 ਪ੍ਰਾਜੈਕਟ ਸਨ ਜੋ ਦੁੱਧ ਨਾਲ ਸਬੰਧਤ ਕਾਰਖਾਨਿਆਂ ਨਾਲ ਜੁੜੇ ਹੋਏ ਸਨ।

ਦੁੱਧ ਦੀ ਪੈਦਾਵਾਰ ਵਧਾਉਣ ਲਈ ਦੇਸੀ ਕਿਸਮਾਂ ਦੀ ਬਾਹਰੀ ਨਸਲਕਸ਼ੀ ਵਲਾਇਤੀ ਕਿਸਮਾਂ ਦੇ ਸਾਨ੍ਹਾਂ ਨਾਲ ਕਰਵਾਉਣ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ। ਕਈ ਅਜਿਹੇ ਪ੍ਰੋਗਰਾਮ ਵੀ ਉਲੀਕੇ ਜਾ ਰਹੇ ਹਨ ਜਿਨ੍ਹਾਂ ਵਿਚ ਖਾਸ ਨਸਲਕਸ਼ੀ ਵਾਲੇ ਇਲਾਕਿਆਂ ਵਿਚ ਚੋਣਵੀਂ ਨਸਲਕਸ਼ੀ ਤੇ ਅਣ-ਪਛਾਤੀਆਂ ਕਿਸਮਾਂ ਦੀ ਨਸਲਕਸ਼ੀ ਪਰਿਚਿਤ ਕਿਸਮਾਂ ਨਾਲ ਕਰਵਾ ਕੇ ਨਸਲ ਸੁਧਾਰ ਦਾ ਕੰਮ ਕੀਤਾ ਜਾ ਰਿਹਾ ਹੈ। ਕੇਂਦਰੀ ਪਸ਼ੂ ਨਸਲਕਸ਼ੀ ਫਾਰਮਾਂ ਨੂੰ ਹੋਰ ਪੱਕਿਆਂ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਪ੍ਰਮੁੱਖ ਕਿਸਮਾਂ ਦੇ ਸਾਨ੍ਹ ਵੱਡੀ ਮਾਤਰਾ ਵਿਚ ਪੈਦਾ ਕਰ ਸਕਣ ਜਿਵੇਂ ਰੈੱਡ ਸਿੰਧੀ, ਥਾਰਪਾਰਕਰ, ਜਰਸੀ ਅਤੇ ਹੋਲਸਟੀਨ ਫ੍ਰੀਜ਼ੀਅਨ ਅਤੇ ਮੁਰ੍ਹਾ ਅਤੇ ਸੂਰਤੀ ਮੱਝਾਂ ਦੀਆਂ ਕਿਸਮਾਂ। ਬਾਹਰੀ ਨਸਲਕਸ਼ੀ ਨੂੰ ਵਧੇਰੇ ਪ੍ਰਸਿੱਧੀ ਦੇਣ ਲਈ ਵਿਦੇਸ਼ੀ ਕਿਸਮਾਂ ਦੀ ਬਰਾਮਦ ਦੀ ਖੁੱਲ੍ਹ ਦਿੱਤੀ ਗਈ ਹੈ ਅਤੇ ਕਈ ਸਟੇਸ਼ਨ ਅਜਿਹੇ ਸੈੱਟ ਕੀਤੇ ਜਾ ਰਹੇ ਹਨ ਜਿੱਥੇ ਜਮਾਇਆ ਹੋਇਆ ਵੀਰਜ ਸਟੋਰ ਕੀਤਾ ਜਾ ਸਕੇ ਜੋ ਵਿਦੇਸ਼ੀ ਅਤੇ ਚੰਗੀਆਂ ਦੇਸੀ ਕਿਸਮਾਂ ਦੇ ਸਾਨ੍ਹਾਂ ਤੋਂ ਲਿਆ ਗਿਆ ਹੋਵੇ। ਕੇਂਦਰੀ ਸਰਕਾਰ ਨੇ ਵੱਖ ਵੱਖ ਖੇਤੀ-ਜਲਵਾਯੂ ਖੇਤਰ ਵਿਚ ਖੇਤਰੀ ਸਟੇਸ਼ਨ ਕਾਇਮ ਕਰ ਰੱਖੇ ਹਨ ਜੋ ਚਾਰੇ ਦੀ ਪੈਦਾਵਾਰ ਅਤੇ ਸੁਧਰੀਆਂ ਹੋਈਆਂ ਕਿਸਮਾਂ ਦੇ ਫਾਊਂਡੇਸ਼ਨ ਬੀਜਾਂ ਦੀ ਵਧੇਰੇ ਮਿਕਦਾਰ ਵਿਚ ਪੈਦਾਵਾਰ ਲਈ ਕੰਮ ਕਰ ਰਹੇ ਹਨ। ਦੋ ਵੱਡੇ ਚਾਰੇ ਵਾਲੀਆਂ ਫ਼ਸਲਾਂ ਦੇ ਬੀਜ ਤਿਆਰ ਕਰਨ ਵਾਲੇ ਫਾਰਮ ਆਸਟ੍ਰੇਲੀਆ ਦੇਸ਼ ਦੀ ਮੱਦਦ ਨਾਲ ਸੈੱਟ ਕੀਤੇ ਜਾ ਰਹੇ ਹਨ।

ਭਾਰਤ ਵਿਚ 1977-78 ਈ. ਤੱਕ 175 ਦੁੱਧ ਦੇ ਕਾਰਖ਼ਾਨੇ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਕਾਇਮ ਕੀਤੇ ਹੋਏ ਸਨ। ਇਨ੍ਹਾਂ ਤੋਂ ਦੁੱਧ ਵਰਤਣ ਲਈ ਭੇਜਿਆ ਜਾਂਦਾ ਹੈ। ਇਨ੍ਹਾਂ ਦੀ ਪ੍ਰਤਿ ਦਿਨ ਸਥਾਪਿਤ ਸਮਰੱਥਾ 74 ਲੱਖ ਲਿਟਰ ਹੈ। ਆਪ੍ਰੇਸ਼ਨ ਫਲੱਡ ਪ੍ਰਾਜੈਕਟ ਦੇ ਅਧੀਨ ਦਸ ਚੋਣਵੇਂ ਰਾਜਾਂ ਵਿਚ ਦੁੱਧ ਦੀ ਉਪਜ ਵਧਾਉਣ ਦੇ ਵਸੀਲੇ ਵਿਕਸਿਤ ਕੀਤੇ ਜਾ ਰਹੇ ਹਨ। ਅਜਿਹੇ ਹੋਰ ਉਪਰਾਲੇ ਵੀ ਕੀਤੇ ਜਾ ਰਹੇ ਹਨ ਜਿਸ ਨਾਲ ਮੈਟਰੋਪਾਲੀਟਨ ਡੇਅਰੀਆਂ ਵਿਚ ਖ਼ੁਰਾਕ ਅਤੇ ਦੁੱਧ ਸਮਰੱਥਾ ਵਧਾਉਣ ਦਾ ਯਤਨ ਕੀਤਾ ਜਾਂਦਾ ਹੋਵੇ ਜੋ ਕਿ ਪਿੰਡਾਂ ਵਿਚ ਇਕੱਠੇ ਕੀਤੇ ਦੁੱਧ ਨੂੰ ਯੋਗ ਕੀਮਤ ਦੇ ਕੇ ਠੀਕ ਵਿਕਰੀ ਕਰ ਸਕਣ।

**ਪੰਜਾਬ ਵਿਚ ਡੇਅਰੀ ਉਦਯੋਗ** – ਪੰਜਾਬ ਵਿਚ 'ਚਿੱਟਾ ਇਨਕਲਾਬ' ਲਿਆਉਣ ਦੇ ਸਾਧਨਾਂ ਪ੍ਰਤਿ ਰਾਜ ਦੀ ਪ੍ਰਤਿ ਜੀਅ ਪ੍ਰਤਿ ਦਿਨ ਦੁੱਧ ਦੀ ਸੁੱਲਭਤਾ 518 ਗ੍ਰਾਮ ਤੱਕ ਪਹੁੰਚ ਚੁੱਕੀ ਹੈ ਜੋ ਸਾਰੇ ਰਾਜਾਂ ਨਾਲੋਂ ਵੱਧ ਹੈ। ਇਸ ਸਮੇਂ ਪੰਜਾਬ ਰਾਜ ਦੀ ਪ੍ਰਤਿ ਦਿਨ ਦੁੱਧ ਦੀ ਪੈਦਾਵਾਰ 80 ਲੱਖ ਲਿਟਰ ਹੈ। ਪੰਜਾਬ ਵਿਚ ਹੁਣ ਤੱਕ 12 ਦੁੱਧ ਦੇ ਕਾਰਖ਼ਾਨੇ ਹਨ ਜੋ ਪਬਲਿਕ, ਪ੍ਰਾਈਵੇਟ ਅਤੇ ਕੋਆਪ੍ਰੇਟਿਵ ਸੈਕਟਰ ਵਿਚ ਹਨ। ਇਹ ਕਾਰਖ਼ਾਨੇ ਸਾਰਾ ਸਾਲ ਦੁੱਧ ਦੀ ਪੈਦਾਵਾਰ ਕਰਨ ਵਾਲਿਆਂ ਨੂੰ ਮਾਰਕੀਟਿੰਗ ਸਹੂਲਤਾਂ ਪ੍ਰਦਾਨ ਕਰਦੇ ਹਨ। ਆਪ੍ਰੇਸ਼ਨ ਫਲੱਡ ਪ੍ਰੋਗਰਾਮ ਦੇ ਅਧੀਨ ਲੁਧਿਆਣਾ ਜ਼ਿਲ੍ਹੇ ਵਿਚ ਭੱਟੀਆਂ ਪਿੰਡ ਵਿਖੇ ਇਕ ਕੈਟਲ ਫੀਡ ਫੈਕਟਰੀ ਸਥਾਪਿਤ ਕੀਤੀ ਗਈ ਹੈ। ਇਸ ਫੈਕਟਰੀ ਵਿਚ 100 ਮੀ. ਟਨ ਸੰਤੁਲਿਤ ਖ਼ੁਰਾਕ ਰੋਜ਼ ਪੈਦਾ ਕੀਤੀ ਜਾਂਦੀ ਹੈ।

ਦੁੱਧ ਕਾਰਖਾਨਿਆਂ ਨੂੰ ਦੁੱਧ ਮੁਹੱਈਆ ਕਰਨ ਲਈ ਪਬਲਿਕ ਅਤੇ ਕੋਆਪ੍ਰੇਟਿਵ ਸੈਕਟਰਾਂ ਵਿਚ 32 ਮਿਲਕ ਚਿਲਿੰਗ-ਕਮ-ਡਿਮਾਨਸਟਰੇਸ਼ਨ ਸੈਂਟਰ ਇਸ ਰਾਜ ਵਿਚ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਦੁੱਧ ਠੰਢਾ ਕਰਨ ਵਾਲੇ 12 ਹੋਰ ਪਲਾਂਟ ਬਾਰਡਰ ਨੀਮ-ਪਹਾੜੀ, ਬੇਟ, ਅਤੇ ਆਰਥਿਕ ਤੌਰ ਤੇ ਪਛੜੇ ਇਲਾਕਿਆਂ ਵਿਚ ਲਗਾਏ ਜਾ ਰਹੇ ਹਨ।

ਹ. ਪੁ.—ਐਨ. ਬ੍ਰਿ. 6 : 1000; ਫੈਕਟਸ ਅਬਾਊਟ ਪੰਜਾਬ-ਡੀ.ਪੀ. ਆਰ. : 52 ; ਇੰ. 77-78 : 214

**ਡੇਸ (Dace)** : ਇਹ ਸਿਪਰਿੱਨਡੀ (Cyprinidae) ਕੁਲ ਦੀਆਂ ਛੋਟੀਆਂ ਤੇ ਪਲੀਆਂ ਸੁਸਤ ਅਲੂਣੇ ਪਾਣੀ ਦੀਆਂ ਇੰਗਲੈਂਡ ਅਤੇ ਯੂਰਪ ਵਿਚ ਮਿਲਣ ਵਾਲੀਆਂ ਮੱਛੀਆਂ ਹਨ। ਇਨ੍ਹਾਂ ਦਾ ਪ੍ਰਾਣੀ ਵਿਗਿਆਨਕ ਨਾਂ ਲਿਊਕਿਸਕਸ ਲਿਊਕਿਸਕਸ (Leuciscus leuciscus) ਹੈ।

ਯੂਰਪੀ ਡੇਸ ਲਗਭਗ 25-30 ਸੈਂ. ਮੀ. ਲੰਮੀ, 0.5 -0.7 ਕਿ. ਗ੍ਰਾ. ਭਾਰੀ ਚਾਂਦੀ ਰੰਗੀ ਮੱਛੀ ਹੈ। ਇਸ ਦਾ ਸਿਰ ਛੋਟਾ ਹੁੰਦਾ ਹੈ। ਇਹ ਝੁੰਡਾਂ ਵਿਚ ਇਕੱਠੀਆਂ ਫਿਰਦੀਆਂ ਹਨ। ਇਨ੍ਹਾਂ ਨੂੰ ਚੋਗੇ ਲਈ



ਡੇਸ

ਵਰਤਿਆ ਜਾਂਦਾ ਹੈ। ਇਹ ਜੀਵ-ਜੰਤੂ ਤੇ ਪੌਦੇ ਦੋਨਾਂ ਦਾ ਆਹਾਰ ਕਰਦੀਆਂ ਹਨ।

ਉੱਤਰੀ ਅਮਰੀਕਾ ਵਿਚ ਲਾਲ ਪੇਟ ਵਾਲੀਆਂ ਡੇਸ ਮੱਛੀਆਂ (Dhoxinus) ਮਿਲਦੀਆਂ ਹਨ। ਇਨ੍ਹਾਂ ਦੀ ਯੂਰਪੀ ਡੇਸ (Leuciscus leuciscus) ਦੱਖਣੀ ਜਾਤੀ (P. erythrogaster) ਬਹੁਤ ਖ਼ੂਬਸੂਰਤ ਹੈ ਜਿਸ ਨੂੰ ਘਰੇਲੂ-ਜਲਜੀਵਸ਼ਾਲਾਵਾਂ ਵਿਚ ਵੀ ਰੱਖਿਆ ਜਾਂਦਾ ਹੈ। ਇਹ ਤਕਰੀਬਨ 5-7.5 ਸੈਂ. ਮੀ. ਲੰਮੀ ਹੁੰਦੀ ਹੈ ਤੇ ਇਸ ਉੱਤੇ ਦੋ ਲੰਮੀਆਂ ਕਾਲੀਆਂ ਧਾਰੀਆਂ ਹੁੰਦੀਆਂ ਹਨ। ਇਸਦਾ ਰੰਗ ਗੁਲਾਬੀ ਤੋਂ ਗੂੜ੍ਹਾ ਲਾਲ ਤੱਕ ਹੁੰਦਾ ਹੈ।

ਉੱਤਰੀ ਅਮਰੀਕਾ ਵਿਚ ਇਨ੍ਹਾਂ ਤੋਂ ਇਲਾਵਾ ਕਈ ਹੋਰ ਵੀ ਡੇਸ ਮੱਛੀਆਂ ਮਿਲਦੀਆਂ ਹਨ, ਜਿਵੇਂ ਲਾਲ ਅਤੇ ਗੁਲਾਬੀ ਡੇਸ

(Clinostomus), ਰਿਨਿਕਥਿਸ (Rhinichthys) ਪ੍ਰਜਾਤੀ ਦੀਆਂ ਕਈ ਜਾਤੀਆਂ ਹਨ ਜਿਨ੍ਹਾਂ ਵਿਚੋਂ ਕਾਲੇ-ਨੱਕ-ਵਾਲੀ ਡੇਸ (R. atratulus) ਤੋਂ ਲੰਮੇ-ਨੱਕ ਵਾਲੀ ਡੇਸ (R. cataractae) ਪ੍ਰਸਿੱਧ ਹਨ।

ਹ. ਪੁ.- ਐਨ. ਬ੍ਰਿ. ਮਾ. 3 : 338

**ਡੇਸ਼ਾਂ (ਡ ਸੈਂਟ-ਅਮਾਂਡ ) ਐਮਾਈਲ** : ਫ਼ਰਾਂਸ ਦੇ ਇਸ ਰੋਮਾਂਚਿਕ ਕਵੀ ਦਾ ਜਨਮ 20 ਫ਼ਰਵਰੀ, 1791 ਨੂੰ ਬੂਰਜ਼ (Bourges) ਵਿਖੇ ਹੋਇਆ। ਸੰਨ 1818 ਵਿਚ ਇਸ ਨੇ ਦੋ ਨਾਟਕ 'Selmours de florian' ਅਤੇ 'Le Tour de favear' ਹੈਨਰੀ ਡ ਲਾਟੂਸ਼ ਨਾਲ ਮਿਲਕੇ ਲਿਖੇ, ਜੋ ਬਹੁਤ ਪ੍ਰਸਿੱਧ ਹੋਏ। ਪਿਛੋਂ ਵਿਕਟਰ ਹਿਊਗੋ ਦੇ ਸਹਿਯੋਗ ਨਾਲ ਇਸ ਨੇ ਇਕ ਰਸਾਲਾ 'Muse Francaise ਸ਼ੁਰੂ ਕੀਤਾ। ਇਸ ਨੇ ਰੋਮੀਓ ਐਂਡ ਜੂਲੀਅਟ ਅਤੇ ਮੈਕਬੈੱਥ ਦਾ ਅਨੁਵਾਦ ਵੀ ਕੀਤਾ।

ਇਸ ਦੀਆਂ ਵਾਰਤਕ ਰਚਨਾਵਾਂ ਵਿਚ 'Contes physiologiques' (1854) ਅਤੇ 'Realities fantastiques' ਆਦਿ ਕ੍ਰਿਤਾਂ ਸ਼ਾਮਲ ਹਨ।

23 ਅਪ੍ਰੈਲ, 1871 ਨੂੰ ਵਰਸੇਲਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 485; ਐਨ. ਬ੍ਰਿ. 7 : 291

**ਡੇਸ਼ਾਂ, ਏਊਸਟੇਕ** : ਇਹ ਇਕ ਉੱਘਾ ਫ਼ਰਾਂਸੀਸੀ ਕਵੀ ਸੀ ਜੋ ਫ਼ਰਾਂਸੀਸੀ ਕਵਿਤਾ ਸਬੰਧੀ ਪਹਿਲੇ ਟੀਕੇ 'L' Art de dictier' (1392 ਈ.) ਦਾ ਲੇਖਕ ਸੀ। ਇਸ ਦਾ ਜਨਮ ਲ. 1346 ਈ. ਵਿਚ ਵਰਤਸ ਵਿਖੇ ਹੋਇਆ। ਇਸ ਨੇ ਉੱਘੇ ਕਵੀ ਗੀਯੋਮ ਡ ਮਾਸੋ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਉਸ ਦਾ ਪ੍ਰਭਾਵ ਗ੍ਰਹਿਣ ਕੀਤਾ। ਆੱਰਲੀਆ ਵਿਖੇ ਕਾਨੂੰਨ ਦੀ ਵਿਦਿਆ ਪ੍ਰਾਪਤ ਕਰਨ ਮਗਰੋਂ ਡੇਸ਼ਾਂ ਚਾਰਲਸ ਪੰਜਵੇਂ ਅਤੇ ਚਾਰਲਸ ਛੇਵੇਂ ਅਧੀਨ ਪ੍ਰਬੰਧਕ ਅਤੇ ਨੀਤੀਵਾਨ ਵਜੋਂ ਵੱਖ ਵੱਖ ਆਸਾਮੀਆਂ ਉਤੇ ਕੰਮ ਕਰਦਾ ਰਿਹਾ। ਆਪਣੇ ਵਿਹਲੇ ਸਮੇਂ ਵਿਚ ਇਹ ਕਵਿਤਾ ਲਿਖਿਆ ਕਰਦਾ ਸੀ। ਇਹ ਬੜਾ ਹਸਮੁਖ ਤੇ ਮਖੌਲੀਆ ਸੀ। ਹਾਸ ਰਸ ਅਤੇ ਵਿਅੰਗ ਲਿਖਣ ਵਿਚ ਇਹ ਖ਼ੂਬ ਮਾਹਰ ਸੀ ਪਰ ਸੌ ਸਾਲਾਂ ਜੰਗ ਕਰਕੇ ਇਹ ਗੁਸੈਲਾ ਕਿਸਮ ਦਾ ਬਣ ਗਿਆ। ਇਸ ਦੀ ਮਗਰੋਂ ਦੀ ਕਵਿਤਾ ਬੜੀ ਯਥਾਰਥਕ ਸੀ, ਜਿਸ ਰਾਹੀਂ ਇਸ ਨੇ ਲੋਕਾਂ ਦੇ ਦੁੱਖਾਂ ਕਲੇਸ਼ਾਂ ਦਾ ਵਰਣਨ ਕੀਤਾ। ਇਸ ਨੇ ਇਕ ਹਜ਼ਾਰ ਤੋਂ ਵੱਧ ਕਵਿਤਾਵਾਂ ਲਿਖੀਆ ਅਤੇ 13000 ਸਤਰਾਂ ਵਿਚ ਔਰਤਾਂ ਉਤੇ ਇਕ ਵਿਅੰਗ 'Le Miroir de Mariage' ਵੀ ਲਿਖਿਆ । ਸੰਨ 1406 ਈ. ਵਿਚ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 485; ਐਨ. ਬ੍ਰਿ. 7 : 291

**ਡੇਸ਼ੀਆ** : ਇਹ ਰੋਮਨ ਸਾਮਰਾਜ ਦਾ ਇਕ ਰਾਜ ਸੀ ਜੋ ਡੈਨਿਊਬ ਦਰਿਆ ਦੇ ਉੱਤਰ ਵੱਲ ਮੌਜੂਦ ਸੀ। ਇਸ ਰਾਜ ਵਿਚ ਆਧੁਨਿਕ ਰੋਮਾਨੀਆਂ ਦਾ ਲਗਭਗ ਸਾਰਾ ਖੇਤਰ ਸ਼ਾਮਲ ਸੀ। ਪਹਿਲੀ ਈਸਵੀ ਦੇ ਮੁੱਢ ਵਿਚ ਹੀ ਇਥੋਂ ਦੇ ਲੋਕਾਂ ਨੂੰ ਡੇਸ਼ੀਆ ਦੇ ਰਾਜੇ ਡਿਸੈਬਲਸ ਨੇ ਇਕ ਰਾਸ਼ਟਰ ਦੇ ਰੂਪ ਵਿਚ ਸੰਗਠਿਤ ਕੀਤਾ। ਡੇਸ਼ੀਆ ਦੀ ਫ਼ੌਜ ਨੂੰ ਰੋਮਨ ਢੰਗ ਨਾਲ ਟ੍ਰੇਨਿੰਗ ਦਿੱਤੀ ਗਈ ਅਤੇ ਇਹ ਲੋਕ ਹੋਰ ਬਰਬਰਾਂ ਲੋਕਾਂ ਦੇ ਮੁਕਾਬਲੇ ਤੇ ਜ਼ਿਆਦਾ ਸਭਿਅਕ ਸਨ।

ਪਹਿਲੀ ਸਦੀ ਦੇ ਮੱਧ ਵਿਚ ਜਾ ਕੇ ਇਨ੍ਹਾਂ ਲੋਕਾਂ ਨੇ ਰੋਮਨ ਸਾਮਰਾਜ ਦੇ ਕੁਝ ਹਿੱਸਿਆਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਰੋਮਨਾਂ ਦੇ ਮੀਸ਼ੀਆ ਰਾਜ ਦੇ ਗਵਰਨਰ ਨੂੰ ਮਾਰ ਕੇ ਇਸ ਉੱਤੇ ਕਬਜ਼ਾ ਕਰ ਲਿਆ ਜਿਸ ਕਰਕੇ ਉਸ ਸਮੇਂ ਦੇ ਰੋਮ ਦੇ ਬਾਦਸ਼ਾਹ ਡੋਮੀਸ਼ੀਅਨ ਨੇ ਅੰਤ 91 ਈ. ਵਿਚ ਡਿਸੈਬਲਸ ਨੂੰ ਹਰਾ ਦਿੱਤਾ ਅਤੇ ਇਕ ਸਮਝੌਤੇ ਅਨੁਸਾਰ ਇਸ ਨੇ ਰੋਮ ਨੂੰ ਸਾਲਾਨਾ ਖਰਾਜ ਦੇਣਾ ਮਨਜ਼ੂਰ ਕਰ ਲਿਆ। ਅਗਲੇ ਕੁਝ ਸਾਲਾਂ ਵਿਚ ਡਿਸੈਬਲਸ ਨੇ ਆਪਣਾ ਰਾਜ ਮਜ਼ਬੂਤ ਕਰ ਲਿਆ ਪਰ ਬਾਅਦ ਵਿਚ ਟ੍ਰਾਜਨ ਰੋਮ ਦਾ ਬਾਦਸ਼ਾਹ ਬਣ ਗਿਆ ਅਤੇ ਉਹ ਡੇਸ਼ੀਬਾਲਸ ਦੀ ਤਾਕਤ ਨੂੰ ਪੂਰੀ ਤਰ੍ਹਾਂ ਬਰਬਾਦ ਕਰਨਾ ਚਾਹੁੰਦਾ ਸੀ। ਇਸ ਲਈ 101-102 ਈ. ਵਿਚ ਪਹਿਲੀ ਡੇਸ਼ੀਅਨ ਲੜਾਈ ਹੋਈ ਜਿਸ ਵਿਚ ਟ੍ਰਾਜਨ ਜਿੱਤ ਗਿਆ ਅਤੇ ਉਸ ਨੇ ਡੇਸ਼ੀਬਾਲਸ ਨੂੰ ਆਪਣੇ ਅਧੀਨ ਰਾਜੇ ਦੇ ਤੌਰ ਤੇ ਡੇਸ਼ੀਆ ਵਿਚ ਰਹਿਣ ਦਿੱਤਾ। ਸੰਨ 105-107 ਵਿਚ ਡੇਸ਼ੀਬਾਲਸ ਨੇ ਦੂਜੀ ਡੇਸ਼ੀਅਨ ਲੜਾਈ ਲੜੀ ਜਿਸ ਵਿਚ ਟ੍ਰਾਜਨ ਨੇ 1,00,000 ਫ਼ੌਜ ਨਾਲ ਉਸ ਦਾ ਮੁਕਾਬਲਾ ਕੀਤਾ ਅਤੇ 107 ਈ. ਵਿਚ ਡੇਸ਼ੀਆ ਦੀ ਰਾਜਧਾਨੀ ਉੱਤੇ ਕਬਜ਼ਾ ਕਰ ਲਿਆ। ਡੇਸ਼ੀਬਾਲਸ ਨੇ ਆਤਮ ਹੱਤਿਆ ਕਰ ਲਈ। ਟ੍ਰਾਜਨ ਨੇ ਡੇਸ਼ੀਆ ਨੂੰ ਇਕ ਰਾਜ ਦੇ ਤੌਰ ਤੇ ਰੋਮਨ ਸਾਮਰਾਜ ਵਿਚ ਮਿਲਾ ਲਿਆ। ਅਗਲੇ 60 ਸਾਲਾਂ ਤੱਕ ਡੇਸ਼ੀਆ ਵਿਚ ਸ਼ਾਂਤੀ ਰਹੀ ਅਤੇ ਇਸ ਨੇ ਕਾਫੀ ਉੱਨਤੀ ਵੀ ਕੀਤੀ ਪਰ ਫਿਰ ਵੀ ਇਸ ਦੀ ਸਥਿਤੀ ਕਰਕੇ ਇਸ ਉੱਤੇ ਬਰਬਰਾਂ ਦੇ ਹਮਲੇ ਅਕਸਰ ਹੁੰਦੇ ਰਹੇ ਜਿਸ ਕਰਕੇ 270-275 ਈ. ਦੇ ਰਾਜਕਾਲ ਦੌਰਾਨ ਇਹ ਪਹਿਲਾ ਰਾਜ ਬਣਿਆ ਜਿਸ ਨੂੰ ਰੋਮਨ ਸਾਮਰਾਜ ਵਿਚੋਂ ਅਲੱਗ ਕਰ ਦਿੱਤਾ ਗਿਆ।

ਰੋਮਨ ਕਾਲ ਵਿਚ ਡੇਸ਼ੀਆ ਖਣਿਜ ਪਦਾਰਥਾਂ, ਖ਼ਾਸ ਕਰਕੇ ਸੋਨੇ, ਲੋਹੇ ਅਤੇ ਲੂਣ ਲਈ ਮਸ਼ਹੂਰ ਸੀ। ਰੋਮਨ ਸਾਹਿਤ ਵਿਚ ਡੇਸ਼ੀਆ ਦੀ ਜਿੱਤ ਦੀ ਪ੍ਰਸਿੱਧੀ ਦਾ ਵਰਣਨ ਆਮ ਮਿਲਦਾ ਹੈ।

ਹ. ਪੁ.—ਐਨ. ਅਮੈ. 8 :415 ; ਐਨ ਬ੍ਰਿ. ਮਾ. 3 : 841

**ਡੇਸੀਡੇਅਰੀਓ ਡਾ ਸੇਟਟੀਨਿਆਨੋ (Desiderio da Settignano)** : ਇਟਲੀ ਦੇ ਇਸ ਮੂਰਤੀਕਾਰ ਦਾ ਜਨਮ 1430 ਈ. ਦੇ ਲਗਭਗ ਫਲੋਰੈਂਸ ਸ਼ਹਿਰ ਦੇ ਨੇੜੇ ਸੇਟਟੀਨਿਆਨੋ (Settignano) ਵਿਖੇ ਹੋਇਆ। ਇਹ ਪੁਨਰ-ਜਾਗ੍ਰਤੀ ਯੁੱਗ ਦੇ ਆਰੰਭਕ ਵਰ੍ਹਿਆਂ ਦੇ ਉੱਘੇ ਮੂਰਤੀਕਾਰਾਂ ਵਿਚੋਂ ਇਕ ਸੀ। ਇਸ ਨੂੰ ਯਾਦਗਾਰੀ ਇਮਾਰਤਾਂ ਵਿਚ ਸਜਾਵਟ ਕਰਨ, ਔਰਤਾਂ ਅਤੇ ਬੱਚਿਆਂ ਦੇ ਸੰਗਮਰਮਰ ਵਿਚ ਅੱਧੇ ਬੁੱਤ ਬਣਾਉਣ ਅਤੇ ਉਭਾਰਭਾਸ਼ੀ ਚਿੱਤਰ ਬਣਾਉਣ ਵਿਚ ਮੁਹਾਰਤ ਪ੍ਰਾਪਤ ਸੀ। 'ਮੈਡੋਨਾ ਐਂਡ ਚਾਈਲਡ' ਅਤੇ 'ਸੇਂਟ ਜਾਨ' ਆਦਿ ਇਸ ਦੀ ਕਲਾ ਦੀਆਂ ਅਜਿਹੀਆਂ ਹੀ ਉਦਾਹਰਣਾਂ ਹਨ। ਸੰਨ 1453 ਵਿਚ ਫਲੋਰੈਂਸ ਦੇ ਸਾਂਤਾ ਕ੍ਰੋਚੇ (Sta. Croce) ਗਿਰਜੇ ਵਿਚ ਇਸ ਨੇ ਆਪਣੀ ਯਾਦਗਾਰੀ ਕਿਰਤ 'ਕਾਰਲੋ ਮਾਰਯੁਪੀਨੀ' (Carlo Marsuppini) ਦਾ ਮਕਬਰਾ ਦਾ ਡਿਜ਼ਾਇਨ ਕੀਤਾ ਅਤੇ ਨਕਾਸ਼ੀ ਕੀਤੀ।

ਇਸ ਦੀਆਂ ਵਧੇਰੀਆਂ ਕਿਰਤਾਂ ਫਲੋਰੈਂਸ ਵਿਖੇ ਸੰਭਾਲੀਆਂ ਹੋਈਆਂ ਹਨ ਅਤੇ ਕੁੱਝ ਕੁ ਕਿਰਤਾਂ ਯੂਰਪੀ ਅਤੇ ਅਮਰੀਕੀ ਅਜਾਇਬ ਘਰਾਂ ਵਿਚ ਵੀ ਸੁੱਰਖਿਅਤ ਹਨ।

16 ਜਨਵਰੀ, 1464 ਈ. ਨੂੰ ਫਲੋਰੈਂਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 9 : 8; ਕੋਲ ਐਨ. 6 : 222 ; ਐਨ. ਬ੍ਰਿ. ਮਾ. 3 : 487

**ਡੈਸੇ** : ਇਹ ਕੇਂਦਰੀ ਇਥੋਪੀਆ ਦੇ ਵੇਲੋ ਪ੍ਰਾਂਤ ਦਾ ਸਦਰ-ਮੁਕਾਮ ਹੈ ਜੋ ਮਹਾਨ ਦਰਾੜ ਘਾਟੀ ਦੀ ਪੱਛਮੀ ਢਲਾਣ ਉੱਤੇ 2,300 ਮੀ. (7,500 ਫੁੱਟ) ਦੀ ਉਚਾਈ ਤੇ ਸਥਿਤ ਹੈ। ਇਹ ਇਕ ਵਪਾਰਕ ਅਤੇ ਸੰਚਾਰ ਕੇਂਦਰ ਅਤੇ ਇਕ ਬਹੁਤ ਪੁਰਾਣੀ ਮੰਡੀ ਹੈ ਜਿਸ ਵਿਚ ਅਨਾਜ, ਤੇਲ-ਬੀਜ, ਖੱਲਾਂ, ਸ਼ਹਿਦ ਅਤੇ ਮੋਮ ਆਦਿ ਦਾ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਇਹ ਬਦੇਸ਼ੀ ਵਸਤਾਂ ਦੀ ਵੀ ਚੰਗੀ ਮੰਡੀ ਹੈ। ਇਥੇ ਲੱਕੜ ਉਦਯੋਗ ਅਤੇ ਆਟੇ ਦੀਆਂ ਮਿਲਾਂ ਹਨ। ਇਥੋਂ ਦੀਆਂ ਮਹੱਤਵਪੂਰਨ ਇਮਾਰਤਾਂ ਵਿਚ ਖ਼ਾਸ ਕਰਕੇ ਕੁਝ ਗਿਰਜੇ ਅਤੇ ਮਹਿਲ ਹਨ ਜਿਹੜੇ ਇਥੋਂ ਦੀ ਮਹੱਤਤਾ ਵਿਚ ਹੋਰ ਵੀ ਵਾਧਾ ਕਰਦੇ ਹਨ।

ਆਬਾਦੀ — 83,288 (1982)

11°08′ ਉ. ਵਿਥ. ; 39°37′ ਪੂ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 30

**ਡੇ. ਸੈਂਕਟਿਸ. ਫ੍ਰਾਂਚੈਸਕੋ** : ਇਹ ਉੱਨ੍ਹੀਵੀਂ ਸਦੀ ਦੌਰਾਨ ਇਟਲੀ ਦਾ ਇਕ ਵਿਦਵਾਨ, ਨੀਤੀਵਾਨ ਅਤੇ ਸਾਹਿਤ-ਸਮਾਲੋਚਕ ਸੀ ਜਿਸ ਦੀਆਂ ਕਿਰਤਾਂ ਨੇ ਇਤਾਲਵੀ ਸਾਹਿਤ ਅਤੇ ਸਭਿਅਤਾ ਨੂੰ ਸਮਝਾਉਣ ਵਿਚ ਬਹੁਤ ਹੀ ਵੱਡਮੁੱਲਾ ਯੋਗਦਾਨ ਪਾਇਆ। ਇਸ ਦਾ ਜਨਮ 28 ਮਾਰਚ, 1817 ਈ. ਨੂੰ ਕੈਮਪਾਨੀਆ (Campania) ਵਿਚ ਮੌਰਾ ਇਰਪਿਨਾ (Marra Irpina) ਵਿਖੇ ਹੋਇਆ। ਇਹ ਇਕ ਖੁਲ੍ਹੇ ਖਿਆਲਾਂ ਵਾਲਾ ਦੇਸ਼ ਭਗਤ ਸੀ ਅਤੇ 1848 ਈ. ਦੀ ਨੇਪਲਜ਼ ਦੀ ਕ੍ਰਾਂਤੀ ਵਿਚ ਇਸ ਨੇ ਕਾਫ਼ੀ ਯੋਗਦਾਨ ਪਾਇਆ ਜਿਸ ਦੇ ਫਲਸਰੂਪ ਇਹ ਕੁਝ ਵਰ੍ਹੇ ਬੌਰਬਨਾਂ (Bourbons) ਦਾ ਬੰਦੀ ਵੀ ਰਿਹਾ। ਇਸ ਤੋਂ ਬਾਅਦ ਇਹ ਟਿਊਰਿਨ ਅਤੇ ਜ਼ਿਊਰਿਕ ਵਿਚ ਜਲਾਵਤਨੀ ਦੇ ਤੌਰ ਤੇ ਰਿਹਾ ਜਿਥੇ ਇਹ ਇਕ ਵਧੀਆ ਅਧਿਆਪਕ ਅਤੇ ਲੈਕਚਰਾਰ ਦੀ ਹੈਸੀਅਤ 'ਚ ਜਾਣਿਆ ਜਾਣ ਲੱਗਾ। ਸੰਨ 1860 ਵਿਚ ਇਟਲੀ ਪਰਤਣ ਉਪਰੰਤ ਇਸਨੇ ਵਿਦਿਅਕ ਸੁਧਾਰਾਂ ਦੇ ਕੰਮ ਦਾ ਬੀੜਾ ਚੁੱਕਿਆ। ਸੰਨ 1861-62 ਦੌਰਾਨ ਇਹ ਸਿਖਿਆ-ਮੰਤਰੀ ਬਣਿਆ। ਸੰਨ 1871 ਵਿਚ ਇਹ ਨੇਪਲਜ਼ ਦੀ ਯੂਨੀਵਰਸਿਟੀ ਵਿਚ ਤੁਲਨਾਤਮਕ ਸਾਹਿਤ ਵਿਸ਼ੇ ਦਾ ਪ੍ਰੋਫ਼ੈਸਰ ਨਿਯੁਕਤ ਹੋਇਆ। ਸੰਨ 1866-1873 ਦੌਰਾਨ ਇਟਲੀ ਦੇ ਕਵੀਆਂ ਸਬੰਧੀ ਛਪੀਆਂ ਆਪਣੀਆਂ ਪੁਸਤਕਾਂ ਵਿਚ ਇਸ ਨੇ ਕਵੀਆਂ ਨੂੰ ਉਨ੍ਹਾਂ ਦੇ ਸਮਕਾਲੀ ਸਮਾਜ ਨਾਲ ਜੋੜ ਕੇ ਪੇਸ਼ ਕੀਤਾ। ਸੰਨ 1870 ਵਿਚ ਪ੍ਰਕਾਸ਼ਿਤ ਹੋਈ ਇਸ ਦੀ 'ਸਟੋਰੀਆ ਡੈਲਾ ਲੇਟਰਾਚਿਉਰ ਇਟੈਲੀਆਨਾ' (Storia dells letteratura italiana) ਨਾਮੀ ਪੁਸਤਕ ਕੇਵਲ ਇਤਾਲਵੀ ਸਾਹਿਤ ਦਾ ਇਤਿਹਾਸ ਹੀ ਨਹੀਂ ਸਗੋਂ ਇਤਾਲਵੀ ਸਮਾਜ ਦੇ ਵਿਕਾਸ ਦਾਂ ਵੀ ਸੁਚੱਜਾ ਉਲੇਖ ਕਰਦੀ ਹੈ। ਇਸ ਪੁਸਤਕ ਨੂੰ ਇਸ ਦਾ ਸ਼ਾਹਕਾਰ ਵੀ ਮੰਨਿਆ ਗਿਆ ਹੈ।

29 ਨਵੰਬਰ, 1883 ਈ. ਨੂੰ ਨੇਪਲਜ਼ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਅਮੈ. 8 : 716 ; ਐਨ. ਬ੍ਰਿ. ਮਾ. 3 : 483

**ਡੇਹਰਾ ਸਾਹਿਬ** : ਇਹ ਸਿੱਖਾਂ ਦਾ ਇਕ ਧਾਰਮਿਕ ਅਸਥਾਨ ਹੈ ਜਿਹੜਾ ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦੀ ਤਰਨਤਾਰਨ ਤਹਿਸੀਲ, ਥਾਣਾ ਸਰਹਾਲੀ ਦੇ ਪਿੰਡ 'ਲੋਹਾਰ' ਦੇ ਉੱਤਰ ਵੱਲ ਅਤੇ 'ਜਾਮਾਰਾਏ' ਤੋਂ ਢਾਈ ਕਿਲੋਮੀਟਰ ਪੱਛਮ ਵੱਲ ਵਾਕਿਆ ਹੈ। ਇਸ ਪਿੰਡ ਦਾ ਪੁਰਵਲਾ ਨਾਂ 'ਪੱਠੇਵਿੰਡ' ਸੀ। ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਇਥੋਂ ਦੇ ਹੀ ਵਸਨੀਕ ਸਨ ਜਿਹੜੇ ਆਪਣੀ ਮੁਲਾਜ਼ਮਤ ਕਰਕੇ ਤਲਵੰਡੀ (ਹੁਣ ਪਾਕਿਸਤਾਨ ਵਿਚ) ਵਿਖੇ ਰਹਿਣ ਲਗੇ ਸਨ।

ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਹ ਅਸਥਾਨ ਬਣਵਾਇਆ। ਹੁਣ ਇਥੇ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਪਿੰਡ ਜਾਮਾਰਾਏ ਦੇ ਸਰਦਾਰ ਭਾਨ ਸਿੰਘ ਨੇ ਸੰਗਤਾਂ ਪਾਸੋਂ ਪ੍ਰੇਰਣਾ ਕਰਕੇ ਸੇਵਾ ਕਰਵਾਈ। ਇਹ ਅਸਥਾਨ ਰੇਲਵੇ ਸਟੇਸ਼ਨ ਤਰਨਤਾਰਨ ਤੋਂ 16 ਕਿ. ਮੀ. ਦੱਖਣ-ਪੂਰਬ ਵੱਲ ਹੈ। ਚੇਤ, ਹਾੜ ਤੇ ਕੱਤਕ ਦੀ ਪੂਰਨਮਾਸ਼ੀ ਅਤੇ ਮਾਘੀ ਨੂੰ ਇਥੇ ਮੇਲਾ ਲਗਦਾ ਹੈ।

ਹ. ਪੁ. — ਮ. ਕੋ.

**ਡੇਹਰਾ ਬਾਬਾ ਨਾਨਕ** : ਭਾਰਤ ਦੇ ਸਰਹੱਦੀ ਰਾਜ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਵਿਚ ਇਹ ਇਕ ਇਤਿਹਾਸਕ ਅਤੇ ਪਵਿੱਤਰ ਨਗਰ ਹੈ ਜਿਹੜਾ ਅੰਮ੍ਰਿਤਸਰ ਸ਼ਹਿਰ ਤੋਂ 2.50 ਕਿ. ਮੀ. ਅਤੇ ਗੁਰਦਾਸਪੁਰ ਸ਼ਹਿਰ ਤੋਂ ਲ. 37 ਕਿ. ਮੀ. ਦੇ ਫ਼ਾਸਲੇ ਤੇ ਰਾਵੀ ਦਰਿਆ ਦੇ ਖੱਬੇ ਕੰਢੇ ਉੱਤੇ ਸਥਿਤ ਹੈ। ਇਹ ਇਸੇ ਹੀ ਨਾਂ ਦੀ ਸਬ ਤਹਿਸੀਲ ਦਾ ਸਦਰ-ਮੁਕਾਮ ਹੈ। ਇਹ ਨਗਰ ਸੜਕਾਂ ਰਾਹੀਂ ਗੁਰਦਾਸਪੁਰ, ਬਟਾਲਾ, ਫ਼ਤਹਿਗੜ੍ਹ ਚੂੜੀਆਂ, ਅਜਨਾਲਾ ਆਦਿ ਨਗਰਾਂ ਨਾਲ ਜੁੜਿਆ ਹੋਇਆ ਹੈ। ਪੱਖੋ ਕੇ, ਕੋਟ, ਦਲਪਤ, ਪੱਖੋ ਕੇ ਟਾਹਲੀ ਸਾਹਿਬ ਅਤੇ ਕੋਟ ਨਾਵਾਂ ਨਾਲ ਵੀ ਇਸ ਨਗਰ ਨੂੰ ਜਾਣਿਆ ਜਾਂਦਾ ਹੈ।

ਇਸ ਨਗਰ ਦਾ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ, ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਉੱਤਰਾਧਿਕਾਰੀਆਂ ਨਾਲ ਜੁੜਿਆ ਹੋਇਆ ਹੈ। ਪਿੰਡ ਪੱਖੋ ਕੇ ਵਿਚ ਗੁਰੂ ਜੀ ਦਾ ਸਹੁਰਾ, ਸ੍ਰੀ ਮੂਲ ਚੰਦ ਪਟਵਾਰੀ ਲੱਗਾ ਹੋਇਆ ਸੀ ਅਤੇ ਮਾਤਾ ਸੁਲੱਖਣੀ ਜੀ ਵੀ ਆਪਣੇ ਪੁੱਤਰਾਂ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਸਮੇਤ ਉਨ੍ਹਾਂ ਕੋਲ ਰਹਿੰਦੇ ਹੁੰਦੇ ਸਨ। ਇਸੇ ਹੀ ਪਿੰਡ ਦਾ ਮੁਖੀ ਅਜਿੱਤਾ ਰੰਧਾਵਾ ਸੀ ਜਿਸ ਨੂੰ ਪਰਮਾਤਮਾ ਬਾਰੇ ਗਿਆਨ ਪ੍ਰਾਪਤ ਕਰਨ ਦੀ ਬੜੀ ਹੀ ਚੇਟਕ ਸੀ। ਇਸ ਮਨੋਰਥ ਦੀ ਪੂਰਤੀ ਲਈ ਉਹ ਸਾਧੂਆਂ ਸੰਤਾਂ ਦੀ ਖ਼ੂਬ ਸੇਵਾ ਕਰਦਾ ਸੀ। ਇਸੇ ਕਰਕੇ ਉਸ ਨੇ ਪਠਾਨਕੋਟ ਵਾਲੇ ਰਸਤੇ ਉੱਤੇ ਇਕ ਖੂਹ ਲਗਵਾਇਆ ਅਤੇ ਸੰਤਾਂ, ਫਕੀਰਾਂ ਅਤੇ ਯਾਤਰੀਆਂ ਦੇ ਆਰਾਮ ਕਰਨ ਲਈ ਇਥੇ ਇਕ ਤਖ਼ਤਪੋਸ਼ ਵੀ ਰੱਖ ਦਿੱਤਾ ਸੀ। ਚੌਥੀ ਉਦਾਸੀ ਪੂਰੀ ਕਰਨ ਉਪਰੰਤ ਜਦੋਂ ਗੁਰੂ ਜੀ ਆਪਣੇ ਪਰਿਵਾਰ ਨੂੰ ਮਿਲਣ ਲਈ ਪਿੰਡ ਪੱਖੋ ਕੇ ਪਹੁੰਚੇ ਤਾਂ ਪਿੰਡ ਵਿਚ ਜਾਣ ਦੀ ਥਾਂ ਤੇ ਉਹ ਅਜਿੱਤੇ ਰੰਧਾਵੇ ਦੇ ਖੂਹ ਕੋਲ ਪਏ ਤਖ਼ਤਪੋਸ਼ ਉੱਤੇ ਹੀ ਆਣ ਬਿਰਾਜੇ। ਗੁਰੂ ਜੀ ਦੇ ਆਉਣ ਦੀ ਖ਼ਬਰ ਸੁਣਦਿਆਂ ਸਾਰ ਹੀ ਅਜਿੱਤਾ ਰੰਧਾਵਾ, ਮਾਤਾ ਸੁਲੱਖਣੀ ਜੀ ਅਤੇ ਹੋਰ ਕਈ ਸ਼ਰਧਾਲੂ ਉਥੇ ਪਹੁੰਚ ਗਏ। ਮਾਤਾ ਸੁਲੱਖਣੀ ਜੀ ਨੇ ਗੁਰੂ ਜੀ ਨੂੰ ਆਪਣੇ ਪਰਿਵਾਰ ਨਾਲ ਰਹਿਣ ਅਤੇ ਸੇਵਾ ਕਰਨ ਦਾ ਮੌਕਾ ਬਖ਼ਸ਼ਣ ਦੀ ਬੇਨਤੀ ਕੀਤੀ। ਗੁਰੂ ਜੀ ਇਸ ਸਥਾਨ ਤੇ ਕੁਝ ਸਮਾਂ ਠਹਿਰੇ ਅਤੇ ਸ਼ਰਧਾਲੂਆਂ ਨੂੰ ਅਧਿਆਤਮਕ ਸਿੱਖਿਆ ਦਿੱਤੀ।

ਇਸ ਉਪਰੰਤ ਗੁਰੂ ਜੀ ਪਿੰਡ ਦੋਦਿਆਂ ਕੋਲ ਪੁੱਜੇ ਅਤੇ ਕਰੋੜੀਏ ਜ਼ਿਮੀਂਦਾਰ ਦੇ ਜ਼ਮੀਨ ਭੇਟ ਕਰਨ ਤੇ ਉਸ ਦੀ ਜ਼ਮੀਨ ਵਿਚ ਕਰਤਾਰਪੁਰ ਨਾਂ ਦਾ ਨਗਰ ਵਸਾਇਆ। ਕਈਆਂ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਦੋਦੇ ਚੌਧਰੀ ਦੇ ਗੁਰੂ ਜੀ ਨੂੰ ਰਾਵੀ ਦਰਿਆ ਦੇ ਸੱਜੇ ਕੰਢੇ ਬੇਨਤੀ ਕਰਨ ਤੇ ਉਨ੍ਹਾਂ ਨੇ ਦੋਦੇ ਚੌਧਰੀ ਦੀ ਜ਼ਮੀਨ ਵਿਚ ਇਕ ਧਰਮਸ਼ਾਲਾ ਬਣਵਾ ਦਿੱਤੀ ਅਤੇ 1521 ਈ. ਵਿਚ ਕਰਤਾਰਪੁਰ ਨਗਰ ਦੀ ਬੁਨਿਆਦ ਰੱਖੀ ਗਈ ਜੋ ਦੇਸ਼ ਦੀ ਵੰਡ ਉਪਰੰਤ ਪਾਕਿਸਤਾਨ ਵਿਚ ਚਲਾ ਗਿਆ। ਕਰਤਾਰਪੁਰ ਡੇਹਰਾ ਬਾਬਾ ਨਾਨਕ ਤੋਂ ਲ. 3 ਕਿ. ਮੀ. ਦੀ ਦੂਰੀ ਤੇ ਪੈਂਦਾ ਹੈ। ਸੰਨ 1521 ਤੋਂ 1538 ਈ. ਤੱਕ, ਗੁਰੂ ਜੀ ਨੇ ਆਪਣੇ ਅਦੁੱਤੀ ਜੀਵਨ ਦੇ ਅੰਤਿਮ 18 ਸਾਲ ਇਸੇ ਹੀ ਨਗਰ ਵਿਚ ਗੁਜ਼ਾਰੇ ਸਨ। ਗੁਰੂ ਜੀ ਆਪਣੇ ਪਰਿਵਾਰ ਅਤੇ

ਬਿਰਧ ਮਾਤਾ-ਪਿਤਾ ਨੂੰ ਵੀ ਇਥੇ ਲੈ ਆਏ। ਭਾਈ ਮਰਦਾਨੇ ਅਤੇ ਹੋਰਨਾਂ ਸ਼ਰਧਾਲੂਆਂ ਦੇ ਪਰਿਵਾਰ ਵੀ ਕਰਤਾਰਪੁਰ ਵਿਚ ਵੱਸ ਗਏ ਅਤੇ ਗੁਰੂ ਜੀ ਨੇ ਇਥੇ ਹੀ ਖੇਤੀ ਦਾ ਕਿੱਤਾ ਅਪਣਾਇਆ ਅਤੇ ਸ਼ਰਧਾਲੂਆਂ ਨੂੰ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੀ ਸਿੱਖਿਆ ਦਿੱਤੀ। ਇਸੇ ਹੀ ਸਥਾਨ ਤੇ ਭਾਈ ਲਹਿਣਾ ਜੀ (ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਜੀ) ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਸਨ ਅਤੇ ਇਥੋਂ ਹੀ ਉਨ੍ਹਾਂ ਨੂੰ ਗੁਰਿਆਈ ਦੀ ਬਖਸ਼ਿਸ਼ ਹੋਈ ਸੀ।

ਗੁਰੂ ਜੀ ਦੇ ਮਾਤਾ-ਪਿਤਾ ਦਾ ਦੇਹਾਂਤ ਕਰਤਾਰਪੁਰ ਵਿਖੇ ਹੋਇਆ ਅਤੇ ਆਪ ਵੀ 22 ਸਤੰਬਰ, 1539 ਨੂੰ ਇਸੇ ਜਗ੍ਹਾ ਹੀ ਜੋਤੀ ਜੋਤ ਸਮਾਏ ਸਨ। ਇਨ੍ਹਾਂ ਦੇ ਸਰੀਰ ਤਿਆਗਣ ਉਪਰੰਤ ਹਿੰਦੂਆਂ ਅਤੇ ਮੁਸਲਮਾਨਾਂ ਨੇ ਚਾਦਰ ਅੱਧੀ ਅੱਧੀ ਕਰ ਲਈ। ਹਿੰਦੂਆਂ ਨੇ ਸਾੜ ਕੇ ਸਮਾਧ ਬਣਾ ਦਿੱਤੀ ਅਤੇ ਮੁਸਲਮਾਨਾਂ ਨੇ ਦਫ਼ਨਾ ਕੇ ਕਬਰ ਬਣਾ ਦਿੱਤੀ। ਮਾਤਾ ਸੁਲੱਖਣੀ ਜੀ ਨੇ ਵੀ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਇਥੇ ਅਕਾਲ ਚਲਾਣਾ ਕੀਤਾ। ਰਵਾਇਤ ਅਨੁਸਾਰ ਬਾਬਾ ਸ੍ਰੀ ਚੰਦ ਜੀ ਗੁਰੂ ਜੀ ਦੀ ਸਮਾਧ ਉੱਤੇ ਹੀ ਰਿਹਾ ਕਰਦੇ ਸਨ। ਰਾਵੀ ਦਰਿਆ ਨੇ ਢਾਹ ਲਾਉਣੀ ਆਰੰਭ ਕਰ ਦਿੱਤੀ। ਸ੍ਰੀ ਚੰਦ ਜੀ ਨੇ ਵਿਚਾਰ ਕੀਤੀ ਕਿ ਕਿਧਰੇ ਗੁਰੂ ਜੀ ਦੀ ਸਮਾਧ ਰਾਵੀ ਦਰਿਆ ਵਿਚ ਹੀ ਲੋਪ ਨਾ ਹੋ ਜਾਵੇ। ਉਨ੍ਹਾਂ ਨੇ ਗੁਰੂ ਜੀ ਦੀ ਸਮਾਧ ਕਿਸੇ ਹੋਰ ਥਾਂ ਬਣਾਉਣ ਦੀ ਠਾਣ ਲਈ। ਇਸ ਸਬੰਧ ਵਿਚ ਉਹ ਅਜਿੱਤੇ ਰੰਧਾਵੇ ਦੇ ਭਰਾ ਭਾਈ ਸਾਧਾਰਣ ਕੋਲ ਪੁੱਜੇ ਅਤੇ ਗੁਰੂ ਜੀ ਦੀ ਸਮਾਧ ਬਣਾਉਣ ਲਈ ਉਸ ਜ਼ਮੀਨ ਦੀ ਮੰਗ ਕੀਤੀ। ਉਸ ਨੇ 110 ਘੁਮਾਂ ਜ਼ਮੀਨ ਅਤੇ ਉਹ ਖੂਹ ਜਿਥੇ ਗੁਰੂ ਜੀ ਬਿਰਾਜਦੇ ਹੁੰਦੇ ਸਨ, ਸ੍ਰੀ ਚੰਦ ਜੀ ਦੀ ਭੇਟਾ ਕਰ ਦਿੱਤਾ। ਬਾਬਾ ਸ੍ਰੀ ਚੰਦ ਜੀ ਨੇ ਰਾਵੀ ਦਰਿਆ ਤੋਂ ਪਾਰੋਂ ਚਾਦਰ ਦੀ ਵਿਭੂਤੀ ਵਾਲੀ ਗਾਗਰ ਲਿਆ ਕੇ ਖੂਹ ਦੇ ਨੇੜੇ ਹੀ ਜ਼ਮੀਨ ਵਿਚ ਦੱਬ ਦਿੱਤੀ ਅਤੇ ਉਪਰ ਇਕ ਸਮਾਧ ਬਣਾ ਦਿੱਤੀ ਅਤੇ ਉਸ ਦਾ ਨਾਂ 'ਦੇਹੁਰਾ ਬਾਬਾ ਨਾਨਕ' ਰੱਖ ਦਿੱਤਾ ਗਿਆ।

ਗਿਆਨੀ ਅਮਰ ਸਿੰਘ ਦੀ ਕਿਰਤ 'ਬਾਬਾ ਬੁੱਢਾ ਜੀ' ਵਿਚ ਡੇਹਰਾ ਬਾਬਾ ਨਾਨਕ ਦੀ ਨੀਂਹ, ਬਾਬਾ ਸ੍ਰੀ ਚੰਦ ਦੀ ਪ੍ਰੇਰਨਾ ਅਨੁਸਾਰ ਬਾਬਾ ਜੀ ਨੇ ਕਰਤਾਰਪੁਰ ਦੇ ਸਾਹਮਣੇ ਪਾਸੇ ਦਰਿਆ ਰਾਵੀ ਦੇ ਦੂਜੇ ਬੰਨੇ ਸੋਹਣੀ ਜਿਹੀ ਥਾਂ ਵੇਖਕੇ ਰੱਖ ਦਿੱਤੀ ਅਤੇ ਉਥੇ ਹੀ ਗੁਰੂ ਨਾਨਕ ਦੇਵ ਜੀ ਦੀ ਸੋਹਣੀ ਜਿਹੀ ਸਮਾਧੀ ਤਿਆਰ ਕੀਤੀ ਗਈ ਜਿਸ ਨੂੰ ਅੱਜ ਡੇਹਰਾ ਬਾਬਾ ਨਾਨਕ ਕਹਿੰਦੇ ਹਨ। ਇਥੇ ਹਰ ਸਾਲ ਭਾਰੀ ਮੇਲਾ ਲਗਦਾ ਹੈ। ਗਿਆਨੀ ਗਿਆਨ ਸਿੰਘ ਦੀ ਲਿਖੀ 'ਤਵਾਰੀਖ ਗੁਰੂ ਖ਼ਾਲਸਾ' ਅਨੁਸਾਰ "ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ 69 ਬਰਸ, 10 ਮਹੀਨੇ ਅਤੇ 10 ਦਿਨ ਦੀ ਉਮਰ ਭੋਗਕੇ ਕਰਤਾਰਪੁਰ ਵਿਖੇ ਜੋਤੀ ਜੋਤ ਸਮਾ ਗਏ ਤਾਂ ਗੁਰੂ ਜੀ ਦੀ ਦੇਹ ਗਾਇਬ ਹੋ ਗਈ ਅਤੇ ਉਨ੍ਹਾਂ ਦੀ ਉਪਰਲੀ ਚਾਦਰ ਨੂੰ ਹਿੰਦੂਆਂ ਨੇ ਸਾੜਕੇ ਸਮਾਧ ਬਣਾ ਦਿੱਤੀ ਅਤੇ ਮੁਸਲਮਾਨਾਂ ਨੇ ਦੱਬ ਕੇ ਕਬਰ ਬਣਾ ਲਈ। ਗੁਰੂ ਜੀ ਦਾ ਹੁਕਮ ਦੋਵੇਂ ਬਣਾਵਣ ਦਾ ਨਹੀਂ ਸੀ ਏਸ ਵਾਸਤੇ ਸੰਮਤ 1614 ਈ. ਵਿਚ ਰਾਵੀ ਦਰਿਆ ਦੋਹਾਂ ਨੂੰ ਰੋੜ ਕੇ ਲੈ ਗਿਆ।"

'ਮਹਾਨ ਕੋਸ਼' ਕ੍ਰਿਤ ਭਾਈ ਕਾਹਨ ਸਿੰਘ ਨਾਭਾ ਵਿਚ ਦੇਹੁਰਾ ਬਾਬਾ ਨਾਨਕ ਬਾਰੇ ਇਉਂ ਵਰਨਣ ਮਿਲਦਾ ਹੈ :

"ਗੁਰਦਾਸਪੁਰ ਦੇ ਜ਼ਿਲ੍ਹੇ ਤਸੀਲ ਬਟਾਲੇ ਵਿਚ ਰਾਵੀ ਦੇ ਦੱਖਣੀ ਕਿਨਾਰੇ ਗੁਰਦਾਸਪੁਰ ਤੋਂ 22 ਮੀਲ ਪੁਰ ਉਹ ਨਗਰ ਜਿਥੇ ਗੁਰੂ ਨਾਨਕ ਜੀ ਨੇ ਦੇਹ ਤਿਆਗੀ ਹੈ। ਇਸ ਨੂੰ ਲੋਕ ਡੇਰਾ ਬਾਬਾ ਨਾਨਕ ਸੱਦਦੇ ਹਨ। ਇਹ ਨਗਰ ਪਹਿਲਾਂ ਕਰਤਾਰਪੁਰ ਨਾਮ ਨਾਲ ਪ੍ਰਸਿੱਧ ਸੀ। ਇਥੇ ਜੋ ਗੁਰੂ ਨਾਨਕ ਦੇਵ ਜੀ ਦੀ ਸਮਾਧ ਉਨ੍ਹਾਂ ਦੀ ਆਗਿਆ ਤੋਂ ਵਿਰੁੱਧ ਬਣਾਈ ਗਈ ਸੀ ਉਹ ਨਗਰ ਸਮੇਤ ਰਾਵੀ ਦੇ ਪਰਵਾਹ ਵਿਚ ਲੋਪ ਹੋ ਗਈ। ਲਖਮੀ ਦਾਸ ਦੇ ਸਪੁੱਤਰ ਧਰਮ ਚੰਦ ਜੀ ਨੇ ਨਵੀਂ ਬਸਤੀ ਦਾ ਨਾਮ ਦੇਹਰਾ ਬਾਬਾ ਨਾਨਕ ਰੱਖਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਨਵੀਂ ਸਮਾਧ ਬਣਵਾਈ। ਇਸੇ ਦੇਹਰੇ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਅਤੇ ਸਰਦਾਰ ਸੁੱਧ ਸਿੰਘ ਅਤੇ ਪ੍ਰੇਮੀ ਸੰਗਤ ਨੇ ਪ੍ਰੇਮ ਭਾਵ ਨਾਲ ਕੀਤੀ ਹੈ।

ਇਸ ਨਗਰ ਵਿਚ ਗੁਰੂ ਜੀ ਨਾਲ ਸਬੰਧਤ ਤਿੰਨ ਗੁਰਦੁਆਰੇ- ਗੁਰਦੁਆਰਾ ਦਰਬਾਰ ਸਾਹਿਬ, ਗੁਰਦੁਆਰਾ ਟਾਹਲੀ ਸਾਹਿਬ ਅਤੇ ਗੁਰਦੁਆਰਾ ਚੋਲਾ ਸਾਹਿਬ ਹਨ ਜਿਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :—

**ਗੁਰਦੁਆਰਾ ਦਰਬਾਰ ਸਾਹਿਬ**—ਸੰਨ 1944 ਤੋਂ 1954 ਦੇ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਰਸਾਂ (ਬੇਦੀਆਂ) ਨੇ ਜ਼ਮੀਨਾਂ ਖ਼ਰੀਦ ਕੇ ਡੇਹਰਾ ਬਾਬਾ ਨਾਨਕ ਵਿਚ ਵਸੇਬਾ ਕਰ ਲਿਆ। ਉਨ੍ਹਾਂ ਨੇ ਉਸ ਸਥਾਨ ਤੇ ਇਕ ਕੱਚਾ ਜਿਹਾ ਗੁਰਦੁਆਰਾ ਬਣਵਾਇਆ ਜਿਥੇ ਗੁਰੂ ਜੀ ਵਾਹਿਗੁਰੂ ਦੀ ਭਗਤੀ ਵਿਚ ਲੀਨ ਹੋ ਕੇ ਬੈਠਿਆ ਕਰਦੇ ਸਨ। ਹੈਦਰਾਬਾਦ ਨਵਾਬ ਦੇ ਵਜ਼ੀਰ ਦੀਵਾਨ ਨਾਨਕ ਬਖ਼ਸ਼ ਨੇ ਉਥੇ ਇਕ ਪੱਕਾ ਗੁਰਦੁਆਰਾ ਉਸਾਰਨ ਲਈ 50,000/- ਰੁਪਏ ਦੀ ਸੇਵਾ ਕਰਵਾਈ। ਮਗਰੋਂ ਇਸ ਗੁਰਦੁਆਰੇ ਦੀ ਇਮਾਰਤ ਲਈ ਰਾਜਾ ਚੰਦੋ ਲਾਲ ਨੇ ਆਪਣੀ ਕਿਸੇ ਮਨੋਕਾਮਨਾ ਦੇ ਪੂਰੀ ਹੋ ਜਾਣ ਤੇ ਚੋਖੀ ਰਕਮ ਭੇਟਾ ਕੀਤੀ। ਸੰਨ 1765 ਵਿਚ ਇਸ ਗੁਰਦੁਆਰੇ ਦੀ ਉਸਾਰੀ ਬੇਦੀਆਂ ਹੱਥੀਂ ਹੋਣੀ ਆਰੰਭ ਹੋ ਗਈ। ਉਸਾਰੀ ਕਾਰਜ 1765 ਈ. ਵਿਚ ਮੁਕੰਮਲ ਹੋ ਗਿਆ। ਸੰਨ 1825 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰੇ ਦੀ ਇਮਾਰਤ ਨੂੰ ਪੂਰਾ ਕਰਨ ਲਈ ਕਾਫ਼ੀ ਮਾਇਕ ਸੇਵਾ ਕੀਤੀ। ਕਈਆਂ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਇਹ ਗੁਰਦੁਆਰੇ ਦੀ ਸਵਰਨ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ ਅਤੇ ਇਕ ਕਾਫ਼ੀ ਵੱਡੀ ਜਾਗੀਰ, ਇਕ ਪੂਰਾ ਪਿੰਡ ਕਿਲਾ ਨੱਥੂ ਸਿੰਘ ਗੁਰਦੁਆਰਾ ਸਾਹਿਬ ਦੇ ਭੇਟ ਕਰ ਦਿੱਤਾ ਸੀ ਪਰ ਹੋਰਨਾਂ ਇਤਿਹਾਸਕਾਰਾਂ ਅਨੁਸਾਰ ਮਹਾਰਾਣੀ ਚੰਦ ਕੌਰ ਨੇ ਆਪਣੇ ਰਾਜ ਕਾਲ (ਨਵੰਬਰ, 1840 ਤੋਂ ਜਨਵਰੀ 1841) ਦੌਰਾਨ ਇਸ ਗੁਰਦੁਆਰਾ ਸਾਹਿਬ ਦੀ ਕਾਫ਼ੀ ਸੇਵਾ ਕਰਵਾਈ ਸੀ ਜਿਸ ਨੂੰ ਹੁਣ ਗੁਰਦੁਆਰਾ ਦਰਬਾਰ ਸਾਹਿਬ ਕਿਹਾ ਜਾਂਦਾ ਹੈ।

**ਗੁਰਦੁਆਰਾ ਟਾਹਲੀ ਸਾਹਿਬ**—ਇਹ ਗੁਰ-ਦੁਆਰਾ, ਦਰਬਾਰ ਸਾਹਿਬ ਦੇ ਨੇੜੇ ਹੀ ਪੈਂਦਾ ਹੈ। ਇਸ ਨੂੰ ਬਾਬਾ ਸ੍ਰੀ ਚੰਦ ਜੀ ਨੇ ਬਣਵਾਇਆ ਸੀ। ਸੰਨ 1869 ਵਿਚ ਇਹ ਗੁਰਦੁਆਰਾ ਰਾਵੀ ਦਰਿਆ ਦੇ ਹੜ੍ਹਾਂ ਵਿਚ ਹੀ ਵਹਿ ਗਿਆ ਸੀ। ਸ਼ਰਧਾਲੂਆਂ ਨੇ ਇਸ ਦੀ ਥਾਂ ਤੇ ਫਤਹਿਗੜ੍ਹ ਚੂੜੀਆਂ ਸੜਕ ਦੇ ਨੇੜੇ ਹੀ ਦਰਿਆ ਦੇ ਸੱਜੇ ਕੰਢੇ ਉੱਤੇ ਪੈਂਦੇ ਇਕ ਪਿੰਡ ਮਲੂਕਵਾਲੀ ਜਾਂ ਮਲੀਵਾਲੀ / ਮੂਲੋਵਾਲੀ ਦੀ ਜ਼ਮੀਨ ਵਿਚ ਗੁਰਦੁਆਰਾ ਬਣਵਾ ਦਿੱਤਾ ਸੀ। ਮਗਰੋਂ ਇਹ ਗੁਰਦੁਆਰਾ ਮੌਜੂਦਾ ਇਮਾਰਤ ਵਿਚ ਤਬਦੀਲ ਕਰ ਦਿੱਤਾ।

**ਗੁਰਦੁਆਰਾ ਚੋਲਾ ਸਾਹਿਬ**—ਇਹ ਗੁਰਦੁਆਰਾ 1828 ਈ. ਵਿਚ ਬਣਾਇਆ ਗਿਆ ਸੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚੋਲਾ ਉਨ੍ਹਾਂ ਦੇ ਬੰਸ ਵਿਚੋਂ ਨੌਵੀ ਪੀੜ੍ਹੀ ਦੇ ਬਾਬਾ ਕਾਬਲਾ ਮਲ ਜੀ ਈਰਾਨ ਦੇਸ਼ ਵਿਚੋਂ ਲੈ ਕੇ ਆਏ ਸਨ। ਇਸ ਚੋਲੇ ਉੱਤੇ ਹਜ਼ਾਰਾਂ ਦੀ ਗਿਣਤੀ ਵਿਚ ਅਰਬੀ ਦੇ ਸ਼ਬਦ ਅਤੇ ਚਿੱਤਰ ਹਨ। ਇਸ ਦੇ ਦਰਸ਼ਨਾਂ ਲਈ ਦੂਰੋਂ ਦੂਰੋਂ ਸੰਗਤਾਂ ਆਉਂਦੀਆਂ ਹਨ।

ਇਥੇ ਵਿਸਾਖੀ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਭਾਰੀ ਮੇਲਾ ਲਗਦਾ ਹੈ। ਇਥੇ ਤੀਜੇ ਦਰਜੇ ਦੀ ਮਿਉਂਸਪਲ ਕਮੇਟੀ ਹੈ। ਲੜਕਿਆਂ ਲਈ ਹਾਇਰ ਸੈਕੰਡਰੀ ਸਕੂਲ ਅਤੇ ਲੜਕੀਆਂ ਲਈ ਹਾਈ ਸਕੂਲ ਹੈ। ਇਥੇ ਇਕ ਡਿਸਪੈਂਸਰੀ, ਪਸ਼ੂਆਂ ਦਾ ਹਸਪਤਾਲ, ਡਾਕ-ਤਾਰ ਘਰ, ਟੈਲੀਫੋਨ ਐਕਸਚੇਂਜ, ਆਰਾਮ ਘਰ ਅਤੇ ਥਾਣਾ ਵੀ ਹੈ।

ਆਬਾਦੀ — 7,380 (1991)

32°02′ ਉ. ਵਿਥ. ; 75°09′ ਪੂ. ਲੰਬ.

ਹ.ਪੁ.—ਮ.ਕੋ: 693; ਡਿ.ਗ.ਪੰ.—ਗੁਰਦਾਸਪੁਰ : 454; ਸਰਵੇ ਪੁਸਤਕ ਡੇਹਰਾ ਬਾਬਾ ਨਾਨਕ

**ਡੇਹਰੀ** : ਇਹ ਉੱਤਰ-ਪੂਰਬੀ ਭਾਰਤ ਵਿਚ ਬਿਹਾਰ ਰਾਜ ਦੇ ਰੋਹਤਾਸ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਸੋਨ ਦਰਿਆ ਦੇ ਪੱਛਮ ਵਿਚ ਵਾਕਿਆ ਹੈ। ਇਹ ਸੜਕਾਂ ਅਤੇ ਰੇਲਾਂ ਰਾਹੀਂ ਦੂਜੇ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਥੇ ਰੇਲਵੇ ਵਰਕਸ਼ਾਪਾਂ ਵੀ ਕਾਇਮ ਕੀਤੀਆਂ ਗਈਆਂ ਹਨ। ਸੋਨ ਨਹਿਰ ਸਿਸਟਮ ਦਾ ਹੈੱਡ- ਵਰਕ ਇਥੇ ਹੈ ਅਤੇ ਇਥੇ ਹੀ ਪਣ-ਬਿਜਲੀ ਡੈਮ ਬਣਾਇਆ ਗਿਆ ਹੈ। ਇਥੇ ਆਰਾ ਮਿੱਲਾਂ, ਘਿਉ-ਪ੍ਰੋਸੈਸਿੰਗ ਅਤੇ ਚੀਨੀ ਬਣਾਉਣ ਦੇ ਉਦਯੋਗ ਕਾਫ਼ੀ ਵਿਕਸਿਤ ਹੋਏ ਹਨ। ਸੋਨ ਦਰਿਆ ਦੇ ਨਜ਼ਦੀਕ ਪ੍ਰਾਚੀਨ ਰੋਹਤਾਸ ਕਿਲਾ ਅੱਜ ਵੀ ਮੌਜੂਦ ਹੈ।

ਆਬਾਦੀ—93,534 (1991)

ਹ.ਪੁ.— ਐਨ. ਬ੍ਰਿ. ਮਾ. 3 : 963

**ਡੇ. ਕਲੇਅਰੈਂਸ ਸੈਪਰਡ** : ਇਹ ਸੰਯੁਕਤ ਰਾਜ ਅਮਰੀਕਾ ਦਾ ਉੱਘਾ ਲਿਖਾਰੀ ਸੀ ਜਿਸਦਾ ਜਨਮ 18 ਨਵੰਬਰ, 1874 ਈ. ਨੂੰ ਨਿਊਯਾਰਕ ਸ਼ਹਿਰ ਵਿਖੇ ਹੋਇਆ। ਸੇਂਟ ਪਾਲਜ਼ ਸਕੂਲ, ਕਾਨਕਾਰਡ ਤੋਂ ਸਿੱਖਿਆ ਪ੍ਰਾਪਤ ਕਰਕੇ ਇਸ ਨੇ ਯੇਲ ਯੂਨੀਵਰਸਿਟੀ ਤੋਂ ਬੀ. ਏ. ਕੀਤੀ।

ਸੰਨ 1897 ਵਿਚ ਆਪਣੇ ਪਿਤਾ ਨਾਲ ਇਹ ਨਿਊਯਾਰਕ ਸਟਾਕ ਐਕਸਚੇਂਜ ਵਿਖੇ ਦਲਾਲੀ ਕਰਨ ਲੱਗ ਪਿਆ। ਸਪੇਨ ਅਤੇ ਅਮਰੀਕਾ ਦੇ ਯੁੱਧ ਦੌਰਾਨ ਇਹ ਸਮੁੰਦਰੀ ਸੈਨਾ ਵਿਚ ਸੀ। ਜੋੜਾਂ ਦੇ ਦਰਦ ਕਰਕੇ ਇਸ ਨੂੰ ਇਹ ਨੌਕਰੀ ਛੱਡਣੀ ਪਈ। ਲੂੰਜਾ, ਲੰਗੜਾ ਹੋਣ ਦੇ ਬਾਵਜੂਦ ਵੀ ਇਹ ਖ਼ੁਸ਼-ਤਬੀਅਤ ਸੀ ਅਤੇ ਇਸ ਨੇ ਬੜੇ ਜੋਸ਼ ਨਾਲ ਪੁਸਤਕਾਂ ਲਿਖੀਆਂ।

ਇਹ ਮੰਨਿਆ ਹੋਇਆ ਨਿਬੰਧਕਾਰ ਸੀ। ਇਹ ਆਪਣੀ ਸ੍ਵੈ-ਜੀਵਨੀ 'ਲਾਈਫ਼ ਵਿਦ ਫ਼ਾਦਰ' (1935) ਕਰਕੇ ਬਹੁਤ ਹਰਮਨ ਪਿਆਰਾ ਹੋ ਗਿਆ। ਇਸ ਨੇ ਆਪਣੀਆਂ ਰਚਨਾਵਾਂ ਵਿਚ ਆਪਣੇ ਹੀ ਪਰਿਵਾਰ ਬਾਰੇ ਨਿੱਜੀ ਤਜਰਬੇ ਉਲੀਕੇ। ਇਸ ਦੀਆਂ ਹੋਰ ਰਚਨਾਵਾਂ ਵਿਚ 'ਦਿਸ ਸਾਈਮੀਅਨ ਵਰਲਡ' (1920); 'ਦਾ ਕਰੋਜ਼ ਨੈੱਸਟ' (1921); 'ਥਾੱਟਸ ਵਿਦਾਊਟ ਵਰਡਜ਼' (1928); 'ਗਾੱਡ ਐਂਡ ਮਾਈ ਫ਼ਾਦਰ' (1932) ਅਤੇ 'ਲਾਈਫ਼ ਵਿਦ ਮਦਰ' (1935) ਸ਼ਾਮਲ ਹਨ।

ਇਸ ਦਾ ਦੇਹਾਂਤ 28 ਦਸੰਬਰ, 1935 ਈ. ਨੂੰ ਨਿਊਯਾਰਕ ਸ਼ਹਿਰ ਵਿਖੇ ਹੋਇਆ।

ਹ.ਪੁ.— ਐਨ. ਅਮੇ. 8 : 518; ਐਨ. ਬ੍ਰਿ. ਮਾ. 3:407; ਐਵ. ਐਨ. 4 : 288

**ਡੇਕਿਨ, ਹੈਨਰੀ ਡਰਿਸਡੇਲ** — ਇਹ ਇਕ ਐਂਗਲੋ ਅਮਰੀਕਨ ਰਸਾਇਣ-ਵਿਗਿਆਨੀ ਸੀ ਜਿਸ ਦਾ ਜਨਮ ਇੰਗਲੈਂਡ ਵਿਚ ਲੰਦਨ ਵਿਖੇ 12 ਮਾਰਚ, 1880 ਨੂੰ ਹੋਇਆ। ਇੰਗਲੈਂਡ ਦੀ ਵਿਕਟੋਰੀਆ ਯੂਨੀਵਰਸਿਟੀ, ਮਾਨਚੈੱਸਟਰ ਤੋਂ 1901 ਵਿਚ ਬੀ. ਐੱਸ. ਸੀ. ਪਾਸ ਕਰਨ ਮਗਰੋਂ ਇਸ ਨੇ ਲੰਦਨ ਦੇ ਲਿਸਟਰ ਇੰਸਟੀਚਿਊਟ ਆਫ਼ ਪਰੀਵੈਂਟਿਵ ਮੈਡੀਸਨ ਅਤੇ ਹਾਈਡਲਬਰਗ, ਜਰਮਨੀ ਵਿਚ ਚਾਰ ਸਾਲ ਬਿਤਾਏ। ਇਸ ਨੇ 1905 ਵਿਚ ਹੈੱਰਟਰ ਲੈਬਾਰਟਰੀ, ਨਿਊਯਾਰਕ ਵਿਚ ਦਾਖ਼ਲਾ ਲੈ ਲਿਆ ਅਤੇ ਲੀਡਜ਼ ਯੂਨੀਵਰਸਿਟੀ ਤੋਂ 1907 ਵਿਚ ਡਾਕਟ੍ਰੇਟ ਦੀ ਡਿਗਰੀ ਹਾਸਲ ਕਰਨ ਮਗਰੋਂ 1920 ਤੱਕ ਉਥੇ ਰਿਹਾ। ਇਸ ਤੋਂ ਮਗਰੋਂ ਇਹ ਮੈੱਰਕ ਇੰਸਟੀਚਿਊਟ ਆਫ਼ ਥਰੈਪੀਊਟਿਕ ਰਿਸਰਚ ਦਾ ਵਿਗਿਆਨਕ ਸਲਾਹਕਾਰ ਅਤੇ ਮੈੱਰਕ ਐਂਡ ਕੰਪਨੀ; ਇਨਕਾਰਪੋਰੇਸ਼ਨ ਦਾ ਡਾਇਰੈਕੱਟਰ ਰਿਹਾ।

ਦੁਨੀਆ ਦੇ ਪਹਿਲੇ ਮਹਾਨ-ਯੁੱਧ ਦੌਰਾਨ ਇਸ ਨੇ ਆਲੈੱਕਸਿਸ ਕੈਰੈੱਲ ਨਾਲ ਕੰਮ ਕਰਕੇ ਇਕ ਕਿਰਮ-ਨਾਸ਼ਕ ਘੋਲ ਤਿਆਰ ਕੀਤਾ, ਜਿਸ ਦਾ ਨਾਂ ਡੇਕਨਜ਼ ਘੋਲ ਰੱਖਿਆ। ਇਹ ਘੋਲ ਲਾਗ ਨਾਲ ਭਰੇ ਹੋਏ ਜ਼ਖ਼ਮਾਂ ਨੂੰ ਠੀਕ ਕਰਨ ਲਈ ਅਤੇ ਜਾਨਾਂ ਬਚਾਉਣ ਲਈ ਲਾਹੇਵੰਦ ਸਾਬਤ ਹੋਇਆ ਸੀ। ਇਹ ਘੋਲ ਰੰਗਕਾਟ ਪਾਊਡਰ ਅਤੇ ਸੋਡੇ ਦੇ ਕਾਰਬੋਨੇਟ ਅਤੇ ਬਾਈਕਾਰਬੋਨੇਟ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਵਿਚ 0.45% ਤੋਂ 0.50% ਸੋਡੀਅਮ ਹਾਈਪੋਕਲੋਰਾਈਟ ਅਤੇ ਕਿਸੇ ਵੀ ਮੁਕਤ ਖਾਰ ਦੀ ਅਣਹੋਂਦ ਲਾਜ਼ਮੀ ਹੈ। ਇਹ ਅਸਥਾਈ ਹੋਣ ਕਾਰਨ ਕੁਝ ਦਿਨਾਂ ਲਈ ਹੀ ਰਹਿ ਸਕਦਾ ਹੈ।

ਮਹਾਨ-ਯੁੱਧ ਤੋਂ ਮਗਰੋਂ ਡੇਕਿਨ ਨੇ ਕਲੋਰਐਮੀਨ-ਟੀ ਅਤੇ ਡਾਈਕਲੋਰਐਮੀਨ-ਟੀ ਕਿਰਮਨਾਸ਼ਕਾਂ ਦੀ ਖੋਜ ਵੀ ਕੀਤੀ। ਸੰਨ 1935 ਵਿਚ ਨਿਊਯਾਰਕ ਸ਼ਹਿਰ ਦੇ ਪਰੈਸਬਾਈਟੀਰੀਅਨ ਹਸਪਤਾਲ ਵਿਖੇ ਰੈਨਡਾਲਫ ਵੈੱਸਟ ਨਾਲ ਮਿਲ ਕੇ ਜਿਗਰ ਤੋਂ ਇਕ ਪਦਾਰਥ ਤਿਆਰ ਕੀਤਾ ਜਿਹੜਾ ਸਟਕੇ ਦੇ ਘਾਤਕ ਰੋਗ (ਅਨੀਮੀਆ) ਦੇ ਇਲਾਜ ਲਈ ਬਹੁਤ ਲਾਹੇਵੰਦ ਸਿੱਧ ਹੋਇਆ।

ਡੇਕਿਨ 1911 ਤੋਂ 1931 ਤੱਕ 'ਦੀ ਜਰਨਲ ਆਫ਼ ਬਾਇਓਲਾੱਜੀਕਲ ਕੈਮਿਸਟ੍ਰੀ' ਦਾ ਸੰਪਾਦਕ ਰਿਹਾ। ਇਸ ਨੇ 1912 ਈ. ਵਿਚ 'ਆੱਕਸੀਡੇਸ਼ਨਜ਼ ਐਂਡ ਰਿਡਕਸ਼ਨਜ਼ ਇਨ ਦਾ ਐਨੀਮਲ ਬਾੱਡੀ' ਅਤੇ 1917 ਵਿਚ ਈ. ਕੇ. ਡਨਹੈਮ ਨਾਲ ਮਿਲ ਕੇ 'ਹੈਂਡਬੁੱਕ ਆੱਫ਼ ਕੈਮੀਕਲ ਐਂਟੀਸੈਪਟਿਕਸ' ਪੁਸਤਕਾਂ ਰਚੀਆਂ। ਜੀਵ-ਰਸਾਇਣ ਖੋਜ ਸਬੰਧੀ ਕੰਮ ਕਰਨ ਅਤੇ ਮੱਧਵਰਤੀ ਮੈਟਾਬੋਲਿਜ਼ਮ ਦੇ ਅਧਿਐਨ ਪ੍ਰਤਿ ਦੇਣ ਲਈ ਇਸ ਨੂੰ ਇੰਗਲੈਂਡ ਦੀ ਰਾੱਇਲ ਸੋਸਾਇਟੀ ਨੇ 1941 ਵਿਚ ਡੇਵੀ ਮੈਡਲ ਪ੍ਰਦਾਨ ਕੀਤਾ।

ਇਹ ਨਿਊਯਾਰਕ ਵਿਚ ਸਕਾਰਬਰੋ-ਆਨ-ਹਡਸਨ ਵਿਖੇ 12 ਫ਼ਰਵਰੀ, 1952 ਨੂੰ ਪ੍ਰਲੋਕ ਸਿਧਾਰ ਗਿਆ।

ਹ.ਪੁ.—ਐਨ. ਅਮੇ. 8 : 403 ; ਐਨ. ਬ੍ਰਿ. 7 : 3

**ਡੇਗ੍ਰ** : ਭਾਰਤ ਅਤੇ ਪਾਕਿਸਤਾਨ ਵਿਚ ਵਗਣ ਵਾਲੇ ਦਰਿਆ ਰਾਵੀ ਦੀ ਸਹਾਇਕ ਨਦੀ ਹੈ ਜਿਹੜੀ 320 ਕਿ. ਮੀ. ਲੰਮੀ ਹੈ। ਇਹ ਪਾਕਿਸਤਾਨ ਅਤੇ ਭਾਰਤ ਦੀ ਹੱਦ ਨੇੜੇ ਦੇ ਪਹਾੜਾਂ ਵਿਚੋਂ ਨਿਕਲ ਕੇ ਭਾਰਤ ਦੇ ਜੰਮੂ ਅਤੇ ਕਸ਼ਮੀਰ ਰਾਜ ਦੇ ਦੱਖਣੀ ਖੇਤਰ ਵਿਚੋਂ ਦੱਖਣ-ਪੱਛਮ ਵੱਲ ਵਗਦੀ ਹੋਈ ਅੱਗੇ ਪਾਕਿਸਤਾਨ ਵਿਚ ਸਿਆਲਕੋਟ ਅਤੇ ਲਾਹੌਰ ਜ਼ਿਲ੍ਹਿਆਂ ਵਿਚੋਂ ਵਹਿੰਦੀ ਹੋਈ ਲਾਹੌਰ ਸ਼ਹਿਰ ਦੇ ਦੱਖਣ-ਪੱਛਮ ਵਾਲੇ ਪਾਸੇ ਜਾ ਕੇ ਫਿਰ ਰਾਵੀ ਨਾਲ ਹੀ ਮਿਲ ਜਾਂਦੀ ਹੈ ਬਾਰਸ਼ਾਂ ਦੇ ਮੌਸਮ ਦੌਰਾਨ ਇਸ ਵਿਚ ਬਹੁਤ ਪਾਣੀ ਆਉਂਦਾ ਹੈ ਜਿਸ ਕਰਕੇ ਕਾਫ਼ੀ ਗਾਦ ਅਤੇ ਮਿੱਟੀ ਵੀ ਰੁੜ੍ਹ ਕੇ ਆ ਜਾਂਦੀ ਹੈ।

ਹ. ਪੁ. - ਮ. ਕੋ. ; ਵੈਬ. ਜ਼. ਡਿਕ. ; ਇੰਪ. ਗ. ਇੰਡ. 21:260

**ਡੇ, ਗਾਸਪਾਰੀ, ਐਲਸਾਈਡ** : ਇਹ ਇਟਲੀ ਦਾ ਪ੍ਰਧਾਨ ਮੰਤਰੀ ਅਤੇ ਇਕ ਉੱਘਾ ਸਿਆਸਤਦਾਨ ਸੀ ਜਿਸਨੇ ਪਹਿਲੀ ਸੰਸਾਰ ਜੰਗ ਤੋਂ ਬਾਅਦ ਆਪਣੀ ਕੌਮ ਦੇ ਪਦਾਰਥਕ ਅਤੇ ਨੈਤਿਕ ਪੁਨਰ ਨਿਰਮਾਣ ਲਈ ਯੋਗਦਾਨ ਪਾਇਆ। ਇਸ ਦਾ ਜਨਮ 3 ਅਪ੍ਰੈਲ 1881 ਵਿਚ ਟਰਾਂਟੋ ਪ੍ਰਾਂਤ ਵਿਚ ਪੀਵ ਤੀਸਿਨੋ ਵਿਖੇ ਹੋਇਆ। ਇਸ ਨੇ ਵੀਆਨਾ ਯੂਨੀਵਰਸਿਟੀ ਤੋਂ ਫ਼ਲਸਫ਼ੇ ਦੀ ਡਿਗਰੀ ਹਾਸਲ ਕੀਤੀ ਅਤੇ ਫਿਰ ਆਪਣੀ ਮਾਤਭੂਮੀ ਨੂੰ ਇਟਲੀ ਨਾਲ ਮੁੜ ਜੋੜਨ ਦੇ ਸੰਘਰਸ਼ ਵਿਚ ਜ਼ੋਰ-ਸ਼ੋਰ ਨਾਲ ਹਿੱਸਾ ਲਿਆ।

ਸੰਨ 1911 ਵਿਚ ਇਸਨੂੰ ਆਸਟਰੀਆ ਦੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਮੈਂਬਰ ਬਣਨ ਉਪਰੰਤ ਟਰੈਨਟੀਨੋ ਨੂੰ ਇਟਲੀ ਵਿਚ ਮਿਲਾਉਣ ਦੀ ਜ਼ੋਰਦਾਰ ਹਿਮਾਇਤ ਕੀਤੀ। ਟਰੈਨਟੀਨੋ ਦੇ ਇਟਲੀ ਨਾਲ ਰਲ ਜਾਣ ਉਪਰੰਤ 1921 ਈ. ਵਿਚ ਇਸ ਨੂੰ ਇਟਲੀ ਦੀ ਪਾਰਲੀਮੈਂਟ ਦਾ ਡਿਪਟੀ ਚੁਣ ਲਿਆ ਗਿਆ। ਇਹ ਕੱਟੜ ਰੋਮਨ ਕੈਥੋਲਿਕ ਸੀ। ਫਾਸ਼ੀਆਂ ਨਾਲ ਇਹ ਬੜੀ ਸਖ਼ਤੀ ਨਾਲ ਪੇਸ਼ ਆਉਂਦਾ ਸੀ। ਸੰਨ 1927 ਵਿਚ ਇਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 4 ਸਾਲ ਦੀ ਕੈਦ ਦਾ ਹੁਕਮ ਸੁਣਾਇਆ ਪਰ 16 ਮਹੀਨੇ ਬਾਅਦ ਹੀ ਇਸਨੂੰ ਪੋਪ ਪਾਇਸ ਗਿਆਰ੍ਹਵੇਂ ਦੀ ਮਰਜ਼ੀ ਤੇ ਰਿਹਾ ਕਰ ਦਿੱਤਾ ਗਿਆ ਅਤੇ 1929 ਈ. ਵਿਚ ਵੈਟੀਕਨ ਵਿਚ ਲਾਇਬ੍ਰੇਰੀਅਨ ਲਗਾ ਦਿੱਤਾ ਗਿਆ। ਦੂਜੀ ਸੰਸਾਰ-ਜੰਗ ਦੌਰਾਨ ਇਸ ਨੇ ਕ੍ਰਿਸਚੀਅਨ ਡੈਮੋਕ੍ਰੇਟਿਕ ਪਾਰਟੀ ਨੂੰ ਮੁੜ ਸੰਗਠਿਤ ਕੀਤਾ। ਸੰਨ 1943 ਵਿਚ ਫਾਸ਼ੀ ਸਰਕਾਰ ਦੀ ਗਿਰਾਵਟ ਤੋਂ ਬਾਅਦ ਇਹ ਮੁੜ ਇਟਲੀ ਦੀ ਰਾਜਨੀਤੀ ਵਿਚ ਹਿੱਸਾ ਲੈਣ ਲੱਗਾ। ਜਲਦੀ ਹੀ ਇਹ ਕ੍ਰਿਸਚੀਅਨ ਡੈਮੋਕ੍ਰੇਟਿਕ ਪਾਰਟੀ ਦਾ ਸਕੱਤਰ ਬਣ ਗਿਆ। ਜੂਨ, 1944 ਵਿਚ ਬਾੱਨੋਮੀ ਦੇ ਪਹਿਲੇ ਮੰਤਰੀ ਮੰਡਲ ਵਿਚ ਇਹ ਬੇ-ਮਹਿਕਮਾ ਮੰਤਰੀ ਬਣਿਆ। ਅਗਲੇ ਦੋਹਾਂ ਮੰਤਰੀ-ਮੰਡਲਾਂ ਵਿਚ ਇਹ ਬਦੇਸ਼ ਮੰਤਰੀ ਦੇ ਅਹੁਦੇ ਤੇ ਰਿਹਾ।

10 ਦਸੰਬਰ, 1945 ਨੂੰ ਇਸਨੇ ਆਪਣੀ ਸਰਕਾਰ ਬਣਾਈ। ਸੰਨ 1947 ਵਿਚ ਇਸ ਨੇ ਆਪਣੇ ਮਿੱਤਰ ਦੇਸ਼ਾਂ ਨਾਲ ਇਕ ਸਮਝੌਤਾ ਕੀਤਾ ਅਤੇ ਜਨਵਰੀ, 1948 ਵਿਚ ਨਵਾਂ ਸੰਵਿਧਾਨ ਲਾਗੂ ਕੀਤਾ। ਮੱਧ ਅਤੇ ਦੱਖਣੀ ਇਟਲੀ ਵਿਚ ਇਸ ਨੇ ਭੂਮੀ-ਸੁਧਾਰ ਦੀ ਯੋਜਨਾ ਬਣਾਈ ਅਤੇ ਇਸ ਨੇ ਕੁਦਰਤੀ ਸੋਮਿਆਂ ਨੂੰ ਮਹੱਤਵ ਦਿੱਤਾ।

ਅੰਤਰ-ਰਾਸ਼ਟਰੀ ਰਾਜਨੀਤੀ ਵਿਚ ਇਸ ਨੂੰ ਕਾਫ਼ੀ ਮਾਣ ਪ੍ਰਾਪਤ ਹੋਇਆ। ਸੰਨ 1953 ਤੱਕ ਇਸ ਦੀ ਸਰਕਾਰ ਕਾਇਮ ਰਹੀ। 19 ਅਗਸਤ, 1954 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.- ਐਨ. ਬ੍ਰਿ. ਮਾ. 3 : 929 ; ਐਨ. ਅਮੈ. 8 : 634

**ਡੇਗਾੱਨ** : ਇਹ ਫ਼ਸਲਾਂ ਦੀ ਉਪਜਾਊ ਸ਼ਕਤੀ ਦਾ ਪੱਛਮੀ ਸਾਮੀ ਦੇਵਤਾ ਸੀ ਜਿਸ ਨੂੰ ਪ੍ਰਾਚੀਨ ਨੀਅਰ ਈਸਟ (Near East) ਵਿਚ ਬਹੁਤ ਪੂਜਿਆ ਜਾਂਦਾ ਸੀ। ਇਬਰਾਨੀ ਭਾਸ਼ਾ ਵਿਚ ਡੇਗਾੱਨ 'ਦਾਣੇ' ਦਾ ਸਾਧਾਰਨ ਨਾਂ ਹੈ ਅਤੇ ਮਿਥਿਹਾਸ ਅਨੁਸਾਰ ਡੇਗਾੱਨ ਦੇਵਤੇ ਨੇ ਹਲ ਦੀ ਕਾਢ ਕੱਢੀ ਸੀ। ਡੇਗਾੱਨ ਪ੍ਰਮਾਣਾਂ ਅਨੁਸਾਰ ਲਗਭਗ 2500 ਈ. ਪੂ. ਇਸ ਦੇਵਤੇ ਦੀ ਮਾਨਤਾ ਦੱਸੀ ਜਾਂਦੀ ਹੈ। ਇਹ ਬਾਲ (Baal) ਦੇਵਤੇ ਦਾ ਪਿਉ ਸੀ। ਰਾਸ ਸ਼ਾਮਰਾ ਵਿਚ ਡੇਗਾੱਨ ਦੇਵਤੇ ਦਾ ਪ੍ਰਸਿੱਧ ਮੰਦਰ ਅਤੇ ਫ਼ਿਲਸਤੀਨ ਵਿਚ ਕਈ ਦੇਵ ਸਥਾਨ ਸਨ। ਲਗਭਗ 1500 ਈ. ਪੂ. ਡੇਗਾੱਨ ਦੇ ਬਨਸਪਤੀ ਦੇਵਤੇ ਵਾਲੇ ਕਾਰਜ ਬਾਲ ਦੇਵਤੇ ਨੂੰ ਸੌਂਪੇ ਗਏ ਜਾਪਦੇ ਹਨ।

ਹ.ਪੁ.-ਐਨ. ਬ੍ਰਿ. ਮਾ. 3 : 344; ਐਨ. ਅਮੈ. 8:392

**ਡੇਜ਼ਮਾਰੈਟਸ, ਨਿਕੋਲਸ** : ਇਹ ਫ਼ਰਾਂਸ ਦਾ ਪ੍ਰਸਿੱਧ ਸਿਆਸਤਦਾਨ ਸੀ। ਇਸ ਦਾ ਜਨਮ 10 ਸਤੰਬਰ, 1948 ਈ. ਵਿਚ ਪੈਰਿਸ ਵਿਖੇ ਹੋਇਆ। ਇਸ ਨੇ 16 ਸਾਲ ਦੀ ਉਮਰ ਵਿਚ ਹੀ ਜ਼ਾਂ-ਬਾਤੀਸਤ ਕਾਲਬੇਰ ਦੇ ਪ੍ਰਭਾਵ ਹੇਠ ਸਿਆਸਤ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਪਰ ਇਕ ਜਾਅਲਸਾਜ਼ੀ ਸਕੈਂਡਲ ਵਿਚ ਨਾਮ ਆਉਣ ਕਾਰਨ ਇਸ ਨੂੰ ਪੈਰਿਸ ਛੱਡ ਕੇ ਜਾਣਾ ਪਿਆ। ਸੰਨ 1686 ਵਿਚ ਇਹ ਮੁੜ ਪੈਰਿਸ ਆਇਆ। ਫ਼ਰਵਰੀ, 1708 ਵਿਚ ਸਪੇਨ ਦੀ ਖਾਨਾਜੰਗੀ ਦੌਰਾਨ ਮਾਈਕਲ ਸ਼ਾਮੀਆਰ ਤੋਂ ਮਗਰੋਂ ਇਹ ਫ਼ਰਾਂਸ ਦਾ ਕੰਟਰੋਲਰ ਜਨਰਲ (ਵਿੱਤ ਮੰਤਰੀ) ਬਣਿਆ। ਉਸ ਸਮੇਂ ਫ਼ਰਾਂਸ ਦੀ ਆਰਥਿਕ ਦਸ਼ਾ ਬਹੁਤ ਡਾਂਵਾਂਡੋਲ ਸੀ। ਇਸ ਨੇ ਬੜੀ ਸਿਆਣਪ ਅਤੇ ਯੋਗ ਨੀਤੀ ਨਾਲ ਹਾਲਾਤ ਦਾ ਮੁਕਾਬਲਾ ਕੀਤਾ। ਸਭ ਤੋਂ ਪਹਿਲਾਂ ਇਸ ਨੇ ਉਸ ਸਾਲ ਦੇ ਮਾਲੀਏ ਦੇ ਇੰਤਕਾਲ ਪੱਤਰ ਮਨਸੂਖ਼ ਕੀਤੇ। ਕੁਝ ਤਰ੍ਹਾਂ ਦੇ ਸਰਕਾਰੀ ਕਰਜ਼ਿਆਂ ਤੇ ਘੱਟ ਵਿਆਜ ਦਰ ਪ੍ਰਾਪਤ ਕੀਤੀ। ਇਸ ਨੇ ਇਕ ਸਰਕਾਰੀ ਲਾਟਰੀ ਸ਼ੁਰੂ ਕੀਤੀ। ਧਾਤੂ ਕ੍ਰੰਸੀ ਦਾ ਮੁੱਲ ਘੱਟ ਕੀਤਾ ਅਤੇ 1710 ਈ. ਵਿਚ 10% ਆਮਦਨੀ ਕਰ ਲਾਇਆ ਪਰ ਇਸ ਦੇ ਯਤਨ ਫ਼ਰਾਂਸ ਦੀ ਮਾਲੀ ਦਸ਼ਾ ਸੁਧਾਰਨ ਵਿਚ ਅਸਮਰਥ ਰਹੇ। ਸੰਨ 1715 ਵਿਚ ਇਸ ਨੇ ਸੁਝਾਅ ਦਿੱਤਾ ਕਿ ਫ਼ਰਾਂਸ ਸਰਕਾਰ ਨੂੰ ਆਪਣੇ ਦਿਵਾਲੇ ਦਾ ਐਲਾਨ ਕਰ ਦੇਣਾ ਚਾਹੀਦਾ ਹੈ।

ਸੰਨ 1715 ਵਿਚ ਬਾਦਸ਼ਾਹ ਲੂਈ ਚੌਦ੍ਹਵੇਂ ਦੀ ਮੌਤ ਉਪਰੰਤ ਲੂਈ ਪੰਦਰ੍ਹਵੇਂ ਨੇ ਬਾਦਸ਼ਾਹ ਬਣ ਕੇ ਇਸ ਨੂੰ ਨੌਕਰੀਓਂ ਹਟਾ ਦਿੱਤਾ। 4 ਮਈ, 1721 ਵਿਚ ਇਸ ਦੀ ਪੈਰਿਸ ਵਿਖੇ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ.ਮਾ. 4 : 34; ਐਨ. ਅਮੈ. 9 :14; ਐਨ. ਬ੍ਰਿ. 7 : 303

**ਡੇਜਾਰਸ ਸਿੱਧਾਂਤ** : ਇਹ ਰੇਖਾ-ਗਣਿਤ ਦਾ ਇਕ ਸਿੱਧਾਂਤ ਹੈ ਜਿਸ ਦੀ ਖੋਜ ਜੇਰਾਰ ਡੇਜਾਰਗ (Girard Desargues) ਨੇ 1639 ਈ. ਵਿਚ ਕੀਤੀ ਸੀ। ਇਸ ਸਿੱਧਾਂਤ ਅਨੁਸਾਰ ਜੇਕਰ ਤ੍ਰੈ-ਵਿਮੀ ਸਪੇਸ ਵਿਚ ਦੋ ਤਿਕੋਨਾਂ ABC ਅਤੇ A'B'C' ਇਸ ਤਰ੍ਹਾਂ ਸਥਿਤ ਹੋਣ ਕਿ ਉਨ੍ਹਾਂ ਨੂੰ ਇਕ ਬਿੰਦੂ ਤੋਂ ਪਰਸਪੈਕਟਿਵ ਤੌਰ ਤੇ ਦੇਖਿਆ ਜਾ ਸਕੇ, ਦੂਜੇ ਸ਼ਬਦਾਂ ਵਿਚ AA', BB' ਅਤੇ CC' ਇਕ ਬਿੰਦੂ ਉਪਰ ਕੱਟਣ, ਤਾਂ ਸੰਗਤੀ ਭੁਜਾਵਾਂ ਦੇ ਕਾਟ ਬਿੰਦੂ ਇਕ ਰੇਖਾ ਉਪਰ ਹੋਣਗੇ, ਬਸ਼ਰਤੇ ਕਿ ਕੋਈ ਵੀ ਦੋ ਭੁਜਾਵਾਂ ਸਮਾਂਤਰ ਨਾ ਹੋਣ। ਜੇਕਰ ਦੋ ਭੁਜਾਵਾਂ ਸਮਾਂਤਰ ਹੋਣਗੀਆਂ ਤਾਂ ਸੰਗਤੀ ਭੁਜਾਵਾਂ ਦੇ ਕਾਟ ਬਿੰਦੂ ਤਿੰਨ ਦੀ ਬਜਾਇ ਦੋ ਹੋਣਗੇ ਅਤੇ ਇਨ੍ਹਾਂ ਦੋ ਬਿੰਦੂਆਂ ਨੂੰ ਮਿਲਾਉਣ ਵਾਲੀ ਰੇਖਾ ਦੋ ਸਮਾਂਤਰ ਭੁਜਾਵਾਂ ਦੇ ਸਮਾਂਤਰ ਹੋਵੇਗੀ। 19ਵੀਂ. ਸਦੀ ਵਿਚ ਫਰਾਂਸੀਸੀ ਗਣਿਤਵੇਤਾ ਜੀਨ-ਵਿਕਟਰ ਪਾਂਸਲੇ (Jean-Victor Poncelet) ਨੇ ਪ੍ਰਖੇਪੀ ਰੇਖਾ-ਗਣਿਤ ਵਿਚ ਇਸ ਸਿੱਧਾਂਤ ਦਾ ਬਹੁਤ ਪ੍ਰਯੋਗ ਕੀਤਾ।



ਡੇਜਾਰਗ ਸਿੱਧਾਂਤ

ਹ.ਪੁ. — ਐਨ. ਬ੍ਰਿ. ਮਾ. 3 : 483

**ਡੇਜ਼ੀ** : ਇਹ ਕੰਪਾਜ਼ਿਟੀ ਕੁਲ ਦੇ ਬਹੁਤ ਖ਼ੂਬਸੂਰਤ ਪੌਦਿਆਂ ਦੀਆਂ ਉਨ੍ਹਾਂ ਜਾਤੀਆਂ ਦੇ ਫੁੱਲਾਂ ਦਾ ਨਾਂ ਹੈ ਜਿਨ੍ਹਾਂ ਵਿਚ ਸੁੰਦਰ ਰਿਸ਼ਮਾਂ ਹੁੰਦੀਆਂ ਹਨ। ਡੇਜ਼ੀ ਸ਼ਬਦ ਦੀ ਉਤਪਤੀ ਐਂਗਲੋ-ਸੈਕਸਨ ਭਾਸ਼ਾ ਤੋਂ ਹੋਈ ਜਿਸ ਦਾ ਮਤਲਬ ਹੈ ਦਿਨ ਦੇ ਨੇਤਰ (Day's eye)। ਇਹ ਬੈਲਿਸ (Bellis) ਪ੍ਰਜਾਤੀ ਨਾਲ ਸਬੰਧਤ ਹੈ। ਇਸ ਪ੍ਰਜਾਤੀ ਵਿਚ ਦਸ ਜਾਤੀਆਂ ਹਨ ਜੋ ਵਿਸ਼ੇਸ਼ ਕਰਕੇ ਯੂਰਪ ਵਿਚ ਪਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਹ ਪੌਦੇ ਰੂਮ ਸਾਗਰੀ ਖੰਡ ਵਿਚ ਵੀ ਪਾਏ ਜਾਂਦੇ ਹਨ। ਸਾਧਾਰਣ ਮਿਲਣ ਵਾਲੇ ਡੇਜ਼ੀ ਫੁੱਲ (Bellis penennis) ਸੰਯੁਕਤ ਰਾਜ ਅਮਰੀਕਾ ਅੰਦਰ ਗਰਮੀ ਦੀ ਰੁੱਤ ਵਿਚ ਕਿਆਰੀਆਂ ਵਿਚ ਬਹੁਤ ਜ਼ਿਆਦਾ ਉਗਾਏ ਜਾਂਦੇ ਹਨ। ਇਨ੍ਹਾਂ ਫੁੱਲਾਂ ਦੇ ਰੰਗ ਗੁਲਾਬੀ ਚਿੱਟੇ ਜਾਂ ਲਾਲ ਖੰਭਾਂ ਵਰਗੀਆਂ ਰਿਸ਼ਮਾਂ ਵਰਗੇ ਹੁੰਦੇ ਹਨ। ਬ੍ਰਿਟਿਸ਼ ਦੀਪ ਸਮੂਹਾਂ ਵਿਚ ਇਨ੍ਹਾਂ ਫੁੱਲਾਂ ਦੀ ਇਹ ਇਕੋ ਇਕ ਪ੍ਰਜਾਤੀ ਹੀ ਹੈ। ਧੁਰ ਉੱਤਰ ਹਿੱਸਿਆਂ ਨੂੰ ਛੱਡ ਕੇ ਯੂਰਪ ਵਿਚ ਘਰਾਂ ਦੇ ਘਾਹ,

ਬਗ਼ੀਚਿਆਂ, ਚਰਾਗਾਹਾਂ ਵਿਚ ਅਤੇ ਦਰਿਆਈ ਕੰਢਿਆਂ ਉਪਰ ਇਹ ਆਮ ਉੱਗੇ ਹੋਏ ਦਿਖਾਈ ਦਿੰਦੇ ਹਨ।

ਇਨ੍ਹਾਂ ਪੌਦਿਆਂ ਦਾ ਤਣਾ ਛੋਟਾ ਹੁੰਦਾ ਹੈ ਅਤੇ ਕਾਫ਼ੀ ਜ਼ਿਆਦਾ ਪੱਤੇ ਹੁੰਦੇ ਹਨ ਜੋ ਇਕ ਖ਼ੂਬਸੂਰਤ ਫੁੰਮਣ (rossette) ਬਣਾਉਂਦੇ ਹਨ। ਇਨ੍ਹਾਂ ਦਾ ਰੂਟ ਸਟਾੱਕ ਜ਼ਮੀਨ ਉਪਰ ਹੀ ਰੀਂਗਦਾ ਰਹਿੰਦਾ ਹੈ ਅਤੇ ਇਸ ਦਾ ਰੰਗ ਭੂਰਾ ਹੁੰਦਾ ਹੈ। ਇੰਗਲੈਂਡ ਵਿਚ ਇਹ ਫੁੱਲ ਮਾਰਚ ਤੋਂ ਨਵੰਬਰ ਤੱਕ ਪਾਇਆ ਜਾਂਦਾ ਹੈ। ਪੌਦੇ ਦੀ ਬਣਾਵਟ ਤੇ ਜ਼ਮੀਨ ਦਾ ਕਾਫ਼ੀ ਅਸਰ ਪੈਂਦਾ ਹੈ। ਇੰਗਲੈਂਡ ਦੇ ਘਾਹ-ਬਗ਼ੀਚਿਆਂ ਵਿਚ ਇਹ ਇਕ ਤਰ੍ਹਾਂ ਦੀ ਵਿਨਾਸ਼ਕਾਰੀ ਬੂਟੀ ਵਾਂਗ ਉੱਗ ਆਉਂਦਾ ਹੈ। ਇਸ ਦੀਆਂ ਕਾਸ਼ਤ ਕੀਤੀਆਂ ਜਾਂਦੀਆਂ ਕਿਸਮਾਂ ਬਾਗ਼ਾਂ ਵਿਚ ਤੁਰਨ ਲਈ ਬਣਾਏ ਹੋਏ ਰਸਤਿਆਂ ਦੇ ਕਿਨਾਰਿਆਂ ਉਪਰ ਬਹੁਤ ਦਿਲ ਖਿੱਚਵਾਂ ਨਜ਼ਾਰਾ ਪੇਸ਼ ਕਰਦੀਆਂ ਹਨ। ਡੇਜ਼ੀ ਦੇ ਇੱਕ 'ਹੈੱਨ ਐਂਡ ਚਿਕਨ' ਨਾਮੀ ਕਿਸਮ ਵਿਚ ਸਿਰੇ ਤੇ ਇੱਕ ਫੁੱਲ ਹੁੰਦਾ ਹੈ ਅਤੇ 10 ਤੋਂ 12 ਛੋਟੇ ਛੋਟੇ ਫੁੱਲ ਇਸ ਦੇ ਹੇਠਾਂ ਨਾਲ ਨਾਲ ਗੋਲ ਚੱਕਰ ਵਿਚ ਲੱਗੇ ਹੁੰਦੇ ਹਨ। ਫੁੱਲਾਂ ਦੀਆਂ ਰਿਸ਼ਮਾਂ ਸ਼ਾਮ ਪੈਣ ਤੇ ਅਤੇ ਭੈੜੇ ਮੌਸਮ ਵਿਚ ਅੰਦਰ ਨੂੰ ਮੁੜ ਜਾਂਦੀਆਂ ਹਨ ਜਿਵੇਂ ਇਹ ਫੁੱਲ ਨੂੰ ਬੰਦ ਕਰਨਾ ਚਾਹੁੰਦੀਆਂ ਹੋਣ। ਇਹ ਫੁੱਲ ਬਹੁਤ ਜ਼ਿਆਦਾ ਗਰਮੀ ਨਹੀਂ ਸਹਾਰ ਸਕਦੇ। ਬਸੰਤ ਰੁੱਤ ਦੇ ਅਖੀਰ ਤੋਂ ਲੈ ਕੇ ਕੋਰਾ ਪੈਣ ਤੱਕ ਇਨ੍ਹਾਂ ਬੂਟਿਆਂ ਨੂੰ ਬਹੁਤ ਜ਼ਿਆਦਾ ਫੁੱਲ ਪੈਂਦਾ ਹੈ।

ਭਾਰਤ ਵਿਚ ਇਹ ਪੌਦੇ 23-50 ਸੈਂ. ਮੀ. ਲੰਬੇ ਹੁੰਦੇ ਹਨ ਅਤੇ ਇਹ ਇਕ ਰੁੱਤੇ ਪੌਦੇ 2.5 -5.0 ਸੈਂ. ਮੀ. ਆਕਾਰ ਦੇ ਫੁੱਲ ਪੈਦਾ ਕਰਦੇ ਹਨ ਜਿਨ੍ਹਾਂ ਦਾ ਰੰਗ ਵੀ ਯੂਰਪ ਵਿਚ ਪੈਦਾ ਹੋਣ ਵਾਲੀਆਂ ਕਿਸਮਾਂ ਵਰਗਾ ਹੀ ਹੁੰਦਾ ਹੈ। ਭਾਰਤ ਵਿਚ ਉੱਗਣ ਵਾਲੀਆਂ ਕੁਝ ਕੁ ਕਿਸਮਾਂ ਦੇ ਨਾਂ ਇਸ ਪ੍ਰਕਾਰ ਹਨ :— ਲਿਲੀਪਟ, ਰੂਬੀ, ਸਨੋਬਾਲ, ਮੌਨਸਟਰੋਸਾ ਆਦਿ। ਇਥੇ ਸਤੰਬਰ- ਅਕਤੂਬਰ ਵਿਚ ਇਨ੍ਹਾਂ ਦੇ ਬੀਜ ਬੀਜੇ ਜਾਂਦੇ ਹਨ ਅਤੇ ਫਰਵਰੀ- ਮਾਰਚ ਵਿਚ ਫੁੱਲ ਖਿੜ ਪੈਂਦੇ ਹਨ। ਕਈ ਪਹਾੜੀ ਥਾਵਾਂ ਤੇ ਇਨ੍ਹਾਂ ਪੌਦਿਆਂ ਦੇ ਬੀਜ ਫ਼ਰਵਰੀ ਤੇ ਮਾਰਚ ਵਿਚ ਵੀ ਬੀਜੇ ਜਾਂਦੇ ਹਨ।

ਹ. ਪੁ.—ਐਨ. ਬ੍ਰਿ. 7 : 1 ; ਗਾਰਡਨ ਫਲਾਵਰਜ਼-ਡਾ. ਵਿਸ਼ਨੂੰ ਸਵਰੂਪ : 33

**ਡੇਟੋਨਾ ਬੀਚ** : ਪੂਰਬੀ ਫ਼ਲੋਰਿਡਾ ਰਾਜ (ਸ.ਰ.ਅ.) ਵਿਚ ਜੈਕਸਨਵਿੱਲ ਤੋਂ 145 ਕਿ.ਮੀ. ਦੱਖਣ-ਪੂਰਬ ਵਿਚ ਵਾਲੂਸ਼ਾ ਕਾਉਂਟੀ ਵਿਚ ਇਕ ਸਮੁੰਦਰੀ ਬੀਚ ਹੈ ਜੋ ਸੰਸਾਰ ਭਰ ਵਿਚ ਮਸ਼ਹੂਰ ਹੈ। ਇਹ ਸਾਲ ਭਰ ਹੀ ਸੈਲਾਨੀਆਂ ਲਈ ਇਕ ਰਮਣੀਕ ਥਾਂ ਹੈ ਅਤੇ ਵਿਸ਼ੇਸ਼ ਕਰਕੇ ਇਸਦਾ ਇਕ ਖ਼ਾਸ ਹਿੱਸਾ ਸੈਲਾਨੀਆਂ ਵਿਚ ਬਹੁਤ ਹੀ ਮਸ਼ਹੂਰ ਹੈ। ਇਹ ਹਿੱਸਾ 37 ਕਿ. ਮੀ. ਲੰਬਾ ਅਤੇ 152 ਮੀ. ਚੌੜਾ ਹੈ। ਡੇਟੋਨਾ ਨਾਂ ਦਾ ਸ਼ਹਿਰ ਵੀ ਇਸੇ ਬੀਚ ਉੱਤੇ ਵੱਸਿਆ ਹੋਇਆ ਹੈ ਜਿਸ ਨੂੰ 1870 ਈ. ਵਿਚ ਮੈਥੀਆਸ ਡੇਅ ਨੇ ਸਥਾਪਿਤ ਕੀਤਾ ਅਤੇ 1876 ਈ. ਵਿਚ ਇਸ ਨੂੰ ਨਿਗਮਿਤ ਕੀਤਾ ਗਿਆ। ਸੰਨ 1926 ਵਿਚ ਸੀਬ੍ਰੀਜ, ਡੇਟੋਨਾ ਅਤੇ ਡੇਟੋਨਾ ਬੀਚ ਨਾਂ ਦੇ ਤਿੰਨ੍ਹਾਂ ਸ਼ਹਿਰਾਂ ਨੂੰ ਮਿਲਾ ਕੇ ਡੇਟੋਨਾ ਬੀਚ ਨਿਗਮਿਤ ਹੋਇਆ। ਇਸ ਬੀਚ ਦੇ ਨਾਲ ਲਗਵਾਂ ਸਖ਼ਤ ਚਿੱਟੀ ਰੇਤ ਵਾਲਾ ਹਿੱਸਾ ਮੋਟਰ ਗੱਡੀਆਂ ਦੀ ਰਫ਼ਤਾਰ ਆਦਿ ਦੀ ਅਜ਼ਮਾਇਸ਼ ਲਈ ਵਰਤਿਆ ਜਾਂਦਾ ਹੈ। ਬੇਥੂਨੇ ਕੁਕਮੈਨ ਕਾਲਜ, ਡੇਟੋਨਾ ਬੀਚ, ਜੂਨੀਅਰ ਕਾਲਜ ਅਤੇ ਐਂਬਰੀ ਰਿਡਲ ਏਅਰੋਨਾਟੀਕਲ ਇੰਸਟੀਚਿਊਟ (1926) ਇਥੋਂ ਦੀਆਂ ਵਿਸ਼ੇਸ਼ ਸੰਸਥਾਵਾਂ ਹਨ।

ਆਬਾਦੀ— 61,921 (1990)

29°12′ ਉ. ਵਿਥ. ; 80°60′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 926 ; ਐਨ. ਅਮੈ. 8:550

**ਡੇਨਵਿੱਲ** : ਦੱਖਣੀ ਵਰਜੀਨੀਆ ਰਾਜ (ਸ.ਰ.ਅ.) ਦੀ ਪਿਟਸਲਵੇਨੀਆ ਕਾਉਂਟੀ ਵਿਚ ਉੱਤਰੀ ਕੈਰੋਲਾਈਨਾ ਦੀ ਹੱਦ ਨੇੜੇ ਇਹ ਇਕ ਸ਼ਹਿਰ ਹੈ ਜਿਹੜਾ ਤਮਾਕੂ ਦੀ ਵੀ ਮਸ਼ਹੂਰ ਮੰਡੀ ਹੈ। ਇਸ ਸ਼ਹਿਰ ਦੀ ਸਥਾਪਨਾ 1793 ਈ. ਵਿਚ ਕੀਤੀ ਗਈ ਸੀ ਅਤੇ 1833 ਈ. ਵਿਚ ਇਸ ਨੂੰ ਨਿਗਮਿਤ ਕੀਤਾ ਗਿਆ ਸੀ। ਇਹ ਸੰਘੀ ਰਾਜ ਸਰਕਾਰ ਦਾ ਪ੍ਰਸ਼ਾਸਕੀ ਕੇਂਦਰ ਵੀ ਰਿਹਾ ਹੈ। ਅੱਜਕੱਲ੍ਹ ਇਹ ਸੱਨਅਤਾਂ ਦਾ ਗੜ੍ਹ ਹੈ। ਇਥੇ ਸੂਤੀ ਕੱਪੜਾ, ਸ਼ੀਸ਼ੇ ਦੀਆਂ ਚੀਜ਼ਾਂ, ਟਾਇਰ ਅਤੇ ਹੋਰ ਮਸ਼ੀਨੀ ਔਜ਼ਾਰ ਤਿਆਰ ਕੀਤੇ ਜਾਂਦੇ ਹਨ। ਇਥੇ ਡੇਨਵਿੱਲ ਕਮਿਊਨਿਟੀ ਕਾਲਜ ਅਤੇ ਵਰਜੀਨੀਆ ਤਕਨੀਕੀ ਸੰਸਥਾ ਸਥਾਪਿਤ ਹਨ। ਅਮਰੀਕੀ ਖ਼ਾਨਾ-ਜੰਗੀ ਦੌਰਾਨ ਇਥੇ ਇਕ ਕੈਦੀ-ਕੈਂਪ ਵੀ ਸੀ ਅਤੇ ਜੰਗ ਵਿਚ ਮਾਰੇ ਗਏ ਬਹੁਤ ਸਾਰੇ ਸੰਘੀ ਕੈਦੀਆਂ ਨੂੰ ਇਥੋਂ ਦੇ ਹੀ ਕਬਰਿਸਤਾਨ ਵਿਚ ਦਫ਼ਨਾਇਆ ਗਿਆ ਸੀ।

ਸੰਨ 1859 ਵਿਚ ਸਥਾਪਿਤ ਹੋਈ ਐਵੀਰੇਟ ਅਤੇ 1968 ਈ ਵਿਚ ਸਥਾਪਿਤ ਹੋਈ ਡੈਨਵਿੱਲ ਕਮਿਊਨਿਟੀ ਇਥੋਂ ਦੀਆਂ ਮਸ਼ਹੂਰ ਵਿਦਿਅਕ ਸੰਸਥਾਵਾਂ ਹਨ।

ਆਬਾਦੀ—53,056 (1990)

36°35′ ਉ. ਵਿਥ., 79°24′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 881

**ਡੇਨਾ, ਚਾਰਲਸ ਐਂਡਰਸਨ** : ਇਹ ਇਕ ਉੱਘ ਅਮਰੀਕੀ ਪੱਤਰਕਾਰ ਸੀ ਜਿਹੜਾ ਨਿਊਯਾਰਕ ਦੇ 'ਸਨ' (Sur ਅਖ਼ਬਾਰ ਦੇ ਐਡੀਟਰ ਵਜੋਂ ਸਾਰੇ ਦੇਸ਼ ਵਿਚ ਜਾਣਿਆ ਜਾਂਦਾ ਸੀ ਇਸ ਦਾ ਜਨਮ 8 ਅਗਸਤ, 1819 ਈ. ਨੂੰ ਨਿਊ ਹੈਂਪਸ਼ਿਰ ਰਾ ਵਿਚ ਹਿਨਜ਼ਡੇਲ ਵਿਖੇ ਹੋਇਆ। ਸੰਨ 1839 ਵਿਚ ਸਿੱਖਿਆ ਹਾਸ ਕਰਨ ਲਈ ਹਾਰਵਰਡ ਜਾਣ ਤੋਂ ਪਹਿਲਾਂ ਇਸ ਨੇ ਲਾਤੀਨੀ ਅ ਯੂਨਾਨੀ ਭਾਸ਼ਾਵਾਂ ਦੀ ਸਿੱਖਿਆ ਅਤੇ ਕਾਫ਼ੀ ਮਾਤਰਾ ਵਿਚ ਕਲਾਸਕ ਅਧਿਐਨ ਵੀ ਕਰ ਲਿਆ ਸੀ। ਅੱਖਾਂ ਦੀ ਨਜ਼ਰ ਕਮਜ਼ੋਰ ਹੋਣ ਕਰ ਤੇ ਆਰਥਿਕ ਮੰਦਵਾੜੇ ਕਾਰਨ 1841 ਈ. ਵਿਚ ਇਸ ਨੂੰ ਪੜ੍ਹਾ ਬੰਦ ਕਰਨੀ ਪਈ ਅਤੇ 1846 ਤੱਕ ਇਹ ਮੈਸਾਚੂਸੈੱਟਸ ਵਿ ਰਾੱਕਸਬਰੀ ਵਿਖੇ 'ਫ਼ਾਰਮ ਕਮਿਊਨਿਟੀ' ਵਿਚ ਰਿਹਾ। ਇਥੇ ਹੀ ਇ ਨੇ ਆਪਣਾ ਪੱਤਰਕਾਰੀ ਵਾਲਾ ਜੀਵਨ ਆਰੰਭਿਆ। ਸੰਨ 184 ਇਹ ਕੁਝ ਸਮੇਂ ਲਈ ਬੋਸਟਨ ਦੇ ਪੱਤਰ 'ਡੇਲੀ ਕਰਾਨੋਟਾਈਪ' ਸਹਾਇਕ ਐਡੀਟਰ ਬਣਿਆ ਅਤੇ 1847 ਈ. ਤੋਂ ਮਾਰਚ 18 ਈ. ਤੱਕ ਇਹ ਹੋਰੇਸ ਗਰੀਲੀ ਅਧੀਨ ਨਿਊਯਾਰਕ 'ਟ੍ਰਿਬਿਊਨ' ਸਿਟੀ ਐਡੀਟਰ ਰਿਹਾ। ਕੁਝ ਦੇਰ ਬਾਅਦ ਹੋਰੇਸ ਗਰੀਲੀ ਨ ਅਣਬਣ ਹੋ ਜਾਣ ਕਰਕੇ ਇਸ ਨੂੰ ਕੱਢ ਦਿਤਾ ਗਿਆ। ਸੰਨ 18 ਤੋਂ 1865 ਤਕ ਇਹ ਅਮਰੀਕੀ ਸਰਕਾਰ ਅਧੀਨ ਯੁੱਧ ਦੇ ਸਹਾਇ ਸਕੱਤਰ ਦੀ ਹੈਸੀਅਤ ਵਿਚ ਰਿਹਾ। ਇਕ ਸਾਲ ਦੇ ਕਰੀਬ ਸ਼ਿਕਾਗੋ ਦੇ 'ਰੀਪਬਲੀਕਨ' ਦਾ ਐਡੀਟਰ ਵੀ ਰਿਹਾ ਪਰ ਸਫ਼ਲ ਹੋਇਆ। ਸੰਨ 1868 ਵਿਚ ਨਿਊਯਾਰਕ 'ਸਨ' ਦਾ ਐਡੀ ਬਣਿਆ ਅਤੇ ਆਪਣੇ ਆਖ਼ਰੀ ਦਮ ਤੱਕ ਇਸ ਦਾ ਮਾਲਕ ਵੀ ਰਿ ਜਾਰਜ ਰਿਪਲੇ ਨਾਲ ਮਿਲਕੇ ਇਸਨੇ ਦਾ 'ਨਿਊ ਅਮੈਰੀ ਸਾਈਕਲੋਪੀਡੀਆ' (The New American Cyclopaed

(1857-1863) ਦੀ ਸੰਪਾਦਨਾ ਕੀਤੀ। ਇਸ ਤੋਂ ਬਿਨਾਂ ਇਹ 'ਹਾਊਸਹੋਲਡ ਬੁੱਕ ਆਫ਼ ਪੋਇਟਰੀ' (1857) ਦਾ ਵੀ ਸੰਪਾਦਕ ਸੀ।

ਇਸ ਦੀਆਂ ਰਚਨਾਵਾਂ ਵਿਚ 'ਲਾਈਫ਼ ਆਫ਼ ਯੂਲਿਸਸ ਐਸ. ਗ੍ਰਾਂਟ' (1868) ; 'ਦਾ ਆਰਟ ਆਫ਼ ਨਿਊਜ਼ ਪੇਪਰ ਮੇਕਿੰਗ (1895); 'ਲਿੰਕਨ ਐਂਡ ਹਿਜ਼ ਕੈਬਿਨਿਟ' (1896) ਅਤੇ 'ਰੀਕੁਲੈਕਸ਼ਨਜ਼ ਆਫ਼ ਦਾ ਸਿਵਿਲ ਵਾਰ' (1898) ਹਨ।

17 ਅਕਤੂਬਰ, 1897 ਈ. ਨੂੰ ਨਿਊਯਾਰਕ ਵਿਚ ਗਲੈੱਨ ਕੋਵ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ.ਪੁ.—ਐਨ. ਅਮੇ. 8 : 445 ; ਐਨ. ਬ੍ਰਿ. ਮਾ. 3:365

**ਡੇਨਾ, ਜੇਮਜ਼ ਡਵਾਈਟ** : ਖਣਿਜ-ਵਿਗਿਆਨ ਅਤੇ ਜੀਵ-ਵਿਗਿਆਨ ਦੇ ਖੇਤਰ ਵਿਚ ਆਪਣੇ ਸਮੇਂ ਦੌਰਾਨ ਉੱਘਾ ਯੋਗਦਾਨ ਪਾਉਣ ਵਾਲੇ ਇਸ ਪ੍ਰਕਿਰਤੀ ਅਤੇ ਭੂ-ਵਿਗਿਆਨੀ ਦਾ ਜਨਮ 12 ਫ਼ਰਵਰੀ, 1813 ਨੂੰ ਨਿਊਯਾਰਕ ਵਿਚ ਯੂਟੀਕਾ ਵਿਖੇ ਹੋਇਆ। ਇਸ ਨੇ ਭੂ-ਵਿਗਿਆਨ ਨਾਲ ਸਬੰਧਤ ਕਈ ਕਿਰਿਆਵਾਂ ਬਾਰੇ ਵਧੇਰੇ ਗਿਆਨ ਹਾਸਲ ਕਰਨ ਲਈ ਜਿਵੇਂ ਪਹਾੜਾਂ ਦਾ ਬਣਨਾ, ਜੁਆਲਾਮੁਖੀ ਕਿਰਿਆ, ਮਹਾਂਦੀਪਾਂ ਅਤੇ ਸਮੁੰਦਰੀ ਖੇਤਰਾਂ ਦੀ ਉਤਪਤੀ ਅਤੇ ਬਣਤਰ ਸਬੰਧੀ ਕੰਮ ਕੀਤਾ।

ਇਸ ਨੇ 1823 ਈ. ਵਿਚ ਯੇਲ ਕਾਲਜ ਤੋਂ ਗਰੈਜੂਏਸ਼ਨ ਕਰਨ ਉਪਰੰਤ 1833 ਤੋਂ 1836 ਤੱਕ ਨੌ-ਸੈਨਾ ਵਿਚ ਕੰਮ ਕੀਤਾ। ਡੇਨਾ ਨੇ 1837 ਈ. ਵਿਚ 'ਏ ਸਿਸਟਮ ਆਫ਼ ਮਿਨਰਾਲੋਜੀ' ਨਾਂ ਦੀ ਪੁਸਤਕ ਲਿਖੀ, ਜੋ ਸੋਧੀ ਹੋਈ ਹਾਲਤ ਵਿਚ ਲਗਭਗ ਸੌ ਸਾਲ ਤੱਕ ਆਪਣੇ ਖੇਤਰ ਵਿਚ ਇਕ ਮਿਆਰੀ ਪੁਸਤਕ ਦੇ ਰੂਪ ਵਿਚ ਗਿਣੀ ਜਾਂਦੀ ਰਹੀ। ਸੰਨ 1838 ਵਿਚ ਇਹ ਇਕ ਖੋਜ ਮੁਹਿੰਮ ਉੱਤੇ ਦੱਖਣ ਦੇ ਸਮੁੰਦਰਾਂ ਵੱਲ ਚਲਾ ਗਿਆ ਅਤੇ ਚਾਰ ਸਾਲ ਬਾਅਦ ਵਾਪਸ ਆਇਆ। ਇਸ ਨੇ ਆਪਣੀਆਂ ਲੱਭਤਾਂ (ਖੋਜਾਂ) ਦੇ ਆਧਾਰ ਉੱਤੇ ਭੂ-ਵਿਗਿਆਨ ਅਤੇ ਜੀਵ-ਵਿਗਿਆਨ ਦੇ ਖੇਤਰ ਵਿਚ 1844 ਤੋਂ 1854 ਤੱਕ ਕਈ ਖੋਜ-ਪੱਤਰ ਲਿਖੇ। ਸੰਨ 1850 ਦੇ ਲਗਭਗ ਇਸ ਨੂੰ ਅੰਤਰਰਾਸ਼ਟਰੀ ਪੱਧਰ ਤੇ ਇਕ ਉੱਘਾ ਵਿਗਿਆਨੀ ਮੰਨਿਆ ਜਾਣ ਲੱਗ ਪਿਆ।

ਸੰਨ 1856 ਵਿਚ ਡੇਨਾ ਜੇਮਜ਼ ਯੇਲ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਨਿਯੁਕਤ ਹੋ ਗਿਆ। ਨਿਯੁਕਤੀ ਉਪਰੰਤ ਇਸਨੇ ਕਈ ਕਿਰਤਾਂ ਪ੍ਰਕਾਸ਼ਿਤ ਕਰਵਾਈਆਂ ਜਿਨ੍ਹਾਂ ਵਿਚੋਂ 'ਮੈਨੁਅਲ ਆਫ਼ ਜਿਓਲਾਜੀ' (Manual of Geology) ਅਤੇ 'ਕੋਰਲਜ਼ ਅਤੇ ਕੋਰਲ' (Corals and Coral) ਪਾਠ-ਪੁਸਤਕਾਂ ਕਾਫ਼ੀ ਮਸ਼ਹੂਰ ਅਤੇ ਪ੍ਰਭਾਵਸ਼ਾਲੀ ਹਨ।

4 ਅਪ੍ਰੈਲ, 1895 ਨੂੰ ਨਿਊ ਹੇਵਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 365

**ਡੇਨਾ, ਰਿਚਰਡ ਹੈਨਰੀ** : ਇਹ ਸੰਯੁਕਤ ਰਾਜ ਅਮਰੀਕਾ ਦਾ ਇਕ ਵਕੀਲ ਅਤੇ ਪ੍ਰਸਿੱਧ ਸਮੁੰਦਰੀ ਨਾਵਲ 'ਟੂ ਯੀਅਰਜ਼ ਬੀਫ਼ੋਰ ਦਾ ਮਾਸਟ' (Two years Before the mast) ਦਾ ਲੇਖਕ ਸੀ। ਇਸ ਦਾ ਜਨਮ ਇਕ ਅਗਸਤ, 1815 ਈ. ਨੂੰ ਮੈਸਾਚੂਸੈੱਟਸ ਰਾਜ ਵਿਚ ਕੈਂਬਰਿਜ ਵਿਖੇ ਹੋਇਆ। ਹਾਰਵਰਡ ਵਿਚ ਪੜ੍ਹਦਿਆਂ ਖਸਰੇ ਕਾਰਨ ਇਸ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਗਈ ਅਤੇ ਇਨ੍ਹਾਂ ਦੇ ਇਲਾਜ ਲਈ ਅਗਸਤ, 1834 ਵਿਚ ਇਹ ਹਾਰਵਰਡ ਤੋਂ ਕੈਲੀਫ਼ੋਰਨੀਆ ਚਲਾ ਗਿਆ।

ਆਪਣੇ ਇਲਾਜ ਦੇ ਨਾਲ ਨਾਲ ਕੈਲੀਫ਼ੋਰਨੀਆ ਦੀਆਂ ਬੰਦਰਗਾਹਾਂ ਤੇ ਸਫ਼ਰ ਕਰਦਾ ਇਹ ਕੇਪ ਹਾੱਰਨ ਦਾ ਚੱਕਰ ਲਗਾ ਕੇ 1836 ਈ. ਵਿਚ ਆਪਣੇ ਘਰ ਪਰਤ ਆਇਆ ਅਤੇ ਫਿਰ ਹਾਰਵਰਡ ਵਿਚ ਦਾਖ਼ਲ ਹੋ ਗਿਆ। ਇਨ੍ਹਾਂ ਯਾਤਰਾਵਾਂ ਦੇ ਅਨੁਭਵਾਂ ਨਾਲ ਇਸਨੂੰ ਸਰੀਰਕ ਤੌਰ ਤੇ ਆਰਾਮ ਮਿਲਿਆ ਅਤੇ ਇਸ ਦੇ ਦਿਲ ਵਿਚ ਮਜ਼ਲੂਮਾਂ ਪ੍ਰਤੀ ਹਮਦਰਦੀ ਜਾਗ ਪਈ।

ਸੰਨ 1840 ਵਿਚ ਜਦੋਂ ਇਸ ਨੇ ਵਕਾਲਤ ਸ਼ੁਰੂ ਕੀਤੀ ਤਾਂ ਇਸ ਨੇ ਆਪਣਾ ਸ਼ਾਹਕਾਰ ਨਾਵਲ 'ਟੂ ਯੀਅਰਜ਼ ਬੀਫ਼ੋਰ ਦਾ ਮਾਸਟ' ਅਤੇ 1841 ਵਿਚ 'ਦੀ ਸੀਮੈਨਜ਼ ਫਰੈਂਡ' ਪ੍ਰਕਾਸ਼ਿਤ ਕਰਵਾਇਆ। ਇਹੋ ਨਾਵਲ ਬਾਅਦ ਵਿਚ ਇੰਗਲੈਂਡ ਵਿਚ 'ਦੀ ਸੀਮੈਨਜ਼ ਮੈਨੁਅਲ' ਦੇ ਨਾਂ ਹੇਠ ਮੁੜ ਪ੍ਰਕਾਸ਼ਿਤ ਹੋਇਆ। ਬੋਸਟਨ ਵਿਖੇ ਸਖ਼ਤ ਵਿਰੋਧ ਦੇ ਬਾਵਜੂਦ ਵੀ ਇਸ ਨੇ 'ਭਗੌੜਾ ਗੁਲਾਮ ਕਾਨੂੰਨ' ਅਧੀਨ ਫੜੇ ਗਏ ਹਬਸ਼ੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ। ਸੰਨ 1861 ਤੋਂ 1866 ਤੱਕ ਇਸ ਨੇ ਮੈਸਾਚੂਸੈੱਟਸ ਰਾਜ ਲਈ ਅਟਾਰਨੀ ਵਜੋਂ ਕੰਮ ਕੀਤਾ।

ਸੰਨ 1866 ਵਿਚ ਇਸ ਵੱਲੋਂ ਹੈਨਰੀ ਵੀਟਨ ਦੀ ਪੁਸਤਕ 'ਐਲੀਮੈਂਟਸ ਆਫ਼ ਇੰਟਰਨੈਸ਼ਨਲ ਲਾਅ' ਦੇ ਸੰਪਾਦਨ ਕਰਨ ਤੇ ਇਸ ਪੁਸਤਕ ਦੇ ਕਿਸੇ ਪਹਿਲੇ ਸੰਪਾਦਕ ਨੇ ਇਸ ਵਿਰੁੱਧ ਮੁਕੱਦਮਾ ਚਲਾਇਆ। ਸੰਨ 1868 ਵਿਚ ਪ੍ਰੈਜ਼ੀਡੈਂਟ ਯੂਲਿਸਿਜ਼ ਗਰਾਂਟ ਵਲੋਂ ਇਸ ਨੂੰ ਬਰਤਾਨੀਆ ਲਈ ਮੰਤਰੀ ਨਾਮਜ਼ਦ ਕੀਤਾ ਗਿਆ ਪਰ ਸੈਨੇਟ ਨੇ ਇਸ ਉਪਰ ਸਾਹਿਤਕ ਚੋਰੀ ਦੇ ਇਲਜ਼ਾਮ ਕਰਕੇ ਇਸ ਦੀ ਪ੍ਰਵਾਨਗੀ ਨਾ ਦਿਤੀ।

ਡੇਨਾ ਦੀਆਂ ਹੋਰ ਪ੍ਰਸਿੱਧ ਰਚਨਾਵਾਂ ਵਿਚ 'ਟੂ ਕਿਊਬਾ ਐਂਡ ਬੈਕ' (To cuba and back) (1859); 'ਸਪੀਚਿਜ਼ ਇਨ ਸਟੱਰਿੰਗ ਟਾਈਮਜ਼' (Speeches in striring times) (1910) ਅਤੇ 'ਐਨ ਆਟੋ ਬਾੱਇਓਗ੍ਰਾਫੀਕਲ ਸਕੈਚ' (1953) ਸ਼ਾਮਲ ਹਨ।

6 ਜਨਵਰੀ, 1882 ਈ. ਨੂੰ ਰੋਮ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.- ਐਨ. ਬ੍ਰਿ. ਮਾ. 3 : 365

**ਡੇਪਰੇਆਟਸ, ਆਗਸਟੀਨੋ** : ਇਹ ਇਟਲੀ ਦਾ ਇਕ ਪ੍ਰਸਿੱਧ ਸਿਆਸਤਦਾਨ ਅਤੇ ਰਿਸਾਰਜੀਮੈਂਟੋ (ਇਟਲੀ ਦੇ ਏਕੀਕਰਣ ਲਈ ਲਹਿਰ) ਦੀ ਖੱਬੇ-ਪੱਖੀ ਨੀਤੀ ਦਾ ਨੇਤਾ ਸੀ ਜਿਸ ਦਾ ਜਨਮ 13 ਜਨਵਰੀ, 1813 ਵਿਚ ਇਟਲੀ ਦੇ ਮੇਜ਼ਾਨਾ ਕਾਰਟੀ (Mezzana Corti ) ਸ਼ਹਿਰ ਵਿਖੇ ਹੋਇਆ। ਸੰਨ 1834 ਵਿਚ ਇਸਨੇ ਪਾਵੀਆ ਦੇ ਲਾਅ ਸਕੂਲ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਫੇਰ ਕਾਫ਼ੀ ਸਮਾਂ ਇਹ ਆਪਣੀ ਘਰੇਲੂ ਜਾਇਦਾਦ ਦੀ ਦੇਖ-ਰੇਖ ਕਰਦਾ ਰਿਹਾ। ਸੰਨ 1848 ਵਿਚ ਜਦੋਂ ਯੂਰਪ ਵਿਚ ਬਗ਼ਾਵਤਾਂ ਕਾਰਨ ਕਾਫ਼ੀ ਗੜਬੜ ਮੱਚੀ ਹੋਈ ਸੀ ਤਾਂ ਉਸ ਵਕਤ ਇਸਨੂੰ ਪੀਡਮਾਂਟ ਪਾਰਲੀਮੈਂਟ ਦਾ ਡਿਪਟੀ ਚੁਣਿਆ ਗਿਆ। ਇਹ ਸਾਰਡੀਨੀਆ-ਪੀਡਮਾਂਟ ਰਾਜ ਦੇ ਪ੍ਰਧਾਨ ਮੰਤਰੀ ਕਾਊਂਟ ਕੈਵੋਰ ਦਾ ਵਿਰੋਧੀ ਸੀ। ਸੰਨ 1850 ਵਿਚ ਇਸਨੇ ਪਰਾੱਗਰੈਸੋ ਨਾਉਂ ਦਾ ਖੱਬੇ-ਪੱਖੀਆਂ ਦਾ ਸਮਰਥਨ ਕਰਨ ਵਾਲਾ ਇਕ ਰਸਾਲਾ ਕੱਢਿਆ।

ਇਸ ਨੇ ਆਪਣੀ ਦੂਰਦ੍ਰਿਸ਼ਟੀ ਨਾਲ ਇਹ ਭਾਂਪ ਲਿਆ ਕਿ 1853 ਈ. ਵਿਚ ਜੂਸੈਪੀ ਮਾਟਸੀਨੀ ਵੱਲੋਂ ਮਿਲਾਨ ਵਿਚ ਚਲਾਈ ਗਈ ਵਿਦਰੋਹ ਦੀ ਲਹਿਰ ਵਧੇਰੇ ਕਾਮਯਾਬ ਨਹੀਂ ਹੋ ਸਕੇਗੀ। ਇਸੇ ਲਈ ਇਸ ਨੇ ਇਸ ਵਿਚ ਸਿੱਧੇ ਤੌਰ ਤੇ ਹਿੱਸਾ ਨਾ ਲਿਆ।

ਸੰਨ 1859 ਵਿਚ ਇਸ ਨੂੰ ਲੰਬਾਰਡੀ ਰਾਜ ਵਿਚ ਬਰੈਸ਼ਾ ਦਾ ਗਵਰਨਰ ਬਣਾ ਦਿੱਤਾ ਗਿਆ। ਮਗਰੋਂ ਇਸਨੂੰ ਸਿਸਲੀ ਦੀਪ ਵਿਚ ਉਪ-ਤਾਨਾਸ਼ਾਹ ਬਣਾ ਕੇ ਭੇਜਿਆ ਗਿਆ। ਇਸ ਦੀ ਸਿਸਲੀ ਨੂੰ

ਆਪਣੇ ਦੇਸ਼ ਨਾਲ ਮਿਲਾਉਣ ਦੀ ਗੁਪਤ ਯੋਜਨਾ ਦਾ ਸਿਸਲੀ ਸਰਕਾਰ ਨੂੰ ਪਤਾ ਲਗ ਗਿਆ। ਇੰਜ ਉਨ੍ਹਾਂ ਨੇ ਇਸ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਮਜ਼ਬੂਰ ਕਰ ਦਿੱਤਾ।

ਜਦੋਂ ਇਹ ਪਾਰਲੀਮੈਂਟ ਦਾ ਮੁੜ ਮੈਂਬਰ ਬਣਿਆ ਤਾਂ ਇਹ ਦਸੰਬਰ, 1862 ਵਿਚ ਉਰਬਾਨੋ ਰਾਟਾਟਸੀ ਦੇ ਮੰਤਰੀ ਮੰਡਲ ਵਿਚ ਲੋਕ-ਨਿਰਮਾਣ ਵਿਭਾਗ ਦਾ ਮੰਤਰੀ ਬਣਿਆ। ਸੰਨ 1866 ਵਿਚ ਇਸਨੂੰ ਬੈਰਨ ਬੇਟੀਨੋ ਰੀਕਾਸੋਲੀ ਦੇ ਮੰਤਰੀ-ਮੰਡਲ ਵਿਚ ਸਮੁੰਦਰੀ ਫ਼ੌਜ ਦੀ ਵਜ਼ਾਰਤ ਸੌਂਪੀ ਗਈ ਜਦੋਂ ਕਿ ਇਸਨੂੰ ਇਸ ਮਹਿਕਮੇਂ ਵਿਚ ਨਾ ਤਾਂ ਕੋਈ ਦਿਲਚਸਪੀ ਸੀ ਅਤੇ ਨਾ ਹੀ ਵਾਕਫ਼ੀਅਤ। ਇਸਦੇ ਫਲਸਰੂਪ ਵੀਨਸ ਦੀ ਵਾਪਸੀ ਸਬੰਧੀ ਇਟਲੀ ਅਤੇ ਆਸਟ੍ਰੀਆ ਵਿਚਕਾਰ ਹੋਏ ਯੁੱਧ ਵਿਚ ਇਤਾਲਵੀ ਫ਼ੌਜ ਹਾਰ ਗਈ ਅਤੇ ਇਸ ਦੀ ਤਿੱਖੀ ਆਲੋਚਨਾ ਕੀਤੀ ਗਈ। ਇਸ ਕਰਕੇ ਇਸਨੂੰ ਆਪਣਾ ਮਹਿਕਮਾ ਬਦਲਣਾ ਪਿਆ। ਜਨਵਰੀ, 1867 ਵਿਚ ਇਸਨੂੰ ਰੀਕਾਸੋਲੀ ਨੇ ਵਿੱਤ-ਮੰਤਰੀ ਬਣਾ ਦਿੱਤਾ ਪਰ ਦੋ ਮਹੀਨਿਆਂ ਉਪਰੰਤ ਸਰਕਾਰ ਹੀ ਟੁੱਟ ਗਈ।

ਸੰਨ 1873 ਵਿਚ ਰਾਟਾਟਸੀ ਦੀ ਮੌਤ ਉਪਰੰਤ ਇਸਨੂੰ ਮਾਰਚ, 1876 ਵਿਚ ਖੱਬੇ-ਪੱਖੀਆਂ ਦੇ ਨਾਮ-ਨਿਹਾਦ ਮੁੱਖੀ ਦੀ ਹੈਸੀਅਤ ਵਿਚ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਲਈ ਸੱਦਾ ਦਿੱਤਾ ਗਿਆ। ਇਸਦੇ ਅਤਿਅੰਤ ਨਰਮ ਸੁਧਾਰਾਂ ਦੇ ਲਾਗੂ ਹੋਣ ਤੋਂ ਪਹਿਲਾਂ ਹੀ ਮਾਰਚ, 1878 ਦੇ ਇਕ ਸਕੈਂਡਲ ਕਾਰਨ ਸਰਕਾਰ ਟੁੱਟ ਗਈ। ਦਸੰਬਰ, 1878 ਵਿਚ ਇਹ ਇਕ ਵਾਰੀ ਫਿਰ ਤਾਕਤ ਵਿਚ ਆਇਆ ਅਤੇ ਇਸਨੇ ਇਕ ਵਧੇਰੇ ਰੂੜ੍ਹੀਵਾਦੀ ਸਰਕਾਰ ਦੀ ਸਥਾਪਨਾ ਕੀਤੀ। ਇਹ ਸਰਕਾਰ ਅੱਠ ਮਹੀਨੇ ਤੱਕ ਚੱਲੀ। ਮਗਰੋਂ ਇਹ ਆਪਣੇ ਉੱਤਰਾਧਿਕਾਰੀ ਦੇ ਮੰਤਰੀ-ਮੰਡਲ ਵਿਚ ਗ੍ਰਹਿ ਵਿਭਾਗ ਦਾ ਮੰਤਰੀ ਬਣਿਆ ਅਤੇ ਫ਼ਰਾਸੀਸੀਆਂ ਦੇ ਟਿਊਨਿਸ ਉੱਤੇ ਹਮਲਾ ਕਰ ਦੇਣ ਨਾਲ ਉਸਦੀ ਸਰਕਾਰ ਵੀ ਡਿੱਗ ਪਈ। ਇਸ ਵਿਚ ਇਟਲੀ ਦੇ ਵੀ ਅਹਿਮ ਹਿਤ ਸਨ।

ਮਈ, 1881 ਵਿਚ ਇਸ ਨੇ ਅਜਿਹੀ ਸਰਕਾਰ ਕਾਇਮ ਕੀਤੀ ਜਿਹੜੀ ਜੁਲਾਈ, 1887 ਤੱਕ ਚਲੀ। ਇਸ ਵੇਲੇ ਦਾ ਸਭ ਤੋਂ ਵੱਡਾ ਸੁਧਾਰ, 1882 ਈ. ਵਿਚ ਦੇਸ਼ ਦੀ 2 ਪ੍ਰਤੀਸ਼ਤ ਵਸੋਂ ਦੀ ਥਾਂ ਤੇ 7 ਪ੍ਰਤੀਸ਼ਤ ਵਸੋਂ ਨੂੰ ਵੋਟ-ਅਧਿਕਾਰ ਦੇਣਾ ਸੀ। ਭਾਵੇਂ ਇਸ ਸਮੇਂ ਇਟਲੀ ਉਦਯੋਗੀਕਰਣ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਲਾਮਬੰਦ ਹੋ ਰਿਹਾ ਸੀ ਤਾਂ ਵੀ ਸਰਕਾਰ ਨੇ ਦੋ ਸਮਾਜਿਕ ਕਾਨੂੰਨ ਪਾਸ ਕਰ ਦਿੱਤੇ।

ਬਦੇਸ਼ੀ ਮਾਮਲਿਆਂ ਵਿਚ ਬਹੁਤੀ ਦਿਲਚਸਪੀ ਨਾ ਹੋਣ ਤੇ ਵੀ ਇਸ ਨੇ ਇਹ ਮਹਿਸੂਸ ਕੀਤਾ ਕਿ ਇਟਲੀ ਕਿਸੇ ਵੀ ਸੂਰਤ ਵਿਚ ਨਿਰਪੱਖ ਨਹੀਂ ਰਹਿ ਸਕਦਾ। ਇਸ ਕਰਕੇ 1882 ਈ. ਵਿਚ ਕਾਫ਼ੀ ਸੋਚ-ਵਿਚਾਰ ਪਿੱਛੋਂ ਇਸ ਨੇ ਆਸਟ੍ਰੀਆ, ਹੰਗਰੀ ਅਤੇ ਜਰਮਨੀ ਨਾਲ ਤਿੰਨ-ਧਿਰੀ ਸੰਧੀ ਉੱਤੇ ਹਸਤਾਖ਼ਰ ਕਰ ਦਿੱਤੇ। ਇਸ ਬਿਰਧ ਅਵਸਥਾ ਵਿਚ ਵੀ ਇਸ ਨੂੰ ਅਫ਼ਰੀਕਾ ਵਿਚ ਬਸਤੀਆਂ ਪਾਉਣ ਲਈ ਰਜ਼ਾਮੰਦ ਕਰ ਲਿਆ। ਜਨਵਰੀ, 1887 ਵਿਚ ਈਥੋਪੀਅਨਾਂ ਵੱਲੋਂ ਡੋਗਲੀ ਦੀ ਲੜਾਈ ਵਿਚ 500 ਇਤਾਲਵੀਆਂ ਨੂੰ ਮਾਰਨ ਤੇ ਇਸ ਦੀ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਅਪ੍ਰੈਲ, 1887 ਵਿਚ ਇਸਨੂੰ ਫਿਰ ਦੇਸ਼ ਦਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ।

ਇਸ ਦੀ ਮੌਤ 29 ਜੁਲਾਈ, 1887 ਨੂੰ ਸਟ੍ਰਾਡੈਲਾ ਵਿਖੇ ਹੋਈ।

ਹ. ਪੁ.—ਐਨ. ਬ੍ਰਿ. 7 : 200 ; ਐਨ. ਬ੍ਰਿ. ਮਾ. 3:476

**ਡੇਪਰੇ, ਜੋਸਕੁਇਨ** **(Despres, Josquin)** : ਇਹ ਪੁਨਰਜਾਗ੍ਰਤੀ ਕਾਲ ਦੌਰਾਨ ਯੂਰਪ ਦਾ ਸਭ ਤੋਂ ਮਹਾਨ ਸੰਗੀਤਕਾਰ ਸੀ। ਇਸ ਦਾ ਜਨਮ ਬੈਲਜੀਅਮ ਦੀ ਏਨੋ (Hainaut) ਕਾਊਂਟੀ ਵਿਚ 1445 ਈ. ਦੇ ਲਗਭਗ ਹੋਇਆ। ਵਧੇਰੇ ਸਮਾਂ ਇਹ ਸ਼ਹਿਰ ਦੇ ਵੱਖ ਵੱਖ ਗਿਰਜਿਆਂ ਦੀਆਂ ਭਜਨ-ਮੰਡਲੀਆਂ ਵਿਚ ਗਾਇਕ ਰਿਹਾ। ਸੰਨ 1499 ਤੋਂ ਕੁਝ ਸਮਾਂ ਪਹਿਲਾਂ ਇਹ ਫ਼ੇਰਾਰਾ ਦੇ ਡਿਊਕ ਅਰਕੋਲ (Ercole) ਪਹਿਲੇ ਦੇ ਗਿਰਜੇ ਦੀ ਗਾਇਕ-ਮੰਡਲੀ ਵਿਚ ਸ਼ਾਮਲ ਹੋਇਆ। ਉਦੋਂ ਇਸ ਦਾ ਸਬੰਧ ਫ਼ਰਾਂਸ ਦੇ ਲੂਈ ਬਾਰ੍ਹਵੇਂ ਦੇ ਗਿਰਜੇ ਨਾਲ ਵੀ ਸੀ। ਫ਼ੇਰਾਰਾ ਵਿਖੇ ਇਸ ਨੇ ਆਪਣੇ ਮਾਲਕ ਦੇ ਸਨਮਾਨ ਵਿਚ 'Hercules Dux Ferrariae' ਅਤੇ 'Miserere' ਭਜਨ ਰਚੇ। ਸੰਨ 1505 ਵਿਚ ਡਿਊਕ ਦੀ ਮੌਤ ਤੋਂ ਬਾਅਦ ਇਸ ਨੇ ਫ਼ੇਰਾਰਾ ਛੱਡ ਦਿਤਾ ਅਤੇ ਕੋਂਡੀ (Conde) ਵਿਖੇ ਨੋਟਰੇ ਡੇਮ ਚਰਚ ਵਿਚ ਧਰਮ ਮੁਖੀ ਬਣ ਕੇ ਚਲਾ ਗਿਆ।

ਰੱਬੀ ਭੋਜ ਸਮੇਂ ਦੀਆਂ 20 ਸੰਗੀਤ ਰਚਨਾਵਾਂ ਵਿਚੋਂ 17 ਇਸ ਦੇ ਜੀਵਨ ਦੌਰਾਨ ਛਾਪੀਆਂ ਗਈਆਂ ਸਨ। ਇਸ ਦੇ ਭਜਨ ਅਤੇ ਗੀਤਾਂ ਨੂੰ ਵੀ ਪ੍ਰਕਾਸ਼ਿਤ ਕਰਵਾਇਆ ਗਿਆ ਸੀ। 16ਵੀਂ ਸਦੀ ਤੋਂ ਬਾਅਦ ਤਕ ਇਸ ਦੀਆਂ ਕਿਰਤਾਂ ਦੀ ਖੁੱਲ੍ਹੇ ਤੌਰ ਤੇ ਨਕਲ ਹੁੰਦੀ ਰਹੀ।

27 ਅਗਸਤ, 1521 ਨੂੰ ਕੋਂਡੀ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 7 : 308; ਕੋਲ. ਐਨ. 6:223.

**ਡੇ, ਪੇਰੀਏ, ਬੋਨਾਵੈਨਤੂਰ** **(Des Peries, Bonaventure)** : ਫ਼ਰਾਂਸ ਦੇ ਇਸ ਕਹਾਣੀਕਾਰ, ਕਵੀ ਅਤੇ ਮਾਨਵਵਾਦੀ ਦਾ ਜਨਮ 1500 ਈ. ਵਿਚ ਹੋਇਆ। ਇਹ ਆਜ਼ਾਦ ਖ਼ਿਆਲੀਆ ਹੋਣ ਕਰਕੇ ਬਦਨਾਮ ਹੋਇਆ। ਸੰਨ 1533 ਜਾਂ 1534 ਵਿਚ ਇਹ ਫ਼ਰਾਂਸ ਦੇ ਉਸ ਵੇਲੇ ਦੇ ਸਭ ਤੋਂ ਵੱਧ ਜਾਗਰਿਤ ਸ਼ਹਿਰ ਅਤੇ ਖੁਲ੍ਹ-ਖਿਆਲੀਏ ਵਿਦਵਾਨਾਂ ਦੇ ਗੜ੍ਹ ਲਾਈਅਨਜ਼ (Lyons) ਵਿਖੇ ਗਿਆ।

ਸੰਨ 1536 ਵਿਚ ਨਾਵਾਰ ਦੀ ਮਹਾਰਾਣੀ ਮਾਰਗਰੈੱਟ ਨੇ ਡੇ ਪੇਰੀਏ ਨੂੰ ਆਪਣਾ ਸਕੱਤਰ ਨਿਯੁਕਤ ਕੀਤਾ। ਮਾਰਗਰੈੱਟ ਦੇ ਦਰਬਾਰ ਵਿਚ ਖੁਲ੍ਹੇ ਵਿਚਾਰ-ਵਟਾਂਦਰੇ ਕਰਕੇ ਕਾਲਵਿਨਵਾਦੀ ਅਤੇ ਕੈਥੋਲਿਕ ਅਨੁਯਾਈ ਨਾਰਾਜ਼ ਰਹਿੰਦੇ ਸਨ। ਆਪਣੀ ਪੁਸਤਕ 'Cymbolum Mundi' (1537) ਵਿਚ ਡੇ ਪੇਰੀਏ ਨੇ ਈਸਾਈ ਮੱਤ ਵਿਰੁੱਧ ਬਹੁਤ ਚੋਟਾਂ ਕੀਤੀਆਂ ਹਨ ਜਿਸ ਕਾਰਨ ਇਸਦੇ ਕਈ ਕੱਟੜ ਦੁਸ਼ਮਣ ਬਣ ਗਏ ਅਤੇ ਇਹ ਪੈਰਿਸ ਛੱਡ ਕੇ ਲਾਈਅਨਜ਼ ਜਾ ਕੇ ਆਬਾਦ ਹੋ ਗਿਆ।

ਸੰਨ 1544 ਵਿਚ ਲਾਈਅਨਜ਼ ਵਿਖੇ ਡੇ ਪੇਰੀਏ ਦੀਆਂ ਕਿਰਤਾਂ ਦਾ ਸੰਗ੍ਰਹਿ ਛਪਿਆ। ਉਸ ਜਿਲਦ ਵਿਚ ਇਸ ਦੀਆਂ ਕਵਿਤਾਵਾਂ ਅਤੇ ਅਫ਼ਲਾਤੂਨ ਦੇ 'Lysis' ਦਾ ਅਨੁਵਾਦ ਸ਼ਾਮਲ ਸੀ। ਇਸ ਦੀਆਂ ਕਹਾਣੀਆਂ ਅਤੇ ਲੋਕ ਕਥਾਵਾਂ ਦਾ ਸੰਗ੍ਰਹਿ ਜਿਸ ਕਰਕੇ ਇਹ ਵਧੇਰੇ ਪ੍ਰਸਿੱਧ ਹੈ, ਸੰਨ 1558 ਵਿਚ 'Neuvelles recreations et joyeux devis' ਨਾਂ ਹੇਠ ਪ੍ਰਕਾਸ਼ਿਤ ਹੋਇਆ।

ਇਸਦੀ ਮੌਤ 1544 ਈ. ਵਿਚ ਲਾਈਅਨਜ਼ ਵਿਖੇ ਹੀ ਭੇਦ ਭਰੀ ਹਾਲਤ ਵਿਚ ਹੋਈ। ਆਮ ਲੋਕਾਂ ਦੇ ਖ਼ਿਆਲ ਅਨੁਸਾਰ ਡੇ ਪੇਰੀਏ ਨੇ ਖ਼ੁਦਕਸ਼ੀ ਕਰਕੇ ਆਪਣੇ ਜੀਵਨ ਦਾ ਅੰਤ ਕੀਤਾ।

ਹ.ਪੁ.—ਐਨ. ਬ੍ਰਿ. ਮਾ. 3 : 491; ਐਨ. ਅਮੈ. 9:14.

**ਡੇਪੋਰਟ, ਫ਼ਿਲਿਪ** **(Desportes, Phillippe)** : ਇਹ ਫ਼ਰਾਂਸ ਦਾ ਇਕ ਪ੍ਰਸਿੱਧ ਕਵੀ ਸੀ ਜਿਸ ਨੇ 17ਵੀਂ ਸਦੀ ਵਿਚ ਫ਼ਰਾਂਸ ਵਿਚ ਨਵੀਂ ਰੁਚੀ ਦੀ ਸ਼ੁਰੂਆਤ ਕੀਤੀ ਅਤੇ ਜਿਸ ਦੇ ਸਾਨਿਟ ਮਗਰਲੇ ਐਲਿਜ਼ਬੈਥ ਕਾਲ ਦੇ ਕਵੀਆਂ ਲਈ ਨਮੂਨਾ ਬਣ ਕੇ ਸਿੱਧ ਹੋਏ। ਇਸ ਦਾ ਜਨਮ 1546 ਈ. ਫ਼ਰਾਂਸ ਵਿਚ ਸ਼ਾਰਤਰ (Chartres) ਵਿਖੇ ਹੋਇਆ। ਸੰਨ 1567 ਦੇ ਲਾਗੇ ਚਾਗੇ ਇਹ ਰੌਂਸਾਰ (Ronsard) ਦੀ ਥਾਂ ਤੇ ਹੈਨਰੀ, ਡਿਊਕ ਆਫ਼ ਆਂਜੂ ਦਾ ਚਹੇਤਾ ਕਵੀ ਬਣਿਆ। ਸੰਨ 1574 ਵਿਚ ਚਾਰਲਸ ਨੌਵੇਂ ਦੀ ਮੌਤ ਤੇ ਹੈਨਰੀ ਦੇ ਵਾਪਸ ਫ਼ਰਾਂਸ

ਆਉਣ ਤੇ ਡੇਪੋਰਟ ਵੀ ਉਸ ਦੇ ਨਾਲ ਪਰਤਿਆ। ਇਸ ਦੀ 'Premieres Oeuvres' (1573) ਕਿਰਤ ਨੇ ਇਸ ਨੂੰ ਰੌਂਸਾਰ ਦਾ ਰਕੀਬ ਬਣਾ ਦਿੱਤਾ। ਹੈਨਰੀ ਤੀਜੇ ਅਤੇ ਹੋਰਾਂ ਲਈ ਆਪਣੀਆਂ ਪ੍ਰੇਮਕਾਵਾਂ ਨੂੰ ਭੇਟਾ ਕਰਨ ਲਈ ਇਸਨੇ ਖ਼ੂਬਸੂਰਤ ਸਾੱਨਿਟ ਅਤੇ ਮਰਸੀਏ ਲਿਖੇ। ਸੰਨ 1583 ਵਿਚ ਇਸ ਨੂੰ ਕਈ ਜਗੀਰਾਂ ਮਿਲੀਆਂ। ਇਸ ਵਲੋਂ ਕੀਤੇ ਗਏ ਭਜਨਾਂ ਦੇ ਅਨੁਵਾਦ ਨੂੰ ਕਈਆਂ ਵਲੋਂ ਭੰਡਿਆ ਗਿਆ ਅਤੇ ਕਈਆਂ ਵੱਲੋਂ ਸਲਾਹਿਆ ਗਿਆ। ਇਸ ਦੀ ਕਵਿਤਾ ਭਾਵੇਂ ਰੌਂਸਾਰ ਦੀ ਕਵਿਤਾ ਦੀਆਂ ਉਚਾਈਆਂ ਨੂੰ ਨਹੀਂ ਛੂੰਹਦੀ ਪਰ ਇਸ ਵਿਚ ਅਸਪਸ਼ਟਤਾ ਅਤੇ ਪੰਡਤਾਊਪੁਣਾ ਬਿਲਕੁਲ ਨਹੀਂ ਹੈ। ਅੰਗਰੇਜ਼ੀ ਦੇ ਐਡਮੰਡ ਸਪੈਂਸਰ ਅਤੇ ਸੈਮੂਅਲ ਡੇਨੀਅਲ ਵਰਗੇ ਕਵੀਆਂ ਨੇ ਇਸ ਦੀ ਸਪਸ਼ਟਤਾ ਅਤੇ ਮਧੁਰ ਸ਼ੈਲੀ ਨੂੰ ਬਹੁਤ ਪਸੰਦ ਕੀਤਾ ਹੈ।

5 ਅਕਤੂਬਰ, 1606 ਈ. ਵਿਚ ਐਬੇ ਆਫ਼ ਬੋਨਾਪਾਰਟ (Abbey of Bonaport) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 492

**ਡੇਬੋਰਡ-ਵਾਲਮੋਰ, ਮਾਰਸੈਲੀਨ (Desbordes Valumore, Marceline)** : ਇਹ ਫ਼ਰਾਂਸ ਦੇ ਰੁਮਾਂਚਕ ਯੁਗ ਦੌਰਾਨ ਦੀ ਉੱਘੀ ਵਿਦਵਾਨ ਅਤੇ ਕਵਿੱਤਰੀ ਸੀ ਜਿਸ ਦਾ ਜਨਮ 30 ਜੂਨ, 1786 ਈ. ਨੂੰ ਫ਼ਰਾਂਸ ਵਿਚ ਡੂਏ (Douai) ਵਿਖੇ ਹੋਇਆ। ਫ਼ਰਾਂਸ ਦੀ ਕ੍ਰਾਂਤੀ ਕਾਰਨ ਇਸ ਦਾ ਪਰਿਵਾਰ ਤਬਾਹ ਹੋ ਗਿਆ ਸੀ ਤੇ ਇਸ ਨੂੰ ਰੋਜ਼ੀ ਕਮਾਉਣ ਲਈ ਛੋਟੀ ਉਮਰ ਵਿਚ ਹੀ ਓਪੇਰਿਆਂ ਵਿਚ ਅਦਾਕਾਰੀ ਕਰਨੀ ਪਈ। ਸੰਨ 1817 ਵਿਚ ਇਸ ਨੇ ਇਕ ਸਾਧਾਰਣ ਜਿਹੇ ਐਕਟਰ ਨਾਲ ਵਿਆਹ ਕਰਵਾਇਆ ਜਿਸ ਦਾ ਸਟੇਜੀ ਨਾਂ ਵਾਲਮੋਰ ਸੀ। ਇਹ ਇਕ ਸੁਘੜ ਪਤਨੀ ਅਤੇ ਚੰਗੀ ਮਾਂ ਸਾਬਤ ਹੋਈ। ਬੀਮਾਰੀ ਕਾਰਨ ਸਟੇਜ ਉਤੇ ਇਸ ਦੀ ਆਵਾਜ਼ ਠੀਕ ਨਾ ਹੋਣ ਕਾਰਨ ਇਸ ਨੇ ਲਿਖਣ ਦਾ ਕੰਮ ਸ਼ੁਰੂ ਕਰ ਦਿਤਾ।

ਇਸ ਨੇ ਆਪਣੀਆਂ ਰਚਨਾਵਾਂ ਵਿਚ ਵੀ ਮਾਤਮ, ਧਰਮ, ਉਦਾਸੀ ਅਤੇ ਮੌਤ ਬਾਰੇ ਲਿਖਿਆ ਕਿਉਂਕਿ ਆਪਣੇ ਜੀਵਨ ਵਿਚ ਵੀ ਇਸ ਨੇ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕੀਤਾ ਸੀ ਅਤੇ ਇਸ ਨੇ ਆਪਣੀਆਂ ਦੋ ਧੀਆਂ ਦੀ ਮੌਤ ਦਾ ਦੁੱਖ ਵੀ ਦੇਖਿਆ ਸੀ। ਇਸ ਦੀਆਂ ਰਚਨਾਵਾਂ 'Elegies et Romances' (1818), 'Les Pleurs' (1833, ਹੰਝੂ), 'Pauvres Fleurs' (1839, ਵਿਚਾਰੇ ਫੁੱਲ), 'Bouquets et Preires' (1843, ਗੁਲਦਸਤੇ ਅਤੇ ਪ੍ਰਾਰਥਨਾਵਾਂ) ਹਨ।

23 ਜੁਲਾਈ, 1859 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 484; ਐਨ. ਅਮੈ. 8 : 717 ; ਐਨ. ਬ੍ਰਿ. 7 : 280

**ਡੇਮਜ਼ ਵਾਇਲੇਟ** : ਇਸ ਨੂੰ ਡੇਮਜ਼ ਰਾਕੈਟ ਵੀ ਕਿਹਾ ਜਾਂਦਾ ਹੈ। ਬ੍ਰੈਸਿਕੇਸੀ (Brassicaceae) ਕੁਲ ਦੇ ਇਸ ਯੂਰੇਸ਼ੀਅਨ ਪੌਦੇ ਦਾ ਬਨਸਪਤੀ ਵਿਗਿਆਨਕ ਨਾਂ ਹੈੱਸਪਰਿਸ ਮੇਟਰਨੇਲਿਸ (Hesperis matronalis) ਹੈ। ਇਸਨੂੰ ਬਰਤਾਨੀਆ ਅਤੇ ਉੱਤਰੀ ਅਮਰੀਕਾ ਵਿਚ ਬਹੁਤ ਉਗਾਇਆ ਜਾਂਦਾ ਹੈ।

ਇਹ ਦੋ ਰੁੱਤੀ ਜਾਂ ਬਹੁ-ਰੁੱਤੀ ਪੌਦਾ ਤਕਰੀਬਨ 90 ਸੈਂ. ਮੀ. ਉੱਚਾ ਹੁੰਦਾ ਹੈ। ਇਸ ਦੇ ਪੱਤੇ ਪਤਲੇ ਅਤੇ ਦੰਦੇਦਾਰ ਕਿਨਾਰਿਆਂ ਵਾਲੇ ਹੁੰਦੇ ਹਨ। ਇਸ ਦੇ ਫੁੱਲ ਜਾਮਨੀ-ਨੀਲੇ ਰੰਗ ਦੇ ਜਾਂ ਚਿੱਟੇ ਹੁੰਦੇ ਹਨ ਅਤੇ ਗੁੱਛਿਆਂ ਵਿਚ ਲਗਦੇ ਹਨ। ਫੁੱਲਾਂ ਦੀਆਂ ਰੰਗਦਾਰ ਪੱਤੀਆਂ ਦੀ ਗਿਣਤੀ ਚਾਰ ਹੁੰਦੀ ਹੈ ਤੇ ਉਨ੍ਹਾਂ ਉਪਰ ਸ਼ਿਰਾਵਾਂ ਪ੍ਰਤੱਖ ਨਜ਼ਰ ਆਉਂਦੀਆਂ ਹਨ।

ਹ.ਪੁ.—ਐਨ. ਬ੍ਰਿ. ਮਾ. 3 : 361

**ਡੇਮਬਰਟ (Daimbert)** : ਇਟਲੀ ਵਿਚ ਪਿਸਾ ਦੇ ਇਸ ਪਹਿਲੇ ਲਾਟ ਪਾਦਰੀ ਜਿਸ ਨੂੰ ਡੈਮੋਰਬਟ ਵੀ ਕਿਹਾ ਜਾਂਦਾ ਹੈ ਨੇ ਯੋਰੋਸ਼ਲਮ ਦੇ ਬਿਸ਼ਪ ਹੋਣ ਦੇ ਨਾਤੇ ਪਹਿਲੇ ਧਰਮ-ਯੁੱਧ ਵਿਚ ਉੱਘਾ ਹਿੱਸਾ ਪਾਇਆ ਸੀ।

ਸੰਨ 1088 ਵਿਚ ਇਹ ਬਿਸ਼ਪ ਅਤੇ 1092 ਈ. ਵਿਚ ਪਿਸਾ ਦਾ ਲਾਟ ਪਾਦਰੀ ਬਣਿਆ। 1095 ਵਿਚ ਇਹ ਪਹਿਲੇ ਧਰਮ-ਯੁੱਧ ਦਾ ਪ੍ਰਚਾਰ ਕਰਨ ਲਈ ਪੋਪ ਅਰਬਨ ਦੂਜੇ ਨਾਲ ਫ਼ਰਾਂਸ ਗਿਆ। ਪਿਸਾ ਪਰਤ ਕੇ ਇਸਨੇ ਜਹਾਦੀ ਬੇੜਾ ਤਿਆਰ ਕੀਤਾ ਜਿਹੜਾ ਇਸ ਦੀ ਸਰਦਾਰੀ ਅਧੀਨ 1098 ਈ. ਵਿਚ ਚੱਲ ਕੇ 1100 ਈ. ਵਿਚ ਯੋਰੋਸ਼ਲਮ ਪਹੁੰਚਿਆ। ਯੋਰੋਸ਼ਲਮ ਦੇ ਬਣੇ ਗ਼ੈਰਕਾਨੂੰਨੀ ਧਰਮ ਮੁਖੀ ਨੂੰ ਲਾਹ ਕੇ ਇਸ ਨੇ ਆਪ ਇਸ ਦੀ ਥਾਂ ਲੈ ਲਈ। ਫਿਰ ਇਸ ਨੇ ਯੋਰੋਸ਼ਲਮ ਦੇ ਬਾਦਸ਼ਾਹ ਗਾੱਡਫਰੇ ਅਤੇ ਐਂਟੀਓਕ (Antioch) ਦੇ ਸ਼ਹਿਜ਼ਾਦੇ ਨੂੰ ਆਪਣੇ ਅਧੀਨ ਕੀਤਾ। ਜੁਲਾਈ, 1100 ਵਿਚ ਗਾੱਡਫਰੇ ਦੇ ਮਰਨ ਉਤੇ ਯੋਰੋਸ਼ਲਮ ਪੂਰੇ ਤੌਰ ਤੇ ਡੇਮਬਰਟ ਦੇ ਕਬਜ਼ੇ ਵਿਚ ਆ ਗਿਆ ਪਰ ਉਸੇ ਸਮੇਂ ਗਾੱਡਫਰੇ ਦੇ ਭਰਾ ਬਾਲਡਵਿਨ ਪਹਿਲੇ ਨੇ ਡੇਮਬਰਟ ਨੂੰ ਮਜਬੂਰ ਕੀਤਾ ਕਿ ਉਸ ਨੂੰ ਯੋਰੋਸ਼ਲਮ ਦਾ ਬਾਦਸ਼ਾਹ ਬਣਾਇਆ ਜਾਵੇ। ਹੌਲੀ ਹੌਲੀ ਡੇਮਬਰਟ ਦਾ ਅਧਿਕਾਰ ਘਟਦਾ ਗਿਆ ਅਤੇ 1102 ਵਿਚ ਇਸ ਨੂੰ ਯੋਰੋਸ਼ਲਮ ਵਿਚੋਂ ਕੱਢ ਦਿਤਾ ਗਿਆ। ਬਾਲਡਵਿਨ ਨੇ ਇਸ ਦੀ ਪਦਵੀ ਅਤੇ ਖ਼ਜ਼ਾਨਾ ਖੋਹ ਲਿਆ। ਇਟਲੀ ਵਾਪਸ ਪਰਤਣ ਤੇ ਡੇਮਬਰਟ ਨੇ ਪੋਪ ਅਗੇ ਇਸ ਬਾਰੇ ਅਪੀਲ ਕੀਤੀ। ਉਸ ਨੇ ਇਸ ਦੀ ਮਦਦ ਕੀਤੀ ਅਤੇ ਇਹ ਮੁੜ ਸੀਰੀਆ ਲਈ ਰਵਾਨਾ ਹੋ ਗਿਆ ਪਰ ਅਜੇ ਇਹ ਟਾਪੂ ਵਿਚ ਮੈਸਿਨਾ ਵਿਖੇ ਪੁੱਜਾ ਸੀ ਕਿ 14 ਜੂਨ, 1107 ਨੂੰ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 348.

**ਡੇ ਮਾਇਨ (Des Moines)** : ਸੰਯੁਕਤ ਰਾਜ ਅਮਰੀਕਾ ਦੇ ਆਇਓਵਾ ਰਾਜ ਦੇ ਉੱਤਰ-ਪੱਛਮੀ ਕੇਂਦਰੀ ਭਾਗ ਦਾ ਸਭ ਤੋਂ ਵੱਡਾ ਦਰਿਆ ਹੈ। ਇਹ ਮਿਨੀਸੋਟਾ ਦੇ ਦੱਖਣ-ਪੱਛਮੀ ਹਿੱਸੇ ਦੀ ਸ਼ੀਟਕ ਝੀਲ ਵਿਚੋਂ ਨਿਕਲਦਾ ਹੈ ਤੇ 845 ਕਿ. ਮੀ. ਦਾ ਪੰਧ ਤੈਅ ਕਰਨ ਉਪਰੰਤ ਸ਼ਹਿਰ ਦੀ ਦੱਖਣ-ਪੂਰਬੀ ਦਿਸ਼ਾ ਵੱਲੋਂ ਵਹਿੰਦਾ ਹੋਇਆ ਕੀਆਕੱਕ ਸਥਾਨ ਦੇ ਨੇੜੇ ਦਰਿਆ ਮਿਸਿਸਿੱਪੀ ਨਾਲ ਜਾ ਮਿਲਦਾ ਹੈ। ਇਹ ਰਾਜ ਦੇ 30,940 ਵਿ.ਕਿ.ਮੀ. ਖੇਤਰ ਦੀ ਜਲ-ਨਿਕਾਸੀ ਕਰਦਾ ਹੈ ਅਤੇ ਮੁਹਾਣੇ ਤੋਂ 40 ਕਿ. ਮੀ. ਉਤਾਂਹ ਵੱਲ ਮਿਜ਼ੂਰੀ ਅਤੇ ਆਇਓਵਾ ਰਾਜਾਂ ਵਿਚਕਾਰ ਹੱਦ ਬਣਾਉਂਦਾ ਹੈ। ਪੂਰਬੀ ਫ਼ਾਰਕ, ਪੱਛਮੀ ਫ਼ਾਰਕ ਅਤੇ ਰਾਕੂਨ ਇਸ ਦਰਿਆ ਦੀਆਂ ਸਹਾਇਕ ਨਦੀਆਂ ਹਨ। ਇਸ ਦਰਿਆ ਨੂੰ 1873 ਈ. ਵਿਚ ਜਹਾਜ਼ਰਾਨੀ ਯੋਗ ਬਣਾਇਆ ਗਿਆ। ਪਿੱਛੋਂ ਖ਼ਾਨਾਜੰਗੀ ਤੀਕ ਕੇਂਦਰੀ ਆਇਓਵਾ ਦਾ ਸਾਰਾ ਵਪਾਰ ਇਸੇ ਦਰਿਆ ਦੇ ਰਸਤਿਓਂ ਹੁੰਦਾ ਰਿਹਾ। ਆਇਓਵਾ ਰਾਜ ਵਿਚ ਰੇਲਾਂ ਦੇ ਨਿਰਮਾਣ ਪਿੱਛੋਂ ਇਸ ਦਰਿਆ ਦੀ ਜਲ-ਮਾਰਗ ਵਾਲੀ ਮਹੱਤਤਾ ਪਹਿਲਾਂ ਨਾਲੋਂ ਘਟ ਗਈ। ਢੋਅ-ਢੁਆਈ ਦਾ ਕੰਮ ਰੇਲਾਂ ਰਾਹੀਂ ਕੀਤੇ ਜਾਣ ਕਾਰਨ 1840 ਤੋਂ 1890 ਈ. ਤੱਕ ਇਸਦੇ ਕੰਢਿਆਂ ਦੇ ਆਸ-ਪਾਸ ਆਟਾ ਪੀਹਣ ਦੀਆਂ 80 ਮਿੱਲਾਂ ਲਾਈਆਂ ਗਈਆਂ। ਇਸ ਦਰਿਆ ਉੱਤੇ ਪਣ-ਬਿਜਲੀ ਯੋਜਨਾਵਾਂ ਵੀ ਬਣਾਈਆਂ ਗਈਆਂ ਹਨ। ਆਟਮਵਾ, ਐਸਟਰਵਿਲ, ਫੋਰਟ ਡਾਜ ਅਤੇ ਡੇ ਮਾਇਨ ਵਰਗੇ ਸ਼ਹਿਰ ਇਸ ਦਰਿਆ ਦੇ ਕੰਢੇ ਉੱਤੇ ਵੱਸੇ ਹੋਏ ਹਨ।

40° 22′ ਉ. ਵਿਥ.; 91° 26′ . ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 4 : 27 ; ਐਨ. ਅਮੈ. 9:15

**ਡੇਮਾਰੇ ਡ ਸੈਨ-ਸੋਰਲੈਨ, ਜਾਂ** (**Desmarets de Saint-Sorlin, Jean**) : ਇਸ ਫ਼ਰਾਂਸੀਸੀ ਲੇਖਕ, ਕਵੀ, ਨਾਟਕਕਾਰ ਅਤੇ ਸਿਆਸਤਦਾਨ ਦਾ ਜਨਮ 1595 ਈ. ਵਿਚ ਪੈਰਿਸ ਵਿਖੇ ਹੋਇਆ। ਇਹ ਫ਼ਰਾਂਸੀਸੀ ਅਕਾਦਮੀ ਦੇ ਮੁਢਲੇ ਮੈਂਬਰਾਂ ਵਿਚੋਂ ਸੀ ਅਤੇ ਇਸ ਅਕਾਦਮੀ ਦਾ ਪਹਿਲਾ ਚਾਂਸਲਰ ਵੀ ਇਸੇ ਨੂੰ ਥਾਪਿਆ ਗਿਆ। ਇਹ ਕਲਾਸਕੀ ਯੂਨਾਨੀ ਭਾਸ਼ਾ ਅਤੇ ਰੋਮਨ ਲੇਖਕਾਂ ਦੀ ਬਜਾਇ ਆਧੁਨਿਕ ਫ਼ਰਾਂਸੀਸੀ ਸਾਹਿਤ ਲਈ ਆਦਰਸ਼ਕ ਰੋਮਾਂਸ ਭਾਸ਼ਾਵਾਂ ਦੀਆਂ ਪੌਰਾਣਿਕ ਕਥਾਵਾਂ ਅਤੇ ਬਾਈਬਲ ਵਿਚ ਜ਼ਿਆਦਾ ਵਿਸ਼ਵਾਸ ਰੱਖਦਾ ਸੀ।

ਆਪਣੀਆਂ ਕਈ ਸਾਹਿਤਕ ਕਿਰਤਾਂ ਲਿਖਣ ਉਪਰੰਤ ਸੋਰਲੈਨ ਨੇ '**Ariane**' (1632) ਨਾਮੀ ਸਫ਼ਲ ਰੋਮਾਂਚਕ ਕਿਰਤ ਪੇਸ਼ ਕੀਤੀ। ਇਸ ਪੁਸਤਕ ਦੀ ਸਫ਼ਲਤਾ ਕਾਰਨ ਕਾਰਡੀਨਲ ਡ ਰਿਸ਼ਿਲੂ ਨੇ ਇਸ ਨੂੰ ਆਪਣੀ ਸਰਪ੍ਰਸਤੀ ਹੇਠ ਕਈ ਸਰਕਾਰੀ ਅਹੁਦਿਆਂ ਤੇ ਲਗਾਇਆ। ਇਸ ਨੇ ਕਈ ਦੁਖਾਂਤ ਅਤੇ ਕਈ ਸੁਖਾਂਤ ਨਾਟਕ ਲਿਖੇ। Les Visionnaires (1637), 'Scipion' (1639), Clovis ou la France chretlenne' (1657) ਆਦਿ ਇਸ ਦੀਆਂ ਉੱਤਮ ਪੁਸਤਕਾਂ ਹਨ।

28 ਅਕਤੂਬਰ, 1676 ਈ. ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 486; ਐਨ. ਅਮੇ. 9:10

**ਡੇਮਾਲਚੇਰੁਵੂ ਦੱਰਾ** : ਇਹ ਦੱਖਣੀ ਭਾਰਤ ਦੇ ਤਾਮਿਲਨਾਡੂ ਰਾਜ ਦੇ ਉੱਤਰੀ ਅਰਕਾਟ ਜ਼ਿਲ੍ਹੇ ਦੇ ਚੰਦਰਗਿਰੀ ਤਅੱਲੁਕੇ ਵਿਚ ਵਾਕਿਆ ਇਕ ਦੱਰਾ ਹੈ। ਇਹ ਕਰਨਾਟਕ ਤੋਂ ਮੈਸੂਰ ਦੀ ਪਠਾਰ ਤੱਕ ਫੈਲਿਆ ਹੋਇਆ ਹੈ। ਅਠਾਰ੍ਹਵੀਂ ਸਦੀ ਦੀਆਂ ਕਈ ਮਹੱਤਵਪੂਰਨ ਇਤਿਹਾਸਕ ਲੜਾਈਆਂ ਇਥੇ ਹੀ ਲੜੀਆਂ ਗਈਆਂ ਸਨ। ਇਨ੍ਹਾਂ ਵਿਚੋਂ 1740 ਈ. ਵਿਚ ਮਰਹੱਟਿਆਂ ਅਤੇ ਨਵਾਬ ਦੋਸਤ ਅਲੀ ਦਰਮਿਆਨ ਹੋਈ ਲੜਾਈ ਵਿਸ਼ੇਸ਼ ਤੌਰ ਤੇ ਕਾਫ਼ੀ ਪ੍ਰਸਿੱਧ ਹੈ ਜਿਸ ਵਿਚ ਨਵਾਬ ਹਾਰ ਗਿਆ ਅਤੇ ਮਾਰਿਆ ਵੀ ਗਿਆ ਸੀ। ਦੱਰੇ ਵਿਚੋਂ ਦੀ ਲੰਘਣ ਵਾਲੀ ਸੜਕ ਨੂੰ ਇਕ ਬੰਨ੍ਹ ਆਰ ਪਾਰ ਕਰਦਾ ਹੈ ਅਤੇ ਇਹ ਸੜਕ ਪਹਾੜੀਆਂ ਦੇ ਉੱਤੋਂ ਦੀ ਦੋਵੇਂ ਪਾਸੇ ਤੁਰੀ ਜਾਂਦੀ ਹੈ। ਇਸ ਬਾਰੇ ਵਿਚਾਰ ਹੈ ਕਿ ਇਹ ਕਾਫ਼ੀ ਸਮਾਂ ਪਹਿਲਾਂ ਦੇ ਗਵਾਂਢੀ ਰਾਜਿਆਂ ਨੇ ਆਪਣੇ ਆਪਣੇ ਇਲਾਕੇ ਦੀ ਹੱਦਬੰਦੀ ਕਰਨ ਲਈ ਬਣਵਾਈ ਸੀ।

13° 29′ ਉ. ਵਿਥ.; 79° 03′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 11 : 128

**ਡੇਮਾਵੇਂਡ ਚੋਟੀ** : ਈਰਾਨ ਦੇ ਐਲਬ੍ਰਜ਼ ਪਹਾੜਾਂ ਦੀ ਸਭ ਤੋਂ ਉੱਚੀ ਅਕਿਰਿਆਸ਼ੀਲ ਜਵਾਲਾਮੁਖੀ ਸਿਖਰ ਹੈ ਜਿਹੜੀ ਤਹਿਰਾਨ ਦੇ ਉੱਤਰ-ਪੂਰਬ ਵਿਚ 68 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਦੀ ਉੱਚਾਈ 5,686 ਮੀ. ਹੈ ਅਤੇ ਇਹ ਆਪਣੇ ਆਲੇ-ਦੁਆਲੇ ਦੀਆਂ ਚੋਟੀਆਂ ਵਿਚੋਂ ਸਿਰ ਕੱਢਵੀਂ ਹੈ। ਇਸ ਦੀ ਬਰਫ਼-ਲੱਦੀ ਕੋਣਧਾਰੀ ਢਲਾਣ ਲਾਵੇ ਦੇ ਵਹਿਣ ਅਤੇ ਰਾਖ਼ ਤੋਂ ਬਣੀ ਹੋਈ ਹੈ ਅਤੇ ਇਸ ਦੀ ਸਿਖਰ ਉੱਤੇ ਇਕ ਗੰਧਕ ਦੇ ਨਿਖੇਪਾਂ ਵਾਲਾ ਛੋਟਾ ਜਿਹਾ ਕ੍ਰੇਟਰ ਹੈ। ਇਸ ਦੀ ਸਿਖਰ ਦੀ ਉੱਤਰੀ ਢਲਾਣ ਤੇ ਲਗਭਗ 2 ਕਿ. ਮੀ. ਲੰਬਾ ਇਕ ਛੋਟਾ ਜਿਹਾ ਗਲੇਸ਼ੀਅਰ ਹੈ। ਕ੍ਰੇਟਰ ਤੋਂ ਹੇਠਾਂ ਦੋ ਛੋਟੇ ਗਲੇਸ਼ੀਅਰ, ਗੈਸ ਨਿਕਲਣ ਲਈ ਵਾਸ਼ਪ ਮੁੱਖ, ਗਰਮ ਚਸ਼ਮੇ ਅਤੇ ਖਣਿਜੀ-ਭੰਡਾਰ ਹਨ।

ਹਰੇਜ ਦਰਿਆ ਦੇ ਸ੍ਰੋਤ ਪਹਾੜੀ ਢਲਾਣਾਂ ਦੀ ਜਲ-ਨਿਕਾਸੀ ਕਰਦੇ ਹਨ ਅਤੇ ਪਹਾੜੀ ਦੇ ਪੂਰਬੀ ਪਾਸੇ ਦਰਿਆ ਨੇ ਇਕ ਡੂੰਘੀ ਘਾਟੀ ਬਣਾਈ ਹੋਈ ਹੈ। ਇਥੋਂ ਤਹਿਰਾਨ ਤੱਕ ਸੜਕ ਬਣ ਜਾਣ ਨਾਲ ਇਸ ਦੇ ਆਲੇ-ਦੁਆਲੇ ਗਰਮੀ ਦੀਆਂ ਕਈ ਸੈਰਗਾਹਾਂ ਵਿਕਸਿਤ ਹੋ ਗਈਆਂ ਹਨ।

ਇਸ ਚੋਟੀ ਤੇ ਅਕਸਰ ਬਰਫ਼ ਜੰਮੀ ਰਹਿੰਦੀ ਹੈ ਜੋ ਸੈਲਾਨੀਆਂ ਲਈ ਇਕ ਖ਼ੂਬਸੂਰਤ ਦ੍ਰਿਸ਼ ਪੇਸ਼ ਕਰਦੀ ਹੈ। ਲਾਵੇ ਦੇ ਵਹਿਣਾਂ ਕਾਰਨ ਆਸ-ਪਾਸ ਦੇ ਕਾਫ਼ੀ ਇਲਾਕੇ ਵਿਚ ਵਸੋਂ ਨਹੀਂ ਹੈ। ਡੇਮਾਵੇਂਡ ਸ਼ਹਿਰ ਇਥੋਂ 27 ਕਿ. ਮੀ. ਦੀ ਦੂਰੀ ਤੇ ਇਕ ਜ਼ਰਖੇਜ਼ ਵਾਦੀ ਵਿਚ 2,300 ਮੀ. ਦੀ ਉੱਚਾਈ ਤੇ ਵਾਕਿਆ ਹੈ।

ਇਸ ਦਾ ਜ਼ਿਕਰ ਸਾਰੀਆਂ ਫ਼ਾਰਸੀ ਲੋਕ-ਕਥਾਵਾਂ ਵਿਚ ਵੀ ਆਉਂਦਾ ਹੈ। ਇਕ ਕਥਾ ਅਨੁਸਾਰ ਇਹ ਹਜ਼ਰਤ ਨੂੰਹ ਦੀ ਬੇੜੀ ਦੇ ਖੜ੍ਹਾ ਕਰਨ ਦਾ ਸਥਾਨ ਵੀ ਦੱਸਿਆ ਜਾਂਦਾ ਹੈ।

35° 56′ ਉ. ਵਿਥ.; 52° 08′ ਪੂ. ਲੰਬ.

ਹ. ਪੁ.- ਐਨ. ਅਮੇ. 8 : 681 ; ਐਨ. ਬ੍ਰਿ. ਮਾ. 4:2

**ਡੇਮੀਐਨ, ਸੇਂਟ ਪੀਟਰ** : ਇਹ ਇਟਲੀ ਦਾ ਕਾਰਡੀਨਲ ਅਤੇ 11 ਵੀਂ ਸਦੀ ਦੀ ਸੁਧਾਰਵਾਦੀ ਲਹਿਰ ਦਾ ਮੁਢਲਾ ਲੀਡਰ ਤੇ ਬਹੁਤ ਮਹਤੱਵਪੂਰਨ ਵਿਅਕਤੀ ਸੀ। ਇਸ ਦਾ ਜਨਮ 1007 ਈ ਵਿਚ ਰਾਵੈਨਾ ਵਿਖੇ ਹੋਇਆ। ਤਿੰਨ ਵੱਖ ਵੱਖ ਯੂਨੀਵਰਸਿਟੀਆਂ ਤੋ ਵਿਦਿਆ ਪ੍ਰਾਪਤ ਕਰਨ ਮਗਰੋਂ ਇਹ ਬਤੌਰ ਅਧਿਆਪਕ ਨਿਯੁਕਤ ਹੋਇਆ। ਸੰਨ 1035 ਈ. ਵਿਚ ਅਧਿਆਪਨ ਦਾ ਕਿੱਤਾ ਛੱਡ ਕੇ ਇਹ ਐਪਨਾਈਨਜ਼ (Apennines) ਵਿਚ ਫੋਂਟੇ ਐਵਲਾਨਾਂ ਦੇ (Fonte Avellana) ਮੱਠ ਵਿਚ ਚਲਾ ਗਿਆ ਜਿਥੇ 1043 ਵਿਚ ਇਸਨੂੰ ਪ੍ਰਾਇਰ ਬਣਾ ਦਿੱਤਾ ਗਿਆ। ਇਹ ਵਿਸੇਸ਼ ਕਰਕੇ ਪਾਦਰੀ ਵਰਗ ਵਿਚ ਸੁਧਾਰ ਲਿਆਉਣ ਦਾ ਹਾਮੀ ਸੀ ਜਿਸ ਕਰਕੇ ਇਸ ਦੀ ਕਾਫ਼ੀ ਪ੍ਰਸਿੱਧੀ ਹੋ ਗਈ। ਸੰਨ 1057 ਵਿਚ ਇਹ ਕਾਰਡੀਨਲ ਬਣਿਆ ਅਤੇ ਪੋਪ ਦਾ ਜ਼ਬਰਦਸਤ ਹਮਾਇਤੀ ਰਿਹਾ। ਸੰਨ 1067 ਵਿਚ ਰਿਟਾਇਰ ਹੋਣ ਮਗਰੋਂ ਵੀ ਇਹ ਸੁਧਾਰਵਾਦੀ ਕੰਮਾਂ ਵਿਚ ਜੁੱਟਿਆ ਰਿਹਾ। ਸੰਨ 1828 ਵਿਚ ਇਸ ਨੂੰ ਚਰਚ ਦੇ 'ਡਾਕਟਰ' ਦੀ ਉਪਾਧੀ ਪ੍ਰਦਾਨ ਕੀਤੀ ਗਈ। ਇਸ ਦਾ ਪੁਰਬ 23 ਫ਼ਰਵਰੀ ਨੂੰ ਮਨਾਇਆ ਜਾਂਦਾ ਹੈ।

ਰਾਜਨੀਤਿਕ ਅਤੇ ਧਾਰਮਿਕ ਮਾਮਲਿਆਂ ਵਿਚ ਇਹ ਰੂੜ੍ਹੀਵਾਦੀ ਸੀ ਅਤੇ ਗਰੀਬੀ ਦੀ ਹਾਲਤ ਵਿਚ ਜੀਵਨ ਬਸਰ ਕਰਨਾ ਚੰਗਾ ਸਮਝਦਾ ਸੀ। ਇਸ ਦੀਆਂ ਕਿਰਤਾਂ 'ਪੈਟ੍ਰੋਲੋਗੀਆ ਲੈਟਿਨਾ' (ਜਿਲਦ 144, 145 ; 1853) ਵਿਚ ਸ਼ਾਮਲ ਕੀਤੀਆਂ ਮਿਲਦੀਆਂ ਹਨ। 1072 ਨੂੰ ਫਾਐਨੇਂਜ਼ਾ (Faenza) ਵਿਖੇ ਇਸਦੀ ਮੌਤ ਹੋ ਗਈ

ਹ.ਪੁ.—ਐਨ. ਬ੍ਰਿ. ਮਾ. 3 : 363; ਐਨ. ਅਮੇ. 8 : 429.

**ਡੇਮੈੱਲ, ਰਿਚਰਡ** : ਜਰਮਨੀ ਦੇ ਇਸ ਉੱਘੇ ਕਵੀ ਦਾ ਜਨਮ 18 ਨਵੰਬਰ, 1863 ਈ. ਵਿਚ ਪੂਰਬੀ ਜਰਮਨੀ ਵਿਚ ਬਰਾਡੈਨਬੁਰਕ ਵਿਖੇ ਹੋਇਆ। ਸੰਨ 1887 ਵਿਚ ਪੜ੍ਹਾਈ ਮੁਕੰਮਲ ਕਰਕੇ ਇਹ ਬੀਮਾ ਕੰਪਨੀ ਵਿਚ ਨੌਕਰੀ ਕਰਨ ਲੱਗ ਪਿਆ।

ਸੰਨ 1895 ਵਿਚ ਇਹ ਇਕ ਆਜ਼ਾਦ ਲੇਖਕ ਦੇ ਤੌਰ ਤੇ ਜਾਣਿਆ ਜਾਣ ਲੱਗਾ। ਸ਼ੁਰੂ ਸ਼ੁਰੂ ਵਿਚ ਇਸ ਨੇ ਪ੍ਰਕਿਰਤੀ ਵਿਗਿਆਨ ਸਬੰਧੀ ਵਿਸ਼ੇ ਚੁਣੇ। ਇਹ ਪਹਿਲਾ ਮਹਾਨ ਕਵੀ ਸੀ ਜਿਸਨੇ ਮਜ਼ਦੂਰ ਵਰਗ ਦੀ ਦੁਰਦਸ਼ਾ ਬਾਰੇ ਲਿਖਿਆ। ਇਸ ਦੀਆਂ ਕਵਿਤਾਵਾਂ ਦਾ ਅੰਤਰੀਵ ਭਾਵ ਪਿਆਰ ਅਤੇ ਮਨੋਵੇਗ ਹੈ। ਇਸ ਨੇ ਨੀਤਸ਼ੇ ਦੇ ਅਸਰ ਥੱਲੇ ਅਵਰਜਿਤ ਪ੍ਰਵਿਰਤੀਆਂ ਅਤੇ ਮਨੋਵੇਗ ਸਬੰਧੀ ਲਿਖਿਆ ਅਤੇ ਨਾਲ ਹੀ ਸ੍ਵੈ-ਤਿਆਗ ਅਤੇ ਇਕਸੁਰ ਵਾਲੇ ਇਖ਼ਲਾਕੀ ਵਿਚਾਰਾਂ ਨੂੰ ਆਪਣੀ ਕਵਿਤਾ ਵਿਚ ਨਿਰੂਪਣ ਕੀਤਾ। ਇਸ ਦੀ ਕਵਿਤਾ ਦਾ ਪਹਿਲਾ ਸੰਗ੍ਰਹਿ 'Erlosungen' (1891; "Redemptions") ਸੀ

ਇਸ ਨੇ ਆਪਣੇ ਪ੍ਰਮੁੱਖ ਨਾਵਲ 'Zwei Menschen' (1903) ਵਿਚ ਆਦਮੀ ਅਤੇ ਔਰਤ ਵਿਚਕਾਰ ਪਿਆਰ ਦੇ ਵਿਸ਼ੇ ਨੂੰ ਪੇਸ਼ ਕੀਤਾ। ਇਸ ਦੇ ਜਿਨਸੀ ਵਿਸ਼ੇ ਨਾ ਕੇਵਲ ਵਾਸਨਾ ਭਰਪੂਰ ਸਨ ਸਗੋਂ ਹੈਰਾਨੀ ਦੀ ਹੱਦ ਤੱਕ ਖੁਲ੍ਹੇ ਵੀ ਸਨ।

ਇਸ ਨੇ ਸ੍ਵੈ-ਤਿਆਗ ਦੀ ਮਿਸਾਲ ਪਹਿਲੇ ਸੰਸਾਰ-ਯੁੱਧ ਦੀ ਖ਼ੁਦ ਸੇਵਾ ਕਰਕੇ ਕੀਤੀ ਅਤੇ ਆਪਣੀ ਅੰਤਲੀ ਰਚਨਾ ਵਿਚ ਇਸ ਦਾ ਵਰਣਨ ਕੀਤਾ ਜੋ ਇਕ ਜੰਗੀ ਰੋਜ਼ਨਾਮਚਾ 'Zwischen Volk und Menschheit' (1919) ਸੀ। ਇਸ ਦੀਆਂ ਪ੍ਰਮੁੱਖ ਰਚਨਾਵਾਂ 'Weib und welt' (1896) 'Woman and world', Die Verwanderung der venus (1907) ਅਤੇ ' Schone wilde welt' (1913) ਹਨ।

ਇਹ ਆਪਣੀ ਰਚਨਾ ਵਿਚ ਸਨਾਤਨੀ ਰੁਮਾਂਚਿਕ ਰਵਾਇਤ ਨੂੰ ਖ਼ਤਮ ਕਰਕੇ ਪ੍ਰਗਟਾਉਵਾਦ ਦਾ ਮੋਹਰੀ ਬਣਿਆ।

8 ਫ਼ਰਵਰੀ, 1920 ਈ. ਨੂੰ ਬਰਾਡੈਨਬੁਰਕ ਵਿਚ ਬਲੈਕੇਨੀਜ਼ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ.ਪੁ.—ਐਨ. ਬ੍ਰਿ. ਮਾ. 3 : 437 ; ਵ. ਯੂ. ਐਨ. 5:1489

**ਡੇਰਾ ਇਸਮਾਈਲ ਖ਼ਾਂ** : ਜ਼ਿਲ੍ਹਾ — ਇਹ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦਾ ਇਕ ਦੱਖਣੀ ਜ਼ਿਲ੍ਹਾ ਹੈ। ਇਸ ਦਾ ਖੇਤਰਫ਼ਲ 9,055 ਵ.ਕਿ.ਮੀ. ਅਤੇ ਆਬਾਦੀ 6,34,000 (1981) ਹੈ। ਇਸ ਜ਼ਿਲ੍ਹੇ ਦੇ ਉੱਤਰ ਵੱਲ ਭਿਟਾਨੀ ਅਤੇ ਮਾਰਵਤ ਪਰਬਤ ਲੜੀਆਂ ; ਪੂਰਬ ਵੱਲ ਦਰਿਆ ਸਿੰਧ ; ਪੱਛਮ ਵੱਲ ਸਿਰਾਲੀ ਅਤੇ ਸੁਲੇਮਾਨ ਪਰਬਤ ਲੜੀਆਂ ਅਤੇ ਦੱਖਣ ਵੱਲ ਜ਼ਿਲ੍ਹਾ ਡੇਰਾ ਗਾਜ਼ੀ ਖ਼ਾਂ ਹੈ। ਇਸ ਜ਼ਿਲ੍ਹੇ ਦੇ ਉੱਤਰ-ਪੱਛਮੀ ਹਿੱਸੇ ਵਿਚੋਂ ਲਾਲ ਪਹਾੜ (ਰੱਤਾ ਕੋਹ) ਅੱਗੇ ਸਿੰਧ ਦਰਿਆ ਤੱਕ ਚਲੇ ਜਾਂਦੇ ਹਨ। ਇਸ ਪਰਬਤੀ ਖੇਤਰ ਨੂੰ ਛੱਡ ਕੇ ਸਾਰਾ ਜ਼ਿਲ੍ਹਾ ਮੈਦਾਨੀ ਹੈ ਜਿਸ ਦੇ ਦਮਨ ਅਤੇ ਕੱਛੀ ਦੋ ਹਿੱਸੇ ਹਨ। ਪਹਾੜੀਆਂ ਦੇ ਹੇਠਾਂ ਜਲੋਢ ਮਿੱਟੀ ਦੇ ਨਿਖੇਪਾਂ ਵਾਲਾ ਪੱਧਰਾ ਜਿਹਾ 'ਦਮਨ' ਖੇਤਰ ਹੈ। ਇਸ ਵਿਚੋਂ ਤੇਜ਼ ਵਹਿਣ ਵਾਲੇ ਦਰਿਆ ਲੰਘਦੇ ਹਨ ਜਿਨ੍ਹਾਂ ਦੇ ਪਾਣੀ ਨਾਲ ਭੂਮੀ ਸਿੰਜੀ ਜਾਂਦੀ ਹੈ। ਸਿੰਧ ਦਰਿਆ ਦੇ ਨਾਲ ਨਾਲ ਕੱਛੀ ਖੇਤਰ ਹੈ ਜਿਥੇ ਹੜ੍ਹ ਆਉਂਦੇ ਹਨ। ਇਸ ਨਾਲ ਇਸ ਸਾਰੇ ਮੈਦਾਨੀ ਇਲਾਕੇ ਵਿਚ ਕਈ ਅਨਾਜੀ ਫ਼ਸਲਾਂ ਦੀ ਪੈਦਾਵਾਰ ਹੁੰਦੀ ਹੈ।

ਹ. ਪੁ.—ਐਨ. ਬ੍ਰਿ. ਮਾ. 4 : 22 ; ਇੰਪ. ਗ. ਇੰਡ. 11 : 259

**ਡੇਰਾ ਇਸਮਾਈਲ ਖ਼ਾਂ** : ਸ਼ਹਿਰ — ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਇਹ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਅਤੇ ਵਪਾਰਕ ਕੇਂਦਰ ਹੈ ਜਿਹੜਾ ਪਿਸ਼ਾਵਰ ਤੋਂ 250 ਕਿ. ਮੀ. (155 ਮੀ.) ਦੱਖਣ ਵੱਲ, ਲਾਹੌਰ ਤੋਂ 325 ਕਿ. ਮੀ. (200 ਮੀ. ਪੱਛਮ ਵੱਲ ਅਤੇ ਮੁਲਤਾਨ ਦੇ ਉੱਤਰ-ਪੱਛਮ ਵੱਲ ਲ. 135 ਕਿ.ਮੀ. (120 ਮੀ.) ਦੀ ਦੂਰੀ ਤੇ ਸਿੰਧ ਦੱਰਿਆ ਦੇ ਸੱਜੇ ਕੰਢੇ ਪਿਸ਼ਾਵਰ-ਮੁਲਤਾਨ ਰੇਲਵੇ ਲਾਈਨ ਉਪਰ ਵਸਿਆ ਹੋਇਆ ਹੈ।

ਇਸ ਸ਼ਹਿਰ ਦੀ ਨੀਂਹ ਮਲਿਕ ਸੁਹਰਾਬ ਹੋਤ ਨਾਮੀ ਇਕ ਬਲੋਚ ਸਰਦਾਰ ਦੇ ਪੁੱਤਰ ਇਸਮਾਈਲ ਖ਼ਾਂ ਨੇ ਪੰਦਰ੍ਹਵੀਂ ਸਦੀ ਦੇ ਅਖ਼ੀਰ ਵਿਚ ਰੱਖੀ ਅਤੇ ਇਸ ਦਾ ਨਾਂ ਵੀ ਆਪਣੇ ਨਾਂ ਪਿੱਛੇ ਹੀ ਰੱਖ ਦਿੱਤਾ ਸੀ। ਇਹ ਸ਼ਹਿਰ ਲ.15 ਕਿ.ਮੀ. (9 ਮੀ.) ਪੂਰਬ ਵੱਲ ਨੂੰ ਪੈਂਦਾ ਸੀ। ਸੰਨ 1823 ਵਿਚ ਸਿੰਧ ਦਰਿਆ ਦੇ ਹੜ੍ਹ ਦੀ ਮਾਰ ਥੱਲੇ ਆਉਣ ਕਰਕੇ ਤਬਾਹ ਹੋ ਗਿਆ ਸੀ ਅਤੇ ਅਜੋਕਾ ਸ਼ਹਿਰ ਇਥੋਂ 6 ਕਿ. ਮੀ. ਪੱਛਮ ਵਿਚ ਵਾਕਿਆ ਹੈ। ਸੰਨ 1867 ਵਿਚ ਇਥੇ ਮਿਉਂਸਪਲ ਕਮੇਟੀ ਸਥਾਪਿਤ ਹੋਈ। ਵੀਹਵੀਂ ਸਦੀ ਦੇ ਆਰੰਭ ਵਿਚ ਇਸ ਸ਼ਹਿਰ ਵਿਚ ਦੋ ਬਾਜ਼ਾਰ ਸਨ। ਹਿੰਦੂ ਅਤੇ ਮੁਸਲਮਾਨ ਵੱਖ ਵੱਖ ਹਿੱਸਿਆਂ ਵਿਚ ਵੱਸਦੇ ਸਨ। ਸ਼ਹਿਰ ਦੇ ਦੁਆਲੇ ਇਕ ਮੋਟੀ ਸਾਰੀ ਕੱਚੀ ਕੰਧ ਸੀ ਜਿਸ ਵਿਚ ਦਰਵਾਜ਼ੇ ਬਣੇ ਹੋਏ ਸਨ। ਇਨ੍ਹਾਂ ਸਮਿਆਂ ਵਿਚ ਹੀ ਇਥੇ ਡੇਰਾ ਜਾਤ ਬ੍ਰਿਗੇਡ ਦਾ ਸਰਦੀਆਂ ਦਾ ਹੈੱਡ-ਕੁਆਰਟਰ ਹੁੰਦਾ ਸੀ। ਇਹ ਬ੍ਰਿਟਿਸ਼ ਇੰਡੀਅਨ ਆਰਮੀ ਦੀ ਛਾਉਣੀ ਵੀ ਰਹੀ ਹੈ।

ਆਧੁਨਿਕ ਸ਼ਹਿਰ ਦੇ ਦੁਆਲੇ ਫਿਰਨੀ-ਸੜਕ ਜਿਸਨੂੰ ਸਰਕੂਲਰ ਰੋਡ ਕਹਿੰਦੇ ਹਨ, ਬਣੀ ਹੋਈ ਹੈ। ਸ਼ਹਿਰ ਵਿਚੋਂ ਬਾਹਰ ਜਾਣ ਲਈ 4 ਵੱਡੇ ਦਰਵਾਜ਼ੇ ਹਨ ਅਤੇ ਪੱਕੀਆਂ ਸੜਕਾਂ ਬਣੀਆਂ ਹੋਈਆਂ ਹਨ। ਇਹ ਸੜਕਾਂ ਇਕ ਦੂਜੀ ਨੂੰ ਸਮਕੋਣਾਂ ਤੇ ਆਰ-ਪਾਰ ਕਰਦੀਆਂ ਹਨ। ਇਨ੍ਹਾਂ ਸੜਕਾਂ ਦੇ ਨਾਲ ਨਾਲ 4 ਵੱਡੇ ਵੱਡੇ ਬਾਜ਼ਾਰ ਹਨ। ਇਹ ਆਵਾਜਾਈ ਦਾ ਵੀ ਇਕ ਅਹਿਮ ਜੰਕਸ਼ਨ ਹੈ। ਇਥੇ ਇਕ ਹਸਪਤਾਲ, ਦੋ ਪਾਰਕ, ਸਰਕਟ ਹਾਊਸ, ਪਿਸ਼ਾਵਰ ਯੂਨੀਵਰਸਿਟੀ ਨਾਲ ਸਬੰਧਤ ਦੋ ਕਾਲਜ ਸਥਾਪਿਤ ਹਨ। ਸੰਨ 1974 ਵਿਚ ਇਥੇ ਗੋਮਲ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਇਥੇ ਸੂਤੀ ਕੱਪੜਾ, ਤੇਲ, ਚੌਲ ਅਤੇ ਸਾਬਣ ਤਿਆਰ ਕਰਨ ਦੇ ਕਾਰਖ਼ਾਨੇ ਹਨ। ਗੋਮਲ ਦੱਰੇ ਦੇ ਰਸਤਿਓਂ ਬਲੋਚਿਸਤਾਨ, ਅਫ਼ਗ਼ਾਨਿਸਤਾਨ ਅਤੇ ਵਜ਼ੀਰਿਸਤਾਨ ਨਾਲ ਕਾਫ਼ੀ ਵਪਾਰ ਹੁੰਦਾ ਹੈ।

ਇਥੇ ਚਟਾਈਆਂ, ਸ਼ੀਸ਼ੇ ਦਾ ਸਾਮਾਨ, ਲੁੰਗੀਆਂ ਅਤੇ ਰੋਗਨ ਕੀਤਾ ਲੱਕੜੀ ਦਾ ਸਾਮਾਨ ਤਿਆਰ ਕੀਤਾ ਜਾਂਦਾ ਹੈ।

ਆਬਾਦੀ—68,000 (1981)

31°49′ ਉ. ਵਿਥ. ; 70°55′ ਪੂ. ਲੰਬ.

ਹ.ਪੁ.—ਐਨ. ਬ੍ਰਿ. 7 : 272; ਐਨ. ਬ੍ਰਿ. ਮਾ. 4 :22, ਕੋਲ. ਐਨ. 6 : 211. ਇੰਪ.ਗ. ਇੰਡ. 11 : 268 ; ਵੈਬ. ਜੁ. ਡਿਕ.

**ਡੇਰਾ ਗਾਜ਼ੀ ਖ਼ਾਂ** : ਜ਼ਿਲ੍ਹਾ — ਇਹ ਪੱਛਮੀ ਪਾਕਿਸਤਾਨ ਵਿਚ ਪੰਜਾਬ ਰਾਜ ਦੀ ਮੁਲਤਾਨ ਡਵੀਜ਼ਨ ਦਾ ਇਕ ਜ਼ਿਲ੍ਹਾ ਹੈ ਜਿਹੜਾ ਡੇਰਾਜਾਤ ਖੇਤਰ ਦਾ ਹੀ ਇਕ ਹਿੱਸਾ ਹੈ। 24,240 ਵ.ਕਿ.ਮੀ. ਰਕਬੇ ਵਿਚ ਫੈਲੇ ਇਸ ਜ਼ਿਲ੍ਹੇ ਦੀ ਆਬਾਦੀ 1,58,100 (1981) ਹੈ। ਇਸੇ ਹੀ ਨਾਉਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਸਦੀ ਸਥਾਪਨਾ ਇਕ ਬਲੋਚੀ ਸਰਦਾਰ ਦੇ ਪੁੱਤਰ ਗਾਜ਼ੀ ਖ਼ਾਂ ਨੇ ਕੀਤੀ।

ਜ਼ਿਲ੍ਹੇ ਦੀਆਂ ਹੱਦਾਂ ਪੱਛਮ ਵੱਲੋਂ ਸੁਲੇਮਾਨ ਪਰਬਤ-ਲੜੀ ਅਤੇ ਪੂਰਬ ਵੱਲੋਂ ਦਰਿਆ ਸਿੰਧ ਨਾਲ ਲਗਦੀਆਂ ਹਨ। ਇਸ ਦੇ ਉੱਤਰ ਅਤੇ ਦੱਖਣ ਵੱਲ ਚੀਕਣੀ ਮਿੱਟੀ ਵਾਲਾ ਢਲਾਣੀ ਇਲਾਕਾ ਹੈ। ਸਿੰਧ ਦਾ ਹੇਠਲਾ ਖੇਤਰ ਇਸਦੇ ਵਿਚ ਹੀ ਪੈਂਦਾ ਹੈ ਜਿਥੇ ਨਹਿਰਾਂ ਰਾਹੀਂ ਸਿੰਜਾਈ ਹੁੰਦੀ ਹੈ ਅਤੇ ਹੜ੍ਹ ਵੀ ਅਕਸਰ ਆਉਂਦੇ ਹਨ।

ਸੰਨ 1958 ਵਿਚ ਇਥੇ ਟੌਂਸਾ ਬੰਨ੍ਹ ਮੁਕੰਮਲ ਹੋਇਆ ਅਤੇ ਨਵੀਆਂ ਨਹਿਰਾਂ ਕੱਢੀਆਂ ਗਈਆਂ। ਸੰਨ 1955 ਵਿਚ ਲੱਰਲਾਈ ਦੀ ਬਰਖ਼ਾਨ ਸਬ ਡਵੀਜ਼ਨ ਅਤੇ ਬਲੋਚ ਖੇਤਰ ਨੂੰ ਇਸ ਜ਼ਿਲ੍ਹੇ ਵਿਚ ਸ਼ਾਮਲ ਕੀਤਾ ਗਿਆ।

ਕਣਕ, ਜਵੀ ਅਤੇ ਖਜੂਰ ਇਥੋਂ ਦੀ ਪ੍ਰਮੁੱਖ ਪੈਦਾਵਾਰ ਹੈ। ਵਧੇਰੇ ਲੋਕਾਂ ਨੇ ਪਸ਼ੂ ਪਾਲਣ ਦਾ ਕਿੱਤਾ ਅਪਣਾਇਆ ਹੋਇਆ ਹੈ। ਗਲੀਚੇ ਅਤੇ ਲੱਕੜੀ ਦੇ ਖਿਡੌਣੇ ਬਣਾਉਣਾ ਇਥੋਂ ਦੇ ਪ੍ਰਮੁੱਖ ਉਦਯੋਗ ਹਨ। ਇਨ੍ਹਾਂ ਤੋਂ ਇਲਾਵਾ ਸੂਤੀ ਕੱਪੜਾ, ਰੱਸੇ ਅਤੇ ਰੇਸ਼ੇ ਦੀਆਂ ਵਸਤਾਂ ਆਦਿ ਵੀ ਬਣਾਈਆਂ ਜਾਂਦੀਆਂ ਹਨ।

ਹ. ਪੁ.—ਐਨ. ਬ੍ਰਿ. ਮਾ. 4 : 21

**ਡੇਰਾ ਗਾਜ਼ੀ ਖ਼ਾਂ** : ਸ਼ਹਿਰ — ਪੰਜਾਬ ਪ੍ਰਾਂਤ (ਪਾਕਿ.) ਦੇ ਮੁਲਤਾਨ ਮੰਡਲ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਸਿੰਧ ਦਰਿਆ ਦੇ ਸੱਜੇ ਕੰਢੇ ਵਾਕਿਆ ਹੈ। ਇਸ ਦੀ ਸਥਾਪਨਾ ਮਿਰਾਨੀ ਸਰਦਾਰ ਗਾਜ਼ੀ ਖ਼ਾਂ ਨੇ 15ਵੀਂ ਸਦੀ ਦੇ ਅਖੀਰਲੇ ਸਾਲਾਂ

ਵਿਚ ਕੀਤੀ ਸੀ। ਸੰਨ 1867 ਵਿਚ ਇਹ ਮਿਉਂਸਪਲਟੀ ਸ਼ਹਿਰ ਬਣ ਗਿਆ। ਸੰਨ 1908 ਅਤੇ 1909 ਵਿਚ ਇਹ ਸ਼ਹਿਰ ਹੜ੍ਹ ਨਾਲ ਬੁਰੀ ਤਰ੍ਹਾਂ ਤਬਾਹ ਹੋ ਗਿਆ ਪਰ ਮੁੜ ਉਸਾਰ ਲਿਆ ਗਿਆ। ਮੁਲਤਾਨ ਵਾਲੇ ਪਾਸੇ ਆਵਾਜਾਈ ਸ਼ੁਰੂ ਕਰਨ ਲਈ ਦਰਿਆ ਸਿੰਧ ਉਪਰ ਪੁਲ ਬਣਾਇਆ ਗਿਆ ਹੈ। ਸਿੰਧ ਦਰਿਆ ਵਿਚ ਕਿਸ਼ਤੀਆਂ ਦਾ ਇਕ ਪੁਲ ਬਣਾ ਕੇ ਗਾਜ਼ੀਘਾਟ ਅਤੇ ਮੁਜ਼ੱਫਰਗੜ੍ਹ ਵੱਲ ਵੀ ਆਵਾਜਾਈ ਦੀ ਸਹੂਲਤ ਮੁਹੱਈਆ ਕੀਤੀ ਹੈ। ਇਸ ਸ਼ਹਿਰ ਵਿਚ ਉੱਨ ਦੇ ਖਿਡੌਣੇ ਅਤੇ ਗਲੀਚੇ ਆਦਿ ਬੁਣਨ ਦੇ ਧੰਦੇ ਬਹੁਤ ਪਹਿਲਾਂ ਤੋਂ ਹੀ ਪ੍ਰਚੱਲਤ ਹਨ। ਅੱਜਕੱਲ੍ਹ ਇਥੇ ਚੌਲ ਛੜਨ, ਆਟਾ ਪੀਹਣ, ਕੱਪੜਾ ਤਿਆਰ ਕਰਨ ਆਦਿ ਵਰਗੀਆਂ ਸੱਨਅਤਾਂ ਸਥਾਪਿਤ ਹਨ। ਸ਼ਹਿਰ ਵਿਚ ਹਸਪਤਾਲ ਅਤੇ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਕਾਲਜ ਵੀ ਹਨ।

ਆਬਾਦੀ—1,03,000 (1981)

30° 03′ ਉ. ਵਿਥ. ; 70° 38′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4. 21 ; ਇੰਪ. ਗ. ਇੰਡ. 11 : 257

**ਡੇਰਾ ਗੋਪੀਪੁਰ** : ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਵਿਚ ਕਾਂਗੜਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ 859 ਵ. ਕਿ. ਮੀ. (515 ਵ. ਮੀ.) ਖੇਤਰ ਵਿਚ ਫੈਲਿਆ ਹੋਇਆ ਹੈ। ਉੱਤਰ-ਪੂਰਬ ਵਿਚ ਇਸਦਾ ਫੈਲਾਅ ਉੱਚੀ ਪਹਾੜੀ ਅਤੇ ਦੱਖਣ-ਪੱਛਮ ਵਿਚ ਬਿਆਸ ਦਰਿਆ ਦੀ ਵਾਦੀ ਦੇ ਪਾਰ ਜੈਸਵਾਨ ਪਰਬਤ-ਲੜੀ ਤੱਕ ਫੈਲਿਆ ਹੋਇਆ ਹੈ। ਗਾਜ ਅਤੇ ਬਿਆਸ ਦੇ ਦਰਮਿਆਨ ਜਿਹੜਾ ਜ਼ਰਖੇਜ਼ ਇਲਾਕਾ ਹੈ ਉਸ ਦੀ ਸਿੰਜਾਈ ਗਾਜ ਅਤੇ ਬੁਨਰ ਨਦੀਆਂ ਰਾਹੀਂ ਹੁੰਦੀ ਹੈ। ਹਿੰਦੂਆਂ ਦਾ ਪ੍ਰਸਿੱਧ ਤੀਰਥ-ਅਸਥਾਨ ਜਵਾਲਾਮੁਖੀ ਇਥੇ ਹੀ ਸਥਿਤ ਹੈ।

ਆਬਾਦੀ—3,378 (1991)

ਹ. ਪੁ.—ਹਿੰ.ਵਿ.ਕੋ. 5 : 259

**ਡੇਰਾਜਾਤ** : ਪਾਕਿਸਤਾਨ ਦੇ ਸੂਬਾ ਪੱਛਮੀ ਪੰਜਾਬ ਅਤੇ ਉੱਤਰ-ਪੱਛਮੀ ਸੀਮਾ ਪ੍ਰਾਂਤ ਦੇ ਸੁਲੇਮਾਨ ਪਰਬਤਾਂ ਤੋਂ ਸਿੰਧ ਦਰਿਆ ਤੱਕ ਦੇ ਖੇਤਰ ਨੂੰ 'ਡੇਰਾਜਾਤ' ਆਖਦੇ ਹਨ। ਪਹਿਲਾਂ ਇਸ ਵਿਚ ਡੇਰਾ ਫ਼ਤਹਿ ਖ਼ਾਂ, ਡੇਰਾ ਗਾਜ਼ੀ ਖ਼ਾਂ, ਡੇਰਾ ਇਸਮਾਈਲ ਖ਼ਾਂ ਨਾਂ ਦੇ ਤਿੰਨ ਡੇਰੇ ਸ਼ਾਮਿਲ ਸਨ ਪਰ ਅੱਜ ਡੇਰਾ ਇਸਮਾਈਲ ਖ਼ਾਂ ਅਤੇ ਡੇਰਾ ਗਾਜ਼ੀ ਖ਼ਾਂ ਜ਼ਿਲ੍ਹੇ ਹੀ ਇਸ ਵਿਚ ਸ਼ਾਮਲ ਹਨ। ਡੇਰਾਜਾਤ ਦੀ ਹੱਦ ਉੱਤਰ ਵਿਚ ਸ਼ੇਖ ਬੂਦਿਨ ਪਰਬਤ-ਲੜੀ ਅਤੇ ਦੱਖਣ ਵਿਚ ਜਾਮਪੁਰ ਸ਼ਹਿਰ ਤੀਕ ਹੈ। ਸੁਲੇਮਾਨ ਪਰਬਤਾਂ ਤੋਂ ਪੱਛਮ ਵੱਲ ਸਿੰਧ ਦਰਿਆ ਤੀਕ ਇਹ ਇਕ ਪੱਧਰਾ ਖੇਤਰ ਹੈ ਜਿਸ ਦੀ ਲੰਬਾਈ 500 ਕਿ. ਮੀ. ਅਤੇ ਚੌੜਾਈ 80 ਕਿ. ਮੀ. ਹੈ। ਇਹ ਖੇਤਰ ਮੁਲਤਾਨ ਦੇ ਲੰਗਾਹ ਹੁਕਮਰਾਨ, ਸੁਲਤਾਨ ਹੁਸੈਨ ਦੀ ਇਕ ਜਾਗੀਰ ਹੁੰਦੀ ਸੀ ਪਰ ਉਹ ਸਿੰਧ ਦਰਿਆ ਤੋਂ ਪਾਰ ਦੀਆਂ ਆਪਣੀਆਂ ਮੱਲਾਂ ਨੂੰ ਆਪਣੇ ਕਬਜ਼ੇ ਵਿਚ ਰੱਖਣ ਤੋਂ ਅਸਮਰੱਥ ਰਿਹਾ। ਇਸੇ ਕਾਰਨ ਉਸਨੇ ਬਲੋਚਾਂ ਨੂੰ ਇਥੇ ਸੱਦ ਲਿਆ ਅਤੇ ਮਲਿਕ ਸੋਹਰਾਬ ਡੋਡਾਈ ਨੂੰ ਉਸ ਨੇ ਇਹ ਖੇਤਰ ਜਾਗੀਰ ਵਜੋਂ ਦੇ ਦਿੱਤੇ। ਸੋਹਰਾਬ ਦੇ ਲੜਕਿਆਂ ਨੇ ਇਸ ਖੇਤਰ ਵਿਚ ਦੋ ਰਿਹਾਇਸ਼ੀ ਬਸਤੀਆਂ ਜਾਂ ਡੇਰੇ ਕਾਇਮ ਕੀਤੇ ਅਤੇ ਉਨ੍ਹਾਂ ਡੇਰਿਆਂ ਦੇ ਨਾਂ ਵੀ ਉਨ੍ਹਾਂ ਨੇ ਆਪਣੇ ਨਾਵਾਂ ਤੇ ਹੀ ਡੇਰਾ ਫ਼ਤਹਿ ਖ਼ਾਂ ਅਤੇ ਡੇਰਾ ਇਸਮਾਈਲ ਖ਼ਾਂ ਰੱਖ ਲਏ। ਬਲੋਚਾਂ ਦੇ ਮਿਰਾਨੀ ਕਬੀਲੇ ਦੇ ਮੁੱਖੀ ਨੇ ਲੰਗਾਹ ਬਾਦਸ਼ਾਹ ਦੀ ਨੌਕਰੀ ਵੀ ਕੀਤੀ ਤੇ ਮਹਿਮੂਦ ਦੇ ਰਾਜ ਵਿਚ ਉਹ ਰਾਜਾ ਵੀ ਬਣਿਆ ਰਿਹਾ। ਸੁਲਤਾਨ ਹੁਸੈਨ ਦੇ ਪੋਤੇ ਨੇ ਇਕ ਹੋਰ ਡੇਰਾ ਸਥਾਪਿਤ ਕੀਤਾ ਜਿਸ ਦਾ ਨਾਂ ਆਪਣੇ ਲੜਕੇ ਅਤੇ ਉੱਤਰਾਧਿਕਾਰੀ ਰਾਜੇ ਦੇ ਨਾਂ ਤੇ ਡੇਰਾ ਗਾਜ਼ੀ ਖ਼ਾਂ ਰੱਖਿਆ। ਸੰਨ 1494 ਵਿਚ ਗਾਜ਼ੀ ਖ਼ਾਂ ਦੀ ਮੌਤ ਪਿੱਛੋਂ ਸਿੰਧ ਦਰਿਆ ਦੇ ਦੱਖਣ ਵੱ ਦੇ ਸ਼ਾਸਕ ਨਾਹਰਾਂ ਦਾ ਮਿਰਾਨੀਆਂ ਨਾਲ ਝਗੜਾ ਹੋ ਗਿਅ ਮਿਰਾਨੀਆਂ ਨੇ ਮੌਜੂਦਾ ਮੁਜ਼ੱਫਰਗੜ੍ਹ ਦੇ ਜ਼ਿਲ੍ਹੇ ਦੇ ਕੁਝ ਖੇਤਰਾਂ ਉੱਤੇ ਰ ਰਾਜ ਕੀਤਾ। ਸੰਨ 1526 ਵਿਚ ਬਾਬਰ ਭਾਰਤ ਆਇਆ ਅ ਉੱਤਰੀ ਭਾਰਤ ਉੱਤੇ ਕਬਜ਼ਾ ਕਰ ਲਿਆ। ਮਿਰਾਨੀਆਂ ਨੂੰ ਵੀ ਬਾਬ ਦੀ ਅਧੀਨਤਾ ਮੰਨਣੀ ਪਈ ਤੇ ਪਿੱਛੋਂ ਤਿੰਨ ਡੇਰਿਆਂ ਵਾਲ ਡੇਰਾਜਾਤ ਕਾਬਲ ਦੇ ਬਾਦਸ਼ਾਹ ਅਤੇ ਮੁਗ਼ਲ ਬਾਦਸ਼ਾਹ ਬਾਬਰ ਲੜਕੇ ਕਾਮਰਾਨ ਅਧੀਨ ਆ ਗਿਆ, ਹੁਮਾਯੂੰ ਅਧੀਨ ਬਲੋਚ ਇਧ ਲਗਾਤਾਰ ਆਉਂਦੇ ਰਹੇ। ਸਾਰੇ ਬਲੋਚ ਕਬੀਲਿਆਂ ਨੇ ਮਿਰਾ ਨਵਾਬਾਂ ਦੀ ਈਨ ਮੰਨੀ। ਮਿਰਾਨੀਆਂ ਦੇ 15 ਉੱਤਰਾਧਿਕਾਰੀ ਡੇ ਗਾਜ਼ੀ ਖ਼ਾਂ ਦੇ ਹੁਕਮਰਾਨ ਰਹੇ। ਡੇਰਾ ਇਸਮਾਈਲ ਖ਼ਾਂ ਉੱਤੇ ਬਲੋਚਾਂ ਦ ਵੀ ਰਾਜ ਰਿਹਾ। 18ਵੀਂ ਸਦੀ ਵਿਚ ਮਿਰਾਨੀਆਂ ਦੀ ਸਿੰਧ ਦੇ ਕਲਹੋ ਦੇ ਅੱਗੇ ਕੁਝ ਮਹੱਤਤਾ ਘਟੀ। ਖ਼ਾਸ ਕਰਕੇ 1739 ਈ. ਵਿਚ ਨਾਦਿ ਸ਼ਾਹ ਦੇ ਦਰਿਆ ਸਿੰਧ ਤੋਂ ਪੱਛਮ ਵਾਲੇ ਹਿੱਸੇ ਉੱਤੇ ਕਬਜ਼ਾ ਕਰ ਲੈ ਨਾਲ ਇਨ੍ਹਾਂ ਦੀ ਤਾਕਤ ਪਹਿਲੋਂ ਨਾਲੋਂ ਘੱਟ ਗਈ। ਅਹਿਮਦ ਸ਼ਾ ਦੁੱਰਾਨੀ ਹੇਠਾਂ ਕਲਹੋਰਾਂ ਅਤੇ ਮਿਰਾਨੀਆਂ ਨੂੰ ਸਿਰਫ ਡੇਰਾ ਗਾਜ਼ੀ ਲੈ ਕੇ ਸੰਤੁਸ਼ਟ ਹੋਣਾ ਪਿਆ। ਇਸ ਪਿੱਛੋਂ 1770 ਈ. ਵਿਚ ਡੇ ਇਸਮਾਈਲ ਖ਼ਾਂ ਨੇ ਬਲੋਚ ਸਰਦਾਰਾਂ ਨੂੰ ਵੀ ਗੱਦੀਓਂ ਲਾਹਿਆ ਇਨ੍ਹਾਂ ਦਾ ਪ੍ਰਬੰਧ ਵੀ ਕਾਬੁਲ ਦੇ ਬਾਦਸ਼ਾਹਾਂ ਹੇਠਾਂ ਆ ਗਿਆ। ਸਿੱ ਦੀ ਮਲਕੀਅਤ ਰਹਿਣ ਪਿੱਛੋਂ 1849 ਈ. ਵਿਚ ਇਸ ਪੂਰੇ ਖੇਤ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਅਤੇ ਇਹ ਡੇਰਾ ਗਾਜ਼ੀ ਅਤੇ ਡੇਰਾ ਇਸਮਾਈਲ ਖ਼ਾਂ ਵਿਚ ਵੰਡਿਆ ਗਿਆ।

ਹ. ਪੁ.—ਇੰਪ. ਗ. ਇੰਡ. 11 : 269

**ਡੇਰਾ ਬਾਬਾ ਜੈਮਲ ਸਿੰਘ** : ਵੇਖੋ, ਰਾਧਾਸੁਆਮੀ (ਬਿਆ

**ਡੇਰੂਲੈਡ, ਪਾਲ** : ਫ਼ਰਾਂਸ ਦੇ ਇਸ ਸਾਹਿਤਕਾਰ ਦਾ ਜਨਮ ਸਤੰਬਰ, 1846 ਨੂੰ ਪੈਰਿਸ ਵਿਖੇ ਹੋਇਆ। ਫ਼ਰਾਂਸ-ਜਰਮਨ ਜੰਗ ਸ਼ੁਰੂ ਹੋਣ ਤੇ ਇਹ ਫ਼ੌਜ ਵਿਚ ਭਰਤੀ ਹੋਇਆ ਅਤੇ ਕੁਝ ਸਮਾਂ ਪਿ ਇਹ ਲੈਫ਼ਟੀਨੈਂਟ ਦੇ ਅਹੁਦੇ ਤੇ ਪਹੁੰਚ ਗਿਆ ਪਰ ਬਾਅਦ ਵਿਚ ਇ ਦੁਰਘਟਨਾ ਕਾਰਨ ਇਸ ਨੂੰ ਇਹ ਦੀ ਨੌਕਰੀ ਛੱਡਣੀ ਪਈ।

ਸੰਨ 1872 ਵਿਚ ਛਪਿਆ ਇਸ ਦੀਆਂ ਦੇਸ਼- ਭਗਤੀ ਦੀ ਕਵਿਤਾਵਾਂ ਦਾ ਸੰਗ੍ਰਹਿ 'Chants du soldat' ਬਹੁਤ ਪ੍ਰਸਿੱਧ ਹੋਇ ਫਿਰ 1875 ਈ. ਵਿਚ ਇਸ ਨੇ 'Nouveaux Chants du sold ਸੰਗ੍ਰਹਿ ਪ੍ਰਕਾਸ਼ਿਤ ਕਰਵਾਇਆ।

ਸੰਨ 1882 ਵਿਚ ਡੇਰੂਲੈਡ ਨੇ ਦੇਸ਼ ਭਗਤਾਂ ਦੀ ਇਕ ਸੰਸ ਕਾਇਮ ਕੀਤੀ ਜਿਸ ਦਾ ਮੁੱਖ ਮੰਤਵ ਫ਼ਰਾਂਸ ਅਤੇ ਰੂਸ ਵਿਚਕ ਦੋਸਤੀ ਪੈਦਾ ਕਰਨਾ ਸੀ। ਗਣਤੰਤਰ ਦਾ ਵਿਰੋਧ ਕਰਨ ਦੇ ਦੋਸ਼ ਵਿ 1900 ਈ. ਵਿਚ ਇਸ ਨੂੰ ਦੇਸ਼ ਨਿਕਾਲਾ ਦੇ ਦਿਤਾ ਗਿਆ ਪਰ ਪਿਛੋਂ ਨਵੰਬਰ, 1905 ਵਿਚ ਇਸ ਨੂੰ ਮੁਆਫ਼ੀ ਦੇ ਦਿੱਤੀ ਗਈ।

ਦੇਸ਼ ਪਿਆਰ ਦੀਆਂ ਕਵਿਤਾਵਾਂ ਤੋਂ ਇਲਾਵਾ ਇਸ ਨੇ ਕ ਇਤਿਹਾਸਕ ਨਾਟਕ ਵੀ ਲਿਖੇ।

30 ਜਨਵਰੀ, 1914 ਨੂੰ ਮੌਂਟ ਬੈਰਨ ਵਿਖੇ ਇਸ ਦੀ ਮੌਤ ਗਈ।

ਹ.ਪੁ.—ਐਨ. ਬ੍ਰਿ. ਮਾ. 3 : 481; ਐਨ. ਬ੍ਰਿ. 7 : 278 ; ਐਨ. ਅ 8 : 714

**ਡੇਲ, ਸਰ ਹੈਨਰੀ** : ਸੰਨ 1914 ਵਿਚ ਐਸਿਟਿਲਕੋਲ ਨੂੰ ਵਿਯੁਕਤ ਕਰਨ ਵਾਲੇ ਇਸ ਸਰੀਰ-ਕਿਰਿਆ ਵਿਗਿਆਨੀ ਜਨਮ 9 ਜੂਨ, 1875 ਨੂੰ ਲੰਦਨ ਵਿਖੇ ਹੋਇਆ। ਸੰਨ 1939 ਵਿ

ਇਸ ਨੂੰ ਸਰੀਰ-ਕਿਰਿਆ ਵਿਗਿਆਨ ਦੇ ਖੇਤਰ ਵਿਚ ਇਕ ਜਰਮਨ ਔਸ਼ਧ-ਪ੍ਰਭਾਵ ਵਿਗਿਆਨੀ ਅੱਟੋ ਲੋਈ (Otto Loewi) ਦੇ ਨਾਲ ਮਿਲਕੇ ਤੰਤੂ-ਤਰੰਗ ਦੇ ਰਸਾਇਣਕ ਸੰਚਾਰ ਸਬੰਧੀ ਖੋਜਾਂ ਕਰਨ ਲਈ ਨੋਬਲ ਪੁਰਸਕਾਰ ਨਾਲ ਸਨਮਾਨਿਆ ਗਿਆ। ਡੇਲ ਨੇ ਕੈਂਬਰਿਜ ਯੂਨੀਵਰਸਿਟੀ ਤੋਂ 1909 ਵਿਚ ਮੈਡੀਸਨ ਵਿਚ ਗਰੈਜੂਏਸ਼ਨ ਕੀਤੀ। ਇਸ ਨੇ 1904 ਤੋਂ ਹੀ ਵੇਲਕਮ ਫਿਜ਼ਿਔਲੋਜੀਕਲ ਰਿਸਰਚ ਲੈਬਾਰਟਰੀ ਵਿਚ ਆਪਣਾ ਖੋਜ ਦਾ ਕੰਮ ਆਰੰਭ ਦਿੱਤਾ ਸੀ। ਅਰਗਟ (ਰਾਈ ਦੇ ਰੋਗ) ਸਬੰਧੀ ਕੰਮ ਕਰਦਿਆਂ ਇਸ ਨੇ ਹਿਸਟਾਮੀਨ ਜਾਂ ਇਸ ਵਰਗੇ ਪਦਾਰਥ ਨੂੰ ਪਛਾਣਿਆ ਜਿਹੜਾ ਥੋੜ੍ਹਾ ਜਿਹਾ ਅਲਰਜਿਕ ਅਤੇ ਐਨਾਫ਼ਾਈਲੈਕਟਿਕ (anaphylactic) ਪ੍ਰਤਿਕ੍ਰਿਆਵਾਂ ਲਈ ਜ਼ਿਮੇ-ਵਾਰ ਹੁੰਦਾ ਹੈ। ਇਸ ਨੇ 1914 ਈ. ਵਿਚ ਇਕ ਸੰਸਥਾ ਵਿਚ ਕੰਮ ਕਰਨਾ ਸ਼ੁਰੂ ਕੀਤਾ ਜਿਹੜੀ ਬਾਅਦ ਵਿਚ ਮੈਡੀਕਲ ਰਿਸਰਚ ਕੌਂਸਲ ਦੇ ਨਾਂ ਨਾਲ ਪ੍ਰਸਿੱਧ ਹੋਈ। ਡੇਲ 1928 ਤੋਂ 1942 ਤੱਕ ਨੈਸ਼ਨਲ ਇੰਸਟੀਚਿਊਟ ਆਫ਼ ਮੈਡੀਕਲ ਰਿਸਰਚ ਦਾ ਡਾਇਰੈਕਟਰ ਰਿਹਾ। ਇਹ ਰੱਇਲ ਸੋਸਾਇਟੀ ਦਾ ਪ੍ਰਧਾਨ ਅਤੇ ਦੂਜੇ ਸੰਸਾਰ ਯੁੱਧ ਦੌਰਾਨ ਕੈਬੀਨਿਟ ਦੀ ਵਿਗਿਆਨਕ ਸਲਾਹਕਾਰ ਕਮੇਟੀ ਦਾ ਚੇਅਰਮੈਨ ਰਿਹਾ। ਇਹ ਪਰਮਾਣੂ-ਊਰਜਾ ਸਬੰਧੀ ਸਲਾਹਕਾਰ ਕਮੇਟੀ ਦਾ ਮੈਂਬਰ ਵੀ ਰਿਹਾ। ਇਸ ਨੂੰ 1932 ਵਿਚ ਨਾਈਟ ਦੇ ਖ਼ਿਤਾਬ ਨਾਲ ਸਨਮਾਨਿਆ ਗਿਆ।

23 ਜੁਲਾਈ, 1968 ਨੂੰ ਇੰਗਲੈਂਡ ਵਿਚ ਕੈਂਬਰਿਜ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 352

**ਡੇ ਲਿਲੀ** : ਇਹ ਹੈਂਮਰੋਕੈਲਿਸ (Hemerocallis) ਪ੍ਰਜਾਤੀ ਦੇ ਫੁੱਲਦਾਰ ਪੌਦਿਆਂ ਦਾ ਨਾਂ ਹੈ। ਭਾਵੇਂ ਇਨ੍ਹਾਂ ਦੇ ਕੁਝ ਲੱਛਣ ਐਮਰਿਲਿਡੇਸੀ (Amaryllidaceae) ਕੁਲ ਨਾਲ ਵੀ ਰਲਦੇ ਹਨ ਪਰ ਇਹ ਪੌਦੇ ਲਿਲਿਏਸੀ (Liliaceae) ਕੁਲ ਅਧੀਨ ਗਿਣੇ ਜਾਂਦੇ ਹਨ। ਅਸਲ ਲਿਲੀ ਫੁੱਲਾਂ ਤੋਂ ਉਲਟ, ਇਨ੍ਹਾਂ ਦੇ ਫੁੱਲਾਂ ਦੀਆਂ ਹਰੀਆਂ ਪੱਤੀਆਂ (ਸੈਪਲ) ਅਤੇ ਰੰਗਦਾਰ ਪੰਖੜੀਆਂ (ਪੈਟਲ) ਵੱਖੋ-ਵੱਖਰੀਆਂ ਨਾ ਹੋ ਕੇ ਪੈਰੀਐਂਥ ਦੇ ਰੂਪ ਵਿਚ ਹੁੰਦੀਆਂ ਹਨ। ਇਹ ਹੇਠਾਂ ਤੋਂ ਆਪਸ ਵਿਚ ਜੁੜਕੇ ਇਕ ਨਲੀ ਜਿਹੀ ਬਣਾਉਂਦੀਆਂ ਹਨ ਪਰ ਲਿਲੀ ਫੁੱਲਾਂ ਵਾਂਗ ਇਨ੍ਹਾਂ ਦਾ ਅੰਡਕੋਸ਼ ਉਪਰਵਰਤੀ (Superior) ਹੁੰਦਾ ਹੈ। ਅਜੇ ਤੱਕ ਇਨ੍ਹਾਂ ਦੀਆਂ ਕੇਵਲ 20 ਜਾਤੀਆਂ ਦਾ ਹੀ ਨਾਮਕਰਨ ਕੀਤਾ ਜਾ ਸਕਿਆ ਹੈ। ਇਹ ਸਾਰੀਆਂ ਜਾਤੀਆਂ ਪੂਰਬੀ ਅਤੇ ਮੱਧ ਏਸ਼ੀਆ ਦੀਆਂ ਜੰਮਪਲ ਹਨ।

ਇਨ੍ਹਾਂ ਫੁੱਲਾਂ ਦੀਆਂ ਸਾਰੀਆਂ ਜਾਤੀਆਂ ਬਹੁ-ਰੁੱਤੀ (perennial) ਅਤੇ ਬੂਟੀਨੁਮਾ ਹੁੰਦੀਆਂ ਹਨ। ਇਨ੍ਹਾਂ ਦਾ ਤਣਾ ਪ੍ਰਕੰਦ (ਰ੍ਹਾਈਜ਼ੋਮ) ਵਾਂਗ ਧਰਤੀ ਦੇ ਹੇਠਾਂ ਵੀ ਵਧਦਾ ਹੈ ਅਤੇ ਇਸ ਦੀਆਂ ਸ਼ਾਖ਼ਾਵਾਂ ਦਾ ਤਾਣਾ-ਬਾਣਾ ਜਿਹਾ ਬਣ ਕੇ ਇਕ ਦੂਜੇ ਨਾਲ ਉਲਝਿਆ ਹੋਇਆ ਹੁੰਦਾ ਹੈ। ਇਸ ਦੇ ਤਣੇ ਦੀ ਅਜਿਹੀ ਬਣਤਰ ਇਸ ਦੇ ਪ੍ਰਵਰਧਨ (propagation) ਵਿਚ ਸਹਾਈ ਹੁੰਦੀ ਹੈ ਕਿਉਂਕਿ ਇਸ ਨਾਲ ਇਕ ਪੌਦੇ ਤੋਂ ਬਹੁਤ ਸਾਰੇ ਛੋਟੇ ਛੋਟੇ ਹੋਰ ਪੌਦੇ ਤਿਆਰ ਹੋ ਜਾਂਦੇ ਹਨ। ਅਜਿਹਾ ਪੌਦਾ ਜਿਹੜਾ ਦੋਗਲਾ ਹੋਵੇ ਜਾਂ ਇਸ ਦੇ ਬੀਜ ਨਾ ਬਣਦੇ ਹੋਣ, ਦੇ ਪ੍ਰਵਰਧਨ ਲਈ ਇਹ ਵਿਧੀ ਬਹੁਤ ਵਧੀਆ ਹੈ। ਤਣੇ ਦੀਆਂ ਅੱਖਾਂ (buds) ਤੋਂ ਘਾਹ ਵਾਂਗ ਸਿੱਧੇ ਪੱਤੇ ਅਤੇ ਸਕੇਪ (scape) ਨਿਕਲਦੇ ਹਨ ਜਿਨ੍ਹਾਂ ਉੱਤੇ ਫੁੱਲ ਲਗਦੇ ਹਨ। ਡੇ ਲਿਲੀ ਹੋਸਟਾ (Hosta) ਪ੍ਰਜਾਤੀ ਦੇ ਲਿਲੀ ਫੁੱਲਾਂ ਨਾਲੋਂ ਦਿੱਖ ਅਤੇ ਬਨਸਪਤੀ-ਲੱਛਣਾਂ ਪੱਖੋਂ ਬਿਲਕੁਲ ਵਖਰੇ ਹੁੰਦੇ ਹਨ।

ਬਹੁਤ ਸਮਾਂ ਪਹਿਲਾਂ ਹੈਂਮਰੋਕੈਲਿਸ ਦੇ ਕੇਵਲ ਦੋ ਕਲੋਨ (Clone) ਪੂਰਬੀ ਦੇਸ਼ਾਂ ਤੋਂ ਯੂਰਪ ਵਿਚ ਲਿਆਂਦੇ ਗਏ ਹਨ। ਇਨ੍ਹਾਂ ਨੂੰ 1570 ਅਤੇ 1576 ਵਿਚ ਕ੍ਰਮਵਾਰ ਐਸਫ਼ੋਡੈਲਸ ਲਿਊਟੀਅਸ ਲਿਲੀ-ਫਲੋਰਸ (Asphodelus luteus liliflorus) ਅਤੇ ਐਸਫ਼ੋ-ਡੈਲਸ ਫੋਨੀਸੀਅਸ (Asphodelus phoeniceus) ਨਾਂ ਦਿੱਤੇ ਗਏ ਹਨ। ਦੋ ਸਾਲ ਬਾਅਦ ਵੀ ਬਨਸਪਤੀ ਵਿਗਿਆਨੀ ਲਿਨੀਅਸ ਕੇਵਲ ਇਨ੍ਹਾਂ ਦੋ ਕਲੋਨਾਂ ਬਾਰੇ ਹੀ ਜਾਣਦਾ ਸੀ ਜਿਨ੍ਹਾਂ ਨੂੰ ਉਸ ਨੇ ਹੈਂਮਰੋਕੈਲਿਸ ਫਲੇਵਾ (H. flava) ਅਤੇ ਹੈਂਮਰੋਕੈਲਿਸ ਫਲਵਾ (H. fulva) ਨਾਂ ਦਿੱਤੇ। ਯੂਰਪ ਅਤੇ ਉੱਤਰੀ ਅਮਰੀਕਾ ਵਿਚ ਇਨ੍ਹਾਂ ਦੋ ਕਲੋਨਾਂ ਦੇ ਪੌਦੇ ਪਿਛਲੀਆਂ ਲਗਭਗ ਪੰਜ ਸਦੀਆਂ ਤੋਂ ਬੀਜੇ ਜਾਂਦੇ ਆ ਰਹੇ ਹਨ।

ਹੈਂਮਰੋਕੈਲਿਸ ਪ੍ਰਜਾਤੀ ਦੇ ਪੌਦਿਆਂ ਵਿਚ ਕਈ ਵਿਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਦੀਆਂ ਕਈ ਜਾਤੀਆਂ ਵਿਚ ਪੱਤੇ ਲਗਾਤਾਰ ਹਰੇ ਰਹਿੰਦੇ ਹਨ। ਉਪ-ਊਸ਼ਣੀ ਖੇਤਰ ਵਿਚ ਮਿਲਣ ਵਾਲੀ ਇਹ ਜਾਤੀ ਸਦਾਬਹਾਰ ਹੈ ਪਰ ਬਹੁਤੀਆਂ ਜਾਤੀਆਂ ਦੇ ਪੌਦਿਆਂ ਦੇ ਪੱਤੇ ਪੱਤਝੜ ਦੀ ਰੁੱਤੇ ਝੜ ਜਾਂਦੇ ਹਨ ਅਤੇ ਸਰਦੀ ਦੀ ਰੁੱਤ ਵਿਚ ਪੌਦਾ ਸੁਪਤ (dormant) ਅਵਸਥਾ ਵਿਚ ਚਲਾ ਜਾਂਦਾ ਹੈ। ਇਨ੍ਹਾਂ ਵਿਚੋਂ ਕਈ ਜਾਤੀਆਂ ਐੱਚ ਨਾਨਾ (H. nana) ਵਰਗੀਆਂ ਬੌਣੀਆਂ ਹਨ ਜਿਸ ਦੇ ਪੱਤੇ ਅਤੇ ਸਕੇਪ ਮਸਾਂ ਹੀ 30 ਸੈਂ. ਮੀ. ਤੱਕ ਉੱਚੇ ਹੁੰਦੇ ਹਨ, ਜਦ ਕਿ ਐੱਚ. ਆਲਟਿਸੀਮੀਆ (H. altissima) ਦੇ 2.5 ਮੀ. ਤੱਕ ਉੱਚੇ ਚਲੇ ਜਾਂਦੇ ਹਨ। ਦੂਜੀਆਂ ਹੋਰਨਾਂ ਜਾਤੀਆਂ ਦਾ ਆਕਾਰ ਇਨ੍ਹਾਂ ਦੋਵਾਂ ਦੇ ਵਿਚਕਾਰਲਾ ਰਹਿੰਦਾ ਹੈ। ਕਈ ਕਿਸਮਾਂ ਦੇ ਫੁੱਲ, ਯੂਰਪ ਦੀ ਡੇ ਲਿਲੀ ਕੇਵਲ ਦਿਨ ਵੇਲੇ ਹੀ ਖਿੜਦੇ ਹਨ ਜਦੋਂ ਕਿ ਕਈ ਐੱਚ. ਸਿਟਰਿਨਾ (H. citrina) ਵਰਗੀਆਂ ਕਿਸਮਾਂ ਦੇ ਫੁੱਲ ਰਾਤ ਸਮੇਂ ਖਿੜਦੇ ਹਨ। ਇਸ ਤੋਂ ਇਲਾਵਾ ਕਈ ਕਿਸਮਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੇ ਫੁੱਲ 1 ਤੋਂ ਲੈ ਕੇ 3 ਦਿਨਾਂ ਤੱਕ ਖਿੜੇ ਰਹਿੰਦੇ ਹਨ।

ਫੁੱਲਾਂ ਦੇ ਰੰਗਾਂ ਵਿਚ ਤਿੰਨ ਮੁੱਖ ਵਰਣਕ (pigments) ਆਉਂਦੇ ਹਨ। ਕਈ ਜਾਤੀਆਂ ਜਿਨ੍ਹਾਂ ਦੇ ਫੁੱਲਾਂ ਦਾ ਰੰਗ ਨਿਰੋਲ ਪੀਲਾ ਹੁੰਦਾ ਹੈ, ਵਿਚ ਕੈਰੋਟੀਨਾੱਇਡ (carotenoid) ਵਰਣਕ ਪ੍ਰਮੁੱਖ ਹੁੰਦਾ ਹੈ। ਸੰਗਤਰੀ ਰੰਗ ਵਾਲੇ ਫੁੱਲਾਂ ਵਿਚ ਜ਼ੈਂਥੋਫ਼ਿਲ (xanthophyll) ਵਰਣਕ ਜ਼ਿਆਦਾ ਹੁੰਦਾ ਹੈ। ਇਸ ਤੋਂ ਇਲਾਵਾ ਫਲਵਸ ਡੇ ਲਿਲੀ ਫੁੱਲਾਂ ਦੇ ਗਰੁੱਪ ਵਿਚ ਐਂਥੋਸਾਈਐਨਿਨ (Anthocyanin) ਵਰਣਕ ਵੀ ਹੁੰਦੇ ਹਨ ਜਿਹੜੇ ਇਨ੍ਹਾਂ ਫੁੱਲਾਂ ਨੂੰ ਭੂਰੀ ਭਾਹ ਮਾਰਦੇ ਅਤੇ ਲਾਲ ਅਤੇ ਗੁਲਾਬੀ ਸੂਹੀ ਭਾਹ ਮਾਰਦੇ ਪਿਆਜ਼ੀ ਬਣਾ ਦਿੰਦੇ ਹਨ।

ਇਨ੍ਹਾਂ ਦੀਆਂ ਕਈ ਜਾਤੀਆਂ ਦੇ ਫੁੱਲ ਬਹਾਰ ਜਾਂ ਬਸੰਤ ਰੁੱਤ ਦੇ ਸ਼ੁਰੂ ਵਿਚ ਕਈਆਂ ਦੇ ਗਰਮੀ ਦੀ ਰੁੱਤੇ ਅਤੇ ਕਈ ਜਾਤੀਆਂ ਦੇ ਤਾਂ ਗਰਮੀ ਦੇ ਅਖ਼ੀਰ ਵਿਚ ਜਾਂ ਪੱਤਝੜ ਦੇ ਸ਼ੁਰੂ ਵਿਚ ਖਿੜਦੇ ਹਨ।

ਦੋਗਲੇਕਰਣ ਦੁਆਰਾ ਹੈਂਮਰੋਕੈਲਿਸ ਦੀਆਂ ਬਹੁਤ ਸਾਰੀਆਂ ਨਵੀਆਂ ਜਾਤੀਆਂ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਦੇ ਰੰਗ ਅਤੇ ਨਮੂਨੇ ਪਹਿਲੀਆਂ ਜਾਤੀਆਂ ਨਾਲੋਂ ਬਹੁਤ ਸ਼ੋਖ ਹਨ। ਹੈਂਮਰੋਕੈਲਿਸ ਦੀਆਂ ਲਗਭਗ 500 ਦੋਗਲੀਆਂ ਜਾਤੀਆਂ ਉਪਲਬਧ ਹਨ। ਸੰਯੁਕਤ ਰਾਜ ਅਮਰੀਕਾ ਵਿਚ ਬਹੁਤ ਸਾਰੀਆਂ ਅਜਿਹੀਆਂ ਨਰਸਰੀਆਂ ਹਨ ਜਿਥੇ ਡੇ ਲਿਲੀ ਦੀਆਂ ਦੋਗਲੀਆਂ ਜਾਤੀਆਂ ਦੀ ਹੀ ਪਨੀਰੀ ਤਿਆਰ ਕੀਤੀ ਜਾਂਦੀ ਹੈ। ਇਨ੍ਹਾਂ ਫੁੱਲਾਂ ਦੇ ਰੰਗਾਂ, ਖਿੜਨ ਦੇ ਸਮੇਂ ਅਤੇ ਪੌਦਿਆਂ ਦੇ ਆਕਾਰ ਵਿਚ ਇੰਨੀਆਂ ਵਿਭਿੰਨਤਾਵਾਂ ਹੋਣ ਕਰਕੇ ਹੀ ਇਹ ਪੌਦੇ ਸਾਰੇ ਸੰਯੁਕਤ ਰਾਜ ਅਮਰੀਕਾ, ਕੈਨੇਡਾ ਅਤੇ ਹੋਰ ਮਹਾਂਦੀਪਾਂ ਵਿਚ ਵੀ ਉਗਾਏ ਜਾਂਦੇ ਹਨ।

ਕਿਸੇ ਵੀ ਸਧਾਰਨ ਬਾਗ਼ ਦੀ ਮਿੱਟੀ ਡੇ ਲਿਲੀ ਲਈ ਢੁਕਵੀਂ ਹੁੰਦੀ ਹੈ। ਇਹ ਪੌਦੇ ਚਟਾਨਾਂ ਦੇ ਵਾਧਰਿਆਂ ਦੇ ਨਾਲ ਨਾਲ ਜਾਂ ਤਾਲਾਬਾਂ ਅਤੇ ਕੂਲ੍ਹਾਂ ਦੇ ਨਾਲ ਨਾਲ ਉਗਾਉਣ ਲਈ ਸਭ ਤੋਂ

ਵਧੀਆ ਹਨ। ਇਹ ਛਾਂ ਵਾਲੀ ਥਾਂ ਨਾਲੋਂ ਧੁੱਪ ਵਾਲੀ ਥਾਂ ਉੱਤੇ ਵਧੇਰੇ ਵੱਧਦੇ ਫੁਲਦੇ ਹਨ। ਇਨ੍ਹਾਂ ਨੂੰ ਉੱਲੀਆਂ ਦੀ ਕੋਈ ਬ਼ੀਮਾਰੀ ਨਹੀਂ ਲਗਦੀ ਅਤੇ ਨਾ ਹੀ ਅਸਲੀ ਲਿਲੀ ਫੁੱਲਾਂ ਨੂੰ ਲੱਗਣ ਵਾਲਾ ਕੋਈ ਵਿਸ਼ਾਣੂ ਰੋਗ ਹੀ ਹੁੰਦਾ ਹੈ।

ਚੀਨ ਅਤੇ ਜਾਪਾਨ ਵਿਚ ਡੇ ਲਿਲੀ ਦੀ ਫੁੱਲਦਾਰ ਪੌਦੇ ਵਜੋਂ ਕੋਈ ਖ਼ਾਸ ਮਹੱਤਤਾ ਨਹੀਂ ਹੈ। ਪੂਰਬੀ ਦੇਸ਼ਾਂ ਦੇ ਕੁੱਝ ਹਿੱਸਿਆਂ ਵਿਚ ਡੇ ਲਿਲੀ ਦੇ ਫੁੱਲ ਖਾਣ ਦੇ ਕੰਮ ਆਉਂਦੇ ਹਨ। ਚੀਨ ਵਿਚ ਡੇ ਲਿਲੀ ਨੂੰ ਇਸ ਦੀਆਂ ਡੋਡੀਆਂ ਲਈ ਉਗਾਇਆ ਜਾਂਦਾ ਹੈ। ਪੂਰੇ ਆਕਾਰ ਦੀਆਂ ਹੋਣ ਉਪਰੰਤ ਡੋਡੀਆਂ ਤੋੜ ਲਈਆਂ ਜਾਂਦੀਆਂ ਹਨ। ਬਹੁਤ ਸਾਲਾਂ ਤੱਕ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਚੀਨੀ ਖ਼ੁਰਾਕ ਦੀਆਂ ਦੁਕਾਨਾਂ ਤੇ ਡੇ ਲਿਲੀ ਦੇ ਸੁੱਕਾਏ ਹੋਏ ਫੁੱਲ ਬੰਦ ਪੈਕਟਾਂ ਵਿਚ ਵਿਕਦੇ ਰਹੇ ਹਨ। ਇਸ ਦੇ ਸੁੱਕੇ ਫੁੱਲਾਂ ਨੂੰ ਛੋਟੇ ਛੋਟੇ ਟੁਕੜਿਆਂ ਵਿਚ ਕੁੱਟ ਕੇ ਪਾਣੀ ਵਿਚ ਭਿਉਂ ਦਿੱਤਾ ਜਾਂਦਾ ਹੈ। ਜਦੋਂ ਇਹ ਨਰਮ ਅਤੇ ਖਾਣਯੋਗ ਹੋ ਜਾਣ ਤਾਂ ਇਨ੍ਹਾਂ ਨੂੰ ਪਹਿਲਾਂ ਹੀ ਬਣਾ ਕੇ ਰੱਖੇ ਹੋਏ ਸੂਪ ਵਿਚ ਪਾ ਕੇ ਅਤੇ ਫਿਰ ਉਬਾਲ ਕੇ ਖਾਧਾ ਜਾਂਦਾ ਹੈ। ਡੇ ਲਿਲੀ ਦੇ ਫੁੱਲਾਂ ਨੂੰ ਮੀਟ ਅਤੇ ਨੂਡਲਜ਼ ਦੇ ਖਾਣਿਆਂ ਨੂੰ ਸਜਾਉਣ ਲਈ ਵੀ ਵਰਤਿਆ ਜਾਂਦਾ ਹੈ।

ਹ.ਪੁ.—ਐਨ. ਬ੍ਰਿ. 7 : 112

**ਡੇਲੀ, (ਜਾਨ) ਅੱਗਸਟਿਨ** : ਅਮਰੀਕਾ ਦੇ ਇਸ ਨਾਟਕਕਾਰ ਅਤੇ ਨਿਊਯਾਰਕ ਤੇ ਲੰਡਨ ਵਿਚ ਕਈ ਪ੍ਰਸਿੱਧ ਨਾਟਕ ਕੰਪਨੀਆਂ ਦੇ ਮੈਨੇਜਰ ਦਾ ਜਨਮ ਪਲਿਮਥ ਵਿਖੇ 20 ਜੁਲਾਈ, 1838 ਈ. ਨੂੰ ਹੋਇਆ। ਸੰਨ 1859 ਤੋਂ ਮਗਰੋਂ ਇਹ ਨਿਊਯਾਰਕ ਦੇ ਕਈ ਅਖ਼ਬਾਰਾਂ ਲਈ ਨਾਟਕ ਪੜਚੋਲਕ ਦੇ ਤੌਰ ਤੇ ਜਾਣਿਆ ਜਾਂਦਾ ਰਿਹਾ। ਜਰਮਨ ਭਾਸ਼ਾ ਤੋਂ ਲਈ ਕਹਾਣੀ ਦੇ ਆਧਾਰ ਤੇ 1862 ਈ. ਵਿਚ ਡੇਲੀ ਨੇ ਆਪਣਾ ਪਹਿਲਾ ਸਫ਼ਲ ਨਾਟਕ 'ਲਿਆਹ ਦ ਫਾੱਰਸੇਕਨ' (Leah the Forsaken) ਲਿਖਿਆ। ਸੰਨ 1867 ਵਿਚ ਇਸ ਨੇ ਆਪਣਾ ਪਹਿਲਾ ਮੌਲਿਕ ਅਤੇ ਹਰਮਨ ਪਿਆਰਾ ਨਾਟਕ 'ਅੰਡਰ ਦੀ ਗੈਸ ਲਾਈਟ' ਲਿਖਿਆ। ਸੰਨ 1869 ਵਿਚ ਇਸ ਨੇ ਆਪਣੀ ਨਾਟਕ ਕੰਪਨੀ ਕਾਇਮ ਕੀਤੀ ਅਤੇ ਬਹੁਤ ਹੀ ਉੱਘੇ ਪਾਤਰ ਪੈਦਾ ਕੀਤੇ। ਇਸ ਦਾ ਸਭ ਤੋਂ ਉੱਤਮ ਨਾਟਕ 'ਹਾੱਰੀਜ਼ਨ' (Horizon, 1871) ਸੀ। ਇਸ ਦਾ ਇਕ ਵਧੀਆ ਨਾਟਕ 'ਡਾਈਵੋਰਸ' 200 ਰਾਤਾਂ ਤੱਕ ਸਟੇਜ ਹੁੰਦਾ ਰਿਹਾ ਸੀ। ਸੰਨ 1879 ਦੌਰਾਨ ਨਿਊਯਾਰਕ ਵਿਚ ਤੇ 1893 ਦੌਰਾਨ ਲੰਡਨ ਵਿਚ ਡੇਲੀ ਨੇ ਥੀਏਟਰ ਕਾਇਮ ਕੀਤੇ।

7 ਜੂਨ, 1899 ਈ. ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 358; ਐਨ. ਅਮੇ. 8 : 424

**ਡੇਲੀਆ** : ਇਹ ਫੁੱਲਦਾਰ ਪੌਦਿਆਂ ਦੀ ਇਕ ਪ੍ਰਜਾਤੀ ਅਤੇ ਇਕ ਪ੍ਰਕਾਰ ਦੇ ਫੁੱਲਾਂ ਦਾ ਨਾਂ ਹੈ। ਇਸ ਪ੍ਰਜਾਤੀ ਵਿਚ ਗੱਠਲ-ਜੜ੍ਹਾਂ ਵਾਲੀਆਂ 12 ਜਾਤੀਆਂ ਹਨ ਜੋ ਊਸ਼ਣ-ਖੰਡੀ ਅਮਰੀਕਾ ਦੀਆਂ ਜੰਮਪਲ ਹਨ। ਬਹੁਤ ਸਾਰੇ ਪੌਦਿਆਂ ਦੇ ਪੱਤੇ ਆਮ੍ਹੋ-ਸਾਮ੍ਹਣੇ ਹੁੰਦੇ ਹਨ ਜੋ ਹਿੱਸਿਆਂ ਵਿਚ ਵੰਡੇ ਹੋਏ ਜਾਂ ਦੰਦੇਦਾਰ ਹੋ ਸਕਦੇ ਹਨ। ਜੰਗਲੀ ਜਾਤੀਆਂ ਵਿਚ ਦੋਵੇਂ ਤਰ੍ਹਾਂ ਦੇ ਟਿੱਕੀ ਅਤੇ ਰੇ ਫਲੋਰੈਟ ਕਿਸਮਾਂ ਦੇ ਫੁੱਲ ਪਾਏ ਜਾਂਦੇ ਹਨ ਪਰੰਤੂ ਬਹੁਤ ਸਾਰੀਆਂ ਸਜਾਵਟੀ ਕਿਸਮਾਂ, ਜਿਵੇਂ ਆਮ ਬਗ਼ੀਚਿਆਂ ਵਿਚ ਉਗਾਇਆ ਜਾਣ ਵਾਲਾ ਡੇਲੀਆ, ਵਿਚ ਛੋਟੇ ਛੋਟੇ ਰਿਸ਼ਮ ਵਰਗੀ ਕਿਸਮ ਦੇ ਫੁੱਲ ਮਿਲਦੇ ਹਨ ਜਾਂ ਇਸ ਕਿਸਮ ਦੇ ਬਿਲਕੁਲ ਹੀ ਨਹੀਂ ਹੁੰਦੇ। ਹਜ਼ਾਰਾਂ ਹੀ ਕਿਸਮਾਂ ਜਿਨ੍ਹਾਂ ਦੇ ਦੋਹਰੇ ਫੁੱਲ ਹੁੰਦੇ ਹਨ, ਇਕ ਜੰਗਲੀ ਕਿਸਮ ਡੇਲੀਆ (Dahlia) ਤੋਂ ਵਿਕਸਿਤ ਹੋਈਆਂ ਹਨ।

ਡੇਲੀਆ ਦੇ ਫੁੱਲ ਪਹਿਲੀ ਵਾਰ ਗ੍ਰੇਟ ਬਰਤਾਨੀਆ ਵਿਚ 1798ਈ. ਨੂੰ ਸਪੇਨ ਤੋਂ ਲਿਆ ਕੇ ਸ਼ਾਮਲ ਕੀਤੇ ਗਏ। ਇਕ ਜਾਤੀ (D. pinnata) ਦਾ ਇਕ ਹੋਰ ਜਾਤੀ (D. coccinea) ਨਾਲ ਸੁਮੇਲ ਕਰਕੇ ਕਈ ਨਵੀਆਂ ਕਿਸਮਾਂ ਪੈਦਾ ਕੀਤੀਆਂ ਗਈਆਂ ਜੋ ਅੱਜ-ਕੱਲ੍ਹ ਆਮ ਪਾਈਆਂ ਜਾਂਦੀਆਂ ਹਨ। ਕੈਕਟਸ ਡੇਲੀਆ ਇਕ ਹੋਰ ਜਾਤੀ (D. juarezii) ਤੋਂ ਉਤਪੰਨ ਕੀਤੀ ਗਈ ਜੋ ਮੈਕਸੀਕਨ ਮੂਲ ਦੀ ਇਕ ਨਵੀਂ ਉਤਪਤੀ ਪ੍ਰਤੀਤ ਹੁੰਦੀ ਹੈ।

ਬਗ਼ੀਚਿਆਂ ਵਿਚ ਉਗਾਏ ਜਾਣ ਵਾਲੇ ਡੇਲੀਆ ਦੇ ਫੁੱਲਾਂ ਨੂੰ 13 ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਕੁਝ ਕੁ ਪ੍ਰਸਿੱਧ ਇਸ ਤਰ੍ਹਾਂ ਹਨ :—(1) ਇਕਹਿਰੇ ਡੇਲੀਆ, ਜਿਨ੍ਹਾਂ ਵਿਚ ਨਲੀ ਆਕਾਰ ਪੱਤੀਆਂ ਦੀ ਇਕ ਡਿਸਕ ਹੁੰਦੀ ਹੈ, ਜੋ ਵੱਡੀਆਂ ਵੱਡੀਆਂ ਰਿਸ਼ਮ ਪੱਤੀਆਂ ਨਾਲ ਘਿਰੀ ਹੁੰਦੀ ਹੈ; (2) ਵੱਡੇ ਆਕਾਰ ਦੇ ਡੇਲੀਆ, ਜਿਨ੍ਹਾਂ ਦੇ ਫੁੱਲ ਵੱਡੇ ਅਤੇ ਦੂਹਰੇ ਹੁੰਦੇ ਹਨ ; (3) ਫੈਂਸੀ ਡੇਲੀਆ, ਜਿਨ੍ਹਾਂ ਵਿਚ ਰਿਸ਼ਮ ਪੱਤੀਆਂ ਲਾਈਨਾਂ ਵਾਲੀਆਂ ਹੁੰਦੀਆਂ ਹਨ ; (4) ਪੋਮਪੋਨ ਡੇਲੀਆ, ਇਨ੍ਹਾਂ ਵਿੱਚੋਂ ਕਾਫ਼ੀ ਛੋਟੇ ਅਤੇ ਦੂਹਰੇ ਫੁੱਲ ਹੁੰਦੇ ਹਨ ਅਤੇ (5) ਕੈਕਟਸ ਡੇਲੀਆ ਫੁੱਲਾਂ ਵਿਚ ਲੰਬੀਆਂ ਐਸੀਕੁਲਰ ਰਿਸ਼ਮਾਂ ਹੁੰਦੀਆਂ ਹਨ।

ਡੇਲੀਆ ਦੇ ਫੁੱਲਾਂ ਦੀਆਂ ਨਵੀਆਂ ਕਿਸਮਾਂ ਪੈਦਾ ਕਰਨ ਲਈ ਇਨ੍ਹਾਂ ਨੂੰ ਮਾਰਚ ਦੇ ਅੰਤ ਤੱਕ ਬੀਜਿਆ ਜਾਂਦਾ ਹੈ ਅਤੇ ਜੂਨ ਵਿਚ ਇਨ੍ਹਾਂ ਛੋਟੇ ਛੋਟੇ ਪੌਦਿਆਂ ਨੂੰ ਫੁੱਲਾਂ ਦੀਆਂ ਕਿਆਰੀਆਂ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਡੇਲੀਆ ਦੇ ਫੁੱਲਦਾਰ ਪੌਦੇ ਭਰਵੀਂ ਡੂੰਘੀ ਮੈਰਾ ਜ਼ਮੀਨ ਵਿਚ ਬਹੁਤ ਫੁੱਲਦੇ ਫੱਲਦੇ ਹਨ ਪਰ ਇਨ੍ਹਾਂ ਨੂੰ ਹਰ ਤਰ੍ਹਾਂ ਦੇ ਬਗ਼ੀਚੇ ਵਾਲੀ ਭੂਮੀ ਵਿਚ ਖ਼ਾਦ ਆਦਿ ਪਾ ਕੇ ਉਗਾਇਆ ਜਾ ਸਕਦਾ ਹੈ। ਇਹ ਪੱਤਝੜੀ ਰੁੱਤ ਤੱਕ ਫੁੱਲ ਦਿੰਦੇ ਰਹਿੰਦੇ ਹਨ।

ਇਨ੍ਹਾਂ ਫੁੱਲਾਂ ਦਾ ਇਹ ਨਾਂ ਸਪੇਨ ਦੇ ਇਕ ਬਨਸਪਤੀ ਵਿਗਿਆਨੀ ਕੈਵੈਨੀਲਜ਼ ਦੁਆਰਾ ਸਵੀਡਨ ਦੇ ਇਕ ਬਨਸਪਤੀ ਵਿਗਿਆਨੀ ਐਂਡਰੀਆਸ ਡੇਲ ਦੇ ਸਨਮਾਨ ਵਿਚ ਰੱਖਿਆ ਗਿਆ।

ਹ.ਪੁ.—ਐਨ. ਬ੍ਰਿ. ਮਾ. 3 : 345 ; ਐਨ. ਬ੍ਰਿ. 6:995

**ਡੇਲੀ ਸਿਟੀ** : ਇਹ ਸੰਯੁਕਤ ਰਾਜ ਅਮਰੀਕਾ ਦੇ ਕੈਲਿਫ਼ੋਰਨੀਆ ਰਾਜ ਦੀ ਸੈਨ ਮੈਟੀਓ ਕਾਊਂਟੀ ਦਾ ਸ਼ਹਿਰ ਹੈ ਅਤੇ ਸਾਨ ਫ਼੍ਰਾਂਸਿਸਕੋ ਦੇ ਬਿਲਕੁਲ ਨਾਲ ਪੈਂਦਾ ਹੈ। ਸੰਨ 1850 ਵਿਚ ਸੱਟੇਬਾਜ਼ਾਂ ਨੇ ਸ਼ਹਿਰ ਵਿਚੋਂ ਇਥੋਂ ਦੇ ਮੂਲ ਆਬਾਦਕਾਰਾਂ ਨੂੰ ਜ਼ਬਰਦਸਤੀ ਕੱਢਣ ਦਾ ਨਿਸਫ਼ਲ ਯਤਨ ਕੀਤਾ। ਜਾਨ ਡੇਲੀ ਵੀ ਇਨ੍ਹਾਂ ਆਬਾਦਕਾਰਾਂ ਵਿਚੋਂ ਹੀ ਇਕ ਸੀ ਜਿਸ ਦੇ ਨਾਉਂ ਉੱਤੇ ਸ਼ਹਿਰ ਦਾ ਨਾਉਂ ਪਿਆ। ਸੰਨ 1906 ਵਿਚ ਆਏ ਭੂਚਾਲ ਕਾਰਣ ਸਾਨ ਫ਼੍ਰਾਂਸਿਸਕੋ ਵਾਸੀ ਇਥੋਂ ਜਾ ਕੇ ਕਿਧਰੇ ਹੋਰ ਵੱਸ ਗਏ। ਇਥੋਂ ਦੇ ਬਾਕੀ ਬਾਸ਼ਿੰਦੇ ਮਿਹਨਤ ਕਰਕੇ ਮੁੜ ਸਥਾਪਿਤ ਹੋ ਗਏ ਅਤੇ ਸ਼ਹਿਰ ਕਾਫ਼ੀ ਪ੍ਰਫੁੱਲਤ ਹੋ ਗਿਆ। ਸੰਨ 1911 ਵਿਚ ਇਸ ਸ਼ਹਿਰ ਨੂੰ ਨਿਗਮਤ ਕੀਤਾ ਗਿਆ। ਬਿਜਲੀ ਵਾਲੀਆਂ ਗੱਡੀਆਂ ਦੀਆਂ ਲਾਈਨਾਂ ਦੇ ਨਾਲ ਨਾਲ ਵੱਸਿਆ ਮਜ਼ਦੂਰਾਂ ਦਾ ਇਕ ਸਮੂਹ 1945 ਈ. ਵਿਚ ਕੈਲਿਫ਼ੋਰਨੀਆ ਵਿਚ ਵੱਡੇ ਪੈਮਾਨੇ ਤੇ ਫੈਲ ਗਿਆ। ਪਬਲਿਕ ਸਕੂਲ ਲਾਇਬ੍ਰੇਰੀਆਂ, ਗਿਰਜੇ ਅਤੇ ਤਫ਼ਰੀਹਗਾਹਾਂ ਨੇ ਸ਼ਹਿਰ ਦੇ ਵਿਕਾਸ ਵਿਚ ਹੋਰ ਵੀ ਤੇਜ਼ੀ ਲੈ ਆਂਦੀ।

ਆਬਾਦੀ—92,311 (1991)

37° 42′ ਉ. ਵਿਥ.; 122° 29′ ਪੱ. ਲੰਬ.

ਹ. ਪੁ.—ਐਨ. ਬ੍ਰਿ. 7 : 12

**ਡੇਲੈੱਡਾ, ਗ੍ਰਾਟਸੀਆ (Deledda, Grazia)** : ਇਟਲੀ ਦੀ ਇਸ ਨਾਵਲਕਾਰ ਅਤੇ ਨੋਬਲ ਪੁਰਸਕਾਰ ਵਿਜੇਤਾ ਦਾ ਜਨਮ 27 ਸਤੰਬਰ, 1875 ਨੂੰ ਸਾਰਡਿਨੀਆ ਵਿਚ ਨਵਾਰੋ ਵਿਖੇ ਹੋਇਆ। ਇਸਨੇ ਭਾਵੇਂ ਤਾਲੀਮ ਬਹੁਤੀ ਹਾਸਲ ਨਾ ਕੀਤੀ ਪਰ ਇਸ ਦੀ ਸਾਹਿਤਕ ਲਗਨ ਅਤੇ ਨਿਪੁੰਨਤਾ ਛੋਟੀ ਉਮਰ ਵਿਚ ਹੀ ਦਿਖਾਈ ਦੇਣ ਲੱਗ ਪਈ ਸੀ। ਇਹ ਆਪਣੇ ਸਮੇਂ ਦੀ ਇਕ ਚੰਗੀ ਵਕਤਾ ਵੀ ਮੰਨੀ ਜਾਂਦੀ ਸੀ।

ਡੇਲੈੱਡਾ ਨੇ 17 ਸਾਲ ਦੀ ਉਮਰ ਵਿਚ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਜਿਹੜੀਆਂ ਲੋਕ-ਗਾਥਾਵਾਂ ਉਤੇ ਆਧਾਰਿਤ ਸਨ। ਇਸ ਦੀਆਂ ਕਹਾਣੀਆਂ ਸਾਰਡਿਨੀਆ ਅਤੇ ਰੋਮ ਦੇ ਰਸਾਲਿਆਂ ਵਿਚ ਪ੍ਰਕਾਸ਼ਿਤ ਹੁੰਦੀਆਂ ਸਨ।

ਛੋਟੀ ਉਮਰ ਵਿਚ ਹੀ ਇਹ ਵਿਆਹ ਕਰਵਾ ਕੇ ਰੋਮ ਚਲੀ ਗਈ ਅਤੇ ਉਥੇ ਬੜੇ ਸ਼ਾਂਤ ਮਹੌਲ ਵਿਚ ਰਹੀ। ਆਪਣੇ ਸ਼ਹਿਰ ਸਾਰਡਿਨੀਆ ਵਿਚ ਇਹ ਅਕਸਰ ਚੱਕਰ ਲਗਾਉਂਦੀ ਹੁੰਦੀ ਸੀ। 21 ਸਾਲ ਦੀ ਉਮਰ ਤੱਕ ਸਾਰਡਿਨੀਆ ਦੇ ਜਨ-ਜੀਵਨ ਤੇ ਆਧਾਰਿਤ ਇਸ ਦੀਆਂ ਤਿੰਨ ਪੁਸਤਕਾਂ 'Fior di sardegna' (1891), 'Recconti Sardi' (1894) ਅਤੇ 'Anime Oneste' (1895) ਪ੍ਰਕਾਸ਼ਿਤ ਹੋਈਆਂ।

ਸੰਨ 1902 ਵਿਚ ਇਸ ਨੇ 'Dopoie divorzio' (1902) ਅਤੇ 1903 ਵਿਚ 'Elias Portolu' ਆਦਿ ਨਾਵਲ ਲਿਖੇ ਜਿਨ੍ਹਾਂ ਕਰਕੇ ਇਸ ਦਾ ਨਾਂ ਬਹੁਤ ਹੀ ਪ੍ਰਸਿੱਧ ਹੋਇਆ। ਇਸੇ ਦੇ ਨਾਵਲਾਂ ਦੇ ਅਨੁਵਾਦ ਕਈ ਬਾਹਰਲੇ ਦੇਸ਼ਾਂ ਵਿਚ ਕੀਤੇ ਗਏ।

ਬਾਅਦ ਵਿਚ ਇਸ ਨੇ ਕਈ ਮਨੋਵਿਗਿਆਨਕ ਨਾਵਲ ਵੀ ਲਿਖੇ ਜਿਨ੍ਹਾਂ ਵਿਚ 'Cenere' ' L'edera (1906), 'Canne al vento' (1913); 'Lincendio nell' (1906) ਅਤੇ 'Oliveto' (1918) ਆਦਿ ਸ਼ਾਮਲ ਹਨ।

ਇਸਦੇ ਵਧੀਆ ਨਾਟਕਾਂ ਅਤੇ ਕਹਾਣੀਆਂ ਲਿਖਣ ਲਈ ਇਸ ਨੂੰ ਨੋਬਲ ਪੁਰਸਕਾਰ ਦਿਤਾ ਗਿਆ ਜਿਸ ਨਾਲ ਇਹ ਸੰਸਾਰ-ਪ੍ਰਸਿੱਧ ਹੋ ਗਈ।

16 ਅਗਸਤ, 1936 ਨੂੰ ਰੋਮ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 446 ; ਐਨ. ਅਮੈ. 8 : 618; ਕੋਲ. ਐਨ. 6 : 170 ; ਐਨ. ਬ੍ਰਿ. 7 : 197.

**ਡੇਲੋਨੇ, ਰੋਬਰ (Delauney, Robert)** : ਇਹ ਫ਼ਰਾਂਸ ਦਾ ਇਕ ਪ੍ਰਸਿੱਧ ਚਿੱਤਰਕਾਰ ਸੀ ਜਿਸ ਨੇ ਲਲਿਤ ਕਲਾ ਦੀ ਕਿਊਬਿਜ਼ਮ ਪ੍ਰਣਾਲੀ ਵਿਚ ਸਭ ਤੋਂ ਪਹਿਲਾਂ ਰੰਗ ਭਰਨੇ ਸ਼ੁਰੂ ਕੀਤੇ। ਇਸ ਦਾ ਜਨਮ 12 ਅਪ੍ਰੈਲ, 1885 ਨੂੰ ਪੈਰਿਸ ਵਿਖੇ ਹੋਇਆ। ਮੁੱਢ ਵਿਚ ਇਹ ਥੀਏਟਰ ਡੀਜ਼ਾਈਨਰ ਸੀ ਅਤੇ ਚਿੱਤਰਕਾਰੀ ਤਾਂ ਅੰਸ਼ਕਾਲੀ ਤੌਰ ਤੇ ਹੀ ਕਰਦਾ ਸੀ। ਸੰਨ 1910 ਤੋਂ ਮਗਰੋਂ ਇਸ ਨੇ ਕਿਊਬਿਜ਼ਮ ਵਿਚ ਯੋਗਦਾਨ ਪਾਉਣਾ ਸ਼ੁਰੂ ਕੀਤਾ। 'ਆਈਫਲ ਟਾਵਰ' ਵਿਚ ਇਸ ਨੇ ਰੌਸ਼ਨੀ ਅਤੇ ਰੰਗਾਂ ਦਾ ਸੁਮੇਲ ਕਰਕੇ ਕਿਊਬਿਜ਼ਮ ਕਲਾ ਨੂੰ ਉਜਾਗਰ ਕੀਤਾ। ਇਸ ਦੀ ਸ਼ੈਲੀ 'ਆੱਰਫ਼ਿਜ਼ਮ' (Orphism) ਦੇ ਨਾਂ ਨਾਲ ਪ੍ਰਸਿੱਧ ਹੋਈ ਜਿਸ ਨੂੰ ਮਿਊਨਿਕ ਸਥਿਤ ਪ੍ਰਗਟਾਉਵਾਦੀ ਚਿੱਤਰਕਾਰਾਂ ਨੇ ਅਪਣਾਇਆ।

ਕੁਝ ਚਿਰ ਮਗਰੋਂ ਇਸ ਦਾ ਝੁਕਾਉ ਅਣ-ਯਥਾਰਥਕ ਚਿੱਤਰਕਾਰੀ ਵੱਲ ਹੋ ਗਿਆ ਅਤੇ ਇਸ ਨੇ 'ਕਲਰ ਡਿਸਕਸ' ਅਤੇ 'ਵਿੰਡੋਜ਼' ਵਰਗੇ ਪ੍ਰਸਿੱਧ ਚਿੱਤਰਾਂ ਦੀ ਲੜੀ ਬਣਾਈ। ਸੰਨ 1921 ਤੋਂ ਮਗਰੋਂ ਡੇਲੋਨੇ ਦਾ ਘਰ ਅਜਿਹੇ ਚਿੱਤਰਕਾਰਾਂ ਦੀਆਂ ਮਿਲਣੀਆਂ ਦਾ ਕੇਂਦਰ ਬਣ ਗਿਆ ਜਿਨ੍ਹਾਂ ਨੇ ਆਪਣੇ ਊਟਪਟਾਂਗ ਚਿੱਤਰਾਂ ਦੁਆਰਾ ਜੀਵਨ ਦੇ ਬੇਥਵੇਪਣ ਨੂੰ ਰੂਪਮਾਨ ਕੀਤਾ ਪਰ ਡੇਲੋਨੇ ਆਪ 'ਆੱਰਫਿਨ ਧਾਰਾ' ਤੇ ਹੀ ਚਲਦਾ ਰਿਹਾ। 25 ਅਕਤੂਬਰ, 1941 ਨੂੰ ਮਾਂਪੈਲੀਏ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ.ਪੁ.—ਐਨ. ਅਮੈ 8 : 608 ; ਐਨ. ਬ੍ਰਿ. ਮਾ. 3:443

**ਡੇਵਿਸ, ਹੈਨਰੀ ਵਿੰਟਰ** : ਇਹ ਅਮਰੀਕਾ ਦਾ ਇਕ ਉੱਘਾ ਰਾਜਨੀਤਕ ਆਗੂ ਸੀ। ਇਸ ਦਾ ਜਨਮ 16 ਅਗਸਤ, 1817 ਵਿਚ ਐਨਾਪੋਲਾਸ ਵਿਖੇ ਹੋਇਆ। ਇਸ ਨੇ ਵਰਜੀਨੀਆ ਯੂਨੀਵਰਸਿਟੀ ਤੋਂ ਕਾਨੂੰਨ ਵਿਚ ਵਿੱਦਿਆ ਹਾਸਲ ਕੀਤੀ ਅਤੇ 1840 ਈ. ਵਿਚ ਸਿਕੰਦਰੀਆ ਵਿਖੇ ਵਕਾਲਤ ਸ਼ੁਰੂ ਕਰ ਦਿੱਤੀ ਪਰ 1849 ਈ. ਵਿਚ ਉਥੋਂ ਇਹ ਬਾਲਟੀਮੋਰ ਆ ਗਿਆ।

ਵਿਗ ਪਾਰਟੀ ਨਾਲ ਸਬੰਧ ਸਥਾਪਿਤ ਕਰਨ ਉਪਰੰਤ ਇਸ ਨੇ ਆਪਣਾ ਰਾਜਨੀਤਕ ਜੀਵਨ ਆਰੰਭ ਕੀਤਾ। ਇਹ ਪਹਿਲਾਂ 1855-1861 ਈ. ਦੇ ਦੌਰਾਨ ਅਤੇ ਫਿਰ 1863-1865 ਈ. ਦੇ ਦੌਰਾਨ ਅਮਰੀਕਾ ਦੇ ਹਾਊਸ ਆਫ਼ ਰੀਪ੍ਰਜ਼ੈਂਟੇਟਿਵਜ਼ ਦਾ ਮੈਂਬਰ ਰਿਹਾ ਅਤੇ ਆਪਣੇ ਇਸ ਅਹੁਦੇ ਦੀ ਅਖੀਰਲੀ ਮਿਆਦ ਦੇ ਦੌਰਾਨ ਇਹ ਬਦੇਸ਼ੀ ਮਹਿਕਮੇ ਦਾ ਚੇਅਰਮੈਨ ਵੀ ਰਿਹਾ।

ਬੁਨਿਆਦੀ ਤੌਰ ਤੇ ਇਹ ਇਬਰਾਹੀਮ ਲਿੰਕਨ-ਪੱਖੀ ਸੀ ਪਰ ਅਮਰੀਕਾ ਦੇ ਘਰੇਲੂ ਯੁੱਧ ਵੇਲੇ ਇਸ ਨੇ ਉਸ ਦੀਆਂ ਸਾਰੀਆਂ ਯੁੱਧ-ਨੀਤੀਆਂ ਦੀ ਕਰੜੀ ਆਲੋਚਨਾ ਵੀ ਕੀਤੀ। ਇਸ ਨੇ ਵੇਡ ਡੇਵਿਸ ਬਿੱਲ ਨੂੰ ਪਾਸ ਕਰਾਉਣ ਦੀ ਬੜੀ ਕੋਸ਼ਿਸ਼ ਕੀਤੀ ਜਿਸ ਵਿਚ ਲਿੰਕਨ ਦੀ ਪੁਨਰ-ਸਿਰਜਣਾ ਯੋਜਨਾ ਦੀ ਨੀਤੀ ਦਾ ਖੰਡਨ ਕੀਤਾ ਗਿਆ। ਇਹ ਬਿੱਲ ਸੈਨੇਟ ਵਿਚ ਤਾਂ ਪਾਸ ਹੋ ਗਿਆ ਪਰ ਲਿੰਕਨ ਨੇ ਇਸ ਨੂੰ ਵੀਟੋ ਕਰ ਦਿੱਤਾ ਅਤੇ ਡੇਵਿਸ 1864 ਈ. ਵਿਚ ਆਪਣੀ ਹਾਊਸ ਵਿਚਲੀ ਸੀਟ ਗਵਾ ਬੈਠਾ। 30 ਦਸੰਬਰ, 1865 ਵਿਚ ਇਸ ਦੀ ਬਾਲਟੀਮੋਰ ਵਿਖੇ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 915 ; ਐਨ. ਅਮੈ. 8 : 534

**ਡੇਵਿਸ, ਚਾਰਲਸ ਹੈਰਲਡ** : ਇਸ ਅਮਰੀਕੀ ਚਿੱਤਰਕਾਰ ਦਾ ਜਨਮ 7 ਜਨਵਰੀ, 1856 ਨੂੰ ਮੈਸਾਚੂਸੈੱਟਸ ਰਾਜ ਵਿਚ ਏਮਜ਼ਬਰੀ ਵਿਖੇ ਹੋਇਆ। ਇਸ ਨੇ ਬੋਸਟਨ ਅਤੇ ਪੈਰਿਸ ਵਿਖੇ ਚਿੱਤਰਕਾਰੀ ਸਿਖੀ। ਫ਼ਰਾਂਸੀਸੀ ਸ਼ੈਲੀ ਵਿਚ ਭੂ-ਦ੍ਰਿਸ਼ ਚਿੱਤਰਣ ਵਾਲਾ ਇਹ ਆਪਣੇ ਸਮੇਂ ਦਾ ਉੱਘਾ ਅਮਰੀਕੀ ਚਿੱਤਰਕਾਰ ਸੀ। ਪੈਰਿਸ ਦੇ ਨੇੜੇ ਬਾਰਬਿਜ਼ੋਂ ਵਿਖੇ ਇਸ ਨੇ ਫਾਨਟੇਨਬਲੂ ਦੇ ਜੰਗਲਾਂ ਵਿਚ ਆਪਣੇ ਬਹੁਤ ਸਾਰੇ ਚਿੱਤਰ ਬਣਾਏ। ਸੰਨ 1906 ਵਿਚ ਇਹ ਨੈਸ਼ਨਲ ਅਕਾਦਮੀ ਆਫ਼ ਡਿਜ਼ਾਈਨ ਦਾ ਮੈਂਬਰ ਬਣਿਆ। ਸੰਨ 1889 ਵਿਚ ਪੈਰਿਸ ਪ੍ਰਦਰਸ਼ਨੀ ਵਿਚ ਚਾਂਦੀ ਦਾ ਤਮਗ਼ਾ ਜਿੱਤਣ ਤੋਂ ਇਲਾਵਾ ਇਸ ਨੇ ਕਈ ਹੋਰ ਇਨਾਮ ਹਾਸਲ ਕੀਤੇ। ਸੰਯੁਕਤ ਰਾਜ ਅਮਰੀਕਾ ਦੇ ਕਈ ਉੱਘੇ ਅਜਾਇਬ-ਘਰਾਂ ਵਿਚ ਇਸ ਦੇ ਚਿੱਤਰ ਲਗੇ ਹੋਏ ਹਨ।

5 ਅਗਸਤ, 1933 ਨੂੰ ਕਨੈਕਟੀਕਟ ਰਾਜ ਵਿਚ ਮਿਸਟਿਕ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 7 : 102 ; ਐਨ. ਅਮੈ. 8 : 507

**ਡੇਵਿਸ, ਜਾਨ** : ਇੰਗਲੈਂਡ ਦੇ ਇਸ ਉੱਘੇ ਜਹਾਜ਼ਰਾਨ ਦਾ ਜਨਮ 1550 ਈ. ਵਿਚ ਇੰਗਲੈਂਡ ਵਿਚ ਹੀ ਡਾਰਟਮਥ ਦੇ ਨਜ਼ਦੀਕ ਸੈਂਡਰਿੱਜ ਵਿਖੇ ਹੋਇਆ। ਇਸ ਨੇ ਕੈਨੇਡੀਅਨ ਆਰਕਟਿਕ ਤੋਂ ਸ਼ਾਂਤ ਮਹਾਂਸਾਗਰ ਦੇ ਲਈ ਉੱਤਰ ਪੱਛਮੀ ਰਸਤੇ ਦੀ ਖੋਜ ਕੀਤੀ।

ਡੇਵਿਸ ਨੇ ਪਹਿਲੀ ਵਾਰੀ ਇਸ ਖੋਜ ਲਈ ਆਪਣੀ ਯੋਜਨਾ 1583 ਈ. ਵਿਚ ਮਹਾਰਾਣੀ ਇਲਿਜ਼ਾਬੱਥ ਪਹਿਲੀ ਦੇ ਪ੍ਰਿੰਸੀਪਲ

ਸਕੱਤਰ ਦੇ ਸਨਮੁੱਖ ਰੱਖੀ ਅਤੇ 1583 ਈ. ਵਿਚ ਇਸ ਨੇ ਆਪਣੀ ਯਾਤਰਾ ਸ਼ੁਰੂ ਕੀਤੀ। ਇਸ ਲਈ ਡੇਵਿਸ ਗ੍ਰੀਨਲੈਂਡ ਅਤੇ ਬੈਫਨ ਦੀਪਾਂ ਦੇ ਤੱਟਾਂ ਦੇ ਉਤੋਂ ਦੀ ਲੰਘਿਆ। ਸੰਨ 1586-87 ਵਿਚ ਇਹ ਫਿਰ ਉਥੇ ਵਾਪਸ ਆ ਗਿਆ।

ਆਉਣ ਵਾਲੇ ਸਾਲਾਂ ਵਿਚ ਇਸ ਨੇ ਮਹਾਰਾਣੀ ਦੇ ਰਾਜ ਨੂੰ ਫੈਲਾਉਣ ਦੀ ਨੀਤੀ ਦਾ ਪੱਖ ਲੈਂਦਿਆਂ ਹੋਇਆਂ ਸਪੇਨੀ ਅਤੇ ਪੁਰਤਗਾਲੀ ਬੇੜਿਆਂ ਦਾ ਮੁਕਾਬਲਾ ਕੀਤਾ ਅਤੇ ਅਫ਼ਰੀਕਾ ਅਤੇ ਦੱਖਣੀ ਅਮਰੀਕਾ ਤੱਕ ਜਾ ਪਹੁੰਚਿਆ।

ਦਸੰਬਰ, 1904 ਵਿਚ ਇਸਨੇ ਈਸਟ ਇੰਡੀਆ ਕੰਪਨੀ ਦੇ ਇਕ ਵਿਸ਼ਾਲ ਸਮੁੰਦਰੀ ਜਹਾਜ਼ 'ਟਾਈਗਰ' ਵਿਚ ਬਤੌਰ ਪਾਇਲਟ ਯਾਤਰਾ ਵੀ ਕੀਤੀ। ਇਸ ਨੇ 1594 ਈ. ਵਿਚ 'ਸੀਮੈਨਜ਼ ਸੀਕਰਟਸ' ਅਤੇ 1595 ਈ. ਵਿਚ 'ਦਾ ਵਰਡਜ਼ ਹਾਈਡ੍ਰੋਗ੍ਰਾਫ਼ੀਕਲ ਡਿਸ-ਕ੍ਰਿਪਸ਼ਨ' ਨਾਮੀ ਕਿਤਾਬਾਂ ਲਿਖੀਆਂ।

30 ਦਸੰਬਰ, 1605 ਵਿਚ ਇਹ ਜਾਪਾਨੀ ਡਾਕੂਆਂ ਦੇ ਹੱਥੋਂ ਮਾਰਿਆ ਗਿਆ।

ਹ. ਪੁ.—ਐਨ. ਬ੍ਰਿ. ਮਾ. 3 : 917 ; ਐਨ. ਅਮੈ. 8 : 538

**ਡੇਵਿਸ ਜਾਨ ਵਿਲੀਅਮ** : ਅਮਰੀਕਾ ਦੇ ਇਸ ਪ੍ਰਸਿੱਧ ਰੂੜ੍ਹੀਵਾਦੀ ਲੋਕਤੰਤਰੀ ਰਾਜਨੀਤੀਵਾਨ ਦਾ ਜਨਮ 13 ਅਪ੍ਰੈਲ, 1873 ਨੂੰ ਅਮਰੀਕਾ ਵਿਚ ਕਲਾਰਕਸਬਰਗ ਵਿਖੇ ਹੋਇਆ। ਇਸ ਦਾ ਪਿਤਾ ਇਕ ਪ੍ਰਸਿੱਧ ਸਰਕਾਰੀ ਵਕੀਲ ਸੀ। ਇਸ ਨੇ 1895 ਈ. ਵਿਚਲੀ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਅਤੇ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ। ਦੋ ਸਾਲ ਮਗਰੋਂ ਇਹ ਵਾਪਸ ਕਲਾਰਕਸਬਰਗ ਆ ਗਿਆ।



ਡੇਵਿਸ ਜਾਨ ਵਿਲੀਅਮ

ਸੰਨ 1899 ਵਿਚ ਇਹ ਪੱਛਮੀ ਵਰਜੀਨੀਆ ਦੇ ਹਾਊਸ ਆਫ਼ ਡੈਲੀਗੇਟਸ ਲਈ ਚੁਣਿਆ ਗਿਆ ਅਤੇ 1910 ਈ. ਵਿਚ ਅਮਰੀਕਾ ਦੇ ਹਾਊਸ ਆਫ਼ ਰੀਪ੍ਰਜ਼ੈਂਟੇਟਿਵਜ਼ ਲਈ ਚੁਣਿਆ ਗਿਆ। ਪੈਰਿਸ ਪੀਸ ਕਾਨਫਰੰਸ ਵਿਚ ਇਹ ਰਾਸ਼ਟਰਪਤੀ ਦਾ ਖ਼ਾਸ ਸਲਾਹਕਾਰ ਰਿਹਾ। ਸੰਨ 1918-21 ਦੇ ਦੌਰਾਨ ਇਹ ਇੰਗਲੈਂਡ ਵਿਖੇ ਅਮਰੀਕਾ ਦੇ ਦੂਤ ਦੇ ਅਹੁਦੇ ਤੇ ਵੀ ਰਿਹਾ।

ਬਾਅਦ ਵਿਚ ਇਹ ਫਿਰ ਆਪਣੀ ਨਿੱਜੀ ਵਕਾਲਤ ਵਿਚ ਰੁੱਝ ਗਿਆ ਅਤੇ ਅਮਰੀਕਾ ਦੀ ਸੁਪਰੀਮ ਕੋਰਟ ਵਿਚ ਇਸ ਨੇ ਬਹੁਤ ਸਾਰੇ ਮੁਕੱਦਮੇ ਲੜੇ। ਸੰਨ 1952 ਦਾ ਮੁਕੱਦਮਾ ਇਸ ਨੇ ਰਾਸ਼ਟਰਪਤੀ ਟ੍ਰੂਮੈਨ ਦੇ ਹੱਕਾਂ ਦੁਆਰਾ ਆਪਣੇ ਸੰਵਿਧਾਨਿਕ ਅਖ਼ਤਿਆਰਾਂ ਦੀ ਨਾਜਾਇਜ਼ ਵਰਤੋਂ ਕਰਨ ਵਿਰੁੱਧ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ।

24 ਮਾਰਚ, 1955 ਵਿਚ ਚਾਰਲਸਟਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 917 ; ਐਨ. ਅਮੈ. 8 : 538

**ਡੇਵਿਸ, ਜੈਫਰਸਨ** : ਇਹ ਅਮਰੀਕਾ ਦਾ ਇਕ ਪ੍ਰਸਿੱ ਸਿਆਸਤਦਾਨ ਸੀ ਜਿਹੜਾ 1861 ਤੋਂ 1965 ਈ. ਤੱਕ ਅਮਰੀਕ ਦੇ ਘਰੇਲੂ-ਯੁੱਧ ਦੌਰਾਨ ਇਥੇ ਦੇ ਸੰਘੀ ਰਾਜਾਂ ਦਾ ਪ੍ਰਧਾਨ ਰਿਹਾ। ਇ ਦਾ ਜਨਮ 3 ਜੂਨ, 1808 ਈ. ਨੂੰ ਸ. ਰ. ਅ ਦੇ ਕੈਂਟਕੀ ਰਾਜ ਦ ਕਰਿਸ਼ਚਨ ਕਾਊਂਟੀ ਵਿਖੇ ਹੋਇਆ। ਸੰਨ 1820 ਵਿਚ ਇਸ ; ਅਮਰੀਕਾ ਦੀ ਮਿਲਟਰੀ ਅਕਾਦਮੀ ਵਿਚੋਂ ਡਿਗਰੀ ਹਾਸਲ ਕੀਤ ਅਤੇ ਫ਼ੌਜ ਵਿਚ ਲੈਫ਼ਟੀਨੈਂਟ ਭਰਤੀ ਹੋ ਗਿਆ। ਸੰਨ 1835 ਵਿ ਇਸ ਨੇ ਅਸਤੀਫ਼ਾ ਦੇ ਕੇ ਆਪਣਾ ਪਿਤਾ-ਪੁਰਖੀ ਬਾਗਬਾਨੀ ਦ ਕਿੱਤਾ ਅਪਣਾ ਲਿਆ।

ਸੰਨ 1845 ਵਿਚ ਇਹ ਅਮਰੀਕਾ ਦੀ ਕਾਂਗਰਸ ਵਿ ਚੁਣਿਆ ਗਿਆ। ਮੈਕਸੀਕੋ ਨਾਲ ਯੁੱਧ ਸਮੇਂ ਇਸ ਨੇ ਕਾਂਗਰਸ ਵਿ ਆਪਣੀ ਸੀਟ ਛੱਡ ਦਿੱਤੀ ਅਤੇ ਜੰਗ ਵਿਚ ਹਿੱਸਾ ਲਿਆ। ਇ ਨਾਲ ਇਹ ਲੋਕਾਂ ਵਿਚ ਬੜਾ ਹਰਮਨ ਪਿਆਰਾ ਹੋ ਗਿਆ। ਲੜਾਈ ਵਿਚੋਂ ਇਹ ਕਾਫ਼ੀ ਜ਼ਖਮੀ ਹਾਲਤ ਵਿਚ ਵਾਪਸ ਆਇਆ ਅਤੇ ਇ ਨੂੰ ਸੈਨਿਕ ਮਾਮਲਿਆਂ ਵਾਲੀ ਕਮੇਟੀ ਦਾ ਚੇਅਰਮੈਨ ਬਣਾ ਦਿੱ ਗਿਆ।

ਰਾਸ਼ਟਰਪਤੀ ਫ੍ਰੈਂਕਲਿਨ ਨੇ ਇਸ ਨੂੰ 1853 ਈ. ਵਿਚ ਯੁੱਧ ਸਕੱਤਰ ਬਣਾ ਦਿੱਤਾ। ਇਸ ਅਹੁਦੇ ਨੂੰ ਸੰਭਾਲਣ ਮਗਰੋਂ ਇਸ ਨੇ ਫ਼ੌ ਨੂੰ ਵਧਾਇਆ। ਸਰਹੱਦੀ ਤੱਟਾਂ ਦੀ ਸੁਰੱਖਿਆ ਵੱਲ ਖ਼ਾਸ ਧਿਆ ਦਿੱਤਾ ਅਤੇ ਸ਼ਾਂਤ ਮਹਾਂਸਾਗਰ ਨੂੰ ਰੇਲ ਰਾਹੀਂ ਜੋੜਨ ਲਈ ਤਿੰ ਸਰਵੇਖਣ ਕਰਵਾਏ ਪਰ ਹੌਲੀ ਹੌਲੀ ਇਹ ਪ੍ਰਧਾਨ ਨਾਲੋਂ ਖੇਤਰੀ ਨੇ ਵਧੇਰੇ ਬਣ ਗਿਆ। ਇਸ ਨੇ ਗੁਲਾਮਾਂ ਪ੍ਰਤੀ ਬੜਾ ਦਿਆਲੂ ਵਤੀ ਅਪਣਾਇਆ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਕਈ ਕਦ ਚੁੱਕੇ।

ਸੰਨ 1857 ਵਿਚ ਇਸ ਦੇ ਸਕੱਤਰ ਦੇ ਅਹੁਦੇ ਦੀ ਮਿਆ ਖ਼ਤਮ ਹੋ ਗਈ ਅਤੇ ਇਹ ਸੈਨੇਟ ਦਾ ਮੈਂਬਰ ਚੁਣ ਲਿਆ ਗਿਆ। ਇ ਦੱਖਣੀ ਅਮਰੀਕਾ ਦੇ ਪੱਖ ਵਿਚ ਬੋਲਣ ਵਾਲਾ ਸੀ। ਇਸ ਨੂੰ ਯਕੀ ਸੀ ਕਿ ਨਵਾਂ ਚੁਣਿਆ ਰਾਸ਼ਟਰਪਤੀ ਇਬਰਾਹੀਮ ਲਿੰਕਨ ਦੱਖ ਅਮਰੀਕਾ ਨੂੰ ਦਬਾਉਣ ਦੀ ਨੀਤੀ ਅਪਣਾਏਗਾ ਜਿਸ ਦਾ ਨਤੀ ਕਾਫ਼ੀ ਮਾੜਾ ਨਿਕਲੇਗਾ। ਮਿਸਿਸਿੱਪੀ ਦੇ ਅੱਡ ਹੋਣ ਤੋਂ 12 ਦਿ ਮਗਰੋਂ ਇਸ ਨੇ ਸੈਨੇਟ ਵਿਚ ਬੜਾ ਭਾਵੁਕ ਭਾਸ਼ਨ ਦਿੱਤਾ ਅਤੇ ਦੋ ਹਿੱਸਿਆਂ ਵਿਚ ਏਕਤਾ ਬਣਾਈ ਰੱਖਣ ਲਈ ਜ਼ੋਰ ਦਿੱਤਾ। ਇਸ ਪਿੰ ਇਹ ਫਿਰ ਆਪਣੀਆਂ ਜ਼ਮੀਨਾਂ ਤੇ ਵਾਪਸ ਚਲਾ ਗਿਆ ਪਰ ਜਲ ਹੀ ਇਸ ਨੂੰ ਮਾਂਟਗੁਮਰੀ ਵਿਚ ਹੋਈ ਸੰਘੀ ਕਨਵੈਨਸ਼ਨ ਵਲੋਂ ਆਰ ਰਾਸ਼ਟਰਪਤੀ ਚੁਣ ਲਿਆ। ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਸਭ ਤੋਂ ਪਹਿਲਾਂ ਇਸ ਨੇ ਵਾਸ਼ਿੰਗਟਨ ਨੂੰ ਇਕ ਸ਼ਾਂਤੀ-ਕਮਿ ਭੇਜਿਆ ਤਾਂ ਕਿ ਫ਼ੌਜੀ ਸੰਘਰਸ਼ ਨੂੰ ਰੋਕਿਆ ਜਾ ਸਕੇ ਪਰ ਲਿੰਕਨ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਚੁੱਪ-ਚੁਪੀਤੇ ਚਾਰਲਸਟਨ ਵੱਲ ਜੰਗੀ ਬੇੜੇ ਭੇਜ ਦਿੱਤੇ।

ਇਸ ਨੂੰ ਨਾ ਚਾਹੁੰਦੇ ਹੋਇਆਂ ਵੀ ਜੰਗ ਦੀ ਤਿਆਰੀ ਕਰ ਪਈ। 900,000 ਦੇ ਕਰੀਬ ਇਸ ਦੀ ਫ਼ੌਜ ਤਿਆਰ ਹੋ ਗ ਆਵਾਜਾਈ ਦੇ ਸਾਧਨਾਂ ਵਿਚ ਬਹੁਤ ਜਲਦੀ-ਜਲਦੀ ਸੁਧਾਰ ਹ ਗਏ। ਜੰਗੀ ਬੇੜੇ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕੀਤਾ ਗਿ ਪਰ ਇਸ ਦੇ ਬਾਵਜੂਦ ਵੀ ਇਸ ਨੂੰ ਆਰਥਿਕ ਤੌਰ ਤੇ ਕਈ ਮੁਸ਼ਕਿ ਦਾ ਸਾਹਮਣਾ ਕਰਨਾ ਪਿਆ। ਇਸ ਨਾਲ ਇਸ ਦੀ ਕਰੜੀ ਆਲੋਚ ਹੋਈ। ਇਸ ਦੇ ਇਕ ਜਰਨੈਲ ਲੀ ਨੇ ਇਸ ਦੀ ਆਗਿਆ ਤੋਂ ਬਿ ਹੀ ਉੱਤਰੀ ਅਮਰੀਕਾ ਦੀਆਂ ਫ਼ੌਜਾਂ ਸਾਹਮਣੇ ਹਥਿਆਰ ਸੁੱਟ ਦਿ 10 ਮਈ, 1865 ਨੂੰ ਇਸ ਨੂੰ ਇਰਵਿਨਵਿਲ ਦੇ ਨਜ਼ਦੀਕ ਬੜੇ ਵਾਤਾਵਰਣ ਵਿਚ ਕੈਦ ਰੱਖਿਆ ਗਿਆ ਜਿਸ ਕਰਕੇ ਇਸਦੀ ਸਿ ਕਾਫ਼ੀ ਖਰਾਬ ਹੋ ਗਈ। ਮਈ, 1867 ਵਿਚ ਇਸ ਨੂੰ ਜ਼ਮਾਨਤ

ਰਿਹਾ ਕਰ ਦਿੱਤਾ ਗਿਆ। ਆਪਣੇ ਵਿਗੜੇ ਹੋਏ ਸੁਆਸਥ ਦੇ ਇਲਾਜ ਲਈ ਇਹ ਕੈਨੇਡਾ ਚਲਿਆ ਗਿਆ। 25 ਦਸੰਬਰ, 1868 ਨੂੰ ਇਸ ਵਿਰੁੱਧ ਦਰਜ ਕੀਤਾ ਮੁਕੱਦਮਾ ਲਿੰਕਨ ਨੇ ਵਾਪਸ ਲੈ ਲਿਆ।

6 ਦਸੰਬਰ, 1889 ਈ. ਵਿਚ ਨਿਊ ਆਰਲੀਨਜ਼ ਵਿਖੇ ਇਸ ਦੀ ਬੀਮਾਰੀ ਦੀ ਹਾਲਤ ਵਿਚ ਹੀ ਮੌਤ ਹੋ ਗਈ।

ਹ. ਪੁ.—ਐਨ.ਬ੍ਰਿ.ਮਾ. 3 : 916 ; ਐਨ. ਅਮੇ. 8 : 535

**ਡੇਵਿਸ, ਟਾਮਸ ਅੱਜ਼ਬਰਨ** : ਇਹ ਆਇਰਲੈਂਡ ਦਾ ਲੇਖਕ ਅਤੇ ਨੀਤੀਵਾਨ ਸੀ ਜਿਹੜਾ ਯੰਗ ਆਇਰਲੈਂਡ ਲਹਿਰ ਦਾ ਮੁੱਖ ਪ੍ਰਬੰਧਕ ਅਤੇ ਕਵੀ ਵੀ ਸੀ। ਇਸ ਦਾ ਜਨਮ 14 ਅਕਤੂਬਰ, 1814 ਨੂੰ ਕਾਉਂਟੀ ਕਾਰਕ ਵਿਚ ਮੈਲੋ ਵਿਖੇ ਹੋਇਆ। ਇਹ ਪ੍ਰੋਟੈਸਟੈਂਟ ਮੱਤ ਦਾ ਅਨੁਯਾਈ ਅਤੇ ਰੋਮਨ ਕੈਥਲਿਕ ਹਿੱਤਾਂ ਦਾ ਵਿਰੋਧੀ ਸੀ। ਟ੍ਰਿਨਿਟੀ ਕਾਲਜ, ਡਬਲਿਨ ਵਿਚ ਪੜ੍ਹਦੇ ਸਮੇਂ ਇਸ ਨੇ ਸਾਰੇ ਮੱਤਾਂ ਅਤੇ ਸ਼੍ਰੇਣੀਆਂ ਨੂੰ ਇਕੱਠਾ ਕਰਕੇ ਇਕ ਸਾਂਝੀ ਕੌਮੀ ਲਹਿਰ ਦਾ ਆਦਰਸ਼ ਕਾਇਮ ਕੀਤਾ। ਸੰਨ 1842 ਵਿਚ ਇਸ ਨੇ ਡੈਨੀਅਲ ਓ ਕੋਨੈਲ ਨਾਲ ਮਿਲ ਕੇ 'ਨੇਸ਼ਨ' ਨਾਂ ਹੇਠ ਸਪਤਾਹਕ ਰਸਾਲਾ ਚਾਲੂ ਕੀਤਾ। ਇਸ ਮਗਰੋਂ ਇਹ ਰਸਾਲਾ ਆਇਰਲੈਂਡ ਦੇ ਨੌਜਵਾਨ ਲੇਖਕਾਂ ਦਾ ਰਸਾਲਾ ਬਣ ਗਿਆ। ਇਸ ਨੇ ਦੇਸ਼-ਪਿਆਰ ਸਬੰਧੀ ਬਹੁਤ ਸਾਰੇ ਗੀਤ ਲਿਖੇ ਜਿਹੜੇ ਬਹੁਤ ਪ੍ਰਸਿੱਧ ਹੋਏ। 16 ਸਤੰਬਰ, 1845 ਨੂੰ ਡਬਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. — ਐਨ. ਬ੍ਰਿ. ਮਾ. 3 : 404

**ਡੇਵਿਸ, ਬੈਟੀ** : ਸੰਯੁਕਤ ਰਾਜ ਅਮਰੀਕਾ ਦੀ ਇਸ ਚਲ-ਚਿੱਤਰ ਅਭਿਨੇਤਰੀ ਦਾ ਜਨਮ ਮੈਸਾਚੂਸੈੱਟਸ ਰਾਜ ਵਿਚ ਨਾਵੈਲ ਵਿਖੇ 5 ਅਪ੍ਰੈਲ, 1908 ਨੂੰ ਹੋਇਆ। ਇਸ ਦਾ ਅਸਲ ਨਾਂ ਰੁੱਥ ਇਲਿਜ਼ਾਬੱਥ ਡੇਵਿਸ ਸੀ। ਇਹ ਭਾਵੁਕ ਤੇ ਮਨੋਰੋਗੀ ਔਰਤਾਂ ਦੇ ਚਰਿੱਤਰ-ਚਿਤਰਣ ਲਈ ਪ੍ਰਸਿੱਧ ਸੀ।

ਡੇਵਿਸ ਨੇ ਨਿਊਯਾਰਕ ਵਿਖੇ ਡਰਾਮੇ ਸਬੰਧੀ ਅਧਿਐਨ ਕੀਤਾ ਅਤੇ 1926 ਵਿਚ ਛੋਟੇ ਮੋਟੇ ਰੋਲਾਂ ਵਿਚ ਸਟੇਜ ਤੇ ਆਉਣ ਲੱਗੀ। ਸੰਨ 1931 ਵਿਚ ਇਹ ਹਾੱਲੀਵੁੱਡ ਗਈ ਤੇ ਉਥੇ ਵੀ ਛੋਟੇ ਛੋਟੇ ਰੋਲ ਕਰਦੀ ਰਹੀ। ਸੰਨ 1934 ਵਿਚ 'ਆੱਫ਼ ਹਿਊਮਨ ਬੌਂਡੇਜ' ਵਿਚ ਮਿਲਡ੍ਰੈਡ ਦੀ ਪਾਤਰਤਾ ਨਿਭਾਉਣ ਤੇ ਇਹ ਇਕ ਪ੍ਰਸਿੱਧ ਅਭਿਨੇਤਰੀ ਮੰਨੀ ਜਾਣ ਲੱਗੀ। ਸੰਨ 1935 ਵਿਚ ਇਸ ਨੂੰ 'ਡੇਂਜ਼ਰੱਸ' (1935) ਵਿਚ ਸ਼ਕਤੀਸ਼ਾਲੀ ਚਰਿਤਰ ਨਿਭਾਉਣ ਉਪਰੰਤ ਅਕਾਦਮੀ ਐਵਾਰਡ ਪ੍ਰਦਾਨ ਕੀਤਾ ਗਿਆ। ਸੰਨ 1938 ਵਿਚ ਫਿਰ ਇਸ ਨੂੰ 'ਬੈਸਟ ਐਕਟ੍ਰੈੱਸ' ਪੁਰਸਕਾਰ ਮਿਲਿਆ। ਇਸ ਨੇ ਜੈਜ਼ੇਬੇਲ (Jezebel) (1938), 'ਡਾਰਕ ਵਿਕਟਰੀ' (1939) ਅਤੇ 'ਪ੍ਰਾਈਵੇਟ ਲਾਈਨਜ਼ ਆੱਫ਼ ਇਲਿਜ਼ਾਬੈਥ ਐਂਡ ਐਸੈਕਸ' (1939) ਆਦਿ ਫਿਲਮਾਂ ਵਿਚ ਵੀ ਕਾਫ਼ੀ ਵਧੀਆ ਭੂਮਿਕਾ ਨਿਭਾਈ। ਸੰਨ 1940 ਵਿਚ ਇਹ ਪਹਿਲੀ ਇਸਤਰੀ ਸੀ ਜਿਹੜੀ ਅਕਾਦਮੀ ਦੀ ਪ੍ਰਧਾਨ ਚੁਣੀ ਗਈ।

'ਦੀ ਲੈਟਰ' (1940); 'ਦੀ ਗਰੇਟ ਲਾਈ' (1941); 'ਦੀ ਲਿਟਲ ਫ਼ੌਕਸਿਜ਼' (1941); 'ਦੀ ਕਾੱਰਨ ਇਜ਼ ਗਰੀਨ', (1945); 'ਆਲ ਅਬਾਊਟ ਈਵ' (1960) ਅਤੇ 'ਦੀ ਵਰਜਿਨ ਕੁਈਨ' (1985) ਆਦਿ ਇਸ ਦੀਆਂ ਕੁਝ ਹੋਰ ਮਸ਼ਹੂਰ ਫਿਲਮਾਂ ਸਨ ਜਿਹੜੀਆਂ ਅਕਾਦਮੀ ਦੀ ਪ੍ਰਧਾਨ ਬਣਨ ਉਪਰੰਤ ਬਣਾਈਆਂ ਗਈਆਂ।

ਬੈਟੀ ਡੇਵਿਸ ਨੇ ਡਰਾਉਣੀਆਂ ਸੀਰੀਜ਼ ਵਿਚ ਵੀ ਕੰਮ ਕੀਤਾ ਜਿਵੇਂ 'ਵ੍ਹਟਐਵਰ ਹੈਪੈਂਡ ਟੂ ਬੇਬੀ ਜੇਨੀ ?' (1962); 'ਡੈਡ ਰਿੰਗਰ' (1964); 'ਹਸ਼, ਹਸ਼ ਸਵੀਟ ਚਾਰਲਟ' (1964); 'ਦੀ ਨੈਨੀ' (1965) ਅਤੇ 'ਦੀ ਐਨੀਵਰਸਰੀ' (1967), ਫਿਲਮਾਂ ਬੈਟੀ ਡੇਵਿਸ ਦੀਆਂ ਡਰਾਉਣੀਆਂ ਫਿਲਮਾਂ ਸਨ। ਇਸ ਤੋਂ ਬਿਨਾਂ ਇਸ ਨੇ ਟੈਲੀਵਿਜ਼ਨ ਤੇ ਅਦਾਕਾਰੀ ਕਰਕੇ 'ਐਮੀ ਐਵਾਰਡ' ਪ੍ਰਾਪਤ ਕੀਤਾ।

ਡੇਵਿਸ ਨੇ ਚਾਰ ਵਿਆਹ ਕਰਵਾਏ। ਆਪਣੇ ਆਖ਼ਰੀ ਪਤੀ ਮੈਰੀ ਮੈਰਿਲ ਨੂੰ ਵੀ ਇਸ ਨੇ 1960 ਵਿਚ ਤਲਾਕ ਦੇ ਦਿਤਾ। ਸੰਨ 1962 ਵਿਚ ਇਸ ਨੇ ਅਪਣੀ ਸਵੈ-ਜੀਵਨੀ 'ਦੀ ਲੋਨਲੀ ਲਾਈਫ਼' ਪ੍ਰਕਾਸ਼ਿਤ ਕੀਤੀ।

ਹ.ਪੁ.—ਐਨ. ਬ੍ਰਿ. ਮਾ. 3 : 402 ; ਐਨ. ਅਮੇ. 8 : 507

**ਡੇਵਿਸ, ਰਿਚਰਡ ਹਾਰਡਿੰਗ** : ਸੰਯੁਕਤ ਰਾਜ ਅਮਰੀਕਾ ਦੇ ਇਸ ਨਾਵਲਕਾਰ, ਕਹਾਣੀਕਾਰ ਅਤੇ ਪੱਤਰਕਾਰ ਦਾ ਜਨਮ 18 ਅਪ੍ਰੈਲ, 1864 ਨੂੰ ਪੈਨਸਿਲਵੇਨੀਆ ਰਾਜ ਵਿਚ ਫ਼ਿਲਾਡੈਲਫ਼ੀਆ ਵਿਖੇ ਹੋਇਆ। ਸਿੱਖਿਆ ਪ੍ਰਾਪਤ ਕਰਨ ਮਗਰੋਂ ਇਹ ਫ਼ਿਲਾਡੈਲਫ਼ੀਆ ਰਿਕਾਰਡ ਦਾ ਪੱਤਰ ਪ੍ਰੇਰਕ ਲੱਗਿਆ। ਫਿਰ ਕਈ ਹੋਰ ਸਮਾਚਾਰ ਪੱਤਰਾਂ ਲਈ ਕੰਮ ਕਰਨ ਉਪਰੰਤ ਇਹ 'ਹਾਰਪਰ' ਸਪਤਾਹਕ ਦਾ ਸੰਪਾਦਕ ਬਣਿਆ। ਇਸ ਸੇਵਾ ਦੌਰਾਨ ਇਸ ਨੇ ਸੰਸਾਰ ਦੇ ਕਈ ਹਿੱਸਿਆਂ ਦਾ ਦੌਰਾ ਕੀਤਾ ਅਤੇ ਬਾਅਦ ਵਿਚ ਇਸ ਨੇ ਪੱਛਮੀ ਅਮਰੀਕਾ, ਯੂਰਪ ਅਤੇ ਦੱਖਣੀ ਅਮਰੀਕਾ ਸਬੰਧੀ ਆਪਣੇ ਵਿਚਾਰ ਕਈ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਏ।

ਡੇਵਿਸ ਨੇ ਜੰਗੀ ਨਾਮਾਨਿਗਾਰ ਅਤੇ ਗਲਪਕਾਰ ਦੀ ਹੈਸੀਅਤ ਵਿਚ ਬਹੁਤ ਨਾਮ ਖੱਟਿਆ। ਕਈ ਵਾਰੀ ਜਾਸੂਸ ਹੋਣ ਦੇ ਭੁਲੇਖੇ ਵਜੋਂ ਇਸ ਉਤੇ ਗੋਲੀਆਂ ਦੇ ਵਾਰ ਵੀ ਹੋਏ ਪਰ ਇਹ ਆਪਣੇ ਨਿਸ਼ਾਨੇ ਤੇ ਪੂਰਾ ਪਹਿਰਾ ਦਿੰਦਾ ਰਿਹਾ।

ਪੱਤਰਕਾਰੀ ਤੋਂ ਛੁੱਟ ਡੇਵਿਸ ਨੇ 7 ਨਾਵਲ, 11 ਕਹਾਣੀ ਸੰਗ੍ਰਹਿ, 25 ਨਾਟਕ ਅਤੇ 13 ਸਫ਼ਰਨਾਮੇ ਲਿਖੇ। ਸੰਨ 1890 ਵਿਚ ਆਪਣੇ ਕਹਾਣੀ-ਸੰਗ੍ਰਹਿਆਂ 'ਗੈਲੇਘਰ ਐਂਡ ਅਦਰ ਸਟੋਰੀਜ਼' (1891) ਅਤੇ 'ਵਾਨ ਬਿਬਰ ਐਂਡ ਅਦਰਜ਼' (1892) ਕਰਕੇ ਇਹ ਛੇਤੀ ਹੀ ਬਹੁਤ ਪ੍ਰਸਿੱਧ ਹੋ ਗਿਆ।

ਇਸ ਦੇ ਨਾਵਲਾਂ ਵਿਚ 'ਸੋਲਜਰ ਆਫ਼ ਫਾਰਚੂਨ'; 'ਦੀ ਕਿੰਗਜ਼ ਜੈਕਾਲ' (1898); 'ਦੀ ਬਾਰ ਸਿਨਿਸਟਰ' (1903) ਅਤੇ 'ਵੇਰਾ ਦੀ ਮੀਡੀਅਮ' (1908) ਆਦਿ ਸ਼ਾਮਲ ਹਨ। 'ਰੈਨਸਨਜ਼ ਫੱਲੀ' (1904) ਅਤੇ 'ਦੀ ਡਿਕਟੇਟਰ' (1904) ਇਸਦੇ ਬਹੁਤ ਹੀ ਸਫ਼ਲ ਨਾਟਕ ਸਨ।

11 ਅਪ੍ਰੈਲ, 1916 ਨੂੰ ਨਿਊਯਾਰਕ ਰਾਜ ਵਿਚ ਮਾਊਂਟ ਕਿਸੋਕ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 403; ਐਨ. ਅਮੇ. 8 : 513; ਕੋਲ. ਐਨ. 6 : 107

**ਡੇਵਿਸ, ਵਿਲੀਅਮ ਮਾੱਰਿਸ** : ਇਹ ਅਮਰੀਕਾ ਦਾ ਇਕ ਪ੍ਰਸਿੱਧ ਭੂਗੋਲਵੇਤਾ, ਭੂ-ਵਿਗਿਆਨੀ ਅਤੇ ਮੌਸਮ-ਵਿਗਿਆਨੀ ਹੋਇਆ ਹੈ। ਇਸ ਨੇ ਭੂ-ਬਣਤ ਵਿਗਿਆਨ ਦੀ ਖੋਜ ਕੀਤੀ। ਇਸ ਦਾ ਜਨਮ 12 ਫ਼ਰਵਰੀ, 1850 ਵਿਚ ਫ਼ਿਲਾਡੈਲਫ਼ੀਆ ਵਿਖੇ ਹੋਇਆ।

ਸੰਨ 1870 ਵਿਚ ਇਸ ਨੇ ਕਾਰਡੋਬਾ ਵਿਖੇ ਅਰਜਨਟੀਨਾ ਮੈਟਰਾਲੋਜੀਕਲ ਆਬਜ਼ਰਵੇਟਰੀ ਵਿਚ ਮੌਸਮ ਵਿਗਿਆਨੀ ਦੇ ਤੌਰ ਤੇ ਕੰਮ ਸ਼ੁਰੂ ਕੀਤਾ। ਸੰਨ 1876 ਵਿਚ ਇਸ ਨੇ ਹਾਰਵਰਡ ਯੂਨੀਵਰਸਿਟੀ ਵਿਚ ਪੜ੍ਹਾਉਣਾ ਸ਼ੁਰੂ ਕੀਤਾ। ਆਪਣੇ ਜੀਵਨ ਦੇ ਅੰਤਲੇ 10 ਸਾਲਾਂ ਵਿਚ ਇਹ ਅਮਰੀਕਾ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਨਾਲ ਸਬੰਧਤ ਰਿਹਾ।

ਸੰਨ 1870 ਵਿਚ ਡੇਵਿਸ ਦੀ ਦਿਲਚਸਪੀ ਮੌਸਮ-ਵਿਗਿਆਨ ਤੋਂ ਧਰਾਤਲੀ ਨੁਹਾਰ ਦੇ ਅਧਿਐਨ ਵੱਲ ਜ਼ਿਆਦਾ ਹੋ ਗਈ ਅਤੇ ਇਸ ਨੇ ਇਸ ਸਬੰਧੀ 1889 ਈ. ਵਿਚ 'ਦਾ ਰਿਵਰਜ਼ ਐਂਡ ਵੈਲੀਜ਼ ਆਫ਼ ਪੈਨਸਿਲਵੇਨੀਆ' ਨਾਉਂ ਦੀ ਕਿਤਾਬ ਛਪਵਾਈ ਜਿਸ ਨੂੰ ਇੰਨੀ ਮਾਨਤਾ ਪ੍ਰਾਪਤ ਹੋਈ ਕਿ ਧਰਾਤਲੀ ਨੁਹਾਰ ਦੇ ਅਧਿਐਨ ਦਾ 'ਡੇਵਿਲੀਅਨ ਸਿਸਟਮ' ਨਾਂ ਦਾ ਇਕ ਨਵਾਂ ਸਿਸਟਮ ਪ੍ਰਚੱਲਤ ਹੋ ਗਿਆ।

ਡੇਵਿਸ ਦੀ ਭੌਤਿਕ ਭੂਗੋਲ ਦੇ ਅੰਦਰ ਸਭ ਤੋਂ ਵੱਡੀ ਦੇਣ ਖੁਰਣ-ਚੱਕਰ ਦਾ ਸੰਕਲਪ ਹੈ। ਇਸ ਵਿਚ ਇਸ ਨੇ ਦੱਸਿਆ ਹੈ ਕਿ ਪ੍ਰਿਥਵੀ ਦੀ ਮੌਜੂਦਾ ਧਰਾਤਲੀ ਨੁਹਾਰ ਇਕ ਯੁੱਗਾਂ-ਬੱਧੀ, ਲੰਬੀ, ਲਗਾਤਾਰ ਅਤੇ ਤਰਤੀਬਵਾਰ ਖੁਰਣ, ਕਿਰਿਆ ਦਾ ਹੀ ਸਿੱਟਾ ਹੈ। ਇਸ ਦਾ ਇਹ ਸੰਕਲਪ ਅੱਜ ਦੇ ਭੂਗੋਲ ਵਿਗਿਆਨੀਆਂ ਦਾ ਧਰਾਤਲੀ ਨੁਹਾਰ ਦੇ ਅਧਿਐਨ ਦਾ ਆਧਾਰ ਹੈ। ਡੇਵਿਸ ਦਾ ਵਿਸ਼ਵਾਸ ਹੈ ਕਿ ਮੌਜੂਦਾ ਧਰਾਤਲ ਅਤੇ ਭੂ-ਵਿਗਿਆਨ ਇਤਿਹਾਸ ਇਸ ਬਿਨਾਂ ਸਮਝਣਾ ਮੁਸ਼ਕਲ ਹੈ।

ਸੰਨ 1912 ਵਿਚ ਨੌਕਰੀ ਛੱਡਣ ਉਪਰੰਤ ਇਸ ਨੇ ਬਹੁਤ ਸਮਾਂ ਲਿਖਣ ਅਤੇ ਖੇਤਰੀ ਖੋਜ ਵਿਚ ਲਾਇਆ। ਮੂੰਗਾ-ਭਿੱਤੀਆਂ ਅਤੇ ਮੂੰਗਾ-ਦੀਪਾਂ ਬਾਰੇ ਗਹਿਰੀ ਖੋਜ ਕੀਤੀ ਅਤੇ 1928 ਈ. ਵਿਚ 'ਕੋਰਲ ਰੀਫ਼ ਪਰਾਬਲਮ' ਨਾਂ ਦੀ ਮਹੱਤਵਪੂਰਨ ਪੁਸਤਕ ਛਾਪੀ। ਸੰਨ 1894 ਵਿਚ ਇਸ ਨੇ 'ਐਲੀਮੈਂਟਰੀ ਮੈਟਰਾਲੋਜੀ' ਨਾਂ ਦੀ ਇਕ ਹੋਰ ਪੁਸਤਕ ਪ੍ਰਕਾਸ਼ਿਤ ਕਰਵਾਈ। ਇਹ ਕਈ ਦਹਾਕਿਆਂ ਤੱਕ ਕਾਲਜਾਂ ਦੇ ਸਲੇਬਸ ਵਿਚ ਮੂਲ ਪੁਸਤਕ ਰਹੀ। ਇਸ ਦੀਆਂ ਲਿਖਤਾਂ 500 ਤੋਂ ਉਪਰ ਸਨ। ਇਨ੍ਹਾਂ ਵਿਚੋਂ 'ਫਿਜ਼ੀਕਲ ਜੀਓਗ੍ਰਾਫ਼ੀ'—1889; 'ਜੀਓਗ੍ਰਾਫ਼ੀਕਲ ਐਸੇਜ਼' 1909 ਅਤੇ 'ਆਰਿਜਿਨ ਆਫ਼ ਲਾਈਮਸਟੋਨ ਕੈਵਰਨਜ'—1930 ਬਹੁਤ ਪ੍ਰਸਿੱਧ ਹੋਈਆਂ।

5 ਫ਼ਰਵਰੀ, 1934 ਨੂੰ ਕੈਲਿਫ਼ੋਰਨੀਆਂ ਵਿਚ ਪੈਸਾਡੀਨ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 918; ਐਨ. ਅਮੈ. 8 : 539

**ਡੇਵਿਡ** : ਕੇਂਦਰੀ ਅਮਰੀਕਾ ਵਿਚ ਪੈਨਾਮਾ ਦੇਸ਼ ਦੇ ਚਿਰੀਕੀ ਪ੍ਰਾਂਤ ਦੀ ਰਾਜਧਾਨੀ ਅਤੇ ਦੇਸ਼ ਦਾ ਚੌਥਾ ਵੱਡਾ ਸ਼ਹਿਰ ਹੈ ਜਿਹੜਾ ਫਲਾਂ ਦੇ ਦਰਖਤਾਂ ਦੇ ਝੁੰਡਾਂ ਵਾਲੇ ਖੇਤਰ ਵਿਚ ਡੇਵਿਡ ਦਰਿਆ ਦੇ ਤੱਟ ਉੱਤੇ ਵਾਕਿਆ ਹੈ। ਇਹ ਵਪਾਰਕ ਅਤੇ ਸੱਨਅਤੀ ਕੇਂਦਰ ਵੀ ਹੈ। ਇਥੇ ਮੀਟ ਦੀ ਪੈਕਿੰਗ, ਭੋਜਨ ਦੀ ਪ੍ਰੋਸੈਸਿੰਗ, ਸ਼ਰਾਬ ਕੱਢਣ ਅਤੇ ਚਮੜਾ ਰੰਗਣ ਦਾ ਕੰਮ ਹੁੰਦਾ ਹੈ। ਇਹ ਸ਼ਹਿਰ ਦੀ ਸਥਾਪਨਾ 1738 ਈ. ਵਿਚ ਕੀਤੀ ਗਈ ਸੀ। ਇਸ ਸ਼ਹਿਰ ਦੇ ਨੇੜੇ ਹੀ ਦੱਖਣ ਵੱਲ ਪੈਡਰੀਗਾਲ ਨਾਂ ਦੀ ਵੱਡੀ ਬੰਦਰਗਾਹ ਹੈ। ਇਸ ਸ਼ਹਿਰ ਵਿਚ ਬਸਤੀਵਾਦ ਸਮਿਆਂ ਦੀਆਂ ਬਣੀਆਂ ਕਈ ਇਮਾਰਤਾਂ ਮੌਜੂਦ ਹਨ ਜਿਨ੍ਹਾਂ ਵਿਚੋਂ ਸੈਨ ਜੋਸ ਗਿਰਜਾ ਵਰਣਨਯੋਗ ਹੈ।

ਆਬਾਦੀ— 65,635 (1990)

8°25′ ਉ. ਵਿਥ. ; 82°27′ ਪੱ. ਲੰਬ.

ਹ. ਪੁ.—ਐਨ. ਬ੍ਰਿ. ਮਾ. 3 : 908

**ਡੇਵਿਡ (ਪਹਿਲਾ)** : ਇਹ ਸਕਾਟਲੈਂਡ ਦਾ ਇਕ ਬਹੁਤ ਸ਼ਕਤੀਸ਼ਾਲੀ ਰਾਜਾ ਹੋਇਆ ਹੈ। ਇਹ ਮਾਲਕਮ ਤੀਜੇ ਕੈਨਮੋਰ ਦਾ ਛੇਵਾਂ ਪੁੱਤਰ ਸੀ। ਇਸਦਾ ਜਨਮ 1082 ਈ. ਵਿਚ ਹੋਇਆ ਅਤੇ 1124 ਈ. ਵਿਚ ਇਹ ਗੱਦੀ ਉੱਤੇ ਬੈਠਾ। ਇਸ ਦਾ ਰਾਜ-ਕਾਲ ਸਕਾਟਲੈਂਡ ਦੇ ਇਤਿਹਾਸ ਵਿਚ ਨਵੀਨਤਾ ਲਿਆਉਣ ਵਾਲਾ ਮੰਨਿਆ ਜਾਂਦਾ ਹੈ। ਇਸ ਨੇ ਆਪਣੇ ਭਰਾਵਾਂ ਐਡਸਰ ਅਤੇ ਅਲੈਗਜ਼ਾਂਦਰ ਦੀ ਨੀਤੀ ਨੂੰ ਹੀ ਅਪਣਾਇਆ ਅਤੇ ਸਕਾਟਲੈਂਡ ਵਿਚ ਨਾਰਮਨ ਅਤੇ ਸਾਮੰਤਵਾਦੀ ਢਾਂਚੇ ਦੇ ਨਾਮ ਨਾਲ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਮੁੜ ਸੰਗਠਿਤ ਕੀਤਾ। ਇਸ ਨੇ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਵੀ ਸਥਾਪਿਤ ਕੀਤੀਆਂ ਜਿਸ ਕਰਕੇ ਇਹ ਇਕ ਆਦਰਸ਼ਵਾਦੀ ਸਿਆਸਤਦਾਨ ਸੀ।

ਇਸ ਨੇ ਆਪਣੇ ਜੀਵਨ ਦਾ ਮੁੱਢਲਾ ਹਿੱਸਾ ਆਪਣੇ ਭਣਵਈਏ ਹੈਨਰੀ ਪਹਿਲੇ ਦੇ ਦਰਬਾਰ ਵਿਚ ਇੰਗਲੈਂਡ ਵਿਖੇ ਬਤੀਤ ਕੀਤਾ। ਸੰਨ 1113 ਵਿਚ ਨਾਰਥੰਬਰੀਆ ਦੇ ਅਰਲ ਦੀ ਬੇਟੀ ਨਾਲ ਸ਼ਾਦੀ ਕਰਾਉਣ ਤੋਂ ਬਾਅਦ ਇਸ ਨੂੰ ਹੈਟਿੰਗਡਨ ਕਾਉਂਟੀ ਦਾ ਅਰਲ ਥਾਪ ਦਿੱਤਾ ਗਿਆ ਅਤੇ ਨਾਲ ਹੀ ਇਸ ਨੂੰ ਬਹੁਤ ਸਾਰੀ ਜ਼ਮੀਨ ਵੀ ਦਿੱਤੀ ਗਈ। ਸੰਨ 1124 ਵਿਚ ਆਪਣੇ ਭਰਾ ਅਲੈਗਜ਼ਾਂਦਰ ਦੀ ਮੌਤ ਮਗਰੋਂ ਇਹ ਸਕਾਟਲੈਂਡ ਦਾ ਬਾਦਸ਼ਾਹ ਬਣਿਆ।

ਡੇਵਿਡ ਨੇ ਆਪਣੀ ਭਾਣਜੀ ਮਾਟਿਲਡਾ ਦਾ ਪੱਖ ਲੈਂਦਿਆਂ ਹੋਇਆਂ ਹੈਨਰੀ ਪਹਿਲੇ ਦੀ ਗੱਦੀ ਦੀ ਜਾਨਸ਼ੀਨੀ ਦੇ ਸਿਲਸਿਲੇ ਵਿਚ ਬਾਦਸ਼ਾਹ ਸਟੀਫ਼ਨ ਦੇ ਵਿਰੁੱਧ ਲੜਾਈ ਲੜੀ ਕਿਉਂਕਿ ਹੈਨਰੀ ਪਹਿਲੇ ਦੀ ਮੌਤ ਮਗਰੋਂ ਸਟੀਫ਼ਨ ਗੱਦੀ ਉੱਤੇ ਬੈਠ ਗਿਆ ਸੀ। ਇਸ ਨੂੰ ਇਹ ਉਮੀਦ ਵੀ ਸੀ ਕਿ ਇਸ ਲੜਾਈ ਮਗਰੋਂ ਨਾਰਥਬੰਰਲੈਂਡ ਇਸ ਨੂੰ ਪ੍ਰਾਪਤ ਹੋ ਜਾਵੇਗਾ। ਸੰਨ 1138 ਵਿਚ ਇਸ ਲੜਾਈ ਵਿਚ ਇਸ ਨੂੰ ਸਟੈਂਡਰਡ ਵਿਖੇ ਹਾਰ ਹੋਈ। ਇਸ ਤੋਂ ਇਸ ਨੇ ਸਟੀਫ਼ਨ ਨਾਲ ਸਮਝੌਤਾ ਕਰ ਲਿਆ ਪਰ ਉਸ ਨੇ ਨਾਰਥੰਬਰਲੈਂਡ ਅਰਲ ਹੈਨਰੀ ਦੇ ਸਪੁਰਦ ਕਰ ਦਿੱਤਾ। ਇਸ ਤੇ 1141 ਈ. ਵਿਚ ਡੇਵਿਡ ਪਹਿਲੇ ਨੇ ਮੁੜ ਉਹਦੇ ਨਾਲ ਲੜਾਈ ਛੇੜ ਦਿੱਤੀ ਅਤੇ 1149 ਈ. ਵਿਚ ਮਾਟਿਲਡਾ ਦੇ ਬੇਟੇ ਨੂੰ ਗੱਦੀ ਉੱਤੇ ਬਿਠਾ ਦਿੱਤਾ ਜਿਸ ਨੇ ਡੇਵਿਡ ਨੂੰ ਨਾਰਥੰਬਰਲੈਂਡ ਦੇ ਦਿੱਤਾ।

ਸਕਾਟਲੈਂਡ ਵਿਚ ਨਾਰਮਨ ਅਤੇ ਫਲੈਮਿੰਗ ਦੋਵੇਂ ਹੀ ਸ਼ਹਿਰ ਇਸ ਨੇ ਵਸਾਏ ਅਤੇ ਸੁਰੱਖਿਆ ਪੱਖੋਂ ਕਈ ਕਿਲੇ ਬਣਵਾਏ। ਇਨ੍ਹਾਂ ਕਿਲਿਆਂ ਦੇ ਦੁਆਲੇ ਸ਼ਹਿਰ ਵੀ ਵਸਾਏ ਗਏ। ਸਕਾਟਲੈਂਡ ਦਾ ਪਹਿਲਾ ਸ਼ਾਹੀ ਸਿੱਕਾ ਵੀ ਡੇਵਿਡ ਪਹਿਲੇ ਨੇ ਜਾਰੀ ਕੀਤਾ। ਇੰਗਲੈਂਡ ਵਿਚ ਫ਼ਰਾਂਸ ਤੋਂ ਆ ਕੇ ਵੱਸੇ ਹੋਏ ਕਈ ਚੰਗੇ ਚੰਗੇ ਖ਼ਾਨਦਾਨ ਸਕਾਟਲੈਂਡ ਵਿਚ ਜਾ ਕੇ ਵੱਸ ਗਏ। ਡੇਵਿਡ ਪਹਿਲੇ ਨੇ ਇਨ੍ਹਾਂ ਫ਼ਰਾਂਸੀਸੀ ਭਾਸ਼ਾਈ ਪਰਵਾਸੀਆਂ ਨੂੰ ਉਨ੍ਹਾਂ ਦੇ ਫ਼ੌਜੀ ਕੰਮਾਂ ਬਦਲੇ ਜ਼ਮੀਨਾਂ ਦਿੱਤੀਆਂ। ਇਸਦੇ ਪੁੱਤਰ ਹੈਨਰੀ ਦੀ ਮੌਤ ਹੋ ਜਾਣ ਉਪਰੰਤ ਇਸ ਨੇ ਆਪਣੇ ਪੋਤਰੇ ਮਾਲਕਮ ਨੂੰ ਉੱਤਰਾਧਿਕਾਰੀ ਨਿਯਤ ਕੀਤਾ।

24 ਮਈ, 1153 ਈ. ਵਿਚ ਇਸ ਦੀ ਕੰਬਰਲੈਂਡ ਵਿਚ ਕਾਰਲਾਈਲ ਵਿਖੇ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 908; ਐਨ. ਅਮੈ. 8 : 527

**ਡੇਵਿਡ (ਬਾਦਸ਼ਾਹ, ਇਸਰਾਈਲ)** : ਵੇਖੋ, ਦਾਊਦ (ਬਾਦਸ਼ਾਹ)

**ਡੇਵਿਡ, ਕਿਲਾ** : ਇਹ ਭਾਰਤ ਦੇ ਤਾਮਿਲਨਾਡੂ ਰਾਜ ਦੇ ਦੱਖਣੀ ਅਰਕਾਟ ਜ਼ਿਲ੍ਹੇ ਵਿਚ ਕੁਡਾਲੋਰ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੂਰ ਗਾਡੀਲਾਮ ਦਰਿਆ ਦੇ ਮੁਹਾਣੇ ਦੇ ਨੇੜੇ ਤਬਾਹ ਹੋਇਆ ਇਕ ਇਤਿਹਾਸਕ ਕਿਲਾ ਹੈ। ਵਲੰਦੇਜ਼ੀ ਅਤੇ ਫ਼ਰਾਂਸੀਸੀ ਦੋਵੇਂ ਹੀ ਇਸ ਦੇ ਆਲੇ-ਦੁਆਲੇ ਰਹਿੰਦੇ ਰਹੇ ਹਨ ਅਤੇ ਅੰਗਰੇਜ਼ਾਂ ਦੀਆਂ ਤਾਂ ਇਸ ਦੇ ਦੁਆਲੇ ਕਾਫ਼ੀ ਰਿਹਾਇਸ਼ਗਾਹਾਂ ਵੀ ਸਨ। ਇਸ ਜਗ੍ਹਾ ਨੂੰ ਤੇਗਨਾਪਟਮ ਜਾਂ ਦੇਵੀਪਟਮ ਕਹਿੰਦੇ ਸਨ। ਇਥੋਂ ਦਾ ਪੁਰਾਣਾ ਕਿਲਾ ਹਿੰਦੂ ਵਪਾਰੀ ਚਿਨੀਆ ਚੇਟੀ ਨੇ ਬਣਵਾਇਆ ਸੀ। ਆਮ ਖ਼ਿਆਲ ਇਹੀ ਕੀਤਾ ਜਾਂਦਾ ਹੈ ਕਿ ਇਸ ਦਾ ਇਹ ਨਾਂ ਉਸ ਵੇਲੇ ਦੇ ਸੇਂਟਜਾਰਜ ਕਿਲੇ ਦੇ ਗਵਰਨਰ ਇਲੀਹੂ ਯੇਲ ਜਿਹੜਾ ਵੈਲਿਸ਼ ਸੀ, ਨੇ ਆਪਣੇ ਦੇਸ਼ ਦੇ

ਮਹਾਨ ਸੰਤ ਡੇਵਿਡ ਦੇ ਨਾਂ ਤੇ ਰੱਖ ਦਿੱਤਾ। ਸੰਨ 1677 ਵਿਚ ਸ਼ਿਵਾਜੀ ਨੇ ਗਿੰਗੀ ਨੂੰ ਜਿੱਤ ਲਿਆ। ਇਸ ਨਾਲ ਹੀ ਇਹ ਕਿਲਾ ਵੀ ਮਰਾਠਿਆਂ ਦੇ ਕਬਜ਼ੇ ਥੱਲੇ ਆ ਗਿਆ। ਸੰਨ 1690 ਵਿਚ ਇਨ੍ਹਾਂ ਨੇ ਇਹ ਕਿਲਾ ਅੰਗਰੇਜ਼ਾਂ ਨੂੰ ਵੇਚ ਦਿੱਤਾ। ਇਸ ਦੀ ਹੱਦ ਇਸ ਸਮੇਂ ਇਕ ਵੱਡੀ ਤੋਪ ਦੀ ਮਾਰ ਨਾਲ ਨਿਸ਼ਚਿਤ ਕੀਤੀ ਗਈ। ਇਸ ਦੇ ਕੇਂਦਰ ਤੋਂ ਜਿਥੇ ਤੀਕ ਤੋਪ ਦਾ ਗੋਲਾ ਗਿਆ, ਉਹੀ ਥਾਂ ਇਸ ਦੀ ਹੱਦ ਮਿੱਥ ਲਈ ਗਈ।

ਸੰਨ 1725 ਵਿਚ ਇਸ ਦੀ ਕਿਲਾਬੰਦੀ ਮਜ਼ਬੂਤ ਕੀਤੀ ਗਈ ਅਤੇ ਇਹ ਥਾਂ ਬਹੁਤ ਮਹੱਤਵਪੂਰਨ ਬਣ ਗਿਆ। ਸੰਨ 1746 ਵਿਚ ਫ਼ਰਾਂਸੀਸੀਆਂ ਨੇ ਮਦਰਾਸ ਉੱਤੇ ਕਬਜ਼ਾ ਕਰ ਲਿਆ। ਇਸ ਸਮੇਂ ਡੇਵਿਡ ਕਿਲੇ ਨੂੰ ਅੰਗਰੇਜ਼ਾਂ ਨੇ ਆਪਣਾ ਸਦਰ-ਮੁਕਾਮ ਬਣਾਇਆ ਅਤੇ ਦੱਖਣ ਦਾ ਰਾਜ-ਪ੍ਰਬੰਧ ਇਥੋਂ ਹੀ ਚਲਾਉਣਾ ਸ਼ੁਰੂ ਕੀਤਾ। ਇਸੇ ਹੀ ਸਾਲ ਉਨ੍ਹਾਂ ਨੇ ਡੂਪਲੇ ਦੇ ਹਮਲੇ ਦਾ ਮੁਕਾਬਲਾ ਵੀ ਇਥੋਂ ਹੀ ਕੀਤਾ। ਸੰਨ 1747 ਵਿਚ ਕਲਾਈਵ ਨੂੰ ਵੀ ਫ਼ੌਜੀ ਕਮਿਸ਼ਨ ਇਸੇ ਕਿਲੇ ਵਿਚੋਂ ਪ੍ਰਾਪਤ ਹੋਇਆ ਅਤੇ 1756 ਈ. ਵਿਚ ਉਸਨੂੰ ਇਥੋਂ ਦਾ ਗਵਰਨਰ ਥਾਪ ਦਿੱਤਾ ਗਿਆ। ਸੰਨ 1758 ਵਿਚ ਫ਼ਰਾਂਸੀਸੀਆਂ ਨੇ ਲਾਲੀ ਅਧੀਨ ਇਸ ਕਿਲੇ ਉੱਤੇ ਕਬਜ਼ਾ ਕੀਤਾ ਅਤੇ ਇਸਦੀ ਤੋੜ-ਫੋੜ ਕੀਤੀ। ਸੰਨ 1760 ਵਿਚ ਐਰੀ ਕੂਟ ਦੇ ਪਾਂਡੀਚਰੀ ਵੱਲ ਵਧਣ ਕਾਰਨ ਉਨ੍ਹਾਂ ਨੇ ਇਹ ਕਿਲਾ ਛੱਡ ਦਿੱਤਾ। ਸੰਨ 1782 ਵਿਚ ਫ਼ਰਾਸੀਸੀਆਂ ਨੇ ਦੁਬਾਰਾ ਫਿਰ ਇਥੇ ਆ ਕੇ ਕਿਲਾਬੰਦੀ ਕੀਤੀ ਅਤੇ ਸੁਰੱਖਿਆ ਨੂੰ ਹੋਰ ਵੀ ਮਜ਼ਬੂਤ ਕੀਤਾ ਤੇ 1783 ਈ. ਵਿਚ ਜਨਰਲ ਸਟੂਅਰਟ ਦਾ ਡਟ ਕੇ ਮੁਕਾਬਲਾ ਕੀਤਾ। ਸੰਨ 1785 ਵਿਚ ਇਹ ਕਿਲਾ ਫਿਰ ਅੰਗਰੇਜ਼ਾਂ ਨੂੰ ਵਾਪਸ ਕਰ ਦਿੱਤਾ ਗਿਆ।

ਇਸ ਕਿਲੇ ਦੇ ਦੁਆਲੇ ਸੁਰੰਗਨੁਮਾ ਰਸਤੇ ਬਣਾਏ ਗਏ ਜਿਨ੍ਹਾਂ ਰਾਹੀਂ ਕਿਲੇ ਦੀ ਫ਼ੌਜ ਦੀ ਆਵਾਜਾਈ ਬਹੁਤ ਸੁਰੱਖਿਅਤ ਸੀ। ਇਸੇ ਕਰਕੇ ਇਹ ਕਿਲਾ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਸੀ। ਸੁਰੰਗਾਂ ਤੋਂ ਲੰਬਕੋਣਾਂ ਤੇ ਗੈਲਰੀਆਂ ਬਣੀਆਂ ਹੋਈਆਂ ਸਨ ਜਿਹੜੀਆਂ ਤਹਿਖ਼ਾਨਿਆਂ ਵਿਚ ਜਾਂਦੀਆਂ ਸਨ ਜਿਨ੍ਹਾਂ ਤੋਂ ਬਾਰੂਦੀ ਖਾਣਾਂ ਦਾ ਕੰਮ ਲਿਆ ਜਾਂਦਾ ਸੀ।

11°45′ ਉ. ਵਿਥ. ; 79°49′ ਪੂ. ਲੰਬ.

ਹ. ਪੁ.—ਇੰਪ. ਗ. ਇੰਡ. 12 : 101

**ਡੇਵੀਸਨ, ਕਲਿਨਟਨ ਜੋਜ਼ੇਫ** : ਇਸ ਅਮਰੀਕਨ ਪ੍ਰਯੋਗਿਕ ਭੌਤਿਕ-ਵਿਗਿਆਨੀ ਦਾ ਜਨਮ 22 ਅਕਤੂਬਰ, 1881 ਨੂੰ ਇਲੀਨਾਇ ਵਿਚ ਬਲੂਮਿੰਗਟਨ ਵਿਖੇ ਹੋਇਆ। ਇਸ ਨੇ 1937 ਦਾ ਭੌਤਿਕ-ਵਿਗਿਆਨ ਦਾ ਨੋਬਲ ਪੁਰਸਕਾਰ ਇੰਗਲੈਂਡ ਦੇ ਜੀ. ਪੀ. (ਮਗਰੋਂ ਸਰ ਜਾਰਜ) ਟਾਮਸਨ ਨਾਲ ਇਲੈੱਕਟ੍ਰਾਨਾਂ ਦੇ ਵਿਵਰਤਨ ਦੀ ਖੋਜ ਕਾਰਨ ਸਾਂਝਾ ਕੀਤਾ। ਪ੍ਰਿੰਸਟਨ ਯੂਨੀਵਰਸਿਟੀ ਤੋਂ ਡਾਕਟ੍ਰੇਟ ਕਰਨ ਮਗਰੋਂ ਇਸ ਨੇ ਆਪਣਾ ਜ਼ਿਆਦਾ ਜੀਵਨ ਨਿਊਯਾਰਕ ਸ਼ਹਿਰ ਵਿਚ ਬੈੱਲ ਟੈਲੀਫ਼ੋਨ ਪ੍ਰਯੋਗਸ਼ਾਲਾਵਾਂ ਵਿਚ ਬਿਤਾਇਆ। ਇਸ ਦਾ ਵਿਸ਼ੇਸ਼ ਕੰਮ ਸਾਫ਼ ਅਤੇ ਆੱਕਸਾਈਡ ਲੇਪਿਤ ਧਾਤਾਂ ਦੇ ਤਾਪ-ਆਇਨੀ ਉਤਸਰਜਨ ਦੇ ਕਈ ਖੇਤਰਾਂ ਵਿਚ ਅਤੇ ਇਲੈੱਕਟ੍ਰਾਨ ਮਾਈਕ੍ਰੋਸਕੋਪੀ ਬਾਰੇ ਸੀ। ਇਸ ਦੀ ਪ੍ਰਸਿੱਧੀ ਮੁੱਖ ਤੌਰ ਤੇ ਲੂਈਸ ਡੀ ਬਰਾਉਲੀ ਦੇ ਸਿੱਧਾਂਤ ਕਿ ਇਲੈੱਕਟ੍ਰਾਨਾਂ ਦਾ ਸੁਭਾਅ ਦੋਗਲਾ ਹੁੰਦਾ ਹੈ, ਨਾਲ ਸਬੰਧਤ ਸੀ। ਇਹ ਦੋਗਲਾ ਸੁਭਾਅ ਕਿਣਕਿਆਂ ਅਤੇ ਤਰੰਗਾਂ ਵਾਲੇ ਲੱਛਣ ਸੀ। ਧਾਤਾਂ ਤੋਂ ਮੰਦਗਤੀ ਵਾਲੇ ਇਲੈੱਕਟ੍ਰਾਨਾਂ ਦੇ ਪਰਾਵਰਤਨ ਦੇ ਅਧਿਐਨ ਦੌਰਾਨ ਇਸ ਨੇ ਇਕ ਅਨੋਖੀ ਗੱਲ ਵੇਖੀ ਜਿਸ ਨੂੰ ਇਸ ਨੇ ਧਾਤ ਦੇ ਰਵਿਆਂ ਵਿਚ ਪਰਮਾਣੂਆਂ ਦੀ ਆਵਰਤੀ ਤਰਤੀਬ ਦੁਆਰਾ ਇਲੈੱਕਟ੍ਰਾਨ ਤਰੰਗਾਂ ਦੇ ਵਿਵਰਤਨ ਦੇ ਲੱਛਣ ਦੱਸਿਆ।

1 ਫਰਵਰੀ, 1958 ਨੂੰ ਵੈੱਨਜ਼ੁਏਲਾ ਵਿਚ ਸ਼ਾਰਲਾਟਸਿਵਲ ਵਿਖੇ ਇਸ ਦੀ ਮੌਤ ਹੋ ਗਈ। (ਵਿਸਥਾਰ ਲਈ ਵੇਖੋ ਇਲੈੱਕਟ੍ਰਾਨ ਵਿਵਰਤਨ)।

ਹ. ਪੁ.—ਐਨ. ਬ੍ਰਿ. 7 : 107 ; ਐਨ. ਬ੍ਰਿ. ਮਾ. 3 : 404

**ਡੇਵੀ, ਸਰ ਹੰਫਰੀ** : ਇਸ ਅੰਗਰੇਜ਼ ਰਸਾਇਣ-ਵਿਗਿਆਨੀ ਦਾ ਜਨਮ ਕਾਰਨਵਾਲ ਵਿਚ ਪੈੱਨਜ਼ੈਨਸ ਵਿਖੇ 17 ਦਸੰਬਰ, 1778 ਨੂੰ ਹੋਇਆ। ਇਸ ਨੇ ਮਾਈਨਰ'ਜ਼ ਸੇਫ਼ਟੀ ਲੈਂਪ ਈਜਾਦ ਕੀਤਾ ਅਤੇ ਸੋਡੀਅਮ ਤੇ ਪੋਟਾਸ਼ੀਅਮ ਤੱਤਾਂ ਦਾ ਪਤਾ ਲਾਇਆ। ਇਸ ਨੇ ਆਪਣੀ ਵਿੱਦਿਆ ਪੈੱਨਜ਼ੈਨਸ ਅਤੇ ਟਰੂਰੋ ਵਿਖੇ ਹਾਸਲ ਕੀਤੀ। ਸੰਨ 1795 ਵਿਚ ਆਪਣੇ ਪਿਤਾ ਦੀ ਮੌਤ ਤੋਂ ਮਗਰੋਂ ਡਾਕਟਰੀ ਦੀ ਸਿੱਖਿਆ ਪ੍ਰਾਪਤ ਕਰਨ ਲਈ ਇਹ ਜੇ. ਬੀ ਬੋਰਲੇਸ ਜਿਹੜਾ ਸਰਜਨ ਅਤੇ ਪੰਸਾਰੀ (ਮਗਰੋਂ ਹਕੀਮ ਬਣ ਗਿਆ) ਸੀ ਨਾਲ ਕੰਮ ਕਰਨ ਲੱਗ ਪਿਆ। ਇਸ ਨੂੰ ਕਵਿਤਾ ਲਿਖਣ, ਚਿੱਤਰ ਬਣਾਉਣ, ਪਟਾਕੇ ਬਣਾਉਣ, ਮੱਛੀਆਂ ਫੜਨ, ਸ਼ਿਕਾਰ ਖੇਡਣ ਅਤੇ ਖਣਿਜ ਇਕੱਠੇ ਕਰਨ ਦਾ ਬਹੁਤ ਸ਼ੌਕ ਸੀ। ਸਾਇੰਸ ਦਾ ਅਧਿਐਨ ਇਸਨੇ 1797 ਈ. ਵਿਚ ਸ਼ੁਰੂ ਕੀਤਾ। ਫਿਰ ਇਹ ਡੇਵੀਸ ਗਿੱਡੀ (ਮਗਰੋਂ ਗਿਲਬਰਟ) ਦਾ ਦੋਸਤ ਬਣ ਗਿਆ ਅਤੇ ਉਸ ਨੇ ਇਸ ਨੂੰ ਆਪਣੀ ਲਾਇਬ੍ਰੇਰੀ ਦੀ ਵਰਤੋਂ ਕਰਨ ਦੀ ਪੇਸ਼ਕਸ਼ ਕੀਤੀ ਅਤੇ ਇਸ ਨੂੰ ਕਾਰਨਵਾਲ ਵਿਚ ਹੇਲ ਵਿਖੇ ਕਾੱਪਰ ਹਾਊਸ ਲੈ ਕੇ ਗਿਆ ਜਿਥੇ ਡੇਵੀ ਨੇ ਸਭ ਤੋਂ ਪਹਿਲੀ ਵੇਰ ਪੂਰਨ ਤੌਰ ਤੇ ਸਥਾਪਿਤ ਰਸਾਇਣਿਕ ਪ੍ਰਯੋਗਸ਼ਾਲਾ ਵੇਖੀ। ਇਸ ਨੂੰ ਭਾਵੇਂ ਕੋਈ ਤਜਰਬਾ ਨਹੀਂ ਸੀ ਫਿਰ ਵੀ ਇਸ ਨੇ ਉਸ ਸਮੇਂ 'ਤਾਪ ਪ੍ਰਕਾਸ਼ ਅਤੇ ਬਿਜਲੀ ਦਾ ਸਰੂਪ' ਅਤੇ 'ਏ. ਐੱਲ. ਲਾਵਵਾਜ਼ਿਏ ਦੇ ਸਿੱਧਾਂਤ' ਸਬੰਧੀ ਦੋਹਾਂ ਵਿਸ਼ਿਆਂ ਬਾਰੇ ਇਕੱਲਿਆਂ ਹੀ ਵਿਚਾਰ ਪ੍ਰਗਟ ਕੀਤੇ। ਆਪਣੀ ਛੋਟੀ ਜਿਹੀ ਨਿੱਜੀ ਪ੍ਰਯੋਗਸ਼ਾਲਾ ਵਿਚ ਨਾਈਟ੍ਰਸ ਆੱਕਸਾਈਡ (ਹਸਾਉਣ ਵਾਲੀ ਗੈਸ) ਤਿਆਰ ਕੀਤੀ ਅਤੇ ਸੁੰਘ ਕੇ ਇਹ ਸਿੱਧ ਕੀਤਾ ਕਿ ਇਹ ਗੈਸ ਸੁੰਘਣ ਨਾਲ ਹਸੱਣ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਕਿਰਿਆ ਇਕ ਛੂਤ ਦੀ ਬਿਮਾਰੀ ਵਾਂਗ ਹੀ ਹੈ। ਗਿਲਬਰਟ ਦੀ ਸਿਫਾਰਸ਼ ਤੇ 1798 ਈ. ਵਿਚ ਇਸ ਨੂੰ ਕਲਿਫਟਨ ਵਿਖੇ ਟਾਮਸ ਬੈਡੱਓਜ਼ ਦੁਆਰਾ ਸਥਾਪਿਤ ਮੈਡੀਕਲ ਨਿਊਮੈਟ੍ਰਿਕ ਇੰਸਟੀਚਿਊਸ਼ਨ ਵਿਚ ਕੈਮੀਕਲ ਸੁਪਰਡੰਟ ਨਿਯੁਕਤ ਕੀਤਾ ਗਿਆ ਤਾਂ ਕਿ ਇਹ ਉੱਥੇ ਭਿੰਨ ਭਿੰਨ ਗੈਸਾਂ ਦੀ ਚਿਕਿਤਸਾ ਸਬੰਧੀ ਸੰਭਵ ਵਰਤੋਂ ਬਾਰੇ ਪਤਾ ਲਾ ਸਕੇ। ਇਸ ਨੇ ਨਾਈਟ੍ਰੋਜਨ ਦੇ ਆੱਕਸਾਈਡਾਂ ਅਤੇ ਐਸਿਡਾਂ ਤੇ ਨਾਲ ਹੀ ਅਮੋਨੀਆ ਦੀ ਰਚਨਾ ਦਾ ਪਤਾ ਲਾਇਆ। ਇਸ ਨੇ ਆਪਣੇ ਵਿਗਿਆਨੀ ਅਤੇ ਸਾਹਿਤਿਕ ਮਿੱਤਰਾਂ ਜਿਨ੍ਹਾਂ ਵਿਚ ਐੱਸ. ਟੀ. ਕੋਲਰਿਜ, ਰਾਬਰਟ ਸੱਦੀ ਅਤੇ ਪੀ. ਐੱਮ. ਰੋਜ਼ੇ ਵੀ ਸ਼ਾਮਲ ਸਨ, ਨੂੰ ਨਾਈਟ੍ਰਸ ਆੱਕਸਾਈਡ ਸੁੰਘਣ ਦੇ ਪ੍ਰਭਾਵਾਂ ਬਾਰੇ ਦੱਸਣ ਲਈ ਪ੍ਰੇਰਣਾ ਦਿੱਤੀ। ਇਸ ਨੇ ਲਗਭਗ ਆਪਣਾ ਸਾਰਾ ਜੀਵਨ ਵਾਟਰ ਗੈਸ ਸੁੰਘਣ ਵਿਚ ਲਗਾ ਦਿੱਤਾ। ਇਸ ਕੰਮ ਦਾ ਵੇਰਵਾ ਇਸ ਦੀ ਪੁਸਤਕ 'ਰਿਸਰਚਿਜ਼, ਕੈਮੀਕਲ ਐਂਡ ਫ਼ਿਲਾਸਾਫ਼ੀਕਲ' (1800) ਵਿਚ ਛਪਿਆ, ਜਿਸ ਨਾਲ ਇਸ ਦੀ ਸ਼ੁਹਰਤ ਹੋਰ ਵੀ ਵਧੀ। ਸੰਨ 1801 ਵਿਚ ਲੰਦਨ ਵਿਖੇ ਰਾੱਇਲ, ਇੰਸਟੀਚਿਊਸ਼ਨ ਵਿਚ ਇਸ ਵਾਅਦੇ ਤੇ ਗਿਆ ਕਿ ਉੱਥੋਂ ਕਾਊਂਟ ਰਮਫਰਡ, ਸਰ ਜੋਜ਼ੈਫ ਬੈਂਕਸ ਅਤੇ ਹੈਨਰੀ ਕੈਵੈਂਨਡਿਸ਼ ਵੋਲਟਿਕ ਸੈੱਲਾਂ ਉੱਤੇ ਇਸ ਵੱਲੋਂ ਕੀਤੀਆਂ ਖੋਜਾਂ ਨੂੰ ਵਧਾਉਣ ਵਿਚ ਇਸ ਦੀ ਸਹਾਇਤਾ ਕਰਨਗੇ। ਸੰਨ 1802 ਵਿਚ ਇਹ ਪ੍ਰੋਫ਼ੈਸਰ ਨਿਯੁਕਤ ਹੋ ਗਿਆ। ਇਸ ਦਾ ਵਿਸ਼ੇਸ਼ ਕੰਮ ਚਮੜਾ ਕਮਾਉਣ ਬਾਰੇ ਅਧਿਐਨ ਕਰਨਾ ਸੀ। ਇਸ ਨੇ ਪਤਾ ਲਾਇਆ ਕਿ ਆਮ ਬਲੂਤ ਦੇ ਸਤਾਂ ਨਾਲੋਂ ਕੱਥਾ ਵਧੇਰੇ ਪ੍ਰਭਾਵਸ਼ਾਲੀ ਅਤੇ ਸਸਤਾ ਪੈਂਦਾ ਹੈ। ਇਸ ਬਾਰੇ ਇਸ ਦੁਆਰਾ ਲਿਖੀ ਪੁਸਤਕ ਬਹੁਤ ਦੇਰ ਤੱਕ

ਚਮੜਾ ਕਮਾਉਣ ਵਾਲਿਆਂ ਲਈ ਗਾਈਡ ਦੇ ਤੌਰ ਤੇ ਵਰਤੀ ਜਾਂਦੀ ਰਹੀ। ਇਸ ਨੇ ਇਕ ਪੁਸਤਕ 'ਐਲੀਮੈਂਟਸ ਆਫ਼ ਐਗਰੀਕਲਚਰਲ ਕੈਮਿਸਟਰੀ' (1813) ਲਿਖੀ। ਵੋਲਟਿਕ ਸੈੱਲਾਂ, ਚਮੜਾ ਕਮਾਉਣ ਅਤੇ ਖਣਿਜ ਵਿਸ਼ਲੇਸ਼ਣ ਬਾਰੇ ਖੋਜਾਂ ਕਰਨ ਤੇ ਇਸ ਨੂੰ 1805 ਵਿਚ ਕਾਪਲੇ ਮੈਡਲ ਮਿਲਿਆ। ਸੰਨ 1807 ਵਿਚ ਇਹ ਰੱਾਇਲ ਸੋਸਾਇਟੀ ਦਾ ਸਕੱਤਰ ਚੁਣਿਆ ਗਿਆ।

ਡੇਵੀ ਨੇ ਮੁੱਢ ਵਿਚ ਪਤਾ ਲਾਇਆ ਕਿ ਸਾਧਾਰਨ ਸੈੱਲਾਂ ਵਿਚ ਕਾਰਜ ਰਸਾਇਣਿਕ ਕਿਰਿਆ ਦੁਆਰਾ ਹੁੰਦਾ ਹੈ ਅਤੇ ਸੰਯੋਗ ਉਲਟ ਚਾਰਜ ਵਾਲੇ ਪਦਾਰਥਾਂ ਵਿਚਕਾਰ ਹੁੰਦਾ ਹੈ। ਇਸ ਲਈ ਉਸ ਨੇ ਦਲੀਲ ਦਿੱਤੀ ਕਿ ਬਿੱਜਲਈ ਅਪਘਟਨ ਦੁਆਰਾ ਸਾਰੇ ਪਦਾਰਥਾਂ ਨੂੰ ਉਨ੍ਹਾਂ ਦੇ ਤੱਤਾਂ ਵਿਚ ਅਪਘਟਨ ਕਰਨ ਦਾ ਸੌਖਾ ਢੰਗ ਹੈ। ਇਸ ਢੰਗ ਨਾਲ ਖਾਰਾਂ ਅਤੇ ਖਾਰੀ-ਮਿੱਟੀ ਧਾਤਾਂ ਵਿਚੋਂ ਸੋਡੀਅਮ ਅਤੇ ਪੋਟਾਸ਼ੀਅਮ ਸਿੱਧੇ ਹੀ ਵੱਖਰੇ ਕੀਤੇ ਜਾਂਦੇ ਹਨ। ਇਸ ਨੇ ਬੋਰਾਨ, ਹਾਈਡ੍ਰੋਜਨ ਟੈਲਿਊਰਾਈਡ ਅਤੇ ਹਾਈਡ੍ਰੋਜਨ ਫ਼ਾਸਫ਼ਾਈਡ ਦੀ ਖੋਜ ਕੀਤੀ। ਇਸ ਨੇ ਕਲੋਰੀਨ ਦਾ ਹਾਈਡ੍ਰੋਕਲੋਰਿਕ ਐਸਿਡ ਨਾਲ ਸਹੀ ਸਬੰਧ ਵਿਖਾਇਆ। ਇਸ ਨੇ ਕਲੋਰੀਨ ਦੇ ਰੰਗ ਕੱਟਣ ਦੀ ਵਿਆਖਿਆ ਕੀਤੀ ਅਤੇ ਇਸ ਦੇ ਦੋ ਆੱਕਸਾਈਡਾਂ ਦੀ ਖੋਜ ਕੀਤੀ।

ਸੰਨ 1810 ਅਤੇ 1811 ਵਿਚ ਡਬਲਿਨ ਵਿਖੇ ਇਸ ਨੇ ਲੈਕਚਰ ਕਰਕੇ 1275 ਪਾਊਂਡ ਫ਼ੀਸ ਅਤੇ ਟ੍ਰਿਨਿਟੀ ਕਾਲਜ ਤੋਂ ਐੱਲ.ਐੱਲ. ਡੀ. ਦੀ ਆਨਰੇਰੀ ਡਿਗਰੀ ਪ੍ਰਾਪਤ ਕੀਤੀ। ਇਸ ਨੇ 'ਐਲੀਮੈਂਟਸ ਆਫ਼ ਕੈਮੀਕਲ ਫ਼ਿਲਾਸਫ਼ੀ' ਦਾ ਪਹਿਲਾ ਭਾਗ ਵੀ ਛਾਪਿਆ, ਜਿਸ ਵਿਚ ਜ਼ਿਆਦਾਤਰ ਇਸ ਦੀਆਂ ਆਪਣੀਆਂ ਖੋਜਾਂ ਦਾ ਹੀ ਜ਼ਿਕਰ ਸੀ। ਫ਼ਰਾਂਸ ਅਤੇ ਇਟਲੀ ਵਿਚ ਇਕ ਛੋਟੀ ਅਤੇ ਇਕ ਥਾਂ ਤੋਂ ਦੂਸਰੀ ਥਾਂ ਸੌਖਿਆਂ ਲੈ ਜਾਣ ਵਾਲੀ ਪ੍ਰਯੋਗਸ਼ਾਲਾ ਅਤੇ ਭਿੰਨ ਭਿੰਨ ਸੰਸਥਾਵਾਂ ਵਿਚ ਇਸ ਨੇ ਇਕ ਪਦਾਰਥ (ਜਿਸ ਨੂੰ ਮਗਰੋਂ ਆਇਓਡੀਨ ਕਿਹਾ ਗਿਆ) ਦੀ ਖੋਜ ਕੀਤੀ ਅਤੇ ਛੇਤੀ ਹੀ ਇਸ ਦੇ ਗੁਣ ਅਤੇ ਸਮਾਨਤਾ ਕਲੋਰੀਨ ਵਾਲੇ ਹੋਣ ਬਾਰੇ ਦੱਸਿਆ। ਇਸ ਨੇ ਪੁਰਾਣੇ ਸਮੇਂ ਵਿਚ ਵਰਤੇ ਜਾਂਦੇ ਪਿਗਮੈਂਟਾਂ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਕੇ ਸਿੱਧ ਕਰ ਦਿੱਤਾ ਕਿ ਹੀਰਾ ਕਾਰਬਨ ਦਾ ਇਕ ਰੂਪ ਹੈ।

ਇਥੋਂ ਵਾਪਸ ਆਉਣ ਮਗਰੋਂ ਇਸ ਨੇ 'ਸੋਸਾਇਟੀ ਫ਼ਾਰ ਪ੍ਰੀਵੈਂਟਿੰਗ ਐਕਸੀਡੈਂਟਸ ਇਨ ਕੋਲ ਮਾਈਨਜ਼' ਅਤੇ ਉਨ੍ਹਾਂ ਹਾਲਤਾਂ ਜਿਨ੍ਹਾਂ ਹੇਠ ਖਣਿਜ ਗੈਸ ਅਤੇ ਹਵਾ ਦਾ ਵਿਸਫ਼ੋਟ ਹੁੰਦਾ ਹੈ, ਦਾ ਅਧਿਐਨ ਕੀਤਾ। ਇਸ ਨਾਲ ਸੇਫ਼ਟੀ ਲੈਂਪ ਦਾ ਆਵਿਸ਼ਕਾਰ ਹੋਇਆ ਅਤੇ ਮਗਰੋਂ ਲਾਟ ਉੱਤੇ ਖੋਜਾਂ ਕਰਨ ਨਾਲ ਰੱਾਇਲ ਸੋਸਾਇਟੀ ਨੇ ਰਮਫਰਡ ਮੈਡਲ ਅਤੇ ਉੱਤਰੀ ਖਾਨਾਂ ਦੇ ਮਾਲਕਾਂ ਨੇ ਇਸ ਨੂੰ ਸੇਵਾ ਵਜੋਂ ਇਕ ਪਲੇਟ ਭੇਟਾ ਕੀਤੀ। ਇਸ ਪਲੇਟ ਨੂੰ ਮਗਰੋਂ ਡੇਵੀ ਮੈਡਲ ਸਥਾਪਿਤ ਕਰਨ ਲਈ ਵੇਚਿਆ ਗਿਆ। ਇਸ ਤੋਂ ਮਗਰੋਂ ਇਸ ਨੇ ਸਮੁੰਦਰੀ ਜਹਾਜ਼ ਉੱਤੇ ਤਾਂਬੇ ਦੇ ਖੋਲਾਂ ਦੀ ਸੰਭਾਲ ਲਈ ਲੋਹੇ ਅਤੇ ਜਿਸਤ ਦੀਆਂ ਪਲੇਟਾਂ ਵਰਤੀਆਂ ਅਤੇ ਇਨ੍ਹਾਂ ਉਪਰ ਹੋਈਆਂ ਬਿਜਲੀ ਅਤੇ ਬਿਜਲ ਰਸਾਇਣਿਕ ਕਿਰਿਆਵਾਂ ਦਾ ਅਧਿਐਨ ਕੀਤਾ।

ਸਿਹਤ ਦੇ ਖਰਾਬ ਰਹਿਣ ਕਾਰਨ 1827 ਈ. ਵਿਚ ਇਸ ਨੇ 'ਰੱਾਇਲ ਸੋਸਾਇਟੀ' ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਯੂਰਪ ਚਲਾ ਗਿਆ। ਇਸ ਦੀ ਥਾਂ ਡੇਵੀਸ ਗਿਲਬਰਟ ਨੂੰ ਪ੍ਰਧਾਨ ਬਣਾਇਆ ਗਿਆ। ਸੰਨ 1828 ਵਿਚ ਇਸ ਨੇ ਇਕ ਪੁਸਤਕ 'Salmonia' ਲਿਖੀ ਜਿਸ ਵਿਚ ਇਸ ਨੇ ਮੱਛੀਆਂ ਫੜਨ ਬਾਰੇ ਦੱਸਿਆ। ਸੰਨ 1829 ਵਿਚ ਇਹ ਰੋਮ ਵਿਖੇ ਰਹਿਣ ਲੱਗਾ। ਇਥੇ ਰਹਿੰਦਿਆਂ ਇਸ ਦਾ ਪਾਸਾ ਮਾਰਿਆ ਹੋਣ ਤੇ ਵੀ ਇਸ ਨੇ ਲਿਖਣਾ ਬੰਦ ਨਹੀਂ ਕੀਤਾ ਅਤੇ ਅਖੀਰਲੇ ਦਮ ਤੀਕ ਲਿਖਦਾ ਰਿਹਾ। ਬੀਮਾਰੀ ਕਾਰਨ ਤਕਲੀਫ਼ ਦੇ ਵਧ ਜਾਣ ਕਰਕੇ ਇਹ ਇਲਾਜ ਲਈ ਜੈਨੇਵਾ ਗਿਆ ਜਿਥੇ ਪਹੁੰਚਦਿਆਂ ਹੀ 28 ਮਈ, 1829 ਦੀ ਰਾਤ ਨੂੰ ਇਹ ਸਦਾ ਦੀ ਨੀਂਦ ਸੌਂ ਗਿਆ। "Consoltations in Trand, or the last days of a Philosopher" (1830) ਪੁਸਤਕ ਇਸ ਦੀ ਮੌਤ ਉਪਰੰਤ ਛਪੀ।

ਹ.ਪੁ.—ਐਨ. ਬ੍ਰਿ. ਮਾ. 7 : 108; ਗ੍ਰੇ. ਮੈ. ਸਾ. 9 : 194

**ਡੇਵੀਜ਼, ਸਰ ਹੈਨਰੀ ਵਾਲਫੋਰਡ** : ਇੰਗਲੈਂਡ ਦੇ ਇਸ ਆੱਰਗਨਵਾਦਕ ਅਤੇ 'ਨਾਈਟ' ਖਿਤਾਬ ਜੇਤੂ ਦਾ ਜਨਮ ਸ਼੍ਰੱਪਸ਼ਿਰ ਵਿਚ ਓਸਵੈਸਟਰੀ ਵਿਖੇ 6 ਸਤੰਬਰ, 1896 ਨੂੰ ਹੋਇਆ। ਇਸ ਨੇ ਇੰਗਲੈਂਡ ਵਿਚ ਲੰਡਨ ਵਿਖੇ 'ਰੱਾਇਲ ਕਾਲਜ ਆੱਫ਼ ਮਿਊਜ਼ਿਕ ਵਿਚ ਸਿੱਖਿਆ ਪ੍ਰਾਪਤ ਕੀਤੀ। ਇਸ ਉਪਰੰਤ ਇਹ ਉਥੇ ਹੀ ਪੜ੍ਹਾਉਣ ਲੱਗ ਪਿਆ। ਸੰਨ 1898 ਤੋਂ 1923 ਤੱਕ ਇਹ ਟੈਂਪਲ ਚਰਚ, ਲੰਡਨ ਵਿਚ ਆੱਰਗਨਵਾਦਕ ਅਤੇ 1903 ਤੋਂ 1907 ਈ. ਤੱਕ ਲੰਡਨ ਬੈਂਕ ਕਵਾਇਰ ਦਾ ਸੰਚਾਲਕ ਵੀ ਰਿਹਾ। ਫਿਰ 1919 ਤੋਂ 1926 ਤੱਕ ਇਹ 'ਯੂਨੀਵਰਸਿਟੀ ਕਾਲਜ ਆੱਫ਼ ਵੇਲਜ਼' ਵਿਚ ਸੰਗੀਤ ਦਾ ਪ੍ਰੋਫ਼ੈਸਰ ਰਿਹਾ।

ਪਹਿਲੇ ਵਿਸ਼ਵ-ਯੁੱਧ ਦੌਰਾਨ ਇਹ ਰੱਾਇਲ ਏਅਰ ਫ਼ੋਰਸ ਵਿਚ ਸੰਗੀਤ ਦਾ ਡਾਇਰੈਕਟਰ ਸੀ। ਸੰਨ 1922 ਵਿਚ ਇਸ ਨੂੰ 'ਨਾਈਟ' ਦੀ ਉਪਾਧੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੀਆਂ ਸੰਗੀਤ ਰਚਨਾਵਾਂ ਵਿਚ ਸਮੂਹਗਾਨ, ਆੱਰਕੈਸਟਰਾ ਸੰਗੀਤ, ਚੈਂਬਰ ਸੰਗੀਤ ਅਤੇ ਗੀਤ ਸ਼ਾਮਲ ਹਨ।

11 ਮਾਰਚ, 1911 ਨੂੰ ਸਮਰਸੈੱਟ ਵਿਚ ਰਿੰਗਟਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 400 ; ਐਨ. ਅਮੈ. 8 : 506 ; ਐਨ. ਬ੍ਰਿ. 7 : 101

**ਡੇਵੀਜ਼, ਸਰ ਜਾਨ** : ਇਹ ਇਕ ਅੰਗਰੇਜ਼ ਕਵੀ ਅਤੇ ਕਾਨੂੰਨਦਾਨ ਸੀ ਜਿਸਨੂੰ ਨਾਈਟ ਦੀ ਉਪਾਧੀ ਪ੍ਰਾਪਤ ਸੀ। ਇਸ ਦਾ ਜਨਮ ਅਪ੍ਰੈਲ, 1569 ਵਿਚ ਵਿਲਟਸ਼ਿਰ ਕਾਊਂਟੀ ਵਿਚ ਟਿਸਬਰੀ ਵਿਖੇ ਹੋਇਆ। ਵਿੱਦਿਆ ਪ੍ਰਾਪਤ ਕਰਕੇ ਇਸ ਨੇ ਵਕਾਲਤ ਸ਼ੁਰੂ ਕਰ ਦਿੱਤੀ। ਸੰਨ 1601 ਵਿਚ ਇਹ ਪਾਰਲੀਮੈਂਟ ਦਾ ਮੈਂਬਰ ਬਣ ਗਿਆ

ਸੰਨ 1603 ਵਿਚ ਮਹਾਰਾਣੀ ਇਲਿਜ਼ਾਬੱਥ ਪਹਿਲੀ ਦੀ ਮੌਤ ਦੀ ਖ਼ਬਰ ਇਹ ਜੇਮਜ਼ ਛੇਵੇਂ ਪਾਸ ਲੈ ਕੇ ਗਿਆ ਸੀ ਜਿਸ ਨੇ ਜੇਮਜ਼ ਪਹਿਲੇ ਦੇ ਤੌਰ ਤੇ ਗੱਦੀ ਤੇ ਬੈਠ ਕੇ ਇਸ ਨੂੰ ਆਇਰਲੈਂਡ ਦਾ ਸਾਲਿਸਿਟਰ ਜਰਨਲ (Solicitor general) ਬਣਾ ਕੇ ਭੇਜ ਦਿਤਾ ਇਸ ਨੂੰ ਨਾਈਟ ਦੀ ਉਪਾਧੀ ਵੀ ਦਿੱਤੀ। ਸੰਨ 1606 ਵਿਚ ਇਹ ਆਇਰਲੈਂਡ ਦਾ ਅਟਾਰਨੀ ਜਨਰਲ ਬਣਿਆ। ਅਲਸਟਰ ਵਿਚ ਪ੍ਰੋਟੈਸਟੈਂਟ ਮੱਤ ਦੇ ਪ੍ਰਚਾਰ ਲਈ ਇਸ ਨੇ ਭਰਪੂਰ ਜਤਨ ਕੀਤੇ। ਸੰਨ 1613 ਤੋਂ 1619 ਤੱਕ ਇਹ ਆਇਰਲੈਂਡ ਦੀ ਪਾਰਲੀਮੈਂਟ ਦਾ ਸਪੀਕਰ ਰਿਹਾ। ਸੰਨ 1621 ਵਿਚ ਇਹ ਇੰਗਲੈਂਡ ਦੀ ਪਾਰਲੀਮੈਂਟ ਦਾ ਮੈਂਬਰ ਬਣ ਗਿਆ ਅਤੇ 1626 ਈ. ਵਿਚ ਇਹ ਲਾਰਡ ਚੀਫ਼ ਜਸਟਿਸ ਬਣਾ ਦਿੱਤਾ ਗਿਆ ਪਰ ਅਹੁਦਾ ਸੰਭਾਲਣ ਤੋਂ ਪਹਿਲਾਂ 8 ਦਸੰਬਰ, 1626 ਨੂੰ ਇਸ ਦੀ ਮੌਤ ਹੋ ਗਈ।

ਸ਼ੁਰੂ ਸ਼ੁਰੂ ਵਿਚ ਡੇਵੀਜ਼ ਨੇ ਮੁਹਾਵਰੇਦਾਰ ਅਤੇ ਲਤੀਫ਼ੇਬਾਜ਼ ਕਵਿਤਾ ਉਤੇ ਅਪਣੀ ਕਲਮ ਅਜ਼ਮਾਈ। 'ਆੱਰਕੈਸਟਰਾ' (1594) ਨਾਂ ਦੀ ਪ੍ਰਸਿੱਧ ਕਵਿਤਾ ਵਿਚ ਇਸ ਨੇ ਨਾਚ ਦੀ ਪ੍ਰਸ਼ੰਸਾ ਕੀਤੀ ਹੈ ਇਸ ਦੀ ਦਾਰਸ਼ਨਿਕ ਕਵਿਤਾ Nusce Teipsum (1599) ਰੂਹ ਦ

ਪ੍ਰਕਿਰਤੀ ਅਤੇ ਨਾਸ਼ਮਾਨਤਾ ਉਤੇ ਰੌਸ਼ਨੀ ਪਾਉਂਦੀ ਹੈ। ਸੰਨ 1622 ਵਿਚ ਇਸ ਨੇ ਆਪਣੀਆਂ ਸਾਰੀਆਂ ਕਵਿਤਾਵਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਕੀਤਾ।

ਹ.ਪੁ.—ਐਨ. ਬ੍ਰਿ.ਮਾ. 3 : 400 ; ਐਨ. ਅਮੈ. 8 : 506

**ਡੇਵੀਜ਼, ਸੈਮੂਐਲ** : ਇਹ ਸੰਯੁਕਤ ਰਾਜ ਅਮਰੀਕਾ ਦਾ ਇਕ ਪ੍ਰਸਿੱਧ ਪ੍ਰੈਸਬੀਟਰੀ ਪ੍ਰਚਾਰਕ ਸੀ ਜਿਸ ਨੇ 'ਮਹਾਨ ਜਾਗ੍ਰਿਤੀ (Heat Awakening) ਦੌਰਾਨ ਧਾਰਮਿਕ ਈਸਾਈ ਮਤਭੇਦੀਆਂ ਦਾ ਪੱਖ ਪੂਰਿਆ। ਇਸ ਦਾ ਜਨਮ 3 ਨਵੰਬਰ, 1723 ਨੂੰ ਡੈਲਾਵੇਅਰ ਰਾਜ ਵਿਚ ਨਿਊ ਕੈਸਲ ਫਰਗ ਮਦਰ ਵਿਖੇ ਹੋਇਆ। ਸੈਮੂਐਲ ਬਲੇਅਰਟ ਲੱਗ ਕਾਲਜ ਤੋਂ ਵਿਦਿਆ ਪ੍ਰਾਪਤ ਕਰਨ ਉਪਰੰਤ 1747 ਈ. ਵਿਚ ਇਹ ਪਾਦਰੀ ਬਣਿਆ। 'ਮਹਾਨ ਜਾਗ੍ਰਿਤੀ' ਸਮੇਂ ਇਸ ਨੇ ਵਰਜੀਨੀਆ ਰਾਜ ਵਿਚ ਹੈਨੋਵਰ ਨੂੰ ਆਪਣਾ ਕੇਂਦਰ ਬਣਾਇਆ। ਇਥੇ ਚਰਚ ਦੇ ਸਥਾਪਿਤ ਆਗੂ ਪ੍ਰੈਸਬੀਟਰੀਆਂ ਨੂੰ ਵਿਰੋਧੀ-ਪ੍ਰੋਟੈਸਟੈਂਟ ਮਤ ਦੇ ਹੋਣ ਦਾ ਦੋਸ਼ ਲਾ ਕੇ ਉਨ੍ਹਾਂ ਉਤੇ ਜ਼ੁਲਮ ਕਰਦੇ ਸਨ। ਇਸ ਨੇ ਉਨ੍ਹਾਂ ਦਾ ਵਰਜੀਨੀਆ ਜਨਰਲ ਕੋਰਟ ਦੇ ਸਾਹਮਣੇ ਜ਼ਬਰਦਸਤ ਪੱਖ ਪੂਰਿਆ ਅਤੇ ਨਾਲ ਹੀ ਅੰਗਰੇਜ਼ ਤੇ ਸਕਾਟੀ ਮਨਮਤੀਆਂ ਦੀ ਸਹਾਇਤਾ ਵੀ ਪ੍ਰਾਪਤ ਕੀਤੀ।

ਸੰਨ 1754 ਦੀ ਜੰਗ ਦੌਰਾਨ ਇਸ ਨੇ ਆਪਣੇ ਪ੍ਰਚਾਰ ਰਾਹੀਂ ਵਰਜੀਨੀਆ ਦੇ ਲੋਕਾਂ ਨੂੰ ਆਪਣੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਪ੍ਰੇਰਿਆ। ਇਸ ਨਾਲ ਸਰਕਾਰ ਦੀਆਂ ਨਜ਼ਰਾਂ ਵਿਚ ਡੇਵੀਜ਼ ਸੈਮੂਐਲ ਦੀ ਕਦਰ ਵੱਧ ਗਈ। ਧਰਮ ਵਿਖਿਆਨ ਕਰਨ ਕਰਕੇ ਇੰਗਲੈਂਡ ਤੇ ਸਕਾਟਲੈਂਡ ਵਿਚ ਡੇਵੀਜ਼ ਪ੍ਰਚਾਰਕ ਵਜੋਂ ਬਹੁਤ ਹੀ ਪ੍ਰਸਿੱਧ ਹੋ ਗਿਆ। 1759 ਤੋਂ ਲੈ ਕੇ ਆਪਣੀ ਮੌਤ ਤੱਕ ਇਹ ਨਿਊਜਰਸੀ ਕਾਲਜ (ਹੁਣ ਪ੍ਰਿੰਸਟਨ ਯੂਨੀਵਰਸਿਟੀ) ਦਾ ਚੌਥਾ ਪ੍ਰਧਾਨ ਰਿਹਾ। ਇਸ ਦੇ ਧਰਮ-ਵਿਖਿਆਨਾਂ ਦੀਆਂ ਲਗਭਗ 20 ਐਡੀਸ਼ਨਾਂ ਛਪ ਚੁੱਕੀਆਂ ਸਨ। ਇਹ ਅਮਰੀਕਾ ਦਾ ਇਕ ਕਾਮਯਾਬ ਭਜਨ-ਲੇਖਕ ਵੀ ਸੀ। 4 ਫ਼ਰਵਰੀ, 1761 ਨੂੰ ਨਿਊ ਜਰਸੀ ਰਾਜ ਦੇ ਪ੍ਰਿੰਸਟਨ ਸ਼ਹਿਰ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 401 ; ਐਨ. ਅਮੈ. 8 : 506

**ਡੇਵੀਜ਼, ਵਿਲੀਅਮ ਹੈਨਰੀ** : ਇਸ ਅੰਗਰੇਜ਼ ਕਵੀ ਅਤੇ ਲੇਖਕ ਦਾ ਜਨਮ 3 ਜੁਲਾਈ, 1871 ਨੂੰ ਇੰਗਲੈਂਡ ਵਿਚ ਮਨਮਥ-ਸ਼ਿਰ ਵਿਖੇ ਹੋਇਆ। ਇਸ ਦੀ ਸਰੋਦੀ ਕਵਿਤਾ ਵਿਚ ਜੋ ਜਾਨ ਅਤੇ ਸਾਦਗੀ ਸੀ ਉਹ ਇਸ ਦੇ ਸਮਕਾਲੀਆਂ ਦੀਆਂ ਕਵਿਤਾਵਾਂ ਵਿਚ ਬਹੁਤ ਘੱਟ ਸੀ। ਛੋਟੀ ਉਮਰ ਵਿਚ ਹੀ ਇਸ ਨੇ ਸਕੂਲ ਛੱਡ ਦਿੱਤਾ ਅਤੇ ਕਈ ਸਾਲ ਇਹ ਇੰਗਲੈਂਡ ਅਤੇ ਅਮਰੀਕਾ ਵਿਚ ਐਵੇਂ ਹੀ ਘੁੰਮਦਾ ਫਿਰਦਾ ਰਿਹਾ। ਸ਼ੁਰੂ ਸ਼ੁਰੂ ਵਿਚ ਇਸ ਨੇ ਆਪਣੇ ਗੁਜ਼ਾਰੇ ਲਈ ਫ਼ੋਟੋ-ਫਰੇਮ ਬਣਾਏ, ਫੇਰੀ ਲਗਾਈ ਅਤੇ ਕਈ ਵਾਰ ਗਲੀਆਂ ਬਜ਼ਾਰਾਂ ਵਿਚ ਗਾਉਂਦਾ ਫਿਰਦਾ ਵੀ ਰਿਹਾ।

ਡੇਵੀਜ਼ ਦੀ ਕਵਿਤਾ ਦੀ ਪਹਿਲੀ ਪੁਸਤਕ 'ਦੀ ਸੋਲਜ਼ ਡਿਸਟ੍ਰੌਇਰ ਐਂਡ 'ਅਦਰ ਪੋਇਮਜ਼' 1905 ਵਿਚ ਪ੍ਰਕਾਸ਼ਿਤ ਹੋਈ। 'ਆੱਟੋਬਾਇਉਗ੍ਰਾਫ਼ੀ ਆੱਫ਼ ਏ ਸੁਪਰ-ਟਰੈਂਪ' (1907) ਇਸ ਦੀ ਵਾਰਤਕ ਦੀ ਬਹੁਤ ਉੱਤਮ ਰਚਨਾ ਸੀ ਜਿਸ ਦੀ ਭੂਮਿਕਾ ਜਾਰਜ ਬਰਨਾਰਡ ਸ਼ਾਅ ਨੇ ਲਿਖੀ ਸੀ। ਇਸ ਦੀਆਂ ਪੁਸਤਕਾਂ ਦਾ ਮੁੱਖ ਵਿਸ਼ਾ ਪ੍ਰਕਿਰਤੀ ਅਤੇ ਗਰੀਬ ਲੋਕਾਂ ਦੇ ਦੁੱਖ ਤਕਲੀਫ਼ ਹਨ।

ਆਪਣੀਆਂ ਰਚਨਾਵਾਂ ਕਾਰਨ ਪ੍ਰਸਿੱਧ ਹੁੰਦਿਆਂ ਹੋਇਆਂ ਵੀ ਡੇਵੀਜ਼ ਨੇ ਬਹੁਤ ਹੀ ਗਰੀਬੀ ਦੀ ਹਾਲਤ ਵਿਚ ਆਪਣੀ ਜ਼ਿੰਦਗੀ ਬਿਤਾਈ।

ਇਸ ਦੀ ਕਵਿਤਾ ਦੀਆਂ 20 ਪੁਸਤਕਾਂ 'ਕੁਲੈਕਟਿਡ ਪੋਇਮਜ਼' ਵਿਚ 600 ਤੋਂ ਵੀ ਵੱਧ ਕਵਿਤਾਵਾਂ ਹਨ। ਇਹ ਪੁਸਤਕ 1942 ਈ. ਵਿਚ ਪ੍ਰਕਾਸ਼ਿਤ ਕਰਵਾਈ।

26 ਸਤੰਬਰ, 1940 ਨੂੰ ਗਲਾੱਸਟਰਸ਼ਿਰ ਵਿਚ ਨੇਲਜ਼ਵਰਥ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 401; ਐਨ. ਅਮੈ. 8 : 506; ਵ. ਯੂ. ਐਨ. 5 : 1466; ਐਵ. ਐਨ. 6 : 283

**ਡੈਆਕ, ਫੈਰੈਂਸਜ਼** : ਇਹ ਹੰਗਰੀ ਦਾ ਇਕ ਉਹ ਪ੍ਰਸਿੱਧ ਸਿਆਸਤਦਾਨ ਸੀ ਜਿਸਦੀ ਗੱਲਬਾਤ ਸਦਕਾ 1867 ਈ. ਦੌਰਾਨ ਆਸਟ੍ਰੀਆ ਅਤੇ ਹੰਗਰੀ ਵਿਚਕਾਰ ਦੂਹਰੇ ਰਾਜਤੰਤਰ ਦੀ ਸਥਾਪਨਾ ਹੋਈ।

ਇਸ ਦਾ ਜਨਮ 17 ਅਕਤੂਬਰ, 1803 ਨੂੰ ਆਸਟ੍ਰੀਅਨ ਬਾਦਸ਼ਾਹਤ ਵਿਚ ਹੰਗਰੀ ਵਿਚ ਸੂਜ਼ਟੂ ਵਿਖੇ ਇਕ ਅਮੀਰ ਜ਼ਿਮੀਂਦਾਰ ਦੇ ਘਰ ਹੋਇਆ। ਕਾਨੂੰਨ ਦੀ ਡਿਗਰੀ ਹਾਸਲ ਕਰਨ ਮਗਰੋਂ ਇਸ ਨੂੰ ਜ਼ਾਲ ਵਿਚ ਪ੍ਰਬੰਧਕੀ ਨੌਕਰੀ ਮਿਲ ਗਈ ਅਤੇ 1833 ਈ. ਵਿਚ ਇਸ ਨੂੰ ਇਸ ਦੇ ਭਰਾ ਦੀ ਜਗ੍ਹਾ ਤੇ ਹੰਗਰੀ ਦੀ ਡਾਇਟ (ਵਿਧਾਨ ਸਭਾ) ਵਿਚ ਨੁਮਾਇੰਦਾ ਬਣਾ ਕੇ ਭੇਜਿਆ ਗਿਆ। ਇਸ ਨੇ ਇਸ ਡਾਇਟ ਤੋਂ ਇਲਾਵਾ 1839 ਅਤੇ 1841 ਈ. ਵਾਲੀਆਂ ਡਾਇਟਾਂ ਵਿਚ ਵੀ ਇਕ ਨੇਤਾ ਤੇ ਤੌਰ ਤੇ ਹੰਗਰੀ ਦੀ ਘਰੇਲੂ ਪੁਨਰ-ਸੁਰਜੀਤੀ ਅਤੇ ਰਾਜਨੀਤਕ ਸੁਤੰਤਰਤਾ ਲਈ ਸੰਘਰਸ਼ ਛੇੜ ਕੇ ਕਾਫ਼ੀ ਨਾਮਣਾ ਖੱਟਿਆ।

ਚੰਗਾ ਪੜ੍ਹਿਆ ਲਿਖਿਆ ਅਤੇ ਕਾਨੂੰਨ ਸਬੰਧੀ ਚੰਗੀ ਸੂਝ ਕਾਰਨ ਇਸ ਨੂੰ ਆਪਣੇ ਧੜੇ ਵਿਚ ਕਾਫ਼ੀ ਸਨਮਾਨ ਪ੍ਰਾਪਤ ਸੀ। ਸੰਨ 1847 ਵਿਚ ਬਣੀ ਡਾਇਟ ਵਾਸਤੇ ਇਸ ਨੇ 'ਕੌਮੀ ਵਿਰੋਧੀ ਪਾਰਟੀ ਲਈ ਉਸਦੇ ਪ੍ਰੋਗਰਾਮ ਸਬੰਧੀ ਖਰੜਾ ਤਿਆਰ ਕੀਤਾ ਪਰ ਸਿਹਤ ਦੀ ਖਰਾਬੀ ਕਾਰਨ ਇਹ ਚੋਣਾਂ ਲੜਨ ਤੋਂ ਅਸਮਰੱਥ ਰਿਹਾ। ਮਾਰਚ, 1848 ਵਿਚ ਹੰਗਰੀ ਦੇ ਆਜ਼ਾਦ ਮੰਤਰੀ-ਮੰਡਲ ਦੇ ਰਾਸ਼ਟਰਪਤੀ ਕਾਉਂਟ ਲਾਜੋਸ ਬਥਯਾਨੀ ਨੇ ਇਸ ਨੂੰ ਨਿਆਂ ਦੇ ਮਹਿਕਮੇ ਦਾ ਮੰਤਰੀ ਬਣਾਇਆ।

ਨਿਆਂ ਮੰਤਰੀ ਬਣਨ ਮਗਰੋਂ ਇਸ ਨੇ 'ਏਪ੍ਰਲ ਲਾਜ਼' ਤਿਆਰ ਕੀਤੇ ਅਤੇ 11 ਅਪ੍ਰੈਲ, 1848 ਵਿਚ ਇਨ੍ਹਾਂ ਕਾਨੂੰਨਾਂ ਨੂੰ ਬਾਦਸ਼ਾਹ ਵਲੋਂ ਮਨਜ਼ੂਰੀ ਵੀ ਮਿਲ ਗਈ। ਅਗਲੇ ਕੁਝ ਮਹੀਨਿਆਂ ਦੇ ਦੌਰਾਨ ਇਹ ਹੰਗਰੀ ਦੀ ਸਰਕਾਰ ਅਤੇ ਵਿਰੋਧੀ ਧੜਿਆਂ ਦੀ ਆਪਸੀ ਗੱਲਬਾਤ ਵਿਚ ਸ਼ਾਮਲ ਹੋਇਆ। ਬਥਯਾਨੀ ਦੇ ਸੇਵਾ-ਮੁਕਤ ਹੋਣ ਦੇ ਨਾਲ ਹੀ ਇਸ ਨੇ ਵੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਸੰਨ 1849 ਵਿਚ ਇਸ ਨੇ ਆਸਟ੍ਰੀਆ ਦੇ ਫ਼ੌਜੀ ਕਮਾਂਡਰ ਜਿਸਨੇ ਬੁਡਾ ਤੇ ਕਬਜ਼ਾ ਕਰ ਲਿਆ ਸੀ, ਨਾਲ ਵੀ ਗੱਲਬਾਤ ਕੀਤੀ ਪਰ ਉ ਇਸ ਦਾ ਮਨ ਨਾ ਟਿਕਿਆ ਜਿਸ ਕਰਕੇ ਇਹ ਆਪਣੀ ਜਾਗੀਰ ਤੇ ਵਾਪਸ ਚਲਾ ਗਿਆ। ਉਥੇ ਇਸ ਨੇ ਆਪਣੀ ਜਾਗੀਰ ਵੇਚ ਕੇ ਕਾਫ਼ੀ ਪੈਸਾ ਆਪਣੀ ਭੈਣ ਨੂੰ ਦੇ ਦਿੱਤਾ ਅਤੇ ਆਪ ਪੈਸਟ ਜਾ ਕੇ ਇਕ ਹੋਟਲ ਵਿਚ ਰਹਿਣ ਲੱਗਾ। ਇਥੇ ਰਾਜਨੀਤਕ ਜਾਗ੍ਰਤੀ ਲਿਆਉਣ ਪੱਖੀ ਤਾਂ ਇਸਨੂੰ ਕਿਸੇ ਪੈਗੰਬਰ ਤੋਂ ਘੱਟ ਨਹੀਂ ਸਨ ਮੰਨਦੇ।

'ਏਪ੍ਰਲ ਲਾਜ਼' ਉਪਰ ਇਸਦਾ ਅਕੀਦਾ ਪੱਕਾ ਸੀ ਅ ਇਸੇ ਅਨੁਸਾਰ ਇਹ ਅੜਿਆ ਰਿਹਾ ਕਿ 'ਏਪ੍ਰਲ ਲਾਜ਼' ਨੂੰ ਨਾ ਮੰਨਣ ਵਾਲੀ ਹਕੂਮਤ ਗ਼ੈਰ-ਕਾਨੂੰਨੀ ਹੈ। ਅੰਤ ਵਿਚ 1861 ਈ. ਵਿਚ ਇਸ ਦੀ ਦ੍ਰਿੜਤਾ ਨੂੰ ਵੇਖਕੇ ਬਾਦਸ਼ਾਹ ਨੂੰ ਡਾਇਟ ਭੰਗ ਕਰਨੀ ਪਈ। ਹੁਣ ਬਾਦਸ਼ਾਹ ਜੋਜ਼ਫ ਕੋਲ ਅੰਤਰਰਾਸ਼ਟਰੀ ਉਲਝਣਾਂ ਕਾਰਨ ਹੰਗਰੀ ਨਾਲ ਸਮਝੌਤਾ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਇਸ ਲਈ

1867 ਈ. ਵਿਚ ਦੂਹਰੇ ਰਾਜਤੰਤਰ ਦੀ ਸਥਾਪਨਾ ਕਰਨੀ ਪਈ ਜਿਹੜਾ ਸਿਰਫ਼ ਡੈਆਕ ਦੇ ਉਦਮਾਂ ਦਾ ਹੀ ਨਤੀਜਾ ਸੀ। ਇਸ ਦੇ ਸਮਰਥਕਾਂ ਨੇ ਆਪਣੀ ਪਾਰਟੀ ਦਾ ਨਾਂ ਇਸੇ ਦੇ ਨਾਉਂ ਉੱਤੇ 'ਡੈਆਕ ਪਾਰਟੀ' ਰੱਖਿਆ ਪਰ ਡੈਆਕ ਨੇ ਇਸ ਪਾਰਟੀ ਦਾ ਨੇਤਾ ਬਣਨ ਤੋਂ ਇਨਕਾਰ ਕਰ ਦਿੱਤਾ ਅਤੇ ਪਾਰਟੀ ਦੇ ਸ਼ੁਭਚਿੰਤਕ ਵਜੋਂ ਇਸ ਦੇ ਹਿਤਾਂ ਲਈ ਕੰਮ ਕੀਤਾ। ਬਾਅਦ ਵਿਚ ਆਪਣੀ ਮਾੜੀ ਸਿਹਤ ਕਾਰਨ ਇਹ ਪਾਰਟੀ ਲਈ ਜ਼ਿਆਦਾ ਕੰਮ ਨਾ ਕਰ ਸਕਿਆ ਅਤੇ ਨਵੰਬਰ, 1873 ਈ. ਵਿਚ ਇਸ ਨੇ ਆਪਣਾ ਅਖ਼ੀਰਲਾ ਭਾਸ਼ਨ ਦਿੱਤਾ। ਡੈਆਕ ਅਸਲ ਰੂਪ ਵਿਚ ਕੌਮ ਦਾ ਇਕ ਸਰਪ੍ਰਸਤ ਸੀ ਅਤੇ ਦੇਸ਼ ਦੇ ਹਿੱਤ ਲਈ ਕਈ ਵੇਰ ਪਾਰਟੀ ਦੇ ਫ਼ੈਸਲਿਆਂ ਦੀ ਵੀ ਮੁਖਾਲਫ਼ਤ ਕਰ ਦਿੰਦਾ ਸੀ।

ਇਸ ਨੇ ਹੰਗਰੀ ਦੇ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਬੜੀ ਜਦੋ-ਜਹਿਦ ਕੀਤੀ ਅਤੇ ਆਪਣੀ ਜ਼ਿਮੀਦਾਰੀ ਵਿਚ ਉਨ੍ਹਾਂ ਦੀ ਹਾਲਤ ਬਿਹਤਰ ਬਣਾ ਕੇ ਇਕ ਮਿਸਾਲ ਕਾਇਮ ਕੀਤੀ। ਇਸ ਨੂੰ ਲੋਕ ਦਿਖਾਵਾ ਬਿਲਕੁਲ ਵੀ ਪਸੰਦ ਨਹੀਂ ਸੀ। ਇਸੇ ਕਰਕੇ ਇਸ ਨੇ ਵੱਡੇ ਵੱਡੇ ਸਨਮਾਨਾਂ ਅਤੇ ਅਹੁਦਿਆਂ ਦੀ ਕਦੇ ਵੀ ਖ਼ਾਹਿਸ਼ ਨਹੀਂ ਰੱਖੀ ਸੀ। ਇਸ ਨੇ ਆਪਣੇ ਦੇਸ਼ ਲਈ ਜਿੰਨਾ ਵੀ ਕੰਮ ਕੀਤਾ ਉਹ ਕੇਵਲ ਦੇਸ਼ ਪ੍ਰੇਮ ਦੀ ਭਾਵਨਾ ਨਾਲ ਹੀ ਕੀਤਾ।

29 ਜਨਵਰੀ, 1876 ਵਿਚ ਬੁਡਾਪੈਸਟ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 938

**ਡੈਸਉ** : ਜਰਮਨੀ ਵਿਚ ਹਾਲਾ ਡਿਸਟ੍ਰਿਕਟ ਦਾ ਇਹ ਇਕ ਸੱਨਅਤੀ ਸ਼ਹਿਰ ਹੈ ਜਿਹੜਾ ਬਰਲਿਨ ਤੋਂ 113 ਕਿ. ਮੀ. ਦੱਖਣ-ਪੱਛਮ ਵਿਚ ਮੁਲਡਾ ਅਤੇ ਐਲਬ ਦਰਿਆਵਾਂ ਦੇ ਸੰਗਮ ਉੱਤੇ ਵਾਕਿਆ ਹੈ। ਜਰਮਨੀ ਦੇ ਇਸ ਪੁਰਾਣੇ ਸ਼ਹਿਰ ਦਾ ਜ਼ਿਕਰ 1213 ਈ. ਵਿਚ ਪਹਿਲੀ ਵਾਰ ਆਇਆ ਹੈ। ਸੰਨ 1603 ਤੋਂ 1918 ਤੱਕ ਇਹ ਡਿਊਕਾਂ ਆਦਿ ਰਾਜ ਦੀ ਰਿਹਇਸ਼ ਸੀ। ਇਹ 1945 ਈ. ਤੱਕ ਐਨਹਾਲਟ ਰਾਜ ਦੀ ਰਾਜਧਾਨੀ ਬਣਿਆ ਰਿਹਾ। ਦੂਜੇ ਮਹਾਂ ਯੁੱਧ ਦੌਰਾਨ ਸ਼ਹਿਰ ਅਤੇ ਇਸ ਦੀਆਂ ਇਤਿਹਾਸਕ ਇਮਾਰਤਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਪਰ ਕਈ ਲੈਂਡਸਥੀਏਟਰ, ਟਾਊਨ ਹਾਲ, ਜੋਹਾਨੇਸਕਿਰਚੇ (ਸੇਂਟ ਜਾਨ ਦਾ ਗਿਰਜਾ) ਵਰਗੀਆਂ ਇਮਾਰਤਾਂ ਮੁੜ ਉਸਾਰ ਲਈਆਂ ਗਈਆਂ। ਦੂਜੇ ਮਹਾਂ ਯੁੱਧ ਤੋਂ ਪਹਿਲਾਂ ਇਥੇ ਵੱਡੇ ਜਹਾਜ਼ ਬਣਦੇ ਸਨ ਪਰ ਅੱਜਕੱਲ੍ਹ ਇਥੇ ਵਾਹਨ, ਮਸ਼ੀਨਰੀ, ਬਿਜਲੀ ਦਾ ਸਾਮਾਨ, ਰਸਾਇਣ ਅਤੇ ਹੋਰ ਸਾਮਾਨ ਆਦਿ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਇਹ ਇਕ ਬੰਦਰਗਾਹ ਅਤੇ ਹਵਾਈ ਅੱਡੇ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਸ਼ਹਿਰ ਨੂੰ ਮੋਜ਼ਸ ਮੈਂਡਲਸਨ ਨਾਉਂ ਦੇ ਯਹੂਦੀ ਫ਼ਿਲਾਸਫ਼ਰ ਦੇ ਜਨਮ-ਸਥਾਨ ਹੋਣ ਦਾ ਮਾਣ ਵੀ ਹਾਸਲ ਹੈ।

ਆਬਾਦੀ— 1,03,581 (1983)

51°50′ ਉ. ਵਿਥ.; 12°14′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 37

**ਡੈਸਗਾਰਸਿਨਜ਼, ਮੈਗਡਾਲੀਨ-ਮਾਰੀ** : ਫ਼ਰਾਂਸ ਦੀ ਇਸ ਅਦਾਕਾਰਾ ਦਾ ਜਨਮ 1769 ਈ. ਵਿਚ ਮਾਂਟ ਡੌਫਨ (Mont Dauph) ਸ਼ਹਿਰ ਵਿਖੇ ਹੋਇਆ। ਆਪਣੇ ਛੋਟੇ ਜਿਹੇ ਜੀਵਨ ਦੌਰਾਨ ਹੀ ਇਸਨੇ ਫ਼ਰਾਂਸੀਸੀ ਦੁਖਾਂਤ-ਨਾਟਕਾਂ ਵਿਚ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। 'ajazat' (1788) ਸੁਖਾਂਤ ਵਿਚ ਇਹ ਪਹਿਲੀ ਵਾਰ ਸਟੇਜ ਤੇ ਆਈ ਤੇ ਅਦਾਕਾਰੀ ਦੇ ਖੇਤਰ ਵਿਚ ਇਸਨੇ ਆਪਣੀ ਥਾਂ ਬਣਾ ਲਈ ਅਤੇ ਨਾਟਕ ਕੰਪਨੀ ਦੀ ਮੈਂਬਰ ਬਣੀ।

ਸੰਨ 1791 ਵਿਚ ਫ਼ਰਾਂਸੀਸੀ ਅੰਦੋਲਨ ਸਮੇਂ ਕੰਪਨੀ ਵਿਚ ਫੁੱ[illegible] ਪੈਣ ਤੇ ਇਸ ਨੇ ਫ੍ਰਾਂਸਵਾ ਟਾਲਮਾ ਨਾਲ ਮਿਲਕੇ ਇਕ ਨਵੀਂ ਕੰਪਨ[illegible] ਸਥਾਪਿਤ ਕਰ ਲਈ। ਉਸ ਕੰਪਨੀ ਵਿਚ ਇਹ 'ਕਿੰਗ ਲੀਅਰ' 'ਓਥੈੱਲੋ' ਅਤੇ 'Melanic et Virginie' ਨਾਟਕ ਖੇਡਣ ਇਹ ਬਹੁ[illegible] ਕਾਮਯਾਬ ਹੋਈ। ਥੋੜ੍ਹਾ ਚਿਰ ਮਗਰੋਂ ਇਹ ਪਾਗਲ ਹੋ ਗਈ ਅਤੇ 2[illegible] ਅਕਤੂਬਰ, 1797 ਨੂੰ ਪੈਰਿਸ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 7 : 297 ; ਐਨ. ਬ੍ਰਿ. ਮਾ. 3 : 487

**ਡੈਸਟਿਨ, ਐਮੀ** : ਚੈਕੋਸਲੋਵਾਕੀਆ (ਅਜੋਕਾ ਚੈ[illegible] ਗਣਰਾਜ) ਦੀ ਇਸ ਗਾਇਕਾ ਦਾ ਜਨਮ 26 ਫ਼ਰਵਰੀ 1878 [illegible] ਪਰਾਗ ਵਿਖੇ ਹੋਇਆ। ਇਸ ਦਾ ਨਾਂ ਐਮਾ ਕਿੱਟਲ ਵੀ ਸੀ। ਇ[illegible] ਆਪਣੀ ਭਰਵੀਂ ਆਵਾਜ਼ ਅਤੇ ਨਾਟਕੀ ਦਾਤਾਂ ਕਾਰਨ ਬਹੁਤ ਪ੍ਰਸਿੱ[illegible] ਹੋਈ। ਬਰਲਿਨ ਵਿਖੇ 1898 ਈ. ਵਿਚ 'ਕੈਵੇਲੈਰੀਆ ਰਸਟਿਕੇਨ 'Cavalleria Rusticane' ਨਾਟਕ ਵਿਚ 'ਸੰਤੁਜ਼ਜ਼ਾ' (Santuzza ਦਾ ਪਾਰਟ ਅਦਾ ਕਰਕੇ ਇਸ ਨੇ ਨਾਟਕੀ ਜੀਵਨ ਵਿਚ ਪ੍ਰਵੇਸ਼ ਕੀਤਾ ਸੰਨ 1904 ਵਿਚ ਇਸ ਨੇ ਕੋਵੈਂਟ ਗਾਰਡਨ ਲੰਡਨ ਵਿਖੇ ਮੋਜ਼ਾਰਤ [illegible] ਨਾਟਕ 'ਡੌਨ ਜੋਵੱਨੀ' ਵਿਚ ਡੋਨਾ ਅੱਨਾ ਦਾ ਪਾਰਟ ਅਦਾ ਕਰ[illegible] ਹੋਏ ਪਹਿਲੀ ਵਾਰੀ ਗਾਣਾ ਗਾਇਆ। ਸੰਨ 1908 ਵਿਚ ਇਸ [illegible] 'ਵਰਦੀ' ਦੇ ਸੰਗੀਤ ਨਾਟ ਵਿਚ ਕੰਮ ਕਰਦਿਆਂ ਬਹੁਤ ਹੀ ਜ਼ਿਆਦ[illegible] ਕਾਮਯਾਬੀ ਹਾਸਲ ਕੀਤੀ। ਉਸ ਤੋਂ ਮਗਰੋਂ ਇਸਨੇ ਅਨੇਕਾਂ ਵਾਰ[illegible] ਗਾਇਆ ਅਤੇ ਪ੍ਰਸਿੱਧੀ ਹਾਸਲ ਕੀਤੀ।

28 ਜਨਵਰੀ, 1930 ਨੂੰ ਚੈਕੋਸਲੋਵਾਕੀਆ ਵਿਚ ਬੁਡਾਯੋ[illegible] ਵਟਸੇ (Budweis) ਦੇ ਸਥਾਨ ਤੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 7 : 309; ਐਨ. ਬ੍ਰਿ. ਮਾ. 3 : 493

**ਡੈਸਟੂਟ ਡ ਟਰਾਸੀ, ਆਂਟਵਾਨ ਲੂਈ ਕਲਾੱਡ** ਫ਼ਰਾਂਸ ਦੇ ਇਸ ਦਾਰਸ਼ਨਿਕ ਦਾ ਜਨਮ 20 ਜੁਲਾਈ, 1754 [illegible] ਪੈਰਿਸ ਵਿਖੇ ਹੋਇਆ। ਇਹ ਸਕਾਟਲੈਂਡ ਦੇ ਉਚ ਘਰਾਣੇ ਵਿਚੋਂ ਸੀ ਇਸ ਦੇ ਵਡੇਰੇ ਸਕਾਟਲੈਂਡ ਦੇ ਵਾਸੀ ਸਨ ਜਿਹੜੇ ਮਗਰੋਂ ਫ਼ਰਾਂਸ ਵਿ[illegible] ਆ ਕੇ ਵਸ ਗਏ ਸਨ।

ਸਿੱਖਿਆ ਪ੍ਰਾਪਤ ਕਰਕੇ ਇਹ ਫੌਜ ਵਿਚ ਕਰਨਲ ਦੇ ਅਹੁਦੇ [illegible] ਪਹੁੰਚਿਆ। ਫਿਰ 1789 ਵਿਚ ਇਹ ਸਟੇਟ ਜਰਨਲ ਚੁਣਿ[illegible] ਗਿਆ। ਸੰਨ 1792 ਦੇ ਆਰੰਭ ਵਿਚ ਇਹ ਬ੍ਰਿਗੇਡੀਅਰ ਬਣ ਗਿ[illegible] ਜਿਸ ਪਿਛੋਂ ਛੇਤੀ ਹੀ ਇਸਨੇ ਨੌਕਰੀ ਛੱਡ ਦਿੱਤੀ ਅਤੇ ਮਗਰੋਂ ਇ[illegible] ਨੌਜਵਾਨ ਦਾਰਸ਼ਨਿਕਾਂ ਦੀਆਂ ਬੈਠਕਾਂ ਵਿਚ ਸ਼ਾਮਲ ਹੋਣ ਲ[illegible] ਪਿਆ।

ਫ਼ਰਾਂਸ ਦੀ ਕ੍ਰਾਂਤੀ ਦੌਰਾਨ ਜ਼ੁਲਮ ਦੇ ਦੌਰ ਦੇ ਸਮੇਂ ਇਸ ਨੂੰ ਇ[illegible] ਸਾਲ ਕੈਦ ਵਿਚ ਰੱਖਿਆ ਗਿਆ। ਇਹ ਫ਼ਰੈਂਚ ਇੰਸਟੀਚਊਟ ਨੈਸ਼ਨ ਦਾ ਐਸੋਸ਼ੀਏਟ ਮੈਂਬਰ ਵੀ ਰਿਹਾ। ਸੰਨ 1808 ਵਿਚ ਇਹ ਫ਼ਰਾਂਸ [illegible] ਅਕੈਡਮੀ ਦਾ ਮੈਂਬਰ ਬਣਿਆ। ਨੈਪੋਲੀਅਨ ਪਹਿਲੇ ਦੇ ਰਾਜ ਸ[illegible] ਸੈਨੇਟਰ ਦੇ ਤੌਰ ਤੇ ਕੰਮ ਕੀਤਾ। ਰਾਜਤੰਤਰ ਬਹਾਲ ਹੋਣ ਉਪਰੰਤ ਇ[illegible] ਪੀਅਰ ਵੀ ਰਿਹਾ।

ਇਸ ਨੇ ਆਪਣੀ ਵਿਚਾਰਧਾਰਾ ਪਹਿਲੀ ਵਾਰ 1801 ਵਿ[illegible] ਪੇਸ਼ ਕੀਤੀ। ਅੰਗਰੇਜ਼ ਦਾਰਸ਼ਨਿਕ ਜਾਨ ਲੱਕ ਦਾ ਅਸਰ ਕਬੂ[illegible] ਕਰਦੇ ਹੋਏ ਇਸਨੇ ਆਪਣੀ ਕਿਰਤ ਐਲੀਮੈਂਟਸ ਡ ਆਈਡਿਆਲੋ[illegible] (Elements d' ideologies) , ਚਾਰ ਜਿਲਦਾਂ ਵਿਚ ਲਿਖੀ। ਇ[illegible] ਕਾਰਜ ਇਸ ਨੇ 15 ਸਾਲ ਦੀ ਲਗਾਤਾਰ ਮਿਹਨਤ ਨਾਲ 181[illegible] ਵਿਚ ਮੁਕੰਮਲ ਕੀਤਾ। ਇਸ ਨੇ ਕੋਂਡੀਯਾੱਕ (Condillac) ਦੇ ਵਿਚਾ[illegible] ਨੂੰ ਹੋਰ ਵਧੇਰੇ ਨਿਖਾਰਿਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਨੁੱ[illegible]

ਚਿੰਤਨ ਮਨੋਵੇਗਾਂ ਦਾ ਹੀ ਇਕ ਵਿਕਸਿਤ ਰੂਪ ਹੈ ਅਤੇ ਮਨੋਵੇਗ ਨਾੜੀ-ਪ੍ਰਬੰਧ ਉਤੇ ਨਿਰਭਰ ਹੁੰਦਾ ਹੈ। ਇਹ ਕਈ ਪੁਸਤਕਾਂ ਦਾ ਕਰਤਾ ਸੀ।

9 ਮਾਰਚ, 1836 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 3:493; ਐਨ. ਅਮੈ. 9:16;

**ਡੈਸਨਾ** : ਇਹ ਦੱਖਣ-ਪੱਛਮੀ ਰੂਸ ਦੇ ਸਮੋਲੈਨਸਕ-ਮਾਸਕੋ ਖੇਤਰ ਵਿਚੋਂ ਨਿਕਲਣ ਵਾਲੀ ਨੀਪਰ ਦਰਿਆ ਦੀਆਂ ਮੁੱਖ ਸਹਾਇਕ ਨਦੀਆਂ ਵਿਚੋਂ ਇਕ ਹੈ। ਇਹ ਆਪਣੇ ਸ੍ਰੋਤ ਤੋਂ 1,130 ਕਿ.ਮੀ. (700 ਮੀਲ) ਦਾ ਫ਼ਾਸਲਾ ਤੈਅ ਕਰਨ ਤੋਂ ਬਾਅਦ ਯੂਕਰੇਨ ਵਿਚ ਕੀਯੈਫ ਦੇ ਸਥਾਨ ਤੇ ਨੀਪਰ ਦਰਿਆ ਵਿਚ ਜਾ ਮਿਲਦੀ ਹੈ। ਇਸ ਨਦੀ ਵਿਚ ਜਹਾਜ਼ਰਾਨੀ ਕੀਤੀ ਜਾਂਦੀ ਹੈ। ਡੈਸਨਾ ਅਤੇ ਨੀਪਰ ਦਰਿਆਵਾਂ ਦੇ ਵਿਚਕਾਰਲੇ ਉੱਤਰ-ਪੱਛਮੀ ਭਾਗ ਵਿਚਲੀਆਂ ਦਲਦਲਾਂ ਨੂੰ ਸਾਫ਼ ਕਰਕੇ ਧਰਤੀ ਵਾਹੀਯੋਗ ਬਣਾਈ ਜਾ ਰਹੀ ਹੈ। ਡੈਸਨਾ ਨਦੀ ਦੇ ਖੱਬੇ ਕੰਢੇ ਵਾਲੇ ਖੇਤਰ ਵਿਚ ਕੀਮਤੀ ਲੱਕੜ ਦੇ ਜੰਗਲਾਂ ਦੇ ਭੰਡਾਰ ਹਨ। ਇਸ ਖੇਤਰ ਵਿਚ ਸ਼ਹਿਦ ਦੀਆਂ ਮੱਖੀਆਂ ਵੀ ਪਾਲੀਆਂ ਜਾਂਦੀਆਂ ਹਨ।

50°33′ ਉ.ਵਿਥ.; 30°32′ ਪੂ.ਲੰਬ.

ਹ.ਪੁ.— ਐਨ. ਬ੍ਰਿ. ਮਾ. : 490; ਹਿੰ. ਵਿ. ਕੋ. 5 : 262

**ਡੈਸਪਲੇਨਜ਼** : ਸੰਯੁਕਤ ਰਾਜ ਅਮਰੀਕਾ ਦੇ ਇਲੀਨਾਇ ਰਾਜ ਦਾ ਸ਼ਿਕਾਗੋ ਦੇ 29 ਕਿ.ਮੀ. ਉੱਤਰ-ਪੱਛਮ ਵੱਲ ਵੱਸਿਆ ਕੁੱਕ ਕਾਉਂਟੀ ਦਾ ਇਕ ਸ਼ਹਿਰ ਹੈ। ਡੈਸਪਲੇਨਜ਼ ਦਰਿਆ ਦੇ ਕੰਢੇ ਉੱਤੇ ਆਬਾਦ ਹੋਣ ਕਰਕੇ ਇਹ ਇਸੇ ਦਰਿਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੀ ਸਥਾਪਨਾ 1830 ਈ. ਵਿਚ ਕੀਤੀ ਗਈ ਸੀ ਤੇ ਸੋਕਰੇਟਸ ਰੈਂਡ ਜਿਹੜਾ ਇਥੇ 1835 ਈ. ਵਿਚ ਆਇਆ ਸੀ, ਦੇ ਨਾਂ ਤੇ ਇਸ ਦਾ ਨਾ 'ਰੈਂਡ' ਰੱਖਿਆ ਗਿਆ ਸੀ ਜਿਹੜਾ ਇਸ ਸ਼ਹਿਰ ਦੇ ਨਿਗਮਿਤ ਹੋਣ ਉਪਰੰਤ ਇਸ ਦਾ ਨਾਂ ਬਦਲ ਕੇ ਡੈਸਪਲੇਨਜ਼ ਰੱਖ ਲਿਆ ਗਿਆ। ਸੰਨ 1925 ਵਿਚ ਇਸ ਸ਼ਹਿਰ ਵਿਚ ਰਿਵਰਵਿਊ ਪਿੰਡ ਸ਼ਾਮਲ ਕਰ ਲਿਆ ਗਿਆ। 1950 ਵੇਂ ਵਿਚ ਇਸ ਦੇ ਨੇੜੇ ਓ' ਹੇਅਰ ਹਵਾਈ ਅੱਡੇ ਬਣਨ ਤੀਕ ਇਹ ਸ਼ਿਕਾਗੋ ਦਾ ਰਿਹਾਇਸ਼ੀ ਜਿਹਾ ਸ਼ਹਿਰ ਹੀ ਸੀ ਜਿਹੜਾ ਪਿੱਛੋਂ ਸੱਨਅਤੀ ਸ਼ਹਿਰ ਵੀ ਬਣਿਆ। ਅੱਜਕੱਲ੍ਹ ਇਥੇ ਬਿਜਲੀ ਦੀਆਂ ਚੀਜ਼ਾਂ, ਰਸਾਇਣ, ਰੇਡੀਓ ਦੇ ਪੁਰਜ਼ੇ ਆਦਿ ਬਣਾਉਣ ਦੀਆਂ ਸੱਨਅਤਾਂ ਉੱਨਤ ਹਨ।

ਆਬਾਦੀ – 53,223 (1990)

42°02′ ਉ. ਵਿਥ.; 87°54′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 491; ਐਨ. ਅਮੈ. 9 : 17

**ਡੈਸਪਿਆਓ, ਚਾਰਲਸ (Despiau, Charles)** : ਇਸ ਫ਼ਰਾਂਸੀਸੀ ਮੂਰਤੀਕਾਰ ਦਾ ਜਨਮ 4 ਨਵੰਬਰ, 1874 ਨੂੰ ਮਾਂਟ-ਡੀ-ਮਾਰਸਾਂ ਵਿਖੇ ਹੋਇਆ। ਇਸਨੇ ਪੈਰਿਸ ਵਿਚ ਸਿੱਖਿਆ ਪ੍ਰਾਪਤ ਕੀਤੀ। ਮੁੱਖ ਤੌਰ ਤੇ ਇਹ ਪਲਾਸਟਰ ਦੇ ਬੁੱਤ ਬਣਾਉਂਦਾ ਸੀ ਪਰ ਕਦੇ ਕਦੇ ਪੱਥਰ ਦੇ ਬੁੱਤ ਵੀ ਬਣਾਉਂਦਾ ਸੀ। ਵੱਡੇ ਪੈਮਾਨੇ ਤੇ ਇਸ ਨੇ ਸਿਰਫ਼ ਇਕ ਹੀ ਕਿਰਤ ਬਣਾਈ। ਇਹ ਇਕ 'ਜੰਗੀ ਯਾਦਗਾਰ' (1920-1928) ਸੀ ਜਿਹੜੀ ਇਸ ਨੇ ਆਪਣੇ ਜੱਦੀ ਸ਼ਹਿਰ ਲਈ ਬਣਾਈ ਸੀ।

ਵਧੇਰੇ ਕਰਕੇ ਇਸਦੀਆਂ ਬਣਾਈਆਂ ਮੂਰਤਾਂ ਵਿਚ ਭਾਵੁਕਤਾ ਭਰਪੂਰ ਚਰਿੱਤਰ ਦੀ ਝਲਕ ਦਿਖਾਈ ਦਿੰਦੀ ਸੀ ਪਰ ਇਹ ਆਦਮ-ਕੱਦ ਮੂਰਤਾਂ ਅਤੇ ਆਮ ਤੌਰ ਤੇ ਨੰਗੀਆਂ ਮੂਰਤਾਂ ਬਣਾਉਣ ਵਿਚ ਵੀ ਰੁਚੀ ਰੱਖਦਾ ਸੀ। ਇਸ ਦੀਆਂ ਕਾਂਸੀ ਦੀਆਂ ਮੂਰਤੀਆਂ ਵਿਚ 'Faunesse' (1924), 'Eve' (1925) ਅਤੇ 'Dominique' ਸ਼ਾਮਲ ਸਨ। ਸੰਨ 1938 ਵਿਚ ਬਣਾਈ 'Assia' ਮੂਰਤੀ ਪਕਾਈ ਹੋਈ ਮਿੱਟੀ ਨਾਲ ਬਣਾਈ ਹੋਈ ਹੈ।

30 ਅਕਤੂਬਰ, 1946 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਕੋਲ. ਐਨ. 6 : 223; ਐਨ. ਬ੍ਰਿ. ਮਾ. 3 : 491 ; ਐਨ. ਬ੍ਰਿ. 7 : 307

**ਡੈਸਮੋਸਟਾਈਲਾ (Desmostylia)** : ਇਹ ਵੱਡੇ ਵੱਡੇ ਗੈਂਡੇ ਵਰਗੇ ਲੁਪਤ ਹੋ ਚੁੱਕੇ ਥਣਧਾਰੀ ਪ੍ਰਾਣੀਆਂ ਦਾ ਇਕ ਗਰੁੱਪ ਹੈ। ਇਹ ਜਲ-ਥਲੀ, ਭਾਰੇ ਪੈਰਾਂ ਵਾਲੇ ਪ੍ਰਾਣੀ ਤਕਰੀਬਨ 4 ਮੀ. ਉੱਚੇ ਹੁੰਦੇ ਸਨ। ਇਹ ਆੱਲੀਗੋਸੀਨ ਅਤੇ ਮਾਇਓਸੀਨ ਸਮਿਆਂ ਵਿਚ ਘੱਟ ਡੂੰਘੀਆਂ ਖਾੜੀਆਂ ਅਤੇ ਤਟੀ ਦਲਦਲਾਂ ਵਿਚ ਰਹਿੰਦੇ ਸਨ। ਇਨ੍ਹਾਂ ਦਾ ਆਹਾਰ ਸ਼ੈੱਲ ਫਿਸ਼ ਹੁੰਦੀਆਂ ਸਨ।




ਡੈਸਮੋਸਟਾਈਲਾ

(ੳ) ਡੈਸਮੋਸਟਾਈਲਾ (ਅ) ਦੰਦ (ਮੁੰਦਣ ਦਿੱਖ)

(ੲ) ਦੰਦ (ਪਾਸੇ ਤੋਂ ਦਿੱਖ)

ਇਨ੍ਹਾਂ ਦੇ ਮੋਲਰ ਦੰਦ ਕਈ ਨੋਕਾਂ (Cusps) ਵਾਲੇ, ਇਨੈਮਲ ਵਾਲੇ ਅਤੇ ਸਲਿੰਡਰਾਕਾਰ ਹੁੰਦੇ ਸਨ। ਇਨ੍ਹਾਂ ਦੀਆਂ ਦੋ ਕੁਲਾਂ-ਡੈਸਮੋਸਟਾਇਲਿਡੀ (Desmostylidae) ਅਤੇ ਪੇਲੀਓਪੈਰਾਡਾੱਕਸਿਡੀ (Paleoparadoxidae) ਸਨ।

ਹ.ਪੁ.—ਮੈਕ. ਐਨ. ਸਾ. ਟ. 4 : 79

**ਡੈਸੀਕੇਸ਼ਨ (ਖੁਸ਼ਕ ਕਰਨਾ)** : ਵੇਖੋ, ਡੀਹਾਈਡ੍ਰੇਸ਼ਨ

**ਡੈਸੋਇਰ, ਲੂਡਵਿਗ (Dessoir, Ludwing)** : ਇਸ ਅਦਾਕਾਰ ਦਾ ਜਨਮ 15 ਦਸੰਬਰ, 1810 ਨੂੰ ਪੋਲੈਂਡ ਵਿਚ ਪੋਜ਼ਨਾਨ (Poznan) ਵਿਖੇ ਹੋਇਆ। ਇਹ ਸ਼ੈਕਸਪੀਅਰ ਦੇ ਨਾਟਕ ਖੇਡਣ ਕਾਰਨ ਬਹੁਤ ਪ੍ਰਸਿੱਧ ਹੋਇਆ। ਕਈ ਸਾਲ ਵੱਖ-ਵੱਖ ਸਟੇਜਾਂ ਤੇ ਕੰਮ ਕਰਨ ਮਗਰੋਂ 1839 ਵਿਚ ਇਹ ਕਾਰਲਸਰੂਹੀ ਦੇ ਸ਼ਾਹੀ ਥੀਏਟਰ ਵਿਚ ਸ਼ਾਮਲ ਹੋਇਆ ਜਿਥੇ ਇਹ 10 ਸਾਲ ਤੱਕ ਰਿਹਾ। ਸੰਨ 1849 ਤੋਂ 1872 ਦੌਰਾਨ ਇਹ ਬਰਲਿਨ ਦੇ ਸ਼ਾਹੀ ਥੀਏਟਰ ਨਾਲ ਸਬੰਧਤ ਰਿਹਾ ਅਤੇ ਇਕ ਮਹਿਮਾਨ ਕਲਾਕਾਰ ਵਜੋਂ ਆਪਣਾ ਪ੍ਰੋਗਰਾਮ ਦੇਣ ਲਈ ਸਾਰੀ ਜਰਮਨੀ ਘੁੰਮਿਆ। ਸੰਨ 1855 ਵਿਚ ਇਸ ਨੇ ਲੰਡਨ ਵਿਚ ਜਾ ਕੇ ਆਪਣੀ ਅਦਾਕਾਰੀ ਦੇ ਕਮਾਲ ਦਿਖਾਏ।

30 ਦਸੰਬਰ, 1874 ਨੂੰ ਬਰਲਿਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 492

**ਡੈੱਕਸਟ੍ਰੀਨ (Dextrin or Dextrine)** : ਇਹ ਉਨ੍ਹਾਂ ਪਦਾਰਥਾਂ ਦੀ ਇਕ ਸ਼੍ਰੇਣੀ ਹੈ ਜਿਹੜੇ ਕਿ ਨਸ਼ਾਸਤੇ ਦੇ ਅਧੂਰੇ ਜਲ-ਅਪਘਟਨ ਜਾਂ ਖ਼ੁਸ਼ਕ ਨਸ਼ਾਸਤੇ ਨੂੰ ਗਰਮ ਕਰਨ ਨਾਲ ਬਣਦੇ ਹਨ। ਡੈੱਕਸਟ੍ਰੀਨਾਂ ਦੀ ਮੁੱਖ ਵਰਤੋਂ ਕੱਪੜੇ ਅਤੇ ਕਾਗ਼ਜ਼ ਲਈ ਚਿਪਕਣ-ਸ਼ੀਲ ਪਦਾਰਥਾਂ ਅਤੇ ਸਾਈਜ਼ਿੰਗ ਏਜੈਂਟਾਂ ਦੇ ਤੌਰ ਤੇ ਕੀਤੀ ਜਾਂਦੀ ਹੈ (ਵਿਸਥਾਰ ਲਈ ਵੇਖੋ ਨਸ਼ਾਸਤਾ)

ਹ.ਪੁ.–ਐਨ. ਬ੍ਰਿ. 7 : 348

**ਡੈਕਸਿਪਸ, ਪਬਲੀਅਸ ਹਰੀਨੀਅਸ** : ਰੋਮ ਦੇ ਇਸ ਪ੍ਰਸਿੱਧ ਸਿਆਸਤਦਾਨ ਅਤੇ ਇਤਿਹਾਸਕਾਰ ਦਾ ਜਨਮ 210 ਈ. ਵਿਚ ਹੋਇਆ। ਤੀਜੀ ਸਦੀ ਦੇ ਇਤਿਹਾਸਕਾਰਾਂ ਵਿਚੋਂ ਇਸ ਨੂੰ ਕਾਫ਼ੀ ਮਾਣ ਪ੍ਰਾਪਤ ਹੈ। ਇਸ ਨੇ ਇਤਿਹਾਸ ਦੀਆਂ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਸਿਕੰਦਰ ਮਹਾਨ ਦੇ ਵਾਰਸਾਂ ਦਾ ਇਤਿਹਾਸ, ਰੋਮ ਦਾ ਗਾੱਥਾਂ ਵਿਰੁੱਧ ਸੰਘਰਸ਼ ਦਾ ਇਤਿਹਾਸ ਆਦਿ ਇਸ ਦੀਆਂ ਪ੍ਰਸਿੱਧ ਪੁਸਤਕਾਂ ਸਨ। ਅੱਜ ਇਨ੍ਹਾਂ ਕਿਤਾਬਾਂ ਵਿਚੋਂ ਬੇਸ਼ਕ ਕੋਈ ਵੀ ਕਿਤਾਬ ਮੌਜੂਦ ਨਹੀਂ ਹੈ ਪਰ ਅਗਲੇ ਕਈ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਇਨ੍ਹਾਂ ਕਿਤਾਬਾਂ ਦੇ ਅਨੇਕਾਂ ਹਵਾਲੇ ਮਿਲ ਜਾਂਦੇ ਹਨ। ਅਦਨ ਵਿਚ ਮਿਲਣ ਵਾਲੇ ਸ਼ਿਲਾਲੇਖਾਂ ਵਿਚ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਡੈਕਸਿਪਸ ਅਤੇ ਉਸ ਦਾ ਪਿਤਾ ਅਤੇ ਵਾਰਸ ਰਾਜਨੀਤਕ ਤੌਰ ਤੇ ਕਾਫ਼ੀ ਉੱਚੇ ਅਹੁਦਿਆਂ ਤੇ ਰਹੇ ਸਨ।

ਇਸ ਦੀ ਮੌਤ ਬਾਰੇ ਇਤਿਹਾਸ ਅਨੁਸਾਰ ਨਿਸ਼ਚਿਤ ਤੌਰ ਤੇ ਕੁਝ ਪਤਾ ਨਹੀਂ ਲਗਦਾ ਪਰ ਇੰਨਾ ਅਨੁਮਾਨ ਜ਼ਰੂਰ ਲਗਦਾ ਹੈ ਕਿ ਇਸ ਦੀ ਮੌਤ 270 ਈ. ਤੋਂ ਬਾਅਦ ਹੀ ਹੋਈ ਸੀ।

ਹ.ਪੁ.–ਐਨ. ਬ੍ਰਿ. ਮਾ. 4 : 54

**ਡੈਕਰ, ਐਡੂਅਰਡ ਡੂਸ** : ਇਸ ਮਹਾਨ ਵਲੰਦੇਜ਼ੀ ਲੇਖਕ ਦਾ ਜਨਮ 2 ਮਾਰਚ, 1820 ਨੂੰ ਐਮਸਟਰਡਮ ਵਿਖੇ ਹੋਇਆ। ਸਰਕਾਰੀ ਨੀਤੀਆਂ ਦਾ ਆਲੋਚਕ ਹੋਣ ਕਾਰਨ ਕਈ ਸਾਲਾਂ ਬਾਅਦ ਇਸ ਨੇ ਡੱਚ ਸਰਕਾਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਸੰਨ 1860 ਵਿਚ ਪ੍ਰਕਾਸ਼ਿਤ ਆਪਣੇ ਸਵੈ-ਜੀਵਨੀਨੁਮਾ ਨਾਵਲ 'Max Havelaar' ਵਿਚ ਇਸ ਨੇ ਵਲੰਦੇਜ਼ੀ ਸਰਕਾਰ ਤੇ ਲੋਕਾਂ ਵੱਲੋਂ ਇੰਡੋਨੀਸ਼ੀਆ ਦਾ ਸ਼ੋਸ਼ਣ ਕੀਤੇ ਜਾਣ ਬਾਰੇ ਲਿਖਿਆ। ਇਸ ਨਾਵਲ ਦਾ ਕਈ ਭਾਸ਼ਾਵਾਂ ਵਿਚ ਉਲਥਾ ਹੋਇਆ। ਬਾਅਦ ਵਿਚ ਇਸ ਨੇ ਵਿਅੰਗਾਤਮਕ ਢੰਗ ਨਾਲ ਸਮਾਜਕ, ਰਾਜਨੀਤਿਕ ਅਤੇ ਦਾਰਸ਼ਨਿਕ ਵਿਸ਼ਿਆਂ ਉਤੇ ਪੁਸਤਕਾਂ ਲਿਖੀਆਂ। ਸੰਨ 1865-77 ਦੌਰਾਨ ਸੱਤ ਜਿਲਦਾਂ ਵਿਚ ਪ੍ਰਕਾਸ਼ਿਤ 'Ideen' ਇਸਦੀ ਪ੍ਰਮੁੱਖ ਕਿਰਤ ਹੈ ਜਿਸ ਵਿਚ ਇਸ ਦਾ ਨਾਵਲ 'Woutertje Pieterse' ਅਤੇ 'Vorstenschool' ਸ਼ਾਮਲ ਹਨ। ਸੰਨ 1892 ਵਿਚ ਇਸ ਦੀ ਵਿਧਵਾ ਨੇ ਇਸਦੀਆਂ ਕਿਰਤਾਂ 'ਲੈਟਰਜ਼ ਐਂਡ ਵਰਕਸ' ਨੂੰ ਦਸ ਜਿਲਦਾਂ ਵਿਚ ਛਪਵਾਇਆ।

19 ਫ਼ਰਵਰੀ, 1887 ਨੂੰ ਜਰਮਨੀ ਵਿਚ ਇੰਗਲਹਾਈਮ ਮਿੱਤੇ (Ingelheim-Mitte) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.– ਐਵ. ਐਨ. 4 : 318 ; ਐਨ. ਅਮੈ. 8 : 603; ਐਨ. ਬ੍ਰਿ. ਮਾ. 7 : 95

**ਡੈਕਰ ਟਾੱਮਸ** : ਇਸ ਅੰਗਰੇਜ਼ ਨਾਟਕਕਾਰ ਅਤੇ ਵਾਰਤਕਕਾਰ ਦਾ ਜਨਮ 1572 ਈ. ਦੇ ਲਗਭਗ ਲੰਡਨ ਵਿਖੇ ਹੋਇਆ। ਇਸ ਦੇ ਨਿੱਜੀ ਜੀਵਨ ਬਾਰੇ ਇਸ ਤੋਂ ਇਲਾਵਾ ਕੁਝ ਪਤਾ ਨਹੀਂ ਹੈ ਕਿ ਇਸ ਨੇ ਆਪਣਾ ਜੀਵਨ ਤੰਗੀ ਵਿਚ ਗੁਜ਼ਾਰਿਆ ਅਤੇ ਕਈ ਵਾਰ ਕਰਜ਼ਾ ਅਦਾ ਨਾ ਕਰਨ ਕਾਰਨ ਕੈਦ ਵੀ ਕੱਟੀ। ਉੱਘੇ ਨਾਟਕਕਾਰ ਬੈੱਨ ਜਾਨਸਨ ਨੇ 'ਦੀ ਪੋਇਟਾਸਟਰ' ਵਿਚ ਇਸ ਦਾ ਖ਼ੂਬ ਮਖੌਲ ਉਡਾਇਆ। ਉਧਰ ਡੈਕਰ ਨੇ ਵੀ ਆਪਣੀ ਪੁਸਤਕ 'Satiromastix' (1602) ਵਿਚ ਇਸ ਦਾ ਬਦਲਾ ਲਿਆ। ਵੱਖਰੀ ਵੱਖਰੀ ਸ਼ੈਲੀ ਦੇ ਕਈ ਨਾਟਕਕਾਰਾਂ ਜਿਵੇਂ ਫ਼ੋਰਡ, ਮਿਡਲਟਨ, ਵੈਬਸਟਰ ਆਦਿ ਨਾਲ ਮਿਲ ਕੇ ਇਸ ਨੇ ਕਈ ਨਾਟਕ ਲਿਖੇ।

ਆਪਣੀਆਂ ਕਿਰਤਾਂ ਵਿਚ ਇਸ ਨੇ ਯਥਾਰਥਕ ਅਤੇ ਵਿਅੰਗਾਤਮਕ ਢੰਗ ਨਾਲ ਬੇਇਨਸਾਫ਼ੀ, ਬਦਕਿਸਮਤੀ ਅਤੇ ਬਦਨੀਤੀ ਦਾ ਅਤੇ ਲੰਡਨ ਦੇ ਮੱਧ-ਵਰਗੀ ਲੋਕਾਂ ਦਾ ਚਿਤਰਣ ਕੀਤਾ। 'ਦੀ ਸ਼ੂ ਮੇਕਰਜ਼ ਹਾਲੀਡੇ' (1600); 'ਓਲਡ ਫਾਰਚੂਨੇਟਸ' (1600); 'ਸੈਵਨ ਡੈੱਡਲੀ ਸਿਨਜ਼ ਆਫ਼ ਲੰਡਨ' (1606); 'ਦੀ ਵੰਡਰਫ਼ੁਲ ਯੀਅਰ' (1603); 'ਦੀ ਆੱਨੈਸਟ ਵ੍ਹੋਰ' (1604); 'ਨਿਊਜ਼ ਫ਼ਰਾਮ ਹੈੱਲ' (1606) ਅਤੇ 'ਇਫ਼ ਇਟ ਬੀ ਨਾੱਟ ਗੁੱਡ ਦੀ ਡੈਵਲ ਇਜ਼ ਇਨ ਇਟ' (1612) ਆਦਿ ਇਸ ਦੀਆਂ ਗਦ-ਰਚਨਾਵਾਂ ਅਤੇ ਨਾਟਕ ਹਨ। ਸੰਨ 1873 ਵਿਚ ਸ਼ੈਪਰਡ (Shepherd) ਨੇ ਇਸ ਦੇ ਨਾਟਕਾਂ ਨੂੰ ਚਾਰ ਜਿਲਦਾਂ ਵਿਚ ਅਤੇ ਗ੍ਰੋਸਾਰਤ ਆਦਿ ਨੇ ਇਸ ਦੀ ਵਾਰਤਕ ਨੂੰ 1884-1886 ਦੌਰਾਨ ਪੰਜ ਜਿਲਦਾਂ ਵਿਚ ਸੰਪਾਦਿਤ ਕੀਤਾ।

ਸੰਨ 1632 ਦੇ ਲਗਭਗ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. ਮਾ. 3 : 439; ਐਨ. ਅਮੈ. 8 : 603; ਐਵ. ਐਨ. 4 : 318 ; ਵ. ਯੂ. ਐਨ. 5 : 1480

**ਡੈਕਲੀਨੇਸ਼ਨ** : ਵੇਖੋ, ਚੁੰਬਕਤਾ ਭੂਮਿਆਈ।

**ਡੈਕਾਪੋਡਾ (ਕ੍ਰਸਟੇਸ਼ੀਆ)** : ਇਹ ਕ੍ਰਸਟੇਸ਼ੀਆ ਸ਼੍ਰੇਣੀ ਦਾ ਬਹੁਤ ਵਿਸ਼ਿਸ਼ਟ ਵਰਗ ਹੈ। ਇਸ ਵਿਚ ਸ਼ਰਿੰਪ, ਲੋਬਸਟਰ, ਹਰਮਿਟ ਕੇਕੜੇ ਅਤੇ ਅਸਲੀ ਕੇਕੜੇ ਸ਼ਾਮਲ ਕੀਤੇ ਗਏ ਹਨ। ਇਸ ਵਰਗ ਦੇ ਪ੍ਰਾਣੀਆਂ ਵਿਚ ਬਹੁਤ ਜ਼ਿਆਦਾ ਵਖਰੇਵੇਂ ਮਿਲਦੇ ਹਨ ਪਰ ਕੁਝ ਲੱਛਣ ਲਗਭਗ ਇਨ੍ਹਾਂ ਸਾਰੀਆਂ ਦੇ ਸਾਂਝੇ ਹਨ। ਸਿਰ ਉੱਤੇ ਇਕ ਸ਼ੀਲਡ ਜਾਂ ਕੈਰਾਪੇਸ ਹੁੰਦੀ ਹੈ ਜਿਹੜੀ ਛਾਤੀ ਦੇ ਸਾਰੇ ਸੋਮਾਈਟਾਂ ਨਾਲ ਜੁੜੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਅਤੇ ਪਾਸਿਆਂ ਤੇ ਗਲਫੜਿਆਂ ਨੂੰ ਢੱਕਦੀ ਹੈ। ਛਾਤੀ ਦੇ ਅੱਠ ਜੋੜੇ ਉਪ-ਅੰਗਾਂ ਵਿਚੋਂ ਪਹਿਲੇ ਤਿੰਨ ਜੋੜੇ ਮੈਕਸਿਲੀਪੀਡ ਵਿਚ ਪ੍ਰਵਰਤਿਤ ਹੋਏ ਹੁੰਦੇ ਹਨ ਅਤੇ ਮੂੰਹ-ਅੰਗਾਂ ਦਾ ਕੰਮ ਕਰਦੇ ਹਨ। ਗਲਫੜੇ ਚੰਗੇ ਵਿਕਸਿਤ ਅਤੇ ਕਈ ਕਤਾਰਾਂ ਵਿਚ ਲੱਗੇ ਹੁੰਦੇ ਹਨ।

ਬਹੁਤੇ ਪ੍ਰਾਣੀ ਸਮੁੰਦਰੀ ਹਨ ਪਰ ਕਈ (ਜਿਵੇਂ ਕ੍ਰੇ ਫ਼ਿਸ਼ਾਂ) ਅਲੂਣੇ ਪਾਣੀ ਦੀਆਂ ਝੀਲਾਂ ਤੇ ਛੱਪੜਾਂ ਆਦਿ ਵਿਚ ਵੀ ਮਿਲਦੇ ਹਨ। ਕਈ ਕੇਕੜੇ ਅਤੇ ਹਰਮਿਟ ਕੇਕੜੇ ਸੱਥਲੀ ਜੀਵਨ ਵੀ ਜਿਉਂਦੇ ਹਨ, ਇਹ ਸਿਰਫ਼ ਅੰਡੇ ਦੇਣ ਲਈ ਸਮੁੰਦਰ ਵਿਚ ਜਾਂਦੇ ਹਨ। ਕਈ ਜ਼ਮੀਨ ਵਿਚ ਖੁੱਡਾਂ ਵਿਚ ਰਹਿੰਦੇ ਹਨ ਅਤੇ ਇਕ ਕਿਸਮ ਦਾ ਕੇਕੜਾ ਸਾਰੀ ਉਮਰ ਉੱਚੇ ਦਰਖ਼ਤਾਂ ਤੇ ਕੱਟਦਾ ਹੈ।

ਇਨ੍ਹਾਂ ਦੇ ਆਕਾਰ ਵਿਚ ਵੀ ਕਈ ਵਖਰੇਵੇਂ ਮਿਲਦੇ ਹਨ; ਇਕ ਸੈਂ. ਮੀ. ਤੋਂ 3.60 ਮੀ. (ਜਾਪਾਨੀ ਕੇਕੜਾ) ਤੱਕ ਦੀ ਲੰਬਾਈ ਦੇ ਪ੍ਰਾਣੀ ਮਿਲਦੇ ਹਨ। ਇਹ ਪ੍ਰਾਣੀ ਦੋ ਗਰੁੱਪਾਂ ਵਿਚ ਵੰਡੇ ਜਾ ਸਕਦੇ ਹਨ। ਇਕ ਲੰਬੀ ਪੂਛ ਵਾਲੇ ਅਤੇ ਦੂਜੇ ਛੋਟੀ ਪੂਛ ਵਾਲੇ।




**ਇਕ ਝੀਂਗੇ ਦਾ ਲੇਟਰਲ ਦ੍ਰਿਸ਼ ਜਿਸ ਵਿਚ ਬਾਹਰਲੀ ਮਾੱਰਫ਼ਾੱਲੋਜੀ ਦਿਸਦੀ ਹੈ।**
**ਡੈਕਾਪੋਡਾ (ਚਿੱਤਰ ਨੰ. 1)**

ਲੰਬੀ ਪੂਛ ਵਾਲੀਆਂ ਕਿਸਮਾਂ (ਲੋਬਸਟਰ, ਸ਼ਰਿੰਪ) ਦੀ ਪਾਸਿਆਂ ਤੋਂ ਖਿਚਦੀ ਜਾਂ ਸਿਲਿੰਡਰਾਕਾਰ ਕੈਰਾਪੇਸ ਹੁੰਦੀ ਹੈ ਜਿਸ ਅੱਗੇ ਚੁੰਝਨੁਮਾ ਵਾਧਰਾ (rostrum) ਹੁੰਦਾ ਹੈ। ਪੇਟ ਦਾ ਹਿੱਸਾ ਵੱਡਾ ਹੁੰਦਾ ਹੈ ਤੇ ਪਿਛੋਂ ਪੂਛਨੁਮਾ ਹੁੰਦਾ ਹੈ। ਛੋਟੀ ਪੂਛ ਵਾਲੀਆਂ ਕਿਸਮਾਂ (ਕੇਕੜੇ) ਵਿਚ ਕੈਰਾਪੇਸ ਉੱਪਰੋਂ ਚੌੜੀ ਤੇ ਚਪਟੀ ਹੁੰਦੀ ਹੈ ਤੇ ਅਗੇ ਵਾਧਰਾ ਨਹੀਂ ਹੁੰਦਾ। ਇਨ੍ਹਾਂ ਦਾ ਪੇਟ ਛੋਟਾ ਤੇ ਪਤਲਾ ਅਤੇ ਛਾਤੀ ਦੇ ਹੇਠਾਂ ਹੁੰਦਾ ਹੈ ਤੇ ਮਾਦਾ ਵਿਚ ਅੰਡਿਆਂ ਲਈ ਅੰਡ ਪਾਊਚ (brood pouch) ਦਾ ਕੰਮ ਕਰਦਾ ਹੈ।

ਉਪ-ਅੰਗ—ਤਕਰੀਬਨ ਸਾਰੇ ਡੈਕਾਪੋਡਾਂ ਵਿਚ 20 ਜੋੜੇ ਉਪ-ਅੰਗ ਦੇ ਹੁੰਦੇ ਹਨ। (ਬ੍ਰੈਕਟਾਂ ਵਿਚ ਉਨ੍ਹਾਂ ਦਾ ਨੰਬਰ ਦਿੱਤਾ ਗਿਆ ਹੈ)। ਅੱਖ ਡੰਡੀਆਂ, (1) ਟੋਹਣੀਆਂ ਦਾ ਪਹਿਲਾ ਜੋੜਾ, (2) ਲਘੂ-ਟੋਹਣੀਆਂ, ਦੂਜਾ ਜੋੜਾ ਟੋਹਣੀਆਂ, (3) ਮੈਂਡੀਬਲ, (4) ਪਹਿਲਾ ਮੈਕਸਿਲਾ (ਮੈਕਸਿਲੂਲਾ), (5) ਦੂਜਾ ਮੈਕਸਿਲਾ (ਮੈਕਸਿਲਾ-6) ਪਹਿਲਾ ਮੈਕਸਿਲੀਪੀਡ, (7) ਦੂਜਾ ਮੈਕਸਿਲੀਪੀਡ, (8) ਤੀਜਾ ਮੈਕਸਿਲੀਪੀਡ (9) 7, 8, 9 ਛਾਤੀ ਦੇ ਉਪ ਅੰਗ ਹਨ)




**ਝੀਂਗੇ (Paleomon) ਦਾ (ੳ) ਮੈਂਡੀਬਲ ਜਿਸ ਵਿਚ ਮਸ਼ਲਾ ਅਤੇ ਮੋਲਰ ਵਾਧਰਾ ਅਤੇ ਪੈਲਪ ਦਿਸਦੇ ਹਨ ; (ਅ) ਪਹਿਲਾ ਮੈਕਸਿਲਾ (ਮੈਕਸਿਲੂਲਾ); (ਇ) ਦੂਜਾ ਮੈਕਸਿਲਾ (ਮੈਕਸਿਲਾ); (ਸ) ਪਹਿਲੀ ਮੈਕਸਿਲੀਪੀਡ; (ਹ) ਦੂਜਾ ਮੈਕਸਿਲੀਪੀਡ; (ਕ) ਤੀਜਾ ਮੈਕਸਿਲੀਪੀਡ। (ਚਿੱਤਰ ਨੰ. 2)**

ਬਾਕੀ ਪੰਜ ਜੋੜੇ ਛਾਤੀ ਉਪ-ਅੰਗ ਪੈਰੀਓਪਾਡ (10-15) ਅਤੇ ਛੇ ਜੋੜੇ ਪੇਟ ਦੇ ਉਪ-ਅੰਗ, ਜਿਨ੍ਹਾਂ ਵਿਚੋਂ ਪਹਿਲੇ ਪੰਜ ਪਾੱਲੀਓਪਾੱਡ (15-19) (ਲੰਬੀ ਪੂਛ ਵਾਲੀਆਂ ਕਿਸਮਾਂ ਵਿਚ) ਆਮ ਤੌਰ ਤੇ ਤਰਨ ਦੇ ਕੰਮ ਆਉਂਦੇ ਹਨ। ਇਨ੍ਹਾਂ ਵਿਚ 1-2 ਨਰ ਵਿਚ ਨਰ ਉਪ-ਅੰਗ




(ਇ)




(ਸ)




(ੳ)




(ਅ)

(ੳ) ਸਪੇਨੀ ਲੋਬਸਟਰ (Scyllarides aequinoctialis)

(ਅ) ਮਡ ਸ਼ਰਿੰਪ (Callianidea laevicauda)

(ਇ) ਐਰਿਆੱਨਿਡ (Polycheles crucifer)

(ਸ) ਕੰਡੇਦਾਰ ਲੋਬਸਟਰ (Panulirus interruptus)




(ਹ) ਕ੍ਰੇ- ਫ਼ਿਸ਼ (Orconectes limosus) (ਚਿੱਤਰ ਨੰ. 3)




ਚਿੱਤਰ ਨੰ.4 (ੳ) ਗ੍ਰੈਪਸਾਇਡ ਕੇਕੜੇ ਦੀ ਬਾਹਰਲੀ ਮਾੱਰਫਾੱਲੋਜੀ ਦਾ ਪਿਛਲਾ ਦ੍ਰਿਸ਼



ਚਿੱਤਰ ਨੰ. 4. (ਅ) ਗ੍ਰੈਪਸਾੱਇਡ ਕੇਕੜੇ ਦੀ ਬਾਹਰਲੀ ਮਾੱਰਫਾੱਲੋਜੀ ਦਾ ਹੇਠਲਾ ਦ੍ਰਿਸ਼

(gonopod) ਬਣੇ ਹੁੰਦੇ ਹਨ ਤੇ ਮਾਦਾ ਵਿਚ ਅਵਿਕਸਤ ਹੁੰਦੇ ਹਨ ਜਾਂ ਹੁੰਦੇ ਹੀ ਨਹੀਂ। ਛੋਟੀ ਪੂੰਛ ਵਾਲੀਆਂ ਕਿਸਮਾਂ ਵਿਚ ਪਾੱਲੀਓਪਾੱਡ ਅਵਿਕਸਤ ਹੁੰਦੇ ਹਨ (ਸਿਰਫ਼ ਉਨ੍ਹਾਂ ਨੂੰ ਛੱਡਕੇ ਜਿਹੜੇ ਨਰ ਵਿਚ ਨਰ ਉਪ-ਅੰਗ ਅਤੇ ਮਾਦਾ ਵਿਚ ਅੰਡਿਆਂ ਦੇ ਜੁੜਨ ਲਈ ਪ੍ਰਵਰਤਿਤ ਹੁੰਦੇ ਹਨ) ਆਖਰੀ ਉਪ ਅੰਗ ਯੂਰੋਪਾੱਡ (2) ਪੂੰਛ ਬਣਾਉਂਦਾ ਹੈ ਜਿਸ ਦੇ ਸਿਰੇ ਤੇ, ਮੱਧ ਵਿਚ ਟੈਲਸਨ ਹੁੰਦਾ ਹੈ। ਕੇਕੜਿਆਂ ਵਿਚ ਯੂਰੋਪਾੱਡ ਨਹੀਂ ਹੁੰਦਾ।

**ਪਾਚਨ-ਪ੍ਰਣਾਲੀ**—ਆਹਾਰ ਨਾਲੀ ਇਕ ਸਿੱਧੀ ਨਲੀ ਹੁੰਦੀ ਹੈ ਜਿਹੜੀ ਅਗਲੀ (stomodeum), ਮੱਧ (mesenteron) ਅਤੇ ਪਿਛਲੀ ਆਹਾਰ ਨਾਲੀ (proctodeum) ਵਿਚ ਵੰਡੀ ਹੁੰਦੀ ਹੈ। ਅਗਲੀ ਅਤੇ ਪਿਛਲੀ ਆਹਾਰ ਨਾਲੀ ਦੇ ਅੰਦਰੋਂ ਸਤ੍ਹਾ ਕਦੀ-ਕਦਾਈਂ ਕਾਇਟਿਨੀ ਹੁੰਦੀ ਹੈ। ਬਹੁਤਿਆਂ ਵਿਚ ਅਗਲੀ ਆਹਾਰ ਨਾਲੀ ਫੈਲਕੇ ਮਿਹਦੇ ਵਿਚ ਪ੍ਰਵਰਤਿਤ ਹੋਈ ਹੁੰਦੀ ਹੈ। ਇਸ ਦਾ ਅਗਲਾ ਹਿੱਸਾ ਗੁੰਝਲਦਾਰ ਪੱਠਿਆਂ ਰਾਹੀਂ ਕੰਟਰੋਲ ਹੁੰਦਾ ਹੈ ਜਿਸ ਨੂੰ ਮਿਹਦਾ-ਚੱਕੀ (gastric mill) ਕਹਿੰਦੇ ਹਨ। ਪਾਈਲੋਰਿਕ ਹਿੱਸੇ ਉੱਤੇ ਰੋਮਦਾਰ ਉਭਾਰ ਹੁੰਦੇ ਹਨ। ਮੱਧ-ਆਹਾਰ ਨਾਲੀ ਵਿਚ ਕਈ ਅੰਧ ਨਲੀਆਂ ਅਤੇ ਨਿੱਕੀਆਂ ਨਲੀਆਂ ਮਿਲਕੇ ਜਿਗਰ ਬਣਾਉਂਦੀਆਂ ਹਨ ਜਿਹੜਾ ਇਕ ਜਾਂ ਦੋ ਵਹਿਣੀਆਂ ਰਾਹੀ ਮੱਧ-ਆਹਾਰ ਨਾਲੀ ਦੇ ਅਗਲੇ ਹਿੱਸੇ ਵਿਚ ਖੁਲ੍ਹਦਾ ਹੈ।

**ਸੁਆਸ-ਸਿਸਟਮ**—ਸਾਹ ਗਲਫੜਿਆਂ ਰਾਹੀਂ ਲਿਆ ਜਾਂਦਾ ਹੈ ਜਿਹੜੇ ਕਈ ਕਤਾਰਾਂ ਵਿਚ, ਛਾਤੀ ਦੇ ਸੋਮਾਈਟਾਂ ਜਾਂ ਛਾਤੀ ਉਪ-ਅੰਗਾਂ ਨਾਲ ਲਗੇ ਹੁੰਦੇ ਹਨ। ਗਲਫੜਿਆਂ ਦੇ ਤਿੰਨ ਹਿੱਸੇ ਹੁੰਦੇ ਹਨ—ਪਲੁਰੋਬ੍ਰੈਂਕ, ਜਿਹੜਾ ਛਾਤੀ ਦੇ ਸੋਮਾਈਟ ਦੇ ਪਾਸੇ ਤੇ ਲਗਾ ਹੁੰਦਾ ਹੈ; ਆਰਥ੍ਰੋਬ੍ਰੈਂਕ, ਜਿਹੜਾ ਸੋਮਾਈਟ ਅਤੇ ਉਪ-ਅੰਗ ਦੇ ਵਿਚਕਾਰ ਲਗਾ ਹੁੰਦਾ ਹੈ ਅਤੇ ਪੋਡੋਬ੍ਰੈਂਕ, ਜਿਹੜਾ ਉਪ-ਅੰਗ ਦੇ ਪਹਿਲੇ ਖੰਡ ਨਾਲ ਜੁੜਿਆ ਹੁੰਦਾ ਹੈ।



ਚਿੱਤਰ ਨੰ. 5. ਲੋਬਸਟਰ (Homarus) ਦੀ ਮੱਧ-ਕਾਟ ਜਿਸ ਵਿਚ ਐਨਾਟਮੀ ਦਿਸਦੀ ਹੈ।




(ੳ) ਸ਼ਰਿੰਪ (Spongicola) ਦਾ ਟ੍ਰਾਈਕੋਬ੍ਰੈਂਕੀਏਟ ਗਲਫੜਾ, (ਅ) ਸ਼ਰਿੰਪ (Thalassina) ਦਾ ਫ਼ਿਲੋਬ੍ਰੈਂਕੀਏਟ ਗਲਫੜਾ, (ੲ) ਝੀਂਗੇ (Benthesicymus) ਦਾ ਡੈਂਡ੍ਰੋਬ੍ਰੈਂਕੀਏਟ ਗਲਫੜਾ।

**ਡੈਕਾਪੋਡਾ (ਚਿੱਤਰ ਨੰ. 6 (ੳ)**

ਗਲਫੜੇ ਤਿੰਨ ਕਿਸਮਾਂ ਵਿਚੋਂ ਕਿਸੇ ਵੀ ਇਕ ਕਿਸਮ ਦੇ ਹੋ ਸਕਦੇ ਹਨ—ਟ੍ਰਾਈਕੋਬ੍ਰੈਂਕੀਏਟ, ਜਿਸ ਵਿਚ ਇਕ ਧੁਰੇ ਦੇ ਦੁਆਲੇ ਕਈ ਕਤਾਰਾਂ ਵਿਚ ਤੰਦਨੁਮਾ ਸ਼ਾਖ਼ਾਵਾਂ ਲਗੀਆਂ ਹੁੰਦੀਆਂ ਹਨ ; ਫ਼ਿਲੋਬ੍ਰੈਂਕੀਏਟ ਜਿਸ ਵਿਚ ਚਪਟੀਆਂ ਸ਼ਾਖ਼ਾਵਾਂ, ਆਮ ਤੌਰ ਤੇ ਦੋ ਆਮੋ ਸਾਹਮਣੇ ਦੀਆਂ ਕਤਾਰਾਂ ਵਿਚ ਲੱਗੀਆਂ ਹੁੰਦੀਆਂ ਹਨ ; ਡੈਂਡ੍ਰੋਬ੍ਰੈਂਕੀਏਟ, ਜਿਸ ਵਿਚ ਦੋ ਪ੍ਰਾਇਮਰੀ ਕਤਾਰਾਂ ਵਿਚ ਅਗੋਂ ਸ਼ਾਖ਼ਾਵਾਂ ਦਾ ਗੁੰਝਲਦਾਰ ਸਿਸਟਮ ਮਿਲਦਾ ਹੈ।

**ਲਹੂ-ਗੇੜ ਸਿਸਟਮ**—ਕੈਰਾਪੇਸ ਦੇ ਪਿਛਲੇ ਹਿੱਸੇ ਦੇ ਹੇਠਾਂ ਇਕ ਛੋਟਾ ਜਿਹਾ, ਬਹੁਕੋਣੀ ਦਿਲ ਹੁੰਦਾ ਹੈ ਜਿਸ ਵਿਚ ਤਿੰਨ ਜਾਂ ਜ਼ਿਆਦਾ ਜੋੜੇ ਸ਼ਿਰਾਵਾਂ ਦੇ ਔਸਟੀਆ (ostia) ਦੁਆਰ ਦੇ ਹੁੰਦੇ ਹਨ ਤੇ ਇਸ ਵ੍ਰਿਚੋਂ ਦੋ ਜੋੜੇ ਧਮਣੀਆਂ ਦੇ ਨਿਕਲਦੇ ਹਨ। ਇਸ ਤੋਂ ਇਲਾਵਾ ਅਗਲੀਆਂ ਅਤੇ ਪਿਛਲੀਆਂ ਮੱਧ-ਧਮਣੀਆਂ ਵੀ ਹੁੰਦੀਆਂ ਹਨ। ਲਹੂ ਸ਼ਿਰਾ (venous-sinus) ਵਿਚ ਇਕੱਠਾ ਹੁੰਦਾ ਹੈ, ਇਥੋਂ ਗਲਫੜਿਆਂ ਵਿਚ ਜਾਂਦੇ, ਮੁੜ ਦਿਲ ਦੇ ਦੁਆਲੇ ਦਿਲ-ਝਿੱਲੀ-ਕੋਟਰ ਵਿਚ ਆ ਜਾਂਦਾ ਹੈ।

**ਮਲ-ਤਿਆਗ ਸਿਸਟਮ**—ਮਲ-ਤਿਆਗ ਦਾ ਮੁੱਖ ਅੰਗ ਟੋਹਣੀ-ਗਲੈਂਡ ਹੈ। ਇਹ ਠੋਸ ਤੇ ਗੁੰਝਲਦਾਰ ਗਲੈਂਡ ਹੁੰਦੀ ਹੈ। ਇਸ ਤੇ ਤਿੰਨ ਹਿੱਸੇ ਹੁੰਦੇ ਹਨ—ਇਕ ਸੈਕੂਲ (saccule) ਜਿਹੜਾ ਅਗੋਂ ਵੰਡਿਆ ਹੋਇਆ ਹੁੰਦਾ ਹੈ ; ਦੂਜਾ ਲੈਬਿਰਿੰਥ (labyrinth) ਜਿਹੜਾ ਸਪੰਜੀ ਭਾਗ ਹੁੰਦਾ ਹੈ ਤੇ ਇਸ ਭਾਗ ਵਿਚ ਨਾਲੀਆਂ ਦਾ ਗੁੰਝਲਦਾਰ ਸਿਸਟਮ ਹੁੰਦਾ ਹੈ ਅਤੇ ਤੀਜਾ ਬਲੈਡਰ (bladder) ਜਿਸ ਵਿਚੋਂ ਇਕ ਵਹਿਣੀ ਬਾਹਰ ਜਾਂਦੀ ਹੈ। ਤੀਜਾ ਹਿੱਸਾ ਸਾਧਾਰਨ ਤੇ ਇਕ ਵਹਿਣੀ ਵਾਲਾ (ਕ੍ਰੇ ਫ਼ਿਸ਼ਾਂ) ਜਾਂ ਖੰਨਾ ਵਾਲਾ (lobate) ਹੁੰਦਾ ਹੈ। ਪਿਛਲੀ ਕਿਸਮ ਵਿਚ ਬਲੈਡਰ ਤੋਂ ਦੋ ਡਾਈਵਰਟੀਕੁਲਾ ਨਿਕਲ ਕੇ ਸਾਰੇ ਪੇਟ ਵਿਚੋਂ ਦੀ ਲੰਘਦੇ ਹਨ। ਬਾਹਰ ਇਹ ਇਕ ਸਾਧਾਰਨ ਦੁਆਰ ਰਾਹੀਂ ਖੁਲ੍ਹਦੀ ਹੈ ਜਾਂ ਇਹ ਦੁਆਰ ਢੱਕਣ ਰਾਹੀਂ ਢੱਕਿਆ ਹੁੰਦਾ ਹੈ (ਕੇਕੜੇ ਵਿਚ) ਤੇ ਖੁਲ੍ਹ ਤੇ ਬੰਦ ਹੋ ਸਕਦਾ ਹੈ।

**ਨਾੜੀ-ਸਿਸਟਮ**—ਇਸ ਵਿਚ ਕਈ ਵਖਰੇਵੇਂ ਮਿਲਦੇ ਹਨ। ਵੈਂਟਰਲ ਨਾੜੀ ਕੋਰਡ ਵਿਚ ਸਬਈਸੋਫ਼ੇਜ਼ੀਅਲ ਗੈਂਗਲੀਆੱਨ ਤੋਂ ਪਿਛੇ, ਪੰਜ ਛਾਤੀ ਦੇ ਅਤੇ 6 ਪੇਟ ਦੇ ਗੈਂਗਲੀਆ (ਭਾਵੇਂ ਆਮ ਤੌਰ ਤੇ ਇਸ ਤੋਂ ਘੱਟ ਹੀ) ਹੁੰਦੇ ਹਨ। ਬਹੁਤੇ ਕੇਕੜਿਆਂ ਵਿਚ ਸਾਰੇ ਵੈਂਟਰਲ ਗੈਂਗਲੀਆ ਮਿਲਕੇ ਛਾਤੀ ਵਿਚ ਇਕ ਗੋਲ ਪੁੰਜ (ma ਬਣਿਆ ਹੁੰਦਾ ਹੈ ਜਿਸ ਤੋਂ ਨਾੜੀਆਂ ਬਾਹਰ ਵਲ ਜਾਂਦੀਆਂ ਹਨ

**ਸੰਵੇਦੀ-ਅੰਗ**—ਸੰਵੇਦੀ ਅੰਗਾਂ ਵਿਚ ਅੱਖਾਂ , ਸੰਤੁ ਪੋਟਲੀਆਂ (staocyst), ਸੁੰਘਣ - ਤੰਦਾਂ (olfactory filame ਅਤੇ ਸਪੱਰਸ਼ ਸੀਟੀ (chaetae) ਜਾਂ ਕਰੜੇ ਵਾਲ ਆਉਂਦੇ ਹਨ। ਅ ਚੰਗੀਆਂ ਵਿਕਸਤ ਹੁੰਦੀਆਂ ਹਨ ਪਰ ਸਮੁੰਦਰਾਂ, ਸੁਰੰਗਾਂ ਜਾਂ ਵਿਚ ਰਹਿਣ ਵਾਲੀਆਂ ਕਿਸਮਾਂ ਵਿਚ ਇਹ ਅਵਿਕਸਿਤ ਹੁੰਦ ਹਨ ਜਾਂ ਹੁੰਦੀਆਂ ਹੀ ਨਹੀ। ਸੰਤੁਲਨ ਪੋਟਲੀਆਂ ਲਘੂ-ਟੋਹਣੀਅ ਪਹਿਲੇ ਖੰਡ ਉੱਤੇ, ਬੰਦ ਜਾਂ ਖੁਲ੍ਹੀਆਂ ਖੋੜਾਂ ਹੁੰਦੀਆਂ ਹਨ। ਸੁੰਘਣ ਤੰਦਾਂ ਲਘੂ - ਟੋਹਣੀਆਂ ਦੇ ਬਾਹਰਲੇ ਫ਼ਲੈਜੈਲਮ ਉੱਤੇ ਅ ਹੁੰਦੀਆਂ ਹਨ। ਸਪਰਸ਼ ਰੋਮ ਸਰੀਰ ਅਤੇ ਕਈ ਹਿੱਸਿਆਂ ਉੱਤੇ ਹਨ। ਕਈ ਡੂੰਘੇ ਸਮੁੰਦਰਾਂ ਦੀਆਂ ਕਿਸਮਾਂ ਵਿਚ ਰੋਸ਼ਨੀ ਪੈਦਾ ਕ ਵਾਲੇ ਅੰਗ ਵੀ ਹੁੰਦੇ ਹਨ।

**ਜਣਨ - ਸਿਸਟਮ ਤੇ ਪ੍ਰਵਰਧਨ**—ਬਹੁਤੇ ਡੈਕਾਪੋਡਾਂ ਲਿੰਗ ਵੱਖ ਵੱਖ ਹੁੰਦੇ ਹਨ ਪਰ ਕਈ ਸ਼ਰਿੰਪ ਨਰ - ਪ ਹਰਮੈਫ੍ਰੋਡਾਈਟ ਵੀ ਹੁੰਦੇ ਹਨ। ਪਤਾਲੂ ਛਾਤੀ ਅਤੇ ਪੇਟ ਦੇ ਵਿਚ ਜਾਂ ਪੂਰੀ ਤਰ੍ਹਾਂ ਪੇਟ ਵਿਚ ਹੁੰਦੇ ਹਨ ਅਤੇ ਬਿਲਕੁਲ ਵੱਖ ਵੱਖ ਜਾਂ ਵਿਚ ਆਪਸ ਵਿਚ ਸਬੰਧਤ ਜਾਂ ਜੁੜਕੇ ਇਕ ਹੀ ਹੋਏ ਹੁੰਦੇ ਸ਼ੁਕ੍ਰਾਣੂ ਵਹਿਣੀਆਂ ਛਾਤੀ- ਲੱਤਾਂ ਦੇ ਆਖਰੀ ਜੋੜੇ ਦੇ ਪਹਿਲੇ ਉੱਤੇ ਜਾਂ ਆਖਰੀ ਛਾਤੀ ਸਟੱਰਨਮ ਵਿਚ ਖੁਲ੍ਹਦੀਆਂ ਹਨ। ਅੰਡ ਵੀ ਪਤਾਲੂ ਵਰਗੇ ਤੇ ਉਸੇ ਥਾਂ ਤੇ ਸਥਿਤ ਹੁੰਦੇ ਹਨ ਅਤੇ ਪੈਰੀਓਪਾੱਡਾਂ ਦੇ ਪਹਿਲੇ ਖੰਡ ਜਾਂ ਸਟੱਰਨਮ ਉੱਤੇ ਖੁੱਲ੍ਹਦੇ ਹਨ।

ਸਿਰਫ ਸ਼ਰਿੰਪਾਂ ਦੇ ਇਕ ਗਰੁੱਪ ਵਿਚ ਹੀ ਸਾਰੀਆਂ ਲਾ ਹਾਲਤਾਂ ਮਿਲਦੀਆਂ ਹਨ। ਪੰਜ ਲਾਰਵਾ ਹਾਲਤਾਂ ਇਸ ਤਰ੍ਹਾਂ ਨੌਪਲੀਅਸ, ਮੈਟਾਨੌਪਲੀਅਸ, ਪ੍ਰੋਟੋਜ਼ੋਈਆ, ਜ਼ੋਈਆ ਅਤੇ ਮਿ (mysis) ਲਾਰਵਾ। ਬਹੁਤਿਆਂ ਵਿਚ ਅੰਡੇ ਤੋਂ ਬਾਅਦ ਸਿੱਧਾ ਜ਼ੋ ਲਾਰਵਾ ਬਣਦਾ ਹੈ। ਕਈਆਂ ਵਿਚ ਮਿਸਿਸ ਦੀ ਥਾਂ ਮੈਗਾ ਲਾਰਵਾ ਬਣਦਾ ਹੈ। ਕਈ ਕਿਸਮਾਂ ਵਿਚ ਲਾਰਵਾ ਹਾਲਤਾਂ ਹੋ ਘੱਟ ਗਈਆਂ ਹਨ।




ਚਿੱਤਰ ਨੰ. 6 (ਅ)




ਡੇਕਾਪੋਡਾ ਚਿੱਤਰ ਨੰ. 7

ਡੇਕਾਪੋਡਾ ਲਾਰਵੇ : (ੳ) ਝੀਂਗੇ ਦਾ ਨੌਪਲੀਅਸ ਲਾਰਵਾ ; (ਅ) ਝੀਂਗੇ ਦਾ ਜ਼ੋਈਆ ਲਾਰਵਾ ; (ੲ) ਝੀਂਗੇ ਦਾ ਮੈਟਾਨੌਪਲੀਅਸ ਲਾਰਵਾ (ਲੇਟਰਲ ਦ੍ਰਿਸ਼) ; (ਸ) ਝੀਂਗੇ ਦਾ ਮੈਟਾਨੌਪਲੀਅਸ ਲਾਰਵਾ (ਹ) ਕੇਕੜੇ ਦਾ ਜ਼ੋਈਆ ਲਾਰਵਾ; (ਕ) ਝੀਂਗੇ ਦਾ ਮਿਸਿਸ ਲਾਰਵਾ ; (ਖ) ਸ਼ਰਿੰਪ ਦਾ ਮਿਸਿਸ ਲਾਰਵਾ ; (ਗ) ਲੋਬਸਟਰ ਦਾ ਫ਼ਿਲੋਸੋਮਾ ਲਾਰਵਾ; (ਘ) ਕੇਕੜੇ ਦਾ ਮੈਗਾਲੋਪਾ ਲਾਰਵਾ।

ਵਰਗੀਕਰਨ — ਡੇਕਾਪੋਡਾ ਵਰਗ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਜਾ ਸਕਦਾ ਹੈ।

ਡੇਕਾਪੋਡਾ

ਉਪਵਰਗ

- ਨੈਟੈਂਸ਼ੀਆ (Natantia)
  - ਸੈਕਸ਼ਨ
    - ਪਿਨੀਅਡੀਆ (Penaeidea)
    - ਕੈਰਾਈਡਾ (Carida)
    - (Stenopodidea)
- ਰੈਪਟੈਂਸ਼ੀਆ (Reptantia)
  - ਸੈਕਸ਼ਨ
    - ਮੈਕਰੂਰਾ (Macrura)
    - ਐਨੋਮਿਊਰਾ (Anomura)
    - ਬ੍ਰੈਕਿਊਰਾ (Brachyura)

**ਡੈਕਾਪੋਡਾ (ਮੌਲਸਕਾ)** : ਇਹ ਡਾਈਬ੍ਰੈਂਕੀਏਟ ਸੈਫ਼ੈਲੋਪੋਡ ਮੌਲਸਕਾਂ ਦਾ ਇਕ ਵਰਗ ਹੈ ਜਿਸ ਵਿਚ ਸਕੁਇਡ ਅਤੇ ਕੱਟਲਫਿਸ਼ ਪ੍ਰਾਣੀ ਸ਼ਾਮਲ ਕੀਤੇ ਜਾਂਦੇ ਹਨ। ਅੱਠ ਬਾਹਾਂ ਅਤੇ ਅੰਦਰ ਖਿੱਚੇ ਜਾ ਸਕਣ ਵਾਲੇ ਦੋ ਲੰਮੇ ਸਪਰਸ਼ਕ ਇਨ੍ਹਾਂ ਪ੍ਰਾਣੀਆਂ ਦੀ ਖਾਸੀਅਤ ਹਨ। ਸਕੁਇਡ ਪਤਲੇ ਜਿਹੇ, ਤੈਰਨ ਵਾਲੇ ਪ੍ਰਾਣੀ ਹਨ। ਇਨ੍ਹਾਂ ਦੇ ਦੋ ਗਰੁੱਪ ਮਿਲਦੇ ਹਨ : ਮਾਈਓਪਸਿਡਾ (Myopsida), ਜਿਨ੍ਹਾਂ ਦੀਆਂ ਅੱਖਾਂ ਸਿਰ ਦੀ ਚਮੜੀ ਰਾਹੀਂ ਢੱਕੀਆਂ ਹੁੰਦੀਆਂ ਹਨ ਅਤੇ ਈਗੋਪਸਿਡਾ (Ocgopsida), ਜਿਨ੍ਹਾਂ ਦੀਆਂ ਅੱਖਾਂ ਢੱਕੀਆਂ ਨਹੀਂ ਹੁੰਦੀਆਂ ਅਤੇ ਚੂਸਕ ਹੁੱਕਾਂ ਵਿਚ ਪ੍ਰਵਰਤਿਤ ਹੋਏ ਹੁੰਦੇ ਹਨ। ਕੱਟਲਫਿਸ਼ਾਂ (Sepia) ਦੇ ਸ਼ੈੱਲ ਦੰਦਾਂ ਦਾ ਮੰਜਨ ਅਤੇ ਸ਼ਿੰਗਾਰ - ਸਮੱਗਰੀ ਬਣਾਉਣ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦੀ ਸਿਆਹੀ ਆਰਟਿਸਟ ਵਰਤਦੇ ਹਨ।

ਹ. ਪੁ.—ਮੈਕ. ਐਨ. ਸ. ਟ. (1977) 4 : 44

**ਡੈਕੁਇਨ, ਲੂਈ-ਕਲਾੱਡ** : ਇਸ ਫ਼ਰਾਂਸੀਸੀ ਆੱਰਗਨ-ਵਾਦਕ ਅਤੇ ਸੰਗੀਤਕਾਰ ਦਾ ਜਨਮ 4 ਜੁਲਾਈ, 1694 ਨੂੰ ਪੈਰਿਸ ਵਿਖੇ ਹੋਇਆ। ਇਹ ਇਕ ਅਸਾਧਾਰਣ ਪ੍ਰਤਿਭਾ ਵਾਲਾ ਬੱਚਾ ਸੀ ਜਿਸ ਨੇ ਛੇ ਸਾਲ ਦੀ ਉਮਰ ਵਿਚ ਹੀ ਲੂਈ 14 ਵੇਂ ਦੇ ਸਨਮੁਖ ਪ੍ਰੋਗਰਾਮ ਦਿੱਤਾ। 12 ਸਾਲ ਦੀ ਉਮਰ ਵਿਚ ਇਹ ਪੇਸ਼ਾਵਰ ਆੱਰਗਨਵਾਦਕ ਬਣ ਗਿਆ ਅਤੇ ਕਈ ਨੌਕਰੀਆਂ ਤੋਂ ਬਾਅਦ 1739 ਈ. ਵਿਚ ਸ਼ਾਹੀ ਗਿਰਜੇ ਦਾ ਆੱਰਗਨਵਾਦਕ ਨਿਯੁਕਤ ਹੋਇਆ। ਇਸ ਵਲੋਂ ਪ੍ਰਕਾਸ਼ਿਤ ਪੁਸਤਕ 'ਫ਼ਸਟ ਬੁੱਕ ਆਫ਼ ਪੀਸਿਜ਼ ਫ਼ਾਰ ਦੀ ਹਾਰਪਸੀਕਾੱਰਡ' (1735) ਵਿਚ ਇਸ ਦੀ ਪ੍ਰਮੁੱਖ ਰਚਨਾ 'Le Coucou' ਸ਼ਾਮਲ ਹੈ। ਇਸ ਨੇ ਨਗਮਿਆਂ ਦੀ ਵੀ ਇਕ ਪੁਸਤਕ 'Noels pour l'orgue et le clavecin' ਪ੍ਰਕਾਸ਼ਿਤ ਕਰਵਾਈ।

15 ਜੂਨ, 1772 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ. 7 : 71; ਐਨ.ਬ੍ਰਿ.ਮਾ. 3 : 375.

**ਡੈ ਕੂਨਿੰਗ, ਵਿਲੈਮ (De, Kooning, Willem)** : ਇਹ ਸੰਯੁਕਤ ਰਾਜ ਅਮਰੀਕਾ ਦਾ ਮੂਰਤੀਕਾਰ ਅਤੇ ਪ੍ਰਭਾਵਵਾਦੀ ਚਿੱਤਰਕਾਰ ਹੈ। ਸੰਯੁਕਤ ਰਾਜ ਅਮਰੀਕਾ ਵਿਚ ਅਜਿਹੀ ਚਿੱਤਰਕਾਰੀ ਨੂੰ 'ਐਕਸ਼ਨ ਪੇਂਟਿੰਗ' ਵੀ ਕਿਹਾ ਜਾਂਦਾ ਹੈ। ਕੂਨਿੰਗ ਦਾ ਜਨਮ 24 ਅਪ੍ਰੈਲ, 1904 ਨੂੰ ਹਾਲੈਂਡ ਵਿਚ ਰੱਟਰਡੈਮ ਵਿਖੇ ਹੋਇਆ।

ਇਸ ਨੇ ਉਥੋਂ ਦੀ ਅਕੈਡਮੀ ਵਿਚ ਸਿੱਖਿਆ ਪ੍ਰਾਪਤ ਕੀਤੀ। ਸੰਨ 1926 ਵਿਚ ਇਹ ਅਮਰੀਕਾ ਵਿਚ ਜਾ ਵਸਿਆ। ਸੰਨ 1927 ਵਿਚ ਇਸ ਨੇ ਮਨਹੱਟਨ ਵਿਖੇ ਸਟੂਡੀਓ ਖੋਲ੍ਹਿਆ। ਉਥੇ ਇਹ ਚਿੱਤਰਕਾਰ, ਕਲਾ-ਪਾਰਖੂ ਅਤੇ ਆਲੋਚਕ ਜਾਨ ਗ੍ਰਾਹਮ ਅਤੇ ਚਿੱਤਰਕਾਰ ਆਰਸ਼ੀਲ ਗੋਰਕੀ ਤੋਂ ਬਹੁਤ ਪ੍ਰਭਾਵਿਤ ਹੋਇਆ। ਸੰਨ 1928 ਦੇ ਲਗਭਗ ਇਸ ਨੇ ਨਿਰਜਿੰਦ ਵਸਤਾਂ ਦਾ ਚਿਤਰਣ ਕਰਨਾ ਅਤੇ ਮੂਰਤਾਂ ਬਣਾਉਣੀਆਂ ਸ਼ੁਰੂ ਕੀਤੀਆਂ। ਇਨ੍ਹਾਂ ਕਿਰਤਾਂ ਤੋਂ ਪੈਰਿਸ ਅਤੇ ਮੈਕਸੀਕੋ ਸ਼ੈਲੀ ਦੇ ਪ੍ਰਭਾਵ ਦੀ ਝਲਕ ਮਿਲਦੀ ਹੈ। ਅਕਤੂਬਰ, 1935 ਤੋਂ ਜੁਲਾਈ, 1937 ਤੱਕ ਇਹ ਵਰਕਸ ਪ੍ਰਾਗਰੈੱਸ ਐਡਮਿ-ਨਿਸਟ੍ਰੇਸ਼ਨ ਦੇ ਆਰਟ ਪ੍ਰਾਜੈੱਕਟ ਵਿਚ ਕੰਮ ਕਰਦਾ ਰਿਹਾ। ਫਿਰ ਇਸ ਨੇ ਕੁਝ ਬਿਲਡਿੰਗਾਂ ਵਿਚ ਕੰਧ ਚਿੱਤਰ ਵੀ ਬਣਾਏ।

ਸੰਨ 1938 ਵਿਚ ਇਸ ਨੇ ਉਦਾਸ ਤੇ ਇਕ ਟਕ ਤੱਕਦੇ ਆਦਮੀਆਂ ਦੇ ਚਿੱਤਰ ਬਣਾਉਣੇ ਸ਼ੁਰੂ ਕੀਤੇ ਜਿਵੇਂ 'ਟੂ ਮੈਨ ਸਟੈਂਡਿੰਗ', 'ਸੀਟਿਡ ਫਿੱਗਰ' ਆਦਿ। ਇਸ ਦੇ ਨਾਲ ਨਾਲ ਇਸ ਨੇ ਐਬਸਟ੍ਰੈਕਟ ਚਿੱਤਰਕਾਰੀ ਵੀ ਕੀਤੀ। 'ਪਿੰਕ ਲੈਂਡਸਕੇਪ' ਅਤੇ 'ਐਲਿਜੀ' ਅਜਿਹੀ ਚਿੱਤਰਕਾਰੀ ਦੇ ਨਮੂਨੇ ਹਨ।

ਸੰਨ 1948 ਵਿਚ ਇਸ ਨੇ ਨਿਊਯਾਰਕ ਵਿਖੇ ਇਕੱਲੇ ਵੀ ਆਪਣੀਆਂ ਕਿਰਤਾਂ ਦੀ ਪਹਿਲੀ ਵਾਰ ਪ੍ਰਦਰਸ਼ਨੀ ਲਗਾਈ। ਇਸ ਵਿਚ ਇਸ ਨੇ ਆਪਣੀਆਂ ਕਾਲੀਆਂ ਅਤੇ ਸਫ਼ੈਦ ਅਨੈਮਲ ਕਿਰਤਾਂ ਪ੍ਰਦਰਸ਼ਿਤ ਕੀਤੀਆਂ। ਸੰਨ 1948 ਵਿਚ ਇਸ ਨੇ ਉੱਤਰੀ ਕੈਰੋਲੀਨਾ ਦੇ ਬਲੈਕ ਮਾਊਂਟੇਨ ਕਾਲਜ ਅਤੇ 1950-51 ਵਿਚ ਯੇਲ ਸਕੂਲ ਆਫ਼ ਆਰਟ ਵਿਖੇ ਪੜ੍ਹਾਇਆ। ਔਰਤਾਂ ਸਬੰਧੀ ਇਸ ਨੇ ਵੱਖ ਵੱਖ ਵਿਸ਼ਿਆਂ ਤੇ ਬਹੁਤ ਸਾਰੇ ਚਿੱਤਰ ਬਣਾਏ, ਜਿਵੇਂ ' ਵਿਮੈਨ ਐਂਡ ਬਾਇਸਿਕਲ'; 'ਟੂ ਵਿਮੈਨ ਇਨ ਦਾ ਕੰਟਰੀ, ਅਤੇ 'ਵਿਮੈਨ ਐਜ਼ ਲੈਂਡਸਕੇਪ', ਆਦਿ। ਇਸ ਦੀਆਂ ਹੋਰ ਉੱਘੀਆਂ ਕਿਰਤਾਂ ਵਿਚ 'ਕੁਈਨ ਆਫ਼ ਹਾਰਟਸ' (1943-46); 'ਪਿੰਕ ਐਂਜਲਜ਼' (ਲ. 1945); 'ਲਾਈਟ ਇਨ ਆੱਗਟਸ. (ਲ. 1946); 'ਪੇਂਟਿੰਗ' (1948); ਐਕਸਕਾਵੇਸ਼ਨ (1950); ਸਬਰਪ ਇਨ ਹਨਾਨਾ' (1950); 'ਡੋਰ ਟੂ ਦੀ ਰਿਵਰ' (1960), 'ਦੀ ਵਿਜ਼ਿਟ' (1967) ਆਦਿ ਸ਼ਾਮਲ ਹਨ। 'ਵਿਮੈਨ ' ਇਸ ਦੇ ਚਿੱਤਰਾਂ ਦੀ ਬਹੁਤ ਹੀ ਪ੍ਰਸਿੱਧ ਲੜੀ ਹੈ।

ਹ.ਪੁ. — ਐਨ.ਬ੍ਰਿ.ਮੈ. 5:563; ਐਨ.ਬ੍ਰਿ.ਮਾ. 3 : 440

**ਡੈਂਗਜ਼** : ਇਹ ਪੱਛਮ-ਕੇਂਦਰੀ ਭਾਰਤ ਦੇ ਗੁਜਰਾਤ ਰਾਜ ਦਾ ਦੱਖਣ-ਪੂਰਬੀ ਜ਼ਿਲ੍ਹਾ ਹੈ ਜਿਸ ਦੇ ਪੂਰਬ ਤੇ ਦੱਖਣ ਵਿਚ ਮਹਾਂਰਾਸ਼ਟਰ ਰਾਜ ਹੈ। ਇਹ ਜ਼ਿਲ੍ਹਾ ਪਹਿਲੀ ਗੁਜਰਾਤ ਸਟੇਟ ਏਜੰਸੀ ਦੀ ਡੈਂਗਜ਼ ਰਿਆਸਤ ਦੇ ਬੰਬਈ ਰਾਜ ਵਿਚ ਮਿਲਾਉਣ ਉਪਰੰਤ ਹੋਂਦ ਵਿਚ ਆਇਆ ਅਤੇ ਇਸ ਜ਼ਿਲ੍ਹੇ ਨੂੰ 1960 ਈ. ਵਿਚ ਗੁਜਰਾਤ ਵਿਚ ਸ਼ਾਮਲ ਕੀਤਾ ਗਿਆ। ਇਹ ਜ਼ਿਲ੍ਹਾ 1683 ਵ. ਕਿ. ਮੀ ਰਕਬੇ ਉਪਰ ਫੈਲਿਆ ਹੋਇਆ ਹੈ। ਇਸ ਦੀ ਆਬਾਦੀ 1,44, 091 (1991) ਹੈ। ਇਥੇ ਪਹਾੜ ਹੀ ਪਹਾੜ ਹਨ ਜਿਹੜੇ ਡੂੰਘੀਆਂ ਖੱਡਾਂ ਕਾਰਨ ਇਕ ਦੂਜੇ ਨਾਲੋਂ ਵੱਖ ਹੁੰਦੇ ਹਨ। ਪਹਾੜ ਘਣੇ ਜੰਗਲਾਂ ਨਾਲ ਢੱਕੇ ਹੋਏ ਹਨ। ਖੱਡਾਂ ਅਤੇ ਵਾਦੀਆਂ ਦੀ ਮਿੱਟੀ ਕਾਲੀ ਹੈ ਅਤੇ ਢਲਾਨਾਂ ਅਤੇ ਉੱਚ ਭੂਮੀਆਂ ਲਗਭਗ ਲਾਲ ਜਿਹੀ ਮਿੱਟੀ ਦੀਆਂ ਹਨ, ਕਿਤੇ ਕਿਤੇ ਕਾਲਸ ਗੋਲ ਪੱਥਰਾਂ ਦੇ ਰੂਪ ਵਿਚ ਹੈ। ਟਿੰਬਰ ਤੇ ਬਾਂਸ ਇਥੋਂ ਦੀ ਮਹੱਤਵਪੂਰਨ ਉਪਜ ਹੈ। ਬਾਜਰਾ ਤੇ ਝੋਨਾ ਮੁੱਖ ਫਸਲਾਂ ਹਨ। ਇਸ ਤੋਂ ਬਿਨਾਂ ਹੋਰ ਅਨਾਜੀ ਫਸਲਾਂ ਦੀ ਖੇਤੀ 1970 ਦੇ ਦਹਾਕੇ ਤੋਂ ਆਰੰਭ ਕੀਤੀ ਗਈ। ਆਹਵਾ ਇਸ ਦਾ ਸਦਰ-ਮੁਕਾਮ ਹੈ। ਜ਼ਿਲ੍ਹੇ ਦੀ ਆਵਾਜਾਈ ਸੜਕਾਂ ਤੇ ਰੇਲਾਂ ਰਾਹੀਂ ਹੁੰਦੀ ਹੈ।

ਹ. ਪੁ. - ਐਨ. ਬ੍ਰਿ. ਮਾ. 3 : 875; ਇੰਪ. ਗ. ਇੰਡ. 11 : 145

**ਡੈਗਾਂਬਾ** : ਘਾਨਾ ਦੇ ਉੱਤਰੀ ਖੇਤਰ ਵਿਚ ਡੈਗਬਾੱਨ ਰਿਆਸਤ ਵਿਚ ਵੱਸਦਾ ਇਕ ਕਬੀਲਾ ਹੈ ਜਿਹੜਾ ਅਫ਼ਰੀਕੀ ਭਾਸ਼ਾਵਾਂ ਦੇ ਨਾਈਜਰ-ਕਾਂਗੋ ਪਰਿਵਾਰ ਦੀ ਇਕ ਗਰ ਸ਼ਾਖਾ ਦੀ ਡੈਗਬਾੱਨ ਭਾਸ਼ਾ ਬੋਲਦਾ ਹੈ। ਇਸ ਕਬੀਲੇ ਵਿਚ ਕਾਕੋਂਬਾ ਅਤੇ ਚਾਕੋਸੀ ਕਬੀਲੇ ਵੀ ਸ਼ਾਮਲ ਹਨ।

ਇਸ ਕਬੀਲੇ ਦੇ ਮੂਲਵਾਸੀਆਂ ਬਾਰੇ ਖਿਆਲ ਹੈ ਕਿ ਇਹ 14 ਵੀਂ ਸਦੀ ਵਿਚ ਉੱਤਰ ਵੱਲੋਂ ਆਉਣ ਵਾਲੇ ਹਮਲਾਵਰ ਸਨ ਪਹਿਲਾਂ-ਪਹਿਲ ਇਹ ਦੱਖਣ ਵਿਚ ਬਲੈਕ ਵੋਲਟਾ ਤੱਕ ਪਹੁੰਚ ਗਏ ਸਨ ਪਰ ਬਾਅਦ ਵਿਚ 17 ਵੀਂ ਸਦੀ ਦੇ ਅੱਧ ਵਿਚ ਗੌਂਜਾ ਕਬੀਲੇ ਦੀਆਂ ਜਿੱਤਾਂ ਕਾਰਨ ਇਨ੍ਹਾਂ ਕੋਲੋਂ ਕਾਫ਼ੀ ਰਕਬਾ ਖੁੱਸ ਗਿਆ। ਇਸੇ ਸਦੀ ਦੇ ਅੰਤ ਵਿਚ ਅਸ਼ਾਂਤੀ ਕਬੀਲੇ ਨੇ ਇਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ ਅਤੇ ਇਨ੍ਹਾਂ ਤੋਂ ਕਰ ਵਸੂਲ ਕਰਨ ਲੱਗ ਪਏ। ਅਖ਼ੀਰ 1874 ਈ. ਵਿਚ ਅਸ਼ਾਤੀਆਂ ਦੇ ਬਰਤਾਨਵੀਆਂ ਹੱਥੋਂ ਹਾਰ ਜਾਣ ਨਾਲ ਇਸ ਕਬੀਲੇ ਨੂੰ ਆਜ਼ਾਦੀ ਮਿਲੀ।

ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਸਰਗਮ, ਜਵੀ ਮੱਕੀ, ਕਚਾਲੂ ਅਤੇ ਮੂੰਗਫਲੀ ਇਥੋਂ ਦੀਆਂ ਮੁੱਖ ਫਸਲਾਂ ਹਨ। ਖੇਤੀ ਦਾ ਜ਼ਿਆਦਾ ਕੰਮ ਕਬੀਲੇ ਦੇ ਮਰਦ ਹੀ ਕਰਦੇ ਹਨ। ਔਰਤਾਂ ਫਸਲਾਂ

ਦੀ ਕਟਾਈ ਸਮੇਂ ਉਨ੍ਹਾਂ ਦਾ ਹੱਥ ਵਟਾਉਂਦੀਆਂ ਹਨ। ਛੋਟੇ ਸਿੰਗਾਂ ਵਾਲੇ ਪਸ਼ੂ ਭੇਡਾਂ, ਬੱਕਰੀਆਂ, ਚੂਚੇ ਆਦਿ ਪਾਲੇ ਜਾਂਦੇ ਹਨ। ਇਸ ਤੋਂ ਇਲਾਵਾ ਇਹ ਲੋਕ ਸ਼ਿਕਾਰ ਅਤੇ ਮੱਛੀਆਂ ਆਦਿ ਫੜਨ ਦਾ ਕੰਮ ਵੀ ਕਰਦੇ ਹਨ।

ਸੁਰੱਖਿਆ ਪੱਖੋਂ ਇਨ੍ਹਾਂ ਦੇ ਪਿੰਡਾਂ ਦੁਆਲੇ ਕੰਧਾਂ ਉਸਰੀਆਂ ਹੋਈਆਂ ਹੁੰਦੀਆਂ ਹਨ। ਇਨ੍ਹਾਂ ਵਿਚ ਸੰਯੁਕਤ ਪਰਿਵਾਰ ਪਰੰਪਰਾ ਪ੍ਰਚੱਲਤ ਹੈ। ਇਹ ਲੋਕ ਸਰਦਾਰ ਅਤੇ ਆਮ ਲੋਕ ਦੇ ਦੋ ਵਰਗਾਂ ਵਿਚ ਵੰਡੇ ਹੋਏ ਹਨ। ਬੰਸ ਨੂੰ ਮਾਂ ਵਲੋਂ ਮੰਨਿਆ ਜਾਂਦਾ ਹੈ।

ਹ. ਪੁ. – ਐਨ. ਬ੍ਰਿ. ਮਾ. 3 : 846

**ਡੈਂਗੂ ਬੁਖ਼ਾਰ (Dengu)** : ਇਸ ਨੂੰ ਹੱਡ-ਭੰਨ ਬੁਖ਼ਾਰ ਵੀ ਆਖਦੇ ਹਨ। ਇਹ ਬੁਖ਼ਾਰ ਬਹੁਤ ਤੇਜ਼ ਤੇ ਲਾਗ ਵਾਲਾ ਹੁੰਦਾ ਹੈ ਜੋ ਇਕ ਮੱਛਰ ਦੇ ਡੰਗ ਮਾਰਨ (ਕੱਟਣ) ਨਾਲ ਫੈਲਦਾ ਹੈ। ਇਸ ਬੁਖ਼ਾਰ (ਰੋਗ) ਦੀ ਲਾਗ ਇਕ ਵਿਸ਼ਾਣੂ ਰਾਹੀਂ ਲਗਦੀ ਹੈ ਜੋ ਏਡੀਜ਼ ਏਜਪਟੀ (Aedes aegypti) ਨਾਂ ਦੇ ਮੱਛਰ ਰਾਹੀਂ ਇਕ ਰੋਗੀ ਤੋਂ ਦੂਜੇ ਤੱਕ ਪਹੁੰਚਦੀ ਹੈ। ਗਰਮ ਅਤੇ ਸਿੱਲ੍ਹਾ ਜਲਵਾਯੂ ਮੱਛਰ ਅਤੇ ਵਿਸ਼ਾਣੂ (Virus) ਦੋਹਾਂ ਦੇ ਵਾਧੇ ਅਤੇ ਫੈਲਣ ਲਈ ਲਾਹੇਵੰਦ ਸਿੱਧ ਹੁੰਦਾ ਹੈ। ਇਹੋ ਕਾਰਨ ਹੈ ਕਿ ਇਹ ਰੋਗ ਤਪਤਖੰਡੀ ਖੇਤਰਾਂ ਵਿਚ ਵਧੇਰੇ ਹੁੰਦਾ ਹੈ। ਦੂਜੇ ਸੰਸਾਰ ਯੁੱਧ ਦੌਰਾਨ ਸ਼ਾਂਤ ਮਹਾਂਸਾਗਰ ਵਿਚ ਫ਼ੌਜੀਆਂ ਵਿਚ ਇਹ ਬੀਮਾਰੀ ਬਹੁਤ ਫੈਲੀ।

ਜਦੋਂ ਇਹ ਮੱਛਰ ਇਸ ਬੁਖ਼ਾਰ ਦੇ ਰੋਗੀ ਨੂੰ ਉਸ ਦੀ ਬੀਮਾਰੀ ਦੇ ਪਹਿਲੇ ਤਿੰਨ ਦਿਨਾਂ ਦੌਰਾਨ ਡੰਗ ਮਾਰਦਾ ਹੈ ਤਾਂ ਰੋਗ ਦੇ ਵਿਸ਼ਾਣੂ ਮੱਛਰ ਦੇ ਅੰਦਰ ਚਲੇ ਜਾਂਦੇ ਹਨ। ਵਿਸ਼ਾਣੂ ਨੂੰ ਲਾਗ ਫੈਲਾਉਣ ਲਈ ਤਿਆਰ ਹੋਣ ਵਿਚ 8 ਤੋਂ 10 ਦਿਨ ਲਗਦੇ ਹਨ। ਹੁਣ ਜਦੋਂ ਉਹੀ ਮੱਛਰ ਦੂਜੇ ਨਿਰੋਗ ਆਦਮੀ ਨੂੰ ਡੰਗ ਮਾਰਦਾ ਹੈ ਤਾਂ ਬੁਖ਼ਾਰ ਦੇ ਵਿਸ਼ਾਣੂ ਉਸ ਮੱਛਰ ਦੇ ਲੁਆਬ ਦੇ ਨਾਲ ਨਿਰੋਗ ਆਦਮੀ ਵਿਚ ਦਾਖ਼ਲ ਹੋ ਜਾਂਦੇ ਹਨ। ਇਸ ਤਰ੍ਹਾਂ ਮੱਛਰ ਦੇ ਕੱਟਣ (ਡੰਗ-ਮਾਰਨ) ਤੋਂ ਲਗਭਗ 10 ਦਿਨ ਬਾਅਦ ਨਿਰੋਗ ਆਦਮੀ ਵਿਚ ਵੀ ਬੀਮਾਰੀ ਦੇ ਲੱਛਣ ਦਿਖਾਈ ਦੇਣ ਲਗ ਪੈਂਦੇ ਹਨ ਅਤੇ ਉਸ ਨੂੰ ਤੇਜ਼ ਸਿਰ ਦਰਦ, ਥਕੇਵਾਂ ਅਤੇ ਅੱਖਾਂ ਦੇ ਪਿਛੇ ਦਰਦ ਮਹਿਸੂਸ ਹੋਣ ਲੱਗ ਪੈਂਦਾ ਹੈ। ਕੁਝ ਘੰਟਿਆਂ ਵਿਚ ਹੀ ਪਿੱਠ ਅਤੇ ਜੋੜਾਂ ਵਿਚ ਬਹੁਤ ਦਰਦ ਮਹਿਸੂਸ ਹੋਣ ਲੱਗ ਪੈਂਦਾ ਹੈ ਅਤੇ ਸਿੱਟੇ ਵਜੋਂ ਰੋਗੀ ਲਈ ਹਿਲਣਾ ਜੁਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਇਨ੍ਹਾਂ ਦਰਦਾਂ ਕਾਰਨ ਹੀ ਇਸ ਬੁਖ਼ਾਰ ਨੂੰ 'ਹੱਡ-ਭੰਨ' ਬੁਖ਼ਾਰ ਵੀ ਕਹਿੰਦੇ ਹਨ। ਬਹੁਤ ਤੇਜ਼ ਬੁਖ਼ਾਰ ਵੀ ਹੁੰਦਾ ਹੈ। ਕਈ ਵਾਰ ਬੁਖ਼ਾਰ 106°F ਤੱਕ ਪਹੁੰਚ ਜਾਂਦਾ ਹੈ। ਬੁਖ਼ਾਰ ਦੇ ਨਾਲ ਨਾਲ ਰੋਗੀ ਦੀ ਨਬਜ਼ ਹੌਲੀ ਚਲਣ ਲਗਦੀ ਹੈ ਅਤੇ ਰਕਤ-ਦਾਬ (ਬਲੱਡ-ਪ੍ਰੈਸ਼ਰ) ਵੀ ਘੱਟ ਜਾਂਦਾ ਹੈ। ਕਈ ਵਾਰ ਸਰੀਰ ਤੇ ਹਲਕੇ ਲਾਲ ਰੰਗ ਦੇ ਧੱਫੜ ਜਿਹੇ ਵੀ ਨਿਕਲ ਆਉਂਦੇ ਹਨ ਮੂੰਹ ਤੇ ਲਾਲੀ ਆ ਜਾਂਦੀ ਹੈ ਅੱਖਾਂ ਵਿਚ ਰੱਤ-ਬਹੁਲ ਹੋ ਜਾਂਦਾ ਹੈ ਅਤੇ ਕਈ ਗ੍ਰੰਥੀਆਂ ਵੀ ਵੱਧ ਜਾਂਦੀਆਂ ਹਨ। ਤਿੰਨ-ਚਾਰ ਦਿਨ ਬਾਅਦ ਬੁਖ਼ਾਰ ਇਕ ਦਮ ਘਟਦਾ ਹੈ, ਕਾਫ਼ੀ ਜ਼ਿਆਦਾ ਪਸੀਨਾ ਆਉਂਦਾ ਹੈ ਅਤੇ ਬੀਮਾਰੀ ਦੇ ਹੋਰ ਲੱਛਣ ਵੀ ਅਲੋਪ ਹੋ ਜਾਂਦੇ ਹਨ। ਇਹ ਹਾਲਤ ਸਿਰਫ 24 ਘੰਟੇ ਰਹਿਣ ਉਪਰੰਤ ਬੁਖ਼ਾਰ ਅਤੇ ਬੀਮਾਰੀ ਦੇ ਹੋਰ ਲੱਛਣ ਦੁਬਾਰਾ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ। ਖ਼ਾਸ ਤਰ੍ਹਾਂ ਦੇ ਧੱਫੜ ਜੋ ਲਾਲ ਬੁਖ਼ਾਰ (Scarlet fever) ਵਿਚ ਹੁੰਦੇ ਹਨ, ਗੋਡਿਆਂ, ਕੂਹਣੀਆਂ, ਗਿੱਟਿਆਂ ਅਤੇ ਕਈ ਵਾਰ ਢਿੱਡ, ਹਥੇਲੀਆਂ ਅਤੇ ਪੈਰਾਂ ਦੇ ਥੱਲੇ ਵੀ ਪੈ ਜਾਂਦੇ ਹਨ। ਇਹ ਧਫੱੜ ਤੇ ਹੋਰ ਲੱਛਣ ਬੁਖ਼ਾਰ ਘੱਟਣ ਤੱਕ ਉਸੇ ਤਰ੍ਹਾਂ ਹੀ ਰਹਿੰਦੇ ਹਨ। ਬੀਮਾਰੀ ਦੇ ਛੇਵੇਂ ਜਾਂ ਸੱਤਵੇਂ ਦਿਨ ਬੁਖ਼ਾਰ ਫਿਰ ਟੁੱਟਦਾ (ਘਟਦਾ) ਹੈ। ਬੁਖ਼ਾਰ ਘਟਣ ਤੇ ਕਈ ਵਾਰ ਚਮੜੀ ਦੀ ਬਾਹਰਲੀ ਪਰਤ ਵੀ ਉਤਰਦੀ ਹੈ।

ਰੋਗੀ ਹੌਲੀ ਹੌਲੀ ਨਰੋਆ ਹੁੰਦਾ ਹੈ। ਰਕਤ-ਦਾਬ, ਕਮਜ਼ੋਰੀ ਅਤੇ ਨਬਜ਼ ਠੀਕ ਹੁੰਦਿਆਂ ਕਈ ਹਫ਼ਤੇ ਲੱਗ ਜਾਂਦੇ ਹਨ। ਇਸ ਰੋਗ ਦੇ ਰੋਗੀ ਲਈ ਅਰਾਮ ਚੰਗੀ ਦੇਖ-ਭਾਲ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ। ਇਸ ਰੋਗ ਦੇ ਰੋਗੀਆਂ ਨੂੰ ਡਾਕਟਰ ਜ਼ਿਆਦਾ ਪਾਣੀ ਪੀਣ ਦੀ ਅਤੇ ਸਿਰ ਤੇ ਠੰਢੀਆਂ ਪੱਟੀਆਂ ਰੱਖਣ ਦੀ ਸਲਾਹ ਦਿੰਦੇ ਹਨ। ਸਰੀਰ ਦੀਆਂ ਦਰਦਾਂ ਠੀਕ ਕਰਨ ਲਈ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਰੋਗ ਦੇ ਇਕ ਹਮਲੇ ਤੋਂ ਬਾਅਦ ਮਨੁੱਖ ਵਿਚ ਲਗਭਗ ਪੰਜ ਸਾਲ ਲਈ ਰੋਗ ਪ੍ਰਤੀ ਸੁਰੱਖਿਆ (immunity) ਪੈਦਾ ਹੋ ਜਾਂਦੀ ਹੈ। ਘਟੋ ਘੱਟ ਪੰਜ ਸਾਲ ਇਹ ਰੋਗ ਦੁਬਾਰਾ ਨਹੀਂ ਹੁੰਦਾ।

ਇਸ ਬੀਮਾਰੀ ਦੀ ਰੋਕ-ਥਾਮ ਲਈ ਮੱਛਰਾਂ ਤੇ ਕਾਬੂ ਪਾਉਣਾ ਜ਼ਰੂਰੀ ਹੈ ਜੋ ਇਸ ਰੋਗ ਨੂੰ ਇਕ ਤੋਂ ਦੂਜੇ ਮਨੁੱਖ ਤੱਕ ਫੈਲਾਉਂਦੇ ਹਨ। ਮੱਛਰਾਂ ਦੇ ਪ੍ਰਜਣਨ (breeding) ਸਥਾਨਾਂ ਤੇ ਡੀ. ਡੀ. ਟੀ. ਅਤੇ ਹੋਰ ਕੀਟ-ਨਾਸ਼ਕ ਦਵਾਈਆਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਰੋਗੀ ਨੂੰ ਵਿਸ਼ੇਸ਼ ਤੌਰ ਤੇ ਪਹਿਲੇ ਤਿੰਨ ਦਿਨਾਂ ਲਈ ਵੱਖਰੇ ਅਤੇ ਅਜਿਹੇ ਸਥਾਨਾਂ ਤੇ ਰੱਖਣਾ ਚਾਹੀਦਾ ਹੈ ਜਿਥੇ ਉਸ ਨੂੰ ਮੱਛਰ ਨਾ ਡੰਗ ਮਾਰ ਸਕਣ। ਇਸ ਰੋਗ ਤੋਂ ਸੁਰੱਖਿਆ ਲਈ ਲੋਂਦੇ ਵੀ ਲਗਾਏ ਜਾਂਦੇ ਹਨ।

ਹ. ਪੁ. – ਐਨ. ਮੈ. ਹੈ. 2: 482; ਐਨ. ਬ੍ਰਿ. ਮਾ. 4 : 11

**ਡੈਗੋਬਰਟ ਪਹਿਲਾ** : ਇਹ ਮੈਰੋਵਿੰਜੀਅਨ ਰਾਜਬੰਸ ਦਾ ਆਖ਼ਰੀ ਪ੍ਰਤਿਭਾਸ਼ਾਲੀ ਫ਼ਰੈਂਕੀ ਬਾਦਸ਼ਾਹ ਹੋਇਆ ਹੈ। ਇਸ ਦਾ ਜਨਮ 605 ਵਿਚ ਕਲੋਟਰ ਦੂਜੇ ਦੇ ਘਰ ਹੋਇਆ।

ਇਹ 623 ਈ. ਵਿਚ ਆਸਟ੍ਰੇਸ਼ੀਆ ਅਤੇ 629 ਈ. ਵਿਚ ਸਾਰੀ ਫਰੈਂਕੀ ਸਲਤਨਤ ਦਾ ਬਾਦਸ਼ਾਹ ਬਣਿਆ। ਇਸ ਦੇ ਰਾਜ-ਕਾਲ ਦੌਰਾਨ ਰਾਜ ਦੀਆਂ ਹੱਦਾਂ ਬਹੁਤ ਵਿਸ਼ਾਲ ਹੋਈਆਂ। ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਇਸਨੇ ਬਾਜ਼ਨਤੀਨ ਦੇ ਬਾਦਸ਼ਾਹ ਹੈਰਾਕਲੀਅਸ ਨਾਲ ਵੀ ਮਿੱਤਰਤਾ ਵਾਲੇ ਸਬੰਧ ਬਣਾਏ। ਬ੍ਰਿਟਨੀ, ਉੱਤਰੀ ਸਪੇਨ ਅਤੇ ਲੰਬਾਰਡੀ ਰਾਜਾਂ ਨੂੰ ਹਰਾ ਕੇ ਉਥੋਂ ਬਹੁਤ ਸਾਰਾ ਧਨ ਵੀ ਲੁੱਟ ਕੇ ਲਿਆਦਾਂ। ਪੈਰਿਸ ਨਜ਼ਦੀਕ ਸੇਂਟ ਡੈਨਿਸ ਦੇ ਮੱਠ ਵੱਲ ਇਸ ਦੇ ਸ਼ਰਧਾਵਾਨ ਵਤੀਰੇ ਨੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਕਿ ਉਹ ਐਬੇ ਮਧਕਾਲੀਨ ਫ਼ਰਾਂਸ ਦਾ ਸਭ ਤੋਂ ਵੱਡਾ ਧਾਰਮਿਕ ਕੇਂਦਰ ਸੀ। ਇਸ ਨੇ ਆਪਣੀ ਰਾਜਧਾਨੀ ਆਸਟ੍ਰੇਸ਼ੀਆ ਤੋਂ ਬਦਲ ਕੇ ਪੈਰਿਸ ਬਣਾ ਲਈ ਕਿਉਂਕਿ ਇਹ ਕੇਂਦਰੀ ਅਸਥਾਨ ਸੀ ਅਤੇ ਇਥੋਂ ਸਾਰੀ ਸਲਤਨਤ ਦਾ ਕੰਮ ਕਾਰ ਸੰਭਾਲਣਾ ਨਾ ਕੇਵਲ ਸੌਖਾ ਹੀ ਸੀ ਸਗੋਂ ਵਧੇਰੇ ਚੰਗੀ ਤਰ੍ਹਾਂ ਚਲਾਇਆ ਜਾ ਸਕਦਾ ਸੀ। ਸੰਨ 634 ਵਿਚ ਇਸ ਨੇ ਆਸਟ੍ਰੇਸ਼ੀਆ ਦੇ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਆਪਣੇ ਤਿੰਨ-ਸਾਲਾ ਲੜਕੇ ਸਿਜਬਰਟ ਨੂੰ ਉਥੋਂ ਦੀ ਗੱਦੀ ਉੱਤੇ ਬਿਠਾ ਦਿੱਤਾ।

ਇਸ ਦਾ ਨਿਆਂ ਭਾਵੇਂ ਬਹੁਤ ਪ੍ਰਸਿੱਧ ਸੀ ਪਰ ਇਹ ਬਜ਼ਾਤੇ ਖ਼ੁਦ ਲਾਲਚੀ ਅਤੇ ਦੁਰਾਚਾਰੀ ਸੀ। ਇਸ ਦੇ ਰਾਜ ਵਿਚ ਬਹੁਤ ਖ਼ੁਸ਼ਹਾਲੀ ਆਈ। ਖ਼ਾਸ ਕਰਕੇ ਕਲਾ ਨੇ ਬੜੀ ਉੱਨਤੀ ਕੀਤੀ ਜਿਸ ਦਾ ਪ੍ਰਮਾਣ ਇਸ ਰਾਜ ਵਿਚਲੇ ਗੁੰਬਦਾਂ ਅਤੇ ਗਿਰਜਿਆਂ ਉੱਤੇ ਹੋਏ ਕੰਮਾਂ ਤੋਂ ਮਿਲ ਜਾਂਦਾ ਹੈ। ਇਸਨੇ ਫਰੈਂਕੀ ਕਾਨੂੰਨਾਂ ਨੂੰ ਸੋਧਿਆ, ਕਲਾ ਦੀ ਸਰਪ੍ਰਸਤੀ ਕੀਤੀ ਅਤੇ ਵਿੱਦਿਆ ਨੂੰ ਉਤਸ਼ਾਹ ਦਿੱਤਾ। ਆਪਣੇ ਰਾਜ ਦੀ ਡਿਗਦੀ ਹੋਈ ਹਾਲਤ ਨੂੰ ਸੰਭਾਲਿਆ। ਵੱਡੇ ਵੱਡੇ ਜਾਗੀਰਦਾਰਾਂ ਜਿਹੜੇ ਰਾਜ ਨੂੰ ਕਮਜ਼ੋਰ ਕਰ ਰਹੇ ਸਨ, ਨੂੰ ਵੀ ਕਾਬੂ ਕੀਤਾ।

19 ਜਨਵਰੀ, 639 ਨੂੰ ਫ਼ਰਾਂਸ ਵਿਚ ਸੇਂਟ ਡਾਨੀ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3:846; ਐਨ. ਅਮੈ. 8 : 419

**ਡੈਟੋਲਾਈਟ** : ਇਹ ਇਕ ਦੁਰਲੱਭ ਖਣਿਜ ਹੈ ਜੋ ਕੈਲਸ਼ੀਅਮ ਅਤੇ ਬੋਰੋਨ ਹਾਈਡਰਸ ਸਿਲੀਕੇਟ, $CaBsiO_4$ (OH) ਤੋਂ ਬਣਿਆ ਹੈ। ਇਹ ਪੂਰਨ ਵਿਕਸਿਤ ਇਕ-ਨਤਧੁਰੱਈ ਰਵਿਆਂ (ਕ੍ਰਿਸਟਲਾਂ) ਵਿਚ ਰੰਗਹੀਣ ਤੋਂ ਚਿੱਟੇ ਰੰਗ ਅਤੇ ਰਵੇਦਾਰ ਪੁੰਜਾਂ ਦੇ ਰੂਪ ਵਿਚ

ਮਿਲਦਾ ਹੈ। ਆਮ ਤੌਰ ਤੇ ਇਹ ਮੈਸਾਚੂਸੈੱਟਸ ਦੇ ਵੈੱਸਟ ਫ਼ੀਲਡ, ਨਿਊ ਜਰਸੀ ਦੀਆਂ ਬਰਗਨ ਪਹਾੜੀਆਂ ਅਤੇ ਕੱਪਰ ਡਿਸਟ੍ਰਿਕਟ ਦੀ ਸੁਪੀਰੀਅਰ ਝੀਲ ਵਿਖੇ ਮਿਲਦਾ ਹੈ।

ਡੈਟੋਲਾਈਟ ਦੀ ਪਹਿਚਾਣ ਆਮ ਤੌਰ ਤੇ ਬਹੁਤ ਮੁਸ਼ਕਲ ਨਾਲ ਹੁੰਦੀ ਹੈ ਕਿਉਂਕਿ ਇਹ ਕੁਆਰਟਜ਼ ਨਾਲ ਕਾਫ਼ੀ ਮਿਲਦਾ-ਜੁਲਦਾ ਹੈ। ਬੁਨਸਨ ਬਰਨਰ ਦੀ ਲਾਟ ਤੇ ਆਸਾਨੀ ਨਾਲ ਪੰਘਰਨਾ ਹੀ ਇਸ ਦੀ ਪਹਿਚਾਣ ਹੈ। ਪੰਘਰਨ ਸਮੇਂ ਇਸ ਵਿਚ ਮੌਜੂਦ ਬੋਰੋਨ ਕਾਰਨ ਇਹ ਹਰੇ ਰੰਗ ਦੀ ਇਕ ਵਿਸ਼ੇਸ਼ ਲਾਟ ਦਿੰਦਾ ਹੈ। ਇਹ ਆਮ ਤੌਰ ਤੇ ਆਤਸ਼ੀ ਚਟਾਨਾਂ, ਜਿਵੇਂ ਕਾਲਾ ਮਰਮਰ (ਬਸਾਲਟ) ਦੇ ਖੋੜਾਂ ਦੀਆਂ ਦੀਵਾਰਾਂ ਵਿਚ ਮਿਲਦਾ ਹੈ। ਇਹ ਆਮ ਕਰਕੇ ਕੁਆਰਟਜ਼, ਕੈਲਸਾਈਟ ਜ਼ਿਓਲਾਈਟ, ਪ੍ਰੇਹਨਾਈਟ ਐਪੋਫਾਈਲਾਈਟ ਅਤੇ ਪੈਕਟੋਲਾਈਟ ਨਾਲ ਸਬੰਧਤ ਹੁੰਦਾ ਹੈ।

ਹ. ਪੁ. - ਐਨ. ਬ੍ਰਿ. 7 : 89

**ਡੈੱਡ ਸੀ** : ਵੇਖੋ, ਮ੍ਰਿਤ ਸਾਗਰ

**ਡੈਂਡਰੋ-ਕ੍ਰੋਨਾੱਲੋਜੀ (Dendro Chronology)** : ਦਰਖ਼ਤਾਂ ਅਤੇ ਪੁਰਾਣੀ ਲੱਕੜ ਤੇ ਬਣੇ ਸਲਾਨਾ ਛੱਲਿਆਂ ਦੇ ਕਾਲ ਕ੍ਰਮਕ ਅਧਿਐਨ ਨੂੰ ਡੈਂਡਰੋ-ਕ੍ਰੋਨਾੱਲੋਜੀ ਆਖਦੇ ਹਨ। ਇਸ ਨੂੰ ਦਰਖ਼ਤਾਂ ਦਾ ਕਾਲ-ਨਿਰਧਾਰਣ (Tree-Ring Dating) ਵੀ ਕਿਹਾ ਜਾਂਦਾ ਹੈ। ਦਰਖ਼ਤਾਂ ਦਾ ਕਾਲ-ਨਿਰਧਾਰਣ ਕਰਨ ਲਈ ਦਰਖ਼ਤਾਂ ਵਿਚੋਂ ਵਿਸ਼ੇਸ਼ ਪ੍ਰਕਾਰ ਦੇ ਵਰਮੇ (borer) ਨਾਲ, ਜੋ ਕਿ ਕਿਸੇ ਧਾਤ ਦੀ ਬਹੁਤ ਛੋਟੇ ਘੇਰੇ ਵਾਲੀ ਟਿਊਬ ਹੁੰਦੀ ਹੈ, ਦਰਖ਼ਤ ਦੇ ਸੱਕ ਤੋਂ ਕੇਂਦਰੀ ਭਾਗ (ਗੁੱਲੀ) ਤੱਕ ਦਾ ਨਮੂਨਾ ਲੈ ਲਿਆ ਜਾਂਦਾ ਹੈ। ਪ੍ਰਯੋਗਸ਼ਾਲਾ ਵਿਚ ਇਸ ਨਮੂਨੇ ਦਾ ਪ੍ਰੀਖਣ ਕਰਕੇ ਛੱਲਿਆਂ ਦੀ ਗਿਣਤੀ ਕਰਨ ਦੇ ਨਾਲ ਨਾਲ ਉਨਾਂ ਦੀ ਚੌੜਾਈ ਵੀ ਮਾਪੀ ਜਾਂਦੀ ਹੈ। ਇਕ ਕੋਰ ਵਿਚ ਛੱਲਿਆਂ ਦੀ ਤਰਤੀਬ, ਬਾਕੀ ਕੋਰਾਂ ਦੇ ਛੱਲਿਆਂ ਦੀ ਤਰਤੀਬ ਵਿਚਲੇ ਆਪਸੀ ਸਬੰਧਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ।

ਹ. ਪੁ.– ਐਨ. ਬ੍ਰਿ. ਮਾ. 4 : 11; ਐਨ. ਬ੍ਰਿ. 7 : 234

**ਡੈਡੀ ਲਾਂਗਲੈਗਜ਼** : ਐਰੈਕਨਿਡ ਵਰਗ ਦੇ ਓਪਿਲੀਓ-ਨੀਜ਼ (Opiliones) ਅਤੇ ਮੱਕੜੀਆਂ ਦੀ ਕੁਲ ਫਾਲਸਡੀ (Pholcidae) ਦੇ ਕੀੜਿਆਂ ਲਈ ਇਹ ਇਕ ਆਮ ਨਾਂ ਹੈ। ਇਨ੍ਹਾਂ ਨੂੰ ਹਾਰਵੈੱਸਟਰ, ਹਾਰਵੈੱਸਟ ਸਪਾਈਡਰ ਜਾਂ ਹਾਰਵੈੱਸਟਮੈਨ ਵੀ ਕਿਹਾ ਜਾਂਦਾ ਹੈ, ਜਿਹਾ ਕਿ ਇਹ ਗਰਮੀਆਂ ਦੇ ਅਖ਼ੀਰ ਅਤੇ ਪੱਤਝੜ ਦੇ ਸ਼ੁਰੂ ਵਿਚ ਨਜ਼ਰ ਆਉਂਦੇ ਹਨ। ਇਹ ਬਹੁਤ ਥਾਵਾਂ ਤੇ ਮਿਲਣ ਵਾਲੇ ਪ੍ਰਾਣੀ ਹਨ। ਦੋਨੋਂ ਅਰਧ-ਗੋਲਿਆਂ ਦੇ ਸੀਤ ਊਸ਼ਣ ਦੇਸ਼ਾਂ ਵਿਚ ਬਹੁਤ ਜ਼ਿਆਦਾ ਅਤੇ ਊਸ਼ਣ-ਖੰਡਾਂ ਵਿਚ ਇਹ ਆਮ ਨਜ਼ਰ ਆਉਂਦੇ ਹਨ।

ਇਨ੍ਹਾਂ ਦਾ ਸਰੀਰ ਛੋਟਾ ਤੇ ਗੋਲ ਜਿਹਾ ਜਾਂ ਅੰਡਾਕਾਰ ਹੁੰਦਾ ਹੈ ਅਤੇ ਦੋ ਹਿੱਸਿਆਂ ਵਿਚ ਵੰਡਿਆ ਨਹੀਂ ਹੁੰਦਾ। ਬਾਲਗ ਕੀੜਿਆਂ ਦੀ ਕੈਰਾਪੇਸ ਦੇ ਦੋਵੇਂ ਪਾਸੇ ਇਕ ਇਕ ਗਲੈਂਡ ਹੁੰਦੀ ਹੈ ਜਿਸ ਵਿਚੋਂ ਬਦਬੂਦਾਰ ਮਾਦਾ ਨਿਕਲਦਾ ਹੈ। ਇਨ੍ਹਾਂ ਦੀਆਂ ਲੱਤਾਂ ਬਹੁਤ ਲੰਬੀਆਂ ਅਤੇ ਪਤਲੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਇਹ ਬਹੁਤ ਤੇਜ਼ ਤੁਰਦੇ ਹਨ ਅਤੇ ਆਪਣੇ ਸਰੀਰ ਨੂੰ ਜ਼ਮੀਨ ਤੋਂ ਉੱਚਾ ਵੀ ਚੁੱਕੀ ਰੱਖਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਕੀੜੇ-ਮਕੌੜੇ, ਮਾਈਟਾਂ ਅਤੇ ਮੱਕੜੀਆਂ ਹਨ।

ਨਰ, ਮਾਦਾ ਨਾਲੋਂ ਛੋਟਾ ਤੇ ਵਖਰੀ ਤਰ੍ਹਾਂ ਦਾ ਹੁੰਦਾ ਹੈ। ਇਸ ਵਿਚ ਇਕ ਲੰਬੀ, ਬਾਹਰ ਉਲਟਣਯੋਗ ਸ਼ਿਸ਼ਨ ਹੁੰਦੀ ਹੈ। ਪੱਤਝੜ ਵਿਚ ਇਨ੍ਹਾਂ ਦਾ ਮੈਥੁਨ ਹੁੰਦਾ ਹੈ ਅਤੇ ਇਸ ਕਿਰਿਆ ਤੋਂ ਬਾਅਦ ਮਾਦਾ ਆਪਣੇ ਅੰਡੇ ਨਿਖੇਪਣ-ਅੰਗ (Ovipositor) ਦੀ ਸਹਾਇਤਾ ਨਾਲ ਜ਼ਮੀਨ ਦੀ ਕਿਸੇ ਮੋਰੀ ਜਾਂ ਝੀਥ ਵਿਚ ਦਿੰਦੀ ਹੈ। ਇਸ ਤੋ ਬਾਅਦ ਜਲਦੀ ਹੀ ਨਰ ਤੇ ਮਾਦਾ ਮਰ ਜਾਂਦੇ ਹਨ। ਬਸੰਤ ਰੁੱਤ ਵਿਚ ਇਨ੍ਹਾਂ ਅੰਡਿਆਂ ਵਿਚੋਂ ਕੀੜੇ ਨਿਕਲਦੇ ਹਨ।

ਹ. ਪੁ. — ਐਨ. ਬ੍ਰਿ. 6 :991

**ਡੈੱਥ ਵਾਚ** : ਇਹ ਦੋ ਵਿਸ਼ੇਸ਼ ਕੁਲਾਂ ਦੇ ਛੋਟੇ ਛੋਟੇ ਬੀਂਡਿਅ ਦਾ ਪ੍ਰਸਿੱਧ ਨਾਂ ਹੈ। ਇਹ ਬੀਂਡੇ ਪੁਰਾਣੇ ਫਰਨੀਚਰ ਵਿਚ ਘੁਰਨੇ ਬਣ ਕੇ ਰਹਿੰਦੇ ਹਨ ਅਤੇ ਟਿੱਕ ਟਿੱਕ ਦੀ ਆਵਾਜ਼ ਪੈਦਾ ਕਰਦੇ ਹਨ। ਇਨ੍ਹ ਬੀਂਡਿਆਂ ਦੀ ਆਵਾਜ਼ ਸਬੰਧੀ ਇਕ ਪੁਰਾਣਾ ਵਹਿਮ ਮਸ਼ਹੂਰ ਹੈ ਕਿ ਇਨ੍ਹਾਂ ਦਾ ਬੋਲਣਾ ਉਸ ਘਰ ਵਿਚ ਕੋਈ ਮਾੜੀ ਘਟਨਾ ਵਾਪਰਨ ਦ ਸੰਕੇਤ ਮੰਨਿਆ ਜਾਂਦਾ ਹੈ। ਆਮ ਤੌਰ ਤੇ ਇਹ ਨਾਂ ਜ਼ੈਸਟੋਬੀਅ ਰਫ਼ੋਵਿਲੋਸਮ (Xestobium rufovillosum) ਅਤੇ ਐਨੋਬੀਅ ਪੰਕਟੈਟਮ (Anobium punctatum) ਜਾਤੀਆਂ ਲਈ ਵਰਤਿਅ ਜਾਂਦਾ ਹੈ। ਜ਼ਿਆਦਾਤਰ ਇਹ ਨਾਂ ਜ਼ੈਸਟੋਬੀਅਮ ਰਫ਼ੋਵਿਲੋਸ (X- rufovillosum) ਲਈ ਹੀ ਵਰਤੋਂ ਵਿਚ ਆਉਂਦਾ ਹੈ। ਬੀਂਡਿਅ ਦੀ ਇਹ ਆਵਾਜ਼ ਅਸਲ ਵਿਚ ਮੈਥੁਨ ਲਈ ਬੁਲਾਵਾ (ਸੁਨੇਹਾ) ਹੁੰਦ ਹੈ ਜੋ ਪ੍ਰੋਢ ਬੀਂਡਾ ਆਪਣਾ ਸਿਰ ਕਿਸੇ ਸਖ਼ਤ ਚੀਜ਼ ਨਾਲ ਮਾਰ ਮਾਰ ਕੇ ਪੈਦਾ ਕਰਦਾ ਹੈ। ਕਈ ਵਾਰ ਸੋਕੌਪਟਰਾ (Psocoptera) ਵਰਗ ਦੇ ਕੁਝ ਕਿਤਾਬੀ ਕੀੜਿਆਂ (Book lice) ਨੂੰ ਵੀ ਡੈੱਥ ਵਾਚ ਦਾ ਨ ਦਿੱਤਾ ਜਾਂਦਾ ਹੈ ਪਰ ਅਜਿਹੇ ਸੂਖ਼ਮ ਤੇ ਨਰਮ ਕੀੜਿਆਂ ਦਾ ਇੰਨ ਉੱਚੀ ਸੁਣਨਯੋਗ ਆਵਾਜ਼ ਪੈਦਾ ਕਰਨਾ ਸੰਦੇਹਜਨਕ ਹੈ। ਇਨ੍ਹ ਕੀੜਿਆਂ ਦੀਆਂ ਦੋ ਜਾਤੀਆਂ ਐਟਰੋਪਸ ਪਲਸੇਟੋਰੀਆ (Atropo pulsatoria) ਅਤੇ ਟਰੋਕਸ ਡਿਵਨੇਟੋਰਿਅਸ (Troctes divinato rius) ਉਪਰੋਕਤ ਦੱਸੇ ਪੁਰਾਣੇ ਵਹਿਮ ਕਿ ਇਨ੍ਹਾਂ ਕੀੜਿਆਂ ਦੀ ਉੱਚ ਆਵਾਜ਼ ਕਿਸੇ ਮਾੜੀ ਘਟਨਾ ਵਾਪਰਨ ਦਾ ਸੰਕੇਤ ਦਿੰਦੀ ਹੈ ਦੀ ਸਾਖ ਭਰਦੀਆਂ ਸਨ।

ਹ. ਪੁ.–ਐਨ. ਬ੍ਰਿ. 7 : 114

**ਡੈਨਐਮ, ਸਰ ਜਾਨ** : ਇਹ ਇਕ ਉੱਘਾ ਕਵੀ ਸੀ ਜਿ ਨੇ ਅੰਗਰੇਜ਼ੀ ਵਿਚ ਇਕ ਵਿਸ਼ੇਸ਼ ਭੂ-ਦ੍ਰਿਸ਼ ਨੂੰ ਡੂੰਘੀ ਵਿਚਾਰ ਨਾ ਬਿਆਨ ਕਰਨ ਦੀ ਲੀਹ ਪਾਈ। ਇਸ ਦਾ ਜਨਮ 1615 ਵਿ ਡਬਲਿਨ ਵਿਖੇ ਹੋਇਆ। ਇਸ ਨੇ ਆੱਕਸਫੋਰਡ ਤੋਂ ਵਿਦਿਆ ਪ੍ਰਾਪ ਕੀਤੀ। ਇਸ ਨੇ ਦੁਖਾਂਤਭਰੀ ਇਤਿਹਾਸਕ ਖੁੱਲ੍ਹੀ ਕਵਿਤਾ 'ਦੀ ਸਾਫ਼ੀ (1641) ਅਤੇ 'ਕੂਪਰਜ਼ ਹਿਲ' (1642) ਲਿਖ ਕੇ ਪ੍ਰਸਿੱਧੀ ਪ੍ਰਾਪ ਕੀਤੀ। ਇਸ ਤੋਂ ਪਹਿਲਾਂ ਇਸ ਨੇ ਵਰਜਿਲ ਦੇ ਮਹਾਂਕਾਵਿ 'ਈਨੀਡ (Aneid) ਦੀਆਂ 6 ਜਿਲਦਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਵ ਕੀਤਾ ਸੀ। ਖ਼ਾਨਾਜੰਗੀ ਦੇ ਦੌਰਾਨ ਇਸ ਨੇ ਚਾਰਲਸ ਦੂਜੇ ਲਈ ਦੇ ਅਤੇ ਬਦੇਸ਼ ਵਿਚ ਬਹੁਤ ਕੰਮ ਕੀਤਾ। ਇਸ ਨੂੰ 'ਨਾਈਟ ਆਫ਼ ਬਾ ਦਾ ਖਿਤਾਬ ਦਿੱਤਾ ਗਿਆ ਅਤੇ 'ਰਾਇਲ ਸੁਸਾਇਟੀ' ਦਾ ਮੈਂਬ ਚੁਣਿਆ ਗਿਆ ਮਗਰੋਂ ਇਹ ਪਾਰਲੀਮੈਂਟ ਦਾ ਮੈਂਬਰ ਵੀ ਰਿਹਾ ਪ੍ਰਸਿੱਧ ਕਵੀ ਅਲੈਗਜ਼ੈਂਡਰ ਪੋਪ ਨੇ ਡੈਨਐਮ ਦੇ 'ਵਿਚਾਰਾਂ ਦੀ ਸੱਤ ਨੂੰ ਬਹੁਤ ਸਲਾਹਿਆ' ਹੈ। ਇਸ ਦੀ ਕਵਿਤਾ ਉਪਦੇਸ਼ਾਤਮਕ ਹੈ ਜਿ ਵਿਚ ਇਸ ਨੇ ਨੈਤਿਕ ਅਤੇ ਆਦਰਸ਼ਕ ਪੱਖਾਂ ਉਤੇ ਬਹੁਤ ਜ਼ੋਰ ਦਿੱਤਾ

10 ਮਾਰਚ, 1669 ਨੂੰ ਲੰਡਨ ਵਿਖੇ ਇਸ ਦੀ ਮੌਤ ਹੋਈ ਅ ਇਸ ਨੂੰ ਵੈੱਸਟਮਿਨਿਸਟਰ ਐਬੇ ਵਿਚ ਦਫ਼ਨਾਇਆ ਗਿਆ।

ਹ. ਪੁ. - ਐਨ. ਬ੍ਰਿ. 7 : 235 ; ਐਨ. ਬ੍ਰਿ. ਮਾ. 3 : 465.

**ਡੈਨਜ਼ਲੀ** : ਦੱਖਣ-ਪੱਛਮੀ ਤੁਰਕੀ ਵਿਚ ਇਸੇ ਹੀ ਨਾਂ ਈਲ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਕਿ ਮੈਨਡਾਰੈਸ ਦਰਿਆ ਦ ਸਹਾਇਕ ਨਦੀ ਕੁਰਕਸੂ ਦੇ ਨੇੜੇ ਸਥਿਤ ਹੈ। ਇਥੋਂ ਡੀਨਾਰ ਇਜ਼ਮਿ ਨੂੰ ਰੇਲ ਜਾਂਦੀ ਹੈ। ਇਸ ਸ਼ਹਿਰ ਦੇ ਆਲੇ-ਦੁਆਲੇ ਬਾਗ਼ ਬਹੁਤ ਹ ਜਿਸ ਕਰਕੇ ਇਥੋਂ ਦਾ ਵਾਤਾਵਰਣ ਬੜਾ ਸੁਹਾਵਣਾ ਤੇ ਵਧੀਅ

ਰਹਿੰਦਾ ਹੈ। ਇਹ ਸ਼ਹਿਰ ਬਹੁਤ ਪੁਰਾਣੇ ਸ਼ਹਿਰਾਂ ਵਿਚੋਂ ਹੈ। ਇਥੇ ਲੇਆਡਸੀਆ ਜਾਂ ਲਾਈਕਮ ਸ਼ਹਿਰ ਆਬਾਦ ਸੀ। ਬਾਰ੍ਹਵੀਂ ਸਦੀ ਵਿਚ ਇਹ ਸ਼ਹਿਰ ਬਿਜੰਤੀਨੀ ਅਤੇ ਸਲਜੂਕੀ ਤੁਰਕਾਂ ਵਿਚਕਾਰ ਹੋਈਆਂ ਲੜਾਈਆਂ ਨਾਲ ਢਹਿ ਢੇਰੀ ਹੋ ਗਿਆ ਸੀ। 14 ਵੀਂ ਸਦੀ ਤੱਕ ਇਹ ਸ਼ਹਿਰ ਤੁਰਕੀ ਦੇ ਲਾਡੀਕ ਨਾਂ ਦੇ ਮਸ਼ਹੂਰ ਸ਼ਹਿਰ ਵਜੋਂ ਆਬਾਦ ਹੋਇਆ ਜਿਹੜਾ ਕਿ ਕੱਪੜੇ ਅਤੇ ਕਢਾਈ ਵਾਲੀਆਂ ਚੀਜ਼ਾਂ ਬਣਾਉਣ ਲਈ ਤੁਰਕੀ ਵਿਚ ਮੰਨਿਆ ਹੋਇਆ ਸੀ। 18 ਵੀਂ ਅਤੇ 19 ਵੀਂ ਸਦੀ ਵਿਚ ਇਹ ਭੂਚਾਲਾਂ ਨਾਲ ਤਬਾਹ ਹੋ ਗਿਆ।

ਇਸ ਦਾ ਖੇਤਰਫਲ 12,369 ਵ. ਕਿ. ਮੀ. ਹੈ ਜਿਸ ਵਿਚ ਮੈਨਡਾਰੈਸ ਘਾਟੀ ਦਾ ਪੂਰਬੀ ਉਪਜਾਊ ਭਾਗ ਅਤੇ ਆਲੇ-ਦੁਆਲੇ ਦਾ ਪਹਾੜੀ ਇਲਾਕਾਂ ਵੀ ਸ਼ਾਮਲ ਹੈ। ਇਥੇ ਦੀ ਮੁੱਖ ਪੈਦਾਵਾਰ ਕਪਾਹ, ਖਾਦ ਪਦਾਰਥ, ਅੰਜੀਰ ਅਤੇ ਤੰਬਾਕੂ ਹਨ। ਇਸ ਦੇ ਨਦੀ ਖੇਤਰ ਵਿਚ ਸੁੰਦਰ ਆਬਸ਼ਾਰ ਹਨ।

ਆਬਾਦੀ–2,04,118 (1991)

ਹ. ਪੁ. – ਐਨ. ਬ੍ਰਿ.ਮਾ. 3 : 467

**ਡੈਨਡਰਾ** (**Dandarah**) : ਅੱਪਰ ਮਿਸਰ ਦੇ ਕੀਨਾ ਮੁਹਾਫ਼ਜ਼ਾ ਵਿਚ ਇਹ ਇਕ ਜ਼ਰਾਇਤੀ ਸ਼ਹਿਰ ਹੈ ਜਿਹੜਾ ਕਿ ਨੀਲ ਦਰਿਆ ਦੇ ਪੱਛਮੀ ਕਿਨਾਰੇ ਉੱਤੇ ਵਸਿਆ ਹੋਇਆ ਹੈ। ਆਧੁਨਿਕ ਸ਼ਹਿਰ ਪੁਰਾਣੇ ਟੈਂਟਾਰਾ ਨਾਂ ਦੇ ਸ਼ਹਿਰ ਵਾਲੀ ਥਾਂ ਤੇ ਵੱਸਿਆ ਹੋਇਆ ਹੈ। ਇਹ ਫਰਾਊਨੀ ਅੱਪਰ ਮਿਸਰ ਦੇ ਛੇਵੇਂ ਪ੍ਰਾਂਤ ਦੀ ਰਾਜਧਾਨੀ ਹੁੰਦਾ ਸੀ ਅਤੇ ਪ੍ਰਾਚੀਨ ਮਿਸਰ ਦੇ ਹੈਥਰ ਨਾਂ ਦੀ ਪਿਆਰ ਦੀ ਦੇਵੀ ਨੂੰ ਸਮਰਪਿਤ ਸੀ। ਆਧੁਨਿਕ ਇਮਾਰਤ ਟਾਲਮੀ ਯੁੱਗ(305-30ਈ. ਪੂ.) ਦੀ ਬਣੀ ਹੋਈ ਹੈ ਅਤੇ ਇਸ ਨੂੰ ਰੋਮਨ ਸ਼ਹਿਨਸ਼ਾਹ ਟਾਈਬੀਰੀਅਸ (14-37 ਈ.) ਨੇ ਪੂਰਾ ਕੀਤਾ। ਇਹ ਇਮਾਰਤ ਖ਼ੂਫੂ ਬਾਦਸ਼ਾਹ ਦੁਆਰਾ ਬਣਾਈਆਂ ਇਮਾਰਤਾਂ ਦੀਆਂ ਨੀਹਾਂ ਉੱਤੇ ਹੀ ਟਿਕੀ ਹੋਈ ਹੈ।

ਇਥੋਂ ਦਾ ਰੇਤ-ਪੱਥਰ ਉਪਰ ਬਣਿਆ ਮੰਦਰ ਲਗਭਗ 79 ਮੀ. (260 ਫ਼ੁੱਟ) ਲੰਮਾ ਤੇ 83,570 ਵ. ਮੀ.(90,000 ਵ. ਫ਼ੁੱਟ), ਖੇਤਰ ਦੇ ਅੰਦਰਵਾਰ ਬਣਿਆ ਹੋਇਆ ਸੀ। ਇਸ ਦੀਆਂ ਕੰਧਾਂ ਕੱਚੀਆਂ ਇੱਟਾਂ ਦੀਆਂ ਬਣਿਆਂ ਹੋਈਆਂ ਸਨ। ਮੰਦਰ ਦੇ ਅੰਦਰਵਾਰ ਇਕ ਵੱਡਾ ਸਾਰਾ ਹਾਲ ਹੈ ਜਿਹੜਾ 18 ਥਮ੍ਹਲਿਆਂ ਉਪਰ ਉਸਾਰਿਆ ਗਿਆ ਹੈ ਅਤੇ ਹਰ ਇਕ ਥਮ੍ਹਲੇ ਉਪਰ ਹੈਥਰ ਦੇਵੀ ਦਾ ਚਿਹਰਾ ਬਣਿਆ ਹੋਇਆ ਹੈ। ਇਹ ਦੇਖਣ ਨੂੰ ਜੰਗਲ ਦੀ ਤਰ੍ਹਾਂ ਲਗਦਾ ਸੀ। ਮੰਦਰ ਦੀਆਂ ਛੱਤਾਂ ਉੱਤੇ ਬਹੁਤ ਸਾਰੇ ਖਗੋਲੀ ਦ੍ਰਿਸ਼ ਉੱਕਰੇ ਹੋਏ ਹਨ। ਕੰਧਾਂ ਉੱਪਰ ਬਾਦਸ਼ਾਹ ਦੇ ਦੌਰਿਆਂ ਸਬੰਧੀ ਵੇਰਵੇ ਉੱਕਰੇ ਹੋਏ ਹਨ। ਹਾਲ ਤੋਂ ਪਰ੍ਹਾਂ ਇਕ ਛੋਟਾ ਜਿਹਾ ਹਾਲ ਹੈ ਜਿਹੜਾ ਕਿ 6 ਥੰਮ੍ਹਾਂ ਉੱਤੇ ਬਣਿਆ ਹੋਇਆ ਹੈ। ਇਸ ਦੇ ਦੁਆਲੇ 6 ਅਸਲਖ਼ਾਨੇ ਹਨ ਅਤੇ ਇਥੋਂ ਦੋ ਡਿਉਢੀਆਂ ਵਿਚ ਦਾਖ਼ਲ ਹੋ ਜਾਈਦਾ ਹੈ। ਇਨ੍ਹਾਂ ਵਿਚੋਂ ਇਕ ਡਿਉਢੀ ਦਾ ਦਰਵਾਜ਼ਾ ਮੰਦਰ ਵੱਲ ਨੂੰ ਖੁੱਲ੍ਹਦਾ ਹੈ ਜਿਥੇ ਕਿ ਦੇਵੀ ਦੀ ਮੂਰਤੀ ਵਾਲੀ ਪਵਿੱਤਰ ਕਿਸ਼ਤੀ ਰੱਖੀ ਹੋਈ ਸੀ। ਮੰਦਰ ਦੀ ਛੱਤ ਉੱਤੇ ਓਸੀਰਿਸ ਦੇਵਤੇ ਨੂੰ ਸਮਰਪਿਤ ਕੁਝ ਪੂਜਾ-ਅਸਥਾਨ ਹਨ ਜਿਥੋਂ ਇਕ ਰਾਸ਼ੀ ਚੱਕਰ ਅਤੇ ਧੁੱਪ ਘੜੀ ਬਾਰੇ ਪਤਾ ਲੱਗਾ ਸੀ।

ਇਸ ਮੰਦਰ ਦੇ ਪਿੱਛੇ ਇਕ ਛੋਟਾ ਜਿਹਾ ਆਈਸਿਸ ਮੰਦਰ ਹੈ, ਉੱਤਰ ਵਾਲੇ ਪਾਸੇ ਵੱਲ ਇਕ ਪਵਿੱਤਰ ਝੀਲ ਹੈ। ਇਥੋਂ ਬਾਦਸ਼ਾਹ ਮੈਂਟੂ ਹੋਟੈੱਪ ਦੂਜੇ ਦਾ ਦਰਵਾਜ਼ਾ ਵੀ ਲੱਭਿਆ ਸੀ ਜਿਹੜਾ ਕਿ ਅੱਜਕੱਲ੍ਹ ਕਾਹਿਰਾ ਅਜਾਇਬ ਘਰ ਵਿਚ ਹੈ। ਪਵਿੱਤਰ ਝੀਲ ਦੇ ਪੂਰਬ ਵੱਲ ਇਕ ਈਸਾਈ ਗਿਰਜਾਘਰ ਹੈ।

ਆਬਾਦੀ – 21,279 (1996)

26° 06' ਉ. ਵਿਥ.; 32° 37' ਪੂ. ਲੰਬ.

ਹ.ਪੁ. – ਐਨ. ਬ੍ਰਿ. ਮਾ. 3:873

**ਡੈਨਡੀਲੀਆੱਨ** (**Dandelion**) : ਇਹ ਐਸਟਰੀਏਸੀ ਕੁਲ ਦੀ ਟੈਰਾਜ਼ੈਕਮ (Taraxacum) ਪ੍ਰਜਾਤੀ ਦੀ ਬਹੁਵਰਸ਼ੀ ਬੂਟੀਨੁਮਾ ਨਦੀਨ ਹੈ, ਜਿਸ ਦਾ ਮੂਲ ਯੂਰੇਸ਼ੀਆ ਹੈ ਪਰ ਇਹ ਉੱਤਰੀ ਅਮਰੀਕਾ ਦੇ ਤਪਤ-ਖੰਡੀ ਖੇਤਰ ਵਿਚ ਵੀ ਆਮ ਮਿਲਦੀ ਹੈ। ਟੀ. ਆੱਫ਼ੀਸੀਨੇਲ (*T. officinale*) ਇਸ ਦੀ ਆਮ ਮਿਲਣ ਵਾਲੀ ਜਾਤੀ ਹੈ। ਇਸ ਪੌਦੇ ਦੀ ਡੂੰਘੀ ਮੂਸਲ ਜੜ੍ਹ, ਖੋਖਲਾ ਤਣਾ ਅਤੇ ਆਧਾਰ ਤੇ ਪੱਤਿਆਂ ਦਾ ਫੁੰਮਣਾ ਬਣਿਆ ਹੁੰਦਾ ਹੈ। ਪੱਤਿਆਂ ਦੇ ਕਿਨਾਰੇ ਦੰਦੇਦਾਰ ਜਾਂ ਡੂੰਘੇ ਕਟਾਵਾਂ ਵਾਲੇ ਹੁੰਦੇ ਹਨ। ਇਸ ਪੌਦੇ ਦਾ ਮੁੱਖ ਫੁੱਲ ਪੀਲੇ ਰੰਗ ਦਾ ਹੁੰਦਾ ਹੈ, ਜਿਹੜਾ ਧਾਰੀਦਾਰ ਫੁੱਲਾਂ ਦਾ ਸਮੂਹ ਹੁੰਦਾ ਹੈ, ਨਾ ਕਿ ਟਿੱਕੀ ਫੁੱਲ। ਇਸ ਪੌਦੇ ਦਾ ਫੁੱਲ ਗੇਂਦ ਦੇ ਆਕਾਰ ਦਾ ਹੁੰਦਾ ਹੈ ਜਿਹੜਾ ਇਕ ਬੀਜ ਵਾਲੇ ਫਲਾਂ ਦਾ ਗੁੱਛਾ ਹੁੰਦਾ ਹੈ। ਇਸ ਦੇ ਕੌੜੇ ਸਵਾਦ ਵਾਲੇ ਨਰਮ ਪੱਤੇ ਸਲਾਦ ਵਿਚ ਵਰਤੇ ਜਾਂਦੇ ਹਨ ਅਤੇ ਇਸ ਦੀਆਂ ਜੜ੍ਹਾਂ ਕਾਫ਼ੀ ਵਰਗੇ ਪੀਣ-ਪਦਾਰਥ ਬਣਾਉਣ ਲਈ ਵਰਤੋਂ ਵਿਚ ਆਉਂਦੀਆਂ ਹਨ।

ਹ.ਪੁ. – ਐਨ. ਬ੍ਰਿ. ਮਾ. 3:368

**ਡੈਨਬਰਾਈਟ** (**Danburite**) : ਇਹ ਦੁਰਲੱਭ ਖਣਿਜਾਂ ਦੀ ਸ਼੍ਰੇਣੀ ਹੈ, ਜਿਸ ਵਿਚ ਕੈਲਸ਼ੀਅਮ ਅਤੇ ਬੋਰਾਨ ਆੱਰਥੋਸਿਲੀਕੇਟ ਹੁੰਦੇ ਹਨ। ਇਸ ਦੀ ਖੋਜ 1839 ਈ. ਵਿਚ ਡੈਨਬੈਰੀ, ਕਾਨੈਟੀਕਟ ਵਿਖੇ ਹੋਈ ਅਤੇ ਇਸੇ ਤੋਂ ਹੀ ਇਸ ਦਾ ਇਹ ਨਾਂ ਪਿਆ। ਉੱਥੇ ਇਹ ਡੋਲਮਾਈਟ ਵਿਚ ਜੜੇ ਮਿਲਦੇ ਹਨ। ਇਸ ਦੇ ਰਵੇ ਆਰਥੋਰਾਂਬਿਕ ਸਿਸਟਮ ਵਿਚ ਬਣਦੇ ਹਨ ਅਤੇ ਰਵੇ ਪਾਰਦਰਸ਼ੀ ਤੋਂ ਪਰਦੀਪਤ ਅਤੇ ਰੰਗਹੀਣ ਤੋਂ ਫਿੱਕੇ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਰਵਿਆਂ ਦਾ ਰੂਪ ਪੁਖ਼ਰਾਜ ਨਾਲ ਕਾਫ਼ੀ ਮਿਲਦਾ-ਜੁਲਦਾ ਹੈ। ਇਸ ਦਾ ਰਸਾਇਣਿਕ ਫ਼ਾਰਮੂਲਾ $CaB_2(SiO_4)_2$ ਹੈ। ਇਸ ਦੀ ਕਠੋਰਤਾ 7 ਅਤੇ ਵਿਸ਼ਿਸ਼ਟ ਘਣਤਾ 3.0 ਹੈ। ਇਸ ਦੇ ਵਧੀਆ ਰਵੇ ਜਾਪਾਨ ਵਿਚ ਮਿਲਦੇ ਹਨ।

ਹ. ਪੁ.–ਐਨ. ਬ੍ਰਿ. 7: 29

**ਡੈਨਬਰੀ** : ਸੰਯੁਕਤ ਰਾਜ ਅਮਰੀਕਾ ਵਿਚ ਦੱਖਣ-ਪੱਛਮੀ ਕਾਨੈਟੀਕਟ ਰਾਜ ਵਿਚ ਫੇਅਰਫੀਲਡ ਕਾਉਂਟੀ ਦਾ ਸੱਨਅਤੀ ਕੇਂਦਰ ਹੈ ਜਿਹੜਾ ਬਰਕਸ਼ਿਰਜ਼ ਪਹਾੜਾਂ ਦੇ ਪੈਰਾਂ ਵਿਚ ਸਟਿੱਲ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਇਸ ਸ਼ਹਿਰ ਤੋਂ ਉੱਤਰ ਵੱਲ ਲੇਕ ਕੈਂਡਲਵੁੱਡ ਸੈਰ ਸਪਾਟਾ ਕੇਂਦਰ ਹੈ ਜਿਥੇ ਸੈਲਾਨੀ ਛੁੱਟੀਆਂ ਕੱਟਣ ਲਈ ਆਮ ਆਉਂਦੇ ਹਨ। ਇਸ ਨੂੰ 1685 ਈ. ਵਿਚ ਵਸਾਇਆ ਗਿਆ ਸੀ ਤੇ ਪਿੱਛੋਂ 1702 ਈ. ਵਿਚ ਇਸਨੂੰ ਸ਼ਹਿਰ ਵਜੋਂ ਨਿਗਮਿਤ ਕੀਤਾ ਗਿਆ। ਇਸ ਸ਼ਹਿਰ ਦੇ ਦੋ ਹਿੱਸੇ ਸਨ। ਇਕ ਪੁਰਾਣਾ ਜਿਹੜਾ ਵਿਚਕਾਰਲੇ ਹਿੱਸੇ ਵਿਚ ਸੀ ਤੇ ਦੂਜਾ ਬਾਹਰਵਾਰ ਉਸਾਰਿਆ ਗਿਆ ਸੀ ਪਰ ਅੱਜਕੱਲ੍ਹ ਇਹ ਦੋਵੇਂ ਇਕ ਦੂਜੇ ਨਾਲ ਹੀ ਮਿਲ ਗਏ ਹਨ ਅਤੇ ਇਨ੍ਹਾਂ ਦੋਵਾਂ ਨੂੰ ਸਾਂਝੇ ਪ੍ਰਸ਼ਾਸਨ ਹੇਠ ਲਿਆਂਦਾ ਗਿਆ ਹੈ।

ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਤੀਕ ਇਹ ਹੈਟ ਬਣਾਉਣ ਦਾ ਮਸ਼ਹੂਰ ਕੇਂਦਰ ਹੋਇਆ ਕਰਦਾ ਸੀ ਪਰ ਅੱਜਕਲ੍ਹ ਇਹ ਉਦਯੋਗ ਪਹਿਲਾਂ ਨਾਲੋਂ ਬਹੁਤ ਘਟ ਗਿਆ ਹੈ ਅਤੇ ਇਸਦੀ ਥਾਂ ਹੋਰਨਾਂ ਸੱਨਅਤਾਂ ਨੇ ਲੈ ਲਈ ਹੈ। ਅੱਜਕੱਲ੍ਹ ਇਥੇ ਬਿਜਲੀ ਦਾ ਸਾਮਾਨ, ਮਸ਼ੀਨਰੀ, ਕੱਪੜੇ, ਰਸਾਇਣ, ਚੀਰ-ਫਾੜ ਦੇ ਔਜ਼ਾਰ ਆਦਿ ਬਣਾਏ ਜਾਂਦੇ ਹਨ। ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ ਵੈਸਟਰਨ ਕਾਨੈਟੀਕਟ ਸਟੇਟ ਕਾਲਜ, ਹੈਨਰੀ ਐਬਟ ਟੈਕਨੀਕਲ ਸਕੂਲ, ਵੂਸਟਰ ਸਕੂਲ ਅਤੇ ਡੈਨਬਰੀ ਸਕਾਟ – ਫੈਨਟਨ ਅਜਾਇਬ ਘਰ ਆਦਿ ਸ਼ਾਮਲ ਹਨ।

ਆਬਾਦੀ – 65,585(1990)

41° 23' ਉ. ਵਿਥ.; 73° 27' ਪੂ. ਲੰਬ.

ਹ. ਪੁ. – ਐਨ. ਅਮੇ. 8 : 464; ਐਨ. ਬ੍ਰਿ. ਮਾ. 3: 871

**ਡੈਨਮਾਰਕ** : ਪੱਛਮੀ ਯੂਰਪ ਦਾ ਇਹ ਇਕ ਛੋਟਾ ਜਿਹਾ ਆਜ਼ਾਦ ਦੇਸ਼ ਹੈ। ਇਹ ਯੂਰਪ ਦੇ ਕੇਂਦਰੀ ਹਿੱਸੇ ਵਿਚੋਂ ਉੱਤਰ ਵੱਲ ਵਧਿਆ ਹੋਇਆ ਹੈ। ਇਸ ਦੀ ਰਾਜਧਾਨੀ ਕੋਪਨਹੈਗਨ ਹੈ। ਇਸ ਦੇਸ਼ ਵਿਚ ਮੁੱਖ ਧਰਤੀ ਜਟਲੈਂਡ ਤੋਂ ਇਲਾਵਾ 496 ਟਾਪੂ ਸ਼ਾਮਲ ਹਨ ਜਿਨ੍ਹਾਂ ਵਿਚੋਂ ਗ੍ਰੀਨਲੈਂਡ ਅਤੇ ਫ਼ੇਅਰੋ ਹੀ ਵੱਡੇ ਟਾਪੂ ਹਨ। ਗ੍ਰੀਨਲੈਂਡ ਅਤੇ ਫੇਅਰੋ ਭਾਂਵੇ ਇਸ ਦੇਸ਼ ਦਾ ਹਿੱਸਾ ਹਨ ਪਰ ਇਨ੍ਹਾਂ ਨੂੰ ਖੁਦਮੁਖ਼ਤਾਰੀ ਪ੍ਰਾਪਤ ਹੈ। ਇਨ੍ਹਾਂ ਦੋਨਾਂ ਤੋਂ ਬਿਨਾਂ ਇਸ ਦਾ ਖੇਤਰਫਲ 43,093 ਵ. ਕਿ. ਮੀ. ਅਤੇ ਆਬਾਦੀ 51,60,000 (1992) ਹੈ। ਸਕੈਂਡੇਨੇਵੀਆਈ ਭਾਸ਼ਾਵਾਂ ਦੀ ਉਪ-ਭਾਸ਼ਾ, ਡੈਨੀ ਇਥੋਂ ਦੀ ਮੁੱਖ ਅਤੇ ਦਫ਼ਤਰੀ ਭਾਸ਼ਾ ਹੈ।

## ਭੂ-ਆਕ੍ਰਿਤੀ ਵਿਗਿਆਨ

ਭੂਗੋਲਿਕ ਸਥਿਤੀ ਅਨੁਸਾਰ ਇਹ ਸਕੰਡੇਨੇਵੀਆ ਅਤੇ ਕੇਂਦਰੀ ਯੂਰਪ ਦੇ ਵਿਚਕਾਰ ਪੈਂਦਾ ਹੈ। ਇਸ ਦੇ ਤਿੰਨ ਪਾਸੇ ਸਮੁੰਦਰ ਹੈ ਅਤੇ ਦੱਖਣ ਵੱਲ ਇਕੋ ਪਾਸੇ ਜ਼ਮੀਨ ਹੈ। ਪੂਰਬ ਤੋਂ ਪੱਛਮ ਵਿਚ ਇਹ 440 ਕਿ. ਮੀ. ਚੌੜਾ ਹੈ । ਸਾਰੇ ਟਾਪੂਆਂ ਸਮੇਤ ਇਸ ਦੇਸ਼ ਦਾ 7,360 ਕਿ. ਮੀ. ਖੇਤਰ ਸਾਰੇ ਸਮੁੰਦਰ ਨਾਲ ਲਗਦਾ ਹੈ ਅਤੇ ਸਿਰਫ਼ 64 ਕਿ. ਮੀ. ਦਾ ਖੇਤਰ ਹੀ ਜ਼ਮੀਨ ਨਾਲ ਲਗਦਾ ਹੈ ਜਿਥੇ ਜਰਮਨੀ ਅਤੇ ਡੈਨਮਾਰਕ ਵਿਚਲੀ ਹੱਦ ਬਣਦੀ ਹੈ।

ਧਰਾਤਲੀ ਵੱਖਰੇਵਿਆਂ ਅਨੁਸਾਰ ਡੈਨਮਾਰਕ ਸਮੁੰਦਰ ਤਲ ਤੋਂ 30 ਮੀ. ਦੀ ਉਚਾਈ ਤੇ ਹੈ। ਸਭ ਤੋਂ ਵੱਧ ਉੱਚਾਈ ਇਸੇ ਪ੍ਰਾਇਦੀਪ ਉੱਤੇ ਯਡਿੰਗ ਸਕੋਵਹੋਜ਼ ਸਿਖਰ ਦੀ ਹੈ। ਇਹ ਵੀ ਸਿਰਫ 172 ਮੀ. ਹੀ ਉੱਚੀ ਹੈ। ਪ੍ਰਾਇਦੀਪ ਜਟਲੈਂਡ ਦਾ ਦੱਖਣ-ਪੱਛਮੀ ਹਿੱਸਾ ਦਲਦਲੀ ਹੈ ਪਰ ਉੱਤਰੀ ਤੱਟ ਦੇ ਨਾਲ ਨਾਲ ਇਥੇ ਰੇਤ ਦੇ ਟਿੱਬਿਆਂ ਦੀ ਇਕ ਕਤਾਰ ਵੀ ਹੈ। ਕੇਂਦਰੀ ਜਟਲੈਂਡ ਪੱਧਰਾ ਖੇਤਰ ਹੈ। ਪੂਰਬੀ ਖੇਤਰ ਉੱਤੇ ਉੱਚੇ-ਨੀਵੇਂ ਮੈਦਾਨ, ਝੀਲਾਂ ਵਾਲੀਆਂ ਵਾਦੀਆਂ ਅਤੇ ਸਮੁੰਦਰੀ ਜਲ ਦੁਆਰ ਹਨ। ਸਮੁੰਦਰੀ ਤੱਟ ਵੀ ਕਾਫ਼ੀ ਕੱਟਿਆ-ਵੱਢਿਆ ਹੋਇਆ ਹੈ। ਇਥੋਂ ਦੇ ਬਹੁਤੇ ਟਾਪੂ ਢਾਲਵੇਂ ਹਨ ਜਦੋਂ ਕਿ ਬਰਨਹੋਮ ਗ੍ਰੇਨਾਈਟ ਚਟਾਨਾਂ ਵਾਲਾ ਹੈ। ਜਟਲੈਂਡ ਦੇ ਪੱਛਮੀ ਤੱਟ ਉੱਤੇ ਰੇਤ-ਬ੍ਰੇਤੀਆਂ ਕਰਕੇ ਇਹ ਰਹਿਣ ਲਈ ਵਧੀਆ ਨਹੀਂ ਹੈ। ਪੂਰਬੀ ਹਿੱਸੇ ਉੱਤੇ ਕੁਦਰਤੀ ਖਾੜੀਆਂ ਹੋਣ ਦੇ ਬਾਵਜੂਦ ਵੀ ਕੋਈ ਵੱਡੀ ਬੰਦਰਗਾਹ ਨਹੀਂ ਹੈ।

ਡੈਨਮਾਰਕ ਦੀ ਮੁੱਖ ਧਰਤੀ ਜਟਲੈਂਡ ਦੇ ਭੂ-ਆਕਾਰ 1,000,000 ਈ. ਪੂ. ਤੋਂ 10,000 ਈ. ਪੂ. ਵਿਚ ਹੋਈਆਂ ਗਲੇਸ਼ੀਅਰੀ ਕਿਰਿਆਵਾਂ ਤੋਂ ਹੋਂਦ ਵਿਚ ਆਏ ਹਨ। ਇਸ ਦੌਰਾਨ ਗਲੇਸ਼ੀਅਰਾਂ ਦੀਆਂ ਤਿੰਨ ਵੇਰ ਭੂਗੋਲਿਕ ਰਚਨਾਵਾਂ ਹੋਈਆਂ। ਗਲੇਸ਼ੀਅਰ ਕਿਰਿਆ ਕਰਕੇ ਹੀ ਇਥੇ ਤਿੰਨ ਸਟ੍ਰੇਟਾਂ ਹੋਂਦ ਵਿਚ ਆਈਆਂ।

**ਜਲਵਾਯੂ** – ਇਸ ਦੇਸ਼ ਦੀ ਜਲਵਾਯੂ ਉੱਤੇ ਸਮੁੰਦਰ ਦੀ ਨੇੜਤਾ ਅਤੇ ਸਮੁੰਦਰ ਵਿਚ ਚਲਦੀ ਖਾੜੀ ਦੀ ਧਾਰਾ ਦਾ ਬਹੁਤ ਅਸਰ ਹੁੰਦਾ ਹੈ। ਭੂਗੋਲਿਕ ਸਥਿਤੀ ਪੱਖੋਂ ਇਹ ਦੇਸ਼ ਸ਼ੀਤ ਖੰਡ ਵਿਚ ਸਥਿਤ ਹੈ ਪਰ ਗਰਮ ਪਾਣੀ ਦੀ ਧਾਰਾ ਇਸ ਨੂੰ ਗਰਮ ਬਣਾ ਦਿੰਦੀ ਹੈ। ਇਸੇ ਕਰਕੇ ਇਥੇ ਸਰਦੀਆਂ ਵਿਚ ਤਾਪਮਾਨ ਬਹੁਤ ਜ਼ਿਆਦਾ ਘਟਦਾ ਨਹੀਂ ਅਤੇ ਗਰਮੀਆਂ ਵੀ ਸੁਹਾਵਣੀਆਂ ਹੁੰਦੀਆਂ ਹਨ। ਸਰਦੀਆਂ ਦਾ ਘੱਟ ਤੋਂ ਘੱਟ ਤਾਪਮਾਨ -1° ਸੈਂ. ਅਤੇ ਗਰਮੀਆਂ ਦਾ ਵੱਧ ਤੋਂ ਵੱਧ 15° ਸੈਂ. ਹੀ ਹੁੰਦਾ ਹੈ। ਸਮੁੰਦਰ ਦੇ ਨੇੜੇ ਦੇ ਖੇਤਰ ਵਿਚ ਵਰਖਾ ਵੀ ਵੱਧ ਹੁੰਦੀ ਹੈ ਜਦੋਂ ਕਿ ਪੂਰਬੀ ਖੇਤਰ ਖੁਸ਼ਕ ਰਹਿੰਦੇ ਹਨ। ਸਾਲ ਦੌਰਾਨ ਵਰਖਾ ਦੀ ਔਸਤ 400 ਤੋਂ 800 ਮਿ. ਮੀ. ਹੁੰਦੀ ਹੈ। ਇਥੇ ਤੇਜ਼ ਹਵਾਵਾਂ ਵੀ ਚਲਦੀਆਂ ਹਨ। ਮੌਸਮ ਵਿਚ ਅਕਸਰ ਤਬਦੀਲੀਆਂ ਆਉਂਦੀਆਂ ਹਨ। ਪੱਛਮ ਅਤੇ ਪੂਰਬ ਵੱਲ ਸਥਾਨਕ ਹਵਾਵਾਂ ਨਾਲ ਮੌਸਮ ਬਦਲਦਾ ਰਹਿੰਦਾ ਹੈ।

**ਜਲ-ਪ੍ਰਵਾਹ** – ਡੈਨਮਾਰਕ ਦਾ ਰਕਬਾ ਘੱਟ ਹੋਣ ਦੇ ਨਾਲ ਨਾਲ ਇਸ ਦੀ ਸਮੁੰਦਰ ਤਲ ਤੋਂ ਉੱਚਾਈ ਵੀ ਬੜੀ ਘੱਟ ਹੈ। ਇਸੇ ਕਰਕੇ ਇਥੇ ਲੰਬੇ ਦਰਿਆਵਾਂ ਦੀ ਘਾਟ ਹੈ। ਦੇਸ਼ ਭਰ ਵਿਚ ਜਟਲੈਂਡ ਪ੍ਰਾਇਦੀਪ ਉਪਰਲਾ ਇਕੋ ਇਕ ਦਰਿਆ ਗੁਥਾਨਾ ਹੈ। ਇਹ 128 ਕਿ. ਮੀ. ਲੰਬਾ ਹੈ। ਝੀਲਾਂ ਦੀ ਵੀ ਘਾਟ ਹੈ। ਇਸ ਖੇਤਰ ਦੇ ਦਰਿਆ ਜਹਾਜ਼ਰਾਨੀ ਅਤੇ ਪਾਣੀ ਦੀ ਹੋਰ ਵਰਤੋਂ ਪੱਖੋਂ ਵੀ ਲਾਹੇਵੰਦ ਨਹੀਂ ਹਨ।

**ਬਨਸਪਤੀ ਅਤੇ ਜੀਵ-ਜੰਤੂ**- ਅੱਜਕੱਲ੍ਹ ਇਥੋਂ ਦਾ 10 ਫ਼ੀਸਦੀ ਖੇਤਰ ਜੰਗਲਾਂ ਨੇ ਰੋਕਿਆ ਹੋਇਆ ਹੈ। ਸੰਨ 1805 ਤੱਕ ਇਥੇ ਬਲੂਤ ਅਤੇ ਬੀਚ ਦੇ ਜੰਗਲ ਸਾਫ਼ ਕੀਤੇ ਗਏ ਸਨ। 18 ਵੀਂ ਸਦੀ ਵਿਚ ਲੱਕੜ ਸਕਾਚ ਪਾਈਨ, ਨਾਰਵੇ ਸਪਰੂਸ, ਸਿਲਵਰ ਅਤੇ ਲਾਰਚ ਨਵੀਆਂ ਕਿਸਮਾਂ ਦੇ ਰੁੱਖ ਲਗਾਏ ਗਏ। ਇਥੇ ਧਣਧਾਰੀ ਜੀਵ ਘੱਟ ਹਨ। ਇਨ੍ਹਾਂ ਵਿਚ ਬਿੱਜੂ, ਹਿਰਨ, ਲੂੰਬੜੀ, ਗਿਲਹਰੀ ਆਦਿ ਹੀ ਵਰਣਨਯੋਗ ਹਨ। ਸਮੁੰਦਰੀ ਪਾਣੀਆਂ ਵਿਚ ਮੱਛੀਆਂ ਦੀ ਭਰਮਾਰ ਹੈ। ਅੰਦਰੂਨੀ ਪਾਣੀਆਂ ਵਿਚੋਂ ਵੀ ਮੱਛੀਆਂ ਫੜੀਆਂ ਜਾਂਦੀਆਂ ਹਨ।

## ਇਤਿਹਾਸ

ਡੈਨਮਾਰਕ ਦਾ ਪ੍ਰਾਚੀਨ ਇਤਿਹਾਸ ਹਾਲੇ ਤੀਕ ਅਣਗੌਲਿਆ ਹੀ ਹੈ ਪਰ ਫਿਰ ਵੀ ਇਥੇ 100,000 ਸਾਲ ਪਹਿਲਾਂ ਦੀ ਵਸੋਂ ਦੇ ਸਬੂਤ ਮਿਲਦੇ ਹਨ। ਪੱਥਰ ਯੁੱਗ ਵਿਚ ਇਥੋਂ ਦੇ ਲੋਕ ਸ਼ਿਕਾਰ ਅਤੇ ਮੱਛੀ ਪਾਲਣ ਦੇ ਧੰਦਿਆਂ ਤੋਂ ਇਲਾਵਾ ਖੇਤੀਬਾੜੀ ਵਿਚ ਰੁਚੀ ਲੈਣ ਲਗ ਪਏ। ਈਸਵੀ ਸਦੀ ਦੇ ਮੁੱਢਲੇ ਸਾਲਾਂ ਵਿਚ ਇਥੇ ਲੜਾਈਆਂ ਝਗੜੇ ਬਹੁਤ ਹੁੰਦੇ ਸਨ। ਰੋਮਨਾਂ ਦੇ ਪਤਨ ਤੀਕ ਇਥੇ ਇਸੇ ਤਰ੍ਹਾਂ ਦਾ ਮਾਹੌਲ ਸੀ। ਪਿੱਛੋਂ ਗਾੱਥਿਕ ਪ੍ਰਭਾਵ ਵਧਿਆ। 6 ਵੀਂ ਸਦੀ ਵਿਚ ਇਹ ਲੋਕ ਇਥੇ ਆ ਕੇ ਵੱਸੇ। ਸੰਨ 1850 ਤੋਂ ਪਿੱਛੋਂ ਜਟਲੈਂਡ ਦੇ ਘਟੀਆ ਮਿੱਟੀ ਵਾਲੇ ਖੇਤਰ ਵਿਚ ਡਗਲੈਸ ਫਰ ਦੇ ਰੁੱਖ ਲਾਏ ਗਏ। ਗਾੱਥਿਕਾਂ ਦੇ ਇਕ ਇਤਿਹਾਸਕਾਰ ਨੇ ਡੇਨੀਆਂ ਨੂੰ ਸਵੀਡਨ ਤੋਂ ਇਥੇ ਆ ਕੇ ਵੱਸੇ ਮੰਨਿਆ ਹੈ। ਇਹ ਲੋਕ ਮਗਰੋਂ ਸਥਾਈ ਤੌਰ ਤੇ ਹੀ ਇਥੇ ਰਹਿਣ ਲਗ ਪਏ। ਪਿੱਛੋਂ ਚਾਰਲਮੇਨ ਨੇ ਆਪਣੇ ਸਾਮਰਾਜ ਦਾ ਵਿਸਤਾਰ ਉੱਤਰ ਵੱਲ ਕਰਕੇ ਇਸ ਦੇਸ਼ ਦਾ ਸਬੰਧ ਯੂਰਪ ਨਾਲ ਕਾਇਮ ਕੀਤਾ। ਸੱਤਵੀਂ ਸਦੀ ਵਿਚ ਇਥੋਂ ਦੇ ਲੋਕ ਸਕੰਡੇਨੇਵੀਆਈ ਡਾਕੂ-ਲੁਟੇਰਿਆਂ ਨਾਲ ਮਿਲ ਕੇ ਲੁੱਟ-ਮਾਰ ਅਤੇ ਵਪਾਰ ਵੀ ਕਰਦੇ ਰਹੇ। ਕੈਨਿਊਟ ਬਾਦਸ਼ਾਹ ਅਧੀਨ ਸਵੀਡਨ ਦਾ ਵੀ ਕੁਝ ਇਲਾਕਾ ਐਂਗਲੋ-ਡੈਨਿਸ਼ ਸਾਮਰਾਜ ਵਿਚ ਮਿਲਿਆ ਰਿਹਾ। ਮੱਧਕਾਲੀਨ ਸਮਿਆਂ ਦੌਰਾਨ ਜਰਮਨਾਂ ਦੀ ਹੈਨਸੀਐਟਿਕ ਲੀਗ ਦਾ ਪ੍ਰਭਾਵ ਵਧੇਰੇ ਹੋਣ ਨਾਲ ਇਨ੍ਹਾਂ ਦਾ ਵਪਾਰ ਘਟ ਗਿਆ। 16 ਵੀਂ ਸਦੀ ਦੀ ਖ਼ਾਨਾਜੰਗੀ ਪਿੱਛੋਂ ਲੂਥਰ-ਪੰਥੀ ਅਤੇ ਸ਼ਾਹੀ ਘਰਾਣੇ ਦੇ ਲੋਕ ਸੱਤਾ ਹਾਸਲ ਕਰਨ ਵਿਚ ਕਾਮਯਾਬ ਹੋ ਗਏ। 17 ਵੀਂ ਸਦੀ ਵਿਚ ਬਾਲਟਿਕ ਉੱਪਰ ਡੈਨਮਾਰਕ ਦੀ ਸੱਤਾ ਕਾਇਮ ਕਰਨ ਲਈ ਲੜਾਈਆਂ ਵੀ ਹੋਈਆਂ ਪਰ ਕਾਮਯਾਬੀ ਨਾ ਮਿਲੀ। ਅਖੀਰ ਨੂੰ 1660 ਈ. ਵਿਚ ਕੋਪਨਹੈਗਨ ਸੰਧੀ ਤਹਿਤ ਨਾਰਵੇ, ਸਵੀਡਨ ਅਤੇ ਡੈਨਮਾਰਕ ਦੀਆਂ ਮੌਜੂਦਾ ਹੱਦਾਂ ਤੈਅ ਕੀਤੀਆਂ ਗਈਆਂ। ਲੜਾਈਆਂ ਮਗਰੋਂ ਵਿਆਪਕ ਰੂਪ ਵਿਚ ਆਰਥਿਕ ਮੰਦਵਾੜਾ ਜ਼ਰੂਰ ਆਇਆ, ਪਰ 18 ਵੀਂ ਸਦੀ ਦੌਰਾਨ ਬਸਤੀਵਾਦੀਆਂ ਦੀ ਮਾਰਕੀਟ ਵਿਚ ਡੈਨਮਾਰਕ ਦਾ ਵਪਾਰ ਜਿਉਂ ਦਾ ਤਿਉਂ ਪ੍ਰਫੁੱਲਤ ਰਿਹਾ। ਸੰਨ 1800 ਦੇ ਦਹਾਕੇ ਵਿਚ ਨੈਪੋਲੀਅਨ ਦੀਆਂ ਲੜਾਈਆਂ ਨੇ ਇਕ ਵਾਰ ਫਿਰ ਇਥੇ ਆਰਥਿਕ ਮੰਦਵਾੜਾ ਲੈ ਆਂਦਾ ਜਿਸਦੇ ਫਲਸਰੂਪ 1814 ਈ. ਵਿਚ ਡੈਨਮਾਰਕ ਨੂੰ ਨਾਰਵੇ ਦਾ ਖੇਤਰ ਸਵੀਡਨ ਨੂੰ ਸੌਂਪਣਾ ਪਿਆ। ਸੰਨ 1864 ਵਿਚ ਸ਼ਲੈਸਵਿਗ੍ਹ ਹੋਲਸਟੀਨ ਪ੍ਰਸ਼ਾਅ ਦੇ ਅਧੀਨ ਆ ਗਿਆ। ਸੰਨ 1380 ਤੋਂ ਡੈਨਮਾਰਕ ਦਾ ਹਿੱਸਾ ਚੱਲੇ ਆ ਰਹੇ ਫੈਅਰੋ ਟਾਪੂਆਂ ਨੂੰ 1948 ਈ.

ਵਿਚ ਆਪਣਾ ਰਾਜ ਪ੍ਰਬੰਧ ਆਪ ਚਲਾਉਣ ਦਾ ਹੱਕ ਪ੍ਰਾਪਤ ਹੋ ਗਿਆ। ਇਸੇ ਤਰ੍ਹਾਂ 1953 ਤੋਂ ਇਸ ਵਿਚ ਸ਼ਾਮਲ ਗ੍ਰੀਨਲੈਂਡ ਨੂੰ 1979 ਈ. ਵਿਚ ਖ਼ੁਦਮੁਖ਼ਤਾਰੀ ਪ੍ਰਾਪਤ ਹੋਈ।

## ਆਰਥਿਕਤਾ

ਇਸ ਦੇਸ਼ ਦੀ ਆਰਥਿਕਤਾ ਦਾ ਮੁੱਖ ਆਧਾਰ ਖੇਤੀਬਾੜੀ, ਪਸ਼ੂ ਪਾਲਣ ਅਤੇ ਸੱਨਅਤਾਂ ਹਨ। ਡੇਅਰੀ ਫਾਰਮਿੰਗ ਵਿਚ ਤਾਂ ਡੈਨਮਾਰਕ ਸੰਸਾਰ-ਭਰ ਵਿਚ ਬਹੁਤ ਪ੍ਰਸਿੱਧ ਹੈ। ਇਥੋਂ ਦੀਆਂ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਖ ਵੱਖ ਤਰੀਕਿਆਂ ਨਾਲ ਆਰਥਿਕ ਸਰਗਰਮੀਆਂ ਵਿਚ ਲੱਗੀਆਂ ਹੋਈਆਂ ਹਨ।

**ਖਣਿਜ** – ਦੇਸ਼ ਦੇ ਕੁੱਲ ਉਤਪਾਦਨਾਂ ਵਿਚ 1 ਫੀਸਦੀ ਹਿੱਸਾ ਖਣਿਜੀ ਉਤਪਾਦਨਾਂ ਦਾ ਹੈ। ਇਥੋਂ ਦੇ ਜਟਲੈਂਡ ਵਿਚੋਂ ਚੂਨਾ ਪੱਥਰ, ਚਾਕ ਅਤੇ ਮਾਰਲ ਪੱਥਰ ਕੱਢਿਆ ਜਾਂਦਾ ਹੈ। ਕਾਓਲਿਨ ਬਾਰਨਚਾਮ ਟਾਪੂ ਵਿਚੋਂ ਮਿਲਦਾ ਹੈ। ਲਿਗਵਟੀ ਅਤੇ ਕੱਚਾ ਕੋਲਾ ਵੀ ਇਥੋਂ ਕੱਢਿਆ ਜਾਂਦਾ ਹੈ।

ਉੱਤਰੀ ਸਾਗਰ ਵਿਚ ਤੇਲ ਦੇ ਭੰਡਾਰ ਵੀ ਮਿਲੇ ਹਨ। ਪੈਟਰੋਲ ਅਤੇ ਊਰਜਾ ਦੇ ਹੋਰ ਸਾਧਨ ਆਮ ਤੌਰ ਤੇ ਬਾਹਰੋਂ ਹੀ ਮੰਗਵਾਏ ਜਾਂਦੇ ਹਨ ਕਿਉਂਕਿ ਇਥੇ ਊਰਜਾ ਦੇ ਸਾਧਨ ਦੀ ਕਮੀ ਹੈ।

**ਖੇਤੀਬਾੜੀ** – ਇਸ ਦੇਸ਼ ਵਿਚ 2/3 ਭੂਮੀ ਵਾਹੀਯੋਗ ਹੈ ਜਿਸ ਉੱਤੇ ਸੰਘਣੀ ਖੇਤੀ ਕੀਤੀ ਜਾਂਦੀ ਹੈ। ਭੂਮੀ ਭਾਵੇਂ ਬਹੁਤੀ ਉਪਜਾਊ ਨਹੀਂ ਹੈ ਫਿਰ ਵੀ ਮਸ਼ੀਨਾਂ ਦੇ ਪ੍ਰਯੋਗ ਅਤੇ ਖਾਦਾਂ ਦੀ ਯੋਗ ਵਰਤੋਂ ਨੇ ਇਥੋਂ ਦੇ ਉਤਪਾਦਨ ਵਿਚ ਕਾਫ਼ੀ ਵਾਧਾ ਕੀਤਾ ਹੈ। ਉਪਜਾਂ ਦਾ ਬਹੁਤਾ ਹਿੱਸਾ ਨਿਰਯਾਤ ਕਰ ਦਿੱਤਾ ਜਾਂਦਾ ਹੈ।

ਛੋਟੇ ਛੋਟੇ ਖੇਤਾਂ ਦੀ ਮਾਲਕੀ ਕਿਸਾਨਾਂ ਕੋਲ ਹੁੰਦੀ ਹੈ ਅਤੇ ਉਨ੍ਹਾਂ ਨੂੰ ਇਸ ਮਾਲਕੀ ਲਈ ਇਵਜ਼ਾਨਾ ਦੇਣਾ ਪੈਂਦਾ ਹੈ। ਵੱਡੇ ਵੱਡੇ ਖੇਤ ਸਰਕਾਰ ਦੀ ਮਲਕੀਅਤ ਹਨ। ਵੀਹਵੀਂ ਸਦੀ ਤੋਂ ਵੱਡੇ ਖੇਤ ਛੋਟੇ ਕੀਤੇ ਗਏ ਹਨ। ਅੱਜਕੱਲ੍ਹ ਆਮ ਖੇਤ 10 ਤੋਂ 60 ਹੈਕ. ਰਕਬੇ ਦੇ ਹੁੰਦੇ ਹਨ।

ਸਾਰੇ ਵਾਹੀਯੋਗ ਖੇਤਰ ਦੇ 40 ਫੀਸਦੀ ਹਿੱਸੇ ਉੱਪਰ ਅਨਾਜੀ ਫਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ। 36 ਫੀਸਦੀ ਖੇਤਰ ਉੱਪਰ ਚਰਾਂਦਾਂ ਹਨ। ਸਬਜ਼ੀਆਂ, ਅਨਾਜੀ ਫਸਲਾਂ, ਚੁਕੰਦਰ, ਆਲੂ ਇਥੋਂ ਦੀਆਂ ਮੁੱਖ ਫਸਲਾਂ ਹਨ। 19 ਵੀਂ ਸਦੀ ਵਿਚ ਇਥੇ ਪਸ਼ੂ-ਪਾਲਣ ਉੱਪਰ ਜ਼ੋਰ ਦਿੱਤਾ ਗਿਆ। ਇਸੇ ਦੌਰਾਨ ਮਾਸ ਅਤੇ ਦੁੱਧ ਲਈ ਪਸ਼ੂ ਪਾਲੇ ਜਾਣ ਲੱਗੇ ਜਿਸਦੇ ਸਿੱਟੇ ਵਜੋਂ ਸਹਿਕਾਰੀ ਸੰਸਥਾਵਾਂ ਹੋਂਦ ਵਿਚ ਆਈਆਂ। ਸੰਨ 1890 ਤੱਕ ਇਨ੍ਹਾਂ ਦੀ ਗਿਣਤੀ 700 ਦੇ ਲਗਭਗ ਹੋ ਗਈ। ਦੁੱਧ, ਅੰਡੇ, ਮੱਖਣ ਅਤੇ ਹੋਰ ਤਿਆਰ ਵਸਤਾਂ ਦਾ ਨਿਰਯਾਤ, ਕੀਮਤਾਂ ਦਾ ਕੰਟਰੋਲ, ਕਿਸਾਨਾਂ ਨੂੰ ਮੁਨਾਫ਼ਾ ਅਤੇ ਹੋਰ ਕਈ ਸਹੂਲਤਾਂ ਆਦਿ ਦੇਣਾ ਸਹਿਕਾਰੀ ਸੰਮਤੀਆਂ ਦੇ ਜ਼ਿੰਮੇ ਹੈ।

ਮੱਛੀ ਪਾਲਣ ਵਿਚ ਡੈਨਮਾਰਕ ਸੰਸਾਰ-ਪ੍ਰਸਿੱਧ ਦੇਸ਼ ਹੈ। ਇਥੇ ਕਾਡ, ਸਪਰੈਟ, ਟਰਟ, ਈਲ ਆਦਿ ਮੱਛੀਆਂ ਫੜੀਆਂ ਜਾਂਦੀਆਂ ਹਨ।

**ਸੱਨਅਤਾਂ** - ਸੱਨਅਤਾਂ ਦਾ ਆਧਾਰ ਜ਼ਰਾਇਤੀ ਉਤਪਾਦਨ ਹਨ। ਜ਼ਰਾਇਤੀ ਅਤੇ ਡੇਅਰੀ ਉਤਪਾਦਨਾਂ ਦੀ ਪ੍ਰੋਸੈਸਿੰਗ ਸੱਨਅਤੀ ਅਦਾਰਿਆਂ ਵਿਚ ਸਭ ਤੋਂ ਜ਼ਿਆਦਾ ਹੁੰਦੀ ਹੈ। ਦੂਜੇ ਮਹਾਂ-ਯੁੱਧ ਤੋਂ ਪਿੱਛੋਂ ਇਥੇ ਵੱਡੀਆਂ ਸੱਨਅਤਾਂ ਲਗਾਈਆਂ ਗਈਆਂ । ਇਨ੍ਹਾਂ ਲਈ ਕੱਚਾ ਮਾਲ ਬਾਹਰਲੇ ਦੇਸ਼ਾਂ ਤੋਂ ਆਉਂਦਾ ਹੈ। ਇਥੇ ਫ਼ਰਨੀਚਰ, ਇਸਪਾਤ ਦੀਆਂ ਚੀਜ਼ਾਂ, ਚਾਂਦੀ ਦੇ ਬਰਤਨ ਬਣਾਉਣ ਦੇ ਵੱਡੇ ਉਦਯੋਗਾਂ ਤੋਂ ਇਲਾਵਾ ਛੋਟੀਆਂ ਦਸਤਕਾਰੀਆਂ ਵੀ ਉੱਨਤ ਹਨ।

**ਵਪਾਰ** - ਦੂਜੇ ਮਹਾਂ ਯੁੱਧ ਪਿੱਛੋਂ ਇਸ ਦੇਸ਼ ਦੇ ਵਪਾਰ ਵਿਚ ਬਹੁਤ ਤਬਦੀਲੀ ਆਈ ਹੈ। ਇਸ ਤੋਂ ਪਹਿਲਾਂ ਅਨਾਜ ਅਤੇ ਪਸ਼ੂਆਂ ਦੀ ਖ਼ੁਰਾਕ-ਸਮੱਗਰੀ ਵਧੇਰੇ ਮੰਗਵਾਈ ਜਾਂਦੀ ਸੀ ਜਿਸਦੀ ਥਾਂ ਮਸ਼ੀਨਰੀ ਅਤੇ ਹੋਰ ਵਸਤਾਂ ਨੇ ਲੈ ਲਈ। ਊਰਜਾ, ਧਾਤਾਂ ਅਤੇ ਮਸ਼ੀਨਰੀ ਵਧੇਰੇ ਬਾਹਰੋਂ ਮੰਗਵਾਈ ਜਾਣ ਲਗੀ। ਨਿਰਯਾਤ ਦੀਆਂ ਚੀਜ਼ਾਂ ਵਿਚ 80 ਫੀਸਦੀ ਤੋਂ ਵੱਧ ਜ਼ਰਾਇਤੀ ਉਤਪਾਦਨ ਯੂਰਪੀ ਦੇਸ਼ਾਂ ਨੂੰ ਭੇਜੇ ਜਾਣ ਲੱਗੇ। ਇਨ੍ਹਾਂ ਵਿਚ ਡੱਬਾ-ਬੰਦ ਵਸਤਾਂ ਵੀ ਸ਼ਾਮਲ ਸਨ। ਅੱਜਕੱਲ੍ਹ ਬਾਹਰ ਭੇਜੀਆਂ ਜਾਣ ਵਾਲੀਆਂ ਚੀਜ਼ਾਂ ਵਿਚ ਸੂਰ ਦਾ ਮਾਸ, ਮੀਟ ਅਤੇ ਡੇਅਰੀ ਉਤਪਾਦਨ ਆਦਿ ਸ਼ਾਮਲ ਹਨ। ਦੇਸ਼ ਵਿਚ ਕੁੱਲ ਬਣਾਈਆਂ ਚੀਜ਼ਾਂ ਦਾ 1/4 ਹਿੱਸੇ ਦੀ ਦਰਾਮਦ ਹੁੰਦੀ ਹੈ। ਮਸ਼ੀਨਰੀ, ਊਰਜਾ, ਰਸਾਇਣ, ਕੱਪੜਿਆਂ ਲਈ ਰੇਸ਼ੇ ਬਾਹਰੋਂ ਆਉਂਦੇ ਹਨ। ਡੈਨਮਾਰਕ ਅੱਜਕੱਲ੍ਹ ਯੂਰਪੀਅਨ ਫ਼੍ਰੀ ਟ੍ਰੇਡ ਐਸੋਸੀਏਸ਼ਨ ਦਾ ਮੈਂਬਰ ਹੈ। ਇਸ ਦਾ ਬਹੁਤਾ ਲੈਣ-ਦੇਣ ਜਰਮਨੀ ਅਤੇ ਬਰਤਾਨੀਆ ਨਾਲ ਚਲਦਾ ਹੈ।

**ਆਵਾਜਾਈ ਦੇ ਸਾਧਨ** - ਰੇਲਾਂ ਅਤੇ ਸੜਕਾਂ ਇਥੋਂ ਦੀ ਆਵਾਜਾਈ ਅਤੇ ਢੋ-ਢੁਆਈ ਦਾ ਮੁੱਖ ਵਸੀਲਾ ਹਨ। ਸੰਨ 1990 ਵਿਚ ਇਥੇ 2344 ਕਿ. ਮੀ ਲੰਬੀ ਰੇਲ-ਪਟੜੀ ਵਿਛੀ ਹੋਈ ਸੀ। ਇਸ ਵਿਚੋਂ 145 ਕਿ. ਮੀ. ਉਪਰ ਬਿਜਲੀ ਨਾਲ ਗੱਡੀਆਂ ਚਲਦੀਆਂ ਸਨ ਅਤੇ ਇਥੇ 71,063 ਕਿ. ਮੀ. (1991) ਲੰਬੀਆਂ ਸੜਕਾਂ ਸਨ। ਕੁਝ ਆਵਾਜਾਈ ਅੰਦਰੂਨੀ ਜਲ-ਮਾਰਗ ਰਾਹੀਂ ਵੀ ਕੀਤੀ ਜਾਂਦੀ ਹੈ। ਇਨ੍ਹਾਂ ਜਲ-ਮਾਰਗਾਂ ਦੀ ਕੁੱਲ ਲੰਬਾਈ 416 ਕਿ. ਮੀ. ਹੈ। ਡੈਨਮਾਰਕ ਦੀਆਂ ਵਧੀਆ ਤੇ ਕੁਦਰਤੀ ਬੰਦਰਗਾਹਾਂ ਇਸ ਨੂੰ ਹੋਰਨਾਂ ਰਾਸ਼ਟਰਾਂ ਨਾਲ ਸਮੁੰਦਰੀ ਰਸਤਿਉਂ ਜੋੜਦੀਆਂ ਹਨ। ਕੋਪਨਹੈਗਨ ਵਿਖੇ ਅੰਤਰ-ਰਾਸ਼ਟਰੀ ਹਵਾਈ ਅੱਡਾ ਅਤੇ ਰੋਸਕਿਲਡ ਵਿਖੇ ਵੀ ਹਵਾਈ ਅੱਡਾ ਸਥਾਪਿਤ ਹੈ।

## ਲੋਕ

**ਆਬਾਦੀ ਅਤੇ ਆਬਾਦੀ ਦੀ ਵੰਡ** - ਇਸ ਦੇਸ਼ ਦੀ ਕੁੱਲ ਆਬਾਦੀ 51,60,000 (1992) ਹੈ। ਇਹ ਸਾਰੀ ਵਸੋਂ ਸਕੰਡੇਨੇਵੀਆਈਆਂ ਦੀ ਹੈ। ਇਸ ਵਿਚ 97.2 ਫੀਸਦੀ ਵਸੋਂ ਡੈਨੀ ਮੂਲ ਦੀ ਵੀ ਸ਼ਾਮਲ ਹੈ। ਇਹ ਲੋਕ ਇਥੋਂ ਦੀ ਹੀ ਪੈਦਾਇਸ਼ ਹਨ। ਬਾਹਰੋਂ ਆ ਕੇ ਵੱਸੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ।

ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀ ਵਸੋਂ ਲਗਾਤਾਰ ਵਧਦੀ ਜਾ ਰਹੀ ਹੈ। ਇਹ ਵਾਧਾ ਕੁਝ ਹੱਦ ਤੱਕ ਯੂਰਪ ਤੋਂ ਆ ਕੇ ਵਸੇ ਲੋਕਾਂ ਕਰਕੇ ਹੀ ਮੰਨਿਆ ਜਾਂਦਾ ਹੈ।

ਵੱਡੇ ਸ਼ਹਿਰਾਂ ਦੀ ਗਿਣਤੀ ਘੱਟ ਹੈ। ਕੋਪਨਹੈਗਨ ਰਾਜਧਾਨੀ ਸ਼ਹਿਰ ਦੀ ਵਸੋਂ ਤਿੰਨ ਉਪ ਨਗਰਾਂ ਸਮੇਤ 6,17,015 (1992) ਹੈ। ਇਸ ਤੋਂ ਬਿਨਾਂ ਆਰਹਸ (2,67,873), ਉਡੰਸਾ (1,79,487), ਆਲਬਾਰਗ (1,56,614), ਐਸਬੀਰਗ (81,843) ਵਧ ਵਸੋਂ ਵਾਲੇ ਹੋਰ ਸ਼ਹਿਰ ਹਨ।

**ਨਸਲਾਂ** - ਇਸ ਦੇਸ਼ ਵਿਚ ਨਵੇਂ ਪੱਥਰ-ਯੁੱਗ ਦੌਰਾਨ ਕਈ ਵੱਖ ਵੱਖ ਕਬੀਲੇ ਆ ਕੇ ਵਸੇ। ਜਰਮਨੀ ਤੋਂ ਆਏ ਲੋਕ ਦੱਖਣੀ ਜਟਲੈਂਡ ਵਿਚ ਵਸੇ ਹੋਏ ਸਨ। ਇਹ ਨਾਰਡਿਕ ਕਬੀਲਿਆਂ ਵਿਚੋਂ ਸਭ ਤੋਂ ਤਕੜੇ ਅਤੇ ਲੰਬੇ ਕੱਦ ਦੇ ਸਨ। ਅਸਲ ਵਿਚ ਇਥੋਂ ਦੇ ਲੋਕਾਂ ਨੂੰ ਇਨ੍ਹਾਂ ਨਾਰਡਿਕਾਂ ਦੀ ਸੰਤਾਨ ਹੀ ਮੰਨਿਆ ਜਾਂਦਾ ਹੈ। ਇਨ੍ਹਾਂ ਦੀਆਂ ਅੱਖਾਂ ਅਤੇ ਵਾਲ ਵੀ ਨਾਡਰਿਕਾਂ ਵਰਗੇ ਹਨ। ਗ੍ਰੀਨਲੈਂਡ ਵਿਚ ਐਸਕੀਮੋ ਵਸੇ ਹੋਏ ਹਨ ਪਰ ਇਹ ਵੀ ਡੈਨਮਾਰਕ ਦੇ ਲੋਕਾਂ ਨਾਲ ਮਿਲਦੇ-ਜੁਲਦੇ ਹਨ।

**ਭਾਸ਼ਾ** – ਇਥੋਂ ਦੀ ਭਾਸ਼ਾ ਜਰਮਨੀ ਭਾਸ਼ਾ ਦੀ ਉਪ-ਭਾਸ਼ਾ ਸਕੰਡੇਨੇਵੀਆਈ ਭਾਸ਼ਾ ਵਿਚੋਂ ਹੀ ਹੈ। ਤਿੰਨਾਂ ਭਾਸ਼ਾਵਾਂ ਦੇ ਲੋਕ ਇਕ ਦੂਜੇ ਦੀ ਭਾਸ਼ਾ ਸਮਝ ਲੈਂਦੇ ਹਨ। ਲਿਖਤੀ ਰੂਪ ਵਿਚ ਵੀ ਡੈਨੀ ਅਤੇ ਨਾਰਵੇਜੀਅਨ ਆਪੋ ਵਿਚ ਮਿਲਦੀਆਂ ਹਨ ਪਰ ਇਨ੍ਹਾਂ ਦੇ ਉਚਾਰਣ ਵੱਖਰੇ ਹਨ। ਅੱਜਕੱਲ੍ਹ ਰੇਡੀਓ ਅਤੇ ਦੂਰਦਰਸ਼ਨ ਦੇ ਪ੍ਰਭਾਵ ਕਰਕੇ ਬੋਲੀ ਦਾ ਪੇਂਡੂ ਰਿਹਾਅ ਖ਼ਤਮ ਹੋ ਕੇ ਇਕ ਸੁਧਰੀ ਨਿੱਖਰੀ ਡੈਨੀ ਭਾਸ਼ਾ ਆਮ ਲੋਕਾਂ ਵਿਚ ਪ੍ਰਚੱਲਤ ਹੋ ਰਹੀ ਹੈ। ਫੇਅਰੋ ਟਾਪੂ ਦੀ ਭਾਸ਼ਾ ਨਾਰਵੇਜੀਅਨ ਅਤੇ ਆਈਸਲੈਂਡ ਦੀਆਂ ਭਾਸ਼ਾਵਾਂ ਨਾਲ ਮਿਲਦੀ ਹੈ। ਗ੍ਰੀਨਲੈਂਡ ਅਤੇ ਫੇਅਰੋ ਦੀਆਂ ਸਥਾਨਕ ਭਾਸ਼ਾਵਾਂ ਤੋਂ ਇਲਾਵਾ ਸਕੂਲਾਂ ਵਿਚ ਡੈਨੀ ਭਾਸ਼ਾ ਵੀ ਲਾਜ਼ਮੀ ਲਾਗੂ ਕੀਤੀ ਹੋਈ ਹੈ।

**ਧਰਮ** – ਇਥੋਂ ਦੀ ਵਸੋਂ ਬਹੁਤੀ ਲੂਥਰ-ਪੰਥੀ ਹੈ ਜੋ ਈਸਾਈ ਮਤ ਦੀ ਪੈਰੋਕਾਰ ਹੈ।

**ਸਿੱਖਿਆ** – ਇਸ ਦੇਸ਼ ਵਿਚ 7 ਤੋਂ 14 ਸਾਲ ਦੇ ਬੱਚਿਆਂ ਦੀ ਸਿੱਖਿਆ ਮੁਫ਼ਤ ਅਤੇ ਲਾਜ਼ਮੀ ਹੈ। ਇਹ ਸਿੱਖਿਆ ਖਾਸ ਕਿਸਮ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਦਿੱਤੀ ਜਾਂਦੀ ਹੈ। ਅੱਠਵੀਂ ਅਤੇ ਨੌਵੀਂ ਜਮਾਤ ਪਾਸ ਕਰਨ ਪਿੱਛੋਂ ਵਿਦਿਆਰਥੀ ਸਕੂਲ ਛੱਡਕੇ ਇਮਤਿਹਾਨ ਵਿਚ ਬੈਠ ਸਕਦਾ ਹੈ। ਇਸ ਪਿੱਛੋਂ ਉਹ 2 ਸਾਲ ਸੈਕੰਡਰੀ ਸਕੂਲ ਵਿਚ ਪੜ੍ਹਾਈ ਕਰ ਸਕਦਾ ਹੈ। ਸੰਨ 1990-91 ਵਿਚ ਸੈਕੰਡਰੀ ਸਕੂਲਾਂ ਦੀ ਗਿਣਤੀ 157 ਸੀ।

ਉੱਚ-ਸਿੱਖਿਆ ਲਈ ਤਕਨੀਕੀ ਸੰਸਥਾਵਾਂ, ਜ਼ਰਾਇਤੀ ਕਾਲਜ, ਦੋ ਡੈਂਟਲ ਕਾਲਜ, ਫਾਰਮੇਸੀ ਸਕੂਲ ਅਤੇ 5 ਯੂਨੀਵਰਸਿਟੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਪੁਰਾਣੀ 'ਯੂਨੀਵਰਸਿਟੀ ਆਫ਼ ਕੋਪਨਹੈਗਨ' (1479) ਮਸ਼ਹੂਰ ਹੈ। ਇਸ ਤੋਂ ਬਿਨਾਂ 'ਯੂਨੀਵਰਸਿਟੀ ਆਫ਼ ਆਰਹਸ' (1928), ਯੂਨੀਵਰਸਿਟੀ ਆਫ਼ ਉਡੈਂਸਾ' (1964), ਰਾਸਕਿਲਡ ਯੂਨੀਵਰਸਿਟੀ ਸੈਂਟਰ (1972), ਆਲਬਾਰਗ ਯੂਨੀਵਰਸਿਟੀ ਸੈਂਟਰ (1974) ਪ੍ਰਮੁੱਖ ਵਿਦਿਅਕ ਅਦਾਰੇ ਹਨ। ਇਸ ਦੇਸ਼ ਵਿਚ ਸਮਾਜ ਭਲਾਈ ਹਿਤ ਕਈ ਪੈਨਸ਼ਨਾਂ ਬਹੁਤ ਪਹਿਲਾਂ ਤੋਂ ਹੀ ਲਾਗੂ ਹਨ। ਇਥੇ ਬੁੱਢਾਪੇ ਵਿਚ ਪੈਨਸ਼ਨ, ਅਪਾਹਿਜ ਹੋਣ ਦੀ ਹਾਲਤ ਵਿਚ ਅਤੇ ਸਮੇਂ ਤੋਂ ਪਹਿਲਾਂ ਰੀਟਾਇਰ ਹੋਣ ਦੀ ਹਾਲਤ ਵਿਚ ਪੈਨਸ਼ਨ ਮਿਲਦੀ ਹੈ। ਬੁੱਢੇ ਅਤੇ ਬੀਮਾਰਾਂ ਦੀ ਦੇਖ-ਰੇਖ ਲਈ ਸੰਸਥਾਵਾਂ ਵੀ ਸਥਾਪਿਤ ਹਨ। ਜਿਥੋਂ ਤੱਕ ਸਿਹਤ ਦੀਆਂ ਸਹੂਲਤਾਂ ਦਾ ਪ੍ਰਸ਼ਨ ਹੈ, ਉਹ ਸਾਰੀਆਂ ਹੀ ਮੁਫ਼ਤ ਹਨ। ਇਨ੍ਹਾਂ ਤੋਂ ਬਿਨਾਂ ਮੁਲਾਜ਼ਮਾਂ ਨੂੰ ਅੰਤਮ-ਸੰਸਕਾਰ ਭੱਤੇ ਅਤੇ ਮੌਤ ਹੋਣ ਪਿੱਛੋਂ ਨਿਰਭਰ ਵਿਅਕਤੀਆਂ ਨੂੰ ਭੱਤਾ ਦਿੱਤਾ ਜਾਂਦਾ ਹੈ।

ਸੰਚਾਰ ਦੀਆਂ ਸੇਵਾਵਾਂ ਵਿਚ ਰੇਡੀਓ ਅਤੇ ਟੈਲੀਵਿਯਨ ਹਨ।

## ਰਾਜ ਪ੍ਰਬੰਧ

**ਪ੍ਰਸ਼ਾਸਨ** – ਇਸ ਦੇਸ਼ ਦਾ ਸੰਵਿਧਾਨ 5 ਜੂਨ, 1953 ਦੇ ਚਾਰਟਰ ਉੱਤੇ ਆਧਾਰਿਤ ਹੈ ਜਿਸ ਅਨੁਸਾਰ ਇਥੇ ਸੰਵਿਧਾਨਕ ਰਾਜਤੰਤਰ ਕਾਇਮ ਹੈ। ਵਿਧਾਨਕ ਸ਼ਕਤੀਆਂ ਇਥੋਂ ਦੀ ਮਹਾਰਾਣੀ ਅਤੇ ਇਥੋਂ ਦੀ ਡਾਇਟ ਫੋਲਕੇਟਿੰਗ ਕੋਲ ਕੇਂਦਰਿਤ ਹਨ। ਮਹਾਰਾਣੀ ਸਾਰਾ ਰਾਜ-ਪ੍ਰਬੰਧ ਆਪਣੇ ਮੰਤਰੀਆਂ ਦੁਆਰਾ ਚਲਾਉਂਦੀ ਹੈ। ਸਿੱਧੇ ਤੌਰ ਤੇ ਉਹ ਕਿਸੇ ਵੀ ਸ਼ਕਤੀ ਦੀ ਵਰਤੋਂ ਨਹੀਂ ਕਰ ਸਕਦੀ। ਇਥੋਂ ਦੀ ਡਾਇਟ ਦਾ ਇਕੋ ਸਦਨ-ਫੋਲਕੇਟਿੰਗ ਹੈ। ਜਿਸ ਦੇ 179 ਮੈਂਬਰ ਹਨ। ਇਨ੍ਹਾਂ ਵਿਚੋਂ 2 ਮੈਂਬਰ ਫੈਅਰੋ ਟਾਪੂ ਅਤੇ 2 ਗ੍ਰੀਨਲੈਂਡ ਲਈ ਚੁਣੇ ਜਾਂਦੇ ਹਨ। ਇਹ ਸਾਰੇ 4 ਸਾਲਾਂ ਲਈ ਚੁਣੇ ਜਾਂਦੇ ਹਨ। ਹਰੇਕ 18 ਸਾਲ ਦੇ ਨਾਗਰਿਕ ਨੂੰ ਵੋਟ ਅਤੇ ਡਾਇਟ ਦੇ ਅਹੁਦਿਆਂ ਲਈ ਚੋਣ ਲੜਨ ਦਾ ਅਧਿਕਾਰ ਪ੍ਰਾਪਤ ਹੈ। ਇਸ ਦੇਸ਼ ਵਿਚ ਕਈ ਰਾਜਸੀ ਪਾਰਟੀਆਂ ਜਿਵੇਂ ਕਿ – ਸੋਸ਼ਲ ਡੈਮੋਕ੍ਰੇਟਸ, ਰੈਡੀਕਲ ਲਿਬਰਲਜ਼, ਕੰਜ਼ਰਵੇਟਿਵਜ਼, ਸੋਸ਼ਲਿਸਟ ਪੀਪਲਜ਼ ਪਾਰਟੀ ਸੈਂਟਰ ਡੈਮੋਕ੍ਰੇਟਸ ਆਦਿ ਸਿਆਸਤ ਵਿਚ ਸਰਗਰਮ ਹਨ ਜਿਨ੍ਹਾਂ ਨੇ 1984 ਦੀ ਚੋਣ ਲਈ ਸੀਟਾਂ ਜਿੱਤੀਆਂ ਸਨ।

ਸੰਨ 1948 ਤੋਂ ਫੈਅਰੋ ਅਤੇ ਗ੍ਰੀਨਲੈਂਡ ਦੇ ਮਸਲਿਆਂ ਨੂੰ ਹੱਲ ਕਰਨ ਲਈ ਵੱਖਰੇ ਵਿਧਾਨ ਮੰਡਲ ਸਥਾਪਿਤ ਕੀਤੇ ਹੋਏ ਹਨ। ਸਥਾਨਕ ਪ੍ਰਸ਼ਾਸਨ ਲਈ ਪੂਰਾ ਦੇਸ਼ 275 ਮਿਊਂਸਪਲਟੀਆਂ ਵਿਚ ਵੰਡਿਆ ਹੋਇਆ ਹੈ। ਹਰੇਕ ਡਿਸਟ੍ਰਿਕਟ ਕੌਂਸਲ ਦੇ 5 ਤੋਂ 25 ਮੈਂਬਰ ਹਨ। ਕੋਪਨਹੈਗਨ ਵੱਖਰਾ ਸ਼ਹਿਰ ਹੈ ਜਿਸਦਾ ਪ੍ਰਸ਼ਾਸਨ 55 ਮੈਂਬਰਾਂ ਦੀ ਡਿਸਟ੍ਰਿਕਟ ਕੌਂਸਲ ਚਲਾਉਂਦੀ ਹੈ। 14 ਕਾਉਂਟੀਆਂ ਦੇ ਪ੍ਰਸ਼ਾਸਨ ਲਈ 13 ਤੋਂ 31 ਮੈਂਬਰ ਵਾਲੀ ਕਾਉਂਟੀ ਕੌਂਸਲ ਹੁੰਦੀ ਹੈ। ਕੋਪਨਹੈਗਨ ਦਾ ਪ੍ਰਬੰਧ ਇਥੋਂ ਦੀ ਮੈਟਰੋਪਾਲਿਟਨ ਕੌਂਸਲ ਦੇ ਹੇਠ ਹੈ।

**ਕਰੰਸੀ** – ਇਥੋਂ ਦੀ ਕਰੰਸੀ ਕ੍ਰੋਨ ਹੈ। ਇਹ ਔਰੋ ਓਰ ਵਿਚ ਵੰਡੀ ਹੁੰਦੀ ਹੈ।

**ਮਾਪ-ਤੋਲ ਪ੍ਰਣਾਲੀ** – 1 ਅਪਰੈਲ, 1912 ਤੋਂ ਮੀਟ੍ਰਿਕ ਸਿਸਟਮ ਲਾਗੂ ਹੈ।

**ਝੰਡਾ** – ਝੰਡੇ ਵਿਚ ਲਾਲ ਰੰਗ ਦੀ ਜ਼ਮੀਨ ਉੱਤੇ ਚਿੱਟਾ ਕ੍ਰਾੱਸ ਬਣਿਆ ਹੋਇਆ ਹੈ।

ਹ. ਪੁ. – ਐਨ. ਬ੍ਰਿ.ਮਾ. 4:13; ਐਨ. ਅਮੇ. 8 : 706

**ਡੈਨਯੈਲ** : ਰੂਸ ਦਾ ਇਹ ਇਕ ਸਫ਼ਰਨਾਮੇ ਲਿਖਣ ਵਾਲਾ ਪ੍ਰਾਚੀਨ ਲਿਖਾਰੀ ਸੀ ਜਿਸਨੇ 'ਹੋਲੀ ਲੈਂਡ' ਦੀ ਯਾਤਰਾ ਬਾਰੇ ਬਹੁਤ ਹੀ ਮਹੱਤਵਪੂਰਨ ਵਿਸਥਾਰ ਦਿੱਤਾ ਹੈ। ਇਸ ਦੀਆਂ ਕਿਰਤਾਂ ਵਿਚ ਰੂਸੀ ਭਾਸ਼ਾ ਅਤੇ ਰਸਮਾਂ-ਰਿਵਾਜਾਂ ਸਬੰਧੀ ਵੀ ਬਹੁਤ ਦਿਲਚਸਪ ਵੇਰਵੇ ਮਿਲਦੇ ਹਨ। ਇਹ ਰੂਸ ਦੇ ਇਕ ਮੱਠ ਦਾ ਮਹੰਤ ਸੀ। ਬਾੱਲਡਵਨ ਪਹਿਲੇ ਦੇ ਰਾਜਕਾਲ ਦੌਰਾਨ ਇਸ ਨੇ ਫ਼ਲਸਤੀਨ ਦੀ ਯਾਤਰਾ ਕੀਤੀ ਅਤੇ ਇਥੋਂ ਦਾ ਹਾਲ ਲਿਖਿਆ। ਇਸ ਦਾ ਲਿਖਿਆ ਵੇਰਵਾ ਵਧੇਰੇ ਮੁਕੰਮਲ ਅਤੇ ਠੀਕ ਹੈ। ਇਸ ਦੇ ਭੋਲੇਪਨ ਅਤੇ ਸਥਾਨਿਕ ਵੇਰਵਿਆਂ ਤੇ ਗਿਣਤੀ ਪੱਖੋਂ ਗਲਤੀਆਂ ਦੇ ਬਾਵਜੂਦ ਇਸ ਦੇ ਹਵਾਲਿਆਂ ਨੂੰ ਵਧੇਰੇ ਭਰੋਸੇਯੋਗ ਮੰਨਿਆ ਜਾਂਦਾ ਹੈ। ਇਸ ਨੇ ਸਚਾਈ ਦੇ ਨੇੜੇ ਰਹਿਣ ਦੀ ਕੋਸ਼ਿਸ਼ ਕੀਤੀ।

ਏਸ਼ੀਆ ਮਾਈਨਰ ਦੇ ਪੱਛਮੀ ਅਤੇ ਦੱਖਣੀ ਕੰਢਿਆਂ ਤੋਂ ਸਾਈਪਰੱਸ ਅਤੇ 'ਹੋਲੀ ਲੈਂਡ' ਜਾਂਦੇ ਹੋਏ ਇਸਨੇ ਕੁਸਤੁਨਤੁਨੀਆ ਤੋਂ ਵੇਰਵਾ ਸ਼ੁਰੂ ਕੀਤਾ ਹੈ। ਇਕ ਸਾਲ ਤੋਂ ਵੱਧ ਸਮੇਂ ਲਈ ਇਹ ਯੋਰੋਸ਼ਲਮ ਵਿਚ ਰਿਹਾ। ਉਸ ਬਾਰੇ ਇਸ ਨੇ ਛੋਟੇ ਤੋਂ ਛੋਟਾ ਅਤੇ ਠੀਕ ਵੇਰਵਾ ਲਿਖਿਆ ਹੈ। ਉਥੇ ਇਸ ਨੇ ਮ੍ਰਿਤ ਸਾਗਰ, ਹੀਬਰਾੱਨ ਅਤੇ ਦਮਿਸ਼ਕ ਦੀ ਯਾਤਰਾ ਕੀਤੀ। ਉਸ ਸਮੇਂ ਫ਼ਲਸਤੀਨ ਵਿਚ ਰਾਜ-ਪ੍ਰਬੰਧ ਬਹੁਤ ਢਿੱਲਾ ਸੀ ਪਰ ਲਾਤੀਨੀ ਅਤੇ ਯੂਨਾਨੀ ਮੱਤਾਂ ਦੇ ਧਾਰਨੀ ਆਪਸ ਵਿਚ ਪਿਆਰ ਨਾਲ ਰਹਿ ਰਹੇ ਸਨ।

ਹ.ਪੁ.—ਐਨ. ਬ੍ਰਿ. 7:50.

**ਡੈਨਯੈਲ, ਸੈਮੂਅਲ** : ਇਸ ਅੰਗਰੇਜ਼ ਕਵੀ ਅਤੇ ਨਾਟਕਕਾਰ ਦਾ ਜਨਮ 1562 ਈ. ਦੇ ਲਗਭਗ ਇੰਗਲੈਂਡ ਵਿਚ ਸਮਰਸੈੱਟ ਵਿਚ ਟੌਂਟਨ ਵਿਖੇ ਹੋਇਆ। ਇਸ ਨੇ ਆੱਕਸਫੋਰਡ ਤੋਂ ਵਿਦਿਆ ਪ੍ਰਾਪਤ ਕੀਤੀ। ਆਪਣੇ ਪਹਿਲੇ ਸਰਪ੍ਰਸਤ ਸਰ ਐਡਵਰਡ ਡਾਈਮੋਕ ਲਈ 1585 ਈ. ਵਿਚ ਇਕ ਅਨੁਵਾਦ ਪ੍ਰਕਾਸ਼ਿਤ ਕਰਨ ਕਰਕੇ ਇਸ ਨੂੰ ਪੈਰਿਸ ਵਿਖੇ ਅੰਗਰੇਜ਼ ਰਾਜਦੂਤ ਪਾਸ ਨੌਕਰੀ ਮਿਲ ਗਈ। ਸੰਨ 1591-92 ਵਿਚ ਇਹ ਇਟਲੀ ਗਿਆ। ਸੰਨ 1592 ਤੋਂ ਮਗਰੋਂ ਇਹ ਇੰਗਲੈਂਡ ਵਿਚ ਵੱਖ ਵੱਖ ਥਾਵਾਂ ਤੇ ਟਿਊਟਰ ਰਿਹਾ। ਸੰਨ 1604 ਵਿਚ ਰਾਣੀ ਐਨ ਨੇ ਇਸਤੋਂ ਖ਼ੁਸ਼ ਹੋ ਕੇ ਇਸ ਨੂੰ ਕਈ

ਇਨਾਮ ਦਿੱਤੇ ਅਤੇ ਮਗਰੋਂ ਆਪਣੇ ਪ੍ਰੀਵੀ ਚੈਂਬਰ ਦਾ ਅਫ਼ਸਰ ਬਣਾਇਆ। ਐਡਮੰਡ ਸਪੈਂਸਰ ਨੇ ਡੈਨਯੈਲ ਦੀ ਕਵਿਤਾ ਦੀ ਪਹਿਲੀ ਪੁਸਤਕ 'Delia' ਨੂੰ ਬਹੁਤ ਸਲਾਹਿਆ ਹੈ। ਇਸ ਦੀਆਂ ਹੋਰ ਪੁਸਤਕਾਂ ਵਿਚ 'ਦੀ ਟ੍ਰੈਜਡੀ ਆਫ਼ ਕਲੀਓਪੈਟਰਾ' (1594); 'ਦੀ ਸਿਵਲ ਵਾਰਜ਼' (1595-1609); 'ਦੀ ਕੁਈਨ'ਜ਼ ਆਰਕੇਡੀਆ' (1606) ਅਤੇ 'Hymens Triumph' (1615), ਤੋਂ ਇਲਾਵਾ ਇਸ ਨੇ 'ਦੀ ਕੁਲੈਕਸ਼ਨ ਆੱਫ਼ ਦੀ ਹਿਸਟਰੀ ਆੱਫ਼ ਇੰਗਲੈਂਡ' (1612-18) ਵੀ ਲਿਖੀ।

ਇਸ ਦੀਆਂ ਮੁਕੰਮਲ ਰਚਨਾਵਾਂ ਨੂੰ ਅਲੈਗਜ਼ਾਂਡਰ ਬੀ. ਗਰੋਸਾਰਤ ਨੇ 1885-1896 ਈ. ਵਿਚ ਪੰਜ ਜਿਲਦਾਂ ਵਿਚ ਲੰਡਨ ਵਿਖੇ ਪ੍ਰਕਾਸ਼ਤ ਕੀਤਾ।

14 ਅਕਤੂਬਰ, 1619 ਨੂੰ ਬੈਕਿੰਗਟਨ ਵਿਚ ਵਿਲਟਸ਼ਿਰ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ. - ਐਨ. ਬ੍ਰਿ. ਮਾ. 3:370 ; ਐਨ. ਅਮੇ. 8 : 454; ਐਵ. ਐਨ. 4:254.

**ਡੈਨਯੈਲ ਦੀ ਪੁਸਤਕ** : ਪੁਰਾਣੀ ਅੰਜੀਲ (Old Testament) ਦੇ ਟੀਕਿਆਂ ਅਨੁਸਾਰ ਇਹ ਬਾਈਬਲ ਦਾ ਇਕ ਭਾਗ ਹੈ ਅਤੇ ਇਸ ਨੂੰ ਪੈਗੰਬਰਾਂ ਦੇ ਇਲਹਾਮਾਂ ਦੇ ਬਰਾਬਰ ਦਰਜਾ ਦਿੱਤਾ ਜਾਂਦਾ ਹੈ ਪਰ ਇਬਰਾਨੀ ਅੰਜੀਲ ਅਨੁਸਾਰ ਇਸ ਨੂੰ ਬਾਈਬਲ ਜਾਂ ਈਸਾਈਆਂ ਦੇ ਧਾਰਮਿਕ ਸਿਧਾਂਤਾਂ ਵਾਲੇ ਤੀਜੇ ਭਾਗ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਜਿਸ ਨੂੰ 'ਹੋਲੀ ਰਾਈਟਿੰਗਜ਼' (Holy writings) ਕਿਹਾ ਜਾਂਦਾ ਹੈ। ਇਸ ਗ੍ਰੰਥ ਦਾ ਕੁਝ ਹਿੱਸਾ ਅਰੈਮਿਕ (Aramaic) ਭਾਸ਼ਾ ਵਿਚ ਅਤੇ ਬਾਕੀ ਇਬਰਾਨੀ ਵਿਚ ਹੈ।

ਇਹ ਪੁਸਤਕ ਸਪਸ਼ਟ ਤੌਰ ਤੇ ਦੋ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲਾ ਭਾਗ (ਚੈਪਟਰ -1-6) ਵਰਣਾਤਮਕ ਹੈ। ਦੂਜਾ ਭਾਗ (ਚੈਪਟਰ 7-12) ਇਲਹਾਮੀ ਹਿੱਸਾ ਹੈ। ਪਹਿਲੇ ਭਾਗ ਵਿਚ ਡੈਨੀਅਲ ਅਤੇ ਉਸ ਦੇ ਸਾਥੀਆਂ ਦਾ ਬਨਵਾਸ ਵਿਚ ਜੀਵਨ ਬਿਰਤਾਂਤ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਇਸ ਜੀਵਨ ਨਾਲ ਸਬੰਧਤ 6 ਕਹਾਣੀਆਂ ਦੀ ਲੜੀ ਦਰਸਾਈ ਹੈ। ਪੁਸਤਕ ਦੇ ਦੂਜੇ ਭਾਗ ਵਿਚ ਡੈਨੀਅਲ ਵਲੋਂ ਦੇਖੀਆਂ ਗਈਆਂ ਤਿੰਨ ਝਲਕੀਆਂ ਅਤੇ ਇਕ ਸੁਪਨੇ ਦਾ ਵਰਣਨ ਕੀਤਾ ਗਿਆ ਹੈ।

ਇਹ ਪੁਸਤਕ ਇਕ ਧਰਮਾਤਮਾ ਯਹੂਦੀ ਨੇ ਲਿਖੀ ਜਿਸ ਨੇ ਆਪਣੇ ਸਮਕਾਲੀਆਂ ਨੂੰ ਸੰਘਰਸ਼ ਦੌਰਾਨ ਅਨੁਜੀਵਨ ਲਈ ਪ੍ਰੇਰਣਾ ਦੇਣ ਦਾ ਜਤਨ ਕੀਤਾ। ਇਸਦਾ ਅਖ਼ੀਰ ਤੱਕ ਪ੍ਰਭੂ ਦੀ ਜਿੱਤ ਵਿਚ ਪੂਰਾ ਪੂਰਾ ਯਕੀਨ ਸੀ ਤੇ ਇਸ ਲਈ ਉਸ ਨੇ ਲੋਕਾਂ ਨੂੰ ਭਰੋਸਾ ਦਿਵਾਇਆ। ਇਹ ਮਹੱਤਵਪੂਰਨ ਪੁਸਤਕ ਹੈ ਜੋ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਰੱਬ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਇਲਹਾਮੀ ਪੁਸਤਕਾਂ ਲਿਖਣ ਵਾਲਿਆਂ ਲਈ ਇਸ ਪੁਸਤਕ ਨੇ ਨਮੂਨੇ ਦਾ ਕੰਮ ਕੀਤਾ ਹੈ ਕਿਉਂਕਿ ਇਸ ਵਿਚ ਇਤਿਹਾਸ ਦਾ ਇਲਹਾਮੀ ਵਿਚਾਰ ਲਿਆ ਹੈ ਅਤੇ ਪਰਮਾਤਮਾ ਦੇ ਰਾਜ ਦੀ ਆਸ ਰੱਖੀ ਗਈ ਹੈ। ਸਿਦਕੀ ਸ਼ਰਧਾਲੂ ਕਿਆਮਤ ਦੇ ਦਿਨ ਜ਼ਿੰਦਾ ਹੋ ਜਾਣਗੇ ਅਤੇ ਮੁਸੀਬਤਾਂ ਤੋਂ ਛੁਟਕਾਰਾ ਪਾਉਣਗੇ। ਸੁਣਨ ਵਾਲਿਆਂ ਅਤੇ ਪੜ੍ਹਨ ਵਾਲਿਆਂ ਦੇ ਦਿਲਾਂ ਨੂੰ ਇਹ ਪੁਸਤਕ ਆਤਮ-ਬਲੀਦਾਨ ਲਈ ਪ੍ਰੇਰਦੀ ਹੈ।

ਹ.ਪੁ. — ਐਨ. ਬ੍ਰਿ. ਮਾ. 3 :370; ਐਨ. ਅਮੇ. 8:454

**ਡੈਨਵਰ** : ਸੰਯੁਕਤ ਰਾਜ ਅਮਰੀਕਾ ਦੇ ਕਾਲਾਰੈਡੋ ਰਾਜ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਕੈਨਜ਼ਾਸ ਤੋਂ 2105 ਕਿ. ਮੀ. (64 ਮੀਲ), ਸ਼ਿਕਾਗੋ ਤੋਂ 1660 ਕਿ. ਮੀ. (1,030 ਮੀਲ) ਅਤੇ ਸਾਨਫਰਾਂਸਿਸਕੋ ਤੋਂ 2092 ਕਿ.ਮੀ. (1,300 ਮੀਲ) ਦੂਰ ਰਾਕੀ ਪਰਬਤ ਉੱਤੇ ਸਥਿਤ ਹੈ। ਇਹ ਸ਼ਹਿਰ ਸਮੁੰਦਰ ਤਲ ਤੋਂ 1,609 ਮੀ. (5280 ਫੁੱਟ) ਦੀ ਉੱਚਾਈ ਤੇ ਹੈ। ਇਸੇ ਉੱਚਾਈ ਕਾਰਣ ਇਸ ਨੂੰ 'ਮਾਈਲ ਹਾਈ ਸਿਟੀ' ਵੀ ਕਿਹਾ ਜਾਂਦਾ ਹੈ। ਸੰਨ 1928 ਵਿਚ ਮੋਫਟ ਖਾਈ ਦੇ ਨਿਰਮਾਣ ਦੇ ਫਲਸਰੂਪ ਸਾਲਟ ਲੇਕ ਨਗਰ ਤੋਂ ਇਸਦੀ ਦੂਰੀ ਲ. 280 ਕਿ. ਮੀ. (175 ਮੀਲ.) ਘਟ ਗਈ ਹੈ। ਉਦਯੋਗਿਕ ਪੱਖੋਂ ਇਹ ਸ਼ਹਿਰ ਕਾਫ਼ੀ ਪਛੜਿਆ ਹੋਇਆ ਹੈ। ਇਥੇ ਵਿਦਿਅਕ ਅਤੇ ਸਭਿਆਚਾਰਕ ਸੰਸਥਾਵਾਂ, ਡੈਨਵਰ ਯੂਨੀਵਰਸਿਟੀ ਅਤੇ ਕਾਲਾਰੈਡੋ ਯੂਨੀਵਰਸਿਟੀ ਅਤੇ ਇਤਿਹਾਸਕ ਅਜਾਇਬ ਘਰ ਹਨ। ਇਥੇ ਉਸ ਨਾਲ ਸੰਬੰਧਤ ਯੂਨੀਵਰਸਿਟੀ ਦੀ ਸਥਾਪਨਾ 1864 ਈ. ਵਿਚ ਹੋਈ ਸੀ। ਇਹ ਸਰਦੀਆਂ ਦੀਆਂ ਖੇਡਾਂ ਲਈ ਬਹੁਤ ਪ੍ਰਸਿੱਧ ਹੈ। ਇਥੋਂ ਦਾ ਪਹਾੜੀ ਪਾਰਕ 21,400 ਏਕੜ ਵਿਚ ਫੈਲਿਆ ਹੋਇਆ ਹੈ। ਇਸ ਤੋਂ ਇਲਾਵਾ ਇਥੇ ਬਹੁਤ ਸਾਰੇ ਕਲੱਬ ਸਥਾਪਿਤ ਕੀਤੇ ਹੋਏ ਹਨ। ਇਸ ਨਗਰ ਦਾ ਪ੍ਰਬੰਧ ਨਗਰਪਾਲਿਕਾ ਦੁਆਰਾ ਕੀਤਾ ਜਾਂਦਾ ਹੈ ਜਿਸ ਦੀ ਸਥਾਪਨਾ 1861 ਈ. ਵਿਚ ਹੋਈ ਸੀ।

ਹੁਣ ਇਹ ਸ਼ਹਿਰ ਰਾਜ ਦਾ ਸਭ ਤੋਂ ਵੱਡਾ ਵਪਾਰਕ, ਉਦਯੋਗਿਕ ਅਤੇ ਵੋ-ਢੁਆਈ ਦਾ ਕੇਂਦਰ ਬਣ ਗਿਆ ਹੈ ਅਤੇ ਇਸ ਦੀ ਗਿਣਤੀ ਕੋਲਾ, ਸੋਨਾ, ਚਾਂਦੀ ਖਣਿਜ ਪਦਾਰਥਾਂ ਦੇ ਸਦਰਮੁਕਾਮਾਂ ਵਿਚ ਕੀਤੀ ਜਾਂਦੀ ਹੈ। ਮੁੱਖ ਤੌਰ ਤੇ ਇਥੋਂ ਦੇ ਉਦਯੋਗਾਂ ਵਿਚ ਮਸ਼ੀਨਰੀ, ਰਬੜ ਦੀਆਂ ਵਸਤਾਂ ਅਤੇ ਵਿਗਿਆਨਕ ਯੰਤਰ ਤਿਆਰ ਕੀਤੇ ਜਾਂਦੇ ਹਨ। ਇਥੇ ਟੂਰਿਜ਼ਮ ਵੀ ਕਾਫ਼ੀ ਵਿਕਸਿਤ ਹੈ। ਇਥੇ ਫੌਜ ਅਤੇ ਉਸ ਨਾਲ ਸਬੰਧਤ ਕਈ ਸੰਸਥਾਵਾਂ ਹਨ।

ਇਹ ਬੋਟੈਨੀਕਲ ਪਾਰਕ, ਕਾਲਾਰੈਡੋ ਸਟੇਟ ਹਿਸਟਾਰੀਕਲ ਮਿਊਜ਼ੀਅਮ, ਡੈਨਵਰ ਆਰਟ ਮਿਊਜ਼ੀਅਮ ਤੇ ਯੂਨੀਵਰਸਿਟੀ ਆਫ਼ ਡੈਨਵਰ ਲਈ ਵੀ ਮਸ਼ਹੂਰ ਹੈ।

ਆਬਾਦੀ :- 4,67,610 (1990)

39° 48' ਉ. ਵਿਥ. ;104° 59' ਪੱ. ਲੰਬ.

ਹ.ਪੁ.-ਐਨ.ਬ੍ਰਿ. ਮਾ. 4 : 18, ; ਵੈ. ਨਿ. ਜੁ. ਡਿਕ: 326; ਹਿੰ. ਵਿ. ਕੋ. 5:255

**ਡੈਨਿਊਬ ਦਰਿਆ** : ਯੂਰਪ ਦਾ ਇਹ ਦੂਜਾ ਵੱਡਾ ਦਰਿਆ ਹੈ ਜਿਹੜਾ ਕਿ ਜਰਮਨੀ ਦੇ ਬਲੈਕ ਫ਼ਾਰੈਸਟ ਪਹਾੜੀ ਖੇਤਰ ਵਿਚੋਂ ਨਿਕਲ ਕੇ ਲਗਭਗ 2,790 ਕਿ. ਮੀ. ਲੰਬਾ ਵਹਿੰਦਾ ਹੋਇਆ ਕਾਲੇ ਸਾਗਰ ਵਿਚ ਜਾ ਡਿਗਦਾ ਹੈ। ਇਸ ਦੇ ਜਲ-ਪ੍ਰਵਾਹ ਖੇਤਰ ਦੇ ਅੰਦਰ ਜਰਮਨੀ, ਆਸਟ੍ਰੀਆ, ਚੈਕ, ਸਲੋਵਾਕੀਆ, ਹੰਗਰੀ, ਰੋਮਾਨੀਆ, ਯੂਗੋਸਲਾਵੀਆ, ਬੁਲਗਾਰੀਆ ਅਤੇ ਯੂਕਰੇਨ ਦਾ 819, 200 ਵ. ਕਿ. ਮੀ. ਦਾ ਖੇਤਰ ਸ਼ਾਮਲ ਹੈ। ਲੰਬਾਈ ਪੱਖੋਂ ਯੂਰਪ ਵਿਚ ਵੋਲਗਾ ਦਰਿਆ ਪਿੱਛੋਂ ਇਸ ਦਾ ਹੀ ਸਥਾਨ ਹੈ। ਇਹ ਦਰਿਆ ਲੁਡਵਿੰਗ ਨਹਿਰ ਦੁਆਰਾ ਰ੍ਹਾਈਨ ਦਰਿਆ ਨਾਲ ਮਿਲਾ ਦਿੱਤਾ ਗਿਆ ਹੈ। ਇਹ ਇਕ ਮੁੱਖ ਵਪਾਰਕ ਦਰਿਆ ਹੈ ਜਿਸ ਦੀਆਂ 60 ਸਹਾਇਕ ਨਦੀਆਂ ਕਿਸ਼ਤੀ ਚਲਾਉਣ ਯੋਗ ਹਨ। ਉਂਝ ਇਸ ਦੀਆਂ ਸਹਾਇਕ ਨਦੀਆਂ ਦੀ ਗਿਣਤੀ 300 ਹੈ।

ਇਸ ਦਰਿਆ ਦੇ ਬੇਸਿਨ ਵਿਚ ਚਾਰ ਛੋਟੇ ਛੋਟੇ ਬੇਸਿਨ ਮਿਲੇ ਹੋਏ ਹਨ। ਪਹਿਲਾ ਬੇਸਿਨ, 240 ਕਿ. ਮੀ. ਲੰਬਾ, 210 ਕਿ. ਮੀ. ਚੌੜਾ ਅਤੇ ਸਮੁੰਦਰ ਤਲ ਤੋਂ ਲ. 400 ਮੀ. ਦੀ ਉੱਚਾਈ ਤੇ ਚਾਰ ਚੁਫੇਰਿਓਂ ਪਹਾੜਾਂ ਨਾਲ ਘਿਰਿਆ ਹੋਇਆ ਹੈ। ਇਥੇ ਸਭ ਤੋਂ ਵੱਧ ਵੱਸੋਂ ਰਹਿੰਦੀ ਹੈ ਤੇ ਇਹ ਇਕ ਉਪਜਾਊ ਇਲਾਕਾ ਹੈ। ਇਥੋਂ ਹੀ ਰ੍ਹਾਇਨ ਦਰਿਆ ਨਾਲ ਇਸ ਨੂੰ ਜੋੜਨ ਵਾਲੀ ਇਕ ਨਹਿਰ ਕੱਢੀ ਗਈ ਹੈ। ਦੂਜਾ ਬੇਸਿਨ ਵੀਆਨਾ ਸ਼ਹਿਰ ਦੇ ਚਾਰੇ ਪਾਸੇ ਵਿਸਤ੍ਰਿਤ ਅਤੇ ਕੱਟੀਆਂ-ਵੱਢੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ।

ਇਥੋਂ ਦੀ ਮਿੱਟੀ ਬਹੁਤ ਉਪਜਾਊ ਹੈ। ਜਲਵਾਯੂ ਪੱਖੋਂ ਇਹ ਯੂਰਪ ਦਾ ਸਭ ਤੋਂ ਰਮਣੀਕ ਅਸਥਾਨ ਹੈ। ਤੀਜੇ ਬੇਸਿਨ ਦੇ ਅੰਦਰ ਹੰਗਰੀ ਅਤੇ ਟ੍ਰਾਂਸਿਲਵੇਨੀਆ ਦਾ ਭਾਗ ਸ਼ਾਮਲ ਹਨ। ਇਹ ਭਾਗ ਸਮੁੰਦਰ ਤਲ ਤੋਂ ਕੇਵਲ 120 ਮੀ. ਦੀ ਉੱਚਾਈ ਤੇ ਹੈ। ਇਸ ਵਿਚੋਂ ਦੀ ਕਈ ਛੋਟੀਆਂ ਛੋਟੀਆਂ ਨਦੀਆਂ ਲੰਘਦੀਆਂ ਹਨ। ਇਥੋਂ ਦੇ ਸਮੁੰਦਰ ਤਟ ਦੇ ਕਿਨਾਰੇ ਰੇਤ ਦੇ ਢੇਰ ਅਤੇ ਦਲਦਲ 7,680 ਵ. ਕਿ. ਮੀ. ਦੇ ਰਕਬੇ ਵਿਚ ਫੈਲੀ ਹੋਈ ਹੈ। ਚੌਥੇ ਬੇਸਿਨ ਦੇ ਅੰਦਰ ਰੋਮਾਨੀਆ ਬੁਲਗਾਰੀਆ ਅਤੇ ਬੈਸਾਰੇਬੀਆ ਦੇ ਭੂ-ਭਾਗ ਆਉਂਦੇ ਹਨ। ਨਦੀ ਦੇ ਕਿਨਾਰੇ ਪੱਧਰੇ ਦਲਦਲੀ ਮੈਦਾਨ ਹਨ। ਇਸ ਅੰਦਰਲਾ ਭਾਗ ਪਹਾੜੀਆਂ ਨਾਲ ਘਿਰਿਆ ਹੋਇਆ ਹੈ।

ਮਾਲਡੇਵੀਆ ਦੇ ਹੇਠਾਂ ਲਗਭਗ 100 ਕਿ. ਮੀ. ਤੱਕ ਇਸ ਦਰਿਆ ਦੇ ਕਈ ਜਲ-ਨਿਕਾਸੀ ਰਸਤੇ ਹਨ। ਇਹ ਦਰਿਆ ਉੱਤੇ ਕਈ ਪ੍ਰਸਿੱਧ ਨਗਰ ਵਸੇ ਹੋਏ ਹਨ ਜਿਨ੍ਹਾਂ ਵਿਚ ਹੰਗਰੀ ਦੇਸ਼ ਦੀ ਰਾਜਧਾਨੀ ਬੁਡਾਪੈਸਟ, ਬੁਲਗਾਰੀਆ ਅਤੇ ਰੋਮਾਨੀਆ ਦੇ ਨਿਕਾਪੋਲਿਸ ਅਤੇ ਗਲਾਟਸੀ ਮਹੱਤਵਪੂਰਨ ਹਨ।

ਹ. ਪੁ.—ਐਨ. ਬ੍ਰਿ. ਮਾ. 3 : 880; ਐਨ. ਅਮੈ. 8 : 467; ਹਿੰ. ਵਿ. ਕੋ. 5 : 262

**ਡੈਨਿਸ, ਜਾਨ** : ਇਸ ਅੰਗਰੇਜ਼ ਕਵੀ, ਨਾਟਕਕਾਰ, ਰਾਜਨੀਤਿਕ, ਲੇਖਕ ਅਤੇ ਆਲੋਚਕ ਦਾ ਜਨਮ 1657 ਈ. ਵਿਚ ਲੰਡਨ ਵਿਖੇ ਹੋਇਆ। ਇਸ ਨੇ ਹੈਰੋ ਅਤੇ ਕੈਂਬ੍ਰਿਜ ਵਿਖੇ ਸਿੱਖਿਆ ਪ੍ਰਾਪਤ ਕੀਤੀ। ਸ਼ੁਰੂ ਵਿਚ ਇਸ ਨੇ ਗੀਤ-ਕਾਵਿ ਅਤੇ ਨਾਟਕ ਲਿਖੇ ਪਰ ਇਕ ਚੰਗਾ ਨਾਟਕਕਾਰ ਹੋਣ ਦੇ ਬਾਵਜੂਦ ਵੀ ਇਸ ਨੂੰ ਬਹੁਤੀ ਸਫ਼ਲਤਾ ਨਹੀਂ ਮਿਲੀ। ਇਸ ਨੇ ਵਿਗ ਪਾਰਟੀ ਲਈ ਰਾਜਨੀਤਿਕ ਲੇਖ ਵੀ ਲਿਖੇ।

ਇਕ ਪੜਚੋਲੀਆ ਹੋਣ ਕਰਕੇ ਅਲੈਗਜ਼ੈਂਡਰ ਪੋਪ ਨਾਲ ਇਸ ਦਾ ਮਰਦੇ ਦਮ ਤੱਕ ਮੱਤਭੇਦ ਰਿਹਾ। ਸੰਨ 1697 ਵਿਚ ਇਸ ਨੇ ਆਪਣਾ ਸਭ ਤੋਂ ਪਹਿਲਾਂ ਸੁਖਾਂਤ 'ਏ ਪਲਾੱਟ ਐਂਡ ਨੋ ਪਲਾੱਟ' ਲਿਖਿਆ। ਇਸ ਨੇ ਕਈ ਹੋਰ ਨਾਟਕ ਲਿਖੇ। ਆਲੋਚਨਾ ਦੇ ਖੇਤਰ ਵਿਚ ਇਸ ਨੇ 'ਦੀ ਐਡਵਾਂਸਮੈਂਟ ਐਂਡ ਰਿਫ਼ਾਰਮੇਸ਼ਨ ਆੱਫ਼ ਮਾਡਰਨ ਪੋਇਟਰੀ' (1701), ' ਦੀ ਗਰਾਊਂਡਜ਼ ਆੱਫ਼ ਕ੍ਰਿਟੀਸਿਜ਼ਮ ਇਨ ਪੋਇਟਰੀ' (1704), 'ਦੀ ਯੂਜ਼ਫੁਲਨੈੱਸ ਆੱਫ਼ ਦੀ ਸਟੇਜ' (1698) ਅਤੇ ਰਾਈਟਿੰਗਜ਼ ਆਫ਼ ਸ਼ੈਕਸਪੀਅਰ' (1712) ਪੁਸਤਕਾਂ ਲਿਖੀਆਂ।

6 ਜਨਵਰੀ, 1734 ਈ. ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 3 : 468; ਐਨ.ਅਮੈ. 8 : 686; ਐਵ. ਐਨ. 4 : 344

**ਡੈਨਿਸਨ, ਆਰੋਂ ਲੂਕਿਨ** : ਇਸ ਘੜੀ ਨਿਰਮਾਤਾ ਦਾ ਜਨਮ 6 ਮਾਰਚ, 1812 ਨੂੰ ਫ੍ਰੀਪੋਰਟ ਮੇਨ (Freeport Maine) ਵਿਖੇ ਹੋਇਆ। ਇਹ ਜੇਬ ਘੜੀਆਂ ਦੇ ਉਤਪਾਦਨ ਲਈ ਪੁਰਜ਼ਿਆਂ ਦੀ ਅਦਲਾ ਬਦਲੀ ਨੂੰ ਮਾਨਤਾ ਦੇਣ ਵਾਲਾ ਪਹਿਲਾ ਨਿਰਮਾਤਾ ਸੀ। ਇਸ ਨੇ ਮੇਨ ਵਿਖੇ ਬਰੰਜ਼ਵਿਕ ਵਿਚ 18 ਸਾਲ ਦੀ ਉਮਰ ਵਿਚ ਘੜੀਆਂ ਬਣਾਉਣ ਦੇ ਧੰਦੇ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਮਨੁੱਖੀ ਹੱਥਾਂ ਨਾਲ ਘੜੀਆਂ ਬਣਾਉਣ ਦੇ ਢੰਗ ਸਿੱਖੇ। ਇਹ ਮਗਰੋਂ ਬੋਸਟਨ ਚਲਾ ਗਿਆ ਜਿਥੇ ਇਸ ਨੇ ਆਪਣਾ ਨਿੱਜੀ ਧੰਦਾ ਸ਼ੁਰੂ ਕਰ ਦਿੱਤਾ ਅਤੇ ਸਪਰਿੰਗਫ਼ੀਲਡ ਦੇ ਹਥਿਆਰਖ਼ਾਨੇ ਵਿਚ ਨੌਕਰੀ ਕਰਦੇ ਸਮੇਂ ਵੱਡੀ ਪੱਧਰ ਉੱਤੇ ਉਤਪਾਦਨ ਕਰਨ ਦੇ ਢੰਗਾਂ ਦਾ ਅਧਿਐਨ ਕੀਤਾ। ਘੜੀਆਂ ਦੇ ਛੋਟੇ ਪੁਰਜ਼ਿਆਂ ਦਾ ਮਸ਼ੀਨਾਂ ਨਾਲ ਵੱਡੀ ਪੱਧਰ ਉੱਤੇ ਉਤਪਾਦਨ ਕਰਨ ਸੰਬਧੀ ਪੇਸ਼ ਆਉਣ ਵਾਲੀਆਂ ਸਮੱਸਿਆ ਹਲ ਕਰਨ ਉਪਰੰਤ 1850 ਈ. ਵਿਚ ਇਸ ਨੇ ਇਕ ਘੜੀ ਫ਼ੈਕਟਰੀ ਦੀ ਸਥਾਪਨਾ ਕੀਤੀ ਅਤੇ ਸਭ ਤੋਂ ਪਹਿਲਾਂ ਫ਼ੈਕਟਰੀ ਵਿਚ ਤਿਆਰ ਕੀਤੀਆਂ ਗਈਆਂ ਸਸਤੀਆਂ ਘੜੀਆਂ ਬਾਜ਼ਾਰ ਵਿਚ ਵਿਕਣ ਲਈ ਭੇਜਣ ਲੱਗਾ। 'ਦੀ ਅਮਰੀਕਨ ਵਾਲਥਮ ਵਾਚ ਕੰਪਨੀ' ਅਤੇ 'ਡੈਨੀਸਨ ਮੈਨੂਫੈਕਚਰਿੰਗ ਕੰਪਨੀ' ਇਸ ਦੀਆਂ ਘਾਲਣਾਵਾਂ ਸਦਕਾ ਹੋਂਦ ਵਿਚ ਆਈਆਂ।

9 ਜਨਵਰੀ, 1895 ਨੂੰ ਬਰਮਿੰਘਮ, ਇੰਗਲੈਂਡ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. — ਐਨ. ਬ੍ਰਿ. ਮਾ. 3 : 468

**ਡੈਨਿਸ਼ ਭਾਸ਼ਾ ਤੇ ਸਾਹਿਤ** : ਇਹ ਡੈਨਮਾਰਕ ਦੀ ਸਰਕਾਰੀ ਭਾਸ਼ਾ ਹੈ। ਇਸ ਭਾਸ਼ਾ ਨੂੰ ਲਗਭਗ 50,00,000 ਲੋਕ ਆਮ ਬੋਲ ਚਾਲ ਲਈ ਵਰਤਦੇ ਹਨ। ਇਹ ਉੱਤਰੀ ਜਰਮੈਨਿਕ ਭਾਸ਼ਾਵਾਂ ਦੀ ਪੂਰਬੀ ਸਕੰਡੇਨੇਵੀਆਈ ਸ਼ਾਖ ਨਾਲ ਸਬੰਧ ਰੱਖਣ ਵਾਲੀ ਭਾਸ਼ਾ ਹੈ। ਲਗਭਗ 1000 ਸੰਨ ਤੋਂ ਇਹ ਭਾਸ਼ਾ ਦੂਜੀਆਂ ਸਬੰਧਤ ਸਕੰਡੇਨੇਵੀਆਈ ਭਾਸ਼ਾਵਾਂ ਤੋਂ ਅਲੱਗ ਹੋਣੀ ਸ਼ੁਰੂ ਹੋਈ। ਪ੍ਰਾਚੀਨ ਡੈਨਿਸ਼ ਭਾਸ਼ਾ ਦਾ ਰਿਕਾਰਡ ਰੂਨੀ ਸ਼ਿਲਾਲੇਖਾਂ (ਲ. 250-800 ਈ.) ਤੋਂ ਹੁੰਦਾ ਹੈ। ਇਸ ਭਾਸ਼ਾ ਦੇ ਸਭ ਤੋਂ ਪਹਿਲੇ ਖਰੜੇ 13 ਵੀਂ ਸਦੀ ਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਭਾਸ਼ਾ ਸਕੰਡੇਨੇਵੀਆ ਦੇ ਲੋਕਾਂ ਦੀ ਭਾਸ਼ਾ ਹੈ ਅਤੇ ਇਸ ਵਿਚ ਕਾਫ਼ੀ ਮਾਤਰਾ ਵਿਚ ਤਬਦੀਲੀਆਂ ਆਈਆਂ ਜੋ ਕਿ ਮੁਢਲੇ ਆਮ ਸਕੰਡੇਨੇਵੀਆਈ ਮਾਪਦੰਡ ਅਨੁਸਾਰ ਸਭ ਤੋਂ ਵੱਧ ਹਨ। ਮੱਧ-ਯੁੱਗ ਵਿਚ ਡੈਨਮਾਰਕੀ ਭਾਸ਼ਾ ਵਿਚੋਂ ਹੌਲੀ ਹੌਲੀ ਪੁਰਾਣੀ ਕਾਰਕ-ਪ੍ਰਣਾਲੀ ਖ਼ਤਮ ਹੋ ਗਈ ਅਤੇ 'ਹੈਸਿਐਟਕ ਲੀਗ' ਦੇ ਵਪਾਰੀਆਂ ਨਾਲ ਮੇਲ-ਜੋਲ ਕਾਰਨ ਇਸ ਵਿਚ ਨੌਵੀਂ ਜਰਮਨ ਭਾਸ਼ਾ ਦੇ ਕਈ ਸ਼ਬਦ ਅਤੇ ਅਗੇਤਰ ਪਿਛੇਤਰ ਸ਼ਾਮਲ ਹੋ ਗਏ। ਆਧੁਨਿਕ ਡੈਨਿਸ਼ ਦੇ ਸਿਰਫ਼ ਦੋ ਕਾਰਕ ਹਨ-ਕਰਤਾ ਕਾਰਕ ਅਤੇ ਸਬੰਧਕ ਕਾਰਕ; ਅਤੇ ਇਵੇਂ ਹੀ ਦੋ ਲਿੰਗ-ਭੇਦ ਹਨ- ਜਾਤੀਵਾਚਕ (ਸਾਧਾਰਣ) ਅਤੇ ਨਪੁੰਸਕ ਲਿੰਗ। ਇਸ ਭਾਸ਼ਾ ਦੀ ਧੁਨੀ ਪ੍ਰਣਾਲੀ ਵਿਸ਼ੇਸ਼ ਕਿਸਮ ਦੀ ਹੈ ਜਿਸ ਦਾ ਵਧੇਰੇ ਸਬੰਧ ਸਾਹ ਨਾਲੀ ਨਾਲ ਹੈ।

ਸਕੰਡੇਨੇਵੀਆ ਅਤੇ ਆਈਸਲੈਂਡ ਵਿਚ ਡੈਨਮਾਰਕ ਦੀ ਰਾਜਨੀਤਕ ਸ਼ਕਤੀ ਅਤੇ ਡਾਢੇ ਅਸਰ ਰਸੂਖ਼ ਕਾਰਨ ਡੈਨਿਸ਼ ਭਾਸ਼ਾ ਨੇ ਸਵੀਡਨ ਦੀਆਂ ਭਾਸ਼ਾਵਾਂ ਅਤੇ ਆਈਸਲੈਂਡ ਭਾਸ਼ਾਵਾਂ ਉਤੇ ਵੀ ਕੁਝ ਅਸਰ ਪਾਇਆ। ਸੁਧਾਰ ਲਹਿਰ ਦੇ ਸਮੇਂ ਤੋਂ ਲੈ ਕੇ 19 ਵੀਂ ਸਦੀ ਤੱਕ ਨਾਰਵੇ ਦੀ ਤਾਂ ਇਹ ਸਰਕਾਰੀ, ਲਿਖਤੀ ਅਤੇ ਪ੍ਰਬੰਧਕੀ ਭਾਸ਼ਾ ਸੀ।

**ਡੈਨਿਸ਼ ਸਾਹਿਤ** — ਮੁਢਲਾ ਡੈਨਿਸ਼ (Danish) ਸਾਹਿਤ ਨਾਰਵੇ ਅਤੇ ਆਈਸਲੈਂਡ ਦੇ ਪ੍ਰਾਚੀਨ ਗੀਤਾਂ ਅਤੇ ਗਾਥਾਵਾਂ ਵਿਚ ਦੇਖਿਆ ਜਾਂਦਾ ਹੈ। ਸਦੀਆਂ ਤੱਕ ਇਸ ਉੱਤੇ ਪਹਿਲਾਂ ਲਾਤੀਨੀ ਫਿਰ ਜਰਮਨੀ, ਫ਼ਰਾਂਸ ਅਤੇ ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਦਾ ਪ੍ਰਭਾਵ ਰਿਹਾ। ਡੈਨਮਾਰਕ ਅਤੇ ਸਵੀਡਨ ਦੀਆਂ ਭਾਸ਼ਾਵਾਂ ਅਤੇ ਸਾਹਿਤ 1000 ਈ. ਤਕ ਵੱਖ ਵੱਖ ਹੋ ਗਏ ਸਨ ਪਰ ਡੈਨਮਾਰਕ ਅਤੇ ਨਾਰਵੇ ਉਨ੍ਹੀਵੀਂ ਸਦੀ ਤੱਕ ਵੀ ਰਾਜਨੀਤਕ, ਸਮਾਜਕ ਅਤੇ ਸਾਹਿਤਿਕ ਪੱਖੋਂ ਇਕੋ ਇਕਾਈ ਰਹੇ।

ਡੈਨਮਾਰਕ ਦਾ ਸਾਹਿਤ ਸਭ ਤੋਂ ਪਹਿਲਾਂ ਰੂਨੀ (Runic) ਸ਼ੈਲੀ ਦੇ ਵਰਣਾਂ ਵਿਚ ਦੇਖਿਆ ਗਿਆ ਜੋ ਪੱਥਰਾਂ ਉਤੇ ਖੁਣਿਆ ਹੋਇਆ ਸੀ ਅਤੇ ਮੁੱਖ ਤੌਰ ਤੇ ਯੋਧੇ, ਬਾਦਸ਼ਾਹਾਂ ਅਤੇ ਪਾਦਰੀਆਂ

ਦੀਆਂ ਕਬਰਾਂ ਉਤੇ ਅਕਸਰ ਬੇਤੁਕੇ ਅਨੁਪ੍ਰਾਸੀ ਕਾਵਿ-ਪਦਾਂ ਦੇ ਰੂਪ ਵਿਚ ਸੀ। ਡੈਨਮਾਰਕ ਵਿਚ ਰੂਨੀ ਸ਼ੈਲੀ ਦੀਆਂ ਲਿਖਤਾਂ ਲਗਭਗ 250 ਈ. ਵਿਚ ਪ੍ਰਚੱਲਤ ਸਨ। ਰੂਨੀ ਦਾ ਅਸਲ ਸਮਾਂ 850 ਤੋਂ 1050 ਈ. ਦਾ ਸੀ।

1050 ਈ. ਦੇ ਲਾਗੇ ਚਾਗੇ ਤੋਂ ਲੈ ਕੇ 1500 ਈ. ਤੱਕ ਡੈਨਿਸ਼ ਸਾਹਿਤ ਦਾ ਮੱਧ ਕਾਲ ਕਿਹਾ ਜਾ ਸਕਦਾ ਹੈ। ਕੈਥੋਲਿਕ ਚਰਚ ਦੀ ਅੰਤਰਰਾਸ਼ਟਰੀ ਭਾਸ਼ਾ ਲਾਤੀਨੀ ਨੇ ਲ. 1000 ਈ. ਵਿਚ ਰੂਨੀ ਨੂੰ ਵਿਸਥਾਪਿਤ ਕਰਨਾ ਸ਼ੁਰੂ ਕੀਤਾ ਅਤੇ ਪਹਿਲੇ ਮੱਧ ਯੁੱਗ ਵਿਚ ਮਠਵਾਸੀ ਲਿਖਾਰੀਆਂ ਨੇ ਇਤਿਹਾਸ, ਬਿਰਤਾਂਤ ਅਤੇ ਸੰਤਾਂ ਦੇ ਜੀਵਨ ਡੈਨਿਸ਼ ਭਾਸ਼ਾ ਵਿਚ ਲਿਖੇ। ਇਨ੍ਹਾਂ ਰਚਨਾਵਾਂ ਵਿਚ ਲ. 1120 ਈ. ਦੀ ਅੰਗਰੇਜ਼ੀ ਸਾਧੂ Aelonth ਦੀ ਰਚਨਾ 'The Legend of St. Canute' ਅਤੇ ਲ. 1150 ਈ. ਦੀ ਰਚਨਾ 'Chronicon Roskildense' ਸ਼ਾਮਲ ਹਨ।

ਇਸੇ ਤਰ੍ਹਾਂ ਫ਼ੌਜੀ ਵਿਸਥਾਰ ਸਮੇਂ (1157-1227) ਇਸ ਨਾਲ ਸਬੰਧਤ ਕਾਫ਼ੀ ਸਾਹਿਤ ਰਚਿਆ ਗਿਆ ; ਜਿਵੇਂ ਕਿ ਸਵੈਂਡ ਆਗੈਸੈਨ ਨੇ 1185 ਤਕ ਦੀਆਂ ਜਿੱਤਾਂ ਬਾਰੇ ('Historia Regunn Daniae Compendiosa' ਲਿਖਿਆ ਪਰ ਮੱਧ-ਯੁੱਗ ਦੀ ਉੱਤਮ ਰਚਨਾ ਜੋ ਡੈਨਮਾਰਕ ਦੇ ਸਾਹਿਤ ਦਾ ਲਾਤੀਨੀ ਵਿਚ ਸਾਰ ਤੱਤ ਹੈ, 16 ਜਿਲਦਾਂ ਵਿਚ ਲਿਖਿਆ ਗਿਆ 'Gesta Danorum' ਹੈ। ਇਹ ਰਚਨਾ ਪ੍ਰਾਚੀਨ ਗਾਥਾਵਾਂ ਦਾ ਇਕ ਭਰਪੂਰ ਖ਼ਜ਼ਾਨਾ ਹੈ ਜਿਸ ਉਤੇ ਕੋਈ ਵੀ ਦੇਸ਼ ਮਾਣ ਕਰ ਸਕਦਾ ਹੈ। ਇਸ ਵਿਚ 'ਐਮਲੀਥ' ਦੀ ਕਹਾਣੀ ਕਈ ਅਦਲਾ ਬਦਲੀਆਂ ਵਿਚੋਂ ਦੀ ਹੁੰਦੀ ਹੋਈ ਸ਼ੈਕਸਪੀਅਰ ਦੇ ਨਾਟਕ 'ਹੈਮਲਟ' ਦਾ ਆਧਾਰ ਬਣੀ। ਇਸੇ ਦੌਰਾਨ ਇਕ ਵਿਸ਼ਾਲ ਲਾਤੀਨੀ ਕਵਿਤਾ 'Hexaemeron', (ਛੇ ਦਿਨ) ਲਿਖੀ ਗਈ ਜਿਸ ਵਿਚ ਸੰਸਾਰ ਦੀ ਉਤਪਤੀ ਦਾ ਵਰਣਨ ਅਤੇ ਟੀਕਾ ਟਿੱਪਣੀ ਕੀਤੀ ਗਈ ਹੈ। ਇਸ ਕਵਿਤਾ ਵਿਚ 8000 ਤੋਂ ਜ਼ਿਆਦਾ ਛੇ-ਪਦੇ ਹਨ।

ਡੈਨਮਾਰਕ ਦੀ ਆਪਣੀ ਭਾਸ਼ਾ ਵਿਚ ਸਭ ਤੋਂ ਪੁਰਾਣੇ ਖਰੜੇ ਪ੍ਰਾਦੇਸ਼ਿਕ ਕਾਨੂੰਨ ਹਨ ਜੋ ਜ਼ਬਾਨੀ ਚਲਦੀ ਆ ਰਹੀ ਅਦਾਲਤੀ ਪ੍ਰਥਾ ਤੋਂ ਉਤਪੰਨ ਹੋਏ। ਸੰਨ 1495 ਵਿਚ ਡੈਨਿਸ਼ ਭਾਸ਼ਾ ਦੀ ਪਹਿਲੀ ਪੁਸਤਕ 'Rhyme Chronicle' ਛਪੀ। ਇਸ ਵਿਚ ਹਰੇਕ ਰਾਜਾ ਸ਼ੁਰੂ ਤੋਂ ਅਖ਼ੀਰ ਤਕ ਆਪਣੇ ਜਨਮ, ਜੀਵਨ, ਮੌਤ ਅਤੇ ਦਫ਼ਨਾਉਣ ਦੀ ਕਹਾਣੀ ਆਪ ਸੁਣਾਉਂਦਾ ਹੈ।

ਪਿਛਲੇਰੇ ਮੱਧ ਯੁੱਗ ਵਿਚ ਡੈਨਿਸ਼ ਭਾਸ਼ਾ ਹੌਲੀ ਹੌਲੀ ਲਾਤੀਨੀ ਭਾਸ਼ਾ ਉਤੇ ਭਾਰੂ ਹੁੰਦੀ ਗਈ। ਵਰਜਿਨ ਮੇਰੀ ਦੀਆਂ ਗਾਥਾਵਾਂ ਅਤੇ ਗੀਤਾਂ ਤੋਂ ਇਲਾਵਾ ਇਸ ਭਾਸ਼ਾ ਵਿਚ ਵਿਲੱਖਣ ਅਤੇ ਕਲਪਿਤ ਸੂਚਨਾਵਾਂ ਪ੍ਰਦਾਨ ਕਰਨ ਵਾਲੀਆਂ ਹਰਮਨ ਪਿਆਰੀਆਂ ਪ੍ਰਕਾਸ਼ਨਾਵਾਂ ਵਜੂਦ ਵਿਚ ਆਈਆਂ, ਜਿਵੇਂ 'Lucidarius'। ਇਸੇ ਤਰ੍ਹਾਂ ਭਾਵ-ਪੂਰਨ ਮੁਹਾਵਰੇ ਵੀ ਇਸੇ ਸਮੇਂ ਵਿਚ ਸੰਗ੍ਰਹਿ ਕੀਤੇ ਗਏ। ਡੈਨਿਸ਼ ਸਾਹਿਤ ਦਾ ਇਸ ਸਮੇਂ ਦੌਰਾਨ ਸਭ ਤੋਂ ਮਹੱਤਵਪੂਰਨ ਖ਼ਜ਼ਾਨਾ ਮਾਤਰੀਜ ਭਾਸ਼ਾ ਵਿਚ ਲਿਖੇ ਕਿੱਸੇ (Ballads) ਹਨ। ਕਿੱਸਿਆਂ ਦੇ ਛੋਟੇ ਛੋਟੇ ਟੁਕੜੇ ਬਹੁਤ ਖਸਤਾ ਹਾਲਤ ਵਿਚ ਸੰਭਾਲ ਕੇ ਰੱਖੇ ਹੋਏ ਹਨ। ਇਹ 16 ਵੀਂ ਸਦੀ ਦੀਆਂ ਲਗਭਗ 40 ਹੱਥਲਿਖਤਾ 'ਤੁਕਬੰਦੀ ਦੀਆਂ ਪੁਸਤਕਾਂ' ਹਨ। 100 ਕਿੱਸਿਆਂ ਦਾ ਪਹਿਲਾ ਸੰਗ੍ਰਹਿ ਐਡਜ਼ ਨੇ 1591 ਵਿਚ ਛਪਵਾਇਆ। ਸਾਰੇ ਕਿੱਸਿਆਂ ਦੀ ਮੁਕੰਮਲ ਰਚਨਾ ਸੱਤ ਜਿਲਦਾਂ ਵਿਚ ਹੋਈ ਜਿਸ ਵਿਚ ਤਰ੍ਹਾਂ ਤਰ੍ਹਾਂ ਦੇ 500 ਤੋਂ 600 ਤੱਕ ਦੀ ਗਿਣਤੀ ਦੇ ਕਿੱਸੇ ਹਨ। 'ਏ ਬੁੱਕ ਆਫ਼ ਡੈਨਿਸ਼ ਬੈਲਡਜ਼' 1939 ਵਿਚ ਅੰਗਰੇਜ਼ੀ ਵਿਚ ਛਪੀ। ਇਨ੍ਹਾਂ ਕਿੱਸਿਆਂ ਵਿਚ ਡੈਨਮਾਰਕ ਦੀ ਸਾਰੇ ਕੁਲੀਨ ਵਰਗ ਦੀ ਜ਼ਿੰਦਗੀ, ਉਨ੍ਹਾਂ ਦੀਆਂ ਪਰਿਵਾਰਕ ਦੁਸ਼ਮਣੀਆਂ, ਪ੍ਰੇਮ-ਕਹਾਣੀਆਂ, ਸ਼ਿਕਾਰਾਂ ਅਤੇ ਸੰਗਰਾਮਾਂ ਨੂੰ ਅਤੇ ਕਿਲਿਆਂ ਦੇ ਰੋਜ਼ਾਨਾ ਜੀਵਨ ਨੂੰ ਦਰਸਾਇਆ ਗਿਆ ਹੈ।

ਸੋਲ੍ਹਵੀਂ ਸਦੀ ਸੁਧਾਰ ਦਾ ਸਮਾਂ ਸੀ ਅਤੇ ਡੈਨਮਾਰਕ ਵਿਚ ਕਲਾ ਕੌਸ਼ਲ ਤੇ ਵਿਦਿਆ ਦੀ ਜਾਗ੍ਰਤੀ ਦਾ ਸਮਾਂ ਸੀ। ਸੋ ਇਸ ਸਮੇਂ ਦੌਰਾਨ ਵਿਵਾਦੀ ਪੈਂਫ਼ਲੈਟ ਅਤੇ ਵਿਅੰਗ ਭਾਰੀ ਮਾਤਰਾ ਵਿਚ ਛਪੇ। ਇਸ ਤਰ੍ਹਾਂ ਚਰਚ ਦੇ ਸੁਧਾਰ ਲਈ ਕੋਪਨਹੈਗਨ ਯੂਨੀਵਰਸਿਟੀ ਦੇ ਲੈਕਚਰਾਰ ਪਾਊਲ ਹੇਲਜੈਸੈਨ ਦੀ ਉੱਤਮ ਰਚਨਾ 'Skibby Chronicle' ਹੈ। 'Visitatsbog' ਵਿਚ ਉਸ ਸਮੇਂ ਦੀ ਸ਼ਕਤੀਸ਼ਾਲੀ ਤਸਵੀਰ ਖਿਚੀ ਗਈ ਹੈ। ਸੁਧਾਰ ਦੇ ਇਸ ਯੁੱਗ ਵਿਚ ਮਾਤ੍ਰੀ ਭਾਸ਼ਾ ਵਿਚ ਲੂਥਰੀ ਭਜਨ ਬਹੁਤ ਪ੍ਰਸਿੱਧ ਹਨ। ਹਾਂਸ ਟਾਮਸਨ ਦੀ ਉੱਘੀ ਭਜਨਾਂ ਵਾਲੀ ਪੁਸਤਕ 'Den danske Psalmebog' (1569) ਜਰਮਨੀ ਤੇ ਲਾਤੀਨੀ ਤੋਂ ਅਨੁਵਾਦ ਕੀਤੀ ਗਈ। ਹਾਂਸ ਕ੍ਰਿਸਚਨਸਨ ਸਪੇਨ ਇਸ ਸਮੇਂ ਦਾ ਧਾਰਮਿਕ ਸਰੋਦੀ ਕਵੀ ਸੀ। ਹੌਲੀ ਹੌਲੀ ਇਸ ਸੁਧਾਰਵਾਦੀ ਲਹਿਰ ਦਾ ਜੋਸ਼ ਧਰਮ ਵਿਦਿਆ ਦੀ ਵਿਦਵਤਾ ਵੱਲ ਝੁਕ ਗਿਆ। ਇਸ ਦੇ ਨਾਲ ਨਾਲ ਇਤਿਹਾਸ ਅਤੇ ਕੁਦਰਤੀ ਸਾਇੰਸ ਦੇ ਖੇਤਰ ਵਿਚ ਵੀ ਡੈਨਮਾਰਕੀ ਸਾਹਿਤ ਨੇ ਕਾਫ਼ੀ ਉੱਨਤੀ ਕੀਤੀ। ਇਸ ਸਮੇਂ ਕੁਲੀਨ ਘਰਾਣੇ ਦੇ ਟਾਈਕੋ ਬਰਾਹੇ ਨੇ ਤਾਰਾ-ਵਿਗਿਆਨ ਵਿਚ ਹੈਰਾਨੀਜਨਕ ਪ੍ਰਸਿੱਧਤਾ ਪ੍ਰਾਪਤ ਕੀਤੀ। ਉਸ ਸਮੇਂ ਦੇ ਨਾਟਕ ਲਾਤੀਨੀ ਪ੍ਰਣਾਲੀ ਅਨੁਸਾਰ ਖੇਡੇ ਜਾਂਦੇ ਸਨ। ਡੈਨਿਸ਼ ਭਾਸ਼ਾ ਦਾ ਇਕ ਹਾਸਰਸੀ ਨਾਟਕ 'Karrig Nidding' ਇਕ ਸੁੰਦਰ ਰਚਨਾ ਹੈ।

ਪੁਨਰ ਜਾਗਰਤੀ ਕਾਲ ਵਿਚ ਡੈਨਮਾਰਕ ਵਿਚ ਦੋ ਉੱਘੇ ਕਵੀ ਹੋਏ। ਪਹਿਲਾ ਬੋਹੀਮੀਆ ਦਾ ਐਂਡਰਜ਼ ਬੋਰਡਿੰਗ (1619-1677) ਸੀ ਜਿਹੜਾ ਡੈਨਮਾਰਕ ਵਿਚ ਪਹਿਲੇ ਸਮਾਚਾਰ ਪੱਤਰ 'Den Danske Mercurius' ਦਾ ਐਡੀਟਰ ਬਣਿਆ ਅਤੇ ਇਹ ਖ਼ਬਰਾਂ ਨੂੰ 12-12 ਪਦਿਆਂ ਵਿਚ ਛਾਪਦਾ ਸੀ। ਪਾਦਰੀ ਟਾਮਸ ਕਿੰਗੋ (1634-1703) ਇਸ ਸਮੇਂ ਦਾ ਦੂਸਰਾ ਉੱਘਾ ਕਵੀ ਸੀ ਜੋ ਭਜਨ ਲੇਖਕ ਸੀ ਅਤੇ ਜਿਸ ਦੇ ਭਜਨ 'Aandelight Sjungeehor' (ਦੋ ਜਿਲਦਾਂ) ਵਿਚ ਸੰਗ੍ਰਹਿ ਕੀਤੇ ਗਏ। ਵਾਰਤਕ ਦੇ ਖੇਤਰ ਵਿਚ ਇਸ ਸਮੇਂ ਵਧੇਰੇ ਕਰਕੇ ਜੀਵਨੀਆਂ ਲਿਖੀਆਂ ਗਈਆਂ। ਪਿਛੋਂ ਜਾ ਕੇ ਧਰਮ-ਨਿਰਪੱਖ ਕਿਸਮ ਦੇ ਨਾਟਕ ਵੀ ਲਿਖੇ ਜਾਣ ਲੱਗੇ।

ਡੈਨਮਾਰਕ ਦੇ ਸਾਹਿਤਕ ਇਤਿਹਾਸ ਵਿਚ 1700 ਤੋਂ 1750 ਤੱਕ ਦਾ ਸਮਾਂ 'ਹੋਲਬਰਗ ਕਾਲ' ਅਖਵਾਉਂਦਾ ਹੈ। ਨਾਰਵੇ ਦੇ ਪੈਦਾ ਹੋਏ ਪ੍ਰੋਫ਼ੈਸਰ ਯੋਹਾਨ ਲੁਡਵਿਗ ਹੋਲਬਰਗ (1684-1754) ਨੂੰ ਡੈਨਿਸ਼ ਸਾਹਿਤ ਦਾ 'ਪਿਤਾਮਾ' ਕਿਹਾ ਜਾਂਦਾ ਹੈ। ਇਸ ਨੇ ਡੈਨਮਾਰਕ ਸਟੇਜ ਦਾ ਮੁੱਢ ਬੰਨ੍ਹਿਆ ਜੋ ਪਿਛੋਂ ਜਾ ਕੇ 'ਰੌਇਲ ਥੀਏਟਰ ਆਫ਼ ਕੋਪਨਹੇਗਨ' ਬਣਿਆ। ਇਸ ਨੇ ਕੌਮੀ ਸਾਹਿਤ ਵਿਚ 'Jeppe paa Bjerget', 'Den politiske Kandestober' ਅਤੇ 'Erasmus Montanus' ਵਰਗੀਆਂ ਜ਼ਬਰਦਸਤ ਰਚਨਾਵਾਂ ਪੇਸ਼ ਕੀਤੀਆਂ। ਮਗਰੋਂ ਜਾ ਕੇ ਇਸ ਦੇ ਡਰਾਮੇ ਅਤੇ ਨਾਵਲਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਹੋਇਆ। ਇਸ ਦੀਆਂ ਵਿਅੰਗਾਤਮਕ ਰਚਨਾਵਾਂ ਡੈਨਿਸ਼ ਸਾਹਿਤ ਦਾ ਉੱਤਮ ਖਜ਼ਾਨਾ ਹਨ। 'Peder Paars' (1719-1720) ਇਸ ਦੀ ਇਕ ਵਿਅੰਗਾਤਮਕ ਤੇ ਹਾਸਰਸੀ ਰਚਨਾ ਹੈ। ਇਸ ਬਲਵਾਨ ਲਿਖਾਰੀ ਨੇ ਕਵਿਤਾ ਪਿਛੋਂ ਇਤਿਹਾਸ ਅਤੇ ਦਰਸ਼ਨ ਵੱਲ ਮੂੰਹ ਮੋੜਿਆ, 'Danmarks Riges Historie' (1732-1735) ਅਤੇ 'Moralske Tanker' (1751) ਇਸ ਦੀਆਂ ਅਜਿਹੀਆਂ ਰਚਨਾਵਾਂ ਹਨ।

ਸੰਨ 1750 ਤੋਂ 1800 ਤੱਕ ਡੈਨਿਸ਼ ਸਾਹਿਤ ਪਿਛਲੇਰਾ ਕਲਾਸਕੀਵਾਦ ਅਤੇ ਅਗੇਤਾ ਰੋਮਾਂਚਵਾਦ ਅਖਵਾਉਂਦਾ ਹੈ। ਇਸ ਕਾਲ ਵਿਚ ਤਰਕ ਅਤੇ ਮਨੋਭਾਵਨਾ ਨੂੰ ਸਾਹਿਤ ਵਿਚ ਖ਼ਾਸ ਥਾਂ ਦਿੱਤੀ ਗਈ। ਇਸ ਸਮੇਂ ਦੀ ਸਨੀਡਾੱਰਫ਼ ਦੇ ਅਗਾਂਹਵਧੂ ਰਸਾਲੇ Den Patriotiske Tulskur (1761-1763) ਵਿਚ ਕਿਸਾਨਾਂ ਦਾ ਨਿਸਤਾਰਾ, ਗ਼ੁਲਾਮਾਂ ਦਾ ਛੁਟਕਾਰਾ, ਸਕੂਲ ਸੁਧਾਰ, ਪ੍ਰੈੱਸ ਦੀ ਆਜ਼ਾਦੀ ਅਤੇ ਸਮੇਂ ਦੇ ਹੋਰ ਵਿਸ਼ੇ ਵਿਸਥਾਰ ਨਾਲ ਵਾਰਤਕ ਵਿਚ ਵਰਣਨ ਕੀਤੇ ਗਏ। ਜਿਸ ਦਾ ਆਉਣ ਵਾਲੇ ਡੈਨਿਸ਼ ਲਿਖਾਰੀਆਂ ਉਤੇ ਬੜਾ ਡੂੰਘਾ ਅਸਰ ਪਿਆ। ਜਾਨ ਹੈਰਮਾਨ ਵੈਸਲ (1942-1785) ਦਾ ਮਖੌਲੀਆ ਦੁਖਾਂਤ 'Love without Stockings' (1772) ਉਸ ਸਮੇਂ ਦੀ ਇਕ ਉੱਤਮ ਰਚਨਾ ਮੰਨੀ ਜਾਂਦੀ ਹੈ। ਉਸ ਸਮੇਂ ਦੇ ਹੋਰ ਦੁਖਾਂਤਾਂ ਅਤੇ ਸੁਖਾਂਤਾਂ ਵਿਚੋਂ ਓਲਫ਼ ਕ੍ਰਿਸਚੀਅਨ ਓਲਫਸਨ (1763-1827) ਦਾ ਸੁਖਾਂਤ 'Gulddaasen' (1793) ਨਿਵੇਕਲੀ ਕਿਸਮ ਦਾ ਹੈ।

ਰੁਮਾਂਸਵਾਦੀ ਯੁੱਗ (1800-1870) ਡੈਨਿਸ਼ ਸਾਹਿਤ ਦਾ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ। ਉਸ ਸਮੇਂ ਉੱਘੇ ਕਵੀ ਐਡਮ ਓਲੈਸ਼ੇਲਾਜ਼ਰ ਨੇ ਬਹੁਪੱਖੀ ਕਵਿਤਾ ਤੇ ਵਾਰਤਕ ਲਿਖੀ। ਸੰਨ 1829 ਵਿਚ ਇਸ ਨੂੰ ਨੌਰਡਿਕ ਕਵੀਆਂ ਦਾ ਬਾਦਸ਼ਾਹ ਮੰਨਿਆ ਗਿਆ। ਇਸ ਤੋਂ ਬਿਨਾਂ ਇਸ ਸਮੇਂ ਦੇ ਹੋਰ ਉੱਘੇ ਲਿਖਾਰੀਆਂ ਵਿਚ ਬਰਨਾਰਡ ਸੈਵਰਿਨ ਵਿੰਗਮਾਨ (1789-1862), ਜੋਹਾਨੀਜ਼ ਕਾਰਸਟੈਨ ਹਾਉਸ (1790-1872), ਫ਼ਰੈਡਰਿਕ ਸੈਵਰਿਨ ਗਰੰਟਵਿਗ (1783-1872), ਯੋਹਾਨ ਲੁਡਵਿਗ ਹਾਈਬਰਗ (1791-1860), ਕ੍ਰਿਸਚੀਅਨ ਵਿੰਥਰ (1796-1876) ਆਦਿ ਸ਼ਾਮਲ ਹਨ ਜਿਨ੍ਹਾਂ ਨੇ ਡੈਨਿਸ਼ ਭਾਸ਼ਾ ਵਿਚ ਕਵਿਤਾ, ਨਾਵਲ, ਨਾਟਕ, ਕਹਾਣੀਆਂ ਆਦਿ ਉਤੇ ਆਪਣੇ ਹੱਥ ਅਜ਼ਮਾਏ ਅਤੇ ਆਪਣੇ ਸਾਹਿਤ ਵਿਚ ਭਰਪੂਰ ਵਾਧਾ ਕੀਤਾ। ਇਸ ਸਮੇਂ ਦੇ ਕੇਵਲ ਦੋ ਲਿਖਾਰੀ ਹੀ ਅੰਤਰਰਾਸ਼ਟਰੀ ਪੱਧਰ ਦੇ ਮੰਨੇ ਗਏ। ਇਹ ਸਨ ਪਰੀ ਕਹਾਣੀ ਲੇਖਕ ਹਾਂਕ ਕ੍ਰਿਸਚੀਅਨ ਐਂਡਰਸਨ (1805-1875) ਅਤੇ ਨੈਤਿਕ ਫ਼ਿਲਾਸਫਰ ਸੋਰੇ ਕਾਈਰਕਗਾਰਡ (1813-1855)। ਰੋਮਾਂਸਵਾਦ ਤੋਂ ਮਗਰੋਂ 1870 ਤੋਂ 1900 ਤਕ ਡੈਨਿਸ਼ ਸਾਹਿਤ ਵਿਚ ਪ੍ਰਕਿਰਤੀਵਾਦ ਦਾ ਸਮਾਂ ਸੀ। ਇਸ ਦਾ ਮੁੱਢ ਜਾਰਜ ਬ੍ਰਾਂਡੀਜ਼ (1842-1927) ਨੇ ਬੰਨ੍ਹਿਆ। 19ਵੀਂ ਸਦੀ ਦੇ ਅੰਤਲੇ ਦਹਾਕੇ ਅਤੇ 20ਵੀਂ ਸਦੀ ਦੇ ਮੁੱਢ ਵਿਚ ਆਪਣੇ ਨਾਵਲਾਂ ਰਾਹੀਂ ਕੁਦਰਤ ਦਾ ਚਿਤਰਨ ਕਰਨ ਵਾਲੇ ਲਿਖਾਰੀ ਹੈਨਰਿਕਪੋਂਟੋਪਿੱਡਨ (1857-1943) ਨੇ 1917 ਵਿਚ ਨੋਬਲ ਪ੍ਰਾਈਜ਼ ਲਿਆ। ਇਸੇ ਤਰ੍ਹਾਂ ਇਸ ਕਾਲ ਵਿਚ ਹੈਰਮਾਨ ਬੈਂਗ (1857-1912) ਅਤੇ ਗਸਟਾਵ ਵਾਈਡ (1858-1914) ਆਦਿ ਹੋਰ ਉੱਘੇ ਲਿਖਾਰੀ ਹੋਏ ਹਨ।

ਵੀਹਵੀ ਸਦੀ ਨੇ ਨਵ-ਪ੍ਰਕਿਰਤੀਵਾਦ ਅਤੇ ਨਵ-ਰੋਮਾਂਸਵਾਦ ਕਾਲ ਵਿਚ ਬੁਰਜ਼ਵਾ ਸ਼੍ਰੇਣੀ ਤੋਂ ਇਲਾਵਾ ਕਿਸਾਨਾਂ ਤੇ ਕਿਰਤੀਆਂ ਨੇ ਵੀ ਕਲਮ ਚੁੱਕ ਲਈ। ਇਸ ਸਮੇਂ ਦੌਰਾਨ ਹੋਰਨਾਂ ਲਿਖਾਰੀਆਂ ਨਾਲ ਜੋਹਾਨੀਜ਼ ਵਿਲਹੈਲਮ ਜੈਨਸੈਨ (1873-1950) ਇਕ ਉੱਘਾ ਡੈਨਿਸ਼ ਸਾਹਿਤਕਾਰ ਹੋਇਆ ਹੈ ਜਿਸ ਨੇ 1944 ਵਿਚ ਨੋਬਲ ਪ੍ਰਾਈਜ਼ ਲਿਆ। ਨਾਵਲਕਾਰ ਹਾਰਾਲਡ ਕਿੱਡੇ (1878-1918) ਅਤੇ ਕਾਇਰ ਮਾਇਕੀਲਿਸ (1872-1950) ਦੇ ਨਾਲ ਨਾਲ ਹਾਰਲਡ ਬਰਗਸਟੇਟ (ਜ. 1877) ਅਤੇ ਵਾਲਡੀਮਾਰ ਰੋਰਡੈਮ (1872-1946) ਦੋ ਉੱਘੇ ਕਵੀ ਵੀ ਹੋਏ ਹਨ। ਲਗਭਗ ਇਕ ਸਦੀ ਦੀ ਚੁੱਪ ਮਗਰੋਂ ਡੈਨਮਾਰਕ ਦੇ ਥੀਏਟਰ ਵਿਚ ਪਾਦਰੀ ਕਾਜ ਮੁਕੇ ਨੇ ਆਪਣੇ ਨਾਟਕਾਂ ਰਾਹੀਂ ਮੁੜ ਜਾਨ ਪਾ ਦਿੱਤੀ। ਉਸ ਦੇ ਨਾਟਕਾਂ ਵਿਚ 'An Idealist' (1928) ਅਤੇ 'The word' (1932) ਪ੍ਰਸਿੱਧ ਹਨ। ਕੇ. ਏਬੈੱਲ (ਜ. 1901) ਅਤੇ ਕਾਰਲ ਐਰਿਕ ਸੋਯਾ (ਜ. 189 ਹੋਰ ਨਾਟਕਕਾਰ ਹੋਏ ਹਨ।

20ਵੀਂ ਸਦੀ ਦੇ ਅੱਧ ਦੇ ਲਾਗੇ-ਚਾਗੇ ਕਾਲਪਨਿਕ ਚਿੰਨ੍ਹਵਾ ਦੇ ਖੇਤਰ ਵਿਚ ਮਾਰਟਿਨ ਐਲਫ੍ਰੈਡ ਹਾਨਸਨ (ਜੋ. 1909) ਵਰ ਨਾਵਲਕਾਰ ਤੇ ਕਹਾਣੀਕਾਰ ਅਤੇ ਹਾਂਸ ਕ੍ਰਿਸਚੀਅਨ ਬ੍ਰੈਨਰ ( 1903) ਕਹਾਣੀਕਾਰ ਤੇ ਨਾਟਕਕਾਰ ਹੋਏ ਹਨ। ਇਵੇਂ ਹੀ ਕਵਿ ਦੇ ਖੇਤਰ ਵਿਚ ਹਾੱਫ਼ਡੈਨ ਰਾਸਮੁਸਨ (ਜ. 1915) ਅਤੇ ਐਰਿ ਕਨੁਡਸਨ (ਜ. 1922) ਐਟਮੀ ਯੁੱਗ ਦੇ ਪ੍ਰਤੀਕ ਹਨ। ਹੋਰ ਬਹੁਤ ਸਾਰੇ ਆਪਣਾ ਯੋਗਦਾਨ ਪਾ ਰਹੇ ਹਨ।

ਹ.ਪੁ.—ਐਨ. ਅਮੈ. 8 : 459 ; ਐਨ. ਬ੍ਰਿ. 7 : 54 ; ਐਨ. ਬ੍ਰਿ. ਮ 3 : 372

**ਡੈਨਿਮ** : ਇਹ ਇਕ ਮੋਟਾ, ਪਾਏਦਾਰ ਅਤੇ ਹੰਢਣਸਾ ਕੱਪੜਾ ਹੈ ਜੋ ਕੰਮ ਕਰਨ ਵਾਲੇ ਵਿਅਕਤੀਆਂ ਲਈ ਪ੍ਰਮੁੱਖ ਤੌਰ ਵਰਤਿਆ ਜਾਂਦਾ ਹੈ। ਇਸ ਕੱਪੜੇ ਨੂੰ ਟੂਲ ਕੱਪੜਾ ਵੀ ਕਿਹਾ ਜਾਂ ਹੈ। ਇਸ ਕੱਪੜੇ ਦਾ ਇਹ ਨਾਂ ਫ਼ਰਾਂਸ ਦੇ 'Sergedenimes' ਉਪਜਿਆ ਜਾਪਦਾ ਹੈ। ਸੂਤ-ਰੰਗਿਆ, ਦਸੂਤੀ ਬਣਤਰ ਵਾ ਬੁਣਿਆ ਹੋਇਆ ਅਤੇ ਕੱਪੜੇ ਦੇ ਕਾਰਖ਼ਾਨਿਆਂ ਵਿਚ ਅਖ਼ੀਰ ਟੀਪ-ਟਾਪ ਦੇ ਕੇ ਤਿਆਰ ਹੋਇਆ ਇਹ ਕੱਪੜਾ ਵਿਸ਼ੇਸ਼ ਤੌਰ ਸਾਰਾ ਕਪਾਹ ਦਾ ਹੀ ਬਣਿਆ ਹੁੰਦਾ ਹੈ। ਬਹੁਤ ਸਾਰੀਆਂ ਕਿਸਮਾਂ ਡੈਨਿਮ ਕੱਪੜਿਆਂ ਵਿਚ ਕਪਾਹ-ਨਾਇਲਨ ਦਾ ਮਿਸ਼ਰਣ ਹੁੰਦਾ ਇਸ ਕੱਪੜੇ ਦਾ ਰੰਗ ਮੁੱਖ ਤੌਰ ਤੇ ਨੀਲ ਵਰਗਾ ਹੁੰਦਾ ਹੈ ਪਰੰ ਇਸਨੂੰ ਕੁਝ ਹੋਰਨਾ ਰੰਗਾਂ ਵਿਚ ਵੀ ਬਣਾਇਆ ਜਾਂਦਾ ਹੈ। ਇ ਕੱਪੜੇ ਵਿਚ ਧਾਰੀਆਂ ਅਤੇ ਕਈ ਹੋਰ ਨਮੂਨੇ ਵੀ ਪਾਏ ਜਾਂਦੇ ਹ ਰਵਾਇਤੀ ਤੌਰ ਤੇ ਇਹ ਕੱਪੜਾ ਪਸ਼ੂਵਾੜੇ, ਫਾਰਮ, ਸਖ਼ਤ ਕੰਮ ਅ ਸਮੁੰਦਰੀ ਸਫ਼ਰ ਵਾਸਤੇ ਵਰਤਿਆ ਜਾਂਦਾ ਹੈ। ਹੁਣ ਤੱਕ ਇਹ ਕੱਪ ਬੱਚਿਆਂ, ਔਰਤਾਂ ਅਤੇ ਮਰਦਾਂ ਦੀ ਇਕ ਸੁਭਾਵਿਕ ਪੁਸ਼ਾਕ ਬ ਚੁੱਕਾ ਹੈ।

ਹ.ਪੁ.—ਐਨ. ਬ੍ਰਿ. 7 : 236

**ਡੈਨਿਲੇਵਸਕੀ, ਨਿਕੋਲਾਏ ਯਾਕੋਵੀ** : ਰੂਸ ਦੇ ਇ ਇਤਿਹਾਸਕ ਦਾਰਸ਼ਨਿਕ ਦਾ ਜਨਮ 10 ਦਸੰਬਰ, 1822 ਐਬੇਰੈਟਸ ਵਿਖੇ ਹੋਇਆ। ਇਹ ਪਹਿਲਾ ਦਾਰਸ਼ਨਿਕ ਸੀ ਜਿਸਨੇ ਵੱਖ ਸਭਿਅਤਾਵਾਂ ਦੇ ਰੂਪ ਵਿਚ ਇਤਿਹਾਸ ਦੇ ਦਰਸ਼ਨਵਾਦ ਦਾ ਮੁ ਬੰਨ੍ਹਿਆ। ਇਸ ਅਨੁਸਾਰ ਰੂਸ ਅਤੇ ਸਲਾਵ ਲੋਕਾਂ (Slav) ਨੂੰ ਪੱਛ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ ਅਤੇ ਆਪਣੀ ਵਿਸ਼ੇਸ਼ ਸਭਿਅ ਚਾਰਕ ਵਿਰਾਸਤ ਨੂੰ ਵਿਕਸਤ ਕਰਨਾ ਚਾਹੀਦਾ ਹੈ। ਉਸ ਅਨੁਸ ਭਾਵੇਂ ਇਹ ਪੱਛਮ ਦੇ ਟਾਕਰੇ ਤੇ ਵਧੀਆ ਨਾ ਵੀ ਹੋਵੇ ਪਰ ਉਨ੍ਹਾਂ ਬਿਲਕੁਲ ਅੱਡਰੀ ਤਾਂ ਹੈ। ਇਸ ਦੇ ਵਿਚਾਰਾਂ ਤੋਂ ਰੂਸੀ ਅਤੇ ਪੱਛ ਕਈ ਵਿਚਾਰਕ ਅਤੇ ਦਾਰਸ਼ਨਿਕ ਬਹੁਤ ਪ੍ਰਭਾਵਿਤ ਹੋਏ।

19 ਨਵੰਬਰ, 1865 ਨੂੰ ਟਿਫਲਿਸ ਵਿਖੇ ਇਸਦੀ ਮੌਤ ਗਈ।

ਹ.ਪੁ.—ਐਨ. ਬ੍ਰਿ. ਮਾ. 3 : 371 ; ਐਨ. ਬ੍ਰਿ. 7 : 53

**ਡੈਨੀ ਅਲਸਨ, ਓਲਫ ਅੱਗਸਟ** : ਸਵੀਡਨ ਦੇ ਇ ਕਲਾਸਕੀ ਵਿਦਵਾਨ ਅਤੇ ਭਾਸ਼ਾ ਵਿਗਿਆਨੀ ਦਾ ਜਨਮ 18 ਈ. ਵਿਚ ਹੋਇਆ। ਹਿੰਦ ਯੂਰਪੀ ਭਾਸ਼ਾ-ਵਿਗਿਆਨ ਦੇ ਨਵ ਵਿਆਕਰਣੀ ਸਕੂਲ ਦੇ ਸ਼ੁਰੂ ਹੋਣ ਸਮੇਂ ਇਹ ਜਰਮਨੀ ਵਿ ਅਧਿਐਨ ਕਰ ਰਿਹਾ ਸੀ। ਇਸ ਲੀਹ ਨੇ ਭਾਸ਼ਾ ਵਿਗਿਆਨ ਵਿਚ ਤਬਦੀਲੀ ਲਿਆਉਣ ਵਾਲੇ ਧੁਨੀ-ਨਿਯਮਾਂ ਦੀ ਪੂਰੀ ਤ

ਬਾਕਾਇਦਗੀ ਉਤੇ ਜ਼ੋਰ ਦਿੱਤਾ। ਡੈਨੀ ਅਲਸਨ ਸਵੀਡਨ ਦੇ ਨਵੇਂ ਸਿਧਾਂਤ ਪ੍ਰਚੱਲਤ ਕਰਨ ਵਾਲੇ ਨੌਜਆਨ ਵਿਦਵਾਨਾਂ ਵਿਚੋਂ ਸੀ।

ਇਸ ਨੇ ਕਾਰਲ ਪੋਲੀ ਨਾਲ ਰਲਕੇ 'corpus Inscriptionum Etrusearum' ਪੁਸਤਕ ਤਿਆਰ ਕਰਨੀ ਸ਼ੁਰੂ ਕੀਤੀ। ਇਸ ਪੁਸਤਕ ਦੀ ਪਹਿਲੀ ਜਿਲਦ ਪੋਲੀ ਦੀ ਮੌਤ ਪਿਛੋਂ 1901 ਈ. ਵਿਚ ਪ੍ਰਕਾਸ਼ਿਤ ਹੋਈ। ਮਗਰੋਂ ਹੋਰਾਂ ਨਾਲ ਮਿਲਕੇ ਇਸ ਪੁਸਤਕ ਦਾ ਅਗਲਾ ਕੰਮ ਜਾਰੀ ਰੱਖਿਆ ਪਰੰਤੂ ਇਹ ਕੰਮ ਮੁਕੰਮਲ ਕਰਨ ਤੋਂ ਪਹਿਲਾਂ ਹੀ 1933 ਈ. ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 371; ਐਨ. ਬ੍ਰਿ. 7 : 53

**ਡੈਨੀਅਲ, ਜਾੱਨ ਫ੍ਰੈਡਰਿਕ** : ਇਸ ਰਸਾਇਣ ਅਤੇ ਮੌਸਮ ਵਿਗਿਆਨੀ ਦਾ ਜਨਮ 12 ਮਾਰਚ, 1790 ਨੂੰ ਲੰਦਨ ਵਿਖੇ ਹੋਇਆ। ਇਸ ਨੇ ਡੈਨੀਅਲ ਸੈੱਲ ਦਾ ਆਵਿਸ਼ਕਾਰ ਕੀਤਾ ਜੋ ਕਿ ਬੈਟਰੀ ਦੇ ਵਿਕਾਸ ਦੇ ਮੁਢਲੇ ਦਿਨਾਂ ਵਿਚ ਵਰਤੇ ਜਾਂਦੇ ਵੋਲਟੇਈ ਸੈੱਲ ਵਿਚ ਬਹੁਤ ਅਹਿਮ ਸੁਧਾਰ ਸੀ। ਸੰਨ 1820 ਵਿਚ ਇਸ ਨੇ ਇਕ ਨਵੇਂ ਡਿਊ-ਪੁਆਇੰਟ ਨਮੀਮਾਪਕ ਦਾ ਆਵਿਸ਼ਕਾਰ ਕੀਤਾ, ਜਿਹੜਾ ਕਿ ਬਹੁਤ ਜ਼ਿਆਦਾ ਵਰਤੋਂ ਵਿਚ ਲਿਆਂਦਾ ਗਿਆ। ਇਸ ਨੇ ਆਪਣੀ ਪੁਸਤਕ *Meteorological Essays and Observations* (1823) ਵਿਚ ਵਾਯੂਮੰਡਲ ਦੇ ਸੁਭਾਅ, ਵਪਾਰਕ ਪੌਣਾਂ ਅਤੇ ਸੁਧਾਰ ਕੀਤੇ ਮੌਸਮ-ਵਿਗਿਆਨ ਦੇ ਯੰਤਰਾਂ ਦੇ ਵੇਰਵੇ ਉੱਤੇ ਕੀਤੀਆਂ ਖੋਜਾਂ ਦੱਸੀਆਂ। ਇਸ ਤੋਂ ਮਗਰਲੇ ਇਕ ਪ੍ਰਕਾਸ਼ਨ ਵਿਚ ਇਸ ਨੇ ਸੂਰਜੀ ਵਿਕੀਰਨ ਦੇ ਮੌਸਮ ਵਿਗਿਆਨਕ ਪ੍ਰਭਾਵਾਂ ਅਤੇ ਧਰਤੀ ਦੇ ਠੰਢੇ ਹੋਣ ਬਾਰੇ ਵੀ ਵਿਚਾਰ ਕੀਤਾ। ਡੈਨੀਅਲ ਨੇ ਆਪਣੇ *"Essays on Artificial Climate considered in Its Applications to Horticulture"* ਵਿਚ ਗ੍ਰੀਨਹਾਊਸ ਵਿਚ ਨਮੀ ਦੀ ਮਹਾਨਤਾ ਦੱਸੀ।

ਸੰਨ 1831 ਵਿਚ ਇਹ ਲੰਦਨ ਵਿਖੇ ਨਵੇਂ ਖੁੱਲ੍ਹੇ ਕਿੰਗਜ਼ ਕਾਲਜ ਵਿਚ ਰਸਾਇਣ ਵਿਗਿਆਨ ਦਾ ਪਹਿਲਾ ਪ੍ਰੋਫ਼ੈਸਰ ਨਿਯੁਕਤ ਹੋਇਆ। ਇਸ ਤੋਂ ਇਕ ਸਾਲ ਮਗਰੋਂ ਇਸ ਨੂੰ ਇਕ ਨਵੇਂ ਪਾਇਰੋਮੀਟਰ (ਉਚਤਾਪਮਾਪਕ) ਦੀ ਕਾਢ ਕੱਢਣ ਤੇ ਪਾਇਰੋਮੀਟਰ ਦੀ ਵਰਤੋਂ ਲਈ ਖੋਜ-ਪੱਤਰ ਛਾਪਣ ਵਜੋਂ ਰੱਇਲ ਸੋਸਾਇਟੀ ਦਾ ਰਸਫਰਡ ਮੈਡਲ ਮਿਲਿਆ। ਵੋਲਟਾ-ਸੈੱਲ ਨੂੰ ਭਾਵੇਂ ਨਿਰੰਤਰ-ਬਿਜਲੀ ਦੇ ਪਹਿਲੇ ਸ੍ਰੋਤ ਦੇ ਤੌਰ ਤੇ ਮੰਨਿਆ ਗਿਆ ਹੈ ਪਰੰਤੂ ਇਸ ਦੀ ਵਰਤੋਂ ਸੀਮਿਤ ਹੈ ਕਿਉਂਕਿ ਜਦੋਂ ਕਰੰਟ ਘਟਾਇਆ ਜਾਂਦਾ ਹੈ ਤਾਂ ਸ਼ਕਤੀ ਇਕ ਦਮ ਘਟਣੀ ਸ਼ੁਰੂ ਹੋ ਜਾਂਦੀ ਹੈ। ਸੰਨ 1836 ਵਿਚ ਡੈਨੀਅਲ ਨੇ ਇਕ ਸੁਧਰਿਆ ਹੋਇਆ ਬਿੱਜਲਈ ਸੈੱਲ ਪ੍ਰਸਤਾਵਿਤ ਕੀਤਾ ਜਿਹੜਾ ਕਿ ਨਿਰੰਤਰ ਕਰੰਟ ਸਪਲਾਈ ਕਰਦਾ ਸੀ। ਡੈਨੀਅਲ ਸੈੱਲ ਨਾਲ ਬਿੱਜਲਈ ਖੋਜਾਂ ਨੂੰ ਨਵੀਂ ਪ੍ਰੇਰਨਾ ਮਿਲੀ ਅਤੇ ਇਸ ਦੀ ਕਾਫ਼ੀ ਵਪਾਰਕ ਵਰਤੋਂ ਹੋਣ ਲਗੀ। ਡੈਨੀਅਨ ਸੈੱਲ ਦੀ ਕਾਢ ਕਾਰਨ 1837 ਈ. ਵਿਚ ਇਸ ਨੂੰ ਰੱਇਲ ਸੋਸਾਇਟੀ ਦੇ ਸਭ ਤੋਂ ਵੱਡੇ ਪੁਰਸਕਾਰ ਕਾਪਲੇ ਐਵਾਰਡ ਨਾਲ ਸਨਮਾਨਿਆ ਗਿਆ।

**ਡੈਨੀਅਲ ਸੈੱਲ**—ਇਹ ਇਕ ਪ੍ਰਾਇਮਰੀ ਸੈੱਲ ਹੈ ਜਿਸ ਦਾ ਸਥਿਰ ਬਿਜਲ-ਵਾਹਕ ਬਲ ਲਗਭਗ 1.1 ਵੋਲਟ ਹੁੰਦਾ ਹੈ। ਇਸ ਵਿਚ ਦੋ ਇਲੈੱਕਟ੍ਰੋਡ, ਇਕ ਤਾਂਬੇ ਦੀ ਛੜ ਨੀਲੇ ਥੋਥੇ ਦੇ ਘੋਲ ਵਿਚ ਅਤੇ ਦੂਜੀ ਹਲਕੇ ਗੰਧਕ ਦੇ ਤੇਜ਼ਾਬ ਜਾਂ ਜਿਸਤ ਸਲਫ਼ੇਟ ਦੇ ਘੋਲ ਵਿਚ ਜਿਸਤ ਦੀ ਛੜ ਹੁੰਦੀ ਹੈ। ਇਹ ਦੋਵੇਂ ਘੋਲ ਇਕ ਮੁਸਾਮਦਾਰ ਵੰਡ (ਪਾਰਟੀਸ਼ਨ) ਰਾਹੀਂ ਵੱਖਰੇ ਕੀਤੇ ਹੁੰਦੇ ਹਨ।

ਹ.ਪੁ.—ਐਨ. ਬ੍ਰਿ. ਮਾ. 3 : 371

**ਡੈਨੇਈ (Danae)** : ਯੂਨਾਨੀ ਮਿਥਿਹਾਸ ਅਨੁਸਾਰ ਇਹ ਆਰਗੋਸ ਦੇ ਰਾਜੇ ਐਕ੍ਰੀਸੀਅਸ ਦੀ ਧੀ ਸੀ। ਮਿਥਿਹਾਸ ਅਨੁਸਾਰ ਜੋਤਸ਼ੀਆਂ ਨੇ ਇਸ ਦੇ ਪਿਤਾ ਨੂੰ ਚੇਤਾਵਨੀ ਦਿੱਤੀ ਕਿ ਡੈਨੇਈ ਤੋਂ ਪੈਦਾ ਹੋਇਆ ਲੜਕਾ ਉਸ ਨੂੰ ਕਤਲ ਕਰੇਗਾ। ਕਤਲ ਦੇ ਡਰ ਤੋਂ ਇਸ ਦੇ ਪਿਤਾ ਨੇ ਇਸ ਨੂੰ ਇਕ ਕਾਂਸੀ ਦੇ ਬੁਰਜ ਵਿਚ ਬੰਦ ਕਰ ਦਿਤਾ। ਯਹੂਦੀ ਦੇਵਤਾ ਸੋਨੇ ਦੀ ਬਾਛੜ ਵਿਚ ਹੇਠਾਂ ਇਸ ਕੋਲ ਉੱਤਰਿਆ ਅਤੇ ਇਸ ਨੇ ਪਰਸੀਅਸ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ। ਇਸ ਪਿਛੋਂ ਬਾਦਸ਼ਾਹ ਐਕ੍ਰੀਸੀਅਸ ਨੇ ਇਸ ਨੂੰ ਅਤੇ ਇਸ ਦੇ ਮਾਸੂਮ ਬੱਚੇ ਨੂੰ ਇਕ ਲੱਕੜੀ ਦੇ ਬਕਸੇ ਵਿਚ ਬੰਦ ਕਰਵਾ ਕੇ ਸਮੁੰਦਰ ਵਿਚ ਰੋੜ੍ਹ ਦਿੱਤਾ। ਇਹ ਬਕਸਾ ਤੈਰਦਾ ਹੋਇਆ ਸੈਰੀਫ਼ਸ ਟਾਪੂ ਦੇ ਕੰਢੇ ਤੇ ਜਾ ਲੱਗਿਆ। ਉਥੇ ਇਨ੍ਹਾਂ ਨੂੰ ਬਾਹਰ ਕੱਢਿਆ ਗਿਆ ਅਤੇ ਇਸ ਟਾਪੂ ਦੇ ਰਾਜੇ ਪੋਲੀਡੈਕਟੀਜ਼ ਕੋਲ ਲਿਆਂਦਾ ਗਿਆ। ਇਸ ਤੋਂ ਪਿਛੋਂ ਪਰਸੀਅਸ ਨੇ ਆਪਣੀ ਜਾਨ ਜੋਖੋਂ ਵਿਚ ਪਾ ਕੇ ਉਥੋਂ ਦੇ ਰਾਜੇ ਤੋਂ ਆਪਣੀ ਮਾਂ ਨੂੰ ਮੁਕਤ ਕਰਵਾਇਆ ਅਤੇ ਵਾਪਸ ਆਰਗੋਸ ਪਹੁੰਚ ਗਿਆ। ਜੋਤਸ਼ੀਆਂ ਦੀ ਭਵਿੱਖ ਬਾਣੀ ਅਨੁਸਾਰ ਰਾਜੇ ਐਕ੍ਰੀਸੀਅਸ ਦੀ ਮੌਤ ਉਸ ਦੇ ਹੱਥੋਂ ਉਦੋਂ ਹੋਈ ਜਦੋਂ ਅਣਜਾਣੇ ਵਿਚ ਉਸ ਵਲੋਂ ਸੁੱਟੀ ਗਈ ਡਿਸਕਸ ਰਾਜੇ ਦੇ ਵਜੀ ਤੇ ਉਹ ਉਸੇ ਵੇਲੇ ਮਰ ਗਿਆ।

ਹ.ਪੁ.—ਐਨ. ਬ੍ਰਿ. 7 : 29 ; ਐਨ. ਬ੍ਰਿ. 17 : 645 ; ਐਨ. ਅਮੈ. 8 : 445

**ਡੈਫਨਿਸ** : ਇਹ ਸਿਸਲੀ ਦੇ ਆਜੜੀਆਂ ਦਾ ਇਕ ਮਿਥਿਹਾਸਕ ਨਾਇਕ ਸੀ ਜਿਸ ਨੇ ਆਜੜੀਆਂ ਦੇ ਗੀਤਾਂ ਦਾ ਮੁੱਢ ਬੰਨ੍ਹਿਆ। ਇਕ ਰਵਾਇਤੀ ਕਹਾਣੀ ਅਨੁਸਾਰ ਇਸ ਦੇ ਪਿਤਾ ਦਾ ਨਾਂ ਹੈਰਮੀਜ਼ ਸੀ ਤੇ ਇਸ ਦੀ ਮਾਂ ਇਕ ਪਰੀ ਸੀ। ਇਸ ਨੇ ਪਰੀਆਂ ਵਿਚ ਰਹਿ ਕੇ ਹੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਕਵਿਤਾ ਰਚਣੀ ਸ਼ੁਰੂ ਕੀਤੀ ਸੀ।

ਇਕ ਹੋਰ ਕਹਾਣੀ ਅਨੁਸਾਰ ਇਸ ਨੂੰ ਲਾੱਰਡ ਬਿਰਛਾਂ ਦੇ ਝੁੰਡ ਵਿਚੋਂ ਆਜੜੀਆਂ ਨੇ ਲੱਭਿਆ ਸੀ। ਪਿਛੋਂ ਇਕ ਪਰੀ ਨਾਲ ਇਸ ਦਾ ਪਿਆਰ ਪੈ ਗਿਆ ਪਰ ਇਸ ਦੀ ਬੇਵਫ਼ਾਈ ਕਾਰਨ ਪਰੀ ਨੇ ਇਸ ਨੂੰ ਸਰਾਪ ਦੇ ਕੇ ਅੰਨ੍ਹਾ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਆਪਣੇ ਇਸ ਦੁੱਖ ਨੂੰ ਭੁਲਾਉਣ ਲਈ ਇਸ ਨੇ ਬੰਸਰੀ ਵਜਾਉਣੀ ਤੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ।

ਕਿਹਾ ਜਾਂਦਾ ਹੈ ਕਿ ਕੁਝ ਸਮਾਂ ਬੀਤਣ ਤੇ ਇਹ ਮਰ ਗਿਆ ਅਤੇ ਇਸ ਦਾ ਪਿਤਾ ਹੈਰਮੀਜ਼ ਇਸ ਨੂੰ ਸਵਰਗ ਵਿਚ ਲੈ ਗਿਆ। ਜਿਸ ਥਾਂ ਤੇ ਇਹ ਮਰਿਆ ਸੀ, ਉਥੇ ਇਕ ਪਾਣੀ ਦਾ ਚਸ਼ਮਾ ਫੁੱਟ ਪਿਆ। ਉਸ ਉਪਰੰਤ ਸਿਸਲੀ ਦੇ ਲੋਕਾਂ ਨੇ ਉਸ ਚਸ਼ਮੇ ਵਾਲੀ ਥਾਂ ਤੇ ਭੇਟਾਂ ਚੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਹੋਰ ਵੱਖ-ਵੱਖ ਹਵਾਲਿਆਂ ਵਿਚ ਡੈਫਨਿਸ ਸਬੰਧੀ ਅਨੇਕਾਂ ਹੀ ਵੱਖ ਵੱਖ ਕਹਾਣੀਆਂ ਮਿਲਦੀਆਂ ਹਨ।

ਹ.ਪੁ.—ਐਨ. ਅਮੈ. 8 : 470 ; ਐਨ. ਬ੍ਰਿ. 7 : 71; ਐਨ. ਬ੍ਰਿ. ਮਾ. 3 : 375

**ਡੈਫ਼ਨੀ (Daphne)** : ਯੂਨਾਨੀ ਮਿਥਿਹਾਸ ਵਿਚ ਇਹ ਲੌਰਲ (Laurel) ਨਾਂ ਦੇ ਰੁੱਖ ਦਾ ਪ੍ਰਤੀਬਿੰਬ ਹੈ। ਯੂਨਾਨੀ ਭਾਸ਼ਾ ਵਿਸ ਇਸ ਰੁੱਖ ਦਾ ਨਾਂ ਡੈਫ਼ਨੀ ਹੈ ਜਿਸ ਦੇ ਪੱਤੇ ਹਾਰਾਂ ਦੀ ਸ਼ਕਲ ਵਿਚ ਬਣੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਅਪੋਲੋ ਦੇਵਤੇ ਨਾਲ ਜੋੜਿਆ ਜਾਂਦਾ ਸੀ।

ਰਵਾਇਤ ਅਨੁਸਾਰ ਲੌਰਲ ਰੁੱਖ ਨੂੰ ਇਹ ਸਨਮਾਨ ਇਸ ਕਰਕੇ ਮਿਲਿਆ ਕਿ ਅਪੋਲੋ ਦੇਵਤੇ ਨੂੰ ਡੈਫ਼ਨੀ ਨਾਲ ਪਿਆਰ ਸੀ। ਡੈਫ਼ਨੀ

ਇਕ ਦਰਿਆਈ ਦੇਵਤੇ ਦੀ ਧੀ ਸੀ ਜਿਸ ਨੇ ਅਪੋਲੋ ਸਮੇਤ ਹਰ ਆਪਣੇ ਚਾਹੁਣ ਵਾਲੇ ਨੂੰ ਅਸਵੀਕਾਰ ਕਰ ਦਿੱਤਾ। ਜਦੋਂ ਅਪੋਲੋ ਦੇਵਤੇ ਨੇ ਇਸ ਦਾ ਪਿੱਛਾ ਕੀਤਾ ਤਾਂ ਇਸ ਦੇ ਬਚਾਉ ਲਈ ਧਰਤੀ ਜਾਂ ਆਪਣੇ ਪਿਤਾ ਨੂੰ ਵਾਂਸਤਾ ਪਾਇਆ। ਇਸ ਦੇ ਫਲਸਰੂਪ ਇਹ ਲੌਰਲ ਨੇ ਰੁੱਖ ਦੀ ਸ਼ਕਲ ਅਖ਼ਤਿਆਰ ਕਰ ਲਈ। ਅਪੋਲੋ ਨੇ ਲੌਰਲ ਨੂੰ ਕਵੀਆਂ ਦੇ ਪ੍ਰਯੋਗ ਵਿਚ ਲਿਆਂਦਾ ਅਤੇ ਰੋਮ ਵਿਚ ਆਪਣੀਆਂ ਜਿੱਤਾਂ ਮਨਾਉਣ ਲਈ ਵਰਤਿਆ। ਡੈਫ਼ਨੀ ਨੂੰ ਲਿਊਸੀਪਸ ਵੀ ਚਾਹੁੰਦਾ ਸੀ ਪਰ ਅਪੋਲੋ ਵਲੋਂ ਈਰਖਾ ਕਾਰਨ ਇਹ ਮਾਰਿਆ ਗਿਆ ਸੀ।

ਹ.ਪੁ.—ਐਨ.ਬ੍ਰਿ.ਮਾ. 3 : 375 ; ਐਨ. ਅਮੇ. 8 : 470

**ਡੈਫ਼ਨੀ** : ਇਹ ਥਾਇਮੀਲੀਏਸੀ ਕੁਲ ਦੀਆਂ ਕਾਫ਼ੀ ਕਾਸ਼ਤ ਕੀਤੀਆਂ ਜਾਂਦੀਆਂ, ਖ਼ੂਬਸੂਰਤ ਅਤੇ ਕਦੇ ਕਦਾਈਂ ਸਦਾ ਬਹਾਰ ਰਹਿਣ ਵਾਲੀਆਂ ਝਾੜੀਆਂ ਦੀ ਪ੍ਰਜਾਤੀ ਦਾ ਨਾਂ ਹੈ ਜਿਸ ਵਿਚ 50 ਜਾਤੀਆਂ ਸ਼ਾਮਲ ਹਨ। ਇਕ ਪੌਦਾ ਡੈਫ਼ਨੀ ਲੌਰੀਓਲਾ (Daphnae laureola) ਜਿਸਨੂੰ ਸਪਰਜਾ ਲੌਰਲ ਵੀ ਕਿਹਾ ਜਾਂਦਾ ਹੈ, ਇਕ ਛੋਟੇ ਕੱਦ ਦੀ ਝਾੜੀ ਹੈ ਜਿਸ ਦੇ ਹਰੇ ਪੱਤੇ ਅਤੇ ਅੰਡਾਕਾਰ ਕਾਲੇ ਜ਼ਹਿਰੀਲੇ ਬੈਰੀ ਰੂਪੀ ਫ਼ਲ ਹੁੰਦੇ ਹਨ। ਇਸ ਦੀ ਬਰਤਾਨਵੀਂ ਦੀਪ-ਸਮੂਹਾਂ ਅਤੇ ਦੱਖਣੀ ਯੂਰਪ ਵਿਚ ਕਾਫ਼ੀ ਕਾਸ਼ਤ ਕੀਤੀ ਜਾਂਦੀ ਹੈ। ਇਸੇ ਹੀ ਪ੍ਰਜਾਤੀ ਦੀ ਇਕ ਹੋਰ ਝਾੜੀ ਡੈਫਨੀ ਮੈਜੀਰੀਅਮ (Daphnae mezereum) ਜੋ ਕਾਫ਼ੀ ਵਡੀ ਝਾੜੀ ਹੈ 0.6 ਤੋਂ 1.2 ਮੀ. ਦੀ ਉਚਾਈ ਤੱਕ ਪਹੁੰਚ ਜਾਂਦੀ ਹੈ, ਇਸ ਦੇ ਪੱਤੇ ਝੜ ਜਾਂਦੇ ਹਨ ਅਤੇ ਇਸ ਨੂੰ ਖ਼ੁਸ਼ਬੂਦਾਰ ਗੁਲਾਬੀ ਫੁੱਲ ਆਉਂਦੇ ਹਨ। ਇਹ ਫੁੱਲ ਬਸੰਤ ਰੁਤ ਦੇ ਸ਼ੁਰੂ ਵਿਚ ਪੱਤੇ ਆਉਣ ਤੋਂ ਪਹਿਲਾਂ ਪੈਦਾ ਹੁੰਦੇ ਹਨ। ਇਸ ਦੇ ਚਮਕੀਲੇ ਲਾਲ ਅੰਡਾਕਾਰ ਬੈਰੀ ਰੂਪ ਫਲਾਂ ਵਿਚ ਦਸਤਾਵਰ ਗੁਣ ਹੁੰਦੇ ਹਨ। ਇਹ ਉੱਤਰੀ ਏਸ਼ੀਆ ਅਤੇ ਯੂਰਪ ਦੀ ਵਾਸੀ ਹੈ ਅਤੇ ਇਸਨੂੰ ਬਰਤਾਨੀਆ ਦੇ ਜੰਗਲਾਂ ਵਿਚ ਕਿਤੇ ਕਿਤੇ ਜੰਗਲੀ ਰੂਪ ਵਿਚ ਉਗਿਆ ਵੀ ਪਾਇਆ ਜਾਂਦਾ ਹੈ।

ਭਾਰਤ ਵਰਸ਼ ਵਿਚ ਡੈਫ਼ਨੀ ਪ੍ਰਜਾਤੀ ਦੀਆਂ ਦੋ ਜਾਤੀਆਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਔਸ਼ਧੀਜਨਕ ਗੁਣ ਪਾਏ ਜਾਂਦੇ ਹਨ। ਇਕ ਪੌਦਾ ਜਿਸਨੂੰ ਪੰਜਾਬੀ ਵਿਚ ਕੁਟਿਆਲ (D. oleoids) ਕਹਿੰਦੇ ਹਨ, ਪੱਛਮੀ ਹਿਮਾਲਿਆ ਵਿਚ ਚੰਬਾ ਤੋਂ ਭੂਟਾਨ ਤੱਕ ਮਿਲਦਾ ਹੈ। ਇਸ ਦੇ ਪੱਤੇ ਜ਼ਹਿਰੀਲੇ, ਜੜ੍ਹਾਂ ਦਸਤਾਵਰ ਤੇ ਛਿੱਲ ਅਤੇ ਪੱਤਿਆਂ ਵਿਚ ਚਮੜੀ ਦੀਆਂ ਅਲਾਮਤਾਂ ਠੀਕ ਕਰਨ ਦੇ ਗੁਣ ਹੁੰਦੇ ਹਨ। ਇਕ ਹੋਰ ਪੌਦਾ ਜੇਕੂ (D. papyracea) ਸ਼ੀਤ ਖੰਡੀ ਹਿਮਾਲਿਆ ਵਿਚ ਮਿਲਦਾ ਹੈ। ਇਸ ਵਿਚ ਵੀ ਕਾਫ਼ੀ ਔਸ਼ਧੀ ਭਰਪੂਰ ਗੁਣ ਪਾਏ ਜਾਂਦੇ ਹਨ।

ਹ.ਪੁ.—ਐਨ. ਬ੍ਰਿ. 7.70; ਗ. ਇੰ. ਮੈ. ਪ: 90; ਸ. ਸਾ. 1 : 963

**ਡੈਫ਼ਨੀਫੋਰੀਆ** : ਇਹ ਯੂਨਾਨ ਦਾ ਇਕ ਪਵਿੱਤਰ ਤਿਉਹਾਰ ਸੀ ਜਿਸ ਨੂੰ ਹਰ ਨੌਵੇਂ ਸਾਲ ਬੀਓਸ਼ਾ ਵਿਚ ਥੀਬਜ਼ ਵਿਖੇ ਅਪੋਲੋ ਦੇਵਤੇ ਦੇ ਸਨਮਾਨ ਵਿਚ ਮਨਾਇਆ ਜਾਂਦਾ ਹੈ। ਇਸ ਮੌਕੇ ਤੇ ਕੱਢੇ ਜਾਣ ਵਾਲੇ ਜਲੂਸ ਵਿਚ ਮੁੱਖ ਤੌਰ ਤੇ ਕਿਸੇ ਕੁਲੀਨ ਪਰਿਵਾਰ ਦਾ ਇਕ ਲੜਕਾ ਜਿਸ ਦੇ ਮਾਂ-ਬਾਪ ਜੀਵਿਤ ਹੋਣ, ਸ਼ਾਮਲ ਕੀਤਾ ਜਾਂਦਾ ਸੀ। ਲੜਕੇ ਦੇ ਅੱਗੇ ਅੱਗੇ ਉਸ ਦੇ ਨੇੜੇ ਦੇ ਰਿਸ਼ਤੇਦਾਰਾਂ ਵਿਚੋਂ ਇਕ ਵਿਅਕਤੀ ਫੁੱਲਾਂ ਨਾਲ ਲੱਦੀ ਜ਼ੈਤੂਨ ਦੀ ਇਕ ਟਾਹਣੀ ਅਤੇ ਰਿਬਨਾਂ ਨਾਲ ਲਪੇਟੀਆਂ ਕਾਂਸੀ ਦੀਆਂ ਗੇਦਾਂ ਲੈ ਕੇ ਚਲਦਾ ਸੀ। ਪਿੱਛੇ ਪਿੱਛੇ ਨੌਜਵਾਨ ਪੁਜਾਰੀ ਹੁੰਦਾ ਸੀ।

ਇਕ ਰਵਾਇਤ ਅਨੁਸਾਰ ਇਸ ਤਿਉਹਾਰ ਦਾ ਆਰੰਭ ਥੀਬਜ਼ ਵਾਸੀਆਂ ਦੀ ਈਓਲੀਅਨਾਂ ਅਤੇ ਪੇਲਾਸਗਿਆਨ ਦੇ ਵਿਰੁੱਧ ਲੜਾਈ ਦੇ ਦੌਰਾਨ ਮਿਲੇ ਗੈਬੀ ਸੁਨੇਹੇ ਤੋਂ ਹੋਇਆ। ਕਿਹਾ ਜਾਂਦਾ ਹੈ ਕਿ ਥੀਬਜ਼ ਦੇ ਜਰਨੈਲ ਪੋਲਮਾਟਾਸ ਨੂੰ ਇਸ ਗੈਬੀ ਸੁਨੇਹੇ ਵਿਚ ਕਿਹਾ ਗਿਆ ਕਿ ਜੇਕਰ ਉਹ ਡੈਫ਼ਨੀਫੋਰੀਆ ਦਾ ਤਿਉਹਾਰ ਮਨਾਉਣਾ ਸ਼ੁ ਕਰਨਗੇ ਤਾਂ ਜੰਗ ਵਿਚ ਉਨ੍ਹਾਂ ਦੀ ਜਿੱਤ ਹੋਵੇਗੀ।

ਹ.ਪੁ.—ਐਨ. ਬ੍ਰਿ. ਮਾ. 3 : 375 ; ਐਨ. ਅਮੇ. 8 : 470

**ਡੈਫ਼ੋ, ਡੈਨੀਅਲ** : ਇਸ ਅੰਗਰੇਜ਼ ਨਾਵਲਕਾਰ, ਪੱਤਰਕਾ ਅਤੇ ਪੈਂਫ਼ਲਿਟ ਲੇਖਕ ਦਾ ਜਨਮ 1660 ਈ. ਵਿਚ ਲੰਡਨ ਵਿ ਹੋਇਆ। ਇਸ ਨੂੰ ਅੰਗਰੇਜ਼ੀ ਨਾਵਲ ਅਤੇ ਆਧੁਨਿਕ ਪੱਤਰਕਾਰੀ ਦਾ ਪਿਤਾ ਕਿਹਾ ਜਾਂਦਾ ਹੈ। ਇਸ ਦੀ ਲਿਖੀ ਪੁਸਤਕ 'ਰਾਬਿਨਸਨ ਕਰੂਜ਼ੋ' ਦੁਨੀਆ ਦੀਆਂ ਸੁਪ੍ਰਸਿੱਧ ਪੁਸਤਕਾਂ ਵਿਚੋਂ ਇਕ ਹੈ। ਸੰਨ 1701 ਵਿਚ ਛਪੀ ਇਸ ਦੀ ਰਾਜਨੀਤਿਕ ਕਵਿਤਾ 'ਟਰੂਬੋਰਨ ਇੰਗਲਿਸ਼ਮੈਨ' ਆਪਣੇ ਸਮੇਂ ਦੀ ਸਭ ਤੋਂ ਵੱਧ ਵਿਕਣ ਵਾਲੀ ਕਵਿਤਾ ਸੀ।


ਡੈਨੀਅਲ ਡੈਫ਼ੋ

ਡਿਫ਼ੋ ਪ੍ਰੈਸਬਾਈਟੀਰੀਅਨ ਪਰਿਵਾਰ ਵਿਚੋਂ ਸੀ, ਇਸ ਲ ਕੁਦਰਤੀ ਸੀ ਕਿ ਇਹ ਧਾਰਮਿਕ ਵਿਦਿਆ ਗ੍ਰਹਿਣ ਕਰਦਾ। ਇਸ ਪਾਦਰੀ ਚਾਰਲਸ ਮਾਰਟਨ ਤੋਂ ਸਿੱਖਿਆ ਪ੍ਰਾਪਤ ਕੀਤੀ। ਇ ਲਾਤੀਨੀ ਸਮੇਤ ਆਧੁਨਿਕ ਭਾਸ਼ਾਵਾਂ, ਇਤਿਹਾਸ, ਭੂਗੋਲ ਅ ਥੋੜ੍ਹਾ ਜਿਹਾ ਵਿਗਿਆਨ ਪੜ੍ਹਿਆ। ਪਹਿਲਾਂ ਇਸ ਨੇ ਸੀਤੇ ਸਿਲ ਕੱਪੜਿਆਂ ਦਾ ਵਪਾਰ ਕੀਤਾ। ਫਿਰ ਇਸ ਨੇ ਤਮਾਕੂ, ਸ਼ਰਾਬ ਅ ਹੋਰ ਵਸਤਾਂ ਨੂੰ ਵੀ ਆਪਣੇ ਵਪਾਰ ਵਿਚ ਸ਼ਾਮਲ ਕੀਤਾ।

ਵਪਾਰ ਦੇ ਸਿਲਸਿਲੇ ਵਿਚ ਇਹ ਫ਼ਰਾਂਸ, ਸਪੇਨ, ਹਾਲੈ ਅਤੇ ਇਟਲੀ ਵਰਗੇ ਦੇਸ਼ਾਂ ਵਿਚ ਜਾਇਆ ਕਰਦਾ ਸੀ ਪਰ ਪਹਿ 1692 ਅਤੇ ਫਿਰ 1702 ਈ. ਵਿਚ ਇਸ ਦਾ ਦੋ ਵਾਰੀ ਦੀਵਾ ਨਿਕਲ ਗਿਆ। ਵਪਾਰੀ ਹੋਣ ਦੇ ਨਾਤੇ ਇਸ ਦਾ ਰੁਝਾਣ ਰਾਜਨੀ ਵੱਲ ਵੱਧ ਗਿਆ। ਸੰਨ 1683 ਵਿਚ ਇਸ ਦਾ ਪਹਿਲਾ ਰਾਜਨੀਤਿ ਪੈਂਫ਼ਲਿਟ ਛਪਿਆ।

ਸੰਨ 1691 ਵਿਚ ਇਸ ਨੇ ਗੁਮਨਾਮ ਤੌਰ ਤੇ ਜੈਕੋਬਾਇ ਪਲਾਟ ਤੇ ਇਕ ਵਿਅੰਗਾਤਮਕ ਵਾਰਤਕ 'ਏ ਨਿਊ ਡਿਸਕਵ ਆੱਫ਼ ਐਨ ਓਲਡ ਇੰਟ੍ਰੀਗ' ਲਿਖਿਆ। ਕੁਝ ਸਮਾਂ ਬਾਅਦ ਇ ਰਾਜਨੀਤਿਕ ਪੱਤਰਕਾਰੀ ਵਿਚ ਬਹੁਤ ਰੁਝ ਗਿਆ। ਇਹ 16 ਵਿਚ ਜੇਮਜ਼ ਦੂਜੇ ਵੱਲੋਂ ਤਖ਼ਤ ਛੱਡ ਕੇ ਫ਼ਰਾਰ ਹੋਣ ਮਗਰੋਂ ਵਿਲੀ ਦਾ ਵਫ਼ਾਦਾਰ ਪੈਂਫ਼ਲਿਟ ਲੇਖਕ ਬਣਿਆ। ਆਪਣੇ ਦੋ ਪੈਂਫ਼ਲਿਟ ' ਟਰੂ ਬੋਰਨ ਇੰਗਲਿਸ਼ਮੈਨ' (1701) ਅਤੇ 'ਏ ਸ਼ਾਰਟੈਸਟ ਵੇ ਵਿ ਡੀਸੈਂਟਰਜ਼' (1702) ਕਾਰਨ ਇਹ ਬਹੁਤ ਪ੍ਰਸਿੱਧ ਹੋਇਆ। ਦੂ ਪੈਂਫ਼ਲਿਟ ਲਿਖਣ ਕਾਰਨ ਇਸ ਨੂੰ ਕੈਦ ਅਤੇ ਜੁਰਮਾਨੇ ਦਾ ਹੁ ਹੋਇਆ। ਨਵੰਬਰ, 1703 ਵਿਚ ਇਸ ਦੀ ਰਿਹਾਈ ਹੋਈ। ਇਸ ਇਕ ਅਖ਼ਬਾਰ 'ਦੀ ਰੀਵਿਊ' ਕੱਢਿਆ ਜੋ ਸੌ ਸਾਲ ਤੱਕ ਪ੍ਰਕਾਸ਼ਿ ਹੋਇਆ।

ਇਸ ਨੇ ਵਰਤਮਾਨ ਸਮੱਸਿਆਵਾਂ ਧਰਮ, ਵਪਾਰ, ਦਾ ਪ੍ਰਥਾ, ਕੈਦਖਾਨਿਆਂ ਦਾ ਸੁਧਾਰ, ਬੈਂਕਿੰਗ ਬੀਮਾ, ਦਿਵਾਲੀ ਕਾਨੂੰਨ, ਔਰਤਾਂ ਦੀ ਸਿੱਖਿਆ ਅਤੇ ਹੋਰ ਕਈ ਵਿਸ਼ਿਆਂ ਤੇ ਬੇਸ਼ੁ ਲਿਖਿਆ। ਇਸ ਦੇ ਇਨ੍ਹਾਂ ਵਿਚਾਰਾਂ ਨੇ ਬਾਅਦ ਦੇ ਲੇਖਕਾਂ ਅ

ਅਖ਼ਬਾਰਾਂ ਤੇ ਬਹੁਤ ਪ੍ਰਭਾਵ ਪਾਇਆ। ਆਪਣੀ 60 ਸਾਲ ਦੀ ਉਮਰ ਤੱਕ ਇਸ ਨੇ ਜੋ ਕੁਝ ਲਿਖਿਆ ਸੀ ਉਹ ਏਨਾ ਮਹੱਤਵਪੂਰਨ ਨਹੀਂ ਸੀ ਪਰ 1719 ਵਿਚ 'ਰੌਬਿਨਸਨ ਕਰੂਜ਼ੋ' ਦੇ ਛਪਣ ਨਾਲ ਬਹੁਤ ਪ੍ਰਸਿੱਧ ਹੋ ਗਿਆ। ਇਸ ਦੀਆਂ ਮਗਰੋਂ ਦੀਆਂ ਪੁਸਤਕਾਂ ਵਿਚ 'ਫਰਦਰ ਐਡਵੈਂਚਰਜ਼' (1719); 'ਦੀ ਕੰਪਲੀਟ ਇੰਗਲਿਸ਼ ਟ੍ਰੇਡਜ਼ਮੈਨ' (1726); 'ਦੀ ਪੋਲੀਟਿਕਲ ਹਿਸਟਰੀ ਆਫ਼ ਦੀ ਡੈਵਲ' (1726); 'ਏ ਪਲੈਨ ਆਫ਼ ਦੀ ਇੰਗਲਿਸ਼ ਕੌਮਰਸ" (1728) ਅਤੇ 'ਦੀ ਕੰਪਲੀਟ ਇੰਗਲਿਸ਼ ਜੈਂਟਲਮੈਨ' ਆਦਿ ਸ਼ਾਮਲ ਹਨ। ਇਸ ਦੀਆਂ ਗਲਪ ਕਿਰਤਾਂ ਵਿਚੋਂ ਯਥਾਰਥ ਦੀ ਝਲਕ ਮਿਲਦੀ ਹੈ।

24 ਅਪ੍ਰੈਲ, 1731 ਨੂੰ ਲੰਡਨ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮੈ. 5 : 550 ; ਐਨ. ਅਮੇ. 8 : 592 ; ਵ.ਯੂ.ਐਨ. 5 : 1487

**ਡੈਬਾਈ (ਡੈੱਬੀਜੀ), ਪੀਟਰ (ਜੋਜ਼ੈੱਫ ਵਿਲੀਅਮ) (Debye (Debiji), Peter (Joseph William)** : ਇਸ ਭੌਤਿਕ ਰਸਾਇਣ-ਵਿਗਿਆਨੀ ਦਾ ਜਨਮ 24 ਮਾਰਚ, 1884 ਨੂੰ ਮਾਸਟ੍ਰਿਕਟ ਵਿਖੇ ਨੀਦਰਲੈਂਡ ਵਿਚ ਹੋਇਆ। ਦੋ-ਧਰੁਵੀ ਘੁੰਮਣ ਜਾਂ ਅਣੂਆਂ ਵਿਚ ਪਾਜ਼ੇਟਿਵ ਅਤੇ ਨੈਗੇਟਿਵ ਬਿਜਲਈ ਚਾਰਜਾਂ ਦੇ ਮਾਪਣ ਅਤੇ ਨਾਲ ਹੀ ਗੈਸਾਂ ਵਿਚ ਐੱਕਸ-ਕਿਰਨਾਂ ਅਤੇ ਪ੍ਰਕਾਸ਼ ਦੇ ਖਿੰਡਾਉ ਦੇ ਅਧਿਐਨ ਵਜੋਂ ਇਸ ਨੇ 1936 ਈ. ਦਾ ਰਸਾਇਣ-ਵਿਗਿਆਨ ਦਾ ਨੋਬਲ ਪੁਰਸਕਾਰ ਪ੍ਰਾਪਤ ਕੀਤਾ। ਸੰਨ 1910 ਵਿਚ ਮਿਊਨਿਕ ਤੋਂ ਭੌਤਿਕ-ਵਿਗਿਆਨ ਵਿਚ ਪੀ. ਐੱਚ. ਡੀ. ਕਰਨ ਮਗਰੋਂ ਇਸ ਨੇ ਜ਼ੂਰਿਕ, ਉਟ੍ਰੈਕਟ, ਗਟਿੰਗਗੈਨ ਅਤੇ ਲਾਈਪਸਿਗ ਯੂਨੀਵਰਸਿਟੀਆਂ ਵਿਚ ਭੌਤਿਕ ਵਿਗਿਆਨ ਦੀ ਪੜ੍ਹਾਈ ਕੀਤੀ ਅਤੇ 1935 ਵਿਚ ਬਰਲਿਨ ਵਿਖੇ ਕਾਈਜ਼ਰ ਵਿਲਹੈੱਲਮ ਇੰਸਟੀਚਿਊਟ ਫ਼ਾੱਰ ਥਿਊਰੈਟੀਕਲ ਫਿਜ਼ਿਕਸ ਦਾ ਡਾਇਰੈਕਟਰ ਬਣ ਗਿਆ। ਜਰਮਨ ਦੇ ਹਮਲੇ (1940) ਤੋਂ ਦੋ ਮਹੀਨੇ ਪਹਿਲਾਂ ਹੀ ਇਹ ਨਿਊਯਾਰਕ ਵਿਚ ਇਥਾਕਾ ਵਿਖੇ ਕਾਰਨੈੱਲ ਯੂਨੀਵਰਸਿਟੀ ਵਿਚ ਲੈਕਚਰ ਦੇਣ ਲਈ ਚਲਾ ਗਿਆ ਅਤੇ ਉੱਥੇ ਹੀ 1950 ਈ. ਅਰਥਾਤ ਰਿਟਾਇਰ ਹੋਣ ਤੱਕ ਰਸਾਇਣ-ਵਿਗਿਆਨ ਵਿਭਾਗ ਦਾ ਚੇਅਰਮੈਨ ਰਿਹਾ।

ਡੈੱਬਾਈ ਦੀ ਪਹਿਲੀ ਦੋ-ਧਰੁਵੀ ਘੁੰਮਣ ਦੇ ਅਧਿਐਨ ਉੱਤੇ ਖੋਜ ਨਾਲ ਅਣੂਆਂ ਵਿਚ ਪ੍ਰਮਾਣੂਆਂ ਦੀ ਤਰਤੀਬ ਅਤੇ ਪ੍ਰਮਾਣੂਆਂ ਵਿਚਕਾਰ ਅੰਤਰ ਬਾਰੇ ਕਾਫ਼ੀ ਗਿਆਨ ਪ੍ਰਾਪਤ ਹੋਇਆ। ਸੰਨ 1916 ਵਿਚ ਇਸ ਨੇ ਸਿੱਧ ਕੀਤਾ ਕਿ ਠੋਸ ਪਦਾਰਥਾਂ ਦੀਆਂ ਕ੍ਰਿਸਟਲੀ ਬਣਤਰਾਂ ਦੇ ਐੱਕਸ-ਕਿਰਨ ਅਧਿਐਨ ਲਈ ਉਨ੍ਹਾਂ ਦਾ ਪਾਊਡਰ ਵੀ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਪਹਿਲਾਂ ਚੰਗੇ ਰਵੇ ਤਿਆਰ ਕਰਨ ਵਾਲੀ ਮੁਸ਼ਕਿਲ ਹੱਲ ਹੋ ਗਈ। ਇਸ ਦੀ ਇਕ ਹੋਰ ਮਹੱਤਵਪੂਰਨ ਪ੍ਰਾਪਤੀ ਦਾ 1923 ਈ. ਵਿਚ ਉਦੋਂ ਪਤਾ ਲੱਗਾ ਜਦੋਂ ਇਸ ਨੇ ਘੋਲ ਵਿਚ ਲੂਣਾਂ ਦੇ ਪਾਜ਼ੇਟਿਵ ਅਤੇ ਨੈਗੇਟਿਵ ਚਾਰਜਿਤ ਪ੍ਰਮਾਣੂਆਂ (ਆਇਨਾਂ) ਦੇ ਆਇਨੀਕਰਨ ਦੇ ਸਵਾਲ ਤੇ ਐਰੀਨਿਅਸ ਸਿੱਧਾਂਤ ਬਾਰੇ ਖੋਜ ਕਰਕੇ ਇਹ ਸਿੱਧ ਕੀਤਾ ਕਿ ਆਇਨੀਕਰਨ ਪੂਰਨ ਹੈ ਅੰਸ਼ਕ ਨਹੀਂ।

2 ਨਵੰਬਰ, 1966 ਨੂੰ ਨਿਊਯਾਰਕ ਵਿਚ ਇਥਾਕਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 420 ; ਮੈਕ. ਮ: ਸੈ. ਸਾ. 1 : 132

**ਡੈਮਓ** : ਵੇਖੋ, ਦਮਨ

**ਡੈਮਸੀ, ਜੈਕ** : ਸੰਯੁਕਤ ਰਾਜ ਅਮਰੀਕਾ ਦੇ ਇਸ ਵਿਸ਼ਵ-ਪ੍ਰਸਿੱਧ ਮੁੱਕੇਬਾਜ਼ ਦਾ ਜਨਮ 24 ਜੂਨ, 1895 ਨੂੰ ਕਾਲੋਰਾਡੋ ਰਾਜ ਵਿਚ ਮੰਨਾਸਾ (Manassa) ਵਿਖੇ ਹੋਇਆ। ਇਹ 1919 ਤੋਂ 1926 ਤੱਕ ਦੁਨੀਆ ਦਾ ਹੈਵੀਵੇਟ ਚੈਂਪੀਅਨ ਰਿਹਾ। ਇਸ ਦੇ ਪਹਿਲੇ ਮੁਕਾਬਲੇ 1914 ਵਿਚ ਉਟਾਹ ਅਤੇ ਕਾਲੋਰਾਡੋ ਦੇ ਨੇੜੇ ਤੇੜੇ ਹੋਏ ਸਨ। ਇਸ ਨੇ 4 ਜੁਲਾਈ, 1919 ਨੂੰ ਜੈਸ ਵਿਲਰਡ ਨੂੰ ਟਲੈਡੋ ਦੇ ਸਥਾਨ ਤੇ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਸ ਨੇ ਲੰਬੇ ਤੇ ਭਾਰੇ ਵਿਲਰਡ ਨੂੰ ਪਹਿਲੇ ਰਾਊਂਡ ਵਿਚ ਸੱਤ ਵਾਰ ਥੱਲੇ ਸੁਟਿਆ ਅਤੇ ਤਿੰਨ ਰਾਊਂਡਾਂ ਵਿਚ ਉਸ ਨੂੰ ਚਿੱਤ ਕਰ ਦਿੱਤਾ।

ਇਸ ਦਾ ਛੋਟਾ ਨਾਂ ਮੈਨਾਸਾ ਮਾਉਲਰ ਸੀ। ਸੰਨ 1920 ਵਿਚ ਇਸਨੇ ਬਿਲੀ ਮਿਸਕੀ ਅਤੇ ਬਿਲ ਬਰੈਨਾੱਨ ਨੂੰ 1921 ਈ. ਵਿਚ ਜਾਰਜੈਸ ਕਾਰਪੇਂਟੀਅਰ (Georges Carpentier), 1923 ਈ. ਵਿਚ ਟੋਮੀ ਗਿਬਨਜ ਅਤੇ ਲੂਈਸ਼ ਫਿਰਪਾ ਨੂੰ ਹਰਾਕੇ ਆਪਣੀ ਸਰਦਾਰੀ ਕਾਇਮ ਰੱਖੀ। ਪਰ 23 ਸਤੰਬਰ, 1926 ਨੂੰ ਇਹ ਫਿਲਾਡੈਲਫ਼ੀਆ ਵਿਚ ਜੇਨੀ ਟੂਨੇ ਤੋਂ ਹਾਰ ਗਿਆ। ਇਸ ਨੇ ਇਕ ਵਾਰ ਫੇਰ 22 ਸਤੰਬਰ, 1927 ਨੂੰ ਟੂਨੇ ਕੋਲੋਂ ਹਾਰ ਖਾਧੀ। ਸੰਨ 1928 ਵਿਚ ਇਸਦੇ ਵਧੀਆ ਦੌਰ ਦਾ ਅੰਤ ਹੋ ਗਿਆ।

ਦੂਜੇ ਵਿਸ਼ਵ ਯੁੱਧ ਦੌਰਾਨ ਇਸਨੇ ਯੂ. ਐਸ. ਕੋਸਟ ਗਾਰਡ ਵਿਚ ਕੰਮ ਕੀਤਾ। ਇਸ ਸਮੇਂ ਇਹ ਕਮਾਂਡਰ ਰੈਂਕ ਤੇ ਸੀ। ਸੰਨ 1954 ਵਿਚ ਇਹ 'ਬਾਕਸਿੰਗ ਹਾਲ ਆਫ਼ ਫੇਮ' ਦੇ ਸਭ ਤੋਂ ਪਹਿਲੇ ਮੈਂਬਰਾਂ ਵਿਚੋਂ ਇਕ ਸੀ। ਸੇਵਾ ਮੁਕਤੀ ਪਿੱਛੋਂ ਨਿਊਯਾਰਕ ਸ਼ਹਿਰ ਦਾ ਇਕ ਮਸ਼ਹੂਰ ਰੈਸਤੋਰ ਮਾਲਕ ਬਣ ਗਿਆ ਸੀ। ਇਸ ਦੀ ਮੌਤ 31 ਮਈ, 1983 ਨੂੰ ਨਿਊਯਾਰਕ ਸ਼ਹਿਰ ਵਿਚ ਹੋਈ।

ਹ.ਪੁ.—ਐਨ.ਬ੍ਰਿ.ਮਾ. 4 : 10; ਐਨ. ਅਮੇ. 8 : 702

**ਡੈਮਨਹੂਰ** : ਮਿਸਰ ਦੇ ਪੱਛਮੀ ਨੀਲ ਡੈਲਟਾਈ ਖੇਤਰ ਵਿਚ ਐਲ ਬੁਹਾਈਰਾ ਮੁਹਾਫਜ਼ੇ ਦੀ ਰਾਜਧਾਨੀ ਹੈ ਜੋ ਕਾਹਿਰਾ-ਸਿਕੰਦਰੀਆ ਰੇਲ ਮਾਰਗ ਉੱਤੇ ਵਾਕਿਆ ਹੈ। ਇਹ ਸ਼ਹਿਰ ਬਹੁਤ ਪੁਰਾਣਾ ਹੈ। ਹੈਲਿਨਿਸਟਿਕ ਸਮਿਆਂ ਵਿਚ ਇਸ ਨੂੰ 'ਹਾਰਮਾਪਲਵਾ ਸਪਾਰਵਾ' ਕਹਿੰਦੇ ਸਨ। ਸੰਨ 1302 ਵਿਚ ਇਹ ਭੂਚਾਲ ਨਾਲ ਤਬਾਹ ਹੋ ਗਿਆ। 14ਵੀਂ ਸਦੀ ਵਿਚ ਮਮਲੂਕ ਸੁਲਤਾਨ, ਬਰਕੂਕ ਨੇ ਬੱਦੂਆਂ ਦੀ ਦਖ਼ਲ ਅੰਦਾਜ਼ੀ ਰੋਕਣ ਲਈ ਇਸ ਦੀ ਕਿਲਾਬੰਦੀ ਵੀ ਕਰ ਲਈ। ਈਸਾ ਦੇ ਮਗਰੋਂ ਦੀ 11ਵੀਂ ਸਦੀ ਵਿਚ ਇਸ ਦੀ ਮਹੱਤਤਾ ਪ੍ਰਾਂਤ ਦੀ ਰਾਜਧਾਨੀ ਬਣਨ ਨਾਲ ਵਧੀ ਤੇ ਪਿੱਛੋਂ ਮੱਧਕਾਲੀ ਸਮਿਆਂ ਵਿਚ ਸਿਕੰਦਰੀਆ ਤੋਂ ਕਾਹਿਰਾ ਜਾਂਦੇ ਕਾਫ਼ਲਿਆਂ ਦੇ ਰਾਹ ਉੱਤੇ ਸਥਿਤ ਹੋਣ ਕਾਰਨ ਇਸ ਦੀ ਮਹੱਤਤਾ ਇਕ ਮੁਕਾਮ ਦੇ ਤੌਰ ਤੇ ਹੋਰ ਵੀ ਵਧਦੀ ਗਈ।

ਅੱਜਕੱਲ੍ਹ ਇਹ ਵਪਾਰਕ ਸ਼ਹਿਰ ਦੇ ਤੌਰ ਤੇ ਮਸ਼ਹੂਰ ਹੈ। ਮੁਹਾਫਜ਼ੇ ਦੀਆਂ ਜ਼ਰਾਇਤੀ ਪੈਦਾਵਾਰਾਂ, ਖਜੂਰਾਂ, ਸਬਜ਼ੀਆਂ ਦੀ ਢੋਆ-ਢੁਆਈ ਦਾ ਇਹ ਵੱਡਾ ਕੇਂਦਰ ਹੈ। ਇਥੋਂ ਖਜੂਰਾਂ ਦੀ ਪੈਕਿੰਗ, ਰੂੰ ਪਿੰਜਣ ਅਤੇ ਕੱਪੜੇ ਆਦਿ ਬਣਾਉਣ ਦੀਆਂ ਸੱਨਅਤਾਂ ਉੱਨਤ ਹਨ। ਇਸ ਸ਼ਹਿਰ ਤੋਂ 64 ਕਿ.ਮੀ. ਦੂਰ ਦੱਖਣ-ਪੱਛਮ ਵਾਲੇ ਪਾਸੇ ਵਾਦੀ ਅਨ-ਨਟਰੂਨ ਵਿਚੋਂ ਨੈਟਰਨ ਖਣਿਜ ਕੱਢਿਆ ਜਾਂਦਾ ਹੈ। ਇਸ ਖਣਿਜ ਦੀ ਵਰਤੋਂ ਸੋਡੇ ਦੇ ਕਾਰਖਾਨਿਆਂ ਵਿਚ ਹੁੰਦੀ ਹੈ।

ਆਬਾਦੀ – 11,90,840 (1986)

31°02′ ਉ. ਵਿਥ.; 30°28′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 864

**ਡੈਮਾਸਸ (ਪਹਿਲਾ)** : ਇਸ ਸੰਤ ਅਤੇ ਪੋਪ ਦਾ ਜਨਮ ਲ. 304 ਈ. ਵਿਚ ਰੋਮ ਵਿਖੇ ਹੋਇਆ। ਇਹ ਅਕਤੂਬਰ 366 ਤੋਂ 11 ਦਸੰਬਰ, 384 ਤੱਕ ਪੋਪ ਰਿਹਾ। ਇਸ ਦੇ ਸ਼ਾਸ਼ਨ-ਕਾਲ ਦੌਰਾਨ ਹੀ ਲਾਟ-ਪਾਦਰੀ ਦੇ ਰੁਤਬੇ ਦਾ ਐਲਾਨ ਕੀਤਾ ਗਿਆ। ਇਹ ਡੀਕਨ

ਵੀ ਰਿਹਾ ਸੀ। ਇਸ ਦੀ ਪੋਪ ਵਜੋਂ ਚੋਣ ਸਮੇਂ ਬਹੁਤ ਵਿਰੋਧ ਹੋਇਆ ਪਰ ਬਾਦਸ਼ਾਹ ਨੇ ਇਸ ਨੂੰ ਮਾਨਤਾ ਦਿੱਤੀ। ਡੈਮਾਸਸ ਨੇ ਕੁਫ਼ਰ ਨੂੰ ਦਬਾਉਣ ਵਿਚ ਬਹੁਤ ਕੰਮ ਕੀਤਾ।

ਇਸ ਦੇ ਪੋਪ ਦੇ ਅਹੁਦੇ ਦੌਰਾਨ ਹੀ ਲਾਤੀਨੀ ਨੂੰ ਰੱਬੀ ਭੋਜ ਸਮੇਂ ਦੀ ਸੰਗੀਤ ਰਚਨਾ ਦੀ ਭਾਸ਼ਾ ਬਣਾਇਆ ਗਿਆ। ਇਸ ਨੇ ਸ਼ਹੀਦਾਂ ਦੀਆਂ ਕਬਰਾਂ ਦੀ ਮੁਰੰਮਤ ਕਰਵਾਈ ਅਤੇ ਉਨ੍ਹਾਂ ਉਤੇ ਢੁੱਕਵੇਂ ਮਜ਼ਮੂਨ ਲਿਖਵਾਏ।

11 ਦਸੰਬਰ, 384 ਨੂੰ ਰੋਮ ਵਿਖੇ ਇਸ ਦੀ ਮੌਤ ਹੋ ਗਈ। ਹਰ ਸਾਲ 11 ਦਸੰਬਰ ਨੂੰ ਇਸ ਦਾ ਪੁਰਬ ਮਨਾਇਆ ਜਾਂਦਾ ਹੈ।

ਹ.ਪੁ.—ਐਨ. ਬ੍ਰਿ. ਮਾ. 3 : 361 ; ਐਨ. ਅਮੈ. 8 : 428

**ਡੈਮਾਸਸ (ਦੂਜਾ)** : ਇਹ 1048 ਈ. ਦੌਰਾਨ ਪੋਪ ਰਿਹਾ ਸੀ। ਇਸ ਦਾ ਜਨਮ ਬਾਵੇਰੀਆ ਵਿਖੇ ਹੋਇਆ। ਇਸ ਦਾ ਮੂਲ ਨਾਂ ਪੋਪੋ ਸੀ। ਪੋਪ ਕਲੇਮੈਂਟ ਦੂਜੇ ਦੀ ਮੌਤ ਉਪਰੰਤ ਜਦ ਬੈਨਿਡਿਕਟ ਨੌਵੇਂ ਨੇ ਗੱਦੀ ਤੇ ਹੱਕ ਜਮਾਉਣਾ ਚਾਹਿਆ ਤਾਂ ਜਰਮਨੀ ਦੇ ਸ਼ਹਿਨਸ਼ਾਹ ਹੈਨਰੀ ਤੀਜੇ ਨੇ ਬੈਨਿਡਿਕਟ ਨੂੰ ਹਟਾ ਕੇ ਡੈਮਾਸਸ ਦੂਜੇ ਨੂੰ 1048 ਈ. ਵਿਚ ਪੋਪ ਦਾ ਅਹੁਦਾ ਸੌਂਪਿਆ। ਮਲੇਰੀਏ ਕਰਕੇ ਮੌਤ ਹੋ ਜਾਣ ਕਾਰਨ ਇਹ ਸਿਰਫ਼ 23 ਦਿਨ ਹੀ ਪੋਪ ਦੇ ਅਹੁਦੇ ਤੇ ਰਿਹਾ।

9 ਅਗਸਤ, 1048 ਨੂੰ ਇਟਲੀ ਵਿਚ ਪੈਲਸਟ੍ਰਿਨਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 361; ਐਨ. ਅਮੈ. 8 : 428

**ਡੈਮਾਸਕ** : ਇਹ ਇਕ ਡਿਜ਼ਾਈਨਦਾਰ ਕੱਪੜੇ ਦੀ ਕਿਸਮ ਹੈ, ਜਿਸ ਦਾ ਨਾਂ ਮਧ-ਕਾਲ ਵਿਚ ਡਾਮੈਸਕਸ (Damascus) ਵਿਖੇ ਬਣਾਏ ਜਾਂਦੇ ਵਧੀਆ ਡਿਜ਼ਾਈਨ ਦੇ ਕੱਪੜੇ ਤੋਂ ਰੱਖਿਆ ਗਿਆ ਹੈ। ਅਸਲੀ ਡੈਮਾਸਕ ਸ਼ੁਰੂ ਵਿਚ ਸਿਰਫ਼ ਸਿਲਮ ਤੋਂ ਹੀ ਬਣਾਇਆ ਜਾਂਦਾ ਸੀ ਪਰ ਬਾਅਦ ਵਿਚ ਇਹ ਨਾਂ ਧਾਗੇ ਨੂੰ ਨਾ ਦੇਖਦੇ ਹੋਏ ਇਕ ਖ਼ਾਸ ਕਿਸਮ ਅਤੇ ਡਿਜ਼ਾਈਨ ਦੇ ਕੱਪੜੇ ਲਈ ਵਰਤਿਆ ਜਾਣ ਲੱਗ ਪਿਆ। ਇਕਹਿਰੇ-ਡੈਮਾਸਕ ਵਿਚ ਤਾਣੇ ਅਤੇ ਪੇਟੇ ਦਾ ਇਕ ਇਕ ਸੈੱਟ ਹੁੰਦਾ ਹੈ ਅਤੇ ਇਹ ਇਕ ਜਾਂ ਦੋ ਰੰਗਾਂ ਵਿਚ ਹੀ ਬੁਣਿਆ ਜਾਂਦਾ ਹੈ। ਦੂਹਰੇ ਡੈਮਾਸਕ ਵਿਚ ਪੇਟਿਆਂ ਦੀ ਗਿਣਤੀ ਵੱਧ ਰੱਖੀ ਹੁੰਦੀ ਹੈ। ਡੈਮਾਸਕ ਜੈਕਾਰਡ ਖੱਡੀ ਨਾਲ ਬੁਣਿਆ ਜਾਂਦਾ ਹੈ। ਇਸਦੇ ਡਿਜ਼ਾਈਨ ਪਲੇਨ ਜਾ ਟਾਫਟਾ ਬੁਣਤ ਦੇ ਹੁੰਦੇ ਹਨ। ਤਾਣਾ ਤੇ ਪੇਟਾ ਇਕ ਦੂਜੇ ਨਾਲ ਸਮੋਕਣ ਉੱਤੇ ਹੁੰਦੇ ਹਨ ਇਹੋ ਕਾਰਨ ਹੈ ਕਿ ਇਸ ਦੀ ਚਮਕ ਸਾਟਨ ਦੇ ਕੱਪੜੇ ਨਾਲੋਂ ਘੱਟ ਹੁੰਦੀ ਹੈ।

ਗਿਆਰ੍ਹਵੀਂ ਸਦੀ ਵਿਚ ਡੈਮਾਸਕਸ ਵਿਚ ਲੰਘਣ ਵਾਲੇ ਮੁਜਾਹਿਦਾਂ ਨੇ ਇਹ ਕੱਪੜਾ ਯੂਰਪ ਵਿਚ ਤਿਆਰ ਕਰਨਾ ਸ਼ੁਰੂ ਕੀਤਾ ਅਤੇ ਲਗਭਗ 13ਵੀਂ ਸਦੀ ਵਿਚ ਪਟਸਨ ਜਾਂ ਸਣ ਦੇ ਕੱਪੜੇ ਬਣਾਉਣ ਵਾਲੇ ਫਰਾਂਸ ਵਰਗੇ ਦੇਸ਼ਾਂ ਵਿਚ ਵੀ ਲਿਨਨ ਡੈਮਾਸਕ ਤਿਆਰ ਹੋਣ ਲੱਗਾ। ਆਇਰਲੈਂਡ ਵਿਚ ਡੈਮਾਸਕ ਦੀ ਬੁਣਾਈ 17ਵੀਂ ਸਦੀ ਵਿਚ ਵਿਲੀਅਮ ਤੀਜੇ ਨੇ ਸ਼ੁਰੂ ਕਰਵਾਈ ਸੀ।

ਪ੍ਰਾਚੀਨ ਡੈਮਾਸਕ ਦਾਬਰ (ਪਨਾਹ) 45 ਤੋਂ 63 ਸੈਂ.ਮੀ. ਹੁੰਦਾ ਸੀ। ਇਹ ਫ਼ਾਸਲਾ ਉਹੋ ਚੌੜਾਈ ਹੁੰਦਾ ਹੈ ਜਿੰਨੀ ਵਿੱਥ ਉੱਤੇ ਬੁਣਾਈ ਵਾਲੀ ਸ਼ਟਲ ਜਿਸ ਵਿਚ ਪੇਟੇ ਦਾ ਧਾਗਾ ਹੁੰਦਾ ਹੈ, ਨੂੰ ਉੱਚੇ ਚੁਕੇ ਤਾਣੇ ਵਿਚੋਂ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਹੱਥ ਨਾਲ ਹੀ ਸੁੱਟਿਆ ਜਾਂਦਾ ਹੈ।

ਮਸ਼ੀਨੀ ਬੁਣਤ ਰਾਹੀਂ 1835 ਈ. ਵਿਚ 127 ਸੈਂ.ਮੀ. ਵਾਲੇ ਵੱਡੇ ਬਰ ਦਾ ਡੈਮਾਸਕ ਦਾ ਕੱਪੜਾ ਬਣਨਾ ਸ਼ੁਰੂ ਹੋ ਗਿਆ ਸੀ।

ਹ.ਪੁ.—ਐਨ. ਬ੍ਰਿ. ਮਾ. 3 : 360

**ਡੈਮਾਸਕ ਫ਼ੌਲਾਦ** : ਇਸ ਨੂੰ ਡੈਮਾਸਕਸ ਸਟੀਲ ਵੀ ਕਿਹ ਜਾਂਦਾ ਹੈ। ਪੂਰਬੀ ਹਥਿਆਰਾਂ ਅਤੇ ਤੇਜ਼ ਤਲਵਾਰਾਂ ਦੇ ਬਲੇਡ (ਪੱਤਰੀਆਂ) ਵਾਂਗ ਇਸ ਵਿਚ ਵਿਸ਼ੇਸ਼ ਧਾਰੀਆਂ ਜਿਹੀਆਂ ਵਿਖਾਈ ਦਿੰਦੀਆਂ ਹਨ। ਇਹ ਦਿੱਖ ਭਿੰਨ ਭਿੰਨ ਕਿਸਮਾਂ ਦੇ ਫ਼ੌਲਾਦ ਦੀਆ ਪੱਤਰੀਆਂ ਨੂੰ ਵਾਰ ਵਾਰ ਇਕੱਠੇ ਵੈੱਲਡ ਕਰਨ ਅਤੇ ਮਰੋੜਨ ਕਾਰਨ ਹੁੰਦਾ ਹੈ। ਇਹੀ ਵਿਧੀ ਟੋਲੀਡੋ ਅਤੇ ਵਾਇਕਿੰਗ (ਮੱਧ-ਕਾਲ ਦਾ ਬਲੇਡ ਬਣਾਉਣ ਲਈ ਵੀ ਵਰਤੀ ਜਾਂਦੀ ਸੀ। ਡੈਮਾਸਕ ਫ਼ੌਲਾਦ ਤਿਆਰ ਕਰਨ ਦੀ ਕਲਾ ਪੂਰਬੀ ਦੇਸ਼ਾਂ ਵਿਚ ਬੜੀ ਦੇਰ ਤੋਂ ਚਲੀ ਆ ਰਹੀ ਹੈ। ਵਧੇਰੇ ਪ੍ਰਸਿੱਧ ਬਲੇਡ ਪਰਸ਼ੀਆ ਵਿਚ ਇਸਫਹਾਨ, ਖ਼ੁਰਾਸਾਨ ਅਤੇ ਸ਼ਿਰਾਜ਼ ਵਿਚ ਬਣੇ ਹਨ। ਅਜਿਹਾ ਹੀ ਇਕ ਢੰਗ, ਜਿਸ ਵਿ ਲੋਹੇ ਅਤੇ ਫ਼ੌਲਾਦ ਦੀਆਂ ਪੱਤਰੀਆਂ ਜਾਂ ਤਾਰਾਂ ਨੂੰ ਮਰੋੜ ਕੇ ਇਕ ਚੱਕਰਦਾਰ ਕਮਾਨੀ ਬਣਾਈ ਜਾਂਦੀ ਹੈ, ਖਿਡਾਰੂ ਬੰਦੂਕਾਂ ਦੀਆ ਨਾਲੀਆਂ ਬਣਾਉਣ ਲਈ ਵਰਤਿਆ ਜਾਂਦਾ ਹੈ।

ਹ.ਪੁ.—ਐਨ. ਬ੍ਰਿ. 7 : 24

**ਡੈਮਾਸੀਨਸ, ਜਾਨ** : ਵੇਖੋ, ਜਾਨ ਸੇਂਟ ਆਫ਼ ਡੈਮੈਸਕਸ

**ਡੈਮਾਸੀਨਿੰਗ** : ਵੇਖੋ, ਮੈਟਲ ਵਰਕ।

**ਡੈਮਾੱਫ਼ਾਨ** : ਯੂਨਾਨੀ ਮਿਥਿਹਾਸ ਅਨੁਸਾਰ ਇ ਈਲੀਊਧਿਸ ਦੇ ਬਾਦਸ਼ਾਹ ਸੀਲੀਅਸ ਦਾ ਪੁੱਤਰ ਸੀ। ਡੀਮੀਟਰ ਨ ਦੀ ਦੇਵੀ, ਜਿਹੜੀ ਆਪਣੀ ਧੀ ਪਰਸੀਫ਼ੋਨ ਦੀ ਭਾਲ ਵਿਚ ਘੁੰ ਰਹੀ ਸੀ, ਇਸ ਦੀ ਦਾਈ ਬਣੀ। ਜਿਹੜੇ ਲੋਕਾਂ ਨੇ ਉਸ ਨੂੰ ਪਨਾ ਦਿੱਤੀ ਸੀ ਉਨ੍ਹਾਂ ਦੀ ਮਿਹਰਬਾਨੀ ਦਾ ਬਦਲਾ ਚੁਕਾਉਣ ਦੇ ਪੱ ਡੀਮੀਟਰ ਨੇ ਇਸ ਨੂੰ ਅਮਰ ਬਣਾਉਣਾ ਚਾਹਿਆ। ਇਸ ਮਨੋਰ ਲਈ ਜਦੋਂ ਉਸ ਨੇ ਇਸ ਦੇ ਫਾਨੀ ਅੰਗਾਂ ਨੂੰ ਅੱਗ ਉਤੇ ਜਲਾਉਣ ਸ਼ੁਰੂ ਕੀਤਾ ਤਾਂ ਇਸ ਦੀ ਮਾਂ ਇਸ ਡਰ ਤੋਂ ਚੀਕ ਉੱਠੀ ਕਿ ਸ਼ਾਇ ਉਹ ਬੱਚੇ ਨੂੰ ਨੁਕਸਾਨ ਪਹੁੰਚਾ ਰਹੀ ਹੈ। ਇਸ ਗੱਲ ਤੇ ਗੁੱਸੇ ਹੋ ਡੀਮੀਟਰ ਨੇ ਬੱਚੇ ਨੂੰ ਅੱਗ ਤੋਂ ਪਰ੍ਹੇ ਹਟਾ ਲਿਆ ਅਤੇ ਉਸ ਨੂੰ ਮੌਤ ਰਹਿਮ ਤੇ ਛੱਡ ਕੇ ਈਲੀਊਧਿਸ ਤੋਂ ਵਿਦਾ ਹੋ ਗਈ।

ਹ.ਪੁ.—ਐਨ. ਬ੍ਰਿ. 7 : 27 ; ਐਨ. ਬ੍ਰਿ. ਮਾ. 3 : 462

**ਡੈ ਮਾੱਰਗੈਨ, ਵਿਲੀਅਮ ਫਰੈਡ** : ਇਸ ਅੰਗਰੇ ਕਲਾਕਾਰ ਅਤੇ ਨਾਵਲਕਾਰ ਦਾ ਜਨਮ 16 ਨਵੰਬਰ, 1839 ਲੰਡਨ ਵਿਖੇ ਹੋਇਆ। ਸਿੱਖਿਆ ਪ੍ਰਾਪਤ ਕਰਨ ਮਗਰੋਂ ਇਸ ਨੇ ਕਲ ਨੂੰ ਪੇਸ਼ੇ ਵਜੋਂ ਅਪਣਾਇਆ। ਸੰਨ 1864 ਤੋਂ ਮਗਰੋਂ ਇਸਨੇ ਸ਼ੀ ਉੱਤੇ ਰੰਗ ਚੜ੍ਹਾਉਣ ਦਾ ਕੰਮ ਸ਼ੁਰੂ ਕੀਤਾ। ਸੰਨ 1871 ਵਿਚ ਇਸ ਆਪਣਾ ਧਿਆਨ ਕੁੰਭਕਾਰੀ ਵੱਲ ਲਗਾਇਆ। ਸੰਨ 1888 ਆਪਣੀ ਰਿਟਾਇਰਮੈਂਟ ਤੱਕ ਇਸ ਨੇ ਵਪਾਰਕ ਪੱਧਰ ਤੇ ਮਿੱਟੀ ਭਾਂਡੇ ਬਣਾਉਣ ਦਾ ਕੰਮ ਜਾਰੀ ਰੱਖਿਆ। ਸੰਨ 1906 ਵਿਚ 'ਜੋਜ਼ ਵਾਨਸ' ਲਿਖ ਕੇ ਇਸ ਨੇ ਇਕ ਨਾਵਲਕਾਰ ਵਜੋਂ ਆਪਣੀ ਬ ਬਣਾਈ। ਇਹ ਆਪਣੇ ਸਮੇਂ ਦਾ ਪ੍ਰਸਿੱਧ ਨਾਵਲਕਾਰ ਮੰਨਿਆ ਜਾ ਲੱਗਾ। 'ਐਲਿਸ ਫ਼ਾਰ ਸ਼ਾਰਟ' (1907) 'ਸਮਹਾਉ ਗੁੱਡ' (1908 'ਐਨ ਅਫ਼ੇਅਰ ਆਫ਼ ਡਿਸਆਨਰ' (1910), 'ਏ ਲਾਈਕਲੀ ਸਟੋਰੀ' (1912), ਆਦਿ ਇਸ ਦੇ ਕੁਝ ਪ੍ਰਸਿੱਧ ਨਾਵਲ ਹਨ। 'ਦੀ ਓਲ ਮੈਨਜ਼ ਹਾਊਸ' (1919), ਅਤੇ 'ਦੀ ਓਲਡ ਮੈਨਜ਼ ਯੂਥ' (1921 ਨਾਮੀ ਪੁਸਤਕਾਂ ਨੂੰ ਇਸਦੀ ਮੌਤ ਤੋਂ ਬਾਅਦ ਇਸਦੀ ਪਤਨੀ ਪ੍ਰਕਾਸ਼ਿਤ ਕਰਵਾਇਆ ਸੀ।

15 ਜਨਵਰੀ, 1917 ਨੂੰ ਚੈਲਸੀ ਵਿਖੇ ਇਸ ਦੀ ਮੌਤ ਗਈ।

ਹ.ਪੁ.—ਐਨ. ਬ੍ਰਿ. ਐਨ. ਬ੍ਰਿ. ਮਾ. 3 : 462 ; ਐਨ. ਅਮੈ. 8 : 67

**ਡੈਮੀਰੀ, ਅਲ** : ਇਸ ਅਰਬੀ ਕਾਨੂੰਨਦਾਨ ਅਤੇ ਲੇਖਕ ਦਾ ਜਨਮ 1341 ਵਿਚ ਮਿਸਰ ਵਿਚ ਕਾਹਿਰਾ ਵਿਖੇ ਹੋਇਆ। ਇਸ ਦਾ ਪੂਰਾ ਨਾਂ ਅਰਬ ਕਮਲ ਅਲਦੀਨ ਮੁਹੰਮਦ ਇਬਨ ਮੂਸਾ ਅਲ ਡੈਮੀਰੀ ਸੀ। ਇਸ ਨੇ ਆਪਣਾ ਸਾਰਾ ਜੀਵਨ ਆਪਣੇ ਦੇਸ਼ ਵਿਚ ਹੀ ਗੁਜ਼ਾਰਿਆ। ਇਹ ਮੁਸਲਮਾਨਾਂ ਦੇ ਸੂਫ਼ੀ ਪੰਥ ਦਾ ਮੈਂਬਰ ਸੀ। ਇਸ ਨੇ 6 ਵਾਰ ਹੱਜ ਕੀਤਾ ਅਤੇ ਧਰਮ ਸਬੰਧੀ ਕਾਨੂੰਨ ਤਿਆਰ ਕੀਤੇ। ਇਸ ਨੂੰ ਪ੍ਰਕਿਰਤੀ ਅਧਿਐਨ ਵਿਚ ਬੜੀ ਦਿਲਚਸਪੀ ਸੀ। ਇਸ ਨੇ ਆਪਣੀ ਕਿਰਤ 'ਲਾਈਫ਼ ਆਫ਼ ਐਨੀਮਲਜ਼' ('ਹੱਯਾਤ-ਅਲ ਹੈਵਾਨ') ਵਿਚ ਕੁਰਾਨ ਵਿਚ ਲਿਖੇ ਸਾਰੇ 931 ਜਾਨਵਰਾਂ ਬਾਰੇ ਅੱਖਰ-ਵਾਰ ਵੇਰਵਾ ਦਿੱਤਾ ਹੈ। ਇਸ ਦੇ ਨਾਲ ਨਾਲ ਇਸ ਨੇ ਖ਼ੁਰਾਕ ਅਤੇ ਦਵਾਈਆਂ ਵਿਚ ਉਨ੍ਹਾਂ ਦੀ ਵਰਤੋਂ ਅਤੇ ਅਰਬੀ ਲੋਕ-ਗੀਤਾਂ ਵਿਚ ਉਨ੍ਹਾਂ ਦੀ ਥਾਂ ਬਾਰੇ ਜ਼ਿਕਰ ਕੀਤਾ ਹੈ। ਇਹ ਵੱਖ-ਵੱਖ ਮਸਜਿਦਾਂ ਅਤੇ ਜਾਹਿਰ ਦੀ ਅਲ-ਅਜ਼ਹਰ ਯੂਨੀਵਰਸਿਟੀ ਵਿਚ ਲੈਕਚਰ ਦਿੰਦਾ ਹੁੰਦਾ ਸੀ। ਇਹ ਆਪਣੇ ਸਮੇਂ ਦਾ ਇਕ ਉੱਚਾ ਸੂਫ਼ੀ ਜਾਂ ਰਹੱਸਵਾਦੀ ਮਨੁੱਖ ਮੰਨਿਆ ਜਾਂਦਾ ਸੀ। 27 ਅਕਤੂਬਰ, 1405 ਨੂੰ ਕਾਹਿਰਾ ਵਿਖੇ ਹੀ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 362 ; ਐਨ. ਅਮੇ. 8 : 430

**ਡੈਮੋਕਰੇਸੀ** : ਵੇਖੋ, ਲੋਕਰਾਜ

**ਡੈਮੋਕ੍ਰੇਟਿਕ ਸੋਸ਼ਲਿਸ਼ਟ ਪਾਰਟੀ** : ਜਾਪਾਨ ਦੀ ਇਕ ਉੱਘੀ ਸਿਆਸੀ ਪਾਰਟੀ ਹੈ। ਸੰਨ 1960 ਵਿਚ ਇਸ ਦੀ ਸਥਾਪਨਾ ਰੂੜ੍ਹੀਵਾਦੀ ਸਿਧਾਂਤਾ ਵਾਲੀ ਜਾਪਾਨੀ ਸੋਸ਼ਲਿਸ਼ਟ ਪਾਰਟੀ ਨਾਲੋਂ ਟੁੱਟੇ ਨਰਮ-ਪੰਥੀਆਂ ਨੇ ਕੀਤੀ। ਇਸ ਪਾਰਟੀ ਨੇ ਆਪਣਾ ਆਧਾਰ ਜਾਪਾਨ ਦੀ ਲੇਬਰ ਯੂਨੀਅਨ ਸੰਘ 'ਡੋਮਾਈ ਕਾਈਗੀ' ਨੂੰ ਬਣਾਇਆ। ਇਸ ਪਾਰਟੀ ਦੇ ਮੁੱਖ ਉਦੇਸ਼ ਸਮਾਜਵਾਦ ਨੂੰ ਹੌਲੀ ਹੌਲੀ ਵਿਕਸਿਤ ਕਰਨਾ, ਮਜ਼ਦੂਰਾਂ ਦੀ ਭਲਾਈ ਨੂੰ ਪਹਿਲ ਦੇਣਾ ਅਤੇ ਕੁਝ ਕੁ ਮਹੱਤਵਪੂਰਨ ਉਦਯੋਗਾਂ ਦਾ ਕੇਂਦਰੀਕਰਨ ਕਰਨਾ ਹੈ। ਇਹ ਕਮਿਊਨਿਸਟਾਂ ਨਾਲ ਕਿਸੇ ਤਰ੍ਹਾਂ ਦਾ ਵੀ ਗਠਬੰਧਨ ਕਰਨ ਦੇ ਹੱਕ ਵਿਚ ਨਹੀਂ।

ਹ.ਪੁ.—ਐਨ. ਬ੍ਰਿ. ਮਾ. 4 : 6

**ਡੈਮੋਕ੍ਰੇਟਿਕ ਰਿਪਬਲਿਕਨ ਪਾਰਟੀ** : ਸੰਯੁਕਤ ਰਾਜ ਦੀ ਸਭ ਤੋਂ ਪਹਿਲੀ ਮਹੱਤਵਪੂਰਨ ਸਿਆਸੀ ਪਾਰਟੀ ਸੀ। ਇਸ ਦਾ ਮੁੱਢ 1790 ਈ. ਦੇ ਸ਼ੁਰੂ ਵਿਚ ਬੱਝਾ ਅਤੇ 1801-1825 ਈ. ਦੌਰਾਨ ਦੇਸ਼ ਦੀ ਵਾਗ-ਡੋਰ ਇਸੇ ਪਾਰਟੀ ਦੇ ਹੱਥਾਂ ਵਿਚ ਰਹੀ। ਇਸ ਨੂੰ ਰਿਪਬਲਿਕਨ ਪਾਰਟੀ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਅਜੋਕੀ ਡੈਮੋਕ੍ਰੇਟਿਕ ਪਾਰਟੀ ਦਾ ਹੀ ਮੂਲ ਹੈ। ਬਾਦਸ਼ਾਹ ਵਿਰੋਧੀ ਪ੍ਰਭਾਵ ਨੂੰ ਉਘਾੜਣ ਲਈ ਹੀ ਰਿਪਬਲਿਕਨ ਨਾਉਂ ਅਪਣਾਇਆ ਗਿਆ। ਰਾਸ਼ਟਰਪਤੀ ਵਾਸ਼ਿੰਗਟਨ ਦੀ ਸਰਕਾਰ ਵਿਚ ਰਾਜ ਦੇ ਪਹਿਲੇ ਸਕੱਤਰ ਟਾਮਸ ਜੈਫ਼ਰਸਨ ਨੇ ਇਸ ਪਾਰਟੀ ਦੀ ਸਥਾਪਨਾ ਕਰਨ ਵਿਚ ਵੱਡਾ ਯੋਗਦਾਨ ਪਾਇਆ। ਸੰਨ 1795 ਵਿਚ ਸ਼ੁਰੂ ਹੋਈ ਯੂਰਪੀ ਜੰਗ ਦੌਰਾਨ ਰਿਪਬਲਿਕਨ ਸੰਗਠਨ ਨੇ ਫ਼ਰਾਂਸੀਸੀਆਂ ਦੇ ਪੱਖ ਵਿਚ ਕਾਫ਼ੀ ਮੱਦਦ ਹਾਸਲ ਕੀਤੀ।

ਇਸ ਪਾਰਟੀ ਦੇ ਪਹਿਲੇ ਤਿੰਨ ਰਾਸ਼ਟਰਪਤੀ ਜੈਫ਼ਰਸਨ (1801-09 ਈ.), ਜੈਮਜ਼ ਮੈਡੀਸਨ (1809-17 ਈ.) ਅਤੇ ਜੇਮਜ਼ ਮੁਨਰੋ (1817-25 ਈ.) ਰਈਸ ਪਰਿਵਾਰਾਂ ਨਾਲ ਸਬੰਧਤ ਸਨ ਪਰ ਤਿੰਨੋ ਹੀ ਲਿਬਰਲ ਰਾਜਨੀਤਕ ਫਿਲਾਸਫੀ ਵਿਚ ਵਿਸ਼ਵਾਸ ਰੱਖਦੇ ਸਨ। ਸੰਨ 1820 ਵਿਚ ਰਿਪਬਲਿਕਨ ਪਾਰਟੀ ਦੋ ਧੜਿਆਂ ਵਿਚ ਵੰਡੀ ਗਈ। ਇਕ ਧੜੇ ਨੇ ਆਪਣਾ ਨਾਉਂ 'ਨੈਸ਼ਨਲ ਰਿਪਬਲਿਕਨ' ਅਤੇ ਦੂਜੇ ਧੜੇ ਨੇ 'ਡੈਮੋਕ੍ਰੇਟਿਕ ਰਿਪਬਲਿਕਨ' ਰੱਖਿਆ ਅਤੇ ਬਾਅਦ ਵਿਚ ਐਂਡਰਿਊ ਜੈਕਸਨ ਦੀ ਸਦਾਰਤ (1829-37 ਈ.) ਹੇਠ ਆਪਣਾ ਨਾਉਂ ਡੈਮੋਕ੍ਰੇਟਿਕ ਪਾਰਟੀ ਰੱਖ ਲਿਆ।

ਹ.ਪੁ.—ਐਨ. ਬ੍ਰਿ. ਮਾ. 4 : 6

**ਡੈੱਰਐਜ਼ ਜ਼ੌਰ** : **ਸ਼ਹਿਰ**—ਇਹ ਪੂਰਬੀ ਸੀਰੀਆ ਦੇ ਇਸੇ ਨਾਂ ਦੇ ਮੁਹਾਫ਼ਜ਼ੇ ਦਾ ਸਦਰ-ਮੁਕਾਮ ਹੈ ਜੋ ਫ਼ਰਾਤ ਦਰਿਆ ਦੇ ਸੱਜੇ ਕੰਢੇ ਉੱਤੇ ਵਸਿਆ ਹੋਇਆ ਹੈ। ਇਸ ਦੇ ਦੱਖਣ-ਪੂਰਬ ਵੱਲ ਅਜ਼ਾਉਰਾ ਨਾਂ ਦੇ ਇਕ ਪੁਰਾਤਨ ਸ਼ਹਿਰ ਦੇ ਖੰਡਰਾਤ ਹਨ। ਇਸ ਦੇ ਨਾਂ ਤੇ ਹੀ ਇਸ ਦਾ ਮੌਜੂਦਾ ਨਾਂ ਪਿਆ ਹੈ। ਮੌਜੂਦਾ ਸ਼ਹਿਰ 1876 ਈ. ਵਿਚ ਉਸਮਾਨੀ ਤੁਰਕਾਂ ਨੇ ਫ਼ਰਾਤ ਖੇਤਰ ਦੇ ਟੱਪਰੀਵਾਸ ਲੋਕਾਂ ਨੂੰ ਰੋਕਣ ਲਈ ਬਣਾਇਆ ਸੀ। ਤੁਰਕਾਂ ਅਧੀਨ ਇਹ ਇਕ ਪ੍ਰਬੰਧਕੀ ਖੇਤਰ ਦਾ ਸਦਰ-ਮੁਕਾਮ ਅਤੇ ਗਵਰਨਰ ਦੀ ਸੀਟ ਸੀ। ਸੰਨ 1918 ਵਿਚ ਇਸ ਉੱਤੇ ਬਰਤਾਨੀਆ ਦਾ ਅਤੇ 1921 ਈ. ਤੋਂ ਫ਼ਰਾਂਸੀਸੀਆਂ ਦਾ ਕਬਜ਼ਾ ਹੋਇਆ। ਸੰਨ 1941 ਵਿਚ ਇਹ ਫਿਰ ਬਰਤਾਨਵੀ ਫ਼ੌਜਾਂ ਅਧੀਨ ਹੋ ਗਿਆ। ਅੰਤ 1946 ਈ. ਤੋਂ ਇਹ ਸ਼ਹਿਰ ਸੀਰੀਆ ਗਣਤੰਤਰ ਦਾ ਹਿੱਸਾ ਬਣ ਗਿਆ। ਹੁਣ ਇਹ ਸ਼ਹਿਰ ਵਪਾਰ ਦਾ ਮੁੱਖ ਕੇਂਦਰ ਅਤੇ ਸੜਕਾਂ ਦਾ ਜੰਕਸ਼ਨ ਹੈ। ਸੰਨ 1977 ਤੋਂ ਇਥੇ ਇਕ ਯੂਨੀਵਰਸਿਟੀ ਸਥਾਪਿਤ ਹੈ। ਇਹ ਚਿਤਰਕਾਰੀ, ਪੱਥਰ-ਤਰਾਸ਼ੀ, ਨਾਟਕ ਅਤੇ ਲੋਕ-ਨਾਚਾਂ ਆਦਿ ਦਾ ਵੀ ਇਕ ਕੇਂਦਰ ਹੈ। ਇਸ ਦੇ ਨਾਲ ਨਾਲ ਹੀ ਇਥੇ ਇਕ ਅਜਾਇਬ-ਘਰ ਵੀ ਹੈ। ਇਥੇ ਹੀ ਫਰਾਤ ਦਰਿਆ ਉੱਤੇ 1924 ਈ. ਦਾ ਫ਼ਰਾਂਸੀਸੀਆਂ ਦੁਆਰਾ ਬਣਵਾਇਆ ਇਕ ਲਮਕਦਾ ਪੁਲ ਹੈ ਜੋ ਸੈਲਾਨੀਆਂ ਲਈ ਦਿਲਚਸਪੀ ਦਾ ਮੁੱਖ ਕੇਂਦਰ ਹੈ।

ਆਬਾਦੀ—1,25,000 (1992)

35°20′ ਉ. ਵਿਥ.; 40°09′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 410

**ਡੈਰਿਕ** : ਇਹ ਕਰੇਨ ਦੀ ਹੀ ਇਕ ਕਿਸਮ ਹੈ। ਇਸ ਦਾ ਨਾਂ ਸਤਾਰ੍ਹਵੀਂ ਸਦੀ ਦੇ ਮਸ਼ਹੂਰ ਜਲਾਦ ਜਾਈਬਰਨ (Tyburn) ਦੇ ਨਾਂ ਤੋਂ ਪਿਆ ਹੈ ਜਿਹੜਾ ਸ਼ੁਰੂ ਵਿਚ ਮੂਲ ਰੂਪ ਵਿਚ ਕਰੇਨ ਲਈ ਹੀ ਵਰਤਿਆ ਜਾਂਦਾ ਸੀ। ਪੈਟਰੋਲੀਅਮ ਉਦਯੋਗ ਵਿਚ ਵਰਤਿਆ ਜਾਣ ਵਾਲਾ ਡੈਰਿਕ ਕਰੇਨ ਸਟੀਲ ਜਾਂ ਲੱਕੜ ਦਾ ਇਕ ਅਜਿਹਾ ਢਾਂਚਾ ਹੁੰਦਾ ਹੈ ਜੋ ਕੇਵਲ ਸਥਿਰ ਥਾਂ ਤੋਂ ਹੀ ਕਿਸੇ ਵਸਤੂ ਨੂੰ ਉਪਰ ਚੁੱਕਣ ਜਾਂ ਹੇਠਾਂ ਉਤਾਰਨ ਲਈ ਵਰਤਿਆ ਜਾਂਦਾ ਹੈ। ਮੋਟਰਾਂ, ਟਰੱਕਾਂ ਉੱਤੇ ਲੱਗੀਆਂ ਅਜਿਹੀਆਂ ਛੋਟੀਆਂ ਛੋਟੀਆਂ ਮਸ਼ੀਨਾਂ ਨੂੰ ਵੀ ਡੈਰਿਕ ਹੀ ਕਿਹਾ ਜਾਂਦਾ ਹੈ। ਤੇਲ ਦੇ ਖੂਹ ਖੋਦਣ ਵਾਲੇ ਸੰਦਾਂ ਅਤੇ ਪਾਈਪਾਂ ਆਦਿ ਨੂੰ ਉਪਰ ਖਿੱਚਣ ਅਤੇ ਹੇਠਾਂ ਪਹੁੰਚਾਉਣ ਲਈ ਵੀ ਕਰੇਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਖੂਹਾਂ ਦੇ ਢੱਕਣ ਖੋਲ੍ਹਣ ਅਤੇ ਬੰਦ ਕਰਨ ਲਈ ਵੀ ਡੈਰਿਕ ਕਰੇਨਾਂ ਦੀ ਵਰਤੋਂ ਕੀਤੀ ਜਾਂਦੀ ਹੈ। (ਵਿਸਥਾਰ ਲਈ ਵੇਖੋ ਕਰੇਨ)।

ਹ.ਪੁ.—ਐਨ. ਬ੍ਰਿ. 7 : 279

**ਡੈਰੋ, ਕਲੇਅਰੰਸ ਸੀਵਾਰਡ** : ਸੰਯੁਕਤ ਰਾਜ ਅਮਰੀਕਾ ਦੇ ਇਸ ਨਾਮੀ ਵਕੀਲ ਦਾ ਜਨਮ 18 ਅਪ੍ਰੈਲ, 1857 ਨੂੰ ਓਹਾਈਓ ਰਾਜ ਵਿਖ ਕਿਨਜ਼ਮੈਨ ਦੇ ਨੇੜੇ ਹੋਇਆ। ਇਹ ਇਕ ਚੰਗੇ ਵਕਤੇ ਅਤੇ ਲੇਖਕ ਵਜੋਂ ਵੀ ਪ੍ਰਸਿੱਧ ਹੋਇਆ। ਸੰਨ 1878 ਵਿਚ ਇਹ ਓਹਾਈਓ ਬਾਰ ਦਾ ਮੈਂਬਰ ਬਣ ਗਿਆ। ਸੰਨ 1887 ਤੋਂ ਇਹ ਸ਼ਿਕਾਗੋ ਵਿਖੇ ਵਕਾਲਤ ਕਰਨ ਲੱਗ ਪਿਆ।

ਜੱਜ ਜਾਨ ਪੀਟਰ ਆਲਟਗੈਲਡ ਦੀ ਮਿੱਤਰਤਾ ਕਰਕੇ 1890 ਈ. ਵਿਚ ਇਸ ਨੂੰ ਸ਼ਿਕਾਗੋ ਸਿਟੀ ਕਾਰਪੋਰੇਸ਼ਨ ਦਾ ਸਰਕਾਰੀ ਵਕੀਲ ਨਿਯੁਕਤ ਕਰ ਦਿਤਾ ਗਿਆ। ਪਿੱਛੋਂ ਇਸ ਨੂੰ ਸ਼ਿਕਾਗੋ ਅਤੇ ਉੱਤਰੀ-ਪੱਛਮੀ ਰੇਲਵੇ ਦਾ ਜਨਰਲ ਅਟਾਰਨੀ ਬਣਾ ਦਿੱਤਾ ਗਿਆ। ਕਈ ਵੱਡੇ ਵੱਡੇ ਮੁਕੱਦਮਿਆਂ ਦੀ ਪੈਰਵੀ ਕਰਨ ਕਰਕੇ ਇਹ ਕਿਰਤ ਅਤੇ ਫ਼ੌਜਦਾਰੀ ਵਕੀਲ ਵਜੋਂ ਬਹੁਤ ਪ੍ਰਸਿੱਧ ਹੋ ਗਿਆ।

ਪਹਿਲੇ ਵਿਸ਼ਵ-ਯੁੱਧ ਉਪਰੰਤ ਡੈਰੋ ਨੇ ਕਈ ਦੋਸ਼ੀਆਂ ਦੀ ਵਕਾਲਤ ਕੀਤੀ ਤੇ ਉਨ੍ਹਾਂ ਨੂੰ ਦੇਸ਼ ਧ੍ਰੋਹੀ ਦੇ ਕਾਨੂੰਨ ਤੋਂ ਬਚਾਇਆ। ਕਿੰਨੇ ਹੀ ਹੋਰ ਵੱਖ ਵੱਖ ਕੰਮਾਂ ਵਿਚ ਉਸ ਨੇ ਬੇਦੋਸ਼ਿਆਂ ਨੂੰ ਬਚਾਇਆ।

ਸੰਨ 1927 ਵਿਚ ਇਸ ਨੇ ਵਕਾਲਤ ਛੱਡ ਦਿੱਤੀ ਅਤੇ ਇਕ ਵਕਤੇ ਵਜੋਂ ਕੰਮ ਸ਼ੁਰੂ ਕਰ ਦਿੱਤਾ। ਇਸਦੇ ਨਾਲ ਹੀ ਇਹ ਲਿਖਣ ਦਾ ਕੰਮ ਵੀ ਕਰਨ ਲੱਗ ਪਿਆ। 'ਐੱਨ ਆਈ ਫਾਰ ਐੱਨ ਆਈ' (1905), 'ਕ੍ਰਾਈਮ : ਇਟਸ ਕਾਜ਼ ਐਂਡ ਟ੍ਰੀਟਮੈਂਟ' (1922), 'ਦੀ ਸਟੋਰੀ ਆੱਫ਼ ਮਾਈ ਲਾਈਫ਼' (1932) ਇਸ ਦੀਆਂ ਪ੍ਰਸਿੱਧ ਕਿਰਤਾਂ ਹਨ।

13 ਮਾਰਚ, 1938 ਨੂੰ ਸ਼ਿਕਾਗੋ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3: 383 ; ਐਨ. ਅਮੈ. 8 : 481; ਵ.ਯੂ. ਐਨ. 5 : 1457

**ਡੈੱਲ ਸਿਟੀ** : ਸੰਯੁਕਤ ਰਾਜ ਅਮਰੀਕਾ ਦੇ ਓਕਲਾਹਾਮਾ ਰਾਜ ਵਿਚ ਇਸੇ ਨਾਂ ਦੇ ਸ਼ਹਿਰ ਦਾ ਉਪ-ਨਗਰ ਹੈ ਜਿਹੜਾ ਓਕਲਾਹਾਮਾ ਸ਼ਹਿਰ ਤੋਂ 10 ਕਿ.ਮੀ. ਦੱਖਣ-ਪੱਛਮ ਵਿਚ ਹੈ। ਇਹ ਕਪਾਹ ਅਤੇ ਕਣਕ ਪੈਦਾ ਕਰਨ ਵਾਲੇ ਖੇਤਰ ਵਿਚ ਵਾਕਿਆ ਹੈ। ਇਥੇ ਤੇਲ ਖਣਿਜ ਵੀ ਮਿਲਦਾ ਹੈ। ਇਸ ਸ਼ਹਿਰ ਦੇ ਦੱਖਣ-ਪੱਛਮ ਵਿਚ ਟਿੰਕਰ ਹਵਾਈ ਸੈਨਾ ਅੱਡਾ ਹੈ। ਇਸ ਸ਼ਹਿਰ ਦੀ ਸਥਾਪਨਾ ਜਾਰਜ ਐਪਰਲੇ ਨੇ ਇਕ ਰਿਹਾਇਸ਼ੀ ਸ਼ਹਿਰ ਦੇ ਤੌਰ ਤੇ ਕੀਤੀ ਸੀ ਤੇ ਇਸ ਦਾ ਨਾਂ ਉਸਨੇ ਆਪਣੀ ਲੜਕੀ, ਡੈੱਲਾਫੀਨ ਦੇ ਨਾਂ ਤੇ ਰੱਖਿਆ ਸੀ। ਸੰਨ 1948 ਵਿਚ ਇਸਨੂੰ ਸ਼ਹਿਰੀ ਅਖ਼ਤਿਆਰ ਪ੍ਰਾਪਤ ਹੋਏ ਸਨ।

ਆਬਾਦੀ—27,133 (1970)

35° 27′ ਉ. ਵਿਥ.; 97° 27′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 146 ; ਐਨ. ਅਮੈ. 8 : 646

**ਡੈਲਕਾਸੇ, ਥੀਓਫਿਲ** : ਫ਼ਰਾਂਸ ਦੇ ਇਸ ਉੱਘੇ ਬਦੇਸ਼ ਮੰਤਰੀ ਦਾ ਜਨਮ 1 ਮਾਰਚ, 1852 ਨੂੰ ਫ਼ਰਾਂਸ ਵਿਚ ਪਾਮਯੇ (Pamier) ਵਿਖੇ ਹੋਇਆ। ਇਸਨੇ ਆਪਣਾ ਜੀਵਨ ਪੈਰਿਸ ਵਿਖੇ ਇਕ ਪੱਤਰਕਾਰ ਵਜੋਂ ਸ਼ੁਰੂ ਕੀਤਾ। ਸੰਨ 1885 ਵਿਚ ਚੈਂਬਰ ਆਫ਼ ਡਿਪਟੀਜ਼ ਦਾ ਮੈਂਬਰ ਬਣਿਆ। ਸੰਨ 1893 ਵਿਚ ਅਲੈਗਜ਼ਾਂਦਰ ਰੀਬੋ ਦੇ ਮੰਤਰੀ-ਮੰਡਲ ਵਿਚ ਵਣਜ, ਉਦਯੋਗ ਅਤੇ ਨੌਆਬਾਦੀਆਂ ਦਾ ਅਧੀਨ ਸਕੱਤਰ ਰਿਹਾ। ਸੰਨ 1894-95 ਵਿਚ ਨੌਆਬਾਦੀਆਂ ਦੇ ਮੰਤਰੀ ਵਜੋਂ ਅਹੁਦਾ ਸੰਭਾਲਿਆ। ਸੰਨ 1898 ਵਿਚ ਹੈਂਨਰੀ ਬ੍ਰਿਸਨ ਦੀ ਸਰਕਾਰ ਵਿਚ ਇਸਨੇ ਬਦੇਸ਼ ਮੰਤਰੀ ਦਾ ਅਹੁਦਾ ਸੰਭਾਲਿਆ। ਲਗਭਗ 7 ਸਾਲ ਤੱਕ ਇਹ ਛੇ ਵੱਖ-ਵੱਖ ਸਰਕਾਰਾਂ ਵਿਚ ਇਸੇ ਹੀ ਅਹੁਦੇ ਤੇ ਰਿਹਾ। ਇਸ ਦੌਰਾਨ ਇਸਨੇ ਫ਼ਰਾਂਸ ਦੀਆਂ ਕਈ ਦੂਜੇ ਮੁਲਕਾਂ ਨਾਲ ਸੰਧੀਆਂ ਕਰਵਾਈਆਂ।

ਜਰਮਨੀ, ਇਟਲੀ ਅਤੇ ਆਸਟ੍ਰੀਆ-ਹੰਗਰੀ ਦੀ ਤਿੰਨ-ਧਿਰੀ ਸੰਧੀ ਨੂੰ ਵੇਖਦੇ ਹੋਏ ਇਸਨੇ ਫ਼ਰਾਂਸ ਤੇ ਰੂਸ ਨਾਲ ਮਿੱਤਰਤਾ ਵਾਲੇ ਸਬੰਧ ਬਣਾਏ ਰੱਖਣ ਵਿਚ ਹੀ ਬੇਹਤਰੀ ਸਮਝੀ ਅਤੇ ਨਾਲ ਹ ਬਰਤਾਨੀਆ ਪ੍ਰਤੀ ਵੀ ਨਵੀਂ ਨੀਤੀ ਅਪਣਾਈ। ਸੰਨ 1904 ਵਿ ਇਸਨੇ ਬਰਤਾਨੀਆ ਨਾਲ ਕਈ ਸਮੱਸਿਆਵਾਂ ਸਬੰਧੀ ਗੱਲਬਾ ਕੀਤੀ ਅਤੇ ਐਂਗਲੋ-ਫ਼ਰਾਂਸੀਸੀ ਸੰਧੀ (8 ਅਪ੍ਰੈਲ, 1904) ਲਈ ਆਧਾਰ ਤਿਆਰ ਕਰ ਦਿੱਤਾ। ਇਸ ਦੇ ਨਾਲ ਨਾਲ ਇਸ ਨੇ 190 ਈ. ਵਿਚ ਬਰਤਾਨੀਆ ਅਤੇ ਰੂਸ ਵਿਚਕਾਰ ਹੋਣ ਵਾਲੇ ਸਮਝੌ ਲਈ ਰਸਤਾ ਪੱਧਰਾ ਕਰਵਾ ਦਿੱਤਾ। ਇਸ ਤਰ੍ਹਾਂ ਇਸਨੇ ਤਿੰਨ-ਧਿਰ ਸੰਧੀ ਲਈ ਤਿੰਨ ਤਾਕਤਾਂ ਨੂੰ ਇਕੱਠਾ ਕਰ ਦਿੱਤਾ ਜਿਨ੍ਹਾਂ ਨੇ ਪਹਿਲ ਵੱਡੀ ਜੰਗ ਸਮੇਂ ਇਤਹਾਦੀ ਗਠਜੋੜ ਦਾ ਧੁਰਾ ਬਣਾਇਆ ਸੀ ਪ੍ਰਧਾਨ ਮੰਤਰੀ ਮੱਾਰਿਸ ਰੂਵਯੇ ਵਲੋਂ ਇਸ ਦੀਆਂ ਨੀਤੀਆਂ ਦ ਮੁਖ਼ਾਲਫਤ ਕਰਨ ਕਾਰਨ ਇਸਨੇ 1905 ਈ. ਵਿਚ ਆਪਣੇ ਅਹੁਦ ਤੋਂ ਅਸਤੀਫ਼ਾ ਦੇ ਦਿੱਤਾ। ਇਸਦੇ ਅਸਤੀਫ਼ੇ ਪਿੱਛੋਂ ਜਰਮਨੀ ਦਾ ਹੱਥ ਹੋਣ ਕਾਰਨ ਦੇਸ਼ ਵਿਚ ਜਰਮਨ-ਵਿਰੋਧੀ ਮੁਹਿੰਮ ਜ਼ੋਰ ਫੜ ਗਈ ਸੰਨ 1909 ਵਿਚ ਇਹ ਮੁੜ ਤਾਕਤ ਵਿਚ ਆ ਗਿਆ ਅਤੇ ਇਸਨੂੰ ਫ਼ਰਾਂਸੀਸੀ ਸਮੁੰਦਰੀ ਫ਼ੌਜ ਦੀਆਂ ਕਮਜ਼ੋਰੀਆਂ ਸਬੰਧੀ ਛਾਣਬੀਣ ਕਰਨ ਲਈ ਸਥਾਪਿਤ ਕੀਤੇ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ। ਸੰਨ 1911-13 ਦੌਰਾਨ ਇਹ ਸਮੁੰਦਰੀ ਫ਼ੌਜਾਂ ਦਾ ਮੰਤਰੀ ਬਣਿਆ। ਇਨ੍ਹਾਂ ਸਾਲਾਂ ਵਿਚ ਯੁੱਧ ਛਿੜ ਜਾਣ ਤੇ ਇਸਨੇ ਬਰਤਾਨਵੀ ਅਤੇ ਫ਼ਰਾਂਸੀਸੀ ਬੇੜਿਆਂ ਵਿਚਕਾਰ ਆਪਸੀ ਮੇਲ ਕਾਇਮ ਕੀਤਾ। ਇਸ ਸਦਕਾ ਹੀ ਪਹਿਲੇ ਵਿਸ਼ਵ-ਯੁੱਧ ਵਿਚ ਬਰਤਾਨੀਆ ਨੇ ਫ਼ਰਾਂਸੀਸੀਆਂ ਦੀ ਮਦਦ ਲਈ ਜਰਮਨੀ ਵਿਰੁੱਧ ਲੜਾਈ ਦੀ ਘੋਸ਼ਣਾ ਕੀਤੀ। ਜੰਗ ਦੌਰਾਨ ਇਸਨੇ ਮੁੜ ਬਦੇਸ਼ ਮੰਤਰੀ ਵਜੋਂ ਅਹੁਦਾ ਸੰਭਾਲਿਆ। ਸੰਨ 1915 ਵਿਚ ਇਹ ਸੇਵਾ ਮੁਕਤ ਹੋ ਗਿਆ।

ਇਸ ਦੀ ਮੌਤ 22 ਫ਼ਰਵਰੀ, 1923 ਨੂੰ ਫ਼ਰਾਂਸ ਵਿਚ ਨੀਸ ਵਿਖੇ ਹੋਈ।

ਹ.ਪੁ.—ਐਨ. ਬ੍ਰਿ. ਮਾ. 3 : 972

**ਡੈਲਟਾ ਸੀਫੀ** : ਸੀਫੀਅਸ ਖਿੱਤੀ ਵਿਚ ਸੀਫੀਡ ਚੱਲਾਂ ਦੀ ਸ਼੍ਰੇਣੀ ਵਿਚੋਂ ਇਹ ਇਕ ਆਦਰਸ਼ ਰੂਪ ਦਾ ਤਾਰਾ ਹੈ। ਇਸਦੀ ਪ੍ਰਤੱਖ ਦ੍ਰਿਸ਼ਟੀਗਤ ਦੀਪਤੀ ਘੱਟ ਤੋਂ ਘੱਟ 4.34 ਅਤੇ ਵੱਧ ਤੋਂ ਵੱਧ ਲਗਭਗ 3.6 ਹੈ। ਸੰਨ 1784 ਵਿਚ ਅੰਗਰੇਜ਼ ਖ਼ਗੋਲਵੇਤਾ ਜਾੱਨ ਗੁਡਰਿਕੇ (John Goodricke) ਨੇ ਇਸ ਦੀ ਦੀਪਤੀ ਵਿਚ ਤਬਦੀਲੀ ਦੀ ਖੋਜ ਕੀਤੀ ਸੀ ਅਤੇ 1894 ਈ. ਵਿਚ ਇਸ ਦੀ ਕਿਰਨਗਤੀ ਵਿਚ ਆਵਰਤੀ-ਪਰਿਵਰਤਨ ਸਥਾਪਿਤ ਕੀਤੇ ਗਏ।

ਹ.ਪੁ.—ਐਨ. ਬ੍ਰਿ. ਮਾ. 3 : 453

**ਡੈਲਟਾ ਕਿਰਨਾਂ** : ਇਹ ਨਾਂ ਮੂਲ ਰੂਪ ਵਿਚ ਜੇ. ਜੇ ਟਾਮਸਨ ਨੇ ਉਨ੍ਹਾਂ ਮੰਦ ਗਤੀ ਵਾਲੇ ਇਲੈੱਕਟ੍ਰਾੱਨਾਂ ਦੀ ਧਾਰਾ ਲਈ ਵਰਤਿਆ ਜਿਹੜੇ ਪਦਾਰਥ ਜਾਂ ਮਾਦੇ ਉੱਤੇ ਐਲਫ਼ਾ ਕਣਾਂ ਦੇ ਟਕਰਾਉਣ ਨਾਲ ਉਤਸਰਜ ਹੋਏ ਸਨ (ਵਿਸਥਾਰ ਲਈ ਵੇਖੋ ਰੇਡੀਓਐਕਟਿਵਤਾ)।

ਹ.ਪੁ.—ਐਨ. ਬ੍ਰਿ. 7 : 209

**ਡੈਲਫ਼ਟ** : ਨੀਦਰਲੈਂਡਜ਼ ਵਿਚ ਜ਼ਾਇਡ ਹਾਲੈਂਡ ਪ੍ਰਾਂਤ ਵਿਚ ਰੋਟਾਰਡਮ ਅਤੇ ਹੇਗ ਵਿਚਕਾਰ ਸ਼ੀ ਦਰਿਆ ਦੇ ਕੰਢੇ ਵੱਸਿਆ ਸ਼ਹਿਰ ਹੈ। ਇਸ ਦੀ ਸਥਾਪਨਾ 1075 ਈ. ਵਿਚ ਕੀਤੀ ਗਈ ਸੀ ਅਤੇ 1246 ਈ. ਵਿਚ ਇਸ ਨੂੰ ਸ਼ਹਿਰੀ ਅਖ਼ਤਿਆਰ ਮਿਲੇ ਸਨ। ਇਸ ਸ਼ਹਿਰ ਨੂੰ 1536 ਈ. ਵਿਚ ਅੱਗ ਨਾਲ ਬਹੁਤ ਨੁਕਸਾਨ ਪਹੁੰਚਿਆ ਸੀ। 16ਵੀਂ ਅਤੇ 17ਵੀਂ ਸਦੀ ਵਿਚ ਇਹ ਵਪਾਰਕ ਕੇਂਦਰ ਸੀ 18ਵੀਂ ਸਦੀ ਵਿਚ ਰੋਟਾਰਡਮ ਇਸ ਨਾਲੋਂ ਵੱਧ ਉੱਨਤ ਹੋ ਗਿਆ

ਅੱਜਕੱਲ੍ਹ ਇਹ ਚੀਨੀ ਮਿੱਟੀ ਦੇ ਭਾਂਡੇ, ਨੀਲੇ ਅਤੇ ਚਿੱਟੇ ਮਿੱਟੀ ਦੇ ਭਾਂਡੇ ਬਣਾਉਣ ਤੋਂ ਇਲਾਵਾ ਆਧੁਨਿਕ ਸੱਨਅਤਾਂ ਦਾ ਕੇਂਦਰ ਵੀ ਹੈ। ਇਸ ਵਿਚ ਬਹੁਤ ਸਾਰੀਆਂ ਪੁਰਾਣੀਆਂ ਇਮਾਰਤਾਂ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਇਮਾਰਤਾਂ ਵਿਚ ਟਾਊਨ ਹਾਲ, ਗਾੱਥਿਕ ਗਿਰਜਾਘਰ, 14ਵੀਂ ਸਦੀ ਦਾ ਗਿਰਜਾਘਰ ਆਦਿ ਦੇ ਨਾਂ ਵਰਣਨਯੋਗ ਹਨ।

ਜਾਨ ਵਰਮੀਰ ਇਸ ਸ਼ਹਿਰ ਵਿਚ ਪੈਦਾ ਹੋਏ ਕਈ ਚਿੱਤਰਕਾਰਾਂ ਵਿਚੋਂ ਇਕ ਹੈ।

ਆਬਾਦੀ–86,278 (1983 ਅੰਦਾ.)

52° 00′ ਉ. ਵਿਥ.; 4° 21′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 973 ; ਐਨ. ਅਮੈ. 8 : 666

**ਡੈਲਫੀਨੀਆ** : ਇਹ ਤਿਉਹਾਰ ਯੂਨਾਨ ਦੇ ਵੱਖ ਵੱਖ ਸ਼ਹਿਰਾਂ ਵਿਚ ਅਪੋਲੋ ਦੇਵਤੇ ਦੇ ਸਨਮਾਨ ਵਿਚ ਹਰ ਸਾਲ 6 ਜਾਂ 7 ਅਪ੍ਰੈਲ ਨੂੰ ਮਨਾਇਆ ਜਾਂਦਾ ਸੀ। ਅਪੋਲੋ ਦੇਵਤੇ ਦਾ ਇਕ ਨਾਂ 'ਡੈਲਫ਼ੀਨੀਅਸ' ਵੀ ਹੈ। ਸਰਦੀ ਦੇ ਝੱਖੜਾਂ ਉਪਰੰਤ ਹਰ ਸਾਲ ਇਨ੍ਹਾਂ ਦਿਨਾਂ ਵਿਚ ਹੀ ਜਹਾਜ਼ਰਾਨੀ ਸ਼ੁਰੂ ਹੁੰਦੀ ਸੀ। ਇਸ ਮੌਕੇ ਤੇ ਏਥਨਜ਼ ਵਿਖੇ ਸੱਤ ਲੜਕੇ ਅਤੇ ਲੜਕੀਆਂ ਚਿੱਟੀ ਉੱਨ ਨਾਲ ਲਪੇਟੀਆਂ ਹੋਈਆਂ ਜ਼ੈਤੂਨ ਦੀਆਂ ਟਹਿਣੀਆਂ ਅਪੋਲੋ ਦੇਵਤੇ ਦੇ ਮੰਦਰ (ਡੈਲਫ਼ੀਨੀਅਮ) ਵਿਚ ਲੈ ਕੇ ਜਾਂਦੇ ਸਨ। ਇਸ ਤਰ੍ਹਾਂ ਦੇਵਤੇ ਨੂੰ ਖ਼ੁਸ਼ ਕੀਤਾ ਜਾਂਦਾ ਸੀ ਤਾਂ ਜੋ ਇਹ ਸਮੁੰਦਰ ਵਿਚ ਮਲਾਹਾਂ ਦੀ ਰੱਖਿਆ ਕਰੇ।

ਹ.ਪੁ.—ਐਨ. ਬ੍ਰਿ. ਮਾ. 3 : 452 ; ਐਨ. ਅਮੈ. 8 : 628.

**ਡੈਲਬਰਕ, ਬੈਰਟਾੱਲਡ** : ਜਰਮਨੀ ਦੇ ਇਸ ਭਾਸ਼ਾ ਵਿਗਿਆਨੀ ਦਾ ਜਨਮ 26 ਜੁਲਾਈ, 1842 ਨੂੰ ਪ੍ਰਸ਼ਾਅ ਵਿਚ ਪੁਟਬਸ (Putbus) ਵਿਖੇ ਹੋਇਆ। ਇਹ ਪਹਿਲਾ ਭਾਸ਼ਾ ਵਿਗਿਆਨੀ ਸੀ ਜਿਸ ਨੇ ਹਿੰਦ-ਯੂਰਪੀ ਭਾਸ਼ਾਵਾਂ ਬਾਰੇ ਤੁਲਨਾਤਮਕ ਵਾਕ ਰਚਨਾ ਦਾ ਅਧਿਐਨ ਕੀਤਾ। ਇਸ ਨੇ ਹਾਲੈ ਅਤੇ ਬਰਲਿਨ ਵਿਖੇ ਸਿੱਖਿਆ ਪ੍ਰਾਪਤ ਕੀਤੀ। ਸੰਨ 1870 ਤੋਂ 1912 ਤੱਕ ਇਹ ਯੇਨਾ ਯੂਨੀਵਰਸਿਟੀ ਵਿਖੇ ਸੰਸਕ੍ਰਿਤ ਅਤੇ ਤੁਲਨਾਤਮਕ ਭਾਸ਼ਾ ਵਿਗਿਆਨ ਦਾ ਪ੍ਰੋਫ਼ੈਸਰ ਰਿਹਾ। ਸੰਨ 1871 ਵਿਚ ਇਸ ਨੇ ਸੰਸਕ੍ਰਿਤ ਅਤੇ ਯੂਨਾਨੀ ਭਾਸ਼ਾ ਦੇ ਆਪਣੇ ਕਲਾਸਕੀ ਅਧਿਐਨ ਨੂੰ ਪ੍ਰਕਾਸ਼ਿਤ ਕੀਤਾ।

ਸੰਨ 1986 ਤੋਂ 1993 ਦੌਰਾਨ ਇਸ ਨੇ ਆਪਣੀ ਪੁਸਤਕ 'Grundries der vergliechenden Grammatik der indoger manixhan spachen' ਪੰਜ ਜਿਲਦਾਂ ਵਿਚ ਤਿਆਰ ਕੀਤੀ।

ਸੰਨ 1904 ਤੋਂ ਪਿਛੋਂ ਡੈਲਬਰਕ ਨੇ ਆਪਣਾ ਬਹੁਤਾ ਸਮਾਂ ਜਰਮਨ ਭਾਸ਼ਾ ਦੀ ਵਾਕ-ਰਚਨਾ ਵੱਲ ਲਗਾਇਆ। ਇਸ ਦੀ ਪੁਸਤਕ 'Einleitung in das sprachstudium' ਦਾ ਅਨੁਵਾਦ ਅੰਗਰੇਜ਼ੀ ਅਤੇ ਇਟਾਲਵੀ ਭਾਸ਼ਾ ਵ੍ਰਿਚ ਕੀਤਾ ਗਿਆ।

3 ਜਨਵਰੀ, 1922 ਨੂੰ ਯੇਨਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 445 ; ਕੋਲ. ਐਨ. 6 : 168 : ਐਨ. ਬ੍ਰਿ. 7.196

**ਡੈਲਮਨਹਾੱਰਸਟ** : ਜਰਮਨੀ ਦਾ ਇਹ ਇਕ ਉੱਘਾ ਉਦਯੋਗਿਕ ਸ਼ਹਿਰ ਹੈ ਜੋ ਬਰੇਮਨ ਦੇ ਪੱਛਮ ਵਿਚ 15 ਕਿ.ਮੀ. ਦੀ ਦੂਰੀ ਤੇ ਡੈਲਮੀ ਦਰਿਆ ਦੇ ਕੰਢੇ ਉੱਤੇ ਵਾਕਿਆ ਹੈ। ਇਸ ਸ਼ਹਿਰ ਸਬੰਧੀ ਸਭ ਤੋਂ ਪਹਿਲਾ ਹਵਾਲਾ 1254 ਈ. ਵਿਚ ਮਿਲਦਾ ਹੈ। ਇਹ ਸ਼ਹਿਰ ਓਲਡਨਬਰਗ ਦੇ ਡਿਊਕਾਂ ਦੇ ਖ਼ਾਨਦਾਨ ਦੀ ਇਕ ਸ਼ਾਖਾ ਦੇ ਇਕ ਖੰਦਕਦਾਰ ਕਿਲੇ ਦੇ ਦੁਆਲੇ ਵਿਕਸਿਤ ਹੋਇਆ। ਸੰਨ 1371 ਵਿਚ ਇਸਨੂੰ ਸ਼ਹਿਰ ਦਾ ਚਾਰਟਰ ਮਿਲਿਆ। ਹੌਲੀ ਹੌਲੀ ਇਹ ਸ਼ਹਿਰ ਕਾਫ਼ੀ ਵਿਕਸਿਤ ਹੋ ਗਿਆ। ਸੰਨ 1945 ਵਿਚ ਦੂਜੀ ਵੱਡੀ ਜੰਗ ਦੌਰਾਨ ਇਸ ਉਪਰ ਇਤਿਹਾਦੀਆਂ ਦਾ ਕਬਜ਼ਾ ਹੋਇਆ। ਇਥੋਂ ਦੀਆਂ ਸੜਕਾਂ ਖੁੱਲ੍ਹੀਆਂ ਹਨ ਅਤੇ ਸ਼ਹਿਰ ਵਿਚ ਲੱਗੇ ਬਾਗ਼ ਇਸ ਨੂੰ ਹੋਰ ਰਮਣੀਕ ਬਣਾਉਂਦੇ ਹਨ।

ਉੱਨ੍ਹੀਵੀਂ ਸਦੀ ਦੇ ਅੰਤ ਵਿਚ ਸ਼ਹਿਰ ਦਾ ਉਦਯੋਗੀਕਰਣ ਸ਼ੁਰੂ ਹੋਇਆ ਜਿਸ ਨਾਲ ਇਸਦੀ ਵਿਕਾਸ ਦਰ ਵਿਚ ਵੀ ਚੋਖਾ ਵਾਧਾ ਹੋਇਆ। ਉੱਨ, ਪਟਸਨ, ਕਾਰਕ, ਧਾਤ ਆਦਿ ਦੀਆਂ ਵਸਤਾਂ ਦੇ ਉਤਪਾਦਨ ਤੋਂ ਬਿਨਾਂ ਇਹ ਲਿਨੋਲੀਅਮ ਤਿਆਰ ਕਰਨ ਦਾ ਇਕ ਪ੍ਰਸਿੱਧ ਕੇਂਦਰ ਹੈ। ਕੱਪੜਾ, ਸ਼ਿੰਗਾਰ ਦਾ ਸਾਮਾਨ ਅਤੇ ਰਸਾਇਣਿਕ ਵਸਤਾਂ ਵੀ ਇਥੇ ਤਿਆਰ ਕੀਤੀਆਂ ਜਾਂਦੀਆਂ ਹਨ।

ਆਬਾਦੀ—71,888 (1983)

53° 4′ ਉ. ਵਿਥ.; 8° 34′ ਪੂ. ਲੰਬ.

ਹ.ਪੁ.—ਐਨ. ਬ੍ਰਿ. 7 : 206 ; ਐਨ. ਬ੍ਰਿ. ਮਾ. 3 : 450; ਐਨ. ਬ੍ਰਿ. ਮਾ. 3 : 977

**ਡੈਲਮੈਡੀਗੋ, ਐਲੀਜ਼ਾਹ** : ਇਸ ਦਾਰਸ਼ਨਿਕ ਦਾ ਜਨਮ ਸ਼ਾਇਦ 1460 ਵਿਚ ਯੂਨਾਨੀ ਟਾਪੂ ਕ੍ਰੀਟ ਵਿਚ ਕੈਂਡੀਆ (ਹੁਣ ਇਰਾਕਲੀਆੱਨ) ਵਿਖੇ ਹੋਇਆ। ਇਹ ਆਪਣੀ ਕਿਰਤ 'Behinat ha-dat' (ਧਰਮ ਦੀ ਪੜਤਾਲ) ਕਾਰਨ ਬਹੁਤ ਪ੍ਰਸਿੱਧ ਹੋਇਆ। ਇਸ ਪੁਸਤਕ ਵਿਚ ਇਸ ਨੇ ਕੱਬਾਲਾ ਯਹੂਦੀਆਂ ਦੇ ਰਹੱਸਵਾਦ ਦੀ ਆਲੋਚਨਾ ਕੀਤੀ। ਇਸ ਨੇ ਪੱਛਮ-ਉੱਤਰੀ ਅਫ਼ਰੀਕੀ ਫ਼ਿਲਾਸਫ਼ਰ ਅਤੇ ਲੇਖਕ ਐਵੀਰੋਜ਼ (Averroes) ਦੇ ਕੁਝ ਟੀਕਿਆਂ ਦਾ ਉਲਥਾ ਕੀਤਾ ਅਤੇ ਅਰਸਤੂ ਦੀ ਪੁਸਤਕ ' Pysica' ਦੀ ਲਾਤੀਨੀ ਭਾਸ਼ਾ ਵਿਚ ਵਿਆਖਿਆ ਕੀਤੀ।

ਇਸ ਦੀ ਮੌਤ ਸ਼ਾਇਦ 1497 ਵਿਚ ਕੈਂਡੀਆ ਵਿਖੇ ਹੋਈ।

ਹ.ਪੁ.—ਐਨ. ਬ੍ਰਿ. ਮਾ. 3 : 450

**ਡੈਲਮੈਡੀਗੋ, ਜੋਜ਼ੈਫ਼ ਸਾਲੋਮਨਨ** : ਇਸ ਦਾਰਸ਼ਨਿਕ ਅਤੇ ਵਿਗਿਆਨਕ ਦਾ ਜਨਮ 1591 ਵਿਚ ਕੈਂਡੀਆ, ਹੁਣ ਇਰਾਕਲੀਆੱਨ, ਵਿਖੇ ਹੋਇਆ। ਇਹ ਆਪਣੀ ਕਿਰਤ 'Masref lehokhma' ਕਾਰਨ ਬਹੁਤ ਪ੍ਰਸਿੱਧ ਹੋਇਆ। ਇਸ ਪੁਸਤਕ ਵਿਚ ਇਸ ਨੇ ਦੀਖਿਅਤ ਯਹੂਦੀਆਂ ਦੇ ਰੋਂਹਸਵਾਦ ਦਾ ਪੱਖ ਲਿਆ। ਜੋਜ਼ਫ਼ ਨੇ ਯੂਰਪ ਦੇ ਕਈ ਸ਼ਹਿਰਾਂ ਵਿਚ ਚੀਕਿਤਸਕ ਵਜੋਂ ਵੀ ਕੰਮ ਕੀਤਾ।

ਸੰਨ 1655 ਨੂੰ ਪ੍ਰਾਗ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬਿ. ਮਾ. 3 : 450.

**ਡੈਲਾਗੋਆ ਖਾੜੀ** : ਅਫ਼ਰੀਕਾ ਦੇ ਦੱਖਣ-ਪੂਰਬੀ ਤੱਟ ਉਪਰ ਮੌਜ਼ੰਬੀਕ ਦੀ ਦੱਖਣੀ ਹੱਦ ਦੇ ਨੇੜੇ ਇਹ ਹਿੰਦ ਮਹਾਂਸਾਗਰ ਦੀ ਇਕ ਖਾੜੀ ਹੈ। ਇਸ ਦਾ ਨਾਂ ਲਾਰੈਂਟਸੋ ਮਾਰਕੈੱਸ ਖਾੜੀ ਵੀ ਹੈ। ਇਸ ਦੀ ਲੰਬਾਈ 48 ਕਿ.ਮੀ. ਅਤੇ ਚੌੜਾਈ 26.6 ਕਿ.ਮੀ. ਹੈ। ਇਸ ਖਾੜੀ ਦੇ ਵਿਚ ਇਨਹਾਕਾ ਟਾਪੂ ਹੈ ਅਤੇ ਇਸ ਦੇ ਪੂਰਬ ਵੱਲ ਇਨਹਾਕਾ ਪ੍ਰਾਇਦੀਪ ਹੈ ਜਿਸ ਦੇ ਇਕ ਸਿਰੇ ਉਪਰ ਮੌਜ਼ੰਬੀਕ ਦੀ ਰਾਜਧਾਨੀ ਮਾਪੂਟੋ ਵਾਕਿਆ ਹੈ। ਅੱਜਕੱਲ੍ਹ ਇਹ ਦੱਖਣੀ ਅਫ਼ਰੀਕਾ ਗਣਰਾਜ ਦੇ ਸੋਨੇ ਅਤੇ ਹੀਰਿਆਂ ਵਾਲੇ ਖੇਤਰ ਵੱਲ ਜਾਣ ਲਈ ਵਧੀਆ ਬੰਦਰਗਾਹ ਦਾ ਕੰਮ ਦਿੰਦੀ ਹੈ।

ਡੈਲਾਗੋਆ ਖਾੜੀ ਦੀ ਖੋਜ 1502 ਈ. ਵਿਚ ਵਾਸਕੋਡੀਗਾਮਾ ਦੀ ਅਫ਼ਰੀਕਾ ਦੁਆਲੇ ਦੀ ਦੂਜੀ ਯਾਤਰਾ ਦੌਰਾਨ

ਅੰਟੋਨੀਓ ਦੂ ਕੈਂਪੋ ਨਾਂ ਦੇ ਇਕ ਕਮਾਂਡਰ ਨੇ ਕੀਤੀ ਸੀ। ਇਸ ਪਿੱਛੋਂ ਪੁਰਤਗੇਜ਼ੀ ਵਪਾਰੀ ਲਾਰੈਂਟਸੋ ਮਾਰਕੈੱਸ 1544 ਈ. ਵਿਚ ਇਥੇ ਆਇਆ ਸੀ ਤੇ ਉਸ ਨੇ ਗੋਆ (ਭਾਰਤ) ਤੋਂ ਯੂਰਪ ਵੱਲ ਪਰਤਣ ਵਾਲੇ ਜਹਾਜ਼ਾਂ ਲਈ ਇਥੇ ਇਕ ਪੜਾਅ ਦੀ ਸਥਾਪਨਾ ਕੀਤੀ ਸੀ।

ਸੰਨ 1875 ਵਿਚ ਪੁਰਤਗੇਜ਼ੀਆਂ ਨੂੰ ਸੌਂਪੇ ਜਾਣ ਤੋਂ ਪਹਿਲਾਂ ਪੁਰਤਗੇਜ਼ੀਆਂ, ਵਲੰਦੇਜ਼ੀਆਂ, ਅੰਗਰੇਜ਼ਾਂ ਅਤੇ ਬੋਅਰ ਲੋਕਾਂ ਵਿਚਕਾਰ ਇਹ ਝਗੜੇ ਦਾ ਕਾਰਨ ਹੀ ਬਣੀ ਰਹੀ ਹੈ।

ਹ.ਪੁ.—ਐਨ. ਬ੍ਰਿ. ਮਾ. 3 : 441 ; ਐਨ. ਅਮੈ. 8 : 648

**ਡੈਲਾ ਰੋਬੀਆ** : ਵੇਖੋ, ਰੋਬੀਆ ਡੈਲਾ

**ਡੈਲਾਵੇਅਰ (ਦਰਿਆ)** : ਸੰਯੁਕਤ ਰਾਜ ਅਮਰੀਕਾ ਦੇ ਉੱਤਰੀ-ਪੂਰਬੀ ਹਿੱਸੇ ਦਾ ਦਰਿਆ ਹੈ। ਇਸ ਦੀ ਆਪਣੀ ਲੰਬੀ ਸਹਾਇਕ ਨਦੀ ਸਮੇਤ ਲੰਬਾਈ 648 ਕਿ. ਮੀ. (405 ਮੀਲ) ਹੈ। ਇਹ ਦੋ ਸ਼ਾਖ਼ਾਵਾਂ ਦੇ ਮਿਲਣ ਨਾਲ ਹੋਂਦ ਵਿਚ ਆਉਂਦਾ ਹੈ। ਇਸ ਦੀ ਮੁੱਖ ਜਾਂ ਪੱਛਮੀ ਸ਼ਾਖ ਨਿਊਯਾਰਕ ਦੀ ਸਕੋਹੈਰੀ ਕਾਉਂਟੀ ਵਿਚੋਂ ਸਮੁੰਦਰ ਤਲ ਤੋਂ 575 ਮੀ. ਦੀ ਉੱਚਾਈ ਉਪਰੋਂ ਨਿਕਲਦੀ ਹੈ ਜਿਹੜੀ ਪਠਾਰ ਵਿਚੋਂ ਆਪਣਾ ਰਾਹ ਬਣਾ ਕੇ ਕੈਟਸਕਿੱਲਜ਼ ਪਹਾੜਾਂ ਵਿਚੋਂ ਬਾਹਰ ਆ ਜਾਂਦੀ ਹੈ। ਡੈਲਾਵੇਅਰ ਕਾਉਂਟੀਆਂ ਵਿਚੋਂ ਇਸ ਦਰਿਆ ਦੀਆਂ ਹੋਰ ਕਈ ਸ਼ਾਖਾਵਾਂ ਨਿਕਲਦੀਆਂ ਹਨ। ਪੂਰਬੀ ਅਤੇ ਪੱਛਮੀ ਸ਼ਾਖਾਵਾਂ ਦੇ ਮੇਲ ਤੋਂ ਪਿੱਛੋਂ ਇਹ ਡੈਲਾਵੇਅਰ ਕਾਉਂਟੀ ਵਿਚ ਦੱਖਣ-ਪੂਰਬ ਦੀ ਦਿਸ਼ਾ ਵਿਚ ਵਗਦਾ ਹੈ ਜਿਥੇ ਇਹ ਪੈਨਸਿਲਵੇਨੀਆ-ਨਿਊਯਾਰਕ, ਪੈਨਸਿਲਵੇਨੀਆ—ਨਿਊਜਰਸੀ ਅਤੇ ਡੈਲਾਵੇਅਰ-ਨਿਊ ਜਰਸੀ ਵਿਚਲੀਆਂ ਹੱਦਾਂ ਬਣਾ ਕੇ ਅੱਗੇ ਇਸੇ ਦਿਸ਼ਾ ਵਿਚ ਵਗਦਾ ਰਹਿੰਦਾ ਹੈ। ਪਰਬਤਾਂ, ਪਠਾਰਾਂ ਵਿਚੋਂ ਦੀ ਰਾਹ ਬਣਾਉਂਦਾ ਹੋਇਆ ਇਹ ਐਪਾਲੇਚੀਅਨ ਵਾਦੀ ਨੂੰ ਪਾਰ ਕਰ ਕੇ ਕਿਟਾਟਿਨੀ ਪਰਬਤਾਂ ਦੇ ਦੁਆਲੇ ਘੁੰਮਦਾ ਹੋਇਆ ਰੇਤ ਪੱਥਰਾਂ ਵਾਲੀਆਂ ਚਟਾਨਾਂ ਵਿਚੋਂ ਅਤੇ ਡੈਲਾਵੇਅਰ ਦੱਰੇ ਵਿਚੋਂ ਹੋ ਕੇ ਫਾਰਮਾਂ ਅਤੇ ਜੰਗਲਾਂ ਵਾਲੇ ਇਲਾਕੇ ਵਿਚ ਆ ਜਾਂਦਾ ਹੈ। ਅੱਗੇ ਈਸਟਨ ਸ਼ਹਿਰ ਨੇੜੇ ਇਹ ਫਿਰ ਪਰਬਤੀ ਖੇਤਰ ਵਿਚ ਵੜ ਜਾਂਦਾ ਹੈ। ਇਸ ਤੋਂ ਅੱਗੇ ਇਹ ਝਾਲਾਂ ਬਣਾਉਂਦਾ ਹੋਇਆ ਟ੍ਰੈਂਟਨ ਨੇੜੇ 2.4 ਮੀ. (8 ਫੁੱਟ) ਹੇਠਾਂ ਡਿਗ ਜਾਂਦਾ ਹੈ। ਅਗਲੇ ਹਿੱਸੇ ਵਿਚ ਇਸ ਦੀ ਚੌੜਾਈ ਪਹਿਲਾਂ ਨਾਲੋਂ ਬਹੁਤ ਵੱਧ ਜਾਂਦੀ ਹੈ। ਚੌੜੇ ਰੁਖ ਪਾਣੀ ਦੇ ਫੈਲਣ ਨਾਲ ਦਰਿਆ ਦੇ ਆਸਪਾਸ ਦਲਦਲਾਂ ਵੀ ਬਣੀਆਂ ਹੋਈਆਂ ਹਨ। ਸਮੁੰਦਰ ਨੇੜੇ ਇਸ ਦਾ ਮੁਹਾਣਾ ਦਲਦਲੀ ਜਿਹਾ ਹੈ। ਅਖ਼ੀਰ ਇਹ ਐਸਚੂਅਰੀ ਬਣਾ ਕੇ ਅੰਧ ਮਹਾਂਸਾਗਰ ਦੇ ਤਟ ਉਪਰ ਡੈਲਾਵੇਅਰ ਖਾੜੀ ਵਿਚ ਵਿਲੀਨ ਹੋ ਜਾਂਦਾ ਹੈ।

ਇਹ ਦਰਿਆ ਜਹਾਜ਼ਰਾਨੀ ਲਈ ਬਹੁਤ ਹੀ ਲਾਹੇਵੰਦ ਹੈ। 19ਵੀਂ ਸਦੀ ਵਿਚ ਰੇਲਾਂ ਦਾ ਜਾਲ ਵਿਛਣ ਤੋਂ ਪਹਿਲਾਂ ਇਹ ਢੋਆ-ਢੁਆਈ ਦਾ ਸਾਧਨ ਹੁੰਦਾ ਸੀ। ਇਹ ਸੰਯੁਕਤ ਰਾਜ ਅਮਰੀਕਾ ਦੀ ਮਸ਼ਹੂਰ ਸੱਨਅਤੀ ਪੱਟੀ ਵਿਚੋਂ ਲੰਘਦਾ ਹੈ। ਇਸੇ ਕਰਕੇ ਇਸ ਦੀ ਵਪਾਰਕ ਮਹੱਤਤਾ ਵੀ ਹੈ। ਟ੍ਰੈਂਟਨ ਤੋਂ ਵਿਲਮਿੰਗਟਨ ਤੱਕ ਦੀ ਸੱਨਅਤੀ ਪੱਟੀ ਦੀ ਸਾਰੀ ਢੋਆ-ਢੁਆਈ ਇਸੇ ਦਰਿਆ ਰਸਤਿਓਂ ਹੁੰਦੀ ਹੈ। ਮੱਧਵਰਤੀ ਪੂਰਬੀ ਦੇਸ਼ਾਂ ਵੱਲੋਂ ਆਉਂਦੇ ਤੇਲ ਨੂੰ ਇਹ ਫ਼ਿਲਾਡੈਲਫ਼ੀਆ ਅਤੇ ਆਸਪਾਸ ਦੇ ਹੋਰ ਤੇਲ-ਸੋਧਕ ਕਾਰਖ਼ਾਨਿਆਂ ਨੂੰ ਤੇਲ-ਲੱਦੇ ਜਹਾਜ਼ ਢੋਂਦਾ ਹੈ। ਡੈਲਾਵੇਅਰ ਦੇ ਕੰਢਿਆਂ ਉੱਪਰ ਪੋਰਟ ਜਰਵਿਸ, ਈਸਟਨ, ਫ਼ਿਲਾਡੈਲਫ਼ੀਆ, ਚੈਸਟਰ, ਟ੍ਰੈਂਟਨ, ਵਿਲਮਿੰਗਟਨ ਆਦਿ ਮਸ਼ਹੂਰ ਸੱਨਅਤੀ ਸ਼ਹਿਰ ਵਸੇ ਹੋਏ ਹਨ।

ਇਸ ਦਰਿਆ ਦੀ ਖੋਜ ਦਾ ਇਤਿਹਾਸ ਡੱਚ ਈਸਟ ਇੰਡੀਆ ਕੰਪਨੀ ਦੀਆਂ ਖੋਜਾਂ ਨਾਲ ਆਰੰਭ ਹੁੰਦਾ ਹੈ। ਸੰਨ 1609 ਵਿਚ ਇਸ ਕੰਪਨੀ ਦੇ ਖੋਜੀ, ਹੈਨਰੀ ਹਡਸਨ ਨੇ ਡੈਲਾਵੇਅਰ ਖਾੜੀ ਦਾ ਪਤਾ ਲਗਾਇਆ ਸੀ। ਫਿਰ ਅਗਲੇ ਸਾਲ ਇਸ ਦਾ ਇਕ ਸਾਥੀ ਸਰ ਸੈਮੂਅਲ ਆਰਗਲ ਦਰਿਆ ਤੀਕ ਪਹੁੰਚਿਆ ਤੇ ਉਸ ਨੇ ਵਰਜੀਨੀਆ ਦੇ ਗਵਰਨਰ ਲਾਰਡ ਡੀ. ਵਾਡ ਦੇ ਨਾਂ ਤੇ ਇਸ ਦਾ ਨਾਂ ਰੱਖਿਆ। ਸੰਨ 1616 ਵਿਚ ਕਾਰਨੇਲੀਅਸ ਡੈਨਡ੍ਰਿਕਸਨ ਨੇ ਦਰਿਆ ਦੇ ਹੇਠਲੇ ਹਿੱਸੇ ਦੀ ਖੋਜ ਕੀਤੀ। 17ਵੀਂ ਸਦੀ ਦੇ ਪਹਿਲੇ ਅੱਧ ਵਿਚ ਵਲੰਦੇਜ਼ੀ ਅਤੇ ਸਵੀਡੀ ਦਰਿਆ ਦੇ ਆਲੇ-ਦੁਆਲੇ ਵੱਸ ਗਏ। ਸੰਨ 1664 ਵਿਚ ਵਲੰਦੇਜ਼ੀਆਂ ਦੀਆਂ ਬਸਤੀਆਂ ਉੱਪਰ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਸੰਨ 1682 ਵਿਚ ਵਿਲੀਅਮ ਪੈਨ ਨਾਂ ਦੇ ਅੰਗਰੇਜ਼ ਕੁਏਕਰ ਨੇ ਇਸ ਦਰਿਆ ਦੇ ਕੰਢੇ ਫਿਲਾਡੈਲਫ਼ੀਆ ਸ਼ਹਿਰ ਦੀ ਯੋਜਨਾ ਬਣਾਈ। ਅਮਰੀਕੀ ਖ਼ਾਨਾਜੰਗੀ ਵਿਚ ਵੀ ਇਸ ਦਰਿਆ ਦਾ ਜ਼ਿਕਰ ਮਿਲਦਾ ਹੈ। ਜਾਰਜ ਵਾਸ਼ਿੰਗਟਨ ਟ੍ਰੈਂਟਨ ਉੱਤੇ ਚੜ੍ਹਾਈ ਕਰਦੇ ਸਮੇਂ ਇਸ ਦਰਿਆ ਦੇ ਉਪਰੋਂ ਦੀ ਤਿੰਨ ਵਾਰੀ ਗੁਜ਼ਰਿਆ ਸੀ।

39° 20′ ਉ. ਵਿਥ.; 75° 25′ ਪੱ. ਲੰਬ.

ਹ.ਪੁ.—ਐਨ. ਅਮੈ. 8 : 663 ; ਐਨ. ਬ੍ਰਿ. ਮਾ. 3 : 444

**ਡੈਲਾਵੇਅਰ (ਖਾੜੀ)** : ਉੱਤਰੀ ਅੰਧ ਮਹਾਂਸਾਗਰ ਦਾ ਇਕ ਹਿੱਸਾ ਸੰਯੁਕਤ ਰਾਜ ਅਮਰੀਕਾ ਦੇ ਨਿਊ ਜਰਸੀ ਰਾਜ ਦੇ ਦੱਖਣ-ਪੱਛਮੀ ਅਤੇ ਡੈਲਾਵੇਅਰ ਦੇ ਪੂਰਬੀ ਹਿੱਸੇ ਵਿਚ ਧਸਿਆ ਹੋਇਆ ਹੈ। ਉਹੋ ਹਿੱਸਾ ਹੀ ਡੈਲਾਵੇਅਰ ਖਾੜੀ ਅਖ਼ਵਾਉਂਦਾ ਹੈ। ਡੈਲਾਵੇਅਰ ਦੇ ਐਲਾਵੇ ਸ਼ਾਖਾ ਨਾਲ ਮਿਲਣ ਵਾਲੀ ਥਾਂ ਤੋਂ ਇਹ ਕੋਈ 84 ਕਿ. ਮੀ. ਦੱਖਣ-ਪੂਰਬ ਵਿਚ ਫੈਲਿਆ ਹੋਇਆ ਹੈ। ਇਹ ਇਕ ਤੱਟ ਤੋਂ ਦੂਜੇ ਤੱਟ ਵੱਲ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਕ ਚੈਨਲ ਦੇ ਰਸਤਿਓਂ ਇਸ ਵਿਚੋਂ ਫਿਲਾਡੈਲਫ਼ੀਆ ਵੱਲ ਆਵਾਜਾਈ ਹੁੰਦੀ ਹੈ।

39° 05′ ਉ. ਵਿਥ.; 75° 15′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 445

**ਡੈਲਾਵੇਅਰ : ਰਾਜ** — ਸੰਯੁਕਤ ਰਾਜ ਅਮਰੀਕਾ ਦੇ ਸਭ ਤੋਂ ਪਹਿਲੇ ਸਥਾਪਿਤ 13 ਰਾਜਾਂ ਵਿਚੋਂ ਇਹ ਇਕ ਰਾਜ ਹੈ। ਇਸ ਦਾ ਵਿਸਤਾਰ ਅੰਧ ਮਹਾਂਸਾਗਰ ਤੇ ਤੱਟ ਦੇ ਨਾਲ ਨਾਲ ਸੰਯੁਕਤ ਰਾਜ ਅਮਰੀਕਾ ਦੇ ਪੂਰਬੀ ਹਿੱਸੇ ਵਿਚ ਡੈਲਾਵੇਅਰ ਦਰਿਆ ਦੇ ਨਾਲ ਨਾਲ ਹੈ। ਇਸ ਦੀ ਰਾਜਧਾਨੀ ਡੋਵਰ ਹੈ। ਆਕਾਰ ਪੱਖੋਂ ਇਹ ਖੇਤਰ ਤੰਗ ਜਿਹੀ ਪੱਟੀ ਦੀ ਸ਼ਕਲ ਵਿਚ ਹੈ। ਉੱਤਰ ਤੋਂ ਦੱਖਣ ਨੂੰ ਇਸ ਦੀ ਲੰਬਾਈ 16.0 ਕਿ. ਮੀ. ਹੈ ਅਤੇ ਚੌੜਾਈ 16 ਤੋਂ 56 ਕਿ. ਮੀ. ਤੱਕ ਹੈ। ਇਸ ਰਾਜ ਦੀਆਂ ਹੱਦਾਂ ਉੱਤਰ ਵੱਲ ਪੈਨਸਿਲਵੇਨੀਆ, ਉੱਤਰ-ਪੂਰਬ ਵਿਚ ਨਿਊ ਜਰਸੀ, ਪੂਰਬ ਵਿਚ ਡੈਲਾਵੇਅਰ ਖਾੜੀ, ਦੱਖਣ ਅਤੇ ਪੱਛਮ ਵਿਚ ਮੇਰੀਲੈਂਡ ਨਾਲ ਲਗਦੀਆਂ ਹਨ। ਪੂਰੇ ਰਾਜ ਦਾ ਖੇਤਰਫਲ ਅੰਦਰੂਨੀ ਜਲ-ਮਾਰਗਾਂ ਦੇ ਰਕਬੇ ਸਮੇਤ 5,232 ਵ.ਕਿ.ਮੀ. (2,044 ਵ. ਮੀ.) ਅਤੇ ਆਬਾਦੀ 689,000 (1992) ਸੀ। ਰਕਬੇ ਪੱਖੋਂ ਇਹ ਦੇਸ਼ ਭਰ ਵਿਚ ਦੂਜਾ ਛੋਟਾ ਰਾਜ ਹੈ। ਭੂ ਆਕ੍ਰਿਤੀ ਵਿਗਿਆਨ ਪੱਖੋਂ ਇਹ ਨੀਵਾਂ ਜਿਹਾ ਮੈਦਾਨੀ ਖੇਤਰ ਹੈ ਜਿਹੜਾ ਪੱਟੀ ਦੀ ਸ਼ਕਲ ਵਿਚ ਸਮੁੰਦਰ ਦੇ ਨਾਲ ਨਾਲ ਫੈਲਿਆ ਹੋਇਆ ਹੈ। ਇਹ ਸਾਰੀ ਤੱਟੀ ਪੱਟੀ ਕਾਫ਼ੀ ਉਪਜਾਊ ਹੈ। ਇਸ ਦੀ ਉੱਚਾਈ ਕਿਤੇ ਕਿਤੇ ਸਮੁੰਦਰ ਤਲ ਤੋਂ 18 ਮੀ. ਜਾਂ ਇਸ ਤੋਂ ਵੱਧ ਹੈ। ਦੱਖਣ ਵਿਚ ਇਸ ਦੀ ਧਰਾਤਲ ਕਾਫੀ ਰੇਤਲੀ ਹੈ। ਰਾਜ ਦੇ ਉੱਤਰ-ਪੱਛਮੀ ਹਿੱਸੇ ਵਿਚ ਢਲਾਣੂ ਜਿਹੀਆਂ ਪਹਾੜੀਆਂ ਵੀ ਹਨ ਜਿਨ੍ਹਾਂ ਦੀ ਵੱਧ ਤੋਂ ਵੱਧ ਉੱਚਾਈ ਸਿਰਫ਼ 134 ਮੀ. ਹੈ।

ਇਸ ਰਾਜ ਦੀ ਜਲਵਾਯੂ ਮਧਵਰਤੀ ਅੰਧ ਮਹਾਂਸਾਗਰੀ ਖੇਤਰ ਵਾਲੀ ਹੈ। ਇਥੇ ਸਾਲ ਭਰ ਵਿਚ ਔਸਤ ਵਰਖਾ 1,076 ਮਿ.ਮੀ

(45 ਇੰਚ) ਹੁੰਦੀ ਹੈ। ਵਧੇਰੇ ਵਰਖਾ ਅਗਸਤ ਮਹੀਨੇ ਵਿਚ ਹੁੰਦੀ ਹੈ। ਉੱਤਰੀ ਅਤੇ ਦੱਖਣੀ ਖੇਤਰਾਂ ਦੇ ਤਾਪਮਾਨਾਂ ਵਿਚ ਬਹੁਤਾ ਅੰਤਰ ਨਹੀਂ ਹੁੰਦਾ। ਤੱਟ ਦੇ ਨਾਲ ਲਗਵੇਂ ਹਿੱਸੇ ਵਿਚ ਅੰਦਰੂਨੀ ਖੇਤਰਾਂ ਨਾਲੋਂ ਗਰਮੀਆਂ ਵਿਚ ਘੱਟ ਗਰਮੀ ਅਤੇ ਸਰਦੀਆਂ ਵਿਚ ਘੱਟ ਸਰਦੀ ਰਹਿੰਦੀ ਹੈ। ਇਥੇ ਸਾਲ ਵਿਚ 38 ਸੈਂ. ਮੀ. ਬਰਫ਼ ਵੀ ਡਿਗਦੀ ਹੈ।

ਬਨਸਪਤੀ ਅਤੇ ਜੀਵ-ਜੰਤੂਆਂ ਦੀ ਇਥੇ ਭਰਮਾਰ ਹੈ। ਉੱਤਰੀ ਅਤੇ ਦੱਖਣੀ ਖੇਤਰਾਂ ਵਿਚ ਬਨਸਪਤੀ ਦੀਆਂ ਕਿਸਮਾਂ ਵੱਖਰੀਆਂ ਹਨ। ਦਲਦਲੀ ਖੇਤਰਾਂ ਵਿਚ ਦਲਦਲੀ ਕਿਸਮਾਂ ਦੀ ਬਨਸਪਤੀ ਹੈ। ਚੀਲ ਅਤੇ ਨਰਮ ਲੱਕੜ ਦੇ ਦਰਖਤ ਦੱਖਣੀ ਹਿੱਸਿਆਂ ਵਿਚ ਪਾਏ ਜਾਂਦੇ ਹਨ। ਜੀਵ-ਜੰਤੂਆਂ ਦੀਆਂ ਵੀ ਇਥੇ ਅਨੇਕਾਂ ਕਿਸਮਾਂ ਹਨ। ਸਮੁੰਦਰ ਦੇ ਨੇੜੇ ਹੋਣ ਕਾਰਨ ਸਮੁੰਦਰੀ ਜੀਵ-ਜੰਤੂਆਂ ਦਾ ਇਹ ਗਰਮੀਆਂ ਦਾ ਟਿਕਾਣਾ ਹੈ। ਬੱਤਖਾਂ, ਮੁਰਗ਼ਾਬੀਆਂ ਤੇ ਅਨੇਕਾਂ ਹੋਰ ਸਮੁੰਦਰੀ ਜੀਵ-ਜੰਤੂ ਵੀ ਇਥੇ ਰਹਿੰਦੇ ਹਨ। ਸਾਗਰੀ ਅਤੇ ਅੰਦਰੂਨੀ ਜਲ-ਮਾਰਗ ਵਿਚ ਲੂਣੇ ਅਤੇ ਤਾਜ਼ੇ ਪਾਣੀ ਦੀਆਂ ਮੱਛੀਆਂ ਦੀਆਂ ਕਿਸਮਾਂ ਮਿਲਦੀਆਂ ਹਨ।

ਇਥੋਂ ਦੀ ਆਰਥਿਕਤਾ ਦਾ ਧੁਰਾ ਸੱਨਅਤਾਂ ਹਨ। ਰਾਜ ਦੀ ਲਗਭਗ ਇਕ ਤਿਹਾਈ ਵਸੋਂ ਇਸੇ ਖੇਤਰ ਵਿਚ ਹੈ। ਇਥੇ ਸੱਨਅਤਾਂ ਲਈ ਖਣਿਜ ਘੱਟ ਹੀ ਹਨ। ਇਥੇ ਰੇਤ ਅਤੇ ਕੰਕਰ ਹੀ ਉਪਲਭਧ ਹਨ। ਦੋ ਸਦੀਆਂ ਪਹਿਲਾਂ ਇਥੋਂ ਲੋਹਾ ਕੱਢਿਆ ਗਿਆ ਸੀ ਪਰ ਅੱਜਕੱਲ੍ਹ ਕਾਓਲਿਨ ਅਤੇ ਗ੍ਰੇਨਾਈਟ ਹੀ ਕੱਢੇ ਜਾਂਦੇ ਹਨ। ਸਭ ਤੋਂ ਵੱਧ ਕਾਰਖ਼ਾਨੇ ਵਿਲਮਿੰਗਟਨ ਵਿਚ ਸਥਾਪਿਤ ਕੀਤੇ ਗਏ ਹਨ। ਇਸ ਨੂੰ ਰਸਾਇਣ ਕਾਰਖ਼ਾਨਿਆਂ ਦਾ ਸ਼ਹਿਰ ਵੀ ਆਖਦੇ ਹਨ। ਇਥੇ ਰਸਾਇਣ ਕਲ-ਪੁਰਜ਼ੇ, ਕਾਗਜ਼, ਚਮੜਾ, ਕੱਪੜਾ, ਇਸਪਾਤ, ਬੈਟਰੀਆਂ ਬਣਾਉਣ ਅਤੇ ਖਾਣ-ਪੀਣ ਦੀਆਂ ਚੀਜ਼ਾਂ ਤਿਆਰ ਕਰਨ ਦੇ ਕਾਰਖ਼ਾਨੇ ਸਥਾਪਿਤ ਹਨ। ਸਭ ਤੋਂ ਮਹੱਤਵਪੂਰਨ ਸੱਨਅਤ ਡੈਲਾਵੇਅਰ ਦਰਿਆ ਦੇ ਨਾਲ ਨਾਲ ਸਮੁੰਦਰੀ ਜਹਾਜ਼ ਬਣਾਉਣ ਦੀ ਹੈ।

ਦੋ ਸਦੀਆਂ ਪਹਿਲਾਂ ਖੇਤੀਬਾੜੀ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਹੋਇਆ ਕਰਦਾ ਸੀ ਅਤੇ ਅਨਾਜ ਇਥੋਂ ਦੀ ਵਿਸ਼ੇਸ਼ ਪੈਦਾਵਾਰ ਸੀ ਪਰ ਅੱਜਕੱਲ੍ਹ ਖੇਤੀਬਾੜੀ ਤੋਂ ਜ਼ਿਆਦਾ ਮਹੱਤਤਾ ਪਸ਼ੂ-ਪਾਲਣ ਨੂੰ ਦਿੱਤੀ ਜਾਂਦੀ ਹੈ। ਇਥੇ ਫਲਾਂ ਦੀ ਪੈਦਾਵਾਰ ਵੀ ਕੀਤੀ ਜਾਂਦੀ ਹੈ। ਡੇਅਰੀ ਅਤੇ ਪਸ਼ੂ-ਪਾਲਣ, ਮੁਰਗੀ-ਪਾਲਣ ਵੀ ਇਥੋਂ ਦੇ ਕਿਸਾਨਾਂ ਦੇ ਖੇਤੀਬਾੜੀ ਨਾਲ ਸਬੰਧਤ ਕੰਮ-ਕਾਜ ਹਨ।

ਡੈਲਾਵੇਅਰ ਵਿਚ ਆਵਾਜਾਈ ਦੇ ਵਧੀਆ ਸਾਧਨ ਚੈਸਾਪੀਕ ਅਤੇ ਡੈਲਾਵੇਅਰ ਨਹਿਰਾਂ ਹਨ। ਇਨ੍ਹਾਂ ਰਾਹੀਂ ਫ਼ਿਲਾਡੈਲਫੀਆ ਅਤੇ ਬਾਲਟੀਮੋਰ ਵਿਚਕਾਰ ਸਫ਼ਰ ਆਮ ਸਫ਼ਰ ਨਾਲੋਂ ਬਹੁਤ ਘੱਟ ਜਾਂਦਾ ਹੈ। ਇਹ ਨਹਿਰ ਇਕ ਤਰ੍ਹਾਂ ਨਾਲ ਉੱਤਰੀ ਸੱਨਅਤੀ ਖੇਤਰ ਨੂੰ ਹੇਠਲੇ ਡੈਲਾਵੇਅਰ ਰਾਜ ਨਾਲੋਂ ਵੱਖ ਕਰਦੀ ਹੈ। ਇਸ ਰਾਜ ਵਿਚ 12 ਹਵਾਈ ਅੱਡੇ ਹਨ। ਸੰਨ 1986 ਵਿਚ ਰੇਲ ਪਟੜੀ ਦੀ ਲੰਬਾਈ 456 ਕਿ. ਮੀ. (285 ਮੀਲ) ਸੀ। ਰਾਜ ਵਿਚ ਸੜਕਾਂ ਵੀ ਹਨ। ਸੰਨ 1986 ਅਨੁਸਾਰ 7,523 (4,702 ਮੀਲ) ਲੰਬੀਆਂ ਸੜਕਾਂ ਆਵਾਜਾਈ ਦਾ ਵਸੀਲਾ ਸਨ।

ਡੈਲਾਵੇਅਰ ਰਾਜ ਵਾਲੇ ਖੇਤਰ ਵਿਚ ਪਹਿਲੀ ਸਥਾਈ ਬਸਤੀ ਦੀ ਸਥਾਪਨਾ 1638 ਈ. ਵਿਚ ਵਿਲਮਿੰਗਟਨ ਵਿਖੇ ਸਵੀਡੀ ਲੋਕਾਂ ਨੇ ਕੀਤੀ ਸੀ। ਸੰਨ 1655 ਵਿਚ ਨਿਊ ਐਮਸਟਰਡਮ ਦੇ ਵਲੰਦੇਜ਼ੀ ਗਵਰਨਰ ਨੇ ਨਿਊ ਸਵੀਡਨ (ਵਿਲਮਿੰਗਟਨ ਦੇ ਦੱਖਣ ਤੋਂ ਫ਼ਿਲਾਡੈਲਫੀਆ ਤੱਕ ਦਾ ਇਲਾਕਾ) ਉੱਤੇ ਕਬਜ਼ਾ ਕਰ ਲਿਆ। ਉਦੋਂ ਇਥੇ 1000 ਦੇ ਲਗਭਗ ਵਸੋਂ ਸੀ। ਇਹ ਸਾਰਾ ਖੇਤਰ ਹੁਣ ਵਲੰਦੇਜ਼ੀਆਂ ਦੇ ਕੋਲ ਚਲਾ ਗਿਆ ਸੀ। ਇਹ ਲੋਕ ਅਮਰੀਕਾ ਦੀਆਂ ਅੰਗਰੇਜ਼ਾਂ ਅਧੀਨ ਬਸਤੀਆਂ ਦੇ ਵਪਾਰ ਵਿਚ ਖੁੱਲ੍ਹਮ-ਖੁੱਲ੍ਹਾ ਹਿੱਸਾ ਲੈ ਰਹੇ ਸਨ ਜਿਸ ਤੋਂ ਅੰਗਰੇਜ਼ ਕਾਫ਼ੀ ਨਾਰਾਜ਼ ਸਨ। ਇਨ੍ਹਾਂ ਵਲੰਦੇਜ਼ੀਆਂ ਦੇ ਅੱਡਿਆਂ ਉੱਤੇ ਕਬਜ਼ਾ ਕਰਨ ਲਈ ਉਨ੍ਹਾਂ ਨੇ 1664 ਈ. ਵਿਚ ਇਕ ਸਮੁੰਦਰੀ ਬੇੜਾ ਭੇਜਿਆ। ਇਹ ਬੇੜਾ ਨਿਊ ਐਮਸਟਰਡਮ (ਨਿਊਯਾਰਕ ਸਿਟੀ) ਅਤੇ ਨਿਊ ਕਾਸਲ ਨੂੰ ਜਿੱਤਣ ਵਿਚ ਸਫ਼ਲ ਹੋ ਗਿਆ ਜਿਸ ਨਾਲ ਇਹ ਸਾਰਾ ਨਿਊ ਨੀਦਰਲੈਂਡ ਵਾਲਾ ਇਲਾਕਾ ਨਿਊਯਾਰਕ ਦਾ ਪ੍ਰਾਂਤ ਬਣਾ ਲਿਆ ਗਿਆ ਜਿਹੜਾ ਇਸ ਤੋਂ 18 ਸਾਲ ਪਿੱਛੋਂ ਵੀ ਇਸੇ ਦਾ ਹਿੱਸਾ ਬਣਿਆ ਰਿਹਾ। ਸੰਨ 1692 ਵਿਚ ਇਹ ਖੇਤਰ ਪੈਨਸਿਲਵੇਨੀਆ ਦੇ ਵਿਲੀਅਮ ਪੈੱਨ ਨੂੰ ਦੇ ਦਿੱਤਾ ਗਿਆ। ਵਿਲੀਅਮ ਪੈੱਨ ਕੋਲ ਸਮੁੰਦਰ ਤੋਂ ਥੋੜ੍ਹਾ ਹਟਵਾਂ ਪੈਨਸਿਲਵੇਨੀਆ ਦਾ ਖੇਤਰ ਸੀ ਪਰ ਪੈੱਨ ਸਮੁੰਦਰ ਤੱਕ ਦਾ ਖੇਤਰ ਲੈਣਾ ਚਾਹੁੰਦਾ ਸੀ ਤਾਂ ਕਿ ਸਮੁੰਦਰ ਦਾ ਫਾਇਦਾ ਵੀ ਉਠਾਇਆ ਜਾ ਸਕੇ। ਸੰਨ 1704 ਵਿਚ ਪੈਨਸਿਲਵੇਨੀਆ ਨੇ ਡੈਲਵੇਅਰ ਨੂੰ ਆਪਣੀ ਅਸੈਂਬਲੀ ਬਣਾਉਣ ਦੇ ਅਖ਼ਤਿਆਰ ਦੇ ਦਿੱਤੇ। ਸੰਨ 1787 ਵਿਚ ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਦੀ ਕਨਵੈਨਸ਼ਨ ਵਿਚ ਇਨ੍ਹਾਂ ਨੇ ਹੋਰਨਾਂ ਰਾਜਾਂ ਵਾਲੇ ਸਾਰੇ ਅਖ਼ਤਿਆਰ ਪ੍ਰਾਪਤ ਕਰ ਲਏ। ਦੇਸ਼ ਦੀ ਕਾਰਜਕਾਰੀ ਸਭਾ ਕਾਂਗਰਸ ਵਿਚ ਡੈਲਾਵੇਅਰ ਨੂੰ ਆਮ ਵੱਡੇ ਰਾਜਾਂ ਜਿੰਨੇ ਮੈਂਬਰ ਭੇਜਣ ਦੀ ਆਗਿਆ ਮਿਲ ਗਈ ਪਰ ਹਾਊਸ ਆਫ਼ ਰੀਪ੍ਰਜ਼ੈਂਟੇਟਿਵਜ਼ ਵਿਚ ਬਰਾਬਰਤਾ ਨਾ ਮਿਲੀ। ਇਹ ਦੇਸ਼ ਭਰ ਵਿਚ ਸੰਵਿਧਾਨ ਲਾਗੂ ਕਰਨ ਵਾਲਾ ਪਹਿਲਾ ਰਾਜ ਸੀ। ਇਸ ਪਿੱਛੋਂ 1830 ਈ. ਦੇ ਦਹਾਕੇ ਵਿਚ ਇਥੇ ਸੱਨਅਤੀ ਅਦਾਰਿਆਂ ਦੀ ਸਥਾਪਨਾ ਹੋਈ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਤਰੱਕੀ ਵਿਲਮਿੰਗਟਨ ਸ਼ਹਿਰ ਨੇ ਕੀਤੀ ਸੀ। ਇਸ ਰਾਜ ਵਿਚ ਗ਼ੁਲਾਮਾਂ ਦਾ ਵਪਾਰ ਆਮ ਸੀ, ਇਕ ਤਰ੍ਹਾਂ ਨਾਲ ਅਫ਼ਰੀਕਾ ਤੋਂ ਲਿਆਂਦੇ ਗੁਲਾਮਾਂ ਦਾ ਇਹ ਦੇਸ਼ ਵਿਚਲਾ ਪਹਿਲਾ ਪੜਾਅ ਸੀ। ਉੱਨ੍ਹੀਵੀਂ ਸਦੀ ਵਿਚ ਜਰਮਨੀ, ਇਤਾਲਵੀ, ਪੋਲਿਸ਼ ਅਤੇ ਯੂਰਪੀਅਨ ਯਹੂਦੀ ਵੀ ਇਥੇ ਆ ਕੇ ਵੱਸ ਗਏ। ਵੀਹਵੀਂ ਸਦੀ ਦੇ ਵਿਚਲੇ ਸਾਲਾਂ ਵਿਚ ਇਥੋਂ ਦੀ ਵਸੋਂ ਵਿਚ ਬਹੁਤ ਵਾਧਾ ਹੋਇਆ। ਸੰਨ 1970 ਤੋਂ 1980 ਦੇ ਸਾਲਾਂ ਵਿਚ ਇਥੋਂ ਦੀ ਵਸੋਂ ਵਿਚ ਬਹੁਤ ਵਾਧਾ ਹੋਇਆ। ਸੰਨ 1970 ਤੋਂ 1980 ਦੇ ਸਾਲਾਂ ਵਿਚ ਵਸੋਂ ਵਿਚ ਵਾਧੇ ਦੀ ਦਰ 8.6 ਫ਼ੀਸਦੀ ਸੀ। ਸੰਨ 1980 ਤੱਕ ਰਾਜ ਦੀ ਅੱਧੀ ਨਾਲੋਂ ਜ਼ਿਆਦਾ ਵਸੋਂ ਵਿਲਮਿੰਗਟਨ ਦੇ ਆਸਪਾਸ ਦੇ ਉਪ-ਨਗਰਾਂ ਵਿਚ ਸੀ। ਅੱਜਕੱਲ੍ਹ ਇਹ ਦੇਸ਼ ਦੇ ਵੱਧ ਵਸੋਂ ਵਾਲੇ ਰਾਜਾਂ ਵਿਚੋਂ ਇਕ ਹੈ। ਇਥੇ ਵਸੋਂ ਦੀ ਘਣਤਾ 112 ਵਿਅਕਤੀ ਪ੍ਰਤੀ ਵ.ਕਿ.ਮੀ. ਹੈ।

ਵਿਲਮਿੰਗਟਨ, ਨੈਵਰਕ ਡੋਵਰ, ਮਿਲਫਰਡ, ਸੀਫ਼ਰਡ ਇਸ ਰਾਜ ਦੇ ਵਰਣਨਯੋਗ ਸ਼ਹਿਰ ਹਨ।

ਹ.ਪੁ.—ਐਨ. ਬ੍ਰਿ. ਮਾ. 3 : 970 ; ਐਨ. ਅਮੈ. 8 : 651

**ਡੈਲਾਵੇਅਰ** : **ਸ਼ਹਿਰ**—ਕੇਂਦਰੀ ਓਹਾਇਓ ਰਾਜ (ਸ.ਰ.ਅ.) ਦੀ ਡੈਲਾਵੇਅਰ ਕਾਊਂਟੀ ਦੀ ਰਾਜਧਾਨੀ ਹੈ ਜੋ ਕੋਲੰਬਸ ਸ਼ਹਿਰ ਤੋਂ 36 ਕਿ. ਮੀ. ਦੂਰ ਉੱਤਰ ਵੱਲ ਉਪਜਾਊ ਖੇਤਰ ਵਿਚ ਸਥਿਤ ਹੈ। ਅੱਜਕੱਲ੍ਹ ਇਥੇ ਸੱਨਅਤਾਂ ਵੀ ਲੱਗੀਆਂ ਹੋਈਆਂ ਹਨ। ਇਥੇ ਏਅਰ ਕੰਡੀਸ਼ਨਰ ਟਰੱਕਾਂ ਦੀਆਂ ਬਾਡੀਆਂ, ਰੰਗ, ਇਮਾਰਤੀ ਲੱਕੜ, ਇਮਾਰਤ ਉਸਾਰੀ ਲਈ ਕੰਕਰੀਟ ਬਲਾਕ ਆਦਿ ਬਣਾਉਣ ਦੀਆਂ ਸੱਨਅਤਾਂ ਉੱਨਤ ਹਨ। ਇਸ ਸ਼ਹਿਰ ਵਿਚ ਓਹਾਇਓ ਵੈਂਗਲਯਾਨ ਯੂਨੀਵਰਸਿਟੀ ਅਤੇ ਮੈਥੋਡਿਸਟ ਥੀਓਲੋਜੀਕਲ ਸਕੂਲ ਸਥਾਪਿਤ ਹਨ।

ਇਸ ਸ਼ਹਿਰ ਦੀ ਸਥਾਪਨਾ 1804 ਈ. ਵਿਚ ਮਾਸਿਸ ਬਿਕਸਬੀ ਦੇ ਦਰਿਆ ਦੇ ਪੂਰਬ ਵੱਲ ਆ ਕੇ ਵੱਸਣ ਨਾਲ ਹੋਈ ਸੀ। ਜੋਸਫ਼ ਬਾਰਬਰ ਨੇ 1807 ਈ. ਵਿਚ ਪੱਛਮੀ ਕੰਢੇ ਉਪਰ ਇਕ ਮਕਾਨ ਬਣਵਾਇਆ ਸੀ। 19ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਇਹ ਮਸ਼ਹੂਰ ਸੈਰਗਾਹ ਸੀ। ਇਥੋਂ ਦੇ ਗੰਧਕ ਦੇ ਚਸ਼ਮਿਆਂ ਵਾਲੇ ਮੈਨਸ਼ਨ ਹਾਊਸ ਹੋਟਲ (1834 ਈ.) ਦਾ ਚਿੱਤਰ ਸਟੈਫ਼ਰਡਸ਼ਿਰ ਦੇ ਚੀਨੀ ਮਿੱਟੀ ਦੇ ਭਾਂਡਿਆਂ ਉੱਪਰ ਬਣਿਆ ਹੋਇਆ ਮਿਲਦਾ ਹੈ। ਸੰਨ 1903 ਵਿਚ ਇਸ ਨੂੰ ਸ਼ਹਿਰ ਦੇ ਤੌਰ ਤੇ ਨਿਗਮਤ ਕੀਤਾ ਗਿਆ ਸੀ।

ਆਬਾਦੀ—18,780 (1980)

40° 18′ ਉ. ਵਿਥ.; 84° 04′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 3 : 444 ; ਐਨ. ਅਮੈ. 9 : 662

**ਡੈਲਿੰਗ ਅਤੇ ਬੁਲਵਰ, (ਵਿਲੀਅਮ) ਹੈਨਰੀ ਲਿਟਨ ਅਰਲ ਬੁਲਵਰ** : ਬਰਤਾਨੀਆ ਦੇ ਇਸ ਉੱਘੇ ਨੀਤੀਵਾਨ ਦਾ ਜਨਮ 13 ਫ਼ਰਵਰੀ, 1801 ਨੂੰ ਇੰਗਲੈਂਡ ਵਿਚ ਲੰਡਨ ਵਿਖੇ ਹੋਇਆ। ਹੈਰੋ ਸਕੂਲ ਵਿਚੋਂ ਵਿੱਦਿਆ ਪ੍ਰਾਪਤ ਕਰਨ ਮਗਰੋਂ ਟਰਿਨਿਟੀ ਅਤੇ ਕੈਂਬਰਿਜ ਦੇ ਡਾਊਨਿੰਗ ਕਾਲਜਾਂ ਤੋਂ ਉੱਚ ਵਿੱਦਿਆ ਹਾਸਲ ਕੀਤੀ। ਕੁਝ ਦੇਰ ਫ਼ੌਜ ਦੀ ਨੌਕਰੀ ਕੀਤੀ ਅਤੇ 1829 ਈ. ਵਿਚ ਫ਼ੌਜੀ ਨੌਕਰੀ ਤਿਆਗ ਕੇ ਸਫ਼ਾਰਤੀ ਸੇਵਾ ਵਿਚ ਆ ਗਿਆ।

ਸੰਨ 1830 ਵਿਚ ਲਾਰਡ ਐਬਰਡੀਨ ਨੇ ਇਸ ਨੂੰ ਬੈਲਜੀਅਮ ਦੀ ਕ੍ਰਾਂਤੀ ਦਾ ਜਾਇਜ਼ਾ ਲੈਣ ਲਈ ਇਕ ਨਿਰੀਖਿਅਕ ਵਜੋਂ ਭੇਜਿਆ। ਇਸ ਮਾਮਲੇ ਬਾਰੇ ਇਸ ਦੀ ਦਿੱਤੀ ਰਿਪੋਟ ਨੇ ਇਸ ਨੂੰ ਕਾਫ਼ੀ ਪ੍ਰਸਿੱਧੀ ਦਿਵਾਈ। ਇਸੇ ਸਾਲ ਹੀ ਇਕ ਅਗਾਂਹ-ਵਧੂ ਲਿਬਰਲ ਵਜੋਂ ਸੰਸਦ ਦਾ ਮੈਂਬਰ ਬਣਿਆ। ਜਲਦੀ ਹੀ ਇਹ ਇਕ ਚੰਗਾ ਵਕਤਾ ਅਤੇ ਸੁਲਝਿਆ ਹੋਇਆ ਲਿਖਾਰੀ ਮੰਨਿਆ ਜਾਣ ਲੱਗਾ।

ਸੰਨ 1835 ਵਿਚ ਇਹ ਕੂਟਨੀਤੀ ਖੇਤਰ ਵਿਚ ਆ ਗਿਆ ਅਤੇ ਬ੍ਰਸੱਲਜ਼ ਵਿਖੇ ਸ਼ਾਰਜ਼-ਡੇਫੇਅਰ ਬਣਿਆ। ਤਿੰਨ ਸਾਲ ਉਪਰੰਤ ਇਸਨੇ ਕਾਨਸਟੈਂਟੀਨੋਪਲ ਵਿਖੇ ਦੂਤਾਵਾਸ ਦੇ ਸਕੱਤਰ ਵਜੋਂ ਤੁਰਕੀ ਨਾਲ ਸੰਧੀ ਕੀਤੀ ਜਿਸ ਨਾਲ ਬਰਤਾਨੀਆ ਨੂੰ ਵਪਾਰਕ ਪਖੋਂ ਚੋਖਾ ਲਾਭ ਪਹੁੰਚਾਇਆ। ਇਸ ਸਮੇਂ ਦੇ ਬਦੇਸ਼ ਸਕੱਤਰ ਲਾਰਡ ਪਾਮਰਸਟਨ ਨੇ ਇਸ ਸੰਧੀ ਨੂੰ ਇਤਿਹਾਸ ਵਿਚ ਇਕ ਸ਼ਾਹਕਾਰ ਮੰਨਿਆ ਹੈ।

ਸੰਨ 1843 ਵਿਚ ਬੁਲਵਰ ਨੂੰ ਸਪੇਨ ਵਿਖੇ ਰਾਜਦੂਤ ਬਣਾ ਕੇ ਭੇਜਿਆ ਗਿਆ। ਸੰਨ 1846-47 ਦੌਰਾਨ ਸਪੇਨ ਅਤੇ ਫ਼ਰਾਂਸ ਦੇ ਲੂਈ ਫ਼ਿਲਿਪ ਦਰਮਿਆਨ ਵਿਆਹ ਦੇ ਸਬੰਧ ਕਾਇਮ ਹੋ ਜਾਣ ਨਾਲ ਬਰਤਾਨੀਆ ਅਤੇ ਫ਼ਰਾਂਸ ਦੇ ਆਪਸੀ ਸੰਬਧਾਂ ਵਿਚ ਬੜਾ ਤਣਾਓ ਆ ਗਿਆ। ਇਸ ਵੇਲੇ ਬੁਲਵਰ ਨੇ ਸਪੇਨ ਉਪਰ ਅਸਰ ਪਾ ਕੇ ਸਬੰਧ ਸੁਧਾਰਨ ਦਾ ਯਤਨ ਕੀਤਾ। ਸੰਨ 1848 ਵਿਚ ਸਪੇਨ ਦੇ ਤਾਨਾਸ਼ਾਹ ਰਮੱਨ ਨਰਵਾਈਜ਼ ਨੇ ਇਸ ਨੂੰ ਸੰਵਿਧਾਨਕ ਸੁਧਾਰਾਂ ਦਾ ਪੱਖ ਲੈਣ ਕਾਰਨ ਮੁਅੱਤਲ ਕਰ ਦਿੱਤਾ। ਇਸ ਕਾਰਨ ਬਰਤਾਨੀਆ ਨੇ ਸਪੇਨ ਨਾਲੋਂ ਆਪਣੇ ਸਬੰਧ ਤੋੜ ਦਿੱਤੇ ਅਤੇ ਬੁਲਵਰ ਨੂੰ ਸੰਸਦ ਵਲੋਂ ਆਪਣੇ ਕੀਤੇ ਕੰਮਾਂ ਕਾਰਨ ਭਰਪੂਰ ਪ੍ਰਸ਼ੰਸਾ ਮਿਲੀ।

ਸੰਨ 1849-52 ਦੌਰਾਨ ਇਹ ਸੰਯੁਕਤ ਰਾਜ ਵਿਖੇ ਰਾਜਦੂਤ ਦੇ ਅਹੁਦੇ ਤੇ ਰਿਹਾ। ਇਸ ਕਾਲ ਵਿਚ ਪ੍ਰਸਿੱਧ ਇਤਿਹਾਸਕ-ਸੰਧੀ ਬੁਲਵਰ ਅਤੇ ਕਲੇਟਨ ਦਰਮਿਆਨ ਹੋਈ। ਸੰਨ 1852-55 ਦੌਰਾਨ ਫ਼ਲੋਰੈਂਸ ਵਿਖੇ ਟਸਕਨੀ ਦੀ ਗ੍ਰੈਂਡ ਡੱਚੀ ਦਾ ਸਰਬ ਅਧਿਕਾਰਾਂ ਵਾਲੇ ਮੰਤਰੀ ਦੇ ਅਹੁਦੇ ਤੇ ਰਿਹਾ। ਸੰਨ 1858-1865 ਦੌਰਾਨ ਕਾਨਸਟੈਂਟੀਨੋਪਲ ਵਿਖੇ ਰਾਜਦੂਤ ਵਜੋਂ ਕੰਮ ਕੀਤਾ। ਇਸ ਮਗਰੋਂ ਇਹ ਸੇਵਾ-ਮੁਕਤ ਹੋ ਗਿਆ। ਸੰਨ 1871 ਵਿਚ ਇਸਨੂੰ ਪੀਅਰ ਦੀ ਪਦਵੀ ਮਿਲੀ। ਇਸ ਨੇ 'ਲਾਈਫ਼ ਆਫ਼ ਵਾਇਕਾਊਂਟ ਪਾਮਰਸਟਨ' ਨਾਉਂ ਦੀ ਪੁਸਤਕ ਵੀ ਲਿਖੀ।

23 ਮਈ, 1872 ਨੂੰ ਨੇਪਲਜ਼ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 6 : 991

**ਡੈਲਿਨ, ਸਾਈਰਸ ਐਡਵਿਨ** : ਸੰਯੁਕਤ ਰਾਜ ਅਮਰੀਕਾ ਦੇ ਇਸ ਮੂਰਤੀਕਾਰ ਦਾ ਜਨਮ 22 ਨਵੰਬਰ, 1861 ਨੂੰ ਉਟਾਹਾ ਰਾਜ ਵਿਚ ਸਪਰਿੰਗਵੀਲ ਵਿਖੇ ਹੋਇਆ। ਇਸ ਨੇ ਬੋਸਟਨ ਅਤੇ ਪੈਰਿਸ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਹ ਅਮਰੀਕਾ ਦੇ ਰੈੱਡ ਇੰਡੀਅਨਾਂ ਦੇ ਯਥਾਰਥਕ ਬੁੱਤ ਬਣਾਉਣ ਵਿਚ ਵਿਸ਼ੇਸ਼ ਕਰਕੇ ਪ੍ਰਸਿੱਧ ਹੋਇਆ। ਇਹ ਕਈ ਸਾਲ ਸਾਲਟ ਲੇਕ ਸ਼ਹਿਰ ਵਿਖੇ ਰਿਹਾ ਅਤੇ ਇਸਨੇ ਬੋਸਟਨ ਦੇ ਫ਼ਾਈਨ ਆਰਟਸ ਮਿਊਜ਼ੀਅਮ ਵਿਖੇ ਸਿੱਖਿਅਕ ਵਜੋਂ ਕੰਮ ਕੀਤਾ। ਇਸ ਦੀ ਬਣਾਈ ਮੂਰਤ 'ਦੀ ਸਿਗਨਲ ਆਫ਼ ਪੀਸ' (1894) ਨੇ ਸ਼ਿਕਾਗੋ ਪ੍ਰਦਰਸ਼ਨੀ ਵਿਚ ਸੋਨੇ ਦਾ ਤਮਗਾ ਜਿੱਤਿਆ। 'ਦੀ ਮੈਡੀਸਨ ਮੈਨ' (1899), 'ਦੀ ਅਪੀਲ ਟੂ ਦੀ ਗ੍ਰੇਟ ਸਪਿਰਟ' ਅਤੇ 'ਦੀ ਸਕਾਊਟ' ਇਸ ਦੀਆਂ ਕੁਝ ਹੋਰ ਪ੍ਰਮੁੱਖ ਮੂਰਤੀਆਂ ਹਨ। ਇਸ ਤੋਂ ਇਸ ਨੇ ਸਰ ਈਜ਼ਾਕ ਨਿਊਟਨ ਦਾ ਸੰਗਮਰਮਰ ਦਾ ਬੁੱਤ ਵੀ ਬਣਾਇਆ ਜੋ ਕਿ ਵਾਸ਼ਿੰਗਟਨ ਵਿਖੇ 'ਕਾਂਗਰ ਲਾਇਬ੍ਰੇਰੀ' ਵਿਚ ਹੈ।

14 ਨਵੰਬਰ, 1944 ਨੂੰ ਮੈਸਾਚੂਸੈੱਟਸ ਰਾਜ ਵਿਚ ਬੋਸਟਨ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਕੋਲ. 6 : 480 ; ਐਨ. ਅਮੈ. 8 : 419 ; ਐਨ. ਬ੍ਰਿ. ਮਾ. 3 : 355

**ਡੈਲੀ, ਮਾਊਂਟ** : ਕੇਰਲ ਰਾਜ (ਭਾਰਤ) ਦੇ ਮਾਲਾਬਾਰ ਤਟ ਉੱਤੇ ਕਨਾਨੂਰ ਜ਼ਿਲ੍ਹੇ ਵਿਚ ਇਹ ਇਕ ਟਿੱਲਾ ਜਿਹਾ ਹੈ ਜਿਹੜਾ ਮਾਲਾਬਾਰ ਤਟ ਉੱਤੇ ਮੁਖ ਧਰਤੀ (ਭਾਰਤ) ਦਾ ਅਖ਼ੀਰਲਾ ਹਿੱਸਾ ਵੀ ਹੈ। ਇਸ ਦੀ ਉੱਚਾਈ ਸਮੁੰਦਰ ਤਲ ਤੋਂ 260 ਮੀ. ਦੇ ਲਗਭਗ ਹੈ। ਇਸ ਦਾ ਪੂਰਾ ਨਾਂ ਮਾਊਂਟ ਹੈਲੀ ਜਾਂ ਈਲੀ ਹੈ ਜਿਹੜਾ ਕੋਲਾਤਿਰੀ ਰਾਜਿਆਂ ਦੀ ਮਾਲਾਬਾਰ ਰਿਆਸਤ ਦੀ ਰਾਜਧਾਨੀ, ਜੋ ਇਸ ਪਹਾੜੀ ਦੀਆਂ ਉੱਤਰੀ ਢਲਾਣਾਂ ਦੇ ਨੇੜੇ ਸੀ, ਦੇ ਨਾਂ ਤੇ ਪਿਆ ਹੈ। ਇਸ ਜਗ੍ਹਾ ਦਾ ਪਤਾ ਵਾਸਕੋਡੀਗਾਮਾ ਦੀਆਂ ਸਮੁੰਦਰੀ ਯਾਤਰਾਵਾਂ ਦੌਰਾਨ ਲੱਗਿਆ ਸੀ। ਮੁੱਢਲੇ ਸਮਿਆਂ ਤੋਂ ਹੀ ਇਹ ਸਮੁੰਦਰੀ ਜਹਾਜ਼ਾਂ ਦੇ ਪੜਾਅ ਦੇ ਤੌਰ ਤੇ ਮਸ਼ਹੂਰ ਸੀ। ਇਸੇ ਕਰਕੇ ਇਥੇ ਕਿਲਾ ਬਣਾਇਆ ਗਿਆ ਜਿਸ ਉੱਤੇ ਪੁਰਤਗੇਜ਼ੀਆ, ਵਲੰਦੇਜ਼ੀਆਂ, ਫ਼ਰਾਂਸੀਸੀਆਂ ਅਤੇ ਅੰਗਰੇਜ਼ ਫ਼ੌਜਾਂ ਦਾ ਕਬਜ਼ਾ ਰਿਹਾ ਹੈ।

12° 2′ ਉ. ਵਿਥ.; 75° 111′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 11 : 241

**ਡੈਲੇਨ, ਜਾਨ ਥੇਡੀਅਸ** : ਇੰਗਲੈਂਡ ਦੇ ਇਸ ਸੰਪਾਦਕ ਅਤੇ ਪੱਤਰਕਾਰ ਦਾ ਜਨਮ 11 ਅਕਤੂਬਰ, 1817 ਨੂੰ ਲੰਡਨ ਵਿਖੇ ਹੋਇਆ। ਇਸ ਨੇ ਮੈਗਡਾਲੇਨ ਕਾਲਜ, ਆਕਸਫ਼ੋਰਡ ਅਤੇ ਕਿੰਗਜ਼ ਕਾਲਜ, ਲੰਡਨ ਵਿਖੇ ਵਿਦਿਆ ਪ੍ਰਾਪਤ ਕੀਤੀ।

ਸੰਨ 1847 ਵਿਚ ਇਹ ਮਿਡਲ ਟੈਂਪਲ ਵਿਖੇ ਬਾਰ ਦਾ ਮੈਂਬਰ ਬਣ ਗਿਆ। ਸੰਨ 1841 ਤੋਂ 1877 ਤੱਕ ਇਹ 'ਟਾਈਮਜ਼' ਅਖ਼ਬਾਰ ਦਾ ਐਡੀਟਰ ਰਿਹਾ। ਆਪਣੇ ਲੰਮੇ ਸਮੇਂ ਵਿਚ ਇਸ ਨੇ ਅਖ਼ਬਾਰ ਨੂੰ ਬਹੁਤ ਹਰਮਨ ਪਿਆਰਾ ਬਣਾ ਦਿੱਤਾ ਅਤੇ ਇਸ ਦੀ ਵਿਕਰੀ ਸਮਕਾਲੀ ਅਖ਼ਬਾਰਾਂ ਦੀ ਵਿਕਰੀ ਨਾਲੋਂ ਦਸ ਗੁਣਾ ਹੋ ਗਈ ਸੀ।

22 ਨਵੰਬਰ, 1879 ਨੂੰ ਐਸਕਟ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 7 : 187 ; ਐਨ. ਅਮੈ. 8 : 607; ਐਵ. ਐਨ. 4 : 319

**ਡੇਲੋ, ਜੋਇਓਂ ਨਾਰਮਨ** : ਸੰਯੁਕਤ ਰਾਜ ਅਮਰੀਕਾ ਦੇ ਨਵ-ਕਲਾਸਿਕੀ ਸ਼ੈਲੀ ਦੇ ਇਸ ਸੰਗੀਤਕਾਰ ਦਾ ਜਨਮ 24 ਜਨਵਰੀ, 1913 ਈ. ਨੂੰ ਨਿਊਯਾਰਕ ਸ਼ਹਿਰ ਵਿਖੇ ਹੋਇਆ। ਸੰਗੀਤਕਾਰਾਂ ਦੇ ਪਰਿਵਾਰ ਵਿਚੋਂ ਹੋਣ ਕਾਰਨ ਇਸਨੇ ਆਪਣੇ ਪਿਤਾ ਤੋਂ ਆੱਰਗਨ ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਇਸ ਨੇ ਕਈ ਹੋਰ ਵੱਖ ਵੱਖ ਥਾਵਾਂ ਤੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਇਹ ਆਪਣੇ ਸਮੂਹਗਾਨ ਦੇ ਸੰਗੀਤ ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1957 ਵਿਚ ਇਸ ਨੂੰ ਸੰਗੀਤ ਦਾ 'ਪੁਲਿਤਸਰ ਪ੍ਰਾਈਜ਼' ਮਿਲਿਆ। ਇਸ ਨੇ ਕਈ ਸੰਗੀਤ-ਨਾਟ ਵੀ ਲਿਖੇ ਜਿਵੇਂ 'The trial óf at Rouen' (1955) ਅਤੇ 'ਬਲੱਡ ਮੂਨ' (1961) ਆਦਿ। ਇਸ ਦੀ ਸੰਗੀਤ-ਰਚਨਾ ਵਿਸ਼ੇਸ਼ ਕਰਕੇ ਆੱਰਗਨ ਅਤੇ ਤਾਰਾਂ ਵਾਲੇ ਸਾਜ਼ਾਂ ਨਾਲ ਸਬੰਧਤ ਸੀ। ਇਸ ਤੋਂ ਇਲਾਵਾ ਇਸਨੇ ਚੈਂਬਰ ਸੰਗੀਤ ਅਤੇ ਬੈਲੇ ਸੰਗੀਤ ਵੀ ਰਚਿਆ।

ਹ.ਪੁ.—ਐਨ. ਬ੍ਰਿ. ਮਾ. 3 : 450

**ਡੇਲੋਨੀ, ਟਾਮਸ** : ਇੰਗਲੈਂਡ ਦੇ ਇਸ ਲੇਖਕ ਦਾ ਜਨਮ ਸ਼ਾਇਦ 1543 ਈ. ਵਿਚ ਨਾਰਵਿਚ ਵਿਖੇ ਹੋਇਆ। ਇਹ ਰੇਸ਼ਮ ਦਾ ਕੱਪੜਾ ਬੁਣਨ ਦਾ ਕੰਮ ਕਰਦਾ ਸੀ। ਸੰਨ 1580 ਵਿਆਂ ਵਿਚ ਇਹ ਪ੍ਰਸਿੱਧ ਗਾਥਾ-ਕਾਵਿ ਲਿਖਾਰੀ ਬਣ ਚੁੱਕਾ ਸੀ। 'ਦੀ ਗਾਇਲ ਗਾਰਲੈਂਡ ਆੱਫ਼ ਲਵ ਐਂਡ ਡੀਲਾਈਟ' 'ਦੀ ਗਾਰਲੈਂਡ ਆੱਫ਼ ਡੀਲਾਈਟ' ਇਸ ਦੀਆਂ ਇਤਿਹਾਸਕ ਗਾਥਾ-ਕਾਵਿ ਪੁਸਤਕਾਂ ਹਨ। ਸੰਨ 1596 ਵਿਚ ਅਨਾਜ ਦੀ ਕਮੀ ਬਾਰੇ ਲਿਖੇ ਇਸ ਦੇ ਗਾਥਾ-ਕਾਵਿ ਕਾਰਨ ਇਸਨੂੰ ਸਰਕਾਰ ਦੀ ਨਰਾਜ਼ਗੀ ਮੁੱਲ ਲੈਣੀ ਪਈ ਅਤੇ ਇਸ ਪਿਛੋਂ ਇਸਨੇ ਗਲਪ ਰਚਨਾ ਸ਼ੁਰੂ ਕਰ ਦਿੱਤੀ। ਇਸ ਦੀ ਰਚਨਾ 'ਦੀ ਜੈਂਟਲ ਕਰਾਫ਼ਟ' (2 ਭਾਗ 1597-98) ਜੁੱਤੀਆਂ ਬਣਾਉਣ ਨਾਲ ਅਤੇ 'ਟਾਮਸ ਆਫ਼ ਰੀਡਿੰਗ' (1600) ਕੱਪੜੇ ਦੇ ਵਪਾਰ ਨਾਲ ਸਬੰਧ ਰੱਖਦੀ ਹੈ। ਡੈਲੋਨੀ ਦੀਆਂ ਪੁਸਤਕਾਂ ਬਹੁਤ ਹਰਮਨ ਪਿਆਰੀਆਂ ਹਨ। ਇਸ ਦੇ ਕਾਵਿ-ਟੋਟਿਆਂ ਵਿਚ ਕਵਿਤਾ ਅਤੇ ਦੇਸ਼-ਪਿਆਰ ਦਾ ਸੰਗਮ ਹੈ ਜਦੋਂ ਕਿ ਗਲਪ ਵਿਚ ਡੈਲੋਨੀ ਆਮ ਜੀਵਨ ਅਤੇ ਅੰਗਰੇਜ਼ ਕਲਾਕਾਰਾਂ ਨੂੰ ਚਿਤਰਦਾ ਹੈ। ਡੈਲੋਨੀ ਇਸਤਰੀਆਂ ਦੀ ਸੁਭਾਵਿਕ ਗੱਲਬਾਤ ਨੂੰ ਚਿਤਰਨ ਵਿਚ ਵੀ ਬਹੁਤ ਮੁਹਾਰਤ ਰੱਖਦਾ ਹੈ।

ਸੰਨ 1600 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 450 ; ਐਨ. ਅਮੇ. 8 : 624 ; ਐਵ. ਐਨ. 4 : 325

**ਡੇਵਨ** : ਇੰਗਲੈਂਡ ਦੀ ਤੀਜੀ ਵੱਡੀ ਕਾਉਂਟੀ ਹੈ ਜਿਹੜੀ ਬਰਤਾਨੀਆ ਦੇ ਦੱਖਣ-ਪੱਛਮੀ ਪ੍ਰਾਇਦੀਪ ਉਪਰ ਵਾਕਿਆ ਹੈ। ਇਸ ਦੇ ਪੱਛਮ ਵੱਲ ਕਾਰਨਵਾਲ, ਪੂਰਬ ਵਿਚ ਡਾਰਸਟ ਅਤੇ ਸਮਰਸੈਟ ਕਾਉਂਟੀਆਂ ਹਨ। ਐਕਸਟਰ ਬਹੁਤ ਸਮੇਂ ਤੋਂ ਇਸ ਦਾ ਪ੍ਰਸ਼ਾਸਕੀ ਕੇਂਦਰ ਹੈ। ਇਸ ਕਾਉਂਟੀ ਦਾ ਖੇਤਰਫ਼ਲ 6,711 ਵ.ਕਿ.ਮੀ. ਅਤੇ ਆਬਾਦੀ 9,66,200 (1982) ਹੈ। ਡੇਵਨ ਦੀ ਹੱਦ ਵਿਚਾਲੇ ਕਈ ਤਰ੍ਹਾਂ ਦੇ ਭੂਗੋਲਿਕ ਵਖਰੇਵੇਂ ਹਨ। ਇਸ ਵਿਚਾਲੇ ਦੋ ਉੱਚੇ ਖੇਤਰ ਹਨ ਜਿਹੜੇ ਦੇਸ਼ ਦੀਆਂ ਨੈਸ਼ਨਲ ਪਾਰਕਾਂ ਵੀ ਹਨ। ਦੱਖਣ-ਪੱਛਮੀ ਹਿੱਸੇ ਡਾਰਟਮੂਰ ਗ੍ਰੇਨਾਈਟ ਦੀਆਂ ਚਟਾਨਾਂ ਤੋਂ ਹੋਂਦ ਵਿਚ ਆਇਆ ਹੈ ਅਤੇ ਔਸਤਨ 365 ਮੀ. ਉੱਚਾ ਹੈ। ਕਿਤੇ ਕਿਤੇ ਇਹ 610 ਮੀ. ਵੀ ਉੱਚਾ ਹੈ। ਦੂਜਾ ਐਕਸਮੂਅਰ ਹੈ ਜਿਸਦੀ ਉੱਚਾਈ 520 ਮੀ. ਹੈ। ਦੱਖਣੀ ਹਿੱਸਾ ਸਮੁੰਦਰ ਨਾਲ ਲਗਵਾਂ ਸਾਹਿਲੀ ਖੇਤਰ ਹੈ ਜਿਥੇ ਕਈ ਵਧੀਆ ਸੈਰਗਾਹਾਂ ਹਨ। ਸੁਹਾਵਣਾ ਪੌਣ-ਪਾਣੀ ਅਤੇ ਦਿਲਕਸ਼ ਕੁਦਰਤੀ ਨਜ਼ਾਰੇ ਸੈਲਾਨੀਆਂ ਦੀ ਖਿੱਚ ਦਾ ਕਾਰਨ ਹਨ। ਸਾਹਿਲੀ ਖੇਤਰਾਂ ਦੀ ਆਰਥਿਕਤਾ ਦਾ ਧੁਰਾ ਸੈਰ-ਸਪਾਟਾ ਉਦਯੋਗ ਉੱਪਰ ਆਧਾਰਿਤ ਹੈ। ਦੱਖਣੀ ਸਾਹਿਲ ਉੱਤੇ ਕਈ ਸੈਰਗਾਹਾਂ ਹਨ। ਇਸ ਕਾਉਂਟੀ ਵਿਚ ਖੇਤੀਬਾੜੀ ਵੀ ਕਾਫ਼ੀ ਮਹੱਤਤਾ ਰੱਖਦੀ ਹੈ। ਇਥੋਂ ਦੀ 30 ਫੀਸਦੀ ਆਬਾਦੀ ਇਹੋ ਕੰਮ-ਕਾਜ ਕਰਦੀ ਹੈ। ਸੱਨਅਤਾਂ ਵੀ ਜ਼ਰਾਇਤੀ ਉਤਪਾਦਨਾਂ ਨਾਲ ਸਬੰਧਤ ਹਨ। ਪਲਾਈਮੱਥ ਵੱਡਾ ਸੱਨਅਤੀ ਕੇਂਦਰ ਹੈ। ਇਥੇ ਮਾਸ ਅਤੇ ਦੁੱਧ ਲਈ ਪਸ਼ੂ ਪਾਲੇ ਜਾਂਦੇ ਹਨ। ਭੇਡ ਸਾਰੀ ਕਾਉਂਟੀ ਵਿਚ ਆਮ ਪਾਲੀ ਜਾਂਦੀ ਹੈ। ਇਸ ਤੋਂ ਇਲਾਵਾ ਸਾਹਿਲੀ ਖੇਤਰ ਵਿਚ ਮੱਛੀ-ਪਾਲਣ ਦਾ ਵੀ ਕਿੱਤਾ ਪ੍ਰਚੱਲਤ ਹੈ। ਇਥੇ ਖਣਿਜ ਵੀ ਮਿਲਦੇ ਹਨ। ਡਾਰਟਮੂਰ ਵਿਚੋਂ 12ਵੀਂ ਤੋਂ 17ਵੀਂ ਸਦੀ ਤੱਕ ਕਲੀ ਕੱਢੀ ਜਾਂਦੀ ਰਹੀ ਹੈ। 19ਵੀਂ ਸਦੀ ਤੀਕ ਇਸ ਖੇਤਰ ਵਿਚੋਂ ਜਸਤ, ਚਾਂਦੀ, ਲੋਹਾ, ਤਾਂਬਾ, ਮੈਗਨੀਜ਼ ਤਕਰੀਬਨ ਕੱਢੇ ਜਾਂਦੇ ਰਹੇ ਸਨ ਅਤੇ ਕਲੀ ਅਤੇ ਕੱਪੜਾ ਸਾਹਿਲੀ ਸ਼ਹਿਰਾਂ ਵਿਚੋਂ ਬਾਹਰ ਜਾਂਦੇ ਸਨ ਪਰ ਇਨ੍ਹਾਂ ਦੇ ਉਤਪਾਦਨ ਘਟਣ ਨਾਲ ਐਕਸਟਰ, ਪਲਾਈਮਥ, ਬਰਨਸਟਾਪਲ ਅਤੇ ਡਾਰਟਮਥ ਵਰਗੇ ਸ਼ਹਿਰ ਬੰਦਰਗਾਹੀ ਢੋਆ-ਢੁਆਈ, ਲਦਾਈ ਤੇ ਰੁਝੇਵਿਆਂ ਤੋਂ ਵਿਹਲੇ ਹੋ ਗਏ। ਇਸ ਪਿੱਛੋਂ ਰੇਲ-ਨਿਰਮਾਣ ਹੋਣ ਨਾਲ ਇਹ ਸੈਲਾਨੀਆਂ ਅਤੇ ਰੀਟਾਇਰ ਹੋਏ ਲੋਕਾਂ ਦੇ ਵਿਹਲ ਮਾਨਣ ਦੀ ਥਾਂ ਬਣੀ। ਸੈਰਗਾਹਾਂ ਤੋਂ ਬਿਨਾਂ ਐਕਸਟਰ ਵਿਖੇ ਯੂਨੀਵਰਸਿਟੀ ਵੀ ਸਥਾਪਿਤ ਹੈ। ਡਾਰਟਮਥ ਵਿਚ ਰੱਾਇਲ ਨੇਵਲ ਕਾਲਜ ਹੈ।

ਹ.ਪੁ.—ਐਨ. ਅਮੇ. 9 : 40 ; ਐਨ. ਬ੍ਰਿ. ਮਾ. 4 : 48

**ਡੇਵਨਪੋਰਟ** : ਇਹ ਆਸਟ੍ਰੇਲੀਆ ਦੇ ਤਸਮਾਨੀਆ ਟਾਪੂ ਦੇ ਉੱਤਰੀ ਹਿੱਸੇ ਵਿਚ ਇਕ ਬੰਦਰਗਾਹ ਹੈ ਜਿਹੜੀ ਬਾਸ ਸਟ੍ਰੇਟ ਦੇ ਨੇੜੇ ਮਰਸੀ ਦਰਿਆ ਦੇ ਮੁਹਾਣੇ ਉੱਤੇ ਲਾਨਸੈਸਟਨ ਸ਼ਹਿਰ ਤੋਂ 80 ਕਿ.ਮੀ. ਪੱਛਮ-ਉੱਤਰ-ਪੱਛਮ ਵਿਚ ਬਾਸ ਸ਼ਾਹਰਾਹ ਅਤੇ ਲਾਨਸੈਸਟਨ ਵੱਲ ਜਾਂਦੇ ਰੇਲ ਮਾਰਗ ਉੱਤੇ ਵਾਕਿਆ ਹੈ। ਇਥੋਂ ਮੈਲਬਾੱਰਨ ਵੱਲ ਹਵਾਈ ਅਤੇ ਸਮੁੰਦਰੀ ਜਹਾਜ਼ ਜਾਂਦੇ ਹਨ। ਇਥੇ ਕਾਗਜ਼, ਕੱਪੜਾ, ਗ਼ਲੀਚੇ, ਪ੍ਰਾਸੈੱਸ ਕੀਤੀਆਂ ਖਾਣ-ਪੀਣ ਵਾਲੀਆਂ ਚੀਜ਼ਾਂ, ਸੀਮਿੰਟ ਅਤੇ ਇਮਾਰਤੀ ਲੱਕੜ ਤਿਆਰ ਕਰਨ ਦੀਆਂ ਸੱਨਅਤਾਂ ਹਨ। ਇਸ ਦਾ ਪਿਛਵਾੜਾ ਜ਼ਰਾਇਤੀ ਹੈ ਤੇ ਫ਼ਲਾਂ ਦੀ ਪੈਦਾਵਾਰ ਲਈ ਪ੍ਰਸਿੱਧ ਹੈ।

ਆਬਾਦੀ—21, 424 (1981)

41° 11′ ਦੱ. ਵਿਥ; 146° 21′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 49

**ਡੇਵਨਪੋਰਟ** : ਨਿਊਜ਼ੀਲੈਂਡ ਦੇ ਉੱਤਰੀ ਟਾਪੂ ਵਿਚ ਵਾਈ-ਤਾਮਾਤਾ ਬੰਦਰਗਾਹ ਦੇ ਉੱਤਰ ਵੱਲ ਆਕਲੈਂਡ ਦਾ ਉਪ-ਨਗਰ ਅਤੇ ਬਰੋ ਹੈ। ਇਹ ਨੇਵੀ ਦਾ ਅੱਡਾ ਵੀ ਹੈ। ਇਸ ਨੂੰ ਆਮ ਤੌਰ ਤੇ 'ਨਾਰਥ ਸ਼ੋਰ' ਵੀ ਕਿਹਾ ਜਾਂਦਾ ਹੈ। ਸੰਨ 1886 ਵਿਚ ਇਸਨੂੰ ਬਰੋ ਦਾ ਦਰਜਾ ਹਾਸਲ ਹੋਇਆ। ਅੱਜਕੱਲ੍ਹ ਇਹ ਵਧੀਆ ਸੈਰ-ਸਪਾਟੇ ਵਾਲਾ ਸਮੁੰਦਰੀ ਤੱਟ ਅਤੇ ਅਨੇਕਾਂ ਬੁਝੇ ਹੋਏ ਜਵਾਲਾਮੁਖੀਆਂ ਵਾਲਾ ਸ਼ਹਿਰ ਹੈ। ਦੱਖਣ-ਪੱਛਮ ਵੱਲ ਇਹ ਇਕ ਪੁਲ ਰਾਹੀਂ ਆਕਲੈਂਡ ਨਾਲ ਜੁੜਿਆ ਹੋਇਆ ਹੈ। ਕਿਸ਼ਤੀਆਂ ਰਾਹੀਂ ਵੀ ਇਧਰ ਸ਼ਹਿਰ ਵਾਲੇ ਪਾਸੇ ਆਇਆ ਜਾ ਸਕਦਾ ਹੈ। ਨਿਊਜ਼ੀਲੈਂਡ ਵਿਚ 1350 ਈ. ਵਿਚ ਪਹਿਲੀ ਵੇਰ ਆਏ ਮਾਉਰੀ ਲੋਕ, ਇਸੇ ਸ਼ਹਿਰ ਵਿਚ ਉਤਰੇ ਸਨ, ਜਿਸ ਸਬੰਧੀ ਇਥੇ ਇਕ ਸਮਾਰਕ ਮੌਜੂਦ ਹੈ।

ਆਬਾਦੀ —20,400 (1983)

36° 49′ ਦੱ. ਵਿਥ.; 174° 48′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 4 : 49

**ਡੇਵੱਨਪੋਰਟ, ਚਾਰਲਸ ਬੈਨੀਡਿਕਟ** : ਇਹ ਪ੍ਰਾਣੀ-ਵਿਗਿਆਨੀ, ਯੂਜੈਨਿਕਸ (ਜਿਸ ਦਾ ਮਤਲਬ ਹੈ ਬ੍ਰੀਡਿੰਗ ਦੁਆਰਾ ਜੀਵ-ਸੰਖਿਆਵਾਂ ਵਿਚ ਸੁਧਾਰ ਲਿਆਉਣਾ) ਅਤੇ ਅਨੁਵੰਸ਼ਿਕਤਾ ਉੱਤੇ ਆਪਣੇ ਕੰਮ ਕਰਕੇ ਪ੍ਰਸਿੱਧ ਹੈ। ਜੀਵ-ਵਿਗਿਆਨਕ ਖੋਜਾਂ ਵਿਚ ਆਂਕਿਕ ਤਕਨੀਕਾਂ ਦੀ ਵਰਤੋਂ ਵੀ ਇਸ ਨੇ ਹੀ ਸ਼ੁਰੂ ਕੀਤੀ ਸੀ।

ਇਸ ਦਾ ਜਨਮ 1 ਜੂਨ, 1866 ਨੂੰ ਸਟੈਮਫ਼ਰਡ (Stamford) ਵਿਖੇ ਹੋਇਆ। ਸੰਨ 1892 ਵਿਚ ਇਸ ਨੇ ਹਾਰਵਰਡ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ ਤੇ 1899 ਤੱਕ ਉਥੇ ਹੀ ਪੜ੍ਹਾਉਂਦਾ ਰਿਹਾ ਤੇ ਫਿਰ ਸ਼ਿਕਾਗੋ ਯੂਨੀਵਰਸਿਟੀ ਵਿਚ ਚਲਾ ਗਿਆ। ਕੋਲਡ ਸਪਰਿੰਗ ਹਾਰਬਰ, ਨਿਊਯਾਰਕ ਵਿਖੇ ਐਕਸਪੈਰੀਮੈਂਟਲ ਐਵੋਲਿਊਸ਼ਨ ਦਾ ਸਟੇਸ਼ਨ ਸਥਾਪਿਤ ਕਰਨ ਲਈ ਇਸ ਨੇ ਕਾਰਨੇਗੀ ਇੰਨਸਟੀਚਿਊਟ (ਵਾਸ਼ਿੰਗਟਨ) ਤੋਂ ਮਾਲੀ ਸਹਾਇਤਾ ਵੀ ਪ੍ਰਾਪਤ ਕੀਤੀ। ਇਥੇ ਇਸ ਨੇ 1904 ਤੋਂ 1934 ਈ. ਤੱਕ ਯੂਜੈਨਿਕਸ ਦਾ ਡਿਪਾਰਟਮੈਂਟ ਚਲਾਇਆ ਅਤੇ ਯੂਜੈਨਿਕਸ ਰਿਕਾਰਡ-ਆਫ਼ਿਸ (1910-34) ਸਥਾਪਿਤ ਕੀਤਾ।

ਇਸ ਨੇ ਜੀਵ-ਸੰਖਿਆਵਾਂ ਦੇ ਅਧਿਐਨ ਵਿਚ ਵੀ ਆਂਕਿਕ ਤਰੀਕੇ ਅਪਣਾਏ। ਮੁਰਗੇ ਤੇ ਕਾਨੈਰੀ ਪੰਛੀ ਉੱਤੇ ਬ੍ਰੀਡਿੰਗ ਸਬੰਧੀ ਤਜਰਬੇ ਕਰਕੇ ਸਭ ਤੋਂ ਪਹਿਲਾਂ ਇਸ ਨੇ ਹੀ ਮੈਂਡਲ ਦੇ ਸਿੱਧਾਂਤ ਦੀ ਪੁਸ਼ਟੀ ਕੀਤੀ। ਆਪਣੀ ਲਿਖਤ 'ਹੈਰੀਡਿਟੀ ਇਨ ਰਿਲੇਸ਼ਨ ਟੂ ਯੂਜੈਨਿਕਸ' (1911), ਵਿਚ ਇਸ ਨੇ ਮਨੁੱਖੀ ਲੱਛਣਾਂ ਦੀ ਅਨੁਵੰਸ਼ਿਕਤਾ ਬਾਰੇ ਪ੍ਰਮਾਣ ਇਕੱਤਰ ਕੀਤੇ ਅਤੇ ਇਸ ਦੇ ਆਧਾਰ ਤੇ ਹੀ ਇਸ ਨੇ ਕਿਆਸ ਕੀਤਾ ਕਿ ਜਣਨਿਕ ਨਿਯਮਾਂ ਦੀ ਵਰਤੋਂ ਮਨੁੱਖੀ ਨਸਲ ਵਿਚ ਸੁਧਾਰ ਕਰ ਸਕੇਗੀ।

ਇਸ ਦੀਆਂ ਪ੍ਰਸਿੱਧ ਲਿਖਤਾਂ 'ਸਟੈਟਿਸਟੀਕਲ ਮੈਥਡਜ਼ ਵਿਦ ਸਪੈਸ਼ਲ ਰੈਫ਼ਰੈਂਸ ਟੂ ਬਾਇਅੱਲੋਜੀਕਲ ਵੇਰੀਏਸ਼ਨ' (1899), 'ਯੂਜੈਨਿਕਸ' (1910) 'ਹੈਰੀਡਿਟੀ ਇਨ ਰਿਲੇਸ਼ਨ ਟੂ ਯੂਜੈਨਿਕਸ' (1911) ਅਤੇ 'ਬਾੱਡੀ ਬਿਲਡ ਐਂਡ ਇਟਸ ਇਨਹੈਰੀਟੈਂਸ' (1923) ਹਨ।

19 ਫਰਵਰੀ, 1944 ਨੂੰ ਕੋਲਡ ਸਪਰਿੰਗ ਹਾਰਬਰ, ਨਿਊਯਾਰਕ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 396

**ਡੇਵਰੀਂਟ ਓਟੋ** : ਇਸ ਪ੍ਰਸਿੱਧ ਅਦਾਕਾਰ, ਨਿਰਮਾਤਾ, ਨਿਰਦੇਸ਼ਕ ਅਤੇ ਨਾਟਕਕਾਰ ਦਾ ਜਨਮ 3 ਅਕਤੂਬਰ, 1838 ਨੂੰ ਬਰਲਿਨ ਵਿਖੇ ਹੋਇਆ। ਇਸ ਨੇ ਆਪਣੇ ਪਿਤਾ ਐਡੂਅਰਡ ਡੇਵਰੀਂਟ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1856 ਵਿਚ ਕਾਰਲਸਰੂਈ ਵਿਖੇ ਇਸ ਨੇ ਇਕ ਅਦਾਕਾਰ ਵਜੋਂ ਆਪਣਾ ਜੀਵਨ ਸ਼ੁਰੂ ਕੀਤਾ ਅਤੇ ਬਾਅਦ ਵਿਚ ਬਰਲਿਨ, ਲਾਈਪਸਿਕ, ਵਾਈਮਾਰ ਅਤੇ ਸਟਟਗਾਰਟ ਵਿਖੇ ਅਭਿਨੈ ਕੀਤਾ। ਸੰਨ 1863 ਵਿਚ ਇਹ ਨਿਰਦੇਸ਼ਨ ਕਰਨ ਲਈ ਕਾਰਲ ਸਰੂਈ ਪਰਤਿਆ, ਸੰਨ 1876 ਤੋਂ ਬਾਅਦ ਇਹ ਬਰਲਿਨ ਦੇ ਸ਼ਾਹੀ ਥੀਏਟਰ ਸਮੇਤ ਕਈ ਥੀਏਟਰਾਂ ਦਾ ਮੈਨੇਜਰ ਰਿਹਾ। ਸੰਨ 1883 ਵਿਚ ਇਸ ਨੇ ਮਾਰਟਿਨ ਲੂਥਰ ਦੇ ਸਨਮਾਨ ਵਿਚ ਈਸਾ ਦੇ ਦੁੱਖ ਭੋਗਣ ਅਤੇ ਤਸੀਹੇ ਸਹਿਣ ਬਾਰੇ ਕਰਾਮਾਤੀ ਨਾਟਕ ਲਿਖਿਆ ਅਤੇ ਇਸ ਨੂੰ ਯੇਨਾ (Jena) ਵਿਖੇ ਖੇਡਿਆ। ਸੰਨ 1884 ਵਿਚ ਇਹ ਡਾਇਰੈਕਟਰ ਵਜੋਂ ਓਲਡੈੱਨਬਰਗ ਗਿਆ ਅਤੇ ਬਰਲਿਨ ਜਾਣ ਤੋਂ ਬਿਨਾਂ ਆਪਣੀ ਮੌਤ ਤੱਕ ਉਥੇ ਹੀ ਰਿਹਾ।

ਡੇਵਰੀਂਟ ਓਟੋ ਨੇ ਨਾਟਕੀ ਅਤੇ ਵਿਦਵਤਾ ਭਰਪੂਰ ਕ੍ਰਿਤਾਂ ਲਿਖੀਆਂ ਜਿਵੇਂ 'Zwei Konige' (1867); 'Tiberius Gracchus' (1871); 'Luthur' (1883); 'Zwie Shakespeare Vortrage' (1896) ਆਦਿ। ਆਪਣੇ ਪਿਤਾ ਨਾਲ ਮਿਲਕੇ ਇਸ ਨੇ ਸ਼ੈਕਸਪੀਅਰ ਦੇ ਨਾਟਕਾਂ ਦਾ ਜਰਮਨ ਭਾਸ਼ਾ ਵਿਚ ਅਨੁਵਾਦ ਕੀਤਾ।

23 ਜੁਲਾਈ, 1894 ਨੂੰ ਪੋਲੈਂਡ ਵਿਚ ਸ਼ਟੈਟਿਨ (ਹੁਣ ਸ਼ਚੈਟਸੀਨ (Szczechin) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ. ਮਾ. 3 : 507; ਐਨ. ਅਮੈ. 9 : 44

**ਡੇਵਰੀਂਟ, ਐਡੂਅਰਡ** : ਜਰਮਨੀ ਦੇ ਇਸ ਅਦਾਕਾਰ, ਡਾਇਰੈਕਟਰ ਅਤੇ ਮੈਨੇਜਰ ਦਾ ਜਨਮ 11 ਅਗਸਤ, 1801 ਨੂੰ ਬਰਲਿਨ ਵਿਖੇ ਹੋਇਆ। ਡੇਵਰੀਂਟ (ਜਾਂ ਡੇਵਰੀਆਂ) ਪਰਿਵਾਰ ਵਿਚ ਹੋਰ ਵੀ ਕਈ ਪ੍ਰਸਿੱਧ ਕਲਾਕਾਰ ਹੋਏ ਹਨ। ਇਹ ਰੁਮਾਂਟਿਕ ਐਕਟਰ ਲੁਟਵਿਕ ਡੇਵਰੀਂਟ ਦਾ ਭਤੀਜਾ ਸੀ। ਇਸ ਨੇ ਆਪਣੇ ਜੀਵਨ ਦੀ ਸ਼ੁਰੂਆਤ 1819 ਈ. ਵਿਚ ਬਰਲਿਨ ਵਿਖੇ ਇਕ ਓਪੇਰਾ ਗੀਤਕਾਰ ਵਜੋਂ ਕੀਤੀ। ਸੰਨ 1844 ਤੋਂ 1852 ਦੌਰਾਨ ਇਸ ਨੇ ਡ੍ਰੇਜ਼ਡਨ ਵਿਖੇ ਐਕਟਰ ਅਤੇ ਸਟੇਜ ਡਾਇਰੈਕਟਰ ਵਜੋਂ ਕੰਮ ਕੀਤਾ। ਫਿਰ 1852 ਤੋਂ 1870 ਈ. ਤੱਕ ਇਹ ਕਾਰਲਸਰੂਈ (Karlsruhe) ਦੇ ਹੱਫਥੀਏਟਰ ਦਾ ਡਾਇਰੈਕਟਰ ਰਿਹਾ ਜਿਹੜਾ ਕਿ ਇਕ ਮਹੱਤਵਪੂਰਨ ਅਹੁਦਾ ਸੀ।

ਇਸ ਨੇ ਸ਼ੈਕਸਪੀਅਰ ਦੇ ਨਾਟਕਾਂ ਦਾ ਜਰਮਨ ਭਾਸ਼ਾ ਵਿਚ ਅਨੁਵਾਦ ਕੀਤਾ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਜਰਮਨ ਥੀਏਟਰ ਵਿਚ ਹੋਏ ਵਿਕਾਸ ਦਾ ਵਿਸਤਾਰ ਸਹਿਤ ਵਿਚ ਵਰਣਨ ਕੀਤਾ। ਇਸ ਸਬੰਧ ਵਿਚ ਇਸ ਦੀ ਪੁਸਤਕ 'ਹਿਸਟਰੀ ਆਫ਼ ਜਰਮਨ ਡਰਾਮੈਟਿਕ ਆਰਟ' (1848) ਬਹੁਤ ਪ੍ਰਸਿੱਧ ਹੈ।

4 ਅਕਤੂਬਰ, 1877 ਨੂੰ ਕਾਰਲਸਰੂਈ (ਹੁਣ ਜਰਮਨੀ ਵਿਚ) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਅਮੈ. 9 : 43 ; ਐਨ. ਬ੍ਰਿ. ਮਾ. 3 : 506 ; ਐਨ. ਬ੍ਰਿ. 7 : 344

**ਡੇਵਰੀਂਟ, ਐਮਿਲ** : 19ਵੀਂ ਸਦੀ ਦੇ ਇਸ ਪ੍ਰਸਿੱਧ ਅਦਾਕਾਰ ਦਾ ਜਨਮ 4 ਸਤੰਬਰ, 1803 ਨੂੰ ਬਰਲਿਨ ਵਿਖੇ ਹੋਇਆ। ਇਹ ਫ਼ਿਲਿਪ ਐਂਡ੍ਰਅਰਡ ਅਤੇ ਕਾਰਲ ਆਗਸਟ ਡੇਵਰੀਂਟ ਦਾ ਭਰਾ ਤੇ ਲੁਟਵਿਕ ਡੇਵਰੀਂਟ ਦਾ ਭਤੀਜਾ ਸੀ। ਇਹ 1821 ਵਿਚ ਪਹਿਲੀ ਵਾਰ ਬ੍ਰਨਜ਼ਵਿਕ ਵਿਖੇ ਸਟੇਜ ਤੇ ਆਇਆ। ਸੰਨ 1825 ਵਿਚ ਇਸਨੇ ਪ੍ਰਸਿੱਧ ਅਦਾਕਾਰਾ ਡੋਰੋਥੀਆ ਬੋਹਲਰ ਨਾਲ ਵਿਆਹ ਕਰਵਾਇਆ। ਬ੍ਰੇਮੈਨ ਲਾਈਪਸਿਕ ਅਤੇ ਹੈਮਬਰਗ ਵਿਖੇ ਹੁੰਦੇ ਹੋਏ 1831 ਵਿਚ ਇਹ ਡ੍ਰੇਜ਼ਡਨ ਪਹੁੰਚ ਗਿਆ। ਇਥੇ ਇਸਦਾ 1868 ਈ. ਵਿਚ, ਆਪਣੀ ਰਿਟਾਇਰਮੈਂਟ ਤਕ ਕੋਰਟ (ਸ਼ਾਹੀ) ਥੀਏਟਰ ਨਾਲ ਸਬੰਧ ਰਿਹਾ। ਇਸਨੇ ਸੁਖਾਂਤ ਅਤੇ ਦੁਖਾਂਤ ਦੋਵੇਂ ਤਰ੍ਹਾਂ ਦੇ ਰੋਲ ਕੀਤੇ। ਗੈਟੇ ਦੇ ਨਾਟਕਾਂ 'Torquato Tasso' ਅਤੇ 'Egmont' ਅਤੇ ਸ਼ੈਕਸਪੀਅਰ ਦੇ 'ਹੈਮਲਿਟ' ਰੋਲਾਂ ਵਿਚ ਇਸਨੂੰ ਬਹੁਤ ਪ੍ਰਸਿੱਧੀ ਮਿਲੀ।

7 ਅਗਸਤ, 1872 ਨੂੰ ਡ੍ਰੇਜ਼ਡਨ ਵਿਖੇ ਇਸਦੀ ਮੌਤ ਹੋ ਗਈ

ਹ.ਪੁ.—ਐਨ. ਬ੍ਰਿ. ਮਾ. 3 : 506; ਐਨ. ਅਮੈ. 9 : 44 ; ਐਨ. ਬ੍ਰਿ. 7 : 344

**ਡੇਵਰੀਂਟ, ਕਾਰਲ ਆੱਗਸਟ** : ਇਸ ਅਦਾਕਾਰ ਦਾ ਜਨਮ 5 ਅਪ੍ਰੈਲ, 1797 ਨੂੰ ਬਰਲਿਨ ਵਿਖੇ ਹੋਇਆ। ਇਹ

ਐਡੂਵਰਡ ਡੈਵਰੀਟ ਅਤੇ ਐਮਿਲ ਡੈਵਰੀਟ ਦਾ ਭਰਾ ਅਤੇ 'ਲੁਟਵਿਕ ਡੈਵਰੀਟ ਦਾ ਭਤੀਜਾ ਸੀ। ਸੰਨ 1819 ਵਿਚ ਇਸਨੇ ਬ੍ਰਨਜ਼ਵਿਕ ਵਿਖੇ ਇਕ ਅਦਾਕਾਰ ਵਜੋਂ ਆਪਣਾ ਜੀਵਨ ਸ਼ੁਰੂ ਕੀਤਾ। ਸੰਨ 1821 ਤੋਂ 1871 ਤੱਕ ਇਸਨੇ ਡ੍ਰੈਜ਼ਡਨ, ਕਾਰਲਸਰੂਈ ਅਤੇ ਹੈਨੋਵਰ ਵਿਖੇ ਅਦਾਕਾਰੀ ਕੀਤੀ। ਇਸਨੇ ਫੀਡਰਿਕ ਸ਼ਿੱਲਰ ਦੇ 'Wallen Stein', ਗੈਟੇ ਦੇ 'ਫਾੱਸਟ' ਅਤੇ ਸ਼ੈਕਸਪੀਅਰ ਦੇ 'ਕਿੰਗ ਲੀਅਰ' ਨਾਟਕਾਂ ਵਿਚ ਰੋਲ ਕਰਕੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ।

3 ਅਗਸਤ, 1872 ਨੂੰ ਹੈਨੋਵਰ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਅਮੈ. 9 : 43 ; ਐਨ. ਬ੍ਰਿ. ਮਾ. 3 : 506; ਐਨ. ਬ੍ਰਿ. 7 : 344

**ਡੈਵਰੀਟ, ਮੈਕਸ** : ਜਰਮਨੀ ਦੇ ਇਸ ਅਦਾਕਾਰ ਦਾ ਜਨਮ 12 ਦਸੰਬਰ, 1857 ਨੂੰ ਹੈਨੋਵ੍ਰਰ ਵਿਖੇ ਹੋਇਆ। ਇਹ ਪ੍ਰਸਿੱਧ ਅਦਾਕਾਰ ਕਾਰਲ ਡੈਵਰੀਟ ਦਾ ਲੜਕਾ ਸੀ। ਪਹਿਲੀ ਵਾਰ ਇਹ ਸਟੇਜ ਤੇ ਫ਼੍ਰੀਡਰਿਕ ਸ਼ਿੱਲਰ ਦੇ ਨਾਟਕ 'Die Jungfrau von Orleans' ਵਿਚ ਬਰਟ੍ਰੈਂਡ ਦੇ ਰੋਲ ਵਿਚ ਆਇਆ। ਇਹ ਨਾਟਕ ਸੰਨ 1878 ਵਿਚ ਡ੍ਰੈਜ਼ਡਨ ਵਿਖੇ ਖੇਡਿਆ ਗਿਆ। ਬਾਅਦ ਵਿਚ 1882 ਤੋਂ ਕਈ ਸਾਲ ਇਸ ਨੇ ਵੀਆਨਾ ਦੇ ਬਰਗ ਥੀਏਟਰ ਵਿਚ ਕੰਮ ਕੀਤਾ।

ਇਸਨੇ ਗੈਟੇ, ਸ਼ਿੱਲਰ ਅਤੇ ਸ਼ੈਕਸਪੀਅਰ ਦੇ ਨਾਟਕਾਂ ਵਿਚ ਦੁਖਾਂਤਕ ਭੂਮਿਕਾਵਾਂ ਨਿਭਾਈਆਂ। ਇਸਨੂੰ ਸੁਖਾਂਤਕ ਭੂਮਿਕਾਵਾਂ ਵਿਚ ਵੀ ਬਹੁਤ ਪ੍ਰਸਿੱਧੀ ਮਿਲੀ, ਖ਼ਾਸ ਕਰਕੇ ਸ਼ੈਕਸਪੀਅਰ ਦੇ 'ਟੇਮਿੰਗ ਆਫ਼ ਦੀ ਸ਼੍ਰਿਊ' ਨਾਟਕ ਵਿਚ ਇਸ ਨੇ ਕਮਾਲ ਕਰ ਵਿਖਾਈ ਸੀ।

13 ਜੂਨ, 1929 ਨੂੰ ਸਵਿਟਜ਼ਰਲੈਂਡ ਵਿਚ ਕੁਰ (Chur) ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 507

**ਡੈਵਰੀਟ , ਲੁਟਵਿਕ** : ਜਰਮਨੀ ਦੇ ਇਸ ਰੋਮਾਂਟਿਕ ਕਾਲ ਦੇ ਅਦਾਕਾਰ ਦਾ ਜਨਮ 15 ਦਸੰਬਰ, 1784 ਨੂੰ ਬਰਲਿਨ ਵਿਖੇ ਹੋਇਆ। ਇਹ ਕੱਪੜਿਆਂ ਦਾ ਥੋਕ ਵਪਾਰ ਕਰਨ ਵਾਲੇ ਪਰਿਵਾਰ ਵਿਚ ਪੈਦਾ ਹੋਇਆ। ਇਸਨੇ ਆਪਣੇ ਪਿਤਾ ਵਾਲਾ ਕੰਮ ਕਰਨ ਤੋਂ ਇਨਕਾਰ ਕੀਤਾ ਅਤੇ ਕਈ ਵਾਰ ਘਰ ਤੋਂ ਚਲਾ ਗਿਆ। ਇਕ ਵਾਰ ਇਹ ਫ਼ੌਜ ਵਿਚ ਭਰਤੀ ਹੋ ਗਿਆ। ਇਸਨੇ ਥਿਊਰਿੰਜੀਆ ਦੀ ਪ੍ਰਾਂਤਕ ਕੰਪਨੀ ਤੋਂ ਅਦਾਕਾਰੀ ਦੀ ਸਿੱਖਿਆ ਪ੍ਰਾਪਤ ਕੀਤੀ। ਬਾਅਦ ਵਿਚ ਇਸਨੇ ਡੇਸਾਊ ਦੇ ਸ਼ਾਹੀ ਥੀਏਟਰ ਵਿਚ ਕੰਮ ਕੀਤਾ। ਸੰਨ 1809 ਵਿਚ ਇਹ ਬ੍ਰੇਸਲਾਊ ਸ਼ਹਿਰ ਦੇ ਥੀਏਟਰ ਵਿਚ ਸ਼ਾਮਲ ਹੋ ਗਿਆ ਅਤੇ ਕਲਾ ਵਿਚ ਪ੍ਰਵੀਨ ਹੋ ਗਿਆ।

ਸੰਨ 1814 ਵਿਚ ਇਸਨੇ ਆੱਗਸਟ ਵਿਲਹੈਲਮ ਇਫ਼ਲੈਂਡ ਦੀ ਸਹਾਇਤਾ ਨਾਲ ਬਰਲਿਨ ਦੇ ਰੱਾਇਲ ਕੋਰਟ ਥੀਏਟਰ ਵਲੋਂ ਕਰਵਾਏ ਗਏ ਫ੍ਰੀਡਰਿਕ ਸ਼ਿੱਲਰ ਦੇ ਨਾਟਕ 'ਦੀ ਰੋਬਰਜ਼' ਵਿਚ ਫ੍ਰਾਂਟਸ ਮੂਰ ਦਾ ਰੋਲ ਕੀਤਾ। ਸੰਨ 1816 ਵਿਚ ਇਸਨੂੰ ਸੁਖਾਂਤਕ ਨਾਟਕਾਂ ਲਈ ਹੀ ਸਟੇਜ ਮੈਨੇਜਰ ਨਿਯੁਕਤ ਕੀਤਾ ਗਿਆ ਅਤੇ ਇਸ ਨੂੰ ਸੁਖਾਂਤਕ ਰੋਲ ਹੀ ਦਿੱਤੇ ਜਾਂਦੇ ਸਨ ਪਰ ਇਹ ਬੀਮਾਰ ਹੋ ਗਿਆ। ਇਹ ਆਪਣੇ ਰੋਲਾਂ ਵਿਚ ਦੁਖਾਂਤਕ ਰੋਲ ਪਸੰਦ ਕਰਦਾ ਸੀ, ਇਸ ਕਰਕੇ ਮਾਯੂਸ ਹੋ ਕੇ ਸ਼ਰਾਬ ਪੀਣ ਲਗ ਪਿਆ। ਇਹ ਆਪਣੇ ਰੋਲਾਂ ਵਿਚ ਇੰਨਾ ਲੀਨ ਹੋ ਗਿਆ ਸੀ ਕਿ ਮੌਤ ਦੇ ਇਕ ਦ੍ਰਿਸ਼ ਤੋਂ ਬਾਅਦ ਇਸਨੇ ਕਿਹਾ, 'ਮੈਂ ਸੋਚਿਆ ਮੈਂ ਸਚਮੁੱਚ ਹੀ ਮਰ ਗਿਆ ਸੀ।'

ਬਰਲਿਨ ਵਿਖੇ ਇਸਦੇ ਪਿਛਲੇ ਕੁਝ ਸਾਲ ਬਹੁਤ ਹੀ ਅਯਾੱਗ਼ੀ ਵਿਚ ਗੁਜ਼ਰੇ। ਆਪਣੀ ਮੌਤ ਸਮੇਂ ਇਹ ਸਿਰਫ਼ 48 ਸਾਲ ਦਾ ਸੀ। ਫ਼ਰਾਂਟਸ ਮੂਰ ਅਤੇ ਸ਼ੈਕਸਪੀਅਰ ਦੇ ਨਾਟਕਾਂ ਦੇ ਰੋਲਾਂ ਵਿਚ ਇਸ ਨੂੰ ਪ੍ਰਸਿੱਧੀ ਮਿਲੀ। ਇਸ ਨੇ ਸੁਖਾਂਤ ਅਤੇ ਦੁਖਾਂਤ ਦੋਵੇਂ ਤਰ੍ਹਾਂ ਦੇ ਪਾਰਟ ਅਦਾ ਕੀਤੇ।

30 ਦਸੰਬਰ, 1832 ਨੂੰ ਬਰਲਿਨ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 3 : 506 ; ਐਨ. ਅਮੈ. 9 : 43.

**ਡੇਵਿੰਟ, ਪੀਟਰ** : ਇਸ ਅੰਗਰੇਜ਼ ਭੂ-ਦ੍ਰਿਸ਼ ਚਿੱਤਰਕਾਰ ਦਾ ਜਨਮ 21 ਜਨਵਰੀ, 1784 ਨੂੰ ਇੰਗਲੈਂਡ ਵਿਚ ਸਟੋਨ ਵਿਖੇ ਹੋਇਆ। ਇਸ ਨੇ ਲੰਡਨ ਦੀ ਰੱਾਇਲ ਅਕਾਦਮੀ ਤੋਂ ਸਿੱਖਿਆ ਪ੍ਰਾਪਤ ਕੀਤੀ। ਇਸ ਨੇ ਬਾਅਦ ਵਿਚ ਇਥੇ ਕਈ ਵਾਰ ਆਪਣੀਆਂ ਕ੍ਰਿਤਾਂ ਨੂੰ ਪ੍ਰਦਰਸ਼ਿਤ ਕੀਤਾ। ਸੰਨ 1810 ਵਿਚ ਇਹ ਜਲ-ਰੰਗੀ ਚਿੱਤਰਕਾਰਾਂ ਦੇ ਸਮੂਹ ਵਿਚ ਸ਼ਾਮਲ ਹੋ ਗਿਆ। ਇਸ ਨੇ ਕੁਝ ਤੇਲ-ਰੰਗੀ ਚਿੱਤਰ ਵੀ ਬਣਾਏ। ਬਰਤਾਨਵੀ ਦ੍ਰਿਸ਼ ਬਣਾਉਣਾ ਇਸਦਾ ਮਨਪਸੰਦ ਵਿਸ਼ਾ ਸੀ। ਇਸ ਦੇ ਚਿੱਤਰ ਲੰਡਨ, ਸਿਡਨੀ ਅਤੇ ਬੋਸਟਨ ਦੀਆਂ ਆਰਟ ਗੈਲਰੀਆਂ ਜਾਂ ਮਿਊਜ਼ੀਅਮਾਂ ਵਿਖੇ ਲੱਗੇ ਹੋਏ ਮਿਲਦੇ ਹਨ।

30 ਜਨਵਰੀ, 1849 ਨੂੰ ਲੰਡਨ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਅਮੈ. 9 : 49; ਐਨ. ਬ੍ਰਿ. ਮਾ. 3 : 508

**ਡੈਵਿਲਜ਼ ਆਈਲੈਂਡ** : ਫ੍ਰੈਂਚ ਗੀਆਨਾ (ਦੱ. ਅਮਰੀਕਾ) ਦੇ ਉੱਤਰੀ ਤੱਟ ਤੋਂ ਪਰ੍ਹੇ ਅੰਧ ਮਹਾਂਸਾਗਰ ਵਿਚ ਇਹ ਸੇਫਟੀ ਆਈਲੈਂਡਸ ਨਾਂ ਦੇ ਤਿੰਨ ਟਾਪੂਆਂ ਵਿਚੋਂ ਸਭ ਤੋਂ ਛੋਟਾ ਟਾਪੂ ਹੈ। ਇਹ ਮੁੱਖ ਧਰਤੀ ਤੋਂ ਅਤੇ ਕੁਰੂ ਦਰਿਆ ਦੇ ਮੁਹਾਣੇ ਤੋਂ 10 ਕਿ.ਮੀ. ਦੂਰ ਧਰਤੀ ਦੀ ਇਕ ਤੰਗ ਜਿਹੀ ਪੱਟੀ ਹੈ। ਇਹ ਸਿਰਫ਼ 1,200 ਮੀ. ਲੰਬੀ ਅਤੇ 133 ਮੀ. ਚੌੜੀ ਹੈ। 19ਵੀਂ ਸਦੀ ਵਿਚ ਫ਼ਰਾਂਸੀਸੀ ਸਰਕਾਰ ਨੇ ਇਸ ਥਾਂ ਨੂੰ ਕੈਦੀ ਰੱਖਣ ਲਈ ਉੱਨਤ ਕੀਤਾ ਸੀ। ਇਥੇ ਹੀ ਫ਼ਰਾਂਸੀਸੀ ਫ਼ੌਜੀ ਅਫ਼ਸਰ ਅਲਫ੍ਰਡ ਡ੍ਰੇਫ਼ਸ ਨੂੰ ਨਜ਼ਰਬੰਦ ਕਰਕੇ 13 ਅਪ੍ਰੈਲ, 1895 ਤੋਂ 5 ਜੂਨ, 1899 ਤੱਕ ਰੱਖਿਆ ਗਿਆ ਸੀ। ਇਸ ਦੌਰਾਨ ਉਸ ਨੇ 1000 ਚਿੱਠੀਆਂ ਅਤੇ ਇਕ ਰੋਜ਼ਨਾਮਚਾ ਲਿਖਿਆ। ਇਸ ਪਿੱਛੋਂ ਪਹਿਲੇ ਮਹਾਂਯੁੱਧ ਦੇ ਗੈਰਫ਼ਰਾਂਸੀਸੀ ਫ਼ੌਜੀ ਭਗੌੜੇ, ਜੰਗੀ ਕੈਦੀ ਅਤੇ ਜਾਸੂਸ ਆਦਿ ਵੀ ਇਥੇ ਕੈਦ ਕੀਤੇ ਜਾਂਦੇ ਰਹੇ। ਅਖੀਰ 1938 ਈ. ਵਿਚ ਇਕ ਮਤਾ ਪਾਸ ਕਰਕੇ ਇਥੋਂ ਕੈਦਖ਼ਾਨਾ ਖ਼ਤਮ ਕਰ ਦਿੱਤਾ ਗਿਆ ਅਤੇ ਕੈਦੀਆਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ। ਇਸ ਪਿੱਛੋਂ ਇਹ ਸਰਦੀਆਂ ਦੀ ਸੈਰਗਾਹ ਅਤੇ ਸੈਲਾਨੀ ਕੇਂਦਰ ਦੇ ਤੌਰ ਤੇ ਉੱਨਤ ਹੈ।

ਹ.ਪੁ.—ਐਨ. ਬ੍ਰਿ. ਮਾ. 3 : 47

**ਡੈਵੈਨਪੋਰਟ, ਐਡਵਰਡ ਲੂਮਿਸ** : ਇਸ ਅਮਰੀਕੀ ਅਦਾਕਾਰ ਦਾ ਜਨਮ 15 ਨਵੰਬਰ, 1815 ਨੂੰ ਬੋਸਟਨ ਵਿਖੇ ਹੋਇਆ। ਸੰਨ 1836 ਵਿਚ ਇਹ 'ਸਰ ਜਾਈਲਜ਼ ਓਵਰਰੀਚ' ਨਾਟਕ ਵਿਚ ਸਟੇਜ ਤੇ ਆਇਆ ਅਤੇ ਛੇਤੀ ਹੀ ਇਕ ਉੱਘਾ ਕਲਾਕਾਰ ਬਣ ਗਿਆ। ਸੰਨ 1847 ਤੱਕ ਇਸ ਨੇ ਪ੍ਰਮੁੱਖ ਤੌਰ ਤੇ ਬੋਸਟਨ ਵਿਖੇ ਆਪਣੇ ਪ੍ਰੋਗਰਾਮ ਦਿੱਤੇ। ਉਸੇ ਸਾਲ ਹੀ ਇਹ ਇੰਗਲੈਂਡ ਚਲਾ ਗਿਆ ਅਤੇ ਉਥੇ ਇਸਨੇ ਸ਼ੈਕਸਪੀਅਰ ਦੇ ਨਾਟਕਾਂ ਵਿਚ ਹੈਮਲੈੱਟ ਤੇ ਬਰੂਟਸ ਆਦਿ ਦੇ ਰੋਲ ਅਦਾ ਕੀਤੇ।

ਸੰਨ 1854 ਵਿਚ ਸੰਯੁਕਤ ਰਾਜ ਅਮਰੀਕਾ ਵਾਪਿਸ ਆ ਕੇ ਇਸਨੇ ਵਧੇਰੇ ਕਰਕੇ ਸ਼ੈਕਸਪੀਅਰ ਦੇ ਨਾਟਕਾਂ ਵਿਚ ਕੰਮ ਕੀਤਾ

ਅਤੇ ਚਾਰਲਸ ਡਿਕਨਜ਼ ਦੇ ਨਾਵਲਾਂ ਨੂੰ ਸਟੇਜ ਤੇ ਪੇਸ਼ ਕੀਤਾ। ਸੰਨ 1859 ਵਿਚ ਇਹ ਬੋਸਟਨ ਦੇ ਹਾਰਵਰਡ ਐਥੀਨੀਅਨ ਥੀਏਟਰ ਦਾ ਅਤੇ 1859 ਵਿਚ ਫਿਲਾਡੈਲਫ਼ੀਆ ਦੇ ਚੈੱਸੱਟਨਟ ਸਟ੍ਰੀਟ ਥੀਏਟਰ ਦਾ ਮੈਨੇਜਰ ਰਿਹਾ।

ਇਸ ਸਤੰਬਰ, 1877 ਨੂੰ ਪੈਨਸਿਲਵੇਨੀਆ ਰਾਜ ਵਿਚ ਕੈਂਟਨ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ.3 : 396 ; ਐਨ. ਅਮੈ. 8 : 496

**ਡੇਵੈਨਟਰ** : ਨੀਦਰਲੈਂਡਜ਼ ਦੇ ਪੂਰਬੀ ਕੇਂਦਰੀ ਭਾਗ ਵਿਚ ਓਵਰਾਈਸਲ (Overijssel) ਪਰਾਵਿੰਸ ਦਾ ਇਕ ਮਿਉਂਸਪਲਟੀ ਸ਼ਹਿਰ ਹੈ ਜਿਹੜਾ ਓਵਰਾਈਸਲ ਨਹਿਰ ਦੇ ਪੱਛਮੀ ਸਿਰੇ ਤੇ ਆਈਸਲ ਦਰਿਆ ਉਪਰ ਵਾਕਿਆ ਹੈ। ਇਸ ਸ਼ਹਿਰ ਦੀ ਸਥਾਪਨਾ ਅੱਠਵੀਂ ਸਦੀ ਵਿਚ ਸੇਂਟ ਲੈਬੁਈਨਸ ਦੁਆਰਾ ਸਥਾਪਿਤ ਇਕ ਛੋਟੇ ਜਿਹੇ ਗਿਰਜੇ ਦੁਆਲੇ ਹੋਈ। ਮੱਧਕਾਲ ਦੌਰਾਨ ਇਕ ਵਪਾਰਕ ਜਥੇਬੰਦੀ ਜਿਸਨੂੰ ਹੈਨਸੀਆਟਿਕ ਲੀਗ ਕਿਹਾ ਜਾਂਦਾ ਸੀ, ਦਾ ਮੈਂਬਰ ਹੋਣ ਅਤੇ ਸੁੱਕੀ ਮੱਛੀ ਦੇ ਵਪਾਰ ਦਾ ਏਕਾਧਿਕਾਰ ਹਾਸਲ ਹੋਣ ਕਰਕੇ ਇਥੋਂ ਦੀ ਮਹੱਤਤਾ ਵਿਚ ਕਾਫ਼ੀ ਵਾਧਾ ਹੋਇਆ। ਹਰ ਸਾਲ ਇਥੇ ਪੰਜ ਭਾਰੀ ਮੇਲੇ ਲੱਗਣ ਕਾਰਨ ਇਸ ਨੂੰ ਹੋਰ ਵੀ ਪ੍ਰਸਿੱਧੀ ਹਾਸਲ ਹੋਈ। ਇਸੇ ਕਾਲ ਵਿਚ ਇਥੇ ਇਕ ਉੱਘਾ ਬੌਧਿਕ ਕੇਂਦਰ ਸਥਾਪਿਤ ਹੋਇਆ ਜਿਸ ਵਿਚ ਟਾਮਸ ਏ ਕੈਂਪਿਸ ਵਰਗੇ ਸੰਤ-ਸੁਭਾਅ ਵਿਦਵਾਨ ਐਰਾਸਮਸ ਅਤੇ ਪੋਪ ਐਂਡਰੀਅਨ ਚੌਥੇ ਨੇ ਵਿੱਦਿਆ ਪ੍ਰਾਪਤ ਕੀਤੀ। ਚੌਦ੍ਹਵੀਂ ਸਦੀ ਵਿਚ ਜੀਰਾਰਡ ਗਰੂਤ ਨੇ ਆਪਣਾ 'ਬ੍ਰਦਰਨ ਆਫ਼ ਦੀ ਕੱਮਨ ਲਾਈਫ਼' ਨਾਉਂ ਦਾ ਧਾਰਮਿਕ ਅੰਦੋਲਨ ਇਥੋਂ ਹੀ ਸ਼ੁਰੂ ਕੀਤਾ। ਸੰਨ 1500 ਵਿਚ ਡੇਵੈਨਟਰ ਇਕ ਉੱਘਾ ਡੱਚ ਛਾਪਾਖਾਨਾ ਕੇਂਦਰ ਬਣ ਗਿਆ।

ਇਹ ਸ਼ਹਿਰ ਗਲੀਚੇ ਅਤੇ ਟੇਪੈਸਟਰੀ ਬਣਾਉਣ ਲਈ ਬੜਾ ਮਸ਼ਹੂਰ ਹੈ। ਇਥੇ ਕਈ ਫਾਊਂਡਰੀਆਂ ਸਥਾਪਿਤ ਹਨ। ਇੱਟਾਂ ਅਤੇ ਸਾਈਕਲ ਆਦਿ ਬਣਾਉਣ ਦਾ ਕੰਮ ਵੀ ਕਾਫ਼ੀ ਉੱਨਤ ਹੈ।

ਮੱਧਕਾਲ ਦੀਆਂ ਬਣੀਆਂ ਇਮਾਰਤਾਂ ਵਿਚੋਂ ਗ੍ਰੋਟ ਕਰਕ ਗਿਰਜਾ ਘਰ, ਸੇਂਟ ਨਿਕੋਲਸ ਗਿਰਜਾ ਘਰ, ਟਾਊਨ ਹਾਲ ਅਤੇ 1528 ਈ. ਦਾ ਬਣਿਆ ਇਕ ਗੱਥਿਕ ਤੋਲ ਘਰ ਜਿਹੜਾ ਕਿ ਹੁਣ ਅਜਾਇਬ ਘਰ ਬਣ ਚੁੱਕਾ ਹੈ ਆਦਿ ਇਸ ਉਪਰ ਆਪਣੀ ਇਤਿਹਾਸਕ ਛਾਪ ਛੱਡਦੀਆਂ ਹਨ।

ਆਬਾਦੀ—64,455 (1983)

ਹ.ਪੁ.—ਐਨ. ਬ੍ਰਿ. ਮਾ. 4 : 46

**ਡੇਵੈਨੈਂਟ, ਸਰ ਵਿਲੀਅਮ** : ਇੰਗਲੈਂਡ ਦੇ ਇਸ ਰਾਜ ਕਵੀ ਅਤੇ ਨਾਟਕਕਾਰ ਦਾ ਜਨਮ 1606 ਵਿਚ ਆਕਸਫੋਰਡ ਵਿਖੇ ਹੋਇਆ। ਆਕਸਫੋਰਡ ਦੇ ਫਰੀ ਸਕੂਲ ਵਿਚ ਵਿਦਿਆ ਪ੍ਰਾਪਤ ਕਰਨ ਮਗਰੋਂ 1622 ਵਿਚ ਇਹ ਲੰਡਨ ਵਿਚ ਕਿਸੇ ਸ਼ਾਹੀ ਘਰਾਣੇ ਦਾ ਟਹਿਲੂਆ ਲੱਗ ਗਿਆ। ਪਿਛੋਂ ਬਦਲ ਕੇ ਇਸ ਨੇ ਕਈ ਘਰਾਣਿਆਂ ਵਿਚ ਸੇਵਾ ਕੀਤੀ। ਸੰਨ 1629 ਵਿਚ ਇਸ ਨੇ ਆਪਣਾ ਪਹਿਲਾ ਨਾਟਕ 'ਦੀ ਟ੍ਰੈਜਡੀ ਆਫ਼ ਐਲਬੋਰੀਨ', 'ਕਿੰਗ ਆਫ਼ ਲੰਬਾਰਡਜ਼' ਲਿਖਿਆ।

ਇਸ ਦੇ ਡਰਾਮਿਆਂ 'ਦੀ ਵਿਟਸ', ਤੇ 'ਲਵ ਐਂਡ ਆਨਰ' ਵਰਗੇ ਉੱਤਮ ਨਾਟਕਾਂ ਅਤੇ ਕਾਵਿ ਸੰਗ੍ਰਹਿ 'ਮੈਡਾਗਾਸਕਰ' ਕਾਰਨ 1737 ਵਿਚ ਇਸ ਨੂੰ ਰਾਜ ਕਵੀ ਦੀ ਪਦਵੀ ਦਿੱਤੀ ਗਈ।

ਇਹ ਬਾਦਸ਼ਾਹ ਚਾਰਲਸ ਪਹਿਲੇ ਦਾ ਕੱਟੜ ਸਮਰਥਕ ਸੀ। ਸੰਨ 1643 ਵਿਚ ਗਲੱਸਟਰ ਦੇ ਕਬਜ਼ੇ ਸਮੇਂ ਬਹਾਦਰੀ ਦਿਖਾਉਣ ਲਈ ਇਸ ਨੂੰ 'ਨਾਈਟ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ। ਕਰਾਮਵੈੱਲ ਦੇ ਰਾਜ-ਕਾਲ ਦੌਰਾਨ ਬੰਦ ਕੀਤੇ ਗਏ ਡਰਾਮੇ ਨੂੰ ਡੇਵੈਨੈਂਟ ਨੇ ਮੁੜ ਸ਼ੁਰੂ ਕਰਨ ਦੀ ਪਹਿਲੀ ਕੋਸ਼ਿਸ਼ ਕੀਤੀ ਅਤੇ 'ਦੀ ਫ਼ਸਟ ਡੇਜ਼ ਐਂਟਰਟੇਨਮੈਂਟ', ਨੂੰ 'ਡੈਕਲੇਮੇਸ਼ਨ ਐਂਡ ਮਿਊਜ਼ਿਕ' ਦਾ ਨਾਂ ਦੇ ਕੇ ਪੇਸ਼ ਕੀਤਾ। ਇਸ ਨਾਲ ਹੀ ਇੰਗਲੈਂਡ ਵਿਚ ਪਹਿਲਾ ਗੀਤ-ਨਾਟ ਸ਼ੁਰੂ ਹੋ ਗਿਆ।

ਸੰਨ 1650 ਵਿਚ ਨਵ-ਆਬਾਦੀ ਵਸਾਉਣ ਦੇ ਇਰਾਦੇ ਨਾਲ ਇਹ ਵਰਜੀਨੀਆ ਗਿਆ ਜਿਥੇ ਇਸਨੂੰ ਮੁੜ ਕੇ ਕੈਦ ਕੀਤਾ ਗਿਆ ਅਤੇ 1654 ਤੱਕ ਲੰਡਨ ਟਾਵਰ ਵਿਚ ਕੈਦ ਰੱਖਿਆ ਗਿਆ। ਸੰਨ 1656 ਵਿਚ ਇਸਨੇ ਪਹਿਲਾਂ ਅੰਗਰੇਜ਼ੀ ਗੀਤ-ਨਾਟ 'ਦੀ ਸੀਜ਼ ਆਫ਼ ਰੋਡਜ਼' ਪੇਸ਼ ਕੀਤਾ। ਇਸ ਗੀਤ ਨਾਟ ਦੀ ਨਾਇਕਾ ਸ੍ਰੀਮਤੀ ਕੋਲਮੈਨ ਸੀ ਜੋ ਕਿ ਸਟੇਜ ਉਤੇ ਆਉਣ ਵਾਲੀ ਪਹਿਲੀ ਇਸਤਰੀ ਸੀ। ਸੰਨ 1660 ਵਿਚ ਬਾਦਸ਼ਾਹਤ ਦੀ ਬਹਾਲੀ ਉਪਰੰਤ ਇਸਨੂੰ ਨਵੀਂ ਡਰਾਮਾ ਕੰਪਨੀ ਸ਼ੁਰੂ ਕਰਨ ਦਾ ਰਾਜਸੀ ਅਧਿਕਾਰ-ਪੱਤਰ ਮਿਲ ਗਿਆ। ਇਸਨੇ ਲਿੰਕਨਜ਼ ਇਨ ਫ਼ੀਲਡ ਵਿਚ ਡਿਊਕ ਆੱਫ਼ ਯਾਰਕ ਡਰਾਮਾ ਘਰ ਸ਼ੁਰੂ ਕਰ ਦਿੱਤਾ। ਇਹ ਡਰਾਮਾ-ਘਰ ਵਿਚ ਪੇਸ਼ ਕਰਨ ਲਈ ਇਹ ਖ਼ੁਦ ਡਰਾਮੇ ਲਿਖਦਾ ਅਤੇ ਨਿਰਦੇਸ਼ਨ ਕਰਦਾ ਸੀ।

7 ਅਪ੍ਰੈਲ, 1668 ਨੂੰ ਲੰਡਨ ਵਿਖੇ ਇਸਦੀ ਮੌਤ ਹੋ ਗਈ ਅਤੇ ਇਸ ਨੂੰ ਵੈੱਸਟ ਮਿਨਸਟਰ ਐਬੇ ਵਿਖੇ ਦਫ਼ਨਾਇਆ ਗਿਆ।

ਹ.ਪੁ.—ਐਨ. ਬ੍ਰਿ. ਮਾ. 3 : 395; ਐਵ. ਐਨ. 4 : 227 ; ਐਨ. ਅਮੈ. 8 : 496

**ਡੇਵੋਟੋ ਬਰਨਾਰਡ ਆਗਸਟੀਨ** : ਸੰਯੁਕਤ ਰਾਜ ਅਮਰੀਕਾ ਦੇ ਇਸ ਨਾਵਲਕਾਰ, ਪੱਤਰਕਾਰ, ਇਤਿਹਾਸਕਾਰ ਅਤੇ ਆਲੋਚਕ ਦਾ ਜਨਮ 11 ਜਨਵਰੀ, 1897 ਨੂੰ ਊਟਾਹਾ ਰਾਜ ਵਿਚ ਆਂਗਡੇਨ ਵਿਖੇ ਹੋਇਆ। ਵਿਦਿਆ ਪ੍ਰਾਪਤ ਕਰਨ ਪਿਛੋਂ 1922 ਤੋਂ 1927 ਤੱਕ ਇਸਨੇ ਨਾਰੱਥਵੈਸਟਰਨ ਯੂਨੀਵਰਸਿਟੀ ਵਿਚ ਅਤੇ 1929 ਤੋਂ 1936 ਤੱਕ ਹਾਰਵਰਡ ਯੂਨੀਵਰਸਿਟੀ ਵਿਚ ਪੜ੍ਹਾਇਆ। ਇਸ ਉਪਰੰਤ ਇਹ 'ਸੈਟਰਡੇ ਰੀਵਿਊ ਆਫ਼ ਲਿਟਰੇਚਰ ਦਾ ਸੰਪਾਦਕ ਬਣ ਗਿਆ। ਦੋ ਸਾਲਾਂ ਪਿਛੋਂ ਇਸ ਨੇ ਅਸਤੀਫ਼ਾ ਦੇ ਦਿੱਤਾ ਅਤੇ ਇਹ ਮੈਸਾਚੂਸੈੱਟਸ ਰਾਜ ਵਿਚ ਕੈਂਬਰਿਜ ਵਾਪਸ ਪਰਤ ਗਿਆ ਜਿਥੇ ਇਸਨੇ ਆਪਣਾ ਬਾਕੀ ਦਾ ਜੀਵਨ ਬਿਤਾਇਆ। ਇਸ ਨੇ ਕਈ ਨਾਵਲ ਲਿਖੇ ਪਰ 'ਹਾਰਪਰ ਮੈਗਜ਼ੀਨ' ਵਿਚ ਛਪੇ ਆਪਣੇ ਲੇਖਾਂ ਕਰਕੇ ਇਹ ਬਹੁਤ ਪ੍ਰਸਿੱਧ ਹੋਇਆ। ਇਸ ਨੂੰ ਇਕ ਆਲੋਚਕ ਵਜੋਂ ਵੀ ਮਾਨਤਾ ਪ੍ਰਾਪਤ ਹੋਈ।

ਡੇਵੋਟੋ ਦੀਆਂ ਲਿਖੀਆਂ ਜਾਂ ਸੰਪਾਦਿਤ ਕੀਤੀਆਂ ਪੁਸਤਕ ਵਿਚ 'ਮਾਰਕ ਟਵੇਨਜ਼ ਅਮੇਰਿਕਾ (1932); ਮਾਰਕ ਟਵੇਨ ਇਟ ਇਰੱਪਸ਼ਨ' (1940); 'ਮਾਰਕ ਟਵੇਨ ਐਟ ਵਰਕ' (1942) 'ਐਕਰੱਸ ਦੀ ਵਾਈਡ ਮਿਜ਼ੂਰੀ', (1940); 'ਦਾ ਵਰਲਡ ਆੱਫ਼ ਫਿਕਸ਼ਨ' (1948); 'ਦੀ ਕੋਰਸ ਆੱਫ਼ ਫ਼ਿਕਸ਼ਨ, (1950); 'ਦ ਹਾਊਸ ਮਾਈਲ', 'ਦੀ ਕੋਰਸ ਆਫ਼ ਐਂਪਾਇਰ' (1950); ਦ ਹਾਊਸ ਆਫ਼ ਸਨ-ਰੋਜ਼-ਡਾਊਨ' ਅਤੇ 'ਵੀ ਅਸੈਪਟ ਵਿਦ ਪਲੇਯਰ (1934) ਆਦਿ ਸ਼ਾਮਲ ਹਨ। 'ਐਕਰਾਸ ਦੀ ਵਾਈਡ ਮਿਜ਼ੂਰੀ' ਤੇ ਇਸ ਨੂੰ ਪੁਲਿਤਜ਼ਰ ਪ੍ਰਾਈਜ਼ ਪ੍ਰਾਪਤ ਹੋਇਆ।

ਹ. ਪੁ.—ਐਨ.ਬ੍ਰਿ.ਮਾ. 3:506; ਐਨ.ਅਮੈ. 9:43; ਐਨ.ਬ੍ਰਿ. 7:34:

**ਡੋਈਬਲੱਰ, ਥੀਓਡੋਰ** : ਜਰਮਨੀ ਦੇ ਇਸ ਲੇਖਕ ਤੇ ਕਵੀ ਦਾ ਜਨਮ 17 ਅਗਸਤ, 1876 ਨੂੰ ਟਰੀਐਸਟ (ਹੁਣ ਇਟਲ

ਵਿਖੇ) ਵਿਚ ਹੋਇਆ। ਇਸ ਨੇ ਇਟਲੀ, ਜਰਮਨੀ, ਫ਼ਰਾਂਸ ਅਤੇ ਮਿਸਰ ਆਦਿ ਦੇਸ਼ਾਂ ਦਾ ਬਹੁਤ ਸਫ਼ਰ ਕੀਤਾ ਅਤੇ ਜੋਗੀਆਂ ਵਾਂਗ ਇਹ ਥਾਂ ਥਾਂ ਘੁੰਮਦਾ ਕਵਿਤਾ ਦੇ ਸੋਮਿਆਂ ਦੀ ਭਾਲ ਕਰਦਾ ਰਹਿੰਦਾ। ਪਿਛੋਂ ਇਸ ਨੇ ਬਰਲਿਨ ਵਿਚ ਰਹਿਣਾ ਸ਼ੁਰੂ ਕੀਤਾ। ਇਸ ਦੀ ਕਵਿਤਾ ਰਹੱਸਵਾਦੀ ਹੈ। ਇਹ ਸੂਰਜ ਨੂੰ ਜੀਵਨ ਦਾ ਸ੍ਰੋਤ ਵੀ ਮੰਨਦਾ ਹੈ। ਤਿੰਨ ਜਿਲਦਾਂ ਵਿਚ ਲਿਖਿਆ ਮਹਾਂਕਾਵਿ 'Das Nordlicht' (1910) ਇਸਦੀ ਸਭ ਤੋਂ ਉੱਤਮ ਰਚਨਾ ਮੰਨੀ ਗਈ ਹੈ। ਇਸ ਮਹਾਂਕਾਵਿ ਵਿਚ ਲਗਭਗ 30,000 ਪੰਕਤੀਆਂ ਹਨ। ਇਸ ਨੇ ਕਵਿਤਾ ਤੋਂ ਇਲਾਵਾ 'L' 'Africana' (1928) 'Die Gotin mit der Fackel' ਆਦਿ ਨਾਵਲ ਕਲਾ ਸਬੰਧੀ ਇਕ ਪੁਸਤਕ 'Der neux Standpunkt' (1916) ਵੀ ਲਿਖੀ ਹੈ। ਕਲਾ ਦੀ ਪੜਚੋਲ ਸਬੰਧੀ ਇਕ ਪੁਸਤਕ 'Der Heilige Berg Athos' (1923) ਵੀ ਇਸ ਦੀਆਂ ਉੱਤਮ ਰਚਨਾਵਾਂ ਵਿਚੋਂ ਇਕ ਮੰਨੀ ਗਈ ਹੈ। ਇਸ ਦੀਆਂ ਹੋਰ ਰਚਨਾਵਾਂ ਵਿਚ 'Der Sternhella Weg' (1915) ਅਤੇ 'Attische Sonette' ਸ਼ਾਮਲ ਹਨ।

14 ਜੂਨ, 1934 ਨੂੰ ਪੱਛਮੀ ਜਰਮਨੀ ਵਿਚ ਇਸਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. 7:89; ਐਨ.ਅਮੈ. 8:492; ਐਨ.ਬ੍ਰਿ. ਮਾ. 3:391

**ਡੋਸੀਟਿਜ਼ਮ (Docetism) :** ਪ੍ਰਾਚੀਨ ਈਸਾਈ ਮੱਤ ਵਿਚ ਇਹ ਗੱਲ ਪ੍ਰਚਲੱਤ ਸੀ ਕਿ ਆਪਣੇ ਜੀਵਨ-ਕਾਲ ਵਿਚ ਈਸਾ ਦਾ ਕੋਈ ਅਸਲੀ ਜਾਂ ਕੁਦਰਤੀ ਸਰੀਰ ਨਹੀਂ ਸੀ ਸਗੋਂ ਇਕ ਕਲਪਿਤ ਸਰੀਰ ਸੀ। ਇਸ ਗੱਲ ਦਾ ਸ੍ਰੋਤ ਵੀ ਈਸਾਈਆਂ ਦੇ ਗਿਆਨਵਾਦ ਵਾਲਾ ਹੀ ਸੀ ਅਤੇ ਗਿਆਨਵਾਦੀ ਈਸਾਈ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਸਨ।

ਨਿਊ ਟੈਸਟਾਮੈਂਟ ਵਿਚ ਇਸ ਗੱਲ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਇਸ ਵਿਚ ਲਿਖਿਆ ਗਿਆ ਹੈ ਕਿ 'ਜੋ ਆਤਮਾ ਈਸਾ-ਮਸੀਹ ਨੂੰ ਸਰੀਰਕ ਜਾਮੇ ਵਿਚ ਆਇਆ ਮੰਨਦੀ ਹੈ ਉਹ ਆਤਮਾ ਰੱਬ ਦੀ ਹੈ, ਜੋ ਨਹੀਂ ਮੰਨਦੀ ਉਹ ਆਤਮਾ ਰੱਬ ਦੀ ਨਹੀਂ ਹੈ।' ਦੂਜੀ ਸਦੀ ਵਿਚ ਐਂਟੀਓਕ ਦੇ ਇਸਨੇਟੀਅਸ ਨੇ ਡੋਸੀਟਿਜ਼ਮ ਵਿਚਾਰ ਰੱਖਣ ਵਾਲਿਆਂ ਦਾ ਰੱਜ ਕੇ ਖੰਡਨ ਕੀਤਾ। ਇਵੇਂ ਹੀ 'ਜਾਨ ਦੀ ਗਾਸਟੀਲ' ਨੇ ਈਸਾ ਦੇ ਮਨੁੱਖੀ ਜਾਮੇ ਵਿਚ ਆਉਣ ਦੀ ਗੱਲ ਤੇ ਬਹੁਤ ਜ਼ੋਰ ਦਿਤਾ ਹੈ। ਡੋਸੀਟਿਜ਼ਮ ਵਿਚ ਵਧੇਰੇ ਵਿਸ਼ਵਾਸ ਰੱਖਣ ਵਾਲੇ ਕਹਿੰਦੇ ਹਨ ਕਿ ਈਸਾ ਦਾ ਸਰੀਰ ਤੱਤਾਂ ਦਾ ਨਹੀਂ ਬਣਿਆ ਹੋਇਆ ਸੀ ਤੇ ਉਸ ਦਾ ਸੂਲੀ ਚੜ੍ਹਨਾ ਵੀ ਇਕ ਅਸਲੀਅਤ ਨਹੀਂ ਹੈ ਸਗੋਂ ਇਕ ਭੁਲੇਖਾ ਹੀ ਹੈ। ਉਹ ਈਸਾ ਦੇ ਪੁਨਰ-ਜਨਮ ਅਤੇ ਸਵਰਗ ਵਿਚ ਜਾਣ ਦੀ ਗੱਲ ਨੂੰ ਵੀ ਨਹੀਂ ਮੰਨਦੇ।

ਹ.ਪੁ.–ਐਨ.ਬ੍ਰਿ.ਮਾ.3:595;ਐਨ.ਅਮੈ. 9:216

**ਡੋਕੋਡੌਂਟਾ (Docodonta) :** ਇਹ ਬਹੁਤ ਪੂਰਵਜ ਥਣਧਾਰੀ ਪ੍ਰਾਣੀ ਹੋਏ ਹਨ ਜਿਹੜੇ ਉਤੱਰੀ ਅਮਰੀਕਾ ਅਤੇ ਇੰਗਲੈਂਡ ਦੇ ਜੁਰੈਸਿਕ ਸਮੇਂ ਵਿਚੋਂ ਮਿਲੇ ਹਨ। ਇਨ੍ਹਾਂ ਦੀ ਪਹਿਚਾਣ ਕੇਵਲ ਪਥਰਾਟੀ ਦੰਦਾਂ ਤੋਂ ਹੋਈ ਹੈ ਇਨ੍ਹਾਂ ਪ੍ਰਾਣੀਆਂ ਦੀ ਮੋਕਰ ਦੰਦਾਂ ਦੀ ਤਰਤੀਬ ਬਹੁਤ ਹੀ ਗੁੰਝਲਦਾਰ ਅਤੇ ਨਵੇਕਲੇ ਕਿਸਮ ਦੀ ਹੈ ਇਸ ਦੇ ਮਿਲੇ ਪਥਰਾਟਾਂ ਤੋਂ ਪ੍ਰਾਣੀ ਵਿਗਿਆਨੀਆਂ ਨੇ ਇਹ ਅੰਦਾਜ਼ਾ ਲਗਾਇਆ ਹੈ ਕਿ ਇਹ ਮੋਨੋਟ੍ਰੀਮ ਵਰਗ ਦੇ ਪ੍ਰਾਣੀਆਂ ਨਾਲ ਮਿਲਦੇ ਜੁਲਦੇ ਹਨ। ਇਨ੍ਹਾਂ ਵਿਚ ਜਬਾੜ੍ਹੇ ਦਾ ਜੋੜ (Jaw articulation), ਜਬਾੜ੍ਹੇ ਦੀ ਡੈਂਟਰੀ ਅਤੇ ਖੋਪਰੀ ਦੀ ਸਕੁਐਮੋਸਲ ਹੱਡੀ ਨਾਲ ਬਣਦਾ ਹੈ ਅਤੇ ਜਬਾੜ੍ਹੇ ਦੀ ਆਰਟੀਕੁਲਰ ਅਤੇ ਖੋਪਰੀ ਦੀ ਕੁਆਡ੍ਰੇਟ ਹੱਡੀ ਤੋਂ ਇਨ੍ਹਾਂ ਦਾ ਦੂਜਾ ਜਬਾੜ੍ਹਾ ਜੋੜ ਵੀ ਬਣਦਾ ਹੈ। ਇਸ ਤਰ੍ਹਾਂ ਇਹ ਪ੍ਰਾਣੀ ਵਰਟਿਬਰੇਟਾ ਦੀਆਂ ਮੈਮੇਲੀਆ (ਥਣਧਾਰੀ ਪ੍ਰਾਣੀ) ਅਤੇ ਰੈਪਟਿਲੀਆ (ਰੀਂਗਣ ਪ੍ਰਾਣੀ) ਸ਼੍ਰੇਣੀਆਂ ਵਿਚ ਕੜੀ ਬਣਦੇ ਹਨ, ਜਿਹਾ ਕਿ ਥਣਧਾਰੀਆਂ ਵਿਚ ਜਬਾੜ੍ਹਾ-ਜੋੜ ਡੈਂਟਰੀ ਤੇ ਸਕੁਐਮੋਸਲ ਅਤੇ ਰੀਂਗਣੇ ਪ੍ਰਾਣੀਆਂ ਵਿਚ ਆਰਟੀਕੁਲਰ ਤੇ ਕੁਆਡ੍ਰੇਟ ਹੱਡੀਆਂ ਨਾਲ ਬਣਦਾ ਹੈ।

ਸਭ ਤੋਂ ਪਹਿਲੇ ਡੋਕੋਡੌਂਟਾ (Morganucodon) ਦੀ ਦੰਦ ਤਰਤੀਬ ਵਿਚ ਪੰਜ ਉਪਰਲੇ ਅਤੇ ਪੰਜ ਹੇਠਲੇ ਮਖਲੇ ਦੰਦ (incisors), ਇਕ ਉਪਰਲਾ ਅਤੇ ਇਕ ਹੇਠਲਾ ਸੂਆ ਦੰਦ (canine) ਅਤੇ ਇਨ੍ਹਾਂ ਤੋਂ ਪਿੱਛੇ ਛੇ ਉਪਰਲੇ ਅਤੇ ਸੱਤ ਹੇਠਲੇ ਦੰਦ (post canine) ਸਨ ਅਤੇ ਇਸਦੇ ਮੋਢਾ—ਗਰਡਲ ਵਿਚ ਪ੍ਰੀਕੋਰਾਕੌਇਡ ਅਤੇ ਕੋਰਾਕੌਇਡ ਦੋਨੋਂ ਹੱਡੀਆਂ ਸਨ ਅਤੇ ਅੰਦਰਲੇ ਕੰਨ ਦੇ ਦੁਆਲੇ ਦੀ ਇਕ ਹੱਡੀ ਵਿਚਲੇ ਸੁਰਾਖ਼ (foramen) ਵਿਚੋਂ ਦਿਮਾਗ਼ ਦੀ ਟ੍ਰਾਈਜੈਮੀਨਲ ਨਾੜੀ ਦੀ ਇਕ ਸ਼ਾਖ ਨਿਕਲਦੀ ਸੀ।




**ਪਿਛਲੇਰੇ ਜੁਰੈਸਿਕ ਸਮੇਂ ਵਿਚ ਮਿਲਣ ਵਾਲੇ ਇਕ ਡੋਕੋਡੌਂਟ ਪ੍ਰਾਣੀ ਦੇ ਉਪਰਲੇ ਅਤੇ ਹੇਠਲੇ ਮੋਲਰ (ਉ) ਇਕ ਉਪਰਲੇ ਮੋਲਰ ਦੀ ਕਟਣ ਵਾਲੀ (occulused) ਸਤ੍ਹਾ, (ਅ) ਇਕ ਹੇਠਲੇ ਮੋਲਰ ਦੀ ਅੰਦਰਲੀ ਸਤ੍ਹਾ (ੲ) ਇਕ ਹੇਠਲੇ ਮੋਲਰ ਦੀ ਕਟਣ ਵਾਲੀ ਸਤ੍ਹਾ**

ਇਨ੍ਹਾਂ ਦੇ ਮੋਢਾ-ਗਰਡਲ ਅਤੇ ਅੰਦਰਲੇ ਕੰਨ ਦੀ ਬਣਤਰ ਮੋਨੋਟ੍ਰੀਮ ਪ੍ਰਾਣੀਆਂ (monotremes) ਨਾਲ ਬਹੁਤ ਜ਼ਿਆਦਾ ਮਿਲਦੀ ਹੋਣ ਕਰਕੇ ਬਹੁਤੇ ਅਜੋਕੇ ਪ੍ਰਾਣੀ ਵਿਗਿਆਨੀਆਂ ਦਾ ਖ਼ਿਆਲ ਹੈ ਕਿ ਪਹਿਲੇ ਡੋਕੋਡੌਂਟ ਸ਼ਾਇਦ ਮੋਨੋਟ੍ਰੀਮ ਪੂਰਵਜ ਸਨ। ਇਨ੍ਹਾਂ ਦੇ ਵਖਰੇ ਜਿਹੇ ਹੀ ਲੱਛਣਾਂ ਕਰਕੇ ਲਗਦਾ ਹੈ ਕਿ ਇਹ ਥਣਧਾਰੀ ਪ੍ਰਾਣੀ, ਥਣਧਾਰੀ ਪ੍ਰਾਣੀਆਂ ਦੇ ਕਿਸੇ ਵੀ ਹੋਰ ਵਰਗ ਦੇ ਪੂਰਵਜ ਨਹੀਂ ਸਨ।

ਹ.ਪੁ. – ਮੈਕ.ਐਨ.ਸ.ਟ. 4:259; ਐਨ. ਬ੍ਰਿ. ਮਾ. 3:595

**ਡੋਗਰ ਬੈਂਕ :** ਇਹ ਉੱਤਰੀ ਸਾਗਰ ਵਿਚ ਇਕ ਸਮੁੰਦਰੀ ਬੇਸਿਨ ਹੈ ਜਿਹੜਾ ਸੰਸਾਰ ਵਿਚ ਮੱਛੀ ਫੜਨ ਦੇ ਇਕ ਚੰਗੇ ਕੇਂਦਰ ਵਜੋਂ ਮਹੱਤਵਪੂਰਨ ਹੈ। ਇਹ ਹਮੇਸ਼ਾ ਹੀ ਪਾਣੀ ਨਾਲ ਢੱਕਿਆ ਰਹਿੰਦਾ ਹੈ। ਇਹ ਬੇਸਿਨ ਇੰਗਲੈਂਡ ਦੇ ਨਾਰਥੰਬਰਲੈਂਡ ਤੋਂ 100 ਕਿ.ਮੀ. ਪੂਰਬ ਵਿਚ ਇੰਗਲੈਂਡ ਅਤੇ ਡੈਨਮਾਰਕ ਦੇ ਦਰਮਿਆਨ ਵਾਕਿਆ ਹੈ।

ਇਹ ਬੇਸਿਨ ਆਲੇ-ਦੁਆਲੇ ਦੇ ਸਮੁੰਦਰੀ ਬੇਸਿਨ ਨਾਲੋਂ 20 ਮੀ. ਉੱਚਾ ਹੈ ਅਤੇ ਇਸ ਉੱਪਰ ਪਾਣੀ ਦੀ ਡੂੰਘਾਈ 10 ਤੋਂ 20 ਫੈਦਮ ਤੱਕ ਹੈ। ਕਿਤੇ ਕਿਤੇ ਤਾਂ ਇਹ ਸਿਰਫ 6 ਫੈਦਮ ਹੀ ਰਹਿ ਜਾਂਦੀ ਹੈ। ਘੱਟ ਡੂੰਘਾ ਹੋਣ ਕਾਰਨ ਸਦੀਆਂ ਤੋਂ ਇਹ ਬੇਸਿਨ ਮੱਛੀ ਫੜਨ ਦਾ ਕੇਂਦਰ ਰਿਹਾ ਹੈ।

ਕਈ ਕੌਮੀ ਲੜਾਈਆਂ ਲੜੀਆਂ ਜਾਣ ਕਰਕੇ ਵੀ ਇਹ ਬੇਸਿਨ ਇਤਿਹਾਸਕ ਪੱਖੋਂ ਕਾਫੀ ਮਹੱਤਤਾ ਰਖਦਾ ਹੈ। ਇਸ ਦੇ ਦੱਖਣੀ ਤੱਟ ਉੱਤੇ ਅੰਗਰੇਜ਼ ਅਤੇ ਡੱਚਾਂ ਵਿਚਕਾਰ ਯੁੱਧ ਹੋਇਆ ਅਤੇ 21 ਅਕਤੂਬਰ, 1904 ਦੇ ਦਿਨ ਰੂਸ ਅਤੇ ਜਾਪਾਨ ਵਿਚਕਾਰ

ਜੰਗ ਵੀ ਇਸੇ ਬੇਸਿਨ ਤੇ ਲੜੀ ਗਈ। 24 ਜਨਵਰੀ, 1915 ਵਿਚ ਅੰਗਰੇਜ਼ਾਂ ਅਤੇ ਜਰਮਨਾਂ ਦੀ ਜੰਗ ਵੀ ਇਥੇ ਹੀ ਹੋਈ ਸੀ।

54°40′ ਉ. ਵਿਥ.; 1°90′ ਪੂ.ਲੰਬ.

ਹ.ਪੁ.-ਐਨ. ਬ੍ਰਿ.ਮਾ. 3:600; ਹਿੰ.ਵਿ.ਕੋ. 5:263

**ਡੋਗਰੀ ਭਾਸ਼ਾ ਅਤੇ ਸਾਹਿਤ** : ਭਾਰਤ ਦੀਆਂ ਪੱਛਮੀ ਪਹਾੜੀ ਬੋਲੀਆਂ ਦੇ ਪਰਿਵਾਰ ਵਿਚ ਮੱਧਵਰਤੀ ਪਹਾੜੀ ਪੱਟੀ ਦੀਆਂ ਲੋਕ ਭਾਸ਼ਾਵਾਂ ਜਿਵੇਂ ਡੋਗਰੀ, ਚੰਬਿਆਲੀ, ਮੱਡਵਾਲੀ, ਮੰਡਿਆਲੀ, ਬਿਲਾਸਪੁਰੀ, ਬਾਗੜੀ ਆਦਿ ਵਰਣਨਯੋਗ ਹਨ।

ਡੋਗਰੀ ਇਸ ਵਿਸ਼ਾਲ ਪਰਿਵਾਰ ਵਿਚ ਕਈ ਕਾਰਨਾਂ ਕਰਕੇ ਖਾਸ ਲੋਕ ਭਾਸ਼ਾ ਹੈ। ਇਸ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਦੂਜੀਆਂ ਬੋਲੀਆਂ ਦੇ ਟਾਕਰੇ ਤੇ ਇਸ ਦੇ ਬੋਲਣ ਵਾਲਿਆਂ ਦੀ ਸੰਖਿਆ ਕਾਫ਼ੀ ਜ਼ਿਆਦਾ ਹੈ। ਦੂਜੀ ਇਹ ਕਿ ਇਸ ਪਰਿਵਾਰ ਵਿਚ ਕੇਵਲ ਡੋਗਰੀ ਹੀ ਸਾਹਿਤਕ ਪੱਖ ਤੋਂ ਗਤੀਸ਼ੀਲ ਅਤੇ ਸੰਪੰਨ ਹੈ। ਡੋਗਰੀ ਦੀ ਤੀਜੀ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਸਮੇਂ ਇਹ ਭਾਸ਼ਾ ਰਿਆਸਤ ਕਸ਼ਮੀਰ ਅਤੇ ਚੰਬਾ ਰਾਜ ਵਿਚ ਰਾਜਕੀ ਪ੍ਰਸ਼ਾਸਨ ਦੇ ਅੰਦਰੂਨੀ ਕਾਰਜਾਂ ਦੀ ਮਾਧਿਅਮ ਵੀ ਰਹਿ ਚੁੱਕੀ ਹੈ। ਇਸ ਭਾਸ਼ਾ ਕਰਕੇ ਹੀ ਇਸ ਦੇ ਬੋਲਣ ਵਾਲੇ ਡੋਗਰੇ ਕਹਾਉਂਦੇ ਹਨ ਅਤੇ ਡੋਗਰੀ ਦੇ ਭਾਸ਼ਾਈ ਖੇਤਰ ਨੂੰ 'ਡੱਗਰ' ਕਿਹਾ ਜਾਂਦਾ ਹੈ।

ਡੋਗਰੀ ਦਾ ਕੇਂਦਰ, ਜੰਮੂ-ਕਸ਼ਮੀਰ ਰਾਜ ਦੀ ਸਰਦੀਆਂ ਦੀ ਰਾਜਧਾਨੀ ਜੰਮੂ ਹੈ ਜਿਹੜਾ ਇਕ ਇਤਿਹਾਸਕ ਨਗਰ ਅਤੇ ਸਾਹਿਤਕ ਸਾਧਨਾਂ ਦਾ ਪ੍ਰਮੁੱਖ ਕੇਂਦਰ ਹੈ। ਇਥੇ ਡੋਗਰੀ ਦੇ ਸਾਹਿਤਕਾਰਾਂ ਦਾ ਪ੍ਰਤਿਨਿਧਿ ਸੰਗਠਨ 'ਡੋਗਰੀ ਸੰਸਥਾ' ਦੇ ਨਾਂ ਨਾਲ ਇਸ ਭਾਸ਼ਾ ਦੀ ਸਾਹਿਤਕ ਪ੍ਰਾਪਤੀ ਲਈ ਪਿਛਲੇ ਬਹੁਤ ਸਾਲਾਂ ਤੋਂ ਯਤਨਸ਼ੀਲ ਹੈ।

ਡੋਗਰੀ ਪੰਜਾਬੀ ਦੀ ਉੱਪ-ਬੋਲੀ ਹੈ, ਇਹ ਭਰਮਪੂਰਨ ਧਾਰਨਾ ਡਾ. ਗ੍ਰੀਅਰਸਨ ਦੇ ਭਾਸ਼ਾਈ ਸਰਵੇਖਣ ਦੇ ਪ੍ਰਸੰਸਾਯੋਗ ਕਾਰਜ ਵਿਚ ਡੋਗਰੀ ਦੇ ਪੰਜਾਬੀ ਦੀ ਉਪ-ਬੋਲੀ ਦੇ ਰੂਪ ਵਿਚ ਉਲੇਖ ਕਰਕੇ ਫੈਲੀ। ਇਸ ਵਿਚ ਉਸ ਦਾ ਕਸੂਰ ਨਹੀਂ। ਉਸ ਸਮੇਂ ਉਸ ਦੇ ਇਸ ਸਰਵੇਖਣ ਵਿਚ ਹਰੇਕ ਭਾਸ਼ਾ, ਬੋਲੀ ਦਾ ਸੁਤੰਤਰ ਗੰਭੀਰ ਅਧਿਐਨ ਸੰਭਵ ਨਹੀਂ ਸੀ।

ਜਾੱਨ ਬੀਮਜ਼ ਨੇ ਭਾਰਤੀ ਭਾਸ਼ਾ ਵਿਗਿਆਨ ਦੀ ਰੂਪ-ਰੇਖਾ ਸਬੰਧੀ ਆਪਣੀ ਪੁਸਤਕ ਵਿਚ ਸਾਫ਼ ਲਿਖਿਆ ਹੈ ਕਿ ਡੋਗਰੀ ਨਾ ਕਸ਼ਮੀਰੀ ਦੀ ਅਤੇ ਨਾ ਹੀ ਪੰਜਾਬੀ ਦੀ ਉਪ-ਬੋਲੀ ਹੈ। ਉਸਨੇ ਇਸ ਨੂੰ ਭਾਰਤੀ-ਜਰਮਨ ਪਰਿਵਾਰ ਦੀ ਆਰੀਆ ਸ਼ਾਖਾ ਦੀਆਂ ਪ੍ਰਮੁੱਖ ਗਿਆਰਾਂ ਭਾਸ਼ਾਵਾਂ ਵਿਚੋਂ ਗਿਣਿਆ ਹੈ।

ਡਾ. ਸਿਧੇਸ਼ਵਰ ਵਰਮਾ ਨੇ ਵੀ ਡੋਗਰੀ ਦੀ ਗਿਣਤੀ ਭਾਰਤ ਦੀਆਂ ਪ੍ਰਮੁੱਖ ਸੱਤ ਸੀਮਾਂਤ ਭਾਸ਼ਾਵਾਂ ਵਿਚ ਕੀਤੀ ਹੈ।

**ਡੋਗਰੀ ਲਿਪੀ** — ਇਹ ਲਿਪੀ ਕਾਫ਼ੀ ਪੁਰਾਣੀ ਹੈ। ਇਸ ਨੂੰ ਟਾਕਰੀ ਜਾਂ ਟੱਕਰੀ ਕਹਿੰਦੇ ਹਨ। ਗੁਰਮੁਖੀ ਲਿਪੀ ਦੀ ਉਤਪਤੀ ਇਸ ਤੋਂ ਹੋਈ ਮੰਨੀ ਜਾਂਦੀ ਹੈ। ਕੁੱਲੂ ਅਤੇ ਚੰਬੇ ਦੇ ਕੁਝ ਪ੍ਰਾਚੀਨ ਤਾਮਰ ਪੱਤਰਾਂ ਤੋਂ ਪਤਾ ਲਗਦਾ ਹੈ ਕਿ ਇਸ ਲਿਪੀ ਦਾ ਆਰੰਭਕ ਰੂਪ ਵਿਕਾਸ ਦਸਵੀਂ-ਗਿਆਰ੍ਹਵੀਂ ਸਦੀ ਵਿਚ ਹੋ ਗਿਆ ਸੀ। ਉਂਜ ਟਾਕਰੀ ਵਰਗ ਦੇ ਅਧੀਨ ਆਉਣ ਵਾਲੀਆਂ ਕਈ ਲਿਪੀਆਂ ਇਸ ਵਿਸ਼ਾਲ ਪ੍ਰਦੇਸ਼ ਵਿਚ ਪ੍ਰਚੱਲਤ ਹਨ ਜਿਵੇਂ ਲੰਡੇ, ਕਿਸ਼ਤਵਾੜੀ, ਚੰਬਿਆਲੀ, ਮੰਡਿਆਲੀ, ਸਿਰਮੌਰੀ ਅਤੇ ਕੁੱਲੁਈ ਆਦਿ। ਡਾ. ਗ੍ਰੀਅਰਸਨ ਸ਼ਾਰਦਾ ਅਤੇ ਟਾਕਰੀ ਨੂੰ ਸਹੋਦਰਾ ਮੰਨਦੇ ਹਨ। ਸ੍ਰੀ ਬਹੂਲਰ ਦਾ ਖਿਆਲ ਹੈ ਕਿ ਟਾਕਰੀ ਸ਼ਾਰਦਾ ਦੀ ਪੈਦਾਇਸ਼ ਹੈ।

ਟਾਕਰੀ ਲਿਪੀ ਅੱਜ ਵੀ ਡੱਗਰ ਦੇ ਪੇਂਡੂ ਸਮਾਜ ਵਲੋਂ ਬਹ ਖਾਤਿਆਂ ਵਿਚ ਵਰਤੀ ਜਾਂਦੀ ਹੈ। ਇਸ ਦਾ ਇਕ ਵਿਕਸਿਤ ਰੂਪ ਵ ਹੈ ਜਿਸ ਵਿਚ ਕਈ ਗ੍ਰੰਥਾਂ ਦਾ ਪ੍ਰਕਾਸ਼ਨ ਹੋਇਆ ਹੈ। ਕਸ਼ਮੀਰ ਮਹਾਰਾਜਾ ਰਣਵੀਰ ਸਿੰਘ ਨੇ ਅੱਜ ਤੋਂ ਲਗਭਗ ਇਕ ਸੌ ਸਾ ਪਹਿਲਾਂ ਆਪਣੇ ਰਾਜ-ਕਾਲ ਵਿਚ ਡੋਗਰੀ ਲਿਪੀ ਵਿਚ ਨਾਗਰੀ ਬਰਾਬਰ ਸੁਧਾਰ ਕਰਨ ਦਾ ਜਤਨ ਕੀਤਾ ਸੀ। ਮਾਤਰਾਵਾਂ ਅ ਚਿੰਨ੍ਹਾਂ ਦੀ ਵਰਤੋਂ ਨੂੰ ਅਪਣਾਇਆ ਗਿਆ ਅਤੇ ਪਹਿਲੀ ਵਾਰੀ ਨਵ ਟਾਕਰੀ ਲਿਪੀ ਵਿਚ ਡੋਗਰੀ ਭਾਸ਼ਾ ਦੇ ਗ੍ਰੰਥਾਂ ਦੇ ਛਾਪਣ ਦੀ ਸਮੁੱਚ ਵਿਵਸਥਾ ਲਈ ਜੰਮੂ ਵਿਚ ਸ਼ਾਸਨ ਵੱਲੋ ਰਣਵੀਰ ਪ੍ਰੈੱਸ ਦੀ ਸਥਾਪਨ ਕੀਤੀ ਗਈ।

ਪੁਰਾਣੀ ਡੋਗਰੀ ਵਰਣਮਾਲਾ ਦਾ ਇਹ ਸੋਧਿਆ ਰੂਪ ਲੋਕ ਵਿਚ ਹਰਮਨ ਪਿਆਰਾ ਨਾ ਹੋ ਸਕਿਆ। ਲੋਕ ਪੁਰਾਣੇ ਢੰਗ ਨਾਲ ਟਾਕਰੀ ਲਿਪੀ ਦਾ ਪ੍ਰਯੋਗ ਕਰਦੇ ਰਹੇ। 'ਮੋਗ' ਲਿਖਣ ਦੀ ਥਾਂ ਤੇ ' ਓ ਗ' ਲਿਖਣਾ ਹੀ ਪ੍ਰਚੱਲਤ ਰਿਹਾ।

**ਡੋਗਰੀ ਲਈ ਨਾਗਰੀ ਲਿਪੀ** — ਡੋਗਰੀ ਦੀ ਨਵ ਸਾਹਿਤ ਚੇਤਨਾ ਦੇ ਨਾਲ ਹੀ ਟਾਕਰੀ ਦੀ ਥਾਂ ਨਾਗਰੀ ਨੇ ਲੈ ਲਈ।

1. ਡੋਗਰੀ ਵਿਚ ਸ਼ਬਦਾਂ ਦੇ ਆਦਿ ਵਿਚ ਯ ਅਤੇ ਵ ਦੀਅ ਆਵਾਜ਼ਾਂ ਦੀ ਥਾਂ ਜ ਅਤੇ ਬ ਆਵਾਜ਼ਾਂ ਦਾ ਉਚਾਰਣ ਹੁੰਦ ਹੈ।

   (ਪੰਜਾਬੀ) ਵੇਹੜਾ (ਆਂਗਣ) — ਬੇੜਾ (ਡੋਗਰੀ)

   ਯਜਮਾਨ (ਹਿੰਦੀ) — ਜਜਮਾਨ (ਡੋਗਰੀ)

2. ਸ਼ਬਦਾਂ ਦੇ ਆਦਿ ਵਿਚ 'ਹ' ਦਾ ਉਚਾਰਣ ਹਿੰਦੀ ਪੰਜਾਬ ਨਾਲੋਂ ਬਿਲਕੁਲ ਭਿੰਨ ਹੁੰਦਾ ਹੈ।

| ਹਿੰਦੀ | ਪੰਜਾਬੀ | ਡੋਗਰੀ |
|---|---|---|
| ਹਾਥ | ਹੱਥ | ਅੱਥ |
| ਹਾਲ | ਹਾਲ | ਆਲ |

3. ਡੋਗਰੀ ਦੇ ਵਰਗਾਂ ਦੇ ਚੌਥੇ ਵਰਣ ਦੇ ਉਚਾਰਣ ਵਿਚ ਪਹਿ ਅੱਖਰ ਦੇ ਨਾਲ ਹਲਕੀ ਜਿਹੀ ਚੜ੍ਹਦੀ (Low rising) ਸੁ ਜੋੜੀ ਜਾਂਦੀ ਹੈ :—

| ਹਿੰਦੀ | ਡੋਗਰੀ |
|---|---|
| ਘੜਾ | ਕ. ੜਾ |
| ਝੰਡਾ | ਚ. ਡਾ |
| ਢੱਕਨ | ਢ. ਕੱਨ |
| ਧੱਕਾ | ਤ. ਕੱਾ |
| ਭਾਰ | ਪਾ. ਰ |

4. ਜਦੋਂ ਹ ਸ਼ਬਦਾਂ ਦੇ ਮੱਧ ਵਿਚ ਆਉਂਦਾ ਹੈ ਤਾਂ ਇਸ ਦੇ ਡੋਗਰ ਉਚਾਰਣ ਵਿਚ ਚੜ੍ਹਦੀ ਸੁਰ ਦੀ ਥਾਂ ਤੇ ਉਤਰਦੀ ਸੁਰ (Fal ing Tone) ਦੀ ਵਰਤੋਂ ਹੁੰਦੀ ਹੈ।

| ਹਿੰਦੀ | ਡੋਗਰੀ | | |
|---|---|---|---|
| ਪਹਾੜ | ਫ੍ਹਾੜ | — | ਪਾ / ੜ |
| ਮੋਹਰ | ਮ੍ਹੋਰ | — | ਮੋ / ਰ |

5. ਡੋਗਰੀ ਦੇ ਕੁਝ ਸ਼ਬਦਾਂ ਦੇ ਆਦਿ ਵਿਚ ਙ ਅਤੇ ਞ ਜਿਹੇ ਅਨੁਨਾਸਿਕ ਦਾ ਸ਼ੁੱਧ ਉਚਾਰਣ ਮਿਲਦਾ ਹੈ।

| ਹਿੰਦੀ | | ਡੋਗਰੀ |
|---|---|---|
| ਅੰਗਾਰ | | ਙਾਰ |
| ਅੰਗੂਰ | | ਙੂਰ |
| ਅਞਾਣਾ | (ਪੰਜਾਬੀ) | ਞਿਆਣਾ |
| ਗਿਆਰਾਂ | (ਪੰਜਾਬੀ) | ਞਾਰਾਂ |

6. ਸੰਸਕ੍ਰਿਤ ਦਾ 'ਰ' ਜੋ ਹਿੰਦੀ ਵਿਚ ਅਲੋਪ ਹੋ ਜਾਂਦਾ ਹੈ ਡੋਗਰੀ ਵਿਚ ਅਕਸਰ ਰਹਿੰਦਾ ਹੈ।

| ਸੰਸਕ੍ਰਿਤ | ਹਿੰਦੀ | ਡੋਗਰੀ |
|---|---|---|
| ਗਰਾਮ | ਗਾਂਵ | ਗਰਾਂ |
| ਪਤ੍ਰ | ਪਾਤ | ਪੱਤਰ |
| ਮਿਤ੍ਰ | ਮੀਤ | ਮਿੱਤਰ |

ਇਸੇ ਪ੍ਰਵਿਰਤੀ ਦੇ ਕਾਰਨ ਕਈ ਰੂਪਾਂ ਵਿਚ 'ਰ' ਵਾਧੂ ਵੀ ਆ ਜਾਂਦਾ ਹੈ।

| ਸੰਸਕ੍ਰਿਤ | ਹਿੰਦੀ | ਡੋਗਰੀ |
|---|---|---|
| ਤੀਕਸ਼ਣ | ਤੀਖਾ | ਤ੍ਰਿਖਨਾ |
| ਕੋਪ | ਕੋਪ | ਕਰੋਪੀ |
| ਧਿਕ | ਧਿੱਕਾਰ | ਧ੍ਰਿਗ |

7. ਡੋਗਰੀ ਸੰਸ਼ਲੇਸ਼ਣਾਤਮਕ (Synthetical) ਭਾਸ਼ਾ ਹੈ। ਇਸ ਕਰਕੇ ਇਸ ਵਿਚ ਸੰਖੇਪੀਕਰਨ ਦੀ ਅਸਾਧਾਰਨ ਪ੍ਰਵਿਰਤੀ ਦੇਖੀ ਜਾਂਦੀ ਹੈ।

| ਸੰਸਕ੍ਰਿਤ | ਹਿੰਦੀ | ਡੋਗਰੀ |
|---|---|---|
| ਅਹਮ | ਮੈਨੇ | ਮੇਂ |
| ਮਾਮ | ਮੁਝਕੋ | ਮਿਗੀ (>ਮੀ) |
| ਅਸਮਾਭਿ | ਹਮਨੇ | ਅਸੇਂ |

ਸੰਖੇਪੀਕਰਨ — ਜਿਵੇਂ—

| ਹਿੰਦੀ | ਪੰਜਾਬੀ | ਡੋਗਰੀ |
|---|---|---|
| ਮੁਝ ਸੇ ਨਹੀਂ | ਮੇਰੇ ਤੋਂ ਨਹੀਂ | ਮੇਰੇ ਸ਼ਾ ਨਿ ਨੋਂਦਾ |
| ਆਇਆ ਜਾਤਾ | ਆਇਆ ਜਾਂਦਾ | (ਔਨ ਹੁੰਦਾ) |
| ਖਾਇਆ ਜਾਤਾ | ਖਾਣ ਹੁੰਦਾ | ਖਨੋਂਦਾ |

8. ਡੋਗਰੀ ਵਿਚ ਕਰਮਵਾਚਯ (ਜਾਂ.ਭਾਵਵਾਚਯ) ਦੇ ਕਿਰਿਆ ਰੂਪਾਂ ਦੀ ਪ੍ਰਵਿਰਤੀ ਦੇਖੀ ਜਾਂਦੀ ਹੈ :

ਖਨੋਂਦਾ — ਖਾਇਆ ਜਾਤਾ ਨੋਗ ਤਾਂ — ਔਨ ਹੋਗ (ਪੰ.) ਤਾਂ

ਪਕੋਂਦਾ — ਪੀਤਾ ਜਾਤਾ ਸਨੋਂਦਾ — ਸੁੱਤਾ ਜਾਂਦਾ

9. ਡੋਗਰੀ ਵਿਚ ਵਰਣ ਵਿਪਰੀਯ ਦੀ ਵਰਤੋਂ ਵੀ ਬਹੁਤ ਹੈ :—

ਉਧਾਰ — ਦੁਆਰ

ਉਜਾੜ — ਜੁਆੜ

ਤਾਮਰ — ਤਰਾਮਾਂ

ਕੀਚੜ — ਚਿੱਕੜ ਆਦਿ

10. ਡੋਗਰੀ ਵਿਚ ਸ਼ਬਦਾਂ ਦੇ ਸ਼ੁਰੂ ਵਿਚ ਲਘੂ ਸੁਰ ਅਕਸਰ ਲੋਪ ਹੁੰਦਾ ਹੈ :—

| | |
|---|---|
| ਅਨਾਜ | ਨਾਜ |
| ਅਖ਼ਬਾਰ | ਖਬਰ |
| ਇਜਾਜ਼ਤ | ਜਾਜਤ |
| ਏਤਰਾਜ਼ | ਤਰਾਜ |

**ਡੋਗਰੀ ਸਾਹਿਤ** — ਲੋਕ ਭਾਸ਼ਾਵਾਂ ਵਿਚ ਸਾਹਿਤ ਸਿਰਜਣ ਦਾ ਆਰੰਭ ਅਕਸਰ ਮੌਖਿਕ ਪਰੰਪਰਾ ਦੇ ਰੂਪ ਵਿਚ ਹੁੰਦਾ ਹੈ। ਡੋਗਰੀ ਵਿਚ ਲੋਕ ਸਾਹਿਤ ਦਾ ਇਹ ਵਿਰਸਾ ਕਾਫ਼ੀ ਵਿਸ਼ਾਲ ਹੈ। ਡੋਗਰੀ ਸੰਸਥਾ ਦੇ ਅਨੁਸ਼ਾਸਨ ਵਿਚ ਉਤਸ਼ਾਹੀ ਸਾਹਿਤਕਾਰਾਂ ਨੇ ਇਸ ਸਮੇਂ ਤੱਕ 500 ਤੋਂ ਜ਼ਿਆਦਾ ਲੋਕ ਗੀਤ ਇਕੱਠੇ ਕੀਤੇ ਹਨ ਜਿਨ੍ਹਾਂ ਦੇ ਭਾਵ ਅਤੇ ਸੰਗੀਤ ਪ੍ਰਸ਼ੰਸਾਯੋਗ ਹਨ। ਡੋਗਰਿਆਂ ਦੇ ਸਮਾਜਕ ਜੀਵਨ ਦੀ ਬਹੁਰੰਗੀ ਪ੍ਰਤਿਕ੍ਰਿਆ ਇਸ ਵਿਚ ਅਤਿਅੰਤ ਸਜੀਵ ਰੂਪ ਵਿਚ ਪ੍ਰਗਟ ਹੋਈ ਹੈ। ਡੋਗਰੀ ਸੰਸਥਾ ਦੀ ਤਿਮਾਹੀ ਪੱਤਰਕਾ (ਨਈ ਚੇਤਨਾ) ਦੇ ਹਰੇਕ ਅੰਕ ਵਿਚ ਪੰਜ-ਪੰਜ ਲੋਕ ਗੀਤ ਛਪਦੇ ਰਹੇ ਹਨ। ਸੰਸਥਾ ਨੇ ਹੀ ਵਿਆਹ ਸਬੰਧੀ ਗੀਤਾਂ ਦਾ ਇਕ ਸੰਗ੍ਰਹਿ 'ਖਾਰੇ-ਮਿੱਠੇ ਅੱਥਰੂ' ਨਾਂ ਨਾਲ ਪ੍ਰਕਾਸ਼ਤ ਕੀਤਾ ਹੈ। ਡਾ. ਕਰਣ ਸਿੰਘ ਜੀ ਦੁਆਰਾ ਸੰਪਾਦਿਤ ਇਕ ਡੋਗਰੀ ਲੋਕ ਗੀਤ ਸੰਗ੍ਰਿਹ ਬੰਬਈ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਰਾਜ ਦੀ ਕਲਚਰਲ ਅਕੈਡਮੀ ਵੀ ਇਨ੍ਹਾਂ ਗੀਤਾਂ ਦਾ ਸੰਗ੍ਰਹਿ ਕਰਨ ਵਿਚ ਸਹਾਈ ਹੋਈ ਹੈ।

ਇਸੇ ਤਰ੍ਹਾਂ ਡੋਗਰੀ ਕਥਾਵਾਂ ਦੇ ਸੰਗ੍ਰਹਿ ਲਈ ਵੀ ਯਤਨ ਹੋਏ ਹਨ। ਇਸ ਸਮੇਂ ਤੱਕ ਤਿੰਨ ਸੰਗ੍ਰਹਿ ਛਪ ਚੁੱਕੇ ਹਨ। 1. ਡੋਗਰੀ ਲੋਕ ਗਾਥਾ 2. ਇਕ ਹਾ ਰਾਜਾ 3. ਨਮੀਆਂ ਪੌਂਗਰਾਂ। ਦੂਜੇ ਵਰਗ ਦੀ ਉਪਲੱਬਧ ਪੂੰਜੀ ਪਰਿਮਾਣ ਵਿਚ ਅਣਗਿਣਤ ਹੋ ਕੇ ਵੀ ਅਤਿ ਮਹੱਤਵਪੂਰਨ ਹੈ। ਇਸ ਵਰਗ ਦੇ ਪ੍ਰਸਿੱਧ ਕਵੀ ਇਹ ਹਨ —

1. ਕਵੀ ਦੇਵੀਦਿੱਤਾ ਮੁੱਖ ਤੌਰ ਤੇ ਬ੍ਰਜ ਭਾਸ਼ਾ ਦਾ ਕਵੀ ਸੀ। ਇਸ ਭਾਸ਼ਾ ਵਿਚ 'ਵੀਰ ਵਿਲਾਸ', 'ਬਾਰਾਮਾਸਾ' ਅਤੇ 'ਬ੍ਰਜਰਾਜ ਪੰਚਾਸਿਕਾ' ਨਾਂ ਦੀਆਂ ਰਚਨਾਵਾਂ ਮਿਲੀਆਂ ਹਨ। ਡੋਗਰੀ ਵਿਚ ਉਨ੍ਹਾਂ ਦੇ ਕੁਝ ਫੁਟਕਲ ਪਦ ਵੀ ਮਿਲਦੇ ਹਨ।
2. ਪੰਡਤ ਗੰਗਾ ਰਾਮ (1777 ਈ. — 1858 ਈ.) ਵੀ ਡੋਗਰੀ ਦਾ ਕਵੀ ਹੋਇਆ ਹੈ। ਇਸ ਦੀ ਡੋਗਰੀ ਕਵਿਤਾ ਦਾ ਅੰਸ਼ ਇਸ ਤਰ੍ਹਾਂ ਹੈ :—

   ਇੱਕੋ ਗੱਲ ਸੱਚੈ ਦੀਸੈ। ਲਾੜੀਆ ਗਲਾਈ ਦਿੱਤੀ,
   ਸਬਨੇ ਥੋ ਕੱਚਾ ਲੋਕੋ, ਕੰਡੀਆ ਦਾ ਬਸੱਨਾ।

3. ਲਾਲਾ ਰਾਮਧਨ ਵੀ ਡੋਗਰੀ ਦੇ ਚੰਗੇ ਕਵੀ ਹੋਏ ਹਨ।

   ਦਿੱਖੀ ਲੈ ਰਾਮਧਨਾ, ਪ੍ਰੀਤੈ ਦੀ ਗੀਤੈ ਗੀ,
   ਲਟਕਨਾ ਕੱਚੀਆ ਤੰਦੈ ਕੱਨੇ।

ਨਵੀਂ ਚੇਤਨਾ ਦੇ ਇਸ ਤੀਜੇ ਚਰਣ ਦਾ ਆਰੰਭ ਹਰਦੱਤ ਦੀ ਕਾਵਿ-ਸਾਧਨਾ ਨਾਲ ਹੋਇਆ। ਉਹ ਜਨਤਕ ਕਵੀ ਸੀ ਅਤੇ ਉਸ ਦੀ ਕਵਿਤਾ ਵਿਚ ਆਲਸ ਅਤੇ ਰੂੜ੍ਹੀਵਾਦਤਾ ਦੀ ਪੀੜਾ ਹੈ। ਜਿਵੇਂ 'ਕਿਆਂ ਗੁਜਾਰਾ ਤੇਰਾ ਹੋਗਾ, ਓ ਡੋਗਰੇਆ ਦੇਸਾ'।

ਹਰਦੱਤ ਨੇ ਡੋਗਰੀ ਕਵਿਤਾ ਪ੍ਰਤੀ ਜਨਤਾ ਦੀ ਰੁਚੀ ਪੈਦਾ ਕੀਤੀ। ਇਹ ਸੁਧਾਰਵਾਦੀ ਸੀ ਅਤੇ ਹਾਸ ਵਿਅੰਗ ਲਈ ਨਿਪੁੰਨ ਸੀ। ਡੋਗਰੀ ਵਿਚ ਉਸ ਦੇ ਤਕਰੀਬਨ 100 ਫੁਟਕਲ ਕਾਵਿ-ਟੋਟੇ ਪ੍ਰਕਾਸ਼ਤ ਹੋਏ।

ਹਰਦੱਤ ਨੇ ਇਕੱਲਿਆਂ ਹੀ ਇਸ ਕਾਵਿ ਸਾਧਨਾ ਨੂੰ ਆਰੰਭ ਕੀਤਾ ਪਰ 1940 ਤੋਂ ਪਿਛੋਂ ਇਸ ਖੇਤਰ ਵਿਚ ਹੋਰ ਵੀ ਆ ਗਏ। ਹੌਲੀ ਹੌਲੀ ਡੋਗਰੀ ਕਾਵਿ-ਸਾਧਨਾ ਇਸ ਧਰਤੀ ਦੀ ਸੰਸਕ੍ਰਿਤਕ ਨਵਚੇਤਨਾ ਨੂੰ ਬੋਲੀ ਦੇਣ ਵਾਲਾ ਬੜਾ ਜ਼ੋਰਦਾਰ ਅੰਦੋਲਨ ਬਣ ਕੇ ਖੜ੍ਹਾ ਹੋ ਗਿਆ। ਇਸ ਨਵਚੇਤਨਾ ਵਿਚ ਆਰੰਭਕ ਮੁੱਖ ਸੁਰ ਆਪਣੀ ਇਤਿਹਾਸਕ ਅਤੇ ਸੰਸਕ੍ਰਿਤਕ ਪਰੰਪਰਾ ਦਾ ਪ੍ਰੇਮ ਅਤੇ ਜਾਤੀ ਗੌਰਵ ਭਾਵਨਾ ਨਾਲ ਉੱਚਰੇ ਗਏ। ਹੌਲੀ ਹੌਲੀ ਇਹ ਪ੍ਰਵਿਰਤੀ ਬਦਲ ਗਈ ਅਤੇ ਇਸਨੇ ਅੱਗੇ ਚੱਲ ਕੇ ਮਨੁੱਖਤਾ ਦੀਆਂ ਮੂਲ ਇਛਾਵਾਂ ਦੇ ਵਿਸ਼ਾਲ ਘੇਰੇ ਵਿਚ ਪ੍ਰਵੇਸ਼ ਕਰਨ ਦੀ ਉਤਸੁਕਤਾ ਦਾ ਰੂਪ ਧਾਰਨ ਕੀਤਾ।

ਡੋਗਰੀ ਕਵਿਤਾ ਵਿਚ ਪਹਿਲੇ ਤਿੰਨ ਦਹਾਕਿਆਂ ਵਿਚ ਭਾਵ ਵਿਕਾਸ ਦੇ ਨਾਲ ਨਾਲ ਕਲਾ ਪ੍ਰਯੋਗਾਂ ਦੀ ਵਿਵਿਧਤਾ ਵੀ ਦੇਖਣ ਯੋਗ ਹੈ। ਡੋਗਰੀ ਕਵੀਆਂ ਦੀਆਂ ਰਚਨਾਵਾਂ ਵਿਚ ਸਾਨੂੰ ਜੋ ਵਿਸ਼ੇ ਪ੍ਰਮੁੱਖ ਦਿਖਾਈ ਦਿੰਦੇ ਹਨ, ਉਹ ਡੱਗਰ ਦੀ ਹੀਣ ਦਸ਼ਾ ਦੀ ਪੀੜਾ, ਡੱਗਰ ਦੇ ਅਤੀਤ ਦੇ ਪ੍ਰਤੀ ਗੌਰਵ ਭਾਵ, ਡੱਗਰ ਦੀਆਂ ਸੰਸਕ੍ਰਿਤਕ ਉਪਲੱਬਧੀਆਂ ਦੀ ਪ੍ਰਸ਼ੰਸਾ, ਡੱਗਰ ਦੀ ਨਿਰਧਨਤਾ ਅਤੇ ਪਛੜੇਪਣ ਤੇ ਰੋਸ, ਇਸ ਦੀ ਪ੍ਰਾਕ੍ਰਿਤਕ ਸੁੰਦਰਤਾ, ਇਸ ਦੇ ਸੁੰਦਰ ਭਵਿੱਖ ਦੀ ਕਲਪਨਾ, ਯੁੱਧ ਤੇ ਸ਼ਾਂਤੀ, ਸ਼ੋਸ਼ਣ ਦੀ ਫਿਟਕਾਰ, ਭਾਰਤ ਦੀ ਮਹਾਨਤਾ, ਲੋਕਤੰਤਰ ਦੀ ਪ੍ਰਸ਼ੰਸਾ, ਮਨੁੱਖਤਾ ਦੀ ਵਿਜੈ ਆਸ਼ਾ, ਜੀਵਨ ਦਰਪਨ ਦੀ ਵਿਵਹਾਰਕ ਵਿਆਖਿਆ ਆਦਿ ਹਨ। ਇਸ ਤਰ੍ਹਾਂ ਡੋਗਰੀ ਕਵਿਤਾ ਦੇ ਕਲਾ ਪੱਖ ਪ੍ਰਯੋਗਾਂ ਵਿਚ ਵੀ ਵਿਕਾਸ ਦੀ ਝਲਕ ਸਪਸ਼ਟ ਹੋ ਕੇ ਪ੍ਰਗਟ ਹੋਈ ਹੈ। ਡੋਗਰੀ ਦੇ ਕੋਲ ਆਪਣੇ ਉਹੋ ਛੰਦ ਸਨ ਜੋ ਉਸ ਦੇ ਲੋਕ ਕਾਵਿ ਦੇ ਭਿੰਨ ਭਿੰਨ ਅੰਗਾਂ ਵਿਚ ਵਰਤੇ ਹੋਏ ਹਨ। ਆਰੰਭ ਵਿਚ ਇਨ੍ਹਾਂ ਹੀ ਛੰਦਾਂ ਦੀ ਵਰਤੋਂ ਹੋਈ, ਖ਼ਾਸ ਕਰਕੇ ਗਾਉਣ ਯੋਗ ਪਦਾਂ ਵਿਚ। ਇਸ ਪਿਛੋਂ ਲੇਖਕ ਹਿੰਦੀ, ਉਰਦੂ ਅਤੇ ਪੰਜਾਬੀ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਭਾਸ਼ਾਵਾਂ ਦੇ ਛੰਦਾਂ ਦਾ ਵੀ ਸੁਭਾਵਕ ਹੀ ਪ੍ਰਯੋਗ ਕਰਨ ਲੱਗੇ। ਹਿੰਦੀ ਦੇ ਕਬਿੱਤ, ਸਵੈਯਾ, ਦੋਹਾ ਕੁੰਡਲੀਆ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ। ਉਰਦੂ ਛੰਦਾਂ ਨੇ ਕਵੀਆਂ ਨੂੰ ਬਹੁਤ ਪ੍ਰਭਾਵਤ ਕੀਤਾ। ਫੁਟਕਲ ਕਵਿਤਾਵਾਂ ਵਿਚ ਕਵੀਆਂ ਦਾ ਛੰਦ ਪ੍ਰਯੋਗ ਅਕਸਰ ਲੈਅ ਅਤੇ ਗਤੀ ਨੂੰ ਹੀ ਕਸੌਟੀ ਬਣਾ ਕੇ ਹੁੰਦਾ ਰਿਹਾ। ਛੰਦਾਂ ਦੇ ਵਿਸ਼ੇ ਵਿਚ ਅਜੇ ਤਕ ਕੋਈ ਮੌਲਿਕ ਅਧਿਐਨ ਨਹੀਂ ਹੋਇਆ ਪਰ ਨਵੇਂ ਨਵੇਂ ਪ੍ਰਯੋਗ ਲਗਾਤਾਰ ਚਲ ਰਹੇ ਹਨ। ਉਰਦੂ ਦੀ ਗ਼ਜ਼ਲ, ਕਤਆ, ਰੁਬਾਈ ਆਦਿ ਤੇ ਪ੍ਰਯੋਗਾਂ ਦੀ ਪ੍ਰਵਿਰਤੀ ਵਿਚ ਸਥਾਨਕ ਉਰਦੂ ਕਵੀ ਸੰਮੇਲਨਾਂ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ।

## ਗੱਦ-ਸਾਹਿਤ (ਨਵਾਂ ਸਾਹਿਤ)

**ਕਹਾਣੀ ਨਾਵਲ** — ਡੋਗਰੀ ਸਾਹਿਤ ਦੀ ਸਵੇਰ ਭਾਵੇਂ ਕਾਵਿ ਦੀ ਲਾਲੀ ਲੈ ਕੇ ਪ੍ਰਗਟ ਹੋਈ ਫਿਰ ਵੀ ਇਸ ਦੇ ਸਥਿਰ ਵਿਕਾਸ ਲਈ ਜੋ ਗਦ ਸਾਧਨਾ ਜ਼ਰੂਰੀ ਸੀ, ਉਹ ਅਨੁਕੂਲ ਪ੍ਰਸਥਿਤੀ ਵਿਚ ਪ੍ਰਤੱਖ ਹੋਣ ਲੱਗੀ। ਜਿਸ ਤਰ੍ਹਾਂ ਪਦ ਦੇ ਖੇਤਰ ਵਿਚ ਨਵੀ ਚੇਤਨਾ ਦਾ ਆਰੰਭ ਕਵੀ ਹਰਦੱਤ ਨਾਲ ਹੋਇਆ ਉਸੇ ਤਰ੍ਹਾਂ ਗਦ ਦੇ ਖੇਤਰ ਵਿਚ ਕਥਾ ਲੇਖਕ ਦੇ ਰੂਪ ਵਿਚ ਭਗਵਤ ਪ੍ਰਸਾਦ ਸਾਠੇ ਮੋਢੀ ਹਨ।

ਇਸ ਸਮੇਂ ਤੱਕ ਡੋਗਰੀ ਵਿਚ ਇਹ ਪ੍ਰਮੁੱਖ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ :

| | | |
|---|---|---|
| 1. | ਕੁੜਮੇ ਦਾ ਲਾਹਮਾ | ਸ਼੍ਰੀ ਭਗਵਤ ਪ੍ਰਸਾਦ ਸਾਠੇ |
| 2. | ਸੂਈ-ਤਾਗਾ | ਕੁਮਾਰੀ ਲਲਿਤਾ ਮਹਿਤਾ |
| 3. | ਕੋਲੇ ਦੀਆਂ ਰੇਖਾਵਾਂ | ਸ਼੍ਰੀ ਨਰਿੰਦਰ ਖਜੂਰੀਆ |
| 4. | ਖੀਰਲਾ ਮਾਨੂ (ਅੰਤਮ ਮਾਨਵ) | ਸ਼੍ਰੀ ਮਦਨ ਮੋਹਨ ਸ਼ਰਮਾ |
| 5. | ਕਾਲੇ ਹੱਥ | ਸ਼੍ਰੀ ਵੇਦ ਰਾਹੀ |
| 6. | ਚਾਨਣੀ (ਚਾਂਦਨੀ) | ਸ਼੍ਰੀ ਮਦਨ ਮੋਹਨ |
| 7. | ਪੈਰਾਂ ਦੇ ਨਸ਼ਾਨ | ਸ਼੍ਰੀ ਰਾਜ ਕੁਮਾਰ ਅਬਰੋਲ |
| 8. | ਰੋਚਕ ਕਹਾਣੀਆਂ | ਸ਼੍ਰੀ ਨਰਿੰਦਰ ਖਜੂਰੀਆ |
| 9. | ਫੁਲ ਬਣ ਗਏ ਅੰਗੋਰ | ਸ਼੍ਰੀ ਰਾਮ ਕੁਮਾਰ ਅਬਰੋਲ |
| 10. | ਉੱਚੀਆਂ ਧਾਰਾਂ | ਸ਼੍ਰੀ ਧਰਮ ਚੰਦਰ ਪ੍ਰਸ਼ਾਂਤ |
| 11. | ਇੱਕੀ ਕਹਾਣੀਆਂ | ਸ਼੍ਰੀ ਵੇਦ ਰਾਹੀ |

(ਟੈਗੋਰ ਦੀਆਂ ਇੱਕੀ ਕਹਾਣੀਆਂ ਦਾ ਡੋਗਰੀ ਰੂਪਾਂਤਰ)

**ਨਾਵਲ**

| | | |
|---|---|---|
| 1. | ਸ਼ਾਨੋ (ਸਮਾਜਿਕ) | ਸ਼੍ਰੀ ਨਰਿੰਦਰ ਖਜੂਰੀਆ |
| 2. | ਧਾਰਾਂ ਤੇ ਧੂੜਾਂ | ਸ਼੍ਰੀ ਮਦਨ ਮੋਹਨ ਸ਼ਰਮਾ |
| 3. | ਹਾੜ ਬੇੜੀ ਦੇ ਪੱਤਨ (ਸਮਾਜਿਕ) | ਸ਼੍ਰੀ ਵੇਦ ਰਾਹੀ |
| 4. | ਰੁਕਮਣੀ (ਸਮਾਜਿਕ) | ਸ਼੍ਰੀ ਧਰਮ ਚੰਦ ਪ੍ਰਸ਼ਾਂਤ |
| 5. | ਵਾਦੀਆਂ ਵੀਰਾਨੇ | (ਮੂਲ ਉਰਦੂ ਤੋਂ ਖੁਦ ਲੇਖ ਸ਼੍ਰੀ ਠਾਕੁਰ ਪੁੰਛੀ ਦੁਆ ਡੋਗਰੀ ਵਿਚ ਅਨੁਵਾਦਿਤ |

**ਨਾਟਕ** — ਡੱਗਰ ਵਿਚ ਰੰਗਮੰਚ ਦੀ ਪਰੰਪਰਾ ਕੇਵ ਰਾਮਾਇਣ ਦੇ ਸਾਲਾਨਾ ਪ੍ਰਦਰਸ਼ਨ ਤੱਕ ਹੀ ਸੀਮਤ ਸੀ। ਇਸ ਨਵ ਸੰਸਕ੍ਰਿਤਕ ਚੇਤਨਾ ਨੇ ਰੰਗਮੰਚ ਦੇ ਹਰਮਨ ਪਿਆਰੇ ਸਾਧਨ ਦਾ ਸਫ਼ਲਤਾ ਪੂਰਵਕ ਪ੍ਰਯੋਗ ਕੀਤਾ। ਇਸ ਦੇ ਲਈ ਨਵੀਂ ਪ੍ਰਸਥਿਤੀ ਲੋੜ ਅਨੁਸਾਰ ਨਵੇਂ ਨਾਟਕ ਲਿਖੇ ਗਏ—

| | | |
|---|---|---|
| 1. | ਨਯਾਂ ਗ੍ਰਾਂ | ਰਾਮਨਾਥ ਸ਼ਾਸਤ੍ਰੀ, ਦੀ ਭਾਈ ਅਤੇ ਰਾਮ ਕੁਮ ਅਬਰੋਲ (ਲ. 50 ਵਾ ਖੇਡਿਆ ਗਿਆ) |
| 2. | ਸਰਪੰਚ (ਇਤਿਹਾਸਕ ਨਾਟਕ) | ਦੀਨੂ ਭਾਈ ਪੰਤ |
| 3. | ਅਸ ਭਾਗ ਜਗਾਨੇ ਆਨੇ ਆਂ | ਨਰਿੰਦਰ ਖਜੂਰੀਆ |
| 4. | ਦੇਵ ਕਾ ਜਨਮ (ਪੌਰਾਣਿਕ) | ਸ਼੍ਰੀ ਧਰਮ ਚੰਦਰ ਪ੍ਰਸ਼ਾਂਤ |
| 5. | ਦੇਹਰੀ (ਸਮਾਜਿਕ) | ਸ਼੍ਰੀ ਰਾਜ ਕੁਮਾਰ ਅਬਰੋਲ |
| 6. | ਧਾਰੇਂ ਦੇ ਅੱਥਰੂ (ਸਮਾਜਿਕ) | ਸ਼੍ਰੀ ਵੇਦ ਰਾਹੀ |

**ਲੇਖ ਅਤੇ ਅਨੁਵਾਦ**

| | | |
|---|---|---|
| 1. | ਤ੍ਰਿਵੇਣੀ (ਸਮਾਜਿਕ ਲੇਖ) | ਸ਼੍ਰੀ ਸਿਆਮ ਲਾਲ ਬੀ.ਏ. ਸ਼੍ਰੀਮਤੀ ਸ਼ਕਤੀ ਸ਼ਰਮਾ ਐ ਏ. |
| 2. | ਬਾਲ ਭਾਗਵਤ (ਅਨੁਵਾਦ) | ਸ਼੍ਰੀਮਤੀ ਸ਼ਕਤੀ ਸ਼ ਐਮ.ਏ. |
| 3. | ਪੰਚਤੰਤਰ (ਅਨੁਵਾਦ) | ਸ਼੍ਰੀ ਅਨੰਤ ਰਾਮ ਸ਼ਾਸਤ੍ਰੀ |

4. ਗੀਤਾ (ਅਨੁਵਾਦ) — ਸ਼੍ਰੀ ਗੌਰੀ ਸ਼ੰਕਰ
5. ਦੁਰਗਾ ਸਪਤਸ਼ਤੀ (ਮੂਲ ਸਾਹਿਤ, ਡੋਗਰੀ ਅਨੁਵਾਦ) — ਸ਼੍ਰੀ ਕਿਰਪਾ ਰਾਮ ਸ਼ਾਸਤਰੀ

**ਵਿਆਕਰਣ, ਕੋਸ਼**

1. ਡੋਗਰੀ ਕਹਾਵਤ ਕੋਸ਼ — ਸ਼੍ਰੀ ਤਾਰਾ ਸਮੈਲਪੁਰੀ
2. ਡੋਗਰੀ ਭਾਸ਼ਾ ਔਰ ਵਿਆਕਰਣ — ਸ਼੍ਰੀ ਬੰਸੀ ਲਾਲ ਗੁਪਤ

**ਅਪ੍ਰਕਾਸ਼ਿਤ ਲੋਕ ਸਾਹਿਤ**

1. ਡੋਗਰੀ ਲੋਕ ਕਥਾ — (ਤਵੀ ਪ੍ਰਕਾਸ਼ਨ, ਨਈ ਦਿੱਲੀ) ਸੰਪਾਦਕ ਸ਼੍ਰੀ ਬੰਸੀ ਲਾਲ ਗੁਪਤ ਐਮ.ਏ.
2. ਇਕ ਹਾ ਰਾਜਾ — (ਲੋਕ ਕਥਾਵਾਂ) ਡੋਗਰੀ ਸੰਸਥਾ, ਜੰਮੂ, ਸੰਪਾ., ਰਾਮ ਨਾਥ ਸ਼ਾਸਤਰੀ
3. ਖਾਰੇ ਮਿੱਠੇ ਅੱਥਰੂ — (ਲੋਕ ਗੀਤ) ਸੰਪਾ. ਸੁਸ਼ੀਲਾ ਸਲਾਥੀਆ
4. ਸਨਸ਼ਾਈਨ ਐਂਡ ਸ਼ੈਡੋ — (ਲੋਕ ਗੀਤ) ਡਾ. ਕਰਣ ਸਿੰਘ
5. ਨਮੀਆਂ ਪੌਂਗਰਾਂ — (ਧਰਮ ਸਥਾਨਾਂ ਦੀਆਂ ਕਥਾਵਾਂ) ਡੋਗਰੀ ਮੰਡਲ, ਜੰਮੂ
6. ਅਮਰ ਬਲੀਦਾਨ — (ਲੋਕ ਕਾਵਿਆਤਮਕ ਗਾਥਾ ਦਾ ਗਦ ਰੂਪ) ਡੋਗਰੀ ਮੰਡਲ, ਜੰਮੂ

**ਪੱਤਰ ਪੱਤਰਕਾਵਾਂ**

1. ਨਈ ਚੇਤਨਾ (ਤ੍ਰੈਮਾਸਿਕ) ਕੇਵਲ ਚਾਰ ਅੰਕ ਪ੍ਰਕਾਸ਼ਤ ਹੋਏ।
2. ਰੇਖਾ (ਵਿਮਾਸਕ) ਚਾਰ ਅੰਕ ਪ੍ਰਕਾਸ਼ਤ ਹੋ ਚੁੱਕੇ ਹਨ।

**ਫੁਟਕਲ ਰਚਨਾਵਾਂ**

1. ਜਗਦੀਆਂ ਜੋਤਾਂ (ਉਰਦੂ) ਡੋਗਰੀ ਕਵੀਆਂ ਦੀ ਜਾਣਕਾਰੀ
2. ਡੋਗਰੀ ਭਾਸ਼ਾ (16 ਪੰਨਿਆਂ ਦੀ ਪੁਸਤਕ) ਡਾ. ਰਘੂਨਾਥ ਸਿੰਘ
3. ਈ. 1857 (ਪ੍ਰਥਮ ਸਵਤੰਤਰਤਾ ਸੰਘਰਸ਼ ਸਬੰਧੀ ਕਵਿਤਾਵਾਂ)
4. ਅਲਮਸਤ ਦੀਆਂ ਚਾਰ ਕਾਵਿ ਪੁਸਤਕਾਂ
5. ਸਪੋਲੀਆ ਦੀਆਂ ਚਾਰ ਕਾਵਿ ਪੁਸਤਕਾਂ
6. ਜੰਮੂ ਪ੍ਰਾਂਤ ਦੇ ਤਿੰਨ ਕਾਲਜਾਂ ਦੀਆਂ ਪੱਤਰਕਾਵਾਂ (ਤਵੀ, ਤ੍ਰਿਕੁਰਾ ਅਤੇ ਵਿਗਰਤ) ਦੇ ਡੋਗਰੀ ਵਿਭਾਗ
7. ਸਿੱਖਿਆ ਵਿਭਾਗ ਰਾਹੀਂ ਪ੍ਰਾਇਮਰੀ ਜਮਾਤਾਂ ਲਈ ਪ੍ਰਕਾਸ਼ਤ ਚਾਰ ਡੋਗਰੀ ਰੀਡਰ।

ਹ. ਪੁ - ਹਿੰ . ਵਿ. ਕੋ. 5:263

**ਡੋਗਾਨ** : ਇਹ ਪੱਛਮੀ ਅਫ਼ਰੀਕਾ ਦੇ ਮਾਲੀ ਦੇਸ਼ ਵਿਚ ਰਹਿਣ ਵਾਲੇ ਲੋਕ ਹਨ। ਇਨ੍ਹਾਂ ਵਿਚੋਂ ਵਧੇਰੇ ਲੋਕ ਬੈਂਡੀਆਗਾਰਾ ਜ਼ਿਲ੍ਹੇ ਦੇ ਪਠਾਰੀ ਅਤੇ ਪਹਾੜੀ ਇਲਾਕਿਆਂ ਵਿਚ ਰਹਿੰਦੇ ਹਨ। ਇਨ੍ਹਾਂ ਦਾ ਮੁੱਖ ਕਿੱਤਾ ਖੇਤੀ ਕਰਨਾ ਹੈ। ਕੁਝ ਲੋਕ ਸ਼ਿਲਪਕਾਰ ਵੀ ਹਨ ਜਿਹੜੇ ਧਾਤ ਅਤੇ ਚਮੜੇ ਦੀਆਂ ਵਸਤਾਂ ਬਣਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਵਿਚ ਕਿਸੇ ਕੇਂਦਰੀ ਸ਼ਾਸਨ ਅਧੀਨ ਰਹਿਣ ਲਈ ਕੋਈ ਵਿਸ਼ੇਸ਼ ਰੁਚੀ ਨਹੀਂ ਹੈ। ਇਹ ਪਿੰਡਾਂ ਵਿਚ ਸੰਯੁਕਤ ਪਰਿਵਾਰ ਦੇ ਰੂਪ ਵਿਚ ਰਹਿੰਦੇ ਹਨ। ਇਨ੍ਹਾਂ ਦਾ ਮੁਖੀ ਕਈ ਪਰਿਵਾਰਾਂ ਦਾ ਸਾਂਝਾ ਵਡੇਰਾ ਹੁੰਦਾ ਹੈ। ਆਦਮੀਆਂ ਵਿਚ ਬਹੁ-ਵਿਆਹ ਪ੍ਰਥਾ ਪ੍ਰਚਲੱਤ ਹੈ।

ਹਰ ਵੱਡੇ ਜ਼ਿਲ੍ਹੇ ਵਿੱਚ ਇਕ ਧਾਰਮਿਕ ਨੇਤਾ ਹੁੰਦਾ ਹੈ ਜਿਸ ਨੂੰ ਹਾੱਗਾੱਨ (Hogon) ਆਖਿਆ ਜਾਂਦਾ ਹੈ ਅਤੇ ਸਾਰੇ ਦੇਸ਼ ਲਈ ਇਕ ਪ੍ਰਧਾਨ ਹਾੱਗਾੱਨ ਹੁੰਦਾ ਹੈ। ਹਰ 60 ਸਾਲਾਂ ਵਿਚ ਇਨ੍ਹਾਂ ਦਾ ਮਹਾਨ ਧਾਰਮਿਕ ਪੁਰਬ ਮਨਾਇਆ ਜਾਂਦਾ ਹੈ ਜਿਸ ਨੂੰ ਸੀਗੀ (Sigui) ਕਹਿੰਦੇ ਹਨ। ਇਹ ਉਸ ਵੇਲੇ ਮਨਾਇਆ ਜਾਂਦਾ ਹੈ ਜਦੋਂ ਸਾਈਰਸ ਤਾਰਾ ਦੋ ਪਹਾੜੀ ਚੋਟੀਆਂ ਵਿਚੋਂ ਦਿਸਦਾ ਹੈ। ਇਸ ਰਸਮ ਤੋਂ ਪਹਿਲਾਂ ਜਵਾਨ ਆਦਮੀ ਤਿੰਨ ਮਹੀਨਿਆਂ ਲਈ ਇਕਾਂਤਵਾਸ ਕਰਦੇ ਹਨ ਜਿਥੇ ਉਹ ਗੁਪਤ ਭਾਸ਼ਾ ਵਿਚ ਹੀ ਗੱਲ ਬਾਤ ਕਰਦੇ ਹਨ। ਇਨ੍ਹਾਂ ਵਿਚ ਬਹੁਤੇ ਲੋਕ ਆਪਣੀਆਂ ਰਵਾਇਤੀ ਧਾਰਮਿਕ ਰਸਮਾਂ ਵਿਚ ਹੀ ਵਿਸ਼ਵਾਸ ਰੱਖਦੇ ਹਨ। ਮੁਸਲਮਾਨ ਲੋਕ ਵੀ ਕਾਫ਼ੀ ਗਿਣਤੀ ਵਿਚ ਇਨ੍ਹਾਂ ਵਿਚ ਸ਼ਾਮਲ ਹਨ।

ਹ.ਪੁ.—ਐਨ.ਬ੍ਰਿ. ਮਾ.4:151

**ਡੋਗੁਬੇਆਜ਼ਿਟ** : ਇਹ ਤੁਰਕੀ ਦੇ ਇਸੇ ਹੀ ਨਾਉਂ ਦੇ ਡਿਸਟ੍ਰਿਕਟ ਦਾ ਪ੍ਰਮੁੱਖ ਸ਼ਹਿਰ ਹੈ ਜਿਹੜਾ ਸਮੁੰਦਰੀ ਤਲ ਤੋਂ 1800 ਮੀ. ਦੀ ਉਚਾਈ ਤੇ ਵਾਕਿਆ ਹੈ। ਇਸ ਦੀਆਂ ਹੱਦਾਂ ਰੂਸ ਅਤੇ ਈਰਾਨ ਨਾਲ ਲਗਦੀਆਂ ਹਨ।

ਤਰਾਬਜ਼ੌਨ ਤੋਂ ਉੱਤਰ-ਪੱਛਮੀ ਈਰਾਨ ਨੂੰ ਜਾਣ ਵਾਲੇ ਵਪਾਰਕ ਰਾਹ ਦੇ ਉੱਤੇ ਹੋਣ ਕਾਰਨ, ਇਸ ਸ਼ਹਿਰ ਨੇ ਵਪਾਰਕ ਪੱਖੋਂ ਬੜੀ ਉੱਨਤੀ ਕੀਤੀ। ਹੌਲੀ ਹੌਲੀ ਇਸ ਰਾਹ ਦੀ ਵਪਾਰਕ ਮਹੱਤਤਾ ਘਟਣ ਨਾਲ ਸ਼ਹਿਰ ਦੇ ਵਪਾਰ ਤੇ ਵੀ ਮਾੜਾ ਅਸਰ ਪਿਆ। 19 ਵੀਂ ਸਦੀ ਵਿਚ ਰੂਸ ਅਤੇ ਉਸਮਾਨ ਰਾਜ ਦਰਮਿਆਨ ਹੋਣ ਵਾਲੀਆਂ ਲੜਾਈਆਂ ਅਤੇ ਉਸ ਮਗਰੋਂ ਪਹਿਲੀ ਵੱਡੀ ਜੰਗ ਉਪਰੰਤ ਇਸ ਉੱਪਰ ਰੂਸ ਦਾ ਕਬਜ਼ਾ ਹੋ ਜਾਣ ਕਾਰਨ, ਇਥੋਂ ਦਾ ਵਪਾਰ ਬਿਲਕੁਲ ਹੀ ਠੱਪ ਹੋ ਗਿਆ।

ਆਬਾਦੀ – 23,513 (1980)

ਹ.ਪੁ.—ਐਨ.ਬ੍ਰਿ.ਮਾ. 4:152

**ਡੋਜ਼ਸਾ, ਜਾਈਆਰਜੀ** : ਹੰਗਰੀ ਦਾ ਇਕ ਉੱਘਾ ਕ੍ਰਾਂਤੀਕਾਰੀ ਨੇਤਾ ਸੀ ਜਿਸਨੇ 1514 ਈ. ਵਿਚ ਹੰਗਰੀ ਵਿਚ ਹੋਣ ਵਾਲੀ ਬਗ਼ਾਵਤ ਦੀ ਅਗਵਾਈ ਕੀਤੀ। ਇਸ ਦਾ ਜਨਮ 1475 ਈ. ਵਿਚ ਹੋਇਆ। ਇਸਨੇ ਆਪਣਾ ਜੀਵਨ ਇਕ ਸੈਨਿਕ ਦੇ ਤੌਰ ਤੇ ਆਰੰਭ ਕੀਤਾ। ਤੁਰਕੀ ਨਾਲ ਹੋਈਆਂ ਲੜਾਈਆਂ ਵਿਚ ਇਸ ਨੇ ਕਾਫ਼ੀ ਨਾਮਣਾ ਖੱਟਿਆ ਅਤੇ ਇਸ ਨੂੰ ਮੁਸਲਮਾਨਾਂ ਵਿਰੁੱਧ ਇਕ ਨਵਾਂ ਧਰਮ ਯੁੱਧ ਆਰੰਭ ਕਰਨ ਲਈ ਚੁਣਿਆ ਗਿਆ।

ਕੁਝ ਹੀ ਹਫ਼ਤਿਆਂ ਵਿਚ ਇਸ ਨੇ ਹਜ਼ਾਰਾਂ ਦੀ ਗਿਣਤੀ ਵਿਚ ਸਵੈ-ਇੱਛਕ ਕਿਸਾਨਾਂ ਦੀ ਇਕ ਸੈਨਾ ਤਿਆਰ ਕਰ ਲਈ। ਇਹ ਲੋਕ ਆਪਣੀ-ਆਪਣੀ ਕਾਉਂਟੀ ਵਿਚ ਜਮ੍ਹਾਂ ਹੋਏ ਅਤੇ ਆਪਣੀਆਂ ਸ਼ਿਕਾਇਤਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਨ੍ਹਾਂ ਫ਼ੌਜੀਆਂ ਨੂੰ ਰੋਟੀ, ਕੱਪੜੇ ਆਦਿ ਵੱਲੋਂ ਬਹੁਤ ਤੰਗੀ ਦਾ ਮੁਕਾਬਲਾ ਕਰਨਾ ਪਿਆ। ਫਿਰ ਵੀ ਫਸਲ ਦੀ ਵਾਢੀ ਸਮੇਂ ਇਨ੍ਹਾਂ ਨੇ ਜ਼ਿਮੀਦਾਰਾਂ ਦਾ ਕੰਮ ਕਰਨ ਤੋਂ ਇਨਕਾਰ ਕਰ ਦਿਤਾ। ਜ਼ਿਮੀਦਾਰਾਂ ਨੇ ਗੁੱਸੇ ਵਿਚ

ਇਨ੍ਹਾਂ ਫ਼ੌਜੀਆਂ ਦੀਆਂ ਔਰਤਾਂ ਅਤੇ ਪਰਿਵਾਰ ਦੇ ਦੂਜੇ ਮੈਂਬਰਾਂ ਨਾਲ ਬਹੁਤ ਬੁਰਾ ਸਲੂਕ ਕੀਤਾ। ਇਸ ਨਾਲ ਇਹ ਜਦੋਜਹਿਦ ਇਕ ਕ੍ਰਾਂਤੀ ਦਾ ਰੂਪ ਧਾਰ ਗਿਆ ਅਤੇ ਜ਼ਿਮੀਦਾਰਾਂ ਵਿਰੁੱਧ ਖੁੱਲ੍ਹੇ ਆਮ ਲੜਾਈ ਦਾ ਐਲਾਨ ਹੋ ਗਿਆ। ਇਸ ਵੇਲੇ ਡੋਜ਼ਸਾ ਹੱਥੋਂ ਇਨ੍ਹਾਂ ਬਾਗ਼ੀਆਂ ਦਾ ਕੰਟਰੋਲ ਵੀ ਢਿੱਲਾ ਪੈ ਗਿਆ। ਬਾਗ਼ੀਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਅਮੀਰ ਵਰਗ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਅਤੇ ਉਨ੍ਹਾਂ ਦੇ ਘਰ-ਬਾਰ ਫੂਕ ਸੁੱਟੇ। ਬਾਗ਼ੀਆਂ ਨੂੰ ਦਬਾਉਣ ਲਈ ਬਾਹਰੋਂ ਫ਼ੌਜੀ ਮੰਗਵਾਏ ਗਏ। ਸ਼ੁਰੂ ਵਿਚ ਸਰਕਾਰ ਇਨ੍ਹਾਂ ਨੂੰ ਕੁਚਲਣ ਵਿਚ ਅਸਫ਼ਲ ਰਹੀ ਅਤੇ ਅਰਾਦ, ਲਿਪਾ, ਵਿਲਾਗਾੱਸ, ਦੇ ਕਿਲਿਆਂ ਉੱਪਰ ਬਾਗ਼ੀਆਂ ਨੇ ਕਬਜ਼ਾ ਕਰ ਲਿਆ। ਪਰ ਮਗਰੋਂ ਸਰਕਾਰ ਇਨ੍ਹਾਂ ਨੂੰ ਕੁਚਲਣ ਵਿਚ ਸਫ਼ਲ ਹੋ ਗਈ। ਤਾਮੇਸਵਰ ਵਿਖੇ ਜੇਨਾੱਸ ਜ਼ੇਪੋਲਿਆ ਅਤੇ ਇਸਤਵਾਨ ਬੇਥਾੱਰੀ ਦੀਆਂ ਸੰਯੁਕਤ ਫ਼ੌਜਾਂ ਨੇ ਡੋਜ਼ਸਾ ਨੂੰ ਘੇਰ ਲਿਆ ਅਤੇ ਕੈਦ ਕਰ ਲਿਆ ਅਤੇ 1514 ਈ. ਵਿਚ ਇਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ।

ਹ.ਪੁ.-ਐਨ.ਬ੍ਰਿ. 7:620

**ਡੌਜ਼ੀ, ਰਾਈਨਹਾਰਟ ਪਾਈਚਰ (ਐਨ)** : ਇਹ ਅਰਬੀ ਦਾ ਇਕ ਵਲੰਦੇਜ਼ੀ ਵਿਦਵਾਨ ਹੋਇਆ ਹੈ ਜਿਹੜਾ ਮੂਲ ਰੂਪ ਵਿਚ ਫ਼ਰਾਂਸੀਸੀ ਸੀ। ਇਸ ਦਾ ਜਨਮ 21 ਫ਼ਰਵਰੀ, 1820 ਨੂੰ ਨੀਦਰਲੈਂਡ ਵਿਚ ਲਾਈਡਨ ਵਿਖੇ ਹੋਇਆ। ਇਹ ਆਪਣੀ ਪੁਸਤਕ 'Histaire des musulmans d 'Espagne, jusqu' d la conquete de l 'Andalousie par les Almoravides) 711-1110' (1861) ਕਰਕੇ ਬਹੁਤ ਪ੍ਰਸਿੱਧ ਹੋਇਆ। ਇਸ ਪੁਸਤਕ ਦਾ 'ਸਪੇਨਿਸ਼ ਇਸਲਾਮ' (1913) ਨਾਂ ਹੇਠ ਅੰਗਰੇਜ਼ੀ ਵਿਚ ਅਨੁਵਾਦ ਹੋਇਆ। ਇਹ ਯੂਨੀਵਰਸਿਟੀ ਵਿਖੇ 33 ਸਾਲ ਇਤਿਹਾਸ ਦਾ ਪ੍ਰੋਫ਼ੈਸਰ ਰਿਹਾ। ਇਸ ਨੇ ਆਪਣੀ ਪੁਸਤਕ ਵਿਚ ਸਪੇਨ ਵਿਚ ਅਰਬੀ ਅਤੇ ਬਾਰਬਰ ਲੋਕਾਂ ਦੇ ਰਾਜ ਸਮੇਂ ਦਾ ਵਰਣਨ ਕਰਦਿਆਂ ਅਜਿਹੇ ਨਵੇਂ ਤੱਥ ਰੌਸ਼ਨੀ ਵਿਚ ਲਿਆਂਦੇ ਜਿਸ ਕਾਰਨ ਇਸ ਦੀ ਇਹ ਪੁਸਤਕ ਇਸ ਵਿਸ਼ੇ ਤੇ ਇਕ ਮਿਆਰੀ ਰਚਨਾ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਦੀਆਂ ਕਈ ਹੋਰ ਪੁਸਤਕਾਂ ਮਿਲਦੀਆਂ ਹਨ। ਇਸ ਨੇ ਅਰਬੀ ਦੀਆਂ ਕਈ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਹੈ। ਇਸ ਦੀ ਪੁਸਤਕ 'Het Islamisme' (1836) ਜਿਸ ਵਿਚ ਇਸਲਾਮ ਦੀ ਵਿਆਖਿਆ ਕੀਤੀ ਗਈ ਹੈ, ਇਕ ਵਾਦ-ਵਿਵਾਦ ਗ੍ਰਸਤ ਪੁਸਤਕ ਹੈ। ਇਵੇਂ ਹੀ ਇਸ ਦੀ ਇਕ ਹੋਰ ਪੁਸਤਕ De Israeliten te Mekka' ਨੇ ਯਹੂਦੀਆਂ ਸਬੰਧੀ ਧਾਰਮਿਕ ਵਾਦ ਵਿਵਾਦ ਪੈਦਾ ਕਰ ਦਿੱਤਾ।

29 ਅਪ੍ਰੈਲ, 1883 ਨੂੰ ਇਸ ਦੀ ਲਾਈਡਨ ਵਿਖੇ ਹੀ ਮੌਤ ਹੋ ਗਈ।

ਹ.ਪੁ. —ਐਨ.ਬ੍ਰਿ. 7.620; ਐਨ.ਬ੍ਰਿ.ਮਾ. 3:650

**ਡੋਡ-ਬਾਲਾਪੁਰ** : ਭਾਰਤ ਦੇ ਕਰਨਾਟਕ ਰਾਜ ਦੇ ਬੰਗਲੌਰ ਦੇਹਾਤੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਬੰਗਲੌਰ ਸ਼ਹਿਰ ਤੋਂ 36 ਕਿ. ਮੀ. ਉੱਤਰ ਦੀ ਦਿਸ਼ਾ ਵਿਚ ਅਰਕਾਵਤੀ ਦਰਿਆ ਦੇ ਕੰਢੇ ਵੱਸਿਆ ਹੋਇਆ ਹੈ। ਇਸ ਸ਼ਹਿਰ ਵਾਲੀ ਥਾਂ ਉਤੇ 12 ਵੀਂ ਸਦੀ ਦੌਰਾਨ ਇਕ ਮਸ਼ਹੂਰ ਤਜਾਰਤੀ ਕੇਂਦਰ ਸਥਾਪਿਤ ਸੀ। ਫਿਰ 16ਵੀਂ ਸਦੀ ਦੇ ਸ਼ੁਰੂ ਵਿਚ ਇਸੇ ਸਥਾਨ ਤੇ ਇਕ ਸਰਦਾਰ ਨੇ ਦੇਵਨਹਾਲੀ ਨਾਂ ਦੇ ਸ਼ਹਿਰ ਦੀ ਸਥਾਪਨਾ ਕੀਤੀ ਸੀ। ਜਿਸ ਦਾ ਨਾਂ ਮਗਰੋਂ ਜਾ ਕੇ ਡੋਡ-ਬਾਲਾਪੁਰ ਬਣ ਗਿਆ। ਸੰਨ 1870 ਤੋਂ ਇਥੇ ਮਿਉਂਸਪਲਟੀ ਕਾਇਮ ਹੈ। ਇਹ ਸ਼ਹਿਰ ਵੱਖ ਵੱਖ ਸਮਿਆਂ ਵਿਚ ਬੀਜਾਪੁਰ, ਮਰਹੱਟਿਆਂ ਅਤੇ ਮੁਗ਼ਲਾਂ ਅਧੀਨ ਰਿਹਾ। ਬੀਜਾਪੁਰ ਦੇ ਰਾਜਿਆਂ [illegible] ਇਸ ਨੂੰ ਸ਼ਾਹ ਜੀ ਦੇ ਹਵਾਲੇ ਕਰ ਦਿਤਾ ਜਦੋਂ ਕਿ ਮੁਗ਼ਲਾਂ ਨੇ ਇ[illegible] ਸ਼ਹਿਰ ਅਲੀ ਕੁਲੀ ਖ਼ਾਨ ਨੂੰ ਸੌਂਪ ਦਿੱਤਾ ਸੀ। ਹੁਣ ਇਹ ਸ਼ਹਿਰ ਹ[illegible] ਪੱਖੋਂ ਵਿਕਸਿਤ ਹੈ।

ਆਬਾਦੀ – 54,609 (1991)

13° 18′ ਉ.ਵਿਥ.; 77° 33′ ਪੂ.

ਹ.ਪੁ.—ਇੰਪ. ਗ. ਇੰਡ. 11; 366.

**ਡੋਡੈਕਾਨੀਜ਼** : ਇਹ ਏਸ਼ੀਆ ਮਾਈਨਰ ਦੇ ਦੱਖਣ-ਪੱਛਮ[illegible] ਤੱਟ ਦੇ ਨੇੜੇ ਏਜੀਅਨ ਸਾਗਰ ਵਿਚ 12 ਟਾਪੂਆਂ ਦਾ ਇਕ ਸਮੂਹ [illegible] ਜੋ ਅੱਜ-ਕੱਲ੍ਹ ਯੂਨਾਨ ਦੇ ਇਸੇ ਨਾਂ ਦੇ ਡਿਪਾਰਟਮੈਂਟ ਵਿਚ ਸ਼ਾਮਲ ਹੈ ਇਸ ਦੀ ਰਾਜਧਾਨੀ ਰੋਡਜ਼ ਹੈ। ਇਸ ਟਾਪੂ-ਸਮੂਹ ਵਿਚ ਉਂਝ ਤ[illegible] ਬਹੁਤ ਸਾਰੇ ਛੋਟੇ ਛੋਟੇ ਟਾਪੂ ਸ਼ਾਮਲ ਹਨ ਪਰ ਇਨ੍ਹਾਂ ਸਾਰਿਆਂ ਵਿਚੋ[illegible] ਕਾਰਪਾਥਾੱਸ ਪੈਟਮੌਸ, ਕਾਸਓਸ, ਆਸਟੀਪਾਲਈਆ, ਲਿਰਾਸ ਨੀਸੀਰਾਸ, ਟੀਲਾਸ, ਕਾਲਕੀ, ਸੀਮੀ, ਰੋਡਜ਼, ਕਾਸ ਲਿਪਸਾਸ ਅ[illegible] ਕਾਸਟਾਲੋ ਰਾਜ਼ਾਨ ਦੇ ਨਾਂ ਵਰਣਨਯੋਗ ਹਨ। ਰੋਡਜ਼ ਅਤੇ ਕਾ[illegible] ਇਨ੍ਹਾਂ ਸਾਰਿਆਂ ਵਿਚੋਂ ਅਮੀਰ ਟਾਪੂ ਹਨ। ਇਨ੍ਹਾਂ ਦੋਹਾਂ ਟਾਪੂਆਂ ਸਮੇ[illegible] ਅੱਜਕੱਲ੍ਹ ਡੋਡੈਕਾਨੀਜ਼ ਟਾਪੂ-ਸਮੂਹ ਵਿਚ 14 ਟਾਪੂ ਸ਼ਾਮਲ ਹਨ ਇਨ੍ਹਾਂ ਸਾਰਿਆਂ ਦਾ ਕੁੱਲ ਖੇਤਰਫਲ 2714 ਵ. ਕਿ.ਮੀ. ਅ[illegible] ਆਬਾਦੀ 162,439 (1992) ਹੈ। ਇਨ੍ਹਾਂ ਟਾਪੂਆਂ ਦਾ ਡੋਡੈਕਾਨੀ[illegible] ਨਾਂ ਯੂਨਾਨੀ ਦੇ ਇਸੇ ਸ਼ਬਦ ਤੋਂ ਪਿਆ ਹੈ ਜਿਸ ਦਾ ਭਾਵ 12 ਦ[illegible] ਸੰਖਿਆ ਤੋਂ ਹੈ।

ਧਰਾਤਲ ਪੱਖੋਂ ਸਾਰੇ ਟਾਪੂ ਉੱਘੜ-ਦੁੱਘੜੀ ਭੂਮੀ ਵਾਲੇ ਹਨ ਨੀਸੀਰਾਸ ਟਾਪੂ ਉਤੇ ਬਹੁਤ ਸਾਰੇ ਜਵਾਲਾਮੁਖੀ ਹਨ। ਕਾਸ ਟਾ[illegible] ਉਤੇ ਭੂਚਾਲ ਅਕਸਰ ਆਉਂਦੇ ਹਨ। ਇਨ੍ਹਾਂ ਟਾਪੂਆਂ ਵਿਚੋਂ ਰੋਡਜ਼ [illegible] ਸਿਵਾਇ ਸਾਰਿਆਂ ਉੱਪਰ ਵਰਖਾ ਘੱਟ ਹੁੰਦੀ ਹੈ। ਇਥੇ ਵਧੀਅ[illegible] ਉਪਜਾਊ ਭੂਮੀ ਦੀ ਵੀ ਘਾਟ ਹੈ। ਇਨ੍ਹਾਂ ਉਪਰ ਪਾਣੀ ਦੀ ਘਾ[illegible] ਅਕਸਰ ਹੀ ਰਹਿੰਦੀ ਹੈ। ਤਮਾਕੂ, ਜ਼ੈਤੂਨ, ਕਣਕ ਅਤੇ ਫ਼ਲਾਂ ਦ[illegible] ਪੈਦਾਵਾਰ ਵਧੇਰੇ ਹੁੰਦੀ ਹੈ। ਖੇਤੀਬਾੜੀ, ਪਸ਼ੂ-ਪਾਲਣਾ ਅਤੇ ਮੱਛੀ-ਫੜਨਾ ਇਥੋਂ ਦੇ ਲੋਕਾਂ ਦੇ ਮੁੱਖ ਧੰਦੇ ਹਨ। ਇਸ ਤੋਂ ਇਲਾਵਾ ਸੈਰ-ਸਪਾਟਾ ਉਦਯੋਗ ਵੀ ਇਥੇ ਉੱਨਤ ਹੈ।

ਇਤਿਹਾਸਕ ਤੌਰ ਤੇ ਇਹ ਟਾਪੂ ਯੂਨਾਨੀ ਸੰਸਾਰ ਦਾ ਹਿੱਸ[illegible] ਰਹੇ ਹਨ। ਇਨ੍ਹਾਂ ਸਾਰਿਆਂ ਵਿਚੋਂ ਰੋਡਜ਼ ਅਤੇ ਕਾਸ ਟਾਪੂ ਦ[illegible] ਇਤਿਹਾਸ ਬਹੁਤ ਪਹਿਲਾਂ ਤੋਂ ਆਰੰਭ ਹੋਇਆ ਹੈ। ਯੂਨਾਨੀ ਅ[illegible] ਰੋਮਨੀ ਸਾਮਰਾਜਾਂ ਦੌਰਾਨ ਇਹ ਟਾਪੂ ਇਨ੍ਹਾਂ ਸਾਮਰਾਜਾਂ ਵਿਚ ਹ[illegible] ਸ਼ਾਮਲ ਰਹੇ । ਬਾਜ਼ਨਤੀਨੀ ਰਾਜ ਹੇਠ ਇਹ ਡੋਡੈਕਾਨੀਜ਼ ਪ੍ਰਾਂਤ ਵਿ[illegible] ਸ਼ਾਮਲ ਸਨ। ਰੋਡਜ਼ ਟਾਪੂ ਉੱਤੇ ਕ੍ਰੀਟ ਦੇ ਵਸਨੀਕਾਂ ਨੇ 1600 ਈ ਪੂ. ਦੌਰਾਨ ਬਸਤੀ ਵਸਾਈ ਸੀ। ਇਸੇ ਟਾਪੂ ਨੂੰ ਪ੍ਰਾਚੀਨ ਯੂਨਾਨੀ ਅ[illegible] ਰੋਮਨ ਰਾਜਿਆਂ ਨੇ ਵੀ ਘੇਰਾ ਪਾਇਆ। ਬਾਜ਼ਨਤੀਨੀ ਸਾਮਰਾਜ ਦ[illegible] ਗਿਰਾਵਟ ਪਿਛੋਂ ਵੀਨਸੀ, ਜੈਨੋਈ ਅਤੇ ਧਰਮ ਯੋਧਿਆਂ ਨੇ ਇਨ੍[illegible] ਟਾਪੂਆਂ ਨੂੰ ਵਾਰੀ-ਵਾਰੀ ਘੇਰਾ ਪਾਇਆ ਅਤੇ ਆਪਣੇ ਅਧੀਨ ਰ[illegible] ਰੱਖਿਆ। 14 ਵੀਂ ਅਤੇ 15ਵੀਂ ਸਦੀ ਵਿਚ ਸੇਂਟ ਜਾਨ ਦੇ ਨਾਈਟਾਂ [illegible] ਇਨ੍ਹਾਂ ਟਾਪੂਆਂ ਉੱਤੇ ਰਾਜ ਕੀਤਾ। ਇਸ ਪਿਛੋਂ 16ਵੀਂ ਸਦੀ ਵਿ[illegible] ਤੁਰਕਾਂ ਨੇ ਡੋਡੈਕਾਨੀਜ਼ ਨਾਲ ਸਮਝੌਤਾ ਕਰ ਲਿਆ ਅਤੇ 1912 ਈ ਤੱਕ ਉਹ ਇਥੇ ਕਾਬਜ਼ ਰਹੇ। ਇਸ ਪਿਛੋਂ ਇਹ ਟਾਪੂ ਇਟਲੀ ਅਧੀ[illegible] ਚਲੇ ਗਏ।

ਸੰਨ 1915 ਵਿਚ ਲੰਡਨ ਦੀ ਸੰਧੀ ਅਤੇ 1923 ਈ. ਦ[illegible] ਲੋਜ਼ਾਨ ਦੀ ਸੰਧੀ ਦੇ ਫਲਸਰੂਪ ਇਟਲੀ ਦਾ ਇਨ੍ਹਾਂ ਟਾਪੂਆਂ [illegible]

ਸਥਾਈ ਅਧਿਕਾਰ ਹੀ ਹੋ ਗਿਆ। ਅਪ੍ਰੈਲ, 1947 ਦੀ ਸੰਧੀ ਉਪਰੰਤ ਇਹ ਟਾਪੂ ਯੂਨਾਨ ਦਾ ਹਿੱਸਾ ਹਨ।

ਹ.ਪੁ.—ਐਨ.ਬ੍ਰਿ.ਮਾ. 3 : 597; ਐਨ.ਅਮੈ. 9 : 231

**ਡੋਡੋਮਾ** : ਖੇਤਰ — ਇਹ ਪੂਰਬੀ ਅਫ਼ਰੀਕਾ ਦੇ ਤਨ-ਜ਼ਾਨੀਆ ਗਣਰਾਜ ਦਾ ਇਕ ਪ੍ਰਬੰਧਕੀ ਖੇਤਰ ਹੈ। ਜਿਸਦਾ ਰਕਬਾ 41, 311 ਵ. ਕਿ.ਮੀ. ਹੈ। ਇਸ ਵਿਚ ਕਾਡੋਆ ਪਰਬਤ ਲੜੀ ਤੋਂ ਰੂਬੇਹੋ ਪਹਾੜਾਂ ਦਰਮਿਆਨ ਪਹਾੜੀ ਲੜੀਆਂ ਦੀ ਇਕ ਪੱਟੀ ਪੱਛਮ ਵਿਚ ਕੇਂਦਰੀ ਪਠਾਰ ਤੋਂ ਉੱਪਰ ਉੱਠਦੀ ਹੋਈ ਪੂਰਬ ਵਿਚ ਮਾਸਾਈ ਸਟੈੱਪੀ ਤੱਕ ਜਾਂਦੀ ਹੈ। ਕੇਵਲ ਮਕਾਨਡੋਆ ਅਤੇ ਗ੍ਰੇਟ ਰੂਬੇਹੋ ਦਰਿਆ ਹੀ ਤੱਟੀ ਮੈਦਾਨਾਂ ਤੱਕ ਜਾਂਦੇ ਹਨ।

ਮੂੰਗਫਲੀ, ਸੂਰਜਮੁਖੀ ਦੇ ਬੀਜ ਅਤੇ ਕੈਸਟਰ ਦੀਆਂ ਫਲੀਆਂ ਦਾ ਉੱਤਪਾਦਨ ਦੇਸ਼ ਭਰ ਵਿਚੋਂ ਸਭ ਤੋਂ ਵੱਧ ਇਥੇ ਹੀ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਮੱਕੀ, ਚਰ੍ਹੀ, ਗੂੰਦ ਵੀ ਇਥੋਂ ਦੀਆਂ ਮਹੱਤਵਪੂਰਨ ਫਸਲਾਂ ਹਨ। ਉੱਤਰੀ ਭਾਗਾਂ ਵਿਚ ਕਾਫ਼ੀ ਅਤੇ ਸਾਈਸਲ ਦੀ ਕਾਸ਼ਤ ਹੁੰਦੀ ਹੈ। ਪਸ਼ੂ-ਪਾਲਣ ਦਾ ਕਿੱਤਾ ਸਾਰੇ ਇਲਾਕਿਆਂ ਵਿਚ ਹੀ ਕਾਫ਼ੀ ਮਕਬੂਲ ਹੈ। ਦੱਖਣੀ ਭਾਗਾਂ ਵਿਚ ਅਬਰਕ ਦੀਆਂ ਖਾਣਾਂ ਹਨ। ਡੋਡੋਮਾ ਵਿਚ ਚੂਨਾ ਪੱਥਰ, ਸੋਨਾ, ਨਮਕ, ਸ਼ੋਰਾ ਅਤੇ ਕੁਰਲ-ਪੱਥਰ ਦੇ ਭੰਡਾਰ ਵੀ ਮਿਲਦੇ ਹਨ।

ਇਥੋਂ ਦੇ ਵਧੇਰੇ ਲੋਕ ਗੋਗੋ, ਸੰਦਾਵੀ, ਰਾਂਗੀ ਅਤੇ ਬਰੂੰਗੀ ਕਬੀਲਿਆਂ ਨਾਲ ਸਬੰਧਤ ਹਨ। ਡੋਡੋਮਾ ਸ਼ਹਿਰ ਇਸ ਖੇਤਰ ਦਾ ਸਦਰ-ਮੁਕਾਮ ਹੈ।

ਆਬਾਦੀ - 1,237,819 (1988)

ਹ.ਪੁ. — ਐਨ. ਬ੍ਰਿ.ਮਾ.4:508

**ਡੋਡੋਮਾ** : ਸ਼ਹਿਰ — ਪੂਰਬੀ ਅਫ਼ਰੀਕਾ ਦੇ ਤਨਜ਼ਾਨੀਆ ਗਣਰਾਜ ਦੀ ਰਾਜਧਾਨੀ ਹੈ। ਸੰਨ 1974 ਈ. ਵਿਚ ਸਮੁੰਦਰ ਉਤੇ ਸਥਿੱਤ ਦਰ-ਐੱਸ-ਸਲਾਮ ਦੀ ਥਾਂ ਤੋਂ ਰਾਜਧਾਨੀ ਤਬਦੀਲ ਕਰਕੇ ਇਸ ਜਗ੍ਹਾ ਉੱਤੇ ਬਣਾਉਣ ਦੀ ਵਿਉਂਤ ਬਣਾਈ ਗਈ ਸੀ। ਰਾਜਧਾਨੀ ਦੇ ਸਾਰੇ ਦਫ਼ਤਰ ਦਰ-ਐੱਸ-ਸਲਾਮ ਤੋਂ ਇਥੇ ਲਿਆਂਦੇ ਗਏ।

ਨਵੀਂ ਰਾਜਧਾਨੀ ਡੋਡਾਮਾ ਹਿੰਦ ਮਹਾਂਸਾਗਰ ਤੋਂ 480 ਕਿ. ਮੀ. ਦੂਰ ਅੰਦਰੂਨੀ ਖੇਤਰਾਂ ਵਿਚ 1,135 ਮੀ. ਦੀ ਉੱਚਾਈ ਉੱਤੇ ਬਣਾਈ ਗਈ ਹੈ। ਇਹ ਸ਼ਹਿਰ ਰੇਲਾਂ, ਸੜਕਾਂ ਅਤੇ ਹਵਾਈ ਮਾਰਗਾਂ ਦੁਆਰਾ ਅਰੂਸ਼ਾ, ਦਰ-ਐੱਸ-ਸਲਾਮ ਅਤੇ ਟੈਂਗਾ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਹ ਜ਼ਰਾਇਤੀ ਉਤਪਾਦਨਾਂ ਵਿਚ ਖਾਸ ਤੌਰ ਤੇ ਮੂੰਗਫਲੀ, ਸੂਰਜਮੁਖੀ ਅਤੇ ਅਰਿੰਡੀ ਦੇ ਬੀਜਾਂ, ਚੌਲ, ਕਣਕ, ਕਾਫ਼ੀ ਅਤੇ ਤਮਾਕੂ ਦੀ ਖਾਸ ਮੰਡੀ ਹੈ। ਇਥੇ ਲਕੜੀ ਤੋਂ ਫਰਨੀਚਰ, ਆਟਾ, ਚੌਲਾਂ ਦੀ ਛੰਡਾਈ ਅਤੇ ਖਾਣ-ਪੀਣ ਦੀਆਂ ਚੀਜ਼ਾਂ ਬਣਾਉਣ ਦੀਆਂ ਸੱਨਅਤਾਂ ਉੱਨਤ ਹਨ। ਇਥੋਂ ਦੀ ਵਸੋਂ ਜ਼ਰਾਇਤੀ ਧੰਦਿਆਂ ਅਤੇ ਸੱਨਅਤਾਂ ਵਿਚ ਲੱਗੀ ਹੋਈ ਹੈ।

ਆਬਾਦੀ - 2,03,833 (1988)

ਹ. ਪੁ.—ਐਨ. ਬ੍ਰਿ.ਮਾ. 4:148

**ਡੋਥੈਨ** : ਦੱਖਣੀ-ਪੂਰਬੀ ਐਲਾਬਾਮਾ ਰਾਜ (ਸੰ.ਰ.ਅ.) ਦੀ ਹਾਉਸਟਨ ਕਾਉਂਟੀ ਦਾ ਸ਼ਹਿਰ ਅਤੇ ਪ੍ਰਸ਼ਾਸਕੀ ਕੇਂਦਰ ਹੈ। ਇਹ ਫਲੋਰਿਡਾ ਰਾਜ ਦੀ ਹੱਦ ਤੋਂ ਉੱਤਰ ਵਾਲੇ ਪਾਸੇ ਮਾਂਟਗੁੰਮਰੀ ਸ਼ਹਿਰ ਤੋਂ 155 ਕਿ. ਮੀ. ਦੱਖਣ-ਪੂਰਬ ਦੀ ਦਿਸ਼ਾ ਵਿਚ ਵੱਸਿਆ ਹੋਇਆ ਹੈ। ਇਥੇ ਛੋਟੀਆਂ ਸੱਨਅਤਾਂ ਉੱਨਤ ਹਨ। ਅੱਜਕੱਲ ਇਥੇ ਲੱਕੜੀ ਚੀਰਣ, ਮੀਟ ਦੀ ਪੈਕਿੰਗ ਕਰਨ, ਖਾਦ ਬਣਾਉਣ, ਹੌਜ਼ਰੀ, ਕੱਪੜਾ, ਫ਼ਰਨੀਚਰ, ਸਿਗਾਰ, ਖਿਡੌਣੇ ਆਦਿ ਬਣਾਉਣ ਦੇ ਕਾਰਖ਼ਾਨੇ ਲੱਗੇ ਹੋਏ ਹਨ। ਇਹ ਆਸਪਾਸ ਦੇ ਜ਼ਰਾਇਤੀ ਅਤੇ ਪਸ਼ੂ-ਪਾਲਣ ਖੇਤਰ ਦੀ ਮੰਡੀ ਅਤੇ ਆਵਾਜਾਈ ਦਾ ਕੇਂਦਰ ਵੀ ਹੈ। ਇਹ ਸ਼ਹਿਰ 1858 ਈ. ਵਿਚ ਆਬਾਦ ਹੋਇਆ ਸੀ। ਇਸ ਦਾ ਪਹਿਲਾ ਨਾਂ ਪਾਪਲਰ ਹੈੱਡ ਸੀ ਜਿਹੜਾ ਬਦਲ ਕੇ ਡੋਥੈਨ ਕੀਤਾ ਗਿਆ ਤੇ ਪਿਛੋਂ 1911 ਈ. ਵਿਚ ਡੋਥੈਨ ਹੀ ਮੰਨ ਲਿਆ ਗਿਆ।

ਸੰਨ 1885 ਵਿਚ ਇਹ ਸ਼ਹਿਰ ਦੇ ਤੌਰ ਤੇ ਨਿਗਮਿਤ ਹੋਇਆ। ਇਥੇ ਹਰ ਸਾਲ ਅਕਤੂਬਰ ਵਿਚ 'ਨੈਸ਼ਨਲ ਪੀਨੱਟ ਫੈਸਟੀਵਲ' ਆਯੋਜਿਤ ਕੀਤਾ ਜਾਂਦਾ ਹੈ। ਸ਼ਹਿਰ ਵਿਚ ਵੈਲੇਸ ਸਟੇਟ ਕਮਿਊਨਿਟੀ ਕਾਲਜ ਸਥਾਪਿਤ ਹੈ।

ਆਬਾਦੀ - 53,589 (1990)

31° 13' ਉ.ਵਿਥ.; 85° 24' ਪੂ.ਲੰਬ.

ਹ.ਪੁ.—ਐਨ. ਬ੍ਰਿ.ਮਾ. 4:191; ਐਨ. ਅਮੈ. 9:305

**ਡੋਨਰ, ਜਾਰਜ ਰੈਫ਼ੇਐੱਲ** : ਆਸਟਰੀਆ ਦੇ ਇਸ ਮੂਰਤੀਕਾਰ ਦਾ ਜਨਮ 24 ਮਈ, 1693 ਨੂੰ ਐਸਲਿੰਗੈਨ (Esslingen) ਵਿਖੇ ਹੋਇਆ। ਇਸ ਦੀਆਂ ਕਿਰਤਾਂ ਬੈਰੋਕ ਸ਼ੈਲੀ ਤੋਂ ਨਵ-ਕਲਾਸਿਕੀ ਸ਼ੈਲੀ ਤਕ ਦੇ ਪਰਿਵਰਤਨ ਨੂੰ ਦਰਸਾਉਂਦੀਆਂ ਹਨ। ਇਸ ਨੇ ਪ੍ਰਸਿੱਧ ਮੂਰਤੀਕਾਰ ਜੋਵਾੱਨੀ ਜਿਊਲਿਆਨੀ ਦੇ ਸਟੂਡੀਓ ਵਿਚ ਕੰਮ ਕੀਤਾ ਅਤੇ ਬਾਅਦ ਵਿਚ ਵੀਆਨਾ ਅਕਾਦਮੀ ਆਫ਼ ਆਰਕੀਟੈਕਟ ਵਿਖੇ ਸਿਖਿਆ ਪ੍ਰਾਪਤ ਕੀਤੀ।

ਸੰਨ 1738-39 ਵਿਚ ਇਸ ਨੇ ਵੀਆਨਾ ਦੀ ਨਿਊ ਮਾਰਕਿਟ ਵਿਖੇ ਆਪਣਾ ਸ਼ਾਹਕਾਰ 'ਫ਼ੁਹਾਰਾ' ਬਣਾਇਆ। ਏਥੇ ਬਣੀਆਂ ਮੂਰਤੀਆਂ ਪਹਿਲਾਂ ਸਿੱਕੇ ਦੀਆਂ ਸਨ ਮਗਰੋਂ ਨਕਲ ਕਰਕੇ 1873 ਵਿਚ ਇਹ ਕਾਂਸੀ ਦੀਆਂ ਬਣਾਈਆਂ ਗਈਆਂ। ਪਰਸੀਅਸ ਅਤੇ ਐਂਡ੍ਰੋਮੇਡਾ ਫ਼ੁਹਾਰਾ ਅਤੇ ਸ਼ਹਿਨਸ਼ਾਹ ਚਾਰਲਸ ਛੇਵੇਂ ਦਾ ਬੁੱਤ ਇਸ ਦੀਆਂ ਹੋਰ ਕਿਰਤਾਂ ਹਨ। ਇਸ ਦੀ ਮੂਰਤੀ ਕਲਾ ਵਿਚ ਬੜੀ ਨਫ਼ਾਸਤ ਸੀ ਜਿਹੜੀ ਇਸ ਦੇ ਸ਼ਾਗਿਰਦਾਂ ਨੂੰ ਹੋਰ ਵਧੇਰੇ ਕਲਾਸਿਕੀ ਰੂਪ ਰੇਖਾ ਅਪਨਾਉਣ ਲਈ ਪ੍ਰੇਰਦੀ ਹੈ।

15 ਫ਼ਰਵਰੀ, 1741 ਨੂੰ ਵੀਆਨਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ.3:623; ਐਨ.ਅਮੈ.9:260

**ਡੋਨਾਟਸਵਾਦੀ** : ਇਹ ਉੱਤਰੀ ਅਫ਼ਰੀਕਾ ਦੇ ਇਕ ਈਸਾਈ ਗਰੁੱਪ ਦਾ ਨਾਂ ਹੈ। ਇਸ ਗਰੁੱਪ ਦਾ ਪਹਿਲਾ ਲੀਡਰ ਡੋਨਾਟਸ ਸੀ ਜਿਸ ਕਰਕੇ ਇਸ ਦਾ ਨਾਂ ਵੀ ਡੋਨਾਟਸਵਾਦੀ ਪਿਆ। ਸੰਨ 312 ਵਿਚ ਕਾਰਥੇਜ ਦੇ ਬਿਸ਼ਪ ਸਿਸਲੀਅਨ ਦੀ ਚੋਣ ਸਮੇਂ ਇਹ ਕੈਥੋਲਿਕਾਂ ਤੋਂ ਅੱਡ ਹੋ ਗਏ। ਇਹ ਈਸਾਈ ਮੱਤ ਦੀ ਉਸ ਮੁੱਢਲੀ ਰਵਾਇਤ ਨਾਲ ਸਬੰਧ ਰੱਖਦੇ ਹਨ ਜਿਸ ਨੇ ਏਸ਼ੀਆ ਮਾਈਨਰ ਅਤੇ ਮਿਸਰ ਦੇ ਖੇਤਰਾਂ ਵਿਚ ਕਈ ਧਾਰਮਿਕ ਲਹਿਰਾਂ ਨੂੰ ਜਨਮ ਦਿੱਤਾ। ਧਰਮ ਦੇ ਮਸਲਿਆਂ ਵਿਚ ਇਹ ਸਰਕਾਰੀ ਦਖ਼ਲ ਦੀ ਵਿਰੋਧਤਾ ਕਰਦੇ ਸਨ। ਇਹ ਲੜਾਕੇ ਕਿਸਾਨਾਂ ਦੀ ਮਦਦ ਨਾਲ ਸਮਾਜਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਪ੍ਰਾਸ਼ਚਿਤ ਦਾ ਜੀਵਨ ਬਿਤਾਉਣ ਮਗਰੋਂ ਬਲੀਦਾਨ ਦੇਣਾ ਹੀ ਪੱਕੇ ਡੋਨਾਟਸੀਆਂ ਦਾ ਨਿਸ਼ਾਨਾ ਹੁੰਦਾ ਸੀ। ਉੱਤਰੀ ਅਫ਼ਰੀਕਾ ਉੱਤੇ ਰੋਮਨਾਂ ਅਤੇ ਬਾਜ਼ਨਤੀਨਾਂ ਆਦਿ ਦੇ ਹੁਕਮਰਾਨਾਂ ਵੱਲੋਂ ਕੀਤੇ ਗਏ ਲਗਾਤਾਰ ਤਸ਼ੱਦਦਾਂ ਦੇ ਬਾਵਜੂਦ ਵੀ ਡੋਨਾਟਿਸਟ ਧਰਮ ਉੱਦੋਂ ਤੱਕ ਕਾਇਮ ਰਿਹਾ, ਜਦੋਂ ਤੱਕ ਮੁੱਢਲੇ ਮੱਧ-ਕਾਲ ਦੌਰਾਨ ਉੱਤਰੀ

ਅਫ਼ਰੀਕਾ ਵਿਚੋਂ ਈਸਾਈ ਮੱਤ ਬਿਲਕੁਲ ਹੀ ਲੁਪਤ ਨਹੀਂ ਹੋਇਆ ਸੀ।

ਡੋਨਾਟਸਵਾਦੀ ਕੇਵਲ ਸਿਸੀਲੀਅਨ ਦੀ ਚੋਣ ਦੇ ਪ੍ਰਸ਼ਨ ਤੇ ਹੀ ਵੱਖ ਨਹੀਂ ਹੋਏ ਸਨ, ਸਗੋਂ ਵੱਖ ਹੋਣ ਦੇ ਅਸਲੀ ਕਾਰਨ ਸਿਧਾਂਤਕ ਅਤੇ ਸਮਾਜਕ ਦੋਵੇਂ ਸਨ। ਸਿਸੀਲੀਅਨ ਦੀ ਸਥਾਪਤੀ ਦੀ ਰਸਮ ਇਕ ਗਦਾਰ ਬਿਸ਼ਪ ਵੱਲੋਂ ਕੀਤੀ ਗਈ ਸੀ। ਇਸ ਲਈ ਨੁਮੀਦੀਆ ਦਾ ਪ੍ਰਾਈਮੇਟ, ਜਿਸ ਨੂੰ ਪਿਛਲੇ 40 ਸਾਲਾਂ ਤੋਂ ਕਾਰਥੇਜ ਦੇ ਬਿਸ਼ਪ ਦੀ ਸਥਾਪਨਾ ਰਸਮ ਦਾ ਅਧਿਕਾਰ ਪ੍ਰਾਪਤ ਸੀ, 70 ਬਿਸ਼ਪਾਂ ਸਹਿਤ ਕਾਰਥੇਜ ਆ ਪਹੁੰਚਿਆ ਅਤੇ ਇਕ ਮਹੱਤਵਪੂਰਨ ਸਭਾ ਵਿਚ ਸਿਸੀਲੀਅਨ ਦੀ ਚੋਣ ਨੂੰ ਰੱਦ ਕਰ ਦਿੱਤਾ। ਉਸ ਸਭਾ ਨੇ ਸਿਸੀ-ਲੀਅਨ ਦੀ ਥਾਂ ਤੇ ਮੇਜੋਰੀਨਸ ਨੂੰ ਨਿਯੁਕਤ ਕੀਤਾ। ਨਵੇਂ ਬਾਦਸ਼ਾਹ ਕਾਨਸਟੈਂਟਾਈਨ ਮਹਾਨ ਵੱਲੋਂ ਇਸ ਝਗੜੇ ਨੂੰ ਨਜਿੱਠਣ ਲਈ ਸਾਲਸੀ ਦਾ ਹੁਕਮ ਕੀਤਾ ਗਿਆ। ਸਾਲਸੀ ਅਨੁਸਾਰ 2 ਅਕਤੂਬਰ, 313 ਨੂੰ ਸਿਸੀਲੀਅਨ ਨੂੰ ਬਿਲਕੁਲ ਬੇਕਸੂਰ ਪਾਇਆ ਗਿਆ। ਉਸ ਸਮੇਂ ਤੱਕ ਮੇਜੋਰੀਨਸ ਦੀ ਥਾਂ ਡੋਨਾਟਸ ਨੇ ਲੈ ਲਈ ਸੀ। ਉਸ ਨੇ ਫ਼ੈਸਲੇ ਵਿਰੁੱਧ ਅਪੀਲ ਕੀਤੀ। ਮੁੜ ਫ਼ੈਸਲੇ ਵਿਚ ਵੀ ਸਿਸੀਲੀਅਨ ਦੀ ਜਿੱਤ ਹੋਈ। ਡੋਨਾਟਸ ਅਤੇ ਉਸ ਦੇ ਸਾਥੀਆਂ ਵੱਲੋਂ ਬਾਰ ਬਾਰ ਅਪੀਲਾਂ ਕਰਨ ਦੇ ਬਾਵਜੂਦ 316 ਈ. ਵਿਚ ਕਾਨਸਟੈਂਟਾਈਨ ਨੇ ਸਿਸੀਲੀਅਨ ਨੂੰ ਪੱਕੇ ਤੌਰ ਤੇ ਥਾਪ ਦਿੱਤਾ।

ਡੋਨਾਟਸ ਫ਼ਿਰਕੇ ਉਤੇ ਬੜੇ ਤਸ਼ੱਦਦ ਹੁੰਦੇ ਰਹੇ ਅਤੇ ਲਹਿਰ ਜ਼ੋਰ ਫੜਦੀ ਗਈ। 347 ਈ. ਵਿਚ ਡੋਨਾਟਸ ਅਤੇ ਉਸ ਦੇ ਸਹਿਯੋਗੀਆਂ ਨੂੰ ਗਾੱਲ ਵਿਚ ਜਲਾਵਤਨ ਕਰ ਦਿੱਤਾ ਗਿਆ ਜਿਥੇ 355 ਈ. ਦੇ ਲਾਗੇ ਚਾਗੇ ਡੋਨਾਟਸ ਦੀ ਮੌਤ ਹੋ ਗਈ। ਸੰਨ 361 ਵਿਚ ਜੂਲੀਅਨ ਦੇ ਬਾਦਸ਼ਾਹ ਬਣਨ ਤੇ ਡੋਨਾਟਸਵਾਦੀ ਅਫ਼ਰੀਕਾ ਪਰਤ ਆਏ ਅਤੇ ਅਗਲੇ 30 ਸਾਲਾਂ ਲਈ ਬਹੁ-ਗਿਣਤੀ ਵਿਚ ਆ ਗਏ ਪਰ ਬਾਅਦ ਵਿਚ ਫਿਰ ਉਨ੍ਹਾਂ ਦੇ ਵਿਰੋਧੀਆਂ ਨੇ ਤਾਕਤ ਫੜ ਲਈ ਅਤੇ ਸੰਨ 412 ਅਤੇ 414 ਵਿਚ ਡੋਨਾਟਸਵਾਦੀਆਂ ਦੇ ਵਿਰੁੱਧ ਕਰੜੇ ਕਾਨੂੰਨ ਬਣਾਏ ਗਏ। 7 ਵੀਂ ਸਦੀ ਤੱਕ ਇਨ੍ਹਾਂ ਦਾ ਖ਼ਾਤਮਾ ਹੋ ਗਿਆ।

ਹ.ਪੁ.—ਐਨ.ਬ੍ਰਿ.ਮਾ. 3:618; ਐਨ.ਅਮੈ. 9:256; ਕੋਲ. ਐਨ. 6 : 354

**ਡੋਨਾਟੀ, ਜੋਵੈਨੀ ਬੈਟਿਸਟਾ (Donati, Giovanni Battista) :** ਇਟਲੀ ਦੇ ਰਹਿਣ ਵਾਲੇ ਇਸ ਖ਼ਗੋਲ ਵਿਗਿਆਨੀ ਦਾ ਜਨਮ 16 ਦਸੰਬਰ, 1826 ਨੂੰ ਪੀਸਾ ਵਿਖੇ ਹੋਇਆ। ਇਸ ਨੇ ਧੂਮਕੇਤੂਆਂ (ਬੋਦੀ ਵਾਲੇ ਤਾਰੇ) ਸਬੰਧੀ ਕਾਫ਼ੀ ਕੰਮ ਕੀਤਾ। ਇਸ ਨੇ 1854 ਤੋਂ 1864 ਵਿਚਕਾਰ ਛੇ ਨਵੇਂ ਧੂਮਕੇਤੂ ਲੱਭੇ ਜਿਨ੍ਹਾਂ ਵਿਚੋਂ ਇਕ ਨੂੰ ਪਹਿਲੀ ਵਾਰ 2 ਜੂਨ, 1858 ਨੂੰ ਦੇਖਿਆ ਗਿਆ ਅਤੇ ਉਸ ਦਾ ਨਾਂ ਵੀ ਇਸ ਵਿਗਿਆਨੀ ਦੇ ਨਾਂ ਤੇ ਰੱਖਿਆ ਗਿਆ। ਇਨ੍ਹਾਂ ਖੋਜਾਂ ਸਦਕਾ ਇਸ ਨੂੰ ਖ਼ਗੋਲ ਵਿਗਿਆਨ ਦਾ ਪ੍ਰੋਫ਼ੈਸਰ ਅਤੇ 1864 ਵਿਚ ਫ਼ਲਾੱਰਾਂਸ (Florence) ਵਿਖੇ ਪ੍ਰੇਖਣਸ਼ਾਲਾ ਦਾ ਡਾਇਰੈੱਕਟਰ ਨਿਯੁਕਤ ਕੀਤਾ ਗਿਆ। ਅਗਸਤ, 1864 ਵਿਚ ਇਸ ਨੇ ਧੂਮਕੇਤੂਆਂ ਦੀ ਗੈਸੀ ਬਣਤਰ ਸਬੰਧੀ ਖੋਜ ਕੀਤੀ ਅਤੇ ਤਾਰਿਆਂ ਦੇ ਵਰਣਕ੍ਰਮ ਬਾਰੇ ਵੀ ਕੰਮ ਕੀਤਾ। ਆਰਚੇਟਰੀ ਵਿਖੇ ਨਵੀਂ ਪ੍ਰੇਖਣਸ਼ਾਲਾ ਦੀ ਉਸਾਰੀ ਦੀ ਨਿਗਰਾਨੀ ਦੌਰਾਨ ਹੀ 20 ਸਤੰਬਰ, 1873 ਨੂੰ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. 7 : 579

**ਡੋਨੂ, ਪੀਅਰੀ ਕਲਾਡ ਫ਼ਰਾਂਸਵਾ :** ਇਹ ਫ਼ਰਾਂਸ ਦ ਉੱਘਾ ਸਿਆਸਤਦਾਨ ਅਤੇ ਇਤਿਹਾਸਕਾਰ ਸੀ। ਇਸ ਦਾ ਜਨ 18 ਅਗਸਤ, 1761 ਨੂੰ ਫ਼ਰਾਂਸ ਵਿਚ ਬੂਲੋਨ ਵਿਖੇ ਹੋਇਆ।

ਸਥਾਨਕ ਭਾਸ਼ਣ-ਕਲਾ ਸਕੂਲ ਵਿਚੋਂ ਸਿੱਖਿਆ ਪ੍ਰਾਪਤ ਮਗਰੋਂ ਇਹ 1777 ਈ. ਵਿਚ ਆਪ ਵੀ ਇਸ ਧਾਰਮਿਕ ਜਥੇਬੰਦ ਦਾ ਮੈਂਬਰ ਬਣ ਗਿਆ ਅਤੇ 1780 ਈ. ਵਿਚ ਗਿਰਜਿਆਂ ਵਿ ਸਿੱਖਿਆ ਦੇਣ ਦਾ ਕੰਮ ਸੰਭਾਲਿਆ।



ਡੋਨੂ ਪੀਅਰੀ ਕਲਾਡ ਫਰਾਂਸਵਾਂ

ਰਾਜਨੀਤੀ ਵਿਚ ਦਿਲਚਸਪੀ ਹੋਣ ਕਾਰਨ ਫ਼ਰਾਂਸੀਸੀ ਕ੍ਰਾਂਤ ਦੌਰਾਨ ਪਾਸ-ਦੇ-ਕਲੇਰੀ ਦੀ ਕਨਵੈਨਸ਼ਨ ਦਾ ਮੈਂਬਰ ਚੁਣਿਅ ਗਿਆ। ਇਸ ਨੇ ਬਾਦਸ਼ਾਹ ਲੂਈ ਸੋਲ੍ਹਵੇਂ ਦੀ ਜ਼ੋਰਦਾਰ ਮੁਖਾਲਫ਼ਤ ਕੀਤੀ। ਅਕਤੂਬਰ, 1793 ਨੂੰ ਇਸ ਨੂੰ ਕੈਦ ਕਰ ਲਿਆ ਗਿਆ ਦਸੰਬਰ, 1794 ਵਿਚ ਇਹ ਮੁੜ ਕਨਵੈਨਸ਼ਨ ਦਾ ਮੈਂਬਰ ਬਣ ਗਿਆ। ਸੰਨ 1795 ਵਿਚ ਬਣੇ ਸੰਵਿਧਾਨ ਦਾ ਇਹ ਮੁੱ ਸੰਵਿਧਾਨਕਾਰ ਸੀ ਅਤੇ 1793 ਈ. ਵਿਚ ਜ਼ਬਤ ਕੀਤੀਅ ਗਈਆਂ ਸੰਸਥਾਵਾਂ ਨੂੰ ਮੁੜ ਸੁਰਜੀਤ ਕਰਨ ਵਾਲੀ ਸੰਸਥ ਇੰਸਟੀਚਿਊਟ ਨੈਸ਼ਨਲ ਦਾ ਮੋਢੀ ਸੀ। ਸੰਨ 1799 ਵਿਚ ਨੈਪੋਲੀਅਨ ਦੇ ਰਾਜ-ਪਲਟੇ ਮਗਰੋਂ ਇਸ ਨੇ ਨਵਾਂ ਸੰਵਿਧਾਨ ਲਿਖਣ ਵਿਚ ਆਪਣਾ ਯੋਗਦਾਨ ਫਿਰ ਪਾਇਆ।

ਸੰਨ 1804-1815 ਦੌਰਾਨ ਇਹ ਨੈਸ਼ਨਲ ਆਰਕਾਈਵਜ਼ ਦੇ ਡਾਇਰੈਕਟਰ ਦੇ ਅਹੁਦੇ ਤੇ ਰਿਹਾ। ਇਸ ਕਾਲ ਵਿਚ ਇਸ ਨੇ ਪਿਅਸ ਸੱਤਵੇਂ ਦੇ ਵਿਰੁੱਧ ਅਤੇ ਨੈਪੋਲੀਅਨ ਦੀ ਹਿਮਾਇਤ ਵਿਚ ਆਪਣੀ ਇਤਿਹਾਸਕ ਪੁਸਤਕ "Essai Wistorique Sue la puissance temparelle des Papers" ਪ੍ਰਕਾਸ਼ਿਤ ਕਰਵਾਈ।

20 ਜੂਨ, 1840 ਨੂੰ ਫ਼ਰਾਂਸ ਵਿਚ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ.ਮਾ. 3: 903

**ਡੋਨੇਟਸ, ਈਲੀਅਸ** : ਇਹ ਚੌਥੀ ਸਦੀ ਈ. ਪੂ. ਦੌਰਾਨ ਹੋਇਆ ਰੋਮ ਦਾ ਇਕ ਵਿਆਕਰਣ ਸ਼ਾਸਤਰੀ ਸੀ। ਸੇਂਟ ਜੈਰੋਗ ਇਸ ਦੇ ਸ਼ਾਗਿਰਦਾਂ ਵਿਚੋਂ ਇਕ ਸੀ। ਇਸਨੇ ਬਾਈਬਲ ਦਾ ਲਾਤੀਨ

ਭਾਸ਼ਾ ਵਿਚ ਅਨੁਵਾਦ ਕੀਤਾ ਅਤੇ ਸਕੂਲ ਦੇ ਬੱਚਿਆਂ ਲਈ ਵਿਆਕਰਣ ਦੀ ਪੁਸਤਕ ਲਿਖੀ।

ਇਸਦੀ ਵੱਡੀ ਕਿਰਤ ਜੋ ਤਿੰਨ ਹਿੱਸਿਆਂ ਵਿਚ ਹੈ, ਵਿਆਕਰਣ ਦੇ ਤੱਤਾਂ ਨਾਲ ਸਬੰਧਤ ਹੈ। ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਡੋਨੇਟਸ ਦੀਆਂ ਰਚਨਾਵਾਂ ਮੂਲ ਕਿਰਤਾਂ ਨਹੀਂ ਹਨ ਫਿਰ ਵੀ ਇਸ ਦੀਆਂ ਕਿਰਤਾਂ ਦੇ ਹਵਾਲੇ ਬਹੁਤ ਜ਼ਿਆਦਾ ਦਿੱਤੇ ਜਾਂਦੇ ਹਨ।

ਡੋਨੇਟਸ ਨੇ ਟੈਰੰਸ ਅਤੇ ਵਰਜਿਲ ਦੀਆਂ ਪੁਸਤਕਾਂ ਦੀ ਵਿਆਖਿਆ ਵੀ ਕੀਤੀ। ਇਸ ਦੀਆਂ ਇਹ ਟਿੱਪਣੀਆਂ ਬਹੁਤ ਚੰਗੇ ਸੂਤਰਾਂ ਦੇ ਆਧਾਰ ਤੇ ਲਿਖੀਆਂ ਗਈਆਂ ਸਨ।

ਹ. ਪੁ.–ਐਨ. ਬ੍ਰਿ. 7: 681; ਐਨ. ਬ੍ਰਿ. ਮਾ. 3: 618

**ਡੋਨੇਲਾਇਟਿਸ, ਕ੍ਰਿਸਤੀਜਨਾਸ (Donelaitis, Kristyonas) :** ਇਸ ਉੱਘੇ ਲੂਥਰਪੰਥੀ ਪਾਦਰੀ ਅਤੇ ਕਵੀ ਦਾ ਜਨਮ ਪਹਿਲੀ ਜਨਵਰੀ, 1714 ਈ. ਨੂੰ ਪੂਰਬੀ ਪ੍ਰਸ਼ਾਅ ਵਿਚ ਗੁਮਬਿਨੈਨ (Gombinnen) ਦੇ ਨੇੜੇ ਹੋਇਆ। ਇਹ ਲਿਥੂਆਨੀਆ ਦੇ ਉੱਘੇ ਕਵੀਆਂ ਵਿਚੋਂ ਇਕ ਸੀ ਜੋ ਬਾਹਰ ਵੀ ਜਾਣਿਆ ਜਾਂਦਾ ਸੀ।

ਸੰਨ 1736-40 ਦੌਰਾਨ ਕੋਨਿਕਸਬਰਗ ਯੂਨੀਵਰਸਿਟੀ ਤੋਂ ਧਰਮ-ਸ਼ਾਸਤਰ ਅਤੇ ਕਲਾਸਿਕੀ ਭਾਸ਼ਾ ਵਿਚ ਸਿੱਖਿਆ ਪ੍ਰਾਪਤ ਕਰਨ ਉਪਰੰਤ 1743 ਈ. ਵਿਚ ਇਹ ਤੋਲਮਿੰਕੇਹਮੈੱਨ (Tolmingkehmen) ਨਾਮੀ ਪਿੰਡ ਵਿਖੇ ਪਾਦਰੀ ਬਣਿਆ ਅਤੇ ਅੰਤ ਤੀਕ ਉਥੇ ਹੀ ਰਿਹਾ।

ਇਥੇ ਰਹਿੰਦਿਆਂ ਇਸਨੇ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। Metai ਨਾਂ ਦੀ ਇਸ ਦੀ ਕਵਿਤਾ ਵਿਚ ਕੁੱਲ 2997 ਲਾਈਨਾਂ ਹਨ ਤੇ ਕਵਿਤਾ ਛੇ ਪਦੀ ਹੈ। ਇਹ ਕਵਿਤਾ ਇਸ ਦੀ ਪ੍ਰਮੁੱਖ ਰਚਨਾ ਹੈ ਜੋ 1818 ਈ. ਵਿਚ ਇਸ ਦੀ ਮੌਤ ਤੋਂ ਬਾਅਦ ਛਾਪੀ ਗਈ। ਇਹ ਕਵਿਤਾ 18ਵੀਂ ਸਦੀ ਦੇ ਪ੍ਰਸ਼ਾਅ ਲਿਥੂਆਨੀਆ ਦੇ ਦਲਿਤ ਅਤੇ ਦੇਹਾਤ ਲੋਕਾਂ ਦੇ ਜੀਵਨ ਨੂੰ ਯਥਾਰਥਕ ਰੂਪ ਵਿਚ ਚਿਤਰਦੀ ਹੈ। ਇਸ ਕਵਿਤਾ ਦਾ ਕਈ ਭਾਸ਼ਾਵਾਂ ਵਿਚ ਉਲਥਾ ਕੀਤਾ ਗਿਆ। ਇਸ ਦੀਆਂ ਹੋਰ ਸਾਹਿਤਕ ਰਚਨਾਵਾਂ ਵਿਚ ਛੇ ਮਿਥਿਹਾਸਕ ਕਹਾਣੀਆਂ ਸ਼ਾਮਲ ਹਨ।

18 ਫ਼ਰਵਰੀ, 1780 ਨੂੰ ਇਸ ਦੀ ਮੌਤ ਹੋ ਗਈ ?।

ਹ. ਪੁ.–ਐਨ. ਬ੍ਰਿ.ਮਾ. 3 : 619

**ਡੋਨੈਟਸ (ਬੇਸਿਨ)** : ਪੂਰਬੀ ਯੂਕਰੇਨ ਅਤੇ ਰੂਸੀ ਗਣਰਾਜ ਵਿਚ ਡੋਨੈਟਸ ਅਤੇ ਹੇਠਲੇ ਨੀਪਰ ਦਰਿਆਈ ਬੇਸਿਨ ਵਿਚ ਲੋਹੇ ਅਤੇ ਕੋਲੇ ਦੀਆਂ ਖਾਣਾਂ ਵਾਲਾ ਖੇਤਰ ਹੈ। ਇਸ ਵਿਚੋਂ ਦੇਸ਼ ਦਾ 35 ਫ਼ੀਸਦੀ ਕੋਲਾ ਕੱਢਿਆ ਜਾਂਦਾ ਹੈ। ਇਸ ਬੇਸਿਨ ਦਾ ਖੇਤਰਫਲ 23,300 ਵ. ਕਿ.ਮੀ. ਅਤੇ ਇਥੋਂ ਦੇ ਪ੍ਰਸ਼ਾਸਕੀ ਖੰਡਾਂ ਅਨੁਸਾਰ ਬੇਸਿਨ ਦੀ ਆਬਾਦੀ 12,205,000 (1982) ਹੈ। ਇਸ ਖੇਤਰ ਵਿਚ ਸ਼ਹਿਰ ਬਹੁਤ ਹਨ ਇਸ ਲਈ ਸਾਰੀ ਵਸੋਂ ਵਿਚੋਂ 10,205,000 ਸ਼ਹਿਰੀ ਹਨ।

ਇਹ ਦੇਸ਼-ਭਰ ਦਾ ਕੋਲੇ ਦੀਆਂ ਖਾਣਾਂ ਵਾਲਾ ਖੇਤਰ ਹੈ। ਕੋਲੇ ਦੇ ਭੰਡਾਰ ਨੀਪਰ ਦਰਿਆ ਦੇ ਪੱਛਮ ਤਕ ਪਾਏ ਜਾਂਦੇ ਹਨ। ਇਸ ਬੇਸਿਨ ਵਿਚ 1721 ਈ. ਵਿਚ ਕੋਲੇ ਦੇ ਭੰਡਾਰਾਂ ਦਾ ਪਤਾ ਲਗਾਇਆ ਗਿਆ ਸੀ, ਪਰ ਇਸ ਦੀ ਖਾਣ-ਖੁਦਾਈ 19ਵੀਂ ਸਦੀ ਵਿਚ ਇਸ ਖੇਤਰ ਵਿਚ ਟ੍ਰਾਂਸ-ਸਾਇਬੇਰੀਅਨ ਰੇਲਵੇ ਲਾਈਨ ਬਣਨ ਪਿਛੋਂ ਹੀ ਤੇਜ਼ੀ ਨਾਲ ਆਰੰਭ ਹੋ ਸਕੀ। ਸੰਨ 1913 ਵਿਚ ਕੋਲੇ ਦੀਆਂ ਖਾਣਾਂ ਵਿਚੋਂ ਸਾਰੇ ਦੇਸ਼ ਦਾ 87 ਫੀਸਦੀ ਕੋਲਾ ਕੱਢਿਆ ਗਿਆ। ਪਹਿਲੇ ਅਤੇ ਦੂਜੇ ਮਹਾਂ ਯੁੱਧ ਦੌਰਾਨ ਇਥੇ ਕੋਲੇ ਦਾ ਉਤਪਾਦਨ ਘਟਿਆ ਪਰ ਪਿਛੋਂ ਫਿਰ 1970 ਈ. ਦੇ ਦਹਾਕੇ ਤਕ ਵੱਧਦਾ ਰਿਹਾ। ਫਿਰ ਇਕ ਵਾਰ ਉਤਪਾਦਨ ਘਟਿਆ ਪਰ 1980 ਦੇ ਸਾਲਾਂ ਵਿਚ ਇਸ ਅੰਦਰ ਵਾਧਾ ਹੋਇਆ। ਇਥੇ ਹਰ ਸਾਲ 204,000,000 ਟਨ ਕੋਲਾ ਕੱਢਿਆ ਜਾਂਦਾ ਹੈ। ਇਥੋਂ ਦੇ ਕੋਲੇ ਦੀ ਕਿਸਮ ਵੀ ਵਧੀਆ ਹੈ। ਜ਼ਿਆਦਾਤਰ ਕੋਲਾ ਐਂਥਰੇਸਾਈਟ ਅਤੇ ਬਿਟੂਮੀਨੱਸ ਕਿਸਮ ਦਾ ਹੈ। ਕੋਲੇ ਦੀਆਂ ਪਰਤਾਂ 1 ਮੀ. ਤੋਂ ਘੱਟ ਮੋਟੀਆਂ ਹਨ। ਇਸ ਕਰਕੇ ਅੱਜਕੱਲ੍ਹ ਕੋਲੇ ਦੀ ਖਾਣ-ਖੁਦਾਈ ਇਸ ਖੇਤਰ ਵਿਚ ਕਾਫ਼ੀ ਮਹਿੰਗੀ ਪੈਂਦੀ ਹੈ। ਕੋਲੇ ਤੋਂ ਇਲਾਵਾ ਇਥੇ ਹੋਰ ਖਣਿਜ ਵੀ ਮਿਲਦੇ ਹਨ। ਲੋਹਾ ਕਰੀਵਾਇ ਰੋਗ ਅਤੇ ਕੈਰਚ ਵਿਚੋਂ, ਮੈਂਗਨੀਜ਼ ਨਿਕਾਪਾਲ ਅਤੇ ਨੀਪਰ ਦਰਿਆ ਉੱਤੇ ਵੱਸੇ ਮਾਰਗਾਨੈੱਟਸ ਵਿੱਚੋਂ ਪ੍ਰਾਪਤ ਕੀਤਾ ਜਾਂਦਾ ਹੈ।

ਇਨ੍ਹਾਂ ਖਣਿਜਾਂ ਕਰਕੇ ਇਸ ਬੇਸਿਨ ਵਿਚ ਲੋਹਾ ਅਤੇ ਇਸਪਾਤ ਉਦਯੋਗ ਉੱਨਤ ਹੋ ਸਕਿਆ ਹੈ। ਲੋਹੇ ਦੀ ਢਲਾਈ ਦਾ ਪਹਿਲਾ ਕਾਰਖ਼ਾਨਾ 1872 ਈ. ਵਿਚ ਇਥੇ ਲਗਾਇਆ ਗਿਆ ਸੀ। ਸੰਨ 1913 ਤੱਕ ਇਹ ਖੇਤਰ ਪੂਰੇ ਦੇਸ਼ ਦੇ ਢਾਲੂ ਲੋਹੇ ਦਾ 74 ਫ਼ੀਸਦੀ ਉਤਪਾਦਨ ਕਰਨ ਲੱਗ ਪਿਆ। ਦੂਜੇ ਮਹਾਂ-ਯੁੱਧ ਦੌਰਾਨ ਕਾਰਖ਼ਾਨੇ ਅਤੇ ਸ਼ਹਿਰਾਂ ਨੂੰ ਬਹੁਤ ਨੁਕਸਾਨ ਹੋਇਆ ਪਰ ਪਿਛੋਂ ਇਹ ਸਭ ਉਸਾਰ ਲਏ ਗਏ। ਅੱਜਕਲ੍ਹ ਇਥੇ ਲੋਹਾ ਅਤੇ ਇਸਪਾਤ, ਰਸਾਇਣ, ਵੱਡੀਆਂ ਇੰਜੀਨੀਅਰਿੰਗ ਸੱਨਅਤਾਂ ਅਤੇ ਸੀਮਿੰਟ ਤਿਆਰ ਕਰਨ ਦੇ ਕਾਰਖ਼ਾਨੇ ਸਥਾਪਿਤ ਹਨ।

ਪੂਰੇ ਬੇਸਿਨ ਦੇ ਲੂਗਾਂਸਕ, ਗਾਰੇਲਾਫ਼ਕਾ, ਮਾਕੇਅਫ਼ਕਾ, ਜਡਾਨਫ਼, ਬਾਡੀਯਫਕਾ, ਕਾਂਸਟੈਨਟੀਨੇਫਕਾ, ਕਾਮੂਨਾਰਸਕ ਅਤੇ ਸ਼ਾਕਟੀ ਵੱਡੇ ਸ਼ਹਿਰ ਹਨ।

ਹ.ਪੁ.–ਐਨ. ਅਮੇ..9:286; ਐਨ. ਬ੍ਰਿ.ਮਾ. 4: 174

**ਡੋਨੈਟਸ (ਦਰਿਆ)** :– ਰੂਸ ਗਣਰਾਜ ਦਾ ਇਕ ਦਰਿਆ ਹੈ ਜਿਸਦੀ ਲੰਬਾਈ 1,050 ਕਿ.ਮੀ. ਹੈ ਅਤੇ 1000,000 ਵ.ਕਿ.ਮੀ. ਖੇਤਰ ਦਾ ਜਲ ਨਿਕਾਸ ਕਰਦਾ ਹੈ। ਇਸ ਦਾ ਪੂਰਾ ਵਹਿਣ ਡੋਨੈਟਸ ਬੇਸਿਨ ਵਿਚ ਹੀ ਪੈਂਦਾ ਹੈ। ਇਹ ਕੇਂਦਰੀ ਰੂਸੀ ਉੱਚ ਭੂ-ਭਾਗਾਂ ਵਿਚ ਕੁਰਸਨ ਆੱਬਲਸਤ ਦੇ ਪੂਰਬੀ ਹਿੱਸੇ ਵਿਚੋਂ ਨਿਕਲਦਾ ਹੈ। ਆਮ ਤੌਰ ਤੇ ਇਹ ਦੱਖਣ-ਪੂਰਬ ਦੀ ਦਿਸ਼ਾ ਵਿਚ ਵਗਦਾ ਹੈ ਪਰ ਰਸਤਾਫ਼ ਨਾਡਾਨੂੰ ਨੇੜੇ ਇਹ ਪੂਰਬ-ਉੱਤਰ-ਪੂਰਬ ਵੱਲੋਂ ਹੁੰਦਾ ਹੋਇਆ ਅੱਗੇ ਡਾਨ ਦਰਿਆ ਵਿਚ ਜਾ ਡਿਗਦਾ ਹੈ। ਇਸ ਦੇ ਬੇਸਿਨ ਵਿਚ ਅਸਕਾਲ ਇਸ ਦੀ ਖਾਸ ਸਹਾਇਕ ਨਦੀ ਹੈ।

ਇਸ ਦਰਿਆ ਦਾ ਪਾਣੀ ਦਸੰਬਰ ਤੋਂ ਮਾਰਚ ਤੱਕ ਜੰਮ ਜਾਂਦਾ ਹੈ। ਇਨ੍ਹਾਂ ਮਹੀਨਿਆਂ ਤੋਂ ਇਲਾਵਾ ਬਾਕੀ ਦੇ ਮਹੀਨਿਆਂ ਵਿਚ ਜਹਾਜ਼ਰਾਨੀ ਹੁੰਦੀ ਹੈ। ਡੋਨੈਟਸ ਦਰਿਆਈ ਬੇਸਿਨ ਵਿਚ ਇਹ ਵਸਤਾਂ ਦੀ ਢੋ-ਢੁਆਈ ਲਈ ਲਾਹੇਵੰਦ ਹੈ। ਇਸ ਦਰਿਆ ਦੇ ਬੇਸਿਨ ਵਿਚ ਸੱਨਅਤੀ ਸ਼ਹਿਰ ਵੱਸੇ ਹੋਣ ਕਾਰਨ ਇਸ ਦਾ ਪਾਣੀ ਉਥੋਂ ਦੀਆਂ ਸੱਨਅਤਾਂ ਵਿਚ ਵਧੇਰੇ ਵਰਤਿਆ ਜਾਂਦਾ ਹੈ। ਇਸੇ ਵਿਚੋਂ ਇਕ ਨਹਿਰ ਡੋਨੈਟਸਕ ਸ਼ਹਿਰ ਵੱਲ ਲਿਜਾਈ ਗਈ ਹੈ। ਇਸ ਕਾਰਨ ਇਸ ਦਰਿਆ ਦਾ ਪਾਣੀ ਕਾਫ਼ੀ ਘਟ ਜਾਂਦਾ ਹੈ। ਇਸੇ ਘਾਟ ਨੂੰ ਪੂਰਾ ਕਰਨ ਖਾਤਰ 1970 ਦੇ ਦਹਾਕੇ ਵਿਚ ਨੀਪਰ ਵਿਚੋਂ ਨਹਿਰ ਕੱਢ ਕੇ ਉਸ ਦਾ ਪਾਣੀ ਇਸ ਵਿਚ ਪਾਇਆ ਗਿਆ ਹੈ। ਅੱਜਕਲ੍ਹ ਰਸਤਾਫ਼ ਆੱਬਲਸਤ ਤੱਕ ਇਸ ਵਿਚ ਜਹਾਜ਼ਰਾਨੀ ਹੁੰਦੀ ਹੈ।

47° 35′ ਉ. ਵਿਥ.; 40° 54′ ਪੂ. ਲੰਬ.

ਹ. ਪੁ.–ਐਨ.ਅਮੇ. 9: 286; ਐਨ. ਬ੍ਰਿ.ਮਾ. 4:174;ਵੈ.ਜ਼ਗ. ਡਿ. ਪੰਨਾ. 339

**ਡੋਨੈਟਸਕ** : ਔਬਲਸਤ — ਯੂਕਰੇਨ ਦੀ ਇਕ ਔਬਲਸਤ (ਪ੍ਰਬੰਧਕੀ ਖੰਡ) ਹੈ। ਇਸ ਦਾ ਖੇਤਰਫ਼ਲ 26,500 ਕਿ.ਮੀ. ਅਤੇ ਆਬਾਦੀ 5,252,000 (1983) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦਾ ਪ੍ਰਸ਼ਾਸਕੀ ਕੇਂਦਰ ਹੈ।

ਇਸ ਔਬਲਸਤ ਦੀ ਭੂਗੋਲਿਕ ਹੱਦ ਉੱਤਰ ਵੱਲ ਡੋਨੈਟਸ ਰਿੱਜ ਤੋਂ ਲੈ ਕੇ ਅਜ਼ੋਵ ਦੀਆਂ ਨੀਵੀਆਂ ਪਹਾੜੀਆਂ ਤੋਂ ਅੱਗੇ ਅਜ਼ੋਵ ਸਾਗਰ ਦੇ ਸਾਹਿਲੀ ਮੈਦਾਨਾਂ ਤੱਕ ਹੈ। ਇਹ ਸਾਰਾ ਖੇਤਰ ਸਟੈਪੀ ਦੇ ਮੈਦਾਨਾਂ ਵਾਲਾ ਹੈ ਅਤੇ ਬਹੁਤਾ ਹਿੱਸਾ ਵਾਹ ਲਿਆ ਗਿਆ ਹੈ। ਇਥੇ ਸਤਈ ਪਾਣੀ ਦੀ ਘਾਟ ਹੈ ਅਤੇ ਜਿਸ ਕਰਕੇ ਕਈ ਛੋਟੀਆਂ ਨਦੀਆਂ ਗਰਮੀਆਂ ਵਿਚ ਸੁੱਕ ਜਾਂਦੀਆਂ ਹਨ। ਇਕੋ ਇੱਕ ਵੱਡੇ ਦਰਿਆ ਡੋਨੈਟਸ ਦਾ ਪਾਣੀ ਵੀ ਪ੍ਰਦੂਸ਼ਿਤ ਰਹਿੰਦਾ ਹੈ। ਇਸ ਕਰਕੇ ਕਾਰਖਾਨਿਆਂ ਲਈ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਇਸ ਇਲਾਕੇ ਵਿਚ ਬਣੀ ਹੀ ਰਹਿੰਦੀ ਹੈ।

ਇਹ ਔਬਲਸਤ ਡੋਨੈਟਸ ਦਰਿਆਈ ਬੇਸਿਨ ਦਾ ਇਕ ਹਿੱਸਾ ਹੈ। ਇਥੇ ਕੋਲੇ ਦੇ ਭੰਡਾਰ ਹਨ। ਇਸੇ ਕਰਕੇ ਇਥੇ ਭਾਰੀ ਸੱਨਅਤਾਂ ਲਗਾਈਆਂ ਗਈਆਂ ਹਨ। ਦੇਸ਼-ਭਰ ਦੇ ਲੋਹੇ-ਇਸਪਾਤ ਅਤੇ ਰਸਾਇਣਕ ਮਸ਼ੀਨਰੀ ਦੇ ਸੱਨਅਤੀ ਅਦਾਰੇ ਇਥੇ ਹੀ ਹਨ। ਵੱਡੇ ਸ਼ਹਿਰਾਂ ਦੇ ਆਸ ਪਾਸ ਕਣਕ, ਮੱਕੀ ਅਤੇ ਸੂਰਜਮੁਖੀ ਦੀ ਪੈਦਾਵਾਰ ਵੀ ਹੁੰਦੀ ਹੈ। ਇਸ ਔਬਲਸਤ ਵਿਚ ਸ਼ਡਾਨਫ, ਡੋਨੈਟਸਕ, ਕ੍ਰਾਮਾਟਾਰਸਕ, ਕਾਂਸਟੈਨਟੀਨਫਕਾ, ਸਲਵਯੈਂਸਕ, ਮਾਕੇਅਫ਼ਕਾ ਵੱਡੇ ਸੱਨਅਤੀ ਸ਼ਹਿਰ ਆਬਾਦ ਹਨ।

ਹ.ਪੁ.—ਐਨ.ਅਮੈ. 9 : 286; ਐਨ. ਬ੍ਰਿ.ਮਾ. 4: 175

**ਡੋਨੈਟਸਕ** : ਸ਼ਹਿਰ — ਇਹ ਯੂਕਰੇਨ ਗਣਰਾਜ ਦੀ ਇਸੇ ਨਾਂ ਦੇ ਔਬਲਸਤ ਦੀ ਰਾਜਧਾਨੀ ਹੈ। ਇਹ ਡੋਨੈਟਸ ਬੇਸਿਨ ਦਾ ਸਭ ਤੋਂ ਵੱਡਾ ਸੱਨਅਤੀ ਕੇਂਦਰ ਅਤੇ ਕੋਲੇ ਦੀਆਂ ਖਾਣਾਂ ਵਾਲਾ ਸ਼ਹਿਰ ਹੈ। ਇਹ ਇਸੇ ਬੇਸਿਨ ਵਿਚ ਕੈਲਮੀਅਸ ਦਰਿਆ ਉੱਤੇ ਰਸਤਾਫ਼ ਨਾਡਾਨੂੰ ਸ਼ਹਿਰ ਤੋਂ 160 ਕਿ.ਮੀ ਉੱਤਰ-ਪੱਛਮ ਵਿਚ ਵਾਕਿਆ ਹੈ। ਇਸ ਸ਼ਹਿਰ ਵਿਚ ਆਸ ਪਾਸ ਦਾ 420 ਵ.ਕਿ.ਮੀ. ਦਾ ਖੇਤਰ ਵੀ ਸ਼ਾਮਲ ਕੀਤਾ ਹੋਇਆ ਹੈ ਤਾਂ ਕਿ ਨਵੇਂ ਕਾਰਖ਼ਾਨੇ ਅਤੇ ਸ਼ਹਿਰ ਦਾ ਵਿਕਾਸ ਵਿਵਸਥਿਤ ਰੂਪ ਵਿਚ ਸੁਰੱਖਿਅਤ ਰੱਖਿਆ ਜਾ ਸਕੇ। ਸ਼ਹਿਰ ਦੇ ਆਸ-ਪਾਸ ਕੋਲੇ ਦੀਆਂ ਖਾਣਾਂ ਹਨ। ਅੱਜਕਲ੍ਹ ਇਥੇ 40 ਖਾਣਾਂ ਵਿਚੋਂ ਕੋਲਾ ਕੱਢਿਆ ਜਾ ਰਿਹਾ ਹੈ।

ਇਥੇ ਮੈਟਾਲਰਜੀਕਲ ਉਦਯੋਗ, ਲੋਹਾ-ਢਲਾਈ, ਲੋਹਾ, ਇਸਪਾਤ, ਪਲਾਸਟਿਕ ਰਸਾਇਣ ਆਦਿ ਦੇ ਵੱਡੇ ਵੱਡੇ ਸੱਨਅਤੀ ਪਲਾਂਟ ਹਨ। ਇਸ ਤੋਂ ਇਲਾਵਾ ਇਨ੍ਹਾਂ ਸੱਨਅਤਾਂ ਨਾਲ ਸਬੰਧਤ ਕੰਮ-ਕਾਜ ਦੀ ਸਿਖਲਾਈ ਲਈ ਵਿੱਦਿਅਕ ਅਦਾਰੇ, ਪਾਲਿਟੈਕਨਿਕ ਸੰਸਥਾਵਾਂ, ਖਾਣ-ਖੁਦਾਈ ਸਕੂਲ ਅਤੇ ਕੋਲੇ ਨਾਲ ਸਬੰਧਤ ਖੋਜ ਕੇਂਦਰ ਆਦਿ ਸਥਾਪਿਤ ਹਨ। ਇਥੇ ਇਕ ਯੂਨੀਵਰਸਿਟੀ ਵੀ ਹੈ। ਇਸ ਤੋਂ ਇਲਾਵਾ ਇਹ ਔਬਲਸਤ ਦਾ ਇਕ ਕੇਂਦਰ ਵੀ ਹੈ ਜਿਸ ਕਰਕੇ ਇਥੇ ਥੀਏਟਰ ਸਥਾਪਿਤ ਕੀਤੇ ਗਏ ਹਨ।

ਇਸ ਸ਼ਹਿਰ ਦਾ ਆਧੁਨਿਕ ਵਿਕਾਸ 1870 ਈ. ਵਿਚ ਇਸ ਥਾਂ ਉੱਤੇ ਯੂਜ਼ਫ਼ਕਾ ਨਾਂ ਦਾ ਸ਼ਹਿਰ ਵਸਾਏ ਜਾਣ ਨਾਲ ਹੋਇਆ ਸੀ। ਸੰਨ 1872 ਵਿਚ ਵੈਲਸ਼ਮੈਨ ਵੱਲੋਂ ਲੋਹਾ-ਢਲਾਈ ਕਾਰਖਾਨਾ ਵੀ ਇਥੇ ਲਗਾ ਦਿੱਤਾ। ਹੌਲੀ ਹੌਲੀ ਪਹਿਲੇ ਮਹਾਂ ਯੁੱਧ ਤੱਕ ਇਹ ਲੋਹਾ-ਢਲਾਈ ਅਤੇ ਮੈਟਾਲਰਜੀਕਲ ਸੱਨਅਤਾਂ ਦਾ ਕੇਂਦਰ ਬਣ ਗਿਆ।

ਦੂਜੇ ਮਹਾਂ ਯੁੱਧ ਪਿਛੋਂ ਇਹ ਸ਼ਹਿਰ ਨਵੇਂ ਢੰਗ ਨਾਲ ਉਸਾਰਿਆ ਗਿਆ। ਯੂਜ਼ਫ਼ਕਾ ਅਤੇ ਸਟਾਲੀਨੋ ਇਸ ਦੇ ਹੋਰ ਨਾਂ ਵੀ ਰਹੇ ਹਨ। ਮੌਜੂਦਾ ਨਾਂ 'ਡੋਨੈਟਸਕ' 1961 ਈ. ਤੋਂ ਪ੍ਰਚਲਿਤ ਹੈ।

ਆਬਾਦੀ - 1,121,000 (1991)

48° 00′ ਉ. ਵਿਥ.; 37° 48′ ਪੂ. ਲੰਬ.

ਹ.ਪੁ. - ਐਨ.ਅਮੈ. 9: 286; ਐਨ. ਬ੍ਰਿ.ਮਾ. 4 : 175

**ਡੋਨੋਸੋ ਕੱਰਟੇਸ, ਹਵਾਨ** : ਸਪੇਨ ਦੇ ਇਸ ਲੇਖਕ ਅਤੇ ਨੀਤੀਵਾਨ ਦਾ ਜਨਮ 6 ਮਈ, 1809 ਨੂੰ ਵਾਯੇ ਡ ਲਾ ਸੈਰੇਨਾ (Valle de la Serena) ਵਿਖੇ ਹੋਇਆ। ਇਹ ਆਪਣੇ ਰਾਜਨੀਤਿਕ ਲੇਖਾਂ ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1848 ਦੀ ਯੂਰਪ ਦੀ ਕ੍ਰਾਂਤੀ ਨੇ ਇਸ ਨੂੰ ਖੁਲ੍ਹ-ਖਿਆਲੀਏ ਤੋਂ ਕੱਟੜ ਤਾਨਾਸ਼ਾਹ ਬਣਾ ਦਿਤਾ। ਇਸ ਦੀ ਪੁਸਤਕ Ensayo Sobre el catolicismo, el liberalismo y el socialism (1851) ਜੋਸ਼ੀਲੀ ਸਪੇਨੀ ਵਾਰਤਕ ਦੀ ਇਕ ਉੱਤਮ ਉਦਾਹਰਣ ਹੈ। ਇਹ ਤਰਕ ਨੂੰ ਸਚਾਈ ਦਾ ਦੁਸ਼ਮਣ ਅਤੇ ਖੁਲ੍ਹ ਦੇਣ ਨੂੰ ਤਬਾਹੀ ਦਾ ਰਾਹ ਦੱਸਦਾ ਸ਼ੀ।

3 ਮਈ, 1853 ਨੂੰ ਫ਼ਰਾਂਸ ਦੇ ਰਾਜਦੂਤ ਦੇ ਅਹੁਦੇ ਤੇ ਹੀ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ. — ਐਨ. ਬ੍ਰਿ.ਮਾ. 3 : 623; ਐਨ.ਅਮੈ. 9 : 260; ਐਨ.ਬ੍ਰਿ. 7 : 588

**ਡੋਬਾਨਟੋਨ, ਲਵੀ ਜਾਨ ਮਾਰੀ** : ਇਸ ਪ੍ਰਕਿਰਤੀ ਵਿਗਿਆਨੀ ਅਤੇ ਫ਼ੌਸਿਲ ਵਿਗਿਆਨ ਦੇ ਮੋਢੀ ਦਾ ਜਨਮ 29 ਮਈ, 1716 ਨੂੰ ਮਾਂਟਬਾਰਡ ਕੋਟਡੋਰ (ਫ਼ਰਾਂਸ) ਵਿਖੇ ਹੋਇਆ। ਇਸ ਨੇ ਹਿਸਟਾਇਰ ਨੈਚਰੈਲ (Histoire naturelle) ਲਈ ਐਨਾਟ-ਮੀਕਲ ਵਿਵਰਣ ਦਾ ਕੰਮ ਸ਼ੁਰੂ ਕੀਤਾ। ਇਸ ਨੇ ਚੌਪਾਇਆਂ ਦੀਆਂ ਤਕਰੀਬਨ 182 ਜਾਤੀਆਂ ਦੀ ਵਿਆਖਿਆ ਕੀਤੀ। ਇਸ ਤੋਂ ਇਲਾਵਾ ਇਸਨੇ ਕਈ ਪ੍ਰਾਣੀ-ਵਿਗਿਆਨਕ ਵਿਵਰਣ, ਚੀਰ-ਫਾੜ, ਅਜੋਕੇ ਅਤੇ ਪਥਰਾਟ ਜਾਨਵਰਾਂ ਦੀ ਤੁਲਨਾਤਮਕ ਐਨਾਟਮੀ, ਪੌਦਿਆਂ ਦੀ ਫ਼ਿਜ਼ਿਆਲੋਜੀ, ਖਣਿਜ ਵਿਗਿਆਨ ਆਦਿ ਦਾ ਅਧਿਐਨ ਕਰਵਾਇਆ। ਖੇਤੀਬਾੜੀ ਸਬੰਧੀ ਵੀ ਇਸਨੇ ਤਜਰਬੇ ਕਰਵਾਏ ਅਤੇ ਫ਼ਰਾਂਸ ਵਿਚ ਮਰੀਨੋ ਭੇਡ ਪ੍ਰਚਲਿਤ ਕਰਨ ਦਾ ਉਦਮ ਕੀਤਾ।

1ਜਨਵਰੀ, 1800 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.—ਐਨ. ਬ੍ਰਿ. ਮਾ. 3 : 390

**ਡੋਬੀਨਯੀ, ਚਾਰਲਸ ਫਰਾਂਸਵਾ (Daubigny, Charles Francoix)** : ਇਸ ਫ਼ਰਾਂਸੀਸੀ ਭੂ-ਦ੍ਰਿਸ਼ ਚਿੱਤਰਕਾਰ ਅਤੇ ਖੁਣਨਕਾਰ ਦਾ ਜਨਮ 15 ਜਨਵਰੀ, 1817 ਨੂੰ ਪੈਰਿਸ ਵਿਖੇ ਹੋਇਆ। 19ਵੀਂ ਸਦੀ ਦੇ ਅਖ਼ੀਰ ਵਿਚ ਹੋਣ ਵਾਲੇ ਪ੍ਰਭਾਵਵਾਦੀ ਚਿੱਤਰਕਾਰਾਂ ਉੱਤੇ ਇਸਦਾ ਬਹੁਤ ਪ੍ਰਭਾਵ ਪਿਆ। ਇਸ ਨੇ ਆਪਣੇ ਚਿੱਤਰਕਾਰ ਪਿਤਾ ਦੇ ਸਟੂਡੀਓ ਵਿਚ ਅਤੇ ਇਟਲੀ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਕ ਸਾਲ ਇਟਲੀ ਦੇ ਪੁਰਾਣੇ ਚਿੱਤਰਕਾਰਾਂ ਦੇ ਚਿੱਤਰਾਂ ਦਾ ਅਧਿਐਨ ਕਰਨ ਮਗਰੋਂ 1836 ਈ. ਵਿਚ ਇਹ ਵਾਪਿਸ ਪੈਰਿਸ ਆ ਗਿਆ ਅਤੇ ਇਤਿਹਾਸਕ ਅਤੇ ਧਾਰਮਿਕ ਵਿਸ਼ਿਆਂ ਸਬੰਧੀ ਚਿੱਤਰਕਾਰੀ ਕਰਨ ਲੱਗਾ। ਸੰਨ 1843 ਤੱਕ ਇਹ ਇਕ ਚਿੱਤਰਕਾਰ ਵਜੋਂ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕਾ ਸੀ। ਇਹ ਬਾਰਬਿਜ਼ੋ ਸੰਪ੍ਰਦਾਇ ਨਾਲ ਸਬੰਧਤ ਸੀ। ਇਸ ਦੇ ਕਈ ਚਿੱਤਰ ਅਮਰੀਕਾ ਦੀਆਂ ਗੈਲਰੀਆਂ ਅਤੇ ਨਿੱਜੀ ਅਜਾਇਬ-ਘਰਾਂ ਵਿਚ ਮਿਲਦੇ ਹਨ। ਇਕ ਖੁਣਨਕਾਰ ਵਜੋਂ ਇਸ ਨੇ 100 ਤੋਂ ਵੀ ਵੱਧ ਪਲੇਟਾਂ ਬਣਾਈਆਂ। ਸੰਨ 1859 ਵਿਚ ਇਸ ਨੂੰ 'ਲੀਜਨ ਆੱਫ਼ ਆੱਨਰ' ਦਾ ਮੈਂਬਰ ਬਣਾਇਆ ਗਿਆ।

'ਰਾਇਜ਼ਿੰਗ ਮੂਨ', 'ਗ੍ਰੇਪ ਗੈਦਰਿੰਗ ਇਨ ਬਰਗੰਡੀ' (1863), 'ਸਪਰਿੰਗ ਟਾਇਮ' (1857) ਆਦਿ ਇਸਦੇ ਕੁਝ ਪ੍ਰਸਿੱਧ ਚਿੱਤਰ ਹਨ।

19 ਫ਼ਰਵਰੀ, 1878 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ.ਮਾ.3:391; ਕੋਲ.ਐਨ. 6:97; ਐਨ.ਅਮੈ. 8:497

**ਡੋਬੈਲ, ਸਿਡਨੀ ਟਾੱਮਸਨ** : ਇੰਗਲੈਂਡ ਦੇ ਇਸ ਕਵੀ ਅਤੇ ਆਲੋਚਕ ਦਾ ਜਨਮ 5 ਅਪ੍ਰੈਲ, 1824 ਨੂੰ ਕੈਂਟ ਵਿਚ ਕਰੈਨ ਬਰੁੱਕ ਵਿਖੇ ਹੋਇਆ। ਇਹ ਸਪਾਸਮੋਡਿਕ ਪੰਥ ਨਾਲ ਸਬੰਧਤ ਸੀ। ਇਸ ਪੰਥ ਵਿਚ ਉਹ ਕਵੀ ਸ਼ਾਮਲ ਸਨ ਜਿਨ੍ਹਾਂ ਦੀਆਂ ਕ੍ਰਿਤਾਂ ਵਿਚ ਅਥਾਹ ਵਲਵਲੇ ਅਤੇ ਉਘੜ-ਦੁਘੜੇ ਅਲੰਕਾਰ ਭਰੇ ਹੁੰਦੇ ਹਨ। ਡੋਬੈਲ ਆਪਣੇ ਮਾਤਾ-ਪਿਤਾ ਦੇ ਸੁਤੰਤਰ ਵਿਚਾਰਾਂ ਦਾ ਧਾਰਨੀ ਸੀ ਜਿਸ ਦੇ ਫ਼ਲਸਰੂਪ ਇਸਦੀ ਦਿਲਚਸਪੀ ਸੁਤੰਤਰਤਾ ਲਹਿਰ ਵਿਚ ਹੋ ਗਈ ਅਤੇ ਇਸਨੇ ਇਟਲੀ ਦੀ ਸੁਤੰਤਰਤਾ ਦਾ ਪੂਰਾ ਹੁੰਗਾਰਾ ਭਰਿਆ।

ਸੰਨ 1850 ਵਿਚ ਇਸ ਨੇ 'ਦੀ ਰੋਮਨਾ' ਨਾਂ ਦੀ ਇਕ ਲੰਬੀ ਨਾਟਕੀ ਰੰਗ ਦੀ ਕਵਿਤਾ ਲਿਖੀ। ਆਲੋਚਕਾਂ ਨੇ ਇਸ ਕਵਿਤਾ ਨੂੰ ਬਹੁਤ ਸਲਾਹਿਆ। ਇਸ ਕਵਿਤਾ ਕਾਰਨ ਇਸ ਦੀ ਜਾਣ ਪਛਾਣ ਕਾਰਲਾਈਲ, ਰਸਕਿਨ, ਟੈਨੀਸਨ, ਬਰਾਊਨਿੰਗ ਆਦਿ ਉੱਘੇ ਕਵੀਆਂ ਨਾਲ ਹੋ ਗਈ। ਇਸ ਉਪਰੰਤ ਇਸ ਨੇ ਇਕ ਹੋਰ 'ਬਾਲਡਰਾ' ਨਾਮੀ ਲੰਬੀ ਕਵਿਤਾ ਲਿਖੀ। ਲੰਬੀਆਂ ਕਵਿਤਾਵਾਂ ਦੇ ਨਾਲ ਨਾਲ ਇਸ ਨੇ ਕਈ ਗੀਤ ਵੀ ਲਿਖੇ। ਇਸ ਨੇ ਅਲੈਗਜ਼ੈਂਡਰ ਸਮਿੱਥ ਨਾਲ ਰਲਕੇ, ਕ੍ਰੀਮੀਆ ਦੀ ਜੰਗ' ਸਬੰਧੀ ਇਕ ਚੌਦਾਂ ਤੁੱਕੀ ਕਵਿਤਾ ਵੀ ਲਿਖੀ।

22 ਅਗਸਤ, 1874 ਨੂੰ ਗਲਾਸਟਰਸ਼ਿਰ ਵਿਚ ਨੇਲਜ਼ਵਰਥ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 3 : 593; ਕੋਲ. ਐਨ. 6 : 322; ਐਨ. ਬ੍ਰਿ. 7 : 526.

**ਡੋਮਯੇ, ਹੋਨੋਰ (Daumier, Honore)** : ਇਸ ਫ਼ਰਾਂਸੀਸੀ ਪੱਥਰ-ਛਾਪਾਕਾਰ, ਚਿੱਤਰਕਾਰ, ਕਾਰਟੂਨਕਾਰ ਅਤੇ ਮੂਰਤੀਕਾਰ ਦਾ ਜਨਮ 26 ਫ਼ਰਵਰੀ, 1806 ਨੂੰ ਮਾੱਰਸੇ (Marseilles) ਵਿਖੇ ਹੋਇਆ। ਇਸ ਨੇ ਇਕ ਵਕੀਲ ਕੋਲ ਇਕ ਘਰੇਲੂ ਨੌਕਰ ਦੀ ਹੈਸੀਅਤ ਵਿਚ ਜੀਵਨ-ਨਿਰਬਾਹ ਆਰੰਭ ਕੀਤਾ। ਮਗਰੋਂ ਪੁਸਤਕ ਏਜੰਟ ਅਤੇ ਫਿਰ ਲਿਥੋਗ੍ਰਾਫ਼ ਪ੍ਰਿੰਟਰ ਵਜੋਂ ਵੀ ਕੰਮ ਕੀਤਾ। ਇਸਨੂੰ ਡਰਾਇੰਗ ਦਾ ਕਾਫ਼ੀ ਸ਼ੌਕ ਸੀ ਅਤੇ ਆਪਣੀ ਮਰਜ਼ੀ ਨਾਲ ਹੀ ਡਰਾਇੰਗ ਸਿੱਖਣੀ ਸ਼ੁਰੂ ਕੀਤੀ। ਲੂਵਰ (Louver) ਵਿਖੇ ਇਸਨੇ ਪ੍ਰਾਚੀਨ ਮੂਰਤੀਕਲਾ ਡਰਾਇੰਗ ਵਿਚ ਬਹੁਤੀ ਸਿੱਖਿਆ ਆਪਣੇ ਆਪ ਹੀ ਪ੍ਰਾਪਤ ਕੀਤੀ।

ਇਸਨੇ ਲਿਥੋਗ੍ਰਾਫ਼ੀ ਦੀ ਤਕਨੀਕ ਵਿਚ ਵੀ ਮੁਹਾਰਤ ਹਾਸਲ ਕਰ ਲਈ। ਸੰਗੀਤ ਪ੍ਰਕਾਸ਼ਕਾਂ ਲਈ ਪਲੇਟਾਂ ਅਤੇ ਇਸ਼ਤਿਹਾਰਾਂ ਲਈ ਚਿੱਤਰ ਬਣਾਏ। ਆਪਣੇ ਪੱਥਰ-ਛਾਪਿਆਂ ਕਰਕੇ 1830 ਈ. ਵਿਚ ਇਸ ਨੂੰ ਇਕ ਰਾਜਨੀਤਿਕ ਸਪਤਾਹਿਕ 'ਲਾ ਕੈਰੀਕੇਚਰ' ਵਿਚ ਨਿਯੁਕਤੀ ਦਿਤੀ ਗਈ। ਸੰਨ 1832 ਵਿਚ ਇਸ ਨੂੰ ਆਪਣੇ ਇਕ ਕਾਰਟੂਨ ਲਈ 6 ਮਹੀਨੇ ਦੀ ਸਜ਼ਾ ਅਤੇ ਜੁਰਮਾਨਾ ਹੋਇਆ। ਫਿਰ ਇਹ Le Charivari' ਰਸਾਲੇ ਲਈ ਸਮਾਜਕ ਕਾਰਟੂਨ ਛਾਪਦਾ ਰਿਹਾ। ਇਸ ਦੇ ਚਾਰ ਹਜ਼ਾਰ ਲਿਥੋਗ੍ਰਾਫ਼ ਕਈ ਲੜੀਆਂ ਹੇਠ ਛਪੇ। ਇਸਨੇ ਲਗਭਗ ਏਨੇ ਹੀ ਰੇਖਾ ਚਿੱਤਰ ਵੀ ਬਣਾਏ। ਸੰਨ 1848 ਦੀ ਕ੍ਰਾਂਤੀ ਤੋਂ ਬਾਅਦ ਇਸ ਨੇ ਇਕ ਜਨਤਕ ਸਥਾਨ ਉਤੇ ਆਪਣੇ ਚਿੱਤਰ 'ਰੀਪਬਲਿਕ ਫੋਸਟਰਜ਼ ਐਂਡ ਇਨਸਟ੍ਰਕਟਸ ਹਰ ਚਿਲਡਰਨ' ਨੂੰ ਪ੍ਰਦਰਸ਼ਿਤ ਕੀਤਾ। ਇਹ ਚਿੱਤਰ ਹੁਣ ਪੈਰਿਸ ਦੀ ਲੂਵਰ ਗੈਲਰੀ ਵਿਚ ਮੌਜੂਦ ਹੈ।

ਡੋਮਯੇ ਨੇ ਫ਼ਰਾਂਸ ਦੇ 19ਵੀਂ ਸਦੀ ਦੇ ਰਾਜਸੀ ਅਤੇ ਸਮਾਜਕ ਜੀਵਨ ਉਤੇ ਵਿਅੰਗ ਚਿੱਤਰ ਬਣਾਏ। 40 ਸਾਲ ਇਸ ਨੇ ਪੈਰਿਸ ਵਿਖੇ ਡਾਇਕ ਕਾਰਟੂਨਕਾਰ ਵਜੋਂ ਕੰਮ ਕੀਤਾ। ਆਪਣੀਆਂ ਕਿਰਤਾਂ ਵਿਚ ਇਸ ਨੇ ਗਰੀਬੀ ਨੂੰ ਅਨਰੋਮਾਂਚਕ ਰੂਪ ਵਿਚ ਵਿਖਾਇਆ ਅਤੇ ਮੱਧ-ਵਰਗੀ ਲੋਕਾਂ ਦਾ ਮਖ਼ੌਲ ਉਡਾਇਆ। ਸੰਨ 1860 ਤੋਂ 1864 ਤੱਕ ਇਸ ਨੇ ਲਿਥੋਗ੍ਰਾਫ਼ੀ ਦਾ ਕੰਮ ਬਿਲਕੁਲ ਹੀ ਛੱਡ ਦਿਤਾ ਪਰ ਘੋਰ ਗਰੀਬੀ ਦੀ ਹਾਲਤ ਕਰਕੇ ਇਸਨੂੰ ਮੁੜ ਤੋਂ ਲਿਥੋਗ੍ਰਾਫ਼ੀ ਨੂੰ ਅਪਣਾਉਣਾ ਪਿਆ। ਅਖ਼ੀਰਲੇ ਸਾਲਾਂ ਵਿਚ ਇਸ ਦੀ ਇਕ ਦਮ ਨਿਗਾਹ ਘਟਣ ਲੱਗ ਪਈ ਅਤੇ ਸੰਨ 1875 ਤੱਕ ਇਹ ਅੰਨ੍ਹਾ ਹੋ ਗਿਆ। ਇਸ ਸਮੇਂ ਇਸਨੂੰ ਆਪਣੇ ਪੇਟ ਦੀ ਭੁੱਖ ਬੁਝਾਉਣ ਲਈ 11ਫ਼ਰਵਰੀ, 1879 ਮੰਗ ਕੇ ਵੀ ਖਾਣਾ ਪਿਆ। ਫ਼ਰਵਰੀ ਨੂੰ ਪੈਰਿਸ ਦੇ ਇਕ ਸੁੰਨਸਾਨ ਇਲਾਕੇ ਵਾਲਮੋਡਾਇ (Valmondois) ਵਿਖੇ ਇਕ ਭਿੱਖ-ਮੰਗੇ ਦੀ ਹਾਲਤ ਵਿਚ ਇਸ ਦੀ ਮੌਤ ਹੋ ਗਈ।

ਇਸਦੇ ਕਈ ਦੋਸਤਾਂ ਨੇ ਇਸ ਦੀ ਮੌਤ ਤੋਂ ਇਕ ਸਾਲ ਪਹਿਲਾਂ ਇਸ ਦੇ ਚਿੱਤਰਾਂ ਅਤੇ ਰੇਖਾ-ਚਿੱਤਰਾਂ ਨੂੰ ਪ੍ਰਦਰਸ਼ਿਤ ਕੀਤਾ। ਇਸ ਦੀ ਮੌਤ ਤੋਂ ਬਾਅਦ ਇਸ ਦੀ ਪ੍ਰਸਿੱਧੀ ਅਤੇ ਇਸ ਦਾ ਪ੍ਰਭਾਵ ਹੌਲੀ ਹੌਲੀ ਵਧਦਾ ਗਿਆ। ਯੂਰਪ ਅਤੇ ਅਮਰੀਕਾ ਦੇ ਕਲਾਤਮਕ ਮਿਊਜ਼ੀਅਮਾਂ ਵਿਖੇ ਇਸ ਦੀਆਂ ਕਿਰਤਾਂ ਬਹੁ ਗਿਣਤੀ ਵਿਚ ਹਨ। ਇਸ ਤੋਂ ਇਲਾਵਾ ਬਰਲਿਨ, ਬੁਖ਼ਾਰੈਸਟ, ਮਾਂਟਰੀਆਲ, ਬੋਸਟਨ ਆਦਿ ਵਿਖੇ ਵੀ ਇਸ ਦੇ ਚਿੱਤਰ ਮਿਲਦੇ ਹਨ।

ਹ.ਪੁ.—ਐਨ. ਬ੍ਰਿ.ਮੈ. 5:515; ਕੋਲ ਐਨ. 6:੪੭; ਐਨ.ਅਮੈ. 8 : 494

**ਡੋਮਰੌਸ਼, ਵਾਲਟਰ ਜੋਹਾਨੀਜ਼ (Domrosch, Walter Johannes)** : ਸੰਯੁਕਤ ਰਾਜ ਅਮਰੀਕਾ ਦੇ ਇਸ ਨਿਰਦੇਸ਼ਕ ਅਤੇ ਸੰਗੀਤਕਾਰ ਦਾ ਜਨਮ 30 ਜਨਵਰੀ, 1862 ਨੂੰ ਬੇਸਲਾਊ ਵਿਖੇ ਹੋਇਆ। ਇਸ ਨੇ ਆਪਣੇ ਵਾਇਲਨਵਾਦਕ ਪਿਤਾ ਅਤੇ ਕਈ ਹੋਰ ਸੰਗੀਤਕਾਰਾਂ ਤੋਂ ਸਿੱਖਿਆ ਪ੍ਰਾਪਤ ਕੀਤੀ। ਸੰਨ 1894 ਵਿਚ ਇਸ ਨੇ ਡੋਮਰੌਸ਼ ਓਪੇਰਾ ਕੰਪਨੀ ਕਾਇਮ ਕੀਤੀ ਅਤੇ ਜਰਮਨ ਸੰਗੀਤ-ਨਾਟ ਪੇਸ਼ ਕੀਤੇ। ਸੰਨ 1903 ਵਿਚ ਡੋਮਰੌਸ਼ ਨੇ ਨਿਊਯਾਰਕ ਸਿੰਫ਼ਨੀ ਸੋਸਾਇਟੀ ਦਾ ਸੰਗਠਨ ਕੀਤਾ ਅਤੇ ਸੰਨ 1927 ਦੌਰਾਨ ਸੰਗਠਨ ਦੇ ਨਿਊਯਾਰਕ ਫ਼ਿਲਹਾਰਮੋਨਿਕ ਵਿਚ ਮਿਲ ਜਾਣ ਤੱਕ ਇਹ ਇਸ ਦੇ ਡਾਇਰੈਕਟਰ ਵਜੋਂ ਹੀ ਕੰਮ ਕਰਦਾ ਰਿਹਾ। ਸੰਨ 1947 ਤੱਕ ਇਸ਼ ਨੇ ਨੈਸ਼ਨਲ ਕੰਪਨੀ ਦੇ ਸੰਗੀਤ - ਸਿੱਖਿਅਕ ਵਜੋਂ ਕੰਮ ਕੀਤਾ। ਪਹਿਲੇ ਵਿਸ਼ਵ-ਯੁੱਧ ਦੌਰਾਨ ਇਸ ਨੇ ਸ਼ੋਮਾੱਨ (Chaumont) ਫ਼ਰਾਂਸ ਦੇ ਬੈਂਡ ਮਾਸਟਰ ਸਕੂਲ 'ਅਮਰੀਕਨ ਐਕਸਪੀਡੇਸ਼ਨ ਫੋਰਸ' ਦਾ ਸੰਗਠਨ ਕੀਤਾ। ਇਸ ਦੇ ਕਈ ਸੰਗੀਤ-ਨਾਟ ਮੈਟਰੋਪਾਲਿਟਨ ਵਿਖੇ ਖੇਡੇ ਗਏ ਅਤੇ ਇਸਦਾ ਗੀਤ ਡੈਨੀ ਡੈੱਵੀਰ ਬਹੁਤ ਪ੍ਰਸਿੱਧ ਹੋਇਆ।

ਡੋਮਰੌਸ਼ ਨਿਊਯਾਰਕ ਸ਼ਹਿਰ ਦੇ ਇੰਸਟੀਚਿਊਟ ਆਫ਼ ਮਿਊਜ਼ੀਕਲ ਆਰਟ ਦਾ ਬਾਨੀ ਸੀ। ਇਸਨੇ ਕਈ ਸੰਗੀਤ-ਨਾਟ ਲਿਖੇ। 'ਦੀ ਸਕਾਰਲੈਟ ਲੈਟਰ' (1896), 'ਦੀ ਮੈਨ ਵਿਦਾਊਟ ਏ ਕੰਟਰੀ' (1937), 'ਦੀ ਓਪੇਰਾ ਕਲੋਕ' (1942) ਆਦਿ ਸੰਗੀਤ-ਨਾਟ ਵਰਣਨ ਯੋਗ ਹਨ। ਇਸਨੇ ਕਈ ਸਮੂਹ-ਗਾਨਾਂ ਅਤੇ ਨਾਟਕਾਂ ਲਈ ਵੀ ਸੰਗੀਤ ਰਚਿਆ ਅਤੇ ਕਈ ਗੀਤ ਲਿਖੇ। ਸੰਨ 1923 ਵਿਚ ਇਸ ਨੇ ਆਪਣੀ ਸਵੈ-ਜੀਵਨੀ 'ਦੀ ਮਿਊਜ਼ੀਕਲ ਲਾਈਫ਼' ਲਿਖੀ।

22 ਦਸੰਬਰ, 1950 ਨੂੰ ਨਿਊਯਾਰਕ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ.ਮਾ. 3 : 364; ਕੋਲ. ਐਨ. 6:55; ਐਨ.ਅਮੈ. 8 : 483.

**ਡੋਮੇਨਿਕੋ ਵੀਨੀਟਸਯਾਨੋ (Domenico Veneziano) :** ਫ਼ਲੋਰੈਂਸ ਦਾ ਇਹ ਚਿੱਤਰਕਾਰ ਜਿਸ ਦੇ ਜਨਮ ਸਬੰਧੀ ਪੱਕਾ ਪਤਾ ਨਹੀਂ ਲੱਗ ਸਕਿਆ, ਬਾਰੇ ਇਹ ਗੱਲ ਨਿਸ਼ਚਿਤ ਹੈ ਕਿ ਪਰੂਜੀਆ (Perugia) ਵਿਖੇ ਇਹ ਖ਼ੂਬ ਸਰਗਰਮ ਸੀ ਅਤੇ 1439 ਈ. ਵਿਚ ਇਹ ਫ਼ਲੋਰੈਂਸ ਚਲਾ ਗਿਆ ਜਿਥੇ 15 ਮਈ, 1461 ਨੂੰ ਆਪਣੀ ਮੌਤ ਤੱਕ ਰਿਹਾ।

ਇਹ ਪੁਨਰ-ਜਾਗ੍ਰਤੀ ਯੁੱਗ ਦੇ ਮੁੱਢਲੇ ਚਿੱਤਰਕਾਰਾਂ ਅਤੇ 15ਵੀਂ ਸਦੀ ਦੇ ਫ਼ਲੋਰੈਂਸੀ ਸੰਪ੍ਰਦਾਇ ਦੇ ਬਾਨੀਆਂ ਵਿਚੋਂ ਇਕ ਸੀ।

ਇਸਦੇ ਹਸਤਾਖ਼ਰਾਂ ਵਾਲੀਆਂ ਦੋ ਹੀ ਕਿਰਤਾਂ ਬਚੀਆਂ ਹਨ। ਪਹਿਲੀ ਕਿਰਤ ਸਿੰਘਾਸਨ ਤੇ ਬਿਰਾਜਮਾਨ 'ਵਰਜਿਨ ਐਂਡ ਚਾਈਲਡ' ਦੀ ਮੁਹਰਾਕਸ਼ੀ ਹੈ। ਇਹ ਚਿੱਤਰ ਬਹੁਤ ਹੀ ਖ਼ਰਾਬ ਹਾਲਤ ਵਿਚ ਹੈ। ਇਸ ਵਿਚ ਸੰਤਾਂ ਦੇ ਦੋ ਸਿਰ ਵੀ ਦਿਖਾਈ ਦਿੰਦੇ ਹਨ। ਇਸਦੀ ਇਹ ਕਿਰਤ ਨੈਸ਼ਨਲ ਗੈਲਰੀ ਲੰਡਨ ਵਿਚ ਮੌਜੂਦ ਹੈ। ਡੋਮੇਨਿਕੋ ਦੀ ਦੂਜੀ ਕਿਰਤ 'ਦੀ ਵਰਜਿਨ ਐਂਡ ਚਾਈਲਡ ਵਿਦ ਫੋਰ ਸੇਂਟਸ' ਹੈ। ਇਸ ਦੀ ਚਿੱਤਰਾਵਲੀ ਦੇ ਨਾਵਾਂ ਦੀ ਸੂਚੀ ਵਿਚ ਕਈ ਹੋਰ ਨਾਂ ਵੀ ਆਉਂਦੇ ਹਨ।

ਹ.ਪੁ.—ਐਨ.ਬ੍ਰਿ.ਮਾ. 3 : 611; ਕੋਲ.ਐਨ. 6 : 345

**ਡੋਰਨ, ਆਨਟੋਨ** : ਇਟਲੀ ਦੇ ਨੇਪਲਜ਼ ਸ਼ਹਿਰ ਦੇ ਵਸਨੀਕ ਇਸ ਪ੍ਰਾਣੀ-ਵਿਗਿਆਨੀ ਅਤੇ ਸਮੁੰਦਰੀ ਪ੍ਰਯੋਗਸ਼ਾਲਾ ਦੇ ਬਾਨੀ ਦਾ ਜਨਮ 29 ਦਸੰਬਰ, 1840 ਨੂੰ ਜਰਮਨੀ ਵਿਚ ਸਚੈੱਟਸ਼ੀਨ (Szczecin) ਵਿਖੇ ਹੋਇਆ। ਈ. ਐੱਚ. ਹੈੱਕਲ (E.H. Haeckel) ਦੀ ਦੇਖ-ਰੇਖ ਹੇਠ ਯੇਨਾ (Jena) ਵਿਖੇ ਇਸ ਨੇ ਜੀਵਾਂ ਦੇ ਕਈ ਗਰੁੱਪਾਂ ਦੇ ਭਰੂਣ-ਵਿਗਿਆਨ ਅਤੇ ਆਕ੍ਰਿਤੀ-ਵਿਗਿਆਨ ਸਬੰਧੀ ਖੋਜਾਂ ਕੀਤੀਆਂ।

ਮਸੀਨਾ (Messina Sic) ਵਿਖੇ 1860 ਈ. ਵਿਚ ਕੰਮ ਕਰਦੇ ਸਮੇਂ ਇਸ ਨੂੰ ਸਮੁੰਦਰੀ ਜੀਵਾਂ ਉਪਰ ਖੋਜ ਕਰਨ ਲਈ ਅੰਤਰਦੇਸ਼ੀ ਪ੍ਰਯੋਗਸ਼ਾਲਾ ਦੀ ਲੋੜ ਮਹਿਸੂਸ ਹੋਈ। ਡੋਰਨ ਨੇ ਇਸ ਲੋੜ ਦੀ ਪੂਰਤੀ ਲਈ ਨੇਪਲਜ਼ ਵਿਖੇ ਇਕ ਪ੍ਰਯੋਗਸ਼ਾਲਾ ਬਣਵਾਈ। ਇਸ ਪ੍ਰਯੋਗਸ਼ਾਲਾ ਦੀ ਪਹਿਲੀ ਇਮਾਰਤ ਦਾ ਉਦਘਾਟਨ 1874 ਈ. ਵਿਚ ਕੀਤਾ ਗਿਆ, ਮਗਰੋਂ ਇਸ ਦੀ ਇਮਾਰਤ ਵਿਚ ਵਾਧਾ ਹੁੰਦਾ ਗਿਆ। ਯਾਤਰੂਆਂ ਦੀ ਖਿੱਚ ਲਈ ਇਸ ਨੇ ਇਥੇ ਜਲ ਜੀਵਸ਼ਾਲਾ ਵੀ ਬਣਵਾਈ। ਖੋਜ 'ਟੇਬਲਜ਼' ਦੀ ਸਹਾਇਤਾ ਲਈ ਯੂਨੀਵਰਸਿਟੀਆਂ, ਸਰਕਾਰਾਂ ਅਤੇ ਸਾਇੰਸ ਸੁਸਾਇਟੀਆਂ ਤੋਂ ਗਰਾਂਟ ਹਾਸਲ ਕਰਨ ਦਾ ਕੰਮ ਸ਼ੁਰੂ ਕੀਤਾ ਅਤੇ ਪੜ੍ਹਾਉਣ ਦੇ ਮੰਤਵ ਲਈ ਪ੍ਰੀਖਣ-ਨਮੂਨਿਆਂ (Specimens) ਦੀ ਸਪਲਾਈ ਵਿਚ ਵੀ ਵਾਧਾ ਕੀਤਾ।

35 ਸਾਲਾਂ ਤੱਕ ਪ੍ਰਾਣੀ ਵਿਗਿਆਨਕ ਸਟੇਸ਼ਨ ਡੋਰਨ ਦੀ ਦੇਖ-ਰੇਖ ਅਧੀਨ ਚਲਦਾ ਰਿਹਾ ਅਤੇ ਇਸ ਦੌਰਾਨ ਵੱਖ ਵੱਖ ਦੇਸ਼ਾਂ ਤੋਂ ਮਸ਼ਹੂਰ ਵਿਗਿਆਨੀ ਇਸ ਸਟੇਸ਼ਨ ਨੂੰ ਵੇਖਣ ਲਈ ਆਉਂਦੇ ਰਹੇ। ਇਥੇ ਇਸ ਨੇ ਇਕ ਬੇਮਿਸਾਲ ਲਾਈਬ੍ਰੇਰੀ ਵੀ ਸਥਾਪਿਤ ਕੀਤੀ। ਉਸ ਸਮੇਂ ਦੀ ਜੀਵ-ਵਿਗਿਆਨਕ ਖੋਜ ਉੱਤੇ ਇਸ ਪ੍ਰਯੋਗਸ਼ਾਲਾ ਦਾ ਬਹੁਤ ਡੂੰਘਾ ਪ੍ਰਭਾਵ ਪਿਆ। ਹੋਰ ਦੇਸ਼ਾਂ ਦੀਆਂ ਪ੍ਰਯੋਗਸ਼ਾਲਾਵਾਂ ਲਈ ਇਹ ਇਕ ਵਧੀਆ ਨਮੂਨਾ ਸਿੱਧ ਹੋਈ।

ਇਸ ਤੋਂ ਇਲਾਵਾ ਡੋਰਨ ਨੇ ਨੇਪਲਜ਼ ਖਾੜੀ ਦੇ ਜੀਵ-ਜੰਤੂ-ਸਮੂਹ ਅਤੇ ਬਨਸਪਤੀ-ਸਮੂਹ (Fauna and flora) ਉੱਪਰ ਮੋਨੋ-ਗ੍ਰਾਫ਼ ਲੜੀ ਵੀ ਸ਼ੁਰੂ ਕੀਤੀ। ਮਿਊਨਿਕ ਵਿਖੇ 26 ਸਤੰਬਰ, 1899 ਨੂੰ ਇਸ ਦੀ ਮੌਤ ਹੋ ਗਈ।

ਹ.ਪੁ. – ਐਨ. ਬ੍ਰਿ. 7 : 505

**ਡੋਰਾ ਜ਼ਾਂ** : ਫ਼ਰਾਂਸ ਦੇ ਇਸ ਕਵੀ ਅਤੇ ਵਿਦਵਾਨ ਦਾ ਜਨਮ 1508 ਈ. ਵਿਚ ਲੀਮੋਜ਼ (Limoges) ਵਿਖੇ ਹੋਇਆ। ਇਹ ਇਕ ਅਮੀਰ ਪਰਿਵਾਰ ਨਾਲ ਸੰਬੰਧਤ ਸੀ। ਸਿਖਿਆ ਪ੍ਰਾਪਤ ਕਰਨ ਮਗਰੋਂ ਇਸਨੇ ਬਤੌਰ ਇਕ ਅਧਿਆਪਕ ਨੌਕਰੀ ਕਰਨੀ ਆਰੰਭ ਕੀਤੀ ਅਤੇ 1547 ਈ. ਵਿਚ ਇਸਦੀ ਲਿਆਕਤ ਅਤੇ ਬੁੱਧੀ ਸਦਕਾ ਇਸ ਨੂੰ ਕਾਲਜ ਡ, ਕੋਕਰੇ (College de Conqueret) ਦਾ ਡਾਇਰੈਕਟਰ ਬਣਾ ਦਿਤਾ ਗਿਆ। ਪੈਰਿਸ ਵਿਖੇ ਇਸ ਨੇ ਕੁਝ ਨੌਜਵਾਨ ਕਵੀਆਂ ਨੂੰ ਪੜ੍ਹਾਇਆ ਅਤੇ ਪਿਛੋਂ ਉਨ੍ਹਾਂ ਨਾਲ ਰਲਕੇ ਫ਼ਰਾਂਸੀਸੀ ਭਾਸ਼ਾ ਅਤੇ ਸਾਹਿਤ ਦੇ ਨਵ-ਨਿਰਮਾਣ ਲਈ ਇਕ ਸੰਸਥਾ ਕਾਇਮ ਕੀਤੀ ਜਿਸਦੇ ਇਹ ਸੱਤ ਮੈਂਬਰ ਸਨ। ਇਹ ਆਪਣੇ ਆਪ ਨੂੰ ਸਤ-ਰਤਨ ਕਹਿਣ ਲੱਗ ਪਏ ਅਤੇ ਆਪਣੇ ਆਪ ਨੂੰ ਸਕੰਦਰੀਆ ਦੇ ਸਤ – ਯੂਨਾਨੀ ਕਵੀਆਂ ਦੇ ਬਰਾਬਰ ਹੀ ਸਮਝਣ ਲੱਗੇ।

ਡੋਰਾ ਨੇ ਵਧੇਰੇ ਕਰਕੇ ਯੂਨਾਨੀ ਅਤੇ ਲਾਤੀਨੀ ਕਵਿਤਾ ਲਿਖੀ। ਇਨ੍ਹਾਂ ਕਵਿਤਾਵਾਂ ਦੀ ਗਿਣਤੀ 15,000 ਤੋਂ ਵੱਧ ਹੀ ਹੋਵੇਗੀ। ਇਕ ਵਿਦਵਾਨ ਹੋਣ ਦੇ ਨਾਤੇ ਇਹ ਇੰਗਲੈਂਡ, ਇਟਲੀ ਅਤੇ ਜਰਮਨੀ ਤੱਕ ਪ੍ਰਸਿੱਧ ਹੋਇਆ। ਸੰਨ 1556 ਵਿਚ ਇਹ 'ਕਾਲਜ ਰਾੱਇਲ' ਵਿਚ ਯੂਨਾਨੀ ਭਾਸ਼ਾ ਦਾ ਪ੍ਰੋਫੈਸਰ ਨਿਯੁਕਤ ਹੋ ਗਿਆ ਜਿਥੇ ਇਹ 1567 ਈ. ਵਿਚ ਰਿਟਾਇਰ ਹੋਣ ਤੱਕ ਟਿਕਿਆ ਰਿਹਾ। ਚਾਰਲਸ ਨੌਵੇਂ ਨੇ ਇਸ ਨੂੰ Poeta regius ਦਾ ਪਦ ਦੇ ਕੇ ਸਨਮਾਨਿਤ ਕੀਤਾ।

ਪਹਿਲੀ ਨਵੰਬਰ, 1588 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ. 7 : 591; ਐਨ ਬ੍ਰਿ. ਮਾ. 3 : 626; ਐਨ. ਅਮੇ. 9 : 263

**ਡੋਰੂ** : ਉੱਤਰੀ ਸਪੇਨ ਅਤੇ ਪੁਰਤਗਾਲ ਦਾ ਤੀਜਾ ਵੱਡਾ ਦਰਿਆ ਹੈ ਜਿਹੜਾ 79,096 ਵ.ਕਿ.ਮੀ. ਖੇਤਰ ਦੀ ਜਲ-ਨਿਕਾਸੀ ਕਰਦਾ ਹੈ। ਇਹ ਦਰਿਆ ਸਪੇਨ ਦੇ ਸੀਐਰਾ ਦ ਅਰਬਾਇਨ ਪਹਾੜਾਂ ਵਿਚੋਂ ਨਿਕਲ ਕੇ ਪੱਛਮ ਦੀ ਦਿਸ਼ਾ ਵਿਚ ਵਗਦਾ ਹੋਇਆ ਨਿਊਮੈਨਚੀਆ ਪਠਾਰ ਨੂੰ ਪਾਰ ਕਰ ਕੇ, ਕੁੱਲ 770 ਕਿ.ਮੀ. ਦਾ ਪੈਂਡਾ ਤੈਅ ਕਰਨ ਮਗਰੋਂ ਪੁਰਤਗਾਲ ਦੇ ਉਪੋਰਟੋ ਸ਼ਹਿਰ ਦੇ ਨਜ਼ਦੀਕ ਅੰਧ ਮਹਾਂਸਾਗਰ ਵਿਚ ਜਾ ਡਿਗਦਾ ਹੈ। ਆਪਣੇ ਵਹਿਣ ਦੇ 110 ਕਿ.ਮੀ. ਲੰਬੇ ਖੇਤਰ ਵਿਚ ਇਹ ਸਪੇਨ ਅਤੇ ਪੁਰਤਗਾਲ ਵਿਚਲੀ ਹੱਦ ਵੀ ਬਣਾਉਂਦਾ ਹੈ। ਪੁਰਤਗਾਲ ਦੀ ਹੱਦ ਤੋਂ ਸਪੇਗੇ ਤੱਕ 48 ਕਿ.ਮੀ ਦੇ ਖੇਤਰ ਵਿਚ ਇਹ ਕਈ ਤੰਗ ਘਾਟੀਆਂ ਵਿਚੋਂ ਗੁਜ਼ਰਨ ਸਮੇਂ, ਝਾਲਾਂ ਬਣਾਉਂਦਾ ਹੋਇਆ ਆਪਣੇ ਮੁਹਾਣੇ ਨੇੜੇ ਪਹੁੰਚ ਜਾਂਦਾ ਹੈ। ਇਸ ਰਾਹੀਂ ਸ਼ਰਾਬ ਲਈ ਅੰਗੂਰਾਂ ਅਤੇ ਕੁਝ ਕੋਲੇ ਦੀ ਢੋਅ-ਢੁਆਈ ਹੁੰਦੀ ਹੈ। ਇਸ ਦੇ ਮੁਹਾਣੇ ਵਿਚ ਬਹੁਤ ਜ਼ਿਆਦਾ ਗਾਦ ਇੱਕਠੀ ਹੋਣ ਕਾਰਨ 1892 ਈ. ਵਿਚ ਜਹਾਜ਼ਾਂ ਨੂੰ ਖੜ੍ਹਾ ਕਰਨ ਲਈ ਲੇਇਸ਼ੋਇਸ (Leixoes) ਬੰਦਰਗਾਹ ਬਣਾਈ ਗਈ ਜਿਸਨੂੰ 1916 ਈ. ਵਿਚ ਬਾਕਾਇਦਗੀ ਨਾਲ ਵਿਕਸਿਤ ਕੀਤਾ ਗਿਆ।

ਇਹ ਦਰਿਆ, ਸਿੰਜਾਈ ਅਤੇ ਪਣ-ਬਿਜਲੀ ਯੋਜਨਾਵਾਂ ਲਈ ਬਹੁਤ ਮਹੱਤਵਪੂਰਨ ਹੈ। 1930 ਵਿਆਂ ਤੋਂ ਲੈ ਕੇ ਇਸਨੂੰ ਪਣ-ਬਿਜਲੀ ਅਤੇ ਸਿੰਚਾਈ ਲਈ ਵਿਸਤ੍ਰਿਤ ਤੌਰ ਤੇ ਵਰਤਿਆ ਗਿਆ ਹੈ। ਇਸ ਉੱਤੇ ਬਣਿਆ ਐਲਡੀਐਡਾਵਿਲ ਬੰਨ੍ਹ ਪੱਛਮੀ ਯੂਰਪ ਦਾ ਸਭ ਤੋਂ ਵੱਡਾ ਬੰਨ੍ਹ ਹੈ ਅਤੇ 1960 ਦੇ ਦਹਾਕੇ ਵਿਚ ਸਪੇਨ ਦੀ ਕੁੱਲ ਬਿਜਲੀ ਦਾ ਦਸਵਾਂ ਹਿੱਸਾ ਸਿਰਫ਼ ਇਸੇ ਬੰਨ੍ਹ ਤੋਂ ਪੈਦਾ ਕੀਤਾ

ਗਿਆ। ਇਸੇ ਤਰ੍ਹਾਂ ਪੁਰਤਗਾਲ ਦਾ ਬਰਨਪੋਸਟਾ ਬੰਨ੍ਹ ਮਨਕੋਰਵੋਂ ਦੇ ਭੰਡਾਰਾਂ ਵਾਲੇ ਖੇਤਰ ਨੂੰ ਬਿਜਲੀ ਸਪਲਾਈ ਕਰਦਾ ਹੈ।

41° 08′ ਉ.ਵਿਥ.; 80° 40′ ਪੱ. ਲੰਬ.

ਹ.ਪੁ.–ਐਨ. ਬ੍ਰਿ.ਮਾ. 4:200; ਐਨ.ਅਮੈ. 9: 315.

**ਡੋਲ : ਸ਼ਹਿਰ —** ਪੂਰਬੀ ਫਰਾਂਸ ਦੇ ਜੁਰਾ ਡਿਪਾਰਟਮੈਂਟ ਦਾ ਤਜਾਰਤੀ ਅਤੇ ਸੱਨਅਤੀ ਸ਼ਹਿਰ ਹੈ ਜਿਹੜਾ ਡਾਈਜ਼ਾਨ ਦੇ ਦੱਖਣ-ਪੂਰਬ ਵਿਚ ਡੂ-ਦਰਿਆ ਦੇ ਸੱਜੇ ਕੰਢੇ ਉੱਤੇ ਵਾਕਿਆ ਹੈ। ਅੱਜਕਲ੍ਹ ਇਹ ਸ਼ਰਾਬ ਅਤੇ ਅਨਾਜ ਦੀ ਮੰਡੀ ਹੈ। ਇਸ ਤੋਂ ਇਲਾਵਾ ਇਥੇ ਧਾਤ ਦੀਆਂ ਚੀਜ਼ਾਂ, ਸਾਈਕਲ ਅਤੇ ਕੁੰਭਕਾਰੀ ਵਸਤਾਂ ਬਣਦੀਆਂ ਹਨ।

ਰੋਮਨਾਂ ਅਧੀਨ ਇਸ ਸ਼ਹਿਰ ਦਾ ਨਾਂ 'ਡੋਲਾ' ਸੀ। ਇਸ ਸ਼ਹਿਰ ਨੂੰ ਵੱਖ ਵੱਖ ਸਮਿਆਂ ਵਿਚ ਵੱਖ ਵੱਖ ਤਾਕਤਾਂ ਅਧੀਨ ਰਹਿਣ ਦਾ ਅਨੁਭਵ ਹਾਸਲ ਹੈ। ਮੱਧਕਾਲੀਨ ਸਮਿਆਂ ਵਿਚ ਇਹ ਬਰਗੰਡੀ ਦੇ ਡਿਊਕ ਦਾ ਸਦਰ-ਮੁਕਾਮ ਰਿਹਾ। ਪਿੱਛੋਂ ਇਹ ਹੋਲੀ ਰੋਮਨ ਅੰਪਾਇਰ ਵਿਚ ਸ਼ਾਮਲ ਰਿਹਾ। ਸਪੇਨੀ ਹੈਬਸਬਰਗ ਅਧੀਨ ਰਹਿਣ ਪਿਛੋਂ 1674 ਵਿਚ ਲੂਈ ਚੌਦਵੇਂ ਦੇ ਕਬਜ਼ੇ ਹੇਠ ਵੀ ਰਿਹਾ। ਉਸ ਨੇ ਇਸ ਨੂੰ ਫਰਾਂਸ ਵਿਚ ਸ਼ਾਮਲ ਕੀਤਾ ਤੇ ਰਾਜਧਾਨੀ ਡੋਲ ਤੋਂ ਬਦਲ ਕੇ ਬਜ਼ੱਨਸਨ (Besancon) ਵਿਖੇ ਬਣਾ ਲਈ। ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚ 16 ਵੀਂ ਸਦੀ ਦਾ ਗਿਰਜਾ ਅਤੇ ਲੂਈ ਪਾਸਚਰ ਵਿਗਿਆਨੀ ਦਾ ਘਰ ਸ਼ਾਮਲ ਹਨ।

ਆਬਾਦੀ – 25,445 (1982)

47°06′ ਉ. ਵਿਥ.; 5°30′ ਪੂ. ਲੰਬ.

ਹ. ਪੁ. –ਐਨ. ਅਮੈ. 9: 254; ਐਨ. ਬ੍ਰਿ. ਮਾ. 4:604

**ਡੋਲ** (**Dhole**) : ਇਹ ਕੁੱਤਿਆਂ ਦੀ ਕੈਨਿਡੀ (Canidae) ਕੁਲ ਦਾ ਇਕ ਏਸ਼ੀਆਈ ਜੰਗਲੀ ਮਾਸਾਹਾਰੀ ਜਾਨਵਰ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਕਿਊਆੱਨ ਐਲਪਾਈਨਸ (Cuon alpinus) ਹੈ। ਇਸਨੂੰ ਰੈੱਡ ਡਾੱਗ ਵੀ ਆਖਦੇ ਹਨ। ਇਹ ਆਮ ਤੌਰ ਤੇ ਦੱਖਣ ਪੂਰਬੀ ਜੰਗਲਾਂ ਵਿਚ ਮਿਲਦੇ ਹਨ। ਇਸ ਵਿਚ ਬਾਕੀ ਕੁਤਿਆਂ ਨਾਲੋਂ ਇਕ ਵੱਖਰਾਪਣ ਇਹ ਹੈ ਕਿ ਇਸ ਦੇ ਹੇਠਲੇ ਮੋਲਰ ਦੰਦਾਂ ਦਾ ਇਕ ਜੋੜਾ ਨਹੀਂ ਹੁੰਦਾ। ਪੂਛ ਤੋਂ ਇਲਾਵਾ ਇਸ ਦੀ ਲੰਬਾਈ 76 ਤੋਂ 100 ਸੈਂ. ਮੀ. ਅਤੇ ਪੂਛ ਦੀ ਲੰਬਾਈ 28 ਤੋਂ 48 ਸੈਂ. ਮੀ. ਅਤੇ ਭਾਰ 14 ਤੋਂ 21 ਕਿ. ਗ੍ਰਾ ਦੇ ਕਰੀਬ ਹੁੰਦਾ ਹੈ। ਇਸ ਦਾ ਰੰਗ ਪੀਲਾ ਜਾਂ ਲਾਲ ਭਾਹ ਮਾਰਦਾ ਭੂਰਾ ਹੋ ਸਕਦਾ ਹੈ। ਸਰੀਰ ਦੇ ਹੇਠਲੇ ਹਿੱਸਿਆਂ ਦਾ ਰੰਗ ਕੁਝ ਹਲਕਾ ਹੁੰਦਾ ਹੈ।



ਡੋਲ

ਡੋਲ ਕਈ ਥਣਧਾਰੀ ਜੀਵਾਂ ਦਾ ਸ਼ਿਕਾਰ ਕਰਦੇ ਹਨ। ਇਹ ਲਗਭਗ 25–30 ਜਾਨਵਰਾਂ ਦਾ ਝੁੰਡ ਬਣਾਕੇ ਇਕੱਠੇ ਹੋ ਕੇ ਵਧੇਰੇ ਕਰਕੇ ਹਿਰਨ ਅਤੇ ਜੰਗਲੀ ਭੇਡਾਂ ਦਾ ਸ਼ਿਕਾਰ ਕਰਦੇ ਹਨ। ਕਈ ਵਾਰ ਤਾਂ ਇਹ ਕਾਫ਼ੀ ਵੱਡੇ-ਵੱਡੇ ਸ਼ੇਰ ਅਤੇ ਰਿੱਛਾਂ ਆਦਿ ਵਰਗੇ ਜਾਨਵਰਾਂ ਦਾ ਵੀ ਸ਼ਿਕਾਰ ਕਰ ਲੈਂਦੇ ਹਨ। ਇਸ ਦਾ ਗਰਭ-ਕਾਲ ਨੌਂ ਹਫਤਿਆਂ ਦਾ ਹੁੰਦਾ ਹੈ ਅਤੇ ਇਹ ਇਕ ਸੂਏ ਵਿਚ 2 ਤੋਂ 6 ਬੱਚਿਆਂ ਨੂੰ ਜਨਮ ਦਿੰਦੇ ਹਨ।

ਹ.ਪੁ.–ਐਨ. ਬ੍ਰਿ.ਮਾ. 4 : 58; ਐਨ. ਬ੍ਰਿ. 7 : 349

**ਡੋਲਚੀ, ਕਾਰਲੋ** (**Dolci, Carlo**) : ਇਟਲੀ ਦੇ ਇਸ ਚਿੱਤਰਕਾਰ ਦਾ ਜਨਮ 25 ਮਈ, 1616 ਨੂੰ ਫ਼ਲੋਰੈਂਸ ਵਿਖੇ ਹੋਇਆ। ਇਹ ਫ਼ਲੋਰੈਂਸੀ ਸਕੂਲ ਦੇ ਬੈਰੋਕ ਸ਼ੈਲੀ ਦੇ ਅੰਤਲੇ ਚਿੱਤਰਕਾਰਾਂ ਵਿਚੋਂ ਸੀ। ਇਸ ਨੇ ਛੋਟੀ ਉਮਰ ਵਿਚ ਹੀ ਚਿੱਤਰਕਾਰੀ ਕਰਨੀ ਸ਼ੁਰੂ ਕਰ ਦਿਤੀ ਸੀ ਅਤੇ 1648 ਈ. ਵਿਚ ਅਕਾਦਮੀ ਦਾ ਮੈਂਬਰ ਬਣਿਆ। ਇਸ ਦੀਆਂ ਬਣਾਈਆਂ ਕਿਰਤਾਂ ਵਿਚ ਪੋਰਟ੍ਰੇਟ ਅਤੇ ਧਾਰਮਿਕ ਵਿਸ਼ਿਆਂ ਨਾਲ ਸਬੰਧਤ ਚਿੱਤਰ ਹਨ। ਇਸ ਦੀ ਸ਼ੈਲੀ ਬਹੁਤ ਹੀ ਭਾਵਪੂਰਣ ਹੈ ਅਤੇ ਇਸ ਵਿਚ ਡਿਜ਼ਾਇਨ ਤੇ ਰੰਗਾਂ ਦਾ ਪ੍ਰਗਟਾਵਾ ਬਹੁਤ ਬਰੀਕੀ ਨਾਲ ਕੀਤਾ ਗਿਆ ਹੈ। ਇਸ ਦੇ ਬਣਾਏ ਚਿੱਤਰ ਆਪਣੇ ਸਮੇਂ ਵਿਚ ਬਹੁਤ ਪ੍ਰਸਿੱਧ ਹੋਏ। ਵਧੇਰੇ ਚਿੱਤਰ ਇਸ ਦੇ ਜੱਦੀ ਸ਼ਹਿਰ ਵਿਚ ਮੌਜੂਦ ਹਨ। ਬਾਕੀਆਂ ਨੂੰ ਸਾਰੇ ਯੂਰਪ ਵਿਚ ਪ੍ਰਦਰਸ਼ਿਤ ਕੀਤਾ ਗਿਆ। ਸਵੈ-ਚਿੱਤਰ, 'ਮੈਗਡਾਲੈਂਨ', ਮੈਡੋਨਾ ਐਂਡ ਚਾਈਲਡ, 'ਸੇਂਟ ਐਡੀਓ ਪੇਟਿੰਗ ਬੀਫੋਰ ਹਿਜ਼ ਕਰੂਸੀ ਫਿਕੇਸ਼ਨ', 'ਮੈਡੋਨਾ ਵਿਦ ਦੀ ਬਾਸਕਿਟ ਆਫ਼ ਫ਼ਲਾਵਰਜ਼' 'ਕ੍ਰਾਈਸਟ ਬ੍ਰੇਕਿੰਗ ਦੀ ਬੈੱਡ' ਆਦਿ ਇਸ ਦੇ ਕੁਝ ਪ੍ਰਸਿੱਧ ਚਿੱਤਰ ਹਨ।

17 ਜਨਵਰੀ, 1686 ਨੂੰ ਫ਼ਲੋਰੈਂਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ.ਬ੍ਰਿ.ਮਾ.3:604; ਐਨ.ਅਮੈ. 9:234; ਕੋਲ.ਐਨ. 6:332

**ਡੋਲਮਾਈਟ** (**Dolomite**) : ਇਹ ਇਕ ਕਾਰਬੋਨੇਟ ਖਣਿਜ ਹੈ ਜਿਸ ਦਾ ਰਸਾਇਣਿਕ ਫ਼ਾਰਮੂਲਾ $CaMg(CO_3)_2$ ਹੈ। ਇਸ ਵਿਚ ਆਮ ਕਰਕੇ ਮੈਗਨੀਸ਼ੀਅਮ ਦੀ ਥਾਂ ਥੋੜ੍ਹੀ ਮਾਤਰਾ ਵਿਚ ਲੋਹਾ, ਮੈਗਨੀਜ਼ ਜਾਂ ਕੈਲਸ਼ੀਅਮ ਹੁੰਦਾ ਹੈ। ਕਦੇ ਕਦੇ ਕੋਬਾਲਟ,




ਡੋਲਮਾਈਟ

ਜਿਸਤ, ਸਿੱਕਾ ਅਤੇ ਬੇਰੀਅਮ ਵੀ ਬਹੁਤ ਹੀ ਘੱਟ ਮਾਤਰਾ ਵਿਚ ਵੇਖਣ ਨੂੰ ਮਿਲਦੇ ਹਨ। ਡੋਲਮਾਈਟ ਵਿਚ ਜੇਕਰ ਮੈਗਨੀਸ਼ੀਅਮ ਦੀ ਥਾਂ ਲੋਹਾ ਵੱਧ ਹੋਵੇ ਤਾਂ ਇਹ ਐਕੇਰਾਈਟ ਵਿਚ ਅਤੇ ਜੇਕਰ ਮੈਗਨੀਜ਼ ਦੀ ਮਾਤਰਾ ਵੱਧ ਹੋਵੇ ਤਾਂ ਕੁਟਨਾਹੋਰਾਈਟ ਵਿਚ ਲੀਨ ਹੋ ਜਾਂਦਾ ਹੈ।

ਡੋਲਮਾਈਟ ਤਿਕੋਣਾ ਛੇ-ਫਲਕਾ ਹੁੰਦਾ ਹੈ ਅਤੇ ਇਸ ਦੀ ਬਣਤਰ ਕੈਲਸਾਈਟ ਨਾਲ ਮਿਲਦੀ ਜੁਲਦੀ ਹੈ ਪਰ ਇਸ ਦੇ ਕੈਲਸ਼ੀਅਮ ਆਇਨਾਂ ਦੀਆਂ ਬਦਲਵੀਆਂ ਪਰਤਾਂ ਪੂਰੀ ਤਰ੍ਹਾਂ ਨਾਲ ਮੈਗਨੀਸ਼ੀਅਮ ਕਾਰਨ ਬਦਲੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਇਸ ਤਰ੍ਹਾਂ $CO_3^{--}$ ਆਇਨਾਂ ਦੀ ਹਰ ਪਰਤ $Ca^{++}$ ਆਇਨਾਂ ਅਤੇ $Mg^{++}$ ਆਇਨਾਂ ਦੀ ਇਕ ਪੂਰੀ ਪਰਤ ਦੇ ਦਰਮਿਆਨ ਹੁੰਦੀ ਹੈ। ਧਨ-ਆਇਨਾਂ ਦੀ ਇਸ ਸਿਲਸਿਲੇਵਾਰ ਤਰਤੀਬ ਕਰਕੇ ਹੀ ਡੋਲਮਾਈਟ ਦੀ ਬਣਤਰ ਕੈਲਸਾਈਟ ਤੋਂ ਵੱਖਰੀ ਹੁੰਦੀ ਹੈ।

ਡੋਲਮਾਈਟ ਇਕ ਆਮ ਮਿਲਣ ਵਾਲਾ ਖਣਿਜ ਹੈ ਜਿਹੜਾ ਕਈ ਤਰ੍ਹਾਂ ਦੀਆਂ ਭੂਗੋਲਿਕ ਜੜਤਾਂ ਵਿਚ ਮਿਲਦਾ ਹੈ। ਇਹ ਆਮ ਤੌਰ ਤੇ ਅਤਿ ਖਾਰੀਆਂ ਅਗਨੀ ਚਟਾਨਾਂ ਵਿਚ ਹੁੰਦਾ ਹੈ ਜਿਥੇ ਇਸ ਦਾ ਪੁਨਰਕ੍ਰਿਸਟਲੀਕਰਨ ਹੋ ਕੇ ਡੋਲਮਾਇਟ ਸੰਗਮਰਮਰ ਬਣ ਜਾਂਦਾ ਹੈ। ਮੁੱਖ ਤੌਰ ਤੇ ਡੋਲਮਾਈਟ ਤਲਛੱਟੀ ਨਿਖੇਪਾਂ ਵਿਚ ਮਿਲਦਾ ਹੈ ਜਿਥੇ ਇਹ ਡੋਲਮਾਈਟ ਚਟਾਨ ਦਾ ਪ੍ਰਮੁੱਖ ਹਿੱਸਾ ਬਣਾਉਂਦਾ ਹੈ। ਇਹ ਬਹੁਤਾ ਚੂਨੇ-ਪੱਥਰ ਵਿਚ ਹੀ ਮਿਲਦਾ ਹੈ।

ਡੋਲਾਮਾਈਟ ਆਮ ਤੌਰ ਤੇ ਚਿੱਟਾ ਜਾਂ ਰੰਗਹੀਣ ਹੁੰਦਾ ਹੈ ਜਿਸ ਦੀ ਵਿਸ਼ਿਸ਼ਟ ਘਣਤਾ 2.9 ਅਤੇ ਮੋਹਜ਼ ਸਕੇਲ ਤੇ ਸਖਤਾਈ 3.5–4 ਹੁੰਦੀ ਹੈ। ਠੰਢੇ ਅਤੇ ਹਲਕੇ ਤੇਜ਼ਾਬ ਨਾਲ ਇਸ ਦੀ ਕਿਰਿਆ ਅਤਿ ਧੀਮੀ ਹੁੰਦੀ ਹੈ ਜਿਸ ਕਰਕੇ ਇਹ ਕੈਲਸਾਈਟ ਤੋਂ ਸਹਜੇ ਹੀ ਨਿਖੇੜਿਆ ਜਾ ਸਕਦਾ ਹੈ।

ਹ.ਪੁ.–ਮੈਕ.ਐਨ. ਸ. ਟ. 4 : 292

**ਡੋਲੋਰੇ** : ਸੰਯੁਕਤ ਰਾਜ ਅਮਰੀਕਾ ਦੇ ਦੱਖਣ-ਪੱਛਮੀ ਕਾਲਰਾਡੋ ਰਾਜ ਵਿਚ ਵਿੱਚ ਵਹਿਣ ਵਾਲਾ ਇਕ ਦਰਿਆ ਹੈ ਜਿਹੜਾ ਲਾ ਪਲਾਟਾ ਪਹਾੜਾਂ ਵਿੱਚੋਂ ਨਿਕਲ ਕੇ ਦੱਖਣ-ਪੱਛਮ ਵਿਚ ਵਗਦਾ ਹੋਇਆ ਡੂੰਘੀਆਂ ਖੱਡਾਂ ਵਿਚੋਂ ਦੀ ਲੰਘਦਾ ਹੈ ਫਿਰ ਉੱਤਰ ਤੋਂ ਪੱਛਮ ਵਿਚ ਪੈਰਾਡਾਕਸ ਵਾਦੀ ਵਿਚੋਂ ਨਿਕਲਦਾ ਹੈ ਜਿਸ ਦੇ ਉੱਤਰੀ ਸਿਰੇ ਤੋਂ ਇਹ ਆਪਣੀ ਮੁੱਖ ਸਹਾਇਕ ਨਦੀ ਸੈਨ ਮਿਗਾਲ ਨਾਲ ਜਾ ਮਿਲਦਾ ਹੈ। 400 ਕਿ. ਮੀ. ਦਾ ਫਾਸਲਾ ਤੈਅ ਕਰਕੇ ਇਹ ਮੋਐਬ ਨਜ਼ਦੀਕ ਕਾਲਰਾਡੋ ਦਰਿਆ ਵਿਚ ਜਾ ਮਿਲਦਾ ਹੈ। ਬਸੰਤ ਦੇ ਮੌਸਮ ਵਿਚ ਅਤੇ ਗਰਮੀਆਂ ਦੇ ਆਰੰਭ ਵਿਚ ਬਰਫ਼ ਦੇ ਪਿਘਲਣ ਨਾਲ ਇਸ ਵਿਚ ਪਾਣੀ ਜ਼ਿਆਦਾ ਹੁੰਦਾ ਹੈ ਪਰ ਭਰ ਗਰਮੀਆਂ ਵਿਚ ਵਹਾਓ ਘੱਟ ਜਾਂਦਾ ਹੈ। ਡੋਲੋਰੇ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦਾ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ। ਸੰਨ 1765 ਵਿਚ ਇਕ ਸਪੇਨੀ ਵਪਾਰੀ ਰਿਵੇਰਾ ਨੇ ਇਸਦਾ ਨਾਉਂ ਰੀਉ ਡ ਨਐਸਤਰਾ ਸਨੋਰਾ ਡ ਲਾਸ ਡੋਲੋਰੇ (Rio de Nuestra Senora de los Dolores) ਰੱਖਿਆ।

ਹ.ਪੁ.–ਐਨ.ਬ੍ਰਿ. ਮਾ. 3: 609

**ਡੋਵਰ** : ਜਲ-ਡਮਰੂ — ਉੱਤਰੀ ਸਾਗਰ ਅਤੇ ਇੰਗਲਿਸ਼ ਚੈਨਲ ਨੂੰ ਜੋੜਨ ਵਾਲਾ ਇੰਗਲੈਂਡ ਅਤੇ ਫਰਾਂਸ ਵਿਚਾਲੇ ਫੈਲਿਆ ਹੋਇਆ ਇਹ ਇਕ ਜਲ-ਡਮਰੂ ਹੈ। ਇਸ ਦਾ ਵਿਸਤਾਰ ਦੱਖਣ ਵੱਲ ਡੰਜਨੈਸ (ਇੰਗ) ਤੋਂ ਕੇਪ ਗ੍ਰੀ-ਨਏ (ਫਰਾਂ.) ਅਤੇ ਉੱਤਰ ਵੱਲ, ਨਾਰਥ ਫੋਰਲੈਂਡ ਤੋਂ ਕੈਲਏ (ਫਰਾਂ.) ਤਕ ਹੈ। ਇਸ ਵਿਚਲੇ ਪਾਣੀ ਦਾ ਵਹਾਓ ਇਸ ਉਪਰ ਚਲਣ ਵਾਲੀਆਂ ਪੌਣਾਂ ਕਾਰਣ ਦੱਖਣ-ਪੱਛਮ ਵੱਲ ਬਣਿਆ ਰਹਿੰਦਾ ਹੈ ਪਰ ਇਹ ਉੱਤਰ-ਪੂਰਬ ਵਲੋਂ ਆਉਂਦੀਆਂ ਪੌਣਾਂ ਕਾਰਨ ਉਲਟ ਵੀ ਹੋ ਜਾਂਦਾ ਹੈ। ਇਸ ਦਾ ਨਾਂ ਡੋਵਰ ਸ਼ਬਦ ਜਿਸ ਤੋਂ ਭਾਵ ਸਮੁੰਦਰ ਜਾਂ ਨਦੀ ਤੋਂ ਹੈ, ਤੋਂ ਹੀ ਪਿਆ ਹੈ। ਇਸ ਜਲਡਮਰੂ ਵਿੱਚ ਸੰਸਾਰ-ਭਰ ਵਿਚ ਸਭ ਤੋਂ ਵਧੇਰੇ ਸਮੁੰਦਰੀ ਆਵਾਜਾਈ ਹੁੰਦੀ ਹੈ। ਬਹੁਤ ਪੁਰਾਣੇ ਸਮਿਆਂ ਤੋਂ ਹੀ ਇਥੇ ਇੰਗਲੈਂਡ ਵੱਲੋਂ ਯੂਰਪੀ ਮਹਾਂਦੀਪ ਵੱਲ ਆਵਾਜਾਈ ਲਈ ਨਿਸ਼ਚਿਤ ਰਾਹਾਂ ਅਤੇ ਜਹਾਜ਼ਰਾਨੀ ਸਬੰਧੀ ਸੂਚਨਾ ਪ੍ਰਾਪਤ ਹੋਈ ਸੀ। ਇਸ ਦੇ ਆਸ ਪਾਸ ਡੋਵਰ, ਫਾਕਸਟਨ ਅਤੇ ਕੈਲਏ ਮਸ਼ਹੂਰ ਬੰਦਰਗਾਹਾਂ ਹਨ ਜਿਹੜੀਆਂ ਆਵਾਜਾਈ ਕੰਟਰੋਲ ਕਰਦੀਆਂ ਹਨ।

ਇਹ ਜਲਡਮਰੂ ਬਹੁਤ ਪੁਰਾਣੇ ਸਮਿਆਂ ਤੋਂ ਇਤਿਹਾਸਕ ਲੜਾਈਆਂ ਦੀ ਥਾਂ ਰਿਹਾ ਹੈ। ਸੰਨ 1588 ਵਿਚ ਇਥੇ ਹੀ ਅੰਗਰੇਜ਼ਾਂ ਨੇ ਸਪੇਨੀ ਸਮੁੰਦਰੀ ਬੇੜੇ ਆਰਮੇਡਾ ਨੂੰ ਠੱਲ੍ਹਿਆ ਸੀ। ਪਹਿਲੇ ਮਹਾਂ ਯੁੱਧ ਦੌਰਾਨ ਵੀ ਇਹ 'ਡੋਵਰ ਪੈਟ੍ਰਲ' ਐਂਗਲੋ-ਅਮਰੀਕੀ ਸਮੁੰਦਰੀ ਬੇੜੇ ਦਾ ਹੈੱਡ-ਕੁਆਟਰ ਸੀ ਅਤੇ ਇਥੋਂ ਹੀ ਉਸ ਨੇ ਅੰਧ ਮਹਾਂਸਾਗਰ ਵਲੋਂ ਜਾਂਦੇ ਜਹਾਜ਼ਾਂ ਨੂੰ ਰੋਕਿਆ ਸੀ। ਇਸੇ ਮਹਾਂ ਯੁੱਧ ਦੌਰਾਨ ਫਰਾਂਸ ਦਾ ਬੂਲੋਨ ਮੁੱਖ ਸਮੁੰਦਰੀ ਅੱਡਾ ਸੀ। ਫਰਾਂਸ ਦੇ ਡਨਕਰਕ ਤੋਂ ਇਤਿਹਾਦੀਆਂ ਦੀਆਂ ਫ਼ੌਜਾਂ ਜਲਡਮਰੂ ਪਾਰ ਕਰਕੇ ਡੋਵਰ ਪਹੁੰਚੀਆਂ ਸਨ।

ਇਸ ਜਲਡਮਰੂ ਨੂੰ 1875 ਈ. ਵਿਚ ਪਹਿਲੀ ਵੇਰ ਕੈਪਟਨ ਮੈਥਿਊ ਵੈੱਬ ਨੇ ਤੈਰ ਕੇ ਪਾਰ ਕੀਤਾ ਸੀ।

51° 00′ ਉ. ਵਿਥ.; 1° 30′ ਪੂ. ਲੰਬ.

ਹ. ਪ.- ਐਨ. ਅਮੈ. 9: 317; ਐਨ. ਬ੍ਰਿ. ਮਾ. 4: 201.

**ਡੋਵਰ** : ਜ਼ਿਲ੍ਹਾ — ਇੰਗਲੈਂਡ ਦੀ ਕੈਂਟ ਕਾਉਂਟੀ ਦੇ ਪੂਰਬੀ ਹਿੱਸੇ ਵਿਚ ਡੋਵਰ ਸਟ੍ਰੇਟ ਵਿਚ ਪੈਂਦਾ ਇਕ ਜ਼ਿਲ੍ਹਾ ਹੈ। ਇਸ ਦਾ ਖੇਤਰਫਲ 312 ਵ.ਕਿ.ਮੀ. ਅਤੇ ਆਬਾਦੀ 102,800 (1982) ਹੈ। ਇਸ ਜ਼ਿਲ੍ਹੇ ਨੂੰ ਡੋਵਰ ਸਟ੍ਰੇਟ, ਫਰਾਂਸ ਅਤੇ ਹੋਰ ਯੂਰਪੀ ਦੇਸ਼ਾਂ ਨਾਲੋਂ ਵੱਖ ਕਰਦੀ ਹੈ। ਪੁਰਾਣੇ ਸਮਿਆਂ ਤੋਂ ਹੀ ਇੰਗਲੈਂਡ ਤੋਂ ਯੂਰਪੀ ਮਹਾਂਦੀਪ ਵੱਲ ਸਾਰੀ ਆਵਾਜਾਈ ਇਸੇ ਜ਼ਿਲ੍ਹੇ ਵਿਚੋਂ ਦੀ ਹੁੰਦੀ ਸੀ। ਜ਼ਿਲ੍ਹੇ ਦੀਆਂ ਪੁਰਾਣੀਆਂ ਬੰਦਰਗਾਹਾਂ ਡੋਵਰ, ਡੀਅਲ ਅਤੇ ਸੈਂਡਵਿਚ ਅੱਜ ਦੇ ਵੱਡੇ ਸ਼ਹਿਰਾਂ ਵਿਚ ਬਦਲ ਗਈਆਂ ਹਨ। ਇਸ ਡਿਸਟ੍ਰਿਕਟ ਦੇ ਤੱਟ ਦੇ ਨਾਲ ਨਾਲ ਚਾਕ ਦੀਆਂ ਖੜੀਆ ਚਟਾਨਾਂ ਮਿਲਦੀਆ ਹਨ।

ਹ.ਪੁ. –ਐਨ. ਬ੍ਰਿ.ਮਾ. 4: 201

**ਡੋਵਰ** : ਸ਼ਹਿਰ — ਇੰਗਲੈਂਡ ਦੀ ਕੈਂਟ ਕਾਉਂਟੀ ਦੀ ਮਿਉਂਸਪਲ ਬਰੋ, ਵੱਡਾ ਸ਼ਹਿਰ ਅਤੇ ਪ੍ਰਾਚੀਨ ਬੰਦਰਗਾਹ ਹੈ ਜਿਹੜੀ ਲੰਡਨ ਤੋਂ 107 ਕਿ. ਮੀ. ਪੂਰਬ-ਦੱਖਣ-ਪੂਰਬ ਵੱਲ ਡੋਵਰ ਜਲਡਮਰੂ ਉੱਤੇ ਸਥਿਤ ਹੈ। ਡੋਵਰ ਜਲਡਮਰੂ ਤੋਂ ਪਾਰ 35 ਕਿ.ਮੀ. ਦੂਰ ਫਰਾਂਸ ਦੇ ਕੈਲਏ ਸ਼ਹਿਰ ਦਾ ਦ੍ਰਿਸ਼ ਵੀ ਇਥੋਂ ਵੇਖਿਆ ਜਾ ਸਕਦਾ ਹੈ।

ਇਹ ਪ੍ਰਾਚੀਨ ਸ਼ਹਿਰ ਹੈ ਜਿਹੜਾ ਰੋਮਨਾਂ ਦੇ ਆਉਣ ਤੋਂ ਪਹਿਲਾਂ ਵੱਸਿਆ ਹੋਇਆ ਸੀ। ਇਥੇ ਹੀ 114 ਮੀ. ਉੱਚਾ, ਪਰਬਤੀ ਟੱਦੀ ਉਪਰ ਡੋਵਰ ਸਟ੍ਰੇਟ ਵਾਲੇ ਪਾਸੇ ਇਕ ਕਿਲਾ ਬਣਾ ਕੇ ਇੰਗਲੈਂਡ ਨੇ ਸੁਰੱਖਿਆ ਪ੍ਰਬੰਧ ਨੂੰ ਹੋਰ ਵੀ ਮਜ਼ਬੂਤ ਕਰ ਲਿਆ ਸੀ।

ਨਾਰਮਨਾਂ ਦੇ ਰਾਜ ਕਾਲ ਦੌਰਾਨ 11 ਵੀਂ ਸਦੀ ਵਿਚ ਇਹ ਇੰਗਲੈਂਡ ਦਾ ਮਸ਼ਹੂਰ ਸ਼ਹਿਰ ਅਤੇ ਇੰਗਲੈਂਡ ਦੇ ਤੱਟ ਉੱਤੇ

ਸੁਰੱਖਿਆ ਲਈ ਬਣ ਸਿੰਗਕ ਪੋਰਟਾਂ ਵਿਚੋਂ ਇਕ ਸੀ। ਦੂਜੇ ਮਹਾਂ ਯੁੱਧ ਦੌਰਾਨ ਫਰਾਂਸ ਦੇ ਕੈਲਏ ਸ਼ਹਿਰ ਤੋਂ ਇਥੇ ਭਾਰੀ ਬੰਬਾਰੀ ਕਰਕੇ ਇਸ ਸ਼ਹਿਰ ਨੂੰ ਭਾਰੀ ਨੁਕਸਾਨ ਪਹੁੰਚਾਇਆ ਪਰ ਪਿਛੋਂ ਇਸ ਨੂੰ ਆਧੁਨਿਕ ਢੰਗ ਨਾਲ ਉਸਾਰ ਲਿਆ ਗਿਆ। ਅੱਜਕਲ੍ਹ ਇਥੇ ਪ੍ਰਾਚੀਨ ਸ਼ਹਿਰ ਦੀ ਝਲਕ ਘੱਟ ਹੀ ਵੇਖਣ ਨੂੰ ਮਿਲਦੀ ਹੈ।

ਬੰਦਰਗਾਹੀ ਰੁਝੇਵਿਆਂ ਤੋਂ ਇਲਾਵਾ ਅੱਜਕਲ੍ਹ ਇਥੇ ਕਾਗਜ਼-ਉਦਯੋਗ, ਇੰਜੀਨੀਅਰਿੰਗ ਨਾਲ ਸਬੰਧਤ ਉਦਯੋਗਿਕ ਧੰਦੇ ਵੀ ਉੱਨਤ ਹਨ। ਸ਼ਹਿਰ ਦੀਆਂ ਪ੍ਰਾਚੀਨ ਇਮਾਰਤਾਂ ਵਿਚ 12 ਵੀਂ ਸਦੀ ਦੇ ਬਣੇ ਬੈਨਡਿਕਟਿਨੀ ਮੱਠ, ਜਿਸ ਵਿਚ 1871 ਵਿਚ ਡੋਵਰ ਕਾਲਜ ਖੋਲ੍ਹ ਲਿਆ ਗਿਆ ਸੀ ਅਤੇ ਮੈਜ਼ੱਾਨ ਡਿਊ 13 ਵੀਂ ਸਦੀ ਦਾ ਹਾਲ ਵਰਣਨਯੋਗ ਹਨ।

ਆਬਾਦੀ – 32, 843 (1981)

51°08′ ਉ. ਵਿਥ.; 1° 19′ ਪੂ. ਲੰਬ.

ਹ. ਪੁ.–ਐਨ.ਬ੍ਰਿ.ਮਾ. 3:644; ਐਨ. ਅਮੈ. 9:317; ਹਿੰ ਵਿ.ਕੋ. 5:268

**ਡੋਵਰ** : ਸੰਯੁਕਤ ਰਾਜ ਅਮਰੀਕਾ ਵਿਚ ਦੱਖਣ-ਪੂਰਬੀ ਨਿਊ ਹੈਂਪਸ਼ਿਰ ਰਾਜ ਦੀ ਸਟੈਫ਼ਰਡ ਕਾਉਂਟੀ ਦਾ ਸ਼ਹਿਰ ਹੈ ਜਿਹੜਾ ਕੋਹੀਕੋ ਦਰਿਆ ਉੱਤੇ, ਪੋਰਟਸਮੱਥ ਸ਼ਹਿਰ ਤੋਂ 17 ਕਿ. ਮੀ. ਉੱਤਰ ਵੱਲ ਸਥਿਤ ਹੈ। ਇਸ ਜਗ੍ਹਾ ਉੱਤੇ 1623 ਈ. ਵਿਚ ਮਛੇਰੇ ਅਤੇ ਵਪਾਰੀ ਆ ਕੇ ਵੱਸੇ ਸਨ ਅਤੇ ਬ੍ਰਿਸਟਲ ਨਾਂ ਦੀ ਬਸਤੀ ਕਾਇਮ ਸੀ। ਪਿਛੋਂ 1633 ਈ. ਵਿਚ ਡੋਵਰ ਨੈੱਕ ਨੇੜੇ ਨਵੇਂ ਸ਼ਹਿਰ ਦੀ ਸਥਾਪਨਾ ਕੀਤੀ ਗਈ ਸੀ। ਇਸ ਪਿਛੋਂ ਨਵਾਂ ਸ਼ਹਿਰ ਇਸੇ ਦੇ ਆਲੇ-ਦੁਆਲੇ ਵਿਕਸਿਤ ਹੋਇਆ। 18 ਵੀਂ ਅਤੇ 19 ਵੀਂ ਸਦੀ ਵਿਚ ਇਸ ਸ਼ਹਿਰ ਨੇ ਕਾਫੀ ਤਰੱਕੀ ਕੀਤੀ। ਇਥੇ ਵੱਡੀਆਂ-ਵੱਡੀਆਂ ਸੱਨਅਤਾਂ ਵੀ ਲਗਾਈਆਂ ਗਈਆਂ। ਅੱਜਕਲ੍ਹ ਇਥੇ ਕਪੜੇ, ਜੁੱਤੀਆਂ, ਰਸਾਇਣ, ਪਲਾਸਟਿਕ ਅਤੇ ਬਿਜਲੀ ਦਾ ਸਮਾਨ ਤਿਆਰ ਕੀਤਾ ਜਾਂਦਾ ਹੈ।

ਇਸ ਸ਼ਹਿਰ ਦਾ ਮੌਜੂਦਾ ਨਾਂ ਡੋਵਰ 1651 ਈ. ਵਿੱਚ ਪਿਆ ਅਤੇ ਇਸ ਨੂੰ 1855 ਈ. ਵਿਚ ਸ਼ਹਿਰ ਦੇ ਤੌਰ ਤੇ ਨਿਗਮਿਤ ਕੀਤਾ ਗਿਆ। ਸ਼ਹਿਰ ਦੀਆਂ ਵਰਣਨਯੋਗ ਥਾਵਾਂ ਵਿਚੋਂ ਵੁੱਡਮੈਨ ਇੰਸਟੀਚਿਊਟ, ਇਕ ਇਤਿਹਾਸਕ ਅਜਾਇਬ ਘਰ ਹੈ।

ਆਬਾਦੀ – 22,377 (1980),

43° 12′ ਉ. ਵਿਥ.; 70° 56′ ਪੱ.ਲੰਬ.

ਹ.ਪੁ.–ਐਨ. ਅਮੈ. 9 : 317; ਐਨ.ਬ੍ਰਿ.ਮਾ. 3: 644

**ਡੋਵਰ ਦੀ ਸੰਧੀ** : ਇਹ ਸੰਧੀ 1670 ਈ. ਵਿਚ ਇੰਗਲੈਂਡ ਅਤੇ ਫਰਾਂਸ ਵਿਚਕਾਰ ਹੋਈ। ਇਹ ਇਕ ਅਜਿਹੀ ਸੰਧੀ ਸੀ ਜਿਸ ਵਿਚ ਇੰਗਲੈਂਡ ਨੇ ਯੂਰਪ ਵਿਚ ਫਰਾਂਸੀਸੀ ਨੀਤੀਆਂ ਦੀ ਹਿਮਾਇਤ ਕਰਨ ਦੀ ਹਾਮੀ ਭਰੀ ਅਤੇ ਬਦਲੇ ਵਿਚ ਫਰਾਂਸ ਦੇ ਬਾਦਸ਼ਾਹ ਲੂਈ ਚੌਦਵੇਂ ਨੇ ਇੰਗਲੈਂਡ ਦੇ ਚਾਰਲਸ ਦੂਜੇ ਨੂੰ ਪਾਰਲੀਮੈਂਟ ਤੋਂ ਮਾਲੀ ਆਜ਼ਾਦੀ ਦਿਵਾਉਣ ਲਈ ਸਬਸਿਡੀ ਦੇਣ ਦਾ ਵਾਅਦਾ ਕੀਤਾ ਸੀ।

ਅਸਲ ਵਿਚ 1670 ਈ. ਵਿਚ ਡੋਵਰ ਦੀਆਂ ਦੋ ਸੰਧੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਇਕ ਗੁਪਤ ਸੀ ਅਤੇ ਉਸ ਬਾਰੇ ਬਾਦਸ਼ਾਹ ਚਾਰਲਸ ਦੇ ਕੇਵਲ ਦੋ ਸਲਾਹਾਕਾਰਾਂ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਸੀ ਪਤਾ। ਇਹ ਸੰਧੀ ਇੰਗਲੈਂਡ ਦੇ ਰੋਮਨ ਕੈਥੋਲਿਕ ਧਰਮ ਅਖ਼ਤਿਆਰ ਕਰਨ ਬਾਰੇ ਸੀ ਅਤੇ ਇਸ ਸੰਧੀ ਨੂੰ ਚਾਰਲਸ ਦੂਜੇ ਦਾ ਸਮਰਥਨ ਪ੍ਰਾਪਤ ਸੀ।

ਦੂਜੀ ਸੰਧੀ ਇਕ ਰਸਮੀ ਜਿਹੀ ਕਿਸਮ ਦੀ ਸੰਧੀ ਸੀ ਅਤੇ ਨੌਸੈਨਿਕ ਗੱਠਜੋੜ ਨਾਲ ਸੰਬੰਧਿਤ ਸੀ ਜਿਸ ਅਨੁਸਾਰ ਲੂਈ ਚੌਦਵੇਂ ਦੀ ਇੱਛਾ ਅਨੁਸਾਰ ਨੀਦਰਲੈਂਡਜ਼ ਦੇ ਸੰਯੁਕਤ ਪ੍ਰਾਂਤਾਂ ਨੂੰ ਫਰਾਂਸ ਅਧੀਨ ਕਰਨਾ ਸੀ। ਗੁਪਤ ਸੰਧੀ 1 ਜੂਨ, 1670 ਨੂੰ ਤੈਅ ਹੋਈ। ਇਸ ਸੰਧੀ ਦੇ ਵਾਰਤਾਲਾਪ ਵਿਚ ਚਾਰਲਸ ਦੀ ਭੈਣ, ਹੈਨ ਰਿਐਟਾ ਐਨਾ ਆਰਲੀਨਜ਼ ਦੀ ਡੱਚਿਸ ਵੀ ਪੂਰੀ ਤਰ੍ਹਾਂ ਸ਼ਾਮਲ ਸਨ। ਇਸ ਅਨੁਸਾਰ ਚਾਰਲਸ ਦੂਜੇ ਨੂੰ 20,000 ਪੌਂਡ ਅਤੇ ਲੋੜ ਪੈਣ ਤੇ 6,000 ਫਰਾਂਸੀਸੀ ਸਿਪਾਹੀਆਂ ਦੀ ਮਦਦ ਵੀ ਮਿਲਣੀ ਸੀ ਤਾਂ ਕਿ ਉਹ ਆਪਣੇ ਆਪ ਨੂੰ ਇਕ ਰੋਮਨ ਕੈਥੋਲਿਕ ਘੋਸ਼ਿਤ ਕਰ ਸਕੇ। ਇਸ ਤੋਂ ਇਲਾਵਾ ਉਸ ਨੂੰ ਹੋਰ 30,000 ਪੌਂਡ ਸਾਲਾਨਾ ਮਿਲਣੇ ਸਨ ਤਾਂ ਕਿ ਉਹ ਡੱਚਾਂ ਵਿਰੁੱਧ ਛਿੜੇ ਯੁੱਧ ਵਿਚ ਸ਼ਾਮਲ ਹੋ ਸਕੇ। ਹੋਰਨਾਂ ਖੰਡਾਂ ਵਿਚ ਇਹ ਸ਼ਰਤ ਵੀ ਰੱਖੀ ਗਈ ਸੀ ਕਿ ਸਪੇਨੀ ਉੱਤਰਾਧਿਕਾਰ ਵੇਲੇ ਇੰਗਲੈਂਡ, ਲੂਈ ਦੇ ਦਾਅਵਿਆਂ ਦੀ ਪੁਰਜ਼ੋਰ ਹਿਮਾਇਤ ਕਰੇਗਾ। ਸ਼ੰਕਿਆਂ ਨੂੰ ਦੂਰ ਕਰਨ ਖਾਤਰ ਰਸਮੀ ਸੰਧੀ ਤਾਂ 31 ਦਸੰਬਰ, 1670 ਨੂੰ ਆਮ ਸਫ਼ਾਰਤੀ ਤਰੀਕਿਆਂ ਦੁਆਰਾ ਹੀ ਤੈਅ ਕੀਤੀ ਗਈ।

ਇਸ ਸੰਧੀ ਦਾ ਧਰਮ ਬਦਲੀ ਵਾਲਾ ਖੰਡ ਤਾਂ ਕਦੇ ਵੀ ਲਾਗੂ ਨਾ ਹੋਇਆ, ਕਿਉਂਕਿ ਲੂਈ ਚੌਦਵਾਂ ਤਾਂ ਕੇਵਲ ਯੁੱਧ ਵਿਚ ਹੀ ਦਿਲਚਸਪੀ ਰਖਦਾ ਸੀ ਅਤੇ ਚਾਰਲਸ ਦੂਜੇ ਨੇ ਕੈਥੋਲਿਕ ਧਰਮ ਦੀ ਪੁਨਰ ਸਥਾਪਨਾ ਦੀ ਬਜਾਇ ਰਾਜਤੰਤਰੀ ਤਾਕਤ ਨੂੰ ਹੀ ਸਥਾਪਿਤ ਕਰਨ ਨੂੰ ਵਧੇਰੇ ਤਰਜੀਹ ਦਿਤੀ ਸੀ।

ਹ.ਪੁ.–ਐਨ. ਬ੍ਰਿ. ਮਾ. 4 : 201

# ਢ

ਇਹ ਪੰਜਾਬੀ ਵਰਣਮਾਲਾ ਦਾ ਉਨ੍ਹੀਵਾਂ ਅਤੇ ਟ ਵਰਗ ਦਾ ਚੌਥਾ ਅੱਖਰ ਹੈ। ਇਹ ਮੂਰਧਨੀ ਵਿਅੰਜਨ ਹੈ। ਜੀਭ ਦੀ ਨੋਕ ਦਾ ਉਲਟਾ ਹਿੱਸਾ ਮੂੰਹ ਦੀ ਛੱਤ ਨਾਲ ਟਕਰਾਉਣ ਤੇ ਇਸ ਦੀ ਧੁਨੀ ਬਣਦੀ ਹੈ। ਇਹ ਅੱਖਰ ਅਘੋਸ਼ ਅਲਪਪ੍ਰਾਣ ਵੀ ਹੈ ਤੇ ਸਘੋਸ਼ ਅਲਪਪ੍ਰਾਣ ਵੀ ਹੈ। ਇਹ ਕਿਸੇ ਅੱਖਰ ਦੇ ਜਦੋਂ ਮੁੱਢ ਵਿਚ ਆਉਂਦਾ ਹੈ ਤਾਂ ਅਘੋਸ਼ ਅਲਪਪ੍ਰਾਣ ਹੋ ਜਾਂਦਾ ਹਨ ਜਿਵੇਂ ਢਾਸਣਾ ਤੇ ਜਦੋਂ ਕਿਸੇ ਸ਼ਬਦ ਵਿਚਕਾਰ ਆ ਜਾਵੇ ਤਾਂ ਸਘੋਸ਼ ਅਲਪਪ੍ਰਾਣ ਹੋ ਜਾਂਦਾ ਹੈ ਜਿਵੇਂ ਕਢਾਈ।

ਸੰਗਿਆ ਦੇ ਤੌਰ ਤੇ ਇਹ ਸ਼ਬਦ, ਢੋਲ, ਕੁੱਤਾ, ਸੱਪ ਦੇ ਅਰਥ ਦਿੰਦਾ ਹੈ ਅਤੇ ਵਿਸ਼ੇਸ਼ਣ ਦੇ ਤੌਰ ਤੇ ਇਹ ਗੁਣਹੀਨ ਨਿਰਗੁਣ ਦੇ ਅਰਥ ਰੱਖਦਾ ਹੈ।

ਇਹ ਅੱਖਰ ਬ੍ਰਹਮੀ ਲਿਪੀ ਦਾ ਵਿਕਸਤ ਰੂਪ ਹੈ। ਦਸਵੀਂ ਸਦੀ ਵਿਚ ਇਹ ਆਪਣੇ ਅਜੋਕੇ ਰੂਪ ਵਿਚ ਪੁੱਜ ਗਿਆ ਸੀ। ਇਸ ਤਰ੍ਹਾਂ ਇਹ ਲਗਭਗ ਦੋ ਹਜ਼ਾਰ ਸਾਲ ਪੁਰਾਣਾ ਹੈ। ਈਸਵੀ ਸੰਨ ਪੂਰਵ ਦੀ ਤੀਸਰੀ ਸਦੀ ਦੀ ਲਿਪੀ ਜੋ ਰਾਜਾ ਅਸ਼ੋਕ ਦੇ ਗਿਰਨਾਰ ਦੀ ਚਟਾਨ ਦੇ ਲੇਖ ਦੀ ਹੈ ਵਿਚ ਢ ਦਾ (ϭ) ਰੂਪ ਹੈ। ਦੂਸਰੀ ਸਦੀ ਵਿਚ ਹੀ ਇਸ ਅੱਖਰ ਦੇ ਰੂਪ ਦੇ ਕਾਫੀ ਨੇੜੇ ਪੁੱਜ ਗਿਆ ਸੀ। ਇਸ ਦਾ ਰੂਪ (=) ਸੀ ਇਹ ਕਸਤ੍ਰਪ ਵੰਸ਼ੀ ਰਾਜਾ ਰੁਦ੍ਰਦਾਮਾ ਦੇ ਗਿਰਨਾਰ ਦੀ ਚਟਾਨ ਤੇ ਉਕਰੇ ਲੇਖ ਵਿਚੋਂ ਹੈ। (ਅੱਠਵਾਂ ਲਿਪੀ ਪੱਤਰ-ਪ੍ਰਾਚੀਨ ਲਿਪੀ ਮਾਲਾ) ਚੌਥੀ ਸਦੀ ਵਿਚ ਰਾਜਾ ਜਯਵਰਮਨ ਦੇ ਦਾਨ ਪੱਤਰ ਦੀ ਲਿਪੀ ਵਿਚ ਇਸ ਅੱਖਰ ਦੇ ਵਿਚਕਾਰ ਦੀ ਖੱਬੇ ਪਾਸੇ ਦੀ ਘੁੰਡੀ ਮੁੜੀ ਹੋਈ ਵੇਖਣ ਵਿਚ ਆਉਂਦੀ ਹੈ। ਇਥੇ ਇਸ ਦਾ (—) ਇਹ ਰੂਪ ਬਣ ਗਿਆ। ਰਾਜਾ ਸਮੁਦਰਗੁਪਤ ਦੇ ਅਲਾਹਾਬਾਦ ਦੇ ਲੇਖ ਦੀ ਲਿਪੀ ਵਿਚ ਇਹ ਘੁੰਡੀ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਹੈ। ਇਥੇ ਇਸ ਦਾ ਇਹ ( ‿ ) ਰੂਪ ਹੈ। ਛੇਵੀਂ ਸਦੀ ਵਿਚ ਹੋਰਯੂਜੀ ਦੇ ਮਨ ਦੇ ਲੇਖ ਦੀ ਲਿਪੀ ਵਿਚ ਇਸ ਅੱਖਰ ਦਾ ਰੂਪ ( ‿‿ ) ਵੇਖਣ ਵਿਚ ਆਉਂਦਾ ਹੈ ਜੋ ਕਾਫ਼ੀ ਹਦ ਤਕ ਅਜੋਕੇ ਰੂਪ ਦੇ ਨੇੜੇ ਹੈ। ਵਿਕਾਸ ਕ੍ਰਮ ਦਾ ਸਫ਼ਰ ਤੈਅ ਕਰਦਾ ਹੋਇਆ ਇਹ ਤੇਰ੍ਹਵੀਂ ਸਦੀ ਤਕ ਆ ਪਹੁੰਚਿਆ ਇਸ ਸਦੀ ਵਿਚ ਸ਼ਕੁੰਤਲਾ ਨਾਟਕ ਦੀ ਹੱਥਲਿਖਤ ਲਿਪੀ ਤੋਂ ਇਸ ਦਾ ਇਹ ਰੂਪ ਬਣ ਗਿਆ। ਇਸ ਉਪਰੰਤ ਟਾਕਰੀ, ਡੋਗਰੀ ਲਿਪੀਆਂ ਵਿਚ ਇਸ ਦਾ ਅਜੋਕਾ ਰੂਪ ਬਣ ਗਿਆ।

| | | | |
|---|---|---|---|
| | ਅੱਜ ਦੀ ਗੁਰਮੁਖੀ | | ਢ |
| ਗੁਪਤ ਲਿਪੀ | ਅਲਾਹਾਬਾਦ | ( 375 ਈ. ) | |
| | ਬਾਵਰ | ( 400-500 ਈ. ) | |
| ਕੁਟਿਲ ਲਿਪੀ | ਮੰਦਸੋਰ | ( 532 ਈ. ) | |
| | ਹੋਰਯੂਜੀ | ( 500-550 ਈ. ) | |
| | ਹਰਸ਼ ਸਮੇਂ ਦੀ ਲਿਖਤ | ( 606-647 ਈ. ) | |
| | ਮੇਰੂ ਵਰਮਾ ਚੰਬਾ | ( 800 ਈ. ) | |
| | ਬਖਸ਼ਾਲੀ | ( 800 ਈ. ) | |
| ਸ਼ਾਰਦਾ ਲਿਪੀ | ਸਰਾਹਾਂ | ( 10 ਵੀਂ ਸਦੀ ) | |
| | ਸੁੰਗਲ | ( 11 ਵੀਂ ਸਦੀ ) | |
| | ਕਲੈਤ ( 11 ਵੀਂ ਸਦੀ ) ਬੈਜਨਾਥ | ( 1204 ਈ. ) | |
| | ਕੁੱਲੂ | ( 1559 ਈ. ) | |
| | ਸ਼ਕੁੰਤਲਾ | ਖਰੜਾ ( 16 ਵੀਂ ਸਦੀ ) | |
| | ਸ਼ਾਰਦਾ | ( ਮੌਜੂਦਾ ) | |
| | ਟਾਕਰੀ | | |
| | ਲੰਡੇ | | |
| | ਡੋਗਰੀ | | |
| ਗੁਰਮੁਖੀ ਲਿਪੀ | ਪੋਥੀਆਂ ਬਾਬਾ ਮੋਹਨ ਜੀ | ( 1559-1574 ਈ. ) | |
| | ਬੀੜ ਧਰਮਸ਼ਾਲਾ ਹਕੀਮਂ ਬੂਟਾ ਸਿੰਘ | (16 ਵੀਂ ਸਦੀ) | |
| | ਸਾਖੀ ਵਲਾਇਤ ਵਾਲੀ | ( 17 ਵੀਂ ਸਦੀ ) | |
| | ਦਸ਼ਮੇਸ਼ ਦਾ ਸ਼ਿਕਸਤਾ | ( ਲਗਭਗ 18 ਵੀਂ ਸਦੀ ) | |
| | ਪਾਦਰੀਆਂ ਵਾਲਾ ਟਾਈਪ | ( 1850 ਈ. ) | ਢ |

ਗੁਰੂ ਨਾਨਕ ਦੇਵ ਜੀ ਵਲੋਂ ਲਿਖੀ ਗਈ 'ਪੱਟੀ' ਸਿਰਲੇਖ ਵਾਲੀ ਬਾਣੀ ਵਿਚ ਇਹ ਸਤ੍ਹਾਰਵਾਂ ਅੱਖਰ ਹੈ। ਇਹ ਬਾਣੀ ਗੁਰਮੁਖੀ ਲਿਪੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਦਾ ਸਲੋਕ ਸਬੰਧਤ ਅੱਖਰ ਨਾਲ ਸ਼ੁਰੂ ਕੀਤਾ ਗਿਆ ਹੈ

"ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ"।

ਬ੍ਰਹਮੀ ਲਿਪੀ ਦੇ ਰੂਪ ਤੋਂ ਲੈ ਕੇ ਅਜੋਕੇ ਰੂਪ ਤਕ ਇਹ ਅੱਖਰ ਥੋੜ੍ਹੇ ਥੋੜ੍ਹੇ ਬਦਲਵੇਂ ਰੂਪ ਵਿਚ ਵਿਕਸਤ ਹੋਇਆ। ਪਹਿਲਾਂ ਇਸ ਦੇ ਵਿਚਕਾਰ ਦੀ ਖੱਬੇ ਪਾਸੇ ਦੀ ਘੁੰਡੀ ਨਹੀਂ ਸੀ ਜੋ ਹੌਲੀ ਹੌਲੀ ਪੂਰੀ ਤਰ੍ਹਾਂ ਬਣਤਰ ਵਿਚ ਆ ਗਈ। ਦੂਜੀਆਂ ਕੁਝ ਕੁ ਲਿਪੀਆਂ ਦਾ ਇਸ ਅੱਖਰ ਦੀ ਬਣਤਰ ਨੂੰ ਦਰਸਾਉਂਦਾ ਚਾਰਟ ਨਿਮਨ ਅਨੁਸਾਰ ਹੈ :—

| | ਸੰਧੂ | ਬ੍ਰਹਮੀ | ਪਾਲੀ | ਕੁਟਿਲ | ਨਾਗਰੀ |
|---|---|---|---|---|---|
| | [illegible] | [illegible] | [illegible] | [illegible] | [illegible] |

| ਸ਼ਾਰਦਾ | ਟਾਕਰੀ | ਲੰਡੇ | ਗੁਰਮੁਖੀ | ਦੇਵਨਾਗਰੀ |
|---|---|---|---|---|
| [illegible] | [illegible] | — | [illegible] | [illegible] |

ਹ.ਪੁ.—ਭਾ. ਪ੍ਰ. ਲਿ.ਮ.ਗੁ.ਲਿ.ਵਿ. ਅ. —ਡਾ. ਈਸ਼ਰ ਸਿੰਘ ਤਾਂਘ; ਗੁ. ਲਿ. ਡਾ. ਗੁਰਦੇਵ ਸਿੰਘ; ਮ. ਕੋ

**ਢਕੌਲੀ** : ਪੰਜਾਬ ਦਾ ਇਹ ਇਤਿਹਾਸਕ ਪਿੰਡ ਪਟਿਆਲਾ ਜ਼ਿਲ੍ਹੇ ਦੀ ਡੇਰਾ ਬਸੀ ਤਹਿਸੀਲ ਵਿਚ ਹੈ। ਇਥੋਂ ਦੀ ਮਹੱਤਤਾ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਬੰਧ ਵਿਚ ਬਣੇ ਹੋਏ ਗੁਰਦੁਆਰੇ ਕਰਕੇ ਹੈ ਜੋ ਇਸ ਪਿੰਡ ਤੋਂ ਉੱਤਰ ਦੀ ਦਿਸ਼ਾ ਵੱਲ ਲਗਭਗ ਇਕ ਕਿਲੋਮੀਟਰ ਦੀ ਦੂਰੀ ਉਤੇ ਹੈ। ਇਸ ਨੂੰ ਬਾਉਲੀ ਸਾਹਿਬ ਕਿਹਾ ਜਾਂਦਾ ਹੈ। ਜਦੋਂ ਗੁਰੂ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਨ ਤਾਂ ਗੁਰੂ ਜੀ ਨੇ ਇਸ ਥਾਂ ਉੱਤੇ ਚਰਨ ਪਾਏ। ਉਨ੍ਹਾਂ ਨੇ ਬਰਛਾ ਮਾਰ ਕੇ ਜਲ ਕਢਿਆ। ਉਸ ਥਾਂ ਉਤੇ ਸੁੰਦਰ ਤਲਾਬ ਬਣਿਆ ਹੋਇਆ ਹੈ ਅਤੇ ਗੁਰਦੁਆਰਾ ਵੀ ਨਾਲ ਹੀ ਹੈ। ਗੁਰਦੁਆਰੇ ਦੇ ਨਾਂ ਕੁਝ ਜ਼ਮੀਨ ਵੀ ਲੱਗੀ ਹੋਈ ਹੈ।

ਹ.ਪੁ.—ਮ. ਕੋ.

**ਢੰਡ** : ਇਹ ਪਿੰਡ ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਤਰਨ ਤਾਰਨ ਵਿਚ ਖਾਸਾ ਰੇਲਵੇ ਸਟੇਸ਼ਨ ਤੋਂ 8 ਕਿਲੋਮੀਟਰ ਦੱਖਣ ਵੱਲ ਹੈ। ਇਸ ਪਿੰਡ ਦੀ ਮਹੱਤਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰੇ ਕਰਕੇ ਹੈ। ਇਹ ਗੁਰਦੁਆਰਾ ਪਿੰਡ ਦੇ ਨਾਲ ਹੀ ਪੱਛਮ ਵੱਲ ਨੂੰ ਹੈ। ਗੁਰੂ ਜੀ ਪ੍ਰਚਾਰ ਕਰਦੇ-ਕਰਦੇ ਇਸ ਇਲਾਕੇ ਵਿਚ ਆਏ ਸਨ। ਪਹਿਲਾਂ ਉਨ੍ਹਾਂ ਨੇ ਕਸੇਲ ਪਿੰਡ ਵਿਚ ਚਰਨ ਪਾਏ ਅਤੇ ਫਿਰ ਇਸ ਸਥਾਨ ਨੂੰ ਪਵਿੱਤਰ ਕੀਤਾ ਸੀ। ਇਥੇ ਸਾਧਾਰਣ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ ਅਤੇ ਆਲੇ ਦੁਆਲੇ ਰਿਹਾਇਸ਼ੀ ਮਕਾਨ ਹਨ। ਸਾਰਾ ਪਿੰਡ ਸਿੱਖਾਂ ਦਾ ਹੈ। ਇਸ ਗੁਰਦੁਆਰੇ ਦੇ ਨਾਂ ਸਾਢੇ ਪੰਜ ਕਨਾਲ ਜ਼ਮੀਨ ਰਸਾਲਦਾਰ ਵਰਿਆਮ ਸਿੰਘ ਨੇ ਲਗਵਾਈ ਹੋਈ ਹੈ। ਗੁਰਦੁਆਰੇ ਦੇ ਨਾਲ ਹੀ ਇਕ ਛੱਪੜ ਹੈ। ਕਿਹਾ ਜਾਂਦਾ ਹੈ ਕਿ ਇੱਥੇ ਗੁਰੂ ਜੀ ਦੇ ਚਰਨ ਧੋਤੇ ਸਨ। ਇਥੋਂ ਦੇ ਲੋਕ ਇਸ ਛੱਪੜ ਨੂੰ ਪੱਕਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਰ ਸਾਲ ਭਾਦੋਂ ਦੀ ਮੱਸਿਆ ਨੂੰ ਇਥੇ ਮੇਲਾ ਲਗਦਾ ਹੈ।

ਹ.ਪੁ.—ਮ.ਕੋ. 425

**ਢੱਡ-ਸਾਰੰਗੀ** : ਢੱਡ ਇਕ ਪ੍ਰਕਾਰ ਦਾ 'ਲੈਅ ਅਤੇ ਤਾਲ' ਵਾਲਾ ਸਾਜ਼ ਹੁੰਦਾ ਹੈ ਜਿਸ ਉੱਤੇ ਚਮੜਾ ਮੜ੍ਹਿਆ ਹੁੰਦਾ ਹੈ ਅਤੇ ਇਸ ਦੀ ਸ਼ਕਲ ਡਮਰੂ ਵਰਗੀ ਹੁੰਦੀ ਹੈ। ਡਫਲੀ ਅਤੇ ਖੰਜਰੀ ਵੀ ਇਸੇ ਸ਼੍ਰੇਣੀ ਦੇ ਸਾਜ਼ ਹਨ। ਢੱਡ ਨੂੰ ਖੱਬੇ ਹੱਥ ਵਿਚ ਪਕੜ ਕੇ ਸੱਜੇ ਹੱਥ ਦੀਆਂ ਉਂਗਲਾਂ ਨਾਲ ਵਜਾਇਆ ਜਾਂਦਾ ਹੈ। ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਇਸ ਦੇ ਵੱਖ ਵੱਖ ਨਾਮ ਅਤੇ ਆਕਾਰ-ਪ੍ਰਕਾਰ ਪ੍ਰਚੱਲਤ ਹਨ। ਮਾਨਉੱਲਾਸੀ, ਸੰਗੀਤ ਰਤਨਾਕਰ, ਸੰਗੀਤ ਪਾਰਿਜਾਤ ਅਤੇ ਅਮਰਕੋਸ਼ ਆਦਿ ਗ੍ਰੰਥਾਂ ਵਿਚੋਂ ਡਮਰੂ, ਹੁੱਡਕਾ, ਭੇਰੀ, ਤੱਬਲ (ਤਵਿਲ) ਜਾਂ ਪਟਹ ਆਦਿ ਦੇ ਨਾਵਾਂ ਦਾ ਵਰਣਨ ਉਪਲੱਬਧ ਹੈ।

ਭਾਰਤੀ ਸੰਗੀਤ ਦੇ ਪ੍ਰਾਚੀਨ ਅਤੇ ਮੱਧਕਾਲੀਨ ਲੋਕ-ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਹੁੱਡਕਾ (Huduka) ਦੀ ਸ਼ਕਲ ਅਤੇ ਵਾਦਨ ਵਿਧੀ ਢੱਡ ਵਰਗੀ ਹੈ। ਭਾਰਤੀਯ ਸੰਗੀਤ ਵਾਦਯ (ਕਰਤਾ ਡਾ. ਲਾਲਮਣੀ ਮਿਸ਼ਰ) ਪੁਸਤਕ ਦੇ ਚਿੱਤਰ ਨੰ: 159, 160, 180 ਆਦਿ ਤੋ ਇਹ ਗੱਲ ਸਪਸ਼ਟ ਹੁੰਦੀ ਹੈ। ਪੰਜਾਬ, ਹਰਿਆਣਾ, ਰਾਜਸਥਾਨ ਅਤੇ ਦੱਖਣੀ ਭਾਰਤ ਦੇ ਕਈ ਪੇਂਡੂ ਇਲਾਕਿਆਂ ਵਿਚ ਢੱਡ ਸਾਜ਼ ਅੱਜਕੱਲ੍ਹ ਵੀ ਲੋਕ ਗੀਤਾਂ (ਵਾਰ ਗਾਇਨ) ਨਾਲ ਵਜਾਇਆ ਜਾਂਦਾ ਹੈ।

**ਸਾਰੰਗੀ** — ਇਕ ਅਜਿਹਾ ਲੋਕ ਸਾਜ਼ ਹੈ ਜਿਸ ਦੀ ਵਰਤੋਂ ਭਾਰਤੀ ਸੰਗੀਤ ਦੇ ਹਰ ਖੇਤਰ ਵਿਚ ਕੀਤੀ ਜਾਂਦੀ ਹੈ। ਗਾਇਨ, ਵਾਦਨ ਅਤੇ ਨਿਰਤ ਤਿੰਨਾਂ ਦੀ ਸੰਗਤ ਅਤੇ ਸਾਰੰਗੀ ਦਾ ਸੁਤੰਤਰ ਵਾਦਨ (ਸੋਲੋ) ਵੀ ਆਧੁਨਿਕ ਸੰਗੀਤ ਵਿਚ ਪ੍ਰਚੱਲਤ ਹੈ। ਸ਼ਾਇਦ ਇਸ ਕਰਕੇ ਕਈ ਸੰਗੀਤਕਾਰ ਸਾਰੰਗੀ ਦੀ ਉਪਮਾ ਵਿਚ ਇਹ ਕਹਿੰਦੇ ਹਨ ਕਿ 'ਸੌ ਰੰਗ ਸਾਰੰਗੀ ਕੇ'।

**ਸਾਰੰਗੀ**

ਇਕ ਲੱਕੜੀ ਦੇ ਖੋਲ ਤੋਂ ਬਣਦੀ ਹੈ। ਇਸ ਦੇ ਹੇਠਲੇ ਹਿੱਸੇ ਤੇ ਚਮੜਾ ਮੜ੍ਹਿਆ ਹੁੰਦਾ ਹੈ। ਉਪਰ ਤਾਂਦ (ਮਾਸ) ਦੀਆਂ ਤਾਰਾਂ ਹੁੰਦੀਆਂ ਹਨ। ਇਸ ਨੂੰ ਖੱਬੇ ਹੱਥ ਦੀਆਂ ਉਂਗਲਾਂ ਦੇ ਨਹੁੰ ਨਾਲ ਵਜਾਇਆ ਜਾਂਦਾ ਹੈ। ਸੱਜੇ ਹੱਥ ਵਿਚ ਇਕ ਗਜ਼ ਜਾਂ ਕਮਾਨੀ (Bow) ਹੁੰਦੀ ਹੈ ਜਿਸ ਵਿਚ ਘੋੜੇ ਦੀ ਪੂਛ ਦੇ ਵਾਲ ਹੁੰਦੇ ਹਨ। ਗਜ਼ ਨੂੰ ਤਾਰਾਂ ਨਾਲ ਰਗੜ ਕੇ ਆਵਾਜ਼ ਕੱਢੀ ਜਾਂਦੀ ਹੈ। ਸਾਰੰਗੀ ਦੀ ਅਵਾਜ਼ ਸਾਰੇ ਸਾਜ਼ਾਂ ਨਾਲੋਂ ਮਧੁਰ ਹੁੰਦੀ ਹੈ।

ਢੱਡ ਅਤੇ ਸਾਰੰਗੀ ਦੀ ਇਕੱਠੀ ਵਰਤੋਂ ਪੰਜਾਬੀ ਲੋਕ ਗੀਤਾਂ ਨਾਲ ਆਮ ਪ੍ਰਚੱਲਤ ਹੈ। ਲੰਬੀਆਂ ਕਵਿਤਾਵਾਂ, ਪੇਂਡੂ ਗੀਤ, ਯੁੱਧ ਅਤੇ ਸੂਰਬੀਰਾਂ ਦੀਆਂ ਵਾਰਾਂ ਢੱਡ ਸਾਰੰਗੀ ਨਾਲ ਗਾ ਕੇ ਬੀਰ ਰਸ ਅਤੇ ਉਤਸ਼ਾਹ ਪ੍ਰਗਟ ਕੀਤਾ ਜਾਂਦਾ ਹੈ।

ਦਰਸ਼ਨ ਸਿੰਘ ਨਰੂਲਾ

**ਢਢੋਗਲ** : ਭਾਰਤ ਦੇ ਪੰਜਾਬ ਰਾਜ ਦੇ ਸੰਗਰੂਰ ਜ਼ਿਲ੍ਹੇ ਵਿਚ ਮਾਲੇਰਕੋਟਲਾ ਤਹਿਸੀਲ ਦਾ ਇਹ ਇਕ ਪਿੰਡ ਹੈ ਜਿਹੜਾ ਧੂਰੀ ਤੋਂ 11 ਕਿ.ਮੀ. (ਲ. 7 ਮੀਲ) ਦੀ ਦੂਰੀ ਤੇ ਧੂਰੀ-ਅਮਰਗੜ੍ਹ ਸੜਕ ਉਤੇ ਵਾਕਿਆ ਹੈ।

ਸਰਦਾਰ ਭਗਤ ਸਿੰਘ ਨਾਂ ਦਾ ਇਕ ਦੇਸ਼ ਭਗਤ ਇਸੇ ਹੀ ਪਿੰਡ ਦਾ ਜੰਮਪਲ ਸੀ। ਉਹ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦਾ ਇਕ ਸਹਿ-ਸਾਥੀ ਸੀ। ਉਸ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ

ਪਹਿਲਾਂ ਬਰਤਾਨਵੀ ਸਰਕਾਰ ਵਿਰੁੱਧ ਅਤੇ ਬਾਅਦ ਵਿਚ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਮਹਾਰਾਜੇ ਵਿਰੁੱਧ ਬਗ਼ਾਵਤ ਕੀਤੀ। ਮਹਾਰਾਜੇ ਨੇ ਉਸਨੂੰ ਨਾਰਨੌਲ ਵਿਖੇ ਜੇਲ੍ਹ ਭੇਜ ਦਿਤਾ ਸੀ ਅਤੇ ਉਥੇ ਹੀ ਉਸ ਦੀ ਮੌਤ ਹੋ ਗਈ। ਉਸ ਦੀ ਲਾਸ਼ ਨੂੰ ਸੰਸਕਾਰ ਲਈ ਇਸ ਪਿੰਡ ਵਿਚ ਲਿਆਂਦਾ ਗਿਆ। ਇਸ ਥਾਂ ਤੇ 24 ਸਾਉਣ ਨੂੰ ਹਰ ਸਾਲ ਉਸ ਦੇ ਸ਼ਹੀਦੀ ਦਿਹਾੜੇ ਤੇ ਤਿੰਨ-ਰੋਜ਼ਾ ਮੇਲਾ ਲਗਦਾ ਹੈ ਅਤੇ ਕਾਫ਼ੀ ਗਿਣਤੀ ਵਿਚ ਲੋਕ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਇਸ ਤੋਂ ਇਲਾਵਾ ਭਾਦੋਂ ਦੀ 9 ਤਰੀਕ ਨੂੰ ਇਥੇ ਗੁੱਗਾ ਨੌਮੀ ਦਾ ਇਕ ਰੋਜ਼ਾ ਮੇਲਾ ਵੀ ਲਗਦਾ ਹੈ ਜਿਸ ਤੇ ਲਗਭਗ 20,000 ਦੀ ਗਿਣਤੀ ਵਿਚ ਲੋਕ ਇਕੱਠੇ ਹੋ ਜਾਂਦੇ ਹਨ।

ਪਿੰਡ ਵਿਚ ਇਕ ਸਰਕਾਰੀ ਮਿਡਲ ਸਕੂਲ ਅਤੇ ਇਕ ਸਿਹਤ ਕੇਂਦਰ ਵੀ ਹੈ।

ਹ.ਪੁ.—ਡਿਸ. ਗਜ. ਸੰਗ. 442

**ਢਾਂਕ** : ਇਹ ਇਕ ਲੋਕ ਗੀਤ ਜਾਂ ਵਿਧਾਨ ਹੈ ਜਿਹੜਾ ਬ੍ਰਜ ਦੇ ਇਲਾਕੇ (ਮਥੁਰਾ, ਆਗਰਾ) ਵਿਚ ਪ੍ਰਚੱਲਤ ਹੈ। ਇਹ ਉਸ ਵੇਲੇ ਗਾਇਆ ਜਾਂਦਾ ਹੈ ਜਦੋਂ ਕਿਸੇ ਵਿਅਕਤੀ ਨੂੰ ਕੋਈ ਸੱਪ ਕੱਟ ਲਵੇ। ਇਕ ਵਿਅਕਤੀ ਘੜੇ ਉਤੇ ਥਾਲੀ ਰੱਖ ਕੇ ਕਾਠ ਦੀ ਸੋਟੀ ਨਾਲ ਉਸ ਨੂੰ ਵਜਾਉਂਦਾ ਹੈ ਅਤੇ ਉਥੇ ਮੌਜੂਦ ਗਾਇਕ ਲੋਕ ਨਾਗ ਦੇਵਤਾ ਨੂੰ ਖੁਸ਼ ਕਰਨ ਲਈ ਮਿਲ ਕੇ ਇਕ ਸੁਰ ਹੋ ਕੇ ਇਹ ਗੀਤ ਗਾਉਂਦੇ ਹਨ। ਪੇਂਡੂ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਢੰਗ ਨਾਲ ਸੱਪ ਦਾ ਜ਼ਹਿਰ ਖਿਚਿਆ ਜਾਂਦਾ ਹੈ ਅਤੇ ਸੱਪ ਦਾ ਡੱਸਿਆ ਵਿਅਕਤੀ ਬਿਲਕੁਲ ਠੀਕ ਹੋ ਜਾਂਦਾ ਹੈ।

ਹ.ਪੁ.—ਹਿੰ.ਸਾ.ਕੋ. 1 : 348.

**ਢਾਡੀ** : ਇਕ ਸੰਗੀਤਕ ਸਾਜ਼ ਢੱਡ ਜਿਹੜੀ ਇਕ ਕਿਸਮ ਦੀ ਛੋਟੀ ਢੋਲਕੀ ਵਰਗੀ ਹੁੰਦੀ ਹੈ ਅਤੇ ਪਾਸਿਆਂ ਤੋਂ ਵਜਾਈ ਜਾ ਸਕਦੀ ਹੈ, ਨੂੰ ਵਜਾ ਕੇ ਗਾਉਣ ਵਾਲੇ ਕਲਾਕਾਰਾਂ ਨੂੰ ਢਾਡੀ ਆਖਿਆ ਜਾਂਦਾ ਹੈ। ਇਹ ਢਾਡੀ ਆਮ ਕਰਕੇ ਵੀਰਾਂ ਯੋਧਿਆਂ ਦੇ ਉਤਸ਼ਾਹ ਵਧਾਉਣ ਵਾਲੇ ਕਾਰਨਾਮਿਆਂ ਨੂੰ ਵਿਖਿਆਨ ਤੇ ਵਾਰਾਂ ਦੇ ਰੂਪ ਵਿਚ ਓਜਪੂਰਨ ਸ਼ੈਲੀ ਵਿਚ ਗਾ ਕੇ ਸ੍ਰੋਤਿਆਂ ਵਿਚ ਵੀਰ ਭਾਵਨਾ ਤੇ ਉਤਸ਼ਾਹ ਭਰਦੇ ਹਨ। ਢਾਡੀ ਜਥਾ ਆਮ ਤੌਰ ਤੇ ਚਾਰ ਕਲਾਕਾਰਾਂ ਦਾ ਹੁੰਦਾ ਹੈ। ਦੋ ਢੱਡ ਵਜਾਉਂਦੇ ਹਨ, ਇਕ ਸਾਰੰਗੀ (ਜਾਂ ਰਬਾਬ) ਵਜਾਉਂਦਾ ਹੈ ਅਤੇ ਚੌਥਾ ਵਿਖਿਆਨ ਕਰਦਾ ਹੈ ਤੇ ਇਤਿ-ਹਾਸ ਸੁਣਾਉਂਦਾ ਹੈ। ਦੋ ਢੱਡ ਵਜਾਉਣ ਵਾਲੇ ਬੀਰ ਰਸ ਪੈਦਾ ਕਰਨ ਲਈ ਖ਼ੂਬ ਉੱਚੀ ਤੇ ਕੜਕਵੀਂ ਆਵਾਜ਼ ਵਿਚ ਵਾਰ ਦੀ ਤਰਜ਼ ਤੇ ਪਉੜੀ ਗਾਉਂਦੇ ਹਨ। ਸਾਰੰਗੀ ਵਾਲਾ ਆਮ ਕਰਕੇ ਸਾਜ਼ ਹੀ ਵਜਾਉਂਦਾ ਹੈ ਆਪ ਨਹੀਂ ਗਾਉਂਦਾ। ਇਹ ਢਾਡੀ ਕਲਾਕਾਰ ਅਕਸਰ ਯੋਧਿਆਂ ਦਾ ਜਸ ਗਾਂਉਂਦੇ ਹਨ ਜਿਸ ਕਾਰਨ ਢਾਡੀ ਦੇ ਅਰਥ ਜਸ ਗਾਉਣ ਵਾਲਾ, ਗੁਣ ਗਾਉਣ ਵਾਲਾ, ਕੀਰਤੀ ਕਰਨ ਵਾਲਾ ਆਦਿ ਪ੍ਰਚੱਲਤ ਹੋ ਗਏ। ਸੂਰਦਾਸ ਨੇ ਵੀ ਆਪਣੇ ਆਪ ਨੂੰ ਢਾਡੀ ਕਿਹਾ ਹੈ-

'ਹਉਂ ਤੌ ਤੇਰੇ ਕੌ ਢਾਡੀ ਸੂਰਦਾਸ ਮੇਰੋ ਨਾਉਂ'

ਗੁਰੂ ਨਾਨਕ ਤੇ ਉਨ੍ਹਾਂ ਤੋਂ ਮਗਰਲੇ ਗੁਰੂ ਸਾਹਿਬਾਨ ਨੇ ਵੀ ਆਪਣੇ ਆਪ ਨੂੰ ਪਰਮਾਤਮਾ ਦੇ ਢਾਡੀ ਆਖਿਆ ਹੈ—

- ਢਾਡੀ ਕਥੇ ਅਕਥੁ ਸਬਦਿ ਸੁਣਾਇਆ॥

(ਵਾਰ ਮਾ. ਮਹਲਾ ੧)

- ਢਾਡੀ ਕਰੇ ਪੁਕਾਰ ਪ੍ਰਭੁ ਸੁਣਾਇਸੀ॥

(ਵਾਰ ਗੂਜਰੀ ਮਹਲਾ ੩

- ਢਾਡੀ ਦਰਿ ਪ੍ਰਭੁ ਮੰਗਣਾ ਦਰੁ ਕਦੇ ਨਾ ਛੋਡੇ॥

(ਵਾਰ ਗਉੜੀ ਮਹਲਾ ੫

ਵੀਰਾਂ ਦੀ ਉਤਸ਼ਾਹ ਪੂਰਨ ਗਾਥਾ ਨੂੰ ਗਾਉਣ ਦੀ ਪ੍ਰਥਾ ਬੜ ਪੁਰਾਣੀ ਹੈ। ਚਾਰਨ-ਭੱਟ-ਢਾਡੀ ਆਦਿ ਜੁਗਾਦਿ ਤੋਂ ਵੀਰ ਗਾਥ ਗਾਉਂਦੇ ਆਏ ਹਨ। ਬਹੁਤੀਆਂ ਵਾਰਾਂ ਇਨ੍ਹਾਂ ਦੀਆਂ ਆਪਣੀਅ ਕਿਰਤਾਂ ਸਨ-ਢਾਡੀ ਦਾਸ ਵਖਾਣੀ ਪਉੜੀ ਰਾਗ ਕੀ-ਇਸ ਦ ਇਕ ਪ੍ਰਮਾਣ ਹੈ। ਇਹ ਭਾਵੇਂ ਅਨਪੜ੍ਹ ਹੁੰਦੇ ਸਨ ਪਰ ਇਨ੍ਹਾਂ ਦ ਜੀਵਨ ਅਨੁਭਵ ਬੜਾ ਵਿਸ਼ਾਲ ਹੁੰਦਾ ਸੀ ਜਿਸ ਕਾਰਨ ਇਹ ਵਾਰ ਰਚਦੇ ਸਨ ਤੇ ਜ਼ਬਾਨੀ ਯਾਦ ਰੱਖਦੇ ਸਨ। ਇਹ ਵਾਰਾਂ ਮਗਰੋ ਸੀਨਾ-ਬ-ਸੀਨਾ ਮੌਖਿਕ ਪਰੰਪਰਾ ਅਨੁਸਾਰ ਜੀਵਤ ਰਹੀਆਂ।

ਮਰਾਸੀ/ਡੂਮ ਆਮ ਤੌਰ ਤੇ ਗਵੱਈਏ ਸਨ। ਇਨ੍ਹਾਂ ਦੇ ਪ੍ਰਮੁੱ ਦੋ ਭਾਈਚਾਰਕ ਵਰਗ ਸਨ- ਰਬਾਬੀ ਤੇ ਢਾਡੀ। ਰਬਾਬੀ ਰਾ ਦਰਬਾਰਾਂ ਅਤੇ ਰਈਸਾਂ ਦੀਆਂ ਮਹਿਫ਼ਲਾਂ ਵਿਚ ਰਾਗ ਵਿਦਿਆ ਜੌਹਰ ਵਿਖਾਉਂਦੇ ਸਨ ਤੇ ਢਾਡੀ ਜੋਧਿਆਂ, ਵੀਰਾਂ ਦੇ ਜਸ ਗਾਇ ਦਾ ਕੰਮ ਕਰਦੇ ਸਨ। ਇਨ੍ਹਾਂ ਦਾ ਰਾਜ ਦਰਬਾਰਾਂ ਵਿਚ ਬਹੁਤ ਮਾ ਸਤਿਕਾਰ ਸੀ। ਕਈ ਮਰਾਸੀ ਰਬਾਬੀ ਵੀ ਸਨ ਤੇ ਢਾਡੀ ਵੀ। ਪੰਜਾ ਤੇ ਰਾਜਸਥਾਨ ਦੇ ਰਾਜ ਦਰਬਾਰਾਂ ਵਿਚ ਭੱਟ, ਚਾਰਣ ਤੇ ਢਾਡੀਅ ਦਾ ਬੜਾ ਮਾਣ ਸਤਿਕਾਰ ਸੀ। ਇਹ ਲੋਕ ਸੰਗੀਤ ਕਲਾ ਤੇ ਭਾਸ਼ ਕਲਾ ਵਿਚ ਬੜੇ ਪ੍ਰਬੀਨ ਹੁੰਦੇ ਸਨ। ਇਹ ਯੁੱਧ ਦਾ ਦ੍ਰਿਸ਼ ਵਰਣ ਇਉਂ ਕਰਦੇ ਸਨ ਕਿ ਸ਼ਰੋਤੇ ਨੂੰ ਜਾਪਣ ਲਗ ਪੈਂਦਾ ਸੀ ਕਿ ਮੇ ਸਾਹਮਣੇ ਸਭ ਕੁਝ ਵਾਪਰ ਰਿਹਾ ਹੈ। ਇਹ ਬੜੇ ਦਲੇਰ ਹੁੰਦੇ ਸਨ ਇਹ ਯੁੱਧ ਦੌਰਾਨ ਫੌਜਾਂ ਨਾਲ ਗਾਉਂਦੇ ਤੇ ਉਨ੍ਹਾਂ ਨੂੰ ਉਤਸ਼ਾਹਿ ਕਰਦੇ ਸਨ। ਇਨ੍ਹਾਂ ਨੇ ਯੁੱਧ ਦਾ ਨਜ਼ਾਰਾ ਅੱਖੀਂ ਵੇਖਿਆ ਹੁੰਦਾ ਜਿਸ ਕਾਰਨ ਇਨ੍ਹਾਂ ਦਾ ਬਿਆਨ ਬੜਾ ਸਜੀਵ ਹੁੰਦਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਿੰ ਨੀਤੀ ਵਿਚ ਬੜਾ ਵੱਡਾ ਪਰਿਵਰਤਨ ਆਇਆ। ਭਗਤੀ ਨਾ ਸ਼ਕਤੀ ਦਾ ਸੁਮੇਲ ਕਰ ਦਿਤਾ ਗਿਆ। ਗੁਰੂ ਹਰਿਗੋਬਿੰਦ ਸਾਹਿਬ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਾ ਲਈਆਂ। ਕੀਰਤਨ ਨਾਲ ਨਾਲ ਦੁਪਹਿਰ ਮਗਰੋਂ ਢਾਡੀਆਂ ਦੇ ਦਰਬਾਰ ਲੱਗਣ ਲੱਟ ਇਸ ਵਿਚ ਵੀਰਾਂ ਦੀ ਦਲੇਰੀ ਦਾ ਜਸ ਗਾਇਨ ਕੀਤਾ ਜਾਂਦਾ। ਮੰ ਅਬਦੁਲਾ ਤੇ ਨੱਥਾ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਦੋ ਪ੍ਰਸਿੱ ਢਾਡੀ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਢਾਡੀਆਂ ਮਾਣ ਸਤਿਕਾਰ ਹੋਰ ਵੀ ਵਧਿਆ। ਯੁੱਧਾਂ ਲਈ ਚਾਅ ਪੈਦਾ ਕਰ ਲਈ ਢਾਡੀ ਵੀਰ ਰਸੀ ਵਾਰਾਂ ਗਾਉਂਦੇ ਤੇ ਲੋਕਾਂ ਵਿਚ ਦੇਸ਼-ਕੌਮ ਖ਼ਾਤਰ ਸ਼ਹੀਦੀਆਂ ਪਾਉਣ ਲਈ ਉਤਸ਼ਾਹ ਪੈਦਾ ਕਰਦੇ। ਰ ਸਾਹਿਬ ਦੇ ਦਰਬਾਰ ਦੇ ਪ੍ਰਸਿੱਧ ਢਾਡੀ ਮੀਰ ਮੁਸ਼ਕੀ ਤੇ ਛਬੀਲਾ ਸ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਉਪਮਾ ਬਹੁਤ ਹੀ ਸੁੰਦਰ ਢੰਗ ਨ ਕੀਤੀ ਹੈ। ਇਨ੍ਹਾਂ ਦੀਆਂ ਰਚਨਾਵਾਂ ਉਪਲੱਬਧ ਨਹੀਂ ਸਨ।

ਇਹ ਢਾਡੀ ਹੁਣ ਤਕ ਸੰਗਤਾਂ ਨੂੰ ਨਿਹਾਲ ਕਰਦੇ ਹ ਪਹਿਲਾਂ ਕੇਵਲ ਮਰਾਸੀ ਹੀ ਢਾਡੀ ਸਨ ਪਰ ਮਗਰੋਂ ਬਹੁਤ ਸ ਕਲਾਕਾਰਾਂ ਨੇ ਇਹ ਪੇਸ਼ਾ ਅਪਣਾ ਲਿਆ। ਪੰਜਾਬ ਦੇ ਕੁਝ ਪ੍ਰਸਿੱਧ ਢਾਡੀ ਹੋਏ ਹਨ ਜਿਵੇਂ ਮੀਰ ਅਬਦੁੱਲਾ, ਮੀਰ ਨੱਥਾ ਮਲ, ਛਬੀਲਾ, ਮੀਰ ਮੁਸ਼ਕੀ, ਭਾਈ ਸ਼ੇਰੂ, ਭਾਈ ਲਭੂ, ਭਾਈ ਕਾਲੂ, ਭ

ਅਤਰਾ, ਭਾਈ ਚਤਰਾ, ਭਾਈ ਸੰਤ ਸਿੰਘ, ਭਾਈ ਰੂੜਾ, ਭਾਈ ਮੀਰੂ, ਭਾਈ ਲਾਭ ਸਿੰਘ, ਭਾਈ ਹੁਕਮਾ, ਭਾਈ ਫੇਰੂ, ਭਾਈ ਲਸ਼ਕਰੀਆ, ਭਾਈ ਵਲਾਇਤੀ, ਭਾਈ ਸ਼ੇਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਮੱਸਾ ਸਿੰਘ, ਭਾਈ ਦਇਆ ਸਿੰਘ ਦਿਲਬਰ, ਭਾਈ ਉੱਤਮ ਸਿੰਘ ਪਤੰਗ, ਭਾਈ ਸੋਹਣ ਸਿੰਘ ਸੀਤਲ, ਭਾਈ ਪਾਲ ਸਿੰਘ ਪੰਛੀ ਆਦਿ।

ਪੰਜਾਬ ਦੇ ਢਾਡੀਆਂ ਦੀ ਇਕ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਮਾਇਆ ਦੇ ਲੋਭ ਵਸ ਕਿਸੇ ਦੀ ਸਿਫ਼ਤ ਨਹੀਂ ਕੀਤੀ ਕੇਵਲ ਉਨ੍ਹਾਂ ਵੀਰਾਂ, ਗੁਰੂਆਂ, ਪੀਰਾਂ ਦਾ ਜਸ ਗਾਇਆ ਹੈ ਜਿਨ੍ਹਾਂ ਨੇਂ ਵਾਕਿਆ ਹੀ ਕੁਝ ਅਜਿਹੇ ਕਾਰਨਾਮੇ ਕੀਤੇ ਸਨ ਜਿਨ੍ਹਾਂ ਤੋਂ ਆਮ ਲੋਕ ਸੇਧ ਤੇ ਉਤਸ਼ਾਹ ਲੈ ਸਕਦੇ ਸਨ।

ਹ.ਪੁ.—ਅਣਪਛਾਤੀ ਰਾਹ-ਪ੍ਰਿੰ. ਗੁਰਬਚਨ ਸਿੰਘ ਤਾਲਿਬ; ਮਿਰਾਸੀਆਂ ਦਾ ਪਿਛੋਕੜ ਤੇ ਭਾਈ ਮਰਦਾਨਾ-ਸ਼ਮਸ਼ੇਰ ਸਿੰਘ ਅਸ਼ੋਕ; ਸ੍ਰੀ ਗੁਰੂ ਗ੍ਰੰਥ ਕੋਸ਼-ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ; ਪੰਜਾਬ ਦੀਆਂ ਵਾਰਾਂ- ਡਾ. ਗੰਡਾ ਸਿੰਘ; ਪੰਜਾਬੀ ਵਾਰਾਂ-ਪਿਆਰਾ ਸਿੰਘ ਪਦਮ.

**ਢਾਢਿਸੈਨ** : ਦਸਮ ਗ੍ਰੰਥ ਦੇ 405 ਵੇਂ ਚਰਿਤ੍ਰ ਵਿਚ ਲਿਖਿਆ ਹੈ ਕਿ ਸ੍ਵਾਸਵੀਰਯ ਦਾਨਵ ਨਾਲ ਮਹਾਕਾਲ ਦਾ ਯੁੱਧ ਹੋਣ ਤੇ ਮਹਾਕਾਲ ਦੇ ਪਸੀਨੇ ਤੋਂ ਢਾਢੀਆਂ ਦਾ ਮੂਰਿਸ 'ਢਾਢਿਸੈਨ' ਪੈਦਾ ਹੋਇਆ।

ਹ.ਪੁ.—ਮ. ਕੋ. 565

**ਢਿਲਵਾਂ** : ਇਸ ਨਾਂ ਦੇ ਕਈ ਇਤਿਹਾਸਕ ਸਥਾਨ ਹਨ। ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ, ਥਾਣਾ ਬਰਕੀ ਵਿਚ ਢਿਲਵਾਂ ਨਾਂ ਦਾ ਇਕ ਛੋਟਾ ਜਿਹਾ ਪਿੰਡ ਹੈ। ਇਸ ਦੇ ਦੱਖਣ ਵਾਲੇ ਪਾਸੇ ਨੇੜੇ ਹੀ ਇਕ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ। ਗੁਰੂ ਜੀ ਪਿੰਡਾਂ ਦਾ ਉਧਾਰ ਕਰਦੇ ਕਰਦੇ ਝੱਲੀਆਂ ਤੋਂ ਇਥੇ ਇਕ ਪਿੱਪਲ ਹੇਠ ਆ ਬੈਠੇ। ਇਥੇ ਇਕ ਛੋਟਾ ਜਿਹਾ ਗੁਰਦੁਆਰਾ ਹੈ ਅਤੇ ਇਸ ਦੇ ਨਾਂ ਕੁਝ ਜ਼ਮੀਨ ਲਗੀ ਹੋਈ ਹੈ। ਇਹ ਸਥਾਨ ਰੇਲਵੇ ਸਟੇਸ਼ਨ ਅਟਾਰੀ ਤੋਂ ਲਗਭਗ 13 ਕਿਲੋਮੀਟਰ ਦੱਖਣ ਪੱਛਮ ਵੱਲ ਹੈ।

ਜ਼ਿਲ੍ਹਾ ਸੰਗਰੂਰ, ਥਾਣਾ ਧਨੌਲਾ ਵਿਚ ਵੀ ਢਿਲਵਾਂ ਨਾਂ ਦਾ ਇਕ ਪਿੰਡ ਹੈ। ਇਥੇ ਦੋ ਗੁਰਦੁਆਰੇ ਹਨ। ਇਕ ਗੁਰਦੁਆਰਾ ਪਿੰਡ ਤੋਂ ਦੱਖਣ ਪੂਰਬ ਵਲ ਲਗਭਗ 2 ਕਿਲੋਮੀਟਰ ਦੂਰ ਹੈ। ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ। ਜਦੋਂ ਗੁਰੂ ਜੀ ਧੌਲੇ ਤੋਂ ਆਏ ਤਾਂ ਇਥੇ ਪੰਜ ਇਸ਼ਨਾਨਾ ਕੀਤਾ ਅਤੇ ਕੁਝ ਚਿਰ ਆਰਾਮ ਕੀਤਾ। ਇਥੇ ਮੰਜੀ ਸਾਹਿਬ ਬਣਿਆ ਹੋਇਆ ਹੈ।

ਇਸੇ ਪਿੰਡ ਤੋਂ ਦੱਖਣ ਵੱਲ ਇਕ ਫਰਲਾਂਗ ਦੀ ਵਿੱਥ ਉਤੇ ਇਕ ਹੋਰ ਗੁਰਦੁਆਰਾ ਹੈ ਅਤੇ ਇਹ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਹੀ ਬਣਿਆ ਹੈ। ਇਥੇ ਗੁਰੂ ਸਾਹਿਬ ਨੇ ਕਈ ਦਿਨ ਵਿਸ਼ਰਾਮ ਕੀਤਾ। ਸੋ ਇਸੇ ਥਾਂ ਤੇ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਂ ਸਾਬਕਾ ਰਿਆਸਤ ਨਾਭਾ ਵੱਲੋਂ, ਬਾਬਾ ਖੁਸ਼ਹਾਲ ਸਿੰਘ ਵੱਲੋਂ ਤੇ ਪਿੰਡ ਵਾਲਿਆਂ ਵੱਲੋਂ ਜ਼ਮੀਨ ਲਗੀ ਹੋਈ ਹੈ। ਇਹ ਸਥਾਨ ਰੇਲਵੇ ਸਟੇਸ਼ਨ ਤਪੇ ਤੋਂ ਲਗਭਗ 5 ਕਿਲੋਮੀਟਰ ਉੱਤਰ ਪੂਰਬ ਵੱਲ ਹੈ।

ਹ.ਪੁ.—ਮ. ਕੋ. 423.

**ਢਿਲਵਾਂ ਕਲਾਂ** : ਇਹ ਜ਼ਿਲ੍ਹਾ ਫਰੀਦਕੋਟ, ਤਹਿਸੀਲ ਕੋਟਕਪੂਰਾ ਦਾ ਇਕ ਪਿੰਡ ਹੈ ਜੋ ਕੋਟਕਪੂਰਾ ਦੇ ਰੇਲਵੇ ਸਟੇਸ਼ਨ ਤੋਂ ਦੱਖਣ-ਪੂਰਬ ਵੱਲ ਲਗਭਗ ਤਿੰਨ ਕਿਲੋਮੀਟਰ ਦੀ ਵਿੱਥ ਉੱਤੇ ਹੈ। ਇਥੋਂ ਦੀ ਇਤਿਹਾਸਕ ਮਹੱਤਤਾ ਗੁਰਦੁਆਰੇ ਕਰਕੇ ਹੈ ਜੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਬੰਧ ਵਿਚ ਬਣਾਇਆ ਗਿਆ ਹੈ। ਗੁਰੂ ਜੀ ਇਥੇ ਸੋਢੀ ਸਾਹਿਬ ਕੌਲ ਜੀ ਦੇ ਘਰ ਠਹਿਰੇ ਸਨ। ਕੌਲ ਜੀ ਨੇ ਬੇਨਤੀ ਕਰਕੇ ਗੁਰੂ ਜੀ ਤੋਂ ਮਾਛੀਵਾੜੇ ਵਾਲਾ ਨੀਲਾ ਬਾਣਾ ਲੁਹਾਇਆ ਅਤੇ ਉਪਰੰਤ ਗੁਰੂ ਜੀ ਨੇ ਚਿੱਟੇ ਬਸਤਰ ਪਹਿਨੇ। ਨੀਲੀ ਚਾਦਰ ਗੁਰੂ ਜੀ ਨੇ ਅੱਗ ਵਿਚ ਸਾੜ ਦਿਤੀ ਅਤੇ ਉਸ ਸਮੇਂ ਬਚਨ ਕੀਤਾ :-

"ਨੀਲ ਵਸਤ੍ਰ ਲੇ ਕਪਰੇ ਫਾਰੇ, ਤੁਰਕ ਪਠਾਣੀ ਅਮਲ ਗਇਆ।"

ਗੁਰੂ ਸਾਹਿਬ ਦਾ ਨੀਲਾ ਚੋਲਾ ਹੁਣ ਵੀ ਸੋਢੀ ਕੌਲ ਜੀ ਦੀ ਸੰਤਾਨ ਕੋਲ ਹੈ। ਵੈਸਾਖੀ ਨੂੰ ਇਥੇ ਮੇਲਾ ਲਗਦਾ ਹੈ। ਇਸ ਸਥਾਨ ਨੂੰ 'ਗੁਰੂ ਸਰ' ਵੀ ਕਹਿੰਦੇ ਹਨ।

ਹ.ਪੁ.—ਮ. ਕੋ. 423.

**ਢਿੱਲੋਂ** : ਪੰਜਾਬ ਦੇ ਜੱਟਾਂ ਦਾ ਇਕ ਗੋਤ ਹੈ ਜਿਹੜਾ ਗਿਣਤੀ ਪੱਖੋਂ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਖੇਤਰ ਵਿਚ ਫੈਲਿਆ ਹੋਇਆ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਗੁਜਰਾਂਵਾਲਾ (ਪਾਕਿਸਤਾਨ) ਅਤੇ ਅੰਮ੍ਰਿਤਸਰ (ਭਾਰਤ) ਇਸ ਦੇ ਗੜ੍ਹ ਸਨ। ਇਸ ਤੋਂ ਇਲਾਵਾ ਇਹ ਫਿਰੋਜ਼ਪੁਰ ਤੋਂ ਅੱਗੇ ਸਤਲੁਜ ਦੇ ਨਾਲ-ਨਾਲ ਵੀ ਕਾਫ਼ੀ ਵੱਡੀ ਗਿਣਤੀ ਵਿਚ ਵੱਸੇ ਹੋਏ ਹਨ। ਗੋਰਾਇਆ ਜੱਟਾਂ ਵਾਂਗ ਇਹ ਵੀ ਆਪਣਾ ਪਿਛੋਕੜ ਸਰੋਹਾ ਰਾਜਪੂਤਾਂ ਨਾਲ ਜੋੜਦੇ ਹਨ ਅਤੇ ਆਪਣੇ ਆਪ ਨੂੰ ਸਿਰਸਾ/ਸਰਸਾ ਤੋਂ ਆਇਆ ਦੱਸਦੇ ਹਨ। ਇਕ ਹੋਰ ਰਵਾਇਤ ਅਨੁਸਾਰ ਇਹ ਲੂ ਨਾਮੀ ਇਕ ਸੂਰਜਬੰਸੀ ਰਾਜਪੂਤ ਦੇ ਵੰਸ ਵਿੱਚੋਂ ਹਨ ਜਿਹੜਾ ਮਾਲਵੇ ਦਾ ਰਹਿਣ ਵਾਲਾ ਸੀ ਅਤੇ ਦਿੱਲੀ ਦਰਬਾਰ ਵਿਚ ਕਿਸੇ ਅਹੁਦੇ ਦੇ ਲੱਗਿਆ ਹੋਇਆ ਸੀ। ਢਿੱਲੋਂ ਗੋਤ ਅੱਗੇ ਤਿੰਨ ਹੋਰ ਨਾਵਾਂ-ਬਾਜ, ਸਾਜ ਅਤੇ ਸਾਂਡਾ ਵਿਚ ਵੰਡਿਆ ਹੋਇਆ ਹੈ। ਭੰਗੀ ਮਿਸਲ ਦਾ ਮੁਖੀ ਸਰਦਾਰ ਹਰੀ ਸਿੰਘ ਵੀ ਢਿਲੋਂ ਸੀ। ਇਸ ਗੋਤ ਦੇ ਕਈ ਪਿੰਡ ਢਿਲਵ ਜਾਂ ਢਿਲਵਾਂ ਦੇ ਨਾਂ ਨਾਲ ਪ੍ਰਸਿੱਧ ਹਨ।

ਹ.ਪੁ.—ਪੰ.ਕਾ. 119; ਮ.ਕੋ.: 565

**ਢਿਲੋਂ, ਹਰਦਿੱਤ ਸਿੰਘ** : ਪੰਜਾਬੀ ਦੇ ਇਸ ਉੱਘੇ ਲਿਖਾਰੀ ਦਾ ਜਨਮ 1902 ਈ. ਵਿਚ ਪਿੰਡ ਬੁੱਟਰ, ਤਹਿਸੀਲ ਮੋਗਾ ਵਿਖੇ ਹੋਇਆ। ਇਸ ਦਾ ਪਿਤਾ ਸ. ਰਾਮ ਸਿੰਘ ਇਕ ਕੱਟੜ ਸਿੰਘਸਭੀਆ ਸੀ। ਇਸ ਨੇ ਪੀ.ਐਚ.ਡੀ. ਤਕ ਸਿੱਖਿਆ ਪ੍ਰਾਪਤ ਕੀਤੀ। 10 ਸਾਲ ਇਸਨੇ ਅਮਰੀਕਾ ਵਿਚ ਲਾਏ। ਪੱਛਮ ਵਿਚ ਉਚੇਰੀ ਵਿਦਿਆ ਪ੍ਰਾਪਤੀ ਲਈ ਜਾਣ ਕਰਕੇ ਇਸ ਦਾ ਅਨੁਭਵ ਕਾਫ਼ੀ ਵਿਸ਼ਾਲ ਹੋ ਗਿਆ ਅਤੇ ਇਹ ਵੱਖੋ-ਵੱਖ ਪੱਖਾਂ ਤੋਂ ਆਪਣੇ ਦੇਸ਼ ਦਾ ਬਾਹਰਲੇ ਦੇਸ਼ਾਂ ਨਾਲ ਭਲੀ ਭਾਂਤ ਟਾਕਰਾ ਕਰਨ ਦੇ ਯੋਗ ਹੋ ਗਿਆ। ਅਰਥ ਵਿਗਿਆਨ ਸਬੰਧੀ ਪੜ੍ਹਾਈ ਨੇ ਇਸ ਨੂੰ ਇਸ ਸਮੱਰਥ ਕਰ ਦਿੱਤਾ ਕਿ ਉਹ ਆਪਣੇ ਦੇਸ਼ ਦੀ ਗ਼ਰੀਬੀ ਨੂੰ ਇਕ ਅਰਥ ਵਿਗਿਆਨੀ ਦੀ ਦ੍ਰਿਸ਼ਟੀ ਤੋਂ ਘੋਖ ਸਕੇ।

ਇਸ ਦੀਆਂ ਰਚਨਾਵਾਂ 'ਅਰਥ ਵਿਗਿਆਨ ਦੇ ਮੁਢਲੇ ਅਸੂਲ', 'ਗਰੀਬ ਹਿੰਦੁਸਤਾਨ', 'ਪੂਰਬ ਤੇ ਪੱਛਮ', 'ਅਮਰੀਕਾ ਦਾ ਚੱਕਰ', 'ਸਾਡਾ ਦੇਸ਼', (1938) 'ਸੁੰਦਰਵਾੜੀ', 'ਮਹਾਂਪੁਰਸ਼ਾਂ ਦੀ ਬਾਲ ਲੀਲਾ', 'ਭਾਰਤ ਦੇ ਇਤਿਹਾਸਕ ਸਥਾਨ' ਆਦਿ ਹਨ।

ਇਸ ਦੀਆਂ ਲਿਖਤਾਂ ਦੀ ਸ਼ੈਲੀ ਕਾਫ਼ੀ ਨਰੋਈ ਹੈ ਅਤੇ ਇਹ ਆਪਣੇ ਵਿਸ਼ਿਆਂ ਨੂੰ ਸਫਲਤਾ ਨਾਲ ਨਿਭਾਅ ਲੈਂਦਾ ਹੈ। ਇਸ ਦਾ

ਬਿਆਨ ਤਰਕ ਭਰਪੂਰ ਅਤੇ ਵਾਕਫ਼ੀ ਭਰਪੂਰ ਹੁੰਦਾ ਹੈ। ਇਸ ਦੀਆਂ ਰਚਨਾਵਾਂ ਦੀ ਖ਼ਾਸ ਖ਼ੂਬੀ ਇਹ ਵੀ ਹੈ ਕਿ ਇਸ ਨੇ ਅਰਥ ਵਿਗਿਆਨ, ਰਾਜਨੀਤੀ, ਨਾਗਰਿਕ ਸ਼ਾਸਤਰ ਤੇ ਹੋਰ ਵਿਗਿਆਨਕ ਵਿਸ਼ਿਆਂ ਨਾਲ ਸਬੰਧਤ ਅੰਗਰੇਜ਼ੀ ਪਰਿਭਾਸ਼ਕ ਸ਼ਬਦਾਂ ਲਈ ਪੰਜਾਬੀ ਵਿਚ ਢੁਕਵੇਂ ਅਤੇ ਅਨੁਕੂਲ ਸ਼ਬਦ ਲਿਆਂਦੇ ਜੋ ਹੁਣ ਪੰਜਾਬੀ ਦੇ ਉਚੇਰੀ ਵਿਦਿਆ ਦੇ ਮਾਧਿਅਮ ਬਣਨ ਨਾਲ ਪ੍ਰਚੱਲਤ ਹੋ ਰਹੇ ਹਨ। ਇਸ ਦੀ ਵਾਰਤਕ ਸ਼ੈਲੀ ਵਿਚ ਵਿਵੇਕ ਦੀ ਪ੍ਰਧਾਨਤਾ ਹੈ।

ਹ.ਪੁ.—ਪੰ.ਸਾ.ਇ-ਭਾ.ਵਿ.ਪੰਜਾਬ 2 : 467; ਪੰ.ਲਿ.ਕੋ. 164.

**ਢੀਂਗਰਾ, ਮਦਨ ਲਾਲ** : ਮਦਨ ਲਾਲ ਢੀਂਗਰਾ ਸਾਹਸੀ ਕ੍ਰਾਂਤੀਕਾਰੀ ਨੌਜਵਾਨਾਂ ਵਿੱਚੋਂ ਇਕ ਸੀ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਇਸ ਦਾ ਜਨਮ ਪੰਜਾਬ ਰਾਜ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ 1887 ਈ. ਵਿਚ ਹੋਇਆ। ਢੀਂਗਰਾ ਪਰਿਵਾਰ ਨੇ ਭਾਰਤ ਵਿਚਲੇ ਅੰਗਰੇਜ਼ੀ ਰਾਜ ਪ੍ਰਤਿ ਪੂਰੀ ਸੇਵਾ ਅਤੇ ਵਫ਼ਾਦਾਰੀ ਕੀਤੀ।

ਇਸ ਨੇ ਆਪਣੀ ਸਿਖਿਆ ਅੰਮ੍ਰਿਤਸਰ ਅਤੇ ਲਾਹੌਰ ਤੋਂ ਪ੍ਰਾਪਤ ਕੀਤੀ ਅਤੇ ਇਸ ਪਿਛੋਂ 1906 ਵਿਚ ਲੰਡਨ ਵਿਖੇ ਉਚੇਰੀ ਪੜ੍ਹਾਈ ਕਰਨ ਚਲਾ ਗਿਆ ਅਤੇ ਉਸ ਪਿਛੋਂ ਇਸ ਨੇ ਵਿਨਾਇਕ ਸਾਵਰਕਰ ਦੇ ਸੰਪਰਕ ਵਿਚ ਆ ਕੇ ਰਾਜਸੀ ਮੀਟਿੰਗਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਥੇ ਹੀ ਇਸ ਦੇ ਸਿਆਮਜੀ ਕ੍ਰਿਸ਼ਨ ਵਰਮਾ, ਹਰਦਿਆਲ, ਗਿਆਨ ਚੰਦ ਅਤੇ ਕੋਰੇਗੱਖੜ ਨਾਲ ਬਹੁਤ ਨੇੜੇ ਦੇ ਸਬੰਧ ਹੋ ਗਏ ਜਿਹੜੇ ਸਾਰੇ ਹੀ 'ਇੰਡੀਆ ਹਾਊਸ' ਦੇ ਨਾਲ ਜੁੜੇ ਹੋਏ ਸਨ। ਜਦੋਂ ਲੰਡਨ ਵਿਖੇ ਲਾਲਾ ਲਾਜਪਤ ਰਾਏ ਨੇ ਇਕ ਮੀਟਿੰਗ ਵਿਚ ਭਾਸ਼ਣ ਦਿਤਾ ਤਾਂ ਉਸ ਸਮੇਂ ਇਹ ਉਥੇ ਹਾਜ਼ਰ ਸੀ। ਇਕ ਇੰਡੀਅਨ ਹੋਮ ਰੂਲ ਸੋਸਾਇਟੀ ਅਤੇ ਅਭਿਨਾਵਾ ਭਾਰਤ ਸੋਸਾਇਟੀ ਵਿਚ ਵੀ ਹਿੱਸਾ ਲੈਂਦਾ ਸੀ। ਹੁਣ ਇਹ ਸਿਆਸੀ ਤੌਰ ਤੇ ਪੂਰਾ ਸਰਗਰਮ ਹੋ ਚੁੱਕਿਆ ਸੀ ਅਤੇ ਇਸ ਦੀਆਂ ਇਹ ਕ੍ਰਾਂਤੀਕਾਰੀ ਅਤੇ ਆਤੰਕਵਾਦੀ ਨੀਤੀਆਂ ਬਾਰੇ ਭਾਰਤ ਵਿਚ ਬੈਠੇ ਇਸ ਦੇ ਮਾਤਾ-ਪਿਤਾ ਬਹੁਤ ਚਿੰਤਤ ਸਨ। ਇਸ ਦੇ ਭਰਾ ਨੇ ਸਰ ਕਰਜ਼ਨ ਵਾਇਲੀ, ਜਿਹੜਾ ਕਿ ਸੈਕਟਰੀ ਆਫ਼ ਸਟੇਟ ਫਾਰ ਇੰਡੀਆ ਸੀ, ਨੂੰ ਇਸ ਬਾਰੇ ਲਿਖਿਆ। ਮਦਨ ਲਾਲ ਨੇ ਆਪਣੇ ਭਰਾ ਦੇ ਅਜਿਹੇ ਵਿਵਹਾਰ ਤੇ ਬਹੁਤ ਰੋਸ ਪ੍ਰਗਟ ਕੀਤਾ। ਇਹ ਸੋਚਦਾ ਸੀ ਕਿ ਵਾਇਲੀ ਜਿਹੇ ਐਂਗਲੋ-ਇੰਡੀਅਨ ਦੀ ਇੰਡੀਅਨ ਨੈਸ਼ਨਲ ਦੇ ਪ੍ਰਾਈਵੇਟ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਕਰਨਾ ਗਲਤ ਹੈ। ਹੁਣ ਵਾਇਲੀ ਦੇ ਖਿਲਾਫ਼ ਇਸ ਦੇ ਮਨ ਵਿਚ ਬਹੁਤ ਨਫ਼ਰਤ ਪੈਦਾ ਹੋ ਚੁੱਕੀ ਸੀ ਅਤੇ ਇਸ ਨੂੰ ਆਪਣੇ ਭਰਾ ਦਾ ਵਤੀਰਾ ਵੀ ਪਸੰਦ ਨਹੀਂ ਸੀ। ਵਾਇਲੀ ਭਾਵੇਂ ਮਦਨ ਲਾਲ ਦੇ ਪਿਤਾ ਦਾ ਚੰਗਾ ਮਿਤਰ ਸੀ ਪਰ ਹੁਣ ਇਹ ਵਾਇਲੀ ਦੀ ਜਾਨ ਦਾ ਦੁਸ਼ਮਣ ਬਣ ਚੁੱਕਿਆ ਸੀ। ਦੂਜੇ ਪਾਸੇ ਸਾਵਰਕਰ, ਕਨਾਵੀ ਦੱਤ, ਸੁਤੇਂਦਰ ਪਾਲ ਅਤੇ ਕਾਸ਼ੀ ਰਾਮ ਜਿਹੇ ਉੱਘੇ ਨੇਤਾਵਾਂ ਦੀ ਗਿਰਫ਼ਤਾਰੀ ਅਤੇ ਸਜ਼ਾ-ਏ-ਮੌਤ ਦਾ ਇਨ੍ਹਾਂ ਨੌਜਵਾਨ ਕ੍ਰਾਂਤੀਕਾਰੀਆਂ ਉੱਤੇ ਬਹੁਤ ਅਸਰ ਪਿਆ। 1 ਜੁਲਾਈ, 1909 ਦੀ ਰਾਤ ਨੂੰ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦਾ ਸਾਲਾਨਾ ਸਮਾਗਮ, ਇੰਸਟੀਚਿਊਟ ਆਫ਼ ਇੰਪੀਰੀਅਲ ਸਟੱਡੀਜ਼ ਦੇ ਜਹਾਂਗੀਰ ਹਾਲ ਵਿਚ ਹੋ ਰਿਹਾ ਸੀ। ਉਸ ਸਮਾਗਮ ਵਿਚ ਭਾਰਤ ਤੋਂ ਰਿਟਾਇਰ ਹੋ ਕੇ ਆਏ ਹੋਰ ਅੰਗਰੇਜ਼ ਅਫ਼ਸਰਾਂ ਦੀ ਤਰ੍ਹਾਂ ਵਾਇਲੀ ਵੀ ਆਇਆ ਹੋਇਆ ਸੀ। ਮੌਕੇ ਦਾ ਲਾਭ ਉਠਾਉਂਦੇ ਹੋਏ ਇਸ ਨੇ ਇਕ ਗਜ਼ ਦੀ ਦੂਰੀ ਤੋਂ ਵਾਇਲੀ ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਅਤੇ ਮੌਕੇ ਤੇ ਹੀ ਵਾਇਲੀ ਦਮ ਤੋੜ ਗਿਆ। ਇਸੇ ਸਮੇਂ ਇਸ ਨੇ ਵਾਇਲੀ ਦੇ ਡਾਕਟਰ ਕਾਨਕਾਕਾ ਨੂੰ ਵੀ ਗੋਲੀ ਮਾਰਕੇ ਮਾਰ ਦਿੱਤਾ। ਇਸ ਮਗਰੋਂ ਨਾ ਤਾਂ ਇਹ ਭੱਜਿਆ ਅਤੇ ਨਾ ਹੀ ਇਹ ਡਰਿਆ। ਬਲਕਿ ਹੱਥ ਵਿਚ ਬੰਦੂਕ ਫੜੀ ਰੱਖੀ ਅਤੇ ਨਿਡਰ ਹੋ ਕੇ ਭੀੜ ਖੜ੍ਹਾ ਰਿਹਾ।

ਵਾਇਲੀ ਦੀ ਮੌਤ ਦੀ ਖ਼ਬਰ ਨਾਲ ਭਾਰਤ ਤੇ ਇੰਗਲੈਂਡ ਸਨਸਨੀ ਫੈਲ ਗਈ। ਘਰ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਤਾਂ ਗੱਲ ਦੀ ਨਿਖੇਧੀ ਕੀਤੀ ਹੀ ਪਰ ਅੰਗਰੇਜ਼-ਭਗਤ ਪਿਤਾ ਨੇ ਵੀ ਦੀ ਬਹੁਤ ਵਿਰੋਧਤਾ ਕੀਤੀ। ਦੇਸ਼ ਭਗਤਾਂ ਅਤੇ ਕ੍ਰਾਂਤੀਕਾਰੀਅ ਇਸ ਦੀ ਬਹੁਤ ਸ਼ਲਾਘਾ ਕੀਤੀ। ਇਸ ਦੇ ਖਿਲਾਫ਼ ਕੇਸ ਚੱਿ ਜਿਸ ਵਿਚ ਇਸ ਨੇ ਆਪਣੇ ਬਚਾਓ ਲਈ ਕੋਈ ਸਫ਼ਾਈ ਪੇਸ਼ ਕੀਤੀ ਅਤੇ ਇਸ ਕੇਸ ਵਿਚ ਇਸ ਨੂੰ ਮੌਤ ਦੀ ਸਜ਼ਾ ਸੁਣਾਈ ਹ 17 ਅਗਸਤ, 1909 ਨੂੰ ਇਸ ਨੂੰ ਫਾਂਸੀ ਦੇ ਦਿੱਤੀ ਗਈ।

ਹ.ਪੁ.—ਡਿਕਸ਼ਨਰੀ ਆਫ ਨੈਸ਼ਨਲ ਬਾਇਓਗਰਾਫੀ; ਐ ਫਰੀਡਮ ਫਾਈਟਰਸ ਆਫ਼ ਪੰਜਾਬ; ਐਮੀਨੈਂਟ ਇੰਡੀਅਨਜ਼ ਹੂ-ਜ਼-ਹੂ 1' 1980

**ਢੂੰਡਾ** : ਪੌਰਾਣਕ ਕਥਾ ਅਨੁਸਾਰ ਇਹ ਹਰਨਾਖ਼ਸ਼ ਦੀ ਅਤੇ ਭਗਤ ਪ੍ਰਹਿਲਾਦ ਦੀ ਭੂਆ ਸੀ ਜਿਸ ਦਾ ਦੂਜਾ ਨਾਂ ਹੋ ਹੈ। ਦਸਿਆ ਜਾਂਦਾ ਹੈ ਕਿ ਇਸ ਨੂੰ ਸ਼ਿਵ ਜੀ ਵਲੋਂ ਵਰ ਮਿ ਹੋਇਆ ਸੀ ਇਹ ਕਦੇ ਵੀ ਅੱਗ ਵਿਚ ਨਹੀਂ ਸੜੇਗੀ ਭਾਵ ਇ ਅੱਗ ਨਹੀਂ ਸਾੜ ਸਕੇਗੀ। ਜਦੋਂ ਭਗਤ ਪ੍ਰਹਿਲਾਦ ਆਪਣੇ ਹਰਨਾਖ਼ਸ਼ ਦੀ ਥਾਂ ਰਾਮ ਨਾਮ ਜਪਣ ਤੋਂ ਨਾ ਟਲਿਆ ਤਾਂ ਢੂੰ ਹਰਨਾਖ਼ਸ਼ ਨੇ ਪ੍ਰਹਿਲਾਦ ਨੂੰ ਮਾਰਨ ਦੀ ਵਿਉਂਤ ਬਣਾਈ। ਇਹ ਨੂੰ ਗੋਦੀ ਵਿਚ ਲੈ ਕੇ ਅੱਗ ਵਿਚ ਬੈਠ ਗਈ। ਪ੍ਰਭੂ ਦੀ ਕਿਰਪਾ ਪ੍ਰਹਿਲਾਦ ਭਗਤ ਬਚ ਗਿਆ ਅਤੇ ਢੂੰਡਾ ਸੜ ਕੇ ਸੁਆਹ ਦੀ ਹੋ ਗਈ। ਹਿੰਦੂ ਲੋਕ ਹੋਲੀ (ਹੋਲਿਕਾ) ਦੇ ਦਿਨਾਂ ਵਿਚ ਇਸੇ ਢੂੰ ਸੁਆਹ ਉਡਾਉਂਦੇ ਹਨ।

ਹ.ਪੁ—ਮ.ਕੋ. 566; ਹਿੰ.ਸ਼. ਸਾ: 4 : 1977

**ਢੂੰਡੀਆ** : ਇਹ ਜੈਨੀ ਸਾਧੂ ਹਨ ਜਿਹੜੇ ਮੂੰਹ ਤੇ ਬੰਨ੍ਹਕੇ ਰੱਖਦੇ ਹਨ। ਰਾਜਸਥਾਨ ਦੀ ਡਿੰਗਲ ਭਾਸ਼ਾ ਵਿਚ ਪਹਾੜੀ ਟਿੱਲੇ ਨੂੰ ਢੂੰਡ ਕਹਿੰਦੇ ਹਨ। ਜੈਨੀ ਸਾਧੂ ਸ਼ਹਿਰ ਛੱਡ ਕੇ ਟਿੱਲੇ ਉਪਰ ਰਿਹਾ ਕਰਦੇ ਸਨ ਜਿਸ ਤੋਂ ਉਨ੍ਹਾਂ ਦਾ ਨਾਂ 'ਢੂੰਡੀ ਗਿਆ। ਇਹ ਜੈਨੀਆਂ ਦਾ 'ਸ਼੍ਵੇਤਾਂਬਰ' ਫ਼ਿਰਕਾ ਹੈ।

ਹ.ਪੁ.—ਮ.ਕੋ.

**ਢੇਂਕਨਾਲ** : ਰਿਆਸਤ — ਭਾਰਤ ਦੇ ਉੜੀਸਾ ਦੀਆਂ ਸਹਾਇਕ ਰਿਆਸਤਾਂ ਵਿਚੋਂ ਇਕ ਸੀ ਜਿਸ ਦਾ 1,469 ਵ.ਮੀ. ਸੀ। ਉੱਤਰ ਵਲੋਂ ਪਾਲ ਲਹਾਰਾ ਅਤੇ ਕਿ ਦੀਆਂ ਰਿਆਸਤਾਂ, ਪੂਰਬ ਵੱਲੋਂ ਕੱਟਕ ਜ਼ਿਲ੍ਹਾ ਅਤੇ ਅੱਠਗ ਰਿਆਸਤ; ਦੱਖਣ ਵਲੋਂ ਅੱਠਗੜ੍ਹ, ਟਿਗਿਰੀਆ ਅਤੇ ਹਿੰਡੋਲ ਪੱਛਮ ਵੱਲੋਂ ਐਂਗੁਲ ਜ਼ਿਲ੍ਹਾ, ਤਲਚੇਰ ਅਤੇ ਪਾਲ ਲਹਾਰਾ ਰਿਅ ਇਸ ਦੀ ਹੱਦਬੰਦੀ ਕਰਦੀਆਂ ਸਨ। ਬ੍ਰਾਹਮਣੀ ਦਰਿਆ ਢੇਂ ਵਿਚੋਂ ਗੁਜ਼ਰਦਾ ਸੀ। ਇਸ ਰਿਆਸਤ ਦਾ ਨਾਂ ਸ਼ੋਰਾ ਕਬੀਲੇ ਦ ਸਰਦਾਰ ਢੇਨਕਾ ਦੇ ਨਾਂ ਤੇ ਪਿਆ। ਇਸ ਦੇ ਕਬਜ਼ੇ ਹੇਠ ਥੋੜ੍ਹੀ ਜਿਹੀ ਜ਼ਮੀਨ ਸੀ ਜਿਥੇ ਅੱਜਕੱਲ੍ਹ ਮਹੱਲ ਬਣਿਆ ਹੋਇ ਸਤਾਰ੍ਹਵੀਂ ਸਦੀ ਦੇ ਮੱਧ ਵਿਚ ਇਸ ਨੇ ਢੇਂਕਨਾਲ ਰਿਆਸ ਸਥਾਪਨਾ ਕੀਤੀ। ਇਸ ਨੇ ਗਵਾਂਢੀ ਸਰਦਾਰਾਂ ਉਤੇ ਜਿੱਤ ਕਰਕੇ ਜਲਦੀ ਹੀ ਰਿਆਸਤ ਦਾ ਕਾਫ਼ੀ ਵਿਸਥਾਰ ਕਰ ਇਸਦਾ ਸਭ ਤੋਂ ਵੱਧ ਵਿਸਥਾਰ ਤ੍ਰਿਲੋਚਨ ਮਹਿੰਦਰਾ ਬਹਾਦਰ ਹੋਇਆ। ਭਾਗੀਰਥ ਮਹਿੰਦਰਾ ਬਹਾਦਰ ਇਕ ਸੂਝਵਾਨ ਸਾ ਅਤੇ 1869 ਈ. ਵਿਚ ਇਸ ਨੂੰ ਮਹਾਰਾਜਾ ਬਣਾ ਦਿੱਤਾ

ਢੇਂਕਨਾਲ ਉੜੀਸਾ ਦੀਆਂ ਰਿਆਸਤਾਂ ਵਿਚੋਂ ਕਾਫ਼ੀ ਮਹੱਤਵਪੂਰਨ ਰਿਆਸਤ ਸੀ। ਪ੍ਰਬੰਧਕੀ ਕੰਮ ਕਾਜ ਚਲਾਉਣ ਦੇ ਉਦੇਸ਼ ਲਈ ਰਿਆਸਤ ਨੂੰ ਢੇਂਕਨਾਲ ਅਤੇ ਬੈਸਿੰਗ੍ਰਾ ਸਬ-ਡਿਵੀਜ਼ਨਾਂ ਵਿਚ ਵੰਡਿਆ ਹੋਇਆ ਸੀ। ਬ੍ਰਾਹਮਣੀ ਦਰਿਆ ਇਨ੍ਹਾਂ ਦੋਹਾਂ ਵਿਚ ਹੱਦਬੰਦੀ ਕਰਦਾ ਸੀ, ਇਥੇ ਚਾਸਸ, ਪਾਨਸ, ਸਾਹਰ, ਗੌੜ ਅਤੇ ਖੰਡੈਤ ਕਈ ਜਾਤਾਂ ਦੇ ਲੋਕ ਵੱਸਦੇ ਸਨ।

ਇਥੇ ਲੋਹਾ ਭਾਰੀ ਮਾਤਰਾ ਵਿਚ ਉਪਲਬਧ ਸੀ ਪਰ ਖਾਣਾਂ ਵਿਚ ਲੋਹਾ ਕੱਢਣ ਦਾ ਕੰਮ ਬਹੁਤੀ ਵੱਡੀ ਪੱਧਰ ਤੇ ਨਹੀਂ ਕੀਤਾ ਜਾਂਦਾ ਸੀ। ਇਮਾਰਤੀ ਲੱਕੜੀ, ਚੌਲ, ਤੇਲ ਵਾਲੇ ਬੀਜ ਅਤੇ ਹੋਰ ਅਨਾਜਾਂ ਦਾ ਵਪਾਰ ਪ੍ਰਫੁਲਤ ਸੀ। ਕਈ ਥਾਵਾਂ ਤੇ ਹਫਤਾਵਾਰੀ ਮੰਡੀਆਂ ਲਗਦੀਆਂ ਸਨ। ਢੇਂਕਨਾਲ ਵਿਚ ਚੰਗਾ ਸੜਕ-ਪ੍ਰਬੰਧ ਸੀ। ਸਿਹਤ ਅਤੇ ਵਿਦਿਆ ਸਹੂਲਤਾਂ ਮੁਹੱਈਆ ਕਰਨ ਲਈ ਸਕੂਲ ਅਤੇ ਸਿਹਤ ਕੇਂਦਰ ਵੀ ਸਨ।

ਹ.ਪੁ. ਇੰਪ, ਗ, ਇੰਡ. 11:319

**ਢੇਂਕਨਾਲ** : ਜ਼ਿਲ੍ਹਾ — ਭਾਰਤ ਦੇ ਪੂਰਬੀ ਕੇਂਦਰੀ ਉੜੀਸਾ ਰਾਜ ਦਾ ਇਕ ਜ਼ਿਲ੍ਹਾ ਹੈ। ਇਸੇ ਨਾਂ ਦਾ ਸ਼ਹਿਰ ਇਸ ਦਾ ਸਦਰ-ਮੁਕਾਮ ਹੈ। ਇਹ 10,828 ਵ.ਕਿ.ਮੀ. ਦੇ ਪਹਾੜੀ ਅਤੇ ਜੰਗਲਾਂ ਵਾਲੇ ਖੇਤਰ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀ ਆਬਾਦੀ 1,908,907 (1991) ਹੈ। ਜ਼ਿਲ੍ਹੇ ਦੀ ਜਲ-ਨਿਕਾਸੀ ਬ੍ਰਾਹਮਣੀ ਦਰਿਆ ਕਰਦਾ ਹੈ। ਇਥੋਂ ਦੀਆਂ ਵਾਦੀਆਂ ਵਿਚ ਚੌਲ ਅਤੇ ਤੇਲ ਬੀਜਾਂ ਦੀ ਖੇਤੀ ਕੀਤੀ ਜਾਂਦੀ ਹੈ। ਜੰਗਲਾਤੀ ਉਤਪਾਦਨ ਦਾ ਵੀ ਕਾਫ਼ੀ ਮਹੱਤਵ ਹੈ। ਇਥੇ ਕੱਪੜਾ ਅਤੇ ਪਿੱਤਲ ਦੇ ਭਾਂਡੇ ਬਣਾਉਣ ਦੇ ਉਦਯੋਗ ਹਨ। ਇਸ ਤੋਂ ਇਲਾਵਾ ਛੋਟੀਆਂ ਦਸਤਕਾਰੀਆਂ ਵੀ ਕਾਫ਼ੀ ਹਨ। ਤਲਚੇਰ ਵਿਖੇ ਕੋਲੇ ਦੀਆਂ ਖਾਣਾਂ ਵੀ ਹਨ। ਅੰਗੁਲ ਵਿਖੇ ਦੋ ਕਾਲਜ ਅਤੇ ਇਕ ਪੁਲੀਸ ਸੰਸਥਾ ਵੀ ਹੈ। ਸਪਤਸਾਇਆ, ਕਪਿਲਾ ਅਤੇ ਜੋਰੈਂਡ ਇਥੋਂ ਦੇ ਧਾਰਮਕ ਕੇਂਦਰ ਹਨ। ਡੀਮਕੰਡ ਅਤੇ ਸਰੰਗਾ 9ਵੀਂ ਸਦੀ ਦੀਆਂ ਬਣੀਆਂ ਹੋਈਆਂ ਵਿਸ਼ਨੂੰ ਜੀ ਦੀਆਂ ਮੂਰਤੀਆਂ ਹਨ।

ਹ.ਪੁ.—ਐਨ. ਬ੍ਰਿ. 3 : 513

**ਢੇਂਕਨਾਲ** : ਸ਼ਹਿਰ — ਭਾਰਤ ਦੇ ਉੜੀਸਾ ਰਾਜ ਦੇ ਪੂਰਬੀ ਕੇਂਦਰੀ ਹਿੱਸੇ ਵਿਚ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਇਸ ਸ਼ਹਿਰ ਦਾ ਨਾਂ ਮੱਧ ਕਾਲ ਵਿਚ ਸ਼ੈਰਾ ਕਬੀਲੇ ਦੇ ਇਕ ਸਰਦਾਰ ਢੇਨਕਾ ਦੇ ਨਾਂ ਤੇ ਪਿਆ ਸੀ। ਪਹਿਲਾਂ ਇਹ ਸ਼ਹਿਰ ਇਸੇ ਨਾਂ ਦੀ ਸ਼ਾਹੀ ਰਿਆਸਤ ਦੀ ਰਾਜਧਾਨੀ ਸੀ। ਸੰਨ 1949 ਵਿਚ ਇਸ ਨੂੰ ਮੌਜੂਦਾ ਜ਼ਿਲ੍ਹੇ ਵਿਚ ਸ਼ਾਮਿਲ ਕਰ ਦਿਤਾ ਗਿਆ। ਮੌਜੂਦਾ ਸ਼ਹਿਰ ਚੌਲ, ਤੇਲ ਬੀਜਾਂ, ਇਮਾਰਤੀ ਲੱਕੜੀ ਦੀ ਮੰਡੀ, ਖਰੀਦੋ-ਫਰੋਖਤ ਦੀ ਮੰਡੀ ਤੋਂ ਇਲਾਵਾ ਹੱਥ-ਖੱਡੀ ਦਾ ਕੱਪੜਾ ਬਣਾਉਣ ਦਾ ਕੇਂਦਰ ਵੀ ਹੈ। ਇਥੇ 1959 ਈ. ਵਿਚ ਢੇਂਕਨਾਲ ਕਾਲਜ ਦੀ ਸਥਾਪਨਾ ਕੀਤੀ ਗਈ ਸੀ। ਇਤਿਹਾਸਕ ਇਮਾਰਤਾਂ ਵਿਚੋਂ ਇਕ ਪਹਾੜੀ ਤੇ ਬਣਿਆ ਹੋਇਆ ਰਾਜੇ ਦਾ ਮਹੱਲ ਹੈ ਜਿਹੜਾ ਚੁਫੇਰਿਉਂ ਖਾਈਆਂ ਨਾਲ ਘਿਰਿਆ ਹੋਇਆ ਹੈ।

ਆਬਾਦੀ- 46,314 (1991)

ਹ.ਪੁ.—ਐਨ. ਬ੍ਰਿ.ਮਾ. 3:513

**ਢੇਬਰ ਝੀਲ** : ਭਾਰਤ ਦੇ ਰਾਜਸਥਾਨ ਰਾਜ ਵਿਚ ਉਦੇਪੁਰ ਜ਼ਿਲ੍ਹੇ ਵਿਚ ਇਕ ਝੀਲ ਹੈ ਜਿਹੜੀ ਦੱਖਣ-ਪੂਰਬੀ ਅਰਾਵਲੀ ਪਰਬਤ ਲੜੀ ਵਿਚ ਉਦੇਪੁਰ ਸ਼ਹਿਰ ਤੋਂ ਲਗਭਗ 45 ਕਿ.ਮੀ. ਦੱਖਣ-ਪੂਰਬ ਵੱਲ ਸਥਿਤ ਹੈ। ਪੂਰੀ ਭਰੀ ਹੋਈ ਝੀਲ ਦਾ ਕੁੱਲ ਖੇਤਰਫਲ 54 ਵ.ਕਿ.ਮੀ. ਹੈ। ਇਸ ਝੀਲ ਨੂੰ ਰਾਜਾ ਜੈ ਸਿੰਘ ਨੇ 1685 ਈ. ਅਤੇ 1619 ਈ. ਦੇ ਵਿਚਕਾਰ ਗੋਮਤੀ ਦਰਿਆ ਉਪਰ ਇਕ ਸੰਗਮਰਮਰ ਦਾ ਡੈਮ ਬਣਵਾ ਕੇ ਬਣਵਾਇਆ ਸੀ। ਪਹਿਲਾਂ ਇਸ ਦਾ ਨਾਂ ਜੈ ਸਮੰਦ ਸੀ ਜਿਸ ਦਾ ਸ਼ਾਬਦਿਕ ਅਰਥ 'ਜਿੱਤ ਦਾ ਸਮੁੰਦਰ' ਹੈ। ਇਸ ਝੀਲ ਵਿਚ ਲਗਭਗ 1700 ਵ.ਕਿ.ਮੀ. (690 ਵ. ਮੀਲ) ਖੇਤਰ ਦੀ ਜਲ ਨਿਕਾਸੀ ਹੁੰਦੀ ਹੈ। ਇਸ ਦੇ ਪੱਛਮ ਵੱਲ ਪਾਣੀ ਦੀ ਸਤਹ ਤੋਂ ਲਗਭਗ 244 ਮੀਟਰ ਤੋਂ 304 ਮੀਟਰ ਤੱਕ ਉੱਚੀਆਂ ਪਹਾੜੀ ਲੜੀਆਂ ਹਨ। ਪੱਛਮੀ ਹਿੱਸੇ ਦੇ ਪਿੰਡਾਂ ਨੂੰ ਨਹਿਰਾਂ ਰਾਹੀਂ ਝੀਲ ਤੋਂ ਪਾਣੀ ਪਹੁੰਚਾਇਆ ਜਾਂਦਾ ਹੈ। ਝੀਲ ਦੇ ਉੱਤਰੀ ਸਿਰੇ ਤੇ ਜੰਗਲਾਂ ਨਾਲ ਢੱਕੇ ਹੋਏ ਛੋਟੇ-ਛੋਟੇ ਦੀਪ ਦਿਖਾਈ ਦਿੰਦੇ ਹਨ। ਮਛੇਰਿਆਂ ਦੀਆਂ ਪਿੰਡੋਰੀਆਂ ਇਸਦੇ ਕਿਨਾਰੇ ਨੂੰ ਖ਼ੂਬਸੂਰਤੀ ਪ੍ਰਧਾਨ ਕਰਦੀਆਂ ਹਨ। ਦੱਖਣ ਵੱਲ ਪਹਾੜੀ ਉਪਰ ਦੋ ਮਹੱਲ ਬਣੇ ਹੋਏ ਹਨ।

ਹ.ਪੁ.—ਐਨ. ਬ੍ਰਿ.ਮਾ. 3 : 513; ਇੰਪ. ਗ. ਇੰਡ. 11 : 318

**ਢੋਰਾ** : ਇਹ ਝੋਨਾ, ਕਣਕ, ਮੱਕੀ, ਬਾਜਰਾ, ਜਵਾਰ ਅਤੇ ਅਨਾਜ ਦੀਆਂ ਕਈ ਫ਼ਸਲਾਂ ਨੂੰ ਲਗਣ ਵਾਲਾ ਕੀੜਾ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਸਿਟੋਟ੍ਰਗਾ ਸੀਰੀਏਲੈਲਾ (Sitotroga Cerealella) ਹੈ। ਅਮਰੀਕਾ ਵਿਚ ਇਸ ਨੂੰ 'ਫਲਾਈ ਵੀਵਲ' ਵੀ ਕਹਿੰਦੇ ਹਨ। ਭਾਰਤ ਵਿਚ ਇਹ ਕੀੜਾ ਤਟੀ ਇਲਾਕਿਆਂ ਵਿਚ ਝੋਨੇ ਦੀਆਂ ਫ਼ਸਲਾਂ ਨੂੰ ਜ਼ਿਆਦਾ ਲਗਦਾ ਹੈ। ਲਾਰਵਾ ਹਾਲਤ ਵਿਚ ਇਹ ਬਹੁਤ ਨੁਕਸਾਨ ਪਹੁੰਚਾਉਂਦਾ ਹੈ।

ਬਾਲਗ਼ ਹਾਲਤ ਵਿਚ ਇਹ ਕੀੜਾ ਇਕ ਛੋਟਾ ਜਿਹਾ ਪਤੰਗਾ ਹੁੰਦਾ ਹੈ। ਇਸ ਦੇ ਪਰ ਲਗਭਗ 1.25 ਸੈਂ.ਮੀ. ਲੰਬੇ ਹੁੰਦੇ ਹਨ ਅਤੇ ਇਸਦਾ ਰੰਗ ਪਿਲੱਤਣ ਤੇ ਭੂਰਾ ਹੁੰਦਾ ਹੈ। ਪਰਾਂ ਦੇ ਕਿਨਾਰਿਆਂ ਦੇ ਨਾਲ ਨਾਲ ਇਕ ਚੌੜੀ ਮਗਜ਼ੀ ਜਿਹੀ ਹੁੰਦੀ ਹੈ। ਇਹ ਕੀੜਾ ਖੜੀ ਫ਼ਸਲ ਵਿਚ ਸਿੱਟਿਆਂ ਉੱਤੇ ਜਾਂ ਗੋਦਾਮਾਂ ਆਦਿ ਵਿਚ ਪਏ ਦਾਣਿਆਂ ਦੇ ਉੱਤੇ ਜਾਂ ਅੰਦਰ ਕੋਈ 400 ਦੇ ਕਰੀਬ ਅੰਡੇ ਦਿੰਦਾ ਹੈ। ਅੰਡੇ ਤਕਰੀਬਨ 0.5 ਮਿ.ਮੀ. ਲੰਬੇ, ਅੰਡਾਕਾਰ ਸ਼ਕਲ ਦੇ ਅਤੇ ਚਿੱਟੇ ਰੰਗ ਦੇ ਹੁੰਦੇ ਹਨ ਬਾਅਦ ਵਿਚ ਇਨ੍ਹਾਂ ਦਾ ਰੰਗ ਲਾਲ ਹੋ ਜਾਂਦਾ ਹੈ। ਇਕ ਹਫ਼ਤੇ ਵਿਚ ਇਨ੍ਹਾਂ ਵਿਚੋਂ ਲਾਰਵੇ ਨਿਕਲਦੇ ਹਨ। ਲਾਰਵਾ ਕਿਸੇ ਕਮਜ਼ੋਰ ਥਾਂ ਤੋਂ ਦਾਣੇ ਦੇ ਅੰਦਰ ਦਾਖ਼ਲ ਹੋ ਜਾਂਦਾ ਹੈ ਤੇ ਫਿਰ ਇਕ ਰੇਸ਼ਮੀ ਜਿਹਾ ਜਾਲਾ ਬੁਣਕੇ ਇਸ ਰਸਤੇ ਨੂੰ ਬੰਦ ਕਰ ਦਿੰਦਾ ਹੈ। ਦਾਣੇ ਦੇ ਅੰਦਰ ਇਹ ਵਧਦਾ ਫੁਲਦਾ ਹੈ ਤੇ ਦਾਣੇ ਦਾ ਅੰਦਰਲਾ ਸਾਰਾ ਮਾਦਾ ਖਾ ਜਾਂਦਾ ਹੈ। ਤਕਰੀਬਨ 2-3 ਹਫ਼ਤੇ ਵਿਚ ਲਾਰਵਾ ਪੂਰੇ ਆਕਾਰ (5 ਮਿ.ਮੀ. ਲੰਬਾ) ਦਾ ਬਣ ਜਾਂਦਾ ਹੈ ਅਤੇ ਬਾਹਰ ਜਾਣ ਲਈ ਦਾਣੇ ਵਿਚ ਇਕ ਗੋਲ ਜਿਹੀ ਮੋਰੀ ਬਣਾਉਂਦਾ ਹੈ ਤੇ ਉਹ ਛਿਲਕਾ ਉਸ ਉੱਤੇ ਢੱਕਣ ਦੀ ਤਰ੍ਹਾਂ ਹੀ ਲਗਾ ਰਹਿਣ ਦਿੰਦਾ ਹੈ। ਦਾਣੇ ਦੇ ਅੰਦਰ ਹੀ ਆਪਣੇ ਦੁਆਲੇ ਇਕ ਰੇਸ਼ਮੀ ਕੋਆ ਬੁਣਦਾ ਹੈ ਤੇ ਪਿਊਪਾ ਅਵਸਥਾ ਧਾਰਨ ਕਰ ਲੈਂਦਾ ਹੈ। ਤਕਰੀਬਨ ਇਕ ਹਫ਼ਤਾ ਇਸ ਹਾਲਤ ਵਿਚ ਰਹਿਣ ਤੋਂ ਬਾਅਦ ਬਾਲ਼ਗ ਕੀੜਾ ਬਾਹਰ ਆ ਜਾਂਦਾ ਹੈ ਤੇ ਮੁੜ ਅਗਲੀ ਪੀੜ੍ਹੀ ਸ਼ੁਰੂ ਹੁੰਦੀ ਹੈ। ਅਨੁਕੂਲ ਵਾਤਾਵਰਣਕ ਤਾਪਮਾਨ ਅਤੇ ਨਮੀ ਮਿਲਣ ਤੇ ਇਨ੍ਹਾਂ ਦੀਆਂ ਇਕ ਸਾਲ ਵਿਚ ਕਈ ਪੀੜ੍ਹੀਆਂ ਪੈਦਾ ਹੁੰਦੀਆਂ ਹਨ।

ਕਈ ਪਰਜੀਵੀ ਅਤੇ ਸ਼ਿਕਾਰਖ਼ੋਰ ਇਸ ਕੀੜੇ ਦੇ ਦੁਸ਼ਮਣ ਹਨ ਪਰ ਉਨ੍ਹਾਂ ਨੂੰ ਇਸ ਦੀ ਰੋਕਥਾਮ ਲਈ ਵਰਤਣਾ ਸੰਭਵ ਨਹੀਂ ਹੈ। ਸਿਰਫ਼ ਦਾਣਿਆਂ ਦੇ ਅੰਦਰਲੇ ਮਾਦੇ ਦੀ ਨਮੀ ਨੂੰ ਕੰਟਰੋਲ ਕਰਕੇ ਹੀ

ਇਨ੍ਹਾਂ ਕੀੜਿਆਂ ਰਾਹੀਂ ਹੋਣ ਵਾਲੇ ਨੁਕਸਾਨ ਨੂੰ ਰੋਕਿਆ ਜਾਂ ਘਟਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਸੇ ਕੀਟ-ਨਾਸ਼ਕ ਦੀ ਧੂਣੀ ਨਾਲ ਵੀ ਇਸ ਨੂੰ ਘਟਾਇਆ ਜਾ ਸਕਦਾ ਹੈ।

ਹ.ਪੁ.—ਇ.ਪੈ.ਕ: 182

**ਢੋਲ (ਡਰੰਮ)** : ਵਿਸ਼ਵ-ਸੰਗੀਤ ਵਿਚ ਢੋਲ ਦਾ ਮਹੱਤਵ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ। ਢੋਲ ਦੇ ਅਨੇਕਾਂ ਆਕਾਰ ਤੇ ਪ੍ਰਕਾਰ ਵੱਖ-ਵੱਖ ਦੇਸ਼ਾਂ ਵਿਚ ਪਾਏ ਜਾਂਦੇ ਹਨ। ਭਾਰਤੀ ਸੰਗੀਤ ਦੇ ਵੈਦਿਕ ਕਾਲ ਵਿਚ ਗੋਲ ਅਤੇ ਚੌਰਸ ਮਿੱਟੀ ਅਤੇ ਲੱਕੜੀ ਦੇ ਖੋਲ ਵਾਲੇ ਢੋਲ ਹੁੰਦੇ ਸਨ। ਢੋਲ ਤੋਂ ਪਹਿਲਾਂ ਵਾਲੇ ਸਾਜ਼ਾਂ ਵਿਚ 'ਡਮਰੂ' ਅਤੇ 'ਨਗਾੜਾ' (ਭੇਰੀ) ਦਾ ਵਰਣਨ ਵੀ ਕਈ ਗ੍ਰੰਥਾਂ ਵਿਚ ਉਪਲੱਬਧ ਹੈ।

ਭਾਰਤੀ ਸੰਗੀਤ ਸਾਜ਼ਾਂ ਦੀ ਇਤਿਹਾਸਕ ਪਿਠ-ਭੂਮੀ ਅਨੁਸਾਰ ਵੈਦਿਕ ਕਾਲ ਵਿਚ ਸੰਗੀਤਕ ਸਾਜ਼ਾਂ ਦੀ ਕੋਈ ਵਧੇਰੇ ਗਿਣਤੀ ਨਹੀਂ ਸੀ ਪਰ ਫਿਰ ਵੀ ਉਸ ਯੁੱਗ ਦੀ ਵਾਦਨ-ਸ਼ੈਲੀ ਸੁੰਦਰ ਸੀ। ਥਾਪ ਨਾਲ ਵੱਜਣ ਵਾਲੇ ਸਾਜ਼ਾਂ ਵਿਚ ਦੁੰਦੁਭੀ (ਸਾਧਾਰਣ ਢੋਲ), ਆਡੰਬਰ (ਢੋਲ ਦੀ ਇਕ ਕਿਸਮ), ਭੂਮੀ ਦੁੰਦੁਭੀ (ਧਰਤੀ ਵਿਚ ਟੋਆ ਖੋਦ ਕੇ ਉਤੇ ਚਮੜਾ ਮੜ੍ਹ ਕੇ ਥਾਪ ਨਾਲ ਵਜਾਉਣਾ), ਵਨਸਪਤੀ (ਲੱਕੜੀ ਦੇ ਖੋਲ ਵਾਲਾ ਢੋਲ) ਅਤੇ ਅਘਾਤੀ ਢੋਲ (ਖੜਤਾਲ, ਮੰਜੀਰੇ ਆਦਿ ਧਾਤੂ ਦੇ ਖੋਲ) ਦਾ ਵਰਣਨ ਮਿਲਦਾ ਹੈ।

ਰਿਗਵੇਦ, ਰਾਮਾਇਣ ਅਤੇ ਮਹਾਂਭਾਰਤ ਆਦਿ ਗ੍ਰੰਥਾਂ ਵਿਚ ਵੀ ਮ੍ਰਿਦੰਗ, ਡਮਰੂ, ਭੇਰੀ, ਘਟ (ਘੜਾ) ਤੇ ਢੋਲ ਆਦਿ ਦਾ ਜ਼ਿਕਰ ਉਪਲੱਬਧ ਹੈ। ਮ੍ਰਿਦੰਗ ਅਤੇ ਪਖਾਵਜ ਵੀ 'ਢੋਲ' ਦੇ ਵਿਕਸਤ ਰੂਪ ਕਹੇ ਜਾ ਸਕਦੇ ਹਨ। ਵਿਦਵਾਨਾਂ ਦੀ ਰਾਇ ਅਨੁਸਾਰ ਤੀਜੀ ਸਦੀ ਤਕ 'ਢੋਲ' ਅਤੇ 'ਢੋਲਕ' ਦਾ ਸੰਪੂਰਣ ਵਿਕਾਸ ਹੋ ਚੁੱਕਾ ਸੀ ਕਿਉਂਕਿ ਭਰਤ ਕ੍ਰਿਤ ਨਾਟਯ-ਸ਼ਾਸਤਰ ਵਿਚ ਵੀ 'ਢੋਲ' ਦਾ ਜ਼ਿਕਰ ਹੈ। ਅਜੰਤਾ, ਅਲੋਰਾ, ਅਮਰਾਵਤੀ ਅਤੇ ਸਾਂਚੀ ਦੀਆਂ ਮੂਰਤੀਆਂ ਤੇ ਚਿੱਤਰਾਂ ਵਿਚ ਵੀ 'ਢੋਲ' ਅਤੇ 'ਡਮਰੂ' ਆਦਿ ਸਾਜ਼ਾਂ ਦੀ ਹੋਂਦ ਮੰਨੀ ਗਈ ਹੈ।

ਪੱਛਮੀ ਸੰਗੀਤ ਵਿਚ ਢੋਲ ਵਰਗੇ ਤਾਲ ਸਾਜ਼ਾਂ ਨੂੰ ਡਰੱਮ ਕਿਹਾ ਜਾਂਦਾ ਹੈ। ਡਰੱਮ ਦੇ ਅਨੇਕਾਂ ਪ੍ਰਕਾਰ ਹਨ। ਜਿਵੇਂ :—

ਬਾਸ ਡਰੱਮ, ਸਾਈਡ ਡਰੱਮ, ਕੇਟਲ ਡਰੱਮ, ਸਨੇਅਰ ਡਰੱਮ ਆਦਿ।

**ਵਾਦਨ ਵਿਧੀ** — ਢੋਲ ਅਤੇ ਡਰੱਮ ਦੀ ਬੈਲਟ ਧੌਣ ਨਾਲ ਲਮਕਾ ਕੇ ਦੋਹਾਂ ਹੱਥਾਂ ਵਿਚ ਫੜੀਆਂ ਹੋਈਆਂ ਸੋਟੀਆਂ (ਡੱਗਾ ਅਤੇ ਬੈਂਤ) ਨਾਲ ਵਜਾਇਆ ਜਾਂਦਾ ਹੈ। ਪ੍ਰਮੁੱਖ ਰੂਪ ਵਿਚ 'ਢੋਲ' ਦਾ ਪ੍ਰਯੋਗ ਲੋਕ-ਨਾਚਾਂ ਨਾਲ ਕੀਤਾ ਜਾਂਦਾ ਹੈ ਕਿਉਂਕਿ ਲੈਅ ਅਤੇ ਤਾਲ ਢੋਲ ਰਾਹੀਂ ਸਾਕਾਰ ਕੀਤਾ ਜਾਂਦਾ ਹੈ।

ਦਰਸ਼ਨ ਸਿੰਘ ਨਰੂਲਾ

**ਢੋਲ ਸ਼ਮਸ** : ਇਹ ਇਕ ਢੋਲਾ ਕਾਵਿ-ਵੰਨਗੀ ਦਾ ਕਿੱਸਾ ਹੈ। ਲਗਭਗ 12ਵੀਂ ਸਦੀ ਈਸਵੀ ਵਿਚ ਢੋਲ (ਢੋਲਾ, ਢੋਲਨ) ਦਾ ਕਿੱਸਾ ਪੰਜਾਬ ਵਿਚ ਬਹੁਤ ਪ੍ਰਚੱਲਤ ਸੀ। ਪੰਜਾਬ ਵਿਚ ਇਸ ਕਿੱਸੇ ਨੂੰ ਰਾਜਪੂਤ ਲਿਆਏ ਪਰ ਫਿਰ ਵੀ ਰਾਜਸਥਾਨ ਅਤੇ ਪੰਜਾਬ ਦੋਹਾਂ ਥਾਵਾਂ ਉਤੇ ਇਸ ਕਿੱਸੇ ਦੀ ਸ਼ਕਲ, ਸੂਰਤ, ਨੁਹਾਰ, ਆਦਿ, ਅੰਤ ਵਖਰਾ ਵਖਰਾ ਹੈ। ਪੰਜਾਬੀ ਸ਼ਕਲ ਵਿਚ ਇਹ ਸਾਦਾ ਜਿਹਾ ਹੈ ਪਰ ਇਸ ਵਿਚ ਦਰਦ ਵੀ ਕਾਫ਼ੀ ਹੈ ਤੇ ਦਰਦ ਦਾ ਕਾਰਨ ਵੀ ਹੈ। ਪ੍ਰੇਰਨਾ ਵੀ ਬਹੁਤ ਪੁਰਾਣੀ ਅਤੇ ਆਮ ਹੈ।

ਇਸ ਕਿੱਸੇ ਦੀ ਮਹਾਨਤਾ ਸਬੰਧੀ ਸਭ ਤੋਂ ਵੱਡੀ ਗੱਲ ਇ
ਕਿ ਢੋਲ ਦਾ ਸਬੰਧ ਸ਼ੂਰਸੈਨ ਨਾਂ ਦੇ ਇਕ ਬਹੁਤ ਪ੍ਰਸਿੱਧ ਰਾਜੇ ਨਾ
ਜਿਸ ਦੇ ਨਾਂ ਉਤੇ ਰਾਜਸਥਾਨੀ ਨੂੰ ਸ਼ੌਰਸੈਨੀ ਕਿਹਾ ਜਾਂਦਾ
ਰਾਜਸਥਾਨ ਦੇ ਕਾਫ਼ੀ ਵਿਦਵਾਨ ਢੋਲ ਨੂੰ 1000 ਵਰ੍ਹਾ ਪੁ
ਮੰਨਦੇ ਹਨ। ਸੰਨ 1697 ਵਿਚ ਲਿਖੇ ਗਏ ਕਿੱਸੇ ਦਾ ਇਹ ਰੂਪ
ਇਸ ਤੋਂ ਪਹਿਲਾਂ ਦੇ ਰੂਪ ਬਾਰੇ ਕੋਈ ਪਤਾ ਨਹੀਂ। ਇਸ ਕਿੱਸੇ
ਗੜ੍ਹ ਕੋਟ ਦਾ ਰਾਜਾ ਬੀਰਸੈਨ ਅਤੇ ਉਸ ਦੀ ਸੁੰਦਰ ਸਰੂਪ
ਸਵਰਨ ਮਤੀ ਅਤੇ ਦੂਜੀਆਂ ਰਾਣੀਆਂ ਜੋਤਸ਼ੀਆਂ ਦੇ ਕਹਿ
ਕੁਰੂਕਸ਼ੇਤਰ ਇਸ਼ਨਾਨ ਕਰਨ ਆਏ। ਇਸੇ ਸਮੇਂ ਰਾਜਾ ਸ਼ੂਰਸੈ
ਸਾਰੀਆਂ ਰਾਣੀਆਂ ਨੂੰ ਲੈ ਕੇ ਇਥੇ ਆਏ। ਇਸ ਦੀ ਵੱਡੀ ਰਾਣੀ
ਕਲਾ ਵੀ ਨਾਲ ਸੀ। ਦੋਵੇਂ ਜੋੜੇ ਮਿਲਕੇ ਬੜੇ ਖੁਸ਼ ਹੋਏ। ਸਵਰਨ
ਅਤੇ ਬੀਰ ਕਲਾ ਦੋਵੇਂ ਰਾਣੀਆਂ ਗਰਭਵਤੀ ਸਨ। ਰਾਣੀਆਂ ਨੇ
ਕੇ ਮਤਾ ਪਕਾਇਆ ਕਿ ਜੇ ਸਾਡੇ ਦੋਹਾਂ ਦੇ ਪੁੱਤਰ ਹੋਏ ਤਾਂ ਦੋਵੇਂ
ਇੱਕਠੀਆਂ ਹੋਵਾਂਗੀਆਂ ਪਰ ਜੇ ਇਕ ਦੇ ਕੁੜੀ ਅਤੇ ਦੂਜੀ ਦੇ
ਹੋਇਆ ਤਾਂ ਉਨ੍ਹਾਂ ਦਾ ਆਪਸ ਵਿਚ ਵਿਆਹ ਕਰ ਦਿਆਂਗਾਂ
ਇਸ ਪਿਛੋਂ ਸਵਰਨਮਤੀ ਦੇ ਪੁੱਤਰ ਜੰਮਿਆ ਤੇ ਬੀਰ ਕਲਾ
ਹੋਈ। ਧੀ ਦਾ ਨਾਂ ਸ਼ਮਸ ਰਖਿਆ ਗਿਆ ਤੇ ਪੁੱਤਰ ਦਾ ਨਾ
ਦੋਹਾਂ ਬੱਚਿਆਂ ਨੂੰ ਖਾਰੀਆਂ ਵਿਚ ਪਾ ਕੇ ਲਾਵਾਂ ਫੇਰੇ ਦੇ ਦਿੱਤੇ
ਅਤੇ ਕੁਰੂਕਸ਼ੇਤਰ ਨਹਾ ਕੇ ਸਭ ਆਪਣੇ ਆਪਣੇ ਦੇਸ਼ ਚਲੇ ਗਏ

ਸਮਾਂ ਪਾ ਕੇ ਬੱਚੇ ਜਵਾਨ ਹੋ ਗਏ। ਢੋਲ ਆਪਣਾ
ਸੰਭਾਲਣ ਜੋਗਾ ਹੋ ਗਿਆ। ਉਸ ਦਾ ਵਿਆਹ ਵੀ ਕਿਸੇ ਹੋਰ ਥ
ਦਿੱਤਾ ਗਿਆ। ਉਸ ਨੂੰ ਪਹਿਲੇ ਵਿਆਹ ਦਾ ਖ਼ਿਆਲ ਆਇ
ਇਕ ਦਿਨ ਉਹ ਹਿਰਨ ਦਾ ਸ਼ਿਕਾਰ ਖੇਡਣ ਬਾਹਰ ਗਿਆ ਹੋ
ਸੀ ਤੇ ਉਥੋ ਹੀ ਉਹ ਮਾਰਵਾੜ ਵੱਲ ਤੁਰ ਪਿਆ। ਰਾਹ ਵਿਚ
ਵੀ ਇਕੱਠੀ ਕਰ ਲਈ ਤੇ ਮੁਕਲਾਵਾ ਲੈਣ ਤੁਰ ਪਿਆ। ਇਹ
ਸੁਣ ਕੇ ਸ਼ੂਰਸੈਨ ਨੇ ਢੋਲੇ ਨੂੰ ਆਦਰ ਸਨਮਾਨ ਨਾਲ ਮਹਿਲ
ਲਿਆਂਦਾ। ਮੁਕਲਾਵਾ ਲੈ ਕੇ ਢੋਲਾ ਨਰਵਰ ਗੜ੍ਹ ਵੱਲ ਮੁੜਿਆ

ਹੋਣੀ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਢੋਲੇ ਦੀ ਦੂਜੀ
ਵਾਲੀ ਨੂੰ ਸ਼ਮਸ ਦੇ ਲਿਆਉਣ ਦਾ ਪਤਾ ਲਗਾ ਅਤੇ ਉਸ ਦੀ
ਹਾਰੀ ਨੇ ਜਾ ਕੇ ਸੱਸ ਨੂੰ ਕਿਹਾ ਕਿ ਤੁਹਾਡਾ ਪੁੱਤਰ ਆਪਣੇ
ਨਾਲ ਮਿਲ ਕੇ ਤੁਹਾਡੇ ਕੋਲੋਂ ਰਾਜ ਖੋਹਣ ਦੀਆਂ ਸਾਜ਼ਸ਼ਾਂ ਕਰ
ਹੈ। ਸੱਸ ਨੇ ਪਤੀ ਨੂੰ ਇਹ ਗੱਲ ਦੱਸੀ ਅਤੇ ਰਾਜੇ ਨੂੰ ਜਚ ਗਈ
ਨੇ ਖੜਾਵਾਂ ਪੁੱਠੀਆਂ ਕਰਨ ਅਤੇ ਢੋਲੇ ਨੂੰ ਬਾਰ੍ਹਾਂ ਵਰ੍ਹੇ ਦਾ
ਨਿਕਾਲੇ ਦਾ ਹੁਕਮ ਦੇ ਦਿਤਾ। ਹੁਕਮ ਮੰਨ ਕੇ ਉਹ ਰਸਤੇ ਵਿ
ਜੰਗਲ ਵਿਚ ਚਲੇ ਗਏ ਤੇ 12 ਵਰ੍ਹੇ ਜੰਗਲ ਵਿਚ ਬਿਤਾਏ।
ਵਰ੍ਹੇ ਰਾਜਾ ਬੀਰ ਸੈਨ ਅਕਾਲ ਚਲਾਣਾ ਕਰ ਗਿਆ ਅਤੇ ਢੋਲ
ਸ਼ਮਸ ਵਾਪਸ ਆਪਣੇ ਰਾਜ ਵਿਚ ਆ ਗਏ ਅਤੇ ਸੁਖੀ ਸੁਖੀ
ਕਰਦੇ ਰਹੇ।

ਰਾਜਸਥਾਨੀ ਕਿੱਸੇ ਵਿਚ ਇਸ ਦਾ ਨਾਇਕ ਤਾਂ ਢੋਲ
ਪਰ ਨਾਇਕਾ ਦਾ ਨਾਂ ਮਾਰੂ ਜਾਂ ਮਾਰਵਾਣੀ ਹੈ। ਇਕ ਵਾਰ ਪੁਗ
ਰਾਜਾ ਪਿੰਗਲ ਦੇ ਰਾਜ ਵਿਚ ਕਾਲ ਪੈ ਗਿਆ। ਰਾਜਾ ਆਪਣੀ
ਤੇ ਧੀ ਨੂੰ ਲੈ ਕੇ ਨਰਵਰ ਰਾਜ ਵਿਚ ਆ ਗਿਆ। ਨਰਵਰ ਦੇ
ਦਾ ਪੁੱਤਰ ਢੋਲਾ ਰਾਣੀ ਨੂੰ ਪਸੰਦ ਆ ਗਿਆ ਅਤੇ ਉਸ ਨੇ ਬ
ਵਿਚ ਆਪਣੀ ਧੀ ਮਾਰਵਾਣੀ ਨੂੰ ਢੋਲੇ ਨਾਲ ਵਿਆਹ
ਜਵਾਨ ਹੋਣ ਉੱਤੇ ਪਿੰਗਲ ਨੇ ਢੋਲੇ ਦਾ ਵਿਆਹ ਇਕ ਹੋਰ
ਰਾਜਕੁਮਾਰੀ ਮਲਵਣੀ (ਮਾਲਵੇ ਦੀ ਰਾਜਕੁਮਾਰੀ) ਨਾਲ ਕਰ
ਤੇ ਢੋਲੇ ਨੂੰ ਉਸ ਦੇ ਪਹਿਲੇ ਵਿਆਹ ਦੀ ਸੂਹ ਨਾ ਦਿਤੀ। ਮਾਰ
ਦੇ ਜਵਾਨ ਹੋਣ ਤੇ ਉਸ ਦੇ ਪਿਤਾ ਨੇ ਰਾਜੇ ਨਰਵਰ ਕੋਲ ਕਣ
ਭਜੇ ਕਿ ਢੋਲਾ ਆ ਕੇ ਆਪਣੀ ਵਿਆਹੰਦੜ ਨੂੰ ਲੈ ਜਾ

ਮਲਵਾਣੀ ਨੇ ਉਹ ਦੂਤ ਢੋਲੇ ਤੀਕ ਪੁੱਜਣ ਨਾ ਦਿਤੇ। ਮਾਰਵਾੜੀ ਨੇ ਢੋਲੇ ਨੂੰ ਸੁਪਨੇ ਵਿਚ ਦੇਖ ਕੇ ਤੇ ਬੇਸਬਰ ਹੋ ਕੇ ਆਪ ਇਕ ਗੀਤ ਲਿਖਿਆ ਤੇ ਗਾਇਕਾਂ ਦੀ ਇਕ ਮੰਡਲੀ ਹੱਥ ਭੇਜਿਆ ਜਿਸ ਨੂੰ ਚਾਰਨ ਗਾਉਂਦੇ ਹਨ। ਢੋਲਾ ਇਨ੍ਹਾਂ ਨੂੰ ਮਿਲਿਆ ਤੇ ਊਠ ਲੈ ਕੇ ਪੁਗਲ ਰਾਜ ਵਲ ਤੁਰ ਪਿਆ। ਮਾਰਵਾਣੀ ਨੇ ਢੋਲੇ ਨੂੰ ਠਿੱਠ ਕਰਨ ਲਈ ਪਹਿਲਾਂ ਇਕ ਤੋਤਾ ਪਿੱਛੇ ਘੱਲਿਆ ਜਿਸ ਨੇ ਢੋਲਨ ਨੂੰ ਝੂਠ ਮੂਠ ਕਿਹਾ ਕਿ ਮਾਲਵਾੜੀ ਤੇਰੇ ਵਿਛੋੜੇ ਵਿਚ ਮਰ ਗਈ ਹੈ। ਢੋਲਾ ਸਹੁਰੇ ਗਿਆ ਤੇ ਵਹੁਟੀ ਦਾਜ ਨੌਕਰਾਣੀਆਂ ਸਮੇਤ ਲੈ ਕੇ ਟੁਰ ਪਿਆ। ਰਸਤੇ ਵਿਚ ਮਾਰਵਾਣੀ ਨੂੰ ਸੱਪ ਲੜ ਗਿਆ ਪਰ ਇਕ ਜੋਗੀ ਨੇ ਜ਼ਿੰਦਾ ਕਰ ਦਿੱਤਾ। ਅੰਤ ਨੂੰ ਉਹ ਘਰ ਪਹੁੰਚ ਗਏ ਅਤੇ ਮਾਰਵਾਣੀ ਤੇ ਮਲਵਾਣੀ ਦੋਵੇਂ ਰਾਣੀਆਂ ਢੋਲੇ ਨਾਲ ਵਸੀਆਂ ਰਸੀਆਂ। ਇਸ ਵਿਚ ਮਨੁੱਖੀ ਹਿਰਦਿਆਂ ਦੇ ਕੋਮਲ ਭਾਵ ਅਤੇ ਬਾਹਰਲੇ ਕੁਦਰਤੀ ਨਜ਼ਾਰੇ ਪ੍ਰਗਟ ਕੀਤੇ ਗਏ ਹਨ।

ਅੱਜਕੱਲ੍ਹ ਪੰਜਾਬੀ ਵਿਚ ਇਸ ਦਾ ਕਿੱਸਾ ਹੋਰ ਹੀ ਮਿਲਦਾ ਹੈ। ਇਸ ਵਿਚ ਗੜ੍ਹ ਰੂਮ ਦਾ ਬਾਦਸ਼ਾਹ ਅਲਾਦੀਨ ਦਾ ਪੁੱਤਰ ਢੋਲਾ ਤੇ ਗੜ੍ਹ ਕੇਸਰ ਦੇ ਬਾਦਸ਼ਾਹ ਉਮਰਦੀਨ ਦੀ ਧੀ ਸੰਮੀ ਹੈ। ਦੋਹਾਂ ਦਾ ਵਿਆਹ ਹੋ ਗਿਆ ਤੇ ਇਸ ਪਿੱਛੋਂ ਉਮਰਦੀਨ ਤੇ ਢੋਲਾ ਰੂਮ ਚਲੇ ਗਏ। ਢੋਲ ਨੇ ਇਕ ਤੋਤਾ ਪਾਲ ਲਿਆ। ਇਸ ਨੂੰ ਹਿਰਨ ਦੇ ਸ਼ਿਕਾਰ ਦਾ ਵੀ ਸ਼ੌਕ ਸੀ। ਹੀਰਾ ਹਿਰਨ ਤੇ ਸੰਦਲ ਹਰਨੀ ਰੂਮ ਤੋਂ ਚੱਲ ਕੇ ਗੜ੍ਹ ਕੇਸਰ ਦੀ ਜੂਹ ਵਿਚ ਆ ਗਏ। ਨਜੂਮੀ ਨੇ ਸੰਮੀ ਨੂੰ ਕਿਹਾ ਕਿ ਜੇ ਤੂੰ ਹੀਰੇ ਹਰਨ ਦੇ ਬੱਚੇ ਫੜਵਾ ਲਏ ਤਾਂ ਉਹ ਜਾ ਕੇ ਰੂਮ ਤੋਂ ਢੋਲ ਨੂੰ ਲੈ ਆਵੇਗਾ। ਹੀਰਾ ਹਰਨ ਗਿਆ ਤੇ ਢੋਲੇ ਨੂੰ ਗੱਲ ਦਸ ਕੇ ਤੇ ਸੰਮੀ ਦੀ ਚਿੱਠੀ ਦਿਖਾ ਕੇ ਨਾਲ ਲੈ ਆਇਆ। ਤੋਤਾ ਵੀ ਨਾਲ ਹੀ ਸੀ। ਹੀਰਾ ਹਿਰਨ ਮਰ ਗਿਆ। ਸੰਮੀ ਨੇ ਉਸ ਦੇ ਬੱਚੇ ਛੱਡ ਦਿੱਤੇ। ਢੋਲ ਤੇ ਸੰਮੀ ਮਿਲ ਪਏ। ਢੋਲ ਛੇ ਮਹੀਨੇ ਸਹੁਰੇ ਰਿਹਾ। ਤੋਤਾ ਛੱਡ ਗਿਆ ਤੇ ਸੰਮੀ ਨੂੰ ਲੈ ਕੇ ਰੂਮ ਵੱਲ ਟੁਰ ਪਿਆ। ਰਾਹ ਵਿਚ ਢੋਲ ਨੂੰ ਇਕ ਸੱਪ ਲੜ ਗਿਆ ਤੇ ਉਹ ਮਰ ਗਿਆ ਪਰ ਸੰਮੀ ਨੇ ਵਿਰਲਾਪ ਕਰਕੇ ਢੋਲ ਜਿਉਂਦਾ ਕਰ ਲਿਆ ਤੇ ਉਹ ਦੋਵੇਂ ਰੂਮ ਵਾਪਸ ਚਲੇ ਗਏ। ਨਾਇਕ ਤੇ ਨਾਇਕਾ ਦੇ ਦੋਵੇਂ ਨਾਂ ਅਰਬੀ ਹੋਣ ਕਰਕੇ ਸ਼ੱਕ ਪੈਂਦਾ ਹੈ ਕਿ ਰਾਜਪੂਤ ਕਬੀਲਿਆਂ ਨੇ ਕਿਸੇ ਬਹੁਤ ਪੁਰਾਣੇ ਕਿੱਸੇ ਨੂੰ ਅਪਣਾ ਲਿਆ ਹੈ। ਇਥੇ ਹੋਰ ਵੀ ਸ਼ੱਕ ਪੈਦਾ ਹੁੰਦਾ ਹੈ ਕਿ ਰਾਜਪੂਤ ਕਬੀਲਿਆਂ ਨੇ ਯਹੂਦੀ ਕਿੱਸੇ ਨੂੰ ਹਿੰਦੁਸਤਾਨੀ ਜਾਮਾ ਪੁਆ ਦਿੱਤਾ ਹੈ। ਯਹੂਦੀ ਕਿਸੇ 'Samson-Delilah' ਦਾ ਨਾਂ ਸੰਮੀ ਤੇ ਢੋਲਾ ਬਣਦਾ ਹੈ ਭਾਵੇਂ (Delilah) ਔਰਤ ਸੀ ਤੇ ਸੰਮਸਨ-ਮਰਦ ਪਰ ਰਾਜਸਥਾਨੀ ਵਿਚ ਢੋਲ ਮਰਦ ਤੇ ਸ਼ਮਸ ਤੀਵੀਂ। ਰਾਜਸਥਾਨੀ ਵਿਚ ਤੀਵੀਂ ਦਾ ਨਾਂ ਸ਼ਮਸ ਓਪਰਾ ਲਗਦਾ ਹੈ।

ਹ.ਪੁ.—ਪੰ.ਸਾ.ਇ-ਪੰਜਾਬ ਯੂਨੀ.; ਹਿੰ.ਸਾ.ਕੋ. 2 : 212

**ਢੋਲਾ** : ਢੋਲਾ ਰਾਜਸਥਾਨ, ਅਲਵਾ, ਬ੍ਰਜ ਅਤੇ ਉੱਤਰ-ਭਾਰਤੀ ਹਿੰਦੀ ਭਾਸ਼ਾ ਬੋਲਣ ਵਾਲੇ ਖੇਤਰ ਦਾ ਲੋਕ-ਕਾਵਿ ਹੈ। ਬਰਸਾਤ ਵਿਚ ਅਕਸਰ ਚਿਕੋੜੇ (ਚਿਕਾਰਾ ਭਾਵ ਸਾਰੰਗੀ ਵਰਗਾ ਇਕ ਛੋਟਾ ਸਾਜ਼) ਤੇ ਇਸ ਨੂੰ ਗਾਇਆ ਜਾਂਦਾ ਹੈ। ਢੋਲਕ ਤੇ ਮਜੀਰੇ ਨਾਲ ਵਜਦੇ ਹਨ। 'ਸੂਰੈਯਾ' ਨਾਮ ਦਾ ਦੂਜਾ ਗਾਇਕ ਪ੍ਰਮੁਖ ਗਾਇਕ ਨੂੰ ਸਾਹ ਦੁਆਉਣ ਲਈ ਸੁਰ ਭਰਦਾ ਹੈ। ਢੋਲੇ ਦੀ ਪ੍ਰਥਾ ਰਾਜਸਥਾਨ ਦੇ ਢੋਲਾ ਮਾਰੂ ਤੇ ਆਧਾਰਤ ਹੈ ਜਿਸ ਵਿਚ ਜਵਾਨ ਹੋਣ ਤੇ ਢੋਲਾ ਆਪਣੀ ਬਚਪਨ ਵਿਚ ਵਿਆਹੀ ਪਤਨੀ ਮਾਰਵਣ ਨੂੰ ਅਨੇਕਾਂ ਮੁਸ਼ਕਲਾਂ ਝੱਲ ਕੇ ਪ੍ਰਾਪਤ ਕਰਦਾ ਹੈ। 'ਢੋਲਾ ਮਾਰੂ ਦਾ ਦੂਹਾ', ਗ੍ਰੰਥ ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ ਨੇ ਪ੍ਰਕਾਸ਼ਤ ਕੀਤਾ। ਇਸ ਦੀ ਰਚਨਾ ਅਤੇ ਸਭ ਤੋਂ ਪੁਰਾਣਾ ਸਰੂਪ ਗਿਆਰ੍ਹਵੀਂ ਜਾਂ ਬਾਰ੍ਹਵੀਂ ਸਦੀ ਦਾ ਪ੍ਰਤੀਤ ਹੁੰਦਾ ਹੈ। ਛਤੀਸਗੜ੍ਹ ਵਿਚ ਪ੍ਰਾਪਤ ਢੋਲੇ ਦੀ ਕਥਾ ਵਿਚ ਕੇਵਲ ਮਾਰੂ ਦੇ ਗੌਣੇ ਦਾ ਵਰਨਣ ਹੈ। ਇਸ ਵਿਚ ਰੇਵਾ ਨਾਂ ਦੀ ਜਾਦੂਗਰਨੀ ਢੋਲੇ ਤੇ ਮੋਹਿਤ ਹੋ ਕੇ ਉਨ੍ਹਾਂ ਦੇ ਮਿਲਣ ਵਿਚ ਰੁਕਾਵਟਾਂ ਪੈਦਾ ਕਰਦੀ ਹੈ। ਕਹਾਣੀ ਦੇ ਹੋਰ ਵੀ ਰੂਪ ਮਿਲਦੇ ਹਨ। ਸੰਨ 1890 ਵਿਚ ਇਹ ਕਹਾਣੀ ਦੋ ਵਾਰੀ ਲਿਪੀਬਧ ਕੀਤੀ ਗਈ। 'ਆਰਕਿਆਲੋਜੀਕਲ ਸਰਵੇ ਰਿਪੋਟ' ਅਨੁਸਾਰ ਢੋਲੇ ਦੀ ਵਾਰਤਾ ਪੌਰਾਣਕ ਨਲ ਅਤੇ ਦਮਯੰਤੀ ਦੀ ਕਥਾ ਨਾਲ ਜੋੜੀ ਗਈ ਹੈ। ਛਤੀਸਗੜ ਦੀਆਂ ਦੂਜੀਆਂ ਕਹਾਣੀਆਂ ਵਿਚ ਢੋਲੇ ਨੂੰ 'ਦੂਲਹਨ' ਕਿਹਾ ਗਿਆ ਹੈ ਜਿਸ ਦਾ ਵਿਆਹ ਬਚਪਨ ਵਿਚ ਗੜ੍ਹ ਪਿੰਗਲਾ ਦੀ ਰਾਜਕੁਮਾਰੀ ਸਰਵਣ ਨਾਲ ਹੋਇਆ ਸੀ। ਰਾਜਕੁਮਾਰੀ ਨੇ ਜਵਾਨ ਹੋਣ ਤੇ ਢੋਲੇ ਨੂੰ ਸੁਨੇਹੇ ਭੇਜੇ ਪਰ ਆਪਣੀਆਂ ਹੋਰ ਦੋ ਰਾਣੀਆਂ ਦੇ ਪ੍ਰੇਮ ਵਿਚ ਫਸਿਆ ਹੋਇਆ ਢੋਲਾ ਉਸ ਨੂੰ ਪ੍ਰਾਪਤ ਨਾ ਕਰ ਸਕਿਆ।

ਅੰਤ ਵਿਚ ਸੁਨੇਹਾ ਮਿਲਣ ਤੇ ਉਹ ਅੰਨੀ ਊਠਣੀ ਉੱਤੇ ਸਵਾਰ ਹੋ ਕੇ ਮਾਰਵਣ ਦੇ ਕੋਲ ਪਹੁੰਚਦਾ ਹੈ ਤੇ ਉਸ ਨੂੰ ਪ੍ਰਾਪਤ ਕਰਦਾ ਹੈ। ਇਕ ਕਹਾਣੀ ਵਿਚ ਮਾਰੂ ਤੋਤੇ ਦੇ ਹੱਥ ਢੋਲੇ ਨੂੰ ਸੁਨੇਹਾ ਭੇਜਦੀ ਹੈ। ਰੇਵਾ ਨੂੰ ਕਈ ਥਾਈਂ ਮਾਲਣ ਵੀ ਦੱਸਿਆ ਹੈ। ਬ੍ਰਜ ਵਿਚ ਪ੍ਰਚੱਲਤ ਢੋਲਾ ਦੂਲਹ ਜਾਂ ਦੁਰਲਭ ਤੋਂ ਬਣਿਆ ਪ੍ਰਤੀਤ ਹੁੰਦਾ ਹੈ। ਇਸਤਰੀਆਂ ਵਿਚ ਗਾਏ ਜਾਣ ਵਾਲੇ 'ਢੋਲਾ' 'ਡੋਲਨਾ' ਕਿਰਿਆ ਨਾਲ ਸਬੰਧਤ ਗੀਤ ਹੈ ਜੋ ਰਸਤੇ ਵਿਚ ਚਲਣ ਸਮੇਂ ਗਾਏ ਜਾਂਦੇ ਹਨ। ਆਪਣੀ ਵਿਸ਼ੇਸ ਪ੍ਰਸਿੱਧੀ ਦੇ ਕਾਰਨ 'ਢੋਲਾ' ਰਾਜਸਥਾਨ ਅਤੇ ਮਾਲਵੇ ਵਿਚ ਪਿਆਰੇ ਦਾ ਪ੍ਰਯਾਇ ਬਣ ਗਿਆ ਹੈ। ਹੁਣ ਢੋਲਾ ਗਾਉਣ ਵਾਲੇ ਬਹੁਤ ਘੱਟ ਗਵਈਏ ਮਿਲਦੇ ਹਨ, ਉਨ੍ਹਾਂ ਨੂੰ 'ਦੁਲੈਯਾ' ਆਖਿਆ ਜਾਂਦਾ ਹੈ। ਸਮੇਂ ਦੇ ਨਾਲ ਢੋਲੇ ਦੀ ਕਹਾਣੀ ਦੇ ਕਈ ਰੂਪ ਬਣ ਗਏ ਹਨ। ਗੋਰਖ ਸੰਪ੍ਰਦਾਇ ਅਤੇ ਸ਼ਾਕਤਾਂ ਦਾ ਪ੍ਰਭਾਵ ਸਪਸ਼ਟ ਤੌਰ ਤੇ ਇਸ ਕਹਾਣੀ ਉਪਰ ਪਿਆ ਹੈ।

ਹ.ਪੁ.—ਹਿੰ.ਸਾ.ਕੋ. 2: 212

**ਢੋਲਾ ਮਾਰੂ ਚੌਪਾਈ** : ਇਸ ਦੀ ਰਚਨਾ ਖਰਤਰਸਛੀਯ ਜੈਨ ਕਵੀ ਕੁਸ਼ਲਾਭ ਨੇ ਕੀਤੀ। ਢੋਲਾ ਮਾਰੂ ਚੌਪਾਈ ਦੀ ਰਚਨਾ ਦਾ ਸਮਾਂ ਸੰਨ 1560 ਈ. ਦੇ ਨੇੜੇ ਤੇੜੇ ਹੈ। ਨਲਵਰਗੜ੍ਹ ਦੇ ਰਾਜਾ ਨਲ ਦੇ ਪੁੱਤਰ ਸਾਲਹ ਦਾ ਲੋਕਪ੍ਰਿਯ ਨਾਮ ਢੋਲਾ ਸੀ। ਮਾਰਵਾੜ ਦੇ ਰਾਜੇ ਦੀ ਸੁੰਦਰ ਕੁਮਾਰੀ ਦਾ ਨਾਂ ਮਾਰਵ, ਮਾਰਵਣੀ ਜਾਂ ਮਾਰੂ ਸੀ। ਬਹੁਤ ਸਾਰੇ ਕਵੀਆਂ ਨੇ ਢੋਲਾ ਅਤੇ ਮਾਰੂ ਦੀ ਪ੍ਰੇਮ ਕਹਾਣੀ ਨੂੰ ਕਵਿਤਾਇਆ। 'ਢੋਲਾ ਮਾਰੂ ਦਾ ਦੂਹਾ' ਇਸੇ ਕਹਾਣੀ ਨੂੰ ਲੈ ਕੇ ਰਚੀ ਗਈ ਕਾਵਿ ਪੁਸਤਕ ਹੈ ਜੋ ਕਲਾ ਪੱਖੋਂ ਸੁੰਦਰ ਕਾਵਿ ਦਾ ਨਮੂਨਾ ਹੈ। ਢੋਲਾ ਮਾਰੂ ਦੀ ਕਹਾਣੀ ਵਿਚ ਇਤਿਹਾਸਕ ਤੱਥਾਂ ਬਾਰੇ ਧਿਆਨ ਦੇਣਾ ਵਿਅਰਥ ਹੈ। ਇਸ ਕਾਵਿ ਕਿਰਤ ਦੀ ਰਚਨਾ ਜੈਸਲਮੇਰ ਦੇ ਯੁਵਰਾਜ ਹਰਰਾਜ ਦੇ ਕਹਿਣ ਤੇ ਕੀਤੀ ਗਈ। ਕੁਸ਼ਲਾਭ ਦੇ ਗ੍ਰੰਥ ਦੀ ਭਾਸ਼ਾ ਸਰਲ ਪੱਛਮੀ ਹਿੰਦੀ ਹੈ। ਇਸ ਵਿਚ ਬ੍ਰਜ ਭਾਸ਼ਾ, ਗੁਜਰਾਤੀ ਅਤੇ ਰਾਜਸਥਾਨੀ ਆਦਿ ਭਾਸ਼ਾਵਾਂ ਦੀ ਕੋਈ ਨਾ ਕੋਈ ਖ਼ੂਬੀ ਮਿਲਦੀ ਹੈ। ਇਸ ਦੀ ਸ਼ੈਲੀ ਸੁਭਾਵਕ ਤੇ ਵੇਗਮਈ ਹੈ।

ਹ.ਪੁ.—ਹਿੰ.ਸਾ.ਕੋ. 2 : 213

**ਢੋਲੇਰਾ** : ਇਹ ਭਾਰਤ ਦੇ ਗੁਜਰਾਤ ਰਾਜ ਦੇ ਅਹਿਮਦਾਬਾਦ ਜ਼ਿਲ੍ਹੇ ਦੇ ਧੰਧੂਕਾ ਤਅੱਲੁਕੇ ਦੀ ਇਕ ਬੰਦਰਗਾਹ ਹੈ ਜਿਹੜੀ ਕਾਠੀਆਵਾੜ ਦੇ ਪ੍ਰਾਇਦੀਪ ਵਿਚ ਅਹਿਮਦਾਬਾਦ ਸ਼ਹਿਰ ਤੋਂ 62 ਕਿ.ਮੀ. ਦੱਖਣ-ਪੱਛਮ ਵਿਚ ਸਥਿਤ ਹੈ। ਇਹ ਕੈਂਬੇ ਦੀ ਖਾੜੀ ਵਿਚ ਕਪਾਹ ਦੇ ਪ੍ਰਮੁੱਖ ਕੇਂਦਰਾਂ ਵਿਚੋਂ ਇਕ ਕੇਂਦਰ ਹੈ। ਇਹ ਜ਼ਿਲ੍ਹੇ ਦਾ ਸਭ ਤੋਂ ਪਹਿਲਾ ਹਿੱਸਾ ਸੀ ਜਿਹੜਾ ਅੰਗਰੇਜ਼ੀ ਹਕੂਮਤ ਦੇ ਕਬਜ਼ੇ ਹੇਠ ਆਇਆ। ਸੰਨ 1802 ਵਿਚ ਭਾਵਨਗਰ ਦੇ ਮੁਖੀਆਂ ਦੇ ਨਜਾਇਜ਼

ਕਬਜ਼ਿਆਂ ਤੋਂ ਬਚਣ ਲਈ ਇਥੋਂ ਦੇ ਮਾਲਕਾਂ ਨੇ ਇਥੋਂ ਦੀ ਮਾਲਕੀ ਛੱਡ ਦਿੱਤੀ ਸੀ। ਉਸ ਸਮੇਂ ਇਹ 300 ਘਰਾਂ ਦਾ ਇਕ ਪਿੰਡ ਹੁੰਦਾ ਸੀ ਜਿਥੇ ਕਿਸੇ ਵੀ ਕਿਸਮ ਦਾ ਵਪਾਰ ਨਹੀਂ ਕੀਤਾ ਜਾਂਦਾ ਸੀ। ਭਾਵੇਂ ਇਸ ਨੂੰ ਬੰਦਰਗਾਹ ਕਿਹਾ ਜਾਂਦਾ ਸੀ ਪਰ ਢੋਲੇਰਾ ਦਾ ਕਸਬਾ ਸਮੁੰਦਰ ਤੋਂ ਲਗਭਗ 20 ਕਿ. ਮੀ. ਦੀ ਦੂਰੀ ਤੇ ਸੀ। ਸੰਨ 1862 ਤੋਂ 1865 ਤੱਕ ਅਮਰੀਕਾ ਦੀ ਖ਼ਾਨਾਜੰਗੀ ਸਮੇਂ ਇਹ ਗੁਜਰਾਤ ਵਿਚ ਕਪਾਹ ਦਾ ਮੁੱਖ ਕੇਂਦਰ ਹੁੰਦਾ ਸੀ। ਸੰਨ 1889 ਵਿਚ ਇਹ ਮਿਉਂਸਪਲ ਕਸਬਾ ਬਣਿਆ। ਇਥੇ ਵਿਦਿਅਕ ਅਤੇ ਸਿਹਤ ਸਹੂਲਤਾਂ ਵੀ ਉਪਲਬਧ ਹਨ।

22° 15′ ਉ. ਵਿਥ.; 72° 11′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 11 : 320



# ਣ

ਇਹ ਪੰਜਾਬੀ ਵਰਣਮਾਲਾ ਦਾ ਵੀਹਵਾਂ ਤੇ ਟਵਰਗ ਦਾ ਪੰਜਵਾਂ ਅੱਖਰ ਹੈ। ਇਸ ਦਾ ਉਚਾਰਣ ਸਥਾਨ ਮੂਰਧਨ (ਮੂੰਹ ਦੀ ਛੱਤ) ਤੇ ਨਾਸਿਕਾ ਹੈ। ਜੀਭ ਦੀ ਨੋਕ ਦਾ ਉਲਟਾ ਸਿਰਾ ਮੂੰਹ ਦੀ ਛੱਤ ਦੇ ਨਾਲ ਟਕਰਾਉਣ ਤੇ ਨੱਕ ਦੀ ਸਹਾਇਤਾ ਨਾਲ ਇਸ ਦੀ ਧੁਨੀ ਉਤਪੰਨ ਹੁੰਦੀ ਹੈ।

ਸੰਗਿਆ ਦੇ ਤੌਰ ਤੇ ਇਹ ਸ਼ਬਦ ਗਿਆਨ, ਨਿਰਣਯ, ਖੋਜ, ਗਹਿਣਾ, ਜਲ, ਸ਼ਿਵ, ਦਾਨ ਤੇ ਖੋਟਾ ਆਦਮੀ ਦੇ ਅਰਥ ਦਿੰਦਾ ਹੈ।

ਇਹ ਅੱਖਰ ਕੁਟਿਲ ਨਾਗਰੀ ਤੇ ਸ਼ਾਰਦਾ ਲਿਪੀ ਦਾ ਵਿਕਸਿਤ ਰੂਪ ਹੈ। ਇਨ੍ਹਾਂ ਸਾਰੀਆਂ ਲਿਪੀਆਂ ਦੀ ਜਨਮਦਾਤੀ ਬ੍ਰਹਮੀ ਲਿਪੀ ਹੈ। ਚੌਥੀ ਸਦੀ ਦੀ ਅਲਾਹਾਬਾਦ ਦੀ ਲਿਪੀ ਵਿਚ ਇਸ ਦੀ ਕੁਟਿਲ ਲਿਪੀ ਛੇਵੀਂ ਤੋਂ ਨੌਵੀਂ ਸਦੀ ਤੱਕ ਦੀ ਉੱਤਰੀ ਭਾਰਤ ਦੀ ਲਿਪੀ ਹੈ ਜੋ ਗੁਪਤ ਲਿਪੀ ਦਾ ਬਦਲਿਆ ਰੂਪ ਹੈ। ਕੁਟਿਲ ਵਿਚ ਅੱਖਰਾਂ ਦੀਆਂ ਖੜ੍ਹੀਆਂ ਲਕੀਰਾਂ ਹੇਠਾਂ ਵੱਲ ਖੱਬੇ ਪਾਸੇ ਮੁੜੀਆਂ ਹੁੰਦੀਆਂ ਹਨ ਅਤੇ ਸਵਰਾਂ ਦੀਆਂ ਮਾਤਰਾਵਾਂ ਜ਼ਿਆਦਾ ਟੇਡੀਆਂ ਮੇਡੀਆਂ ਅਤੇ ਲੰਬੀਆਂ ਹੁੰਦੀਆਂ ਹਨ। ਇਸ ਲਿਪੀ ਵਿਚ ਇਸ ਅੱਖਰ ਦਾ (ੴ) ਰੂਪ ਹੈ। ਇਸ ਅੱਖਰ ਨੂੰ ਜੇ ਥੋੜ੍ਹਾ ਖੱਬੇ ਪਾਸੇ ਨੂੰ ਕਰਕੇ ਲਿਖਿਆ ਜਾਵੇ ਤਾਂ ਇਹ ਪੂਰੀ ਤਰ੍ਹਾਂ 'ਣ' ਦੇ ਅਜੋਕੇ ਰੂਪ ਵਰਗਾ ਬਣ ਜਾਂਦਾ ਹੈ। ਇਹ ਹੋਰਯੂਜੀ ਦੇ ਮੱਠ ਦੀ ਲਿਪੀ ਦਾ ਚਿੱਤਰ ਹੈ ਜੋ ਛੇਵੀਂ ਸਦੀ ਦੀ ਹੈ। ਛੇਵੀਂ ਸਦੀ ਦੇ ਰਾਜਾ ਯਸ਼ੋਧਰਮਨ ਦੇ ਸਮੇਂ ਦੀ ਮੰਦਸੌਰ ਦੀ ਲਿਪੀ ਵਿਚ ਇਸ ਦਾ ਰੂਪ (ੴ) ਤਰ੍ਹਾਂ ਦਾਂ ਹੈ। 16ਵੀਂ ਸਦੀ ਤੱਕ ਇਸ ਦਾ ਰੂਪ ਨਾਗਰੀ ਦੇ ਲ ਅੱਖਰ ਨਾਲ ਮਿਲਦਾ ਜਿਹਾ ਹੀ ਚਲਦਾ ਰਿਹਾ। ਡੋਗਰੀ ਲਿਪੀ ਵਿਚ ਇਸ ਅੱਖਰ ਦੀ ਸੱਜੇ ਪਾਸੇ ਦੀ ਖੜ੍ਹਵੀਂ ਲਈ ਦੂਜੇ ਅੱਖਰਾਂ ਦੀ ਤਰ੍ਹਾਂ ਲੇਟਵੀਂ ਬਣ ਗਈ ਜਿਸ ਨਾਲ ਇਹ ਅੱਖਰ ਅਜੋਕੇ ਰੂਪ ਦੇ ਨੇੜੇ ਪੁੱਜ ਗਿਆ। ਇਸ ਲਿਪੀ ਵਿਚ ਇਸ ਅੱਖਰ ਦਾ (ੲ) ਰੂਪ ਵੇਖਣ ਵਿਚ ਆਉਂਦਾ ਹੈ। 17ਵੀਂ ਅਤੇ 18ਵੀਂ ਸਦੀ ਵਿਚ ਵੀ ਇਸ ਦੀ ਬਣਤਰ ਵਿਚ ਉਪਰੋਂ ਹੇਠਾਂ ਨੂੰ ਪਹਿਲੇ ਮੋੜ ਦੀ ਕੁੰਡੀ ਤੋਂ ਹੇਠਾਂ ਵਲ ਇਕ ਸੱਜੇ ਪਾਸੇ ਵਲ ਤਿਰਛੀ ਜਿਹੀ ਰੇਖਾ ਖਿੱਚ ਦਿੱਤੀ ਜਾਂਦੀ ਜੋ ਇਸ ਦਾ ਰੂਪ ਥੋੜ੍ਹਾ ਨਾਗਰੀ ਦੇ ਲ ਦੇ ਨੇੜੇ ਤੇੜੇ ਜਿਹਾ ਬਣਾ ਦਿੰਦੀ ਹੈ। ਪਾਦਰੀਆਂ ਵਾਲੇ ਟਾਈਪ ਵਿਚ ਇਸ ਦਾ ਇਹ (ਣ ਣ) ਰੂਪ ਸੀ। ਇਸ ਤਰ੍ਹਾਂ ਇਹ ਅੱਖਰ ਰੂਪ ਵਿਕਾਸ ਦੀ ਮੰਜ਼ਲ ਤੈ ਕਰਦਾ ਹੋਇਆ ਪੂਰਨ ਰੂਪ ਵਿਚ ਵਿਕਸਿਤ ਹੋਇਆ।

| | | | |
|---|---|---|---|
| | ਅੱਜ ਦੀ ਗੁਰਮੁਖੀ | | ਣ |
| ਗੁਪਤ ਲਿਪੀ | ਅਲਾਹਾਬਾਦ | ( 375 ਈ. ) | |
| | ਬਾਵਰ | ( 400-500 ਈ. ) | |
| ਕੁਟਿਲ ਲਿਪੀ | ਮੰਦਸੋਰ | ( 532 ਈ. ) | |
| | ਹੋਰਯੂਜੀ | ( 500-550 ਈ. ) | |
| | ਹਰਸ਼ ਸਮੇਂ ਦੀ ਲਿਖਤ | ( 606-647 ਈ. ) | |
| | ਮੇਰੂ ਵਰਮਾ ਚੰਬਾ | ( 800 ਈ. ) | |
| | ਬਖਸ਼ਾਲੀ | ( 800 ਈ. ) | |
| ਸ਼ਾਰਦਾ ਲਿਪੀ | ਸਰਾਹਾਂ | ( 10 ਵੀਂ ਸਦੀ ) | |
| | ਸ਼ੁੰਗਲ | ( 11 ਵੀਂ ਸਦੀ ) | |
| | ਕਲੈਤ ( 11 ਵੀਂ ਸਦੀ ) ਬੈਜਨਾਥ | ( 1204 ਈ. ) | |
| | ਕੁੱਲੂ | ( 1559 ਈ. ) | |
| | ਸ਼ਕੁੰਤਲਾ | ਖਰੜਾ ( 16 ਵੀਂ ਸਦੀ ) | |
| | ਸ਼ਾਰਦਾ | ( ਮੌਜੂਦਾ ) | |
| | ਟਾਕਰੀ | | |
| | ਲੰਡੇ | | |
| | ਡੋਗਰੀ | | |
| ਗੁਰਮੁਖੀ ਲਿਪੀ | ਪੋਥੀਆਂ ਬਾਬਾ ਮੋਹਨ ਜੀ | ( 1559-1574 ਈ. ) | |
| | ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ | (16 ਵੀਂ ਸਦੀ) | |
| | ਸਾਖੀ ਵਲਾਇਤ ਵਾਲੀ | ( 17 ਵੀਂ ਸਦੀ ) | |
| | ਦਸ਼ਮੇਸ਼ ਦਾ ਸ਼ਿਕਸਤਾ | ( ਲਗਭਗ 18 ਵੀਂ ਸਦੀ ) | |
| | ਪਾਦਰੀਆਂ ਵਾਲਾ ਟਾਈਪ | ( 1850 ਈ. ) | |

ਗੁਰੂ ਨਾਨਕ ਦੇਵ ਜੀ ਵਲੋਂ 'ਪੱਟੀ' ਸਿਰਲੇਖ ਹੇਠ ਰਚੀ ਗਈ ਬਾਣੀ ਵਿਚ ਇਹ ਅਠ੍ਹਾਰਵਾਂ ਅੱਖਰ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਵਿਚ ਦਰਜ ਹੈ। ਇਸ ਦਾ ਸਲੋਕ ਸਬੰਧਤ ਅੱਖਰ ਨਾਲ ਸ਼ੁਰੂ ਹੁੰਦਾ ਹੈ :

"ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ"।

ਚੌਥੀ ਸਦੀ ਤੋਂ ਲੈ ਕੇ ਇਸ ਅੱਖਰ ਦਾ ਰੂਪ ਲਗਭਗ ਕੁਟਿਲ ਲਿਪੀ ਦੇਣ ਵਾਲਾ ਹੀ ਰਿਹਾ ਜਿਸ ਵਿਚ ਉਪਰ ਦੀ ਲੇਟਵੀਂ ਰੇਖਾ ਸੱਜੇ ਪਾਸੇ ਖੜ੍ਹਵੇਂ ਰੁਖ ਰਹੀ। ਜਦੋਂ ਲਿਖਤ ਵਿਚ ਖੜ੍ਹਵੀਂ ਰੇਖਾ ਉਪਰ ਚਲੀ ਗਈ ਤਾਂ ਇਸ ਦੀ ਖੱਬੇ ਪਾਸੇ ਵਾਲੀ ਕਰਵ ਹੇਠਾਂ ਆ ਗਈ ਜਿਸ ਨਾਲ ਇਹ ਅਜੋਕੇ ਰੂਪ ਵਿਚ ਆ ਗਿਆ। ਦੂਜੀਆਂ ਕੁਝ ਕੁ ਲਿਪੀਆਂ ਨਾਲ ਇਸ ਦੇ ਰੂਪ ਦਾ ਤੁਲਨਾਤਮਕ ਚਾਰਟ ਨਿਮਨ ਅਨੁਸਾਰ ਹੈ :

| ਸੰਧੂ | ਬ੍ਰਹਮੀ | ਪਾਲੀ | ਕੁਟਿਲ | ਨਾਗਰੀ | ਸਾਰਦਾ |
|---|---|---|---|---|---|
| — | I | I |  |  |  |

| ਟਾਕਰੀ | ਲੰਡੇ | ਗੁਰਮੁਖ | ਦੇਵਨਾਗਰੀ |
|---|---|---|---|
|  |  | ਣ | ण |

ਹ.ਪੁ.—ਭਾ.ਲਿ.ਮ; ਮ:ਕੋ; ਗੁ.ਲਿ.-ਡਾ. ਗੁਰਦੇਵ ਸਿੰਘ; ਗੁ.ਲਿ. ਵਿ.ਅ.-ਡਾ.ਈਸ਼ਰ ਸਿੰਘ ਤਾਂਘ



ਤੁਰਕੀ ਦੇ ਇਕ ਸ਼ਹਿਰ ਬਾਸਪਰਸ ਵਿਖੇ ਡੋਲਮਾ ਬਾਹਸੀ ਦਾ ਮਹਿਲ

# ਤ

ਇਹ ਗੁਰਮੁਖੀ ਲਿਪੀ ਦਾ 21ਵਾਂ ਅੱਖਰ ਅਤੇ 18ਵਾਂ ਵਿਅੰਜਨ ਹੈ। ਗੁਰੂ ਨਾਨਕ ਦੇਵ ਦੁਆਰਾ ਰਾਗ ਆਸਾ ਵਿਚ ਲਿਖੀ ਬਾਣੀ 'ਪਟੀ' ਅਨੁਸਾਰ ਇਹ 19ਵਾਂ ਅੱਖਰ ਹੈ ਅਤੇ ਇਸ ਦਾ ਉਚਾਰਣ 'ਤੱਤਾ' ਹੈ। ਜਨਮਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ 'ਪਟੀ' ਗੁਰੂ ਨਾਨਕ ਦੇਵ ਜੀ ਦੀ ਪਹਿਲੀ ਰਚਨਾ ਹੈ ਜਿਹੜੀ ਉਨ੍ਹਾਂ ਨੇ ਸੱਤ ਵਰ੍ਹਿਆਂ ਦੀ ਉਮਰ ਵਿਚ ਲਿਖੀ। ਭਾਵ ਇਸ ਦੀ ਰਚਨਾ 1469+7=1476 ਈ. ਵਿਚ ਹੋਈ। ਇਸ ਤੋਂ ਇਹ ਵੀ ਅਰਥ ਨਿਕਲਦਾ ਹੈ ਕਿ ਗੁਰਮੁਖੀ ਲਿਪੀ ਅਤੇ ਉਨ੍ਹਾਂ ਅੱਖਰਾਂ ਦਾ ਉਚਾਰਣ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪ੍ਰਚੱਲਤ ਸੀ ਅਤੇ ਅਜੇ ਵੀ ਪ੍ਰਚੱਲਤ ਹੈ।

"ਤਤੈ ਤਾਰੂ ਭਵਜਲੁ ਹੋਆ, ਤਾਕਾ ਅੰਤੁ ਨ ਪਾਇਆ।
ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।
(ਸ੍ਰੀ ਗੁਰੂ ਗ੍ਰੰਥ ਸਾਹਿਬ ਪੰ.433)

ਗਉੜੀ ਬਾਵਨ ਅਖਰੀ ਮਹਲਾ ੫ ਅਨੁਸਾਰ 'ਤਤਾ' ਉਚਾਰਣ ਹੈ (ਤਤਾ ਤਾ ਸਿਉ ਪ੍ਰੀਤਿ ਕਰ) ਅਤੇ ਕਬੀਰ ਜੀ ਦੀ ਬਾਵਨ ਅੱਖਰੀ ਵਿਚ ਵੀ ਉਚਾਰਣ 'ਤਤਾ' ਹੈ।

'ਤ' ਅੱਖਰ ਦੀ ਬਣਾਵਟ ਦਾ ਵਿਕਾਸ ਹੁੰਦਾ ਰਿਹਾ ਹੈ। ਸਿੰਧੂ ਘਾਟੀ ਦੀ ਪ੍ਰਾਪਤ ਲਿਪੀ ਵਿਚੋਂ ਇਹ ਚਿੰਨ੍ਹ ਅਲੋਪ ਹੋ ਗਿਆ ਲਗਦਾ ਹੈ। ਪਾਲੀ ਅਤੇ ਪ੍ਰਾਕ੍ਰਿਤ ਵਿਚ ਇਸ ਦੀ ਬਣਾਵਟ ( ) ਵਰਗੀ ਹੈ। ਇਸ ਦੀ ਵਰਤਮਾਨ ਬਣਾਵਟ ਸ਼ਾਰਦਾ ਅਤੇ ਟਾਕਰੀ ਲਿਪੀਆਂ ਵਿਚ ਬਣ ਚੁੱਕੀ ਸੀ ਜਿਹੜੀ ਅਜੇ ਵੀ ਪ੍ਰਚਲੱਤ ਹੈ। ਲਿਪੀਆਂ ਦੇ ਇਤਿਹਾਸ ਵਿਚ ਇਹ ਵਿਕਾਸ ਇੰਜ ਸਮਝਿਆ ਜਾ ਸਕਦਾ ਹੈ।

| ਬ੍ਰਹਮੀ | ਪਾਲੀ | ਕੁਟਿਲ | ਨਾਗਰੀ | ਸ਼ਾਰਦਾ |
|---|---|---|---|---|
| | | | | ਤ |

| ਟਾਕਰੀ | ਗੁਰਮੁਖੀ |
|---|---|
| ਤ | ਤ |

| | | | |
|---|---|---|---|
| | ਅੱਜ ਦੀ ਗੁਰਮੁਖੀ | | ਤ |
| ਗੁਪਤ ਲਿਪੀ | ਅਲਾਹਾਬਾਦ | ( 375 ਈ. ) | |
| | ਬਾਵਰ | ( 400-500 ਈ. ) | |
| ਕੁਟਿਲ ਲਿਪੀ | ਮੰਦਸੋਰ | ( 532 ਈ. ) | |
| | ਹੋਰਯੂਜੀ | ( 500-550 ਈ. ) | |
| | ਹਰਸ਼ ਸਮੇਂ ਦੀ ਲਿਖਤ | ( 606-647 ਈ. ) | |
| | ਮੇਰੂ ਵਰਮਾ ਚੰਬਾ | ( 800 ਈ. ) | |
| ਸ਼ਾਰਦਾ ਲਿਪੀ | ਬਖਸ਼ਾਲੀਂ | ( 800 ਈ. ) | ਤ |
| | ਸਰਾਹਾਂ | ( 10 ਵੀਂ ਸਦੀ ) | |
| | ਬ੍ਰੰਗਲ | ( 11 ਵੀਂ ਸਦੀ ) | |
| | ਕਲੈਤ ( 11 ਵੀਂ ਸਦੀ ) ਬੈਜਨਾਥ | ( 1204 ਈ. ) | |
| | ਕੁੱਲੂ | ( 1559 ਈ. ) | ਤ |
| | ਸ਼ਕੁੰਤਲਾ | ਖਰੜਾ ( 16 ਵੀਂ ਸਦੀ ) | |
| | ਸ਼ਾਰਦਾ | ( ਮੌਜੂਦਾ ) | |
| | ਟਾਕਰੀ | | ਤ |
| | ਲੰਡੇ | | ਤ |
| | ਡੋਗਰੀ | | ਤ |
| ਗੁਰਮੁਖੀ ਲਿਪੀ | ਪੋਥੀਆਂ ਬਾਬਾ ਮੋਹਨ ਜੀ | ( 1559-1574 ਈ. ) | ਤ |
| | ਬੀੜ ਧਰਮਸ਼ਾਲਾ ਹਕੀਮ ਬੂਟਾ ਸਿੰਘ | (16 ਵੀਂ ਸਦੀ) | ਤ |
| | ਸਾਖੀ ਵਲਾਇਤ ਵਾਲੀ | ( 17 ਵੀਂ ਸਦੀ ) | ਤ |
| | ਦਸ਼ਮੇਸ਼ ਦਾ ਸ਼ਿਕਸਤਾ | ( ਲਗਭਗ 18 ਵੀਂ ਸਦੀ ) | |
| | ਪਾਦਰੀਆਂ ਵਾਲਾ ਟਾਈਪ | ( 1850 ਈ. ) | ਤ |

'ਤ' ਵਿਅੰਜਨ ਦਾ ਉਚਾਰਣ 'ਦੰਤੀ' ਹੈ। ਜੀਭ, ਦੰਦਾਂ ਨਾਲ ਟਕਰਾ ਕੇ ਇਹ ਧੁਨੀ ਪੈਦਾ ਕਰਦੀ ਹੈ। ਇਹ ਸਪਰਸ਼ੀ ਵਿਅੰਜਨ 'ਅਘੋਸ਼' ਹੈ। ਇਸ ਦੀ ਵਰਤੋਂ ਲਿਪੀ ਵਿਚ ਵੀ ਹੈ ਅਤੇ ਗੁਰਬਾਣੀ ਅੰਦਰ 'ਸ਼ਬਦ-ਰੂਪ' ਵਿਚ ਵੀ।

ਖਾਸ ਕਰਕੇ ਗੁਰਬਾਣੀ ਵਿਚ ਇਹ ਵਿਅੰਜਨ 'ਸ਼ਬਦ' ਵਾਂਗ ਵਰਤ ਕੇ ਵੱਖ-ਵੱਖ ਅਰਥਾਂ ਨੂੰ ਵਿਅੰਜਤ ਕੀਤਾ ਗਿਆ ਹੈ:—

ਜਪਹੁ ਤ ਏਕੋ ਨਾਮਾ॥
ਅਵਰਿ ਨਿਰਾਫਲ ਕਾਮਾ।
ਰਾਗ ਸੂਹੀ ਮਹਲਾ ੧।

— ਬਾਣੀ ਤ ਗਾਵਹੁ ਗੁਰੂ ਕੇਰੀ.......
(ਅਨੰਦ) ਰਾਮਕਲੀ ਮਹਲਾ ੩

— ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥

— ਸਤਿਗੁਰੁ ਹੋਇ ਦਇਆਲ ਤ ਸਰਧਾ ਪੂਰੀਐ॥

— ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥
(ਵਾਰ ਮਾਝ ਮਹਲਾ ੧)

— ਤ ਧਰਿਓ ਮਸਤਿਕ ਹਥ (ਸਵੈਯੇ ਮਹਲਾ 2 ਕੇ)

ਮਹਾਨ ਕੋਸ਼ ਅਨੁਸਾਰ 'ਤ' ਦੇ ਅਨੇਕ ਅਰਥ ਹਨ, ਜਿਵੇ ਤਾਂ, ਕੇਵਲ, ਤਦ, ਅਤੇ ਹੋਰ। ਸੰਸਕ੍ਰਿਤ ਸੰਗਯਾ ਤੇ ਆਧਾਰਿਤ ਕੁਝ ਹੋਰ ਅਰਥਾਂ ਦਾ ਹਵਾਲਾ ਵੀ ਮਿਲਦਾ ਹੈ। ਜਿਵੇਂ :— ਝੂਠ ਅਸੱਤ, ਰਤਨ, ਅੰਮ੍ਰਿਤ ਨੌਕਾ, ਚੋਰ, ਮਲੇਛ, ਪੂਛ, ਗਰਭ, ਗੋਦ, ਤਗਣ ਦਾ ਸੰਖੇਪ ਨਾ ਆਦਿ

'ਤ' ਦਾ ਉਚਾਰਣ 'ਤੱਤਾ' ਹੈ। ਪੰਜਾਬੀ ਵਿਚ 'ਤੱਤਾ' ਇਕ ਸ਼ਬਦ ਹੀ ਹੈ ਜਿਸ ਦਾ ਅਰਥ 'ਗਰਮ' ਤੋਂ ਹੈ। 'ਤ' ਨੂੰ ਧੁਨੀ ਦੇ ਰੂਪ ਵਿਚ ਵੀ ਦੁਹਰਾਓ ਨਾਲ ਅਰਥਵਾਨ ਕੀਤਾ ਜਾਂਦਾ ਹੈ ਜਿਵੇ ਬਲਦਾਂ ਆਦਿ ਨੂੰ ਹਿੱਕਣ ਆਦਿ ਲਈ 'ਤ... ਤ... ਤ' ਜਾਂ 'ਤਤਾ...ਤਤਾ... ਤਾ' ਸਾਰਥਕ ਬਣ ਜਾਂਦਾ ਹੈ।

ਪੰਜਾਬੀ ਭਾਸ਼ਾ ਦੇ ਨਵੇਂ ਵਿਆਕਰਣਾਂ ਅਨੁਸਾਰ 'ਦੰਤੀ ਵਿਅੰਜਨ' ਦੇ ਉਚਾਰਣ ਸਮੇਂ ਫੇਫੜਿਆਂ ਚੋਂ ਆਉਂਦੀ ਹਵਾ ਨੂੰ ਜੀਭ ਦੀ ਨੋਕ ਦੁਆਰਾ ਉਪਰਲੇ ਦੰਦਾਂ ਦੇ ਪਿਛਲੇ ਪਾਸੇ ਰੋਕਿਆ ਜਾਂਦਾ ਹੈ। ਇਸ ਤਰ੍ਹਾਂ ਪੈਦਾ ਹੋਈਆਂ ਧੁਨੀਆਂ ਨੂੰ ਦੰਤੀ ਧੁਨੀਆਂ ਕਿਹਾ ਜਾਂਦਾ ਹੈ। ਪੰਜਾਬੀ ਵਿਚ ਤ, ਥ, ਦ, ਨ ਤੋਂ ਇਲਾਵਾ ਰ, ਲ, ਸ ਦੰਤੀ ਧੁਨੀਆਂ ਹਨ। ਇਨ੍ਹਾਂ ਵਿਚੋਂ ਤ, ਥ, ਦ ਸ਼ੁੱਧ ਦੰਤੀ ਧੁਨੀਆਂ ਹਨ ਅਤੇ ਇਨ੍ਹਾਂ ਦਾ ਉਚਾਰਣ 'ਮੁਖ' ਦੁਆਰਾ ਹੁੰਦਾ ਹੈ। ਜਿਨ੍ਹਾਂ ਵਿਅੰਜਨ ਧੁਨੀਆਂ ਦਾ ਉਚਾਰਣ ਹਵਾ ਨੂੰ ਪੂਰਨ ਰੂਪ ਵਿਚ ਰੋਕ ਕੇ ਇਕ ਦਮ ਛੱਡਣ ਨਾਲ ਹੁੰਦਾ ਹੈ ਉਨ੍ਹਾਂ ਨੂੰ 'ਡੱਕਵੀਆਂ ਵਿਅੰਜਨ ਧੁਨੀਆਂ' ਕਿਹਾ ਜਾਂਦਾ ਹੈ। 'ਤ' ਤੋਂ ਇਲਾਵਾ 'ਥ' ਅਤੇ 'ਦ' ਨੂੰ ਵੀ ਇਸੇ ਵਰਗ ਵਿਚ ਰਖਿਆ ਗਿਆ ਹੈ। ਮੂਲ ਰੂਪ ਵਿਚ 'ਤ' ਦੰਤੀ, ਡੱਕਵਾਂ, ਅਘੋਸ਼, ਅਲਪ-ਪ੍ਰਾਣ ਵਿਅੰਜਨ ਹੈ ਜਿਸ ਦਾ ਉਚਾਰਣ ਮੁਖ ਰਾਹੀਂ ਹੁੰਦਾ ਹੈ।

ਡਾ. ਪ੍ਰੇਮ ਪ੍ਰਕਾਸ਼ ਅਨੁਸਾਰ 'ਤ' ਦੰਤੀ, ਡੱਕਵਾਂ, ਸਪਰਸ਼ੀ, ਨਾਦ ਰਹਿਤ ਅਲਪ ਪ੍ਰਾਣ ਵਿਅੰਜਨ ਹੈ। ਜੇ 'ਤ' ਨਾਲ ਪੰਜਾਬੀ ਦੀਆਂ ਮਾਤਰਾਵਾਂ ਜੋੜੀਏ ਤਾਂ ਇਸ ਦਾ ਸਰੂਪ ਹੇਠ ਲਿਖੇ ਅਨੁਸਾਰ ਹੋ ਜਾਂਦਾ ਹੈ :—

ਤਾ, ਤਿ, ਤੀ, ਤੁ, ਤੂ, ਤੇ, ਤੈ, ਤੋ, ਤੌ, ਤੰ, ਤੱ, ਤਾਂ

ਹ.ਪੁ.—ਪੰ.ਭਾ.ਦਾ.ਵਿਆ (ਭਾਗ-1) ਜੋਗਿੰਦਰ ਸਿੰਘ ਪੁਆਰ, ਸੁਖਵਿੰਦਰ ਸਿੰਘ ਸੰਘਾ, ਬਲਦੇਵ ਸਿੰਘ ਚੀਮਾ, ਮ.ਕੋ. ਸਬਦਾਰਥ.ਸ੍ਰੀ.ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋ.ਗੁ.ਪ੍ਰ.ਕ਼ਮੇਟੀ, ਅੰਮਿਤ੍ਰਸਰ; ਜਨਰਲ ਭਾਸ਼ਾ ਵਿਗਿਆਨ, ਭਾਸ਼ਾ ਤੇ ਲਿਪੀ; ਡਾ. ਈਸ਼ਰ ਸਿੰਘ ਤਾਂਘ: ਸਵਾਲ ਲਿਪੀ ਦਾ :ਇਕ ਪ੍ਰਤੀਉਤਰ : ਪ੍ਰੇਮ ਪ੍ਰਕਾਸ਼ ਸਿੰਘ।

**ਤਅਸੁੱਬ** : ਤਅਸੁੱਬ ਇਸ ਦਾ ਮੂਲ ਅਸਬ ਹੈ ਜਿਸ ਦਾ ਅਰਥ ਹੈ ਵੱਟਣਾ, ਮਰੋੜਨਾ ਅਤੇ ਸਹਾਇਤਾ ਦੇਣਾ। ਭਾਵ ਆਪਣੇ ਧਰਮ ਦੇ ਲੋਕਾਂ ਦਾ ਖਾਸ ਪੱਖ ਲੈਣਾ ਅਤੇ ਹਰੇਕ ਗੱਲ ਨੂੰ ਬਦਲ ਕੇ (ਮਰੋੜਕੇ) ਆਪਣੇ ਪੱਖ ਵਿਚ ਲਿਜਾਣ ਦੀ ਕ੍ਰਿਆ ਨੂੰ ਤਅਸੁੱਬ ਕਹਿੰਦੇ ਹਨ।

ਹ.ਪੁ.—ਮ.ਕੋ : 568

**ਤਆਇਗੋ ਵਾਂਗਸਾ (Tago Wangsa) :** ਇਹ ਇਕ ਬੋਧੀ ਸਾਧੂ ਸੀ ਜਿਸ ਨੇ ਕੋਰੀਆਈ ਬੁੱਧ ਦੇ ਫ਼ਿਰਕੇ ਤਾਇਗੋ ਦੀ ਨੀਂਹ ਰੱਖੀ। ਇਸ ਦਾ ਜਨਮ 1301 ਈ. ਵਿਚ ਹੋਇਆ। ਇਹ 13 ਸਾਲ ਦੀ ਉਮਰ ਵਿਚ ਬੁੱਧ ਧਰਮ ਵਿਚ ਸ਼ਾਮਲ ਹੋਇਆ ਅਤੇ 25 ਸਾਲ ਦੀ ਉਮਰ ਵਿਚ ਇਸ ਨੇ ਰਾਸ਼ਟਰੀ ਬੋਧੀ ਸੇਵਾ ਪ੍ਰੀਖਿਆ ਪਾਸ ਕੀਤੀ। ਇਸਨੇ ਸਿਓਲ ਦੇ ਉੱਤਰ ਵਿਚ ਪਹਾੜ ਵਿਚ ਇਕ ਮੰਦਰ ਬਣਵਾਇਆ ਜਿਸ ਦਾ ਨਾਂ ਇਸ ਨੇ ਤਾਇਗੋਆਮ ਰੱਖਿਆ। ਸੰਨ 1346 ਵਿਚ ਤਆਇਗੋ ਚੀਨ ਗਿਆ ਅਤੇ ਉਥੇ ਦੋ ਸਾਲ ਦੀ ਹੋਰ ਟ੍ਰੇਨਿੰਗ ਪ੍ਰਾਪਤ ਕੀਤੀ। ਇਸ ਨੇ ਪਾਈ—ਚਾਂਗ ਰੂਲ ਦੀ ਮਦਦ ਨਾਲ ਕੋਰੀਆਈ ਬੁੱਧ ਮਤ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ। ਬਾਦਸ਼ਾਹ ਕੋਂਗਮਿਨ ਦੀ ਮਦਦ ਨਾਲ ਇਸ ਨੇ ਨਵਾਂ ਬੋਧੀ ਪ੍ਰਬੰਧਕੀ ਆਫ਼ਿਸ ਕਾਇਮ ਕੀਤਾ ਪਰ ਇਸ ਦੇ ਸੁਧਾਰ ਕੋਈ ਬਹੁਤੇ ਸਫ਼ਲ ਨਾ ਹੋਏ ਅਤੇ ਤਾਇਗੋ ਫ਼ਿਰਕਾ ਬਹੁਤ ਪ੍ਰਫੁੱਲਤ ਨਹੀਂ ਹੋਇਆ। ਇਸ ਦੀ ਮੌਤ 1382 ਈ. ਵਿਚ ਹੋਈ।

ਹ.ਪੁ.—ਐਨ.ਬ੍ਰਿ.ਮਾ. 9 : 771

**ਤਸਬੀ** : ਇਹ ਮੁਸਲਮਾਨਾਂ ਦੀ ਖ਼ੁਦਾ ਦਾ ਪਵਿੱਤਰ ਨਾਮ ਜਪਣ ਲਈ 100 ਮਣਕੇ ਦੀ ਮਾਲਾ ਹੈ। ਇਸ ਦਾ ਮੂਲ ਸਬਹ ਭਾਵ ਸੁਬਹਾਨ ਹੈ। ਤਸਬੀ ਵਿਚ ਸੌ ਮਣਕੇ ਅਤੇ ਇਕ ਮੇਰੂ ਹੁੰਦਾ ਹੈ ਜਿਸ ਨੂੰ ਇਮਾਮ ਕਹਿੰਦੇ ਹਨ। ਇਸ ਤਰ੍ਹਾਂ ਇਹ ਖ਼ੁਦਾ ਦਾ ਜ਼ਾਤੀ ਨਾਮ 'ਅੱਲਾ' ਅਤੇ ਸ਼ਿਫ਼ਤੀ ਸੌ ਨਾਮਾਂ ਦੇ ਜਪ ਕਰਨ ਲਈ ਬਣਾਈ ਹੋਈ ਸਿਮਰਨੀ ਹੈ। ਕਈਆਂ ਨੇ 'ਅੱਲਾ' ਨਾਮ ਸਮੇਤ ਸੌ ਨਾਮ ਲਿਖਿਆ ਹੈ ਅਤੇ ਇਮਾਮ ਸਮੇਤ ਸੌ ਮਣਕੇ ਦੀ ਤਸਬੀ ਦੱਸੀ ਹੈ। ਅੱਲਾ ਨਾਂ ਤੋਂ ਭਿੰਨ ਸੌ ਨਾਮ ਇਸਲਾਮੀ ਕਿਤਾਬਾਂ ਵਿਚ ਨਿਮਨ ਅਨੁਸਾਰ ਮਿਲਦੇ ਹਨ :—

1. ਅਜ਼ੀਜ਼ (ਪਿਆਰਾ ਨਾਬਿਲ-ਇ-ਇੱਜ਼ਤ), 2. ਅਜ਼ੀਮ (ਬਹੁਤ ਵੱਡਾ), 3. ਆਦਿਲ (ਨਿਆਂ ਕਰਨ ਵਾਲਾ), 4. ਅਫ਼ੂ (ਮੁਆਫ਼ ਕਰਨ ਵਾਲਾ), 5. ਅਲੀ (ਵੱਡਾ), 6. ਅਲੀਮ (ਪੂਰਣ ਗਿਆਤਾ), 7. ਅੱਵਲ (ਪਹਿਲਾ), 8. ਆਖ਼ਿਰ (ਪਿਛਲਾ), 9. ਸ਼ਾਹਿਦ (ਗਵਾਹ-ਸਾਖੀ), 10. ਸ਼ਕੂਰ (ਸ਼ੁਕਰ ਕਰਨ ਵਾਲਾ), 11. ਸੱਤਾਰ (ਪੜਦਾ ਢੱਕਣ ਵਾਲਾ), 12. ਸਬੂਰ (ਸਬਰ ਵਾਲਾ), 13. ਸਮਦ (ਬੇਪਰਵਾਹ), 14. ਸਮੀਆਂ (ਬਹੁਤ ਸੁਣਨ ਵਾਲਾ), 15. ਸਲਾਮ (ਸਲਾਮਤ), 16. ਹਸੀਬ (ਹਿਸਾਬ ਕਰਨ ਵਾਲਾ), 17. ਹਕਮ (ਫੈਸਲਾ ਕਰਨ ਵਾਲਾ), 18. ਹਕੀਮ (ਹਿਕਮਤੀ), 19. ਹਕ (ਸੱਚ ਰੂਪ), 20. ਹਮੀਦ (ਸਲਾਹਿਆ ਹੋਇਆ), 21. ਹੱਸੀ (ਹਮੇਸ਼ਾ ਰਹਿਣ ਵਾਲਾ), 22. ਹਲੀਮ (ਬੁਰਦਬਾਰ—ਸਹਿਣਸ਼ੀਲ), 23. ਹਾਫ਼ਿਜ਼ (ਰੱਖਿਅਕ), 24. ਕਹਾਰ (ਕਹਿਰ ਕਰਨ ਵਾਲਾ), 25.ਕਬੀਰ (ਬਹੁਤ ਵੱਡਾ) 26. ਕਰੀਮ (ਦਿਆ ਕਰਤਾ), 27. ਕਵੀਯ (ਪ੍ਰਬਲ), 28. ਕਾਦਿਰ (ਕੁਦਰਤ ਵਾਲਾ), 29. ਕਾਬਿਜ (ਰੋਕਣ ਵਾਲਾ), 30. ਕੁੱਦੁਸ (ਪਵਿਤ੍ਰ), 31. ਕਯੂੱਮ (ਕਾਇਮ ਕਰਨ ਵਾਲਾ), 32. ਖ਼ਬੀਰ (ਖ਼ਬਰਦਾਰ) 33. ਖਾਵਿਜ (ਦਰਜੇ ਤੋਂ ਡੇਗਣ ਵਾਲਾ) 34. ਖ਼ਾਲਿਕ (ਪੈਦਾ ਕਰਨ ਵਾਲਾ), 35. ਗਨੀ (ਬੇਪਰਵਾਹ), 36. ਗ਼ਫ਼ੂਰ (ਖਿਮਾ ਕਰਤਾ), 37. ਗ਼ੱਫ਼ਾਰ (ਬਖਸ਼ਣ ਵਾਲਾ), 38. ਜੱਬਾਰ (ਪ੍ਰਬਲ), 39. ਜਲੀਲ (ਪ੍ਰਕਾਸ਼ ਰੂਪ), 40. ਜ਼ਾਹਿਰ (ਪ੍ਰਗਟ),

41. ਜਾਮਿਅ (ਜਮ੍ਹਾਂ ਕਰਨ ਵਾਲਾ), 42. ਜਾਰ (ਨੁਕਸਾਨ ਪੈਦਾ ਕਰਨ ਵਾਲਾ), 43. ਜ਼ੁਲ ਜਲਾਲੇ ਵਲ ਇਕਰਾਮ (ਬਜ਼ੁਰਗੀ ਅਤੇ ਮਹਿਮਾ ਵਾਲਾ), 44. ਤੱਵਾਬ (ਤੋਬਾ ਕਬੂਲ ਕਰਨ ਵਾਲਾ), 45. ਨਾਫ਼ਿਅ (ਨਫ਼ਾ ਦੇਣ ਵਾਲਾ), 46. ਨੂਰ (ਰੌਸ਼ਨ), 47. ਫ਼ੱਤਾਹ (ਖੋਲ੍ਹਣ ਵਾਲਾ), 48. ਬਸੀਰਾਬ (ਬਹੁਤ ਵੇਖਣ ਵਾਲਾ), 49. ਬਦੀਅ (ਨਵੀਂ ਰਚਨਾ ਕਰਨ ਵਾਲਾ), 50 ਬੱਰ (ਨੇਕੀ ਕਰਨ ਵਾਲਾ), 51. ਬਾਇਸ (ਮੁਰਦਿਆਂ ਨੂੰ ਪ੍ਰਾਣ ਦੇਣ ਵਾਲਾ), 52. ਬਾਸਿਤ (ਬਹੁਤ ਦੇਣ ਵਾਲਾ), 53. ਬਾਕੀ (ਸਭ ਤੋਂ ਸ਼ੇਸ਼), 54. ਬਾਤਿਨ (ਗੁਪਤ), 55. ਬਾਰੀ (ਪੈਦਾ ਕਰਨ ਵਾਲਾ), 56. ਮਜੀਦ (ਬਜ਼ੁਰਗੀ ਵਾਲਾ), 57. ਮਤੀਨ (ਤਕੜਾ-ਦ੍ਰਿੜ੍ਹ), 58. ਮਲਿਕ (ਬਾਦਸ਼ਾਹ), 59. ਮਾਜਿਦ (ਬਜ਼ੁਰਗੀ ਵਾਲਾ), 60. ਮਾਨਿਅ (ਮਨ੍ਹਾ ਕਰਨ ਵਾਲਾ), 61. ਮਾਲਿਕੁਲਮੁਲਕ (ਦੇਸ਼ ਦਾ ਮਾਲਕ-ਬਾਦਸ਼ਾਹ), 62. ਮੁਅੱਖਿਰ (ਪਿਛਲਾ), 63. ਮੁਅਤੀ (ਅਤਾ ਕਰਨ ਵਾਲਾ-ਦਾਨੀ), 64. ਮੁਇੱਜ਼ (ਇਜ਼ੱਤ ਦੇਣ ਵਾਲਾ), 65. ਮੁਈਦ (ਫੇਰ ਰਚਣ ਵਾਲਾ), 66. ਮੁਸੱਵਿਰ (ਸੂਰਤਾਂ ਰਚਣ ਵਾਲਾ), 67. ਮੁਹਈ (ਜ਼ਿੰਦਾ ਕਰਨ ਵਾਲਾ, ਪ੍ਰਾਣ ਦਾਤਾ), 68. ਮੁਹਸੀ (ਘੇਰਨ ਵਾਲਾ), 69. ਮੁਹੈਮਿਨ (ਨਿਗਹਬਾਨ-ਦ੍ਰਿਸ਼ਟੀ), 70. ਮੁਕਸਿਤ (ਮੁਨਸਿਫ਼), 71. ਮੁਕਤਦਿਰ (ਤਾਕਤ ਰੱਖਣ ਵਾਲਾ), 72. ਮੁਕੱਦਿਮ (ਅੱਗੇ ਕਦਮ ਕਰਨ ਵਾਲਾ), 73. ਮੁਕੀਤ (ਰੋਜ਼ੀ ਦੇਣ ਵਾਲਾ), 74. ਮੁਗੱਨੀ (ਬੇਪਰਵਾਹ ਕਰਨ ਵਾਲਾ), 75. ਮੁਜ਼ਿਲ (ਜ਼ਿੱਲਤ-ਖੁਆਰੀ ਦੇਣ ਵਾਲਾ), 76. ਮੁਜੀਬ (ਪ੍ਰਾਰਥਨਾ-ਅਰਦਾਸ ਕਬੂਲ ਕਰਨ ਵਾਲਾ), 77. ਮੁਤਅਲੀ (ਉੱਚਾ-ਮਹਾਨ), 78. ਮੁਤੱਕਬਿਰ (ਵਡਿਆਈ ਵਾਲਾ), 79. ਮੁਤਕਿਨ (ਕਰਮ ਅਨੁਸਾਰ ਸਜ਼ਾ ਦੇਣ ਵਾਲਾ), 80. ਮੁਨਇਮ (ਨਿਆਮਤ ਦੇਣ ਵਾਲਾ), 81. ਮੁਬਦੀ (ਆਰੰਭ ਕਰਨ ਵਾਲਾ), 82. ਮੁਮੀਤ (ਮਾਰਨ ਵਾਲਾ), 83. ਮੋਮਿਨ (ਈਮਾਨ ਰੱਖਣ ਵਾਲਾ), 84. ਰਊਫ਼ (ਬਹੁਤ ਮਿਹਰਬਾਨ), 85. ਰਸ਼ੀਦ (ਸਿੱਧਾ ਰਾਹ ਦਿਖਾਉਣ ਵਾਲਾ), 86. ਰਹਿਮਾਨ (ਕਿਰਪਾਲੂ), 87. ਰਹੀਮ (ਦਿਆਲੂ), 88. ਰਕੀਬ (ਨਿਗਹਬਾਨ-ਮੁਹਾਫ਼ਿਜ਼), 89. ਰਜ਼ਾੱਕ (ਰਿਜ਼ਕ-ਰੋਜ਼ੀ ਦੇਣ ਵਾਲਾ), 90. ਰਾਫ਼ਿਅ (ਦਰਜਾ ਉੱਚਾ ਕਰਨ ਵਾਲਾ), 91. ਲਤੀਫ਼ (ਸੂਖ਼ਮ ਦ੍ਰਿਸ਼ਟੀ), 92. ਵੱਹਾਬ (ਦਾਤਾ), 93. ਵਕੀਲ (ਕਾਰਸਾਜ਼), 94. ਵਦੂਦ (ਮੁਹੱਬਤ ਕਰਨ ਵਾਲਾ), 95. ਵਲੀ (ਮਾਲਿਕ), 96. ਵਾਸਿਅ (ਖੁੱਲ੍ਹ ਦੇਣ ਵਾਲਾ), 97. ਵਾਹਿਦ (ਇਕੱਲਾ-ਅਦੁੱਤੀ), 98. ਵਾਜਿਦ (ਸਭ ਕੁਝ ਰੱਖਣ ਵਾਲਾ), 99. ਵਾਰਿਸ (ਸਰਵਨਾਸ਼ ਹੋਣ ਪਿੱਛੋਂ ਬਾਕੀ ਰਹਿਣ ਵਾਲਾ), 100. ਵਾਲੀ (ਮਾਲਿਕ-ਸੁਆਮੀ)।

ਹਜ਼ਰਤ ਸਾਹਿਬ ਨੇ ਤਸਬੀ ਕਦੇ ਨਹੀਂ ਵਰਤੀ ਸੀ। ਮੁਸਲਮਾਨਾਂ ਵਿਚ ਇਸ ਦਾ ਪ੍ਰਚਾਰ ਬੁੱਧ ਮਤ ਦੇ ਫ਼ਕੀਰਾਂ ਨੂੰ ਦੇਖਕੇ ਹੋਇਆ ਹੈ। ਵਹਾਬੀ ਮੁਸਲਮਾਨ ਹੁਣ ਵੀ ਤਸਬੀ ਨਹੀਂ ਰੱਖਦੇ। ਉਹ ਉਂਗਲੀਆਂ ਉੱਪਰ ਹੀ ਖ਼ੁਦਾ ਦੇ ਨਾਮ ਦਾ ਸਿਮਰਨ ਕਰਦੇ ਹਨ।

ਇਸ ਤਰ੍ਹਾਂ ਹਿੰਦੂ ਮਤ ਦੇ ਗ੍ਰੰਥਾਂ ਵਿਚ ਨਾਮ ਜਪਣ ਦੀ ਮਾਲਾ (ਸਿਮਰਨੀ) ਦੇ ਮਣਕਿਆਂ ਦੀ ਗਿਣਤੀ ਅੱਡ-ਅੱਡ ਦੱਸੀ ਹੈ। ਈਸਾਈਆਂ ਦੀ ਮਾਲਾ 'ਰੋਜ਼ਰੀ' ਡੇਢ ਸੌ ਕਾਠ ਦੇ ਮਣਕਿਆਂ ਦੀ ਹੁੰਦੀ ਹੈ। ਹਰੇਕ ਦੱਸ ਛੋਟੇ ਮਣਕਿਆਂ ਪਿਛੋਂ ਇਕ ਵੱਡਾ ਮਣਕਾ ਹੁੰਦਾ ਹੈ। ਇਸ ਤਰ੍ਹਾਂ 135 ਛੋਟੇ ਅਤੇ 15 ਵੱਡੇ ਮਣਕੇ ਹੁੰਦੇ ਹਨ। ਛੋਟੇ ਮਣਕਿਆਂ ਤੇ 'Ave Maria' (ਧੰਨ ਮੇਰੀ) ਅਤੇ ਵੱਡੇ ਮਣਕਿਆਂ ਉੱਤੇ 'Pater Noster' (ਸਾਡਾ ਪਿਤਾ) ਜਾਪ ਹੁੰਦਾ ਹੈ। ਪਚਵੰਜਾ ਮਣਕੇ ਦੀ ਮਾਲਾ ਵੀ ਈਸਾਈ ਰੱਖਦੇ ਹਨ ਜਿਸ ਦਾ ਨਾਮ ਚੈਪਲੈੱਟ (Chaplet) ਹੈ। ਇਸ ਵਿਚ ਪੰਜਾਹ ਛੋਟੇ ਅਤੇ ਪੰਜ ਵੱਡੇ ਮਣਕੇ ਹੁੰਦੇ ਹਨ। ਉਨ੍ਹਾਂ ਉੱਤੇ ਨਾਮ ਸਿਮਰਣ ਦੀ ਓਹੀ ਰੀਤ ਹੈ ਜੋ ਡੇਢ ਸੌ ਮਣਕੇ ਦੀ ਮਾਲਾ ਉੱਤੇ ਹੈ। ਰੋਮਨ ਕੈਥੋਲਿਕ ਮਤ ਦੇ ਈਸਾਈਆਂ ਵਿਚ ਨਾਮ ਜਪਣ ਲਈ ਮਾਲਾ ਦਾ ਖ਼ਾਸ ਤੌਰ ਤੇ ਪ੍ਰਚਾਰ ਹੈ। ਜੈਨੀਆਂ ਦੀ ਮਾਲਾ 111 ਮਣਕਿਆਂ ਦੀ ਹੁੰਦੀ ਹੈ। ਸਿੱਖ ਧਰਮ ਵਿਚ ਗਿਣਤੀ ਨਾਲ ਨਾਮ ਜਪਣ ਦਾ ਵਿਧਾਨ ਨਹੀਂ ਹੈ। ਆਮ ਤੌਰ ਤੇ ਸਾਧੂ-ਸੰਤ 108 ਮਣਕਿਆਂ ਵਾਲੀ ਮਾਲਾ ਨਾਲ ਹੀ ਨਾਮ ਜਪਦੇ ਹਨ ਜਾਂ ਫਿਰ ਛੋਟੀ ਮਾਲਾ ਜਿਸਨੂੰ ਸਿਮਰਨਾ ਕਹਿੰਦੇ ਹਨ, 27 ਮਣਕਿਆਂ ਦਾ ਹੁੰਦਾ ਹੈ।

ਹ.ਪੁ.-ਮ.ਕੋ. 568, 505

**ਤਸਮਾਨ, ਅਬਲ ਜੇਂਸਜ਼ੂਨ** : ਇਹ ਤਸਮਾਨੀਆ ਅਤੇ ਨਿਊਜ਼ੀਲੈਂਡ ਦਾ ਖੋਜੀ ਅਤੇ ਡੱਚ ਜ਼ਹਾਜ਼ਰਾਨ ਸੀ। ਇਸ ਦਾ ਜਨਮ ਲੁਟਜ਼ੀਗਾਸਟ (Lutjegast) ਦੇ ਇਕ ਡੱਚ ਪਿੰਡ ਵਿਖੇ 1603 ਈ. ਵਿਚ ਹੋਇਆ। ਆਪਣੀ ਪੜ੍ਹਾਈ-ਲਿਖਾਈ ਉਪਰੰਤ ਇਹ 1633 ਈ. ਵਿਚ ਜਾਵਾ ਦੇ ਬਟਾਵੀਆ (ਜਕਾਰਤਾ) ਸ਼ਹਿਰ ਗਿਆ ਅਤੇ ਡੱਚ ਈਸਟ ਇੰਡੀਆ ਕੰਪਨੀ ਵਿਚ ਨੌਕਰ ਹੋ ਗਿਆ। ਇਸ ਤੋਂ ਛੇ ਸਾਲ ਬਾਅਦ ਜਾਪਾਨ ਦੇ ਪੂਰਬ ਵਿਚ ਪੈਂਦੇ ਮਿਥਿਹਾਸਿਕ ਦੀਪ ਸਮੂਹਾਂ ਦੀ ਖੋਜ ਵਿਚ ਭੇਜੀ ਜਾਣ ਵਾਲੀ ਮੁਹਿੰਮ ਦਾ ਇਹ ਦੂਜੇ ਨੰਬਰ ਦਾ ਕਮਾਂਡਰ ਸੀ। ਸੰਨ 1640 ਵਿਚ ਜਾਪਾਨ, 1641 ਵਿਚ ਕੰਬੋਡੀਆ ਅਤੇ 1642 ਵਿਚ ਸਮਾਟਰਾ ਨੂੰ ਜਾਣ ਵਾਲੀਆਂ ਮੁਹਿੰਮਾਂ ਦੀ ਅਗਵਾਈ ਵੀ ਅਬਲ ਜੇਂਸਜ਼ੂਨ ਨੇ ਹੀ ਕੀਤੀ। ਇਸ ਪਿਛੋਂ ਈਸਟ ਇੰਡੀਆ ਕੰਪਨੀ ਵੱਲੋਂ ਇਸ ਨੂੰ ਆਸਟ੍ਰੇਲੀਆ (ਗ੍ਰੇਟ ਸਾਊਥ ਲੈਂਡ) ਦੇ ਦੱਖਣੀ ਸਿਰੇ ਤੱਕ ਜਾਣ ਵਾਲੀ ਮੁਹਿੰਮ ਦੀ ਕਮਾਂਡ ਸੌਂਪ ਦਿੱਤੀ। 14 ਅਗਸਤ, 1642 ਨੂੰ ਇਸ ਨੇ ਹੀਮਸਕਾਇਰ (Heemskoir) ਅਤੇ ਜ਼ੀਹੀਨ (Zeehaen) ਨਾਮੀ ਦੋ ਸਮੁੰਦਰੀ ਜਹਾਜ਼ਾਂ ਦੇ ਨਾਲ ਬਟਾਵੀਆ ਤੋਂ ਆਪਣੀ ਫੈਸਲਾਕੁਨ ਯਾਤਰਾ ਆਰੰਭੀ। ਪਹਿਲਾਂ ਇਹ ਹਿੰਦ ਮਹਾਂ ਸਾਗਰ ਵਿਚ ਸਥਿਤ ਮਾਰੀਸ਼ਸ਼ ਗਿਆ ਤੇ ਫਿਰ ਆਸਟ੍ਰੇਲੀਆ ਦੇ ਦੱਖਣ ਵੱਲ ਟੁਰ ਪਿਆ। 24 ਨਵੰਬਰ, 1642 ਨੂੰ ਇਸ ਨੇ ਅਜੋਕਾ ਤਸਮਾਨੀਆ ਟਾਪੂ ਲਭਿਆ। ਇਸ ਟਾਪੂ ਨੂੰ ਇਸਨੇ ਡੱਚ ਪੂਰਬੀ ਦੀਪ ਸਮੂਹ ਦੇ ਗਵਰਨਰ ਜਨਰਲ ਦੇ ਨਾਂ ਤੇ 'ਵੈਨ ਡੀਮੇਂਡਜ਼ ਲੈਂਡ' ਨਾਂ ਦਿੱਤਾ। ਇਸ ਪਿਛੋਂ ਇਸ ਨੇ ਆਪਣੀ ਯਾਤਰਾ ਜਾਰੀ ਰੱਖੀ ਅਤੇ ਸਮੁੰਦਰੋਂ ਪਾਰ ਪੂਰਬੀ ਦਿਸ਼ਾ ਵੱਲ ਜਾਂਦਿਆਂ ਇਸਨੂੰ 13 ਨਵੰਬਰ, 1642 ਨੂੰ ਇਕ ਹੋਰ ਟਾਪੂ ਮਿਲਿਆ ਜਿਸਨੂੰ ਅੱਜਕੱਲ੍ਹ ਨਿਊ ਨਿਊਜ਼ੀਲੈਂਡ ਦਾ ਦੱਖਣੀ ਟਾਪੂ ਕਹਿੰਦੇ ਹਨ। 19 ਦਸੰਬਰ ਨੂੰ ਗੋਲਡਨ ਖਾੜੀ ਤੇ ਮੁਕਾਮ ਸਮੇਂ ਇਸ ਦੇ ਚਾਰ ਆਦਮੀ ਮਾਓਰੀਆਂ ਨੇ ਮੌਤ ਦੇ ਘਾਟ ਉਤਾਰ ਦਿੱਤੇ ਜਿਸ ਕਰਕੇ ਇਸ ਨੇ ਇਸ ਖਾੜੀ ਦਾ ਨਾਂ ਮੈਸਿਕਰ ਬੇ (Massacre Bay) ਰੱਖ ਦਿੱਤਾ। ਇਸਤੋ ਇਸਨੇ ਉੱਤਰੀ ਟਾਪੂ ਦੇ ਪੱਛਮੀ ਤੱਟ ਦੇ ਨਾਲ ਨਾਲ ਯਾਤਰਾ ਜਾਰੀ ਰੱਖੀ। ਇਸ ਯਾਤਰਾ ਦੌਰਾਨ ਉੱਤਰੀ ਦਿਸ਼ਾ ਵੱਲ ਜਾਂਦਿਆਂ ਇਸਨੇ ਟਾਂਗਾ ਅਤੇ ਫਿੱਜੀ ਟਾਪੂਆਂ ਦੀ ਖੋਜ ਵੀ ਕੀਤੀ ਅਤੇ ਇਥੋਂ ਇਹ ਉੱਤਰ-ਪੱਛਮੀ ਦਿਸ਼ਾ ਵੱਲ ਨਿਊ ਗਿਨੀ ਰਾਹੀਂ ਹੁੰਦਾ ਹੋਇਆ 15 ਜੂਨ, 1643 ਨੂੰ ਬਟਾਵੀਆ ਪਹੁੰਚ ਗਿਆ।

ਭਾਵੇਂ ਇਹ ਆਸਟ੍ਰੇਲੀਆ ਦੇ ਧੁਰ ਦੱਖਣ ਤੱਕ ਗਿਆ ਪਰ ਇਸਨੇ ਆਸਟ੍ਰੇਲੀਆ ਮਹਾਂਦੀਪ ਦੀ ਮੁਖ-ਭੂਮੀ ਨਾ ਦੇਖੀ। ਇਹ ਆਸਟ੍ਰੇਲੀਆ ਅਤੇ ਅੰਟਾਰਕਟਿਕਾ ਦੇ ਵਿਚਕਾਰੋਂ ਦੀ ਲੰਘਿਆ ਅਤੇ ਇਸਨੇ ਸਿਧ ਕੀਤਾ ਕਿ ਆਸਟ੍ਰੇਲੀਆ ਧਰੁਵ ਦੇ ਦੱਖਣੀ ਮਹਾਂਦੀਪ ਦਾ ਹਿੱਸਾ ਨਹੀਂ ਸੀ।

ਸੰਨ 1644 ਵਿਚ ਇਸ ਨੇ ਨਿਊ ਗਿਨੀ ਦੇ ਦੱਖਣ-ਪੱਛਮੀ ਸਾਹਿਲ ਅਤੇ ਆਸਟ੍ਰੇਲੀਆ ਦੇ ਉੱਤਰੀ ਸਾਹਿਲ ਤੱਕ ਜਾਣ ਵਾਲੀ ਮੁਹਿੰਮ ਦੀ ਅਗਵਾਈ ਵੀ ਕੀਤੀ। ਇਸ ਵਾਰ ਇਸਨੇ ਖਾੜੀ

ਕਾਰਪੈਂਟਰੀਆ ਦਾ ਜਾਇਜ਼ਾ ਲਿਆ। ਪਿਛੋਂ ਇਸਨੇ ਸੁਮਾਟਰਾ ਤੇ ਥਾਈਲੈਂਡ ਤੱਕ ਕਈ ਵਪਾਰਕ ਯਾਤਰਾਵਾਂ ਕੀਤੀਆਂ। ਸਪੇਨੀਆਂ ਦੇ ਵਿਰੁੱਧ ਇਸਨੇ ਫਿਲਪੀਨ ਲਈ ਸਮੁੰਦਰੀ ਬੇੜੇ ਦੀ ਅਗਵਾਈ ਕੀਤੀ। ਇਸ ਤਰ੍ਹਾਂ ਇਸ ਦਾ ਜੀਵਨ ਜੋਖਮ-ਭਰਪੂਰ ਸਮੁੰਦਰੀ ਯਾਤਰਾਵਾਂ ਨਾਲ ਰੁਝਾ ਰਿਹਾ ਅਤੇ ਇਸਨੇ ਇਕ ਕਾਬਲ ਜਹਾਜ਼ਰਾਨ ਅਤੇ ਜਹਾਜ਼ਰਾਨੀ ਦੇ ਸੁਲਝੇ ਹੋਏ ਕਮਾਂਡਰ ਦਾ ਰੁਤਬਾ ਹਾਸਲ ਕੀਤਾ।

ਸੰਨ 1659 ਵਿਚ ਬਟਾਵੀਆ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਅਮੈ 26:305; ਐਨ. ਬ੍ਰਿ. ਮਾ. 9:834

**ਤਸਮਾਨ ਸਾਗਰ** : ਆਸਟ੍ਰੇਲੀਆ ਦੇ ਦੱਖਣ-ਪੂਰਬੀ ਤੱਟ ਤੋਂ ਲੈ ਕੇ ਪੂਰਬ ਵਿਚ ਨਿਊਜ਼ੀਲੈਂਡ ਤੱਕ ਫੈਲਿਆ ਇਹ ਸ਼ਾਂਤ ਮਹਾਂਸਾਗਰ ਦਾ ਇਕ ਹਿੱਸਾ ਹੈ। ਪੱਛਮ ਵਿਚ ਇਸਦਾ ਫੈਲਾਓ ਤਸ਼ਮਾਨੀਆ ਟਾਪੂ ਤੱਕ ਹੈ। ਇਸ ਸਮੁੰਦਰ ਦੀ ਪੂਰਬ ਤੋਂ ਪੱਛਮ ਵਲ ਚੌੜਾਈ 2,250 ਕਿ. ਮੀ. ਹੈ। ਇਸਦਾ ਖੇਤਰਫਲ 2,300,000 ਵ.ਕਿ.ਮੀ ਹੈ। ਇਸ ਦੀ ਵੱਧ ਤੋਂ ਵੱਧ ਡੂੰਘਾਈ 5,200 ਮੀ. ਹੈ। ਇਸ ਸਾਗਰ ਦੇ ਤਲ ਦੀ ਇਕੋ ਇਕ ਨੁਹਾਰੀ ਵਿਸ਼ੇਸ਼ਤਾ ਤਸਮਾਨ ਬੇਸਿਨ ਹੀ ਹੈ।

ਇਹ ਆਸਟ੍ਰੇਲੀਆ ਅਤੇ ਤਸਮਾਨੀਆ ਟਾਪੂ ਵਿਚਾਲੇ ਫੈਲੇ ਜਲ-ਡਮਰੂ ਨਾਲ ਹਿੰਦ ਮਹਾਂਸਾਗਰ ਨਾਲ ਮਿਲਿਆ ਹੋਇਆ ਹੈ ਅਤੇ ਨਿਊਜ਼ੀਲੈਂਡ ਦੇ ਉੱਤਰੀ ਅਤੇ ਦੱਖਣੀ ਟਾਪੂਆਂ ਵਿਚਲੇ ਜਲ-ਡਮਰੂ ਨਾਲ ਪੂਰਬ ਵੱਲ ਫੈਲੇ ਸ਼ਾਂਤ ਮਹਾਂਸਾਗਰ ਨਾਲ ਮਿਲਦਾ ਹੈ।

ਇਹ ਸਾਗਰ 40° ਵਿਥਕਾਰ ਉੱਤੇ ਚੱਲਣ ਵਾਲੀਆਂ ਗਰਜਸ਼ੀਲ ਪੱਛਮੀ ਪੌਣਾਂ ਦੇ ਖੇਤਰ ਵਿਚ ਪੈਂਦਾ ਹੈ। ਇਸ ਕਰਕੇ ਇਥੇ ਤੂਫ਼ਾਨ ਆਮ ਆਉਂਦੇ ਹਨ। ਕਈ ਸਮੁੰਦਰੀ ਰੌਆਂ ਵੀ ਇਸ ਵਿਚ ਚਲਦੀਆਂ ਹਨ। ਇਨ੍ਹਾਂ ਦੇ ਅਸਰ ਹੇਠਾਂ ਇਸ ਸਾਗਰ ਦੇ ਉੱਤਰੀ ਭਾਗ ਦੀ ਜਲਵਾਯੂ ਉਪ-ਊਸ਼ਣ ਖੰਡੀ ਅਤੇ ਦੱਖਣ ਦੀ ਸ਼ੀਤ-ਊਸ਼ਣ ਖੰਡੀ ਹੋ ਜਾਂਦੀ ਹੈ।

ਇਸ ਸਾਗਰ ਵਿਚੋਂ ਮੱਛੀਆਂ ਵੀ ਫੜੀਆਂ ਜਾਂਦੀਆਂ ਹਨ ਅਤੇ ਬੈਸ ਜਲ-ਡਮਰੂ ਦੇ ਪੂਰਬੀ ਸਿਰੇ ਉੱਤੇ ਗਿਪਸਲੈਂਡ ਬੇਸਿਨ ਵਿਚੋਂ ਪੈਟਰੋਲ ਕੱਢਿਆ ਜਾਂਦਾ ਹੈ। ਇਸ ਤੋਂ ਇਲਾਵਾ ਦੱਖਣ-ਪੂਰਬੀ ਆਸਟ੍ਰੇਲੀਆ ਤੋਂ ਨਿਊਜ਼ੀਲੈਂਡ ਵੱਲ ਸਮੁੰਦਰੀ ਆਵਾਜਾਈ ਇਸੇ ਸਮੁੰਦਰ ਵਿਚੋਂ ਦੀ ਹੁੰਦੀ ਹੈ।

ਇਸ ਸਾਗਰ ਦੀ ਖੋਜ ਅਬਲ ਜੇਂਸਜ਼ੂਨ ਤਸਮਾਨ ਨੇ 1642 ਈ. ਵਿਚ ਕੀਤੀ ਸੀ। ਉਸ ਦੇ ਨਾਂ ਤੇ ਹੀ ਇਸਦਾ ਨਾਂ ਪਿਆ। ਸੰਨ 1770 ਦੇ ਦਹਾਕੇ ਵਿਚ ਕਪਤਾਨ ਕੁੱਕ ਅਤੇ ਹੋਰ ਖੋਜੀਆਂ ਨੇ ਵੀ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦੇ ਸਾਹਿਲੀ ਖੇਤਰਾਂ ਦੀ ਖੋਜ ਕੀਤੀ ਸੀ।

ਹ. ਪੁ. – ਐਨ. ਅਮੈ. 26:305 (1985); ਐਨ. ਬ੍ਰਿ. ਮਾ. 11:571 (1985)

**ਤਸਮਾਨੀਆ** : ਆਸਟ੍ਰੇਲੀਆ ਮਹਾਂਦੀਪ ਦਾ ਇਕ ਟਾਪੂ ਅਤੇ ਰਾਜ ਵੀ ਹੈ ਜਿਹੜਾ ਆਸਟ੍ਰੇਲੀਆ ਦੀ ਮੁੱਖ-ਭੂਮੀ ਤੋਂ 240 ਕਿ.ਮੀ. ਦੱਖਣ-ਪੂਰਬ ਵੱਲ ਵਾਕਿਆ ਹੈ। ਆਕਾਰ ਵਿਚ ਇਹ ਆਦਮੀ ਦੇ ਦਿਲ ਵਰਗਾ ਹੈ। ਕਿੰਗ, ਫਲਿਨਡਰਜ਼, ਬਰੂਨੀ ਅਤੇ ਮਕਵਾਰੀ ਨਾਮੀ ਚਾਰ ਹੋਰ ਛੋਟੇ-ਛੋਟੇ ਟਾਪੂ ਵੀ ਇਸੇ ਟਾਪੂ ਦਾ ਹਿੱਸਾ ਹੀ ਹਨ। ਇਸ ਤਸਮਾਨੀਆ ਟਾਪੂ ਸਮੂਹ ਦਾ ਰਕਬਾ 68,280 ਵ.ਕਿ.ਮੀ. ਹੈ ਜਦੋਂ ਕਿ ਇਕੱਲੇ ਤਸਮਾਨੀਆ ਨੇ 67,892 ਵ.ਕ੍ਰਿ.ਮੀ. ਖੇਤਰ ਮੱਲਿਆ ਹੋਇਆ ਹੈ ਅਤੇ ਇਸਦੀ ਆਬਾਦੀ 4,70,300 (1992) ਹੈ। ਹੋਬਰਟ ਇਸ ਦੀ ਰਾਜਧਾਨੀ ਹੈ। ਮੁੱਖ ਟਾਪੂ ਤੋਂ 1600 ਕਿ.ਮੀ. ਦੱਖਣ-ਪੂਰਬ ਵਿੱਚ ਮਕਬਰੀ ਉੱਤੇ ਮੌਸਮ ਸਬੰਧੀ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਹੋਈ ਹੈ।

## ਭੂ-ਆਕ੍ਰਿਤੀ ਵਿਗਿਆਨ

ਭੂਗੋਲਕ ਪੱਖੋਂ ਇਹ ਆਸਟ੍ਰੇਲੀਆ ਦੀ ਮੁੱਖ ਧਰਤੀ ਦੇ ਪੂਰਬੀ ਉੱਚੇ ਭਾਗਾਂ ਦਾ ਹਿੱਸਾ ਹੈ ਅਤੇ 130 ਤੋਂ 240 ਕਿ.ਮੀ. ਚੌੜੇ ਬੈਸ ਜਲ-ਡਮਰੂ ਦੁਆਰਾ ਇਹ ਮੁੱਖ ਧਰਤੀ ਤੇ ਸਥਿਤ ਵਿਕਟੋਰੀਆ ਰਾਜ ਤੋਂ ਵੱਖ ਹੁੰਦਾ ਹੈ। ਟਾਪੂ ਦਾ ਪੱਛਮੀ ਅਤੇ ਉੱਤਰ-ਪੱਛਮੀ ਹਿੱਸਾ ਉੱਘੜ-ਦੁੱਘੜਾ ਹੈ ਅਤੇ ਟਾਪੂ ਦੀ ਸਭ ਤੋਂ ਉੱਚੀ ਸਿਖਰ ਲੈਸੀ (1,563 ਮੀ.) ਵੀ ਇਥੇ ਹੀ ਹੈ। ਟਾਪੂ ਦੇ ਉੱਤਰ-ਪੂਰਬ ਅਤੇ ਦੱਖਣ-ਪੱਛਮ ਵਿਚ ਨੀਵੇਂ ਮੈਦਾਨ ਹਨ। ਟੇਮਰ, ਡਰਵੰਟ, ਗਾਸਰਡਨ, ਮਾਈਮਨ ਤੇ ਆਰਥਰ ਇਥੋਂ ਦੇ ਵੱਡੇ ਦਰਿਆ ਹਨ। ਕੇਂਦਰੀ ਹਿੱਸੇ ਵਿਚ ਕਈ ਝੀਲਾਂ ਵੀ ਹਨ।

ਇਥੋਂ ਦੀ ਜਲਵਾਯੂ ਸੀਤ ਅਤੇ ਸਿੱਲ੍ਹੀ ਹੈ। ਇਹ ਨਿਊਜ਼ੀਲੈਂਡ ਦੀ ਜਲਵਾਯੂ ਨਾਲ ਮਿਲਦੀ-ਜੁਲਦੀ ਹੈ ਪਰ ਇਥੋਂ ਦਾ ਤਾਪਮਾਨ ਅਤੇ ਵਰਖਾ ਨਿਊਜ਼ੀਲੈਂਡ ਨਾਲੋਂ ਭਿੰਨ ਹੈ। ਨੀਵੇਂ ਮੈਦਾਨਾਂ ਵਿਚ ਤਾਪਮਾਨ ਸਰਦੀ ਅਤੇ ਗਰਮੀ ਦੋਵਾਂ ਮੌਸਮਾਂ ਵਿਚ ਇਕਸਾਰ ਰਹਿੰਦੇ ਹਨ। ਪਰਬਤਾਂ ਅਤੇ ਪਠਾਰਾਂ ਉੱਤੇ ਸਰਦੀ ਵਿਚ ਤਾਪਮਾਨ ਬਹੁਤ ਘੱਟ ਜਾਂਦਾ ਹੈ।

ਤਸਮਾਨੀਆ ਵਿਚ ਥਲੀ ਜਾਨਵਰ ਕਾਫ਼ੀ ਗਿਣਤੀ ਵਿੱਚ ਮਿਲਦੇ ਹਨ ਪਰ ਇਨ੍ਹਾਂ ਦੀਆਂ ਕਿਸਮਾਂ ਬਹੁਤੀਆਂ ਨਹੀਂ ਹਨ। ਡੈਵਿਲ ਅਤੇ ਚੀਤਾ ਦੋਨੋਂ ਤਸਮਾਨੀਆ ਦੇ ਖ਼ਾਸ ਜਾਨਵਰ ਹਨ। ਚੀਤੇ ਦੀ ਗਿਣਤੀ ਅੱਜਕੱਲ੍ਹ ਘਟ ਰਹੀ ਹੈ।

## ਇਤਿਹਾਸ

ਤਸਮਾਨੀਆ ਟਾਪੂ ਦੀ ਖੋਜ ਵਲੰਦੇਜ਼ੀ ਜਹਾਜ਼ਰਾਨ ਅਬਲ ਜੇਂਸਜ਼ੂਨ ਤਸਮਾਨ ਨੇ 1642 ਈ. ਵਿਚ ਕੀਤੀ ਸੀ। ਇਸ ਤੋਂ ਪਿੱਛੋਂ ਇਧਰ ਆਏ ਖੋਜੀ ਨੇ ਇਸ ਦਾ ਨਾਂ. 'ਵੈਨ ਡੀਮੰਡਜ਼ ਲੈਂਡ' ਰੱਖਿਆ। ਸੰਨ 1803 ਵਿਚ ਇਥੋਂ ਦੇ ਰਿਜ਼ਡਨ ਸ਼ਹਿਰ ਵਿਚ ਬਰਤਾਨੀਆ ਨੇ ਕੈਦਖ਼ਾਨਾ ਬਣਾ ਕੇ ਬਸਤੀ ਦੀ ਸਥਾਪਨਾ ਕੀਤੀ। ਸੰਨ 1825 ਵਿਚ ਇਹ ਟਾਪੂ ਬਰਤਾਨਵੀ ਬਸਤੀ ਦੇ ਰੂਪ ਵਿਚ ਆਬਾਦ ਹੋਇਆ। ਹੌਲੀ-ਹੌਲੀ ਇਥੇ ਵਸੋਂ ਵਿਚ ਵਾਧਾ ਹੁੰਦਾ ਗਿਆ। ਸੰਨ 1850 ਤੇ ਪਿਛਲੇ ਸਾਲਾਂ ਵਿਚ ਤਸਮਾਨੀਆ ਦੇ ਕੇਂਦਰੀ ਅਤੇ ਪੂਰਬੀ ਹਿੱਸਿਆਂ ਵਿਚ ਵਸੋਂ ਮੁਕਾਬਲਤਨ ਵਧੇਰੇ ਸੀ। ਸੰਨ 1850 ਵਿਚ ਇਥੋਂ ਦੀ ਵਸੋਂ 68,870 ਸੀ। ਸੰਨ 1852 ਵਿਚ ਕੈਦੀਆਂ ਨੂੰ ਇਥੇ ਲਿਆਉਣਾ ਬੰਦ ਕਰ ਦਿੱਤਾ ਗਿਆ ਅਤੇ 1856 ਈ. ਵਿਚ ਇਥੋਂ ਦੀ ਵੱਖਰੀ ਸਰਕਾਰ ਕਾਇਮ ਕਰਕੇ ਟਾਪੂ ਦਾ ਪ੍ਰਬੰਧ ਚਲਾਉਣਾ ਸ਼ੁਰੂ ਕੀਤਾ ਗਿਆ। ਇਸੇ ਸਾਲ ਇਸ ਦਾ ਨਾਂ ਇਸ ਦੇ ਮੁਢਲੇ ਖੋਜੀ ਤਸਮਾਨ ਦੇ ਨਾਂ ਤੇ ਰੱਖਿਆ ਗਿਆ। ਸੰਨ 1850 ਤੋਂ 1900 ਦੇ ਸਾਲਾਂ ਵਿਚ ਪਸ਼ੂ-ਪਾਲਣਾ, ਖੇਤੀਬਾੜੀ, ਸੱਨਅਤ ਅਤੇ ਆਵਾਜਾਈ ਦੇ ਸਾਧਨ ਉੱਨਤ ਕੀਤੇ ਜਾਣ ਲੱਗੇ। ਸੰਨ 1901 ਵਿਚ ਇਸਦੀ ਆਬਾਦੀ 172,475 ਹੋ ਗਈ। ਸੰਨ 1901 ਵਿਚ ਇਸਨੂੰ ਆਸਟ੍ਰੇਲੀਆ ਦਾ ਰਾਜ ਬਣਾ ਲਿਆ ਗਿਆ।

ਯੂਰਪੀਆਂ ਦੀ ਬਸਤੀ ਬਣਨ ਤੋਂ ਪਹਿਲਾਂ ਇਥੇ ਹਬਸ਼ੀਆਂ ਦੀ ਨਸਲ ਦੇ ਆਦਿਵਾਸੀ ਵੱਸੇ ਹੋਏ ਸਨ ਜਿਨ੍ਹਾਂ ਦੀ ਗਿਣਤੀ 2,000 ਸੀ। ਅੰਗਰੇਜ਼ਾਂ ਨੇ ਇਨ੍ਹਾਂ ਨੂੰ ਫਲਿਨਡਰਜ਼ ਟਾਪੂ ਉੱਤੇ ਕੱਢ ਦਿੱਤਾ। ਇਸੇ ਟਾਪੂ ਉੱਤੇ 1876 ਈ. ਵਿਚ ਅਖ਼ੀਰਲੇ ਹਬਸ਼ੀ ਦੀ ਮੌਤ ਨਾਲ ਇਨ੍ਹਾਂ ਦੀ ਨਸਲ ਖ਼ਤਮ ਹੋ ਗਈ। ਅੱਜਕੱਲ੍ਹ ਇਥੋਂ ਦੀ ਵਸੋਂ ਵਿਚ ਆਦਿਵਾਸੀ ਬਿਲਕੁਲ ਨਹੀਂ ਹਨ, ਵਧੇਰੇ ਵਸੋਂ ਅੰਗਰੇਜ਼ਾਂ ਦੀ ਹੀ ਹੈ। ਇਨ੍ਹਾਂ ਲੋਕਾਂ ਵਿਚੋਂ 90 ਫ਼ੀਸਦੀ ਆਸਟ੍ਰੇਲੀਆ ਵਿਚ ਪੈਦਾ ਹੋਏ ਸਨ ਅਤੇ 3 ਫ਼ੀਸਦੀ ਹੀ ਯੂਰਪ ਵਿਚ ਪੈਦਾ ਹੋਏ ਸਨ। ਵਸੋਂ ਵੱਡੇ ਸ਼ਹਿਰਾਂ

ਵਿਚ ਵਧੇਰੇ ਹੈ। ਇਥੋਂ ਦੇ ਰਾਜਧਾਨੀ ਸ਼ਹਿਰ ਦੀ ਵਸੋਂ 1991 ਵਿਚ 1,81,838 ਸੀ। ਇਸੇ ਤਰ੍ਹਾਂ 1991 ਦੇ ਅੰਕੜਿਆਂ ਅਨੁਸਾਰ ਲਾਂਟਸਟੈਨ (93,520), ਬਰੂਨੀ (20,483), ਡੈਵਨਪੋਰਟ (24,622) ਟਾਪੂ ਦੇ ਹੋਰ ਵੱਧ ਵੱਸੋਂ ਵਾਲੇ ਸ਼ਹਿਰ ਹਨ। ਆਬਾਦੀ ਦੀ ਵੰਡ ਅਨੁਸਾਰ ਇਸ ਰਾਜ ਦੀ ਵਸੋਂ ਬਾਕੀ ਦੇਸ਼ ਨਾਲੋਂ ਘੱਟ ਹੈ ਪਰ ਜਨਮ-ਦਰ ਸਾਰੇ ਦੇਸ਼ ਵਿਚੋਂ ਵੱਧ ਹੈ। ਕੰਮ ਦੀ ਭਾਲ ਵਿਚ ਇਥੋਂ ਦੇ ਲੋਕ ਮੁੱਖ ਭੂਮੀ ਉੱਤੇ ਵਧੇਰੇ ਰਹਿੰਦੇ ਹਨ।

### ਆਰਥਿਕਤਾ

ਆਰਥਿਕਤਾ ਵਿਚ ਕੁਦਰਤੀ ਸਾਧਨ, ਸੱਨਅਤਾਂ, ਖੇਤੀਬਾੜੀ ਅਤੇ ਹੋਰ ਰੁਝੇਵੇਂ ਸ਼ਾਮਲ ਹਨ। ਕੁਦਰਤੀ ਸਾਧਨ ਇਸ ਟਾਪੂ ਉੱਤੇ ਬਹੁਤ ਹਨ। ਜਿਸਤ, ਸਿੱਕਾ, ਤਾਂਬਾ, ਕਲੀ ਅਤੇ ਟੰਗਸਟਨ ਇਥੇ ਮਿਲਦਾ ਹੈ। ਇਥੇ ਜੰਗਲ ਵੀ ਹਨ ਜਿਨ੍ਹਾਂ ਤੋਂ ਪ੍ਰਾਪਤ ਲੱਕੜ ਕਾਗਜ਼ ਬਣਾਉਣ ਦੇ ਕੰਮ ਆਉਂਦੀ ਹੈ। ਇਹ ਰਾਜ ਆਸਟ੍ਰੇਲੀਆ ਦੀ ਪਣ-ਬਿਜਲੀ ਦਾ ਮੁੱਖ ਕੇਂਦਰ ਹੈ ਅਤੇ ਇਥੇ ਪਣ-ਬਿਜਲੀ ਦੀਆਂ ਕਈ ਯੋਜਨਾਵਾਂ ਚਾਲੂ ਹਨ।

ਤਸਮਾਨੀਆ ਦੀ ਧਰਤੀ ਉੱਤੇ ਖੇਤੀ ਵੀ ਹੁੰਦੀ ਹੈ। ਧਰਾਤਲ, ਮਿੱਟੀ, ਜਲਵਾਯੂ ਦੀਆਂ ਭਿੰਨਤਾਵਾਂ ਕਾਰਨ ਕਈ ਉਪਜਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਉੱਤਰੀ ਹਿੱਸਿਆਂ ਵਿਚ ਹਰੇ ਮਟਰ, ਆਲੂ ਅਤੇ ਫਲਾਂ ਦੀ ਪੈਦਾਵਾਰ ਹੁੰਦੀ ਹੈ। ਉੱਨ, ਮਾਸ, ਮੱਖਣ ਇਥੋਂ ਦੇ ਹੋਰ ਖੇਤੀਬਾੜੀ ਉੱਤੇ ਆਧਾਰਿਤ ਉਤਪਾਦਨ ਹਨ। ਦੁੱਧ ਅਤੇ ਮਾਸ ਦੋਨਾਂ ਲਈ ਪਸ਼ੂ ਪਾਲੇ ਜਾਂਦੇ ਹਨ। ਸਮੁੰਦਰ ਵਿਚੋਂ ਮੱਛੀਆਂ ਵੀ ਫੜੀਆਂ ਜਾਂਦੀਆਂ ਹਨ। ਕ੍ਰੇਅਫ਼ਿਸ਼ ਇਥੋਂ ਦੀ ਖਾਸ ਮੱਛੀ ਹੈ। ਇਥੇ ਕੱਪੜਾ, ਸੀਮਿੰਟ, ਕਾਗਜ਼, ਬਿਜਲੀ-ਧਾਤ, ਬਿਜਲੀ ਅਤੇ ਰਸਾਇਣ ਪਦਾਰਥਾਂ ਨਾਲ ਸਬੰਧਤ ਉਦਯੋਗ ਉੱਨਤ ਹਨ। ਇਥੇ ਸੀਮਿੰਟ, ਚਾਕਲੇਟ ਅਤੇ ਗ਼ਲੀਚੇ ਵੀ ਬਣਾਏ ਜਾਂਦੇ ਹਨ।

ਹੋਬਰਟ, ਬਰੂਨੀ, ਡੈਵਨਪੋਰਟ ਅਤੇ ਲਾਂਟਸਟੈਨ ਇਥੋਂ ਦੇ ਪ੍ਰਮੁੱਖ ਸ਼ਹਿਰ, ਵੱਡੀਆਂ ਬੰਦਰਗਾਹਾਂ ਅਤੇ ਹਵਾਈ ਅੱਡੇ ਵੀ ਹਨ। ਰੇਲਾਂ ਆਵਾਜਾਈ ਦਾ ਮੁੱਖ ਵਸੀਲਾ ਹਨ। ਇਨ੍ਹਾਂ ਦੀ ਲੰਬਾਈ 920 ਕਿ.ਮੀ. ਹੈ। ਸੰਨ 1988 ਵਿਚ ਸੜਕਾਂ ਦੀ ਲੰਬਾਈ 22,984 ਕਿ.ਮੀ. ਸੀ।

ਅੱਜਕੱਲ੍ਹ ਇਥੇ ਹਰ ਤਰ੍ਹਾਂ ਦੀਆਂ ਸ਼ਹਿਰੀ ਸਹੂਲਤਾਂ ਉਪਲਬਧ ਹਨ। ਸਰਕਾਰ ਵੱਲੋਂ ਵਿਦਿਆ ਮੁਫ਼ਤ ਦਿੱਤੀ ਜਾਂਦੀ ਹੈ। 6 ਤੋਂ 16 ਸਾਲ ਦੀ ਉਮਰ ਤੱਕ ਪੜ੍ਹਾਈ ਲਾਜ਼ਮੀ ਹੈ। ਸਾਰੇ ਰਾਜ ਵਿਚ ਤਕਨੀਕੀ ਅਤੇ ਹੋਰ ਕਈ ਤਰ੍ਹਾਂ ਦੀ ਸਿਖਲਾਈ ਲਈ ਕਮਿਊਨਿਟੀ ਕਾਲਜ ਹਨ। ਹੋਬਰਟ ਵਿਚ ਤਸਮਾਨੀਆ ਯੂਨੀਵਰਸਿਟੀ ਵੀ ਹੈ।

ਸਰਕਾਰ ਵਲੋਂ ਵਿਧਵਾ ਔਰਤਾਂ ਤੇ ਮਰਦਾਂ ਨੂੰ ਬੱਚਿਆਂ ਸਮੇਤ ਅਤੇ ਲਾਵਾਰਸ ਬੱਚਿਆਂ ਨੂੰ ਕਾਫ਼ੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

### ਰਾਜ-ਪ੍ਰਬੰਧ

ਪ੍ਰਸ਼ਾਸਨ ਪੱਖੋਂ ਇਹ ਆਸਟ੍ਰੇਲੀਆਈ ਪ੍ਰਸ਼ਾਸਨ ਹੇਠਾਂ ਹੈ। ਆਸਟ੍ਰੇਲੀਆ ਦਾ ਪ੍ਰਬੰਧ ਪਾਰਲੀਮੈਂਟ ਚਲਾਉਂਦੀ ਹੈ। ਇਸ ਦੇ ਦੋ ਸਦਨ ਹਨ— ਲੈਜਿਸਲੇਟਿਵ ਕੌਂਸਲ ਅਤੇ ਹਾਊਸ ਆਫ਼ ਅਸੈਂਬਲੀ। ਤਸਮਾਨੀਆ ਦੀ ਵੀ ਵੱਖਰੀ ਪਾਰਲੀਮੈਂਟ ਅਤੇ ਹਾਊਸ ਆਫ਼ ਅਸੈਂਬਲੀ ਹੈ। ਹਾਊਸ ਆਫ਼ ਅਸੈਂਬਲੀ ਦੇ 35 ਅਤੇ ਲੈਜਿਸਲੇਟਿਵ ਕੌਂਸਲ ਦੇ 19 ਮੈਂਬਰ ਹਨ। ਕੌਮੀ ਪਾਰਲੀਮੈਂਟ ਵਿਚ ਵੀ ਤਸਮਾਨੀਆ ਵੱਲੋਂ ਪੰਜ ਮੈਂਬਰ ਭੇਜੇ ਜਾਂਦੇ ਹਨ।

ਸਥਾਨਕ ਪ੍ਰਸ਼ਾਸਨ ਲਈ ਪੂਰਾ ਰਾਜ 47 ਮਿਉਂਸਪਲਟੀਆਂ ਵਿਚ ਵੰਡਿਆ ਹੋਇਆ ਹੈ। ਹੋਬਰਟ, ਲਾਂਟਸਟੈਨ, ਗਲੈਨਾਰਕੀ ਅਤੇ ਡੈਵਨਪੋਰਟ ਸ਼ਹਿਰਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਤਸਮਾਨੀਆਂ ਦੇ ਤਿੰਨੋ ਟਾਪੂਆਂ ਨੂੰ ਵੀ ਮਿਉਂਸਪਲਟੀਆਂ ਵਾਲੇ ਅਖ਼ਤਿਆਰ ਹਾਸਲ ਹਨ।

ਹ.ਪੁ. – ਐਨ.ਬ੍ਰਿ.ਮਾ. 11:571; ਐਨ.ਅਮੈ. 26 : 307

**ਤਸਾਓ ਸ਼ਿਨ (Ts'ao Shen) :** ਇਹ ਚੀਨ ਦਾ ਇਕ ਦੇਵਤਾ ਹੈ ਜਿਹੜਾ ਰਸੋਈ ਜਾਂ ਚੁਲ੍ਹੇ ਦਾ ਦੇਵਤਾ ਕਰਕੇ ਜਾਣਿਆ ਜਾਂਦਾ ਹੈ। ਇਹ ਹਰ ਪਰਿਵਾਰ ਦੇ ਆਚਾਰ ਵਿਹਾਰ ਬਾਰੇ ਮਹੀਨੇ ਵਿਚ ਇਕ ਵਾਰੀ ਜਾਂ ਵਧੇਰੇ ਵਾਰੀ ਸਵਰਗ ਵਿਚ ਸੂਚਨਾ ਦੇਣ ਲਈ ਜਾਂਦਾ ਹੈ ਅਤੇ ਆਪਣੀ ਸ਼ਕਤੀ ਰਾਹੀਂ ਪਰਿਵਾਰਾਂ ਨੂੰ ਅਮੀਰੀ ਜਾਂ ਗਰੀਬੀ ਪ੍ਰਦਾਨ ਕਰਦਾ ਹੈ। ਇਹ ਘਰਾਂ ਨੂੰ ਬਦ-ਰੂਹਾਂ ਤੋਂ ਵੀ ਬਚਾਉਂਦਾ ਹੈ। ਇਸ ਦੇਵਤੇ ਦਾ ਅੱਗ ਦੇ ਦੇਵਤੇ ਹੋ ਸ਼ਿਨ ਅਤੇ ਭੱਠੀ ਦੇ ਦੇਵਤੇ ਤਸਾਓ ਚੁਨ ਨਾਲ ਭੁਲੇਖਾ ਪਾਇਆ ਜਾਂਦਾ ਹੈ। ਚੀਨ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਚੰਦ ਦੇ ਬਾਰ੍ਹਵੇਂ ਮਹੀਨੇ ਦੇ ਅੰਤ ਵਿਚ ਤਸਾਓ ਸ਼ਿਨ ਸਾਰੇ ਸਾਲ ਦੀ ਰਪੋਟ ਸਵਰਗ ਵਿਚ ਪੇਸ਼ ਕਰਦਾ ਹੈ। ਤਸਾਓ ਸ਼ਿਨ ਦੀ ਕਾਗਜ਼ ਦੀ ਬਣਾਈ ਮੂਰਤੀ ਮੂਹਰੇ ਚੰਗੇ ਚੰਗੇ ਭੋਜਨ ਅਤੇ ਸ਼ਰਾਬ ਪੇਸ਼ ਕੀਤੀ ਜਾਂਦੀ ਹੈ। ਜਦੋਂ ਨਿਸ਼ਚਿਤ ਮਿਤੀ ਨੂੰ ਇਸ ਦੇ ਸਵਰਗ ਵਿਚ ਜਾਣ ਦਾ ਸਮਾਂ ਸਮਝਿਆ ਜਾਂਦਾ ਹੈ ਤਾਂ ਇਸ ਦੇ ਬੁਲ੍ਹਾਂ ਨੂੰ ਸ਼ਹਿਦ ਆਦਿ ਕੋਈ ਮਿੱਠਾ ਲਾਇਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਇਹ ਉਪਰ ਜਾ ਕੇ ਸੁਹਣੇ ਮਿੱਠੇ ਬਚਨ ਹੀ ਮੂੰਹੋਂ ਬੋਲੇ। ਤਸਾਓ ਸ਼ਿਨ ਦੇ ਜਾਣ ਲਈ ਕਾਗਜ਼ ਦੇ ਬਣੇ ਹੋਏ ਰਥ, ਘੋੜੇ, ਪੈਸਾ ਅਤੇ ਘਰ ਦੇ ਸਾਰੇ ਬਰਤਨ ਤਿਆਰ ਕੀਤੇ ਜਾਂਦੇ ਹਨ। ਮਗਰੋਂ ਇਸ ਸਭ ਕੁਝ ਨੂੰ ਅਗਨੀ ਦੀ ਭੇਟਾ ਕੀਤਾ ਜਾਂਦਾ ਹੈ ਅਤੇ ਨਵੇਂ ਸਾਲ ਦੇ ਸ਼ੁਰੂ ਹੋਣ ਤੇ ਘਰ ਦੀ ਸੁਚੱਜੀ ਥਾਂ ਤੇ ਮੁੜ ਕਾਗਜ਼ ਦੀ ਨਵੀਂ ਮੂਰਤੀ ਸਥਾਪਤ ਕੀਤੀ ਜਾਂਦੀ ਹੈ।

ਹ.ਪੁ.—ਐਨ.ਬ੍ਰਿ.ਮਾ. 10 : 157

**ਤਸਾਓ ਚਾਂ (Ts'ao Chan) :** ਇਹ ਚੀਨ ਦਾ ਇਕ ਪ੍ਰਸਿੱਧ ਨਾਵਲਕਾਰ ਸੀ ਜਿਸ ਨੂੰ ਵਧੇਰੇ ਕਰਕੇ ਤਸਾਓ ਹਸੂਐਹ-ਚਿਨ (TS'AO-HSUEH-CHIN) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਚੀਨ ਦੇ ਸਭ ਤੋਂ ਪ੍ਰਸਿੱਧ ਨਾਵਲ 'Hung lou meng' ('ਡ੍ਰੀਮ ਆਫ਼ ਦੀ ਰੈੱਡ ਚੈਂਬਰ') ਦਾ ਕਰਤਾ ਸੀ। ਇਸ ਦਾ ਜਨਮ ਸ਼ਾਇਦ 1715 ਈ. ਵਿਚ ਨਾਨਕਿੰਗ ਵਿਖੇ ਹੋਇਆ। ਇਸ ਦੇ ਖਾਨਦਾਨ ਕੋਲ ਇੰਪੀਰੀਅਲ ਟੈਕਸਟਾਈਲਜ਼ ਦੇ ਕਮਿਸ਼ਨਰ ਦਾ ਜੱਦੀ ਅਹੁਦਾ ਹੋਇਆ ਕਰਦਾ ਸੀ। ਸੰਨ 1728 ਵਿਚ ਇਸ ਉੱਤੇ ਬਹੁਤ ਭਾਰੀ ਮੁਸੀਬਤਾਂ ਆ ਗਈਆਂ ਜਿਸ ਦੇ ਨਤੀਜੇ ਵਜੋਂ ਇਹ ਖ਼ਾਨਦਾਨ ਪੀਕਿੰਗ ਚਲਾ ਗਿਆ। 12 ਫ਼ਰਵਰੀ, 1763 ਤਕ ਇਸ ਨੇ ਸਵੈ-ਜੀਵਨੀ ਵਰਗੀ ਆਪਣੀ ਇਸ ਮਹਾਨ ਕ੍ਰਿਤ 'ਹੁੰਗ ਲਾਊ ਮੇਂਗ' ਦੇ 80 ਅਧਿਆਇ ਲਿਖ ਲਏ ਸਨ। ਮਗਰੋਂ ਇਸ ਰਚਨਾ ਨੂੰ ਕਾਓ ਐਹ ਨਾਂ ਦੇ ਇਕ ਵਿਅਕਤੀ ਨੇ ਸੰਪੂਰਨ ਕੀਤਾ ਸੀ। ਆਪਣੇ ਇਸ ਨਾਵਲ ਵਿਚ ਇਸ ਨੇ ਚੀਆ ਨਾਂ ਦੇ ਪ੍ਰਸਿੱਧ ਅਤੇ ਤਾਕਤਵਰ ਪਰਿਵਾਰ ਦੇ ਪਤਨ ਅਤੇ ਪਾਓ ਯੂ ਤੇ ਉਸ ਦੀ ਚਚੇਰੀ ਭੈਣ, ਲਿਨ ਤਾਈ - ਯੂ ਦੇ ਅਸਫ਼ਲ ਪਿਆਰ ਦਾ ਵਰਣਨ ਕੀਤਾ ਹੈ।

ਹ.ਪੁ.—ਐਨ. ਬ੍ਰਿ.ਮਾ. 10 : 156

**ਤਸਾਓ ਚੀਹ (Ts'ao Chih) :** ਇਹ ਚੀਨ ਦਾ ਇਕ ਮਹਾਨ ਗੀਤ-ਕਾਵਿ ਕਵੀ ਸੀ ਜਿਸ ਦਾ ਜਨਮ 192 ਈ. ਵਿਚ ਹੋਇਆ। ਇਹ ਉੱਤਰੀ ਚੀਨ ਦੇ ਉੱਘੇ ਜਰਨੈਲ ਤਸਾਓ ਦਾ ਪੁੱਤਰ

ਸੀ। ਪਿਤਾ ਮਗਰੋਂ ਇਸ ਦੇ ਵੱਡੇ ਭਰਾ, ਤਸਾਓ ਪੇਈ ਨੇ ਇਸ ਖੇਤਰ ਦਾ ਨਾਂ ਵੇਈ (Wei) ਰਾਜ ਰੱਖਿਆ। ਉਹ ਇਸ ਦਾ ਸਖ਼ਤ ਵਿਰੋਧੀ ਸੀ। ਇਨ੍ਹਾਂ ਦੀ ਦੁਸ਼ਮਣੀ ਦੇ ਕਾਰਣਾਂ ਵਿਚੋਂ ਇਕ ਕਾਰਣ ਇਹ ਵੀ ਸੀ ਕਿ ਇਸ ਦੀ ਕਵਿਤਾ ਤਸਾਓ ਪੇਈ ਨਾਲੋਂ ਬਹੁਤ ਵਧੀਆ ਹੁੰਦੀ ਸੀ। ਇਨ੍ਹਾਂ ਦਾ ਪਿਤਾ ਤਸਾਓ ਤੱਸਾਓ ਵੀ ਇਕ ਕਵੀ ਸੀ। ਇਸ ਦੀ ਨਿਪੁੰਨ ਅਤੇ ਵਧੀਆ ਕਿਸਮ ਦੀ ਕਵਿਤਾ ਦੇਖ ਕੇ ਇਕ ਵਾਰੀ ਤਾਂ ਤਸਾਓ ਤਸਾਓ ਨੇ ਚਾਹਿਆ ਕਿ ਆਪਣੇ ਵੱਡੇ ਪੁੱਤਰ ਨੂੰ ਛੱਡ ਕੇ ਇਸੇ ਨੂੰ ਅਗਾਊਂ ਸ਼ਹਿਜ਼ਾਦਾ ਥਾਪ ਦੇਵੇ। ਬਾਦਸ਼ਾਹ ਬਣਨ ਮਗਰੋਂ ਤਸਾਓ ਪੇਈ ਨੇ ਇਸਦਾ ਜੀਉਣਾ ਹੀ ਹਰਾਮ ਕਰ ਦਿੱਤਾ। ਇਸ ਨੇ ਆਪਣੀ ਕਵਿਤਾ ਵਿਚ ਆਪਣੀਆਂ ਇਨ੍ਹਾਂ ਮੁਸੀਬਤਾਂ ਦਾ ਜ਼ਿਕਰ ਆਮ ਕੀਤਾ ਹੈ।

ਇਸ ਦੀ ਮੌਤ 232 ਈ. ਵਿਚ ਹੋਈ।

ਹ.ਪੁ.—ਐਨ. ਬ੍ਰਿ. ਮਾ. 10 : 156

**ਤਸਾਓ ਚੁਨ (Ts'ao Chun) :** ਚੀਨੀ ਮਿਥਿਹਾਸ ਅਨੁਸਾਰ ਇਹ ਇਕ ਜਾਦੂਗਰ ਦੇਵਤਾ ਸੀ ਜਿਹੜਾ ਕੀਮਿਆਗਰੀ ਦੀ ਤਾਕਤ ਨਾਲ ਸੋਨੇ ਦੇ ਅਜਿਹੇ ਭਾਂਡੇ ਬਣਾਉਂਦਾ ਸੀ ਜਿਨ੍ਹਾਂ ਵਿਚ ਖਾਣਾ ਖਾਣ ਵਾਲਾ ਬੰਦਾ ਅਮਰ ਹੋ ਜਾਂਦਾ ਸੀ। ਲੀ ਸ਼ਾਓ-ਚੁਨ ਨਾਂ ਦੇ ਇਸ ਸਾਧੂ ਨੇ ਚੀਨ ਦੇ ਸ਼ਹਿਨਸ਼ਾਹ ਨੂੰ ਦੱਸਿਆ ਕਿ ਇਹ ਦੇਵਤਾ ਬੁਢਾਪੇ ਨੂੰ ਰੋਕ ਸਕਦਾ ਹੈ। ਉਸ ਦੇ ਦੱਸਣ ਅਨੁਸਾਰ ਸ਼ਹਿਨਸ਼ਾਹ ਨੇ ਲੋੜੀਂਦੀ ਬਲੀ ਦਿਤੀ। ਸਾਧੂ ਨੇ ਰੇਸ਼ਮ ਦੇ ਇਕ ਟੁਕੜੇ ਉੱਤੇ ਕੁੱਝ ਗੱਲਾਂ ਲਿਖ ਕੇ ਇਕ ਬਲਦ ਨੂੰ ਉਹ ਕੱਪੜਾ ਖੁਆ ਦਿਤਾ ਅਤੇ ਬਾਦਸ਼ਾਹ ਨੂੰ ਕਿਹਾ ਕਿ ਬਲਦ ਦੇ ਪੇਟ ਵਿਚ ਗ਼ੈਬੀ ਗੱਲਾਂ ਹਨ। ਸਾਧੂ ਦੀ ਲਿਖਤ ਪਛਾਣੀ ਗਈ ਅਤੇ ਉਸ ਨੂੰ ਫਾਂਸੀ ਦਾ ਹੁਕਮ ਹੋਇਆ। ਇਕ ਹੋਰ ਸ਼ਹਿਨਸ਼ਾਹ ਬਾਰੇ ਜਿਸ ਨੇ 73 ਈ. ਪੂ. ਤੋਂ 48 ਈ. ਪੂ. ਤੱਕ ਰਾਜ ਕੀਤਾ ਸੀ, ਕਿਹਾ ਜਾਂਦਾ ਹੈ ਕਿ ਉਸ ਨੇ ਤਸਾਓ ਚੁਨ ਦੇਵਤੇ ਨੂੰ ਮਨੁੱਖ ਦੇ ਰੂਪ ਵਿਚ ਦੇਖਿਆ ਸੀ। ਇਸ ਨੂੰ ਸੋਨਾ ਬਣਾਉਣ ਵਾਲੀ ਭੱਠੀ ਦਾ ਦੇਵਤਾ ਕਿਹਾ ਜਾਂਦਾ ਸੀ। ਕੁਝ ਸਦੀਆਂ ਬੀਤਣ ਮਗਰੋਂ ਤਸਾਓ ਚੁਨ ਦਾ ਰਸੋਈ ਜਾਂ ਚੁਲ੍ਹੇ ਦੇ ਦੇਵਤੇ ਤਸਾਓ ਸ਼ਿਨ ਨਾਲ ਭੁਲੇਖਾ ਪਾਇਆ ਜਾਣ ਲੱਗ ਪਿਆ।

ਹ.ਪੁ.—ਐਨ. ਬ੍ਰਿ. ਮਾ. 10 : 156

**ਤਸਾਈ ਸ਼ਿਨ** : ਇਹ ਚੀਨੀਆਂ ਦਾ ਹਰਮਨ ਪਿਆਰਾ ਦੇਵਤਾ ਹੈ ਜਿਸਨੂੰ ਦੌਲਤ ਦਾ ਦੇਵਤਾ ਵੀ ਕਿਹਾ ਜਾਂਦਾ ਹੈ। ਚੀਨੀ ਲੋਕ ਇਸਦੀ ਪੂਜਾ ਇਸ ਆਸ ਵਿਚ ਕਰਦੇ ਹਨ ਕਿ ਇਹ ਸ਼ਰਧਾਲੂਆਂ ਦੇ ਘਰ ਜਾ ਕੇ ਉਨ੍ਹਾਂ ਨੂੰ ਉਸ ਦੌਲਤ ਨਾਲ ਮਾਲਾ ਮਾਲ ਕਰ ਸਕਦਾ ਹੈ ਜੋ ਇਸ ਦੇ ਸੇਵਕ ਇਸ ਦੇ ਨਾਲ ਨਾਲ ਚੁੱਕੀ ਫਿਰਦੇ ਹਨ। ਨਵੇਂ ਸਾਲ ਦੀ ਖ਼ੁਸ਼ੀ ਵਿਚ ਦੋ ਹਫਤੇ ਮਨਾਏ ਜਾਣ ਵਾਲੇ ਸਮਾਗਮ ਦੌਰਾਨ ਪਹਿਲੇ ਚੰਨ ਦੇ ਮਹੀਨੇ ਦੇ ਪੰਜਵੇਂ ਦਿਨ ਤਸਾਈ ਸ਼ਿਨ ਦੇ ਮੰਦਰ ਵਿਚ ਧੂਪ ਜਲਾਈ ਜਾਂਦੀ ਹੈ ਅਤੇ ਸ਼ਰਧਾਲੂ ਇਕ ਦੂਜੇ ਨੂੰ Kung hsi-fa ts'ai (ਅਰਥਾਤ ਪਰਮਾਤਮਾ ਕਰੇ ਤੁਸੀਂ ਅਮੀਰ ਹੋ ਜਾਓ!) ਕਹਿ ਕੇ ਮੁਬਾਰਕਾਂ ਦਿੰਦੇ ਹਨ। ਮਿੰਗ ਖ਼ਾਨਦਾਨ ਸਬੰਧੀ ਲਿਖੇ ਇਕ ਨਾਵਲ ਵਿਚ ਲਿਖਿਆ ਹੈ ਕਿ ਜਦੋਂ ਇਕ ਸੰਨਿਆਸੀ ਚਾਓ ਕੁੰਗ -ਮਿੰਗ ਨੇ ਪਤਨ ਹੋ ਰਹੇ ਸ਼ੈਂਗ ਖ਼ਾਨਦਾਨ ਦੀ ਸਹਾਇਤਾ ਲਈ ਜਾਦੂ ਦੀ ਵਰਤੋਂ ਕੀਤੀ ਤਾਂ ਅਗਲੇ ਚਾਊ ਖ਼ਾਨਦਾਨ ਦੇ ਸਹਾਇਕ ਚਿਆਂਗ ਟਜ਼ੂਯਾ ਨੇ ਘਾਹ ਫੂਸ ਨਾਲ ਚਾਓ ਦਾ ਇਕ ਬੁੱਤ ਬਣਾਇਆ। ਜਾਦੂ-ਟੂਣਾ ਕਰਨ ਤੋਂ 20 ਦਿਨ ਪਿਛੋਂ ਆੜੂ ਦੀ ਲੱਕੜੀ ਦਾ ਬਣਿਆ ਇਕ ਤੀਰ ਉਸ ਬੁੱਤ ਦੇ ਦਿਲ ਵਿਚ ਮਾਰਿਆ। ਉਸੇ ਪਲ ਚਾਓ ਬੀਮਾਰ ਹੋ ਗਿਆ ਤੇ ਮਰ ਗਿਆ। ਪਿੱਛੋ ਯੁਆਨ ਸ਼ੀਹ ਦੇ ਮੰਦਰ ਦੀ ਯਾਤਰਾ ਸਮੇਂ ਚਿਆਂਗ ਨੂੰ ਇਕ ਧਰਮਾਤਮਾ (ਚਾਓ) ਨੂੰ ਮਾਰਨ ਕਾਰਨ ਬੁਰਾ ਭਲਾ ਕਿਹਾ ਗਿਆ ਚਿਆਂਗ ਹੁਕਮ ਦੀ ਪਾਲਣਾ ਕਰਦੇ ਹੋਏ ਚਾਓ ਦੀ ਲਾਸ਼ ਨੂੰ ਚੁਕ ਕੇ ਮੰਦਰ ਲੈ ਗਿਆ ਤੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ। ਉਸਨੇ ਚਾਓ ਦੇ ਗੁਣਾਂ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਚਾਓ ਨੂੰ ਸੰਤ ਦਾ ਦਰਜਾ ਦੇ ਕੇ ਉਸਨੂੰ ਤਸਾਈ ਸ਼ਿਨ ਦਾ ਨਾਂ ਦਿੱਤਾ ਅਰਥਾਤ ਦੌਲਤ ਦਾ ਦੇਵਤਾ ਕਿਹਾ ਅਤੇ ਇਸਨੂੰ ਦੌਲਤ ਦੇ ਮੰਤਰਾਲੇ ਦਾ ਪ੍ਰਧਾਨ ਐਲਾਨ ਕਰ ਦਿੱਤਾ। ਇਕ ਹੋਰ ਹਵਾਲੇ ਅਨੁਸਾਰ ਤਸਾਈ ਸ਼ਿਨ ਦਾ ਪਹਿਲਾ ਨਾਂ ਪੀ ਕਨ (Pi Kan) ਸੀ ਜਿਸ ਨੂੰ ਅੰਤਿਮ ਸ਼ੈਂਗ (Shang) ਸ਼ਹਿਨਸ਼ਾਹ ਚਾਓ ਹਸ਼ਿਨ ਨੇ ਮੌਤ ਦੇ ਘਾਟ ਉਤਾਰ ਦਿਤਾ ਸੀ। ਕਿਤੇ ਕਿਤੇ ਇਸ ਦੇ ਘੋੜੇ ਦਾ ਬੁੱਤ ਸਥਾਨਕ ਦੇਵੀ-ਦੇਵਤਿਆਂ ਦੇ ਮੰਦਰਾਂ ਦੇ ਨਾਲ ਨਾਲ ਰੱਖਿਆ ਵੀ ਵਿਖਾਈ ਦਿੰਦਾ ਹੈ।



ਤਸਾਈ ਸ਼ਿਨ ਦਾ ਲੱਕੜ ਦਾ ਬੁੱਤ

ਹ.ਪੁ. — ਐਨ. ਬ੍ਰਿ. ਮਾ. 10 : 155

**ਤਸੂਬਾਊਚੀ ਸ਼ੋਯੋ** : ਇਹ ਜਾਪਾਨ ਦਾ ਪ੍ਰਸਿੱਧ ਨਾਟਕ-ਕਾਰ, ਨਾਵਲਕਾਰ, ਅਨੁਵਾਦਕ ਅਤੇ ਪੜਚੋਲੀਆ ਸੀ। ਲਗਭਗ ਅੱਧੀ ਸਦੀ ਤੱਕ ਇਹ ਜਾਪਾਨੀ ਸਾਹਿਤ ਜਗਤ ਉਤੇ ਛਾਇਆ ਰਿਹਾ ਸੀ। ਇਸ ਦਾ ਜਨਮ 22 ਜੂਨ, 1859 ਫੂਕੂਈ ਪ੍ਰੀਫ਼ੈਕਚਰ ਵਿਚ ਓਟਾ ਵਿਖੇ ਹੋਇਆ। ਸੰਨ 1883 ਵਿਚ ਇਸ ਨੇ ਟੋਕੀਓ ਇੰਪੀਰੀਅਲ ਯੂਨੀਵਰਸਿਟੀ ਤੋਂ ਬੀ.ਏ. ਪਾਸ ਕੀਤੀ। ਉਸੇ ਸਾਲ ਇਹ ਇਕ ਸਕੂਲ ਵਿਚ ਸਮਾਜ ਵਿਗਿਆਨ ਦਾ ਅਧਿਆਪਕ ਲੱਗ ਗਿਆ। ਇਸ ਤੋਂ ਮਗਰੋਂ ਇਹ ਵਸੇਦਾ ਮਿਡਲ ਸਕੂਲ ਦਾ ਮੁਖੀ ਨਿਯੁਕਤ ਹੋਇਆ। ਸੰਨ 1885-86 ਵਿਚ ਇਸ ਨੇ ਅਜੋਕੀ ਜਾਪਾਨੀ ਸਾਹਿਤਕ ਪੜਚੋਲ ਸਬੰਧੀ 'ਸ਼ੋਸ਼ੈਟਸੂ ਸ਼ਿਨਜ਼ੁਈ' (ਅੰਗ ਅਨੁ. 'ਦੀ ਈਸੈਨਸ ਆਫ਼ ਨਾਵਲ') ਨਾਂ ਦੀ ਪੁਸਤਕ ਲਿਖ ਕੇ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਨੇ ਸ਼ੈਕਸਪੀਅਰ ਦੀਆਂ ਸਾਰੀਆਂ ਕ੍ਰਿਤਾਂ ਦਾ ਜਾਪਾਨੀ ਭਾਸ਼ਾ ਵਿਚ ਅਨੁਵਾਦ ਕੀਤਾ। ਇਹ ਨੌ



ਸ਼ੋਯੋ ਤਸੂਬਾਊਚੀ

ਨਾਵਲਾਂ ਦਾ ਕਰਤਾ ਹੈ ਜਿਨ੍ਹਾਂ ਵਿਚੋਂ 'Tosai shoseikatazi' (1885-86) ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਸੰਨ 1891 ਵਿਚ ਤਸੂਬਾਊਚੀ ਨੇ 'ਵਸੇਦਾ ਬੰਗਾਕੂ' ਨਾਂ ਦਾ ਸਾਹਿਤਕ ਰਸਾਲਾ ਜਾਰੀ ਕੀਤਾ ਅਤੇ ਇਸ ਦਾ ਸੰਪਾਦਨ ਕਰਦਾ ਰਿਹਾ। ਇਸ ਤੋਂ ਇਲਾਵਾ ਇਹ ਨਵੇਂ ਜਾਪਾਨੀ ਥੀਏਟਰ ਨੂੰ ਕਾਇਮ ਕਰਨ ਵਾਲੇ ਮੋਢੀਆਂ ਵਿਚੋਂ ਇਕ ਸੀ। ਇਸ ਨਾਲ ਅਜੋਕੇ ਜਾਪਾਨੀ ਨਾਟਕਕਾਰਾਂ ਨੂੰ ਬੜਾ ਉਤਸ਼ਾਹ ਮਿਲਿਆ। ਸੰਨ 1915 ਵਿਚ ਇਹ ਵਸੇਦਾ ਯੂਨੀਵਰਸਿਟੀ ਤੋਂ ਰਿਟਾਇਰ ਹੋ ਕੇ ਆਪਣੇ ਅਨੁਵਾਦ ਦੇ ਕੰਮ ਵਿਚ ਪੂਰੀ ਤਰ੍ਹਾਂ ਜੁਟ ਗਿਆ।

28 ਫ਼ਰਵਰੀ, 1935 ਨੂੰ ਅਤਾਮੀ (Atami) ਵਿਖੇ ਸ਼ੋਯੋ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 10 : 162.

**ਤਸੌਦ ਮੈਰੀ** : ਇਹ ਫ਼ਰਾਂਸ ਦੀ ਇਕ ਪ੍ਰਸਿੱਧ ਕਲਾਕਾਰ ਸੀ ਜੋ ਮੋਮ ਦੇ ਚਿੱਤਰ ਬਣਾਉਂਦੀ ਸੀ ਅਤੇ ਉਨ੍ਹਾਂ ਦੀਆਂ ਪ੍ਰਦਰਸ਼ਨੀਆਂ ਲਾਉਂਦੀ ਸੀ। ਇਸ ਦਾ ਜਨਮ ਇਕ ਦਸੰਬਰ, 1761 ਨੂੰ ਫ਼ਰਾਂਸ ਵਿਚ ਸਟਰਾਸਬਰਗ ਵਿਖੇ ਹੋਇਆ। ਮੋਮ ਦੇ ਮਾਡਲ ਬਣਾਉਣ ਦੀ ਕਲਾ ਇਸ ਨੇ ਬਚਪਨ ਵਿਚ ਹੀ ਆਪਣੇ ਚਾਚੇ ਪਾਸੋਂ ਸਿਖੀ। ਸੰਨ 1780 ਤੋਂ ਲੈ ਕੇ 1789 ਦੌਰਾਨ ਫ਼ਰਾਂਸੀਸੀ ਇਨਕਲਾਬ ਦੇ ਸ਼ੁਰੂ ਹੋਣ ਤੱਕ ਇਹ ਇਹ ਲੂਈ 16ਵੇਂ ਦੀ ਭੈਣ ਦੀ ਕਲਾ ਵਿਸ਼ੇ ਲਈ ਅਧਿਆਪਕ ਲੱਗੀ ਰਹੀ। ਸ਼ਾਹੀ ਪਿੱਠੂ ਹੋਣ ਦੇ ਨਾਤੇ ਇਸ ਨੂੰ ਵੀ ਕੈਦ ਕੀਤਾ ਗਿਆ। ਤ੍ਰਾਸ ਦੇ ਦਿਨਾਂ ਵਿਚ ਇਹ ਬੜੀ ਭੈੜੀ ਦਸ਼ਾ ਵਿਚੋਂ ਲੰਘੀ।

ਸ਼ਾਦੀ ਦੇ ਪੱਖੋਂ ਮੈਰੀ ਤਸੌਦ ਅਸਫ਼ਲ ਰਹੀ। ਪਤੀ ਨਾਲ ਅਣਬਣ ਰਹਿਣ ਕਰਕੇ 1802 ਵਿਚ ਇਹ ਆਪਣੇ ਦੋ ਲੜਕਿਆਂ ਸਮੇਤ ਇੰਗਲੈਂਡ ਚਲੀ ਗਈ। ਇਹ ਆਪਣੇ ਮੋਮ ਦੇ ਮਾਡਲ ਵੀ ਨਾਲ ਲੈ ਗਈ। ਲੰਡਨ ਵਿਚ ਇਸ ਨੇ ਅਜਾਇਬ ਘਰ ਕਾਇਮ ਕੀਤਾ। 'ਮੈਡਮ ਤਸੋਦਜ਼' ਦੇ ਨਾਂ ਦਾ ਇਹ ਅਜਾਇਬ ਘਰ 1884 ਵਿਚ ਮੈਰੀਲੀਬੋਨ ਰੋਡ ਉੱਤੇ ਚਲਾ ਗਿਆ। ਇਸ ਪ੍ਰਦਰਸ਼ਨੀ ਵਿਚ ਪ੍ਰਸਿੱਧ ਅਤੇ ਬਦਨਾਮ ਵਿਅਕਤੀਆਂ ਦੇ ਚਿੱਤਰ ਹਨ। ਇਸ ਪ੍ਰਦਰਸ਼ਨੀ ਦੀ ਇਤਿਹਾਸਕ ਪੱਖੋਂ ਵੀ ਬੜੀ ਮਹੱਤਤਾ ਹੈ ਕਿਉਂਕਿ ਇਥੇ ਇਕ ਪਾਸੇ ਮੈਰੀ ਤਸੌਦ ਦੇ ਬਣਾਏ ਹੋਏ ਬੈਂਜਾਮਿਨ ਫ੍ਰੈਂਕਲਿਨ, ਵਾਲਟੇਅਰ, ਨੈਲਸਨ ਅਤੇ ਵਾਲਟੇਅਰ ਸਕਾਟ ਦੇ ਚਿੱਤਰ ਸੁਰੱਖਿਅਤ ਹਨ ਅਤੇ ਦੂਜੇ ਪਾਸੇ ਉਸ ਸਮੇਂ ਦੇ ਮਸ਼ਹੂਰ ਬਾਦਸ਼ਾਹ ਅਤੇ ਘੋਰ ਜੁਰਮ ਕਰਨ ਵਾਲਿਆਂ ਦੇ ਸਿਰਾਂ ਦੇ ਬੁੱਤ ਵੀ ਹਨ।

ਮੈਰੀ ਤਸੌਦ ਦੀ ਮੌਤ 16 ਅਪ੍ਰੈਲ, 1850 ਨੂੰ ਲੰਡਨ ਵਿਚ ਹੋਈ।

ਹ.ਪੁ. —ਐਨ. ਬ੍ਰਿ. ਮਾ. 10 : 205 ; ਆੱਕ.ਕੰ. ਇੰਗ. ਲਿਟ.

**ਤਹਿਖ਼ਾਨਾ** : ਤਹਿਖ਼ਾਨਾ ਭਾਵ ਧਰਤੀ ਦੀ ਸਤਹ ਹੇਠ ਬਣਿਆ ਇਮਾਰਤ ਦਾ ਇਕ ਭਾਗ ਜਿਹੜਾ ਕਿਸੇ ਉਚਾਈ ਤੱਕ ਜਾਂ ਪੂਰੇ ਦਾ ਪੂਰਾ ਜ਼ਮੀਨਦੋਜ਼ ਭਾਵ ਧਰਤੀ ਦੀ ਸਤਹ ਦੇ ਹੇਠਾਂ ਬਣਿਆ ਹੋਵੇ। ਇਸ ਦੀ ਉਚਾਈ ਅਤੇ ਬਣਤਰ ਧਰਤੀ ਦੀ ਸਤਹ ਉੱਤੇ ਉਸਾਰੀ ਗਈ ਜਾਂ ਉਸਾਰੀ ਜਾਣ ਵਾਲੀ ਇਮਾਰਤ ਦੇ ਹਿਸਾਬ ਨਾਲ ਵੱਖ ਵੱਖਰੀ ਹੁੰਦੀ ਹੈ।



ਤਹਿਖ਼ਾਨਾ

ਪੁਰਾਣੇ ਜ਼ਮਾਨੇ ਤੋਂ ਲੈ ਕੇ ਅੱਜ ਤੱਕ ਵੀ ਤਹਿਖ਼ਾਨੇ ਬਣਦੇ ਆ ਰਹੇ ਹਨ ਪ੍ਰੰਤੂ ਆਕਾਰ ਅਤੇ ਬਣਤਰ ਇਨ੍ਹਾਂ ਦੀ ਵਰਤੋਂ ਅਨੁਸਾਰ ਹਰ ਥਾਂ ਵੱਖਰੀ-ਵੱਖਰੀ ਰਹੀ ਸੀ। ਪੁਰਾਣੇ ਸਮਿਆਂ ਵਿਚ ਰਾਜੇ ਮਹਾਰਾਜੇ ਆਪਣੀਆਂ ਜ਼ਰੂਰੀ ਚੀਜ਼ਾਂ ਅਤੇ ਖ਼ਜ਼ਾਨੇ ਆਦਿ ਤਹਿਖ਼ਾਨਿਆਂ ਵਿਚ ਜਮ੍ਹਾਂ ਰੱਖਦੇ ਸਨ। ਲੜਾਈ ਦੇ ਦਿਨਾਂ ਵਿਚ ਇਨ੍ਹਾਂ ਤਹਿਖ਼ਾਨਿਆਂ ਵਿਚ ਅਸਲਾ, ਬਾਰੂਦ ਆਦਿ ਵੀ ਇਕੱਠਾ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਪਹਿਲਾਂ ਪਹਿਲ ਜਦੋਂ ਹਾਲੀਂ ਬਿਜਲੀ ਦੀ ਕਾਢ ਵੀ ਨਹੀਂ ਹੋਈ ਸੀ ਉਦੋਂ ਵੀ ਘਰਾਂ, ਮਹਿਲਾਂ ਆਦਿ ਵਿਚ ਤਹਿਖ਼ਾਨੇ ਬਣਾਏ ਜਾਂਦੇ ਸਨ ਜਿਨ੍ਹਾਂ ਨੂੰ ਗਰਮੀਆਂ ਵਿਚ ਠੰਢੇ ਕਮਰਿਆਂ ਦੇ ਤੌਰ ਤੇ ਵਰਤਿਆ ਜਾਂਦਾ ਸੀ। ਅਪਰਾਧੀਆਂ ਨੂੰ ਸਜ਼ਾ ਦੇਣ ਲਈ ਵੀ ਹਨੇਰੇ ਤਹਿਖ਼ਾਨੇ ਵਰਤੋਂ ਵਿਚ ਲਿਆਂਦੇ ਜਾਂਦੇ ਸਨ ਅਤੇ ਇਨ੍ਹਾਂ ਨੂੰ ਹਨੇਰ ਕੋਠੜੀਆਂ ਕਿਹਾ ਜਾਂਦਾ ਸੀ। ਅੱਜਕੱਲ੍ਹ ਇਨ੍ਹਾਂ ਤਹਿਖ਼ਾਨਿਆਂ ਨੂੰ ਸਮੇਂ ਦੇ ਬਦਲਦੇ ਦੌਰ ਅਨੁਸਾਰ ਹੋਰ ਅਨੇਕਾਂ ਬਹੁ-ਪੱਖੀ ਕੰਮਾਂ ਲਈ ਵੀ ਵਰਤਿਆ ਜਾਣ ਲੱਗਾ ਹੈ ਜਿਵੇਂ ਵੱਡੇ ਵੱਡੇ ਸ਼ਹਿਰਾਂ ਵਿਚ ਚੌੜੀਆਂ-ਚੌੜੀਆਂ ਸੜਕਾ ਦੇ ਹੇਠਾਂ ਜਾਂ ਸਿਨੇਮਾਘਰਾਂ ਦੇ ਹੇਠਾਂ ਸਾਇਕਲ ਸਟੈਂਡ, ਗੋਦਾਮ ਆਦਿ ਲਈ ਤਹਿਖ਼ਾਨੇ ਬਣਾਏ ਜਾਂਦੇ ਹਨ। ਇਸੇ ਤਰ੍ਹਾਂ ਅਮੀਰ ਲੋਕ ਅਤੇ ਕਾਲਾ ਧੰਦਾ ਕਰਨ ਵਾਲੇ ਤਸਕਰ ਆਪਣਾ ਸਾਮਾਨ ਅਤੇ ਗੁਪਤ ਚੀਜ਼ਾਂ ਰੱਖਣ ਲਈ ਆਪਣੇ ਘਰਾਂ-ਦੁਕਾਨਾਂ ਆਦਿ ਵਿਚ ਤਹਿਖ਼ਾਨੇ ਬਣਵਾ ਲੈਂਦੇ ਹਨ।

ਹ.ਪੁ. — ਵੈਬ. ਡਿ. : 181

**ਤਹਿਰਾਨ** : ਪ੍ਰਾਂਤ—ਇਹ ਈਰਾਨ ਦਾ ਇਕ ਪ੍ਰਾਂਤ ਹੈ। ਇਸੇ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੈ। ਇਸਦਾ ਖੇਤਰਫਲ 18,221 ਵ.ਕਿ.ਮੀ. ਅਤੇ ਆਬਾਦੀ 87,12,087 (1986) ਹੈ। ਈਰਾਨ ਦੀਆਂ ਲਗਭਗ ਇਕ ਚੌਥਾਈ ਸੱਨਅਤਾਂ ਇਸੇ ਪ੍ਰਾਂਤ ਵਿਚ ਮੌਜੂਦ ਹਨ ਜਿਨ੍ਹਾਂ ਵਿਚ ਕੱਪੜਾ ਤੇ ਰਸਾਇਣ ਤਿਆਰ ਕੀਤੇ ਜਾਂਦੇ ਹਨ ਅਤੇ ਭੋਜਨ ਦੀਆਂ ਚੀਜ਼ਾਂ ਪ੍ਰਾਸੈਸ ਕੀਤੀਆਂ ਜਾਂਦੀਆਂ ਹਨ। ਤਹਿਰਾਨ ਸ਼ਹਿਰ ਤੋਂ 48 ਕਿ.ਮੀ. ਪੱਛਮ ਵਿਚ ਕਰਾਜ ਨੇੜੇ ਇਕ ਜਲ ਭੰਡਾਰ ਅਤੇ ਡੈਮ ਬਣਾਇਆ ਗਿਆ ਹੈ। ਇਸ ਤੋਂ ਤਹਿਰਾਨ ਸ਼ਹਿਰ ਨੂੰ ਬਿਜਲੀ ਅਤੇ ਪਾਣੀ ਦੀ ਸਹੂਲਤ ਮੁਹੱਈਆ ਕੀਤੀ ਗਈ ਹੈ। ਤਹਿਰਾਨ ਤੋਂ ਇਲਾਵਾ ਕੋਮ ਪ੍ਰਾਂਤ ਦਾ ਵੱਡਾ ਸ਼ਹਿਰ ਅਤੇ ਕੱਪੜਾ ਬਣਾਉਣ ਦਾ ਕੇਂਦਰ ਅਤੇ ਤੀਰਥ ਅਸਥਾਨ ਹੈ। ਪ੍ਰਾਂਤ ਦੀ ਸੇਂਜੂ ਜ਼ਮੀਨ ਉੱਤੇ ਫਲਾਂ, ਸਬਜ਼ੀਆਂ ਅਤੇ ਅਨਾਜੀ ਫਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਪ੍ਰਾਂਤ ਵਿਚ ਖਣਿਜ ਵੀ ਕੱਢੇ ਜਾਂਦੇ ਹਨ।

ਹ.ਪੁ. — ਐਨ.ਅਮੈ. 26 : 386

**ਤਹਿਰਾਨ** : ਸ਼ਹਿਰ — ਈਰਾਨ ਦੀ ਰਾਜਧਾਨੀ ਅਤੇ ਦੇਸ਼ ਦਾ ਸਭ ਤੋਂ ਵੱਡਾ ਅਤੇ ਏਸ਼ੀਆ ਦਾ ਇਕ ਪ੍ਰਸਿੱਧ ਸ਼ਹਿਰ ਹੈ। ਅੱਜਕੱਲ੍ਹ ਇਹ ਇਕ ਸੰਸਕ੍ਰਿਤਕ, ਵਿਦਿਅਕ ਅਤੇ ਉਦਯੋਗਿਕ ਕੇਂਦਰ ਹੈ ਅਤੇ ਤਹਿਰਾਨ ਪ੍ਰਾਂਤ ਦੀ ਰਾਜਧਾਨੀ ਹੈ। ਇਹ ਸ਼ਹਿਰ ਕੈਸਪੀਅਨ ਸਾਗਰ ਤੋਂ 105 ਕਿ.ਮੀ. ਦੱਖਣ ਵੱਲ ਐਲਬ੍ਰਜ਼ ਪਹਾੜਾਂ ਦੀ ਦੱਖਣੀ ਢਲਾਣ ਉੱਪਰ ਵੱਸਿਆ ਹੋਇਆ ਹੈ। ਤਹਿਰਾਨ ਦਾ ਰਿਹਾਇਸ਼ੀ ਸ਼ਹਿਰ ਸਿਮਰਾਨ ਵੀ ਇਸਦੇ ਨੇੜੇ ਹੀ ਪਹਾੜ ਦੇ ਪੈਰਾਂ ਵਿਚ ਵੱਸਿਆ ਹੋਇਆ ਹੈ। ਸ਼ਹਿਰ ਦੇ ਆਸਪਾਸ ਦਾ ਇਲਾਕਾ ਕਾਫ਼ੀ ਜ਼ਰਖੇਜ਼ ਹੈ ਜਿਥੇ ਚੁਕੰਦਰ, ਕਣਕ, ਫਲ, ਕਪਾਹ ਆਦਿ ਦੀ ਪੈਦਾਵਾਰ ਹੁੰਦੀ ਹੈ।

ਇਤਿਹਾਸਕ ਪੱਖ ਤੋਂ ਤਹਿਰਾਨ ਈਰਾਨ ਦੀ ਪ੍ਰਾਚੀਨ ਰਾਜਧਾਨੀ, ਰੇ ਦੀ ਹੀ ਦੇਣ ਹੈ ਜਿਹੜੀ ਇਸ ਤੋਂ ਸਿਰਫ 10 ਕਿ.ਮੀ. ਹੀ ਦੂਰ ਹੈ। ਚੌਥੀ ਸਦੀ ਵਿਚ ਤਹਿਰਾਨ ਈਰਾਨੀ ਰਾਜਧਾਨੀ ਰੇ ਦ ਉਪਨਗਰ ਹੁੰਦਾ ਸੀ। ਮੰਗੋਲਾਂ ਨੇ 1220 ਈ. ਵਿਚ ਵੱਡੇ ਸ਼ਹਿਰ ਤਬਾਹ ਕਰ ਦਿੱਤਾ। ਇਸ ਪਿਛੋਂ ਬਹੁਤ ਸਾਰੇ ਲੋਕ ਇਥੋਂ ਦੀ ਚੰਰ ਜਲਵਾਯੂ ਅਤੇ ਉਪਜਾਊ ਮਿੱਟੀ ਕਰਕੇ ਤਹਿਰਾਨ ਕਸਬੇ ਵਿਚ ਅ ਵਸੇ। ਇਸ ਪਿਛੋਂ ਇਹ ਕਸਬਾ ਸ਼ਹਿਰ ਦਾ ਰੂਪ ਧਾਰ ਗਿਆ। 16ਵ ਸਦੀ ਦੇ ਵਿਚਲੇ ਸਾਲਾਂ ਵਿਚ ਖੇਤੀ ਅਤੇ ਵਣਜ-ਵਪਾਰ ਵਿਚ ਕ ਇਹ ਕਾਫ਼ੀ ਮਸ਼ਹੂਰ ਹੋ ਗਿਆ। ਸੰਨ 1553-54 ਵਿਚ ਸ਼ਹਿਰ ਕ ਕਿਲਾਬੰਦੀ ਵੀ ਕੀਤੀ ਗਈ। 16ਵੀਂ ਤੋਂ 18ਵੀਂ ਸਦੀ ਵਿਚਕ ਈਰਾਨ ਦੇ ਬਹੁਤ ਸਾਰੇ ਸਾਫਾਵੀ ਹਾਕਮਾਂ ਦਾ ਸਦਰ-ਮੁਕਾਮ ਕ ਤਹਿਰਾਨ ਹੀ ਰਿਹਾ। ਸੰਨ 1788 ਵਿਚ ਆਗ਼ਾ ਮੁਹੰਮਦ ਖ਼ਾਂ ਆਪਣੇ ਕਜਾਰ ਸਾਮਰਾਜ ਦੀ ਰਾਜਧਾਨੀ ਕਜਾਰ ਤੋਂ ਇਥੇ ਲੈ ਆਂ ਜੋ ਹੁਣ ਤੀਕ ਵੀ ਕਾਇਮ ਹੈ। ਇਸ ਪਿਛੋਂ ਇਹ ਤਰੱਕੀ ਹੀ ਕਰ ਗਿਆ। 19ਵੀਂ ਸਦੀ ਵਿਚ ਬਾਦਸ਼ਾਹ ਨਾਸਰ ਅਲਦੀਨ ਸ਼ਾਹ ਇਸ ਦੇ ਦੁਆਲੇ ਵੀ ਪੈਰਿਸ ਦੀ ਦੀਵਾਰ ਵਰਗੀ ਦੀਵਾਰ ਬ ਦਿੱਤੀ ਪਰ 1926 ਈ. ਵਿਚ ਸ਼ਹਿਰ ਦੇ ਫੈਲਣ ਨਾਲ ਇਹ ਦੀਵ ਖ਼ਤਮ ਕਰਨੀ ਪਈ ਅਤੇ ਰਿਹਾਇਸ਼ੀ ਬਸਤੀਆਂ ਦੀਵਾਰ ਦੇ ਬਾਹਰ ਹਿੱਸੇ ਵਿਚ ਵੀ ਬਣਨ ਲੱਗੀਆਂ।

ਸੰਨ 1935 ਤੋਂ 1941 ਵਿਚਕਾਰ ਰਾਜਾ ਸ਼ਾਹ ਪਹਿਲਵੀ ਹਕੂਮਤ ਦੌਰਾਨ ਸ਼ਹਿਰ ਵਿਚ ਬਹੁਤ ਵਾਧਾ ਕੀਤਾ ਗਿਆ। ਦੂ ਸੰਸਾਰ ਯੁੱਧ ਸਮੇਂ 1943 ਈ. ਵਿਚ ਸੰਯੁਕਤ ਰਾਜ ਅਮਰੀਕ ਬਰਤਾਨੀਆ ਅਤੇ ਰੂਸ ਵਰਗੇ ਇਤਹਾਦੀ ਮੁਲਕਾਂ ਦੀ ਕਾਨਫਰੰਸ ਤਹਿਰਾਨ ਵਿਖੇ ਹੀ ਹੋਈ ਸੀ ਜਿਸ ਵਿਚ ਈਰਾਨ ਦੀ ਆਜ਼ਾ ਬਣਾਈ ਰੱਖਣ ਦਾ ਫੈਸਲਾ ਕੀਤਾ ਗਿਆ। ਤਹਿਰਾਨ ਦੀ ਬਹੁ ਤਰੱਕੀ ਮੁਹੰਮਦ ਰਾਜਾ ਸ਼ਾਹ ਪਹਿਲਵੀ ਦੇ ਸਮੇਂ ਹੀ ਹੋਈ ਅਤੇ ਇ ਦੇ ਸਮੇਂ ਹੀ ਇਹ ਸ਼ਹਿਰ ਯੂਰਪੀ ਅਸਰ ਅਧੀਨ ਪੂਰਾ ਆਧੁਨਿ ਕਿਸਮ ਦਾ ਬਣਿਆ। ਇਸ ਸਮੇਂ ਈਰਾਨ ਤੇਲ ਦਾ ਇਕ ਵੱ



**ਸੰਨ 1943 ਵਿਚ ਤਹਿਰਾਨ ਵਿਖੇ ਹੋਈ ਕਾਨਫਰੰਸ ਵਿਚ ਮਸ਼ਵਰਾ ਕਰਦੇ ਹੋਏ ਮਾਰਸ਼ਲ ਜੋਸਫ਼ ਸਟਾਲਿਨ, ਪ੍ਰੈਜ਼ੀਡੈਂਟ ਡੀ ਰੂਜ਼ਵੈਲਟ ਅਤੇ ਵਿਨਸਟਨ ਚਰਚਲ**

ਉਤਪਾਦਕ ਬਣ ਚੁੱਕਾ ਸੀ। ਇਸ ਸਮੇਂ ਇਥੇ ਸੱਨਅਤਾਂ ਵੀ ਲਾਈਆਂ ਗਈਆਂ। ਇੰਝ ਇਹ ਦੇਸ਼ ਦਾ ਵੱਡਾ ਸੱਨਅਤੀ ਕੇਂਦਰ ਬਣ ਗਿਆ। ਅੱਜ ਵੀ ਦੇਸ਼ ਭਰ ਦੇ ਸੱਨਅਤੀ ਉਤਪਾਦਨਾਂ ਦਾ ਅੱਧਾ ਹਿੱਸਾ ਇਸੇ ਸ਼ਹਿਰ ਵਿਚ ਤਿਆਰ ਹੁੰਦਾ ਹੈ। ਅੱਜਕੱਲ੍ਹ ਇਥੇ ਕਪੜੇ, ਸੀਮਿੰਟ, ਖੰਡ, ਭਾਂਡੇ, ਚੀਨੀ, ਮਿੱਟੀ ਦੇ ਭਾਂਡੇ ਤੇ ਬਿਜਲੀ ਦੀਆਂ ਚੀਜ਼ਾਂ ਬਣਦੀਆਂ ਹਨ। ਕਾਰਾਂ ਦੇ ਪੁਰਜ਼ੇ ਜੋੜਨ ਤੋਂ ਇਲਾਵਾ ਤੇਲ ਸਾਫ਼ ਕਰਨ ਵਾਲੇ ਵੱਡੇ ਪਲਾਂਟ ਵੀ ਇਥੇ ਲਗਾਏ ਗਏ ਹਨ। ਇਹ ਆਵਾਜਾਈ ਮਾਰਗਾਂ ਦਾ ਵੀ ਧੁਰਾ ਹੈ। ਰੇਲਾਂ, ਸੜਕਾਂ ਅਤੇ ਹਵਾਈ ਅੱਡੇ ਇਸਨੂੰ ਦੇਸ਼ਾਂ-ਬਦੇਸ਼ਾਂ ਨਾਲ ਜੋੜਦੇ ਹਨ। ਇਥੇ ਛੋਟੀਆਂ-ਛੋਟੀਆਂ ਦਸਤਕਾਰੀਆਂ ਵੀ ਉੱਨਤ ਹਨ। ਪੁਰਾਣੇ ਸਮਿਆਂ ਤੋਂ ਗ਼ਲੀਚੇ ਬਣਾਉਣ ਦਾ ਵੀ ਉੱਘਾ ਕੇਂਦਰ ਰਿਹਾ ਹੈ। ਸੰਨ 1979 ਵਿਚ ਸ਼ਾਹ ਦਾ ਤਖ਼ਤਾ ਉਲਟਣ ਕਾਰਨ ਈਰਾਨ ਵਿਚ ਇਸਲਾਮੀ ਗਣਰਾਜ ਸਥਾਪਿਤ ਹੋਣ ਨਾਲ ਤਹਿਰਾਨ ਦੀ ਤਰੱਕੀ ਤੇ ਡੂੰਘਾ ਅਸਰ ਪਿਆ ਹੈ। ਕੁਝ ਆਰਥਿਕ ਅਤੇ ਸਿਆਸੀ ਮੁਸਕਲਾਂ ਪੇਸ਼ ਆਉਣ ਕਰਕੇ ਇਸ ਨੂੰ ਕਾਫੀ ਧੱਕਾ ਲਗਾ ਹੈ। ਇਸ ਸ਼ਹਿਰ ਵਿਚ ਯੂਨੀਵਰਸਿਟੀ ਆਫ਼ ਤਹਿਰਾਨ, ਨੈਸ਼ਨਲ ਯੂਨੀਵਰਸਿਟੀ ਆਫ਼ ਈਰਾਨ ਅਤੇ ਆਰਯਾ ਮਿਹਰ ਯੂਨੀਵਰਸਿਟੀ ਆਫ਼ ਟੈਕਨੋਲੋਜੀ ਸਥਾਪਿਤ ਹਨ।

ਤਹਿਰਾਨ ਮੁਸਲਮਾਨਾਂ ਦਾ ਸ਼ਹਿਰ ਹੈ ਜਿਸ ਕਰਕੇ ਇਥੇ ਕਈ ਵੱਡੀਆਂ ਮਸਜਿਦਾਂ ਬਣੀਆਂ ਹੋਈਆਂ ਹਨ। ਸ਼ਹਿਰ ਵਿਚ ਨਵੀਆਂ ਅਤੇ ਪੁਰਾਣੀਆਂ ਦੋਨੋਂ ਕਿਸਮ ਦੀਆਂ ਇਮਾਰਤਾਂ ਵੇਖੀਆਂ ਜਾ ਸਕਦੀਆਂ ਹਨ। ਸ਼ਹਿਰ ਦੇ ਉੱਤਰੀ ਹਿੱਸੇ ਵਿਚ ਆਧੁਨਿਕ ਇਮਾਰਤਾਂ ਅਤੇ ਦੱਖਣੀ ਹਿੱਸੇ ਵਿਚ ਪ੍ਰਾਚੀਨ ਇਮਾਰਤਾਂ ਅਤੇ ਬਾਜ਼ਾਰ ਹਨ। ਪੁਰਾਣੀਆਂ ਇਮਾਰਤਾਂ ਵਿਚ ਸਿਪਾ-ਸਲਾਰ ਮਸਜਿਦ, ਬਹਰਸਤਾਨ ਮਹੱਲ, ਰਾਜ ਭਵਨ, ਸ਼ਮਸ ਅਲ ਈਮੇਰਾ, ਨਿਆਵਾਰਨ ਮਹੱਲ ਸ਼ਾਮਲ ਹਨ। ਸਾਮਦਾਬਾਦ ਮਹੱਲ ਅਤੇ ਸੰਗਮਰਮਰੀ ਮਹੱਲਾਂ ਵਿਚ ਅਜਾਇਬ ਘਰ ਬਣੇ ਹੋਏ ਹਨ।

ਨਵੀਆਂ ਅਤੇ ਆਧੁਨਿਕ ਇਮਾਰਤਾਂ ਵਿਚ ਡਾਕ ਤਾਰ ਮੰਤਰਾਲਾ, ਰੇਡੀਓ ਸਟੇਸ਼ਨ, ਪੁਲੀਸ ਹੈਡਕੁਆਟਰ ਅਤੇ ਕਈ ਹੋਰ ਦਫ਼ਤਰ ਆਦਿ ਸ਼ਾਮਲ ਹਨ।

ਆਬਾਦੀ — 60,42,584 (1986)

35° 40′ ਉ. ਵਿਥ.; 51° 26′ ਪੂ. ਲੰਬ.

ਹ.ਪੁ.—ਐਨ.ਬ੍ਰਿ. ਮਾ. 11:604 (1985); ਐਨ.ਅਮੈ. 26 : 385; ਹਿੰ.ਵਿ.ਕੋ. 5 : 420

**ਤੱਕੜੀ** : ਦੋ ਵਸਤਾਂ ਦੇ ਭਾਰ ਦਾ ਆਪਸ ਵਿਚ ਮਾਪ ਕਰਨ ਲਈ ਵਰਤਿਆ ਜਾਣ ਵਾਲਾ ਇਕ ਯੰਤਰ ਹੈ, ਜਿਸ ਨਾਲ ਦੋਹਾਂ ਦੇ ਭਾਰ ਵਿਚਲੇ ਅੰਤਰ ਦਾ ਪਤਾ ਲਗਾਇਆ ਜਾਂਦਾ ਹੈ। ਬਰਾਬਰ ਭਾਰ-ਭੁਜਾ ਤੱਕੜੀ ਦੀ ਖੋਜ ਲਗਭਗ 5000 ਪੂ.ਈ. ਦੇ ਨੇੜੇ ਪ੍ਰਾਚੀਨ ਮਿਸਰ ਸਮੇਂ ਹੋਈ ਮੰਨੀ ਜਾਂਦੀ ਹੈ। ਮੁਢਲੀਆਂ ਕਿਸਮਾਂ ਵਿਚ ਡੰਡੇ ਨੂੰ ਕੇਂਦਰ ਉੱਤੇ ਟਿਕਾ ਕੇ ਦੋਵੇਂ ਸਿਰਿਆਂ ਉੱਤੇ ਸੁਰਾਖ਼ਾਂ ਵਿਚ ਧਾਗਿਆਂ ਨਾਲ ਪਲੜੇ ਬੰਨ੍ਹ ਕੇ ਲੰਬਾਤਮਕ ਦਿਸ਼ਾ ਵਿਚ ਲਟਕਾਏ ਜਾਂਦੇ ਸਨ। ਇਸ ਗੱਲ ਨੂੰ ਯਕੀਨੀ ਬਣਾਇਆ ਜਾਂਦਾ ਸੀ ਕਿ ਧਾਗੇ ਪਲੜਿਆਂ ਉੱਤੇ ਭਾਰ ਰੱਖਣ ਨਾਲ ਪੂਰੀ ਤਰ੍ਹਾਂ ਕੱਸੇ ਜਾਣ। ਈਸਾ ਮਸੀਹ ਦੇ ਸਮੇਂ ਦੌਰਾਨ ਰੋਮਨਾਂ ਨੇ ਇਸ ਵਿਚ ਇਹ ਸੁਧਾਰ ਕੀਤਾ ਕਿ ਡੰਡੇ ਦੇ ਕੇਂਦਰ ਵਿਚ ਇਕ ਪਿਨ ਲਗਾ ਦਿੱਤਾ। 18ਵੀਂ ਸਦੀ ਦੌਰਾਨ ਚਾਕੂ-ਨੁਮਾ ਟੇਕ ਦੀ ਖੋਜ ਨੇ ਆਧੁਨਿਕ ਸੂਖ਼ਮ ਤੱਕੜੀ ਨੂੰ ਹੋਂਦ ਵਿਚ ਲਿਆਂਦਾ। ਉਨੀਂਵੀ ਸਦੀ ਦੇ ਅੰਤ ਤੱਕ ਤਕੱੜੀ ਯੂਰਪ ਵਿਚ ਸੰਸਾਰ ਦੇ ਪ੍ਰਮੁੱਖ ਸੂਖ਼ਮ ਭਾਰ ਮਾਪਕ ਯੰਤਰ ਦੇ ਤੌਰ ਤੇ ਵਿਕਸਤ ਹੋ ਚੁੱਕੀ ਸੀ।

ਤੱਕੜੀ ਵਿਚ ਮੁੱਖ ਤੌਰ ਤੇ ਇਕ ਮਜ਼ਬੂਤ ਡੰਡਾ ਹੁੰਦਾ ਹੈ ਜਿਹੜਾ ਕੇਂਦਰ ਵਿਚ ਲੱਗੇ ਹੋਏ ਚਾਕੂ-ਨੁਮਾ ਟੇਕ ਦੁਆਲੇ ਖਿਤਿਜੀ ਦਿਸ਼ਾ ਵਿਚ ਸੁਤੰਤਰਤਾ ਪੂਰਵਕ ਡੋਲਣ ਗਤੀ ਕਰਦਾ ਹੈ ਜਿਸ ਦੇ ਦੋਵੇਂ ਸਿਰਿਆਂ ਦੇ ਟੇਕ ਕੇਂਦਰ ਤੋਂ ਬਰਾਬਰ ਲੰਬਾਈ ਵਾਲੇ ਹੁੰਦੇ ਹਨ। ਸਿਰਿਆਂ ਵਾਲੇ ਟੇਕਾਂ ਉੱਤੇ ਪਲੜੇ ਲਟਕਾਏ ਜਾਂਦੇ ਹਨ। ਪਲੜਿਆਂ ਵਿਚ ਭਾਰ ਪਾਉਣ ਨਾਲ ਡੰਡਾ ਭਾਰ ਵਾਲੇ ਪਲੜੇ ਵੱਲ ਝੁੱਕ ਜਾਵੇਗਾ ਭਾਵ ਜਿਸ ਪਾਸੇ ਵਧੇਰੇ ਭਾਰ ਹੋਵੇ ਅਤੇ ਦੂਜੇ ਪਾਸੇ ਤੋਂ ਉਪਰ ਉਠ ਜਾਵੇਗਾ ਜਿਸ ਪਾਸੇ ਭਾਰ ਘੱਟ ਹੋਵੇਗਾ। ਘੱਟ ਭਾਰ ਵਾਲੇ ਪਲੜੇ ਵਿਚ ਹੋਰ ਭਾਰ ਪਾ ਕੇ ਡੰਡੇ ਦਾ ਝੁਕਾਅ ਸਿਫ਼ਰ ਕੀਤਾ ਜਾਂਦਾ ਹੈ ਅਤੇ ਪਲੜੇ ਵਿਚ ਪਾਏ ਗਏ ਭਾਰ ਤੋਂ ਦੂਜੇ ਪਲੜੇ ਵਿਚ ਰੱਖੀ ਹੋਈ ਵਸਤੂ ਦੇ ਭਾਰ ਦਾ ਪਤਾ ਲਗ ਜਾਂਦਾ ਹੈ। ਇਸ ਭਾਰ ਤੋਲਣ ਵਿਧੀ ਨੂੰ ਸਿੱਧਾ ਭਾਰ ਤੋਲਣ ਕਿਹਾ ਜਾਂਦਾ ਹੈ। ਸਿੱਧਾ ਭਾਰ ਤੋਲਣ ਵਿਧੀ ਤਹਿਤ ਦੋਵੇਂ ਭਾਰ ਭੁਜਾਵਾਂ ਦਾ ਬਰਾਬਰ ਹੋਣਾ ਜ਼ਰੂਰੀ ਹੈ ਅਤੇ ਇਨ੍ਹਾਂ ਦੀ ਲੰਬਾਈ ਇਕ ਇੰਚ ਦੇ $10^5$ਵੇਂ ਭਾਗ ਤੱਕ ਬਰਾਬਰ ਹੋਣੀ ਚਾਹੀਦੀ ਹੈ। ਜਦੋਂ ਦੋਵੇਂ ਭੁਜਾਵਾਂ ਦੀ ਲੰਬਾਈ ਬਰਾਬਰ ਨਾ ਹੋਵੇ (ਤਰੁੱਟੀ ਅਧਿਕ ਹੋਵੇ) ਤਾਂ ਭਾਰ ਤੋਲਣ ਲਈ ਬਦਲਣ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਇਸ ਵਿਧੀ ਦੇ ਤਹਿਤ ਪਹਿਲਾਂ ਜਿਸ ਵਸਤੂ ਦਾ ਭਾਰ ਪਤਾ ਕਰਨਾ ਹੁੰਦਾ ਹੈ ਉਸ ਦੇ ਬਰਾਬਰ ਦਾ ਅਗਿਆਤ ਭਾਰ ਪਾ ਕੇ ਪਲੜਿਆਂ ਨੂੰ ਸੰਤੁਲਿਤ ਕੀਤਾ ਜਾਂਦਾ ਹੈ ਫਿਰ ਅਗਿਆਤ ਭਾਰ ਦੇ ਬਰਾਬਰ ਗਿਆਤ ਭਾਰ ਪਾਕੇ ਪਲੜੇ ਮੁੜ ਸੰਤੁਲਿਤ ਕੀਤੇ ਜਾਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਤਰੁੱਟੀ ਦੋਵੇਂ ਵਾਰੀ ਇਕੋ ਜਿੰਨੀ ਹੋਣ ਕਾਰਣ ਪ੍ਰਭਾਵਹੀਣ ਹੋ ਜਾਂਦੀ ਹੈ ਅਤੇ ਠੀਕ ਭਾਰ ਦਾ ਪਤਾ ਲਗ ਜਾਂਦਾ ਹੈ। ਭਾਰ ਤੋਲਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਾਰ ਭੁਜਾਵਾਂ ਉੱਤੇ ਕੋਈ ਹੋਰ ਬਾਹਰੀ ਪ੍ਰਭਾਵ ਜਾਂ ਭਾਰ ਨਾ ਪੈ ਰਿਹਾ ਹੋਵੇ ਜਿਵੇਂ ਕਿ ਹਵਾ ਦਾ ਉਛਾਲ ਪ੍ਰਭਾਵ ਆਦਿ। ਤੱਕੜੀ ਦੀਆਂ ਭੁਜਾਵਾਂ ਅਤੇ ਪਲੜੇ ਅਜਿਹੇ ਪਦਾਰਥ ਦੇ ਹੋਣੇ ਚਾਹੀਦੇ ਹਨ ਕਿ ਉਨ੍ਹਾਂ ਉੱਤੇ ਕਿਸੇ ਤਰ੍ਹਾਂ ਦਾ ਚੁੰਬਕੀ ਪ੍ਰਭਾਵ ਵੀ ਕਿਰਿਆ ਨਾ ਕਰਦਾ ਹੋਵੇ। ਤਾਪਮਾਨੀ ਤਬਦੀਲੀਆਂ ਦਾ ਵੀ ਪ੍ਰਭਾਵ ਇਸ ਉੱਤੇ ਨਹੀਂ ਪੈਣਾ ਚਾਹੀਦਾ।

ਇਕ ਕਿਲੋਗ੍ਰਾਮ ਤੱਕ ਦਾ ਭਾਰ ਤੋਲਣ ਲਈ ਯੋਗ ਹਾਲਾਤਾਂ ਦੌਰਾਨ ਤੱਕੜੀ ਰਾਹੀਂ ਜਿਹੜੀ ਸੂਖ਼ਮਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਉਹ ਇਕ ਇੰਚ ਦੇ $10^8$ ਵੇਂ ਭਾਗ ਨਾਲੋਂ ਥੋੜ੍ਹੀ ਵਧੇਰੇ ਹੋ ਸਕਦੀ ਹੈ। ਉਚਤਮ ਸਾਪੇਖੀ ਸੂਖ਼ਮਤਾ ਦੋਵੇਂ ਵੱਡੇ ਤੇ ਹਲਕੇ ਭਾਰਾਂ ਲਈ ਇਸ ਨਾਲੋਂ ਥੋੜ੍ਹੀ ਘੱਟ ਹੀ ਰਹਿੰਦੀ ਹੈ। ਵੀਹ ਕਿਲੋਗ੍ਰਾਮ ਭਾਰ ਲਈ ਸੂਖ਼ਮਤਾ ਇਕ ਇੰਚ ਦੇ $2\times10^7$ ਵੇਂ ਭਾਗ ਤੱਕ ਪ੍ਰਾਪਤ ਹੋ ਚੁੱਕੀ ਹੈ ਜਦੋਂ ਕਿ ਇਕ ਗ੍ਰਾਮ ਦੇ ਸਬੰਧ ਵਿਚ ਇਹ ਇਕ ਇੰਚ ਦੇ $10^7$ ਵੇਂ ਭਾਗ ਦੇ ਇਕ ਜਾਂ ਦੋ ਗੁਣੇ ਦੇ ਬਰਾਬਰ ਹੁੰਦੀ ਹੈ। ਅਜਿਹੀ ਸੂਖ਼ਮਤਾ ਕੇਵਲ ਉੱਚ ਪਾਏ ਦੇ ਡਿਜ਼ਾਈਨ ਅਤੇ ਉੱਚ ਪੱਧਰ ਦੀਆਂ ਹਾਲਤਾਂ ਦੌਰਾਨ ਹੀ ਸੰਭਵ ਹੋ ਸਕਦੀ ਹੈ।

ਵਧੀਆ ਕਿਸਮ ਦੇ ਵੱਟੇ ਬਣਾਉਣ ਲਈ ਜਿਹੜੀ ਮਿਸ਼ਰਤ ਧਾਤ ਦਾ ਇਸਤੇਮਾਲ ਕੀਤਾ ਜਾਂਦਾ ਹੈ ਉਸ ਵਿਚ 90% ਪਲੈਟੀਨਮ ਅਤੇ 10% ਇਰੀਡੀਅਮ ਮਿਲਾਈਆਂ ਜਾਂਦੀਆਂ ਹਨ। ਸੋਨਾ, ਪਲੈਟੀਨਮ ਜਾਂ ਰੇਡੀਅਮ ਚੜ੍ਹੇ ਥੋੜ੍ਹਾਂ ਰਹਿਤ ਪਿੱਤਲ ਅਤੇ ਤਾਂਬੇ ਦੇ ਵੱਟੇ ਵੀ ਉਚਤਮ ਮਿਆਰ ਵਾਲੇ ਬਣ ਸਕਦੇ ਹਨ। ਨਿਕਲ 80% ਅਤੇ 20% ਕਰੋਮੀਅਮ ਵਾਲੀ ਮਿਸ਼ਰਤ ਧਾਤ ਦੇ ਵੱਟੇ ਵੀ ਤਸੱਲੀਬਖ਼ਸ਼ ਸਿੱਧ ਹੋਏ ਹਨ। ਇਕ ਗ੍ਰਾਮ ਤੋਂ ਛੋਟੇ ਜਾਂ ਇਕ ਗ੍ਰਾਮ ਦੇ ਕਿਸੇ ਅੰਸ਼ ਨੂੰ ਤੋਲਣ ਲਈ ਪਲੈਟੀਨਮ ਅਤੇ ਟੈਨਟੇਲਮ ਦੇ ਬਣੇ ਵੱਟੇ, ਸੋਨੇ ਚੜ੍ਹੇ ਵੱਟਿਆਂ ਨਾਲੋਂ ਵਧੀਆ ਸਿੱਧ ਹੋਏ ਹਨ ਕਿਉਂਕਿ ਸੋਨਾ ਬਹੁਤ ਜਲਦੀ ਘੱਸ ਜਾਂਦਾ ਹੈ। ਛੋਟੇ ਅੰਸ਼ਕ ਵੱਟਿਆਂ ਲਈ ਐਲੂਮਿਨੀਅਮ ਧਾਤ ਚੁਣੀ ਜਾਂਦੀ ਹੈ ਜਿਹੜੀ ਕਿ ਵਧੇਰੇ ਭਰੋਸੇਯੋਗ ਅਤੇ ਢੁੱਕਵੀਂ ਸਿੱਧ ਹੋਈ ਹੈ।

ਤੱਕੜੀ ਦੇ ਡੰਡੇ ਦਾ ਡਿਜ਼ਾਈਨ ਅਜਿਹਾ ਹੋਣਾ ਚਾਹੀਦਾ ਹੈ ਕਿ ਇਹ ਘੱਟ ਭਾਰਾ ਅਤੇ ਤਿੰਨ ਮਜ਼ਬੂਤ ਚਾਕੂ-ਨੁਮਾ ਟੇਕਾਂ ਵਾਲਾ ਹੋਵੇ। ਤੱਕੜੀ ਦੇ ਡੰਡੇ ਉੱਤੇ ਕਿਰਿਆ ਕਰ ਰਹੇ ਬਲਾਂ ਦਾ ਵਿਵਰਣ ਚਿੱਤਰ 1. ਰਾਹੀਂ ਦਰਸਾਇਆ ਗਿਆ ਹੈ। ਡੰਡੇ ਦੇ ਪੁੰਜ ਉੱਤੇ ਗਰੂਤਾ ਦੁਆਰਾ ਪੈ ਰਿਹਾ ਬਲ ਅਤੇ ਦੋ ਭਾਰ (Loads) ਕ੍ਰਮਵਾਰ $M_1L$ ਅਤੇ R ਹਨ। L ਅਤੇ R ਦਾ ਪਰਿਣਾਮੀ ਬਲ (Resultant) $M_2$ ਹੈ ਅਤੇ ਇਹ ਇਸ ਤਰ੍ਹਾਂ ਸਥਾਪਤ ਕੀਤੇ ਹੁੰਦੇ ਹਨ ਕਿ




ਚਿੱਤਰ 1 : ਸੰਤੁਲਿਤ ਅਵਸਥਾ ਵਿਚ ਡੰਡੇ ਉੱਤੇ ਕਿਰਿਆ ਕਰ ਰਹੇ ਬਲ।

$$LX_3 + RX_4 = M_2X_2.$$

ਤੱਕੜੀ ਸੰਤੁਲਿਤ ਅਵਸਥਾ ਵਿਚ ਰੱਖਣ ਲਈ $M_1$ ਅਤੇ $M_2$ ਦਾ ਪਰਿਣਾਮੀ (Resultant) ਭਾਰ MO,C ਵਿਚੋਂ ਲਗ ਰਹੇ ਲੰਬਾਤਮਕ ਧੁਰੇ Y ਉੱਤੇ C ਤੋਂ ਥੱਲੇ ਹੋਣਾ ਚਾਹੀਦਾ ਹੈ। ਜੇਕਰ $M_1$ ਜਾਂ $M_2$ C ਤੋਂ ਉੱਤੇ ਹੋਣ ਤਾਂ ਜੋ MO ਵੀ C ਤੋਂ ਉੱਤੇ ਹੋਵੇ ਤਾਂ ਪੁਨਰਸਥਾਪਕ ਬਲ (Restoring force) ਨਾ ਹੋਣ ਕਾਰਨ ਡੰਡਾ ਸੰਤੁਲਿਤ ਅਵਸਥਾ ਵਿਚ ਨਹੀਂ ਹੋਵੇਗਾ ਅਤੇ ਡੰਡਾ ਡੋਲਨ ਗਤੀ ਨਹੀਂ ਕਰੇਗਾ। ਅਸਥਿਰਤਾ ਨੂੰ ਰੋਕਣ ਲਈ $M_1$ ਨੂੰ ਟੇਕ C ਤੋਂ ਇੰਨੀ ਦੂਰੀ ਤੇ ਰੱਖਿਆ ਜਾਵੇ ਕਿ ਦੂਰੀ ਵਿਚਲੀ ਤਬਦੀਲੀ ਜਿਸ ਕਾਰਨ ਤਰੁੱਟੀ ਆਉਂਦੀ ਹੈ ਉਹ ਕੇਵਲ $M_1$ ਅਤੇ ਟੇਕ ਵਿਚਲੀ ਦੂਰੀ ਦਾ ਕੇਵਲ ਇਕ ਅੰਸ਼ ਹੀ ਹੋਵੇ। ਦੋਵੇਂ ਪਲੜਿਆਂ ਵਿਚਲੇ ਭਾਰਾਂ ਨੂੰ ਬਰਾਬਰ ਕਰਕੇ $M_2$ ਨੂੰ ਲੰਬਾਤਮਕ ਧੁਰੇ Y ਦੇ ਨੇੜੇ ਰੱਖਿਆ ਜਾਂਦਾ ਹੈ।

ਇਕ ਭਾਰ (load) ਵਿਚ ਇਕਾਈ-ਪੁੰਜ (Mass) ਹੋਰ ਪਾਉਣ ਨਾਲ ਟੇਕ ਬਿੰਦੂ ਦੀ ਅਵਸਥਾ ਵਿਚਕਾਰ ਆਈ ਤਬਦੀਲੀ ਨੂੰ ਤੱਕੜੀ ਦੀ ਸੰਵੇਦਨਸ਼ੀਲਤਾ ਕਿਹਾ ਜਾਂਦਾ ਹੈ। ਜੇਕਰ R ਭਾਰ ਦੇ ਨਾਲ ਇਕ ਹੋਰ ਥੋੜ੍ਹਾ ਜਿਹਾ ਭਾਰ ਪਾ ਦਿੱਤਾ ਜਾਵੇ ਤਾਂ ਪਰਿਣਾਮੀ ਬਲ $M_1$ ਅਤੇ $M_2$ ਨੂੰ C ਦੁਆਲੇ ਨਵੀਆਂ ਥਾਵਾਂ ਤੇ ਘੁੰਮਾ ਦੇਵੇਗਾ। ਇਸ ਤਰ੍ਹਾਂ ਸੰਵੇਦਨਸ਼ੀਲਤਾ ਦੋਵੇਂ $M_1$ ਅਤੇ $M_2$ ਤੇ ਨਿਰਭਰ ਕਰਦੀ ਹੈ। $M_1$ ਨਾਲ ਸੰਵੇਦਨਸ਼ੀਲਤਾ ਉੱਤੇ ਪੈਣ ਵਾਲਾ ਪ੍ਰਭਾਵ ਪਲੜਿਆਂ ਵਿਚ ਪਏ ਹੋਏ ਭਾਰਾਂ ਤੋਂ ਪ੍ਰਭਾਵਿਤ ਨਹੀਂ ਹੁੰਦਾ। ਇਕ ਆਦਰਸ਼ ਤੱਕੜੀ ਲਈ A, B ਅਤੇ C ਇਕੋ ਤਲ ਵਿਚਕਾਰ ਅਤੇ A ਤੇ B, C ਤੋਂ ਬਰਾਬਰ ਦੂਰੀ ਤੇ ਹੋਣੇ ਜ਼ਰੂਰੀ ਹਨ। ਉਕਤ ਦੇ ਸਬੰਧ ਵਿਚ $M_2$ ਪਲੜਾ ਬਰਾਬਰ ਭਾਰਾਂ ਸਮੇਤ C ਉੱਤੇ ਸਥਿਤ ਹੈ ਅਤੇ $X_2$ ਤੇ $Y_2$ ਸਿਫ਼ਰ ਦੇ ਬਰਾਬਰ ਹਨ। ਇਸ ਤਰ੍ਹਾਂ ਘੁੰਮਾਉਣ ਤੇ $M_2$ ਦੀ ਸਥਿਤੀ ਨਹੀਂ ਬਦਲਦੀ ਅਤੇ ਸੰਵੇਦਨਸ਼ੀਲਤਾ ਮੁੱਖ ਤੌਰ ਤੇ $M_1$ ਉੱਤੇ ਨਿਰਭਰ ਕਰਦੀ ਹੈ ਜਿਹੜੀ ਕਿ ਸਾਰੇ ਭਾਰਾਂ ਲਈ ਇਕੋ ਜਿੰਨੀ ਰਹਿੰਦੀ ਹੈ।

ਤੱਕੜੀ ਦੇ ਇਕ ਪਾਸੇ ਤੋਂ ਦੂਜੇ ਪਾਸੇ ਤੱਕ ਇਕ ਵਾਰੀ ਡੋਲਨ ਦਾ ਸਮਾਂ ਜਾਂ ਕਾਲ ਉਸ ਦੇ ਡੰਡੇ ਦੀ ਲੰਬਾਈ, ਭਾਰਾਂ ਦੇ ਪੁੰਜ, ਡੰਡੇ ਦੇ ਪੁੰਜ ਅਤੇ ਡੰਡੇ ਦੀ ਜੜ੍ਹਤਾ-ਘੁੰਮਣ ਉੱਤੇ ਨਿਰਭਰ ਕਰਦਾ ਹੈ। ਜਿੰਨੀ ਭਾਰ ਭੁਜਾ ਦੀ ਲੰਬਾਈ ਵਧੇਰੇ ਅਤੇ ਵਧੇਰੇ ਭਾਰ ਹੋਣਗੇ ਉਨ੍ਹਾ ਹੀ ਡੋਲਨ ਕਾਲ ਵਧੇਰੇ ਹੋਵੇਗਾ। ਇਕ ਸਥਿਰ ਭਾਰਾਂ ਵਾਲੀ ਖਾਸ ਤੱਕੜੀ ਲਈ ਕਾਲ ਸੰਵੇਦਨਸ਼ੀਲਤਾ ਦੇ ਵਰਗਮੂਲ ਦੇ ਉਲਟ ਅਨੁਪਾਤੀ ਹੋਵੇਗਾ। ਮੈਗਨੈਲੀਅਮ ਕਿਸਮ ਦੀ ਮਿਸ਼ਰਤ ਧਾਤ ਜਿਸ ਵਿਚ ਲਗਭਗ 86% ਐਲੂਮਿਨੀਅਮ, 13% ਮੈਗਨੀਸ਼ੀਅਮ ਅਤੇ ਸਿਲੀਕਾੱਨ, ਲੋਹਾ ਤੇ ਤਾਂਬੇ ਵਰਗੀਆਂ ਅਸ਼ੁੱਧੀਆਂ ਹੁੰਦੀਆਂ ਹਨ, ਨੂੰ ਡੰਡੇ ਲਈ ਵਧੀਆ ਮੰਨਿਆ ਗਿਆ ਹੈ। ਭਾਵੇਂ ਏ.ਐਚ. ਕਾਰਵਿਨ ਨੇ ਤਾਂਬਾ-ਬੈਰੀਲੀਅਮ ਮਿਸ਼ਰਤ ਧਾਤ ਇਸਤੇਮਾਲ ਕਰਨ ਦੀ ਸਿਫ਼ਾਰਸ਼ ਕੀਤੀ ਹੈ ਜਿਸ ਵਿਚ 95% ਤਾਂਬਾ, 4% ਬੈਰੀਲੀਅਮ ਅਤੇ 1% ਨਿਕਲ ਹੁੰਦਾ ਹੈ ਪਰੰਤੂ ਤਾਂਬੇ, ਕਾਂਸੀ ਅਤੇ ਐਲੂਮਿਨੀਅਮ ਦੀਆਂ ਅਨੇਕਾਂ ਮਿਸ਼ਰਤ ਧਾਤਾਂ ਦਾ ਪ੍ਰਯੋਗ ਆਮ ਕੀਤਾ ਜਾਂਦਾ ਹੈ। ਕੁਝ-ਕੁ ਵਿਸ਼ਲੇਸ਼ੀ ਤੱਕੜੀਆਂ ਦੇ ਡੰਡੇ ਹੇਠਾਂ ਚਿੱਤਰ 2 ਤੇ ਚਿੱਤਰ 3 ਵਿਚਕਾਰ ਦਰਸਾਏ ਜਾਂਦੇ ਹਨ।

**ਮਾਈਕ੍ਰੋ ਤੱਕੜੀਆਂ** — ਛੋਟੀਆਂ ਕੁਆਰਟਜ਼ ਮਾਈਕ੍ਰੋ ਤੱਕੜੀਆਂ ਜਿਨ੍ਹਾਂ ਦੀ ਤੋਲਣ ਸਮਰੱਥਾ ਇਕ ਗ੍ਰਾਮ ਤੋਂ ਵੀ ਘੱਟ ਹੁੰਦੀ ਹੈ ਧਾਤ ਦੇ ਡੰਡੇ ਤੇ ਤਿੰਨ ਚਾਕੂ-ਨੁਮਾ ਟੇਕਾਂ ਵਾਲੀਆਂ ਐਸੇ ਕਿਸਮ



ਚਿੱਤਰ 2 : 200 ਗ੍ਰਾਮ ਸਮੱਰਥਾ ਲਈ ਤੱਕੜੀ ਦਾ ਡੰਡਾ।
**(Balance Bean)**



ਚਿੱਤਰ 3 : ਇਕ ਗ੍ਰਾਮ ਸਮੱਰਥਾ ਲਈ ਐਸੇ ਤੱਕੜੀ
**(Assay balance)** ਦਾ ਡੰਡਾ।

ਦੀਆਂ ਤੱਕੜੀਆਂ ਨਾਲੋਂ ਵਧੇਰੇ ਮਜ਼ਬੂਤੀ ਵਾਲੀਆਂ ਬਣ ਚੁਕੀਆਂ ਹਨ। ਮਾਈਕ੍ਰੋ ਤੱਕੜੀਆਂ ਦੀ ਵਰਤੋਂ ਮੁੱਖ ਤੌਰ ਤੇ ਗੈਸਾਂ ਦੀ ਘਣਤਾ ਲੱਭਣ ਲਈ ਕੀਤੀ ਜਾਂਦੀ ਹੈ। ਵਿਸ਼ੇਸ਼ ਤੌਰ ਤੇ ਉਹ ਗੈਸਾਂ ਜਿਹੜੀਆਂ ਬਹੁਤ ਹੀ ਘੱਟ ਮਿਕਦਾਰ ਵਿਚ ਮਿਲਦੀਆਂ ਹਨ। ਦੋਵੇਂ ਐਠਣ ਅਤੇ ਚਾਕੂ-ਨੁਮਾ ਟੇਕਾਂ ਵਾਲੀਆਂ ਕੁਆਰਟਜ਼ ਤੱਕੜੀਆਂ ਦਾ ਸਫ਼ਲਤਾ ਪੂਰਵਕ ਇਸਤੇਮਾਲ ਕੀਤਾ ਜਾਂਦਾ ਹੈ। ਇਹ ਤੱਕੜੀਆਂ ਆਮ ਕਰਕੇ ਗੈਸ-ਬੰਦ ਚੈਂਬਰਾਂ ਅੰਦਰ ਵਰਤੀਆਂ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਭਾਰ ਵਿਚ ਆਈ ਤਬਦੀਲੀ ਨੂੰ ਤੱਕੜੀ ਉੱਤੇ ਕਿਰਿਆ ਕਰ ਰਹੀ ਉਸ ਗੈਸ ਦੇ ਉਛਾਲ ਬਲ ਵਿਚਕਾਰ ਆਈ ਸਮੁੱਚੀ ਤਬਦੀਲੀ ਤੋਂ ਮਾਪਿਆ ਜਾਂਦਾ ਹੈ ਜਿਸ ਗੈਸ ਵਿਚ ਤੱਕੜੀ ਲਟਕਾਈ ਹੋਈ ਹੁੰਦੀ

ਹੈ। ਗੈਸ ਦਾ ਦਬਾਉ ਅਨੁਕੂਲਿਤ ਕੀਤਾ ਜਾਂਦਾ ਹੈ ਜਿਸ ਨੂੰ ਪਾਰੇ ਵਾਲੇ ਮਾੱਨੋਮੀਟਰ ਨਾਲ ਮਿਣਿਆ ਜਾਂਦਾ ਹੈ ਅਤੇ ਇਹ ਮਾੱਨੋਮੀਟਰ ਤੱਕੜੀ ਦੇ ਕਵਰ ਨਾਲ ਹੀ ਲਗਾ ਹੁੰਦਾ ਹੈ।

ਪ੍ਰਚੱਲਿਤ ਤਕੱੜੀਆਂ ਵਿਚ ਲਗੇ ਚਾਕੂ-ਨੁਮਾ ਟੇਕਾਂ ਦੀ ਥਾਂ ਦੋ ਕੁਆਰਟਜ਼ ਫਾਈਬਰਜ ਲਗਾ ਕੇ ਡੰਡੇ ਨੂੰ ਲਟਕਾ ਕੇ ਸਫ਼ਲ ਤੇ ਭਰੋਸੇਯੋਗ ਡਿਜ਼ਾਈਨ ਬਣਾਇਆ ਗਿਆ ਹੈ।

ਹ.ਪੁ.—ਐਨ.ਬ੍ਰਿ. 2 : 1058

**ਤਖ਼ਤ** : ਤਖ਼ਤ ਫ਼ਾਰਸੀ ਬੋਲੀ ਦਾ ਬਹੁ-ਅਰਥ ਸ਼ਬਦ ਹੈ ਜਿਸਦਾ ਆਖ਼ਰੀ ਅਰਥ ਲੱਕੜੀ ਦੇ ਫੱਟੇ ਦੀ ਬਣੀ ਵੱਡੀ ਚੌਕੀ ਹੋ ਸਕਦੀ ਹੈ। ਫ਼ਾਰਸੀ-ਅੰਗਰੇਜ਼ੀ ਦੇ ਸ਼ਬਦ ਕੋਸ਼ ਸਟੈਨਗਾਸ ਵਿਚ ਇਸਦੇ ਕਈ ਅਰਥ ਦਿੱਤੇ ਹਨ ਜੋ ਈਰਾਨ ਦੇ ਇਤਿਹਾਸ ਨਾਲ ਜੁੜਦੇ ਹਨ ਜਿਵੇਂ ਤਖ਼ਤ-ਇ-ਜਮਸ਼ੇਦ (ਜਮਸ਼ੇਦ ਬਾਦਸ਼ਾਹ ਦਾ ਤਖ਼ਤ, ਤਖ਼ਤ-ਇ-ਸੁਲੇਮਾਨ (ਪਾਕਿਸਤਾਨ ਦੇ ਉੱਤਰ-ਪੱਛਮ ਵਿਚ ਪਹਾੜਾਂ ਦੀ ਲੜੀ ਦਾ ਨਾਂ ਹੈ) ਆਦਿ। ਤਖ਼ਤ ਨਾਲ ਜੁੜਵੇਂ ਕਈ ਫ਼ਾਰਸੀ ਦੇ ਸ਼ਬਦ ਬਣਦੇ ਹਨ ਜੋ ਪੰਜਾਬੀ ਵਿਚ ਵੀ ਵਰਤੇ ਜਾਂਦੇ ਹਨ ਜਿਵੇਂ ਤਖ਼ਤ ਪੋਸ਼, ਤਖ਼ਤ-ਨਸ਼ੀਨੀ (ਤਖ਼ਤ ਤੇ ਬੈਠਣ ਦੀ ਰਸਮ) ਆਦਿ।

ਭਾਰਤ ਦੇ ਮੁਗ਼ਲ ਸਮਰਾਟ ਸ਼ਾਹ ਜਹਾਨ (1627) ਨੇ ਇਕ ਸੋਨੇ ਦਾ ਤਖ਼ਤ ਮੋਰ ਦੇ ਖੰਭਾਂ ਦੀ ਸ਼ਕਲ ਦਾ ਬਣਾਇਆ ਜਿਸ ਨੂੰ ਤਖ਼ਤ-ਇ-ਤਾਊਸ ਕਹਿੰਦੇ ਹੁੰਦੇ ਸਨ। ਮੁਗ਼ਲ ਸਮਰਾਟਾਂ ਦੀ ਇਹ ਪ੍ਰਸਿੱਧ ਕਿਰਤ ਸੀ। ਜਦੋਂ 1739 ਈ. ਵਿਚ ਨਾਦਰ ਸ਼ਾਹ ਨੇ ਭਾਰਤ ਤੇ ਹਮਲਾ ਕੀਤਾ ਤਾਂ ਉਹ ਉਸ ਨੂੰ ਈਰਾਨ ਹੀ ਲੈ ਗਿਆ। ਉਸ ਦੀ ਮੌਤ ਪਿੱਛੋਂ ਉਸ ਦੇ ਵਾਰਸਾਂ ਨੇ ਇਸ ਨੂੰ ਤੋੜ ਕੇ ਆਪਸ ਵਿਚ ਵੰਡ ਲਿਆ।

ਪੰਜਾਬੀ ਬੋਲੀ ਵਿਚ ਤਖ਼ਤ ਦਾ ਭਾਵ ਰਾਜ ਸਿੰਘਾਸਨ ਜਾਂ ਮਹਾਂਪੁਰਖਾਂ ਦੇ ਬੈਠਣ ਦੀ ਥਾਂ ਹੈ। ਸਿੱਖ ਇਤਿਹਾਸ ਵਿਚ ਸਿੱਖ ਗੁਰੂ ਸਾਹਿਬਾਨ ਦੇ ਬੈਠਣ ਦੀ ਥਾਂ ਨੂੰ ਤਖ਼ਤ ਕਹਿੰਦੇ ਹਨ। ਜਿਵੇਂ ਕਿ ਸਿੱਖਾਂ ਦੇ ਪਹਿਲਾਂ ਚਾਰ ਤਖ਼ਤ ਅਤੇ ਹੁਣ ਪੰਜ ਤਖ਼ਤ ਪ੍ਰਸਿੱਧ ਹਨ— ਸ੍ਰੀ ਅਕਾਲ ਤਖ਼ਤ (ਅੰਮ੍ਰਿਤਸਰ), ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ), ਸ੍ਰੀ ਪਟਨਾ ਸਾਹਿਬ (ਬਿਹਾਰ), ਸ੍ਰੀ ਹਜ਼ੂਰ ਸਾਹਿਬ (ਮਹਾਂਰਾਸ਼ਟਰ) ਅਤੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ-ਪੰਜਾਬ)। ਤਖ਼ਤ ਹਜ਼ਾਰਾ ਪੱਛਮੀ ਪੰਜਾਬ ਪਾਕਿਸਤਾਨ ਦੇ ਜ਼ਿਲ੍ਹੇ ਸ਼ਾਹਪੁਰ ਵਿਚ ਇਕ ਇਤਿਹਾਸਕ ਪਿੰਡ ਹੈ ਜਿਥੇ ਪੰਜਾਬ ਦਾ ਪ੍ਰਸਿੱਧ ਨਾਇਕ ਰਾਂਝਾ ਵੱਸਦਾ ਸੀ। ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਤਖ਼ਤ-ਇ-ਸੁਲੇਮਾਨ ਦੇ ਨਾਲ ਲਗਦੇ ਇਲਾਕੇ ਨੂੰ ਵੀ ਤਖ਼ਤ ਹਜ਼ਾਰਾ ਕਹਿੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਤਖ਼ਤ ਦਾ ਪ੍ਰਯੋਗ ਬਹੁ-ਅਰਥਾ ਹੈ। ਰਾਜ ਸਿੰਘਾਸਨ ਦੇ ਅਰਥਾਂ ਵਿਚ ਕਈ ਥਾਂ ਆਉਂਦਾ ਹੈ ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :—

ਤਖਤਿ ਰਾਜਾ ਸੋ ਬਹੈ
ਜਿ ਤਖਤੈ ਲਾਇਕ ਹੋਈ।

ਗੁਰੂ ਗ੍ਰੰਥ ਸਾਹਿਬ ਪੰਨਾ - 1088

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :—

ਤਖਤਿਬਹੈ ਤਖਤੈ ਕੀ ਲਾਇਕ॥

ਗੁ. ਗ. ਪੰਨਾ 1039

ਬਲਵੰਡ ਤੇ ਸਤਾ ਨੇ ਰਾਮਕਲੀ ਵਾਰ ਵਿਚ ਲਿਖਿਆ ਹੈ :

ਤਖਤਿ ਬੈਠਾ ਅਰਜਨ ਗੁਰੂ
ਸਤਿਗੁਰ ਕਾ ਖਿਵੈ ਚੰਦੋਆ॥

ਗੁ. ਗ. ਪੰਨਾ—968

ਗੁਰੂ ਨਾਨਕ ਸਾਹਿਬ ਨੇ ਕਈ ਥਾਂਈ ਅਕਾਲ ਪੁਰਖ ਦੇ ਨਿਵਾਸ ਨੂੰ ਤਖ਼ਤ ਕਿਹਾ ਹੈ ਜਿਥੇ ਉਹ ਹਰ ਇਕ ਨਾਲ ਇਨਸਾਫ਼ ਕਰਦਾ ਹੈ।

ਤਖਤਿ ਬਹੈ ਅਦਲੀ ਪ੍ਰਭ ਆਪੇ
ਭਰਮੁ ਭੇਦੁ ਭਉ ਜਾਈ ਹੇ॥

ਗੁ. ਗ. ਪੰਨਾ—1022

ਗੁਰੂ ਨਾਨਕ ਸਾਹਿਬ ਅਨੁਸਾਰ ਅਕਾਲ ਪੁਰਖ ਦਾ ਤਖ਼ਤ ਹਰ ਇਕ ਮਨੁੱਖ ਦੇ ਅੰਦਰ ਮੌਜੂਦ ਹੈ :

ਕਾਇਆਗੜ ਮਹਲ ਮਹਲੀ ਪ੍ਰਭੁ ਸਾਚਾ
ਸਚੁ ਸਾਚਾ ਤਖਤੁ ਰਚਾਇਆ

ਗੁ. ਗ. ਪੰਨਾ—1039

ਇਹ ਅੰਦਰਲਾ ਪਰਮਾਤਮਾ ਦਾ ਤਖ਼ਤ ਕਿਸ ਤਰ੍ਹਾਂ ਅਨੁਭਵ ਹੁੰਦਾ ਹੈ ਜਾਂ ਨਜ਼ਰੀਂ ਆਉਂਦਾ ਹੈ, ਦਾ ਪੂਰਾ ਵਿਸਥਾਰ ਗੁਰੂ ਨਾਨਕ ਸਾਹਿਬ ਨੇ ਮਲਾਰ ਰਾਗ ਦੀ ਵਾਰ ਦੀ ਪਉੜੀ ਸਤਾਈਵੇਂ ਦੇ ਸਲੋਕ ਵਿਚੋਂ ਦਿੱਤਾ ਹੈ। ਉਹ ਅਵਸਥਾ ਕਿੰਨੀ ਆਨੰਦਮਈ ਅਤੇ ਵਿਸਮਾਦ ਵਾਲੀ ਹੋਵੇਗੀ ਇਸ ਦਾ ਧਿਆਨ ਅਸੰਭਵ ਹੈ :—

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥

ਗੁ. ਗ. ਪੰਨਾ—1291

—ਕਿਰਪਾਲ ਸਿੰਘ

**ਤਖ਼ਤ-ਇ-ਸੁਲੇਮਾਨ** : ਇਹ ਇਕ ਪਰਬਤੀ ਚੋਟੀ ਹੈ ਜੋ ਪਾਕਿਸਤਾਨ ਦੇ ਡੇਰਾ ਇਸਮਾਈਲ ਖ਼ਾਂ ਜ਼ਿਲ੍ਹੇ ਵਿਚ ਸਥਿਤ ਹੈ। ਗੋਮਲ ਦੱਰੇ ਦੇ ਦੱਖਣ ਵਿਚ ਪਰਬਤਾਂ ਦੀਆਂ ਕਈ ਲੜੀਆਂ ਹਨ। ਸਮੁੱਚੇ ਰੂਪ ਵਿਚ ਇਨ੍ਹਾਂ ਨੂੰ ਸੁਲੇਮਾਨ ਪਰਬਤ ਕਿਹਾ ਜਾਂਦਾ ਹੈ ਤੇ ਇਸ ਲੜੀ ਦੀ ਸਭ ਤੋਂ ਉੱਚੀ ਚੋਟੀ ਨੂੰ ਯੂਰਪੀਨ ਲੋਕਾਂ ਦੁਆਰਾ ਤਖ਼ਤ-ਇ-ਸੁਲੇਮਾਨ ਕਿਹਾ ਜਾਂਦਾ ਹੈ ਪਰ ਇਸ ਦਾ ਸਥਾਨਕ ਨਾਂ ਕੈਸਰਗੜ੍ਹ ਜਾਂ ਕਾਸੀ ਘਰ ਸੀ। ਇਸ ਦੀ ਸਮੁੰਦਰੀ ਸਤਹਿ ਤੋਂ ਉਚਾਈ 3,379 ਮੀ. ਹੈ। ਇਸ ਦੀ ਸਿਖਰ ਉੱਤੇ ਇਕ ਜ਼ਿਆਰਤ-ਗਾਹ ਬਣੀ ਹੋਈ ਹੈ। ਇਸ ਦੇ ਪੱਛਮ ਵਿਚ ਤੋਬਾ ਕਕਰ ਸ਼੍ਰੇਣੀ ਅਤੇ ਦੱਖਣ ਵਿਚ ਲੋਰਾਲਾਏ ਪਹਾੜੀਆਂ ਹਨ। ਗੋਮਲ ਤੋਂ ਇਹ ਕੇਵਲ 45 ਕਿ.ਮੀ. ਦੀ ਦੂਰੀ ਤੇ ਹੈ। ਤਖ਼ਤ-ਇ-ਸੁਲੇਮਾਨ ਦੇ ਚੁਫੇਰੇ ਦੀਆਂ ਪਹਾੜੀ ਚੋਟੀਆਂ ਦੀ ਉਚਾਈ 1,800 ਤੋਂ 2,100 ਮੀ. ਤੱਕ ਹੈ ਅਤੇ ਇਥੋਂ ਦੀ ਬਹੁਤੀ ਧਰਤੀ ਜੰਗਲਾਂ ਨਾਲ ਢੱਕੀ ਹੋਈ ਹੈ। ਇਸ ਚੋਟੀ ਦੀ ਸਿਖਰ ਤੇ ਸਭ ਤੋਂ ਪਹਿਲਾਂ 1883 ਈ. ਵਿਚ ਯੂਰਪੀਨ ਲੋਕ ਚੜ੍ਹੇ ਸਨ।

31° 41′ ਉ. ਵਿਥ. ; 70° 0′ ਪੂ. ਲੰਬ.

ਹ.ਪੁ.—ਗ੍ਰਿ.ਵਿ.ਕੋ. 5:302; ਇੰਪ. ਗ. ਇੰਡ. 23 : 206

**ਤਖ਼ਤ-ਇ-ਤਾਊਸ** : ਇਹ ਹਿੰਦੁਸਤਾਨ ਦੇ ਪੰਜਵੇ ਮੁਗ਼ਲ ਸ਼ਹਿਨਸ਼ਾਹ ਅਬੂਅਲ ਮੁਜ਼ੱਫਰ ਸ਼ਹਾਬੁੱਦੀਨ ਸ਼ਾਹ ਜਹਾਨ ਲਈ 17ਵੀਂ ਸਦੀ ਵਿਚ ਬਣਾਇਆ ਗਿਆ ਸੰਸਾਰ-ਪ੍ਰਸਿੱਧ ਤਖ਼ਤ (ਸਿੰਘਾਸਣ) ਸੀ। ਇਸ ਨੂੰ 'ਪੀਕਾਕ ਥਰੋਨ' ਵੀ ਕਿਹਾ ਜਾਂਦਾ ਸੀ। ਤਾਊਸ (ਮੋਰ) ਦੀ ਸ਼ਕਲ ਦਾ ਬਣਿਆ ਇਹ ਤਖ਼ਤ ਸੰਸਾਰ ਦੇ ਸਭ ਤੋਂ ਆਲੀਸ਼ਾਨ ਅਤੇ

ਕੀਮਤੀ ਤਖ਼ਤਾਂ ਵਿਚੋਂ ਗਿਣਿਆ ਗਿਆ ਹੈ.ਜਿਸ ਨੂੰ ਸ਼ਾਹ ਜਹਾਨ ਨੇ ਉਸ ਸਮੇਂ ਸੱਤ ਕਰੋੜ ਦੱਸ ਲੱਖ ਰੁਪਏ ਖਰਚ ਕੇ ਬਣਾਇਆ ਸੀ। ਇਸ ਦੇ ਉੱਤੇ ਚੜ੍ਹਨ ਲਈ ਚਾਂਦੀ ਦੀ ਇਕ ਪੌੜੀ- ਨੁਮਾ ਚੌਂਕੀ ਬਣੀ ਹੋਈ ਸੀ। ਤਖ਼ਤ ਦੇ ਪਾਵੇ ਸੋਨੇ ਦੇ ਸਨ ਜਿਨ੍ਹਾਂ ਵਿਚ ਕੀਮਤੀ ਰਤਨ ਜੜ੍ਹੇ ਹੋਏ ਸਨ। ਪੈਲਾਂ ਪਾਉਂਦੇ ਦੋ ਮੋਰਾਂ ਦੇ ਖੰਭਾਂ ਵਾਂਗ ਇਸ ਦਾ ਢਾਸਣਾ ਬਣਾਇਆ ਹੋਇਆ ਸੀ ਜਿਸ ਵਿਚ ਬਹੁਤ ਕੀਮਤੀ ਹੀਰੇ, ਜਵਾਹਰਾਤ ਅਤੇ ਹੋਰ ਰਤਨ ਜੜ੍ਹੇ ਹੋਏ ਸਨ। ਇਸ ਦੇ ਨਾਲ ਹੀ ਬਹੁਤ ਵਧੀਆ ਮੀਨੇ ਦੇ ਕੰਮ ਅਤੇ ਮੁਲੰਮੇ ਨਾਲ ਵੀ ਇਸ ਨੂੰ ਸਜਾਇਆ ਹੋਇਆ ਸੀ।

ਸੰਨ 1739 ਵਿਚ ਜਦੋਂ ਈਰਾਨੀ ਹਮਲਾਵਰ ਨਾਦਰ ਸ਼ਾਹ ਨੇ ਭਾਰਤ ਤੇ ਹਮਲਾ ਕਰਕੇ ਦਿੱਲੀ ਉੱਤੇ ਕਬਜ਼ਾ ਕੀਤਾ ਤਾਂ ਹੋਰ ਸਾਮਾਨ ਦੇ ਨਾਲ ਤਖ਼ਤ-ਇ-ਤਾਊਸ ਨੂੰ ਵੀ ਲੁੱਟ ਕੇ ਆਪਣੇ ਨਾਲ ਈਰਾਨ ਲੈ ਗਿਆ। ਈਰਾਨ ਵਾਪਸ ਜਾਣ ਤੋਂ ਪਹਿਲਾਂ ਉਸ ਨੇ ਇਹੋ ਜਿਹਾ ਹੀ ਇਕ ਹੋਰ ਤਖ਼ਤ ਵੀ ਬਣਾਇਆ ਸੀ ਪਰ ਬਾਅਦ ਵਿਚ ਕੁਰਦਾਂ ਨਾਲ ਹੋਈ ਲੜਾਈ ਵਿਚ ਇਹ ਦੋਵੇਂ ਤਖ਼ਤ ਉਸ ਦੇ ਹੱਥੋਂ ਜਾਂਦੇ ਰਹੇ। ਕੁਰਦਾਂ ਨੇ ਇਨ੍ਹਾਂ ਤਖ਼ਤਾਂ ਨੂੰ ਤੋੜ ਫੋੜ ਕੇ ਇਸ ਦੇ ਕੀਮਤੀ ਰਤਨਾਂ ਅਤੇ ਧਾਤਾਂ ਨੂੰ ਆਪਸ ਵਿਚ ਵੰਡ ਲਿਆ। ਬਾਅਦ ਵਿਚ ਇਹੋ ਜਿਹੇ ਤਖ਼ਤ-ਇ-ਤਾਊਸ ਹੋਰ ਸ਼ਾਹਾਂ ਲਈ ਵੀ ਬਣਾਏ ਗਏ ਸਨ। ਇਨ੍ਹਾਂ ਵਿਚੋਂ ਇਕ ਈਰਾਨ ਦੇ ਬਾਦਸ਼ਾਹ ਫ਼ਤਹਿ ਅਲੀਸ਼ਾਹ ਨੇ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਬਣਵਾਇਆ ਸੀ ਪਰ ਇਹ ਨਾ ਤਾਂ ਉੱਨਾ ਚੰਗਾ ਸੀ ਅਤੇ ਨਾ ਹੀ ਉੱਨਾ ਕੀਮਤੀ ਸੀ।

ਹ. ਪੁ.—ਐਨ. ਬ੍ਰਿ. ਮਾ.9:223 (1985); ਮ.ਕੋ. : 570

**ਤਖ਼ਤ ਸਿੰਘ, ਪ੍ਰਿੰ.** : ਪੰਜਾਬੀ ਦੇ ਇਸ ਪ੍ਰਸਿੱਧ ਗ਼ਜ਼ਲਗੋ ਦਾ ਜਨਮ 15 ਸਤੰਬਰ, 1914 ਨੂੰ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਸ. ਸੁੰਦਰ ਸਿੰਘ ਦੇ ਘਰ ਹੋਇਆ।

ਸੰਨ 1938 ਵਿਚ ਇਸ ਨੇ ਖਾਲਸਾ ਕਾਲਜ, ਲਾਇਲਪੁਰ ਤੋਂ ਬੀ.ਏ. ਦੀ ਪ੍ਰੀਖਿਆ ਪਾਸ ਕੀਤੀ। ਇਹ ਛੇਵੀਂ ਜਮਾਤ ਤੋਂ ਹੀ ਉਰਦੂ ਵਿਚ ਕਵਿਤਾ ਲਿਖਣ ਲਗ ਪਿਆ ਸੀ। ਇਹ ਕਾਲਜ ਵਿਚ ਮੈਗਜ਼ੀਨ ਦੇ ਉਰਦੂ ਅਤੇ ਅੰਗਰੇਜ਼ੀ ਭਾਗ ਦੇ ਸੰਪਾਦਕੀ ਮੰਡਲ ਦਾ ਮੈਂਬਰ ਵੀ ਰਿਹਾ। ਸੰਨ 1944 ਵਿਚ ਇਸ ਨੇ ਲਾਹੌਰ ਤੋਂ ਬੀ.ਟੀ. ਕੀਤੀ ਅਤੇ ਫਿਰ ਰਿਆਸਤ ਜੀਂਦ ਦੇ ਇਕ ਪੇਂਡੂ ਸਕੂਲ ਵਿਚ ਅਧਿਆਪਕ ਲੱਗ ਗਿਆ। ਸੰਨ 1955 ਵਿਚ ਇਸ ਦਾ ਛੋਟਾ ਭਰਾ ਕਰਨੈਲ ਸਿੰਘ ਗੋਆ ਵਿਚ ਸ਼ਹੀਦ ਹੋ ਗਿਆ ਜਿਸ ਨਾਲ ਇਸ ਦੀ ਕਲਾ ਹੋਰ ਇਨਕਲਾਬੀ ਬਣ ਗਈ।

ਨਿਰਸੰਦੇਹ ਇਸ ਨੂੰ ਉਰਦੂ ਗ਼ਜ਼ਲ ਤੇ ਪੂਰੀ ਮੁਹਾਰਤ ਸੀ ਪਰ ਇਸ ਨੇ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨੀ ਵਧੇਰੇ ਉਚਿਤ ਸਮਝੀ। ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਪ੍ਰਿੰ. ਤਖ਼ਤ ਸਿੰਘ ਦਾ ਆਪਣਾ ਨਵੇਕਲਾ ਸਥਾਨ ਹੈ। ਗ਼ਜ਼ਲ ਕਾਵਿ ਰੂਪ ਨੂੰ ਉਰਦੂ ਜ਼ੁਬਾਨ ਅਤੇ ਮੁਹਾਵਰੇ ਵਿਚ ਪੇਸ਼ ਕਰਨਾ ਅਤੇ ਪੰਜਾਬੀ ਗ਼ਜ਼ਲ ਨੂੰ ਉਰਦੂ ਜਿਹੀ ਪੁਖ਼ਤਗੀ ਤੇ ਰੰਗੀਨੀ ਪ੍ਰਦਾਨ ਕਰਨਾ ਇਸ ਦੀ ਪ੍ਰਤਿਭਾ ਦਾ ਹੀ ਕਮਾਲ ਹੈ। ਸੰਨ 1974 ਵਿਚ ਪ੍ਰਕਾਸ਼ਿਤ 'ਮੇਰੀ ਗਜ਼ਲ ਯਾਤਰਾ' ਵਿਚ ਤਖ਼ਤ ਸਿੰਘ ਨੇ ਗ਼ਜ਼ਲ ਖੇਤਰ ਦੀ ਵਿਸ਼ੇਸ਼ ਪ੍ਰਾਪਤੀ ਨੂੰ ਕ੍ਰਮ ਅਨੁਸਾਰ ਨਿਸ਼ਚਿਤ ਕਰਕੇ ਪੇਸ਼ ਕੀਤਾ ਹੈ।

ਪ੍ਰਿੰ. ਤਖ਼ਤ ਸਿੰਘ ਦਾ ਪਹਿਲਾ ਕਾਵਿ-ਸੰਗ੍ਰਹਿ 'ਵੰਗਾਰ' 1955 ਵਿਚ ਪ੍ਰਕਾਸ਼ਤ ਹੋਇਆ ਜਿਸ ਉਪਰੰਤ ਇਸ ਨੇ 'ਕਾਵਿ ਹਿਲੂਣੇ' (1956) 'ਹੰਭਲੇ' (1957), 'ਅਣਖ ਦੇ ਫੁੱਲ' (1959), 'ਮਹਿਕਾਂ ਭਰੀ ਸਵੇਰ' (1962), 'ਤਲਸ਼ਕੋਰਾ' (1962) ਗ਼ਜ਼ਲ - ਸੰਗ੍ਰਹਿ ਪੰਜਾਬੀ ਸਾਹਿਤ ਜਗਤ ਨੂੰ ਪ੍ਰਦਾਨ ਕੀਤੇ।

ਇਸ ਦੀਆਂ ਗ਼ਜ਼ਲਾਂ ਪੰਜਾਬੀ ਦੇ ਹਰ ਇਕ ਉੱਤਮ ਅਖ਼ਬਾਰ ਅਤੇ ਮੈਗ਼ਜ਼ੀਨ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। 26 ਫ਼ਰਵਰੀ, 1990 ਨੂੰ ਇਸ ਦੀ ਮੌਤ ਹੋ ਗਈ।

ਹ.ਪੁ.—ਪੰ.ਸਾ.ਇ.-ਭਾ.ਵਿ.ਪੰ.

**ਤਖ਼ਤ ਸਿੰਘ (ਭਾਈ)** : ਇਹ ਇਕ ਪ੍ਰਸਿੱਧ ਸਿੱਖ ਵਿਦਵਾਨ ਸੀ ਜਿਸ ਨੇ ਇਸਤਰੀ ਵਿਦਿਆ ਦੇ ਪ੍ਰਚਾਰ ਲਈ ਸਾਰੀ ਉਮਰ ਕੰਮ ਕੀਤਾ। ਇਸ ਦਾ ਜਨਮ ਫਿਰੋਜ਼ਪੁਰ ਵਿਚ ਸ. ਦੇਵਾ ਸਿੰਘ ਦੇ ਘਰ 1862 ਵਿਚ ਹੋਇਆ। ਓਰੀਐਂਟਲ ਕਾਲਜ ਲਾਹੌਰ ਤੋਂ ਵਿਦਿਆ ਪ੍ਰਾਪਤ ਕਰਕੇ ਇਹ ਅਧਿਆਪਕ ਲਗ ਗਿਆ। 2 ਨਵੰਬਰ, 1892 ਨੂੰ ਇਸ ਨੇ ਕੰਨਿਆ ਪਾਠਸ਼ਾਲਾ ਖੋਲ੍ਹੀ ਜਿਸ ਦਾ ਇਹ ਮੈਨੇਜਰ ਨਿਯੁਕਤ ਹੋਇਆ। ਕੁਝ ਮੈਂਬਰਾਂ ਦੇ ਵਿਰੋਧ ਕਾਰਨ ਸਤੰਬਰ, 1900 ਵਿਚ ਇਹ ਸਿੰਘ ਸਭਾ ਤੋਂ ਵੱਖ ਹੋ ਗਿਆ ਅਤੇ ਆਪਣੇ ਘਰ ਦੇ ਗਹਿਣੇ ਕੱਪੜੇ ਵੇਚ ਕੇ ਵਿਦਿਅਕ ਆਸ਼ਰਮ ਨੂੰ ਜਾਰੀ ਰਖਿਆ। ਸੰਨ 1902 ਵਿਚ ਲੜਕੀਆਂ ਲਈ ਅੰਗਰੇਜ਼ੀ ਕਲਾਸ ਚਾਲੂ ਕਰ ਦਿੱਤੀ। ਲੜਕੀਆਂ ਦੇ ਬੋਰਡਿੰਗ ਹਾਊਸ ਲਈ 3000/- ਰੁਪਏ ਕਰਜ਼ਾ ਲੈ ਕੇ ਅਤੇ 1000/- ਰੁਪਏ ਕੋਲੋਂ ਪਾ ਕੇ ਜ਼ਮੀਨ ਖ਼ਰੀਦੀ ਤੇ ਫਿਰ ਬੋਰਡਿੰਗ ਹਾਊਸ ਖੋਲ੍ਹ ਦਿਤਾ। ਉਥੇ ਭਾਰਤ ਤੋਂ ਇਲਾਵਾ ਮਲਾਇਆ, ਬਰਮਾ ਆਦਿ ਤੋਂ ਵੀ ਵਿਦਿਆਰਥਣਾਂ ਆ ਕੇ ਵਿਦਿਆ ਪ੍ਰਾਪਤੀ ਲਈ ਰਹਿਣ ਲਗੀਆਂ। ਇਸ ਬੋਰਡਿੰਗ ਹਾਊਸ ਵਿਚ ਭਾਈ ਤਖ਼ਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਬੀਬੀ ਹਰਨਾਮ ਕੌਰ ਅਧਿਆਪਕਾ ਰਹਿੰਦੇ ਸਨ ਅਤੇ ਲੜਕੀਆਂ ਨੂੰ ਆਦਰਸ਼ਕ ਇਸਤਰੀਆਂ ਬਣਾਉਣ ਲਈ ਯਤਨ ਕਰਦੇ ਸਨ। ਇਸ ਆਸ਼ਰਮ ਵਿਚ ਚਾਰ ਪ੍ਰਕਾਰ ਦੀਆਂ ਲੜਕੀਆਂ ਦਾਖ਼ਲ ਕੀਤੀਆਂ ਜਾਂਦੀਆਂ ਸਨ-(ੳ) ਜਿਨ੍ਹਾਂ ਦਾ ਖ਼ਰਚ ਉਨ੍ਹਾਂ ਦੇ ਮਾਪੇ ਦਿੰਦੇ ਸਨ (ਅ) ਯਤੀਮ ਤੇ ਵਿਧਵਾਵਾਂ ਜਿਨ੍ਹਾਂ ਦਾ ਖ਼ਰਚ ਆਸ਼ਰਮ ਦਿੰਦਾ ਸੀ, (ੲ) ਗ਼ਰੀਬ ਲੜਕੀਆਂ ਜਿਨ੍ਹਾਂ ਦੇ ਮਾਤਾ-ਪਿਤਾ ਖ਼ਰਚ ਨਹੀਂ ਦੇ ਸਕਦੇ ਸਨ, (ਸ) ਦਰਮਿਆਨੇ ਦਰਜੇ ਦੀਆਂ ਲੜਕੀਆਂ ਜਿਨ੍ਹਾਂ ਦਾ ਕੁਝ ਖਰਚ ਘਰੋਂ ਆਉਂਦਾ ਸੀ ਤੇ ਬਾਕੀ ਆਸ਼ਰਮ ਦਿੰਦਾ ਸੀ। ਇਸ ਆਸ਼ਰਮ ਵਿਚ ਦਸਤਕਾਰੀ ਤੇ ਕਸ਼ੀਦਾਕਾਰੀ ਵੀ ਸਿਖਾਈ ਜਾਂਦੀ ਸੀ। ਸੰਨ 1909 ਵਿਚ ਲਾਹੌਰ ਵਿਖੇ ਲਗੀ ਨੁਮਾਇਸ਼ ਵਿਚ ਇਥੋਂ ਦੀ ਕਸ਼ੀਦਾਕਾਰੀ ਤੇ ਦਸਤਕਾਰੀ ਪਹਿਲੇ ਨੰਬਰ ਤੇ ਆਈ ਸੀ।

ਟਾਪੂਆਂ ਦਾ ਦੌਰਾ ਕਰਕੇ ਅਤੇ 58,000 ਰੁਪਏ ਇਕੱਠੇ ਕਰਕੇ 16 ਫ਼ਰਵਰੀ, 1911 ਨੂੰ ਇਸ ਨੇ ਸਕੂਲ ਦੀ ਵਧੀਆ ਇਮਾਰਤ ਤਿਆਰ ਕਰਵਾਈ। ਇਹ ਵਿਦਿਆ ਦਾ ਆਸ਼ਰਮ ਅੱਜ ਵੀ ਸਿੱਖ ਕੰਨਿਆ ਮਹਾਂ ਵਿਦਿਆਲਾ ਫਿਰੋਜ਼ਪੁਰ ਦੇ ਨਾਂ ਨਾਲ ਚਲ ਰਿਹਾ ਹੈ।

ਭਾਈ ਤਖ਼ਤ ਸਿੰਘ ਨੇ ਸਿੱਖ ਇਤਿਹਾਸ ਨਾਲ ਸਬੰਧਤ ਦੁਰਲੱਭ ਪੁਸਤਕਾਂ, ਹੱਥ ਲਿਖਤਾਂ ਤੇ ਦਸਤਾਵੇਜ਼ ਇਕੱਤਰ ਕਰਨ ਲਈ ਯਤਨ ਕੀਤੇ ਅਤੇ 5000 ਦੁਰਲੱਭ ਪੁਸਤਕਾਂ ਅਤੇ ਹੱਥ ਲਿਖਤਾਂ ਇਕੱਤਰ ਕੀਤੀਆਂ। ਇਸ ਕੰਮ ਵਿਚ ਇਸ ਦੀ ਸਹਾਇਤਾ ਸ. ਕਰਮ ਸਿੰਘ ਹਿਸਟੋਰੀਅਨ ਨੇ ਵੀ ਕੀਤੀ।

ਸੰਨ 1907 ਵਿਚ ਭਾਈ ਸਾਹਿਬ ਨੇ 'ਪੰਜਾਬੀ ਭੈਣ' ਮੈਗਜ਼ੀਨ ਵੀ ਚਲਾਇਆ ਜਿਸ ਦੁਆਰਾ ਇਸਤਰੀ ਵਿਦਿਆ ਦਾ ਪ੍ਰਚਾਰ ਕੀਤਾ। ਸਿੱਖ ਧਰਮ ਦੇ ਪ੍ਰਚਾਰ ਲਈ ਇਸ ਨੇ ਆਪਣੇ ਆਸ਼ਰਮ ਵਿਚ 12 ਪ੍ਰਚਾਰਕ-ਉਪਦੇਸ਼ਕ ਤੇ ਰਾਗੀ ਰੱਖੇ ਹੋਏ ਸਨ ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਬਣਨ ਤੱਕ ਪ੍ਰਚਾਰ ਦਾ ਕੰਮ ਬੜੀ ਲਗਨ ਨਾਲ ਕੀਤਾ। ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਇਸਤਰੀ ਵਿਦਿਆ, ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਇਕੱਤਰ ਕਰਨ ਵਿਚ ਸਮਰਪਿਤ ਕੀਤਾ। ਆਪ ਦਾ ਦਿਹਾਂਤ 18 ਦਸੰਬਰ, 1937 ਨੂੰ ਹੋਇਆ।

ਹ.ਪੁ.—ਸਿੰਘ ਸਭਾ ਲਹਿਰ ਦੇ ਉਸਰੀਏ -ਗੁਰਨੇਕ ਸਿੰਘ ਨੇਕੀ।

**ਤਖ਼ਤ ਹਜ਼ਾਰਾ** : ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿਚ ਸੁਲੇਮਾਨ ਤਖ਼ਤ ਦੇ ਆਸ ਪਾਸ ਦਾ ਇਲਾਕਾ ਹੈ ਪਰ ਇਸ ਨਾਲੋਂ ਜ਼ਿਆਦਾ ਪ੍ਰਸਿੱਧ ਤਖ਼ਤ ਹਜ਼ਾਰਾ ਨਗਰ ਹੈ ਜਿਹੜਾ ਸ਼ਾਹਪੁਰ ਜ਼ਿਲ੍ਹੇ ਵਿਚ ਝਨਾਂ ਦੇ ਕੰਢੇ ਵੱਸਿਆ ਹੋਇਆ ਹੈ ਅਤੇ ਪੰਜਾਬ ਦੀ ਜਗਤ ਪ੍ਰਸਿੱਧ ਲੋਕ ਕਥਾ 'ਹੀਰ ਰਾਂਝਾ' ਦੇ ਨਾਇਕ ਰਾਂਝੇ ਦਾ ਨਿਵਾਸ ਅਸਥਾਨ ਸੀ। ਇਸ ਤਖ਼ਤ ਹਜ਼ਾਰੇ ਦਾ ਜ਼ਿਕਰ ਪੰਜਾਬੀ ਲੋਕ ਸਾਹਿਤ ਵਿਚ ਥਾਂ-ਥਾਂ ਮਿਲਦਾ ਹੈ ਜਿਸ ਦਾ ਹਵਾਲਾ ਅਕਸਰ ਸਿਦਕ, ਮੁਹੱਬਤ ਅਤੇ ਇਸ਼ਟ ਦੇ ਪ੍ਰਤੀਕ ਵਜੋਂ ਦਿੱਤਾ ਜਾਂਦਾ ਹੈ।

ਹ. ਪੁ. — ਮ. ਕੋ. : 570

**ਤਖ਼ਤੂਪੁਰਾ** : ਪੰਜਾਬ ਰਾਜ ਦੇ ਮੋਗਾ ਜ਼ਿਲ੍ਹੇ ਦੀ ਇਸੇ ਹੀ ਨਾਂ ਦੀ ਤਹਿਸੀਲ ਵਿਚ ਮੋਗਾ ਤੋਂ 30 ਕਿ.ਮੀ., ਮੋਗਾ-ਬਰਨਾਲਾ ਸੜਕ ਤੋਂ ਦੋ ਕਿ.ਮੀ. ਦੀ ਵਿਥ ਤੇ ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿਤ ਇਕ ਪਿੰਡ ਹੈ ਜਿਸਦਾ ਇਤਿਹਾਸਕ ਪਿਛੋਕੜ ਬਹੁਤ ਹੀ ਰੋਚਕ ਹੈ। ਖਿਆਲ ਹੈ ਕਿ ਕਦੇ ਇਥੇ ਜੋਗੀਆਂ ਦੇ ਵੱਡੇ-ਵੱਡੇ ਟੋਲੇ ਰਿਹਾ ਕਰਦੇ ਸਨ ਤੇ ਉਨ੍ਹਾਂ ਦੀ ਹਰ ਵੀਹਾਂ ਸਾਲਾਂ ਬਾਅਦ ਬੀਸਵੀਂ (ਮੇਲਾ) ਲੱਗਿਆ ਕਰਦੀ ਸੀ ਜਿਸ ਵਿਚ ਦੂਰ ਦੂਰ ਤੋਂ ਜੋਗੀ ਆਉਂਦੇ ਸਨ। ਭਰਥਰੀ ਨਾਲ ਸਬੰਧਤ ਹੋਣ ਕਰਕੇ ਇਹ ਅਸਥਾਨ ਬਹੁਤ ਪੁਰਾਣਾ ਹੈ। ਜੋਗੀਆਂ ਦਾ ਆਖ਼ਰੀ ਮੇਲਾ 1903 ਈ. ਵਿਚ ਲਗਿਆ ਦੱਸਿਆ ਜਾਂਦਾ ਹੈ ਜਿਹੜਾ ਕਿ ਬਾਅਦ ਵਿਚ ਹੌਲੀ ਹੌਲੀ ਬੰਦ ਹੋ ਗਿਆ। ਅੱਜਕੱਲ੍ਹ ਉਹੀ ਮੇਲਾ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਮਾਘੀ ਮੇਲੇ ਦੇ ਰੂਪ ਵਿਚ ਹਰ ਸਾਲ ਲੱਗਣ ਲਗ ਪਿਆ ਹੈ।

ਇਸ ਥਾਂ ਦੀ ਮਹੱਤਤਾ ਸਿੱਖ ਗੁਰੂਆਂ ਕਰਕੇ ਵੀ ਹੈ। ਇਥੇ ਗੁਰੂ ਨਾਨਕ ਦੇਵ ਜੀ ਦੀ ਜੋਗੀਆਂ ਨਾਲ ਗੋਸ਼ਟੀ ਹੋਈ ਸੀ। ਗੋਸ਼ਟੀ ਦੌਰਾਨ ਭਰਥਰੀ ਦੀ ਤਿੱਖੀ ਨਜ਼ਰ ਨਾਲ ਗੁਰੂ ਜੀ ਦੇ ਇਕ ਸੇਵਕ ਭਾਈ ਜੱਕੋ ਦੇ ਮੂੰਹ ਦੇ ਕੁਝ ਹਿੱਸੇ ਦੇ ਕਾਲਾ ਹੋ ਜਾਣ ਦੀ ਕਰਾਮਾਤ ਦਾ ਜ਼ਿਕਰ ਵੀ ਆਉਂਦਾ ਹੈ ਜੋ ਛੱਪੜੀ ਵਿਚੋਂ ਧੋਤੇ ਜਾਣ ਨਾਲ ਠੀਕ ਹੋਇਆ। ਇਹ ਛੱਪੜੀ ਅੱਜਕੱਲ੍ਹ ਸਰੋਵਰ ਦੇ ਰੂਪ ਵਿਚ ਸੁਸ਼ੋਭਿਤ ਹੈ। ਕੋਲ ਹੀ ਭਰਥਰੀ ਦੀ ਜਗ੍ਹਾ ਬਣੀ ਹੋਈ ਹੈ। ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਉਥੇ ਲੂਣ ਅਤੇ ਝਾੜੂ ਚੜ੍ਹਾਉਣ ਨਾਲ ਚਮੜੀ ਦੇ ਰੋਗ ਦੂਰ ਹੋ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਵੀ ਮੁਕਤਸਰ ਜਾਂਦੇ ਹੋਏ, ਦੀਨਾ ਕਾਂਗੜ ਜਾਣ ਤੋਂ ਪਹਿਲਾਂ, ਇਸ ਛੱਪੜੀ ਵਿਚੋਂ ਦੀ ਘੋੜੇ ਸਮੇਤ ਲੰਘ ਕੇ ਦੂਜੇ ਪਾਸੇ ਜਾ ਬੈਠੇ ਅਤੇ ਆਪਣੀ ਬਚੀ-ਖੁਚੀ ਸੈਨਾ ਨੂੰ ਇੱਕਠਿਆਂ ਕਰਨ ਲਈ ਕਈ ਦਿਨ ਇਥੇ ਟਿਕੇ ਰਹੇ। ਇਨ੍ਹਾਂ ਤੋਂ ਬਿਨਾਂ ਇਹ ਅਸਥਾਨ ਛੇਵੇਂ ਗੁਰੂ ਹਰਿਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਤੋਂ ਵੀ ਵਾਂਝਾ ਨਹੀਂ ਹੈ। ਇਨ੍ਹਾਂ ਦੀ ਯਾਦ ਵਿਚ ਇਥੇ ਤਿੰਨ ਗੁਰਦੁਆਰੇ ਬਣੇ ਹੋਏ ਹਨ।

ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਹੀ ਇਥੇ ਗੁਰੂ ਗੋਬਿੰਦ ਸਿੰਘ ਮਾਰਗ ਦੀਆਂ ਵੀਹ ਲਾਠਾਂ ਵਿਚੋਂ ਇਕ ਇਥੇ ਲਗਾਈ ਗਈ ਹੈ।

ਮਾਘੀ ਦਾ ਮੇਲਾ ਇਥੇ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਇਥੇ ਢਾਡੀ ਦਰਬਾਰ ਲਗਦੇ ਹਨ। ਰਾਤ ਨੂੰ ਦੀਪਮਾਲਾ ਕੀਤੀ ਜਾਂਦੀ ਹੈ। ਇਹ ਮੇਲਾ ਤਿੰਨ ਦਿਨ ਚਲਦਾ ਹੈ। ਤਿੰਨਾਂ ਦਿਨਾਂ ਵਿਚ ਰਾਜਨੀਤਕ ਅਤੇ ਧਾਰਮਿਕ ਕਾਨਫਰੰਸਾਂ ਵੀ ਚਲਦੀਆਂ ਰਹਿੰਦੀਆਂ ਹਨ ਜਿਸ ਵਿਚ ਸੰਤ ਲੋਪੋ ਵਾਲਿਆਂ ਦੇ ਧਾਰਮਿਕ ਦੀਵਾਨ ਵਿਸ਼ੇਸ਼ ਥਾਂ ਰੱਖਦੇ ਹਨ।

ਆਬਾਦੀ — 3,474 (1981)

30° 35′ ਉ. ਵਿਥ.; 75° 15′ ਪੂ. ਲੰਬ.

ਹ.ਪੁ.—ਪੰਜਾਬੀ ਟ੍ਰਿਬਿਊਨ 14.1.87; ਸੈਂਸਿਸ ਆਫ਼ ਇੰਡਿਆ-1981; ਡਿਸਟ੍ਰਿਕਟ ਸੈਂਸਿਸ ਹੈਂਡ ਬੁੱਕ-ਫਰੀਦਕੋਟ ਡਿਸਟ੍ਰਿਕਟ

**ਤਖੇਲਚੰਨਬਾਮ ਅਮੂਦਨ ਸ਼ਰਮਾ** : ਭਾਰਤ ਦੇ ਇਸ ਉੱਘੇ ਨਰਤਕ ਦਾ ਜਨਮ ਦਸੰਬਰ, 1886 ਵਿਚ ਮਨੀਪੁਰ ਵਿਖੇ ਇਕ ਰੂੜ੍ਹੀਵਾਦੀ ਰਾਸਧਾਰੀ ਪਰਿਵਾਰ ਵਿਚ ਹੋਇਆ। ਇਸ ਨੇ ਉਸ ਸਮੇਂ ਦੇ ਉੱਘੇ ਸਿਖਿਅਕਾਂ ਤੋਂ ਮਨੀਪੁਰੀ ਨਾਚ ਸਿਖਿਆ। ਬਚਪਨ ਤੋਂ ਹੀ ਇਸ ਨੇ ਰਾਸ ਲੀਲਾ ਵਾਲੇ ਨਾਚ ਪੇਸ਼ ਕੀਤੇ ਅਤੇ ਜਲਦੀ ਹੀ ਇਕ ਪ੍ਰਤਿਭਾਸ਼ਾਲੀ ਨਰਤਕ ਵਜੋ ਪ੍ਰਸਿੱਧ ਹੋ ਗਿਆ। ਸੰਨ 1961 ਵਿਚ ਇਸ ਨੂੰ ਸੰਗੀਤ ਨਾਟਕ ਅਕਾਦਮੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

3 ਮਾਰਚ, 1974 ਨੂੰ ਇਸ ਦੀ ਮੌਤ ਹੋ ਗਈ।

ਹ.ਪੁ.—ਹੂ.ਜ਼.ਹੂ-1900-1980.

**ਤਗਰ** : ਇਕ ਇਕ ਬਿਛ ਹੈ ਜੋ ਅਫ਼ਗਾਨਿਸਤਾਨ, ਕਸ਼ਮੀਰ, ਭੂਟਾਨ ਅਤੇ ਕੋਂਕਣ ਵਿਚ ਨਦੀਆਂ ਦੇ ਕਿਨਾਰੇ ਹੁੰਦਾ ਹੈ। ਇਸ ਦੀ ਲੱਕੜੀ ਸੁਗੰਧ ਵਾਲੀ ਹੁੰਦੀ ਹੈ ਅਤੇ ਉਸ ਵਿਚੋਂ ਤੇਲ ਨਿਕਲਦਾ ਹੈ। ਤਗਰ ਦਾ ਬੁਰਾਦਾ ਧੂਪ ਵਿਚ ਪੈਂਦਾ ਹੈ ਅਤੇ ਇਸ ਦੀਆਂ ਜੜ੍ਹਾਂ, ਪੱਤੇ, ਲੱਕੜ ਅਤੇ ਤੇਲ ਆਦਿ ਕਈ ਦਵਾਈਆਂ ਬਣਾਉਣ ਲਈ ਵਰਤੇ ਜਾਂਦੇ ਹਨ। ਇਸ ਦੀ ਤਾਸੀਰ ਗਰਮ ਅਤੇ ਤਰ ਹੁੰਦੀ ਹੈ। ਇਹ ਬਾਦੀ ਦੇ ਰੋਗਾਂ ਲਈ ਵੀ ਲਾਹੇਵੰਦ ਸਿੱਧ ਹੁੰਦਾ ਹੈ।

ਹ.ਪੁ.—ਮ.ਕੋ. 427

**ਤੰਗੌਰ ਖ਼ਾਨਦਾਨ** : ਇਸ ਖ਼ਾਨਦਾਨ ਦਾ ਸਬੰਧ ਪੰਜਾਬ ਦੇ ਸਤਲੁਜ ਪਾਰ ਦੇ ਇਲਾਕੇ ਦੇ ਉੱਘੇ ਸਿੱਖ ਘਰਾਣਿਆਂ ਦੇ ਸ਼ਹੀਦਾਂ ਨਾਲ ਸੀ। ਇਸ ਖ਼ਾਨਦਾਨ ਦਾ ਵਡੇਰਾ ਸ. ਗੁਰਬਖਸ਼ ਸਿੰਘ ਅੰਮ੍ਰਿਤਸਰ ਦੀ ਤਰਨ ਤਾਰਨ ਤਹਿਸੀਲ ਦੇ ਪਿੰਡ ਗੱਗੋਬੂਹਾ ਦਾ ਰਹਿਣ ਵਾਲਾ ਸੀ ਜਿਹੜਾ ਬਾਅਦ ਵਿਚ ਕਰਨਾਲ ਵਿਖੇ ਆ ਕੇ ਵੱਸ ਗਿਆ। ਇਹ ਦਮਦਮਾ ਸਾਹਿਬ ਵਿਖੇ ਗ੍ਰੰਥੀ ਸੀ ਅਤੇ ਬਾਅਦ ਵਿਚ ਸ਼ਹੀਦ ਮਿਸਲ ਦਾ ਮਿਸਲਦਾਰ ਬਣ ਗਿਆ। ਇਸਨੇ ਸਹਜ਼ਾਦਪੁਰ ਸਰਦਾਰਾਂ ਦੇ ਪੂਰਵਜਾਂ ਕਰਮ ਸਿੰਘ ਅਤੇ ਧਰਮ ਸਿੰਘ ਨਾਲ ਮਿਲ ਕੇ ਸਤਲੁਜ ਦੇ ਦੱਖਣੀ ਇਲਾਕੇ ਉੱਤੇ ਕਬਜ਼ਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਅਤੇ ਗੁਰਬਖਸ਼ ਸਿੰਘ ਨੂੰ ਲੁੱਟੇ ਹੋਏ ਹਿੱਸੇ ਵਿੱਚੋਂ ਮਾਰਕੰਡਾ ਦਰਿਆ ਦੇ ਬੇਟ ਦੇ ਇਲਾਕੇ ਵਿਚ ਕਈ ਪਿੰਡ ਮਿਲੇ। ਗੁਰਬਖਸ਼ ਸਿੰਘ ਦੇ ਲੜਕੇ ਦਯਾ ਸਿੰਘ ਦੀ ਮੌਤ ਤੋਂ ਬਾਅਦ ਇਹ ਜਾਗੀਰ ਇਸਦੇ ਦੋ ਪੁੱਤਰਾਂ ਅਤੇ ਇਕ ਪੋਤਰੇ (ਚਤਰ ਸਿੰਘ) ਦੇ ਵਿਚਕਾਰ ਤਿੰਨ ਹਿੱਸਿਆ ਵਿਚ ਵੰਡੀ ਗਈ। ਇਸ ਦੇ ਇਕ ਪੁੱਤਰ ਲਾਲ ਸਿੰਘ ਨੂੰ 1839 ਈ. ਵਿਚ ਆਪਣੇ ਭਰਾ ਦੀ ਪਤਨੀ ਨੂੰ ਕਤਲ ਕਰਨ ਕਾਰਣ ਜਾਇਦਾਦ ਵਿਚੋਂ ਬੇਦਖ਼ਲ ਕਰ ਦਿੱਤਾ ਗਿਆ। ਇਸਦੇ ਹਿੱਸੇ ਵਾਲੇ ਦੋ ਪਿੰਡ ਇਸ ਦੇ ਭਤੀਜੇ ਚਤਰ ਸਿੰਘ ਨੂੰ ਅਤੇ ਬਾਕੀ ਇਸ ਦੇ ਪੁੱਤਰ ਹਰਨਾਮ ਸਿੰਘ ਨੂੰ ਦੇ ਦਿੱਤੇ ਗਏ ਪਰ 1844 ਈ. ਵਿਚ ਹਰਨਾਮ ਸਿੰਘ ਦੀ ਮੌਤ ਹੋਣ ਤੇ ਲਾਲ ਸਿੰਘ ਨੂੰ ਇਸਦੇ ਹੱਕ ਮੁੜ ਦੇ ਦਿੱਤੇ ਗਏ। ਸੰਨ 1847 ਵਿਚ ਚਤਰ ਸਿੰਘ ਦੀ ਮੌਤ ਤੇ ਖ਼ੂਨ-ਮੁਆਵਜ਼ੇ ਵਜੋਂ ਮਿਲੇ ਦੋ ਪਿੰਡ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਏ ਅਤੇ ਉਸਦੀ ਬਾਕੀ ਜਾਇਦਾਦ ਉਸਦੇ ਚਾਚੇ ਜਵਾਹਰ ਸਿੰਘ ਨੂੰ ਦੇ ਦਿੱਤੀ। ਜਵਾਹਰ ਸਿੰਘ ਤੋਂ ਬਾਅਦ ਕਿਸ਼ਨ ਸਿੰਘ ਅਤੇ ਜਸਮੇਰ ਸਿੰਘ ਆਪਣੇ ਪਿਤਾ ਦੇ ਹਿੱਸੇ ਦੀ ਜਾਇਦਾਦ ਦੇ ਮਾਲਕ ਬਣੇ। ਕਿਸ਼ਨ ਸਿੰਘ ਅਤੇ ਜਸਮੇਰ ਸਿੰਘ ਦੋਵੇਂ ਸੂਬਾਈ ਦਰਬਾਰੀ ਸਨ। ਕਿਸ਼ਨ ਸਿੰਘ ਨੇ ਪਹਿਲੇ ਸੰਸਾਰ ਯੁੱਧ ਦੌਰਾਨ ਕੁਝ ਰੰਗਰੂਟਾਂ ਦੀ ਭਰਤੀ ਕਰਵਾਈ। ਸੰਨ 1934 ਵਿਚ ਹਰਨਾਮ ਸਿੰਘ ਅਤੇ ਹਰਬੰਸ ਸਿੰਘ, ਦੋ ਲੜਕਿਆਂ ਨੂੰ ਪਿੱਛੇ ਛੱਡ ਕੇ ਅਕਾਲ ਚਲਾਣਾ ਕਰ ਗਿਆ। ਜਸਮੇਰ ਸਿੰਘ ਦੀ ਮੌਤ 1920 ਈ. ਵਿਚ ਹੋਈ। ਇਸਦੇ ਸਰਦਾਰ ਰਾਮ ਨਰਾਇਣ ਸਿੰਘ, ਸ਼ਿਵ ਨਰਾਇਣ ਸਿੰਘ ਅਤੇ ਹਰ ਨਰਾਇਣ ਸਿੰਘ ਤਿੰਨ ਲੜਕੇ ਸਨ। ਸਰਦਾਰ ਰਾਮ ਨਰਾਇਣ ਸਿੰਘ ਨੇ

ਵੀ ਯੁੱਧ ਵਿਚ ਭਰਤੀ ਦਾ ਕੁਝ ਕੰਮ ਕੀਤਾ ਅਤੇ 1925 ਈ. ਵਿਚ ਇਸਦੀ ਮੌਤ ਹੋ ਗਈ। ਸਰਦਾਰ ਸ਼ਿਵ ਨਰਾਇਣ ਸਿੰਘ ਜਿਹੜਾ ਪੁਲਿਸ ਵਿਚ ਇਕ ਸਬ-ਇੰਸਪੈਕਟਰ ਸੀ, ਦੀ ਮੌਤ 1930 ਈ. ਵਿਚ ਹੋਈ। ਸਰਦਾਰ ਹਰ ਨਰਾਇਣ ਕੁਝ ਸਮੇਂ ਲਈ ਮਹਾਰਾਜਾ ਪਟਿਆਲਾ ਦਾ ਏ.ਡੀ.ਸੀ. ਰਿਹਾ।

ਲਾਲ ਸਿੰਘ ਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਕੇਹਰ ਸਿੰਘ ਅਤੇ ਜਾਗੀਰ ਸਿੰਘ ਨੂੰ ਜਾਗੀਰ ਬਹਾਲ ਕਰ ਦਿੱਤੀ ਗਈ। ਸਿੱਖ ਲੜਾਈਆਂ ਸਮੇਂ ਇਸ ਖ਼ਾਨਦਾਨ ਨੇ ਪੂਰੀ ਵਫ਼ਾਦਾਰੀ ਨਿਭਾਈ ਅਤੇ 1857 ਈ. ਦੇ ਗ਼ਦਰ ਦੌਰਾਨ ਦਿੱਲੀ ਵਿਖੇ ਫ਼ੌਜਾਂ ਲਈ ਸਮਾਨ ਅਤੇ ਹੋਰ ਲੋੜੀਂਦੀ ਸਾਮੱਗਰੀ ਦਾ ਪ੍ਰਬੰਧ ਵੀ ਕੀਤਾ। ਇਨ੍ਹਾਂ ਦੇ ਸੁਆਰਾਂ ਨੂੰ ਰਾਜਾ ਨੋਹ ਅਤੇ ਅਸਨਾਦਾ ਸਲਵਾਨ ਦੀਆਂ ਜਾਗੀਰਾਂ ਵਿਚ ਪੈਂਦੇ ਪੁਲਿਸ ਥਾਣਿਆਂ ਤੇ ਲਾਇਆ ਗਿਆ। ਇਸ ਖ਼ਾਨਦਾਨ ਦੇ ਲੋਕ ਅੱਜਕੱਲ੍ਹ ਸਾਧਾਰਣ ਜ਼ਿੰਦਗੀ ਬਸਰ ਕਰ ਰਹੇ ਹਨ।

ਹ.ਪੁ.–ਦੀ ਫੈ..ਨੋ.ਪੰ : 43

**ਤਜ** : ਇਹ ਦਾਲਚੀਨੀ ਦੀ ਜਾਤੀ ਦਾ ਇਕ ਦਰਖ਼ਤ ਹੈ ਜੋ ਮਾਲਾਬਾਰ ਅਤੇ ਪੂਰਬੀ ਬੰਗਾਲ ਵਿਚ ਆਮ ਤੌਰ ਤੇ ਮਿਲਦਾ ਹੈ। ਇਸ ਦੇ ਪੱਤੇ ਨੂੰ ਤੇਜ ਪੱਤਰ ਵੀ ਕਿਹਾ ਜਾਂਦਾ ਹੈ। ਇਸ ਦੀ ਛਿੱਲ ਅਤੇ ਪੱਤੇ ਕਈ ਦਵਾਈਆਂ ਵਿਚ ਵਰਤੇ ਜਾਂਦੇ ਹਨ। ਇਸ ਦਾ ਇਤਰ ਵੀ ਉੱਤਮ ਹੁੰਦਾ ਹੈ।

ਇਸ ਦੀ ਤਾਸੀਰ ਗਰਮ ਖ਼ੁਸ਼ਕ ਹੈ। ਇਹ ਰੀਹ ਅਤੇ ਸੋਜ ਨੂੰ ਦੂਰ ਕਰਦਾ ਹੈ। ਇਸ ਦੀ ਵਰਤੋਂ ਨਾਲ ਨਜ਼ਲਾ ਵੀ ਘੱਟ ਜਾਂਦਾ ਹੈ। ਜੇ ਸਿਰਕੇ ਨਾਲ ਘਸਾ ਕੇ ਇਸ ਦਾ ਲੇਪ ਕੀਤਾ ਜਾਵੇ ਤਾਂ ਦਰਦ ਅਤੇ ਸੋਜ ਘੱਟ ਜਾਂਦੀ ਹੈ।

ਹ.ਪੁ.–ਮ .ਕੋ. 428

**ਤਜਾਰਤੀ ਹਵਾਵਾਂ** : ਧਰਤੀ ਉੱਤੇ ਕਿਸੇ ਸਥਾਨ ਤੋਂ ਕਿਸੇ ਦਿਸ਼ਾ ਵੱਲ ਨੂੰ ਚਲਣ ਵਾਲੀ ਹਵਾ ਨੂੰ ਹਵਾ ਜਾਂ ਪੌਣ ਕਿਹਾ ਜਾਂਦਾ ਹੈ। ਪੌਣ ਹਮੇਸ਼ਾ ਧਰਤੀ ਦੀ ਸਤ੍ਹਾ ਦੇ ਸਮਾਂਨਾਂਤਰ ਚਲਦੀ ਹੈ। ਪੌਣਾਂ ਦੀ ਉਤਪਤੀ ਦਾ ਕਾਰਨ ਮੂਲ ਰੂਪ ਵਿਚ ਹਵਾ ਦੇ ਦਬਾਅ ਦਾ ਅੰਤਰ ਹੈ। ਇਹ ਹਮੇਸ਼ਾ ਵੱਧ ਦਬਾਅ ਦੇ ਖੇਤਰ ਤੋਂ ਘੱਟ ਦਬਾਅ ਵਾਲੇ ਖੇਤਰਾਂ ਵੱਲ ਚਲਦੀਆਂ ਹਨ ਪਰ ਇਹ ਸਿੱਧੀਆਂ ਨਹੀਂ ਚਲਦੀਆਂ ਸਗੋਂ ਇਨ੍ਹਾਂ ਦੀ ਦਿਸ਼ਾ ਵਿਚ ਪ੍ਰਿਥਵੀ ਦੀ ਦੈਨਿਕ ਗਤੀ ਕਾਰਨ ਅੰਤਰ ਆ ਜਾਂਦਾ ਹੈ। ਪ੍ਰਿਥਵੀ ਦੀ ਦੈਨਿਕ ਗਤੀ ਦੇ ਪ੍ਰਭਾਵ ਨਾਲ ਇਹ ਉੱਤਰੀ ਅਰਧ ਗੋਲੇ ਵਿਚ ਆਪਣੇ ਸੱਜੇ ਪਾਸੇ ਅਤੇ ਦੱਖਣੀ ਅਰਧ ਗੋਲੇ ਵਿਚ ਆਪਣੇ ਖੱਬੇ ਪਾਸੇ ਮੁੜ ਜਾਂਦੀਆਂ ਹਨ। ਇਸ ਨੂੰ 1856 ਈ. ਵਿਚ ਅਮਰੀਕਾ ਦੇ ਵਿਗਿਆਨੀ ਵਿਲੀਅਮ ਫੈਰਲ ਨੇ ਇਕ ਪ੍ਰਯੋਗ ਰਾਹੀਂ ਸਿੱਧ ਕੀਤਾ ਸੀ। ਇਸ ਲਈ ਇਸ ਨੂੰ ਫੈਰਲ ਦਾ ਨਿਯਮ ਕਹਿੰਦੇ ਹਨ।

ਪ੍ਰਿਥਵੀ ਤੱਲ ਉੱਤੇ ਕੁਝ ਵੱਧ ਵਾਯੂ ਦਬਾਅ ਪੇਟੀਆਂ ਅਤੇ ਕੁੱਝ ਘੱਟ ਦਬਾਅ ਪੇਟੀਆਂ ਹਨ ਜਿਨ੍ਹਾਂ ਦੀ ਸਥਿਤੀ ਲਗਭਗ ਸਥਾਈ ਹੈ। ਸਾਰਾ ਸਾਲ ਇਨ੍ਹਾਂ ਵੱਧ ਦਬਾਅ ਪੇਟੀਆਂ ਤੋਂ ਘੱਟ ਦਬਾਅ ਪੇਟੀਆਂ ਵੱਲ ਚਲਣ ਵਾਲੀਆਂ ਪੌਣਾਂ ਨੂੰ ਸਥਾਈ ਪੌਣਾਂ ਕਿਹਾ ਜਾਂਦਾ ਹੈ ਅਤੇ ਇਹ ਹਵਾਵਾਂ ਤਜਰਾਤੀ ਹਵਾਵਾਂ ਦਾ ਹੀ ਹਿੱਸਾ ਹਨ।

**ਤਜਾਰਤੀ ਹਵਾਵਾਂ ਦੀ ਉਤਪਤੀ ਦਾ ਕਾਰਨ** : ਭੂ-ਮੱਧ ਰੇਖਾ ਉੱਤੇ ਵੱਧ ਗਰਮੀ ਕਾਰਣ ਘੱਟ ਵਾਯੂ ਦਬਾਅ ਪੇਟੀ ਮਿਲਦੀ ਹੈ। ਭੂ-ਮੱਧ ਰੇਖਾ ਤੋਂ ਉਪਰ ਉਠਣ ਵਾਲੀ ਗਰਮ ਤੇ ਹਲਕੀ ਹਵਾ 30°ਉੱਤਰ ਤੇ ਦੱਖਣੀ ਅਕਸਾਸਾਂ ਕੋਲ ਠੰਢੀ ਤੇ ਭਾਰੀ ਹੋ ਕੇ ਉਤਰਦੀ ਹੈ। ਧਰੁਵਾਂ ਤੋਂ ਖਿਸਕ ਕੇ ਆਉਣ ਵਾਲੀ ਹਵਾ ਵੀ ਇਨ੍ਹਾਂ ਵਿਥਕਾਰਾਂ ਵਿਚ ਹੀ ਹੇਠਾਂ ਉਤਰਦੀ ਹੈ। ਇਨ੍ਹਾਂ ਹੇਠਾਂ ਉਤਰਦੀਆਂ ਹਵਾਵਾਂ ਕਰਕੇ ਕਰਕ ਰੇਖਾ ਤੇ ਮਕਰ ਰੇਖਾ ਦੇ ਨੇੜੇ ਵੱਧ ਵਾਯੂ ਦਬਾਅ ਪੇਟੀ ਬਣ ਜਾਂਦੀ ਹੈ। ਇਸ ਲਈ ਭੂਮੱਧ ਰੇਖਾ ਉੱਤੇ ਘਟ ਵਾਯੂ ਦਬਾਅ ਦੀ ਥਾਂ ਲੈਣ ਲਾਈ 30° ਉੱਤਰ ਤੇ ਦੱਖਣ ਉੱਤੇ ਵੱਧ ਵਾਯੂ ਦਬਾਅ ਖੇਤਰ ਤੋਂ ਭੂ-ਮੱਧ ਰੇਖਾ ਵੱਲ ਤਜਾਰਤੀ ਹਵਾਵਾਂ ਚਲਦੀਆਂ ਹਨ।

**ਸਥਿਤੀ** -- ਤਜਾਰਤੀ ਹਵਾਵਾਂ 5° ਉੱਤਰੀ ਵਿਥਕਾਰ ਤੋਂ 30° ਉੱਤਰੀ ਵਿਥਕਾਰ ਅਤੇ 5° ਦੱਖਣੀ ਵਿਥਕਾਰ ਤੋਂ 30° ਦੱਖਣੀ ਵਿਥਕਾਰਾਂ ਵਿਚ ਚਲਦੀਆਂ ਹਨ। ਇਹ ਪੌਣਾਂ ਉਪ-ਉਸ਼ਣੀ ਵੱਧ ਦਬਾਅ ਪੇਟੀਆਂ ਤੋਂ ਭੂ-ਮੱਧ ਰੇਖੀ ਘਟ ਦਬਾਅ ਵੱਲ ਨੂੰ ਚਲਦੀਆਂ ਹਨ। ਇਹ ਪੌਣਾਂ ਪ੍ਰਾਚੀਨ ਸਮੇਂ ਤੋਂ ਬਾਦਬਾਨੀ ਜਹਾਜ਼ਾਂ ਨੂੰ ਚਲਾਉਣ ਲਈ ਸਹਾਇਕ ਸਿੱਧ ਹੁੰਦੀਆਂ ਹਨ ਇਨ੍ਹਾਂ ਨਾਲ ਵਪਾਰ ਵਿਚ ਕਾਫ਼ੀ ਸਹਾਇਤਾ ਮਿਲਦੀ ਸੀ। ਇਸ ਲਈ ਇਨ੍ਹਾਂ ਦਾ ਨਾਂ ਵਪਾਰਕ ਪੌਣਾਂ ਪੈ ਗਿਆ।

**ਦਿਸ਼ਾ** — ਤਜਾਰਤੀ ਹਵਾਵਾਂ ਉੱਤਰੀ ਅਰਧ ਗੋਲੇ ਵਿਚ ਉੱਤਰ-ਪੂਰਬ ਤੋਂ ਦੱਖਣ-ਪੱਛਮ ਵੱਲ ਅਤੇ ਦੱਖਣੀ ਅਰਧ ਗੋਲੇ ਵਿਚ ਦੱਖਣ-ਪੂਰਬ ਤੋਂ ਉੱਤਰ-ਪੱਛਮ ਵੱਲ ਚਲਦੀਆਂ ਹਨ। ਅਸਲੀਅਤ ਵਿਚ ਤਾਂ ਵਪਾਰਕ ਪੌਣਾਂ ਨੂੰ ਵੱਧ ਦਬਾਅ ਦੀਆਂ ਪੇਟੀਆਂ ਤੋਂ ਘਟ ਦਬਾਅ ਦੀਆਂ ਪੇਟੀਆਂ ਵੱਲ ਨੂੰ ਸਿੱਧਾ ਚਲਣਾ ਚਾਹੀਦਾ ਸੀ ਪਰ ਧਰਤੀ ਦੀ ਦੈਨਿਕ ਗਤੀ ਕਰਕੇ ਇਨ੍ਹਾਂ ਦੀ ਦਿਸ਼ਾ ਵਿਚ ਤਬਦੀਲੀ ਆ ਜਾਂਦੀ ਹੈ। ਦੋਹਾਂ ਅਰਧ ਗੋਲਿਆਂ ਵਿਚ ਪੂਰਬ ਵਲੋਂ ਆਉਣ ਕਾਰਨ ਇਨ੍ਹਾਂ ਨੂੰ ਪੂਰਬੀ ਪੌਣਾਂ ਵੀ ਕਿਹਾ ਜਾਂਦਾ ਹੈ।

**ਵਰਖਾ**—ਇਹ ਹਵਾਵਾਂ ਠੰਢੇ ਖੇਤਰਾਂ ਤੋਂ ਗਰਮ ਖੇਤਰਾਂ ਵੱਲ ਚਲਦੀਆਂ ਹਨ। ਇਸ ਲਈ ਮਾਰਗ ਵਿਚ ਗਰਮ ਹੋ ਜਾਣ ਤੇ ਇਹ ਵਰਖਾ ਨਹੀਂ ਕਰਦੀਆਂ ਪਰ ਜਦੋਂ ਇਹ ਹਵਾਵਾਂ ਕਿਸੇ ਸਮੁੰਦਰ ਦੇ ਉਪਰੋਂ ਲੰਘਦੀਆਂ ਹਨ ਤਾਂ ਕਾਫ਼ੀ ਜਲ ਵਾਸ਼ਪ ਉਠਾ ਲੈਣ ਨਾਲ ਮਹਾਂਦੀਪਾਂ ਦੇ ਪੂਰਬੀ ਭਾਗਾਂ ਵਿਚ ਵਰਖਾ ਕਰਦੀਆਂ ਹਨ ਅਤੇ ਪੱਛਮੀ ਭਾਗਾਂ ਤੱਕ ਪਹੁੰਚਦੇ ਪਹੁੰਚਦੇ ਖ਼ੁਸ਼ਕ ਹੋ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਪੌਣਾਂ ਦੇ ਖੇਤਰ ਵਿਚ ਪਾਏ ਜਾਣ ਵਾਲੇ ਸਹਾਰਾ ਕਾਲਾਹਾਰੀ, ਆਂਟਾਕਾਮਾ ਆਦਿ ਮਾਰੂਥਲ ਮਹਾਂਦੀਪ ਦੇ ਪੱਛਮੀ ਭਾਗਾਂ ਵਿਚ ਸਥਿਤ ਹਨ।

**ਗਤੀ ਵਿਚ ਤਬਦੀਲੀ**—ਸਰਦੀਆਂ ਦੀ ਰੁੱਤ ਵਿਚ ਇਨ੍ਹਾਂ ਹਵਾਵਾਂ ਦੀ ਗਤੀ ਗਰਮੀ ਨਾਲੋਂ ਤੇਜ਼ ਹੁੰਦੀ ਹੈ ਕਿਉਂਕਿ ਗਰਮੀਆਂ ਵਿਚ ਮਾਨਸੂਨ ਪੌਣਾਂ ਵਿਚ ਤਬਦੀਲੀ ਇਨ੍ਹਾਂ ਨੂੰ ਕਮਜ਼ੋਰ ਕਰ ਦਿੰਦੀ ਹੈ।

**ਵਧੀਆ ਮੌਸਮ ਦੀਆਂ ਪ੍ਰਤੀਕ** — ਤਜਾਰਤੀ ਹਵਾਵਾਂ 10 ਤੋਂ 15 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਦੀਆਂ ਹਨ। ਇਨ੍ਹਾਂ ਦੀ ਸਭ ਤੋਂ ਵੱਧ ਵਿਸ਼ੇਸ਼ਤਾ ਹੈ ਕਿ ਇਹ ਲਗਾਤਾਰ ਚਲਦੀਆਂ ਰਹਿੰਦੀਆਂ ਹਨ। ਇਸ ਲਈ ਇਨ੍ਹਾਂ ਹਵਾਵਾਂ ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ।

**ਤਜਾਰਤੀ ਮੰਡੀਆਂ (Commercial Markets)** ਇਤਿਹਾਸਕ ਤੌਰ ਤੇ ਤਜਾਰਤੀ ਮੰਡੀਆਂ ਉਸ ਸਥਾਨ ਨੂੰ ਆਖਿਆ ਜਾਂਦਾ ਹੈ ਜਿਥੇ ਵਿਕਰੇਤਾ ਅਤੇ ਖ਼ਰੀਦਾਰ ਤਜਾਰਤ ਭਾਵ ਵਪਾਰ ਕਰਨ ਲਈ ਇੱਕਠੇ ਹੁੰਦੇ ਹਨ। ਇਹ ਤਜਾਰਤ ਕੁਝ ਨਿਯਮਾਂ ਅਧੀਨ ਹੁੰਦੀ ਹੈ। ਪੁਰਾਤਨ ਸਮਿਆਂ ਵਿਚ ਵਸਤਾਂ ਦੀ ਵੇਚ-ਖ਼ਰੀਦ ਲਈ ਕਸਬਿਆਂ ਅਤੇ ਸ਼ਹਿਰਾਂ ਵਿਚ ਮੇਲੇ ਲਗਦੇ ਸਨ ਅਤੇ ਵਿਸ਼ੇਸ਼ੀਕਰਨ ਦੇ ਵਿਕਾਸ ਨਾਲ ਤਜਾਰਤੀ ਮੰਡੀਆਂ ਕਸਬਿਆਂ ਅਤੇ ਸ਼ਹਿਰਾਂ ਵਿਚ ਕੇਂਦਰਿਤ ਹੁੰਦੀਆਂ ਗਈਆਂ ਪ੍ਰੰਤੂ ਅਰਥ ਵਿਗਿਆਨ ਵਿਚ ਤਜਾਰਤੀ ਮੰਡੀ ਦਾ ਅਰਥ ਉਸ ਖੇਤਰ ਤੋਂ ਲਿਆ ਜਾਂਦਾ ਹੈ ਜਿਸ ਕਿਸੇ ਵਸਤੂ ਦੇ ਵਿਕਰੇਤਾ ਅਤੇ ਖ਼ਰੀਦਾਰ ਫੈਲੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਵਿਚਕਾਰ ਕਿਸੇ ਨਾ ਕਿਸੇ ਰੂਪ ਵਿਚ ਸਬੰਧ ਹੁੰਦਾ ਹੈ। ਕੂਰਨੋ ਦੇ ਅਨੁਸਾਰ ਅਰਥ ਵਿਗਿਆਨੀ ਮੰਡੀ ਦਾ ਅਰਥ ਕਿਸੇ ਖ਼ਾਸ ਸਥਾਨ ਤੋਂ

ਜਿਥੇ ਵਸਤਾਂ ਦੀ ਵੇਚ-ਖਰੀਦ ਹੁੰਦੀ ਹੈ, ਨਹੀਂ ਲੈਂਦੇ ਸਗੋਂ ਸਾਰਾ ਖੇਤਰ ਮੰਡੀ ਹੁੰਦਾ ਹੈ ਜਿਥੇ ਖ਼ਰੀਦਾਰਾਂ ਅਤੇ ਵਿਕਰੇਤਿਆਂ ਵਿਚਕਾਰ ਸੁਤੰਤਰ ਵਪਾਰ ਸਮਾਨ ਵਸਤਾਂ ਦੀਆਂ ਕੀਮਤਾਂ ਨੂੰ ਛੇਤੀ ਅਤੇ ਬਰਾਬਰ ਕਰਨ ਦੀ ਪ੍ਰਵਿਰਤੀ ਰੱਖਦਾ ਹੈ। ਇਸ ਤਰ੍ਹਾਂ ਤਜਾਰਤੀ ਮੰਡੀ ਦੀ ਹੋਂਦ ਲਈ ਖ਼ਰੀਦਾਰਾਂ ਅਤੇ ਵਿਕਰੇਤਿਆਂ ਵਿਚਕਾਰ ਆਪਸੀ ਸੰਪਰਕ ਹੋਣਾ ਜ਼ਰੂਰੀ ਹੁੰਦਾ ਹੈ। ਸੰਪਰਕ ਕਰਨ ਲਈ ਉਨ੍ਹਾਂ ਦਾ ਆਪਸ ਵਿਚ ਮਿਲਣਾ ਜ਼ਰੂਰੀ ਨਹੀਂ ਹੁੰਦਾ। ਉਹ ਆਪਸ ਵਿਚ ਸੰਪਰਕ ਟੈਲੀਫ਼ੂਨ, ਪੱਤਰ, ਏਜੰਟਾਂ ਰਾਹੀਂ ਵੀ ਕਰ ਸਕਦੇ ਹਨ ਅਤੇ ਇਕ ਵਸਤੂ ਦੀ ਸਾਰੀ ਮੰਡੀ ਵਿਚ ਇਕ ਹੀ ਕੀਮਤ ਪ੍ਰਚਲਿਤ ਹੋਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ।

ਤਜਾਰਤੀ ਮੰਡੀ ਦਾ ਵਰਗੀਕਰਨ ਵਿਭਿੰਨ ਆਧਾਰਾਂ ਅਨੁਸਾਰ ਕੀਤਾ ਗਿਆ ਹੈ। ਸਥਾਨ ਦੇ ਆਧਾਰ ਤੇ ਮੰਡੀ ਨੂੰ ਸਥਾਨਕ ਮੰਡੀ, ਰਾਸ਼ਟਰੀ ਮੰਡੀ ਅਤੇ ਅੰਤਰਰਾਸ਼ਟਰੀ ਮੰਡੀ ਵਿਚ ਵੰਡਿਆ ਗਿਆ ਹੈ। ਜਿਹੜੀਆਂ ਵਸਤਾਂ ਭਾਰੀਆਂ ਅਤੇ ਨਾਸ਼ਵਾਨ ਹੋਣ ਉਨ੍ਹਾਂ ਦੀ ਮੰਡੀ ਸਥਾਨਕ ਹੁੰਦੀ ਹੈ। ਜਿਨ੍ਹਾਂ ਵਸਤਾਂ ਦੇ ਖ਼ਰੀਦਾਰ ਸਾਰੇ ਦੇਸ਼ ਵਿਚ ਫੈਲੇ ਹੋਏ ਹੋਣ ਅਤੇ ਉਨ੍ਹਾਂ ਦੀ ਢੋਆ-ਢੁਆਈ ਆਬਾਦੀ ਦੇ ਨਾਲ ਕੀਤੀ ਜਾ ਸਕੇ ਅਤੇ ਉਹ ਚਿਰ-ਸਥਾਈ ਵੀ ਹੋਣ, ਉਨ੍ਹਾਂ ਦੀ ਮੰਡੀ ਰਾਸ਼ਟਰੀ ਪੱਧਰ ਤੇ ਹੁੰਦੀ ਹੈ। ਇਸੇ ਤਰ੍ਹਾਂ ਜਿਨ੍ਹਾਂ ਵਸਤਾਂ ਦੇ ਖਰੀਦਾਰ ਸਾਰੇ ਸੰਸਾਰ ਵਿਚ ਫੈਲੇ ਹੋਏ ਹੋਣ ਉਨ੍ਹਾਂ ਵਸਤਾਂ ਦੀ ਮੰਡੀ ਅੰਤਰ-ਰਾਸ਼ਟਰੀ ਹੁੰਦੀ ਹੈ।

ਮੰਡੀ ਦੀ ਵੰਡ ਕਾਰਜਾਤਮਕ ਤੌਰ ਤੇ ਮਿਸ਼ਰਿਤ ਮੰਡੀ, ਵਿਸ਼ੇਸ਼ਕ੍ਰਿਤ ਮੰਡੀ, ਨਮੂਨੇ ਰਾਹੀਂ ਵਿਕਰੀ ਜਾਂ ਵਰਗਾਂ ਰਾਹੀਂ ਵਿਕਰੀ ਦੇ ਰੂਪ ਵਿਚ ਵੀ ਕੀਤੀ ਗਈ ਹੈ। ਮਿਸ਼ਰਿਤ ਮੰਡੀ ਉਸ ਮੰਡੀ ਨੂੰ ਆਖਿਆ ਜਾਂਦਾ ਹੈ ਜਿਥੇ ਹਰ ਤਰ੍ਹਾਂ ਦੀਆਂ ਵਸਤਾਂ ਦੀ ਵੇਚ-ਖਰੀਦ ਹੁੰਦੀ ਹੋਵੇ। ਵਿਸ਼ੇਸ਼ਕ੍ਰਿਤ ਮੰਡੀ ਵਿਚ ਕੇਵਲ ਇਕ ਕਿਸਮ ਦੀ ਵਸਤੂ ਦੀ ਹੀ ਵੇਚ-ਖਰੀਦ ਹੁੰਦੀ ਹੈ ਜਿਵੇਂ ਸਬਜ਼ੀ ਮੰਡੀ, ਅਨਾਜ ਮੰਡੀ, ਲੌਂਗ ਮੰਡੀ ਆਦਿ।

ਮਾਤਰਾ ਦੇ ਆਧਾਰ ਤੇ ਮੰਡੀ ਦੀ ਵੰਡ ਥੋਕ ਮੰਡੀ ਅਤੇ ਪਰਚੂਨ ਮੰਡੀ ਦੇ ਰੂਪ ਵਿਚ ਕੀਤੀ ਗਈ ਹੈ। ਥੋਕ ਮੰਡੀ ਵਿਚ ਵਸਤਾਂ ਦੀ ਵੇਚ-ਖਰੀਦ ਵੱਡੀ ਮਾਤਰਾ ਵਿਚ ਕੀਤੀ ਜਾਂਦੀ ਹੈ। ਇਸ ਦੇ ਮੁਕਾਬਲੇ ਪਰਚੂਨ ਮੰਡੀ ਵਿਚ ਵਸਤਾਂ ਦੀ ਵੇਚ-ਖਰੀਦ ਥੋੜ੍ਹੀ ਥੋੜ੍ਹੀ ਮਾਤਰਾ ਵਿਚ ਕੀਤੀ ਜਾਂਦੀ ਹੈ। ਮੰਡੀ ਦੀ ਵੰਡ, ਨਿਯੰਤਰਣ ਦੇ ਅਨੁਸਾਰ ਨਿਯਮਿਤ ਮੰਡੀ ਅਤੇ ਅਨਿਯਮਤ ਮੰਡੀ ਦੇ ਰੂਪ ਵਿਚ ਕੀਤੀ ਜਾਂਦੀ ਹੈ। ਨਿਯਮਿਤ ਮੰਡੀ ਵਿਚ ਖਰੀਦ ਵੇਚ ਦਾ ਕੰਮ ਵਿਸ਼ੇਸ਼ ਕਮੇਟੀ ਦੁਆਰਾ ਬਣਾਏ ਗਏ ਨਿਯਮਾਂ ਅਨੁਸਾਰ ਕੀਤਾ ਜਾਂਦਾ ਹੈ ਪਰੰਤੂ ਅਨਿਯਮਿਤ ਮੰਡੀ ਵਿਚ ਵੇਚ-ਖਰੀਦ ਦਾ ਕੰਮ ਸਾਧਾਰਨ ਤੌਰ ਤੇ ਵਸਤੂ ਦੇ ਆਧਾਰ ਤੇ ਵਸਤੂ ਮੰਡੀ, ਕਿਰਤ ਮੰਡੀ ਅਤੇ ਮੁਦਰਾ ਮੰਡੀ ਦੇ ਰੂਪ ਵਿਚ ਕੀਤਾ ਗਿਆ ਹੈ। ਉਹ ਮੰਡੀ ਜਿਥੇ ਵਸਤੂਆਂ ਦੀ ਵੇਚ-ਖਰੀਦ ਕੀਤੀ ਜਾਂਦੀ ਹੋਵੇ, ਉਸਨੂੰ ਵਸਤੂ ਮੰਡੀ ਆਖਿਆ ਜਾਂਦਾ ਹੈ। ਜਿਸ ਮੰਡੀ ਵਿਚ ਕਿਰਤ ਦੀ ਵੇਚ-ਖਰੀਦ ਕੀਤੀ ਜਾਂਦੀ ਹੋਵੇ ਉਸਨੂੰ ਕਿਰਤ ਮੰਡੀ ਆਖਿਆ ਜਾਂਦਾ ਹੈ। ਜਿਥੇ ਮੁਦਰਾ ਵਿਆਜ ਉੱਤੇ ਉਧਾਰ ਲਈ ਦਿੱਤੀ ਜਾਂਦੀ ਹੈ ਉਸਨੂੰ ਮੁਦਰਾ ਮੰਡੀ ਕਿਹਾ ਜਾਂਦਾ ਹੈ। ਜਿਸ ਮੰਡੀ ਵਿਚ ਮੁਦਰਾ ਲੰਬੇ ਸਮੇਂ ਲਈ ਉਧਾਰ ਦਿੱਤੀ ਜਾਂਦੀ ਹੈ ਉਸਨੂੰ ਪੂੰਜੀ ਮੰਡੀ ਆਖਿਆ ਜਾਂਦਾ ਹੈ।

ਸਮੇਂ ਦੇ ਆਧਾਰ ਤੇ ਮੰਡੀ ਦੀ ਵੰਡ ਰੋਜ਼ਾਨਾ ਮੰਡੀ, ਅਲਪ-ਕਾਲੀ ਮੰਡੀ ਅਤੇ ਦੀਰਘਕਾਲੀ ਮੰਡੀ ਵਿਚ ਕੀਤੀ ਜਾਂਦੀ ਹੈ। ਰੋਜ਼ਾਨਾ ਮੰਡੀ ਵਿਚ ਪੂਰਤੀ ਨੂੰ ਮੰਗ ਦੇ ਅਨੁਸਾਰ ਤਬਦੀਲ ਕਰਨ ਦਾ ਸਮਾਂ ਨਹੀਂ ਹੁੰਦਾ। ਇਸ ਸਮੇਂ ਵਿਚ ਕੀਮਤਾਂ ਵਿਚ ਤਬਦੀਲੀ ਮੰਗ ਵਿਚ ਤਬਦੀਲੀ ਦੇ ਅਨੁਸਾਰ ਹੁੰਦੀ ਹੈ। ਮੰਗ ਦੇ ਵਧਣ ਨਾਲ ਕੀਮਤਾਂ ਵਧ ਜਾਂਦੀਆਂ ਹਨ ਅਤੇ ਮੰਗ ਦੇ ਘਟਣ ਨਾਲ ਕੀਮਤਾਂ ਘਟ ਜਾਂਦੀਆਂ ਹਨ। ਪੂਰਤੀ ਵਿਚ ਤਬਦੀਲੀ ਕੇਵਲ ਚਾਲੂ ਸਟਾਕ ਤੱਕ ਹੀ ਕੀਤੀ ਜਾ ਸਕਦੀ ਹੈ। ਜਦੋਂ ਕਿਸੇ ਵਸਤੂ ਦੀ ਮੰਗ ਵਧਣ ਨਾਲ ਪੂਰਤੀ ਵਿਚ ਵਾਧਾ ਉਤਪਾਦਨ ਦੇ ਬਦਲਵੇਂ ਸਾਧਨਾਂ ਦੀ ਮਾਤਰਾ ਵਿਚ ਤਬਦੀਲੀ ਦੁਆਰਾ ਕੀਤਾ ਜਾ ਸਕਦਾ ਹੋਵੇ ਤਾਂ ਉਸਨੂੰ ਅਲਪਕਾਲੀ ਮੰਡੀ ਵੀ ਆਖਿਆ ਜਾਂਦਾ ਹੈ। ਅਲਪਕਾਲੀ ਮੰਡੀ ਵਿਚ ਫਰਮ ਕੋਲ ਉਤਪਾਦਨ ਸਮਰੱਥਾ ਨੂੰ ਵਧਾਉਣ ਨੂੰ ਮੰਗ ਦੇ ਅਨੁਸਾਰ ਘਟਾਇਆ ਜਾਂ ਵਧਾਇਆ ਜਾ ਸਕਦਾ ਹੋਵੇ, ਉਸਨੂੰ ਦੀਰਘਕਾਲੀ ਮੰਡੀ ਆਖਿਆ ਜਾਂਦਾ ਹੈ। ਇਸ ਮੰਡੀ ਵਿਚ ਉਤਪਾਦਨ ਦੇ ਸਾਰੇ ਸਾਧਨ ਬਦਲਵੇਂ ਹੁੰਦੇ ਹਨ ਜਿਸ ਕਰਕੇ ਫਰਮ ਉਤਪਾਦਨ ਸਮਰੱਥਾ ਵਿਚ ਤਬਦੀਲੀ ਕਰ ਸਕਦੀ ਹੈ।

ਪੂੰਜੀਵਾਦੀ ਅਰਥ ਵਿਵਸਥਾ ਦੀਆਂ ਕ੍ਰਿਆਵਾਂ ਦਾ ਕੇਂਦਰ ਮੰਡੀ ਹੈ। ਵਸਤਾਂ ਦੀਆਂ ਕੀਮਤਾਂ ਅਤੇ ਉਤਪਾਦਨ ਦਾ ਨਿਰਧਾਰਣ ਮੰਡੀ ਵਿਚ ਹੁੰਦਾ ਹੈ। ਕਿਸੇ ਵਸਤੂ ਦਾ ਕਿੰਨੀ ਮਾਤਰਾ 'ਚ ਉਤਪਾਦਨ ਕੀਤਾ ਜਾਵੇਗਾ ਜਾਂ ਕਿਸੇ ਵਸਤੂ ਦੀ ਕੀ ਕੀਮਤ ਨਿਰਧਾਰਤ ਹੋਵੇਗੀ, ਇਹ ਗੱਲ ਮੰਡੀ ਦੀ ਬਣਤਰ ਤੇ ਨਿਰਭਰ ਕਰਦੀ ਹੈ। ਵਸਤੂ ਦੇ ਸਰੂਪਾਂ, ਵਿਕਰੇਤਿਆਂ ਅਤੇ ਖਰੀਦਾਰਾਂ ਦੀ ਸੰਖਿਆ ਅਤੇ ਮੰਡੀ ਬਾਰੇ ਉਨ੍ਹਾਂ ਦੇ ਗਿਆਨ ਦੇ ਆਧਾਰ ਅਨੁਸਾਰ ਪੂੰਜੀਵਾਦੀ ਅਰਥ ਵਿਵਸਥਾ ਵਿਚ ਮੰਡੀ ਦੀ ਵੰਡ ਪੂਰਨ ਪ੍ਰਤਿਯੋਗਤਾ, ਏਕਾਧਿਕਾਰ ਮੰਡੀ ਅਤੇ ਅਪੂਰਨ ਪ੍ਰਤੀਯੋਗਤਾ ਮੰਡੀ ਦੇ ਰੂਪ ਵਿਚ ਕੀਤੀ ਜਾਂਦੀ ਹੈ। ਅਪੂਰਨ ਪ੍ਰਤਿਯੋਗਤਾ, ਏਕਾਧਿਕਾਰ ਮੰਡੀ ਦੇ ਕਈ ਰੂਪ ਹਨ ਜਿਵੇਂ ਕਿ ਦ੍ਵਿ-ਅਧਿਕਾਰ (Duopoly) ਅਲਪਾਧਿਕਾਰ (Oligopoly) ਅਤੇ ਏਕਾਧਿਕਾਰੀ ਪ੍ਰਤਿਯੋਗਤਾ (Monoplistic Competition)।

ਪੂਰਨ ਪ੍ਰਤਿਯੋਗਤਾ ਮੰਡੀ ਉਸਨੂੰ ਆਖਿਆ ਜਾਂਦਾ ਹੈ ਜਿਸ ਵਿਚ ਖਰੀਦਾਰਾਂ ਅਤੇ ਵਿਕਰੇਤਿਆਂ ਦੀ ਬਹੁ-ਗਿਣਤੀ ਹੁੰਦੀ ਹੈ, ਵੇਚੀ ਜਾਣ ਵਾਲੀ ਵਸਤੂ ਸਮਰੂਪ ਹੁੰਦੀ ਹੈ ਅਤੇ ਮੰਡੀ ਵਿਚ ਵਿਕਰੇਤਿਆਂ ਅਤੇ ਖਰੀਦਾਰਾਂ ਉੱਤੇ ਕਿਸੇ ਤਰ੍ਹਾਂ ਦੀ ਕੋਈ ਬੰਦਸ਼ ਨਹੀਂ ਹੁੰਦੀ। ਅਜਿਹੀ ਮੰਡੀ ਵਿਚ ਕੋਈ ਇਕੱਲਾ ਖਰੀਦਾਰ ਜਾਂ ਵਿਕਰੇਤਾ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਸਾਰੀ ਮੰਡੀ ਵਿਚ ਵਸਤੂ ਦੀ ਇਕ ਹੀ ਕੀਮਤ ਹੁੰਦੀ ਹੈ। ਅਜਿਹੀ ਮੰਡੀ ਵਿਚ ਖਰੀਦਾਰਾਂ ਅਤੇ ਵਿਕਰੇਤਿਆਂ ਦੀ ਬਹੁਤ ਜ਼ਿਆਦਾ ਸੰਖਿਆ ਹੁੰਦੀ ਹੈ। ਹਰ ਇਕ ਵਿਕਰੇਤਾ ਕੁੱਲ ਉਤਪਾਦਨ ਦਾ ਥੋੜ੍ਹਾ ਜਿਹਾ ਭਾਗ ਉਤਪਾਦਨ ਕਰਦਾ ਹੈ ਜਿਸ ਕਰਕੇ ਉਸ ਦੀਆਂ ਵਿਅਕਤੀ-ਗਤ ਕ੍ਰਿਆਵਾਂ ਦਾ ਪ੍ਰਭਾਵ ਵਸਤੂ ਦੀ ਕੀਮਤ ਉੱਤੇ ਨਹੀਂ ਪੈਂਦਾ ਹੈ। ਹਰ ਇਕ ਫਰਮ ਕੀਮਤ ਨੂੰ ਅਪਣਾਉਂਦੀ ਹੈ। ਇਸੇ ਤਰ੍ਹਾਂ ਖਰੀਦਾਰਾਂ ਵਿਚਕਾਰ ਕੋਈ ਸਮਝੌਤਾ ਨਹੀਂ ਹੁੰਦਾ ਅਤੇ ਉਹ ਇਕ ਦੂਜੇ ਤੋਂ ਸੁਤੰਤਰ ਰੂਪ ਵਿਚ ਕੰਮ ਕਰਦੇ ਹਨ। ਇਕ ਉਦਯੋਗ ਵਿਚ ਕੰਮ ਕਰਦੀਆਂ ਸਾਰੀਆਂ ਫਰਮਾਂ ਦੁਆਰਾ ਸਮਰੂਪ ਵਸਤਾਂ ਦਾ ਉਤਪਾਦਨ ਕੀਤਾ ਜਾਂਦਾ ਹੈ। ਵਸਤਾਂ ਵਿਚ ਕੋਈ ਭਿੰਨਤਾ ਨਹੀਂ ਪਾਈ ਜਾਂਦੀ। ਪੂਰਨ ਪ੍ਰਤਿਯੋਗਤਾ ਮੰਡੀ ਵਿਚ ਦੀਰਘਕਾਲੀ ਫਰਮਾਂ ਉਦਯੋਗ ਵਿਚ ਪ੍ਰਵੇਸ਼ ਕਰ ਸਕਦੀਆਂ ਹਨ ਅਤੇ ਪੁਰਾਣੀਆਂ ਫਰਮਾਂ ਉਦਯੋਗ ਛੱਡ ਸਕਦੀਆਂ ਹਨ। ਖਰੀਦਾਰਾਂ ਅਤੇ ਵਿਕਰੇਤਿਆਂ ਨੂੰ ਪ੍ਰਚਲਿਤ ਕੀਮਤ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ। ਜੇਕਰ ਕੋਈ ਵਿਕਰੇਤਾ ਮੰਡੀ ਵਿਚ ਪ੍ਰਚਲਿਤ ਕੀਮਤ ਤੋਂ ਵੱਧ ਕੀਮਤ ਵਸੂਲ ਕਰਨ ਦਾ ਯਤਨ ਕਰਦਾ ਹੈ ਤਾਂ ਖ਼ਰੀਦਾਰ ਉਸ ਵਿਕਰੇਤਾ ਨੂੰ ਛੱਡ ਕੇ ਦੂਜੇ ਵਿਕਰੇਤਾ ਪਾਸੋਂ ਵਸਤੂ ਦੀ ਖ਼ਰੀਦ ਕਰ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਵਸਤੂ ਦੀ ਪ੍ਰਚਲਿਤ ਕੀਮਤ ਦਾ ਪਤਾ ਹੁੰਦਾ ਹੈ। ਇਸ ਤਰ੍ਹਾਂ ਦੀ ਮੰਡੀ ਵਿਚ ਉਤਪਾਦਨ ਦੇ ਸਾਧਨਾਂ ਵਿਚਕਾਰ ਪੂਰਨ ਗਤੀਸ਼ੀਲਤਾ ਹੁੰਦੀ ਹੈ। ਉਤਪਾਦਨ ਦੇ ਸਾਧਨ ਜਿਸ ਉਦਯੋਗ ਵਿਚ ਆਪਣੀ ਸੇਵਾ ਨੂੰ ਲਾਭਦਾਇਕ ਸਮਝਦੇ ਹਨ, ਉਹ ਉਸ ਵਿਚ ਪ੍ਰਵੇਸ਼ ਕਰਦੇ ਹਨ। ਉਨ੍ਹਾਂ ਦੀ ਗਤੀਸ਼ੀਲਤਾ ਵਿਚ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਹੁੰਦੀ। ਇਸ ਤਰ੍ਹਾਂ ਦੀ ਮੰਡੀ ਵਿਚ ਵਸਤੂ ਦੀ ਕੇਵਲ ਇਕ ਹੀ ਕੀਮਤ ਨਿਸ਼ਚਿਤ ਹੁੰਦੀ ਹੈ ਅਤੇ ਫਰਮ ਦੀ ਵਸਤੂ ਦੀ ਮੰਗ

ਮੰਡੀ ਦੀ ਪ੍ਰਚਲਿਤ ਕੀਮਤ ਉੱਤੇ ਪੂਰਨ ਲਚਕਦਾਰ ਹੁੰਦੀ ਹੈ। ਫਰਮ ਦੀ ਆਪਣੀ ਕੋਈ ਕੀਮਤ ਨਹੀਂ ਹੁੰਦੀ। ਇਕ ਫਰਮ ਕੀਮਤ ਨੂੰ ਅਪਨਾਉਣ ਵਾਲੀ ਹੁੰਦੀ ਹੈ। ਦਿੱਤੀ ਹੋਈ ਕੀਮਤ ਅਨੁਸਾਰ ਹਰ ਇਕ ਫਰਮ ਉਤਪਾਦਨ ਦੀ ਮਾਤਰਾ ਦਾ ਨਿਰਧਾਰਣ ਕਰਦੀ ਹੈ। ਇਸ ਤਰ੍ਹਾਂ ਦੀ ਮੰਡੀ ਅੰਤਰ-ਰਾਸ਼ਟਰੀ ਪੱਧਰ ਉੱਤੇ ਮੁੱਢਲੀਆਂ ਵਸਤਾਂ ਜਿਵੇਂ ਕਣਕ, ਉੱਨ, ਤਾਂਬਾ ਆਦਿ ਦੀ ਹੁੰਦੀ ਹੈ।

ਮੰਡੀ ਦੇ ਇਕ ਸਿਰੇ ਤੇ ਪੂਰਨ ਪ੍ਰਤਿਯੋਗਤਾ ਅਤੇ ਦੂਜੇ ਸਿਰੇ ਤੇ ਏਕਾਧਿਕਾਰ ਮੰਡੀ ਹੁੰਦੀ ਹੈ। ਮੰਡੀ ਵਿਚ ਏਕਾਧਿਕਾਰ ਦੀ ਹਾਲਤ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਵਸਤੂ ਦਾ ਮੰਡੀ ਵਿਚ ਇਕ ਹੀ ਵਿਕਰੇਤਾ ਹੋਵੇ ਅਤੇ ਦੂਜੇ ਵਿਕਰੇਤਾ ਮੰਡੀ ਵਿਚ ਦਾਖ਼ਲ ਨਾ ਹੋ ਸਕਣ। ਇਸ ਤਰ੍ਹਾਂ ਦੀ ਮੰਡੀ ਵਿਚ ਵਸਤੂ ਦੀ ਪੂਰਤੀ ਉੱਤੇ ਫ਼ਰਮ ਦਾ ਪੂਰਾ ਕੰਟਰੋਲ ਹੁੰਦਾ ਹੈ ਅਤੇ ਉਤਪਾਦਨ ਕੀਤੀ ਜਾਣ ਵਾਲੀ ਵਸਤੂ ਦੇ ਨਜ਼ਦੀਕੀ ਪ੍ਰਤਿਸ-ਥਾਪਨ ਨਹੀਂ ਹੁੰਦੇ। ਏਕਾਧਿਕਾਰ ਦੇ ਹੋਂਦ ਵਿਚ ਆਉਣ ਦਾ ਵੱਡਾ ਕਾਰਨ ਇਹ ਹੈ ਕਿ ਉਦਯੋਗ ਵਿਚ ਨਵੀਆਂ ਫਰਮਾਂ ਦੇ ਦਾਖ਼ਲ ਹੋਣ ਤੇ ਸਖ਼ਤ ਪਾਬੰਦੀ ਹੁੰਦੀ ਹੈ। ਨਵੀਆਂ ਫਰਮਾਂ ਦੇ ਉਦਯੋਗ ਵਿਚ ਦਾਖ਼ਲ ਹੋਣ ਦੀਆਂ ਰੁਕਾਵਟਾਂ ਹੀ ਏਕਾਧਿਕਾਰੀ ਦੀ ਸ਼ਕਤੀ ਦਾ ਮੁੱਖ ਸਾਧਨ ਹਨ। ਇਹ ਰੁਕਾਵਟਾਂ ਕਾਨੂੰਨੀ, ਕੱਚੇ ਮਾਲ ਤੇ ਕੰਟਰੋਲ, ਵਿਸ਼ੇਸ਼-ਅਧਿਕਾਰ ਅਤੇ ਕੁਸ਼ਲਤਾ ਦੇ ਕਾਰਨ ਹੁੰਦੀਆਂ ਹਨ। ਏਕਾਧਿਕਾਰ ਕਾਨੂੰਨੀ ਰੋਕਾਂ ਕਾਰਨ ਪੈਦਾ ਹੋਇਆ ਏਕਾਧਿਕਾਰ, ਪੇਟੈਂਟ ਕਾਨੂੰਨ ਜਾਂ ਅਧਿਕਾਰਾਂ ਦੇ ਬਦਲਣ ਨਾਲ ਖ਼ਤਮ ਹੋ ਜਾਂਦਾ ਹੈ। ਇਸ ਤਰ੍ਹਾਂ ਦੁਰਲੱਭ ਕੱਚੇ ਮਾਲ ਦੇ ਪ੍ਰਤਿਸਥਾਪਨ ਦੇ ਹੋਂਦ ਵਿਚ ਆਉਣ ਨਾਲ ਵੀ ਏਕਾਧਿਕਾਰ ਟੁੱਟ ਜਾਂਦਾ ਹੈ ਅਤੇ ਨਵੀਆਂ ਫਰਮਾਂ ਉਦਯੋਗ ਵਿਚ ਦਾਖ਼ਲ ਹੋ ਜਾਂਦੀਆਂ ਹਨ। ਤਕਨੀਕੀ ਕੁਸ਼ਲਤਾ ਦੇ ਆਧਾਰ ਤੇ ਥੋੜ੍ਹੇ ਸਮੇਂ ਵਿਚ ਨਵੀਆਂ ਫਰਮਾਂ ਨੂੰ ਉਦਯੋਗ ਵਿਚ ਦਾਖ਼ਲ ਹੋਣ ਤੋਂ ਰੋਕਿਆ ਜਾ ਸਕਦਾ ਹੈ ਪਰ ਲੰਬੇ ਸਮੇਂ ਵਿਚ ਇਹ ਵੀ ਸੰਭਵ ਨਹੀਂ ਹੁੰਦਾ। ਲੰਬੇ ਸਮੇਂ ਵਿਚ ਮੰਡੀ ਦਾ ਆਕਾਰ ਇੰਨਾ ਜ਼ਿਆਦਾ ਵੱਧ ਜਾਂਦਾ ਹੈ ਕਿ ਨਵੀਆਂ ਫਰਮਾਂ ਦੀ ਲੋੜ ਮਹਿਸੂਸ ਹੁੰਦੀ ਹੈ! ਗੁੱਟਬੰਦੀ ਦੇ ਆਧਾਰ ਤੇ ਪੈਦਾ ਹੋਇਆ ਏਕਾਧਿਕਾਰ ਵੀ ਕੁਝ ਸਮੇਂ ਬਾਅਦ ਕਮਜ਼ੋਰ ਪੈ ਸਕਦਾ ਹੈ। ਲੰਬੇ ਸਮੇਂ ਵਿਚ ਇਹ ਸੰਭਵ ਹੈ ਕਿ ਕੁਝ ਮੈਂਬਰ ਸੰਗਠਨ ਨੂੰ ਛੱਡ ਜਾਣ ਅਤੇ ਕੁਝ ਨਵੀਆਂ ਫ਼ਰਮਾਂ ਦੇ ਮੁਕਾਬਲੇ ਕਰਕੇ ਸੰਗਠਨ ਖ਼ਤਮ ਹੋ ਜਾਵੇ। ਇਸ ਲਈ ਦੀਰਘਕਾਲੀ ਸਮੇਂ ਵਿਚ ਏਕਾਧਿਕਾਰ ਦੇ ਬਣੇ ਰਹਿਣ ਦੀ ਸੰਭਾਵਨਾ ਘਟ ਜਾਂਦੀ ਹੈ ਪਰ ਏਕਾਧਿਕਾਰ ਦਾ ਇਕ ਰੂਪ ਪਬਲਿਕ ਏਕਾਧਿਕਾਰ, ਲੰਬੇ ਸਮੇਂ ਤੱਕ ਰਹਿ ਸਕਦਾ ਹੈ। ਸਮਾਜਿਕ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਰੇਲਵੇ, ਡਾਕ-ਤਾਰ, ਬਿਜਲੀ, ਪਾਣੀ, ਗੈਸ ਆਦਿ ਦੇ ਰੱਖਣ ਲਈ ਅਜਿਹੇ ਕੰਮ ਨਿੱਜੀ ਫ਼ਰਮਾਂ ਨੂੰ ਵੀ ਸੌਂਪੇ ਜਾ ਸਕਦੇ ਹਨ। ਏਕਾਧਿਕਾਰੀ ਇਹ ਮਹਿਸੂਸ ਕਰਦਾ ਹੈ ਕਿ ਉਸ ਵਲੋਂ ਵੇਚੀ ਜਾਣ ਵਾਲੀ ਵਸਤੂ ਦੀ ਮਾਤਰਾ ਕੀਮਤ ਤੇ ਨਿਰਭਰ ਕਰਦੀ ਹੈ। ਘਟ ਕੀਮਤ ਤੇ ਉਹ ਜ਼ਿਆਦਾ ਵਿਕਰੀ ਕਰ ਸਕਦਾ ਹੈ ਪਰ ਉਹ ਆਪਣੀ ਵਸਤੂ ਦੀ ਇਕ ਅਜਿਹੀ ਕੀਮਤ ਨਿਰਧਾਰਤ ਕਰਦਾ ਹੈ ਜਿਸ ਨਾਲ ਉਸ ਦੇ ਲਾਭ ਵਧੇਰੇ ਹੋਣ।

ਪੂਰਨ ਪ੍ਰਤਿਯੋਗਤਾ ਅਤੇ ਸ਼ੁੱਧ ਏਕਾਧਿਕਾਰ ਤਜਾਰਤੀ ਮੰਡੀ ਦੇ ਦੋ ਅਜਿਹੇ ਰੂਪ ਹਨ ਜਿਹੜੇ ਆਮ ਵਸਤਾਂ ਦੇ ਸਬੰਧ ਵਿਚ ਨਹੀਂ ਮਿਲਦੇ। ਵਿਹਾਰਕ ਪੱਖ ਤੋਂ ਮੰਡੀ ਵਿਚ ਇਨ੍ਹਾਂ ਦੋਹਾਂ ਦਾ ਇਕ ਮਿਸ਼ਰਣ ਮਿਲਦਾ ਹੈ ਜਿਸਨੂੰ ਏਕਾਧਿਕਾਰੀ ਪ੍ਰਤਿਯੋਗਤਾ ਦੀ ਮੰਡੀ ਆਖਿਆ ਜਾਂਦਾ ਹੈ। ਇਸ ਤਰ੍ਹਾਂ ਦੀ ਮੰਡੀ ਵਿਚ ਬਹੁਤ ਸਾਰੀਆਂ ਫਰਮਾਂ ਮਿਲਦੀ-ਜੁਲਦੀ ਵਸਤੂ ਦਾ ਉਤਪਾਦਨ ਕਰਦੀਆਂ ਹਨ। ਹਰ ਇਕ ਫਰਮ ਦੁਆਰਾ ਉਤਪਾਦਨ ਕੀਤੀ ਜਾਣ ਵਾਲੀ ਵਸਤੂ ਦੀ ਆਪਣੀ ਪਛਾਣ ਹੁੰਦੀ ਹੈ। ਵਸਤੂ-ਭਿੰਨਤਾ ਇਸ ਤਰ੍ਹਾਂ ਦੀ ਮੰਡੀ ਦੀ ਇਕ ਮੁੱਖ ਵਿਸ਼ੇਸ਼ਤਾ ਹੁੰਦੀ ਹੈ। ਹਰ ਇਕ ਫਰਮ ਦੁਆਰਾ ਪੈਦਾ ਕੀਤੀ ਜਾਣ ਵਾਲੀ ਵਸਤੂ ਦੂਜੀਆਂ ਫਰਮਾਂ ਦੀਆਂ ਵਸਤੂਆਂ ਦਾ ਨਜ਼ਦੀਕੀ ਪ੍ਰਤਿਸਥਾਪਨ ਹੁੰਦੀ ਹੈ। ਫਰਮਾਂ ਵਿਚ ਆਪਸੀ ਮੁਕਾਬਲਾ ਹੁੰਦਾ ਹੈ ਪਰੰਤੂ ਇਹ ਮੁਕਾਬਲਾ ਕੇਵਲ ਕੀਮਤ ਦੇ ਆਧਾਰ ਤੇ ਨਹੀਂ ਸਗੋਂ ਵਸਤੂ-ਭਿੰਨਤਾ ਦੇ ਆਧਾਰ ਤੇ ਹੁੰਦਾ ਹੈ। ਵਸਤੂ ਭਿੰਨਤਾ, ਟਰੇਡ ਮਾਰਕ, ਪੈਕਿੰਗ, ਡਿਜ਼ਾਈਨ, ਰੰਗ; ਵਿਗਿਆਪਨ ਅਤੇ ਪ੍ਰਚਾਰ ਦੇ ਕਾਰਨ ਪੈਦਾ ਹੁੰਦੀ ਹੈ। ਆਮ ਤੌਰ ਤੇ ਫਰਮਾਂ ਟਰੇਡ ਮਾਰਕ ਬਰਾਂਡ, ਨਾਵਾਂ ਤੇ ਜ਼ਿਆਦਾ ਜ਼ੋਰ ਦਿੰਦੀਆਂ ਹਨ ਅਤੇ ਇਸ ਕੰਮ ਲਈ ਵਿਗਿਆਪਨ ਅਤੇ ਪ੍ਰਚਾਰ ਦਾ ਸਹਾਰਾ ਲੈਂਦੀਆਂ ਹਨ। ਆਪਣੀ ਵਸਤੂ ਦੀ ਵਿਕਰੀ ਵਧਾਉਣ ਲਈ ਹਰ ਇਕ ਫਰਮ ਅਜਿਹੇ ਢੰਗ ਵਰਤਦੀ ਹੈ ਜਿਸ ਨਾਲ ਉਹ ਉਪਭੋਗੀਆਂ ਨੂੰ ਆਪਣੀ ਉਤਪਾਦਨ ਕੀਤੀ ਜਾਣ ਵਾਲੀ ਵਸਤੂ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ। ਇਸ ਤਰ੍ਹਾਂ ਦੀ ਮੰਡੀ ਵਿਚ ਫਰਮ ਦਾ ਭਾਵੇਂ ਆਪਣੀ ਵਸਤੂ ਦੀ ਕੀਮਤ ਉੱਤੇ ਕੰਟਰੋਲ ਹੁੰਦਾ ਹੈ ਪਰੰਤੂ ਨਵੀਆਂ ਫਰਮਾਂ ਦੇ ਉਦਯੋਗ ਵਿਚ ਦਾਖ਼ਲ ਹੋਣ ਦੇ ਡਰ ਦੇ ਕਾਰਨ ਹਰ ਇਕ ਫਰਮ ਕੀਮਤ ਦਾ ਉਹ ਪੱਧਰ ਰੱਖਦੀ ਹੈ ਜਿਸ ਨਾਲ ਸਾਧਾਰਣ ਲਾਭ ਪ੍ਰਾਪਤ ਹੋਣ। ਕੀਮਤ ਬਹੁਤ ਉੱਚੀ ਨਿਸ਼ਚਿਤ ਨਹੀਂ ਕੀਤੀ ਜਾਂਦੀ। ਆਮ ਵਸਤਾਂ ਦੀ ਮੰਡੀ ਦਾ ਰੂਪ ਏਕਾਧਿਕਾਰੀ ਪ੍ਰਤਿਯੋਗਤਾ ਦਾ ਹੁੰਦਾ ਹੈ।

ਏਕਾਧਿਕਾਰੀ ਪ੍ਰਤਿਯੋਗਤਾ ਦੇ ਨਾਲ ਨਾਲ ਮੰਡੀ ਦਾ ਇਕ ਵਿਹਾਰਕ ਰੂਪ ਅਲਪਾਧਿਕਾਰ ਦਾ ਵੀ ਹੈ। ਮੰਡੀ ਦੀ ਇਹ ਬਣਤਰ ਉਸ ਸਮੇਂ ਹੋਂਦ ਵਿਚ ਆਉਂਦੀ ਹੈ ਜਦੋਂ ਮੰਡੀ ਵਿਚ ਥੋੜ੍ਹੇ ਵਿਕਰੇਤੇ ਹੋਣ ਅਤੇ ਉਨ੍ਹਾਂ ਦੁਆਰਾ ਉਤਪਾਦਨ ਕੀਤੀ ਜਾਣ ਵਾਲੀ ਵਸਤੂ ਭਿੰਨਤਾ ਵਾਲੀ ਹੋਵੇ। ਵਿਕਰੇਤਿਆਂ ਦੀ ਘੱਟ ਸੰਖਿਆ ਦੇ ਕਾਰਨ ਹਰ ਇਕ ਫਰਮ ਵਸਤੂ ਦੀ ਕੁੱਲ ਮਾਤਰਾ ਦਾ ਇਕ ਵੱਡਾ ਭਾਗ ਉਤਪਾਦਨ ਕਰਦੀ ਹੈ। ਪੂਰਤੀ ਦੇ ਇਕ ਵੱਡੇ ਭਾਗ ਉੱਤੇ ਕੰਟਰੋਲ ਹੋਣ ਦੇ ਕਾਰਨ ਫਰਮ ਮੰਡੀ ਵਿਚ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ ਥੋੜ੍ਹੇ ਵਿਕਰੇਤੇ ਹੋਣ ਦੇ ਕਾਰਣ ਉਹ ਇਕ ਦੂਜੇ ਤੇ ਨਿਰਭਰ ਵੀ ਕਰਦੇ ਹਨ। ਇਕ ਵਿਕਰੇਤੇ ਦੀਆਂ ਨੀਤੀਆਂ ਦਾ ਪ੍ਰਭਾਵ ਦੂਜੇ ਵਿਕਰੇਤਿਆਂ ਦੀਆਂ ਕੀਮਤਾਂ ਅਤੇ ਉਤਪਾਦਨ ਨੀਤੀਆਂ ਤੇ ਪੈਂਦਾ ਹੈ। ਆਮ ਤੌਰ ਤੇ ਇਸ ਤਰ੍ਹਾਂ ਦੀ ਮੰਡੀ ਵਿਚ ਫਰਮ ਦੁਆਰਾ ਪੈਦਾ ਕੀਤੀਆਂ ਜਾਣ ਵਾਲੀਆਂ ਵਸਤਾਂ ਵਿਚ ਭਿੰਨਤਾ ਪਾਈ ਜਾਂਦੀ ਹੈ ਪਰੰਤੂ ਇਹ ਵਸਤਾਂ ਇਕ ਦੂਜੀ ਫਰਮ ਦਾ ਨਜ਼ਦੀਕੀ ਪ੍ਰਤਿਸਥਾਪਨ ਹੋਣ ਦੇ ਕਾਰਨ ਹਰ ਇਕ ਫਰਮ ਆਪਣੀ ਵਿਕਰੀ ਨੂੰ ਵਧਾਉਣ ਲਈ ਵੱਡੀ ਪੱਧਰ ਉੱਤੇ ਵਿਗਿਆਪਨ ਕਰਦੀ ਹੈ। ਇਸ ਤਰ੍ਹਾਂ ਦੀ ਮੰਡੀ ਵਿਚ ਮੁਕਾਬਲਾ ਥੋੜ੍ਹੇ ਵਿਕਰੇਤਿਆਂ ਵਿਚ ਹੋਣ ਦੇ ਕਾਰਨ ਵਿਗਿਆਪਨ ਦੀ ਮਹੱਤਤਾ ਹੋਰ ਵੀ ਜ਼ਿਆਦਾ ਵੱਧ ਜਾਂਦੀ ਹੈ। ਕੁਝ ਹਾਲਤਾਂ ਵਿਚ ਫਰਮਾਂ ਸਮਰੂਪ ਵਸਤਾਂ ਦਾ ਉਤਪਾਦਨ ਕਰਦੀਆਂ ਹਨ ਪਰ ਅਜਿਹਾ ਜ਼ਿਆਦਾਤਰ ਦ੍ਵਿ-ਅਧਿਕਾਰ ਵਿਚ ਹੁੰਦਾ ਹੈ। ਇਸ ਤਰ੍ਹਾਂ ਦੀ ਮੰਡੀ ਉੱਤੇ ਕਾਫ਼ੀ ਜ਼ਿਆਦਾ ਕੰਟਰੋਲ ਹੋਣ ਦੇ ਕਾਰਨ ਨਵੀਆਂ ਫਰਮਾਂ ਦਾ ਉਦਯੋਗ ਵਿਚ ਪ੍ਰਵੇਸ਼ ਕਰਨਾ ਕਾਫ਼ੀ ਔਖਾ ਹੁੰਦਾ ਹੈ। ਆਮ ਤੌਰ ਤੇ ਫਰਮ ਦੁਆਰਾ ਪੈਦਾ ਕੀਤੀਆਂ ਜਾਣ ਵਾਲੀਆਂ ਵਸਤਾਂ ਪੇਟੈਂਟ ਰਾਹੀਂ ਸੁਰੱਖਿਅਤ ਹੁੰਦੀਆਂ ਹਨ ਜਿਸ ਕਰਕੇ ਨਵੀਆਂ ਫਰਮਾਂ ਆਸਾਨੀ ਨਾਲ ਮੰਡੀ ਵਿਚ ਪ੍ਰਵੇਸ਼ ਨਹੀਂ ਕਰ ਸਕਦੀਆਂ।

ਤਜਾਰਤੀ ਮੰਡੀ ਵਿਚ ਆਮ ਤੌਰ ਤੇ ਸ਼ੁੱਧ ਏਕਾਧਿਕਾਰ ਅਤੇ ਪੂਰਨ ਪ੍ਰਤਿਯੋਗਤਾ ਦੀ ਹੋਂਦ ਨਹੀਂ ਪਾਈ ਜਾਂਦੀ। ਇਹ ਦੋਵੇਂ ਤਰ੍ਹ ਦੀਆਂ ਹਾਲਤਾਂ ਅਸਲੀਅਤ ਤੋਂ ਬਹੁਤ ਦੂਰ ਹਨ। ਵਾਸਤਵਿਕ ਵਿਹਾਰ ਵਿਚ ਏਕਾਧਿਕਾਰੀ ਪ੍ਰਤਿਯੋਗਤਾ ਅਤੇ ਅਲਪ ਅਧਿਕਾਰ ਦੀਆਂ ਹਾਲਤਾਂ ਹੀ ਪਾਈਆਂ ਜਾਂਦੀਆਂ ਹਨ।

ਤਜਾਰਤੀ ਮੰਡੀ ਵਿਚ ਪੂਰਨ ਪ੍ਰਤਿਯੋਗਤਾ ਜਾਂ ਏਕਾਧਿਕਾਰੀ ਪ੍ਰਤਿਯੋਗਤਾ ਜਾਂ ਅਲਪਾਧਿਕਾਰ ਦੀ ਸਥਿਤੀ ਉਦਯੋਗ ਵਿਚ ਦਾਖ਼ਲ ਹੋਣ ਲਈ ਫਰਮਾਂ ਵਲੋਂ ਲਏ ਸਮੇਂ ਉਪਰ ਵੀ ਨਿਰਭਰ ਕਰਦੀ ਹੈ ਆਮ ਤੌਰ ਤੇ ਥੋੜ੍ਹੇ ਸਮੇਂ ਵਿਚ ਫਰਮਾਂ ਉਦਯੋਗ ਅੰਦਰ ਦਾਖ਼ਲ ਹੋਣ ਦੀ ਸਮਰੱਥਾ ਨਹੀਂ ਰੱਖਦੀਆਂ ਜਿਸ ਕਰਕੇ ਜ਼ਿਆਦਾਤਰ ਅਲਪਾਧਿਕਾਰ ਦੀ ਸੰਭਾਵਨਾ ਹੁੰਦੀ ਹੈ ਪਰੰਤੂ ਲੰਬੇ ਸਮੇਂ ਵਿਚ ਨਵੀਆਂ ਫਰਮਾਂ ਉਦਯੋਗ ਵਿਚ ਆਸਾਨੀ ਨਾਲ ਦਾਖ਼ਲ

ਸਕਦੀਆਂ ਹਨ ਜਿਸ ਕਰਕੇ ਮੰਡੀ ਦੀ ਬਣਤਰ ਏਕਾਧਿਕਾਰ ਪ੍ਰਤਿਯੋਗਤਾ ਵਾਲੀ ਬਣ ਜਾਂਦੀ ਹੈ।

ਹ.ਪੁ.–ਐਨ.ਬ੍ਰਿ.14:905;ਐਨ.ਬ੍ਰਿ.ਮਾ–6:634.ਐਨ.ਬ੍ਰਿ.ਮੈ.11:511 ਦੀ ਇਕਨਾਮਿਕਸ ਆਫ਼ ਇੰਪਰਫੈਕਟ ਕੰਪੀਟੀਸ਼ਨ : ਮਿਸਿਜ਼ ਜਾਨ ਰੋਬਿੰਨਸਨ; ਦੀ ਥਿਊਰੀ ਆਫ਼ ਮਨਾਪਲਿਸਟਿਕ ਕੰਪੀਟੀਸ਼ਨ : ਵੀ. ਐਚ. ਚੈਂਬਰਲਿਨ

**ਤੰਜੌਰ** : ਜ਼ਿਲ੍ਹਾ–ਇਹ ਦੱਖਣੀ-ਪੂਰਬੀ ਭਾਰਤ ਦੇ ਤਾਮਿਲ-ਨਾਡੂ ਰਾਜ ਦਾ ਇਕ ਜ਼ਿਲ੍ਹਾ ਹੈ। ਇਸੇ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਜ਼ਿਲ੍ਹੇ ਦਾ ਕੁੱਲ ਖੇਤਰਫਲ 3,205 ਵ. ਕਿ.ਮੀ ਅਤੇ ਆਬਾਦੀ 45,31,457 (1991) ਹੈ। ਇਹ ਜ਼ਿਲ੍ਹਾ ਕਾਵੇਰੀ ਦਰਿਆ ਦੇ ਉਪਜਾਊ ਮੈਦਾਨ ਦੇ ਕੁਝ ਹਿੱਸੇ ਦਾ ਬਣਿਆ ਹੋਇਆ ਹੈ ਜੋ ਕਿ ਦੇਸ਼ ਦੇ ਝੋਨੇ ਦੀ ਪੈਦਾਵਾਰ ਵਾਲੇ ਮਹੱਤਵਪੂਰਨ ਖੇਤਰਾਂ ਵਿਚੋਂ ਇਕ ਹੈ। ਕਾਲੀਮੇਰ ਦੇ ਸਥਾਨ ਤੇ ਪਾਕ ਜਲਡਮਰੂ ਅਤੇ ਖਾੜੀ ਬੰਗਾਲ ਦੇ ਸੰਗਮ ਦੇ ਨਜ਼ਦੀਕ ਜ਼ਿਲ੍ਹੇ ਦੀ ਦੱਖਣ-ਪੂਰਬੀ ਹੱਦ ਖ਼ਤਮ ਹੁੰਦੀ ਹੈ। ਕਾਵੇਰੀ ਦਰਿਆ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਜ਼ਿਲ੍ਹੇ ਵਿਚੋਂ ਗੁਜ਼ਰਦੀਆਂ ਹਨ ਜਿਨ੍ਹਾਂ ਵਿਚੋਂ ਸਿੰਜਾਈ ਲਈ ਕਈ ਨਹਿਰਾਂ ਕੱਢੀਆਂ ਹੋਈਆਂ ਹਨ ਅਤੇ ਇਨ੍ਹਾਂ ਵਿਚੋਂ ਕਈ ਨਹਿਰਾਂ ਤਾਂ ਘਟੋ ਘੱਟ 10 ਸਦੀਆਂ ਤੋਂ ਵਰਤੀਆਂ ਜਾ ਰਹੀਆਂ ਹਨ। ਝੋਨਾ, ਖੰਡ ਅਤੇ ਮੂੰਗਫਲੀ ਇਥੋਂ ਦੀਆਂ ਮੁੱਖ ਫਸਲਾਂ ਹਨ। ਅਨਾਜ ਦੀ ਪ੍ਰੋਸੈਸਿੰਗ ਇਥੋਂ ਦਾ ਮਹੱਤਵਪੂਰਨ ਉਦਯੋਗ ਹੈ। ਜ਼ਿਲ੍ਹੇ ਵਿਚ ਕਈ ਵਿਕਸਿਤ ਸ਼ਹਿਰ ਹਨ ਜਿਨ੍ਹਾਂ ਵਿਚੋਂ ਤੰਜੌਰ, ਕੁਭਾਕੋਨਮ ਅਤੇ ਨਾਗਾਪਟੀਨਮ ਮੁੱਖ ਹਨ। ਜ਼ਿਲ੍ਹੇ ਵਿਚ ਕਈ ਮਹੱਤਵਪੂਰਨ ਬੰਦਰਗਾਹਾਂ ਅਤੇ ਲੰਗਰਗਾਹਾਂ ਹਨ।

ਹ.ਪੁ.–ਐਨ.ਬ੍ਰਿ.ਮਾ. 11:673; ਇੰਪ.ਗ.ਇੰਡ. 23:242; ਹਿੰ.ਵਿ.ਕੋ. 5 : 278

**ਤੰਜੌਰ** : ਸ਼ਹਿਰ – ਇਹ ਭਾਰਤ ਦੇ ਧੁਰ ਦੱਖਣ-ਪੂਰਬੀ ਰਾਜ, ਤਾਮਿਲਨਾਡੂ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜੋ ਦੱਖਣ ਭਾਰਤੀ ਰੇਲ-ਰਾਹ ਉੱਤੇ ਮਦਰਾਸ ਤੋਂ ਲਗਭਗ 325 ਕਿ. ਮੀ. ਦੀ ਦੂਰੀ ਤੇ ਕਾਵੇਰੀ ਨਦੀ ਦੇ ਉਪਜਾਊ ਡੈਲਟੇ ਦੇ ਪੱਛਮੀ ਪਾਸੇ ਸਥਿਤ ਹੈ।

ਨੌਵੀਂ ਤੋਂ ਗਿਆਰ੍ਹਵੀਂ ਸਦੀ ਤੱਕ ਇਹ ਸ਼ਹਿਰ ਚੋਲ ਰਾਜਿਆਂ ਦੀ ਮੁੱਢਲੀ ਰਾਜਧਾਨੀ ਰਿਹਾ ਹੈ। ਇਸ ਤੋਂ ਇਲਾਵਾ ਵਿਜੇਨਗਰ, ਮਰਾਠਾ ਅਤੇ ਅੰਗਰੇਜ਼ੀ ਰਾਜਾਂ ਦੀ ਵੀ ਇਹ ਰਾਜਧਾਨੀ ਰਿਹਾ ਹੈ।



16 ਵੀਂ ਸਦੀ ਵਿਚ ਨਾਇਕ ਰਾਜਿਆਂ ਦੁਆਰਾ ਬਣਾਇਆ ਅਤੇ ਮਗਰੋਂ ਮਰਾਠਿਆਂ ਦੁਆਰਾ ਵਧਾਇਆ ਗਿਆ ਤੰਜੌਰ ਦੇ ਕਿਲੇ ਵਿਚ ਇਕ ਮਿਨਾਰ ਜਿਸ ਨੂੰ ਅਸਲੇ ਖਾਨੇ ਵਜੋਂ ਵਰਤਿਆ ਜਾਂਦਾ ਸੀ।

ਸੰਨ 1749 ਵਿਚ ਇਹ ਸ਼ਹਿਰ ਚੰਦਾ ਸਾਹਿਬ ਅਤੇ ਫਰਾਂਸੀਸੀਆਂ ਦੇ ਘੇਰੇ ਵਿਚ ਸੀ। ਇਸ ਤੋਂ ਬਾਅਦ ਕਈ ਵੱਖ ਵੱਖ ਅਧਿਕਾਰਾਂ ਹੇਠ ਰਿਹਾ। ਅੰਤ 1855 ਈ. ਵਿਚ ਇਥੋਂ ਦੇ ਅੰਤਮ ਰਾਜਾ ਸ਼ਿਵਾ ਜੀ ਦਾ ਕੋਈ ਵਾਰਸ ਨਾ ਹੋਣ ਕਰਕੇ, ਇਸ ਉੱਤੇ ਬਰਤਾਨੀਆ ਸਰਕਾਰ ਦਾ ਕਬਜ਼ਾ ਹੋ ਗਿਆ।

ਇਥੇ ਕਈ ਪੁਰਾਣੀਆਂ ਇਤਿਹਾਸਕ ਇਮਾਰਤਾਂ ਹਨ ਜੋ ਸੈਲਾਨੀਆਂ ਲਈ ਕਾਫ਼ੀ ਖਿੱਚ ਰੱਖਦੀਆਂ ਹਨ। ਇਨ੍ਹਾਂ ਵਿਚੋਂ ਵਿਜੇਨਗਰ ਦਾ ਕਿਲਾ ਅਤੇ ਮੰਦਰ ਪ੍ਰਮੁੱਖ ਹਨ। ਵਿਜੇਨਗਰ ਕਿਲੇ ਦਾ ਕਾਫ਼ੀ ਹਿੱਸਾ ਤਾਂ ਢਾਹ ਦਿੱਤਾ ਗਿਆ ਹੈ। ਇਸ ਦੇ ਵਿਚ ਸ਼ਿਵਗੰਗਾ ਕਿਲੇ ਦੇ ਨਾਂ ਦਾ ਇਕ ਹੋਰ ਛੋਟਾ ਕਿਲਾ ਹੈ ਜਿਸ ਵਿਚ ਪਵਿੱਤਰ ਸ਼ਿਵਗੰਗਾ ਤਲਾਅ ਅਤੇ ਬ੍ਰਿਹਦੇਸ਼ਵਰਾਸਵਾਮੀ ਦਾ ਮਸ਼ਹੂਰ ਮੰਦਰ ਹੈ। ਮੰਦਰ ਉਤਲੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਇਸ ਨੂੰ ਗਿਆਰ੍ਹਵੀਂ ਸਦੀ ਵਿਚ ਰਾਜਾਰਾਜਾ ਪਹਿਲੇ ਨਾਂ ਦੇ ਇਕ ਚੋਲ ਰਾਜੇ ਨੇ ਬਣਵਾਇਆ ਸੀ।

ਇਥੋਂ ਦੀ ਸਥਾਨਕ ਸਰਕਾਰ ਸਮੇਂ ਤੰਜੌਰ ਕੋਮਲ-ਹੁਨਰਾਂ ਦਾ ਕੇਂਦਰ ਸੀ। ਇਥੇ ਹਾਲੇ ਵੀ ਕਈ ਕਲਾਤਮਕ ਚੀਜ਼ਾਂ ਤਿਆ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਸੰਗੀਤ ਸਾਜ਼ ਖਾਸ ਕਰ ਵੀਣਾ, ਰੇਸ਼ਮੀ ਤੇ ਸੂਤੀ ਕੱਪੜਾ, ਲੈਸਾਂ, ਕਸੀਦਾ, ਗਹਿਣੇ ਅ ਨਕਲੀ ਫੁੱਲ ਆਦਿ ਮਸ਼ਹੂਰ ਹਨ।

ਸੰਨ 1860 ਵਿਚ ਤੰਜੌਰ ਨੂੰ ਜ਼ਿਲ੍ਹੇ ਦਾ ਸਦਰ-ਮੁਕਾ ਬਣਾਇਆ ਗਿਆ ਅਤੇ 1866 ਈ. ਵਿਚ ਇਥੇ ਮਿਊਂਸਪਲ ਬਣਾਈ ਗਈ। ਇਥੇ ਇਕ ਜ਼ਿਲ੍ਹਾ ਜੇਲ੍ਹ ਹੈ। ਆਧੁਨਿਕ ਸ਼ਹਿਰ ਕਿ ਅਤੇ ਇਸ ਦੇ ਦੋ ਉੱਪ ਨਗਰਾਂ ਦਾ ਬਣਿਆ ਹੋਇਆ ਹੈ। ਇਨ੍ਹਾਂ ਵਿ ਕਰਨਟਾਟਾਂਗੁਡੀ ਉਪ-ਨਗਰ ਉੱਤਰ ਵੱਲ ਹੈ ਅਤੇ ਦੂ ਮਨਮਬੂਚਾਵਡੀ ਦੱਖਣ-ਪੂਰਬ ਵੱਲ ਹੈ। ਇਸ ਸ਼ਹਿਰ ਵਿਚ ਮਦਰਾ ਯੂਨੀਵਰਸਿਟੀ ਨਾਲ ਸਬੰਧਤ 8 ਕਾਲਜ ਹਨ।

ਆਬਾਦੀ – 2,02,013 (1991)

10° 47′ ਉ.ਵਿਥ.; 79° 8′ ਪੂ. ਲੰਬ

ਹ.ਪੁ.–ਐਨ.ਬ੍ਰਿ.ਮਾ. 11:673; ਇੰਪ. ਗ. ਇੰਡ. 23:242; f ਵਿ. ਕੋ. 5 : 278



ਬ੍ਰਿਹਦੇਸ਼ਵਰਾ ਮੰਦਰ ਦੀ ਵਲਗਣ ਵਿਚ ਸ਼ਿਵ ਦੇ ਪੁੱਤਰ ਅਤੇ ਜੰਗ ਦੇ ਦੇਵਤਾ ਵਜੋਂ ਜਾਣੇ ਜਾਂਦੇ ਸੁਭਰਾਮਣਿਆ ਦੇਵਤਾ ਦਾ 18ਵੀਂ ਸਦੀ ਵਿਚ ਬਣਿਆ ਮੰਦਰ।

**ਤਣ** : ਇਹ ਇਕ ਪਹਾੜੀ ਬਿਰਛ ਹੈ ਜੋ ਕਈ ਥਾਵਾਂ ਤੇ ਮੈਦਾਨੀ ਇਲਾਕੇ ਵਿਚ ਵੀ ਹੁੰਦਾ ਹੈ। ਇਸ ਦਾ ਵਿਗਿਆਨਕ ਨਾਂ ਸੀਡਰੇਲਾ ਟੂਨਾ (Cedrela toona) ਹੈ। ਇਸ ਦਰਖ਼ਤ ਦਾ ਆਕਾਰ ਅਤੇ ਪੱਤੇ ਨਿੰਮ ਦੇ ਬਿਰਛ ਵਰਗੇ ਹੀ ਹੁੰਦੇ ਹਨ। ਇਸ ਦੇ ਫੁੱਲਾਂ ਤੋਂ ਬਸੰਤੀ ਰੰਗ ਬਣਦਾ ਹੈ। ਇਸ ਦਰਖ਼ਤ ਦੀ ਲੱਕੜੀ ਅਲਮਾਰੀਆਂ, ਮੇਜ਼ ਅਤੇ ਕੁਰਸੀਆਂ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ।

ਹ.ਪੁ. -ਮ.ਕੋ. : 446

**ਤੱਤ (Element)** : ਸਾਹਿਤ ਵਿਚ ਤੱਤ ਸ਼ਬਦ ਦੇ ਅਨੇਕਾਂ ਅਰਥ ਹੋ ਸਕਦੇ ਹਨ ਪਰ ਰਸਾਇਣ-ਵਿਗਿਆਨ ਵਿਚ ਇਸ ਦੇ ਵਿਸ਼ੇਸ਼ ਅਰਥ ਹਨ। ਰਸਾਇਣਿਕ ਤੱਤ ਅਜਿਹੇ ਪਦਾਰਥ ਹਨ ਜਿਹੜੇ ਰਸਾਇਣਿਕ ਕ੍ਰਿਆ ਰਾਹੀਂ ਅਗੋਂ ਹੋਰ ਸਾਧਾਰਣ ਪਦਾਰਥਾਂ ਵਿਚ ਨਹੀਂ ਵੰਡੇ ਜਾ ਸਕਦੇ। ਇਹ ਉਹ ਸਾਧਾਰਣ ਪਦਾਰਥ ਹਨ ਜਿਨ੍ਹਾਂ ਤੋਂ ਸੈਂਕੜਿਆਂ ਅਤੇ ਹਜ਼ਾਰਾਂ ਕਿਸਮਾਂ ਦੇ ਮਾਦਾ (ਭੌਤਿਕ ਤੱਤ) ਬਣੇ ਹੋਏ ਹਨ ਅਤੇ ਇਹ ਸਾਰੇ ਪਦਾਰਥ ਜਾਂ ਮਿਸ਼ਰਣ ਅਖੀਰ ਤੱਤਾਂ ਵਿਚ ਵੰਡੇ ਜਾਂਦੇ ਹਨ। ਹੁਣ ਤੱਕ ਪਤਾ ਲੱਗ ਚੁਕੇ ਤੱਤਾਂ ਦੀ ਗਿਣਤੀ 106 ਹੈ, ਜਿਨ੍ਹਾਂ ਵਿਚੋਂ ਲਗਭਗ 90 ਤੱਤ ਕੁਦਰਤ ਵਿਚ ਰਸਾਇਣਿਕ ਰੂਪ ਵਿਚ ਸੁਤੰਤਰ ਅਵਸਥਾ ਵਿਚ ਜਾਂ ਹੋਰ ਦੂਜੇ ਤੱਤਾਂ ਨਾਲ ਮਿਲੇ ਹੋਏ ਮਿਲਦੇ ਹਨ। ਪੁਰਾਤਨ ਸਮੇਂ ਵਿਚ ਕੇਵਲ ਅਸੰਯੁਕਤ ਅਵਸਥਾ ਵਿਚ ਮਿਲਣ ਵਾਲੇ 10 ਤੱਤਾਂ : ਕਾਰਬਨ, ਸਲਫਰ, ਤਾਂਬਾ, ਐਂਟੀਮਨੀ, ਲੋਹਾ, ਕਲਈ, ਸੋਨਾ, ਚਾਂਦੀ, ਪਾਰਾ ਅਤੇ ਸਿੱਕੇ ਬਾਰੇ ਹੀ ਪਤਾ ਸੀ। ਪ੍ਰਾਚੀਨ ਅਤੇ ਮੱਧਕਾਲੀ ਫ਼ਲਸਫ਼ੇ ਅਨੁਸਾਰ ਧਰਤੀ, ਹਵਾ, ਅੱਗ ਅਤੇ ਪਾਣੀ ਚਾਰ ਤੱਤ ਹਨ ਜਿਨ੍ਹਾਂ ਤੋਂ ਸਾਰੇ ਬ੍ਰਹਿਮੰਡੀ ਪਦਾਰਥ ਅਤੇ ਪ੍ਰਾਣੀ ਸਰੀਰ ਬਣਿਆ ਹੋਇਆ ਹੈ। ਵਿਗਿਆਨਕ (ਰਸਾਇਣਿਕ) ਯੁੱਗ ਤੋਂ ਪਹਿਲਾਂ ਤੱਤਾਂ ਦੀ ਗਿਣਤੀ ਕੇਵਲ 5 ਜਾਂ 6 ਤੱਕ ਹੀ ਸੀਮਤ ਸੀ ਜਿਵੇਂ ਕਿ ਸਪਿਰਟ, ਲੂਣ, ਸਲਫਰ, ਪਾਣੀ ਅਤੇ ਧਰਤੀ। ਆਧੁਨਿਕ ਰੂਪ ਵਿਚ ਤੱਤ ਸ਼ਬਦ ਦੀ ਵਰਤੋਂ ਕੇਵਲ 1961 ਈ. ਤੋਂ ਸ਼ੁਰੂ ਹੋਈ ਜਦੋਂ ਰੱਬਰਟ ਬਾੱਇਲ (Robert Boyle) ਨੇ ਪਹਿਲੀ ਵੇਰ ਤੱਤਾਂ ਦੀ ਸਹੀ ਅਰਥਾਂ ਵਿਚ ਵਿਆਖਿਆ ਕੀਤੀ। ਇਸ ਤੋਂ ਬਾਅਦ ਤੱਤ ਸ਼ਬਦ ਕੇਵਲ ਪਦਾਰਥਕ ਚੀਜ਼ਾਂ ਲਈ ਹੀ ਵਰਤਿਆ ਜਾਂਦਾ ਸੀ ਕਿਉਂਕਿ ਉਸ ਸਮੇਂ ਕੋਈ ਅਜਿਹਾ ਢੰਗ ਨਹੀਂ ਸੀ, ਜਿਸ ਤੋਂ ਇਹ ਪਤਾ ਲਗ ਸਕੇ ਕਿ ਕਿਹੜੇ ਤੱਤ ਹਨ ਅਤੇ ਕਿਹੜੇ ਯੋਗਿਕ। ਸੰਨ 1789 ਵਿਚ ਏ.ਐੱਲ. ਲਾਵਾਜ਼ਿਆ (A.L.Lavoisier) ਨੇ ਆਪਣੀ ਰਚਨਾ ਵਿਚ ਪਦਾਰਥ ਦੇ ਸਰੂਪ ਬਾਰੇ ਇਕ ਨਵਾਂ ਅਤੇ ਸਪਸ਼ਟ ਵਿਚਾਰ ਦਿੱਤਾ। ਭੌਤਿਕ ਢੰਗਾਂ ਦੇ ਵਿਕਾਸ ਤੋਂ ਪਹਿਲਾਂ ਤੱਤਾਂ ਅਤੇ ਯੋਗਿਕਾਂ ਨੂੰ ਰਸਾਇਣਿਕ ਕ੍ਰਿਆਵਾਂ ਦੇ ਆਧਾਰ ਤੇ ਹੀ ਨਿਖੇੜਿਆ ਜਾਂਦਾ ਸੀ।

ਸੰਨ 1789 ਵਿਚ ਲਾਵਾਜ਼ਿਆ ਨੇ ਆਪਣੀ ਪੁਸਤਕ 'Traite elementaire de chimie' ਵਿਚ ਤੱਤਾਂ ਦੀ ਸੂਚੀ ਪ੍ਰਕਾਸ਼ਿਤ ਕੀਤੀ। ਇਸ ਵਿਚ ਉਸ ਨੇ ਅਸਲ ਤੱਤ 23, ਐਲੱਕਲੀ (alkalies) ਅਤੇ ਹੋਰ ਆੱਕਸਾਈਡ (Oxides) ਸ਼ਾਮਲ ਕੀਤੇ। ਸੰਨ 1800 ਵਿਚ ਏ. ਵਾੱਲਟਾ (A. Volta) ਰਾਹੀਂ ਕਰੰਟ ਬਿਜਲੀ ਦੀ ਖੋਜ ਉਪਰੰਤ ਜ਼ਿਆਦਾ ਕਿਰਿਆਸ਼ੀਲ ਤੱਤਾਂ ਨੂੰ ਉਨ੍ਹਾਂ ਦੇ ਯੋਗਿਕਾਂ ਨਾਲੋਂ ਨਿਖੇੜਨ ਵਾਲਾ ਵਧੀਆ ਢੰਗ ਲੱਭ ਗਿਆ। ਉਸ ਤੋਂ ਥੋੜ੍ਹੀ ਹੀ ਦੇਰ ਬਾਅਦ ਸਰ ਹੰਫ਼ਰੀ ਡੇਵੀ (Sir Humphry Davy) ਨੇ ਸੋਡੀਅਮ ਅਤੇ ਪੋਟਾਸ਼ੀਅਮ ਦੇ ਹਾਈਡ੍ਰੌਕਸਾਈਡਾਂ ਐੈਲਕਲੀਆਂ ਦਾ ਬਿਜਲਈ ਅਪਘਟਨ (ਇਲੈੱਕਟ੍ਰਾਲਿਸਿਜ਼) ਕਰਕੇ ਦੋ ਤੱਤ ਸੋਡੀਅਮ ਅਤੇ ਪੋਟਾਸ਼ੀਅਮ ਬਣਾਏ। ਇਸ ਤੋਂ ਸਿੱਧ ਹੋ ਗਿਆ ਕਿ ਉਨ੍ਹਾਂ ਤੱਤਾਂ ਦੇ ਹਾਈਡ੍ਰੌਕਸਾਈਡ ਯੋਗਿਕ ਸਨ। ਉਨੀਵੀਂ ਸਦੀ ਦੇ ਅਖ਼ੀਰ ਤੱਕ 82 ਤੱਤਾਂ ਦੀ ਖੋਜ ਹੋ ਚੁੱਕੀ ਸੀ। ਪ੍ਰਕਿਰਤੀ ਦੇ ਅਰਥ ਅਤੇ ਪਦਾਰਥ ਦੀ ਬਣਤਰ ਵਿਚ ਤਬਦੀਲੀ ਦਾ ਆਰੰਭ ਹੋਣਾ ਸੁਭਾਵਕ ਸੀ।

**ਸਮਸਥਾਨਕ ਜਾਂ ਆਈਸੋਟੋਪ (Isotopes)** – ਤੱਤਾਂ ਦੇ ਛੋਟੇ ਕਣਾਂ ਨੂੰ ਪਰਮਾਣੂ (atom) ਆਖਦੇ ਹਨ। ਪਹਿਲੋਂ ਪਹਿਲ ਪਰਮਾਣੂ ਨੂੰ ਅਗੋਂ ਹੋਰ ਨਾ ਵੰਡੇ ਜਾ ਸਕਣ ਵਾਲੀ ਇਕ ਸਾਧਾਰਣ ਇਕਾਈ ਸਮਝਿਆ ਜਾਂਦਾ ਸੀ ਪਰੰਤੂ ਇਹ ਇਕ ਗੁੰਝਲਦਾਰ ਬਣਤਰ ਹੈ, ਜਿਸ ਦੇ ਕੇਂਦਰ ਵਿਚ ਨਿਊਕਲੀਅਸ ਹੁੰਦਾ ਹੈ। ਨਿਊਕਲੀਅਸ ਇਲੈੱਕਟ੍ਰਾੱਨਾਂ ਨਾਲ ਘਿਰਿਆ ਹੁੰਦਾ ਹੈ ਇਸ ਵਿਚ ਪ੍ਰੋਟਾੱਨ (ਧਨ-ਚਾਰਜ) ਅਤੇ ਨਿਊਟ੍ਰਾੱਨ (ਚਾਰਜ ਰਹਿਤ) ਹੁੰਦੇ ਹਨ। ਹਰ ਤੱਤ ਅਤੇ ਉਸ ਦੇ ਪਰਮਾਣੂਆਂ ਦਾ ਇਕ ਵਿਸ਼ੇਸ਼ ਗੁਣ, ਉਸ ਦੇ ਨਿਊਕਲੀਅਸ ਵਿਚਲੇ ਪ੍ਰੋਟਾੱਨਾਂ ਦੀ ਗਿਣਤੀ ਹੈ, ਜਿਸ ਨੂੰ ਪਰਮਾਣੂ-ਕ੍ਰਮ-ਅੰਕ (atomic number) ਆਖਦੇ ਹਨ। ਇਲੈੱਕਟ੍ਰਾਨਾਂ ਦੀ ਗਿਣਤੀ ਵੀ ਪਰਮਾਣੂ-ਕ੍ਰਮ-ਅੰਕ ਦੇ ਬਰਾਬਰ ਹੁੰਦੀ ਹੈ। ਪ੍ਰੋਟਾੱਨਾਂ ਅਤੇ ਨਿਊਟ੍ਰਾੱਨਾਂ ਦੀ ਗਿਣਤੀ ਦਾ ਜੋੜ ਪੁੰਜ-ਸੰਖਿਆ (mass number) ਹੁੰਦਾ ਹੈ ਜਿਹੜਾ ਲਗਭਗ ਪਰਮਾਣੂ-ਭਾਰ (atomic weight) ਦੇ ਬਰਾਬਰ ਹੁੰਦਾ ਹੈ।

20 ਵੀਂ ਸਦੀ ਦੇ ਆਰੰਭ ਵਿਚ ਦੋ ਅਜਿਹੇ ਪਦਾਰਥਾਂ ਦਾ ਪਤਾ ਲੱਗਿਆ, ਜਿਨ੍ਹਾਂ ਦੇ ਰਸਾਇਣਕ ਗੁਣ ਮਿਲਦੇ-ਜੁਲਦੇ ਸਨ ਪਰੰਤੂ ਉਨ੍ਹਾਂ ਦੀ ਘਣਤਾ ਅਤੇ ਰੇਡੀਓ-ਐੱਕਟਿਵ ਗੁਣ ਵੱਖੋ ਵੱਖਰੇ ਸਨ। ਇਹ ਦੋਵੇਂ ਤੱਤ ਥੋਰੀਅਮ ਦੀਆਂ ਵਿਭਿੰਨਤਾਵਾਂ ਸਨ ਜਿਨ੍ਹਾਂ ਨੂੰ ਆਈਸੋਟੋਪ ਦਾ ਨਾਂ ਦਿੱਤਾ ਗਿਆ। ਇਨ੍ਹਾਂ ਦਾ ਪਰਮਾਣੂ-ਕ੍ਰਮ-ਅੰਕ ਇਕੋ ਹੋਣ ਕਰਕੇ ਇਹ ਆਵਰਤੀ ਸਾਰਣੀ (periodic table) ਵਿਚ ਵੀ ਇਕੋ ਸਥਾਨ ਤੇ ਆਉਂਦੇ ਸਨ ਪਰ ਇਨ੍ਹਾਂ ਦੇ ਨਿਊਕਲੀਅਸਾਂ ਵਿਚ ਨਿਊਟ੍ਰਾੱਨਾਂ ਦੀ ਸੰਖਿਆ ਵੱਖਰੀ ਸੀ। ਸੰਨ 1912 ਵਿਚ ਸਰ ਜੇ.ਜੇ. ਟਾਮਸਨ (J.J. Thomson) ਨੇ ਖੋਜ ਕੀਤੀ ਕਿ ਸਥਿਰ ਤੱਤ ਨੀਆੱਨ, ਜਿਸ ਦਾ ਪਰਮਾਣੂ-ਕ੍ਰਮ-ਅੰਕ 10 ਅਤੇ ਪਰਮਾਣੂ-ਭਾਰ 10.183 ਹੈ, ਆਈਸੋਟੋਪਾਂ ਦਾ ਮਿਸ਼ਰਣ ਹੈ। ਇਸ ਤਰ੍ਹਾਂ ਨੀਆੱਨ ਦੇ ਦੋ ਆਈਸੋਟੋਪ $Ne^{20}$ ਅਤੇ $Ne^{22}$ ਨੂੰ ਵੱਖ ਕੀਤਾ ਗਿਆ। ਕੁਝ ਚਿਰ ਪਿਛੋਂ ਇਕ ਤੀਜਾ ਆਈਸੋਟੋਪ $Ne^{21}$ ਵੀ ਵੱਖ ਕੀਤਾ ਗਿਆ। ਇਸ ਤਰ੍ਹਾਂ ਤੱਤਾਂ ਦੇ ਆਈਸੋਟੋਪ ਵੱਖ ਕੀਤੇ ਗਏ ਅਤੇ ਪਛਾਣ ਕੀਤੀ ਗਈ। ਕੁਦਰਤੀ ਆਈਸੋਟੋਪਾਂ ਤੋਂ ਇਲਾਵਾ 1,000 ਤੋਂ ਵੀ ਵੱਧ ਬਣਾਉਟੀ ਰੇਡੀਓ-ਐੱਕਟਿਵ ਆਈਸੋਟੋਪ ਬਣਾਏ ਜਾ ਚੁਕੇ ਹਨ। ਇਕ ਜਾਂ ਦੋ ਤੱਤਾਂ ਨੂੰ ਛੱਡ ਕੇ, ਬਿਖਮ ਪਰਮਾਣੂ-ਕ੍ਰਮ-ਅੰਕ ਵਾਲੇ ਤੱਤ ਦੇ ਦੋ ਤੋਂ ਵੱਧ ਆਈਸੋਟੋਪ ਨਹੀਂ ਹੁੰਦੇ ਜਦੋਂ ਕਿ ਯੁਗਮ ਪਰਮਾਣੂ-ਕ੍ਰਮ-ਅੰਕ ਵਾਲੇ ਤੱਤਾਂ ਦੇ ਦੋ ਤੋਂ ਵੱਧ ਆਈਸੋਟੋਪ ਮਿਲਦੇ ਹਨ। ਇਸ ਲਈ ਤੱਤ ਉਹ ਵਸਤਾਂ ਹਨ ਜਿਨ੍ਹਾਂ ਦੇ ਪਰਮਾਣੂ ਸਮਰੂਪ ਨਹੀਂ ਹੁੰਦੇ ਸਗੋਂ ਅਜਿਹੇ ਪਰਮਾਣੂ ਹੁੰਦੇ ਹਨ ਜਿਨ੍ਹਾਂ ਦਾ ਪਰਮਾਣੂ ਕ੍ਰਮ-ਅੰਕ ਇਕੋ ਜਿੰਨਾ ਹੁੰਦਾ ਹੈ।

**ਅਣੂ ਅਤੇ ਰੂਪਾਂਤਰ (Molecules & Modifications)**– ਵਾਸ਼ਪ ਜਾਂ ਤਰਲ ਹਾਲਤ ਵਿਚ ਰਸਾਇਣਿਕ ਤੌਰ ਤੇ ਮੁਕਤ ਤੱਤ, ਅਣੂਆਂ ਦੇ ਬਣੇ ਹੋਏ ਹੁੰਦੇ ਹਨ। ਅਣੂਆਂ ਵਿਚ ਇਕ ਪਰਮਾਣੂ ਜਾਂ ਪਰਮਾਣੂਆਂ ਦਾ ਸੰਗ੍ਰਹਿ ਹੁੰਦਾ ਹੈ ਜਿਹੜੇ ਸੰਯੋਜਕਤਾ ਬਲ (Valence forces) ਦੁਆਰਾ ਇਕ ਦੂਜੇ ਨਾਲ ਜਕੜੇ ਹੁੰਦੇ ਹਨ। ਉਤਕ੍ਰਿਸ਼ਟ ਗੈਸਾਂ (noble gases) ਜਿਨ੍ਹਾਂ ਦੀ ਇਲੈੱਕਟ੍ਰਾੱਨੀ ਬਣਤਰ ਵਿਸ਼ੇਸ਼ ਕਿਸਮ ਦੀ ਹੁੰਦੀ ਹੈ ਇਕ ਪਰਮਾਣਵੀ ਗੈਸਾਂ (Monatomic) ਹੁੰਦੀਆਂ ਹਨ ਭਾਵ ਇਨ੍ਹਾਂ ਦੇ ਅਣੂ ਅੰਦਰ ਇਕ ਪਰਮਾਣੂ ਹੁੰਦਾ ਹੈ ਅਤੇ ਇਨ੍ਹਾਂ ਦੇ ਫਾਰਮੂਲੇ He, Ne, Ar, Kr, Xe ਅਤੇ Rn (ਹੀਲੀਅਮ, ਨੀਆੱਨ, ਆਰਗਾੱਨ, ਕ੍ਰਿਪਟਾੱਨ, ਜ਼ੀਨਾੱਨ

ਅਤੇ ਰੇਡਾੱਨ) ਹਨ। ਹਾਈਡ੍ਰੋਜਨ, ਆੱਕਸੀਜਨ, ਨਾਈਟ੍ਰੋਜਨ ਅਤੇ ਕਲੋਰੀਨ ਆਦਿ ਗੈਸਾਂ ਦੇ ਅਣੂ, ਦੋ-ਪਰਮਾਣਵੀ ਹੁੰਦੇ (diatomic) ਹਨ। ਇਨ੍ਹਾਂ ਦੇ ਫਾਰਮੂਲੇ ਕ੍ਰਮ ਅਨੁਸਾਰ $H_2$, $O_2$, $N_2$ ਅਤੇ $Cl_2$ ਹਨ। ਘੱਟ ਤਾਪਮਾਨ ਉੱਤੇ ਫ਼ਾਸਫੋਰਸ ਵਾਸ਼ਪ ਦੇ ਹਰ ਅਣੂ ਵਿਚ ਚਾਰ ਪਰਮਾਣੂ ($P_4$) ਅਤੇ ਵੱਧ ਤਾਪਮਾਨ ਉੱਤੇ ਦੋ ਪਰਮਾਣੂ ($P_2$) ਹੁੰਦੇ ਹਨ।

ਠੋਸ ਅਵਸਥਾ ਵਿਚ ਕੁੱਝ ਅਜਿਹੇ ਤੱਤ ਹਨ, ਜਿਨ੍ਹਾਂ ਦੇ ਕ੍ਰਿਸਟਲ ਸਮਰੂਪੀ ਅਣੂਆਂ ਦੇ ਬਣੇ ਹੁੰਦੇ ਹਨ। ਇਨ੍ਹਾਂ ਦੇ ਪਰਮਾਣੂ ਵਧੇਰੇ ਚੰਗੀ ਤਰ੍ਹਾਂ ਇਕ ਦੂਜੇ ਨਾਲ ਜਕੜੇ ਹੋਏ ਹੁੰਦੇ ਹਨ; ਉਦਾਹਰਨ ਵਜੋਂ ਸਲਫ਼ਰ ($S_8$) ਅਤੇ ਆਇਓਡੀਨ ($I_2$)। ਕਾਰਬਨ ਦੇ ਚਾਰ ਸੰਯੋਜਕ ਇਲੈਕਟ੍ਰਾੱਨ (Valency electron) ਹਨ ਅਤੇ ਇਹ ਚਾਰ ਸਹਿਸੰਯੋਜਕ ਬੰਧਨ (covalent bond) ਬਣਾ ਸਕਦੇ ਹਨ। ਹੀਰਾ, ਜਿਹੜਾ ਕਿ ਕਾਰਬਨ ਦੀ ਹੀ ਇਕ ਰਵੇਦਾਰ ਕਿਸਮ ਹੈ, ਦਾ ਹਰ ਪਰਮਾਣੂ ਚਾਰ ਕੋਨਿਆਂ ਉੱਤੇ ਚਾਰ ਹੋਰ ਪਰਮਾਣੂਆਂ ਨਾਲ ਬੰਨਿਆ ਹੁੰਦਾ ਹੈ, ਜਿਹੜੇ ਅਗੋਂ ਫੇਰ ਚਾਰ ਚਾਰ ਪਰਮਾਣੂਆਂ ਨਾਲ ਜੁੜੇ ਹੋਏ ਹੁੰਦੇ ਹਨ। ਇਸ ਨੂੰ ਵਿਸ਼ਾਲ ਅਣੂ (giant molecule) ਆਖਦੇ ਹਨ। ਜਰਮੇਨੀਅਮ (Germanium), ਸਿਲੀਕਾੱਨ (Silicon) ਅਤੇ ਗ੍ਰੇ-ਕਲੱਈ (Gray tin) ਦੇ ਵੀ ਚਾਰ ਸੰਯੋਜਕ ਇਲੈੱਕਟ੍ਰਾਨ (Valency electrons) ਹੁੰਦੇ ਹਨ। ਠੋਸ ਧਾਤਾਂ ਰਵੇਦਾਰ ਹੁੰਦੀਆਂ ਹਨ ਪਰੰਤੂ ਇਨ੍ਹਾਂ ਵਿਚ ਪਰਮਾਣੂਆਂ ਦਾ ਕੋਈ ਵਖਰਾ ਗਰੁੱਪ ਨਹੀਂ ਹੁੰਦਾ। ਧਾਤਵੀ ਬੰਧਨ (metallic bond) ਵਿਸ਼ੇਸ਼ ਪ੍ਰਕਾਰ ਦਾ ਹੈ, ਜਿਸ ਦੀ ਦੂਜੀ ਕਿਸਮਾਂ ਦੇ ਬੰਧਨਾਂ (bonds) ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।

ਬਹੁਤ ਸਾਰੇ ਤੱਤ ਦੋ ਜਾਂ ਦੋ ਤੋਂ ਵੱਧ ਕਿਸਮਾਂ ਦੇ ਰੂਪਾਂਤਰਾਂ (modifications) ਵਿਚ ਮਿਲਦੇ ਹਨ। ਇਸ ਕਿਰਿਆ ਨੂੰ ਭਿੰਨ ਰੂਪਤਾ ਜਾਂ ਐਲੋਟ੍ਰੋਪੀ (allotropy) ਆਖਦੇ ਹਨ। ਇਹ ਕਿਰਿਆ ਵਖਰੀ ਵਖਰੀ ਕਿਸਮਾਂ ਦੇ ਅਣੂ ਬਣਨ ਕਰਕੇ ਵਾਪਰਦੀ ਹੈ ਜਿਵੇਂ ਆੱਕਸੀਜਨ ਵਿਚ $O_2$ (ਆਮ ਆੱਕਸੀਜਨ) ਅਤੇ $O_3$ (ਓਜ਼ੋਨ), ਜਾਂ ਦੋ ਜਾਂ ਦੋ ਤੋਂ ਵੱਧ ਰਵੇਦਾਰ ਕਿਸਮਾਂ ਬਣਨ ਕਰਕੇ ਹੁੰਦੀ ਹੈ ਜਿਵੇਂ ਕਿ ਕਾਰਬਨ ਹੀਰਾ ਅਤੇ ਗ੍ਰੇਫ਼ਾਈਟ ਜਾਂ ਸਲਫ਼ਰ (ਬਿਖਮ-ਲੰਬਧੁਰੀ (Rhombic) ਅਤੇ ਇੱਕ-ਨਤਧੁਰੀ (monoclinic) ਵਿਚ ਰਵੇਦਾਰ ਬਣਤਰਾਂ ਨਾਲ ਸਬੰਧਤ ਕਿਰਿਆਵਾਂ ਲਈ ਤਕਨੀਕੀ ਸ਼ਬਦ, ਬਹੁ-ਰੂਪਤਾ ਜਾਂ ਪਾੱਲੀਮਾੱਰਫ਼ਿਜ਼ਮ (Polymorphism) ਵੀ ਵਰਤਿਆ ਜਾਂਦਾ ਹੈ।

**ਪ੍ਰਾਪਤੀ-ਸਥਾਨ :** ਕੁਦਰਤੀ ਰੂਪ ਵਿਚ ਮਿਲਣ ਵਾਲੇ 90 ਤੱਤਾਂ ਵਿੱਚੋਂ ਲਗਭਗ 30 ਤੱਤ ਧਰਤੀ ਉੱਤੇ ਰਸਾਇਣਿਕ ਤੌਰ ਤੇ ਸੁਤੰਤਰ ਰੂਪ ਵਿਚ ਮਿਲਦੇ ਹਨ ਭਾਵ ਇਹ ਤੱਤ ਕਿਸੇ ਹੋਰ ਦੂਜੇ ਤੱਤ ਨਾਲ ਰਸਾਇਣਿਕ ਤੌਰ ਤੇ ਮਿਲੇ ਹੋਏ ਨਹੀਂ ਮਿਲਦੇ। ਇਹ ਤੱਤ ਰਸਾਇਣਿਕ ਤੌਰ ਤੇ ਬਹੁਤੇ ਕਿਰਿਆਸ਼ੀਲ ਨਹੀਂ ਹੁੰਦੇ ਉਦਾਹਰਣ ਵਜੋਂ, ਨਾਈਟ੍ਰੋਜਨ, ਸੋਨਾ, ਪਲੈਟੀਨਮ, ਤਾਂਬਾ ਅਤੇ ਅਕਿਰਿਆਸ਼ੀਲ ਗੈਸਾਂ (Inert gases) ਨੂੰ ਲਿਆ ਜਾ ਸਕਦਾ ਹੈ। ਆੱਕਸੀਜਨ ਜਿਹੜੀ ਕਿ ਬਹੁਤ ਹੀ ਕਿਰਿਆਸ਼ੀਲ ਤੱਤ ਹੈ, ਜਿਸ ਦੀ ਵੱਡੀ ਮਾਤਰਾ ਵਾਤਾਵਰਣ ਵਿਚ ਸੁਤੰਤਰ ਰੂਪ ਵਿਚ ਅਤੇ ਮਿਸ਼ਰਤ ਰੂਪ ਵਿਚ ਪਾਣੀ, ਚਟਾਨਾਂ ਤੇ ਧਰਤੀ ਦੇ ਖਣਿਜਾਂ ਵਿਚ ਮਿਲਦੀ ਹੈ। ਸੁਤੰਤਰ ਰੂਪ ਵਿਚ ਵਾਤਾਵਰਣ ਵਿਚ ਮਿਲਣ ਵਾਲੀ ਆੱਕਸੀਜਨ ਪ੍ਰਾਣੀ ਦਾਹ-ਉਸਾਰ ਕਿਰਿਆ (metabolism) ਅਤੇ ਪੌਦਿਆਂ ਦੀਆਂ ਕਈ ਕਿਰਿਆਵਾਂ ਵਿਚ ਵਰਤੀ ਜਾਂਦੀ ਹੈ।

ਧਰਤੀ ਦੀ ਪੇਪੜੀ ਵਿਚ ਮਿਲਣ ਵਾਲੇ ਤੱਤਾਂ ਦੀ ਔਸਤ ਮਾਤਰਾ ਸਾਰਣੀ ਵਿਚ ਦਰਸਾਈ ਗਈ ਹੈ। ਇਨ੍ਹਾਂ ਵਿਚੋਂ 8 ਤੱਤ ਸਭ ਤੋਂ ਜ਼ਿਆਦਾ ਮਾਤਰਾ ਵਿਚ ਮਿਲਦੇ ਹਨ ਜਿਵੇਂ ਕਿ ਆੱਕਸੀਜ (466,000 ਹਿੱਸੇ ਪ੍ਰਤਿ 1,000,000 ਜਾਂ 46.6%), ਸਿਲੀਕਾ (27.72%) , ਐਲੂਮਿਨੀਅਮ (8.13%), ਲੋਹਾ (5%), ਕੈਲਸ਼ੀਅ (3.63%), ਸੋਡੀਅਮ (2.83%) , ਪੋਟਾਸ਼ੀਅਮ (2.59%) ਅ ਮੈਗਨੀਸ਼ੀਅਮ (2.09%)। ਇਹ ਧਰਤੀ ਦੀ ਪੇਪੜੀ ਦੇ 98.5 ਹਿੱਸੇ ਤੋਂ ਵੀ ਵੱਧ ਬਣਦਾ ਹੈ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕਿਸੇ ਤੱਤ ਦੀ ਬਹੁਲਤਾ ਉਸ ਤੱਤ ਦੇ ਨਿਊਕਲੀਅਸ ਦੀ ਬਣਤਰ ਨਾਲ ਕੋਈ ਗੂੜ੍ਹਾ ਸਂ ਹੈ। ਇਸ ਸਬੰਧ ਵਿਚ ਡਬਲਯੂ.ਡੀ. ਹਰਕਿਨਸ (W.D. Harkir ਅਤੇ ਹੋਰ ਖੋਜੀਆਂ ਦੁਆਰਾ ਇਕੱਤਰ ਕੀਤੇ ਕੁਝ ਇਕ ਤੱਥ ਹੇਠ ਲਿ ਅਨੁਸਾਰ ਹਨ :—

1. ਸਮਾਨ ਪਰਮਾਣੂ-ਕ੍ਰਮ-ਅੰਕ ਵਾਲੇ ਤੱਤ ਵੱਡੀ ਗਿਣ ਵਿਚ ਹਨ ਅਤੇ ਇਨ੍ਹਾਂ ਦੇ ਆਈਸੋਟੋਪਾਂ ਦੀ ਗਿਣਤੀ ਵੀ ਬਿ ਪਰਮਾਣੂ-ਕ੍ਰਮ ਅੰਕ ਵਾਲੇ ਤੱਤਾਂ ਨਾਲੋਂ ਵੱਧ ਹੈ। ਧਰਤੀ ਵਿਚ ਸਮ ਪਰਮਾਣੂ-ਕ੍ਰਮ ਅੰਕ ਵਾਲੇ ਤੱਤ ਬਿਖਮ ਪਰਮਾਣੂ-ਅੰਕਾਂ ਵਾਲੇ ਤੱ ਨਾਲੋਂ ਦਸ ਗੁਣਾ ਵੱਧ ਹਨ। ਉਲਕਾ ਪਿੰਡਾਂ (meteorites) ਵਿ ਇਹ ਅਨੁਪਾਤ 70 ਅਤੇ 1 ਦਾ ਹੈ।

2. ਅਜਿਹੇ ਪਰਮਾਣੂ ਜਿਨ੍ਹਾਂ ਦੇ ਨਿਊਕਲੀਅਸ ਵਿ ਨਿਊਟ੍ਰਾੱਨਾਂ ਦੀ ਗਿਣਤੀ ਸਮਾਨ ਹੁੰਦੀ ਹੈ ਉਹ ਉਨ੍ਹਾਂ ਪਰਮਾਣੂ ਜਿਨ੍ਹਾਂ ਦੇ ਨਿਊਕਲੀਅਸ ਵਿਚ ਬਿਖਮ ਗਿਣਤੀ ਵਾਲੇ ਨਿਊਟ੍ਰ ਹੁੰਦੇ ਹਨ ਨਾਲੋਂ ਵੱਧ ਮਿਲਦੇ ਹਨ।

3. ਸਮਾਨ ਪੁੰਜ-ਸੰਖਿਆ (Mass number) ਵਾਲੇ ਨਿ ਕਲੀਅਸਾਂ ਦੀ ਗਿਣਤੀ ਬਿਖਮ ਪੁੰਜ-ਸੰਖਿਆ ਵਾਲੇ ਨਿਊਕਲੀਅ ਦੇ ਮੁਕਾਬਲੇ ਵਿਚ ਵੱਧ ਹੈ।

ਵਿਆਖਿਆ ਲਈ ਨੀਆੱਨ ਤੱਤ, ਜਿਸ ਦਾ ਪਰਮਾਣੂ-ਕ੍ਰ ਅੰਕ 10 ਹੈ, ਦੇ ਤਿੰਨ ਆਈਸੋਟੋਪ ਹਨ, ਜਿਨ੍ਹਾਂ ਦੀ ਬਹੁਲਤਾ ਇ ਤਰ੍ਹਾਂ ਹੈ :

$Ne^{20}$ (90.8%), $Ne^{21}$ (0.26%) ਅਤੇ $Ne^{22}$ (8.9%)

ਬ੍ਰਹਿਮੰਡ ਵਿਚ ਹਾਈਡ੍ਰੋਜਨ ਤੱਤ ਸਭ ਤੋਂ ਜ਼ਿਆਦਾ ਮਾਤ ਵਿਚ ਮਿਲਦਾ ਹੈ। ਇਹ ਕੁਲ ਪਰਮਾਣੂਆਂ ਦਾ 90% ਤੋਂ ਵੀ ਭਾਗ ਬਣਾਉਂਦਾ ਹੈ। ਇਸ ਤੋਂ ਘੱਟ ਮਾਤਰਾ ਹੀਲੀਅਮ ਦੀ ਹੈ।

**ਗੁਣ (Properties)** — ਤੱਤਾਂ ਦੇ ਗੁਣ ਉਨ੍ਹਾਂ ਪਰਮਾਣੂਆਂ ਦੀ ਇਲੈੱਕਟ੍ਰਾੱਨੀ ਬਣਤਰ ਅਤੇ ਆਕਾਰ ਦੇ ਲਿਹ ਨਾਲ ਬਹੁਤ ਹੀ ਅੱਡੋ ਅੱਡ ਹੁੰਦੇ ਹਨ। ਉਦਾਹਰਣ ਵਜੋਂ ਵਾਯੂਮੰਡਲੀ ਦਬਾਉ ਉੱਤੇ ਹੀਲੀਅਮ ਦਾ ਪਿਘਲਣ-ਦਰਜਾ ਬ ਘੱਟ ਭਾਵ-272° ਸੈਂ. ਅਤੇ ਉਬਾਲ ਦਰਜਾ -268.9° ਸੈਂ. ਹੈ ਕਿ ਟੰਗਸਟਨ ਦਾ ਪਿਘਲਣ-ਦਰਜਾ 3,387° ਸੈਂ. ਅਤੇ ਉਬ ਦਰਜਾ 6,700° ਸੈਂ. ਸਭ ਤੋਂ ਵੱਧ ਹਨ। ਇਸੇ ਤਰ੍ਹਾਂ ਤੱਤਾਂ ਘਣਤਾ ਵਿਚ ਵੀ ਬਹੁਤ ਅੰਤਰ ਹੈ। ਹਾਈਡ੍ਰੋਜਨ ਦੀ ਘਣਤਾ 0° ਅਤੇ ਵਾਯੂਮੰਡਲੀ ਦਬਾਉ ਉੱਤੇ $8.986 \times 10^{-5}$ ਗ੍ਰਾ. ਪ੍ਰਤਿ ਸੈਂਟੀਮੀਟਰ ਅਤੇ ਇਰੀਡੀਅਮ ਅਤੇ ਆੱਸਮੀਅਮ (osmium) 22.56 ਗ੍ਰਾ. ਪ੍ਰਤਿ ਘਣ ਸੈਂਟੀਮੀਟਰ ਹੁੰਦੀ ਹੈ।

**ਵਰਗੀਕਰਨ (Classification)** — ਤੱਤਾਂ ਨੂੰ ਉਨ੍ਹਾਂ ਗੁਣਾਂ ਅਤੇ ਬਣਤਰ ਦੇ ਅਧਾਰ ਤੇ ਤਿੰਨ ਕਿਸਮਾਂ ਵਿਚ ਵੰਡਿਆ ਸਕਦਾ ਹੈ: ਅਕਿਰਿਆਸ਼ੀਲ ਗੈਸਾਂ, ਧਾਤਾਂ ਅਤੇ ਅਧਾਤਾਂ।

**ਅਕਿਰਿਆਸ਼ੀਲ ਗੈਸਾਂ** — ਇਨ੍ਹਾਂ ਛੇ ਤੱਤਾਂ, ਜਿਨ੍ਹਾਂ ਇਕ ਨੀਆੱਨ ਵੀ ਹੈ ਦੇ ਰਸਾਇਣ-ਵਿਗਿਆਨ ਬਾਰੇ ਬਹੁਤ

ਪਤਾ ਹੈ। ਇਨ੍ਹਾਂ ਦੇ ਬਾਹਰੀ ਸੰਯੋਜਕ ਸ਼ੋਲਾਂ (Valency shells) ਵਿਚ ਇਲੈੱਕਟ੍ਰਾਨ ਭਰੇ ਹੁੰਦੇ ਹਨ, ਹੀਲੀਅਮ ਵਿਚ ਦੋ ਅਤੇ ਬਾਕੀਆਂ ਵਿਚ ਅੱਠ ਇਲੈਕਟ੍ਰਾਨ ਹੁੰਦੇ ਹੁਨ।

**ਧਾਤਾਂ** — ਤੱਤਾਂ ਵਿਚੋਂ ਇਨ੍ਹਾਂ ਦੀ ਗਿਣਤੀ ਸਭ ਤੋਂ ਜ਼ਿਆਦਾ 65 ਹੈ। ਇਨਾਂ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਇਨ੍ਹਾਂ ਦੇ ਸੰਯੋਜਕ ਇਲੈੱਕਟ੍ਰਾਨਾਂ (valence electrons) ਦੀ ਗਿਣਤੀ ਘੱਟ ਹੁੰਦੀ ਹੈ ਅਤੇ ਬੜੀ ਅਸਾਨੀ ਨਾਲ ਇਨ੍ਹਾਂ ਨੂੰ ਖ਼ਤਮ ਕਰਕੇ ਧਨ-ਆਇਨ (positive ion) ਬਣਾਏ ਜਾ ਸਕਦੇ ਹਨ। ਇਨ੍ਹਾਂ ਦੇ ਆੱਕਸਾਈਡ ਅਤੇ ਹਾਈਡ੍ਰਾੱਕਸਾਈਡ ਖਾਰੇ ਹੁੰਦੇ ਹਨ। ਧਾਤਾਂ ਰਿਣ-ਆਇਨਾਂ (negative ions) ਜਾਂ ਰੈਡੀਕਲਾਂ (radicals) ਨਾਲ ਕਈ ਕਿਸਮ ਦੇ ਲੂਣ ਬਣਾਉਂਦੀਆਂ ਹਨ। ਸੁਤੰਤਰ ਰੂਪ ਵਿਚ ਮਿਲਣ ਵਾਲੀਆਂ ਧਾਤਾਂ ਵਿਚ ਬਹੁਤ ਜ਼ਿਆਦਾ ਚਮਕ ਹੁੰਦੀ ਹੈ। ਤਾਂਬੇ ਅਤੇ ਸੋਨੇ ਤੋਂ ਛੁੱਟ ਬਾਕੀ ਧਾਤਾਂ ਚਾਂਦੀ ਵਰਗੀਆਂ ਚਿੱਟੀਆਂ ਜਾਂ ਸਿੱਕੇ ਰੰਗੀਆਂ ਹੁੰਦੀਆਂ ਹਨ। ਇਨ੍ਹਾਂ ਧਾਤਾਂ ਦੇ ਪਰਮਾਣੂਆਂ ਵਿਚਕਾਰ ਵਿਸ਼ੇਸ਼ ਪ੍ਰਕਾਰ ਦੇ ਬੰਧਨਾਂ ਕਰਕੇ ਇਹ ਤਾਪ ਅਤੇ ਬਿਜਲੀ ਲਈ ਵਧੀਆ ਸੁਚਾਲਕ ਹੁੰਦੇ ਹਨ। ਬਹੁਤੀਆਂ ਧਾਤਾਂ ਕੁਟੀਣਯੋਗ, ਖਿਚੀਣਯੋਗ ਅਤੇ ਮਜ਼ਬੂਤ ਹੁੰਦੀਆਂ ਹਨ, ਜਿਨ੍ਹਾਂ ਦਾ ਪਿਘਲਣ-ਦਰਜਾ ਅਤੇ ਉਬਾਲ-ਦਰਜਾ ਉੱਚਾ ਹੁੰਦਾ ਹੈ।

**ਅਧਾਤਾਂ** — ਅਧਾਤਾਂ ਦੇ ਕੁੱਝ ਹੀ ਅਜਿਹੇ ਭੌਤਿਕ ਗੁਣ ਹਨ ਜਿਹੜੇ ਸਾਰੀਆਂ ਅਧਾਤਾਂ ਵਿਚ ਸਾਂਝੇ ਹਨ। ਕੁਝ ਅਧਾਤਾਂ ਵਾਯੂਮੰਡਲੀ ਤਾਪਮਾਨ ਤੇ ਗੈਸਾਂ ਹਨ, ਇਕ ਤਰਲ ਹੈ ਅਤੇ ਬਾਕੀ ਦੀਆਂ ਠੋਸ ਹਨ। ਇਨ੍ਹਾਂ ਦੇ ਸੰਯੋਜਕ ਇਲੈੱਕਟ੍ਰਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਰਸਾਇਣਿਕ ਕਿਰਿਆਵਾਂ ਦੌਰਾਨ ਕਈ ਅਧਾਤਾਂ ਵਾਧੂ ਇਲੈੱਕਟ੍ਰਾਨ ਗ੍ਰਹਿਣ ਕਰਕੇ ਰਿਣ ਆਇਨ ਦੀ ਗਿਣਤੀ ਵਧਾ ਲੈਂਦੀਆਂ ਹਨ।

ਹ.ਪੁ.—ਐਨ.ਬ੍ਰਿ. 8 : 270

**ਤੱਤ** : ਪੁਰਾਣੇ ਵਿਦਵਾਨਾਂ ਨੇ ਪੰਜ ਤੱਤ ਅਥਵਾ ਪੰਜ ਭੂਤ ਨੂੰ ਜਗਤ ਦਾ ਮੂਲ ਕਾਰਨ ਮੰਨਿਆ ਹੈ। ਸਾਂਖ ਸ਼ਾਸਤਰ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਤੱਤਾਂ ਦੇ ਸਮੁਦਾਇ ਤੋਂ ਹੋਈ ਹੈ ਅਤੇ ਇਨ੍ਹਾਂ ਦੀ ਸੰਖਿਆ 24 ਹੈ। ਜਿਸ ਤਰ੍ਹਾਂ ਜਗਤ ਦੀ ਰਚਨਾ ਤੱਤਾਂ ਤੋਂ ਹੋਈ ਹੈ ਉਸੇ ਤਰ੍ਹਾਂ ਹੀ ਸਰੀਰ ਵੀ ਪੰਜ ਤੱਤਾਂ ਤੋਂ ਬਣਿਆ ਹੈ। ਇਸ ਕਾਰਨ ਹੀ ਸਰੀਰ ਨੂੰ 'ਪੰਜ ਭੌਤਕ ਸਰੀਰ' ਕਿਹਾ ਜਾਂਦਾ ਹੈ ਪਰ ਅਰਬੀ ਅਤੇ ਫ਼ਾਰਸੀ ਵਾਲਿਆਂ ਨੇ ਜਿਸਮ ਦੀ ਬਣਾਵਟ 'ਅਰਬਾ ਅਨਾਸਰ' ਭਾਵ ਆਕਾਸ਼ ਨੂੰ ਛੱਡ ਕੇ ਬਾਕੀ ਦੇ ਚਾਰ ਤੱਤਾਂ ਰਾਹੀਂ ਮੰਨੀ ਹੈ।

ਪੁਰਾਣੀ ਭਾਰਤੀ ਖੋਜ ਅਨੁਸਾਰ ਸਰੀਰ ਪੰਜ ਭੂਤਾਂ ਤੋਂ ਬਣਿਆ ਹੈ— 'ਪਾਂਚ ਤੱਤ ਕੋ ਤਨ ਰਚਿਓ' ਵਿਗਿਆਨੀਆਂ ਨੇ ਤੱਤ ਲੱਭੇ ਹਨ। ਪੰਜ ਤੱਤ ਅਤੇ ਇਨ੍ਹਾਂ ਦੇ ਗੁਣ ਵੇਰਵੇ ਸਮੇਤ ਹੇਠ ਅਨੁਸਾਰ ਹਨ :—

(1) ਪ੍ਰਿਥਵੀ ਦੇ ਗੁਣ—ਹੱਡ, ਮਾਸ, ਨਖ, ਤੁਚਾ, ਰੋਮ।

(2) ਜਲ ਦੇ ਗੁਣ—ਵੀਰਜ, ਲਹੂ, ਮਿੰਜ, ਮਲ, ਮੂਤ੍ਰ।

(3) ਅਗਨੀ ਦੇ ਗੁਣ—ਨੀਂਦ, ਭੁੱਖ, ਪਿਆਸ, ਪਸੀਨਾ, ਆਲਸ।

(4) ਵਾਯੂ ਦੇ ਗੁਣ—ਧਾਰਣ (ਫੜਨਾ), ਚਾਲਨ (ਧਕੇਲਨਾ), ਸੁਟਣਾ, ਸਮੇਟਣਾ, ਫੈਲਾਉਣਾ।

(5) ਆਕਾਸ਼ ਦੇ ਗੁਣ—ਕਾਮ, ਕ੍ਰੋਧ, ਲੱਜਾ, ਮੋਹ ਅਤੇ ਲੋਭ।

ਤਾਂਤ੍ਰਿਕਾਂ ਅਨੁਸਾਰ ਤੱਤਾਂ ਦੀ ਗਿਣਤੀ 36 ਹੈ ਅਤੇ ਸ਼ੈਵ ਯੋਗੀ ਵੀ ਇਸ ਦੀ ਸੰਖਿਆ 36 ਮੰਨਦੇ ਹਨ। ਤਾਂਤ੍ਰਿਕਾਂ ਅਨੁਸਾਰ ਭਗਵਾਨ ਸ਼ਿਵ ਨੇ ਆਪਣੇ ਪੰਜ ਮੁੱਖਾਂ ਤੋਂ ਪੰਜ ਅਗਨੀਆਂ ਦਾ ਉਪਦੇਸ਼ ਦਿੱਤਾ। ਇਨ੍ਹਾਂ ਪੰਜਾਂ ਅਗਨੀਆਂ ਤੋਂ ਹੀ ਇਨ੍ਹਾਂ 36 ਤੱਤਾਂ ਦਾ ਨਿਰਣਾ ਕੀਤਾ ਗਿਆ।

ਹ.ਪੁ.—ਸੰ.ਕੋ. 69; ਮ.ਕੋ. 572; ਹਿੰ.ਸਾ.ਕੋ. 1:348.

**ਤੱਤ ਖਾਲਸਾ** : ਸੰਨ 1714 (ਸੰਮਤ 1771) ਵਿਚ ਬੰਦਾ ਬਹਾਦਰ ਨੇ ਪ੍ਰਭੁਤਾ ਦੇ ਅਹੰਕਾਰ ਵਿਚ ਆ ਕੇ ਹਰਿਮੰਦਰ ਸਾਹਿਬ ਵਿਚ ਆਪਣੀ ਗੱਦੀ ਕਾਇਮ ਕਰ ਕੇ ਪੂਜਾ ਕਰਾਉਣੀ ਚਾਹੀ ਅਤੇ ਵਾਹਿਗੁਰੂ ਜੀ ਕੀ ਫ਼ਤਹਿ ਦੀ ਥਾਂ ਤੇ ਸੱਚੇ ਸਾਹਿਬ (ਜਿਸ ਤੋਂ ਉਸ ਦਾ ਭਾਵ ਸ੍ਰੀ ਗੁਰੂ ਗੋਬਿੰਦ ਸਾਹਿਬ ਸੀ) ਕੀ ਫ਼ਤਿਹ ਬੁਲਾਉਣ ਲੱਗਾ। ਤੱਤ ਖਾਲਸੇ ਨੇ ਉਸ ਦੀ ਸਰਦਾਰੀ ਤੋਂ ਆਪਣੇ ਆਪ ਨੂੰ ਸੁਤੰਤਰ ਕਰ ਲਿਆ। ਇਸ ਤਰ੍ਹਾਂ ਸਿੰਘਾਂ ਦੇ ਦੋ ਦਲ ਬਣ ਗਏ। ਜਿਹੜੇ ਦਸਮੇਸ਼ ਦੇ ਨਿਯਮਾਂ ਉਪਰ ਪੱਕੇ ਰਹਿਣ ਵਾਲੇ ਸਨ ਉਹ 'ਤੱਤ ਖਾਲਸਾ' ਅਖਵਾਏ ਅਤੇ ਜੋ ਬੰਦਾ ਬਹਾਦਰ ਦੇ ਮਗਰ ਚੱਲੇ, ਉਹ 'ਬੰਦਈ ਖਾਲਸਾ' ਕਹਾਉਣ ਲਗੇ। ਬੰਦਈ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ ਪਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਛੁੱਟ ਕੋਈ ਹੋਰ ਧਰਮ ਪੁਸਤਕ ਨੂੰ ਨਹੀਂ ਮੰਨਦੇ ਅਤੇ ਸਾਰੇ ਸੰਸਕਾਰ ਗੁਰਮਤ ਅਨੁਸਾਰ ਕਰਦੇ ਹਨ।

ਹ.ਪੁ.—ਮ.ਕੋ

**ਤੰਤਰ** : ਇਹ ਵੱਖ ਵੱਖ ਕਿਸਮ ਦੇ ਨਿਯਮ, ਸੰਸਕਾਰ ਜਾਂ ਜਾਦੂ-ਟੂਣੇ ਹੁੰਦੇ ਹਨ। ਤੰਤਰ ਸ਼ਾਸਤਰ ਵਿਚ ਜਾਦੂ ਟੂਣੇ ਅਤੇ ਮੰਤਰਾਂ ਦੀ ਸ਼ਕਤੀ ਦਾ ਵਰਨਣ ਹੈ ਅਤੇ ਸ਼ਕਤੀ ਦੀ ਉਪਾਸਨਾ ਪ੍ਰਧਾਨ ਹੈ। ਆਮ ਤੌਰ ਤੇ ਪੁਰਾਣਾਂ ਤੋਂ ਪੁਰਾਤਨ ਅਤੇ ਧਰਮ ਦੀ ਪਿਛਲੀ ਉੱਨਤੀ ਨੂੰ ਦੱਸਣ ਵਾਲੇ ਧਾਰਮਿਕ ਤੇ ਜਾਦੂ ਸਬੰਧੀ ਗ੍ਰੰਥਾਂ ਦਾ ਨਾਂ ਤੰਤਰ ਹੈ। ਤੰਤਰ ਸ਼ਾਸਤਰ ਸ਼ਿਵ ਦੀ ਰਚਨਾ ਦੱਸੀ ਜਾਂਦੀ ਹੈ। ਇਸਤਰੀ ਸ਼ਕਤੀ ਦੀ ਪੂਜਾ ਇਸ ਤੋਂ ਪਹਿਲਾਂ ਵੀ ਸ਼ੁਰੂ ਹੋ ਚੁੱਕੀ ਸੀ। ਤੰਤਰਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਦੇਵਤੇ ਦੀ ਇਸਤਰੀ ਸ਼ਕਤੀ ਨੂੰ ਉੱਘਾ ਕਰਨਾ ਹੈ। ਉਸ ਦੀ ਅਮਲੀ ਖਸਲਤ ਦਾ ਸ਼ਕਤੀ ਜਾਂ ਇਸਤਰੀ ਦੇ ਰੂਪ ਵਿਚ ਮਾਨਵੀਕਰਨ ਕੀਤਾ ਜਾਂਦਾ ਹੈ। ਕੁਝ ਤੰਤਰ ਇਹੋ ਜਿਹੇ ਹਨ ਜਿਨ੍ਹਾਂ ਵਿਚ ਵਿਸ਼ਨੂੰ ਦੀ ਪਤਨੀ ਜਾਂ ਰਾਧਾ ਨੂੰ ਭਗਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਪਰ ਉਨ੍ਹਾਂ ਦੀ ਬਹੁ ਸੰਮਤੀ ਦੇਵੀ, ਸ਼ਿਵ ਦੀ ਸ਼ਕਤੀ ਦੇ ਬਹੁਤ ਸਾਰਿਆਂ ਰੂਪਾਂ ਨੂੰ ਮੰਨਦੀ ਹੈ ਅਤੇ ਉਹ ਆਮ ਤੌਰ ਤੇ ਦੋ ਦੇਵਤਿਆਂ ਵਿਚਕਾਰ ਹੋਈ ਗੱਲ ਬਾਤ ਦੀ ਸ਼ਕਲ ਵਿਚ ਲਿਖੇ ਜਾਂਦੇ ਹਨ। ਦੇਵੀ ਸ਼ਿਵ ਦੀ ਸ਼ਕਤੀ ਦੇ ਤੌਰ ਤੇ ਉਹ ਵਿਸ਼ੇਸ਼ ਸ਼ਕਤੀ ਹੈ ਜਿਸ ਦਾ ਸਬੰਧ ਜਿਨਸੀ ਮਿਲਾਪ ਅਤੇ ਜਾਦੂ ਦੀਆਂ ਸ਼ਕਤੀਆਂ ਨਾਲ ਹੈ ਅਤੇ ਇਹ ਤੰਤਰਾਂ ਦੇ ਮੁੱਖ ਵਿਸ਼ੇ ਹਨ। ਤੰਤਰ ਪੂਜਾ ਲਈ ਪੰਜ ਲੋੜੀਂਦੀਆਂ ਚੀਜ਼ਾਂ ਪੰਜ ਮਕਾਰ ਜਾਂ 'ਮ' ਹਨ :— 1. ਮਦ, (ਸ਼ਰਾਬ) 2. ਮਾਸ, 3. ਮਤਸੱਯ, ਮੱਛੀ 4. ਮੁਦਰਾ, ਭੁੱਜੇ ਹੋਏ ਚਿੜਵੇ ਅਤੇ ਕਣਕ ਦਾ ਬੇਰੜਾ, 5. ਮੈਥੁਨ, ਜਿਨਸੀ ਮਿਲਾਪ। ਹਰ ਸ਼ਕਤੀ ਦੇ ਦੋ ਪੱਖ ਹੁੰਦੇ ਹਨ, ਚਿੱਟਾ ਤੇ ਕਾਲਾ, ਨਰਮੀ ਵਾਲਾ ਅਤੇ ਡਰਾਉਣਾ। ਜਿਵੇਂ ਊਸ਼ਾ ਅਤੇ ਗੌਰੀ ਸ਼ਿਵ ਦੀ ਸ਼ਕਤੀ ਦੇ ਨਰਮੀ ਵਾਲੇ ਪੱਖ ਹਨ, ਜਦੋਂ ਕਿ ਦੁਰਗਾ ਅਤੇ ਕਾਲੀ ਡਰਾਉਣੇ ਪੱਖ ਹਨ। ਸ਼ਾਕਤ ਜਾਂ ਸ਼ਕਤੀ ਦੀ ਪੂਜਾ ਕਰਨ ਵਾਲਿਆਂ ਦੀ ਦੋ ਸ਼ਰੇਣੀਆਂ ਵਿਚ ਵੰਡ ਕੀਤੀ ਜਾਂਦੀ ਹੈ ਜਿਵੇ ਦਕਸ਼ਿਨਾਚਾਰੀ ਤੇ ਵਾਮਾਚਾਰੀ, ਸੱਜੇ ਪੱਖ ਵਾਲੇ ਜਾਂ ਖੱਬੇ ਪੱਖ ਵਾਲੇ। ਸੱਜੇ ਪੱਖ ਵਾਲਿਆਂ ਦੀ ਪੂਜਾ ਤੁਲਨਾਤਮਕ ਰੂਪ ਵਿਚ ਰੰਗੀ ਹੈ, ਪਰ ਖੱਬੇ ਪੱਖ ਵਾਲੇ ਸ਼ਕਤੀ ਦੀ ਡਰਾਉਣੀ ਪ੍ਰਕਿਰਤੀ ਨੂੰ ਪੂਜਦੇ ਹਨ ਅਤੇ ਇਹ ਬਹੁਤ ਹੀ ਵਿਭਚਾਰ

ਭਰੀ ਹੈ। ਇਸਤਰੀ ਯੋਨੀ ਦੀ ਪੂਜਾ ਨਾ ਕੇਵਲ ਚਿੰਨ੍ਹ ਰੂਪ ਵਿਚ ਹੀ ਸਗੋਂ ਵਾਸਤਵ ਵਿਚ ਇਸਤਰੀ ਦੇ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਖੁੱਲ੍ਹਾ ਜਿਨਸੀ ਮਿਲਾਪ ਰੰਗਰਲੀਆਂ ਦਾ ਇਕ ਭਾਗ ਹੈ। ਤੰਤਰ ਪੂਜਾ ਮੁੱਖ ਰੂਪ ਵਿਚ ਬੰਗਾਲਾ ਅਤੇ ਪੂਰਬੀ ਪ੍ਰਾਂਤਾਂ ਵਿਚ ਪ੍ਰਚਲੱਤ ਹੈ।

ਹ.ਪ.—ਹਿੰ.ਮਿ.ਕੋ.; ਮ. ਕੋ.

**ਤੰਤ੍ਰ ਸਾਹਿਤ** : ਤੰਤਰਾਂ ਦੀ ਗਿਣਤੀ ਬਹੁਤ ਵੱਡੀ ਦਸੀ ਜਾਂਦੀ ਹੈ ਅਤੇ ਉਨ੍ਹਾਂ ਵਿਚੋਂ ਕੁਝ ਤੰਤਰਾਂ ਦਾ ਅਧਿਐਨ ਹੀ ਹੋਇਆ ਹੈ। ਕੁਝ ਲਿਖਤਾਂ ਅਨੁਸਾਰ ਤੰਤਰ ਲੱਖਾਂ ਦੀ ਗਿਣਤੀ ਵਿਚ ਹਨ। ਇਲਾਕਾਈ ਗਰੁਪਾਂ ਵਿਚ, ਚੌਂਹਠ ਤੰਤਰ ਹਰ ਗਰੁੱਪ ਵਿਚ ਰਖੇ ਗਏ ਹਨ। ਅਸ਼ਵਕਰਾਂਤਾ (ਵਿਸ਼ਿਆਂ ਤੋਂ ਮਹਾਂਚੀਨ ਤਕ) ਵਿਸ਼ਣੂਕਰਾਂਤਾ (ਵਿੰਧਿਆ ਤੋਂ ਚਟਲ ਤਕ) ਅਤੇ ਰਥਕਰਾਂਤਾ (ਵਿੰਧਿਆ ਤੋਂ ਮਹਾਂਸਾਗਰ ਤਕ) ਇਲਾਕਿਆਂ ਦੇ ਪ੍ਰਾਚੀਨ ਨਾਂ ਹਨ। (ਵੇਖੋ ਐਵਾਨਾਨ ਦੀ ਪੁਸਤਕ ਪ੍ਰਿੰਸੀਪਲਜ਼ ਆਫ ਤੰਤਰਾਜ਼' ਦਾ ਮੁਖਬੰਧ)। ਇਹ ਵੀ ਦਸਿਆ ਗਿਆ ਹੈ ਕਿ ਕੁਝ ਤੰਤਰ ਕੁਝ ਵਿਸ਼ੇਸ਼ ਕਾਲਾਂ ਲਈ ਹਨ ਜਿਵੇਂ ਵਾਰਾਹਾਕਲਪ, ਕਾਲਕਲਪ ਆਦਿ। ਮਹਾਂ ਸਿਧਸਾ ਰਸਤੰਤਰ ਵਿਚ ਉਨ੍ਹਾਂ ਚੌਂਹਠ ਤੰਤਰਾਂ ਦਾ ਵਰਨਣ ਹੈ ਜਿਹੜੇ ਸਰਬ ਸਮਿਆਂ ਲਈ ਮਹੱਤਵਪੂਰਨ ਹਨ। ਕਈ ਮਤਾਂ ਨਾਲ ਸਬੰਧਤ ਤੰਤਰਾਂ ਦੀਆਂ ਵੱਖੋ ਵੱਖਰੀਆਂ ਸੂਚੀਆਂ ਹਨ।

ਤੰਤਰ ਤਿੰਨ ਭਾਗਾਂ ਵਿਚ ਵੰਡੇ ਗਏ ਹਨ—ਆਗਮ, ਯਾਮਲ ਅਤੇ ਮੁੱਖ ਤੰਤਰ। ਵਾਰਾਹੀ ਤੰਤਰ ਅਨੁਸਾਰ ਜਿਸ ਤੰਤਰ ਵਿਚ ਸ੍ਰਿਸ਼ਟੀ, ਪਰਲੋ, ਦੇਵਤਿਆਂ ਦੀ ਪੂਜਾ, ਸਭ ਕਾਰਜਾਂ ਦੇ ਸਾਧਨ, ਪੁਰਸ਼ਚਰਣ, ਖਟਕਰਮ ਸਾਧਨ ਅਤੇ ਚਾਰ ਪ੍ਰਕਾਰ ਦੇ ਧਿਆਨ--ਯੋਗ ਦਾ ਵਰਨਣ ਹੋਵੇ, ਉਸ ਨੂੰ ਆਗਮ ਕਿਹਾ ਜਾਂਦਾ ਹੈ; ਜਿਸ ਤੰਤਰ ਵਿਚ ਸ੍ਰਿਸ਼ਟੀ ਤੱਤ, ਜੋਤਸ਼, ਨਿਤਕ੍ਰਤਯ, ਕ੍ਰਮ, ਸੂਤ੍ਰ, ਵਰਣਭੇਦ ਅਤੇ ਯੁੱਗ ਧਰਮ ਦਾ ਵਰਨਣ ਹੋਵੇ ਉਸਨੂੰ ਯਾਮਲ ਕਹਿੰਦੇ ਹਨ ਅਤੇ ਜਿਸ ਤੰਤਰ ਵਿਚ ਸ੍ਰਿਸ਼ਟੀ, ਲਯ, ਮੰਤਰ—ਨਿਰਣਯ, ਜੰਤਰ-ਨਿਰਣਯ, ਤੀਰਥ, ਆਸ਼ਰਮ ਧਰਮ, ਯੁਗ ਧਰਮ, ਵਿਹਾਰ ਅਤੇ ਅਧਿਆਤਮਕ ਵਿਸ਼ਿਆਂ ਦਾ ਵਰਨਣ ਹੋਵੇ, ਉਸਨੂੰ ਮੁੱਖ ਤੰਤਰ ਕਿਹਾ ਜਾਂਦਾ ਹੈ।

ਤੰਤਰਾਂ ਦਾ ਸਿਧਾਂਤ ਇਹ ਹੈ ਕਿ ਕਲਯੁਗ ਵਿਚ ਵੈਦਿਕ ਮੰਤਰਾਂ, ਤਪਾਂ ਅਤੇ ਯੱਗਾਂ ਆਦਿ ਦਾ ਕੋਈ ਫ਼ਲ ਨਹੀਂ ਹੁੰਦਾ। ਇਸ ਯੁਗ ਵਿਚ ਹਰ ਪ੍ਰਕਾਰ ਦੀ ਸਿੱਧੀ ਲਈ ਮੰਤਰਾਂ ਦੀ ਸਹਾਇਤਾ ਲਈ ਜਾਂਦੀ ਹੈ। ਤੰਤਰ ਸ਼ਾਸਤਰ ਵਿਸ਼ੇਸ਼ ਕਰਕੇ ਸ਼ਾਕਤਕਾਂ ਨਾਲ ਸਬੰਧਤ ਹੈ। ਤਾਂਤਰਿਕਾਂ ਦੇ ਪੰਜ ਮਕਾਰ ਅਤੇ ਚਕਰ-ਪੂਜਾ ਪ੍ਰਸਿੱਧ ਹਨ। ਪੰਜ ਮਕਾਰ ਇਹ ਹਨ : ਮਦ, ਮਾਸ, ਮੱਛੀ, ਮੁਦਰਾ ਅਤੇ ਮੈਥੁਨ। ਤਾਂਤਰਿਕ ਸਭ ਦੇਵਤਿਆਂ ਦੀ ਪੂਜਾ ਕਰਦੇ ਹਨ ਪਰ ਉਨ੍ਹਾਂ ਦਾ ਪੂਜਾ-ਵਿਧਾਨ ਸਭ ਤੋਂ ਵਖਰੀ ਕਿਸਮ ਦਾ ਹੈ।

ਤੰਤਰ ਗ੍ਰੰਥ ਬੋਧੀਆਂ ਦੇ ਵੀ ਹਨ ਅਤੇ ਹਿੰਦੂਆਂ ਦੇ ਵੀ। ਬੋਧੀ ਤੰਤਰਾਂ ਦਾ ਵਧੇਰੇ ਪ੍ਰਚਾਰ ਚੀਨ ਅਤੇ ਤਿੱਬਤ ਵਿਚ ਹੈ। ਹਿੰਦੂ ਤਾਂਤ੍ਰਿਕ ਇਨ੍ਹਾਂ ਨੂੰ ਉਪ-ਤੰਤਰ ਕਹਿੰਦੇ ਹਨ। ਵਾਰਾਹੀ ਤੰਤਰ ਤੋਂ ਇਹ ਪਤਾ ਲਗਦਾ ਹੈ ਕਿ ਜੈਮਨੀ, ਕਪਿਲ, ਨਾਰਦ, ਗਰਗ, ਪੁਲਸਥ, ਭ੍ਰਿਗੂ, ਸ਼ੁਕਰ, ਬ੍ਰਹਸਪਤੀ ਆਦਿ ਰਿਸ਼ੀਆਂ ਨੇ ਵੀ ਤੰਤਰਾਂ ਦੀ ਰਚਨਾ ਕੀਤੀ ਹੈ। ਹਿੰਦੂਆਂ ਅਤੇ ਬੋਧੀਆਂ ਦੋਹਾਂ ਧਰਮਾਂ ਵਿਚ ਤੰਤਰਾਂ ਨੂੰ ਅਤੀ ਗਹੁਜ ਸ਼ਾਸਤਰ ਸਮਝਿਆ ਜਾਂਦਾ ਹੈ। ਕੇਵਲ ਦੀਖਿਆ ਪ੍ਰਾਪਤ ਕਰਨ ਵਾਲਿਆਂ ਦੇ ਸਾਹਮਣੇ ਹੀ ਇਨ੍ਹਾਂ ਨੂੰ ਪ੍ਰਗਟ ਕਰਨਾ ਚਾਹੀਦਾ ਹੈ। ਕੁਲਾਰਣਵਤੰਤਰ ਵਿਚ ਲਿਖਿਆ ਹੈ ਕਿ ਧਨ, ਇਸਤਰੀ ਅਤੇ ਪ੍ਰਾਣਾਂ ਤਕ ਦੇ ਲਾਲਚ ਵਿਚ ਵੀ ਇਸ ਗਹੁਜ ਸ਼ਾਸਤਰ ਨੂੰ ਕਿਸੇ ਦੇ ਸਾਹਮਣੇ ਪ੍ਰਗਟ ਨਹੀਂ ਕਰਨਾ ਚਾਹੀਦਾ।

ਆਗਮ ਤਤ ਵਿਲਾਸ ਵਿਚ ਹੇਠ ਲਿਖੇ ਕੁਝ ਤੰਤਰਾਂ ਦਾ ਉਲੇਖ ਹੈ :

1. ਸਵਤੰਤਰ ਤੰਤਰ, 2. ਫੇਤਕਾਰੀ ਤੰਤਰ, 3. ਉੱਤਰ ਤੰਤਰ, 4. ਨੀਲ ਤੰਤਰ, 5. ਵੀਰ ਤੰਤਰ, 6. ਦੁਮਾਰੀ ਤੰਤਰ, 7. ਕਾਲੀ ਤੰਤਰ, 8. ਨਾਰਾਇਣੀ ਤੰਤਰ, 9. ਤਾਰਿਣੀ ਤੰਤਰ, 10. ਬਾਲਾ ਤੰਤਰ, 11. ਸਮਯਾਚਾਰ ਤੰਤਰ, 12. ਭੈਰਵ ਤੰਤਰ, 13. ਭੈਰਵੀ ਤੰਤਰ, 14. ਤ੍ਰਿਪੁਰਾ ਤੰਤਰ, 15. ਕਾਮਕੇਸ਼ਵਰ ਤੰਤਰ, 16. ਕੁਕੁਕੁਟੇਸ਼ਵਰ ਤੰਤਰ, 17. ਮਾਤਕਰਾ ਤੰਤਰ, 18. ਸੰਤ ਕੁਮਾਰ ਤੰਤਰ, 19. ਵਿਸ਼ਸ਼ੁਦੇਸ਼ਵਰ ਤੰਤਰ, 20. ਸੰਮੋਹਨ ਤੰਤਰ, 21.ਗੋਤਮੀਯ ਤੰਤਰ, 22. ਬ੍ਰਹਤਗੋਤਮੀਯ ਤੰਤਰ, 23. ਭੂਤ-ਭੈਰਵ ਤੰਤਰ, 24. ਚਾਮੁੰਡਾ ਤੰਤਰ, 25. ਪਿੰਗਲਾ ਤੰਤਰ, 26. ਵਾਰਾਹੀ ਤੰਤਰ, 27. ਮੁੰਡਮਾਲਾ ਤੰਤਰ, 28. ਯੋਗਿਨੀ ਤੰਤਰ, 29. ਮਾਲਿਨੀ ਵਿਜੈ ਤੰਤਰ, 30. ਸਵਛੰਦ ਭੈਰਵ, 31. ਮਹਾਂ ਤੰਤਰ, 32. ਸ਼ਕਤੀ ਤੰਤਰ, 33. ਚਿੰਤਾਮਣੀ ਤੰਤਰ, 34. ਉਨਮਤ ਭੈਰਵ ਤੰਤਰ, 35. ਤ੍ਰੈਲੋਕਯ ਸਾਰ ਤੰਤਰ, 36. ਵਿਸ਼ਵਸਾਰ ਤੰਤਰ, 37. ਤੰਤਰ ਮੰਤਰ, 38. ਮਹਾਂਫੇਤਕਾਰੀ ਤੰਤਰ, 39. ਵਾਯਬੰਧ ਤੰਤਰ, 40. ਤੋੜਲ ਤੰਤਰ, 41. ਤਾਲਿਨੀ ਤੰਤਰ, 42. ਲਲਿਤਾ ਤੰਤਰ, 43. ਤ੍ਰਿਸ਼ਕਤੀ ਤੰਤਰ, 44. ਰਾਜ ਰਾਜੇਸ਼ਵਰੀ ਤੰਤਰ, 45. ਮਹਾਮੋਹ ਸਵਰੋਤਰ ਤੰਤਰ, 46. ਗਵਾਕਸ਼ ਤੰਤਰ, 47. ਗਾਂਧਰਵ ਤੰਤਰ, 48. ਤ੍ਰੈਲੋਕਯ ਮੋਹਨ ਤੰਤਰ, 49. ਹੰਸਪਾਰਮੇਸ਼ਵਰ, 50. ਹੰਸਮਾਹੇਸ਼ਵਰ, 51. ਕਾਮਸੇਨੁਤੰਤਰ, 52. ਵਰਣਵਿਲਾਸ ਤੰਤਰ, 53. ਮਾਇਆ ਤੰਤਰ, 54. ਮੰਤ੍ਰ ਰਾਜ, 55. ਕੁਬਿਜਕਾ ਤੰਤਰ, 56. ਵਿਗਿਆਨ ਲਤਿਕਾ, 57. ਲਿੰਗ ਆਗਮ, 58. ਕਾਲੋਤਰ, 59. ਬ੍ਰਹਮਯਾਮਲ, 60. ਆਦਿ ਯਾਮਲ, 61. ਰੁਦ੍ਰਯਾਮਲ, 62. ਵਤਦਯਾਮਲ, 63. ਸਿਧ ਯਾਮਲ ਅਤੇ 64. ਕਲਪਸੂਤ੍ਰ। ਇਨ੍ਹਾਂ ਤੋਂ ਛੁੱਟ ਹੋਰ ਵੀ ਕੁਝ ਤਾਂਤ੍ਰਿਕ ਗ੍ਰੰਥਾਂ ਦੇ ਨਾਂ ਮਿਲਦੇ ਹਨ ਜਿਵੇਂ ਮਤਸਯਸੂਕਤ, ਕੁਲ ਸੂਕਤ, ਕਾਮਰਾਜ, ਸ਼ਿਵ ਆਗਮ, ਉਡੀਸ, ਕੁਲੋਤੀਸ, ਵੀਰਭਦ੍ਰੋਡੀਸ਼, ਭੂਤਡਾਮਰ, ਡਾਮਰ, ਯਕਸ਼ਡਾਮਕ, ਚੁਲਸਰਵਧਵ ਕਾਲਿਕਾ ਕੁਲ ਸਰਵਧਵ, ਕੁਲ ਚੂੜਾ ਮਣੀ, ਦਿਵਯ,ਕੁਲਸਾਰ, ਕੁਲਾਰਣਵ, ਕੁਲਾਮ੍ਰਤ, ਕੁਲਾਵਨੀ, ਕਾਲੀ ਕੁਲਾਰਣਵਠ ਕੁਲ ਪ੍ਰਕਾਸ਼, ਵਾਸ਼ਿਸ਼ਠ, ਸਿਧਸਾਰਸਵਤ, ਯੋਗਿਨੀ ਹ੍ਰਿਦਯ, ਕਾਲੀ ਹ੍ਰਿਦਯ, ਮਾਤ੍ਰਕਾਰਣਵ, ਯੋਗਿਨੀ ਜਾਲ ਕੁਰਨ, ਲਕਸ਼ਮੀ ਕੁਲਾਰਣਵ, ਬਾਰਾਰਣਵ, ਚੰਦਰਪੀਠ, ਮੇਰੂਤੰਤਰ, ਚਤੁ : ਸੁਤੀ, ਤਤਵਬੋਧ, ਮਹੋਗ, ਸਵਛੰਦਸਾਰ ਸੰਗ੍ਰਹਿ, ਤਾਰਾਪ੍ਰਦੀਪ ਸੰਕੇਤਚੰਦੋਦਯ, ਖਟਤਿਸ਼ਤਤਵਕ, ਲਕਸ਼ਯਨਿਰਣਯ ਤ੍ਰਿਪੁਰਾਰਣਵ, ਵਿਸ਼ਣੂਧਰਮੋਤਰ, ਮੰਤ੍ਰਦਰਪਣ, ਵੈਸ਼ਣਵਾਮ੍ਰਿਤ ਮਾਨਸੋਲੱਸ, ਪੂਜਾ, ਪ੍ਰਦੀਪ, ਭਗਤਿਮੰਜਰੀ, ਭਵਨੇਸ਼ਵਰੀ ਪਾਰਿਜਾਤ, ਪ੍ਰਯੋਗਸਾਰ, ਕਾਮਰਤਨ, ਤਿਯਾਸਾਰ, ਆਗਮ ਦੀਪਿਕਾ ਭਾਵਚੂੜਮਣੀ, ਤੰਤਰ ਚੂੜਾ ਮਣੀ, ਬ੍ਰਹਤਸ੍ਰੀਕ੍ਰਮ, ਸ੍ਰੀ ਕ੍ਰਮ, ਸਿਧਾਂਤ ਸ਼ੇਖਰ, ਗਣੇਸ਼ਵਿਮਰਿਸ਼ਨ ਮੰਤਰ ਸੁਕਤਾਵਲੀ, ਤਤਵ ਕ੍ਰੌਮਦੀ, ਤੰਤਰ ਕੋਮਦੀ, ਮੰਤਰ ਤੰਤਰ ਪ੍ਰਕਾਸ਼, ਰਾਮਾਚਰਨ ਚੰਦ੍ਰਿਕਾ, ਸ਼ਾਰਦਾਤਿਲਕ ਗਿਆਨਾਰਣਵ,ਸਾਰਸਮੁੱਚਯ, ਕਲਪਦ੍ਰਮ, ਗਿਆਨਮਾਲਾ ਪੁਰਸ਼ਚਰਣ ਚੰਦ੍ਰਿਕਾ, ਆਨਮੋਤਰ, ਤਤਵਸਾਗਰ, ਸਾਰਸੰਗ੍ਰਹਿ ਦੇਵਪ੍ਰਕਾਸ਼ਿਨੀ, ਤੰਤਰਾਰਣਵ, ਕ੍ਰਮਦੀਪਿਕਾ, ਤਾਰਾਰਹਸਯ ਸੁਯਾਮਾਰਹਸਯ, ਤੰਤਰ ਰਤਨ, ਤੰਤਰਪ੍ਰਦੀ ਤਾਰਾਵਿਲਾਸ ਵਿਸ਼ਵਮਾਤ੍ਰਕਾ, ਪੰਚਸਾਰ, ਤੰਤਰਸਾਰ ਅਤੇ ਰਤਨਾਵਲੀ। ਇਨ੍ਹਾਂ ਤੋਂ ਛੁੱਟ ਮਹਾਂਸਿਧ ਸਾਰਸਵਤ ਵਿਚ ਸਿਧੀਸ਼ਵਰ, ਨਿਤਯ ਤੰਤਰ ਦੇਵਯਾਗਮ, ਨਿਬੰਧ ਤੰਤਰ, ਰਾਧਾ ਤੰਤਰ, ਕਾਮਾਖਯਾ ਤੰਤਰ ਮਹਾਂਕਾਲਤੰਤਰ, ਅੰਤਰਚਿੰਤਾਮਣੀ, ਕਾਲੀ ਵਿਲਾਸ ਅਤੇ ਮਹਾਂਚੀਨ ਤੰਤਰ ਦਾ ਉਲੇਖ ਹੈ।

ਉਪਰੋਕਤ ਤੰਤਰਾਂ ਨੂੰ ਛਡ ਕੇ ਹੋਰ ਵੀ ਕੁਝ ਤਾਂਤ੍ਰਿਕ ਗ੍ਰੰਥ ਪ੍ਰਚੱਲਤ ਹਨ ਜਿਵੇਂ ਆਚਾਰਸਾਰ ਪ੍ਰਕਰਣ, ਆਚਾਰਸਾਰ ਤੰਤਰ, ਅਗਾਮ ਚੰਦ੍ਰਿਕਾ, ਆਗਮਸਾਰ, ਅੰਨਦਾ ਕਲਪ, ਬ੍ਰਹਮ ਗਿਆਨ ਮਹਾਂ ਤੰਤਰ, ਬ੍ਰਹਮ ਗਿਆਨ ਤੰਤਰ, ਬ੍ਰਹਮੰਡ ਤੰਤਰ, ਚਿੰਤਾਮਣੀ ਤੰਤਰ, ਦਖਸ਼ਿਣ ਕਲਪ, ਗੌਰੀ ਕੰਚਲਿਕਾ ਤੰਤਰ, ਗਾਇਤ੍ਰੀ ਤੰਤਰ ਬ੍ਰਾਹਮਣੋਲਾਸ, ਗ੍ਰਹਿਯਾਮਲ ਤੰਤਰ, ਈਸ਼ਾਨ ਸੰਹਿਤਾ, ਜਪ ਰਹੱਸਯ, ਗਿਆਨਾਨੰਦ ਤਰੰਗਿਣੀ, ਗਿਆਨ ਤੰਤਰ, ਕੈਵਲਯਤੰਤਰ, ਗਿਆਨ ਸੰਕਲਿਨਲ, ਕੋਲਿਕਾ ਚਰਨ ਦੀਪਿਕਾ, ਕਮਚੰਦਰਿਕਾ, ਕੁਮਾਰੀ ਕਵਚੋਲੱਸ, ਲਿੰਗਾਚਰਨ ਤੰਤਰ, ਨਿਰਵਾਣ ਤੰਤਰ, ਮਹਾਂ ਨਿਰਵਾਣ ਤੰਤਰ, ਬ੍ਰਹਮ ਨਿਰਵਾਣ ਤੰਤਰ, ਵਰਦਾ-ਤੰਤਰ, ਮਾਦ੍ਰਕਾ-ਭੇਦ-ਤੰਤਰ, ਨਿਗਮਕਲਪਦ੍ਰਮ, ਨਿਗਮਤਤਵਸਾਰ, ਨਿਰੁੱਤਰ ਤੰਤਰ, ਪਿੱਛਿਲਾ ਤੰਤਕ, ਪੀਠ ਨਿਰਣਯ, ਪੁਰਸੁ ਚਰਣ ਵਿਵੇਕ, ਪੁਰਸ਼ਚਰਣਰਸੋਲੱਸ, ਸ਼ਕਤੀ ਸੰਗਮ ਤੰਤਰ, ਸਰਸਵਤੀ ਤੰਤਰ, ਸ਼ਿਵ ਸੰਹਿਤਰ, ਸ੍ਰੀ ਤਤਵ ਬੋਧਿਨੀ, ਸਰਵੋਦਯ, ਸ਼ਯਾਮਾ-ਕਲਪਲੱਤਾ, ਤ੍ਰਿਪੁਰਾਸਾਰ ਸਮੁੱਚਯ, ਵਰਣ ਭੈਰਵ, ਵਰਣੋਧਾਰ ਤੰਤਰ, ਬੀਜ ਚਿੰਤਾਮਣੀ, ਮਣੀ ਤੰਤਰ, ਯੋਗਿਮੀ ਹਿਰਦਯਦੀਪਿਕਾ, ਯਾਮਲ ਇਤਿਆਦਿਕ।

ਵਾਰਾਹੀ ਤੰਤਰ ਵਿਚ ਤੰਤਰਾਂ ਦੇ ਨਾਂ ਅਤੇ ਉਨ੍ਹਾਂ ਦੀ ਸ਼ਲੋਕ ਸੰਖਿਆ ਇਸ ਤਰ੍ਹਾਂ ਲਿਖੀ ਹੈ:

| | ਤੰਤਰ ਦਾ ਨਾ | ਸ਼ਲੋਕ ਸੰਖਿਆ |
|---|---|---|
| 1. | ਮੁਕਤਕ | 6050 |
| 2. | ਸ਼ਾਰਦਾ | 16025 |
| 3. | ਪ੍ਰਪੰਚ (1) | 12300 |
| 4. | ਪ੍ਰਪੰਚ (2) | 80270 |
| 5. | ਪ੍ਰਪੰਚ (3) | 5310 |
| 6. | ਕਪਿਲ | 6080 |
| 7. | ਯੋਗ | 13311 |
| 8. | ਕਲਪ | 5090 |
| 9. | ਕਪਿੰਜਲ | 80120 |
| 10. | ਅੰਮ੍ਰਿਤਸੁਧੀ | 5005 |
| 11. | ਵੀਰਾਗਮ | 6606 |
| 12. | ਸਿਧਸੰਵਰਣ | 5006 |
| 13. | ਯੋਗਡਾਮਰ | 23533 |
| 14. | ਸ਼ਿਵਡਾਮਰ | 11007 |
| 15. | ਦੁਰਗਡਾਮਰ | 11503 |
| 16. | ਸਾਰਸਵਤੰ | 9905 |
| 17. | ਬ੍ਰਹਮਡਾਮਰ | 7105 |
| 18. | ਗਾਂਧਰਵ ਡਾਮਰ | 60060 |
| 19. | ਆਦਿਯਾਮਲ | 35300 |
| 20. | ਬ੍ਰਹਮਯਾਮਲ | 22100 |
| 21. | ਵਿਸ਼ਨੂੰਯਾਮਲ | 24020 |
| 22. | ਰੁਦ੍ਰ ਯਾਮਲ | 6465 |
| 23. | ਗਣੇਸ਼ਯਾਮਲ | 10323 |
| 24. | ਆਦਿਤਯ ਯਾਮਲ | 12000 |
| 25. | ਨੀਲ ਪਤਾਕਾ | 5000 |
| 26. | ਵਾਮਦੇਸ਼ਵਰ | 25 |
| 27. | ਮ੍ਰਿਤਯੁੰਜਸ ਤੰਤਰ | 13220 |
| 28. | ਯੋਗਾਰਣਵ | 8307 |
| 29. | ਮਾਇਆ ਤੰਤਰ | 11000 |
| 30. | ਦਖਸ਼ਣਾ ਮੂਰਤੀ | 5550 |
| 31. | ਕਾਲਿਕਾ | 1101 |
| 32. | ਕਾਮੇਸ਼ਵਰੀ ਤੰਤਰ | 3000 |
| 33. | ਤੰਤਰ ਰਾਜ | 9091 |
| 34. | ਹਰਗੋਰੀ ਤੰਤਰ (1) | 22020 |
| 35. | ਹਰਗੋਰੀਤੰਤਰ (2) | 12000 |
| 36. | ਤੰਤਰ ਨਿਰਣਯ | 28 |
| 37. | ਕੁੰਜਿਕਾ ਤੰਤਰ (1) | 10007 |
| 38. | ਕੁੰਜਿਕਾ ਤੰਤਰ (2) | 6000 |
| 39. | ਕੁੰਜਿਕਾ ਤੰਤਰ (3) | 3000 |
| 40. | ਕਾਤਯਾਯਨੀ ਤੰਤਰ | 24200 |
| 41. | ਪ੍ਰਤਿਯੰਗਿਰਾ ਤੰਤਰ | 8800 |
| 42. | ਮਹਾਂਲਕਸ਼ਮੀ ਤੰਤਰ | 5505 |
| 43. | ਦੇਵੀ ਤੰਤਰ | 12000 |
| 44. | ਤ੍ਰਿਪੁਰਾਰਣਵ | 8806 |
| 45. | ਸਰਸਵਤੀ ਤੰਤਰ | 2205 |
| 46. | ਆਦਯਾ ਤੰਤਰ (1) | 22532 |
| 47. | ਆਦਯਾ ਤੰਤਰ (2) | 6303 |
| 48. | ਵਾਰਾਹੀ ਤੰਤਰ | 6303 |
| 49. | ਗਵਾਕਸ਼ ਤੰਤਰ | 6515 |
| 50. | ਨਾਰਾਯਣੀ ਤੰਤਰ | 50203 |
| 51. | ਮ੍ਰਡਾਨੀ ਤੰਤਰ (1) | 4490 |
| 52. | ਮ੍ਰਡਾਨੀ ਤੰਤਰ (2) | 3000 |
| 53. | ਮ੍ਰਡਾਨੀ ਤੰਤਰ (3) | 330 |

ਵਾਰਾਹੀ ਤੰਤਰ ਵਿਚ ਲਿਖਿਆ ਹੈ ਕਿ ਇਨ੍ਹਾਂ ਤੋਂ ਛੁੱਟ ਬੋਧੀ ਅਤੇ ਕਮਿਲੋਕਤ ਅਨੇਕ ਉਪਤੰਤਰ ਹਨ। ਜੈਮਨੀ, ਯਾਗਸਗਲਕ, ਭ੍ਰਿਗੂ, ਸ਼ੁਕਰ, ਕੰਰਸਮਪਤੀ, ਵਸ਼ਿਸ਼ਟ, ਕਪਿਲ, ਨਾਰਦ, ਗਰਧ, ਪੁਲਸਿਤ, ਭਾਰਗਵ, ਸਿਧ ਆਦਿ ਮੁਨੀਆਂ ਨੇ ਬਹੁਤ ਸਾਰੇ ਉਪ ਤੰਤਰ ਰਚੇ ਸਨ, ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਜਿਸ ਤਰ੍ਹਾਂ ਹਿੰਦੂਆਂ ਦੇ ਤੰਤਰ ਸ਼ਿਵੋਕਤ ਹਨ। ਬੋਧੀਆਂ ਤੇ ਤੰਤਰ ਵੀ ਉਸੇ ਤਰ੍ਹਾਂ ਬੁੱਧ ਦੁਆਰਾ ਵਰਣਿਤ ਹਨ। ਬੋਧੀਆਂ ਦੇ ਤੰਤਰ ਵੀ ਸੰਸਕ੍ਰਿਤ ਬੋਲੀ ਵਿਚ ਰਚੇ ਗਏ ਹਨ। ਬੋਧੀ ਤੰਤਰਾਂ ਵਿਚੋਂ ਹੇਠ ਲਿਖੇ ਮੁੱਖ ਤੰਤਰ ਹਨ: 1. ਪ੍ਰਮੋਦ ਮਹਾਂਯੁਗ, 2. ਪਰਮਾਰਥ ਸੇਵਾ, 3. ਪਿੰਡੀ ਕ੍ਰਮ, 4. ਸਮਪੁਦੋਦਭਵ, 5. ਹੇਵਰਜ, 6. ਬੁਧ ਕਮਾਲ, 7. ਸੰਬਰ ਤੰਤਰ ਜਾਂ

ਸੰਬਰੋਕਯ, 8. ਵਾਰਾਹੀ ਤੰਤਰ ਜਾਂ ਵਾਰਾਹੀ ਕਲਪ, 9. ਯੋਗਾਂਬਰ, 10. ਡਾਕਿਨੀ ਜਾਲ, 11. ਸ਼ੁਕਲ ਯਮਾਰਿ, 12. ਕ੍ਰਿਸ਼ਣ ਸਮਾਰਿ, 13. ਪੀਤ ਸਮਾਹਿ, 14.ਰਕਤ ਸਮਾਹਿ, 15. ਸ਼ਯਾਮ ਯਮਾਹਿ, 16. ਕ੍ਰਿਯਾ ਸੰਗ੍ਰਹਿ, 17. ਕ੍ਰਿਯਾਕੰਦਨ, 18. ਕ੍ਰਿਯਾ ਸਾਗਰ, 19. ਕ੍ਰਿਯਾਕਲਪਦ੍ਰੁਮ, 20. ਕ੍ਰਿਯਾਰਣਵ, 21. ਅਭਿਧਾਨੋਤਰ, 22. ਕ੍ਰਿਯਾ ਸਮੁੱਚਯ, 23. ਸਾਧਨਮਾਲਾ, 24. ਸਾਧਨ ਸਮੁੱਚਯ, 25. ਸਾਧਨ ਸੰਗ੍ਰਹਿ, 26. ਸਾਧਨ ਰਤਲ, 27. ਸਾਧਨ ਪਰਿਕਸ਼ਾ, 28. ਸਾਧਨਕਲਪਲਤਾ, 29. ਤਤਵਗਿਆਨ, 30. ਗਿਆਨ ਸਿਧੀ, 31. ਗੁਹਾ ਸਿਧੀ, 32. ਉਦਿਆਨ, 33. ਨਾਗਾਰਜੁਨ, 34. ਯੋਗਪੀਠ, 35. ਪੀਠਾਵਤਾਰ, 36. ਕਾਲਵੀਰ ਤੰਤਰ, ਜਾਂ ਚੰਡਰੋਸ਼ਣ, 37. ਵਜਰਵੀਰ, 38. ਵਜਰਸਤਵ, 39. ਮਰੀਚਿ, 40 ਤਾਰਾ, 41. ਵਜਰਧਾਤੁ, 42. ਵਿਮਲਪ੍ਰਭਾ, 43. ਮਣੀਕਰਣਿਕਾ, 44. ਤ੍ਰੈਲੁਕਯਵਿਜਯ, 45. ਸਮਪੁਣ, 46. ਮਰਮਕਾਲਿਕਾ, 47. ਕੁਰੁਕੱਲਾ, 48. ਭੂਤਡਾਮਰ, 49. ਕਾਲ ਚਕਰ, 50. ਯੋਗਿਨੀ, 51. ਯੋਗਿਨੀ ਸੰਚਾਰ 52. ਯੋਗਿਨੀ ਜਾਲ, 53. ਯੋਗਾਂਬਰ ਪੀਠ, 54. ਉੱਗਡਾਮਰ, 55. ਵਸੁੰਧਗ ਸਾਧਨ, 56. ਨੈਰਾਤਮ, 57. ਡਾਕਾਰਣਵ, 58. ਕਿਯਾਸਾਰ, 59. ਯਮਾਂਤਰ, 60. ਮੰਜੁਗਿਰੀ, 61. ਤੰਤਰ ਸਮੁੱਚਸ, 62. ਕ੍ਰਿਯਾਵਸੰਤ, 63. ਹਯਗ੍ਰੀਵ, 64. ਸੰਕੀਰਣ, 65. ਨਾਮਸੰਗੀਤਿ, 66. ਸੰਮ੍ਰਿਤਨਰਣਿਕਾ ਨਾਮਸੰਗੀਤਿ, 67. ਗੁਙੋਤਪਾਦਨਾਮ ਸੰਗੀਤਿ, 68. ਮਾਯਾਜਾਲ, 69. ਗਿਆਨੋਦਯ, 70. ਵਸੰਤਤਿਲਕ, 71. ਨਿਸਪੰਨਯੋਗਾਂਬਰ ਅਤੇ 72. ਮਹਾਂਕਾਲ ਤੰਤਰ।

ਇਨ੍ਹਾਂ ਤੋਂ ਛੁੱਟ ਹਿੰਦੂਆਂ ਦੇ ਤਾਂਤਰਿਕ ਕਵਚ ਦੀ ਤਰ੍ਹਾਂ ਨੇਪਾਲੀ ਬੋਧੀਆਂ ਵਿਚ ਵੀ ਅਸੰਖ ਧਾਰਣੀ ਸੰਗ੍ਰਹਿ ਹਨ। ਬੋਧੀ ਤੰਤਰਾਂ ਵਿਚੋਂ ਬਹੁਤ ਸਾਰਿਆਂ ਨੂੰ ਚੀਨ ਅਤੇ ਤਿੱਬਤ ਦੀਆਂ ਬੋਲੀਆਂ ਵਿਚ ਉਲਥਾ ਲਿਆ ਗਿਆ ਹੈ।

ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਕਿ ਤੰਤਰਾਂ ਦੀ ਉਪਜ ਕਦੋਂ ਤੋਂ ਹੋਈ। ਪ੍ਰਾਚੀਨ ਗ੍ਰੰਥਾਂ ਵਿਚ ਇਨ੍ਹਾਂ ਬਾਰੇ ਕੋਈ ਸੰਕੇਤ ਨਹੀਂ ਮਿਲਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਬੋਧੀ ਤੰਤਰ ਤਿੱਬਤੀ ਭਾਸ਼ਾ ਵਿਚ ਨੌਵੀਂ ਤੋਂ ਗਿਆਰਵੀਂ ਸਦੀ ਈ. ਦੇ ਵਿਚਾਲੇ ਉਲਥਾਏ ਗਏ ਹਨ। ਇਸ ਲਈ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਬੋਧੀ ਤੰਤਰ ਲਗਭਗ ਸੱਤਵੀਂ ਸਦੀ ਤਕ ਰਚੇ ਗਏ ਹੋਣਗੇ। ਆਮ ਪ੍ਰਚੱਲਤ ਵਿਚਾਰ ਅਨੁਸਾਰ ਬੋਧੀ ਤੰਤਰ ਹਿੰਦੂ ਤੰਤਰਾਂ ਦੀ ਰੀਸੋ ਰੀਸੀ ਰਚੇ ਗਏ ਸਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੂ ਤੰਤਰ ਉਸ ਤੋਂ ਵੀ ਪਹਿਲਾਂ ਦੇ ਹੋਣਗੇ। ਤੰਤਰ ਰਾਜ ਵਿਚ ਲਿਖਿਆ ਹੈ ਕਿ ਗੌੜ, ਕੇਰਲ ਅਤੇ ਕਸ਼ਮੀਰ ਪ੍ਰਾਂਤਾਂ ਦੇ ਲੋਕ ਵਿਸ਼ਵ-ਸ਼ਾਕਤ ਹਨ ਪਰ ਅਸੀਂ ਗੌੜ ਦੇਸ਼ ਨੂੰ ਹੀ ਪ੍ਰਧਾਨ ਸ਼ਾਕਤਾਂ ਜਾਂ ਤਾਂਤਰਿਕਾਂ ਦੀ ਜਨਮ-ਭੂਮੀ ਮੰਨ ਸਕਦੇ ਹਾਂ। ਬੰਗਾਲ ਵਿਚ ਜਿਸ ਤਰ੍ਹਾਂ ਸ਼ਾਕਤਕਾਂ ਦੀ ਪ੍ਰਧਾਨਤਾ ਹੈ, ਉਹੋ ਜਿਹੀ ਹੋਰ ਕਿਤੇ ਵੀ ਨਹੀਂ। ਜਿਸ ਸਮੇਂ ਬੁੱਧ ਧਰਮ ਦੀ ਪ੍ਰਭੁਤਾ ਖਤਮ ਹੋ ਰਹੀ ਸੀ, ਉਸ ਸਮੇਂ ਗੌੜ ਦੇਸ਼ ਵਿਚ ਤਾਂਤਰਿਕ ਧਰਮ ਦਾ ਪ੍ਰਚਾਰ ਹੋਇਆ ਸੀ। ਉਸ ਸਮੇਂ ਉਥੇ ਅਨੇਕ ਤੰਤਰਾਂ ਦੀ ਰਚਨਾ ਹੋਈ ਮੰਨੀ ਜਾਂਦੀ ਹੈ ਪਰ ਸਾਰੇ ਤੰਤਰ ਉੱਨੇ ਪ੍ਰਾਚੀਨ ਨਹੀਂ ਹਨ। ਕਈ ਪ੍ਰਮੁੱਖ ਤੰਤਰ ਪੰਦਰਵੀਂ ਸਦੀ ਤੋਂ ਮਗਰੋਂ ਰਚੇ ਗਏ ਸਨ।

ਭਾਰਤੀ ਪਰੰਪਰਾ ਅਨੁਸਾਰ ਹਰ ਧਰਮ ਦਾ ਆਪਣਾ ਨਵੇਕਲਾ ਧਰਮ ਗ੍ਰੰਥ ਹੈ ਜਿਹੜਾ ਉਸ ਯੁੱਗ ਦੇ ਲੋਕਾਂ ਦੇ ਜੀਵਨ ਦੀ ਅਗਵਾਈ ਕਰਦਾ ਹੈ। ਕੁਲਾਰਣਵ ਤੰਤਰ ਵਿਚ ਲਿਖਿਆ ਹੈ ਕਿ ਸਤਿਯੁਗ ਦਾ ਧਰਮ ਗ੍ਰੰਥ ਸ਼੍ਰਤੀ ਹੈ। ਸ਼੍ਰਤੀ ਵੇਦ ਨੂੰ ਕਹਿੰਦੇ ਹਨ, ਤ੍ਰੇਤੇ ਦਾ ਧਰਮ ਗ੍ਰੰਥ ਸਮ੍ਰਿਤੀ ਹੈ, ਦਵਾਪਰ ਦੇ ਧਰਮ ਗ੍ਰੰਥ ਪੁਰਾਣ ਹਨ ਅਤੇ ਕਲਿਯੁਗ ਦੇ ਧਰਮ ਗ੍ਰੰਥ ਤੰਤਰ ਹਨ। ਜਿਨ੍ਹਾਂ ਲੋਕਾਂ ਦਾ ਵਿਸ਼ਵਾਸ ਤੰਤਰਾਂ ਵਿਚ ਹੈ ਉਹ ਇਹ ਮੰਨਦੇ ਹਨ ਕਿ ਕਲਿਯੁਗ ਕੂੜ੍ਹ ਅਤੇ ਅਧਰਮ ਦਾ ਯੁਗ ਹੈ ਇਸ ਵਿਚ ਵੈਦਿਕ ਪ੍ਰਣਾਲੀ ਦੇ ਕਰਮਕਾਂਡ ਦਾ ਅਭਿਆਸ ਸੰਭਵ ਨਹੀਂ ਕਿਉਂਕਿ ਨਾ ਤਾਂ ਅੱਜ ਦੇ ਮਨੁੱਖ ਵਿਚ ਪੁਰਾਣੇ ਲੋਕਾਂ ਵਾਲੀ ਸੱਤਾ ਰਹਿ ਗਈ ਹੈ ਅਤੇ ਨਾ ਹੀ ਆਧੁਨਿਕ ਸਮਾਜ ਦਾ ਵਾਤਾਵਰਣ ਇਸ ਦੇ ਅਨੁਕੂਲ ਹੈ। ਇਸ ਲਈ ਇਸ ਯੁਗ ਵਿਚ ਜੀਵਨ-ਮਨੋਰਥ ਦੀ ਸਿੱਧੀ ਲਈ ਅਸਲੀ ਤੌਰ ਤੇ ਤੰਤਰ ਹੀ ਸੁਯੋਗ ਅਗਵਾਈ ਦੇ ਸਕਦੇ ਹਨ ਇਨ੍ਹਾਂ ਦੇ ਉਪਦੇਸ਼ਾਂ ਨੂੰ ਕਮਾਉਣ ਨਾਲ ਮੁਕਤੀ ਅਤੇ ਭੁਗਤਿ ਦੋਵੇਂ ਹੀ ਪ੍ਰਾਪਤ ਹੁੰਦੇ ਹਨ। ਜਨਮ ਕਾਰਨ ਕਿਸੇ ਨੂੰ ਵੀ ਤੰਤਰ ਦੀ ਸ਼ਰਨ ਲੈਣ ਤੋਂ ਵਾਂਝਿਆ ਨਹੀਂ ਰਖਿਆ ਗਿਆ ਭਾਵੇਂ ਉਹ ਚੰਡਾਲ ਹੀ ਕਿਉਂ ਨ ਹੋਵੇ। ਮਹਾਂ ਨਿਰਵਾਣ ਤੰਤਰ ਵਿਚ ਲਿਖਿਆ ਹੈ; "ਜਿਹੜਾ ਨੀਵੇਂ ਜਾਤ ਦਾ ਕੌਲ ਇਕ ਚੰਡਾਲ ਜਾਂ ਯਵਨ ਨੂੰ ਕੌਲ ਧਰਮ ਵਿਚ ਸਵੀਕਾਰ ਕਰਨ ਤੋਂ ਇਹ ਸਮਝ ਕੇ ਇਨਕਾਰ ਕਰਦਾ ਹੈ ਕਿ ਉਹ ਨੀਚ ਹੈ, ਉਸ ਦਾ ਪਤਨ ਜ਼ਰੂਰ ਹੋਵੇਗਾ। ਸਾਰੇ ਦੋ ਪੈਰਾਂ ਵਾਲੇ ਜੀਵ, ਵਿਪਰ ਤੋਂ ਲੈ ਕੇ ਅਧਿਕਤਮ ਨੀਚ ਜਾਤੀ ਤਕ, ਕੁਲਾਚਾਰ ਗ੍ਰਹਿਣ ਕਰਨ ਦੇ ਸਮਰਥ ਹਨ।" ਇਸਤਰੀਆਂ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਕੁਝ ਤੰਤਰ ਤਾਂ ਇਥੋਂ ਤਕ ਕਹਿੰਦੇ ਹਨ ਕਿ ਇਸਤਰੀ ਗੁਰੂ ਤੋਂ ਲਿਆ ਗਿਆ ਮੰਤਰ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ ਕਿਉਂਕਿ ਇਸਤਰੀ ਸਿੱਧੇ ਤੌਰ ਤੇ ਜਗਤ-ਮਾਂ ਦਾ ਪ੍ਰਤੀਨਿਧ ਹੈ। ਪਰੰਪਰਾ ਅਨੁਸਾਰ ਜਿਥੇ ਕਿਰਿਆ ਨਾਲੋਂ ਗਿਆਨ ਨੂੰ ਵਧੇਰੇ ਮਹੱਤਵ ਦਿਤਾ ਗਿਆ ਹੈ, ਉਥੇ ਤੰਤਰ ਸਾਧਨ ਉੱਤੇ ਵਧੇਰੇ ਬਲ ਦਿੰਦੇ ਹਨ। ਅਧਿਕਾਰੀ (ਸਾਧਨ) ਦੀ ਯੋਗਤਾ ਅਨੁਸਾਰ ਸਾਧਨਾ ਰੱਖੀ ਗਈ ਹੈ। ਮੁੱਢਲਾ ਕਾਰਨ ਪੂਜਾ ਦਾ ਹੈ ਜਿਸ ਅਨੁਸਾਰ ਧੂਪ, ਦੀਪ ਕਈ ਵੇਦ ਕਈ ਤਰ੍ਹਾਂ ਦੇ ਉਪਚਾਰ ਹਨ, ਇਸ ਤੋਂ ਅਗੇ ਜਪ ਹੈ ਜਿਸ ਅਨੁਸਾਰ ਮਿਥੀ ਵਿਧੀ ਅਨੁਸਾਰ ਮੰਤਰ ਦਾ ਜਾਪ ਕੀਤਾ ਜਾਂਦਾ ਹੈ; ਇਸ ਤੋਂ ਅਗਲੀ ਅਵਸਥਾ ਧਿਆਨ ਦੀ ਹੈ ਅਤੇ ਅਖ਼ੀਰ ਵਿਚ ਬ੍ਰਹਮ ਸਾਧਨਾ ਹੈ। ਤਾਂਤਰਿਕ ਲਈ ਇਹ ਸੰਸਾਰ ਉਨਾ ਹੀ ਸਤ ਹੈ ਜਿੰਨਾ ਹੋਰ ਸੰਸਾਰ। ਵਿਸ਼ਵਸਰ ਤੰਤਰ ਵਿਚ ਲਿਖਿਆ ਹੈ "ਮਾਨਵ ਜਨਮ ਵਰਗਾ ਕੋਈ ਜਨਮ ਨਹੀਂ। ਦੇਵਤੇ ਵੀ ਇਸ ਦੀ ਇੱਛਾ ਰੱਖਦੇ ਹਨ...ਚੌਰਾਸੀ ਲੱਖ ਜੂਨਾਂ ਵਿਚੋਂ ਮਾਨਵ ਜਨਮ ਬਹੁਤ ਹੀ ਉੱਤਮ ਹੈ। ਹੋਰ ਕਿਸੇ ਵੀ ਜਨਮ ਵਿਚ ਜੀਵ ਸੱਤ ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਮਾਨਵ ਜਨਮ ਮੁਕਤੀ ਮਾਰਗ ਵਿਚ ਇਕ ਪਉੜੀ ਹੈ। "ਤੰਤਰਾਂ ਅਨੁਸਾਰ ਜਗਿਆਸੂ ਦੀ ਵੱਡੀ ਲੋੜ ਗੁਰੂ ਦਾ ਧਾਰਨ ਕਰਨਾ ਹੈ। ਪਿਛਿਲ ਤੰਤਰ ਵਿਚ ਲਿਖਿਆ ਹੈ: "ਗੁਰੂ ਦੋ ਪ੍ਰਕਾਰ ਦੇ ਹਨ-ਇਕ ਦੀਖਿਆ ਗੁਰੂ ਅਤੇ ਦੂਜਾ ਸਿਖਿਆ ਗੁਰੂ। ਦੀਖਿਆ ਗੁਰੂ ਤੋਂ ਮੰਤਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਿਖਿਆ ਗੁਰੂ ਤੋਂ ਬਾਕੀ ਦੀਆਂ ਕਿਰਿਆਵਾਂ ਦਾ ਗਿਆਨ ਮਿਲਦਾ ਹੈ ਜਿਵੇਂ ਸਮਾਧੀ, ਧਿਆਨ, ਧਰਮ ਕਵਚ, ਪੁਰਸ਼ਚਰਣ ਆਦਿਕ। ਇਨ੍ਹਾਂ ਦੋਹਾਂ ਵਿਚੋਂ ਮਹਾਨ ਤਾਂ ਦੀਖਿਆ ਗੁਰੂ ਹੈ ਜਿਸ ਤੋਂ ਇਸ਼ਟ ਦੇਵਤਾ ਦਾ ਮੰਤਰ ਪ੍ਰਾਪਤ ਹੁੰਦਾ ਹੈ।" ਯੋਗਿਨੀ ਤੰਤਰ ਅਨੁਸਾਰ ਤਾਂ "ਪ੍ਰਭੂ ਹੀ, ਜਿਸਨੂੰ ਮਹਾਂਕਾਲ ਵੀ ਕਹਿੰਦੇ ਹਨ, ਗੁਰੂ ਹੈ। ਹੋਰ ਕੋਈ ਗੁਰੂ ਨਹੀਂ"। ਉਹ ਹੀ ਸ਼ੈਵਾਂ, ਸ਼ਾਕਤਕਾਂ ਵੈਸ਼ਨਵਾਂ, ਗਣਪਤੀਆਂ, ਸ਼ੋਰਯਾਂ, ਚੰਦਰ-ਪੂਜਾ ਅਤੇ ਮਹਾਂ ਸ਼ੈਵਾਂ ਦਾ ਗੁਰੂ ਹੈ। ਕੇਵਲ ਉਹ ਹੀ ਮੰਤਰ ਦਾਤਾ ਹੈ। ... ਨਿਰਸੰਦੇਹ ਮਨੁੱਖ ਦਾ ਗੁਰੂਤਵ ਨਹੀਂ ਹੁੰਦਾ.... ਚੂੰਕਿ ਉਹ ਪ੍ਰਭੂ ਮਾਨਵ ਗੁਰੂ ਵਿਚੋਂ ਪ੍ਰਗਟ ਹੁੰਦਾ ਹੈ, ਇਸ ਲਈ ਮਾਨਵ ਗੁਰੂ ਦੀ ਮਹਾਨਤਾ ਨੂੰ ਸਭ ਸ਼ਾਸਤਰ ਮੰਨਦੇ ਹਨ।" ਵਿਸ਼ਵਸਾਰ ਤੰਤਰ ਵਿਚ ਲਿਖਿਆ ਹੈ : "ਧਿਆਨ ਦਾ ਆਧਾਰ ਗੁਰੂ ਦੀ ਮੂਰਤ ਹੈ, ਪੂਜਾ ਦਾ ਆਧਾਰ ਗੁਰੂ ਦੇ ਚਰਨ ਕਮਲ ਹਨ, ਮੰਤਰ ਦਾ ਆਧਾਰ ਗੁਰੂ ਦਾ ਸ਼ਬਦ ਹੈ ਅਤੇ ਸਿੱਧੀ ਦਾ ਆਧਾਰ ਗੁਰੂ ਦੀ ਬਖਸ਼ਿਸ਼ ਹੈ।"

ਤੰਤਰ ਯੋਗ ਦੀ ਸਾਧਨਾ ਦੀ ਬੁਨਿਆਦ ਹਠ ਯੋਗ ਹੈ ਅਤੇ ਇਸ ਦੇ ਵਿਚ ਨਾੜੀਆਂ ਦੀ ਸ਼ੁੱਧੀ ਦਾ ਪ੍ਰਾਣਾਯਾਮ ਰਾਹੀਂ ਅਭਿਆਸ ਕੀਤਾ ਜਾਂਦਾ ਹੈ। ਇਹ ਨਾੜੀਆਂ ਗਿਣਤੀ ਵਿਚ ਹਜ਼ਾਰਾਂ ਹੀ ਹਨ ਪਰ ਤਿੰਨ ਨਾੜੀਆਂ ਇੜਾ, ਪਿੰਗਲਾ ਅਤੇ ਸੁਖਮਨਾ ਪ੍ਰਧਾਨ ਨਾੜੀਆਂ ਮੰਨੀਆਂ ਜਾਂਦੀਆਂ ਹਨ। ਸਰੀਰ ਵਿਚ ਛੇ ਚੱਕਰ ਮੰਨੇ ਗਏ ਹਨ — ਮੂਲਾਧਾਰ, ਸਵਾਗਿਸ਼ਠਾਨ, ਮਣਿਪੁਰ, ਅਨਰਤ, ਵਿਸ਼ੁੱਧ ਅਤੇ ਅਜਨਾ। ਇੰਦਰੀ ਅਤੇ ਗੁਦਾ ਦੇ ਵਿਚਾਲੇ ਕੁੰਡਲਨੀ ਸ਼ਕਤੀ ਬਿਰਾਜਮਾਨ ਹੈ। ਪ੍ਰਾਣਾਯਾਮ ਦੇ ਅਭਿਆਸ ਨਾਲ ਕੁੰਡਲਨੀ ਜਾਗ ਕੇ ਸੁਖਮਨਾ ਨਾੜੀ ਰਾਹੀਂ ਉਪਰ ਚੜ੍ਹਦੀ ਹੈ ਅਤੇ ਛੇ ਚੱਕਰਾਂ ਨੂੰ ਵਿੰਨ੍ਹਦੀ ਜਾਂਦੀ ਹੈ। ਸਭ ਤੋਂ ਉਪਰਲਾ ਚੱਕਰ ਸਹਸਕਾਰ ਚੱਕਰ ਹੈ ਜਿਥੇ ਪਰਮ-ਸ਼ਿਵ ਦੇ ਦੀਦਾਰ ਹੁੰਦੇ ਹਨ।

**ਹਵਾਲਾ ਪੁਸਤਕਾਂ** : Tantres : Their Philosophy and Occutt. Secrets by D.N. Bose; ਕਲਕੱਤਾ; Studies in the Tantres and the Veda by M.P. Pandit. ਮਦਰਾਸ, 1964 ; The Tantres-study on the Religion and Literature by Chintaharan, Calcutta, 1963 Tantres in Bengal by Dr. S.C. Banarj, Calcutta; ਹਿੰਦੂਤਵ ਕ੍ਰਿਤ ਰਾਮਦਾਸ ਗੌੜ, ਕਾਸ਼ੀ, 1938

**ਤੱਥਵਾਦ** : ਮੂਲ ਰੂਪ ਵਿਚ ਤੱਥਵਾਦ ਕੁਝ ਪ੍ਰਾਚੀਨ ਵਿਚਾਰਕਾਂ ਦੀ ਸਿਖਿਆ ਵਿਚ ਮੌਜੂਦ ਸੀ ਪਰੰਤੂ ਇਸਨੂੰ ਦਰਸ਼ਨਵਾਦ ਨਾਲ ਜੋੜਨ ਦਾ ਸਿਹਰਾ ਆਗਸਟ ਕਾਂਟ (Auguste Conte) ਨੂੰ ਹੈ। ਤੱਥਵਾਦ ਅਨੁਭਵ ਅਤੇ ਬਾਹਰੀ ਦੁਨੀਆ ਦਾ ਦਰਸ਼ਨਵਾਦੀ ਸਿਧਾਂਤ ਹੈ। ਕਾਂਟ ਦੇ ਸਿਧਾਂਤ ਵਿਚ ਮੂਲ ਸਥਾਨ ਉਸ ਨਿਯਮ ਦਾ ਹੈ ਜਿਸਨੂੰ ਉਸ ਨੇ ਇਤਿਹਾਸਕ ਰੂਪ ਵਿਚ ਗਿਆਨ ਦੀਆਂ ਸਾਰੀਆਂ ਸ਼ਾਖ਼ਾਵਾਂ ਤੇ ਲਾਗੂ ਕੀਤਾ।

ਤੱਥਵਾਦੀਆਂ ਅਨੁਸਾਰ ਇਕ ਸਥੂਲ ਵਸਤੂ ਸਾਹਮਣੇ ਦਿਖਾਈ ਦਿੰਦੀ ਸ਼ਕਲ ਪਿੱਛੇ ਕੋਈ ਰਹੱਸਮਈ ਚੀਜ਼ ਨਹੀਂ ਹੈ। ਮਨੁੱਖ ਦੀ ਬੁੱਧੀ ਦੀ ਬਨਾਵਟ ਹੀ ਅਜਿਹੀ ਹੈ ਕਿ ਗਿਆਨ ਦੀ ਹਰ ਇਕ ਸ਼ਾਖ਼ ਆਪਣੇ ਵਿਕਾਸ ਦੌਰਾਨ ਤਿੰਨ ਅਵਸਥਾਵਾਂ ਵਿਚੋਂ ਗੁਜ਼ਰਨ ਤੇ ਮਜਬੂਰ ਹੁੰਦੀ ਹੈ। ਇਹ ਤਿੰਨ ਅਵਸਥਾਵਾਂ ਇਸ ਤਰ੍ਹਾਂ ਹਨ-ਦੈਵੀ ਜਾਂ ਕਲਪਿਤ ਅਵਸਥਾ, ਦਾਰਸ਼ਨਿਕ ਜਾਂ ਅਮੂਰਤ ਅਵਸਥਾ ਅਤੇ ਵਿਗਿਆਨਕ ਜਾਂ ਤੱਥ ਅਵਸਥਾ। ਪਹਿਲੀ ਅਵਸਥਾ ਵਿਚ ਮਨੁੱਖ ਪ੍ਰਕਿਰਤੀ ਦੀਆਂ ਘਟਨਾਵਾਂ ਨੂੰ ਕਿਸੇ ਚੇਤਨ ਦੇ ਸੰਕਲਪਾਂ ਦੇ ਰੂਪ ਵਿਚ ਵੇਖਦਾ ਹੈ, ਦੂਸਰੀ ਅਵਸਥਾ ਵਿਚ ਇਨ੍ਹਾਂ ਸੰਕਲਪਾਂ ਵਿਚੋਂ ਚੇਤਨਾ ਕੱਢ ਦਿਤੀ ਜਾਂਦੀ ਹੈ ਅਤੇ ਦੋਵਾਂ ਦੀ ਥਾਂ ਅਚੇਤਨ ਪ੍ਰਕ੍ਰਿਆ ਲੈ ਲੈਂਦੀ ਹੈ, ਤੀਸਰੀ ਅਵਸਥਾ ਵਿਚ ਜਿਸ ਵਿਚ ਮਨੁੱਖ ਜਾਤੀ ਅਜੇ ਦਾਖ਼ਲ ਹੀ ਹੋਈ ਹੈ, ਮਨੁੱਖ ਦੀ ਬੁੱਧੀ ਇਸੇ ਗੱਲ ਤੇ ਸੰਤੋਖ ਕਰਦੀ ਹੈ ਕਿ ਘਟਨਾਵਾਂ ਨੂੰ ਇਕੱਤਰ ਕਰੇ ਅਤੇ ਉਨ੍ਹਾਂ ਵਿਚ ਸਹਿਭਾਵ ਦੇ ਸਬੰਧ ਨੂੰ ਵੇਖੇ। ਧਰਮ ਅਤੇ ਦਰਸ਼ਨ ਵਿਗਿਆਨ ਨੇ ਆਪਣੇ ਕਾਲ ਵਿਚ ਬੁੱਧੀ ਦੇ ਵਿਕਾਸ ਵਿਚ ਅਣਮੁੱਲੀ ਸਹਾਇਤਾ ਕੀਤੀ ਪਰੰਤੂ ਹੁਣ ਉਨ੍ਹਾਂ ਦਾ ਯੁੱਗ ਸਮਾਪਤ ਹੋ ਚੁੱਕਾ ਹੈ।

ਹੁਣ ਵਿਗਿਆਨ ਦਾ ਯੁੱਗ ਹੈ। ਵਿਗਿਆਨ ਦੀਆਂ ਸਾਰੀਆਂ ਸ਼ਾਖ਼ਾਵਾਂ ਵੀ ਇਕੋ ਜਿਹੇ ਵੇਗ ਨਾਲ ਚਲਦੀਆਂ ਹਨ। ਕੋਈ ਅੱਗੇ ਨਿਕਲ ਜਾਂਦੀ ਹੈ ਅਤੇ ਕੋਈ ਪਿੱਛੇ ਰਹਿ ਜਾਂਦੀ ਹੈ। ਕਾਂਟ ਨੇ ਵਿਗਿਆਨ ਦੀਆਂ ਸ਼ਾਖ਼ਾਵਾਂ ਨੂੰ ਕ੍ਰਮਬੱਧ ਕੀਤਾ। ਵਿਗਿਆਨ ਬਰਾਬਰ ਅਤੇ ਸਾਧਾਰਨ ਤੋਂ ਚਲਕੇ ਵਿਸ਼ੇਸ਼ ਅਤੇ ਅਸਾਧਾਰਣ ਵੱਲ ਵਧਿਆ। ਇਸ ਵਿਚ ਵਿਗਿਆਨ ਨੇ ਗਣਿਤ, ਜੋਤਿਸ਼, ਭੌਤਿਕ ਵਿਗਿਆਨ, ਰਸਾਇਣ, ਜੀਵ ਵਿਗਿਆਨ ਅਤੇ ਸਮਾਜ ਸ਼ਾਸਤਰ ਨੂੰ ਥਾਂ ਦਿਤੀ।

ਕਾਂਟ ਨੇ ਧਰਮ ਅਤੇ ਦਰਸ਼ਨ ਨੂੰ ਭੂਤਕਾਲ ਦੀਆਂ ਚੀਜ਼ਾਂ ਦਸਿਆ ਹੈ। ਉਸਨੇ ਆਪਣੇ ਸਿਧਾਂਤ ਨੂੰ 'ਪਾਜ਼ਿਟਿਵ ਫ਼ਿਲਾਸਫ਼ੀ' ਦਾ ਨਾਂ ਦਿਤਾ ਅਤੇ ਮਾਨਵਤਾ ਦੇ ਧਰਮ ਦੀ ਨੀਂਹ ਰੱਖੀ। ਮਨੁੱਖਾਂ ਵਿਚ ਵੀ ਉਸ ਨੇ ਇਸਤ੍ਰੀ ਨੂੰ ਪਹਿਲੀ ਥਾਂ ਦਿਤੀ ਅਤੇ ਕਿਹਾ ਕਿ ਹੁਣ ਅਗੋਂ ਮਨੁੱਖ ਦਾ ਸਿਰ ਇਸਤ੍ਰੀ ਦੇ ਸਾਹਮਣੇ ਹੀ ਝੁਕੇਗਾ।

ਹ.ਪੁ.—ਐਨ.ਬ੍ਰਿ. 17:809; ਹਿੰ.ਵਿ.ਕੋ. 5 : 307

**ਤੰਦੂਆ** : ਇਹ ਮੌਲਸਕਾ ਫਾਈਲਮ, ਸੈਫ਼ੈਲੋਪੋਡਾ ਸ਼੍ਰੇਣੀ, ਆੱਕਟੋਪੋਡਾ ਵਰਗ ਅਤੇ ਆੱਕਟੋਪਸ ਪ੍ਰਜਾਤੀ ਦਾ ਜੀਵ ਹੈ। ਇਸ ਨੂੰ ਆਮ ਤੌਰ ਤੇ ਅੱਠਬਾਹਾ ਵੀ ਕਿਹਾ ਜਾਂਦਾ ਹੈ। (ਵਿਸਥਾਰ ਲਈ ਵੇਖੋ 'ਅੱਠਬਾਹੇ')।

**ਤੰਧਿਤ** : ਵਿਆਕਰਣ ਅਨੁਸਾਰ ਇਹ ਇਕ ਤਰ੍ਹਾਂ ਦਾ ਪ੍ਰਤਿਯੈ ਹੈ ਜਿਸ ਦੇ ਪੰਜ ਭੇਦ ਹਨ -

1. **ਅਪਤਯਵਾਚਕ** — ਜਿਸ ਤੋਂ ਔਲਾਦ ਅਥਵਾ ਉਪਾਸਕ ਆਦਿ ਦਾ ਸਬੰਧ ਪਾਇਆ ਜਾਵੇ ਜਿਵੇਂ ਦਸ਼ਰਥ ਤੋਂ ਦਾਸ਼ਰਥੀ, ਸ਼ਿਵ ਤੋਂ ਸ਼ੈਵ ਅਤੇ ਰਾਮਾਨੰਦ ਤੋਂ ਰਾਮਾਨੰਦੀ ਆਦਿ।
2. **ਕਰਤਰੀਵਾਚਕ** — ਜਿਸ ਤੋਂ ਕਿਸੇ ਕਰਮ ਦੇ ਕਰਤਾ ਦਾ ਪਤਾ ਲਗਦਾ ਹੋਵੇ, ਜਿਵੇਂ ਗੱਡੀ ਤੋਂ ਗੱਡੀਵਾਨ, ਲੱਕੜੀ ਤੋਂ ਲੱਕੜਹਾਰਾ ਅਤੇ ਵਣਜ ਤੋਂ ਵਣਜਾਰਾ ਆਦਿ।
3. **ਭਾਵਵਾਚਕ** — ਜਿਸ ਤੋਂ ਭਾਵ ਦਾ ਬੋਧ ਹੋਵੇ, ਜਿਵੇਂ ਮੂਰਖ ਤੋਂ ਮੂਰਖਪੁਣਾ, ਉੱਚੇ ਤੋਂ ਉਚਾਈ, ਕਠੋਰ ਤੋਂ ਕਠੋਰਤਾ ਆਦਿ।
4. **ਊਨਤਾਵਾਚਕ** — ਜਿਸ ਤੋਂ ਕਮੀ ਜਾਂ ਹੀਣ ਭਾਵ ਜਾਣਿਆ ਜਾਵੇ ਜਿਵੇਂ ਖੱਤਰੀ ਤੋਂ ਖਤਰੇਣਾ, ਮੁਸਲਿਮ ਤੋਂ ਮੁਸਲਾ ਆਦਿ।
5. **ਗੁਣਵਾਚਕ** — ਜਿਸ ਤੋਂ ਕਿਸੇ ਗੁਣ ਦਾ ਗਿਆਨ ਹੋਵੇ ਜਿਵੇਂ ਮੈਲ ਤੋਂ ਮੈਲਾ, ਠੰਢ ਤੋਂ ਠੰਢਾ, ਗੁਣ ਤੋਂ ਗੁਣਵਾਨ ਆਦਿ।

ਹ.ਪੁ.—ਮ.ਕੋ.

**ਤਨਸੁਖ** : ਇਹ ਇਕ ਕਵੀ ਸੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ। ਲਾਹੌਰ ਦਾ ਹੋਣ ਕਾਰਣ ਇਸ ਨੂੰ 'ਤਨਸੁਖ ਲਾਹੌਰੀ' ਵੀ ਕਿਹਾ ਜਾਂਦਾ ਹੈ। ਇਸ ਦੇ ਦੋ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਸ਼ਿੰਗਾਰ ਸਨ। 1684 (ਬਿ. 1741) ਵਿਚ ਇਸ ਨੇ 'ਹਿਤੋਪਦੇਸ਼ ਦਾ ਭਾਖਾ ਅਨੁਵਾਦ ਕੀਤਾ।

ਮੁਆਸਿਰਿ ਆਲਮਗੀਰੀ ਅਨੁਸਾਰ 1676 ਈ. (19 ਕੱਤਕ 1733 ਬਿ.) ਨੂੰ ਜਦ ਬਾਦਸ਼ਾਹ ਔਰੰਗਜ਼ੇਬ ਜਾਮਾ ਮਸਜਿਦ ਤੋਂ ਘੋੜੇ ਤੇ ਸਵਾਰ ਹੋ ਕੇ ਜਾਣ ਲੱਗਾ ਤਾਂ ਇਕ ਆਦਮੀ ਤਲਵਾਰ ਲੈ ਕੇ ਬਾਦਸ਼ਾਹ ਕੋਲ ਪੁੱਜ ਗਿਆ। ਇਹ ਤਨਸੁਖ ਸੀ। ਸਿਪਾਹੀਆਂ ਨੇ ਇਸ ਆਦਮੀ ਨੂੰ ਪਕੜ ਕੇ ਮਾਰ ਕੁਟਾਈ ਕੀਤੀ ਪਰ ਬਾਦਸ਼ਾਹ ਨੇ ਡੇਢ ਰੁਪਈਆ ਖ਼ੁਰਾਕ ਨੀਅਤ ਕਰਕੇ ਇਸ ਨੂੰ ਰਣਥੰਭੋਰ ਦੇ ਕਿਲੇ ਵਿਚ ਭਿਜਵਾ ਦਿੱਤਾ।

ਇਕ ਹੋਰ ਪ੍ਰਚੱਲਤ ਕਥਾ ਅਨੁਸਾਰ ਮੁਗ਼ਲ ਜ਼ਮਾਨੇ ਵਿਚ ਗੁਜਰਾਤ ਦਾ ਰਣਥੰਭੋਰ ਕਿਲਾ ਖਤਰਨਾਕ ਰਾਜਸੀ ਕੈਦੀਆਂ ਨੂੰ ਨਜ਼ਰਬੰਦ ਕਰਨ ਲਈ ਵਰਤਿਆ ਜਾਂਦਾ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਧੀਰ ਮੱਲ ਨੂੰ ਵੀ ਇਥੇ ਕੈਦ ਕੀਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਤਨਸੁਖ ਵੀ ਰੋਹ ਵਿਚ ਆ ਕੇ ਨੌਵੇਂ ਗੁਰੂ ਜੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਅੱਗੇ ਵਧਿਆ ਸੀ ਪਰ ਸਫ਼ਲ ਨਾ ਹੋ ਸਕਿਆ। ਬਾਦਸ਼ਾਹ ਨੂੰ ਜਦ ਪਤਾ ਲੱਗਾ ਕਿ ਇਹ ਇਕ ਪੜ੍ਹਿਆ-ਲਿਖਿਆ ਆਦਮੀ ਹੈ ਤਾਂ ਉਸ ਨੇ ਡੇਢ ਰੁਪਈਆ ਰੋਜ਼ਾਨਾ ਨੀਅਤ ਕਰਕੇ ਇਸ ਨੂੰ ਰਣਥੰਭੋਰ ਦੇ ਕਿਲੇ ਵਿਚ ਭੇਜ ਦਿੱਤਾ। ਉਥੇ ਇਹ ਕਿੰਨਾ ਚਿਰ ਰਿਹਾ ਇਸ ਬਾਰੇ ਪੱਕਾ ਪਤਾ ਨਹੀਂ ਹੈ ਪਰ ਇਸ ਦੀ ਲਿਖਤਾਂ ਤੋਂ ਪਤਾ ਚਲਦਾ ਹੈ ਕਿ ਇਹ ਰਿਹਾਈ ਦਾ ਚਾਹਵਾਨ ਸੀ-

ਤਨਸੁਖਮਨ ਇਛਾ ਇਹੈ, ਬਿਨਤਿ ਕਰੈ ਕਰ ਜੋਰਿ
ਦੀਜੈ ਦਰਸ਼ਨ ਆਪਣਾ, ਡਾਰਹੁ ਬੰਧਨ ਤੋਰਿ। ੧੦।

ਇਹ ਵੀ ਹੋ ਸਕਦਾ ਹੈ ਕਿ ਇਸ ਦੀ ਘਰੋਗੀ ਹਾਲਤ ਕਰਕੇ ਹੀ ਗੁਰੂ ਸਾਹਿਬ ਨੇ ਇਸ ਦੇ ਪੁੱਤਰਾਂ ਨੂੰ ਆਪਣੇ ਦਰਬਾਰ ਵਿਚ ਅਨੰਦਪੁਰ ਸਾਹਿਬ ਵਿਖੇ ਰਖਿਆ ਹੋਇਆ ਸੀ। ਉਥੋਂ ਹੀ ਉਨ੍ਹਾਂ ਨੇ 'ਹਿਤੋਪਦੇਸ਼' ਨਾਮੀ ਪੋਥੀ ਰਣਥੰਭੋਰ ਭੇਜੀ ਜਿਸ ਤੋਂ ਤਨਸੁਖ ਨੂੰ ਇਸ ਦਾ ਹੋਰ ਚੰਗੇਰਾ ਅਨੁਵਾਦ ਦੋਹਰੇ, ਚੌਪਈ, ਸੋਰਠਾ, ਛੰਦ ਆਦਿ ਵਿਚ ਕਰਨ ਦੀ ਪ੍ਰੇਰਣਾ ਮਿਲੀ ਅਤੇ ਇਸ ਨੇ 'ਰਾਜਨੀਤੀ ਗ੍ਰੰਥ' ਨਾਂ ਹੇਠ ਇਸਦਾ ਤਰਜ਼ਮਾ ਕੀਤਾ।

ਤਨਸੁਖ ਇਕ ਸੱਚਾ ਸ਼ਰਧਾਲੂ ਸਿੱਖ ਸੀ ਅਤੇ ਉਸਨੂੰ ਪੂਰੀ ਪਛਾਣ ਸੀ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਦੀ ਚਲਾਈ ਲਹਿਰ ਨੂੰ ਗੁਰੂ ਗੋਬਿੰਦ ਸਿੰਘ ਜੀ ਕਲਮ ਤੇ ਤੇਗ਼ ਦੀਆਂ ਦੋਹਾਂ ਸ਼ਕਤੀਆਂ ਨਾਲ ਹਰ ਤਰ੍ਹਾਂ ਸੰਪੂਰਣ ਤੇ ਸੁਦ੍ਰਿੜ੍ਹ ਕਰ ਰਹੇ ਸਨ। ਇਸ ਕਾਰਨ ਇਹ ਇਸ ਮਹਾਨ ਯੱਗ ਵਿਚ ਆਪਣਾ ਹਿੱਸਾ ਪਾਉਣਾ ਇਕ ਪਵਿੱਤਰ ਕਰਤੱਵ ਸਮਝਦਾ ਸੀ। ਇਸਨੇ ਕਲਮੀ ਸੇਵਾ ਕਰਕੇ 'ਰਾਜਨੀਤੀ ਗ੍ਰੰਥ' ਗੁਰੂ ਸਾਹਿਬ ਦੀ ਸੇਵਾ ਵਿਚ ਭੇਜਿਆ। ਇਹ ਗ੍ਰੰਥ ਅਜੇ ਤਕ ਅਣਪ੍ਰਕਾਸ਼ਿਤ ਹੈ ਅਤੇ ਇਸ ਦੇ ਖਰੜੇ ਵੱਖ-ਵੱਖ ਲਾਇਬ੍ਰੇਰੀਆਂ ਵਿਚ ਮਿਲਦੇ ਹਨ।

'ਸ਼ਾਲਿਹੋਤ੍ਰ' ਨਾਮੀ ਇਕ ਹੋਰ ਗ੍ਰੰਥ ਨੂੰ ਵੀ ਇਸ ਦੀ ਰਚਨਾ ਮੰਨਿਆ ਜਾਂਦਾ ਹੈ।

ਹ.ਪੁ.—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ - ਪਿਆਰਾ ਸਿੰਘ ਪਦਮ।

**ਤਨਖ਼ਾਹਨਾਮਾ** : ਇਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਭਾਈ ਨੰਦ ਲਾਲ ਜੀ ਦੇ ਪ੍ਰਸ਼ਨ ਉੱਤਰ ਅਨੁਸਾਰ ਰਚਿਆ ਹੋਇਆ ਕਿਸੇ ਪ੍ਰੇਮੀ ਸਿੱਖ ਦਾ ਗ੍ਰੰਥ ਹੈ। ਇਸ ਵਿਚ ਉਨ੍ਹਾਂ ਕਰਮਾਂ ਦਾ ਵਿਸ਼ੇਸ਼ ਵਰਣਨ ਹੈ ਜਿਨ੍ਹਾਂ ਨੂੰ ਸਿੱਖ ਧਰਮ ਅਨੁਸਾਰ ਕੁਕਰਮ ਜਾਂ ਸਿੱਖੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਮੰਨਿਆ ਜਾਂਦਾ ਹੈ। ਅਜਿਹੀ ਉਲੰਘਣਾ ਕਰਣ ਵਾਲੇ ਨੂੰ ਤਨਖਾਹੀਆ ਕਿਹਾ ਜਾਂਦਾ ਹੈ ਅਤੇ ਉਸ ਨੂੰ ਧਰਮ ਦੰਡ ਦਿੱਤਾ ਜਾਂਦਾ ਹੈ।

ਹ.ਪੁ.—ਮ.ਕੋ.

**ਤਨਜ਼ਾਨੀਆ** : ਇਹ ਕੇਂਦਰੀ ਅਫ਼ਰੀਕਾ ਦੇ ਪੂਰਬੀ ਤੱਟ ਤੇ ਵਾਕਿਆ ਇਕ ਦੇਸ਼ ਹੈ ਜਿਸ ਨੂੰ ਸਰਕਾਰੀ ਤੌਰ ਤੇ ਸੰਯੁਕਤ ਗਣਰਾਜ ਤਨਜ਼ਾਨੀਆ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਹ ਭੂ-ਮੱਧ ਰੇਖਾ ਦੇ ਇਕਦਮ ਦੱਖਣ ਵੱਲ ਸਥਿਤ ਹੈ। ਇਸ ਦੇਸ਼ ਦੇ ਉੱਤਰ ਵੱਲ ਕੀਨੀਆ ਅਤੇ ਯੁਗਾਂਡਾ; ਪੱਛਮ ਵਲ ਰਵਾਂਡਾ, ਬੁਰੁੰਡੀ, ਜ਼ੇਅਰ ਅਤੇ ਜ਼ੈਂਬੀਆ; ਦੱਖਣ ਵੱਲ ਮੌਜ਼ੰਬੀਕ ਅਤੇ ਮਲਾਵੀ ਅਤੇ ਪੂਰਬ ਵੱਲ ਹਿੰਦ ਮਹਾਂਸਾਗਰ ਹੈ। ਇਸ ਦਾ ਕੁੱਲ ਖੇਤਰਫ਼ਲ 945, 050 ਵ.ਕਿ.ਮੀ. (364,886 ਵ.ਮੀਲ) ਅਤੇ ਆਬਾਦੀ 25,086,000 (1991) ਹੈ। ਡਾਡੋਮਾ ਇਸ ਦੀ ਰਾਜਧਾਨੀ ਹੈ।

## ਭੂ-ਆਕ੍ਰਿਤੀ ਵਿਗਿਆਨ

ਤਨਜ਼ਾਨੀਆ ਦਾ ਬਹੁਤਾ ਹਿੱਸਾ ਮੁੱਖ ਤੌਰ ਤੇ ਭਾਵੇਂ ਪਠਾਰਾਂ ਅਤੇ ਮੈਦਾਨਾਂ ਵਾਲਾ ਹੈ ਫਿਰ ਵੀ ਇਸ ਦੀ ਧਰਾਤਲ ਨੂੰ ਤਿੰਨ ਮੁੱਖ ਭਾਗਾਂ-ਤਪਤ ਖੰਡੀ ਪੱਟੀ; ਨੀਵੀਂ ਪੂਰਬੀ ਪਠਾਰ ਅਤੇ ਕੇਂਦਰੀ ਪਰਬਤੀ ਉੱਚ ਭੂਮੀ ਵਿਚ ਵੰਡਿਆ ਜਾ ਸਕਦਾ ਹੈ। ਇਸ ਦੀ ਮੁੱਖ ਭੂਮੀ ਦੀ ਸਮੁੰਦਰ ਸਤਹਿ ਤੋਂ ਔਸਤ ਉਚਾਈ 900 ਮੀ. (3,000 ਫ਼ੁੱਟ) ਹੈ। ਉਂਜ ਤਾਂ ਭਾਵੇਂ ਇਹ ਸਾਰਾ ਦੇਸ਼ ਪਰਬਤੀ ਤੇ ਪਠਾਰੀ ਜਿਹਾ ਹੈ ਪਰ ਇਸ ਅੰਦਰ ਕਈ ਵਿਸ਼ੇਸ਼ ਧਰਾਤਲੀ ਨੁਹਾਰਾਂ ਪਾਈਆਂ ਜਾਂਦੀਆਂ ਹਨ। ਜ਼ੰਜ਼ੀਬਾਰ ਅਤੇ ਪੈਂਬਾ ਟਾਪੂ, ਜੋ ਮੁੱਖ ਤੌਰ ਤੇ ਮੂੰਗਾ ਚਟਾਨਾਂ ਹਨ, ਦੇ ਧਰਾਤਲੀ ਲੱਛਣ ਇਸ ਦੇ ਨਾਲ ਲਗਦੇ ਤੱਟਵਰਤੀ ਖੇਤਰ ਜਿਹੇ ਹੀ ਹਨ।



ਅਫ਼ਰੀਕਾ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲਮਨਜਾਰੋ ਉੱਤੇ ਘੁੰਮਦੇ ਹੋਏ ਜਿਰਾਫ਼

ਦੇਸ਼ ਦੇ ਉੱਤਰੀ ਪਰਬਤੀ ਖੇਤਰ ਵਿਚ ਅਫ਼ਰੀਕਾ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਕਿਲਮਨਜਾਰੋ (5,895 ਮੀ.) ਹੈ। ਦੇਸ਼ ਦੀਆਂ ਸਰਹੱਦਾਂ ਤੇ ਕਈ ਪ੍ਰਸਿੱਧ ਝੀਲਾਂ ਹਨ। ਪੱਛਮ ਵਿਚ ਮਹੱਤਵਪੂਰਨ ਝੀਲ ਨੀਐਸਾ ਹੈ। ਪੱਛਮ ਵੱਲ ਹੀ ਸੰਸਾਰ ਦੀ ਦੂਜੀ ਸਭ ਤੋਂ ਡੂੰਘੀ ਝੀਲ, ਟਾਂਗਾਨੀਕਾ ਲ. 1,433 ਮੀ. (4,700 ਫ਼ੁੱਟ) ਹੈ ਜਿਹੜੀ ਮਹਾਨ ਝਾੜ ਸਿਲਸਿਲੇ ਦਾ ਇਕ ਹਿੱਸਾ ਹੈ। ਦੇਸ਼ ਦੇ ਉੱਤਰ ਵਿਚ ਸੰਸਾਰ ਦੀ ਤੀਜੀ ਵੱਡੀ ਝੀਲ ਵਿਕਟੋਰੀਆ ਹੈ ਜੋ 69,752 ਵ.ਕਿ.ਮੀ. (26,828 ਵ. ਮੀਲ) ਵਿਚ ਫੈਲੀ ਹੋਈ ਹੈ ਅਤੇ 79.5 ਮੀ. ਡੂੰਘੀ ਹੈ। ਕਿਲਮਨਜਾਰੋ ਦੇ ਪੱਛਮ ਵਿਚ ਇਸ ਦਾ ਇਕੋ ਇਕ ਕ੍ਰਿਆਸ਼ੀਲ ਜਵਾਲਾਮੁਖੀ ਔਲ ਡਾਇਨਿਓ ਹੈ।

ਸੰਸਾਰ ਦੇ ਤਿੰਨ ਪ੍ਰਸਿੱਧ ਦਰਿਆ-ਨੀਲ, ਕਾਂਗੋ ਅਤੇ ਜ਼ੈਂਬੇ ਤਨਜ਼ਾਨੀਆ ਵਿਚੋਂ ਹੀ ਨਿਕਲਦੇ ਹਨ। ਤਨਜ਼ਾਨੀਆ ਦਾ ਲਗਭਗ 30% ਹਿੱਸਾ ਝਾੜੀਆਂ ਜਾਂ ਦਲਦਲਾਂ ਅਧੀਨ ਤੇ ਕੇਵਲ 6% ਹਿੱਸਾ ਵਾਹੀਯੋਗ ਹੈ।

**ਮਿੱਟੀ** — ਤਨਜ਼ਾਨੀਆ ਵਿਚ ਚਟਾਨਾਂ ਦੀ ਮੌਸਮੀ ਭੰਨ-ਤੋੜ ਦੁਆਰਾ ਉਥੇ ਹੀ ਜਮ੍ਹਾਂ ਕੀਤੀ ਅਤੇ ਪਾਣੀ ਦੁਆਰਾ ਰੋੜ੍ਹ ਕੇ ਦੂਰ ਜਮ੍ਹਾਂ ਕੀਤੀ ਦੋਵੇਂ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਇਥੇ ਭੂਰੇ ਰੰਗ ਦੀ ਜਵਾਲਾਮੁਖੀ ਮਿੱਟੀ ਅਤੇ ਲੋਹਮਈ ਮਿੱਟੀ ਵੀ ਮਿਲਦੀ ਹੈ ਜੋ ਨਮੀਦਾਰ, ਉੱਚੇ ਖੇਤਰਾਂ ਵਿਚ ਪਾਈ ਜਾਂਦੀ ਹੈ।

**ਜਲ-ਪ੍ਰਵਾਹ** — ਤਨਜ਼ਾਨੀਆ ਵਿਚ ਬੇਸ਼ਕ ਨੀਲ, ਕਾਂਗੋ ਅਤੇ ਜ਼ੈਂਬੀਜ਼ੀ ਨਾਂ ਦੇ ਤਿੰਨਾਂ ਦਰਿਆਵਾਂ ਦੇ ਸ੍ਰੋਤ ਹਨ ਪਰ ਫਿਰ ਵੀ ਦੇਸ਼ ਵਿਚ ਹਮੇਸ਼ਾਂ ਵਗਣ ਵਾਲੇ ਸਥਾਈ ਦਰਿਆ ਬਹੁਤ ਘੱਟ ਹਨ। ਤਨਜ਼ਾਨੀਆ ਦਾ ਸਭ ਤੋਂ ਵੱਡਾ ਦਰਿਆਈ ਬੇਸਿਨ ਰੂਫੀਜ਼ੀ ਇਸ ਦੇ ਦੱਖਣੀ ਹਿੱਸੇ ਵਿਚ ਹੈ, ਜੋ 1,56,160 ਵ.ਕਿ.ਮੀ ਖੇਤਰ ਵਿਚ ਫੈਲਿਆ ਹੋਇਆ ਹੈ।

**ਜਲਵਾਯੂ** — ਤਨਜ਼ਾਨੀਆ ਦਾ ਆਮ ਪੌਣ-ਪਾਣੀ ਭੂਮੱਧ-ਖੰਡੀ ਕਿਸਮ ਦਾ ਹੈ ਪਰ ਵੱਖ-ਵੱਖ ਥਾਵਾਂ ਤੇ ਸਮੁੰਦਰੀ ਸਤਹਿ ਤੋਂ ਉਚਾਈ ਅਤੇ ਸਮੁੰਦਰ ਤੋਂ ਦੂਰੀ ਦੇ ਹਿਸਾਬ ਨਾਲ ਅੰਤਰ ਪਾਇਆ ਜਾਂਦਾ ਹੈ ਜਿਵੇਂ ਕਿ ਇਸ ਦੇ ਤੱਟਵਰਤੀ ਖੇਤਰ ਦਾ ਤਾਪਮਾਨ 26.6° ਸੈਂ. (80° ਫ਼ਾ) ਅਤੇ ਔਸਤ ਸਾਲਾਨਾ ਵਰਖਾ 1,000 ਤੋਂ 1,900 ਮਿ.ਮੀ. ਤੱਕ ਹੁੰਦੀ ਹੈ। ਇਸ ਖੇਤਰ ਵਿਚ ਦਸੰਬਰ ਤੋਂ ਮਾਰਚ ਤੱਕ ਉੱਤਰ-ਪੂਰਬ ਦਿਸ਼ਾ ਵਿਚ ਅਤੇ ਮਈ ਤੋਂ ਜੂਨ ਤੱਕ ਦੱਖਣ-ਪੱਛਮ ਦਿਸ਼ਾ ਵਿਚ ਮਾਨਸੂਨ ਹਵਾਵਾਂ ਚਲਦੀਆਂ ਹਨ। ਕੇਂਦਰੀ ਪਠਾਰ ਜੋ ਗਰਮ ਤੇ ਖੁਸ਼ਕ ਹੈ ਉੱਤੇ ਵਰਖਾ 500 ਤੋਂ 750 ਮਿ.ਮੀ. ਤੱਕ ਹੁੰਦੀ ਹੈ। ਇਸ ਖੇਤਰ ਵਿਚ ਔੜ ਆਮ ਲਗਦੀ ਹੈ। ਝੀਲ ਵਿਕਟੋਰੀਆ ਖੇਤਰ ਵਿਚ ਔਸਤ ਵਰਖਾ 750 ਤੋਂ 2500 ਮਿ.ਮੀ. ਤੱਕ ਹੁੰਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ** — ਪੂਰਬੀ ਅਫ਼ਰੀਕਾ ਦੇ ਹੋਰ ਖੇਤਰਾਂ ਵਾਂਗ ਤਨਜ਼ਾਨੀਆ, ਖ਼ਾਸ ਕਰਕੇ ਇਸ ਦਾ ਟਾਂਗਾਨੀਕਾ ਖੇਤਰ ਵੀ ਇਥੋਂ ਦੀ ਖ਼ੂਬਸੂਰਤ ਕੁਦਰਤੀ ਬਨਸਪਤੀ ਅਤੇ ਪਸ਼ੂ-ਪੰਛੀਆਂ ਲਈ ਮਸ਼ਹੂਰ ਹੈ। ਨੈਸ਼ਨਲ ਪਾਰਕਾਂ ਅਤੇ ਰਾਖਵੀਆਂ



ਤਨਜ਼ਾਨੀਆ ਦੇ ਮਸਾਈ ਚਰਵਾਹੇ

ਸ਼ਿਕਾਰਗਾਹਾਂ ਨੇ ਦੇਸ਼ ਦਾ 23,552 ਵ.ਕਿ.ਮੀ. ਖੇਤਰ ਰੋਕਿਆ ਹੋਇਆ ਹੈ। ਦੇਸ਼ ਦੇ ਉੱਤਰ-ਪੱਛਮੀ ਹਿੱਸੇ ਵਿਚ 14,592 ਕਿ.ਮੀ. (5,700 ਵ.ਮੀ.) ਵਿਚ ਫੈਲਿਆ ਸੰਸਾਰ-ਪ੍ਰਸਿੱਧ ਨੈਸ਼ਨਲ ਪਾਰਕ ਸੈਰਨਗੈਟੀ ਹੈ। ਇਹ ਅਫ਼ਰੀਕਾ ਦੀ ਜੰਗਲੀ ਜਾਨਵਰਾਂ ਦੀ ਸਭ ਤੋਂ ਵੱਡੀ ਰੱਖ ਹੈ। ਇਥੇ ਹਜ਼ਾਰਾਂ ਦੀ ਗਿਣਤੀ ਵਿਚ ਕਈ ਕਿਸਮ ਦੇ ਹਿਰਨ, ਹਾਥੀ, ਸ਼ੇਰ, ਚੀਤੇ, ਜ਼ੈਬਰੇ, ਜਿਰਾਫ, ਰੋਝ, ਕੂਡੂ (ਵੱਡੇ ਆਕਾਰ ਦੇ ਬਾਰਾ ਸਿੰਗੇ), ਗੈਂਡੇ, ਭੈਂਸੇ ਅਤੇ ਹੋਰ ਕਈ ਕਿਸਮ ਦੇ ਖਤਰਨਾਕ ਜਾਨਵਰ ਪਾਏ ਜਾਂਦੇ ਹਨ। ਤਨਜ਼ਾਨੀਆ ਸਰਕਾਰ ਨੇ ਪਸ਼ੂ, ਪੰਛੀਆਂ ਦੀ ਸੰਭਾਲ ਲਈ ਰਾਸ਼ਟਰੀ ਪਾਰਕਾਂ ਅਤੇ ਰੱਖਾਂ ਦੀ ਇਕ ਬੜੀ ਵਿਸਤ੍ਰਿਤ ਪ੍ਰਣਾਲੀ ਬਣਾਈ ਹੋਈ ਹੈ।

ਇਥੇ ਜੰਗਲੀ ਜਾਨਵਰਾਂ ਦੀ ਜਾਣਕਾਰੀ ਸਬੰਧੀ ਇਕ ਕਾਲਜ ਵੀ ਹੈ ਜਿਸ ਵਿਚ ਸ਼ਿਕਾਰ-ਪਾਲ ਅਤੇ ਪਸ਼ੂ-ਪੰਛੀਆਂ ਦੇ ਹਿਫਾਜ਼ਤੀ ਅਤੇ ਪ੍ਰਤਿਪਾਲਕਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

ਇਥੋਂ ਦੀ ਵੱਖ-ਵੱਖ ਜਲਵਾਯੂ ਵਾਲੇ ਖੇਤਰਾਂ ਵਿਚ ਕਈ ਕਿਸਮ ਦੇ ਦਰਖ਼ਤ ਹੁੰਦੇ ਹਨ। ਜਿਵੇਂ ਇਥੋਂ ਦੇ ਤਟਵਰਤੀ ਖੇਤਰ ਵਿਚ ਮੈਂਗ੍ਰੋਵ ਅਤੇ ਖਜੂਰ ਜਾਤੀ ਦੇ ਰੁੱਖ ; ਕੇਂਦਰੀ ਪਠਾਰੀ ਖੇਤਰ ਵਿਚ ਕੰਡਿਆਲੀਆਂ ਝਾੜੀਆਂ ਅਤੇ ਬੋਬਾਬ ਅਤੇ ਕਿਲਮਨਜਾਰੋ ਖੇਤਰ ਵਿਚ ਐਲਪਸੀ ਕਿਸਮ ਦੀ ਬਨਸਪਤੀ ਪਾਈ ਜਾਂਦੀ ਹੈ।

## ਇਤਿਹਾਸ

ਤਨਜ਼ਾਨੀਆ ਦੇ ਇਤਿਹਾਸ ਬਾਰੇ ਕੀਤੀ ਖੋਜ ਨੂੰ ਹਾਲੇ ਥੋੜ੍ਹਾ ਸਮਾਂ ਹੀ ਹੋਇਆ ਹੈ। ਹਾਲੇ ਵੀ ਇਸ ਦੇ ਇਤਿਹਾਸ ਵਿਚ ਕਈ ਅਜਿਹੇ ਸਮੇਂ ਆਏ ਹਨ ਜਿਨ੍ਹਾਂ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਫਿਰ ਵੀ ਇਹ ਪਤਾ ਲਗਦਾ ਹੈ ਕਿ ਪਹਿਲੀ ਈ.ਪੂ. ਵਿਚ ਇਥੋਪੀਆ ਤੋਂ ਆਏ ਕਾਕੇਸ਼ੀਅਨ ਨਸਲ ਨਾਲ ਸਬੰਧਿਤ ਖ਼ਾਸ ਕਰਕੇ ਦੱਖਣੀ ਕਸ਼ਾਈਟ ਲੋਕ ਉੱਤਰੀ ਤਨਜ਼ਾਨੀਆ ਵਿਚ ਆ ਕੇ ਵਸੇ। ਇਸ ਤੋਂ ਬਾਅਦ ਪਹਿਲੀ ਸਦੀ ਈ. ਵਿਚ ਪੱਛਮੀ ਅਫ਼ਰੀਕਾ ਤੋਂ ਬੰਟੂ ਭਾਸ਼ਾ ਬੋਲਣ ਵਾਲੇ ਅਤੇ ਲੋਹੇ ਦੀ ਵਰਤੋਂ ਕਰਨ ਵਾਲੇ ਲੋਕ ਇਥੇ ਆਬਾਦ ਹੋਏ। ਪਹਿਲੀ ਸਦੀ ਦੇ ਅੰਤ ਤੱਕ ਇਥੋਂ ਦੇ ਲੋਕਾਂ ਦੇ ਅਰਬ, ਪੂਰਬੀ ਅਫ਼ਰੀਕਨ ਤੱਟ ਅਤੇ ਸ਼ਾਇਦ ਭਾਰਤ ਨਾਲ ਵਪਾਰਕ ਸਬੰਧ ਸਥਾਪਿਤ ਹੋਏ ਸਨ। ਤੱਟ ਦੇ ਨਾਲ ਨਾਲ ਦੇ ਵਪਾਰਕ ਕੇਂਦਰ ਮੁੱਖ ਤੌਰ ਤੇ ਅਰਬੀ ਬਸਤੀਆਂ ਸਨ। 15ਵੀਂ ਸਦੀ ਵਿਚ ਪੁਰਤਗਾਲੀਆਂ ਦੇ ਇਥੇ ਆਉਣ ਨਾਲ ਅਰਬਾਂ ਦੀ ਸਥਿਤੀ ਕੁਝ ਘਟ ਗਈ ਪਰ ਪੁਰਤਗਾਲੀਆਂ ਨੇ ਇਥੋਂ ਦੇ ਅੰਤਰਵਰਤੀ ਹਿੱਸਿਆਂ ਵਿਚ ਜਾਣ ਦੀ ਕੋਸ਼ਿਸ਼ ਨਹੀਂ ਕੀਤੀ ਜਦੋਂ ਕਿ 18ਵੀਂ ਸਦੀ ਵਿਚ ਗੁਲਾਮਾਂ ਦੀ ਭਾਲ ਵਿਚ ਅਰਬ ਵਪਾਰੀ ਝੀਲ ਨੀਐਸਾ ਤੱਕ ਪਹੁੰਚ ਗਏ। ਸੰਨ 1825 ਤੱਕ ਅਰਬ ਵਪਾਰੀ ਇਥੋਂ ਦੇ ਕਬਾਇਲੀ ਵਪਾਰਕ ਰਾਹਾਂ ਤੋਂ ਹੁੰਦੇ ਹੋਏ ਨਿਆਮਵੇਜ਼ੀ ਤੱਕ ਪਹੁੰਚ ਗਏ ਜਿਥੇ ਗੁਲਾਮਾਂ ਦੇ ਨਾਲ ਨਾਲ ਹਾਥੀ ਦੰਦ ਵੀ ਇਕ ਖਿੱਚ ਸੀ। ਸੰਨ 1840 ਤੱਕ ਇਨ੍ਹਾਂ ਲੋਕਾਂ ਨੇ ਝੀਲ ਟਾਂਗਾਨੀਕਾ ਤੱਕ ਆਪਣੇ ਵਪਾਰਕ ਕੇਂਦਰ ਸਥਾਪਿਤ ਕਰ ਲਏ ਸਨ। ਇਸੇ ਸਮੇਂ ਜਰਮਨ ਮਿਸ਼ਨਰੀ ਵੀ ਇਥੇ ਆਏ ਅਤੇ ਕਿਲਮਨਜਾਰੋ ਪਹਾੜ ਕਰਕੇ ਇਸ ਖੇਤਰ ਵਿਚ ਦਿਲਚਸਪੀ ਲੈਣ ਲੱਗੇ। ਸੰਨ 1855 ਵਿਚ ਜਰਮਨ ਬਸਤੀਵਾਦੀ ਇਸ ਖੇਤਰ ਵਿਚ ਦਾਖ਼ਲ ਹੋ ਗਏ ਅਤੇ 1907 ਈ. ਤੱਕ ਇਨ੍ਹਾਂ ਦਾ ਇਥੇ ਪੂਰਾ ਕਬਜ਼ਾ ਹੋ ਗਿਆ। ਪਹਿਲੇ ਸੰਸਾਰ ਯੁੱਧ ਦੌਰਾਨ ਅਤੇ ਇਸ ਤੋਂ ਬਾਅਦ ਵਿਚ ਵੀ ਇਹ ਬਰਤਾਨੀਆ ਸਰਕਾਰ ਅਧੀਨ ਆ ਗਿਆ। ਦੂਜੇ ਸੰਸਾਰ ਯੁੱਧ ਤੋਂ ਬਾਅਦ ਵੀ ਇਹ ਬਰਤਾਨੀਆ ਅਧੀਨ ਹੀ ਰਿਹਾ ਪਰ ਇਸ ਸਮੇਂ ਇਸ ਨੂੰ ਸੰਯੁਕਤ ਰਾਸ਼ਟਰ ਸੰਘ ਦਾ ਇਕ ਨਿਆਸ-ਖੇਤਰ ਬਣਾ ਦਿੱਤਾ ਗਿਆ ਸੀ। ਸੰਨ 1961 ਵਿਚ ਟਾਂਗਾਨੀਕਾ ਖ਼ੁਦਮੁਖ਼ਤਾਰ ਹੋ ਗਿਆ ਅਤੇ ਇਸ ਨੂੰ ਸੰਯੁਕਤ ਰਾਸ਼ਟਰ ਵਿਚ ਮਿਲਾ ਲਿਆ ਗਿਆ। ਇਸ ਤੋਂ ਇਕ ਸਾਲ ਬਾਅਦ ਹੀ ਟਾਂਗਾਨੀਕਾ ਇਕ ਗਣਤੰਤਰ ਬਣ ਗਿਆ ਪਰ ਫਿਰ ਵੀ ਇਹ 'ਕਾਮਨਵੈੱਲਥ ਆਫ਼ ਨੇਸ਼ਨਜ਼' ਵਿਚ ਹੀ ਸ਼ਾਮਲ ਰਿਹਾ। 26 ਅਪ੍ਰੈਲ, 1964 ਵਿਚ ਟਾਂਗਾਨੀਕਾ, ਜ਼ੰਜ਼ੀਬਾਰ ਅਤੇ ਪੇਂਬਾ ਦੇ ਆਪਸ ਵਿਚ ਮਿਲਣ ਨਾਲ ਤਨਜ਼ਾਨੀਆ ਹੋਂਦ ਵਿਚ ਆਇਆ। ਸੰਨ 1977 ਤੱਕ ਤਨਜ਼ਾਨੀਆ ਨਵੇਂ ਸੰਵਿਧਾਨ ਵਾਲਾ ਇਕ-ਪਾਰਟੀ ਰਾਜ ਸੀ ਤੇ ਇਸ ਵਿਚ ਜ਼ੰਜ਼ੀਬਾਰ ਨੂੰ ਵੀ ਖ਼ੁਦਮੁਖ਼ਤਾਰੀ ਦਿੱਤੀ ਗਈ ਸੀ। ਆਰੰਭ ਵਿਚ ਦੱਰ-ਐਸ-ਸਲਾਮ ਤਨਜ਼ਾਨੀਆ ਦੀ ਰਾਜਧਾਨੀ ਸੀ ਪਰ 1981 ਈ. ਤੋਂ ਡੋਡਾਮਾ ਇਸ ਦੀ ਨਵੀਂ ਰਾਜਧਾਨੀ ਹੈ।

## ਆਰਥਿਕਤਾ

**ਖਣਿਜ ਪਦਾਰਥ** — ਖਣਿਜ ਭੰਡਾਰਾਂ ਵਲੋਂ ਤਨਜ਼ਾਨੀਆ ਨੇ ਕੋਈ ਬਹੁਤੀ ਤਰੱਕੀ ਨਹੀਂ ਕੀਤੀ। ਪਹਿਲਾਂ ਤਾਂ ਇਥੇ ਕੋਈ ਬਹੁਤੇ ਵਿਸਤ੍ਰਿਤ ਖਣਿਜ ਭੰਡਾਰ ਨਹੀਂ ਹਨ। ਥੋੜ੍ਹੇ ਬਹੁਤ ਜੋ ਹਨ ਉਨ੍ਹਾਂ ਵਿਚੋਂ ਪੱਛਮ ਵਿਚ ਸੋਨਾ ਅਤੇ ਦੱਖਣ ਵਿਚ ਬਹੁਤ ਵੱਡੀ ਹੀਰਿਆਂ

ਦੀ ਖਾਣ ਹੈ। ਕਿਲਮਨਜਾਰੋ ਦੇ ਨਜ਼ਦੀਕ 1968 ਈ. ਤੋਂ ਹੋਰ ਵੀ ਕਈ ਕੀਮਤੀ ਰਤਨਾਂ ਦੇ ਭੰਡਾਰ ਮਿਲੇ ਹਨ। ਸੰਨ 1990 ਵਿਚ ਸਾਰੇ ਦੇਸ਼ ਵਿਚ ਚਾਂਦੀ ਦਾ ਉਤਪਾਦਨ 3,962 ਕਿ.ਗ੍ਰਾ. ਅਤੇ ਸੋਨੇ ਦਾ 72 ਕਿ.ਗ੍ਰਾ. ਸੀ। ਇਸ ਤੋਂ ਇਲਾਵਾ ਅਬਰਕ, ਕਲਈ ਅਤੇ ਮੀਰਸ਼ਾਮ ਆਦਿ ਖਣਿਜ ਦੀ ਖਾਣ-ਖੁਦਾਈ ਵੀ ਕੀਤੀ ਜਾ ਰਹੀ ਹੈ। ਮਲਾਵੀ ਝੀਲ ਦੇ ਨੇੜੇ ਕੋਲੇ ਦੀਆਂ ਕਾਫ਼ੀ ਵੱਡੀਆਂ ਖਾਣਾਂ ਹਨ ਪਰ ਇਹ ਕੋਲਾ ਘਟੀਆ ਕਿਸਮ ਦਾ ਹੈ।

**ਖੇਤੀਬਾੜੀ** — ਤਨਜ਼ਾਨੀਆ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀਬਾੜੀ ਤੇ ਆਧਾਰਤ ਹੈ। ਭਾਵੇਂ ਇਥੇ ਖੇਤੀ ਗੁਜ਼ਾਰੇ ਜੋਗੀ ਹੀ ਹੁੰਦੀ ਹੈ ਤੇ ਖੇਤੀ ਅਧੀਨ ਜ਼ਮੀਨ ਵੀ ਬਹੁਤ ਘੱਟ ਹੈ ਫਿਰ ਵੀ ਦੇਸ਼ ਦੀ ਕੁੱਲ ਆਮਦਨ ਦਾ ਅੱਧੇ ਤੋਂ ਜ਼ਿਆਦਾ ਹਿੱਸਾ ਖੇਤੀ ਤੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਦੇਸ਼ ਦੇ ਮਜ਼ਦੂਰਾਂ ਵਿਚੋਂ ਲਗਭਗ 80% ਇਸੇ ਖੇਤਰ ਵਿਚ ਲੱਗੇ ਹੋਏ ਹਨ। ਪਾਣੀ, ਤੇਲ, ਮਸ਼ੀਨਰੀ ਅਤੇ ਆਵਾਜਾਈ ਦੇ ਸਾਧਨਾਂ ਦੀ ਘਾਟ ਕਰਕੇ ਖੇਤੀਬਾੜੀ ਬਹੁਤ ਉੱਨਤ ਨਹੀਂ ਹੋ ਸਕੀ। ਕਾਹਵਾ, ਲੌਂਗ, ਕਪਾਹ, ਸਾਈਸਲ, ਕਾਜੂ, ਚਾਹ ਅਤੇ ਤੰਬਾਕੂ ਇਥੋਂ ਦੀਆਂ ਨਕਦੀ ਫ਼ਸਲਾਂ ਹਨ ਜੋ ਇਥੋਂ ਬਾਹਰ ਭੇਜੀਆਂ ਜਾਂਦੀਆਂ ਹਨ। ਲੌਂਗ ਦੀ ਉਪਜ ਲਈ ਜ਼ੰਜ਼ੀਬਾਰ ਸੰਸਾਰ ਦਾ ਮੁੱਖ ਸ੍ਰੋਤ ਹੈ। ਇਨ੍ਹਾਂ ਤੋਂ ਇਲਾਵਾ ਬਾਹਰ ਭੇਜੀਆਂ ਜਾਣ ਵਾਲੀਆਂ ਹੋਰ ਜ਼ਰਾਇਤੀ ਉਪਜਾਂ ਵਿਚ ਖੱਲਾਂ, ਮੋਮ ਅਤੇ ਗੁਲਦਾਉਦੀਆਂ ਆਦਿ ਸ਼ਾਮਲ ਹਨ ਪਰ ਹੁਣ ਸਰਕਾਰ ਵਲੋਂ ਕਣਕ, ਚੌਲ, ਮੱਕੀ, ਜਵਾਰ, ਬਾਜਰਾ, ਪਲਾਟੇਨ ਅਤੇ ਸੋਰਗਮ ਆਦਿ ਅਨਾਜੀ ਫ਼ਸਲਾਂ ਦੀ ਕਾਸ਼ਤ ਉੱਤੇ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ ਪਰ ਫਿਰ ਵੀ ਤਨਜ਼ਾਨੀਆ ਵਿਚ ਅੰਨ ਦੀ ਬੜੀ ਗੰਭੀਰ ਸਮੱਸਿਆ ਹੈ।

ਸੰਨ 1991 ਵਿਚ ਦੇਸ਼ ਭਰ ਵਿਚ ਸਾਈਸਲ ਦਾ ਉਤਪਾਦਨ 40,000 ਮੀ. ਟਨ, ਵੜੇਵਿਆਂ ਦਾ 190,000 ਮੀ. ਟਨ, ਗੰਨੇ ਦਾ 1,420,000 ਮੀ. ਟਨ, ਮੱਕੀ ਦਾ 2,332,00 ਮੀ.ਟਨ, ਸੋਰਗਮ ਦਾ 480,000 ਮੀ. ਟਨ ਅਤੇ ਚੌਲ ਦਾ 1,806,596 ਮੀ. ਟਨ ਸਨ।

**ਉਦਯੋਗ**—ਉਦਯੋਗਿਕ ਖੇਤਰ ਤੋਂ ਰਾਸ਼ਟਰ ਦੀ ਕੁੱਲ ਆਮਦਨ ਦਾ ਕੇਵਲ ਅੱਠਵਾਂ ਹਿੱਸਾ ਹੀ ਪ੍ਰਾਪਤ ਹੁੰਦਾ ਹੈ। ਉਦਯੋਗ ਜ਼ਿਆਦਾ ਕਰਕੇ ਇਥੋਂ ਦੇ ਸਥਾਨਕ ਪਦਾਰਥਾਂ ਦੀ ਪ੍ਰਾਸੈਸਿੰਗ ਨਾਲ ਹੀ ਸਬੰਧਤ ਹਨ ਪਰ ਹੀਰਿਆਂ ਦੀ ਪ੍ਰਾਸੈਸਿੰਗ ਦਾ ਕੰਮ ਹੁਣ ਕਾਫ਼ੀ ਹੱਦ ਤੱਕ ਘੱਟ ਗਿਆ ਹੈ। ਇਸ ਤੋਂ ਬਾਅਦ ਕੱਪੜਾ, ਬੀਅਰ ਪੈਟਰੋਲੀਅਮ, ਰਸਾਇਣਕ ਪਦਾਰਥ, ਸਿਗਰਟ, ਗੱਤਾ, ਸਿਲਾਈ ਮਸ਼ੀਨਾਂ, ਸੀਮਿੰਟ,



**ਦਰ—ਐੱਸ-ਸਲਾਮ ਸ਼ਹਿਰ ਦਾ ਇਕ ਦ੍ਰਿਸ਼**

ਖਾਦ ਤਿਆਰ ਕਰਨਾ ਇਥੋਂ ਦੇ ਹੋਰ ਵੱਡੇ ਉਦਯੋਗ ਹਨ। ਸਾਬਣ, ਬੂਟ, ਬਲੇਡ, ਟਾਇਰ ਅਤੇ ਕਾਹਵਾ ਆਦਿ ਹੋਰ ਚੀਜ਼ਾਂ ਵੀ ਇਥੇ ਤਿਆਰ ਕੀਤੀਆਂ ਜਾਂਦੀਆਂ ਹਨ। ਦਰ-ਐੱਸ-ਸਲਾਮ, ਟੈਂਗਾ, ਅਰੂਸ਼ਾ, ਮੋਸ਼ੀ ਅਤੇ ਮਵਾਂਜ਼ਾ ਇਥੇ ਦੇ ਮੁੱਖ ਉਯੋਗਿਕ ਕੇਂਦਰ ਹਨ।

**ਆਵਾਜਾਈ ਦੇ ਸਾਧਨ** — ਸੰਨ 1977 ਤੋਂ ਤਨਜ਼ਾਨੀਅ ਸਰਕਾਰ ਨੇ ਆਪਣੀਆਂ ਬੰਦਰਗਾਹਾਂ, ਰੇਲਾਂ ਅਤੇ ਸਮੁੰਦਰੀ ਹਵਾਈ ਸੇਵਾਵਾਂ ਦੇ ਵਿਕਾਸ ਤੇ ਕਾਫ਼ੀ ਧਨ ਖਰਚਿਆ ਹੈ। ਇ ਨਾਲ ਇਥੋਂ ਦੇ ਸੈਲਾਨੀ ਉਦਯੋਗ ਵਿਚ ਵੀ ਵਾਧਾ ਹੋਇਆ ਹੈ। ਸੰ 1989 ਦੇ ਅੰਕੜਿਆਂ ਅਨੁਸਾਰ ਤਨਜ਼ਾਨੀਆ ਵਿਚ 82,11 ਕਿ.ਮੀ. ਲੰਬੀਆਂ ਸੜਕਾਂ ਸਨ। ਸੰਨ 1990 ਵਿਚ ਇਥੇ 3,56 ਕਿ.ਮੀ. ਲੰਮੀਆਂ ਰੇਲ ਲਾਈਨਾਂ ਸਨ। ਸੰਨ 1992 ਵਿਚ ਦੇਸ਼ ਵਿ 19 ਹਵਾਈ ਅੱਡੇ ਸਨ।

**ਵਪਾਰ** — ਤਨਜ਼ਾਨੀਆ ਦਾ ਵਪਾਰਕ ਖੇਤਰ ਪੂਰੀ ਤ ਸਰਕਾਰ ਦੀ ਨਿਗਰਾਨੀ ਵਿਚ ਹੈ। ਇਥੇ ਖਾਣ ਪੀਣ ਦਾ ਸਾਮਾ ਬਾਲਣ ਅਤੇ ਮਸ਼ੀਨਰੀ ਆਦਿ ਬਾਹਰੋਂ ਮੰਗਵਾਈ ਜਾਂਦੀ ਹੈ ਅ ਇਥੋਂ ਲੌਂਗ, ਕਾਹਵਾ, ਕਪਾਹ, ਸਾਈਸਨ, ਕਾਜੂ, ਖੱਲਾਂ, ਚਮੜਾ, ਮੋ ਅਤੇ ਗੁਲਦਾਉਦੀਆਂ ਆਦਿ ਬਾਹਰ ਭੇਜੀਆਂ ਜਾਂਦੀਆਂ ਹਨ ਪ ਦੇਸ਼ ਦੀ ਦਰਾਮਦ ਇਥੋਂ ਦੀ ਬਰਾਮਦ ਨਾਲੋਂ ਦੁੱਗਣੀ ਹੈ ਤਨਜ਼ਾਨੀਆ ਦੇ ਵਪਾਰਕ ਸਬੰਧ ਬਹੁਤ ਕਰਕੇ ਜਰਮਨ ਨੀਦਰਲੈਂਡਜ਼, ਜਾਪਾਨ, ਇਟਲੀ ਅਤੇ ਸੰਯੁਕਤ ਰਾਜ ਆਦਿ ਦੇਸ਼ ਨਾਲ ਹਨ ਪਰ ਇਥੇ ਬਦੇਸ਼ੀ ਮੁਦਰਾ ਦੀ ਬਹੁਤ ਘਾਟ ਹੈ।

## ਲੋਕ

ਤਨਜ਼ਾਨੀਆ ਦੀ ਲਗਭਗ 21 ਕਰੋੜ ਆਬਾਦੀ ਵਿ ਬਹੁਤੀ ਗਿਣਤੀ ਬੰਟੂ ਭਾਸ਼ਾ ਬੋਲਣ ਵਾਲੇ ਬੰਟੂ ਅਫਰੀਕਨਾਂ ਦੀ ਹੈ ਮੁੱਖ ਤੌਰ ਤੇ ਕਿਸਾਨ ਹਨ। ਪਿਛਲੇ ਸਮੇਂ ਵਿਚ ਇਹ ਲਗਭਗ 12 ਕਬੀਲਿਆਂ ਵਿਚ ਵੰਡੇ ਹੋਏ ਸਨ। ਇਥੋਂ ਦੇ ਗ਼ੈਰ-ਅਫਰੀਕੀ ਲੋਕ ਵਿਚ ਅਰਬੀ, ਭਾਰਤੀ, ਪਾਕਿਸਤਾਨੀ ਅਤੇ ਯੂਰਪੀ ਲੋਕ ਸ਼ਾਮ ਹਨ। ਤਨਜ਼ਾਨੀਆ ਦੀ ਆਬਾਦੀ ਦਾ ਲਗਭਗ ਅੱਧਾ ਹਿੱਸਾ 1 ਸਾਲ ਤੋਂ ਘੱਟ ਉਮਰ ਦੇ ਲੋਕਾਂ ਦਾ ਹੈ ਅਤੇ ਆਬਾਦੀ ਦਾ 95% ਹਿੱ



**ਦਰ-ਐੱਸ ਸਲਾਮ ਦੀ ਮਸਜਿਦ ਦੇ ਬਾਹਰ ਇਬਾਦਤ ਕਰਦੇ ਹੋਏ ਮੁਸਲਮਾਨ**

ਪਿੰਡਾਂ ਵਿਚ ਵੱਸਦਾ ਹੈ। ਸ਼ਹਿਰੀਕਰਨ ਦੇ ਪੱਖ ਤੋਂ ਤਨਜ਼ਾਨੀਆ ਅਫ਼ਰੀਕਾ ਵਿਚ ਸਭ ਤੋਂ ਪਛੜਿਆ ਹੋਇਆ ਦੇਸ਼ ਹੈ। ਇਥੋਂ ਦੇ ਬਹੁਤੇ ਲੋਕ ਬੰਟੂ ਭਾਸ਼ਾ ਬੋਲਦੇ ਹਨ। ਤੱਟਵਰਤੀ ਖੇਤਰ ਵਿਚ ਅਰਬੀ ਭਾਸ਼ਾ ਜ਼ਿਆਦਾ ਬੋਲੀ ਜਾਂਦੀ ਹੈ। ਏਸ਼ੀਆਈ ਲੋਕ ਜ਼ਿਆਦਾ ਕਰਕੇ ਗੁਜਰਾਤੀ, ਹਿੰਦੀ ਅਤੇ ਪੰਜਾਬੀ ਭਾਸ਼ਾ ਬੋਲਦੇ ਹਨ।

**ਰਸਮ-ਰਿਵਾਜ** — ਤਨਜ਼ਾਨੀਆ ਵਿਚ ਕਈ ਕਬੀਲੇ ਹਨ ਤੇ ਉਨ੍ਹਾਂ ਸਾਰਿਆਂ ਦੇ ਰਸਮੋ ਰਿਵਾਜ, ਭਾਸ਼ਾ ਅਤੇ ਰਹਿਣੀ-ਬਹਿਣੀ ਆਦਿ ਵੱਖੋ ਵੱਖ ਹਨ। ਹਰ ਇਕ ਕਬੀਲੇ ਦਾ ਆਪਣਾ ਨਾਚ ਅਤੇ ਲੋਕ ਗੀਤ ਹੈ। ਇਥੋਂ ਦਾ ਸਵਾਹਿਲੀ ਸਾਹਿਤ ਵੀ ਕਾਫ਼ੀ ਪ੍ਰਫੁੱਲਤ ਹੈ।

**ਧਰਮ** — ਧਾਰਮਕ ਪੱਖ ਤੋਂ ਪੁਰਾਣੀਆਂ ਧਾਰਮਕ ਰਵਾਇਤਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦੀ ਗਿਣਤੀ ਹੁਣ ਘਟਦੀ ਜਾ ਰਹੀ ਹੈ। ਤੱਟਵਰਤੀ ਖੇਤਰ ਵਿਚ ਮੁਸਲਿਮ ਧਰਮ ਕਾਫ਼ੀ ਚਿਰ ਪਹਿਲਾਂ ਤੋਂ ਫੈਲਿਆ ਹੋਇਆ ਹੈ ਜੋ ਹੁਣ ਅੰਦਰੂਨੀ ਖੇਤਰਾਂ ਵਿਚ ਵੀ ਕਾਫ਼ੀ ਫੈਲ ਗਿਆ ਹੈ। ਅੱਧੇ ਤੋਂ ਵੱਧ ਲੋਕ ਮੁਸਲਮਾਨ ਹਨ। ਕੋਈ 40 ਪ੍ਰਤੀਸ਼ਤ ਲੋਕ ਈਸਾਈ ਹਨ।

**ਸਿਖਿਆ** — ਬਸਤੀਵਾਦ ਸਮੇਂ ਤੋਂ ਟਾਂਗਾਨੀਕਾ ਅਤੇ ਜ਼ੰਜ਼ੀਬਾਰ ਟਾਪੂਆਂ ਵਿਚ ਬਰਤਾਨਵੀ ਢੰਗ ਦੀ ਸਿਖਿਆ ਪ੍ਰਣਾਲੀ ਚਾਲੂ ਸੀ ਤੇ ਇਸ ਦਾ ਪ੍ਰਬੰਧ ਕੇਂਦਰ ਦੁਆਰਾ ਸਿਖਿਆ ਮੰਤਰਾਲੇ ਦੇ ਅਧੀਨ ਸੀ। ਇਸ ਦੁਆਰਾ 8 ਸਾਲਾਂ ਦੀ ਪ੍ਰਾਇਮਰੀ ਸਿੱਖਿਆ ਤੋਂ ਬਾਅਦ 4 ਸਾਲਾ ਸੈਕੰਡਰੀ ਸਿੱਖਿਆ ਸੀ। ਸਿੱਖਿਆ ਦਾ ਮਾਧਿਅਮ ਸਵਾਹਿਲੀ ਭਾਸ਼ਾ ਸੀ ਪਰ ਸੈਕੰਡਰੀ ਸਿੱਖਿਆ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਸੀ। ਇਸ ਤੋਂ ਬਾਅਦ ਯੂਨੀਵਰਸਿਟੀ ਸਿੱਖਿਆ ਤੋਂ ਪਹਿਲਾਂ ਦੋ ਵਾਧੂ ਸਾਲ ਲਗਾਏ ਜਾਂਦੇ ਸਨ। ਸੰਨ 1960 ਤੱਕ ਸਿਖਿਆ ਵਿਚ ਵਿਗਿਆਨ ਅਤੇ ਤਕਨੀਕੀ ਵਿਸ਼ਿਆਂ ਵੱਲ ਬਹੁਤੀ ਤਵੱਜੋਂ ਨਹੀਂ ਸੀ ਦਿੱਤੀ ਜਾਂਦੀ ਪਰ ਬਾਅਦ ਵਿਚ ਖ਼ਾਸ ਕਰਕੇ 1967 ਈ. ਤੋਂ ਬਾਅਦ ਸਿਖਿਆ ਪ੍ਰਣਾਲੀ ਨੂੰ ਸੁਧਾਰਨ ਲਈ ਕਈ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ। ਸੰਨ 1970 ਤੱਕ ਇਥੋਂ ਦੇ 47% ਬੱਚੇ ਠੀਕ ਉਮਰ ਵਿਚ ਪਹਿਲੇ ਸਾਲ ਵਿਚ ਦਾਖ਼ਲ ਸਨ। ਸੰਨ 1970 ਤੋਂ ਮਿਸ਼ਨਰੀ ਸਕੂਲਾਂ ਨੂੰ ਸਰਕਾਰੀ ਸਕੂਲਾਂ ਵਿਚ ਮਿਲਾਇਆ ਗਿਆ। ਮੁਸਲਮਾਨਾਂ ਨੂੰ ਕੁਰਾਨ ਦੀ ਸਿਖਿਆ ਦੇਣ ਲਈ ਕੁਰਾਨੀ ਸਕੂਲ ਹਾਲੇ ਵੀ ਚਾਲੂ ਸਨ। ਸੰਨ 1989 ਵਿਚ ਇਥੇ 10,431 ਪ੍ਰਾਇਮਰੀ ਸਕੂਲ, 288 ਸੈਕੰਡਰੀ ਸਕੂਲ, 63 ਪੇਸ਼ਾਵਰ ਟੀਚਰ ਟ੍ਰੇਨਿੰਗ ਸਕੂਲ ਸਨ। ਇਸ ਤੋਂ ਇਲਾਵਾ ਇਥੇ ਦੋ ਯੂਨੀਵਰਸਿਟੀਆਂ ਵੀ ਹਨ।

## ਰਾਜ-ਪ੍ਰਬੰਧ

ਰਾਜ ਪ੍ਰਬੰਧ ਲਈ ਅਪ੍ਰੈਲ, 1977 ਵਿਚ ਇਥੋਂ ਦਾ ਸਥਾਈ ਸੰਵਿਧਾਨ ਪਾਸ ਕੀਤਾ ਗਿਆ ਅਤੇ ਇਸ ਦੇਸ਼ ਵਿਚ ਬਹੁ-ਪਾਰਟੀ ਪ੍ਰਣਾਲੀ ਪ੍ਰਚਲਿਤ ਹੈ ਜਿਸ ਨੂੰ ਸਰਕਾਰੀ ਤੌਰ ਤੇ ਮਈ, 1992 ਵਿਚ ਪ੍ਰਵਾਨਗੀ ਦਿੱਤੀ ਗਈ ਸੀ। ਰਾਸ਼ਟਰਪਤੀ ਰਾਜ ਦਾ ਮੁਖੀ, ਪਾਰਟੀ ਦਾ ਚੇਅਰਮੈਨ ਅਤੇ ਫ਼ੌਜਾਂ ਦਾ ਸਰਵੋਤਮ ਕਮਾਂਡਰ ਹੈ। ਰਾਸ਼ਟਰਪਤੀ ਦੀ ਸਲਾਹ ਲਈ ਇਕ ਮੰਤਰੀ-ਮੰਡਲ ਹੁੰਦਾ ਹੈ। ਇਸ ਵਿਚ ਦੋ ਉਪ-ਰਾਸ਼ਟਰਪਤੀ ਵੀ ਸ਼ਾਮਲ ਹੰਦੇ ਹਨ। ਇਨ੍ਹਾਂ ਦੋਹਾਂ ਰਾਸ਼ਟਰਪਤੀਆਂ ਵਿਚੋਂ ਇਕ ਜ਼ੰਜ਼ੀਬਾਰ ਦੀ ਕਾਰਜਕਾਰੀ ਦਾ ਮੁੱਖੀ ਹੁੰਦਾ ਹੈ। ਇਥੋਂ ਦੀ ਰਾਸ਼ਟਰੀ ਅਸੈਂਬਲੀ ਦੇ ਕੁੱਲ 255 ਮੈਂਬਰ ਹਨ ਜਿਨ੍ਹਾਂ ਵਿਚੋਂ 180 ਮੈਂਬਰ ਸਿੱਧੇ ਅਤੇ 35 ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। ਇਸ ਤੋਂ ਇਲਾਵਾ 15 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਹੁੰਦੇ ਹਨ ਅਤੇ 25 ਪਦਵੀ ਵਜੋਂ ਮੈਂਬਰ ਹੁੰਦੇ ਹਨ।

**ਝੰਡਾ** — ਇਥੋਂ ਦੇ ਝੰਡੇ ਵਿਚ ਹੇਠਲੇ ਖੱਬੇ ਸਿਰੇ ਤੋਂ ਉਤਲੇ ਸੱਜੇ ਸਿਰੇ ਵੱਲ ਇਕ ਕਾਲੀ ਤਿਰਛੀ ਪੱਟੀ ਹੈ ਜੋ ਇਸ ਨੂੰ ਦੋ ਤਿਕੋਣਾਂ ਵਿਚ ਵੰਡਦੀ ਹੈ। ਇਸ ਪੱਟੀ ਦੇ ਨਾਲ ਨਾਲ ਦੋ ਸੁਨਹਿਰੀ ਪਟੀਆਂ ਲੱਗੀਆਂ ਹੋਈਆਂ ਹਨ ਤੇ ਦੋਹਾਂ ਤਿਕੋਣਾਂ ਵਿਚੋਂ ਉਪਰਲੇ ਖੱਬੇ ਤਿਕੋਣ ਦਾ ਰੰਗ ਹਰਾ ਤੇ ਸੱਜੇ ਵੱਲ ਦਾ ਹੇਠਲਾ ਤਿਕੋਣ ਨੀਲੇ ਰੰਗ ਦਾ ਹੈ।

ਹ.ਪੁ.—ਐਨ.ਬ੍ਰਿ.ਮਾ. 11:548 (1985); ਐਨ.ਅਮੈ. 26: 268 (1984); ਸਟੇ. ਯੀ.ਬੁ. 1987-88:1168; ਐਨ.ਬ੍ਰਿ. 1993 ਬੁੱਕ ਆਫ਼ ਦਾ ਯੀਅਰ.

**ਤਨਯੇਯੈਫ਼, ਸਰਜੀ ਇਵਾਨੋਵਿਚ** : ਇਸ ਰੂਸੀ ਸੰਗੀਤਕਾਰ ਅਤੇ ਪਿਆਨੋਵਾਦਕ ਦਾ ਜਨਮ 25 ਨਵੰਬਰ, 1856 ਨੂੰ ਵਲਾਦੀਮੀਰ ਜ਼ਿਲ੍ਹੇ ਵਿਚ ਹੋਇਆ। ਇਹ 10 ਸਾਲ ਦੀ ਉਮਰ ਵਿਚ ਮਾਸਕੋ ਕਨਜ਼ਰਵੇਟਰੀ ਵਿਖੇ ਪਿਆਨੋ ਸਿਖਣ ਲੱਗ ਪਿਆ ਅਤੇ ਮਗਰੋਂ ਇਸ ਨੇ ਪੀਟਰ ਇਲਿਚ ਚੈਕੋਵਸਕੀ ਪਾਸੋਂ ਸੰਗੀਤ-ਰਚਨਾ ਦੀ ਸਿਖਲਾਈ ਪ੍ਰਾਪਤ ਕੀਤੀ। ਸੰਨ 1885 ਤੋਂ 1889 ਤੱਕ ਇਹ ਮਾਸਕੋ ਕਨਜ਼ਰਵੇਟਰੀ ਦਾ ਡਾਇਰੈਕਟਰ ਰਿਹਾ। ਸੰਨ 1905 ਵਿਚ ਉਥੋਂ ਅਸਤੀਫ਼ਾ ਦੇ ਕੇ ਇਹ ਮੁੜ ਪਿਆਨੋ ਵਜਾਉਣ ਅਤੇ ਸੰਗੀਤ ਰਚਨਾ ਵਿਚ ਜੁਟ ਗਿਆ। ਲਗਾਤਾਰ 20 ਸਾਲਾਂ ਦੀ ਮਿਹਨਤ ਮਗਰੋਂ 1909 ਵਿਚ ਤਨਯੇਯੈਫ਼ ਨੇ ਆਪਣੀ ਸਾਰੀ ਰਚਨਾ ਦੋ ਜਿਲਦਾਂ ਵਿਚ ਮੁਕੰਮਲ ਕੀਤੀ। ਤਿੰਨ ਭਾਗਾਂ ਵਿਚ ਲਿਖਿਆ ਓਪੇਰਾ 'ਓਰੇਸਟੀਆ' (Oresteia) ਇਸ ਦੀਆਂ ਕ੍ਰਿਤਾਂ ਵਿਚ ਸ਼ਾਮਲ ਹੈ। ਇਸ ਤੋਂ ਇਲਾਵਾ ਇਸ ਨੇ ਸਹਿਗਾਨ ਅਤੇ ਗੀਤਾਂ ਦੀ ਰਚਨਾ ਵੀ ਕੀਤੀ। ਇਸ ਦੀਆਂ ਸਿੰਫਨੀਆਂ ਅਤੇ ਚੈਂਬਰ ਸੰਗੀਤ ਦੀ ਸਾਰੇ ਰੂਸ ਵਿਚ ਸ਼ਲਾਘਾ ਕੀਤੀ ਜਾਂਦੀ ਹੈ। ਇਸ ਦੀ ਸ਼ੈਲੀ ਕੌਮੀ ਹੋਣ ਦੀ ਬਜਾਏ ਜਰਮਨੀ ਢੰਗ ਦੀ ਸੀ। ਇਹ ਇਕ ਮਹਾਨ ਅਧਿਆਪਕ ਸੀ ਪਰ ਨਾਲ ਹੀ ਨਾਲ ਬੜਾ ਖ਼ਬਤੀ ਸੀ। ਇਹ ਸਾਰੀ ਉਮਰ ਕੰਵਾਰਾ ਹੀ ਰਿਹਾ।

19 ਜੂਨ, 1915 ਨੂੰ ਮਾਸਕੋ ਵਿਖੇ ਇਸ ਦਾ ਦੇਹਾਂਤ ਹੋ ਗਿਆ।

ਹ.ਪੁ.—ਐਨ.ਅਮੈ. 26: 241; ਐਨ. ਬ੍ਰਿ.ਮਾ. 9 : 801

**ਤਨਾਸਰਿਮ** : ਮਿਆਂਮਾਰ ਦਾ ਇਹ ਪ੍ਰਸ਼ਾਸਕੀ ਮੰਡਲ ਹੈ ਜਿਹੜਾ ਮਿਆਂਮਾਰ ਦੇ ਧੁਰ ਦੱਖਣ ਵੱਲ ਦੇ ਸਾਹਿਲੀ ਹਿੱਸੇ ਵਿਚ ਉੱਤਰ ਤੋਂ ਦੱਖਣ ਵੱਲ 640 ਕਿ.ਮੀ. ਵਿਚ ਫੈਲਿਆ ਹੋਇਆ ਹੈ। ਇਸ ਦੇ ਉੱਤਰ ਵਿਚ ਮੁਲਮੇਨ ਖਾੜੀ ਅਤੇ ਦੱਖਣ ਵਿਚ ਕ੍ਰਾਅ ਜਲ-ਡਮਰੂ ਹੈ। ਇਸ ਦੇ ਸਮਾਨਾਂਤਰ ਅੰਡੇਮਾਨ ਸਾਗਰ ਵਿਚ ਫੈਲੇ ਮਰਗਵੀ ਦੀਪ ਅਤੇ ਪਾਣੀ ਹੇਠ ਡੁੱਬੇ ਕਈ ਹੋਰ ਛੋਟੇ ਟਾਪੂ ਵੀ ਹਨ। ਇਸ ਮੰਡਲ ਦਾ ਖੇਤਰਫਲ 55,159 ਵ.ਕਿ.ਮੀ. ਅਤੇ ਆਬਾਦੀ 9,17,628 (1983) ਹੈ। ਇਸ ਵਿਚ ਮਰਗਵੀ, ਟਾਵਾਇ, ਐਮਹਰਸਟ, ਟਾਊਂਗੂ ਅਤੇ ਬੇਟਨ ਡਿਸਟ੍ਰਿਕਟ ਸ਼ਾਮਲ ਹਨ। ਮੁਲਮੇਨ ਇਥੋਂ ਦਾ ਪ੍ਰਸ਼ਾਸਨਕੀ ਕੇਂਦਰ ਹੈ। ਸ਼ੁਰੂ ਤੋਂ ਹੀ ਇਹ ਇਥੋਂ ਦਾ ਵੱਡਾ ਸ਼ਹਿਰ ਹੋਇਆ ਕਰਦਾ ਸੀ ਜਿਹੜਾ ਇਕ ਸਮੇਂ ਸਿਆਮ ਦੀ ਵੱਡੀ ਬੰਦਰਗਾਹ ਸੀ ਪਰ ਅੱਜਕੱਲ੍ਹ ਇਹ ਇੰਨਾ ਮਹੱਤਵਪੂਰਨ ਨਹੀਂ ਹੈ। ਇਸ ਦੇ ਸਾਹਿਲੀ ਮੈਦਾਨ ਵਿਚ ਝੋਨੇ ਅਤੇ ਰਬੜ ਦੀ ਪੈਦਾਵਾਰ ਹੁੰਦੀ ਹੈ। ਇਸ ਦੇ ਪੂਰਬ ਵਿਚ ਤਨਾਸਰਿਮ ਯੋਮਾ ਪਹਾੜ ਹਨ ਜਿਹੜੇ ਖਣਿਜਾਂ ਨਾਲ ਭਰਪੂਰ ਹਨ।

ਇਹ ਖੰਡ ਬਰਮਾ ਅਤੇ ਥਾਈਲੈਂਡ ਵਿਚਕਾਰ ਝਗੜੇ ਦਾ ਵੀ ਕਾਰਨ ਰਿਹਾ ਹੈ। ਐਂਗਲੋ-ਬਰਮਾ ਲੜਾਈ (1824-26 ਈ.) ਵਿਚ ਇਸ ਖੇਤਰ ਦੇ ਬਰਤਾਨੀਆ ਦੇ ਅਧੀਨ ਹੋ ਜਾਣ ਨਾਲ ਇਹ ਝਗੜਾ ਖਤਮ ਹੋਇਆ।

ਹ.ਪੁ.—ਐਨ.ਅਮੈ. 26:411; ਐਨ.ਬ੍ਰਿ.ਮਾ. 9 : 883

**ਤਨਾਕਾ ਗਿਚੀ** : ਤਨਾਕਾ ਗਿਚੀ ਜਪਾਨੀ ਜਰਨੈਲ ਅਤੇ ਆਗੂ ਸੀ ਜਿਸ ਦਾ ਜਨਮ 22 ਜੂਨ, 1863 ਈ. ਵਿਚ ਹਾਗੀ ਵਿਖੇ ਹੋਇਆ। ਇਸ ਪੇਸ਼ਾਵਰ ਸੈਨਿਕ ਵਜੋਂ ਸਿਖਿਆ ਲਈ ਅਤੇ 1894-1895 ਈ. ਵਿਚ ਚੀਨ ਨਾਲ ਅਤੇ 1904-1905 ਈ. ਵਿਚ ਰੂਸ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਵੀ ਲਿਆ। ਸੰਨ 1918-1921 ਅਤੇ 1923-24 ਈ. ਵਿਚ ਇਹ ਫੌਜ ਦਾ ਮੰਤਰੀ ਸੀ, 1920 ਈ. ਤੋਂ ਬੈਰਨ ਅਤੇ 1921 ਈ. ਤੋਂ ਪੂਰਾ ਜਰਨੈਲ ਬਣ ਗਿਆ ਸੀ।

ਸੰਨ 1922 ਵਿਚ ਤਨਾਕਾ ਫੌਜ ਦੇ ਕੋਸ਼ੂ ਹਿੱਸੇ ਦਾ ਸ਼ਕਤੀਸ਼ਾਲੀ ਮੁਖੀਆ ਬਣ ਗਿਆ। ਸੰਨ 1925 ਤੋਂ ਇਸਨੇ ਸੀਊਕਾਈ ਰਾਜਨੀਤਕ ਪਾਰਟੀ ਦੇ ਪ੍ਰਧਾਨ ਅਤੇ ਅਪ੍ਰੈਲ 1927 ਈ. ਵਿਚ ਮੁਖੀ ਦੇ ਤੌਰ ਤੇ ਕਾਰਜ ਸੰਭਾਲਿਆ। ਇਸਦਾ ਮੰਤਰੀ ਮੰਡਲ ਜੁਲਾਈ, 1929 ਈ. ਤੱਕ ਰਿਹਾ ਜਿਸਨੇ ਦੇਸ਼ ਵਿਚ ਰਾਜਨੀਤਕ ਅਤੇ ਆਰਥਿਕ ਬੇਚੈਨੀ ਅਤੇ ਬਿਦੇਸ਼ ਵਿਚ ਤਣਾਉ ਪੈਦਾ ਕੀਤਾ।

ਸੰਨ 1927 ਵਿਚ ਇਸ ਦੇ ਬਾਦਸ਼ਾਹ ਨੂੰ ਦਿੱਤੇ ਕਲਪਿਤ ਯਾਦ-ਪੱਤਰ ਦੀ ਪ੍ਰਮਾਣਿਕਤਾ ਜਿਹੜਾ ਤਨਾਕਾ ਮੈਮੋਰੀਅਲ ਦੇ ਤੌਰ ਤੇ ਜਾਣਿਆ ਜਾਂਦਾ ਹੈ, ਸ਼ੱਕ ਭਰਪੂਰ ਹੈ। ਇਸ ਲਿਖਤ ਨੇ ਚੀਨ ਦੀ ਸੰਸਾਰ ਜਿੱਤ ਲਈ ਭੂਮਿਕਾ ਨਿਭਾਉਣ ਲਈ ਜਾਪਾਨੀਆਂ ਨੂੰ ਉਤੇਜਿਤ ਕੀਤਾ। ਤਨਾਕਾ ਨੇ ਚੀਨ ਵਿਚ ਇਸ ਨੀਤੀ ਦਾ ਸਮਰਥਨ ਕੀਤਾ ਪ੍ਰੰਤੂ ਉਸ ਦੇ ਰਾਜਨੀਤਕ ਪਤਨ ਦਾ ਮੁੱਖ ਕਾਰਨ ਅੱਤਵਾਦੀ ਅਫ਼ਸਰਾਂ ਨੂੰ ਸਜ਼ਾ ਦੇਣ ਲਈ ਫ਼ੌਜ ਨੂੰ ਰਾਜ਼ੀ ਕਰਨਾ ਸੀ ਜਿਨ੍ਹਾਂ ਨੇ ਚੀਨੀ ਸੈਨਿਕ ਕਮਾਂਡਰ ਚਾਂਗ ਤਾਉ-ਲਿਨ ਦਾ ਕਤਲ ਕਰ ਦਿੱਤਾ ਸੀ।

29 ਸਤੰਬਰ, 1929 ਈ. ਵਿਚ ਟੋਕੀਓ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਅਮੈ. 26 : 254

**ਤਨਾਲ** : ਤਲਵਾਰ ਦੇ ਮਿਆਨ ਉੱਤੇ ਮੁੱਠੇ ਵਾਲੇ ਪਾਸੇ ਲੱਗੇ ਹੋਏ ਸੋਨੇ ਚਾਂਦੀ ਦੇ ਉਹ ਸੰਮ ਜਿਸ ਨਾਲ ਤਲਵਾਰ ਨੂੰ ਤਸਮਾ ਪਾ ਕੇ ਪੇਟੀ ਨਾਲ ਬੰਨਣ ਲਈ ਕੁੰਡੇ ਲਗੇ ਹੁੰਦੇ ਹਨ, ਤਨਾਲ ਕਹਿੰਦੇ ਹਨ। ਇਸ ਦੇ ਉਲਟ ਤਲਵਾਰ ਦੀ ਨੋਕ ਵਾਲੇ ਪਾਸੇ ਮਿਆਨ ਦੇ ਠੋਕਰ ਵਾਲੇ ਸੰਮ ਨੂੰ ਮਨਾਲ ਕਹਿੰਦੇ ਹਨ। ਸਿੰਧੀ ਭਾਸ਼ਾ ਵਿਚ ਇਸ ਨੂੰ ਤਹਾਨਲ ਕਿਹਾ ਜਾਂਦਾ ਹੈ।

ਹ.ਪੁ.—ਮ.ਕੋ. 574

**ਤਨਾਵਲ** : ਇਹ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਹਜ਼ਾਰਾ ਜ਼ਿਲ੍ਹੇ ਦੇ ਉੱਤਰ-ਪੱਛਮੀ ਕੋਣੇ ਵਿਚ ਸਥਿਤ ਇਕ ਪਰਬਤੀ ਖੇਤਰ ਹੈ ਜੋ ਸਿੰਧ ਦੇ ਪੂਰਬ ਵੱਲ ਪੈਂਦਾ ਹੈ। ਸਿਰਾਂ ਦਰਿਆ ਇਥੋਂ ਨਿਕਲਦਾ ਹੋਇਆ ਉੱਤਰ-ਦੱਖਣ ਦੀ ਦਿਸ਼ਾ ਵਿਚ ਵਗਦਾ ਹੈ। ਇਥੋਂ ਦੇ ਮੂਲ ਰਾਜੇ ਤਨਾਵਲ ਜਾਤੀ ਦੇ ਸਨ ਜੋ ਕਿ ਮੁਗ਼ਲਾਂ ਦਾ ਹੀ ਇਕ ਕਬੀਲਾ ਸੀ। ਇਸ ਦੀਆਂ ਅੱਗੇ ਪੁਲਆਲ ਅਤੇ ਹਿੰਦਵਾਲ ਨਾਂ ਦੀਆਂ ਦੋ ਸ਼ਾਖਾਵਾਂ ਸਨ। ਇਨ੍ਹਾਂ ਵਿਚੋਂ ਪੁਲਆਲ ਕੋਲ ਸਿਰਾਂ ਦਰਿਆ ਦੇ ਪੂਰਬ ਵੱਲ ਦਾ ਖੇਤਰ ਸੀ। ਇਨ੍ਹਾਂ ਦੇ ਘਰੇਲੂ ਝਗੜਿਆਂ ਕਰਕੇ ਕਸ਼ਮੀਰ ਦੇ ਗਵਰਨਰ ਨੂੰ ਦਖ਼ਲਅੰਦਾਜ਼ੀ ਕਰਨੀ ਪਈ। ਇਸੇ ਸਮੇਂ ਹਿੰਦਵਾਲਾਂ ਨੇ ਤਾਕਤ ਫੜ ਲਈ ਅਤੇ ਇਨ੍ਹਾਂ ਦੇ ਮੁੱਖੀ ਨਵਾਬ ਖ਼ਾਨ ਨੇ ਦੁੱਰਾਨੀਆਂ ਨੂੰ ਹਰਾ ਦਿੱਤਾ। ਸੰਨ 1818 ਵਿਚ ਇਸ ਦੀ ਮੌਤ ਤੋਂ ਬਾਅਦ ਇਸ ਦਾ ਲੜਕਾ, ਪੈਂਦਾ ਖ਼ਾਨ ਗੱਦੀ ਉੱਤੇ ਬੈਠਾ ਤੇ ਇਸ ਨੇ ਸਿੱਖਾਂ ਦਾ ਡੱਟ ਕੇ ਵਿਰੋਧ ਕੀਤਾ ਪਰ ਇਸਨੇ ਆਪਣਾ ਸਾਰਾ ਖੇਤਰ ਗਵਾ ਲਿਆ। ਇਸ ਕੋਲ ਕੇਵਲ ਅੰਬ ਦੇ ਦੁਆਲੇ ਦਾ ਥੋੜ੍ਹਾ ਜਿਹਾ ਹਿੱਸਾ ਰਹਿ ਗਿਆ ਸੀ। ਇਸ ਤੋਂ ਬਾਅਦ ਇਸ ਦੇ ਲੜ ਜਹਾਂਦਾਦ ਖ਼ਾਨ ਨੇ ਕਸ਼ਮੀਰ ਦੇ ਗੁਲਾਬ ਸਿੰਘ ਅਤੇ ਬਰਤਾਨੀ ਸਰਕਾਰ ਦੀ ਮੱਦਦ ਨਾਲ ਆਪਣਾ ਬਹੁਤ ਸਾਰਾ ਖੇਤਰ ਵਾਪਸ ਲਿਆ। ਅਕਬਰ ਦੇ ਰਾਜਕਾਲ ਸਮੇਂ ਵੀ ਤਨਾਵਲ ਉੱਤੇ ਯੂਸਫ਼ਜ਼ ਪਠਾਣਾਂ ਦਾ ਦਬਦਬਾ ਰਿਹਾ ਤੇ ਹੁਣ ਵੀ ਇਥੇ ਅਫ਼ਗਾਨ ਲੋਕਾਂ ਕਾਫ਼ੀ ਗਿਣਤੀ ਹੈ।

34° 15′ ਤੋਂ 34° 23′ ਉ. ਵਿਥ.; 72° 52′ ਤੋਂ 73° 1 ਪੂ. ਲੰਬ.

ਹ.ਪੁ.—ਇੰਪ. ਗ. ਇੰਡ., 23 : 219

**ਤਪ** : ਤਪ ਜਾਂ ਤਪਸ਼ ਦਾ ਮੂਲ ਅਰਥ ਪ੍ਰਕਾਸ਼ ਹੈ ਪਰੰਤੂ ਹੌ ਹੌਲੀ ਇਸਦਾ ਹੋਰ ਅਰਥ ਵਿਕਸਿਤ ਹੋ ਗਿਆ ਅਤੇ ਕਿਸੇ ਵਿ ਉਦੇਸ਼ ਦੀ ਪ੍ਰਾਪਤੀ ਜਾਂ ਆਤਮਾ ਅਤੇ ਸਰੀਰਕ ਅਨੁਸ਼ਾਸਨ ਲ ਉਠਾਏ ਜਾਣ ਵਾਲੇ ਸਰੀਰਕ ਦੁਖ ਨੂੰ ਤਪ ਕਿਹਾ ਜਾਣ ਲਗਾ। ਇ ਨੂੰ ਤਪੱਸਿਆ ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਤਪੱਸਵੀ ਲ ਤਪੀਸਰ ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ ਜਿਵੇਂ ਸੁਖਮ ਸਾਹਿਬ ਵਿਚ ਆਉਂਦਾ ਹੈ, 'ਤਪ ਮਹਿ ਤਪੀਸਰ ਗ੍ਰਿਹਸਤ ਮ ਭੋਗੀ'। ਤਪ ਸ਼ਬਦ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵਾਂ ਵਰਤਿਆ ਗਿਆ ਹੈ, ਜਿਵੇਂ 'ਤੀਰਥ ਦਾਨ ਦਯਾ ਤਪ ਸੰਜਮ', 'ਨ ਤਪ ਸੰਜਮ ਧਰਮ ਨਾ ਕਮਾਇਆ' ਆਦਿ।

ਕੁਝ ਵਿਦੇਸ਼ੀ ਵਿਦਵਾਨ ਤਪੱਸਿਆ ਬਾਰੇ ਵਿਚਾਰਾਂ ਆਰਿਆਈ ਜਾਂ ਵੈਦਿਕ ਨਾ ਮੰਨਦੇ ਹੋਏ ਆਦੀ ਵਾਸੀਆਂ ਦੀ ਦੇ ਮੰਨਦੇ ਹਨ ਪਰੰਤੂ ਇਹ ਵਿਚਾਰ ਠੀਕ ਨਹੀਂ ਲਗਦਾ। ਗ਼ੈ ਆਰਿਆਈ ਅਤੇ ਅਵੈਦਿਕ ਤੱਤ ਹੌਲੀ ਹੌਲੀ ਵੈਦਿਕ ਸਮਾਜ ਸ਼ੂਦਰ ਵਰਗ ਵਿਚ ਸ਼ਾਮਲ ਹੋ ਗਏ ਜਿਨ੍ਹਾਂ ਨੂੰ ਪ੍ਰਾਚੀਨ ਧਰਮ ਅ ਸਮਾਜ ਦੇ ਨੇਤਾਵਾਂ ਨੇ ਤਪੱਸਿਆ ਦਾ ਹੱਕ ਦਿਤਾ ਹੀ ਨਹੀਂ। ਇਸ ਉਲਟ ਸ਼ੰਬੂਕ ਜਿਹੇ ਤਪੱਸਵੀ ਸ਼ੂਦਰਾਂ ਨੂੰ ਤਾਂ ਦੰਡ ਵੀ ਦਿਤਾ ਗਿਅ ਜੇ ਤਪ ਦੀ ਵਿਚਾਰਧਾਰਾ ਸ਼ੂਦਰ ਤੱਤਾਂ ਤੋਂ ਸ਼ੁਰੂ ਹੋਈ ਹੁੰਦੀ ਤਾਂ ਇ ਹਾਲਤ ਅਸੰਭਵ ਹੀ ਹੁੰਦੀ। ਅਸਲ ਵਿਚ ਤਪ ਦੀ ਭਾਵਨਾ ਵ ਵਿਕਾਸ ਚਾਰ ਆਸ਼ਰਮਾਂ ਦੇ ਸਿਧਾਂਤ ਦੇ ਵਿਕਾਸ ਦਾ ਸਿੱਟਾ ਸੀ। ਇ ਸਾਰੇ ਵਿਚਾਰ ਮਗਰਲੇ ਵੈਦਿਕ ਯੁੱਗ ਦੀ ਹੀ ਦੇਣ ਹਨ। ਇਸੇ ਲ ਰਿਗ ਵੇਦ ਵਿਚ ਤਪ ਜਾਂ ਤਪਸ਼ ਦਾ ਕੋਈ ਵਿਸ਼ੇਸ਼ ਵਰਣਨ ਨ ਮਿਲਦਾ। ਤਪ ਦਾ ਉਹ ਰੂਪ ਜਿਸ ਵਿਚ ਤੰਤ੍ਰਿਕ ਤੱਤ ਹੁੰਦੇ ਹਨ ਅ ਇਸਦਾ ਉਦੇਸ਼ ਦੂਜੇ ਨੂੰ ਨੁਕਸਾਨ ਪਹੁੰਚਾਉਣਾ ਜਾਂ ਦੂਜੇ ਦੇ ਹਮਲੇ ਆਪਣੇ ਆਪ ਨੂੰ ਬਚਾਉਣਾ ਹੁੰਦਾ ਹੈ। ਮੁਕਤੀ ਪ੍ਰਾਪਤ ਕਰਨ ਵ ਇੱਛਾ ਰੱਖਣ ਵਾਲਾ ਸੰਨਿਆਸੀ ਹੀ ਤਪੱਸਿਆ ਵਿਚ ਮਗਨ ਜਾਂਦਾ ਹੈ। ਬ੍ਰਾਹਮਣਾਂ ਤੇ ਉਪਨਿਸ਼ਦਾਂ ਵਿਚ ਇਸਦੀ ਚਰਚਾ ਹੋ ਲਗ ਪੈਂਦੀ ਹੈ। ਇਹ ਸੰਨਿਆਸੀ ਬ੍ਰਹਮ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਅਜਿਹੇ ਸੰਨਿਆਸੀ ਲਈ ਸਵੈ-ਤਿਆਗ ਕਰਨਾ ਬਹੁਤ ਜ਼ਰੂਰੀ ਬ ਜਾਂਦਾ ਹੈ। ਇਹ ਵੀ ਸਮਝਿਆ ਜਾਣ ਲਗ ਪਿਆ ਹੈ ਕਿ ਜੀਵ ਆਵਾਗਵਨ ਦੇ ਚੱਕਰ ਤੋਂ ਮੁਕਤ ਹੋਣ ਲਈ ਵੈਰਾਗ ਦਾ ਜੀਵਨ ਜ਼ ਜ਼ਰੂਰੀ ਨਹੀਂ, ਸਰੀਰ ਨੂੰ ਅਨੇਕ ਪ੍ਰਕਾਰ ਦੇ ਦੁੱਖ ਦੇਣਾ ਵੀ ਸ਼ੁਰੂ ਗਿਆ। ਅਲੱਗ-ਅਲੱਗ ਉਦੇਸ਼ਾਂ ਨੂੰ ਮੁੱਖ ਰੱਖਕੇ ਤਪੱਸਿਆ ਦੇ ਕ ਰੂਪ ਮੰਨੇ ਜਾਣ ਲਗ ਪਏ। ਬ੍ਰਹਮਚਾਰੀ ਪੁਤੱਰ ਕਲਤਰ, ਧੰਨ ਸੰਪਤ ਪ੍ਰਾਪਤ ਕਰਨ ਦੇ ਚਾਹਵਾਨ, ਮਨਚਾਹਿਆ ਵਰ ਜਾਂ ਪਤਨੀ ਪ੍ਰਾਪ ਕਰਨ ਦੇ ਇੱਛਕ, ਪਰਮਾਤਮਾ ਨਾਲ ਲੀਨ ਵਿਅਕਤੀ, ਦੇਵ ਦੇਵਤਿਆਂ ਦੀ ਕ੍ਰਿਪਾਦ੍ਰਿਸ਼ਟੀ ਚਾਹੁਣ ਵਾਲੇ ਮਨੁੱਖ, ਸਾਧਾਰਣ ਤੌ ਤੇ ਧਰਮ ਦਾ ਪਾਲਣ ਕਰਨ ਵਾਲੇ ਮਨੁੱਖ ਆਦਿ ਅਨੇਕਾਂ ਪ੍ਰਕਾਰ ਲੋਕ ਵੱਖ-ਵੱਖ ਰੂਪਾਂ ਵਿਚ ਤਪੱਸਿਆ ਦੇ ਸਿਧਾਂਤ ਨੂੰ ਮੰਨਦੇ ਹਨ

ਤਪੱਸਿਆ ਦਾ ਮੰਤਵ ਸਰੀਰ ਨੂੰ ਦੁਖ ਦੇਣਾ ਸੀ। ਸਾਧਾਰਣ ਤਪੱਸਵੀ ਤਾਂ ਜ਼ਮੀਨ ਤੇ ਸੌਂ ਕੇ, ਦਰਖ਼ਤ ਦੀ ਛਿੱਲ ਦੇ ਕੱਪੜੇ ਪਹਿਨ ਕੇ, ਬਹੁਤ ਥੋੜ੍ਹਾ ਖਾ ਕੇ, ਜਟਾਂ ਧਾਰਨ ਕਰ ਕੇ, ਵੇਦਾਂ ਦਾ ਉਚਾਰਣ ਕਰ ਕੇ, ਨਹੁੰ ਵਧਾ ਕੇ ਹੀ ਸੰਤੁਸ਼ਟ ਹੋ ਜਾਂਦੇ ਹਨ ਪਰੰਤੂ ਤੇਜ ਤਪੱਸਵੀ ਕਰੜੀ ਗਰਮੀ ਵਿਚ ਬਾਹਰ ਧੁੱਪ ਵਿਚ ਬੈਠਦੇ ਹਨ, ਆਪਣੇ ਦੁਆਲੇ ਅੱਗ ਬਾਲ ਕੇ ਗਰਮੀ ਸਹਿਣ ਕਰਦੇ ਹਨ, ਬਾਰਸ਼ ਵਿਚ ਬੈਠੇ ਰਹਿੰਦੇ ਹਨ, ਸਰਦੀਆਂ ਵਿਚ ਪਾਣੀ ਵਿਚ ਬੈਠਦੇ ਹਨ, ਤਿੰਨ ਵੇਲੇ ਇਸ਼ਨਾਨ ਕਰਦੇ ਹਨ, ਸ਼ਹਿਰਾਂ ਤੋਂ ਬਾਹਰ ਰਹਿੰਦੇ ਹਨ ਅਤੇ ਸਾਰੇ ਸੁੱਖਾਂ ਦਾ ਤਿਆਗ ਕਰਦੇ ਹਨ। ਸ਼ਿਵ ਨੂੰ ਪ੍ਰਾਪਤ ਕਰਨ ਲਈ ਪਾਰਬਤੀ ਨੇ ਅਜਿਹੀ ਤਪੱਸਿਆ ਹੀ ਕੀਤੀ ਹੈ। ਇਥੇ ਹੀ ਬਸ ਨਹੀਂ ਕੁਝ ਤਪੱਸਵੀ ਇਕ ਪੈਰ ਤੇ ਖੜ੍ਹੇ ਰਹਿੰਦੇ ਹਨ, ਸਾਰੀ ਰਾਤ ਜਾਗਦੇ ਰਹਿੰਦੇ ਹਨ, ਮੋਨ ਧਾਰਣ ਕਰ ਲੈਂਦੇ ਹਨ, ਚਲਦੇ ਰਹਿੰਦੇ ਹਨ। ਇਸੇ ਤਰ੍ਹਾਂ ਹੋਰ ਦੂਜੇ ਤਰੀਕਿਆਂ ਨਾਲ ਤਪੱਸਿਆ ਕਰਦੇ ਰਹਿੰਦੇ ਹਨ। ਅੱਜ ਵੀ ਅਜਿਹੇ ਕਿੰਨੇ ਹੀ ਤਪੱਸਵੀ ਅਤੇ ਹੱਠੀ ਜੋਗੀ, ਭਾਰਤ ਦੇ ਚਾਰੇ ਕੋਨਿਆਂ ਵਿਚ ਵਿਸ਼ੇਸ਼ ਕਰਕੇ, ਤੀਰਥ ਅਸਥਾਨਾਂ ਉਤੇ, ਦਰਿਆ ਦੇ ਕਿਨਾਰੇ ਉੱਤੇ ਅਤੇ ਪਰਬਤਾਂ ਦੀਆਂ ਗੁਫ਼ਾਵਾਂ ਵਿਚ ਮਿਲਦੇ ਹਨ। ਇਹ ਤਪੱਸਵੀ ਆਪਣੇ ਇਨ੍ਹਾਂ ਰੂਪਾਂ ਕਰਕੇ ਸਾਧਾਰਣ ਆਦਮੀ ਅਤੇ ਕਈ ਪੜ੍ਹੇ ਲਿਖੇ ਵਿਅਕਤੀਆਂ ਦੇ ਮਨਾਂ ਵਿਚ ਥਾਂ ਬਣਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਪਰੰਤੂ ਬੁੱਧੀਜੀਵੀ ਵਿਅਕਤੀਆਂ ਦੇ ਦਿਲਾਂ ਵਿਚ ਉਨ੍ਹਾਂ ਦੀ ਕਿੰਨੀ ਕੁ ਥਾਂ ਹੈ, ਇਹ ਕਿਹਾ ਨਹੀਂ ਜਾ ਸਕਦਾ ਹੈ। ਪੱਛਮੀ ਦੇਸ਼ਾਂ ਦੇ ਲੋਕ ਇਹ ਸਮਝ ਲੈਂਦੇ ਹਨ ਕਿ ਪੂਰਬੀ ਦੇਸ਼ਾਂ ਵਿਚ ਸਰੀਰ ਨੂੰ ਦੁਖ ਦੇਣ ਅਤੇ ਗਰਮੀ ਸਰਦੀ ਸਹਿਣ ਦੀ ਬਹੁਤ ਸਮਰਥਾ ਹੈ ਅਤੇ ਉਹ ਗੁਲਾਮੀ, ਅਤਿਆਚਾਰ ਅਤੇ ਅਨਿਆਂ ਤੋਂ ਬਚਣ ਲਈ ਆਪਣੇ ਆਪ ਨੂੰ ਕਸ਼ਟ ਦੇ ਕੇ ਉਸ ਤੋਂ ਉਪਰ ਉਠਣ ਅਤੇ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਸ਼ੋਪੈਨਹਾਊਅਰ ਦੇ ਸਿਧਾਂਤ ਅਨੁਸਾਰ ਇਸੇ ਕਾਰਨ ਪੂਰਵੀ ਦੇਸ਼ਾਂ ਵਿਚ ਨਿਰਾਸ਼ਾਵਾਦ ਅਤੇ ਦੁਖਵਾਦ ਦਾ ਜਨਮ ਹੋਇਆ। ਇਸ ਦ੍ਰਿਸ਼ਟੀ ਤੋਂ ਤਪ ਦਾ ਸਮਾਜਿਕ ਵਿਸ਼ਲੇਸ਼ਣ ਜੋ ਮਨੂੰ ਸਮ੍ਰਿਤੀ ਤੋਂ ਮਿਲਦਾ ਹੈ ਉਹ ਚਿੰਤਾ ਹੈ। ਚਾਤੁਰਵੰਸ਼ੀ ਦੇ ਤਪ ਧਰਮ ਸ਼ਾਸਤਰ ਅਨੁਸਾਰ ਬ੍ਰਾਹਮਣ ਦੁਆਰਾ ਗਿਆਨ ਦੀ ਪ੍ਰਾਪਤੀ ਕਰਨਾ, ਖੱਤਰੀ ਦੁਆਰਾ ਸਮਾਜ ਦੀ ਰੱਖਿਆ ਕਰਨਾ, ਵੈਸ਼ ਦੁਆਰਾ ਖੇਤੀ ਕਰਨਾ ਅਤੇ ਸੂਦਰ ਦੁਆਰਾ ਉਪਰੋਕਤ ਤਿੰਨਾਂ ਜਾਤੀਆਂ ਦੀ ਸੇਵਾ ਕਰਨਾ ਹੀ ਤਪ ਮੰਨਿਆ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਆਪਣੇ ਕਰਤੱਵ ਦਾ ਪਾਲਣ ਕਰਨਾ ਹੀ ਸਭ ਤੋਂ ਵੱਡਾ ਤਪ ਹੈ। ਭਗਵਤ ਗੀਤਾ ਵਿਚ ਤਾਂ ਤਪ ਅਤੇ ਸੰਨਿਆਸ ਦੇ ਦਾਰਸ਼ਨਿਕ ਪੱਖ ਦਾ ਸਰਵੋਤਮ ਸਰੂਪ ਵਿਖਾਈ ਦਿੰਦਾ ਹੈ ਅਤੇ ਇਸ ਦੀਆਂ ਤਿੰਨ ਕਿਸਮਾਂ ਅਰਥਾਤ ਸਾਤਵਿਕ, ਰਾਜਸੀ ਅਤੇ ਤਾਮਸੀ ਦੱਸੀਆਂ ਗਈਆਂ ਹਨ। ਇਨ੍ਹਾਂ ਵਿਚੋਂ ਸਾਤਵਿਕ ਤਪ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਇਹ ਤਪ ਸ਼ਰਧਾ ਨਾਲ, ਫਲ ਦੀ ਇੱਛਾ ਤੋਂ ਮੁਕਤ ਹੋ ਕੇ ਕੀਤਾ ਜਾਂਦਾ ਹੈ। ਇਸ਼ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਤਪ ਵਿਚ ਜੀਵਨ ਦੇ ਸਜੀਵ ਮੁੱਲਾਂ ਦੀ ਪ੍ਰਾਪਤੀ ਨੂੰ ਸਭ ਤੋਂ ਉੱਚਾ ਸਥਾਨ ਦਿਤਾ ਗਿਆ। ਇਸ ਕਾਰਜ ਲਈ ਨਿਸ਼ਕਾਮ ਸੇਵਾ ਹੀ ਸਭ ਤੋਂ ਉੱਤਮ ਅਤੇ ਸਰਲ ਰਸਤਾ ਮੰਨਿਆ ਗਿਆ ਹੈ।

ਹ.ਪ੍ਰ.–ਹਿੰ. ਵਿ.ਕੋ. 5 : 308

**ਤਪਤ-ਖੰਡੀ ਖੇਤੀਬਾੜੀ** : ਦੁਨੀਆ ਦੀ ਜ਼ਮੀਨ ਦਾ 1/3 ਹਿੱਸਾ ਕਰਕ ਰੇਖਾ (ਟ੍ਰਾਪਿਕ ਆਫ਼ ਕੈਂਸਰ) ਅਤੇ ਮਕਰ ਰੇਖਾ (ਟ੍ਰਾਪਿਕ ਆਫ਼ ਕੈਪਰੀਕਾਰਨ) ਵਿਚਕਾਰ ਆਉਂਦਾ ਹੈ। ਦੁਨੀਆ ਦੀ ਕੁੱਲ ਵਸੋਂ ਦਾ ਇਕ ਤਿਹਾਈ ਹਿੱਸਾ ਇਸੇ ਹੀ ਖੇਤਰ ਵਿਚ ਰਹਿ ਰਿਹਾ ਹੈ। ਇਸ ਖੇਤਰ ਵਿਚ ਆਉਂਦੇ ਦੇਸ਼ਾਂ ਵਿਚ ਰਹਿਣ ਵਾਲੇ ਜ਼ਿਆਦਾ ਲੋਕ ਖੇਤੀ ਕਰਦੇ ਹਨ। ਤਪਤ-ਖੰਡੀ ਖੇਤੀਬਾੜੀ ਵਿਚ ਖੇਤੀਬਾੜੀ ਦੇ ਸਾਰੇ ਉਹ ਅਮਲ ਸ਼ਾਮਲ ਹਨ ਜਿਨ੍ਹਾਂ ਵਿਚ ਪਸ਼ੂ-ਪਾਲਣ ਦਾ ਧੰਦਾ ਵੀ ਆਉਂਦਾ ਹੈ। ਬਹੁਤ ਵੇਰ ਸਮੁੰਦਰ ਅਤੇ ਮਾਰੂਥਲ ਕਾਸ਼ਤਕਾਰੀ ਦੇ ਇਨ੍ਹਾਂ ਇਲਾਕਿਆਂ ਨੂੰ ਇੰਨਾ ਨਿਖੇੜ ਦਿੰਦੇ ਹਨ ਕਿ ਤਪਤ-ਖੰਡੀ ਖੇਤੀਬਾੜੀ ਨੂੰ ਦੂਸਰੀਆਂ ਕਿਸਮਾਂ ਤੋਂ ਵੱਖਰਿਆਂ ਕਰਨ ਵੇਲੇ ਬਹੁਤ ਥੋੜ੍ਹੀ ਮੁਸ਼ਕਲ ਪੇਸ਼ ਆਉਂਦੀ ਹੈ। ਬ੍ਰਾਜ਼ੀਲ, ਚੀਨ ਅਤੇ ਭਾਰਤ ਜਿਥੇ ਅਜਿਹੀਆਂ ਸਪਸ਼ਟ ਕੁਦਰਤੀ ਸਰਹੱਦਾਂ ਨਹੀਂ ਹਨ ਉਥੇ ਇਹ ਕਹਿਣਾ ਔਖਾ ਹੈ ਕਿ ਇਸ ਤਰ੍ਹਾਂ ਦੀ ਖੇਤੀਬਾੜੀ ਕਿਥੋਂ ਸ਼ੁਰੂ ਅਤੇ ਕਿਥੇ ਖ਼ਤਮ ਹੁੰਦੀ ਹੈ।

**ਤਪਤ-ਖੰਡੀ ਜਲਵਾਯੂ** — ਇਨ੍ਹਾਂ ਖੇਤਰਾਂ ਵਿਚਲੀ ਸਥਿਤੀ ਪੌਦੇ ਅਤੇ ਜਾਨਵਰਾਂ ਦੇ ਵਿਕਾਸ ਲਈ ਬਹੁਤ ਅਨਕੂਲ ਹਾਲਤਾਂ ਪ੍ਰਦਾਨ ਕਰਦੀ ਹੈ। ਪੌਦਿਆਂ ਦੇ ਵਾਧੇ ਦੀ ਭਰਮਾਰ ਅਤੇ ਕਿਸਮਾਂ ਦਾ ਕਿਤੇ ਵੀ ਮੁਕਾਬਲਾ ਨਹੀਂ ਹੁੰਦਾ ਅਤੇ ਇਸੇ ਹੀ ਤਰ੍ਹਾਂ ਜਾਨਵਰਾਂ ਦੀ ਵਸੋਂ ਵੀ ਸੰਘਣੀ ਅਤੇ ਅਨੇਕ ਕਿਸਮਾਂ ਵਾਲੀ ਹੈ। ਜਲਵਾਯੂ ਅਤੇ ਜ਼ਮੀਨੀ ਹਾਲਤਾਂ ਕਿਸੇ ਵੀ ਖੇਤਰ ਵਿਚ ਫਸਲਾਂ ਦੀਆਂ ਕਿਸਮਾਂ ਨੂੰ ਸੀਮਤ ਕਰਦੀਆਂ ਹਨ ਅਤੇ ਸਥਿਤੀ ਸਬੰਧੀ ਖੇਤੀਬਾੜੀ ਤੇ ਅਸਰ ਪਾਉਂਦੀਆਂ ਹਨ।

ਇਸ ਖੇਤਰ ਵਿਚ ਤਾਪਮਾਨ ਦੇ ਅਸਰ ਨਾਲ ਖੇਤੀਬਾੜੀ ਵਿਚ ਬਹੁਤ ਘੱਟ ਮੁਸ਼ਕਲ ਪੇਸ਼ ਆਉਂਦੀ ਹੈ ਕਿਉਂਕਿ ਕਿਸੇ ਵੀ ਫਸਲ ਲਈ ਯੋਗ ਤਾਪਮਾਨ ਕਿਸੇ ਹੋਰ ਉਚਾਈ ਤੇ ਮਿਲ ਸਕਦਾ ਹੈ। ਬਹੁਤ ਸਾਰੇ ਤਪਤ-ਖੰਡੀ ਦੇਸ਼ਾਂ ਵਿਚ ਫਸਲਾਂ ਦੇ ਵਿਸ਼ੇਸ਼ ਗਰੁਪ ਵੱਖ ਵੱਖ ਉਚਾਈ ਸਥਾਨਾਂ ਨਾਲ ਸਬੰਧਤ ਹਨ। ਉੱਚੇ ਪਹਾੜਾਂ ਤੇ ਜੋ ਤਾਪਮਾਨ ਮਿਲਦਾ ਹੈ ਉਹ ਉੱਤਰੀ ਯੂਰਪ ਦੀਆਂ ਮਿਆਰੀ ਫਸਲਾਂ ਲਈ ਯੋਗ ਪਾਇਆ ਜਾਂਦਾ ਹੈ। ਬਹੁਤ ਘੱਟ ਜ਼ਮੀਨ, ਜੋ ਉੱਚੀਆਂ ਚੋਟੀਆਂ ਤੇ ਪਾਈ ਜਾਂਦੀ ਹੈ, ਉਸ ਵਿਚ ਫਸਲਾਂ ਨਹੀਂ ਉਗਾਈਆਂ ਜਾ ਸਕਦੀਆਂ। ਕਿਤੇ ਕਿਤੇ ਗਲੇਸ਼ੀਅਰਾਂ ਵਾਲੇ ਪਹਾੜ ਵੀ ਮਿਲਦੇ ਹਨ। ਇਹ ਸਾਰੇ ਉਪ-ਉਸ਼ਣ ਖੰਡ ਵਿਚ ਹਨ।

ਤਪਤ-ਖੰਡੀ ਤਾਪਮਾਨ ਇਕ ਮਹੀਨੇ ਤੋਂ ਦੂਜੇ ਮਹੀਨੇ ਤੱਕ ਵੱਖਰਾ ਹੁੰਦਾ ਹੈ ਅਤੇ ਇਹ ਰੇਂਜ ਕੁਝ ਦਰਜੇ ਸੈਂ. ਤੱਕ ਹੀ ਸੀਮਤ ਹੁੰਦੀ ਹੈ। ਤਾਪਮਾਨ ਦੀ ਇਸ ਸਮਾਨਤਾ ਨਾਲ ਸਾਰੇ ਸਾਲ ਵਿਚ ਹੀ ਬੀਜਾਈ ਦਾ ਸਮਾਂ ਬਣਿਆ ਰਹਿੰਦਾ ਹੈ ਬਸ਼ਰਤੇ ਕਿ ਪਾਣੀ ਕਾਫ਼ੀ ਮਾਤਰਾ ਵਿਚ ਮੌਜੂਦ ਹੋਵੇ। ਪਰ ਫਿਰ ਵੀ ਤੇਜ਼ ਮੌਸਮੀ ਪ੍ਰਵਾਹ ਦੀ ਅਣਹੋਂਦ ਕਾਰਨ ਪੌਦਿਆਂ ਦਾ ਬਨਸਪਤਿਕ ਵਾਧਾ ਤਾਂ ਬਹੁਤ ਹੋ ਜਾਂਦਾ ਹੈ ਅਤੇ ਕਈ ਵਾਰ ਇਸ ਨਾਲ ਪੌਦਿਆਂ ਦੇ ਜੀਵਨ-ਕਾਲ ਦੀਆਂ ਅਹਿਮ ਹਾਲਤਾਂ ਜਿਵੇਂ ਫੁੱਲ ਅਤੇ ਫਲ ਪੈਣਾ ਰੁਕ ਵੀ ਜਾਂਦਾ ਹੈ। ਸੂਰਜ ਪ੍ਰਕਾਸ਼ ਦੇ ਲਗਭਗ ਇਕਸਾਰ ਰਹਿਣ ਨਾਲ ਵੀ ਪੌਦਿਆਂ ਤੇ ਇਸ ਤਰ੍ਹਾਂ ਹੀ ਅਸਰ ਪੈਂਦਾ ਹੈ।

ਤਪਤ-ਖੰਡੀ ਖੇਤਰਾਂ ਵਿਚ ਸਾਰਾ ਸਾਲ ਹੀ ਜਾਂ ਤਾਂ ਬਾਰਸ਼ ਪੈਂਦੀ ਰਹਿੰਦੀ ਹੈ ਜਾਂ ਫਿਰ ਕੁਝ ਮਹੀਨਿਆਂ ਲਈ ਇਹ ਬਿਲਕੁਲ ਹੀ ਬੰਦ ਰਹਿੰਦੀ ਹੈ। ਸਾਲ ਦੀ ਕੁੱਲ ਬਾਰਸ਼ ਅਕਸਰ ਜ਼ਿਆਦਾ ਹੀ ਹੁੰਦੀ ਹੈ ਜਿਸ ਨਾਲ ਜ਼ਮੀਨਾਂ ਵਿਚੋਂ ਖੁਰਾਕੀ ਖਣਿਜ ਹੇਠਾਂ ਜ਼ੀਰ ਜਾਂਦੇ ਹਨ ਅਤੇ ਪਿੱਛੇ ਇਕ ਸੰਘਣੀ ਚੀਕਣੀ ਮਿੱਟੀ ਰਹਿ ਜਾਂਦੀ ਹੈ। ਬਹੁਤ ਜ਼ਿਆਦਾ ਬਾਰਸ਼ ਅਤੇ ਤੇਜ਼ ਤਾਪਮਾਨ ਨਾਲ ਜੀਵਾਣੂ ਨਸ਼ਟ ਹੋ ਜਾਂਦੇ ਹਨ ਜਿਸ ਨਾਲ ਘਟ ਉੱਚੀਆਂ ਜ਼ਮੀਨਾਂ ਵਿਚ ਕਾਰਬਨੀ ਵਾਧੂ ਪਦਾਰਥ ਜਲਦੀ ਹੀ ਗਲ ਸੜ ਜਾਂਦਾ ਹੈ ਅਤੇ ਮਿੱਟੀ ਵਿਚ ਬਹੁਤ ਹੀ ਘੱਟ ਮੱਲੜ ਜਮ੍ਹਾਂ ਹੁੰਦਾ ਹੈ।

ਮਾੜੀ ਸਤ੍ਹਾ ਵਾਲੀ ਭੂਮੀ ਦੇ ਬਾਵਜੂਦ ਵੀ ਜਿਥੇ ਸਾਰਾ ਸਾਲ ਬਾਰਸ਼ ਰਹਿੰਦੀ ਹੈ ਉਥੇ ਭਰਵੀਂ ਬਨਸਪਤੀ ਪੈਦਾ ਹੁੰਦੀ ਹੈ ਅਤੇ ਉਥੇ ਪੰਜ ਜਾਂ ਛੇ ਮੰਜ਼ਿਲੇ ਰੁੱਖ ਵੀ ਮਿਲਦੇ ਹਨ ਜਿਨ੍ਹਾਂ ਵਿਚ ਉੱਚੇ ਤੋਂ

ਉੱਚਾ ਰੁੱਖ 100 ਮੀ. ਤੱਕ ਵੀ ਹੋ ਸਕਦਾ ਹੈ। ਜਿਥੇ ਬਾਰਸ਼ ਘੱਟ ਹੁੰਦੀ ਹੈ ਜਾਂ ਤਿੰਨ ਚਾਰ ਮਹੀਨਿਆਂ ਤੱਕ ਹੁੰਦੀ ਹੀ ਨਹੀਂ, ਉਥੇ ਪੱਤਝੜ ਵਾਲੇ ਰੁੱਖ ਮਿਲਦੇ ਹਨ ਅਤੇ ਜਿਥੇ ਬਾਰਸ਼ ਬਹੁਤ ਹੀ ਘੱਟ ਹੁੰਦੀ ਹੈ ਉਥੇ ਕੰਡੇਦਾਰ ਝਾੜੀਆਂ ਪਾਈਆਂ ਜਾਂਦੀਆਂ ਹਨ ਅਤੇ ਜਿਥੇ ਕਿਤੇ ਬਾਰਸ਼ ਬਹੁਤ ਹੀ ਘੱਟ ਹੋਵੇ ਉਥੇ ਮਾਰੂਥਲ ਵੀ ਮਿਲਦੇ ਹਨ। ਜਿਵੇਂ ਪੀਰੂ, ਸੋਮਾਲੀਲੈਂਡ ਅਤੇ ਉੱਤਰ-ਪੱਛਮੀ ਮੈਕਸੀਕੋ ਆਦਿ ਵਿਚ।

ਤਪਤ-ਖੰਡੀ ਖੇਤਰ ਦੇ ਪਹਾੜਾਂ ਦੀਆਂ ਜ਼ਮੀਨਾਂ ਵਿਚ ਪਾਣੀ ਬਹੁਤ ਜਲਦੀ ਹੇਠਾਂ ਵਗ ਤੁਰਦਾ ਹੈ ਅਤੇ ਉੱਚੀਆਂ ਟੀਸੀਆਂ ਤਾਂ ਬਿਲਕੁਲ ਹੀ ਖੁਰ ਜਾਂਦੀਆਂ ਹਨ। ਪਹਾੜਾਂ ਦੀ ਉਚਾਈ ਨਾਲ ਤਾਪਮਾਨ ਵੀ ਘਟਦਾ ਜਾਂਦਾ ਹੈ ਅਤੇ ਸਾਲ ਦੀ ਕੁੱਲ ਬਾਰਸ਼ ਅਤੇ ਨਮੀ ਵਿਚ ਵਾਧਾ ਹੁੰਦਾ ਜਾਂਦਾ ਹੈ। ਉੱਚੀਆਂ ਜ਼ਮੀਨਾਂ ਤੇ ਜਿਥੇ ਸਾਰਾ ਸਾਲ ਹੀ ਬਾਰਸ਼ ਰਹਿੰਦੀ ਹੈ ਉਥੇ ਵੀ ਬਨਸਪਤੀ ਵਿਚ ਤਪਤ-ਖੰਡੀ ਬਾਰਸ਼ ਵਾਲੇ ਜੰਗਲ ਅਤੇ ਇਸ ਤੋਂ ਉਪਰ ਰੁੱਖਾਂ ਦਾ ਆਕਾਰ ਘਟਦਾ ਜਾਂਦਾ ਹੈ ਪਰ ਇਹ ਭਰਵੇਂ ਹਰੇ ਰੰਗ ਦੇ ਹੀ ਹੁੰਦੇ ਹਨ। ਜਿਥੇ ਜ਼ਿਆਦਾਤਰ ਬੱਦਲਾਂ ਦੀ ਭਰਮਾਰ ਰਹਿੰਦੀ ਹੈ ਉਥੇ ਛੋਟੇ ਜੰਗਲ ਮਿਲਦੇ ਹਨ ਜਿਨ੍ਹਾਂ ਦੇ ਰੁੱਖਾਂ ਦੀਆਂ ਸ਼ਕਲਾਂ ਦੀ ਦਿੱਖ ਉਪਰਲੇ ਵਾਧੇ ਵਿਚ ਅਜੀਬ ਤਰ੍ਹਾਂ ਦੀ ਦੇਖਣ ਵਿਚ ਆਉਂਦੀ ਹੈ। ਜਿਸ ਜਗ੍ਹਾ ਖੁਸ਼ਕੀ ਹੁੰਦੀ ਹੈ ਉਥੋਂ ਦੇ ਜੰਗਲ ਉਚਾਈ ਨਾਲ ਸੰਘਣੇ ਤਾਂ ਹੁੰਦੇ ਹੀ ਹਨ ਪਰ ਇਹ ਆਮ ਤੌਰ ਤੇ ਪੱਤਝੜੀ ਹੀ ਹੁੰਦੇ ਹਨ।

**ਜ਼ਮੀਨੀ ਵਰਤੋਂ** — ਤਪਤ-ਖੰਡੀ ਜੰਗਲਾਂ ਦੀ ਭਰਮਾਰ ਇਸ ਗੱਲ ਦੀ ਸ਼ਾਹਦੀ ਨਹੀਂ ਭਰਦੀ ਕਿ ਉਥੇ ਖੇਤੀਬਾੜੀ ਵੀ ਉਸੇ ਤਰ੍ਹਾਂ ਹੋ ਸਕਦੀ ਹੈ। ਭਾਵੇਂ ਬਹੁਤ ਵੱਡੇ ਤਪਤ-ਖੰਡੀ ਜੰਗਲਾਤੀ ਖੇਤਰ (ਐਮੇਜ਼ਨ, ਕਾਂਗੋ, ਗਿਨੀ ਤੱਟ, ਮੋਜ਼ੰਬੀਕ, ਮੈਡਗਾਸਕਰ, ਕੈਰਿਬੀਅਨ ਦੱਖਣ-ਪੂਰਬੀ ਏਸ਼ੀਆ, ਇੰਡੋਨੇਸ਼ੀਆ, ਨਿਊਗਿਨੀ) ਦੇ ਪੁਰਾਣੇ ਜੰਗਲਾਂ ਵਿਚ ਖੇਤੀਬਾੜੀ ਹੋਣੀ ਸ਼ੁਰੂ ਹੋ ਗਈ ਹੈ ਪਰ ਇਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਦਰਖ਼ਤਾਂ ਵਰਗੀਆਂ ਫਸਲਾਂ ਜਿਵੇਂ ਰਬੜ, ਕੈਪੋਕ, ਆਇਲ ਪਾਮ ਅਤੇ ਕਾਕੋ ਤੋਂ ਛੁੱਟ ਦੂਸਰੀਆਂ ਫਸਲਾਂ ਇਸ ਕਾਬਲ ਨਹੀਂ ਹੁੰਦੀਆਂ ਕਿ ਉਹ ਜ਼ਮੀਨ ਦੀਆਂ ਡੂੰਘੀਆਂ ਪਰਤਾਂ ਤੱਕ ਪਹੁੰਚ ਸਕਣ ਅਤੇ ਬਹੁਤ ਸਾਰੀਆਂ ਫ਼ਸਲਾਂ ਬਹੁਤ ਜ਼ੀਰ ਚੁੱਕੀ ਜ਼ਮੀਨ ਤੇ ਪਹਿਲੀ ਵਾਰ ਕਾਸ਼ਤ ਕਰਨ ਤੋਂ ਬਾਅਦ ਚੰਗਾ ਝਾੜ ਨਹੀਂ ਦੇ ਸਕਦੀਆਂ। ਅਜਿਹਾ ਵਾਤਾਵਰਣ ਛੋਟੇ ਇਕ-ਸਾਲੀ ਪੌਦਿਆਂ ਦੇ ਵੀ ਯੋਗ ਨਹੀਂ ਹੁੰਦਾ। ਇਸ ਤੋਂ ਅੱਗੇ ਜੰਗਲਾਤੀ ਜ਼ਮੀਨਾਂ ਜਾਨਵਰਾਂ ਅਤੇ ਹਾਨੀਕਾਰਕ ਕੀੜਿਆਂ ਦਾ ਇਕ ਬਹੁਤ ਵੱਡਾ ਜ਼ਖੀਰਾ ਹੁੰਦੀਆਂ ਹਨ। ਬਹੁਤ ਸਾਰੇ ਜੰਗਲੀ ਪੌਦੇ ਕਾਸ਼ਤ ਕੀਤੀ ਜਾਣ ਵਾਲੀ ਭੂਮੀ ਵਿਚ ਹਾਨੀਕਾਰਕ ਬੂਟਿਆਂ ਵਜੋਂ ਪੈਦਾ ਹੋ ਜਾਂਦੇ ਹਨ। ਹਾਨੀਕਾਰਕ ਮਾਈਕ੍ਰੋਆਰਗੇਨਿਜ਼ਮ ਜੋ ਵੱਧ-ਤਾਪਮਾਨ ਅਤੇ ਜ਼ਿਆਦਾ ਨਮੀ ਵਿਚ ਪਲ ਰਹੇ ਹੁੰਦੇ ਹਨ, ਉਹ ਉੱਗ ਰਹੀਆਂ ਫਸਲਾਂ ਅਤੇ ਪਾਲਤੂ ਜਾਨਵਰਾਂ ਦਾ ਨੁਕਸਾਨ ਕਰਦੇ ਹਨ। ਜੰਗਲੀ ਜੜੀ ਬੂਟੀਆਂ, ਪੌਦਿਆਂ ਦੀਆਂ ਬੀਮਾਰੀਆਂ ਅਤੇ ਨੁਕਸਾਨ ਪਹੁੰਚਾਉਣ ਵਾਲੇ ਜਾਨਵਰ ਫ਼ਸਲਾਂ ਅਤੇ ਸ਼ਿਕਾਰ-ਖੋਰ ਜੀਵ ਪਾਲਤੂ ਪਸ਼ੂ-ਧਨ ਲਈ ਨਿਰੰਤਰ ਖਤਰਾ ਬਣੇ ਰਹਿੰਦੇ ਹਨ। ਇਸ ਜਗ੍ਹਾ ਇਨ੍ਹਾਂ ਹਾਲਤਾਂ ਵਿਚ ਖੇਤੀਬਾੜੀ ਤਾਂ ਹੀ ਸੰਭਵ ਹੋ ਸਕਦੀ ਹੈ ਜੇਕਰ ਸੁਰੱਖਿਆ ਮੰਤਵਾਂ ਤੇ ਜ਼ਿਆਦਾ ਖਰਚ ਕੀਤਾ ਜਾਵੇ ਜਾਂ ਮਾੜੀਆਂ-ਜ਼ਮੀਨਾਂ ਨੂੰ ਛੱਡਕੇ ਨਵੀਆਂ ਥਾਵਾਂ ਤੇ ਖੇਤੀਬਾੜੀ ਕੀਤੀ ਜਾਵੇ।

ਖੁਸ਼ਕ ਮੌਸਮੀ ਖੇਤਰਾਂ ਵਿਚ ਵੀ ਅਜਿਹੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਪਰ ਉਥੇ ਸਾਰਾ ਸਾਲ ਫ਼ਸਲਾਂ ਲੈਣ ਦੇ ਮੌਸਮ ਦਾ ਲਾਭ ਨਹੀਂ ਮਿਲਦਾ। ਬਾਰਸ਼ ਦੀ ਕਮੀ, ਜ਼ਮੀਨੀ ਉਪਜਾਊ ਸ਼ਕਤੀ ਦੀ ਘਾਟ ਅਤੇ ਹਾਨੀਕਾਰਕ ਕਿਰਮ ਆਦਿ ਇਥੇ ਵੀ ਫਸਲ ਚੰਗੀ ਤਰ੍ਹਾਂ ਨਹੀਂ ਹੋਣ ਦਿੰਦੇ। ਇਨ੍ਹਾਂ ਮੁਸ਼ਕਲਾਂ ਦੀ ਹੋਂਦ ਅਤੇ ਘੱਟ ਆਮਦਨ ਦੇ ਹੋਣ ਨਾਲ ਬਹੁਤ ਸਾਰਾ ਖੇਤਰ ਅਣਬੀਜਿਆ ਹੀ ਰਹਿਣ ਦਿੱਤਾ ਜਾਂਦਾ ਹੈ। ਇਸ ਕਾਰਨ ਬਹੁਤ ਸਾਰੀ ਜ਼ਮੀਨ ਪਸ਼ੂ-ਪਾਲਣ ਲਈ ਹੀ ਵਰਤੀ ਜਾਂਦੀ ਹੈ ਪਰ ਇਥੇ ਵੀ ਪਸ਼ੂ-ਪਾਲਣ ਲਈ ਹਰੇਕ ਤਰ੍ਹਾਂ ਦੇ ਖਤਰੇ ਤੋਂ ਸੁਰੱਖਿਅਤ ਰੱਖ ਕੇ ਅਤੇ ਬਹੁਤ ਸਾਰਾ ਧਨ ਲਗਾ ਕੇ ਹੀ ਸੰਭਵ ਹੋ ਸਕਦਾ ਹੈ।

ਉਚਾਈ ਵਾਲੀ ਜ਼ਮੀਨ ਉੱਤੇ ਭਾਵੇਂ ਬਾਰਸ਼ ਅਤੇ ਤਾਪਮਾਨ ਆਮ ਤੌਰ ਤੇ ਸਫਲ ਖੇਤੀਬਾੜੀ ਲਈ ਸਹਾਇਕ ਹੁੰਦੇ ਹਨ ਪਰ ਫਿਰ ਵੀ ਖੇਤੀਬਾੜੀ ਦੀ ਪ੍ਰਕ੍ਰਿਆ ਵਿਚ ਭੌਂ ਦਾ ਖੁਰਨਾ ਅਕਸਰ ਅਸਰ ਪਾਉਂਦਾ ਰਹਿੰਦਾ ਹੈ। ਉਚਾਈ ਉੱਤੇ ਖੇਤੀਬਾੜੀ ਲਈ ਬਹੁਤ ਘੱਟ ਖੇਤਰ ਮਿਲਦਾ ਹੈ ਤੇ ਵਸੋਂ ਸੰਘਣੀ ਹੋ ਜਾਂਦੀ ਹੈ ਜਿਸ ਦੇ ਫਲਸਰੂਪ ਜਮੀਨ ਸੰਘਣੀ ਕਾਸ਼ਤਕਾਰੀ ਕਰਨੀ ਪੈ ਜਾਂਦੀ ਹੈ ਅਤੇ ਜ਼ਮੀਨ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ।

ਜਿਥੇ ਕਿਤੇ ਵੀ ਜ਼ਮੀਨ, ਤਾਪਮਾਨ ਅਤੇ ਨਮੀ ਆਦਿ ਹਾਲਤਾਂ ਵਾਹੀਯੋਗ ਪਾਈਆਂ ਜਾਂਦੀਆਂ ਹਨ, ਤਪਤ-ਖੰਡੀ ਜ਼ਮੀਨਾਂ ਨੂੰ ਕਾਫ਼ੀ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਖੇਤੀ ਯੋਗ ਜ਼ਮੀਨ ਘੱਟ ਹੀ ਮਿਲਦੀ ਹੈ। ਫਿਰ ਵੀ ਬਹੁਤੀ ਖੇਤੀ ਯੋਗ ਜ਼ਮੀਨ ਪਹਾੜੀ ਵਾਦੀਆਂ ਵਿਚ ਹੀ ਪਾਈ ਜਾਂਦੀ ਹੈ ਜਿਵੇਂ ਮੈਕਸੀਕੋ ਵਿਚ ਉੱਤਰੀ ਐਂਡਜ਼ ਤੱਕ, ਦੱਖਣੀ ਏਸ਼ੀਆਈ ਮੁਖਭੂਮੀ ਅਤੇ ਅੰਦਰੂਨੀ ਨਿਊ-ਗਿਨੀ ਅਤੇ ਈਥੋਪੀਆ ਆਦਿ ਵਿਚ ਹੋਰਨਾਂ ਥਾਵਾਂ ਤੇ ਤੱਟਵਰਤੀ ਜ਼ਮੀਨ ਚੰਗੀ ਤਰ੍ਹਾਂ ਵਾਹੀ ਜਾਂਦੀ ਹੈ ਜਿਵੇਂ ਕੈਰਿਬੀਅਨ ਮੱਧ ਅਮਰੀਕਾ, ਮਾਲਾਬਾਰ ਤੱਟ, ਮੋਜ਼ੰਬੀਕ ਅਤੇ ਬੋਰਨੀਓ ਆਦਿ ਤਪਤ-ਖੰਡੀ ਖੇਤਰ ਦੀ ਜ਼ਿਆਦਾ ਜ਼ਰਾਇਤੀ ਵਸੋਂ, ਵਿਸ਼ੇਸ਼ ਕਰਕੇ ਏਸ਼ੀਆ ਵਿਚ (ਭਾਰਤ ਤੇ ਪਾਕਿਸਤਾਨ ਵਿਚ) ਗੰਗਾ ਬ੍ਰਹਮਪੁੱਤਰ ਦਰਿਆਵਾਂ ਅਤੇ ਦੱਖਣ-ਪੂਰਬੀ ਏਸ਼ੀਆ ਵਿਚ ਇਰਾਵਦੀ, ਚਾਓ ਫਰਾਇਆ, ਮੀਕਾਂਗ ਅਤੇ ਰੈੱਡ ਦਰਿਆਵਾਂ ਦੇ ਡੈਲਟਿਆਂ ਅਤੇ ਜਲੌਢੀ ਨੀਵੇਂ ਖੇਤਰਾਂ ਵਿਚ ਵੱਸ ਰਹੀ ਹੈ।

ਐਮੇਜ਼ਨ ਬੇਸਿਨ, ਕੇਂਦਰੀ ਅਫ਼ਰੀਕਾ, ਇੰਡੋਨੇਸ਼ੀਆ ਅਤੇ ਇਸ ਤੋਂ ਪਰੇ ਦੇ ਦੀਪ ਸਮੂਹਾਂ ਵਿਚ ਅਜੇ ਵੀ ਤੁਰਦੇ ਫਿਰਦੇ ਸ਼ਿਕਾਰੀ ਅਤੇ ਖੁਰਾਕ ਇਕੱਠੀ ਕਰਨ ਵਾਲੇ ਲੋਕ ਅਤੇ ਗੁਜ਼ਾਰੇ ਜੋਗੀ ਖੇਤੀ ਕਰਨ ਵਾਲੇ ਲੋਕ ਰਹਿੰਦੇ ਹਨ। ਤਪਤ-ਖੰਡੀ ਖੇਤਰ ਦੇ ਬਹੁਤ ਸਾਰੇ ਲੋਕ ਕੇਵਲ ਆਪਣੀ ਵਰਤੋਂ ਵਾਲੀਆਂ ਹੀ ਵਸਤਾਂ ਪੈਦਾ ਕਰਦੇ ਹਨ ਜਾਂ ਫਿਰ ਕੁਝ ਕੁ ਵਸਤਾਂ ਮਾਰਕੀਟ ਵਿਚ ਵੇਚਣ ਲਈ ਪੈਦਾ ਕਰਦੇ ਹਨ ਇਸ ਤੋਂ ਇਲਾਵਾ ਇਹ ਲੋਕ ਮਜ਼ਦੂਰੀ ਵੀ ਕਰਦੇ ਹਨ। ਇਸ ਖੇਤਰ ਵਿਚ ਲੋਕ ਛੋਟੇ ਛੋਟੇ ਪਿੰਡਾਂ ਜਾਂ ਨਿਖੜਵੇਂ ਘਰਾਂ ਵਿਚ ਰਹਿੰਦੇ ਹਨ ਤੱਟਵਰਤੀ ਦੱਖਣੀ ਏਸ਼ੀਆ ਅਤੇ ਪੱਛਮੀ ਇੰਡੋਨੇਸ਼ੀਆ ਵਿਚ ਵਸੋਂ ਕਾਫ਼ੀ ਸੰਘਣੀ ਹੈ ਅਤੇ ਇਹ ਬਾਗਾਂ ਵਾਲੀਆਂ ਨੀਵੀਆਂ ਜ਼ਮੀਨਾਂ ਵਿਚ ਰਹਿੰਦੇ ਹਨ ਜਿਥੇ ਖੇਤਾਂ ਦੀ ਨਿਰੰਤਰ ਵਹਾਈ ਹੁੰਦੀ ਹੈ ਅਤੇ ਬਸਤੀਆਂ ਵੀ ਸਥਾਈ ਹੀ ਰਹਿੰਦੀਆਂ ਹਨ।

**ਖੇਤੀਬਾੜੀ ਦੀ ਤਕਨੀਕ**—ਤਪਤ-ਖੰਡੀ ਖੇਤਰ ਵਿਚ ਹਰੇਕ ਜਗ੍ਹਾ ਕਈ ਕਿਸਮ ਦੀਆਂ ਫਸਲਾਂ ਦੇ ਸਥਾਈ ਬਾਗ਼ ਹਨ ਜੋ ਫਲਦਾਰ ਜਾਂ ਛਾਂਦਾਰ ਰੁੱਖਾਂ ਨਾਲ ਘਿਰੇ ਰਹਿੰਦੇ ਹਨ। ਇਨ੍ਹਾਂ ਬਾਗਾਂ ਤੋਂ ਇਕ ਹੀ ਝਾੜ ਪ੍ਰਾਪਤ ਨਹੀਂ ਕੀਤਾ ਜਾਂਦਾ ਸਗੋਂ ਖੁਰਾਕ ਸਾਰਾ ਸਾਲ ਹੀ ਮਿਲਦੀ ਰਹਿੰਦੀ ਹੈ। ਅਜਿਹੇ ਬਾਗਾਂ ਵਿਚ ਕੇਲਾ, ਅਦਰਕ ਅਤੇ ਹੋਰ ਗਰਮ ਮਸਾਲੇ ਨਾਲ ਸਬੰਧਤ ਪੌਦੇ ਸ਼ਾਮਲ ਹੁੰਦੇ ਹਨ ਜਦੋਂ ਕਿ ਕੌਫ਼ੀ ਅਤੇ ਯੈਮ ਤਪਤ-ਖੰਡੀ ਖੇਤਰ ਵਿਚ ਬਾਗਾਂ ਦੀਆਂ ਫਸਲਾਂ ਵਜੋਂ ਬੀਜੇ ਜਾਂਦੇ ਹਨ।

ਪਹਾੜੀ ਇਲਾਕਿਆਂ ਵਿਚ ਜਿਥੇ ਕੁਝ ਲੱਕੜ ਦੀ ਕਟਾਈ ਕਰਕੇ ਅਤੇ ਪਲਾਟਾਂ ਨੂੰ ਅੱਗ ਲਾਉਣ ਤੋਂ ਬਾਅਦ ਸਾਫ ਕਰ ਲਿਆ ਜਾਂਦਾ ਹੈ, ਉਥੇ ਚੌਲ, ਮੱਕੀ, ਬਾਜਰਾ, ਫਲੀਦਾਰ ਫਸਲਾਂ ਅਤੇ ਜੜ੍ਹਦਾਰ ਫ਼ਸਲਾਂ ਜਿਵੇਂ ਟਾਰੋ, ਯੈਮ ਅਤੇ ਚੁਕੰਦਰ ਆਦਿ ਉਗਾਈਆਂ ਜਾਂਦੀਆਂ ਹਨ। ਇਨ੍ਹਾਂ ਫਸਲਾਂ ਦੀ ਬੀਜਾਈ ਜਾਂ ਦੇਖਭਾਲ ਇਕ ਪ੍ਰਕਾਰ ਦੀ ਖੁਦਾਈ ਵਾਲੀ ਸੋਟੀ ਅਤੇ ਕੁਝ ਹੋਰ ਸੰਦਾਂ ਦੁਆਰਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਖੇਤੀਬਾੜੀ ਦੀ ਇਹ ਤਕਨੀਕ ਬਹੁਤ ਸਾਲ ਇਕ ਜਗ੍ਹਾ ਉੱਤੇ ਨਹੀਂ ਕੀਤੀ ਜਾਂਦੀ ਅਤੇ ਇਸ ਨੂੰ ਫਿਰ ਕਿਸੇ ਹੋਰ ਥਾਂ ਅਪਣਾ ਲਿਆ ਜਾਂਦਾ ਹੈ। ਪੁਰਾਣੇ ਸਮੇਂ ਵਿਚ ਇਹੀ ਤਕਨੀਕ ਪਹਾੜਾਂ ਵਿਚ ਉੱਚੀਆਂ ਥਾਵਾਂ ਉਪਰ ਵੀ ਵਰਤੋਂ ਵਿਚ ਲਿਆਂਦੀ ਜਾਂਦੀ ਸੀ।

ਏਸ਼ੀਆ ਅਤੇ ਇੰਡੋਨੇਸ਼ੀਆ ਦੇ ਨੀਵੇਂ ਇਲਾਕਿਆਂ ਦੇ ਕਿਸਾਨ ਅਤੇ ਕੁਝ ਅਫਰੀਕਨ ਲੋਕ ਵੀ ਪਾਲਤੂ ਜਾਨਵਰਾਂ ਨਾਲ ਹਲ ਦੀ ਵਰਤੋਂ ਕਰਕੇ, ਸਥਾਈ ਫਾਰਮਾਂ ਉਪਰ ਬੀਜਣ ਵਾਲੀਆਂ ਫ਼ਸਲਾਂ ਪੈਦਾ ਕਰਦੇ ਹਨ। ਕਾਰਬਨੀ ਖਾਦਾਂ ਅਤੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਤੀਬਰ ਮਿਹਨਤ ਸਦਕਾ ਏਸ਼ੀਆਈ ਤਪਤ-ਖੰਡੀ ਅਤੇ ਦੂਰ-ਪੂਰਬ ਦੇ ਦੇਸ਼ਾਂ ਵਿਚ ਝੋਨੇ ਦੀ ਬਹੁਤ ਭਾਰੀ ਕਾਸ਼ਤ ਕੀਤੀ ਜਾਂਦੀ ਹੈ। ਅਫ਼ਰੀਕਾ ਅਤੇ ਅਮਰੀਕਾ ਵਿਚ ਵੀ ਹਲ ਦੀ ਵਰਤੋਂ ਮਾਰਕੀਟ ਲਈ ਪੈਦਾ ਕੀਤੀਆਂ ਜਾਣ ਵਾਲੀਆਂ ਫ਼ਸਲਾਂ ਲਈ ਕੀਤੀ ਜਾਂਦੀ ਹੈ ਅਤੇ ਅਕਸਰ ਸਿੰਜਾਈ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ ਪਰ ਮੱਕੀ, ਬਾਜਰਾ, ਮੂੰਗਫਲੀ, ਫਲੀਆਂ, ਕਪਾਹ ਅਤੇ ਹੋਰ ਫਸਲਾਂ ਹਲ ਤੋਂ ਬਗੈਰ ਹੀ ਉਗਾਈਆਂ ਜਾਂਦੀਆਂ ਹਨ।

**ਤਪਤ-ਖੰਡੀ ਫਸਲਾਂ**— ਇਸ ਖੇਤਰ ਵਿਚ ਜਾਤੀਆਂ ਦੀ ਭਰਮਾਰ ਅਤੇ ਮਨੁੱਖ ਦੇ ਵਸੇਬੇ ਨਾਲ ਬਹੁਤ ਸਾਰੇ ਘਰੇਲੂ ਪੌਦਿਆਂ ਦੀ ਉਤਪਤੀ ਹੋਈ ਹੈ। ਅਮਰੀਕਾ, ਅਫ਼ਰੀਕਾ, ਏਸ਼ੀਆਈ ਸਮੁੰਦਰੀ ਖੇਤਰ ਸਭਨਾਂ ਵਿਚ ਹੀ ਫ਼ਸਲਾਂ ਦੀਆਂ ਦੋ ਕਿਸਮਾਂ ਮਿਲਦੀਆਂ ਹਨ। ਇਕ ਤਾਂ ਉਹ ਜੋ ਬੀਜ ਤੋਂ ਪੈਦਾ ਹੋਈ ਹੈ ਅਤੇ ਦੂਜੀ ਜੋ ਬਨਸਪਤੀ ਵਾਂਗ ਪੈਦਾ ਹੋਈ ਹੈ। ਬੀਜਾਂ ਤੋਂ ਪੈਦਾ ਹੋਣ ਵਾਲੇ ਅਨਾਜਾਂ ਵਿਚੋਂ ਮੱਕੀ ਅਮਰੀਕਾ ਵਿਚ, ਝੋਨਾ ਏਸ਼ੀਆ ਵਿਚ ਅਤੇ ਬਹੁਤ ਸਾਰੀਆਂ ਮੋਟੇ ਅਨਾਜ ਵਾਲੀਆਂ ਫ਼ਸਲਾਂ ਅਫਰੀਕਾ ਵਿਚ ਉਤਪੰਨ ਹੋਈਆਂ ਹਨ। ਬੀਜ ਰਾਹੀਂ ਪੈਦਾ ਹੋਣ ਵਾਲੀਆਂ ਅਤੇ ਫਲੀਦਾਰ ਫ਼ਸਲਾਂ ਵੀ ਵੱਖ ਵੱਖ ਖੇਤਰਾਂ ਤੋਂ ਆਈਆਂ ਹਨ ਜਿਵੇਂ ਅਮਰੀਕਾ ਤੋਂ ਟਮਾਟਰ, ਕੱਦੂ, ਤਰਬੂਜ਼ ਅਤੇ ਕਾਲੀ ਮਿਰਚ, ਅਫ਼ਰੀਕਾ ਤੋਂ ਭਿੰਡੀ ਅਤੇ ਏਸ਼ੀਆ ਤੋਂ ਖੀਰਾ ਆਦਿ। ਬਨਸਪਤੀ ਭਾਗਾਂ ਤੋਂ ਜੋ ਪੌਦੇ ਉਤਪੰਨ ਹੋਏ ਹਨ ਉਨ੍ਹਾਂ ਵਿਚ ਕੰਦ ਜਾਂ ਜੜ੍ਹਾਂ ਵਾਲੇ ਪੌਦੇ ਅਮਰੀਕਾ ਤੋਂ, ਅਰਾਰੂਟ, ਜੈਂਥੋਸੋਮਾ (Xanthosoma) ਚੁਕੰਦਰ ਅਤੇ ਕੈਸਾਵਾ, ਰਤਾਲੂ (ਯੈਮ) ਦੀਆਂ ਕਈ ਕਿਸਮਾਂ ਅਫ਼ਰੀਕਾ ਤੋਂ ਅਤੇ ਟਾਰੋ, ਅਦਰਕ ਅਤੇ ਕਈ ਹੋਰ ਯੈਮ ਏਸ਼ੀਆ ਅਤੇ ਸਮੁੰਦਰੀ ਇਲਾਕਿਆਂ ਤੋਂ ਉਤਪੰਨ ਹੋਏ ਹਨ। ਹਰੇਕ ਖੇਤਰ ਵਿਚ ਅਨੇਕ ਪ੍ਰਕਾਰ ਦੇ ਫਲਾਂ ਵਾਲੇ ਰੁੱਖ ਵੀ ਉਤਪੰਨ ਹੋਏ ਹਨ ਜਿਵੇਂ ਅਮਰੂਦ, ਪਪੀਤਾ ਅਤੇ ਅੰਬਾਰਾ (ਹਾਗ ਪਲੱਮ) ਦੱਖਣੀ ਅਮਰੀਕਾ ਤੋਂ; ਅੰਬ, ਨਿੰਬੂ-ਜਾਤੀ ਦੇ ਫਲ ਅਤੇ ਬਰੈਡਫਰੂਟ ਏਸ਼ੀਆਈ ਸਮੁੰਦਰੀ ਇਲਾਕੇ ਤੋਂ; ਕੈਰਾਈਟ ਅਤੇ ਕਈ ਅਨਾਨਾਸ ਵਰਗੇ ਫਲ ਅਫ਼ਰੀਕਾ ਵਿਚ ਪੈਦਾ ਹੋਏ। ਇਹ ਫਲ ਇਕ ਖੇਤਰ ਤੋਂ ਫਿਰ ਹੋਰਨਾਂ ਖੇਤਰਾਂ ਵਿਚ ਫੈਲ ਗਏ ਜਿਵੇਂ ਕੇਲਾ, ਕਮਾਦ ਅਤੇ ਖੋਪਾਗਿਰੀ ਏਸ਼ੀਆਈ ਸਮੁੰਦਰੀ ਇਲਾਕੇ ਤੋਂ ਅਫ਼ਰੀਕਾ ਵਿਚ ਅਤੇ ਯੂਰਪੀ ਵਿਸਥਾਰ ਤੋਂ ਪਹਿਲਾਂ ਅਮਰੀਕਾ ਵਿਚ ਵੀ ਪਹੁੰਚ ਗਏ। ਸੰਨ 1500 ਦੇ ਕਰੀਬ ਤਪਤ-ਖੰਡੀ ਦੇਸ਼ਾਂ ਵਿਚਕਾਰ ਬਹੁਤ ਸਾਰੇ ਘਰੇਲੂ ਪੌਦਿਆਂ ਦਾ ਵਟਾਂਦਰਾ ਹੋਇਆ।



ਉੱਤਰੀ ਗਵਾਤੇਮਾਲਾ (ਕੇਂਦਰੀ ਅਮਰੀਕਾ) ਦੇ ਇਕ ਸਹਿਕਾਰੀ ਫਾਰਮ ਵਿਚ ਕਾਫ਼ੀ ਦੇ ਦਾਣੇ ਸਾਫ਼ ਕਰਨ ਤੋਂ ਬਾਅਦ ਧੁੱਪ ਵਿਚ ਸੁਕਾਉਣ ਲਈ ਖਿਲਾਰਦਾ ਹੋਇਆ ਇਕ ਕਿਸਾਨ

ਬਗੀਚੇ ਲਗਾਉਣ ਦਾ ਸਿਸਟਮ ਤਪਤ-ਖੰਡੀ ਖੇਤਰ ਵਿਚ ਬਹੁਤ ਪੁਰਾਣਾਂ ਹੈ। ਗਰਮ ਮਸਾਲੇ ਨਾਲ ਸਬੰਧਤ ਪੌਦਿਆਂ ਦੇ ਬਾਗ ਮਾਲਾਬਾਰ ਤਟ ਅਤੇ ਇੰਡੋਨੇਸ਼ੀਆ ਵਿਚ ਵਿਸ਼ੇਸ਼ ਤੌਰ ਅਤੇ ਕੈਰਿਬੀਅਨ ਖੇਤਰ ਵਿਚ ਯੂਰਪੀ ਕਲੋਨੀਆਂ ਵਿਚ ਸਥਾਪਿਤ ਸਨ ਜਦੋਂ ਕਿ ਹੋਰਨਾਂ ਖੇਤਰਾਂ ਵਿਚ ਕਮਾਦ ਦੇ ਵੱਡੇ ਵੱਡੇ ਖੇਤ ਸਥਾਪਿਤ ਹੋਏ। ਕਾਫੀ, ਚਾਹ, ਰਬੜ, ਕਾਕੋ, ਆਇਲ ਪਾਮ, ਖੋਪਾਗਿਰੀ, ਐਬੇਕਾ, ਕੇਲਾ, ਵੈਨੀਲਾ, ਪਾਈਨਐਪਲ, ਕਮਾਦ, ਕਾਲੀ ਮਿਰਚ,



ਬ੍ਰਾਜ਼ੀਲ ਵਿਖੇ ਕੱਚੀ ਰਬੜ ਪ੍ਰਾਪਤ ਕਰਨ ਲਈ ਰਬੜ ਦੇ ਦਰਖ਼ਤ ਦੇ ਛਿੱਲੜ ਤੇ ਟੱਕ ਲਾਉਂਦਾ ਹੋਇਆ ਇਕ ਕਾਮਾ

ਲੌਂਗ, ਇਲਾਇਚੀ, ਅਦਰਕ ਅਤੇ ਕਈ ਹੋਰ ਗਰਮ ਮਸਲਿਆਂ ਨਾਲ ਸਬੰਧਤ ਪੌਦੇ, ਰੋਗ ਨਾਸ਼ਕ ਪੌਦੇ, ਕੀੜੇ ਮਾਰ ਦਵਾਈਆਂ ਵਾਲੇ ਪੌਦੇ, ਕੱਪੜਾ ਉਦਯੋਗ, ਲੱਕੜੀ, ਖ਼ੁਰਾਕ ਅਤੇ ਤੇਲ ਵਾਲੇ ਪੌਦੇ ਦੁਨੀਆ-ਭਰ ਵਿਚ ਵੇਚਣ ਲਈ ਲਗਾਏ ਜਾਂਦੇ ਹਨ। ਇਨ੍ਹਾਂ ਪੌਦਿਆਂ ਉਪਰ ਹੁੰਦੇ ਖਰਚ ਅਤੇ ਹੁਨਰ ਪ੍ਰਬੰਧ ਨੂੰ ਮੁੱਖ ਰੱਖਦੇ ਹੋਏ ਇਹ ਬਾਗ ਬਹੁਤ ਹੀ ਘੱਟ ਖੇਤਰ ਵਿਚ ਫੈਲੇ ਹੋਏ ਹਨ ਪਰ ਦੁਨੀਆ ਦੇ ਵਪਾਰ ਵਿਚ ਤਖਤ-ਖੰਡੀ ਖੇਤਰ ਵਾਲੀਆਂ ਵਸਤਾਂ ਦੇ ਪ੍ਰਵੇਸ਼ ਕਰਵਾਉਣ ਵਿਚ ਇਨ੍ਹਾਂ ਦਾ ਵੱਡਾ ਹਿੱਸਾ ਹੈ।

**ਪਸ਼ੂ-ਪਾਲਣ** — ਤਪਤ-ਖੰਡੀ ਖੇਤਰ ਵਿਚ ਬਹੁਤ ਸਾਰੇ ਪਾਲਤੂ ਜਾਨਵਰਾਂ ਦੀਆਂ ਕਿਸਮਾਂ ਪਾਈਆਂ ਜਾਂਦੀਆਂ ਹਨ ਅਤੇ ਇਹ ਕਿਤੇ ਨਾ ਕਿਤੇ ਇਸ ਖੇਤਰ ਵਿਚ ਮਿਲ ਹੀ ਜਾਂਦੀਆਂ ਹਨ। ਸੂਰ ਪਾਲੀਨੇਸ਼ੀਆ ਤੋਂ ਦੱਖਣੀ ਸੂਡਾਨ ਅਤੇ ਗਿਨੀ ਤੱਕ ਬਹੁਤ ਗਿਣਤੀ ਵਿਚ ਮਿਲਦੇ ਹਨ ਸਿਵਾਇ ਉਨ੍ਹਾਂ ਥਾਵਾਂ ਤੋਂ ਜਿਥੇ ਇਨ੍ਹਾਂ ਦੇ ਪਾਲਣ ਨੂੰ ਧਾਰਮਿਕ ਕਾਰਨਾਂ ਕਰਕੇ ਵਰਜਿਤ ਕਰਾਰ ਦਿੱਤਾ ਹੋਇਆ ਹੈ। ਇਹ ਗੰਦ-ਮੰਦ ਦੀ ਸਫ਼ਾਈ ਕਰ ਦਿੰਦਾ ਹੈ ਅਤੇ ਇਸ ਦਾ ਮੀਟ ਵੀ ਖਾਣ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਹ ਜਾਨਵਰ ਆਪਣੇ ਆਪ ਜਗ੍ਹਾ ਬਦਲੀ ਲਈ ਛੱਡ ਦਿੱਤੇ ਜਾਂਦੇ ਹਨ ਪਰ ਕਦੀ ਕਦਾਈਂ ਇਨ੍ਹਾਂ ਨੂੰ ਖੇਪਾਗਿਰੀ, ਬਾਗਾਂ ਦੀਆਂ ਫ਼ਸਲਾਂ ਅਤੇ ਜੰਗਲੀ ਫਲਾਂ ਦੀ ਖ਼ੁਰਾਕ ਦਿੱਤੀ ਜਾਂਦੀ ਹੈ। ਬਹੁਤ ਸਾਰੇ ਤਪਤ-ਖੰਡੀ ਦੇਸ਼ਾਂ ਵਿਚ ਜੀਉਂਦੇ ਸੂਰ ਆਮਦਨ ਦਾ ਇਕ ਅਹਿਮ ਸ੍ਰੋਤ ਹਨ। ਇਨ੍ਹਾਂ ਖੇਤਰਾਂ ਵਿਚ ਸੂਰ ਦੇ ਮਾਸ ਦੀ ਪ੍ਰਾਸੈਸਿੰਗ ਕਰਨਾ ਅਤੇ ਉਸ ਨੂੰ ਸੁਰੱਖਿਅਤ ਰੱਖਣਾ ਮੁਸ਼ਕਲ ਹੀ ਹੁੰਦਾ ਹੈ।

ਤਪਤ-ਖੰਡੀ ਖੇਤਰ ਵਿਚ ਪਾਲਤੂ ਪੰਛੀ ਰੱਖਣੇ ਆਮ ਹੀ ਰਿਵਾਜ ਹੈ ਅਤੇ ਨਵੀਂ ਦੁਨੀਆ ਵਿਚ ਟਰਕੀ ਪੰਛੀ ਅਕਸਰ ਹੀ ਰੱਖੇ ਜਾਂਦੇ ਹਨ। ਇਹ ਪੰਛੀ ਆਪਣਾ ਚੋਗਾ ਆਪ ਹੀ ਚੁਗਦੇ ਰਹਿੰਦੇ ਹਨ ਪਰ ਕਦੀ ਕਦਾਈਂ ਇਨ੍ਹਾਂ ਨੂੰ ਫਲਾਂ ਜਾਂ ਅਨਾਜ ਦੇ ਦਾਣੇ ਵੀ ਪਾਏ ਜਾਂਦੇ ਹਨ। ਜੀਉਂਦੇ ਪੰਛੀ ਅਤੇ ਇਨ੍ਹਾਂ ਦੇ ਅੰਡੇ ਵੀ ਆਮਦਨ ਦਾ ਸਾਧਨ ਹਨ।

ਖੁਸ਼ਕ ਖੇਤਰਾਂ ਵਿਚ ਬੱਕਰੀਆਂ ਵੀ ਮੀਟ, ਦੁੱਧ, ਵਾਲਾਂ ਅਤੇ ਖੱਲਾਂ ਲਈ ਪਾਲੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਇਲਾਵਾ ਉੱਚੇ ਪਹਾੜੀ ਸਥਾਨਾਂ, ਅਰਬ ਅਤੇ ਅਫ਼ਰੀਕਾ ਦੇ ਖੁਸ਼ਕ ਇਲਾਕਿਆਂ ਵਿਚ ਭੇਡਾਂ ਪਾਲੀਆਂ ਜਾਂਦੀਆਂ ਹਨ ਜਿਥੇ ਕਿ ਟੱਪਰੀਵਾਸ ਲੋਕ ਵੱਸਦੇ ਹਨ। ਘੋੜਾ ਇਸ ਖੇਤਰ ਵਿਚ ਸਵਾਰੀ ਕਰਨ ਲਈ ਬਹੁਤ ਹੀ ਘੱਟ ਵਰਤੋਂ ਵਿਚ ਆਉਂਦਾ ਹੈ ਸਿਵਾਇ ਅਮਰੀਕਾ ਅਤੇ ਮੁਸਲਿਮ ਦੇਸ਼ਾਂ ਦੇ। ਇਸ ਤੋਂ ਉਲਟ ਖੋਤਾ ਅਫ਼ਰੀਕਾ ਅਤੇ ਅਮਰੀਕਾ ਵਰਗੇ ਖੇਤਰਾਂ ਵਿਚ ਭਾਰ ਢੋਣ ਦਾ ਇਕ ਅਹਿਮ ਜਾਨਵਰ ਹੈ।

ਸਿੰਗਾਂ ਵਾਲੇ ਜਾਨਵਰ ਅਤੇ ਇਨ੍ਹਾਂ ਨਾਲ ਸਬੰਧਤ ਜਾਨਵਰ ਭਾਰ ਢੋਣ ਲਈ ਵੀ ਵਰਤੇ ਜਾਂਦੇ ਹਨ। ਵਿਸ਼ੇਸ਼ ਕਰਕੇ ਏਸ਼ੀਆ, ਅਰਬ ਦੇਸ਼ਾਂ ਅਤੇ ਅਮਰੀਕਾ ਵਿਚ। ਅਫ਼ਰੀਕਾ ਅਤੇ ਮੈਡਗਾਸਕਰ ਵਿਚ ਪਸ਼ੂ ਪਾਲਣਾ ਇਕ ਫ਼ਖ਼ਰ ਸਮਝਿਆ ਜਾਂਦਾ ਹੈ। ਗੋਕੇ ਪਸ਼ੂ ਭਾਰਤ ਵਿਚ ਬਹੁਤ ਗਿਣਤੀ ਵਿਚ ਪਾਏ ਜਾਂਦੇ ਹਨ ਜਿਥੇ ਇਨ੍ਹਾਂ ਨੂੰ ਮਾਰਨਾ ਕਾਨੂੰਨੀ ਤੌਰ ਤੇ ਵਰਜਿਤ ਹੈ। ਏਸ਼ੀਆ ਵਿਚ ਮੱਝ ਇਕ ਦੇਹਾਤੀ ਜਾਨਵਰ ਹੈ ਜੋ ਬਾਗਾਂ ਦੀਆਂ ਉਪਜਾਂ ਅਤੇ ਪੌਦਿਆਂ ਦੀ ਰਹਿੰਦ-ਖੂੰਹਦ ਤੇ ਪਲਦਾ ਹੈ। ਮੀਟ ਜਾਂ ਦੁੱਧ ਵਾਸਤੇ ਗੋਕੇ ਪਸ਼ੂਆਂ ਦੀਆਂ ਵਧੀਆ ਨਸਲਾਂ ਇਸ ਖੇਤਰ ਵਿਚ ਘੱਟ ਹੀ ਪਾਈਆਂ ਜਾਂਦੀਆਂ ਹਨ। ਵਪਾਰਕ ਪੱਖੋਂ ਸਥਾਨਕ ਲੋੜਾਂ ਨੂੰ ਪੂਰਾ ਕਰਨ ਲਈ ਇਥੇ ਮੀਟ ਕਾਫ਼ੀ ਮਾਤਰਾ ਵਿਚ ਉਪਲੱਬਧ ਹੋ ਜਾਂਦਾ ਹੈ। ਬਹੁਤ ਸਾਰੀਆਂ ਬੀਮਾਰੀਆਂ ਅਤੇ ਪਰਜੀਵਾਂ ਤੋਂ ਇਲਾਵਾ ਖੁਸ਼ਕ ਮੌਸਮ ਵੀ ਪਸ਼ੂਆਂ ਤੇ ਅਸਰ ਪਾਉਂਦੇ ਹਨ। ਜਾਨਵਰਾਂ ਅਤੇ ਦੁੱਧ ਤੋਂ ਤਿਆਰ ਕੀਤੀਆਂ ਵਸਤਾਂ ਦੀ ਢੋਆ-ਢੁਆਈ ਲਈ ਸਹੂਲਤਾਂ ਬਹੁਤੀਅ ਵਿਕਸਿਤ ਨਹੀਂ ਹਨ। ਇਸ ਤੋਂ ਇਲਾਵਾ ਇਥੇ ਪੈਕਿੰਗ ਅਤੇ ਪ੍ਰਾਸੈਸਿੰਗ ਦੇ ਕਾਰਖ਼ਾਨੇ ਵੀ ਘੱਟ ਹੀ ਹਨ।

ਹ.ਪੁ.—ਐਨ.ਬ੍ਰਿ. 22:494

**ਤਪਤ-ਖੰਡੀ ਤੂਫ਼ਾਨ** : ਕਰਕ ਰੇਖਾ ਅਤੇ ਮਕਰ ਰੇਖ ਵਿਚਕਾਰਲੇ ਖੇਤਰ ਵਿਚ ਵਾਯੂਮੰਡਲ ਦੀ ਜਬਰਦਸਤ ਚੱਕਰਵਾਤੀ ਖਲਬਲੀ ਨੂੰ ਤਪਤ-ਖੰਡੀ ਤੂਫ਼ਾਨ ਆਖਦੇ ਹਨ। ਪੱਛਮੀ ਅੰ ਮਹਾਂਸਾਗਰ ਵਿਚ ਇਨ੍ਹਾਂ ਨੂੰ ਹਰੀਕੇਨ ਅਤੇ ਪੱਛਮੀ ਸ਼ਾਂਤ ਮਹਾਂਸਾਗ ਵਿਚ ਟਾਈਫੂਨ ਆਖਦੇ ਹਨ। ਤਪਤ-ਖੰਡੀ ਤੂਫ਼ਾਨ ਮੌਸਮ ਦੀ ਇਕ ਭਿਅੰਕਰ ਅਵਸਥਾ ਹੈ ਅਤੇ ਇਹ ਮੌਸਮ ਵਿਚ ਵਾਪਰਨ ਵਾਲੀਅ ਛੋਟੀਆਂ ਮੋਟੀਆਂ ਖਲਬਲੀਆਂ ਜਿਨ੍ਹਾਂ ਕਰਕੇ ਤਪਤ-ਖੰਡੀ ਪ੍ਰਦੇਸ਼ ਵਿਚ ਸਧਾਰਨ ਨਾਲੋਂ ਵਧੇਰੇ ਵਰਖਾ ਹੁੰਦੀ ਹੈ, ਨਾਲੋਂ ਭਿੰਨ ਹੈ। ਇ ਚੱਕਰਵਾਤ ਦਾ ਵਿਆਸ ਲਗਭਗ 80 ਤੋਂ 800 ਕਿ.ਮੀ. (50 ਤੋ 500 ਮੀਲ) ਹੁੰਦਾ ਹੈ।

ਤਪਤ-ਖੰਡੀ ਤੂਫ਼ਾਨ ਦੋਵੇਂ ਅਰਧ-ਗੋਲਿਆਂ ਵਿਚ ਲਗਭ 5 ਤੋਂ ਲੈ ਕੇ 30° ਵਿਥਕਾਰ ਤੱਕ ਤਪਤ-ਖੰਡੀ ਮਹਾਂਸਾਗਰਾਂ ਵਿ ਅਕਸਰ ਆਉਂਦੇ ਰਹਿੰਦੇ ਹਨ। ਇਸ ਤੂਫ਼ਾਨ ਦੇ ਲੱਛਣ ਹਮੇਸ਼ਾਂ ਇ ਜਿਹੇ ਨਹੀਂ ਹੁੰਦੇ ਸਗੋਂ ਇਹ ਤੂਫ਼ਾਨ ਦੀ ਮਿਆਦ, ਆਕਾਰ ਅ ਵਿਥਕਾਰ ਅਨੁਸਾਰ ਹੁੰਦੇ ਹਨ। ਅਸਲ ਵਿਚ ਇਹ ਚੱਕਰਵਾ ਵਾਵਰੋਲੇ ਹੁੰਦੇ ਹਨ। ਇਸ ਦੇ ਕੇਂਦਰ ਵਿਚ ਪੌਣ ਇਕ ਗੋਲਾਕਾ ਘੁੰਮਣਘੇਰ ਜਿਹਾ ਬਣਾ ਲੈਂਦੀ ਹੈ। ਮਹਾਂਸਾਗਰ ਦੀ ਸਤ੍ਹਾ ਉੱਤੇ ਇ ਪੌਣ ਦੀ ਗਤੀ ਥੋੜ੍ਹੀ ਜਿਹੀ ਕੇਂਦਰ ਵੱਲ ਨੂੰ ਹੁੰਦੀ ਹੈ। ਕਿਉਂਕਿ ਧਰ ਆਪਣੀ ਧੁਰੀ ਦੁਆਲੇ ਘੁੰਮਦੀ ਹੈ ਇਸ ਲਈ ਦੱਖਣੀ ਅਰਧ-ਗੋ ਵਿਚ ਇਸ ਘੁੰਮਣਘੇਰ ਦੀ ਚਾਲ ਸੱਜੇ ਗੇੜ ਭਾਵ ਘੜੀ ਦੀ ਸੂਈਆਂ ਅਨੁਸਾਰ ਅਤੇ ਉੱਤਰੀ ਅਰਧ-ਗੋਲੇ ਵਿਚ ਖੱਬੇ ਗੇੜ ਭਾ ਘੜੀ ਦੀਆਂ ਸੂਈਆਂ ਦੇ ਉਲਟ ਹੁੰਦੀ ਹੈ।

ਚੱਕਰਵਾਤੀ ਵਾਵਰੋਲੇ ਨੂੰ ਹਰੀਕੇਨ ਜਾਂ ਟਾਈਫੂਨ ਉ ਆਖਦੇ ਹਨ ਜਦੋਂ ਸਤਹੀ ਪੌਣਾਂ ਦੀ ਚਾਲ ਲਗਭਗ 120 ਕਿ. (75 ਮੀਲ) ਪ੍ਰਤਿ ਘੰਟੇ ਨਾਲੋਂ ਵੀ ਵੱਧ ਹੋ ਜਾਵੇ। ਤੂਫ਼ਾਨ ਦੇ ਸ਼ੁਰੂ ਵਿ ਇਨ੍ਹਾਂ ਤੇਜ਼ ਹਵਾਵਾਂ ਦਾ ਵਿਆਸ ਕੇਵਲ 16 ਕਿ.ਮੀ. ( 10 ਮੀ ਦੇ ਲਗਭਗ ਹੁੰਦਾ ਹੈ ਪਰੰਤੂ ਜਦੋਂ ਤੂਫ਼ਾਨ ਪੂਰੇ ਸਿਖ਼ਰ ਉੱਤੇ ਹੁੰਦਾ ਤਾਂ ਇਨ੍ਹਾਂ ਦਾ ਵਿਆਸ ਲਗਭਗ 80 ਕਿ.ਮੀ. (50 ਮੀਲ) ਤੋਂ ਨਹੀਂ ਹੁੰਦਾ ਅਤੇ ਕਈ ਵਾਰ ਤਾਂ ਵਿਆਸ 241 ਕਿ.ਮੀ. (1




ਉੱਤਰੀ ਅਰਧ ਗੋਲੇ ਵਿਚ ਤਪਤ-ਖੰਡੀ ਤੂਫ਼ਾਨ ਦੀਆਂ ਪੌਣਾਂ ਅਤੇ ਮੌਸਮਾਂ ਦੀ ਵੰਡ

ਮੀਲ) ਤੱਕ ਵੀ ਪਹੁੰਚ ਜਾਂਦਾ ਹੈ। ਕੁਝ ਇਕ ਤੂਫ਼ਾਨਾਂ ਦਾ ਵਿਆਸ 805 ਕਿ.ਮੀ. (500 ਮੀਲ) ਤੱਕ ਵੀ ਵੇਖਿਆ ਗਿਆ ਹੈ।

**ਪੌਣਾਂ**—ਭਾਵੇਂ ਤਪਤ-ਖੰਡੀ ਤੂਫ਼ਾਨਾਂ ਦਾ ਖੇਤਰ ਤਪਤ-ਖੰਡਾਂ ਤੋਂ ਬਾਹਰਲੇ ਤੂਫ਼ਾਨਾਂ ਨਾਲੋਂ ਘੱਟ ਹੁੰਦਾ ਹੈ ਪਰੰਤੂ ਇਸ ਦੇ ਅਸਰ ਹੇਠ ਆਏ ਖੰਡਾਂ ਵਿਚ ਮੌਸਮੀ ਤਬਾਹੀ ਕਿਤੇ ਜ਼ਿਆਦਾ ਹੁੰਦੀ ਹੈ। ਕੇਂਦਰ ਵਿਚਲੀ ਪੌਣ ਦੀ ਚਾਲ ਅਕਸਰ 160 ਕਿ.ਮੀ. (100 ਮੀਲ) ਪ੍ਰਤਿ ਘੰਟਾ ਹੁੰਦੀ ਹੈ ਅਤੇ ਕਈ ਵਾਰ ਇਹ 322 ਕਿ.ਮੀ. (200 ਮੀਲ) ਪ੍ਰਤਿ ਘੰਟਾ ਵੀ ਵੇਖੀ ਗਈ ਹੈ।

**ਤੂਫ਼ਾਨਾਂ ਦੇ ਧਰੁਵਮੁਖੀ —** ਪਾਸਿਆਂ ਤੇ ਵਪਾਰਕ ਪੌਣਾਂ ਉਨ੍ਹਾਂ ਦੁਆਰਾ ਹੀ ਬਣਾਏ ਪੌਣ-ਖੇਤਰ ਨੂੰ ਹੋਰ ਵੀ ਤੇਜ਼ ਕਰ ਦਿੰਦੀਆਂ ਹਨ ਜਦੋਂ ਕਿ ਭੂ-ਮੱਧ ਰੇਖੀ ਪਾਸਿਆਂ ਉੱਤੇ ਉਹ ਇਸ ਪੌਣ ਖੇਤਰ ਦੇ ਉਲਟ ਦਿਸ਼ਾ ਵਿਚ ਚਲਦੀਆਂ ਹਨ। ਇਸ ਲਈ ਵਪਾਰਕ ਪੌਣਾਂ ਵਿਚ ਸਥਿਤ ਕੇਂਦਰਾਂ ਦੇ ਦੁਆਲੇ ਦੀਆਂ ਤੇਜ਼ ਹਵਾਵਾਂ ਜਦੋਂ ਧਰੁਵਾਂ ਵੱਲ ਨੂੰ ਚਲਦੀਆਂ ਹਨ ਤਾਂ ਭੂ-ਮੱਧ ਰੇਖਾ ਵੱਲ ਨੂੰ ਚਲਣ ਸਮੇਂ ਨਾਲੋਂ ਕਿਤੇ ਜ਼ਿਆਦਾ ਫ਼ਾਸਲਾ ਤੈਅ ਕਰ ਲੈਂਦੀਆਂ ਹਨ।

**ਤੂਫ਼ਾਨ ਦੀ ਅੱਖ —** ਹਰੀਕੇਨ ਪੌਣਾਂ ਦੇ ਖੇਤਰ ਵਿਚ ਪੌਣ ਦੀ ਰਫ਼ਤਾਰ ਤੂਫ਼ਾਨ ਦੇ ਕੇਂਦਰ ਵੱਲ ਵਧ ਜਾਂਦੀ ਹੈ। ਭਰ ਜੋਬਨ ਵਿਚ ਝੁੱਲ ਰਹੇ ਤੂਫ਼ਾਨ ਦੇ ਕੇਂਦਰ ਦੇ ਬਿਲਕੁਲ ਨੇੜੇ ਪੌਣਾਂ ਦੀ ਗਤੀ ਇਕ-ਦਮ ਮੱਠੀ ਪੈ ਜਾਂਦੀ ਹੈ ਅਤੇ ਕਈ ਵਾਰ ਬਿਲਕੁਲ ਹੀ ਸ਼ਾਂਤ ਹੋ ਜਾਂਦੀ ਹੈ। ਅਸਮਾਨ ਸਾਫ਼ ਜਾਂ ਥੋੜ੍ਹੇ ਥੋੜ੍ਹੇ ਬੱਦਲ ਹੁੰਦੇ ਹਨ। ਤੂਫ਼ਾਨ ਦੇ ਇਸ ਸ਼ਾਂਤ ਕੇਂਦਰੀ ਹਿੱਸੇ ਨੂੰ 'ਤੂਫ਼ਾਨ ਦੀ ਅੱਖ' ਆਖਦੇ ਹਨ। ਇਸ ਅੱਖ ਦਾ ਵਿਆਸ ਔਸਤਨ 24 ਕਿ.ਮੀ. (15 ਮੀਲ) ਹੁੰਦਾ ਹੈ ਜਿਹੜਾ ਇਸ ਤੋਂ ਵੱਧ ਜਾਂ ਘੱਟ ਵੀ ਹੋ ਸਕਦਾ ਹੈ। ਇਸ ਦਾ ਮੁੱਖ ਲੱਛਣ ਇਹ ਹੈ ਕਿ ਹਰੀਕੇਨ ਦੇ ਬਾਹਰਲੇ ਭਾਗਾਂ ਵਿਚ ਹੋਣ ਵਾਲੀ ਤੂਫ਼ਾਨੀ ਖਲਬਲੀ ਅੱਖ ਵਾਲੇ ਹਿੱਸੇ ਵਿਚ ਪਹੁੰਚ ਕੇ ਇਕ-ਦਮ ਮੱਠੀ ਪੈ ਜਾਂਦੀ ਹੈ।

**ਦਬਾਉ** — ਬੈਰੋਮੀਟਰ ਦੁਆਰਾ ਮਿਣਤੀ ਕਰਨ ਤੋਂ ਪਤਾ ਲਗਿਆ ਹੈ ਕਿ ਤੂਫ਼ਾਨ ਦੇ ਕਿਨਾਰੇ ਤੋਂ ਅੰਦਰਲੇ ਭਾਗ ਵੱਲ ਨੂੰ ਜਦੋਂ ਪੌਣਾਂ ਦੀ ਰਫ਼ਤਾਰ ਵਧਦੀ ਹੈ ਤਾਂ ਵਾਯੂਮੰਡਲੀ ਦਬਾਉ ਘਟ ਜਾਂਦਾ ਹੈ। ਤਪਤ-ਖੰਡੀ ਤੂਫ਼ਾਨ ਦੇ ਕੇਂਦਰ ਵਿਚ ਨਿਮਨ-ਦਾਬ ਹੁੰਦਾ ਹੈ। ਧਰਤੀ ਉੱਤੇ ਸਮੁੰਦਰ ਤੱਲ ਤੋਂ ਨਿਊਨਤਮ ਦਬਾਉ ਹਰੀਕੇਨ ਦੀ ਅੱਖ ਵਿਚ ਜਾਂ ਇਸ ਦੇ ਨੇੜੇ ਵੇਖਿਆ ਗਿਆ ਹੈ। ਤਪਤ-ਖੰਡੀ ਤੂਫ਼ਾਨ ਦੀ ਤੀਬਰਤਾ ਇਸ ਦੇ ਖੇਤਰੀ ਵਿਸਤਾਰ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਕਈ ਵਾਰ ਇਕ ਛੋਟੇ ਜਿਹੇ ਘੇਰੇ ਵਾਲਾ ਤੂਫ਼ਾਨ ਵੀ ਬਹੁਤ ਤੀਬਰ ਹੋ ਸਕਦਾ ਹੈ।

**ਬੱਦਲ ਅਤੇ ਵਰਖਾ** — ਤਪਤ-ਖੰਡੀ ਤੂਫ਼ਾਨ ਦੇ ਅੰਦਰਲੇ ਭਾਗ ਵਿਚ ਕਪਾਹੀ-ਵਰਖਾ ਬੱਦਲ ਹੁੰਦੇ ਹਨ ਜਿਨ੍ਹਾਂ ਤੋਂ ਭਾਰੀ ਵਰਖਾ ਹੋ ਰਹੀ ਹੁੰਦੀ ਹੈ। ਤੂਫ਼ਾਨ ਦੇ ਕੇਵਲ ਅੱਖ ਵਾਲੇ ਭਾਗ ਵਿਚ ਹੀ ਆਕਾਸ਼ੀ ਬਿਜਲੀ ਚਮਕਦੀ ਹੈ ਅਤੇ ਇਸ ਹਿੱਸੇ ਵਿਚ ਆਕਾਸ਼ ਕਈ ਵਾਰ ਬਿਲਕੁਲ ਸਾਫ਼ ਵੀ ਹੁੰਦਾ ਹੈ। ਆਮ ਤੌਰ ਤੇ ਕੇਂਦਰੀ ਭਾਗ ਦੇ ਦੁਆਲੇ ਦੇ ਹਿੱਸੇ ਵਿਚ ਵਰਖਾ ਇਕੋ ਜਿੰਨੀ ਨਹੀਂ ਪੈਂਦੀ। ਰਡਾਰ ਰਾਹੀਂ ਕੀਤੇ ਗਏ ਪ੍ਰੇਖਣਾਂ ਦੁਆਰਾ ਪਤਾ ਲਗਿਆ ਹੈ ਕਿ ਵੱਡੇ-ਵੱਡੇ ਬੱਦਲ ਇਕੱਠੇ ਹੋ ਕੇ ਤੰਗ ਪੱਟੀਆਂ ਜਿਹੀਆਂ ਦੀਆਂ ਲੜੀਆਂ ਬਣਾ ਲੈਂਦੇ ਹਨ ਜਿਹੜੀਆਂ ਅਕਸਰ ਕੁਝ-ਕੁ ਮੀਲ ਹੀ ਚੌੜੀਆਂ ਹੁੰਦੀਆਂ ਹਨ ਅਤੇ ਬਾਹਰਲੇ ਭਾਗ ਤੋਂ ਕੇਂਦਰ ਵੱਲ ਨੂੰ ਚੱਕਰਵਾਤੀ ਢੰਗ ਨਾਲ ਘੁੰਮਦੀਆਂ ਹਨ। ਇਸ ਪੱਟੀ ਦੀ ਲੰਬਾਈ 160 ਕਿ.ਮੀ. (100 ਮੀਲ) ਜਾਂ ਇਸ ਤੋਂ ਵੀ ਵਧੇਰੇ ਹੋ ਸਕਦੀ ਹੈ। ਇਕ ਵੱਡੇ ਤੂਫ਼ਾਨ ਵਿਚ ਵੱਧ ਤੋਂ ਵੱਧ ਅਜਿਹੀਆਂ 10 ਪੱਟੀਆਂ ਹੋ ਸਕਦੀਆਂ ਹਨ। ਵਪਾਰਕ-ਪੌਣਾਂ ਦੇ ਖੇਤਰ ਵਿਚ ਪੂਰੇ ਜੋਸ਼ ਵਿਚ ਝੁੱਲ ਰਹੇ ਚੱਕਰਵਾਤ ਵਿਚ ਧਰੁੱਵਾਂ ਵੱਲ ਸਭ ਤੋਂ ਵੱਧ ਵਰਖਾ ਹੁੰਦੀ ਹੈ ਜਦੋਂ ਕਿ ਭੂ-ਮੱਧ ਰੇਖਾ ਵੱਲ, ਪੌਣਾਂ ਵਾਂਗ ਹੀ ਮੌਸਮੀ ਖਲਬਲੀ ਵੀ ਬੜੀ ਛੇਤੀ ਖ਼ਤਮ ਹੋ ਜਾਂਦੀ ਹੈ।

ਤਪਤ-ਖੰਡੀ ਟਾਪੂਆਂ ਅਤੇ ਮਹਾਂਦੀਪਾਂ ਦੇ ਤੱਟੀ ਭਾਗਾਂ ਵਿਚ ਤੂਫ਼ਾਨ ਚਲਣ ਸਮੇਂ ਵਰਖਾ ਦੀ ਮਾਤਰਾ, ਵਰਖਾ ਪੈਦਾ ਕਰਨ ਵਾਲੇ ਕੇਂਦਰ ਦੀ ਰਫ਼ਤਾਰ, ਆਕਾਰ ਅਤੇ ਤੀਬਰਤਾ ਅਤੇ ਧਰਤੀ ਦੇ ਧਰਾਤਲ ਉੱਤੇ ਨਿਰਭਰ ਕਰਦੀ ਹੈ। ਵੈਸਟ ਇੰਡੀਜ਼ ਦੇ ਪਵੇਰਟੋ ਰੀਕੋ ਵਿਚ ਕਈ ਛੋਟੇ ਤੂਫ਼ਾਨਾਂ ਨਾਲ 12.5 ਸੈਂ.ਮੀ. ਤੋਂ ਵੀ ਘੱਟ ਵਰਖਾ ਪਈ ਹੈ ਜਦੋਂ ਕਿ 1928 ਈ. ਵਿਚ ਉਸੇ ਟਾਪੂ ਦੇ ਤਟੀ ਭਾਗ ਤੇ ਇਕ ਵੱਡੇ ਤੂਫ਼ਾਨ ਨੇ 25 ਸੈਂ.ਮੀ. ਤੋਂ ਲੈ ਕੇ 37.5 ਸੈਂ.ਮੀ. ਤੱਕ ਵਰਖਾ ਕੀਤੀ ਅਤੇ ਅੰਦਰੂਨੀ ਪਹਾੜੀ ਭਾਗ ਵਿਚ ਇਸ ਤੋਂ ਵੀ ਦੁੱਗਣੀ ਵਰਖਾ ਹੋਈ ਸੀ। ਸੰਯੁਕਤ ਰਾਜ ਅਮਰੀਕਾ ਦੇ ਦੱਖਣੀ ਤਟ ਉੱਤੇ ਅਤੇ ਤਪਤ-ਖੰਡ ਦੇ ਕਈ ਭਾਗਾਂ ਵਿਚ ਕਈ ਵਾਰ ਇਕ ਦਿਨ ਵਿਚ 50 ਸੈਂ.ਮੀ. ਤੋਂ ਵੱਧ ਵਰਖਾ ਹੋਈ ਹੈ। ਤੱਟੀ ਭਾਗਾਂ ਵਿਚ ਝੁੱਲਣ ਵਾਲੇ ਇਕ ਤੀਬਰ ਚੱਕਰਵਾਤ ਸਮੇਂ ਔਸਤ 25 ਸੈਂ.ਮੀ. ਤੋਂ 37.5 ਸੈਂ.ਮੀ. ਤੱਕ ਵਰਖਾ ਦੀ ਸੰਭਾਵਨਾ ਹੁੰਦੀ ਹੈ।

**ਉਡਾਣਾਂ ਲਈ ਖ਼ਤਰੇ** — ਸੰਨ 1940 ਤੋਂ ਪਹਿਲਾਂ ਤਪਤ-ਖੰਡੀ ਤੂਫ਼ਾਨਾਂ ਵਾਲੇ ਜਾਂ ਨੇੜੇ ਦੇ ਖੇਤਰਾਂ ਵਿਚ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਭਰਨ ਲਈ ਜਿੰਨਾ ਖ਼ਤਰਾ ਸਮਝਿਆ ਜਾਂਦਾ ਸੀ ਉੱਨਾ ਅੱਜਕੱਲ੍ਹ ਨਹੀਂ ਹੈ। ਮਿਲਟਰੀ ਦੇ ਹਵਾਈ ਜਹਾਜ਼ਾਂ ਨੇ 1944 ਈ. ਤੋਂ ਬਾਅਦ ਲਗਭਗ 150 ਮੀ. ਤੋਂ 6,090 ਮੀ. ਦੀ ਉਚਾਈ ਤੱਕ ਤਪਤ-ਖੰਡੀ ਚੱਕਰਵਾਤਾਂ ਵਿਚ ਵੀ ਆਪਣੀਆਂ ਉਡਾਣਾਂ ਜਾਰੀ ਰੱਖੀਆਂ। ਇਨ੍ਹਾਂ ਵਿਚੋਂ ਕਈ ਤਾਂ ਕੇਂਦਰੀ ਭਾਗ ਜਾਂ ਉਸ ਦੇ ਨੇੜੇ-ਤੇੜੇ ਉਡਾਣ ਭਰਨ ਵਿਚ ਵੀ ਸਫ਼ਲ ਹੋ ਗਏ ਅਤੇ ਕਈਆਂ ਨੇ ਹਰੀਕੇਨ ਨੂੰ ਬਹੁਤ ਜ਼ਿਆਦਾ ਉਚਾਈ ਤੋਂ ਪਾਰ ਵੀ ਕੀਤਾ।

**ਨਿਰਧਾਰਿਤ ਸਥਾਨ ਉੱਤੇ ਵਾਪਰਨ ਵਾਲੀਆਂ ਘਟਨਾਵਾਂ ਦੀ ਤਰਤੀਬ** — ਛੋਟੇ ਮੋਟੇ ਤੂਫ਼ਾਨ ਤੋਂ ਪਹਿਲਾਂ ਕੋਈ ਅਜਿਹੇ ਲੱਛਣ ਪਰਗਟ ਨਹੀਂ ਹੁੰਦੇ ਜਿਨ੍ਹਾਂ ਤੋਂ ਤੂਫ਼ਾਨ ਆਉਣ ਦਾ ਪਤਾ ਲਗ ਸਕੇ। ਕੇਵਲ ਮੌਸਮ-ਵਿਗਿਆਨੀ ਹੀ ਇਸ ਸਬੰਧ ਵਿਚ ਅਨੁਮਾਨ ਲਗਾ ਸਕਦੇ ਹਨ ਪਰੰਤੂ ਇਕ ਵੱਡੇ ਚਕਰਵਾਤ ਤੋਂ ਪਹਿਲਾਂ ਸਮੁੰਦਰ ਦੀਆਂ ਲਹਿਰਾਂ ਦਾ ਉਭਾਰ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਇਨ੍ਹਾਂ ਲਹਿਰਾਂ ਦੀ ਆਵਿੱਤੀ ਸਾਧਾਰਨ ਲਹਿਰਾਂ ਨਾਲੋਂ ਦੁੱਗਣੀ ਜਾਂ ਚੌਗੁਣੀ ਘੱਟ ਹੁੰਦੀ ਹੈ। ਇਸੇ ਤਰ੍ਹਾਂ ਸਮੁੰਦਰ ਵਿਚ ਲਹਿਰਾਂ ਦੇ ਉਭਾਰ ਦੀ ਦਿਸ਼ਾ ਤੋਂ ਵੀ ਇਹ ਅਨੁਮਾਨ ਲਗ ਜਾਂਦਾ ਹੈ ਕਿ ਤੂਫ਼ਾਨ ਕਿਹੜੇ ਪਾਸਿਓਂ ਆ ਰਿਹਾ ਹੈ।

ਬੈਰੋਮੀਟਰ ਨਾਲ ਵੀ ਤੂਫ਼ਾਨ ਦੇ ਆਉਣ ਤੋਂ ਕੇਵਲ 12 ਘੰਟੇ ਪਹਿਲਾਂ ਹੀ ਸੂਚਨਾ ਮਿਲਦੀ ਹੈ। ਆਕਾਸ਼ ਉੱਤੇ ਤਿੱਤਰ-ਖੰਭੀ ਬੱਦਲ ਛਾ ਜਾਣ ਨਾਲ ਵੀ ਤੂਫ਼ਾਨ ਆਉਣ ਦੀ ਚੇਤਾਵਨੀ ਮਿਲ ਜਾਂਦੀ ਹੈ। ਇਸ ਤੋਂ ਇਲਾਵਾ ਤਪਤ-ਖੰਡਾਂ ਦੇ ਵਸਨੀਕ ਮੌਸਮ ਦੀਆਂ ਹੋਰ ਵੀ ਕਈ ਅਜੀਬੋ ਗਰੀਬ ਗੱਲਾਂ ਉੱਤੇ ਵਿਸ਼ਵਾਸ ਰੱਖਦੇ ਹਨ ਜਿਵੇਂ ਕਿ ਸੂਰਜ ਛਿਪਣ ਸਮੇਂ ਸੁਰਖ਼ ਲਾਲੀ ਦਾ ਫੈਲਣਾ ਅਤੇ ਅਸਾਧਾਰਨ ਦਿਸ਼ਾਵਾਂ ਤੋਂ ਹਵਾਵਾਂ ਦਾ ਵਗਣਾ ਆਦਿ ਵੀ ਚੱਕਰਵਾਤ ਆਉਣ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਨਿਸ਼ਾਨੀਆਂ ਵਿਚੋਂ ਕਿਸੇ ਨੂੰ ਵੀ ਪੱਕੀ ਨਿਸ਼ਾਨੀ ਨਹੀਂ ਮੰਨਿਆ ਜਾ ਸਕਦਾ। ਕਈ ਵਾਰ ਤਾਂ ਇਹ ਬਿਲਕੁਲ ਹੀ ਗ਼ਲਤ ਸਿੱਧ ਹੁੰਦੀਆਂ ਹਨ।

ਤੂਫ਼ਾਨ ਆਉਣ ਤੋਂ ਪਹਿਲਾਂ ਹਲਕੀ ਹਲਕੀ ਹਵਾ ਵਗਣ ਲਗ ਜਾਂਦੀ ਹੈ। ਮਗਰੋਂ ਝੱਖੜ ਹੋਰ ਤੇਜ਼ ਹੋ ਜਾਂਦਾ ਹੈ, ਆਕਾਸ਼ ਵਿਚ

ਨੀਵੇਂ ਨੀਵੇਂ ਬੱਦਲ ਛਾ ਜਾਂਦੇ ਹਨ ਅਤੇ ਕਦੇ ਕਦੇ ਵਿਚੋਂ ਵਰਖਾ ਦੀ ਬੁਛਾਰ ਵੀ ਹੁੰਦੀ ਹੈ। ਕਈ ਵਾਰ ਕੁਝ ਦੂਰੀ ਤੋਂ ਕਪਾਹੀ-ਵਰਖਾ ਬੱਦਲਾਂ ਦੀ ਕੰਧ ਜਿਹੀ ਅਗੇ ਵਧਦੀ ਨਜ਼ਰ ਆਉਂਦੀ ਹੈ।

ਜੇਕਰ ਤੂਫ਼ਾਨ ਨੂੰ ਕਿਸੇ ਅਜਿਹੇ ਬਿੰਦੂ ਤੋਂ ਵੇਖਿਆ ਜਾਵੇ ਜਿਹੜਾ ਕਿ ਇਸ ਦੇ ਕੇਂਦਰ ਦੇ ਰਸਤੇ ਵਿਚ ਨਾ ਹੋਵੇ ਤਾਂ ਇਹ ਵੇਖਿਆ ਜਾਂਦਾ ਹੈ ਕਿ ਕਿਵੇਂ ਹਰੀਕੇਨ ਹਵਾਵਾਂ ਅਪਣੀ ਦਿਸ਼ਾ ਬਦਲਦੀਆਂ ਹਨ। ਹਰੀਕੇਨ ਹਵਾਵਾਂ ਦੀ ਮਿਆਦ ਤੂਫ਼ਾਨ ਦੇ ਆਕਾਰ ਅਤੇ ਇਸ ਦੀ ਗਤੀ ਉੱਤੇ ਨਿਰਭਰ ਕਰਦੀ ਹੈ। ਜੇਕਰ ਤੇਜ਼ ਹਵਾਵਾਂ 160 ਕਿ.ਮੀ. (100 ਮੀਲ) ਦੇ ਖੇਤਰ ਵਿਚ ਫੈਲੀਆਂ ਹੋਈਆਂ ਹਨ ਅਤੇ ਤੂਫ਼ਾਨ 16 ਕਿ.ਮੀ. (10 ਮੀਲ) ਪ੍ਰਤਿ ਘੰਟਾ ਦੀ ਰਫ਼ਤਾਰ ਨਾਲ ਚਲ ਰਿਹਾ ਹੈ ਤਾਂ ਝੱਖੜ 10 ਘੰਟੇ ਤੱਕ ਰਹੇਗਾ ਪਰੰਤੂ ਜੇਕਰ ਚੱਕਰਵਾਤ 24 ਕਿ.ਮੀ. (15 ਮੀਲ) ਪ੍ਰਤਿ ਘੰਟੇ ਦੀ ਰਫ਼ਤਾਰ ਨਾਲ ਚਲ ਰਿਹਾ ਹੋਵੇ ਤਾਂ ਇਹ ਤੂਫ਼ਾਨ 7 ਘੰਟੇ ਤੋਂ ਵੀ ਘੱਟ ਸਮੇਂ ਲਈ ਰਹੇਗਾ। ਇਹੋ ਗੱਲ ਤੂਫ਼ਾਨ ਦੀ ਅੱਖ ਉੱਤੇ ਵੀ ਢੁੱਕਦੀ ਹੈ। ਕੇਂਦਰ ਉੱਤੇ ਸ਼ਾਂਤ ਵਾਤਾਵਰਨ ਕੇਵਲ ਕੁਝ ਮਿੰਟਾਂ ਲਈ ਵੀ ਹੋ ਸਕਦਾ ਹੈ ਅਤੇ ਕਈ ਵਾਰ ਇਹ ਇਕ ਜਾਂ ਦੋ ਘੰਟੇ ਲਈ ਵੀ ਰਹਿ ਸਕਦਾ ਹੈ।

**ਤੂਫ਼ਾਨ ਦੀ ਉਤਪਤੀ**—ਤਪਤ-ਖੰਡੀ ਤੂਫ਼ਾਨ ਦੇ ਆਕਾਰ ਦੇ ਕਿਸੇ ਵੀ ਘੁੰਮਣਘੇਰ ਦਾ ਵਿਕਾਸ ਧਰਤੀ ਦੀ ਘੁੰਮਣ ਗਤੀ ਦੇ ਪ੍ਰਭਾਵ ਉੱਤੇ ਨਿਰਭਰ ਕਰਦਾ ਹੈ। ਭੂ-ਮੱਧ ਰੇਖਾ ਉੱਤੇ ਇਹ ਪ੍ਰਭਾਵ ਕਿਉਂਕਿ ਸਿਫਰ ਹੁੰਦਾ ਹੈ ਇਸ ਲਈ ਤਪਤ-ਖੰਡੀ ਤੂਫ਼ਾਨ ਇਸ ਦੇ ਨਾਲ ਲਗਦੇ ਭਾਗਾਂ ਤੋਂ ਉਤਪੰਨ ਨਹੀਂ ਹੋ ਸਕਦਾ। ਭੂ-ਮੱਧ ਰੇਖਾ ਦੇ ਨੇੜੇ ਬਹੁਤ ਜ਼ਿਆਦਾ ਝੱਖੜ-ਝਾਂਜੇ ਅਤੇ ਭਾਰੀ ਵਰਖਾ ਵਾਲੇ ਭਾਗ ਹਨ ਪਰੰਤੂ 5° ਉੱਤਰੀ ਅਤੇ ਦੱਖਣੀ ਵਿਥਕਾਰ ਵਿਚਕਾਰ ਤਪਤ-ਖੰਡੀ ਤੂਫ਼ਾਨ ਨਹੀਂ ਵੇਖੇ ਗਏ। ਤਪਤ-ਖੰਡਾਂ ਦੇ ਧਰੁਵਮੁਖੀ ਭਾਗਾਂ ਵੱਲ 30° ਵਿਥਕਾਰ ਤੋਂ ਪਰੇ ਵੀ ਕਦੀਂ ਕਦਾਈਂ ਤਪਤ-ਖੰਡੀ ਤੂਫਾਨਾਂ ਦੇ ਉਤਪੰਨ ਹੋਣ ਸਬੰਧੀ ਢੁੱਕਵੇਂ ਹਾਲਾਤ ਹੁੰਦੇ ਹਨ। ਪੱਛਮੀ ਅੰਧ ਮਹਾਂਸਾਗਰ ਅਤੇ ਮੈਕਸੀਕੋ ਦੀ ਖਾੜੀ ਵਿਚ 20° ਅਤੇ 30° ਵਿਥਕਾਰ ਵਿਚਕਾਰ ਤੂਫ਼ਾਨ ਆਮ ਪੈਦਾ ਹੁੰਦੇ ਹਨ। 20ਵੀਂ ਸਦੀ ਤੋਂ ਬਹੁਤ ਚਿਰ ਪਹਿਲਾਂ ਕੁਝ ਖੋਜੀਆਂ ਅਨੁਸਾਰ ਤੂਫ਼ਾਨ ਵਾਯੂ-ਅਭਿਸਰਣ ਦੇ ਤੰਗ ਖੰਡ ਵਾਲੇ ਹਿੱਸੇ ਵਿਚੋਂ ਪੈਦਾ ਹੁੰਦੇ ਹਨ ਜਿਥੇ ਦੋਵੇਂ ਅਰਧ-ਗੋਲਿਆਂ ਦੀਆਂ ਵਪਾਰਕ ਪੌਣਾਂ ਆ ਕੇ ਮਿਲਦੀਆਂ ਹਨ। ਇਹ ਖੰਡ ਜਿਸ ਨੇ ਗਲੋਬ ਦੇ ਦੁਆਲੇ ਇਕ ਘੇਰਾ ਬਣਾਇਆ ਹੋਇਆ ਹੈ, ਨੂੰ ਸ਼ਾਂਤ ਖੰਡ, ਅੰਤਰ-ਤਪਤ-ਖੰਡੀ ਫਰੰਟ ਅਤੇ ਭੂ-ਮੱਧ ਰੇਖੀ ਨਿਊਨ-ਦਾਬ ਗ਼ਰਤ ਵੀ ਆਖਦੇ ਹਨ। ਗਲੋਬ ਦੇ ਦੁਆਲੇ ਇਸ ਦੀ ਸ਼ਕਤੀ ਸਭ ਥਾਵਾਂ ਉੱਤੇ ਇਕੋ ਜਿੰਨੀ ਨਹੀਂ ਹੁੰਦੀ। ਸਾਲ ਦੌਰਾਨ ਮੌਸਮੀ ਤਬਦੀਲੀਆਂ ਅਨੁਸਾਰ ਇਸ ਦੀ ਸਥਿਤੀ ਅਤੇ ਤੀਬਰਤਾ ਵੀ ਬਦਲਦੀ ਰਹਿੰਦੀ ਹੈ। ਭੂ-ਮੱਧ ਰੇਖੀ ਗ਼ਰਤ ਜੁਲਾਈ ਅਤੇ ਅਕਤੂਬਰ ਦੇ ਦਰਮਿਆਨ 15° ਉੱਤਰੀ ਵਿਥਕਾਰ ਤੇ ਅਤੇ ਜਨਵਰੀ ਤੋਂ ਲੈ ਕੇ ਮਾਰਚ ਜਾਂ ਅਪ੍ਰੈਲ ਤੱਕ 10°-15° ਦੱਖਣੀ ਵਿਥਕਾਰ ਉੱਤੇ ਪ੍ਰਭਾਵ ਪਾਉਂਦਾ ਹੈ। ਇਸ ਲਈ ਦੋਵੇਂ ਅਰਧ-ਗੋਲਿਆਂ ਵਿਚ ਇਨ੍ਹਾਂ ਮਹੀਨਿਆਂ ਦੌਰਾਨ ਹੀ ਜ਼ਿਆਦਾ ਚੱਕਰਵਾਤ ਆਉਂਦੇ ਹਨ। ਉੱਤਰੀ ਅਰਧ-ਗੋਲੇ ਵਿਚ ਸਭ ਤੋਂ ਵੱਧ ਚੱਕਰਵਾਤ ਆਮ ਤੌਰ ਤੇ ਸਤੰਬਰ ਮਹੀਨੇ ਵਿਚ ਆਉਂਦੇ ਹਨ।

ਭੂ-ਮੱਧ ਰੇਖੀ ਗ਼ਰਤ, ਭੂ-ਮੱਧ ਰੇਖਾ ਤੋਂ ਜਿੰਨੀ ਦੂਰੀ ਤੈਅ ਕਰਦਾ ਹੈ, ਉਹ ਫ਼ਾਸਲਾ ਗਲੋਬ ਦੇ ਦੁਆਲੇ ਸਭ ਥਾਵਾਂ ਉੱਤੇ ਇਕੋ ਜਿੰਨਾ ਨਹੀਂ ਹੁੰਦਾ। ਤਪਤ-ਖੰਡੀ ਤੂਫ਼ਾਨ ਉਨ੍ਹਾਂ ਥਾਵਾਂ ਉੱਤੇ ਜ਼ਿਆਦਾ ਆਉਂਦੇ ਹਨ ਜਿਥੇ ਇਹ ਖੰਡ ਭੂ-ਮੱਧ ਰੇਖਾ ਤੋਂ ਜ਼ਿਆਦਾ ਦੂਰ ਹਟ ਜਾਂਦਾ ਹੈ। ਜਿਥੇ ਮੌਸਮ ਅਨੁਸਾਰ ਕੋਈ ਪਰਿਵਰਤਨ ਨਹੀਂ ਆਉਂਦਾ ਉਨ੍ਹਾਂ ਥਾਵਾਂ ਉੱਤੇ ਬਹੁਤ ਘੱਟ ਤੂਫ਼ਾਨ ਆਉਂਦੇ ਹਨ। ਗਰਮੀ ਅਤੇ ਸਰਦੀ ਦੇ ਦਰਮਿਆਨ ਵਾਲੇ ਮੌਸਮ ਵਿਚ ਇਹ ਖੰਡ ਅਰਬ ਸਾਗਰ ਅਤੇ ਕੈਰਿਬੀਅਨ ਸਾਗਰ ਦੇ ਪੱਛਮੀ ਭਾਗ ਵਿਚ ਪ੍ਰਗਟ ਹੁੰਦਾ ਹੈ। ਇਸ ਲਈ ਤਪਤ-ਖੰਡੀ ਮਹਾਂਸਾਗਰਾਂ ਦੇ ਉਨ੍ਹਾਂ ਹਿੱਸਿਆਂ ਵਿਚ ਜੂਨ ਅਤੇ ਅਕਤੂਬਰ ਦੇ ਨੇੜੇ ਤੇੜੇ ਸਭ ਤੋਂ ਵਧ ਤੂਫ਼ਾਨ ਆਉਂਦੇ ਹਨ।

ਤਪਤ-ਖੰਡੀ ਤੂਫ਼ਾਨ ਭੂ-ਮੱਧ ਰੇਖੀ ਗ਼ਰਤ ਦੀ ਅਣਹੋਂਦ ਵਿਚ ਵੀ ਪੈਦਾ ਹੋ ਸਕਦੇ ਹਨ। ਉੱਤਰੀ ਅੰਧ ਮਹਾਂਸਾਗਰ ਦੇ ਪੱਛਮੀ ਭਾਗ ਅਤੇ ਮੈਕਸੀਕੋ ਦੀ ਖਾੜੀ ਵਿਚ ਆਉਣ ਵਾਲੇ ਤੂਫ਼ਾਨ ਇਸ ਦੀਆਂ ਢੁੱਕਵੀਆਂ ਉਦਾਹਰਨਾਂ ਹਨ। ਭੂ-ਮੱਧ ਰੇਖੀ ਗ਼ਰਤ ਜਾਂ ਹੋਰ ਤਪਤ-ਖੰਡੀ ਖਲਬਲੀ ਵਾਲੇ ਭਾਗਾਂ ਦੇ ਨੇੜੇ ਵੀ ਉਦੋਂ ਤੱਕ ਤੂਫ਼ਾਨ ਨਹੀਂ ਆਉਂਦਾ ਜਦੋਂ ਤੱਕ ਨਿਮਨ ਅਤੇ ਉੱਚ ਵਾਯੂਮੰਡਲੀ ਦਾਬ ਵਿਚ ਇਕ ਵਾਯੂਮੰਡਲੀ ਚੱਕਰ ਵਿਕਸਿਤ ਨਹੀਂ ਹੋ ਜਾਂਦਾ। ਦੂਜੇ ਸੰਸਾਰ ਯੁੱਧ ਸਮੇਂ ਮਹਾਂਸਾਗਰਾਂ ਉੱਤੇ ਕੀਤੇ ਗਏ ਵਾਯੂਮੰਡਲੀ ਪ੍ਰੇਖਣਾਂ ਤੋਂ ਪਤਾ ਲਗਿਆ ਕਿ ਤਪਤ-ਖੰਡੀ ਮੌਸਮ ਬਹੁਤ ਹੱਦ ਤਕ ਮੱਧ-ਵਿਥਕਾਰ ਵਿਚ ਵਾਯੂਮੰਡਲੀ ਵਹਿਣਾਂ ਉੱਤੇ ਨਿਰਭਰ ਕਰਦਾ ਹੈ।

ਧਰਤੀ ਦੇ ਜਿਨ੍ਹਾਂ ਭਾਗਾਂ ਵਿਚ ਜ਼ਿਆਦਾ ਤਪਤਖੰਡੀ ਤੂਫ਼ਾਨ ਆਉਂਦੇ ਹਨ ਉਹ ਚਿਤਰ ਵਿਚ ਵਿਖਾਏ ਗਏ ਹਨ। ਉੱਤਰੀ ਸ਼ਾਂਤ ਮਹਾਂਸਾਗਰ ਦੇ ਪੱਛਮੀ ਭਾਗ ਵਿਚ ਤੂਫ਼ਾਨ ਆਉਣ ਲਈ ਸਭ ਤੋ ਵਧ ਢੁੱਕਵੇਂ ਹਾਲਾਤ ਹਨ। ਇਸ ਭਾਗ ਵਿਚ ਹਰ ਸਾਲ ਲਗਭਗ 20 ਤੂਫ਼ਾਨ ਆਉਂਦੇ ਹਨ। ਦੱਖਣੀ ਹਿੰਦ ਮਹਾਂਸਾਗਰ ਵਿਚ ਵੀ ਲਗਭਗ ਇੰਨੇ ਹੀ ਤੂਫ਼ਾਨ ਆਉਂਦੇ ਹਨ। ਦੂਜੇ ਤਪਤ-ਖੰਡੀ ਤੂਫ਼ਾਨਾਂ ਵਾਲੇ ਭਾਗਾਂ ਵਿਚ ਇਸ ਦੇ ਮੁਕਾਬਲੇ ਵਿਚ ਤੂਫ਼ਾਨਾਂ ਦੀ ਗਿਣਤੀ ਘੱਟ ਹੈ ਜਿਵੇਂ ਕਿ ਉੱਤਰੀ ਅੰਧ-ਮਹਾਂਸਾਗਰ ਦਾ ਪੱਛਮੀ ਭਾਗ, ਕੈਰਿਬੀਅਨ ਸਾਗਰ ਅਤੇ ਮੈਕਸੀਕੋ ਦੀ ਖਾੜੀ। ਦੱਖਣੀ ਅੰਧ-ਮਹਾਂਸਾਗਰ ਹੀ ਇਕ ਅਜਿਹਾ ਮਹਾਂਸਾਗਰ ਹੈ ਜਿਥੇ ਤਪਤ-ਖੰਡੀ ਤੂਫ਼ਾਨ ਬਿਲਕੁਲ ਨਹੀਂ ਆਉਂਦੇ।

**ਚਾਲ ਜਾਂ ਗਤੀ** — ਤਪਤ-ਖੰਡਾਂ ਦੇ ਵਿਚਕਾਰ ਪੂਰੇ ਜ਼ੋਰ ਵਿਚ ਝੁੱਲ ਰਹੇ ਤੂਫ਼ਾਨਾਂ ਦਾ ਝੁਕਾ ਵਪਾਰਕ ਪੌਣਾਂ ਕਰਕੇ ਅਕਸਰ



ਸੰਸਾਰ ਭਰ ਵਿਚ ਤਪਤ-ਖੰਡੀ ਤੂਫ਼ਾਨਾਂ ਦੇ ਵਿਸ਼ੇਸ਼ ਰਸਤੇ

ਪੱਛਮ ਵੱਲ ਨੂੰ ਹੋ ਜਾਂਦਾ ਹੈ। ਤੂਫ਼ਾਨ ਦੇ ਅੰਦਰਲੇ ਭਾਗ ਵਿਚ ਭਾਵੇਂ ਪੌਣਾਂ ਦੀ ਰਫ਼ਤਾਰ 160 ਕਿ.ਮੀ. (100 ਮੀਲ) ਪ੍ਰਤਿ ਘੰਟੇ ਤੋਂ ਵੀ ਵਧ ਜਾਂਦੀ ਹੈ ਪਰੰਤੂ ਤੂਫ਼ਾਨ ਦੀ ਆਪਣੀ ਗਤੀ ਦੀ ਦਰ ਲਗਭਗ 24 ਕਿ.ਮੀ. (15 ਮੀਲ) ਪ੍ਰਤਿ ਘੰਟਾ ਹੀ ਰਹਿੰਦੀ ਹੈ। ਇਹ ਦਰ ਥੋੜ੍ਹੀ ਬਹੁਤ ਘੱਟ ਜਾਂ ਵੱਧ ਵੀ ਹੋ ਸਕਦੀ ਹੈ। ਆਮ ਤੌਰ ਤੇ ਜਦੋਂ ਤੂਫ਼ਾਨ 30° ਵਿਥਕਾਰ ਦੇ ਨੇੜੇ ਪਹੁੰਚਦੇ ਹਨ ਤਾਂ ਇਹ ਤਪਤ-ਖੰਡੀ ਪੂਰਬੀ ਪੌਣਾਂ ਨੂੰ ਛੱਡ ਕੇ ਉੱਚੇ ਵਿਥਕਾਰਾਂ ਦੀਆਂ ਪੱਛਮੀ ਪੌਣਾਂ ਦੇ ਪ੍ਰਭਾਵ ਥੱਲੇ ਆ ਜਾਂਦੇ ਹਨ। ਉਦੋਂ ਇਨ੍ਹਾਂ ਦੀ ਗਤੀ ਦੀ ਦਿਸ਼ਾ ਬਦਲ ਜਾਂਦੀ ਹੈ ਅਤੇ ਇਸ ਨੂੰ ਪਿੱਛੇ ਵਲ ਮੁੜਨਾ ਆਖਦੇ ਹਨ। ਪਿੱਛੇ ਵਲ ਮੁੜਨ ਉਪਰੰਤ ਪੌਣਾਂ ਪੂਰਬ ਵੱਲ ਪਾਸਾ ਵੱਟ ਕੇ ਉੱਚ-ਵਿਥਕਾਰ ਵਾਲੇ ਭਾਗਾਂ ਵਲ ਵਧਦੀਆਂ ਰਹਿੰਦੀਆਂ ਹਨ। ਪਿੱਛੇ ਮੁੜਦੇ ਸਮੇਂ ਤੂਫ਼ਾਨ ਦੀ ਰਫ਼ਤਾਰ ਸਭ ਤੋਂ ਘੱਟ ਹੁੰਦੀ ਹੈ ਅਤੇ 12 ਤੋਂ 24 ਘੰਟਿਆਂ ਲਈ ਤੂਫ਼ਾਨ ਲਗਭਗ ਬਿਲਕੁਲ ਰੁਕ ਹੀ ਜਾਂਦਾ ਹੈ ਪਰੰਤੂ ਪਿੱਛੇ ਮੁੜਨ ਮਗਰੋਂ ਇਸ ਦੀ ਰਫ਼ਤਾਰ ਇਕ ਦਮ ਵਧਦੀ ਹੈ ਅਤੇ ਜਦੋਂ ਤੂਫ਼ਾਨ ਧਰੁਵੀ ਖੰਡ ਵਿਚ ਪਹੁੰਚਦਾ ਹੈ ਤਾਂ ਇਸ ਦੀ ਰਫ਼ਤਾਰ ਕਈ ਵਾਰ 80 ਤੋਂ 96 ਕਿ.ਮੀ. (50 ਤੋਂ 60 ਮੀਲ) ਪ੍ਰਤਿ ਘੰਟੇ ਤੱਕ ਵੀ ਹੋ ਜਾਂਦੀ ਹੈ। ਤਪਤ-ਖੰਡੀ ਤੂਫ਼ਾਨ ਕਈ ਵਾਰ ਉਪਰੋਕਤ ਜਾਂ ਆਪਣਾ ਨਿਰਧਾਰਤ ਰਸਤਾ ਵੀ ਬਦਲ ਲੈਂਦੇ ਹਨ।

**ਤੂਫ਼ਾਨ ਦਾ ਅੰਤ**—ਤਪਤ-ਖੰਡੀ ਮਹਾਂਸਾਗਰਾਂ ਉੱਤੇ ਤਪਤ-ਖੰਡੀ ਤੂਫ਼ਾਨਾਂ ਦਾ ਲੁਪਤ ਹੋਣਾ ਬਹੁਤ ਹੀ ਘੱਟ ਵੇਖਿਆ ਗਿਆ ਹੈ। ਤਪਤ-ਖੰਡੀ ਤੂਫ਼ਾਨ ਭਾਵੇਂ ਕਿਸੇ ਵੀ ਵਿਥਕਾਰ ਉੱਤੇ ਕਿਉਂ ਨਾ ਹੋਣ ਪਰੰਤੂ ਜਦੋਂ ਇਹ ਧਰਤੀ ਨਾਲ ਟਕਰਾਉਂਦੇ ਹਨ ਤਾਂ ਇਨ੍ਹਾਂ ਦੀ ਤੀਬਰਤਾ ਘੱਟ ਜਾਂਦੀ ਹੈ। ਧਰਤੀ ਨਾਲ ਟਕਰਾਉਣ ਤੇ 24 ਘੰਟਿਆਂ ਦੇ ਅੰਦਰ ਅੰਦਰ ਇਕ ਤੀਬਰ ਹਰੀਕੇਨ ਦੀਆਂ ਹਵਾਵਾਂ ਦੀ ਰਫ਼ਤਾਰ ਘਟ ਕੇ 32 ਤੋਂ 48 ਕਿ.ਮੀ. (20 ਤੋਂ 30 ਮੀਲ) ਪ੍ਰਤਿ ਘੰਟਾ ਰਹਿ ਜਾਂਦੀ ਹੈ। ਪੱਧਰੀ ਧਰਤੀ ਉੱਤੇ ਉੱਚੀ ਨੀਵੀਂ ਜ਼ਮੀਨ ਦੇ ਮੁਕਾਬਲੇ ਇਹ ਰਫ਼ਤਾਰ ਘਟ ਘਟਦੀ ਹੈ।

**ਤਪਤ-ਖੰਡੀ ਤੂਫ਼ਾਨਾਂ ਦੇ ਨੁਕਸਾਨ**—ਤਪਤ-ਖੰਡੀ ਟਾਪੂਆਂ ਅਤੇ ਮਹਾਂਦੀਪਾਂ ਦੇ ਤੱਟੀ ਭਾਗਾਂ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਤਪਤ-ਖੰਡੀ ਤੂਫ਼ਾਨ ਕਾਫ਼ੀ ਜਾਨ ਤੇ ਮਾਲ ਦਾ ਨੁਕਸਾਨ ਕਰਦੇ ਹਨ। ਅਕਸਰ ਇਹ ਨੁਕਸਾਨ ਤੂਫ਼ਾਨ ਦੌਰਾਨ ਆਈਆਂ ਤੇਜ਼ ਪੌਣਾਂ ਜਾਂ ਬਹੁਤੀਆਂ ਬਾਰਸ਼ਾਂ ਕਾਰਨ ਹੁੰਦਾ ਹੈ।

**ਪੌਣਾਂ**—ਪੌਣ ਜਾਂ ਹਵਾ ਦੁਆਰਾ ਠੋਸ ਚੀਜ਼ਾਂ ਜਿਵੇਂ ਕਿ ਘਰਾਂ ਉੱਤੇ ਪਾਇਆ ਗਿਆ ਦਬਾਉ ਪੌਣ ਦੀ ਰਫ਼ਤਾਰ ਦੇ ਵਰਗ ਦੇ ਅਨੁਪਾਤੀ ਹੁੰਦਾ ਹੈ। ਇਸ ਤਰ੍ਹਾਂ ਪੌਣ ਦੀ ਰਫ਼ਤਾਰ ਵਿਚ 64-80 ਕਿ.ਮੀ. (40 ਤੋਂ 50 ਮੀਲ) ਪ੍ਰਤਿ ਘੰਟੇ ਦਾ ਵਾਧਾ 144-160 ਕਿ.ਮੀ. (90-100 ਮੀਲ) ਪ੍ਰਤਿ ਘੰਟੇ ਦੇ ਵਾਧੇ ਦੀ ਨਿਸਬਤ ਇਮਾਰਤਾਂ ਲਈ ਘੱਟ ਖ਼ਤਰਨਾਕ ਹੁੰਦਾ ਹੈ। ਅਜਿਹੇ ਤੂਫ਼ਾਨਾਂ ਦੌਰਾਨ ਸਭ ਤੋਂ ਵਧ ਖ਼ਤਰਾ ਉਦਯੋਗਿਕ ਅਤੇ ਸ਼ਹਿਰੀ ਆਬਾਦੀ ਵਾਲੇ ਖੇਤਰਾਂ ਵਿਚ ਹੁੰਦਾ ਹੈ। ਅੱਗ ਲਗ ਜਾਣ ਨਾਲ ਅਤੇ ਚੀਜ਼ਾਂ ਦੇ ਉੱਡ ਕੇ ਇਕ ਦੂਜੀ ਨਾਲ ਟਕਰਾਉਣ ਨਾਲ ਕਈ ਵਾਰ ਭਾਰੀ ਨੁਕਸਾਨ ਹੋਇਆ ਹੈ।

**ਤੂਫ਼ਾਨੀ ਲਹਿਰਾਂ** — ਸਭ ਤੋਂ ਵਧ ਜਾਨ-ਮਾਲ ਦਾ ਨੁਕਸਾਨ ਮਹਾਂਸਾਗਰ ਦੇ ਅਚਾਨਕ ਚੜ੍ਹ ਜਾਣ ਕਾਰਨ ਹੋਇਆ ਹੈ। ਪੌਣਾਂ ਕਈ ਵਾਰ ਜਲ-ਸਤਰ ਨੂੰ ਅਚਾਨਕ ਹੀ ਬਹੁਤ ਉੱਚਾ ਚੁੱਕ ਦਿੰਦੀਆਂ ਹਨ ਜਿਸ ਨੂੰ ਤੂਫ਼ਾਨੀ ਲਹਿਰ ਵੀ ਆਖਿਆ ਜਾਂਦਾ ਹੈ। ਇਹ ਤੂਫ਼ਾਨੀ ਲਹਿਰ ਇੰਨੀ ਛੇਤੀ ਅਤੇ ਇੰਨੀ ਤੀਬਰਤਾ ਨਾਲ ਆਉਂਦੀ ਹੈ ਕਿ ਤੱਟੀ ਭਾਗਾਂ ਵਿਚ ਰਹਿਣ ਵਾਲੇ ਲੋਕ ਆਪਣੀਆਂ ਜਾਨਾਂ ਅਤੇ ਮਾਲ ਦਾ ਬਚਾਉ ਵੀ ਨਹੀਂ ਕਰ ਸਕਦੇ ਅਤੇ ਪਾਣੀ ਦੀ ਭਿਆਨਕ ਲਹਿਰ ਆਪਣੇ ਨਾਲ ਹੀ ਸਭ ਕੁਝ ਰੋੜ੍ਹ ਕੇ ਲੈ ਜਾਂਦੀ ਹੈ।

**ਵਰਖਾ**—ਤਪਤ-ਖੰਡੀ ਤੂਫ਼ਾਨਾਂ ਨਾਲ ਅਕਸਰ ਭਾਰੀ ਵਰਖਾ ਵੀ ਆਉਂਦੀ ਹੈ ਜਿਸ ਨਾਲ ਪਹਾੜੀ ਇਲਾਕਿਆਂ ਵਿਚ ਕਈ ਥਾਵਾਂ ਤੋਂ ਭੂਮੀ ਆਪਣੀ ਥਾਂ ਤੋਂ ਖਿਸਕ ਜਾਂਦੀ ਹੈ। ਜ਼ਿਆਦਾ ਵਰਖਾ ਹੋਣ ਨਾਲ ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦਾ ਸਤਰ ਵੀ ਉੱਚਾ ਹੋ ਜਾਂਦਾ ਹੈ ਜਿਸ ਦਾ ਨੁਕਸਾਨ ਉਨ੍ਹਾਂ ਦੇ ਕੰਢਿਆਂ ਉੱਤੇ ਵੱਸੇ ਲੋਕਾਂ ਅਤੇ ਖੇਤੀਬਾੜੀ ਨੂੰ ਪਹੁੰਚਦਾ ਹੈ।

ਤਪਤ-ਖੰਡੀ ਤੂਫ਼ਾਨਾਂ ਦਾ ਨੁਕਸਾਨ ਸਿਰਫ਼ ਤਪਤ-ਖੰਡੀ ਭਾਗਾਂ ਨੂੰ ਹੀ ਨਹੀਂ ਹੁੰਦਾ ਸਗੋਂ ਕਈ ਵਾਰ ਜਾਪਾਨ, ਚੀਨ ਅਤੇ ਸੰਯੁਕਤ ਰਾਜ ਅਮਰੀਕਾ ਦੇ ਉੱਤਰ-ਪੂਰਬੀ ਤੱਟਾਂ ਵਿਚ ਚਲਣ ਵਾਲੇ ਤੂਫ਼ਾਨਾਂ ਨੇ ਨੀਵੇਂ ਵਿਥਕਾਰਾਂ ਵਿਚ ਚਲਣ ਵਾਲੇ ਤੂਫ਼ਾਨਾਂ ਵਾਂਗ ਹੀ ਭੰਨ ਤੋੜ ਕੀਤੀ ਹੈ।

**ਤੂਫ਼ਾਨ ਦੀ ਪੂਰਵ ਸੂਚਨਾ**—20ਵੀਂ ਸਦੀ ਸ਼ੁਰੂ ਹੋਣ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਤਪਤ-ਖੰਡੀ ਤੂਫ਼ਾਨਾਂ ਬਾਰੇ ਪੂਰਵ ਅਨੁਮਾਨ ਲਗਾਉਣ ਲਈ ਉਪਰਾਲੇ ਕੀਤੇ ਜਾਣ ਲਗੇ ਸਨ। ਸਭ ਤੋਂ ਪਹਿਲਾਂ ਇਹ ਕੰਮ ਸੁਸਾਇਟੀ ਆਫ਼ ਜੀਸੱਸ ਨੇ ਸ਼ੁਰੂ ਕੀਤਾ ਸੀ। ਹੌਲੀ ਹੌਲੀ ਇਹ ਕੰਮ ਸਰਕਾਰ ਦੇ ਹੱਥਾਂ ਵਿਚ ਆ ਗਿਆ। ਅੱਜਕੱਲ੍ਹ ਮੌਸਮ ਵਿਭਾਗ ਨੇ ਕਈ ਅਜਿਹੇ ਕੇਂਦਰ ਬਣਾਏ ਹੋਏ ਹਨ ਜਿਹੜੇ ਜਨਤਾ ਨੂੰ ਹਰੀਕੇਨ ਆਉਣ ਤੋਂ ਪਹਿਲਾਂ ਹੀ ਸੁਚੇਤ ਕਰ ਦਿੰਦੇ ਹਨ ਕਿ ਤੂਫ਼ਾਨ ਕਦੋਂ, ਕਿਸ ਦਿਸ਼ਾ ਵੱਲੋਂ ਅਤੇ ਕਿੰਨੀ ਤੀਬਰਤਾ ਨਾਲ ਆ ਰਿਹਾ ਹੈ ਅਤੇ ਇਸ ਤੋਂ ਬਚਣ ਲਈ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।

ਹ.ਪੁ.—ਐਨ.ਬ੍ਰਿ. 22:497

**ਤਪਤ-ਖੰਡੀ ਦਵਾਈ** : ਤਪਤ-ਖੰਡੀ ਖੇਤਰ ਦੀ ਵੱਸੋਂ ਜੋ ਦੁਨੀਆ ਦੀ ਕੁੱਲ ਵਸੋਂ ਦਾ ਅੱਧਾ ਹਿੱਸਾ ਹੈ, ਨੇ ਬਸਤੀਵਾਦੀ ਹਕੂਮਤ ਅਧੀਨ ਸਭਿਆਚਾਰਕ ਜਾਂ ਪਦਾਰਥਕ ਤਰੱਕੀ ਬਹੁਤ ਘੱਟ ਕੀਤੀ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਲਗਭਗ ਵੀਹ ਕੁ ਸਵੈ-ਸ਼ਾਸ਼ਤ ਦੇਸ਼ਾਂ ਦੇ ਹੋਂਦ ਵਿਚ ਆਉਣ ਨਾਲ ਉਨ੍ਹਾਂ ਦਾ ਬਹੁਤ ਤੇਜ਼ੀ ਨਾਲ ਸਵੈ ਵਿਕਾਸ ਸ਼ੁਰੂ ਹੋਇਆ। ਇਸ ਮੁਹਿੰਮ ਵਿਚ ਤਪਤਖੰਡੀ ਦਵਾਈ ਨੇ ਬਹੁਤ ਪ੍ਰਸਿੱਧੀ ਹਾਸਲ ਕੀਤੀ ਕਿਉਂਕਿ ਬੀਮਾਰੀਆਂ ਦੀ ਹੋਂਦ ਆਪਣੇ ਆਪ ਵਿਚ ਹੀ ਵਿਕਾਸ ਦੇ ਰਾਹ ਵਿਚ ਇਕ ਵੱਡਾ ਅੜਿੱਕਾ ਸੀ ਅਤੇ ਹਵਾਈ ਢੋਆ ਢੁਆਈ ਦੇ ਯੁੱਗ ਵਿਚ ਇਹ ਸੰਸਾਰ ਨੂੰ ਵੀ ਇਕ ਖ਼ਤਰਾ ਸੀ।

ਤਪਤ-ਖੰਡੀ ਜਲਵਾਯੂ ਜਿਥੇ ਆਮ ਤੌਰ ਤੇ ਤਾਪਮਾਨ ਉੱਚਾ ਰਹਿੰਦਾ ਹੈ ਅਤੇ ਭਾਰੀ ਬਾਰਸ਼ਾਂ ਪੈਂਦੀਆਂ ਹਨ, ਮਨੁੱਖ ਦੇ ਦੁਸ਼ਮਣ ਕੀਟਾਂ ਦੇ ਵਾਧੇ ਅਤੇ ਲੰਬੇਰੀ ਉਮਰ ਲਈ ਲਾਹੇਵੰਦ ਸਿੱਧ ਹੁੰਦਾ ਹੈ। ਚੂਹੇ, ਕੀਟਾਂ ਦੀਆਂ ਉਹ ਜਾਤੀਆਂ ਜੋ ਬੀਮਾਰੀਆਂ ਨੂੰ ਦੂਜਿਆਂ ਤੱਕ ਪਹੁੰਚਾਉਂਦੀਆਂ ਹਨ, ਪਰਜੀਵੀ ਕਿਸਮ ਜੋ ਜ਼ਮੀਨ ਵਿਚ ਕੁਝ ਸਮਾਂ ਮੁਕਤ ਹਾਲਤਾਂ ਵਿਚ ਬਿਤਾਉਂਦੇ ਹਨ ਅਤੇ ਛੂਤ ਲਗਾਉਣ ਵਾਲੇ ਆਰਗੇਨਿਜ਼ਮ ਜੋ ਆਪਣੀ ਜ਼ਿੰਦਗੀ ਦਾ ਕੁਝ ਹਿੱਸਾ ਮੇਜ਼ਬਾਨ (ਬੀਮਾਰ ਵਿਅਕਤੀ) ਦੇ ਸਰੀਰ ਤੋਂ ਬਾਹਰ ਹੀ ਗੁਜ਼ਾਰਦੇ ਹਨ ਇਨ੍ਹਾਂ ਵਿਚ ਸ਼ਾਮਲ ਹਨ। ਤਪਤ-ਖੰਡੀ ਖੇਤਰ ਵਿਚ ਬੀਮਾਰੀਆਂ ਦੇ ਪ੍ਰਚਲਨ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਥੇ ਬੀਮਾਰੀਆਂ ਗੰਦਗੀ ਅਤੇ ਭੀੜ ਵਾਲੀਆਂ ਆਦਤਾਂ ਅਤੇ ਸਵੱਛ ਵਾਤਾਵਰਣ ਦੀ ਅਣਹੋਂਦ ਕਾਰਨ ਫੈਲਦੀਆਂ ਹਨ ਜੋ ਨੀਵੇਂ ਸਮਾਜੀ ਆਰਥਿਕ ਪੱਧਰ ਦੀਆਂ ਨਿਸ਼ਾਨੀਆਂ ਹਨ। ਇਸ ਤਰ੍ਹਾਂ ਇਥੇ ਘੱਟ ਵਿਕਸਿਤ ਖੇਤਰਾਂ

ਦੇ ਲੱਛਣ ਵੇਖਣ ਵਿਚ ਆਉਂਦੇ ਹਨ ਜਿਵੇਂ ਕਿ ਰਹਿਣ ਸਹਿਣ ਦਾ ਨੀਵਾਂ ਪੱਧਰ, ਅਨਪੜ੍ਹਤਾ, ਬੀਮਾਰੀਆਂ ਦਾ ਜ਼ਿਆਦਾ ਹੋਣਾ ਅਤੇ ਜੀਵਨ ਸੰਭਾਵਿਕਤਾ ਦਾ ਘੱਟ ਹੋਣਾ, ਨਾ ਖਤਮ ਹੋਣ ਵਾਲਾ ਗਰੀਬੀ ਦਾ ਚੱਕਰ, ਅਗਿਆਨਤਾ ਅਤੇ ਬੀਮਾਰੀਆਂ ਆਦਿ। ਅਸਲ ਵਿਚ ਅਰਥ-ਵਿਗਿਆਨੀ ਦਾ ਕਥਨ 'ਘੱਟ ਵਿਕਸਿਤ ਖੇਤਰ' ਸੰਭਾਵਿਕ ਤੌਰ ਤੇ ਭੂਗੋਲਿਕ ਪੱਖੋਂ ਤਪਤ-ਖੰਡ ਨਾਲ ਮੇਲ ਖਾਂਦਾ ਹੈ।

ਜਲਵਾਯੂ ਅਤੇ ਸਮਾਜਿਕ ਪੱਖਾਂ ਦੇ ਇਸ ਸੁਮੇਲ ਨੇ ਪੱਕੇ ਤੌਰ ਤੇ ਤਪਤ-ਖੰਡੀ ਖੇਤਰ ਵਿਚ ਸਰੀਰ ਨੂੰ ਨਿਰਬਲ ਕਰ ਦੇਣ ਵਾਲੀਆਂ ਬੀਮਾਰੀਆਂ ਜਿਵੇਂ ਮਲੇਰੀਆ, ਕੁੰਡੀਦਾਰ ਕਿਰਮ ਅਤੇ ਚਮੜੀ ਦੀ ਇਕ ਬੀਮਾਰੀ ਯਾੱਜ਼ (Yaws) ਆਦਿ ਨੂੰ ਸ਼ਾਮਲ ਕਰ ਦਿੱਤਾ ਹੈ ਜਿਨ੍ਹਾਂ ਨੇ ਇਤਿਹਾਸ ਵਿਚ ਸਾਰੇ ਲੋਕਾਂ ਦੀ ਸਰੀਰਕ, ਆਰਥਿਕ ਅਤੇ ਸਮਾਜਿਕ ਕਾਰਜ-ਸ਼ਕਤੀ ਨੂੰ ਅੰਦਰ ਹੀ ਅੰਦਰ ਘਟਾ ਦਿੱਤਾ ਹੈ।

**ਇਤਿਹਾਸ** — ਸੰਨ 1870 ਵਿਚ ਲੂਈ ਪਾਸਚਰ ਦੀਆਂ ਖੋਜਾਂ, ਜਿਨ੍ਹਾਂ ਨੇ ਸੂਖ਼ਮ ਜੀਵਾਂ ਦੀ ਇਕ ਨਵੀਂ ਦੁਨੀਆ ਦਾ ਰਾਹ ਖੋਲ੍ਹ ਦਿੱਤਾ, ਉਦੋਂ ਹੀ ਬੀਮਾਰੀ ਫੈਲਾਉਣ ਵਾਲੇ ਆਰਗੇਨਿਜ਼ਮਾਂ ਨੂੰ ਪਛਾਣਨਾ ਅਤੇ ਛੂਤਕ ਬੀਮਾਰੀਆਂ ਨੂੰ ਫੈਲਾਉਣ ਦੇ ਢੰਗਾਂ ਬਾਰੇ ਜਾਣਨਾ ਸੰਭਵ ਹੋ ਸਕਿਆ ਸੀ। ਮਲੇਰੀਆ ਇਕ ਬਹੁਤ ਵੱਡੀ ਆਫ਼ਤ ਸੀ ਅਤੇ ਐਲਫਾਂਸ ਲੈਵਰਨ (1880) ਨੇ ਮਨੁੱਖ ਦੇ ਖ਼ੂਨ ਵਿਚ ਮਲੇਰੀਆ ਦੇ ਪਰਜੀਵਾਂ ਦੀ ਹੋਂਦ ਦਾ ਪਹਿਲੀ ਵਾਰ ਪਤਾ ਲਗਾਇਆ। ਇਸ ਤੋਂ ਸਤਾਰਾਂ ਸਾਲ ਬਾਅਦ ਇਸ ਦੇ ਸੰਚਾਰ ਦਾ ਪਤਾ ਰੋਨਾਲਡ ਰਾਸ ਦੁਆਰਾ ਭਾਰਤ ਵਿਚ ਲਗਾਇਆ ਗਿਆ। ਸਰ ਪੈਟਰਿਕ ਮੈਨਸਨ ਨੇ ਚੀਨ ਵਿਚ ਇਹ ਪਤਾ ਲਗਾਇਆ ਕਿ ਟ੍ਰਾਪੀਕਲ ਐਲੀਫੈਂਟਿਏਸਿਸ ਮੱਛਰਾਂ ਦੁਆਰਾ ਅਗਾਂਹ ਵਧਦੀ ਹੈ, ਰਾਸ ਨੇ 1897 ਈ. ਵਿਚ ਇਹ ਪਤਾ ਲਗਾਇਆ ਕਿ ਮਨੁੱਖ ਵਿਚ ਐਨਾਫਲੀਜ਼ ਮੱਛਰ ਰਾਹੀਂ ਮਲੇਰੀਆ ਹੁੰਦਾ ਹੈ ਅਤੇ ਪੰਛੀਆਂ ਵਿਚ ਮਲੇਰੀਆ ਕਿਊਲੈਕਸ ਮੱਛਰ ਰਾਹੀਂ। ਮਨੁੱਖਾਂ ਵਿਚ ਇਨ੍ਹਾਂ ਦੇ ਸੰਚਾਰ ਬਾਰੇ ਪੂਰੀ ਖੋਜ ਇਟਲੀ ਵਿਚ ਜੀ.ਬੀ. ਗਰੈਸੀ ਦੁਆਰਾ ਪੂਰੀ ਕੀਤੀ ਗਈ। ਹਵਾਨਾ ਵਿਚ ਵਾਲਟਰ ਰੀਡ ਨੇ ਮੱਛਰਾਂ ਰਾਹੀਂ ਪੀਲੇ ਬੁਖ਼ਾਰ ਦੇ ਫੈਲਾਅ ਬਾਰੇ ਖੋਜ ਕੀਤੀ ਜਿਸ ਨਾਲ ਡਬਲਿਊ ਸੀ. ਗਾਰਗਸ ਦੁਆਰਾ ਪਨਾਮਾ ਵਿਚ ਇਸ ਦਾ ਕੰਟਰੋਲ ਹੋ ਸਕਿਆ ਅਤੇ ਪਨਾਮਾ ਨਹਿਰ ਦੀ ਉਸਾਰੀ ਸੰਭਵ ਹੋ ਸਕੀ। ਬਹੁਤ ਥੋੜ੍ਹੇ ਸਾਲਾਂ ਵਿਚ ਅਫ਼ਰੀਕਾ ਵਿਚ ਪ੍ਰਚਲਤ ਬੀਮਾਰੀ ਸਲੀਪਿੰਗ ਸਿਕਨੈੱਸ ਦਾ ਕਾਰਨ ਸੇਤਸੇ ਮੱਖੀ (tsetse), ਕਾਲਾ ਆਜ਼ਾਰ ਦੀ ਸੈਂਡੋ ਮੱਖੀ, ਦੁਬਾਰਾ ਹੋਣ ਵਾਲੇ ਬੁਖ਼ਾਰ ਦਾ ਕਾਰਨ ਚਿੱਚੜ, ਪਲੇਗ ਦਾ ਕਾਰਨ ਚੂਹੇ ਦੇ ਪਿੱਸੂ, ਟਾਈਫ਼ਸ ਬੁਖ਼ਾਰ ਦੀ ਜੂੰ ਅਤੇ ਸਿਸ਼ਟੋਸੋਮੀਏਸਿਸ ਦਾ ਕਾਰਨ ਸਨੇਲ ਆਦਿ ਸਭਨਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਚੁੱਕੀ ਸੀ। ਇਸ ਦੇ ਨਾਲ ਇਨ੍ਹਾਂ ਬੀਮਾਰੀਆਂ ਤੋਂ ਸੁਰਖਿਆ, ਬਚਾਉ ਅਤੇ ਕੰਟਰੋਲ ਆਦਿ ਦਾ ਕੰਮ ਸ਼ੁਰੂ ਹੋ ਗਿਆ। ਟ੍ਰਾਪੀਕਲ ਮੈਡੀਸਨ ਦਾ ਅਧਿਐਨ ਲਿਵਰਪੂਲ ਅਤੇ ਲੰਦਨ ਵਿਚਲੀਆਂ ਸੰਸਥਾਵਾਂ ਵਿਚ 1899 ਈ. ਵਿਚ ਸ਼ੁਰੂ ਹੋਇਆ। ਇਸ ਦੇ ਬਾਅਦ ਕੁਝ ਖੋਜ ਸੰਸਥਾਵਾਂ ਯੂਰਪੀ ਬਸਤੀਵਾਦੀ ਦੇਸ਼ਾਂ ਅਤੇ ਹੋਰ ਤਪਤ-ਖੰਡੀ ਦੇਸ਼ਾਂ ਵਿਚ ਵੀ ਖੋਲ੍ਹੀਆਂ ਗਈਆਂ। ਅਜਿਹੀ ਹੀ ਇਕ ਸੰਸਥਾ ਜੋ ਪਨਾਮਾ ਵਿਚ ਕੰਮ ਕਰ ਰਹੀ ਹੈ ਉਸਨੂੰ ਸੰਯੁਕਤ ਰਾਜ ਅਮਰੀਕਾ ਦੁਆਰਾ ਸਹਾਇਤਾ ਦਿੱਤੀ ਜਾ ਰਹੀ ਹੈ। ਦੁਨੀਆ ਭਰ ਵਿਚ ਇਨ੍ਹਾਂ ਬੀਮਾਰੀਆਂ ਨੂੰ ਕੰਟਰੋਲ ਕਰਨ ਲਈ ਮਿਲਵਰਤਣ ਸ਼ੁਰੂ ਹੋਇਆ ਅਤੇ 1914 ਈ. ਵਿਚ ਰੱਕਫੈਲਰ ਫਾਊਂਡੇਸ਼ਨ ਦੁਆਰਾ ਅੰਤਰ ਰਾਸ਼ਟਰੀ ਸਿਹਤ ਡਿਵੀਜ਼ਨ ਦੇ ਸਥਾਪਤ ਹੋਣ ਨਾਲ ਇਹ ਕੰਮ ਅੰਤਰਰਾਸ਼ਟਰੀ ਪੱਧਰ ਤੇ ਸ਼ੁਰੂ ਹੋਇਆ ਅਤੇ ਬਾਅਦ ਵਿਚ ਵਿਸ਼ਵ ਸਿਹਤ ਸੰਗਠਨ (WHO) ਅਤੇ ਇੰਟਰਨੈਸ਼ਨਲ ਕੋਆਪਰੇਸ਼ਨ ਐਡਮਿਨਸਟ੍ਰੇਸ਼ਨ (ICA) ਦੁਆਰਾ ਵੀ ਇਸ ਕੰਮ ਵਿਚ ਸਹਿਯੋਗ ਦਿੱਤਾ ਜਾਣ ਲਗ ਗਿਆ ਹੈ।

ਬਾਇਅਲੋਜੀਕਲ ਅਤੇ ਫਾਰਮੇਸਿਊਟੀਕਲ ਪ੍ਰਯੋਗਸ਼ਾਲਾਵਾਂ ਨੇ ਨਵੀਆਂ ਤੇਜ਼ ਦਵਾਈਆਂ ਬਣਾ ਕੇ ਇਨ੍ਹਾਂ ਬੀਮਾਰੀਆਂ ਨੂੰ ਕੰਟਰੋਲ ਕਰਨ ਦੇ ਕੰਮਾਂ ਵਿਚ ਅਹਿਮ ਹਿੱਸਾ ਪਾਇਆ ਹੈ ਜਿਨ੍ਹਾਂ ਤੋਂ ਬਿਨ੍ਹਾਂ ਇਨ੍ਹਾਂ ਬੀਮਾਰੀਆਂ ਦੀ ਰੋਕਥਾਮ ਸੰਭਵ ਹੀ ਨਹੀਂ ਸੀ। ਮਲੇਰੀਆ ਅਤੇ ਚੇਚਕ ਦੇ ਖਾਤਮੇ ਦਾ ਪ੍ਰੋਗਰਾਮ, ਚਮੜੀ ਰੋਗਾਂ ਦੀ ਰੋਕਥਾਮ, ਛੂਤਕ ਲਿੰਗ ਰੋਗ ਅਤੇ ਤਪਦਿਕ ਆਦਿ, ਐਂਟੀਬਾੱਇਆਟਿਕ ਸਿੰਥੈਟਿਕ ਦਵਾਈਆਂ, ਵੈਕਸੀਨਾਂ ਅਤੇ ਕੀਟ-ਨਾਸ਼ਕਾਂ, ਜੋ ਦੂਜੀ ਸੰਸਾਰ ਜੰਗ ਦੇ ਦੌਰਾਨ ਜਾਂ ਇਸ ਤੋਂ ਪਿਛੋਂ ਹੋਂਦ ਵਿਚ ਆਏ ਇਨ੍ਹਾਂ ਤੋਂ ਬਿਨ੍ਹਾਂ ਸੰਭਵ ਹੀ ਨਹੀਂ ਸਨ। ਇਸ ਦੌਰਾਨ ਅਜੇ ਵੀ ਕੁਝ ਸਿਰੜੀ ਬੀਮਾਰੀਆਂ ਅਜਿਹੀਆਂ ਹਨ ਜਿਨ੍ਹਾਂ ਦਾ ਕੰਟਰੋਲ ਨਹੀਂ ਲੱਭ ਸਕਿਆ ਅਤੇ ਇਹ ਖੋਜ ਲਈ ਇਕ ਤਰ੍ਹਾਂ ਦੀ ਉਕਸਾਹਟ ਦਾ ਕੰਮ ਕਰ ਰਹੀਆਂ ਹਨ ਜਿਵੇਂ ਅਮੀਬੇ ਦੁਆਰਾ ਲਗਦੀ ਪੇਚਸ਼ ਸਿਸਟੋਸੋਮਲ, ਫਿਲੇਰੀਆ ਅਤੇ ਲੈਪਟੋਸਪਾਇਰਲ ਕਿਰਮ ਲਾਗ, ਕੋਹੜ ਅਤੇ ਅਫਰੀਕਾ ਦੀ ਸਲੀਪਿੰਗ ਸਿਕਨੈੱਸ ਬੀਮਾਰੀ।

**ਟ੍ਰਾਪੀਕਲ ਬੀਮਾਰੀਆਂ** — ਟ੍ਰਾਪੀਕਲ ਬੀਮਾਰੀ ਅਕਸਰ ਉਹੀ ਮੰਨ ਲਈ ਜਾਂਦੀ ਹੈ ਜੋ ਤਪਤ-ਖੰਡੀ ਖੇਤਰ ਵਿਚ ਮੁੱਖ ਤੌਰ ਤੇ ਪ੍ਰਚਲਤ ਹੋਵੇ ਭਾਵੇਂ ਇਹਨਾਂ ਖੇਤਰਾਂ ਵਿਚ ਸੀਮਤ ਨਾ ਹੀ ਹੋਵੇ। ਇਸ ਤਰ੍ਹਾਂ ਬਹੁਤ ਘੱਟ ਬੀਮਾਰੀਆਂ ਸੀਮਾਂਬੱਧ ਹਨ, ਜਿਨ੍ਹਾਂ ਵਿਚ ਕੇਵਲ ਮਹੱਤਵਪੂਰਣ ਅਫਰੀਕਨ ਸਲੀਪਿੰਗ ਸਿਕਨੈੱਸ, ਕਈ ਤਰ੍ਹਾਂ ਦੇ ਫਿਲੇਰੀਏਸਿਸ, ਚਮੜੀ ਦੀਆਂ ਬੀਮਾਰੀਆਂ ਅਤੇ ਪੀਲਾ ਬੁਖ਼ਾਰ ਆਦਿ ਸ਼ਾਮਲ ਹਨ। ਪਹਿਲੀਆਂ ਦੋ ਬੀਮਾਰੀਆਂ ਦਵਾਈਆਂ ਜਾਂ ਕੀਟਨਾਸ਼ਕਾਂ ਦੀ ਵਰਤੋਂ ਨਾਲ ਵੀ ਕੰਟਰੋਲ ਨਹੀਂ ਕੀਤੀਆਂ ਜਾ ਸਕੀਆਂ। ਚਮੜੀ ਦੀ ਬੀਮਾਰੀ ਭੀੜ ਅਤੇ ਗੰਦੇ ਲੋਕਾਂ ਦੇ ਆਪਸੀ ਮੇਲ ਜੋਲ ਨਾਲ ਫੈਲਦੀ ਹੈ ਪਰ ਇਸ ਦਾ ਬਹੁਤ ਜਲਦੀ ਇਲਾਜ ਪੈਨਸਲੀਨ ਨਾਲ ਹੋ ਸਕਦਾ ਹੈ ਅਤੇ ਇਸ ਦਾ ਪੂਰੀ ਤਰ੍ਹਾਂ ਸਫਾਇਆ ਵੱਡੀ ਪੱਧਰ ਦੇ ਇਲਾਜ ਕਰਨ ਨਾਲ ਸ਼ੁਰੂ ਹੋਇਆ ਜੋ ਉਨ੍ਹਾਂ ਦੇਸ਼ਾਂ ਦਾ ਇਕ ਵੱਡਾ ਉਦੇਸ਼ ਹੈ ਜਿਨ੍ਹਾਂ ਦੇਸ਼ਾਂ ਵਿਚ ਇਹ ਬੀਮਾਰੀਆਂ ਫੈਲਦੀਆਂ ਹਨ। ਇਸ ਕੰਮ ਲਈ ਵਿਸ਼ਵ ਸਿਹਤ ਸੰਸਥਾ ਅਤੇ ਯੂਨਾਇਟਿਡ ਨੇਸ਼ਨਜ਼ ਇੰਟਰਨੈਸ਼ਨਲ ਚਿਲਡਰਨਜ਼ ਐਮਰਜੰਸੀ ਫੰਡ (UNICEF) ਵਰਗੀਆਂ ਸੰਸਥਾਵਾਂ ਮਦਦ ਕਰ ਰਹੀਆਂ ਹਨ। ਪੀਲਾ ਬੁਖ਼ਾਰ ਕੇਵਲ ਉਨ੍ਹਾਂ ਤਪਤ-ਖੰਡੀ ਖੇਤਰਾਂ ਵਿਚ ਸੀਮਤ ਹੈ ਜਿਥੇ ਇਸ ਦਾ ਵੈਕਟਰ ਮੱਛਰ ਉੱਤਰੀ ਭਾਗਾਂ ਵਿਚ ਪੈਣ ਵਾਲੀ ਸਰਦੀ ਨਹੀਂ ਸਹਾਰ ਸਕਦਾ। ਪੀਲਾ ਬੁਖ਼ਾਰ ਤਪਤ-ਖੰਡੀ ਬੰਦਰਗਾਹਾਂ ਵਿਚ ਤਾਂ ਲਗਭਗ ਮੁਕਾ ਦਿੱਤਾ ਗਿਆ ਹੈ ਪਰ ਫਿਰ ਵੀ ਇਸ ਦੀ ਰੋਕਥਾਮ ਲਈ ਇਕ ਵੈਕਸੀਨ ਉਪਲਬਧ ਹੈ ਜੋ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜੋ ਹਵਾਈ ਜਹਾਜ਼ ਰਾਹੀਂ ਇਸ ਬੀਮਾਰੀ ਦੇ ਕਿਰਮ ਪੂਰਬੀ ਦੇਸ਼ਾਂ ਵਿਚ ਲੈ ਜਾ ਸਕਦੇ ਹੋਣ ਜਿਥੇ ਇਹ ਬੀਮਾਰੀ ਭਾਵੇਂ ਨਹੀਂ ਹੈ ਪਰ ਇਸ ਦਾ ਵੈਕਟਰ ਕਾਫ਼ੀ ਤਦਾਦ ਵਿਚ ਹੁੰਦਾ ਹੈ।

ਤਪਤਖੰਡੀ ਖੇਤਰ ਦੀਆਂ ਬੀਮਾਰੀਆਂ ਕਿਸੇ ਵਕਤ ਸੀਤ ਖੰਡੀ ਖੇਤਰ ਵਿਚ ਵੀ ਆਮ ਫੈਲੀਆਂ ਹੋਈਆਂ ਸਨ ਜਿਥੇ ਇਨ੍ਹਾਂ ਨੂੰ ਕੰਟਰੋਲ ਕੀਤਾ ਜਾ ਚੁੱਕਾ ਹੈ ਜਾਂ ਇਨ੍ਹਾਂ ਦਾ ਸਫ਼ਾਇਆ ਹੋ ਚੁੱਕਾ ਹੈ ਉਦਾਹਰਣ ਦੇ ਤੌਰ ਤੇ ਹੈਜ਼ਾ, ਚੇਚਕ ਅਤੇ ਪਲੇਗ ਭਾਵੇਂ ਦੁਨੀਆ ਵਿਚ ਨਹੀਂ ਹਨ ਪਰ ਫਿਰ ਵੀ ਇਹ ਉਨ੍ਹਾਂ ਇਲਾਕਿਆਂ ਵਿਚ ਹੋ ਸਕਦੀਆਂ ਹਨ ਜਿਥੇ ਪੀਣ ਵਾਲਾ ਪਾਣੀ ਨਿਰੰਤਰ ਗੰਦਾ ਰਹਿੰਦਾ ਹੋਵੇ, ਜਲਵਾਯੂ ਦੀ ਸਵਛੱਤਾ ਵਲ ਬੇਧਿਆਨੀ ਹੋਵੇ ਅਤੇ ਲੋਕਾਂ ਨੂੰ ਵੈਕਸੀਨ ਨਾਂ ਦਿੱਤੀਆਂ ਹੋਣ। ਅਜਿਹੀਆਂ ਹਾਲਤਾਂ ਹੁਣ ਕੇਵਲ ਤਪਤ-ਖੰਡੀ ਖੇਤਰ ਵਿਚ ਹੀ ਮੌਜੂਦ ਹਨ।

ਤਪਤਖੰਡੀ ਖੇਤਰ ਵਿਚ ਸਿਹਤ ਦੀ ਪ੍ਰਫੁਲਤਾ ਤੇ ਅਸਰ ਕਰਨ ਵਾਲੀਆਂ ਲਗਭਗ ਛੇ ਬੀਮਾਰੀਆਂ ਹਨ ਜਿਨ੍ਹਾਂ ਵਿ ਮਲੇਰੀਆ ਸਭ ਤੋਂ ਪਹਿਲੇ ਨੰਬਰ ਤੇ ਆਉਂਦਾ ਹੈ ਇਹ ਪੇਂਡੂ ਵ

ਲਈ ਇਕ ਜ਼ਹਿਮਤ ਅਤੇ ਬੱਚਿਆਂ ਨੂੰ ਮਾਰਨ ਵਾਲੀ ਬੀਮਾਰੀ ਹੈ ਅਤੇ ਇਹ ਕਿਸੇ ਵੀ ਸਥਾਈ ਆਬਾਦੀ ਵਿਚ ਦਵਾਈਆਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਮੁਕਾਇਆ ਜਾ ਸਕਦਾ ਹੈ ਪਰ ਫਿਰ ਵੀ ਇਹ ਵਿਸ਼ਾਲ ਖੇਤਰ ਵਿਚ ਸਿਹਤ ਦੀ ਇਕ ਵਡੀ ਅੜਿਚਨ ਹੈ। ਤਪਦਿਕ ਵੀ ਜੇਕਰ ਇਸ ਖੇਤਰ ਵਿਚ ਦਾਖ਼ਲ ਹੋ ਜਾਏ ਤਾਂ ਛੂਤ ਦੀ ਬੀਮਾਰੀ ਵਜੋਂ ਬਹੁਤ ਤੇਜ਼ੀ ਨਾਲ ਫੈਲ ਜਾਂਦੀ ਹੈ ਪਰ ਇਹ ਵੀ ਦਵਾਈਆਂ ਅਤੇ ਵਡੇ ਪੱਧਰ ਤੇ ਵੈਕਸੀਨ ਦਾ ਅਸਰ ਕਬੂਲਦੀ ਹੈ। ਸਿਸਟੋਸੋਮੀਏਸਿਸ ਜੋ ਇਕ ਪਰਜੀਵੀ ਕਿਰਮ ਦੁਆਰਾ ਫੈਲਦੀ ਹੈ ਬਹੁਤ ਗਿਣਤੀ ਵਿਚ ਕਿਸਾਨਾਂ ਵਿਚ ਫੈਲ ਜਾਂਦੀ ਹੈ। ਇਸ ਕਿਰਮ ਦੀਆਂ ਲਾਰਵਾ ਸਟੇਜਾਂ ਸਿੰਜਾਈ ਵਾਲੇ ਪਾਣੀ ਵਿਚ ਦਾਖ਼ਲ ਹੋ ਜਾਂਦੀਆਂ ਹਨ ਅਤੇ ਇਸ ਨੂੰ ਘੋਗੇ ਦੀ ਮੱਧਵਰਤੀ ਮੀਜ਼ਬਾਨ ਵਜੋਂ ਲੋੜ ਪੈਂਦੀ ਹੈ। ਇਸ ਬੀਮਾਰੀ ਨੂੰ ਕੰਟਰੋਲ ਕਰਨ ਲਈ ਅਜੇ ਤੱਕ ਨਾ ਹੀ ਕੋਈ ਦਵਾਈ ਉਪਲਬੱਧ ਹੈ ਅਤੇ ਨਾ ਹੀ ਘੋਗੇ ਦਾ ਸਫ਼ਾਇਆ ਕਰਨ ਦਾ ਕੋਈ ਹੱਲ ਲਭ ਸਕਿਆ ਹੈ। ਕੁੰਡੀਦਾਰ ਕਿਰਮ ਜੋ ਮਿਹਦਾ-ਆਂਦਰ ਵਿਚ ਖ਼ੂਨ ਚੂਸਣ ਵਾਲਾ ਇਕ ਪਰਜੀਵੀ ਕਿਰਮ ਹੁੰਦਾ ਹੈ। ਇਹ ਤਰ ਤਪਤ-ਖੰਡੀ ਖੇਤਰ ਵਿਚ ਹਰ ਜਗ੍ਹਾ ਪਾਇਆ ਜਾਂਦਾ ਹੈ। ਇਸ ਨਾਲ ਖ਼ੂਨ ਦੀ ਬਹੁਤ ਕਮੀ ਹੋ ਜਾਂਦੀ ਹੈ ਅਤੇ ਬੱਚਿਆਂ ਦਾ ਵਾਧਾ ਰੁਕ ਜਾਂਦਾ ਹੈ। ਇਸ ਬੀਮਾਰੀ ਦਾ ਸਫ਼ਾਇਆ ਜ਼ਮੀਨ ਵਿਚ ਮਨੁੱਖੀ ਮਲ ਤੋਂ ਬਚਾਅ ਰਾਹੀਂ ਕੀਤਾ ਜਾ ਸਕਦਾ ਹੈ। ਕੋਹੜ ਦੀ ਬੀਮਾਰੀ ਆਰਥਿਕ ਪਖੋਂ ਵਿਕਸਿਤ ਦੇਸ਼ਾਂ ਵਿਚ ਭਾਵੇਂ ਪੂਰੀ ਤਰ੍ਹਾਂ ਮੁਕਾ ਦਿੱਤੀ ਗਈ ਹੈ ਪਰ ਫਿਰ ਵੀ ਤਪਤ-ਖੰਡੀ ਦੇਸ਼ਾਂ ਵਿਚ ਜਿਥੇ ਬੀਮਾਰੀ ਦੀ ਲਾਗ ਵਾਲੇ ਲੋਕ ਬਹੁਤ ਘੱਟ ਨਿਖੇੜੇ ਜਾ ਸਕਦੇ ਹੋਣ, ਉਥੇ ਇਹ ਆਮ ਪ੍ਰਚਲਤ ਹੈ। ਇਹ ਬੀਮਾਰੀ ਸਫਲੋਨ ਦਵਾਈਆਂ ਦੀ ਵਰਤੋਂ ਕਰਕੇ ਬੇਸ਼ਕ ਹਟ ਤਾਂ ਨਹੀਂ ਜਾਂਦੀ ਪਰ ਫਿਰ ਵੀ ਕੁਝ ਘੱਟ ਜ਼ਰੂਰ ਜਾਂਦੀ ਹੈ। ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਉਤਪੰਨ ਹੋਣ ਵਾਲੀਆਂ ਬੀਮਾਰੀਆਂ ਸਾਰੇ ਹੀ ਤਪਤ-ਖੰਡੀ ਇਲਾਕਿਆਂ ਵਿਚ ਆਮ ਹਨ। ਇਨ੍ਹਾਂ ਦਾ ਕਾਰਨ ਖ਼ੁਰਾਕ ਦਾ ਘੱਟ ਉਤਪਾਦਨ ਹੈ ਜੋ ਜਲਵਾਯੂ, ਜ਼ਮੀਨ ਅਤੇ ਖੇਤੀਬਾੜੀ ਤਰੀਕਿਆਂ ਦੇ ਠੀਕ ਨਾ ਹੋਣ ਕਰਕੇ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਕੁੰਡੀਦਾਰ ਕਿਰਮ, ਮਲੇਰੀਆ, ਪੁਰਾਤਨਵਾਦ ਅਤੇ ਰੀਤੀ ਰਿਵਾਜ ਵੀ ਇਸ ਵਿਚ ਆਪਣਾ ਹਿੱਸਾ ਪਾਉਂਦੇ ਹਨ। ਬੇਰੀ-ਬੇਰੀ, ਪੈਲੈਗਰਾ ਅਤੇ ਸਕਰਵੀ ਵੀ ਸਾਧਾਰਨ ਖ਼ੁਰਾਕ ਦੀ ਬੇਹਦ ਘਾਟ ਹੋਣ ਦੀਆਂ ਕਿਸਮਾਂ ਹਨ। ਕਈ ਇਲਾਕਿਆਂ ਵਿਚ ਇਕ ਹੋਰ ਘਾਤਕ ਬੀਮਾਰੀ ਕਵਾਸ਼ਿਆਰਕੋਰ (Kwashiorkor) ਵੀ ਵਾਪਰਦੀ ਹੈ ਜਦੋਂ ਬੱਚਿਆਂ ਨੂੰ ਮਾਂ ਦਾ ਦੁੱਧ ਛੁਡਾ ਕੇ ਅਜਿਹੀ ਖ਼ੁਰਾਕ ਤੇ ਰੱਖਿਆ ਜਾਂਦਾ ਹੈ ਜਿਸ ਵਿਚ ਪ੍ਰੋਟੀਨ ਅਤੇ ਸੁਰਖਿਅਕ ਤੱਤਾਂ ਦੀ ਘਾਟ ਹੋਵੇ। ਬਹੁਤ ਸਾਰੀਆਂ ਅੰਤਰਰਾਸ਼ਟਰੀ ਏਜੰਸੀਆਂ ਨੇ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਹੀਆ ਕੀਤਾ ਹੈ। ਵਿਸ਼ਵ ਸਿਹਤ ਸੰਸਥਾ ਸੰਤੁਲਿਤ ਖ਼ੁਰਾਕ ਦੀ ਕਿਸਮ, ਇਸ ਦੇ ਪ੍ਰਚਾਲਣ ਅਤੇ ਬਚਾਅ ਆਦਿ ਕੰਮਾਂ ਨਾਲ ਨਜਿਠਦੀ ਹੈ; ਖ਼ੁਰਾਕ ਅਤੇ ਖੇਤੀਬਾੜੀ ਸੰਸਥਾ (FAO) ਅਤੇ ਯੂਨੀਸੈਫ ਖ਼ੁਰਾਕ ਦੀ ਪੈਦਾਵਾਰ, ਸੁਧਾਰ ਅਤੇ ਵੰਡ ਆਦਿ ਕੰਮਾਂ ਨਾਲ ਸਬੰਧਤ ਹੈ, ਜਦ ਕਿ ਇੰਸਟੀਚੀਊਟ ਆਫ਼ ਨਿਊਟ੍ਰੀਸ਼ਨ ਆੱਫ਼ ਸੈਂਟਰਲ ਅਮਰੀਕਾ ਅਤੇ ਪਨਾਮਾ (INCAP) ਖੋਜ ਅਤੇ ਸਿਖਿਆ ਵਰਗੇ ਕੰਮਾਂ ਵਿਚ ਮਦਦ ਕਰਦੀ ਹੈ।

ਹ.ਪ.—ਐਨ.ਬ੍ਰਿ 22 : 496

**ਤਪਤ-ਖੰਡੀ ਪੰਛੀ** : ਇਹ ਪੈੱਲਕੈਨੀਫ਼ਾੱਰਮੀਜ਼ (Pelecaniformes) ਵਰਗ, ਫੇਅਥਾਂਟਿਡੀ (Phaethontidae) ਕੁਲ ਅਤੇ ਫੇਅਥਾਨ (Phaethon) ਪ੍ਰਜਾਤੀ ਦੇ ਪੰਛੀ ਹਨ। ਇਹ ਸਮੁੰਦਰੀ ਪੰਛੀ ਹਨ ਜਿਨ੍ਹਾਂ ਦੇ ਪੈਰ ਝਿੱਲੀਦਾਰ ਅਤੇ ਪੂਛ ਟੇਢੀ-ਮੇਢੀ ਹੁੰਦੀ ਹੈ। ਇਸ ਪ੍ਰਜਾਤੀ ਦੀਆਂ ਆਮ ਮਿਲਣ ਵਾਲੀਆਂ ਤਿੰਨ ਮੁੱਖ ਜਾਤੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਮਿਲਣ ਵਾਲੀ ਜਾਤੀ (species) ਦਾ ਪ੍ਰਾਣੀ ਵਿਗਿਆਨਕ ਨਾਂ ਫੇਅਥਾਨ ਰੂਬਰਿਕੌਡਾ (Phaethon rubricauda) ਹੈ। ਹਿੰਦ-ਮਹਾਸਾਗਰ ਅਤੇ ਸ਼ਾਂਤ-ਮਹਾਸਾਗਰ ਵਿਚ ਇਹ ਪੰਛੀ ਆਮ ਮਿਲਦੇ ਹਨ। ਦੂਜੀਆਂ ਦੋ ਜਾਤੀਆਂ-ਪੀਲੇ ਚੁੰਝ ਵਾਲੀਆਂ, ਫੇਅਥਾਨ ਫਲਵਿਰਾਸਟ੍ਰਿਕ (Phaethen flavirastris) ਅਤੇ ਫੇਅਥਾਨ ਈਥੀਰੀਅਸ (Phaethen aethercus) ਹਨ।

ਇਨ੍ਹਾਂ ਪੰਛੀਆਂ ਦੇ ਪੈਰ ਚੰਮ-ਝਿੱਲੀ ਵਾਲੇ ਅਤੇ ਪੂਛ ਲੰਬੀ ਅਤੇ ਦੋ-ਸਾਂਗੀ ਹੁੰਦੀ ਹੈ। ਸਰੀਰ ਦੀ ਲੰਬਾਈ ਲਗਭਗ 50 ਸੈਂ.ਮੀ. ਤੱਕ ਹੋ ਸਕਦੀ ਹੈ ਅਤੇ ਪੂਛ ਵੀ ਇੰਨੀ ਹੀ ਲੰਬੀ ਹੁੰਦੀ ਹੈ। ਮਲਾਹ ਇਨ੍ਹਾਂ ਪੰਛੀਆਂ ਨੂੰ 'ਮਾਰਲਿਨ-ਸਪਾਈਕ' ਅਤੇ 'ਬੋਸਨ-ਪੰਛੀ' ਦੇ ਨਾਂਵਾਂ ਨਾਲ ਜਾਣਦੇ ਹਨ। ਇਨ੍ਹਾਂ ਪੰਛੀਆਂ ਦੇ ਖੰਭ ਚਿੱਟੇ, ਮੁਲਾਇਮ ਅਤੇ ਪਿਆਜ਼ੀ ਜਾ ਸੰਤਰੀ ਰੰਗ ਦੀ ਭਾਹ ਵਾਲੇ ਵੀ ਹੋ ਸਕਦੇ ਹਨ। ਖੰਭਾਂ ਉੱਤੇ ਅਤੇ ਅੱਖਾਂ ਦੁਆਲੇ ਕਾਲੇ ਨਿਸ਼ਾਨ ਹੁੰਦੇ ਹਨ।

ਅਜਿਹੇ ਪੰਛੀ ਟਾਪੂਆਂ ਵਿਚ, ਆਮ ਤੌਰ ਤੇ ਕਿਸੇ ਉੱਚੀ ਚਟਾਨ ਜਾਂ ਰੁੱਖਾਂ ਉੱਤੇ ਆਲ੍ਹਣੇ ਬਣਾਉਂਦੇ ਹਨ। ਇਹ ਪਾਣੀ ਵਿਚ ਚੁੱਭੀ ਮਾਰ ਕੇ ਮੱਛੀਆਂ ਜਾਂ ਸਕੁਇਡ ਫੜਦੇ ਹਨ। ਇਹ ਧਰਤੀ ਉੱਤੇ ਹੀ ਕੇਵਲ ਇਕ ਸਲੇਟੀ ਰੰਗ ਦਾ ਧੱਬੇਦਾਰ ਅੰਡਾ ਦਿੰਦੇ ਹਨ। ਇਸ ਅੰਡੇ ਨੂੰ ਨਰ ਅਤੇ ਮਾਦਾ ਦੋਵੇਂ ਲਗਭਗ ਇਕ ਮਹੀਨੇ ਤੱਕ ਸੇਂਦੇ ਹਨ। ਲਗਭਗ 10 ਹਫ਼ਤਿਆਂ ਵਿਚ ਬੱਚੇ ਪੂਰੇ ਆਕਾਰ ਦੇ ਹੋ ਜਾਂਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਜਾਤੀ ਦੇ ਪੰਛੀ ਲਾਲ ਪੂਛ ਵਾਲੇ ਹੁੰਦੇ ਹਨ।

ਹ.ਪੁ.—ਐਨ.ਬ੍ਰਿ. 22:500; ਐਨ. ਬ੍ਰਿ.ਮਾ. 10 : 141

**ਤਪਤੀ** : ਮਹਾਭਾਰਤ ਅਤੇ ਭਾਗਵਤ ਅਨੁਸਾਰ ਇਹ ਸੂਰਜ ਦੀ ਧੀ ਸੀ ਜਿਹੜੀ ਛਾਯਾ ਦੇ ਗਰਭ ਤੋਂ ਪੈਦਾ ਹੋਈ। ਇਹ ਚੰਦ੍ਰਵੰਸ਼ੀ ਰਾਜਾ ਸਮਵਰਣ (ਸੰਬਰਣ) ਦੀ ਪਤਨੀ ਅਤੇ ਕੁਰੂ ਦੀ ਮਾਂ ਸੀ। ਫਿਰ ਇਹ ਦਰਿਆ ਬਣ ਕੇ ਦੱਖਣ ਵਿਚ ਵਗਣ ਲਗੀ। ਇਸ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਤਪਨੀ, ਤਾਪਤੀ, ਸ਼ਿਆਮਾ, ਕਾਪਿਲਾ, ਸਨਕਾ, ਤਾਰਾ ਅਤੇ ਤਾਪੀ। ਇਹ ਸਤਪੁੜਾ, ਪਹਾੜਧਾਰਾ (ਗੋਨਾਨਾ ਗਿਰੀ) ਤੋਂ ਨਿਕਲ ਕੇ ਤਕਰੀਬਨ ਸੱਤ ਸੌ ਕਿ.ਮੀ. ਵਹਿੰਦੀ ਹੋਈ ਪੱਛਮੀ ਘਾਟ ਵਿਚ ਅਰਬ ਸਾਗਰ ਵਿਚ ਜਾ ਮਿਲਦੀ ਹੈ। ਇਸ ਦੇ ਕੰਢੇ ਤੇ ਸੂਰਤ ਸ਼ਹਿਰ ਆਬਾਦ ਹੈ।

ਹ.ਪੁ.—ਮ.ਕੋ. 431; ਚਰਿ. ਕੋ. 18; ਹਿੰ.ਵਿ. ਕੋ.

**ਤਪਾ** : ਇਹ ਇਕ ਪਾਖੰਡੀ ਸੀ ਜੋ ਖਡੂਰ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਰਹਿੰਦਾ ਸੀ। ਖਹਿਰਾ ਗੋਤ ਦੇ ਜੱਟ ਇਸ ਨੂੰ ਗੁਰੂ ਮੰਨਦੇ ਸਨ। ਇਹ ਗੁਰੂ ਅੰਗਦ ਦੇਵ ਜੀ ਨਾਲ ਬਹੁਤ ਈਰਖਾ ਕਰਦਾ ਸੀ ਅਤੇ ਇਸਨੇ ਇਹ ਪੂਰੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਦੇ ਸ਼ਰਧਾਲੂ ਉਨ੍ਹਾਂ ਨੂੰ ਗੁਰੂ ਪ੍ਰਵਾਨ ਨਾ ਕਰਨ ਕਿਉਂ ਜੋ ਗ੍ਰਹਿਸਥੀ ਮਨੁੱਖ ਨੂੰ ਗੁਰੂ ਬਣਨ ਦਾ ਕੋਈ ਅਧਿਕਾਰ ਨਹੀਂ। ਇਕ ਵਾਰ ਕਾਲ ਪੈਣ ਤੇ ਜਦੋਂ ਲੋਕ ਮੀਂਹ ਪੁਆਉਣ ਦੀ ਪ੍ਰਾਰਥਨਾ ਲੈ ਕੇ ਇਸ ਕੋਲ ਆਏ ਤਾਂ ਇਸਨੇ ਆਖਿਆ ਕਿ ਗੁਰੂ ਸਾਹਿਬ ਨੂੰ ਖਡੂਰ ਵਿਚੋਂ ਕੱਢ ਦਿਤਾ ਜਾਵੇ ਤਾਂ ਮੀਂਹ ਪੈ ਜਾਵੇਗਾ ਪਰ ਜਦ ਗੁਰੂ ਜੀ ਦੇ ਚਲੇ ਜਾਣ ਤੇ ਵੀ ਬਰਸਾਤ ਨਾ ਹੋਈ ਤਾਂ ਅਮਰ ਦਾਸ ਜੀ (ਮਗਰੋਂ ਗੁਰੂ ਅਮਰਦਾਸ ਜੀ) ਨੇ ਲੋਕਾਂ ਨੂੰ ਸਮਝਾਇਆ ਕਿ ਰੱਬ ਤੋਂ ਬਿਨਾਂ ਹੋਰ ਕੋਈ ਸ਼ਕਤੀ ਮੀਂਹ ਨਹੀਂ ਪਵਾ ਸਕਦੀ। ਜੇ ਤਪੇ ਕੋਲ ਮੀਂਹ ਪੁਆਉਣ ਦੀ ਸ਼ਕਤੀ ਹੁੰਦੀ

ਤਾਂ ਉਹ ਘਰ-ਘਰ ਭੀਖ ਕਿਉਂ ਮੰਗਦਾ। ਇਸ ਗੱਲ ਦੀ ਸਮਝ ਆਉਣ ਤੇ ਲੋਕਾਂ ਨੇ ਇਸ ਨੂੰ ਯੋਗ ਸਜ਼ਾ ਦਿਤੀ ਤਾਂ ਜੋ ਕੋਈ ਹੋਰ ਵਿਅਕਤੀ ਇਸ ਤਰ੍ਹਾਂ ਦੀ ਘਟੀਆ ਹਰਕਤ ਨਾ ਕਰੇ।

ਹ.ਪੁ.—ਦੀ ਸਿੱਖ ਰਿਲੀਜਨ-ਮੈਕਾਲਫ਼।

**ਤਪਾ ਮੰਡੀ** : ਪੰਜਾਬ ਰਾਜ (ਭਾਰਤ) ਦੇ ਸੰਗਰੂਰ ਜ਼ਿਲ੍ਹੇ ਦਾ ਇਹ ਇਕ ਕਸਬਾ ਅਤੇ ਅੰਬਾਲਾ-ਬਠਿੰਡਾ ਰੇਲ-ਲਾਈਨ ਉੱਤੇ ਇਕ ਸਟੇਸ਼ਨ ਹੈ ਜਿਹੜਾ ਸੰਗਰੂਰ ਅਤੇ ਬਠਿੰਡਾ ਤੇ ਦੋਵੇਂ ਪਾਸਿਓਂ ਹੀ ਸੜਕ ਦੇ ਰਸਤਿਓਂ 56 ਕਿ.ਮੀ. ਦੀ ਦੂਰੀ ਤੇ ਸਥਿਤ ਹੈ। ਇਹ ਕਪਾਹ ਦੀ ਵੀ ਇਕ ਵੱਡੀ ਮੰਡੀ ਹੈ। ਅੱਜਕੱਲ੍ਹ ਇਥੇ ਕਪਾਹ ਵੇਲਣ ਆਦਿ ਦੀਆਂ ਕਈ ਫ਼ੈਕਟਰੀਆਂ ਲੱਗੀਆਂ ਹੋਈਆਂ ਹਨ। ਇਥੇ ਇਕ ਵੱਡੀ ਧਾਗਾ ਮਿੱਲ ਵੀ ਹੈ। ਇਥੋਂ ਦੀ ਮੰਡੀ ਵਿਚ ਕਪਾਹ ਦੀਆਂ ਲਗਭਗ 30,000 ਗੰਢਾਂ ਹਰ ਸਾਲ ਵਿਕਰੀ ਲਈ ਆਉਂਦੀਆਂ ਹਨ। ਇਸ ਦੇ ਆਸ ਪਾਸ ਅੱਜਕੱਲ੍ਹ ਝੋਨੇ ਦੀ ਪੈਦਾਵਾਰ ਵੱਧ ਹੋਣ ਕਾਰਨ ਇਥੇ ਕਈ ਸ਼ੈਲਰ ਸਥਾਪਿਤ ਹੋ ਗਏ ਹਨ। ਇਥੇ ਗੱਤੇ ਦੀ ਫ਼ੈਕਟਰੀ ਸਥਾਪਿਤ ਹੋਣ ਨਾਲ ਇਸ ਦਾ ਸ਼ਹਿਰੀ ਵਿਕਾਸ ਤੇਜ਼ੀ ਨਾਲ ਹੋਣ ਲਗ ਗਿਆ ਹੈ। ਅੱਜਕੱਲ੍ਹ ਇਥੇ ਹੋਰ ਵੀ ਕਈ ਛੋਟੀਆਂ-ਛੋਟੀਆਂ ਸੱਨਅਤਾਂ ਲਗ ਗਈਆਂ ਹਨ ਜਿਨ੍ਹਾਂ ਵਿਚ ਸਾਬਣ, ਪਲਾਸਟਿਕ ਵਸਤਾਂ, ਛਪਾਈ, ਸਟੇਸ਼ਨਰੀ, ਜ਼ਰਾਇਤੀ ਔਜ਼ਾਰ, ਮਸ਼ੀਨਾਂ, ਸ਼ਰਬਤ, ਦਵਾਈਆਂ ਆਦਿ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਤੋਂ ਬਿਨਾ ਇਥੇ ਅਨੇਕਾਂ ਹੋਰ ਵਰਕਸ਼ਾਪਾਂ ਵੀ ਹਨ। ਮਿਉਂਸਪਲਟੀ ਵੱਲੋਂ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਤਾਂ ਮੁਹੱਈਆ ਹਨ ਪਰ ਇਥੇ ਮਨੋਰੰਜਨ ਦੇ ਸਾਧਨਾਂ ਦੀ ਘਾਟ ਹੈ। ਕੋਈ ਥੀਏਟਰ, ਪਾਰਕ, ਸੈਰਗਾਹ, ਸਟੇਡੀਅਮ ਵਗੈਰਾ ਨਹੀਂ ਹੈ।

ਇਹ ਇਤਿਹਾਸਕ ਪੱਖੋਂ ਪੁਰਾਣਾ ਪਿੰਡ ਹੈ ਜਿਹੜਾ ਹੌਲੀ ਹੌਲੀ ਕਸਬਾ ਬਣ ਗਿਆ ਹੈ। ਇਹ ਤਪੀਆਂ, ਫ਼ਕੀਰਾਂ ਸੰਤਾਂ ਦੀ ਭੂਮੀ ਗਿਣੀ ਜਾਂਦੀ ਰਹੀ ਹੈ। ਇਥੇ ਬਣੇ ਕਈ ਮੰਦਰ ਇਸ ਨੂੰ 'ਮੰਦਰਾ ਦਾ ਸ਼ਹਿਰ' ਹੋਣ ਦਾ ਨਾਂ ਪ੍ਰਦਾਨ ਕਰਦੇ ਹਨ। ਕਸਬੇ ਵਿਚ ਬਾਬਾ ਮੱਠ, ਡੇਰਾ ਬਾਬਾ ਇੰਦਰ ਦਾਸ, ਅੰਦਰਲਾ ਡੇਰਾ, ਮਹੰਤ ਜਾਗੀਰ ਦਾਸ, ਸਰਾਂ ਵਾਲਾ ਮੰਦਰ, ਗੀਤਾ ਭਵਨ, ਮਾਤਾ ਦਾਤੀ ਦਾ ਮੰਦਰ ਅਤੇ ਪੰਚਾਇਤੀ ਮੰਦਰ ਹਨ।

ਇਸ ਪਿੰਡ ਦੀ ਸਥਾਪਨਾ ਤਕਰੀਬਨ 500 ਸਾਲ ਪਹਿਲਾਂ ਹੋਈ ਸੀ। ਇਥੇ ਡੇਰਾ ਸੇਖਾਂ ਦੇ ਮਾਧੋ ਦਾਸ ਦਾ ਚੇਲਾ ਸੁਖਾਨੰਦ ਪਿੰਡ ਸੇਖਾਂ ਤੋਂ ਆ ਕੇ ਤਪ ਕਰਨ ਲਗ ਪਿਆ ਅਤੇ ਉਸ ਦੇ ਚੇਲੇ ਬਾਬਾ ਤਪਾ ਰਾਮ ਨੇ ਇਸ ਪਿੰਡ ਦੀ ਨੀਂਹ ਰੱਖੀ। ਇਕ ਲੋਕ-ਕਥਾ ਅਨੁਸਾਰ ਪਿੰਡ ਦਰਾਜ ਦਾ ਇਕ ਜ਼ਿਮੀਦਾਰ ਬਾਬਾ ਸੁਖਾਨੰਦ ਕੋਲ ਪੁੱਤਰ ਦੀ ਦਾਤ ਮੰਗਣ ਆਇਆ। ਉਨ੍ਹਾਂ ਨੇ ਖ਼ੁਸ਼ ਹੋ ਕੇ ਬੇਔਲਾਦੇ ਜ਼ਿਮੀਦਾਰ ਨੂੰ ਵਰ ਦਿੱਤਾ ਤੇ ਕਿਹਾ ਪਹਿਲਾ ਫਲ ਸਾਡੀ ਨਜ਼ਰ ਕਰਨਾ। ਜ਼ਿਮੀਦਾਰ ਦੇ ਘਰ ਪਹਿਲਾਂ ਲੜਕੀ ਤੇ ਫਿਰ ਲੜਕਾ ਪੈਦਾ ਹੋਇਆ। ਇਹੋ ਲੜਕਾ ਤਪਾ ਰਾਮ ਤੇ ਲੜਕੀ ਦਾਤੀ ਸੀ। ਇਨ੍ਹਾਂ ਦੇ ਚੇਲਿਆਂ ਦੀ ਪਰੰਪਰਾ ਚਲਦੀ ਰਹੀ ਹੈ ਅਤੇ ਹੁਣ ਵੀ ਚਲਦੀ ਹੈ। ਇਨ੍ਹਾਂ ਦੇ ਗੱਦੀਨਸ਼ੀਨਾਂ ਪਾਸ ਸੈਂਕੜੇ ਕਿੱਲੇ ਜ਼ਮੀਨ ਵੀ ਹੈ।

ਆਰਥਿਕ ਪੱਖੋਂ ਅੱਜਕੱਲ੍ਹ ਇਹ ਕਸਬਾ ਕਾਫ਼ੀ ਵਿਕਸਿਤ ਹੋ ਰਿਹਾ ਹੈ। ਮਾਰਕੀਟ ਕਮੇਟੀ ਅਤੇ ਮਿਉਂਸਪਲਟੀ ਵਿਕਾਸ ਯੋਜਨਾਵਾਂ ਵਿਚ ਅਹਿਮ ਯੋਗਦਾਨ ਪਾ ਰਹੀਆਂ ਹਨ।

ਆਬਾਦੀ — 14,161 (1991)

30° 15′ ਉ. ਵਿਥ.; 75° 20′ ਪੂ. ਲੰਬ.

ਹ.ਪੁ.—ਪੰਜਾਬੀ ਟ੍ਰਿਬਿਊਨ - 22.7.85; ਡਿਸ.ਗੈ.ਹੈ. ਬੁੱ.—ਸੰਗਰੂਰ (1961)

**ਤਫ਼ਸੀਰ** : ਇਸ ਦਾ ਭਾਵ ਅਰਥ ਨੂੰ ਖੋਲ੍ਹ ਕੇ ਦੱਸਣ ਵਾਲੇ ਟੀਕੇ ਤੋਂ ਹੈ। ਇਹ ਸ਼ਬਦ ਖ਼ਾਸ ਤੌਰ ਤੇ ਕੁਰਾਨ ਸ਼ਰੀਫ਼ ਦੇ ਟੀਕੇ ਲਈ ਵਰਤਿਆ ਜਾਂਦਾ ਹੈ। ਤਫ਼ਸੀਰ ਸ਼ਬਦ 'ਫ਼ਸਰ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ 'ਵਿਆਖਿਆ'।

ਹ.ਪੁ.—ਮ.ਕੋ.

**ਤਬਕਾਤੀਆ** : ਇਹ ਸ਼ਾਹ ਮਦਾਰ ਦੇ ਚੇਲੇ ਹਨ ਜਿਨ੍ਹਾਂ ਨੂੰ ਮਦਾਰੀ ਵੀ ਕਿਹਾ ਜਾਂਦਾ ਹੈ। ਬਦੀਉੱਦੀਨ ਨਾਮੀ ਇਕ ਮੁਸਲਮਾਨ ਫ਼ਕੀਰ ਜਿਹੜਾ ਸ਼ੇਖ਼ ਮੁਹੰਮਦ ਤੇਵੇਂ ਦਾ ਚੇਲਾ ਸੀ, ਦੇ ਨਾਂ ਤੇ ਹੀ ਮਦਾਰ ਪੰਥ ਹੋਂਦ ਵਿਚ ਆਇਆ। ਸ਼ੇਖ਼ ਮਦਾਰ ਦੀ ਮੌਤ 20 ਦਸੰਬਰ, 1434 ਨੂੰ ਹੋਈ ਅਤੇ ਇਸ ਦਾ ਮਕਬਰਾ ਕਨੌਜ ਵਿਖੇ ਸਥਿਤ ਹੈ। ਇਸ ਪ੍ਰਸਿੱਧ ਸਥਾਨ ਤੇ ਸ਼ਰਧਾਲੂ ਬੜੀ ਸ਼ਰਧਾ ਨਾਲ ਜਾਂਦੇ ਹਨ। ਇਸ ਸੰਪ੍ਰਦਾਇ ਦੇ ਫ਼ਕੀਰ ਮਦਾਰੀ ਅਖਵਾਉਂਦੇ ਹਨ। ਇਹ ਲੋਕ ਕਾਲੇ ਕੱਪੜੇ ਪਾਉਂਦੇ ਹਨ, ਆਪਣੇ ਗਿੱਟਿਆਂ ਤੇ ਕਾਲੀ ਮਾਲਾ ਬੰਨ੍ਹਦੇ ਅਤੇ ਆਪਣੇ ਕੋਲ ਇਕ ਛੋਟਾ ਜਿਹਾ ਢੋਲ ਰੱਖਦੇ ਹਨ। ਕਈ ਵਾਰ ਇਹ ਬਾਂਦਰਾਂ ਅਤੇ ਭਾਲੂਆਂ ਦਾ ਤਮਾਸ਼ਾ ਵੀ ਵਿਖਾਉਂਦੇ ਹਨ।

ਅਖਾੜੇ ਵਿਚ ਮਦਾਰ ਅਰਥਾਤ ਘੁੰਮਣ ਵਾਲੇ ਨੂੰ ਵੀ, ਜੋ ਤਮਾਸ਼ੇ ਵਾਲੀ ਥਾਂ ਗੇੜਾ ਦੇ ਕੇ ਖੇਡ ਦਿਖਾਵੇ, ਮਦਾਰੀ ਕਿਹਾ ਜਾਂਦਾ ਹੈ।

ਹ.ਪੁ.—ਮ.ਕੋ; ਐਨ.ਏਸ਼ੀ. 8 : 798

**ਤਬਰ** : ਹੱਥ ਨਾਲ ਲੜਾਈ ਕਰਨ ਵਾਲੇ ਪ੍ਰਚਲਤ ਹਥਿਆਰਾਂ ਵਿਚੋਂ ਇਹ ਇਕ ਹਥਿਆਰ ਹੁੰਦਾ ਸੀ। ਇਸ ਨੂੰ ਛਵੀ ਜਾਂ ਗੰਡਾਸਾ ਵੀ ਕਿਹਾ ਜਾਂਦਾ ਹੈ। ਇਹ ਲੰਬਾ ਅਤੇ ਤੇਜ਼ ਧਾਰ ਵਾਲਾ ਹਥਿਆਰ ਹੈ। ਯੁੱਧ ਵਿਚ ਇਸ ਹਥਿਆਰ ਦੀ ਵਰਤੋਂ ਤਾਂਬੇ ਯੁਗ ਤੋਂ ਮੰਨੀ ਜਾਂਦੀ ਹੈ। ਹੋਮਰ ਅਨੁਸਾਰ ਫਾਈਸੈਂਡਰ ਨੇ ਐਗਮੈਨਨ ਉੱਤੇ ਇਸੇ ਤਰ੍ਹਾਂ ਦੇ ਹਥਿਆਰ ਨਾਲ ਹਮਲਾ ਕੀਤਾ ਸੀ। ਤਬਰ ਨੂੰ ਅੰਗਰੇਜ਼ੀ ਵਿਚ ਬੈਟਾਲ-ਐਕਸ ਕਿਹਾ ਜਾਂਦਾ ਹੈ। ਗਿਆਰਵੀਂ ਸਦੀ ਵਿਚ ਇੰਗਲੈਂਡ ਵਿਚ ਲੜਾਈ ਕਰਦੇ ਸਮੇਂ, ਡੈਨਮਾਰਕ ਦੇ ਸਿਪਾਹੀਆਂ ਦੇ ਲੜਾਈ ਦੇ ਸਾਜ਼ੋ-ਸਮਾਨ ਵਿਚ ਡੈਨਮਾਰਕ ਤਬਰ ਬਕਾਇਦਾ ਤੌਰ ਤੇ ਸ਼ਾਮਲ ਹੁੰਦਾ ਸੀ। ਅਸਰਦਾਇਕ ਢੰਗ ਦੀ ਵਰਤੋਂ ਦੀ ਮਿਸਾਲ ਉਸ ਸਮੇਂ ਤੋਂ ਮਿਲਦੀ ਹੈ ਜਦੋਂ ਗਬਰਟ ਦੀ ਬਰੂਸ ਨੇ ਸਰ ਹੈਨਰੀ ਬੋਹਨ ਨੂੰ ਇਸ ਦੇ ਇਕ ਹੀ ਵਾਰ ਨਾਲ ਢਹਿ ਢੇਰੀ ਕਰ ਦਿੱਤਾ।

ਅੰਗ੍ਰੇਜ਼ੀ ਹਾਕਮਾਂ ਦੇ ਬਹੁਤ ਪੁਰਾਣੇ ਅੰਗ-ਰੱਖਿਅਕ ਜਿਨ੍ਹਾਂ ਨੂੰ 'ਆਨਰੇਬਲ ਕਾਪਸ ਆਫ਼ ਜੈਂਟਲਮੈਨ-ਐਟ-ਆਰਮਜ਼' ਕਿਹਾ ਜਾਂਦਾ ਸੀ, ਨੂੰ ਇਹ ਹਥਿਆਰ ਜਾਰੀ ਕੀਤੇ ਹੋਏ ਸਨ ਅਤੇ ਉਨ੍ਹਾਂ ਨੂੰ ਸਦੀਆਂ ਤੱਕ ਇਨ੍ਹਾਂ ਤਬਰਾਂ ਪ੍ਰਤਿ ਸਾਰੀਆਂ ਜ਼ਿੰਮੇਵਾਰੀਆਂ ਪੂਰੀਆਂ ਕੀਤੇ ਜਾਣ ਦਾ ਹੁਕਮ ਸੀ।

ਕਿਸੇ ਹਾਕਮ ਜਾ ਸ਼ਾਸਕ ਦੇ ਅੰਤਮ ਸੰਸਕਾਰ ਵੇਲੇ ਉਸਦੇ ਸਨਮਾਨ ਵਜੋਂ ਖੱਬੇ ਹੱਥ ਵਿਚ ਲਿਜਾਇਆ ਜਾਣਾ, ਇਸ ਨੂੰ ਉਲਟਾ ਕਰਨਾ ਅਤੇ ਢੱਕ ਦੇਣਾ ਇਕ ਬਕਾਇਦਾ ਰਸਮ ਸਮਝੀ ਜਾਂਦੀ ਸੀ।

ਮੱਧਕਾਲੀ ਸਵਿਟਜ਼ਰਲੈਂਡ ਦਾ ਹਾਲਬਰਟ ਅਸਲ ਵਿਚ ਤਬਰ ਦੀ ਸ਼ਕਲ ਦਾ ਹੀ ਹਥਿਆਰ ਸੀ ਜਿਸ ਦਾ ਸਿਰਾ ਸਟੀਲ ਦਾ ਹੁੰਦਾ ਸੀ, ਜਿਸ ਵਿਚ ਤੇਜ਼ ਧਾਰ ਵਾਲਾ ਗੰਡਾਸਾ, ਨੇਜ਼ੇ ਦਾ ਸਿਖਰ ਅਤੇ ਇਕ ਅਜਿਹੀ ਕੁੰਡੀ ਲਗੀ ਹੁੰਦੀ ਸੀ, ਜਿਸ ਨਾਲ ਕਿਸੇ ਘੋੜਸਵਾਰ ਹਮਲਾਵਰ ਨੂੰ ਉਸ ਦੀ ਕਾਠੀ ਤੋਂ ਖਿੱਚਿਆ ਜਾ ਸਕਦਾ ਸੀ। ਇਸ ਦੀ ਲੰਮੀ ਛੜ ਹੱਥੀ ਵਾਂਗ ਕੰਮ ਆਉਂਦੀ ਸੀ।

ਹ.ਪੁ.—ਮ.ਕੋ.; ਐਨ.ਬ੍ਰਿ. 3 : 290

**ਤਬਰੀ** : ਇਸ ਦਾ ਪੂਰਾ ਨਾਂ ਅਬੂ ਜ਼ਫ਼ਰ ਮੁਹੰਮਦ ਇਬਨ, ਜ਼ਰੀਰ ਅਤੇ ਤਬਰੀ ਹੈ। ਇਸ ਮਹਾਨ ਅਰਬ ਇਤਿਹਾਸਕਾਰ ਅਤੇ ਇਸਲਾਮ ਧਰਮ ਸ਼ਾਸਤਰੀ ਦਾ ਜਨਮ ਸ਼ਾਇਦ 838-39 ਵਿਚ ਤਬਰਿਸਤਾਨ (ਮ.ਉ. ਈਰਾਨ) ਦੇ ਆਮੋਲ ਨਾਂ ਦੀ ਇਕ ਜਗ੍ਹਾ ਉੱਤੇ ਇਕ ਅਮੀਰ ਪਰਿਵਾਰ ਵਿਚ ਹੋਇਆ। ਇਸ ਦੀ ਤੀਖਣ ਬੁੱਧੀ ਅਤੇ ਸਮਝ ਕਰਕੇ ਇਹ ਬਚਪਨ ਤੋਂ ਹੀ ਹੋਣਹਾਰ ਲਗਦਾ ਸੀ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਸੱਤ ਸਾਲ ਦੀ ਉਮਰ ਵਿਚ ਹੀ ਪੂਰਾ ਕੁਰਾਨ ਜ਼ੁਬਾਨੀ ਯਾਦ ਸੀ। ਇਸਨੇ ਨਾ ਕੇਵਲ ਆਪਣੇ ਸ਼ਹਿਰ ਤੋਂ ਹੀ ਸਗੋਂ ਉਸੇ ਸਮੇਂ ਦੇ ਇਸਲਾਮ ਦੇ ਹੋਰ ਸਾਰੇ ਪ੍ਰਸਿੱਧ ਸਿੱਖਿਆ ਕੇਂਦਰਾਂ ਵਿਚੋਂ ਉੱਚ ਕੋਟੀ ਦੇ ਵਿਦਵਾਨਾਂ ਤੋਂ ਬਹੁਮੁਲੀ ਸਿੱਖਿਆ ਪ੍ਰਾਪਤ ਕੀਤੀ। ਬਸਰਾ, ਬਗ਼ਦਾਦ, ਕੂਫ਼ ਅਤੇ ਮਿਸਰ ਦੇਸ਼ਾਂ ਦੀ ਇਸਨੇ ਕਈ ਵਾਰੀ ਯਾਤਰਾ ਕੀਤੀ। ਦੂਸਰੀ ਵਾਰੀ ਮਿਸਰ ਜਾਂਦੇ ਹੋਏ ਇਸਨੇ ਹਦੀਸ ਦਾ ਅਧਿਐਨ ਕੀਤਾ ਅਤੇ ਜਲਦੀ ਹੀ ਇਸ ਖੇਤਰ ਵਿਚ ਇਹ ਮਾਹਰ ਵਿਦਵਾਨ ਗਿਣਿਆ ਜਾਣ ਲਗਾ। ਇਸ ਦੀ ਵੱਡੀ ਵਡਿਆਈ ਇਸ ਗੱਲ ਵਿਚ ਸੀ ਕਿ ਇਹ ਇਕ ਉੱਚ ਕੋਟੀ ਦਾ ਵਿਦਵਾਨ ਹੋਣ ਦੇ ਨਾਲ ਨਾਲ ਬੜੇ ਉੱਚੇ ਆਚਰਣ ਦਾ ਮਾਲਕ ਵੀ ਸੀ। ਇਸ ਨੂੰ ਰਾਜ ਦਰਬਾਰ ਵਲੋਂ ਕਈ ਵਾਰ ਆਰਥਿਕ ਲਾਭ ਵਾਲੇ ਕਈ ਸਨਮਾਨਜਨਕ ਅਹੁਦੇ ਸਵੀਕਾਰ ਕਰਨ ਲਈ ਮਨਾਇਆ ਗਿਆ ਪਰ ਇਹ ਕਿਸੇ ਕਿਸਮ ਦੇ ਲੋਭ ਲਾਲਚ ਵਿਚ ਨਾ ਆਇਆ ਸਗੋਂ ਪੜ੍ਹਨ ਪੜ੍ਹਾਉਣ ਅਤੇ ਸਾਹਿਤਕ ਸੇਵਾ ਵਿਚ ਹੀ ਲੱਗਿਆ ਰਿਹਾ। ਇਤਿਹਾਸ, ਕੁਰਾਨ ਦੇ ਪਾਠ ਅਤੇ ਉਸ ਦੀ ਵਿਆਖਿਆ, ਕਾਵਿ-ਰਚਨਾ, ਵਿਆਕਰਣ ਅਤੇ ਸ਼ਬਦ ਕੋਸ਼, ਨੀਤੀ ਸ਼ਾਸਤਰ, ਗਣਿਤ ਆਦਿ ਵਿਚੋਂ ਕੋਈ ਵੀ ਵਿਸ਼ਾ ਅਜਿਹਾ ਨਹੀਂ ਸੀ ਜਿਸ ਨੂੰ ਇਸ ਨੇ ਛੋਹਿਆ ਨਾ ਹੋਵੇ। ਇਹ ਮੁੱਖ ਤੌਰ ਤੇ ਇਤਿਹਾਸ ਅਤੇ ਇਸਲਾਮੀ ਧਰਮ-ਸਾਸ਼ਤਰ ਦੇ ਵਿਦਵਾਨ ਦੇ ਤੌਰ ਤੇ ਪ੍ਰਸਿੱਧ ਸੀ। ਇਸ ਦੀ ਮੁੱਖ ਰਚਨਾ 'ਅਲ ਰਸੂਲ ਵਲ-ਮੁਲੂਕ' ਨਾਂ ਦੀ ਮਿਸਰ ਦੇ ਇਤਿਹਾਸ ਦੀ ਇਕ ਪੁਸਤਕ ਹੈ ਜਿਹੜੀ ਕਾਗਜ਼ ਦੀਆਂ 30 ਹਜ਼ਾਰ ਤਖ਼ਤੀਆਂ ਤੇ ਲਿਖੀ ਹੋਈ ਹੈ। ਬਜ਼ੁਰਗ ਲੋਕਾਂ ਤੋਂ ਸੁਣੀਆਂ ਅਤੇ ਇਸੇ ਤਰ੍ਹਾਂ ਸੁਣੀਆਂ ਸੁਣਾਈਆਂ ਹੋਰ ਲੋਕ ਕਹਾਣੀਆਂ ਦੇ ਆਧਾਰ ਤੇ ਲਿਖੇ ਇਸ ਇਤਿਹਾਸ ਦੀ ਛਾਣ ਬੀਨ ਕਰ ਸਕਣਾ ਕਿਸੇ ਇਕ ਵਿਅਕਤੀ ਦਾ ਕੰਮ ਨਹੀਂ। ਇਸ ਦੇ ਜੀਵਨ ਕਾਲ ਵਿਚ ਥੋੜ੍ਹੇ ਸਮੇਂ ਬਾਅਦ ਹੀ ਇਸ ਦੀ ਇਸ ਰਚਨਾ ਦਾ ਪਹਿਲਾਂ ਫ਼ਾਰਸੀ ਵਿਚ ਤੇ ਫਿਰ ਹੋਰ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਇਸ ਦੀ ਉਪਰੋਕਤ ਰਚਨਾ ਤੋਂ ਇਲਾਵਾ ਇਸਨੇ ਜਾਮੀ ਅਲ-ਬਯਾਨ ਕੀ 'ਤਫ਼ਸੀਰ ਕੁਰਾਨ' ਦਾ ਇਕ ਟੀਕਾ ਵੀ ਕੀਤਾ ਹੈ ਜਿਸ ਨੂੰ ਸੰਖੇਪ ਵਿਚ 'ਤਫ਼ਸੀਰ' ਕਿਹਾ ਜਾਂਦਾ ਹੈ। ਅੰਤ ਲਗਭਗ 75 ਸਾਲ ਤੱਕ ਸਾਹਿਤ ਸਿਰਜਨਾ ਕਰਦੇ ਹੋਏ 923 ਈ. ਵਿਚ ਇਸ ਦਾ ਬਗ਼ਦਾਦ ਵਿਚ ਦਿਹਾਂਤ ਹੋ ਗਿਆ।

ਹ.ਪੁ.–ਹਿੰ. ਵਿ.ਕੋ. 5 : 308

**ਤਬਰੇਜ਼** : ਈਰਾਨ ਦਾ ਚੌਥਾ ਵੱਡਾ ਸ਼ਹਿਰ ਅਤੇ ਇਸਦੇ ਉੱਤਰ-ਪੱਛਮੀ ਪ੍ਰਾਂਤ ਆਜ਼ਰਬਾਈਜਾਨ ਦੀ ਰਾਜਧਾਨੀ ਹੈ ਜੋ ਰੂਸ ਦੀ ਹੱਦ ਤੋਂ 90 ਕਿ.ਮੀ. ਦੱਖਣ ਅਤੇ ਤੁਰਕੀ ਤੋਂ ਲਗਭਗ 165 ਕਿ.ਮੀ. ਪੂਰਬ ਵੱਲ ਸਮੁੰਦਰ ਸਤਹ ਤੋਂ 1,361 ਮੀ. ਦੀ ਉਚਾਈ ਤੇ ਸਥਿਤ ਹੈ। ਇਥੋਂ ਦਾ ਜਲਵਾਯੂ ਮਹਾਂਦੀਪੀ ਹੈ ਜੋ ਗਰਮੀਆਂ ਵਿਚ ਗਰਮ-ਖੁਸ਼ਕ ਅਤੇ ਸਰਦੀਆਂ ਵਿਚ ਅਤਿ ਦਾ ਸਰਦ ਹੁੰਦਾ ਹੈ। ਸ਼ਹਿਰ ਦੇ ਦੁਆਲੇ ਗਰਮ ਪਾਣੀ ਦੇ ਚਸ਼ਮੇ ਹਨ। ਭੂਚਾਲ-ਖੇਤਰ ਵਿਚ ਵਾਕਿਆ ਹੋਣ ਕਰਕੇ ਇਥੇ ਭੂਚਾਲ ਦੇ ਹਲਕੇ-ਹਲਕੇ ਝਟਕੇ ਤਾਂ ਅਕਸਰ ਲਗਦੇ ਰਹਿੰਦੇ ਹਨ।

ਇਸ ਦੇ ਨਾਂ ਤਬਰੇਜ਼ ਦਾ ਸ਼ਾਬਦਿਕ ਅਰਥ ਤਾਪ ਰਾਈਜ਼ (Tap-riz) ਹੈ ਜੋ ਕਿ ਇਥੇ ਪਾਏ ਜਾਂਦੇ ਗਰਮ ਪਾਣੀ ਦੇ ਚਸ਼ਮਿਆਂ ਤੋਂ ਉੱਡਦੀਆਂ ਗਰਮ ਹਵਾਵਾਂ ਨਾਲ ਗਰਮੀ ਵੱਧ ਜਾਣ ਕਰਕੇ ਪਿਆ ਹੈ।

ਇਹ ਇਕ ਇਤਿਹਾਸਕ ਸ਼ਹਿਰ ਹੈ। ਵੱਖ ਵੱਖ ਸਮਿਆਂ ਤੇ ਈਰਾਨ ਦੇ ਕਈ ਰਾਜ ਘਰਾਣਿਆਂ ਨੇ ਇਸ ਉੱਤੇ ਰਾਜ ਕੀਤਾ ਹੈ। ਬੇਸ਼ਕ ਤੁਰਕੀ ਅਤੇ ਰੂਸ ਨੇ ਵੀ ਇਸ ਉੱਤੇ ਕਈ ਵਾਰੀ ਕਬਜ਼ਾ ਕੀਤਾ ਹੈ ਪਰ ਫਿਰ ਵੀ ਇਹ ਹਮੇਸ਼ਾ ਈਰਾਨ ਦਾ ਹੀ ਮਹੱਤਵਪੂਰਨ ਸ਼ਹਿਰ ਰਿਹਾ ਹੈ। ਵਪਾਰਕ ਰਾਹ ਉੱਤੇ ਸਥਿਤ ਹੋਣ ਕਰਕੇ ਇਹ ਕਾਫ਼ੀ ਤਰੱਕੀ ਕਰਦਾ ਰਿਹਾ ਹੈ। ਇਹ ਸ਼ਹਿਰ 791 ਈ. ਵਿਚ ਮੁੜ ਬਣਾਇਆ ਗਿਆ ਸੀ ਕਿਉਂਕਿ ਇਸ ਤੋਂ ਪਹਿਲਾਂ ਭੂਚਾਲ ਕਾਰਨ ਇਹ ਬਿਲਕੁਲ ਤਬਾਹ ਹੋ ਗਿਆ ਸੀ। ਇਸ ਦੀਆਂ ਇਸੇ ਤਰ੍ਹਾਂ ਦੀਆਂ ਤਬਾਹੀਆਂ 858,1041,1721, ਅਤੇ 1780 ਈ. ਵਿਚ ਵੀ ਹੋਈਆਂ ਸਨ। ਅਠਾਰ੍ਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਬਾਬ ਜੋ ਮੁਸਲਮਾਨਾਂ ਦੇ ਇਕ ਫਿਰਕੇ ਬਹਾਈ ਦਾ ਮੋਢੀ ਸੀ, ਨੂੰ ਉਸ ਦੇ 40,000 ਚੇਲਿਆਂ ਸਮੇਤ ਇਥੇ ਹੀ ਮਾਰ ਦਿੱਤਾ ਗਿਆ ਸੀ। ਸੰਨ 1908 ਵਿਚ ਇਹ ਰਾਸ਼ਟਰੀ ਸਰਗਰਮੀਆਂ ਦਾ ਕੇਂਦਰ ਬਣ ਗਿਆ। ਪਹਿਲੇ ਸੰਸਾਰ ਯੁੱਧ ਸਮੇਂ ਇਸ ਉੱਤੇ ਪਹਿਲਾਂ ਤੁਰਕੀ ਅਤੇ ਫਿਰ ਰੂਸ ਦਾ ਅਧਿਕਾਰ ਹੋ ਗਿਆ। ਸੰਨ 1946 ਵਿਚ ਈਰਾਨੀ ਫ਼ੌਜਾਂ ਨੇ ਇਥੋਂ ਦੇ ਪ੍ਰਸਿੱਧ ਆਜ਼ਰਬਾਈਜਾਨ ਗਣਤੰਤਰ ਦੇ ਮੁੱਖ ਦਫ਼ਤਰ ਨੂੰ ਤਬਾਹ ਕਰ ਦਿੱਤਾ। ਇਸੇ ਤਰ੍ਹਾਂ ਈਰਾਨੀ ਇਨਕਲਾਬ ਸਮੇਂ 1978-79 ਈ. ਵਿਚ ਇਥੋਂ ਦੇ ਸਥਾਨਕ ਲੋਕਾਂ ਅਤੇ ਈਰਾਨੀ ਫ਼ੌਜਾਂ ਵਿਚਕਾਰ ਹੋਏ ਦੰਗੇ ਫ਼ਸਾਦਾਂ ਨਾਲ ਇਸ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ।

ਸੰਨ 1465-66 ਦੀ ਬਣੀ ਬਲਿਊ ਮਸਜਿਦ ਜਾਂ ਮਸਜਿਦ-ਏ-ਕਬੂਦ ਇਥੋਂ ਦੀ ਸਭ ਤੋਂ ਵੱਧ ਮਹੱਤਵਪੂਰਨ ਪੁਰਾਣੀ ਇਮਾਰਤ ਹੈ। ਇਸ ਤੋਂ ਇਲਾਵਾ ਇਥੇ ਕਈ ਹੋਰ ਵੀ ਪੁਰਾਣੀਆਂ ਇਮਾਰਤਾਂ ਹਨ।

ਦੂਜੇ ਸੰਸਾਰ ਯੁੱਧ ਤੋਂ ਬਾਅਦ ਇਸ ਸ਼ਹਿਰ ਦਾ ਤੇਜ਼ੀ ਨਾਲ ਵਿਕਾਸ ਹੋਇਆ ਹੈ। ਆਧੁਨਿਕ ਸ਼ਹਿਰ ਵਿਚ ਰੇਲਵੇ-ਸਟੇਸ਼ਨ ਅਤੇ



ਤਬਰੇਜ਼ ਵਿਖੇ 15ਵੀਂ ਸਦੀ ਦੀ ਖੰਡਰ ਬਣੀ ਬਲਿਊ ਮਸਜਿਦ

ਤਬਰੇਜ਼ ਯੂਨੀਵਰਸਿਟੀ ਦੀਆਂ ਇਮਾਰਤਾਂ ਹਨ। ਇਥੋਂ ਦੇ ਉਦਯੋਗਾਂ ਵਿਚ ਗਲੀਚੇ, ਕੱਪੜਾ, ਸੀਮਿੰਟ, ਜ਼ਰਾਇਤੀ ਮਸ਼ੀਨਰੀ, ਮੋਟਰ ਸਾਈਕਲ ਅਤੇ ਹੋਰ ਘਰੇਲੂ ਔਜ਼ਾਰ ਆਦਿ ਬਣਾਏ ਜਾਂਦੇ ਹਨ। ਸ਼ਹਿਰ ਰੇਲ ਦੁਆਰਾ ਤਹਿਰਾਨ ਅਤੇ ਰੂਸ ਨਾਲ ਜੁੜਿਆ ਹੋਇਆ ਹੈ ਤੇ ਇਥੇ ਇਕ ਹਵਾਈ ਅੱਡਾ ਵੀ ਹੈ।

ਆਬਾਦੀ—9,71,482 (1986)

38° 5′ ਉ. ਵਿਥ. ; 46° 18′ ਪੂ. ਲੰਬ.

ਹ.ਪੁ.—ਹਿੰ. ਵਿ. ਕੋ. 5 : 309; ਐਨ. ਬ੍ਰਿ. ਮਾ. 11 : 484

**ਤਬਲਾ** : ਤਬਲੇ ਦੀ ਉਤਪਤੀ ਫ਼ਾਰਸੀ ਸ਼ਬਦ 'ਤਬਲ' ਤੋਂ ਹੋਈ ਹੈ ਜਿਸ ਦਾ ਅਰਥ 'ਨਗਾਰਾ' ਹੈ। ਸੰਗੀਤ ਵਿਚ ਤਾਲ ਸ਼ਬਦ ਬਹੁਤ ਪ੍ਰਾਚੀਨ ਹੈ। ਕੁਝ ਲੋਕ ਇਸ ਦੀ ਉਤਪਤੀ ਪਾਰਬਤੀ ਜੀ ਅਤੇ ਸ਼ੰਕਰ ਜੀ ਤੋਂ ਮੰਨਦੇ ਹਨ। ਤਾਲ ਵਜਾਉਣ ਲਈ ਪ੍ਰਾਚੀਨ ਕਾਲ ਵਿਚ ਤਬਲੇ ਦੀ ਕਾਢ ਨਹੀਂ ਕੱਢੀ ਗਈ ਸੀ। ਕਿਹਾ ਜਾਂਦਾ ਹੈ ਕਿ ਜਿਸ ਸਮੇਂ ਵ੍ਰਿਤਾਸੁਰ ਰਾਖਸ਼ ਨੂੰ ਸ਼ੰਕਰ ਭਗਵਾਨ ਨੇ ਮਾਰਿਆ ਸੀ, ਉਸ ਸਮੇਂ ਖੁਸ਼ੀ ਮਨਾਉਣ ਲਈ ਸ੍ਰੀ ਗਣੇਸ਼ ਜੀ ਨੇ ਧਰਤੀ ਤੇ ਟੋਇਆ ਪੁੱਟ ਕੇ ਉਸ ਉਤੇ ਵ੍ਰਿਤਾਸੁਰ ਰਾਖਸ਼ ਦੀ ਖੱਲ ਮੜ੍ਹਕੇ ਉਸ ਨੂੰ ਵਜਾਇਆ ਸੀ। ਇਸ ਤੋਂ ਤਾਲ ਵਾਲਿਆਂ ਦੀ ਉਤਪਤੀ ਦਾ ਅਨੁਮਾਨ ਲਾਇਆ ਜਾਂਦਾ ਹੈ।



ਤਬਲਾ

ਕਿਹਾ ਜਾਂਦਾ ਹੈ ਕਿ ਅਮੀਰ ਖੁਸਰੋ ਨੇ ਤਬਲੇ ਨੂੰ ਉਸ ਦੀ ਵਰਤਮਾਨ ਸ਼ਕਲ ਦਾ ਰੂਪ ਦਿਤਾ ਸੀ। ਤਬਲੇ ਦੇ ਖੇਤਰ ਵਿਚ ਦੂਜਾ ਸਥਾਨ ਦਿੱਲੀ ਦੇ ਉਸਤਾਦ ਸੁਧਾਰ ਖ਼ਾਂ ਦਾ ਆਉਂਦਾ ਹੈ। ਉਸ ਨੇ ਤਬਲਾ-ਵਾਦਨ ਵਿਚ ਕਈ ਮਹੱਤਵਪੂਰਨ ਸੁਧਾਰ ਕੀਤੇ।

ਤਬਲੇ ਦੇ ਦੋ ਰੂਪ ਹੁੰਦੇ ਹਨ—ਪਹਿਲਾ ਸੱਜਾ ਤਬਲਾ ਜੋ ਟਾਹਲੀ, ਨਿੰਮ, ਚੰਦਨ ਅਤੇ ਸਾਗਵਾਨ ਆਦਿ ਲੱਕੜੀ ਦਾ ਖੋਖਲਾ ਹੁੰਦਾ ਹੈ ਅਤੇ ਜਿਸ ਉਤੇ ਖੱਲ ਮੜ੍ਹੀ ਹੁੰਦੀ ਹੈ ਅਤੇ ਦੂਜਾ ਖੱਬਾ ਤਬਲਾ ਜਾਂ ਡੁੱਗੀ ਜੋ ਮਿੱਟੀ ਜਾਂ ਕਿਸੇ ਧਾਤ ਦੀ ਬਣੀ ਹੁੰਦੀ ਹੈ। ਇਸ ਉਤੇ ਵੀ ਖੱਲ ਮੜ੍ਹੀ ਹੁੰਦੀ ਹੈ।

ਸੱਜੇ ਤਬਲੇ ਦੇ ਹੇਠ ਲਿਖੇ ਕੁਝ ਭਿੰਨ-ਭਿੰਨ ਅੰਗ ਹਨ—

**ਪੁੜੀ** — ਜਿਸ ਖੱਲ ਨਾਲ ਤਬਲੇ ਨੂੰ ਮੜ੍ਹਿਆ ਜਾਂਦਾ ਹੈ ਉਸ ਨੂੰ ਪੁੜੀ ਜਾਂ ਪੁੜਾ ਕਿਹਾ ਜਾਂਦਾ ਹੈ। ਪੁੜਾ ਆਮ ਤੌਰ ਤੇ ਬੱਕਰੇ ਦੀ ਖੱਲ ਦਾ ਬਣਿਆ ਹੁੰਦਾ ਹੈ। ਇਸ ਨੂੰ ਬੱਧਰੀ ਜਾਂ ਰੱਸੀ ਨਾਲ ਤਬਲੇ ਉਤੇ ਕੱਸਦੇ ਹਨ।

**ਸਿਆਹੀ** — ਪੁੜੇ ਦੇ ਵਿਚਕਾਰ ਕਾਲਾ ਮਸਾਲਾ ਜਮਾਇਆ ਹੁੰਦਾ ਹੈ ਜਿਸ ਨੂੰ ਸਿਆਹੀ ਕਿਹਾ ਜਾਂਦਾ ਹੈ। ਇਹ ਮਸਾਲਾ ਪੁੜੇ ਵਿਚਕਾਰ ਗੋਲ ਟਿੱਕੀ ਵਾਂਗ ਜਮਾਇਆ ਜਾਂਦਾ ਹੈ।

**ਚਾਂਟੀ** — ਪੁੜੇ ਤੇ ਚਾਰੇ ਪਾਸੇ ਕਿਨਾਰੇ ਉਤੇ ਇਕ ਦੂਹਰੀ ਪੌ ਹੁੰਦੀ ਹੈ ਜਿਸ ਨੂੰ ਚਾਂਟੀ ਕਹਿੰਦੇ ਹੈ। ਚਾਂਟੀ ਉਪਰ ਉਂਗਲੀ ਦੀ ¡ ਨਾਲ ਤਬਲੇ ਦੇ ਬੋਲ ਨਿਕਲਦੇ ਹਨ।

**ਗਜਰਾ** — ਪੁੜੇ ਦੇ ਚਾਰ ਚੁਫੇਰੇ ਚਮੜੇ ਦਾ ਗਜਰਾ ਹੁੰਦਾ ਹੈ। ਿ ਗਜਰੇ ਵਿਚ ਬਰਾਬਰ-ਬਰਾਬਰ ਛੇਕ ਹੁੰਦੇ ਹਨ। ਇਨ੍ਹਾਂ ਛੇਕਾਂ ਵਿਚੋਂ ਬੱਧਰੀ ਜਾਂ ਰੱਸੀ ਨੂੰ ਲੰਘਾ ਕੇ ਬੰਨ੍ਹਿਆ ਜਾਂਦਾ ਹੈ ਅਤੇ ਗਜਰੇ ਉਤੇ ਲਾ ਕੇ ਤਬਲੇ ਨੂੰ ਕੱਸਿਆ ਜਾਂ ਉਤਾਰਿਆ ਜਾਂਦਾ ਹੈ।

**ਬੱਧਰੀ ਜਾਂ ਰੱਸੀ** — ਪੁੜੇ ਨੂੰ ਤਬਲੇ ਉਤੇ ਕਸਣ ਲਈ ਚਮੜੇ ਦੀ ਡੋਰ ਵਰਤੀ ਜਾਂਦੀ ਹੈ, ਉਸ ਨੂੰ ਬੱਧਰੀ ਕਿਹਾ ਜਾਂਦਾ

**ਮੁੰਡਰੀ** — ਤਬਲੇ ਦੇ ਹੇਠਾਂ ਚਮੜੇ ਜਾਂ ਪਤਲੀ ਰੱਸੀ ਦੀ ਿ ਮੀਢੀ ਹੁੰਦੀ ਹੈ ਜਿਸ ਨੂੰ ਮੁੰਡਰੀ ਜਾਂ ਕੁੰਡਲੀ ਕਿਹਾ ਜਾਂਦਾ ਹੈ। ਰੱਸੀ ਕੁੰਡਲੀ ਵਿਚੋਂ ਲੰਘਾ ਕੇ ਕੱਸਿਆ ਜਾਂਦਾ ਹੈ। ਖੱਬੇ ਤਬਲੇ ਜਾਂ ਡੁੱਗੀ ਵੀ ਦੋ ਇਹੋ ਅੰਗ ਹੁੰਦੇ ਹਨ। ਡੁੱਗੀ ਮਿੱਟੀ ਜਾਂ ਕਿਸੇ ਧਾਤੂ ਦੀ ਬ ਹੁੰਦੀ ਹੈ ਅਤੇ ਇਸ ਦਾ ਘੇਰਾ ਤਬਲੇ ਤੋਂ ਵੱਧ ਹੁੰਦਾ ਹੈ। ਇਸ ਿ ਲੱਕੜੀ ਦੇ ਗੱਟੇ ਨਹੀਂ ਹੁੰਦੇ।

ਸੱਜੇ ਤਬਲੇ ਨੂੰ ਆਮ ਤੌਰ ਤੇ ਸ਼ੜਜ ਜਾਂ ਪੰਚਮ ਸੁਰ ਨ ਮਿਲਾਇਆ ਜਾਂਦਾ ਹੈ। ਤਬਲੇ ਦੇ ਸੁਰ ਨੂੰ ਚੜ੍ਹਾਉਣ ਜਾਂ ਉਤਾ ਲਈ ਹਥੌੜੀ ਦੀ ਵਰਤੋਂ ਕੀਤੀ ਜਾਂਦੀ ਹੈ।

ਤਬਲੇ ਦੇ ਮੁੱਖ ਤਿੰਨ ਘਰਾਣੇ ਪ੍ਰਚੱਲਤ ਹਨ—ਦਿੱਲੀ ਘਰਾਣਾ, ਪੂਰਬ ਦਾ ਘਰਾਣਾ ਅਤੇ ਪੰਜਾਬ ਦਾ ਘਰਾਣਾ। ਇ ਤਿੰਨਾਂ ਘਰਾਣਿਆਂ ਤੋਂ ਬਿਨਾਂ ਹੋਰ ਘਰਾਣੇ ਵੀ ਪ੍ਰਚੱਲਤ ਹਨ, ਿ ਦਿੱਲੀ ਘਰਾਣੇ ਦੀ ਇਕ ਸ਼ਾਖ ਅਜਰਾੜਾ ਘਰਾਣੇ ਦੇ ਨਾਂ ਨ ਪ੍ਰਸਿੱਧ ਹੈ ਅਤੇ ਪੂਰਬ ਦੇ ਘਰਾਣੇ ਵਿਚੋਂ ਤਿੰਨ ਅੱਡ-ਅੱਡ ਘਰਾਣੇ ਹਨ—ਲਖਨਊ ਦਾ ਘਰਾਣਾ, ਬਨਾਰਸ ਦਾ ਘਰਾਣਾ ਅਤੇ ਫ਼ਰੁਖ਼ਾ ਦਾ ਘਰਾਣਾ। ਇਨ੍ਹਾਂ ਘਰਾਣਿਆਂ ਦੀ ਤਬਲਾ ਵਜਾਉਣ ਦੀ ਸ਼ੈਲ ਬਾਜ ਜਾਂ ਬਜੋਰੀ ਕਹਿੰਦੇ ਹਨ।

ਵਿਦਵਾਨਾਂ ਨੇ ਤਬਲੇ ਦਾ ਅਭਿਆਸ ਕਰਨ ਸਮੇਂ ਆਸਣ ਵਿਚ ਬੈਠਣਾ ਉਚਿੱਤ ਮੰਨਿਆ ਹੈ। ਸੱਜੇ ਪੈਰ ਨੂੰ ਪਿੱਛੇ ਮੋੜ ਕੇ ਅਤੇ ਖੱਬੇ ਪਾਸੇ ਕਰਕੇ ਖੱਬੇ ਪਾਸੇ ਖੱਬਾ ਤਬਲਾ ਅਤੇ ਸੱਜੇ ਸੱਜਾ ਤਬਲਾ ਰੱਖਣਾ ਚਾਹੀਦਾ ਹੈ।

ਤਬਲੇ ਦੇ ਦੱਸ ਵਰਣ ਜਾਂ ਬੋਲ ਹੁੰਦੇ ਹਨ ਜੋ ਧਾ, ਧਿਨ, ਨਾ, ਕ, ਧੀ, ਤਾ ਕਿਨ, ਕਤ ਕਹਾਉਂਦੇ ਹਨ। ਹੁਣ ਸੱਜੇ ਅਤੇ ਹੱਥਾਂ ਦੇ ਬੋਲਾਂ ਨੂੰ ਅੱਡ-ਅੱਡ ਲਿਖਿਆ ਜਾਂਦਾ ਹੈ।

ਹ.ਪੁ.—ਸੰਗੀਤ ਸ਼ਾਸਤਰ ਦਰਪਣ-ਸ਼ਾਂਤੀ ਗੋਵਰਧਨ।

**ਤਬਾਸੀਰ (Bamboo Sugar)** : ਇਸ ਦੀ ਵਰਤੋਂ ਪ੍ਰਕਾਰ ਦੀਆਂ ਦਵਾਈਆਂ, ਵਿਚ ਆਮ ਕੀਤੀ ਜਾਂਦੀ ਹੈ। ਇਸ ਤਾਸੀਰ ਸਰਦ ਖੁਸ਼ਕ ਹੈ। ਇਸ ਦਾ ਸੇਵਨ ਦਿਲ ਅਤੇ ਦਿਮਾਗ਼ ਤਾਕਤ ਦਿੰਦਾ ਹੈ। ਜਿਗਰ ਦੇ ਰੋਗੀਆਂ ਨੂੰ ਵੀ ਠੀਕ ਕਰਨ ਇਹ ਕਾਫ਼ੀ ਲਾਹੇਵੰਦ ਰਹਿੰਦਾ ਹੈ। ਇਸ ਦੀ ਵਰਤੋਂ ਪਿੱਤ ਤੋਂ ਵਾਲੀ ਕਯ ਅਤੇ ਖ਼ੂਨੀ ਦਸਤਾਂ ਨੂੰ ਬੰਦ ਕਰਨ ਲਈ ਵੀ ਸ ਹੁੰਦੀ ਹੈ। ਇਸ ਦੀ ਵਰਤੋਂ ਨਾਲ ਗਰਮੀ ਦੇ ਤਾਪ ਅਤੇ ਮੂੰ ਛਾਲਿਆਂ ਤੋਂ ਆਰਾਮ ਮਿਲਦਾ ਹੈ। ਰੋਗੀ ਦੀ ਪਿਆਸ ਬੁਝਾਉਣ ਵੀ ਇਸ ਦਾ ਉਪਯੋਗ ਕੀਤਾ ਜਾਂਦਾ ਹੈ।

ਹ.ਪੁ.—ਮ. ਕੋ. 431, 526

**ਤੰਬਾਕੂ** : ਵੇਖੋ, ਤਮਾਖੂ

**ਤਬਿਲਾਸੀ** : ਰੂਸ ਵਿਚ ਜਾਰਜੀਆ ਗਣਰਾਜ ਦਾ ਰਾਜਧਾਨੀ ਸ਼ਹਿਰ ਅਤੇ ਸਭਿਆਚਾਰ ਕੇਂਦਰ ਹੈ ਜਿਹੜਾ ਕੁਰਾ ਦਰਿਆ ਦੇ ਦੱਖਣ-ਪੂਰਬੀ ਹਿੱਸੇ ਵਿਚ, ਦਰਿਆ ਦੇ ਦੋਵੇਂ ਪਾਸੇ ਗ੍ਰੇਟਰ ਕਾਕੇਸ਼ੀਆ ਦੀ ਪਰਬਤ ਲੜੀ ਦੇ ਪਾਰ, ਜਾਰਜੀਅਨ ਮਿਲਟਰੀ ਸ਼ਾਹ-ਰਾਹ ਦੇ ਦੱਖਣੀ ਸਿਰੇ ਤੇ ਵਾਕਿਆ ਹੈ। ਇਹ ਕਈ ਰੇਲ ਮਾਰਗਾਂ ਅਤੇ ਸ਼ਾਹ ਰਾਹਾਂ ਦਾ ਜੰਕਸ਼ਨ ਵੀ ਹੈ। ਪਹਿਲਾਂ ਇਸ ਨੂੰ ਤਿਫਲਸ ਦੇ ਨਾਂ ਨਾਲ ਜਾਣਿਆ ਜਾਂਦਾ ਸੀ।



ਜਾਰਜੀਆ ਨੂੰ ਨਿਜਾਤ ਦਿਵਾਉਣ ਵਾਲੇ ਵੇਖਟਿੰਗ ਜਾਰਜਸਲਾਣੀ ਦਾ ਤਬਿਲਾਸੀ ਸ਼ਹਿਰ ਵਿਚ ਲੱਗਿਆ ਵੱਡਾ ਬੁੱਤ

ਇਸ ਸ਼ਹਿਰ ਦੀ ਸਥਾਪਨਾ 458 ਈ. ਵਿਚ ਕੀਤੀ ਗਈ ਸੀ ਜਦੋਂ ਜਾਰਜੀਅਨ ਰਾਜ ਦੀ ਰਾਜਧਾਨੀ ਨੂੰ ਮਤਸਖੇਤਾ ਤੋਂ ਬਦਲ ਕੇ ਇਥੇ ਲਿਆਂਦਾ ਗਿਆ। ਇਸ ਸ਼ਹਿਰ ਦੀ ਕਈ ਵਾਰ ਲੁੱਟ-ਖਸੁੱਟ ਹੋਈ ਅਤੇ ਇਸ ਉੱਤੇ ਕਈ ਹਕੂਮਤਾਂ ਨੇ ਰਾਜ ਕੀਤਾ। 6ਵੀਂ ਸਦੀ ਵਿਚ ਫਾਰਸੀਆਂ ਅਤੇ 7ਵੀਂ ਸਦੀ ਦੌਰਾਨ ਬਿਜ਼ੰਤਨੀਆਂ ਨੇ ਇਥੇ ਕਾਫ਼ੀ ਲੁੱਟ-ਮਾਰ ਕੀਤੀ। ਸੰਨ 1122 ਵਿਚ ਜਾਰਜੀਆ ਦੇ ਨਿਰਮਾਤਾ, ਡੇਵਿਡ ਦੂਜੇ ਨੇ ਇਸ ਉੱਤੇ ਕਬਜ਼ਾ ਕਰ ਕੇ ਇਸਨੂੰ ਮੁੜ ਰਾਜਧਾਨੀ ਬਣਾ ਦਿੱਤਾ। ਸੰਨ 1234 ਵਿਚ ਇਸ ਉੱਤੇ ਫਿਰ ਮੰਗੋਲ ਹਾਵੀ ਹੋ ਗਏ ਅਤੇ 1386 ਈ. ਵਿਚ ਇਸ ਉੱਤੇ ਤੈਮੂਰ ਨੇ ਕਬਜ਼ਾ ਕਰ ਲਿਆ। ਤੁਰਕਾਂ ਨੇ ਵੀ ਕਈ ਵਾਰੀ ਇਸ ਉੱਤੇ ਹਮਲੇ ਕਰਕੇ ਸ਼ਹਿਰ ਦੀ ਤਬਾਹੀ ਕੀਤੀ। ਸੰਨ 1795 ਵਿਚ ਫਾਰਸੀਆਂ ਨੇ ਤਾਂ ਇਸ ਨੂੰ ਤਹਿਸ਼ ਨਹਿਸ਼ ਕਰ ਦਿੱਤਾ। ਸੈਂਕੜੇ ਸਾਲਾਂ ਤਕ ਲੁੱਟ-ਖਸੁੱਟ ਦੀ ਮਾਰ ਸਹਿਣ ਉਪਰੰਤ, ਆਖ਼ਰਕਾਰ 1801 ਈ. ਵਿਚ ਇਥੇ ਰੂਸ ਦਾ ਕਬਜ਼ਾ ਹੋਇਆ ਅਤੇ ਇਸ ਨੇ ਇਸ ਦੀ ਸੰਚਾਰ ਵਿਵਸਥਾ ਵਿਚ ਸੁਧਾਰ ਕਰਨ ਲਈ ਵਲੈਦਾਕੈਫਕੈਜ਼ (Vladikavkaz) ਤੋਂ ਤਬਿਲਾਸੀ ਤੱਕ ਜਾਰਜੀਅਨ ਮਿਲਟਰੀ ਸ਼ਾਹ ਰਾਹ ਬਣਾਇਆ। ਸੰਨ 1872 ਵਿਚ ਸੰਚਾਰ ਵਿਵਸਥਾ ਨੂੰ ਹੋਰ ਵਿਕਸਿਤ ਕਰਨ ਲਈ ਇਥੋਂ ਕਾਲਾ ਸਾਗਰ ਦੇ ਤੱਟੀ ਸ਼ਹਿਰ ਪੱਤੀ (Poti) ਤੱਕ ਰੇਲ ਮਾਰਗ ਬਣਾਇਆ। ਇਸ ਤੋਂ ਇਲਾਵਾ 1883 ਈ. ਵਿਚ ਇਹ ਰੇਲ ਮਾਰਗ ਕੈਸਪੀਅਨ ਸਾਗਰ ਉੱਤੇ ਸਥਿਤ ਬਾਕੂ ਸ਼ਹਿਰ ਤੱਕ ਬਣਾ ਦਿੱਤਾ ਗਿਆ। ਸੰਨ 1921 ਵਿਚ ਇਸ ਨੂੰ ਜਾਰਜੀਆ ਗਣਰਾਜ ਦੀ ਰਾਜਧਾਨੀ ਦਾ ਦਰਜਾ ਹਾਸਲ ਹੋਇਆ।

ਆਧੁਨਿਕ ਤਬਿਲਾਸੀ ਇਕ ਆਕਰਸ਼ਕ ਸ਼ਹਿਰ ਹੈ। ਕੁਰਾ ਦਰਿਆ ਦੇ ਸੱਜੇ ਕੰਢੇ ਦੇ ਨਾਲ ਨਾਲ ਇਕ ਚੌੜੀ ਛਾਂ-ਦਾਰ ਜਰਨੈਲੀ ਸੜਕ ਬਣੀ ਹੋਈ ਹੈ। ਦਰਿਆ ਦਾ ਕੁਝ ਹਿੱਸਾ ਇਕ ਖੜੀ ਢਾਲ ਵਾਲੀ ਗਹਿਰੀ ਘਾਟੀ (ਗਾੱਰਜ) ਵਿਚੋਂ ਦੀ ਲੰਘਦਾ ਹੈ ਪਰ ਸ਼ਹਿਰ ਵਿਚ ਬਣੇ ਹਾਈਡ੍ਰੋਇਲੈਕਟ੍ਰਿਕ ਪਲਾਂਟ ਕਾਰਨ ਇਸ ਦਰਿਆ ਨੂੰ ਕਾਫ਼ੀ ਚੌੜਾ ਕੀਤਾ ਗਿਆ ਹੈ। ਦਰਿਆ ਦੇ ਨੇੜੇ ਹੀ ਭੀੜੀਆਂ ਗਲੀਆਂ ਅਤੇ ਤੰਗ ਸੜਕਾਂ ਵਾਲਾ ਪੁਰਾਣਾ ਸ਼ਹਿਰ ਹੈ। ਇਥੇ ਪੁਰਾਣੇ ਕਿਲੇ ਦੇ ਖੰਡਰਾਤ ਅਤੇ ਰਿੱਜ ਉਪਰ ਬਣੇ ਜਾਰਜੀਆ ਦੇ ਇਕ ਵਿਸ਼ਾਲ ਅਤੇ ਪ੍ਰਤੀਕਾਤਮਕ ਆਕਾਰ ਤੋਂ ਸ਼ਹਿਰ ਦੀ ਪ੍ਰਾਚੀਨਤਾ ਦੀ ਯਾਦ ਤਾਜ਼ਾ ਹੁੰਦੀ ਹੈ। ਇਨ੍ਹਾਂ ਤੋਂ ਬਿਨਾਂ ਇਥੇ 5ਵੀਂ ਸਦੀ ਦਾ ਬਣਿਆ ਜ਼ਿਓਨੀ ਕੈਥੀਡ੍ਰਲ ਹੈ ਜਿਹੜਾ ਸ਼ਹਿਰ ਦੇ ਵਾਰ ਵਾਰ ਤਬਾਹ ਹੋਣ ਦੇ ਉਸਾਰੇ ਜਾਣ ਦੀ ਗਵਾਹੀ ਭਰਦਾ ਹੈ। ਜਾਰਜੀਆ ਬੰਸ ਦਾ ਮੈਤੈਖੀ ਮਹਿਲ ਅਤੇ 6ਵੀਂ ਸਦੀ ਦਾ ਐਂਚੀਖਾਤੀ (Anchikhati) ਗਿਰਜਾ ਇਥੋਂ ਦੀਆਂ ਯਾਦਗਾਰਾਂ ਹਨ। ਮਾਉਂਟ ਮਤਾਤਸਮਿੰਦਾ (Mt. Mtatsminda) ਦੇ ਹੇਠਲੇ ਪਾਸੇ ਸ਼ਹਿਰ ਦੇ ਨਵੇਂ ਹਿੱਸੇ ਆਬਾਦ ਹਨ ਅਤੇ ਇਥੇ ਲੋਹੇ ਦੇ ਰੱਸੇ ਉੱਤੇ ਚਲਣ ਵਾਲੀ ਰੇਲ ਲਾਈਨ ਰਾਹੀਂ ਪੁੱਜਿਆ ਜਾ ਸਕਦਾ ਹੈ। ਸ਼ਹਿਰ ਦੇ ਉੱਤਰੀ ਪਾਸੇ ਵੱਲ ਇਕ ਵੱਡਾ ਜਲ-ਭੰਡਾਰ ਹੈ ਜਿਸ ਵਿਚ ਸਿੰਜਾਈ ਵਾਲੀਆਂ ਨਹਿਰਾਂ ਦਾ ਪਾਣੀ ਆ ਕੇ ਇਕੱਠਾ ਹੁੰਦਾ ਹੈ।

ਅਜੋਕਾ ਤਬਿਲਾਸੀ ਸਭਿਆਚਾਰ ਅਤੇ ਵਿੱਦਿਆ ਦਾ ਇਕ ਪ੍ਰਮੁੱਖ ਕੇਂਦਰ ਹੈ। ਇਥੇ ਜਾਰਜੀਆ ਗਣਰਾਜ ਦੀ ਵਿਗਿਆਨਕ ਅਕਾਦਮੀ, ਇਕ ਯੂਨੀਵਰਸਿਟੀ, 10 ਹੋਰ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਅਤੇ ਲਗਭਗ ਇਕ ਸੌ ਤੋਂ ਵੀ ਵੱਧ ਖੋਜ ਸੰਸਥਾਵਾਂ ਸਥਾਪਿਤ ਹਨ। ਉਦਯੋਗਿਕ ਖੇਤਰ ਵਿਚ ਇਹ ਸ਼ਹਿਰ ਰੂਸ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਇਕ ਹੈ। ਇਥੇ ਮਸ਼ੀਨਾਂ ਦੇ ਪੁਰਜ਼ੇ, ਖੇਤੀਬਾੜੀ ਦੀਆਂ ਮਸ਼ੀਨਾਂ, ਬਿਜਲੀ ਦਾ ਸਾਮਾਨ ਤਿਆਰ ਕਰਨ ਅਤੇ ਰੇਲ ਇੰਜਣਾਂ ਦੀ ਮੁਰੰਮਤ ਆਦਿ ਦੇ ਉਦਯੋਗ ਪ੍ਰਫੁੱਲਤ ਹਨ। ਇਸ ਤੋਂ ਇਲਾਵਾ ਇਥੇ ਚਮੜੇ ਦਾ ਸਾਮਾਨ, ਜੁੱਤੀਆਂ, ਫਰਨੀਚਰ, ਬੀਅਰ ਅਤੇ ਕਈ ਤਰ੍ਹਾਂ ਦੀ ਸ਼ਰਾਬ ਬਣਾਉਣ ਦੇ ਉਦਯੋਗ ਵੀ ਵਿਕਸਿਤ ਹਨ। ਸੰਨ 1966 ਵਿਚ ਇਥੇ ਜ਼ਮੀਨਦੋਜ਼ ਰੇਲਵੇ ਚਾਲੂ ਕੀਤੀ ਗਈ ਸੀ।

ਆਬਾਦੀ—1,260,000 (1989)

41° 42′ ਉ. ਵਿਥ.; 44° 46′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 592 ; ਐਨ. ਅਮੇ. 26 : 336

**ਤੰਬੂ ਸਾਹਿਬ** : ਇਹ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਇਕ ਇਤਿਹਾਸਕ ਗੁਰਦਵਾਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸੱਚਾ ਸੌਦਾ ਕਰਨ ਉਪਰੰਤ ਜਿਸ ਵਣ ਅਰਥਾਤ ਬ੍ਰਿਛ ਹੇਠ ਆ ਕੇ ਵਿਰਾਜੇ ਸਨ, ਇਹ ਗੁਰਦਵਾਰਾ ਉਸ ਸਥਾਨ ਤੇ ਬਣਿਆ ਹੋਇਆ ਹੈ।

ਪੰਜਾਬ (ਭਾਰਤ) ਦੇ ਜ਼ਿਲ੍ਹਾ ਮੁਕਤਸਰ ਦੇ ਤਾਲ ਦੇ ਕਿਨਾਰੇ ਉੱਤੇ ਵੀ ਇੱਕ ਗੁਰਦਵਾਰਾ ਤੰਬੂ ਸਾਹਿਬ ਹੈ। ਸੰਨ 1705 ਈ. (ਸੰਮਤ 1762 ਬਿ.) ਵਿਚ ਮੁਗ਼ਲ ਫ਼ੌਜਾਂ ਵਿਰੁੱਧ ਲੜਾਈ ਕਰਦੇ ਸਮੇਂ ਇਸ ਸਥਾਨ ਤੇ, ਖਿਦਰਾਣੇ ਦੀ ਢਾਬ ਉੱਤੇ ਸਿੱਖਾਂ ਦਾ ਇਕ ਕੈਂਪ ਸੀ। ਇਥੇ ਖਾਲਸੇ ਨੇ ਝਾੜੀਆਂ ਉੱਤੇ ਕੱਪੜੇ ਪਾ ਕੇ, ਦੁਸ਼ਮਣ ਨੂੰ ਬਹੁਤ ਸਾਰੇ ਤੰਬੂ ਦਿਖਾ ਕੇ, ਇਹ ਯਕੀਨ ਦਿਵਾਇਆ ਸੀ ਕਿ ਉਥੇ ਬੇਅੰਤ ਫ਼ੌਜ ਉਤਰੀ ਹੋਈ ਸੀ।

ਗੁਰਦੁਆਰੇ ਦੀ ਤਸਵੀਰ ਅਗਲੇ ਪੰਨੇ ਤੇ ਹੈ।

ਹ.ਪੁ.—ਮ. ਕੋ.

**ਤਮਸਰ** : ਇਹ ਭਾਰਤ ਦੇ ਮਹਾਰਾਸ਼ਟਰ ਰਾਜ ਦੇ ਭੰਡਾਰਾ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਕਲਕੱਤਾ- ਨਾਗਪੁਰ ਰੇਲ ਰਾਹ ਉੱਤੇ



ਤੰਬੂ ਸਾਹਿਬ

ਭੰਡਾਰਾ ਤੋਂ ਲਗਭਗ 40 ਕਿ. ਮੀ. ਅਤੇ ਬੰਬਈ ਤੋਂ ਲਗਭਗ 856 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਸੰਨ 1867 ਤੋਂ ਇਥੇ ਮਿਉਂਸਪਲਟੀ ਬਣੀ ਹੋਈ ਹੈ। ਇਹ ਇਕ ਵਪਾਰਕ ਸ਼ਹਿਰ ਹੈ ਜਿਥੇ ਉੱਤਰੀ ਜ਼ਿਲ੍ਹੇ ਸਿਵਨੀ ਅਤੇ ਬਾਲਾਘਾਟ ਖੇਤਰ ਤੋਂ ਜ਼ਰਾਇਤੀ ਉਪਜਾਂ ਆਉਂਦੀਆਂ ਹਨ। ਇਥੇ ਅਨਾਜ ਦੀ ਬੜੀ ਭਾਰੀ ਹਫ਼ਤਾਵਾਰ ਮੰਡੀ ਲਗਦੀ ਹੈ। ਇਸ ਦੇ ਦੁਆਲੇ ਦਾ ਖੇਤਰ ਝੋਨੇ ਦੀ ਫ਼ਸਲ ਲਈ ਬਹੁਤ ਮਸ਼ਹੂਰ ਹੈ। ਉਦਯੋਗਿਕ ਪੱਖ ਤੋਂ ਇਹ ਸ਼ਹਿਰ ਕੱਪੜੇ ਦੀ ਬੁਣਾਈ ਲਈ ਬਹੁਤ ਪ੍ਰਸਿੱਧ ਹੈ। ਖਾਸ ਕਰਕੇ ਲਾਲ ਕਿਨਾਰੀ ਵਾਲੇ ਪਰਨਿਆ (ਗਮਛਿਆਂ) ਲਈ। ਇਥੇ ਬੈਲ ਗੱਡੀਆਂ ਦੇ ਪਹੀਏ ਬਣਾਏ ਜਾਂਦੇ ਹਨ ਜੋ ਨਾਗਪੁਰ ਆਦਿ ਸ਼ਹਿਰਾਂ ਨੂੰ ਭੇਜੇ ਜਾਂਦੇ ਹਨ। ਇਥੇ ਕਈ ਸਕੂਲ ਅਤੇ ਹਸਪਤਾਲ ਵੀ ਹਨ।

ਆਬਾਦੀ- 38, 519 (1991)

21° 23′ ਉ. ਵਿਥ.; 79°46′ ਪੂ. ਲੰਬ.

ਹ.ਪੁ.—ਹਿ. ਵਿ. ਕੋ. 5 : 309

**ਤਮਸਾ** : ਭਾਰਤ ਦੇ ਤਿੰਨ ਦਰਿਆਵਾਂ ਨੂੰ ਤਮਸਾ ਕਿਹਾ ਜਾਂਦਾ ਹੈ। ਦੋ ਤਮਸਾ ਦਰਿਆ ਉੱਤਰ ਪ੍ਰਦੇਸ਼ ਦੇ ਦਰਿਆ ਹਨ ਜਿਹੜੇ ਹਿਮਾਲਾ ਪਹਾੜਾਂ ਵਿੱਚੋਂ ਨਿਕਲਦੇ ਹਨ। ਤੀਜੀ ਤਮਸਾ ਕੇਂਦਰੀ ਭਾਰਤ ਵਿਚ ਕੈਮੂਰ ਪਹਾੜਾਂ ਵਿਚੋਂ ਨਿਕਲਦਾ ਹੈ। ਗੋਗਰਾ ਅਤੇ ਗੋਮਤੀ ਵਿਚਾਲੇ ਵਗਣ ਵਾਲੀ ਤਮਸਾ ਨੂੰ ਟੌਂਸ ਜਾਂ ਛੋਟੀ ਸਰਯੂ ਵੀ ਆਖਦੇ ਹਨ। ਇਹ ਦੱਖਣ- ਪੂਰਬ ਦੀ ਦਿਸ਼ਾ ਵਿਚ ਵਗਦੀ ਹੋਈ ਉੱਤਰ ਪ੍ਰਦੇਸ਼ ਦੇ ਬਲੀਆ ਸ਼ਹਿਰ ਨੇੜੇ ਗੰਗਾ ਵਿਚ ਮਿਲ ਜਾਂਦੀ ਹੈ।

ਦੂਜੀ ਤਮਸਾ ਜਮਨਾ ਦੇ ਸ੍ਰੋਤ ਦੇ ਨੇੜਿਉਂ ਨਿਕਲ ਕੇ ਧਾਰਾ ਦੇ ਰੂਪ ਵਿਚ ਵਗਦੀ ਹੋਈ ਪੱਛਮ ਦੀ ਦਿਸ਼ਾ ਵਿਚ 160 ਕਿ. ਮੀ. ਦਾ ਪੈਂਡਾ ਤੈਅ ਕਰਨ ਪਿੱਛੋਂ ਜਮਨਾ ਵਿਚ ਮਿਲ ਜਾਂਦੀ ਹੈ।

ਤੀਜੀ ਤਮਸਾ, ਕੇਂਦਰੀ ਭਾਰਤ ਦੀ ਨਦੀ ਹੈ ਜਿਹੜੀ ਕੈ ਪਹਾੜਾਂ ਉਪਰ ਤਮਸਾ ਕੁੰਡ ਵਿਚੋਂ ਨਿਕਲਦੀ ਹੈ। ਉੱਤਰ-ਪੂਰਬ ਦਿਸ਼ਾ ਵਿਚ 192 ਕਿ. ਮੀ. ਦਾ ਸਫਰ ਪੂਰਾ ਕਰਕੇ ਰੀਵਾ ਉਪਜ ਖੇਤਰ ਵਿਚ ਆਉਂਦੀ ਹੈ। ਉਬੜ-ਖਾਬੜ ਪਠਾਰ ਤੋਂ ਅਗਾਂਹ / ਪ੍ਰਦੇਸ਼ ਦੇ ਰੀਵਾ ਉਪਜਾਊ ਖੇਤਰਾਂ ਤੋਂ ਪਾਰ ਇਹ ਉੱਤਰ ਪ੍ਰਦੇਸ਼ ਉਪਜਾਊ ਮੈਦਾਨ ਵਿਚ ਆ ਕੇ ਗੰਗਾ ਜਮਨਾ ਦੇ ਸੰਗਮ ਦੇ ਨੇੜੇ ਹੀ ਜਮਨਾ ਨਾਲ ਮਿਲ ਜਾਂਦੀ ਹੈ।

ਹ.ਪੁ.—ਮ. ਕੋ. : 576; ਇੰਪ. ਗ. ਇੰਡ 23 : 418

**ਤਮਗ਼ਾ** : ਤਮਗ਼ਾ ਮੂਲ ਰੂਪ ਵਿਚ ਤੁਰਕੀ ਭਾਸ਼ਾ ਦਾ ਸ਼ ਹੈ। ਇਹ ਉਰਦੂ-ਫ਼ਾਰਸੀ ਰਾਹੀਂ ਪੰਜਾਬੀ ਸ਼ਬਦ ਬਣਿਆ ਜਿਹੜੀ ਅੰਗਰੇਜ਼ੀ ਦੇ ਸ਼ਬਦ ਮੈਡਲ ਦਾ ਸਮਾਨਅਰਥੀ ਹੈ। ਆਮ ਪੰਜਾਬੀ ਨੂੰ ਤਗਮਾ ਜਾਂ ਤਕਮਾ ਵੀ ਉਚਾਰਦੇ ਹਨ। ਇਹ ਸੋਨਾ,ਚਾਂਦੀ, ਤ ਸਿੱਕਾ, ਪਿੱਤਲ ਜਾਂ ਕੈਂਹ ਆਦਿ ਧਾਤਾਂ ਦਾ ਬਣਿਆ ਹੁੰਦਾ ਹੈ ਜਿਸ ਅਨੇਕਾਂ ਆਕਾਰ ਤੇ ਰੂਪ ਹੋਂਦ ਵਿਚ ਆ ਚੁੱਕੇ ਹਨ। ਲੱਕੜ, ਮੋਮ ਪੱਥਰ ਆਦਿ ਦਾ ਸੰਚਾ ਬਣਾ ਲਿਆ ਜਾਂਦਾ ਹੈ ਜਿਸ ਵਿਚ ਢਲੀ ਧਾਤ ਪਾ ਕੇ ਮਨਮਰਜ਼ੀ ਦਾ ਤਮਗ਼ਾ ਤਿਆਰ ਕਰ ਲਿਆ ਜਾਂਦਾ

ਹਰੇਕ ਵਿਅਕਤੀ ਦੀ ਲੋਚਾ ਹੁੰਦੀ ਹੈ ਕਿ ਉਹ ਹੋਰਨਾਂ ਨ ਵਿਸ਼ੇਸ਼ ਬਣ ਕੇ ਵਿਖਾਵੇ। ਉਸ ਦੀ ਵਿਸ਼ੇਸ਼ਤਾ ਅਥਵਾ ਮਹਾਨਤ ਚਮਕਾਉਣ ਲਈ ਤਮਗ਼ਿਆਂ ਦਾ ਇਨਾਮ ਦਿੱਤਾ ਜਾਂਦਾ ਪੁਰਾਤਨ ਯੂਨਾਨ ਵਿਚ ਪੁਰਾਤਨ ਉਲੰਪਿਕ ਖੇਡਾਂ ਸਮੇਂ ਖਿਡਾਰੀਆਂ ਨੂੰ ਜ਼ੈਤੂਨ ਦੀਆਂ ਟਾਹਣੀਆਂ ਦੇ ਮੁਕਟ ਪਹਿਨਾਏ ਜ ਸਨ। ਸਮਾਂ ਪਾ ਕੇ ਉਹੀ ਮੁਕਟ ਤਮਗ਼ਿਆਂ ਵਿਚ ਬਦਲ ਦ ਆਧੁਨਿਕ ਉਲੰਪਿਕ ਖੇਡਾਂ ਤੇ ਹੋਰਨਾਂ ਖੇਡ ਮੁਕਾਬਲਿਆਂ ਸਮੇਂ ਅੱ ਰਹਿਣ ਵਾਲੇ ਖਿਡਾਰੀਆਂ ਨੂੰ ਸੋਨੇ ਦੇ ਤਮਗ਼ੇ, ਦੂਜੇ ਨੰਬਰ ਤੇ ਰ

ਵਾਲਿਆਂ ਨੂੰ ਚਾਂਦੀ ਦੇ ਅਤੇ ਤੀਜੇ ਨੰਬਰ ਤੇ ਰਹਿਣ ਵਾਲਿਆਂ ਨੂੰ ਤਾਂਬੇ ਅਥਵਾ ਕਾਂਸੀ ਦੇ ਤਮਗ਼ੇ ਇਨਾਮ ਵਜੋਂ ਦਿੱਤੇ ਜਾਂਦੇ ਹਨ।

ਤਮਗ਼ਾ ਕਿਸੇ ਵਿਅਕਤੀ, ਸਥਾਨ ਜਾਂ ਘਟਨਾ ਦੀ ਯਾਦ ਦਾ ਚਿੰਨ੍ਹ ਵੀ ਮੰਨਿਆ ਜਾਂਦਾ ਹੈ। ਕੋਈ ਬਾਦਸ਼ਾਹ ਆਪਣੀ ਬਾਦਸ਼ਾਹਤ ਦੀ ਪ੍ਰਭੁਸੱਤਾ, ਤਾਜਪੋਸ਼ੀ ਜਾਂ ਕਿਸੇ ਵਿਸ਼ੇਸ਼ ਦਿਵਸ ਦੀ ਯਾਦ ਵਜੋਂ ਵਿਸ਼ੇਸ਼ ਤਮਗ਼ੇ ਪ੍ਰਦਾਨ ਕਰਨ ਦੀ ਰੀਤ ਤੋਰਦਾ ਹੈ। ਮੁਲਕਾਂ ਦੀਆਂ ਸਰਕਾਰਾਂ ਤੋਂ ਇਲਾਵਾ ਸੰਸਥਾਵਾਂ ਵੀ ਤੇ ਸਭਾ ਸੁਸਾਇਟੀਆਂ ਵੀ ਤਮਗ਼ੇ ਦਿੰਦੀਆਂ ਹਨ। ਇਹ ਤਮਗ਼ੇ ਉਨ੍ਹਾਂ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਖੇਤਰ ਵਿਚ ਵਿਸ਼ੇਸ਼ ਮੱਲਾਂ ਮਾਰੀਆਂ ਹੁੰਦੀਆਂ ਹਨ, ਬਹਾਦਰੀ ਵਿਖਾਈ ਹੁੰਦੀ ਹੈ ਜਾਂ ਮਨੁੱਖਤਾ ਦੀ ਸੇਵਾ ਵਿਚ ਕੁਝ ਕਰ ਵਿਖਾਇਆ ਹੁੰਦਾ ਹੈ।

ਤਮਗ਼ਾ ਬਣਾਉਣ ਦੀ ਕਾਢ ਸਭ ਤੋਂ ਪਹਿਲਾਂ ਇਟਲੀ ਵਿਚ ਕੱਢੀ ਗਈ। ਹੁਣ ਤਾਂ ਕੁੱਲ ਦੁਨੀਆ ਵਿਚ ਤਮਗ਼ੇ ਬਣਾਉਣ ਤੇ ਦੇਣ ਦਾ ਰਿਵਾਜ ਹੈ। ਤਮਗ਼ਿਆਂ ਦਾ ਵਧੇਰੇ ਜ਼ਿਕਰ ਖੇਡਾਂ ਵਿਚ ਜਿੱਤਾਂ ਪ੍ਰਾਪਤ ਕਰਨ ਅਤੇ ਫ਼ੌਜੀ ਮੁਹਿੰਮਾਂ ਵਿਚ ਬਹਾਦਰੀ ਵਿਖਾਉਣ ਸਮੇਂ ਹੁੰਦਾ ਹੈ। ਜਦੋਂ ਉਲੰਪਿਕ ਖੇਡਾਂ ਹੁੰਦੀਆਂ ਹਨ ਤਾਂ ਵੱਖ-ਵੱਖ ਦੇਸ਼ਾਂ ਦੀ ਕਾਰਗੁਜ਼ਾਰੀ ਉਨ੍ਹਾਂ ਦੇ ਖਿਡਾਰੀਆਂ ਰਾਹੀਂ ਜਿੱਤੇ ਤਮਗ਼ਿਆਂ ਤੋਂ ਉਜਾਗਰ ਹੁੰਦੀ ਹੈ। ਖੇਡ-ਖੇਤਰ ਵਿਚ ਦਿੱਤਾ ਜਾਣ ਵਾਲਾ ਤਮਗ਼ਾ ਖਿਡਾਰੀ ਦੇ ਗਲ ਵਿਚ ਪਹਿਨਾਇਆ ਜਾਂਦਾ ਹੈ ਜਦੋਂ ਕਿ ਫ਼ੌਜੀ ਖੇਤਰ ਦੇ ਤਮਗ਼ੇ ਆਮ ਕਰਕੇ ਛਾਤੀ ਦੇ ਖੱਬੇ ਪਾਸੇ ਲਟਕਾਏ ਜਾਂ ਮੋਢਿਆਂ ਉੱਤੇ ਸਜਾਏ ਜਾਂਦੇ ਹਨ।

ਤਮਗ਼ੇ ਅਤੇ ਸਿੱਕੇ ਵਿਚ ਬਹੁਤ ਫ਼ਰਕ ਹੈ। ਧਾਤ ਦੇ ਸ਼ਕਲ-ਸੂਰਤ ਪੱਖੋਂ ਭਾਵੇਂ ਦੋਵੇਂ ਇਕੋ ਜਿਹੇ ਹੀ ਲੱਗਦੇ ਹਨ ਪਰ ਇਨ੍ਹਾਂ ਦੀ ਕਦਰ ਕੀਮਤ ਵੱਖੋ ਵੱਖਰੀ ਹੈ। ਸਿੱਕਾ ਮੁੱਲ ਯਾਨੀ ਕੀਮਤ ਨਾਲ ਜੁੜਿਆ ਹੁੰਦਾ ਹੈ ਜਦੋਂ ਕਿ ਤਮਗ਼ੇ ਦਾ ਸਬੰਧ ਕਦਰ ਤੇ ਕੀਰਤੀ ਨਾਲ ਹੈ। ਤਮਗ਼ਾ ਕਿਸੇ ਪ੍ਰਾਪਤੀ, ਮਹਾਨਤਾ ਜਾਂ ਉਚੇਚ ਦੇਣ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਚੱਕਰ, ਕਰਾਸ, ਸਟਾਰ, ਕਲਰ ਤੇ ਬੈਜ ਆਦਿ ਤਮਗ਼ੇ ਦੇ ਹੀ ਬਦਲਵੇਂ ਰੂਪ ਹਨ।

ਭਾਰਤ ਵਿਚ ਸਿਰੇ ਦੀ ਬਹਾਦਰੀ ਵਿਖਾਉਣ ਵਾਲੇ ਫ਼ੌਜੀ ਨੂੰ ਸਰਵੋਤਮ ਤਮਗ਼ਾ ਪਰਮਵੀਰ ਚੱਕਰ ਦਿੱਤਾ ਜਾਂਦਾ ਹੈ। ਬਹਾਦਰੀ ਲਈ ਹੋਰ ਤਮਗ਼ੇ ਵੀਰ ਚੱਕਰ ਤੇ ਮਹਾਂਵੀਰ ਚੱਕਰ ਵੀ ਹਨ। ਇਨ੍ਹਾਂ ਤੋਂ ਬਿਨਾਂ ਫ਼ੌਜੀ ਸੇਵਾ ਲਈ ਵਸ਼ਿਸ਼ਟ ਸੇਵਾ ਮੈਡਲ ਹਨ। ਪੁਲਸ ਸੇਵਾ ਲਈ ਪੁਲਸ ਮੈਡਲ ਦਿਤੇ ਜਾਂਦੇ ਹਨ। ਭਾਰਤ ਸਰਕਾਰ ਦਾ ਸਰਵੋਤਮ ਪੁਰਸਕਾਰ ਭਾਰਤ ਰਤਨ ਹੈ, ਫਿਰ ਭਾਰਤ ਭੂਸ਼ਨ, ਪਦਮ ਭੂਸ਼ਨ ਤੇ ਪਦਮ ਸ਼੍ਰੀ।

ਸੰਯੁਕਤ ਰਾਜ ਅਮਰੀਕਾ ਦਾ ਜਲ ਸੈਨਾ ਲਈ ਬਹਾਦਰੀ ਦਾ ਸਭ ਤੋਂ ਵੱਡਾ ਇਨਾਮ 'ਮੈਡਲ ਆਫ਼ ਆਨਰ' ਨਾਂ ਦਾ ਤਮਗ਼ਾ ਹੈ ਜੋ 1861 ਈ. ਤੋਂ ਦਿੱਤਾ ਜਾਣਾ ਸ਼ੁਰੂ ਹੋਇਆ। ਥਲ ਸੈਨਾ ਲਈ 'ਮੈਡਲ ਆਫ਼ ਆਨਰ' 1862 ਤੋਂ ਈਜਾਦ ਹੋਇਆ। ਇਹ ਪੰਜ-ਨੁੱਕਰੇ ਤਮਗ਼ੇ ਹਨ ਜੋ ਨੀਲੇ-ਪੀਲੇ ਫੀਤੇ ਨਾਲ ਲਟਕਾ ਕੇ ਗਲਾਂ 'ਚ ਪਾਏ ਜਾਂਦੇ ਹਨ। ਅਮਰੀਕਾ ਦੇ ਹੋਰਨਾਂ ਵਿਸ਼ੇਸ਼ ਤਮਗ਼ਿਆਂ ਦੇ ਨਾਂ' ਪ੍ਰੈਜ਼ੀਡੈਂਸ਼ਲ ਮੈਡਲ ਆਫ਼ ਫਰੀਡਮ', 'ਡਿਸਟਿੰਗੁਇਸ਼ਡ ਸਰਵਿਸ ਮੈਡਲ', 'ਸਿਲਵਰ ਸਟਾਰ', ਡਿਸਟਿੰਗੁਇਸ਼ਡ ਫਲਾਈਂਗ ਕਰਾਸ' ਤੇ 'ਮੈਡਲ ਫਾਰ ਮੈਰਿਟ' ਆਦਿ ਹਨ।

ਸੋਵੀਅਤ ਸੰਘ ਦਾ ਸਰਵੋਤਮ ਪੁਰਸਕਾਰ 'ਆਰਡਰ ਆਫ਼ ਲੈਨਿਨ' ਸੀ ਜੋ 1930 ਤੋਂ ਸ਼ੁਰੂ ਕੀਤਾ ਗਿਆ ਸੀ। ਉਥੇ ਫ਼ੌਜੀ ਬਹਾਦਰੀ ਦਾ ਸਰਵੋਤਮ ਤਮਗ਼ਾ 'ਆਰਡਰ ਆਫ਼ ਵਿਕਟਰੀ ' ਸੀ ਜਿਸ ਦੇ ਪੰਜ ਤਾਰਿਆਂ ਨੂੰ ਹੀਰੇ ਜੜੇ ਹੁੰਦੇ ਸਨ। ਹੋਰ ਵਿਸ਼ੇਸ਼ ਤਮਗ਼ੇ 'ਆਰਡਰ ਆਫ਼ ਗਲੋਰੀ' ਤੇ 'ਗੋਲਡ ਸਟਾਰ' ਸਨ।

ਬਰਤਾਨੀਆ ਦੀ ਮਲਕਾ ਵਿਕਟੋਰੀਆ ਨੇ ਆਪਣੇ ਵਿਸ਼ਾਲ ਰਾਜ ਵਿਚ ਕਿਸੇ ਵੀ ਰੈਂਕ ਦੇ ਫ਼ੌਜੀ ਵੱਲੋਂ ਕਮਾਲ ਦੀ ਬਹਾਦਰੀ ਵਿਖਾਉਣ ਲਈ 1856 ਤੋਂ 'ਵਿਕਟੋਰੀਆ ਕਰਾਸ' ਨਾਂ ਦਾ ਤਮਗ਼ਾ ਦੇਣਾ ਸ਼ੁਰੂ ਕੀਤਾ। ਭਾਰਤ ਬਰਤਾਨਵੀ ਸਾਮਰਾਜ ਦੇ ਅਧੀਨ ਹੋਣ ਕਾਰਨ ਇਥੋਂ ਦੇ ਕਈ ਫ਼ੌਜੀ ਸੂਰਬੀਰਾਂ ਨੇ 'ਵਿਕਟੋਰੀਆ ਕਰਾਸ' ਹਾਸਲ ਕੀਤਾ। ਬਰਤਾਨੀਆ ਦਾ ਦੂਜਾ ਸਰਵੋਤਮ ਤਮਗ਼ਾ 'ਜਾਰਜ ਕਰਾਸ' ਹੈ ਜੋ ਬਾਦਸ਼ਾਹ ਜਾਰਜ ਛੇਵੇਂ ਨੇ 1940 ਵਿਚ ਦੇਣਾ ਸ਼ੁਰੂ ਕੀਤਾ। 'ਡਿਸਟਿੰਗੁਇਸ਼ਡ ਸਰਵਿਸ ਕਰਾਸ', 'ਮਿਲਟਰੀ ਕਰਾਸ', ਡਿਸਟਿੰਗੁਇਸ਼ਡ ਫਲਾਈਂਗ ਕਰਾਸ' ਤੇ 'ਬ੍ਰਿਟਿਸ਼ ਅੰਪਾਇਰ ਮੈਡਲ' ਆਦਿ ਉਥੋਂ ਦੇ ਹੋਰ ਵਿਸ਼ੇਸ਼ ਤਮਗ਼ੇ ਹਨ।

ਫ਼ੌਜੀ ਬਹਾਦਰੀ ਲਈ ਫ਼ਰਾਂਸ ਦਾ ਪ੍ਰਸਿੱਧ ਤਮਗ਼ਾ 'ਮੈਡਲੇ ਮਿਲੀਟੇਅਰ' ਹੈ ਜਿਸ ਦੀ ਸਥਾਪਨਾ 1852 ਵਿਚ ਕੀਤੀ ਗਈ। ਜਰਮਨੀ ਦਾ ਤਮਗ਼ਾ 'ਆਇਰਨ ਕਰਾਸ' 1813 ਵਿਚ ਈਜਾਦ ਕੀਤਾ ਗਿਆ। ਇਹ ਵਿਚੋਂ ਬੰਦ ਵੀ ਹੋ ਗਿਆ ਸੀ ਜਿਸ ਨੂੰ ਹਿਟਲਰ ਨੇ 1 ਸਤੰਬਰ, 1939 ਤੋਂ ਦੁਬਾਰਾ ਸ਼ੁਰੂ ਕੀਤਾ। ਆਸਟ੍ਰੇਲੀਆ ਦਾ ਨਾਮਵਰ ਤਮਗ਼ਾ 'ਆਸਟ੍ਰੇਲੀਆ ਸਰਵਿਸ ਮੈਡਲ' ਹੈ ਜੋ 1949 ਤੋਂ ਜਾਰੀ ਹੋਇਆ। 'ਕੈਨੇਡਾ ਮੈਡਲ' ਉਥੋਂ ਦੇ ਸ਼ਹਿਰੀਆਂ ਦਾ ਸਰਵੋਤਮ ਸੇਵਾ ਤਮਗ਼ਾ ਹੈ ਜੋ 1943 ਤੋਂ ਦੇਣਾ ਸ਼ੁਰੂ ਕੀਤਾ ਗਿਆ। ਇਟਲੀ ਨੇ 1933 ਤੋਂ ਬਹਾਦਰੀ ਵਿਖਾਉਣ ਵਾਲੇ ਸੈਨਿਕਾਂ ਨੂੰ ਸੋਨੇ, ਚਾਂਦੀ ਤੇ ਤਾਂਬੇ ਦੇ ਤਮਗ਼ੇ ਦੇਣੇ ਸ਼ੁਰੂ ਕਰ ਦਿੱਤੇ ਸਨ।

ਸੰਯੁਕਤ ਰਾਸ਼ਟਰ ਮੰਡਲ ਨੇ ਦਸੰਬਰ, 1950 ਵਿਚ 17 ਮੁਲਕਾਂ ਦੇ ਉਨ੍ਹਾਂ ਬਹਾਦਰ ਸੈਨਕਾਂ ਨੂੰ ਬਹਾਦਰੀ ਦੇ 'ਸੰਯੁਕਤ ਰਾਸ਼ਟਰ ਮੰਡਲ ਸੇਵਾ ਮੈਡਲ' ਦੇਣੇ ਸ਼ੁਰੂ ਕੀਤੇ ਜਿਨ੍ਹਾਂ ਨੇ ਕੋਰੀਆ ਦੀ ਲੜਾਈ ਵਿਚ ਉੱਚ ਦਰਜੇ ਦੀ ਬਹਾਦਰੀ ਵਿਖਾਈ ਸੀ। 'ਯੂ. ਐਨ. ਐਮਰਜੈਂਸੀ ਫੋਰਸ ਮੈਡਲ' ਨਾਂ ਦੇ ਤਮਗ਼ੇ ਨਵੰਬਰ, 1957' ਚ ਸ਼ੁਰੂ ਹੋਏ ਤੇ 'ਯੂ. ਐਨ. ਮੈਡਲ' ਦੀ ਸ਼ੁਰੂਆਤ ਜੁਲਾਈ, 1959 ਵਿਚ ਹੋਈ।

**ਤਮਲੂਕ** : ਇਹ ਪੱਛਮੀ ਬੰਗਾਲ (ਭਾਰਤ) ਦੇ ਰਾਜ ਦੇ ਮਿਦਨਾਪੁਰ ਜ਼ਿਲ੍ਹੇ ਦਾ ਇਕ ਪੁਰਾਣਾ ਸ਼ਹਿਰ ਹੈ ਜਿਸ ਦਾ ਆਧੁਨਿਕ ਨਾਂ ਤਾਮਲੁਕ ਜਾਂ ਤਮਲੂਕ ਹੈ। ਇਹ ਸ਼ਹਿਰ ਇਤਿਹਾਸਕ ਪੱਖੋਂ ਬਹੁਤ ਮਸ਼ਹੂਰ ਹੈ ਅਤੇ ਇਸ ਦਾ ਪੁਰਾਣਾ ਨਾਂ ਤਾਮਰਲਿਪਤਾ (Tamralipta) ਹੈ। ਇਹ ਸਥਾਨ ਕਲਕੱਤਾ ਸ਼ਹਿਰ ਤੋਂ ਲਗਭਗ 50 ਕਿ. ਮੀ. ਦੇ ਫਾਸਲੇ ਤੇ ਵਸਿਆ ਹੋਇਆ ਹੈ। ਸਤ੍ਹਾਰਵੀਂ ਸਦੀ ਤੱਕ ਤਾਮਰਲਿਪਤਾ ਸਮੁੰਦਰੀ ਤਟ ਦਾ ਇਕ ਚੰਗਾ ਸ਼ਹਿਰ ਅਤੇ ਪ੍ਰਾਚੀਨ ਬੰਦਰਗਾਹ ਸੀ। ਇਸ ਮਗਰੋਂ ਸਮੁੰਦਰ ਦੇ ਹੌਲੀ-ਹੌਲੀ ਪਿਛਾਂਹ ਹਟਣ ਨਾਲ ਵਰਤਮਾਨ ਸ਼ਹਿਰ ਸਮੁੰਦਰੀ ਤਟ ਤੋਂ ਲ. 90 ਕਿ. ਮੀ. ਦੇ ਫਾਸਲੇ ਤੇ ਹੈ। ਪੁਰਾਣੇ ਸਮਿਆਂ ਦੌਰਾਨ ਗੰਗਾ ਨਦੀ ਦਾ ਮਾਰਗ ਵੀ ਇਸ ਸ਼ਹਿਰ ਦੇ ਨੇੜੇ ਹੀ ਹੁੰਦਾ ਸੀ। ਦਰਿਆ ਦੇ ਕੰਢੇ ਤੇ ਵਸਿਆ ਹੋਣ ਕਰਕੇ ਇਹ ਸ਼ਹਿਰ ਵਪਾਰਕ ਪੱਖੋਂ ਵੀ ਕਾਫ਼ੀ ਮਸ਼ਹੂਰ ਰਿਹਾ। ਪ੍ਰਸਿੱਧ ਭੂਗੋਲਵੇਤਾ, ਪਿਲਨੀ ਨੇ ਭਾਰਤ ਬਾਰੇ ਲਿਖਦਿਆਂ ਇਸ ਸ਼ਹਿਰ ਦਾ ਜ਼ਿਕਰ ਕੀਤਾ ਹੈ ਤੇ ਉਸਨੇ ਇਸਦਾ ਨਾਂ ਤਾਮਰਲਿਪਤਾ ਦੀ ਥਾਂ ਤਾਮਲਿਟੀਜ਼ ਦਿੱਤਾ ਹੈ। ਇਸ ਪ੍ਰਾਚੀਨ ਸ਼ਹਿਰ ਦੇ ਖੰਡਰ ਰੂਪਨਰਾਇਣ ਨਦੀ ਦੀ ਜਰਖੇਜ਼ ਭੂਮੀ ਵਿਚ ਹੁਣ ਵੀ ਮੌਜੂਦ ਹਨ। ਇਸ ਬਾਰੇ ਸਭ ਤੋਂ ਪਹਿਲਾ ਜ਼ਿਕਰ ਮਹਾਂਭਾਰਤ ਦੇ ਭੀਸ਼ਮਪਰਵ ਵਿਚ ਆਉਂਦਾ ਹੈ। ਇਸ ਅਨੁਸਾਰ ਭੀਮਸੈਨ ਨੇ ਤਾਮਰਲਿਪਤਾ ਦੇ ਰਾਜੇ ਨੂੰ ਲੜਾਈ ਵਿਚ ਹਰਾਇਆ ਤੇ ਉਸ ਕੋਲੋਂ ਕਾਫੀ ਮਾਲ ਵਸੂਲ ਕੀਤਾ। ਮੋਰੀਆ ਕਾਲ ਵਿਚ ਇਹ ਸ਼ਹਿਰ ਕਾਫੀ ਜਾਣਿਆ ਪਹਿਚਾਣਿਆ ਜਾਂਦਾ ਸੀ। ਯੂਨਾਨੀ ਅਰਥ-ਸ਼ਾਸਤਰੀਆਂ ਨੇ ਮੋਰੀਆ ਕਾਲ ਦੇ ਨੌ ਵਿਭਾਗਾਂ ਦਾ ਵਰਣਨ ਕਰਦਿਆਂ ਥਲ-ਵਪਾਰ ਦੀ ਪ੍ਰਫੁਲਤਾ ਬਾਰੇ

ਲਿਖਿਆ ਹੈ ਜਿਸ ਤੋਂ ਇਸ ਦੇ ਸਮੁੰਦਰੀ ਵਪਾਰ ਬਾਰੇ ਵੀ ਸਹਿਜੇ ਹੀ ਕਿਆਸ ਕੀਤਾ ਜਾ ਸਕਦਾ ਹੈ ਅਤੇ ਇਸ ਅਨੁਸਾਰ ਤਾਮਰਲਿਪਤਾ ਦੱਖਣ-ਪੂਰਬੀ ਭਾਰਤ ਅਤੇ ਸਮੁੰਦਰੋਂ ਪਾਰਲੇ ਦੇਸ਼ਾਂ ਨੂੰ ਮੱਧ ਏਸ਼ੀਆ ਦੇ ਨਗਰਾਂ ਨਾਲ ਜੋੜਨ ਵਾਲੀ ਇਕ ਮਹੱਤਵਪੂਰਨ ਕੜੀ ਸੀ। ਚੌਥੀ ਸਦੀ ਤੋਂ 12 ਵੀਂ ਸਦੀ ਤੱਕ ਇਸ ਬੰਦਰਗਾਹ ਉਪਰ ਅਨੇਕਾਂ ਦੇਸ਼ਾਂ ਤੋਂ ਆਉਣ ਜਾਣ ਵਾਲੇ ਜਹਾਜ਼ਾਂ ਦੀ ਭੀੜ ਜੁੜੀ ਰਹਿੰਦੀ ਸੀ। ਕੀਲ, ਸ਼ਹਿਤੂਤ ਤੇ ਉੱਨ ਇਥੋਂ ਬਰਾਮਦ ਹੁੰਦੀ ਸੀ।

ਮਹਾਰਾਜਾ ਅਸ਼ੋਕ ਦੇ ਜ਼ਮਾਨੇ ਵਿਚ ਬੁੱਧ ਧਰਮ ਸਬੰਧੀ ਇਸ ਸ਼ਹਿਰ ਦੀ ਮਹੱਤਤਾ ਵਧੀ। ਲੰਕਾ ਦੇ ਮਹਾਵੰਸ਼ ਅਤੇ ਦੀਪਵੰਸ ਨਾਮੀ ਬੋਧੀ ਗ੍ਰੰਥਾਂ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਬੋਧੀ ਬਿਰਛ ਦੀ ਇਕ ਟਾਹਣੀ ਵੀ ਮਹਾਰਾਜਾ ਅਸ਼ੋਕ ਨੇ ਇਸੇ ਬੰਦਰਗਾਹ ਤੋਂ ਲੰਕਾ ਭਿਜਵਾਈ ਸੀ। ਪੰਜਵੀਂ ਸਦੀਂ ਵਿਚ ਚੀਨੀ ਯਾਤਰੀ ਫਾਹੀਯਾਨ ਵੀ ਲੰਕਾ ਜਾਣ ਲਈ ਤਾਮਰਲਿਪਤਾ ਤੋਂ ਹੀ ਜਹਾਜ਼ ਵਿਚ ਬੈਠਾ। ਵਿਦਵਾਨਾਂ ਦੀ ਰਾਇ ਹੈ ਕਿ ਪ੍ਰਾਚੀਨ ਕਾਲ ਦੌਰਾਨ ਚੀਨ ਤੋਂ ਭਾਰਤ ਵਿਚ ਆਉਣ ਵਾਲੇ ਬਹੁਤੇ ਯਾਤਰੀ ਤਾਮਰਲਿਪਤਾ ਬੰਦਰਗਾਹ ਰਾਹੀਂ ਹੀ ਆਏ ਹੋਣਗੇ। ਉਸ ਸਮੇਂ ਤਾਮਰਲਿਪਤਾ ਹੀ ਭਾਰਤ ਦੀ ਆਵਾਜਾਈ ਦਾ ਪ੍ਰਮੁੱਖ ਦੁਆਰ ਹੋਵੇਗਾ। ਭਾਰਤ ਦੇ ਇਤਿਹਾਸ ਦੇ ਮੱਧ ਕਾਲ ਤੱਕ ਤਾਮਰਲਿਪਤਾ ਦਾ ਵਪਾਰਕ ਮਹੱਤਵ ਕਾਫੀ ਘਟਿਆ ਮਹਿਸੂਸ ਹੁੰਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਯੂਰਪ ਵਲੋਂ ਆਉਣ ਵਾਲੇ ਬਦੇਸ਼ੀ ਲੋਕ ਭਾਰਤ ਅੰਦਰ ਪੱਛਮੀ ਤਟ ਵਲੋਂ ਹੀ ਦਾਖ਼ਲ ਹੁੰਦੇ ਰਹੇ।

ਅੱਜਕੱਲ੍ਹ ਤਮਲੂਕ ਅਣਗੌਲਿਆ ਤੇ ਢਹਿੰਦੀ ਕਲਾ ਦੀ ਅਵਸਥਾ ਵਾਲਾ ਸ਼ਹਿਰ ਹੈ। ਬੋਧੀ ਤੇ ਹਿੰਦੂ ਲੋਕ ਇਸ ਨੂੰ ਭਾਵੇਂ ਆਪਣਾ ਧਾਰਮਿਕ ਸਥਾਨ ਮੰਨਦੇ ਹਨ ਪਰ ਇਸ ਦੀ ਪ੍ਰਾਚੀਨ ਮਹੱਤਤਾ ਅਤੇ ਗੌਰਵ ਦੇ ਚਿੰਨ੍ਹ ਲਗਭਗ ਮਿਟ ਹੀ ਚੁੱਕੇ ਹਨ।

ਸੰਨ 1864 ਤੋਂ ਇਥੇ ਮਿਉਂਸਪਲਟੀ ਹੈ। ਇਹ ਇਕ ਜ਼ਰਾਇਤੀ ਮੰਡੀ ਵੀ ਹੈ। ਇਥੇ ਰਸਾਇਣਿਕ ਪਦਾਰਥ ਅਤੇ ਇੰਜੀਨੀਅਰੀ ਵਸਤਾਂ ਤਿਆਰ ਕਰਨ ਦੇ ਕਾਰਖਾਨੇ ਹਨ।

ਆਬਾਦੀ—38,688 (1991)

22° 18′ ਉ. ਵਿਥ.; 87° 56′ ਪੂ. ਲੰਬ.

ਹ. ਪੁ. – ਹਿੰ. ਵਿ. ਕੋ. 5:345; ਇੰਪ. ਗ. ਇੰਡ. 23 : 217

**ਤਮਾਖੂ** (Tobacco) : ਇਹ ਸੋਲੇਨੇਸੀ (solanacea) ਕੁਲ ਦਾ ਪੌਦਾ ਹੈ, ਜਿਸ ਦੀਆਂ ਲਗਭਗ 60 ਜਾਤੀਆਂ ਹੋਂਦ ਵਿਚ ਹਨ। ਇਸ ਦੇ ਪੱਤੇ ਖਾਣ, ਪੀਣ ਅਤੇ ਸੁੰਘਣ ਦੇ ਕੰਮ ਆਉਂਦੇ ਹਨ। ਇਸ ਦਾ ਪ੍ਰਭਾਵ ਨਸ਼ੀਲਾ ਅਤੇ ਉਤੇਜਕ ਹੁੰਦਾ ਹੈ। ਹੋਰ ਕਿਸੇ ਵੀ ਉਤੇਜਕ ਵਸਤੂ ਦੇ ਮੁਕਾਬਲੇ ਤਮਾਖੂ ਦਾ ਪ੍ਰਯੋਗ ਸਭ ਤੋਂ ਵੱਧ ਕੀਤਾ ਜਾਂਦਾ ਹੈ।

ਤਮਾਖੂ ਦੀ ਉਤਪਤੀ ਦੇ ਆਰੰਭ ਬਾਰੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਕਿ ਕਦੋਂ ਹੋਇਆ ਪਰੰਤੂ ਕਹਿੰਦੇ ਹਨ ਕਿ ਪਹਿਲੀ ਵਾਰ ਪੁਰਤਗਾਲ ਸਥਿਤ ਫਰਾਂਸੀਸੀ ਰਾਜਦੂਤ ਜਾੱਨ ਨਿਕੋਟ ਨੇ ਆਪਣੀ ਰਾਣੀ ਕੋਲ ਤਮਾਖੂ ਦਾ ਬੀਜ ਭੇਜਿਆ ਅਤੇ ਉਸ ਵੇਲੇ ਤੋਂ ਹੀ ਇਸ ਪੌਦੇ ਦੀ ਹੋਂਦ ਦਾ ਪਤਾ ਲਗਿਆ। ਨਿਕੋਟ ਦੇ ਨਾਂ ਤੇ ਹੀ ਇਸ ਪੌਦੇ ਦਾ ਨਾਂ ਨਿਕੋਟਿਆਨਾ (Nicotiana) ਪੈ ਗਿਆ। ਤਮਾਖੂ ਨੂੰ ਦੱਖਣੀ ਅਮਰੀਕਾ ਦਾ ਪੌਦਾ ਮੰਨਿਆ ਜਾਂਦਾ ਹੈ ਪਰ ਇਸ ਦੀ ਖੇਤੀ ਹੋਰ ਦੇਸ਼ਾਂ ਵਿਚ ਵੀ ਵੱਡੇ ਪੈਮਾਨੇ ਤੇ ਕੀਤੀ ਜਾਂਦੀ ਹੈ। ਇਹ ਪੌਦਾ ਆਪਣੇ ਆਪ ਨੂੰ ਵਿਭਿੰਨ ਪ੍ਰਕਾਰ ਦੀ ਮਿੱਟੀ ਅਤੇ ਜਲਵਾਯੂ ਦੇ ਅਨੁਕੂਲ ਬਣਾ ਲੈਂਦਾ ਹੈ।

ਅਨੁਮਾਨ ਹੈ ਕਿ 17ਵੀਂ ਸਦੀ ਵਿਚ ਪੁਰਤਗਾਲੀਆਂ ਨੇ ਤਮਾਖੂ ਦੀ ਖੇਤੀ ਭਾਰਤ ਵਿਚ ਆਰੰਭੀ ਸੀ। ਅੱਜ ਸੰਸਾਰ ਭਰ ਵਿਚ ਅਮਰੀਕਾ ਅਤੇ ਚੀਨ ਮਗਰੋਂ ਵੱਡੇ ਪੈਮਾਨੇ ਤੇ ਤਮਾਖੂ ਪੈਦਾ ਕਰਨ ਵਾਲਾ ਤੀਜਾ ਦੇਸ਼ ਭਾਰਤ ਹੀ ਹੈ। ਭਾਰਤ ਵਿਚੋਂ ਇਸ ਦੀ ਕੁੱਲ ਪੈਦਾਵਾਰ ਦਾ 16-17% ਦੁਨੀਆਂ ਦੇ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ।

ਤਮਾਖੂ ਦੀਆਂ ਉਪਲੱਬਧ 60 ਜਾਤੀਆਂ ਵਿਚੋਂ ਕੇਵਲ ਨਿਕੋਟਿਆਨਾ ਟੋਬੈਕਮ (Nicotiana tobacum) ਅਤੇ ਨਿਕੋਟਿਆਨਾ ਰਸਟਿਕਾ (Nicotiana rustica) ਜਾਤੀਆਂ ਦੀ ਹੀ ਖੇਤੀ ਵੱਡੇ ਪੈਮਾਨੇ ਤੇ ਕੀਤੀ ਜਾਂਦੀ ਹੈ। ਖੇਤੀ ਅਤੇ ਵਪਾਰਕ ਦ੍ਰਿਸ਼ਟੀ ਤੋਂ ਸਿਰਫ਼ ਇਹ ਦੋ ਜਾਤੀਆਂ ਹੀ ਉਪਯੋਗੀ ਸਿੱਧ ਹੋਈਆਂ ਹਨ।

ਨਿਕੋਟਿਆਨਾ ਰਸਟਿਕਾ ਜਾਤੀ ਦੇ ਤਮਾਖੂ ਦਾ ਉਪਯੋਗ ਹੁਕੇ ਵਿਚ ਪੀਣ ਲਈ ਜਦੋਂ ਕਿ ਨਿਕੋਟਿਆਨਾ ਟੋਬੈਕਮ ਜਾਤੀ ਦੇ ਤਮਾਖੂ ਦਾ ਇਸਤੇਮਾਲ ਸਿਗਰਟ, ਬੀੜੀ ਅਤੇ ਖਾਣ ਵਾਲੇ ਤਮਾਖੂ ਦੇ ਤੌਰ ਤੇ ਕੀਤਾ ਜਾਂਦਾ ਹੈ।

ਭਾਰਤ ਵਿਚ ਆਂਧਰਾ ਪ੍ਰਦੇਸ਼ ਤਮਾਖੂ ਦੇ ਉਤਪਾਦਨ ਦਾ ਮੁੱਖ ਕੇਂਦਰ ਹੈ। ਇਥੇ ਦੇਸ਼ ਦੇ ਕੁੱਲ ਉਤਪਾਦਨ ਦਾ 66% ਤਮਾਖੂ ਪੈਦਾ ਕੀਤਾ ਜਾਂਦਾ ਹੈ। ਆਂਧਰਾ ਪ੍ਰਦੇਸ਼ ਤੋਂ ਇਲਾਵਾ ਮਹਾਰਾਸ਼ਟਰ, ਗੁਜਰਾਤ, ਮਦਰਾਸ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਬਿਹਾਰ, ਮੈਸੂਰ, ਹੈਦਰਾਬਾਦ, ਉੜੀਸਾ ਅਤੇ ਮੱਧ ਪ੍ਰਦੇਸ਼ ਵਿਚ ਵੀ ਤਮਾਖੂ ਦੀ ਖੇਤੀ ਕੀਤੀ ਜਾਂਦੀ ਹੈ।

**ਤਮਾਖੂ ਦੀ ਖੇਤੀ** — ਵੱਖ-ਵੱਖ ਉਪਯੋਗਾਂ ਵਿਚ ਆਉਣ ਵਾਲੇ ਤਮਾਖੂਆਂ ਦੀ ਖੇਤੀ ਅਤੇ ਸੁਕਾਈ ਵਿਚ ਅੰਤਰ ਹੋਣ ਕਾਰਨ ਇਨ੍ਹਾਂ ਦੇ ਨਾਂ ਵੀ ਵੱਖ-ਵੱਖ ਰੱਖੇ ਹੋਏ ਹਨ ਜਿਵੇਂ ਹੁੱਕਾ ਤਮਾਖੂ, ਸਿਗਰਟ ਤਮਾਖੂ, ਬੀੜੀ ਤਮਾਖੂ, ਖਾਣ ਵਾਲਾ ਤਮਾਖੂ, ਸੁੰਘਣ ਵਾਲਾ ਤਮਾਖੂ, ਚੁਰੂਟ ਤਮਾਖੂ ਅਤੇ ਸਿਗਾਰ ਤਮਾਖੂ ਆਦਿ।

ਤਮਾਖੂ ਦੀ ਖੇਤੀ ਲਈ ਉੱਚੀ ਥਾਂ ਲਾਹੇਵੰਦ ਸਿੱਧ ਹੁੰਦੀ ਹੈ, ਜਿਥੋਂ ਪਾਣੀ ਦਾ ਨਿਕਾਸ ਠੀਕ ਹੋਵੇ ਅਤੇ ਸਿੰਜਾਈ ਦਾ ਸਾਧਨ ਵੀ ਨਜ਼ਦੀਕ ਹੋਵੇ। ਮਿੱਟੀ ਦੀਆਂ 4 ਫੁੱਟ ਚੌੜੀਆਂ ਤੇ 4″ ਤੋਂ 6″ ਤੱਕ ਉੱਚੀਆਂ ਪਟੜੀਆਂ ਬਣਾ ਕੇ ਪੌਦੇ ਲਗਾਉਣੇ ਚਾਹੀਦੇ ਹਨ ਪਟੜੀਆਂ ਵਿਚਕਾਰ ਲਗਭਗ 1½ ਫੁੱਟ ਚੌੜਾ ਰਸਤਾ ਆਉਣ ਜਾਣ ਅਤੇ ਪਾਣੀ ਦੇ ਨਿਕਾਸ ਲਈ ਛੱਡਣਾ ਚਾਹੀਦਾ ਹੈ। ਬੀਜਾਂ ਨੂੰ ਰੇਤ ਜਾਂ ਰਾਖ (ਸੁਆਹ) ਵਿਚ ਮਿਲਾ ਕੇ ਬੀਜਣ ਉਪਰੰਤ ਹੱਥਾਂ ਨਾਲ ਥਾਪੜ ਦੇਣਾ ਚਾਹੀਦਾ ਹੈ। ਨਿਯਮਤ ਢੰਗ ਨਾਲ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਇਕ ਏਕੜ ਥਾਂ ਲਈ ਨਿਕੋਟਿਆਨਾ ਟੋਬੈਕਮ ਦਾ ½ ਕਿ. ਗ੍ਰਾ. ਤੋਂ 1 ਕਿ. ਗ੍ਰਾ. ਅਤੇ ਨਿਕੋਟਿਆਨਾ ਰਸਟਿਕਾ ਦ 2 ਤੋਂ 3 ਕਿ. ਗ੍ਰਾ. ਬੀਜ ਕਾਫ਼ੀ ਹੁੰਦਾ ਹੈ।

ਜਦੋਂ ਪਨੀਰੀ ਜਾਂ ਪੌਦ 4″ ਤੋਂ 6″ ਤੱਕ ਉੱਚੀ ਹੋ ਜਾਂਦੀ ਹੈ ਤਾਂ ਇਸ ਨੂੰ ਚੰਗੀ ਤਰ੍ਹਾਂ ਤਿਆਰ ਕੀਤੇ ਖੇਤਾਂ ਵਿਚ ਲਗਾ ਦੇਣ ਚਾਹੀਦਾ ਹੈ। ਨਿਕੋਟਿਆਨਾ ਟੋਬੈਕਮ ਦੇ ਪੌਦਿਆਂ ਵਿਚਕਾਰ ਫ਼ਾਸਲ 2½ ਤੋਂ 3 ਫੁੱਟ ਅਤੇ ਨਿਕੋਟਿਆਨਾ ਰਸਟਿਕਾ ਦੇ ਪੌਦਿਆਂ ਵਿਚਕਾਰ ਫ਼ਾਸਲਾ 1½ ਫੁੱਟ ਰੱਖਣਾ ਚਾਹੀਦਾ ਹੈ। ਢੁੱਕਵੇਂ ਸਮੇਂ ਅਤੇ ਲੋੜ ਅਨੁਸਾਰ ਸਿੰਜਾਈ ਅਤੇ ਗੋਡੀ ਕਰਦੇ ਰਹਿਣਾ ਚਾਹੀਦਾ ਹੈ।

ਤਮਾਖੂ ਦੇ ਪੌਦੇ ਖ਼ੁਸ਼ਬੂਦਾਰ, ਇਕ ਵਰਸ਼ੀ ਜਾਂ ਸਦਾ ਬਹਾਰ ਬੂਟੀਨੁਮਾ ਜਾਂ ਝਾੜੀਨੁਮਾ ਹੁੰਦੇ ਹਨ। ਇਨ੍ਹਾਂ ਵਿਚ ਨਸ਼ਾ-ਆਵਰ ਅਤੇ ਜ਼ਹਿਰੀਲੇ ਗੁਣ ਹੁੰਦੇ ਹਨ। ਇਨ੍ਹਾਂ ਦੇ ਪੱਤੇ ਸਾਦੇ ਬਦਲਵੇਂ (alternate) ਹੁੰਦੇ ਹਨ ਪਰ ਕਈ ਵਾਰ ਵੱਡੇ ਅਤੇ ਲਹਿਰੀਏਦਾਰ ਕਿਨਾਰਿਆਂ ਵਾਲੇ ਵੀ ਹੁੰਦੇ ਹਨ। ਇਨ੍ਹਾਂ ਦੇ ਫੁੱਲ, ਸਫ਼ੇਦ, ਪੀਲੇ, ਹ

ਜਾਂ ਜਾਮਨੀ ਰੰਗੇ ਖ਼ੁਸ਼ਬੂਦਾਰ ਹੁੰਦੇ ਹਨ। ਫੁੱਲਾਂ ਦੀਆਂ ਰੰਗਦਾਰ ਪੱਤੀਆਂ ਪੰਜ ਖੰਨੀਆਂ ਲੰਬੀ ਟਿਊਬ ਵਰਗੀਆਂ (tubular) ਹੁੰਦੀਆਂ ਹਨ ਜੋ ਰਾਤ ਨੂੰ ਖੁੱਲਦੀਆਂ ਹਨ। ਤਮਾਖੂ ਦੇ ਫੁੱਲਾਂ ਨੂੰ ਤੋੜਨਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਪੱਤਿਆਂ ਦਾ ਵਾਧਾ ਰੁੱਕ ਜਾਂਦਾ ਹੈ ਜਿਸਦੇ ਫਲਸਰੂਪ ਨਾ ਕੇਵਲ ਉਪਜ ਹੀ ਘਟਦੀ ਹੈ ਸਗੋਂ ਪੱਤਿਆਂ ਦੇ ਗੁਣਾਂ ਤੇ ਵੀ ਭੈੜਾ ਅਸਰ ਪੈਂਦਾ ਹੈ। ਵਧੀਆ ਬੀਜ ਲੈਣ ਲਈ ਬੀਜਾਂ ਲਈ ਰਾਖਵੇਂ ਰੱਖੇ ਹੋਏ ਪੌਦਿਆਂ ਦੇ ਫੁੱਲ ਨਹੀਂ ਤੋੜਨੇ ਚਾਹੀਦੇ।

ਪੱਕੇ ਹੋਏ ਪੌਦਿਆਂ ਨੂੰ ਜੜ੍ਹਾਂ ਤੋਂ ਕੱਟਕੇ ਜਾਂ ਉਨ੍ਹਾਂ ਦੇ ਪੱਤਿਆਂ ਨੂੰ ਤੋੜ ਕੇ ਸੁਕਾ ਲਿਆ ਜਾਂਦਾ ਹੈ। ਇਸ ਕਿਰਿਆ ਵਿਚ ਬਹੁਤ ਸਾਰੇ ਰਸਾਇਣਕ ਪਰਿਵਰਤਨ ਹੁੰਦੇ ਹਨ। ਨਮੀ ਦੀ ਮਾਤਰਾ ਘੱਟ ਕੇ 12-14% ਰਹਿ ਜਾਂਦੀ ਹੈ। ਸੁੱਕੇ ਹੋਏ ਤਮਾਖੂ ਨੂੰ ਖਾਣ, ਪੀਣ ਜਾਂ ਸੁੰਘਣ ਲਈ ਵਰਤਿਆ ਜਾਂਦਾ ਹੈ।

ਸੁੱਕੇ ਹੋਏ ਤਮਾਖੂ ਤੋਂ ਹੀ ਸਿਗਰਟ, ਸਿਗਾਰ, ਬੀੜੀ ਸੁੰਘਣੀ, ਚਬਾਉਣ ਵਾਲਾ ਤਮਾਖੂ (ਖੈਣੀ) ਅਤੇ ਹੁੱਕਾ ਤਮਾਖੂ ਤਿਆਰ ਕੀਤਾ ਜਾਂਦਾ ਹੈ। ਤਮਾਖੂ ਦੇ ਬੀਜਾਂ ਵਿਚੋਂ ਤੇਲ ਵੀ ਕੱਢਿਆ ਜਾਂਦਾ ਹੈ। ਇਸ ਤੇਲ ਨੂੰ ਵਾਰਨਿਸ਼ ਅਤੇ ਰੰਗਾਂ ਆਦਿ ਵਿਚ ਉਪਯੋਗ ਕੀਤਾ ਜਾਂਦਾ ਹੈ। ਬੀਜਾਂ ਦੀ ਖਲ ਨੂੰ ਪਸ਼ੂਆਂ ਦੇ ਚਾਰੇ ਵਜੋਂ ਜਾਂ ਖੇਤਾਂ ਵਿਚ ਖਾਦ ਵਜੋਂ ਵਰਤਿਆ ਜਾਂਦਾ ਹੈ।

ਤਮਾਖੂ ਵਿਚ ਨਸ਼ੀਲੀ ਅਤੇ ਉਤੇਜਨਾ ਦੇਣ ਵਾਲੀ ਵਸਤੂ ਨਿਕੋਟੀਨ ਹੁੰਦੀ ਹੈ। ਜਿਸ ਤਮਾਖੂ ਵਿਚ ਜਿਤਨੀ ਜ਼ਿਆਦਾ ਨਿਕੋਟੀਨ ਹੁੰਦੀ ਹੈ ਉਹ ਉਤਨਾ ਹੀ ਤੇਜ਼ ਹੁੰਦਾ ਹੈ। ਇਸ ਦੇ ਬੀਜਾਂ ਵਿਚ ਨਿਕੋਟੀਨ ਨਹੀਂ ਹੁੰਦਾ। ਸ਼ੁੱਧ ਨਿਕੋਟੀਨ $C_{10}H_{14}N_2$ ਇਕ ਉੱਚ ਪੱਧਰ ਦਾ ਜ਼ਹਿਰੀਲਾ ਰੰਗਹੀਣ ਤਰਲ ਹੁੰਦਾ ਹੈ। ਇਸ ਦੀ ਅਣਸੁਖਾਵੀਂ ਗੰਧ ਹੁੰਦੀ ਹੈ। ਇਸ ਦਾ ਉਬਾਲ ਦਰਜਾ $246^0$-$247^0$ ਸੈਂ. ਹੈ ਅਤੇ ਇਹ ਪਾਣੀ ਸਮੇਤ ਲਗਭਗ ਹਰ ਪ੍ਰਕਾਰ ਦੇ ਘੋਲਕ ਵਿਚ ਘੁਲਣਸ਼ੀਲ ਹੈ।

ਹ.ਪੁ.—ਹਿੰ. ਵਿ. ਕੋ. 5 : 299; ਐਨ. ਬ੍ਰਿ. 16 : 430

**ਤਮਾਯੋ ਯੀ ਬੱਸ, ਮੈਨੂਐਲ** : ਸਪੇਨ ਦੇ ਇਸ ਨਾਟਕਕਾਰ ਦਾ ਜਨਮ 15 ਸਤੰਬਰ, 1829 ਨੂੰ ਮੈਡ੍ਰਿਡ ਵਿਖੇ ਹੋਇਆ। ਇਹ ਸਪੇਨੀ ਸਾਹਿਤ ਵਿਚ ਰੋਮਾਂਸਵਾਦ ਤੋਂ ਲੈ ਕੇ ਯਥਾਰਥਵਾਦ ਤੱਕ ਦੇ ਵਿਚਲੇ ਸਮੇਂ ਦਾ ਮੁੱਖ ਪ੍ਰਤੀਨਿਧ ਸੀ। 11 ਸਾਲਾਂ ਦੀ ਉਮਰ ਵਿਚ ਇਸ ਨੇ ਆਪਣਾ ਨਾਟਕ ਪੇਸ਼ ਕੀਤਾ ਸੀ। ਆਪਣੇ ਨਾਟਕਾਂ ਲਈ ਇਸ ਨੇ ਇਤਿਹਾਸਕ, ਨਵੀਆਂ ਘਰੇਲੂ ਸਮੱਸਿਆਵਾਂ ਅਤੇ ਸਮਾਜਿਕ ਸਮੱਸਿਆਵਾਂ ਆਦਿ ਦੇ ਵਿਸ਼ੇ ਲਏ। 'Laricahembra' (1854), 'Lances de honor' (1863), 'Loshombresdesbiem' (1870), 'Locuradeamor' (1855), 'Lo positiro' (1862) ਅਤੇ ਇਸ ਦਾ ਸ਼ਾਹਕਾਰ 'undrama nuevo' (1867) ਇਸਦੇ ਪ੍ਰਸਿੱਧ ਨਾਟਕ ਹਨ। ਮੱਧ ਉਨ੍ਹੀਂਵੀਂ ਸਦੀ ਦੌਰਾਨ ਇਹ ਸਪੇਨੀ ਸਟੇਜ ਤੇ ਖ਼ੂਬ ਛਾਇਆ ਰਿਹਾ।

ਸੰਨ 1870 ਵਿਚ 'Biblioteca Nacional' ਦਾ ਡਾਇ-ਰੈਕਟਰ ਅਤੇ ' ਸਪੇਨਿਸ਼ ਅਕੈਡਮੀ ' ਦਾ ਸਕੱਤਰ ਬਣਨ ਕਰਕੇ ਇਸ ਨੇ ਨਾਟਕ ਲਿਖਣੇ ਛੱਡ ਦਿੱਤੇ। ਪਹਿਲਾਂ ਪਹਿਲ ਇਸ ਉਪਰ ਜਰਮਨੀ ਦੇ ਨਾਟਕਕਾਰ ਫ੍ਰੈਡਰਿਕ ਸ਼ਿੱਲਰ ਦਾ ਬੜਾ ਪ੍ਰਭਾਵ ਸੀ।

20 ਜੂਨ, 1898 ਨੂੰ ਇਸਦੀ ਮੌਤ ਹੋ ਗਈ।

ਹ.ਪੁ.—ਆੱਕ. ਕੰਪੈ. ਟੂ ਥੀਏਟਰ. 933; ਐਨ. ਬ੍ਰਿ. ਮਾ. 9 : 793.

**ਤਮਾਲ** : ਇਹ ਸੱਤ ਤੋਂ ਦੱਸ ਮੀ. ਉੱਚਾ ਸਦਾਬਹਾਰ ਦਰਖ਼ਤ ਹੈ ਜੋ ਪਹਾੜਾਂ ਉਪਰ ਜਾਂ ਜਮਨਾ ਨਦੀ ਦੇ ਕਿਨਾਰੇ ਅਕਸਰ ਦੇਖਣ ਵਿਚ ਆਉਂਦਾ ਹੈ। ਇਸ ਦਾ ਵਿਗਿਆਨਕ ਨਾਂ ਜੈਂਥੋਸਾਈਮਸ ਪਿਕਟੋਰੀਅਸ (Xanthocymus pictorius) ਹੈ। ਇਸ ਨੂੰ ਖੱਟੇ ਫਲ ਲਗਦੇ ਹਨ ਜੋ ਵਰਖਾ ਰੁੱਤ ਵਿਚ ਪੱਕਦੇ ਹਨ। ਇਸ ਦੀ ਵਰਤੋਂ ਕਈ ਦੇਸੀ ਦਵਾਈਆਂ ਬਣਾਉਣ ਲਈ ਕੀਤੀ ਜਾਂਦੀ ਹੈ।

ਹ.ਪੁ.—ਮ. ਕੋ : 432

**ਤ੍ਰਸਦਸਯੂ** : ਇਹ ਰਾਜ ਰਿਸ਼ੀ ਰਿਚਾਵਾਂ ਦਾ ਲੇਖਕ ਸੀ। ਸਾਯਣ ਅਨੁਸਾਰ ਇਹ ਪੁਰੂਕੁਤ੍ਸ ਦਾ ਪੁੱਤਰ ਸੀ। ਜਦੋਂ ਪੁਰੂਕੁਤ੍ਸ ਕੈਦ ਸੀ ਤਾਂ ਉਸ ਦੀ ਰਾਣੀ ਨੇ ਸੱਤਾਂ ਰਿਸ਼ੀਆਂ ਕੋਲ ਪੁੱਤਰ ਪ੍ਰਾਪਤੀ ਦੀ ਪ੍ਰਾਰਥਨਾ ਕੀਤੀ ਤਾਂ ਜੋ ਉਹ ਆਪਣੇ ਪਿਉ ਦੀ ਥਾਂ ਲੈ ਸਕੇ। ਰਿਸ਼ੀਆਂ ਨੇ ਉਸ ਨੂੰ ਇੰਦਰ ਤੇ ਵਰੁਣ ਦੇਵਤਿਆਂ ਦੀ ਪੂਜਾ ਕਰਨ ਲਈ ਪ੍ਰੇਰਿਆ ਅਤੇ ਇਸ ਤਰ੍ਹਾਂ ਤ੍ਰਸਦਸਯੂ ਦਾ ਜਨਮ ਹੋਇਆ। ਇਹ ਆਪਣੀ ਦਾਨਸ਼ੀਲਤਾ ਲਈ ਬਹੁਤ ਪ੍ਰਸਿੱਧ ਸੀ। ਭਾਗਵਤ ਪੁਰਾਣ ਅਨੁਸਾਰ ਇਹ ਪੁਰੂਕੁਤ੍ਸ ਦਾ ਪਿਤਾ ਸੀ।

ਹ.ਪੁ.—ਹਿੰ. ਮਿ. ਕੋ.

**ਤਰੰਗ ਗਤੀ** : ਤਰੰਗ ਗਤੀ ਦੇ ਅਧਿਐਨ ਦਾ ਸਬੰਧ ਭੌਤਿਕੀ ਸਿਸਟਮਾਂ ਦੌਰਾਨ ਪੈਦਾ ਹੋਈ ਹਲਚਲ ਦੇ ਸੰਚਾਰ ਨਾਲ ਹੈ। ਇਹ ਸਿਸਟਮ ਇਕ ਤਰਲ ਦੀ ਬਾੱਡੀ ਬਣਤਰ ਜਾਂ ਇਥੋਂ ਤੱਕ ਕਿ ਵਾਹਨਾਂ ਦੀ ਕਾਨਵਾਈ ਵੀ ਹੋ ਸਕਦਾ ਹੈ। ਹਲਚਲ, ਤਰਲ ਦੇ ਕਣਾਂ ਦੇ ਵੇਗ ਦੀ ਤਬਦੀਲੀ, ਬਣਤਰ ਸਮੱਗਰੀ ਦਾ ਵਿਰੂਪਣ, ਵਾਹਨਾਂ ਦੀ ਰਫ਼ਤਾਰ ਵਿਚਲੀ ਤਬਦੀਲੀ ਜਾਂ ਉਨ੍ਹਾਂ ਭੌਤਿਕੀ ਰਾਸ਼ੀਆਂ ਦੀ ਤਬਦੀਲੀ ਹੁੰਦੀ ਹੈ, ਜਿਨ੍ਹਾਂ ਦੇ ਅਧਾਰ ਉੱਤੇ ਸਿਸਟਮ ਦੀ ਸਮਾਂ ਨਿਰਧਾਰਤ ਵਿਆਖਿਆ ਕੀਤੀ ਜਾ ਸਕਦੀ ਹੈ। ਵਿਚਾਰ -ਵਟਾਂਦਰੇ ਦੀ ਮਦਦ ਲਈ ਵਿਸ਼ੇ ਦੀ ਆਮ ਉਪ-ਵੰਡ ਹਲਚਲ ਦੀ ਤੀਬਰਤਾ, ਇਸ ਦੀ ਆਵਰਤਤਾ ਜਾਂ ਅਣਹੋਂਦ, ਇਸ ਦੇ ਆਰੰਭ ਹੋਣ ਦੀ ਵਿਧੀ ਅਤੇ ਮਾਧਿਅਮ ਦੀ ਕਿਸਮ ਜਿਸ ਵਿਚ ਤਰੰਗਾਂ ਸੰਚਾਰ ਕਰਦੀਆਂ ਹਨ, ਅਨੁਸਾਰ ਸ਼੍ਰੇਣੀ ਵਿਚ ਕੀਤੀ ਗਈ ਹੈ।

**ਤਰਲ ਦੇ ਅੰਦਰ ਤਰੰਗਾਂ** — ਆਸਾਨੀ ਨਾਲ ਵੇਖੀਆਂ ਜਾ ਸਕਣ ਵਾਲੀਆਂ ਤਰੰਗਾਂ ਸ਼ਾਇਦ ਉਹ ਹਨ ਜਿਹੜੀਆਂ ਕਿ ਤਰਲ ਦੇ ਤਲ ਉੱਤੇ ਉਠਦੀਆਂ ਰਹਿੰਦੀਆਂ ਹਨ। ਤਰੰਗ ਗਤੀ ਕਾਰਜ ਦਾ ਪੂਰਨ ਤੌਰ ਤੇ ਗਿਆਨ ਪ੍ਰਾਪਤ ਕਰਨ ਲਈ ਕਿ ਕਿਸ ਤਰ੍ਹਾਂ ਭੌਤਿਕ-ਵਿਗਿਆਨ ਦੇ ਮੁਢਲੇ ਨਿਯਮ ਲਾਗੂ ਹੁੰਦੇ ਹਨ, ਅਜਿਹੀਆਂ ਤਰੰਗਾਂ ਨੂੰ ਵਿਸ਼ੇਸ਼ ਤੌਰ ਤੇ ਅਧਿਐਨ ਲਈ ਚੁਣਿਆ ਜਾਂਦਾ ਹੈ। ਇਕ ਇਕਾਈ ਚੌੜਾਈ ਵਾਲੀ ਚੈਨਲ ਜਿਸਦੀਆਂ ਖੜ੍ਹੇ-ਦਾਅ ਸਮਤਲ ਦੀਵਾਰਾਂ ਦੇ ਵਿਚਕਾਰ ਤਰਲ ਦੀ ਇਕ ਪਰਤ ਹੈ, ਜਿਸ ਦੀ



ਚਿੱਤਰ ਨੰ.1 ਬੋਰ ਕਰਦੇ ਸਮੇਂ ਤਰਲ ਦੇ ਤਲ ਦੀਆਂ ਤਰਤੀਬਵਾਲ ਸਥਿਤੀਆਂ।

ਆਰੰਭਿਕ ਡੂੰਘਾਈ ਵੰਡ ਨੂੰ ਚਿੱਤਰ (1) ਵਿਚ ਸਾੱਲਿਡ ਰੇਖਾ ਨਾਲ ਸਪਸ਼ਟ ਕੀਤਾ ਗਿਆ ਹੈ। ਉਨ੍ਹਾਂ ਹਾਲਤਾਂ ਨੂੰ ਵਿਚਾਰੋ ਜਿਨ੍ਹਾਂ ਦੇ ਤਹਿਤ ਚਿਤੱਰ 1 ਵਾਲੀਆਂ ਸਿਲਸਲੇਵਾਰ ਤਰਤੀਬਾਂ (successive -configuration) ਪੈਦਾ ਹੁੰਦੀਆਂ ਰਹਿੰਦੀਆਂ ਹਨ। ਤਰਲ ਦੀ ਸਮਾਂ $t_1$ ਉੱਤੇ A ਖੱਬੇ ਪਾਸੇ ਵਾਲੀ ਵੇਗ (ਅਤੇ A' ਦੇ ਖੱਬੇ ਪਾਸੇ ਵਾਲੀ $t_2$ ਉੱਤੇ ਵੇਗ) ਨੂੰ $\mu_1$ ਅਤੇ ਇਸ ਦੀ ਡੂੰਘਾਈ ਨੂੰ h ਨਾਲ ਦਰਸਾਇਆ ਗਿਆ ਹੈ। ਗਤੀਹੀਨ ਤਰਲ ਦੀ ਡੂੰਘਾਈ ਜਿਸ ਵਿਚ ਤਰੰਗ ਅੱਗੇ

ਵਧਦੀ ਹੈ, ਨੂੰ $h_2$ ਕਿਹਾ ਜਾਂਦਾ ਹੈ। ਉਹ ਦੋ ਭੌਤਿਕੀ ਨਿਯਮ ਜਿਹੜੇ ਪ੍ਰੱਤਖ ਹੋਣੇ ਜ਼ਰੂਰੀ ਹਨ, ਉਨ੍ਹਾਂ ਅਨੁਸਾਰ (1) ਅਮਲ ਦੌਰਾਨ ਕਿਸੇ ਵੀ ਤਰਲ ਦੀ ਮਿਕਦਾਰ ਵਿਚ ਕੋਈ ਵਾਧਾ ਜਾਂ ਘਾਟਾ ਨਹੀਂ ਹੁੰਦਾ ਅਤੇ (2) ਤਰਲ ਦੇ ਕਿਸੇ ਵੀ ਭਾਗ ਦਾ ਸੰਵੇਗ ਜਿਸ ਦਰ ਨਾਲ ਵੱਧਦਾ ਹੈ, ਉਹ ਉਸ ਭਾਗ ਉੱਤੇ ਪਾਏ ਜਾ ਰਹੇ ਬਾਹਰੀ ਸਮੁੱਚੇ ਬਲ ਦੇ ਬਰਾਬਰ ਹੋਣਾ ਚਾਹੀਦਾ ਹੈ। ਜੇਕਰ ਤਰਲ ਦਾ ਉਹ ਭਾਗ ਜਿਸ ਉੱਤੇ ਉਕਤ ਨਿਯਮ ਲਾਗੂ ਹੁੰਦੇ ਹਨ, ਆਰੰਭ ਵਿਚ ਚਿੱਤਰ 1 ਦੀ ਸਾੱਲਿਡ ਰੇਖਾ ਦੇ ਹੇਠਾਂ B–B ਤੇ C-C ਦੇ ਵਿਚਕਾਰ ਹੈ ਅਤੇ t ਸਮੇਂ ਮਗਰੋਂ ਇਹ ਬਿੰਦੂ ਅੰਕਿਤ ਰੇਖਾ ਹੇਠ $B^1$–$B^1$ ਤੇ C–C ਦੇ ਵਿਚਕਾਰ ਹੋਵੇਗਾ; ਇਸ ਤਰ੍ਹਾਂ B–B ਤੋਂ $B^1$–$B^1$ ਤੱਕ ਦੀ ਦੂਰੀ $\mu_1$ ,t ਹੋਵੇਗੀ। ਕਿਉਂਕਿ ਡੂੰਘਾਈ ਵਾਲਾ ਤਰਲ $\mu_1$ ਗਤੀ ਨਾਲ ਸੱਜੇ ਪਾਸੇ ਵਲ ਜਾ ਰਿਹਾ ਹੈ ਤਾਂ ਉਕਤ ਪਹਿਲੇ ਨਿਯਮ ਦੇ ਤਹਿਤ ਦੂਰੀ L ਦਾ ਪਤਾ ਹੇਠਲੇ ਸਮੀਕਰਨ ਤੋਂ ਲਾਇਆ ਜਾ ਸਕਦਾ ਹੈ।

$$(h_1-h_2)\ L = h_1\mu_1 t$$

ਦੂਜੇ ਨਿਯਮ ਦੀ ਪਾਲਣਾ ਕਰਦੇ ਹੋਏ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਤਰਲ ਦੀ ਡੂੰਘਾਈ $h_1$ ਉੱਤੇ ਔਸਤ ਤਰਲ ਦਬਾਉ $\rho g h_{1/2}$ ਹੋਵੇਗਾ ਅਤੇ C-C ਉੱਤੇ ਔਸਤ ਦਾਬ $\rho g h_2/2$ ਹੋਵੇਗਾ, ਜਿੱਥੇ g ਗੁਰੂਤਾ ਪ੍ਰਵੇਗ ਅਤੇ $\rho$ ਤਰਲ ਦੀ ਘਣਤਾ ਹੈ (ਪੁੰਜ ਪ੍ਰਤਿ ਇਕਾਈ ਆਇਤਨ)। ਸਮੁੱਚਾ ਖਿਤਿਜੀ ਬਲ ਜਿਹੜਾ ਵਿਚਾਰ ਅਧੀਨ ਤਰਲ ਦੇ ਭਾਗ ਉੱਤੇ ਇਸ ਕਾਲ-ਅੰਤਰ ਦੌਰਾਨ ਲੱਗਾ ਹੁੰਦਾ ਹੈ ਉਸ ਦੇ ਦੋ ਭਾਗ ਹਨ : (1) ਤਰਲ ਦੁਆਰਾ ਭਾਗ ਦੇ ਖੱਬੇ ਪਾਸੇ ਉੱਤੇ ਇਕ ਬਲ ਜਿਸ ਦੀ ਮਾਤਰਾ $\rho g h_1^2/2$ ਹੈ ਪਾਇਆ ਜਾਂਦਾ ਹੈ; (2) ਦੂਜਾ ਬਲ ਜਿਸ ਦੀ ਮਾਤਰਾ $\rho g h_2^2/2$ ਤਰਲ ਦੁਆਰਾ C–C ਦੇ ਸੱਜੇ ਪਾਸੇ ਪੈਂਦਾ ਹੈ। ਸਮੁੱਚਾ ਬਲ ਜਿਹੜਾ ਸੱਜੇ ਪਾਸੇ ਵਲ ਨੂੰ ਪੈਂਦਾ ਹੈ, ਦੀ ਮਾਤਰਾ $\rho g\left(h_1^2-h_2^2\right)/2$ ਹੁੰਦੀ ਹੈ ਇਸ ਤਰ੍ਹਾਂ ਦੂਜੇ ਨਿਯਮ ਅਨੁਸਾਰ $\rho g\left(h_1^2-h_2^2\right)/2 = (\rho h_2 L/t)\ \mu_1$, ਜਿੱਥੇ $\rho h_2{}^2$ ਤਰਲ ਦਾ ਪੁੰਜ ਹੈ ਜਿਸ ਨੂੰ ਸਮਾਂ t ਦੌਰਾਨ ਸਥਿਰ ਅਵਸਥਾ ਤੋਂ $u_1$ ਰਫ਼ਤਾਰ ਤੱਕ ਪ੍ਰਵੇਗਿਤ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ $(\rho h_2 L/t)u_1$ ਉਹ ਦਰ ਹੈ ਜਿਸ ਰਾਹੀਂ ਕਾਲ-ਅੰਤਰ ਦੌਰਾਨ / ਤਰਲ ਦੁਆਰਾ ਸੰਵੇਗ ਗ੍ਰਹਿਣ ਕੀਤਾ ਜਾਂਦਾ ਹੈ। ਹੁਣ ਇਹ ਦੋਵੇਂ ਮਾਤਰਾਤਮਕ ਕਥਨ ਲਾਗੂ ਹੁੰਦੇ ਹਨ ਕਿ

$$\mu_1^2 = \frac{g(h_1-h_2)^2\ (h_1+h_2)}{2h_1\ h_2} \text{ ਅਤੇ } \frac{L}{t} = \sqrt{g\frac{(h_1+h_r)h_1}{2h_2}}$$

ਇੱਥੇ $\frac{L}{t}$ ਡੂੰਘੀ ਪਰਤ ਦੇ ਸਿਰੇ ਉੱਤੇ ਰਫ਼ਤਾਰ ਹੈ ਜਿਸ ਨਾਲ ਉਹ ਪਤਲੀ ਪਰਤ ਨੂੰ ਘੇਰ ਕੇ ਰਖੱਦੀ ਹੈ ਅਰਥਾਤ ਤਰੰਗ ਰਫ਼ਤਾਰ। ਲਗਭਗ ਹਰੇਕ ਤਰੰਗ ਕਾਰਜ ਵਿਚ ਤਰੰਗ ਰਫ਼ਤਾਰ ਵੱਖ ਹੁੰਦੀ ਹੈ ਅਤੇ ਸਮੱਗਰੀ ਕਣਾਂ ਦੀ ਰਫ਼ਤਾਰ ਨਾਲੋਂ ਵਧੇਰੇ ਹੁੰਦੀ ਹੈ।

ਡੂੰਘੇ ਪਾਣੀ ਦੀ ਸਤ੍ਹਾ ਉੱਤੇ ਤਰੰਗਾਂ ਦੀ ਹਲਚਲ ਨਵੀਂ ਤਰ੍ਹਾਂ ਦੀ ਹੀ ਹੁੰਦੀ ਹੈ। ਜੇਕਰ ਸਤ੍ਹਾ ਉੱਤੇ ਤਰੰਗਾਂ ਕਾਰਨ ਕੇਵਲ ਮਾਮੂਲੀ ਹਲਚਲ ਹੁੰਦੀ ਹੈ ਤਾਂ ਕੇਵਲ ਪਾਣੀ ਦਾ ਨੇੜੇ ਦਾ ਭਾਗ ਹੀ ਪ੍ਰਭਾਵਿਤ ਹੋਵੇਗਾ ਜਦੋਂ ਕਿ ਡੂੰਘਾ ਪਾਣੀ ਅਸਰ ਰਹਿਤ ਰਹਿੰਦਾ ਹੈ। ਅਸਲ ਵਿਚ ਕੋਈ ਵੀ ਇਕੱਲੀ ਹਲਚਲ ਰਫ਼ਤਾਰ ਨਹੀਂ ਜਿਹੜੀ ਨਿਮਨ ਤੀਬਰਤਾ ਵਾਲੀਆਂ ਤਰੰਗਾਂ ਦੇ ਹਰ ਆਕਾਰ ਲਈ ਢੁਕਵੀਂ ਹੁੰਦੀ ਹੋਵੇ ਜਿਵੇਂ ਕਿ ਘੱਟ ਡੂੰਘੇ ਪਾਣੀਆਂ ਦੀ ਹਾਲਤ ਵਿਚ ਹੁੰਦਾ ਹੈ। ਨਵੇਕਲੀਆਂ ਛੋਟਾਂ ਅਧੀਨ ਤਰੰਗਾਂ ਕਦੇ ਵੀ ਆਪਣਾ ਆਕਾ ਬਦਲੇ ਬਗ਼ੈਰ ਨਹੀਂ ਚਲ ਸਕਦੀਆਂ। ਅਜਿਹੇ ਸਿਸਟਮਾਂ ਅੰਦ ਤਰੰਗ ਗਤੀ ਨੂੰ ਵਰਣ-ਵਿਖੇਪੀ ਕਿਹਾ ਜਾਂਦਾ ਹੈ।

ਮੋਟਰਬੋਟ ਦੁਆਰਾ ਪਹਿਲਾਂ ਘੱਟ ਡੂੰਘੇ ਪਾਣੀਆਂ ਅਤੇ ਫਿ ਵਧੇਰੇ ਡੂੰਘੇ ਪਾਣੀਆਂ ਉੱਤੇ ਪਿੱਛੇ ਛੱਡੀਆਂ ਗਈਆਂ ਹਲਚਲਾਂ ਦੇ ਅਧਿਐਨ ਤੋਂ ਕੁਝ ਜਾਣਕਾਰੀ ਪ੍ਰਾਪਤ ਹੁੰਦੀ ਹੈ। ਘੱਟ ਡੂੰਘੇ ਡੂੰਘਾਈ ਵਾਲੇ ਪਾਣੀਆਂ ਵਿਚ ਮੋਟਰਬੋਟ O ਤੋਂ A ਤੋਂ B ਤੋਂ C (ਚਿੱਤਰ 2 ਵਿਚ) ਵੱਲ ਸਥਿਰ ਰਫ਼ਤਾਰ V ਨਾਲ ਚਲਦੀ ਹੈ ਜਿਹੜ ਕਿ ਇਥੇ $\sqrt{gh}$ ਨਾਲੋਂ ਵਧੇਰੇ ਹੈ। ਇਨ੍ਹਾਂ ਥਾਵਾਂ ਉੱਤੇ ਮੋਟਰਬੋਟ ਦੇ ਪਹੁੰਚਣ ਲਈ ਲੱਗਿਆ ਸਮਾਂ ਕ੍ਰਮਵਾਰ O, $t_1$, $t_2$, $t_3$ ਹੈ। ਜਦੋਂ ਮੋਟਰਬੋਟ O ਬਿੰਦੂ ਉੱਤੇ ਪਹੁੰਚਦੀ ਹੈ ਤਾਂ ਉਥੇ ਹਲਚਲ ਸ਼ੁਰੂ ਕ ਦਿੰਦੀ ਹੈ ਜਿਹੜੀ O ਤੋਂ ਬਾਹਰ ਵਲ ਨੂੰ $\sqrt{gh}$ ਰਫ਼ਤਾਰ ਨਾ ਜਾਂਦੀ ਹੈ ਇਸ ਲਈ ਜਦੋਂ ਮੋਟਰਬੋਟ C ਉੱਤੇ ਪੁੱਜਦੀ ਹੈ (ਜਿਸਦੀ O ਤੋਂ ਦੂਰੀ $Vt_3$ ਹੈ) ਤਾਂ ਰਫ਼ਤਾਰ $\sqrt{gh}$ ਉੱਤੇ ਪੈਦਾ ਹੋਣ ਵਾਲ ਹਲਚਲ ਅਰਧ-ਵਿਆਸ $t_3\sqrt{gh}$ ਦੇ ਚੱਕਰ ਅੰਦਰ ਸੀਮਿਤ ਰਹਿੰਦ ਹੈ ਇਸੇ ਤਰ੍ਹਾਂ B ਉੱਤੇ ਪੈਦਾ ਹੋਣ ਵਾਲੀ ਤਰੰਗ $t_2$ ਤੇ $t_3$ ਸਮੇਂ ਉੱਤੇ ਚੱਕਰੀ ਖੇਤਰ ਵਿਚ ਫੈਲ ਜਾਂਦੀ ਹੈ ਜਿਸਦਾ ਅਰਧ ਵਿਆ $\sqrt{gh}$ $(t_3-t_2)$ ਹੈ। ਜਿਸ ਖੇਤਰ ਵਿਚ ਹਲਚਲ ਹੁੰਦੀ ਹੈ ਇਕ ਫ਼ਾ ਵਰਗੀ ਰੂਪ ਰੇਖਾ ਧਾਰਨ ਕਰ ਲੈਂਦਾ ਹੈ (ਚਿਤਰ 2) ਅਤੇ ਕੋਣ ਅਜਿਹਾ ਹੁੰਦਾ ਹੈ ਕਿ ਸਾਈਨ $\theta = \sqrt{gh/v}$

ਇਸ ਤਰ੍ਹਾਂ ਹਲਚਲ ਵਾਲੇ ਖੇਤਰ ਦੀ ਜਿਆਮਿਤੀ ਮੋਟਰਬੋ ਦੀ ਰਫ਼ਤਾਰ ਉੱਤੇ ਨਿਰਭਰ ਹੈ।



**ਚਿੱਤਰ 2 : ਚਲ ਰਹੀ ਮੋਟਰਬੋਟ ਦੁਆਰਾ ਬਿੰਦੂ O, A, B, C ਉਤੋਂ ਪੈਦਾ ਹੋ ਰਹੀ ਹਲਚਲ ਜਿਹੜੇ ਕਿ ਕ੍ਰਮਵਾਰ ਸਮਾਂ O, $t_1$, $t_2$ ,t ਬਾਅਦ ਆਉਂਦੇ ਹਨ ਅਤੇ θ ਵਹਿ ਰਹੇ ਖੇਤਰ ਵਿਚ ਕਿਸੇ ਬਿੰਦੂ ਦ ਕੋਈ ਨਿਰਦੇਸ਼ਕ-ਅੰਕ ਹੈ।**

ਦੂਜੇ ਪਾਸੇ ਡੂੰਘੇ ਪਾਣੀਆਂ ਵਿਚ ਅਜਿਹੀ ਕੋਈ ਮੁਢੱਲ ਬਣਤਰ ਨਹੀਂ ਬਣ ਸਕਦੀ। ਮੋਟਰਬੋਟ ਦੁਆਰਾ ਪੈਦਾ ਹੋਈ ਹਲਚ ਦੀ ਰੂਪ ਰੇਖਾ ਉਸਦੀ ਰਫ਼ਤਾਰ ਤੇ ਨਿਰਭਰ ਕਰਦੀ ਹੈ, ਭਾ ਮੋਟਰਬੋਟ ਦੇ ਵੱਖ ਵੱਖ ਰਫ਼ਤਾਰ ਗ੍ਰਹਿਣ ਕਰਨ ਉਪਰੰਤ ਤਰੰਗਾਂ ਵ ਵੱਖੋ ਵੱਖਰੇ ਅਕਾਰ ਤੇ ਰੂਪ ਰੇਖਾ ਵਾਲੀਆਂ ਪੈਦਾ ਹੁੰਦੀਆਂ ਹਨ ਤਰੰਗਾਂ ਦੀ ਰੂਪ-ਰੇਖਾ ਮੋਟਰਬੋਟ ਦੀ ਰਫ਼ਤਾਰ ਦੇ ਅਨੁਪਾਤੀ ਹੁੰਦੀ ਹੈ ਅਨੁਪਾਤੀ ਸਥਿਰ ਅੰਕ ਹਮੇਸ਼ਾ ਇਕੋ θ = 19°28′ ਹੀ ਰਹਿੰਦਾ ਹੈ ਉਦਾਹਰਣ ਵਜੋਂ ਤਰੰਗ ਗਤੀ ਉੱਤੇ ਤਰਲ ਦੀ ਸਤ੍ਹਾ-ਤਣਾ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ ਅਤੇ ਇਹ ਉਦੋਂ ਵੇਖਣ ਵਿ ਆਉਂਦਾ ਹੈ ਜਦੋਂ ਇਕ ਇੰਚ ਦੇ ਦੱਸਵੇਂ ਭਾਗ ਦੇ ਬਰਾਬਰ ਵਿਆ

ਵਾਲੀ ਪਾਣੀ ਦੀ ਧਾਰ ਟੂਟੀ ਵਿਚੋਂ ਬਰਤਨ ਵਿਚ ਡਿੱਗਦੀ ਹੈ। ਇਸ ਕਾਰਜ ਦੀ ਗਤੀ-ਵਿਗਿਆਨ ਉੱਤੇ ਸਤ੍ਹਾ-ਤਣਾਉ, ਤਰਲ ਦੇ ਕਣਾਂ ਦਾ ਪ੍ਰਵੇਗ ਅਤੇ ਉਹ ਕਾਰਨ ਜਿਨ੍ਹਾਂ ਕਰਕੇ ਟੂਟੀ ਵਿਚੋਂ ਤੁਪਕਾ ਬਣਦਾ ਹੈ, ਇਹ ਸਭ ਪ੍ਰਭਾਵ ਪਾਉਂਦੇ ਹਨ। ਸਤ੍ਹਾ-ਤਣਾਉ T ਦੀਆਂ ਇਕਾਈਆਂ $m/t^2$ (m = ਪੁੰਜ; t = ਸਮਾਂ) ਘਣਤਾ $\rho$ ਦੀਆਂ ਇਕਾਈਆਂ $m/l^3$ (l = ਲੰਬਾਈ) ਅਤੇ ਧਾਰ ਦੇ ਵਿਆਸ d ਦਾ ਵਿਸਤਾਰ l ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਕੋਈ ਵੀ ਭੌਤਿਕ ਪੈਰਾਮੀਟਰ ਤਰੰਗ ਵਰਧਨ ਲਈ ਕੰਮ ਨਹੀਂ ਕਰਦਾ ਤਾਂ ਹੀ ਕੇਵਲ ਖ਼ਾਸ ਭੌਤਿਕ ਗੁਣਾਂ ਲਈ ਭੌਤਿਕ ਵਿਸਤਾਰ ਸਮਾਂ $\sqrt{d^3/T}$ ਹੋਵੇਗਾ। ਟੂਟੀ ਵਿਚੋਂ ਤੁਪਕਾ ਬਣਨ ਦਾ ਸਮਾਂ T ਵੀ ਕਿਸੇ ਹੋਰ ਦੇ ਵਿਸਤਾਰ ਸਮੇਂ ਦੇ ਬਰਾਬਰ ਹੋਵੇਗਾ ਕਿਉਂਕਿ ਕੋਈ ਸਮਾਂ-$\rho$ ਵਿਸਤਾਰ ਮਾਤਰਾ ਉਪਲੱਬਧ ਨਹੀਂ ਹੈ ਇਸ ਲਈ ਜ਼ਰੂਰ ਹੀ $\sqrt{d^3/T}$ ਦੇ ਸਮ-ਅਨੁਪਾਤੀ ਹੋਵੇਗਾ। ਇਸ ਦਾ ਅਰਥ ਹੋਇਆ ਕਿ ਵਹਾਉ ਦੇ ਵਿਆਸ ਵਿਚ ਕੋਈ ਵਾਧਾ ਹੋਣ ਨਾਲ ਤੁਪਕਾ ਵਿਭਾਜਨ ਸਮਾਂ T ਇਕ ਦਮ ਵੱਧ ਜਾਵੇਗਾ। ਬੇਸ਼ਕ T ਉਸ ਸਮੇਂ ਨਾਲੋਂ ਘੱਟ ਹੋਵੇਗਾ ਜਿੰਨਾ ਹਰ ਤੁਪਕੇ ਨੂੰ ਬਰਤਨ ਦੇ ਥੱਲੇ ਤੱਕ ਪਹੁੰਚਣ ਲਈ ਲਗਦਾ ਹੈ ਅੰਦਾਜ਼ਨ $\sqrt{2L/g}$ (ਜਿੱਥੇ L ਟੂਟੀ ਤੋਂ ਥੱਲੇ ਤੱਕ ਦੀ ਦੂਰੀ ਅਤੇ g ਗੁਰੂਤਾ ਪ੍ਰਵੇਗ ਹੈ)। ਇਹ ਉਨ੍ਹਾਂ ਹਾਲਤਾਂ ਵਿਚ ਹੀ ਸੰਭਵ ਹੋਵੇਗਾ ਜਦੋਂ d ਕਾਫ਼ੀ ਛੋਟੀ ਹੋਵੇਗੀ। ਇਹੋ ਜਿਹੇ ਸਿਸਟਮ ਜਿਨ੍ਹਾਂ ਦੀ ਆਰੰਭਿਕ ਤਰੰਗ-ਗਤੀ ਸਮੇਂ ਨਾਲ ਬਾਹਰੀ ਪ੍ਰਭਾਵ ਅਧੀਨ ਵਧੇਰੇ ਤੇਜ਼ ਹੋ ਜਾਂਦੀ ਹੈ, ਨੂੰ ਅਜਿਹੀਆਂ ਤਰੰਗਾਂ ਦੀ ਮੌਜੂਦਗੀ ਸਮੇਂ ਅਸਥਿਰ ਕਿਹਾ ਜਾਂਦਾ ਹੈ।

**ਗੈਸ ਅੰਦਰਲੀਆਂ ਸ਼ੱਕ ਤਰੰਗਾਂ** — ਧੁਨੀ-ਵਿਗਿਆਨ ਦਾ ਵਿਸ਼ੇਸ਼ ਤੌਰ ਤੇ ਹਵਾ ਵਿਚ ਤਰੰਗਾਂ ਦੇ ਸੰਚਾਰ ਨਾਲ ਸੰਬੰਧ ਹੈ। ਧੁਨੀ-ਤਰੰਗਾਂ ਤੋਂ ਭਾਵ ਉਨ੍ਹਾਂ ਤਰੰਗਾਂ ਤੋਂ ਹੈ ਜਿਨ੍ਹਾਂ ਦੀ ਤੀਬਰਤਾ ਬਹੁਤ ਹੀ ਘੱਟ ਹੁੰਦੀ ਹੈ ਅਤੇ ਤਾਪਮਾਨ ਤੇ ਦਬਾਉ ਵਿਚ ਇੰਨੀ ਥੋੜ੍ਹੀ ਤਬਦੀਲੀ ਹੁੰਦੀ ਹੈ ਕਿ ਇਹ ਤਬਦੀਲੀ ਆਲੇ-ਦੁਆਲੇ ਦੇ ਤਾਪਮਾਨ ਅਤੇ ਦਬਾਉ ਦਾ ਕੇਵਲ ਇਕ ਅੰਸ਼ ਹੀ ਹੁੰਦਾ ਹੈ। ਇਹ ਤਰੰਗਾਂ ਧੁਨੀ ਦੀ ਰਫ਼ਤਾਰ ਨਾਲ ਗਤੀ ਕਰਦੀਆਂ ਹਨ ਜਿਹੜੀ ਕੇਵਲ ਆਲੇ-ਦੁਆਲੇ ਦੀ ਹਵਾ ਦੀ ਸਥਿਤੀ ਉੱਤੇ ਨਿਰਭਰ ਕਰਦੀ ਹੈ ਜਦੋਂ ਵੀ ਕੋਈ ਵਸਤੂ ਗੈਸ ਅੰਦਰ ਧੁਨੀ-ਰਫ਼ਤਾਰ ਨਾਲੋਂ ਵਧੇਰੇ ਗਤੀ ਨਾਲ ਗਤੀ ਕਰਦੀ ਹੈ ਤਾਂ ਸ਼ੱਕ ਤਰੰਗ ਪੈਦਾ ਹੋ ਜਾਂਦੀ ਹੈ (ਚਿੱਤਰ 3)। ਇਸ ਚਿੱਤਰ ਵਿਚ ਬਹੁਤ ਹੀ ਪਤਲੇ ਖੇਤਰ ਵਿਚ ਸ਼ੱਕ ਤਰੰਗ ਦਰਸਾਈ ਗਈ ਹੈ, ਜਿਹੜੀ ਹਲਚਲ ਤੋਂ ਰਹਿਤ ਗੈਸ ਨੂੰ ਸਾਧਾਰਨ ਤੌਰ ਤੇ ਗਤੀ ਬਿੰਦੂ ਅੰਕਿਤ ਕਰ ਰਹੀ ਗੈਸ ਨੂੰ ਵੱਖਰਾ ਕਰਦੀ ਹੈ। ਬਿੰਦੂ A ਦੇ ਨੇੜੇ ਬਿੰਦੂ ਅੰਕਿਤ ਰੇਖਾਵਾਂ ਚਿੱਤਰ (3) ਵਿਚਲਾ ਪ੍ਰਵਾਹ, ਚਿੱਤਰ (1) ਵਿਚਲੀ ਸਥਿਤੀ ਨਾਲ ਬਿਲਕੁਲ ਮੇਲ ਖਾਂਦਾ ਹੈ ਅਰਥਾਤ ਚਿੱਤਰ 1 ਵਾਲਾ ਨਿਯਮ ਬਿਲਕੁਲ ਉਦੋਂ ਲਾਗੂ




ਚਿੱਤਰ 3 : ਸ਼ੱਕ ਤਰੰਗ ਜਿਆਮਿਤੀ

ਹੁੰਦਾ ਹੈ ਜੇ $h_1$ ਅਤੇ $h_2$ ਤਰਲ ਦੀਆਂ ਡੂੰਘਾਈਆਂ ਦੀ ਥਾਂ ਗੈਸ ਦੀਆਂ ਕ੍ਰਮਵਾਰ ਘਣਤਾਵਾਂ ਹੋਣ। ਅਸਲ ਵਿਚ ਜਦੋਂ ਵੀ ਗੈਸ ਅੰਦਰ ਸ਼ੱਕ ਪੈਦਾ ਹੁੰਦਾ ਹੈ ਤਾਂ ਗੈਸ ਦਾ ਤਾਪਮਾਨ, ਦਬਾਉ, ਘਣਤਾ ਅਤੇ ਵੇਗ ਇਕਦਮ ਬਦਲ ਜਾਂਦੇ ਹਨ। ਇਸ ਤਰ੍ਹਾਂ ਤਾਪਗਤੀ-ਵਿਗਿਆਨ ਦੇ ਨਿਯਮਾਂ ਦੀ ਵਰਤੋਂ ਕਰਨ ਨਾਲ ਇਨ੍ਹਾਂ ਦਾ ਅਧਿਐਨ ਵਿਸਥਾਰ ਨਾਲ ਹੋ ਸਕੇਗਾ।

ਜਦੋਂ ਕੋਈ ਪਿੰਡ ਉਲਕਾ ਜਾਂ ਬਣਾਉਟੀ ਉਪ-ਗ੍ਰਹਿਆਂ ਦੀ ਰਫ਼ਤਾਰ ਮੰਨ ਲਵੋ 25,000 ਫੁੱਟ ਪ੍ਰਤਿ ਸੈਕੰਡ ਨਾਲ ਧਰਤੀ ਦੇ ਵਾਯੂਮੰਡਲ ਅੰਦਰ ਦਾਖ਼ਲ ਹੁੰਦਾ ਹੈ ਤਾਂ ਸ਼ੱਕ ਤਰੰਗ ਦੇ ਲੱਛਣ ਨਿਮਨ ਅਨੁਸਾਰ ਹੋਣਗੇ। ਗੈਸ ਅੰਦਰ ਤਰੰਗ ਬਿੰਦੂ A ਤੋਂ ਜਦੋਂ ਲੰਘ ਚੁੱਕਦੀ ਹੈ ਤਾਂ ਦਬਾਉ ਲਗਭਗ $.9\rho_1U^2$ ਗੈਸ ਦਾ ਵੇਗ ਲਗਭਗ .9U, ਘਣਤਾ ਲਗਭਗ $10\rho_1$ ਅਤੇ ਤਾਪਮਾਨ ਕਈ ਹਜ਼ਾਰ ਡਿਗਰੀ ਕੈਲਵਿਨ ਹੋਵੇਗਾ। ਇਥੇ $\rho_1$ ਆਲੇ-ਦੁਆਲੇ ਦੀ ਹਵਾ ਦੀ ਘਣਤਾ ਅਤੇ U ਤਰੰਗ ਚਾਲ (ਉਹ ਚਾਲ ਜਿਹੜੀ ਨਾਲ ਸ਼ੱਕ ਤਰੰਗ ਖੜ੍ਹੀ ਗੈਸ ਨੂੰ ਘੇਰੀ ਰਖੱਦੀ ਹੈ)। ਤਰੰਗ ਦੇ ਤਿਰਛੇ ਭਾਗ ਦੇ ਪਿੱਛੇ ਗੈਸ ਉੱਤੇ ਬਹੁਤ ਥੋੜ੍ਹਾ ਦਬਾਉ ਪਵੇਗਾ ਜਿਸ ਨਾਲ ਉਹ ਬਹੁਤ ਘੱਟ ਨਪੀੜੀ ਜਾਵੇਗੀ ਅਤੇ ਇਹ ਦਬਾਉ $.9\rho_1U^2\cos^2\theta$ ਹੋਵੇਗਾ। ਜਦੋਂ ਗੈਸ, ਤਰਲ ਜਾਂ ਠੋਸ ਮਾਧਿਅਮ ਅੰਦਰ ਵਿਸਫ਼ੋਟ ਕੀਤੇ ਜਾਂਦੇ ਹਨ ਤਾਂ ਵਧੇਰੇ ਪ੍ਰਬਲ ਸ਼ੱਕ ਤਰੰਗਾਂ ਵੀ ਪੈਦਾ ਹੋ ਜਾਂਦੀਆਂ ਹਨ।

**ਟ੍ਰੈਫਿਕ ਤਰੰਗਾਂ** — ਜਦੋਂ ਆਮ ਹਾਲਤਾਂ ਵਿਚ ਲੰਬੀ ਸੜਕ ਉੱਤੇ ਇਕਸਾਰ ਟ੍ਰੈਫਿਕ ਪ੍ਰਵਾਹ ਕਰ ਰਿਹਾ ਹੋਵੇ ਤਾਂ ਪ੍ਰਵਾਹ ਪੈਟਰਨ ਨੂੰ ਉਸਦੀ ਘਣਤਾ, $\rho$ (ਸੜਕ ਦੀ ਕਾਰ ਲੰਬਾਈ ਉੱਤੇ ਕਾਰਾਂ ਦੀ ਗਿਣਤੀ) ਅਤੇ ਵਾਹਨ ਚਾਲ, q ਨਾਲ ਦਰਸਾਇਆ ਜਾਂਦਾ ਹੈ। ਅਜਿਹੇ ਪੈਟਰਨ ਵਿਚ ਟ੍ਰੈਫਿਕ ਲਾਈਟਾਂ, ਮਲਬਾ, ਦੁਰਘਟਨਾਵਾਂ ਆਦਿ ਹਲਚਲ ਪੈਦਾ ਕਰ ਦਿੰਦੇ ਹਨ। ਤਰੰਗ ਜਿਹੜੀ ਟ੍ਰੈਫਿਕ ਧਾਰਾ ਦੌਰਾਨ ਚਲਦੀ ਹੈ ਉਸ ਨੂੰ ਘਣਤਾ ਤੇ ਵੇਗ ਵਿਚਲੀ ਤਬਦੀਲੀ ਨਾਲ ਦਰਸਾਇਆ ਜਾਂਦਾ ਹੈ ਅਤੇ ਇਨ੍ਹਾਂ ਦਾ ਪਤਾ ਪਹਿਲੋਂ ਵਿਚਾਰੇ ਜਾ ਚੁੱਕੇ ਨਿਯਮਾਂ ਦੀ ਵਰਤੋਂ ਕਰਨ ਨਾਲ ਲਗਾਇਆ ਜਾ ਸਕਦਾ ਹੈ। ਪਹਿਲੇ ਨਿਯਮ ਅਨੁਸਾਰ ਜ਼ਰੂਰੀ ਹੈ ਕਿ ਕੋਈ ਵੀ ਕਾਰ ਹੋਰ ਦਾਖ਼ਲ ਨਾ ਹੁੰਦੀ ਹੋਵੇ ਅਤੇ ਨਾ ਹੀ ਕੋਈ ਕਾਰ ਧਾਰਾ ਤੋਂ ਬਾਹਰ ਹੁੰਦੀ ਹੋਵੇ। ਦੂਜਾ ਨਿਯਮ ਪ੍ਰਯੋਗ ਦੁਆਰਾ ਸਿੱਧ ਪ੍ਰੇਖਣਾਂ ਉੱਤੇ ਨਿਰਭਰ ਕਰਦਾ ਹੈ ਅਤੇ ਚਾਲ ਤੇ ਘਣਤਾ ਵਿਚਕਾਰ ਇਕ ਵਿਸ਼ੇਸ਼ ਸਬੰਧ ਨੂੰ ਸਿੱਧ ਕਰਦਾ ਹੈ। ਅਜਿਹੇ ਪ੍ਰੇਖਣਾਂ ਤੋਂ ਸਾਨੂੰ ਉਚਿਤ ਸ਼ੁੱਧਤਾ ਵਾਲਾ ਸਮੀਕਰਨ ਪ੍ਰਾਪਤ ਹੋ ਜਾਂਦਾ ਹੈ ਕਿ

$$q = q_0 (1 - \rho)$$

$q_0$ ਨੂੰ ਸੜਕ ਉਤਲੀ ਸਭ ਤੋਂ ਸੁਰੱਖਿਅਤ ਉੱਚਤਮ ਚਾਲ ਮੰਨਿਆ ਜਾ ਸਕਦਾ ਹੈ; ਇਸ ਤਰ੍ਹਾਂ ਜਦੋਂ ਕਾਰਾਂ ਇਕ ਦੂਜੇ ਨਾਲ ਜੁੜਕੇ ਖੜੀਆਂ ਹਨ ਤਾਂ ਸੰਭਵ ਚਾਲ ਰੇਂਜ O ਤੋਂ ਲੈ ਕੇ ਜਦੋਂ ਕਾਰਾਂ ਇਕ ਦੂਸਰੀ ਤੋਂ ਕਾਫ਼ੀ ਦੂਰੀ ਤੇ ਹਨ $q_0$ ਤੱਕ ਹੋ ਸਕਦੀ ਹੈ। ਗਣਿਤਕ ਸਮੀਕਰਨ ਅਵਕਲ ਗਣਿਤ੍ ਦੀ ਵਰਤੋਂ ਕਰਨ ਉਪਰੰਤ

$$\frac{\partial(\rho q)}{\partial x} + \frac{\partial \rho}{\partial t} = 0$$

ਇਥੋਂ ਇਸ ਦੀ ਵੀ ਪੁਸ਼ਟੀ ਹੋ ਜਾਂਦੀ ਹੈ ਕਿ ਇਹ ਨਿਯਮ ਕਿਸੇ ਵੀ ਘਣਤਾ ਵੰਡ $\rho$ ਲਈ x ਦੂਰੀ (ਸੜਕ ਤੇ ਤੈਅ ਕੀਤੀ ਦੂਰੀ) ਅਤੇ t ਸਮੇਂ ਵਿਚਲੀ ਤਬਦੀਲੀ ਲਈ ਸਹੀ ਸਿੱਧ ਹੋਣਗੇ, ਨਿਯਮ ਅਨੁਸਾਰ

$$x = q_0 (1-2\rho)\, t$$

ਘਣਤਾ ਵਿਚ ਹੋਣ ਵਾਲੀਆਂ ਤਬਦੀਲੀਆਂ ਨੂੰ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ ਜੇਕਰ ਸਥਿਰ ਘਣਤਾ ਲਈ ਗ੍ਰਾਫ਼ ਉੱਤੇ x ਨੂੰ ਖਿਤਿਜੀ ਨਿਰਦੇਸ਼-ਅੰਕ ਫ਼ਾਸਲੇ ਲਈ ਅਤੇ ਲੰਬਾਤਮਕ ਨਿਰਦੇਸ਼-ਅੰਕ ਸਮੇਂ ਲਈ ਪਲਾਟ ਕੀਤਾ ਜਾਵੇ (ਚਿੱਤਰ 4)। ਜਦੋਂ ਟ੍ਰੈਫਿਕ ਦੇ ਪ੍ਰਵਾਹ ਅੰਦਰ ਕੋਈ ਰੁਕਾਵਟ ਇਸ ਢੰਗ ਨਾਲ ਆਉਂਦੀ ਹੈ ਤਾਂ ਕਾਰਾਂ ਅਚਾਨਕ ਆਪਣੀ ਚਾਲ ਬਦਲ ਲੈਂਦੀਆਂ ਹਨ ਅਤੇ ਇਕ ਸ਼ਾੱਕ ਤਰੰਗ ਪੈਦਾ ਹੋ ਸਕਦੀ ਹੈ। ਅਜਿਹੀ ਸ਼ਾੱਕ ਤਰੰਗ ਵਾਲੀ ਸਥਿਤੀ ਵਿਚ ਪਹਿਲਾ ਨਿਯਮ ਲਾਗੂ ਕਰਨ ਨਾਲ ਨਿਮਨ ਅਨੁਸਾਰ ਸਮੀਕਰਨ ਬਣ ਜਾਂਦੀ ਹੈ

$$\rho_1 (q_1 - U) = \rho_2 (q_2 - U)$$




**ਚਿੱਤਰ 4. ਸਥਿਰ ਘਣਤਾ ਵਾਲੀਆਂ ਰੇਖਾਵਾਂ ਜਿਹੜੀਆਂ ਟ੍ਰੈਫਿਕ ਨੂੰ ਇਕਦਮ ਛੱਡਣ ਨਾਲ ਬਣਦੀਆਂ ਹਨ।**

ਜਿਥੇ $\rho_1$ ਅਤੇ $q_1$ ਕ੍ਰਮਵਾਰ $\rho$ ਅਤੇ q ਦੀਆਂ ਸ਼ਾੱਕ ਦੇ ਖੱਬੇ ਪਾਸੇ ਵਾਲੀਆਂ ਕੀਮਤਾਂ ਅਤੇ $\rho_2$ ਤੇ $q_2$ ਸੱਜੇ ਪਾਸੇ ਵਾਲੀਆਂ ਕੀਮਤਾਂ ਹਨ। ਇਥੇ U ਉਹ ਚਾਲ ਹੈ ਜਿਸ ਨਾਲ ਸ਼ਾੱਕ ਤਰੰਗ ਤਰਲ ਵਿਚ ਅੱਗੇ ਵੱਧਦੀ ਹੈ। ਬਰਾਬਰਤਾ ਦਾ ਅਰਥ ਹੈ ਕਿ ਜਿੰਨੀਆਂ ਕਾਰਾਂ ਸ਼ਾੱਕ ਅੰਦਰ ਪ੍ਰਤਿ ਯੂਨਿਟ ਦਾਖ਼ਲ ਹੁੰਦੀਆਂ ਹਨ ਓਨੀਆਂ ਹੀ ਕਾਰਾਂ ਪ੍ਰਤਿ ਯੂਨਿਟ ਸ਼ਾੱਕ ਤੋਂ ਬਾਹਰ ਜਾਂਦੀਆਂ ਹਨ।

ਹੁਣ ਉਸ ਸਥਿਤੀ ਨੂੰ ਲਈਏ ਜਿਸ ਉੱਤੇ ਸਮਾਂ O ਤੱਕ ਟ੍ਰੈਫਿਕ ਦਾ ਪ੍ਰਵਾਹ ਚਾਲ $q_1 = \left(\frac{3}{4}\right) q_0$ ਅਤੇ ਘਣਤਾ $\rho_1 = \frac{1}{4}$ ਉੱਤੇ ਜ਼ਰੂਰ ਹੀ ਇਕਸਾਰ ਰਹਿੰਦਾ ਹੈ। ਸਮਾਂ O ਉੱਤੇ ਤੇ ਦੂਰੀ $x = 0$ ਉੱਤੇ ਅਚਾਨਕ ਰੁਕਾਵਟ ਆ ਜਾਂਦੀ ਹੈ ਤਾਂ ਜੋ ਹਰ ਕਾਰ ਇਸ ਰੁਕਾਵਟ ਨੂੰ ਜ਼ਰੂਰੀ ਚਾਲ $q_2 = q_0/8$ ਨਾਲ ਪਾਰ ਕਰੇ (ਅਤੇ ਇਸ ਸੈਕਸ਼ਨ ਦੇ ਪਹਿਲੇ ਸੰਮੀਕਰਨ ਅਨੁਸਾਰ, ਘਣਤਾ $\rho_2 = \frac{7}{8}$ ਉੱਤੇ)। ਘਣਤਾ $\rho_1$ ਉੱਤੇ ਪ੍ਰਵਾਹ ਉਦੋਂ ਇਕ ਸਮਾਨ ਹੁੰਦਾ ਹੈ ਜਦੋਂ ਰੁਕਾਵਟ ਦੇ ਨੇੜੇ ਪਹੁੰਚ ਰਿਹਾ ਹੁੰਦਾ ਹੈ, ਇਸ ਦਾ ਟਾਕਰਾ ਸ਼ਾੱਕ ਤਰੰਗ ਨਾਲ ਹੁੰਦਾ ਹੈ ਜਿਸ ਦੀ ਚਾਲ $U = -q_o/8$ ਹੈ ਦੇ ਪਿੱਛੇ $\rho_2$ ਘਣਤਾ ਵਾਲਾ ਇਕਸਮਾਨ ਪ੍ਰਵਾਹ ਹੁੰਦਾ ਹੈ। ਜਦੋਂ ਕਾਰਾਂ ਰੁਕਾਵਟ ਪਾਰ ਕਰ ਲੈਂਦੀਆਂ ਹਨ ਉਹ ਇਕਦਮ $7q_o/8$ ਦੀ ਚਾਲ ਗ੍ਰਹਿਣ ਕਰ ਲੈਂਦੀਆਂ ਹਨ ਅਤੇ ਓਨਾ ਚਿਰ ਇਹ ਇਸੇ ਚਾਲ ਨਾਲ ਚਲਦੀਆਂ ਰਹਿੰਦੀਆਂ ਹਨ ਜਦੋਂ ਤੱਕ $3q_o/4$ ਚਾਲ ਵਾਲੇ ਟ੍ਰੈਫਿਕ ਪ੍ਰਵਾਹ ਵਿਚ ਸ਼ਾਮਲ ਨਹੀਂ ਹੋ ਜਾਂਦੀਆਂ। ਇਹ ਟਾਕਰਾ $x=5q_ot/8$ ਉੱਤੇ ਹੁੰਦਾ ਹੈ ਜਿਥੋਂ ਪ੍ਰਵਾਹ ਰੁਕਾਵਟ ਰਹਿਤ ਚਾਲ ਨਾਲ ਚਲਦਾ ਹੈ।

**ਲਚਕੀਲੇ ਠੋਸਾਂ ਵਿਚਕਾਰ ਤਰੰਗ** — ਜਦੋਂ ਸਮ-ਅੰਗੀ ਅਤੇ ਸਮ ਦਿਸ਼ਾਵੀ ਲਚਕਦਾਰ ਪਦਾਰਥ ਦੀ ਬਣੀ ਹੋਈ ਲੰਬੀ ਸਿਲਿੰਡਰਾਕਾਰ ਛੜ ਨੂੰ ਸਮਮਿਤੀ ਧੁਰੇ ਦੁਆਲੇ ਮਰੋੜਿਆ ਜਾਂਦਾ ਹੈ ਤਾਂ ਪੈਦਾ ਹੋਣ ਵਾਲੀ ਤਰੰਗ ਦੇ ਲੱਛਣ ਕ੍ਰਮਵਾਰ ਗੋਲਾਕਾਰ ਕ੍ਰਾੱਸ ਸੈਕਸ਼ਨਾਂ ਵਾਲੀ ਦ੍ਰਿੜ੍ਹ ਵਸਤੂ ਦੇ ਘੁੰਮਣ ਦੇ ਅਨੁਸਾਰ ਹੁੰਦੇ ਹਨ। ਪਦਾਰਥ ਦੇ ਵਿਰੂਪਿਤ ਅੰਸ਼ ਆਪਣਾ ਘਣਫਲ ਨਹੀਂ ਬਦਲਦੇ ਅਤੇ ਤਰੰਗ $\sqrt{G/\rho}$ ਚਾਲ ਨਾਲ ਅੱਗੇ ਵਧਦੀ ਹੈ, ਜਿੱਥੇ G ਮਾਧਿਅਮ ਦਾ ਦ੍ਰਿੜ੍ਹਤਾ-ਗੁਣਾਂਕ ਹੈ (ਸਟੀਲ ਲਈ G = 6,000 ਟਨ ਪ੍ਰਤਿ ਵਰਗ ਇੰਚ ਲਗਭਗ ਅਤੇ ਤਿਰਛੀ ਤਰੰਗ ਚਾਲ 10,000 ਫ਼ੁੱਟ ਪ੍ਰਤਿ ਸੈਕਿੰਡ ਨਾਲੋਂ ਥੋੜ੍ਹੀ ਵਧੇਰੇ ਹੁੰਦੀ ਹੈ)। ਕਣਾਂ ਦਾ ਵਿਸਥਾਪਨ ਜਿਸ ਦਿਸ਼ਾ ਵਿਚ ਹਲਚਲ ਹੁੰਦੀ ਹੈ ਦੇ ਲੰਬਾਤਮਕ ਦਿਸ਼ਾ ਵਿਚ ਹੁੰਦਾ ਹੈ ਅਤੇ ਅਜਿਹੀਆਂ ਤਰੰਗਾਂ ਨੂੰ ਤਿਰਛੀਆਂ ਤਰੰਗਾਂ ਕਿਹਾ ਜਾਂਦਾ ਹੈ। ਲੰਬਕਾਰੀ ਤਰੰਗ ਬਹੁਤ ਧਾਤਾਂ ਦੇ ਸਬੰਧ ਵਿਚ ਆਮ ਕਰਕੇ ਚਾਲ $\sqrt{2(1-v)/(1-2v)}$ ਨਾਲ ਅੱਗੇ ਵਧਦੀ ਹੈ ਜਿੱਥੇ V ਪਦਾਰਥ ਜਾਂ ਧਾਤ ਦਾ ਪਾੱਇਜ਼ਨ-ਅਨੁਪਾਤ ਹੈ।

ਹ.ਪੁ.—ਐਨ.ਬ੍ਰਿ. 23 : 440

**ਤਰਨ ਤਾਰਨ** : ਇਹ ਪੰਜਾਬ ਰਾਜ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਚ ਇਕ ਪ੍ਰਸਿੱਧ ਧਾਰਮਿਕ ਅਤੇ ਇਤਿਹਾਸਕ ਸ਼ਹਿਰ ਹੈ ਜੋ ਅੰਮ੍ਰਿਤਸਰ ਸ਼ਹਿਰ ਤੋਂ ਲਗਭਗ 25 ਕਿ. ਮੀ. ਉੱਤਰ ਵੱਲ ਉੱਤਰ-ਪੱਛਮੀ ਰੇਲਵੇ ਦੀ ਅੰਮ੍ਰਿਤਸਰ-ਖੇਮਕਰਨ ਸ਼ਾਖਾ ਉੱਤੇ ਵੱਸਿਆ ਹੋਇਆ ਹੈ। ਇਹ ਇਸੇ ਨਾਂ ਦੀ ਤਹਿਸੀਲ ਦਾ ਸਦਰ-ਮੁਕਾਮ ਵੀ ਹੈ ਅਤੇ ਸੜਕਾਂ ਰਾਹੀਂ ਅੰਮ੍ਰਿਤਸਰ, ਜੰਡਿਆਲਾ ਗੋਇੰਦਵਾਲ, ਹਰੀਕੇ, ਪੱਟੀ ਅਤੇ ਝਬਾਲ ਨਾਲ ਜੁੜਿਆ ਹੋਇਆ ਹੈ।

ਇਸ ਪਵਿੱਤਰ ਸ਼ਹਿਰ ਦੀ ਨੀਂਹ ਸਿੱਖਾਂ ਦੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 17 ਵਿਸਾਖ ਸੰਮਤ 1647 (ਸੰਨ 1590) ਨੂੰ ਖਾਰਾ ਅਤੇ ਪਲਾਸੌਰ ਪਿੰਡਾਂ ਦੀ ਜ਼ਮੀਨ ਉੱਤੇ ਇਕ ਪਵਿੱਤਰ ਸਰੋਵਰ ਬਣਵਾ ਕੇ ਰੱਖੀ ਸੀ। ਸੰਮਤ 1653 ਨੂੰ ਇਹ ਥਾਂ ਇਕ ਨਗਰ ਦੇ ਰੂਪ ਵਿਚ ਆਬਾਦ ਕੀਤਾ ਗਿਆ। ਸਰੋਵਰ ਦੀ ਨੀਂਹ ਬਾਬਾ ਬੁੱਢਾ ਜੀ ਨੇ ਚੇਤ ਦੀ ਮੱਸਿਆ ਵਾਲੇ ਦਿਨ, 1643 ਬਿਕਰਮੀ ਨੂੰ ਰੱਖੀ ਅਤੇ ਪੰਜ ਸਾਲ ਤੇ ਤਿੰਨ ਮਹੀਨਿਆਂ ਬਾਅਦ ਉਸਾਰੀ ਦਾ ਕੰਮ ਵੀ ਮੱਸਿਆ (ਭਾਦੋਂ ਦੀ) ਵਾਲੇ ਦਿਨ ਹੀ ਮੁਕੰਮਲ ਹੋਇਆ। ਸਰੋਵਰ ਬਣਾਉਣ ਲਈ ਗੁਰੂ ਸਾਹਿਬ ਨੇ, ਉਸ ਸਮੇਂ ਇਹ 80 ਵਿੱਘੇ ਜ਼ਮੀਨ ਨੂਰਦੀਨ ਨਾਂ ਦੇ ਇਕ ਮੁਗ਼ਲ ਤੋਂ ਇਕ ਲੱਖ ਸਤਵੰਜਾ ਹਜ਼ਾਰ ਨੂੰ ਖਰੀਦੀ ਸੀ। ਸੰਮਤ 1653 ਵਿਚ ਸਰੋਵਰ ਨੂੰ ਪੱਕਾ ਕਰਵਾਉਣ ਅਤੇ ਗੁਰਦੁਆਰਾ ਬਣਵਾਉਣ ਲਈ ਗੁਰੂ ਸਾਹਿਬ ਦੇ ਕਹਿਣ ਤੇ ਇਲਾਕੇ ਦੇ ਲੋਕਾਂ ਨੇ ਆਪਣੀ ਮਰਜ਼ੀ ਅਤੇ ਖ਼ੁਸ਼ੀ ਨਾਲ ਆਵੇ ਲਗਾਏ ਪਰ ਨੂਰਦੀਨ ਦੇ ਪੁੱਤਰ ਅਮੀਰੁੱਦੀਨ ਨੇ ਇਹ ਇੱਟਾਂ ਜ਼ਬਰਦਸਤੀ ਖੋਹ ਕੇ ਸਰਾਂ ਅਤੇ ਆਪਣੇ ਮਕਾਨਾਂ ਨੂੰ ਲਾ ਲਈਆਂ। ਗੁਰੂ ਸਾਹਿਬ ਨੇ ਸਿੱਖਾਂ ਨੂੰ ਬਚਨ ਕੀਤੇ ਕਿ ਇਹ ਇੱਟਾਂ ਜਿਥੇ ਲੱਗਣ ਲਈ ਬਣੀਆਂ ਹਨ ਆਪਣੇ ਆਪ ਹੀ ਉਥੇ ਲੱਗ ਜਾਣਗੀਆਂ। ਸ਼ਰਧਾਲੂਆਂ ਨੇ ਹੁਕਮ ਮੰਨਦੇ ਹੋਏ ਕੋਈ ਟੋਕ ਨਾ ਕੀਤੀ। ਸੰਮਤ 1823 ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਇਹ ਦੋਵੇਂ ਇਮਾਰਤਾਂ ਢਾਹ ਕੇ ਉਨ੍ਹਾਂ ਹੀ ਇੱਟਾਂ ਨਾਲ ਸਰੋਵਰ ਦੇ ਦੋ ਪਾਸੇ ਪੱਕੇ ਕਰਵਾਏ, ਬਾਕੀ ਦੋ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਮੋਤੀਰਾਮ ਕਾਰਕੁਨ ਦੀ ਮਾਰਫਤ ਪੱਕੇ ਕਰਵਾਏ। ਕੰਵਰ ਨੌਨਿਹਾਲ ਸਿੰਘ ਨੇ ਸਰੋਵਰ ਦੀ ਪਰਿਕਰਮਾ ਪੱਕੀ ਕਰਵਾਈ ਅਤੇ ਬੁੰਗਾ ਬਣਵਾਇਆ। ਕਿਸੇ ਵੀ ਸਾਫ਼ ਦਿਨ ਇਸ ਬੁਰਜ ਉੱਤੇ ਚੜ੍ਹ ਕੇ ਦੂਰਬੀਨ ਦੀ ਮਦਦ ਨਾਲ ਅੰਮ੍ਰਿਤਸਰ ਸਾਹਿਬ ਦੇ ਕਈ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਾਂਗ ਹੀ ਇਥੋਂ ਦੇ ਗੁਰਦੁਆਰਾ ਦਰਬਾਰ ਸਾਹਿਬ ਉੱਤੇ ਵੀ ਸੋਨੇ ਦੇ ਪੱਤਰੇ ਚੜ੍ਹਾਉਣ ਅਤੇ ਹੋਰ ਸਜਾਵਟ ਆਦਿ ਦੀ ਸੇਵਾ ਕਰਵਾਈ।

ਪਵਿੱਤਰ ਸਰੋਵਰ ਦੀ ਲੰਬਾਈ ਉੱਤਰ ਵੱਲੋਂ 955 ਫ਼ੁੱਟ, ਦੱਖਣ ਵੱਲੋਂ 935 ਫ਼ੁੱਟ, ਪੱਛਮ ਵੱਲੋਂ 770 ਫ਼ੁੱਟ ਅਤੇ ਪੂਰਬ ਵਲੋਂ 700 ਫ਼ੁੱਟ ਹੈ। ਪਰਿਕਰਮਾ ਦੀ ਲੰਬਾਈ ਉੱਤਰ ਵੱਲ 1044 ਫ਼ੁੱਟ, ਦੱਖਣ ਵੱਲ 1020 ਫ਼ੁੱਟ, ਪੱਛਮ ਵੱਲ 860 ਫ਼ੁੱਟ ਅਤੇ ਪੂਰਬ ਵੱਲ 861 ਫ਼ੁੱਟ ਹੈ।

ਬਾਰੀ ਦੁਆਬ ਨਹਿਰ ਦੀ ਸਭਰਾਉਂ ਸ਼ਾਖਾ ਵਿਚੋਂ ਇਕ ਸੂਏ ਦੁਆਰਾ ਸਰੋਵਰ ਵਿਚ ਜਲ ਪਾਇਆ ਜਾਂਦਾ ਹੈ। ਇਸ ਦੀ ਸੇਵਾ ਮਹਾਰਾਜਾ ਜੀਂਦ ਨੇ ਕਰਵਾਈ ਸੀ। ਪਰਿਕਰਮਾ ਵਿਚ ਪਹਿਲਾਂ ਤੋਂ ਹੀ ਕਈ ਬੁੰਗੇ ਬਣੇ ਹੋਏ ਸਨ ਜਿਨ੍ਹਾਂ ਨੂੰ ਹੁਣ ਠੀਕ ਕਰਕੇ ਯਾਤਰੀਆਂ ਦੇ ਠਹਿਰਨ ਲਈ ਵਰਤਿਆ ਜਾਂਦਾ ਹੈ। ਸਰੋਵਰ ਦੀ ਪਰਿਕਰਮਾ ਦੇ ਇਕ ਪਾਸੇ ਗੁਰਦੁਆਰਾ ਮੰਜੀ ਸਾਹਿਬ ਹੈ। ਇਹ ਉਹ ਪਾਵਨ ਅਸਥਾਨ ਹੈ ਜਿਥੇ ਬੈਠ ਕੇ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਰਚਨਾ ਕਰਵਾਉਂਦੇ ਸਨ ਅਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀਵਾਨ ਲਾਇਆ ਕਰਦੇ ਸਨ।

ਉਪਰੋਕਤ ਤੋਂ ਇਲਾਵਾ ਸ਼ਹਿਰ ਵਿਚ ਤਿੰਨ ਇਤਿਹਾਸਕ ਖੂਹ ਵੀ ਹਨ ਜਿਨ੍ਹਾਂ ਵਿਚੋਂ ਇਕ ਦੱਖਣ ਵੱਲ 'ਗੁਰੂ ਕਾ ਖੂਹ' ਹੈ ਜੋ ਵੀ ਗੁਰੂ ਅਰਜਨ ਦੇਵ ਜੀ ਨੇ ਬਣਾਇਆ ਸੀ। ਦੂਜਾ 'ਬੀਬੀ ਭਾਨੀ ਦਾ ਖੂਹ' ਹੈ ਅਤੇ ਇਕ ਹੋਰ ਖੂਹ ਗੁਰਦੁਆਰਾ ਸਾਹਿਬ ਦੇ ਵਿਚ ਹੀ ਹੈ। ਬਾਬਾ ਫੂਲਾ ਸਿੰਘ ਦੀ ਯਾਦ ਵਿਚ ਬਣਾਇਆ ਇਕ ਹੋਰ ਗੁਰਦੁਵਾਰਾ ਵੀ ਸ਼ਹਿਰ ਵਿਚ ਮੌਜੂਦ ਹੈ।

ਰਵਾਇਤ ਹੈ ਕਿ ਤਰਨ ਤਾਰਨ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਕੋਹੜ ਰੋਗ ਦੂਰ ਹੋ ਜਾਂਦਾ ਹੈ ਜਿਸ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਦੂਰੋਂ ਨੇੜਿਉਂ ਕੋਹੜ, ਖਾਰਸ਼ ਆਦਿ ਦੇ ਰੋਗੀ ਇਥੇ ਇਸ਼ਨਾਨ ਕਰਨ ਆਉਂਦੇ ਹਨ। ਗੁਰਦੁਆਰੇ ਤੋਂ ਥੋੜ੍ਹੀ ਦੂਰ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ੁਰੂ ਕੀਤਾ ਕੋਹੜੀਆਂ ਦਾ ਇਕ ਆਸ਼ਰਮ ਹੈ ਜੋ 1903 ਈ. ਵਿਚ 'ਕੋੜ੍ਹੀਆਂ ਦੇ ਮਿਸ਼ਨ' ਨਾਮੀ ਇਕ ਸੰਸਾਰ ਪ੍ਰਸਿੱਧ ਸੰਸਥਾ ਦੇ ਪ੍ਰਤੀਨਿਧ, ਗਿਲਫਰਡ ਨੂੰ ਸੌਂਪ ਦਿੱਤਾ ਗਿਆ ਸੀ। ਇਹ ਆਸ਼ਰਮ ਜੋ ਹੁਣ ਇਕ ਸੰਸਥਾ ਬਣ ਚੁਕਿਆ ਹੈ, ਕਾਫੀ ਤਰੱਕੀ ਕਰਦਾ ਆ ਰਿਹਾ ਹੈ। ਹੁਣ ਇਸ ਦਾ ਕੈਂਪਸ ਬਹੁਤ ਖ਼ੂਬਸੂਰਤ ਬਣਾ ਦਿੱਤਾ ਗਿਆ ਹੈ ਤੇ ਇਸ ਵਿਚ ਇਕੋ ਸਮੇਂ 250 ਰੋਗੀ ਰਹਿ ਸਕਦੇ ਹਨ। ਰੋਗੀ ਬੱਚਿਆਂ, ਮੁੰਡਿਆਂ ਤੇ ਕੁੜੀਆਂ ਲਈ ਅਲੱਗ-ਅਲੱਗ ਬਹੁਤ ਚੰਗਾ ਪ੍ਰਬੰਧ ਹੈ ਤੇ ਇਨ੍ਹਾਂ ਲੋਕਾਂ ਨੂੰ ਆਤਮ ਨਿਰਭਰ ਕਰਨ ਲਈ ਕਈ ਪ੍ਰਕਾਰ ਦੇ ਕੰਮ-ਧੰਦੇ ਵੀ ਸਿਖਾਏ ਜਾਂਦੇ ਹਨ।

ਸੰਨ 1875 ਤੋਂ ਇਥੇ ਮਿਉਂਸਪਲਟੀ ਬਣੀ ਹੋਈ ਹੈ। ਸ਼ਹਿਰ ਵਿਚ ਪੰਜ ਹਾਈ ਅਤੇ ਹਾਇਰ ਸੈਕੰਡਰੀ ਸਕੂਲ, ਇਕ ਬੇਸਿਕ ਟਰੇਨਿੰਗ ਸਕੂਲ, ਦੋ ਕਾਲਜ, ਇਕ ਸਿਵਲ ਹਸਪਤਾਲ, ਇਕ ਮਿਸ਼ਨ ਹਸਪਤਾਲ, ਸੇਂਟ ਮੇਰੀ ਜ਼ਨਾਨਾ ਹਸਪਤਾਲ ਅਤੇ ਇਕ ਕੇਂਦਰੀ ਚੀਫ ਖਾਲਸਾ ਦੀਵਾਨ ਹਸਪਤਾਲ ਦੇ ਨਾਲ ਨਾਲ ਇਥੇ ਡੰਗਰਾਂ ਲਈ ਵੀ ਇਕ ਹਸਪਤਾਲ ਹੈ।

ਉਦਯੋਗਿਕ ਅਤੇ ਵਪਾਰਕ ਪੱਖੋਂ ਇਸ ਸ਼ਹਿਰ ਦਾ ਬਹੁਤ ਵਿਕਾਸ ਨਹੀਂ ਹੋਇਆ। ਇਥੇ ਕੇਵਲ ਲੋਹੇ ਦੇ ਬਰਤਨ ਤਿਆਰ ਕਰਨ ਜਾਂ ਰੂੰ ਦੀਆਂ ਗੱਠਾਂ ਬਣਾਉਣ ਦੇ ਕਾਰਖਾਨੇ ਹਨ।

ਇਥੇ ਹਰ ਮੱਸਿਆ ਨੂੰ ਮੇਲਾ ਲਗਦਾ ਹੈ। ਬੀਮਾਰੀਆਂ ਆਦਿ ਤੋਂ ਮੁਕਤੀ ਪਾਉਣ ਲਈ ਲੋਕ ਮੱਸਿਆ ਸੁੱਖਦੇ ਹਨ ਪਰ ਭਾਦੋਂ (ਅਗਸਤ) ਅਤੇ ਚੇਤ (ਅਪ੍ਰੈਲ) ਦੀ ਮੱਸਿਆ ਖਾਸ ਤੌਰ ਤੇ ਮਨਾਈ ਜਾਂਦੀ ਹੈ ਜਦੋਂ ਭਾਰੀ ਗਿਣਤੀ ਵਿਚ ਸ਼ਰਧਾਲੂ ਲੋਕ ਇਥੇ ਪਹੁੰਚਦੇ ਹਨ। ਇਸ ਤੋਂ ਇਲਾਵਾ ਵਿਸਾਖੀ ਅਤੇ ਦੁਸਹਿਰੇ ਨੂੰ ਵੀ ਸ਼ਰਧਾਲੂਆਂ ਦੀ ਕਾਫੀ ਭੀੜ ਹੁੰਦੀ ਹੈ।

ਆਬਾਦੀ -47,529 (1991)

31° 27' ਉ. ਵਿਥ.; 74° 56' ਪੂ. ਲੰਬ.

ਹ.ਪੁ.—ਮ. ਕੋ.; ਹਿੰ. ਵਿ. ਕੋ. 5 : 314; ਇੰਪ. ਗ. ਇੰਡ. 23 : 252; ਡਿ. ਗ. ਅੰਮ੍ਰਿਤਸਰ, 1966, 1976

**ਤਰਨੋਪੋਲ** : ਇਹ ਯੂਕਰੇਨ ਗਣਰਾਜ ਦੀ ਇਸੇ ਹੀ ਨਾਂ ਦੀ ਅੱਬਲਸਤ ਦਾ ਪ੍ਰਮੁੱਖ ਸ਼ਹਿਰ ਅਤੇ ਪ੍ਰਸ਼ਾਸਨੀ ਕੇਂਦਰ ਹੈ। ਇਹ ਸ਼ਹਿਰ ਸੈਰਤ ਦਰਿਆ ਦੇ ਕੰਢੇ ਲਵਾਫ (Lvov) ਤੋਂ ਓਡੈਸਾ ਜਾਣ ਵਾਲੇ ਰੇਲ ਮਾਰਗ ਉੱਪਰ ਵਾਕਿਆ ਹੈ। ਇਸ ਸ਼ਹਿਰ ਦੀ ਬੁਨਿਆਦ ਕਦੋਂ ਰੱਖੀ ਗਈ, ਬਾਰੇ ਨਿਸ਼ਚਿਤ ਨਹੀਂ ਹੈ ਪਰ ਇਸ ਬਾਰੇ ਇਤਿਹਾਸ ਵਿਚ ਸਭ ਤੋਂ ਪਹਿਲਾ ਜ਼ਿਕਰ 1524 ਈ. ਦਾ ਮਿਲਦਾ ਹੈ ਜਦੋਂ ਕਿ ਤਾਤਾਰਾਂ ਨੇ ਇਸ ਸ਼ਹਿਰ ਨੂੰ ਤਬਾਹ ਕੀਤਾ। ਉਸ ਸਮੇਂ ਇਹ ਪੋਲੈਂਡ ਵਿਚ ਸ਼ਾਮਲ ਹੁੰਦਾ ਸੀ। ਇਸ ਤੋਂ ਪਿੱਛੋਂ 1772 ਈ. ਵਿਚ ਇਥੇ ਆਸਟ੍ਰੀਆ ਦਾ ਕਬਜ਼ਾ ਹੋਇਆ ਅਤੇ 1920 ਈ. ਵਿਚ ਇਹ ਸ਼ਹਿਰ ਪੋਲੈਂਡ ਨੂੰ ਵਾਪਸ ਦੇ ਦਿੱਤਾ ਗਿਆ। ਸੰਨ 1939 ਵਿਚ ਸੋਵੀਅਤ ਰੂਸ ਨੇ ਇਸਨੂੰ ਆਪਣੇ ਵਿਚ ਸ਼ਾਮਲ ਕਰ ਲਿਆ ਅਤੇ ਹੁਣ ਇਹ ਯੂਕਰੇਨ ਗਣਰਾਜ ਦਾ ਹੀ ਹਿੱਸਾ ਹੈ। ਦੂਜੀ ਵੱਡੀ ਜੰਗ ਦੌਰਾਨ ਇਸ ਨੂੰ ਭਾਰੀ ਨੁਕਸਾਨ ਸਹਿਣਾ ਪਿਆ।

ਅਜੋਕਾ ਤਰਨੋਪੋਲ ਇਕ ਬਹੁਤ ਹੀ ਮਹੱਤਵਪੂਰਨ ਰੇਲਵੇ ਜੰਕਸ਼ਨ ਹੈ। ਇਹ ਹਲਕੇ ਇੰਜੀਨੀਅਰੀ ਸਾਮਾਨ, ਭੋਜਨ ਦੀ ਪ੍ਰਾਸੈਸਿੰਗ ਤੇ ਹੋਰ ਵਰਤੋਂ ਦੀਆਂ ਵਸਤਾਂ ਬਣਾਉਣ ਦਾ ਉਦਯੋਗਿਕ ਕੇਂਦਰ ਹੈ। ਲਗਭਗ ਸਾਰਾ ਸ਼ਹਿਰ ਹੀ ਨਵੇਂ ਸਿਰਿਉਂ ਉਸਾਰਿਆ ਹੋਇਆ ਹੈ ਪਰ ਫਿਰ ਵੀ ਇਥੇ ਸੋਲ੍ਹਵੀਂ ਸਦੀ ਦਾ ਨੇਟਿਵਟੀ ਗਿਰਜਾ ਅਤੇ 18 ਵੀਂ ਸਦੀ ਦਾ ਡੋਮਿਨੀਕਨ ਗਿਰਜਾ ਅਜੇ ਵੀ ਸ਼ਹਿਰ ਦੀ ਪ੍ਰਾਚੀਨਤਾ ਦੇ ਪ੍ਰਤੀਕ ਹਨ। ਇਥੇ ਇਕ ਮੈਡੀਕਲ ਇੰਸਟੀਚਿਊਟ ਵੀ ਸਥਾਪਿਤ ਕੀਤਾ ਗਿਆ ਹੈ।

ਆਬਾਦੀ — 2,18,000 (1991)

49° 34' ਉ. ਵਿਥ.; 25° 37' ਪੂ. ਲੰਬ.

ਹ. ਪੁ. - ਐਨ. ਬ੍ਰਿ. ਮਾ. 11: 647; ਹਿੰ. ਵਿ ਕੋ. 5:346

**ਤਰਬਾਤ** : **ਜ਼ਿਲ੍ਹਾ** — ਪਾਕਿਸਤਾਨ ਦੇ ਬਲੋਚਿਸਤਾਨ ਪ੍ਰਾਂਤ ਦੇ ਮਕਰਾਨ ਮੰਡਲ ਦਾ ਜ਼ਿਲ੍ਹਾ ਹੈ। ਇਸੇ ਨਾਂ ਦਾ ਸ਼ਹਿਰ ਇਸਦਾ ਸਦਰ-ਮੁਕਾਮ ਹੈ। ਇਹ ਜ਼ਿਲ੍ਹਾ ਪਹਿਲਾਂ ਸਾਬਕਾ ਮਕਰਾਨ ਜ਼ਿਲ੍ਹੇ ਦਾ ਇਕ ਹਿੱਸਾ ਸੀ। ਦੱਖਣ ਵੱਲ ਦੈਸ਼ਤ ਦਰਿਆ ਇਸ ਦੀ ਜਲ-ਨਿਕਾਸੀ ਕਰਦਾ ਹੈ। ਇਸ ਦੇ ਉਪਰ ਅਤੇ ਪੂਰਬ ਵਿਚ ਪੈਂਦੀ ਮਕਰਾਨ ਪਰਬਤ ਲੜੀ ਘਟਦੀ ਹੋਈ ਦੱਖਣ ਵਿਚ ਤਟਵਰਤੀ ਮੈਦਾਨਾਂ ਵਿਚ ਬਦਲ ਜਾਂਦੀ ਹੈ। ਇਥੇ ਜਵਾਰ, ਜੌਂ, ਕਣਕ ਅਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ। ਪਸ਼ੂ ਧਨ ਵਿਚ ਵੀ ਇਹ ਕਾਫ਼ੀ ਪ੍ਰਫੁਲਿਤ ਹੈ। ਇਹ ਜ਼ਿਲ੍ਹਾ ਖਜੂਰਾਂ ਦੇ ਉਤਪਾਦਨ ਦਾ ਪ੍ਰਮੁੱਖ ਕੇਂਦਰ ਹੈ।

ਹ.ਪੁ—ਐਨ. ਬ੍ਰਿ. ਮਾ. 12 : 48

**ਤਰਬਾਤ** : **ਸ਼ਹਿਰ** — ਪਾਕਿਸਤਾਨ ਦੇ ਬਲੋਚਿਸਤਾਨ ਪ੍ਰਾਂਤ ਵਿਚ ਮਕਰਾਨ ਮੰਡਲ ਦੇ ਪਾਕਿਸਤਾਨ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸ਼ਹਿਰ ਅਤੇ ਪ੍ਰਬੰਧਕੀ ਸਦਰ-ਮੁਕਾਮ ਹੈ। ਇਹ ਸ਼ਹਿਰ ਦੈਸ਼ਤ ਦਰਿਆ ਵਿਚ ਡਿੱਗਣ ਵਾਲੇ ਕੈਚ ਦਰਿਆ ਦੇ ਖੱਬੇ ਕੰਢੇ ਉੱਤੇ ਸਥਿਤ ਹੈ।

ਇਸ ਦੇ ਆਲੇ ਦੁਆਲੇ ਦੇ ਖੇਤਰ ਵਿਚ ਖਜੂਰਾਂ ਦੀ ਭਾਰੀ ਪੈਦਾਵਾਰ ਹੋਣ ਕਾਰਨ ਇਥੇ ਖਜੂਰਾਂ ਦੀ ਮੰਡੀ ਅਤੇ ਖਜੂਰ ਪ੍ਰਾਸੈਸ ਕਰਨ ਦੀ ਫੈਕਟਰੀ ਹੈ। ਇਥੇ ਲਗਭਗ 300 ਕਿਸਮ ਦੀਆਂ ਖਜੂਰਾਂ ਮਿਲਦੀਆਂ ਹਨ। ਮਕਰਾਨ ਦੇ ਨਵਾਬ ਦਾ ਪੁਰਾਣਾ ਮਹੱਲ, ਜਾਮਾ ਮਸਜਿਦ ਅਤੇ ਇਕ ਵਿਸ਼ਰਾਮ ਘਰ ਇਥੋਂ ਦੀਆਂ ਵੇਖਣਯੋਗ ਇਮਾਰਤਾਂ ਹਨ। ਉੱਤਰ-ਪੱਛਮ ਵੱਲ ਇਹ ਸ਼ਹਿਰ ਸੜਕਾਂ ਰਾਹੀਂ ਪੰਜਗੁਰ ਅਤੇ ਕਲਾਤ ਨਾਲ ਅਤੇ ਦੱਖਣ-ਪੂਰਬ ਵਿਚ ਪਸਨੀ ਨਾਲ ਜੁੜਿਆ ਹੋਇਆ ਹੈ।

ਆਬਾਦੀ - 52,000 (1981)

62° 60' ਉ. ਵਿਥ.; 26° ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 12 : 48

**ਤਰਬੀਅਤ ਖ਼ਾਂ ਮੀਰ ਆਤਿਸ਼** — ਬਾਦਸ਼ਾਹ ਔਰੰਗਜ਼ੇਬ ਦੇ ਇਸ 2 ਹਜ਼ਾਰੀ ਮਨਸਬ ਦਾ ਅਸਲ ਨਾਉਂ, ਮੀਰ ਮੁਹੰਮਦ ਖਲੀਲ ਸੀ। ਇਹ ਔਰੰਗਜ਼ੇਬ ਦੇ ਰਾਜ ਦੇ ਅੰਤਮ ਸਮੇਂ ਵਿਚ ਉਸ ਦੀ ਸੇਵਾ ਵਿਚ ਲੱਗਿਆ ਸੀ ਅਤੇ ਔਰੰਗਜ਼ੇਬ ਨੇ ਇਸਨੂੰ 2 ਹਜ਼ਾਰੀ ਮਨਸਬ ਦਾ ਖਿਤਾਬ ਬਖ਼ਸ਼ਿਆ ਸੀ। ਇਸ ਨੇ ਉਸ ਸਮੇਂ ਦੇ ਕਈ ਵਿਦਰੋਹਾਂ ਨੂੰ ਦਬਾਉਣ ਵਿਚ ਚੰਗੀ ਕਾਮਯਾਬੀ ਹਾਸਲ ਕੀਤੀ ਸੀ ਜਿਸ ਦੇ ਨਤੀਜੇ ਵਜੋਂ ਇਸਨੂੰ ਰਾਜ ਦੇ ਮੀਰ ਆਤਿਸ਼ ਦੇ ਅਹੁਦੇ ਤੇ ਨਿਯੁਕਤ ਕੀਤਾ ਗਿਆ। ਔਰੰਗਜ਼ੇਬ ਨੇ ਸ਼ਿਵਾ ਜੀ ਦੇ ਕਿਲ੍ਹੇ ਨੂੰ ਫ਼ਤਿਹ ਕਰਨ ਸਮੇਂ ਮੀਰ ਆਤਿਸ਼ ਨੂੰ ਬਸੰਤਗੜ੍ਹ ਦੇ ਮੋਰਚੇ ਦਾ ਮੁਖੀ ਥਾਪਿਆ। ਇਸ ਦੀ ਵਿਉਂਤ ਅਤੇ ਕਾਬਲੀਅਤ ਕਰਕੇ ਮੈਸੂਰ ਦਾ ਕਿਲਾ ਬਾਦਸ਼ਾਹ ਦੇ ਕਬਜ਼ੇ ਵਿਚ ਆ ਗਿਆ। ਇਸੇ ਤਰ੍ਹਾਂ ਸਿਤਾਰਾ ਦਾ ਕਿਲਾ ਵੀ ਲਗਭਗ ਚਾਰ ਮਹੀਨੇ ਦੇ ਘੇਰੇ ਤੋਂ ਬਾਅਦ ਜਿੱਤ ਲਿਆ ਗਿਆ। ਪਰਨਾਲਾ ਅਤੇ ਪਵਨਗੜ੍ਹ ਦੇ ਕਿਲਿਆਂ ਨੂੰ ਜਿੱਤਣ ਸਮੇਂ ਮੋਰਚਾਬੰਦੀ ਵਿਚ ਇਸਨੇ ਹੈਰਾਨੀਜਨਕ ਕੰਮ ਕੀਤਾ। ਖੇਲਨਾ ਦੇ ਕਿਲੇ ਨੂੰ ਜਿੱਤਣ ਤੋਂ ਬਾਅਦ, ਬਾਦਸ਼ਾਹ ਨੇ ਇਸਦੇ ਮਨਸਬ ਵਿਚ ਵਾਧਾ ਕੀਤਾ। ਇਸ ਤੋਂ ਬਾਅਦ ਇਹ ਮਨਸੂਰ ਖ਼ਾਂ ਦੀ ਥਾਂ ਤੇ ਦੱਖਣ ਦੇ ਤੋਪਖਾਨੇ ਦੇ ਨਿਰੀਖਕ ਦੇ ਅਹੁਦੇ ਤੇ ਨਿਯੁਕਤ ਹੋਇਆ। ਇਸ ਨੂੰ ਬਹਾਦਰ ਦੀ ਉਪਾਧੀ ਦਿਤੀ ਗਈ ਅਤੇ ਵਾਕਿਨ ਕੇਰਾ ਕਿਲ੍ਹੇ ਨੂੰ ਜਿੱਤਣ ਤੋਂ ਬਾਅਦ ਇਕ ਸ਼ਾਹੀ ਝੰਡੇ ਨਾਲ ਇਸ ਦਾ ਸਵਾਗਤ ਕੀਤਾ ਗਿਆ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਹੰਮਦ ਅਜ਼ਿਮਸ਼ਾਹ ਨੇ ਇਸਨੂੰ ਤੋਪਖਾਨੇ ਦੇ ਪਦ ਤੋਂ ਹਟਾ ਦਿਤਾ ਅਤੇ ਬਹਾਦਰ ਸ਼ਾਹ ਦੇ ਵਿਰੁੱਧ ਇਕ ਲੜਾਈ ਵਿਚ ਇਹ ਮਾਰਿਆ ਗਿਆ।

ਹ.ਪੁ.—ਹਿੰ. ਵਿ. ਕੋ. 5:317

**ਤਰਬੇਲਾ ਡੈਮ** : ਪਾਕਿਸਤਾਨ ਵਿਚ ਪੰਜਾ ਸਾਹਿਬ (ਹਸਨ ਅਬਦਾਲ) ਦੇ ਉੱਤਰ ਵਿਚ ਤਰਬੇਲਾ ਪਿੰਡ ਦੇ ਨਜ਼ਦੀਕ ਸਿੰਧ ਦਰਿਆ ਉਪਰ ਬੰਨ੍ਹ ਲਾ ਕੇ ਬਣਾਇਆ ਜਾ ਰਿਹਾ, ਇਹ ਇਕ ਡੈਮ ਹੈ। ਬੰਨ੍ਹ ਵਾਲਾ ਇਹ ਸਥਾਨ ਹਰੀਪੁਰ ਤੋਂ 24 ਕਿ. ਮੀ. ਤੇ ਅਟਕ ਤੋਂ 50 ਕਿ. ਮੀ. ਦੇ ਕਰੀਬ ਹੈ। ਇਹ ਪ੍ਰਾਜੈਕਟ 2664 ਮੀ. (9,000 ਫੁੱਟ) ਲੰਬਾ ਅਤੇ 132 ਮੀ. (445 ਫੁੱਟ) ਉੱਚਾ ਹੈ। ਇਸ ਪ੍ਰਾਜੈਕਟ ਦਾ ਜਲ-ਭੰਡਾਰ 40 ਕਿ. ਮੀ. (25 ਮੀਲ) ਲੰਬਾ ਹੋਵੇਗਾ ਜਿਸ ਵਿਚ 11.1 ਮਿਲੀਅਨ ਏਕੜ ਫੁੱਟ ਪਾਣੀ ਇਕੱਠਾ ਕਰਨ ਦੀ ਸਮਰੱਥਾ ਹੋਵੇਗੀ ਅਤੇ 9.3 ਮਿਲੀਅਨ ਏਕੜ ਫੁੱਟ ਪਾਣੀ ਇਕੱਠਾ ਕਰਕੇ ਰੱਖਿਆ ਜਾਇਆ ਕਰੇਗਾ। ਮਿੱਟੀ ਅਤੇ ਚਟਾਨਾਂ ਦੁਆਰਾ ਬਣਿਆ ਇਹ ਦੁਨੀਆਂ ਦਾ ਸਭ ਤੋਂ ਵੱਡਾ ਡੈਮ ਹੋਵੇਗਾ। ਇਸ ਦੇ ਬਣਨ ਨਾਲ 52,000 ਏਕੜ ਜ਼ਮੀਨ ਪਾਣੀ ਹੇਠ ਆ ਜਾਵੇਗੀ ਅਤੇ ਲਗਭਗ ਸੱਤਰ ਪਿੰਡਾਂ ਨੂੰ ਉਠਾਉਣਾ ਪਵੇਗਾ। ਇਹ ਡੈਮ 350,000 ਏਕੜ ਭੂਮੀ ਦਾ ਵਿਕਾਸ ਕਰੇਗਾ ਅਤੇ 2.1 ਮਿਲੀਅਨ ਕਿਲੋਵਾਟ ਸ਼ਕਤੀ ਪੈਦਾ ਕਰੇਗਾ।

ਉਮੀਦ ਹੈ ਕਿ ਇਸ ਦੇ ਪੂਰਾ ਹੋ ਜਾਣ ਨਾਲ 1,000 ਮਿਲੀਅਨ ਰੁਪਿਆ ਦੇਸ਼ ਨੂੰ ਸਾਲਾਨਾ ਆਮਦਨ ਵੀ ਹੋਵੇਗੀ।

ਹ.ਪੁ.—ਪਾਕਿਸਤਾਨ-ਜੋਸ ਰੋਲੀਓ ਸੈਨਟਿਆਗੋ

**ਤ੍ਰਯਰੁਣ** : ਇਹ ਇਕਸ਼ਵਾਕੂ ਵੰਸ਼ ਦਾ ਰਾਜ ਕੁਮਾਰ ਸੀ ਜਿਸ ਦਾ ਪਿਤਾ ਰਾਜਾ ਤ੍ਰਿਵਿਸ਼ਨ ਸੀ। ਇਹ ਆਮ ਤੌਰ ਤੇ ਰਥ ਦੀ ਸਵਾਰੀ ਕਰਿਆ ਕਰਦਾ ਸੀ। ਇਸ ਦਾ ਰਥ ਵ੍ਰਿਸ਼ ਨਾਂ ਦਾ ਇਕ ਪੁਰੋਹਿਤ ਚਲਾਇਆ ਕਰਦਾ ਸੀ। ਇਕ ਵਾਰੀ ਇਹ ਸੈਰ ਕਰਨ ਲਈ ਬਾਹਰ ਨਿਕਲੇ ਤਾਂ ਅਚਾਨਕ ਇਕ ਬ੍ਰਾਹਮਣ ਦਾ ਲੜਕਾ ਇਨ੍ਹਾਂ ਦੇ ਰਥ ਹੇਠ ਆ ਕੇ ਮਰ ਗਿਆ। ਜਦੋਂ ਲੜਕਾ ਮਰ ਗਿਆ ਤਾਂ ਉਸ ਦੀ ਮੌਤ ਪਿਛੋਂ ਇਹ ਪ੍ਰਸ਼ਨ ਪੈਦਾ ਹੋ ਗਿਆ ਕਿ ਇਸ ਦੀ ਮੌਤ ਦਾ ਜ਼ਿੰਮੇਵਾਰ ਕਿਸ ਨੂੰ ਸਮਝਿਆ ਜਾਵੇ? ਇਹ ਮਾਮਲਾ ਇਕਸ਼ਵਾਕੂਆਂ ਦੀ ਇਕ ਸਭਾ ਦੇ ਕੋਲ ਭੇਜਿਆ ਗਿਆ ਜਿਨ੍ਹਾਂ ਨੇ ਵ੍ਰਿਸ਼ ਨੂੰ ਹੀ ਦੋਸ਼ੀ ਠਹਿਰਾਇਆ। ਇਸ ਪਿਛੋਂ ਪੁਰੋਹਿਤ ਨੇ ਆਪਣੀਆਂ ਉਸਤਤੀਆਂ ਨਾਲ ਲੜਕੇ ਨੂੰ ਜ਼ਿੰਦਾ ਕਰ ਦਿੱਤਾ ਅਤੇ ਉਨ੍ਹਾਂ ਦੇ ਇਸ ਪੱਖਪਾਤ ਤੋਂ ਗੁੱਸੇ ਹੋ ਕੇ ਉਨ੍ਹਾਂ ਦੇ ਘਰਾਂ ਵਿਚ ਰੋਟੀ ਆਦਿ ਪਕਾਉਣ ਲਈ ਅੱਗ ਦਾ ਬਲਣਾ ਰੋਕ ਦਿੱਤਾ। ਇਕਸ਼ਵਾਕੂਆਂ ਨੇ ਉਸ ਦਾ ਗੁੱਸਾ ਠੰਢਾ ਕੀਤਾ ਅਤੇ ਉਸ ਦੀ ਉਸਤਤੀਆਂ ਨਾਲ ਅੱਗ ਫੇਰ ਬਲਣੀ ਸ਼ੁਰੂ ਹੋ ਗਈ।

ਹ.ਪੁ.—ਹਿੰ. ਮਿ. ਕੋ.

**ਤਰਾਨਾ** : ਮੱਧ ਪ੍ਰਦੇਸ਼ ਰਾਜ (ਭਾਰਤ) ਦੇ ਉਜੈਨ ਜ਼ਿਲ੍ਹੇ ਵਿਚ ਉਜੈਨ-ਭੁਪਾਲ ਰੇਲ ਪਟੜੀ ਉਪਰ ਇੰਦੌਰ ਸ਼ਹਿਰ ਤੋਂ 70 ਕਿ. ਮੀ. (44 ਮੀਲ) ਦੂਰ ਵੱਸਿਆ ਹੋਇਆ ਸ਼ਹਿਰ ਹੈ। ਇਹ ਸ਼ਹਿਰ ਬਹੁਤ ਪੁਰਾਣਾ ਹੈ ਜਿਹੜਾ ਮੁਗ਼ਲ ਬਾਦਸ਼ਾਹ ਅਕਬਰ ਦੇ ਰਾਜ-ਕਾਲ ਦੌਰਾਨ ਮਾਲਵਾ ਸੂਬੇ ਦੀ ਸਾਰੰਗਪੁਰ ਸਰਕਾਰ ਦੇ ਇਕ ਮਾਹਲ (Mahal) ਦਾ ਸਦਰ-ਮੁਕਾਮ ਹੋਇਆ ਕਰਦਾ ਸੀ। ਉਸ ਸਮੇਂ ਇਸਦਾ ਨਾਂ ਨੌਗਾਉਂ ਸੀ। ਪਿਛਲੇ ਮੁਗ਼ਲ ਕਾਲ ਦੇ ਮਾਲਗੁਜ਼ਾਰੀ ਲੇਖਾ ਖੇਤਰਾਂ ਵਿਚ ਇਸ ਸ਼ਹਿਰ ਨੂੰ ਨਗਮਾ-ਤਰਾਨਾ ਕਰਕੇ ਲਿਖਿਆ ਹੋਇਆ ਹੈ। ਪੁਰਾਣੇ ਸਮਿਆਂ ਵਿਚ ਇਸ ਸ਼ਹਿਰ ਦੇ ਕਾਫ਼ੀ ਵੱਡੇ ਹੋਣ ਦਾ ਕਿਆਸ ਕੀਤਾ ਜਾਂਦਾ ਹੈ। ਇਥੇ ਮੁਸਲਮਾਨਾਂ ਦੇ ਕਿਲੇ ਅਤੇ ਕਿਲੇ ਦੇ ਆਸਪਾਸ ਘਰਾਂ ਦੇ ਖੰਡਰ ਵੀ ਮਿਲਦੇ ਹਨ। 18 ਵੀਂ ਸਦੀ ਵਿਚ ਇਹ ਸ਼ਹਿਰ ਹੋਲਕਰਾਂ ਦੇ ਕਬਜ਼ੇ ਵਿਚ ਆਇਆ ਅਤੇ ਇਹ ਇਨ੍ਹਾਂ ਦੀ ਰਾਣੀ ਅਹਿਲਯਾ ਬਾਈ ਦੀ ਮਸ਼ਹੂਰ ਜਾਗੀਰ ਵਿਚ ਵੀ ਸ਼ਾਮਲ ਰਿਹਾ। ਰਾਣੀ ਅਹਿਲਯਾ ਬਾਈ ਨੇ ਇਥੇ ਤਿਲਭਾਂਦਰਾਸ਼ਵਰ ਮੰਦਰ ਦੀ ਉਸਾਰੀ ਕਰਵਾਈ ਅਤੇ ਦਰਖ਼ਤ ਵੀ ਲਗਵਾਏ। ਅਹਿਲਯਾ ਬਾਈ ਨੇ ਇਹ ਸ਼ਹਿਰ ਆਪਣੀ ਲੜਕੀ, ਮੁਕਤਾ ਬਾਈ ਦੀ ਸ਼ਾਦੀ ਵਿਚ ਜਾਗੀਰ ਦੇ ਤੌਰ ਤੇ ਉਸਦੇ ਪਤੀ ਜਸਵੰਤ ਰਾਉ ਨੂੰ ਦਿੱਤਾ। ਇਸ ਪਿੱਛੋਂ 1849 ਈ. ਤੱਕ ਇਹ ਫਾਂਸੇ ਪਰਿਵਾਰ ਦੀ ਜਾਗੀਰ ਰਿਹਾ। ਸੰਨ 1902 ਵਿਚ ਇਹ ਮਿਉਂਸਪਲਟੀ ਬਣਿਆ।

ਆਬਾਦੀ—18,187 (1991)

23°20′ ਉ. ਵਿਥ.; 76° 05′ ਪੂ. ਲੰਬ.

ਹ. ਪੁ.- ਇੰਪ. ਗ. ਇੰਡ. 23 : 249

**ਤਰਾਨਾ** : ਇਹ ਇਕ ਤਰ੍ਹਾਂ ਦਾ ਆਧੁਨਿਕ ਗਾਇਨ ਹੈ ਜਿਸ ਵਿਚ ਗੀਤ ਦੀ ਥਾਂ ਤੇ ਓ,ਦ,ਨੀ, ਦੀਮ, ਤਨ, ਨ,ਨ,ਤਾ, ਤਾ ਚਿਰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਵਾਰ ਸਰਗਮ ਤਬਲਾ ਜਾਂ ਮਿਰਦੰਗ ਦੇ ਬੋਲ ਤਰਾਨੇ ਵਿਚ ਗਾਏ ਜਾਂਦੇ ਹਨ। ਤਰਾਨਿਆਂ ਵਿਚ ਲੈਅ ਦ੍ਰੁਤ ਹੁੰਦੀ ਹੈ। ਇਸ ਗਾਇਨ ਵਿਚ ਲੈਅ ਦਾ ਬਹੁਤ ਮਹੱਤਵ ਹੈ। ਦ੍ਰੁਤ ਲੈਅ ਵਿਚ ਅਰਥਹੀਣ ਬੋਲਾਂ ਨੂੰ ਕਹਿਣ ਲਈ ਅਭਿਆਸ ਦੀ ਲੋੜ ਪੈਂਦੀ ਹੈ। ਤਰਾਨੇ ਦੀ ਲੈਅ ਸਹਿਜੇ ਸਹਿਜੇ ਵਧਾਉਂਦੇ ਜਾਂਦੇ ਹਨ। ਕਈ ਦ੍ਰੁਤ ਲੈਅ ਵਿਚ ਸਿਤਾਰ ਦੇ ਬੋਲਾਂ ਨੂੰ ਮੂੰਹ ਨਾਲ ਕਹਿੰਦੇ ਹਨ। ਤਰਾਨੇ ਦੇ ਬੋਲ ਅਰਥਹੀਣ ਹੋਣ ਕਰਕੇ ਇਸ ਗਾਇਕੀ ਵਿਚ ਸੁਰ ਅਤੇ ਲੈਅ ਦੀ ਪ੍ਰਧਾਨਤਾ ਹੁੰਦੀ ਹੈ। ਇਸ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ :- ਪਹਿਲਾ ਸਥਾਈ ਅਤੇ ਦੂਸਰਾ ਅੰਤਰਾ। ਖਿਆਲ ਗਾਇਕ ਆਮ ਕਰਕੇ ਖਿਆਲ ਗਾਉਣ ਦੇ ਪਿਛੋਂ ਦ੍ਰੁਤ ਲੈਅ ਵਿਚ ਰਾਗ ਦਾ ਤਰਾਨਾ ਸ਼ੁਰੂ ਕਰ ਦਿੰਦੇ ਹਨ ਜੋ ਬਹੁਤ ਸੁੰਦਰ ਲਗਦਾ ਹੈ।

ਹੁਸੈਨ ਖਾਂ, ਤਾਨਰਸ ਖਾਂ ਅਤੇ ਨਥੂ ਖਾਂ ਆਦਿ ਦੇ ਤਰਾਨੇ ਬਹੁਤ ਪ੍ਰਸਿੱਧ ਹਨ।

ਹ. ਪੁ.- ਸੰਗੀਤ ਸ਼ਾਸਤਰ ਦਰਪਣ (ਭਾਗ ਪਹਿਲਾ) - ਸ਼ਾਂਤੀ ਗੋਵਰਧਨ।

**ਤਰਾਵਾ** : ਪੱਛਮੀ-ਕੇਂਦਰੀ ਸ਼ਾਂਤ ਮਹਾਂਸਾਗਰ ਵਿਚ ਆਸਟ੍ਰੇਲੀਆ ਤੋਂ 4,500 ਕਿ. ਮੀ. ਉੱਤਰ-ਪੂਰਬ ਵਿਚ ਗਿਲਬਰਟ ਟਾਪੂਆਂ ਦੀ ਮੂੰਗੇ ਦੀ ਵਲਗਣ ਉਪਰ ਵੱਸਿਆ ਸ਼ਹਿਰ ਹੈ ਜਿਹੜਾ ਗਿਲਬਰਟ ਟਾਪੂਆਂ ਦੀ ਰਾਜਧਾਨੀ ਹੈ। ਇਹ 23 ਵ. ਕਿ. ਮੀ. ਰਕਬੇ ਵਿਚ ਫੈਲਿਆ ਹੋਇਆ ਹੈ। ਇਹ ਵਪਾਰਕ ਅਤੇ ਵਿਦਿਅਕ ਕੇਂਦਰ ਹੈ। ਇਥੇ ਹਸਪਤਾਲ ਅਤੇ ਅਧਿਆਪਕ ਸ਼ਿਖਲਾਈ ਸੰਸਥਾ ਤੋਂ ਇਲਾਵਾ ਜਲ-ਸੈਨਾ ਦੇ ਅਮਲੇ ਦੀ ਸਿਖਲਾਈ ਦੀ ਸੰਸਥਾ ਵੀ ਸਥਾਪਿਤ ਹੈ। ਇਸ ਟਾਪੂ ਤੋਂ ਨਾਰੀਅਲ ਅਤੇ ਮੋਤੀਆਂ ਦੀ ਦਰਾਮਦ ਹੁੰਦੀ ਹੈ। ਇਸ ਜਗ੍ਹਾ ਉੱਤੇ ਦੂਜੀ ਵੱਡੀ ਲੜਾਈ ਵਿਚ ਜਾਪਾਨੀਆਂ ਨੂੰ ਇਥੋਂ ਕੱਢਣ ਲਈ ਸੰਯੁਕਤ ਰਾਜ ਅਮਰੀਕਾ ਦੇ ਜਹਾਜ਼ੀ ਬੇੜੇ ਨੇ ਭਾਰੀ ਲੜਾਈ ਲੜੀ ਸੀ। ਇਸ ਵੱਡੇ ਟਾਪੂ ਨੂੰ ਸਮੁੰਦਰੀ ਆਵਾਜਾਈ ਦੀ ਸਹੂਲਤ ਹੈ। ਤਿੰਨ ਛੋਟੇ ਟਾਪੂਆਂ ਉੱਤੇ ਕੁਦਰਤੀ ਬੰਦਰਗਾਹਾਂ ਹਨ ਅਤੇ ਬਾਈ ਰਿਕੀ ਉੱਤੇ ਸਰਕਾਰੀ ਹੈਡੱਕੁਆਟਰ ਹਨ। ਇਥੋਂ ਦੀ ਬਹੁਤੀ ਵੱਸੋਂ ਮਾਈਕ੍ਰੋਨੇਸ਼ੀਆਈਆਂ ਦੀ ਹੈ। ਕੁਝ ਯੂਰਪੀਨ ਵੀ ਇਥੇ ਵੱਸੇ ਹੋਏ ਹਨ।

ਆਬਾਦੀ – 25,100 (1993)

1°30′ ਉ. ਵਿਥ.; 173°00′ ਪੂ. ਲੰਬ.

ਹ. ਪੁ.– ਕੋਲ. ਐਨ. 18: 178; ਐਨ. ਬ੍ਰਿ. ਮਾ. 11:560 (1985)

**ਤ੍ਰਿਸ਼ੰਕੂ** : ਰਮਾਇਣ ਅਨੁਸਾਰ ਇਹ ਇਕ ਸੂਰਜਵੰਸ਼ੀ ਰਾਜਾ ਸੀ, ਜਿਸਨੇ ਸਰੀਰ ਸਹਿਤ ਸਵਰਗ ਵਿਚ ਜਾਣ ਲਈ ਵਸ਼ਿਸ਼ਠ ਕੋਲੋਂ ਯੱਗ ਕਰਵਾਉਣਾ ਚਾਹਿਆ ਪਰ ਵਸ਼ਿਸ਼ਠ ਨੇ ਉਸਦੀ ਗੱਲ ਨਾ ਮੰਨੀ। ਵਿਸ਼ਵਾਮਿੱਤਰ ਨੇ ਤ੍ਰਿਸ਼ੰਕੂ ਨੂੰ ਸਵਰਗ ਭੇਜਣ ਲਈ ਯੱਗ ਕੀਤਾ ਅਤੇ ਸਰੀਰ ਸਮੇਤ ਸਵਰਗ ਪਹੁੰਚਾ ਦਿੱਤਾ। ਜਦੋਂ ਉਹ ਸਵਰਗ ਦੇ ਨਜ਼ਦੀਕ ਪਹੁੰਚਿਆ ਤਾਂ ਇੰਦਰ ਨੇ ਉਸਨੂੰ ਹੇਠਾਂ ਵਾਪਸ ਮੋੜ ਦਿੱਤਾ। ਤ੍ਰਿਸ਼ੰਕੂ ਨੇ ਦੁਖੀ ਤੇ ਪਰੇਸ਼ਾਨ ਹੋ ਕੇ ਪੁਕਾਰ ਕੀਤੀ। ਵਿਸ਼ਵਾਮਿੱਤਰ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਤ੍ਰਿਸ਼ੰਕੂ ਨੂੰ ਰਸਤੇ ਵਿਚ ਹੀ ਰੋਕ ਦਿਤਾ ਤੇ ਉਹ ਉਥੇ ਹੀ ਠਹਿਰ ਗਿਆ ਅਤੇ ਵਿਚ ਹੀ ਲਟਕ ਗਿਆ ਜੋ ਕਿ ਹੁਣ ਤਕ ਉਲਟਾ-ਮੂਧੇ-ਮੂੰਹ ਲਟਕ ਰਿਹਾ ਹੈ।

ਹਰਿਵੰਸ਼ ਅਨੁਸਾਰ ਦੂਜਾ ਮੱਤ ਇਹ ਹੈ ਕਿ ਤਰਯਾਰੁਣ ਦਾ ਪੁੱਤਰ ਸਤਿਆਵ੍ਰਤ ਜਿਸਨੇ ਦੂਜੀ ਔਰਤ ਘਰ ਰੱਖ ਲਈ ਸੀ, ਦੇ ਪਿਤਾ ਨੇ ਉਸਦਾ ਇਹ ਕੁਕਰਮ ਦੇਖ ਕੇ ਸਰਾਪ ਦਿਤਾ ਕਿ ਉਹ ਚੰਡਾਲ ਹੋ ਜਾਵੇ। ਇਸ ਸਰਾਪ ਦਾ ਸਦਕਾ ਸਤਿਆਵ੍ਰਤ ਚੰਡਾਲਾਂ ਨਾਲ ਰਹਿਣ ਲਗ ਪਿਆ। ਇਹ ਵੀ ਕਿਹਾ ਜਾਂਦਾ ਹੈ ਕਿ ਇਕ ਵਾਰ ਸਤਿਆਵ੍ਰਤ ਨੇ ਵਸ਼ਿਸ਼ਠ ਦੀ ਗਊ ਮਾਰ ਕੇ ਉਸਦੇ ਹੀ ਪੁੱਤਰਾਂ ਨੂੰ ਖਵਾਈ ਤੇ ਆਪ ਵੀ ਖਾਧੀ। ਵਸ਼ਿਸ਼ਠ ਨੇ ਇਸ ਗੱਲ ਤੋਂ ਨਾਰਾਜ਼ ਹੋ ਕੇ ਉਸਨੂੰ ਆਖਿਆ ਕਿ ਪਹਿਲਾਂ ਉਸਨੇ ਆਪਣੇ ਪਿਤਾ ਨੂੰ ਨਾਰਾਜ਼ ਕੀਤਾ ਕਿ ਇਕ ਪਰਾਈ ਇਸਤਰੀ ਨੂੰ ਆਪਣੇ ਘਰ ਲੈ ਆਇਆ ਫੇਰ ਉਸਨੇ ਉਸਦੀ ਗਊ ਨੂੰ ਮਾਰ ਦਿੱਤਾ ਅਤੇ ਫੇਰ ਉਸਨੇ ਉਸਦਾ ਮਾਸ ਉਸਦੇ ਪੁਤੱਰਾਂ ਨੂੰ ਖਵਾਇਆ ਅਤੇ ਆਪ ਵੀ ਖਾਧਾ। ਇਹ ਤਿੰਨੇ ਕੁਕਰਮ ਕਰਨ ਕਰਕੇ ਉਸਦਾ ਨਾਮ ਤ੍ਰਿਸ਼ੰਕੂ ਰਖਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਕ ਵਾਰ ਵਿਸ਼ਵਾਮਿਤਰ ਤੇ ਉਸਦੀ ਔਰਤ ਦੀ ਭਾਰੀ ਮੁਸੀਬਤ ਵੇਲੇ ਸਤਿਆਵ੍ਰਤ (ਤ੍ਰਿਸ਼ੰਕੂ) ਨੇ ਮਦਦ ਕੀਤੀ ਸੀ। ਇਸ ਲਈ ਰਿਸ਼ੀ ਵਿਸ਼ਵਾਮਿਤਰ ਨੇ ਖ਼ੁਸ਼ ਹੋ ਕੇ ਉਸ ਨੂੰ ਪਵਿੱਤਰ ਕੀਤਾ ਅਤੇ ਉਸਦੇ ਪਿਤਾ ਦੀ ਰਾਜਗੱਦੀ ਤੇ ਉਸਨੂੰ ਬਿਠਾ ਦਿੱਤਾ। ਇਸ ਤ੍ਰਿਸ਼ੰਕੂ ਨੇ ਕੈਕਯੀ-ਵੰਸ਼ ਦੇ ਰਾਜਾ ਦੀ ਸਪਤਰਥਾ ਨਾਮੀ ਕੰਨਿਆ ਨਾਲ ਵਿਆਹ ਕੀਤਾ ਇਸ ਦੀ ਕੁੱਖੋਂ ਰਾਜਾ ਹਰੀਸ਼ਚੰਦਰ ਦਾ ਜਨਮ ਹੋਇਆ।

ਹ.ਪੁ.–ਮ. ਕੋ. 606.

**ਤ੍ਰਿਸਤਾਨ ਲ' ਹਰਮਾਈਟ** : ਇਹ ਇਕ ਪ੍ਰਸਿੱਧ ਫ਼ਰਾਂਸੀਸੀ ਨਾਟਕਕਾਰ ਅਤੇ ਕਵੀ ਸੀ ਜਿਸ ਨੇ ਫ਼ਰਾਂਸੀਸੀ ਕਲਾਸਕੀ ਡਰਾਮੇ ਨੂੰ ਜਨਮ ਦਿਤਾ। ਇਸ ਨੂੰ ਫਰਾਂਸਵਾ ਲ' ਹਰਮਾਈਟ ਵੀ ਕਿਹਾ ਜਾਂਦਾ ਹੈ। ਇਸ ਦਾ ਜਨਮ ਲਾ ਮਾਰਸ਼ ਵਿਚ ਲ. 1601 ਈ. ਵਿਚ ਹੋਇਆ। 11 ਸਾਲਾਂ ਦੀ ਉਮਰ ਵਿਚ ਇਹ ਮਾਰਕੁਇਸ ਆਫ਼ ਵਰਨਿਉਇਨ ਦਾ ਨਿੱਜੀ ਨੌਕਰ ਬਣਿਆ ਪਰ ਛੇਤੀ ਹੀ ਇਕ ਲੜਾਈ ਕਰਨ ਕਰਕੇ ਇਸ ਨੂੰ ਇੰਗਲੈਂਡ ਵਿਚ ਜਲਾਵਤਨ ਕਰ ਦਿਤਾ ਗਿਆ। ਇਸ ਦਾ ਜੀਵਨ ਬੜਾ ਅਵਾਰਾ ਜਿਹਾ ਬੀਤਿਆ। ਸੰਨ 1621 ਵਿਚ ਲੂਈ 13ਵੇਂ ਵਲੋਂ ਮਾਫ਼ੀ ਮਿਲਣ ਤੇ ਤ੍ਰਿਸਤਾਨ, ਫ਼ਰਾਂਸ ਪਰਤਿਆ। ਫ਼ਰਾਂਸ ਦੇ ਹੋਰ ਕਲਾਸਕੀ ਲੇਖਕਾਂ ਵਾਂਗ ਇਸ ਨੇ ਵੀ ਆਪਣੇ ਵਿਸ਼ੇ ਬਾਈਬਲ ਵਿਚੋਂ ਲਏ ਹਨ।



ਤ੍ਰਿਸ਼ਤਾਨ ਲ' ਹਰਮਾਈਟ

'Marianne' (1636) ਦੁਖਾਂਤ ਅਤੇ 'La mort de seneque' (1644) ਇਸ ਦੇ ਬਹੁਤ ਹੀ ਸਫ਼ਲ ਨਾਟਕ ਹਨ। ਇਸ ਦੇ ਦੁਖਾਂਤਾਂ ਦਾ ਕੇਂਦਰੀ ਵਿਸ਼ਾ ਪਿਆਰ ਹੈ। ਤ੍ਰਿਸਤਾਨ ਬੜਾ ਬਹਾਦਰ ਅਤੇ ਦਲੇਰ ਸੀ ਪਰ ਇਸਦੀ ਸਿਹਤ ਆਮ ਕਰਕੇ ਖ਼ਰਾਬ ਹੀ ਰਹੀ। ਇਹ ਛੇਤੀ ਹੀ ਗੁੱਸੇ ਹੋ ਜਾਂਦਾ ਸੀ। ਆਪਣੀ ਦੌਲਤ ਇਸ ਨੇ ਜੂਏ ਵਿਚ ਹੀ ਲਗਾ ਦਿੱਤੀ ਅਤੇ ਬੜੀ ਗਰੀਬੀ ਦੀ ਹਾਲਤ ਵਿਚ 7 ਸਤੰਬਰ, 1655 ਨੂੰ ਪੈਰਿਸ ਵਿਚ ਇਸ ਦੀ ਮੌਤ ਹੋ ਗਈ। ਸੰਨ 1643 ਵਿਚ ਇਸ ਨੇ 'La Page disgracie' ਨਾਂ ਦਾ ਸਵੈ-ਜੀਵਨੀ ਨਾਵਲ ਲਿਖਿਆ ਜਿਸ ਵਿਚ ਆਪਣੀ ਆਵਾਰਗੀ ਨੂੰ ਸੁੰਦਰ ਢੰਗ ਨਾਲ ਚਿਤਰਿਆ।

ਹ. ਪੁ.–ਐਨ. ਬ੍ਰਿ. ਮਾ. 10 : 131.

**ਤ੍ਰਿਸਾਲਾ** : ਇਹ ਜੈਨ ਧਰਮ ਦੇ ਬਾਨੀ ਮਹਾਤਮਾ ਮਹਾਵੀਰ ਦੀ ਮਾਤਾ ਸੀ। ਮਹਾਤਮਾ ਬੁੱਧ ਦੀ ਮਾਤਾ ਵਾਂਗ ਇਹ ਵੀ ਖੱਤਰੀ ਸੀ। ਜੈਨੀਆਂ ਦੀ ਪਰੰਪਰਾ ਅਨੁਸਾਰ ਪ੍ਰਚੱਲਤ ਹੈ ਕਿ ਹੋਰ 24 ਸੰਤਾਂ ਦੀਆਂ ਮਾਵਾਂ ਵਾਂਗ ਆਪਣੇ ਗਰਭ ਸਮੇਂ ਤ੍ਰਿਸਾਲਾ ਨੂੰ ਵੀ 14 ਸ਼ੁੱਭ ਸੁਪਨੇ ਆਏ ਸਨ। ਇਹ 14 ਸੁਪਨੇ ਵਿਸ਼ਵ ਸ਼ਹਿਨਸ਼ਾਹ ਦੇ ਆਗਮਨ ਦੀ ਭਵਿੱਖ ਬਾਣੀ ਕਰਦੇ ਹਨ। ਜੈਨ ਸਾਹਿਤ ਵਿਚ ਇਨ੍ਹਾਂ ਸੁਪਨਿਆਂ ਦਾ ਆਮ ਜ਼ਿਕਰ ਆਉਂਦਾ ਹੈ। ਜੈਨ ਧਰਮ ਵਿਚ ਮੰਦਰਾਂ ਦੇ ਦਰਵਾਜ਼ਿਆਂ ਉੱਤੇ ਅਤੇ ਮਹਾਂਪੁਰਖਾਂ ਦੀਆਂ ਜੀਵਨੀਆਂ ਦੇ ਖਰੜਿਆਂ ਵਿਚ ਇਨ੍ਹਾਂ ਸੁਪਨਿਆਂ ਨੂੰ ਉਕਰਿਆ ਜਾਂ ਚਿਤਰਿਆ ਜਾਂਦਾ ਹੈ।

ਇਹ 14 ਸੁਪਨੇ ਇਸ ਪ੍ਰਕਾਰ ਹਨ :- (1) ਇਕ ਸਫ਼ੈਦ ਹਾਥੀ (ਜਿਹੜਾ ਰਵਾਇਤ ਅਨੁਸਾਰ ਵਿਸ਼ਵ ਬਾਦਸ਼ਾਹਤ ਦਾ ਪ੍ਰਤੀਕ ਹੈ) ; (2) ਇਕ ਸਫ਼ੈਦ ਬਲਦ ਜਿਹੜਾ ਸਭ ਪਾਸੇ ਰੌਸ਼ਨੀ ਬਖੇਰਦਾ ਹੈ (ਜਿਹੜਾ ਇਸ ਗੱਲ ਦਾ ਪ੍ਰਤੀਕ ਹੈ ਕਿ ਪੈਦਾ ਹੋਣ ਵਾਲਾ ਬੱਚਾ ਸੰਸਾਰ ਨੂੰ ਗਿਆਨ ਦੀ ਰੌਸ਼ਨੀ ਪ੍ਰਦਾਨ ਕਰੇਗਾ) ; (3) ਇਕ ਛਲਾਂਗਾਂ ਮਾਰਦਾ ਸਫ਼ੈਦ ਬੱਬਰ ਸ਼ੇਰ (ਜਿਸ ਦਾ ਭਾਵ ਹੈ ਕਿ ਬਾਲ ਆਪਣੇ ਦੁਸ਼ਮਣਾਂ ਉਤੇ ਜਿੱਤ ਪ੍ਰਾਪਤ ਕਰੇਗਾ) ; (4) ਕੰਵਲ ਦੇ ਫੁੱਲ ਤੇ ਬੈਠੀ ਅਤੇ ਦੋ ਹਾਥੀਆਂ ਤੋਂ ਸੇਵਾ ਕਰਵਾ ਰਹੀ ਸ਼੍ਰੀ ਦੇਵੀ ਜਾਂ ਲਕਸ਼ਮੀ ਦੇਵੀ (ਇਸ ਗੱਲ ਦਾ ਪ੍ਰਤੀਕ ਹੈ ਕਿ ਆਉਣ ਵਾਲਾ ਬਾਲ ਰਾਜ ਗੱਦੀ ਤੇ ਬੈਠਣ ਸਮੇਂ ਸੇਵਾ ਕਰਵਾਏਗਾ) ; (5) ਮਧੁਰ ਸੁਗੰਧੀ ਵਾਲੇ ਫੁੱਲਾਂ ਦਾ ਇਕ ਹਾਰ ; (6) ਹਿਰਨ ਸਹਿਤ ਚਿੱਟਾ ਚੰਨ; (7) ਲਾਲ ਤੇ ਕਿਰਨਾਂ ਛੱਡਦਾ ਹੋਇਆ ਸੂਰਜ (ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਆਉਣ ਵਾਲਾ ਬੱਚਾ ਸੰਸਾਰ ਤੋਂ ਅਗਿਆਨਤਾ ਦਾ ਹਨੇਰਾ ਦੂਰ ਕਰੇਗਾ); (8) ਇਕ ਮੁਬਾਰਕ ਝੰਡਾ (ਸਵੇਤਾਂਬਰ ਫ਼ਿਰਕੇ ਅਨੁਸਾਰ), ਜਾਂ ਮੱਛੀਆਂ ਦਾ ਇਕ ਜੋੜਾ (ਦਿਗਾਂਬਰ ਫ਼ਿਰਕੇ ਅਨੁਸਾਰ) ; (9) ਪਾਣੀ ਦਾ ਭਰਿਆ ਹੋਇਆ ਇਕ ਸੁਨਹਿਰੀ ਘੜਾ (ਇਸ ਦਾ ਭਾਵ ਹੈ ਕਿ ਬਾਲ ਰੂਹਾਨੀ ਭਗਤੀ ਨਾਲ ਲਬਰੇਜ਼ ਹੋਵੇਗਾ); (10) ਕੰਵਲ ਦੇ ਫੁੱਲਾਂ ਅਤੇ ਸ਼ਹਿਦ ਦੀਆਂ ਮੱਖੀਆਂ ਨਾਲ ਭਰੀ ਹੋਈ ਇਕ ਝੀਲ (ਕਈ ਵਿਦਵਾਨ ਇਸ ਤੋਂ ਇਹ ਭਾਵ ਕੱਢਦੇ ਹਨ ਕਿ ਬਾਲ ਦੇ ਉਪਦੇਸ਼ਾਂ ਦੀ ਸ਼ਹਿਦਮਈ ਮਿਠਾਸ ਨੂੰ ਸਾਰਾ ਸੰਸਾਰ ਚੂਸੇਗਾ) ; (11) ਦੁਧੀਆ ਸਮੁੰਦਰ (ਉਸ ਨੂੰ ਪੂਰਨ ਗਿਆਨ ਪ੍ਰਾਪਤ ਹੋਵੇਗਾ); (12) ਹੀਰਿਆਂ- ਜੜਿਆ ਇਕ ਸ਼ਹਿਰ ਜਾਂ ਰੱਥ; (13) ਹੀਰਿਆਂ ਨਾਲ ਜੜਿਆ ਹੋਇਆ ਇਕ ਵੱਡਾ ਫੁੱਲਦਾਨ (ਜੋ ਸਹੀ ਗਿਆਨ, ਸਹੀ ਵਿਸ਼ਵਾਸ ਅਤੇ ਸਹੀ ਆਚਰਣ ਦਾ ਪ੍ਰਤੀਕ ਹੈ) ; (14) ਘੀ ਦੀ ਮਦਦ ਨਾਲ ਬਲ ਰਹੀ ਅੱਗ (ਬੱਚਾ ਆਪਣੀ ਸਿਆਣਪ ਨਾਲ ਸੰਸਾਰ ਨੂੰ ਰੌਸ਼ਨ ਕਰੇਗਾ) ਦਿਗੰਬਰਾਂ ਨੇ ਇਨ੍ਹਾਂ ਵਿਚ ਦੋ ਹੋਰ ਸੁਪਨੇ ਜੋੜੇ ਹਨ ਜਿਨ੍ਹਾਂ ਵਿਚੋਂ ਇਕ ਹੀਰਿਆਂ ਅਤੇ ਅਨਮੋਲ ਤਖ਼ਤ ਨਾਲ ਸਬੰਧਤ ਸੀ ਅਤੇ ਦੂਜਾ ਧਰਤੀ ਹੇਠਾਂ ਰਹਿੰਦੇ ਦੇਵਤਿਆਂ ਦੇ ਮਹਾਨ ਰਾਜੇ ਨਾਲ ਸਬੰਧਤ ਸੀ।

ਹ.ਪੁ.—ਐਨ. ਬ੍ਰਿ. ਮਾ. 10 : 131.

**ਤਰਿਕਰੀ ਟਾਊਨ** : ਇਹ ਭਾਰਤ ਦੇ ਕਰਨਾਟਕ ਰਾਜ ਦੇ ਚਿਕਮਗਲੂਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ। ਤਰਿਕਰੀ ਦਾ ਪੁਰਾਣਾ ਸ਼ਹਿਰ ਇਸ ਦੇ ਉੱਤਰ-ਪੱਛਮ ਵੱਲ ਕਾਟੂਰ ਵਿਖੇ ਸਥਿਤ ਸੀ ਅਤੇ ਇਸ ਦੀ ਸਥਾਪਨਾ 12 ਵੀਂ ਸਦੀ ਵਿਚ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਉੱਤੇ ਵੱਖ ਵੱਖ ਰਾਜਿਆਂ ਦਾ ਕਬਜ਼ਾ ਹੁੰਦਾ ਰਿਹਾ। ਇਨ੍ਹਾਂ ਵਿਚੋਂ ਬਸਵਾਪਤਨ ਦੇ ਸਰਦਾਰ ਨੇ ਇਥੇ 1659 ਈ. ਵਿਚ ਸ਼ਹਿਰ ਅਤੇ ਕਿਲਾ ਬਣਵਾਇਆ। ਸੰਨ 1761 ਵਿਚ ਹੈਦਰਅਲੀ ਨੇ ਇਸ ਉੱਤੇ ਕਬਜ਼ਾ ਕਰ ਲਿਆ। ਸੰਨ 1899 ਵਿਚ ਇਥੋਂ ਤੱਕ ਰੇਲ-ਰਾਹ ਬਣ ਜਾਣ ਨਾਲ ਸ਼ਹਿਰ ਲਗਾਤਾਰ ਤਰੱਕੀ ਕਰਦਾ ਆ ਰਿਹਾ ਹੈ। ਸੰਨ 1870 ਤੋਂ ਇਥੇ ਮਿਉਂਸਲਪਲਟੀ ਹੈ।

ਆਬਾਦੀ — 25,364 (1991)

13°43′ ਉ. ਵਿਥ.; 75°49′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 251

**ਤ੍ਰਿਕੁਟੀ** : ਇਹ ਪਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ- ਤ੍ਰਿ = ਤਿਨ, ਕੁਟੀ= ਗੰਢ। ਮਨੁੱਖ ਪੈਦਾਇਸ਼ ਤੋਂ ਹੀ ਤਿੰਨਾਂ ਗੁਣਾਂ - ਸਤੋ, ਰਜੋ ਅਤੇ ਤਮੋ ਵਿਚ ਜਕੜਿਆ ਹੋਇਆ ਹੈ। ਜਦ ਤਕ ਮਨੁੱਖ ਇਨ੍ਹਾਂ ਗੁਣਾਂ ਦੇ ਬੰਧਨ ਵਿਚ ਫਸਿਆ ਰਹਿੰਦਾ ਹੈ ਤਦ ਤਕ ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਤਿੰਨਾਂ ਗੁਣਾਂ ਦੀ ਗੰਢ ਕੇਵਲ ਗੁਰੂ ਦੀ ਸਿੱਖਿਆ ਉਪਰ ਅਮਲ ਕੀਤਿਆਂ ਹੀ ਟੁੱਟ ਸਕਦੀ ਹੈ। ਸਤਿਗੁ ਨਾਨਕ ਦੇਵ ਜੀ ਨੇ ਤ੍ਰਿਕੁਟੀ ਤੋਂ ਸੁਤੰਤਰਤਾ ਪ੍ਰਾਪਤ ਕਰਨ ਲਈ ਗੁ ਦੀ ਸ਼ਰਣ ਵਿਚ ਜਾਣ ਦਾ ਉਪਦੇਸ਼ ਦਿੱਤਾ ਹੈ।

ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖ ਹੋਇ।

(ਸ੍ਰੀ ਰਾਗ ਮ

ਤਿੰਨ ਦੇਵਤਿਆਂ ਦੀ ਉਪਾਸਨਾ ਨੂੰ ਵੀ 'ਤ੍ਰਿਕੁਟੀ' ਕਿ ਜਾਂਦਾ ਹੈ।

'ਬ੍ਰਹਮਾ ਬਿਸਨੁ ਮਹੇਸ ਤ੍ਰੈ ਮੂਰਤਿ ......................

ਗੁਰੁਪਰਸਾਦੀ ਤ੍ਰਿਕੁਟੀ ਛੂਟੇ। (ਰਾਮ ਅ: ਮ. 3)

ਅੱਖਾਂ ਦੀਆਂ ਦੋਹਾਂ ਭੌਹਾਂ ਦੇ ਮੱਧ ਦਾ ਸਥਾਨ ਵੀ 'ਤ੍ਰਿਕੁ ਕਹਾਉਂਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਦਿਬ-ਦ੍ਰਿਸ਼ਟੀ ਪ੍ਰਾ ਹੁੰਦੀ ਹੈ ਅਤੇ ਸਾਧਨਾ ਵਿਚ ਅਵਰੋਹ ਦਾ ਡਰ ਨਹੀਂ ਰਹਿੰਦਾ।

ਹ.ਪੁ.—ਮ. ਕੋ. ; ਹਿ. ਸਾ. ਕੋ. ; ਗੁ. ਸ਼. ਰ.

**ਤ੍ਰਿਕੂਟ** : ਇਹ ਤਿੰਨ ਚੋਟੀਆਂ ਵਾਲੇ ਪਹਾੜ ਨੂੰ ਕਹਿੰਦੇ ਹ ਤ੍ਰਿਕੂਟ (ਤ੍ਰਿ + ਕੂਟ) ਦਾ ਸ਼ਾਬਦਿਕ ਅਰਥ ਤਿੰਨ + ਚੋਟੀਆਂ ਤੋਂ ਇਸ ਤਰ੍ਹਾਂ ਦੀਆਂ ਤਿੰਨ ਤਿੰਨ ਚੋਟੀਆਂ ਜਾਂ ਸਿਖਰਾਂ ਵਾਲੇ ਕ ਪਹਾੜ ਹਨ ਜਿਵੇਂ ਜਿਸ ਪਹਾੜ ਤੇ ਲੰਕਾ ਵੱਸਿਆ ਹੋਇਆ ਹੈ ਉ ਵੀ ਤਿੰਨ ਚੋਟੀਆਂ ਵਾਲਾ ਹੀ ਦੱਸਿਆ ਜਾਂਦਾ ਹੈ ਅਤੇ ਇਸੇ ਤ ਭਾਰਤ ਦਾ ਜੈਸਲਮੇਰ ਸ਼ਹਿਰ (ਰਾਜਸਥਾਨ) ਵੀ ਜਿਸ ਪਹਾੜੀ ਵਸਿਆ ਹੋਇਆ ਹੈ ਦਾ ਨਾਂ ਵੀ ਤ੍ਰਿਕੂਟ ਹੈ।

ਹ.ਪੁ.—ਮ. ਕੋ.

**ਤ੍ਰਿਗਤਾ** : ਇਹ ਇਕ ਛੰਦ ਹੈ ਜੋ 'ਅਕਵਾ' ਅਤੇ 'ਅਜ ਦਾ ਹੀ ਰੂਪ ਹੈ। ਇਸ ਵਿਚ ਪ੍ਰਤੀ ਚਰਣ- ਮ, ਗ, SSS, S ਆਉ ਹੈ ਅਤੇ ਅੰਤਰ ਸਿਰਫ਼ ਇਤਨਾ ਹੀ ਹੈ ਕਿ ਇਸ ਵਿਚ ਹਰ ਤੁੱਕ ਵਿ ਇਕ ਅੱਖਰ ਹੀ ਤਿੰਨ ਵਾਰ ਆਉਂਦਾ ਹੈ। ਇਸ ਛੰਦ ਨੂੰ ਯੁੱਧ : ਜੁਝਾਰੂ ਮਾਰੂ ਲਈ ਵਰਤਿਆ ਜਾਂਦਾ ਹੈ, ਜਿਵੇਂ —

ਤੱ ਤੱ ਤੀਰੰ। ਬੱ ਬੱ ਬੀਰੰ।

ਢੱ ਢੱ ਢਾਲੰ। ਜੱ ਜੱ ਜਾਲੰ।

(ਰਾਮ

ਪਿੰਗਲ ਗ੍ਰੰਥਾਂ ਵਿਚ 'ਤ੍ਰਿਗਤਾ' ਨੂੰ 'ਦੇਵੀ' ਅਤੇ 'ਰਮਾ' ਦਾ ਵੀ ਦਿੱਤਾ ਗਿਆ ਹੈ।

ਹ.ਪੁ.—ਮ. ਕੋ.

**ਤ੍ਰਿਚੂਰ : ਜ਼ਿਲ੍ਹਾ** — ਇਹ ਦੱਖਣ-ਪੱਛਮੀ ਭਾਰਤ ਕੇਂਦਰੀ ਕੇਰਲਾ ਰਾਜ ਦਾ ਇਕ ਜ਼ਿਲ੍ਹਾ ਹੈ ਜਿਹੜਾ ਕੋਚੀਨ ਨਾਂ ਇਕ ਪੁਰਾਣੀ ਸ਼ਾਹੀ ਰਿਆਸਤ ਦੇ ਵਿਚੋਂ ਬਣਾਇਆ ਗਿਆ ਜ਼ਿਲ੍ਹੇ ਦਾ ਕੁਲ ਖੇਤਰਫਲ 3,032 ਵ. ਕਿ. ਮੀ. (1167 ਵ. ਮ ਅਤੇ ਆਬਾਦੀ 27,37,311 (1991) ਹੈ। ਇਸ ਦਾ ਬਹੁਤਾ ਹੈ ਤੱਟਵਰਤੀ ਮੈਦਾਨਾਂ ਦਾ ਹੈ। ਜ਼ਿਲ੍ਹੇ ਦੇ ਕੇਵਲ ਥੋੜ੍ਹੇ ਜਿਹੇ ਦੱਖ ਪੂਰਬੀ ਹਿੱਸੇ ਵਿਚ ਪੱਛਮੀ ਘਾਟ ਦੀਆਂ ਪਹਾੜੀਆਂ ਆਉਂਦ ਹਨ। ਇਸੇ ਨਾਂ ਦਾ ਸ਼ਹਿਰ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਖੇਤੀਬ ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਹੈ। ਝੋਨਾ ਅਤੇ ਨਾਰੀਅਲ ਇਥੋਂ ਦ ਮੁਖ ਫਸਲਾਂ ਹਨ। ਜ਼ਿਲ੍ਹੇ ਵਿਚ ਕੁਝ ਹੱਦ ਤੱਕ ਉਦਯੋਗ ਵਿਕਸਿਤ ਹਨ।

ਹ.ਪੁ.—ਐਨ. ਬ੍ਰਿ. ਮਾ. 11:921

**ਤ੍ਰਿਚੂਰ** : ਸ਼ਹਿਰ — ਇਹ ਦੱਖਣ-ਪੱਛਮੀ ਭਾਰਤ ਦੇ ਤੱਟੀ ਰਾਜ ਕੇਰਲਾ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਸ਼ਹਿਰ ਤੱਟ ਤੋਂ ਕੋਈ 20 ਕਿ. ਮੀ. ਹਟ ਕੇ ਇਕ ਪਹਾੜੀ ਦੁਆਲੇ ਵਸਿਆ ਹੋਇਆ ਹੈ। ਭਾਰਤ ਦੇ ਪੱਛਮੀ ਤੱਟ ਉੱਤੇ ਵਸਿਆ ਇਹ ਸਭ ਤੋਂ ਪੁਰਾਣਾ ਸ਼ਹਿਰ ਗਿਣਿਆ ਜਾਂਦਾ ਹੈ। ਤ੍ਰਿਚੂਰ ਦਾ ਸ਼ਾਬਦਿਕ ਅਰਥ ਹੈ 'ਛੋਟਾ ਪਵਿੱਤਰ ਸਥਾਨ'। ਇਹ ਇਕ ਵਪਾਰਕ ਅਤੇ ਸੰਸਕ੍ਰਿਤਕ ਕੇਂਦਰ ਹੈ। ਪਹਾੜੀ ਦੀ ਸਿਖਰ ਉੱਤੇ ਵ੍ਰਤਾਕੁੰਨਾਥ ਦਾ ਮੰਦਰ ਹੈ। ਮੰਦਰ ਉੱਤੇ ਹਰ ਸਾਲ ਮੇਲਾ ਲਗਦਾ ਹੈ।

ਖਿਆਲ ਹੈ ਕਿ ਇਸ ਸ਼ਹਿਰ ਦੀ ਨੀਂਹ ਪਰਸਰਾਮ ਨੇ ਰੱਖੀ ਸੀ। ਇਸ ਸ਼ਹਿਰ ਵਿਚ ਕਈ ਇਤਿਹਾਸਕ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿਚੋਂ 1760 ਈ. ਵਿਚ ਇਸ ਉੱਤੇ ਜ਼ਮੋਰਿਨ (Zamorin) ਦਾ ਕਬਜ਼ਾ, 1776 ਈ. ਵਿਚ ਸਰਦਾਰ ਖ਼ਾਨ ਦੀ ਕਮਾਨ ਹੇਠ ਹੈਦਰ ਦੀ ਫ਼ੌਜ ਦਾ ਕਬਜ਼ਾ, 1789 ਈ. ਵਿਚ ਟੀਪੂ ਸੁਲਤਾਨ ਦਾ ਕਬਜ਼ਾ ਆਦਿ ਮੁਖ ਹਨ। ਸੰਨ 1774 ਵਿਚ ਸ਼ਹਿਰ ਅਤੇ ਮਹਿਲ ਦੀ ਕਿਲੇਬੰਦੀ ਕੀਤੀ ਗਈ।

ਆਧੁਨਿਕ ਸ਼ਹਿਰ ਵਿਚ ਸੂਤੀ ਕੱਪੜੇ, ਚਾਵਲ, ਤੇਲ ਕੱਢਣ ਦੇ ਅਤੇ ਸਾਬਣ ਬਣਾਉਣ ਦੇ ਕਾਰਖਾਨੇ ਅਤੇ ਮਿੱਲਾਂ ਹਨ। ਇਥੇ ਕਾਲੀਕਟ ਯੂਨੀਵਰਸਿਟੀ ਨਾਲ ਸਬੰਧਤ 13 ਕਾਲਜ, ਇਕ ਅਜਾਇਬ ਘਰ ਅਤੇ ਜੀਵ-ਵਿਗਿਆਨਕ ਬਾਗ਼ ਹਨ। ਸੜਕਾਂ ਅਤੇ ਰੇਲਾਂ ਦੁਆਰਾ ਸ਼ਹਿਰ ਕੇਰਲਾ ਦੇ ਬਾਕੀ ਹਿੱਸਿਆਂ ਅਤੇ ਦੇਸ਼ ਦੇ ਅੰਦਰੂਨੀ ਭਾਗਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ- 81,798 (1991)

10°30′ ਉ. ਵਿਥ.; 76°13′ ਪੂ. ਲੰਬ.

ਹ.ਪੁ.–ਇੰਪ. ਗ. ਇੰਡ. 24:48; ਐਨ. ਬ੍ਰਿ. ਮਾ. 11 : 921

**ਤ੍ਰਿਜਟਾ (ਤ੍ਰਿਜਟੀ)** : ਹਿੰਦੂ ਮਿਥਿਹਾਸ ਅਨੁਸਾਰ ਇਹ ਇਕ ਨੇਕ ਸੁਭਾਅ ਵਾਲੀ ਰਾਖਸ਼ਣੀ ਸੀ। ਸਿਰ ਉਪਰ ਤਿਹਰੀ ਜਟਾ ਧਾਰਨ ਕਰਨ ਵਾਲੀ ਵਿਭੀਸ਼ਣ ਦੀ ਇਹ ਭੈਣ ਅਸ਼ੋਕ ਵਾਟਿਕਾ ਵਿਚ ਸੀਤਾ ਕੋਲ ਰਹਿੰਦੀ ਸੀ ਅਤੇ ਉਸ ਦੀ ਸਭ ਤਰ੍ਹਾਂ ਨਾਲ ਮਦਦ ਕਰਦੀ ਸੀ। ਇਸ ਨੂੰ 'ਧਰਮਜਠਾ' ਵੀ ਕਹਿੰਦੇ ਹਨ।

1. ਕਈ ਗ੍ਰੰਥਾਂ ਵਿਚ ਤ੍ਰਿਜਟਾ ਨੂੰ ਰਾਵਣ ਦੇ ਮਹਿਲਾਂ ਦੀ ਦਾਸੀ ਦੱਸਿਆ ਗਿਆ ਹੈ।

2. ਬਿੱਲ ਦਾ ਬਿਰਛ ਵੀ ਤ੍ਰਿਜਟਾ ਹੈ ਜਿਸ ਦੇ ਤਿੰਨ ਪੱਤਿਆਂ ਵਿਚ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਰਹਿੰਦੇ ਹਨ।

3. ਸੰਸਕ੍ਰਿਤ ਗ੍ਰੰਥਾਂ ਵਿਚ ਸ਼ਿਵ ਨੂੰ ਤ੍ਰਿਜਟੀ ਨਾਂ ਨਾਲ ਸੰਬੋਧਿਤ ਕੀਤਾ ਗਿਆ ਹੈ।

ਹ.ਪੁ.–ਮ. ਕੋ. ; ਹਿੰ. ਮਿ. ਕੋ. ; ਚਰਿ. ਕੋ.

**ਤ੍ਰਿੰਞਣ** : ਚਰਖਾ ਕੱਤਣ ਲਈ ਕੁੜੀਆਂ ਦੇ ਹੋਏ ਇਕੱਠ ਨੂੰ 'ਤ੍ਰਿੰਞਣ/ ਤ੍ਰਿੰਝਣ' ਕਿਹਾ ਜਾਂਦਾ ਹੈ ਜਿਸ ਦਾ ਅਰਥ 'ਕੱਤਣ ਲਈ ਇਸਤਰੀਆਂ ਦੀ ਇਕੱਤਰਤਾ' ਤੋਂ ਹੈ। ਪੰਜਾਬ ਨੂੰ 'ਤ੍ਰਿੰਞਣਾਂ ਦੀ ਧਰਤੀ' ਕਿਹਾ ਜਾ ਸਕਦਾ ਹੈ ਪਰ ਅੱਜਕੱਲ੍ਹ ਇਸ ਦਾ ਰਿਵਾਜ ਘਟਦਾ ਜਾ ਰਿਹਾ ਹੈ।

ਤ੍ਰਿੰਞਣ ਵਿਚ ਚਰਖਿਆਂ ਤੇ ਆਪੋ ਆਪਣੀਆਂ ਪੂਣੀਆਂ ਨੂੰ ਕੱਤਣ ਦਾ ਕੰਮ ਕੁਆਰੀਆਂ, ਵਿਆਹੀਆਂ, ਬੁੱਢੀਆਂ ਮਾਵਾਂ-ਦਾਦੀਆਂ, ਅਧਖੜਾਂ ਤੇ ਮੁਟਿਆਰਾਂ ਇਕੱਠੀਆਂ ਬੈਠ ਕੇ ਕਰਦੀਆਂ ਹਨ। ਇਹ ਇਕ ਤਰ੍ਹਾਂ ਦਾ ਬਿਨਾਂ ਇਨਾਮ ਮੁਕਾਬਲਾ ਹੋ ਜਾਂਦਾ ਹੈ। ਤ੍ਰਿੰਞਣ ਲੱਗਣ ਤੋਂ ਪਹਿਲਾਂ ਸਭ ਦੀਆਂ ਪੂਣੀਆਂ, ਪੰਜ-ਪੰਜ, ਚਾਰ-ਚਾਰ ਕਰਕੇ ਜਿਵੇਂ ਕਿ ਹਿਸਾਬ ਰੱਖਣਾ ਹੋਵੇ, ਵਾਰੀ-ਵਾਰੀ ਉੱਪਰ-ਉੱਪਰ ਰੱਖੀਆਂ ਜਾਂਦੀਆਂ ਹਨ। ਤ੍ਰਿੰਞਣ ਦੀ ਕੋਈ ਸਿਆਣੀ ਔਰਤ ਹੀ ਇਹ ਕੰਮ ਸੰਭਾਲਦੀ ਹੈ ਕਿ ਵਾਰੀ-ਵਾਰੀ ਹਰ ਇਕ ਦੀਆਂ ਪੂਣੀਆਂ ਦੇ ਜੋਟੇ ਸਮੇਂ ਸਿਰ ਵੰਡਦੀ ਰਹੇ। ਬਾਰੀਕ ਤੇ ਸਾਫ ਕੱਤਣ, ਤੰਦ ਨੂੰ ਟੁੱਟਣ ਤੋਂ ਬਚਾ ਕੇ ਕੱਤਣ ਅਤੇ ਲੰਮੀ ਤੰਦ ਪਾਉਣ ਵਿਚ ਵਿਸ਼ੇਸ਼ ਖੁਸ਼ੀ ਹੁੰਦੀ ਹੈ।

ਚਰਖਾ ਕੱਤਣਾ ਇਸਤਰੀਆਂ ਲਈ ਬਹੁਤ ਪਿਆਰਾ ਕੰਮ ਹੈ। ਅੱਜ ਵੀ ਚਰਖਾ ਗੀਤ ਮੰਗਦਾ ਹੈ।

ਕਾਰੀਗਰਾਂ ਨੂੰ ਦੇ ਨੀ ਵਧਾਈ
ਜਿਹਨੇ ਰੰਗਲਾ ਚਰਖਾ ਬਣਾਇਆ
ਵਿਚ ਵਿਚ ਮੇਖਾਂ ਲਾਈਆਂ ਸੁਨਹਿਰੀ
ਹੀਰਿਆਂ ਜੜਤ ਜੜਾਇਆ
ਬੀੜੀ ਦੇ ਨਾਲ ਖਹੇ ਦਮਕੜਾ
ਤੱਕਲਾ ਫਿਰੇ ਸਵਾਇਆ
ਕੱਤ ਲੈ ਹੀਰੇ ਨੀ
ਤੇਰਾ ਭਾਦੋਂ ਦਾ ਵਿਆਹ ਆਇਆ।

ਬਿਨਾਂ ਗੀਤਾਂ ਦੇ ਤ੍ਰਿੰਞਣ ਅਧੂਰਾ ਹੈ। ਤ੍ਰਿੰਞਣ ਵਿਚ ਕਈ ਵਾਰ ਦੀਵੇ ਦੇ ਚਾਨਣ, ਰਾਤ ਦੀ ਚੁੱਪ ਵਿਚ ਚਰਖੇ ਦੀ ਘੂਕਰ ਤੇ ਕੱਤਣ ਵਾਲੀਆਂ ਦੇ ਗਾਉਣ ਦੀ ਰਸੀਲੀ ਮਿੱਠੀ ਸੁਰ ਗਵਾਂਢੀਆਂ ਦੇ ਕੰਨੀ ਪੈਂਦੀ ਹੈ;

ਘੂੰ ਘੂੰ ਚਰਖੜਾ
ਮੈਂ ਲਾਲ ਪੂਣੀ ਕੱਤਾਂ ਕਿ ਨਾ?
ਕੱਤ ਬੀਬੀ ਕੱਤ
ਕੱਤ ਬੀਬੀ ਕੱਤ
————
————

ਤ੍ਰਿੰਞਣ ਵਿਚ ਸੁੱਤੀਆਂ ਸੱਧਰਾਂ ਜਾਗ ਪੈਂਦੀਆਂ ਹਨ। ਇਸ ਵਿਚ ਪਿੰਡ ਦੀਆਂ ਘਰੇਲੂ ਘਟਨਾਵਾਂ ਉੱਤੇ ਵਿਚਾਰ ਵਟਾਂਦਰਾ ਹੁੰਦਾ ਹੈ। ਤ੍ਰਿੰਞਣ ਵਿਚ ਸ਼ਗਨਾਂ, ਸ਼ਿਕਾਇਤਾਂ, ਦੁੱਖਾਂ ਆਦਿ ਦੇ ਵੀ ਗੀਤ ਗਾਏ ਜਾਂਦੇ ਹਨ। ਚੰਗਾ ਕੱਤਣ ਵਾਲੀ ਲਈ ਇਹ ਅਖਾਣ ਤੁਰਦਾ ਹੈ——— 'ਜੇ ਮੈਂ ਹੋਵਾਂ ਕਾਤੀ ਤਾਂ ਲਕੜਾਂ ਨਾਲ ਵੀ ਕਾਤੀ'। ਕੁੱਚਜੀ ਕੱਤਣ ਵਾਲੀ ਦਾ ਇਹ ਕਹਿ ਕੇ ਉਪਹਾਸ ਕੀਤਾ ਜਾਂਦਾ ਹੈ ਕਿ "ਅੰਨੋ ਕਰਾਂ ਕੁਅੰਨ, ਕਪਾਹੋਂ ਬੱਤੀਆਂ।" ਤ੍ਰਿੰਞਣ ਬਾਰੇ ਸੈਂਕੜੇ ਗੀਤ ਪ੍ਰਸਿੱਧ ਹਨ, ਜਿਵੇਂ ———

ਮੇਰਾ ਚਰਖਾ ਤ੍ਰਿੰਞਣਾਂ ਦਾ ਸਰਦਾਰ ਨੀ ਮਾਏ
ਕਿਨ੍ਹਾਂ ਤਾਂ ਘੜਿਆ ਸੀ ਚਰਖਾ ਮੇਰਾ ———
ਚਾਚੀ ਨੇ ਸੀਤੀਆਂ ਗੁੱਡੀਆਂ,
ਸੁਨਾਰੇ ਨੇ ਘੜਿਆ ਸੀ ਮੇਰਾ ਹਾਰ,
ਤ੍ਰਖਾਣਾਂ ਨੇ ਘੜਿਆ ਸੀ ਚਰਖਾ ਮੇਰਾ ਤ੍ਰਿੰਞਣਾਂ ਦਾ ਸਰਦਾਰ
——————————
——————————
——————————

ਹ. ਪੁ.–ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ-ਕਰਨਜੀਤ ਸਿੰਘ; ਪੰਜਾਬ ਦੇ ਲੋਕ ਗੀਤ-ਰੰਧਾਵਾ; ਪੰ.-ਰੰਧਾਵਾ।

**ਤ੍ਰਿਣ ਣਿਣ** : ਇਹ ਇਕ ਛੰਦ ਹੈ ਜੋ 'ਅਕਰਾ', 'ਅਣਕਾ' ਅਤੇ 'ਸ਼ਸ਼ਿਵਦਨਾ' ਦਾ ਹੀ ਰੂਪ ਹੈ। ਇਸ ਦੇ ਚਾਰ ਚਰਣ ਹੁੰਦੇ ਹਨ; ਪ੍ਰਤੀ ਚਰਣ ਨ, ਯ I I I, ISS ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਂ ਦਾ ਕਾਰਨ ਕੇਵਲ ਯੁੱਧ ਵਿਚ ਹੋਣ ਵਾਲੇ ਸ਼ਬਦਾਂ ਦਾ ਅਨੁਕਰਣ ਕਰਨਾ ਅਤੇ ਇਸ ਦੇ ਮੁੱਢ ਵਿਚ 'ਤ੍ਰਿਣ ਣਿਣ' ਪਾਠ ਦਾ ਹੋਣਾ ਹੈ। ਉਦਾਹਰਣ ਵਜੋਂ -

ਤ੍ਰਿਣ ਣਿਣ ਤੀਰੰ। ਬ੍ਰਿਣ ਣਿਣ ਬੀਰੰ।
ਢ੍ਰਣ ਣਣ ਢਾਲੰ। ਜੂਣ ਣਣ ਵਾਲੰ।

(ਰਾਮਾਵ)

ਹ.ਪੁ.–ਮ. ਕੋ.

**ਤ੍ਰਿਤ ਆਪ੍ਰਤਯ** : ਇਹ ਇਕ ਦੇਵਤਾ ਦਾ ਨਾਂ ਹੈ ਜਿਸ ਦਾ ਵਰਣਨ ਰਿਗਵੇਦ ਵਿਚ ਮਿਲਦਾ ਹੈ। ਆਮ ਤੌਰ ਤੇ ਇਸ ਦਾ ਸਬੰਧ ਇੰਦਰ ਨਾਲ ਹੀ ਹੁੰਦਾ ਹੈ। ਇਕ ਰਿਚਾ ਵਿਚ ਲਿਖਿਆ ਹੈ ਕਿ 'ਇੰਦਰ ਨੇ ਵਲ ਦੇ ਕਿਲਿਆਂ ਨੂੰ ਇਸ ਤਰ੍ਹਾਂ ਤੋੜ ਦਿੱਤਾ ਸੀ ਜਿਸ ਤਰ੍ਹਾਂ ਤ੍ਰਿਤ ਨੇ ਖੂਹ ਦੀਆਂ ਦੀਵਾਰਾਂ ਨੂੰ ਤੋੜਿਆ ਸੀ।'

ਇਕ ਕਥਾ ਅਨੁਸਾਰ ਅਗਨੀ ਨੇ ਹਵਨ ਤੋਂ ਬਚੇ ਹੋਏ ਘੀ ਦੇ ਅਵਸ਼ੇਸ਼ਾਂ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਏਕਤ, ਦ੍ਵਿਤ ਤੇ ਤ੍ਰਿਤ (ਪਹਿਲਾ, ਦੂਜਾ ਅਤੇ ਤੀਜਾ) ਦੀ ਪਾਣੀ ਤੋਂ ਉਤਪਤੀ ਕੀਤੀ। ਅਗਨੀ ਨੇ ਹਵਨ ਦੀ ਸੁਆਹ ਨੂੰ ਪਾਣੀ ਵਿਚ ਸੁੱਟ ਦਿੱਤਾ ਜਿਸ ਤੋਂ ਤਿੰਨ ਭਰਾਵਾਂ ਦੀ ਉਤਪਤੀ ਹੋਈ ਕਿਉਂਕਿ ਇਨ੍ਹਾਂ ਦੀ ਉਤਪਤੀ ਪਾਣੀ (ਆਬ) ਤੋਂ ਹੋਈ ਸੀ, ਇਸ ਲਈ ਇਨ੍ਹਾਂ ਨੂੰ ਆਪ੍ਰਤਯ ਕਿਹਾ ਜਾਂਦਾ ਸੀ। ਇਕ ਦਿਨ ਤ੍ਰਿਤ ਪਾਣੀ ਲੈਣ ਲਈ ਖੂਹ ਤੇ ਗਿਆ ਅਤੇ ਖੂਹ ਵਿਚ ਹੀ ਡਿਗ ਪਿਆ। ਅਸੁਰਾਂ ਨੇ ਖੂਹ ਦੇ ਮੂੰਹ ਨੂੰ ਪੱਥਰਾਂ ਨਾਲ ਬੰਦ ਕਰ ਦਿਤਾ ਤਾਂ ਜੋ ਇਹ ਖੂਹ ਵਿਚੋਂ ਨਾ ਨਿਕਲ ਸਕੇ ਪਰ ਇਹ ਉਨ੍ਹਾਂ ਨੂੰ ਤੋੜ ਕੇ ਬੜੀ ਆਸਾਨੀ ਨਾਲ ਖੂਹ ਤੋਂ ਬਾਹਰ ਆ ਗਿਆ।

ਨੀਤੀ ਮੰਜਰੀ ਅਨੁਸਾਰ ਇਹ ਕਹਾਣੀ ਹੋਰ ਤਰ੍ਹਾਂ ਹੈ। ਇਕ ਵਾਰ ਜਦੋਂ ਇਹ ਤਿੰਨੋਂ ਭਰਾ ਥਲਾਂ ਵਿਚੋਂ ਲੰਘ ਰਹੇ ਸਨ ਤਾਂ ਉਨ੍ਹਾਂ ਨੂੰ ਬੜੀ ਪਿਆਸ ਲਗੀ। ਇਹ ਸਾਰੇ ਇਕ ਖੂਹ ਕੋਲ ਪਹੁੰਚੇ ਅਤੇ ਤ੍ਰਿਤ ਨੇ ਖੂਹ ਵਿਚੋਂ ਪਾਣੀ ਕੱਢ ਕੇ ਆਪਣੇ ਭਰਾਵਾਂ ਨੂੰ ਦਿੱਤਾ। ਇਸ ਦੇ ਭਰਾਵਾਂ ਨੇ ਇਸ ਦੀ ਜਾਇਦਾਦ ਹਜ਼ਮ ਕਰਨ ਦੇ ਲਾਲਚ ਵਿਚ ਇਸ ਨੂੰ ਖੂਹ ਵਿਚ ਸੁੱਟ ਦਿਤਾ ਅਤੇ ਖੂਹ ਦੇ ਮੂੰਹ ਤੇ ਗੱਡੇ ਦਾ ਪਹੀਆ ਰੱਖ ਕੇ ਆਪ ਚਲੇ ਆਏ। ਤ੍ਰਿਤ ਨੇ ਦੇਵਤਿਆਂ ਦੀ ਅਰਾਧਨਾ ਕੀਤੀ ਅਤੇ ਉਨ੍ਹਾਂ ਦੀ ਮਦਦ ਨਾਲ ਖੂਹ ਤੋਂ ਬਾਹਰ ਨਿਕਲ ਆਇਆ।

ਹ.ਪੁ.–ਹਿੰ. ਮਿ. ਕੋ.

**ਤ੍ਰਿਨੀਦਾਦ** : ਇਹ ਸ਼ਹਿਰ ਸੰਯੁਕਤ ਰਾਜ ਅਮਰੀਕਾ ਦੇ ਦੱਖਣੀ ਕੇਂਦਰੀ ਪ੍ਰਾਂਤ ਕਾਲੋਰਾਡੋ (Colorado) ਦੀ ਲਾਸ ਐਨੀਮਸ (Las Animass) ਕਾਉਂਟੀ ਦਾ ਸਦਰ-ਮੁਕਾਮ ਹੈ ਜਿਹੜਾ ਪ੍ਰਐਬਲੋ (Pueblo) ਕਾਉਂਟੀ ਦੇ ਦੱਖਣ ਵਿਚ 1,836 ਮੀ. (6,025 ਮੀਲ ਫੁੱਟ) ਉੱਚੇ ਸੰਸਾਰ ਦੇ ਸੈਂਗਰਿਰੀ ਡਾ ਕਰਿਸਟੋ ਪਹਾੜ (Sangse De Cristo Range) ਦੇ ਪੈਰਾਂ ਵਿਚੋਂ ਲੰਘਦੇ ਪੁਰਸੈਟੋਇਰ ਦਰਿਆ ਦੇ ਕੰਢੇ ਤੇ ਸਥਿਤ ਹੈ। ਰੱਟਨ ਦੱਰੇ (Raton Pass) ਦੇ ਨੇੜੇ ਸੈਂਟਾ ਫੇ ਟ੍ਰੇਲ (Santa Fe Trail) ਦੇ ਨਾਲ ਨਾਲ ਸਫ਼ਰ ਕਰਨ ਵਾਲੇ ਵਪਾਰੀ, ਸ਼ਿਕਾਰੀ ਅਤੇ ਪਾਲੀ ਇਥੇ ਹੀ ਪੜਾਅ ਕਰਦੇ ਸਨ। ਸੰਨ 1870 ਵਿਚ ਇਥੇ ਸੈਂਟਾ ਫੇ ਰੇਲਵੇ ਲਾਈਨ ਵਿਛਾਈ ਗਈ ਅਤੇ ਇਸ ਸ਼ਹਿਰ ਦੀ ਕੋਲੇ ਦੀ ਖਾਣ-ਖੁਦਾਈ ਜਹਾਜ਼ਰਾਨੀ ਦੇ ਕੇਂਦਰ ਵਜੋਂ ਉੱਨਤ ਹੋਈ। ਸੰਨ 1900 ਵਿਚ ਇਥੇ ਕੋਲੇ ਦੀ ਘਾਟ ਪੈਦਾ ਹੋ ਜਾਣ ਮਗਰੋਂ ਇਥੇ ਡੇਅਰੀ ਅਤੇ ਮੀਟ ਪੈਕ ਕਰਨ ਦੇ ਉਦਯੋਗ, ਫੂਡ ਪ੍ਰਾਸੈਸਿੰਗ, ਇੱਟਾਂ ਬਣਾਉਣ, ਮਿੱਟੀ ਦੀਆਂ ਵਸਤਾਂ ਤਿਆਰ ਕੀਤੀਆਂ ਜਾ[ਣ] ਲੱਗੀਆਂ। ਸੰਨ 1925 ਵਿਚ ਇਥੇ ਸਟੇਟ ਜੂਨੀਅਰ ਸਥਾਪਿਤ ਕੀਤ[ਾ] ਗਿਆ। ਇਥੋਂ ਦੀਆਂ ਦੇਖਣ ਯੋਗ ਥਾਵਾਂ ਹਨ : ਬਾਕਾ ਹਾਊ[ਸ] (1869), ਪਾਇਨੀਅਰ ਮਿਊਜ਼ੀਅਮ, ਬਲੂਮ ਹਾਊਸ (1882) ਅ[ਤੇ] ਕਿਟ ਕਾਰਸਨ ਮਿਊਜ਼ੀਅਮ।

ਆਬਾਦੀ—9,663 (1980)

37° 13′ ਉ. ਵਿਥ.; 104° 31′ ਪੱ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 926

**ਤ੍ਰਿਨੀਦਾਦ ਅਤੇ ਟੋਬੇਗੋ** : ਕੈਰਿਬੀਅਨ ਸਾਗਰ ਦੇ ਧੁ[ਰ] ਦੱਖਣੀ ਹਿੱਸੇ ਵਿਚ ਇਹ ਦੋ ਟਾਪੂਆਂ ਦਾ ਨਾਂ ਹੈ ਜਿਹੜੇ 1962 [ਤੋਂ] ਇਕ ਆਜ਼ਾਦ ਦੇਸ਼ ਦੇ ਤੌਰ ਤੇ ਕਾਇਮ ਹਨ। ਟਾਪੂ ਦੱਖਣੀ ਅਮਰੀ[ਕਾ] ਦੇ ਦੇਸ਼ ਵੈਨਜ਼ੁਏਲਾ ਦੇ ਨਜ਼ਦੀਕ ਹੀ ਉੱਤਰ-ਪੂਰਬ ਵਲ ਸਥਿ[ਤ] ਹਨ। ਇਨ੍ਹਾਂ ਦੋਨਾਂ ਟਾਪੂਆਂ ਦਾ ਖੇਤਰਫਲ 5,124 ਵ. ਕਿ. ਮੀ[.] ਅਤੇ ਆਬਾਦੀ 1,261,000 (1992) ਹੈ।

ਇਨ੍ਹਾਂ ਦੋਨਾਂ ਟਾਪੂਆਂ ਵਿਚੋਂ ਤ੍ਰਿਨੀਦਾਦ 4,821ਵ. ਕਿ. ਮੀ[.] (1,861 ਵ.ਮੀ.) ਖੇਤਰਫਲ ਵਾਲਾ ਟਾਪੂ ਹੈ। ਇਹ ਵੈਨਜ਼ੁਏਲਾ [ਤੋਂ] ਡਰੈਗਨ ਮਾਉਥ ਅਤੇ ਸਰਪੈਂਟਸ ਮਾਉਥ ਖਾੜੀ ਰਾਹੀਂ ਵੱਖ ਹੁੰਦਾ [ਹੈ।] ਟੋਬੇਗੋ ਇਕ ਛੋਟਾ ਟਾਪੂ ਹੈ ਜਿਹੜਾ ਅੰਧ ਮਹਾਂਸਾਗਰ ਵਿ[ਚ] ਤ੍ਰਿਨੀਦਾਦ ਤੋਂ 33 ਕਿ. ਮੀ. ਉੱਤਰ-ਪੂਰਬ ਵੱਲ ਸਥਿਤ ਹੈ। ਇ[ਹ] ਟਾਪੂ 41 ਕਿ. ਮੀ. ਲੰਬਾ ਅਤੇ 11 ਕਿ. ਮੀ. ਚੌੜਾ ਹੈ।

ਇਨ੍ਹਾਂ ਟਾਪੂਆਂ ਦੀ ਰਾਜਧਾਨੀ ਪੋਰਟ-ਆਫ਼-ਸਪੇਨ ਹੈ।

## ਭੂ-ਆਕ੍ਰਿਤੀ ਵਿਗਿਆਨ

ਭੂ-ਆਕ੍ਰਿਤੀ ਪੱਖੋਂ ਇਹ ਇਕ ਤਰ੍ਹਾਂ ਨਾਲ ਦੱਖਣੀ ਅਮਰੀ[ਕਾ] ਦੀ ਮੁੱਖ ਧਰਤੀ ਦਾ ਹੀ ਇਕ ਹਿੱਸਾ ਹਨ। ਤ੍ਰਿਨੀਦਾਦ ਦੀ [ਮੁ]ਧਰਾਤਲੀ ਨੁਹਾਰ ਇਸ ਦੀਆਂ ਪੱਛਮ ਤੋਂ ਪੂਰਬ ਦੀ ਦਿਸ਼ਾ ਵਿ[ਚ] ਫੈਲੀਆਂ ਉੱਤਰ ਵੱਲ ਦੀਆਂ ਪਹਾੜੀਆਂ ਹਨ। ਇਨ੍ਹਾਂ ਦੀ ਵੱਧ ਵੱਧ ਉਚਾਈ 940 ਮੀ. ਹੈ ਅਤੇ ਢਲਾਣ ਦੱਖਣ ਵਲ ਹੈ। ਇਸ [ਤੋਂ] ਇਲਾਵਾ ਟਾਪੂ ਦੇ ਕੇਂਦਰ ਅਤੇ ਦੱਖਣ ਵਿਚ ਦੋ ਹੋਰ ਪਰਬ[ਤੀ] ਲੜੀਆਂ ਹਨ। ਇਨ੍ਹਾਂ ਤਿੰਨਾਂ ਪਰਬਤੀ ਲੜੀਆਂ ਨਾਲ ਹੀ ਇਥੋਂ [ਦਾ] ਜਲ-ਨਿਕਾਸ ਨਿਰਧਾਰਤ ਹੁੰਦਾ ਹੈ। ਟਾਪੂ ਦੇ ਦਰਿਆਵਾਂ ਦੀ ਵੱਧ ਵੱਧ ਲੰਬਾਈ 80 ਕਿ. ਮੀ. ਤੱਕ ਹੈ।

ਟੋਬੇਗੋ ਵੈਨਜ਼ੁਏਲਾ ਜਾਂ ਕੈਰਿਬੀਅਨ ਸਾਹਿਲੀ ਲੜੀ ਅ[ਤੇ] ਤ੍ਰਿਨੀਦਾਦ ਦੀ ਉੱਤਰੀ ਲੜੀ ਦਾ ਹੀ ਇਕ ਵਿਸਥਾਰ ਹੈ। ਮੇਨ ਰਿ[ਜ] ਇਸ ਦੀ ਪ੍ਰਭਾਵੀ ਵਿਸ਼ੇਸ਼ਤਾ ਹੈ ਜੋ ਉੱਤਰ-ਪੂਰਬ ਤੋਂ ਦੱਖਣ-ਪੱ[ਛਮ] ਵੱਲ ਫ਼ੈਲੀ ਹੁੰਦੀ ਹੈ। ਇਸ ਵਿਚ ਕਈ ਮੂੰਗਾ ਚਟਾਨਾਂ ਹਨ।

**ਜਲਵਾਯੂ** — ਤ੍ਰਿਨੀਦਾਦ ਅਤੇ ਟੋਬੇਗੋ ਊਸ਼ਣ ਖੰਡ ਵਿ[ਚ] ਸਥਿਤ ਹਨ ਪਰ ਇਥੋਂ ਦੀ ਜਲਵਾਯੂ ਮੋਅਤਦਿਲ ਹੈ। ਜਨਵ[ਰੀ] ਫਰਵਰੀ ਸਭ ਤੋਂ ਠੰਢੇ ਮਹੀਨੇ ਹਨ ਅਤੇ ਤਾਪਮਾਨ 20° ਸੈ. ਹੁੰਦਾ [ਹੈ।] ਵਰਖਾ ਉੱਤਰ-ਪੂਰਬ ਦੇ ਇਲਾਕੇ ਵਿਚ 375 ਸੈ. ਮੀ. ਅਤੇ ਪੱ[ਛਮ] ਵੱਲ ਦੇ ਖੇਤਰ ਵਿਚ ਸਿਰਫ 125 ਸੈ. ਮੀ. ਹੁੰਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ** — ਇਕ ਸਮੇਂ ਇਹ ਟ[ਾਪੂ] ਊਸ਼ਣ-ਖੰਡੀ ਬਨਸਪਤੀ ਨਾਲ ਢੱਕੇ ਪਏ ਸਨ ਪਰ ਪਿੱਛੋਂ ਜੰਗ[ਲ] ਸਾਫ਼ ਕਰਕੇ ਇਥੇ ਫਸਲਾਂ ਦੀ ਪੈਦਾਵਾਰ ਸ਼ੁਰੂ ਕੀਤੀ ਗਈ। ਉ[ਚੇ] ਪਰਬਤੀ ਖੇਤਰਾਂ ਉੱਤੇ ਹਾਲੇ ਵੀ ਜੰਗਲ ਪਾਏ ਜਾਂਦੇ ਹਨ। ਇ[ਨ੍ਹਾਂ] ਟਾਪੂਆਂ ਦੇ ਜੀਵ-ਜੰਤੂਆਂ ਵਿਚ ਰੀਂਗਣ ਵਾਲੇ ਪ੍ਰਾਣੀ ਵਧੇਰੇ ਹ[ਨ।] ਇਥੇ 40 ਤੋਂ ਵੀ ਵੱਧ ਕਿਸਮਾਂ ਦੇ ਸੱਪ ਮਿਲਦੇ ਹਨ। ਇਨ੍ਹਾਂ ਤੋਂ ਬਿ[ਨਾਂ] ਮਗਰਮੱਛ, ਕੱਛੂਕੁੰਮੇ, ਸੱਪ ਤੇ ਛਿਪਕਲੀਆਂ ਇਥੇ ਵਧੇਰੇ ਪਾਈ ਜਾਂਦੀਆਂ ਹਨ।

## ਇਤਿਹਾਸ

ਇਨ੍ਹਾਂ ਦੋਹਾਂ ਟਾਪੂਆਂ ਵਿਚੋਂ ਤ੍ਰਿਨੀਦਾਦ ਟਾਪੂ ਦਾ ਇਤਿਹਾਸ ਕੋਲੰਬਸ ਦੀ ਤੀਜੀ ਯਾਤਰਾ ਨਾਲ ਜੁੜਿਆ ਹੋਇਆ ਹੈ। ਕੋਲੰਬਸ ਤ੍ਰਿਨੀਦਾਦ ਟਾਪੂ ਉੱਤੇ 1498 ਈ. ਵਿਚ ਪੁੱਜਿਆ ਸੀ। ਉਸ ਸਮੇਂ ਇਥੇ ਐਗਵਾਕ ਇੰਡੀਅਨ ਕਬੀਲੇ ਵੱਸੇ ਹੋਏ ਸਨ ਅਤੇ ਟੋਬੇਗੋ ਟਾਪੂ ਉੱਤੇ ਲੜਾਕੇ ਕੈਰਿਬੀ ਲੋਕ ਆਬਾਦ ਸਨ। ਇਸ ਪਿੱਛੋਂ ਲਗਭਗ 300 ਸਾਲ ਤੀਕ ਤ੍ਰਿਨੀਦਾਦ ਉੱਤੇ ਸਪੇਨੀਆਂ ਦਾ ਕਬਜ਼ਾ ਰਿਹਾ। ਇਨ੍ਹਾਂ ਨੇ ਇਸ ਟਾਪੂ ਪ੍ਰਤਿ ਕੋਈ ਧਿਆਨ ਨਾ ਦਿੱਤਾ। ਫਿਰ 1797 ਈ. ਵਿਚ ਇਹ ਬਰਤਾਨਵੀ ਸਮੁੰਦਰੀ ਫ਼ੌਜ ਅਧੀਨ ਆ ਗਿਆ। ਬਰਤਾਨਵੀਆਂ ਨੇ ਤ੍ਰਿਨੀਦਾਦ ਤੋਂ ਕਬਜ਼ਾ ਕਰਨ ਤੋਂ ਪਹਿਲਾਂ 1721 ਈ. ਵਿਚ ਟੋਬੇਗੋ ਉੱਤੇ ਕਬਜ਼ਾ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ। ਸੰਨ 1781 ਵਿਚ ਟੋਬੇਗੋ ਫਰਾਂਸੀਸੀਆਂ ਹੇਠ ਆਇਆ। ਇਨ੍ਹਾਂ ਨੇ ਟੋਬੇਗੋ ਨੂੰ ਗੰਨਾ ਉਤਪਾਦਨ ਖੇਤਰ ਦੇ ਤੌਰ ਤੇ ਉੱਨਤ ਕਰ ਲਿਆ। ਸੰਨ 1802 ਵਿਚ ਟੋਬੇਗੋ ਉੱਤੇ ਵੀ ਬਰਤਾਨੀਆ ਦਾ ਕਬਜ਼ਾ ਹੋ ਗਿਆ। ਇਸ ਤਰ੍ਹਾਂ ਟੋਬੇਗੋ ਅਤੇ ਤ੍ਰਿਨੀਦਾਦ ਦੋਵੇਂ ਬਰਤਾਨੀਆ ਦੇ ਪ੍ਰਸ਼ਾਸਨ ਹੇਠ ਆ ਗਏ।

ਇਨ੍ਹਾਂ ਟਾਪੂਆਂ ਉੱਤੇ ਬਸਤੀਵਾਦ ਦੇ ਸਮਿਆਂ ਵਿਚ ਗੁਲਾਮਾਂ ਨੂੰ ਲਿਆ ਕੇ ਵਸਾਉਣ ਦੀ ਪ੍ਰਥਾ ਪ੍ਰਚਲਤ ਸੀ ਜਿਹੜੀ ਕਿ 1830 ਈ. ਦੇ ਪਿਛਲੇ ਸਾਲਾਂ ਵਿਚ ਇਥੋਂ ਖ਼ਤਮ ਕਰ ਦਿੱਤੀ ਗਈ। ਬਰਤਾਨੀਆ ਦੇ ਰਾਜ ਦੌਰਾਨ ਫਿਰ ਇਥੋਂ ਦੇ ਖੇਤਾਂ ਵਿਚ ਕਾਮਿਆਂ ਦੀ ਲੋੜ ਭਾਰਤੀ ਪਰਵਾਸੀਆਂ ਨੂੰ ਲਿਆ ਕੇ ਪੂਰੀ ਕੀਤੀ ਜਾਂਦੀ ਰਹੀ। ਇਸ ਪਿੱਛੋਂ ਇਥੋਂ ਦੇ ਪ੍ਰਸ਼ਾਸਨ ਵਿਚ ਤਬਦੀਲੀ ਆਈ। ਸੰਨ 1923 ਵਿਚ ਸਥਾਨਕ ਸਰਕਾਰ ਦੀ ਪਰੰਪਰਾ ਸ਼ੁਰੂ ਹੋ ਗਈ। ਸੰਨ 1945 ਵਿਚ ਇਥੇ ਚੋਣਾਂ ਵੀ ਕਰਵਾਈਆਂ ਗਈਆਂ। ਸੰਨ 1962 ਵਿਚ ਇਹ ਟਾਪੂ ਬ੍ਰਿਟਿਸ਼ ਕਾਮਨਵੈਲਥ ਦੇ ਆਜ਼ਾਦ ਮੈਂਬਰ ਬਣ ਗਏ। ਪਿੱਛੋਂ 1 ਅਗਸਤ, 1976 ਨੂੰ ਰਿਪਬਲੀਕਨ ਸੰਵਿਧਾਨ ਅਪਨਾਇਆ ਗਿਆ। ਜੁਲਾਈ, 1990 ਵਿਚ ਇਕ ਮੁਸਲਿਮ ਫਿਰਕੇ ਵਲੋਂ ਰਾਜ-ਪਲਟੇ ਦੀ ਕੋਸ਼ਿਸ਼ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਨੂੰ ਯਰਗਮਾਲੀ ਬਣਾ ਕੇ ਜ਼ਖ਼ਮੀ ਕਰ ਦਿੱਤਾ ਗਿਆ।

## ਆਰਥਿਕਤਾ

**ਕੁਦਰਤੀ ਸਾਧਨ**—ਕੁਦਰਤੀ ਸਾਧਨਾਂ ਵਿਚ ਪੈਟਰੋਲ ਇਥੋਂ ਦਾ ਖਾਸ ਖਣਿਜ ਹੈ। ਤ੍ਰਿਨੀਦਾਦ ਵਿਚ 2 ਤੇਲ ਸੋਧਕ ਕਾਰਖਾਨੇ ਹਨ ਜਿਨ੍ਹਾਂ ਵਿਚ ਹਰ ਸਾਲ 350,000 ਬਿਲੀਅਨ ਬੈਰਲ ਤੇਲ ਸਾਫ ਕੀਤਾ ਜਾਂਦਾ ਹੈ। ਇਥੋਂ ਵੈਨਜ਼ੁਏਲਾ, ਇੰਡੋਨੇਸ਼ੀਆ, ਇਕਵੇਡਾਰ, ਬ੍ਰਾਜ਼ੀਲ, ਸਾਉਦੀ ਅਰਬ ਤੋਂ ਤੇਲ ਮੰਗਵਾ ਕੇ ਸਾਫ਼ ਕੀਤਾ ਜਾਂਦਾ ਹੈ। ਸੰਨ 1992 ਵਿਚ ਇਥੇ ਕੱਚੇ ਤੇਲ ਦਾ ਉਤਪਾਦਨ 7.13 ਮਿਲੀ. ਟਨ. ਸੀ। ਐਸਫ਼ਾਲਟ ਅਤੇ ਕੁਦਰਤੀ ਗੈਸ ਇਥੋਂ ਦੇ ਹੋਰ ਖਣਿਜ ਹਨ।

**ਖੇਤੀਬਾੜੀ** — ਇਸ ਦੇਸ਼ ਵਿਚ ਖੇਤੀਬਾੜੀ ਹਾਲੇ ਪੂਰੀ ਤਰ੍ਹਾਂ ਉੱਨਤ ਨਹੀਂ ਹੋ ਸਕੀ। ਇਥੇ ਬਾਗ਼ਬਾਨੀ ਜ਼ਿਆਦਾ ਪ੍ਰਚਲਤ ਹੈ ਅਤੇ ਕੋਕੋ ਅਤੇ ਨਾਰੀਅਲ ਦੀ ਪੈਦਾਵਾਰ ਕੀਤੀ ਜਾਂਦੀ ਹੈ। ਝੋਨਾ ਇਥੋਂ ਦੀ ਮੁਖ ਫਸਲ ਹੈ। ਅਨਾਜ ਬਾਹਰੋਂ ਮੰਗਵਾ ਕੇ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

**ਸੱਨਅਤਾਂ** — ਇਥੇ ਲੋਹਾ ਇਸਪਾਤ, ਅਮੋਨੀਆ, ਖਾਦ, ਖੰਡ, ਸੀਮਿੰਟ, ਰੋਗਨ ਪਲਾਸਟਿਕ, ਪੈਟਰੋ-ਕੈਮੀਕਲ ਤਿਆਰ ਕਰਨ ਅਤੇ ਪੈਟਰੋਲ ਸਾਫ ਕਰਨ ਦੇ ਕਾਰਖਾਨੇ ਸਥਾਪਿਤ ਹਨ। ਸੰਨ 1991 ਵਿਚ ਇਥੇ ਲੋਹੇ ਅਤੇ ਇਸਪਾਤ ਦਾ 654,000 ਟਨ ਸੀਮਿੰਟ ਦਾ 485, 596 ਟਨ; ਖੰਡ ਦਾ 135,100 ਟਨ ਅਤੇ ਅਮੋਨੀਆ ਅਤੇ ਯੂਰੀਆ ਦਾ 2,465,600 ਟਨ ਉਤਪਾਦਨ ਹੋਇਆ ਸੀ।

**ਆਵਾਜਾਈ ਦੇ ਸਾਧਨ** — ਆਵਾਜਾਈ ਦੇ ਸਾਧਨ ਸੜਕਾਂ ਹੀ ਹਨ ਜਿਨ੍ਹਾਂ ਦੀ ਲੰਬਾਈ 1981 ਵਿਚ 7,895 ਕਿ.ਮੀ. (4906 ਮੀਲ) ਸੀ।

## ਲੋਕ

**ਆਬਾਦੀ** — ਇਥੋਂ ਦੀ ਲਗਭਗ ਅੱਧੀ ਵਸੋਂ ਅਫਰੀਕੀ ਨਸਲ ਦੇ ਲੋਕਾਂ ਦੀ ਹੈ। 35 ਫੀਸਦੀ ਈਸਟ ਇੰਡੀਅਨ, 3 ਫੀਸਦੀ ਯੂਰਪੀ, 1 ਫੀਸਦੀ ਚੀਨੀ ਅਤੇ 14 ਫੀਸਦੀ ਬਾਕੀ ਨਸਲਾਂ ਦੇ ਹਨ। ਹਿੰਦੂ ਅਤੇ ਮੁਸਲਮਾਨ ਵੀ ਵੱਸੇ ਹੋਏ ਹਨ। ਸੰਨ 1901 ਤੋਂ 1960 ਈ. ਦੌਰਾਨ ਇਥੋਂ ਦੀ ਵਸੋਂ ਬਹੁਤ ਵਧੀ। ਇਸ ਦੌਰਾਨ ਆਬਾਦੀ 2,74,000 ਤੋਂ 8,34,000 ਹੋ ਗਈ। ਸੰਨ 1946 ਤੋਂ 1960 ਦੌਰਾਨ ਇਥੋਂ ਦੀ ਆਬਾਦੀ 2.9 ਫੀਸਦੀ ਦੀ ਦਰ ਨਾਲ ਵਧੀ ਪਰ ਇਸ ਪਿੱਛੋਂ 1966 ਤੋਂ 1970 ਦੌਰਾਨ ਵਾਧੇ ਦੀ ਦਰ 1.1 ਫ਼ੀਸਦੀ ਸੀ। ਇਸ ਵਿਚਲੇ ਸਾਲਾਂ ਦੌਰਾਨ ਇਥੋਂ 2000 ਵਿਅਕਤੀ ਹਰ ਸਾਲ ਟਾਪੂ ਛੱਡ ਕੇ ਕਿਧਰੇ ਹੋਰ ਚਲੇ ਜਾਂਦੇ ਰਹੇ। ਸੰਨ 1992 ਵਿਚ ਇਥੋਂ ਦੀ ਕੁੱਲ ਵਸੋਂ 1,261,000 ਸੀ।

**ਧਰਮ** — ਇਥੇ ਕਿਸੇ ਵੀ ਧਰਮ ਨੂੰ ਪ੍ਰਮੁੱਖ ਧਰਮ ਦਾ ਦਰਜਾ ਨਹੀਂ ਦਿੱਤਾ ਗਿਆ।

**ਸਿੱਖਿਆ** — ਸਾਲ 1989-90 ਵਿਚ ਦੇਸ਼ ਵਿਚ 5 ਤੋਂ 11 ਸਾਲ ਦੇ ਬੱਚਿਆਂ ਲਈ 472 ਪ੍ਰਾਇਮਰੀ ਸਕੂਲ ਸਨ। ਸੰਨ 1988-89 ਵਿਚ 12 ਤੋਂ 16 ਸਾਲ ਦੇ ਵਿਦਿਆਰਥੀਆਂ ਲਈ ਅਤੇ ਪੇਸ਼ਾਵਰ ਟੀਚਰਜ਼ ਲਈ 100 ਸੈਕੰਡਰੀ ਪੇਸ਼ਾਵਰ ਟ੍ਰੇਨਿੰਗ ਸਕੂਲ ਸਨ। ਸੰਨ 1990-91 ਵਿਚ ਇਥੇ ਇਕ ਯੂਨੀਵਰਸਿਟੀ ਸੀ। ਸੰਨ 1985 ਵਿਚ ਇਥੇ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਸਾਖਰਤਾ ਦਰ 96.1% ਸੀ।

**ਸਿਹਤ** — ਇਥੇ ਸਿਹਤ ਦੀਆਂ ਸਹੂਲਤਾਂ ਉਪਲਬਧ ਹਨ। ਇਥੇ 2,320 ਵਿਅਕਤੀਆਂ ਦੀ ਦੇਖਭਾਲ ਲਈ 1 ਡਾਕਟਰ ਹੈ। ਸਾਰੀਆਂ ਸਿਹਤ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਸੰਨ 1990 ਵਿਚ ਇਥੇ 802 ਡਾਕਟਰ, 99 ਦੰਦਾਂ ਦੇ ਡਾਕਟਰ ਅਤੇ 552 ਫਾਰਮਸਿਸਟ ਸਨ।

**ਹੋਰ ਸਹੂਲਤਾਂ** — ਮਨੋਰੰਜਨ ਦੇ ਸਾਧਨਾਂ ਵਿਚ ਸਿਨਮਾਂ ਘਰ ਵੀ ਬਣਾਏ ਹੋਏ ਹਨ। ਪ੍ਰਸਾਰ ਦੀਆਂ ਸਾਰੀਆਂ ਸਹੂਲਤਾਂ ਇਥੇ ਮਿਲਦੀਆਂ ਹਨ। ਰੇਡੀਉ ਅਤੇ ਦੂਰਦਰਸ਼ਨ ਪ੍ਰਸਾਰ ਦਾ ਵੱਡਾ ਮਾਧਿਅਮ ਹਨ।

## ਰਾਜ ਪ੍ਰਬੰਧ

31 ਅਗਸਤ, 1962 ਤੋਂ ਤ੍ਰਿਨੀਦਾਦ ਅਤੇ ਟੋਬੇਗੋ ਟਾਪੂ ਬ੍ਰਿਟਿਸ਼ ਕਾਮਨਵੈਲਥ ਵਿਚ ਸ਼ਾਮਲ ਹਨ। ਇਥੇ 24 ਅਕਤੂਬਰ, 1976 ਤੋਂ ਗਣਰਾਜੀ ਪ੍ਰਸ਼ਾਸਕੀ ਪ੍ਰਣਾਲੀ ਕਾਇਮ ਹੈ। ਇਥੇ ਸੈਨੇਟ ਅਤੇ ਪ੍ਰਤਿਨਿਧ ਸਦਨ ਕਾਇਮ ਹਨ। ਸੈਨਟ ਦੇ 31 ਮੈਂਬਰ ਹੁੰਦੇ ਹਨ ਜਿਨ੍ਹਾਂ ਵਿਚੋਂ ਪ੍ਰੈਜ਼ੀਡੈਂਟ 16 ਮੈਂਬਰ, ਪ੍ਰਧਾਨ ਮੰਤਰੀ ਦੀ ਸਲਾਹ ਨਾਲ, 6 ਵਿਰੋਧੀ ਧੜੇ ਦੇ ਆਗੂ ਦੀ ਸਲਾਹ ਨਾਲ ਅਤੇ 9 ਮੈਂਬਰ ਆਪਣੀ ਮਰਜ਼ੀ ਨਾਲ ਨਾਮਜ਼ਦ ਕਰਦਾ ਹੈ।

ਪ੍ਰਤਿਨਿਧ ਸਦਨ ਦੇ 36 ਮੈਂਬਰ ਹੁੰਦੇ ਹਨ। ਇਨ੍ਹਾਂ ਵਿਚ 2 ਮੈਂਬਰ ਟੋਬੇਗੋ ਟਾਪੂ ਦੀ ਨੁਮਾਇੰਦਗੀ ਕਰਦੇ ਹਨ। ਟੋਬੇਗੋ ਦੇ ਪ੍ਰਸ਼ਾਸਨ 15 ਮੈਂਬਰਾਂ ਵਾਲੀ ਵੱਖਰੀ ਹਾਊਸ ਆਫ਼ ਅਸੈਂਬਲੀ ਹੈ। ਇਨ੍ਹਾਂ ਕੋਲ ਸੀਮਤ ਜਿਹੀ ਪ੍ਰਸ਼ਾਸਕੀ ਸੱਤਾ ਹੈ।

ਸੰਨ 1976 ਵਿਚ ਵੋਟ ਪਾਉਣ ਦਾ ਅਧਿਕਾਰ 21 ਸਾਲਾਂ ਦੀ ਥਾਂ 18 ਸਾਲਾਂ ਦੇ ਹਰੇਕ ਨਾਗਰਿਕ ਨੂੰ ਮਿਲ ਗਿਆ। ਫਿਰ ਪੰਜ ਸਾਲ ਮਗਰੋਂ 1981 ਵਿਚ ਚੋਣਾਂ ਹੋਈਆਂ ਜਿਨ੍ਹਾਂ ਵਿਚ ਐਲਿਸ ਕਲਾਰਕ ਇਥੋਂ ਦਾ ਪ੍ਰੈਜ਼ੀਡੈਂਟ ਅਤੇ ਜਾਰਜ ਚੈਂਬਰਸ ਪ੍ਰਧਾਨ ਮੰਤਰੀ ਨਿਯੁਕਤ ਹੋਇਆ।

ਦਸੰਬਰ, 1991 ਦੀਆਂ ਆਮ ਚੋਣਾਂ ਵਿਚ ਪੀਪਲਜ਼ ਨੈਸ਼ਨਲ ਮੂਵਮੈਂਟ ਨਾਂ ਦੀ ਪਾਰਟੀ ਨੇ 21 ਸੀਟਾਂ, ਯੂਨਾਈਟਿਡ ਨੈਸ਼ਨਲ ਕਾਂਗਰਸ ਨੇ 13 ਅਤੇ ਨੈਸ਼ਨਲ ਐਲਾਇੰਸ ਫਾਰ ਰੀਕਨਸਟ੍ਰਕਸ਼ਨ ਨੇ 2 ਸੀਟਾਂ ਜਿੱਤੀਆਂ। ਫਰਵਰੀ, 1992 ਵਿਚ ਨੂਰ ਮੁਹੰਮਦ ਹਸਨ ਅਲੀ ਦੇਸ਼ ਦਾ ਮੁੜ ਪ੍ਰੈਜ਼ੀਡੈਂਟ ਚੁਣਿਆ ਗਿਆ। ਅਕਤੂਬਰ, 1992 ਵਿਚ ਪੈਟ੍ਰਿਕ ਮੈਨਿੰਗ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ।

**ਕ੍ਰੰਸੀ** — ਤ੍ਰਿਨੀਦਾਦ ਅਤੇ ਟੋਬੇਗੋ ਡਾਲਰ ਇਥੋਂ ਦੀ ਕ੍ਰੰਸੀ ਹੈ। ਇਕ ਡਾਲਰ ਦੇ 100 ਸੈਂਟਸ ਹੁੰਦੇ ਹਨ।

ਹ.ਪੁ.—ਐਨ. ਬ੍ਰਿ. ਮੈ 18:711; ਐਨ. ਅਮੈ. 27:113

**ਤ੍ਰਿਪਤਾ ਮਾਤਾ** : ਇਹ ਸਿੱਖ ਧਰਮ ਦੇ ਬਾਨੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਸਨ। ਇਨ੍ਹਾਂ ਦਾ ਜਨਮ 1448 ਈ. ਵਿਚ ਲਾਹੌਰ ਜ਼ਿਲ੍ਹੇ ਦੇ ਪਿੰਡ ਚਾਹਲ ਦੇ ਵਸਨੀਕ 'ਸ੍ਰੀ ਰਾਮਾ' ਦੇ ਘਰ ਮਾਤਾ ਸੁਭਿਰਾਈ ਦੀ ਕੁੱਖੋਂ ਹੋਇਆ। ਇਨ੍ਹਾਂ ਦਾ ਵਿਆਹ 13 ਜਾਂ 14 ਸਾਲ ਦੀ ਉਮਰ ਵਿਚ ਰਾਇ ਭੋਇ ਦੀ ਤਲਵੰਡੀ ਦੇ ਮਹਿਤਾ ਕਾਲੂ ਰਾਮ ਨਾਲ ਹੋਇਆ। ਮਹਿਤਾ ਕਾਲੂ ਤਲਵੰਡੀ ਵਾਸੀ ਸ੍ਰੀ ਸ਼ਿਵ ਨਰਾਇਣ ਅਤੇ ਮਾਤਾ ਬਨਾਰਸੀ ਦੇ ਪੁੱਤਰ ਸਨ ਅਤੇ ਆਪਦਾ ਇਕ ਛੋਟਾ ਭਰਾ ਲਾਲੂ ਰਾਮ ਸੀ ਜੋ ਉਮਰ ਭਰ ਕੰਵਾਰਾ ਰਿਹਾ ਸੀ। ਇਸ ਲਈ ਕਾਲੂ ਰਾਮ ਜੀ ਦੇ ਰਾਹੀਂ ਸ੍ਰੀ ਸ਼ਿਵ ਨਰਾਇਣ ਦੀ ਕੁਲ ਵਧੀ ਅਤੇ ਉਹ ਮਹਾਨ ਹਸਤੀ ਪੈਦਾ ਹੋਈ ਜਿਸ ਨੇ ਸਾਰੀ ਦੁਨੀਆ ਨੂੰ ਤਾਰ ਦਿੱਤਾ। ਉਹ ਮਹਾਨ ਸ਼ਖ਼ਸੀਅਤ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਮਾਤਾ ਤ੍ਰਿਪਤਾ ਦੀ ਕੁੱਖੋਂ ਪਹਿਲੀ ਔਲਾਦ ਬੀਬੀ ਨਾਨਕੀ ਪੈਦਾ ਹੋਈ।

ਇਹ ਇਕ ਵਡਭਾਗੀ ਮਾਂ ਹੋਣ ਦੇ ਨਾਲ ਨਾਲ ਬਹੁਤ ਜ਼ਿਆਦਾ ਸੁਘੜ, ਸਿਆਣੀ ਅਤੇ ਸਚਿਆਰੀ ਇਸਤਰੀ ਸਨ। ਇਨ੍ਹਾਂ ਨੇ ਬੀਬੀ ਨਾਨਕੀ ਨੂੰ ਹਰ ਤਰ੍ਹਾਂ ਨਾਲ ਘਰ ਦੇ ਕੰਮਾਂ ਵਿਚ ਪ੍ਰਬੀਨ ਕੀਤਾ। ਬੀਬੀ ਨਾਨਕੀ ਦਾ ਪਾਲਣ-ਪੋਸ਼ਣ ਬਹੁਤ ਹੀ ਸੁਚਾਰੂ ਤੇ ਸੋਹਣੇ ਢੰਗ ਨਾਲ ਹੋਇਆ। ਨਿਸ਼ਚੇ ਹੀ ਮਾਂ ਦਾ ਪ੍ਰਭਾਵ ਬੱਚਿਆਂ ਤੇ ਪੈਂਦਾ ਹੈ ਅਤੇ ਬੀਬੀ ਨਾਨਕੀ ਦੀ ਅਨੋਖੀ ਪ੍ਰਤਿਭਾ ਜਿਸ ਨੂੰ ਸਿੱਖ ਇਤਿਹਾਸ ਦੀ 'ਸੁਨਹਿਰੀ ਕਲਗੀ' ਕਹਿ ਸਕਦੇ ਹਾਂ, ਮਾਤਾ ਤ੍ਰਿਪਤਾ ਜੀ ਦੀ ਦੇਣ ਹੈ।

ਮਾਤਾ ਤ੍ਰਿਪਤਾ ਜੀ ਵੱਡੇ ਜਿਗਰੇ ਦੇ ਮਾਲਕ ਸਨ ਇਨ੍ਹਾਂ ਨੇ ਆਪਣੇ ਪੁੱਤਰ ਨੂੰ ਰਾਹਾਂ ਦੀ ਧੂੜ ਆਪਣੇ ਕੋਮਲ ਪੈਰਾਂ ਨਾਲ ਛਾਣਦਿਆਂ ਦੇਖਿਆ। ਇਤਿਹਾਸ ਵਿਚ ਕਿਤੇ ਵੀ ਇਸ ਗੱਲ ਦਾ ਜ਼ਿਕਰ ਨਹੀਂ ਮਿਲਦਾ ਕਿ ਮਾਤਾ ਜੀ ਨੇ ਆਪਣੇ ਪੁੱਤਰ ਦੇ ਰਸਤੇ ਵਿਚ ਕੋਈ ਰੁਕਾਵਟ ਖੜ੍ਹੀ ਕੀਤੀ ਹੋਵੇ ਜਾਂ ਉਸ ਦੀ ਕਮਾਈ ਤੋਂ ਲਾਲ਼ਚ ਕੀਤਾ ਹੋਵੇ। ਇਸ ਤੋਂ ਸਪਸ਼ਟ ਹੈ ਕਿ ਜੇ ਮਾਤਾ ਤ੍ਰਿਪਤਾ ਸਾਧਾਰਣ ਮਾਤਾ ਹੁੰਦੀ ਤਾਂ ਉਹ ਜ਼ਰੂਰ ਹੀ ਆਪਣੇ ਪੁੱਤਰ ਦੀਆਂ ਜੱਗੋਂ ਬਾਹਰੀਆਂ ਗੱਲਾਂ ਲਈ ਵਿਆਕੁਲ ਹੁੰਦੀ।

ਮਾਤਾ ਤ੍ਰਿਪਤਾ ਜੀ ਦਾ ਹਿਰਦਾ ਬਹੁਤ ਵਿਸ਼ਾਲ ਸੀ। ਪਰਮਾਤਮਾ ਵਿਚ ਉਨ੍ਹਾਂ ਦਾ ਅਟੱਲ ਵਿਸ਼ਵਾਸ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਕੇਵਲ ਆਪਣਾ ਪੁੱਤਰ ਨਾ ਸਮਝ ਕੇ ਸਾਰੇ ਜਗਤ ਦਾ ਪਿਤਾ ਬਣਨ ਲਈ ਚਲਾਏ ਮਿਸ਼ਨ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ। ਮਾਤਾ ਜੀ ਨਿਮਰ, ਤੇਜਸਵੀ ਗੁਣਾਂ ਵਾਲੇ ਦਿਆਲੂ ਅਤੇ ਦੀਨ ਦੁਖੀਆਂ ਦੇ ਕੰਮ ਆਉਣ ਵਾਲੀ ਸ਼ਖ਼ਸੀਅਤ ਸਨ। ਇਹੀ ਕਾਰਨ ਰਿਹਾ ਹੋਵੇਗਾ ਕਿ ਜਿਹੜਾ ਵੀ ਗੁਰੂ ਜੀ ਨੂੰ ਮਿਲਣ ਆਉਂਦਾ ਮਾਤਾ ਜੀ ਉਸ ਨੂੰ ਪ੍ਰਸ਼ਾਦਾ ਛਕੇ ਬਿਨਾਂ ਨਹੀਂ ਸੀ ਜਾਣ ਦਿੰਦੇ। ਗੁਰੂ ਸਾਹਿਬ ਦੇ ਪਿਤਾ ਜੀ ਵਲੋਂ ਪਹਿਲੀ ਵਾਰ ਦਿੱਤੇ 20 ਰੁਪਏ ਦਾ ਸਾਧੂ ਸੰਤਾਂ ਨੂੰ ਲੰਗਰ ਛਕਾਉਣਾ ਇਤਿਹਾਸ ਦ ਵਿਲੱਖਣ ਤੇ ਅਮਰ ਘਟਨਾ ਬਣ ਗਈ। ਸਭ ਨੂੰ ਲੰਗਰ ਛਕਾਉ ਦੀ ਇਹ ਪਿਰਤ ਮਾਤਾ ਤ੍ਰਿਪਤਾ ਜੀ ਦੇ ਵਿਹੜੇ ਵਿਚ ਹੀ ਪ੍ਰਵਾ ਚੜ੍ਹੀ। ਲੰਗਰ ਦੀ ਇਸ ਪਿਰਤ ਤੇ ਸਿੱਖ ਕੌਮ ਜਿੰਨਾ ਵੀ ਮਾਣ ਕਰੇ ਥੋੜ੍ਹਾ ਹੈ। ਆਪਣੇ ਪੁੱਤਰ ਦੀਆਂ ਅਨੋਖੀਆਂ ਕਰਾਮਾਤਾਂ ਦੇ ਨਜ਼ਾ ਦੇਖਦੇ ਮਾਤਾ ਤ੍ਰਿਪਤਾ ਜੀ ਲਗਭਗ 74 ਸਾਲ ਦੀ ਉਮਰ ਪੂਰੀ ਕਰ ਆਖ਼ਰ 1522 ਈ. ਵਿਚ ਅਕਾਲ ਚਲਾਣਾ ਕਰ ਗਏ।

ਸੋ ਮਾਤਾ ਤ੍ਰਿਪਤਾ ਜੀ ਸਿੱਖ ਕੌਮ ਦੇ ਬਾਨੀ ਗੁਰੂ ਨਾਨ ਸਾਹਿਬ ਦੀ ਮਾਤਾ ਹੋਣ ਦੇ ਨਾਤੇ ਹਰੇਕ ਗੁਰੂ ਨਾਨਕ ਦਾ ਨਾਮ ਲੈ ਵਾਲੇ ਸੱਚੇ ਸਿੱਖ ਦੀ ਮਾਂ ਹੈ ਜਿਸ ਨੂੰ ਅਸੀਂ ਅਜੋਕੇ ਯੁਗ ਦੀ 'ਯੁ ਮਾਤਾ' ਕਹਿ ਸਕਦੇ ਹਾਂ ਜਿਸਦੇ ਵਿਹੜੇ ਉਹ ਬੂਟਾ ਉੱਗਿਆ ਜਿ ਦੀ ਠੰਢੀ ਛਾਂ ਨੇ ਕਲਯੁਗ ਵਿਚ ਸਾਰੀ ਮਨੁੱਖਤਾ ਨੂੰ ਤਾਰਨ ਦ ਬੀੜਾ ਚੁਕਿਆ।

**ਤ੍ਰਿਪਾਪੁਰ** : ਕੇਰਲ ਰਾਜ (ਭਾਰਤ) ਦੇ ਤ੍ਰਿਵੈਂਦ੍ਰਮ ਜ਼ਿਲ੍ਹੇ ਵਿ ਸ਼ਹਿਰ ਤੋਂ 8 ਕਿ. ਮੀ. ਉੱਤਰ ਵੱਲ ਵੱਸਿਆ ਇਹ ਇਕ ਪਿੰਡ ਹੈ ਇਸ ਪਿੰਡ ਵਿਚ ਵਿਸ਼ਨੂੰ ਭਗਵਾਨ ਦਾ ਮੰਦਰ ਹੈ ਜਿਸ ਵਿਚ ਵਿਸ਼ ਭਗਵਾਨ ਦੇ ਚਰਣਾਂ ਦੀ ਪੂਜਾ ਹੁੰਦੀ ਹੈ। ਸ਼ਾਇਦ ਇਸੇ ਕਰਕੇ ਪਿੰਡ ਦਾ ਨਾਂ ਵੀ 'ਤ੍ਰਿਪਾਦਾਪੁਰਮ ਤੋਂ ਵਿਗੜ ਕੇ ਤ੍ਰਿਪਾਪੁਰ ਬਣਿਆ ਹੈ। ਪਿੰਡ ਦੇ ਪਹਿਲੇ ਨਾਂ ਤੋਂ ਭਾਵ ਵੀ 'ਪਵਿੱਤਰ ਚਰਣਾਂ ਦਾ ਸ਼ਹਿ ਹੀ ਹੈ। ਮੰਨਿਆ ਜਾਂਦਾ ਹੈ ਕਿ ਟ੍ਰਾਵਨ ਕੋਰ ਰਿਆਸਤ ਦੇ ਸ਼ਾ ਘਰਾਣੇ ਦੀ ਰਖਵਾਲੀ ਦੇਵੀ, ਅਨੰਤ ਪਦਮਨਾਭਾ ਜਿਸ ਦੀ ਉ ਮਾਨਤਾ ਕਰਦੇ ਸਨ, ਉਸਦੇ ਚਰਣ ਵੀ ਇਸੇ ਸ਼ਹਿਰ ਵਿਚ ਦਬ ਗਏ ਸਨ। ਇਸ ਅਸਥਾਨ ਨੂੰ ਪਵਿੱਤਰ ਅਸਥਾਨ ਕਰਕੇ ਜਾਣਿਆ ਜਾਂਦਾ ਹੈ। ਇਸ ਦਾ ਧੜ ਤ੍ਰਿਵੈਂਦ੍ਰਮ ਵਿਚ ਅਤੇ ਸੀਸ ਤਿਰਵੱਲ ਵਿਚ ਦਬਾਇਆ ਗਿਆ ਸੀ। ਸ਼ਾਹੀ ਘਰਾਣੇ ਦੇ ਰਾਜੇ ਰਾਜ ਗੱ ਉੱਪਰ ਬਿਰਾਜਣ ਤੋਂ ਪਹਿਲਾਂ, ਆਪਣਾ ਤਾਜ ਇਸ ਦੇਵੀ ਅਸਥਾਨ ਵਾਲੀ ਥਾਂ ਤੇ ਰੱਖਦੇ ਰਹੇ ਹਨ ਅਤੇ ਨਾਲ ਹੀ ਕੁਲਸਖੇ ਪੇਰੂਮਲ ਸ਼ਬਦ ਮੂੰਹੋਂ ਉਚਾਰਦੇ ਸਨ। ਇਹ ਰਾਜਿਆਂ ਦੀ ਪਹਿ ਰਾਜਧਾਨੀ ਦਾ ਨਾਂ ਸੀ। ਰਾਜ ਤਿਲਕ ਵਾਲੇ ਦਿਨ ਇਹ ਇਕ ਤ ਦੀ ਇਨ੍ਹਾਂ ਦੀ ਰਸਮ ਜਿਹੀ ਹੀ ਬਣੀ ਹੋਈ ਸੀ।

8° 33' ਉ. ਵਿਥ.; 76° 58' ਪੂ. ਲੰਬ.

ਹ.ਪੁ.—ਇੰਪ. ਗ. ਇੰਡ. 24 : 49.

**ਤ੍ਰਿਪਿਟਕ** : ਇਹ ਬੋਧ ਧਰਮ ਦਾ ਪ੍ਰਧਾਨ ਗ੍ਰੰਥ ਹੈ ਜਿਸ ਤਿੰਨ ਪਿਟਕ (ਕਾਂਡ) ਹਨ। ਸੂਤ੍ਰ ਪਿਟਕ, ਵਿਨਯ ਪਿਟਕ ਅ ਅਭਿਧਰਮ ਪਿਟਕ। ਬੁੱਧ ਧਰਮ ਦੇ ਗ੍ਰੰਥ ਖੁੱਲ੍ਹੇ ਪਤ੍ਰਿਆਂ ਦੇ ਪਿ (ਪਿਟਾਰਾਂ) ਵਿਚ ਰਖੇ ਜਾਂਦੇ ਸਨ। ਇਸ ਲਈ ਵੱਖਰੇ ਵੱਖਰੇ ਤਿ ਪਿਟਾਰਾਂ ਵਿਚ ਪ੍ਰਕਰਣ ਰੱਖਣ ਕਰਕੇ ਇਸ ਦਾ ਨਾਂ ਤ੍ਰਿਪਿਟਕ ਪਿ ਸੀ।

ਹ.ਪੁ.—ਮ. ਕੋ. 608.

**ਤ੍ਰਿਪੁਰਾ** : ਇਹ ਭਾਰਤ ਦੇ ਪੂਰਬੀ ਕੋਣੇ ਵਿਚ ਸਥਿਤ ਰਾਜਾਂ ਵਿਚੋਂ ਸਭ ਤੋਂ ਛੋਟਾ ਰਾਜ ਹੈ। ਇਸ ਦੀ ਸਰਹੱਦ ਉੱਤਰ-ਪੱਛ ਪੱਛਮ ਅਤੇ ਦੱਖਣ ਵਲ ਬੰਗਲਾ ਦੇਸ਼ ਨਾਲ ਲਗਦੀ ਹੈ ਜਦੋਂ ਕਿ ਦੇ ਪੂਰਬ ਅਤੇ ਉੱਤਰ-ਪੂਰਬ ਵੱਲ ਭਾਰਤ ਦੇ ਮਿਜ਼ੋਰਮ ਅਤੇ ਆ ਰਾਜ ਦੀਆਂ ਸਰਹੱਦਾਂ ਲਗਦੀਆਂ ਹਨ। ਰਾਜ ਦਾ ਕੁੱਲ ਖੇਤਰ 10,486 ਵ. ਕਿ. ਮੀ. (4,051 ਵ. ਮੀਲ) ਅਤੇ ਆਬ 2,757,205 (1991) ਹੈ। ਇਸ ਰਾਜ ਦੀਆਂ ਮੁੱਖ ਭਾਸ਼ ਬੰਗਾਲੀ, ਮਨੀਪੁਰੀ ਅਤੇ ਕਾਕਬੋਰਕ ਹਨ। ਅਗਰਤਲਾ ਇਸ ਰਾਜਧਾਨੀ ਹੈ।

ਧਰਾਤਲ ਪੱਖ ਤੋਂ ਰਾਜ ਨੂੰ ਚਾਰ ਉੱਤਰੀ ਦਰਿਆਈ ਵਾਦੀਆਂ- ਧਰਮਨਗਰ, ਕੈਲਾਸ਼ਹਰ ਅਤੇ ਅਗਰਤਲਾ ਦੇ ਦੱਖਣੀ ਮੈਦਾਨਾਂ ਕਮਲਪੁਰ ਤੇ ਖੋਵਾਈ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਧੁਰ ਪੂਰਬੀ ਵਾਦੀ ਧਰਮਨਗਰ ਦੀ ਪੂਰਬੀ ਸਰਹੱਦ ਜਮਪਾਈ ਤਲਾਂਗ ਦੀਆਂ 600 ਤੋਂ 900 ਮੀ. ਉੱਚੀ ਪਰਬਤ ਲੜੀ ਬਣਾਉਂਦੀ ਹੈ। ਇਸ ਵਾਦੀ ਦੇ ਪੱਛਮ ਵਲ 200 ਮੀ. ਤੋਂ 800 ਮੀ. ਦੇ ਲਗਭਗ ਉੱਚੇ ਸਾਖਾਨ ਪਹਾੜ ਹਨ। ਦਿਉ ਦਰਿਆ ਇਸ ਦੇ ਦੱਖਣੀ ਖੇਤਰ ਦੀ ਅਤੇ ਜੁਰੀ ਦਰਿਆ ਉੱਤਰੀ ਹਿੱਸੇ ਦੀ ਜਲ-ਨਿਕਾਸੀ ਕਰਦਾ ਹੈ।

ਸਾਖਾਨ ਤਲਾਂਗ ਦੇ ਪੱਛਮ ਵਲ ਕੈਲਾਸ਼ਹਰ ਵਾਦੀ ਹੈ ਜੋ ਧਰਮਨਗਰ ਵਾਂਗ ਰਾਜ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਫੈਲੀ ਹੋਈ ਹੈ। ਉੱਤਰ ਦਿਸ਼ਾ ਵਿਚ ਵਗਦਾ ਮਨੂ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਇਸ ਵਾਦੀ ਦੀ ਜਲ-ਨਿਕਾਸੀ ਕਰਦੀਆਂ ਹਨ। ਇਸ ਵਾਦੀ ਦਾ ਦੱਖਣੀ ਹਿੱਸਾ ਜ਼ਿਆਦਾ ਕੱਟਿਆ-ਵੱਢਿਆ ਅਤੇ ਜ਼ਿਆਦਾ ਜੰਗਲਾਂ ਵਾਲਾ ਹੈ। ਉੱਤਰੀ ਹਿੱਸਾ ਜ਼ਿਆਦਾ ਖੁਲ੍ਹਾ ਤੇ ਦਲਦਲੀ ਹੈ। ਇਸ ਕੈਲਾਸ਼ਹਰ ਵਾਦੀ ਦੇ ਪੱਛਮ ਵੱਲ ਕਮਲਪੁਰ ਵਾਦੀ ਹੈ ਜੋ ਪੂਰਬ ਵੱਲੋਂ 300 ਮੀ. ਉੱਚੀ ਲੌਂਗਤਰਾਈ ਪਰਬਤ ਲੜੀ ਅਤੇ ਪੱਛਮ ਵੱਲੋਂ ਆਥਾਰਮੁਰਾ ਪਰਬਤ ਲੜੀ ਦੇ ਵਿਚਕਾਰ ਸਥਿਤ ਹੈ। ਉੱਤਰ ਦਿਸ਼ਾ ਵਿਚ ਵਗਦਾ ਧਲਾਈ ਦਰਿਆ ਇਸ ਦੀ ਜਲ-ਨਿਕਾਸੀ ਕਰਦਾ ਹੈ। ਇਸ ਵਾਦੀ ਦਾ ਵੀ ਦੱਖਣੀ ਹਿੱਸਾ ਜੰਗਲੀ ਅਤੇ ਉੱਤਰੀ ਹਿੱਸਾ ਦਲਦਲੀ ਹੈ। ਆਥਾਰਮੁਰਾ ਪਰਬਤ ਲੜੀ ਦੇ ਪੱਛਮ ਵਲ ਖੋਵਾਈ ਵਾਦੀ ਹੈ ਜਿਸ ਦੇ ਪੱਛਮ ਵੱਲ ਦਿਉਤਾਮੁਰਾ ਪਰਬਤ ਲੜੀ ਹੈ। ਉੱਤਰ ਦਿਸ਼ਾ ਵਿਚ ਵਗਦਾ ਖੋਵਾਈ ਦਰਿਆ ਇਸ ਵਾਦੀ ਦੀ ਜਲ-ਨਿਕਾਸੀ ਕਰਦਾ ਹੈ।

ਇਸ ਦਾ ਦੱਖਣੀ ਅੱਧਾ ਹਿੱਸਾ ਜਿਆਦਾ ਖੁਲ੍ਹਾ ਅਤੇ ਦਿਉਤਾਮੁਰਾ ਪਹਾੜੀਆਂ ਦੇ ਪੱਛਮ ਵੱਲ ਇਕ ਵਿਸ਼ਾਲ ਮੈਦਾਨ ਹੈ। ਕਈ ਦਰਿਆ ਜਿਨ੍ਹਾਂ ਵਿਚੋਂ ਗੋਮਤੀ ਸਭ ਤੋਂ ਵੱਡਾ ਹੈ, ਇਸ ਖੇਤਰ ਦੀ ਜਲ-ਨਿਕਾਸੀ ਕਰਦੇ ਹਨ। ਵਾਦੀਆਂ ਵਿਚ ਜ਼ਿਆਦਾ ਕਰਕੇ ਗਰਮੀ ਰਹਿੰਦੀ ਹੈ ਅਤੇ ਪਹਾੜਾਂ 'ਤੇ ਠੰਢ ਪੈਂਦੀ ਹੈ। ਜੂਨ ਤੋਂ ਸਤੰਬਰ ਤੱਕ ਦੀ ਮਾਨਸੂਨ ਦੌਰਾਨ ਲਗਭਗ 2000 ਮਿ. ਮੀ. (80 ਇੰਚ) ਵਰਖਾ ਹੁੰਦੀ ਹੈ।

ਇਤਿਹਾਸਕ ਪੱਖ ਤੋਂ 17 ਵੀਂ ਸਦੀ ਵਿਚ ਇਹ ਮੁਗਲ ਰਾਜ ਵਿਚ ਸ਼ਾਮਲ ਕੀਤਾ ਗਿਆ। ਇਸ ਤੋਂ ਪਹਿਲਾਂ 1000 ਸਾਲਾਂ ਲਈ ਤ੍ਰਿਪੁਰਾ ਇਕ ਖ਼ੁਦਮੁਖ਼ਤਾਰ ਹਿੰਦੂ ਰਾਜ ਸੀ। ਜਦੋਂ ਇਹ ਆਪਣੀ ਉੱਨਤੀ ਦੀ ਸਿਖਰ ਤੇ ਸੀ ਤਾਂ ਉਸ ਸਮੇਂ ਤ੍ਰਿਪੁਰਾ ਰਾਜ ਵਿਚ ਬੰਗਾਲ, ਅਸਾਮ ਅਤੇ ਬਰਮਾ ਦਾ ਕਾਫੀ ਹਿੱਸਾ ਵੀ ਸ਼ਾਮਲ ਕੀਤਾ ਗਿਆ। ਸੰਨ 1956 ਤੱਕ ਇਹ ਭਾਰਤ ਦਾ ਕੇਂਦਰੀ ਸਾਸ਼ਤ ਖੇਤਰ ਸੀ ਅਤੇ 1972 ਈ. ਤੋਂ ਇਸ ਨੂੰ ਭਾਰਤ ਦੇ ਇਕ ਰਾਜ ਦਾ ਦਰਜਾ ਦਿੱਤਾ ਗਿਆ।

ਆਰਥਕ ਪੱਖੋਂ ਖੇਤੀਬਾੜੀ ਇਸ ਦੀ ਆਮਦਨੀ ਦਾ ਮੁੱਖ ਸਾਧਨ ਹੈ। ਤ੍ਰਿਪੁਰਾ ਦੀ ਲਗਭਗ 250,000 ਹੈਕ. ਜ਼ਮੀਨ ਖੇਤੀ ਅਧੀਨ ਹੈ। ਚਾਵਲ, ਇਥੋਂ ਦੀ ਮੁੱਖ ਉਪਜ ਹੈ ਜੋ ਬਹੁਤ ਕਰਕੇ ਕੈਲਾਸ਼ਹਰ ਵਾਦੀ ਦੇ ਉੱਤਰੀ ਖੇਤਰ ਵਿਚ ਪੈਦਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਥੋਂ ਦੀਆਂ ਹੋਰ ਨਕਦੀ ਫ਼ਸਲਾਂ ਵਿਚ ਪਟਸਨ, ਕਪਾਹ, ਚਾਹ, ਗੰਨਾ, ਆਲੂ ਅਤੇ ਤੇਲ ਵਾਲੇ ਬੀਜ ਹਨ। ਪਸ਼ੂ ਧਨ ਵਿਚ ਗਾਈਆਂ, ਮੱਝਾਂ, ਭੇਡਾਂ, ਬੱਕਰੀਆਂ, ਘੋੜੇ, ਸੂਰ ਅਤੇ ਮੁਰਗੀਆਂ ਆਦਿ ਸ਼ਾਮਲ ਹਨ। ਜੰਗਲਾਤੀ ਕੰਮਾਂ ਵਿਚ ਇਮਾਰਤੀ ਲੱਕੜੀ, ਬਾਂਸ, ਬਾਲਣ ਲਈ ਲੱਕੜੀ ਅਤੇ ਕੱਚਾ ਕੋਲਾ ਆਦਿ ਤਿਆਰ ਕਰਨਾ ਸ਼ਾਮਲ ਹਨ।

ਚਾਹ ਇਥੋਂ ਦਾ ਮੁੱਖ ਉਦਯੋਗ ਹੈ। ਰਾਜ ਵਿਚ 5.227 ਹੈਕ. ਦੇ ਰਕਬੇ ਵਿਚ ਫੈਲੇ ਹੋਏ 49 ਚਾਹ ਦੇ ਬਾਗ਼ ਹਨ ਅਤੇ ਹੋਰ ਬਾਗ਼ ਵੀ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਅਗਰਤਲਾ ਸ਼ਹਿਰ ਵਿਚ ਪਟਸਨ ਮਿੱਲ ਹੈ ਜਿਸ ਵਿਚ ਹਰ ਰੋਜ਼ 20 ਟਨ ਦੇ ਲਗਭਗ ਪਟਸਨ ਦੀਆਂ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਉਪਰੋਕਤ ਤੋਂ ਇਲਾਵਾ ਇਥੇ ਹੋਰ ਕਈ ਛੋਟੇ ਛੋਟੇ ਉਦਯੋਗ ਹਨ ਜਿਨ੍ਹਾਂ ਵਿਚ ਐਲੂਮਿਨੀਅਮ ਦੇ ਬਰਤਨ, ਲੱਕੜੀ ਤੇ ਸਟੀਲ ਫਰਨੀਚਰ, ਬੈਟਰੀਆਂ, ਫਾਰਮੇਸੀ ਦੀਆਂ ਵਸਤਾਂ, ਟਾਇਰ, ਸਾਬਣ, ਚਮੜੇ ਦਾ ਸਾਮਾਨ ਫਲਾਂ ਦੀ ਡੱਬੇ-ਬੰਦੀ ਕਰਨ ਸਬੰਧੀ ਕਾਰਖ਼ਾਨੇ ਅਤੇ ਆਟੇ, ਤੇਲ ਤੇ ਆਰਾ ਮਿੱਲਾਂ ਆਦਿ ਸ਼ਾਮਲ ਹਨ।

ਹੱਥ-ਖੱਡੀ ਇਥੋਂ ਦੇ ਆਦਿ ਵਾਸੀਆਂ ਦੀ ਘਰੇਲੂ ਦਸਤਕਾਰੀ ਹੈ। ਹੁਣ ਇਥੇ ਰੇਸ਼ਮ ਦੇ ਕੀੜੇ ਪਾਲਣ ਦਾ ਕੰਮ ਵੀ ਬਹੁਤ ਵੱਡੇ ਪੈਮਾਨੇ ਉੱਤੇ ਅਤੇ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ। ਉਦਯੋਗ ਦੇ ਵਿਕਾਸ ਲਈ ਡੀਜ਼ਲ ਨਾਲ ਚਲਣ ਵਾਲੇ ਥਰਮਲ ਪਾਵਰ ਪਲਾਂਟ ਕਈ ਥਾਈਂ ਲਗਾਏ ਹੋਏ ਹਨ ਅਤੇ ਗੋਮਤੀ ਦਰਿਆ ਤੋਂ ਪ੍ਰਾਪਤ ਕੀਤੀ ਬਿਜਲੀ ਵੀ ਵੱਖ ਵੱਖ ਉਦਯੋਗਾਂ ਨੂੰ ਦਿੱਤੀ ਜਾਂਦੀ ਹੈ।

ਇਥੇ ਸੈਲਾਨੀਆਂ ਲਈ ਵੀ ਕਈ ਮਹੱਤਵਪੂਰਨ ਸੈਰ-ਸਪਾਟੇ ਦੇ ਟੂਰਿਸਟ ਕੇਂਦਰ ਹਨ ਜਿਨ੍ਹਾਂ ਵਿਚੋਂ ਨੀਰਮਹਲ, ਸਿਪਾਹੀਜਲਾ ਡੁੰਬੂਰ ਝੀਲ, ਕੈਲਾਸ਼ਰ, ਜਮਪੂਈ ਹਿੱਲਜ਼, ਊਨੋਕੁਟੀ ਅਤੇ ਮਾਤਾਬਾੜੀ ਆਦਿ ਮੁੱਖ ਹਨ।

ਇਥੋਂ ਦੀ ਧਰਾਤਲੀ ਨੁਹਾਰ ਅਜਿਹੀ ਹੈ ਕਿ ਇਥੇ ਆਵਾਜਾਈ ਮੁਸ਼ਕਲ ਹੈ ਕਿਉਂਕਿ ਇਹ ਬੰਗਲਾ ਦੇਸ਼ ਨਾਲ ਘਿਰਿਆ ਹੋਇਆ ਹੈ। ਫਿਰ ਵੀ ਇਥੇ 3,200 ਕਿ. ਮੀ. ਲੰਬੀਆਂ ਸੜਕਾਂ ਹਨ ਅਤੇ ਧਰਮਨਗਰ ਤੋਂ ਕਲਕਾਲੀਘਾਟ (ਅਸਾਮ) ਤੱਕ ਰੇਲ-ਰਾਹ ਵੀ ਹੈ। ਬਰਸਾਤ ਵਿਚ ਬਹੁੱਤ ਸਾਰੀਆਂ ਨਦੀਆਂ ਵਿਚ ਕਿਸ਼ਤੀਆਂ ਵੀ ਚਲਦੀਆਂ ਹਨ। ਇਸ ਤੋਂ ਇਲਾਵਾ ਇਸ ਦੀ ਰਾਜਧਾਨੀ, ਅਗਰਤਲਾ ਵਿਖੇ ਇਕ ਹਵਾਈ ਅੱਡਾ ਵੀ ਹੈ।

ਇਥੋਂ ਦੇ ਅੱਧੇ ਤੋਂ ਜ਼ਿਆਦਾ ਲੋਕ ਬੰਗਾਲੀ ਭਾਸ਼ਾ ਬੋਲਦੇ ਹਨ। ਇਸ ਤੋਂ ਇਲਾਵਾ ਕਾਕਬੋਰਕ ਅਤੇ ਮਨੀਪੁਰੀ ਭਾਸ਼ਾਵਾਂ ਵੀ ਮਹੱਤਵਪੂਰਨ ਹਨ। ਤ੍ਰਿਪੁਰਾ ਦੇ ਅੱਧ ਤੋਂ ਥੋੜ੍ਹੇ ਜਿਹੇ ਜ਼ਿਆਦਾ ਲੋਕ ਹਿੰਦੂ ਹਨ ਬਾਕੀ ਦੇ ਮੁਸਲਮਾਨ ਅਤੇ ਬੋਧੀ ਹਨ। ਇਥੋਂ ਦੀ 12% ਤੋਂ ਵੀ ਘੱਟ ਆਬਾਦੀ ਸ਼ਹਿਰੀ ਹੈ।

ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਤੋਂ ਇਲਾਵਾ ਇਥੇ 9 ਹੋਰ ਸ਼ਹਿਰ ਹਨ। ਤ੍ਰਿਪੁਰਾ ਦੇ ਸਭਿਆਚਾਰ ਦਾ ਮੁੱਖ ਲੱਛਣ ਇਸ ਦਾ ਵਖਰੇਵਾਂ ਹੀ ਹੈ। ਪੱਛੜੀਆਂ ਸ਼੍ਰੇਣੀਆਂ ਦੇ ਲੋਕ ਜੋ ਪਹਾੜਾਂ ਤੇ ਰਹਿੰਦੇ ਹਨ, ਉਹ ਕਈਆਂ ਸਮੂਹਾਂ ਵਿਚ ਵੰਡੇ ਹੋਏ ਹਨ ਜੋ ਕਈ ਕਿਸਮ ਦੀਆਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਬੋਲਦੇ ਹਨ। ਰਾਜ ਵਿਚ ਇਕ ਜ਼ਰਾਇਤੀ ਸਕੂਲ, ਨਰਸਾਂ ਦਾ ਸਿਖਲਾਈ ਕੇਂਦਰ, ਚਾਰ ਉਦਯੋਗਿਕ ਸਿਖਲਾਈ ਕੇਂਦਰ ਅਤੇ ਕਈ ਪੇਸ਼ਾਵਰ ਅਤੇ ਤਕਨੀਕੀ ਸਕੂਲ ਹਨ।

ਤ੍ਰਿਪੁਰਾ ਦੀ ਅਜੇ ਆਪਣੀ ਕੋਈ ਉੱਚ-ਅਦਾਲਤ ਨਹੀਂ ਹੈ। ਇਸ ਦੇ ਨਿਆਇਕ ਕੰਮ ਗੋਹਾਟੀ ਹਾਈ ਕੋਰਟ ਦਾ ਇਕ ਬੈਂਚ ਨਿਪਟਾਉਂਦਾ ਹੈ ਜਿਸ ਦਾ ਸਦਰ-ਮੁਕਾਮ ਅਗਰਤਲਾ ਵਿਖੇ ਹੈ।

ਰਾਜ ਪ੍ਰਬੰਧ ਲਈ ਤ੍ਰਿਪੁਰਾ ਦੀ 60 ਮੈਂਬਰਾਂ ਦੀ ਇਕ ਵਿਧਾਨ ਸਭਾ ਹੈ। ਰਾਜ ਨੂੰ ਤਿੰਨ-ਉੱਤਰੀ ਤ੍ਰਿਪੁਰਾ, ਦੱਖਣੀ ਤ੍ਰਿਪੁਰਾ ਅਤੇ ਪੱਛਮੀ ਤ੍ਰਿਪੁਰਾ ਜ਼ਿਲ੍ਹਿਆਂ ਅਤੇ 10 ਪ੍ਰਬੰਧਕੀ ਉਪਮੰਡਲਾਂ ਵਿਚ ਵੰਡਿਆ ਹੋਇਆ ਹੈ।

ਹ.ਪੁ.—ਐਨ. ਬ੍ਰਿ. ਮਾ. 11 : 931; ਸਟੇ.ਯੀ. ਬੁ. 1987-88

**ਤ੍ਰਿਪੁਰਾ ਪਹਾੜੀਆਂ** : ਇਹ ਉੱਤਰ- ਪੂਰਬੀ ਭਾਰਤ ਦੇ ਤ੍ਰਿਪੁਰਾ ਰਾਜ ਦੇ ਪੂਰਬੀ ਹਿੱਸੇ ਵਿਚ ਪਹਾੜੀਆਂ ਹਨ ਜਿਹੜੀਆਂ ਉੱਤਰ ਤੋਂ ਦੱਖਣ ਦੀ ਦਿਸ਼ਾ ਵਿਚ ਇਕ ਦੂਜੀ ਦੇ ਸਮਾਨਾਂਤਰ ਫੈਲੀਆਂ ਹੋਈਆਂ ਹਨ। ਇਹ ਉੱਤਰ-ਦੱਖਣ ਅਤੇ ਪੱਛਮ ਦੀ ਦਿਸ਼ਾ ਵਿਚ ਬੰਗਲਾ ਦੇਸ਼ ਅਤੇ ਪੂਰਬ ਵਿਚ ਭਾਰਤ ਦੇ ਆਸਾਮ ਰਾਜ ਦੁਆਰਾ ਘਿਰੀਆਂ ਹੋਈਆਂ ਹਨ। ਆਸਾਮ ਦਾ ਕਛਾਰ ਜ਼ਿਲ੍ਹਾ ਇਨ੍ਹਾਂ ਪਹਾੜੀਆਂ ਨੂੰ ਬਾਕੀ ਭਾਰਤ ਨਾਲ ਜੋੜਦਾ ਹੈ। ਭੂਗੋਲਿਕ ਤੌਰ ਤੇ ਇਹ ਬ੍ਰਹਮਪੁਤਰ ਦਰਿਆਈ ਪ੍ਰਣਾਲੀ ਅਤੇ ਬਰਮਾ ਦੀ ਇਰਾਵਦੀ-ਚਿੰਦਵਿਨ ਦਰਿਆਈ ਪ੍ਰਣਾਲੀਆਂ ਦੇ ਵਿਚਲੇ ਹਿੱਸੇ ਵਿਚ ਫੈਲੀਆਂ ਹੋਈਆਂ ਹਨ ਅਤੇ ਹਿਮਾਲਾ ਦੇ ਪੂਰਬੀ ਵਧਾਉ ਦਾ ਇਕ ਹਿੱਸਾ ਹਨ। ਬਣਤਰ ਅਨੁਸਾਰ ਇਹ ਮੋੜਦਾਰ ਚਟਾਨਾਂ ਜਾਪਦੀਆਂ ਹਨ। ਦੱਖਣ ਵੱਲ ਇਨ੍ਹਾਂ ਦੀ ਉੱਚਾਈ ਘੱਟ ਹੋ ਜਾਂਦੀ ਹੈ ਜਿਥੇ ਇਹ ਪੂਰਬੀ ਮੈਦਾਨਾਂ ਵਿਚ ਹੀ ਖਤਮ ਹੋ ਜਾਂਦੀਆਂ ਹਨ ਪਰ ਪੂਰਬ ਵਾਲੇ ਪਾਸੇ ਇਨ੍ਹਾਂ ਦੀ ਉਚਾਈ ਵਧਦੀ ਜਾਂਦੀ ਹੈ। ਇਥੇ ਇਹ ਲੜੀਆਂ ਇਕ ਦੂਜੀ ਨਾਲੋਂ ਵੱਧ ਉੱਚੀਆਂ ਹੁੰਦੀਆਂ ਜਾਂਦੀਆਂ ਹਨ। ਇਸੇ ਹਿੱਸੇ ਦੀ ਜਮਪਾਈ ਤਲਾਂਗ ਲੜੀ 74 ਕਿ. ਮੀ. ਲੰਬੀ ਹੈ ਅਤੇ ਇਸਦੀ ਸਭ ਤੋਂ ਉੱਚੀ ਸਿਖਰ ਬੈਟਲਿੰਗ ਸਿਬ 1,000 ਮੀ. ਉੱਚੀ ਹੈ। ਤ੍ਰਿਪੁਰਾ ਦੀਆਂ ਇਹ ਪਹਾੜੀਆਂ ਕਿਸੇ ਸਮੇਂ ਘਣੇ ਜੰਗਲਾਂ ਹੇਠਾਂ ਲੁਕੀਆਂ ਹੋਈਆਂ ਸਨ ਪਰ ਇਨ੍ਹਾਂ ਪਰਤਦਾਰ ਚਟਾਨਾਂ ਉੱਤੇ ਕਾਟ ਛਾਟ ਵੱਧ ਹੋ ਜਾਣ ਕਰਕੇ ਹੁਣ ਇਨ੍ਹਾਂ ਉਪਰਲੀ ਮਿੱਟੀ ਦੀ ਤਹਿ ਕਾਫੀ ਪਤਲੀ ਹੋ ਗਈ ਹੈ ਜਿਸ ਕਰਕੇ ਇਨ੍ਹਾਂ ਉੱਪਰ ਅੱਜਕੱਲ੍ਹ ਸਿਰਫ ਬਦਲਵੀਂ ਖੇਤੀ ਹੀ ਕੀਤੀ ਜਾਂਦੀ ਹੈ। ਝੋਨਾ, ਮਿਰਚਾਂ, ਕਪਾਹ, ਤਮਾਕੂ, ਤੇਲਾਂ ਦੇ ਬੀਜ ਆਦਿ ਇਥੋਂ ਦੀਆਂ ਖਾਸ ਉਪਜਾਂ ਹਨ। ਇਥੇ ਛੋਟੀਆਂ ਮੋਟੀਆਂ ਦਸਤਕਾਰੀਆਂ ਵੀ ਉੱਨਤ ਹਨ। ਕਪੜਾ ਬੁਣਨ, ਧਾਤ ਦੇ ਭਾਂਡੇ, ਲੋਹੇ ਦੀਆਂ ਚੀਜਾਂ, ਲੱਕੜ ਅਤੇ ਬਾਂਸ ਦੀਆਂ ਚੀਜ਼ਾਂ ਬਣਾਉਣਾ ਇਥੋਂ ਦੀਆਂ ਮੁੱਖ ਦਸਤਕਾਰੀਆਂ ਹਨ। ਇਨ੍ਹਾਂ ਪਹਾੜੀਆਂ ਉੱਤੇ ਕਈ ਕਬੀਲੇ ਵੱਸੇ ਹੋਏ ਹਨ ਜਿਨ੍ਹਾਂ ਦੇ ਮੁੱਖ ਕਿੱਤੇ ਖੇਤੀ ਕਰਨਾ ਅਤੇ ਘਰੇਲੂ ਦਸਤਕਾਰੀ ਹਨ। ਧਰਮਨਗਰ ਅਤੇ ਕੈਲਾਸ਼ਹਰ ਇਥੋਂ ਦੇ ਵਰਣਨ ਯੋਗ ਸ਼ਹਿਰ ਹਨ।

ਹ.ਪੁ.—ਐਨ. ਬ੍ਰਿ. ਮਾ. 11 : 932 (1985)

**ਤ੍ਰਿਪੁਰਾ ਮੈਦਾਨ** : ਉੱਤਰ-ਪੂਰਬੀ ਭਾਰਤ ਦੇ ਤ੍ਰਿਪੁਰਾ ਰਾਜ ਦਾ ਮੈਦਾਨ ਹੈ ਜੋ ਤ੍ਰਿਪੁਰਾ ਰਾਜ ਦੇ ਦੱਖਣੀ-ਪੱਛਮੀ ਅਤੇ ਉੱਤਰੀ ਕੇਂਦਰੀ ਹਿੱਸੇ ਵਿਚ ਲਗਭਗ 4,150 ਵ. ਕਿ. ਮੀ. ਦੇ ਖੇਤਰ ਵਿਚ ਫੈਲਿਆ ਹੋਇਆ ਹੈ। ਬਰਮਾ ਅਤੇ ਬੰਗਲਾ ਦੇਸ਼ ਵਿਚਕਾਰ ਸਥਿਤ ਇਹ ਮੈਦਾਨੀ ਖੇਤਰ ਗੰਗਾ- ਬ੍ਰਹਮਪੁੱਤਰ ਮੈਦਾਨ ਦਾ ਹੀ ਇਕ ਹਿੱਸਾ ਹੈ। ਤ੍ਰਿਪੁਰਾ ਮੈਦਾਨ ਅਤੇ ਨੀਵੇਂ ਪਰਬਤੀ ਖੇਤਰ ਦਾ ਬਹੁਤਾ ਹਿੱਸਾ ਜੰਗਲਾਂ ਨਾਲ ਢੱਕਿਆ ਹੋਇਆ ਹੈ। ਕਿਧਰੇ ਕਿਧਰੇ ਦਲਦਲੀ ਖੇਤਰ ਵੀ ਹਨ, ਦਰਿਆਈ ਵਾਦੀਆਂ ਦੀ ਮਿੱਟੀ ਦੀ ਤਹਿ ਮੋਟੀ ਹੈ ਪਰ ਇਨ੍ਹਾਂ ਵਾਦੀਆਂ ਤੋਂ ਉਪਰ ਮਿੱਟੀ ਦੀ ਤਹਿ ਕਾਫ਼ੀ ਪਤਲੀ ਹੈ। ਹਾਵੜਾ, ਬੁੜ੍ਹੀਗੰਗਾ ਗੂਮਤੀ ਅਤੇ ਲਾਉਗਾਂਗ ਦਰਿਆ ਇਨ੍ਹਾਂ ਮੈਦਾਨਾਂ ਦੀ ਜਲ-ਨਿਕਾਸੀ ਕਰਦੇ ਹਨ। ਆਰਥਿਕਤਾ ਦਾ ਮੁੱਖ ਆਧਾਰ ਖੇਤੀਬਾੜੀ ਹੈ। ਝੋਨਾ, ਸਣ, ਕਪਾਹ ਅਤੇ ਚਾਹ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਸ ਤੋਂ ਇਲਾਵਾ ਕੱਪੜਾ ਬੁਣਨ, ਚੌਲ ਛੜਨ, ਆਟਾ ਪੀਹਣ, ਫਲਾਂ ਦੀ ਡੱਬਾਬੰਦੀ, ਭਾਂਡੇ ਬਣਾਉਣ, ਸਾਬਣ ਬਣਾਉਣ ਅਤੇ ਚਮੜੇ ਦੀਆਂ ਚੀਜ਼ਾਂ ਬਣਾਉਣ ਦੇ ਘਰੇਲੂ ਉਦਯੋਗ ਵੀ ਪ੍ਰਫੁਲਤ ਹਨ। ਸਰਕਾਰ ਦੀ ਪੰਜ ਸਾਲਾ ਯੋਜਨਾ ਅਧੀਨ ਇਥੇ ਦਰਖ਼ਤ ਲਾਉਣ ਅਤੇ ਮੱਛੀ ਪਾਲਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

ਇਥੋਂ ਦੀ ਵਸੋਂ ਵਿਚ ਤ੍ਰਿਪੁਰੀ ਲੋਕ ਵਧੇਰੇ ਹਨ। ਇਨ੍ਹਾਂ ਤੋਂ ਇਲਾਵਾ ਰੀਆਂਗ (Reang), ਨੋਆਤੀਆ (Noatia), ਮੋਗ (Mog), ਲੁਸ਼ਾਈ (Lushai), ਕੂਕੀ (Kuki), ਗਾਰੋ (Garo) ਅਤੇ ਮੁੰਡਾ ਲੋਕ ਵੀ ਵੱਸੇ ਹੋਏ ਹਨ। ਕੁਝ ਲੋਕ ਬੰਗਲਾ ਦੇਸ਼ ਤੋਂ ਆ ਕੇ ਵੀ ਇਥੇ ਆਬਾਦ ਹੋਏ ਹਨ। ਅਗਰਤਲਾ, ਬੇਲੋਨੀਆ ਅਤੇ ਖੋਵਾਈ ਇਥੋਂ ਦੇ ਵੱਡੇ ਸ਼ਹਿਰ ਹਨ।

ਹ.ਪੁ.—ਐਨ ਬ੍ਰਿ. ਮਾ 11 : 932

**ਤ੍ਰਿਫਲਾ** : ਤਿੰਨ ਫਲਾਂ ਤੋਂ ਤਿਆਰ ਕੀਤੇ ਮਿਸ਼ਰਣ ਨੂੰ ਤ੍ਰਿਫਲਾ ਕਿਹਾ ਜਾਂਦਾ ਹੈ। ਹਰੜ, ਬਹੇੜਾ ਅਤੇ ਆਉਲਾ ਦੇ ਫਲਾਂ ਦੇ ਮਿਸ਼ਰਣ ਤੋਂ ਇਕ ਦੇਸੀ (ਵੈਦਯਕ) ਦਵਾਈ ਤ੍ਰਿਫਲਾ ਤਿਆਰ ਕੀਤੀ ਜਾਂਦੀ ਹੈ ਜਿਸ ਦਾ ਸੇਵਨ ਭੁੱਖ ਵਧਾਉਣ, ਲਹੂ ਸਾਫ਼ ਕਰਨ, ਅੱਖ ਦੀ ਜੋਤੀ ਵਧਾਉਣ ਅਤੇ ਬੁਖ਼ਾਰ ਠੀਕ ਕਰਨ ਲਈ ਲਾਹੇਵੰਦ ਸਿੱਧ ਹੁੰਦਾ ਹੈ। ਇਸ ਦੀ ਖ਼ੁਰਾਕ ਨੂੰ ਪਾਣੀ ਜਾਂ ਦੁੱਧ ਨਾਲ ਲਿਆ ਜਾਂਦਾ ਹੈ। ਹਕੀਮ ਦਿਨ ਵਿਚ ਦੋ ਵਾਰੀ ਸਵੇਰੇ ਅਤੇ ਰਾਤ ਵੇਲੇ ਇਸ ਦੀ ਇਕ-ਇਕ ਖ਼ੁਰਾਕ ਲੈਣਾ ਉਚਿਤ ਦੱਸਦੇ ਹਨ।

ਹ.ਪੁ.—ਮ. ਕੋ. : 455, 608

**ਤ੍ਰਿੰਬੁਕੇਸ਼ਵਰ** : ਮਹਾਰਾਸ਼ਟਰ ਰਾਜ (ਭਾਰਤ) ਦੇ ਨਾਸਿਕ ਜ਼ਿਲ੍ਹੇ ਵਿਚ ਨਾਸਿਕ ਸ਼ਹਿਰ ਤੋਂ 32 ਕਿ. ਮੀ. ਦੱਖਣ-ਪੱਛਮ ਦੀ ਦਿਸ਼ਾ ਵਿਚ ਵੱਸੇ ਤ੍ਰਿੰਬਕ ਸ਼ਹਿਰ ਤੋਂ ਲਗਭਗ 545 ਮੀ. (1,80[illegible] ਫੁੱਟ) ਉਤਾਂਹ ਇਹ ਇਕ ਪਹਾੜੀ ਉਪਰ ਸਥਿਤ ਅਸਥਾਨ ਹੈ ਜਿ[illegible] ਇਕ ਮੰਦਰ ਬਣਿਆ ਹੋਇਆ ਹੈ ਜਿਸ ਦੀਆਂ ਦੀਵਾਰਾਂ ਉਪ[illegible] ਵਧੀਆ ਉਕਰਾਈ ਕੀਤੀ ਹੋਈ ਹੈ। ਮਿਥਿਹਾਸ ਅਨੁਸਾਰ ਦੇਵਤੇ ਅ[illegible] ਦੈਂਤ ਇਕ ਅੰਮ੍ਰਿਤ ਦੇ ਭਰੇ ਘੜੇ ਨੂੰ ਪ੍ਰਾਪਤ ਕਰਨ ਲਈ ਆਪੋ ਵਿ[illegible] ਲੜ ਪਏ। ਇਸ ਖਿੱਚ-ਧੂਹ ਵਿਚ ਘੜਾ ਟੁੱਟ ਗਿਆ ਤੇ ਅੰਮ੍ਰਿ[illegible] ਦੀਆਂ ਬੂੰਦਾਂ ਇਧਰ-ਉਧਰ ਖਿੰਡ ਗਈਆਂ। ਜਿਥੇ ਜਿਥੇ ਇਹ ਬੂੰਦ[illegible] ਡਿਗੀਆਂ ਉਨ੍ਹਾਂ ਵਿਚੋਂ ਇਕ ਤ੍ਰਿੰਬਕੇਸ਼ਵਰ ਵੀ ਸੀ। ਇਸ ਲਈ ਇ[illegible] ਅਸਥਾਨ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਗੋਦਾਵਰੀ ਨਦੀ [illegible] ਇਸਦੇ ਨੇੜੇ ਬ੍ਰਹਮਾਗਿਰੀ ਪਹਾੜੀ ਵਿਚੋਂ ਨਿਕਲਦੀ ਹੈ।

ਹ.ਪੁ.—ਇਨਸਾਈਟ ਗਾਈਡਜ਼ ਇੰਡੀਆ : 214

**ਤ੍ਰਿਬੇਣੀ ਪਿੰਡ** : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ [illegible] ਇਕ ਤੀਰਥ ਸਥਾਨ ਹੈ ਜੋ ਬਾਂਸਬਾੜੀਆਂ ਮਿਉਂਸਪਲਟੀ ਵਿ[illegible] ਆਉਂਦਾ ਹੈ ਤੇ ਰੇਲ ਦੁਆਰਾ ਮਥੁਰਾ ਨਾਲ ਜੁੜਿਆ ਹੋਇਆ [illegible] ਇਥੇ ਤਿੰਨ ਦਰਿਆਵਾਂ ਗੰਗਾ (ਹੁੱਗਲੀ), ਸਰਸਵਤੀ ਅਤੇ ਜਮ[illegible] ਦਾ ਸੰਗਮ ਹੁੰਦਾ ਹੈ ਜਿਸ ਕਰਕੇ ਇਸ ਪਿੰਡ ਦਾ ਨਾਂ ਵੀ ਤ੍ਰਿਬੇ[illegible] ਪਿਆ। ਇਥੇ ਤ੍ਰਿਬੇਣੀ ਘਾਟ ਬਣਿਆ ਹੋਇਆ ਹੈ। ਇਥੇ ਹਰ ਸਾ[illegible] ਵੱਖ ਵੱਖ ਸਮਿਆਂ ਤੇ ਕਈ ਧਾਰਮਿਕ ਮੇਲੇ ਲਗਦੇ ਹਨ ਜਿਨ੍ਹਾਂ ਕਰ[illegible] ਇਥੇ ਵਪਾਰ ਵੀ ਕਾਫ਼ੀ ਹੁੰਦਾ ਹੈ। ਕਿਸੇ ਸਮੇਂ ਤ੍ਰਿਬੇਣੀ ਹਿੰਦੂਆਂ [illegible] ਚਾਰ ਵੱਡੇ ਕੇਂਦਰਾਂ ਵਿਚੋਂ ਇਕ ਸੀ। ਇਥੇ 30 ਤੋਂ ਵੀ ਵੱਧ ਸੰਸਕ੍ਰਿ[illegible] ਸਕੂਲ ਸਨ। ਇਹ ਵਪਾਰ ਦਾ ਵੀ ਪ੍ਰਸਿੱਧ ਕੇਂਦਰ ਸੀ।

22° 59′ ਉ. ਵਿਥ.; 88° 26′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 24 : 25

**ਤ੍ਰਿਬੈਨੀ** : ਤਿੰਨ ਪ੍ਰਵਾਹਾਂ ਦੇ ਇਕੱਠ ਜਾਂ ਤਿੰਨ ਦਰਿਆ[illegible] ਦੇ ਸੰਗਮ ਨੂੰ ਤ੍ਰਿਬੈਨੀ ਕਿਹਾ ਜਾਂਦਾ ਹੈ। ਵਿਸ਼ੇਸ਼ ਕਰਕੇ ਪ੍ਰਯਾ[illegible] (ਅਲਾਹਾਬਾਦ) ਵਿਚ ਗੰਗਾ, ਜਮਨਾ ਅਤੇ ਸਰਸਵਤੀ ਦੇ ਸੰਗਮ [illegible] ਇਹ ਨਾਂ ਦਿੱਤਾ ਗਿਆ ਹੈ। ਹਿੰਦੂ ਧਰਮ ਦੀ ਇਹ ਮਾਨਤਾ ਹੈ [illegible] ਤ੍ਰਿਬੈਨੀ ਵਿਚ ਇਸ਼ਨਾਨ ਕਰਨ ਤੇ ਮੁਕਤੀ ਮਿਲਦੀ ਹੈ।

ਬੰਗਾਲ ਦੇ ਹੁੱਗਲੀ ਜ਼ਿਲ੍ਹੇ ਦੇ ਇਕ ਪਿੰਡ ਦਾ ਨਾਂ ਵੀ ਤ੍ਰਿਬੈਨੀ ਹੈ। ਤਿੰਨ ਦਰਿਆਵਾਂ (ਗੰਗਾ, ਜਮਨਾ ਅਤੇ ਸਰਸਵਤੀ) ਦਾ ਸੰਗਮ ਹੋਣ ਕਰਕੇ ਇਹ ਵੀ ਹਿੰਦੂਆਂ ਦਾ ਪ੍ਰਸਿੱਧ ਤੀਰਥ ਸਥਾਨ ਹੈ।

ਯੋਗਮਤ ਅਨੁਸਾਰ ਸਰੀਰ ਵਿਚ ਮੌਜੂਦ ਇੜਾ, ਪਿੰਗਲਾ ਅਤੇ ਸੁਖਮਨਾ ਦੇ ਸੰਗਮ ਨੂੰ ਵੀ ਤ੍ਰਿਬੈਨੀ ਕਿਹਾ ਜਾਂਦਾ ਹੈ। ਹੱਠਯੋਗੀ ਸਾਰੇ ਤੀਰਥਾਂ ਦੀ ਕਲਪਨਾ ਪਿੰਡ ਜਾਂ ਸਰੀਰ ਦੇ ਅੰਦਰ ਹੀ ਕਰਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਜੋ ਕੁਝ ਬ੍ਰਹਿਮੰਡ ਵਿਚ ਹੈ ਉਹੀ ਸਾਰੇ ਦਾ ਸਾਰਾ ਪਿੰਡ (ਸਰੀਰ) ਵਿਚ ਮੌਜੂਦ ਹੈ। ਜਿਸ ਤਰ੍ਹਾਂ ਹਿੰਦੂ ਮੰਨਦੇ ਹਨ ਕਿ ਤ੍ਰਿਬੈਨੀ ਵਿਚ ਇਸ਼ਨਾਨ ਕਰਨ ਨਾਲ ਅਵੱਸ਼ ਹੀ ਮੁਕਤੀ ਮਿਲਦੀ ਹੈ, ਉਸੇ ਤਰ੍ਹਾਂ ਹੱਠਯੋਗੀ ਇੜਾ, ਪਿੰਗਲਾ ਅਤੇ ਸੁਖਮਨਾ ਦੇ ਸੰਗਮ ਨੂੰ ਵੀ ਉਹੀ ਮਹੱਤਤਾ ਦਿੰਦੇ ਹਨ।

ਹ.ਪੁ.—ਮ. ਕੋ. ; ਚਿ.ਕੋ. : 197; ਹਿੰ. ਸਾ. ਕੋ 1 : 364

**ਤ੍ਰਿਭੰਗੀ (ਛੰਦ)** : ਇਹ ਇਕ ਛੰਦ ਹੈ। ਇਸ ਦੇ ਚਾਰ ਚਰਣ ਅਤੇ ਪ੍ਰਤੀ ਚਰਣ ਦੀਆਂ 32 ਮਾਤਰਾਵਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ ਦਸ ਤੇ, ਦੂਜਾ ਅਤੇ ਤੀਜਾ ਅੱਠ-ਅੱਠ ਤੇ ਅਤੇ ਚੌਥਾ ਛੇ ਮਾਤਰਾਂ ਤੇ ਲਗਦਾ ਹੈ। ਹਰ ਚਰਣ ਵਿਚ ਤਿੰਨ ਭੰਗ (ਅਨੁਪ੍ਰਾਸ) ਹੋਣੇ ਜ਼ਰੂਰੀ ਹਨ; ਤੁਕਾਂਤ ਵਿਚ ਚੌਥੇ ਅਨੁਪ੍ਰਾਸ ਦੇ ਹੋਣ ਨਾਲ ਛੰਦ ਦੀ ਸੁੰਦਰਤਾ ਵਿਚ ਹੋਰ ਵਾਧਾ ਹੋ ਜਾਂਦਾ ਹੈ।

ਹ.ਪੁ.—ਮ. ਕੋ.

**ਤ੍ਰਿਭੰਗੀ ਦੀਰਘ** : ਇਹ ਤ੍ਰਿਭੰਗੀ ਛੰਦ ਦਾ ਕੋਈ ਵੱਖਰਾ ਭੇਦ ਨਹੀਂ ਹੈ, ਕੇਵਲ ਵੀਹ ਤ੍ਰਿਭੰਗੀ ਇਕ ਥਾਂ ਤੇ ਲਿਖੇ ਜਾਣ ਕਾਰਨ ਦੀਰਘ (ਲੰਮਾ) ਸਤੋਤ੍ਰ ਹੈ। ਕਈ ਕਵੀਆਂ ਨੇ ਗਣ ਛੰਦ ਤ੍ਰਿਭੰਗੀ ਨੂੰ 'ਦੀਰਘ' ਪਦਵੀ ਦਿੱਤੀ ਹੈ। ਉਸ ਦੇ ਚਾਰ ਚਰਣ ਹੁੰਦੇ ਹਨ ਪ੍ਰਤੀ ਚਰਣ ਛੇ ਨਗਣ, ਦੋ ਸਗਣ, ਇਕ ਭਗਣ, ਇਕ ਮਗਣ, ਫਿਰ ਇਕ ਸਗਣ ਅਤੇ ਅੰਤ ਵਿਚ ਗੁਰੂ ਹੁੰਦਾ ਹੈ। ਇਸ ਵਿਚ ਕੁੱਲ 34 ਅੱਖਰ ਹੁੰਦੇ ਹਨ।

III, III, III, III, III, III, IIIS, IIIS, SII, SSS, IIS, S.

ਹ.ਪੁ.—ਮ.ਕੋ.

**ਤ੍ਰਿਮਾਬ** : ਜਿਹਲਮ ਅਤੇ ਰਾਵੀ ਦਰਿਆਵਾਂ ਦਾ ਚਨਾਬ ਨਾਲ ਸੰਗਮ ਹੋਣ ਤੇ ਬਾਅਦ ਚਨਾਬ ਦਰਿਆ ਨੂੰ ਹੀ ਇਸ ਦੇ ਸਤਲੁਜ ਨਾਲ ਸੰਗਮ ਹੋਣ ਤੀਕ ਤ੍ਰਿਮਾਬ ਕਿਹਾ ਜਾਂਦਾ ਹੈ। ਤ੍ਰਿਮਾਬ ਦਾ ਸ਼ਾਬਦਿਕ ਅਰਥ ਵੀ ਤਿੰਨ ਆਬ ਅਰਥਾਤ ਤਿੰਨ ਪਾਣੀਆਂ ਤੋਂ ਹੀ ਹੈ। ਇਸ ਤਰ੍ਹਾਂ ਤ੍ਰਿਮਾਬ ਵਿਚ ਵੀ ਜਿਹਲਮ ਰਾਵੀ ਅਤੇ ਚਨਾਬ ਤਿੰਨ ਦਰਿਆਵਾਂ ਦਾ ਪਾਣੀ ਸ਼ਾਮਿਲ ਹੈ। ਝੰਗ (ਪਾਕਿ.) ਦੇ ਜ਼ਿਲ੍ਹੇ ਵਿਚ ਚਨਾਬ ਦਰਿਆ ਵਿਚ ਜਿਹਲਮ ਆ ਮਿਲਦਾ ਹੈ। ਅੱਗੇ ਜਾ ਕੇ ਮੁਜ਼ਫ਼ਰਗੜ੍ਹ ਦੇ ਇਲਾਕੇ ਵਿਚ ਇਸ ਨਾਲ ਰਾਵੀ ਦਰਿਆ ਵੀ ਮਿਲ ਜਾਂਦਾ ਹੈ। 166 ਕਿ. ਮੀ. (104 ਮੀਲ) ਵਹਿਣ ਪਿੱਛੋਂ ਇਹ ਦਰਿਆ ਸਤਲੁਜ ਨਾਲ ਮਿਲ ਜਾਂਦਾ ਹੈ। ਇਥੇ ਇਸ ਦਰਿਆ ਨਾਲ ਆਈ ਮਿੱਟੀ ਕਾਫ਼ੀ ਉਪਜਾਊ ਹੈ। ਦਰਿਆਈ ਪਾਣੀ ਤੋਂ ਸਿੰਜਾਈ ਦਾ ਕੰਮ ਵੀ ਲਿਆ ਜਾਂਦਾ ਹੈ। ਇਸ ਦੇ ਕੰਢਿਆਂ ਉੱਤੇ ਪਾਣੀ ਜਮ੍ਹਾਂ ਕਰਨ ਲਈ ਢੰਡ (ਤਲਾਅ) ਅਤੇ ਫਾਟ ਬਣੇ ਹੋਏ ਹਨ। ਇਸ ਲਈ ਇਸ ਇਲਾਕੇ ਵਿਚ ਇਸ ਦਰਿਆ ਦੇ ਗੁਣਾਂ ਕਰਕੇ ਇਹ ਅਖਾਣ ਪ੍ਰਚਲਤ ਹੈ।

"ਦਰਿਆ ਦਾ ਹਮਸਾਇਆ
ਨਾ ਭੁੱਖਾ ਨਾ ਤਿਹਾਇਆ"

ਹ.ਪੁ.—ਗਜ਼ਟੀਅਰ ਆਫ ਮੁਜ਼ਫ਼ਰਗੜ੍ਹ; ਇੰਪ. ਗ. ਇੰਡ. 24 : 49

**ਤ੍ਰਿਮੂਰਤੀ** : ਤਿੰਨ ਨਾਂ ਜਾਂ ਤਿੰਨ ਗੁਣ ਇਕੱਠੇ ਹੋਣ ਤੇ 'ਤ੍ਰਿਮੂਰਤੀ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਵੇਦਾਂ ਅਨੁਸਾਰ ਅਗਨੀ, ਵਾਯੂ ਅਤੇ ਸੂਰਜ ਨੂੰ ਤ੍ਰਿਮੂਰਤੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪੁਰਾਣਾਂ ਅਨੁਸਾਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ 'ਤ੍ਰਿਮੂਰਤੀ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਬਾਈਬਲ ਅਨੁਸਾਰ ਖ਼ੁਦਾ, ਰੂਹਉਲ- ਕੁਦਸ ਅਤੇ ਹਜ਼ਰਤ ਈਸਾ 'ਤ੍ਰਿਮੂਰਤੀ' ਹੈ। ਸਿੱਖ ਮਤ ਅਨੁਸਾਰ 'ਕਰਤਾਰ' ਨੂੰ ਤ੍ਰਿਗੁਣਾਤਮਕ ਮੰਨਿਆ ਜਾਂਦਾ ਹੈ।

ਭਾਰਤੀ ਸੰਸਕ੍ਰਿਤੀ ਵਿਚ 'ਤ੍ਰਿਮੂਰਤੀ' ਸ਼ਬਦ ਵਧੇਰੇ ਕਰਕੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਲਈ ਹੀ ਵਰਤਿਆ ਜਾਂਦਾ ਹੈ। ਇਹ ਤਿੰਨੇ ਵੈਦਿਕ ਯੁਗ ਤੋਂ ਵਿਕਸਤ ਹੋ ਕੇ ਵਰਤਮਾਨ ਯੁਗ ਵਿਚ ਵੀ ਓਵੇਂ ਪੂਜੇ ਜਾਂਦੇ ਹਨ।

ਬ੍ਰਹਮਾ ਰਜੋ ਗੁਣ, ਜੋ ਕਾਮ ਜਾਂ ਵਾਸਨਾ ਦੇ ਗੁਣਾਂ ਦਾ ਸਾਕਾਰ ਰੂਪ ਹੈ ਅਤੇ ਜਿਸ ਦੁਆਰਾ ਸੰਸਾਰ ਦੀ ਸਿਰਜਨਾ ਹੋਈ। ਸ਼ਿਵ ਤਮੋ ਗੁਣ, ਜੋ ਅਨ੍ਹੇਰੇ ਜਾਂ ਕ੍ਰੋਧ ਤੇ ਵਿਨਾਸ਼ਕਾਰੀ ਅੱਗ ਦਾ ਸਾਕਾਰ ਰੂਪ ਹੈ ਜਿਸ ਤੋਂ ਸਾਰੀ ਪ੍ਰਿਥਵੀ ਨਸ਼ਟ ਹੋ ਜਾਂਦੀ ਹੈ। ਵਿਸ਼ਨੂੰ ਸਤੋ ਗੁਣ ਜਾਂ ਦਇਆ ਤੇ ਭਲਾਈ ਜਿਸ ਨਾਲ ਇਸ ਸੰਸਾਰ ਦੀ ਪ੍ਰਤਿਪਾਲਣਾ ਹੁੰਦੀ ਹੈ। ਜਿਸ ਤਰ੍ਹਾਂ ਵੇਦ ਤਿੰਨਾਂ ਵਿਚ ਵੰਡੇ ਹੋਏ ਹਨ। ਪਰ ਫੇਰ ਵੀ ਉਹ ਇਕ ਹੀ ਹਨ ਇਸ ਤਰ੍ਹਾਂ ਇਹ ਤਿੰਨੇ ਇਕ ਰੂਪ ਹੀ ਹਨ ਅਤੇ ਇਕ ਹੀ ਤਿੰਨ ਹਨ ਅਤੇ ਉਹ ਤਿੰਨੋਂ ਉਸ ਇਕ, ਜੋ ਪਰਮ ਜਾਂ ਸਰਵ ਉਚ, 'ਗੁਪਤ' ਤੇ 'ਸਰਵਆਤਮਾ', ਜੋ ਸਭ ਪਦਾਰਥਾਂ ਦਾ ਮੂਲ ਹੈ, ਵਿਚ ਲੀਨ ਰਹਿੰਦੇ ਹਨ।

ਪਦਮ ਪੁਰਾਣ ਜੋ ਇਕ ਵੈਸ਼ਣਵ ਗ੍ਰੰਥ ਹੈ, ਵਿਚ ਵਿਸ਼ਨੂੰ ਦੀ ਸਰਵ-ਉੱਚਤਾ ਬਾਰੇ ਲਿਖਿਆ ਹੈ ਕਿ 'ਸ੍ਰਿਸ਼ਟੀ ਦੇ ਆਦਿ ਵਿਚ ਮਹਾਨ ਵਿਸ਼ਨੂੰ ਨੇ ਸ੍ਰਿਸ਼ਟੀ ਦੀ ਉਤਪਤੀ ਦੇ ਵਿਚਾਰ ਨਾਲ ਆਪਣੇ ਆਪ ਨੂੰ ਉਤਪਾਦਕ, ਵਿਨਾਸ਼ਕ ਤੇ ਰਖਿਅਕ ਤਿੰਨਾਂ ਰੂਪਾਂ ਵਿਚ ਵੰਡ ਲਿਆ। ਇਸ ਸ੍ਰਿਸ਼ਟੀ ਨੂੰ ਉਤਪੰਨ ਕਰਨ ਦੇ ਵਿਚਾਰ ਨਾਲ ਪਰਮਾਤਮਾ ਨੇ ਆਪਣੇ ਸਰੀਰ ਦੀ ਸੱਜੀ ਵੱਖੀ ਤੋਂ ਵਿਸ਼ਨੂੰ ਅਤੇ ਇਸ ਸ੍ਰਿਸ਼ਟੀ ਦਾ ਵਿਨਾਸ਼ ਕਰਨ ਦੇ ਵਿਚਾਰ ਨਾਲ ਸ਼ਰੀਰ ਦੇ ਵਿਚਕਾਰਲੇ ਹਿੱਸੇ ਤੋਂ ਅਨਾਦੀ ਸ਼ਿਵ ਦੀ ਉਤਪਤੀ ਕੀਤੀ। ਕਈ ਬ੍ਰਹਮਾ ਦੀ, ਕਈ ਵਿਸ਼ਨੂੰ ਦੀ ਅਤੇ ਕਈ ਸ਼ਿਵ ਦੀ ਪੂਜਾ ਕਰਦੇ ਹਨ, ਪਰ ਵਿਸ਼ਨੂੰ ਅਜੇ ਵੀ ਇਕੋ ਹੀ ਤੀਹਰੇ ਰੂਪ ਵਿਚ ਸ੍ਰਿਸ਼ਟੀ ਦੀ ਉਤਪਤੀ, ਪਾਲਨਾ ਤੇ ਵਿਨਾਸ਼ ਕਰਦਾ ਹੈ। ਇਸ ਲਈ ਮਨੁੱਖ ਨੂੰ ਇਨ੍ਹਾਂ ਵਿਚ ਕੋਈ ਭੇਦ ਨਹੀ ਮੰਨਣਾ ਚਾਹੀਦਾ। ਤ੍ਰਿਮੂਰਤੀ ਦੇ ਸਰੂਪ ਦਾ ਪ੍ਰਦਰਸ਼ਨ, ਇਕ ਸਰੀਰ ਜਿਸ ਦੇ ਕਿ ਤਿੰਨ ਸਿਰ ਹੁੰਦੇ ਹਨ, ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਸ ਦੇ ਮੱਧ ਵਿਚ ਬ੍ਰਹਮਾ, ਸੱਜੇ ਪਾਸੇ ਵਿਸ਼ਨੂੰ ਅਤੇ ਖੱਬੇ ਪਾਸੇ ਸ਼ਿਵ ਦਾ ਮੂੰਹ ਹੁੰਦਾ ਹੈ। ਬ੍ਰਹਮਾ ਦੀ ਪੂਜਾ ਤਾਂ ਲਗਭਗ ਖਤਮ ਹੀ ਹੋ ਚੁਕੀ ਹੈ, ਪਰ ਵਿਸ਼ਨੂੰ ਤੇ ਸ਼ਿਵ ਦੀ ਅਰਾਧਨਾ ਇਨ੍ਹਾਂ ਦੇ ਭਗਤਾਂ ਦੁਆਰਾ ਬਹੁਤ ਹੁੰਦੀ ਹੈ ਅਤੇ ਹਰੇਕ ਨੂੰ ਉਸ ਪਰਮਾਤਮਾ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ।

ਹ.ਪੁ.—ਮ. ਕੋ. ; ਹਿੰ. ਵਿ. ਕੋ. ; ਹਿੰ. ਮਿ. ਕੋ

**ਤ੍ਰਿਲੋਚਨ (ਭਗਤ)** : ਇਹ ਇਕ ਭਗਤ ਸੀ ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਦਾ ਜਨਮ 1268 ਈ. (1325 ਬਿ.) ਵਿਚ ਮਹਾਰਾਸ਼ਟਰ ਦੇ ਜ਼ਿਲ੍ਹਾ ਸੋਲਾਪੁਰ ਦੇ ਬਾਰਸੀ ਕਸਬੇ ਵਿਚ ਹੋਇਆ ਅਤੇ ਉਥੇ ਹੀ ਇਸ ਨੇ ਆਪਣਾ ਜੀਵਨ ਬਤੀਤ ਕੀਤਾ। ਇਹ ਵੈਸ਼ ਕੁਲ ਵਿਚੋਂ ਸੀ। ਤ੍ਰਿਲੋਚਨ ਭਗਤ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨੇ ਭਗਤ ਨਾਮਦੇਵ ਤੋਂ ਅਧਿਆਤਮਕ ਪ੍ਰੇਰਨਾ ਪ੍ਰਾਪਤ ਕੀਤੀ ਸੀ। ਆਦਿ ਗ੍ਰੰਥ ਵਿਚ ਭਗਤ ਤ੍ਰਿਲੋਚਨ ਦੇ ਚਾਰ ਸ਼ਬਦ ਅਥਵਾ ਪਦ ਸਿਰੀ ਰਾਗ ਵਿਚ ਇਕ,

ਗੁਜਰੀ ਰਾਗ ਵਿਚ ਦੋ ਅਤੇ ਧਨਾਸਰੀ ਰਾਗ ਵਿਚ ਇਕ ਸੰਕਲਤ ਹਨ। ਇਨ੍ਹਾਂ ਸ਼ਬਦਾਂ ਵਿਚ ਮਾਇਆ ਮੋਹ, ਪਾਖੰਡ, ਕਰਮ ਆਦਿ ਦਾ ਤਿਆਗ ਕਰਨਾ ਦਸਿਆ ਗਿਆ ਹੈ ਅਤੇ ਨਾਮ ਸਿਮਰਨ ਉਤੇ ਜ਼ੋਰ ਦਿੱਤਾ ਗਿਆ ਹੈ। ਸੰਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ :-

"ਨਾਮਾ ਮਾਇਆ ਮੋਹਿਆ ਕਹੈ ਤਿਲੋਚਨ ਮੀਤੁ"

(ਆਦਿ ਗ੍ਰੰਥ ਪੰ: 1376)

ਭਗਤ ਤ੍ਰਿਲੋਚਨ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀ ਸਾਧੂਆਂ ਪ੍ਰਤਿ ਅਥਾਹ ਸ਼ਰਧਾ ਭਾਵਨਾ ਸੀ। ਸਾਧੂਆਂ ਦੀ ਸੇਵਾ ਕਰਨਾ, ਉਨ੍ਹਾਂ ਨੂੰ ਭੋਜਨ ਛਕਾਉਣਾ ਇਨ੍ਹਾਂ ਦਾ ਮੁੱਖ ਕਰਤੱਵ ਸੀ ਪਰ ਸਾਧੂਆਂ ਨੂੰ ਭੋਜਨ ਕਰਾਉਣ ਦਾ ਕੰਮ ਇਨ੍ਹਾਂ ਦੀ ਪਤਨੀ ਤੋਂ ਇਕੱਲਿਆਂ ਨਹੀਂ ਸੰਭਾਲਿਆ ਜਾਂਦਾ ਸੀ, ਇਸ ਲਈ ਇਨ੍ਹਾਂ ਨੇ ਬਹੁਤ ਯਤਨ ਕਰਕੇ ਇਕ ਨੌਕਰ ਲੱਭਿਆ ਜਿਸ ਦਾ ਨਾਮ 'ਅੰਤਰਯਾਮੀ' ਸੀ। ਉਸ ਨੇ ਇਹ ਸ਼ਰਤ ਰੱਖੀ ਕਿ ਉਹ ਹਰ ਰੋਜ਼ 5 ਜਾਂ 7 ਸੇਰ ਤੋਂ ਘੱਟ ਭੋਜਨ ਨਹੀਂ ਖਾਏਗਾ ਅਤੇ ਜੇ ਉਸ ਨੂੰ ਟੋਕਿਆ ਜਾਂ ਖਾਣ ਪੀਣ ਬਾਰੇ ਇਤਰਾਜ਼ ਕੀਤਾ ਤਾਂ ਉਹ ਨੌਕਰੀ ਛੱਡ ਕੇ ਚਲਾ ਜਾਵੇਗਾ। ਉਸ ਨੌਕਰ ਨੇ ਸੇਵਾ ਇਤਨੀ ਲਗਨ ਨਾਲ ਅਤੇ ਪ੍ਰੇਮ ਭਾਵਨਾ ਨਾਲ ਕੀਤੀ ਕਿ ਨਿਤ ਆਉਣ ਵਾਲੇ ਸਾਧੂਆਂ ਦੀ ਗਿਣਤੀ ਵੱਧ ਗਈ, ਫਲਸਰੂਪ ਉਨ੍ਹਾਂ ਲਈ ਭੋਜਨ ਤਿਆਰ ਕਰਨ ਦਾ ਕੰਮ ਵੀ ਵੱਧ ਗਿਆ। ਕੰਮ ਕਾਰ ਤੋਂ ਥੱਕੀ ਹੋਈ ਇਸ ਦੀ ਪਤਨੀ ਨੇ ਆਪਣੀ ਪੜੋਸਨ ਨੂੰ ਕਹਿ ਦਿੱਤਾ ਕਿ ਇਸ ਨੌਕਰ ਦੀ ਸੇਵਾ ਕਾਰਨ ਸਾਧੂਆਂ ਦੀ ਗਿਣਤੀ ਵੱਧ ਗਈ ਹੈ ਅਤੇ ਇਹ ਵੀ ਬੇਹਿਸਾਬਾ ਖਾਂਦਾ ਹੈ। ਇਹ ਗੱਲ ਪਤਾ ਲੱਗਣ ਤੇ ਨੌਕਰ ਚੁਪ-ਚਾਪ ਨੌਕਰੀ ਛੱਡ ਕੇ ਚਲਾ ਗਿਆ। ਬਾਅਦ ਵਿਚ ਪਤਾ ਲੱਗਾ ਕਿ ਉਹ ਨੌਕਰ ਤਾਂ ਖ਼ੁਦ ਅੰਤਰਯਾਮੀ (ਪ੍ਰਭੂ) ਸੀ। ਮਗਰੋਂ ਤ੍ਰਿਲੋਚਨ ਬਹੁਤ ਪਛਤਾਇਆ ਪਰ ਹੁਣ ਕੀ ਬਣ ਸਕਦਾ ਸੀ।

ਹ.ਪੁ.–ਪੰ. ਸੈਦ. ਕੋ.; ਮ. ਕੋ.

**ਤ੍ਰਿਲੋਚਨ ਸਿੰਘ, ਪ੍ਰਿੰ.** : ਗਿਆਨ ਵਿਗਿਆਨ ਦੇ ਵਿਸ਼ਿਆਂ ਬਾਰੇ ਲਿਖਣ ਵਾਲੇ ਇਸ ਸੂਝਵਾਨ ਲੇਖਕ ਦਾ ਜਨਮ 9 ਫ਼ਰਵਰੀ, 1935 ਨੂੰ ਮੁਲਤਾਨ (ਹੁਣ ਪਾਕਿਸਤਾਨ) ਵਿਚ ਕਾਲਿਆਂਵਾਲਾ ਵਿਖੇ ਸ. ਨਰਾਇਣ ਸਿੰਘ ਦੇ ਘਰ ਹੋਇਆ। ਐਮ.



**ਪ੍ਰਿੰ: ਤ੍ਰਿਲੋਚਨ ਸਿੰਘ**

ਏ. (ਭੂਗੋਲ), ਬੀ. ਟੀ. ਅਤੇ ਪੰਜਾਬੀ ਵਿਚ ਆਨਰਜ਼ ਕਰਕੇ ਇਸ ਨੇ ਅਧਿਆਪਨ ਦਾ ਕਿੱਤਾ ਅਪਣਾਇਆ।

ਤ੍ਰਿਲੋਚਨ ਸਿੰਘ ਨੇ ਪੰਜਾਬੀ ਵਿਚ ਤਕਰੀਬਨ ਡੇਢ ਦਰਜਨ ਪੁਸਤਕਾਂ ਲਿਖ ਕੇ ਬਾਲ ਤੇ ਗਿਆਨ ਸਾਹਿਤ ਵਿਚ ਨਿੱਗਰ ਵਾਧਾ ਕੀਤਾ ਹੈ। ਇਸ ਨੇ ਵਿਗਿਆਨਕ ਵਿਸ਼ਿਆਂ ਨੂੰ ਕੁਦਰਤੀ ਨਜ਼ਾਰਿਆਂ ਦੇ ਰੂਪ ਵਿਚ ਪੇਸ਼ ਕਰਕੇ ਸੱਜਰਾਪਣ ਤੇ ਰੌਚਿਕਤਾ ਪ੍ਰਦਾਨ ਕੀਤੀ ਹੈ। ਆਪਣੇ ਸਾਹਿਤਿਕ ਅੰਦਾਜ਼ ਤੇ ਵਿਗਿਆਨਕ ਸੋਚਣੀ ਰਾਹੀਂ ਇਸ ਨੇ ਬ੍ਰਹਿਮੰਡ, ਚੰਨ, ਸੂਰਜ ਅਤੇ ਗ੍ਰਹਿਆਂ ਬਾਰੇ ਸਦੀਆਂ ਪੁਰਾਣੇ ਵਹਿਮ ਭਰਮਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਹੈ।

ਇਸ ਦੀਆਂ ਰਚਨਾਵਾਂ ਵਿਚ ਕਹਾਣੀ ਦਾ ਸੁਆਦ ਵਾਰਤਾਲਾਪ ਦੀ ਰੰਗਣ ਤੇ ਕਵਿਤਾ ਦਾ ਰਸ ਹੈ। ਇਸ ਦੀਆਂ ਰਚਨਾਵਾਂ ਦੇ ਸਿਰਲੇਖ ਕਾਵਿਮਈ ਤੇ ਉਤਸੁਕਤਾ ਭਰਪੂਰ ਹੁੰਦੇ ਹਨ। ਇਸ ਦੀ ਭਾਸ਼ਾ ਵਿਚ ਮਿਠਾਸ ਤੇ ਰਵਾਨੀ ਹੈ। 'ਤਾਰਿਆਂ ਵੱਲ' 'ਸੂਰਜ ਮੰਡਲ', 'ਜਵਾਲਾ ਮੁਖੀ', 'ਸਾਡਾ ਗ੍ਰਹਿ- ਮੰਡਲ', 'ਠੰਡੀਆਂ ਛਾਵਾਂ ਰੁੱਖਾਂ ਦੀਆਂ', 'ਲਹਿਰਾਂ', 'ਕੈਨੇਡਾ', 'ਤਾਰਿਆਂ ਦੀ ਬਰਸਾਤ', 'ਕਹਾਣੀ', 'ਚੰਨ ਤਾਰੇ', 'ਗੈਲੀਲੀਓ', 'ਨਵੇਂ ਚੰਨ ਨਵੀਂ ਯਾਤਰਾ' 'ਨਰਮਦਾ', 'ਏਸ਼ੀਆਡ', 'ਭਾਰਤ ਦਾ ਆਰਥਿਕ ਭੂਗੋਲ', 'ਸ਼ਹੀਦੀ ਖ਼ੁਮਾਰੀਆਂ' ਅਤੇ 'ਸਾਡਾ ਅੰਬਰ' ਇਸ ਦੀਆਂ ਰਚਨਾਵਾਂ ਹਨ।

ਭਾਸ਼ਾ ਵਿਭਾਗ, ਪੰਜਾਬ ਨੇ ਇਸ ਨੂੰ ਦੋ ਵਾਰ ਸੰਨ 196[illegible] ਅਤੇ 1985 ਵਿਚ ਸਰਵੋਤਮ ਬਾਲ ਸਾਹਿਤ ਪੁਰਸਕਾਰ ਪ੍ਰਦਾਨ ਕੀਤਾ; ਸੰਨ 1981 ਅਤੇ 1982 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਇਸ ਨੂੰ ਸਰਵੋਤਮ ਅਧਿਆਪਕ ਲੇਖਕ ਪੁਰਸਕਾਰ; ਸੰਨ 1984 ਵਿਚ ਰਾਸ਼ਟਰਪਤੀ ਵਲੋਂ ਰਾਸ਼ਟਰੀ ਅਧਿਆਪਕ ਪੁਰਸਕਾਰ ਅਤੇ ਸੰਨ 1988 ਵਿਚ ਇੰਡੀਅਨ ਕੌਂਸਲ ਆਫ਼ ਚਾਈਲਡ ਐਜੂਕੇਸ਼ਨ ਵਲੋਂ 'ਪੰਜਾਬੀ ਭਾਸ਼ਾ ਵਿਚ ਬਾਲ ਸਾਹਿਤ ਦਾ ਯੋਗਦਾਨ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਬੱਚਿਆਂ ਵਿਚ ਵਿਗਿਆਨਕ ਸੋਚਣੀ ਅਤੇ ਦ੍ਰਿਸ਼ਟੀਕੋਣ ਪੈਦਾ ਕਰਨ ਦੀ ਸਫ਼ਲ ਕੋਸ਼ਿਸ਼ ਵਿਚ ਲਗੇ ਇਸ ਲੇਖਕ ਨੂੰ ਭਾਸ਼ਾ ਵਿਭਾਗ, ਪੰਜਾਬ ਨੇ ਸੰਨ 1989 ਦੇ 'ਸ਼੍ਰੋਮਣੀ ਲੇਖਕ' ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਹੈ। ਇਹਨਾਂ ਦਾ 5 ਜੂਨ 1993 ਨੂੰ ਸਵਰਗਵਾਸ ਹੋ ਗਿਆ।

ਹ.ਪੁ.–ਸ੍ਵਿ. ਸ਼ਾ. ਸਨ. 1989- ਭਾ. ਵਿ. ਪੰ.

**ਤ੍ਰਿਵਿਕ੍ਰਮ** : ਇਹ ਵਾਮਨ ਅਵਤਾਰ ਸੀ ਜਿਸ ਨੇ ਤਿੰਨ ਕਦਮਾਂ ਨਾਲ ਬ੍ਰਹਿਮੰਡ ਮਿਣ ਲਿਆ ਸੀ। ਰਿਗ ਵੇਦ ਵਿਚ ਸੂਰਜ ਤ੍ਰਿਵਕ੍ਰਮ ਲਿਖਿਆ ਗਿਆ ਹੈ ਜਿਸ ਨੇ ਸਾਰੇ ਵਿਸ਼ਵ ਦੇ ਤਿੰਨ ਕਦਮ ਕੀਤੇ ਹਨ। ਇਸ ਦਾ ਭਾਵ ਹੈ ਸੂਰਜ ਦਾ ਚੜ੍ਹਨਾ, ਸਿਰ ਉਪਰ ਆਉਣਾ ਅਤੇ ਅਸਤ ਹੋਣਾ। ਵੇਦਾਂ ਅਨੁਸਾਰ ਵਿਸ਼ਨੂੰ ਨੂੰ ਵੀ ਤ੍ਰਿਵਕ੍ਰਮ ਕਿਹਾ ਗਿਆ ਹੈ। ਇਸ ਨੂੰ ਸੂਰਜ ਦਾ ਹੀ ਪ੍ਰਤੀਕ ਮੰਨਿਆ ਗਿਆ ਹੈ।

ਹ.ਪੁ.–ਮ. ਕੋ. ; ਹਿੰ. ਵਿ. ਕੋ.

**ਤ੍ਰਿਵੂਦਾਮਾਰੂਦੂਰ** : ਤਾਮਿਲਨਾਡੂ ਰਾਜ (ਭਾਰਤ) ਦੇ ਤੰਜੌਰ ਜ਼ਿਲ੍ਹੇ ਵਿਚ ਕੁੰਡਾਕੋਨਮ ਤਅੱਲੁਕੇ ਵਿਚ ਵੀਰਾ-ਸੋਲਾਨਾਰ ਦਰਿਆ ਦੇ ਕੰਢੇ ਅਤੇ ਦੱਖਣੀ ਭਾਰਤੀ ਰੇਲ-ਲਾਈਨ ਉਪਰ ਵੱਸਿਆ ਇਕ ਸ਼ਹਿਰ ਹੈ। ਇਥੇ ਸ਼ਿਵ ਜੀ ਦਾ ਇਕ ਬਹੁਤ ਵੱਡਾ ਮੰਦਰ ਹੈ। ਇਸ ਮੰਦਰ ਵਿਚ ਚੋਲ ਰਾਜਿਆਂ ਸਬੰਧੀ ਲਿਖਤਾਂ ਵੀ ਪਈਆਂ ਹੋਈਆਂ ਹਨ। ਤੰਜੌਰ ਦਾ ਬਾਦਸ਼ਾਹ ਅਮਰ ਸਿੰਘ ਜਿਸਨੂੰ 1798 ਈ. ਵਿਚ ਤੰਜੌਰ ਦੇ ਤਖ਼ਤ ਤੋਂ ਲਾਹਿਆ ਗਿਆ ਸੀ, ਦਾ ਪਰਿਵਾਰ ਵੀ ਇਸੇ ਸ਼ਹਿਰ ਵਿਚ ਰਹਿੰਦਾ ਰਿਹਾ ਹੈ।

ਆਬਾਦੀ - 12,452 (1991)

11° ਉ. ਵਿਥ.; 79°27' ਪੂ. ਲੰਬ.

ਹ.ਪੁ.–ਇੰਪ. ਗ. ਇੰਡ. 23 : 397

**ਤ੍ਰਿਵੇਦੀ, ਹਰਭਾਈ** : ਇਸ ਉੱਘੇ ਭਾਰਤੀ ਸਿਖਿਅਕ ਅਤੇ ਲੇਖਕ ਦਾ ਜਨਮ 14 ਨਵੰਬਰ, 1891 ਨੂੰ ਸੌਰਾਸ਼ਟਰ (ਗੁਜਰਾਤ) ਵਿਚ ਹੋਇਆ। ਸੰਨ 1915 ਵਿਚ ਬੀ. ਏ. ਕਰਨ ਉਪਰੰਤ ਇਸ ਨੇ ਬੰਬਈ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ। ਇਹ ਬਾਲ ਗੰਗਾਧਰ ਤਿਲਕ ਅਤੇ ਵੀਰ ਸਾਵਰਕਰ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਪਰ ਬਾਅਦ ਵਿਚ ਗਾਂਧੀ ਜੀ ਦੇ ਪ੍ਰਭਾਵ ਹੇਠ ਆ ਕੇ ਇਸ ਨੇ ਹਰੀਜਨਾਂ ਦੇ ਉਧਾਰ ਅਤੇ ਖਾਦੀ ਨੂੰ ਹਰਮਨ ਪਿਆਰਾ ਬਣਾਉਣ ਵਿਚ ਯੋਗਦਾਨ ਪਾਇਆ। ਨਾ-ਮਿਲਵਰਤਨ ਅੰਦੋਲਨ ਦੇ ਦਿਨਾਂ ਵਿਚ ਇਸ ਨੇ ਨਮਕ ਸਤਿਆਗ੍ਰਹਿ ਅਤੇ ਗ਼ੈਰ-ਕਾਨੂੰਨੀ ਰੇਡੀਉ ਟ੍ਰਾਂਸਮੀਟਰ ਚਲਾਉਣ ਤੋਂ ਇਲਾਵਾ ਆਪਣਾ ਜ਼ਿਆਦਾ ਧਿਆਨ ਸਿਖਿਆ ਵੱਲ ਲਗਾਇਆ। ਗੁਜਰਾਤ ਅਤੇ ਬੰਬਈ ਦੀਆਂ 22 ਸਿਖਿਅਕ ਸੰਸਥਾਵਾਂ ਨਾਲ ਜੁੜੇ ਹੋਣ ਤੋਂ ਇਲਾਵਾ 1920 ਵਿਚ ਇਹ ਵਿਨੈ ਮੰਦਰ ਦਾ ਪ੍ਰਿੰਸੀਪਲ ਰਿਹਾ ਅਤੇ 1939 ਵਿਚ ਘਰਸ਼ਾਲਾ ਨਾਮੀ ਇਕ ਸੰਸਥਾ ਦੀ ਨੀਂਹ ਰੱਖੀ। ਸੰਨ 1944 ਵਿੱਚ ਇਸਨੂੰ ਆਲ ਇੰਡੀਆ ਐਜੂਕੇਸ਼ਨਲ ਕਾਨਫ਼ਰੰਸ ਦਾ ਪ੍ਰਧਾਨ ਚੁਣਿਆ ਗਿਆ।

ਤ੍ਰਿਵੇਦੀ ਸ਼ੌਰਾਸ਼ਟਰ ਯੂਨੀਵਰਸਿਟੀ ਦਾ ਪ੍ਰੋ-ਵਾਈਸ-ਚਾਂਸਲਰ ਵੀ ਰਿਹਾ। 'ਨੂਤਨ ਸ਼ਿਕਸ਼ਾ' ਅਤੇ 'ਘਰਸ਼ਾਲਾ' ਨਾਮੀ ਦੋ ਮਾਸਿਕ ਰਸਾਲਿਆਂ ਦੀ ਸੰਪਾਦਨਾ ਕਰਨ ਤੋਂ ਇਲਾਵਾ ਇਸ ਨੇ ਗੁਜਰਾਤੀ ਵਿਚ 23 ਪੁਸਤਕਾਂ ਲਿਖੀਆਂ। ਸਮਾਜ ਸੁਧਾਰ ਅਤੇ ਧਰਮ ਬਾਰੇ ਇਸ ਦੇ ਵਿਚਾਰ ਕ੍ਰਾਂਤੀਕਾਰੀ ਸਨ। ਸੰਨ 1959 ਵਿਚ ਇਸ ਦੀ ਮੌਤ ਹੋ ਗਈ।

ਹ. ਪੁ.- ਹੂ. ਜ਼ ਹੂ 1900-1980.

**ਤ੍ਰਿਵੇਂਦ੍ਰਮ (ਥਿਰੁਵਨਾਥਪੁਰਮ)** : ਜ਼ਿਲ੍ਹਾ — ਕੇਰਲਾ ਰਾਜ (ਭਾਰਤ) ਦਾ ਧੁਰ ਦੱਖਣ ਵੱਲ ਦਾ ਇਹ ਇਕ ਜ਼ਿਲ੍ਹਾ ਹੈ ਜਿਸ ਦੇ ਪੱਛਮ ਵੱਲ ਅਰਬ ਸਾਗਰ ਅਤੇ ਪੂਰਬ ਵਿਚ ਕਾਰਡਾਮਮ ਹਿੱਲਜ਼ ਹਨ। ਇਹ ਸਾਹਿਲੀ ਮੈਦਾਨੀ ਇਲਾਕਾ ਹੈ ਜਿਥੇ ਕਿਤੇ-ਕਿਤੇ ਉੱਚੀਆਂ ਪਹਾੜੀਆਂ ਵੀ ਵਿਖਾਈ ਦਿੰਦੀਆਂ ਹਨ। ਇਸ ਜ਼ਿਲ੍ਹੇ ਦਾ ਰਕਬਾ 2,192 ਵ. ਕਿ. ਮੀ. ਅਤੇ ਆਬਾਦੀ 29,46,650 (1991) ਹੈ। ਝੋਨਾ ਅਤੇ ਨਾਰੀਅਲ ਇਥੋਂ ਦੀਆਂ ਵਿਸ਼ੇਸ਼ ਉਪਜਾਂ ਹਨ। ਸਮੁੰਦਰ ਵਿਚੋਂ ਮੱਛੀਆਂ ਫੜਨਾ ਵੀ ਇਥੋਂ ਦੀ ਆਰਥਿਕਤਾ ਦਾ ਆਧਾਰ ਹੈ।

ਹ.ਪੁ.—ਐਨ. ਬ੍ਰਿ. ਮਾ. 10 : 134

**ਤ੍ਰਿਵੇਂਦ੍ਰਮ** : ਸ਼ਹਿਰ — ਭਾਰਤ ਵਿਚ ਕੇਰਲਾ ਰਾਜ ਦੀ ਰਾਜਧਾਨੀ, ਰਾਜ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਬੰਬਈ ਤੋਂ 1,248 ਕਿ. ਮੀ. ਦੱਖਣ-ਦੱਖਣ-ਪੂਰਬ ਵਿਚ ਸਮੁੰਦਰੀ ਤੱਟ ਉੱਤੇ ਵਾਕਿਆ ਹੈ। ਢੋ-ਢੁਆਈ ਦਾ ਇਕ ਵੱਡਾ ਕੇਂਦਰ ਹੋਣ ਤੋਂ ਇਲਾਵਾ ਇਹ ਰਾਜ ਦਾ ਇਕ ਚੰਗਾ ਸਭਿਆਚਾਰਕ ਅਤੇ ਸੰਸਕ੍ਰਿਤਕ ਕੇਂਦਰ ਵੀ ਹੈ। ਇਥੇ ਖਣਿਜਾਂ ਦੀ ਪ੍ਰਾਸੈਸਿੰਗ, ਖੰਡ, ਕੱਪੜਾ ਬਣਾਉਣ ਦੀਆਂ ਸੱਨਅਤਾਂ ਉੱਨਤ ਹਨ। ਹਾਥੀ ਦੰਦ ਦੀਆਂ ਚੀਜ਼ਾਂ ਵੀ ਇਥੇ ਬਣਦੀਆਂ ਹਨ। ਇਹ ਵਿਦਿਆ ਦਾ ਵੀ ਉੱਘਾ ਕੇਂਦਰ ਹੈ। ਇਥੇ ਕੇਰਲਾ ਰਾਜ ਦੀ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਹੈ। ਇਸ ਯੂਨੀਵਰਸਿਟੀ ਮਾਤਹਿਤ ਕਈ ਕਾਲਜ ਅਤੇ ਤਕਨੀਕੀ ਸਕੂਲ ਹਨ।

ਇਹ ਸ਼ਹਿਰ ਰਾਜਾ ਮਾਰਤੰਡਾ ਵਰਮਾ ਅਧੀਨ ਕਾਫ਼ੀ ਪ੍ਰਸਿੱਧ ਸੀ ਜਿਸ ਨੇ ਇਸਨੂੰ 1745 ਈ. ਵਿਚ ਟ੍ਰਾਵਨਕੋਰ ਦੀ ਰਾਜਧਾਨੀ ਬਣਾਇਆ ਸੀ। ਸੰਨ 1956 ਵਿਚ ਕੇਰਲ ਰਾਜ ਬਣਨ ਤੋਂ ਪਹਿਲਾਂ ਟ੍ਰਾਵਨਕੋਰ ਕੋਚੀਨ ਦੀ ਰਾਜਧਾਨੀ ਅਤੇ ਟ੍ਰਾਵਨਕੋਰ ਰਿਆਸਤ ਦੀ ਰਾਜਧਾਨੀ ਵੀ ਸੀ। ਇਸਦਾ ਪੁਰਾਣਾ ਨਾਂ ਤੀਰੂ-ਅਨੰਤਪੁਰਮ ਸੀ। ਇਥੇ ਇਕ ਵੱਡਾ ਕਿਲਾ ਹੈ ਜਿਸ ਵਿਚ ਅਨੇਕਾਂ ਮਹੱਲ ਅਤੇ ਸ੍ਰੀ ਅਨੰਤ ਪਦਮਾਨਾਭਾ ਸਵਾਮੀ ਦਾ ਮੰਦਰ ਹੈ ਜਿਹੜਾ ਵਿਸ਼ਨੂੰ ਭਗਵਾਨ ਦੀ ਪੂਜਾ ਲਈ ਬਣਾਇਆ ਗਿਆ ਹੈ। ਇਸੇ ਮੰਦਰ ਕਰਕੇ ਹੀ ਇਹ ਸ਼ਹਿਰ ਪ੍ਰਸਿੱਧ ਹੋਇਆ ਹੈ। ਭਾਵੇਂ ਸ਼ਹਿਰ ਦੀ ਦਿੱਖ ਵਿਚ ਮੰਦਰ ਹੀ ਹਾਵੀ ਹੈ ਪਰ ਇਸ ਦੇ ਬਾਜ਼ਾਰਾਂ ਅਤੇ ਉਨ੍ਹਾਂ ਵਿਚਲੀ ਭੀੜ ਤੋਂ ਇਥੇ ਆਧੁਨਿਕ ਭਾਰਤ ਦੀ ਝਲਕ ਵੀ ਪਰਤੱਖ ਨਜ਼ਰੀ ਪੈਂਦੀ ਹੈ। ਸ਼ਹਿਰ ਦੀਆਂ ਮਹੱਤਵਪੂਰਨ ਥਾਵਾਂ ਵਿਚ ਇਕ ਅਜਾਇਬ ਘਰ, ਆਰਟ ਗੈਲਰੀ, ਪ੍ਰਯੋਗਸ਼ਾਲਾ ਅਤੇ ਜ਼ੂਆਲੋਜੀਕਲ ਗਾਰਡਨ ਸ਼ਾਮਲ ਹਨ। ਸ਼ਹਿਰ ਵਿਚ ਇਕ ਵੱਡਾ ਅੰਤਰ ਰਾਸ਼ਟਰੀ ਹਵਾਈ ਅੱਡਾ ਵੀ ਹੈ।



ਤ੍ਰਿਵੇਂਦਰਮ ਵਿਖੇ ਪਦਮਾਨਾਭਾ ਸਾਵਾਮੀ (ਵਿਸ਼ਨੂੰ) ਦਾ ਮੰਦਰ

ਆਬਾਦੀ- 8, 26, 225 (1991)

8°29′ ਉ. ਵਿਥ. ; 76°57′ ਪੂ. ਲੰਬ.

ਹ.ਪੁ.—ਐਨ. ਅਮੈ. 27:131; ਐਨ. ਬ੍ਰਿ. ਮਾ. 10:134; ਇੰਪ. ਗ. ਇੰਡ. 24:50; ਇੰਡੀਆ- ਇਨਸਾਈਟ ਗਾਈਡਜ਼ ਇੰਡੀਆ

**ਤਰੁਣ ਦਲ** : ਖਾਲਸੇ ਦੇ ਦਲ ਦਾ ਬਹੁਤ ਵਿਸਥਾਰ ਹੋਣ ਤੇ ਸੰਮਤ 1791 (1734 ਈ.) ਵਿਚ ਵਿਚਾਰਵਾਨ ਸਿੰਘਾਂ ਨੇ ਆਪਣੇ ਦੋ ਜਥੇ ਕਾਇਮ ਕੀਤੇ। ਚਾਲੀ ਸਾਲਾਂ ਤੋਂ ਘੱਟ ਉਮਰ ਵਾਲੇ ਸਿੰਘਾਂ ਦੇ ਦਲ ਦਾ ਨਾਂ ਤਰੁਣ ਦਲ ਅਤੇ ਇਸ ਤੋਂ ਵੱਡੀ ਉਮਰ ਵਾਲੇ ਸਿੰਘਾਂ ਦੇ ਟੋਲੇ ਦਾ ਨਾਂ ਬ੍ਰਿੱਧ (ਜਾਂ ਬੁੱਢਾ) ਦਲ ਰੱਖਿਆ ਗਿਆ।

ਤਰੁਣ ਦਲ ਦੇ ਅੱਗੇ ਨਿਮਨ ਪੰਜ ਜਥੇ ਥਾਪੇ ਗਏ :—

1. ਜਥਾ ਸ਼ਹੀਦਾਂ ਦਾ - ਇਸ ਜਥੇ ਵਿਚ ਦੀਪ ਸਿੰਘ, ਨੱਥਾ ਸਿੰਘ, ਗੁਰਬਖਸ਼ ਸਿੰਘ ਆਦਿ ਸਰਦਾਰ ਸਨ।
2. ਅੰਮ੍ਰਿਤਸਰੀਆਂ ਦਾ ਜਥਾ- ਇਸ ਵਿਚ ਪ੍ਰੇਮ ਸਿੰਘ, ਧਰਮ ਸਿੰਘ ਆਦਿ ਜਥੇਦਾਰ ਸਨ।
3. ਡੱਲੇਵਾਲੀਆਂ ਦਾ ਜਥਾ - ਇਸ ਵਿਚ ਦਸੌਂਧਾ ਸਿੰਘ ਗਿੱਲ, ਫਤੇ ਸਿੰਘ ਭਗਤੂ ਕਾ, ਕਰਮ ਸਿੰਘ, ਗੁਰਦਿਆਲ ਸਿੰਘ ਡੱਲੇ ਵਾਲੇ ਜਥੇਦਾਰ ਸਨ।
4. ਬਾਬਾ ਕਾਨ੍ਹ ਸਿੰਘ ਦਾ ਜਥਾ- ਇਸ ਜਥੇ ਵਿਚ ਮੀਰੀ ਸਿੰਘ ਭੱਲਾ, ਹਰੀ ਸਿੰਘ ਢਿੱਲੋਂ, ਬਾਘ ਸਿੰਘ ਹੱਲੋਵਾਲੀਆ ਆਦਿ ਜਥੇਦਾਰ ਸਨ।
5. ਮਜ਼੍ਹਬੀਆਂ ਦਾ ਜਥਾ- ਇਸ ਜਥੇ ਵਿਚ ਬੀਰ ਸਿੰਘ, ਜਿਉਣ ਸਿੰਘ, ਮਦਨ ਸਿੰਘ, ਅਮਰ ਸਿੰਘ ਮਜ਼੍ਹਬੀ ਸਰਦਾਰ ਸਨ।

ਹ.ਪੁ.—ਮ. ਕੋ. 580

**ਤ੍ਰੇਤਾ** : ਤ੍ਰੇਤਾ ਸੰਸਾਰ ਦੇ ਚਾਰ ਯੁਗਾਂ ਵਿਚੋਂ ਦੂਜਾ ਯੁਗ ਹੈ ਜਿਸ ਦਾ ਸਮਾਂ 1,292,000 ਸਾਲ ਮੰਨਿਆ ਜਾਂਦਾ ਹੈ। ਇਸ ਯੁਗ ਵਿਚ ਯੱਗ ਵੱਧ ਹੁੰਦੇ ਸਨ, ਧਰਮ ਦਾ ਚੌਥਾ ਹਿੱਸਾ ਘੱਟ ਗਿਆ ਸੀ। ਲੋਕ ਸੱਚ ਬੋਲਦੇ ਸਨ ਅਤੇ ਉਨ੍ਹਾਂ ਦੀ ਭਗਤੀ ਧਾਰਮਿਕ ਸੰਸਕਾਰਾਂ ਉਤੇ ਨਿਰਭਰ ਸੀ। ਯੱਗ ਪਵਿੱਤਰ ਕਰਮਾਂ ਅਤੇ ਕਈ ਕਿਸਮ ਦੀਆਂ ਰਸਮਾਂ ਨਾਲ ਕੀਤੇ ਜਾਂਦੇ ਸਨ। ਲੋਕ ਸਾਰੇ ਕਾਰਜ ਕਿਸੇ ਮਨੋਰਥ ਨਾਲ ਕਰਦੇ ਸਨ ਅਤੇ ਆਪਣੇ ਧਾਰਮਿਕ ਸੰਸਕਾਰਾਂ ਅਤੇ ਭੇਟਾ ਦੇ ਫਲ ਦੀ ਇੱਛਾ ਰੱਖਦੇ ਸਨ। ਉਹ ਤਪ ਨਹੀਂ ਕਰਦੇ ਸਨ ਅਤੇ ਧਾਰਮਿਕ ਕਰੱਤਵਾਂ ਦੀ ਪੂਰਤੀ ਲਈ ਰੁਚੀ ਨਹੀਂ ਰੱਖਦੇ ਸਨ।

ਹ.ਪੁ.—ਹਿੰ. ਮਿ. ਕੋ. ; ਮ. ਕੋ.

**ਤ੍ਰੰਕਬਾਰ** : ਇਹ ਤੰਜੌਰ ਜ਼ਿਲ੍ਹੇ (ਤਾਮਿਲਨਾਡੂ) ਦਾ ਇਕ ਸ਼ਹਿਰ ਹੈ ਜੋ ਨਾਗਾਪਟੀਨਮ ਦੇ ਉੱਤਰ ਵਿਚ 27 ਕਿ.ਮੀ. ਦੀ ਦੂਰੀ ਤੇ ਸਥਿਤ ਹੈ। ਪਹਿਲਾਂ ਇਹ ਇਕ ਮਹੱਤਵਪੂਰਨ ਬੰਦਰਗਾਹ ਹੁੰਦਾ ਸੀ ਅਤੇ ਸਭ ਤੋਂ ਪਹਿਲਾਂ ਇਹ ਇਕ ਡੈਨਮਾਰਕੀ ਬਸਤੀ ਵਜੋਂ ਹੋਂਦ ਵਿਚ ਆਇਆ। ਡੈਨਮਾਰਕੀ ਈਸਟ ਇੰਡੀਆ ਕੰਪਨੀ ਨੇ 1620 ਈ. ਵਿਚ ਤੰਜੌਰ ਦੇ ਰਾਜੇ ਤੋਂ ਜ਼ਮੀਨ ਪ੍ਰਾਪਤ ਕੀਤੀ ਅਤੇ ਇਥੇ ਇਕ ਕਿਲਾ ਬਣਾਇਆ। ਸੰਨ 1624 ਵਿਚ ਇਸ ਨੂੰ ਡੈਨਮਾਰਕ ਦੇ ਬਾਦਸ਼ਾਹ ਨੂੰ ਦੇ ਦਿੱਤਾ। ਸੰਨ 1780-81 ਦੀ ਲੜਾਈ ਵਿਚ ਹੈਦਰ ਅਲੀ ਨੇ ਆਰਕਾਟ ਦੇ ਨਵਾਬ ਨੂੰ ਹਥਿਆਰਾਂ ਦੀ ਸਪਲਾਈ ਕਰਨ ਬਦਲੇ ਡੈਨਮਾਰਕ ਵਾਸੀਆਂ ਤੋਂ ਇਕ ਲੱਖ ਚਾਲੀ ਹਜ਼ਾਰ ਰੁਪਏ ਜਬਰੀ ਜੁਰਮਾਨੇ ਵਜੋਂ ਵਸੂਲ ਕੀਤੇ। ਸੰਨ 1801 ਵਿਚ ਇਸ ਨੂੰ ਅੰਗਰੇਜ਼ਾਂ ਨੇ ਲੈ ਲਿਆ ਪਰ 1814 ਈ. ਵਿਚ ਇਸ ਨੂੰ ਇਕ ਸੈਰਗਾਹ ਬਣਾ ਦਿੱਤਾ। ਅੰਤ ਵਿਚ 1845 ਈ. ਵਿਚ ਇਸ ਨੂੰ ਅੰਗਰੇਜ਼ਾਂ ਨੇ 12½ ਲੱਖ ਰੁਪਏ ਵਿਚ ਖਰੀਦ ਲਿਆ।

ਸੰਨ 1706 ਵਿਚ ਸਭ ਤੋਂ ਪਹਿਲੇ ਪ੍ਰੋਟੈਸਟੈਂਟ ਮਿਸ਼ਨਰੀ, ਜ਼ਾਈਗਨ ਬਾਗ ਅਤੇ ਪਲੂਟਸ਼ਾਉ ਇਥੇ ਆਏ ਅਤੇ ਉਨ੍ਹਾਂ ਨੇ ਡੈਨਮਾਰਕ ਦੇ ਰਾਜੇ ਫ੍ਰੈਡਰਿਕ ਚੌਥੇ ਦੀ ਸਰਪ੍ਰਸਤੀ ਹੇਠ ਇਥੇ ਇਕ ਮਿਸ਼ਨ ਸਥਾਪਿਤ ਕੀਤਾ। ਭਾਰਤ ਵਿਚ ਮੁੱਢਲੇ ਪ੍ਰੋਟੈਸਟੈਂਟ ਪੂਜਾ-ਸਥਾਨਾਂ ਵਿਚੋਂ ਇਕ ਪੂਜਾ-ਸਥਾਨ ਚਰਚ ਸੀ। ਇਹ ਚਰਚ 1718 ਈ. ਵਿਚ ਬਣਾਈ ਗਈ ਸੀ। ਅਠਾਰ੍ਹਵੀਂ ਸਦੀ ਵਿਚ ਮਿਸ਼ਨ ਨੇ ਤਾਮਿਲ ਪ੍ਰਦੇਸ਼ ਦੇ ਵੱਡੇ ਹਿੱਸੇ ਉੱਤੇ ਆਪਣਾ ਪ੍ਰਭਾਵ ਫੈਲਾਇਆ ਪਰ 1762 ਈ. ਵਿਚ ਸਵਾਰਟਸ ਦੇ ਇਥੋਂ ਚਲੇ ਜਾਣ ਬਾਅਦ ਇਹ ਅਸਰ ਲੰਬੇ ਸਮੇਂ ਤੱਕ ਨਾ ਰਿਹਾ ਅਤੇ 1820 ਈ. ਵਿੱਚ ਇਹ ਪ੍ਰਭਾਵ ਵਿਵਹਾਰਕ ਤੌਰ ਤੇ ਖ਼ਤਮ ਹੋ ਗਿਆ। ਸੰਨ 1841 ਵਿਚ ਇਸ ਮਿਸ਼ਨ ਦੀ ਥਾਂ ਡਰੈਸਡਨ ਸੋਸਾਇਟੀ ਨੇ ਲੈ ਲਈ ਜੋ ਬਾਅਦ ਵਿਚ ਲਾਈਪਸਿਗ ਅਵੈਂਜਲੀਕਲ ਲੂਥਰਨ ਮਿਸ਼ਨ ਦੇ ਤੌਰ ਤੇ ਜਾਣੀ ਜਾਣ ਲਗੀ। ਇਹੀ ਮਿਸ਼ਨ ਇਕ ਅਧਿਆਪਕ-ਸਿਖਲਾਈ ਸਕੂਲ, ਇਕ ਉਦਯੋਗਿਕ ਸਕੂਲ ਅਤੇ ਛਾਪੇਖਾਨੇ ਦੇ ਨਾਲ ਨਾਲ ਲੜਕਿਆਂ ਅਤੇ ਲੜਕੀਆਂ ਲਈ ਰਿਹਾਇਸ਼ੀ ਸਕੂਲ ਨੂੰ ਚਲਾਉਂਦਾ ਸੀ। ਇਥੇ ਇਕ ਅਪਰ ਸੈਕੰਡਰੀ ਸਕੂਲ ਵੀ ਹੈ। ਡੈਨਮਾਰਕੀਆਂ ਦੇ ਸਮੇਂ ਵਿਚ ਇਹ ਇਕ ਨਿਰੰਤਰ ਕਾਰਜਸ਼ੀਲ ਬੰਦਰਗਾਹ ਹੁੰਦਾ ਸੀ। ਅੰਗਰੇਜ਼ ਹਕੂਮਤ ਅਧੀਨ ਇਸ ਬੰਦਰਗਾਹ ਰਾਹੀਂ ਨਾਗਾਪਟੀਨਮ ਤੱਕ ਵਪਾਰ ਕੀਤਾ ਜਾਣ ਲੱਗਾ। ਸੰਨ 1845 ਤੋਂ 1860 ਤੱਕ ਇਥੇ ਤੰਜੌਰ ਦੇ ਕੁਲੈਕਟਰ ਦਾ ਸਦਰ-ਮੁਕਾਮ ਅਤੇ ਜ਼ਿਲ੍ਹਾ ਜੱਜ ਦਾ ਮੁੱਖ ਦਫ਼ਤਰ ਸੀ। ਇਹ ਜ਼ਿਲ੍ਹੇ ਦੇ ਸਿਹਤਮੰਦ ਸਥਾਨਾਂ ਵਿਚੋਂ ਇਕ ਹੈ। ਪੁਰਾਣੇ ਕਿਲੇ ਨੂੰ ਕੁਝ ਸਮੇਂ ਲਈ ਜੇਲ੍ਹ ਦੇ ਤੌਰ ਤੇ ਵਰਤਿਆ ਗਿਆ ਪ੍ਰੰਤੂ ਹੁਣ ਇਹ ਇਕ ਖੰਡਰ ਹੈ। ਕਿਲੇ ਦੇ ਛੋਟੇ ਜਿਹੇ ਹਿੱਸੇ ਨੂੰ ਕਸਟਮ ਦਫ਼ਤਰ ਦੇ ਤੌਰ ਤੇ ਵਰਤਿਆ ਗਿਆ। ਯੂਰਪੀਆਂ ਦੇ ਬਹੁਤੇ ਬੰਗਲੇ ਇਸ ਕਿਲੇ ਵਿਚ ਹਨ ਪਰ ਸਥਾਨਕ ਵਸੋਂ ਦੀ ਬਹੁਗਿਣਤੀ ਪੋਰੇਆਰ ਵਿਚ ਰਹਿੰਦੀ ਹੈ।

ਆਬਾਦੀ- 18,610 (1981)

11°2′ ਉ. ਵਿਥ. ; 79°52′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 434

**ਤ੍ਰੈਮੁਦ੍ਰਾ** : ਇਸ ਦਾ ਭਾਵ ਖ਼ਾਲਸੇ ਦੇ ਤਿੰਨ ਚਿੰਨ੍ਹਾਂ ਤੋਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਛਕਾਉਣ ਸਮੇਂ ਜਿਨ੍ਹਾਂ ਚਿੰਨ੍ਹਾਂ ਦਾ ਧਿਆਨ ਰੱਖਣਾ ਖ਼ਾਲਸੇ ਲਈ ਜ਼ਰੂਰੀ ਦੱਸਿਆ, ਉਹ ਕੱਛ, ਕੇਸ ਅਤੇ ਕਿਰਪਾਨ ਸਨ।

ਤ੍ਰੈ ਮੁਦ੍ਰਾ ਕੱਛ ਕੇਸ ਕਿਰਪਾਨੰ' (ਸ. ਲੋਹ)

ਹ.ਪੁ.—ਮ. ਕੋ.

**ਤਲਚਰ** : **ਰਿਆਸਤ** — ਅਣਵੰਡੇ ਭਾਰਤ ਦੇ ਉੜੀਸਾ ਜ਼ਿਲ੍ਹੇ ਵਾਲੇ ਹਿੱਸੇ ਵਿਚਲੀਆਂ 24 ਰਿਆਸਤਾਂ ਵਿਚੋਂ ਇਹ ਇਕ ਰਿਆਸਤ ਸੀ। ਇਸ ਦੇ ਉੱਤਰ ਵੱਲ ਬਾਮਰਾ ਅਤੇ ਪਾਲ, ਲਹਾਰਾ ਅਤੇ ਪੂਰਬ ਵੱਲ ਢੇਂਕਾਨਾਲ ਦੀਆਂ ਰਿਆਸਤਾਂ ਸਨ। ਇਥੋਂ ਦੇ ਤਲਚਰ ਕਸਬੇ ਵਿਚ ਰਾਜਿਆਂ ਦੇ ਰਿਹਾਇਸ਼ੀ ਮਹੱਲ ਹੋਇਆ ਕਰਦੇ ਸਨ। ਸੰਨ 1875 ਵਿਚ ਇਸ ਰਿਆਸਤ ਦੀਆਂ ਕੋਲੇ ਦੀ ਖਾਣਾਂ ਦਾ ਮੁਕੰਮਲ ਸਰਵੇ ਕਰਵਾਇਆ ਗਿਆ ਸੀ।

20°52′ਤੋਂ 21°18′ ਉ. ਵਿਥ.; 84°54′ ਤੋਂ 85°16′ ਪੂ ਲੰਬ.

ਹ.ਪੁ.—ਇੰਪ. ਗ. ਇੰਡ. 23 : 212; ਸਟੇਟਸ ਆਫ ਅਵਰ ਯੂਨੀਅਨ ਉੜੀਸਾ- ਡਾ. ਸੀ ਰਾਮ ਚੰਦਰ ਦਾਸ

**ਤਲਚਰ** : **ਸ਼ਹਿਰ** — ਭਾਰਤ ਦੇ ਉੜੀਸਾ ਰਾਜ ਵਿਚ ਬ੍ਰਾਹਮਣੀ ਦਰਿਆ ਦੇ ਦੱਖਣ ਵੱਲ ਵਸਿਆ ਇਕ ਸ਼ਹਿਰ ਹੈ ਜਿਹੜਾ ਆਂਗੁਲ ਅਤੇ ਪਾਲ ਲਹਾੜਾਂ ਨਾਲ ਸੜਕਾਂ ਦੁਆਰਾ ਜੁੜਿਆ

ਹੋਇਆ ਹੈ। ਰਿਆਸਤਾਂ ਵੇਲੇ ਇਹ ਤਲਚਰ ਰਿਆਸਤ ਦੇ ਰਾਜਿਆਂ ਦਾ ਰਿਹਾਇਸ਼ੀ ਅਸਥਾਨ ਹੋਇਆ ਕਰਦਾ ਸੀ। ਇਹ ਸ਼ੁਰੂ ਤੋਂ ਹੀ ਇਕ ਮੰਡੀ ਵੀ ਰਿਹਾ ਹੈ। ਇਸ ਸ਼ਹਿਰ ਦੇ ਆਸਪਾਸ ਦੇ ਭੰਡਾਰਾਂ ਵਿਚੋਂ ਕੋਲਾ ਕੱਢਿਆ ਜਾਂਦਾ ਹੈ। ਅੱਜਕੱਲ੍ਹ ਇਥੇ ਥਰਮਲ ਪਾਵਰ ਸਟੇਸ਼ਨ ਹੈ। ਇਹ ਪਾਵਰ ਸਟੇਸ਼ਨ ਹੀਰਾਕੁਡ ਯੋਜਨਾ ਵਿਚ ਹੀ ਸ਼ਾਮਲ ਹੈ। ਇਸ ਪਾਵਰ ਪਲਾਂਟ ਦੀ 125 ਮਿਲੀਵਾਟ ਬਿਜਲੀ ਤਿਆਰ ਕਰਨ ਦੀ ਸਮਰੱਥਾ ਹੈ। ਇਸ ਤੋਂ ਪੈਦਾ ਕੀਤੀ ਬਿਜਲੀ ਕੱਟਕ ਅਤੇ ਪੁਰੀ ਦੇ ਕਾਰਖ਼ਾਨਿਆਂ ਅਤੇ ਘਰਾਂ ਨੂੰ ਦਿੱਤੀ ਜਾਂਦੀ ਹੈ।

ਹ.ਪੁ.–ਸਟੇਟਸ ਆਫ਼ ਅਵਰ ਯੂਨੀਅਨ– ਉੜੀਸਾ– ਡਾ. ਸ੍ਰੀ ਰਾਮ ਚੰਦਰ ਦਾਸ

**ਤੱਲਡੂ** (**Taladdu**) : ਇਹ ਤਾਮਿਲ ਭਾਸ਼ਾ ਦੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਈਸ਼ਵਰ ਦੇ ਬਾਲਪਣ ਨੂੰ ਦਰਸਾਇਆ ਗਿਆ ਹੈ। ਸਾਲਾਨਾ ਤਿਉਹਾਰਾਂ ਅਤੇ ਇਨ੍ਹਾਂ ਕਵਿਤਾਵਾਂ ਨੂੰ ਈਸ਼ਵਰ ਦੀ ਉਸਤਤੀ ਵਿਚ ਗਾਇਆ ਜਾਂਦਾ ਹੈ। ਮਾਵਾਂ ਆਪਣੇ ਬੱਚਿਆਂ ਲਈ ਵੀ ਇਹ ਗੀਤ ਗਾਉਂਦੀਆਂ ਹਨ। ਵਧੇਰੀਆਂ ਕਵਿਤਾਵਾਂ ਅਸ਼ਲੀਲ ਅਤੇ ਕੁਝ ਅਨੁਪ੍ਰਾਸਯੁਕਤ ਹੁੰਦੀਆਂ ਹਨ। ਸਾਧਾਰਣ ਤੱਲਡੂ ਬਾਲਵਾੜੀ ਦੀਆਂ ਕਵਿਤਾਵਾਂ ਹੁੰਦੀਆਂ ਹਨ।

ਹ.ਪੁ.–ਐਨ. ਏ. ਸੀ. 8 : 805.

**ਤਲੰਬਾ** : ਇਹ ਪਾਕਿਸਤਾਨ ਦੇ ਸੂਬਾ ਪੰਜਾਬ ਦੇ ਮੁਲਤਾਨ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜੋ ਮੁਲਤਾਨ ਸ਼ਹਿਰ ਤੋਂ ਲਗਭਗ 75 ਕਿ. ਮੀ. ਉੱਤਰ-ਪੂਰਬ ਵੱਲ ਰਾਵੀ ਦਰਿਆ ਦੇ ਖੱਬੇ ਕੰਢੇ ਤੋਂ 3 ਕਿ. ਮੀ. ਦੀ ਦੂਰੀ ਤੇ ਵੱਸਿਆ ਹੋਇਆ ਹੈ। ਮੌਜੂਦਾ ਸ਼ਹਿਰ ਦੀ ਉਸਾਰੀ ਇਸ ਦੇ ਦੱਖਣ ਵੱਲ 2 ਕਿ. ਮੀ. ਦੀ ਦੂਰੀ ਤੇ ਬਣੀ ਇਕ ਪੁਰਾਣੀ ਗੜ੍ਹੀ ਦੀਆਂ ਇੱਟਾਂ ਨਾਲ ਕੀਤੀ ਗਈ ਹੈ। ਇਹ ਕਿਸੇ ਸਮੇਂ ਸ਼ਕਤੀ ਦਾ ਗੜ੍ਹ ਸੀ। ਕਨਿੰਘਮ ਨੇ ਇਸ ਸ਼ਹਿਰ ਦਾ ਪੁਰਾਤਨ ਇਤਿਹਾਸ ਲਿਖਦੇ ਹੋਏ ਇਸ ਦੀ ਪੁਰਾਤਨਤਾ ਨੂੰ ਮਲਤਾਨ ਵਿਚ ਮਿਲੇ ਖੰਡਰਾਂ ਜਿੰਨੀ ਪੁਰਾਣੀ ਦੱਸਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਉਹੀ ਥਾਂ ਹੈ ਜਿਸ ਉੱਤੇ ਸਿਕੰਦਰ ਮਹਾਨ ਨੇ ਕਬਜ਼ਾ ਕੀਤਾ ਸੀ। ਇਸੇ ਤਰ੍ਹਾਂ ਮੁਹੰਮਦ ਗਜ਼ਨਵੀ ਦਾ ਵੀ ਇਸ ਉੱਤੇ ਕਬਜ਼ਾ ਰਿਹਾ। ਬਾਅਦ ਵਿਚ ਤੈਮੂਰ ਨੇ ਸ਼ਹਿਰ ਦੀ ਬਹੁਤ ਤਬਾਹੀ ਕੀਤੀ ਅਤੇ ਇਥੋਂ ਦੇ ਨਿਵਾਸੀਆਂ ਦਾ ਕਤਲੇਆਮ ਕੀਤਾ। ਸੰਨ 1510-25 ਦੌਰਾਨ ਰਾਵੀ ਦਰਿਆ ਦਾ ਰਸਤਾ ਬਦਲਣ ਕਰਕੇ ਇਹ ਥਾਂ ਉੱਜੜ ਗਿਆ। ਇਸ ਸ਼ਹਿਰ ਨੂੰ ਅਹਿਮਦ ਸ਼ਾਹ ਨੇ ਵੀ ਲੁੱਟਿਆ। ਸੰਨ 1874 ਤੋਂ ਇਥੇ ਮਿਉਂਸਪਲਟੀ ਹੈ।

30°31′ ਉ. ਵਿਥ.; 72°15′ ਪੂ. ਲੰਬ.

ਹ.ਪੁ.–ਇੰਪ. ਗ. ਇੰਡ. 23 : 211

**ਤਲਮਾਪਨ ਅਤੇ ਤਲਮਾਪੀ ਯੰਤਰ** : ਸਰਵੇਖਣ ਦੀ ਇਕ ਵਿਧੀ ਹੈ ਜਿਸ ਦੀ ਸਹਾਇਤਾ ਨਾਲ ਧਰਤੀ ਦੀ ਸਤ੍ਹਾ ਉਪਰਲੇ ਦੋ ਜਾਂ ਦੋ ਤੋਂ ਵੱਧ ਬਿੰਦੂਆਂ ਵਿਚਲੀ ਸਾਪੇਖੀ ਉਚਾਈ ਦਾ ਅੰਤਰ ਮਿਣਿਆ ਜਾਂਦਾ ਹੈ , ਇਹ ਬਿੰਦੂ ਬੇਸ਼ਕ ਆਪਸ ਵਿਚ ਅਦਿੱਖ ਜਾਂ ਦਿੱਖ, ਕਿਸੇ ਤਰ੍ਹਾਂ ਦੇ ਵੀ ਕਿਉਂ ਨਾ ਹੋਣ। ਜੇਕਰ ਬਿੰਦੂਆਂ ਦੀ ਸਾਪੇਖੀ ਉਚਾਈ ਕਿਸੀ ਇਕ ਹੀ ਨਿਰਦੇਸ਼ ਤਲ ਤੋਂ ਮਿਣੀ ਗਈ ਹੋਵੇ ਤਾਂ ਇਸ ਨੂੰ ਨਿਰਪੇਖ ਉਚਾਈ ਕਿਹਾ ਜਾਂਦਾ ਹੈ। ਤਲ ਜਾਂ ਤਲ ਦੀ ਸਤ੍ਹਾ ਉਹ ਭਾਗ ਹੁੰਦਾ ਹੈ ਜਿਹੜਾ ਹਰ ਬਿੰਦੂ ਅਤੇ ਧਰਤੀ ਦੀ ਗੁਰੂਤਾ ਖਿੱਚ ਵਾਲੀ ਦਿਸ਼ਾ ਨਾਲ ਸਮਕੋਣ ਬਣਾਉਂਦਾ ਹੋਵੇ। ਧਰਤੀ ਗੋਲਾਕਾਰ ਹੈ। ਇਸ ਲਈ ਉਪਰਲੀ ਸਤ੍ਹਾ ਸਮਤਲ ਨਹੀਂ ਹੁੰਦੀ ਅਤੇ ਨਾ ਹੀ ਇਸ ਦਾ ਕੋਈ ਨਿਯਮਿਤ ਆਕਾਰ ਹੁੰਦਾ ਹੈ। ਇਹੋ ਕਾਰਨ ਹੈ ਕਿ ਗੁਰੂਤਾ ਖਿੱਚ ਦੀ ਦਿਸ਼ਾ ਧਰਤੀ ਦੀ ਸਤ੍ਹਾ ਉੱਤੇ ਹਰ ਬਿੰਦੂ ਉੱਤੇ ਸਮਾਨ ਨਹੀਂ ਹੁੰਦੀ। ਅਜਿਹੀ ਸਤ੍ਹਾ ਦੇ ਕਿਸੇ ਵੀ ਬਿੰਦੂ ਉੱਤੇ ਸਪਰਸ਼ੀ ਸਮਤਲ ਨੂੰ ਖਿਤਿਜੀ ਸਮਤਲ ਕਹਿੰਦੇ ਹਨ ਅਤੇ ਖਿਤਿਜੀ ਸਮਤਲ ਵਿਚ ਖਿੱਚੀ ਗਈ ਜਾਂ ਕਲਪਿਤ ਕਿਸੇ ਵੀ ਰੇਖਾ ਨੂੰ ਖਿਤਿਜੀ ਰੇਖਾ ਕਿਹਾ ਜਾਂਦਾ ਹੈ। ਕਿਸੇ ਚੁਣੇ ਹੋਏ ਨਿਸ਼ਚਿਤ ਸਥਾਨ ਉੱਤੇ ਜਵਾਰਭਾਟੇ ਦੇ ਕਾਰਨ ਚੜ੍ਹਦੇ ਤੇ ਉਤਰਦੇ ਸਮੁੰਦਰੀ ਪਾਣੀ ਦੇ ਉਤਾਰ ਚੜ੍ਹਾਅ ਦੀ ਮਿਣਤੀ ਲਗਾਤਾਰ ਕਈ ਸਾਲਾਂ ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਸਾਰੀਆਂ ਮਿਣਤੀਆਂ ਦੀ ਔਸਤ ਕੱਢ ਲਈ ਜਾਂਦੀ ਹੈ ਜਿਸ ਨੂੰ ਔਸਤ ਸਮੁੰਦਰੀ ਤਲ ਕਿਹਾ ਜਾਂਦਾ ਹੈ ਅਤੇ ਇਸ ਨੂੰ ਹੀ ਆਧਾਰ ਤਲ ਮੰਨਿਆ ਜਾਂਦਾ ਹੈ। ਭਾਰਤ ਵਿਚ ਪਹਿਲਾਂ ਕਰਾਚੀ ਅਤੇ ਹੁਣ ਨੌਂ ਬੰਦਰਗਾਹਾਂ ਉੱਤੇ ਮਿਣੇ ਗਏ ਸਮੁੰਦਰੀ ਤਲਾਂ ਦੇ ਔਸਤ ਨੂੰ ਆਧਾਰ ਤਲ ਮੰਨਿਆ ਜਾਂਦਾ ਹੈ। ਕਿਸੇ ਸਥਾਨਕ ਮੰਤਵ ਲਈ ਕੋਈ ਇਕ ਆਧਾਰ ਤਲ ਮਿੱਥ ਕੇ ਚਲਾਇਆ ਜਾ ਸਕਦਾ ਹੈ।

ਤਲਮਾਪਨ ਦਾ ਸਿੱਧਾਂਤ — ਜੇਕਰ ਕਿਸੇ ਦੋ ਬਿੰਦੂਆਂ ਕ ਅਤੇ ਖ ਦੇ ਉੱਪਰੋਂ ਲੰਘ ਰਹੀ ਖਿਤਿਜੀ ਰੇਖਾ ਚ, ਛ ਤੋਂ ਇਨ੍ਹਾਂ ਬਿੰਦੂਆਂ ਦੀ ਡੂੰਘਾਈ ਚ, ਕ ਅਤੇ ਛ,ਖ ਦਾ ਪਤਾ ਲਗਾ ਲਿਆ ਹੋਵੇ




ਚਿੱਤਰ ਨੰ. 1 ਤਲਮਾਪਨ

ਤਾਂ ਇਨ੍ਹਾਂ ਦੀ ਸਾਪੇਖੀ ਉਚਾਈ = ਚ ਕ –ਛ ਖ ਹੋਵੇਗੀ ਜਿਹਾ ਕਿ ਚਿੱਤਰ ਵਿਚ ਦਰਸਾਇਆ ਗਿਆ ਹੈ। ਤਲਮਾਪਨ ਦਾ ਇਹੋ ਹੀ ਸਿੱਧਾਂਤ ਹੈ। ਖਿਤਿਜੀ ਰੇਖਾ ਤਲਮਾਪਨ ਯੰਤਰ ਨਾਲ ਅਤੇ ਬਿੰਦੂਆਂ ਦੀ ਖਿਤਿਜੀ ਰੇਖਾ ਤੋਂ ਡੂੰਘਾਈ ਦਰਜੇਦਾਰ ਛੜਾਂ ਦੀ ਸਹਾਇਤਾ ਨਾਲ ਪਤਾ ਕੀਤੀ ਜਾਂਦੀ ਹੈ।

ਤਲਮਾਪਨ ਯੰਤਰ ਦੇ ਦੋ ਮੁੱਖ ਭਾਗ ਹੁੰਦੇ ਹਨ, ਪਹਿਲਾ ਦੂਰਬੀਨ ਅਤੇ ਦੂਜਾ ਤਲਮਾਪਨ ਨਲੀ ਜਾਂ ਟਿਊਬ (ਸਪਿਰਟ ਲੈਵਲ)। ਦੂਰਬੀਨ ਇਕ ਲੰਬਾਤਮਕ ਧੁਰੇ ਉੱਤੇ ਫਿੱਟ ਕੀਤੀ ਹੁੰਦੀ ਹੈ ਜਿਹੜੀ ਖਿਤਿਜੀ ਤਲ ਵਿਚ ਘੁੰਮਣਸ਼ੀਲ ਹੁੰਦੀ ਹੈ ਅਤੇ ਧੁਰੇ ਨਾਲ ਇਹ ਸਮਕੋਣ ਬਣਾਉਂਦੀ ਹੈ। ਦੂਰਬੀਨ ਨਾਲ ਤਲਮਾਪਨ ਟਿਊਬ ਇਸ ਤਰ੍ਹਾਂ ਫਿੱਟ ਕੀਤੀ ਹੁੰਦੀ ਹੈ ਕਿ ਇਸ ਦਾ ਧੁਰਾ ਦੂਰਬੀਨ ਦੀ ਦ੍ਰਿਸ਼ਟੀ ਦਿਸ਼ਾ ਦੇ ਸਮਾਂਤਰ ਰਹਿੰਦਾ ਹੈ। ਇਸੇ ਕਰਕੇ ਜਦੋਂ ਤਲਮਾਪਨ ਟਿਊਬ ਦਾ ਬੁਲਬਲਾ ਨਲੀ ਦੇ ਮੱਧ ਵਿਚ ਹੁੰਦਾ ਹੈ ਤਾਂ ਦ੍ਰਿਸ਼ਟੀ ਰੇਖਾ ਦੀ ਖਿਤਿਜੀ ਹੁੰਦੀ ਹੈ। ਜਦੋਂ ਇਨ੍ਹਾਂ ਦੋਵਾਂ ਦੀ ਆਪਸੀ ਇਕਸੁਰਤਾ ਹਿਲ ਜਾਂਦੀ ਹੈ ਤਾਂ ਇਸ ਨੂੰ ਠੀਕ ਕਰਨ ਦਾ ਵੀ ਪ੍ਰਬੰਧ ਕੀਤਾ ਹੁੰਦਾ ਹੈ। ਦਰਜੇਦਾਰ ਛੜਾਂ ਸਧਾਰਨ ਲੱਕੜ ਦੀਆਂ ਬਣੀਆਂ ਹੋਈਆਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਲਗੇ ਦਰਜੇ ਮੀਟਰ ਦੇ 100 ਵੇਂ ਭਾਗ ਤੱਕ ਹੁੰਦੇ ਹਨ। ਇਨ੍ਹਾਂ ਨੂੰ ਤਲਮਾਪਨ ਮੀਟਰ ਰਾੱਡ ਕਿਹਾ ਜਾਂਦਾ ਹੈ।

**ਖੇਤਰੀ ਕਾਰਜ** : ਜਿਨ੍ਹਾਂ ਬਿੰਦੂਆਂ ਦੀ ਸਾਪੇਖੀ ਉਚਾਈ ਦਾ ਪਤਾ ਲਗਾਉਣਾ ਹੁੰਦਾ ਹੈ ਉਨ੍ਹਾਂ ਉੱਤੇ ਤਲਮਾਪਨ ਮੀਟਰ ਰਾੱਡਾਂ ਨੂੰ ਇਕ ਦਮ ਲੰਬਾਤਮਕ ਖੜ੍ਹਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਵਿਚਕਾਰਲੇ ਕਿਸੇ ਸਥਾਨ ਉੱਤੇ ਤਲਮਾਪਨ ਯੰਤਰ ਰੱਖਕੇ ਦੂਰਬੀਨ ਨਾਲ ਲਗੇ ਹੋਏ ਸਪਿਰਟ ਲੈਵਲ ਦੇ ਬੁਲਬਲੇ ਨੂੰ ਮੱਧ ਵਿਚ ਲਿਆਇਆ ਜਾਂਦਾ ਹੈ ਅਤੇ ਵਾਰੀ ਵਾਰੀ ਦ੍ਰਿਸ਼ਟੀ ਰੇਖਾ ਦੇ ਸਾਹਮਣੇ ਵਾਲੇ ਮੀਟਰ ਰਾੱਡਾਂ ਦੇ ਅੱਖਰਾਂ ਨੂੰ ਪੜ੍ਹਕੇ ਇਨ੍ਹਾਂ ਦੇ ਆਪਸੀ ਅੰਤਰ ਤੋਂ ਸਾਪੇਖੀ ਉਚਾਈ ਦਾ ਪਤਾ ਲਗਾਇਆ ਜਾਂਦਾ ਹੈ।

ਜੇਕਰ ਬਿੰਦੂ ਇਕ ਦੂਜੇ ਤੋਂ ਬਹੁਤ ਦੂਰ ਹੋਣ ਅਤੇ ਦਿਖਾਈ ਨਾ ਦਿੰਦੇ ਹੋਣ ਤਾਂ ਉਨ੍ਹਾਂ ਦੇ ਵਿਚਕਾਰ ਕ੍ਰਮਵਾਰ ਕਈ ਬਿੰਦੂ ਅਜਿਹੇ ਲਏ ਜਾਂਦੇ ਹਨ ਜਿਨ੍ਹਾਂ ਵਿਚਕਾਰ ਤਲਮਾਪਨ ਨੂੰ ਸੈੱਟ ਕਰਕੇ ਮਿਣਤੀ ਕੀਤੀ ਜਾ ਸਕਦੀ ਹੋਵੇ। ਇਸ ਤਰ੍ਹਾਂ ਕ੍ਰਮਵਾਰ ਬਿੰਦੂਆਂ ਦੀਆਂ ਸਾਪੇਖੀ ਉਚਾਈਆਂ ਦਾ ਪਤਾ ਲਗਾਉਂਦੇ ਹੋਏ, ਲੋੜੀਂਦੇ ਬਿੰਦੂ ਦੀ ਉਚਾਈ ਦਾ ਪਤਾ ਲਗਾ ਲਿਆ ਜਾਂਦਾ ਹੈ। ਸਮੁੱਚੇ ਦੇਸ਼ ਵਿਚ ਨਿਸ਼ਚਿਤ ਕੀਤੇ ਗਏ ਸਥਾਈ ਬਿੰਦੂਆਂ ਦੇ ਆਧਾਰ ਤਲ ਤੋਂ ਤਲਮਾਪਨ ਦੁਆਰਾ ਸਾਪੇਖੀ ਉਚਾਈਆਂ ਦਾ ਪਤਾ ਲਗਾਉਣ ਉਪਰੰਤ ਰਿਕਾਰਡ ਤਿਆਰ ਕਰ ਲਿਆ ਜਾਂਦਾ ਹੈ। ਅਜਿਹੇ ਬਿੰਦੂਆਂ ਨੂੰ ਤਲ ਚਿੰਨ੍ਹ ਕਹਿੰਦੇ ਹਨ। ਜਦੋਂ ਕਿਸੇ ਖੇਤਰ ਦਾ ਤਲਮਾਪਨ ਕਰਨ ਦੀ ਜ਼ਰੂਰਤ ਪੈਂਦੀ ਹੈ ਤਾਂ ਇਨ੍ਹਾਂ ਨੇੜਲੇ ਤਲ ਚਿੰਨ੍ਹਾਂ ਦਾ ਹੀ ਇਸਤੇਮਾਲ ਕੀਤਾ ਜਾਂਦਾ ਹੈ। ਉਪਰੋਕਤ ਤਲਮਾਪਨ ਵਿਧੀ ਨੂੰ ਪ੍ਰਤੱਖ ਤਲਮਾਪਨ ਕਹਿੰਦੇ ਹਨ।

ਧਰਤੀ ਦੀ ਸਤ੍ਹਾ ਤੋਂ ਵਧਦੀ ਉਚਾਈ ਦੇ ਅਨੁਪਾਤ ਨਾਲ ਹਵਾ ਦਾ ਦਬਾਉ ਘਟਦਾ ਜਾਂਦਾ ਹੈ। ਇਸ ਤੱਥ ਦਾ ਲਾਭ ਉਠਾ ਕੇ ਬੈਰੋਮੀਟਰ ਦੀ ਸਹਾਇਤਾ ਨਾਲ ਬਿੰਦੂਆਂ ਵਿਚਲੀਆਂ ਸਾਪੇਖੀ ਉਚਾਈਆਂ ਦਾ ਪਤਾ ਲਗਾਇਆ ਜਾਂਦਾ ਹੈ। ਇਸੇ ਤਰ੍ਹਾਂ ਹਵਾ ਦੇ ਦਬਾਉ ਦੇ ਘਟਣ ਨਾਲ ਪਾਣੀ ਦਾ ਅਪਵਰਤਨ ਅੰਕ ਵੀ ਘੱਟ ਜਾਂਦਾ ਹੈ। ਇਸ ਉੱਤੇ ਵੀ ਉਚਾਈ ਪਤਾ ਕਰਨ ਦਾ ਇਕ ਢੰਗ ਆਧਾਰਤ ਹੈ ਜਿਸ ਨੂੰ ਹਿਪਸੋਮੀਟਰੀ ਕਹਿੰਦੇ ਹਨ। ਕਿਸੇ ਬਿੰਦੂ ਵਿਚੋਂ ਦੀ ਲੰਘ ਰਹੇ ਖਿਤਿਜੀ ਤਲ ਨਾਲ ਹੋਰ ਬਿੰਦੂਆਂ ਦੇ ਝੁਕਾਉ ਕੋਣ ਨਾਪਣ ਨਾਲ ਵੀ ਸਾਪੇਖੀ ਉਚਾਈਆਂ ਦਾ ਪਤਾ ਲਗਾਇਆ ਜਾਂਦਾ ਹੈ। ਅਜਿਹੀਆਂ ਤਲਮਾਪਨ ਵਿਧੀਆਂ ਨੂੰ ਅਪ੍ਰਤੱਖ ਤਲਮਾਪਨ ਕਹਿੰਦੇ ਹਨ। ਤਲਮਾਪਨ ਦਾ ਸਭ ਤੋਂ ਵੱਧ ਉਪਯੋਗ ਇੰਜੀਨੀਅਰਿੰਗ ਦੇ ਕਿੱਤੇ ਵਿਚ ਵਿਕਾਸ ਅਤੇ ਨਿਰਮਾਣ ਦੇ ਕੰਮ ਲਈ ਕੀਤਾ ਹੈ (ਵਿਸਥਾਰ ਲਈ ਵੇਖੋ ਸਰਵੇਖਣ)।

ਦੋ ਆਧਾਰਾਂ ਉੱਤੇ ਤਲਮਾਪਨ ਦਾ ਵਰਗੀਕਰਨ ਵੀ ਕੀਤਾ ਗਿਆ ਹੈ। ਬਾਰੀਕੀ ਦੇ ਆਧਾਰ ਉੱਤੇ ਪਹਿਲਾਂ ਵਾਸਤਵਿਕ ਤਲਮਾਪਨ, ਦੂਜਾ ਸੈਕੰਡਰੀ ਤਲਮਾਪਨ ਅਤੇ ਤੀਜਾ ਟਰਸ਼ਰੀ ਤਲਮਾਪਨ ਹੈ। ਕਾਰਜ ਦੀ ਸੌਖ ਦੇ ਆਧਾਰ ਉੱਤੇ ਅਪਣਾਈਆਂ ਗਈਆਂ ਤਲਮਾਪਨ ਵਿਧੀਆਂ ਪੜਤਾਲ ਤਲਮਾਪਨ ਲੰਬੇ ਦਾਅ ਜਾਂ ਲਾਂਗੀਚਿਊਡਨਲ ਤਲਮਾਪਨ, ਆਡਾ ਜਾਂ ਕ੍ਰਾਸ ਸੈਕਸ਼ਨਲ ਤਲਮਾਪਨ ਆਦਿ ਹਨ। ਕਿਸੇ ਮੁੱਖ ਮਾਰਗ ਨਿਰਮਾਣ ਲਈ ਸੱਜੇ ਖੱਬੇ ਕੀਤੇ ਗਏ ਤਲਮਾਪਨ ਨੂੰ ਫਲਾਇੰਗ ਤਲਮਾਪਨ ਕਿਹਾ ਜਾਂਦਾ ਹੈ।

**ਤਲਮਾਪੀ ਯੰਤਰ** — ਇਸ ਯੰਤਰ ਦਾ ਉਦੇਸ਼ ਖਿਤਿਜੀ ਰੇਖਾ ਉਪਲੱਬਧ ਕਰਨਾ ਹੈ। ਧਰਤੀ ਦੀ ਸਤ੍ਹਾ ਉੱਤੇ ਸਥਿਤ ਬਿੰਦੂਆਂ ਦੀ ਸਾਪੇਖੀ ਉਚਾਈ ਦਾ ਪਤਾ ਲਗਾਉਣ ਲਈ ਸਰਵੇਖਕ ਤਲਮਾਪਨ ਕਰਦਾ ਹੈ। ਇਸ ਤਰ੍ਹਾਂ ਖਿਤਿਜੀ ਦ੍ਰਿਸ਼ਟੀ ਰੇਖਾ ਨਾਲ ਬਿੰਦੂਆਂ ਦੀ ਉਚਾਈ ਜਾਂ ਡੂੰਘਾਈ ਮਿਣਕੇ ਹੀ ਸਰਵੇਖਕ ਤਲਮਾਪਨ ਦੁਆਰਾ ਸਾਪੇਖੀ ਉਚਾਈਆਂ ਦਾ ਪਤਾ ਲਗਾਉਣ ਵਿਚ ਸਫ਼ਲ ਹੁੰਦਾ ਹੈ। ਡੂੰਘਾਈ ਮਿਣਨ ਲਈ ਦਰਜੇਦਾਰ ਫੱਟੀਆਂ ਜਾਂ ਡੰਡਿਆਂ (ਮੀਟਰ ਰਾੱਡ) ਦਾ ਉਪਯੋਗ ਕੀਤਾ ਜਾਂਦਾ ਹੈ। ਉਨ੍ਹਾਂ ਉੱਤੇ ਅੰਕਿਤ ਦਰਜੇ ਮੀਟਰ ਜਾਂ ਫੁੱਟ ਦੇ 100 ਵੇਂ ਭਾਗ ਹੁੰਦੇ ਹਨ। ਦੂਰੀ ਤੋਂ ਇਨ੍ਹਾਂ ਦਰਜਿਆਂ ਨੂੰ ਸਾਫ਼ ਸਾਫ਼ ਪੜ੍ਹਨ ਲਈ ਦੂਰਬੀਨ ਦਾ ਇਸਤੇਮਾਲ ਕੀਤਾ ਜਾਂਦਾ ਹੈ। ਘੁੰਮਣਸ਼ੀਲ ਦੂਰਬੀਨ ਤਿੰਨ ਪੇਚਾਂ ਵਾਲੀ ਤਿਪਾਈ ਉੱਤੇ ਕੱਸੀ ਹੁੰਦੀ ਹੈ ਜਿਹੜੀ ਧੁਰੇ ਦੁਆਲੇ ਘੁੰਮੇ ਤਾਂ ਦੂਰਬੀਨ ਹਮੇਸ਼ਾ ਖਿਤਿਜੀ ਤਲ ਵਿਚ ਹੀ ਰਹੇ। ਇਸ ਵਿਸ਼ੇਸ਼ ਅੰਤਰ ਕਾਰਨ ਹੀ ਇਹ ਦੂਰਬੀਨ ਆਮ ਦੂਰਬੀਨਾਂ ਨਾਲੋਂ ਵੱਖਰੀ ਹੁੰਦੀ ਹੈ। ਇਸ ਦੂਰਬੀਨ ਦੇ



ਚਿੱਤਰ ਨੰ. 2 ਤਲਮਾਪੀ ਅਤੇ ਕ੍ਰਾੱਮ-ਤਾਰ

ਨੇਤਰ ਲੈੱਨਜ਼ ਅਤੇ ਵਸਤੂ ਲੈੱਨਜ਼ ਵਿਚਕਾਰ ਕ੍ਰੱਸ- ਤਾਰ ਵਾਲਾ ਪਰਦਾ ਫਿੱਟ ਕਰਕੇ ਦ੍ਰਿਸ਼ਟੀ ਰੇਖਾ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਪ੍ਰਾਪਤ ਹੋਈ ਸਥਾਈ ਰੇਖਾ ਨੂੰ ਸਮਾਂਤਰਨ ਰੇਖਾ ਵੀ ਕਿਹਾ ਜਾਂਦਾ ਹੈ। ਦੂਰਬੀਨ ਵਿਚ ਇਕ ਸਪਿਰਟ ਲੈਵਲ ਫਿੱਟ ਕੀਤਾ ਹੁੰਦਾ ਹੈ ਜਿਸ ਦਾ ਧੁਰਾ ਦੂਰਬੀਨ ਦੀ ਦ੍ਰਿਸ਼ਟੀ ਰੇਖਾ ਦੇ ਸਮਾਂਤਰ ਰੱਖਿਆ ਜਾਂਦਾ ਹੈ। ਜਦੋਂ ਯੰਤਰ ਦੇ ਹੇਠਾਂ ਲਗੇ ਪੇਚਾਂ ਦੀ ਸਹਾਇਤਾ ਨਾਲ ਜਿਨ੍ਹਾਂ ਨੂੰ ਖਿਤਿਜਕੀ ਪੇਚ ਵੀ ਕਹਿੰਦੇ ਹਨ, ਸਪਿਰਟ ਲੈਵਲ ਦੇ ਬੁਲਬਲੇ ਨੂੰ ਕੇਂਦਰ ਵਿਚ ਸਥਿਤ ਕੀਤਾ ਜਾਂਦਾ ਹੈ ਤਾਂ ਦ੍ਰਿਸ਼ਟੀ ਰੇਖਾ ਸਪਿਰਟ ਲੈਵਲ ਦੇ ਧੁਰੇ ਦੇ ਸਮਾਂਤਰ ਹੋਣ ਕਰਕੇ ਖਿਤਿਜੀ ਹੋ ਜਾਂਦੀ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਤਲਮਾਪੀ ਵਿਚ ਸਪਿਰਟ ਲੈਵਲ ਅਤੇ ਦੂਰਬੀਨ ਹੀ ਸਭ ਨਾਲੋਂ ਵਧੇਰੇ ਮਹੱਤਵਪੂਰਨ ਯੰਤਰ ਹੁੰਦੇ ਹਨ। ਦੂਰਬੀਨ ਵਿਚਲੀ ਕ੍ਰੱਸ -ਤਾਰ ਦੀ ਸਹਾਇਤਾ ਨਾਲ ਦ੍ਰਿਸ਼ਟੀ ਰੇਖਾ ਨਿਰਧਾਰਿਤ ਕੀਤੀ ਜਾਂਦੀ ਹੈ।

ਉਪਰੋਕਤ ਚਿੱਤਰ ਵਿਚ ਇਕ ਤਲਮਾਪੀ ਅਤੇ ਨਾਲ ਕ੍ਰੱਸ - ਤਾਰ ਦਿਖਾਏ ਗਏ ਹਨ। ਕ੍ਰੱਸ-ਤਾਰ ਵਿਚ ਆਮ ਕਰਕੇ ਤਿੰਨ ਰੇਖਾਵਾਂ ਖਿਤਿਜੀ ਅਤੇ ਇਕ ਲੰਬਾਤਮਕ ਰੇਖਾ ਹੁੰਦੀ ਹੈ। ਲੰਬਾਤਮਕ ਅਤੇ ਵਿਚਕਾਰ ਵਾਲੀ ਖਿਤਿਜੀ ਰੇਖਾ ਕ੍ਰੱਸ-ਤਾਰ ਬਣਾਉਣ ਵਾਲੇ ਗੋਲ ਛੱਲੇ ਨਾਲ ਸਮਕੋਣ ਉੱਤੇ ਆਪਸ ਵਿਚ ਇਕ ਦੂਜੇ ਨੂੰ ਕੱਟਦੇ ਹੋਏ ਦੋ ਵਿਆਸ ਹੁੰਦੇ ਹਨ। ਦੂਜੀਆਂ ਦੋ ਖਿਤਿਜੀ ਰੇਖਾਵਾਂ ਜੋ ਛੋਟੀਆਂ ਹੁੰਦੀਆਂ ਹਨ ਇਨ੍ਹਾਂ ਵਿਚੋਂ ਇਕ ਵਿਚਕਾਰਲੀ ਰੇਖਾ ਦੇ ਇਕ ਉਪਰ ਅਤੇ ਦੂਜੀ ਉਨੀ ਹੀ ਦੂਰੀ ਉੱਤੇ ਹੇਠਾਂ ਹੁੰਦੀ ਹੈ। ਉਂਜ ਤਲਮਾਪਨ ਲਈ ਸਮਕੋਣ ਉੱਤੇ ਕੱਟ ਰਹੀਆਂ ਦੋਵੇਂ ਰੇਖਾਵਾਂ ਦਾ ਹੀ ਪ੍ਰਯੋਗ ਹੁੰਦਾ ਹੈ ਪਰ ਦੋ ਹੋਰ ਛੋਟੀਆਂ ਰੇਖਾਵਾਂ ਮੁਹੱਈਆ ਕਰਕੇ ਸਰਵੇਖਕ ਲਈ ਦੋ ਹੋਰ ਵੱਡੀਆਂ ਸਹੂਲਤਾਂ ਪੈਦਾ ਕੀਤੀਆਂ ਗਈਆਂ ਹਨ। ਪਹਿਲੀ ਸਹੂਲਤ ਮੀਟਰ ਰੱਡ ਉੱਤੇ ਕ੍ਰੱਸ-ਤਾਰ ਦੇ ਵਿਚਕਾਰਲੀ ਖਿਤਿਜੀ ਰੇਖਾ ਉੱਤੇ ਕੱਟਣ ਵਾਲੇ, ਮਿਣਤੀ ਲਈ ਵੰਡੇ ਗਏ ਅੰਕਾਂ ਦੇ ਨਾਲ ਨਾਲ ਦੋ ਛੋਟੀਆਂ ਕ੍ਰੱਸ-ਤਾਰਾਂ ਦੁਆਰਾ ਕੱਟੇ ਗਏ ਅੰਕ ਵੀ ਪੜ੍ਹ ਲਏ ਜਾਂਦੇ ਹਨ। ਇਨ੍ਹਾਂ ਤਿੰਨਾਂ ਪੜ੍ਹਤਾਂ ਦੀ ਔਸਤ ਵਿਚਕਾਰਲੀ ਕ੍ਰੱਸ-ਤਾਰ ਦੀ ਪੜ੍ਹਤ ਦੇ ਬਰਾਬਰ ਹੋਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਸਰਵੇਖਕ ਦੁਆਰਾ ਲਈਆਂ ਗਈਆਂ ਪੜ੍ਹਤਾਂ ਦੇ ਸਹੀ ਹੋਣ ਦੀ ਪੁਸ਼ਟੀ ਹੋ ਜਾਂਦੀ ਹੈ। ਦੂਸਰੀ ਸਹੂਲਤ ਇਹ ਹੈ ਕਿ ਇਹ ਕ੍ਰੱਸ-ਤਾਰ ਇਸ ਤਰ੍ਹਾਂ ਲਗਾਏ ਜਾਂਦੇ ਹਨ ਕਿ ਇਹ ਇਕ ਖ਼ਾਸ ਦੂਰੀ ਉੱਤੇ ਰਖੇ ਗਏ ਮੀਟਰ ਰੱਡ ਉਪਰ ਅੱਡ ਅੱਡ ਅੰਕ ਪੜ੍ਹਦੇ ਹਨ। ਆਮ ਕਰਕੇ ਕ੍ਰੱਸ-ਤਾਰਾਂ ਦੁਆਰਾ ਕੱਟੇ ਗਏ ਅੰਕ ਅਤੇ ਮੀਟਰ ਰੱਡ ਦੀ ਦੂਰੀ ਦਾ ਅਨੁਪਾਤ 1:100 ਹੁੰਦਾ ਹੈ, ਭਾਵ 30.48 ਮੀਟਰ (100 ਫ਼ੁੱਟ ) ਦੀ ਦੂਰੀ ਉੱਤੇ ਰੱਖੇ ਗਏ ਮੀਟਰ ਰੱਡ ਉੱਤੇ ਹਰ ਭਾਗ 30.48 ਸੈਂ. ਮੀ. (1 ਫ਼ੁੱਟ) ਹੋਵੇਗਾ। ਇਸ ਲਈ ਕਿਸੇ ਵੀ ਪੜ੍ਹਤ ਨੂੰ 100 ਨਾਲ ਗੁਣਾਂ ਕਰਨ ਨਾਲ ਤਲਮਾਪੀ ਯੰਤਰ ਦੁਆਰਾ ਮੀਟਰ ਰੱਡ ਦੀ ਦੂਰੀ ਦਾ ਅਨੁਮਾਨ ਲਗਾਇਆ ਜਾਂਦਾ ਹੈ। ਉਦਾਹਰਨ ਵਜੋਂ ਜੇਕਰ ਮੀਟਰ ਰੱਡ ਦੀਆਂ ਰੀਡਿੰਗਾਂ ਕ੍ਰਮਵਾਰ 2.325,3. 830 ਅਤੇ ਦੂਰੀ (5. 355-2. 325) ×100=301 ਫ਼ੁੱਟ ਹੋਵੇਗੀ। ਇਸ ਨੂੰ 100 ਦਾ ਸਟੇਡੀਆ ਸਥਿਰ ਅੰਕ ਕਿਹਾ ਜਾਂਦਾ ਹੈ। ਦੂਰੀ ਪਤਾ ਲਗ ਜਾਣ ਦੀਂ ਸਹੂਲਤ ਦਾ ਇਹ ਲਾਭ ਹੁੰਦਾ ਹੈ ਕਿ ਸਰਵੇਖਕ ਮੀਟਰ-ਰੱਡ ਨੂੰ ਲੋੜੀਂਦੀ ਦੂਰੀ ਉੱਤੇ ਰੱਖ ਸਕਦਾ ਹੈ ਅਤੇ ਨਕਸ਼ੇ ਉੱਤੇ ਸਟਾਫ਼ ਸਟੇਸ਼ਨਾਂ ਨੂੰ ਮਾਰਕ ਕਰ ਸਕਦਾ ਹੈ।

ਦ੍ਰਿਸ਼ਟੀ ਰੇਖਾ ਨੂੰ ਖਿਤਿਜੀ ਸਥਿਤ ਕਰਨ, ਸਪਿਰਟ ਲੈਵਲ ਦੀ ਟਿਊਬ ਦੀ ਬਣਤਰ ਅਤੇ ਉਸ ਵਿਚ ਭਰੇ ਹੋਏ ਦ੍ਰਵ ਦੀ ਵਿਸ਼ੇਸ਼ ਮਹੱਤਤਾ ਹੈ। ਜੇਕਰ ਬਣਤਰ ਅਤੇ ਦ੍ਰਵ ਅਜਿਹੇ ਹੋਣ ਕਿ ਖਿਤਿਜਤਾ ਨਾਲ ਦ੍ਰਿਸ਼ਟੀ ਰੇਖਾ ਬਹੁਤ ਔਖ ਨਾਲ ਹੀ ਦਿਖਾਈ ਦਿੰਦੀ ਹੋਵੇ ਤਾਂ ਇਹ ਯੰਤਰ ਸੂਖ਼ਮ ਕੰਮ ਕਰਨ ਲਈ ਉਪਯੋਗੀ ਨਹੀ ਹੋਵੇਗਾ। ਖਿਤਿਜਤਾ ਨੂੰ ਥੋੜ੍ਹੇ ਸਮੇਂ ਵਿਚ ਅਤੇ ਆਸਾਨੀ ਨਾਲ ਪ੍ਰਦਰਸ਼ਿਤ ਕਰ ਸਕਣ ਵਰਗੇ ਗੁਣ ਨੂੰ ਹੀ ਸਪਿਰਟ ਲੈਵਲ ਦੀ ਸੁਯੋਗਤਾ ਕਹਿੰਦੇ ਹਨ। ਸੂਖ਼ਮ ਅਤੇ ਸ਼ੁੱਧ ਕੰਮ ਕਰਨ ਲਈ ਵਰਤੇ ਜਾਣ ਵਾਲੇ ਯੰਤਰਾਂ ਵਿਚ ਉੱਚਤਮ ਸੁਯੋਗਤਾ ਵਾਲੇ ਸਪਿਰਟ ਲੈਵਲ ਫਿੱਟ ਕੀਤੇ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਦ੍ਰਿਸ਼ਟੀ ਰੇਖਾ ਦੀ ਖਿਤਿਜਤਾ ਵਿਚ ਮਾਮੂਲੀ ਜਿਹਾ ਫ਼ਰਕ ਹੋਣ ਤੇ ਵੀ ਬੁਲਬਲਾ ਕੇਂਦਰ ਵਿਚ ਨਹੀਂ ਟਿਕਦਾ।

ਸੁਯੋਗਤਾ ਅਤੇ ਖਿਤਿਜਕਾਰੀ ਪੇਚਾਂ ਵਿਚ ਅਜਿਹਾ ਸਬੰਧ ਰੱਖਿਆ ਜਾਂਦਾ ਹੈ ਕਿ ਜਿਸ ਯੰਤਰ ਵਿਚ ਵਧੇਰੇ ਸੁਯੋਗਤਾ ਵਾਲੇ ਸਪਿਰਟ ਲੈਵਲ ਫਿੱਟ ਕੀਤੇ ਹੁੰਦੇ ਹਨ ਉਸ ਦੇ ਖਿਤਿਜਕਾਰੀ ਪੇਚਾਂ ਦੀਆਂ ਚੂੜੀਆਂ ਇੰਨੀਆਂ ਬਾਰੀਕ ਹੁੰਦੀਆਂ ਹਨ ਕਿ ਇਨ੍ਹਾਂ ਪੇਚਾਂ ਦੀ ਇਕ ਚੂੜੀ ਘੁੰਮਣ ਨਾਲ ਬਹੁਤ ਮਾਮੂਲੀ ਜਿਹਾ ਉਤਾਰ ਜਾਂ ਚੜ੍ਹਾਅ ਆਉਂਦਾ ਹੈ। ਜਦੋਂ ਕਿ ਇਸ ਦੇ ਉਲਟ ਮੋਟੀਆਂ ਚੂੜੀਆਂ ਵਾਲੇ ਪੇਚਾਂ ਦੀ ਥੋੜ੍ਹੀ ਜਿਹੀ ਗਤੀ ਨਾਲ ਹੀ ਸਪਿਰਟ ਲੈਵਲ ਦਾ ਬੁਲਬਲਾ ਇਧਰ ਉਧਰ ਤੇਜ਼ੀ ਨਾਲ ਹਿੱਲਣ ਲਗ ਜਾਂਦਾ ਹੈ ਅਤੇ ਸਰਵੇਖਕ ਨੂੰ ਬੁਲਬਲੇ ਨੂੰ ਕੇਂਦਰਿਤ ਕਰਨ ਲਈ ਕਾਫੀ ਕਠਨਾਈ ਪੇਸ਼ ਆਉਂਦੀ ਹੈ।

ਉੱਚਪਾਏ ਦਾ ਕੰਮ ਕਰਨ ਵਾਲੇ ਯੰਤਰਾਂ ਵਿਚ ਨਾ ਸਿਰਫ਼ ਉੱਚਤਮ ਸੁਯੋਗਤਾ ਵਾਲੇ ਸਪਿਰਟ ਲੈਵਲ ਹੀ ਫਿੱਟ ਕੀਤੇ ਹੁੰਦੇ ਹਨ ਸਗੋਂ ਬੁਲਬਲੇ ਨੂੰ ਕੇਂਦਰਿਤ ਕਰਨ ਵਿਚ ਜਿਹੜਾ ਮਾਮੂਲੀ ਜਿਹਾ ਅੰਤਰ ਰਹਿ ਜਾਂਦਾ ਹੈ ਜਿਸ ਨੂੰ ਸਾਧਾਰਨ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ, ਉਸ ਨੂੰ ਵੀ ਦੂਰ ਕਰਨ ਲਈ ਇਕ ਹੋਰ ਉਪਕਰਨ ਲਾਇਆ ਜਾਂਦਾ ਹੈ। ਇਸ ਨਾਲ ਬੁਲਬਲੇ ਦੇ ਦੋਵੇਂ ਸਿਰਿਆਂ ਦੇ ਅੱਧੇ ਅੱਧੇ ਭਾਗ ਦਾ ਅਪਵਰਤਿਤ ਪ੍ਰਤੀਬਿੰਬ ਇਕ ਪ੍ਰਿਜ਼ਮ ਵਿਚ ਦਿਖਾਈ ਦਿੰਦਾ ਹੈ। ਜਦੋਂ ਤੱਕ ਬੁਲਬਲਾ ਠੀਕ ਕੇਂਦਰਿਤ ਸਥਿਤੀ ਵਿਚ ਨਹੀਂ ਆ ਜਾਂਦਾ ਦੋਵੇਂ ਪ੍ਰਤੀਬਿੰਬ ਅਲਗ ਅਲਗ ਦਿਖਾਈ ਦਿੰਦੇ ਰਹਿੰਦੇ ਹਨ ਅਤੇ ਜਦੋਂ ਪੂਰੀ ਤਰ੍ਹਾਂ ਕੇਂਦਰਿਤ ਹੋ ਜਾਂਦਾ ਹੈ ਤਾਂ ਇਹ ਦੋਵੇਂ ਪ੍ਰਤੀਬਿੰਬ ਮਿਲਕੇ ਇਕ ਚੱਕਰ ਦਾ ਰੂਪ ਧਾਰਨ ਕਰ ਲੈਂਦੇ ਹਨ।

ਦੂਰਬੀਨ ਵਿਚ ਲੱਗੇ ਸਪਿਰਟ ਲੈਵਲ ਅਤੇ ਕ੍ਰੱਸ-ਤਾਰ ਦੇ ਆਪਸੀ ਤਾਲਮੇਲ ਦੀ ਵੀ ਸਹੂਲਤ ਹੁੰਦੀ ਹੈ ਜੇਕਰ ਕਿਸੇ ਤਰ੍ਹਾਂ ਦ੍ਰਿਸ਼ਟੀ ਰੇਖਾ ਅਤੇ ਸਪਿਰਟ ਲੈਵਲ ਦੇ ਧੁਰੇ ਸਮਾਂਤਰ ਨਾ ਹੋਣ ਤਾਂ ਆਪਸੀ ਸਬੰਧ ਹਿਲ ਜਾਂਦਾ ਹੈ ਜਿਸ ਨੂੰ ਸਮਾਂਤਰਨ ਤਰੁੱਟੀ ਕਿਹਾ ਜਾਂਦਾ ਹੈ। ਅਜਿਹੀ ਹਾਲਤ ਵਿਚ ਇਸ ਦੀ ਜਾਂਚ ਪੜਤਾਲ ਕਰਕੇ ਸੋਧ ਕੀਤੀ ਜਾਂਦੀ ਹੈ।

**ਤਲਮਾਪੀ ਦੀਆਂ ਕਿਸਮਾਂ** — ਭਾਵੇਂ ਸਾਰੇ ਦੇ ਸਾਰੇ ਤਲਮਾਪੀ ਯੰਤਰਾਂ ਦਾ ਸਿੱਧਾਂਤ ਇਕੋ ਹੀ ਹੁੰਦਾ ਹੈ ਪਰੰਤੂ ਫਿਰ ਵੀ ਇਨ੍ਹਾਂ ਯੰਤਰਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ :

1. ਯੰਤਰ ਦੀ ਕਾਰਜ ਕੁਸ਼ਲਤਾ ਦੇ ਆਧਾਰ ਉੱਤੇ ਇਨ੍ਹਾਂ ਨੂੰ ਸੂਖ਼ਮ ਤਲਮਾਪੀ, ਸੈਕੰਡਰੀ ਤਲਮਾਪੀ ਅਤੇ ਟਰਸ਼ਰੀ ਤਲਮਾਪੀ ਆਦਿ ਕਿਹਾ ਜਾਂਦਾ ਹੈ।
2. ਸਥਾਨਕ ਤਰੁੱਟੀਆਂ ਨੂੰ ਦੂਰ ਕਰਨ ਦੀ ਸਹੂਲਤ ਅਨੁਸਾਰ ਇਨ੍ਹਾਂ ਦੀਆਂ ਕ੍ਰਮਵਾਰ ਡੰਪੀ ਤਲਮਾਪੀ, ਵਾਈ ਤਲਮਾਪੀ, ਉਲਟਕ੍ਰਮੀ ਤਲਮਾਪੀ, ਕੁਸ਼ਿੰਗ ਤਲਮਾਪੀ ਅਤੇ ਟਿਲਟਿੰਗ ਤਲਮਾਪੀ ਪੰਜ ਕਿਸਮਾਂ ਬਣਾਈਆਂ ਗਈਆਂ ਹਨ। ਇਨ੍ਹਾਂ ਸਾਰੀਆਂ ਭਿੰਨ ਭਿੰਨ ਕਿਸਮਾਂ ਦੇ ਤਲਮਾਪੀ ਯੰਤਰਾਂ ਦਾ ਵਰਣਨ ਨਿਮਨ ਅਨੁਸਾਰ ਹੈ :



ਚਿੱਤਰ ਨੰ. 3. ਤਲਮਾਪੀ

**ਡੰਪੀ ਤਲਮਾਪੀ** — ਇਹ ਸਭ ਨਾਲੋਂ ਸੌਖਾ, ਮਜ਼ਬੂਤ ਤੇ ਸਤੁੰਲਿਤ ਹੁੰਦਾ ਹੈ। ਇਸ ਦੀ ਦੂਰਬੀਨ ਲੰਬਾਤਮਕ ਧੁਰੇ ਨਾਲ ਬੜੀ ਮਜ਼ਬੂਤੀ ਨਾਲ ਕੱਸੀ ਹੋਈ ਹੁੰਦੀ ਹੈ ਜਿਸ ਕਰਕੇ ਦੂਰਬੀਨ ਨਾ ਤਾਂ ਆਪਣੇ ਧੁਰੇ ਦੇ ਉਪਰ ਥੱਲੇ ਸਰਕ ਸਕਦੀ ਹੈ ਅਤੇ ਨਾ ਹੀ ਧੁਰੇ ਤੋਂ ਅਲੱਗ ਹੋ ਸਕਦੀ ਹੈ। ਕਿਸੇ ਅਸਿੱਖਿਅਕ ਸਰਵੇਖਕ ਜਾਂ ਵਿਦਿਆਰਥੀ ਦੁਆਰਾ ਵਰਤੇ ਜਾਣ ਉੱਤੇ ਵੀ ਇਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ।

**ਵਾਈ ਤਲਮਾਪੀ** — ਇਹ ਬੜਾ ਹੀ ਸੂਖ਼ਮ ਯੰਤਰ ਹੈ। ਅੰਗਰੇਜ਼ੀ ਦੇ ਵਾਈ ਅੱਖਰ ਵਰਗੀ ਕੁਰਸੀ ਉੱਤੇ ਇਸ ਦੀ ਦੂਰਬੀਨ ਕੱਸੀ ਹੋਈ ਹੁੰਦੀ ਹੈ। ਕੁਰਸੀ ਦੀ ਸਹਾਇਤਾ ਨਾਲ ਦੂਰਬੀਨ ਨੂੰ ਧੁਰੇ ਦੇ ਉਪਰ ਥੱਲੇ ਸਰਕਾਇਆ ਤੇ ਇਧਰ ਉਧਰ ਘੁਮਾਇਆ ਜਾ ਸਕਦਾ ਹੈ ਅਤੇ ਖੋਲ੍ਹ ਕੇ ਸਿਰੇ ਉਲਟਾਏ ਵੀ ਜਾ ਸਕਦੇ ਹਨ। ਇਸ ਦੇ ਦੋ ਮੁੱਖ ਲਾਭ ਇਹ ਹਨ :-

1. ਸਥਾਨਕ ਤਰੁੱਟੀ ਦੂਰ ਕਰਨ ਵਿਚ ਕਾਫ਼ੀ ਸਹਾਇਤਾ ਮਿਲਦੀ ਹੈ।
2. ਪ੍ਰੇਖਣ ਅਤੇ ਪੜਤਾਲ ਇਕੋ ਕਮਰੇ ਵਿਚ ਖੜੇ ਰਹਿ ਕੇ ਕੀਤੇ ਜਾ ਸਕਦੇ ਹਨ।

**ਉਲਟਕ੍ਰਮੀ ਤਲਮਾਪੀ** — ਵਾਈ ਤਲਮਾਪੀ ਦੇ ਗੁਣਾਂ ਅਤੇ ਡੰਪੀ ਤਲਮਾਪੀ ਵਰਗੀ ਮਜ਼ਬੂਤੀ ਦਾ ਸੁਮੇਲ ਇਸ ਯੰਤਰ ਵਿਚ ਦੇਖਿਆ ਜਾ ਸਕਦਾ ਹੈ। ਇਸ ਦੀ ਸੀਟ ਡੰਪੀ ਵਰਗੀ ਮਜ਼ਬੂਤ ਹੁੰਦੀ ਹੈ ਜਿਸ ਵਿਚ ਦੂਰਬੀਨ ਉਪਰ ਥੱਲੇ ਆਸਾਨੀ ਨਾਲ ਘੁੰਮ ਸਕਦੀ ਹੈ ਅਤੇ ਸਿਰੇ ਉਲਟਾਏ ਵੀ ਜਾ ਸਕਦੇ ਹਨ।

**ਕੂਸ਼ਿੰਗ ਦਾ ਤਲਮਾਪੀ** — ਇਸ ਦੀ ਦੂਰਬੀਨ ਕੁਰਸੀ ਵਿਚ ਮਜ਼ਬੂਤੀ ਨਾਲ ਕੱਸੀ ਰਹਿੰਦੀ ਹੈ, ਨਾ ਹੀ ਉਸ ਵਿਚ ਘੁੰਮ ਸਕਦੀ ਹੈ ਅਤੇ ਨਾ ਹੀ ਉੱਤੇ ਚੁੱਕੀ ਜਾ ਸਕਦੀ ਹੈ ਪਰੰਤੂ ਕ੍ਰਾੱਸ-ਤਾਰ ਸਮੇਤ ਉਸ ਦੇ ਨੇਤਰ ਲੈੱਨਜ਼ ਅਭਿਦ੍ਰਿਸ਼ ਲੈੱਨਜ਼ ਆਦਿ ਦੀ ਸਥਿਤੀ ਬਦਲੀ ਜਾ ਸਕਦੀ ਹੈ। ਨੇਤਰ ਲੈੱਨਜ਼ ਦਾ ਉਪਰਲਾ ਹਿੱਸਾ ਥੱਲੇ ਅਤੇ ਥੱਲੇ ਵਾਲਾ ਹਿੱਸਾ ਉਪਰ ਵੀ ਕੀਤਾ ਜਾ ਸਕਦਾ ਹੈ। ਇਸ ਨੂੰ ਉਲਟਕ੍ਰਮੀ ਤਲਮਾਪੀ ਦੇ ਲਾਭ ਮੁਹੱਈਆ ਕਰਕੇ ਹੋਰ ਵੀ ਉਪਯੋਗੀ ਬਣਾਇਆ ਜਾਂਦਾ ਹੈ।

**ਟਿਲਇੰਗ ਤਲਮਾਪੀ** — ਇਸ ਦੀ ਦੂਰਬੀਨ ਮੱਧ ਬਿੰਦੂ ਉੱਤੇ ਕੁਰਸੀ ਨਾਲ ਇਕ ਖਿਤਿਜੀ ਧੁਰੇ ਰਾਹੀਂ ਕੱਸੀ ਰਹਿੰਦੀ ਹੈ, ਜਿਸ ਨਾਲ ਉਸ ਨੂੰ ਲੰਬਾਤਮਕ ਤਲ ਵਿਚ ਥੋੜ੍ਹਾ ਘੁਮਾਇਆ ਜਾ ਸਕਦਾ ਹੈ। ਇਸ ਨੂੰ ਸਥਿਰ ਰੱਖਣ ਲਈ ਅਭਿਦ੍ਰਿਸ਼ ਲੈੱਨਜ਼ ਦੇ ਹੇਠਾਂ ਇਕ ਸਪਰਿੰਗ ਲਗਾ ਹੁੰਦਾ ਹੈ ਅਤੇ ਨੇਤਰ ਲੈੱਨਜ਼ ਵਿਚ ਪੇਚ ਉੱਤੇ ਟਿਕਿਆ ਰਹਿੰਦਾ ਹੈ। ਪੇਚ ਘੁਮਾਉਣ ਨਾਲ ਦੂਰਬੀਨ (ਮੱਧ ਬਿੰਦੂ ਉੱਤੇ) ਖਿਤਿਜੀ ਧੁਰੇ ਉੱਤੇ ਲੰਬਾਤਮਕ ਤਲ ਵਿਚ ਘੁੰਮਦੀ ਹੈ, ਜਿਸ ਨਾਲ ਬੁਲਬੁਲਾ ਕੇਂਦਰਿਤ ਹੋ ਜਾਂਦਾ ਹੈ।

**ਤਲਮਾਪੀ ਨੂੰ ਪ੍ਰੇਖਣ ਲਈ ਤਿਆਰ ਕਰਨਾ** — ਹਰ ਪ੍ਰਕਾਰ ਦੀ ਤਲਮਾਪੀ ਦੀ ਵਰਤੋਂ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸੈਟਿੰਗ ਆਦਿ ਵਰਗੇ ਕਈ ਕੰਮ ਕਰਨੇ ਜ਼ਰੂਰੀ ਹੁੰਦੇ ਹਨ ਜਿਵੇਂ ਕਿ (1) ਫੋਕਸ ਕਰਨਾ (2) ਪੈਰੇਲੈੱਕਸ ਦੂਰ ਕਰਨਾ, (3) ਰੇਖਾ ਦਾ ਖਿਤਿਜੀਕਰਨ ਕਰਨਾ ਆਦਿ। ਇਸ ਨੂੰ ਅਸਥਾਈ ਸਮਾਯੋਜਨ ਜਾਂ ਐਡਜਸਟਮੈਂਟ ਕਹਿੰਦੇ ਹਨ। ਉਪਰੋਕਤ ਸਾਰੇ ਹੀ ਕਾਰਜ ਸਾਰੇ ਪ੍ਰੇਖਣ ਸ਼ੁਰੂ ਕਰਨ ਤੋਂ ਪਹਿਲਾਂ ਹੋਣੇ ਚਾਹੀਦੇ ਹਨ ਤਾਂ ਹੀ ਪ੍ਰੇਖਣ ਤਰੁੱਟੀ ਰਹਿਤ ਹੋ ਸਕੇਗਾ ਸਮਾਂਤਰਨ ਰੇਖਾ ਸਪਿਰਟ ਲੈਵਲ ਅਤੇ ਕ੍ਰਾੱਸ-ਤਾਰ ਦਾ ਦੂਰਬੀਨ ਦੇ ਨਾਲ ਮਜ਼ਬੂਤੀ ਨਾਲ ਕੱਸਿਆ ਹੋਣ ਕਰਕੇ ਅਜਿਹਾ ਕਰਨ ਦੀ ਲੋੜ ਕਾਫ਼ੀ ਅਰਸੇ ਬਾਅਦ ਪੈਂਦੀ ਹੈ। ਇਸੇ ਕਰਕੇ ਇਸ ਨੂੰ ਸਥਾਈ ਸਮਾਯੋਜਨ ਕਿਹਾ ਜਾਂਦਾ ਹੈ।

**ਅਸਥਾਈ ਸਮਾਯੋਜਨ ਵਿਧੀਆਂ - ਅਸਥਾਈ ਸਮਾਯੋਜਨ ਵਿਧੀਆਂ ਨਿਮਨ ਅਨੁਸਾਰ ਹਨ :-**

1. ਫ਼ੋਕਸ ਕਰਨਾ- ਦੂਰਬੀਨ ਦੇ ਨੇਤਰ ਲੈੱਨਜ਼ ਨੂੰ ਇਸ ਤਰ੍ਹਾਂ ਘੁਮਾਇਆ ਜਾਂਦਾ ਹੈ ਕਿ ਕ੍ਰਾੱਸ-ਤਾਰ ਦੀਆਂ ਰੇਖਾਵਾਂ ਸਪੱਸ਼ਟ ਦਿਖਾਈ ਦੇਣ ਲਗ ਜਾਣ। ਇਸ ਤੋਂ ਬਾਅਦ ਦੂਰਬੀਨ ਉੱਤੇ ਲਗੇ ਹੋਏ ਫ਼ੋਕਸ ਪੇਚ ਨੂੰ ਇਸ ਤਰ੍ਹਾਂ ਘੁਮਾਇਆ ਜਾਂਦਾ ਹੈ ਕਿ ਨੋਟ ਕੀਤੀਆਂ ਜਾਣ ਵਾਲੀਆਂ ਪੜ੍ਹਤਾਂ ਠੀਕ ਤਰ੍ਹਾਂ ਨਾਲ ਸਪੱਸ਼ਟ ਦਿਖਾਈ ਦੇਣ।
2. ਪੈਰੇਲੈੱਕਸ ਦੂਰ ਕਰਨਾ - ਨੇਤਰ ਲੈੱਨਜ਼ ਵਿਚ ਦੀ ਦੂਰਬੀਨ ਦੁਆਰਾ ਵਸਤੂ ਦਾ ਪ੍ਰਤਿਬਿੰਬ ਦੇਖਦੇ ਹੋਏ ਅੱਖ ਨੂੰ ਹੌਲੀ ਹੌਲੀ ਉਪਰ ਥੱਲੇ ਕਰਨ ਨਾਲ ਜੇਕਰ ਪ੍ਰਤਿਬਿੰਬ ਕ੍ਰਾੱਸ-ਤਾਰ ਤੋਂ ਪਰ੍ਹੇ ਹਟਦਾ ਦਿਖਾਈ ਦੇਵੇ ਤਾਂ ਫੋਕਸ ਪੇਚ ਨੂੰ ਹਲਕਾ ਜਿਹਾ ਘੁਮਾਇਆ ਜਾਂਦਾ ਹੈ ਤਾਂ ਕਿ ਕ੍ਰਾੱਸ - ਤਾਰ ਉਤੋਂ ਪ੍ਰਤਿਬਿੰਬ ਬਿਲਕੁਲ ਹਟਦਾ ਪ੍ਰਤੀਤ ਨਾ ਹੋਵੇ।
3. ਖਿਤਿਜੀ ਕਰਨ- ਮੀਟਰ ਰਾੱਡ ਉੱਤੇ ਰੀਡਿੰਗ ਲੈਣ ਤੋਂ ਪਹਿਲਾਂ ਦ੍ਰਿਸ਼ਟੀ ਰੇਖਾ ਦਾ ਖਿਤਿਜੀ ਕਰਨਾ ਜ਼ਰੂਰੀ ਹੈ ਇਸ ਨੂੰ ਖਿਤਿਜੀ ਕਰਨ ਲਈ ਹਰ ਇਕ ਯੰਤਰ ਵਿਚ ਉਪਾਉ ਦਿੱਤਾ ਹੁੰਦਾ ਹੈ ਜਿਸ ਨਾਲ ਸਪਿਰਟ ਲੈਵਲ ਦਾ ਬੁਲਬੁਲਾ ਅਤੇ ਦ੍ਰਿਸ਼ਟੀ ਰੇਖਾ ਖਿਤਿਜੀ ਹੋ ਜਾਂਦੇ ਹਨ ਅਜਿਹਾ ਤਲਮਾਪੀ ਵੀ ਬਣ ਚੁੱਕਿਆ ਹੈ ਜਿਹੜਾ ਸਵੈ-ਖਿਤਿਜੀ ਹੁੰਦਾ ਹੈ।

ਤਲਮਾਪੀ ਨਾਲ ਪੜ੍ਹਤ ਲੈਂਦੇ ਸਮੇਂ ਵਿਸ਼ਵਾਸ ਕਰ ਲਿਆ ਜਾਂਦਾ ਹੈ ਕਿ ਸਪਿਰਟ ਲੈਵਲ ਦਾ ਬੁਲਬੁਲਾ ਕੇਂਦਰ ਵਿਚ ਕਰ ਦੇਣ ਨਾਲ ਦ੍ਰਿਸ਼ਟੀ ਰੇਖਾ ਖਿਤਿਜੀ ਹੀ ਹੁੰਦੀ ਹੈ। ਜਦੋਂ ਇਹ ਹਾਲਤ ਹੁੰਦੀ ਹੈ ਤਾਂ ਬਿੰਦੂਆਂ ਉੱਤੇ ਰੱਖੇ ਮੀਟਰ ਰਾੱਡਾਂ ਉੱਤੇ ਕਿਤੋਂ ਵੀ ਪੜ੍ਹਤ ਲੈ ਕੇ ਉਨ੍ਹਾਂ ਦਾ ਅੰਤਰ ਕੱਢ ਲੈਣ ਨਾਲ ਉਹੀ ਦੋ ਬਿੰਦੂਆਂ ਵਿਚਲੀ ਸਾਪੇਖੀ ਉਚਾਈ ਹੋਵੇਗੀ। ਜੇਕਰ ਅਜਿਹਾ ਨਾ ਹੋਵੇ ਭਾਵ ਪੈਰੇਲੈੱਕਸ ਦੂਰ ਨਾ ਹੋਇਆ ਹੋਵੇ ਤਾਂ ਯੰਤਰ ਦੀ ਪੜ੍ਹਤ ਗਲਤ ਹੋਵੇਗੀ। ਜਦੋਂ ਦ੍ਰਿਸ਼ਟੀ ਰੇਖਾ ਸਪਿਰਟ ਲੈਵਲ ਦੇ ਧੁਰੇ ਦੇ ਸਮਾਂਤਰ ਨਾ ਹੋਵੇ ਤਾਂ ਸਪਿਰਟ ਲੈਵਲ ਦਾ ਧੁਰਾ ਖਿਤਿਜੀ ਹੋਣ ਤੇ ਵੀ ਦ੍ਰਿਸ਼ਟੀ ਰੇਖਾ ਖਿਤਿਜੀ ਸਮਤਲ ਤੋਂ ਹਟੀ ਹੋਈ ਹੋਵੇਗੀ। ਇਹ ਅੰਤਰ ਯੰਤਰ ਦੀ ਦੂਰੀ ਦੇ ਸਿੱਧੇ ਅਨੁਪਾਤ ਅਨੁਸਾਰ ਵਧਦਾ ਜਾਵੇਗਾ। ਅਸਮਾਨ ਦੂਰੀ ਉੱਤੇ ਰੱਖੇ ਮਾਪਾਂ ਉੱਤੇ ਲਈਆਂ ਪੜ੍ਹਤਾਂ ਵਿਚ ਤਰੁੱਟੀ ਵੀ ਅਸਮਾਨ ਹੋਵੇਗੀ ਇਸ ਲਈ ਯੰਤਰ ਮਾਪਾਂ ਦੇ ਮੱਧ ਵਿਚਕਾਰ ਰੱਖਿਆ ਜਾਵੇ ਤਾਂ ਦੋਵੇਂ ਪੜ੍ਹਤਾਂ ਸਮਾਨ ਰੂਪ ਵਿਚ ਗਲਤ ਹੋਣਗੀਆਂ ਅਤੇ ਅੰਤਰ ਲੈਣ ਉੱਤੇ ਤਰੁੱਟੀ ਖ਼ਤਮ ਹੋ ਜਾਵੇਗੀ।

ਹ.ਪੁ.—ਹਿੰ. ਵਿ. ਕੋ. 5 : 317

**ਤਲਵੰਡੀ ਸਾਬੋ** : ਇਹ ਪੰਜਾਬ ਰਾਜ ਦੇ ਜ਼ਿਲ੍ਹਾ ਬਠਿੰਡਾ ਦਾ ਇਕ ਇਤਿਹਾਸਕ ਸ਼ਹਿਰ ਅਤੇ ਮਹੱਤਵਪੂਰਨ ਸਥਾਨ ਹੈ ਜਿਹੜਾ ਬਠਿੰਡੇ ਤੋਂ 29 ਕਿ.ਮੀ. (18 ਮੀਲ) ਦੀ ਦੂਰੀ ਤੇ ਹੈ। ਇਹ ਦਮਦਮਾ ਸਾਹਿਬ ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਇਹ ਸਿੱਖ ਧਰਮ ਦੇ ਪੰਜਾਂ ਤਖ਼ਤਾਂ ਵਿਚੋਂ ਇਕ ਮਸ਼ਹੂਰ ਤਖ਼ਤ ਹੈ। ਇਸ ਅਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਯੁਧ ਕਰਨ ਮਗਰੋਂ ਆ ਕੇ 'ਦਮ' ਲਿਆ ਤੇ ਨੌ ਮਹੀਨੇ ਇਥੇ ਵਿਸ਼ਰਾਮ ਕੀਤਾ ਸੀ। ਇਸੇ ਕਰਕੇ ਇਹ ਸਥਾਨ ਦਮਦਮਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਗੁਰੂ ਜੀ ਨੇ ਇਸ ਸਥਾਨ ਨੂੰ ਆਪਣੇ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ ਜਿਸ ਕਰਕੇ ਇਸ ਨੂੰ 'ਗੁਰੂ ਕੀ ਕਾਸ਼ੀ' ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਦਸ਼ਮੇਸ਼ ਜੀ ਨੇ ਇਸੇ ਥਾਂ ਆਤਮਿਕ ਸ਼ਕਤੀ ਨਾਲ ਅਪਣੇ ਅਨੁਭਵ ਤੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬੀੜ ਤਿਆਰ ਕਰਵਾਈ ਅਤੇ ਇਸ ਸਥਾਨ ਨੂੰ 'ਤਖ਼ਤ' ਦਾ ਨਾਂ ਦਿਤਾ। ਇਥੇ ਇਕ ਮੋਹਰ 'ਅਕਾਲ ਸਹਾਇ' ਗੁਰੂ ਗੋਬਿੰਦ ਸਿੰਘ ਜੀ ਦੀ 'ਜਗਾ ਤਖਤ ਦਮਦਮਾ ਜੀ' ਦੇ ਅਖਰਾਂਵਲੀ ਤਿਆਰ ਕੀਤੀ ਗਈ ਅਤੇ ਗੁਰੂ ਜੀ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਤੇ ਇਹ ਮੋਹਰ ਲਗਾਈ ਜਾਂਦੀ ਸੀ। ਇਹ ਮੋਹਰ ਅਜੇ ਤੱਕ ਸੰਭਾਲੀ ਹੋਈ ਹੈ।

ਇਥੇ ਵਸਾਖੀ ਨੂੰ ਭਾਰੀ ਮੇਲਾ ਲਗਦਾ ਹੈ। ਡੱਲ ਸਿੰਘ ਨੂੰ ਬਖਸ਼ੀਆਂ ਗੁਰੂ ਵਸਤੂਆਂ, ਜਿਹੜੀਆਂ ਉਸ ਦੀ ਔਲਾਦ ਸਰਦਾਰ ਸ਼ਮਸ਼ੇਰ ਸਿੰਘ ਪਾਸ ਸਨ, ਉਨ੍ਹਾਂ ਦੇ ਦਰਸ਼ਨ ਹਰੇਕ ਚਾਨਣੀ ਦਸ਼ਮੀ ਨੂੰ ਕਰਵਾਏ ਜਾਂਦੇ ਹਨ।

ਇਸ ਦਰਬਾਰ ਦੀ ਸੇਵਾ ਪੰਥ ਨੇ ਬਾਬਾ ਦੀਪ ਸਿੰਘ ਜੀ ਦੇ ਸਪੁਰਦ ਕੀਤੀ ਸੀ ਜੋ ਫਿਰ ਉਸ ਦੇ ਵੰਸ ਦੇ ਸ਼ਾਹਜ਼ਾਦਪੁਰ ਦੇ ਰਈਸ ਦੇ ਹੱਥ ਰਹੀ। ਬਾਬਾ ਦੀਪ ਸਿੰਘ ਜੀ ਇਸ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਸਨ ਜਿਨ੍ਹਾਂ ਦੇ ਨਾਂ ਦਾ ਇਕ ਬੁਰਜ ਹੁਣ ਤੱਕ ਵੀ ਇਥੇ ਮੌਜੂਦ ਹੈ।

ਇਸ ਸਥਾਨ ਤੇ ਤਿੰਨ ਪ੍ਰਸਿੱਧ ਸਰੋਵਰ ਅਤੇ ਕਈ ਗੁਰਦੁਆਰੇ ਹਨ ਜਿਵੇਂ ਨਾਨਕਸਰ ਸਰੋਵਰ, ਅਕਾਲਸਰ ਸਰੋਵਰ ਅਤੇ ਗੁਰਦੁਵਾਰਾ ਮਹੱਲ ਸਰ ਵੀ ਇਸੇ ਸਥਾਨ ਤੇ ਹਨ।

ਹ.ਪੁ.—ਮ. ਕੋ.; ਡਿ. ਸੈ. ਹੈਂ.ਬੁ.

**ਤਲਾਕ** : ਤਲਾਕ ਦੇ ਅਰਥ ਹਨ ਪਤੀ ਦਾ ਪਤਨੀ ਨੂੰ ਵਿਆਹ ਦੇ ਮੁਆਹਿਦੇ ਤੋਂ ਆਜ਼ਾਦ ਕਰ ਦੇਣਾ। (ਤਲਕ-ਉਠ ਦਾ ਰੱਸੀ ਤੋਂ ਛੁੱਟ ਜਾਣਾ) ਇਹ ਇਸਲਾਮੀ ਕਾਨੂੰਨ ਦਾ ਇਕ ਮਹੱਤਵਪੂਰਨ ਅੰਗ ਹੈ। ਤਲਾਕ ਮਰਦ ਹੀ ਦੇ ਸਕਦਾ ਹੈ ਤੇ ਇਸ ਦੇ ਲਈ ਸ਼ਰਤ ਹੈ ਕਿ ਉਹ :—

1. ਬਾਲਿਗ ਹੋਵੇ
2. ਪਾਗਲ ਨਾ ਹੋਵੇ
3. ਨੀਂਦ ਵਿਚ ਨਾ ਹੋਵੇ ਭਾਵ ਜਾਗਦਾ ਹੋਵੇ
4. ਹੋਸ਼ ਵਿਚ ਹੋਵੇ
5. ਜਿਸ ਔਰਤ ਨੂੰ ਤਲਾਕ ਦਿਤਾ ਜਾ ਰਿਹਾ ਹੈ ਉਸ ਔਰਤ ਦਾ ਤਲਾਕ ਦੇਣ ਵਾਲੇ ਮਰਦ ਨਾਲ ਨਿਕਾਹ ਹੋਇਆ ਹੋਣਾ ਚਾਹੀਦਾ ਹੈ।

ਪਤੀ ਦਾ ਪਤਨੀ ਨੂੰ ਇਹ ਕਹਿ ਦੇਣਾ ਕਿ 'ਮੈਂ ਤੈਨੂੰ ਤਲਾਕ ਦੇਂਦਾ ਹਾਂ ਜਾਂ ਤੈਨੂੰ ਨਿਕਾਹ ਤੋਂ ਆਜ਼ਾਦ ਕਰਦਾ ਹਾਂ, ਤਲਾਕ ਦੇਣ ਲਈ ਕਾਫ਼ੀ ਹੈ। ਉਹ 'ਤਲਾਕ' ਸ਼ਬਦ ਇਕ ਤੋਂ ਤਿੰਨ ਵਾਰ ਵਰਤ ਸਕਦਾ ਹੈ। ਇਸ ਤੋਂ ਵੱਧ ਜੇ ਤਲਾਕ ਸ਼ਬਦ ਦੀ ਵਰਤੋਂ ਕਰੇ ਤਾਂ ਵੀ ਗਿਣਤੀ ਤਿੰਨ ਹੀ ਸਮਝੀ ਜਾਵੇਗੀ। ਤਲਾਕ ਦੀਆਂ 3 ਕਿਸਮਾਂ ਹਨ :—

**ਤਲਾਕ ਰਜਈ** — ਜਦੋਂ ਪਤੀ ਸਾਫ਼ ਸ਼ਬਦਾਂ ਵਿਚ ਇਕ ਜਾਂ ਦੋ ਵਾਰੀ ਪਤਨੀ ਨੂੰ ਤਲਾਕ ਦੇ ਦੇਂਦਾ ਹੈ ਤਾਂ ਇੱਦਤ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਜੇ ਉਹ ਤਲਾਕ ਵਾਪਸ ਲੈਣਾ ਚਾਹੇ ਤਾਂ ਪਤਨੀ ਦੀ ਰਜ਼ਾਮੰਦੀ ਤੋਂ ਬਿਨਾਂ ਵੀ ਲੈ ਸਕਦਾ ਹੈ। ਜਦੋਂ ਇਹ ਸਮਾਂ (ਇੱਦਤ) ਲੰਘ ਜਾਵੇ ਤਾਂ ਪਤੀ ਦਾ ਤਲਾਕ ਵਾਪਸ ਲੈਣ ਦਾ ਇਖ਼ਤਿਆਰ ਨਹੀਂ ਰਹਿੰਦਾ। ਇਸ ਤੋਂ ਬਾਅਦ ਜੇ ਪਤੀ ਪਤਨੀ ਚਾਹੁਣ ਤਾਂ ਦੁਬਾਰਾ ਨਿਕਾਹ ਕਰ ਕੇ ਪਤੀ ਪਤਨੀ ਬਣ ਸਕਦੇ ਹਨ।

**ਇੱਦਤ** — ਇੱਦਤ ਦੇ ਸਮੇਂ ਵਿਚ ਪਤੀ ਪਤਨੀ ਨੂੰ ਮੌਕਾ ਦਿਤਾ ਜਾਂਦਾ ਹੈ ਕਿ ਉਹ ਜਲਦਬਾਜ਼ੀ ਵਿਚ ਕੀਤਾ ਫ਼ੈਸਲਾ ਵਾਪਸ ਲੈ ਸਕਣ ਤੇ ਜੇ ਪਤਨੀ ਮਾਂ ਬਣਨ ਵਾਲੀ ਹੈ ਅਤੇ ਇਸ ਗੱਲ ਦਾ ਪਤਾ ਲੱਗ ਜਾਵੇ ਤਾਂ ਬੱਚਾ ਬਾਪ ਦੇ ਨਾਂ ਤੇ ਵਿਰਾਸਤ ਪਾ ਸਕਦਾ ਹੈ। ਇੱਦਤ ਦੇ ਸਮੇਂ ਵਿਚ ਔਰਤ ਘਰ ਵਿਚ ਹੀ ਰਹਿੰਦੀ ਹੈ। ਜਿਨ੍ਹਾਂ ਔਰਤਾਂ ਨੂੰ ਮਹੀਨਾ ਆਉਂਦਾ ਹੈ ਉਨ੍ਹਾਂ ਦਾ ਇੱਦਤ ਦਾ ਸਮਾਂ 3 ਮਹਾਵਾਰੀ ਆਉਣ ਤਕ ਹੈ (ਸੂਰਾਹ 2-228) ਤੇ ਜਿਨ੍ਹਾਂ ਔਰਤਾਂ ਨੂੰ ਮਹੀਨਾ ਨਹੀਂ ਆਉਂਦਾ ਉਨ੍ਹਾਂ ਦਾ ਇੱਦਤ ਸਮਾਂ 3 ਮਹੀਨੇ ਹੈ (ਸੂਰਾਹ 65-4)। ਵਿਧਵਾ ਦੀ ਇੱਦਤ 4 ਮਹੀਨੇ 10 ਦਿਨ ਹੈ (ਸੂਰਾਹ 2-234)। ਤਲਾਕ ਦੀ ਇੱਦਤ ਦੇ ਸਮੇਂ ਔਰਤ ਦੇ ਖਾਣੇ, ਕੱਪੜੇ ਅਤੇ ਰਿਹਾਇਸ਼ ਦਾ ਖਰਚ ਪਤੀ ਦੇ ਜ਼ਿੰਮੇ ਹੈ।

**ਤਲਾਕ ਬਾਇਨ** — ਸਾਫ਼ ਸ਼ਬਦਾਂ ਵਿਚ ਇਕ ਜਾਂ ਦੋ ਵਾਰ ਤਲਾਕ ਦੇਣ ਨਾਲ ਜਾਂ ਸ਼ਬਦ 'ਬਾਇਨ' ਆਖਣ ਨਾਲ 'ਤਲਾਕੇ ਬਾਇਨ' ਹੋ ਜਾਂਦਾ ਹੈ। ਹੁਣ ਪਤੀ ਤਲਾਕ ਨੂੰ ਵਾਪਸ ਲੈਣ ਦਾ ਅਧਿਕਾਰ ਗੁਆ ਬੈਠਦਾ ਹੈ। ਜੇ ਪਤੀ ਤੇ ਪਤਨੀ ਦੋਹਾਂ ਦੀ ਮਰਜ਼ੀ ਹੋਵੇ ਤਾਂ ਦੂਜੀ ਵਾਰੀ ਨਿਕਾਹ ਕਰਕੇ ਪਤੀ ਪਤਨੀ ਬਣ ਸਕਦੇ ਹਨ। ਚਾਹੇ ਨਿਕਾਹ ਇੱਦਤ ਦੇ ਸਮੇਂ ਵਿਚ ਕਰਨ ਜਾਂ ਕਿਸੇ ਹੋਰ ਸਮੇਂ ਜਦੋਂ ਚਾਹੁਣ ਜੇ ਪਤਨੀ ਦਾ ਮੁਕਲਾਵਾ ਨਹੀ ਹੋਇਆ ਜਾਂ ਦੋਵਾਂ ਦਾ ਸਰੀਰਕ ਸਬੰਧ ਵੀ ਨਹੀਂ ਹੋਇਆ ਤਾਂ ਇਕੋ ਵਾਰ ਤਲਾਕ ਆਖਣ ਨਾਲ ਪਤਨੀ ਆਪ ਬਾਇਨ ਹੋ ਜਾਂਦੀ ਹੈ ਅਤੇ ਦੁਬਾਰਾ ਨਿਕਾਹ ਕਰਨਾ ਪਵੇਗਾ। ਜੇ ਪਤਨੀ ਆਪ ਤਲਾਕ ਲੈ ਲਵੇ (ਖੁਲਾ) ਜਾਂ ਮਾਲ ਦੇ ਬਦਲੇ ਪਤੀ ਕੋਲੋਂ ਤਲਾਕ ਲੈ ਲਵੇ ਤਾਂ ਵੀ ਤਲਾਕੇ ਬਾਇਨ ਹੈ ਅਤੇ ਉਸਨੂੰ ਦੁਬਾਰਾ ਨਿਕਾਹ ਕਰਨਾ ਪਵੇਗਾ।

**ਖ਼ੁਲਾ** — ਪਤੀ-ਪਤਨੀ ਨੂੰ ਇਹ ਅਧਿਕਾਰ ਹੈ ਕਿ ਉਹ ਤਲਾਕ ਦੀ ਮੰਗ ਕਰੇ। ਇਸ ਨੂੰ ਖ਼ੁਲਾ ਆਖਿਆ ਜਾਂਦਾ ਹੈ। ਤਲਾਕ ਦੇਣ ਦਾ ਹੱਕ ਪਤੀ, ਪਤਨੀ ਨੂੰ ਆਪ ਵੀ ਦੇ ਸਕਦਾ ਹੈ ਅਤੇ ਇਹ ਗੱਲ ਨਿਕਾਹ ਵੇਲੇ ਨਿਕਾਹ ਦੇ ਕਾਗ਼ਜ਼ ਉਤੇ ਲਿਖੀ ਜਾਂਦੀ ਹੈ ਕਿ ਮੈਂ ਤਲਾਕ ਦਾ ਹੱਕ ਪਤਨੀ ਨੂੰ ਦਿੰਦਾ ਹਾਂ ਤਾਂ ਪਤਨੀ ਜਦੋਂ ਚਾਹੇ ਆਪਣੇ ਆਪ ਨੂੰ ਤਲਾਕ ਦੇ ਸਕਦੀ ਹੈ ਇਸ ਨੂੰ 'ਤਫ਼ਵੀਜ਼ੇ ਤਲਾਕ' ਆਖਦੇ ਹਨ। ਜੇ ਪਤਨੀ ਮਹਿਰ ਛਡ ਦੇਵੇ ਜਾਂ ਕੁਝ ਹੋਰ ਮਾਲ ਦੇ ਕੇ ਤਲਾਕ ਚਾਹੇ ਤਾਂ ਇਸ ਨੂੰ 'ਖੁਲ੍ਹਾ ਬਾਇਵਜ਼ ਮਾਲ' ਆਖਦੇ ਹਨ। ਜੇ ਪਤੀ ਪਤਨੀ ਦੇ ਤਲਾਕ ਮੰਗਣ ਤੇ ਤਲਾਕ ਨਾ ਦੇਵੇ ਤਾਂ ਪਤਨੀ ਸ਼ਰਈ ਅਦਾਲਤ ਵਿਚ ਜਾ ਸਕਦੀ ਹੈ ਤੇ ਅਦਾਲਤ ਆਪਣੇ ਜ਼ੋਰ ਤੇ ਤਲਾਕ ਦਿਵਾ ਸਕਦੀ ਹੈ। ਇਸ ਲਈ ਇਹ ਸ਼ਰਤਾਂ ਹਨ: 1. ਪਤੀ ਦੀ ਖਤਰਨਾਕ ਛੂਤ ਦੀ ਬੀਮਾਰੀ-ਇਸ ਦੇ ਠੀਕ ਹੋਣ ਲਈ ਇਕ ਸਾਲ ਦੀ ਮੁਹਲਤ 2. ਪਤੀ ਦਾ ਪਾਗਲ ਹੋਣਾ—ਇਕ ਸਾਲ ਦੀ ਮੁਹਲਤ 3. ਪਤੀ ਦਾ ਲਾਪਤਾ ਹੋਣਾ 4. ਸਾਲ ਦਾ ਇੰਤਜ਼ਾਰ- 5. ਪਤੀ ਦਾ ਖਰਚਾ ਪਾਣੀ ਨਾ ਦੇਣਾ 6. ਪਤੀ ਨਾ ਮਰਦ ਹੋਵੇ—ਇਕ ਸਾਲ ਦੀ ਮੁਹਲਤ 7. ਦੋਵੇਂ ਇਕ ਦੂਜੇ ਨੂੰ ਪਸੰਦ ਨਾ ਕਰਦੇ ਹੋਣ, ਝਗੜਾ ਐਨਾ ਹੋਵੇ ਕਿ ਮਿਲਣ ਦੀ ਕੋਈ ਸੂਰਤ ਨ ਰਹੇ ਅਜਿਹੇ

ਹਾਲਾਤ ਵਿਚ ਅਦਾਲਤ ਦੋਵਾਂ ਵਿਚ ਆਪਣੇ ਅਖ਼ਤਿਆਰ ਨਾਲ ਤਲਾਕ ਕਰਵਾ ਸਕਦੀ ਹੈ। ਤਲਾਕੇ ਮੁਗ਼ਲਜ਼ਾ – ਜੇ ਪਤੀ ਇਕੋ ਵਾਰ 3 ਤਲਾਕ ਦੇ ਦੇਵੇ ਤਾਂ ਇਹ ਮੁਗ਼ਲਜ਼ਾ ਤਲਾਕ ਹੈ। ਇਸਤੋਂ ਬਾਅਦ ਪਤੀ ਤਲਾਕ ਵਾਪਸ ਨਹੀਂ ਲੈ ਸਕਦਾ–ਦੋਵੇਂ ਦੁਬਾਰਾ ਨਿਕਾਹ ਨਹੀਂ ਕਰ ਸਕਦੇ। ਇਕ ਸੂਰਤ ਹੈ ਕਿ ਪਤਨੀ ਕਿਸੀ ਹੋਰ ਮਰਦ ਨਾਲ ਨਿਕਾਹ ਕਰ ਲਵੇ ਤੇ ਦੋਹਾਂ ਦਾ ਸਰੀਰਕ ਸਬੰਧ ਵੀ ਹੋਵੇ ਫੇਰ ਉਹ ਮਰਦ ਤਲਾਕ ਦੇ ਦੇਵੇ ਜਾਂ ਮਰ ਜਾਵੇ ਤਾਂ ਪਹਿਲੇ ਪਤੀ ਨਾਲ ਨਿਕਾਹ ਕਰ ਸਕਦੀ ਹੈ ਇਸ ਨੂੰ 'ਹਲਾਲਾ' ਆਖਦੇ ਹਨ। ਇਸਲਾਮੀ ਵਿਦਵਾਨਾਂ ਨੇ ਤਲਾਕ ਦੇਣ ਦੇ 3 ਤਰੀਕੇ ਦਸੇ ਹਨ।

1. ਤਲਾਕੇ ਅਹਸਨ–ਜਦੋਂ ਔਰਤ ਨੂੰ ਮਹੀਨਾ ਨਾ ਆ ਰਿਹਾ ਹੋਵੇ ਤੇ ਉਸ ਸਮੇਂ ਵਿਚ ਸਰੀਰਕ ਸਬੰਧ ਵੀ ਨਾ ਹੋਇਆ ਹੋਵੇ ਤਾਂ ਤਲਾਕ ਦਿੱਤਾ ਜਾਵੇ ਤੇ ਉਸ ਨੂੰ ਇੱਦਤ ਦਾ ਸਮਾਂ ਗੁਜ਼ਾਰਨ ਦਿਤਾ ਜਾਵੇ। ਇਹ ਸਹੀ ਤਰੀਕਾ ਹੈ। ਇਸ ਸਮੇਂ ਵਿਚ ਜਾਂ ਤਾਂ ਦੋਵੇਂ ਇੱਕਠੇ ਹੋ ਜਾਣਗੇ ਜਾਂ ਤਲਾਕੇ ਬਾਇਨ ਹੋ ਜਾਵੇਗੀ।
2. ਤਲਾਕੇ ਹਸਨ–ਇਸ ਵਿਚ ਹਰ ਮਹੀਨੇ ਇਕ ਇਕ ਵਾਰ ਤਲਾਕ ਦਿਤਾ ਜਾਂਦਾ ਹੈ ਤੇ ਤਿੰਨ ਵਾਰ ਤਲਾਕ ਪਿੱਛੋਂ ਪੂਰਾ ਤਲਾਕ ਹੋ ਜਾਂਦਾ ਹੈ। ਇਹ ਤਰੀਕਾ ਪਹਿਲੇ ਨਾਲੋਂ ਘੱਟ ਚੰਗਾ ਹੈ ਕਿਉਂਕਿ ਹਰ ਮਹੀਨੇ ਪਾਕੀ ਦੀ ਹਾਲਤ ਵਿਚ ਜਦੋਂ ਕਿ ਸਰੀਰਕ ਮਿਲਾਪ ਵੀ ਨਾ ਹੋਇਆ ਹੋਵੇ ਤਲਾਕ ਦਿੱਤਾ ਜਾਂਦਾ ਹੈ ਇਸ ਨਾਲ ਇੱਦਤ ਦਾ ਸਮਾਂ ਵਧਦਾ ਜਾਂਦਾ ਹੈ ਅਤੇ ਦੂਜੇ ਤਲਾਕ ਪਿਛੋਂ ਬਿਨਾਂ ਹਲਾਲਾ ਨਿਕਾਹ ਦੀ ਗੁੰਜਾਇਸ਼ ਨਹੀਂ ਰਹਿੰਦੀ।
3. ਤਲਾਕੇ ਬਦਇ–ਇਸ ਤਰੀਕੇ ਨੂੰ ਸ਼ਰੀਅਤ ਪਸੰਦ ਨਹੀਂ ਕਰਦੀ ਪਰ ਫੇਰ ਵੀ ਤਲਾਕ ਹੋ ਜਾਂਦਾ ਹੈ ਉਹ ਇਹ ਹੈ ਕਿ ਇਕੋ ਵਾਰੀ 3 ਤਲਾਕ ਦੇ ਦੇਵੇ ਜਾਂ ਉਸ ਸਮੇਂ ਵਿਚ ਤਲਾਕ ਦੇਵੇ ਜਦੋਂ ਔਰਤ ਨੂੰ ਮਹੀਨਾ ਅਇਆ ਹੋਵੇ ਜਾਂ ਉਸ ਨਾਲ ਸਰੀਰਕ ਮਿਲਾਪ ਕੀਤਾ ਹੋਵੇਂ ਇਸ ਤਰੀਕੇ ਨੂੰ ਸਭ ਨੇ ਭੈੜਾ ਆਖਿਆ ਹੈ। ਕੁਝ ਕੇਸਾਂ ਵਿਚ 3 ਵਾਰੀ ਤਲਾਕ ਆਖਣ ਨੂੰ 1 ਵਾਰੀ ਮੰਨਦੇ ਹਨ। ਇਸ ਉਤੇ ਬਹਿਸ ਸਦੀਆਂ ਤੋਂ ਚਲ ਰਹੀ ਹੈ ਕਿ ਇਕ ਵਾਰੀ ਵਿਚ 3 ਵਾਰ ਤਲਾਕ ਕਹਿ ਕੇ ਪਤਨੀ ਨੂੰ ਛੱਡ ਦੇਣਾ ਠੀਕ ਹੈ ਕਿ ਨਹੀਂ। ਕੁਝ ਮੁਸਲਮਾਨੀ ਫਿਰਕੇ ਇਸਨੂੰ ਤਲਾਕ ਹੀ ਨਹੀਂ ਮੰਨਦੇ, ਕੁਝ ਦਾ ਵਿਚਾਰ ਹੈ ਕਿ ਤਲਾਕ ਤਾਂ ਹੋ ਜਾਂਦਾ ਹੈ ਪਰ ਤਲਾਕ ਦੇਣ ਵਾਲਾ ਪਾਪ (ਗੁਨਾਹ) ਕਰਦਾ ਹੈ।

ਤਲਾਕ ਆਖ਼ਰੀ ਕਦਮ ਹੈ ਤੇ ਹਦੀਸ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਹਲਾਲ ਚੀਜ਼ਾਂ ਵਿਚੋਂ ਸਭ ਤੋਂ ਨਾ ਪਸੰਦ ਚੀਜ਼ ਤਲਾਕ ਹੈ।

**ਹਿੰਦੂ ਕਾਨੂੰਨ ਅਨੁਸਾਰ ਤਲਾਕ** – ਹਿੰਦੂ ਸਮਾਜ ਵਿਚ ਵਿਆਹ ਇਕ ਸੰਸਕਾਰ ਸਮਝਿਆ ਜਾਂਦਾ ਹੈ ਨਾ ਕਿ ਮੁਸਲਮ ਕਾਨੂੰਨ ਅਨੁਸਾਰ ਇਕ ਮੁਆਹਿਦਾ। ਹਿੰਦੂ ਮਤ ਅਨੁਸਾਰ ਵਿਆਹ ਇਕ ਸਥਾਈ ਬੰਧਨ ਮੰਨਿਆ ਜਾਂਦਾ ਸੀ ਅਤੇ ਇਕ ਵਾਰੀ ਬੰਧਨ ਵਿਚ ਬੱਝ ਜਾਣ ਤੇ ਇਸ ਨੂੰ ਭੰਗ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਔਰਤ ਨੂੰ ਆਪਣੀ ਜ਼ਿੰਦਗੀ ਵਿਚ ਸਿਰਫ਼ ਇਕ ਵਾਰ ਵਿਆਹ ਕਰਵਾਉਣ ਦੀ ਪੂਰੀ ਖੁਲ੍ਹ ਸੀ, ਜਦੋਂ ਕਿ ਮਰਦ ਨੂੰ ਪਹਿਲੀ ਪਤਨੀ ਦੇ ਜਿਉਂਦਿਆਂ ਜੀ ਦੂਜਾ ਵਿਆਹ ਕਰਵਾਉਣ ਦੀ ਪੂਰੀ ਖੁਲ੍ਹ ਸੀ। ਜੇਕਰ ਪਤੀ ਆਪਣੀ ਪਤਨੀ ਨਾਲ ਜ਼ਾਲਮਾਨਾ ਸਲੂਕ ਕਰਦਾ ਸੀ ਤਾਂ ਵੀ ਪਤਨੀ ਨੂੰ ਉਸ ਤੋਂ ਵਖ ਹੋ ਕੇ ਰਹਿਣ ਭਾਵ ਤਲਾਕ ਲੈਣ ਦਾ ਅਧਿਕਾਰ ਪ੍ਰਾਪਤ ਨਹੀਂ ਸੀ। ਪਤੀ ਦੇ ਗੁਜ਼ਰ ਜਾਣ ਤੇ ਵੀ ਔਰਤ ਨੂੰ ਆਪਣੇ ਸਹੁਰੇ ਘਰ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਇਸ ਘਰ ਵਿਚ ਪ੍ਰਾਣ ਤਿਆਗਣ ਨੂੰ ਸ਼ੁਭ ਮੰਨਿਆ ਜਾਂਦਾ ਸੀ।

ਪਤੀ-ਪਤਨੀ ਦੀ ਆਪਸੀ ਅਣਬਣ ਅਤੇ ਨਿਤ ਦੇ ਸੰਸੇ ਕਲੇਸ਼ਾਂ ਤੋਂ ਮੁਕਤ ਹੋਣ ਲਈ 'ਤਲਾਕ' ਦੀ ਕੋਈ ਵਿਵਸਥਾ ਨਹੀਂ ਸੀ। ਪਰ ਸਮੇਂ ਦੇ ਬਦਲਣ ਨਾਲ ਸਮਾਜਿਕ ਤਬਦੀਲੀ ਆਉਣੀ ਸੁਭਾਵਿਕ ਹੈ। ਸਮਾਜਿਕ ਜ਼ਰੂਰਤਾਂ ਨੂੰ ਵੇਖਦਿਆਂ ਹੋਇਆ ਭਾਰਤ ਸਰਕਾਰ ਨੇ ਸੰਨ 1955 ਵਿਚ 'ਹਿੰਦੂ ਵਿਆਹ ਐਕਟ' ਪਾਸ ਕੀਤਾ। ਇਥੇ 'ਹਿੰਦੂ ਸ਼ਬਦ ਦੇ ਅਰਥ ਕਾਫ਼ੀ ਵਿਸ਼ਾਲ ਹਨ। 'ਹਿੰਦੂ' ਸ਼ਬਦ ਵਿਚ ਹਿੰਦੂ, ਸਿੱਖ, ਬੋਧੀ, ਜੈਨੀ ਆਦਿ ਸਾਰੇ ਸ਼ਾਮਲ ਹਨ। ਇਸ ਤਰ੍ਹਾਂ ਹਿੰਦੂ ਵਿਆਹ ਕਾਨੂੰਨ ਹਿੰਦੂਆਂ, ਬੋਧੀਆਂ, ਸਿੱਖਾਂ, ਤੇ ਜੈਨੀਆਂ ਸਾਰਿਆਂ ਤੇ ਲਾਗੂ ਹੁੰਦਾ ਹੈ।

ਉਕਤ ਹਿੰਦੂ ਵਿਆਹ ਐਕਟ ਦੀ ਧਾਰਾ 13 ਅਧੀਨ ਪਤੀ ਪਤਨੀ ਦੋਨਾਂ ਨੂੰ ਇਕ ਦੂਜੇ ਤੋਂ ਤਲਾਕ ਲੈਣ ਦਾ ਅਧਿਕਾਰ ਹੈ। ਇਸ ਐਕਟ ਦੀ ਧਾਰਾ 13(1) ਅਨੁਸਾਰ ਪਤੀ ਪਤਨੀ ਦੋਹਾਂ ਵਿਚੋਂ ਜੇ ਕੋਈ ਵੀ ਵਿਵਹਾਰਕ ਸਬੰਧ ਵਿਗੜਨ ਲਈ ਦੋਸ਼ੀ ਹੈ ਤਾਂ ਦੂਜੀ ਧਿਰ ਹੇਠ ਵਿਖੇ ਕਾਰਨਾਂ ਵਿਚੋਂ ਕਿਸੇ ਇਕ ਕਾਰਨ ਦੇ ਹੋਣ ਤੇ ਵੀ ਤਲਾਕ ਦੀ ਡਿਗਰੀ ਲੈਣ ਲਈ ਅਦਾਲਤ ਵਿਚ ਅਰਜ਼ੀ ਦੇ ਸਕਦੀ ਹੈ :

1. ਜੇ ਕਰ ਪਤੀ-ਪਤਨੀ ਆਪਣੇ ਸਬੰਧਾਂ ਤੋਂ ਬਿਨਾਂ ਕਿਸੇ ਹੋਰ ਤੀਸਰੀ ਧਿਰ ਨਾਲ ਸਰੀਰਕ ਸਬੰਧ ਸਥਾਪਿਤ ਕਰਨ ਦਾ ਦੋਸ਼ੀ ਹੈ।
2. ਜੇਕਰ ਪਤੀ ਪਤਨੀ ਵਿਚੋਂ ਕੋਈ ਵੀ ਇਕ ਦੂਜੇ ਨਾਲ ਨਿਰਦਾਇਤਾ ਵਾਲਾ ਵਿਵਹਾਰ ਕਰਦਾ ਹੈ। ਇਹ ਨਿਰਦਾਇਤਾ ਸਰੀਰਕ ਜਾਂ ਮਾਨਸਿਕ ਜਾਂ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ।
3. ਜੇਕਰ ਇਕ ਧਿਰ ਨੇ ਦੂਜੀ ਧਿਰ ਨੂੰ ਬਿਨਾਂ ਕਿਸੇ ਕਾਰਣ ਦੂਜੀ ਧਿਰ ਦੀ ਮਰਜ਼ੀ ਦੇ ਖਿਲਾਫ਼ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਛੱਡ ਰੱਖਿਆ ਹੈ।
4. ਜੇਕਰ ਦੋਹਾਂ ਵਿਚੋਂ ਇਕ ਧਿਰ ਨੇ ਆਪਣਾ ਧਰਮ ਭਾਵ ਹਿੰਦੂ, ਸਿੱਖ, ਬੋਧੀ, ਜੈਨੀ ਬਦਲ ਕੇ ਕੋਈ ਹੋਰ ਧਰਮ ਭਾਵ ਮੁਸਲਮਾਨ, ਯਹੂਦੀ, ਈਸਾਈ ਆਦਿ ਧਾਰਨ ਕਰ ਲਿਆ ਹੈ।
5. ਜੇਕਰ ਇਕ ਧਿਰ ਲਾ ਇਲਾਜ ਦਿਮਾਗੀ ਜਾਂ ਪਾਗਲਪਣ ਦਾ ਸ਼ਿਕਾਰ ਹੋ ਗਈ ਹੋਵੇ ਅਤੇ ਇਸ ਦੇ ਨਾਲ ਰਹਿਣ ਤੇ ਦੂਜੀ ਧਿਰ ਨੂੰ ਆਪਣੀ ਜਾਨ ਦਾ ਖ਼ਤਰਾ ਹੋਵੇ।
6. ਜੇਕਰ ਇਕ ਧਿਰ ਲਿੰਗ ਰੋਗ ਦੀ ਸ਼ਿਕਾਰ ਹੈ, ਜਿਸ ਨਾਲ ਦੂਜੀ ਧਿਰ ਨੂੰ ਸਰੀਰਕ ਸਬੰਧਾਂ ਰਾਹੀਂ ਛੂਤ ਹੋ ਸਕਦੀ ਹੈ
8. ਜੇਕਰ ਇਕ ਧਿਰ ਕਿਸੇ ਧਾਰਮਿਕ ਪ੍ਰਭਾਵ ਹੇਠ ਆ ਕੇ ਦੁਨੀਆ ਦਾ ਤਿਆਗ ਕਰਕੇ ਸੰਨਿਆਸੀ ਬਣ ਜਾਵੇ
9. ਜੇਕਰ ਇਕ ਧਿਰ ਪਿਛਲੇ 7 ਸਾਲਾਂ ਤੋਂ ਘਰ ਤੋਂ ਬਾਹਰ ਰਹਿ ਰਹੀ ਹੋਵੇ ਤੇ ਉਸ ਦੇ ਜ਼ਿੰਦਾ ਰਹਿਣ ਦੀ ਕੋਈ ਆਸ ਨਾ ਰਹਿ ਗਈ ਹੋਵੇ ।

ਜੇ ਪਤੀ-ਪਤਨੀ ਦੋਵੇਂ ਮਿਲ ਕੇ ਅਦਾਲਤ ਵਿਚ ਅਰਜ਼ੀ ਦੇਣ ਕਿ ਉਹ ਤਲਾਕ ਚਾਹੁੰਦੇ ਹਨ ਅਤੇ ਉਹ ਇਕ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਵੱਖ ਰਹਿ ਰਹੇ ਹਨ ਤਾਂ ਅਦਾਲਤ ਤਲਾਕ ਦਾ ਹੁਕਮ ਦੇ ਦੇਵੇਗੀ। ਇਹ ਆਪਸੀ ਸਹਿਮਤੀ ਦਾ ਤਰੀਕਾ ਸਭ ਤੋਂ ਸੌਖਾ ਤੇ ਸੰਖੇਪ ਹੈ।

ਉਕਤ ਆਧਾਰਾਂ ਤੇ ਪਤੀ-ਪਤਨੀ ਦੋਹਾਂ ਨੂੰ ਇਕ ਦੂਜੇ ਤੋਂ ਤਲਾਕ ਲੈਣ ਦੇ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ। ਭਾਰਤੀ ਸੰਵਿਧਾਨ ਦਾ ਅਨੁਛੇਦ 14 ਤੇ 15 ਵੀ ਸਮਾਨਤਾ ਦੇ ਅਧਿਕਾਰ ਦੀ ਹਾਮੀ ਭਰਦਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 15 ਅਨੁਸਾਰ ਰਾਜ ਕਿਸੇ ਵੀ ਨਾਗਰਿਕ ਨਾਲ ਧਰਮ, ਨਸਲ, ਜਾਤ, ਲਿੰਗ, ਜਨਮ ਅਸਥਾਨ ਜਾਂ ਇਨ੍ਹਾਂ ਵਿਚੋਂ ਕਿਸੇ ਵੀ ਆਧਾਰ ਤੇ ਵਿਤਕਰਾ ਨਹੀਂ ਕਰੇਗਾ। ਭਾਵੇਂ ਭਾਰਤੀ ਸੰਵਿਧਾਨ ਵਿਚ ਸਾਫ਼ ਲਿਖਿਆ ਹੈ ਕਿ ਲਿੰਗ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਵੇਗਾ ਪਰ ਫਿਰ ਵੀ ਭਾਰਤ ਸਰਕਾਰ ਨੇ ਔਰਤਾਂ ਨੂੰ ਸਮਾਜ ਦਾ ਵਿਸ਼ੇਸ਼ ਵਰਗ ਸਮਝ ਕੇ ਕੁਝ ਵਿਸ਼ੇਸ਼ ਅਧਿਕਾਰ ਵੀ ਦਿਤੇ ਹੋਏ ਹਨ। ਸ਼ਾਇਦ ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਹਿੰਦੂ ਵਿਆਹ ਐਕਟ, 1955 ਦੀ ਧਾਰਾ 13(2) ਅਧੀਨ ਔਰਤਾਂ ਨੂੰ ਤਲਾਕ ਸਬੰਧੀ ਵਿਸ਼ੇਸ਼ ਅਧਿਕਾਰ ਉਪਲੱਬਧ ਕੀਤੇ ਹਨ। ਹਿੰਦੂ ਵਿਆਹ ਐਕਟ, 1955 ਦੀ ਧਾਰਾ 13(2) ਅਧੀਨ ਹੇਠ ਲਿਖੇ ਆਧਾਰਾਂ ਤੇ ਸਿਰਫ਼ ਪਤਨੀ ਹੀ ਆਪਣੇ ਪਤੀ ਤੋਂ ਤਲਾਕ ਲੈਣ ਦੀ ਮੰਗ ਕਰ ਸਕਦੀ ਹੈ:

(ੳ) ਹਿੰਦੂ ਵਿਆਹ ਐਕਟ ਲਾਗੂ ਹੋਣ ਤੋਂ ਪਿਛੋਂ ਕੋਈ ਵੀ ਵਿਅਕਤੀ ਆਪਣੀ ਪਹਿਲੀ ਪਤਨੀ ਦੇ ਜੀਉਂਦਿਆਂ ਦੂਜਾ ਵਿਆਹ ਨਹੀਂ ਕਰ ਸਕਦਾ। ਜੇ ਕਰ ਉਹ ਅਜਿਹਾ ਕਰਦਾ ਹੈ ਤਾਂ ਕਾਨੂੰਨ ਮੁਤਾਬਿਕ ਇਸ ਨੂੰ ਜੁਰਮ ਮੰਨਿਆ ਜਾਂਦਾ ਹੈ। ਹਿੰਦੂ ਵਿਆਹ ਐਕਟ ਦੀ ਧਾਰਾ 13(2)(1) ਵਿਚ ਸਪਸ਼ਟ ਲਿਖਿਆ ਹੈ ਕਿ ਇਸ ਐਕਟ ਦੇ ਪਾਸ ਹੋਣ ਤੋਂ ਪਹਿਲਾਂ ਜਿਸ ਪਤੀ ਦੀਆਂ ਦੋ ਪਤਨੀਆਂ ਹਨ ਤਾਂ ਉਨ੍ਹਾਂ ਦੋਹਾਂ ਵਿਚੋਂ ਕੋਈ ਇਕ ਪਤਨੀ ਆਪਣੇ ਪਤੀ ਵਿਰੁੱਧ ਤਲਾਕ ਦੀ ਅਰਜ਼ੀ ਦੇ ਸਕਦੀ ਹੈ ਪਰ ਸ਼ਰਤ ਇਹ ਹੈ ਕਿ ਅਰਜ਼ੀ ਦੇਣ ਸਮੇਂ ਦੋਵੇਂ ਪਤਨੀਆਂ ਜਿਉਂਦੀਆਂ ਹੋਣ।

(ਅ) ਜੇ ਕਰ ਕੋਈ ਪਤੀ ਜਬਰਜਨਾਹ ਜਾਂ ਗ਼ੈਰ-ਕੁਦਰਤੀ ਢੰਗਾਂ ਨਾਲ ਜਾਂ ਪਸ਼ੂਗਮਨ ਰਾਹੀਂ ਆਪਣੀ ਵਾਸ਼ਨਾ ਦੀ ਤ੍ਰਿਪਤੀ ਕਰਦਾ ਹੈ ਤਾਂ ਪਤਨੀ ਨੂੰ ਆਪਣੇ ਪਤੀ ਤੋਂ ਤਲਾਕ ਲੈਣ ਦਾ ਪੂਰਾ ਅਧਿਕਾਰ ਹੈ। ਭਾਰਤੀ ਦੰਡ ਸੰਹਿਤਾ ਦੀ ਧਾਰਾ 375 ਅਧੀਨ ਜਬਰ ਜਨਾਹ ਇਕ ਫੌਜਦਾਰੀ ਅਪਰਾਧ ਅਤੇ ਸਜ਼ਾ ਯੋਗ ਹੈ।

(ੲ) ਹਿੰਦੂ ਵਿਆਹ ਐਕਟ ਦੀ ਧਾਰਾ 13 (2) (iii) ਅਨੁਸਾਰ ਜੇ ਕਰ ਪਤਨੀ ਗੁਜ਼ਾਰਾ ਐਕਟ ਦੀ ਧਾਰਾ 18 ਅਧੀਨ ਜਾਂ ਜ਼ਾਬਤਾ ਫੌਜਦਾਰੀ ਕਾਨੂੰਨ ਦੀ ਧਾਰਾ 125 ਅਧੀਨ ਗੁਜ਼ਾਰੇ ਲਈ ਖ਼ਰਚੇ ਦੀ ਡਿਗਰੀ ਹਾਸਲ ਕਰ ਚੁਕੀ ਹੋਵੇ ਅਤੇ ਇਸ ਪਿਛੋਂ ਇਕ ਸਾਲ ਜਾਂ ਇਕ ਸਾਲ ਤੋਂ ਵੱਧ ਦੋਹਾਂ ਧਿਰਾਂ ਦੇ ਸਰੀਰਕ ਸਬੰਧ ਸਥਾਪਿਤ ਨਾ ਹੋਏ ਹੋਣ।

(ਸ) ਪੰਦਰਾਂ ਸਾਲ ਤੋਂ ਘੱਟ ਉਮਰ ਦੀ ਵਿਆਹੀ ਗਈ ਲੜਕੀ ਨੂੰ ਆਪਣੇ ਪਤੀ ਤੋਂ ਤਲਾਕ ਲੈਣ ਦਾ ਅਧਿਕਾਰ ਪ੍ਰਾਪਤ ਹੈ। ਪੰਦਰਾਂ ਸਾਲ ਦੀ ਉਮਰ ਪੂਰੀ ਕਰ ਲੈਣ ਦੇ ਬਾਦ ਤੇ 18 ਸਾਲ ਦੀ ਉਮਰ ਪੂਰੀ ਕਰ ਲੈਣ ਤੋਂ ਪਹਿਲਾਂ ਪਤਨੀ ਨੂੰ ਆਪਣੇ ਪਤੀ ਤੋਂ ਤਲਾਕ ਲੈਣ ਦਾ ਹੱਕ ਪ੍ਰਾਪਤ ਹੋਵੇਗਾ।

ਬੇਗਮ ਜ਼ੁਬੈਦਾ ਮਦਾਨ

**ਤ੍ਵਸ਼ਟ੍ਰੀ** : ਰਿਗ ਵੇਦ ਵਿਚ ਇਸ ਦੇਵਤੇ ਨੂੰ ਆਦਰਸ਼ ਕਲਾਕਾਰ, ਦੈਵੀ ਕਾਰੀਗਰ ਅਤੇ ਮਾਹਿਰ ਤਰਖਾਣ ਮੰਨਿਆ ਗਿਆ ਹੈ ਜੋ ਸਾਰੀਆਂ ਕਲਾਵਾਂ ਵਿਚ ਨਿਪੁੰਨ ਤੇ ਚਤੁਰ ਹੈ। ਇਹ ਲੋਹੇ ਦੇ ਕੁਹਾੜਿਆਂ ਨੂੰ ਤੇਜ਼ ਕਰਦਾ ਅਤੇ ਇੰਦਰ ਦੇ ਵਜਰ ਨੂੰ ਤਿਆਰ ਕਰਦਾ ਹੈ। ਇਹ ਬੜਾ ਹੀ ਸੁਹਣਾ ਅਤੇ ਮਾਹਿਰ ਕਾਮਾ ਹੈ। ਇਹ ਸਾਰਿਆਂ ਰੂਪਾਂ ਦਾ ਮੂਲ ਰੂਪ ਹੈ ਅਤੇ ਜੀਵਨ ਸੱਤਾ ਅਤੇ ਦੀਰਘ ਜੀਵਨ ਦੇਣ ਵਾਲਾ ਹੈ। ਇਹ ਉਤਪਾਦਕ ਸ਼ਕਤੀ ਦਿੰਦਾ ਹੈ ਅਤੇ ਸੰਤਾਨ ਪ੍ਰਦਾਨ ਕਰਦਾ ਹੈ।

ਸ਼ਤਪਥ ਬ੍ਰਾਹਮਣ ਅਨੁਸਾਰ ਇਸ ਨੇ ਪ੍ਰਾਣੀਆਂ ਦੀ ਇਕ ਵੱਡੀ ਕਿਸਮ ਨੂੰ ਉਤਪੰਨ ਕੀਤਾ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਦਾ ਹੈ। ਸਾਰਾ ਸੰਸਾਰ (ਜਾਂ ਪਾਣੀ) ਇਸ ਦਾ ਹੈ ਅਤੇ ਇਸ ਨੇ ਹੀ ਸਵਰਗ, ਪ੍ਰਿਥਵੀ ਤੇ ਸਾਰੇ ਪਦਾਰਥਾਂ ਨੂੰ ਉਨ੍ਹਾਂ ਦੇ ਰੂਪ ਪ੍ਰਦਾਨ ਕੀਤੇ ਹਨ। ਇਸ ਨੇ ਹੀ ਬ੍ਰਿਹਸਪਤੀ ਨੂੰ ਸਾਰਿਆਂ ਪ੍ਰਾਣੀਆਂ ਨਾਲੋਂ ਉਚੇਰਾ ਪੈਦਾ ਕੀਤਾ ਹੈ ਅਤੇ ਅਗਨੀ ਦੇ ਨਾਲ ਆਕਾਸ਼, ਪ੍ਰਿਥਵੀ, ਪਾਣੀ ਤੇ ਭ੍ਰਿਗੂਆਂ ਨੂੰ ਪੈਦਾ ਕੀਤਾ ਹੈ। ਇਹ ਹੀ ਸਰਵ ਪ੍ਰਥਮ ਉਤਪੰਨ ਰੱਖਿਅਕ ਨੇਤਾ ਹੈ, ਸਾਰੇ ਵਿਸ਼ਵ ਦਾ ਮਾਲਕ ਹੈ ਅਤੇ ਸਾਰੇ ਦੇਵਤਿਆਂ ਦੇ ਲੋਕਾਂ ਨੂੰ ਵੀ ਜਾਣਦਾ ਹੈ। ਇਸ ਅੱਗੇ ਹੀ ਪਾਲਣਾ ਕਰਨ ਲਈ ਅਤੇ ਯੱਗ ਦੀ ਰੱਖਿਆ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ। ਇਹ ਸਾਰੀਆਂ ਰਹਿਮਤਾਂ ਦਾ ਦਾਤਾ ਹੈ। ਇਹ ਬੜਾ ਹੀ ਧਨੀ ਹੈ ਅਤੇ ਖ਼ੁਸ਼ਹਾਲੀ ਪ੍ਰਦਾਨ ਕਰਨ ਵਾਲਾ ਹੈ। ਹੋਰਨਾਂ ਦੇਵਤਿਆਂ ਦੀ ਤਰ੍ਹਾਂ ਇਸ ਦੀ ਵੀ ਰਿਚਾਵਾਂ ਦੁਆਰਾ ਉਸਤਤੀ ਸ੍ਰਵਣ ਕਰਕੇ ਧਨ ਦੌਲਤ ਦੇਣ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਇਸ ਦਾ ਸਬੰਧ ਰਿਤੂਆਂ ਨਾਲ ਜੋੜਿਆ ਜਾਂਦਾ ਹੈ ਅਤੇ ਕਈ ਵਾਰ ਇਹ ਉਨ੍ਹਾਂ ਨਾਲ ਈਰਖਾ ਅਤੇ ਕਈ ਵਾਰ ਉਨ੍ਹਾਂ ਦੀ ਕਾਰੀਗਰੀ ਦੀ ਪ੍ਰਸ਼ੰਸਾ ਕਰਦਾ ਵੇਖਿਆ ਜਾਂਦਾ ਹੈ। ਕਦੀ ਕਦੀ ਇਸ ਦੀ ਇੰਦਰ ਨਾਲ ਵੀ ਵਿਰੋਧਤਾ ਵਿਖਾਈ ਗਈ ਹੈ।

ਵਿਸ਼ਵਰੂਪ ਜਾਂ ਤ੍ਰਿਸ਼ਿਰਸ ਇਸ ਦਾ ਪੁੱਤਰ ਹੈ ਜਿਸ ਦੇ ਤਿੰਨ ਸਿਰ, ਛੇ ਅੱਖਾਂ ਅਤੇ ਤਿੰਨ ਮੂੰਹ ਹਨ। ਇੰਦਰ ਉਸ ਨਾਲ ਬਹੁਤ ਘਿਰਣਾ ਕਰਦਾ ਸੀ ਅਤੇ ਇਹ ਇੰਦਰ ਦੇ ਹੱਥੋਂ ਹੀ ਮਾਰਿਆ ਗਿਆ। ਇਸ ਦੀ ਇਕ ਧੀ ਸੀ, ਜਿਸਦਾ ਨਾਂ ਸਰਣਯੂ ਸੀ। ਉਸ ਦਾ ਵਿਆਹ ਵਿਵਸਵਤ ਨਾਲ ਹੋਇਆ ਸੀ। ਪੁਰਾਣਾਂ ਵਿਚ ਤ੍ਵਸ਼ਟ੍ਰੀ ਦਾ ਦੇਵਤਿਆਂ ਦੇ ਤਰਖਾਣ ਵਿਸ਼ਕਰਮਾ ਅਤੇ ਕਈ ਵਾਰ ਪ੍ਰਜਾਪਤੀ ਨਾਲ ਏਕੀਕਰਨ ਕੀਤਾ ਜਾਂਦਾ ਹੈ। ਆਦਿਤਯਾਂ ਦੇ ਰੁਦ੍ਰਾਂ ਵਿਚੋਂ ਵੀ ਇਕ ਦਾ ਨਾਂ ਤ੍ਵਸ਼ਟ੍ਰੀ ਸੀ ਅਤੇ ਭਰਤ ਦੇ ਵੰਸ਼ ਵਿਚੋਂ ਇਕ ਰਾਜੇ ਦਾ ਵੀ ਇਹੋ ਨਾਂ ਸੀ।

ਹ.ਪੁ.–ਹਿੰ. ਮਿ.ਕੋ.

**ਤਵਾਂਗ** : ਭਾਰਤ ਦੇ ਅਰੁਣਾਂਚਲ ਪ੍ਰਦੇਸ਼ ਰਾਜ ਦਾ ਇਹ ਇਕ ਜ਼ਿਲ੍ਹਾ ਹੈ। ਇਸੇ ਨਾਂ ਦਾ ਸ਼ਹਿਰ ਇਸਦਾ ਸਦਰਮੁਕਾਮ ਹੈ। ਇਹ ਜ਼ਿਲ੍ਹਾ ਸਾਲ 1987 ਵਿਚ ਅਰੁਣਾਂਚਲ ਪ੍ਰਦੇਸ਼ ਦੇ ਸੰਘ ਰਾਜ ਤੋਂ ਰਾਜ ਦਾ ਦਰਜਾ ਪ੍ਰਾਪਤ ਕਰਨ ਪਿਛੋਂ ਹੋਂਦ ਵਿਚ ਆਇਆ ਹੈ। ਇਸ ਜ਼ਿਲ੍ਹੇ ਦੇ ਖੇਤਰਫਲ ਪੱਛਮੀ ਕਾਮੈਂਗ ਸਮੇਤ 9594 ਵ.ਕਿ.ਮੀ ਅਤੇ ਆਬਾਦੀ 28,287(1991) ਹੈ। ਜ਼ਿਲ੍ਹੇ ਦੇ ਪੱਛਮ ਵਿਚ ਭੂਟਾਨ, ਉੱਤਰ ਵੱਲ ਤਿੱਬਤ, ਦੱਖਣ ਅਤੇ ਉੱਤਰ-ਪੂਰਬ ਵਿਚ ਅਰੁਣਾਂਚਲ ਰਾਜ ਦੇ ਹੋਰ ਜ਼ਿਲ੍ਹੇ ਲਗਦੇ ਹਨ।

ਹ.ਪੁ.–ਸਟੇ.ਬੀ.ਬੁ–1986

**ਤਵੀਤ (ਤਾਵੀਜ਼)** : ਧਾਤ ਜਾਂ ਕੱਪੜੇ ਵਿਚ ਲਪੇਟੇ ਮੰਤਰ, ਚੱਕਰ, ਸਵਾਸਤਿਕ ਜਾਂ ਵਿਸ਼ੇਸ਼ ਵਿਭੂਤੀ ਨੂੰ ਤਵੀਤ ਕਹਿੰਦੇ ਹਨ ਜਿਹੜਾ ਸਰੀਰ ਦੇ ਕਿਸੇ ਅੰਗ ਨਾਲ ਬੰਨ੍ਹਿਆ ਜਾਂਦਾ ਹੈ ਜਾਂ ਕਿਸੇ ਜਗ੍ਹਾ ਤੇ ਰੱਖਿਆ ਜਾਂ ਦੱਬਿਆ ਜਾਂਦਾ ਹੈ। ਇਹ ਤਵੀਤ ਆਮ ਤੌਰ ਤੇ ਕਿਸੇ ਵਿਸ਼ੇਸ਼ ਤਾਕਤ ਦੇ ਧਾਰਨੀ ਸਮਝੇ ਜਾਂਦੇ ਹਨ ਜਿਹੜਾ

ਕਿਸੇ ਕਸ਼ਟ, ਭੂਤ-ਪ੍ਰੇਤ ਦੂਰ ਕਰਨ ਵਿਚ ਜਾਂ ਕਿਸੇ ਉਦੇਸ਼ ਦੇ ਸਿੱਧ ਕਰਨ ਵਿਚ ਸਹਾਈ ਹੁੰਦਾ ਹੈ। ਤਵੀਤ ਜਾਂ ਮੰਤਰ ਆਦਿ ਆਮ ਤੌਰ ਤੇ ਸੋਨੇ, ਚਾਂਦੀ, ਤਾਂਬੇ ਆਦਿ ਦੇ ਪੱਤਰੇ ਵਿਚ ਮੜ੍ਹ ਕੇ ਗਲ ਵਿਚ ਪਾ ਲਿਆ ਜਾਂਦਾ ਹੈ ਜਾਂ ਕੇਸਾਂ ਨਾਲ ਜਾਂ ਡੌਲੇ ਉਪਰ ਬੰਨ੍ਹ ਲਿਆ ਜਾਂਦਾ ਹੈ। ਕਈ ਵਾਰ ਤਵੀਤ ਨੂੰ ਘਰ ਜਾਂ ਲੋੜੀਂਦੀ ਥਾਂ ਤੇ ਕਿਸੇ ਦੱਸੀ ਗਈ ਜਗ੍ਹਾ ਤੇ ਵੀ ਰੱਖਿਆ ਜਾਂ ਦੱਬਿਆ ਜਾਂਦਾ ਹੈ। ਤਵੀਤ ਦੁਨੀਆ ਦੇ ਸਾਰੇ ਦੇਸ਼ਾਂ ਵਿਚ ਬਣਾਏ ਜਾਂਦੇ ਹਨ ਤੇ ਇਸਤੇਮਾਲ ਕੀਤੇ ਜਾਂਦੇ ਹਨ। ਭਾਰਤ ਵਿਚ ਇਸਨੂੰ ਮੰਤਰ ਜਾਂ 'ਕਵਚ' ਕਹਿੰਦੇ ਹਨ, ਤਿੱਬਤ ਵਿਚ ਇਸਨੂੰ 'ਗਾਉ', ਜਾਪਾਨੀ ਵਿਚ 'ਓ ਮਮੋਰੀ' ਅਤੇ ਫਲਸਤੀਨੀ ਲੋਕ ਇਸਨੂੰ ਅਪੋਤੇਲੇਸਮਾ ਕਹਿੰਦੇ ਹਨ। ਅਰਬ ਦੇਸਾਂ ਵਿਚ ਤਾਵੀਜ਼ ਨੂੰ 'ਹਿਰਜ਼', ਹੋਰੁਜ, ਹਾਫਿਜ਼, ਉਦਜ, ਮਸਜ, ਯਫ਼ਤਾ, ਨੁਸਖ਼ਾ, ਹਮਾਇਲ ਅਤੇ ਕੱਬਲ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਅਜਿਹੇ ਮੰਤਰ ਨੂੰ ਐਮਯੁਲੈੱਟ (Amulet) ਕਿਹਾ ਜਾਂਦਾ ਹੈ।

ਤਵੀਤ ਲਈ ਕੋਈ ਵੀ ਪਦਾਰਥ ਵਰਤਿਆ ਜਾ ਸਕਦਾ ਹੈ। ਵੱਖ ਵੱਖ ਦੇਸ਼ਾਂ ਵਿਚ ਅਤੇ ਵੱਖ ਵੱਖ ਸਮੇਂ ਦੌਰਾਨ ਤਵੀਤ ਦੇ ਵੱਖੋ ਵੱਖਰੇ ਪਦਾਰਥ, ਕਿਸਮਾਂ ਅਤੇ ਆਕਾਰ ਵੇਖੇ ਗਏ ਹਨ। ਤਵੀਤ ਬਣਾਉਣ ਲਈ ਮੁੱਖ ਤੌਰ ਤੇ ਤਿੰਨ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ -(1) ਤਵੀਤ ਪਹਿਨਣ ਯੋਗ ਜਾਂ ਧਾਰਨ ਕਰਨ ਲਈ ਇਸਦਾ ਆਕਾਰ ਛੋਟਾ ਅਤੇ ਭਾਰ ਵਿਚ ਹਲਕਾ ਹੋਣਾ ਚਾਹੀਦਾ ਹੈ; (2) ਤਵੀਤ ਦੇਖਣ ਵਿਚ ਖ਼ੂਬਸੂਰਤ ਹੋਣਾ ਚਾਹੀਦਾ ਹੈ ਅਤੇ (3) ਇਸ ਵਿਚ ਵਿਸ਼ਵਾਸਜਨਕ ਵਿਸ਼ੇਸ਼ ਗੁਣ ਹੋਣੇ ਜ਼ਰੂਰੀ ਹਨ। ਇਨ੍ਹਾਂ ਗੁਣਾਂ ਦੇ ਅਨੁਸਾਰ ਹੇਠ ਲਿਖੇ ਪਦਾਰਥ ਤਵੀਤ ਬਣ ਸਕਦੇ ਹਨ।

1. ਪੱਥਰ- ਸ਼ਮਸ਼ਾਨ ਭੂਮੀ ਦੇ ਪੱਥਰ, ਪੱਥਰ ਦੇ ਪੁਰਾਣੇ ਬਣੇ ਸ਼ਸਤਰ ਅਤੇ ਔਜ਼ਾਰ, ਕੀਮਤੀ ਪੱਥਰ ਅਤੇ ਕਈ ਵੱਖ ਵੱਖ ਰੰਗਾਂ ਅਤੇ ਆਕ੍ਰਿਤੀਆਂ ਦੇ ਅਤੇ ਚਮਕੀਲੇ ਪੱਥਰ ਵਰਤੇ ਜਾ ਸਕਦੇ ਹਨ।
2. ਖਣਿਜ ਪਦਾਰਥ – ਇਨ੍ਹਾਂ ਵਿਚੋਂ ਸੋਨਾ, ਚਾਂਦੀ, ਪਿੱਤਲ ਕਾਂਸੀ, ਤਾਂਬਾ ਅਤੇ ਲੂਣ ਤਵੀਤ ਬਣਾਉਣ ਲਈ ਕੰਮ ਆਉਂਦੇ ਹਨ।
3. ਸਮੁੰਦਰੀ ਵਸਤਾਂ- ਇਨ੍ਹਾਂ ਵਿਚ ਘੋਗਾ, ਸੰਖ, ਸਿੱਪ, ਮੂੰਗਾ ਅਤੇ ਮੋਤੀ ਆਦਿ ਦੇ ਤਵੀਤ ਬਣਾਏ ਜਾਂਦੇ ਹਨ।
4. ਬਨਸਪਤੀ-ਬਨਸਪਤ ਪਦਾਰਥਾਂ ਵਿਚੋਂ ਬੀਜ, ਗੁਠਲੀ, ਲੱਕੜੀ, ਪੱਤੇ, ਜੜ੍ਹ ਤੇ ਟਾਹਣੀਆਂ ਆਦਿ ਇਸ ਮੰਤਵ ਲਈ ਵਰਤੇ ਜਾਂਦੇ ਹਨ।
5. ਸਰੀਰਕ ਅੰਗ – ਕਈ ਕਿਸਮ ਦੇ ਸਰੀਰਕ ਅੰਗਾਂ ਜਿਵੇਂ ਸਿੰਗ, ਦੰਦ, ਪੰਜਾ, ਵਾਲ, ਨਹੁੰ, ਹੱਡੀ, ਖ਼ੂਨ, ਚਮੜਾ ਆਦਿ ਇਸ ਕੰਮ ਲਈ ਵਰਤੇ ਜਾਂਦੇ ਹਨ।

ਉਪਰੋਕਤ ਵਸਤਾਂ ਤੋਂ ਇਲਾਵਾ ਅਨੇਕਾਂ ਹੋਰ ਵਸਤਾਂ ਜਿਵੇਂ ਛੱਲੇ, ਡੋਰ, ਅੰਗੂਠੀ ਅਤੇ ਵਿਸ਼ੇਸ਼ ਪ੍ਰਕਾਰ ਦੀਆਂ ਸਜਾਵਟੀ ਚੀਜ਼ਾਂ ਜਾਂ ਕਾਲੇ, ਨੀਲੇ ਤੇ ਚਿੱਟੇ ਰੰਗਾਂ ਦੀਆਂ ਚੀਜ਼ਾਂ ਤਵੀਤ ਬਣ ਸਕਦੀਆਂ ਹਨ। ਇਨ੍ਹਾਂ ਤਵੀਤਾਂ ਵਿਚ ਕੁਦਰਤੀ ਸ਼ਕਤੀਆਂ, ਧਾਰਮਿਕ ਸਬੰਧਾਂ ਜਾਂ ਵਿਸ਼ੇਸ਼ ਰਸਮੋ-ਰਿਵਾਜ ਅਨੁਸਾਰ ਕਿਸੇ ਯੋਗ ਸਮੇਂ ਤਿਆਰ ਕੀਤੇ ਹੋਣ ਕਾਰਨ ਸ਼ਕਤੀ ਆ ਜਾਂਦੀ ਹੈ।

ਆਰੰਭਿਕ ਸਮੇਂ ਤੋਂ ਹੀ ਤਵੀਤ ਦੋ ਵਰਗਾਂ ਵਿਚ ਵੰਡੇ ਗਏ ਹਨ। ਪਹਿਲੀ ਕਿਸਮ ਦੇ ਵਿਅਕਤੀਪਰਕ ਤਵੀਤ ਕਿਸੇ ਵਿਸ਼ੇਸ਼ ਵਿਅਕਤੀ ਦੀ ਰੱਖਿਆ ਜਾਂ ਸ਼ਾਂਤੀ ਲਈ ਉਸਦੇ ਕਿਸੇ ਅੰਗ ਨਾਲ ਬੰਨ੍ਹ ਦਿੱਤੇ ਜਾਂਦੇ ਹਨ ਅਤੇ ਦੂਜੀ ਕਿਸਮ ਦੇ ਤਵੀਤ ਰੱਖਿਆ ਆਦਿ ਦੀ ਦ੍ਰਿਸ਼ਟੀ ਪੱਖੋਂ ਘਰ ਦੀਆਂ ਕੰਧਾਂ, ਦਰਵਾਜ਼ਿਆਂ, ਡੰਗਰਾਂ ਦੇ ਕੋਠਿਆਂ, ਖੇਤਾਂ ਆਦਿ ਵਿਚ ਕਿਸੇ ਖੂੰਜੇ ਜਾਂ ਦੱਸੇ ਸਥਾਨ ਤੇ ਦੱਬੇ ਜ ਰੱਖੇ ਜਾਂਦੇ ਹਨ।

ਤਵੀਤ ਭਾਵੇਂ ਕਿਸੇ ਵੀ ਕਿਸਮ ਦਾ ਹੋਵੇ ਉਸਦਾ ਉਦੇਸ਼ ਸੁਰੱਖਿਆ ਜਾਂ ਗੁਣਕਾਰੀ ਹੋਣ ਤੋਂ ਹੁੰਦਾ ਹੈ। ਆਰੰਭ ਵਿਚ ਮੁਨੱਖ ਦੇ ਮਨ ਵਿਚ ਸੁਹਜ ਅਤੇ ਕਲਿਆਣ ਸਬੰਧੀ ਪੂਰਨ ਸ਼ਕਤੀ ਦੀ ਸਹਿਜ ਇੱਛਾ ਕਾਰਨ ਉਸ ਦੇ ਦਿਲ ਵਿਚ ਰਹੱਸਮਈ ਪ੍ਰਭਾਵਾਂ ਦਾ ਵਿਸ਼ਵਾਸ ਜਾਗਿਆ ਅਤੇ ਇਸ ਉਪਰੰਤ ਉਸਨੇ ਪਰਮਾਤਮਾ ਨੂੰ ਇਨ੍ਹਾਂ ਸਾਰੀਆ ਰਹੱਸਮਈ ਅਸਰਾਂ ਤੇ ਸ਼ਕਤੀਆਂ ਦਾ ਕੇਂਦਰ ਮੰਨ ਲਿਆ। ਹੌਲੀ ਹੌਲੀ ਉਸਨੇ ਜਾਦੂਗਰਾਂ, ਫ਼ਕੀਰਾਂ, ਸਾਧਾਂ ਅਤੇ ਸੰਤਾਂ ਦੀਆਂ ਕਰਾਮਾਤੀ ਸ਼ਕਤੀਆਂ ਦਾ ਮੂਲ ਵੀ ਪਰਮਾਤਮਾ ਨੂੰ ਮੰਨਣਾ ਸ਼ੁਰੂ ਕਰ ਦਿੱਤਾ ਕਿਸੇ ਮੰਤਰ-ਸਿੱਧੀ ਜਾਂ ਵਿਧੀਪੂਰਬਕ ਵਿਸ਼ੇਸ਼ ਸਮੇਂ ਤੇ ਕਿਸੇ ਪ੍ਰਕਾ ਇਕੱਤਰ ਕੀਤੀ ਕਰਾਮਾਤੀ ਸ਼ਕਤੀ ਤਵੀਤ ਦੇ ਰੂਪ ਵਿਚ ਬੰਨ੍ਹ ਲਈ ਜਾਣ ਲੱਗੀ ਤੇ ਇਸਨੂੰ ਮਨੁੱਖ ਨੇ ਸੁਰੱਖਿਆ ਜਾਂ ਆਪਣੇ ਕਿਸੇ ਉਦੇ ਪੂਰਤੀ ਲਈ ਵਰਤਣਾ ਸ਼ੁਰੂ ਕੀਤਾ।

ਵਿਦਵਾਨਾਂ ਦੇ ਮਤ ਅਨੁਸਾਰ ਆਰੰਭ ਵਿਚ ਤਵੀਤ ਸੁਹ ਸੁਹਣੇ ਅਤੇ ਅਜੀਬੋ-ਗਰੀਬ ਪਦਾਰਥਾਂ ਦੇ ਬਣਾਏ ਜਾਂਦੇ ਸਨ ਜਿ ਤੋਂ ਆਕਰਸ਼ਤ ਅਤੇ ਅਸਚਰਜ ਹੋ ਕੇ ਸਾਧਾਰਣ ਮਨੁੱਖਾਂ ਨ ਉਤਸੁਕਤਾ ਦੀ ਭਾਵਨਾ ਵਸ ਇਨ੍ਹਾਂ ਨੂੰ ਗ੍ਰਹਿਣ ਕਰਨਾ ਸ਼ੁਰੂ ਕ ਦਿੱਤਾ। ਇਸ ਤਰ੍ਹਾਂ ਇਕ ਪਾਸੇ ਤਾਂ ਤਵੀਤ ਗੁਣ ਤੇ ਦੈਵੀ ਸ਼ਕਤ ਨਾਲ ਭਰਪੂਰ ਸਮਝਿਆ ਜਾਂਦਾ ਸੀ ਤੇ ਦੂਜੇ ਪਾਸੇ ਸੁਹਜ ਅਤੇ ਗਹਿ ਦੇ ਰੂਪ ਵਿਚ ਇਕ ਅਲੰਕ੍ਰਿਤ ਵਸਤੂ ਦਾ ਕੰਮ ਸਾਰਦਾ ਸੀ। ਹੌਲ ਹੌਲੀ ਤਵੀਤ ਪਦਾਰਥਾਂ ਦੀ ਅਹਿਮੀਅਤ ਉਨ੍ਹਾਂ ਉਪਰ ਉਕ ਨਿਸ਼ਾਨ, ਚਿਤਰ ਅੰਕ ਅਤੇ ਰੇਖਾਵਾਂ ਦੇ ਅਧਾਰ ਤੇ ਅਤੇ ਉਸਦ ਉਪਯੋਗਤਾ ਉਪਰ ਕੀਤੀ ਜਾਣ ਲਗੀ।

ਤਵੀਤ ਦਾ ਪ੍ਰਯੋਗ ਮਾਨਣਾ ਇਤਿਹਾਸ ਤੋਂ ਪਹਿਲਾਂ ਤ ਚਲਦਾ ਸੀ। ਈਸਾ ਤੋਂ 3000 ਸਾਲ ਪਹਿਲਾਂ ਮੈਸੋਪੋਟਾਮੀਆ ਵਾਸੀ ਹਰ ਕੰਮ-ਕਾਜ ਵਿਚ ਜਾਦੂ-ਟੂਣੇ ਨੂੰ ਮਹੱਤਵ ਦਿੰਦੇ ਸਨ ਅ ਇਸ ਦੀ ਪੂਰਤੀ ਲਈ ਅਨੇਕ ਪ੍ਰਕਾਰ ਦੇ ਤਵੀਤ ਬਣਾਏ ਤੇ ਵਰ ਜਾਂਦੇ ਸਨ। ਪ੍ਰਾਚੀਨ ਕਾਲ ਦੇ ਮਿਸਰ, ਯੂਨਾਨ ਤੇ ਰੋਮ ਦੇ ਲੋਕਾਂ ਵਿ ਵੀ ਤਵੀਤ ਤੇ ਮੰਤਰਾਂ ਦੇ ਪ੍ਰਯੋਗ ਬਾਰੇ ਲਿਖਿਆ ਮਿਲਦਾ ਹੈ ਮੈਕਗ੍ਰੀਗੈਰ ਪਾਪਯਰਸ (MacGregar Papyrus) ਨੇ 75 ਕਿਸਮ ਤਵੀਤਾਂ ਦੇ ਨਾਂ ਦੱਸੇ ਹਨ ਜਿਹੜੇ ਪ੍ਰਾਚੀਨ ਮਿਸਰ ਵਿਚ ਪ੍ਰਚੱਲ ਸਨ। (scarab beetle) ਇਨ੍ਹਾਂ ਵਿਚੋਂ ਸਭ ਤੋਂ ਵੱਧ ਇਸ ਲ ਪ੍ਰਚਲਤ ਸੀ ਕਿਉਂਕਿ ਇਸ ਨੂੰ ਜੀਵਨ ਦਾ ਪ੍ਰਤੀਕ ਮੰਨਿਆ ਜਾਂ ਸੀ। ਇਥੋਂ ਤਕ ਕਿ ਈਸਾਈਅਤ ਦੇ ਆਰੰਭਕ ਪੈਰੋਕਾਰ ਵੀ ਤਵੀ ਜਾਂ ਮੰਤਰ ਵਿਦਿਆ ਵਿਚ ਵਿਸ਼ਵਾਸ ਰੱਖਦੇ ਸਨ। ਮੰਤਰ ਵਿਦਿਆ ਅਤੇ ਤਵੀਤ ਪ੍ਰਾਚੀਨ ਕਾਲ ਤੋਂ ਸੰਸਾਰ ਵਿਚ ਇੰਨੇ ਪ੍ਰਚੱਲਤ ਸਨ ਇਸਦਾ ਵਰਨਣ ਲੋਕ ਕਥਾਵਾਂ, ਕਹਾਣੀਆਂ, ਨਾਵਲ ਅ ਪੌਰਾਣਿਕ ਕਥਾਵਾਂ ਆਦਿ ਹਰੇਕ ਤਰ੍ਹਾਂ ਦੇ ਸਾਹਿਤ ਵਿਚ ਆਉਂ ਹੈ। ਇਥੇ ਹੀ ਬਸ ਨਹੀਂ ਲਿਖਤਾਂ ਵਿਚ ਤਵੀਤ ਦੇ ਵੱਖੋ ਵੱਖਰੇ ਪ੍ਰਯੋ ਅਤੇ ਉਸਦੇ ਅਸਰਾਂ ਦੀ ਵੀ ਵਿਆਖਿਆ ਮਿਲਦੀ ਹੈ।

ਭਾਰਤ ਵਿਚ ਕਵਚ ਅਤੇ ਯੰਤਰ ਤਾਂ ਪ੍ਰਾਚੀਨ ਕਾਲ ਤੋਂ ਦ ਹੀ ਆਉਂਦੇ ਹਨ। ਅੱਜਕਲ੍ਹ ਵਿਭੂਤੀ, ਫੁੱਲ, ਜੜੀ, ਡੋਰ, ਵਿਸ਼ੇਸ਼ ਰੰ ਦਾ ਬਸਤਰ ਆਦਿ ਵੀ ਮੰਤਰ ਸਿਧ ਕਰਕੇ ਰੱਖਿਆਕਾਰੀ ਤਵੀਤ ਤੌਰ ਤੇ ਵਰਤੇ ਜਾਂਦੇ ਹਨ। ਪੁਰਾਣੇ ਸਿੱਕੇ, ਭੋਜ ਪੱਤਰ ਤੇ ਤਾ ਪੱਤਰਾਂ ਉਪਰ ਵਰਗਾਕਾਰ ਜਾਂ ਤ੍ਰੈਭੁਜੀ ਆਕ੍ਰਿਤੀਆਂ ਵਿਚ ਰਹੱਸਮ ਲਿਖੇ ਹੋਏ ਕਈ ਅੰਕ ਗ਼ੈਬੀ ਤੌਰ ਤੇ ਪ੍ਰਭਾਵਕਾਰੀ ਸਮਝੇ ਜਾਂਦੇ ਹ ਮੱਧ ਕਾਲ ਦੌਰਾਨ ਈਸਾਈ ਧਰਮ ਵਿਚ ਤਵੀਤਾਂ ਦੀ ਵਰਤੋਂ ਬੰਦਸ਼ ਲਗਾ ਦਿਤੀ ਗਈ ਪਰ ਯਹੂਦੀਆਂ ਵਿਚੋਂ ਅੰਤਲੇ ਰੋ

ਗਿਆਨਵਾਦੀਆਂ ਨੇ ਸ਼ਾਇਦ ਅਜਿਹਾ ਕਰਨ ਦੀ ਖੁੱਲ੍ਹ ਦੇ ਦਿੱਤੀ। ਤਵੀਤ ਬਣਾਉਣੇ ਇਕ ਰਾਬਿਨੀ ਕਾਰਜ ਸਮਝਿਆ ਜਾਣ ਲੱਗਾ। ਪੂਰਬੀ ਯਹੂਦੀਆਂ ਵਿਚ ਬੱਚੇ ਦੇ ਜਨਮ ਵਾਲੇ ਕਮਰੇ ਵਿਚ ਭੈੜੀਆਂ ਰੂਹਾਂ (Lilith) ਤੋਂ ਬਚਾਉਣ ਲਈ ਤਵੀਤ ਟੰਗਣ ਦਾ ਰਿਵਾਜ ਹੈ।

ਹ.ਪੁ.—ਐਨ.ਬ੍ਰਿ.ਮਾ.1: 359 ; ਹਿੰ. ਵਿ. ਕੋ 5 : 367

**ਤਾਊਨ** : ਇਹ ਪਲੇਗ ਦੀ ਬੀਮਾਰੀ ਵਰਗੀ ਹੀ ਇਕ ਛੂਤ ਦੀ ਬੀਮਾਰੀ ਹੈ। ਇਸ ਬੀਮਾਰੀ ਦੇ ਕੀਟਾਣੂ ਜਦ ਸਰੀਰ ਵਿਚ ਦਾਖ਼ਲ ਹੋ ਜਾਂਦੇ ਹਨ ਤਾਂ ਕੱਛਾਂ ਜਾਂ ਚੱਡਿਆਂ ਆਦਿ ਵਿਚ ਗਿਲਟੀ ਜਿਹੀ ਬਣ ਜਾਂਦੀ ਹੈ ਜਿਹੜੀ ਕੁਝ ਚਿਰ ਮਗਰੋਂ ਸੁੱਜਕੇ ਫੋੜੇ ਵਾਂਗ ਹੋ ਜਾਂਦੀ ਹੈ। ਇਸ ਨਾਲ ਰੋਗੀ ਨੂੰ ਬੁਖ਼ਾਰ ਹੋ ਜਾਂਦਾ ਹੈ ਅਤੇ ਸਿਰ ਨੂੰ ਚੱਕਰ ਆਉਣ ਲਗਦੇ ਹਨ। ਕਈ ਵਾਰ ਬੀਮਾਰੀ ਦਾ ਅਸਰ ਫੇਫੜਿਆਂ ਤੇ ਵੀ ਹੋ ਜਾਂਦਾ ਹੈ, ਅਜਿਹੀ ਹਾਲਤ ਵਿਚ ਸਰੀਰ ਉੱਤੇ ਬਾਹਰਵਾਰ ਕੋਈ ਫੋੜਾ ਦਿਖਾਈ ਨਹੀਂ ਦਿੰਦਾ। ਇਸ ਰੋਗ ਦੇ ਲੱਛਣ ਪ੍ਰਗਟ ਹੁੰਦੇ ਹੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਇਸ ਰੋਗ ਦੇ ਕੀਟਾਣੂਆਂ ਨੂੰ ਫੈਲਾਉਣ ਦੇ ਕੰਮ ਚੂਹੇ ਕਰਦੇ ਹਨ। ਇਹੋ ਕਾਰਨ ਹੈ ਕਿ ਖੁਲ੍ਹੀ ਹਵਾ ਵਿਚ ਰਹਿਣ ਵਾਲੇ ਲੋਕਾਂ ਨੂੰ ਜਿਨ੍ਹਾਂ ਦੇ ਘਰ ਚੂਹੇ ਆਦਿ ਨਹੀਂ ਹੁੰਦੇ ਇਹ ਰੋਗ ਲੱਗਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

ਹ.ਪੁ.—ਮ.ਕੋ. : 436

**ਤਾਉ ਹੁੰਗ-ਚਿੰਗ (Tao Hung-Ching)** : ਇਹ ਚੀਨ ਦਾ ਉੱਘਾ ਕਵੀ, ਲੇਖਕ ਅਤੇ ਆਪਣੇ ਸਮੇਂ ਦਾ ਸਭ ਤੋਂ ਪ੍ਰਸਿੱਧ ਤਾਓਵਾਦੀ ਸੀ। ਇਸ ਦਾ ਜਨਮ ਕਿਆਂਗਸੂ ਰਾਜ ਵਿਚ ਮੋ-ਲਿੰਗ ਵਿਖੇ 451 ਈ. ਵਿਚ ਹੋਇਆ। ਇਹ ਬਚਪਨ ਤੋਂ ਹੀ ਪ੍ਰੌਢ ਬੁੱਧੀ ਵਾਲਾ ਸੀ ਅਤੇ ਅਜੇ ਚੜ੍ਹਦੀ ਜਵਾਨੀ ਵਿਚ ਹੀ ਸੀ ਜਦੋਂ ਇਹ ਸ਼ਾਹੀ ਦਰਬਾਰ ਵਿਚ ਟਿਊਟਰ ਲਗ ਗਿਆ ਸੀ। ਤਾਓਵਾਦ ਦਾ ਡੂੰਘਾ ਅਧਿਐਨ ਕਰਨ ਲਈ 492 ਵਿਚ ਇਹ ਮਾਓ ਸ਼ਾਨ ਵਿਖੇ ਚਲਾ ਗਿਆ। ਉਥੇ ਇਸ ਦੇ ਪਹਾੜੀ ਆਸ਼ਰਮ ਵਿਚ ਪੂਰੇ ਦੇ ਪੂਰੇ ਪਰਿਵਾਰ ਇਸ ਤੋਂ ਰੂਹਾਨੀ ਦੀਖਿਆ ਲੈਂਦੇ ਸਨ। ਇਹ ਲਿਆਂਗ ਵੂ ਤੀ ਬਾਦਸ਼ਾਹ ਦਾ ਸਲਾਹਕਾਰ ਅਤੇ ਦੋਸਤ ਸੀ।

ਤਾਓ ਹੁੰਗ

ਚਿੰਗ ਨੇ ਯਾਂਗ ਹਸਾਈ. ਹਸੂ ਮੀ ਅਤੇ ਹਸੂ ਹੁਈ ਵਰਗੇ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਸੰਪਾਦਿਤ ਕੀਤਾ। ਇਸ ਮਹਾਨ ਕ੍ਰਿਤ ਵਿਚ ਤਾਓਵਾਦ ਦੇ ਧਰਮ-ਗ੍ਰੰਥ ਵੀ ਸ਼ਾਮਲ ਹਨ। ਇਸ ਨੇ 'ਚੈਂਨ ਕਾਓ' ਅਤੇ 'ਟੇਂਗ - ਚੈਂਨ ਯਿਨ - ਚੂਐਹ' ਨਾਂ ਦੀਆਂ ਸਾਹਿਤਕ ਪੁਸਤਕਾਂ ਵੀ ਲਿਖੀਆਂ। ਮਾਓ ਸ਼ਾਨ ਦੇ ਆਪਣੇ ਆਸ਼ਰਮ ਵਿਖੇ ਤਾਓ ਹੁੰਗ ਚਿੰਗ ਨੇ ਰੋਜ਼ਾਨਾ ਜੀਵਨ ਵਿਚ ਤਾਓਵਾਦ ਦੀਆਂ ਮੁਢਲੀਆਂ ਗੱਲਾਂ ਲਿਆਉਣ ਦੀ ਕੋਸ਼ਿਸ਼ ਕੀਤੀ ਸੀ। ਸਹੀ ਖੁਰਾਕ ਅਤੇ ਸੁਚੱਜੇ ਜੀਵਨ ਨਿਰਬਾਹ ਬਾਰੇ ਇਸ ਦੀ ਰਚਨਾ 'T'u ching yenipents'ao' ਚੀਨ ਦੇ ਔਸ਼ਧ ਵਿਗਿਆਨ ਵਿਚ ਇਕ ਉੱਤਮ ਕ੍ਰਿਤ ਮੰਨੀ ਜਾਂਦੀ ਹੈ। ਇਸ ਦੀਆਂ ਲਿਖਤਾਂ ਤੋਂ ਸਿਧ ਹੁੰਦਾ ਹੈ ਕਿ ਇਸ ਨੂੰ ਬੁੱਧ ਮੱਤ ਅਤੇ ਤਾਓਵਾਦ ਦੇ ਸਾਹਿਤਾਂ ਬਾਰੇ ਡੂੰਘੀ ਜਾਣਕਾਰੀ ਸੀ।

ਸੰਨ 536 ਵਿਚ ਹੁਆਯਾਂਗ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 813.

**ਤਾਓ ਚਾਈਨ** : ਇਸ ਦਾ ਨਾਂ ਤਾਓ-ਯੁਆਨ-ਮਿੰਗ ਵੀ ਹੈ। ਇਹ ਚੀਨ ਦੇ ਮਹਾਨ ਕਵੀਆਂ ਵਿਚੋ ਇਕ ਸੀ ਅਤੇ ਬਹੁਤ ਪ੍ਰਸਿੱਧ ਸਾਧੂ ਸੀ। ਇਸ ਦਾ ਜਨਮ ਮੌਜੂਦਾ ਕਿਆਂਗਸੀ ਰਾਜ ਦੇ ਹਸਿਨਯਾਂਗ ਜ਼ਿਲ੍ਹੇ ਵਿਚ 365 ਈ. ਵਿਚ ਹੋਇਆ। ਇਹ ਇਕ ਬਹੁਤ ਹੀ ਗਰੀਬ ਘਰਾਣੇ ਵਿਚ ਪੈਦਾ ਹੋਇਆ ਸੀ ਅਤੇ ਆਪਣੀ ਉਮਰ ਦੇ ਤੀਜੇ ਦਹਾਕੇ ਵਿਚ ਆਪਣੇ ਬਿਰਧ ਮਾਂ-ਪਿਉ ਨੂੰ ਆਸਰਾ ਦੇਣ ਲਈ ਇਸ ਨੇ ਮਾਮੂਲੀ ਸਰਕਾਰੀ ਨੌਕਰੀ ਕਰ ਲਈ। 10 ਸਾਲ ਨੌਕਰੀ ਕਰਨ ਮਗਰੋਂ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਇਸ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਫਿਰ ਇਹ ਆਪਣੇ ਪਰਿਵਾਰ ਸਮੇਤ ਇਕ ਪਿੰਡ ਵਿਚ ਜਾ ਕੇ ਕਿਸਾਨੀ ਜੀਵਨ ਬਿਤਾਉਣ ਲਗ ਗਿਆ। ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਵੀ ਇਹ ਉਥੇ ਬੜਾ ਸੰਤੁਸ਼ਟ ਸੀ। ਇਹ ਕਵਿਤਾ ਲਿਖਦਾ, ਗੁਲਦਾਊਦੀਆਂ ਉਗਾਉਂਦਾ ਅਤੇ ਸ਼ਰਾਬ ਪੀਂਦਾ ਰਹਿੰਦਾ। ਗੁਲਦਾਊਦੀ ਅਤੇ ਸ਼ਰਾਬ ਦਾ ਇਸ ਦੀ ਕਵਿਤਾ ਵਿਚ ਆਮ ਜ਼ਿਕਰ ਆਉਂਦਾ ਹੈ। ਇਸ ਦੀ ਕਵਿਤਾ ਬਹੁਤ ਹੀ ਸਰਲ



ਤਾਓ ਚਾਈਨ

ਅਤੇ ਬੇਲਾਗ ਸੀ। ਤਾਂਗ ਖਾਨਦਾਨ ਦੇ ਰਾਜ ਤੱਕ (618-907) ਇਸ ਦੀ ਕਵਿਤਾ ਦੀ ਕੋਈ ਪੁੱਛ ਨਹੀਂ ਹੋਈ। ਇਸਨੂੰ ਕਵਿਤਾ ਦੀ ਪੰਜ ਸ਼ਬਦੀ ਸਤਰ ਦਾ ਮਾਹਰ ਮੰਨਿਆ ਜਾਂਦਾ ਹੈ। ਇਸ ਨੂੰ ਕਵਿਤਾ ਅਤੇ ਬਾਗਾਂ ਦਾ ਕਵੀ ਕਿਹਾ ਜਾਂਦਾ ਹੈ। ਜੀਵਨ ਸਬੰਧੀ ਇਸ ਦੇ ਵਿਚਾਰ ਤਾਓਵਾਦੀ ਸਨ। ਕਨਫ਼ਿਊਸ਼ਸਵਾਦ ਅਤੇ ਬੁੱਧਮੱਤ ਦੀਆਂ ਚੰਗੀਆਂ ਗੱਲਾਂ ਵੀ ਇਸ ਦੀ ਕਵਿਤਾ ਵਿਚ ਆਮ ਮਿਲਦੀਆਂ ਹਨ। ਇਸ ਦਾ ਦੇਹਾਂਤ 427 ਵਿਚ ਕਿਆਂਗਸੀ ਵਿਖੇ ਹੋਇਆ।

ਹ.ਪੁ.—ਐਨ. ਬ੍ਰਿ. ਮਾ. 9 : 813.

**ਤਾਓ - ਤੈ ਚਿੰਗ** : ਇਹ ਚੀਨ ਦੀਆਂ ਮਹਾਨ ਕਲਾਸਕੀ ਰਚਨਾਵਾਂ ਵਿਚੋਂ ਇਕ ਹੈ। ਇਸ ਦਾ ਇਹ ਨਾਂ ਹਾਨ ਖ਼ਾਨਦਾਨ ਦੇ ਰਾਜ ਕਾਲ (206 ਈ.ਪੂ. - 220 ਈ.) ਸਮੇਂ ਪਿਆ। ਪਹਿਲਾਂ ਇਸ ਦਾ ਨਾਂ ਲਾਓ - ਜ਼ੂ ਸੀ, ਕਿਉਂ ਜੋ ਖਿਆਲ ਕੀਤਾ ਜਾਂਦਾ ਸੀ ਕਿ ਇਹ ਲਾਓ - ਜ਼ੂ ਦੀ ਲਿਖੀ ਹੋਈ ਹੈ। ਲਾਓ - ਜ਼ੂ ਤਾਓਵਾਦ ਦਾ ਮੋਢੀ ਸੀ। 19ਵੀਂ ਸਦੀ ਵਿਚ ਵਿਦਵਾਨਾਂ ਨੇ ਇਹ ਸਿੱਧ ਕੀਤਾ ਕਿ ਇਹ ਲਾਓ - ਜ਼ੂ ਦੀ ਕ੍ਰਿਤ ਕਦਾਚਿਤ ਨਹੀਂ ਪਰ ਅਜੇ ਤਕ ਪਤਾ ਨਹੀਂ ਲਗ ਸਕਿਆ ਕਿ ਆਖ਼ਰ ਇਸ ਦਾ ਲੇਖਕ ਕੌਣ ਸੀ। ਇਸ ਦਾ ਰਚਨਾ ਕਾਲ 8 ਵੀਂ ਸਦੀ ਈ. ਪੂ. ਅਤੇ ਤੀਜੀ ਸਦੀ ਈ. ਪੂ. ਦੇ ਵਿਚਕਾਰ ਖਿਆਲ ਕੀਤਾ ਜਾਂਦਾ ਹੈ। ਤਾਓ - ਤੈ ਚਿੰਗ ਪੁਸਤਕ ਵਿੱਚ ਵਿਚ ਬਦਅਮਲੀ ਫੈਲੇ ਰਾਜ ਵਿਚ ਅਮਨ ਅਤੇ ਚੈਨ ਨਾਲ ਜੀਵਨ ਬਤੀਤ ਕਰਨ ਦਾ ਢੰਗ ਦਰਸਾਇਆ ਗਿਆ ਹੈ। ਇਸ ਵਿਚ ਆਪ-ਹੁਦਰੇ ਹੁਕਮਰਾਨਾਂ ਅਤੇ ਸਮਾਜਕ ਕੁਰੀਤੀਆਂ ਦੀ ਘੋਰ ਨੁਕਤਾਚੀਨੀ ਕੀਤੀ ਗਈ ਹੈ।

ਤਾਓ-ਤੈ ਚਿੰਗ ਵਿਚ ਜੀਵਨ ਬਤੀਤ ਕਰਨ ਦੇ ਢੰਗ ਨੂੰ ਵੱਖ ਵੱਖ ਤਰ੍ਹਾਂ ਨਾਲ ਬਿਆਨ ਕੀਤਾ ਗਿਆ ਹੈ। ਇਸ ਨੂੰ ਫ਼ਿਲਾਸਫ਼ੀ ਅਤੇ ਧਰਮ ਦੀ ਮੁੱਢਲੀ ਧਾਰਨਾ ਕਰਕੇ ਜਾਣਿਆ ਜਾਂਦਾ ਹੈ। ਇਸ ਵਿਚ ਦਸਿਆ ਗਿਆ ਹੈ ਕਿ ਕੋਈ ਵੀ ਕਾਰਜ ਗ਼ੈਰ-ਕੁਦਰਤੀ ਨਹੀਂ ਹੋਣਾ ਚਾਹੀਦਾ। ਪੂਰਨ ਨਿਸ਼ਕ੍ਰਿਅਤਾ ਨੂੰ ਚੰਗਾ ਸਮਝਿਆ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਕਿਸੇ ਗੱਲ ਵਿਚ ਦਖ਼ਲ ਨਾ ਦਿਓ, ਸਭ ਕੁਝ ਜਿਵੇਂ ਹੈ ਆਪਣੇ ਆਪ ਹੋਣ ਦਿਉ। "ਕੁਝ ਨਾ ਕਰੋ ਅਤੇ ਸੱਭ ਕੁੱਝ ਆਪਣੇ ਆਪ ਹੋ ਜਾਂਦਾ ਹੈ।" ਇਹ 'ਰਾਹ' ਇਹ 'ਜੀਵਨ ਜੁਗਤ' ਆਦਿ ਜੁਗਾਦਿ ਤੋਂ ਚਲੀ ਆ ਰਹੀ ਦਸੀ ਗਈ ਹੈ। ਜਨਤਾ ਵਿਚ ਤਾਓ ਦੇ ਇਨ੍ਹਾਂ ਸਿਧਾਂਤਾਂ ਤੇ ਅਮਲ ਕਰਨ ਨਾਲ ਹੁਕਮਰਾਨ ਬੜੇ ਅਮਨ ਚੈਨ ਨਾਲ ਰਾਜ ਕਰ ਸਕਦੇ ਹਨ।

ਤਾਓ - ਤੈ ਚਿੰਗ ਇੰਨੀ ਪ੍ਰਸਿਧ ਹੋਈ ਕਿ ਇਸ ਦੇ ਘੱਟੋ ਘੱਟ 350 ਟੀਕੇ ਚੀਨੀ ਵਿਚ ਅਤੇ 250 ਜਾਪਾਨੀ ਵਿਚ ਅਜੇ ਵੀ ਸੁਰੱਖਿਅਤ ਹਨ। 20ਵੀਂ ਸਦੀ ਦੇ ਮੁੱਢ ਤੋਂ ਅੰਗਰੇਜ਼ੀ ਵਿਚ ਇਸ ਦੇ 40 ਤੋਂ ਵੱਧ ਅਨੁਵਾਦ ਹੋ ਚੁੱਕੇ ਹਨ।

ਹ.ਪੁ.—ਐਨ. ਬ੍ਰਿ. ਮਾ. 9 :815.

**ਤਾਇਐਰੀ ਡੇ ਸ਼ਾਰਤਰ** : ਇਸ ਉੱਘੇ ਫ਼ਰਾਂਸੀਸੀ ਧਰਮ ਸ਼ਾਸਤਰੀ, ਸਿਖਿਅਕ ਅਤੇ ਵਿਸ਼ਵ ਕੋਸ਼ਕਾਰ ਦਾ ਜਨਮ ਲਗਭਗ 1100 ਈ. ਵਿਚ ਹੋਇਆ। ਇਹ 12 ਵੀਂ ਸਦੀ ਦੇ ਉੱਘੇ ਯੂਰਪੀ ਈਸਾਈ ਦਾਰਸ਼ਨਿਕਾਂ ਵਿਚੋਂ ਇਕ ਸੀ। ਇਹ ਸ਼ਾਰਤਰ ਅਤੇ ਪੈਰਿਸ ਵਿਖੇ ਅਧਿਆਪਕ ਰਿਹਾ। ਸੰਨ 1141 ਵਿਚ ਇਹ ਸ਼ਾਰਤਰ ਦਾ ਆਰਕ-ਡੀਕਨ ਅਤੇ ਚਾਂਸਲਰ ਰਿਹਾ। ਸੰਨ 1149 ਵਿਚ ਫ਼ਰੈਂਕਫ਼ਰਟ ਦੀ ਵਿਧਾਨ ਸਭਾ ਵਿਚ ਭਾਗ ਲੈਣ ਉਪਰੰਤ ਇਸ ਨੇ ਭਿਖਸ਼ੂ ਜੀਵਨ ਅਪਣਾਇਆ।

ਇਸ ਦੀ ਅਣਪ੍ਰਕਾਸ਼ਿਤ ਪੁਸਤਕ 'Heptateuchan' (ਸੱਤ ਜਿਲਦਾਂ ਦੀ ਪੁਸਤਕ) ਵਿਚ ਸੱਤ ਸੁਤੰਤਰ ਕਲਾਵਾਂ ਦੀਆਂ ਕਲਾਸਕੀ ਸ਼ੈਲੀਆਂ ਸ਼ਾਮਲ ਹਨ। ਇਹ ਪਹਿਲਾ ਵਿਅਕਤੀ ਸੀ ਜਿਸ ਨੇ 11 ਵੀ. ਸਦੀ ਵਿਚ ਪੂਰਬੀ ਵਿਗਿਆਨ ਨੂੰ ਪੱਛਮ ਵਿਚ ਪ੍ਰਚੱਲਤ ਕਰਨ ਲਈ ਅਰਬੀ ਭਾਸ਼ਾ ਦੀਆਂ ਪੁਸਤਕਾਂ ਦਾ ਲਤੀਨੀ ਭਾਸ਼ਾ ਵਿਚ ਅਨੁਵਾਦ ਕਰਵਾਇਆ।

ਸੰਨ 1150 ਦੇ ਲਗਭਗ ਫ਼ਰਾਂਸ ਵਿਚ ਸ਼ਾਰਤਰ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 9 : 954

**ਤਾਇਬੀਰੀਅਸ ਦੂਜਾ ਕਾਂਸਟਨਟਾਈਨਸ** : ਬਿਜ਼ੰ-ਤੀਨੀ ਸਾਮਰਾਜ ਦੇ ਇਸ ਸ਼ਹਿਨਸ਼ਾਹ ਦਾ ਜਨਮ ਥ੍ਰੇਸ ਵਿਖੇ ਹੋਇਆ। ਇਹ 578 ਈ. ਵਿਚ ਬਿਜ਼ੰਤੀਨ ਦਾ ਸ਼ਹਿਨਸ਼ਾਹ ਬਣਿਆ ਅਤੇ ਇਸ ਨੇ ਪੂਰਬ ਵਲੋਂ ਹੋਈ ਪ੍ਰਸ਼ੀਅਨਾਂ ਦੀ ਵਿਰੋਧਤਾ ਤੋਂ ਤਾਂ ਆਪਣੇ ਦੇਸ਼ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਪਰੰਤੂ ਉੱਤਰ ਅਤੇ ਪੱਛਮ ਵਿਚ ਆਵਾਰਾਂ ਅਤੇ ਸਲਾਵਾਂ ਨਾਲ ਹੋਈਆਂ ਲੜਾਈਆਂ ਵਿਚ ਇਸ ਨੂੰ ਕਾਫ਼ੀ ਨੁਕਸਾਨ ਉਠਾਉਣਾ ਪਿਆ।

ਇਸ ਨੇ ਜਸਟਿਨ ਦੂਜੇ ਦੀ ਅਗਵਾਈ ਵਿਚ ਬਾਲਕਨਜ਼ ਵਿਚ ਆਵਾਰਾਂ ਦੇ ਵਿਰੁੱਧ ਕੀਤੀਆਂ ਚੜ੍ਹਾਈਆਂ ਵਿਚ ਹਿੱਸਾ ਲਿਆ। ਜਦੋਂ 574 ਈ. ਦੇ ਨੇੜੇ ਤੇੜੇ ਜਸਟਿਨ ਸ਼ਾਸਨ ਚਲਾਉਣ ਦੇ ਯੋਗ ਨਾ ਰਿਹਾ ਤਾਂ ਮਹਾਰਾਣੀ ਸੋਫ਼ੀਆ ਅਤੇ ਤਾਇਬੀਰੀਅਸ ਨੇ ਸਰਕਾਰ ਦਾ ਕੰਮ ਆਪਣੇ ਹੱਥਾਂ ਵਿਚ ਲੈ ਲਿਆ। ਜਸਟਿਨ ਨੇ ਇਸ ਨੂੰ ਆਪਣੇ ਪੁੱਤਰ ਵਜੋਂ ਅਪਣਾ ਲਿਆ ਅਤੇ 7 ਦਸੰਬਰ, 574 ਈ. ਨੂੰ ਇਸ ਨੂੰ ਸਹਿ-ਸ਼ਹਿਨਸ਼ਾਹ ਥਾਪ ਦਿੱਤਾ ਗਿਆ ਅਤੇ 26 ਸਤੰਬਰ, 578 ਨੂੰ ਇਸ ਦੀ ਸ਼ਹਿਨਸ਼ਾਹ ਵਜੋਂ ਤਾਜਪੋਸ਼ੀ ਕੀਤੀ ਗਈ ਜਸਟਿਨ ਇਸ ਨੂੰ ਸ਼ਾਸਕ ਬਣਾਉਣ ਤੋਂ ਛੇਤੀ ਹੀ ਮਗਰੋਂ ਚੜ੍ਹਾ ਕਰ ਗਿਆ।

ਇਸ ਦੌਰਾਨ 578 ਈ. ਵਿਚ ਪਰਸ਼ੀਆ ਅਤੇ ਬਿਜ਼ੰਤੀਅਮ ਆਰਮੀਨੀਅਨ ਮਸਲੇ ਦੇ ਹੱਲ ਬਾਰੇ ਸ਼ਾਂਤੀ ਵਾਰਤਾਲਾਪ ਆਰੰਭ ਕ ਦਿੱਤੀ। ਪ੍ਰਸ਼ੀਅਨ ਬਾਦਸ਼ਾਹ ਖੁਸਰੋ ਪਹਿਲੇ ਨੇ ਆਪਣੀ ਮੌਤ ਪਹਿਲਾਂ ਹੀ ਬਿਜ਼ੰਤੀਅਮ ਦੀਆਂ ਸ਼ਰਤਾਂ ਦੇ ਆਧਾਰ ਤੇ ਕੋ ਸਮਝੌਤਾ ਹੋਣ ਨੂੰ ਠੀਕ ਹੀ ਸਮਝਿਆ ਸੀ। ਖੁਸਰੋ ਪਹਿਲੇ ਉਤਰਾਧਿਕਾਰੀ ਹੱਰਮਿਜ਼ਦ ਚੌਥੇ ਨੇ ਤਾਇਬੀਰੀਅਸ ਦੀਆਂ ਤਜ ਵੀਜ਼ਾਂ ਨੂੰ ਰੱਦ ਕਰ ਦਿੱਤਾ ਅਤੇ ਤਾਇਬੀਰੀਅਸ ਦੇ ਸਾਰੇ ਸਾਸ਼ ਕਾਲ ਦੌਰਾਨ ਇਸ ਨਾਲ ਦੁਸ਼ਮਣੀ ਰੱਖਣੀ ਮੁੜ ਸ਼ੁਰੂ ਕਰ ਦਿੱਤ ਇਸ ਨੇ ਉੱਤਰੀ ਸਰਹੱਦਾਂ ਵੱਲ ਆਵਾਰਾਂ ਨੂੰ ਸਾਲਾਨਾ ਖ਼ਿਰਾਜ ਦੇ ਸ਼ਾਂਤ ਕਰਨ ਦਾ ਯਤਨ ਕੀਤਾ ਪਰੰਤੂ ਆਵਾਰਾਂ ਦੇ ਦੋ ਸਾਲ ਦੇ ਘ ਉਪਰੰਤ ਇਸ ਨੂੰ 582 ਈ. ਵਿਚ ਸਰਮੀਅਮ ਸ਼ਹਿਰ ਮਜਬੂਰ ਹਵਾਲੇ ਕਰਨਾ ਪਿਆ। ਇਸ ਅਰਸੇ ਦੌਰਾਨ ਥ੍ਰੇਸ, ਥੈਸਾਲ ਅਲਿਰੀਕਮ ਅਤੇ ਯੂਨਾਨ ਦੇ ਹੋਰ ਦੂਜੇ ਖੇਤਰਾਂ ਵਿਚ ਸਲਾਵ ਕਾ ਗਿਣਤੀ ਵਿਚ ਦਾਖ਼ਲ ਹੋ ਗਏ।

ਗੰਭੀਰ ਰੂਪ ਵਿਚ ਬੀਮਾਰ ਹੋਏ ਤਾਇਬੀਰੀਅਸ ਨੇ ਪਰਸ਼ੀਅ ਜੰਗ ਸਮੇਂ ਦੇ ਆਪਣੇ ਕਮਾਂਡਰ, ਮਾਲਸ ਨੂੰ ਆਪਣਾ ਉਤਰਾਧਿਕਾ ਬਣਾ ਦਿੱਤਾ ਅਤੇ ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਅਗਸਤ ਨੂੰ ਆਪਣੇ ਕਮਾਂਡਰ ਦੀ ਸ਼ਹਿਨਸ਼ਾਹ ਵਜੋਂ ਤਾਜਪੋਸ਼ੀ ਕ ਦਿੱਤੀ।

14 ਅਗਸਤ, 582 ਈ. ਨੂੰ ਇਸ ਦੀ ਕੁਸਤੁਨਤੁਨੀਆ ਵਿ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 11:755

**ਤਾਇਰੀ, ਜ਼ਾਕ ਨਿਕਲਸ ਆੱਗਸਟਨ (Thier Jacques Nicolas Augustin)** : ਇਹ ਫਰਾਂਸ ਇਤਿਹਾਸਕਾਰ ਸੀ ਜਿਸ ਦਾ ਜਨਮ 10 ਮਈ, 1795 ਨੂੰ ਬਲ (Blois) ਵਿਖੇ ਹੋਇਆ। ਇਸ ਨੇ ਬਲਾਵਾ ਗਰਾਮਰ ਸਕੂਲ ਅ ਇਕੋਲ ਨਾਰਮਲ ਸੁਪੀਰੀਅਰ ਵਿਖੇ ਸਿੱਖਿਆ ਪ੍ਰਾਪਤ ਕੀਤੀ। ਇਨਕਲਾਬ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆ ਆਪ ਨੂੰ ਸੇਂਟ ਸਾਈਮਨ ਦੇ ਭਵਿੱਖ ਦੀ ਆਦਰਸ਼ ਸੁਸਾਇਟੀ ਲ ਉਤਸ਼ਾਹ ਨਾਲ ਕੰਮ ਕਰਨ ਲਈ ਅਰਪਣ ਕਰ ਦਿੱਤਾ। ਆਦਰਸ਼ ਸੁਸਾਇਟੀ ਦਾ ਸਕੱਤਰ ਬਣ ਗਿਆ ਅਤੇ ਆਪਣੇ ਆ ਸੁਪਨਦਰਸ਼ੀ ਵਿਅਕਤੀ ਦਾ ਗੋਦਲੇਵਾ ਪੁੱਤਰ ਅਖਵਾਉਣ ਪਿਆ ਪਰੰਤੂ ਸੇਂਟ ਸਾਈਮਨ ਦੇ ਅਨੁਆਈਆਂ ਨੇ ਆਪਣਾ ਧਿਅ ਜੀਵਨ ਦੇ ਕੰਮਾ ਕਾਰਾਂ ਵਲ ਮੋੜ ਲਿਆ ਅਤੇ ਆਪਣੇ ਜੀਵਨ ਰਾਜਨੀਤਕ-ਅਰਥ ਵਿਵਸਥਾ ਦੀਆਂ ਸਮੱਸਿਆਵਾਂ ਪ੍ਰਤੀ ਅਰ ਕਰ ਦਿੱਤਾ। ਇਸ ਨੇ ਆਪਣਾ ਧਿਆਨ ਇਤਿਹਾਸ ਲਿਖਣ ਮੋੜਿਆ। ਸਾੱਟੋਬਰੀਆਨ ਦੀ ਲਿਖੀ ਹੋਈ ਪੁਸਤਕ 'ਲੈਸ ਮਾਰ ਇਰਜ਼' ਨੂੰ ਪੜ੍ਹਨ ਮਗਰੋਂ ਇਸ ਦੀ ਰਚਨਾਤਮਕ ਸ਼ਕਤੀ ਹੋਰ ਤੇ ਗਈ ਜਿਸ ਵਿਚ ਸਾਟੋਬਰੀਆਨ ਨੇ ਸੰਸਾਰ ਦੀਆਂ ਦੋ ਸਭਿਅਤ ਅਤੇ ਨਸਲਾਂ ਦੀ ਤੁਲਨਾ ਨੂੰ ਪੇਸ਼ ਕੀਤਾ ਹੈ। ਮਗਰੋਂ ਸਰ ਵਾ ਸਕਾਟ ਦੀਆਂ ਰਚਨਾਵਾਂ ਨੇ ਵੀ ਇਸ ਦੇ ਰੋਮਾਂਟਿਕ ਉਤਸ਼ਾਹ ਨੂੰ ਅੱਗੇ ਵਿਕਸਿਤ ਕੀਤਾ। ਇਸ ਦੇ ਮੁੱਖ ਵਿਚਾਰ, ਜਿਨ੍ਹਾਂ ਜਰਮਨੀ ਦੇ ਹਮਲੇ, ਨਾਰਮਨ ਦੀ ਜਿੱਤ, ਕਮਿਊਨਜ਼ ਦੀ ਬਣ ਰਾਸ਼ਟਰਾਂ ਦੁਆਰਾ ਸਵਤੰਤਰ ਸਰਕਾਰ ਅਤੇ ਪਾਰਲੀਮੈਂਟ ਸੰਸਾ ਸਬੰਧੀ ਕੀਤੀ ਹੌਲੀ ਹੌਲੀ ਉੱਨਤੀ ਤਾਂ ਇਸ ਦੇ Census euro

(1817-20) ਵਿਚ ਪ੍ਰਕਾਸ਼ਿਤ ਲੇਖਾਂ ਅਤੇ ਮਗਰੋਂ ਇਸ ਦੀ ਪੁਸਤਕ Letters Sur L' histoirede France (1920) ਵਿਚ ਪ੍ਰਕਾਸ਼ਿਤ ਖੋਜ ਭਰਪੂਰ ਨਿਬੰਧਾਂ ਵਿਚ ਪ੍ਰਤੱਖ ਤੌਰ ਤੇ ਦਿਸਦੇ ਹਨ। ਸੰਨ 1825 ਵਿਚ ਇਸ ਦੇ ਲਾਤੀਨੀ ਬਿਰਤਾਂਤਕਾਰਾਂ ਅਤੇ ਐਂਗਲੋਂ-ਸੈਕਸਨ ਤੋਂ ਇਕਤਰ ਹੋਈ ਵਿੱਤੀ ਸਹਾਇਤਾ ਨਾਲ ਇਸ ਨੇ ਹਿਸਟਰੀ ਡੇ ਲਾ ਕਨਕੁਈਟ ਡੇ ਲ ਐਂਗਲਿਟਰੀ ਪਾਰ ਲੈਸ ਨਾਰਮੰਡਜ਼' ਪੁਸਤਕ ਨੂੰ ਤਿਆਰ ਕੀਤਾ। ਸੰਨ 1830 ਵਿਚ ਇਹ ਅੰਨ੍ਹਾ ਹੋ ਗਿਆ ਪਰੰਤੂ ਆਪਣੇ ਸਕੱਤਰਾਂ ਦੀ ਸਹਾਇਤਾਂ ਨਾਲ ਕੰਮ ਕਰਦਾ ਰਿਹਾ ਫਿਰ ਵੀ ਇਸ ਨੇ ਆਪਣੀ ਪੁਸਤਕ "ਲੈਟਰਜ਼ ਸਰ ਲ ਹਿਸਟਰੀ ਡੇ ਫਰਾਂਸ" ਨੂੰ 15 ਵੇਂ ਐਡੀਸ਼ਨ ਵਜੋਂ ਦੁਬਾਰਾ ਪ੍ਰਕਾਸ਼ਿਤ ਕੀਤਾ ਜਿਸ ਵਿਚ ਉਸ ਨੇ ਮੱਧ ਯੁੱਗ ਦੇ ਕਮਿਊਨਾਂ ਦੀ ਚੜ੍ਹਤ ਦੀਆਂ ਕੁਝ ਉੱਘੀਆਂ ਘਟਨਾਵਾਂ ਨੂੰ ਬਿਆਨ ਕੀਤਾ।

ਇਸ ਨੇ ਜੁਲਾਈ ਇਨਕਲਾਬ ਅਤੇ ਸਵਤੰਤਰ ਵਿਚਾਰਾਂ ਦੀ ਜਿੱਤ ਦੀ ਬੜੀ ਸ਼ਲਾਘਾ ਕੀਤੀ। ਇਸ ਨੇ 'ਡਿਕਸਨ ਡਈਟਿਊਡਜ਼ ਹਿਸਟਰੀ ਕਿਊਜ' ਦੇ ਸਿਰਲੇਖ ਅਧੀਨ ਪੁਸਤਕ ਦੁਬਾਰਾ ਸੰਪਾਦਿਤ ਕੀਤੀ ਜਿਸ ਵਿਚ ਇਸ ਦੇ ਪਹਿਲੇ ਲੇਖ 'ਸੈਨਾਸਰ ਯੂਰਪੀਨ' ਅਤੇ 'ਕੁਰੀਅਰ ਫਰਾਂਸੇਸ' (1834) ਨੂੰ ਸ਼ਾਮਲ ਕੀਤਾ ਅਤੇ 'ਰੀਸਾਈਟ' ਡੈਸਟੈਂਪਸ ਮੀਰੋਵਿੰਜੀਮਨਜ' ਨੂੰ ਤਿਆਰ ਕਰਵਾਇਆ ਜਿਸ ਵਿਚ ਇਸ ਨੇ ਵਰ ਦੇ ਗ੍ਰੈਗਰੀ ਦੀਆਂ ਸਭ ਤੋਂ ਵੱਧ ਮਹੱਤਵਪੂਰਨ ਕਹਾ-ਣੀਆਂ ਜੋ ਸਪਸ਼ਟ ਅਤੇ ਨਾਟਕੀ ਢੰਗ ਵਾਲੀਆਂ ਸਨ, ਨੂੰ ਦੁਬਾਰਾ ਤਿਆਰ ਕਰਵਾਇਆ। ਸੰਨ 1841 ਵਿਚ ਫਰਾਂਸ ਦੀ ਅਕੈਡਮੀ ਨੇ ਇਸ ਨੂੰ ਪ੍ਰਿਕਸ ਗੋਬਰਟ ਐਵਾਰਡ ਨਾਲ ਸਨਮਾਨਿਆ ਜਿਹੜਾ ਹੁਣ ਵੀ ਲਗਾਤਾਰ ਇਸ ਦੇ ਉਤਰਾਧਿਕਾਰੀ ਨੂੰ ਦਿੱਤਾ ਜਾਂਦਾ ਹੈ। ਇਸ ਦੀ 22 ਮਈ, 1856 ਨੂੰ ਪੈਰਿਸ ਵਿਚ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 22 : 131; ਐਨ. ਬ੍ਰਿ. ਮਾ. 9:954; ਐਵ. ਐਨ 11 : 662

**ਤਾਈ** : ਝੀਲ — ਚੀਨ ਦੇ ਜਜੀਆਂਗ (Chekiang) ਅਤੇ ਜੀਆਂਗਸੂ (Kiangsu) ਪ੍ਰਾਂਤਾਂ ਵਿਚਕਾਰ ਸਥਿਤ ਇਹ ਇਕ ਵੱਡੀ ਝੀਲ ਹੈ। ਕਮਾਨਨੁਮਾ ਲਗਦੀ ਇਹ ਝੀਲ ਉੱਤਰ ਤੋਂ ਦੱਖਣ ਵੱਲ 70 ਕਿ. ਮੀ. (45 ਮੀ.) ਲੰਬੀ ਅਤੇ ਪੂਰਬ ਤੋਂ ਪੱਛਮ ਵੱਲ 60 ਕਿ. ਮੀ. (37 ਮੀ.) ਚੌੜੀ ਹੈ ਅਤੇ ਇਸ ਦਾ ਕੁੱਲ ਰਕਬਾ 2,200 ਵ. ਕਿ. ਮੀ. ਹੈ।

ਇਹ ਬਿਲਕੁਲ ਪੱਧਰੇ ਮੈਦਾਨੀ ਇਲਾਕੇ ਵਿਚ ਸਥਿਤ ਹੈ। ਪੱਛਮ ਵਲੋਂ ਵਿੰਗ ਵਲੇਵੇਂ ਖਾਂਦੇ ਹੋਏ ਜਲ-ਮਾਰਗ ਇਸ ਨੂੰ ਹੋਂਦ ਵਿਚ ਲਿਆਉਂਦੇ ਹਨ ਅਤੇ ਇਸ ਦਾ ਵਾਧੂ ਪਾਣੀ ਪੂਰਬ ਵੱਲ ਸੂ ਜੋ (Su-chou), ਲੁ ਜੀਆਂਸ, (Lu Chiang) ਅਤੇ ਹਵਾਂਗ ਪੂ ਜੀਆਂਗ (Huang-p'u chiang) ਦਰਿਆਵਾਂ ਰਾਹੀਂ ਸਮੁੰਦਰ ਵਿਚ ਜਾ ਡਿਗਦਾ ਹੈ। ਇਸ ਦੇ ਉੱਤਰ-ਪੂਰਬ ਵਿਚ ਪਹਾੜ ਹਨ ਜਿਹੜੇ ਝੀਲ ਵਿਚੋਂ ਛੋਟੇ ਛੋਟੇ ਟਾਪੂਆਂ ਵਾਂਗ ਦਿਖਾਈ ਦਿੰਦੇ ਹਨ। ਗਾਦ ਕਾਰਨ ਝੀਲ ਦੇ ਕਿਨਾਰੇ ਲਗਾਤਾਰ ਘੱਟਣ ਕਰਕੇ ਇਨ੍ਹਾਂ ਵਿਚੋਂ ਬਹੁਤ ਸਾਰੇ ਟਾਪੂ ਝੀਲ ਦੇ ਨਾਲ ਹੀ ਰਲ ਗਏ ਹਨ।

ਭਾਵੇਂ ਇਸ ਦੇ ਆਲੇ-ਦੁਆਲੇ ਦਾ ਖੇਤਰ ਪਹਿਲੀ ਸਦੀ ਈ. ਪੂ. ਦਾ ਵੱਸਿਆ ਹੋਇਆ ਹੈ ਪਰ ਸਿੰਜਾਈ ਯੋਜਨਾਵਾਂ 7ਵੀਂ ਸਦੀ ਅਤੇ ਇਸ ਤੋਂ ਬਾਅਦ ਹੀ ਬਣੀਆਂ। 10ਵੀਂ ਅਤੇ 13ਵੀਂ ਸਦੀ ਦੌਰਾਨ ਭੌਂ ਸੁਧਾਰ ਅਤੇ ਜਲ-ਨਿਕਾਸੀ ਪ੍ਰਬੰਧ ਦੀ ਤੇਜ਼ੀ ਨਾਲ ਵਿਉਂਤਬੰਦੀ ਕੀਤੀ ਗਈ। 11ਵੀਂ ਅਤੇ 15ਵੀਂ ਸਦੀ ਵਿਚ ਵੱਡੇ ਪੈਮਾਨੇ ਤੇ ਹੜ੍ਹਾਂ ਦੀ ਰੋਕਥਾਮ ਲਈ ਯੋਜਨਾਵਾਂ ਬਣਾਈਆਂ ਗਈਆਂ। 1930 ਵਿਆਂ ਵਿਚ ਚੀਨ ਦੀ ਗਣਤੰਤਰੀ ਸਰਕਾਰ ਨੇ ਝੀਲ ਦੇ ਪਾਣੀ ਦੇ ਕੰਟਰੋਲ ਲਈ ਤਾਈ ਹੂ ਜਲ-ਸੰਭਾਲ ਅਥਾਰਿਟੀ ਦੀ ਸਥਾਪਨਾ ਕੀਤੀ ਜਿਸ ਨੂੰ ਬਾਅਦ ਵਿਚ ਜਲਦੀ ਹੀ 1949 ਈ. ਵਿਚ ਚੀਨ ਦੀ ਕਮਿਊਨਿਸਟ ਸਰਕਾਰ ਨੇ ਤਾਈ ਹੂ ਜਲ-ਸੰਭਾਲ ਅਸੈਂਬਲੀ ਨਾਲ ਬਦਲ ਦਿੱਤਾ। ਇਸ ਕੋਲ ਸਾਰੇ ਖੇਤਰ ਦੇ ਕੰਟਰੋਲ ਦੀ ਜ਼ਿੰਮੇਵਾਰੀ ਸੀ। ਅਜਿਹੀਆਂ ਯੋਜਨਾਵਾਂ ਬਣਾ ਕੇ ਝੀਲ ਦੇ ਪਾਣੀ ਦੀ ਠੀਕ ਵਰਤੋਂ ਕਰਨ ਦੇ ਨਾਲ ਨਾਲ ਹੜ੍ਹਾਂ ਦੀ ਵੀ ਰੋਕਥਾਮ ਕੀਤੀ ਗਈ।

ਝੀਲ ਦੇ ਪੂਰਬੀ ਹਿੱਸੇ ਵਿਚਲੇ ਕਈ ਟਾਪੂ ਪਹਿਲਾਂ ਤਾਓਵਾਦੀ ਅਤੇ ਬੋਧੀਆਂ ਦੇ ਧਾਰਮਿਕ ਸਥਾਨਾਂ ਕਾਰਨ ਬਹੁਤ ਪ੍ਰਸਿੱਧ ਸਨ। ਇਨ੍ਹਾਂ ਟਾਪੂਆਂ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਰਹਿੰਦੇ ਸਨ। ਇਹ ਫਲਾਂ ਦੀ ਬਾਗ਼ਬਾਨੀ ਅਤੇ ਮੱਛੀਆਂ ਫੜਨ ਦਾ ਧੰਦਾ ਕਰਦੇ ਸਨ। ਤਾਈ ਹੂ (Tai Hu) ਇਥੋਂ ਦੇ ਕੁਦਰਤੀ ਖ਼ੂਬਸੂਰਤ ਨਜ਼ਾਰਿਆਂ ਕਾਰਨ ਪ੍ਰਸਿੱਧ ਹੈ। ਪੂਰਬ ਵਿਚ ਖਾਸ ਤੌਰ ਤੇ ਜੀਆਂਗਸੂ ਵਿਚ ਸੂ ਜੋ ਦੇ ਲਾਗਲਾ ਖੇਤਰ ਅਤੇ ਉੱਤਰ ਵਿਚ ਵੂ ਸ਼ੀ (Wu-hsi) ਦੇ ਆਲੇ ਦੁਆਲੇ ਦਾ ਖੇਤਰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹਨ।

ਹ.ਪੁ.—ਐਨ. ਬ੍ਰਿ . ਮਾ. 11:501

**ਤਾਈਆਰਦ, ਪੋਂਤਸ ਦ (Thiard, Pontus de)** : ਇਹ ਫ਼ਰਾਂਸ ਦਾ ਕਵੀ ਸੀ ਜਿਸ ਨੇ ਸਮਾਜ ਦੇ ਉੱਚੇ ਵਰਗ ਵਿਚ ਪੁਨਰ-ਜਾਗ੍ਰਤੀ ਦੇ ਪ੍ਰਚਾਰ ਕਰਨ ਵਿਚ ਭਰਪੂਰ ਹਿੱਸਾ ਪਾਇਆ। ਇਸ ਦਾ ਜਨਮ ਲ. 1522 ਈ. ਵਿਚ ਬਰਗੰਡੀ ਵਿਚ ਬਿੱਸੀ-ਸੁਰ-ਫਲੇ ਵਿਖੇ ਹੋਇਆ। ਇਹ ਇਥੋਂ ਦਾ ਰਈਸ ਸੀ ਅਤੇ ਲਾਈਆਂ



ਪੋਂਤਸ ਦ ਤਾਈਆਰਦ

(Lyonese) ਦੇ ਕਵੀਆਂ ਦਾ ਖ਼ਾਸ ਸੰਗੀ ਸੀ। ਸੰਨ 1551 ਵਿਚ ਇਸ ਨੇ ਉਸ ਸਮੇਂ ਦੀ ਲੀਉਨ ਹੀਬ੍ਰੀਓ ਦੀ ਪ੍ਰਸਿੱਧ ਪੁਸਤਕ 'Dialoghi di amore' ਦਾ ਅਨੁਵਾਦ ਕੀਤਾ। ਸੰਨ 1549 ਵਿਚ ਇਸ ਦੀ ਗੀਤਾਂ ਦੀ ਪੁਸਤਕ 'Erreurs amoureuses' ਛਪੀ। ਮਗਰੋਂ ਦੀਆਂ ਐਡੀਸ਼ਨਾਂ ਵਿਚ ਇਹ ਹੋਰ ਵਾਧਾ ਕਰਦਾ ਰਿਹਾ। ਸੰਨ 1587 ਵਿਚ ਇਸ ਦਾ ਨਵ-ਅਫ਼ਲਾਤੂਨਵਾਦੀ ਵਿਸ਼ਵ ਕੋਸ਼ 'ਡਿਸਕੋਰਸ ਫਿਲਾਸਾ ਫਿਕਸ' ਮੁਕੰਮਲ ਹੋਇਆ।

ਸੰਨ 1578 ਤੋਂ 1594 ਤੱਕ ਤਾਈਆਰਦ ਸ਼ਾਲੋਂ-ਸੁਰ-ਸੋਆਨ ਦਾ ਬਿਸ਼ਪ ਰਿਹਾ। ਭਾਸ਼ਾ ਨੂੰ ਅਮੀਰ ਅਤੇ ਭਰਪੂਰ ਬਣਾਉਣ ਲਈ ਇਸ ਨੇ ਕਲਾਸਕੀ ਬਿੰਬਾਵਲੀ ਦੀ ਵਰਤੋਂ ਕੀਤੀ। ਇਹ ਇਸ ਵਿਸ਼ਵਾਸ ਦਾ ਧਾਰਨੀ ਸੀ ਕਿ ਕਵੀ ਨੂੰ ਆਮ ਜਨਤਾ ਦੀ ਜ਼ੁਬਾਨ ਦੇ ਪੱਧਰ ਤੇ ਨਹੀਂ ਉਤਰਨਾ ਚਾਹੀਦਾ, ਆਮ ਮੂਰਖ ਲੋਕ ਜੇਕਰ ਉਸ ਨੂੰ

ਨਹੀਂ ਸਮਝ ਸਕਦੇ ਤਾਂ ਕੋਈ ਗੱਲ ਨਹੀਂ ਪਰ ਕਵੀ ਨੂੰ ਮੱਧਕਾਲ ਦੀ ਘਟੀਆ ਬਿੰਬਾਵਲੀ ਤੇ ਚਿੰਨ੍ਹਾਂ ਅਤੇ ਸਾਧਾਰਨ ਸ਼ਬਦਾਵਲੀ ਦੀ ਬਜਾਏ ਉੱਚ ਕੋਟੀ ਦੀ ਪ੍ਰਾਚੀਨ ਭਾਸ਼ਾ ਅਪਣਾਉਣੀ ਚਾਹੀਦੀ ਹੈ। ਆਪਣੀ ਪੁਸਤਕ 'Oeuvres poetiquesn' ਵਿਚ ਇਸ ਨੇ ਕਿਹਾ ਕਿ ਕਵੀ ਦਾ ਮੁੱਖ ਉਦੇਸ਼ ਰੂਹ ਨੂੰ ਟੁੰਬਣਾ ਅਤੇ ਮਨੁੱਖ ਜਾਤੀ ਨੂੰ ਜਗਾਉਣਾ ਤੇ ਰਾਹੇ ਪਾਉਣਾ ਹੁੰਦਾ ਹੈ।

23 ਸਤੰਬਰ, 1605 ਨੂੰ ਬ੍ਰੈਗਨੀ-ਸੁਰ-ਸੋਨ (Bragny-Sur-Saone) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. ਮਾ. 10:215.

**ਤਾਈ-ਹਾਂਗ** : ਪਰਬਤ ਲੜੀ — ਚੀਨ ਦੇ ਸ਼ਾਂਸੀ ਅਤੇ ਹੋਪੇ ਪ੍ਰਾਂਤਾਂ ਦੀ ਹੱਦ ਉਪਰ ਉੱਤਰ ਤੋਂ ਦੱਖਣ ਵਲ ਫੈਲੀ 400 ਕਿ. ਮੀ. (250 ਮੀ.) ਲੰਬੀ ਇਕ ਪਰਬਤ ਲੜੀ ਹੈ ਜਿਹੜੀ ਉੱਤਰੀ ਚੀਨ ਦੇ ਮੈਦਾਨ ਨੂੰ ਸ਼ਾਂਸੀ ਪਠਾਰ ਨਾਲੋਂ ਵੱਖ ਕਰਦੀ ਹੈ। ਭਾਵੇਂ ਇਸ ਦੀ ਦਿਸ਼ਾ ਉੱਤਰ ਤੋਂ ਦੱਖਣ ਵੱਲ ਹੀ ਹੈ ਪਰ ਦੱਖਣ ਵਿਚ ਹੋਨਾਨ ਪ੍ਰਾਂਤ ਦੇ ਸ਼ੀਐਨ ਞੂ ਕਾਉਂਟੀ (Chsien Hsiu wu County) ਦੇ ਖੇਤਰ ਵਿਚ ਹਵਾਂਗ ਹੋ ਦਰਿਆ ਦੇ ਮੈਦਾਨੀ ਖੇਤਰ ਨੇੜੇ ਇਹ ਪੱਛਮ ਵੱਲ ਮੁੜ ਜਾਂਦੀ ਹੈ। ਇਸ ਤਰ੍ਹਾਂ ਇਹ ਸ਼ਾਂਸੀ ਪਠਾਰ ਦਾ ਦੱਖਣ-ਪੱਛਮੀ ਹਿੱਸਾ ਬਣ ਜਾਂਦੀ ਹੈ।

ਇਸ ਪਰਬਤ ਲੜੀ ਦਾ ਨਿਰਮਾਣ ਜੁਰੈਸਿਕ ਕਾਲ ਵਿਚ ਹੋਇਆ। ਉੱਤਰੀ ਚੀਨੀ ਮੈਦਾਨ ਵਿਚ ਇਸਦੀ ਉੱਚਾਈ ਲਗਭਗ 1,000 ਤੋਂ 1,200 ਮੀ. (3,3000 ਤੋਂ 4,000 ਫੁੱਟ) ਹੈ ਪਰ ਇਸ ਦੀ ਸਭ ਤੋਂ ਉੱਚੀ ਸਿਖਰ ਸ਼ੀਆਉ ਵੂ ਤਾਈ (Hasiao-wu-t'ai) ਦੀ ਉੱਚਾਈ ਸਮੁੰਦਰ ਤਲ ਤੋਂ 2,869 ਮੀ. (9,416 ਫੁੱਟ) ਹੈ। ਇਹ ਪਰਬਤ ਲੜੀ ਸ਼ੁਰੂ ਤੋਂ ਹੀ ਸ਼ਾਂਸੀ ਅਤੇ ਹੋਪੇ ਪ੍ਰਾਂਤਾਂ ਵਿਚਕਾਰ ਆਵਾਜਾਈ ਦੇ ਪੱਖੋਂ ਰਸਤੇ ਵਿਚ ਰੁਕਾਵਟ ਰਹੀ ਹੈ। ਤਾਈ ਹਾਂਗ ਦੇ ਕੇਵਲ ਅੱਠ ਦੱਰੇ ਹਨ ਜਿਨ੍ਹਾਂ ਰਾਹੀਂ ਆਵਾਜਾਈ ਦੀਆਂ ਸਹੂਲਤਾਂ ਉਪਲਬਧ ਹਨ। ਇਨ੍ਹਾਂ ਸਾਰਿਆਂ ਵਿਚੋਂ ਜਿੰਗ ਸ਼ਿੰਗ (Ching Hsing) ਪ੍ਰਮੁੱਖ ਦੱਰਾ ਹੈ ਜਿਸ ਵਿਚ ਅੱਜਕੱਲ੍ਹ ਰੇਲ ਪਟੜੀ ਬਣੀ ਹੋਈ ਹੈ।

ਇਨ੍ਹਾਂ ਪਹਾੜਾਂ ਦੇ ਪੂਰਬੀ ਹਿੱਸੇ ਵਿਚ ਕੋਲੇ ਦੀਆਂ ਖਾਣਾਂ ਦੇ ਭੰਡਾਰ ਹਨ। ਹਾਨ-ਤਾਨ ਦੇ ਦੱਖਣੀ ਹਿੱਸੇ ਵਿਚ ਬਹੁਤ ਵੱਡੇ ਪੈਮਾਨੇ ਤੇ ਇਨ੍ਹਾਂ ਖਾਣਾਂ ਵਿਚੋਂ ਕੋਲਾ ਕੱਢਿਆ ਜਾਂਦਾ ਹੈ। ਪਹਾੜਾਂ ਦੇ ਪੱਛਮੀ ਪਾਸੇ ਵੱਲ ਸ਼ਾਂਸੀ ਪਠਾਰ ਦੇ ਅੰਦਰਲੇ ਪਾਸੇ ਵੀ ਕੋਲੇ ਦੇ ਕਾਫ਼ੀ ਭੰਡਾਰ ਪਾਏ ਜਾਂਦੇ ਹਨ। ਉੱਤਰ ਵਿਚ ਯਾਂਗ-ਜੁਆਨ (Yang-Chuan) ਅਤੇ ਦੱਖਣ ਵਿਚ ਚਾਂਗ ਚਿ ਨੇੜਿਓਂ ਵੀ ਕਾਫੀ ਮਾਤਰਾ ਵਿਚ ਕੋਲਾ ਕੱਢਿਆ ਜਾ ਚੁੱਕਿਆ ਹੈ। ਹਾਈ ਹੋ ਦਰਿਆਈ ਪ੍ਰਬੰਧ ਦੇ ਕਈ ਦਰਿਆ ਇਨ੍ਹਾਂ ਪਹਾੜਾਂ ਦੀ ਜਲ-ਨਿਕਾਸੀ ਕਰਦੇ ਹੋਏ ਪੂਰਬ ਵੱਲ ਹੋ ਜਾਂਦੇ ਹਨ। ਇਨ੍ਹਾਂ ਵਿਚੋਂ ਹੁ ਟੋ ਹੋ (Hu-To-Ho) ਅਤੇ ਚੋ ਚਾਂਗ ਹੋ (Cho Chang Ho) ਦੋ ਦੱਰੇ ਮੁੱਖ ਪਰਬਤ ਲੜੀ ਵਿਚੋਂ ਦੀ ਰਾਹ ਬਣਾਉਂਦੇ ਹੋਏ ਪਹਾੜਾਂ ਦੇ ਪਿਛਲੇ ਪਾਸਿਓਂ ਅੰਦਰੂਨੀ ਬੇਸਿਨ ਦੀ ਜਲ-ਨਿਕਾਸੀ ਕਰਦੇ ਹਨ। ਹੁ ਟੋ ਹੋ ਵਾਦੀ ਤਾਈ ਹਾਂਗ ਪਹਾੜਾਂ ਨੂੰ ਵੂ ਤਾਈਸ਼ਾਨ (Wu Tai Shan) ਨਾਲੋਂ ਵੱਖ ਕਰਦੀ ਹੈ। ਭਾਵੇਂ ਇਹ ਲੜੀਆਂ ਇਕ ਦੂਜੇ ਤੋਂ ਵੱਖ ਹਨ ਪਰ ਹੋਪੇ ਦੇ ਪੂਰਬੀ ਖੇਤਰ ਦੇ ਸਾਰੇ ਪਰਬਤੀ ਖੇਤਰ ਨੂੰ ਹੀ ਤਾਈ ਹਾਂਗ ਸ਼ਾਂਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਹ.ਪੁ.–ਐਨ. ਬ੍ਰਿ. ਮਾ. 11 : 500

**ਤਾਈਚੁੰਗ** : ਕਾਉਂਟੀ — ਪੱਛਮੀ ਕੇਂਦਰੀ ਤਾਈਵਾਨ ਦ ਇਹ ਇਕ ਕਾਉਂਟੀ ਹੈ ਜਿਸ ਦੇ ਪੱਛਮ ਵਲ ਤਾਈਵਾਨ ਜਲ ਡਮ ਇਸਨੂੰ ਚੀਨੀ ਮੁੱਖ ਧਰਤੀ ਨਾਲੋਂ ਵੱਖ ਕਰਦਾ ਹੈ। ਇਸ ਦਾ ਖੇਤਰਫ 2,051 ਵ. ਕਿ. ਮੀ. ਅਤੇ ਆਬਾਦੀ 12,94,090 (1992) ਹੈ ਫੈਂਗੇ ਯੁਆਨ (Fengyuan) ਇਸ ਕਾਉਂਟੀ ਦਾ ਪ੍ਰਸ਼ਾਸਕੀ ਕੇਂਦਰ ਹੈ ਕਾਉਂਟੀ ਦੇ ਪੂਰਬੀ ਹਿੱਸੇ ਵਿਚ 2,500 ਤੋਂ 3,900 ਮੀ. ਤੱਕ ਉੱ ਪਹਾੜ ਹਨ ਜਦੋਂ ਕਿ ਪੱਛਮੀ ਹਿੱਸਾ ਮੈਦਾਨੀ ਹੈ। ਮੈਦਾਨੀ ਖੇਤ ਉਪਜਾਊ ਹੈ ਜਿਥੇ ਚੌਲ, ਗੰਨਾ, ਆਲੂ, ਸਣ, ਕੇਲੇ ਦੀ ਪੈਦਾਵਾ ਕੀਤੀ ਜਾਂਦੀ ਹੈ। ਇਸ ਤੋਂ ਛੁਟ ਪਸ਼ੂ ਵੀ ਪਾਲੇ ਜਾਂਦੇ ਹਨ। ਇ ਕਾਉਂਟੀ ਵਿਚ ਸੱਨਅਤਾਂ ਦੇ ਵਿਸਥਾਰ ਲਈ 2,000 ਹੈਕਟੇਅਰ ਖੇਤਰ ਵਿਚ ਤਾਈਚੁੰਗ ਸੱਨਅਤੀ ਪਾਰਕ ਬਣਾਇਆ ਗਿਆ ਹੈ ਮਸ਼ੀਨਰੀ, ਕੱਪੜਾ, ਭੋਜਨ ਦੀਆਂ ਚੀਜ਼ਾਂ, ਰਸਾਇਣ ਇਥੋਂ ਦੇ ਖਾ ਉਤਪਾਦਨ ਹਨ।

ਤਾਚੀਆ ਸ਼ੀ (Ta-Chia Hsi) ਨਦੀ ਦੇ ਕੰਢੇ ਉੱਤੇ ਸਥਿਤ ਮਾਲਿੰਗ ਵਿਖੇ ਟ੍ਰਾਉਟ ਮੱਛੀਆਂ ਪਾਲਣ ਦਾ ਵਧੀਆ ਫਾਰਮ ਹੈ ਤਾਚੀਆ ਵਿਖੇ ਚੈੱਨ ਲੈਨ ਮੰਦਰ ਹੈ ਅਤੇ ਇਹ ਦੱਖਣੀ ਤਾਈਵਾ ਦੇ ਪੀਕਾਂਗ ਤੀਰਥ ਅਸਥਾਨ ਨੂੰ ਜਾਣ ਤੋਂ ਪਹਿਲਾਂ ਦਾ ਇ ਟਿਕਾਣਾ ਹੈ। ਇਸ ਤੋਂ ਇਲਾਵਾ ਇਸੇ ਹੀ ਕਾਉਂਟੀ ਦੇ ਨਾਂ ਦੀ ਇ ਵੱਖਰੀ ਮਿਉਂਸਪਲਟੀ ਵਾਲਾ ਸ਼ਹਿਰ ਵੀ ਹੈ। ਇਸ ਮਿਉਂਸਪਲਟ ਸ਼ਹਿਰ ਤੋਂ 9 ਕਿ. ਮੀ. ਦੱਖਣ ਵੱਲ ਤਾਈਵਾਨ ਪ੍ਰਾਂਤਿਕ ਅਸੈਂਬਲ ਦੀ ਸੀਟ ਹੈ। ਸੰਨ 1970 ਦੇ ਦਹਾਕੇ ਵਿਚ ਕਾਉਂਟੀ ਦਾ ਤੱਟੀ ਖੇਤ ਬੰਦਰਗਾਹੀ ਕਾਰੋਬਾਰ ਦਾ ਵੱਡਾ ਕੇਂਦਰ ਸੀ। ਅੱਜ਼ਕੱਲ੍ਹ ਇ ਤਾਈਵਾਨ ਦੀ ਦੂਜੀ ਵੱਡੀ ਬੰਦਰਗਾਹ ਹੈ।

ਹ.ਪੁ.–ਐਨ. ਬ੍ਰਿ. ਮਾ. 11 : 500

**ਤਾਈਚੁੰਗ** : ਮਿਉਂਸਪਲਟੀ — ਤਾਈਵਾਨ ਦੇ ਪੱਛ ਕੇਂਦਰੀ ਹਿੱਸੇ ਵਿਚ ਇਸੇ ਨਾਂ ਦੀ ਕਾਉਂਟੀ ਵਿਚ ਇਹ ਇਕ ਮਿਉਂਸ ਪਲਟੀ ਹੈ। ਇਸ ਦਾ ਖੇਤਰਫਲ 163 ਵ. ਕਿ. ਮੀ. ਅਤੇ ਆਬਾਦ 7,79,370 (1992) ਹੈ। ਪੱਛਮੀ ਤੱਟੀ ਖੇਤਰਾਂ ਅਤੇ ਕੇਂਦਰੀ ਉੱ ਭਾਗਾਂ ਵਿਚਲੇ ਉਪਜਾਊ ਬੇਸਿਨ ਵਿਚ ਜ਼ਰਾਇਤੀ ਉਪਜਾਂ ਦੀ ਇ ਇਕ ਮੰਡੀ ਹੈ। 19 ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਵੀ ਇਹ ਮੰ ਦੇ ਤੌਰ ਤੇ ਵਿਕਸਿਤ ਹੋਣੀ ਸ਼ੁਰੂ ਹੋਈ। ਜਾਪਾਨੀਆਂ ਅਧੀਨ ਇ ਸ਼ਹਿਰ ਨੂੰ ਨਵੇਂ ਸਿਰਿਓਂ ਆਧੁਨਿਕ ਢੰਗ ਨਾਲ ਉਸਾਰਿਆ ਗਿ ਸੀ ਅਤੇ ਇਹ ਨਵਾਂ ਸ਼ਹਿਰ ਹੁਣ ਮਿਉਂਸਪਲਟੀ ਬਣ ਗਿਆ ਹੈ ਪਿੱਛੋਂ ਇਸ ਸ਼ਹਿਰ ਦੇ ਉੱਤਰ ਵੱਲ ਜੀਲੁੰਗ ਬੰਦਰਗਾਹ ਅਤੇ ਦੱਖ ਵੱਲ ਕਾਉਸੀਆਂਗ ਸ਼ਹਿਰਾਂ ਵੱਲ ਰੇਲ ਮਾਰਗ ਬਣਨ ਨਾਲ ਇ ਸ਼ਹਿਰ ਦੀ ਵਪਾਰਕ ਮਹੱਤਤਾ ਬਹੁਤ ਵਧ ਗਈ। 1970 ਦੇ ਦਹਾ ਵਿਚ ਇਸ ਦੇ ਪੱਛਮੀ ਹਿੱਸੇ ਵਿਚ ਬੰਦਰਗਾਹ ਬਣਨ ਨਾਲ ਇਹ ਟਾ ਦਾ ਵਪਾਰਕ ਜ਼ੋਨ ਬਣ ਗਿਆ। ਇਸੇ ਕਰਕੇ 1948 ਈ. ਤੋਂ 197 ਈ. ਦੇ ਵਿਚਲੇ ਸਾਲਾਂ ਵਿਚ ਇਥੋਂ ਦੀ ਵਸੋਂ ਪਹਿਲਾਂ ਨਾਲੋਂ ਤਿਗੁ ਹੋ ਗਈ ਸੀ। ਇਸ ਸ਼ਹਿਰ ਨੂੰ 1959 ਵਿਚ ਤਾਈਵਾਨ ਨੈਸ਼ਨਲਿਸਟ ਸਰਕਾਰ ਨੇ ਪ੍ਰਾਂਤ ਦੀ ਰਾਜਧਾਨੀ ਬਣਾਇਆ ਸੀ ਪਿੱਛੋਂ ਤਾਈਪੇ ਵਿਖੇ ਰਾਜਧਾਨੀ ਬਣਾ ਲੈਣ ਨਾਲ ਇਹ ਸਿ ਵਪਾਰਕ ਕੇਂਦਰ ਹੀ ਬਣਿਆ ਰਿਹਾ। ਅੱਜਕੱਲ੍ਹ ਇਹ ਕੇਵਲ ਇ ਚੰਗਾ ਕੇਂਦਰ ਹੀ ਨਹੀਂ ਸਗੋਂ ਇਕ ਵਧੀਆ ਵਿਦਿਅਕ ਅ ਸੰਸਕ੍ਰਿਤਕ ਕੇਂਦਰ ਵੀ ਹੈ।

ਇਥੋਂ ਦੀਆਂ ਵਰਣਨਯੋਗ ਥਾਵਾਂ ਵਿਚ 'ਨੈਸ਼ਨਲ ਪੈਲੇ ਮਿਊਜ਼ੀਅਮ' ਹੈ। ਇਸ ਵਿਚ ਚੀਨ ਅਤੇ ਚੀਨ ਦੀ ਰਾਜਧਾਨੀ ਹਾਸਲ ਕੀਤੀਆਂ ਕਈ ਦੁਰਲੱਭ ਵਸਤਾਂ ਪਈਆਂ ਹੋਈਆਂ ਹਨ।

24°09′ ਉ. ਵਿਥ.; 12°41′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 500

**ਤਾਈਨਾਨ** : ਕਾਉਂਟੀ — ਦੱਖਣ-ਪੱਛਮੀ ਤਾਈਵਾਨ ਦੀ ਇਹ ਇਕ ਕਾਉਂਟੀ ਹੈ ਜਿਸ ਦਾ ਖੇਤਰਫਲ 2,016 ਵ. ਕਿ. ਮੀ. ਅਤੇ ਆਬਾਦੀ 10,37,794 (1992) ਹੈ। ਇਸ ਕਾਉਂਟੀ ਦੇ ਉੱਤਰ ਵਲ ਜੀਆਈ (Chia-i) ਕਾਉਂਟੀ, ਦੱਖਣ-ਪੂਰਬ ਵਿਚ ਕਾਉ ਸ਼ੀਉਂਗ (Kao-hsiung) ਅਤੇ ਤਾਈਨਾਨ ਮਿਉਂਸਪਲਟੀ ਅਤੇ ਪੱਛਮ ਵੱਲ ਫਾਰਮੂਸਾ ਜਲ-ਡਮਰੂ ਹੈ। ਇਸ ਕਾਉਂਟੀ ਦੀ ਆਰ-ਥਿਕਤਾ ਦਾ ਮੁਖ ਆਧਾਰ ਖੇਤੀਬਾੜੀ ਹੈ। ਇਸ ਦੇ ਸਾਹਿਲੀ ਖੇਤਰ ਬਹੁਤ ਜ਼ਿਆਦਾ ਉਪਜਾਊ ਹਨ ਜਿਥੇ ਚੌਲ, ਖੰਡ, ਆਲੂ ਅਤੇ ਫਲਾਂ ਦੀ ਉਪਜ ਹੁੰਦੀ ਹੈ। ਇਥੇ ਮੱਛੀਆਂ ਅਤੇ ਭੋਜਨ ਦੀਆਂ ਵਸਤਾਂ ਦੀ ਪ੍ਰਾਸੈਸਿੰਗ ਵੀ ਹੁੰਦੀ ਹੈ। ਕੱਪੜਾ, ਕਾਗਜ਼, ਰਸਾਇਣ, ਥੈਲੇ ਆਦਿ ਬਣਾਉਣ ਦੀਆਂ ਸੱਨਅਤਾਂ ਵੀ ਉੱਨਤ ਹਨ। ਖੰਡ ਸਾਫ ਕਰਨ ਅਤੇ ਚੌਲ ਛੜਨ ਦੇ ਕਾਰਖ਼ਾਨੇ ਵੀ ਇਥੇ ਲਗੇ ਹੋਏ ਹਨ। ਕਾਉਂਟੀ ਵਿਚੋਂ ਖਣਿਜ ਵੀ ਮਿਲਦੇ ਹਨ। ਐਸਬੈਸਟਾਸ, ਡੋਲੋਮਾਈਟ, ਜ਼ਰਕੋਨ ਅਤੇ ਲੂਣ ਇਥੋਂ ਦੇ ਖਾਸ ਖਣਿਜ ਹਨ। ਕਾਉਂਟੀ ਦੇ ਕੇਂਦਰੀ ਹਿੱਸੇ ਵਿਚ ਤੇਲ ਅਤੇ ਪ੍ਰਾਕ੍ਰਿਤਕ ਗੈਸ ਦੇ ਖੂਹ ਵੀ ਹਨ। ਇਸ ਕਾਉਂਟੀ ਦਾ ਇਤਿਹਾਸ 17ਵੀਂ ਸਦੀ ਦੇ ਵਿਚਲੇ ਸਾਲਾਂ ਵਿਚ ਆਰੰਭ ਹੁੰਦਾ ਹੈ ਜਦੋਂ ਚੀਨ ਦੇ ਬਾਦਸ਼ਾਹ ਚੈਂਗ ਚੈਂਗ ਕੁੰਗ (Cheng Ch'eng-Kung) ਨੇ ਇਸਨੂੰ ਆਪਣੇ ਸਾਮਰਾਜ ਵਿਚ ਸ਼ਾਮਲ ਕਰ ਲਿਆ ਸੀ। ਉਸਨੇ ਤਾਈਵਾਨ ਟਾਪੂ ਨੂੰ ਆਪਣੇ ਸਾਮਰਾਜ ਵਿਚ ਮਿਲਾ ਕੇ ਇਸ ਕਾਉਂਟੀ ਦੇ ਤਾਈਵਾਨ ਸ਼ਹਿਰ ਨੂੰ ਤਾਈਵਾਨ ਦੀ ਰਾਜਧਾਨੀ ਬਣਾ ਲਿਆ। ਅੱਜਕੱਲ੍ਹ ਇਸ ਕਾਉਂਟੀ ਵਿਚ ਕਈ ਸੰਸਥਾਵਾਂ ਹਨ। ਸ਼ਾਨ ਵਾ (Shan-hua) ਏਸ਼ੀਅਨ ਵੈਜੀਟੇਬਲ ਰਿਸਰਚ ਅਤੇ ਡਿਵਲਪਮੈਂਟ ਸੈਂਟਰ ਅਤੇ ਵਾਂਗ ਸ਼ਿੰਗ (wong-hsing) ਯਾਂਗਕਾਂਗ ਇੰਡਸ-ਟਰੀਅਲ ਪਾਰਕ ਸਥਾਪਿਤ ਹੈ।

ਹ.ਪੁ.—ਐਨ. ਬ੍ਰਿ. ਮਾ. 11 : 501

**ਤਾਈਨਾਨ** : ਸ਼ਹਿਰ — ਚੀਨ ਮੁੱਖ ਧਰਤੀ ਦੇ ਦੱਖਣ-ਪੂਰਬ ਵਿਚ ਤਾਈਵਾਨ ਟਾਪੂ ਦੇ ਦੱਖਣ-ਪੱਛਮੀ ਸਾਹਿਲੀ ਮੈਦਾਨਾਂ ਵਿਚ ਕਾਉਸਿਆਂਗ ਸ਼ਹਿਰ ਤੋਂ 40 ਕਿ. ਮੀ. ਉੱਤਰ ਵੱਲ ਇਕ ਛੋਟੇ ਜਿਹੇ ਦਰਿਆ ਦੇ ਕੰਢੇ ਵਸਿਆ ਹੋਇਆ ਇਹ ਇਕ ਮਿਉਂਸਪਲ ਸ਼ਹਿਰ ਹੈ। ਇਸਦਾ ਰਕਬਾ 176 ਵ. ਕਿ. ਮੀ. ਹੈ। ਇਹ ਤਾਈਵਾਨ ਟਾਪੂ ਉੱਤੇ ਸਭ ਤੋਂ ਪੁਰਾਣੀ ਬਸਤੀ ਹੈ ਜਿਥੇ ਚੀਨੀ 1590 ਈ. ਵਿਚ ਆ ਕੇ ਵੱਸੇ ਸਨ। ਉਦੋਂ ਇਸਦਾ ਨਾਂ 'ਤਾਈਯੁਆਨ' ਸੀ ਜਿਹੜਾ ਹੌਲੀ ਹੌਲੀ ਤਾਈਨਾਨ ਹੋ ਗਿਆ ਅਤੇ ਇਸ ਨਾਂ ਉੱਤੇ ਹੀ ਸਾਰੇ ਟਾਪੂ ਦਾ ਨਾਂ 'ਤਾਈਨਾਨ' ਪ੍ਰਚਲਤ ਹੋ ਗਿਆ। ਸੰਨ 1623 ਵਿਚ ਵਲੰਦੇਜ਼ੀ ਇਸ ਸ਼ਹਿਰ ਵਿਚ ਆ ਪਹੁੰਚੇ ਅਤੇ 1661 ਈ. ਵਿਚ ਚੈਂਗ ਚੈਂਗ ਕੁੰਗ ਜੋ ਉਸ ਵੇਲੇ ਇਥੋਂ ਦਾ ਹਾਕਮ ਹੁੰਦਾ ਸੀ, ਨੇ ਉਨ੍ਹਾਂ ਨੂੰ ਇਥੋਂ ਕੱਢ ਕੇ ਇਸ ਉੱਤੇ ਆਪਣਾ ਕਬਜ਼ਾ ਕਰ ਲਿਆ। ਮਿੰਗ ਵੰਸ਼ ਦੇ ਪਿਛਲੇ ਸਾਲਾਂ ਵਿਚ (1368-1644 ਈ.) ਅਤੇ ਪਿੱਛੋਂ ਵੀ ਮੁਖ ਧਰਤੀ ਵਲੋਂ ਚੀਨੀ ਲੋਕ ਇਥੇ ਆ ਕੇ ਵਸਦੇ ਰਹੇ। ਮੁੱਖ ਧਰਤੀ ਚੀਨ ਉੱਤੇ 1683 ਈ. ਵਿਚ ਚਿੰਗ ਖ਼ਾਨਦਾਨ ਫਿਰ ਸੱਤਾ ਵਿਚ ਆ ਗਿਆ। ਉਨ੍ਹਾਂ ਹੇਠ ਇਸ ਸ਼ਹਿਰ ਨੂੰ ਤਾਈਨਾਨ ਟਾਪੂ ਦੀ ਰਾਜਧਾਨੀ ਬਣਾ ਲਿਆ ਗਿਆ। 18ਵੀਂ ਸਦੀ ਵਿਚ ਬਾਹਰਲੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਇਥੇ ਕਿਲਾਬੰਦੀ ਵੀ ਕੀਤੀ ਗਈ। 19 ਵੀਂ ਸਦੀ ਵਿਚ ਚੀਨੀ ਰਾਜ ਹੇਠ ਇਹ ਕਾਫੀ ਉੱਨਤ ਸ਼ਹਿਰ ਸੀ। ਸੰਨ 1880 ਵਿਚ ਇਸਦੀ ਆਬਾਦੀ 60,000 ਦੇ ਕਰੀਬ ਸੀ। ਸੰਨ 1891 ਵਿਚ ਟਾਪੂ ਦੀ ਰਾਜਧਾਨੀ ਤਾਈਨਾਨ ਤੋਂ ਬਦਲ ਕੇ ਤਾਈਪੇ ਬਣਾ ਲਈ ਗਈ। ਇਸ ਪਿੱਛੋਂ ਇਹ ਸਿਰਫ਼ ਵਪਾਰਕ ਸ਼ਹਿਰ ਦੇ ਤੌਰ ਤੇ ਹੀ ਮਸ਼ਹੂਰ ਰਿਹਾ। ਸੰਨ 1895 ਵਿਚ ਇਸ ਉੱਤੇ ਜਾਪਾਨੀਆਂ ਦਾ ਕਬਜ਼ਾ ਹੋ ਗਿਆ ਅਤੇ ਉਨ੍ਹਾਂ ਅਧੀਨ ਇਸਨੂੰ ਉੱਤਰ ਵੱਲ ਅਤੇ ਕਾਉਸਿਆਂਗ ਸ਼ਹਿਰ ਨਾਲ ਰੇਲਾਂ ਦੁਆਰਾ ਜੋੜਿਆ ਗਿਆ। ਇੰਝ ਇਸ ਦੇ ਸ਼ਹਿਰੀ ਖੇਤਰ ਵਿਚ ਵੀ ਵਾਧਾ ਹੁੰਦਾ ਰਿਹਾ। ਅੱਜਕੱਲ੍ਹ ਇਹ ਸਾਰੇ ਦੱਖਣ-ਪੱਛਮੀ ਮੈਦਾਨੀ ਖੇਤਰ ਦੀਆਂ ਜ਼ਰਾਇਤੀ ਉਪਜਾਂ ਦੀ ਮੰਡੀ ਹੈ। ਸ਼ਹਿਰ ਦੇ ਉੱਤਰ ਵੱਲ ਨਹਿਰਾਂ ਦੇ ਜਾਲ ਵਿਛਣ ਪਿਛੋਂ ਇਸ ਖੇਤਰ ਦੀਆਂ ਉਪਜਾਂ ਵਿਚ ਵਾਧਾ ਹੋਇਆ ਹੈ। ਇਹ ਲੂਣ ਅਤੇ ਮੱਛੀ ਦੇ ਉਤਪਾਦਨਾਂ ਲਈ ਵੀ ਮਸ਼ਹੂਰ ਹੈ। ਅੱਜਕੱਲ੍ਹ ਇਥੇ ਕੱਪੜਾ, ਰਬੜ ਦੀਆਂ ਚੀਜ਼ਾਂ, ਖੰਡ, ਰਸਾਇਣ, ਪਲਾਸਟਿਕ ਆਦਿ ਬਣਦੇ ਹਨ। ਇਥੇ ਸੋਨੇ ਅਤੇ ਚਾਂਦੀ ਦੀਆਂ ਚੀਜ਼ਾਂ ਬਣਾਉਣ ਦੀਆਂ ਦਸਤਕਾਰੀਆਂ ਵੀ ਉੱਨਤ ਹਨ। ਇਸਦੇ ਬਾਹਰਵਾਰ ਐਨਪਿੰਗ' ਨਾਂ ਦੀ ਪ੍ਰਾਚੀਨ ਬੰਦਰਗਾਹ ਹੈ ਜਿਸ ਨਾਲ ਇਹ ਸ਼ਹਿਰ ਰੇਲਾਂ ਦੁਆਰਾ ਜੁੜਿਆ ਹੋਇਆ ਹੈ।

ਇਸ ਸ਼ਹਿਰ ਵਿਚ ਟਾਪੂ ਦੇ ਸਾਰੇ ਸ਼ਹਿਰਾਂ ਨਾਲੋਂ ਵਧ ਮੰਦਰ ਹਨ ਜਿਨ੍ਹਾਂ ਵਿਚੋਂ ਕਨਫਿਊਸ਼ਸੀ ਮੰਦਰ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਇਥੋਂ ਦੀਆਂ ਹੋਰ ਯਾਦਗਾਰੀ ਥਾਵਾਂ ਵਿਚ ਅਜਾਇਬ ਘਰ ਅਤੇ ਤਾਈਨਾਨ ਪਾਰਕ ਹਨ।

ਆਬਾਦੀ— 6,89,509 (1992)

23° 00′ ਉ. ਵਿਥ.; 12° 11′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 502; ਐਨ. ਅਮੈ. 26 : 217

**ਤਾਈਪੇ** : ਕਾਉਂਟੀ — ਰਿਪਬਲਿਕ ਆਫ਼ ਚਾਈਨਾ (ਤਾਈਵਾਨ) ਦੀ ਕਾਉਂਟੀ ਹੈ। ਇਸ ਦਾ ਖੇਤਰਫਲ 2,052 ਵ. ਕਿ. ਮੀ. ਅਤੇ ਆਬਾਦੀ 31,20,553 (1992) ਹੈ। ਇਸ ਦੇ ਦੱਖਣ - ਪੂਰਬ ਵਿਚ ਈਲਾਨ ਅਤੇ ਦੱਖਣ-ਪੱਛਮ ਵਿਚ ਤਾਈ ਯੁਆਨ ਕਾਉਂਟੀਆਂ ਹਨ। ਕਾਉਂਟੀ ਦੇ ਉੱਤਰ ਵੱਲ ਵਿਸ਼ਾਲ ਉੱਤਰੀ ਚੀਨ ਸਾਗਰ ਹੈ। ਇਸ ਕਾਉਂਟੀ ਦੇ ਉੱਤਰੀ ਹਿੱਸੇ ਦੇ ਸਾਹਿਲੀ ਖੇਤਰ ਵਿਚ ਜੀਲੁੰਗ ਅਤੇ ਤਾਈਪੇ ਦੋ ਵੱਡੇ ਸ਼ਹਿਰ ਹਨ। ਤਾਈਪੇ ਤਾਈਵਾਨ ਦੀ ਰਾਜਧਾਨੀ ਹੈ ਜਦੋਂ ਕਿ ਤਾਈਪੇ ਕਾਉਂਟੀ ਦਾ ਸਦਰ-ਮੁਕਾਮ ਪੈਨ-ਚੀਆਓ ਵਿਖੇ ਹੈ।

ਇਸ ਕਾਉਂਟੀ ਦੇ ਦੱਖਣ-ਪੂਰਬੀ ਹਿੱਸੇ ਵਿਚ 1400 ਮੀ. ਦੀ ਔਸਤ ਉੱਚਾਈ ਵਾਲੀ ਸੂਹ ਸ਼ਾਨ (Hsueh Shan) ਪਰਬਤੀ ਲੜੀ ਹੈ ਜਿਹੜੀ ਹੌਲੀ ਹੌਲੀ ਨੀਵੀਂ ਹੁੰਦੀ ਹੁੰਦੀ ਉੱਤਰ ਵੱਲ ਦੇ ਮੈਦਾਨਾਂ ਵਿਚ ਹੀ ਖਤਮ ਹੋ ਜਾਂਦੀ ਹੈ। ਇਸ ਦੇ ਧੁਰ ਉੱਤਰੀ ਹਿੱਸੇ ਵਿਚ ਵੀ ਪਹਾੜ ਹਨ।

ਹ.ਪੁ.—ਐਨ. ਬ੍ਰਿ. ਮਾ. 11 : 502

**ਤਾਈਪੇ** : ਸ਼ਹਿਰ — ਰਿਪਬਲਿਕ ਆਫ਼ ਚਾਈਨਾ ਜਾਂ ਨੈਸ਼ਨਲਿਸਟ ਚਾਈਨਾ (ਤਾਈਵਾਨ ਸਾਬਕਾ ਫਾਰਮੂਸਾ) ਦੀ ਇਹ ਰਾਜਧਾਨੀ ਹੈ। ਇਹ ਚੀਨ ਦੀ ਮੁੱਖ ਭੂਮੀ ਤੋਂ 193 ਕਿ. ਮੀ. (121 ਮੀਲ) ਦੂਰ ਦੱਖਣ-ਪੂਰਬ ਵਿਚ ਸ਼ਾਂਤ ਮਹਾਂਸਾਗਰ ਵਿਚਾਲੇ ਤਾਈਵਾਨ ਟਾਪੂ ਦੇ ਉੱਤਰੀ ਹਿੱਸੇ ਵਿਚ ਅਤੇ ਜੀਲੁੰਗ (ਕੀਲੁੰਗ) ਦੀ ਮਸ਼ਹੂਰ ਬੰਦਰਗਾਹ ਤੋਂ 30 ਕਿ. ਮੀ. ਉੱਤਰ-ਪੂਰਬ ਵਿਚ ਤਾਨਸੁਈ (ਤਾਨਸਵੇ) ਦਰਿਆਈ ਮੁਹਾਣੇ ਦੇ ਨੇੜੇ ਵਾਕਿਆ ਹੈ। ਇਸਦੇ ਆਲੇ ਦੁਆਲੇ ਪਹਾੜ ਹਨ। ਪਹਾੜਾਂ ਉੱਤੇ ਕਈ ਰਮਣੀਕ ਥਾਵਾਂ ਸ਼ਹਿਰ ਦੀ ਮਹੱਤਤਾ ਵਿਚ ਵਾਧਾ ਕਰਦੀਆਂ ਹਨ। ਯਾਂਗ-ਮਿਨ ਨਾਮੀ ਸੈਲਾਨੀ ਕੇਂਦਰ ਇਸ ਸ਼ਹਿਰ ਤੋਂ ਸਿਰਫ਼ 16 ਕਿ. ਮੀ. ਦੀ ਦੂਰੀ ਤੇ ਹੈ। ਸਮੁੰਦਰੀ ਬੀਚਾਂ ਵੀ ਇਸਦੇ ਨੇੜੇ ਹੀ ਹਨ। ਸ਼ਹਿਰ ਦਾ ਪੌਣ-ਪਾਣੀ ਬਹੁਤ ਸੁਹਾਵਣਾ ਹੈ ਅਤੇ ਬਹੁਤੀ ਗਰਮੀ ਵੀ ਨਹੀਂ ਪੈਂਦੀ। ਸ਼ਾਮ ਵੇਲੇ ਸਮੁੰਦਰੀ ਹਵਾਵਾਂ ਅਕਸਰ ਚਲਦੀਆਂ ਹਨ।

ਇਹ ਸ਼ਹਿਰ ਬਹੁਤਾ ਪੁਰਾਣਾ ਨਹੀਂ ਹੈ ਪਰ ਸ਼ਹਿਰ ਵਿਚ ਪੁਰਾਣੀਆਂ ਚੀਜ਼ਾਂ ਕਈ ਅਜਾਇਬ ਘਰਾਂ ਵਿਚ ਵੇਖੀਆਂ ਜਾ ਸਕਦੀਆਂ ਹਨ। ਨੈਸ਼ਨਲ ਪੈਲੇਸ ਮਿਊਜ਼ੀਅਮ ਵਿਚ ਚੀਨ ਦੀਆਂ



**ਤਾਈਪੇ ਦੇ ਨੌਜਵਾਨ ਮੁੰਡੇ ਨਵੇਂ ਸਾਲ ਦੇ ਸੁਆਗਤ ਵਿਚ, ਇਕ ਵੱਡੇ ਅਜ਼ਗਰ ਨੂੰ ਮੋਢਿਆਂ ਉੱਤੇ ਚੁੱਕ ਕੇ ਗਲੀਆਂ ਵਿਚੋਂ ਲੰਘਦੇ ਹੋਏ**

ਕਲਾ ਕ੍ਰਿਤਾਂ ਸੁਰੱਖਿਅਤ ਪਈਆਂ ਹੋਈਆਂ ਹਨ। ਚੀਨ ਦੇਸ਼ ਨਾਲ ਇਸ ਸ਼ਹਿਰ ਦੇ ਪੁਰਾਣੇ ਸਬੰਧ ਹਨ। ਯੁਆਨ ਘਰਾਣੇ ਦੇ ਰਾਜ ਕਾਲ (1206-1368 ਈ.) ਦੌਰਾਨ ਤਾਈਵਾਨ ਟਾਪੂ ਚੀਨ ਦਾ ਇਕ ਹਿੱਸਾ ਬਣਿਆ ਸੀ ਉਦੋਂ ਤੋਂ ਹੀ ਇਹ ਸ਼ਹਿਰ ਰਾਜਨੀਤਕ ਸਰਗਰਮੀਆਂ ਦਾ ਉੱਘਾ ਕੇਂਦਰ ਬਣਿਆ ਹੋਇਆ ਹੈ। ਸੰਨ 1885 ਵਿਚ ਤਾਈਵਾਨ ਨੂੰ ਚੀਨ ਦਾ ਇਕ ਪ੍ਰਾਂਤ ਬਣਾ ਲਿਆ ਗਿਆ। ਉਸ ਸਮੇਂ ਪ੍ਰਾਂਤ ਦੀ ਰਾਜਧਾਨੀ ਤਾਈਨਾਨ ਬਣਾਈ ਗਈ। ਪਰ 1895 ਈ. ਵਿਚ ਤਾਈਵਾਨ ਉੱਤੇ ਜਾਪਾਨੀਆਂ ਦਾ ਕਬਜ਼ਾ ਹੋਣ ਨਾਲ ਟਾਪੂ ਦੀ ਰਾਜਧਾਨੀ ਤਾਈਨਾਨ ਤੋਂ ਤਾਈਪੇ ਤਬਦੀਲ ਕਰ ਦਿੱਤੀ ਗਈ ਜਿਹੜੀ ਕਿ ਅੱਜ ਵੀ ਕਾਇਮ ਹੈ। ਦੂਜੇ ਮਹਾਂਯੁੱਧ ਦੌਰਾਨ ਇਤਹਾਦੀਆਂ ਦੀ ਬੰਬਾਰੀ ਨੇ ਸ਼ਹਿਰ ਨੂੰ ਤਬਾਹ ਕਰ ਦਿੱਤਾ ਸੀ। ਸੰਨ 1948 ਵਿਚ ਚੀਨ ਤੋਂ ਰਾਸ਼ਟਰਵਾਦੀ ਤਾਈਵਾਨ ਵਿਚ ਪੁੱਜ ਗਏ ਅਤੇ ਉਨ੍ਹਾਂ ਨੇ ਤਾਈਪੇ ਨੂੰ ਆਪਣੀਆਂ ਸਾਰੀਆਂ ਰਾਜਸੀ ਕਾਰਵਾਈਆਂ ਦਾ ਕੇਂਦਰ ਬਣਾ ਲਿਆ। ਇਸ ਪਿੱਛੋਂ ਇਥੇ ਕਈ ਨਵੀਆਂ ਬਹੁ-ਮੰਜ਼ਲੀਆਂ ਇਮਾਰਤਾਂ ਬਣਾਈਆਂ ਗਈਆਂ।

ਸੰਨ 1967 ਵਿਚ ਇਸ ਨੂੰ ਸਪੈਸ਼ਲ ਮਿਊਂਸਪਲਟੀ ਦਾ ਦਰਜਾ ਦੇ ਦਿੱਤਾ ਗਿਆ ਅਤੇ ਆਲੇ ਦੁਆਲੇ ਦੇ ਛੋਟੇ ਸ਼ਹਿਰ ਵੀ ਇਸ ਵਿਚ ਮਿਲਾ ਦਿੱਤੇ ਗਏ।

ਆਬਾਦੀ — 27,16,663 (1992)

ਹ.ਪੁ.—ਐਨ. ਬ੍ਰਿ. ਮਾ. 11 : 502

**ਤਾਈਮਿਰ ਖ਼ੁਦਮੁਖ਼ਤਾਰ ਆਕਰਗ (Taimyr Autonomous Okrug) :** ਕੇਂਦਰੀ ਰੂਸ ਦੇ ਉੱਤਰ-ਪੂਰਬੀ ਹਿੱਸੇ ਵਿਚ ਕ੍ਰੈਸਨਾਯਾਰਸਕ ਕ੍ਰੇਅ ਦਾ ਇਕ ਪ੍ਰਸ਼ਾਸਕੀ ਖੇਤਰ ਹੈ। ਇਸ ਦਾ ਰਕਬਾ 8,62, 100 ਵ.ਕਿ.ਮੀ. ਹੈ ਅਤੇ ਆਬਾਦੀ 53,700 (1991)। ਇਹ ਯੂਰੇਸ਼ੀਅਨ ਮਹਾਂਦੀਪ ਦੇ ਉੱਤਰੀ ਹਿੱਸੇ ਵਿਚ, ਤਾਈਮਿਰ ਪ੍ਰਾਇਦੀਪ ਦੇ ਪਹਾੜਾਂ ਉਪਰ ਵੱਸਿਆ ਹੋਇਆ ਹੈ ਅਤੇ ਦੱਖਣ ਵਿਚ ਕੇਂਦਰੀ ਸਾਇਬੇਰੀਅਨ ਪਠਾਰ ਦੇ ਉੱਤਰੀ ਸਿਰੇ ਤੱਕ ਫੈਲਿਆ ਹੋਇਆ ਹੈ। ਇਸ ਵਿਚ ਆਰਕਟਿਕ ਸਾਗਰ (ਉੱਤਰੀ ਹਿਮ ਮਹਾਂਸਾਗਰ) ਵਿਚ ਸਥਿਤ ਸੈੱਵਰਨਾਯਾ ਜ਼ੈਮਲੀਆ (Savernaya Zemlya) ਦੀਪ ਸਮੂਹ ਵੀ ਸ਼ਾਮਲ ਹਨ। ਡੁਡਿੰਗਕਾ ਇਸ ਦੀ ਰਾਜਧਾਨੀ ਹੈ। ਡਿਕਸਨ ਇਕ ਛੋਟੀ ਬੰਦਰਗਾਹ ਹੈ ਜਿਹੜੀ ਯੈਨੱਸੇ ਖਾੜੀ ਦੇ ਮੁਹਾਣੇ ਤੇ ਸਥਿਤ ਹੈ। ਕਾਟਾਂਗਾ ਖਾੜੀ ਦੇ ਮੁਹਾਣੇ ਤੇ ਸਥਿਤ ਨਾਂਹਡਵਿਕ ਇਥੋਂ ਦੀ ਪ੍ਰਮੁਖ ਬੰਦਰਗਾਹ ਹੈ। ਇਥੋਂ ਭਾਰੀ ਮਾਤਰਾ ਵਿਚ ਲੂਣ ਪ੍ਰਾਪਤ ਹੁੰਦਾ ਹੈ।

ਇਥੇ ਸਰਦੀ ਬਹੁਤ ਜ਼ਿਆਦਾ ਪੈਂਦੀ ਹੈ ਜਿਸ ਕਾਰਨ ਇਥੋਂ ਦੀ ਜਲਵਾਯੂ ਖਾਸ ਕਰਕੇ ਸਰਦੀਆਂ ਵਿਚ ਰਹਿਣ ਲਈ ਅਣਸੁਖਾਵੀਂ ਹੈ। ਲਗਭਗ ਸਾਰਾ ਖੇਤਰ ਕਾਈ, ਲਿਚਨ ਅਤੇ ਦਲਦਲ ਦੇ ਟੁੰਡਰਾ ਨਾਲ ਭਰਿਆ ਹੋਇਆ ਹੈ। ਅਣਸੁਖਾਵੇਂ ਹਾਲਾਤਾਂ ਕਾਰਨ ਇਥੇ ਥੋੜ੍ਹੀ ਜਿਹੀ ਗਿਣਤੀ ਵਿਚ ਰੂਸੀ, ਡਾਲਗਨ ਨੈਨਟ ਅਤੇ ਯੂਕਰੇਨੀ ਆਦਿ ਵੱਸੇ ਹੋਏ ਹਨ। ਰੇਂਡੀਅਰ ਪਾਲਣਾ, ਸ਼ਿਕਾਰ ਕਰਨਾ, ਮੱਛੀਆਂ ਫੜਨਾ ਅਤੇ ਜਾਨਵਰਾਂ ਦੀ ਖੱਲ ਤੋਂ ਫਰ ਤਿਆਰ ਕਰਨਾ ਇਥੋਂ ਦੇ ਲੋਕਾਂ ਦੇ ਪ੍ਰਮੁੱਖ ਕਿੱਤੇ ਹਨ।

ਹ.ਪੁ.—ਐਨ.ਬ੍ਰਿ. ਮਾ. 11 : 591

**ਤਾਈਮਿਰ ਪ੍ਰਾਇਦੀਪ** : ਇਹ ਯੂਰੇਸ਼ੀਅਨ ਮਹਾਂਦੀਪ ਦਾ ਧੁਰ ਉੱਤਰੀ ਵਿਸਤਾਰ ਹੈ ਜਿਹੜਾ ਕੇਂਦਰੀ ਰੂਸ ਦੇ ਉੱਤਰ-ਪੂਰਬੀ ਹਿੱਸੇ ਵਿਚ ਕ੍ਰੈਸਨਾਯਾਰਸਕ ਕ੍ਰੇਅ ਵਿਚ ਵਾਕਿਆ ਹੈ। ਇਸ ਪ੍ਰਾਇਦੀਪ ਦੇ ਧੁਰ ਉੱਤਰੀ ਸਿਰੇ ਤੇ ਕੇਪ ਚੈਲਯੂਸਕਨ ਹੈ ਜਿਸਦੇ ਉੱਤਰ ਵਿਚ ਵਿਲਕਿਟਸਕੀ ਅਤੇ ਸੈੱਵਰਨਾਯਾ ਜ਼ੈਮਲੀਆ ਜਲ-ਡਮਰੂ ਹਨ। ਇਸ ਪ੍ਰਾਇਦੀਪ ਦੇ ਪੱਛਮ ਵੱਲ ਯੈਨੱਸੇ ਖਾੜੀ ਅਤੇ ਕਾਰਾ ਸਾਗਰ; ਪੂਰਬ ਵੱਲ ਲੈਪਟੈੱਫ ਸਾਗਰ ਅਤੇ ਕਾਟਾਂਗਾ ਖਾੜੀ ਪੈਂਦੇ ਹਨ। ਇਸ ਪ੍ਰਾਇਦੀਪ ਨੇ ਲਗਭਗ 400,000 ਕਿ.ਮੀ. ਦਾ ਰਕਬਾ ਮੱਲਿਆ ਹੋਇਆ ਹੈ। ਇਸ ਦੇ ਕੇਂਦਰੀ ਹਿੱਸੇ ਵਿਚ 500-1,150 ਮੀ. ਉੱਚੇ ਬਿਰੈਂਗਾ ਪਹਾੜ ਹਨ। ਇਨ੍ਹਾਂ ਪਹਾੜਾਂ ਦੇ ਉੱਤਰ ਅਤੇ ਦੱਖਣ ਵੱਲ ਟੁੰਡਰਾ ਬਨਸਪਤੀ ਨਾਲ ਢੱਕੀਆਂ ਨੀਵੀਆਂ ਭੂਮੀਆਂ ਹਨ।

ਹ.ਪੁ.—ਐਨ.ਬ੍ਰਿ. ਮਾ. 11 : 591

**ਤਾਈਵਾਨ** : ਤਾਈਵਾਨ ਜਾਂ ਫ਼ਾਰਮੂਸਾ ਇਕ ਟਾਪੂ ਹੈ ਜਿਹੜਾ ਕਿ ਚੀਨ ਤੋਂ ਤਕਰੀਬਨ 160 ਕਿ.ਮੀ. ਦੂਰ ਪੂਰਬ ਵੱਲ ਸ਼ਾਂਤ ਮਹਾਂਸਾਗਰ ਵਿਚ ਸਥਿਤ ਹੈ। ਫ਼ਾਰਮੂਸਾ ਜਲ-ਡਮਰੂ ਤਾਈਵਾਨ ਨੂੰ ਚੀਨ ਤੋਂ ਵੱਖ ਕਰਦੀ ਹੈ। ਤਾਈਵਾਨ ਦੇ ਦੱਖਣ ਵਿਚ ਬਾਸ਼ੀ ਚੈਨਲ ਵਾਕਿਆ ਹੈ। ਇਸ ਦੇਸ਼ ਦੇ ਪੂਰਬ ਵੱਲ ਸ਼ਾਂਤ ਮਹਾਂਸਾਗਰ ਅਤੇ ਉੱਤਰ ਵਿਚ ਪੂਰਬੀ ਚੀਨ ਸਾਗਰ ਸਥਿਤ ਹੈ। ਇਸ ਮੁੱਖ ਟਾਪੂ ਤੋਂ ਇਲਾਵਾ 64 ਹੋਰ ਛੋਟੇ ਟਾਪੂ ਵੀ ਤਾਈਵਾਨ ਦਾ ਹਿੱਸਾ ਹਨ ਜਿਹੜੇ ਕਿ ਫ਼ਾਰਮੂਸਾ ਜਲ-ਡਮਰੂ ਵਿਚ ਵਾਕਿਆ ਹਨ। ਇਨ੍ਹਾਂ ਟਾਪੂਆਂ ਨੂੰ ਪੇਸ਼ਕਾਡੋਰਜ਼ ਟਾਪੂ ਆਖਦੇ ਹਨ। ਪੂਰਬੀ ਤੱਟ ਤੋਂ ਥੋੜ੍ਹੀ ਦੂਰ ਕਿਉਮੋਇ ਟਾਪੂ ਵੀ ਤਾਈਵਾਨ ਦਾ ਹਿੱਸਾ ਹੈ। ਉੱਤਰ-ਦੱਖਣ ਦਿਸ਼ਾ ਵਿਚ ਦੇਸ਼ ਦੀ ਵੱਧ ਤੋਂ ਵੱਧ ਲੰਬਾਈ 410 ਕਿ.ਮੀ. ਅਤੇ ਪੂਰਬ-ਪੱਛਮ ਦਿਸ਼ਾ ਵਿਚ 160 ਕਿ.ਮੀ. ਚੌੜਾ ਹੈ। ਤਾਈਵਾਨ ਦਾ ਕੁੱਲ ਖੇਤਰਫਲ 36,179 ਵ ਕਿ.ਮੀ. ਅਤੇ ਅਬਾਦੀ 2,07, 27,000 (1991) ਹੈ ਇਥੋਂ ਦੀ ਰਾਜਧਾਨੀ ਤਾਈਪੇ ਹੈ।

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ** — ਤਾਈਵਾਨ ਦੇ ਪੂਰਬ ਵੱਲ ਉੱਚੇ ਪਹਾੜ ਅਤੇ ਪੱਛਮ ਵੱਲ ਵਿਸ਼ਾਲ ਪੱਧਰਾ ਮੈਦਾਨ ਹੈ। ਪੂਰਬੀ ਭਾਗ ਵਿਚ ਪਹਾੜ ਦੀਆਂ ਲੜੀਆਂ ਆਪਸ ਵਿਚ ਸਮਾਨਾਂਤਰ ਹਨ ਅਤੇ ਉੱਤਰ-ਪੂਰਬ ਤੋਂ ਦੱਖਣ-ਪੱਛਮ ਦਿਸ਼ਾ ਵਿਚ ਫੈਲੀਆਂ ਹੋਈਆਂ ਹਨ। ਇਸ ਮੁੱਖ ਪਹਾੜ ਦਾ ਨਾਂ ਜੁੰਗ-ਯਾਂਗ ਸ਼ਾਨ-ਮੋ (Chung-Yang-Shan Mo) ਹੈ। ਇਸ ਪਹਾੜ ਉਪਰ ਤਾਈਵਾਨ ਦੀ ਸਭ ਤੋਂ ਉੱਚੀ ਚੋਟੀ ਸ਼ਿਨ ਗਾਉ ਸ਼ਾਨ (Hsin-Kao-Shan) ਸਥਿਤ ਹੈ। ਇਸ ਚੋਟੀ ਦੀ

ਉੱਚਾਈ 3,997 ਮੀ. ਹੈ। ਜੁੰਗ-ਯਾਂਗ ਸ਼ਾਨ ਮੋ ਪਹਾੜ ਦੀ ਪੂਰਬੀ ਢਲਾਣ ਤਿੱਖੀ ਹੈ। ਇਸ ਪਹਾੜ ਦੇ ਪੂਰਬ ਵੱਲ ਪੂਰਬੀ ਤੱਟ ਦੇ ਨਾਲ ਨਾਲ ਨੀਵੇਂ ਪਹਾੜ ਮਿਲਦੇ ਹਨ। ਇਨ੍ਹਾਂ ਨੀਵੇਂ ਪਹਾੜਾਂ ਅਤੇ ਜੁੰਗ-ਯਾਂਗ-ਸ਼ਾਨ ਮੋ ਵਿਚਕਾਰ ਇਕ ਦਰਾੜ ਘਾਟੀ ਹੈ। ਇਸ ਨੂੰ ਟੈਟੋ ਨੀਵਾਂ ਖੇਤਰ ਵੀ ਆਖਦੇ ਹਨ। ਅਨੁਮਾਨ ਹੈ ਕਿ ਇਹ ਦਰਾੜ ਚਟਾਨਾਂ ਦੇ ਥੱਲੇ ਧਸਣ ਕਰਕੇ ਬਣੀ ਹੈ। ਤਾਈਵਾਨ ਦਾ ਪੱਛਮੀ ਭਾਗ ਇਕ ਵਿਸ਼ਾਲ ਮੈਦਾਨ ਹੈ। ਇਸ ਮੈਦਾਨ ਦੀ ਢਲਾਣ ਪੱਛਮ ਵੱਲ ਹੈ ਅਤੇ ਇਹ ਜਲੋਢ ਮਿੱਟੀ ਦਾ ਬਣਿਆ ਹੋਇਆ ਹੈ। ਇਸ ਦਾ ਪੂਰਬੀ ਤੱਟਵਰਤੀ ਮੈਦਾਨ ਸੌੜਾ ਹੈ। ਇਸ ਦੀ ਪੱਛਮੀ ਤੱਟ-ਰੇਖਾ ਸਿੱਧੀ ਅਤੇ ਸਧਾਰਣ ਹੈ। ਪੱਛਮੀ ਤੱਟ ਰੇਖਾ ਨਾਲ ਨੀਵੇਂ ਰੇਤ ਦੇ ਟਿੱਬੇ ਅਤੇ ਖਾਰੇ ਪਾਣੀ ਦੀਆਂ ਝੀਲਾਂ ਮਿਲਦੀਆਂ ਹਨ।

**ਜਲ ਪ੍ਰਵਾਹ** — ਗਰਮੀਆਂ ਦੇ ਮੌਸਮ ਵਿਚ ਇਥੇ ਮੌਨਸੂਨ ਹਵਾਵਾਂ ਭਾਰੀ ਵਰਖਾ ਕਰਦੀਆਂ ਹਨ। ਇਹ ਵਰਖਾ ਵਧੇਰੇ ਜੁੰਗ-ਯਾਂਗ ਸ਼ਾਨ-ਮੋ ਦੀ ਪੱਛਮੀ ਢਲਾਣ ਨਾਲ ਪੈਂਦੀ ਹੈ। ਦੇਸ਼ ਦੇ ਮੁੱਖ ਦਰਿਆ ਇਸ ਪਹਾੜ ਦੀ ਪੱਛਮੀ ਢਲਾਣ ਤੋਂ ਨਿਕਲ ਕੇ ਪੱਛਮ ਅਤੇ ਉੱਤਰ-ਪੱਛਮ ਵੱਲ ਵਹਿੰਦੇ ਹੋਏ ਫਾਰਮੂਸਾ ਜਲ-ਡਮਰੂ ਵਿਚ ਜਾ ਡਿਗਦੇ ਹਨ। ਤਾਈਵਾਨ ਦਾ ਮੁੱਖ ਦਰਿਆ ਚੋ ਸ਼ੂਨੀ ਜੀ (Cho Shuni Chi) ਹੈ। ਇਹ ਦਰਿਆ ਜੁੰਗ-ਯਾਂਗ ਸ਼ਾਨ ਮੋ ਪਹਾੜ ਦੀ ਪੱਛਮੀ ਢਲਾਣ ਨਾਲ ਵਹਿੰਦਾ ਹੈ। ਵਰਖਾ ਦੇ ਮੌਸਮ ਵਿਚ ਇਸ ਦਰਿਆ ਵਿਚ ਹੜ੍ਹ ਆ ਜਾਂਦੇ ਹਨ ਅਤੇ ਮੈਦਾਨੀ ਖੇਤਰ ਵਿਚ ਫਸਲਾਂ ਦਾ ਕਾਫੀ ਨੁਕਸਾਨ ਕਰਦਾ ਹੈ। ਦੇਸ਼ ਦਾ ਦੂਜਾ ਪ੍ਰਸਿੱਧ ਦਰਿਆ ਡਾੱਨ ਸ਼ਵੇ ਜੀ (Tan Shui Chi) ਹੈ। ਇਹ ਦਰਿਆ ਉਤੱਰ-ਪੱਛਮੀ ਤਾਈਵਾਨ ਵਿਚੋਂ ਦੀ ਵਹਿੰਦਾ ਹੋਇਆ ਪੂਰਬੀ ਚੀਨ ਸਾਗਰ ਵਿਚ ਜਾ ਡਿਗਦਾ ਹੈ। ਇਨ੍ਹਾਂ ਦੋ ਮੁੱਖ ਦਰਿਆਵਾਂ ਤੋਂ ਇਲਾਵਾ ਹੋਰ ਕਈ ਛੋਟੇ ਛੋਟੇ ਮੌਸਮੀ ਦਰਿਆ ਵੀ ਪੱਛਮ ਵੱਲ ਨੂੰ ਵਹਿੰਦੇ ਹਨ। ਇਥੋਂ ਦੇ ਦਰਿਆ ਛੋਟੇ ਛੋਟੇ, ਘੱਟ ਡੂੰਘੇ ਅਤੇ ਮੌਸਮੀ ਹਨ ਅਤੇ ਆਵਾਜਾਈ ਲਈ ਨਹੀਂ ਵਰਤੇ ਜਾਂਦੇ।

**ਜਲਵਾਯੂ** — ਟਾਪੂ ਨੂੰ ਕਰਕ ਰੇਖਾ ਦੋ ਹਿੱਸਿਆਂ ਵਿਚ ਵੰਡਦੀ ਹੈ। ਇਸ ਲਈ ਟਾਪੂ ਦਾ ਬਹੁਤਾ ਹਿੱਸਾ ਉਪ-ਉਸ਼ਣ ਖੰਡ ਵਿਚ ਪੈਂਦਾ ਹੈ। ਜਲਵਾਯੂ ਗਰਮੀਆਂ ਵਿਚ ਗਰਮ ਅਤੇ ਤਰ ਰਹਿੰਦਾ ਹੈ। ਸਰਦੀਆਂ ਵਿਚ ਠੰਢ ਨਹੀਂ ਪੈਂਦੀ। ਗਰਮੀਆਂ ਦਾ ਔਸਤ ਤਾਪਮਾਨ 20° ਤੋਂ 30° ਸੈਂ. ਵਿਚਕਾਰ ਰਹਿੰਦਾ ਹੈ। ਸਰਦੀਆਂ ਦਾ ਔਸਤ ਤਾਪਮਾਨ 10° ਸੈਂ. ਹੈ।

ਇਥੋਂ ਦੀ ਜਲਵਾਯੂ ਉਪਰ ਕਿਉਰੋ ਸ਼ੀਓ ਸਮੁੰਦਰੀ ਰੌਅ ਦਾ ਪ੍ਰਭਾਵ ਪ੍ਰਤੱਖ ਵਿਖਾਈ ਦਿੰਦਾ ਹੈ। ਇਹ ਗਰਮ ਪਾਣੀ ਦੀ ਰੌਅ ਹੈ ਅਤੇ ਸਰਦੀਆਂ ਵਿਚ ਤਾਈਵਾਨ ਦੀ ਜਲਵਾਯੂ ਨੂੰ ਗਰਮ ਰੱਖਦੀ ਹੈ। ਦੇਸ਼ ਵਿਚ ਵਧੇਰੇ ਵਰਖਾ ਗਰਮੀਆਂ ਦੇ ਮੌਸਮ ਵਿਚ ਪੈਂਦੀ ਹੈ। ਦੱਖਣ-ਪੱਛਮੀ ਮੌਨਸੂਨ ਹਵਾਵਾਂ ਜੁੰਗ-ਯਾਂਗ ਸ਼ਾਨ ਮੋ ਦੀ ਪੱਛਮੀ ਢਲਾਣ ਦੇ ਨਾਲ ਨਾਲ ਭਾਰੀ ਵਰਖਾ ਕਰਦੀਆਂ ਹਨ ਅਤੇ ਇਸ ਮੌਸਮ 'ਚ ਦਰਿਆਵਾਂ ਵਿਚ ਹੜ੍ਹ ਵੀ ਆ ਜਾਂਦੇ ਹਨ। ਗਰਮੀਆਂ ਦੇ ਆਰੰਭ ਵਿਚ ਟਾਈਫੂਨ ਆਉਂਦੇ ਹਨ। ਟਾਈਫੂਨ ਤੋਂ ਤੇਜ਼ ਰਫਤਾਰ ਨਾਲ ਵਰਖਾ ਪੈਂਦੀ ਹੈ ਅਤੇ ਤੇਜ਼ ਹਵਾਵਾਂ ਚਲਦੀਆਂ ਹਨ। ਉੱਤਰ-ਪੂਰਬੀ ਤਾਈਵਾਨ ਵਿਚ ਵਰਖਾ ਸਰਦੀਆਂ (ਦਸੰਬਰ ਤੋਂ ਮਾਰਚ) ਦੇ ਮੌਸਮ ਵਿਚ ਹੁੰਦੀ ਹੈ ਅਤੇ ਇਸ ਖੇਤਰ ਵਿਚ ਲੰਬੇ ਸਮੇਂ ਲਈ ਬੱਦਲਵਾਈ ਬਣੀ ਰਹਿੰਦੀ ਹੈ। ਇਥੋਂ ਦੀ ਔਸਤ ਸਾਲਾਨਾ ਵਰਖਾ 250 ਸੈਂ.ਮੀ. ਹੈ। ਸਰਦੀਆਂ ਦੇ ਮੌਸਮ 'ਚ ਜੁੰਗ-ਯਾਂਗ ਸ਼ਾਨ ਮੋ ਪਹਾੜ ਦੀਆਂ ਉੱਚੀਆਂ ਚੋਟੀਆਂ ਉਪਰ ਬਰਫ ਜੰਮ ਜਾਂਦੀ ਹੈ।

**ਬਨਸਪਤੀ** — ਜੰਗਲ ਇਥੋਂ ਦਾ ਕੁਦਰਤੀ ਧਨ ਹਨ। ਜਦੋਂ ਇਸ ਉਪਰ ਜਾਪਾਨ ਦਾ ਅਧਿਕਾਰ (1895-1945 ਈ.) ਹੁੰਦਾ ਸੀ ਤਾਂ ਸਰਕਾਰ ਨੇ ਪੱਛਮੀ ਮੈਦਾਨੀ ਖੇਤਰ ਵਿਚੋਂ ਜੰਗਲਾਂ ਨੂੰ ਬੇਰਹਿਮੀ ਨਾਲ ਕੱਟ ਦਿੱਤਾ ਸੀ। ਜਾਪਾਨ ਸਰਕਾਰ ਨੇ ਜੰਗਲ ਕੱਟ ਕੇ ਝੋਨੇ ਦੀ ਖੇਤੀ ਆਰੰਭ ਕੀਤੀ। ਹੁਣ ਤਾਈਵਾਨ ਵਿਚ ਜੰਗਲ ਵਧੇਰੇ ਕਰਕੇ ਪਹਾੜੀ ਖੇਤਰ ਵਿਚ ਹੀ ਮਿਲਦੇ ਹਨ। ਜੁੰਗ-ਯਾਂਗ-ਸ਼ਾਨ ਮੋ ਪਹਾੜ ਦੀਆਂ ਢਲਾਣਾਂ ਉੱਤੇ ਚੌੜੇ ਪੱਤੇ ਵਾਲੇ ਦਰਖ਼ਤ ਮਿਲਦੇ ਹਨ। ਇਹ ਜੰਗਲ ਸੰਘਣੇ ਹਨ। 2,000 ਮੀ. ਤੋਂ 3,000 ਮੀ. ਦੀ ਉਚਾਈ ਵਿਚਕਾਰ ਕੋਣਧਾਰੀ ਜੰਗਲ ਹਨ। ਦੇਸ਼ ਵਿਚ ਹੁਣ ਜੰਗਲਾਂ ਦੀ ਸੰਭਾਲ ਵਿਗਿਆਨਕ ਲੀਹਾਂ ਤੇ ਕੀਤੀ ਜਾਂਦੀ ਹੈ। ਇਥੋਂ ਦੇ ਜੰਗਲਾਂ ਵਿਚ ਜ਼ਿਆਦਾਤਰ ਕੈਂਫਰ ਕਿਸਮ ਦਾ ਦਰਖ਼ਤ ਮਿਲਦਾ ਹੈ। ਇਸ ਦਰਖ਼ਤ ਤੋਂ ਕੈਂਫਰ ਤੇਲ ਤਿਆਰ ਕੀਤਾ ਜਾਂਦਾ ਹੈ। ਸੰਨ 1899 ਵਿਚ ਉਸ ਸਮੇਂ ਦੀ ਜਾਪਾਨ ਸਰਕਾਰ ਨੇ ਇਸ ਦਰਖ਼ਤ ਨੂੰ ਕੱਟਣ ਦੀ ਮਨਾਹੀ ਕਰ ਦਿੱਤੀ ਸੀ ਅਤੇ ਤੇਲ ਕੱਢਣ ਦਾ ਕੰਮ 'ਫਾਰਮੂਸਾ ਮੈਨੂਫੈਕਚਰਿੰਗ ਕੰਪਨੀ' ਨੂੰ ਦਿੱਤਾ ਸੀ। ਇਥੋਂ ਦੇ ਜੰਗਲਾਂ ਦੀ ਸੰਭਾਲ ਅਤੇ ਸੁਧਾਰ ਲਈ "ਤਾਈਵਾਨ ਜੰਗਲ ਬਿਊਰੋ" ਦੀ ਸਥਾਪਨਾ ਕੀਤੀ ਗਈ ਹੈ। ਹੁਣ ਜੰਗਲਾਂ ਵਿਚ ਚੰਗੀ ਕਿਸਮ ਦੇ ਦਰਖ਼ਤ ਲਗਾਏ ਜਾ ਰਹੇ ਹਨ।

**ਜੀਵ ਜੰਤੂ** — ਇਥੋਂ ਦੇ ਜੰਗਲਾਂ ਵਿਚ ਆਮ ਤੌਰ ਤੇ ਤਪਤ ਖੰਡ ਦੇ ਜੰਗਲਾਂ ਵਾਲੇ ਜੀਵ-ਜੰਤੂ ਹੀ ਮਿਲਦੇ ਹਨ। ਇਥੋਂ ਦੇ ਜੀਵ-ਜੰਤੂਆਂ ਵਿਚ ਬਾਂਦਰ, ਰਿੱਛ, ਜੰਗਲੀ ਬਿੱਲੀ, ਹਿਰਨ, ਪੈਂਥਰ ਆਦਿ ਵਰਨਣ ਯੋਗ ਹਨ। ਇਨ੍ਹਾਂ ਤੋਂ ਇਲਾਵਾ ਇਥੇ ਮੱਘ, ਕਾਰੋਨਾ ਅਤੇ ਇੱਲਾਂ ਵੀ ਮਿਲਦੀਆਂ ਹਨ। ਇਸ ਦੇ ਤੱਟ ਨਾਲ ਮੱਛੀ ਫੜੀ ਜਾਂਦੀ ਹੈ। ਸੰਨ 1991 ਵਿਚ ਸਮੁੰਦਰ ਵਿਚੋਂ 13 ਲੱਖ 16 ਹਜ਼ਾਰ 651 ਟਨ ਮੱਛੀ ਫੜੀ ਗਈ ਸੀ। ਇਥੇ 1,52,856 ਗੋਕੇ, ਇਕ ਕਰੋੜ ਸੂਰ ਅਤੇ 1,75,346 ਬੱਕਰੀਆਂ ਹਨ।

## ਇਤਿਹਾਸ

ਤਾਈਵਾਨ ਦੇ ਪੁਰਾਤਨ ਇਤਿਹਾਸ ਬਾਰੇ ਜ਼ਿਆਦਾ ਵੇਰਵਾ ਨਹੀਂ ਮਿਲਦਾ ਹੈ। ਖਿਆਲ ਹੈ ਕਿ 1621 ਈ. ਵਿਚ ਚੀਨੀ ਲੋਕ ਪਹਿਲੀ ਵਾਰੀ ਤਾਈਵਾਨ ਦੇ ਪੱਛਮੀ ਕੰਢੇ ਉੱਤੇ ਆ ਕੇ ਵੱਸੇ ਸਨ। ਇਸ ਤੋਂ ਪਹਿਲਾਂ ਤੱਟਵਰਤੀ ਖੇਤਰ ਵਿਚ ਇਥੋਂ ਦੇ ਆਦਿਵਾਸੀ ਲੋਕ ਰਹਿੰਦੇ ਸਨ। ਇਹ ਆਦਿਵਾਸੀ ਲੋਕ 9 ਵੱਖ ਵੱਖ ਕਬੀਲਿਆਂ ਵਿਚ ਵੰਡੇ ਹੋਏ ਸਨ। ਸੰਨ 1621 ਵਿਚ ਚੀਨੀ ਲੋਕਾਂ ਦੇ ਆਉਣ ਨਾਲ ਇਹ ਕਬਾਇਲੀ ਲੋਕ ਪਹਾੜੀ ਖੇਤਰ ਵਿਚ ਜਾ ਟਿਕੇ ਅਤੇ ਹੁਣ ਵੀ ਉਥੇ ਹੀ ਰਹਿ ਰਹੇ ਹਨ। ਸੰਨ 1683 ਤੱਕ ਚੀਨ ਨੇ ਤਾਈਵਾਨ ਉੱਤੇ ਪੂਰਨ ਕਬਜ਼ਾ ਕਰ ਲਿਆ ਅਤੇ ਸਾਰੇ ਪੱਛਮੀ ਖੇਤਰ ਵਿਚ ਚੀਨੀ ਲੋਕ ਆ ਕੇ ਵੱਸ ਗਏ। 17ਵੀਂ ਸਦੀ ਵਿਚ ਡੱਚ, ਸਪੇਨੀ ਅਤੇ ਪੁਰ-ਤਗਾਲੀ ਵੀ ਇਥੇ ਆਏ। ਪੁਰਤਗਾਲੀਆਂ ਨੇ ਇਸ ਟਾਪੂ ਦੇ ਸੋਹਣੇ ਕੁਦਰਤੀ ਨਜ਼ਾਰੇ ਵੇਖ ਕੇ ਇਸ ਦਾ ਨਾਂ ਫਾਰਮੂਸਾ ਰੱਖ ਦਿੱਤਾ। ਫਾਰਮੂਸਾ, ਪੁਰਤਗਾਲੀ ਭਾਸ਼ਾ ਦਾ ਸ਼ਬਦ ਹੈ ਜਿਸ ਤੋਂ ਭਾਵ 'ਸੁੰਦਰਤਾ' ਹੈ। ਸੰਨ 1894-95 ਦੀ ਚੀਨੀ-ਜਾਪਾਨ ਲੜਾਈ ਵਿਚ ਜਾਪਾਨ ਨੇ ਤਾਈਵਾਨ ਉਪਰ ਕਬਜ਼ਾ ਕਰ ਲਿਆ। ਦੂਜੀ ਸੰਸਾਰ ਜੰਗ ਵਿਚ ਜਾਪਾਨ ਦੀ ਹਾਰ ਹੋ ਜਾਣ ਕਾਰਨ, ਤਾਈਵਾਨ ਮੁੜ ਚੀਨ ਦੇ ਰਾਜਸੀ ਅਧਿਕਾਰ ਥੱਲੇ ਆ ਗਿਆ। ਸੰਨ 1949 ਵਿਚ ਚੀਨ ਕਮਿਊਨਿਸਟ ਪਾਰਟੀ ਨੇ ਚੀਨੀ ਨੈਸ਼ਨਲਿਸਟ ਨੇਤਾ, ਚਿਆਂਗ ਕਾਈ ਸ਼ੈਕ ਨੂੰ ਗੱਦੀਓਂ ਲਾਹ ਦਿੱਤਾ ਅਤੇ ਤਾਈਵਾਨ 'ਨੈਸ਼ਨਲਿਸਟ ਸਰਕਾਰ' ਅਧੀਨ ਹੋ ਗਿਆ। ਤਾਈਵਾਨ ਵਿਚੋਂ ਜਾਪਾਨੀ ਲੋਕਾਂ ਨੂੰ ਕੱਢ ਦਿੱਤਾ ਗਿਆ। ਸੰਨ 1975 ਵਿਚ ਚਿਆਂਗ ਕਾਈ ਸ਼ੇਕ ਦੀ ਮੌਤ ਹੋ ਗਈ ਅਤੇ ਇਸ ਤੋਂ ਮਗਰੋਂ ਡਾ. ਜੈਨ ਚੀਆ ਕਾਨ ਇਥੋਂ ਦਾ ਰਾਸ਼ਟਰਪਤੀ ਬਣਿਆ। ਫਿਰ 1978 ਈ. ਵਿਚ ਚਿਆਂਗ ਕਾਈ ਸ਼ੇਕ ਦਾ ਵੱਡਾ ਲੜਕਾ ਚਿਆਂਗ ਚਿੰਗ ਕੁਓ 6 ਸਾਲ ਲਈ ਰਾਸ਼ਟਰਪਤੀ ਬਣਿਆ। ਇਸ ਉਪਰੰਤ 21 ਮਾਰਚ, 1990 ਨੂੰ ਲੀਤੁੰਗ ਹੁਈ (Lee

Tung-Hui) ਦੇਸ਼ ਦਾ ਬਿਨਾ ਕਿਸੇ ਵਿਰੋਧਤਾ, 6 ਸਾਲਾਂ ਲਈ ਰਾਸ਼ਟਰਪਤੀ ਚੁਣਿਆ ਗਿਆ।

## ਆਰਥਿਕਤਾ

**ਕੁਦਰਤੀ ਸਾਧਨ** — ਤਾਈਵਾਨ ਵਿਚ ਕੁਦਰਤੀ ਸਾਧਨਾਂ ਦਾ ਵਿਕਾਸ ਜ਼ਿਆਦਾਤਰ ਉਸ ਸਮੇਂ ਹੋਇਆ ਜਦੋਂ ਇਸ ਉਪਰ ਜਾਪਾਨ ਦਾ ਅਧਿਕਾਰ (1895-1945 ਈ.) ਹੁੰਦਾ ਸੀ। ਤਾਈਵਾਨ ਵਿਚ 50 ਕੁ ਕਿਸਮ ਦੇ ਖਣਿਜ ਪਦਾਰਥ ਕੱਢੇ ਜਾਂਦੇ ਹਨ। ਇਨ੍ਹਾਂ ਖਣਿਜ ਪਦਾਰਥਾਂ ਵਿਚੋਂ ਕੋਲੇ ਦੀ ਵਧੇਰੇ ਅਹਿਮੀਅਤ ਹੈ। ਦੇਸ਼ ਵਿਚ ਕੋਲੇ ਦੀਆਂ ਖਾਣਾਂ ਉੱਤਰੀ ਭਾਗ ਵਿਚ ਤਾਈਪੇ ਅਤੇ ਕੀਲੰਗ ਵਿਖੇ ਮਿਲਦੀਆਂ ਹਨ। ਆਰੰਭ ਵਿਚ ਕੋਲੇ ਦੀ ਸਾਲਾਨਾ ਉਪਜ 20 ਲਖ ਟਨ ਸੀ ਪਰ 1991 ਈ. ਵਿਚ ਖਾਣਾਂ ਵਿਚੋਂ ਕੋਲਾ ਖਤਮ ਹੋਣ ਕਾਰਨ ਇਸਦਾ ਉਤਪਾਦਨ ਸਿਰਫ 4 ਲੱਖ ਟਨ ਰਹਿ ਗਿਆ। ਦੇਸ਼ ਵਿਚ ਕੋਲੇ ਦੇ ਭੰਡਾਰ 17 ਕਰੋੜ ਟਨ ਹਨ। ਤਾਈਵਾਨ ਵਿਚ ਖਣਿਜ ਤੇਲ ਦੇ ਖੂਹ ਵੀ ਉੱਤਰੀ ਭਾਗ ਵਿਚ ਹਨ। ਸਾਲਾਨਾ ਉਤਪਾਦਨ 66,000 ਟਨ (1992) ਹੈ। ਇਥੇ ਪਣ-ਬਿਜਲੀ ਸ਼ਕਤੀ ਦਾ ਪ੍ਰਮੁੱਖ ਸਾਧਨ ਹੈ ਅਤੇ ਇਹ ਚੋ ਸ਼ੂਨੀ ਜੀ ਅਤੇ ਡਾੱਨ ਸ਼ਵੇ ਜੀ ਦਰਿਆਵਾਂ ਤੋਂ ਪੈਦਾ ਕੀਤੀ ਜਾਂਦੀ ਹੈ। ਇਥੇ ਤਿੰਨ ਪ੍ਰਮਾਣੂ ਬਿਜਲੀ-ਘਰ ਵੀ ਹਨ ਅਤੇ ਚੌਥਾਂ ਪ੍ਰਮਾਣੂ ਬਿਜਲੀ-ਘਰ ਲਗਾਉਣ ਲਈ ਯੋਜਨਾ ਤਿਆਰ ਕੀਤੀ ਗਈ ਹੈ। ਇਨ੍ਹਾਂ ਤਿੰਨੇ ਪ੍ਰਮਾਣੂ ਬਿਜਲੀ-ਘਰਾਂ ਤੋਂ 40 ਲੱਖ 14 ਹਜ਼ਾਰ ਕਿਲੋਵਾਟ ਬਿਜਲੀ ਪੈਦਾ ਹੁੰਦੀ ਹੈ। ਉਪਰੋਕਤ ਸ਼ਕਤੀ ਦੇ ਸਾਧਨਾਂ ਤੋਂ ਇਲਾਵਾ ਇਥੇ ਤਾਂਬਾ, ਸੋਨਾ, ਗੰਧਕ, ਚੂਨਾ, ਸੰਗਮਰਮਰ ਆਦਿ ਵੀ ਕੱਢਿਆ ਜਾਂਦਾ ਹੈ। ਤਾਂਬਾ ਅਤੇ ਸੋਨਾ ਤਾਈਪੇ ਨੇੜੇ ਕੱਢਿਆ ਜਾਂਦਾ ਹੈ। ਗੰਧਕ ਅਤੇ ਸਲਫਰ ਪਾਈਰੇਟ ਦੀਆਂ ਖਾਣਾਂ ਪੇਈਟੋਨ ਤੇਨ-ਸ਼ਾਨ ਅਤੇ ਹੋ-ਸ਼ਾਨ ਵਿਖੇ ਸਥਿੱਤ ਹਨ। ਸੰਗਮਰਮਰ ਅਤੇ ਚੂਨਾ ਪੂਰਬੀ ਤੱਟ ਦੇ ਨਾਲ ਹੁਆ ਲਿਆਨ ਵਿਖੇ ਮਿਲਦਾ ਹੈ। ਪੱਛਮੀ ਤੱਟ ਦੇ ਨਾਲ ਸਮੁੰਦਰ ਦੇ ਪਾਣੀ ਚੋਂ ਲੂਣ ਤਿਆਰ ਕੀਤਾ ਜਾਂਦਾ ਹੈ।

**ਖੇਤੀਬਾੜੀ** — ਇਥੋਂ ਦੇ ਖੇਤੀਬਾੜੀ ਦੇ ਢੰਗ ਅਤੇ ਫਸਲਾਂ ਚੀਨ ਨਾਲ ਮਿਲਦੀਆਂ ਜੁਲਦੀਆਂ ਹਨ। ਇਸ ਦੇ ਪੱਛਮੀ ਵਿਸ਼ਾਲ ਮੈਦਾਨ ਵਿਚ ਉਪਜਾਊ ਜਲੋਢ ਮਿੱਟੀ ਮਿਲਦੀ ਹੈ। ਦੇਸ਼ ਵਿਚ ਖੇਤੀਬਾੜੀ ਦੇ ਢੰਗ ਪੁਰਾਣੇ ਹਨ ਅਤੇ ਖੇਤੀਬਾੜੀ ਪਸ਼ੂਆਂ ਦੀ ਮਦਦ ਨਾਲ ਕੀਤੀ ਜਾਂਦੀ ਹੈ। ਖੇਤਾਂ ਦਾ ਆਕਾਰ ਛੋਟਾ ਹੈ ਅਤੇ ਸਰਦੀਆਂ ਵਿਚ ਫਸਲਾਂ ਸਿੰਜਾਈ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ। ਜਾਪਾਨ ਨੇ ਖੇਤੀਬਾੜੀ ਦੇ ਵਿਕਾਸ ਲਈ ਪੱਛਮੀ ਮੈਦਾਨ ਵਿਚੋਂ ਜੰਗਲ ਕੱਟ ਕੇ ਝੋਨੇ ਦੀ ਖੇਤੀ ਆਰੰਭ ਕੀਤੀ ਸੀ। ਚੁੰਗ-ਯਾਂਗ ਸ਼ਾਨ ਮੋ ਪਹਾੜ ਦੀਆਂ ਢਲਾਨਾਂ ਉਪਰ ਮਿੱਟੀ ਖੁਰਨ ਕਾਰਨ ਖੇਤੀਬਾੜੀ ਨਹੀਂ ਹੁੰਦੀ ਹੈ। ਇਥੇ ਮਿੱਟੀ ਵਿਚ ਤੇਜ਼ਾਬ ਦੀ ਮਾਤਰਾ ਜ਼ਿਆਦਾ ਹੈ। ਤਾਈਵਾਨ ਦੇ 8,83,544 ਹੈਕ. (1991) ਰਕਬੇ ਵਿਚ ਖੇਤੀਬਾੜੀ ਕੀਤੀ ਜਾਂਦੀ ਹੈ। ਦੇਸ਼ ਦੀ ਖੇਤੀਬਾੜੀ ਵਿਚ ਝੋਨੇ ਦੀ ਫਸਲ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਖੇਤੀ ਯੋਗ ਭੂਮੀ ਦੇ 50% ਤੋਂ ਵੱਧ ਰਕਬੇ ਵਿਚ (4,72,580 ਹੈਕ.) ਝੋਨੇ ਦੀ ਕਾਸ਼ਤ ਹੁੰਦੀ ਹੈ। ਝੋਨਾ ਜ਼ਿਆਦਾਤਰ ਪੱਛਮੀ ਉਪਜਾਊ ਮੈਦਾਨ ਵਿਚ ਹੁੰਦਾ ਹੈ। ਇਥੋਂ ਦੀ ਮਿੱਟੀ ਉਪਜਾਊ ਹੈ ਅਤੇ ਵਰਖਾ ਕਾਫੀ ਹੁੰਦੀ ਹੈ। ਤੱਟ ਦੇ ਨਾਲ ਝੋਨਾ ਦੀ ਸੰਘਣੀ ਖੇਤੀ ਹੁੰਦੀ ਹੈ ਅਤੇ ਸਾਲ ਵਿਚ ਦੋ ਫਸਲਾਂ ਉਗਾਈਆਂ ਜਾਂਦੀਆਂ ਹਨ। ਝੋਨੇ ਦੀ ਫਸਲ ਦਾ ਵਧੇਰੇ ਝਾੜ ਪ੍ਰਾਪਤ ਕਰਨ ਲਈ ਸਿੰਜਾਈ ਅਤੇ ਰਸਾਇਣਕ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਚੁੰਗ-ਯਾਂਗ ਸ਼ਾਨ ਮੋ ਪਹਾੜ ਦੀ ਪੱਛਮੀ ਢਲਾਣ ਉਪਰ ਵੀ ਝੋਨਾ ਪੈਦਾ ਕੀਤਾ ਜਾਂਦਾ ਹੈ। ਇਥੇ ਉੱਤਮ ਵੰਨਗੀ ਦਾ 'ਪੋਨ ਲਾਈ' ਚੌਲ ਪੈਦਾ ਹੁੰਦਾ ਹੈ। ਦੇਸ਼ ਵਿਚ ਚੌਲਾਂ ਦੀ ਸਾਲਾਨਾ ਉਪਜ 18 ਲੱਖ 19 ਹਜ਼ਾਰ ਟਨ (1991) ਹੈ।

ਇਥੋਂ ਦੀ ਦੂਜੀ ਮੁੱਖ ਫਸਲ ਗੰਨਾ ਹੈ। ਇਸ ਦੀ ਕਾਸ਼ਤ ਵੀ ਪੱਛਮੀ ਮੈਦਾਨੀ ਖੇਤਰ ਵਿਚ ਹੁੰਦੀ ਹੈ। ਸਮੁੰਦਰ ਵੱਲੋਂ ਆਉਣ ਵਾਲੀ ਨਮੀ-ਭਰਪੂਰ ਹਵਾ ਗੰਨੇ ਵਿਚ ਰਸ ਅਤੇ ਮਿਠਾਸ ਦੀ ਮਾਤਰਾ ਨੂੰ ਵਧਾ ਦਿੰਦੀ ਹੈ। ਗੰਨੇ ਦੀ ਸਾਲਾਨਾ ਉਪਜ 45 ਲੱਖ 36 ਹਜ਼ਾਰ ਟਨ (1991) ਹੈ। ਇਥੇ ਆਪਣੀ ਹੀ ਕਿਸਮ ਦੀ ਉਲੋਂਗ ਚਾਹ ਪੈਦਾ ਹੁੰਦੀ ਹੈ। ਇਸ ਚਾਹ ਦੇ ਪੱਤੇ ਨਰਮ ਹੁੰਦੇ ਹਨ ਅਤੇ ਯੂ.ਕੇ. ਵਿਚ ਇਸ ਦੀ ਭਾਰੀ ਮੰਗ ਹੈ। ਚਾਹ ਦੀ ਕਾਸ਼ਤ ਇਥੋਂ ਦੇ ਉੱਤਰ-ਪੱਛਮੀ ਹਿੱਸੇ ਵਿਚ ਹੁੰਦੀ ਹੈ। ਇਥੇ ਦੀ ਗਰਮ ਅਤੇ ਤਰ ਜਲਵਾਯੂ ਚਾਹ ਲਈ ਢੁਕਵੀਂ ਹੈ। ਚਾਹ ਦਾ ਸਾਲਾਨਾ ਉਤਪਾਦਨ 21,000 ਟਨ (1991) ਹੈ। ਆਲੂ ਇਥੋਂ ਦੇ ਲੋਕਾਂ ਦੀ ਖੁਰਾਕ ਦੀ ਮੁੱਖ ਵਸਤੂ ਹੈ ਅਤੇ ਇਹ ਵੀ ਪੱਛਮੀ ਮੈਦਾਨ ਵਿਚ ਉਗਾਏ ਜਾਂਦੇ ਹਨ। ਦੇਸ਼ ਵਿਚ ਆਲੂਆਂ ਤੋਂ ਉਦਯੋਗਿਕ ਅਲਕੋਹਲ ਵੀ ਤਿਆਰ ਕੀਤੀ ਜਾਂਦੀ ਹੈ। ਆਲੂਆਂ ਦੀ ਸਾਲਾਨਾ ਉਪਜ 2 ਲੱਖ 24 ਹਜ਼ਾਰ ਟਨ (1991) ਹੈ। ਪਟਸਨ ਦੀ ਫ਼ਸਲ ਇਥੋਂ ਦੇ ਪੱਛਮੀ ਤੱਟ ਦੇ ਨਾਲ ਨਾਲ ਪੈਦਾ ਹੁੰਦੀ ਹੈ। ਉਪਰੋਕਤ ਫ਼ਸਲਾਂ ਤੋਂ ਇਲਾਵਾ ਇਥੇ ਕੇਲਾ, ਅਨਾਨਾਸ, ਤੰਬਾਕੂ, ਸੋਇਆਬੀਨ, ਕਣਕ, ਮੱਕੀ ਆਦਿ ਫ਼ਸਲਾਂ ਵੀ ਹੁੰਦੀਆਂ ਹਨ। ਕੇਲਾ, ਅਨਾਨਾਸ ਅਤੇ ਸੰਗਤਰਾ ਜ਼ਿਆਦਾਤਰ ਮੱਧ ਅਤੇ ਦੱਖਣੀ ਤਾਈਵਾਨ ਵਿਚ ਹੁੰਦਾ ਹੈ। ਦੇਸ਼ ਵਿਚ ਕੇਲਾ, ਅਨਾਨਾਸ ਅਤੇ ਸੋਇਆਬੀਨ ਦੀ ਸਾਲਾਨਾ ਉਪਜ ਕ੍ਰਮਵਾਰ 1 ਲੱਖ 97 ਹਜ਼ਾਰ ਟਨ, 2 ਲੱਖ 41 ਹਜ਼ਾਰ ਟਨ ਅਤੇ 8 ਹਜ਼ਾਰ ਟਨ (1991) ਹੈ।

**ਉਦਯੋਗ** — ਇਥੋਂ ਦਾ ਉਦਯੋਗਿਕ ਵਿਕਾਸ 1895 ਈ.ਤੋਂ ਆਰੰਭ ਹੋਇਆ ਸੀ। ਜਾਪਾਨ ਸਰਕਾਰ ਨੇ ਸਭ ਤੋਂ ਪਹਿਲਾਂ ਇਥੇ ਵਪਾਰਕ ਪੈਮਾਨੇ ਤੇ ਖੰਡ ਉਦਯੋਗ ਵਿਕਸਿਤ ਕੀਤਾ। ਖੰਡ ਮਿੱਲਾਂ ਜ਼ਿਆਦਾਤਰ ਤਾਈਪੇ ਅਤੇ ਕੀ-ਲੰਗ ਨੇੜੇ ਮਿਲਦੀਆਂ ਹਨ। ਦੇਸ਼ ਵਿਚ ਖੰਡ ਦੀ ਸਾਲਾਨਾ ਉਪਜ 41 ਲੱਖ ਟਨ ਹੈ। ਸੂਤੀ ਕੱਪੜਾ ਬੁਨਣ ਦੇ ਕਾਰਖ਼ਾਨੇ ਵੀ ਉੱਤਰ-ਪੱਛਮੀ ਭਾਗ ਵਿਚ ਸਥਾਪਿਤ ਹਨ। ਇਥੇ ਹਰ ਸਾਲ 60 ਕਰੋੜ ਮੀਟਰ ਧਾਗਾ ਤਿਆਰ ਕੀਤਾ ਜਾਂਦਾ ਹੈ। ਟੇਚੂ ਵਿਖੇ ਸੀਮਿੰਟ ਦੇ ਕਾਰਖਾਨੇ ਅਤੇ ਪੱਛਮੀ ਤੱਟ ਦੇ ਨਾਲ ਨਾਲ ਸੋਕਾ ਵਿਖੇ ਰਸਾਇਣਕ ਖਾਦ ਬਣਾਉਣ ਦੇ ਕਾਰਖ਼ਾਨੇ ਹਨ। ਸੀਮਿੰਟ ਦਾ ਸਾਲਾਨਾ ਉਤਪਾਦਨ 1 ਕਰੋੜ 94 ਲੱਖ ਟਨ ਅਤੇ ਰਸਾਇਣਕ ਖਾਦ 19 ਲੱਖ 30 ਹਜ਼ਾਰ ਟਨ ਹੈ। ਇਥੇ ਕਾਗਜ਼, ਚਮੜਾ ਅਤੇ ਬਿਜਲੀ ਦਾ ਸਮਾਨ ਬਨਾਉਣ ਦੇ ਕਾਰਖ਼ਾਨੇ ਵੀ ਹਨ।

**ਆਵਾਜਾਈ ਦੇ ਸਾਧਨ** — ਇਥੋਂ ਦੇ ਪੱਛਮੀ ਮੈਦਾਨ ਵਿਚ ਸੜਕਾਂ ਅਤੇ ਰੇਲ-ਮਾਰਗਾਂ ਦਾ ਇਕ ਸੰਘਣਾ ਜਾਲ ਵਿਛਿਆ ਹੋਇਆ ਹੈ। ਦੇਸ਼ ਵਿਚ ਢੋਆ-ਢੁਆਈ ਦੇ ਸਾਧਨਾਂ ਦਾ ਵਿਕਾਸ ਵੀ ਉਸ ਸਮੇਂ ਹੋਇਆ ਜਦੋਂ ਕਿ ਇਸ ਉਪਰ ਜਾਪਾਨ ਦਾ ਅਧਿਕਾਰ (1895-1945 ਈ.) ਹੁੰਦਾ ਸੀ। ਜਾਪਾਨ ਸਰਕਾਰ ਨੇ ਉੱਤਰ-ਦੱਖਣ ਦਿਸ਼ਾ ਵਿਚ ਸੜਕਾਂ ਬਣਾਈਆਂ ਅਤੇ ਤਾਈਵਾਨ ਵਿਚ ਪੂਰਬ-ਪੱਛਮ ਦੀ ਦਿਸ਼ਾ 'ਚ ਪਹਾੜ ਨੂੰ ਪਾਰ ਕਰਨ ਵਾਲੀ ਪਹਿਲੀ ਸੜਕ 1957 ਈ. ਵਿਚ ਬਣਾਈ ਗਈ ਸੀ। ਹੁਣ ਤਿੰਨ ਸੜਕਾਂ ਪੂਰਬ-ਪੱਛਮ ਦਿਸ਼ਾ 'ਚ ਮੁੱਖ ਸ਼ਹਿਰਾਂ ਨੂੰ ਆਪਸ ਵਿਚ ਮਿਲਾਉਂਦੀਆਂ ਹਨ। ਤਾਈਪੇ ਸੋਕਾ, ਤਾਈਨਾਨ, ਟਕਾਟ ਕਾਗੀ ਆਦਿ ਸ਼ਹਿਰ ਮੁੱਖ ਸੜਕਾਂ ਨਾਲ ਜੁੜੇ ਹੋਏ ਹਨ। ਤਾਈਵਾਨ ਵਿਚ ਸੜਕਾਂ ਦੀ ਕੁੱਲ ਲੰਬਾਈ 20,052 ਕਿ.ਮੀ. (1991) ਹੈ। ਇਥੇ ਰੇਲ-ਮਾਰਗਾਂ ਦੀ ਲੰਬਾਈ ਸਿਰਫ 2,439 ਕਿ.ਮੀ. (1991) ਹੈ। ਰੇਲ-ਮਾਰਗ ਜ਼ਿਆਦਾਤਰ ਦੂਹਰੀ ਪਟੜੀ ਵਾਲੇ ਹਨ। ਰੇਲ-ਮਾਰਗ ਜ਼ਿਆਦਾਤਰ ਤਾਈਵਾਨ ਖੰਡ ਨਿਗਮ ਨੇ ਬਣਾਏ ਹਨ। ਮੁਖ ਰੇਲ-ਮਾਰਗ ਹੁਅ

ਲਿਆਨ ਤੋਂ ਟੈਟੂੰਗ ਵਿਚਕਾਰ ਹਨ। ਤਾਈਵਾਨ ਦੇ ਪੱਛਮੀ ਤੱਟ ਨਾਲ ਕਾਊ ਸ਼ੀਉਂਗ, ਕੀਲੰਗ ਹਵਾਲੀਅਨ, ਟੈਚੰਗ ਬੰਦਰਗਾਹਾਂ ਹਨ ਜਿਨ੍ਹਾਂ ਰਾਹੀਂ ਅੰਤਰ-ਰਾਸ਼ਟਰੀ ਵਪਾਰ ਹੁੰਦਾ ਹੈ। ਇਥੇ ਹਵਾਈ ਆਵਾਜਾਈ ਦਾ ਵੀ ਵਿਕਾਸ ਹੋ ਰਿਹਾ ਹੈ। ਤਾਈਪੇ ਨੇੜੇ ਤਾਓਯੁਆਨ ਅਤੇ ਕਾਊ ਸ਼ੀਉਂਗ ਅੰਤਰ ਰਾਸ਼ਟਰੀ ਹਵਾਈ ਅੱਡੇ ਹਨ। ਤਾਈਵਾਨ ਵਿਚ 8 ਏਅਰ ਲਾਈਨਜ਼ ਹਨ ਜਿਨ੍ਹਾਂ ਵਿਚੋਂ ਚੀਨ ਏਅਰ ਲਾਈਨਜ਼ ਪ੍ਰਸਿੱਧ ਹੈ।

**ਵਪਾਰ** — ਤਾਈਵਾਨ ਦਾ ਬਦੇਸ਼ੀ ਵਪਾਰ "ਚੀਨ ਬਾਹਰੀ ਵਪਾਰ ਵਿਕਾਸ ਕੌਂਸਲ " ਦੇ ਹੱਥਾਂ ਵਿਚ ਹੈ। ਇਸ ਕੌਂਸਲ ਦੀ ਸਥਾਪਨਾ 1970 ਈ. ਵਿਚ ਕੀਤੀ ਗਈ ਸੀ। ਤਾਈਵਾਨ ਦਾ ਬਦੇਸ਼ੀ ਵਪਾਰ ਤਕਰੀਬਨ 20 ਦੇਸ਼ਾਂ ਨਾਲ ਹੁੰਦਾ ਹੈ। ਸੰਨ 1991 ਵਿਚ ਤਾਈਵਾਨ ਦੀ ਕੁੱਲ ਬਰਾਮਦ 7,617 ਕਰੋੜ ਡਾਲਰ ਅਤੇ ਦਰਾਮਦ 6,286 ਕਰੋੜ ਡਾਲਰ ਸੀ। ਤਾਈਵਾਨ ਦਾ ਜ਼ਿਆਦਾਤਰ ਵਪਾਰ ਸ.ਰ.ਅ., ਜਾਪਾਨ, ਹਾਂਗਕਾਂਗ, ਜਰਮਨੀ, ਯੂ. ਕੇ., ਕੈਨੇਡਾ ਆਦਿ ਦੇਸ਼ਾਂ ਨਾਲ ਹੁੰਦਾ ਹੈ। ਤਾਈਵਾਨ ਦੇ ਕੁੱਲ ਬਰਾਮਦ ਦਾ 34% ਬਿਜਲੀ ਦਾ ਸਾਮਾਨ ਹੁੰਦਾ ਹੈ। ਇਸ ਤੋਂ ਇਲਾਵਾ ਕੱਪੜਾ, ਧਾਤਾਂ, ਜੁੱਤੀਆਂ, ਛੱਤਰੀਆਂ, ਪਲਾਸਟਿਕ, ਚਮੜਾ ਅਤੇ ਰਬੜ ਦਾ ਸਾਮਾਨ ਅਤੇ ਖੇਡਾਂ ਦਾ ਸਾਮਾਨ ਵੀ ਬਰਾਮਦ ਕੀਤਾ ਜਾਂਦਾ ਹੈ। ਦਰਾਮਦ ਵਸਤੂਆਂ ਵਿਚ ਰਸਾਇਣਕ ਮਸ਼ੀਨਰੀ ਅਤੇ ਇਲੈਕਟ੍ਰਾਨਿਕੀ ਸਮਾਨ ਸ਼ਾਮਲ ਹੈ।

**ਪ੍ਰਸਿੱਧ ਸ਼ਹਿਰ** — ਤਾਈਪੇ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਰਾਜਧਾਨੀ ਹੈ। ਤਾਈਪੇ ਇਕ ਉਦਯੋਗਿਕ ਸ਼ਹਿਰ ਹੈ ਅਤੇ ਇਸ ਦੀ ਕੁੱਲ ਆਬਾਦੀ 2.72 ਮਿਲੀਅਨ (1991) ਹੈ। ਦੂਜਾ ਮੁੱਖ ਸ਼ਹਿਰ ਕਾਊ ਸ਼ੀਉਂਗ ਹੈ। ਇਹ ਸ਼ਹਿਰ ਦੱਖਣ-ਪੱਛਮੀ ਤੱਟ ਨਾਲ ਵਾਕਿਆ ਹੈ। ਕਾਊ ਸ਼ੀਉਂਗ ਦੀ ਕੁੱਲ ਆਬਾਦੀ 14 ਲੱਖ ਹੈ। ਕਾਊ ਸ਼ੀਉਂਗ ਦੇ ਉੱਤਰ ਵਿਚ ਤਾਈਨਾਨ ਨਾਂ ਦਾ ਸ਼ਹਿਰ ਹੈ। ਇਹ ਇਕ ਚੰਗੀ ਬੰਦਰਗਾਹ ਹੈ। ਇਥੋਂ ਦੇ ਹੋਰ ਪ੍ਰਸਿੱਧ ਸ਼ਹਿਰ ਟੈ-ਚੁੰਗ, ਚੀ-ਚੁੰਗ, ਹਸਿਨ-ਚੂ ਅਤੇ ਹੁਆ ਲੀਅਨ ਹਨ।

## ਲੋਕ

ਇਥੋਂ ਦੀ ਕੁੱਲ ਆਬਾਦੀ 2,07,27,000 (1992) ਹੈ। ਦੇਸ਼ ਵਿਚ ਆਬਾਦੀ ਦੀ ਵੰਡ ਅਤੇ ਘਣਤਾ ਇਕੋ ਜਿਹੀ ਨਹੀਂ ਹੈ। ਜਨ-ਸੰਖਿਆ ਦੀ ਘਣਤਾ 570 ਵਿਅਕਤੀ ਪ੍ਰਤੀ ਵ. ਕਿ. ਮੀ. ਹੈ। ਦੇਸ਼ ਦੇ ਉੱਤਰ-ਪੱਛਮੀ ਭਾਗ ਵਿਚ ਜ਼ਰਖੇਜ਼ ਮਿੱਟੀ, ਖਣਿਜ ਪਦਾਰਥ ਅਤੇ ਉਦਯੋਗਿਕ ਵਿਕਾਸ ਕਾਰਨ ਘਣਤਾ ਵਧੇਰੇ ਹੈ। ਪੂਰਬੀ ਭਾਗ ਵਿਚ ਪਹਾੜੀ ਧਰਾਤਲ ਕਾਰਨ ਘਣਤਾ ਘੱਟ ਹੈ। ਅਨੁਮਾਨ ਹੈ ਕਿ ਤਾਈਵਾਨ ਵਿਚ ਪਹਿਲੀ ਵਾਰੀ ਚੀਨੀ ਲੋਕ ਆ ਕੇ ਵੱਸੇ ਸਨ ਅਤੇ ਹੁਣ ਵੀ ਵਧੇਰੇ ਗਿਣਤੀ ਚੀਨੀ ਲੋਕਾਂ ਦੀ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਜਾਪਾਨੀਆਂ ਨੂੰ ਤਾਈਵਾਨ ਵਿਚੋਂ ਕੱਢ ਦਿੱਤਾ ਗਿਆ ਸੀ। ਇਥੋਂ ਦੇ ਪਹਾੜੀ ਖੇਤਰ ਵਿਚ ਆਦਿਵਾਸੀ ਲੋਕ ਰਹਿੰਦੇ ਹਨ। ਇਨਾਂ ਦੀ ਗਿਣਤੀ 3 ਲੱਖ 45 ਹਜ਼ਾਰ ਹੈ। ਇਥੋਂ ਦੀ ਆਬਾਦੀ ਵਿਚ ਹੌਲੀ ਹੌਲੀ ਵਾਧਾ ਹੋ ਰਿਹਾ ਹੈ। ਸੰਨ 1991 ਵਿਚ ਜਨਮ ਅਤੇ ਮੌਤ ਦਰ ਕ੍ਰਮਵਾਰ 1.57% ਅਤੇ 0.52% ਹੈ। ਵਾਧੇ ਦੀ ਸਾਲਾਨਾ ਦਰ ਸਿਰਫ਼ 0.72% ਹੈ। ਚੰਗੀਆਂ ਸਿਹਤ ਸਹੂਲਤਾਂ ਕਾਰਨ ਇਥੋਂ ਦੇ ਮਰਦਾਂ ਦਾ ਔਸਤਨ ਜੀਵਨ 71.52 ਸਾਲ ਅਤੇ ਇਸਤਰੀਆਂ ਦਾ 76.97 ਸਾਲ ਹੈ। ਇਥੋਂ ਦੇ ਲੋਕ ਗੋਰੇ ਰੰਗ ਦੇ ਹਨ।

**ਧਰਮ** — ਇਥੋਂ ਦੇ ਵਧੇਰੇ ਲੋਕ ਬੁੱਧ ਧਰਮ ਨੂੰ ਮੰਨਦੇ ਹਨ। ਦੇਸ਼ ਵਿਚ ਬੋਧੀਆਂ ਦੇ 4,020 ਮੰਦਰ ਹਨ। ਤਾਓ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦੀ ਗਿਣਤੀ 30 ਲੱਖ ਤੋਂ ਵੱਧ ਹੈ। ਇਥੋਂ ਦੇ ਥੋੜ੍ਹੇ ਜਿਹੇ ਲੋਕ ਕੈਥੋਲਿਕ ਅਤੇ ਪ੍ਰੋਟੈਸਟੈਂਟ ਧਰਮ ਨੂੰ ਵੀ ਮੰਨਦੇ ਹਨ।

**ਸਿੱਖਿਆ ਪ੍ਰਣਾਲੀ** — ਸੰਨ 1968 ਤੋਂ ਦੇਸ਼ ਵਿਚ 6ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਲਈ ਮੁੱਢਲੀ ਵਿਦਿਆ ਮੁਫ਼ਤ ਦਿੱਤੀ ਜਾਂਦੀ ਹੈ। ਸੰਨ 1983 ਤੋਂ ਸਕੂਲ ਦੇ ਅਤੇ ਉਚੇਰੀ ਵਿਦਿਆ ਦੇ ਸਿਲੇਬਸਾਂ ਵਿਚ ਤਬਦੀਲੀ ਕਰਕੇ ਵਧੇਰੇ ਧਿਆਨ ਵਿਗਿਆਨ ਦੇ ਵਿਸ਼ਿਆਂ ਵੱਲ ਦਿੱਤਾ ਜਾਂਦਾ ਹੈ। ਸੰਨ 1991-92 ਦੇ ਦੌਰਾਨ ਦੇਸ਼ ਵਿਚ 2,495 ਪ੍ਰਾਇਮਰੀ ਸਕੂਲ, 1095 ਸੈਕੰਡਰੀ ਸਕੂਲ ਅਤੇ 123 ਉਚੇਰੀ ਸਿੱਖਿਆ ਦੇ ਸਕੂਲ, 50 ਕਾਲਜ ਅਤੇ 3 ਯੂਨੀਵਰਸਿਟੀਆਂ ਸਨ। ਇਥੇ ਸਰਕਾਰੀ ਅਤੇ ਪ੍ਰਾਈਵੇਟ ਵਿਦਿਅਕ ਅਦਾਰੇ ਹਨ। ਨੈਸ਼ਨਲ ਤਾਈਵਾਨ ਯੂਨੀਵਰਸਿਟੀ (1928) ਤਾਈਪੇ ਵਿਖੇ ਹੈ। ਇਸ ਤੋਂ ਇਲਾਵਾ ਤਾਈਪੇ ਵਿਖੇ ਨੈਸ਼ਨਲ ਨਾਰਮਲ ਯੂਨੀਵਰਸਿਟੀ (1946) ਅਤੇ ਨੈਸ਼ਨਲ ਜੰਗਜੀ ਯੂਨੀਵਰਸਿਟੀ (1926) ਹੈ। ਦੇਸ਼ ਦਾ ਸਭ ਤੋਂ ਮਸ਼ਹੂਰ ਅਜਾਇਬ ਘਰ "ਨੈਸ਼ਨਲ ਪੈਲੇਸ ਮਿਊਜ਼ੀਅਮ" ਵੀ ਤਾਈਪੇ ਵਿਖੇ ਹੀ ਹੈ ਜਿਸ ਵਿਚ ਦੁਨੀਆਂ ਦੀਆਂ ਸਭ ਤੋਂ ਜਿਆਦਾ ਪ੍ਰਾਚੀਨ ਚੀਜ਼ਾਂ, ਕਲਾ ਕਿਰਤਾਂ, ਖ਼ਤ, ਚਿੱਤਰ ਅਤੇ ਕੌਡੀਆਂ ਪਈਆਂ ਹੋਈਆਂ ਹਨ।

**ਸਿਹਤ** — ਤਾਈਵਾਨ ਵਿਚ ਮੁੱਢਲੀਆਂ ਅਤੇ ਵਿਸ਼ੇਸ਼ ਸਿਹਤ ਸੇਵਾਵਾਂ ਦੀਆਂ ਸਹੂਲਤਾਂ ਪ੍ਰਾਪਤ ਹਨ। ਦੇਸ਼ ਵਿਚ 94 ਸਰਕਾਰੀ ਅਤੇ 727 ਪ੍ਰਾਈਵੇਟ ਹਸਪਤਾਲ ਹਨ। ਤਾਈਪੇ ਵਿਖੇ ਇਕ ਵੱਡਾ ਜਨਰਲ ਅਤੇ ਵਿਸ਼ੇਸ਼ ਹਸਪਤਾਲ ਹੈ।

## ਰਾਜ-ਪ੍ਰਬੰਧ

**ਪ੍ਰਬੰਧਕੀ ਢਾਂਚਾ** — ਇਥੋਂ ਦਾ ਸਮੁੱਚਾ ਸਰਕਾਰੀ ਪ੍ਰਬੰਧ ਪੰਜ ਕੌਂਸਲਾਂ ਰਾਹੀਂ ਕੀਤਾ ਜਾਂਦਾ ਹੈ। ਇਹ ਪੰਜ ਕੌਂਸਲਾਂ (ਯੁਆਨ) ਕਾਰਜਕਾਰਣੀ, ਨਿਆਂਪਾਲਿਕਾ, ਲੈਜਿਸਲੇਟਿਵ, ਪ੍ਰੀਖਿਆ ਅਤੇ ਕੰਟਰੋਲ ਹਨ। ਪ੍ਰਧਾਨ ਮੰਤਰੀ ਇਸ ਦਾ ਮੁੱਖੀ ਹੁੰਦਾ ਹੈ ਜਿਹੜਾ ਕਿ ਮੰਤਰੀ ਮੰਡਲ ਦੀ ਸਲਾਹ ਨਾਲ ਕੰਮ ਕਰਦਾ ਹੈ। ਸੂਬਿਆਂ ਦਾ ਪ੍ਰਬੰਧ ਰਾਜ ਸਰਕਾਰਾਂ ਕਰਦੀਆਂ ਹਨ ਅਤੇ ਸ਼ਹਿਰਾਂ ਵਿਚ ਨਗਰ-ਪਾਲਿਕਾਵਾਂ ਹਨ।

ਸੰਨ 1992 ਵਿਚ ਤਾਈਵਾਨ 'ਚ ਤਿੰਨ ਸਿਆਸੀ ਪਾਰਟੀਆਂ ਸਨ ਜਿਨ੍ਹਾਂ ਨੇ ਆਮ ਚੋਣਾਂ ਵਿਚ ਭਾਗ ਲਿਆ ਸੀ। ਇਸ ਸਮੇਂ ਸਿਆਸੀ ਤਾਕਤ ਕੁਓਮਿੰਨਟੰਗ (ਨੈਸ਼ਨਲਿਸਟ ਪਾਰਟੀ) ਦੇ ਹੱਥਾਂ ਵਿਚ ਹੈ। ਦੇਸ਼ ਵਿਚ ਇਸ ਪਾਰਟੀ ਦੇ 20 ਲੱਖ ਮੈਂਬਰ ਹਨ। ਕੁਓਮਿੰਨਟੰਗ ਦਾ ਯੂਥ ਵਿੰਗ ਵੀ ਹੈ ਜਿਸ ਨੂੰ "ਚੀਨ ਯੂਥ ਕੋਰ" ਆਖਦੇ ਹਨ। ਇਥੇ ਦੋ ਹੋਰ ਸਿਆਸੀ ਪਾਰਟੀਆਂ—ਯੰਗ ਚੀਨ ਪਾਰਟੀ' ਅਤੇ ਚੀਨ ਡੈਮੋਕਰੇਟਿਕ ਸੋਸ਼ਲਿਸ਼ਟ ਪਾਰਟੀ ਵੀ ਹਨ। ਇਥੋਂ ਦੀ ਪਾਰਲੀਮੈਂਟ ਨੂੰ ਯੂਆਨ ਆਖਦੇ ਹਨ। ਇਸ ਦੇ ਕੁੱਲ 161 ਮੈਂਬਰ ਹਨ ਅਤੇ 1992 ਈ. ਦੀ ਚੋਣਾਂ ਵਿਚ ਕੁਓਮਿੰਨਟੰਗ ਪਾਰਟੀ ਨੇ 96 ਸੀਟਾਂ ਹਾਸਲ ਕੀਤੀਆਂ ਸਨ। ਚੀਨ ਡੈਮੋਕਰੇਟਿਕ ਪਾਰਟੀ ਨੇ 50 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਸੀ।

**ਸੁਰੱਖਿਆ** — ਤਾਈਵਾਨ ਵਿਚ ਫ਼ੌਜ ਦੀ ਕੁੱਲ ਗਿਣਤੀ 2 ਲੱਖ 90 ਹਜ਼ਾਰ ਹੈ। ਦੇਸ਼ ਵਿਚ ਕੁੱਲ 18 ਇਨਫੈਂਟਰੀ ਡਵੀਜ਼ਨਾਂ ਹਨ। ਇਸ ਤੋਂ ਇਲਾਵਾ 4 ਟੈਂਕ ਗਰੁੱਪ ਅਤੇ 20 ਫ਼ੀਲਡ ਆਰ-ਟਿਲਰੀ ਬਟਾਲੀਅਨਾਂ ਹਨ। ਜਲ-ਸੈਨਾ ਕੋਲ 200 ਸਮੁੰਦਰੀ ਜਹਾਜ਼ ਹਨ ਅਤੇ ਜਲ ਸੈਨਾ ਦੀ ਕੁੱਲ ਗਿਣਤੀ 38,000 ਹੈ। ਹਵਾਈ ਫ਼ੌਜ ਕੋਲ 485 ਲੜਾਕੇ ਹਵਾਈ ਜਹਾਜ਼ ਹਨ। ਹਵਾਈ ਫ਼ੌਜ ਦੀ ਗਿਣਤੀ 72,000 ਹੈ। ਇਹ ਜ਼ਿਆਦਾਤਰ ਫ਼ੌਜੀ ਸਮਾਨ ਸ.ਰ.ਅ. ਤੋਂ ਖਰੀਦਦਾ ਹੈ।

**ਕਰੰਸੀ** – ਇਥੋਂ ਦੀ ਕਰੰਸੀ ਦਾ ਨਾਂ ਨਿਊ ਤਾਈਵਾਨ ਡਾਲਰ ਹੈ। ਇਕ ਡਾਲਰ 100 ਸੈਂਟਾ ਵਿਚ ਵੰਡਿਆ ਹੋਇਆ ਹੈ। ਤਾਈਵਾਨ ਡਾਲਰ ਦੇ 1, 5, 10 ਦੇ ਸਿੱਕੇ ਅਤੇ 10, 50, 100, 500 ਅਤੇ 1000 ਦੇ ਨੋਟ ਹਨ। ਇਥੋਂ ਦੀ ਕਰੰਸੀ ਨੂੰ ਮੁਦਰਾ ਮੰਡੀ ਵਿਚ ਚਾਲੂ ਰੱਖਣ ਅਤੇ ਬਦੇਸ਼ੀ ਵਟਾਂਦਰੇ ਦੇ ਕੰਮ ਸੈਂਟਰਲ ਬੈਂਕ ਆਫ਼ ਚੀਨ ਕਰਦਾ ਹੈ। ਬੈਂਕ ਆਫ਼ ਤਾਈਵਾਨ, ਦੇਸ਼ ਦਾ ਸਭ ਤੋਂ ਵੱਡਾ ਵਪਾਰਕ ਬੈਂਕ ਹੈ ਅਤੇ ਇਸ ਤੋਂ ਇਲਾਵਾ 17 ਘਰੇਲੂ ਵਪਾਰਕ ਬੈਂਕ ਅਤੇ 30 ਬਦੇਸ਼ੀ ਬੈਂਕਾਂ ਦੀਆਂ ਸ਼ਾਖਾਵਾਂ ਹਨ।

**ਕੌਮੀ ਝੰਡਾ ਅਤੇ ਕੌਮੀ ਗੀਤ** – ਇਥੋਂ ਦੇ ਕੌਮੀ ਝੰਡੇ ਦਾ ਰੰਗ ਲਾਲ ਹੈ। ਉਪਰ ਖੱਬੇ ਪਾਸੇ ਦਾ ਹਿੱਸਾ ਨੀਲਾ ਹੈ ਜਿਸ ਵਿਚ ਸਫੈਦ ਰੰਗ ਦਾ ਸੂਰਜ ਵਿਖਾਇਆ ਹੋਇਆ ਹੈ। ਸੂਰਜ ਦੁਆਲੇ 12 ਨੁਕਤੇ ਲਗੇ ਹੋਏ ਹਨ। ਇਥੋਂ ਦਾ ਕੌਮੀ ਗੀਤ 'ਸ਼ਾਨ ਮਿਨ ਚੂ' ਸ਼ਬਦਾਂ ਨਾਲ ਆਰੰਭ ਹੁੰਦਾ ਹੈ ਅਤੇ ਇਹ ਗੀਤ ਡਾ. ਸੁਨ ਯਾਟ ਸੇਨ ਨੇ ਲਿਖਿਆ ਹੈ। ਇਸ ਦੀ ਧੁਨ ਚੈਂਗ ਮਾਉ-ਯੁਨ ਨੇ ਬਣਾਈ ਹੈ।

ਹ.ਪੁ.–ਐਨ. ਬ੍ਰਿ. 9. : 627; ਐਨ. ਬ੍ਰਿ. ਮਾ. 11:511; ਐਨ. ਅਮੇ. 26. : 232; ਸਟੇ. ਯੀ. ਬੁ. 1993-94

ਪ੍ਰੋ. ਭਗਵਾਨ ਸਿੰਘ

**ਤਾਸ਼** : ਇਹ ਇਕ ਬਹੁਤ ਪੁਰਾਣੀ ਖੇਡ ਹੈ ਜੋ ਆਮ ਕਰਕੇ ਕਾਰਡ (ਮੋਟੇ ਕਾਗਜ਼) ਦੇ ਆਇਤਾਕਾਰ ਸ਼ਕਲ ਦੇ ਪੱਤਿਆਂ ਦੇ ਇਕ ਸੈੱਟ ਨਾਲ ਖੇਡੀ ਜਾਂਦੀ ਹੈ ਜਿਨ੍ਹਾਂ ਨੂੰ ਤਾਸ਼-ਪੱਤੇ ਕਿਹਾ ਜਾਂਦਾ ਹੈ। ਆਧੁਨਿਕ ਤਾਸ਼ ਦੇ ਇਨ੍ਹਾਂ ਪੱਤਿਆਂ ਦੀ ਕੁੱਲ ਗਿਣਤੀ 52 ਹੁੰਦੀ ਹੈ ਜਿਨ੍ਹਾਂ ਨੂੰ ਚਾਰ ਵੱਖਰੇ ਵੱਖਰੇ ਸੈੱਟਾਂ (ਰੰਗਾਂ ) ਵਿਚ ਵੰਡਿਆ ਹੁੰਦਾ ਹੈ। ਹਰ ਇਕ ਸੈੱਟ ਵਿਚ ਪਾਨ, ਇੱਟ, ਚਿੜੀਆ ਅਤੇ ਹੁਕਮ ਦੇ 13-13 ਪੱਤੇ ਹੁੰਦੇ ਹਨ। ਤਾਸ਼ ਦੇ 52 ਹੀ ਪੱਤਿਆਂ ਦੇ ਬਾਹਰਲੇ ਪਾਸੇ ਇਕੋ ਜਿਹੀਆਂ ਰੰਗ-ਬਰੰਗੀਆਂ ਤਸਵੀਰਾਂ ਜਾਂ ਡਿਜ਼ਾਈਨ ਬਣੇ ਹੋਏ ਹੁੰਦੇ ਹਨ ਅਤੇ ਅੰਦਰਲੇ ਪਾਸੇ 1 ਤੋਂ 13 ਤੱਕ ਨੰਬਰ ਹੁੰਦੇ ਹਨ ਜੋ ਇੱਟ ਅਤੇ ਪਾਨ ਦੇ ਪੱਤਿਆਂ ਉੱਤੇ ਲਾਲ ਰੰਗ ਨਾਲ ਅਤੇ ਹੁਕਮ ਅਤੇ ਚਿੜੀਆ ਦੇ ਪੱਤਿਆਂ ਉਤੇ ਕਾਲੇ ਰੰਗ ਵਿਚ ਹੁੰਦੇ ਹਨ। ਭਾਰਤੀ ਖੇਡ ਵਿਚ ਇਨ੍ਹਾਂ ਪੱਤਿਆਂ ਨੂੰ ਕ੍ਰਮਵਾਰ, ਯੱਕਾ (ਏਕਾ) ਦੁੱਕੀ, ਤਿੱਕੀ, ਚੌਕੀ, ਪੰਜੀ, ਛਿੱਕੀ, ਸੱਤੀ, ਅੱਠੀ, ਨਹਿਲਾ, ਦਹਿਲਾ, ਗੋਲਾ (ਗੁਲਾਮ), ਬੇਗੀ (ਬੇਗਮ) ਅਤੇ ਬਾਦਸ਼ਾਹ ਕਿਹਾ ਜਾਂਦਾ ਹੈ। ਪਿਛਲੇ ਤਿੰਨੇ ਪੱਤਿਆਂ ਉਤੇ ਅੰਦਰਲੇ ਪਾਸੇ ਨੰਬਰਾਂ ਦੀ ਥਾਂ ਗੁਲਾਮ, ਬੇਗਮ ਅਤੇ ਬਾਦਸ਼ਾਹ ਦੀਆਂ ਤਸਵੀਰਾਂ ਇਸ ਤਰੀਕੇ ਨਾਲ ਬਣੀਆਂ ਹੁੰਦੀਆਂ ਹਨ ਜੋ ਉਪਰੋਂ ਜਾਂ ਹੇਠੋਂ ਦੋਵੇਂ ਪਾਸਿਆਂ ਤੋਂ ਇਕੋ ਜਿਹੀਆਂ ਲਗਦੀਆਂ ਹਨ। ਉਪਰੋਕਤ 52 ਪੱਤਿਆਂ ਤੋਂ ਇਲਾਵਾ ਤਾਸ਼ ਵਿਚ ਦੋ ਵਾਧੂ ਪੱਤੇ ਵੀ ਹੁੰਦੇ ਹਨ ਤੇ ਇਨ੍ਹਾਂ ਨੂੰ ਕੋਈ ਪੱਤਾ ਗੁੰਮ ਹੋਣ ਤੇ ਉਸ ਦੀ ਥਾਂ ਤੇ ਵਰਤਿਆ ਜਾਂਦਾ ਹੈ। ਇਹ ਪੱਤੇ ਤਾਸ਼ ਦੀਆਂ ਖੇਡਾਂ ਵਿਚ ਹਮੇਸ਼ਾਂ ਵਰਤੋਂ ਵਿਚ ਨਹੀਂ ਆਉਂਦੇ।

ਇਸ ਖੇਡ ਦੇ ਆਰੰਭ ਦੇ ਸਮੇਂ ਅਤੇ ਸਥਾਨ ਬਾਰੇ ਕੋਈ ਰਿਕਾਰਡ ਨਹੀਂ ਮਿਲਦਾ ਪਰ ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਸ਼ਾਇਦ ਇਹ ਖੇਡ 7 ਵੀਂ ਤੋਂ 10 ਵੀਂ ਸਦੀ ਦੇ ਵਿਚਕਾਰ ਕਿਸੇ ਸਮੇਂ ਸ਼ੁਰੂ ਹੋਈ ਹੋਵੇ। ਕੁਝ ਲੋਕਾਂ ਦੇ ਮਤ ਅਨੁਸਾਰ ਇਹ ਖੇਡ ਪਹਿਲਾਂ ਪਹਿਲ ਚੀਨ ਤੋਂ ਸ਼ੁਰੂ ਹੋਈ ਪਰ ਪੁਰਾਣੀਆਂ ਤਾਸ਼ਾਂ ਤੇ ਬਣੇ ਨਮੂਨਿਆਂ ਜਾਂ ਚਿੱਤਰਾਂ ਦੇ ਆਧਾਰ ਤੇ ਕੁਝ ਲੋਕ ਭਾਰਤ ਨੂੰ ਇਸ ਦਾ ਮੋਢੀ ਦੇਸ਼ ਮੰਨਦੇ ਹਨ। ਇਸੇ ਤਰ੍ਹਾਂ ਇਕ ਹੋਰ ਮਤ ਅਨੁਸਾਰ ਤਾਸ਼ ਅਤੇ ਸ਼ਤਰੰਜ ਆਦੀ ਮਨੁੱਖ ਦੀਆਂ ਕਾਢਾਂ ਹਨ।

ਯੂਰਪ ਵਿਚ ਤਾਸ਼ ਕਿਵੇਂ ਪ੍ਰਚੱਲਤ ਹੋਈ? ਇਸ ਬਾਰੇ ਵੀ ਹਾਲੇ ਤਕ ਕੋਈ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੋਈ। ਪੁਰਾਣੀਆਂ ਤਾਸ਼ਾਂ ਦੇ ਪੱਤਿਆਂ ਤੇ ਬਣੇ ਕੁਝ ਚੀਨੀ ਨਿਸ਼ਾਨਾਂ ਤੋਂ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਯੂਰਪ ਵਿਚ ਤਾਸ਼ ਸ਼ਾਇਦ ਚੀਨ ਤੋਂ ਮਾਰਕੋ ਪੋਲੋ ਦੁਆਰਾ ਜਾਂ ਇਸ ਤੋਂ ਵੀ ਪਹਿਲਾਂ ਇਸ ਦੇ ਪਿਤਾ ਦੁਆਰਾ ਲਿਆਂਦੀ ਗਈ ਹੋਵੇ ਜਾਂ ਫਿਰ ਇਹ ਅਰਬ ਤੋਂ ਵਣਜਾਰਿਆਂ ਦੁਆਰਾ ਇਥੇ ਆਈ ਹੋਵੇ। ਵੱਖ ਵੱਖ ਦੇਸ਼ਾਂ ਵਿਚ ਤਾਸ਼ ਬਾਰੇ ਮਿਲੀ ਜਾਣਕਾਰੀ ਤੋਂ ਇਹ ਪਤਾ ਲਗਦਾ ਹੈ ਕਿ ਇਹ ਖੇਡ ਕਾਫੀ ਪੁਰਾਣੇ ਸਮੇਂ ਤੋਂ ਕਈ ਦੇਸ਼ਾਂ ਵਿਚ ਪ੍ਰਚਲੱਤ ਸੀ ਜਿਵੇਂ ਇਟਲੀ ਵਿਚ 1299 ਈ. ਤੋਂ, ਸਪੇਨ ਵਿਚ 1371 ਈ. ਤੋਂ, ਜਰਮਨੀ ਵਿਚ 1380 ਈ. ਤੋਂ, ਫ਼ਰਾਂਸ ਵਿਚ ਵੀ 14 ਵੀਂ ਸਦੀ ਤੋਂ ਤਾਸ਼ ਦੇ ਪ੍ਰਚੱਲਤ ਹੋਣ ਦੇ ਪ੍ਰਮਾਣ ਮਿਲੇ ਹਨ। ਇਸੇ ਤਰ੍ਹਾ ਇੰਗਲੈਂਡ ਦੇ ਪੁਰਾਣੇ ਸ਼ਾਹੀ ਰਿਕਾਰਡਾਂ ਤੋਂ ਪਤਾ ਲਗਦਾ ਹੈ ਕਿ ਚਾਰਲਸ ਛੇਵੇਂ ਨੇ ਸੋਨੇ ਦੇ ਪੱਤਿਆਂ ਵਾਲੇ ਵੱਖ ਵੱਖ ਡਿਜ਼ਾਇਨਾਂ ਦੇ ਤਾਸ਼ ਦੇ ਤਿੰਨ ਸੈੱਟ ਖਰੀਦੇ ਸਨ।

ਅਮਰੀਕਾ ਵਿਚ ਪਹਿਲਾਂ ਪਹਿਲ ਤਾਸ਼ ਸ਼ਾਇਦ ਕੋਲੰਬਸ ਦੁਆਰਾ ਲਿਆਂਦੀ ਗਈ। ਬਾਅਦ ਵਿਚ ਅੰਗਰੇਜ਼ਾਂ, ਫ਼ਰਾਂਸੀਸੀਆਂ ਅਤੇ ਵਲੰਦੇਜ਼ੀਆਂ ਦੇ ਇਥੇ ਆਬਾਦ ਹੋਣ ਨਾਲ ਇਹ ਖੇਡ ਇਥੇ ਹੋਰ ਜ਼ਿਆਦਾ ਪ੍ਰਚੱਲਤ ਹੋ ਗਈ। ਇਸ ਤਰ੍ਹਾਂ ਹੌਲੀ ਹੌਲੀ ਇਹ ਖੇਡ ਸਾਰੀ ਦੁਨੀਆ ਤੇ ਖੇਡੀ ਜਾਣ ਲਗੀ।

ਪਹਿਲਾਂ ਪਹਿਲ ਤਾਸ਼ ਨੂੰ ਕਿਸਮਤ ਦੱਸਣ ਲਈ ਵਰਤਿਆ ਜਾਂਦਾ ਸੀ ਅਤੇ ਇਹ ਗੋਲ, ਚੌਰਸ ਆਦਿ ਵੱਖ ਵੱਖ ਅਕਾਰਾਂ ਵਿਚ ਅਤੇ ਵੱਖ ਵੱਖ ਪਦਾਰਥਾਂ ਦੀ ਬਣਦੀ ਸੀ। ਇਨ੍ਹਾਂ ਸੈੱਟਾਂ ਵਿਚ ਵੱਖ ਵੱਖ ਸਮਿਆਂ ਤੇ ਇਨ੍ਹਾਂ ਪੱਤਿਆਂ ਦੀ ਗਿਣਤੀ ਵੀ 50,78, 97, 62,36,32 ਅਤੇ 40 ਆਦਿ ਹੁੰਦੀ ਰਹੀ ਪਰ ਹੁਣ ਸਾਰੀ ਦੁਨੀਆ ਤੇ ਤਾਸ਼ ਦਾ 52 ਪੱਤਿਆਂ ਦਾ ਸਟੈਂਡਰਡ ਸੈੱਟ ਪ੍ਰਚੱਲਤ ਹੈ। ਇਸੇ ਤਰ੍ਹਾਂ ਇਸ ਦੇ ਪੱਤਿਆਂ ਦਾ ਆਕਾਰ 6x9 ਸੈਂ. ਮੀ. ਦਾ ਹੁੰਦਾ ਹੈ। ਬੇਸ਼ਕ ਇਸ ਤੋਂ ਛੋਟੇ ਤੇ ਵੱਡੇ ਪੈਮਾਨੇ ਦੇ ਗੋਲ, ਚੌਰਸ ਅਤੇ ਹੋਰ ਆਕਾਰਾਂ ਦੇ ਤਾਸ਼ ਸੈੱਟ ਵੀ ਮਿਲਦੇ ਹਨ।

ਆਮ ਵਰਤੋਂ ਦੀ ਇਕ ਚੰਗੀ ਆਧੁਨਿਕ ਤਾਸ਼ ਵਧੀਆ ਕਾਰਡ ਜਾਂ ਮੋਟੇ ਵਧੀਆ ਕਾਗਜ਼ ਦੇ ਦੋ ਇਕੋ ਆਕਾਰ ਦੇ ਟੁਕੜਿਆਂ ਨੂੰ ਆਪਸ ਵਿਚ ਚਿਪਕਾ ਕੇ ਬਣਾਈ ਹੁੰਦੀ ਹੈ ਤਾਂ ਜੋ ਅੰਦਰਲੇ ਹਿੱਸੇ ਦੇ ਨੰਬਰ ਬਾਹਰੋਂ ਨਾ ਦਿਸ ਸਕਣ। ਇਸ ਤੋਂ ਇਲਾਵਾ ਵਧੀਆ ਧਾਤਾਂ ਦੀ ਬਾਰੀਕ ਪਰਤਾਂ ਦੇ ਅਤੇ ਪਲਾਸਟਿਕ ਕਾਗਜ਼ ਦੇ ਬਣੇ ਵਧੀਆ ਅਤੇ ਮਹਿੰਗੇ ਤਾਸ਼ ਸੈੱਟ ਵੀ ਮਿਲਦੇ ਹਨ।

ਪੁਰਾਣੇ ਸਮਿਆਂ ਵਿਚ ਤਾਸ਼ ਸਰਕਾਰ ਦੁਆਰਾ ਟੈਕਸ ਇਕੱਠਾ ਕਰਨ ਦਾ ਇਕ ਲਾਹੇਵੰਦ ਵਸੀਲਾ ਸੀ। ਆਧੁਨਿਕ ਸਮਿਆਂ ਵਿਚ ਤਾਸ਼ ਦੇ ਪੱਤਿਆਂ ਨੂੰ ਵੱਖ ਵੱਖ ਚੀਜ਼ਾਂ ਦੀ ਮਸ਼ਹੂਰੀ ਕਰਨ ਲਈ ਵੀ ਵਰਤਿਆ ਜਾਂਦਾ ਹੈ ਅਤੇ ਇਸੇ ਮਕਸਦ ਲਈ ਕਈ ਵਾਰੀ ਤਾਸ਼ ਸੈੱਟ ਮੁਫ਼ਤ ਜਾਂ ਤੋਹਫੇ ਦੇ ਤੌਰ ਤੇ ਵੀ ਦਿੱਤੇ ਜਾਂਦੇ ਹਨ।

ਭਾਰਤ ਵਿਚ ਵਿਆਹ ਸ਼ਾਦੀਆਂ, ਜਨਮ ਦਿਨਾਂ ਜਾਂ ਅਜਿਹੇ ਹੋਰ ਸ਼ੁਭ ਅਵਸਰਾਂ ਜਿਵੇਂ ਕਿਸੇ ਚੀਜ਼ ਦੇ ਮਹੂਰਤ ਦੇ ਸਮੇਂ ਤੇ ਤਾਸ਼ ਦੇ ਬਾਹਰਲੇ ਪਾਸਿਆਂ ਤੇ ਮਸ਼ਹੂਰੀਆਂ ਜਾਂ ਮੌਕੇ ਅਨੁਸਾਰ ਕੁਝ ਛਪਵਾ ਕੇ ਰਿਸ਼ਤੇਦਾਰਾਂ ਤੇ ਹੋਰ ਦੋਸਤਾਂ ਮਿੱਤਰਾਂ ਨੂੰ ਯਾਦਗਾਰੀ ਤੋਹਫੇ ਵਜੋਂ ਵੀ ਦਿੱਤੀ ਜਾਂਦੀ ਹੈ। ਅੱਜਕੱਲ੍ਹ ਕਈ ਅਜਾਇਬ ਘਰ ਅਜਿਹੇ ਵੀ ਹਨ ਜਿਨ੍ਹਾਂ ਵਿਚ ਪੁਰਾਣੀਆਂ ਜਾਂ ਵੱਖ ਵੱਖ ਸਮਿਆਂ ਦੀਆਂ ਤੇ ਵੱਖ ਵੱਖ ਕਿਸਮਾਂ ਦੀਆਂ ਕੀਮਤੀ ਤਾਸ਼ਾਂ ਸਾਂਭੀਆਂ ਹੋਈਆਂ ਹਨ।

ਆਮ ਕਰਕੇ ਤਾਸ਼ ਨਾਲ ਮਨੋਰੰਜਨ ਦੀਆਂ ਖੇਡਾਂ ਹੀ ਖੇਡੀਆ ਜਾਂਦੀਆਂ ਹਨ। ਕਈ ਵੇਰ ਤਮਾਸ਼ੇ ਵਾਲੇ ਵੀ ਇਸ ਨਾਲ ਕਈ ਤਰ੍ਹਾਂ ਦੇ ਤਮਾਸ਼ੇ ਜਾਂ ਜਾਦੂ ਕਰਕੇ ਵਿਖਾਉਂਦੇ ਹਨ। ਅੱਜਕੱਲ੍ਹ ਵੱਡੇ ਵੱਡੇ

ਕਲੱਬਾਂ ਤੇ ਕਈ ਹੋਰ ਅਦਾਰਿਆਂ ਜਾਂ ਸੰਸਥਾਵਾਂ ਵਿਚ ਤਾਸ਼ ਦੀਆਂ ਕਈ ਖੇਡਾਂ ਅਜਿਹੀਆਂ ਵੀ ਖੇਡੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਪੈਸੇ ਲਗਾ ਕੇ (ਜੂਏ ਵਾਂਗ) ਵੀ ਖੇਡਿਆ ਜਾਂਦਾ ਹੈ। ਇਸੇ ਤਰ੍ਹਾਂ ਤਾਸ਼ ਦੀਆਂ ਖੇਡਾਂ ਦੇ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਤਾਸ਼ ਨੂੰ ਹੁਣ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਸਗੋਂ ਇਸ ਨੂੰ ਹੁਣ ਸਿੱਖਿਆ ਦੇ ਮਾਧਿਅਮ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ। ਤਾਸ਼ ਦੀਆਂ ਖੇਡਾਂ ਦੁਆਰਾ ਹੁਣ ਵਿਆਕਰਣ, ਸੰਗੀਤ, ਤਾਰਾ-ਵਿਗਿਆਨ, ਇਤਿਹਾਸ, ਭੂਗੋਲ, ਨੈਤਿਕਤਾ, ਰਾਜਨੀਤੀ ਅਤੇ ਫ਼ੌਜੀ ਤਕਨੀਕਾਂ ਆਦਿ ਜਿਹੇ ਵਿਸ਼ਿਆਂ ਨੂੰ ਆਸਾਨ ਕਰਕੇ ਪੜ੍ਹਾਇਆ ਜਾਂਦਾ ਹੈ।

ਉਪਰੋਕਤ ਤੋਂ ਇਲਾਵਾ ਤਾਸ਼ ਦੇ ਪੱਤਿਆਂ ਨੂੰ ਸਮੇਂ ਸਮੇਂ ਤੇ ਜਾਂ ਆਪਾਤ ਸਥਿਤੀ ਦੀ ਹਾਲਤ ਵਿਚ ਕਈ ਹੋਰ ਕੰਮਾਂ ਵਿਚ ਵੀ ਵਰਤਿਆ ਜਾਂਦਾ ਰਿਹਾ ਹੈ। ਜਿਵੇਂ ਸ਼ੁਰੂ ਸ਼ੁਰੂ ਵਿਚ ਤਾਸ ਦੇ ਪੱਤਿਆਂ ਦੇ ਸਾਫ ਪਾਸਿਆਂ ਨੂੰ ਲਿਖਤੀ ਹਦਾਇਤਾਂ ਲਈ ਵਰਤਿਆ ਗਿਆ। ਸੰਨ 1685 ਵਿਚ ਤਾਸ਼ ਦੇ ਪੱਤੇ ਕੈਨੇਡਾ ਦੇ ਸਭ ਤੋਂ ਪਹਿਲੇ ਮੁਦਰਾ ਨੋਟ ਬਣੇ ਜਦੋਂ ਫ਼ਰਾਂਸ ਦੇ ਇਕ ਗਵਰਨਰ ਜ਼ਾਕ ਡ ਮਿਉਲੈਸ (Jacques de Meulles) ਨੇ ਜੰਗ ਦੇ ਕੁਝ ਕਰਜ਼ੇ ਇਨ੍ਹਾਂ ਨਾਲ ਉਤਾਰੇ। ਫ਼ਰਾਂਸ ਦੀ ਕ੍ਰਾਂਤੀ ਸਮੇਂ ਨੈਪੋਲੀਅਨ ਨੇ ਤਾਸ਼ ਪੱਤਿਆਂ ਨੂੰ ਰਾਸ਼ਨ- ਕਾਰਡਾਂ ਵਜੋਂ ਵਰਤਿਆ। ਸ਼ੁਰੂ ਵਿਚ ਅਮਰੀਕਾ ਵਿਚ ਇਨ੍ਹਾਂ ਨੂੰ ਪਾਰਟੀਆਂ ਅਤੇ ਬਾਲਰੂਮ ਨਾਚਾਂ ਲਈ ਨਿਮੰਤਰਣ ਪੱਤਰਾਂ ਵਜੋਂ ਜਾਂ ਮੁਲਾਕਾਤੀ ਕਾਰਡਾਂ ਵਜੋਂ ਵੀ ਵਰਤਿਆ ਜਾਂਦਾ ਸੀ। ਸੰਨ 1765 ਵਿਚ ਪੈਨਸਿਲਵੇਨੀਆ ਯੂਨੀਵਰਸਿਟੀ ਵਿਚ ਇਨ੍ਹਾਂ ਨੂੰ ਕਲਾਸ ਵਿਚ ਦਾਖਲੇ ਲਈ ਵੀ ਵਰਤਿਆ ਜਾਂਦਾ ਸੀ।

ਤਾਸ਼ ਦੇ ਪੱਤਿਆਂ ਨਾਲ ਕਈ ਕਿਸਮ ਦੀਆਂ ਬੇਅੰਤ ਖੇਡਾਂ ਖੇਡੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਇਕ ਇਕੱਲੇ ਵਿਅਕਤੀ ਤੋਂ ਲੈ ਕੇ ਕਈ ਕਈ ਵਿਅਕਤੀ ਇਕੋ ਸਮੇਂ ਇਕੱਠੇ ਖੇਡ ਸਕਦੇ ਹਨ। ਬਹੁਤੇ ਵਿਅਕਤੀਆਂ ਦੇ ਖੇਡਣ ਲਈ ਕਈ ਵਾਰੀ ਦੋ ਦੋ ਤਾਸ਼-ਸੈੱਟ ਇੱਕਠੇ ਵੀ ਰਲਾ ਲਏ ਜਾਂਦੇ ਹਨ। ਤਾਸ਼-ਪੱਤਿਆਂ ਨਾਲ ਖੇਡੀਆਂ ਜਾਣ ਵਾਲੀਆਂ ਕੁਝ ਆਮ ਪ੍ਰਚੱਲਤ ਅਤੇ ਮਸ਼ਹੂਰ ਖੇਡਾਂ ਆਮ ਤੌਰ ਤੇ ਦੋ ਜਾਂ ਚਾਰ ਵਿਅਕਤੀ ਇਕੋ ਸਮੇਂ ਖੇਡਦੇ ਹਨ। ਇਨ੍ਹਾਂ ਵਿਚ ਤਾਸ਼ ਦੇ ਪੱਤਿਆਂ ਨੂੰ ਬੇ-ਤਰਤੀਬੇ ਕਰਨ ਲਈ ਚੰਗੀ ਤਰ੍ਹਾਂ ਪੀਹ (ਰਲਾ) ਲਿਆ ਜਾਂਦਾ ਹੈ ਤੇ ਫਿਰ ਇਕ ਖਾਸ ਢੰਗ ਨਾਲ ਖਿਡਾਰੀਆਂ ਨੂੰ ਬਰਾਬਰ-ਬਰਾਬਰ ਪੱਤੇ ਵੰਡ ਦਿਤੇ ਜਾਂਦੇ ਹਨ। ਬਹੁਤੀਆਂ ਖੇਡਾਂ ਵਿਚ ਹਰ ਇਕ ਖਿਡਾਰੀ ਨੂੰ ਕੇਵਲ ਆਪਣੇ ਪੱਤਿਆਂ ਦਾ ਹੀ ਪਤਾ ਹੁੰਦਾ ਹੈ ਜਾਂ ਫਿਰ ਕਿਸੇ ਖੇਡ ਦੇ ਨਿਯਮਾਂ ਅਨੁਸਾਰ ਪੱਤੇ ਸਾਰਿਆਂ ਨੂੰ ਦਿਖਾਏ ਜਾਂਦੇ ਹਨ। ਤਾਸ਼ ਦੀਆਂ ਖੇਡਾਂ ਜਾਂ ਤਾਂ ਪੱਤਿਆਂ ਦੇ ਅੰਕ ਜਾਂ ਦਰਜੇ ਤੇ ਆਧਾਰਤ ਹੁੰਦੀਆਂ ਹਨ ਜਾਂ ਫਿਰ ਇਨ੍ਹਾਂ ਦੇ ਜੁਟਾਂ (ਕੰਬੀਨੇਸ਼ਨ) ਤੇ। ਕੁਝ ਖੇਡਾਂ ਦਰਜੇ ਅਤੇ ਜੁਟ ਦੋਹਾਂ ਦੇ ਸੁਮੇਲ ਤੇ ਵੀ ਆਧਾਰਤ ਹੁੰਦੀਆਂ ਹਨ। ਇਨ੍ਹਾਂ ਖੇਡਾਂ ਵਿਚੋਂ ਕੁਝ ਬੱਚਿਆਂ ਦੀਆਂ ਖੇਡਾਂ ਜਾਂ ਪਾਰਟੀ ਖੇਡਾਂ ਹੁੰਦੀਆਂ ਹਨ ਤੇ ਕੁਝ ਜੂਏ ਦੀਆਂ ਖੇਡਾਂ ਹੁੰਦੀਆਂ ਹਨ। ਆਮ ਖੇਡੀਆਂ ਜਾਣ ਵਾਲੀਆਂ ਕੁਝ ਮਸ਼ਹੂਰ ਖੇਡਾਂ ਹਨ, ਚਾਰ ਸੌ ਵੀਹ/ ਡੌਂਕੀ, ਰਮੀ, ਸਵੀਪ (ਸੀਪ), ਭਾਬੋ, ਦੁਸਰ, ਤਿੰਨ-ਦੋ-ਪੰਜ (30 ਪੱਤੇ), ਫਲੈਸ਼ (ਜੂਆ), ਨੋਟ- ਭਨਾਉਣ, ਮੈਂਮਰੀ ਬ੍ਰਿਜ, ਪੇਸੇਸ ਅਤੇ ਸਰਾਂ ਬਣਾਉਣਾ ਆਦਿ। ਉਪਰੋਕਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਖੇਡਾਂ ਹਨ ਜੋ ਤਾਸ਼ ਨਾਲ ਖੇਡੀਆਂ ਜਾਂਦੀਆਂ ਹਨ ਤੇ ਇਹ ਸਾਰੀਆਂ ਖੇਡਾਂ ਵੱਖ ਵੱਖ ਨਾਵਾਂ ਹੇਠ ਅਤੇ ਖੇਡਣ ਦੇ ਢੰਗ ਵਿਚ ਥੋੜ੍ਹੇ ਥੋੜ੍ਹੇ ਫ਼ਰਕ ਨਾਲ ਲਗਭਗ ਸਾਰੇ ਦੇਸ਼ਾਂ ਵਿਚ ਹੀ ਖੇਡੀਆਂ ਜਾਂਦੀਆਂ ਹਨ।

ਹ.ਪੁ.—ਐਨ. ਬ੍ਰਿ. ਮਾ. 9: 513 (1985); ਐਨ. ਅਮੈ. 5 : 638

**ਤਾਸ਼ਕੰਦ** : ਅੱਬਲਸਤ — ਇਹ ਉੱਤਰ-ਪੂਰਬੀ ਉਜ਼ਬੇਕਿਸਤਾਨ ਦੀ ਇਕ ਅੱਬਸਲਤ ਹੈ। ਇਸ ਦਾ ਕੁੱਲ ਖੇਤਰਫਲ 15,600 ਵ. ਕਿ. ਮੀ. (6,025 ਵ. ਮੀਲ) ਅਤੇ ਆਬਾਦੀ 38,74,000 (1983) ਹੈ। ਇਸ ਦਾ ਉੱਤਰ-ਪੂਰਬੀ ਹਿੱਸਾ ਪਹਾੜੀ ਹੈ ਜਿਸ ਵਿਚ 4,311 ਮੀ. (14,144 ਫ਼ੁੱਟ) ਤੱਕ ਉੱਚੀਆਂ ਚੋਟੀਆਂ ਹਨ ਜਦੋਂ ਕਿ ਦੱਖਣ-ਪੱਛਮੀ ਹਿੱਸਾ ਮੈਦਾਨੀ ਹੈ। ਸਿਰ ਦਰਿਆ ਦੀਆਂ ਅਖਾਨਗਰਾਂ ਅਤੇ ਚਿਰਚੀਕ ਸਹਾਇਕ ਨਦੀਆਂ ਇਸ ਖੇਤਰ ਵਿਚੋਂ ਦੀ ਲੰਘਦੀਆਂ ਹਨ। ਇਥੋਂ ਦਾ ਜਲਵਾਯੂ ਮਹਾਂਦੀਪੀ ਕਿਸਮ ਦਾ ਹੈ ਜਿਸ ਵਿਚ ਸਰਦੀਆਂ ਵਿਚ ਹਲਕੀ ਸਰਦੀ ਅਤੇ ਗਰਮੀਆਂ ਦਾ ਮੌਸਮ ਲੰਬਾ, ਗਰਮ ਅਤੇ ਖੁਸ਼ਕ ਹੁੰਦਾ ਹੈ। ਇਥੇ ਔਸਤ ਸਾਲਾਨਾ ਵਰਖਾ 350-400 ਮਿ. ਮੀ. ਤੱਕ ਹੁੰਦੀ ਹੈ।

ਇਹ ਉਜ਼ਬੇਕਿਸਤਾਨ ਦੀ ਸਭ ਤੋਂ ਵਿਕਸਿਤ ਅੱਬਲਸਤ ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੈ। ਮਸ਼ੀਨਾਂ ਬਣਾਉਣ, ਖੁਰਾਕ ਪ੍ਰੋਸੈਸਿੰਗ ਅਤੇ ਹੋਰ ਹਲਕੇ ਉਦਯੋਗਾਂ ਤੋਂ ਇਲਾਵਾ ਆਂਗਰੈੱਨ ਵਿਖੇ ਕੋਲਾ ਅਤੇ ਕੋਸਬੂਲਕ ਵਿਖੇ ਸੋਨਾ ਕੱਢਿਆ ਜਾਂਦਾ ਹੈ। ਐਲ-ਮਾਲਿਕ ਗੈਰ-ਫੋਲਾਦੀ ਧਾਤ-ਵਿਗਿਆਨਕ ਕੇਂਦਰ ਹੈ। ਬੈਕਾਬਾਦ ਵਿਚ ਇਸਪਾਤ, ਚਿਰਚੀਕ ਵਿਚ ਰਸਾਇਣਿਕ ਖਾਦਾਂ ਅਤੇ ਮਸ਼ੀਨਰੀ ਤਿਆਰ ਕੀਤੀ ਜਾਂਦੀ ਹੈ।

ਕਪਾਹ ਇਥੋਂ ਦੀ ਮੁੱਖ ਫਸਲ ਹੈ। ਇਸ ਤੋਂ ਇਲਾਵਾ ਕਣਕ, ਚੌਲ, ਪਟਸਨ, ਸਬਜ਼ੀਆਂ ਅਤੇ ਖਰਬੂਜ਼ੇ ਆਦਿ ਵੀ ਪੈਦਾ ਕੀਤੇ ਜਾਂਦੇ ਹਨ। ਪਹਾੜਾਂ ਅਤੇ ਕੰਢੀਆਂ ਵਿਚ ਰੇਸ਼ਮ ਦੇ ਕੀੜੇ ਪਾਲਣ ਅਤੇ ਪਸ਼ੂ-ਪਾਲਣ ਦਾ ਕੰਮ ਵੀ ਕਾਫ਼ੀ ਵਿਕਸਿਤ ਹੈ। ਇਥੋਂ ਦੇ ਮਾਰੂਥਲੀ ਅਤੇ ਅਰਧ-ਮਾਰੂਥਲੀ ਖੇਤਰਾਂ ਵਿਚ ਭੇਡਾਂ ਵੀ ਪਾਲੀਆਂ ਜਾਂਦੀਆਂ ਹਨ। ਚਿਰਚੀਕ ਦਰਿਆ ਉੱਤੇ ਕਈ ਪਣ-ਬਿਜਲੀ ਘਰ ਵੀ ਹਨ।

ਹ.ਪੁ.—ਐਨ. ਬ੍ਰਿ. ਮਾ. 11 : 569

**ਤਾਸ਼ਕੰਦ** : ਸ਼ਹਿਰ — ਇਹ ਉਜ਼ਬੇਕਿਸਤਾਨ ਦੀ ਰਾਜਧਾਨੀ ਹੈ ਜੋ ਚਤਕਾਲ ਪਹਾੜਾਂ ਦੇ ਪੱਛਮ ਵਲ ਚਿਰਚੀਕ ਵਾਦੀ ਵਿਚ 450-80 ਮੀ. ਦੀ ਉਚਾਈ ਉੱਤੇ ਸਥਿਤ ਹੈ। ਚਿਰਚੀਕ ਦਰਿਆ ਵਿਚੋਂ ਕੱਢੀਆਂ ਗਈਆਂ ਕਈ ਨਹਿਰਾਂ ਇਸ ਸ਼ਹਿਰ ਨੂੰ ਆਰ-ਪਾਰ ਕਰਦੀਆਂ ਹਨ। ਇਹ ਸ਼ਹਿਰ ਸ਼ਾਇਦ ਦੂਜੀ ਜਾਂ ਪਹਿਲੀ ਸਦੀ ਈ. ਪੂ. ਦਾ ਵੱਸਿਆ ਹੋਇਆ ਹੈ ਅਤੇ ਸਮੇਂ ਸਮੇਂ ਇਸ ਨੂੰ ਕਈ ਵੱਖ ਵੱਖ ਨਾਵਾਂ ਜਿਵੇਂ ਜਾਜ, ਚਾਰਕੈਤ, ਸ਼ਾਸ਼ਕੈਂਤ ਅਤੇ ਬਿਨਕੈਂਤ ਨਾਲ ਜਾਣਿਆ ਜਾਂਦਾ ਰਿਹਾ ਹੈ। ਇਸ ਦੇ ਮੌਜੂਦਾ ਨਾਂ 'ਤਾਸ਼ਕੰਦ' ਦਾ ਸ਼ਾਬਦਿਕ ਅਰਥ 'ਪੱਥਰ ਦਾ ਪਿੰਡ' ਹੈ ਜਿਸ ਦਾ ਜ਼ਿਕਰ ਪਹਿਲੀ ਵੇਰ ਗਿਆਰ੍ਹਵੀਂ ਸਦੀ ਵਿਚ ਆਇਆ।

ਇਹ ਦਸਤਕਾਰੀ ਅਤੇ ਵਪਾਰ ਦਾ ਇਕ ਉੱਘਾ ਕੇਂਦਰ ਸੀ ਜੋ ਯੂਰਪ ਵਿਚ ਵਪਾਰਕ ਮਾਰਗ ਦੇ ਕਾਫ਼ਲਿਆਂ ਦਾ ਮੁਖ ਕੇਂਦਰ ਸੀ। ਅੱਠਵੀਂ ਸਦੀ ਵਿਚ ਇਸ ਸ਼ਹਿਰ ਉੱਤੇ ਅਰਬਾਂ ਦਾ ਕਬਜ਼ਾ ਹੋ ਗਿਆ। ਇਸ ਤੋਂ ਬਾਅਦ ਇਸ ਉੱਤੇ ਕਈ ਮੁਸਲਮਾਨ ਘਰਾਣਿਆਂ ਦਾ ਰਾਜ ਰਿਹਾ। ਅੰਤ 13 ਵੀਂ ਸਦੀ ਦੇ ਮੁੱਢ ਵਿਚ ਇਸ ਉੱਤੇ ਮੰਗੋਲਾਂ ਦਾ ਕਬਜ਼ਾ ਹੋ ਗਿਆ। ਇਸ ਤੋਂ ਬਾਅਦ ਇਹ ਕੁਝ ਚਿਰ ਲਈ ਤੈਮੂਰਾਂ ਅਤੇ ਸ਼ੇਬਾਨੀਆਂ ਅਧੀਨ ਰਿਹਾ। ਇਸ ਤੋਂ ਪਿੱਛੋਂ ਇਹ ਆਜ਼ਾਦ ਰਿਹਾ ਪਰ 1809 ਈ. ਵਿਚ ਕੋਕੰਦ ਦੇ ਖ਼ਾਨ ਸ਼ਾਸਨ ਨੇ ਇਸ ਨੂੰ ਆਪਣੇ ਵਿਚ ਸ਼ਾਮਲ ਕਰ ਲਿਆ। ਸੰਨ 1865 ਵਿਚ ਰੂਸੀਆਂ ਨੇ ਇਸ ਉੱਤੇ ਕਬਜ਼ਾ ਕਰ ਲਿਆ। ਉਸ ਸਮੇਂ ਇਸ ਸ਼ਹਿਰ ਦੀ ਆਬਾਦੀ 70,000 ਦੇ ਲਗਭਗ ਸੀ ਅਤੇ ਇਹ ਇਕ ਫਸੀਲਦਾਰ ਸ਼ਹਿਰ ਹੁੰਦਾ ਸੀ। ਇਸ ਦਾ ਰੂਸ ਨਾਲ ਚੰਗਾ ਵਪਾਰ ਵੀ

ਹੁੰਦਾ ਸੀ। ਸੰਨ 1867 ਵਿਚ ਇਸ ਨੂੰ ਤੁਰਕਿਸਤਾਨ ਦੇ ਨਵੇਂ ਗਵਰਨੋਰੇਟ-ਜਨਰਲ ਦਾ ਪ੍ਰਬੰਧਕੀ ਕੇਂਦਰ ਬਣਾ ਦਿੱਤਾ ਗਿਆ ਅਤੇ ਇਸ ਦੇ ਪੁਰਾਣੇ ਸ਼ਹਿਰ ਦੇ ਬਰਾਬਰ ਹੀ ਇਕ ਨਵਾਂ ਯੂਰਪੀ ਸ਼ਹਿਰ ਵੀ ਹੋਂਦ ਵਿਚ ਆ ਗਿਆ। ਸੰਨ 1917 ਦੇ ਨਵੰਬਰ ਵਿਚ ਰੂਸੀ ਬਸਤੀ-ਵਾਦੀਆਂ ਨੇ ਇਥੇ ਸੋਵੀਅਤ ਹਕੂਮਤ ਸਥਾਪਿਤ ਕੀਤੀ। ਸੰਨ 1924 ਤੱਕ ਇਹ ਤੁਰਕਿਸਤਾਨ ਖੁਦਮੁਖ਼ਤਾਰ ਸੋਵੀਅਤ ਸਮਾਜ-ਵਾਦੀ ਗਣਰਾਜ ਦੀ ਰਾਜਧਾਨੀ ਬਣਿਆ ਰਿਹਾ ਪਰ 1924 ਈ. ਵਿਚ ਗਣਰਾਜ ਦੇ ਵੰਡੇ ਜਾਣ ਉਪਰੰਤ ਸਮਰਕੰਦ ਉਜ਼ਬੇਕ ਸਮਾਜਵਾਦੀ ਗਣਰਾਜ ਦੀ ਪਹਿਲੀ ਰਾਜਧਾਨੀ ਬਣਿਆ। ਸੰਨ 1930 ਵਿਚ ਤਾਸ਼ਕੰਦ ਨੂੰ ਹੀ ਦੁਬਾਰਾ ਇਸ ਦੀ ਰਾਜਧਾਨੀ ਬਣਾ ਦਿੱਤਾ ਗਿਆ।

ਆਧੁਨਿਕ ਤਾਸ਼ਕੰਦ ਸੋਵੀਅਤ ਕੇਂਦਰੀ ਏਸ਼ੀਆ ਦੀ ਆਰ-ਥਿਕਤਾ ਅਤੇ ਸੰਸਕ੍ਰਿਤੀ ਦਾ ਮੁੱਖ ਕੇਂਦਰ ਹੈ। ਇਸ ਦੇ ਬਹੁਤੇ ਉਦਯੋਗ ਕਪਾਹ, ਖੇਤੀਬਾੜੀ ਦੇ ਸਾਮਾਨ ਅਤੇ ਕੱਪੜਾ ਉਦਯੋਗ ਨਾਲ ਸਬੰਧਤ ਹਨ। ਸ਼ਹਿਰ ਵਿਚ ਉੱਚ-ਵਿਦਿਆ ਨਾਲ ਸਬੰਧਤ ਯੂਨੀਵਰਸਿਟੀ (1920 ਈ.) ਅਤੇ ਉਜ਼ਬੇਕ ਅਕਾਦਮੀ ਆਫ਼ ਸਾਇੰਸਿਜ਼ ਨਾਲ ਸਬੰਧਤ ਕਈ ਸੰਸਥਾਵਾਂ ਹਨ। ਇਸ ਤੋਂ ਇਲਾਵਾ ਇਥੇ ਕਈ ਥੀਏਟਰ, ਅਜਾਇਬ ਘਰ, ਪਾਰਕ, ਸਟੇਡੀਅਮ ਅਤੇ ਇਕ ਪੈਲੇਸ ਆਫ਼ ਆਰਟਸ ਵੀ ਹੈ।

ਸੰਨ 1966 ਦੇ ਭੁਚਾਲ ਨਾਲ ਇਸ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ ਜਿਸ ਨਾਲ 3,00,000 ਲੋਕ ਬੇਘਰ ਹੋ ਗਏ ਸਨ ਪਰ ਇਸ ਤੋਂ ਬਾਅਦ ਸ਼ਹਿਰ ਦਾ ਬਹੁਤ ਸਾਰਾ ਹਿੱਸਾ ਦੁਬਾਰਾ ਤੋਂ ਬਣਾਇਆ ਗਿਆ ਹੈ। ਸ਼ਹਿਰ ਵਿਚ 15 ਵੀਂ ਅਤੇ 16 ਵੀਂ ਸਦੀਆਂ ਦੀਆਂ ਬਣੀਆਂ ਕੁਝ ਧਾਰਮਕ ਇਮਾਰਤਾਂ ਤੋਂ ਇਲਾਵਾ ਲੈਨਿਨ ਮਿਊਜ਼ੀਅਮ ਵੀ ਹੈ ਜੋ ਅਜੋਕੇ ਕਾਲ ਦੀ ਬਣੀ ਬਹੁਤ ਮਹੱਤਵਪੂਰਨ ਇਮਾਰਤ ਹੈ। ਮੁਸਲਿਮ ਬੋਰਡ ਆਫ ਸੈਂਟਰਲ ਏਸ਼ੀਆ ਐਂਡ ਕਾਜ਼ਾਕਿਸਤਾਨ ਦਾ ਸਦਰ-ਮੁਕਾਮ, ਬਾਰਕ ਖ਼ਾਂ ਮਦਰੱਸਾ ਵੀ ਇਥੇ ਹੀ ਹੈ।

ਇਥੇ ਤਾਤਾਰ, ਯਹੂਦੀ ਅਤੇ ਯੂਕਰੇਨੀਅਨਾਂ ਜਿਹੇ ਘਟ ਗਿਣਤੀ ਵਾਲੇ ਲੋਕ ਹਨ ਅਤੇ ਇਥੋਂ ਦੀ 80% ਵਸੋਂ ਰੂਸੀਆਂ ਅਤੇ ਉਜ਼ਬੇਕੀਆਂ ਦੀ ਹੈ।

ਆਬਾਦੀ — 21,19,900 (1991)

41°20′ ਉ. ਵਿਥ.; 69°18′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 570

**ਤਾਸੋ, ਤਾਰਕੁਏਤੋ (Tasso, Torquato)** : ਇਹ ਪੁਨਰ ਜਾਗ੍ਰਤੀ ਕਾਲ ਦੇ ਮਗਰਲੇ ਸਮੇਂ ਦਾ ਇਟਲੀ ਦਾ ਸਭ ਤੋਂ ਮਹਾਨ ਕਵੀ ਸੀ ਜਿਸ ਦਾ ਮਹਾਂਕਾਵਿ 'Gerusalemme liberata' ਬਹੁਤ ਪ੍ਰਸਿੱਧ ਹੈ। ਇਸ ਦਾ ਜਨਮ 11 ਮਾਰਚ, 1544 ਨੂੰ ਨੇਪਲਜ਼ ਦੇ ਲਾਗੇ ਸੋਰੈਂਟੋ ਵਿਖੇ ਉੱਘੇ ਕਵੀ ਅਤੇ ਦਰਬਾਰੀ ਬਰਨਾਰਡੋ ਤਾਸੋ ਦੇ ਘਰ ਹੋਇਆ। ਘਰੇਲੂ ਮੁਸੀਬਤਾਂ, ਮਾਂ ਦੀ ਅਚਾਨਕ ਮੌਤ (1556) ਅਤੇ ਉਸ ਤੋਂ ਉਪਜੇ ਮੁੱਕਦਮੇ ਕਾਰਣ ਇਸ ਦਾ ਬਚਪਨ ਬਹੁਤ ਮੁਸੀਬਤਾਂ ਅਤੇ ਔਕੜਾਂ ਭਰਿਆ ਬੀਤਿਆ। ਸੰਨ 1554 ਵਿਚ ਤਾਸੋ ਆਪਣੇ ਪਿਤਾ ਨਾਲ ਰੋਮ ਗਿਆ ਅਤੇ ਫਿਰ 1556 ਈ. ਵਿਚ ਅਰਬੀਨੋ ਦੇ ਦਰਬਾਰ ਵਿਚ ਗਿਆ ਜਿਥੇ ਇਹ ਡਿਊਕ ਦੇ ਪੁੱਤਰ ਨਾਲ ਪੜ੍ਹਦਾ ਰਿਹਾ।

ਤਾਸੋ ਦੀ ਕਲਪਨਾ ਨੂੰ ਜਹਾਦਾਂ ਬਾਰੇ ਕਹਾਣੀਆਂ ਨੇ ਚੇਟਕ ਲਾ ਦਿੱਤੀ ਸੀ। ਸੰਨ 1558 ਵਿਚ ਤੁਰਕਾਂ ਵੱਲੋਂ ਸੋਰੈਂਟੋ ਉਤੇ ਕੀਤੇ



ਤਾਰਕੁਏਤੋ ਤਾਸੋ

ਹਮਲੇ ਅਤੇ ਕਤਲੇਆਮ ਨੇ ਇਸ ਦੇ ਮਨ ਨੂੰ ਬਹੁਤ ਹਲੂਣਿਆ। ਸੰਨ 1560 ਵਿਚ ਇਸ ਨੂੰ ਕਾਨੂੰਨ ਦੀ ਵਿਦਿਆ ਲਈ ਪਾਡੂਆ ਵਿਖੇ ਭੇਜਿਆ ਗਿਆ। ਉਸ ਸਮੇਂ ਦੌਰਾਨ ਇਸ ਨੇ 'Discorsi dell' arte poetica' ਲਿਖਣੀ ਆਰੰਭ ਕੀਤੀ। ਸੰਨ 1562 ਵਿਚ ਇਸ ਨੇ ਕੁੱਝ ਪ੍ਰੀਤ ਕਵਿਤਾਵਾਂ ਵੀ ਲਿਖੀਆਂ। ਸੰਨ 1565 ਵਿਚ ਇਹ ਫੈਰਾਗ ਵਿਚ ਕਾਰਡੀਨਲ ਲੁਈਗੀ ਪਾਸ ਨੌਕਰੀ ਕਰਨ ਲੱਗਾ; ਉਥੇ ਡਿਊਕ ਦੀਆਂ ਭੈਣਾਂ ਲਈ ਇਸ ਨੇ ਬਹੁਤ ਹੀ ਵਧੀਆ ਗੀਤਮਈ ਕਵਿਤਾਵਾਂ ਲਿਖੀਆਂ। ਸੰਨ 1569 ਵਿਚ ਤਾਸੋ ਦੇ ਪਿਤਾ ਦੀ ਮੌਤ ਹੋ ਗਈ। ਸੰਨ 1571 ਵਿਚ ਇਹ ਡਿਊਕ ਦੇ ਦਰਬਾਰੀਆਂ ਵਿਚ ਸ਼ਾਮਲ ਕੀਤਾ ਗਿਆ ਅਤੇ ਇਹ ਕਵਿਤਾ ਲਿਖਣ ਵਿਚ ਖੁੱਭ ਗਿਆ। ਸੰਨ 1573 ਵਿਚ ਇਸ ਨੇ 'Amnita' ਨਾਂ ਦਾ ਪੇਂਡੂ ਨਾਟਕ ਲਿਖਿਆ।

ਸੰਨ 1575 ਵਿਚ ਤਾਸੋ ਨੇ ਆਪਣਾ ਸ਼ਾਹਕਾਰ 'ਜੈਰੂਸਲਮ ਲਿਬਰੇਟਾ' ਮੁਕੰਮਲ ਕੀਤਾ। ਇਸ ਮਹਾਂਕਾਵਿ ਵਿਚ ਇਸ ਨੇ ਪਹਿਲੇ ਜਹਾਦ ਦੇ ਆਖ਼ਰੀ ਮਹੀਨਿਆਂ ਦੇ ਦੌਰਾਨ ਈਸਾਈ ਫ਼ੌਜ ਦੇ ਕਾਰਨਾਮੇ ਵਰਣਨ ਕੀਤੇ ਹਨ। ਮੁੱਖ ਇਤਿਹਾਸਕ ਕਹਾਣੀ ਵਿਚ ਇਸ ਨੇ ਕਈ ਰੋਮਾਂਟਿਕ ਅਤੇ ਪਰਾਭੌਤਿਕ ਕਹਾਣੀਆਂ ਸ਼ਾਮਲ ਕਰਕੇ ਇਕ ਬਿਲਕੁਲ ਹੀ ਨਵੀਂ ਨਵੇਕਲੀ ਕਲਾ ਦਾ ਨਿਰਮਾਣ ਕੀਤਾ ਅਤੇ ਸਫ਼ਲਤਾ ਪ੍ਰਾਪਤ ਕੀਤੀ। ਆਪਣੀ ਇਸ ਮਹਾਨ ਕ੍ਰਿਤ ਉਤੇ ਇਸ ਨੇ ਵਿਦਵਾਨਾਂ ਪਾਸੋਂ ਪੜਚੋਲ ਕਰਵਾਈ ਅਤੇ ਖ਼ੁਦ ਵੀ ਦੁਹਰਾਈ ਕੀਤੀ। ਇਸ ਤਰ੍ਹਾਂ ਇਹ ਇਕ ਡੂੰਘੇ ਮਾਨਸਕ ਸੰਕਟ ਦਾ ਸ਼ਿਕਾਰ ਹੋ ਗਿਆ। ਸੰਨ 1579 ਤੋਂ 1586 ਤੱਕ ਫੈਰਾਗ ਦੇ ਡਿਊਕ ਦੇ ਆਦੇਸ਼ ਨਾਲ ਇਸ ਨੂੰ ਹਸਪਤਾਲ ਵਿਚ ਕੈਦ ਰਖਿਆ ਗਿਆ। ਉਸ ਕੈਦ ਦੌਰਾਨ ਤਾਸੋ ਨੇ ਕਿੰਨੇ ਹੀ ਦਾਰਸ਼ਨਿਕ ਅਤੇ ਨੈਤਿਕ ਵਾਰਤਾਲਾਪ ਲਿਖੇ ਜਿਹੜੇ ਕਿ ਇਸ ਦੇ ਬਹੁਤ ਸਾਰੇ ਪੱਤਰਾਂ ਸਹਿਤ 16 ਵੀਂ ਸਦੀ ਦੀ ਇਟਲੀ ਦੀ ਵਾਰਤਕ ਦਾ ਉੱਤਮ ਨਮੂਨਾ ਹਨ।

ਮਾਂਚੂਆ ਦੇ ਸ਼ਹਿਜ਼ਾਦੇ ਦੇ ਦਖ਼ਲ ਦੇਣ ਤੇ ਜੁਲਾਈ 158 ਵਿਚ ਤਾਸੋ ਨੂੰ ਰਿਹਾ ਕੀਤਾ ਗਿਆ ਅਤੇ ਉਸ ਨੇ ਇਸਨੂੰ ਆਪ ਦਰਬਾਰ ਵਿਚ ਲੈ ਆਂਦਾ। ਉਥੇ ਇਸ ਨੇ 'Re Torrismondo' ਨ ਦਾ ਦੁਖਾਂਤ ਮੁਕੰਮਲ ਕੀਤਾ ਪਰ ਇਹ ਮੁੜ ਉਸੇ ਬੇਚੈਨੀ ਦਾ ਸ਼ਿਕਾ ਹੋ ਗਿਆ ਅਤੇ ਮਾਂਚੂਆ ਤੋਂ ਭੱਜ ਨਿਕਲਿਆ। ਇਹ ਰੋਮ ਅ

ਨੇਪਲਜ਼ ਵਿਚਕਾਰ ਗੇੜੇ ਲਾਉਂਦਾ ਰਿਹਾ ਜਿੱਥੇ ਇਸ ਨੇ ਆਪਣੀਆਂ ਧਾਰਮਕ ਕਵਿਤਾਵਾਂ ਰਚੀਆਂ। ਨਵੰਬਰ 1594 ਵਿਚ ਪੋਪ ਨੇ ਇਸ ਨੂੰ ਸਾਲਾਨਾ ਪੈਨਸ਼ਨ ਲਗਾ ਦਿੱਤੀ ਅਤੇ ਰਾਜ ਕਵੀ ਬਣਾਉਣ ਦਾ ਵਾਅਦਾ ਕੀਤਾ ਪਰ ਮਾਰਚ 1595 ਵਿਚ ਤਾਸੋ ਬਿਮਾਰ ਹੋ ਗਿਆ ਅਤੇ 25 ਅਪ੍ਰੈਲ ਨੂੰ ਇਸ ਦੀ ਮੌਤ ਹੋ ਗਈ।

ਤਾਸੋ ਦੀ ਮਾਨਸਕ ਬੀਮਾਰੀ ਜਿੱਥੇ ਕੁਝ ਹੱਦ ਤੱਕ ਇਸ ਦੇ ਮਹਾਂਕਾਵਿ ਦੀ ਨੁਕਤਾਚੀਨੀ ਕਰਕੇ ਸੀ ਉਥੇ ਇਕ ਪਾਸੇ ਇਸ ਦੇ ਆਨੰਦਮਈ ਅਤੇ ਦੂਜੇ ਪਾਸੇ ਧਾਰਮਕ ਵਿਚਾਰਾਂ ਦੇ ਟਕਰਾ ਕਰਕੇ ਵੀ ਸੀ। ਤਾਸੋ 17 ਵੀਂ ਸਦੀ ਵਿਚ ਇਟਲੀ ਦੇ ਸਾਹਿਤਕ ਖੇਤਰ ਉਤੇ ਅਤੇ 18 ਵੀਂ ਤੇ 19 ਵੀਂ ਸਦੀ ਵਿਚ ਸਾਰੇ ਯੂਰਪ ਦੇ ਸਾਹਿਤਕ ਖੇਤਰ ਤੇ ਛਾਇਆ ਰਿਹਾ। ਇਹ ਮੰਨਿਆ ਗਿਆ ਹੈ ਕਿ ਇਹ ਬਹੁਤ ਹੀ ਵਿਸ਼ੇਸ਼ ਪ੍ਰਤਿਭਾ ਦਾ ਮਾਲਕ ਸੀ। ਇਸ ਨੂੰ ਗਲਤ ਸਮਝਿਆ ਗਿਆ ਅਤੇ ਬਹੁਤ ਹੱਦ ਤੱਕ ਸਤਾਇਆ ਵੀ ਗਿਆ ਸੀ।

ਹ.ਪੁ.—ਐਨ. ਬ੍ਰਿ. ਮਾ. 17 :1075; ਕੋਲ. ਐਨ. 18 :187; ਐਨ. ਅਮੈ. 26 : 280.

**ਤਾਸੋਨੀ, ਐਲੀਸਾਂਦਰੋ** : ਇਹ ਇਟਲੀ ਦਾ ਰਾਜਨੀਤਕ ਲੇਖਕ, ਸਾਹਿਤਕ ਸਮਾਲੋਚਕ ਅਤੇ ਕਵੀ ਸੀ ਜਿਹੜਾ ਆਪਣੀ ਵਿਅੰਗਤਾਮਕ ਕਵਿਤਾ 'La secchia rapita' ('ਦੀ ਰੇਪ ਆਫ਼ ਦੀ ਬੱਕਟ') ਲਈ ਪ੍ਰਸਿੱਧ ਹੈ। ਇਸ ਦਾ ਜਨਮ 28 ਸਤੰਬਰ, 1565 ਨੂੰ ਮਾੱਡੈਨਾ ਵਿਖੇ ਹੋਇਆ। ਇਸ ਨੇ ਬੋਲੋਨਯਾ, ਪਿਸਾ ਅਤੇ ਫੈਰਾਗ ਦੀਆਂ ਯੂਨੀਵਰਸਿਟੀਆਂ ਤੋਂ ਵਿੱਦਿਆ ਪ੍ਰਾਪਤ ਕੀਤੀ। ਆਪਣੇ ਜੀਵਨ ਦਾ ਵਧੇਰਾ ਸਮਾਂ ਤਾਸੋਨੀ ਨੇ ਰੋਮ ਦੇ ਵੱਖ ਵੱਖ ਕਾਰਡੀਨਲਾਂ ਦੀ ਸੇਵਾ ਵਿਚ ਬਿਤਾਇਆ। ਇਸ ਦੀਆਂ ਵਾਰਤਕ ਰਚਨਾਵਾਂ ਵਿਚੋਂ 'Considerazioni sopra le rime del Petrarca (1609) ਬਹੁਤ ਪ੍ਰਸਿੱਧ ਹੈ ਜਿਸ ਵਿਚ ਇਸ ਨੇ ਪੈਟਰਾਰਕ ਅਤੇ ਉਸ ਦੇ ਸ਼ਾਗਿਰਦਾ ਨੂੰ ਖ਼ੂਬ ਭੰਡਿਆ ਹੈ। ਇਸ ਦੀ ਸਭ ਤੋਂ ਮਹਾਨ ਰਚਨਾ 'La Secchia Rafria 14 ਵੀਂ ਸਦੀ ਵਿਚ ਬੋਲੋਨਯਾ ਅਤੇ ਮਾੱਡੈਨਾ ਸ਼ਹਿਰਾਂ ਵਿਚਕਾਰ ਇਕ ਬਾਲਟੀ ਉਤੇ ਹੋਈ ਲੜਾਈ ਉਤੇ ਆਧਾਰਿਤ ਹੈ। ਉਹ ਬਾਲਟੀ ਮਾੱਡੈਨਾ ਦੇ ਚਰਚ ਵਿਚ ਜਿੱਤ ਦੀ ਨਿਸ਼ਾਨੀ ਵਜੋਂ ਰੱਖੀ ਹੋਈ ਹੈ। ਤਾਸੋਨੀ ਨੇ ਇਸ ਤੁੱਛ ਚੀਜ਼ ਉਤੇ ਇੰਨੇ ਹੱਲੇ ਗੁੱਲੇ ਅਤੇ ਲੜਾਈ ਝਗੜੇ ਦਾ ਖ਼ੂਬ ਮਜ਼ਾਕ ਉਡਾਇਆ ਹੈ।

ਐਲੀਸਾਂਦਰੋ ਤਾਸੋਨੀ ਦੀ ਮਾੱਡੈਨਾ ਵਿਖੇ 25 ਅਪ੍ਰੈਲ, 1635 ਨੂੰ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 837

**ਤਾਸੋ ਬਰਨਾਰਡੋ** : ਇਹ ਇਟਲੀ ਦਾ ਇਕ ਪ੍ਰਸਿੱਧ ਦਰਬਾਰੀ ਅਤੇ ਕਵੀ ਸੀ। ਇਹ ਇਟਲੀ ਦੇ ਮਗਰਲੇ ਪੁਨਰ ਜਾਗ੍ਰਤੀ ਕਾਲ ਦੇ ਸਭ ਤੋਂ ਮਹਾਨ ਕਵੀ ਤਾਰਕੁਏਟੋ ਤਾਸੋ ਦਾ ਪਿਤਾ ਸੀ। ਬਰਨਾਰਡੋ ਤਾਸੋ ਦਾ ਜਨਮ ਬਰਗਾਸੋ ਵਿਖੇ 11 ਨਵੰਬਰ, 1493 ਨੂੰ ਹੋਇਆ। ਇਹ ਬੜਾ ਸੁਲਝਿਆ ਹੋਇਆ ਵਿਅਕਤੀ ਸੀ ਅਤੇ ਕਈ ਸ਼ਾਹੀ ਪਤਵੰਤਿਆਂ ਦੀ ਸੇਵਾ ਵਿਚ ਰਿਹਾ ਸੀ। ਸੰਨ 1556 ਵਿਚ ਇਸ ਦੀ ਪਤਨੀ ਦੀ ਮੌਤ ਸੰਦੇਹੀ ਹਾਲਤ ਵਿਚ ਹੋਈ ਅਤੇ ਇਸ ਦੇ ਸਹੁਰਿਆਂ ਨੇ ਇਸ ਨੂੰ ਮੁਕੱਦਮੇ ਵਿਚ ਉਲਝਾਈ ਰਖਿਆ। ਬਰਨਾਰਡੋ ਅਤੇ ਉਸ ਦਾ ਪੁੱਤਰ ਦੋਵੇਂ ਅਰਬੀਨੋ ਚਲੇ ਗਏ ਜਿਥੇ ਇਹ ਡਿਊਕ ਦੇ ਦਰਬਾਰੀ ਬਣ ਗਏ। ਫਿਰ ਦੋਵੇਂ ਵੈਨਿਸ ਚਲੇ ਗਏ ਅਤੇ ਬਰਨਾਰਡੋ ਨੇ ਆਪਣੇ ਪੁੱਤਰ ਨੂੰ ਆਪਣੇ ਸਾਹਿਤਕ ਕਾਰਜ ਵਿਚ ਸ਼ਾਮਲ ਕੀਤਾ। ਉਸ ਦਾ ਉੱਘੇ ਲੇਖਕਾਂ ਨਾਲ ਸੰਪਰਕ ਕਰਵਾਇਆ ਅਤੇ ਉਸ ਨੂੰ ਪਾਡੂਆ ਦੀ ਯੂਨੀਵਰਸਿਟੀ ਵਿਚ ਦਾਖ਼ਲ ਕਰਵਾਇਆ। ਅੰਤ ਵਿਚ ਬਰਨਾਰਡੋ ਡਿਊਕ ਆਫ਼ ਮਿਲਾਨ ਦੇ ਅਧੀਨ ਆੱਸਟਿਗਲੀਆ (Ostiglia) ਦਾ ਗਵਰਨਰ ਬਣ ਗਿਆ। ਇਸੇ ਸਮੇਂ ਦੌਰਾਨ 5 ਸਤੰਬਰ, 1569 ਨੂੰ ਇਸ ਦੀ ਮੌਤ ਹੋ ਗਈ।

ਬਰਨਾਰਡੋ ਨੇ ਬਹੁਤ ਕੁਝ ਲਿਖਿਆ ਜਿਨ੍ਹਾਂ ਵਿਚ ਇਸ ਦਾ 'Amadigi' (1560) ਮਹਾਂਕਾਵਿ ਵੀ ਸ਼ਾਮਲ ਹੈ। ਇਸ ਦੀਆਂ ਹੋਰ ਕ੍ਰਿਤਾਂ ਵਿਚ ਭਜਨ, ਗੀਤ, ਮਰਸੀਏ ਅਤੇ 55 ਵਾਰਾਂ ਸ਼ਾਮਲ ਹਨ।

ਹ.ਪੁ.—ਐਨ.ਬ੍ਰਿ.ਮਾ. 9 : 836; ਐਨ.ਅਮੈ. 26 : 280.

**ਤਾਹਤੇਵਾਈ, ਰਿਫੇਆਹ ਰੇਫ਼ੀਅਤ (Tahtawi, Rifaah, Rafiat)** : ਇਹ ਮਿਸਰ ਦਾ ਇਕ ਉੱਘਾ ਅਧਿਆਪਕ ਅਤੇ ਵਿਦਵਾਨ ਸੀ ਜਿਸ ਨੇ ਇਸਲਾਮਿਕ ਵਿਚਾਰਧਾਰਾ ਦਾ ਡਟਕੇ ਮੁਕਾਬਲਾ ਕੀਤਾ ਸੀ। ਇਸ ਦਾ ਜਨਮ 1801 ਈ. ਵਿਚ ਤਾਹਤੇ ਵਿਖੇ ਹੋਇਆ। ਇਸ ਦਾ ਪਹਿਲਾ ਵਾਹ ਪੱਛਮ ਨਾਲ ਉਦੋਂ ਪਿਆ ਜਦੋਂ 1826 ਈ. ਵਿਚ ਇਹ ਪੈਰਿਸ ਵਿਚ ਮਿਸਰੀ ਵਿਦਿਆਰਥੀਆਂ ਦਾ ਧਾਰਮਕ ਅਧਿਆਪਕ ਬਣ ਕੇ ਗਿਆ। ਇਹ ਪੰਜ ਸਾਲ ਉਥੇ ਰਿਹਾ ਅਤੇ ਬਹੁਤ ਪ੍ਰਭਾਵਿਤ ਹੋਇਆ। ਮਿਸਰ ਵਿਚ ਵਾਪਸ ਆ ਕੇ 1836 ਈ. ਵਿਚ ਇਸ ਨੇ ਅਨੁਵਾਦ ਬਿਊਰੋ ਦਾ ਚਾਰਜ ਸੰਭਾਲਿਆ। ਇਸ ਨੇ ਇਤਿਹਾਸ, ਭੂਗੋਲ ਅਤੇ ਮਿਲਟਰੀ-ਸਾਇੰਸ ਦੀਆਂ ਕਈ ਪੁਸਤਕਾਂ ਦਾ ਅਨੁਵਾਦ ਆਪ ਕੀਤਾ ਜਾਂ ਆਪਣੀ ਦੇਖ-ਰੇਖ ਹੇਠ ਕਰਵਾਇਆ। ਸੰਨ 1848 ਵਿਚ ਅੱਬਾਸ ਪਹਿਲਾ ਤਖ਼ਤ ਉਤੇ ਬੈਠਿਆ। ਉਸ ਦੇ ਸਮੇਂ ਪੱਛਮੀ ਪ੍ਰਭਾਵ ਨੂੰ ਸ਼ੱਕੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਸੰਨ 1848 ਤੋਂ 1854 ਤੱਕ ਇਹ ਖਰਤੂਮ ਵਿਖੇ ਅਧਿਆਪਕ ਲਗਾ ਰਿਹਾ। ਮੁੜ ਇਹ ਆਪਣੇ ਵਿਦਵਤਾਪੂਰਨ ਕਾਰਜਾਂ ਵਿਚ ਜੁਟ ਗਿਆ।

ਆਪਣੀਆਂ ਰਚਨਾਵਾਂ ਵਿਚ ਇਸ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਅਜੋਕੇ ਸੰਸਾਰ ਵਿਚ ਮਿਸਰ ਵਿਚ ਕਿਹੋ ਜਿਹੀ ਸਰਕਾਰ ਚਾਹੀਦੀ ਹੈ। ਇਸ ਦੇ ਵਿਚਾਰ ਅਨੁਸਾਰ ਸਮਾਜਕ ਢਾਂਚਾ ਪਰਮਾਤਮਾ ਦਾ ਬਣਾਇਆ ਹੋਇਆ ਹੈ ਅਤੇ ਬਾਦਸ਼ਾਹ ਉਸ ਦਾ ਪ੍ਰਤਿਨਿਧ ਹੈ। ਲੋਕਾਂ ਦੇ ਕੋਈ ਅਧਿਕਾਰੀ ਨਹੀਂ ਹੁੰਦੇ ਪਰ ਬਾਦਸ਼ਾਹ ਨੂੰ ਆਪਣੇ ਈਮਾਨ ਅਨੁਸਾਰ ਪੂਰਾ ਪੂਰਾ ਇਨਸਾਫ ਕਰਨਾ ਚਾਹੀਦਾ ਹੈ। ਇਹ ਇਸ ਗੱਲ ਦਾ ਧਾਰਨੀ ਸੀ ਕਿ ਜਿਥੋਂ ਤੱਕ ਸੰਭਵ ਹੋਵੇ ਸਰਕਾਰ ਅਤੇ ਸਮਾਜ ਵਿਚ ਸੁਰਮੇਲ ਹੋਣਾ ਚਾਹੀਦਾ ਹੈ ਅਤੇ ਤਕਨਾਲੋਜੀ ਦੀ ਮਦਦ ਨਾਲ ਪਦਾਰਥਕ ਉਨੱਤੀ ਹੋਣੀ ਚਾਹੀਦੀ ਹੈ।

ਇਸ ਦੀ ਮੌਤ 1873 ਈ. ਵਿਚ ਹੋਈ।

ਹ.ਪੁ.—ਐਨ.ਬ੍ਰਿ.ਮਾ. 9 : 769

**ਤਾਹਾ ਹੁਸੈਨ** : ਮਿਸਰ ਦੇ ਇਸ ਸਾਹਿਤਕਾਰ ਦਾ ਜਨਮ 14 ਨਵੰਬਰ, 1889 ਨੂੰ ਮਾਘਾਘਾਹ (Maghaghah) ਵਿਖੇ ਹੋਇਆ। ਇਹ ਇਕ ਸਾਧਾਰਨ ਜਿਹੇ ਪਰਿਵਾਰ ਵਿਚ ਪੈਦਾ ਹੋਇਆ ਅਤੇ 2 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਕਿਸੇ ਬੀਮਾਰੀ ਕਾਰਨ ਇਸਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ। ਸੰਨ 1902 ਵਿਚ ਇਸ ਨੂੰ ਕਾਹਿਰਾ ਦੇ ਇਕ ਪ੍ਰਮੁੱਖ ਵਿਦਿਅਕ ਕੇਂਦਰ ਅਲ-ਅਜ਼ਹਾਰ ਵਿਚ ਵਿਦਿਆ ਪ੍ਰਾਪਤੀ ਲਈ ਭੇਜਿਆ ਗਿਆ ਪਰੰਤੂ ਇਹ ਬਹੁਤ ਚਿਰ ਉਥੇ ਨਾ ਰਹਿ ਸਕਿਆ। ਸੰਨ 1908 ਵਿਚ ਇਹ ਕਾਹਿਰਾ ਯੂਨੀਵਰਸਿਟੀ ਵਿਚ ਦਾਖ਼ਲ ਹੋ ਗਿਆ ਅਤੇ ਉਥੋਂ ਇਸਨੇ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕੀਤੀ। ਪਿਛੋਂ ਇਸਨੇ ਸੋਰਬੋਨ ਵਿਖੇ ਪੱਛਮ ਦੀ ਸਭਿਅਤਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਵਿਦਿਆ ਪ੍ਰਾਪਤੀ ਉਪਰੰਤ ਇਹ ਕਾਹਿਰਾ ਵਿਚ ਅਰਬੀ ਸਾਹਿਤ ਦਾ ਪ੍ਰੋਫ਼ੈਸਰ ਨਿਯੁਕਤ ਹੋ ਗਿਆ ਪਰੰਤੂ ਉਥੇ ਇਹ ਪੁਰਾਤਨਵਾਦੀਆਂ ਨਾਲ ਮਿਲ ਕੇ ਨਾ ਚਲ ਸਕਿਆ। ਆਪਣੇ ਦੇਸ਼ ਤੋਂ ਬਾਹਰ ਇਹ ਆਪਣੀ ਸਵੈ-ਜੀਵਨੀ 'ਅਲ-ਅਯਾਮ' (2 ਭਾਗ) ਕਾਰਨ ਬਹੁਤ ਪ੍ਰਸਿੱਧ ਹੋਇਆ। ਇਸ ਦੇ ਅੰਗਰੇਜ਼ੀ ਰੂਪ 'ਐਨ ਈਜਿਪਸ਼ਨ ਚਾਈਲਡਹੁੱਡ (1932) ਅਤੇ 'ਦੀ ਸਟ੍ਰੀਮ ਆੱਫ ਡੇਜ਼' (1943) ਪੱਛਮ ਵਿਚ ਬਹੁਤ ਪ੍ਰਸਿੱਧ ਹੋਏ।

ਆਪਣੇ ਅਗਾਂਹ-ਵਧੂ ਖ਼ਿਆਲਾਂ ਨੂੰ ਇਸਨੇ ਆਪਣੀ ਪੁਸਤਕ (Fi sh Shi'al-Jahili) ਵਿਚ ਨਿਰੂਪਤ ਕੀਤਾ। ਇਸ ਪੁਸਤਕ ਕਾਰਨ ਇਸਦੀ ਬਹੁਤ ਅਲੋਚਨਾ ਹੋਈ ਅਤੇ ਇਸ ਨੂੰ ਪਤਿਤ ਐਲਾਨ ਕਰ ਦਿਤਾ ਗਿਆ। ਆਪਣੀ ਪੁਸਤਕ ਮੁਸਤਕਬਲ ਅਲ-ਥਕਾਫਾ-ਫਿ-ਮਿਰ ਵਿਚ ਇਸ ਨੇ ਆਧੁਨਿਕ ਯੂਰਪੀਨੀ ਸਭਿਅਤਾ ਨੂੰ ਅਪਣਾਉਣ ਦਾ ਪ੍ਰਚਾਰ ਕੀਤਾ।

ਸੰਨ 1950 ਵਿਚ ਇਸ ਨੂੰ ਵਿਦਿਆ ਮੰਤਰੀ ਦਾ ਅਹੁਦਾ ਦੇ ਦਿਤਾ ਗਿਆ ਜਿਸ ਦੌਰਾਨ ਇਸਨੇ ਰਾਜ ਵਲੋਂ ਮੁਫ਼ਤ ਵਿਦਿਆ ਦੇਣ ਦੀ ਨੀਤੀ ਅਪਣਾਈ ਅਤੇ ਸਕੂਲਾਂ ਦੀਆਂ ਫ਼ੀਸਾਂ ਸਮਾਪਤ ਕਰ ਦਿਤੀਆਂ।

ਮਗਰੋਂ ਇਸਨੇ ਆਪਣੀਆਂ ਕ੍ਰਿਤਾਂ ਵਿਚ ਗਰੀਬ ਲੋਕਾਂ ਦੀ ਮਾੜੀ ਹਾਲਤ ਨੂੰ ਬਿਆਨ ਕੀਤਾ ਅਤੇ ਸਰਕਾਰ ਵਿਚ ਸੁਧਾਰ ਲਿਆਉਣ ਲਈ ਜ਼ੋਰ ਦਿਤਾ।

28 ਅਕਤੂਬਰ, 1973 ਨੂੰ ਕਾਹਿਰਾ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ. ਮਾ. 9 : 766

**ਤਾਹਮ** : ਇਹ ਜੱਟਾਂ ਦਾ ਇਕ ਵੱਖਰਾ ਕਬੀਲਾ ਹੈ ਜਿਹੜਾ ਅਰਬਾਂ ਦੇ ਅਨੁਸਾਰੀ ਕੁਰੈਸ਼ ਜਿਸ ਨੂੰ ਤਾਹਿਮ ਆਖਦੇ ਹਨ, ਦੀ ਸੰਤਾਨ ਹੈ। ਪਹਿਲਾਂ-ਪਹਿਲਾਂ ਝੰਗ ਦੇ ਚਿਨਿਓਟ ਖੇਤਰ ਵਿਚ ਇਨ੍ਹਾਂ ਲੋਕਾਂ ਦੀਆਂ ਕਾਫ਼ੀ ਜ਼ਮੀਨਾਂ ਹੁੰਦੀਆਂ ਸਨ ਜਿਨ੍ਹਾਂ ਦੀ ਦੇਖ-ਰੇਖ ਦਿੱਲੀ ਦੀ ਬਾਦਸ਼ਾਹਤ ਵੇਲੇ, ਗਵਰਨਰ ਕਰਿਆ ਕਰਦੇ ਸਨ। ਇਹ ਲੋਕ ਬਹਾਵਲਪੁਰ, ਹੇਠਲੇ ਸਿੰਧ, ਮੁਲਤਾਨ ਵਿਚ ਚਨਾਬ, ਮੁਜ਼ੱ-ਫ਼ਰਗੜ੍ਹ ਅਤੇ ਡੇਰਾ ਗਾਜ਼ੀ ਖ਼ਾਂ ਵਿਚ ਵੱਸੇ ਹੋਏ ਸਨ। ਮੁਲਤਾਨ ਦੇ ਤਾਹਿਮਾਂ ਅਨੁਸਾਰ ਇਨ੍ਹਾਂ ਦਾ ਪੂਰਵਜ, ਸਾਂਭਲ ਸ਼ਾਹ 700 ਸਾਲ ਪਹਿਲਾਂ ਲੁੱਟਮਾਰ ਕਰਨ ਖਾਤਰ ਇਧਰ ਆਇਆ ਸੀ। 14ਵੀਂ ਸਦੀ ਦੇ ਪਿਛਲੇ ਸਾਲਾਂ ਵਿਚ ਉਸਨੇ ਆਪਣੇ ਹਮਲੇ ਦੌਰਾਨ ਇਥੋਂ ਦੇ ਮੈਦਾਨੀ ਖੇਤਰ ਵਿਚ ਵੱਸੇ ਆਪਣੇ ਪੁਰਾਣੇ ਦੁਸ਼ਮਣ ਤਾਹਿਮਾਂ ਦਾ ਮੁਕਾਬਲਾ ਕੀਤਾ ਤੇ ਉਨ੍ਹਾਂ ਨੂੰ ਇਥੋਂ ਕੱਢ ਕੇ ਰੇਗਿਸਤਾਨ ਵਲ ਭੇਜ ਦਿੱਤਾ। ਇਥੋਂ ਦੀ ਇਕ ਹੋਰ ਜਾਤੀ ਦਾਹੀਨਾ ਬਾਰੇ ਵੀ ਉਸਨੇ ਦੱਸਿਆ। ਚਿਨਿਓਟ ਦੀ ਸਥਾਨਕ ਰਵਾਇਤ ਅਨੁਸਾਰ ਸਾਅਦੁੱਲਾ ਖ਼ਾਨ ਜੋ ਸ਼ਾਹ ਜਹਾਨ ਬਾਦਸ਼ਾਹ ਦਾ ਮੰਤਰੀ ਸੀ ਵੀ ਇਕ ਤਾਹਿਮ ਸੀ ਤੇ ਉਥੇ ਉਸ ਅਧੀਨ ਉਪਨਗਰ ਨੂੰ 'ਗੜ੍ਹੀ ਤਾਹਿਮਾ' ਆਖਦੇ ਸਨ। ਬਹਾਵਲਪੁਰ ਵਿਚ ਤਾਹਿਮ ਖੇਤੀ ਕਰਦੇ ਹਨ। ਇਹ ਲੋਕ ਮੰਨਦੇ ਹਨ ਕਿ ਸ਼ਾਹ ਜਹਾਨ ਦਾ ਮੰਤਰੀ ਸਾਅਦੁੱਲਾ ਖ਼ਾਨ ਅਤੇ ਹੁਮਾਯੂੰ ਦੇ ਸਮੇਂ ਦਾ ਪੜ੍ਹਿਆ ਲਿਖਿਆ ਸ਼ੇਖ ਜਲਾਲ ਇਸੇ ਕਬੀਲੇ ਵਿਚੋਂ ਸੀ। ਤਾਹਿਮ ਮੁਲਤਾਨ ਜ਼ਿਲ੍ਹੇ ਦੀ ਕਬੀਰ ਵਾਲਾ ਤਹਿਸੀਲ ਦੇ ਦੱਖਣ-ਪੱਛਮ ਵਿਚ ਖ਼ਾਸ ਕਰਕੇ ਚਨਾਬ ਵਿਚ ਰਹਿੰਦੇ ਹਨ ਜਿਥੇ ਇਹ ਅਪਰਾਧ ਕਰਨ ਲਈ ਮਸ਼ਹੂਰ ਹਨ। ਇਹ ਜ਼ਿਲ੍ਹੇ ਦੇ ਕਈ ਹੋਰ ਹਿੱਸਿਆਂ ਵਿਚ ਵੀ ਵੱਸੇ ਹੋਏ ਸਨ। ਇਹ ਲੋਕ ਖੇਤੀਬਾੜੀ ਤਾਂ ਕਰਦੇ ਹੀ ਹਨ। ਇਸਦੇ ਨਾਲ ਨਾਲ ਇਹ ਝਟਕਈ ਅਤੇ ਰੂੰ ਪਿੰਜਣ ਵਾਲੇ ਮਜ਼ਦੂਰ ਵੀ ਹਨ।

ਹ.ਪੁ.—ਗ. ਕਾ. ਟਾ.

**ਤਾਕਲਾ ਮਕਾਨ ਮਾਰੂਥਲ** : ਚੀਨ ਦੇ ਕੇਂਦਰੀ ਤਾਰਿ- ਬੇਸਿਨ ਵਿਚ ਸਥਿਤ ਕੇਂਦਰੀ ਏਸ਼ੀਆ ਦਾ ਸਭ ਤੋਂ ਵੱਡਾ ਮਾਰੂਥਲ ਹੈ ਜੋ ਸੰਸਾਰ ਦੇ ਵੱਡੇ ਰੇਤਲੇ ਅਤੇ ਵੀਰਾਨ ਖੇਤਰਾਂ ਵਿਚੋਂ ਇਕ ਹੈ। ਇਹ ਲਗਭਗ 2,70,000 ਵ. ਕਿ.ਮੀ. ਦੇ ਖੇਤਰ ਵਿਚ ਫੈਲਿਆ ਹੋਇਆ ਹੈ। ਪੱਛਮ ਅਤੇ ਦੱਖਣ ਵਿਚ ਇਸ ਦੇ ਰੇਤਲੇ ਟਿੱਬਿਆਂ ਦੀ ਉਚਾਈ 1,189 ਮੀ. (3900 ਫੁੱਟ) ਤੋਂ 1,491 ਮੀ. (4,900 ਫੁੱਟ) ਤੱਕ ਹੈ ਜਦੋਂ ਕਿ ਪੂਰਬੀ ਅਤੇ ਉੱਤਰੀ ਹਿੱਸੇ ਵਿਚ ਇਨ੍ਹਾਂ ਦੀ ਉਚਾਈ 800 ਮੀ. (2,600 ਫੁੱਟ) ਤੋਂ 1,000 ਮੀ. (3,300 ਫੁੱਟ) ਤੱਕ ਪਹੁੰਚ ਜਾਂਦੀ ਹੈ। ਦੱਖਣ ਵਿਚ ਕੁਨਲੁਨ, ਉੱਤਰ ਵਿਚ ਤੀਐਨਸ਼ਾਨ ਅਤੇ ਪੱਛਮ ਵੱਲ ਪਾਮੀਰਜ਼ ਦੀਆਂ ਪਹਾੜੀਆਂ ਇਸ ਦੀ ਹਿਫ਼ਾਜ਼ਤ ਕਰਦੀਆਂ ਹਨ। ਪੂਰਬ ਵਿਚ ਇਹ ਮਾਰੂਥਲ ਹੌਲੀ ਹੌਲੀ ਲਾਪ ਝੀਲ ਦੇ ਦਲਦਲੀ ਬੇਸਿਨ ਵਿਚ ਬਦਲ ਜਾਂਦਾ ਹੈ।

ਤਾਕਲਾ ਮਕਾਨ ਦੀ ਧਰਾਤਲ ਕਈ ਸੌ ਫੁੱਟ ਮੋਟੀ ਭੁਰਭੁਰ ਜਲੋਢੀ ਮਿੱਟੀ ਦੀ ਬਣੀ ਹੋਈ ਹੈ ਅਤੇ ਕਈ ਥਾਵਾਂ ਤੇ ਹਵਾ ਨਾਲ ਉੱਡ-ਉੱਡ ਕੇ ਇੱਕਠੀ ਹੋਈ ਰੇਤ ਦੀ ਤਹਿ ਸਮੇਤ ਇਸਦੀ ਮੋਟਾਈ 305 ਮੀ. (1,000 ਫੁੱਟ) ਤੱਕ ਵੀ ਪਹੁੰਚ ਜਾਂਦੀ ਹੈ। ਮਾਰੂਥਲ ਹਵਾਵਾਂ ਦੀਆਂ ਪੇਚੀਦਾ ਹਾਲਤਾਂ ਕਾਰਨ ਇਥੇ ਹਵਾਵਾਂ ਦੁਆਰਾ ਬਣੀ ਕਈ ਕਿਸਮ ਦੀ ਧਰਾਤਲੀ ਨੁਹਾਰ ਵੇਖਣ ਨੂੰ ਮਿਲਦੀ ਜਿਨ੍ਹਾਂ ਵਿਚ 198 ਮੀ. (650 ਫੁੱਟ) ਤੋਂ 305 ਮੀ. (1,000 ਫੁੱਟ) ਦ ਉੱਚਾਈ ਤੱਕ ਪਹੁੰਚਣ ਵਾਲੇ ਪੈਰਾਮਿਡੀ ਟਿੱਬੇ ਵਿਸ਼ੇਸ਼ ਤੌਰ ਵੇਖਣਯੋਗ ਹਨ। ਪੱਛਮੀ ਤਾਕਲਾ ਮਕਾਨ ਵਿਚ ਰੇਤ-ਪੱਥਰ ਅ ਚੀਕਣੀ ਮਿੱਟੀ ਦੀਆਂ ਕਮਾਣੀਦਾਰ ਸ਼ਕਲ ਵਿਚ ਬਣੀਆਂ ਮਾਜ਼ ਤਾਗ਼ ਅਤੇ ਚੱਲ ਤਾਗ਼ ਦੋ ਛੋਟੀਆਂ ਪਰਬਤੀ ਲੜੀਆਂ ਹਨ।

ਤਾਰਿਮ ਅਵਦਾਬ ਦੇ ਅੰਤਰਵਰਤੀ ਜਲ-ਨਿਕਾਸੀ ਬੇਸਿ ਹੋਣ ਕਾਰਨ, ਆਲੇ ਦੁਆਲੇ ਦੇ ਸਾਰੇ ਪਹਾੜਾਂ ਦਾ ਪਾਣੀ ਇਸ ਬੇਸਿ ਵਿਚ ਹੀ ਇਕੱਠਾ ਹੋ ਜਾਂਦਾ ਹੈ ਅਤੇ ਇਹ ਪਾਣੀ ਇਥੋਂ ਦੇ ਕ ਦਰਿਆਵਾਂ ਅਤੇ ਜ਼ਮੀਨਦੋਜ਼ ਪਰਤਾਂ ਨੂੰ ਹੋਂਦ ਵਿਚ ਲਿਆਉਂਦਾ ਹੈ

ਕੁਨਲੁਨ ਪਹਾੜਾਂ ਤੋਂ ਵਗਣ ਵਾਲੇ ਦਰਿਆ ਕੋਈ 90 180 ਕਿ.ਮੀ. ਤੱਕ ਇਸ ਮਾਰੂਥਲ ਵਿਚੋਂ ਦੀ ਵਹਿੰਦੇ ਜਾਂਦੇ ਹਨ ਅ ਹੌਲੀ ਹੌਲੀ ਰੇਤ ਵਿਚ ਹੀ ਸੁੱਕ ਜਾਂਦੇ ਹਨ। ਇਥੋਂ ਦਾ ਜਲਵਾ ਨਿੱਘਾ ਅਤੇ ਪ੍ਰਤੱਖ ਤੌਰ ਤੇ ਮਹਾਂਦੀਪੀ ਹੈ। ਵਰਖਾ ਬਹੁਤ ਘੱਟ ਹੁੰ ਹੈ। ਪੱਛਮ ਵਿਚ ਸਾਲਾਨਾ ਵਰਖਾ 38 ਮਿ.ਮੀ. ਅਤੇ ਪੂਰਬ ਵਿਚ ਮਿ.ਮੀ. ਹੈ। ਕੁਝ ਦਰਿਆਈ ਵਾਦੀਆਂ ਅਤੇ ਮਾਰੂਥਲ ਦੇ ਬਾਹਰ ਸੀਮਾ ਵਾਲੇ ਖੇਤਰ ਨੂੰ ਛੱਡ ਕੇ ਇਥੇ ਜੀਵ ਜੰਤੂ ਅਤੇ ਬਨਸਪ ਕਿਤੇ ਕਿਤੇ ਹੀ ਵੇਖਣ ਨੂੰ ਮਿਲਦੀ ਹੈ ਅਤੇ ਇਥੇ ਕੋਈ ਸਥਾ ਆਬਾਦੀ ਵੀ ਨਹੀਂ ਹੈ।

ਤਾਰਿਮ ਬੇਸਿਨ ਦੇ ਪੱਛਮ ਵਿਚ ਕੈਸ਼ਗਾਰ-ਕਾਰਗਾਲਿਕ ਅ ਬੇਸਿਨ ਦੇ ਉੱਤਰੀ ਸਿਰੇ ਤੇ ਅਕਸੂ-ਕੂਚਾ ਨਾਂ ਦੇ ਖੇਤਰਾਂ ਵਿ ਪੈਟਰੋਲ ਦੇ ਭੰਡਾਰਾਂ ਦਾ ਪਤਾ ਲੱਗਾ ਹੈ।

ਹ.ਪੁ.—ਐਨ.ਬ੍ਰਿ.ਮਾ. 11 : 517

**ਤਾਕਾਹਾਸ਼ੀ ਕੋਰੇਕਿਯੋ ਵਾਇਕਾਂਉਂਟ** : ਇਸ ਜਾਪ ਵਿੱਤ-ਮਾਹਰ ਦਾ ਜਨਮ 1854 ਈ. ਵਿਚ ਹੋਇਆ। ਅਮਰ ਵਿਚ ਸਿਖਿਆ ਪ੍ਰਾਪਤ ਕਰਨ ਤੋਂ ਬਾਅਦ 21 ਸਾਲ ਦੀ ਉਮਰ ਵਿ ਇਹ ਉਸਾਕਾ ਇੰਗਲਿਸ਼ ਸਕੂਲ ਦਾ ਪ੍ਰਿੰਸੀਪਲ ਬਣਿਆ। ਇਸ ਖੇਤੀਬਾੜੀ ਅਤੇ ਵਣਜ ਵਿਭਾਗ ਦੇ ਕੰਮ ਦਾ ਤਜਰਬਾ ਵੀ ਪ੍ਰਾ ਕੀਤਾ। 38 ਸਾਲ ਦੀ ਉਮਰ ਵਿਚ ਇਸ ਨੇ ਬੈਂਕ ਵਿਚ ਨੌਕਰੀ ਕ ਜਿਥੇ ਸ਼ੁਰੂ ਵਿਚ ਇਹ ਡਾਇਰੈਕਟਰ ਅਤੇ ਬਾਅਦ ਵਿਚ ਉ

ਪ੍ਰਧਾਨ ਦੇ ਅਹੁਦੇ ਦੇ ਪਹੁੰਚ ਗਿਆ। ਸੰਨ 1911 ਵਿਚ ਇਹ ਬੈਂਕ ਆਫ਼ ਜਾਪਾਨ ਦਾ ਗਵਰਨਰ ਬਣ ਗਿਆ। ਸੰਨ 1918 ਵਿਚ ਇਹ ਵਿੱਤ-ਮੰਤਰੀ ਬਣ ਗਿਆ ਅਤੇ 1921-22 ਈ. ਵਿਚ ਇਹ ਜਾਪਾਨ ਦਾ ਪ੍ਰਧਾਨ ਮੰਤਰੀ ਬਣਿਆ। ਇਸ ਦੇ ਜੀਵਨ ਦੇ ਅੰਤਿਮ ਸਾਲ ਵਿੱਤ ਵਿਭਾਗ ਦਾ ਸੰਚਾਲਣ ਕਰਨ ਵਿਚ ਵੀ ਬੀਤੇ। ਸੰਨ 1926 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਹਿੰ. ਵਿ.ਕੋ. 5 : 327

**ਤਾਕਾਹੀਰਾ ਕੋਗੋਰੋ ਬੈਰਨ** : ਇਸ ਜਾਪਾਨੀ ਰਾਜਨੀਤੱਗ ਦਾ ਜਨਮ 1824 ਈ. ਵਿਚ ਹੋਇਆ। ਇਸਨੇ 25 ਸਾਲ ਦੀ ਉਮਰ ਵਿਚ ਵਾਸ਼ਿੰਗਟਨ (ਅਮਰੀਕਾ) ਦੇ ਦੂਤਾਵਾਸ ਵਿਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਦੋ ਸਾਲ ਬਾਅਦ ਸਕੱਤਰ ਨਿਯੁਕਤ ਹੋਇਆ। ਕੁਝ ਸਮਾਂ ਕੋਰੀਆ ਵਿਚ ਕਾਰਜਦੂਤ ਦੇ ਅਹੁਦੇ ਤੇ ਕੰਮ ਕੀਤਾ ਅਤੇ 1857 ਈ. ਵਿਚ ਇਸੇ ਅਹੁਦੇ ਤੇ ਅਮਰੀਕਾ ਵਿਚ ਕੰਮ ਕਰਨ ਲਗ ਪਿਆ। ਇਸ ਤੋਂ ਬਾਅਦ ਇਸਨੇ ਹਾਲੈਂਡ ਅਤੇ ਡੈਨਮਾਰਕ ਵਿਚ ਸਥਾਨਕ ਮੰਤਰੀ ਅਤੇ ਕ੍ਰਮਵਾਰ ਰੋਮ ਅਤੇ ਬਰਨ ਆਦਿ ਵਿਚ ਪੂਰਣ-ਅਧਿਕਾਰੀ ਮੰਤਰੀ ਦੀ ਹੈਸੀਅਤ ਵਿਚ ਕਾਰਜ ਕੀਤਾ। ਸੰਨ 1901 ਤੋਂ 1905 ਤੱਕ ਮੰਤਰੀ ਦੇ ਤੌਰ ਤੇ ਵਾਸ਼ਿੰਗਟਨ (ਅਮਰੀਕਾ) ਵਿਚ ਰਿਹਾ ਅਤੇ ਰੂਸ ਤੇ ਜਾਪਾਨ ਦਾ ਯੁੱਧ ਖ਼ਤਮ ਹੋਣ ਤੇ ਦੋਹਾਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਤੇ ਇਸਨੇ ਵੀ ਦਸਤਖ਼ਤ ਕੀਤੇ। ਦੋ ਸਾਲ ਬਾਅਦ ਇਹ ਇਟਲੀ ਵਿਚ ਰਾਜਦੂਤ ਬਣ ਕੇ ਉਥੇ ਰਿਹਾ ਪਰ ਇਸ ਸਾਲ ਹੀ ਇਸ ਦੀ ਫੇਰ ਬਦਲੀ ਹੋ ਗਈ ਅਤੇ ਇਸਨੂੰ ਦੁਬਾਰਾ ਵਾਸ਼ਿੰਗਟਨ ਭੇਜ ਦਿੱਤਾ ਗਿਆ। ਉਥੇ ਇਸਨੇ 1909 ਈ. ਤੱਕ ਕੰਮ ਕੀਤਾ। ਫੇਰ 8 ਸਾਲ ਬਾਅਦ ਇਸ ਨੂੰ ਹਾਊਸ ਆਫ ਪੀਅਰਜ਼ ਦਾ ਮੈਂਬਰ ਬਨਣ ਦਾ ਮੌਕਾ ਪ੍ਰਾਪਤ ਹੋਇਆ।

ਹ.ਪੁ.—ਹਿੰ.ਵਿ.ਕੋ. 5 : 327

**ਤਾਕਾਮੂਰਾ ਕੂਨ** : ਇਸ ਜਾਪਾਨੀ ਮੂਰਤੀਕਾਰ ਦਾ ਜਨਮ 1852 ਈ. ਵਿਚ ਈਡੋ (ਹੁਣ ਟੋਕੀਓ) ਵਿਖੇ ਹੋਇਆ। ਇਸਦਾ ਅਸਲੀ ਨਾਂ ਨਿਕਾਸਿਮਾ ਕੋਜ਼ੋ ਸੀ। ਇਸਨੇ ਲੱਕੜ ਤਰਾਸ਼ਣ ਦੀ ਕਲਾ ਨੂੰ ਕਾਇਮ ਰੱਖਣ ਲਈ ਬਹੁਤ ਕੰਮ ਕੀਤਾ। ਇਸਨੇ ਤਾਕਾਮੂਰਾ ਕੂਨ ਤੋਂ ਬੋਧੀਆਂ ਦੀ ਮੂਰਤੀਕਲਾ ਸਿੱਖੀ ਅਤੇ ਬਾਅਦ ਵਿਚ ਆਪਣੇ ਸਿਖਿਅਕ ਦਾ ਹੁਨਰ ਅਤੇ ਨਾਂ ਗ੍ਰਹਿਣ ਕੀਤਾ। ਸੰਨ 1887 ਵਿਚ ਟੋਕੀਓ ਫਾਈਨ ਆਰਟ ਸਕੂਲ ਦੇ ਖੁਲ੍ਹਣ ਤੇ ਇਸ ਨੂੰ ਉਥੋਂ ਦੇ ਲੱਕੜੀ ਤਰਾਸ਼ਣ ਵਿਭਾਗ ਦਾ ਮੁਖੀ ਬਣਾਇਆ ਗਿਆ। ਇਸ ਦੀਆਂ ਕ੍ਰਿਤਾਂ ਵਿਚ ਵਾਸਤਵਿਕਤਾ ਦੀ ਝਲਕ ਮਿਲਦੀ ਹੈ। 'ਏਜਡ ਮੰਕੀ' ਅਤੇ ਕਾਂਸੀ ਦੇ ਬੁੱਤ 'ਨਾਨਕੋ ਡੋਜ਼ੋ' ਅਤੇ 'ਸਾਈਗੋ ਤਾਕਾਮੋਰੀ ਡੋਜ਼ੋ' ਇਸ ਦੀਆਂ ਪ੍ਰਸਿੱਧ ਕ੍ਰਿਤਾਂ ਹਨ।



ਤਾਕਾਮੂਰਾ ਕੂਨ ਦੀ ਕਲਾਕ੍ਰਿਤ 'ਏਜਡ ਮੰਕੀ' ਦਾ ਚਿੱਤਰ

ਸੰਨ 1934 ਵਿਚ ਟੋਕੀਓ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 9 : 780

**ਤਾਂਗ ਸਾਓਈ** : ਇਹ ਕਵਾਂਗਤੁੰਗ ਨਿਵਾਸੀ ਅਤੇ ਚੀਨ ਦਾ ਇਕ ਨਾਮਵਰ ਸਿਆਸਤਦਾਨ ਸੀ ਜਿਸਨੇ ਸਭ ਤੋਂ ਪਹਿਲਾਂ ਬਦੇਸ਼ਾਂ ਵਿਚ ਜਾ ਕੇ ਸਿੱਖਿਆ ਪ੍ਰਾਪਤ ਕੀਤੀ ਸੀ। ਇਸ ਦਾ ਜਨਮ 1858 ਈ. ਵਿਚ ਹੋਇਆ। ਸੰਨ 1898 ਵਿਚ ਇਸ ਨੂੰ ਸਿਓਲ (ਕੋਰੀਆ) ਦਾ ਮਹਾਂਵਣਜ ਸਫ਼ੀਰ ਅਤੇ 1908 ਈ. ਵਿਚ ਯੂਰਪ ਅਤੇ ਅਮਰੀਕਾ ਦਾ ਵਿਸ਼ੇਸ਼ ਰਾਜਦੂਤ ਬਣਾ ਕੇ ਭੇਜਿਆ ਗਿਆ। ਸੰਨ 1919 ਤੋਂ 1922 ਤੱਕ ਇਹ ਕਵਾਂਗਤੁੰਗ ਵਿਚ ਵਿੱਤ ਮੰਤਰੀ ਦੇ ਅਹੁਦੇ ਤੇ ਰਿਹਾ।

ਹ.ਪੁ.—ਹਿੰ.ਵਿ.ਕੋ. 5 : 322

**ਤਾਜਪੁਰ** : ਇਹ ਉੱਤਰ ਪ੍ਰਦੇਸ਼ ਰਾਜ ਦੇ ਬਿਜਨੌਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਬਿਜਨੌਰ ਸ਼ਹਿਰ ਤੋਂ 43 ਕਿ.ਮੀ. (27 ਮੀਲ) ਦੂਰ ਦੱਖਣ-ਪੂਰਬ ਵੱਲ ਸਥਿਤ ਹੈ। ਇਹ ਸ਼ਹਿਰ ਜ਼ਿਲ੍ਹੇ ਵਿਚ ਇਥੋਂ ਦੇ ਤਾਗਾ ਪਰਿਵਾਰ ਕਰਕੇ ਵੀ ਜਾਣਿਆ ਜਾਂਦਾ ਹੈ। ਨਵੇਂ ਸਥਾਪਿਤ ਹੋਏ ਬਰਤਾਨਵੀ ਪ੍ਰਸ਼ਾਸਨ ਨੇ 18 ਵੀਂ ਸਦੀ ਦੌਰਾਨ ਤਾਜਪੁਰ ਦੀ ਮਿਲਖ ਉਤੇ ਕਬਜ਼ਾ ਕਰ ਲਿਆ ਅਤੇ 19 ਵੀਂ ਸਦੀ ਵਿਚ ਇਸ ਦਾ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ। ਸੰਨ 1857 ਵਿਚ ਇਥੋਂ ਦਾ ਜ਼ਿੰਮੀਦਾਰ ਜਾਂ ਚੌਧਰੀ ਅੰਗਰੇਜ਼ਾਂ ਪ੍ਰਤਿ ਵਫ਼ਾਦਾਰ ਰਿਹਾ। ਇਸ ਦੇ ਬਦਲੇ ਅੰਗਰੇਜ਼ੀ ਸਰਕਾਰ ਨੇ ਉਸ ਦਾ ਮਾਮਲਾ ਮੁਆਫ਼ ਕਰ ਦਿੱਤਾ ਅਤੇ ਉਸਨੂੰ ਰਾਜੇ ਦੀ ਪਦਵੀ ਨਾਲ ਸਨਮਾਨਿਆ। ਇਸ ਖ਼ਾਨਦਾਨ ਦੇ ਕੁਝ ਮੈਂਬਰਾਂ ਨੇ ਈਸਾਈ ਧਰਮ ਅਪਣਾਇਆ ਹੋਇਆ ਹੈ।

ਆਬਾਦੀ– 12,898 (1991)

29° 10′ ਉ. ਵਿਥ.; 78° 29′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 206

**ਤਾਜ ਮਹਲ** : ਭਾਰਤ ਦਾ ਸੰਸਾਰ ਪ੍ਰਸਿੱਧ ਮਕਬਰਾ ਯੂ.ਪੀ. ਵਿਚ ਜਮਨਾ ਨਦੀ ਦੇ ਦੱਖਣੀ ਕੰਢੇ ਉਤੇ ਆਗਰਾ ਵਿਖੇ ਸਥਿਤ ਹੈ। ਇਸ ਯਾਦਗਾਰੀ ਮਕਬਰੇ ਦੀ ਵਿਲੱਖਣਤਾ ਅਤੇ ਮਹਤੱਤਾ ਇਸੇ ਵਿਚ ਹੈ ਕਿ ਇਹ ਇਕ ਸ਼ਹਿਨਸ਼ਾਹ ਨੇ ਆਪਣੀ ਬੇਗ਼ਮ ਦੇ ਬੇ-ਪਨਾਹ ਪਿਆਰ ਦੇ ਪ੍ਰਤੀਕ ਵਜੋਂ ਬਣਵਾਇਆ। ਇਹ ਪੰਜਵੇਂ ਮੁਗ਼ਲ ਸ਼ਹਿਨਸ਼ਾਹ ਸ਼ਾਹਜਹਾਨ (ਰਾਜਕਾਲ 1628-58 ਈ.) ਨੇ ਆਪਣੀ ਮਲਿਕਾ ਅਰਜਮੰਦ ਬਾਨੋ ਬੇਗ਼ਮ, ਜਿਸ ਨੂੰ ਮੁਮਤਾਜ਼ ਮਹਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦੀ ਯਾਦ ਵਿਚ ਬਣਵਾਇਆ। ਮੁਮਤਾਜ਼ ਦੀ ਮੌਤ ਦੱਖਣ ਵਿਚ ਬੁਰਹਾਨਪੁਰ ਨਾਂ ਦੇ ਕਸਬੇ ਵਿਚ 17 ਜੂਨ, 1631 ਨੂੰ ਆਪਣੇ ਚੌਦਹਵੇਂ ਬੱਚੇ ਦੇ ਜਨਮ ਸਮੇਂ ਹੋਈ।

ਇਮਾਰਤ ਦੀ ਉਸਾਰੀ ਦਾ ਕੰਮ 1632 ਵਿਚ ਸ਼ੁਰੂ ਹੋਇਆ। ਕਿਹਾ ਜਾਂਦਾ ਹੈ ਕਿ ਇਸ ਦੀ ਉਸਾਰੀ ਵਿਚ 22 ਵਰ੍ਹੇ ਲੱਗੇ ਅਤੇ 20,000 ਤੋਂ ਵੀ ਜ਼ਿਆਦਾ ਮਜ਼ਦੂਰਾਂ ਨੇ ਇਸ ਲਈ ਰੋਜ਼ ਕੰਮ ਕੀਤਾ ਪਰ ਮਕਬਰੇ ਉਪਰਲੇ ਆਲੇਖਾਂ ਤੋਂ ਪਤਾ ਚਲਦਾ ਹੈ ਕਿ ਮੁੱਖ ਇਮਾਰਤ ਤਾਂ 1643 ਤੀਕ ਤਿਆਰ ਹੋ ਗਈ ਸੀ। ਉਸ ਸਮੇਂ ਇਸ

ਦੀ ਉਸਾਰੀ 'ਤੇ ਲਗਭਗ ਚਾਰ ਕਰੋੜ ਰੁਪਏ ਖਰਚ ਹੋਏ। 22 ਸਾਲਾਂ ਬਾਅਦ ਇਹ ਇਮਾਰਤ ਪੂਰੀ ਹੋ ਗਈ ਇਸ ਤੇ 40 ਕਰੋੜ ਰੁਪਏ ਖਰਚ ਹੋਏ। ਸ਼ਾਹਜਹਾਨ ਦਾ ਦਰਬਾਰੀ ਇਤਿਹਾਸਕਾਰ ਅਬਦੁੱਲ ਹਮੀਦ ਲਾਹੌਰੀ ਆਪਣੀ ਕਿਤਾਬ 'ਪਾਦਸ਼ਾਹਨਾਮਾ' ਵਿਚ ਇਸ ਇਮਾਰਤ ਦਾ ਜ਼ਿਕਰ 'ਰੌਜ਼ਾ-ਇ-ਮੁਨੱਵਰ' ਦੇ ਨਾਂ ਨਾਲ ਕਰਦਾ ਹੈ ਜਿਸ ਦਾ ਅਰਥ ਹੈ— 'ਰੌਸ਼ਨ ਮਕਬਰਾ'।

ਕਿ ਕਿਸੇ ਵੀ ਪਾਸੇ ਤੋਂ ਇਮਾਰਤ ਨੂੰ ਵੇਖਣ ਤੇ ਇਸਦਾ ਤ੍ਰਿ-ਆਯਾਮ ਰੂਪ ਕਾਇਮ ਰਖਦੀਆਂ ਹਨ। ਇਮਾਰਤ ਦੇ ਉਪਰ, ਉਚੀ ਗਰਦਨ ਤੇ ਟਿਕਿਆ, ਲੁਭਾਵਣੇ ਆਕਾਰ ਦਾ ਇਕ ਦੂਹਰਾ ਗੁੰਬਦ ਬਿਰਾਜਮਾਨ ਹੈ। ਇਸ ਗੁੰਬਦ ਦੇ ਚਾਰੇ ਪਾਸੇ ਇਕ-ਇਕ ਛੱਤਰੀ ਅਤੇ ਕੁ ਮੀਨਾਰਾਂ ਹਨ ਜੋ ਕਿ ਇਮਾਰਤ ਦੀ ਖਿਤਿਜ ਰੇਖਾ ਨੂੰ ਰੋਚਕ ਬਣਾਉਂਦੀਆ ਹਨ।



ਤਾਜ ਮਹਲ

ਕੇਂਦਰੀ ਇਮਾਰਤ ਨੂੰ ਛੱਡ ਕੇ ਤਾਜਮਹਲ ਸਮੂਹ ਦੀਆਂ ਬਾਕੀ ਇਮਾਰਤਾਂ ਲਈ ਜ਼ਿਆਦਾ ਤਰ ਲਾਲ ਬਲੂਏ ਪੱਥਰ ਦੀ ਵਰਤੋਂ ਕੀਤੀ ਗਈ ਹੈ ਪਰ ਮੁੱਖ ਸਮਾਰਕ ਮਕਰਾਨੇ ਤੋਂ ਲਿਆਂਦੇ ਸਫੈਦ ਸੰਗਮਰਮਰ ਦਾ ਬਣਿਆ ਹੈ। 580 ਮੀ. 304 ਮੀਟਰ ਦੇ ਆਇਤਾਕਾਰ ਖੇਤਰ ਵਿਚ ਫੈਲਿਆ ਹੋਇਆ ਇਹ ਮਕਬਰਾ ਤਿੰਨ ਪਾਸਿਆਂ ਤੋਂ ਉੱਚੀ ਦੀਵਾਰ ਨਾਲ ਘਿਰਿਆ ਹੋਇਆ ਹੈ ਜਿਸ ਦੇ ਕੋਨਿਆਂ ਤੇ ਇਕ-ਇਕ ਅੱਠਭੁਜਾ ਬੁਰਜ ਹੈ। ਮਕਬਰੇ ਦੇ ਤਿੰਨ ਮੁੱਖ ਭਾਗ ਹਨ। ਸਭ ਤੋਂ ਪਹਿਲਾਂ ਦੱਖਣੀ ਭਾਗ ਆਉਂਦਾ ਹੈ ਜਿਸ ਵਿਚ ਬਾਜ਼ਾਰ, ਸਰਾਵਾਂ ਅਤੇ ਮਕਬਰੇ ਨਾਲ ਸਬੰਧਤ ਹੋਰ ਇਮਾਰਤਾਂ ਹਨ। ਇਸ ਭਾਗ ਦੀ ਉੱਤਰੀ ਦੀਵਾਰ ਵਿਚ ਇਕ ਵਿਸ਼ਾਲ ਪ੍ਰਵੇਸ਼ ਦੁਆਰ ਹੈ। ਇਸ ਤੋਂ ਅਗੇ ਇਕ ਖ਼ੂਬਸੂਰਤ ਬਾਗ਼ ਹੈ ਜਿਹੜਾ ਕਿ ਮਕਬਰੇ ਦਾ ਦੂਸਰਾ ਅਤੇ ਸਭ ਤੋਂ ਵੱਡਾ ਭਾਗ ਹੈ। ਤਲਾਬਾਂ ਅਤੇ ਫੁਹਾਰਿਆਂ ਨਾਲ ਸੁਸਜਿੱਤ ਚੌਪੜ ਆਕਾਰ ਦੀਆਂ ਸੜਕਾਂ ਇਸ ਬਾਗ ਨੂੰ ਚਾਰ ਬਰਾਬਰ ਭਾਗਾਂ ਵਿਚ ਵੰਡਦੀਆਂ ਹਨ। ਬਾਗ ਵਿਚ ਦੀ ਲੰਘ ਕੇ ਤੀਸਰਾ ਭਾਗ ਆਉਂਦਾ ਹੈ ਜਿਸ ਵਿਚ ਮਕਬਰੇ ਦੀ ਕੇਂਦਰੀ ਇਮਾਰਤ ਤੋਂ ਇਲਾਵਾ ਇਕ ਮਸਜਿਦ ਅਤੇ ਇਕ ਮਹਿਮਾਨਖਾਨਾ ਵੀ ਹੈ। ਮਹਿਮਾਨਖਾਨਾ ਬਿਲੁਕਲ ਮਸਜਿਦ ਵਰਗਾ ਹੀ ਹੈ ਸਿਵਾਏ ਇਸ ਦੇ ਕਿ ਇਸ ਵਿਚ ਕਾਬੇ ਦੀ ਦਿਸ਼ਾ ਦਰਸਾਉਂਦੀ ਮਹਿਰਾਬ ਨਹੀਂ ਹੈ। ਇਸ ਦੀ ਉਸਾਰੀ ਸਿਰਫ਼ ਮਕਬਰੇ ਦੀ ਸਮਰੂਪਤਾ ਕਾਇਮ ਰੱਖਣ ਲਈ ਹੀ ਕੀਤੀ ਗਈ।

ਮਕਬਰੇ ਦੀ ਇਮਾਰਤ ਸੱਤ ਮੀਟਰ ਉੱਚੇ ਚਬੂਤਰੇ ਉਪਰ ਸਥਿਤ ਹੈ ਜਿਸ ਦੇ ਹਰ ਕੋਨੇ ਤੇ ਇਕ ਤਿੰਨ ਮੰਜ਼ਲਾ ਮੀਨਾਰ ਹੈ। ਇਮਾਰਤ ਦੀ ਭੂ-ਯੋਜਨਾ (Ground plan) ਬਗਦਾਦੀ ਅਸ਼ਟ-ਭੁਜਾਕਾਰ ਹੈ ਜਿਸ ਨੂੰ ਵਰਗ ਆਕ੍ਰਿਤੀ ਦੇ ਕੋਨੇ ਕੱਟ ਕੇ ਤਿਆਰ ਕੀਤਾ ਜਾਂਦਾ ਹੈ। ਹਰ ਮੱਥੇ ਵਿਚ ਇਕ ਵਿਸ਼ਾਲ 33 ਮੀਟਰ ਉੱਚੀ ਮਹਿਰਾਬ ਹੈ ਜਿਸ ਦੇ ਦੋਹੀਂ ਪਾਸੇ ਉਪਰ ਹੇਠ ਦੋ ਦੋ ਛੋਟੀਆਂ ਮਹਿਰਾਬਾਂ ਹਨ। ਅਜਿਹੀਆਂ ਹੀ ਮਹਿਰਾਬਾਂ ਹਰ ਕੋਨੇ ਵਿਚ ਹਨ ਜੋ

ਮਕਬਰੇ ਦੇ ਅੰਦਰੂਨੀ ਭਾਗ ਵਿਚ ਇਕ ਕੇਂਦਰੀ ਵੱਡਾ ਹਾ ਅਤੇ ਚਾਰ ਕੋਨਿਆਂ ਵਿਚ ਇਕ-ਇਕ ਛੋਟਾ ਕਮਰਾ ਹੈ। ਹਾਲ ਵਿਚਕਾਰ ਸੰਗਮਰਮਰ ਦੀਆਂ ਖ਼ੂਬਸੂਰਤ ਜਾਲੀਆਂ ਦੀ ਵਲਗ ਵਿਚ ਘਿਰੀਆਂ ਦੋ ਕਬਰਾਂ ਹਨ- ਪਹਿਲੀ ਮੁਮਤਾਜ਼ ਮਹਲ ਦੀ ਅ ਦੂਸਰੀ ਸ਼ਾਹਜਹਾਨ ਦੀ ਜਿਸ ਨੂੰ 31 ਜਨਵਰੀ 1666 ਨੂੰ ਉਸ ਦ ਮੌਤ ਮਗਰੋਂ ਇਸੇ ਮਕਬਰੇ ਵਿਚ ਦਫ਼ਨਾ ਦਿੱਤਾ ਗਿਆ ਸੀ। ਇ ਦੋਵੇਂ ਕਬਰਾਂ ਅਸਲ ਕਬਰਾਂ ਜੋ ਕਿ ਹੇਠਾਂ ਤਹਿਖਾਨੇ ਵਿਚ ਹ ਦੀਆਂ ਨਕਲਾਂ ਹਨ।

ਮਕਬਰੇ ਦੀ ਇਮਾਰਤ ਉਤੇ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੀ ਸਜਾਵ ਹੈ। ਕੰਧਾਂ ਉਪਰ ਤਰਾਸ਼ੇ ਹੋਏ ਉਭਰਵੇਂ ਵੇਲ ਬੂਟੇ ਹਨ। ਪੱਚੀਕਾਰੀ ਤਕਨੀਕ ਨਾਲ ਹਰ ਮੱਥੇ ਉਤੇ ਅਤੇ ਅੰਦਰੂਨੀ ਭਾਗ ਵਿਚ ਖ਼ੂਬਸੂ ਅਰਬੀ ਅੱਖਰਾਂ ਵਿਚ ਕੁਰਾਨ ਸ਼ਰੀਫ ਦੀਆਂ ਆਇਤਾਂ ਲਿਖੀਆਂ ਹੋਈ ਹਨ। ਇਤਾਲਵੀ ਕਲਾ ਸ਼ੈਲੀ (Pictra dura) ਵਿਚ ਅਨੇਕਾਂ ਰੰਗਾਂ ਕੀਮਤੀ ਪੱਥਰਾਂ ਨਾਲ ਬਣੇ ਫੁੱਲ ਪੱਤਿਆਂ ਦੇ ਨਮੂਨਿਆਂ ਦੁਆਰਾ ਸਜਾਵਟ ਕੀਤੀ ਗਈ ਹੈ। ਪਰ ਇਮਾਰਤ ਦੀ ਮੁੱਖ ਖ਼ੂਬਸੂਰਤੀ ਇਸ ਵੱਖੋ ਵੱਖ ਅੰਗਾਂ ਦਾ ਆਪਸ ਵਿਚ ਅਤੇ ਸਾਰੀ ਇਮਾਰਤ ਦਾ ਆਪ ਆਲੇ ਦੁਆਲੇ ਨਾਲ ਸੁਮੇਲ ਹੈ।

ਇਸ ਅਦਭੁਤ ਮਕਬਰੇ ਦਾ ਨਕਸ਼ਾ ਬਣਾਉਣ ਦਾ ਸਿਹਰਾ ਵ ਵੱਖ ਲੇਖਕ ਹੁਣ ਤੀਕ ਕਲਾਕਾਰਾਂ ਨੂੰ ਦਿੰਦੇ ਰਹੇ ਹਨ ਪਰ ਹੁਣ ਇ ਸਥਾਪਿਤ ਹੋ ਚੁੱਕਾ ਹੈ ਕਿ ਇਸ ਦਾ ਡਿਜ਼ਾਇਨ ਮੁਗਲ ਆਰਕੀਟੈਕ ਉਸਤਾਦ ਅਹਿਮਦ ਲਾਹੌਰੀ ਨੇ ਤਿਆਰ ਕੀਤਾ ਸੀ। ਇਮਾਰਤ ਉ ਕੁਰਾਨ ਸ਼ਰੀਫ਼ ਦੀਆਂ ਆਇਤਾਂ ਦੀ ਅੱਖਰਕਾਰੀ ਅਬਦੁਲ ਸ਼ਿਰਾਜੀ ਨਾਂ ਦੇ ਸੁਲੇਖਕ ਨੇ ਕੀਤੀ ਜਿਸ ਨੂੰ ਆਮ ਤੌਰ ਤੇ ਅਮਾਨ ਖ਼ਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜ਼ਿਲ੍ਹਾ ਅੰਮ੍ਰਿਤਸਰ ਦਾ ਪਿ ਸਰਾਏ ਅਮਾਨਤ ਖ਼ਾਨ ਇਸੇ ਅਮਾਨਤ ਖ਼ਾਨ ਦੀ 1640-41 ਵਿ ਬਣਾਈ ਵਿਸ਼ਾਲ ਸਰਾਂ ਵਿਚ ਹੀ ਵੱਸਿਆ ਹੋਇਆ ਹੈ।

ਤਾਜ ਮਹਲ ਬਾਰੇ ਪ੍ਰਚਲਿਤ ਦੋ ਰਾਵਾਂ ਨੂੰ ਦੂਰ ਕਰਨਾ ਵੀ ਜ਼ਰੂਰੀ ਹੈ। ਕੁਝ ਅਖੌਤੀ ਇਤਿਹਾਸਕਾਰ ਤੱਥਾਂ ਨੂੰ ਤੋੜ ਮਰੋੜ ਕੇ ਇਹ ਸਿੱਧ ਕਰਨ ਵਿਚ ਲੱਗੇ ਹੋਏ ਹਨ ਕਿ ਇਸ ਸ਼ਾਨਦਾਰ ਸਮਾਰਕ ਦੀ ਉਸਾਰੀ ਸ਼ਾਹਜਹਾਨ ਨੇ ਨਹੀਂ ਕਰਵਾਈ ਬਲਕਿ ਇਹ ਜਾਂ ਤਾਂ ਰਾਜਪੂਤ ਰਾਜਾ ਮਾਨ ਸਿੰਘ ਦਾ ਮਹਲ ਸੀ ਜਾਂ ਫੇਰ ਇਸ ਤੋਂ ਵੀ ਪੁਰਾਣੀ ਇਮਾਰਤ ਜਿਸ ਉਤੇ ਕਬਜ਼ਾ ਕਰਕੇ ਸ਼ਾਹਜਹਾਨ ਨੇ ਇਸ ਨੂੰ ਮਕਬਰੇ ਦਾ ਰੂਪ ਦੇ ਦਿੱਤਾ। ਇਹ ਸੱਚ ਹੈ ਕਿ ਜ਼ਮੀਨ ਦਾ ਇਹ ਟੁਕੜਾ ਜਿਥੇ ਹੁਣ ਤਾਜ ਮਹਲ ਬਣਿਆ ਹੋਇਆ ਹੈ ਪਹਿਲਾਂ ਰਾਜਾ ਮਾਨ ਸਿੰਘ ਦਾ ਹੀ ਸੀ ਜਿਸ ਤੋਂ ਸ਼ਾਹਜਹਾਨ ਨੇ ਇਸ ਦੇ ਬਦਲੇ ਹੋਰ ਜ਼ਮੀਨ ਦੇ ਕੇ ਇਹ ਪ੍ਰਾਪਤ ਕੀਤਾ ਪਰ ਇਹ ਕਹਿਣਾ ਗਲਤ ਹੈ ਕਿ ਇਸ ਜ਼ਮੀਨ ਵਿਚ ਤਾਜ ਦੀ ਇਮਾਰਤ ਵੀ ਪਹਿਲਾਂ ਹੀ ਬਣੀ ਹੋਈ ਸੀ। ਮੱਧਕਾਲ ਵਿਚ ਲਿਖੇ ਕਿਸੇ ਵੀ ਇਤਿਹਾਸ, ਜਿਨ੍ਹਾਂ ਵਿਚੋਂ ਕਈਆਂ ਦੇ ਲੇਖਕ ਹਿੰਦੂ ਵੀ ਸਨ, ਵਿਚ ਅਜੇਹੀ ਕਿਸੇ ਗਲ ਵਲ ਇਸ਼ਾਰਾ ਵੀ ਨਹੀਂ ਹੈ। ਇਸ ਦੇ ਉਲਟ ਸਮਕਾਲੀਨ ਇਤਿਹਾਸਕ ਪੁਸਤਕਾਂ ਵਿਚ ਤਾਜ ਮਹਲ ਦੀ ਉਸਾਰੀ ਸੰਬਧੀ ਕੁਝ ਵੇਰਵੇ ਜ਼ਰੂਰ ਮਿਲਦੇ ਹਨ। ਇਸ ਸਮੇਂ ਦੌਰਾਨ ਅਨੇਕਾਂ ਯੂਰਪੀ ਯਾਤਰੀ ਵੀ ਭਾਰਤ ਵਿਚ ਆਏ ਅਤੇ ਉਹਨਾਂ ਨੇ ਆਪਣੇ ਯਾਤਰਾ ਵਿਵਰਣ ਵੀ ਲਿਖੇ ਪਰ ਇਨ੍ਹਾਂ ਵਿਚ ਵੀ ਕਿਤੇ ਰਾਜਾ ਮਾਨ ਸਿੰਘ ਦੇ ਮਹਲ ਦਾ ਜ਼ਿਕਰ ਨਹੀਂ ਹੈ। ਤਾਜ ਮਹਲ ਦੇ ਮੁਸਲਿਮ ਮਕਬਰਾ ਹੋਣ ਦਾ ਸਭ ਤੋਂ ਵੱਡਾ ਸਬੂਤ ਇਸ ਦੀ ਆਪਣੀ ਇਮਾਰਤ ਹੀ ਹੈ। ਕੋਈ ਵੀ ਪਰਪੱਕ ਕਲਾਕ੍ਰਿਤ ਇਕਦਮ ਅਸਮਾਨ ਤੋਂ ਨਹੀਂ ਡਿਗਦੀ। ਇਸ ਦੇ ਵਿਕਾਸ ਪਿਛੇ ਸਦੀਆਂ ਦਾ ਇਤਿਹਾਸ ਲੁਕਿਆ ਹੁੰਦਾ ਹੈ। ਤਾਜ ਮਹਲ ਦੀ ਭਵਨ ਸ਼ੈਲੀ ਦਿੱਲੀ ਵਿਚ ਨਿਜ਼ਾਮੁੱਦੀਨ ਵਿਖੇ ਸਥਿਤ ਬਾਦਸ਼ਾਹ ਹੁਮਾਯੂੰ ਦੇ ਮਕਬਰੇ ਤੋਂ ਸ਼ੁਰੂ ਹੁੰਦੀ ਹੈ। ਇਸ ਸ਼ੈਲੀ ਦਾ ਅਗਲਾ ਪੜਾਅ ਉਪਰੋਕਤ ਮਕਬਰੇ ਦੇ ਨੇੜੇ ਹੀ ਸਥਿਤ ਅਬਦੁਲ ਰਹੀਮ ਖਾਨ-ਇ-ਖਾਨਾਂ ਦਾ ਮਕਬਰਾ ਹੈ ਅਤੇ ਇਸ ਤਰ੍ਹਾਂ ਵਿਕਸਿਤ ਹੁੰਦੀ ਹੋਈ ਇਹ ਤਾਜ ਮਹਲ ਦੇ ਰੂਪ ਵਿਚ ਆਪਣੇ ਵਿਕਾਸ ਦੇ ਸਿਖ਼ਰ ਤੇ ਪੁੱਜਦੀ ਹੈ। ਇਸ ਤੋਂ ਪਹਿਲਾਂ ਦੀਆਂ ਰਾਜਪੂਤ ਇਮਾਰਤਾਂ ਵਿਚੋਂ ਕਿਸੇ ਇਕ ਦਾ ਵੀ ਡਿਜ਼ਾਇਨ ਤਾਜ ਮਹਲ ਦੇ ਨੇੜੇ ਤੇੜੇ ਵੀ ਨਹੀਂ ਹੈ। ਜੇਕਰ ਤਾਜ ਮਹਲ ਵਿਚ ਕੁਝ ਹਿੰਦੂ ਸਜਾਵਟੀ ਤੱਤ ਮੌਜੂਦ ਹਨ ਤਾਂ ਇਹ ਕੋਈ ਵਿਲਖਣ ਗੱਲ ਨਹੀਂ ਹੈ। ਭਾਰਤ ਦੀਆ ਲਗਭਗ ਸਾਰੀਆਂ ਮੁਗ਼ਲ ਇਮਾਰਤਾਂ ਵਿਚ ਅਜਿਹੇ ਨਮੂਨੇ ਘੱਟ ਜਾਂ ਵੱਧ ਮਾਤਰਾ ਵਿਚ ਮੌਜੂਦ ਹਨ। ਇਸ ਲਈ ਤਾਜ ਮਹਲ ਦੀ ਉਸਾਰੀ ਸ਼ਾਹਜਹਾਨ ਨੇ ਹੀ ਮਕਬਰੇ ਦੇ ਰੂਪ ਵਿਚ ਹੀ ਕਰਵਾਈ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਬਾਦਸ਼ਾਹ ਆਪਣੀ ਕਬਰ ਲਈ ਜਮਨਾ ਨਦੀ ਦੇ ਦੂਜੇ ਕੰਢੇ ਉਤੇ ਸੰਗਮਰਮਰ ਦਾ ਇਕ ਹੋਰ ਤਾਜ ਮਹਲ ਬਣਵਾਉਣਾ ਚਾਹੁੰਦਾ ਸੀ ਅਤੇ ਇਨ੍ਹਾਂ ਦੋਹਾਂ ਸਮਾਰਕਾਂ ਨੂੰ ਨਦੀ ਉਪਰ ਇਕ ਪੁਲ ਰਾਹੀਂ ਜੋੜਿਆ ਜਾਣਾ ਸੀ। ਇਸ ਤੱਥ ਦਾ ਆਧਾਰ ਸਤਾਰਵੀਂ ਸਦੀ ਵਿਚ ਭਾਰਤ ਆਏ ਇਕ ਸੈਲਾਨੀ ਵਪਾਰੀ ਜੇ. ਬੀ. ਟੇਵਰਨੀਏ ਦੇ ਯਾਤਰਾ ਬਿਰਤਾਂਤ ਵਿਚ ਦਰਜ ਕੁਝ ਲਾਈਨਾਂ ਹਨ। ਜੋ ਖੰਡਰ ਜਮਨਾ ਦੇ ਦੂਜੇ ਪਾਸੇ ਕਾਲੇ ਤਾਜਮਹਲ ਦੀਆਂ ਨੀਹਾਂ ਕਹੇ ਜਾਂਦੇ ਹਨ ਉਹ ਅਸਲ ਵਿਚ ਬਾਬਰ ਦੇ ਬਣਵਾਏ ਮਹਤਾਬੀ ਬਾਗ ਹਨ। ਹੁਣ ਤੀਕ ਹੋਈਆਂ ਖੋਜਾਂ ਤਾਂ ਇਹੋ ਸਿੱਧ ਕਰਦੀਆਂ ਹਨ ਕਿ ਟੇਵਰਨੀਏ ਦਾ ਵਰਨਣ ਸਿਰਫ਼ ਬਾਜ਼ਾਰੂ ਚਰਚਾ ਉਤੇ ਆਧਾਰਤ ਹੈ ਅਤੇ ਦੂਜਾ ਤਾਜ ਮਹਲ ਇਕ ਰੋਮਾਂਟਿਕ ਕਲਪਨਾ ਮਾਤਰ ਹੈ। ਸੰਨ 1996 ਵਿਚ ਅਮਰੀਕੀ ਸੰਸਥਾ ਸਮਿਥਸੋਨੀਅਨ ਇੰਸਟੀਚਿਊਟ ਦੇ ਕੁਝ ਮਾਹਰ ਵੀ ਤਾਜ ਮਹਲ ਦੀ ਅਸਲੀਅਤ ਬਾਰੇ ਖੋਜ ਕਰਨ ਲਈ ਭਾਰਤ ਵਿਚ ਆਏ ਸਨ। ਅੰਤਮ ਰੂਪ ਵਿਚ ਇਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਜਿਸ ਵੀ ਰੂਪ ਵਿਚ ਤਾਜ ਮਹਲ ਮੌਜੂਦ ਹੈ ਇਹ ਭਾਰਤ ਦੀ ਹੀ ਨਹੀਂ ਸਗੋਂ ਵਿਸ਼ਵ ਦੀ ਉਸਾਰੀ ਕਲਾ ਦੇ ਇਤਿਹਾਸ ਵਿਚ ਇਕ ਸ੍ਰੇਸ਼ਠ ਕਲਾਕ੍ਰਿਤ ਹੈ। ਉਸਾਰੀ ਕਲਾ ਵਿਚ ਇਸ ਸਮਾਰਕ ਨੂੰ ਉਹੋ ਸਥਾਨ ਪ੍ਰਾਪਤ ਹੈ ਜੋ ਚਿੱਤਰਕਲਾ ਦੇ ਜਗਤ ਵਿਚ 'ਮੋਨਾ ਲਿਜ਼ਾ' ਨੂੰ। ਮੁਮਤਾਜ਼ ਮਹਲ ਦੀ ਯਾਦ ਵਿਚ ਬਣਿਆ 'ਤਾਜ ਮਹਲ' ਮਧਕਾਲ ਦੇ ਸਤ ਅਜੂਬਿਆਂ ਵਿਚੋਂ ਇਕ ਅਜੂਬਾ ਗਿਣਿਆ ਜਾਂਦਾ ਹੈ।

ਸੁਭਾਸ਼ ਪਰਿਹਾਰ

**ਤਾਜਿਕਸਤਾਨ** : ਇਹ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ (ਸਾਬਕਾ ਸੋਵੀਅਤ ਯੂਨੀਅਨ) ਦਾ ਇਕ ਸੁਤੰਤਰ ਗਣਰਾਜ ਹੈ ਜਿਹੜਾ ਆਮੂ ਦਰਿਆ (ਆਕਸਸ) ਤੋਂ ਉੱਤਰ ਵੱਲ ਵਾਕਿਆ ਹੈ। ਉੱਤਰ ਅਤੇ ਪੱਛਮ ਵੱਲ ਇਸ ਦੀਆਂ ਹੱਦਾਂ ਉਜ਼ਬੇਕਿਸਤਾਨ ਅਤੇ ਕਿਰਗੀਜ਼ੀਆ, ਪੂਰਬ ਵੱਲ ਚੀਨੀ ਤੁਰਕਿਸਤਾਨ ਅਤੇ ਦੱਖਣ ਵੱਲ ਅਫ਼ਗਾਨਿਸਤਾਨ ਨਾਲ ਲਗਦੀਆਂ ਹਨ। ਇਸ ਦਾ ਕੁੱਲ ਰਕਬਾ 1,43,100 ਵ. ਕਿ. ਮੀ. (55,240 ਵ. ਮੀਲ) ਅਤੇ ਆਬਾਦੀ 53,58,000 (1991) ਹੈ। ਡੂਸ਼ੈਂਬਾ ਇਥੋਂ ਦੀ ਰਾਜਧਾਨੀ ਹੈ।

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ** — ਇਹ ਇਕ ਪਹਾੜੀ ਇਲਾਕਾ ਹੈ ਜਿਸ ਦੇ ਸਾਰੇ ਪੂਰਬੀ ਭਾਗ ਨੂੰ ਪਾਮੀਰ ਅਤੇ ਟ੍ਰਾਂਸ ਅਲਾਈ ਪਰਬਤਾਂ ਨੇ ਮੱਲਿਆ ਹੋਇਆ ਹੈ। ਇਸ ਗਣਰਾਜ ਵਿਚ ਪੂਰਬ ਤੋਂ ਪੱਛਮ ਦਿਸ਼ਾ ਵਿਚ ਫੈਲੀਆਂ ਕਈ ਪਰਬਤ ਲੜੀਆਂ ਹਨ ਜਿਨ੍ਹਾਂ ਵਿਚ ਪੱਛਮ ਵੱਲ ਫੈਲੀ ਜੈਰਅਫਸ਼ਾਸਕੀ ਅਤੇ ਗਿੱਸਾਰਸਕੀ ਪਰਬਤ ਲੜੀ ਅਤੇ ਪੀਟਰ-1, ਟ੍ਰਾਂਸ ਅਲਾਈ ਅਤੇ ਪਾਮੀਰ ਦੀਆਂ ਉੱਤਰੀ ਅਤੇ ਦੱਖਣੀ ਅਲੀਚੁਰਸਕੀ ਪਰਬਤ ਲੜੀਆਂ ਸ਼ਾਮਲ ਹਨ। ਉੱਤਰ ਤੋਂ ਦੱਖਣ ਦਿਸ਼ਾ ਵਿਚ ਫੈਲੀ ਸਾਰੀਕਾਲਸਕੀ ਪਰਬਤ ਲੜੀ ਇਸ ਗਣਰਾਜ ਦੀ ਪੂਰਬੀ ਹੱਦ ਬਣਾਉਂਦੀ ਹੈ। ਪਾਮੀਰ ਦੇ ਉੱਤਰ ਵੱਲ 7,495 ਮੀ. (24,590 ਫੁੱਟ) ਉੱਚੀ ਕਮਿਊਨਿਜ਼ਮ ਚੋਟੀ (ਸਾਬਕਾ ਪਿਕ ਸਟਾਲਿਨਾ ) ਅਤੇ 7,134 ਮੀ. (23, 405 ਫੁੱਟ) ਉੱਚੀ ਲੈਨਿਨ ਚੋਟੀ ਅਤੇ ਪਾਮੀਰ ਦੇ ਦੱਖਣ ਵੱਲ 6,116 ਮੀ. (22,067 ਫੁੱਟ) ਉੱਚੀ ਕਾਰਲ ਮਾਰਕਸ ਚੋਟੀ, ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਦੀਆਂ ਸਭ ਤੋਂ ਉੱਚੀਆਂ ਚੋਟੀਆਂ ਹਨ।

**ਜਲਪ੍ਰਵਾਹ** — ਇਥੇ ਦਰਿਆਵਾਂ ਦਾ ਸੰਘਣਾ ਜਾਲ ਵਿਛਿਆ ਹੋਇਆ ਹੈ। ਸਿਰ ਅਤੇ ਆਮੂ ਦੋਵੇਂ ਦਰਿਆਵਾਂ ਦਾ ਆਪਣੀ ਸਹਾਇਕ ਨਦੀਆਂ ਵਾਕਸ਼ ਅਤੇ ਕਾਫ਼ਰਨਿਗਾਨ ਸਮੇਤ ਸਭ ਤੋਂ



**ਤਾਜਿਕਸਤਾਨ ਅਤੇ ਕਿਰਗੀਜੀਆ ਵਿਚਕਾਰ ਹੱਦਬੰਦੀ ਕਰਦੀ ਹੋਈ ਕਾੱਮਨਵੈੱਲਥ ਆਫ ਇੰਡੀਪੈਂਡੈਂਟ ਸਟੇਟਸ ਦੀ ਦੂਜੀ ਵੱਡੀ ਪਰਬਤੀ ਚੋਟੀ 'ਮਾਊਂਟ ਲੈਨਿਨ'**

ਲੰਬਾ ਦਰਿਆਈ ਮਾਰਗ ਹੈ। ਵਾਕਸ਼-ਆਮੂ ਦਰਿਆ ਦੇ ਸੰਗਮ ਤੋਂ ਉਪਰਲੇ ਪਾਸੇ ਵੱਲ ਆਮੂ ਦਰਿਆ ਦਾ ਨਾਂ ਪਿਆਂਨਜ਼ (Pyandzh) ਹੈ ਜੋ ਇਸ ਗਣਰਾਜ ਦੀ ਦੱਖਣੀ ਹੱਦ ਦਾ ਕਾਫੀ ਹਿੱਸਾ ਬਣਾਉਂਦਾ ਹੈ। ਇਸ ਗਣਰਾਜ ਦੇ ਮੱਧਵਰਤੀ ਹਿੱਸੇ ਵਿਚੋਂ ਦੀ ਵਹਿਣ ਵਾਲੇ ਹੋਰਨਾਂ ਦਰਿਆਵਾਂ ਵਿਚੋਂ ਜ਼ੇਰਐਫਸ਼ਾਨ ਦਰਿਆ ਪ੍ਰਮੁੱਖ ਹੈ। ਬਹੁਤਾ ਕਰਕੇ ਨਦੀਆਂ ਅਰਲ ਸਾਗਰ ਬੇਸਿਨ ਵਿਚ ਜਾ ਕੇ ਡਿਗਦੀਆਂ ਹਨ ਪਰ ਪਾਮੀਰਜ਼ ਤੋਂ ਥੱਲੇ ਨੂੰ ਵੱਗਣ ਵਾਲੀਆਂ ਕੁਝ ਛੋਟੀਆਂ ਛੋਟੀਆਂ ਨਦੀਆਂ ਕੈਰਾਕੁਲ ਨਾਂ ਦੀ ਨਿਕਾਸ ਰਹਿਤ ਝੀਲ ਵਿਚ ਜਾ ਡਿਗਦੀਆਂ ਹਨ। ਇਥੋਂ ਦੇ ਦਰਿਆਵਾਂ ਵਿਚ ਇਕ ਸਾਲ ਵਿਚ ਦੋ ਵਾਰ ਪਾਣੀ ਪੂਰੇ ਜ਼ੋਰਾਂ ਤੇ ਹੁੰਦਾ ਹੈ। ਇਕ ਤਾਂ ਬਸੰਤ ਰੁੱਤ ਵਿਚ ਜਦੋਂ ਪਰਬਤਾਂ ਤੋਂ ਬਰਫ਼ ਪਿਘਲਦੀ ਹੈ ਅਤੇ ਵਰਖਾ ਹੁੰਦੀ ਹੈ ਅਤੇ ਦੂਜਾ ਗਰਮੀਆਂ ਵਿਚ ਜਦੋਂ ਗਲੇਸ਼ੀਅਰ ਪਿਘਲਣਾ ਸ਼ੁਰੂ ਕਰਦੇ ਹਨ। ਗਰਮੀਆਂ ਦਾ ਪਾਣੀ ਤਾਂ ਵਿਸ਼ੇਸ਼ ਤੌਰ ਤੇ ਸਿੰਜਾਈ ਲਈ ਬਹੁਤ ਹੀ ਲਾਹੇਵੰਦ ਹੈ। ਕਮਿਊਨਿਜ਼ਮ ਚੋਟੀ ਤੋਂ ਦੱਖਣ ਵੱਲ 80 ਕਿ. ਮੀ. (50 ਮੀਲ) ਲੰਬੀ ਲੈਡਨਿਕ ਫੈਡਚੈਂਕੋ ਨਾਂ ਦੀ ਸੰਸਾਰ ਦੀ ਸਭ ਤੋਂ ਲੰਬੀ ਮਹਾਂਦੀਪੀ ਬਰਫ਼ੀਲੀ ਨਦੀ ਹੈ। ਫਰਗਾਨਾ ਵਾਦੀ ਵਿਚ ਸਿਰ ਦਰਿਆ ਦੇ ਤਾਜਿਕਸਤਾਨ ਵੱਲ ਦੇ ਹਿੱਸੇ ਵੱਲ ਜ਼ੇਰਐਫਸ਼ਾਨ ਦਰਿਆ ਜਿਹੜਾ ਬੁਖਾਰਾ ਦੇ ਨੇੜਿਓਂ ਉਜ਼ਬੇਕ ਮਾਰੂਥਲ ਵਿਚ ਲੁਪਤ ਹੋ ਜਾਂਦਾ ਹੈ ਅਤੇ ਮਰਕਾਂਸੂ ਦਰਿਆ ਜਿਹੜਾ ਸਿਨਜੀਆਂਗ ਦੇ ਅੰਦਰ ਵੱਲ ਨੂੰ ਵਹਿੰਦਾ ਹੈ, ਤੋਂ ਇਲਾਵਾ ਗਲੇਸ਼ੀਅਰਾਂ ਦੇ ਪਿਘਲਣ ਨਾਲ ਹੋਂਦ ਵਿਚ ਆਈਆਂ ਸਾਰੀਆਂ ਨਦੀਆਂ ਆਮੂ ਦਰਿਆ ਦੇ ਸੱਜੇ ਪਾਸੇ ਵੱਲ ਦੀਆਂ ਸਹਾਇਕ ਨਦੀਆਂ ਹਨ। ਆਮੂ ਦਰਿਆ ਅਫ਼ਗਾਨਿਸਤਾਨ ਵੱਲ ਪੈਂਦੇ ਹਿੰਦੂਕੁਸ਼ ਪਰਬਤਾਂ ਵਿਚੋਂ ਨਿਕਲਦਾ ਹੈ। ਵਾਖਨ ਦਰਿਆ ਅਤੇ ਪਿਆਂਨਜ਼ (ਜਿਸ ਤੋਂ ਭਾਵ ਹੈ ਪੰਜ) ਦਰਿਆ ਦੀ ਤਰ੍ਹਾਂ ਆਮੂ ਦਰਿਆ ਵੀ ਬਹੁਤਾ ਕਰਕੇ ਅਫ਼ਗਾਨਿਸਤਾਨ ਅਤੇ ਤਾਜਿਕਸਤਾਨ ਵਿਚਕਾਰ ਹੱਦ ਬਣਾਉਂਦਾ ਹੈ। ਇਸ ਤੋਂ ਬਾਅਦ ਆਮੂ ਦਰਿਆ ਵਿਚ ਕਿਰਗੀਜ਼ੀਆ ਵਿਚੋਂ ਨਿਕਲਣ ਵਾਲਾ ਵਾਕਸ਼ ਦਰਿਆ ਆ ਕੇ ਮਿਲਦਾ ਹੈ ਜਿਸ ਨੂੰ ਪਹਿਲਾਂ ਕਜ਼ਿਲ-ਸੂ (ਉਜ਼ਬੇਕ ਭਾਸ਼ਾ ਵਿਚ 'ਲਾਲ ਦਰਿਆ') ਅਤੇ ਹੋਰ ਹੇਠਾਂ ਸੁਰਖ ਆਬ, ਫਾਰਸੀ ਭਾਸ਼ਾ ਵਿਚ ਲਾਲ ਦਰਿਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਗਲੇਸ਼ੀਅਰਾਂ ਜਾਂ ਐਵਲਾਂਸ਼ਾਂ ਦੁਆਰਾ ਪਾਮੀਰਜ਼ ਵਿਚ ਕਈ ਝੀਲਾਂ ਹੋਂਦ ਵਿਚ ਆ ਗਈਆਂ ਹਨ ਜਿਨ੍ਹਾਂ ਨੇ ਮੌਜੂਦਾ ਨਦੀਆਂ ਦੇ ਪਾਣੀਆਂ ਨੂੰ ਠੱਲ੍ਹ ਪਾ ਦਿੱਤੀ ਹੈ। ਕੈਰਾਕੁਲ ਸਭ ਤੋਂ ਵੱਡੀ ਗਲੇਸ਼ਵਰੀ ਝੀਲ ਹੈ ਜਿਸ ਨੇ 461 ਵ. ਕਿ. ਮੀ. (141 ਵ. ਮੀਲ) ਦਾ ਰਕਬਾ ਮੱਲਿਆ ਹੋਇਆ ਹੈ। ਇਹ ਝੀਲ 238 ਮੀ. (780 ਫੁੱਟ) ਡੂੰਘੀ ਹੈ। ਅਜਿਹੀਆਂ ਟੈਕਟਾਨੀ ਮੂਲ ਦੀਆਂ ਝੀਲਾਂ ਵਿਚੋਂ ਹੀ 911 ਈ. ਵਿਚ ਬਣੀ ਸਾਰੇਜ਼ਕਾਈ-ਓਜੀਰੋ ਨਾਂ ਦੀ ਇਕ ਝੀਲ ਸਭ ਤੋਂ ਵੱਡੀ ਅਤੇ ਨਵੀਨਤਮ ਹੈ ਜਿਹੜੀ ਕਿ 61 ਕਿ. ਮੀ. (38 ਮੀਲ) ਲੰਬੀ ਅਤੇ 405 ਮੀ. (1,657 ਫੁੱਟ) ਡੂੰਘੀ ਹੈ।

**ਜਲਵਾਯੂ** — ਇਥੋਂ ਦੀ ਜਲਵਾਯੂ ਮਹਾਂਦੀਪੀ ਹੈ ਅਤੇ ਉੱਚਾਈ ਦੇ ਨਾਲ ਨਾਲ ਇਸ ਵਿਚ ਭਿੰਨਤਾ ਵੀ ਮਿਲਦੀ ਹੈ। ਨੀਵੇਂ ਖੇਤਰਾਂ ਵਿਚ ਗਰਮ ਅਤੇ ਖੁਸ਼ਕ ਜਲਵਾਯੂ ਮਿਲਦਾ ਹੈ ਅਤੇ ਸਲਾਨਾ ਵਰਖਾ ਔਸਤਨ 25 ਸੈਂ. ਮੀ. (10 ਇੰਚ) ਹੁੰਦੀ ਹੈ। ਇਥੇ ਜੁਲਾਈ ਦੇ ਮਹੀਨੇ ਵਿਚ 31° ਸੈਂ. (88° ਫਾ.) ਅਤੇ ਜਨਵਰੀ ਵਿਚ 3° ਸੈਂ. (38° ਫਾ.) ਦੇ ਦਰਮਿਆਨ ਤਾਪਮਾਨ ਬਦਲਦਾ ਰਹਿੰਦਾ ਹੈ। ਕੰਢੀ ਖੇਤਰ ਵਿਚ ਵੱਧ ਵਰਖਾ ਅਤੇ ਠੰਢ ਹੁੰਦੀ ਹੈ। 3,048 ਮੀ. (10,000 ਫੁੱਟ) ਤੋਂ ਉੱਚੇ ਪਰਬਤੀ ਖੇਤਰਾਂ ਵਿਚ ਕੇਵਲ 7.5 ਸੈਂ. ਮੀ. (3 ਇੰਚ) ਤੱਕ ਸਾਲਾਨਾ ਵਰਖਾ ਹੁੰਦੀ ਹੈ ਅਤੇ ਸਾਲਾਨਾ ਔਸਤਨ ਤਾਪਮਾਨ ਜਮਾਓ ਦਰਜੇ ਤੋਂ ਵੀ ਘੱਟ ਹੁੰਦਾ ਹੈ।

**ਬਨਸਪਤੀ ਤੇ ਜੀਵ-ਜੰਤੂ** — ਉੱਤਰ-ਪੱਛਮੀ ਹੇਠਲੀ
ਢਲਾਨਾਂ ਉੱਤੇ ਸੰਘਣੇ ਜੰਗਲ ਮਿਲਦੇ ਹਨ। ਇਥੇ ਸੈਕਸਾਲ ਝ
ਅਤੇ ਜੰਗਲੀ ਘਾਹ, ਪੱਤਝੜੀ ਅਤੇ ਕੋਣਧਾਰੀ ਜੰਗਲਾਂ ਤੋਂ ਲੈ
ਐਲਪਾਈਨ ਚਰਾਗਾਹਾਂ ਵਰਗੀ ਕਈ ਕਿਸਮ ਦੀ ਬਨਸਪ
ਮਿਲਦੀ ਹੈ। ਇਥੇ ਕਈ ਕਿਸਮ ਦੇ ਜਾਨਵਰ ਵੀ ਮਿਲਦੇ ਹ
ਦੱਖਣੀ ਨੀਵੇਂ ਖੇਤਰਾਂ ਵਿਚ ਚੀਤੇ, ਹਿਰਨ ਅਤੇ ਕਈ ਤਰ੍ਹਾਂ
ਜਲ-ਪੰਛੀ ਮਿਲਦੇ ਹਨ। ਉੱਚੀਆਂ ਪਠਾਰਾਂ ਉੱਤੇ ਰੋਡ ਅਤੇ 1
ਮੀ. (4½ ਫੁੱਟ) ਤੱਕ ਲੰਬੀਆਂ ਛਿਪਕਲੀਆਂ ਮਿਲਦੀਆਂ ਹਨ ਅ
ਪਾਮੀਰਜ਼ ਵਿਚ ਰਿੱਛ ਅਤੇ ਪਹਾੜੀ ਭੇਡਾਂ ਮਿਲਦੀਆਂ ਹਨ।

## ਇਤਿਹਾਸ

ਤਾਜਿਕ ਲੋਕ ਫਾਰਸੀ ਬੋਲਣ ਵਾਲੀ ਈਰਾਨੀ ਨਸਲ ਵਿ
ਹਨ। ਇਹ ਪ੍ਰਸ਼ੀਆ ਅਤੇ ਮਕਦੂਨੀਆਂ ਦੇ ਸਿਕੰਦਰ ਮਹਾਨ
ਸਾਮਰਾਜਾਂ ਵਿਚ ਸ਼ਾਮਲ ਹੁੰਦੇ ਸਨ। ਅੱਠਵੀਂ ਸਦੀ ਵਿਚ ਅਰਬਾਂ
ਆਮੂ ਦਰਿਆ ਨੂੰ ਪਾਰ ਕਰ ਲਿਆ ਅਤੇ ਤਾਜਿਕ ਦੁਆਰਾ ਵਸ
ਸਾਗਡੀਐਨਾ ਦੇ ਇਲਾਕੇ ਨੂੰ ਜਿੱਤ ਲਿਆ ਅਤੇ ਉਸ ਦਾ
ਮਵੇਰਾ-ਅਨ-ਨਾਹਰ (ਦਰਿਆ ਤੋਂ ਪਰ੍ਹੇ ਦਾ ਖੇਤਰ) ਰੱਖਿਆ।
ਸਦੀਆਂ ਬਾਅਦ ਉੱਤਰ-ਪੂਰਬ ਦੇ ਪਹਿਲੇ ਤੁਰਕੀ ਹਮਲਾਵਰਾਂ
ਮਵੇਰਾ-ਅਨ-ਨਾਹਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਉਸ
ਜਿੱਤੇ ਗਏ ਅਤੇ ਜੇਤੂ ਲੋਕ ਦੋਵੇਂ ਹੀ ਮੁਸਲਮਾਨ ਸਨ। ਇਸ ਲ
ਮੁੱਖ ਤੌਰ ਤੇ ਸਿਰ ਦਰਿਆ ਅਤੇ ਆਮੂ ਦਰਿਆ ਦੀਆਂ ਵਾਦੀ
ਵਿਚ ਰਹਿਣ ਵਾਲੇ ਕਈ ਤਾਜਿਕ ਲੋਕ ਤੁਰਕ ਬਣ ਗਏ।

ਅਠ੍ਹਾਰਵੀਂ ਸਦੀ ਦੇ ਮੱਧ ਤੱਕ ਤਾਜਿਕ ਲੋਕ ਬੁਖ਼ਾਰਾ
ਅਮੀਰਸ਼ਾਹੀ ਦਾ ਹੀ ਇਕ ਹਿੱਸਾ ਸਨ ਪਰ ਮਗਰੋਂ ਅਫ਼ਗਾਨਾਂ
ਤਾਜਿਕ ਲੋਕਾਂ ਦੇ ਹੀ ਇਕ ਪ੍ਰਾਚੀਨ ਸਭਿਆਚਾਰਕ ਕੇਂਦਰ, ਬ
ਸ਼ਹਿਰ ਸਮੇਤ ਆਮੂ ਦਰਿਆ ਦੇ ਦੱਖਣ ਅਤੇ ਦੱਖਣ-ਪੱਛਮ
ਪੈਂਦੇ ਤਾਜਿਕ ਵਸੋਂ ਵਾਲੇ ਖੇਤਰਾਂ ਨੂੰ ਜਿੱਤ ਲਿਆ। ਤਾਜਿਕ ਖੇ
ਦੀ ਹੋਰ ਵੰਡ 1895 ਈ. ਵਿਚ ਹੋਈ ਜਦੋਂ ਐਂਗਲੋ-ਰੂਸੀ ਕਮਿ
ਨੇ ਪਿਆਂਨਜ਼ ਦਰਿਆ ਉੱਤੇ ਅਫ਼ਗਾਨਿਸਤਾਨ ਦੀ ਉੱਤਰੀ
ਨਿਰਧਾਰਿਤ ਕੀਤੀ ਅਤੇ ਵਾਖਨ ਦਰਿਆ ਉੱਤੇ ਚੀਨ ਦੀ ਹੱਦ
ਜਾਂਦੇ ਇਕ ਅਫ਼ਗਾਨ ਲਾਂਘੇ ਦੁਆਰਾ ਰੂਸੀ ਅਤੇ ਭਾਰਤੀ ਸਾਮਰਾ
ਨੂੰ ਵੱਖ ਵੱਖ ਕਰ ਦਿੱਤਾ।

ਸੰਨ 1917 ਦੀ ਰੂਸੀ ਕ੍ਰਾਂਤੀ ਤੋਂ ਬਾਅਦ ਤਾਜਿਕ ਲੋਕਾਂ
ਇਕ ਅਹਿਮ ਹਿੱਸਾ ਅਪ੍ਰੈਲ, 1918 ਵਿਚ ਸਥਾਪਿਤ
ਤੁਰਕਿਸਤਾਨ ਖ਼ੁਦਮੁਖ਼ਤਾਰ ਸੋਵੀਅਤ ਸਮਾਜਵਾਦੀ ਗਣਰਾਜ ਵਿ
ਸ਼ਾਮਲ ਕਰ ਲਿਆ ਗਿਆ ਸੀ। 23 ਅਗਸਤ, 1920 ਨੂੰ
ਕ੍ਰਾਂਤੀ ਬੁਖ਼ਾਰਾ ਦੇ ਖ਼ਾਨ ਸ਼ਾਸਨ ਤੱਕ ਫੈਲ ਗਈ ਅਤੇ ਉਸ ਵੇਲੇ
ਵਿਚ ਅਜੋਕੇ ਤਾਜਿਕ ਸੋਵੀਅਤ ਸਮਾਜਵਾਦੀ ਗਣਰਾਜ ਦੇ ਕ
ਹੇਠ ਆਏ ਇਲਾਕੇ ਦਾ ਸਭ ਤੋਂ ਜ਼ਿਆਦਾ ਹਿੱਸਾ ਸ਼ਾਮਲ ਹੁੰਦਾ
ਅਕਤੂਬਰ, 1920 ਵਿਚ ਬੁਖ਼ਾਰਾ ਪੀਪਲਜ਼ ਸੋਵੀਅਤ ਗਣਰਾਜ
ਵਿਚ ਆ ਗਿਆ ਅਤੇ 1921 ਈ. ਦੇ ਸ਼ੁਰੂ ਵਿਚ ਸੋਵੀਅਤ ਫ਼ੌਜ
ਡੂਸ਼ੈਂਬਾ ਅਤੇ ਕੁਲਯੈਬ ਉੱਤੇ ਕਬਜ਼ਾ ਕਰ ਲਿਆ। ਸੰਨ 1922
1923 ਈ. ਦੀਆਂ ਗਰਮੀਆਂ ਤੱਕ ਤਾਜਿਕਸਤਾਨ ਵਿਚ ਬੈਸਮ
ਕ੍ਰਾਂਤੀ ਖੜੀ ਹੋ ਗਈ ਅਤੇ 1926 ਈ. ਤੱਕ ਪੂਰਬੀ ਬੁਖ਼ਾਰਾ
ਇਬਰਾਹੀਮ ਬੈਕ ਦੀ ਅਗਵਾਈ ਹੇਠ ਵਿਦਰੋਹੀ ਜਥੇਬੰਦ
ਕ੍ਰਾਂਤੀਕਾਰੀ ਕਾਰਵਾਈਆਂ ਕਰਦੀਆਂ ਰਹੀਆਂ। ਸੰਨ 1924
ਤਾਜਿਕ ਖ਼ੁਦਮੁਖ਼ਤਾਰ ਸੋਵੀਅਤ ਸਮਾਜਵਾਦੀ ਗਣਰਾਜ ਨੂੰ ਉਜ਼
ਸੋਵੀਅਤ ਸਮਾਜਵਾਦੀ ਗਣਰਾਜ ਦੇ ਇਕ ਹਿੱਸੇ ਵਜੋਂ ਸਥਾ
ਕੀਤਾ ਗਿਆ। ਜਨਵਰੀ, 1925 ਵਿਚ ਪਾਮੀਰਜ਼ ਦੇ ਕਾ
ਕਿਰਗੀਜ਼ ਅਤੇ ਤਾਜਿਕ ਹਿੱਸਿਆਂ ਵਿਚੋਂ ਹੀ ਇਕ ਵਿਸ਼ੇਸ਼ ਪਾਮੀ
ਆੱਬਲਸਤ ਸਥਾਪਿਤ ਕੀਤੀ ਗਈ। ਦਸੰਬਰ, 1925 ਵਿਚ

ਅੱਬਲਸਤ ਦਾ ਨਵਾਂ ਨਾਂ ਗਾੱਰਨੋ ਬਦਖ਼ਸ਼ਾਂ ਖੁਦਮੁਖ਼ਤਾਰ ਅੱਬਲਸਤ ਰੱਖਿਆ ਗਿਆ। ਇਸ ਤਰ੍ਹਾਂ ਤਾਜਿਕਸਤਾਨ ਵਿਚ ਪੂਰਬੀ ਬੁਖ਼ਾਰਾ, ਸਮਰਕੰਦ ਕਾਉਂਟੀ ਦੇ ਸੱਤ ਪੇਂਡੂ ਜ਼ਿਲ੍ਹੇ, ਕੋਜੈਂਟ (ਬਾਅਦ ਵਿਚ ਲੈਨਿਨਾਬਾਦ) ਕਾਉਂਟੀ ਦੇ ਪੰਜ ਦੱਖਣੀ ਪੇਂਡੂ ਜ਼ਿਲ੍ਹੇ ਅਤੇ ਪਾਮੀਰ ਖੇਤਰ ਦੇ ਛੇ ਪੇਂਡੂ ਜ਼ਿਲ੍ਹੇ ਵਰਗੇ ਸਾਬਕਾ ਪ੍ਰਸ਼ਾਸਕੀ ਯੂਨਿਟ ਸ਼ਾਮਲ ਹੁੰਦੇ ਸਨ। 5 ਦਸੰਬਰ, 1929 ਨੂੰ ਇਸ ਗਣਰਾਜ ਨੂੰ ਸੋਵੀਅਤ ਸਮਾਜਵਾਦੀ ਗਣਰਾਜ ਦਾ ਦਰਜਾ ਪ੍ਰਾਪਤ ਹੋਇਆ। ਅਗਸਤ, 1990 ਵਿਚ ਤਾਜਿਕ ਸੁਪਰੀਮ ਸੋਵੀਅਤ ਨੇ ਗਣਰਾਜ ਪ੍ਰਭੁਸਤਾ ਹਾਸਲ ਕੀਤੀ ਅਤੇ ਦਸੰਬਰ, 1991 ਵਿਚ ਇਹ ਗਣਰਾਜ ਕਾਮਨਵੈਲੱਥ ਆਫ਼ ਇੰਡੀਪੈਂਡੈਂਟ ਸਟੇਟਸ' ਦਾ ਇਕ ਮੈਂਬਰ ਬਣ ਗਿਆ।

ਆਰਥਿਕਤਾ

**ਖਣਿਜ** — ਇਥੇ ਲੋਹਾ, ਸਿੱਕਾ, ਜਿਸਤ, ਐਂਟੀਮਨੀ, ਪਾਰਾ, ਸੋਨੇ, ਟਿਨ ਅਤੇ ਟੰਗਸਟਨ ਵਰਗੇ ਖਣਿਜ ਪਦਾਰਥਾਂ ਦੇ ਅਮੀਰ ਭੰਡਾਰ ਹਨ। ਲੂਣ, ਕਾਰਬੋਨੇਟ, ਫਲੋਰਾਈਟ, ਸੰਖੀਆ, ਕੁਆਰਟਜ ਰੇਤ, ਐਸਬੈਸਟਸ ਅਤੇ ਕੀਮਤੀ ਪੱਥਰਾਂ ਵਰਗੀਆਂ ਧਾਤਾਂ ਮਿਲਦੀਆਂ ਹਨ। ਕੋਲਾ ਪ੍ਰਮੁੱਖ ਖਣਿਜੀ ਬਾਲਣ ਹੈ। ਇਥੇ ਪੈਟਰੋਲ ਅਤੇ ਕੁਦਰਤੀ ਗੈਸ ਦੇ ਵੀ ਕਾਫ਼ੀ ਭੰਡਾਰ ਹਨ। ਇਥੋਂ ਦੀ ਕੁਦਰਤੀ ਦੌਲਤ ਵਿਚ ਚਿਕਿਤਸਕ ਖਣਿਜੀ ਚਸ਼ਮੇ ਵੀ ਸ਼ਾਮਲ ਹਨ। ਕਿਮ ਅਤੇ ਨੈਫਤੇਆਬਾਦ ਤੋਂ ਤੇਲ ਕੱਢਿਆ ਜਾਂਦਾ ਹੈ। ਪਣ-ਬਿਜਲੀ ਸਾਧਨਾਂ ਵਿਚ ਵੀ ਇਸ ਦਾ ਅਹਿਮ ਸਥਾਨ ਹੈ। ਸਿਰ ਦਰਿਆ ਤੇ ਕਾਈਰੈਕ-ਕੁਮ ਵਿਖੇ ਅਤੇ ਵਾਕਸ਼ ਨਹਿਰ ਉੱਤੇ ਪੈਰਾਐਡਨਯਾ ਵਿਖੇ ਪ੍ਰਮੁੱਖ ਪਾਵਰ ਸਟੇਸ਼ਨ ਸਥਾਪਿਤ ਹਨ।

**ਸਿੰਜਾਈ** — ਇਥੇ 1930 ਵਿਆਂ ਦੇ ਅੰਤ ਵਿਚ ਵਾਕਸ਼ ਅਤੇ ਗਿਸਾਰ ਦੋ ਮੁੱਖ ਨਹਿਰਾਂ ਬਣਾਈਆਂ ਗਈਆਂ। ਇਸ ਦੇ ਨਾਲ ਹੀ ਗ੍ਰੇਟ ਫ਼ਰਗਾਨਾ ਅਤੇ ਉੱਤਰੀ ਫ਼ਰਗਾਨਾ ਨਹਿਰਾਂ ਨਾਂ ਦੇ ਦੋ ਸਾਂਝੇ ਤਾਜਿਕ ਉਜ਼ਬੇਕ ਪ੍ਰਾਜੈਕਟ ਬਣਾਏ ਗਏ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਡੈਲਵਰਜ਼ਿਨ ਅਤੇ ਪਰਖਾਰ- ਚੁਬੈੱਕ ਸਿੰਜਾਈ ਪ੍ਰਣਾਲੀਆਂ, ਮੁਮਿਨਾਬਾਦ, ਕੈਟਾਸੇ ਅਤੇ ਸੈਲਬੁਰ ਜਲ ਭੰਡਾਰ, ਹੰਗਰੀ ਮੈਦਾਨੀ ਸਿੰਜਾਈ ਪ੍ਰਨਾਲੀ ਅਤੇ ਇਕ ਸੁਰੰਗ ਜਿਸ ਰਾਹੀਂ ਵਾਕਸ਼ ਤੋਂ ਯੈਵਨਸਸ ਵਾਦੀ ਤੱਕ ਪਾਣੀ ਲਿਆਂਦਾ ਜਾਂਦਾ ਹੈ, ਦੇ ਬਨਣ ਨਾਲ, ਇਥੋਂ ਦੇ ਸਿੰਜਾਈ ਸਿਲਸਿਲੇ ਵਿਚ ਹੋਰ ਵੀ ਵਿਸਥਾਰ ਹੋ ਗਿਆ। ਸੰਨ 1954 ਵਿਚ ਵਾਰਜੋਬ ਪਣ-ਬਿਜਲੀ ਘਰ ਚਾਲੂ ਹੋਇਆ ਜਦੋਂ ਕਿ ਸਿਰ ਦਰਿਆ ਉੱਤੇ ਕੈਰਾਕ-ਕੁਮ ਪਣ-ਬਿਜਲੀ ਘਰ 1957 ਈ. ਅਤੇ ਮੁਰਗਾਬ ਵਿਖੇ ਦੋ ਹੋਰ ਪਣ-ਬਿਜਲੀ ਘਰ 1964 ਈ. ਵਿਚ ਮੁਕੰਮਲ ਹੋਏ।

**ਖੇਤੀਬਾੜੀ** — ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਸ ਤੋਂ ਇਲਾਵਾ ਪਸ਼ੂ ਪਾਲਣ, ਫਲ, ਅਨਾਜੀ ਫਸਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਕਰਨਾ ਅਤੇ ਪਾਮੀਰਜ਼ ਖੇਤਰ ਨੂੰ ਛੱਡ ਕੇ ਰੇਸ਼ਮ ਦਾ ਉਤਪਾਦਨ ਕਰਨਾ ਵੀ ਇਥੋਂ ਦੇ ਲੋਕਾਂ ਦਾ ਹੋਰ ਪ੍ਰਮੁੱਖ ਕਿੱਤੇ ਹਨ। ਕਪਾਹ ਇਥੋਂ ਦੀ ਪ੍ਰਮੁੱਖ ਫਸਲ ਹੈ ਅਤੇ ਕਣਕ ਅਤੇ ਜੌਂ ਇਥੋਂ ਦੀਆਂ ਮੁੱਖ ਅਨਾਜੀ ਫਸਲਾਂ ਹਨ ਅਤੇ ਝੋਨੇ ਦੀ ਕਾਸ਼ਤ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ। ਪੁਰਾਤਨ ਸਮੇਂ ਤੋਂ ਇਥੇ ਬਾਗ਼ਬਾਨੀ ਵੀ ਬਹੁਤ ਮਹੱਤਵਪੂਰਨ ਰਹੀ ਹੈ। ਇਥੇ ਖੁਰਮਾਣੀ, ਨਾਸ਼ਪਾਤੀ, ਸੇਬ, ਆਲੂਬੁਖਾਰਾ, ਚੈਰੀ, ਅਨਾਰ, ਅੰਜੀਰ ਅਤੇ ਗਿਰੀਦਾਰ ਫਲ ਉਗਾਏ ਜਾਂਦੇ ਹਨ। ਸੁੱਕੀਆਂ ਖੁਰਮਾਣੀਆਂ, ਗਿਰੀਦਾਰ ਫਲ (ਵਿਸ਼ੇਸ਼ ਕਰਕੇ ਬਦਾਮ) ਅਤੇ ਅੰਗੂਰ ਨਿਰਯਾਤ ਕੀਤੇ ਜਾਂਦੇ ਹਨ। "ਸੰਸਾਰ ਦੀ ਛੱਤ" ਕਰਕੇ ਜਾਣੇ ਜਾਣ ਵਾਲੇ ਪਾਮੀਰਜ਼ ਦੀ ਸਭ ਤੋਂ ਉੱਚੀ ਪਰਬਤੀ ਪਠਾਰ ਉੱਤੇ ਅਤੇ ਸਮੁੰਦਰ ਤਲ ਤੋਂ 3,860 ਮੀ. ਦੀ ਉੱਚਾਈ ਉੱਤੇ ਸਥਿਤ ਤਾਜਿਕਸਤਾਨ ਦਾ ਜੀਵ ਵਿਗਿਆਨਕ ਕੇਂਦਰ ਹੈ ਅਤੇ ਇਹ ਕੇਂਦਰ ਜੌਂ ਦੀਆਂ 60, ਜਵੀ ਦੀਆਂ 10 ਅਤੇ ਕਣਕ ਦੀਆਂ 4 ਕਿਸਮਾਂ ਉਗਾਉਣ ਵਿਚ ਸਫਲ ਹੋਇਆ ਹੈ। ਸਫ਼ੇਦੇ ਅਤੇ ਜਿਰੇਨੀਆ ਅਤਰ ਉਦਯੋਗ ਲਈ ਉਗਾਏ ਜਾਂਦੇ ਹਨ।

**ਸੱਨਅਤਾਂ** — ਤਾਜਿਕਸਤਾਨ ਦੀ ਆਰਥਿਕਤਾ ਪ੍ਰਮੁੱਖ ਤੌਰ ਤੇ ਕਪਾਹ ਦੇ ਉਤਪਾਦਨ ਅਤੇ ਪ੍ਰੌਸੈਸਿੰਗ ਨਾਲ ਹੀ ਸਬੰਧਤ ਹੈ ਭਾਵੇਂ ਕਈ ਛੋਟੇ ਪੈਮਾਨੇ ਦੇ ਉਦਯੋਗਾਂ ਅਤੇ ਦਸਤਕਾਰੀ ਦੀ ਥਾਂ ਵੱਡੇ ਉਦਯੋਗਾਂ ਨੇ ਲੈ ਲਈ ਹੈ। ਤੇਲ ਕੱਢਣ ਅਤੇ ਕੋਲੇ ਦੀ ਖਾਣ ਖੁਦਾਈ ਵਰਗੇ ਇਥੋਂ ਦੇ ਸਭ ਤੋਂ ਪੁਰਾਤਨ ਉਦਯੋਗ ਹਨ। ਇਸ ਤੋਂ ਇਲਾਵਾ ਇੰਜਨੀਅਰਿੰਗ, ਖਾਣ ਦੀਆਂ ਵਸਤਾਂ, ਕੱਪੜਾ ਅਤੇ ਰੇਸ਼ਮ ਵਰਗੇ ਉਦਯੋਗ ਹਨ। ਮੁੱਖ ਤੌਰ ਤੇ ਡੂਸ਼ੈਂਬਾ, ਰੇਗਰ ਅਤੇ ਕੁਰਗਾਨ ਟਿਊਬੇ ਵਰਗੀਆਂ ਕਪਾਹ ਪੈਦਾ ਕਰਨ ਵਾਲੀਆਂ ਵਾਦੀਆਂ ਵਿਚ ਹੀ ਕਪਾਹ ਵੇਲਣ ਦੀਆਂ ਫੈਕਟਰੀਆਂ ਸਥਾਪਿਤ ਹਨ। ਵਧੇਰੇ ਕਰਕੇ ਸੂਤੀ ਕਪੜੇ ਦੀ ਬੁਣਾਈ ਦਾ ਕਾਰਜ ਡੂਸ਼ੈਂਬਾ ਕਪਾਹ ਖੇਤਰ ਵਿਚ ਹੀ ਕੀਤਾ ਜਾਂਦਾ ਹੈ। ਲੈਨਿਨਾਬਾਦ ਰੇਸ਼ਮ ਦੀ ਬੁਣਾਈ ਦਾ ਮੁੱਖ ਕੇਂਦਰ ਹੈ। 1960 ਵਿਆਂ ਦੇ ਸ਼ੁਰੂ ਵਿਚ ਉਰਾ-ਟਿਊਬੇ ਵਿਖੇ ਗਲੀਚੇ ਅਤੇ ਊਨੀ ਵਸਤਾਂ ਤਿਆਰ ਕਰਨ ਦੀਆਂ ਫੈਕਟਰੀਆਂ ਸਥਾਪਿਤ ਕੀਤੀਆਂ ਗਈਆਂ। ਕਪਾਹ ਵੇਲਣ ਵਾਲੀਆਂ ਫੈਕਟਰੀਆਂ ਵਿਚ ਹੀ ਵੜੇਵਿਆਂ ਤੋਂ ਤੇਲ ਵੀ ਕੱਢਿਆ ਜਾਂਦਾ ਹੈ ਅਤੇ ਕਾਨੀਬਾਡੈਮ, ਲੈਨਿਨਾਬਾਦ, ਕੁਰਗਾਨ ਟਿਊਬੇ ਅਤੇ ਸ਼ਾੱਰਤੂਜ਼ ਇਸ ਦੇ ਪ੍ਰਮੁੱਖ ਕੇਂਦਰ ਹਨ। ਕਾਨੀਬਾਡੈਮ, ਲੈਨਿਨਾਬਾਦ ਚਕਾਲੋਵਸਕੀ ਅਤੇ ਰੇਗਰ ਵਿਖੇ ਫਲਾਂ ਨੂੰ ਡੱਬਿਆਂ ਵਿਚ ਬੰਦ ਕਰਨ ਦੇ ਕਾਰਖ਼ਾਨੇ ਅਤੇ ਡੂਸ਼ੈਂਬਾ, ਲੈਨਿਨਾਬਾਦ ਅਤੇ ਉਰਾ ਟਿਊਬਾ ਵਿਖੇ ਸ਼ਰਾਬ ਬਣਾਉਣ ਦੇ ਕਾਰਖ਼ਾਨੇ ਹਨ। 1960 ਵਿਆਂ ਦੇ ਮੱਧ ਵਿਚ ਕਜ਼ਿਲ ਤੁਮਸ਼ੁਕ ਅਤੇ ਡੂਸ਼ੈਂਬਾ ਦੇ ਨੇੜੇ ਪੈਂਦੇ ਕਾਮਸੋਮੋਲ ਖੇਤਰਾਂ ਵਿਚੋਂ ਗੈਸ ਕੱਢਣ ਦਾ ਕੰਮ ਸ਼ੁਰੂ ਹੋਇਆ ਪਰ ਇਹ ਕੰਮ ਬਹੁਤ ਛੋਟੇ ਪੈਮਾਨੇ ਤੇ ਹੋਣ ਕਾਰਨ ਇਥੋਂ ਦੀ ਸਥਾਨਕ ਪੂਰਤੀ ਨੂੰ ਅਫ਼ਗਾਨਿਸਤਾਨ ਤੋਂ ਪ੍ਰਾਪਤ ਕੁਦਰਤੀ ਗੈਸ ਨਾਲ ਹੀ ਵਧਾਉਣਾ ਪਿਆ ਅਤੇ ਇਹ ਗੈਸ 1974 ਈ. ਵਿਚ ਇਕ ਪਾਈਪ ਲਾਈਨ ਦੁਆਰਾ ਸਪਲਾਈ ਕੀਤੀ ਗਈ। ਇਥੇ ਊਰਜਾ ਉਦਯੋਗ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੁੰਦਾ ਜਾ ਰਿਹਾ ਹੈ। ਸਿਰ ਦਰਿਆ ਉੱਤੇ ਕੇਰਾਕੁੱਮ ਅਤੇ ਵਾਕਸ਼ ਦਰਿਆ ਉੱਤੇ ਗੋਲੋਵਨਇਆ ਪ੍ਰਮੁੱਖ ਬਿਜਲੀ ਘਰ ਹਨ ਜਿਹੜੇ ਕਿ ਕ੍ਰਮਵਾਰ 1,26,000 ਅਤੇ 2,10,000 ਕਿਲੋਵਾਟ ਤੱਕ ਬਿਜਲੀ ਪੈਦਾ ਕਰਨ ਦੀ ਸਮੱਰਥਾ ਰੱਖਦੇ ਹਨ। ਵਾਕਸ਼ ਦਰਿਆ ਉੱਤੇ ਨੂਰੇਕ ਪਾਵਰ ਸਟੇਸ਼ਨ 1972 ਈ. ਵਿਚ ਚਾਲੂ ਹੋਇਆ ਸੀ। ਡੂਸ਼ੈਂਬਾ ਦੇ ਨੇੜੇ ਹੀ ਇਕ ਹੋਰ ਮਹੱਤਵਪੂਰਨ ਥਰਮਲ ਪਾਵਰ ਸਟੇਸ਼ਨ ਵੀ ਬਿਜਲੀ ਪੈਦਾ ਕਰ ਰਿਹਾ ਹੈ।

ਰਸਾਇਣ ਉਦਯੋਗਾਂ ਵਿਚੋਂ 1967 ਈ. ਵਿਚ ਕਲੀਨਿ-ਨਾਬਾਦ ਵਿਖੇ ਬਣਿਆ ਨਾਈਟਰੋਜਨ ਖਾਦ ਦਾ ਕਾਰਖਾਨਾ ਸ਼ਾਮਲ ਹੈ। ਯਵਨ ਵਿਖੇ ਇਕ ਇਲੈਕਟ੍ਰੋਕੈਮੀਕਲ ਕੰਪਲੈਕਸ ਵਿਕਸਿਤ ਹੋ ਰਿਹਾ ਹੈ। ਨੂਰੈਕ ਪਾਵਰ ਸਟੇਸ਼ਨ ਤੋਂ ਪਹਿਲੀ ਵਾਰ ਸਪਲਾਈ ਹੋਈ ਬਿਜਲੀ ਨਾਲ 1975 ਈ. ਤੋਂ ਰੀਗਰ ਵਿਖੇ ਅਲਮੀਨੀਅਮ ਪਲਾਂਟ ਚਾਲੂ ਕੀਤਾ ਗਿਆ।

**ਆਵਾਜਾਈ** — ਧਰਾਤਲ ਪਹਾੜੀ ਹੋਣ ਕਰਕੇ ਇਥੋਂ ਦੀ ਰੇਲਵੇ ਪ੍ਰਣਾਲੀ ਕੋਈ ਬਹੁਤੀ ਵਿਸਤ੍ਰਿਤ ਨਹੀਂ ਹੈ। ਇਥੋਂ ਦੀਆਂ ਲਗਭਗ 2/3 ਰੇਲਵੇ ਲਾਈਨਾਂ ਤੰਗ ਪਟੜੀ ਵਾਲੀਆਂ ਹਨ। ਸਟੈਂਡਰਡ ਪਟੜੀ ਵਾਲੀਆਂ ਰੇਲਵੇ ਲਾਈਨਾਂ ਇਸ ਦੇ ਉੱਤਰੀ ਹਿੱਸੇ ਵਿਚੋਂ ਦੀ ਲੰਘਦੀਆਂ ਹੋਈਆਂ ਦੱਖਣ ਵੱਲ ਗਿਸਾਰ ਵਾਦੀ ਵਿਚ ਜਾ ਦਾਖ਼ਲ ਹੁੰਦੀਆਂ ਹਨ। ਤੰਗ ਪਟੜੀ ਦੀ ਰੇਲਵੇ ਲਾਈਨ ਡੂਸ਼ੈਂਬਾ ਨੂੰ ਵਾਕਸ਼ ਵਾਦੀ ਅਤੇ ਕੁਲਯਾਬ ਜ਼ਿਲ੍ਹੇ ਨਾਲ ਜੋੜਦੀ ਹੈ। 1970 ਵਿਆਂ ਦੇ ਸ਼ੁਰੂ ਵਿਚ ਪੂਰੀ ਹੋਈ 257 ਕਿ. ਮੀ. (160 ਮੀਲ) ਲੰਬੀ ਸਟੈਂਡਰਡ ਪਟੜੀ ਦੀ ਰੇਲਵੇ ਲਾਈਨ ਤਾਜਿਕਸਤਾਨ ਦੇ ਦੱਖਣ ਵੱਲ

ਪੈਂਦੇ ਯਵਨ ਦੇ ਊਰਜਾ ਅਤੇ ਉਦਯੋਗਿਕ ਕੰਪਲੈਕਸ ਨੂੰ ਹੋਰਨਾਂ ਖੇਤਰਾਂ ਨਾਲ ਜੋੜਦੀ ਹੈ। ਟਰਮਜ਼ ਅਤੇ ਡੂਸ਼ੈਂਬਾ ਵਿਚਕਾਰ ਬਣੀ 258 ਕਿ. ਮੀ. ਲੰਬੀ ਰੇਲਵੇ ਲਾਈਨ ਤਾਜਿਕਸਤਾਨ ਨੂੰ ਕਾਮਨ-ਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਦੀਆਂ ਹੋਰਨਾਂ ਰੇਲ ਪ੍ਰਣਾਲੀਆਂ ਨਾਲ ਜੋੜਦੀ ਹੈ। ਡੂਸ਼ੈਂਬਾ ਨੂੰ ਕਪਾਹ ਪੈਦਾ ਕਰਨ ਵਾਲੀ ਵਾਕਸ਼ ਵਾਦੀ ਨਾਲ ਜੋੜਨ ਵਾਲੀਆਂ ਕੁਰਗਾਨ-ਟਿਊਬੇ ਪਿਆਨਜ਼ ਅਤੇ ਡੂਸ਼ੈਂਬਾ ਕੁਰਗਾਨ ਟਿਊਬੇ ਰੇਲਵੇ ਲਾਈਨਾਂ ਵੀ ਬਹੁਤ ਮਹੱਤਵਪੂਰਨ ਹਨ। ਸੰਨ 1990 ਵਿਚ ਇਥੋਂ ਦੇ ਰੇਲ ਮਾਰਗਾਂ ਦੀ ਲੰਬਾਈ 480 ਕਿ. ਮੀ. ਸੀ।

**ਸੜਕਾਂ** — ਜਨਵਰੀ, 1990 ਵਿਚ ਇਥੇ 28,500 ਕਿ. ਮੀ. ਲੰਬੀਆਂ ਸੜਕਾਂ ਸਨ ਜਿਨ੍ਹਾਂ ਵਿਚੋਂ 17,700 ਕਿ. ਮੀ. ਪੱਕੀਆਂ ਸੜਕਾਂ ਸਨ ਅਤੇ ਇਨ੍ਹਾਂ ਵਿਚ 700 ਕਿ. ਮੀ. ਲੰਬੀ ਆਸ਼-ਕਰੋਗ, 107 ਕਿ. ਮੀ. ਲੰਬੀ ਯਸੂਈ -ਬਜ਼ਾਰ-ਚਾਰਮ ਅਤੇ ਪਾਮੀਰਜ਼ ਵਿਚ ਬਣੀ 557 ਕਿ. ਮੀ. ਲੰਬੀ ਡੂਸ਼ੈਂਬਾ-ਕਰੋਗ ਸੜਕ ਵੀ ਸ਼ਾਮਲ ਸੀ।

**ਹਵਾਈ ਮਾਰਗ** — ਡੂਸ਼ੈਂਬਾ ਇਥੋਂ ਦੇ ਹਵਾਈ ਮਾਰਗਾਂ ਦਾ ਮੁੱਖ ਕੇਂਦਰ ਹੈ ਅਤੇ ਇਹ ਹਵਾਈ ਮਾਰਗਾਂ ਰਾਹੀਂ ਮਾਸਕੋ, ਤਾਸ਼ਕੰਦ, ਬਾਕੂ ਅਤੇ ਤਾਜਿਕਸਤਾਨ ਦੇ ਖੇਤਰੀਂ ਅਤੇ ਜ਼ਿਲ੍ਹਿਆਂ ਦੇ ਕੇਂਦਰਾਂ ਨਾਲ ਜੁੜਿਆ ਹੋਇਆ ਹੈ। ਲੈਨਿਨਾਬਾਦ ਵਿਖੇ ਵੀ ਇਕ ਹਵਾਈ ਅੱਡਾ ਹੈ।

### ਲੋਕ

ਸੰਨ 1989 ਵਿਚ ਇਥੇ ਦੀ ਕੁੱਲ ਵਸੋਂ 50,92,603 ਸੀ ਅਤੇ ਇਸ ਵਿਚੋਂ 62.3 ਪ੍ਰਤੀਸ਼ਤ ਲੋਕ ਤਾਜਿਕ ਸਨ ਅਤੇ ਉਹ ਈਰਾਨੀਆਂ ਦੀ ਤਰ੍ਹਾਂ ਭਾਸ਼ਾ ਬੋਲਦੇ ਸਨ ਅਤੇ ਇਹ ਤੁਰਕਿਸਤਾਨ ਦੇ ਮੂਲ ਆਰੀਆਂ ਦੇ ਪੈਰੋਕਾਰ ਮੰਨੇ ਜਾਂਦੇ ਹਨ। ਸੰਨ 1989 ਦੀ ਬਾਕੀ ਵਸੋਂ ਵਿਚੋਂ 23.5% ਪ੍ਰਤੀਸ਼ਤ ਉਜ਼ਬੇਕ ਅਤੇ 7.6 ਪ੍ਰਤੀਸ਼ਤ ਰੂਸੀ ਸਨ। ਤਾਜਿਕ ਲੋਕ ਮੁੱਖ ਤੌਰ ਤੇ ਸੁੰਨੀ ਮੁਸਲਮਾਨ ਹਨ।

**ਸਿੱਖਿਆ** — ਸੰਨ 1989-90 ਵਿਚ ਇਥੇ 3,100 ਪ੍ਰਾਇਮਰੀ ਅਤੇ ਸੈਕੰਡਰੀ ਸਕੂਲ, 10 ਉਚੇਰੀਆਂ ਵਿਦਿਅਕ ਸੰਸਥਾਵਾਂ ਅਤੇ 42 ਤਕਨੀਕੀ ਕਾਲਜ ਸਨ। ਤਾਜਿਕ ਸਟੇਟ ਯੂਨੀਵਰਸਿਟੀ ਵਿਖੇ 12,467 ਵਿਦਿਆਰਥੀ ਸਨ। ਸੰਨ 1951 ਵਿਚ ਇਥੇ ਸਾਇੰਸ ਦੀ ਅਕਾਦਮੀ ਸਥਾਪਿਤ ਕੀਤੀ ਗਈ। ਪਾਮੀਰ ਖੋਜ ਸਟੇਸ਼ਨ ਸੰਸਾਰ ਦੀ ਸਭ ਤੋਂ ਵੱਧ ਉਚਾਈ ਉੱਤੇ ਸਥਿਤ ਮੌਸਮ ਵਿਗਿਆਨ ਸਬੰਧੀ ਪ੍ਰੇਖਣਸ਼ਾਲਾ ਹੈ।

ਸੰਨ 1940 ਵਿਚ ਸਿਰਿਲਿਕ ਵਰਣਮਾਲਾ ਤੇ ਹੀ ਆਧਾਰਿਤ ਇਕ ਨਵੀਂ ਵਰਣਮਾਲਾ ਲਾਗੂ ਕੀਤੀ ਗਈ।

### ਰਾਜ-ਪ੍ਰਬੰਧ

**ਕਰੰਸੀ** — ਇਥੋਂ ਦੀ ਕਰੰਸੀ ਰੂਬਲ ਹੈ। ਇਕ ਰੂਬਲ ਵਿਚ 100 ਕਾਪੈੱਕ ਹੁੰਦੇ ਹਨ।

**ਝੰਡਾ** — ਇਥੋਂ ਦੇ ਝੰਡੇ ਵਿਚ ਲੇਟਵੇਂ-ਦਾਅ ਚਾਰ ਧਾਰੀਆਂ ਹਨ। ਸਭ ਤੋਂ ਉਪਰਲੀ ਲਾਲ ਰੰਗ ਦੀ ਧਾਰੀ ਹੈ ਅਤੇ ਉਸ ਦੀ ਖੱਬੇ ਪਾਸੇ ਦੀ ਨੁੱਕਰ ਵਿਚ ਪੀਲੇ ਰੰਗ ਵਿਚ ਦਾਤੀ ਤੇ ਹਥੌੜੇ ਦਾ ਨਿਸ਼ਾਨ ਅਤੇ ਇਸ ਨਿਸ਼ਾਨ ਦੇ ਉੱਤੇ ਪੀਲੇ ਰੰਗ ਦਾ ਚਮਕਦਾ ਸਤਾਰਾ ਹੈ। ਦੂਜੀ ਧਾਰੀ ਚਿੱਟੇ ਰੰਗ ਦੀ ਹੈ। ਇਸ ਤੋਂ ਹੇਠਾਂ ਤੀਜੀ ਹਰੇ ਰੰਗ ਦੀ ਅਤੇ ਸਭ ਤੋਂ ਹੇਠਾਂ ਚੌਥੀ ਧਾਰੀ ਫਿਰ ਲਾਲ ਰੰਗ ਦੀ ਹੈ।

ਹ.ਪੁ.—ਸਟੇ. ਯੀ. ਬੁ. 1993:434; ਐਨ. ਬ੍ਰਿ. 21:749 ਬੀ; ਐਨ. ਬ੍ਰਿ. ਮੈ. 17 : 987;

**ਤਾਜੀਆ** : ਇਸ ਦਾ ਭਾਵ ਮਾਤਮ ਜਾਂ ਸ਼ੋਕ ਦੇ ਦਿਨਾਂ ਤੋਂ ਹੈ। ਮੁਹੱਰਮ ਦੇ ਦਿਨਾਂ ਵਿਚ ਇਮਾਮ ਹੁਸੈਨ ਦੇ ਸ਼ੋਕ ਵਿਚ ਕੱਢੇ ਜਾਂਦੇ ਵਿਮਾਨ ਨੂੰ ਜੋ ਕਿ ਮਕਬਰੇ ਦੀ ਸ਼ਕਲ ਦਾ ਹੁੰਦਾ ਹੈ, ਤਾਜ਼ੀਆ ਕਿ ਜਾਂਦਾ ਹੈ। ਤਾਜ਼ੀਏ ਬਣਾਉਣ ਦੀ ਰੀਤ ਮੁਖ਼ਤਾਰ ਬਿਨ ਅਬੈਦੁੱਲਾ ਨੇ ਚਲਾਈ ਸੀ। ਉਸ ਨੇ 66 ਹਿਜਰੀ ਵਿਚ ਇਮਾਮ ਹੁ ਦਾ ਬਦਲਾ ਲੈਣ ਲਈ ਘੋਰ ਯੁੱਧ ਕਰਕੇ ਹੁਸੈਨ ਦੇ ਕਾਤਿਲਾਂ ਮਾਰਿਆ ਅਤੇ ਮੁੱਹਰਮ ਵਿਚ ਤਾਜੀਆ (ਤਅਜ਼ੀਯਹ) ਕੱਢਣ ਰਸਮ ਚਲਾਈ।

ਹ.ਪੁ.—ਮ. ਕੋ.

**ਤਾਟੰਕ** : ਇਹ ਮਾਤ੍ਰਿਕ ਛੰਦ ਦਾ ਇਕ ਭੇਦ ਵਿਆਕਰਣਵੇਤਾ ਭਾਨੂ ਅਨੁਸਾਰ ਇਸ ਦਾ ਲੋਕ ਪ੍ਰਚੱਲਤ ਲਾਵਨੀ ਹੈ ਪਰ ਕਈ ਥਾਵਾਂ ਤੇ ਲਾਵਨੀ ਨੂੰ ਇਸ ਛੰਦ ਦਾ ਦਸਿਆ ਗਿਆ ਹੈ। ਇਸ ਛੰਦ ਦੇ ਪ੍ਰਮੁਖ ਲੱਛਣ ਇਸ ਪ੍ਰਕਾਰ ਹ ਚਾਰ ਚਰਣ, ਪ੍ਰਤੀ ਚਰਣ 30 ਮਾਤਰਾ, ਪਹਿਲਾ ਵਿਸ਼ਰਾਮ 16 ਅੰਤ ਮਗਣ SSS। ਸੂਦਨ ਨੇ ਤਾਟੰਕ ਨਾਂ ਤੋਂ 14,14 ਦੀ ਯਤੀ 28 ਮਾਤਰਾ ਦਾ ਚਰਣ ਅਤੇ ਅੰਤ ਵਿਚ ਮਗਣ ਦਾ ਪ੍ਰਯੋਗ ਕੀਤ ਜੋ ਪਰੰਪਰਾ ਤੋਂ ਕੁਝ ਵਖਰਾ ਹੈ। ਸੂਰ ਅਤੇ ਤੁਲਸੀ ਨੇ ਆਪਣੀ ਸ਼ੈਲੀ ਵਿਚ ਇਸ ਦੇ ਲਾਵਨੀ ਰੂਪ ਦਾ ਪ੍ਰਯੋਗ ਕੀਤਾ ਹੈ। ਭਾਰ ਕਾਲ ਦੇ ਕਵੀਆਂ ਨੇ ਇਸ ਛੰਦ ਦੇ ਲੋਕ ਪ੍ਰਚੱਲਤ ਰੂਪ ਨੂੰ ਗ੍ਰਿ ਕੀਤਾ। ਲੋਕ ਛੰਦ ਦੇ ਰੂਪ ਵਿਚ ਲਾਵਨੀ ਦਾ ਵਿਸ਼ੇਸ਼ ਮਹੱਤਵ ਹੈ ਇਸ ਵਿਚ ਇਸ ਗੁਰੂ ਲਘੂ ਦਾ ਵਿਸ਼ੇਸ਼ ਨਿਯਮ ਨਹੀਂ ਹੈ। ਆਧੁ ਕਵੀਆਂ ਨੇ ਇਸ ਨੂੰ ਸ਼ਾਸਤਰੀ ਰੂਪ ਵਿਚ ਵੀ ਅਪਨਾਇਆ ਹੈ।

ਹ.ਪੁ.—ਹਿੰ. ਸਾ ਕੋ: ਭਾਗ-1 : 353; ਮ. ਕੋ. 583 : 1065.

**ਤਾਡਪੱਤਰੀ** : ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਅਨੰਤਪੁਰ ਜ਼ਿਲ੍ਹੇ ਵਿਚ ਇਹ ਇਸੇ ਨਾਂ ਦੇ ਤਅਲੁਕੇ ਦਾ ਸਦ ਮੁਕਾਮ ਹੈ ਜੋ ਨੰਦਿਆਲਾਪਾਡ ਰੇਲਵੇ ਸਟੇਸ਼ਨ ਤੋਂ 4 ਕਿ.ਮੀ. ਪਨਾਰ ਦਰਿਆ ਦੇ ਸੱਜੇ ਕੰਢੇ ਤੇ ਵਾਕਿਆ ਹੈ। ਇਸ ਸ਼ਹਿਰ 16ਵੀਂ ਸਦੀ ਵਿਚ ਵਿਜੇਨਗਰ ਦੇ ਬਾਦਸ਼ਾਹਾਂ ਦੇ ਅਧੀਨ ਕਰਦੇ, ਰਾਜੇ ਰਾਮਾਲਿੰਗਾ ਨਾਇਡੂ ਨੇ ਬਣਾਇਆ ਸੀ। ਤਾਲੀਕੋ ਦੀ ਲੜਾਈ ਤੋਂ ਪਿੱਛੋਂ ਗੋਲਕੋਂਡਾ ਦੇ ਸੁਲਤਾਨ ਨੇ ਇਸ ਨੂੰ ਲਿਆ ਅਤੇ ਇਕ ਮੁਸਲਮਾਨ ਨੂੰ ਇਥੋਂ ਦਾ ਗਵਰਨਰ ਨਿਯੁਕਤ ਦਿੱਤਾ। ਇਸ ਤੋਂ ਪਿੱਛੋਂ ਮੁਰਾਰੀ ਰਾਓ ਅਤੇ ਹੈਦਰ ਅਲੀ ਰਾਜਿਅ ਇਸ ਸ਼ਹਿਰ ਨੂੰ ਜਿੱਤ ਲਿਆ। ਇਹ ਸ਼ਹਿਰ ਰੇਸ਼ਮੀ ਅਤੇ ਸੂਤੀ ਕੱ ਤਿਆਰ ਕਰਨੇ ਦੇ ਨਾਲ ਨਾਲ ਵਪਾਰਕ ਪੱਖ ਤੋਂ ਵੀ ਬ ਮਹੱਤਵਪੂਰਨ ਹੈ। ਇਸ ਸ਼ਹਿਰ ਦੇ ਸੰਸਥਾਪਕ ਨੇ ਦਰਿਆ ਦੇ ਉੱਤੇ ਰਾਮੇਸ਼ਵਰ ਨੂੰ ਸਮਰਪਿਤ ਇਕ ਮੰਦਰ ਵੀ ਬਣਾਇਆ। ਉ ਪੁੱਤਰ, ਟਿਮਾ ਨਾਉਂਡੂ ਨੇ ਚਿੰਤਲਾਰਾਵੇਸਵਾਮੀ ਨੂੰ ਸਮਰਪਿਤ ਹੋਰ ਮੰਦਰ ਉਸਾਰਿਆ। ਇਹ ਦੋਵੇਂ ਧਾਰਮਕ ਸਥਾਨ ਵਿਜੇਨਗਰ ਕਾਲ ਦੀ ਮੂਰਤੀ ਕਲਾ ਦਾ ਸੁੰਦਰ ਨਮੂਨਾ ਪੇਸ਼ ਕਰਦੇ ਹਨ। 1851 ਵਿਚ ਪਨਾਰ ਦਰਿਆ ਵਿਚ ਹੜ੍ਹ ਆਉਣ ਕਾਰਨ ਸ਼ਹਿਰ ਦਾ ਭਾਰੀ ਨੁਕਸਾਨ ਹੋਇਆ।

ਆਬਾਦੀ — 71,068 (1991)

14° 55′ ਉ. ਵਿਥ.; 78° 1′ ਪੂ.ਲੰਬ.

ਹ.ਪੁ.—ਇੰ.ਪ੍ਰ.ਗ.ਇੰਡ. 23 : 204; ਡਿ.ਆਫ. ਸਿ. ਐਂਡ ਟਾ.

**ਤਾਂਡਵ** : ਨਾਚ ਦੀਆਂ ਦੋ ਮੁੱਖ ਕਿਸਮਾਂ ਵਿਚੋਂ ਪ੍ਰ ਕਿਸਮ ਅਰਥਾਤ ਸ਼ਿਵ ਦਾ ਨਾਚ ਜਿਸਦਾ ਸਬੰਧ ਭੈਰਵ ਵੀਰਭੱਦਰ ਨਾਲ ਹੈ। ਸ਼ਿਵ ਦਾ ਇਹ ਨਾਚ ਸ਼ਮਸ਼ਾਨ ਵਿਚ ਅਤੇ ਭੂਤਾਂ ਨਾਲ ਕੀਤਾ ਜਾਂਦਾ ਹੈ। ਸ਼ਿਵ ਦੀਆਂ ਨਾਚ ਮੂਰਤ ਐਲੀਫੈਂਟਾ, ਐਲੋਰਾ, ਭੁਬਨੇਸ਼ਵਰ ਆਦਿ ਵਿਖੇ ਮਿਲਦੀਆਂ ਪਰਵਰਤੀ ਸ਼ੈਵ ਅਤੇ ਸ਼ਾਕਤ ਗ੍ਰੰਥਾਂ ਵਿਚ ਇਸ ਨਾਚ ਦਾ ਵ

ਬਹੁਤ ਦਿਲ ਟੁੰਬਵੇਂ ਢੰਗ ਨਾਲ ਕੀਤਾ ਗਿਆ ਹੈ। ਡਾ. ਕੁਮਾਰਾ ਸਵਾਮੀ ਦਾ ਮਤ ਹੈ ਕਿ ਇਸਦੀ ਉਤਪਤੀ ਕਿਸੇ ਅਜਿਹੇ ਅਣ-ਆਰੀਆਈ ਦੇਵਤਾ ਤੋਂ ਹੋਈ ਹੈ ਜੋ ਅੰਸ਼ਕ ਰੂਪ ਵਿਚ ਦੇਵਤਾ ਅਤੇ ਦੈਂਤ ਸੀ ਅਤੇ ਕਾਲੀ ਰਾਤ ਵਿਚ ਘੁੰਮਿਆ ਕਰਦਾ ਸੀ।

ਹ.ਪੁ.—ਹਿੰ.ਵਿ.ਕੋ. 5 : 322.

**ਤਾਡੇਪੱਲੀਗੁਡੇਮ :** ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਪੱਛਮੀ ਗੋਦਾਵਰੀ ਜ਼ਿਲ੍ਹੇ ਦਾ ਇਕ ਪ੍ਰਸਿੱਧ ਸ਼ਹਿਰ ਹੈ ਜੋ ਗੋਦਾਵਰੀ ਨਦੀ ਦੇ ਡੈਲਟੇ ਵਿਚ ਐਲੂਰ ਸ਼ਹਿਰ ਤੋਂ ਲਗਭਗ 40 ਕਿ.ਮੀ. ਪੂਰਬ-ਉੱਤਰ-ਪੂਰਬ ਵਲ ਸਥਿਤ ਹੈ। ਇਹ ਆਪਣੇ ਖੇਤਰ ਦੇ ਵਪਾਰ, ਛੋਟੇ ਉਦਯੋਗਾਂ ਅਤੇ ਸਿੱਖਿਆ ਦਾ ਪ੍ਰਸਿੱਧ ਕੇਂਦਰ ਹੈ। ਇਥੇ ਸੂਤੀ ਕਪੜੇ ਦੇ ਕਾਰਖ਼ਾਨੇ ਹਨ। ਦੱਖਣੀ ਭਾਰਤ ਦੇ ਬਾਜ਼ਾਰਾਂ ਲਈ ਕੱਪੜਾ ਇਥੇ ਹੀ ਤਿਆਰ ਹੁੰਦਾ ਹੈ। ਇਥੇ ਚੌਲ ਦੀਆਂ ਮਿੱਲਾਂ ਹਨ। ਸੜਕਾਂ ਦੁਆਰਾ ਇਹ ਸ਼ਹਿਰ ਆਪਣੇ ਚਾਰ ਚੁਫੇਰੇ ਦੇ ਸਾਰੇ ਪ੍ਰਸਿੱਧ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ।

ਆਬਾਦੀ — 88,878 (1991)

ਹ.ਪੁ.—ਹਿੰ.ਵਿ.ਕੋ. 5 : 330

**ਤਾਣਾ ਅਤੇ ਪੇਟਾ :** ਕੱਪੜੇ ਦੀ ਬੁਣਾਈ ਵੇਲੇ ਜਦੋਂ ਖੱਡੀ ਵਿਚ ਇਕ ਧਾਗਾ ਲੰਮੇ ਰੁਖ ਚਲਦਾ ਹੈ ਅਤੇ ਫੇਰ ਦੂਜਾ ਉਸ ਵਿਚੋਂ ਦੀ ਹੋ ਕੇ ਲੰਘਦਾ ਹੈ ਤਾਂ ਉਸਨੂੰ ਤਾਣਾ-ਪੇਟਾ ਕਿਹਾ ਜਾਂਦਾ ਹੈ। ਕੱਪੜਾ ਬਣਾਉਣ ਲਗਿਆਂ ਦੋ ਕਿਸਮ ਦੇ ਧਾਗਿਆਂ ਨੂੰ ਮਿਲਾਣਾ ਤਾਂਕਿ ਉਹ ਇਕ-ਦੂਜੇ ਨੂੰ ਕੱਟ ਕੇ ਵਿਚੋਂ ਦੀ ਨਿਕਲਣ, ਲੰਬਾਈ ਵਾਲੇ ਧਾਗੇ ਨੂੰ ਤਾਣਾ ਕਿਹਾ ਜਾਂਦਾ ਹੈ ਅੱਡੇ ਵਿਚੋਂ ਦੀ ਲੰਘਣ ਵਾਲੇ ਨੂੰ ਪੇਟਾ ਕਿਹਾ ਜਾਂਦਾ ਹੈ। ਆਮ ਤੌਰ ਤੇ ਇਹ ਧਾਗੇ ਨੱਬੇ ਡਿਗਰੀ ਦੇ ਕੋਣ ਤੇ ਹੁੰਦੇ ਹਨ। ਬਹੁਤੇ ਕੱਪੜੇ ਬਾਹਰਲੇ ਕੋਨਿਆਂ ਨਾਲ ਬੁਣੇ ਜਾਂਦੇ ਹਨ ਤੇ ਉਹ ਇਸ ਪ੍ਰਕਾਰ ਮੁਕੰਮਲ ਕੀਤੇ ਜਾਂਦੇ ਹਨ, ਤਾਂਕਿ ਕੱਪੜੇ ਦਾ ਕੋਈ ਧਾਗਾ ਬਾਹਰ ਨਾ ਨਿਕਲਿਆ ਹੋਵੇ ਜਿਸਨੂੰ ਕੰਨੀ ਜਾਂ ਕਿਨਾਰੀ ਕਿਹਾ ਜਾਂਦਾ ਹੈ। ਉਹ ਤਾਣੇ ਦੇ ਧਾਗੇ ਨਾਲ ਸਮਾਨਾਂਤਰ ਲੰਬਾਈ ਵਿਚ ਚਲਦੇ ਹਨ। ਤਿੰਨ ਮੁੱਖ ਬੁਣਾਈਆਂ ਇਸ ਪ੍ਰਕਾਰ ਹਨ— ਪਲੇਨ, ਦਸੂਤੀ ਅਤੇ ਸਾਟਨ। ਜਿਸ ਪ੍ਰਕਾਰ ਧਾਗਾ ਇਕ ਦੂਜੇ ਵਿਚ ਮਿਲਿਆ ਹੋਵੇ, ਉਸ ਤੋਂ ਉਸਦੀ ਬੁਣਾਈ ਦਾ ਪਤਾ ਲਗਦਾ ਹੈ। ਧਾਗੇ ਦੀ ਮਾਤਰਾ ਜਾਂ ਪ੍ਰਤੀ ਵਰਗ ਇੰਚ ਤਾਣੇ ਅਤੇ ਪੇਟੇ ਦੀ ਗਿਣਤੀ ਇਹ ਨਿਸ਼ਚਿਤ ਕਰਦੀ ਹੈ ਕਿ ਬੁਣਾਈ ਕਿੰਨੀ ਸੰਘਣੀ ਜਾਂ ਵਿਰਲੀ ਹੈ। ਬੁਣੇ ਹੋਏ ਕੱਪੜੇ ਦੀ ਭਿੰਨਤਾ, ਉਸ ਦੇ ਤਾਣੇ-ਪੇਟੇ ਵਿਚ ਵਰਤੇ ਧਾਗੇ ਦੇ ਅਨੁਪਾਤ ਤੋਂ ਲਗਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਧਾਗੇ ਦੀ ਚੋਣ ਜਾਂ ਧਾਗੇ ਦੇ ਸੁਮੇਲ ਤੋਂ ਵੀ ਕੱਪੜੇ ਦੀ ਭਿੰਨਤਾ ਦਾ ਅੰਦਾਜ਼ਾ ਲਗ ਸਕਦਾ ਹੈ।

ਪਲੇਨ ਜਾਂ ਸਾਧਾਰਣ ਬੁਣਾਈ ਵਿਚ ਪੇਟੇ ਦਾ ਹਰੇਕ ਧਾਗਾ ਤਾਣੇ ਦੇ ਧਾਗੇ ਦੇ ਉਪਰੋਂ ਦੀ ਹੋ ਕੇ ਲੰਘਦਾ ਹੈ ਅਤੇ ਇਹ ਸਿਲਸਿਲਾ ਹਰੇਕ ਅਗਲੀ ਪਾਲ ਨੂੰ ਛੱਡ ਕੇ ਇਸੇ ਪ੍ਰਕਾਰ ਨਿਰੰਤਰ ਚਲਦਾ ਰਹਿੰਦਾ ਹੈ।

ਹ.ਪੁ.—ਐਨ. ਬ੍ਰਿ. 10:551:591; ਐਨ. ਅਮੈ. 28 : 354

**ਤਾਤਾਰ :** ਰੂਸ ਵਿਚ ਵੱਸਣ ਵਾਲੇ ਤੁਰਕੀ ਖੇਤਰ ਨਾਲ ਸਬੰਧਤ ਲੋਕਾਂ ਨੂੰ ਤਾਤਾਰ ਕਿਹਾ ਜਾਂਦਾ ਹੈ। 1970 ਵਿਆਂ ਦੇ ਆਰੰਭ ਵਿਚ ਸਮੁੱਚੇ ਸੋਵੀਅਤ ਯੂਨੀਅਨ ਵਿਚ ਇਨ੍ਹਾਂ ਦੀ ਗਿਣਤੀ 6,000,000 ਦੇ ਲਗਭਗ ਸੀ। ਇਨ੍ਹਾਂ ਲੋਕਾਂ ਦਾ ਇਹ ਨਾਂ 5ਵੀਂ ਸਦੀ ਦੌਰਾਨ ਉੱਤਰ-ਪੂਰਬੀ ਮੰਗੋਲੀਆਂ ਵਿਚ ਵੱਸਦੇ ਟਾਟਾ ਜਾਂ ਦਾਦਾ ਨਾਂ ਦੇ ਕਬੀਲੇ ਦੇ ਨਾਂ ਤੋਂ ਬਣਿਆ ਹੈ। ਰੂਸੀ ਇਨਕਲਾਬ ਤੋਂ ਪਹਿਲਾਂ ਰੂਸ ਵਿਚ ਰਹਿੰਦੇ ਤੁਰਕੀ ਲੋਕਾਂ ਨੂੰ ਵੀ ਤਾਤਾਰ ਕਿਹਾ ਜਾਂਦਾ ਸੀ। ਇਨ੍ਹਾਂ ਤਾਤਾਰਾਂ ਵਿਚ ਅਜ਼ਰਬਾਈਜਾਨ ਅਤੇ ਉੱਤਰੀ ਕਾਕੇਸ਼ਸ਼ ਦੇ ਲੋਕ ਵੀ ਸ਼ਾਮਲ ਸਨ। ਰੂਸ ਵਿਚ ਵੱਸਦੇ ਇਸਲਾਮ ਧਰਮ ਦੇ ਲੋਕਾਂ ਨੂੰ ਵਿਸ਼ੇਸ਼ ਕਰਕੇ ਤਾਤਾਰ ਕਿਹਾ ਜਾਂਦਾ ਸੀ। ਰੂਸ ਦੇ ਇਨਕਲਾਬ ਤੋਂ ਪਿੱਛੋਂ ਵੋਲਗਾ ਖੇਤਰ, ਅਰਲਜ਼ ਅਤੇ ਪੱਛਮੀ ਸਾਈਬੇਰੀਆ ਦੇ ਲੋਕਾਂ ਨੂੰ ਤਾਤਾਰ ਕਿਹਾ ਜਾਣ ਲੱਗਿਆ।

ਵੋਲਗਾ ਖੇਤਰ ਦੇ ਤਾਤਾਰਾਂ ਦੇ ਚਾਰ ਗਰੁੱਪ ਸਨ ਜਿਨ੍ਹਾਂ ਵਿਚ 1. ਕਾਜ਼ਨ ਤਾਤਾਰ ਜੋ ਕਿਪਚੈਕਸ ਲੋਕਾਂ ਦੀ ਸੰਤਾਨ ਸਨ; 2. ਮਿਸ਼ਰਸ 3. ਕਾਸੀਮੋਵ ਤਾਤਾਰ ਅਤੇ 4. ਅਸ਼ਟਰਾਖ਼ਾਨ ਜਾਂ ਕਾਰਾਗਾਸ਼ ਸ਼ਾਮਲ ਸਨ। ਸਾਈਬੇਰੀਆ ਦੇ ਲੋਕਾਂ ਨੂੰ ਬਰਾਬਾ, ਚੂਲੀਯਮ ਅਤੇ ਟੋਬੋਲਸਕ ਲੋਕਾਂ ਵਿਚ ਵੰਡਿਆ ਗਿਆ ਜਿਹੜੇ ਜ਼ਿਆਦਾਤਰ ਆਈਰਟਿਸ਼ ਅਤੇ ਅੱਬ ਦਰਿਆਵਾਂ ਦੇ ਵਿਚਕਾਰ ਵੱਸ ਗਏ। ਮਾਸਕੋ, ਲੈਨਿਨਗ੍ਰਾਦ, ਡਾਨਬਸ ਅਤੇ ਕੋਕਾਜ਼ੀਸੀਅਨ ਦੇ ਤੇਲ ਵਰਗੇ ਖੇਤਰ ਵਿਚ ਅਜੇ ਵੀ ਤਾਤਾਰ ਲੋਕ ਵੱਸੇ ਹੋਏ ਹਨ।

7 ਵੀਂ ਅਤੇ 8 ਵੀਂ ਸਦੀ ਵਿਚ ਵੋਲਗਾ ਤਾਤਾਰ ਲੋਕਾਂ ਦਾ ਵੱਡਾ ਹਿੱਸਾ ਜਿਹੜਾ ਤੁਰਕੀ ਭਾਸ਼ਾ ਬੋਲਦਾ ਸੀ, ਆਜ਼ਾਫ਼ ਸਮੁੰਦਰ ਦੇ ਨੇੜੇ ਆ ਕੇ ਵੱਸ ਗਿਆ। ਤਾਤਾਰ ਲੋਕ ਇਸਲਾਮ ਧਰਮ ਨੂੰ ਮੰਨਦੇ ਹਨ ਅਤੇ ਇਨ੍ਹਾਂ ਦੀ ਬੋਲੀ ਤੁਰਕੀ ਹੈ। ਰੂਸ ਵਿਚ ਤਾਤਾਰ ਲੋਕਾਂ ਦੀ ਇਕ ਆਪਣੀ ਸਥਾਪਿਤ ਸਭਾ ਹੈ। ਇਹ ਲੋਕ ਦੂਜੇ ਮੁਸਲਮਾਨ ਲੋਕਾਂ ਵਿਚਕਾਰ ਆਪਣੇ ਆਪ ਨੂੰ ਰੂਸੀ ਕਹਾਉਣਾ ਵਧੇਰੇ ਉਚਿਤ ਸਮਝਦੇ ਸਨ।

ਹ.ਪੁ.—ਐਨ. ਬ੍ਰਿ. 21:833; ਐਨ. ਬ੍ਰਿ. ਮਾ. 9 : 838

**ਤਾਤਾਰ ਗਣਰਾਜ :** ਇਹ ਪੂਰਬੀ ਕੇਂਦਰੀ ਰੂਸ ਦਾ ਇਕ ਪ੍ਰਬੰਧਕੀ ਖੇਤਰ ਹੈ ਜੋ ਵੋਲਗਾ ਦਰਿਆ ਦੇ ਮੱਧਵਰਤੀ ਖੇਤਰ ਵਿਚ ਵੋਲਗਾ ਅਤੇ ਕਾਮਾ ਦਰਿਆਵਾਂ ਦੇ ਸੰਗਮ ਦੇ ਦੁਆਲੇ ਸਥਿਤ ਹੈ। ਇਸ ਨੂੰ ਤਾਤਾਰਿਸਤਾਨ ਗਣਰਾਜ ਵੀ ਕਿਹਾ ਜਾਂਦਾ ਹੈ। ਸੰਨ 1920 ਵਿਚ ਸਥਾਪਿਤ ਹੋਏ ਇਸ ਗਣਰਾਜ ਦਾ ਕੁੱਲ ਖੇਤਰਫਲ 68,000 ਵ. ਕਿ. ਮੀ. (26,250 ਵ. ਮੀਲ) ਅਤੇ ਆਬਾਦੀ 36,79,000 (1991) ਹੈ। ਇਸ ਵਿਚ 76 ਸ਼ਹਿਰ ਅਤੇ 24 ਸ਼ਹਿਰੀ ਆਬਾਦੀਆਂ ਸ਼ਾਮਲ ਹਨ। ਇਥੋਂ ਦੀ ਕੁੱਲ ਆਬਾਦੀ ਦਾ 50% ਤਾਤਾਰੀ ਲੋਕ ਹਨ ਅਤੇ ਬਾਕੀ ਰੂਸੀ, ਚੁਵਾਸ, ਮਾਰਡੋਵੀਅਨ ਅਤੇ ਮਰੀ ਹਨ।

ਵੋਲਗਾ ਦਰਿਆ ਇਸ ਗਣਰਾਜ ਦੇ ਪੱਛਮੀ ਸਿਰੇ ਤੋਂ ਪਾਰ ਉੱਤਰ ਤੋਂ ਦੱਖਣ ਦੀ ਦਿਸ਼ਾ ਵਿਚ ਵਗਦਾ ਹੈ। ਧਰਾਤਲ ਪੱਖ ਤੋਂ ਇਸ ਦਾ ਵੋਲਗਾ ਦਰਿਆ ਦੇ ਸੱਜੇ ਪਾਸੇ ਦਾ ਖੇਤਰ ਉੱਚਾ ਹੈ ਅਤੇ ਇਹ ਮੁੱਖ ਤੌਰ ਤੇ ਕਾਲੀ-ਮਿੱਟੀ ਵਾਲਾ ਖੇਤਰ ਹੈ। ਵੋਲਗਾ ਦਰਿਆ ਦਾ ਸਹਾਇਕ ਦਰਿਆ ਕਾਮਾ, ਜੋ ਪੂਰਬ-ਪੱਛਮ ਦੀ ਦਿਸ਼ਾ ਵਿਚ ਵਗਦਾ ਹੈ, ਦੇ ਸੱਜੇ ਕੰਢੇ ਦਾ ਖੇਤਰ ਨੀਵਾਂ ਅਤੇ ਦਲਦਲੀ ਹੈ। ਇਹ ਹਿੱਸਾ ਜੰਗਲਾਂ ਨਾਲ ਢੱਕਿਆ ਹੋਇਆ ਹੈ। ਇਸ ਦੇ ਖੱਬੇ ਕੰਢੇ ਵੱਲ ਘਾਹ ਦੇ ਮੈਦਾਨ ਹਨ। ਇਥੋਂ ਦਾ ਜਲਵਾਯੂ ਮਹਾਂਦੀਪੀ ਕਿਸਮ ਦਾ ਹੈ। ਸਰਦੀ ਦੀ ਰੁੱਤ ਲੰਬੀ ਅਤੇ ਸਖ਼ਤ ਠੰਢ ਵਾਲੀ ਹੁੰਦੀ ਹੈ ਅਤੇ ਗਰਮੀ ਦੀ ਰੁੱਤ ਵਿਚ ਤੇਜ਼ ਗਰਮੀ ਪੈਂਦੀ ਹੈ। ਸਾਲਾਨਾ ਔਸਤ ਵਰਖਾ ਦੀ ਮਾਤਰਾ 420 ਤੋਂ 510 ਮਿ. ਮੀ. (17-20 ਇੰਚ) ਹੈ। ਉੱਤਰ-ਪੱਛਮੀ ਭਾਗ ਵਿਚ ਚਾਰਾ, ਆਲੂ, ਚੁਕੰਦਰ ਅਤੇ ਸਣ ਦੀ ਖੇਤੀ ਕੀਤੀ ਜਾਂਦੀ ਹੈ। ਪਸ਼ੂ ਪਾਲਣਾ, ਫਲ ਅਤੇ ਸਬਜ਼ੀਆਂ ਉਗਾਉਣਾ ਇਥੋਂ ਦੇ ਹੋਰ ਧੰਦੇ ਹਨ। ਦੱਖਣ-ਪੂਰਬੀ ਹਿੱਸੇ ਦੀ ਮੁੱਖ ਫਸਲ ਕਣਕ ਹੈ। ਮਾਸ ਅਤੇ ਉੱਨ ਲਈ ਭੇਡਾਂ ਵੀ ਪਾਲੀਆਂ ਜਾਂਦੀਆਂ ਹਨ।

ਇਨਕਲਾਬ ਤੋਂ ਪਹਿਲਾਂ ਇਹ ਇਕ ਪਛੜਿਆ ਹੋਇਆ ਖੇਤਰ ਸੀ। ਇਥੋਂ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੀ ਸੀ ਪਰ ਹੁਣ

ਇਥੇ ਉਦਯੋਗਿਕ ਧੰਦੇ ਵੀ ਕਾਫ਼ੀ ਵਿਕਸਿਤ ਹੋ ਰਹੇ ਹਨ। ਦੱਖਣ-ਪੂਰਬੀ ਖੇਤਰ ਵਿਚ ਖਣਿਜੀ ਤੇਲ ਦੀਆਂ ਖਾਣਾਂ ਹਨ। ਰਸਾਇਣਕ ਪਦਾਰਥ, ਚਮੜੇ ਦਾ ਸਾਮਾਨ, ਕੈਮਰੇ ਦੀਆਂ ਫਿਲਮਾਂ, ਰਬੜ ਅਤੇ ਹਲਕੀ ਮਸ਼ੀਨਰੀ ਬਣਾਉਣਾ ਇਥੋਂ ਦੇ ਮੁੱਖ ਉਦਯੋਗ ਹਨ। ਇਨ੍ਹਾਂ ਤੋਂ ਇਲਾਵਾ ਇਥੇ ਦਰਿਆਵਾਂ ਵਿਚ ਚਲਣ ਵਾਲੇ ਜਹਾਜ਼ ਵੀ ਬਣਾਏ ਜਾਂਦੇ ਹਨ। ਇਸ ਦੇ ਨਜ਼ਦੀਕ ਦੇ ਖੇਤਰਾਂ ਵਿਚ ਪੈਦਾ ਹੋਣ ਵਾਲੀ ਲੱਕੜੀ ਤੋਂ ਅਤੇ ਦੁੱਧ ਤੋਂ ਕਈ ਪ੍ਰਕਾਰ ਦੀਆਂ ਚੀਜ਼ਾਂ ਵੀ ਬਣਾਈਆਂ ਜਾਂਦੀਆ ਹਨ।

ਕਜ਼ਾਨ ਇਥੋਂ ਦਾ ਰਾਜਧਾਨੀ ਸ਼ਹਿਰ ਹੈ। ਇਹ ਉਦਯੋਗਿਕ ਧੰਦਿਆਂ ਦਾ ਗੜ੍ਹ ਵੀ ਹੈ। ਇਹ ਸ਼ਹਿਰ ਇਥੋਂ ਦੇ ਪ੍ਰਾਚੀਨ ਗੌਰਵ, ਉੱਚ-ਸਿੱਖਿਆ ਅਤੇ ਤਾਤਾਰ ਸੰਸਕ੍ਰਿਤੀ ਲਈ ਪ੍ਰਸਿੱਧ ਹੈ। ਇਥੇ ਹੀ ਕਜ਼ਾਨ ਯੂਨੀਵਰਸਿਟੀ ਹੈ।

ਹ.ਪੁ.–ਹਿੰ. ਵਿ. ਕੋ. 5:330; ਐਨ. ਬ੍ਰਿ. ਮਾ. 11:575 (1985)

**ਤਾਂਤੀਆ ਟੋਪੀ** : ਭਾਰਤ ਦੇ ਇਸ ਸੁਤੰਤਰਤਾ ਸੰਗਰਾਮੀ ਦਾ ਜਨਮ 1813 ਈ. ਵਿਚ ਇਕ ਬ੍ਰਾਹਮਣ ਪਰਿਵਾਰ ਵਿਚ ਪੂਨਾ ਵਿਖੇ ਹੋਇਆ। ਇਸ ਦਾ ਪੂਰਾ ਨਾਉਂ ਪਾਂਡੂਰਾਂਗ ਸੀ। ਇਸ ਦਾ ਪਿਤਾ ਪਾਂਡੂਰਾਂਗ ਰਾਓ ਟੋਪੀ ਪੇਸ਼ਵਾ ਬਾਜੀ ਰਾਓ ਦੂਜੇ ਦਾ ਇਕ ਮਹੱਤਵਪੂਰਨ ਦਰਬਾਰੀ ਸੀ। ਪੇਸ਼ਵਾ ਦੇ ਪਰਿਵਾਰ ਨਾਲ ਇਸ ਦਾ ਪਰਿਵਾਰ ਵੀ ਬਿਠੂਰ ਚਲਾ ਗਿਆ ਅਤੇ ਇਹ ਪੇਸ਼ਵਾ ਦੇ ਗੋਦ ਲਏ ਲੜਕੇ ਨਾਨਾ ਢੁੰਡੂ ਪੰਤ ਦਾ ਗੂੜ੍ਹਾ ਦੋਸਤ ਬਣ ਗਿਆ। ਇਸ ਤੋਂ ਇਲਾਵਾ ਰਾਓ ਸਾਹਿਬ ਅਤੇ ਰਾਣੀ ਲਕਸ਼ਮੀ ਬਾਈ ਵੀ ਇਸ ਦੇ ਬਚਪਨ ਦੇ ਸਾਥੀਆਂ ਵਿਚੋਂ ਸਨ। ਸੰਨ 1851 ਵਿਚ ਲਾਰਡ ਡਲਹੌਜ਼ੀ ਨੇ ਨਾਨਾ ਸਾਹਿਬ ਨੂੰ ਉਸ ਦੇ ਪਿਤਾ ਦੀ ਪੈਨਸ਼ਨ ਤੋਂ ਵੰਚਿਤ ਕਰ ਦਿੱਤਾ। ਉਸ ਸਮੇਂ ਤੋਂ ਨਾਨਾ ਸਾਹਿਬ ਦੇ ਨਾਲ ਹੀ ਤਾਂਤੀਆ ਵੀ ਬਰਤਾਨਵੀ ਸਰਕਾਰ ਦਾ ਕੱਟੜ ਦੁਸ਼ਮਣ ਬਣ ਗਿਆ। ਸਭ ਤੋਂ ਪਹਿਲਾਂ ਇਸ ਨੇ ਨਾਨਾ ਸਾਹਿਬ ਨੂੰ ਗੁਪਤ ਤੌਰ ਤੇ ਬਰਤਾਨੀਆ ਵਿਰੋਧੀ ਅਨਸਰ ਤਿਆਰ ਕਰਨ ਵਿਚ ਸਹਿਯੋਗ ਦਿੱਤਾ ਅਤੇ ਮਗਰੋਂ ਗੁਪਤ ਤੌਰ ਤੇ ਹੋਰ ਉਤੇਜਿਤ ਹੋਏ ਲੋਕਾਂ ਨੂੰ ਵੀ ਆਪਣੇ ਨਾਲ ਮਿਲਾ ਲਿਆ। ਸੰਨ 1857 ਵਿਚ ਜਦੋਂ ਰਾਜਨੀਤਕ ਸੰਘਰਸ਼ ਜ਼ੋਰ ਫੜ ਰਿਹਾ ਸੀ ਉਸ ਸਮੇਂ ਇਹ ਕਾਨਪੁਰ ਵਿਖੇ ਸਥਾਪਿਤ ਭਾਰਤੀ ਫ਼ੌਜਾਂ ਨੂੰ ਆਪਣੇ ਨਾਲ ਮਿਲਾਉਣ ਵਿਚ ਕਾਮਯਾਬ ਹੋ ਗਿਆ ਅਤੇ ਇਸ ਤਰ੍ਹਾਂ ਇਹ ਨਾਨਾ ਸਾਹਿਬ ਦੀ ਹਕੂਮਤ ਜਮਾ ਕੇ ਖ਼ੁਦ ਉਸ ਦੀਆਂ ਕ੍ਰਾਂਤੀਕਾਰੀ ਫ਼ੌਜਾਂ ਦਾ ਜਰਨੈਲ ਬਣ ਗਿਆ ਅਤੇ ਲੜਾਈ ਦੌਰਾਨ ਇਸਨੇ ਚੰਗੀ ਸੂਝ ਬੂਝ ਵਿਖਾਈ।

ਕਾਨਪੁਰ ਉੱਤੇ ਜਦੋਂ ਦੁਬਾਰਾ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਇਹ ਨਾਨਾ ਸਾਹਿਬ ਤੋਂ ਅਲੱਗ ਹੋ ਕੇ ਰਾਣੀ ਝਾਂਸੀ ਨਾਲ ਮਿਲ ਗਿਆ ਅਤੇ ਬੁੰਦੇਲਖੰਡ ਵਿਚ ਵੀ ਇਸ ਨੇ ਬਗ਼ਾਵਤ ਫੈਲਾ ਦਿੱਤੀ। ਜਦੋਂ ਇਹ ਚਰਖਰੀ ਦੇ ਅੰਗਰੇਜ਼-ਪੱਖੀ ਰਾਜੇ ਨੂੰ ਹਰਾ ਕੇ ਝਾਂਸੀ ਵਲ ਜਾ ਰਿਹਾ ਸੀ ਤਾਂ ਸਰ ਹਫ਼ ਰੋਜ਼ ਨੇ ਬੇਤਵਾ ਦੀ ਲੜਾਈ ਵਿਚ ਇਸ ਨੂੰ ਹਰਾ ਦਿੱਤਾ ਤੇ ਇਸ ਤਰ੍ਹਾਂ ਝਾਂਸੀ ਉੱਤੇ ਵੀ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤੇ ਅਖੀਰ ਇਹ ਗਵਾਲੀਅਰ ਪਹੁੰਚਣ ਵਿਚ ਸਫ਼ਲ ਹੋ ਗਿਆ ਜਿਥੇ ਇਸ ਨੇ ਗਵਾਲੀਅਰ- ਇਮਦਾਦੀ ਫ਼ੌਜ ਦੀ ਸਹਾਇਤਾ ਨਾਲ ਨਾਨਾ ਸਾਹਿਬ ਦੇ ਪੇਸ਼ਵਾ ਹੋਣ ਦਾ ਐਲਾਨ ਕਰ ਦਿੱਤਾ ਪਰ ਆਪਣੇ ਪੈਰ ਜਮਾਉਣ ਤੋਂ ਪਹਿਲਾਂ ਇਹ ਜਨਰਲ ਰੋਜ਼ ਦੇ ਹੱਥੋਂ ਇਕ ਲੜਾਈ ਵਿਚ ਹਾਰ ਗਿਆ ਜਿਸ ਵਿਚ ਰਾਣੀ ਝਾਂਸੀ ਵੀ ਸ਼ਹੀਦ ਹੋ ਗਈ।

ਗਵਾਲੀਅਰ ਦੀ ਹਾਰ ਨਾਲ ਤਾਂਤੀਆ ਟੋਪੀ ਦੇ ਜੀਵਨ ਵਿਚ ਇਕ ਨਵਾਂ ਪਲਟਾ ਆਇਆ ਜਿਸ ਤੋਂ ਬਾਅਦ ਇਸ ਨੇ ਕੇਂਦਰੀ ਭਾਰਤ, ਮਾਲਵਾ ਬੁੰਦੇਲਖੰਡ, ਰਾਜਪੂਤਾਨਾ ਅਤੇ ਖਾਂਦੇਸ਼ ਆਦਿ ਦੇ ਇਕ ਬਹੁਤ ਵੱਡੇ ਖੇਤਰ ਵਿਚ ਅਤੇ ਵਿੰਧੀਆਚਲ ਅਤੇ ਅਰਾਵਲੀ ਪਹਾੜੀਆਂ ਵਿਚ ਗੁਰੀਲਾ ਯੁੱਧ ਦੇ ਮਾਅਰਕੇ ਦੇ ਕਾਰਨਾਮਿਆਂ ਨਾਲ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਹਿਮਾਇਤੀਆਂ ਦੇ ਨੱਕ ਵਿਚ ਦਮ ਕਰੀ ਰੱਖਿਆ। ਇਥੋਂ ਤੱਕ ਕੇ ਜੂਨ 1858 ਤੋਂ ਅਪ੍ਰੈਲ 1859 ਤੱਕ ਭਾਰਤ ਵਿਚ ਅੰਗਰੇਜ਼ੀ ਫ਼ੌਜ ਅਤੇ ਉਸ ਦਾ ਫ਼ੌਜੀ ਖ਼ੁਫ਼ੀਆ ਮਹਿਕਮਾ ਇਸ ਦਾ ਪਿੱਛਾ ਕਰਨ ਵਿਚ ਲੱਗੇ ਰਹੇ ਪਰ ਇਹ ਉਨ੍ਹਾਂ ਦੇ ਕਾਬੂ ਨਾ ਆ ਸਕਿਆ। ਅਖੀਰ ਵਿਚ ਇਸ ਦੇ ਇਕ ਬਹੁਤ ਭਰੋਸੇ ਯੋਗ ਦੋਸਤ ਮਾਨ ਸਿੰਘ ਨੇ ਇਸ ਨਾਲ ਧ੍ਰੋਹ ਕਰਕੇ 8 ਅਪ੍ਰੈਲ ਦੀ ਰਾਤ ਨੂੰ ਪਾਰੋਂ ਦੇ ਸੰਘਣੇ ਜੰਗਲ ਵਿਚੋਂ ਇਸ ਨੂੰ ਫੜਾ ਦਿੱਤਾ। ਇਸ ਉੱਤੇ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਫ਼ੌਜੀ ਅਦਾਲਤ ਦੁਆਰਾ ਇਸ ਨੂੰ ਮੌਤ ਦੀ ਸਜ਼ਾ ਹੋਈ। 18 ਅਪ੍ਰੈਲ, 1859 ਨੂੰ ਇਸ ਨੂੰ ਫਾਂਸੀ ਦੇ ਦਿੱਤੀ ਗਈ।

ਹ.ਪੁ.–ਡਿ. ਨੈ. ਬਾ. 4:327

**ਤਾਤੀ, ਜ਼ਾਕ** (**Tati, Jacques**) : ਫ਼ਰਾਂਸ ਦੇ ਇਸ ਚਲਚਿੱਤਰ ਅਦਾਕਾਰ ਅਤੇ ਡਾਇਰੈਕਟਰ ਦਾ ਜਨਮ 9 ਅਕਤੂਬਰ 1908 ਨੂੰ ਹੋਇਆ। ਸੰਨ 1931 ਵਿਚ ਇਸ ਨੇ ਆਪਣਾ ਜੀਵਨ ਇਕ ਸੰਗੀਤਕਾਰ ਵਜੋਂ ਸ਼ੁਰੂ ਕੀਤਾ ਅਤੇ ਉਸੇ ਸਾਲ ਹੀ ਇਸ ਨੇ ਆਪਣੀ ਪਹਿਲੀ ਫਿਲਮ 'ਔਸਕਰ, 'ਚੈਂਪੀਅਨ ਡ ਟੈਨਿਸ (1931) ਵਿਚ ਕੰਮ ਕੀਤਾ ਅਤੇ ਉਸ ਦਾ ਨਿਰਦੇਸ਼ਨ ਕੀਤਾ।



ਜ਼ਾਕ ਤਾਤੀ

1930 ਦੇ ਦਹਾਕੇ ਵਿਚ ਇਹ ਸਾਰੇ ਯੂਰਪ ਵਿਚ ਸੰਗੀਤਕਾਰ ਵਜੋਂ ਬਹੁਤ ਪ੍ਰਸਿੱਧ ਹੋਇਆ। ਇਸ ਨੇ ਫਿਲਮੀ ਸੁਖਾਂਤ ਲਿਖੇ, ਉਨ੍ਹ ਵਿਚ ਕੰਮ ਕੀਤਾ ਅਤੇ ਉਨ੍ਹਾਂ ਦਾ ਨਿਰਦੇਸ਼ਨ ਵੀ ਕੀਤਾ। ਇਸ ਦ ਅਜਿਹੀ ਫਿਲਮ 'Jour de fete' (1947) ਨੇ ਫ਼ਰਾਂਸੀਸੀ ਸਿਨੇਮ ਦਾ 'ਗ੍ਰੈਂਡ ਪ੍ਰਿਕਸ' ਇਨਾਮ ਪ੍ਰਾਪਤ ਕੀਤਾ। ਇਸ ਦੀਆਂ ਹੋਰ ਵਿਅੰ ਫ਼ਿਲਮਾਂ ਵਿਚ 'Mr. Hulot's Holiday' (1953) ਸ਼ਾਮਲ ਹੈ ਜਿ ਨੇ ਕਾਨ (Cannes) ਉਤਸਵ ਸਮੇਂ ਇਨਾਮ ਜਿੱਤਿਆ। ਇਸ 'ਨਿਊਯਾਰਕ ਫਿਲਮ ਕ੍ਰਿਟਿਕਸ ਐਵਾਰਡ', ਵਧੀਆ ਬਦੇਸ਼ੀ ਫਿਲ ਲਈ 'ਅਕੈਡਮੀ ਐਵਾਰਡ' ਆਦਿ ਵੀ ਪ੍ਰਾਪਤ ਕੀਤੇ। ਇਸ ਦ ਫਿਲਮ 'Playtime' (1968) ਨੇ ਵੀ ਗ੍ਰੈਂਡ ਪ੍ਰਿਕਸ ਪ੍ਰਾਈਜ਼ ਪ੍ਰਾਪ ਕੀਤਾ।

ਹ.ਪੁ.–ਐਨ. ਬ੍ਰਿ. ਮਾ. 9 : 839

**ਤਾਨ** : ਸੰਸਕ੍ਰਿਤ ਦੇ ਤਨੁ ਧਾਤੂ ਤੋਂ 'ਤਾਨ' ਸ਼ਬਦ ਦੀ ਰਚਨ ਹੋਈ ਹੈ ਜਿਸ ਦਾ ਅਰਥ 'ਫੈਲਾਉਣਾ' ਜਾਂ 'ਵਿਸਤਾਰ ਕਰਨਾ ਹੈ। ਦਰੁੱਤ ਲੈਅ ਵਿਚ, ਰਾਗ ਦੇ ਸੁਰਾਂ ਦਾ ਵਿਸ਼ੇਸ਼ ਢੰਗ ਨਾਲ ਵਿਸਤ ਕਰਨਾ ਹੀ 'ਤਾਨ' ਹੈ। ਤਾਨ ਦੀ ਰਚਨਾ ਅਲੰਕਾਰ ਦੇ ਆਧਾਰ

ਹੁੰਦੀ ਹੈ। ਅਲੰਕਾਰਾਂ ਦੀ ਰਚਨਾ ਅੰਕ-ਗਣਿਤ ਤੇ ਆਧਾਰਿਤ ਹੁੰਦੀ ਹੈ। ਸ਼ਾਰੰਗਦੇਵ ਕ੍ਰਿਤ ਸੰਗੀਤ ਰਤਨਾਕਰ ਗ੍ਰੰਥ ਵਿਚ ਸੱਤ ਸੁਰਾਂ ਤੋਂ 5040 ਤਾਨਾਂ (ਅਲੰਕਾਰਾਂ) ਦੀ ਰਚਨਾ ਵਿਧੀ ਦੱਸੀ ਗਈ ਹੈ।

ਇਸ ਪ੍ਰਕਾਰ ਇਕ ਥਾਟ ਤੋਂ 5040 ਅਤੇ 10 ਥਾਟਾਂ ਤੋਂ 5040x10=50400 ਤਾਨਾਂ ਬਣੀਆਂ। ਇਵੇਂ ਹੀ ਦੱਖਣੀ ਪ੍ਰਨਾਲੀ ਵਿਚ 72 ਥਾਟਾਂ ਤੋਂ 5040x72=3,62,880. ਅਲੰਕਾਰ ਜਾਂ ਤਾਨਾਂ ਬਣਦੀਆਂ ਹਨ, ਪਰ ਰਾਗਾਂ ਵਿਚ ਤਾਨ ਦਾ ਪ੍ਰਯੋਗ ਉਸਦੀ ਜਾਤੀ ਅਤੇ ਸੁਰਾਂ ਅਨੁਸਾਰ ਹੁੰਦਾ ਹੈ। ਇਸ ਲਈ ਇਤਨੀ ਵੱਡੀ ਗਿਣਤੀ ਵਿਚ ਤਾਨਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਸੰਗੀਤ-ਸਾਧਨਾ (ਗਾਇਨ ਤੇ ਵਾਦਨ) ਵਿਚ ਉਪਰੋਕਤ ਸੁਰਵਿਸਤਾਰ ਦਾ ਬੜਾ ਮਹੱਤਵ ਹੈ। ਸੋ ਸੰਗੀਤ-ਸ਼ਾਸਤਰਾਂ ਅਨੁਸਾਰ ਤਾਨਾਂ ਦੇ ਲਗਭਗ 20 ਪ੍ਰਕਾਰਾਂ ਨੂੰ ਮਾਨਤਾ ਦਿੱਤੀ ਗਈ ਹੈ ਜਿਨ੍ਹਾਂ ਵਿਚੋਂ ਅੱਜਕੱਲ੍ਹ ਪ੍ਰਮੁੱਖ ਤੌਰ ਤੇ 10-12 ਪ੍ਰਕਾਰ ਦੀਆਂ ਤਾਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇ :— ਸਰਲਤਾਨ, ਕੂਟਤਾਨ, ਮਿਸ਼ਰਤਤਾਨ, ਵੱਕਰਤਾਨ, ਸਪਾਟਤਾਨ, ਲੜੰਤਤਾਨ, ਬੋਲਤਾਨ, ਸਰਗਮਤਾਨ, ਗਮਕਤਾਨ, ਅਲੰਕਾਰਿਕਤਾਨ, ਦਾਣੇਦਾਰਤਾਨ ਅਤੇ ਗਿਟਕ-ਗੀਤਾਨ, ਆਦਿ।

ਉਸਤਾਦ ਚਾਂਦ ਖਾਂ ਨੇ ਇਕ ਹਿੰਦੀ ਪੁਸਤਕ 'ਵਿਵੇਕ-ਦਰਪਣ' ਅਤੇ ਉਰਦੂ ਪੁਸਤਕ 'ਜੌਹਰੇ-ਮੌਸੀਕੀ' ਦਾ ਹਵਾਲਾ ਦੇ ਕੇ ਕੁੱਲ 87 ਪ੍ਰਕਾਰ ਦੀਆਂ ਤਾਨਾਂ ਦਾ ਵਰਣਨ ਕੀਤਾ ਹੈ ਪ੍ਰੰਤੂ ਇਨ੍ਹਾਂ ਵਿਚੋਂ ਅਨੇਕਾਂ ਤਾਨ-ਪ੍ਰਕਾਰ ਬੜੇ ਅਜੀਬੋ-ਗਰੀਬ ਹਨ ਅਤੇ ਆਧੁਨਿਕ ਸੰਗੀਤ ਦੇ ਸੰਦਰਭ ਵਿਚ ਪ੍ਰਯੋਗਹੀਨ ਹਨ।

ਤਾਨਾਂ ਦੁਗੱਣ, ਤਿੱਗੁਣ, ਚੌਗੁਣ. ਆੜੀ, ਅੱਠਗੁਣ, 12 ਗੁਣ ਅਤੇ 16 ਗੁਣ ਲੈਅ ਵਿਚ ਗਾਈਆਂ ਜਾਂਦੀਆਂ ਹਨ। ਸਾਜ਼ ਸੰਗੀਤ (ਵਾਦਯ) ਵਿਚ ਤਾਨਾਂ ਨੂੰ ਹੀ 'ਤੋੜੇ' ਕਿਹਾ ਜਾਂਦਾ ਹੈ। ਭਾਵ ਤੇ ਰਸ ਦੇ ਪੱਖ ਤੋਂ ਆਧੁਨਿਕ ਖ਼ਿਆਲ ਗਾਇਕੀ ਵਿਚ ਤਾਨਾਂ ਦੀ ਵਧੇਰੇ ਵਰਤੋਂ ਠੀਕ ਨਹੀਂ ਸਮਝੀ ਜਾਂਦੀ।

—ਦਰਸ਼ਨ ਸਿੰਘ ਨਰੂਲਾ

**ਤਾਨਸੂਈ (ਡਾਨਸ਼ਵੇ)** : ਇਹ ਤਾਈਵਾਨ ਦੇ ਉੱਤਰ ਵੱਲ ਤਾਈਪੇ ਕਾਉਂਟੀ ਦਾ ਤੱਟਵਰਤੀ ਸ਼ਹਿਰ ਹੈ ਜਿਹੜਾ ਤਾਈਪੇ ਤੋਂ ਉੱਤਰ-ਪੱਛਮ ਵੱਲ ਤਾਨਸੂਈ ਦਰਿਆ ਦੇ ਉੱਤਰੀ ਕੰਢੇ ਉੱਤੇ ਵਾਕਿਆ ਹੈ। ਇਹ ਉੱਤਰੀ ਤਾਈਵਾਨ ਦੀਆਂ ਪੁਰਾਣੀਆਂ ਬੰਦਰਗਾਹਾਂ ਵਿਚੋਂ ਇਕ ਹੈ। ਸਪੇਨੀਆਂ ਨੇ ਜੀ-ਲੁੰਗ (Chi-Lung) ਨੂੰ ਹਥਿਆਉਣ ਪਿੱਛੋਂ, 1620.ਵਿਆਂ ਵਿਚ ਇਸ ਖੇਤਰ ਉੱਤੇ ਕਬਜ਼ਾ ਕਰ ਲਿਆ। ਸੰਨ 1642 ਵਿਚ ਡੱਚਾਂ ਨੇ ਸਪੇਨੀਆਂ ਤੋਂ ਇਹ ਥਾਂ ਖਾਲੀ ਕਰਵਾ ਲਈ ਅਤੇ 1662 ਈ. ਵਿਚ ਕਾਕਸਿੰਗਾ (ਜ਼ੈਂਗ-ਜੌਂਗ-ਕੁੰਗ) ਜਿਸਨੇ ਤਾਈਵਾਨ ਦੀਪ ਉੱਤੇ ਕੁਝ ਸਮੇਂ ਲਈ ਰਾਜ ਕੀਤਾ ਸੀ, ਨੇ ਡੱਚਾਂ ਨੂੰ ਇਥੋਂ ਬਾਹਰ ਕੱਢ ਦਿੱਤਾ। ਇਹ ਬੰਦਰਗਾਹ 1683 ਈ. ਵਿਚ ਮੁੜ ਚੀਨੀਆਂ ਦੇ ਹਵਾਲੇ ਕਰ ਦਿੱਤੀ ਗਈ।

ਇਸ ਬੰਦਰਗਾਹ ਦੇ ਚੀਨ ਦੇ ਫੁਕੇਨ ਪ੍ਰਾਂਤ ਦੇ ਫੂਜੋ (Foo-chow) ਅਤੇ ਚਵਾਨ-ਜੋ (Ch'uan-chow) ਸ਼ਹਿਰਾਂ ਦੇ ਵਪਾਰੀਆਂ ਨਾਲ 18ਵੀਂ ਸਦੀ ਦੇ ਸ਼ੁਰੂ ਵਿਚ ਗੂੜ੍ਹੇ ਸਬੰਧ ਸਥਾਪਿਤ ਹੋਏ। ਸੰਨ 1860 ਵਿਚ ਇਸ ਬੰਦਰਗਾਹ ਨੂੰ ਬਦੇਸ਼ੀ ਵਪਾਰ ਲਈ ਖੋਲ੍ਹ ਦਿੱਤਾ ਗਿਆ ਅਤੇ ਆਉਣ ਵਾਲੇ ਕੁਝ ਸਾਲਾਂ ਵਿਚ ਤਾਨਸੂਈ ਸ਼ਹਿਰ ਤਾਈਵਾਨ ਦੇ ਚਾਹ ਉਦਯੋਗ ਜਿਹੜਾ ਕਿ ਫੁਕੇਨ (ਚੀਨ) ਦੇ ਲੋਕਾਂ ਨੇ ਇਥੇ ਸਥਾਪਿਤ ਕੀਤਾ ਸੀ, ਦਾ ਕੇਂਦਰ ਬਣ ਗਿਆ। ਇਥੋਂ ਚਾਹ ਪਹਿਲਾਂ ਫੂਜੋ ਅਤੇ ਫਿਰ ਯੂਰਪ ਨੂੰ ਸਮੁੰਦਰੀ ਜਹਾਜ਼ਾਂ ਰਾਹੀਂ ਭੇਜੀ ਜਾਂਦੀ ਸੀ। ਉਨ੍ਹੀਵੀਂ ਸਦੀ ਦੇ ਅੰਤ ਤੱਕ ਫੂਜੋ ਸ਼ਹਿਰ ਰਾਹੀਂ ਤਾਨਸੂਈ ਤੋਂ ਆਉਣ ਵਾਲੀ ਚਾਹ ਦਾ ਨਿਰਯਾਤ ਫੁਕੇਨ ਨਾਲੋਂ ਵੀ ਵੱਧ ਹੋਣ ਲੱਗ ਪਿਆ।

ਸੰਨ 1883-85 ਦੀ ਚੀਨੀ-ਫਰਾਂਸੀਸੀ ਜੰਗ ਦੌਰਾਨ ਇਹ ਫਰਾਂਸੀਸੀਆਂ ਦੇ ਕਬਜ਼ੇ ਹੇਠ ਆ ਗਿਆ। 1880ਵਿਆਂ ਦੇ ਅੰਤਲੇ ਸਮੇਂ ਵਿਚ ਤਾਨਸੂਈ ਸ਼ਹਿਰ ਤੋਂ ਸ਼ਿੰਘਾਈ, ਹਾਂਗ ਕਾਂਗ ਅਤੇ ਸਿੰਗਾਪੁਰ ਵੱਲ ਨੂੰ ਸਮੁੰਦਰੀ ਜਹਾਜ਼ਾਂ ਲਈ ਰਸਤੇ ਖੁਲ੍ਹ ਜਾਣ ਨਾਲ ਇਸ ਸ਼ਹਿਰ ਨੇ ਹੋਰ ਉੱਨਤੀ ਕੀਤੀ। ਜੀਲੁੰਗ ਦੀ ਬੰਦਰਗਾਹ ਤੱਕ ਰੇਲਵੇ ਲਾਈਨ ਦੇ ਪੂਰੇ ਹੋ ਜਾਣ ਅਤੇ ਤਾਨਸੂਈ ਐਸਚੁਅਰੀ ਵਿਚ ਗਾਦ ਜਮ੍ਹਾਂ ਹੋ ਜਾਣ ਕਾਰਨ, ਤਾਨਸੂਈ ਬੰਦਰਗਾਹ ਦੀ ਮਹੱਤਤਾ ਘਟ ਗਈ ਅਤੇ ਅੱਜਕੱਲ੍ਹ ਇਹ ਨੇੜੇ ਹੀ ਸਥਿਤ ਤਾਈਵਾਨ ਦੀ ਰਾਜਧਾਨੀ ਤਾਈਪੇ ਦੀ ਸਮੁੰਦਰੀ ਕੰਢੇ ਸਥਿਤ ਆਰਾਮਗਾਹ ਹੈ।

ਆਬਾਦੀ— 66,589 (1982)

25° 10' ਉ. ਵਿਥ.; 121° 26' ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 9 : 810

**ਤਾਨਸੇਨ** : ਭਾਰਤ ਦਾ ਇਹ ਵਿਦਵਾਨ ਪੰਡਤ ਆਪਣੇ ਸਮੇਂ ਦਾ ਅਤਿ ਮੰਨਿਆ ਪ੍ਰਮੰਨਿਆ ਰਾਗ-ਵਿਦਿਆ ਦਾ ਆਚਾਰੀਆ ਸੀ। ਇਹ ਅਕਬਰ ਬਾਦਸ਼ਾਹ ਦੇ ਨੌਂ ਰਤਨਾਂ ਵਿਚੋਂ ਇਕ ਸੀ। ਇਸ ਉੱਚ ਕੋਟੀ ਦੇ ਸੰਗੀਤਕਾਰ ਨੂੰ ਬਹੁਤ ਜ਼ਿਆਦਾ ਮਾਣ ਅਤੇ ਵਡਿਆਈ ਮਿਲੀ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਦੇ ਜੀਵਨ ਦੇ ਸਬੰਧ ਵਿਚ ਇਤਿਹਾਸਕ ਜਾਂ ਪ੍ਰਮਾਣਕ ਤੱਥ ਬਹੁਤ ਘੱਟ ਮਿਲਦੇ ਹਨ। ਇਥੋਂ ਤੱਕ ਕਿ ਇਸ ਦੇ ਸਹੀ ਨਾਂ ਦਾ ਵੀ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਇਸ ਦੇ ਕਈ ਨਾਂ ਦੱਸੇ ਜਾਂਦੇ ਹਨ ਜਿਵੇਂ ਤੰਨੂ, ਤੰਨ, ਤਿਰਲੋਚਨ, ਤਨਸੁਖ, ਰਾਮਤਨੂ ਆਦਿ। ਤਾਨਸੇਨ ਇਸ ਦਾ ਖਿਤਾਬ ਸੀ।

ਅਬੁਲਫ਼ਜ਼ਲ ਨੇ ਆਪਣੇ ਲੇਖਾਂ ਵਿਚ ਇਸ ਨੂੰ ਗਵਾਲੀਅਰੀ ਕਿਹਾ ਹੈ। ਇਹ ਹੋ ਸਕਦਾ ਹੈ ਕਿ ਗਵਾਲੀਅਰ ਵਿਚ ਹੀ ਕਿਤੇ ਇਸ ਦਾ ਜਨਮ ਹੋਇਆ ਹੋਵੇ। ਗਵਾਲੀਅਰ ਤੋਂ 32 ਕੁ ਕਿ. ਮੀ. ਦੀ ਵਿਥ ਤੇ ਬੇਹਟ ਨਾਂ ਦਾ ਇਕ ਪਿੰਡ ਹੈ ਜਿੱਥੇ ਕਲਾਵੰਤ ਦੇ ਘਰ ਇਸ ਦਾ ਜਨਮ ਹੋਇਆ ਦੱਸਿਆ ਜਾਂਦਾ ਹੈ। ਅਬੁਲਫ਼ਜ਼ਲ ਨੇ 'ਅਕਬਰ ਨਾਮਾ' ਵਿਚ ਇਸ ਦੀ ਮੌਤ ਦੀ ਤਾਰੀਖ 26 ਅਪ੍ਰੈਲ, ਸੰਨ 1589 ਦੱਸੀ ਹੈ। ਆਪਣੀ ਮੌਤ ਦੇ ਸਮੇਂ ਇਹ ਲਗਭਗ 80 ਜਾਂ 85 ਸਾਲ ਦਾ ਸੀ। ਇਸ ਲਈ ਇਸ ਦਾ ਜਨਮ 1504 ਤੋਂ 1509 ਵਿਚ ਹੋਇਆ ਹੋਵੇਗਾ।

ਪਰੰਪਰਾ ਅਨੁਸਾਰ ਸੁਣੀਆਂ ਹੋਈਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਇਸ ਨੂੰ ਸੰਗੀਤ ਦੀ ਸਿਖਿਆ ਵ੍ਰਿੰਦਾਵਨ ਸਵਾਮੀ ਹਰੀਦਾਸ ਤੋਂ ਮਿਲੀ ਸੀ। ਇਹ ਵੀ ਸੰਭਵ ਹੈ ਕਿ ਇਸ ਨੇ ਸੰਗੀਤ ਦੀ ਸਿਖਿਆ ਆਪਣੇ ਪਿਤਾ ਤੋਂ ਲਈ ਹੋਵੇ। ਉਸ ਦਾ ਨਾਂ ਮਕਰੰਦ ਪਾਂਡੇ ਕਿਹਾ ਜਾਂਦਾ ਹੈ। ਇਹ ਵੀ ਸੰਭਵ ਹੈ ਕਿ ਇਸ ਨੇ ਕੁਝ ਸਿਖਿਆ ਰਾਜਾ ਮਾਨ ਸਿੰਘ ਜਾਂ ਵਿਕਰਮਾਜੀਤ ਸਿੰਘ ਦੇ ਦਰਬਾਰੀ ਗਾਇਕਾਂ ਤੋਂ ਵੀ ਲਈ ਹੋਵੇ।

ਸੰਨ 1519 ਵਿਚ ਵਿਕਰਮਾਜੀਤ ਸਿੰਘ ਨੂੰ ਇਬਰਾਹੀਮ ਲੋਧੀ ਨੇ ਹਰਾ ਦਿੱਤਾ। ਉਸ ਦਾ ਰਾਜ ਖਤਮ ਹੋਣ ਤੇ ਗਵਾਲੀਅਰ ਦੇ ਕਲਾਕਾਰ ਇਧਰ ਉਧਰ ਚਲੇ ਗਏ। ਤਾਨਸੇਨ ਪਹਿਲਾਂ ਸ਼ੇਰ ਸ਼ਾਹ ਸੂਰੀ ਦੇ ਪੁੱਤਰ ਦੌਲਤ ਖਾਂ ਸੂਰੀ ਦਾ ਦਰਬਾਰੀ ਗਾਇਕ ਨਿਯੁਕਤ ਹੋਇਆ। ਦੌਲਤ ਖਾਂ ਦੀ ਮੌਤ ਪਿਛੋਂ ਇਹ ਵਾਂਧਵਗੜ੍ਹ ਦੇ ਰਾਜਾ ਰਾਮਚੰਦਰ ਸਿੰਘ ਬਘੇਲਾ ਦੇ ਕੋਲ ਚਲਾ ਗਿਆ। ਉਸ ਸਮੇਂ ਦੇ ਸੰਸਕ੍ਰਿਤ ਕਵੀ ਮਾਧਵ ਨੇ 'ਵੀਰ ਭਾਨੂਦਯ ਕਾਵਿਅਮ' ਵਿਚ ਤਾਨਸੇਨ ਦੇ ਧਰੁਵਪਦ ਗਾਉਣ ਦੀ ਬਹੁਤ ਜ਼ਿਆਦਾ ਪ੍ਰਸ਼ੰਸਾ ਕੀਤੀ ਹੈ ਅਤੇ ਲਿਖਿਆ ਹੈ ਕਿ ਰਾਜਾ ਰਾਮਚੰਦਰ ਸਿੰਘ ਨੇ ਤਾਨਸੇਨ ਨੂੰ ਕਰੋੜਾਂ ਰੁਪਏ ਦਿੱਤੇ।

ਅਕਬਰ ਨੇ ਤਾਨਸੇਨ ਦੀ ਗਾਉਣ ਕਲਾ ਦੀ ਪ੍ਰਸ਼ੰਸਾ ਸੁਣੀ। ਉਸ ਨੇ ਆਪਣੇ ਅਫ਼ਸਰ ਜਲਾਲ ਖਾਂ ਕੁਰਚੀ ਨੂੰ 1562 ਈ. ਵਿਚ

ਰਾਜਾ ਰਾਮਚੰਦਰ ਸਿੰਘ ਦੇ ਕੋਲ ਇਕ ਫ਼ਰਮਾਨ ਸਹਿਤ ਭੇਜਿਆ ਜਿਸ ਵਿਚ ਉਸ ਨੇ ਇਹ ਪ੍ਰਗਟ ਕੀਤਾ ਕਿ ਤਾਨਸੇਨ ਨੂੰ ਉਸ ਦੇ ਦਰਬਾਰ ਵਿਚ ਭੇਜ ਦਿਤਾ ਜਾਵੇ। ਸ਼ਾਹੀ ਫ਼ਰਮਾਨ ਦੇ ਕਾਰਨ ਰਾਜਾ ਰਾਮਚੰਦਰ ਸਿੰਘ ਦੀ ਇੱਛਾ ਨਾ ਹੁੰਦੇ ਹੋਏ ਵੀ ਤਾਨਸੇਨ ਨੂੰ ਦਿੱਲੀ ਦਰਬਾਰ ਭੇਜਣਾ ਪਿਆ। 'ਆਈਨੇ-ਆਕਬਰੀ' ਵਿਚ ਅਬੁਲਫ਼ਜ਼ਲ ਨੇ ਲਿਖਿਆ ਹੈ ਕਿ ਅਕਬਰ ਨੇ ਆਪਣੇ ਦਰਬਾਰ ਵਿਚ ਤਾਨਸੇਨ ਦਾ ਗਾਣਾ ਸੁਣ ਕੇ ਪਹਿਲੀ ਵਾਰੀ ਦੋ ਲੱਖ ਟੰਕਾ (ਤੋਲੇ) ਇਨਾਮ ਦਿੱਤਾ। ਅਬੁਲ ਫ਼ਜ਼ਲ ਦਾ ਕਹਿਣਾ ਹੈ ਕਿ ਇਕ ਹਜ਼ਾਰ ਸਾਲ ਤੱਕ ਤਾਨਸੇਨ ਵਰਗਾ ਗਾਇਕ ਭਾਰਤ ਵਿਚ ਨਹੀਂ ਹੋਇਆ।

ਇਸ ਦਾ ਕੰਠ ਬਹੁਤ ਸੁਰੀਲਾ ਸੀ। ਇਸ ਨੇ ਕਈ ਰਾਗਾਂ ਦਾ ਨਿਰਮਾਣ ਕੀਤਾ, ਜਿਨ੍ਹਾਂ ਵਿਚ ਮੀਆਂ ਕੀ ਤੋੜੀ, ਮੀਆਂ ਕੀ ਸਾਰੰਗ, ਮੀਆਂ ਕੀ ਮੱਲਾਰ ਅਤੇ ਦਰਬਾਰੀ ਕਾਨੜਾ ਮੁੱਖ ਸਨ। ਇਕੋ ਇਕ ਦਰਬਾਰੀ ਕਾਨੜਾ ਹੀ ਇਸ ਦੇ ਨਾਂ ਨੂੰ ਸਦਾ ਕਾਇਮ ਕਰਨ ਲਈ ਕਾਫ਼ੀ ਹੈ।

ਇਹ ਕੇਵਲ ਗਾਇਕ ਹੀ ਨਹੀਂ ਨਾਇਕ ਵੀ ਸੀ। ਸੰਗੀਤ ਵਿਚ ਨਾਇਕ ਉਸ ਨੂੰ ਕਹਿੰਦੇ ਸਨ ਜੋ ਸਰਵਤਾਲ ਵਿਚ ਗੀਤ ਦੀਆਂ ਰਚਨਾਵਾਂ ਕਰਦੇ ਸਨ। 'ਰਾਗ ਕਲਪਦਰੁੱਮ' ਵਿਚ ਇਸ ਦੇ ਰਚਿਤ ਕਈ ਧਰੁਵਪਦ ਸਵਰਲਿਪੀ ਵਿਚ ਦਿੱਤੇ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਤਾਨਸੇਨ ਦੇ ਧਰੁਵਪਦਾਂ ਦਾ ਅਜੇ ਪੂਰੀ ਤਰ੍ਹਾਂ ਸੰਗ੍ਰਹਿ ਨਹੀਂ ਹੋ ਸਕਿਆ।

ਇਸ ਨੇ ਸੰਗੀਤ ਸ਼ਾਸਤਰ ਉਤੇ ਦੋ ਪੁਸਤਕਾਂ 'ਸੰਗੀਤਸਾਰ' ਅਤੇ 'ਰਾਗਮਾਲਾ' ਵੀ ਲਿਖੀਆਂ। ਇਹ ਦੋਵੇਂ ਪੁਸਤਕਾਂ ਪ੍ਰਕਾਸ਼ਤ ਹੋ ਗਈਆਂ ਹਨ।

ਤਾਨਸੇਨ ਨੇ ਇਕ ਮੁਸਲਮਾਨ ਔਰਤ ਘਰ ਰੱਖ ਲਈ ਸੀ ਜਿਸ ਕਰਕੇ ਇਸ ਦਾ ਹਿੰਦੂ ਸਮਾਜ ਤੋਂ ਭਾਂਡਾ ਛੇਕਿਆ ਗਿਆ। ਇਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਧਰਮ ਕਬੂਲ ਨਹੀਂ ਕੀਤਾ ਸੀ। ਗਵਾਲੀਅਰ ਵਿਚ ਗ਼ੌਸ ਮੁਹੰਮਦ ਦੇ ਮਕਬਰੇ ਦੇ ਕੋਲ ਇਕ ਛੋਟਾ ਜਿਹਾ ਮਕਬਰਾ ਹੈ ਜਿਸਨੂੰ ਤਾਨਸੇਨ ਦੀ ਕਬਰ ਕਿਹਾ ਜਾਂਦਾ ਹੈ। ਇਸ ਸਥਾਨ ਉਤੇ ਹਰੇਕ ਸਾਲ ਤਾਨਸੇਨ ਦਾ ਉਰਸ ਮਨਾਇਆ ਜਾਂਦਾ ਹੈ। ਇਸ ਦੀ ਕਬਰ ਦੇ ਨਾਲ ਹੀ ਇਮਲੀ ਦਾ ਇਕ ਬਿਰਛ ਹੈ ਜਿਸ ਬਿਰਛ ਦੇ ਪੱਤੇ ਗਵੱਈਏ ਲੋਕ ਇਸ ਲਈ ਚੱਬਦੇ ਹਨ ਤਾਂ ਕਿ ਉਨ੍ਹਾਂ ਦਾ ਕੰਠ ਸੁਰੀਲਾ ਹੋ ਜਾਵੇ।

ਹ.ਪੁ.—ਹਿੰ. ਵਿ. ਕੋ. 5 : 331; ਮ. ਕੋ.

**ਤਾਨਕਿਨ ਦੀ ਖਾੜੀ** : ਉੱਤਰੀ ਵੀਅਤਨਾਮ ਦੇ ਪੂਰਬ ਵੱਲ ਅਤੇ ਹੀਨਾਨ ਟਾਪੂ ਤੋਂ ਪੱਛਮ ਵੱਲ ਸਥਿਤ ਇਹ ਖਾੜੀ ਦੱਖਣੀ ਚੀਨ ਸਾਗਰ ਦਾ ਹੀ ਇਕ ਹਿੱਸਾ ਹੈ। ਇਹ ਖਾੜੀ 500 ਕਿ. ਮੀ. (300 ਮੀਲ) ਲੰਬੀ ਅਤੇ 241 ਕਿ. ਮੀ. (150 ਮੀਲ) ਚੌੜੀ ਹੈ। ਇਸ ਦੀ ਵੱਧ ਤੋਂ ਵੱਧ ਡੂੰਘਾਈ 70 ਮੀ. (230 ਫ਼ੁੱਟ) ਹੈ। ਇਸ ਖਾੜੀ ਵਿਚ ਜਹਾਜ਼ਰਾਨੀ ਚੀਨ ਅਤੇ ਹੀਨਾਨ ਟਾਪੂ ਵਿਚਕਾਰ ਸਥਿਤ ਹੀਨਾਨ ਜਲਡਮਰੂ ਦੇ ਰਸਤਿਓਂ ਹੁੰਦੀ ਹੈ। ਰੈੱਡ ਦਰਿਆ ਇਸ ਖਾੜੀ ਵਿਚ ਆ ਕੇ ਡਿਗਦਾ ਹੈ। ਇਸ ਨਾਲ ਸਬੰਧਤ ਬੈਨ ਥੂਈ ਤੇ ਹਾਈਫਾਂਗ (ਉੱਤਰੀ ਵੀਅਤਨਾਮ) ਅਤੇ ਬੇ- ਹਾਈ (Pei-he) (ਚੀਨ) ਦੀਆਂ ਮੁੱਖ ਬੰਦਰਗਾਹਾਂ ਹਨ।

ਸੰਨ 1964 ਵਿਚ ਸੰਯੁਕਤ ਰਾਜ ਦੇ ਦੋ ਜੰਗੀ ਜਹਾਜ਼ਾਂ ਉੱਤੇ ਉੱਤਰੀ ਵੀਅਤਨਾਮ ਦੀਆਂ ਤਾਰਪੀਡੋ ਕਿਸ਼ਤੀਆਂ ਦੀ ਗੋਲਾਬਾਰੀ ਦੀ ਸੂਚਨਾ ਪ੍ਰਾਪਤ ਹੋਣ ਤੇ, ਸੰਯੁਕਤ ਰਾਜ ਕਾਂਗਰਸ ਨੇ ਅਮਰੀਕੀਆਂ ਦੀ ਵੀਅਤਨਾਮੀ ਜੰਗ ਵਿਚ ਦਖ਼ਲਅੰਦਾਜ਼ੀ ਦੀ ਹਿਮਾਇਤ ਕਰਦਿਆਂ ਹੋਇਆਂ, ਤਾਨਕਿਨ ਖਾੜੀ ਦੇ ਮਤੇ ਨੂੰ ਅਪਣਾਇਆ।

ਜਦੋਂ 1972 ਈ. ਵਿਚ ਜਦੋਂ ਸੰਯੁਕਤ ਰਾਜ ਦੀ ਜਲ-ਸੈਨਾ ਨੇ ਉੱਤਰੀ ਵੀਅਤਨਾਮ ਦੀਆਂ ਬੰਦਰਗਾਹਾਂ ਵੱਲ ਨੂੰ ਜਾਣ ਵਾਲੇ ਪ੍ਰਵੇਸ਼ ਰਸਤਿਆਂ ਉੱਤੇ ਸੁਰੰਗਾਂ ਵਿਛਾ ਦਿੱਤੀਆਂ ਤਾਂ ਉਸ ਸਮੇਂ ਇਸ ਖਾੜੀ ਵਿਚ ਜਲ ਸੈਨਾ ਦੀਆਂ ਕਾਫ਼ੀ ਸਰਗਰਮੀਆਂ ਹੁੰਦੀਆਂ ਵੇਖੀਆ ਗਈਆਂ।

20° 00′ ਉ. ਵਿਥ.; 108° 00′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 10 : 43

**ਤਾਨਪੂਰਾ (ਤੰਬੂਰਾ)** : ਭਾਰਤੀ ਸੰਗੀਤ ਦੇ ਅਨੇਕ ਪ੍ਰਕਾਰ ਦੇ ਸਾਜ਼ਾਂ ਵਿਚ ਤਾਨਪੂਰੇ ਦਾ ਵਿਸ਼ੇਸ਼ ਮਹੱਤਵ ਹੈ। ਭਾਰਤੀ ਸੰਗੀਤ ਵਿਚ ਸੁਰ ਦੇਣ ਵਾਲੇ ਸਾਜ਼ਾਂ ਵਿਚੋਂ ਇਹ ਸ਼੍ਰੋਮਣੀ ਸਾਜ਼ ਹੈ। ਤਾਨਪੂਰੇ ਨੂੰ ਤੰਬੂਰਾ ਨਾਓਂ ਨਾਲ ਵੀ ਜਾਣਿਆ ਜਾਂਦਾ ਹੈ। ਤੰਬੂਰਾ ਨਾਮ ਉਸਦੀ ਕਾਢ ਕੱਢਣ ਵਾਲੇ ਤੰਬੂਰ ਨਾਮਕ ਗੰਧਰਵ ਤੋਂ ਹੀ ਪਿਆ ਇਸ ਸਾਜ਼ ਦੇ ਮੁੱਖ ਅੰਗ ਹੇਠ ਅਨੁਸਾਰ ਹਨ।

1. **ਤੂੰਬਾ** — ਲੌਕੀ ਜਾਂ ਕੱਦੂ ਦਾ ਬਣਿਆ ਹੋਇਆ ਗੋਲਾਕਾਰ ਵੱਡਾ ਭਾਗ ਤੂੰਬਾ ਕਹਾਉਂਦਾ ਹੈ।

2. **ਤਬਲੀ** — ਤੂੰਬੇ ਨੂੰ ਢੱਕਣ ਲਈ ਪਤਲੀ ਲੱਕੜੀ ਦਾ ਜੋ ਢੱਕਣ ਹੁੰਦਾ ਹੈ ਜਿਸ ਤੇ ਘੁੜਚ ਆਦਿ ਰਖੇ ਜਾਂਦੇ ਹਨ, ਨੂੰ ਤਬਲੀ ਕਹਿੰਦੇ ਹਨ।

3. **ਘੁੜਚ** — ਤਬਲੀ ਦੇ ਉਪਰ ਲੱਕੜੀ ਜਾਂ ਹੱਡੀ ਦੀ ਇਕ ਚੌਂਕੀ ਹੁੰਦੀ ਹੈ ਜਿਸ ਉਤੇ ਤਾਰ ਰੱਖੇ ਹੁੰਦੇ ਹਨ। ਇਸ ਨੂੰ ਘੁੜਚ ਕਿਹ ਜਾਂਦਾ ਹੈ।

4. **ਕੀਲ (ਕਿੱਲ) ਜਾਂ ਲੰਗੋਟ** — ਤੂੰਬੇ ਦੇ ਸਿਰੇ ਉਤੇ ਤਾਰਾਂ ਨੂੰ ਬੰਨ੍ਹਣ ਦਾ ਜੋ ਪ੍ਰਬੰਧ ਹੁੰਦਾ ਹੈ ਉਸ ਨੂੰ ਲੰਗੋਟ ਕਹਿੰਦੇ ਹਨ।

5. **ਡਾਂਡ** — ਤੂੰਬੇ ਤੋਂ ਪਿੱਛੋਂ ਲੰਮਾ ਭਾਗ ਤਾਨਪੂਰੇ ਦਾ ਹੁੰਦਾ ਹੈ ਜਿਸ ਵਿਚ ਖੂੰਟੀਆਂ ਆਦਿ ਹੁੰਦੀਆਂ ਹਨ। ਇਸ ਨੂੰ ਡਾਂਡ ਕਿਹ ਜਾਂਦਾ ਹੈ। ਇਹ ਅੰਦਰੋਂ ਖੋਖਲਾ ਹੁੰਦਾ ਹੈ।

6. **ਗੁਲੂ** — ਤੂੰਬੇ ਅਤੇ ਡਾਂਡ ਦੇ ਆਪਸ ਵਿਚ ਜੋੜਨ ਵਾਲ ਸਥਾਨ ਨੂੰ ਗੁਲੂ ਕਹਿੰਦੇ ਹਨ।

7. **ਅੱਟੀ ਅਤੇ ਤਾਰ ਗਹਿਨ (ਤਾਰਦਾਨ)** — ਖੂੰਟੀਆਂ ਦੇ ਕੋਲ ਹੱਡੀਆਂ ਦੀਆਂ ਦੋ ਚਿੱਟੀਆਂ ਪੱਟੀਆਂ ਲੱਗੀਆਂ ਹੁੰਦੀਆਂ ਹਨ ਇਨ੍ਹਾਂ ਉਤੇ ਤਾਰ ਰੱਖੇ ਜਾਂਦੇ ਹਨ। ਇਨ੍ਹਾਂ ਦੋਹਾਂ ਪੱਟੀਆਂ ਵਿਚੋਂ ਜਿ ਪੱਟੀ ਤੇ ਤਾਰ ਰੱਖੇ ਜਾਂਦੇ ਹਨ ਉਸ ਨੂੰ ਅੱਟੀ ਕਹਿੰਦੇ ਹਨ ਅਤੇ ਜਿ ਪੱਟੀ ਦੇ ਵਿਚੋਂ ਦੀ ਤਾਰ ਪਰੋਏ ਜਾਂਦੇ ਹਨ ਉਸ ਨੂੰ ਤਾਰ ਗਹਿਨ ਕਿ ਜਾਂਦਾ ਹੈ।

8. **ਖੂੰਟੀਆਂ** — ਤਾਨਪੂਰੇ ਦੀ ਅੱਟੀ ਅਤੇ ਤਾਰ ਗਹਿਨ ਪਿੱਛੇ ਚਾਰ ਖੂੰਟੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਤਾਰਾਂ ਕੱਸੀਅ ਰਹਿੰਦੀਆਂ ਹਨ। ਇਨ੍ਹਾਂ ਖੂੰਟੀਆਂ ਨਾਲ ਹੀ ਤਾਰਾਂ ਨੂੰ ਕੱਸਿਆ ਅ ਢਿੱਲਾ ਕੀਤਾ ਜਾਂਦਾ ਹੈ।

9. **ਸਿਰਾ** — ਅੱਟੀ ਤਾਰ ਗਹਿਨ ਤੋਂ ਬਾਦ ਤਾਨਪੂਰੇ ਦਾ ਭਾ ਜਿਸ ਵਿਚ ਚਾਰ ਖੂੰਟੀਆਂ ਹੁੰਦੀਆਂ ਹਨ, ਸਿਰਾ ਕਹਾਉਂਦਾ ਹੈ।

10. **ਮਣਕਾ (ਗੁਰੀਆਂ)** — ਘੁੜਚ ਅਤੇ ਕਿਲ/ਕੀਲ ਵਿਚਕਾਰ ਤਾਰਾਂ ਵਿਚ ਮੋਤੀ ਪਾਏ ਹੁੰਦੇ ਹਨ ਜਿਹੜੇ ਹਾਥੀਦੰਦ, ਹੱ ਜਾਂ ਕੱਚ ਦੇ ਹੁੰਦੇ ਹਨ। ਇਹ ਮੋਤੀ ਤਾਰਾਂ ਦੇ ਸੁਰ ਮਿਲਾਉਣ ਵਿ ਸਹਾਇਤਾ ਕਰਦੇ ਹਨ। ਇਨ੍ਹਾਂ ਮੋਤੀਆਂ ਨੂੰ ਮਣਕਾ ਜਾਂ ਗੁਰੀਆਂ ਕ ਕਿਹਾ ਜਾਂਦਾ ਹੈ।

11. **ਤਾਰ** — ਤਾਨਪੂਰੇ ਵਿਚ ਚਾਰ ਤਾਰ ਹੁੰਦੇ ਹਨ। ਇ ਵਿਚੋਂ ਤਿੰਨ ਚਾਰ ਫੌਲਾਦੀ ਲੋਹੇ ਦੇ ਹੁੰਦੇ ਹਨ ਅਤੇ ਇਕ ਪਿੱਤਲ

ਮੋਟਾ ਤਾਰ ਹੁੰਦਾ ਹੈ। ਕਿਸੇ ਕਿਸੇ ਤਾਨਪੂਰੇ ਵਿਚ ਪਿੱਤਲ ਦੇ ਦੋ ਤਾਰ ਵੀ ਹੁੰਦੇ ਹਨ ਇਕ ਮੋਟਾ ਅਤੇ ਇਕ ਪਤਲਾ। ਇਹ ਚਾਰ ਤਾਰਾਂ ਕੀਲ ਜਾਂ ਲੰਗੋਟ ਨਾਲ ਬੰਨ੍ਹੀਆਂ ਜਾਂਦੀਆਂ ਹਨ ਅਤੇ ਘੁੜਚ ਦੇ ਉਪਰੋਂ ਦੀ ਜਾ ਕੇ ਅੱਟੀ ਅਤੇ ਤਾਰ ਗਹਿਨ ਵਿਚੋਂ ਦੀ ਪਰੋਕੇ ਖੂੰਟੀਆਂ ਦੇ ਨਾਲ ਲਪੇਟੀਆਂ ਜਾਂਦੀਆਂ ਹਨ।

**12. ਸੂਤ ਦਾ ਧਾਗਾ** — ਘੁੜਚ ਉਤੇ ਤਾਰਾਂ ਦੇ ਹੇਠਾਂ ਸੂਤ ਦਾ ਧਾਗਾ ਰਖਿਆ ਜਾਂਦਾ ਹੈ। ਕਈ ਵਾਰ ਸੂਤ ਦੀ ਥਾਂ ਰੇਸ਼ਮ ਦਾ ਧਾਗਾ ਵੀ ਰੱਖ ਲਿਆ ਜਾਂਦਾ ਹੈ। ਸੂਤ ਦੇ ਧਾਗੇ ਕਾਰਨ ਹੀ ਤਾਰਾਂ ਵਿਚ ਝਨਕਾਰ ਉਤਪੰਨ ਹੁੰਦੀ ਹੈ। ਤਾਰਾਂ ਵਿਚ ਝਨਕਾਰ ਪੈਦਾ ਕਰਨ ਨੂੰ ਜਵਾਰੀ ਖੋਲ੍ਹਣਾ ਵੀ ਕਹਿੰਦੇ ਹਨ।



ਤਾਨਪੂਰਾ

**ਤਾਨਪੂਰੇ ਦੇ ਤਾਰਾਂ ਨੂੰ ਮਿਲਾਉਣਾ** — ਤਾਨਪੂਰੇ ਵਿਚ ਚਾਰ ਤਾਰਾਂ ਹੁੰਦੀਆਂ ਹਨ। ਪਹਿਲਾ ਤਾਰ ਫੌਲਾਦੀ ਲੋਹੇ ਦਾ ਹੁੰਦਾ ਹੈ। ਕਦੇ ਕਦੇ ਮਰਦਾਵੇਂ ਤਾਨਪੂਰੇ ਦਾ ਪਹਿਲਾ ਤਾਰ ਪਿੱਤਲ ਦਾ ਹੁੰਦਾ ਹੈ। ਇਸ ਤਾਰ ਨੂੰ ਪੰਚਮ ਦਾ ਤਾਰ ਕਹਿੰਦੇ ਹਨ ਜਿਹੜਾ ਗਿਮ ਨੂੰ ਮੰਦਰ ਸਪਤਕ ਦੇ ਪੰਚਮ ਸੁਰ ਨਾਲ ਮਿਲਾਉਂਦਾ ਹੈ। ਤਾਨਪੂਰਾ ਮਿਲਾਉਣ ਲਈ ਸਭ ਤੋਂ ਪਹਿਲਾਂ ਵਿਚਕਾਰਲੀਆਂ ਦੋ ਤਾਰਾਂ ਨੂੰ ਗਾਇਕ ਆਪਣੇ ਗਲੇ ਦੇ ਸੁਰ ਨਾਲ ਮਿਲਾਉਂਦਾ ਹੈ। ਚੌਥਾ ਤਾਰ ਮੋਟੇ ਪਿੱਤਲ ਦਾ ਹੁੰਦਾ ਹੈ। ਇਸ ਨੂੰ ਮੰਦਰ ਸਪਤਕ ਦੇ ਸ਼ੜਜ ਨਾਲ ਮਿਲਾਇਆ ਜਾਂਦਾ ਹੈ ਕਿਉਂਕਿ ਇਹ ਮੰਦਰ ਦੇ ਸ਼ਕਸ ਨਾਲ ਮਿਲਾਇਆ ਜਾਂਦਾ ਹੈ। ਇਸ ਲਈ ਇਸ ਨੂੰ 'ਖਰਜ ਦੀ ਤਾਰ' ਵੀ ਕਿਹਾ ਜਾਂਦਾ ਹੈ। ਤਾਨਪੂਰੇ ਦੇ ਪਹਿਲੇ ਜਾਂ ਪੰਚਮ ਦੇ ਤਾਰ ਨੂੰ ਸੱਜੇ ਹੱਥ ਦੀ ਵਿਚਕਾਰਲੀ ਉਂਗਲੀ ਨਾਲ ਅਤੇ ਬਾਕੀ ਦੀਆਂ ਤਿੰਨੇ ਤਾਰਾਂ ਨੂੰ ਉਸੇ ਹੱਥ ਦੀ ਪਹਿਲੀ ਉਂਗਲੀ ਨਾਲ ਵਜਾਇਆ ਜਾਂਦਾ ਹੈ।

ਹ.ਪੁ.—ਸੰ. ਸ਼ਾ. ਦਰਪਣ ਭਾਗ ਪਹਿਲਾ ਪੰ. 67-68

**ਤਾਨਾਸ਼ਾਹ** : ਇਹ ਕੁਤਬਸ਼ਾਹੀ ਵੰਸ਼ ਦਾ ਅਖੀਰਲਾ ਬਾਦਸ਼ਾਹ ਸੀ। ਇਸ ਦਾ ਅਸਲੀ ਨਾਂ ਅਬੁਲ ਹਸਨ ਸੀ। ਸੰਨ 1672 ਵਿਚ ਇਹ ਗੋਲਕੋਂਡਾ (ਦੱਖਣ) ਦੇ ਸਿੰਘਾਸਣ ਉੱਤੇ ਬੈਠਾ। ਸੰਨ 1682 ਵਿਚ ਇਸ ਨੂੰ ਔਰੰਗਜ਼ੇਬ ਨੇ ਜਿੱਤ ਕੇ ਦੌਲਤਾਬਾਦ ਵਿਖੇ ਕੈਦ ਕਰ ਦਿੱਤਾ ਅਤੇ ਗੋਲਕੋਂਡਾ ਨੂੰ ਦਿੱਲੀ ਨਾਲ ਮਿਲਾ ਲਿਆ। ਸੰਨ 1704 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਮ. ਕੋ. : 584

**ਤਾਨਾਕਾ, ਕਾਕੂਈ** : ਜਾਪਾਨ ਦਾ ਇਹ ਇਕ ਪ੍ਰਸਿੱਧ ਪ੍ਰਧਾਨ ਮੰਤਰੀ ਹੋਇਆ ਹੈ। ਇਸਦਾ ਜਨਮ 4 ਮਈ, 1918 ਨੂੰ ਨੀਗਾਤਾ ਪ੍ਰੀਫ਼ੈਕਚਰ ਵਿਚ ਕਰੀਵਾ ਵਿਖੇ ਹੋਇਆ। ਇਸ ਦਾ ਪਿਤਾ ਪਸ਼ੂਆਂ ਦਾ ਇਕ ਦਿਵਾਲੀਆ ਵਪਾਰੀ ਸੀ ਜਿਸ ਕਰਕੇ ਪੰਦਰਾਂ ਸਾਲ ਦੀ ਉਮਰ ਵਿਚ ਹੀ ਇਸ ਨੂੰ ਸਕੂਲ ਛੱਡਣਾ ਪਿਆ। ਇਸ ਨੇ ਛੇਤੀ ਹੀ ਆਪਣੀ ਸਿਵਲ ਇੰਜੀਨੀਅਰਿੰਗ ਕੰਪਨੀ ਨਾਂ ਦੀ ਇਕ ਉਸਾਰੀ ਫਰਮ ਬਣਾ ਲਈ। ਦੂਜੇ ਵਿਸ਼ਵ ਯੁੱਧ ਦੌਰਾਨ ਸੈਨਿਕ ਠੇਕਿਆਂ ਦੇ ਮਿਲਣ ਕਾਰਨ ਇਸ ਦੇ ਵਪਾਰ ਵਿਚ ਬਹੁਤ ਤੱਰਕੀ ਹੋਈ ਅਤੇ ਇਹ ਜਾਪਾਨ ਦੇ ਅਮੀਰਾਂ ਵਿਚ ਗਿਣਿਆ ਜਾਣ ਲਗ ਪਿਆ। ਸਿਆਸਤ ਵਿਚ ਦਾਖ਼ਲ ਹੋ ਜਾਣ ਤੇ ਇਹ 1947 ਈ. ਵਿਚ ਜਾਪਾਨ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਲਈ ਚੁਣਿਆ ਗਿਆ। ਸੰਨ 1957-58 ਵਿਚ ਇਹ ਡਾਕ ਸੇਵਾਵਾਂ ਅਤੇ ਸੰਚਾਰ ਵਿਭਾਗ ਦਾ ਮੰਤਰੀ ਬਣਿਆ ਅਤੇ 1962-64 ਈ. ਵਿਚ ਵਿੱਤ ਮੰਤਰੀ ਰਿਹਾ।

ਇਹ ਆਪਣੀ ਪਾਰਟੀ ਦਾ ਸਭ ਤੋਂ ਵਧ ਪ੍ਰਭਾਵਸ਼ਾਲੀ ਸਿਆਸਤਦਾਨ ਸੀ ਅਤੇ ਇਸਨੂੰ 1965 ਅਤੇ 1968 ਈ. ਵਿਚ ਦੋ ਵਾਰੀ ਪਾਰਟੀ ਦਾ ਮੁੱਖ ਸਕੱਤਰ ਬਣਾਇਆ ਗਿਆ। ਸਾਤੋ ਆਈਸਾਕੂ ਦੇ ਮੰਤਰੀ ਮੰਡਲ ਵਿਚ ਇਹ ਅੰਤਰਰਾਸ਼ਟਰੀ ਵਪਾਰ ਅਤੇ ਉਦਯੋਗ ਮੰਤਰੀ ਬਣਾਇਆ ਗਿਆ। ਸੰਨ 1972 ਵਿਚ ਪ੍ਰਧਾਨ ਮੰਤਰੀ ਦੀਆਂ ਚੋਣਾਂ ਵਿਚ ਸਾਤੋ ਆਈ ਸਾਕੂ ਦੇ ਚੁਣੇ ਹੋਏ ਉਮੀਦਵਾਰ ਫੁਕੂਏ ਤਾਕੀਓ (ਬਦੇਸ਼ ਮੰਤਰੀ) ਨੂੰ ਹਰਾ ਕੇ ਇਸਨੇ ਹੈਰਾਨਕੁਨ ਜਿੱਤ ਪ੍ਰਾਪਤ ਕੀਤੀ।

ਇਸ ਨੇ ਛੇਤੀ ਹੀ ਚੀਨ ਨਾਲ ਵਪਾਰਕ ਸਬੰਧਾਂ ਸਮੇਤ ਦੋਸਤਾਨਾ ਸਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਰਾਜ ਕਾਲ ਦੌਰਾਨ ਦੇਸ਼ ਦੀ ਆਰਥਿਕਤਾ ਢਹਿੰਦੀ ਕਲਾ 'ਚ ਚਲੀ ਗਈ ਅਤੇ 1974 ਈ. ਦੀਆਂ ਚੋਣਾਂ ਵਿਚ ਇਸ ਦੀ ਪਾਰਟੀ ਦੀ ਸਥਿਤੀ ਵੀ ਬਹੁਤ ਮਾੜੀ ਹੀ ਰਹੀ। ਇਸ ਤੇ ਇਹ ਵੀ ਦੋਸ਼ ਲਾਇਆ ਗਿਆ ਕਿ ਇਸ ਨੇ ਅਹੁਦੇ ਦੀ ਕੁਵਰਤੋਂ ਕਰਕੇ ਆਪਣੇ ਆਪ ਨੂੰ ਬਹੁਤ ਫਾਇਦਾ ਪਹੁੰਚਾਇਆ ਹੈ। ਅਜਿਹੀ ਸਥਿਤੀ ਕਾਰਨ ਇਸ ਨੂੰ ਦਸੰਬਰ, 1974 ਈ. ਵਿਚ ਪ੍ਰਧਾਨ ਮੰਤਰੀ ਦੇ ਪਦ ਤੋਂ ਅਸਤੀਫ਼ਾ ਦੇਣਾ ਪਿਆ। ਬਾਅਦ ਵਿਚ ਲਾਕਹੀਡ ਕਾਰਪੋਰੇਸ਼ਨ ਤੋਂ ਖਰੀਦੇ ਗਏ ਜਾਪਾਨੀ ਹਵਾਈ ਜਹਾਜ਼ਾਂ ਦੇ ਸਬੰਧ ਵਿਚ ਇਸ 'ਤੇ ਰਿਸ਼ਵਤ-ਖੋਰੀ ਦਾ ਦੋਸ਼ ਲਾਇਆ ਗਿਆ ਅਤੇ ਇਨ੍ਹਾਂ ਦੋਸ਼ਾਂ ਦੇ ਆਧਾਰ ਤੇ ਮੁਕੱਦਮਾ ਚਲਾ ਕੇ ਇਸ ਨੂੰ ਦੋਸ਼ੀ ਠਹਿਰਾਇਆ ਗਿਆ।

ਹ.ਪੁ.—ਐਨ. ਬ੍ਰਿ. ਮਾ. 11 : 536

**ਤਾਨਾਕਾ ਗਿੱਚੀ** : ਇਹ ਜਾਪਾਨ ਦਾ ਨਾਮਵਰ ਜਰਨੈਲ, ਸਿਆਸਤਦਾਨ ਤੇ ਪ੍ਰਸਿਧ ਪ੍ਰਧਾਨ ਮੰਤਰੀ ਸੀ। ਇਸ ਦਾ ਜਨਮ 22 ਜੂਨ, 1863 ਨੂੰ ਯਾਮਾਗੂਚੀ ਪ੍ਰੀਫ਼ੈਕਚਰ ਦੇ ਹਾਗੀ ਨਾਂ ਦੇ ਕਸਬੇ ਵਿਖੇ ਹੋਇਆ। ਇਹ ਚੀਨ ਵਿਰੁੱਧ ਜਾਪਾਨ ਦੀ ਆਕ੍ਰਮਣਸ਼ੀਲ ਨੀਤੀ (1920 ਈ.) ਅਪਨਾਉਣ ਕਰਕੇ ਪ੍ਰਸਿੱਧ ਹੈ।

ਸੰਨ 1886 ਵਿਚ ਇਸਨੇ ਇਕ ਫ਼ੌਜੀ ਸਕੂਲ ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਜਾਪਾਨੀ ਫ਼ੌਜ ਵਿਚ ਬੜੀ ਛੇਤੀ ਨਾਲ ਤਰੱਕੀ ਕੀਤੀ। ਸੰਨ

1910-13 ਦੌਰਾਨ ਇਹ ਮਿਲਟਰੀ ਅਫੇਅਰਜ਼ ਬਿਊਰੋ ਦਾ ਡਾਇਰੈਕਟਰ ਅਤੇ ਪਿੱਛੋਂ ਬਦੇਸ਼ੀ ਦੂਤਾਵਾਸਾਂ ਵਿਚ ਅਟੈਚੀ ਲੱਗਿਆ। ਇਹ ਰੂਸੀ-ਜਾਪਾਨੀ ਯੁੱਧ ਵਿਚ ਬੜਾ ਮਸ਼ਹੂਰ ਹੋਇਆ ਅਤੇ ਇਨ੍ਹਾਂ ਸਾਲਾਂ ਵਿਚ ਇਹ ਕਾਫ਼ੀ ਸਮੇਂ ਲਈ ਮੰਚੂਰੀਆ ਵੀ ਠਹਿਰਿਆ। ਸੰਨ 1915 ਵਿਚ ਲੈਫਟੀਨੈਂਟ ਜਨਰਲ, 1918-21 ਈ. ਦੌਰਾਨ ਯੁੱਧ ਮੰਤਰੀ ਅਤੇ 1920 ਈ. ਵਿਚ ਜਰਨੈਲ ਬਣਿਆ। ਅਗਲੇ ਸਾਲ ਹੀ ਇਹ ਫ਼ੌਜ ਤੋਂ ਰਿਟਾਇਰ ਹੋ ਗਿਆ।

ਸੰਨ 1920 ਵਿਚ ਇਸਨੇ ਸਿਆਸਤ ਵਿਚ ਹਿੱਸਾ ਲਿਆ ਅਤੇ ਸੀ ਯੂਕਾਈ ਪਾਰਟੀ ਵਿਚ ਦਾਖ਼ਲ ਹੋ ਗਿਆ। ਸੰਨ 1925 ਵਿਚ ਇਹ ਪਾਰਟੀ ਦਾ ਨੇਤਾ ਬਣ ਗਿਆ। ਸੰਨ 1927 ਵਿਚ ਇਹ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ। ਹਾਲਾਂਕਿ ਇਸ ਦੀ ਬਦੇਸ਼ੀ ਨੀਤੀ ਆਪਣੇ ਪੂਰਵ-ਪਦ ਅਧਿਕਾਰੀਆਂ ਦੀਆਂ ਨੀਤੀਆਂ ਨਾਲੋਂ ਵਧੇਰੇ ਯੁੱਧਕਾਰੀ ਸੀ। ਫਿਰ ਵੀ ਇਸਨੇ ਚੀਨ ਵਿਚ ਜਾਪਾਨ ਦੇ ਵਪਾਰਕ ਅਤੇ ਆਰਥਿਕ ਹਿਤਾਂ ਦੀ ਸੁਰੱਖਿਆ ਲਈ ਅੰਤਰ-ਰਾਸ਼ਟਰੀ ਸਹਿਯੋਗ ਦੀ ਲੋੜ ਤੇ ਜ਼ੋਰ ਦਿੱਤਾ। ਇਸਦੇ ਚੀਨ ਪ੍ਰਤੀ ਆਕ੍ਰਮਣਸ਼ੀਲ ਰਵਈਏ ਨੇ ਦੇਸ਼ ਦੇ ਮੁੱਖ ਭਾਗ ਵਿਚ ਜਾਪਾਨ ਵਿਰੋਧੀ ਪ੍ਰਤਿਕ੍ਰਿਆ ਨੂੰ ਭੜਕਾਇਆ। ਸੰਨ 1927 ਦੇ ਆਰਥਿਕ ਸੰਕਟ ਨੂੰ ਸੁਲਝਾਉਣ ਸਬੰਧੀ ਇਸ ਵਲੋਂ ਕੀਤੇ ਉਪਰਾਲਿਆਂ ਨਾਲ ਦੇਸ਼ ਵਿਚ ਮੁਦਰਾ ਸਫ਼ੀਤੀ ਹੋ ਗਈ ਜਿਸ ਨਾਲ ਲੋਕਾਂ ਵਿਚ ਬੇਚੈਨੀ ਫੈਲ ਗਈ। ਆਪਣੀ ਸਰਕਾਰ ਵਲੋਂ ਹੀ ਭ੍ਰਿਸ਼ਟਾਚਾਰ ਦੇ ਦੋਸ਼ ਲਾਉਣ ਕਾਰਨ, ਇਸਨੇ ਜੁਲਾਈ, 1929 ਈ. ਵਿਚ ਅਸਤੀਫ਼ਾ ਦੇ ਦਿੱਤਾ।

"ਤਾਨਾਕਾ ਮੈਮੋਰੀਅਲ" ਨਾਮੀ ਦਸਤਾਵੇਜ਼ ਜਿਸ ਦਾ ਖਰੜਾ ਇਸਨੇ ਲਗਭਗ 1927 ਈ. ਵਿਚ ਤਿਆਰ ਕੀਤਾ ਸੀ, ਵਿਚ ਜਾਪਾਨ ਦੀ ਦੁਨੀਆ ਉਪਰ ਜਿੱਤ ਬਾਰੇ ਰੂਪ-ਰੇਖਾ ਤਿਆਰ ਕੀਤੀ ਗਈ ਹੈ ਪਰ ਜਾਪਾਨ ਸਰਕਾਰ ਨੇ ਇਸ ਦਸਤਾਵੇਜ਼ ਨੂੰ ਜਾਅਲੀ ਹੀ ਕਰਾਰ ਦਿੱਤਾ ਹੈ। 28 ਸਤੰਬਰ, 1929 ਈ. ਨੂੰ ਟੋਕੀਓ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9:799; ਐਨ.ਅਮੈ. 26 : 239; ਕੋਲ. ਐਨ. 18 : 165

**ਤਾਨੁਕੂ** : ਆਂਧਰਾ ਪ੍ਰਦੇਸ਼ ਰਾਜ (ਭਾਰਤ) ਦੇ ਪੱਛਮੀ ਗੋਦਾਵਰੀ ਜ਼ਿਲ੍ਹੇ ਦੇ ਡੈਲਟਾਈ ਖੇਤਰ ਵਿਚ ਵੱਸਿਆ ਸ਼ਹਿਰ ਹੈ ਜਿਹੜਾ ਐਲੂਰ ਤੋਂ 60 ਕਿ. ਮੀ. ਪੂਰਬ ਵੱਲ ਸਥਿਤ ਹੈ। ਗੋਦਾਵਰੀ ਦਰਿਆ ਦੇ ਡੈਲਟੇ ਵਿਚ ਸਿੰਜਾਈ ਯੋਜਨਾਵਾਂ ਬਣਨ ਕਾਰਨ ਇਸ ਸ਼ਹਿਰ ਦੇ ਆਸਪਾਸ ਇਸੇ ਨਾਂ ਦੇ ਤਅਲੁੱਕੇ ਵਾਲਾ ਖੇਤਰ ਬਹੁਤ ਉਪਜਾਊ ਬਣ ਗਿਆ ਹੈ। ਚੌਲ, ਅਨਾਜੀ ਫ਼ਸਲਾਂ, ਤੇਲ ਦੇ ਬੀਜ, ਤੰਮਾਕੂ ਅਤੇ ਗੰਨਾ ਇਥੋਂ ਦੀਆਂ ਖਾਸ ਉਪਜਾਂ ਹਨ। ਇਨ੍ਹਾਂ ਵਸਤਾਂ ਦੀ ਇਹ ਮੰਡੀ ਵੀ ਹੈ। ਸੂਤੀ ਕਪੜੇ ਦੇ ਉਦਯੋਗ ਵੀ ਇਥੇ ਸਥਾਪਿਤ ਹਨ।

ਆਬਾਦੀ — 62,913 (1991)

ਹ.ਪੁ.—ਇੰਪ. ਗ. ਇੰਡ 23 : 246; ਹਿ. ਵਿ. ਕੋ. 5 : 306

**ਤਾਨੀਜ਼ਾਕੀ ਜੁਨ- ਇਚਿਰੋ** : ਜਾਪਾਨ ਦੇ ਇਸ ਪ੍ਰਮੁੱਖ ਨਾਵਲਕਾਰ ਦਾ ਜਨਮ 24 ਜੁਲਾਈ, 1886 ਨੂੰ ਟੋਕੀਓ ਵਿਖੇ ਹੋਇਆ। ਸ਼ਿੰਗਾਰ ਰਸ ਅਤੇ ਪਰੰਪਰਾਵਾਦ ਇਸ ਦੀਆਂ ਰਚਨਾਵਾਂ ਦਾ ਵਿਸ਼ੇਸ਼ ਗੁਣ ਹੈ। ਇਸ ਦੀਆਂ ਮੁੱਢਲੀਆਂ ਨਿੱਕੀਆਂ ਕਹਾਣੀਆਂ, ਜਿਵੇਂ ਕਿ 'ਸ਼ਿਸੇਈ' (Shisei, 1910) ਐਡਗਰ ਐਲਨ ਪੋ ਦੀਆਂ ਕਹਾਣੀਆਂ ਨਾਲ ਸੁਮੇਲਤਾ ਰਖਦੀਆਂ ਹਨ।

ਸੰਨ 1923 ਵਿਚ ਇਹ ਟੋਕੀਓ ਤੋਂ ਉਸਾਕਾ ਦੇ ਇਲਾਕੇ ਵਿਚ ਚਲਾ ਗਿਆ ਅਤੇ ਉਥੇ ਇਹ ਸੁੰਦਰਤਾ ਦੇ ਰਵਾਇਤੀ ਜਾਪਾਨੀ ਆਦਰਸ਼ ਦੀ ਭਾਲ ਵਿਚ ਜੁਟ ਗਿਆ। ਇਸਦੇ ਪ੍ਰਸਿੱਧ ਨਾਵਲ 'Tode Kull Mushi' (1929) ਤੋਂ ਇਸਦੀ ਆਪਣੀ ਸ਼ੈਲੀ ਵਿਚ ਤਬਦੀਲੀ ਦਾ ਪਤਾ ਲਗਦਾ ਹੈ। ਸੰਨ 1932 ਵਿਚ ਇਸਨੇ ਮੁਰਾਸਾਕੀ ਸ਼ਿਕਿਬੂ ਦੀ ਜਾਪਾਨੀ ਕਲਾਸਕੀ ਭਾਸ਼ਾ ਵਿਚ ਲਿਖੀ ਮਹਾਨ ਪੁਸਤਕ 'ਗੇਂਜੀ ਮੋਨੋਗਾਤਾਰੀ' ਨੂੰ ਅਜੋਕੀ ਸਰਲ ਭਾਸ਼ਾ ਵਿਚ ਉਲਥਾਉਣਾ ਸ਼ੁਰੂ ਕੀਤਾ। ਇਸ ਮਹਾਨ ਰਚਨਾ ਨੇ ਇਸਦੀ ਲਿਖਣ ਸ਼ੈਲੀ ਤੇ ਬਹੁਤ ਪ੍ਰਭਾਵ ਪਾਇਆ ਸੀ। 1930 ਵਿਆਂ ਦੌਰਾਨ ਇਸਨੇ ਤਰਕਪੂਰਨ ਗੀਤ - ਕਾਵਿ ਲਿਖੇ ਜੋ ਹਾਇਆਨ (Heian) ਯੁੱਗ ਦੀ ਵਾਰਤਕ ਨੂੰ ਦੁਹਰਾਉਂਦੇ ਹਨ। 'Sasame Yuki' (1943-48), 'Kagi' (1956), 'Futen rojin nikki' (1961-62) ਅਤੇ 'His Bunsho no dokuhon' (1934) ਇਸ ਦੇ ਪ੍ਰਮੁੱਖ ਨਾਵਲ ਹਨ।

30 ਜੁਲਾਈ, 1965 ਨੂੰ ਯੁਗਾਵਾਰਾ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9:807.

**ਤਾਨੀ ਬੁੰਚੋ** : ਇਸ ਜਾਪਾਨੀ ਚਿੱਤਰਕਾਰ ਦਾ ਜਨਮ 1763 ਈ. ਵਿਚ ਈਡੋ (ਹੁਣ ਟੋਕੀਓ) ਵਿਖੇ ਹੋਇਆ। ਇਸਨੇ ਚੀਨੀ, ਜਾਪਾਨੀ ਅਤੇ ਪੱਛਮੀ ਸ਼ੈਲੀਆਂ ਤੋਂ ਪ੍ਰਭਾਵਿਤ ਸਕੂਲ ਦੀ ਸਥਾਪਨਾ ਕੀਤੀ। ਇਸਨੇ ਪਹਿਲਾਂ 'ਕਾਨੋ' ਪ੍ਰਣਾਲੀ ਦੀ ਚੀਨੀ ਵਿਸ਼ਿਆਂ ਅਤੇ ਤਕਨੀਕਾਂ ਦੀ ਸਿਖਿਆ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਚੀਨੀ ਕਲਾ ਦੀ ਉੱਤਰੀ ਪ੍ਰਣਾਲੀ ਦੇ ਇਕ ਚਿੱਤਰਕਾਰ ਤੋਂ ਸਿਖਿਆ ਪ੍ਰਾਪਤ ਕੀਤੀ। ਇਹ ਚੀਨੀ ਕਲਾ ਦੀ ਦੱਖਣੀ ਪ੍ਰਣਾਲੀ ਤੋਂ ਅਤੇ ਰਵਾਇਤੀ ਜਾਪਾਨੀ ਕਲਾ ਤੋਂ, ਜਿਸ ਵਿਚ ਰੋਜ਼ਾਨਾ ਜ਼ਿੰਦਗੀ ਦੀ ਝਲਕ ਹੈ, ਵੀ ਪ੍ਰਭਾਵਿਤ ਹੋਇਆ। ਇਸਨੂੰ ਕਲਾ ਬਾਰੇ ਬਹੁਤ ਜਾਣਕਾਰੀ ਸੀ। ਇਸਦੇ ਕੁਝ ਚਿੱਤਰਾਂ, ਖ਼ਾਸ ਕਰਕੇ ਪੋਰਟ੍ਰੇਟਾਂ ਵਿਚ ਯਥਾਰਥਵਾਦ ਦੀ ਝਲਕ ਮਿਲਦੀ ਹੈ। ਇਸਨੇ ਕਲਾ ਦੇ ਇਤਿਹਾਸ ਬਾਰੇ ਵੀ ਕਈ ਕਿਤਾਬਾਂ ਲਿਖੀਆਂ।

ਸੰਨ 1840 ਵਿਚ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9:806.

**ਤਾਨੈਨਾਰੀਵ : ਪ੍ਰਾਂਤ** — ਮੈਡਾਗਾਸਕਰ ਦਾ ਇਹ ਪ੍ਰਾਂਤ ਹੈ ਜਿਸਨੂੰ ਕਿਸੇ ਪਾਸਿਓਂ ਵੀ ਸਮੁੰਦਰ ਨਹੀਂ ਲੱਗਦਾ। ਹੁਣ ਇਸ ਨੂੰ ਐਨਤਾਨੈਨਾਰੀਵੋ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਸ ਪ੍ਰਾਂਤ ਦਾ ਖੇਤਰਫਲ 58, 283 ਵ. ਕਿ. ਮੀ. ਅਤੇ ਆਬਾਦੀ 38,11,000 (1990) ਹੈ। ਇਸੇ ਹੀ ਨਾਂ ਦਾ ਸ਼ਹਿਰ ਇਸ ਦੀ ਰਾਜਧਾਨੀ ਹੈ। ਇਸ ਪ੍ਰਾਂਤ ਦੀ ਉੱਚੀ ਥਾਂ ਐਨਕਾਰਟਾ ਦੀ ਪਠਾਰ ਹੈ ਜਿਸ ਉਤੋਂ ਟਾਪੂ ਦੇ ਪੂਰਬੀ ਅਤੇ ਪੱਛਮੀ ਹਿੱਸਿਆਂ ਵੱਲ ਜਲ ਦਾ ਪ੍ਰਵਾਹ ਹੁੰਦਾ ਹੈ। ਇਹ ਪ੍ਰਾਂਤ ਉੱਚੇ ਭੂ-ਭਾਗਾਂ ਤੋਂ ਇਲਾਵਾ ਝੀਲ ਅਤੇ ਗਰਮ ਜਲ ਦੇ ਚਸ਼ਮਿਆਂ ਦਾ ਖੇਤਰ ਵੀ ਹੈ। ਇਥੇ ਚੌਲ ਅਤੇ ਸਬਜ਼ੀਆਂ ਦੀ ਪੈਦਾਵਾਰ ਹੁੰਦੀ ਹੈ। ਅੰਗੂਰਾਂ ਦੇ ਬਾਗ਼ ਵੀ ਇਥੇ ਹਨ। ਇਸ ਤੋਂ ਇਲਾਵਾ ਪਸ਼ੂ ਵੀ ਪਾਲੇ ਜਾਂਦੇ ਹਨ।

ਹ.ਪੁ.—ਐਨ. ਬ੍ਰਿ. ਮਾ. 11 : 439

**ਤਾਨੈਨਾਰੀਵ** : ਸ਼ਹਿਰ — ਇਹ ਮੈਡਾਗਾਸਕਰ ਅਤੇ ਐਨਤਾਨੋਨਾਰੀਵੇ ਪ੍ਰਾਂਤ ਦੀ ਰਾਜਧਾਨੀ ਹੈ ਜੋ ਟਾਮਾਟਾਵ ਬੰਦਰਗਾਹ ਤੋਂ 216 ਕਿ. ਮੀ. ਦੱਖਣ-ਪੱਛਮ ਵਿਚ ਕੇਂਦਰੀ ਪਠਾਰ ਉੱਤੇ ਸਥਿਤ ਹੈ। ਅਜਕਲ੍ਹ ਇਸਦਾ ਨਾਂ ਐਨਤਾਨਨਾਰੀਵ ਹੈ। ਇਹ ਇਕ ਸੱਨਅਤੀ ਸ਼ਹਿਰ ਹੈ ਜਿਥੇ ਤਮਾਕੂ, ਖਾਣ-ਪੀਣ ਦੀਆਂ ਚੀਜ਼ਾਂ, ਚਮੜੇ ਦਾ ਸਾਮਾਨ ਅਤੇ ਕੱਪੜਾ ਤਿਆਰ ਕਰਨ ਦੇ ਉਦਯੋਗ ਹੈ। ਉੱਤਰ-ਦੱਖਣ ਅਤੇ ਪੂਰਬ ਵੱਲੋਂ ਆਉਂਦੀਆਂ ਸੜਕਾਂ ਇਸ ਸ਼ਹਿਰ ਵਿਚੋਂ ਲੰਘਦੀਆਂ ਹਨ।

ਇਸ ਸ਼ਹਿਰ ਦੀ ਸਥਾਪਨਾ 17 ਵੀਂ ਸਦੀ ਵਿਚ ਹੋਈ ਸੀ। ਉਸ ਸਮੇਂ ਇਹ ਹੋਵਾ ਸਰਦਾਰਾਂ ਦੀ ਰਾਜਧਾਨੀ ਹੁੰਦਾ ਸੀ। ਸੰਨ 1794 ਵਿਚ ਇਮਰੀਨਾ ਰਾਜਿਆਂ ਨੇ ਇਸਨੂੰ ਜਿੱਤ ਲਿਆ ਤੇ 19 ਵੀਂ ਸਦੀ ਤਕ ਆਪਣੇ ਅਧੀਨ ਰੱਖਿਆ। ਇਨ੍ਹਾਂ ਰਾਜਿਆਂ ਦੁਆਰਾ ਬਣਵਾਇਆ ਇਕ ਮਹਿਲ ਵੀ ਇਸ ਸ਼ਹਿਰ ਵਿਚ ਹੈ। ਸੰਨ 1961 ਵਿਚ ਇਥੇ ਮੈਡੇਗਾਸਕਰ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਫ੍ਰੈਂਚ ਰੈਜ਼ੀਡੈਂਸੀ, ਐਂਗਲੀਕਨ ਅਤੇ ਰੋਮਨ ਕੈਥੋਲਿਕ ਗਿਰਜਿਆਂ ਤੋਂ ਇਲਾਵਾ ਖੋਜ ਕੇਂਦਰ, ਪ੍ਰਯੋਗਸ਼ਾਲਾਵਾਂ, ਬਨਸਪਤਿਕ ਬਾਗ਼ ਆਦਿ ਇਸ ਸ਼ਹਿਰ ਦੀਆਂ ਹੋਰ ਮਸ਼ਹੂਰ ਥਾਵਾਂ ਹਨ। ਇਸ ਸ਼ਹਿਰ ਦੇ ਉੱਤਰ ਵੱਲ 17 ਕਿ. ਮੀ. ਦੀ ਦੂਰੀ ਤੇ ਇਵਾਤੋ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ ਹੈ। ਇਥੇ ਦੀਪ ਦੀ ਸਭ ਤੋਂ ਵੱਡੀ ਸਮੁੰਦਰੀ ਬੰਦਰਗਾਹ, ਤੋਆਮਾਸੀਨਾ ਤੱਕ ਰੇਲਵੇ ਲਾਈਨ ਜਾਂਦੀ ਹੈ।

ਆਬਾਦੀ — 8,02,390 (1990)

18° 55′ ਦੱ. ਵਿਥ.; 47° 31′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 439; ਐਨ. ਅਮੈ. 26 : 254

**ਤਾਪ** (**Heat**) : ਵਸਤੂ ਦੀ ਸਤ੍ਹਾ ਨੂੰ ਛੋਹਣ ਨਾਲ ਜੋ ਅਨੁਭਵ ਹੁੰਦਾ ਹੈ ਉਸ ਦੇ ਆਧਾਰ ਉੱਤੇ ਇਸ ਨੂੰ ਠੰਢੀ ਜਾਂ ਗਰਮ ਕਿਹਾ ਜਾਂਦਾ ਹੈ। ਵੱਖੋ ਵੱਖਰੀ ਗਰਮੀ ਵਾਲੀਆਂ ਵਸਤਾਂ ਜਿਵੇਂ ਕਿ ਸੂਰਜ ਦੀ ਤੇਜ਼ ਧੁੱਪ, ਅੱਗ ਜਾਂ ਗਰਮ ਵਸਤੂ ਦੇ ਨੇੜੇ ਜਾਣ ਨਾਲ ਇਨ੍ਹਾਂ ਦੀ ਗਰਮੀ ਦੇ ਅੰਤਰ ਦਾ ਅਨੁਭਵ ਹੁੰਦਾ ਹੈ ਪਰੰਤੂ ਕੁਝ ਸਮੇਂ ਬਾਅਦ ਇਹ ਸਾਰੀਆਂ ਇਕੋ ਜਿੰਨੀ ਗਰਮੀ ਵਾਲੀਆਂ ਅਨੁਭਵ ਹੋਣ ਲਗ ਪੈਂਦੀਆਂ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿ ਇਨ੍ਹਾਂ ਵਿਚਕਾਰ ਗਰਮੀ ਦਾ ਆਦਾਨ ਪ੍ਰਦਾਨ ਹੋਇਆ ਹੁੰਦਾ ਹੈ। ਇਸ ਨੂੰ ਹੀ ਤਾਪ ਕਿਹਾ ਜਾਂਦਾ ਹੈ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਗਰਮੀ ਦਾ ਅਨੁਭਵ ਅਤੇ ਤਾਪਮਾਨ ਦੀ ਧਾਰਨਾ ਦੋਵੇਂ ਤਾਪ ਤੋਂ ਵੱਖਰੀਆਂ ਹਨ। ਤਾਪ ਸ਼ਬਦ ਦੀ ਵਰਤੋਂ ਭੌਤਿਕ ਵਿਗਿਆਨ ਦੀ ਉਸ ਸ਼ਾਖ਼ਾ ਲਈ ਕੀਤੀ ਜਾਂਦੀ ਹੈ ਜਿਸਦਾ ਪਦਾਰਥਾਂ ਉੱਤੇ ਤਾਪ ਦੇ ਅਸਰ, ਤਾਪ ਸੰਚਾਰ ਦੇ ਨਿਯਮ ਅਤੇ ਤਾਪ ਦਾ ਹੋਰ ਦੂਜੀਆਂ ਕਿਸਮਾਂ ਦੀ ਊਰਜਾ ਵਿਚ ਬਦਲਣ ਨਾਲ ਸਬੰਧ ਹੈ।

19 ਵੀਂ ਸਦੀ ਤੱਕ ਵਿਗਿਆਨ ਦੇ ਇਸ ਵਿਸ਼ਾਲ ਖੇਤਰ ਵਿਚ ਬਹੁਤ ਘੱਟ ਵਿਕਾਸ ਹੋਇਆ ਸੀ। ਯੂਨਾਨੀ ਫ਼ਿਲਾਸਫ਼ਰ ਧਰਤੀ, ਹਵਾ, ਅੱਗ ਤੇ ਪਾਣੀ ਨੂੰ ਹੀ ਤੱਤ ਮੰਨਦੇ ਸਨ ਅਤੇ ਤਾਪ ਨੂੰ ਇਨ੍ਹਾਂ ਤੋਂ ਵੱਖਰਾ ਭਾਰ ਰਹਿਤ ਇਕ ਪਦਾਰਥ ਗਿਣਦੇ ਸਨ। ਵਸਤੂ ਦਾ ਉਸ ਵਿਚ ਸਮਾਏ ਹੋਏ ਮਾਦੇ ਦੇ ਆਧਾਰ ਉੱਤੇ ਗਰਮ ਜਾਂ ਠੰਢਾ ਹੋਣਾ ਮੰਨਿਆ ਜਾਂਦਾ ਸੀ।

**ਪਰਿਭਾਸ਼ਾਵਾਂ** — ਸਾਧਾਰਣ ਭਾਸ਼ਾ ਵਿਚ ਤਾਪ ਸ਼ਬਦ ਦੀ ਵਰਤੋਂ ਕਈ ਵੱਖੋ ਵੱਖਰੀਆਂ ਹਾਲਤਾਂ ਲਈ ਕੀਤੀ ਜਾਂਦੀ ਹੈ। ਉਪਯੋਗ ਦੇ ਆਧਾਰ ਉੱਤੇ ਇਸ ਸ਼ਬਦ ਨੂੰ ਚਾਰ ਪ੍ਰਮੁੱਖ ਅਰਥਾਂ ਲਈ ਵਰਤਿਆ ਜਾਂਦਾ ਹੈ : 1. ਤਾਪ ਦਾ ਅਨੁਭਵ 2. ਤਾਪਮਾਨ ਜਾਂ ਗਰਮੀ ਦਾ ਦਰਜਾ 3. ਤਾਪ ਊਰਜਾ ਦੀ ਮਾਤਰਾ ਅਤੇ 4. ਵਿਕੀਰਣ–ਊਰਜਾ।

1. ਤਾਪ ਦਾ ਅਨੁਭਵ ਗਰਮ ਵਸਤੂ ਨੂੰ ਦੇਖਦੇ ਸਾਰ ਉਸ ਦੇ ਬਦਲੇ ਹੋਏ ਰੂਪ ਤੋਂ ਹੋ ਜਾਂਦਾ ਹੈ ਜਿਸ ਦੇ ਫ਼ਲਸਰੂਪ ਤਾਪ ਇਕ ਵਸਤੂ ਤੋਂ ਦੂਜੀ ਵਸਤੂ ਤੱਕ ਜਾਂਦਾ ਹੈ। ਵਸਤੂ ਨੂੰ ਹੱਥ ਲਗਾ ਕੇ ਪਤਾ ਲਗ ਜਾਂਦਾ ਹੈ ਕਿ ਇਹ ਹੱਥ ਨਾਲੋਂ ਗਰਮ ਹੈ ਜਾਂ ਠੰਢੀ। ਇਕ ਖਾਸ ਸੀਮਾ ਤੱਕ ਤਾਂ ਹੱਥ ਲਗਾ ਕੇ ਦੋ ਵਸਤਾਂ ਵਿਚੋਂ ਇਹ ਦੱਸ ਸਕਦੇ ਹਾਂ ਕਿ ਕਿਹੜੀ ਕਿਸ ਨਾਲੋਂ ਕਿੰਨੀ ਗਰਮ ਜਾਂ ਠੰਢੀ ਹੈ। ਜੇਕਰ ਇਕ ਗਰਮ ਲੋਹੇ ਦੀ ਪਲੇਟ ਨੂੰ ਠੰਢੀ ਲੋਹੇ ਦੀ ਪਲੇਟ ਉੱਤੇ ਰੱਖਿਆ ਜਾਵੇ ਤਾਂ ਠੰਢੀ ਪਲੇਟ ਗਰਮ ਹੋ ਜਾਵੇਗੀ ਅਤੇ ਗਰਮ ਪਲੇਟ ਠੰਢੀ ਹੋ ਜਾਵੇਗੀ ਜਿਸ ਦੇ ਸਿੱਟੇ ਵਜੋਂ ਕੁਝ ਅਰਸੇ ਬਾਅਦ ਦੋਵੇਂ ਪਲੇਟਾਂ ਇਕੋ ਜਿੰਨੀਆਂ ਗਰਮ ਜਾਂ ਠੰਢੀਆਂ ਹੋਣਗੀਆਂ। ਇਸ ਤਰ੍ਹਾਂ ਗਰਮ ਤੋਂ ਠੰਢੀ ਪਲੇਟ ਵਲ ਜਾ ਰਹੀ ਗਰਮੀ ਦਾ ਜੋ ਆਦਾਨ ਪ੍ਰਦਾਨ ਹੁੰਦਾ ਹੈ ਉਸ ਨੂੰ ਤਾਪ ਕਹਿੰਦੇ ਹਨ।

2. ਤਾਪ ਦੇ ਅਨੁਭਵ ਸਦਕੇ ਹੀ ਗਰਮੀ ਦੀ ਮਿਕਦਾਰ ਦੇ ਆਧਾਰ ਉੱਤੇ ਇਸ ਨੂੰ ਖ਼ੂਨ ਦੀ ਗਰਮੀ, ਬੁਖ਼ਾਰ ਦੀ ਗਰਮੀ, ਲਾਲ ਸੁਰਖ਼ ਗਰਮ ਅਤੇ ਸਫ਼ੈਦ ਗਰਮ ਆਦਿ ਕਹਿੰਦੇ ਹਨ। ਇਸ ਨੂੰ ਨਿਰੰਤਰ ਸਕੇਲ ਜਾਂ ਤਰਤੀਬ ਵਿਚ ਪ੍ਰਗਟ ਕੀਤਾ ਜਾਂਦਾ ਹੈ। ਵਸਤੂ ਦੁਆਰਾ ਗ੍ਰਹਿਣ ਕੀਤੀ ਗਈ ਗਰਮੀ ਦੇ ਆਧਾਰ ਤੇ ਸਕੇਲ ਉੱਤੇ ਉਸ ਵਸਤੂ ਦਾ ਤਾਪਮਾਨ ਦਰਸਾਇਆ ਜਾਂਦਾ ਹੈ।

3. ਵਸਤੂ ਦੁਆਰਾ ਗ੍ਰਹਿਣ ਕੀਤੀ ਗਈ ਗਰਮੀ ਦੀ ਮਾਤਰਾ ਉਸ ਦੇ ਆਕਾਰ ਉੱਤੇ ਨਿਰਭਰ ਕਰਦੀ ਹੈ। ਇਸੇ ਕਰਕੇ ਉਬਲ ਰਹੇ ਪਾਣੀ ਨਾਲ ਭਰੇ ਹੋਏ ਬਰਤਨ ਵਿਚ ਇਕ ਚਾਹ ਦੇ ਪਿਆਲੇ ਨਾਲੋਂ ਗਰਮੀ ਦੀ ਮਿਕਦਾਰ ਵਧੇਰੇ ਹੋਵੇਗੀ ਭਾਵੇਂ ਇਹ ਦੋਵੇਂ ਇਕੋ ਤਾਪਮਾਨ ਉੱਤੇ ਕਿਉਂ ਨਾ ਹੋਣ। ਤਾਪਮਾਨ ਵਸਤੂ ਦੇ ਆਕਾਰ ਉੱਤੇ ਨਿਰਭਰ ਨਹੀਂ ਕਰਦਾ ਪਰੰਤੂ ਇਹ ਸਮਾਈ ਹੋਈ ਗਰਮੀ ਦੀ ਮਾਤਰਾ ਉੱਤੇ ਨਿਰਭਰ ਕਰਦਾ ਹੈ ਭਾਵ ਗਰਮੀ ਦੀ ਮਾਤਰਾ ਪ੍ਰਤਿ ਇਕਾਈ ਪੁੰਜ ਹੁੰਦੀ ਹੈ ਬੇਸ਼ਕ ਬਾਕੀ ਸਭ ਕੁਝ ਬਰਾਬਰ ਹੋਵੇ।

ਜੇਕਰ ਕਿਸੇ ਵਸਤੂ ਨੂੰ ਇਕ ਸਮਾਨ ਹਾਲਤਾਂ ਅਧੀਨ ਰੱਖਿਆ ਜਾਵੇ ਤਾਂ ਉਸ ਦੁਆਰਾ ਗ੍ਰਹਿਣ ਕੀਤੀ ਗਈ ਗਰਮੀ ਦੀ ਮਾਤਰਾ ਵੀ ਸਥਿਰ ਰਹੇਗੀ ਅਤੇ ਇਕੋ ਪਦਾਰਥ ਦੀ ਵੱਖੋ ਵੱਖਰੀ ਮਾਤਰਾ ਦੁਆਰਾ ਗ੍ਰਹਿਣ ਕੀਤੀ ਗਈ ਗਰਮੀ ਦੀ ਮਾਤਰਾ ਵੀ ਵੱਖੋ ਵੱਖਰੀ ਹੋਵੇਗੀ ਅਤੇ ਇਹ ਉਸ ਪਦਾਰਥ ਦੇ ਪੁੰਜਾਂ ਵਿਚਕਾਰਲੇ ਅਨੁਪਾਤ ਅਨੁਸਾਰ ਹੀ ਹੋਵੇਗੀ (ਕੰਪਨ–ਤਾਪ ਉੱਤੇ ਆਕਾਰ ਦੇ ਪ੍ਰਭਾਵ ਨੂੰ ਛੱਡਕੇ ਜਿਸ ਦਾ ਪਤਾ ਨਹੀਂ ਲਗਾਇਆ ਜਾ ਸਕਦਾ)। ਪ੍ਰਯੋਗਾਂ ਰਾਹੀਂ ਪਤਾ ਲਗਾਇਆ ਗਿਆ ਹੈ ਕਿ ਵਸਤੂ ਦੀਆਂ ਵੱਖੋ ਵੱਖਰੀਆਂ ਹਾਲਤਾਂ ਅਧੀਨ ਜਾਂ ਵੱਖੋ ਵੱਖਰੀਆਂ ਵਸਤਾਂ ਉੱਤੇ ਸਮਾਨ ਹਾਲਤਾਂ ਅਧੀਨ ਤਾਪ ਦਾ ਕੀ ਪ੍ਰਭਾਵ ਹੈ ਅਤੇ ਤਾਪਮਾਨ ਅਤੇ ਦਬਾਉ ਦੀ ਤਬਦੀਲੀ ਦਾ ਇਸ ਉੱਤੇ ਕੀ ਪ੍ਰਭਾਵ ਪੈਂਦਾ ਹੈ।

4. ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਸੂਰਜ ਜਾਂ ਅੱਗ ਦੀਆਂ ਕਿਰਨਾਂ ਜਿਸ ਵਸਤੂ ਉੱਤੇ ਪੈਂਦੀਆਂ ਹਨ ਉਸ ਨੂੰ ਗਰਮ ਕਰ ਦਿੰਦੀਆਂ ਹਨ। ਵਿਕੀਰਣ ਊਰਜਾ ਅਤੇ ਤਾਪ ਇਕੋ ਚੀਜ਼ ਨਹੀਂ ਹਨ ਬੇਸ਼ਕ ਵਿਕੀਰਣ ਊਰਜਾ ਤਾਪ ਵਿਚ ਬਦਲ ਜਾਂਦੀ ਹੈ ਜਦੋਂ ਇਹ ਸੋਖਣ ਵਸਤੂ ਦੀ ਸਤ੍ਹਾ ਉੱਤੇ ਟਕਰਾਉਂਦੀ ਹੈ। ਆਮ ਕਰਕੇ ਵਿਕੀਰਣ–ਤਾਪ ਸ਼ਬਦ ਦਾ ਹੀ ਇਸਤੇਮਾਲ ਕੀਤਾ ਜਾਂਦਾ ਹੈ ਕਿਉਂਕਿ ਵਿਕੀਰਣ ਨੂੰ ਇਸ ਦੁਆਰਾ ਪੈਦਾ ਕੀਤੇ ਤਾਪ ਦੇ ਤੌਰ ਤੇ ਹੀ ਮਿਣਿਆ ਜਾਂਦਾ ਹੈ। ਵਿਕੀਰਣ ਦੁਆਰਾ ਊਰਜਾ ਦਾ ਸਥਾਨ–ਅੰਤਰਨ ਅਤੇ ਸੋਖਣ ਦੋਵੇਂ ਤਾਪ ਦੇ ਪ੍ਰਸਾਰਨ ਦੇ ਸਾਧਨ ਹਨ।

**ਤਾਪ ਦਾ ਸਰੂਪ** (**The Nature of Heat**) — ਵਿਗਿਆਨ ਦੇ ਆਰੰਭਿਕ ਕਾਲ ਵਿਚ ਇਹ ਮੰਨਿਆ ਜਾਂਦਾ ਸੀ ਕਿ ਜਿਸ ਭਾਰ ਹੀਣ ਦ੍ਰਵ ਕਾਰਨ ਇਹ ਸਾਰੀ ਤਾਪ ਕਿਰਿਆ ਹੁੰਦੀ ਹੈ ਉਸ ਨੂੰ ਕੈਲੋਰਿਕ ਕਿਹਾ ਜਾਂਦਾ ਹੈ। ਅਜਿਹਾ ਪਿੰਡਾਂ ਦੀ ਵੇਧਨ ਸਮਰੱਥਾ, ਪ੍ਰਸਰਣਸ਼ੀਲਤਾ ਅਤੇ ਵਿਭੇਦਨਤਾ ਜਾਂ ਬਤੌਰ ਵਾਸ਼ਪਾਂ ਦੇ ਵਿਘਟਨ ਹੋਣ ਕਾਰਨ ਹੁੰਦਾ ਹੈ। ਦ੍ਰਵ ਦਾ ਭਾਰਹੀਣ ਹੋਣਾ ਮੰਨਿਆ ਜਾਂਦਾ ਸੀ ਕਿਉਂਕਿ ਬਹੁਤ ਧਿਆਨ ਨਾਲ ਕੀਤੇ ਗਏ ਪ੍ਰਯੋਗ ਵੀ ਇਹ ਸਾਬਤ ਕਰਨ ਤੋਂ ਅਸਮੱਰਥ ਰਹੇ ਹਨ ਕਿ ਤਾਪ ਨਾਲ ਭਾਰ ਵਿਚ ਵਾਧਾ ਹੁੰਦਾ ਹੈ। ਇਸ ਦੇ ਉਲਟ ਹਵਾ ਦਾ ਉਪਰ ਵੱਲ ਉਠਣਾ ਤਾਪ ਦੇ ਨਾਲ ਜੋੜਿਆ ਜਾਂਦਾ ਹੈ ਪਰੰਤੂ ਇਹ ਦਰਸਾਉਣ ਲਈ ਕਈ ਖੋਜਾਂ ਹੋਈਆਂ ਹਨ ਕਿ ਤਾਪ ਕਾਰਨ ਜਿਹੜੀ ਭਾਰ ਵਿਚ ਕਮੀ

ਆਉਂਦੀ ਹੈ ਉਹ ਹਵਾ ਦੀਆਂ ਉਪਰਲੇ ਰੁੱਖ ਉਠੀਆਂ ਤਰੰਗਾਂ ਜਾਂ ਵਾਸ਼ਪੀਕਰਨ ਕਰਕੇ ਹੁੰਦੀ ਹੈ। ਤਾਪ ਦੀ ਵਿਆਖਿਆ ਕਰਨ ਵਾਲੇ ਕਾਲਪਨਿਕ ਦ੍ਰਵ ਸਬੰਧੀ ਮੁੱਢਲੇ ਵਿਚਾਰ ਇਹ ਮੰਨਣ ਲਈ ਲਾਭਦਾਇਕ ਸਾਬਤ ਹੁੰਦੇ ਹਨ ਕਿ ਕੁਝ ਨਾ ਕੁਝ ਹੈ ਜਿਸ ਦੀ ਮਿਕਦਾਰ ਵਿਚ ਤਬਦੀਲੀ ਨਹੀਂ ਆਉਂਦੀ ਭਾਵੇਂ ਕਿੰਨੀਆਂ ਹਾਲਤਾਂ ਵਿਚ ਉਹ ਕਿਉਂ ਨਾ ਬਦਲਦਾ ਰਹੇ ਜਦੋਂ ਕਿ ਕੁਝ ਹਾਲਤਾਂ ਵਿਚ ਇਹ ਵਿਚਾਰ ਗੁਮਰਾਹ ਕਰਦੇ ਹਨ ਜਿਸ ਦੇ ਫਲਸਰੂਪ ਵਿਗਿਆਨ ਦੇ ਵਿਕਾਸ ਵਿਚ ਕਾਫ਼ੀ ਰੁਕਾਵਟ ਪਈ ਹੈ। ਬਹੁਤ ਸਾਰੇ ਕੈਲੋਰੀਮੀਟਰਿਕ ਪ੍ਰਯੋਗਾਂ ਉੱਤੇ ਕੈਲੋਰੀ ਸਿੱਧਾਂਤ ਨੂੰ ਲਾਗੂ ਕਰਨਾ ਬਹੁਤ ਆਸਾਨ ਹੈ ਅਤੇ ਇਸ ਨਾਲ ਅਵਸਥਾ-ਪਰਿਵਰਤਨ ਦੇ ਮੁਢਲੇ ਸਿੱਧਾਂਤ ਦੀ ਵਿਆਖਿਆ ਸੁਚੱਜੇ ਢੰਗ ਨਾਲ ਕੀਤੀ ਜਾ ਸਕਦੀ ਹੈ। ਰਗੜ ਜਾਂ ਨਪੀੜਨ ਦੌਰਾਨ ਤਾਪਮਾਨ ਦੀ ਤਬਦੀਲੀ ਜਾਂ ਗੈਸਾਂ ਦੇ ਪ੍ਰਸਰਣ ਦੌਰਾਨ ਪੈਦਾ ਹੋਣ ਵਾਲੇ ਤਾਪ ਦੀ ਵਿਆਖਿਆ ਕਰਨ ਸਬੰਧੀ ਕਈ ਔਕੜਾਂ ਪੇਸ਼ ਆਈਆਂ ਹਨ।

ਕੈਲੋਰਿਸਟਾਂ ਦੁਆਰਾ ਰਗੜ ਜਾਂ ਨਪੀੜਨ ਦੌਰਾਨ ਪੈਦਾ ਹੋਏ ਤਾਪ ਦੀ ਵਿਆਖਿਆ ਇਸ ਤਰ੍ਹਾਂ ਦਿੱਤੀ ਗਈ ਹੈ ਕਿ ਜਦੋਂ ਪਿੰਡਾਂ ਨੂੰ ਨਪੀੜਿਆ ਜਾਂ ਰਗੜਿਆ ਜਾਂਦਾ ਹੈ ਤਾਂ ਗੁਪਤ ਤਾਪ ਦਾ ਇਕ ਉਹ ਹਿੱਸਾ ਹੁੰਦਾ ਹੈ ਜੋ ਸੰਵੇਦ ਤਾਪ (Sensible Heat) ਹੁੰਦਾ ਹੈ। ਰਗੜ ਦੌਰਾਨ ਪੈਦਾ ਹੋਏ ਤਾਪ ਦੇ ਸਬੰਧ ਵਿਚ ਮੰਨ ਲਿਆ ਗਿਆ ਸੀ ਕਿ ਰਗੜੇ ਜਾ ਚੁੱਕੇ ਪਦਾਰਥ ਦਾ ਕੁਝ ਭਾਗ ਤਾਪ ਦੀ ਕੁਝ ਮਾਤਰਾ ਨੂੰ ਸੋਖਣ ਦੇ ਸਮਰੱਥ ਹੁੰਦਾ ਹੈ ਪਰੰਤੂ ਮੂਲ ਪਦਾਰਥ ਨਾਲੋਂ ਇਸ ਦੀ ਸਮੱਰਥਾ ਘੱਟ ਹੁੰਦੀ ਹੈ। ਇਸ ਦਲੀਲ ਦੇ ਆਧਾਰ ਉੱਤੇ ਇਹ ਇਕ ਪੂਰਨ ਤੇ ਪੱਕੀ ਪਰਿਕਲਪਨਾ ਹੈ ਅਤੇ ਇਸ ਦਾ ਖੰਡਨ ਕਰਨਾ ਸੰਭਵ ਨਹੀਂ ਹੈ।

ਇਸ ਵਿਆਖਿਆ ਦਾ ਖੰਡਨ ਕਰਨ ਲਈ 1798 ਈ. ਵਿਚ ਕਾਊਂਟ ਰਮਫੋਰਡ ਨੇ ਰੱਾਇਲ ਸੋਸਾਇਟੀ ਅੱਗੇ ਆਪਣੇ ਪ੍ਰਸਿੱਧ ਤਜਰਬਿਆਂ ਦੇ ਨਤੀਜੇ ਰੱਖੇ ਜਿਨ੍ਹਾਂ ਅਨੁਸਾਰ ਇਕ ਖੁੰਡੇ ਵਰਮੇ ਦੇ ਬਿਟ ਨਾਲ ਰਗੜ ਦੌਰਾਨ ਪੈਦਾ ਹੋਏ ਤਾਪ ਨਾਲ 2½ ਘੰਟਿਆਂ ਦੇ ਅੰਦਰ ਲਗਭਗ 12 ਕਿ.ਗ੍ਰਾ. ਪਾਣੀ ਨੂੰ ਉਬਾਲਣ ਵਿਚ ਸਫ਼ਲਤਾ ਹਾਸਲ ਹੋਈ ਅਤੇ ਕੇਵਲ 4145 ਗ੍ਰਾ. ਧਾਤ ਦਾ ਪਾਊਡਰ ਰਗੜਿਆ ਗਿਆ। ਉਦੋਂ ਉਸ ਨੇ ਪ੍ਰਯੋਗ ਦੁਆਰਾ ਇਹ ਸਿੱਧ ਕੀਤਾ ਕਿ ਧਾਤ ਦੇ ਪਾਊਡਰ ਦਾ ਇਕ ਦਰਜਾ ਤਾਪਮਾਨ ਉੱਚਾ ਕਰਨ ਲਈ ਜਿੰਨੇ ਤਾਪ ਦੀ ਜ਼ਰੂਰਤ ਹੈ ਉਨੇ ਹੀ ਤਾਪ ਦੀ ਜ਼ਰੂਰਤ ਉਨੀ ਠੋਸ ਧਾਤ ਨੂੰ ਪਵੇਗੀ ਜਿਸ ਦਾ ਪਾਊਡਰ ਬਣਿਆ ਹੈ ਇਸਨੂੰ ਤਾਪ ਦੀ ਸਮਰੱਥਾ ਕਹਿੰਦੇ ਹਨ ਜਿਹੜੀ ਕਿ ਧਾਤ ਨੂੰ ਪਾਊਡਰ ਵਿਚ ਬਦਲਣ ਨਾਲ ਨਹੀਂ ਬਦਲਦੀ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਕਿਸੇ ਵੀ ਸੂਰਤ ਵਿਚ ਥੋੜ੍ਹੀ ਜਿਹੀ ਪਾਊਡਰ ਦੀ ਮਾਤਰਾ ਸਮੁੱਚੇ ਤਾਪ ਦੇ ਉਤਪੰਨ ਹੋਣ ਲਈ ਜ਼ਿੰਮੇਵਾਰ ਨਹੀਂ ਠਹਿਰਾਈ ਜਾ ਸਕਦੀ। ਤਾਪ ਦੇ ਪੈਦਾ ਹੋਣ ਦਾ ਕੇਵਲ ਅਨੁਭਵ ਹੀ ਹੁੰਦਾ ਹੈ ਕਿਉਂਕਿ ਇਸ ਵਿਚ ਕੋਈ ਮਾਦੇ ਵਾਲਾ ਪਦਾਰਥ ਪੈਦਾ ਨਹੀਂ ਹੁੰਦਾ ਸਗੋਂ ਇਹ ਕੁਦਰਤੀ ਗਤੀ ਵਾਲੀ ਇਕ ਵਸਤੂ ਹੈ।

ਬਦਕਿਸਮਤੀ ਦੀ ਗੱਲ ਹੈ ਕਿ ਰਮਫੋਰਡ ਦੇ ਵਿਚਾਰ ਸਿੱਟੇ ਭਰਪੂਰ ਨਹੀਂ ਸਨ। ਕੈਲੋਰੀ ਸਿੱਧਾਂਤ ਦੇ ਸਮਰਥਕ ਸਹਿਮਤ ਸਨ ਜਾਂ ਨਹੀਂ ਫਿਰ ਵੀ ਉਨ੍ਹਾਂ ਨੇ 'ਤਾਪ ਦੀ ਸਮਰੱਥਾ' ਦਾ ਪੂਰਨ ਗਿਆਨ ਨਾ ਹੋਣ ਦੇ ਬਾਵਜੂਦ ਦੋ ਪਰਿਭਾਸ਼ਾਵਾਂ ਬਣਾ ਦਿੱਤੀਆਂ। 'ਤਾਪ ਦੀ ਸਮਰੱਥਾ' ਸ਼ਬਦ ਦੇ ਅਰਥ ਤੋਂ ਪਤਾ ਲਗਦਾ ਹੈ ਕਿ ਇਹ ਕਿਸੇ ਵਸਤੂ ਦੁਆਰਾ ਗ੍ਰਹਿਣ ਕੀਤੀ ਗਈ ਤਾਪ ਦੀ ਕੁੱਲ ਮਾਤਰਾ ਨੂੰ ਦਰਸਾਉਂਦਾ ਹੈ, ਜਿਸ ਦੀ ਮਿਣਤੀ ਕਰਨ ਦਾ ਕੋਈ ਢੰਗ ਉਪਲੱਬਧ ਨਹੀਂ ਹੈ ਫਿਰ ਵੀ ਇਸ ਨੂੰ ਆਮ ਕਰਕੇ ਤਾਪ ਦੀ ਉਹ ਮਾਤਰਾ ਕਿਹਾ ਜਾਂਦਾ ਹੈ ਜਿਸ ਦੀ ਸਹਾਇਤਾ ਨਾਲ ਵਸਤੂ ਦਾ ਤਾਪਮਾਨ ਇਕ ਦਰਜਾ ਉੱਚਾ ਕੀਤਾ ਜਾ ਸਕਦਾ ਹੈ।

ਰਮਫੋਰਡ ਇਹ ਸਿੱਧ ਕਰਨ ਤੋਂ ਅਸਮਰੱਥ ਰਿਹਾ ਹੈ ਕਿ ਪਾਊਡਰ ਅਤੇ ਠੋਸ ਧਾਤ ਤੋਂ ਕਿਸੇ ਵਸਤੂ ਦਾ ਤਾਪਮਾਨ ਇਕ ਦਰਜਾ ਉੱਚਾ ਕਰਨ ਲਈ ਇਕੋ ਜਿੰਨੇ ਤਾਪ ਦੀ ਜ਼ਰੂਰਤ ਪਵੇਗੀ ਭਾਵ ਇਨ੍ਹਾਂ ਦੋਵਾਂ ਨੇ ਇਕੋ ਜਿੰਨਾ ਤਾਪ ਗ੍ਰਹਿਣ ਕੀਤਾ ਹੁੰਦਾ ਹੈ, ਇਹੋ ਹੀ ਉਸ ਸਮੇਂ ਦਾ ਅਸਲ ਇਕ ਮਾਤਰ ਵਿਚਾਰ ਸੀ। ਅਸਲ ਵਿਚ ਧਾਤ ਕੇਵਲ ਖ਼ਾਸ ਤਾਪਮਾਨ ਤੋਂ ਹੇਠਾਂ ਹੀ ਪਾਊਡਰ ਵਿਚ ਤਬਦੀਲ ਹੋ ਸਕਦੀ ਹੈ ਅਤੇ ਅਜਿਹਾ ਕਰਨ ਲਈ ਵਰਤੇ ਜਾ ਰਹੇ ਤਾਪ ਦੀ ਮਿਣਤੀ ਕੀਤੀ ਜਾ ਸਕਦੀ ਹੈ। ਜੇਕਰ ਆੱਕਸੀਜਨ ਅਤੇ ਹਾਈਡ੍ਰੋਜਨ ਦਾ ਮਿਸ਼ਰਣ ਉਸੇ ਅਨੁਪਾਤ ਵਿਚ ਲੈ ਕੇ ਜਿਹੜਾ ਪਾਣੀ ਅੰਦਰ ਇਨ੍ਹਾਂ ਦਾ ਹੁੰਦਾ ਹੈ, ਗਰਮ ਕੀਤਾ ਜਾਵੇ ਤਾਂ ਪਾਣੀ ਦੇ ਭਾਰ ਨਾਲੋਂ 30 ਗੁਣਾਂ ਵਧੇਰੇ ਭਾਰ ਲਈ ਜਿੰਨੇ ਤਾਪ ਦੀ ਲੋੜ ਪਵੇਗੀ ਉਨੇ ਤਾਪ ਨਾਲ ਜਮਾਉ ਦਰਜੇ ਵਾਲੇ ਪਾਣੀ ਨੂੰ ਉਬਾਲ ਦਰਜੇ ਤੱਕ ਗਰਮ ਕੀਤਾ ਜਾ ਸਕੇਗਾ। ਇਹੋ ਕਾਰਨ ਹੈ ਕਿ ਗੈਸਾਂ ਦੇ ਮਿਸ਼ਰਣ ਦੁਆਰਾ ਗ੍ਰਹਿਣ ਕੀਤਾ ਤਾਪ ਵੱਧ ਹੋਵੇਗਾ ਜਦੋਂ ਕਿ ਆਮ ਹਾਲਤਾਂ ਵਿਚ ਇਹ ਪਾਣੀ ਦੁਆਰਾ ਪੈਦਾ ਕੀਤੇ ਗਏ ਤਾਪ ਦੇ ਅੱਧ ਦੇ ਬਰਾਬਰ ਹੁੰਦਾ ਹੈ। ਕੈਲੋਰਿਸਟਾਂ ਅਨੁਸਾਰ ਰਗੜ ਨਾਲ ਪੈਦਾ ਹੋਏ ਤਾਪ ਦੀ ਵਿਆਖਿਆ ਦਾ ਮੁਕੰਮਲ ਤੌਰ ਤੇ ਖੰਡਨ ਕਰਨ ਲਈ ਰਮਫੋਰਡ ਲਈ ਇਹ ਸਿੱਧ ਕਰਨਾ ਜ਼ਰੂਰੀ ਸੀ ਕਿ ਪਾਊਡਰ ਨੂੰ ਠੋਸ ਧਾਤ ਵਿਚ ਬਦਲਣ ਲਈ ਉਨੇ ਤਾਪ ਦੀ ਜ਼ਰੂਰਤ ਨਹੀਂ ਹੁੰਦੀ ਜਿੰਨਾ ਕਿ ਪਾਊਡਰ ਬਣਾਉਂਦੇ ਸਮੇਂ ਰਗੜ ਦੌਰਾਨ ਤਾਪ ਪੈਦਾ ਹੋਇਆ ਸੀ, ਦੂਜੇ ਸ਼ਬਦਾਂ ਵਿਚ ਰਗੜ ਦੌਰਾਨ ਪੈਦਾ ਹੋਏ ਤਾਪ ਨੂੰ, ਪਦਾਰਥ ਦਾ ਅਵਸਥਾ ਪਰਿਵਰਤਨ ਦੌਰਾਨ ਲੋੜੀਂਦਾ ਤਾਪ ਨਹੀਂ ਕਿਹਾ ਜਾ ਸਕਦਾ।

ਸੰਨ 1749 ਤੋਂ ਥੋੜ੍ਹੇ ਚਿਰ ਮਗਰੋਂ ਹੰਫਰੀ (ਮਗਰੋਂ ਸਰ ਹੰਫਰੀ) ਡੇਵੀ ਨੇ ਇਕ ਪ੍ਰਯੋਗ ਰਾਹੀਂ ਦੱਸਿਆ ਕਿ ਜਦੋਂ ਬਰਫ਼ ਦੇ ਦੋ ਟੁਕੜਿਆਂ ਨੂੰ ਆਪਸ ਵਿਚ ਰਗੜ ਕੇ ਪਿਘਲਾਇਆ ਜਾਂਦਾ ਹੈ ਤਾਂ ਬਰਫ਼ ਤੋਂ ਪ੍ਰਾਪਤ ਹੋਏ ਪਾਣੀ ਵਿਚ ਬਰਫ਼ ਨਾਲੋਂ ਵਧੇਰੇ ਤਾਪ ਹੁੰਦਾ ਹੈ। ਇਹ ਸਿੱਧੇ ਤੌਰ ਤੇ ਕੈਲੋਰਿਸਟਾਂ ਦੇ ਖਿਆਲਾਂ ਨੂੰ ਝੁਠਲਾ ਦਿੰਦਾ ਹੈ ਕਿਉਂਕਿ ਇਹ ਇਕ ਸਚਾਈ ਹੈ ਕਿ ਬਰਫ਼ ਨੂੰ ਪਾਣੀ ਵਿਚ ਬਦਲਣ ਲਈ ਤਾਪ ਦੀ ਲੋੜ ਪੈਂਦੀ ਹੈ। ਇਸ ਤਜਰਬੇ ਦੇ ਆਧਾਰ ਉੱਤੇ ਇਹ ਕਹਿਣਾ ਠੀਕ ਹੈ ਕਿ ਰਗੜ ਨਾਲ ਵਸਤਾਂ ਦੀ ਤਾਪ ਲਈ ਸਮੱਰਥਾ ਕਦੇ ਘਟਦੀ ਨਹੀਂ। ਡੇਵੀ ਨੇ ਇਸ ਵਾਕ ਦੀ ਵਰਤੋਂ ਵਸਤੂ ਦੁਆਰਾ ਗ੍ਰਹਿਣ ਕੀਤੀ ਗਈ ਤਾਪ ਦੀ ਕੁੱਲ ਮਾਤਰਾ ਨੂੰ ਦੱਸਣ ਲਈ ਕੀਤੀ ਹੈ। ਡੇਵੀ ਦੁਆਰਾ 'ਤਪਮਾਨ ਲਈ ਸਮੱਰਥਾ' ਸ਼ਬਦ ਦੀ ਥਾਂ 'ਤਾਪ ਦੀ ਸਮਰੱਥਾ' ਸ਼ਬਦ ਦਾ ਇਸਤੇਮਾਲ ਕਰਨਾ ਬਿਲਕੁਲ ਉਚਿਤ ਸੀ।

ਕੈਲੋਰਿਕ ਸਿੱਧਾਂਤ ਨੂੰ ਅਪਰਵਾਨ ਕਰਨ ਅਤੇ ਨਵੇਂ ਵਿਚਾਰ ਨੂੰ ਪਰਵਾਨ ਕਰਨ ਵਿਚ ਜਿਹੜੀ ਦੇਰ ਹੋਈ ਉਸ ਦਾ ਕਾਰਨ 'ਤਾਪ ਲਈ ਸਮਰੱਥਾ' ਅਤੇ ਇਸ ਵਰਗੇ ਹੋਰ ਵਿਚਾਰਾਂ ਸਬੰਧੀ ਮੁੱਢਲਾ ਮਤਭੇਦ ਹੀ ਸਨ। ਇਕ ਹੋਰ ਵੱਡੀ ਅੜਚਨ ਕੰਪਨ ਜਾਂ ਗਤੀ ਸਿੱਧਾਂਤ ਦਾ ਸਹੀ ਗਿਆਨ ਨਾ ਹੋਣਾ ਸੀ। ਡੇਵੀ ਨੇ ਤਾਪ ਨੂੰ 'ਪ੍ਰਤਿ-ਆਕਰਸ਼ੀ ਬਲ' (repulsive force) ਦੱਸਿਆ ਹੈ ਅਤੇ ਇਸ ਨੂੰ ਪ੍ਰਕਾਸ਼ ਨਾਲੋਂ ਵੱਖਰਾ ਦੱਸਿਆ ਹੈ ਜਿਹੜਾ ਕਿ 'ਪ੍ਰਖੇਪੀ ਗਤੀ' (Projective motion) ਹੈ ਬੇਸ਼ਕ ਤਾਪ ਪਦਾਰਥ ਨਹੀਂ ਹੈ।

ਡੇਵੀ ਅਤੇ ਰਮਫੋਰਡ ਦੇ ਸਿੱਟਿਆਂ ਨੂੰ ਸਵੀਕਾਰ ਕਰਦੇ ਹੋਏ ਕਿ ਤਾਪ ਕੋਈ ਮਾਦੇ ਵਾਲਾ ਪਦਾਰਥ ਨਹੀਂ ਹੈ ਪਰੰਤੂ ਇਹ ਗਤੀ ਦੀ ਹੀ ਇਕ ਕਿਸਮ ਹੈ; ਇਕ ਸਵਾਲ ਫਿਰ ਸਾਹਮਣੇ ਜਿਉਂ ਦਾ ਤਿਉਂ ਖੜ੍ਹਾ ਰਹਿੰਦਾ ਹੈ ਕਿ ਤਾਪ ਦੀ ਮਾਤਰਾ ਨੂੰ ਕਿਹੜੇ ਢੁੱਕਵੇਂ ਨਿਯਮ ਅਧੀਨ ਲਿਆ ਜਾਵੇ? ਕੰਪਨਸ਼ੀਲ ਗਤੀ ਦੀ ਮਾਤਰਾ ਤੋਂ ਸਾਡਾ ਕੀ ਭਾਵ ਹੈ ਅਤੇ ਇਸ ਮਾਤਰਾ ਦੀ ਮਿਣਤੀ ਕਿਵੇਂ ਕੀਤੀ ਜਾ ਸਕਦੀ ਹੈ? ਇਹ ਵੱਖੋ ਵੱਖਰੀਆਂ ਅਵਸੱਥਾਵਾਂ ਵਿਚ ਪਰਿਵਰਤਿਤ ਹੋਣ ਦੇ ਬਾਵਜੂਦ ਬਦਲਦੀ ਕਿਉਂ ਨਹੀਂ? ਤਾਪ ਦੇ ਅਨੇਕਾਂ ਪ੍ਰਭਾਵਾਂ ਦੇ

ਗੁਣਾਤਮਕ ਵਿਆਖਿਆ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਹ 'ਗਤੀ ਦੀ ਕਿਸਮ' ਹੀ ਹੈ। ਇਸ ਵਿਚ ਵਿਗਿਆਨਕ ਪਰਿਭਾਸ਼ਾ ਦੇ ਸੂਖ਼ਮ ਮਾਤਰਾਤਮਕ ਗੁਣਾਂ ਦੀ ਕਮੀ ਸੀ। ਇਸ ਕਰਕੇ ਸਹੀ ਨਤੀਜੇ ਪ੍ਰਾਪਤ ਕਰਨ ਅਤੇ ਪਰਿਕਲਨ ਕਰਨ ਲਈ ਇਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਸੀ। ਡੇਵੀ ਅਤੇ ਰਮਫੋਰਡ ਦੇ ਪ੍ਰਯੋਗ ਸਮੇਂ ਵਿਗਿਆਨਕ ਸੋਚਣੀ ਜਾਂ ਵਿਗਿਆਨ ਦੀ ਸਥਿਤੀ ਇਹ ਨਹੀਂ ਸੀ ਕਿ ਇਸ ਨੂੰ ਵਧੇਰੇ ਵਿਆਪਕ ਰੂਪ ਦਿੱਤਾ ਜਾ ਸਕਦਾ ਹੋਵੇ। ਅਨੇਕਾਂ ਪ੍ਰਯੋਗਾਂ ਅਤੇ ਸਿੱਧਾਂਤਾਂ ਨੇ ਗੈਸਾਂ ਦੇ ਨਿਯਮਾਂ ਸਬੰਧੀ ਇਸ ਦਾ ਰਸਤਾ ਖੋਲ੍ਹਿਆ ਜਿਸ ਵਿਚ ਅਨੇਕਾਂ ਜਗਤ ਪ੍ਰਸਿੱਧ ਵਿਗਿਆਨੀਆਂ ਨੇ ਉੱਘਾ ਯੋਗਦਾਨ ਪਾਇਆ ਹੈ।

**ਜਲਣ ਦੇ ਤਾਪ ਦੀ ਸੁਲਭਤਾ** — ਕਾਰਨੋ (Carnot) ਨੇ 100 ਸੈਂ. ਉੱਤੇ 1° ਸੈਂ. ਤਾਪਮਾਨ ਦੇ ਘੱਟਣ ਨਾਲ 1.13 ਕਿ.ਗ੍ਰਾ.ਮੀ. ਪ੍ਰਤਿ ਕਿਲੋ ਕੈਲੋਰੀ ਕਾਰਜ ਦੀ ਮਹਤੱਤਾ ਨੂੰ ਧਿਆਨ ਵਿਚ ਰੱਖਦਿਆਂ 160° ਸੈਂ ਉੱਤੇ ਭਾਫ਼ ਪ੍ਰਾਪਤ ਕਰਕੇ 40° ਸੈਂ. ਉੱਤੇ ਭਾਫ਼ ਬਾਹਰ ਕੱਢਣ ਵਾਲੇ ਭਾਫ਼ ਦੇ ਇੰਜਣ ਦੀ ਸੰਭਵ ਕਾਰਜ ਕੁਸ਼ਲਤਾ ਦਾ ਅਨੁਮਾਨ ਲਗਾਉਣ ਲਈ ਉਪਰਾਲਾ ਕੀਤਾ ਸੀ। ਜੇਕਰ ਇਹ ਮੰਨ ਲਿਆ ਜਾਵੇ ਕਿ ਜਿਸ ਦਰ ਨਾਲ ਤਾਪਮਾਨ ਘੱਟਦਾ ਹੈ ਉਸੇ ਅਨੁਪਾਤ ਵਿਚ ਕਾਰਜ-ਕੁਸ਼ਲਤਾ ਵੀ ਘੱਟਦੀ ਹੈ ਤਾਂ 120° ਸੈਂ. ਤਾਪਮਾਨ ਘਟਣ ਦੌਰਾਨ ਕੀਤਾ ਗਿਆ ਕਾਰਜ 134 ਕਿ.ਗ੍ਰਾ.ਮੀ. ਪ੍ਰਤਿ ਕਿਲੋ ਕੈਲੋਰੀ ਹੋਵੇਗਾ। ਸਹੀ ਪਰਿਕਲਨ ਕਰਨ ਲਈ ਫ਼ੰਕਸ਼ਨ F'(t) ਵਿਚ ਤਾਪਮਾਨ ਦੇ ਨਾਲ ਹੋਣ ਵਾਲੇ ਪਰਿਵਰਤਨ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਸਮੀਕਰਨ $\frac{W}{Q} = \frac{t_1 - t_0}{t_1 + 273} = \frac{T_1 - T_0}{T_1}$ ----I ਅਨੁਸਾਰ ਪ੍ਰਾਪਤ ਕੀਤਾ ਜਾ ਸਕਣ ਵਾਲਾ ਕਾਰਜ 118 ਕਿ. ਗ੍ਰਾ.ਮੀ. ਪ੍ਰਤਿ ਕਿਲੋ ਕੈਲੋਰੀ ਹੋਵੇਗਾ ਜਿਹੜਾ ਕਿ ਕਿ.ਗ੍ਰਾ.ਮੀ. ਵਿਚ ਕਿਲੋ ਕੈਲੋਰੀ ਦੇ ਯੰਤਰਿਕ ਤੁਲ-ਅੰਕ 426 ਦੇ 28% ਦੇ ਬਰਾਬਰ ਹੈ। ਕਾਰਨੋ ਨੇ ਇਸ ਦਾ ਵੀ ਜ਼ਿਕਰ ਕੀਤਾ ਹੈ ਕਿ ਜਲਣ ਦੌਰਾਨ ਭਾਫ਼ ਦੇ ਇੰਜਣ ਵਿਚ 120° ਸੈਂ. ਤਾਪਮਾਨ ਦਾ ਘਟਣਾ ਕੁਲ ਪ੍ਰਾਪਤੀ ਯੋਗ ਤਾਪਮਾਨ ਦਾ ਕੇਵਲ ਬਹੁਤ ਛੋਟਾ ਜਿਹਾ ਭਾਗ ਹੈ ਅਤੇ ਜੇਕਰ ਕੁਲ ਘਟੇ ਹੋਏ ਤਾਪਮਾਨ ਦਾ ਮੁਕੰਮਲ ਉਪਯੋਗ ਕੀਤਾ ਜਾਵੇ ਤਾਂ ਕੁਲ ਪ੍ਰਾਪਤੀ ਯੋਗ ਸ਼ਕਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ : ਜਦੋਂ ਫ਼ੰਕਸ਼ਨ F'(t) ਨੂੰ ਤਾਪਮਾਨ ਦੇ ਵਾਧੇ ਨਾਲ ਅਲੋਪ ਹੁੰਦਾ ਮੰਨਿਆ ਗਿਆ ਹੋਵੇ ਤਾਂ ਕੋਲੇ ਦੇ ਸਬੰਧ ਵਿਚ ਅੰਦਾਜ਼ਾ ਲਗਾਇਆ ਕਿ ਇਹ ਸ਼ਕਤੀ 3,900,000 ਕਿ. ਗ੍ਰਾ. ਮੀ. ਪ੍ਰਤਿ ਕਿ. ਗ੍ਰਾ. ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਨੁਮਾਨਤ ਅਸਲ ਨਾਲੋਂ ਵੱਧ ਸੀ ਪਰੰਤੂ ਕਾਰਨੋ ਦੁਆਰਾ ਲਏ ਗਏ ਡੈਟੇ ਦੇ ਹਿਸਾਬ ਨਾਲ ਲਗਭਗ ਠੀਕ ਹੀ ਸੀ।

ਇਕ ਆਦਰਸ਼ ਇੰਜਣ ਵਿਚ ਪ੍ਰਯੋਗਿਕ ਬੰਧਨਾਂ ਤੋਂ ਮੁਕਤ ਅਮਲੀ ਤੌਰ ਤੇ ਪ੍ਰਾਪਤੀ ਯੋਗ ਤਾਪ ਦੇ ਬਹੁਤ ਛੋਟੇ ਜਿਹੇ ਭਾਗ ਦਾ ਕਾਰਨੋ ਚੱਕਰ ਦੀ ਸੁਯੋਗਤਾ ਦੀ ਸੂਰਤ ਵਿਚ ਈਂਧਨ ਦੇ ਜਲਣ ਸਮੇਂ ਤਾਪਮਾਨ ਕਾਫ਼ੀ ਘੱਟ ਹੁੰਦਾ ਹੈ। ਤਾਪ ਬਿਲਕੁਲ ਬੇਕਾਰ ਨਾ ਜਾਣ ਦੀ ਸੂਰਤ ਵਿਚ ਹਵਾ ਵਿਚ ਕਾਰਬਨ ਨੂੰ ਸਥਿਰ ਦਬਾਉ ਉੱਤੇ ਜਾਲਣ ਨਾਲ ਪ੍ਰਾਪਤ ਹੋਈਆਂ ਵਸਤਾਂ ਦਾ ਤਾਪਮਾਨ 2300° ਸੈਂ. ਤੱਕ ਵਧਾਇਆ ਜਾ ਸਕਦਾ ਹੈ (ਜਦੋਂ ਕਿ ਇਨ੍ਹਾਂ ਵਸਤਾਂ ਦਾ ਵਿਸ਼ਿਸ਼ਟ ਤਾਪ ਸਥਿਰ ਮੰਨਿਆ ਜਾਵੇ ਅਤੇ ਬਿਲਕੁਲ ਕਿਸੇ ਕਿਸਮ ਦਾ ਖੈ ਨਾ ਹੋਇਆ ਹੋਵੇ)। ਜੇਕਰ ਇਸ ਤਾਪਮਾਨ ਉੱਤੇ ਕਾਰਜ-ਕਾਰੀ ਦ੍ਰਵ ਨੂੰ ਸਮੁਚਾ ਤਾਪ ਮੁਹੱਈਆ ਕੀਤਾ ਗਿਆ ਹੋਵੇ ਤਾਂ ਕੰਡੈਂਸਰ ਦਾ ਤਾਪਮਾਨ 40° ਸੈਂ. ਹੋਵੇਗਾ ਅਤੇ ਸਮੀਕਰਨ (1) ਅਨੁਸਾਰ ਸੰਭਾਵਿਤ ਸੁਯੋਗਤਾ 89% ਹੋਵੇਗੀ ਪਰੰਤੂ ਸਚਾਈ ਇਹ ਹੈ ਕਿ ਪੂਰਨ ਆਦਰਸ਼ ਹਾਲਤਾਂ ਅਧੀਨ ਵੀ ਇੰਨੀ ਸੁਯੋਗਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਬਾਇਲਰ ਰਾਹੀਂ 2300° ਸੈਂ. ਉੱਤੇ ਵੀ ਜਲਣ ਕਾਰਨ ਪੈਦਾ ਹੋਈਆਂ ਵਸਤਾਂ ਦਾ ਵਾਯੂਮੰਡਲੀ ਤਾਪਮਾਨ ਤੱਕ ਠੰਢਾ ਹੋਣ ਦੌਰਾਨ ਛੱਡਿਆ ਗਿਆ ਤਾਪ ਗ੍ਰਹਿਣ ਨਹੀਂ ਕੀਤਾ ਜਾ ਸਕਦਾ। 2300° ਸੈਂ ਤੋਂ 40° ਸੈਂ. ਦੇ ਵਿਚਕਾਰ ਕਿਸੇ ਮੱਧਵਰਤੀ ਤਾਪਮਾਨ ਉੱਤੇ ਜਿਸ ਨਾਲ ਤਾਪ ਪ੍ਰਗਤੀ ਦਾ ਔਸਤਨ ਪ੍ਰਭਾਵਸ਼ਾਲੀ ਤਾਪਮਾਨ 2300° ਸੈਂ. ਤੋਂ ਘੱਟ ਕੇ 1640° ਸੈਂ. ਰਹਿ ਜਾਂਦਾ ਹੈ ਅਤੇ ਸੁਯੋਗਤਾ 89% ਤੋਂ ਘੱਟ ਕੇ 62% ਰਹਿ ਜਾਂਦੀ ਹੈ, ਅਜਿਹਾ ਕੇਵਲ ਪੂਰਨ ਪੁਨਰਯੋਜਨ ਬਾਇਲਰ ਵਿਚ ਹੀ ਹੋ ਸਕਦਾ ਹੈ ਜਿਸ ਵਿਚ ਕਾਰਜਕਾਰੀ ਦ੍ਰਵ 2300° ਸੈਂ. ਉੱਤੇ ਇਸ ਤੋਂ ਬਾਹਰ ਨਿਕਲਦਾ ਹੈ। ਤਾਪ ਪ੍ਰਾਪਤੀ ਦਾ ਔਸਤਨ ਪ੍ਰਭਾਵਸ਼ਾਲੀ ਤਾਪਮਾਨ ਕਿਸੇ ਹਾਲਤ ਵਿਚ ਵੀ 1640° ਸੈਂ. ਤੋਂ ਵੱਧ ਨਹੀਂ ਹੋ ਸਕਦਾ। ਕਾਰਨੋ ਨੇ ਪੂਰਵ ਅਨੁਮਾਨ ਲਗਾ ਲਿਆ ਸੀ ਕਿ ਭਾਫ਼ ਦੇ ਇੰਜਣ ਵਿਚ ਕਾਰਜਕਾਰੀ ਦ੍ਰਵ ਕਾਰਨ ਹੋਰ ਬੰਧਨ ਵੀ ਹੋ ਸਕਦੇ ਹਨ।

ਬਾਇਲਰ ਦੇ ਅੰਦਰ ਭਾਫ਼ ਬਣਾਉਣ ਲਈ ਲੋੜੀਂਦੇ ਤਾਪ ਦਾ ਬਹੁਤਾ ਭਾਗ ਵਾਸ਼ਪੀਕਰਨ ਦੇ ਗੁਪਤ ਤਾਪ ਦਾ ਹੁੰਦਾ ਹੈ ਜਿਹੜਾ ਕਿ ਭਾਫ਼ ਪ੍ਰਾਪਤ ਕਰਨ ਲਈ ਜ਼ਰੂਰੀ ਹੁੰਦਾ ਹੈ। ਇਹ ਤਾਪ ਭਾਫ਼ ਬਾਇਲਰ ਦੇ ਕੰਮ ਕਰਨ ਵਾਲੇ ਦਬਾਉ ਉਤਲੇ ਸੰਤ੍ਰਿਪਤ ਤਾਪਮਾਨ ਉੱਤੇ ਪ੍ਰਾਪਤ ਕਰਦੀ ਹੈ। ਇਸ ਤਰ੍ਹਾਂ 47.8 ਕਿ. ਗ੍ਰਾ. ਪ੍ਰਤਿ ਵਰਗ ਸੈਂ. ਦਬਾਉ ਵਾਸ਼ਪੀਕਰਨ ਦਾ ਗੁਪਤ ਤਾਪ ਲਗਭਗ 400 ਕੈਲੋਰੀ ਹੁੰਦਾ ਹੈ ਜਿਹੜਾ ਕਿ 260° ਸੈਂ (500 F ) ਉੱਤੇ ਪ੍ਰਾਪਤ ਹੁੰਦਾ ਹੈ ਜਿਸ ਨਾਲ ਇਸ ਤਾਪ ਪਰਿਵਰਤਨ ਦੀ ਸੁਯੋਗਤਾ 41% ਹੁੰਦੀ ਹੈ। ਜੇਕਰ 40° ਸੈਂ. ਉੱਤੇ ਕੰਡੈਂਸਰ ਤੋਂ ਭੇਜੇ ਜਾਣ ਵਾਲੇ ਪਾਣੀ ਨੂੰ ਸਿੱਧੇ ਤੌਰ ਤੇ ਪੰਪ ਰਾਹੀ ਬਾਇਲਰ ਵਿਚ ਭੇਜਿਆ ਜਾਵੇ ਅਤੇ ਇਸ ਨੂੰ 260° ਸੈਂ. ਤੱਕ ਗਰਮ ਕਰਨਾ ਹੋਵੇ ਤਾਂ ਇਸ ਲਈ ਲੋੜੀਂਦਾ ਤਾਪ ਲਗਭਗ 230 ਕੈਲੋਰੀ ਹੋਵੇਗਾ ਜਿਹੜਾ ਇਸ ਦੁਆਰਾ ਕਿਸੇ ਮੱਧਵਰਤੀ ਤਾਪਮਾਨ ਉੱਤੇ ਹਾਸਲ ਕੀਤਾ ਜਾਂਦਾ ਹੈ। ਇਸ ਦਾ ਪੂਰੀ ਤਰ੍ਹਾਂ ਨਾਲ ਉਪਯੋਗ ਨਹੀਂ ਕੀਤਾ ਜਾ ਸਕਦਾ। ਸਭ ਤੋਂ ਪਹਿਲਾਂ 1854 ਈ. ਵਿਚ ਰੈਨਕਿਨ ਨੇ ਤਾਪ ਦੇ ਇਸ ਭਾਗ ਤੋਂ ਪ੍ਰਾਪਤ ਹੋਣ ਵਾਲੇ ਕਾਰਜ ਦੀ ਮਿਕਦਾਰ ਦਾ ਪਤਾ ਲਗਾਉਣ ਦਾ ਢੰਗ ਲੱਭਿਆ ਸੀ। ਇਸ ਦਾ ਸੂਤਰ (Formula) 40° ਸੈਂ. ਤੋਂ 260° ਸੈਂ. ਦੇ ਵਿਚਕਾਰ ਤਾਪ ਨੂੰ ਕਿਸ਼ਤਾਂ ਦੇ ਰੂਪ ਵਿਚ ਪ੍ਰਦਾਨ ਕਰਨ ਦੀ ਆਦਰਸ਼ ਸੁਯੋਗਤਾ ਦਰਸਾਉਂਦਾ ਹੈ। ਇਸ ਅਨੁਸਾਰ 47.8 ਕਿ. ਗ੍ਰਾ. ਪ੍ਰਤਿ ਵਰਗ ਸੈਂ. ਦੇ ਦਬਾਉ ਉੱਤੇ ਸੰਤ੍ਰਿਪਤ ਭਾਫ਼ ਨਾਲ ਕੰਮ ਕਰ ਰਹੇ ਰੈਨਕਿਨ ਚੱਕਰ ਉੱਤੇ ਅਧਾਰਤ ਇੰਜਣ ਦੀ ਸੁਯੋਗਤਾ 35% ਰਹਿ ਜਾਂਦੀ ਹੈ ਜਦੋਂ ਕਿ ਕਾਰਨੋ ਚੱਕਰ ਵਾਲੇ ਇੰਜਣ ਦੀ ਸੁਯੋਗਤਾ 41% ਹੁੰਦੀ ਹੈ ਜਿਹੜੀ ਕਿ ਭਾਫ਼ ਦੁਆਰਾ ਪ੍ਰਾਪਤ ਅਸਲ ਤਾਪ ਦੇ ਅਨੁਸਾਰ ਹੁੰਦੀ ਹੈ। ਜੇਕਰ ਬਾਇਲਰ ਦਾ ਤਾਪਮਾਨ ਹੋਰ ਵਧਾ ਕੇ 360° ਸੈਂ. ਕਰ ਦਿੱਤਾ ਜਾਵੇ ਤਾਂ ਇਸ ਤਾਪਮਾਨ ਉੱਤੇ ਦਬਾਉ 190 ਕਿ. ਗ੍ਰਾ. ਪ੍ਰਤਿ ਵਰਗ ਸੈਂ. (ਲਗਭਗ 260° ਸੈਂ. ਵਾਲੇ ਦਬਾਉ ਨਾਲੋਂ ਚਾਰ ਗੁਣਾ) ਹੋ ਜਾਵੇਗਾ। ਕਾਰਨੋ ਚੱਕਰ ਦੀ ਆਦਰਸ਼ ਸੁਯੋਗਤਾ 50% ਨਾਲੋਂ ਥੋੜ੍ਹੀ ਵੱਧ ਹੋਵੇਗੀ ਜਾਂ ਆਦਰਸ਼ ਇੰਜਣ ਦੁਆਰਾ ਅੱਧੇ ਗੁਪਤ ਤਾਪ ਦਾ ਹੀ ਉਪਯੋਗ ਹੋ ਸਕੇਗਾ। 360° ਸੈਂ. ਉੱਤੇ ਗੁਪਤ ਤਾਪ ਕੇਵਲ 177 ਕੈਲੋਰੀ ਹੁੰਦਾ ਹੈ ਅਤੇ ਇਹ ਲੋੜੀਂਦੇ ਤਾਪ ਦੇ ਅੱਧ ਨਾਲੋਂ ਘੱਟ ਹੈ ਜਿਹੜਾ ਕਿ ਲਗਭਗ 400 ਕੈਲੋਰੀ ਹੁੰਦਾ ਹੈ। ਇਸ ਤਰ੍ਹਾਂ ਸਬੰਧਤ ਰੈਨਕਿਨ ਚੱਕਰ ਦੀ ਸੁਯੋਗਤਾ ਕੇਵਲ 38% ਹੁੰਦੀ ਹੈ ਜਿਹੜੀ ਸੰਤ੍ਰਿਪਤ ਭਾਫ਼ ਉੱਤੇ ਕੰਮ ਕਰ ਰਹੇ ਸਿੱਧਾਂਤਕ ਚੱਕਰ ਰਾਹੀਂ ਪ੍ਰਾਪਤ ਸੁਯੋਗਤਾ ਦੇ ਨਾਲ ਮੇਲ ਖਾਂਦੀ ਹੈ।

1. **ਅੰਤਰ-ਦਹਿਨ ਦੇ ਲਾਭ** — ਜਿਵੇਂ ਕਿ ਕਾਰਨੋ ਨੇ ਦੱਸਿਆ ਹੈ ਕਿ ਤਾਪ ਇੰਜਣ ਵਿਚ ਵਾਯੂਮੰਡਲੀ ਹਵਾ ਨੂੰ ਕਾਰਜਕਾਰੀ ਦ੍ਰਵ ਵਜੋਂ ਉਪਯੋਗ ਕਰਨ ਦਾ ਮੁੱਖ ਲਾਭ ਕੇਵਲ ਅੰਤਰ-ਦਹਿਨ ਦੁਆਰਾ ਸਿੱਧੇ ਤੌਰ ਤੇ ਇਸ ਨੂੰ ਤਾਪ ਪ੍ਰਦਾਨ ਕਰਨਾ ਹੈ। ਇਥੋਂ ਤੱਕ ਕਿ

ਅੰਤਰ-ਦਹਿਨ ਨਾਲ ਵੀ ਤਾਪਮਾਨ ਦੀ ਪੂਰਨ ਸੀਮਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਅਮਲੀ ਤੌਰ ਤੇ ਕਾਰਜਕਾਰੀ ਦ੍ਰਵ ਨੂੰ ਸਥਿਰ ਤਾਪਮਾਨ ਉੱਤੇ ਤਾਪ ਪ੍ਰਦਾਨ ਨਹੀਂ ਕੀਤਾ ਦਾ ਸਕਦਾ। ਅਜਿਹਾ ਕਰਨਾ ਇਸ ਲਈ ਸੰਭਵ ਨਹੀਂ ਹੈ ਕਿਉਂਕਿ ਸਥਿਰ ਤਾਪਮਾਨ ਉੱਤੇ ਪ੍ਰਸਾਰ ਬਹੁਤ ਵੱਡੀ ਪੱਧਰ ਉੱਤੇ ਹੁੰਦਾ ਹੈ ਜਿਹੜਾ ਕਿ ਤਾਪ ਦੀ ਲੋੜੀਂਦੀ ਮਿਕਦਾਰ ਗ੍ਰਹਿਣ ਕਰਨ ਲਈ ਜ਼ਰੂਰੀ ਹੁੰਦਾ ਹੈ। ਇਸ ਕਿਸਮ ਦੇ ਹਵਾ ਇੰਜਣ ਸਥਿਰ ਤਾਪਮਾਨ ਉੱਤੇ ਤਾਪ ਲੈਂਦੇ ਹਨ। ਇਹ ਬੇਸ਼ਕ ਸਿੱਧਾਂਤਕ ਪੱਖੋਂ ਆਦਰਸ਼ ਹੁੰਦੇ ਹਨ ਪਰ ਯੰਤਰਿਕ ਤੌਰ ਤੇ ਅਪ੍ਰਬੀਨ ਹੁੰਦੇ ਹਨ।

ਵਿਹਾਰਕ ਇੰਜਣਾਂ ਵਿਚ ਸਥਿਰ ਦਬਾਉ ਜਾਂ ਸਥਿਰ ਆਇਤਨ ਉੱਤੇ ਵਿਸਫੋਟਕ ਮਿਸ਼ਰਣ ਦੁਆਰਾ ਤਾਪ ਪੈਦਾ ਹੁੰਦਾ ਹੈ। ਸਾਰੇ ਦਾ ਸਾਰਾ ਤਾਪ ਉੱਚਤਮ ਤਾਪਮਾਨ ਉੱਤੇ ਹੀ ਸੰਚਾਰ ਨਹੀਂ ਹੁੰਦਾ ਸਗੋਂ ਇਹ ਤਾਪਮਾਨ ਦੀ ਸੀਮਾ ਦੇ ਅੰਦਰ ਹੀ ਸੰਚਾਰ ਹੁੰਦਾ ਹੈ ਜਿਹੜਾ ਕਿ ਦਹਿਨ ਦੇ ਆਰੰਭ ਵਿਚ ਮਿਸ਼ਰਣ ਦੇ ਤਾਪਮਾਨ ਅਤੇ ਉੱਚਤਮ ਤਾਪਮਾਨ ਦੇ ਵਿਚਾਲੇ ਹੁੰਦਾ ਹੈ। ਸਭ ਤੋਂ ਪਹਿਲਾਂ ਅਜਿਹਾ ਇੰਜਣ ਜਿਸ ਉੱਤੇ ਕਾਰਨੋ ਨੇ ਵਿਚਾਰ ਕੀਤਾ ਸੀ ਉਹ ਐਮ. ਐਮ. ਨਾਈਪਸੇ (M.M. Niepce) ਦਾ ਲਾਈਕੋਪੋਡੀਅਮ ਇੰਜਣ ਸੀ। ਇਸ ਵਿਚ ਹਵਾ ਅਤੇ ਲਾਈਕੋਪੋਡੀਅਮ ਦੇ ਜਲਣਸ਼ੀਲ ਮਿਸ਼ਰਣ ਦਾ ਵਾਯੂਮੰਡਲੀ ਦਬਾਉ ਉੱਤੇ ਸਿਲਿੰਡਰ ਦੇ ਅੰਦਰ ਦਹਿਨ ਕਰਨ ਲਈ ਪ੍ਰਬੰਧ ਕੀਤਾ ਗਿਆ ਸੀ, ਜਿਸ ਨੇ ਅਗੋਂ ਪਿਸਟਨ ਉੱਤੇ ਕਾਰਜ ਕੀਤਾ। ਈ. ਲੈਨਵਾਰ (1860), ਐਨ. ਔਟੋ ਅਤੇ ਈ. ਲਾਂਜੈਂਨ (1867) ਦੇ ਮੁੱਢਲੇ ਗੈਸ ਇੰਜਣ ਵੀ ਇਸੇ ਸਿੱਧਾਂਤ ਉੱਤੇ ਕੰਮ ਕਰਦੇ ਸਨ ਜਿਨ੍ਹਾਂ ਵਿਚ ਲਾਈਕੋਪੋਡੀਅਮ ਦੀ ਥਾਂ ਪ੍ਰਦੀਪਕ ਗੈਸ ਦਾ ਪ੍ਰਯੋਗ ਕੀਤਾ ਗਿਆ ਸੀ। ਇਨ੍ਹਾਂ ਪ੍ਰਸਥਿਤੀਆਂ ਦੌਰਾਨ ਸਥਿਰ ਆਇਤਨ ਉੱਤੇ ਚਲਣਕਿਰਿਆ ਪ੍ਰਯੋਗਿਕ ਤੌਰ ਤੇ ਪ੍ਰਭਾਵਸ਼ਾਲੀ ਹੈ ਅਤੇ ਸਿੱਧਾਂਤਕ ਤੌਰ ਤੇ ਪ੍ਰਾਪਤ ਉੱਚਤਮ ਸੁਯੋਗਤਾ $1\text{-}log_e r/(r\text{-}1)$ ਹੈ। ਜਿੱਥੇ r ਉੱਚਤਮ ਤਾਪਮਾਨ T ਤੇ ਆਰੰਭਿਕ ਤਾਪਮਾਨ $T_0$ ਵਿਚਲਾ ਅਨੁਪਾਤ ਹੈ। ਇਸ ਸੁਯੋਗਤਾ ਨੂੰ ਹਾਸਲ ਕਰਨ ਲਈ ਕਾਰਨੋ ਦੇ ਸਿੱਧਾਂਤ ਦਾ ਅਪਨਾਉਣਾ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਦਹਿਨ ਉਪਰੰਤ ਬਿਨਾਂ ਤਾਪ ਦੇ ਵਾਧੇ ਜਾਂ ਘਾਟੇ ਤੋਂ ਗੈਸ ਨੂੰ ਪਸਾਰਨਾ ਤੇ ਫਿਰ $T_0$ ਤਾਪਮਾਨ ਉੱਤੇ ਆਰੰਭਿਕ ਆਇਤਨ ਤੱਕ ਨਪੀੜਨਾ ਹੁੰਦਾ ਹੈ । ਜੇਕਰ ਜਲਣ ਕਿਰਿਆ ਦੌਰਾਨ ਤਾਪਮਾਨ ਵਧਕੇ 2300° ਸੈਂ. ਹੋ ਜਾਵੇ ਜਦੋਂ ਕਿ ਆਰੰਭਿਕ ਤਾਪਮਾਨ 0° ਸੈਂ. ਜਾਂ 273° ਕੈਲਵਿਨ ਹੋਵੇ ਤਾਂ ਸਿੱਧਾਂਤਕ ਸੁਯੋਗਤਾ 73.3% ਹੋਵੇਗੀ ਜਿਹੜੀ ਕਿ ਬਾਇਲਰ ਦੁਆਰਾ ਪ੍ਰਾਪਤ ਕੀਤੀ ਸੁਯੋਗਤਾ ਨਾਲੋਂ ਕਾਫ਼ੀ ਵੱਧ ਹੈ। ਬਰਾਬਰ ਦੀ ਸੁਯੋਗਤਾ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਮਿਸ਼ਰਣ ਨੂੰ ਆਰੰਭਿਕ ਆਇਤਨ ਨਾਲੋਂ ਲਗਭਗ 270 ਗੁਣਾ ਆਇਤਨ ਤੱਕ ਪਸਾਰਿਤ ਕੀਤਾ ਜਾਵੇ ਜਿਹੜਾ ਕਿ ਸੰਭਵ ਨਹੀਂ ਹੈ।

ਅਧੂਰੇ ਪਸਾਰ ਅਤੇ ਤੇਜ਼ੀ ਨਾਲ ਠੰਢਾ ਹੋਣ ਕਾਰਨ ਲਨਵਾਰ ਇੰਜਣ ਦੀ ਸੁਯੋਗਤਾ 5% ਨਾਲੋਂ ਘੱਟ ਰਹਿੰਦੀ ਹੈ ਜਦੋਂ ਔਟੋ ਅਤੇ ਲਾਂਜੈਂਨ ਇੰਜਣ ਵਿਚ ਤੇਜ਼ ਪਸਾਰ ਕਾਰਨ ਇਹੋ ਸੁਯੋਗਤਾ 10% ਦੇ ਲਗਭਗ ਹੁੰਦੀ ਹੈ।

ਕਾਰਨੋ ਨੇ ਇਸ ਗੱਲ ਦਾ ਅਨੁਮਾਨ ਲਗਾਇਆ ਕਿ ਇਸ ਕਿਸਮ ਦੇ ਇੰਜਣ ਨੂੰ ਪ੍ਰਯੋਗਿਕ ਤੌਰ ਤੇ ਸੁਯੋਗਤਾਮਈ ਬਣਾਉਣ ਲਈ ਮਿਸ਼ਰਣ ਦਾ ਦਹਿਨ ਤੋਂ ਪਹਿਲਾਂ ਨਪੀੜਿਆ ਜਾਣਾ ਜ਼ਰੂਰੀ ਹੈ। ਨਪੀੜਨਾ ਤਿੰਨ ਤਰ੍ਹਾਂ ਨਾਲ ਲਾਹੇਵੰਦ ਹੈ: (1) ਨਪੀੜਨ ਨਾਲ ਦਹਿਨ ਤੋਂ ਬਾਅਦ ਪਸਾਰ ਨੂੰ ਕਿਸੇ ਵੀ ਸੀਮਾ ਜਾਂ ਰੇਂਜ ਤੱਕ ਵਧਾਇਆ ਜਾ ਸਕਦਾ ਹੈ, (2) ਨਪੀੜਨ ਔਸਤਨ ਪ੍ਰਭਾਵਸ਼ਾਲੀ ਦਬਾਉ ਨੂੰ ਉਚੇਰਾ ਕਰਦਾ ਹੈ, ਜਿਸ ਨਾਲ ਯੰਤਰਿਕ ਸੁਯੋਗਤਾ ਵਿਚ ਵਾਧਾ ਹੁੰਦਾ ਹੈ ਅਤੇ ਆਕਾਰ ਤੇ ਭਾਰ ਦੇ ਅਨੁਮਾਨ ਅਨੁਸਾਰ ਊਰਜਾ ਵਿਚ ਵਾਧਾ ਹੁੰਦਾ ਹੈ; (3) ਨਪੀੜਨ ਗਰਮ ਗੈਸ ਦੇ ਸੰਪਰਕ ਵਿਚ ਆਉਣ ਵਾਲੇ ਖੇਤਰਫਲ ਨੂੰ ਘਟਾਉਂਦਾ ਹੈ ਜਿਸ ਕਾਰਨ ਦਹਿਨ ਦੇ ਦੌਰਾਨ ਤਾਪ ਬੇਕਾਰ ਹੋਣ ਦੀ ਮਿਕਦਾਰ ਘੱਟ ਜਾਂਦੀ ਹੈ। ਆਧੁਨਿਕ ਗੈਸ ਜਾਂ ਗੈਸੋਲੀਨ (ਪੈਟਰੋਲ) ਮੋਟਰ ਵਿਚ ਵੀ ਨਪੀੜਨ ਦਾ ਪ੍ਰਯੋਗ ਉਸੇ ਤਰ੍ਹਾਂ ਨਾਲ ਕੀਤਾ ਜਾਂਦਾ ਹੈ ਜਿਵੇਂ ਕਾਰਨੋ ਚੱਕਰ ਵਿਚ ਪਰੰਤੂ ਪ੍ਰਾਪਤੀਯੋਗ ਸੁਯੋਗਤਾ ਕੇਵਲ ਤਾਪਮਾਨ ਦਾ ਧਿਆਨ ਰੱਖਣ ਨਾਲ ਹੀ ਹਾਸਲ ਨਹੀਂ ਹੋ ਸਕਦੀ ਜਿਹਾ ਕਿ ਆਇਤਨ ਦੇ ਸੀਮਤ ਹੋਣ ਨਾਲ ਹੋ ਸਕਦਾ ਹੈ। ਸਥਿਰ ਆਇਤਨ ਉੱਤੇ ਚਲਣ ਕਿਰਿਆ ਤੋਂ ਪੂਰਵ ਸੰਘਣੇ ਮਿਸ਼ਰਣ ਨੂੰ ਲਗਭਗ ਆਰੰਭਿਕ ਆਇਤਨ ਦੇ 1/5 ਹਿੱਸੇ ਤੱਕ ਨਪੀੜਨਾ ਪ੍ਰਯੋਗਿਕ ਤੌਰ ਤੇ ਅਸੰਭਵ ਹੈ ਅਤੇ ਯੰਤਰਿਕ ਧਾਰਣ-ਸਮਰੱਥਾ (capacitance) ਲਈ ਪਸਾਰ ਦੀ ਸੀਮਾ ਨੂੰ ਨਪੀੜਨਯੋਗਤਾ (compressibility) ਦੇ ਲਿਹਾਜ ਨਾਲ ਰੱਖਿਆ ਜਾਂਦਾ ਹੈ।

ਆਟੋ ਚੱਕਰ ਦਾ ਉਪਯੋਗ 1862 ਈ. ਵਿਚ ਅਲਫਾਂਸੇ ਬਿਊ ਡੀ ਰੋਚਸ (Alphonse Beau De Rochas) ਨੇ ਕੀਤਾ ਸੀ ਜਦੋਂ 1876 ਈ. ਵਿਚ ਪਹਿਲਾਂ ਆਟੋ ਦੁਆਰਾ ਸਫ਼ਲਤਾ ਪੂਰਵਕ ਇਹ ਚੱਕਰ ਵਰਤਿਆ ਜਾ ਚੁੱਕਾ ਸੀ। ਇਹ ਕਾਰਨੋ ਚੱਕਰ ਨਾਲੋਂ ਇਸ ਗੱਲੋਂ ਵੱਖਰਾ ਹੈ ਕਿ ਇਸ ਵਿਚ ਤਾਪ ਨੂੰ ਸਥਿਰ ਆਇਤਨ ਉੱਤੇ ਦਾਖ਼ਲ ਅਤੇ ਖ਼ਾਰਜ ਕੀਤਾ ਜਾਂਦਾ ਹੈ ਜਦੋਂ ਕਿ ਕਾਰਨੋ ਚੱਕਰ ਵਿਚ ਅਜਿਹਾ ਸਥਿਰ ਤਾਪਮਾਨ ਉੱਤੇ ਕੀਤਾ ਜਾਂਦਾ ਹੈ। ਦਿੱਤੀਆਂ ਗਈਆਂ ਤਾਪਮਾਨੀ ਸੀਮਾਵਾਂ ਉੱਤੇ ਇਹ ਚੱਕਰ ਕਾਰਨੋ ਚੱਕਰ ਜਿੰਨਾ ਸੁਯੋਗਤਾਪੂਰਨ ਨਹੀਂ ਹੈ ਪਰੰਤੂ ਆਇਤਨੀ ਸੀਮਾਵਾਂ ਉੱਤੇ ਇਹ ਕਾਰਨੋ ਚੱਕਰ ਨਾਲੋਂ ਵਧੇਰੇ ਸੁਯੋਗਤਾ ਦਿੰਦਾ ਹੈ। ਸੁਯੋਗਤਾ ਕੇਵਲ ਪਸਾਰ ਤੇ ਨਪੀੜਨ ਦੇ ਤਾਪਮਾਨ ਦੀ ਰੇਂਜ ਉੱਤੇ ਨਿਰਭਰ ਕਰਦੀ ਹੈ ਜਿਸ ਨੂੰ ਨਿਮਨ ਲਿਖਤ ਸੂਤਰ ਅਨੁਸਾਰ ਦਰਸਾਇਆ ਜਾਂਦਾ ਹੈ :-

ਸੁਯੋਗਤਾ = $T_1\text{-}T_2/T_1$,

ਜਿੱਥੇ $T_1$= ਉੱਚਤਮ ਤਾਪਮਾਨ

$T_2$ = ਪਸਾਰ ਦੇ ਅਖ਼ੀਰ ਵਿਚ ਉਤਲਾ ਤਾਪਮਾਨ। ਇਹ ਸੂਤਰ ਉਸੇ ਤਾਪਮਾਨ ਉਤਲੇ ਪਸਾਰ ਦੀ ਸੀਮਾ ਲਈ ਕਾਰਨੋ ਚੱਕਰ ਦੌਰਾਨ ਵੀ ਸਹੀ ਹੈ। $T_1/T_2$ ਦਾ ਅਨੁਪਾਤ $r^{r-1}$ ਹੈ ਜਿੱਥੇ r ਪਸਾਰ ਤੇ ਨਪੀੜਨ ਦਾ ਅਨੁਪਾਤ ਹੈ ਅਤੇ r ਕਾਰਜਕਾਰੀ ਦ੍ਰਵ ਦੇ ਵਿਸ਼ਿਸ਼ਟ ਤਾਪਾਂ ਵਿਚਲਾ ਅਨੁਪਾਤ ਹੈ। ਜੇਕਰ ਕਾਰਜਕਾਰੀ ਦ੍ਰਵ ਨੂੰ ਇਕ ਆਦਰਸ਼ ਗੈਸ ਮੰਨਿਆ ਗਿਆ ਹੋਵੇ ਜਿਸ ਦੇ ਲੱਛਣ ਹਵਾ ਵਾਲੇ ਹੋਣ ਤਾਂ r =1.41 ਹੁਣ r =5 ਰੱਖਣ ਨਾਲ ਸੁਯੋਗਤਾ 48% ਹੁੰਦੀ ਹੈ ਜਿਹੜੀ ਕਿ ਪ੍ਰਾਪਤ ਕੀਤੀ ਜਾ ਸਕਣ ਵਾਲੀ ਕੋਈ ਵੀ ਉੱਚਤਮ ਸੁਯੋਗਤਾ ਹੈ। ਜਲਣਕਿਰਿਆ ਦੇ ਅਸਲ ਹਿੱਸੇ ਵਰਤੇ ਜਾ ਰਹੇ ਕਾਰਜਕਾਰੀ ਦ੍ਰਵ ਦੀ ਪ੍ਰਕਿਰਤੀ ਅਨੁਸਾਰ ਬਦਲਦੇ ਰਹਿੰਦੇ ਹਨ ਪਰੰਤੂ ਸੁਯੋਗਤਾ ਨਪੀੜਨਤਾ ਅਨੁਸਾਰ ਤਬਦੀਲ ਹੁੰਦੀ ਹੈ। ਠੀਕ ਉਸੇ ਢੰਗ ਨਾਲ ਜਿਵੇਂ ਕਿ ਹਵਾ ਦੇ ਸਬੰਧ ਵਿਚ ਹੁੰਦਾ ਹੈ। ਸਿਵਲ ਇੰਜੀਨੀਅਰਾਂ ਦੀ ਸੰਸਥਾ ਦੀ ਕਮੇਟੀ ਨੇ 1905 ਈ. ਵਿਚ ਹਵਾ ਮਿਆਰ ਮੰਨਣ ਦੀ ਸਿਫ਼ਾਰਸ਼ ਕੀਤੀ ਸੀ ਤਾਂ ਜੋ ਨਪੀੜਨ ਅਨੁਪਾਤ ਵਿਚ ਹੋਣ ਵਾਲੀ ਤਬਦੀਲੀ ਦੇ ਪ੍ਰਭਾਵਾਂ ਦਾ ਅਨੁਮਾਨ ਲਗ ਸਕੇ ਅਤੇ ਅੰਤਰ-ਦਹਿਨ ਇੰਜਨ ਦੀ ਸਾਪੇਖੀ (relative) ਸੁਯੋਗਤਾ ਪਰਿਭਾਸ਼ਿਤ ਕੀਤਾ ਜਾ ਸਕੇ ਜਿਹੜੀ ਕਿ ਆਦਰਸ਼ ਹਵਾ ਇੰਜਣ ਦੀ ਸੁਯੋਗਤਾ ਅਤੇ ਉਸੇ ਨਪੀੜਨ ਉੱਤੇ ਨਿਰਪੇਖ (Absolute) ਸੁਯੋਗਤਾ ਵਿਚਲਾ ਅਨੁਪਾਤ ਹੁੰਦੀ ਹੈ।

**ਵਿਘਟਨ ਦੇ ਪ੍ਰਭਾਵ ਅਤੇ ਵਿਸ਼ਿਸ਼ਟ ਤਾਪ ਵਿਚ ਵਾਧਾ**– ਤਾਪ ਦੇ ਪ੍ਰਮੁੱਖ ਪ੍ਰਭਾਵਾਂ ਵਿਚ ਸਭ ਤੋਂ ਮਹੱਤਵਪੂਰਨ ਪ੍ਰਭਾਵ ਯੋਗਿਕ ਅਣੂਆਂ ਦਾ ਅਪਘਟਿਤ ਜਾਂ ਵਿਘਟਿਤ ਹੋਣਾ ਹੈ। ਇਹ ਸਿੱਧ ਹੋ ਚੁੱਕਾ ਹੈ ਕਿ ਯੋਗਿਕ ਕਾਰਬਨ ਡਾਈਆੱਕਸਾਈਡ ($CO_2$) ਉੱਚ ਤਾਪਮਾਨ ਉੱਤੇ ਅੱਧ ਪੱਚਦੀ ਕਾਰਬਨ ਮੋਨੋਆੱਕਸਾਈਡ ਅਤੇ ਆੱਕਸੀਜਨ ਵਿਚ ਵਿਘਟਿਤ ਹੋ ਜਾਂਦੀ ਹੈ ਅਤੇ ਵਿਘਟਨ ਦਾ ਅਨੁਪਾਤ ਤਾਪਮਾਨ ਦੇ ਵਾਧੇ ਨਾਲ ਵਧਦਾ ਹੈ।

ਇਸ ਸਿੱਧਾਂਤ ਅਤੇ ਦ੍ਰਵ ਦੇ ਵਾਸ਼ਪੀਕਰਨ ਵਿਚ ਬਹੁਤ ਸਮਾਨਤਾ ਹੈ। ਜਿਹੜੇ ਨਿਯਮਾਂ ਅਨੁਸਾਰ ਵਿਘਟਨ ਹੁੰਦਾ ਹੈ, ਉਹ ਤਾਪਗਤੀ-ਵਿਗਿਆਨ (Thermodynamics) ਦੇ ਨਿਯਮ ਹੀ ਹਨ ਪਰੰਤੂ ਵੱਖੋ ਵੱਖਰੀ ਕਿਸਮ ਦੇ ਅਣੂਆਂ ਦੀ ਮੌਜੂਦਗੀ ਕਾਰਨ ਇਨ੍ਹਾਂ ਦੇ ਸੂਤਰ ਵਧੇਰੇ ਪੇਚੀਦਾ ਤੇ ਸੰਗੀਨ ਬਣ ਜਾਂਦੇ ਹਨ ਅਤੇ ਇਨ੍ਹਾਂ ਨੂੰ ਹੱਲ ਕਰਨ ਲਈ ਖ਼ਾਸ ਪ੍ਰਕਾਰ ਦੀਆਂ ਔਕੜਾਂ ਆਉਂਦੀਆਂ ਹਨ ਵਿਸ਼ੇਸ਼ ਕਰਕੇ ਜਦੋਂ ਵਿਘਟਨ ਉੱਚ ਤਾਪਮਾਨ ਉੱਤੇ ਵੀ ਹੋਣਾ ਆਰੰਭ ਨਹੀਂ ਹੁੰਦਾ।

ਕਾਰਨੋ ਸਿੱਧਾਂਤ ਦੀ ਸਹਾਇਤਾ ਨਾਲ ਸੀਮਤ ਸੰਭਾਵਿਤ ਸੁਯੋਗਤਾ ਹਰ ਇਕ ਹਾਲਤ ਵਿਚ ਲੱਭਣੀ ਸੰਭਵ ਹੈ ਜਿਹੜੀ ਕਿ ਘਾਟਿਆਂ ਨੂੰ ਭੁੱਲ ਕੇ ਕਾਰਨੋ ਚੱਕਰ ਦੀ ਸਹਾਇਤਾ ਨਾਲ ਜਾਣੀ ਜਾ ਸਕਦੀ ਹੈ। ਕਾਰਨੋ ਅਨੁਸਾਰ ਈਂਧਨ ਦੀ ਬਚਤ ਕਰਨਾ ਤਾਪ ਇੰਜਣ ਲਈ ਵਿਚਾਰੇ ਜਾਣ ਵਾਲੇ ਮੁੱਖ ਪੱਖਾਂ ਵਿਚੋਂ ਕੇਵਲ ਇਕ ਪੱਖ ਹੈ ਅਤੇ ਕਈ ਵਾਰੀ ਇਸ ਦੀ ਥਾਂ ਹੋਰ ਪੱਖਾਂ ਨੂੰ ਪਹਿਲ ਦੇਣੀ ਜ਼ਰੂਰੀ ਹੋ ਜਾਂਦੀ ਹੈ।

ਹ.ਪੁ.–ਐਨ. ਬ੍ਰਿ. 11:229; ਨਿਊ. ਯੂ. ਐਨ. 8 : 4136

**ਤਾਪ ਅਨੁਸ਼ੀਤਨ (Annealing)** : ਕਿਸੇ ਧਾਤ ਜਾਂ ਐਲਾਇ (ਮਿਸ਼ਰਿਤ ਧਾਤ) ਨੂੰ ਪਹਿਲਾਂ ਇਕ ਨਿਸ਼ਚਿਤ ਤਾਪਮਾਨ ਤੇ ਗਰਮ ਕਰਨ ਤੇ ਫਿਰ ਠੰਡਾ ਕਰਕੇ ਸਾਧਾਰਣ ਤਾਪਮਾਨ ਤੇ ਲਿਆਉਣ ਦੀ ਕਿਰਿਆ ਨੂੰ ਤਾਪ ਅਨੁਸ਼ੀਤਨ ਜਾਂ ਅਨੀਲੀਕਰਣ ਕਿਹਾ ਜਾਂਦਾ ਹੈ। ਅਜਿਹੀ ਕਿਰਿਆ ਧਾਤਾਂ ਵਿਚ ਫੁੱਟਣਸ਼ੀਲਤਾ ਘਟਾਉਣ ਲਈ ਕੀਤੀ ਜਾਂਦੀ ਹੈ। ਧਾਤਕ੍ਰਮ ਸਮੇਂ ਧਾਤਾਂ ਦੀ ਲਚਕ ਦੀ ਪੁਨਰ ਸਥਾਪਨਾ ਲਈ ਅਨੀਲੀਕਰਣ ਕੀਤਾ ਜਾਂਦਾ ਹੈ। ਅਨੀਲੀਕਰਣ ਕਿਰਿਆ ਧਾਤਾਂ ਨੂੰ ਨਰਮ ਕਰਨ ਲਈ, ਪ੍ਰਤਿਬਲ ਤੋਂ ਛੁਟਕਾਰਾ ਪਾਉਣ ਲਈ, ਧਾਤ ਬਣਤਰ ਨੂੰ ਚੰਗੇਰਾ ਬਣਾਉਣਾ ਲਈ ਅਤੇ ਚੁੰਬਕੀ ਤੇ ਬਿੱਜਲਈ ਗੁਣਾਂ ਵਿਚ ਤਬਦੀਲੀ ਲਈ ਕੀਤੀ ਜਾਂਦੀ ਹੈ। ਮਸ਼ੀਨ ਟੂਲ ਉਦਯੋਗ ਵਿਚ ਪੂਰਾ ਅਨੀਲੀਕਰਣ ਕੀਤਾ ਜਾਂਦਾ ਹੈ। ਵੱਖੋਂ ਵੱਖ ਧਾਤਾਂ ਅਤੇ ਐਲਾਇ ਲਈ ਵੱਖ ਵੱਖ ਤਾਪਮਾਨ ਹੁੰਦਾ ਹੈ, ਇਹ ਤਾਪਮਾਨ ਇੰਨਾ ਹੋਣਾ ਚਾਹੀਦਾ ਹੈ ਕਿ ਧਾਤ ਦੇ ਰਵੇ (ਕ੍ਰਿਸਟਲ) ਨਾ ਬਣ ਜਾਣ। ਜੋ ਐਲਾਇ ਸਮਾਂ ਬੀਤਣ ਤੇ ਸਖਤ ਹੋ ਜਾਂਦੇ ਹਨ ਉਨ੍ਹਾਂ ਨੂੰ ਵੀ ਅਨੀਲੀਕਰਣ ਨਾਲ ਠੀਕ ਕੀਤਾ ਜਾ ਸਕਦਾ ਹੈ।

**ਤਾਪ ਅਨੁਸ਼ੀਤਨ ਪ੍ਰਕ੍ਰਿਆ** — ਤਕਰੀਬਨ ਸਾਰੇ ਧਾਤਵੀ ਐਲਾਇ ਜਦੋਂ ਗਰਮ ਹੁੰਦੇ ਹਨ ਤਾਂ ਜ਼ਿਆਦਾ ਖਿਚੀਣ ਯੋਗ (ductile) ਹੁੰਦੇ ਹਨ। ਠੰਢੇ ਹੋਣ ਤੇ ਉਨ੍ਹਾਂ ਦੀ ਖਿਚੀਣ ਯੋਗਤਾ ਘੱਟ ਜਾਂਦੀ ਹੈ। ਇਸ ਤਰ੍ਹਾਂ ਜ਼ਿਆਦਾ ਤਾਪਮਾਨ ਉੱਤੇ ਘੜਾਈ, ਪ੍ਰੈਸਿੰਗ ਤੇ ਰੋਲਿੰਗ ਸੌਖੀ ਹੋ ਜਾਂਦੀ ਹੈ। ਗਰਮ ਧਾਤ ਹਵਾ ਨਾਲ ਪ੍ਰਤਿਕਿਰਿਆ ਕਰਨ ਨਾਲ ਕਰੂਪ ਹੋ ਜਾਂਦੀ ਹੈ ਅਤੇ ਧਾਤ ਦੀ ਖਪਤ ਵੀ ਜ਼ਿਆਦਾ ਹੁੰਦੀ ਹੈ। ਦੋਵੇਂ ਗੱਲਾਂ ਇਤਰਾਜ਼ਯੋਗ ਬਣ ਜਾਂਦੀਆਂ ਹਨ। ਆਮ ਤੌਰ ਤੇ ਧਾਤਕ੍ਰਮ ਠੰਢੀਆਂ ਸ਼ੀਟਾਂ, ਸਟਰਿਪ ਅਤੇ ਤਾਰਾਂ ਤੇ ਕੀਤਾ ਜਾਂਦਾ ਹੈ। ਨਰਮ ਅਤੇ ਖਿਚੀਣ ਯੋਗ ਧਾਤਾਂ ਘੱਟ ਤਾਪਮਾਨ ਉੱਤੇ ਕੰਮ ਕਰਨ ਨਾਲ ਵਧੇਰੇ ਸਖ਼ਤ ਹੋ ਜਾਂਦੀਆਂ ਹਨ। ਇਕ ਅਜਿਹਾ ਬਿੰਦੂ ਆ ਜਾਂਦਾ ਹੈ ਜਦੋਂ ਖਿਚੀਣ ਯੋਗਤਾ ਬਿਲਕੁਲ ਖ਼ਤਮ ਹੋ ਜਾਂਦੀ ਹੈ ਜਿਸ ਕਾਰਨ ਧਾਤ ਤਿੜਨੀ ਸ਼ੁਰੂ ਹੋ ਜਾਂਦੀ ਹੈ।

ਜੇਕਰ ਧਾਤ ਦਾ ਟੁਕੜਾ ਸਾਧਾਰਣ ਤਾਪਮਾਨ ਉੱਤੇ ਗਰਮ ਕਰਕੇ ਹੌਲੀ-ਹੌਲੀ ਠੰਢਾ ਕੀਤਾ ਜਾਵੇ ਤਾਂ ਪਹਿਲੇ ਵਾਲੀ ਖਿਚੀਣ ਯੋਗਤਾ ਫਿਰ ਆ ਜਾਂਦੀ ਹੈ ਅਤੇ ਅਗੋਂ ਲਈ ਕੰਮ ਠੀਕ ਤਰ੍ਹਾਂ ਕੀਤਾ ਜਾ ਸਕਦਾ ਹੈ। ਤਾਪ-ਉਪਚਾਰ ਕਾਰਜ ਐਲਾਇ ਅਤੇ ਉਸਦੀ ਠੰਢ ਸਹਾਰਨ ਦੀ ਯੋਗਤਾ ਉੱਤੇ ਨਿਰਭਰ ਕਰਦਾ ਹੈ। ਅਨੀਲਿੰਗ ਤਾਪਮਾਨ, ਪੁਨਰਕ੍ਰਿਸਟਲੀਕਰਣ ਤਾਪਮਾਨ ਉਪਰ ਹੋਣਾ ਚਾਹੀਦਾ ਹੈ ਪਰ ਇਹ ਤਾਪਮਾਨ ਬਹੁਤੇ ਸਮੇਂ ਲਈ ਅਤੇ ਬਹੁਤਾ ਜ਼ਿਆਦਾ ਨਹੀਂ ਹੋਣਾ ਚਾਹੀਦਾ ਜਿਸ ਕਾਰਨ ਇਤਰਾਜ਼ ਯੋਗ ਆਕਾਰ ਦੇ ਨਵੇਂ ਕ੍ਰਿਸਟਲ ਬਣ ਜਾਣ। ਸਟੀਲ ਲਈ ਅਨੀਲੀਕਰਣ ਤਾਪਮਾਨ ਆਮ ਤੌਰ ਤੇ ਕ੍ਰਾਂਤਿਕ ਤਾਪਮਾਨ ਤੋਂ ਘੱਟ ਹੋਣਾ ਚਾਹੀਦਾ ਹੈ।

## ਅਨੀਲੀਕਰਣ ਦੇ ਢੰਗ

**ਬ੍ਰਾਈਟ ਅਨੀਲੀਕਰਣ** — ਜਦੋਂ ਅਨੀਲਿੰਗ ਉਨ੍ਹਾਂ ਭੱਠੀਆਂ ਵਿਚ ਕੀਤੀ ਜਾਂਦੀ ਹੈ ਜਿੱਥੇ ਹਵਾ ਦਾ ਸਿੱਧਾ ਅਸਰ ਪੈਂਦਾ ਹੈ ਤਾਂ ਸਤ੍ਹਾ ਉੱਤੇ ਬਣਨ ਵਾਲੇ ਆੱਕਸਾਈਡ ਨੂੰ ਸਾਫ਼ ਕਰਨਾ ਪੈਂਦਾ ਹੈ। ਪਿੱਤਲ ਦੀ ਅਨੀਲਿੰਗ ਲਈ ਭਾਫ਼ ਦੀ ਵਰਤੋਂ ਕੀਤੀ ਜਾਂਦੀ ਹੈ। ਕਾਰਬਨ ਸਟੀਲ ਦੀ ਅਨੀਲਿੰਗ ਲਈ ਨੈਚੁਰਲ ਗੈਸ, ਨਾਈਟ੍ਰੋਜਨ, ਹਾਈਡ੍ਰੋਜਨ ਅਤੇ ਕਾਰਬਨ ਆੱਕਸਾਈਡਾਂ ਦੇ ਮਿਸ਼ਰਣ ਦੀ ਵਰਤੋਂ ਕੀਤੀ ਜਾਂਦੀ ਹੈ। ਨਮੀ ਦੀ ਮਾਤਰਾ ਇਸ ਤਰ੍ਹਾਂ ਅਨੁਕੂਲਿਤ ਕੀਤੀ ਜਾਂਦੀ ਹੈ ਕਿ ਇਹ ਨਮੀ ਲੋਹੇ ਨੂੰ ਆੱਕਸੀਕ੍ਰਿਤ ਨਹੀਂ ਕਰਦੀ ਅਤੇ ਸਤ੍ਹਾ ਉੱਤੇ ਕਾਰਬਨ ਵੀ ਨਹੀਂ ਜੰਮਦੀ।

**ਪੂਰਵ ਅਨੀਲੀਕਰਣ** — ਇਸ ਵਿਚ ਸਮਤਾਪੀ ਅਨੀਲੀਕਰਣ (Isothermal) ਸਫੀਅਰੋਡਾਈਜ਼ਿੰਗ (spheroidising) ਅਤੇ ਘੋਲ ਪ੍ਰਤਿਕ੍ਰਿਆ ਉਪਚਾਰ ਸ਼ਾਮਲ ਹਨ। ਸਫੀਅਰੋਡਾਈਜ਼ਿੰਗ ਵਿਚ ਧਾਤ ਨੂੰ ਕਈ ਵਾਰ ਹੌਲੀ ਹੌਲੀ ਗਰਮ ਅਤੇ ਠੰਢਾ ਕੀਤਾ ਜਾਂਦਾ ਹੈ। ਇਸ ਵਿਚ ਆਇਰਨ ਕਾਰਬਾਈਡ ਪਹਿਲਾਂ ਘੁਲਦਾ ਹੈ ਫਿਰ ਇਸ ਦਾ ਤਲਛੱਟ ਬਣ ਜਾਂਦਾ ਹੈ। ਇਕ ਹੋਰ ਉਦਾਹਰਣ ਢਲਵੇਂ ਲੋਹੇ ਦੇ ਉਤਪਾਦਨ ਦੀ ਹੈ। ਲੋਹਾ ਕਾਸਟਿੰਗਜ਼ ਨੂੰ ਭੱਠੀ ਵਿਚ ਪਾ ਕੇ 1600° ਫਾ. ਤਾਪਮਾਨ ਤੇ ਗਰਮ ਕੀਤਾ ਜਾਂਦਾ ਹੈ। ਇਸ ਨਾਲ ਆਇਰਨ ਕਾਰਬਾਈਡ ਘੋਲ ਬਣ ਜਾਂਦਾ ਹੈ। ਫਿਰ ਇਸ ਨੂੰ ਹੌਲੀ ਹੌਲੀ ਠੰਢਾ ਕੀਤਾ ਜਾਂਦਾ ਹੈ।

## ਅਨੀਲੀਕਰਣ ਦੇ ਉਪਯੋਗ

**ਪ੍ਰਤਿਬਲ ਰਾਹਤ** — ਅੰਦਰੂਨੀ ਪ੍ਰਤਿਬਲ ਤੋਂ ਰਾਹਤ ਲਈ ਵੀ ਅਨੀਲੀਕਰਣ ਕਿਰਿਆ ਕੀਤੀ ਜਾਂਦੀ ਹੈ। ਜਦੋਂ ਤਰਲ ਤੋਂ ਠੋਸ ਪਦਾਰਥ ਬਣਦਾ ਹੈ ਤਾਂ ਧਾਤ ਵਿਚ ਤਬਦੀਲੀ ਕਾਰਨ ਪ੍ਰਤਿਬਲ (Stress) ਉਤਪੰਨ ਹੋ ਜਾਂਦਾ ਹੈ ਜਿਸ ਨਾਲ ਧਾਤ ਵਿਚ ਤ੍ਰੇੜਾਂ ਪੈ ਜਾਂਦੀਆਂ ਹਨ, ਧਾਤ ਦੁਫਾੜ ਹੋ ਜਾਂਦੀ ਹੈ। ਅਨੀਲੀਕਰਣ ਨਾਲ ਇਸ ਪ੍ਰਤਿਬਲ ਤੋਂ ਛੁਟਕਾਰਾ ਮਿਲ ਜਾਂਦਾ ਹੈ। ਧਾਤ ਕਿਤਨੀ ਗਰਮ ਹੋਵੇ, ਕਿਤਨੀ ਦੇਰ ਉਸ ਤਾਪਮਾਨ ਉੱਤੇ ਰਹੇ, ਕਿਸ ਗਤੀ ਨਾਲ ਠੰਢੀ ਹੋਵੇ ਇਹ ਸਭ ਵੱਖ ਵੱਖ ਧਾਤਾਂ ਉੱਤੇ ਨਿਰਭਰ ਕਰਦਾ ਹੈ। ਇਸ ਲਈ ਵਿਆਪਕ ਨਿਯਮ ਨਹੀਂ ਹੈ।

ਅਨੀਲਿੰਗ ਭੱਠੀਆਂ ਕੰਮ ਦੇ ਹਿਸਾਬ ਅਨੁਸਾਰ ਵੱਖੋ ਵੱਖ ਹੁੰਦੀਆਂ ਹਨ ਇਨ੍ਹਾਂ ਵਿਚ ਛੋਟੀਆਂ ਸਫਲ ਭੱਠੀਆਂ ਅਤੇ ਲੰਬੀਆਂ ਭੱਠੀਆਂ ਸ਼ਾਮਲ ਹਨ।

ਸ਼ੀਸ਼ਾ ਉਦਯੋਗ ਵਿਚ ਵੀ ਤਾਪ ਅਨੁਸ਼ੀਤਨ ਕਿਰਿਆ ਕੀਤੀ ਜਾਂਦੀ ਹੈ। ਸ਼ੀਸ਼ਾ ਬਣਾਉਣ ਸਮੇਂ ਸ਼ੀਸ਼ੇ ਦੀ ਉਪਰਲੀ ਸਤ੍ਹਾ ਠੰਢੀ ਹੋ ਜਾਂਦੀ ਹੈ ਅਤੇ ਅੰਦਰਲੀ ਸਤ੍ਹਾ ਗਰਮ ਰਹਿੰਦੀ ਹੈ। ਇਸ ਵਿਚ ਤੇੜਾਂ ਪੈ ਸਕਦੀਆਂ ਹਨ। ਇਸ ਨੁਕਸ ਨੂੰ ਦੂਰ ਕਰਨ ਲਈ ਅਨੀਲਿੰਗ

ਕੀਤੀ ਜਾਂਦੀ ਹੈ। ਸ਼ੀਸ਼ਾ ਅਨੀਲੀਕਰਣ, ਧਾਤ ਅਨੀਲੀਕਰਣ ਵਾਂਗ ਹੀ ਹੁੰਦਾ ਹੈ ਪਰ ਦੋਹਾਂ ਦੇ ਤਾਪ ਕ੍ਰਮ ਬੰਦੀ ਅਤੇ ਸ਼ੀਤਨ ਦਰ ਭਿੰਨ-ਭਿੰਨ ਹੁੰਦੇ ਹਨ।

ਹ.ਪੁ.—ਐਨ. ਬ੍ਰਿ. ਮਾ. 1: 393; ਐਨ. ਬ੍ਰਿ. 1:1002; ਐਨ. ਅਮੈ. 1 : 719

**ਤਾਪ-ਸਹਿ ਪਦਾਰਥ** : ਇਹ ਉਹ ਪਦਾਰਥ ਹਨ ਜਿਨ੍ਹਾਂ ਉੱਤੇ ਉੱਚ ਤਾਪ ਦਾ ਪ੍ਰਭਾਵ ਨਹੀਂ ਪੈਂਦਾ। ਇਹ ਤਿੰਨ ਤਰ੍ਹਾਂ ਦੇ ਹੁੰਦੇ ਹਨ : ਤੇਜ਼ਾਬੀ, ਖਾਰੇ ਅਤੇ ਉਦਾਸੀਨ। ਤੇਜ਼ਾਬੀ ਪਦਾਰਥਾਂ ਅੰਦਰ ਹਰੇਕ ਤਰ੍ਹਾਂ ਦੀ ਅਗਨ-ਸਹਿ ਮਿੱਟੀ ਆ ਜਾਂਦੀ ਹੈ। ਵਿਭਿੰਨ ਉਦਯੋਗਾਂ ਵਿਚ ਜਿਥੇ ਵੀ ਉੱਚਾ ਤਾਪ ਉਤਪੰਨ ਹੁੰਦਾ ਹੈ, ਅਗਨ-ਸਹਿ ਮਿੱਟੀਆਂ ਦੀਆਂ ਇੱਟਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਗਨ-ਸਹਿ ਮਿੱਟੀਆਂ ਆਧੁਨਿਕ ਉਦਯੋਗਾਂ ਵਿਚ ਮਹੱਤਵਪੂਰਨ ਸਥਾਨ ਰਖਦੀਆਂ ਹਨ। ਇਨ੍ਹਾਂ ਦਾ ਪ੍ਰਯੋਗ ਇਨ੍ਹਾਂ ਦੇ ਗੁਣਾਂ ਨੂੰ ਮੁੱਖ ਰਖਕੇ ਤਾਪ-ਸਹਿ ਕੰਮਾਂ ਵਿਚ ਕੀਤਾ ਜਾਂਦਾ ਹੈ। ਇਨ੍ਹਾਂ ਮਿੱਟੀਆਂ ਦੀਆਂ ਤਾਪ-ਸਹਿ ਇੱਟਾਂ ਬਣਾਉਣ ਦੇ ਕਾਰਖ਼ਾਨੇ ਜ਼ਿਆਦਾਤਰ ਬੰਗਾਲ ਅਤੇ ਬਿਹਾਰ ਦੇ ਕੋਲਾ ਖੇਤਰਾਂ ਵਿਚ ਹੀ ਸਥਿਤ ਹਨ। ਕੁਝ ਕਾਰਖ਼ਾਨੇ ਮੱਧ-ਪ੍ਰਦੇਸ਼ ਅਤੇ ਮੈਸੂਰ ਵਿਚ ਵੀ ਹਨ ਜਿਨ੍ਹਾਂ ਤੋਂ ਕੇਵਲ ਸਥਾਨਕ ਜ਼ਰੂਰਤ ਹੀ ਪੂਰੀ ਕੀਤੀ ਜਾਂਦੀ ਹੈ। ਰਾਣੀਗੰਜ ਕੋਲਾ ਖੇਤਰ ਦੀਆਂ ਅਗਨ-ਸਹਿ ਮਿੱਟੀਆਂ ਉਤਮ ਪ੍ਰਕਾਰ ਦੀਆਂ ਹਨ ਅਤੇ ਉਨ੍ਹਾਂ ਤੋਂ ਬਣੀਆਂ ਹੋਈਆਂ ਤਾਪ-ਸਹਿ ਇੱਟਾਂ ਦੀ ਤੁਲਨਾ ਵਧੀਆ ਬਿਦੇਸ਼ੀ ਤਾਪ-ਸਹਿ ਇੱਟਾਂ ਨਾਲ ਕੀਤੀ ਜਾ ਸਕਦੀ ਹੈ।

ਆਮ ਤੌਰ ਤੇ ਤਾਪ-ਸਹਿ ਪਦਾਰਥਾਂ ਦੇ ਨਿਰਮਾਣ ਲਈ ਕੁਝ ਸ਼ੁੱਧ ਮਿੱਟੀਆਂ, ਜਿਨ੍ਹਾਂ ਵਿਚ ਸਿਲੀਕਾ (Silica) ਦੀ ਮਾਤਰਾ 45% ਅਤੇ ਐਲੂਮਿਨਾ (Alumina) ਦੀ 30% ਤੋਂ 40% ਅਤੇ ਲੋਹ ਆੱਕਸਾਈਡ ਕਾਫੀ ਘੱਟ ਮਾਤਰਾ ਵਿਚ ਹੋਵੇ, ਮਿਲਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਮਿੱਟੀਆਂ ਦਾ ਮਿਸ਼ਰਣ ਬਣਾਕੇ 1200° ਸੈਂ. ਤੋਂ 1400° ਸੈਂ. ਉੱਤੇ ਪਕਾਇਆ ਜਾਂਦਾ ਹੈ। ਨਿਰਮਤ ਇੱਟਾਂ ਦੀ ਤਾਪ ਸਹਿ ਸਮੱਰਥਾ ਨੂੰ ਮਿਸ਼ਰਣ ਵਿਚ ਐਲੂਮਿਨਾ ਦੀ ਮਾਤਰਾ ਵਿਚ ਵਾਧਾ ਕਰਕੇ ਹੋਰ ਵਧਾਇਆ ਜਾ ਸਕਦਾ ਹੈ। ਭਾਰਤੀ ਤਾਪ-ਸਹਿ ਇੱਟ ਨਿਰਮਾਤਾ ਇਨ੍ਹਾਂ ਇੱਟਾਂ ਦੀ ਤਾਪ-ਸਹਿ ਸਮਰੱਥਾ ਵਧਾਉਣ ਲਈ ਬਾੱਕਸਾਈਟ ਦਾ ਪ੍ਰਯੋਗ ਕਰਦੇ ਹਨ ਜਿਹੜਾ ਰਾਂਚੀ ਜ਼ਿਲ੍ਹੇ ਵਿਚ ਲੋਹਾਰਡਾਂਗਾ ਅਤੇ ਮੱਧ ਪ੍ਰਦੇਸ਼ ਵਿਚ ਕਟਨੀ ਖੇਤਰ ਵਿਚ ਮਿਲਦਾ ਹੈ।

ਰਾਣੀਗੰਜ ਕੋਲਾ ਖੇਤਰ ਦੀਆਂ ਤਾਪ-ਸਹਿ ਮਿੱਟੀਆਂ ਵਧੀਆ ਕਿਸਮ ਅਤੇ ਦਰਮਿਆਨੀ ਕਿਸਮ ਦੀਆਂ ਅਨੇਕ ਪਰਤਾਂ ਵਿਚ ਮਿਲਦੀਆਂ ਹਨ। ਝਰੀਆ ਕੋਲਾ ਖੇਤਰ ਦੀਆਂ ਤਾਪ-ਸਹਿ ਮਿੱਟੀਆਂ ਮੁੱਖ ਤੌਰ ਤੇ ਝਰੀਆ ਵਿਚ ਅਤੇ ਪਾਥਰਡੀਹ ਖੇਤਰਾਂ ਵਿਚ ਮਿਲਦੀਆਂ ਹਨ। ਰਾਣੀਗੰਜ ਦੀਆਂ ਮਿੱਟੀਆਂ ਦੀ ਤਰ੍ਹਾਂ ਇਥੋਂ ਦੀਆਂ ਮਿੱਟੀਆਂ ਦੀਆਂ ਪਰਤਾਂ ਦੀ ਮੋਟਾਈ ਵੀ ਵੱਖ ਵੱਖ ਥਾਵਾਂ ਉੱਤੇ ਵੱਖ ਵੱਖ ਹੈ। ਡਾਲਟਨ-ਗੰਜ ਖੇਤਰ ਵਿਚ ਵੀ ਪਾਲਾਮਊ ਜ਼ਿਲ੍ਹੇ ਦੇ ਰਝਾਰਾ ਨਾਂ ਦੇ ਸਥਾਨ ਉੱਤੇ ਅਤਿਅੰਤ ਮੁਲਾਇਮ (plastic) ਤਾਪ-ਸਹਿ ਮਿੱਟੀਆਂ ਖੋਦੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਉੜੀਸਾ ਦੇ ਸੰਬਲਪੁਰ ਜ਼ਿਲ੍ਹੇ ਵਿਚ ਬੇਲਪਹਾੜ ਦੇ ਨੇੜੇ ਜੋਰਾਬਾਗ ਖੇਤਰ ਅਤੇ ਰਾਮਪੁਰ ਕੋਲਾ ਖੇਤਰ ਤੋਂ ਵੀ ਤਾਪ-ਸਹਿ ਮਿੱਟੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਮੱਧਪ੍ਰਦੇਸ਼ ਦੇ ਸਹਡੋਲ ਅਤੇ ਵਿਲਾਸਪੁਰ ਵਿਖੇ ਕੋਰਬਾ ਖੇਤਰ ਤੋਂ ਵੀ ਇਸੇ ਤਰ੍ਹਾਂ ਦੀਆਂ ਮਿੱਟੀਆਂ ਮਿਲਦੀਆਂ ਹਨ। ਜਬਲਪੁਰ ਅਤੇ ਛੋਟਾ ਸ਼ਿਮਲਾ ਦੀਆਂ ਸਫ਼ੈਦ ਮਿੱਟੀਆਂ, ਮਿੱਟੀ ਦੇ ਬਰਤਨ ਬਣਾਉਣ ਅਤੇ ਖਪਰੈਲਾਂ ਆਦਿ ਦੇ ਨਿਰਮਾਣ ਵਿਚ ਉਪਯੋਗੀ ਹੁੰਦੀਆਂ ਹਨ। ਪੂਰਬੀ ਤਟ ਦੀਆਂ ਗੋਂਡਵਾਨਾਂ ਸਿਲਾਉਂ ਵਿਚ, ਮਦਰਾਸ ਰਾਜ ਦੇ ਸ਼੍ਰੀ ਪੇਰੁਮਬਤੁਰ ਦੇ ਨੇੜੇ ਚਿੰਗਲਪੱਟੂ ਅਤੇ ਆਂਧਰ ਦੇ ਗੁੰਟੂਰ ਜ਼ਿਲ੍ਹੇ ਵਿ ਓਂਗੋਲੁ ਦੇ ਨੇੜੇ ਵੇਮਾਵਰਮ ਵਿਚ ਤਾਪ ਸਹਿ ਮਿੱਟੀਆਂ ਪ੍ਰਾਪ ਹੁੰਦੀਆਂ ਹਨ। ਇਸੇ ਤਰ੍ਹਾਂ ਬੰਗਲੌਰ ਅਤੇ ਬੰਗਲੌਰ ਜ਼ਿਲ੍ਹੇ ਨੰਦਾਗੁਡੀ, ਕੋਲਾਰ ਜ਼ਿਲ੍ਹੇ ਦੇ ਕਰਾਤਿਬਾਂਡੇ ਆਦਿ ਸਥਾਨਾਂ ਤੋਂ ਵ ਮਿੱਟੀਆਂ ਦੀ ਖੁਦਾਈ ਕੀਤੀ ਜਾਂਦੀ ਹੈ। ਕੇਰਲ ਵਿਚ ਫਿਰੋਕ ਕਿਵਲੋਨ ਅਤੇ ਅਲਵਾਏ ਵਿਚ ਅਨੇਕ ਤਾਪ-ਸਹਿ ਵਸਤੂਆਂ ਦ ਨਿਰਮਾਣ ਹੁੰਦਾ ਹੈ। ਤਾਪ-ਸਹਿ ਇੱਟਾਂ ਬਣਾਉਣ ਲਈ ਸਫ਼ੈ ਮਿੱਟੀਆਂ ਤ੍ਰਿਸ਼ਸੂਰ ਦੇ ਕਿਝੁਪਿੱਲੀਜਕਾਰਾ ਨਾਂ ਦੇ ਸਥਾਨ : ਉਪਲੱਬਧ ਹਨ।

ਇਨ੍ਹਾਂ ਤੋਂ ਇਲਾਵਾ ਤਾਪ-ਸਹਿ ਮਿੱਟੀਆਂ ਕਈ ਹੋਰ ਸਥਾਨ ਤੋਂ ਵੀ ਪ੍ਰਾਪਤ ਹੁੰਦੀਆਂ ਹਨ। ਤਾਪ-ਸਹਿ ਪਦਾਰਥਾਂ ਦੇ ਨਿਰਮਾ ਲਈ ਕੱਚੇ ਮਾਲ ਦੀ ਕੋਈ ਘਾਟ ਨਹੀਂ ਹੈ ਇਸ ਤਰ੍ਹਾਂ ਵੱਡੀ ਤੋਂ ਵੱਡ ਮੰਗ ਦੀ ਪੂਰਤੀ ਕਰਨਾ ਕੋਈ ਔਖੀ ਗੱਲ ਨਹੀਂ। ਤਾਪ-ਸ ਮਿੱਟੀਆਂ ਅਤੇ ਉਨ੍ਹਾਂ ਤੋਂ ਬਣੇ ਪਦਾਰਥਾਂ ਦਾ ਦੱਖਣ ਪੂਰਬੀ ਏਸ਼ੀਅ ਦੇ ਦੇਸ਼ਾਂ ਨੂੰ ਨਿਰਯਾਤ ਕਰਨ ਲਈ ਕਈ ਯੋਜਨਾਵਾਂ ਸਰਕਾਰ ਵਿਚਾਰ ਗੋਚਰੇ ਹਨ।

ਹ.ਪੁ.—ਹਿੰ. ਵਿ. ਕੋ. 5 : 343

**ਤਾਪਸਥਾਪਕ** (Thermostat) : ਕਿਸੇ ਸਥਾਨ ਵਿ ਹਵਾ ਜਾਂ ਕਿਸੇ ਕਾਰਜਵਿਧੀ ਵਿਚਲੇ ਤਰਲਾਂ ਜਾਂ ਹੋਰ ਪਦਾਰਥਾਂ ਤਾਪ ਦੇ ਸਵੈ-ਨਿਯੰਤਰਣ ਅਤੇ ਫਿਰ ਤਾਪਮਾਨ ਨੂੰ ਕੰਟਰੋਲ ਕਰ ਵਾਲੇ ਯੰਤਰ ਨੂੰ ਤਾਪਸਥਾਪਕ ਜਾਂ ਥਰਮੋਸਟੈਟ ਕਿਹਾ ਜਾਂਦਾ ਹੈ।

ਮੁੱਖ ਤੌਰ ਤੇ ਤਾਪਸਥਾਪਕ ਦੋ ਐਲੀਮੈਂਟਾਂ ਅਰਥਾਤ ਇ ਸੈੱਨਸਿੰਗ (Sensing) ਐਲੀਮੈਂਟ ਅਤੇ ਦੂਸਰਾ ਨਿਯੰਤਰਣ ਕੰਟਰੋਲ ਐਲੀਮੈਂਟ ਦਾ ਬਣਿਆ ਹੁੰਦਾ ਹੈ। ਸੈੱਨਸਿੰਗ ਐਲੀਮੈਂਟ ਉਨ ਤਾਪਮਾਨ ਤਬਦੀਲੀਆਂ ਪ੍ਰਤਿ ਸੁਗ੍ਰਾਹੀ ਹੁੰਦਾ ਹੈ ਜਿਹੜੀਆਂ ਇਸ ਭੌਤਿਕ ਵਿਸਤਾਰਾਂ ਆਇਤਨ ਜਾਂ ਬਿਜਲਈ ਪ੍ਰਤਿਰੋਧਕਤਾ ਵਿ ਸਮਅਨੁਪਾਤੀ ਤਬਦੀਲੀਆਂ ਉਤਪੰਨ ਕਰਦੀਆਂ ਹਨ। ਨਿਯੰਤਰ ਐਲੀਮੈਂਟ ਸੈੱਨਸਿੰਗ ਐਲੀਮੈਂਟ ਦੀ ਕ੍ਰਿਆ ਨੂੰ ਕੰਟਰੋਲ ਕਰਨ ਵਾ ਹਵਾ ਨਮੀਕਾਰਕ, ਵਾਲਵ ਜਾਂ ਇਲੈਕੱਟ੍ਰਿਕ ਸਵਿੱਚ ਦੀ ਸਮ ਅਨੁਪਾਤੀ ਗਤੀ ਵਿਚ ਤਬਦੀਲ ਕਰ ਦਿੰਦਾ ਹੈ।

ਸਿਵਾਏ ਇਲੈਕੱਟ੍ਰਾਨੀ ਯੰਤਰ ਦੇ ਸਭ ਤਾਪਸਥਾਪਕਾਂ ਲ ਸੈੱਨਸਿੰਗ ਐਲੀਮੈਂਟ ਦੇ ਡਿਜ਼ਾਇਨ ਦਾ ਆਧਾਰ ਤਾਪਮਾਨ ਦੇ ਵੱਧ ਨਾਲ ਧਾਤਾਂ, ਤਰਲਾਂ ਅਤੇ ਗੈਸਾਂ ਦਾ ਤਾਪ-ਪਸਾਰ ਦਾ ਸਿੱਧਾਂਤ ਤਾਪਮਾਨ ਵਿਚ ਤਬਦੀਲੀ ਦੀ ਉਹ ਰੇਂਜ ਜਿਸ ਦੌਰਾਨ ਰੇਖੀ ਪ੍ਰਸ ਦੇ ਤਾਪਮਾਨ ਦੀ ਤਬਦੀਲੀ ਨਾਲ ਸਥਿਰ ਅਨੁਪਾਤ ਹੁੰਦਾ ਲਗਭਗ 120° ਸੈਂ. ਹੈ।

**ਸੈੱਨਸਿੰਗ ਐਲੀਮੈਂਟ** — ਵਪਾਰਕ ਤੌਰ ਤੇ ਤਿਆਰ ਕੀ ਜਾਂਦੇ ਅਤੇ ਆਮ ਵਰਤੇ ਜਾਣ ਵਾਲੇ ਤਾਪਸਥਾਪਕ ਵਿਚ ਸੈੱਨਸਿੰ ਐਲੀਮੈਂਟਾਂ ਦੀਆਂ ਚਾਰ ਕਿਸਮਾਂ ਵਰਤੀਆਂ ਜਾਂਦੀਆਂ ਹਨ। ਦੂਹ ਧਾਤ ਪੱਤਰੀ, ਧਾਤ ਦੀਆਂ ਦੋ ਪੱਤਰੀਆਂ ਦੀ ਬਣੀ ਹੁੰਦੀ ਹੈ ਜਿ ਦੇ ਰੇਖੀ ਪਸਾਰ-ਗੁਣਾਂਕ ਵਿਚ ਬਹੁਤ ਜ਼ਿਆਦਾ ਅੰਤਰ ਹੁੰਦਾ ਇਨ੍ਹਾਂ ਪੱਤਰੀਆਂ ਨੂੰ ਇਕੱਠੇ ਜੋੜਿਆ ਹੁੰਦਾ ਹੈ। ਜਦੋਂ ਤਾਪਮਾ ਵਧਦਾ ਹੈ ਤਾਂ ਪੱਤਰੀ ਵਧੇਰੇ ਰੇਖੀ ਪਸਾਰ-ਗੁਣਾਂਕ ਵਾਲੇ ਪਾਸੇ ਦੂਸਰੇ ਪਾਸੇ ਵੱਲ ਮੁੜ ਜਾਂਦੀ ਹੈ। ਵਰਤੋਂ ਵਿਚ ਇਕ ਸਿਰੇ ਨੂੰ ਕੱਸ ਬੰਨ੍ਹਿਆ ਹੁੰਦਾ ਹੈ ਜਦੋਂ ਕਿ ਦੂਸਰਾ ਸਿਰਾ ਘੁੰਮਣਸ਼ੀਲ ਹੁੰਦਾ ਪੱਤਰੀ ਸਿੱਧੀ, ਕਿਸੇ ਲੰਬੀ ਪੱਤਰੀ ਦੇ ਲੰਬੇ ਧੁਰੇ ਉੱਤੇ ਲੰਬਕਾਰ ਅਰ ਵਿਆਸ ਦੇ ਮੁੜੀ ਯੂ ਵਰਗੀ ਜਾਂ ਕੁੰਡਲੀ ਵਰਗੀ ਹੁੰਦੀ ਹੈ ; ਜਾਂ ਕਿ ਇਸ ਨੂੰ ਇਕ ਅਜਿਹੀ ਚੱਕਰਦਾਰ ਕਮਾਨੀ ਵਿਚ ਬੰਨ੍ਹਿਆ

ਸਕਦਾ ਹੈ ਜਿਸ ਦਾ ਧੁਰਾ ਲੰਬੇ ਪਾਸੇ ਦੇ ਸਮਾਂਤਰ ਹੋਵੇ। ਸ਼ਕਲ ਦਾ ਨਿਸ਼ਚਿਤ ਕਰਨਾ ਪੱਤਰੀ ਦੇ ਘੁੰਮਣਸ਼ੀਲ ਸਿਰੇ ਦੀ ਲੋੜੀਂਦੀ ਗਤੀ ਦੇ ਆਕਾਰ ਤੇ ਨਿਰਭਰ ਕਰਦਾ ਹੈ। ਤਾਪਸਥਾਪਕਾਂ ਦੀਆਂ ਕੁਝ ਕਿਸਮਾਂ ਵਿਚ ਦੂਹਰੀ ਧਾਤ ਸੈਨੱਸਿੰਗ ਐਲੀਮੈਂਟ ਇਨਾਂ ਬਲ ਉਤਪੰਨ ਕਰ ਦਿੰਦਾ ਹੈ ਜਿਸ ਨਾਲ ਕੰਟਰੋਲ ਸਿੱਧਾ ਹੀ ਹੋ ਜਾਂਦਾ ਹੈ।

ਨਲੀ ਅਤੇ ਰਾੱਡ ਸੈਨੱਸਿੰਗ ਐਲੀਮੈਂਟ ਦੋ ਧਾਤਾਂ ਦੇ ਰੇਖੀ ਤਾਪ-ਪਸਾਰ ਵਿਚ ਅੰਤਰ ਦਾ ਲਾਭ ਉਠਾਉਣ ਲਈ ਵੀ ਬਣਾਏ ਜਾਂਦੇ ਹਨ। ਇਹ ਇਕ ਉੱਚ ਪਸਾਰ-ਗੁਣਾਂਕ ਵਾਲੀ ਧਾਤ ਦੀ ਨਲੀ ਅਤੇ ਅਲਪ (ਘੱਟ) ਪਸਾਰ ਗੁਣਾਂਕ ਵਾਲੀ ਰਾੱਡ (ਛੜ) ਦਾ ਬਣਿਆ ਹੁੰਦਾ ਹੈ। ਛੜ ਨੂੰ ਨਲੀ ਵਿਚ ਪਾ ਕੇ ਇਸ ਦੇ ਬੰਦ ਸਿਰੇ ਉੱਤੇ ਬੰਨ੍ਹ ਦਿੱਤਾ ਜਾਂਦਾ ਹੈ। ਨਲੀ ਦਾ ਖੁੱਲ੍ਹਾ ਸਿਰਾ ਬੰਨ੍ਹ ਦਿੱਤਾ ਜਾਂਦਾ ਹੈ ਅਤੇ ਜਿਉਂ ਹੀ ਤਾਪਮਾਨ ਦੇ ਵਧਣ ਨਾਲ ਨਲੀ ਦੀ ਲੰਬਾਈ ਬਦਲਦੀ ਹੈ ਤਾਂ ਛੜ ਦੇ ਮੁਕਤ ਸਿਰੇ ਵਿਚ ਸਾਪੇਖੀ ਗਤੀ ਹੁੰਦੀ ਹੈ ਪਰੰਤੂ ਇਸ ਦੀ ਲੰਬਾਈ ਨਹੀਂ ਬਦਲਦੀ।

ਧੌਂਕਣੀ ਕਿਸਮ ਦਾ ਸੈਨੱਸਿੰਗ ਐਲੀਮੈਂਟ ਇਕ ਕੱਪ ਵਰਗੀ ਸ਼ਕਲ ਦੇ ਡਾਇਆਫ੍ਰਾਮ ਦੁਆਰਾ ਘਿਰੇ ਹੋਏ ਆਇਤਨ, ਬਹੁਤ ਹਲਕੀ ਧਾਤ ਜਾਂ ਹਲਕੇ ਭਾਰ ਵਾਲੀ ਧਾਤ ਵਿਚੋਂ ਤਾਰਾਂ ਖਿੱਚ ਕੇ ਬਣਾਈ ਝੁਰੜੀਆਂ ਵਾਲੀ ਦੀਵਾਰ ਨਾਲ ਇਕ ਸਲਿੰਡਰਾਕਾਰ ਬਰਤਨ ਦਾ ਬਣਿਆ ਹੁੰਦਾ ਹੈ। ਆਇਤਨ ਪੂਰੀ ਤਰ੍ਹਾਂ ਤਰਲ ਗੈਸ ਜਾਂ ਵਾਸ਼ਪ ਨਾਲ ਭਰਿਆ ਹੁੰਦਾ ਹੈ। ਹਰ ਹਾਲਤ ਵਿਚ ਤਾਪਮਾਨ ਦੇ ਵਾਧੇ ਨਾਲ ਆਇਤਨ ਵਧਦਾ ਹੈ ਅਤੇ ਬਰਤਨ ਦੀ ਧਰੁਈ ਲੰਬਾਈ ਵਿਚ ਵਾਧਾ ਹੁੰਦਾ ਹੈ।

ਸੈਨੱਸਿੰਗ ਐਲੀਮੈਂਟ ਦੇ ਰੀਮੋਟ ਬਲਬ ਦੀ ਕਿਸਮ ਅਸਲ ਵਿਚ ਇਕ ਧੌਂਕਣੀ ਵਰਗੀ ਹੀ ਹੈ। ਇਸ ਵਿਚ ਇਕ ਡਾਇਆਫ੍ਰਾਮ ਜਾਂ ਧੌਂਕਣੀ ਹੁੰਦੀ ਹੈ ਜਿਸਨੂੰ ਲੋੜ ਅਨੁਸਾਰ ਲੰਬਾਈ ਵਾਲੀ ਕੇਸ਼ਿਕਾ-ਨਲੀ ਦੁਆਰਾ ਬਲਬ ਨਾਲ ਜੋੜਿਆ ਹੁੰਦਾ ਹੈ। ਇਹ ਕੇਸ਼ਿਕਾ-ਨਲੀ ਪੂਰੀ ਤਰ੍ਹਾਂ ਤਰਲ, ਵਾਸ਼ਪ ਜਾਂ ਗੈਸ ਦੁਆਰਾ ਭਰੀ ਹੁੰਦੀ ਹੈ। ਬਲਬ ਨੂੰ ਕੰਟਰੋਲ ਕਰਨ ਵਾਲੇ ਖੇਤਰ ਵਿਚ ਰਖਿਆ ਜਾਂਦਾ ਹੈ ਅਤੇ ਬਲਬ ਉੱਤੇ ਤਾਪਮਾਨ ਦੀ ਤਬਦੀਲੀ ਕਾਰਨ ਦਬਾਉ ਵਿਚ ਕੋਈ ਵੀ ਤਬਦੀਲੀ ਕੇਸ਼ਿਕਾ-ਨਲੀ ਰਾਹੀਂ ਧੌਂਕਣੀ ਵਿਚ ਆ ਜਾਂਦੀ ਹੈ।

ਇਲੈੱਕਟ੍ਰਾਨੀ ਸੈਨੱਸਿੰਗ ਐਲੀਮੈਂਟ ਵਿਚ ਤਾਰ ਦੀ ਇਕ ਛੋਟੀ ਜਿਹੀ ਕੁੰਡਲੀ ਹੁੰਦੀ ਹੈ ਜਿਸ ਦਾ ਪ੍ਰਤਿਰੋਧ ਤਾਪਮਾਨ ਵਿਚ ਤਬਦੀਲੀਆਂ ਨਾਲ ਸਥਿਰ ਅਨੁਪਾਤ ਵਿਚ ਬਦਲਦਾ ਹੈ।

**ਨਿਯੰਤਰਣ ਜਾਂ ਕੰਟੋਰਲ ਐਲੀਮੈਂਟ** — ਤਾਪਸਥਾਪਕਾਂ ਦੀਆਂ ਕੁਝ ਕਿਸਮਾਂ ਜਿਨ੍ਹਾਂ ਵਿਚ ਦੂਹਰੀ ਧਾਤ ਸੈਨੱਸਿੰਗ ਐਲੀਮੈਂਟ ਦੀ ਵਰਤੋਂ ਕੀਤੀ ਜਾਂਦੀ ਹੈ ਉਨ੍ਹਾਂ ਵਿਚ ਸੈਨੱਸਿੰਗ ਐਲੀਮੈਂਟ ਆਪਣੇ ਆਪ ਕੰਟਰੋਲ ਐਲੀਮੈਂਟ ਦਾ ਕੰਮ ਕਰਦਾ ਹੈ ਅਤੇ ਸਿੱਧੇ ਹੀ ਵਾਲਵ ਜਾਂ ਏਅਰ ਡੈਂਪਰ ਨੂੰ ਚਲਾਉਂਦਾ ਹੈ। ਦੂਸਰੀਆਂ ਕਿਸਮਾਂ ਵਿਚ ਸੈਨੱਸਿੰਗ ਐਲੀਮੈਂਟ ਉਸ ਕੰਟਰੋਲ ਐਲੀਮੈਂਟ ਲਈ ਚਾਲਕ ਦਾ ਕੰਮ ਕਰਦਾ ਹੈ ਜਿਹੜਾ ਕਿ ਏਅਰ ਡੈਂਪਰਾ, ਵਾਲਵ ਜਾਂ ਸਵਿਚਾਂ ਨੂੰ ਚਲਾਉਣ ਲਈ ਬਾਹਰਲੀ ਊਰਜਾ ਨੂੰ ਲੋੜੀਂਦੀ ਨਿਊਮੈਟਿਕ (ਗੈਸ ਯੰਤਰੀ) ਊਰਜਾ ਜਾਂ ਬਿਜਲੱਈ ਊਰਜਾ ਦੇ ਰੂਪ ਵਿਚ ਨਿਯੰਤਰਣ ਸਪਲਾਈ ਕਰਦਾ ਹੈ।

ਚੁਣੇ ਹੋਏ ਕੰਟਰੋਲ ਐਲੀਮੈਂਟ ਦੀ ਕਿਸਮ ਕੰਮ ਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਕਿਸੇ ਪੱਖੇ ਜਾਂ ਬਰਨਰ ਨੂੰ ਚਲਾਉਣ ਅਤੇ ਬੰਦ ਕਰਨ, ਡੈਂਪਰ ਨੂੰ ਖੋਲ੍ਹਣ ਜਾਂ ਬੰਦ ਕਰਨ ਲਈ ਦੋ-ਅਵਸਥਾ ਕੰਟਰੋਲ ਐਲੀਮੈਂਟ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਿਰਫ਼ ਇਲੈਕੱਟ੍ਰਿਕ ਸਰਕਟ ਨੂੰ ਤੋੜਦਾ ਅਤੇ ਜੋੜਦਾ ਹੈ। ਫ਼ਲੋਟਿੰਗ ਕੰਟਰੋਲ ਬਿਲਕੁਲ ਦੋ ਅਵਸਥਾ ਐਲੀਮੈਂਟ ਵਰਗਾ ਹੈ। ਅੰਤਰ ਸਿਰਫ਼ ਇੰਨਾ ਹੈ ਕਿ ਇਸ ਵਿਚ ਦੋਹਾਂ ਸੰਪਰਕਾਂ ਦੇ ਵਿਚਕਾਰ ਇਕ ਉਦਾਸੀਨ ਖੇਤਰ ਹੁੰਦਾ ਹੈ ਜਿਸ ਵਿਚ ਬੰਦ ਚਾਲੂ ਦੋਹਾਂ ਅਵਸਥਾ ਵਿਚ ਕਿਰਿਆ ਦਰ ਸਥਿਰ ਹੁੰਦਾ ਹੈ। ਜਦੋਂ ਉਦਾਸੀਨ ਖੇਤਰ ਪਹੁੰਚ ਜਾਂਦਾ ਹੈ ਤਾਂ ਕਿਰਿਆ ਉਦੋਂ ਤੱਕ ਬੰਦ ਹੋ ਜਾਂਦੀ ਹੈ ਜਦੋਂ ਤੱਕ ਠੀਕ ਸਮੇਂ ਤੇ ਕਿਰਿਆ ਮੁੜ ਠੀਕ ਦਿਸ਼ਾ ਵਿਚ ਸ਼ੁਰੂ ਕਰਨ ਲਈ ਸੈਨੱਸਿੰਗ ਐਲੀਮੈਂਟ ਇਕ ਜਾਂ ਦੂਸਰਾ ਸੰਪਰਕ ਨਹੀਂ ਬਣਾ ਲੈਂਦਾ।

ਮਾਡੂਲੈਟਿੰਗ ਜਾਂ ਸਮ-ਅਨੁਪਾਤੀ ਕੰਟਰੋਲ ਐਲੀਮੈਂਟ ਨੂੰ ਸੈਨੱਸਿੰਗ ਐਲੀਮੈਂਟ ਚਲਾਉਂਦਾ ਹੈ। ਇਹ ਡੈਂਪਰ ਮੋਟਰ ਜਾਂ ਪਰਤਵੇਂ ਵਾਲਵ ਦੀ ਅਵਸਥਾ ਨੂੰ ਕੰਟਰੋਲ ਕਰਨ ਵਾਲੇ ਪੋਟੈਂਸ਼ੀਓਮੀਟਰ ਕੱਇਲ ਉੱਤੇ ਸਰਕਣ-ਸ਼ੀਲ ਸੰਪਰਕ ਨੂੰ ਧੱਕਦਾ ਹੈ ਜਿਸ ਨਾਲ ਪੋਟੈਂਸ਼ੀਓਮੀਟਰ ਕੱਇਲ ਉੱਤੇ ਭਾਰ ਦੇ ਹਰ ਵਲ ਲਈ ਮੋਟਰ ਅਵਸਥਾ ਬਣ ਜਾਂਦੀ ਹੈ।

ਨਿਊਮੈਟਿਕ ਸ਼ਕਤੀ ਵਾਲੇ ਕੰਟਰੋਲ ਐਲੀਮੈਂਟ ਦੀ ਕਿਰਿਆ ਨਾਲ ਡੈਂਪਰਾਂ ਅਤੇ ਵਾਲਵਾਂ ਨਾਲ ਜੁੜੀਆਂ ਨਿਊਮੈਟਿਕ ਹਵਾ ਮੋਟਰਾਂ ਵਿਚ ਦਬੀ ਹੋਈ ਹਵਾ ਦੇ ਦਬਾਉ ਨੂੰ ਕੰਟਰੋਲ ਕੀਤਾ ਹੁੰਦਾ ਹੈ। ਹਵਾ ਦੇ ਦਬਾਉ ਨਾਲ ਕੇਵਲ ਇਕ ਪਾਸੇ ਵੱਲ ਗਤੀ ਹੁੰਦੀ ਹੈ ਅਤੇ ਇਕ ਸਪਰਿੰਗ ਸ਼ਕਤੀ ਇਸ ਨੂੰ ਵਾਪਸ ਕਰਦੀ ਹੈ। ਮੋਟਰ ਦੀ ਅਵਸਥਾ ਕੰਟਰੋਲ ਐਲੀਮੈਂਟ ਦੁਆਰਾ ਨਿਯੰਤਰਿਤ ਕੰਟਰੋਲ ਲਾਈਨ ਵਿਚ ਹਵਾ ਦੇ ਦਬਾਉ ਦੁਆਰਾ ਨੀਯਤ ਕੀਤੀ ਜਾਂਦੀ ਹੈ। ਨਿਊਮੈਟਿਕ ਤਾਪਸਥਾਪਕਾਂ ਵਿਚ ਮਾਡੂਲੇਟਿੰਗ ਕਿਰਿਆ ਹੁੰਦੀ ਹੈ ਜਿਹੜੀ ਕਿ ਦੋ ਅਵਸਥਾ ਵਾਲੀ ਲੋੜ ਨੂੰ ਵੀ ਪੂਰੀ ਕਰ ਦਿੰਦੀ ਹੈ।

**ਤਾਪਸਥਾਪਕਾਂ ਦੀਆਂ ਕਿਸਮਾਂ** — ਤਾਪਸਥਾਪਕਾਂ ਦੀਆਂ ਪੰਜ ਮੁੱਖ ਕਿਸਮਾਂ ਹਨ ;

1. ਕਮਰੇ ਵਾਲਾ ਤਾਪਸਥਾਪਕ ਉਸ ਕਮਰੇ ਵਿਚ ਰੱਖਿਆ ਜਾਂਦਾ ਹੈ ਜਿਸ ਨੂੰ ਕੰਟਰੋਲ ਕਰਨਾ ਹੋਵੇ। ਇਸ ਵਿਚ ਦੂਹਰੀ ਧਾਤ ਵਾਲਾ ਧੌਂਕਣੀ ਕਿਸਮ ਦਾ ਜਾਂ ਇਲੈੱਕਟ੍ਰਾਨੀ ਸੈਨੱਸਿੰਗ ਐਲੀਮੈਂਟ ਵਰਤਿਆ ਜਾ ਸਕਦਾ ਹੈ। ਇਸ ਦੇ ਕੰਟਰੋਲ ਐਲੀਮੈਂਟ ਨੂੰ ਬਿਜਲੀ ਜਾਂ ਨਿਊਮੈਟਿਕ ਊਰਜਾ ਦੁਆਰਾ ਸ਼ਕਤੀ ਦਿੱਤੀ ਜਾ ਸਕਦੀ ਹੈ।

2. ਫਿੱਟ ਕਰਨ ਵਾਲਾ ਤਾਪਸਥਾਪਕ ਇਕ ਨਾਲੀ ਉੱਤੇ ਰਖਿਆ ਜਾਂਦਾ ਹੈ। ਇਸ ਦਾ ਕੰਟਰੋਲ ਐਲੀਮੈਂਟ ਕਮਰੇ ਵਿਚ ਅਤੇ ਸੈਨੱਸਿੰਗ ਐਲੀਮੈਂਟ ਨਾਲੀ ਦੇ ਵਿਚ ਹੁੰਦਾ ਹੈ।

3. ਨਿਮੱਜਨ (Immersion)—ਤਾਪਸਥਾਪਕ ਦੀ ਵਰਤੋਂ ਉੱਚ ਦਬਾਉ ਵਾਲੇ ਤਰਲਾਂ ਅਤੇ ਗੈਸਾਂ ਦੇ ਕੰਟਰੋਲ ਲਈ ਕੀਤੀ ਜਾਂਦੀ ਹੈ। ਨਿਮੱਜਨ ਅਤੇ ਫਿੱਟ ਕਰਨ ਵਾਲੇ ਤਾਪਸਥਾਪਕਾਂ ਵਿਚ ਦੂਹਰੀ ਧਾਤ ਕੰਟਰੋਲ ਐਲੀਮੈਂਟ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਐਲੀਮੈਂਟ ਕੁੰਡਲੀ, ਨਲੀ ਜਾਂ ਛੜ ਕਿਸਮ ਦਾ ਹੋ ਸਕਦਾ ਹੈ। ਛੜ ਸਿੱਧੀ ਹੀ ਗੈਸ ਵਾਲਵ ਆਪਰੇਟਿੰਗ ਮੈਕਨਿਜ਼ਮ ਨਾਲ ਜੁੜੀ ਹੁੰਦੀ ਹੈ।

4. ਸਤ੍ਹਾ ਕਿਸਮ ਦੇ ਤਾਪਸਥਾਪਕ ਵਿਚ ਸੈਨੱਸਿੰਗ ਐਲੀਮੈਂਟ ਇਕ ਟੈਂਕ ਜਾਂ ਪਾਈਪ ਦੀ ਸਤ੍ਹਾ ਨਾਲ ਜਕੜਿਆ ਹੁੰਦਾ ਹੈ। ਇਸ ਨੂੰ ਫਿੱਟ ਕਰਨ ਵਾਲੇ ਅਤੇ ਨਿਮੱਜਨ ਤਾਪਸਥਾਪਕਾਂ ਦੀ ਥਾਂ ਬੜੀ ਚੰਗੀ ਤਰ੍ਹਾਂ ਵਰਤਿਆ ਜਾ ਸਕਦਾ ਹੈ ਅਤੇ

5. ਰੀਮੋਟ ਬੱਲਬ ਤਾਪਸਥਾਪਕ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਕੰਟਰੋਲ ਐਲੀਮੈਂਟ ਨੂੰ ਸੈਨੱਸਿੰਗ ਐਲੀਮੈਂਟ ਤੋਂ ਫਾਸਲੇ ਤੇ ਰੱਖਣਾ ਹੋਵੇ।

6. ਰਿਹਾਇਸ਼ ਵਾਲੀ ਥਾਂ ਨੂੰ ਗਰਮ ਕਰਨ ਲਈ ਗਰਮੀ ਤੇ ਕੰਟਰੋਲ ਕਰਨ ਲਈ ਤਾਪਸਥਾਪਕਾਂ ਦੀ ਕਿਰਿਆ ; ਕਿਰਿਆ ਕਮਰੇ ਦੇ ਤਾਪਸਥਾਪਕ ਨਾਲ ਸ਼ੁਰੂ ਹੁੰਦੀ ਹੈ ਜਿਹੜਾ ਆਮ ਕਰਕੇ ਰਿਹਾਇਸ਼ੀ ਕਮਰੇ ਵਿਚ ਸਥਿਤ ਹੁੰਦਾ ਹੈ। ਸੈਕੰਡਰੀ ਸਰਕਟ ਆਮ ਕਰਕੇ ਖੁਲ੍ਹਾ ਹੁੰਦਾ ਹੈ ਤੇ ਤਾਪਮਾਨ ਘਟਣ ਨਾਲ ਸਰਕਟ ਨੂੰ ਬੰਦ ਕਰ ਦਿੰਦਾ ਹੈ, ਰਿਲੇ ਬੰਦ ਹੋ ਜਾਂਦੀ ਹੈ ਅਤੇ ਪ੍ਰਾਇਮਰੀ ਸਰਕਟ ਉਰਜਿਤ ਹੋ ਕੇ ਬਰਨਰ ਚਾਲੂ ਹੋ ਜਾਂਦਾ ਹੈ। ਜਦੋਂ ਕਮਰੇ ਦੇ ਤਾਪਸਥਾਪਕ ਦਾ ਤਾਪਮਾਨ ਉਸ ਡਿਗਰੀ ਜਿਸ ਤੇ ਇਸ ਨੂੰ ਸੈੱਟ ਕੀਤਾ ਗਿਆ ਹੈ ਤੱਕ ਪਹੁੰਚ ਜਾਂਦਾ ਹੈ ਤਾਂ ਸੈਕੰਡਰੀ ਸਰਕਟ ਨੂੰ ਖੋਲ੍ਹ ਦਿੱਤਾ ਜਾਂਦਾ ਹੈ, ਰਿਲੇ (Relay) ਪ੍ਰਾਇਮਰੀ ਸਰਕਟ ਨੂੰ ਖੋਲ੍ਹ ਦਿੰਦੀ ਹੈ ਅਤੇ ਬਰਨਰ ਬੰਦ ਹੋ ਜਾਂਦਾ ਹੈ। ਇਸ ਤਰ੍ਹਾਂ ਕਮਰੇ ਦਾ ਤਾਪਸਥਾਪਕ ਬਰਨਰ ਦੇ ਆਪਰੇਸ਼ਨ ਅਤੇ ਤਾਪ ਦੇ ਸ੍ਰੋਤ ਨੂੰ ਕੰਟਰੋਲ ਕਰਦਾ ਹੈ, ਬਰਨਰ ਦੇ ਚਾਲੂ ਹੋਣ ਦਾ ਤਾਪਮਾਨ ਬਰਨਰ ਦੇ ਬੰਦ ਹੋਣ ਸਮੇਂ ਦੇ ਤਾਪਮਾਨ ਨਾਲੋਂ ਆਮ ਕਰਕੇ 1.532° ਘੱਟ ਹੁੰਦਾ ਹੈ। ਜ਼ਿਆਦਾ ਗਰਮ ਹੋਣ ਤੋਂ ਬਚਾਉਣ ਲਈ ਸੈਕੰਡਰੀ ਸਰਕਟ ਨਾਲ ਸੀਰੀਜ਼ (ਲੜੀ) ਵਿਚ ਇਕ ਸੀਮਾ ਸਵਿੱਚ ਜੋੜ ਦਿੱਤਾ ਜਾਂਦਾ ਹੈ। ਜਦੋਂ ਸੀਮਾ ਸਵਿੱਚ ਨੂੰ ਗਰਮ ਹਵਾ ਨਾਲ ਗਰਮ ਕਰਨ ਵਾਲੇ ਸਿਸਟਮ ਨਾਲ ਵਰਤਿਆ ਜਾਂਦਾ ਹੈ ਤਾਂ ਇਹ ਇਕ ਉਲਟ ਕ੍ਰਮ ਕਿਰਿਆ ਕਰਨ ਵਾਲਾ ਤਾਪਸਥਾਪਕ ਬਣ ਜਾਂਦਾ ਹੈ ਅਰਥਾਤ ਤਾਪਮਾਨ ਵਧਣ ਨਾਲ ਖੁੱਲ੍ਹ ਜਾਂਦਾ ਹੈ ਅਤੇ ਘਟਣ ਨਾਲ ਬੰਦ ਹੋ ਜਾਂਦਾ ਹੈ। ਇਸ ਦਾ ਸੈਨੱਸਿੰਗ ਐਲੀਮੈਂਟ ਭੱਠੀ ਦੇ ਗਰਮ ਹਵਾ ਵਾਲੇ ਛਜੇ ਜਾਂ ਬਾਨਟ ਵਿਚ ਹੁੰਦਾ ਹੈ। ਇਸ ਦੇ ਖੁਲ੍ਹਣ ਦਾ ਦਰਜਾ ਆਮ ਕਰਕੇ ਘਰ ਨੂੰ ਗਰਮ ਕਰਨ ਲਈ ਲੋੜੀਂਦੇ ਹਵਾ ਦੇ ਘੱਟ ਤੋਂ ਘੱਟ ਤਾਪਮਾਨ ਨਾਲੋਂ ਲਗਭਗ 5° ਵਧੇਰੇ ਸੈੱਟ ਕੀਤਾ ਜਾਂਦਾ ਹੈ। ਇਸ ਨੂੰ ਬੰਦ ਕਰਨ ਦਾ ਦਰਜਾ ਇਸ ਦੇ ਖੁਲ੍ਹਣ ਦੇ ਦਰਜੇ ਤੋਂ 15° ਘੱਟ ਰਖਿਆ ਜਾਂਦਾ ਹੈ। ਜੇ ਕਿਸੇ ਹਾਲਤ ਵਿਚ ਬਾਨਟ ਦੀ ਹਵਾ ਦਾ ਤਾਪਮਾਨ ਸੀਮਾ ਤੇ ਪਹੁੰਚ ਜਾਵੇ ਤਾਂ ਸਵਿੱਚ ਸੈਕੰਡਰੀ ਸਰਕਟ ਨੂੰ ਖੋਲ੍ਹ ਦਿੰਦਾ ਹੈ ਅਤੇ ਬਰਨਰ ਕਮਰੇ ਤੇ ਤਾਪਸਥਾਪਕ ਤੋਂ ਨਿਰਪੇਖ (ਸੁਤੰਤਰ ਰੂਪ ਵਿਚ) ਬੰਦ ਹੋ ਜਾਂਦਾ ਹੈ। ਜਦੋਂ ਸੀਮਾ ਬੰਦ ਹੋਣ ਤੋਂ ਪਹਿਲਾਂ ਜਦੋਂ ਬਾਨਟ ਦੀ ਹਵਾ 15° ਠੰਢੀ ਹੋ ਜਾਂਦੀ ਹੈ ਅਤੇ ਬਰਨਰ ਮੁੜ ਕਮਰੇ ਦੇ ਤਾਪਸਥਾਪਕ ਨੂੰ ਗਰਮੀ ਦਿੰਦਾ ਹੈ। ਗਰਮ ਹਵਾ ਘੁੰਮਾਉਣ ਵਾਲੇ ਪੱਖੇ ਨੂੰ ਭੱਠੀ ਦੇ ਗਰਮ ਹਵਾ ਵਾਲੇ ਬਾਨਟ ਵਿਚ ਫਿੱਟ ਕੀਤੇ ਇਕ ਤਾਪਸਥਾਪਕ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ। ਪੱਖੇ ਨੂੰ ਚਲਾਉਣ ਲਈ ਇਸ ਨੂੰ ਨਿਮਨਤਮ ਤਾਪਮਾਨ ਤੋਂ 5° ਜ਼ਿਆਦਾ ਉੱਤੇ ਅਤੇ ਬੰਦ ਕਰਨ ਲਈ ਸ਼ੁਰੂ ਕਰਨ ਵਾਲੇ ਦਰਜੇ ਤੋਂ 5° ਘੱਟ ਉੱਤੇ ਸੈੱਟ ਕੀਤਾ ਜਾਂਦਾ ਹੈ।

ਗਰਮ ਪਾਣੀ ਵਾਲੇ ਸਿਸਟਮਾਂ ਨਾਲ ਕਮਰੇ ਦਾ ਤਾਪਸਥਾਪਕ ਪਰਿਸੰਚਾਰੀ (circulating) ਪੰਪ ਦੇ ਆਪਰੇਸ਼ਨ ਨੂੰ ਕੰਟਰੋਲ ਕਰਦਾ ਹੈ ਅਤੇ ਬਣਤਰ ਨੂੰ ਸਿੱਧੇ ਕਿਰਿਆਸ਼ੀਲ ਫਿੱਟ ਕੀਤੇ ਤਾਪਸਥਾਪਕ ਰਾਹੀਂ ਕੰਟਰੋਲ ਕੀਤਾ ਹੁੰਦਾ ਹੈ। ਇਸ ਤਾਪਸਥਾਪਕ ਨੂੰ ਇਸ ਤਰ੍ਹਾਂ ਸੈੱਟ ਕੀਤਾ ਹੁੰਦਾ ਹੈ ਕਿ ਘਰ ਨੂੰ ਗਰਮ ਪਾਣੀ ਲਈ ਲੋੜੀਂਦੇ ਪਾਣੀ ਦੇ ਘੱਟ ਤੋਂ ਘੱਟ ਤਾਪਮਾਨ ਉੱਤੇ ਸੈਕੰਡਰੀ ਸਰਕਟ ਖੁਲ੍ਹ ਜਾਵੇ ਅਤੇ ਖੁਲ੍ਹੱਣ ਦੇ ਦਰਜੇ ਤੋਂ ਲਗਭਗ 10° ਤੋਂ 15° ਘੱਟ ਦਰਜੇ ਤੇ ਬੰਦ ਹੋ ਜਾਵੇ। ਜਦੋਂ ਇਹ ਗਰਮ ਪਾਣੀ ਨਾਲ ਗਰਮ ਕਰਨ ਵਾਲੇ ਸਿਸਟਮਾਂ ਨਾਲ ਵਰਤਿਆ ਜਾਂਦਾ ਹੈ ਤਾਂ ਇਹ ਸੀਮਾ ਸਵਿੱਚ ਇਕ ਸਿੱਧਾ ਚਲਣ ਵਾਲਾ ਅਤੇ ਦੂਹਰੀ ਬੁਛਾੜ ਵਾਲਾ ਅਤੇ ਉਲਟ ਕ੍ਰਮ ਕਿਰਿਆ ਕਰਨ ਵਾਲਾ ਤਾਪਸਥਾਪਕ ਹੈ ਜਿਸ ਦਾ ਇਕ ਧ੍ਰੁਵ ਬਰਨਰ ਨਾਲ ਪ੍ਰਾਇਮਰੀ ਸਰਕਟ ਦੀ ਲੜੀ ਵਿਚ ਤੇ ਦੂਸਰਾ ਧ੍ਰੁਵ ਪਰਿਸੰਚਾਰੀ ਪੰਪ ਦੇ ਪ੍ਰਾਇਮਰੀ ਸਰਕਟ ਦੀ ਲੜੀ ਵਿਚ ਹੁੰਦਾ ਹੈ। ਬਰਨਰ ਨਾਲ ਸਰਕਟ ਆਮ ਕਰਕੇ ਬੰਦ ਹੁੰਦਾ ਹੈ ਅਤੇ ਪਰਿਸੰਚਾਰ ਨਾਲ ਆਮ ਕਰਕੇ ਖੁਲ੍ਹਾ ਹੁੰਦਾ ਹੈ। ਜਦੋਂ ਪਾਣੀ ਦਾ ਤਾਪਮਾਨ ਸੈੱਟ ਦਰਜੇ ਤੱਕ ਵੱਧ ਜਾਂਦਾ ਹੈ (ਸੁਰੱਖਿਆ ਲਈ ਵੱਧ ਤੋਂ ਵੱਧ ਤਾਪਮਾਨ) ਤਾਂ ਬਰਨਰ ਵੱਲ ਪ੍ਰਾਇਮਰੀ ਸਰਕਟ ਖੁੱਲ੍ਹ ਜਾਂਦਾ ਹੈ ਅਤੇ ਬਰਨਰ ਬੰਦ ਹੋ ਜਾਂਦਾ ਹੈ। ਉਸ ਸਮੇਂ ਪਰਿਸੰਚਾਰੀ ਪੰਪ ਵਲ ਪ੍ਰਾਇਮਰੀ ਸਰਕਟ ਬੰਦ ਹੋ ਜਾਂਦਾ ਹੈ ਅਤੇ ਇਹ ਸੈਕੰਡਰੀ ਸਰਕਟ ਉੱਤੇ ਸਾਰੇ ਕੰਟਰੋਲਾਂ ਤੋਂ ਮੁਕਤ ਹੋ ਕੇ ਚਾਲੂ ਹੋ ਜਾਂਦਾ ਹੈ।

ਹ.ਪੁ.–ਐਨ. ਬ੍ਰਿ. 22 : 125

**ਤਾਪਗਤੀ-ਵਿਗਿਆਨ (Thermodynamics) :** ਤਾਪਗਤੀ-ਵਿਗਿਆਨ ਦੀ ਸ਼ਾਇਦ ਸਭ ਤੋਂ ਪਹਿਲੀ ਧਾਰਨਾ ਯੰਤ੍ਰਿਕ ਤਾਪਮਾਨ (θ) ਹੀ ਸੀ। ਇਸ ਵਿਗਿਆਨ ਵਿਚ ਯੰਤ੍ਰਿਕ ਊਰਜਾ ਤੇ ਤਾਪ ਵਿਚ ਆਪਸੀ ਸਬੰਧ ਬਾਰੇ ਵਰਣਨ ਕੀਤਾ ਜਾਂਦਾ ਹੈ। ਇਸ ਅਧਿਐਨ ਵਿਚ ਤਾਪਮਾਨ ਤੋਂ ਇਲਾਵਾ ਦੋ ਹੋਰ ਪੈਰਾਮੀਟਰਾਂ [ਆਇਤਨ ਅਤੇ ਦਬਾਉ (P) ] ਨਾਲ ਹੀ ਸਾਰੀਆਂ ਕਿਰਿਆਵਾਂ ਦਾ ਵਿਸ਼ਲੇਸ਼ਣ ਹੁੰਦਾ ਹੈ। ਇੱਥੇ ਇਹ ਵੀ ਦੱਸਣਾ ਉੱਚਿਤ ਹੋਵੇਗਾ ਕਿ ਇਸ ਵਿਗਿਆਨ ਵਿਚ ਉਨ੍ਹਾਂ ਕਿਰਿਆਵਾਂ ਦਾ ਵਿਸ਼ਲੇਸ਼ਣ ਹੀ ਕੀਤਾ ਜਾਂਦਾ ਹੈ ਜਿਨ੍ਹਾਂ ਦਾ ਮਕੈਨਿਕਸ ਦੇ ਸ਼ਬਦਾਂ ਵਿਚ ਵਿਸ਼ਲੇਸ਼ਣ ਨਹੀਂ ਹੋ ਸਕਦਾ ਮਕੈਨਿਕਸ ਵਿਚ ਸਾਰੀ ਊਰਜਾ ਕੰਮ ਵਿਚ ਬਦਲ ਸਕਦੀ ਹੈ ਪਰੰਤੂ ਇੱਥੇ ਊਰਜਾ ਦੇ ਥੋੜ੍ਹੇ ਜਿਹੇ ਅੰਸ਼ ਦਾ ਪਰਿਵਰਤਨ ਹੀ ਹੋ ਸਕਦਾ ਹੈ)। ਇਸ ਤੋਂ ਇਲਾਵਾ ਕਿਰਿਆਵਾਂ ਸ਼ੁਰੂ ਕਰਨ ਤੋਂ ਪਹਿਲਾਂ ਤੇ ਬਾਅਦ ਵਿਚ ਸਿਸਟਮ ਸੰਤੁਲਨ ਵਿਚ ਰਹਿੰਦਾ ਹੈ ਤੇ ਕਿਰਿਆਵਾਂ ਸਦਾ ਹੀ ਅਰਧ-ਸਥਿਤਿਕ ਹੁੰਦੀਆਂ ਹਨ।

ਤਿੰਨ ਪੈਰਾਮੀਟਰਾਂ ਦਾ ਇਕ ਵਿਸ਼ੇਸ਼ ਮੁੱਲ, ਸਿਸਟਮ ਦੀ ਤਾਪਗਤੀ ਸਥਿਤੀ ਬਾਰੇ ਦੱਸਦਾ ਹੈ। ਜੇਕਰ ਪੈਰਾਮੀਟਰਾਂ ਦੇ ਮੁੱਲ ਬਦਲਣ ਤਾਂ ਹਾਲਤ ਪਰਿਵਰਤਨਸ਼ੀਲ ਹੁੰਦੀ ਹੈ ਪਰ ਕਿਸੇ ਇਕ ਸਮੇਂ ਤੇ ਤਾਪਗਤੀ ਦੀ ਹਾਲਤ ਦੱਸੀ ਜਾ ਸਕਦੀ ਹੈ। ਤਾਪਗਤੀ ਵਿਗਿਆਨ ਵਿਚ ਪ੍ਰਯੋਗਾਂ ਦੇ ਆਧਾਰ ਤੇ ਹੇਠ ਲਿਖੇ ਚਾਰ ਨਿਯਮ ਬਣਾਏ ਗਏ ਹਨ। ਸਾਰੇ ਕਲਾਸੀਕਲ ਪ੍ਰਤਿਸ਼ਠਿਤ ਅਤੇ ਕੁਆਂਟਮ ਸਿਸਟਮ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹਨ। ਇਹ ਨਿਯਮ ਇਹ ਹਨ :—

1. **ਤਾਪਗਤੀ ਦਾ ਜ਼ੀਰੋ ਨਿਯਮ** — ਇਸ ਨਿਯਮ ਨਾਲ ਤਾਪਮਾਨ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਜੇਕਰ ਦੋ ਸਿਸਟਮ ਇਕ ਤੀਜੇ ਸਿਸਟਮ ਨਾਲ ਤਾਪ ਸੰਤੁਲਨ ਵਿਚ ਹੋਣ ਅਤੇ ਨਾਲ ਹੀ ਆਪਸ ਵਿਚ ਵੀ ਤਾਪ ਸੰਤੁਲਨ ਵਿਚ ਹੋਣ ਤਾਂ ਤਿੰਨਾਂ ਸਿਸਟਮਾਂ ਵਿਚ ਇਕ ਰਾਸ਼ੀ ਸਾਂਝੀ ਹੁੰਦੀ ਹੈ ਤੇ ਇਸ ਰਾਸ਼ੀ ਨੂੰ ਤਾਪਮਾਨ ਕਿਹਾ ਜਾਂਦਾ ਹੈ।

ਤਾਪਮਾਨ ਨੂੰ ਤਾਪਮਾਪਕਾਂ ਰਾਹੀਂ ਮਾਪਿਆ ਜਾਂਦਾ ਹੈ ਅਤੇ ਸੈਂਟੀਗ੍ਰੇਡ ਅਤੇ ਫ਼ਾਰਨਹਾਈਟ ਸਕੇਲਾਂ, ਦੀ ਵਰਤੋਂ ਕੀਤੀ ਜਾਂਦੀ ਹੈ ਤਾਪਗਤੀ ਵਿਚ ਇਕ ਹੋਰ ਸਕੇਲ, ਜਿਸ ਨੂੰ ਨਿਰਪੇਖ ਸਕੇਲ ਕਿਹਾ ਜਾਂਦਾ ਹੈ, ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਤਾਪਮਾਨ ਸੈਂਟੀਗ੍ਰੇਡ ਸਕੇਲ ਤੇ ਹੋਵੇ ਤਾਂ ਨਿਰਪੇਖ ਸਕੇਲ ਤੇ ਇਹ ਤਾਪਮਾਨ $T = \theta + 273$ ਹੋਵੇਗਾ।

2. **ਤਾਪਗਤੀ ਦਾ ਪਹਿਲਾ ਨਿਯਮ** — ਇਸ ਨਿਯਮ ਵਿਚ ਤਾਪ ਤੇ ਊਰਜਾ ਦੇ ਹੋਰ ਰੂਪਾਂ ਦੀ ਤੁਲਨਾ ਕੀਤੀ ਜਾਂਦੀ ਹੈ। ਊਰਜਾ ਦੇ ਹੋਰ ਰੂਪਾਂ ਵਿਚ ਕੰਮ ਅਤੇ ਅੰਦਰੂਨੀ ਊਰਜਾ ਮਹੱਤਵਪੂਰਨ ਹਨ ਤਾਪਗਤੀ ਵਿਚ ਕੰਮ ਤੋਂ ਭਾਵ ਹੈ ਕਿ ਜੇਕਰ ਦੋ ਸਿਸਟਮ ਪਰਸਪਰ ਕਿਰਿਆ ਕਰਦੇ ਹੋਣ ਤੇ ਇਸ ਕਾਰਨ ਬਾਹਰਲੇ ਆਲੇ-ਦੁਆਲੇ ਵਿਚ ਪਰਿਵਰਤਨ ਹੁੰਦੇ ਹੋਣ ਤਾਂ ਇਸ ਦਾ ਮਤਲਬ ਹੈ ਕਿ ਉਸ ਹਾਲਾਤ

ਵਿਚ ਦੋਵੇਂ ਸਿਸਟਮਾਂ ਤੇ ਕੰਮ ਹੋ ਰਿਹਾ ਹੈ ਜਾਂ ਕੰਮ ਕੀਤਾ ਜਾ ਰਿਹਾ ਹੈ। ਕੰਮ ਸਮਤਾਪੀ ਤੇ ਸਮਤਾਪਮਾਨੀ ਹੋ ਸਕਦੇ ਹਨ। ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਹੜੀ ਕਿਰਿਆ ਹੋ ਰਹੀ ਹੈ। ਇਹ ਮੰਨਿਆ ਜਾਂਦਾ ਹੈ ਕਿ ਕੰਮ ਅਰਧ-ਸਥਿਤਿਕ ਕਿਰਿਆ ਰਾਹੀਂ ਹੀ ਹੋ ਰਿਹਾ ਹੈ। ਅੰਦਰੂਨੀ ਊਰਜਾ ਸਮਤਾਪੀ ਕਿਰਿਆ ਵਿਚ ਉਸ ਕੰਮ ਦੇ ਬਰਾਬਰ ਹੈ ਜਿਸ ਨਾਲ ਸਿਸਟਮ ਨੂੰ ਸ਼ੁਰੂ ਦੀ ਅਵਸਥਾ ਤੋਂ ਅੰਤਮ ਅਵਸਥਾ ਵਿਚ ਲਿਜਾਇਆ ਜਾਂਦਾ ਹੈ। $U_2-U_1=W$ ਜਿੱਥੇ $U_1$ ਸ਼ੁਰੂ ਦੀ ਅੰਦਰੂਨੀ ਊਰਜਾ ਤੇ $U_2$ ਅੰਤਮ ਅਵਸਥਾ ਦੀ ਅੰਦਰੂਨੀ ਊਰਜਾ ਹੈ ਤੇ W ਸਿਸਟਮ ਉੱਤੇ ਕੀਤਾ ਗਿਆ ਕੰਮ ਹੈ। ਤਾਪਗਤੀ ਦੇ ਪਹਿਲੇ ਨਿਯਮ ਅਨੁਸਾਰ ਜੇਕਰ ਇਕ ਸਿਸਟਮ ਨੂੰ ਸ਼ੁਰੂ ਤੋਂ ਅੰਤਮ ਅਵਸਥਾ ਵਿਚ ਸਮਤਾਪੀ ਕਿਰਿਆਵਾਂ ਨਾਲ ਲਿਜਾਇਆ ਜਾਵੇ ਤਾਂ ਸਭ ਸਮਤਾਪੀ ਕਿਰਿਆਵਾਂ ਨਾਲ ਕੀਤਾ ਕੰਮ ਬਰਾਬਰ ਅਰਥਾਤ $U_2$-$U_1$ ਦੇ ਬਰਾਬਰ ਹੋਵੇਗਾ। ਜੇਕਰ ਕਿਰਿਆਵਾਂ ਸਮਤਾਪੀ ਨਾ ਹੋਣ ਤਾਂ ਕੀਤਾ ਗਿਆ ਕੰਮ $U_2$-$U_1$ ਦੇ ਬਰਾਬਰ ਨਹੀਂ ਹੁੰਦਾ ਕਿਉਂਕਿ ਊਰਜਾ ਸੁਰੱਖਿਅਤ ਨਿਯਮ ਦੇ ਆਧਾਰ ਤੇ ਸਿਸਟਮ ਦੇ ਆਲੇ-ਦੁਆਲੇ ਤੋਂ ਵੀ ਊਰਜਾ ਦਾ ਸਥਾਨ ਅੰਤਰਨ ਹੋ ਸਕਦਾ ਹੈ। (ਇਸ ਸਥਾਨ ਅੰਤਰਿਤ ਊਰਜਾ ਨੂੰ ਤਾਪ ਕਿਹਾ ਜਾਂਦਾ ਹੈ)। $Q = U_2 - U_1 + W$ ਜਿੱਥੇ Q ਤਾਪਰਾਸ਼ੀ ਹੈ, ਜਿਹੜੀ ਧਨਾਤਮਕ ਜਾਂ ਰਿਣਾਤਮਕ ਸਥਿਤੀ ਅਨੁਸਾਰ ਹੋ ਸਕਦੀ ਹੈ। ਇਹ ਸਮੀਕਰਨ ਹੀ ਤਾਪਗਤੀ ਦਾ ਪਹਿਲਾ ਨਿਯਮ ਹੈ। ਅਤਿਸੂਖ਼ਮ ਕਿਰਿਆਵਾਂ ਲਈ ਸਮੀਕਰਨ ਇਸ ਤਰ੍ਹਾਂ ਹੈ :- $dQ = dU + dW$ ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ dU ਪੂਰਨ ਸੰਖਿਆ ਹੈ ਜਦੋਂ ਕਿ dQ ਤੇ dW ਪੂਰਨ ਸੰਖਿਆਵਾਂ ਨਹੀਂ ਹਨ। ਜੂਲ ਦਾ ਸਥਿਰ-ਅੰਕ J ਵੀ ਪਹਿਲੇ ਨਿਯਮ ਦੀ ਹੀ ਦੇਣ ਹੈ।

ਪਹਿਲਾ ਨਿਯਮ ਊਰਜਾ ਦਾ ਸੁਰੱਖਿਅਣ ਨਿਯਮ ਹੀ ਹੈ ਇਸ ਲਈ ਇਹ ਨਿਯਮ ਰਸਾਇਣਿਕ ਬਿਜਲੱਈ, ਅਨੁਚੁੰਬਕੀ ਆਦਿ ਸਭ ਸਿਸਟਮਾਂ ਤੇ ਲਾਗੂ ਹੁੰਦਾ ਹੈ। ਪਹਿਲੇ ਨਿਯਮ ਦੀ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਇਸ ਤੋਂ ਪਤਾ ਨਹੀਂ ਲਗਦਾ ਕਿ ਕਿਰਿਆ ਹੋਵੇਗੀ ਵੀ ਜਾਂ ਨਹੀਂ ਤੇ ਜੇਕਰ ਹੋਵੇਗੀ ਤਾਂ ਕਿਸ ਦਿਸ਼ਾ ਵਿਚ ਹੋਵੇਗੀ। ਇਸ ਪ੍ਰਸ਼ਨ ਦਾ ਉੱਤਰ ਤਾਪਗਤੀ ਦੇ ਦੂਜੇ ਨਿਯਮ ਤੋਂ ਮਿਲਦਾ ਹੈ।

3. **ਤਾਪਗਤੀ ਦਾ ਦੂਜਾ ਨਿਯਮ** — ਕੰਮ ਦੇ ਤਾਪ ਵਿਚ ਪਰਿਵਰਤਨ (ਇਹ ਪਰਿਵਰਤਨ ਪੂਰੀ ਸੁਯੋਗਤਾ (100%) ਨਾਲ ਅਨਿਸ਼ਚਿਤ ਸਮੇਂ ਲਈ ਹੋ ਸਕਦਾ ਹੈ) ਤੋਂ ਮਗਰੋਂ ਇਸ ਤੋਂ ਉਲਟ ਕਿਰਿਆ, ਤਾਪ ਦਾ ਕੰਮ ਵਿਚ ਪਰਿਵਰਤਨ ਹੈ। ਇਸ ਮੰਤਵ ਲਈ ਸਿਸਟਮ ਨੂੰ ਇਕ ਚੱਕਰ ਵਿਚੋਂ ਗੁਜ਼ਾਰਿਆ ਜਾਂਦਾ ਹੈ। ਇਸ ਚੱਕਰ ਤੋਂ ਬਾਅਦ ਸਿਸਟਮ ਫਿਰ ਮੁਢਲੀ ਹਾਲਤ ਵਿਚ ਆ ਜਾਂਦਾ ਹੈ ਇਸ ਚੱਕਰ ਦੌਰਾਨ ਸਿਸਟਮ ਵਿਚ ਕੁਝ ਤਾਪ ਦਾਖ਼ਲ ਹੋ ਸਕਦਾ ਹੈ ਤੇ ਕੁਝ ਸਿਸਟਮ ਦੁਆਰਾ ਛੱਡਿਆ ਜਾ ਸਕਦਾ ਹੈ ਅਤੇ ਇਸ ਕਾਰਨ ਸਿਸਟਮ ਕੁਝ ਕੰਮ ਕਰਦਾ ਹੈ ਤੇ ਕੁਝ ਕੰਮ ਸਿਸਟਮ ਉੱਤੇ ਕੀਤਾ ਜਾ ਸਕਦਾ ਹੈ। ਜੇਕਰ ਸਿਸਟਮ ਦੁਆਰਾ ਸੋਖਿਤ ਤਾਪ ਰਾਸ਼ੀ ਤਾਪਮਾਨ $T_1$ ਉੱਤੇ $Q_1$ ਹੋਵੇ ਤੇ ਸਿਸਟਮ ਦੁਆਰਾ ਤਾਪਮਾਨ $T_2$ ਉੱਤੇ ਛੱਡੀ $Q_2$ ਹੋਵੇ ਤਾਂ ਸਿਸਟਮ ਦੀ ਤਾਪ ਸੁਯੋਗਤਾ

$\eta = 1 - \frac{Q_2}{Q_1} = \frac{W}{Q_1} = \frac{W}{Q_1} = 1 - \frac{T_2}{T_1}$ ਹੋਵੇਗੀ। W ਸਿਸਟਮ ਦੁਆਰਾ ਕੀਤਾ ਉਪਯੋਗੀ ਕੰਮ ਹੈ। ਅਜਿਹੇ ਸਿਸਟਮ ਨੂੰ ਇੰਜਣ ਆਖਿਆ ਜਾਂਦਾ ਹੈ। ਕਿਸੇ ਵੀ ਇੰਜਣ ਦੀ ਸੁਯੋਗਤਾ ਕਦੇ ਵੀ 100% ਨਹੀਂ ਹੁੰਦੀ। ਉਦਾਹਰਣ ਵਜੋਂ ਭਾਫ਼ ਇੰਜਣ ਦੀ ਸੁਯੋਗਤਾ ਸਭ ਤੋਂ ਘੱਟ ਤੇ ਡੀਜ਼ਲ ਇੰਜਣ ਦੀ ਸਭ ਤੋਂ ਜ਼ਿਆਦਾ ਹੁੰਦੀ ਹੈ।

ਕਿਸੇ ਇੰਜਣ ਦੇ ਪੂਰੇ ਚੱਕਰ ਦਾ ਵਿਸ਼ਲੇਸ਼ਣ ਸਮਤਾਪੀ ਤੇ ਸਮਤਾਪਮਾਨੀ ਕਿਰਿਆਵਾਂ ਨਾਲ ਕੀਤਾ ਜਾਂਦਾ ਹੈ। ਇਨ੍ਹਾਂ ਚੱਕਰਾਂ ਦਾ ਭਿੰਨ ਭਿੰਨ ਇੰਜਣਾਂ ਉੱਤੇ ਅਧਿਐਨ ਕਰਕੇ ਕੈਲਵਿਨ ਅਤੇ ਪਲਾਂਕ ਨੇ ਇਹ ਸਿੱਟਾ ਪ੍ਰਾਪਤ ਕੀਤਾ ਕਿ ਅਜਿਹਾ ਇੰਜਣ ਬਣਾਉਣਾ ਅਸੰਭਵ ਹੈ ਜਿਹੜਾ ਕਿ ਇਸ ਚੱਕਰ ਵਿਚ ਇਕ ਤਾਪਕੁੰਡ ਵਿਚੋਂ ਕੱਢੇ ਤਾਪ ਨੂੰ ਕੰਮ ਵਿਚ ਪਰਿਵਰਤਨ ਤੋਂ ਇਲਾਵਾ ਆਲੇ-ਦੁਆਲੇ ਹੋਰ ਕੋਈ ਪ੍ਰਭਾਵ ਨਾ ਛੱਡੇ। ਇਸ ਤਰ੍ਹਾਂ ਕਲਾਸੀਅਸ ਨੇ ਰੈਫ੍ਰਿਜਰੇਟਰਾਂ ਦੇ ਅਧਿਐਨ ਤੋਂ ਇਹ ਪਤਾ ਲਗਾਇਆ ਕਿ ਅਜਿਹਾ ਯੰਤਰ ਬਣਾਉਣਾ ਅਸੰਭਵ ਹੈ ਜਿਹੜਾ ਕਿ ਇਕ ਚੱਕਰ ਵਿਚ ਠੰਢੇ ਪਿੰਡ ਤੋਂ ਗਰਮ ਪਿੰਡ ਵਲ ਤਾਪ ਸਥਾਨ ਅੰਤਰਨ ਤੋਂ ਇਲਾਵਾ ਆਲੇ-ਦੁਆਲੇ ਤੇ ਹੋਰ ਕੋਈ ਪ੍ਰਭਾਵ ਨਾ ਛੱਡੇ।

ਇਹ ਦੋਵੇਂ ਸਿੱਟੇ ਇਕ ਦੂਜੇ ਦੇ ਬਰਾਬਰ ਹਨ ਤੇ ਇਨ੍ਹਾਂ ਨੂੰ ਤਾਪਗਤੀ ਦਾ ਦੂਜਾ ਨਿਯਮ ਕਿਹਾ ਜਾਂਦਾ ਹੈ। ਇਸ ਨਿਯਮ ਦੀ ਹੋਰ ਵਿਆਖਿਆ ਕਰਨ ਤੋਂ ਪਹਿਲਾਂ ਕੁਝ ਹੋਰ ਭੌਤਿਕੀ ਰਾਸ਼ੀਆਂ ਦੀ ਵਿਆਖਿਆ ਕਰਨੀ ਜ਼ਰੂਰੀ ਹੈ।

(ੳ) **ਉਲਟਕ੍ਰਮਣਤਾ ਤੇ ਅਨੁਕ੍ਰਮਣਤਾ** — ਆਮ ਤੌਰ ਤੇ ਦੋ ਤਰ੍ਹਾਂ ਦੀਆਂ ਕਿਰਿਆਵਾਂ ਹੁੰਦੀਆਂ ਹਨ। ਇਕ ਉਹ ਜਿਨ੍ਹਾਂ ਦੇ ਹੋਣ ਮਗਰੋਂ ਸਿਸਟਮ ਅਤੇ ਹੋਰ ਸਾਰਾ ਬ੍ਰਹਿਮੰਡ ਸ਼ੁਰੂ ਦੀ ਅਵਸਥਾ ਵਿਚ ਆ ਜਾਂਦਾ ਹੈ। ਇਨ੍ਹਾਂ ਕਿਰਿਆਵਾਂ ਨੂੰ ਉਲਟਕ੍ਰਮਣ ਕਿਰਿਆਵਾਂ ਕਿਹਾ ਜਾਂਦਾ ਹੈ ਜਿਹੜੀਆਂ ਕਿਰਿਆਵਾਂ ਇਸ ਸ਼ਰਤ ਅਨੁਸਾਰ ਨਾ ਹੋਣ ਉਨ੍ਹਾਂ ਨੂੰ ਅਨੁਕ੍ਰਮਣ ਕਿਰਿਆਵਾਂ ਕਿਹਾ ਜਾਂਦਾ ਹੈ।

ਉਲਟਕ੍ਰਮਣ ਕਿਰਿਆਵਾਂ ਦੇ ਬਣੇ ਇਕ ਚੱਕਰ ਨੂੰ ਉਲਟਕ੍ਰਮਣ ਚੱਕਰ ਆਖਦੇ ਹਨ। ਉਲਟਕ੍ਰਮਣ ਕਿਰਿਆ ਕੇਵਲ ਆਦਰਸ਼ ਤੌਰ ਤੇ ਹੀ ਹੋ ਸਕਦੀਆਂ ਹਨ ਕਿਉਂਕਿ ਇਨ੍ਹਾਂ ਕਿਰਿਆਵਾਂ ਵਿਚ ਕੋਈ ਮੰਦਨ (Retardation) ਪ੍ਰਭਾਵ ਨਹੀਂ ਹੁੰਦੇ ਤੇ ਇਹ ਸਿਰਫ਼ ਅਰਧਸਥਿਤਿਕ ਹਾਲਤਾਂ ਵਿਚ ਹੁੰਦੀਆਂ ਹਨ। ਉਲਟਕ੍ਰਮਣ ਕਿਰਿਆਵਾਂ ਦੀ ਸਭ ਤੋਂ ਵੱਡੀ ਉਦਾਹਰਣ ਕਾਰਨੋ ਚੱਕਰ ਹੈ। ਇਸ ਚੱਕਰ ਦਾ ਵਿਸ਼ਲੇਸ਼ਣ ਦੋ ਸਮਤਾਪੀ ਤੇ ਦੋ ਸਮਤਾਪਮਾਨੀ ਕਿਰਿਆਵਾਂ ਨਾਲ ਕੀਤਾ ਜਾਂਦਾ ਹੈ। ਇਸ ਇੰਜਣ ਦੀ ਸੁਯੋਗਤਾ ਸਾਰੇ ਇੰਜਣਾਂ ਨਾਲੋਂ ਵੱਧ ਹੈ ਪਰ ਕਦੇ ਵੀ ਇਹ ਸੁਯੋਗਤਾ 100% ਨਹੀਂ ਹੋ ਸਕਦੀ।

ਆਮ ਵਰਤੋਂ ਵਿਚ ਸਾਰੀਆਂ ਕਿਰਿਆ ਅਨੁਕ੍ਰਮਣ ਹੁੰਦੀਆਂ ਹਨ। ਉਦਾਹਰਣ ਵਜੋਂ ਦੋ ਗੈਸਾਂ ਦਾ ਮਿਸ਼ਰਣ, ਆਦਰਸ਼ ਗੈਸ ਦਾ ਖਲਾਅ ਵਿਚ ਪਸਾਰ, ਸਾਰੀਆਂ ਰਸਾਇਣਿਕ ਕਿਰਿਆਵਾਂ, ਤਾਪ ਚਾਲਨ ਆਦਿ।

(ਅ) **ਐਨੱਟਰਾੱਪੀ (entropy)** — ਇਕ ਕਾਰਨੋ ਚੱਕਰ ਸਿਰਫ਼ ਸਮਤਾਪਮਾਨੀ ਕਿਰਿਆਵਾਂ ਹੀ ਤਾਪ ਸੋਖਿਤ ਕਰਦਾ ਹੈ ਤੇ ਛੱਡਦਾ ਹੈ। ਜੇਕਰ ਤਾਪਮਾਨ $T_1$ ਉੱਤੇ $Q_1$ ਤਾਪਰਾਸ਼ੀ ਸੋਖਿਤ ਕਰਦਾ ਹੈ ਤੇ ਤਾਪਮਾਨ $T_2$ ਉੱਤੇ $Q_2$ ਤਾਪਰਾਸ਼ੀ ਛੱਡਦਾ ਹੈ ਤਾਂ ਇਕ ਕਾਰਨੋ ਚੱਕਰ ਲਈ $\frac{Q_1}{T_1} = \frac{Q_2}{T_2}$ ਹੁਣ ਜੇਕਰ ਛਡੀ ਹੋਈ ਤਾਪਰਾਸ਼ੀ $Q_2$ ਨੂੰ ਸੋਖਿਤ ਤਾਪਰਾਸ਼ੀ $Q_1$ ਤੋਂ ਉਲਟ $Q_2$ ਚਿੰਨ੍ਹ ਲਗਾਈਏ ਤਾਂ $\frac{Q_1}{T_1} = \frac{Q_2}{T_2} = 0$ ਹੋਵੇਗਾ। ਹੁਣ ਕਿਸੇ ਇਕ ਉਲਟਕ੍ਰਮਣ ਚੱਕਰ ਨੂੰ ਅਤਿਸੂਖ਼ਮ ਕਾਰਨੋ ਚੱਕਰਾਂ ਵਿਚ ਵੀ ਵੰਡਿਆ ਜਾ ਸਕਦਾ ਹੈ ਅਤੇ ਸਾਰੇ ਕਾਰਨੋ ਚੱਕਰਾਂ ਦੇ ਜੋੜ ਤੋਂ ਉਲਟਕ੍ਰਮਣ ਚੱਕਰ ਲਈ ਹੇਠ ਲਿਖਿਆ ਸਿੱਟਾ ਮਿਲਦਾ ਹੈ :—

$$\frac{Q_1}{T_1} + \frac{Q_2}{T_2} + \frac{Q_3}{T_3} + \frac{Q_4}{T_4} + ----=0$$

ਜਾਂ $\sum \frac{Q}{T} = 0$

ਜੇਕਰ ਸਮਤਾਪਮਾਨੀ ਕਿਰਿਆਵਾਂ ਅਤਿ ਸੂਖ਼ਮ ਹੋਣ ਤਾਂ ਸਾਰੀਆਂ $\frac{dQ}{T}$ ਸਮਤਾਪਮਾਨੀ ਕਿਰਿਆਵਾਂ ਲਈ ਇਕੋ ਜਿੰਨਾਂ ਹੋਵੇਗਾ ਜਾਂ ਕਿਸੇ ਇਕ ਉਲਟਕ੍ਰਮਣ ਚੱਕਰ ਲਈ $\oint_R \frac{dQ}{T} = 0$ $\frac{dQ_R}{T} = R$ ਨੂੰ ds ਵੀ ਲਿਖਿਆ ਜਾ ਸਕਦਾ ਹੈ ਜਿੱਥੇ ds ਐਨੱਟਰਾੱਪੀ ਪਰਿਵਰਤਨ ਬਾਰੇ ਦੱਸਦਾ ਹੈ। $\frac{dQ_R}{T} = ds$ ਤਾਪਗਤੀ ਦੇ ਦੂਜੇ ਨਿਯਮ ਦਾ ਗਣਿਤੀ ਰੂਪ ਦੱਸਦੀ ਹੈ।

ਇਕ ਉਲਟਕ੍ਰਮਣ ਕਿਰਿਆ ਲਈ ਸਿਸਟਮ ਤੇ ਬ੍ਰਹਿਮੰਡ ਦੀ ਕੁੱਲ ਐਨੱਟਰਾੱਪੀ ਵਿਚ ਕੋਈ ਪਰਿਵਰਤਨ ਨਹੀਂ ਹੁੰਦਾ ਜਦੋਂ ਕਿ ਕਿਸੇ ਇਕ ਅਨੁਕ੍ਰਮਣ ਕਿਰਿਆ ਲਈ ਸਿਸਟਮ ਤੇ ਬ੍ਰਹਿਮੰਡ ਦੀ ਐਂਨਟਰਾੱਪੀ ਦਾ ਜੋੜ ਕਦੇ ਵੀ ਰਿਣਾਤਮਕ ਨਹੀਂ ਹੁੰਦਾ। ਇਸ ਤਰ੍ਹਾਂ ਸਿਰਫ਼ ਉਹੀ ਕ੍ਰਿਆਵਾਂ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਸਿਸਟਮ ਅਤੇ ਬ੍ਰਹਿਮੰਡ ਦੀ ਕੁੱਲ ਐਨੱਟਰਾੱਪੀ ਵਧਦੀ ਹੋਵੇ। ਕਦੇ ਵੀ ਸਾਰੇ ਬ੍ਰਹਿਮੰਡ ਦਾ ਐਨੱਟਰਾੱਪੀ ਪਰਿਵਰਤਨ ਰਿਣਾਤਮਕ ਨਹੀਂ ਹੋ ਸਕਦਾ।

ਸਟੈਟਿਸਟੀਕਲ ਮਕੈਨਿਕਸ ਵਿਚ ਐਂਨਟਰਾੱਪੀ ਨੂੰ ਵਿਵਸਥਾ ਦੇ ਰੂਪ ਵਿਚ ਲਿਖਿਆ ਜਾਂਦਾ ਹੈ। ਐਨੱਟਰਾੱਪੀ ਵਧਣ ਦਾ ਭਾਵ ਹੈ ਕਿ ਸਾਰਾ ਬ੍ਰਹਿਮੰਡ ਅਵਿਵਸਥਾ ਵੱਲ ਜਾ ਰਿਹਾ ਹੈ ਤੇ ਕਿਸੇ ਇਕ ਸਿਸਟਮ ਦੀ ਐਨੱਟਰਾੱਪੀ ਸਿਸਟਮ ਦੀ ਵਿਵਸਥਾ ਦੀ ਹਾਲਤ ਬਾਰੇ ਦੱਸਦੀ ਹੈ।

4. **ਹੋਰ ਤਾਪਗਤੀ ਫ਼ੰਕਸ਼ਨ ਤੇ ਮੈਕਸਵੈੱਲ ਸਮੀਕਰਨ** — ਐਨੱਟਰਾੱਪੀ ਤੋਂ ਇਲਾਵਾ ਕਈ ਹੋਰ ਤਾਪਗਤੀ ਫ਼ੰਕਸ਼ਨ ਆਮ ਵਰਤੋਂ ਵਿਚ ਆਉਂਦੇ ਹਨ ਜਿਵੇਂ ਕਿ (1) ਐਨੱਥਾਲਪੀ $H = U + PV$, (2) ਹੈੱਲਮਹੋਲਟਜ਼ ਫ਼ੰਕਸ਼ਨ $A = U - TS$ ਅਤੇ (3) ਗਿਬਜ਼ ਫ਼ੰਕਸ਼ਨ $G = U - TS + PV$ ; ਇਹ ਤਿੰਨੇ ਫ਼ੰਕਸ਼ਨ ਪੂਰਨ ਸੰਖਿਆਵਾਂ ਵੀ ਹਨ। ਪਹਿਲਾਂ ਹੀ ਦੱਸਿਆ ਗਿਆ ਹੈ ਕਿ U ਪੂਰਨ ਸੰਖਿਆ ਹੈ। ਪੂਰਨ ਸੰਖਿਆਵਾਂ ਦੀ ਪਰਿਭਾਸ਼ਾ ਤੋਂ ਹੇਠ ਲਿਖੀਆਂ ਸਮੀਕਰਨਾਂ ਲਿਖੀਆ ਜਾ ਸਕਦੀਆਂ ਹਨ :—

$$\left(\frac{\partial T}{\partial V}\right)_S = -\left(\frac{\partial P}{\partial S}\right)_V, \left(\frac{\partial T}{\partial P}\right)_S = \left(\frac{\partial V}{\partial S}\right)_P$$

$$\left(\frac{\partial P}{\partial T}\right)_V = -\left(\frac{\partial S}{\partial V}\right)_T, \left(\frac{\partial V}{\partial T}\right)_P = -\left(\frac{\partial S}{\partial P}\right)_T$$

ਇਨ੍ਹਾਂ ਸਮੀਕਰਨਾਂ ਨਾਲ ਆਮ ਵਰਤੋਂ ਵਿਚ ਆਉਣ ਵਾਲੇ ਸਾਰੇ ਤਾਪ ਸਿਸਟਮਾਂ ਦੇ ਗੁਣਾਂ ਨੂੰ ਸਮਝਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਨ੍ਹਾਂ ਫੰਕਸ਼ਨਾਂ ਨਾਲ ਕਈ ਪ੍ਰਯੋਗਾਂ ਦੇ ਸਿੱਟਿਆਂ ਦੀ ਵਿਆਖਿਆ ਵੀ ਕੀਤੀ ਜਾ ਸਕਦੀ ਹੈ ਜਿਵੇਂ ਕਿ ਤਾਪ ਸਮਰੱਥਾਵਾਂ $C_p$ ਤੇ $C_v$ ਵਿਚ ਅੰਤਰ ਅਤੇ ਉਨ੍ਹਾਂ ਦੇ ਅਨੁਪਾਤ ਦਾ ਮੁੱਲ, ਅੰਦਰੂਨੀ ਊਰਜਾ ਦਾ ਆਇਤਨ ਨਾਲ ਇਕ ਸਥਿਰ ਤਾਪਮਾਨ ਤੇ ਪਰਿਵਰਤਨ, ਸਮਤਾਪੀ ਉਲਟਕ੍ਰਮਣ ਕਿਰਿਆ ਵਿਚ ਤਾਪਮਾਨ ਦਾ ਦਬਾਉ ਨਾਲ ਪਰਿਵਰਤਨ ਆਦਿ।

ਇਨ੍ਹਾਂ ਤੋਂ ਇਲਾਵਾ ਸ਼ਾਇਦ ਸਭ ਤੋਂ ਵੱਡਾ ਉਪਯੋਗ ਫ਼ੰਕਸ਼ਨਾਂ ਦਾ ਫ਼ੇਜ਼ ਰੂਪਾਂਤਰਨ ਦੀ ਵਿਆਖਿਆ ਵਿਚ ਹੈ ਜਿਵੇਂ ਕਿ ਪਾਣੀ ਦੀ ਭਾਫ਼ ਜਾਂ ਬਰਫ਼ ਵਿਚ ਤਬਦੀਲੀ, ਅਨੁਚੁੰਬਕੀ ਪਦਾਰਥਾਂ ਦਾ ਲੋਹ-ਚੁੰਬਕੀ ਵਿਚ ਪਰਿਵਰਤਨ, ਚਾਲਕਾਂ ਦਾ ਅਤਿਚਾਲਕਾਂ ਵਿਚ ਪਰਿਵਰਤਨ ਆਦਿ। ਇਹ ਸਾਰੇ ਫੇਜ਼ ਰੂਪਾਂਤਰਨ ਇਕੋ ਜਿਹੇ ਨਹੀਂ ਹਨ। ਫ਼ੇਜ਼ ਰੂਪਾਂਤਰਨ ਭਿੰਨ ਭਿੰਨ ਆਰਡਰ ਦੇ ਹੁੰਦੇ ਹਨ ਜਿਵੇਂ ਕਿ ਪਾਣੀ ਦਾ ਭਾਫ਼ ਜਾ ਬਰਫ਼ ਵਿਚ ਪਰਿਵਰਤਨ ਪਹਿਲੇ ਆਰਡਰ ਦਾ ਫ਼ੇਜ਼ ਰੂਪਾਂਤਰਨ ਹੈ ਜਦੋਂ ਕਿ ਬਾਕੀ ਦੇ ਰੂਪਾਂਤਰਨ ਦੂਜੇ ਆਰਡਰ ਦੇ ਹਨ। ਆਮ ਵਰਤੋਂ ਵਿਚ $\eta$ ਆਰਡਰ ਦਾ ਫ਼ੇਜ਼ ਰੂਪਾਂਤਰਨ ਤਦ ਹੁੰਦਾ ਹੈ ਜਦ ਗਿਬਜ਼ ਫੰਕਸ਼ਨ G ਦੀ nth ਸੰਖਿਆ ਨਿਰੰਤਰ ਹੀ ਹੋਵੇ ਤੇ ਇਸ ਤੋਂ ਪਹਿਲੀਆਂ ਸੰਖਿਆਵਾਂ ਨਿਰੰਤਰ ਹੋਣ।

ਪਹਿਲੇ ਆਰਡਰ ਦੇ ਫ਼ੇਜ਼ ਰੂਪਾਂਤਰਨ ਦੀ ਵਿਆਖਿਆ ਲਈ ਅਸੀਂ ਇਹ ਮੰਨਦੇ ਹਾਂ ਕਿ ਗਿਬਜ਼ ਫ਼ੰਕਸ਼ਨ ਦਾ ਮੁੱਲ ਇਕ ਸਥਿਰ T ਤੇ P ਦੋਵੇਂ ਫੇਜ਼ਾਂ ਲਈ ਬਰਾਬਰ ਹੁੰਦਾ ਹੈ। ਉਸ ਤੋਂ ਸਾਨੂੰ P ਦਾ T ਨਾਲ ਪਰਿਵਰਤਨ ਦੱਸਣ ਲਈ ਕਲਾਸੀਅਸ ਕਲੈਪੀਰੋਨ ਸਮੀਕਰਨ ਪ੍ਰਾਪਤ ਹੁੰਦਾ ਹੈ।

ਬਾਕੀ ਇਨ੍ਹਾਂ ਫ਼ੰਕਸ਼ਨਾਂ ਨੂੰ ਰਸਾਇਣਿਕ ਤਾਪਗਤੀ ਵਿਗਿਆਨ ਵਿਚ ਵੀ ਵਰਤਿਆ ਜਾਂਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਕ ਰਸਾਇਣਿਕ ਕਿਰਿਆਵਾਂ ਦੀ ਇਕ ਵਿਸ਼ੇਸ਼ ਦਿਸ਼ਾ ਵਿਚ ਹੋਣ ਦੀ ਕਿੰਨੀ ਕੁ ਸੰਭਾਵਨਾ ਹੈ ਤੇ ਕਦੋਂ ਸੰਤੁਲਿਤ ਅਵਸਥਾ ਪ੍ਰਾਪਤ ਹੋ ਜਾਵੇਗੀ ?

5. **ਤਾਪਗਤੀ ਦਾ ਤੀਜਾ ਨਿਯਮ** — ਨਿਰਪੇਖ ਜ਼ੀਰੋ ਤਾਪਮਾਨ ਨੇੜੇ ਕੀਤੇ ਕੈਲੋਰੀਮੀਟਰੀ ਪ੍ਰਯੋਗਾਂ ਤੋਂ ਜੋ ਧਾਰਨਾ ਪ੍ਰਾਪਤ ਹੁੰਦੀ ਹੈ ਇਸੇ ਨੂੰ ਹੀ ਤਾਪਗਤੀ ਦਾ ਤੀਜਾ ਨਿਯਮ ਕਿਹਾ ਜਾਂਦਾ ਹੈ। ਇਹ ਧਾਰਨਾ ਇਉਂ ਹੈ ਕਿ "ਜਦੋਂ ਨਿਰਪੇਖ ਤਾਪਮਾਨ ਜ਼ੀਰੋ ਵੱਲ ਜਾਂਦਾ ਹੈ ਤਾਂ ਕਿਸੇ ਇਕ ਸੀਮਿਤ ਸਿਸਟਮ ਦੀ ਐਨੱਟਰਾੱਪੀ ਜ਼ੀਰੋ ਵੱਲ ਜਾਂਦੀ ਹੈ।" ਇਹ ਨਿਯਮ ਸਿਰਫ਼ ਸਥਾਈ ਸੰਤੁਲਿਤ ਹਾਲਤਾਂ ਤੇ ਹੀ ਲਾਗੂ ਹੁੰਦਾ ਹੈ ਤੇ ਇਸ ਤੋਂ ਸਾਡਾ ਭਾਵ ਹੈ ਕਿ ਨਿਸ਼ਚਿਤ ਔਕੜਾਂ ਦੀ ਹੋਂਦ ਵਿਚ ਸਿਸਟਮ ਦੀ ਤਾਪ ਸਮਰੱਥਾ ਜ਼ੀਰੋ ਨਿਰਪੇਖ ਤੇ ਅਵੱਸ਼ ਹੀ ਜ਼ੀਰੋ ਹੋ ਜਾਵੇਗੀ। ਇਸ ਕਾਰਨ ਅਸੀਂ ਕਦੇ ਵੀ ਅਜਿਹੇ ਸਿਸਟਮ ਨੂੰ ਆਦਰਸ਼ ਗੈਸ ਵਾਂਗ ਨਹੀਂ ਮੰਨ ਸਕਦੇ ਕਿਉਂਕਿ ਆਦਰਸ਼ ਗੈਸ ਲਈ ਇਹ ਮੁੱਲ ਸਦਾ ਹੀ ਸਥਿਰ ਰਹਿੰਦਾ ਹੈ। ਇਸ ਨਿਯਮ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਕੁਆਂਟਮ ਸਟੈਟਿਸਟਿਕਸ ਦੀ ਮੱਦਦ ਲੈਣੀ ਪੈਂਦੀ ਹੈ। (ਡਾ. ਐੱਸ. ਸੀ. ਗੁਪਤਾ)

**ਤਾਪਤੀ** : ਪੱਛਮੀ ਭਾਰਤ ਦਾ ਇਕ ਪ੍ਰਸਿੱਧ ਦਰਿਆ ਹੈ। ਇਹ ਮੱਧ-ਪ੍ਰਦੇਸ਼ ਰਾਜ ਦੇ ਬੇਤੂਲ ਜ਼ਿਲ੍ਹੇ ਵਿਚ ਕੇਂਦਰੀ ਦੱਖਣੀ ਪਠਾਰ ਦੀਆਂ ਗਵਾਲੀਗੜ੍ਹ ਪਹਾੜੀਆਂ ਵਿਚੋਂ ਨਿਕਲਦਾ ਹੈ। ਇਸ ਦਾ ਨਾਉਂ 'ਤਾਪ' ਸ਼ਬਦ ਤੋਂ ਬਣਿਆ ਹੈ। ਤਾਪ ਦਾ ਅਰਥ ਹੈ ਤਪਸ਼ ਅਤੇ ਬ੍ਰਾਹਮਣ ਲੋਕਾਂ ਵਿਚ ਇਹ ਕਹਾਵਤ ਪ੍ਰਚਲਤ ਹੈ ਕਿ ਸੂਰਜ ਨੇ ਆਪਣੀ ਹੀ ਗਰਮੀ ਜਾਂ ਤਪਸ਼ ਤੋਂ ਆਪਣੇ ਆਪ ਨੂੰ ਬਚਾਉਣ ਲਈ ਤਾਪਤੀ ਦਰਿਆ ਨੂੰ ਹੋਂਦ ਵਿਚ ਲਿਆਂਦਾ ਸੀ ਅਤੇ ਉਨ੍ਹਾਂ ਦਾ ਇਹ ਵੀ ਖਿਆਲ ਹੈ ਕਿ ਇਹ ਸਤਪੁੜਾ ਪਰਬਤ ਵਿਚ ਮੁਲਤਾਈ ਜਾਂ ਮਲਤਾਪੀ ਨਾਂ ਦੇ ਪਵਿਤਰ ਸਰੋਵਰ ਵਿਚੋਂ ਨਿਕਲਦਾ ਹੈ ਪਰ ਇਸ ਦਾ ਅਸਲੀ ਸ੍ਰੋਤ ਇਸ ਤੋਂ ਦੋ ਮੀਲ ਪਰ੍ਹਾਂ ਹੈ। ਆਪਣੇ ਸ੍ਰੋਤ ਤੋਂ ਨਿਕਲਣ ਤੋਂ ਬਅਦ ਇਹ ਪੱਛਮ ਦੀ ਦਿਸ਼ਾ ਵਿਚ ਸਤਪੁੜਾ ਪਹਾੜ ਦੀਆਂ ਕਾਲੀਭੀਤ ਅਤੇ ਚਿਕਾਲਦਾ ਲੜੀਆਂ ਵਿਚਕਾਰ ਦੀ ਵਗਦਾ ਹੋਇਆ ਮਹਾਰਾਸ਼ਟਰ ਰਾਜ ਦੀ ਜਲਗਾਉਂ ਪਠਾਰ ਅਤੇ ਫਿਰ ਗੁਜਰਾਤ ਰਾਜ ਵਿਚੋਂ ਸੂਰਤ ਦੇ ਮੈਦਾਨ ਵਿਚੋਂ ਦੀ ਵਗਦਾ ਹੋਇਆ ਅਰਬ ਸਾਗਰ ਦੇ ਪ੍ਰਵੇਸ਼ ਦੁਆਰ, ਖੰਬਾਤ ਦੀ ਖਾੜੀ ਵਿਚ ਜਾ

ਡਿਗਦਾ ਹੈ। ਪੂਰਨਾ, ਗਿਰਨਾ ਅਤੇ ਪਾਂਝਰਾ ਨਦੀਆਂ ਜੋ ਮਹਾਰਾਸ਼ਟਰ ਰਾਜ ਵਿਚ ਦੱਖਣ ਵਲੋਂ ਵਗਦੀਆਂ ਹਨ ਤਾਪਤੀ ਦੀਆਂ ਸਹਾਇਕ ਨਦੀਆਂ ਹਨ। ਤਾਪਤੀ ਦਰਿਆ ਦੀ ਕੁੱਲ ਲੰਬਾਈ 700 ਕਿ.ਮੀ. (435 ਮੀਲ) ਹੈ। ਇਹ 65,300 ਵ. ਕਿ. ਮੀ. (25,200 ਵ. ਮੀਲ) ਖੇਤਰ ਦੀ ਜਲ-ਨਿਕਾਸੀ ਕਰਦਾ ਹੈ। ਇਸ ਦੇ ਅਖੀਰਲੇ ਲਗਭਗ 50 ਕਿ.ਮੀ. ਦੇ ਖੇਤਰ ਵਿਚ ਹੜ੍ਹ ਆਉਂਦੇ ਹਨ ਪਰ ਇਸ ਵਿਚ ਛੋਟੇ ਛੋਟੇ ਜਹਾਜ਼ ਆਦਿ ਚਲ ਸਕਦੇ ਹਨ। ਦਰਿਆ ਦੇ ਮੁਹਾਣੇ ਤੇ ਜਾਂ ਸੂਵਾਲੀ ਦੀ ਬੰਦਰਗਾਹ ਹੈ ਜੋ ਮੁਢਲੇ ਭਾਰਤੀ - ਯੂਰਪੀ ਵਪਾਰ ਲਈ ਮਸ਼ਹੂਰ ਸੀ ਅਤੇ ਬਰਤਾਨੀਆ ਅਤੇ ਪੁਰਤਗਲੀਆਂ ਵਿਚਕਾਰ ਹੋਈਆਂ ਸਮੁੰਦਰੀ ਲੜਾਈਆਂ ਵੀ ਇਸ ਤੇ ਹੀ ਹੋਈਆਂ ਸਨ ਪਰ ਹੁਣ ਇਹ ਗਾਦ ਨਾਲ ਭਰ ਜਾਣ ਕਰਕੇ ਨਾਕਾਰਾ ਹੋ ਗਈ ਹੈ। ਤਾਪਤੀ ਇਥੋਂ ਦੇ ਇਕ ਹੋਰ ਲੰਬੇ ਦਰਿਆ ਨਰਬਦਾ ਜੋ ਇਸ ਦੇ ਉੱਤਰ ਵੱਲ ਹੈ, ਦੇ ਨਾਲ ਨਾਲ ਵਗਦਾ ਹੈ ਅਤੇ ਸਤਪੁੜਾ ਪਹਾੜ ਇਨ੍ਹਾਂ ਦੋਹਾਂ ਦਰਿਆਵਾਂ ਨੂੰ ਵੱਖ ਕਰਦਾ ਹੈ। ਇਸ ਦੀ ਪਵਿੱਤਰਤਾ ਸਥਾਨਕ ਜਿਹੀ ਹੀ ਹੈ ਅਤੇ ਇਸ ਦਾ ਪੂਰਨਾ ਦੇ ਸੰਗਮ ਵਾਲਾ ਸਥਾਨ ਚਾਂਗਦਿਉ ਇਨ੍ਹਾਂ ਦਾ ਮੁੱਖ ਤੀਰਥ ਸਥਾਨ ਹੈ। ਥਲਨੇਰ ਦਾ ਕਿਲਾ ਅਤੇ ਸੂਰਤ ਸ਼ਹਿਰ ਇਸ ਦਰਿਆ ਉੱਤੇ ਸਥਿਤ ਦੋ ਇਤਿਹਾਸਕ ਸਥਾਨ ਹਨ। ਇਸ ਦੀਆਂ ਸਹਾਇਕ ਨਦੀਆਂ ਦੁਆਰਾ ਖੇਤਰ ਦੇ ਕਈ ਵੱਖ ਵੱਖ ਸਥਾਨਾਂ ਦੀ ਸਿੰਜਾਈ ਕੀਤੀ ਜਾਂਦੀ ਹੈ।

21° 48′ ਉ. ਵਿਥ.; 78° 15′ ਪੂ. ਲੰਬ.

ਹ.ਪੁ.– ਇੰਪ. ਗ. ਇੰਡ. 23 : 246; ਐਨ. ਬ੍ਰਿ. ਮਾ 11 : 555

**ਤਾਪ ਰਸਾਇਣ ਵਿਗਿਆਨ (Thermochemistry) :** ਇਹ ਭੌਤਿਕ ਰਸਾਇਣ ਵਿਗਿਆਨ ਦੀ ਉਹ ਸ਼ਾਖ਼ਾ ਹੈ ਜੋ ਅਜਿਹੇ ਤਾਪ ਪ੍ਰਭਾਵਾਂ ਨਾਲ ਸਬੰਧਤ ਹੈ ਜਿਹੜੇ ਕਿ ਰਸਾਇਣਿਕ ਕਿਰਿਆਵਾਂ ਵਾਸਤੇ ਘੋਲਾਂ ਨੂੰ ਤਿਆਰ ਕਰਨ ਲੱਗਿਆਂ ਅਤੇ ਪਦਾਰਥਾਂ ਦੇ ਭੌਤਿਕ ਪਰਿਵਰਤਨਾਂ ਦੌਰਾਨ ਪੈਦਾ ਹੁੰਦੇ ਹਨ। ਪਦਾਰਥਾਂ ਦੇ ਭੌਤਿਕ ਪਰਿਵਰਤਨਾਂ ਵਿਚ ਰਵੇਦਾਰ ਪਦਾਰਥਾਂ ਦਾ ਸੰਯੋਜਨ ਅਤੇ ਕਿਸੇ ਤਰਲ ਰੂਪ ਦਾ ਵਾਸ਼ਪੀਕਰਨ ਆਦਿਕ ਵੀ ਸ਼ਾਮਲ ਹੋ ਸਕਦੇ ਹਨ। ਜਦੋਂ ਇਨ੍ਹਾਂ ਪ੍ਰਤਿਕਿਰਿਆਵਾਂ ਵਿਚ ਤਾਪ ਉਪਜਦਾ ਹੈ ਤਾਂ ਇਨ੍ਹਾਂ ਨੂੰ ਤਾਪ ਨਿਕਾਸੀ ਪਰਿਵਰਤਨ ਕਿਹਾ ਜਾਂਦਾ ਹੈ। ਇਸਦੇ ਉਲਟ ਜੇਕਰ ਉਨ੍ਹਾਂ ਵਿਚ ਤਾਪ ਦਾ ਸੋਖਣ ਹੁੰਦਾ ਹੈ ਤਾਂ ਇਨ੍ਹਾਂ ਨੂੰ ਤਾਪ ਸੋਖੀ (endothermic) ਕਿਹਾ ਜਾਂਦਾ ਹੈ। ਇਸ ਤਰ੍ਹਾਂ ਪੈਦਾ ਹੋਏ ਤਾਪ ਦੀਆਂ ਮਾਤਰਾਵਾਂ ਦੀ ਜਾਣਕਾਰੀ ਇੰਜੀਨੀਅਰੀ ਵਿਚ ਕੁਝ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਹੁਤ ਸਹਾਈ ਹੁੰਦੀ ਹੈ ਜਿਨ੍ਹਾਂ ਵਿਚ ਤਾਪ ਦਾ ਪੈਦਾ ਹੋਣਾ ਜਾਂ ਪਦਾਰਥਾਂ ਨੂੰ ਠੰਢੇ ਕਰਨਾ ਅਤੇ ਕੁਝ ਵਿਸ਼ੇਸ਼ ਤਾਪਮਾਨਾਂ ਤੇ ਰਸਾਇਣਿਕ ਕਿਰਿਆਵਾਂ ਉੱਪਰ ਨਿਯੰਤਰਣ ਆਦਿ ਵੀ ਸ਼ਾਮਲ ਹੁੰਦੇ ਹਨ। ਅਜਿਹਾ ਡੈਟਾ ਉਨ੍ਹਾਂ ਸਿੱਧਾਂਤਕ ਵਿਗਿਆਨੀਆਂ ਲਈ ਵੀ ਬੜੀ ਮਹੱਤਤਾ ਰੱਖਦਾ ਹੈ ਜੋ ਵਿਭਿੰਨ ਰਸਾਇਣਿਕ ਪ੍ਰਤਿਕਿਰਿਆਵਾਂ ਦੀ ਮੁਕਤ ਊਰਜਾ ਜਾਂ ਰਸਾਇਣਿਕ ਲਗਾਓ ਦਾ ਪਰਿਕਲਨ ਕਰਨਾ ਚਾਹੁੰਦੇ ਹੋਣ।

**ਮੂਲ ਧਾਰਣਾ** — ਊਰਜਾ ਸੁਰੱਖਿਅਣ ਨਿਯਮ ਤਾਂ ਰਸਾਇਣਕ ਵਿਗਿਆਨ ਦੀਆਂ ਮੂਲ ਧਾਰਨਾਵਾਂ ਵਾਸਤੇ ਆਧਾਰ ਹੈ। ਇਸ ਤਰ੍ਹਾਂ ਕਿਸੇ ਪਰਿਵਰਤਨ ਅਧੀਨ ਰਸਾਇਣਿਕ ਸਿਸਟਮ ਵਾਸਤੇ ਅੰਤ੍ਰੀਵ ਊਰਜਾ ($\Delta E$) ਦਾ ਸਿਸਟਮ ਦੁਆਰਾ ਆਲੇ ਦੁਆਲੇ ਤੋਂ ਸੋਖੇ ਗਏ ਤਾਪ ਨਾਲ ਸਬੰਧ ਹੁੰਦਾ ਹੈ ਤੇ ਨਾਲ ਹੀ ਸਿਸਟਮ ਦੁਆਰਾ ਇਹ ਚੌਗਿਰਦੇ ਉੱਪਰ ਕੀਤੇ ਗਏ ਕਾਰਜ ਨਾਲ ਵੀ ਇਸ ਦਾ ਸਬੰਧ ਹੁੰਦਾ ਹੈ। ਅਮਲੀ ਤੌਰ ਤੇ ਇਨ੍ਹਾਂ ਰਾਸ਼ੀਆਂ ਵਿਚੋਂ ਕੁਝ ਵਾਸਤੇ $\Delta E = q - w$...(1) ਮੁੱਲ ਆਮ ਵੇਖਣ ਵਿਚ ਆਉਂਦੇ ਹਨ ਅਤੇ ਇਹ ਸਿਸਟਮ ਦੀ ਕੁਲ ਊਰਜਾ ਵਿਚ ਉਤਪੰਨ ਘਾਟੇ ਨੂੰ ਦਰਸਾਉਂਦੇ ਹਨ ਜਾਂ ਤਾਪ ਦੇ ਉਤਸਰਜਨ ਨੂੰ ਤੇ ਜਾਂ ਫਿਰ ਸਿਸਟਮ ਉਪਰ ਕੀਤੇ ਗਏ ਕਾਰਜ ਨੂੰ ਵੀ ਪ੍ਰਗਟ ਕਰਦੇ ਹਨ। ਜੇ ਵਿਚਾਰ ਅਧੀਨ ਪਰਿਵਰਤਨ ਸਥਿਰ ਤਾਪਮਾਨ ਅਤੇ ਸਥਿਰ ਆਇਤਨ ਤੇ ਵਾਪਰੇ, ਤਾਂ ਕਿ w ਸਿਫਰ ਹੋਵੇ ਤਾਂ $\Delta E = q$ (ਸਮੀ:1) ਸਥਿਰ ਆਇਤਨ ਤੇ ਪ੍ਰਤਿਕਿਰਿਆ ਦਾ ਤਾਪ ਕਿਹਾ ਜਾਂਦਾ ਹੈ।

ਇੰਜੀਨੀਅਰਾਂ ਤੇ ਰਸਾਇਣਕ ਵਿਗਿਆਨੀਆਂ ਦੀ ਦਿਲਚਸਪੀ ਉਨ੍ਹਾਂ ਪ੍ਰਤੀ ਕਿਰਿਆਵਾਂ ਵਿਚ ਹੁੰਦੀ ਹੈ ਜੋ ਸਥਿਰ ਦਬਾਓ ਅਧੀਨ ਵਾਪਰਦੀਆਂ ਹੋਣ ਅਤੇ ਉਨ੍ਹਾਂ ਦਾ ਵਾਯੂ ਮੰਡਲੀ ਦਬਾਅ ਇਕੋ ਹੋਵੇ। ਇਸ ਵਿਚ w ਦਾ ਮੁੱਲ ਆਇਤਨ ਵਿਚ ਪਰਿਵਰਤਨ $\Delta V$ ਗੁਣਾ ਦਬਾਓ ਹੋਵੇਗਾ ਫਿਰ ਸਮੀਕਰਣ (1) ਨੂੰ ਮੁੜ ਤਰਤੀਬ ਦੇਕੇ $\Delta E + P.dv = q$ .......(2) ਲਿਖਿਆ ਜਾਵੇਗਾ। ਹੁਣ ਇਹ ਨਵੇਂ ਫੰਕਸ਼ਨ ਐਂਨਥੈਲੱਪੀ ਨੂੰ ਵੀ ਚਰਚਾ ਵਿਚ ਸ਼ਾਮਲ ਕਰਨਾ ਸਹਾਈ ਹੋਵੇਗਾ ਜਿਸ ਦੀ ਪਰਿਭਾਸ਼ਾ ਹੈ $H = E + Pv$ ਤੇ ਫਿਰ ਸਮੀ. (2) ਅਨੁਸਾਰ $\Delta H = q$ ਹੋਵੇਗਾ। ਇਸ ਤਰ੍ਹਾਂ ਐਨੱਥੈਲਪੀ ਵਿਚ ਪਰਿਵਰਤਨ ਕਿਸੇ ਪ੍ਰਤੀਕਿਰਿਆ ਵਿਚ ਸਥਿਰ ਤਾਪਮਾਨ ਅਤੇ ਸਥਿਰ ਦਬਾਓ ਤੇ ਤਾਪ ਪ੍ਰਭਾਵ ਦਾ ਮਾਪ ਹੋਵੇਗਾ। ਕਿਉਂਕਿ ਅਜਿਹੀਆਂ ਪ੍ਰਸਥਿਤੀਆਂ ਆਮ ਵੇਖਣ ਵਿਚ ਆਉਂਦੀਆਂ ਹਨ ਇਸ ਲਈ ਕਿਸੇ ਪ੍ਰਤਿਕਿਰਿਆ ਵਿਚ $\Delta E$ ਦੀ ਤੁਲਨਾ ਵਿਚ $\Delta H$ ਦੀ ਜਾਣਕਾਰੀ ਵਧੇਰੇ ਲਾਭਦਾਇਕ ਹੁੰਦੀ ਹੈ ਪਰ ਕਿਉਂਕਿ ਇਨ੍ਹਾਂ ਦੋਹਾਂ ਵਿਚ ਪਦ $P\Delta V$ ਦਾ ਹੀ ਅੰਤਰ ਹੈ ਸੋ ਇਕ ਦਾ ਪਤਾ ਹੋਵੇ ਤਾਂ ਦੂਜੀ ਦਾ ਮੁੱਲ ਗਿਆਤ ਹੋ ਜਾਂਦਾ ਹੈ।

**ਪ੍ਰਯੋਗਿਕ ਸਿੱਟੇ** — ਪਿਛਲੇ ਸੌ ਕੁ ਸਾਲਾਂ ਵਿਚ ਇਨ੍ਹਾਂ ਤਾਪ ਪ੍ਰਭਾਵਾਂ ਦੇ (ਭਾਵ $\Delta E$ ਅਤੇ $\Delta H$ ਮੁੱਲਾਂ ਦੇ) ਪ੍ਰਯੋਗਿਕ ਮਾਪ ਉਨ੍ਹਾਂ ਪ੍ਰਯੋਗਾਂ ਵਿਚ ਪ੍ਰਾਪਤ ਕੀਤੇ ਗਏ ਹਨ ਜਿਨ੍ਹਾਂ ਵਿਚ ਕਿ ਕਈ ਕੈਲੋਰੀਮੀਟਰਿਕ ਢੰਗਾਂ ਰਾਹੀਂ ਕੀਤੀਆਂ ਰਸਾਇਣਿਕ ਕਿਰਿਆਵਾਂ ਅਤੇ ਹੋਰ ਪਰਿਵਰਤਨ ਸ਼ਾਮਲ ਸਨ। ਜੇ.ਜੇ. ਥਾਮਸਨ ਤੇ ਐਮ.ਪੀ.ਟੀ. ਬਰਥਿਲਟ ਜਿਹੇ ਵੱਡੇ-ਵੱਡੇ ਘੁਲਾਟੀਆਂ ਦੁਆਰਾ ਕੀਤੇ ਗਏ ਮਾਪਾਂ ਵਿਚ ਬੜੀਆਂ ਅਨਿਸ਼ਚਿਤਾਵਾਂ ਸਨ ਕਿਉਂਕਿ ਉਨ੍ਹਾਂ ਦੇ ਰਸਾਇਣ ਅਸ਼ੁੱਧ ਸਨ।

ਉਨ੍ਹਾਂ ਦੁਆਰਾ ਵਰਤਿਆ ਜਾਂਦਾ ਪ੍ਰਯੋਗੀ ਸਮਾਨ ਵੀ ਵਧੀਆ ਨਹੀਂ ਸੀ ਹੁੰਦਾ। ਸੰਨ 1930 ਤੋਂ ਬਾਅਦ ਤਾਪ-ਰਸਾਇਣੀ ਅਧਿਐਨ ਵਿਚ ਵਰਣਨ ਯੋਗ ਪੁਨਰਜਾਗਰਣ ਹੋਇਆ ਹੈ। ਇਸ ਉਪਰ ਸ਼ੁੱਧ ਰਸਾਇਣਾਂ ਦੀ ਵਰਤੋਂ ਅਤੇ ਊਰਜਾ ਪਰਿਕਲਨ ਦੇ ਸੁਧਰੇ ਢੰਗਾਂ ਦਾ ਤੇ ਨਵੇ ਯੰਤਰਾਂ ਦੀ ਵਰਤੋਂ ਦਾ ਚੰਗਾ ਪ੍ਰਭਾਵ ਪਿਆ ਹੈ। ਸਿੱਟੇ ਵਜੋਂ ਜਿਵੇਂ ਕਿ ਆੱਰਗੈਨਿਕ ਯੌਗਿਕਾਂ ਦੇ ਜਲਣ-ਤਾਪ ਦੇ ਅਜੋਕੇ ਮਾਪਾਂ ਵਿਚ 0.05% ਤੱਕ ਦੀ ਅਨਿਸ਼ਚਿਤਤਾ ਹੀ ਰਹਿ ਗਈ ਹੈ, ਇੰਜ ਹੀ ਸਾਰੇ ਮਾਪ ਸੁਧਰ ਗਏ ਹਨ। ਅਜਿਹੇ ਸ਼ੁੱਧ ਮਾਪਾਂ ਦਾ ਸਿਹਰਾ ਐੱਚ. ਡੀ. ਰੋਸਿਨੀ, ਐੱਚ. ਐਮ. ਹੱਫਮੈਨ, ਜੇ ਕੂਪਸ ਤੇ ਐਚ. ਏ. ਸਿਕਨਰ ਦੇ ਸਿਰ ਹੈ। ਕੈਲੋਰੀਮੀਟਰੀ ਦੇ ਸੈਕਸ਼ਨ ਦਾ ਅਧਿਐਨ ਕੀਤਾ ਜਾਵੇ ਤਾਂ ਇਨ੍ਹਾਂ ਵਿਗਿਆਨੀਆਂ ਦੇ ਕੰਮਾਂ ਬਾਰੇ ਵਧੇਰੇ ਜਾਣਕਾਰੀ ਮਿਲ ਸਕਦੀ ਹੈ।

ਕਈ ਕੇਸਾਂ ਵਿਚ ਇਕ ਅਮਲ ਵਾਸਤੇ $\Delta H$ ਦਾ ਮਾਪ ਅਸਿੱਧਾ ਅਤੇ ਗ਼ੈਰ-ਕੈਲੋਰੀਮੀਟਰਿਕ ਢੰਗ ਨਾਲ ਗਿਆਤ ਕਰਨਾ ਸੰਭਵ ਹੈ। ਇੰਜ ਵਿਸ਼ੇਸ਼ ਕਰਕੇ ਇਨਆੱਰਗੈਨਿਕ ਰਸਾਇਣ ਵਿਗਿਆਨ ਦੇ ਖੇਤਰ ਵਿਚ ਕਈ ਪ੍ਰਤਿਕਿਰਿਆਵਾਂ ਉਲਟਕ੍ਰਮਣੀ ਗੈਲਵੈਨਿਕ ਸੈੱਲਾਂ ਦੇ ਸਬੰਧ ਵਿਚ ਵਿਖਾਈਆਂ ਜਾ ਸਕਦੀਆਂ ਹਨ। ਅਜਿਹੇ ਕੇਸਾਂ ਵਿਚ ਕਈ ਭਿੰਨ ਤਾਪਮਾਨਾ ਤੇ ਇਲੈਕਟ੍ਰੋਮੋਟਿਵ ਬਲ ਦੇ ਧਿਆਨ ਪੂਰਵਕ ਕੀਤੇ ਗਏ ਮਾਪ ਤੋਂ $\Delta H$ ਦਾ ਮੁੱਲ ਗਿੱਬਜ਼

ਹੈਲਮਹੋਲਟਜ਼ ਸਮੀਕਰਣ ਦੁਆਰਾ ਪਰਿਕਲਿਤ ਕੀਤਾ ਜਾ ਸਕਦਾ ਹੈ। ਕਈ ਪ੍ਰਤਿਕਿਰਿਆਵਾਂ ਵਾਸਤੇ ਤਾਂ ਇਸ ਢੰਗ ਨਾਲ ਜ਼ਿਆਦਾ ਸਹੀ ਡੈਟਾ ਪ੍ਰਾਪਤ ਹੋ ਚੁੱਕਾ ਹੈ। ਇਸ ਤਰ੍ਹਾਂ ਦੇ ਜਾਂ ਔਂਡ ਤਾਪਮਾਨਾਂ ਉਪਰ ਸੰਤੁਲਨ ਸਥਿਰ ਅੰਕਾਂ ਦਾ ਮਾਪ ਵਰਤਕੇ ਉੱਚੇ ਤਾਪਮਾਨਾਂ ਤੇ ਵੀ ਹੀ ਸਹੀ ਮੁੱਲ ਪ੍ਰਾਪਤ ਹੋ ਜਾਂਦੇ ਹਨ। ਇੰਜ ਹੀ ਕਈ ਵਾਸ਼ਪੀਕਰਣ ਤਾਪਾਂ ਦੇ ਮੁੱਲ ਅਸਿੱਧੇ ਤੌਰ ਤੇ ਵਾਸ਼ਪ ਦਾਬ ਮਾਪਾਂ ਅਤੇ ਕਲਾਸੀਕਲ ਕਲੇਪਰੀਆਨ ਸਮੀਕਰਨ ਤੋਂ ਪ੍ਰਾਪਤ ਹੋ ਜਾਂਦੇ ਹਨ। ਛੋਟੇ ਰੂਪ ਵਿਚ ਇਨ੍ਹਾਂ ਤਾਪ ਪ੍ਰਭਾਵਾਂ ਨੂੰ ਰਿਕਾਰਡ ਕਰਨਾ ਹੋਵੇ ਤਾਂ ਹੋ ਰਹੀ ਕਿਰਿਆ ਵਾਸਤੇ ਸਮੀਕਰਨ ਲਿਖਿਆਂ ਜਾਂਦਾ ਹੈ ਅਤੇ ਨਾਲ ਹੀ ਸਬੰਧਤ $\Delta E$ ਅਤੇ $\Delta H$ ਦੇ ਮੁੱਲ ਲਿਖੇ ਜਾਂਦੇ ਹਨ ਜੋ ਸਭ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਕੀ ਇਹ ਕਿਰਿਆ ਸਥਿਰ ਆਇਤਨ ਤੇ ਵਾਪਰਦੀ ਹੈ ਜਾਂ ਕਿ ਸਥਿਰ ਤਾਪਮਾਨ ਤੇ। ਇੰਜ ਗੈਸੀ ਹਾਈਡ੍ਰੋਜਨ ਅਤੇ ਆੱਕਸੀਜਨ ਤੋਂ 25°C (298.15k) ਉੱਤੇ ਇਕ ਗਰਾਮ ਮਾਲਿਕਿਊਲ ਤਰਲ ਪਾਣੀ ਪੈਦਾ ਕਰਨ ਵਾਸਤੇ ਵਾਪਰਦੀ ਪ੍ਰਤਿਕਿਰਿਆ ਸਮੀ:2 ਅਨੁਸਾਰ ਲਿਖੀ ਜਾਂਦੀ ਹੈ।

$$H_2 (g) + \frac{1}{2} O_2 (g) \rightarrow H_2O (l)$$

$\Delta H°_{298} = -68315 \pm 10$ ਕੈਲੋਰੀ

ਨਾਲ ਦਿੱਤੇ ਗਏ ਚਿੰਨ੍ਹ ਇਹ ਦਰਸਾਉਂਦੇ ਹਨ ਕਿ ਹਾਈਡ੍ਰੋਜਨ ਅਤੇ ਆੱਕਸੀਜਨ ਗੈਸੀ ਰੂਪ ਹਨ ਜਦ ਕਿ ਪਾਣੀ ਤਰਲ ਰੂਪ ਹੈ। $\Delta H$ ਦੇ ਪੈਰਾਂ ਵਿਚ ਲਿਖੀ ਸੰਖਿਆ ਪ੍ਰਤਿਕਿਰਿਆ ਵਿਚ ਨਿਰਪੇਖ ਤਾਪਮਾਨ ਦੱਸਦੀ ਹੈ ਤੇ ਡਿਗਰੀ ਦਾ ਚਿੰਨ੍ਹ ਇਹ ਪ੍ਰਗਟ ਕਰਦਾ ਹੈ ਕਿ ਪ੍ਰਤਿਕਿਰਿਆ ਵਿਚ ਸ਼ਾਮਲ ਹਰ ਪਦਾਰਥ ਇਕ ਐਟਮਾਸਫੀਅਰ ਦੇ ਮਿਆਰੀ ਦਬਾਉ ਹੇਠਾਂ ਹੈ। $\Delta H$ ਦੇ ਰਿਣਾਤਮਕ ਮੁੱਲ ਦਾ ਅਰਥ ਹੈ ਕਿ ਇਥੇ ਤਾਪ ਪੈਦਾ ਹੋਇਆ ਹੈ। ਇਸਦੇ ਮੁੱਲ ਵਿਚ ਅਨਿਸ਼ਚਿਤਤਾ ਕੇਵਲ 10 ਕੈਲੋਰੀ ਹੈ ਕਿਉਂਕਿ ਇਹ ਮੁੱਲ ਅਮਰੀਕਾ ਦੇ ਮਿਆਰਾਂ ਦੇ ਰਾਸ਼ਟਰੀ ਸੰਗਠਨ ਦੁਆਰਾ ਬਹੁਤ ਸ਼ੁੱਧਤਾ ਨਾਲ ਪ੍ਰਾਪਤ ਕੀਤਾ ਗਿਆ ਸੀ ਕਿਉਂਕਿ ਇਸ ਕਿਰਿਆ ਵਿਚ ਇਕ ਯੋਗਿਕ ਆਪਣੇ ਤੱਤਾਂ ਤੋਂ ਬਣਿਆ ਹੈ। ਇਹ ਲਈ ਇਹ ਰਾਸ਼ੀ ਮਿਆਰੀ ਉਤਪਾਦਨ ਤਾਪ ਹੈ।

ਇਸ ਤਰ੍ਹਾਂ ਸਮੀ: 3 ਅਨੁਸਾਰ ਵਿਸ਼ੇਸ ਜਲਨ ਪ੍ਰਤਿ-ਕਿਰਿਆਵਾਂ ਵਾਸਤੇ ਕੁਝ ਹੋਰ ਤਾਪ ਰਸਾਇਣੀ ਸਮੀਕਰਣ ਵੀ ਲਿਖੇ ਜਾ ਸਕਦੇ ਹਨ—

$C_{\text{ਗ੍ਰੇਫਾਈਟ}} + O_2(g) \rightarrow Co_2 (g)$

$\Delta H°_{298} = -94{,}504 \pm 23$ ਕੈਲੋਰੀ

$CO (g) + \frac{1}{2} O_2(g) \rightarrow Co_2(g)$ ....(3)

$\Delta H°_{298} = -212{,}801 \pm 72$ ਕੈਲੋਰੀ

$CH_3OH (g) + \frac{3}{2}O_2(g) \rightarrow 2H_2O(l) + CO_2(g)$

$\Delta H°_{298} = -173{,}550 \pm 100$ ਕੈਲੋਰੀ

ਪਹਿਲੇ ਦੋ ਸਮੀਕਰਨਾਂ ਵਿਚ ਕ੍ਰਮਵਾਰ ਗ੍ਰੇਫ਼ਾਈਟ ਅਤੇ ਹੀਰੇ ਤੋਂ ਕਾਰਬਨ ਡਾਇਆੱਕਸਾਈਡ ਦਾ ਪੈਦਾ ਹੋਣਾ ਦਿਖਾਇਆ ਗਿਆ ਹੈ। ਇਹ ਦਿਲਚਸਪ ਗੱਲ ਬੜੀ ਧਿਆਨ ਦੇਣ ਯੋਗ ਹੈ ਕਿ ਕਾਰਬਨ ਦੇ ਇਨ੍ਹਾਂ ਦੋ ਰਵੇਦਾਰ ਰੂਪਾਂ ਦੇ ਜਲਣ ਅੰਕਾਂ ਵਿਚ ਕਾਫ਼ੀ ਅੰਤਰ ਹੈ। ਦੋਨਾਂ ਦੇ ਜਲਣ ਉਪਰੰਤ ਪ੍ਰਾਪਤ ਹੋਈ ਵਸਤੂ ਇਕੋ ਹੈ। ਵਿਵਹਾਰਕ ਮੰਤਵਾਂ ਲਈ ਗ੍ਰੇਫ਼ਾਈਟ ਨੂੰ ਕਾਰਬਨ ਦਾ ਮਿਆਰੀ ਰੂਪ ਮੰਨਿਆ ਹੈ। ਕਾਰਬਨ ਮਾੱਨੋਆਕਸਾਈਡ, ਮੀਥੇਨ ਅਤੇ ਮੇਥਾਨੋਲ ਦੇ ਬਾਬਤ ਪਹਿਲਾਂ ਬਹੁਤ ਅਨਿਸਚਿਤਤਾ ਹੁੰਦੀ ਸੀ।

**ਹੈੱਸ ਦਾ ਨਿਯਮ** — ਕਈ ਵਾਰ ਕਿਸੇ ਵਿਸ਼ੇਸ਼ ਪ੍ਰਯੋਗ ਵਿਚ ਤਾਪਪ੍ਰਭਾਵ ਗਿਆਤ ਕਰਨ ਦੀ ਲੋੜ ਹੁੰਦੀ ਹੈ ਜਿਸ ਵਿਚ ਕੋਈ ਸਿੱਧਾ ਪ੍ਰਯੋਗਿਕ ਢੰਗ ਨਾ ਹੋਵੇ ਉਦੋਂ ਤਾਪ ਰਸਾਇਣ ਵਿਗਿਆਨੀ ਹੈੱਸ ਨਿਯਮ ਦਾ ਸਹਾਰਾ ਲੈਂਦਾ ਹੈ। ਇਹ ਉਰਜਾ ਦੇ ਸੁਰੱਖਿਅਣ ਨਿਯਮ ਦਾ ਹੀ ਇਕ ਬਿਆਨ ਹੈ ਭਾਵੇਂ ਇਹ ਉਸ ਨਿਯਮ ਦੀ ਖੋਜ ਤੋਂ ਪਹਿਲਾਂ ਹੀ ਸਿੱਧਾ ਪ੍ਰਯੋਗਿਕ ਤੌਰ ਤੇ ਪ੍ਰਾਪਤ ਕਰ ਲਿਆ ਗਿਆ ਸੀ। ਇਸ ਨਿਯਮ ਅਨੁਸਾਰ ਕੁਲ ਤਾਪ ਪ੍ਰਭਾਵਾਂ ਜਾਂ ਐਨੱਥੈਲਪੀ ਵਿਚ ਆਇਆ ਪਰਿਵਰਤਨ ਇਕੋ ਜਿੰਨਾ ਹੀ ਹੋਵੇਗਾ। ਭਾਵੇਂ ਅਸੀ ਕਿਸੇ ਸਿਸਟਮ ਨੂੰ ਸਥਿਤੀ ਏ ਤੋਂ ਬੀ ਤੱਕ ਲਿਜਾਣ ਲਈ ਇਕੋ ਸੈਟੱਪ ਦੀ ਵਰਤੋਂ ਕੀਤੀ ਹੋਵੇ ਤੇ ਭਾਵੇਂ ਘੁੰਮਾਕੇ ਕਈ ਚਰਨਾਂ ਰਾਹੀਂ ਅੰਤਿਮ ਸਥਿਤੀ ਤੇ ਪੁੱਜੇ ਹੋਈਏ।

ਇੰਜ ਹੈੱਸ ਦੇ ਨਿਯਮ ਤੋਂ ਰਸਾਇਣਿਕ ਸਮੀਕਰਣਾਂ ਦੇ ਜੋੜਨ ਵਿਚ ਸਹਾਇਤਾ ਮਿਲਦੀ ਹੈ ਅਤੇ ਮੁੱਲ ਵੀ ਪ੍ਰਾਪਤ ਹੋ ਜਾਂਦੇ ਹਨ ਅਸੀਂ ਹੁਣ ਮੀਥੇਨ ਗੈਸ ਦੇ ਆਪਣੇ ਤੱਤਾਂ ਤੋਂ ਬਣਨ ਵਿਚ ਲੱਗਦੇ ਉਤਪਾਦਨ ਤਾਪ ਨੂੰ ਗਿਆਤ ਕਰਦੇ ਸਮੇਂ ਇਸ ਸਿਸਟਮ ਨੂੰ ਵਰਤਾਂਗੇ।

$2H_2O (l) + Co_2(g) \rightarrow 2O_2 (g) + CH_4(g)$

$\Delta H°_{298} = 212800 \pm 72$ ਕੈਲੋਰੀ ......(4

$C_{\text{(ਗ੍ਰੇਫਾਈਟ)}} + O_2(g) \rightarrow Co_2 (g)$

$\Delta H°_{298} = -94{,}051 \pm 11$ਕੈਲੋਰੀ

$2H_2(g) + O_2(g) \rightarrow 2H_2O (l)$

$\Delta H°_{298} = -136{,}630 \pm 20$ ਕੈਲੋਰੀ

ਵੈਸੇ ਇਸੇ ਮੀਥੇਨ ਦੇ ਜਲਣ ਦਾ ਸਮੀਕਰਣ ਉਲਟ ਦਿਸ਼ ਵਿਚ ਲਿਖਣਾ ਚਾਹੀਦਾ ਹੈ ਤੇ ਨਾਲ ਹੀ $\Delta H$ ਚਿੰਨ ਵੀ ਬਦਲਣ ਚਾਹੀਦਾ ਹੈ। ਇਨਾਂ ਤਾਪ ਰਸਾਇਣੀ ਸਮੀਕਰਣਾਂ ਨੂੰ ਅਲਜੱਬਰਏ ਤੌਰ ਤੇ ਜੋੜਨ ਨਾਲ ਸਮੀ : 5 ਪ੍ਰਾਪਤ ਹੁੰਦਾ ਹੈ।

$C_{\text{(ਗ੍ਰੇਫਾਈਟ)}} + 2H_2(g) \rightarrow CH_4(g)$ .....(5

$\Delta H°_{298} = -178{,}81 \pm 75$ ਕੈਲੋਰੀ

$\Delta H$ ਦੇ ਇਸ ਅੰਤਿਮ ਮੁੱਲ ਵਿਚ ਆਈ ਅਨਿਸ਼ਚਿਤਤ ਉਪਲੱਬਧ ਡੈਟਾ ਤੋਂ ਸੰਭਾਵੀ (ਪਰਾਬੇਬਿਲੀਟੀ) ਢੰਗ ਨਾਲ ਗਿਆਤ ਕੀਤੀ ਗਈ ਹੈ। ਇਸ ਤਰ੍ਹਾਂ ਦੇ ਪਰਿਕਲਨ ਉਨਾਂ ਯੋਗਿਕਾਂ ਵਾਸਤ ਵੀ ਕੀਤੇ ਜਾ ਸਕਦੇ ਹਨ ਜਿਨਾਂ ਵਾਸਤੇ ਉਤਪਾਦਨ ਤਾਪ ਦਾ ਮਾਪ ਸਿੱਧਾ ਕੈਲੋਰੀਮੀਟਰਿਕ ਢੰਗ ਰਾਹੀਂ ਨਹੀਂ ਹੋ ਸਕਦਾ। ਇੰਨ੍ਹ ਪਰਿਕਲਨਾ ਤੋਂ ਪ੍ਰਤਿਕਿਰਿਆਵਾਂ ਦੌਰਾਨ ਰਸਾਇਣਿਕ ਬਣਤ ਵਿਚ ਹੁੰਦੇ ਪਰਿਵਰਤਨਾਂ ਦਾ ਪਤਾ ਲਗਦਾ ਹੈ। ਭੌਤਿਕ ਪਰਿਵਰਤਨਾਂ ਦੇ ਨਾਲ ਨਾਲ ਐਨੱਥੈੱਲਪੀ ਪਰਿਵਰਤਨਾਂ ਦਾ ਪਤ ਵੀ ਲੱਗਦਾ ਹੈ। ਸਾਨੂੰ ਤੱਤਾਂ ਅਤੇ ਇਨ੍ਹਾਂ ਤੋਂ ਬਣੇ ਯੋਗਿਕਾਂ ਦ ਐਨੱਥੈੱਲਪੀ ਦੇ ਨਿਰਪੇਖ ਮੁੱਲਾਂ ਦਾ ਪਤਾ ਨਹੀਂ ਹੁੰਦਾ, ਪ ਇੰਜੀਨੀਅਰੀ ਅਤੇ ਵਿਵਹਾਰਕ ਵਿਗਿਆਨ ਵਿਚ ਅਜਿਹ ਜਾਣਕਾਰੀ ਦੀ ਲੋੜ ਨਹੀ ਹੁੰਦੀ। ਆਮ ਕਰਕੇ ਹਰ ਤੱਤ ਦ ਐਨੱਥੈੱਲਪੀ ਦਾ ਨਿਰਦੇਸ਼ ਮੁੱਲ ਕਿਸੇ ਤਾਪਮਾਨ ਉੱਤੇ ਅਨਿਯਮਿ ਹੀ ਲਿਆ ਜਾਂਦਾ ਹੈ। ਕਮਰੇ ਵਿਚਲਾ ਤਾਪਮਾਨ ਅਤੇ ਸਾਧਾਰ ਵਾਯੂਮੰਡਲੀ ਦਬਾਉ ਉੱਤੇ ਤੱਤ ਦੀ ਇਕ ਨਿਰਦੇਸ਼ ਸਥਿਤੀ ਇ ਦੀ ਅਧਿਕਤਮ ਸਥਾਈ ਅਵਸਥਾ ਹੁੰਦੀ ਹੈ। ਕਾਰਬਨ ਨੂੰ ਬੀ ਗ੍ਰੇਫ਼ਾਈਟ, ਸਲਫ਼ਰ ਨੂੰ ਤਾਂਬਿਕ ਕ੍ਰਿਸਟਲੀ ਰੂਪ ਵਿਚ ਅਤੇ ਤਿੰਨ ਤੱਤਾਂ, ਆੱਕਸੀਜਨ, ਹਾਈਡ੍ਰੋਜਨ ਤੇ ਨਾਈਟ੍ਰੋਜਨ ਨੂੰ ਇ

ਵਾਯੂਮੰਡਲੀ ਦਬਾਓ ਉੱਤੇ ਭਿੰਨ ਪਦਾਰਥਾਂ ਦੇ ਉਤਪਾਦਨ ਲਈ $\Delta H^\circ$ ਮੁਲਾਂ ਦੀਆਂ ਬਹੁਤ ਸਾਰੀਆਂ ਸਾਰਣੀਆਂ ਤਿਆਰ ਕੀਤੀਆਂ ਗਈਆਂ ਹਨ ਜੋ 25° ਤਾਪਮਾਨ ਅਤੇ ਇਕ ਵਾਯੂ ਮੰਡਲੀ ਦਬਾਓ ਤੇ ਬਣਾਈਆਂ ਹੋਈਆਂ ਹਨ। ਇਨ੍ਹਾਂ ਵਿਚੋਂ ਵਿਸ਼ੇਸ਼ ਧਿਆਨ ਦੇਣ ਵਾਲੀਆਂ, "ਸਿਲੈਕਟਡ ਵੈਲਯੂਜ਼" (ਜੋ ਨੈਸ਼ਨਲ ਬਿਊਰੋ ਆਫ਼ ਸਟੈਂਡਰਡ ਨੇ ਜਾਰੀ ਕੀਤਾ ਹੈ) ਅਤੇ ਅਮੈਰਿਕਨ ਪੈਟਰੋਲੀਅਮ ਇਨਸਟੀਚਿਊਟ ਰਿਸਰਚ ਪ੍ਰਾਜੈਕਟ ਦੁਆਰਾ ਜਾਰੀ ਸਾਰਣੀ ਅਤੇ ਟੈਕਸਾਜ਼ ਦੀ ਏ ਅਤੇ ਐਚ ਯੂਨੀਵਰਸਿਟੀ ਦੇ ਥਰਮੋਡਾਇਨੈਮਿਕ ਰਿਸਰਚ ਸੈਂਟਰ ਡੈਟੇ ਪ੍ਰੋਜੈਕਟ ਦੀ ਸਾਰਣੀ।

ਡੈਟਾ ਦੀਆਂ ਇਨ੍ਹਾਂ ਸਾਰਣੀਆਂ ਤੋਂ ਹੁਣ ਕਈ ਪ੍ਰਕਾਰ ਦੀਆਂ ਰਸਾਇਣੀ ਪ੍ਰਤਿਕਿਰਿਆਵਾਂ ਵਾਸਤੇ $\Delta H^\circ_{298}$ ਮੁੱਲ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਇਨ੍ਹਾਂ ਵਿਚੋਂ ਕਈ ਤਾਂ ਨਿਰੋਲ ਅਨੁਭਵੀ ਪ੍ਰਤਿਕਿਰਿਆਵਾਂ ਵਾਸਤੇ ਵੀ ਹੋ ਸਕਦੇ ਹਨ। ਜੇਕਰ ਅਰੰਭਿਕ ਪਦਾਰਥਾਂ ਦੇ ਐਨੱਥੈੱਲਪੀ ਮੁੱਲ ਵਿਚੋਂ ਅੰਤਿਮ ਪ੍ਰਤਿਕਿਰਿਆਵਾਂ ਪਦਾਰਥਾਂ ਨੂੰ ਘਟਾਇਆ ਜਾਵੇ ਤਾਂ ਐਥਿਲੀਨ ਅਤੇ ਪਾਣੀ ਤੋਂ ਇਥਾਇਲ ਅਲਕੋਹਲ ਬਣਦੀ ਹੈ ਨਾਲ ਦਿੱਤੇ ਐਨੱਥੈਲਪੀ ਮੁੱਲ ਵੀ ਲਿਖੇ ਜਾ ਸਕਦੇ ਹਨ। ਇਸ ਤਰ੍ਹਾਂ ਪ੍ਰਤਿਕਿਰਿਆਵਾਂ ਦਾ $\Delta H^\circ_{298}$ ਪ੍ਰਾਪਤ ਹੁੰਦਾ ਹੈ।

**ਤਾਪਮਾਨ ਅਤੇ ਦਬਾਓ ਦਾ ਪ੍ਰਭਾਵ** — ਹੁਣ ਤੱਕ ਕੇਵਲ 25° ਸੈਂ. ਤੇ ਹੁੰਦੀਆਂ ਪ੍ਰਕਿਰਿਆਵਾਂ ਵਿਚਲੇ ਤਾਪ ਪ੍ਰਭਾਵਾਂ ਨੂੰ ਹੀ ਵਿਚਾਰਿਆ ਗਿਆ ਹੈ। ਤਾਪ ਸਬੰਧੀ ਡੈਟਾ ਰਿਕਾਰਡ ਕਰਨ ਵਾਸਤੇ ਇਹ ਤਾਪਮਾਨ ਹੁਣ ਇਕ ਮਿਆਰ ਬਣ ਗਿਆ ਹੈ ਫਿਰ ਵੀ ਅਮਲੀ ਤੌਰ ਤੇ ਕਈ ਪ੍ਰਤਿਕਿਰਿਆਵਾਂ ਭਿੰਨ ਭਿੰਨ ਤਾਪਮਾਨਾਂ ਤੇ ਅਤੇ ਕਈ ਵਾਰ ਉੱਚ ਤਾਪਮਾਨ ਤੇ ਵੀ ਵਾਪਰਦੀਆਂ ਹਨ। ਵਿਗਿਆਨੀ ਅਤੇ ਇੰਜੀਨੀਅਰ ਇਹ ਦਿਲਚਸਪੀ ਵੀ ਰੱਖਦੇ ਹੋਣਗੇ ਕਿ ਇਸ ਉੱਚ ਤਾਪਮਾਨ T ਤੇ $\Delta H$ ਦਾ ਮੁੱਲ ਗਿਆਤ ਕੀਤਾ ਜਾਵੇ, ਜਿਸਦਾ ਤਾਪਮਾਨ $T_1$ ਹੋਵੇ ਜੋ ਕਿ ਆਮ ਕਰਕੇ 298° ਕੇ ਹੈ। ਇਸ ਸਮੱਸਿਆ ਵਾਸਤੇ ਕਿਰਚੌਫ ਨਿਯਮ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਨਿਯਮ ਸੰਨ 1858 ਤੋਂ ਚਲ ਰਿਹਾ ਹੈ ਅਤੇ ਇਕ ਊਰਜਾ ਸੁਰੱਖਿਅਣ ਨਿਯਮ ਦਾ ਇਕ ਉਪਨਿਯਮ ਹੈ। ਇਸ ਨੂੰ ਸਮੀ: 7 ਦੇ ਰੂਪ ਵਿਚ ਇਵੇਂ ਦਰਸਾਇਆ ਜਾ ਸਕਦਾ ਹੈ:

$$\Delta H_{T2} = \Delta H_{T1} + \int_{T_1}^{T_2} \Delta C_p dT \qquad ......7$$

ਜਿਥੇ $\Delta Cp$ ਪ੍ਰਤਿਕਿਰਿਆ ਅਧੀਨ ਆਰੰਭਿਕ ਅਤੇ ਅੰਤਿਮ ਪਦਾਰਥਾਂ ਵਿਚ ਵਿਸ਼ਿਸ਼ਟ ਤਾਪ-ਅੰਤਰ ਹੈ। ਸਪੱਸ਼ਟ ਹੈ ਕਿ ਸਮੀਕਰਣ ਦੀ ਵਰਤੋਂ ਵਾਸਤੇ ਸ਼ਾਮਲ ਤਾਪਮਾਨਾਂ ਦੀ ਰੇਂਜ ਉੱਪਰ ਕਾਫ਼ੀ ਤਾਪ ਸਮੱਰਥਾ ਡੈਟਾ ਦੀ ਲੋੜ ਹੈ ਅਤੇ ਇਕ ਤਾਪਮਾਨ ਤੇ ਐਨੱਥੈਲਪੀ ਪਰਿਵਰਤਨ ਦਾ ਵੀ ਪਤਾ ਹੋਣਾ ਚਾਹੀਦਾ ਹੈ। ਵਿਵ੍ਹਾਰਕ ਤੌਰ ਤੇ ਕਈ ਪ੍ਰਤਿਕਿਰਿਆਵਾਂ ਵਾਸਤੇ $\Delta H^\circ$ ਮੁੱਲ ਕਾਫੀ ਬਦਲਦੇ ਹਨ। ਉਦਾਹਰਣ ਵਜੋਂ ਇਨਾਂ ਦੇ ਤੱਤਾਂ ਤੋਂ ਮੀਥੇਨ ਦੇ ਬਣਨ ਵਾਸਤੇ $\Delta H^\circ_{100} = -21430$ ਕੈਲੋਰੀ ਜੋ ਕਿ ਪਹਿਲਾਂ ਦੱਸੇ $\Delta H^\circ_{298} = -1780$। (ਕੈਲੋਰੀ) ਨਾਲੋਂ ਜ਼ਿਆਦਾ ਹੈ।

ਰਸਾਇਣਿਕ ਪ੍ਰਤਿਕਿਰਿਆ ਵਿਚ ਆਉਂਦੇ ਤਾਪ ਪ੍ਰਭਾਵਾਂ ਉਪਰ ਦਬਾਓ ਪਰਿਵਰਤਨਾਂ ਦਾ ਵੀ ਕੁਝ ਪ੍ਰਭਾਵ ਹੁੰਦਾ ਹੈ। ਵਿਆਪਕ ਤੌਰ ਤੇ ਸਾਧਾਰਣ ਦਬਾਓ ਤੇ ਇਹ ਪ੍ਰਭਾਵ ਕਾਫੀ ਘੱਟ ਹੁੰਦਾ ਹੈ।

**ਭੌਤਿਕ ਅਵਸਥਾ ਵਿਚ ਪਰਿਵਰਤਨ** — ਅਜੇ ਤੱਕ ਤਾਪ ਪ੍ਰਭਾਵਾਂ ਦੀ ਚਰਚਾ ਕੇਵਲ ਰਸਾਇਣਿਕ ਕਿਰਿਆਵਾਂ ਨਾਲ ਹੀ ਸਬੰਧਤ ਰਹੀ ਹੈ ਕਿਸੇ ਕ੍ਰਿਸਟਲੀ ਪਦਾਰਥ ਦੇ ਫਿਊਜ਼ਨ ਜਾਂ ਕਿਸੇ ਤਰਲ ਦੇ ਵਾਸ਼ਪੀਕਰਣ ਜਿਹੇ ਭੌਤਿਕ ਅਵਸਥਾ ਪਰਿਵਰਤਨ ਵੀ ਇਸੇ ਢੰਗ ਨਾਲ ਦਰਸਾਏ ਜਾ ਸਕਦੇ ਹਨ। ਇੰਜ ਮਿਥੇਨਾਲ ਦੇ ਇਕ (ਗ੍ਰਾਮ-ਮੋਲ) ਦੇ ਮੀਟਰਿਕ ਮੁੱਲ ਗਿਆਤ ਕਰਨ ਦੇ ਅਮਲ ਵਾਸਤੇ ਸਮੀਕਰਣ 8 ਲਿਖਿਆ ਜਾ ਸਕਦਾ ਹੈ।

$$CH_3OH\ (l) \rightarrow CH_3OH\ (g)$$

$$\Delta H^\circ_{298} = 8940 \pm 10 \text{ ਕੈਲੋਰੀ} \qquad ......8$$

ਤਾਂ ਫਿਰ ਹੈੱਸ ਨਿਯਮ ਅਨੁਸਾਰ ਤਰਲ ਐਥੇਲੀਨ ਦੀ ਜਲਣ ਕਿਰਿਆ ਵਾਸਤੇ ਇਹ ਤਾਪ ਰਸਾਇਣੀ ਸਮੀਕਰਨ ਪਹਿਲਾਂ ਦਿੱਤੇ ਸਮੀਕਰਨ ਨਾਲ ਜੋੜਿਆ ਜਾ ਸਕਦਾ ਹੈ। ਉਸ ਨਾਲ ਗੈਸੀ ਰੂਪ ਦੇ ਜਲਣ ਤਾਪ ਦਾ ਮੁੱਲ ਸਮੀ: 9 ਵਿਚ ਦਿੱਤੇ ਅਨੁਸਾਰ ਮਿਲ ਸਕਦਾ ਹੈ :—

$$CH_3OH\ (g) + \frac{3}{2} O_2\ (g) \rightarrow 2H_2O\ (l) + Co_2\ (g) \qquad ......9$$

$$\Delta H^\circ_{298} = -182490 \pm 50 \text{ ਕੈਲੋਰੀ}$$

ਅਜਿਹਾ ਪਰਿਵਰਤਨ ਮੈਥੇਨਾਲ ਸੰਸਲੇਸ਼ਣ ਦੀ ਤਾਪ ਗਤਿਕ ਵਿਆਖਿਆ ਤਿਆਰ ਕਰਨ ਵਿਚ ਕਾਫ਼ੀ ਸਹਾਈ ਹੁੰਦਾ ਹੈ।

**ਘੋਲ** — ਤਾਪ ਪ੍ਰਭਾਵ ਘੋਲਾਂ ਦੀ ਵਿਸ਼ੇਸ਼ ਕਿਸਮ ਤੇ ਨਿਰਭਰ ਕਰਦੇ ਹਨ ਅਤੇ ਕਈ ਵਾਰ ਸੰਘਣਨ ਨਾਲ ਕਾਫ਼ੀ ਬਦਲ ਜਾਂਦੇ ਹਨ। ਤਰਲ ਹੈੱਪਟਾਈਲ ਅਲਕੋਹਲ ਨਾਲ ਸਬੰਧਤ ਕ੍ਰਿਸਟਲੀ ਸੀਟਾਈਲ ਅਲਕੋਹਲ ਦੀ ਘੋਲ ਵਿਧੀ ਤਾਪਸੋਖੀ ਹੁੰਦੀ ਹੈ ਅਤੇ ਸਬੰਧਤ ਤਾਪਮਾਨਾਂ ਤੇ ਸੀਟਾਈਲ ਅਲਕੋਹਲ ਦਾ ਫਿਊਜ਼ਨ ਤਾਪ ਲਗਭਗ $\Delta H$ ਦੇ ਬਰਾਬਰ ਹੁੰਦਾ ਹੈ।

ਇਨਾਂ ਤੋਂ ਉਲਟ ਕਈ ਅਕਾਰਬਨੀ ਪਦਾਰਥਾਂ ਵਾਸਤੇ ਘੋਲ ਵਿਧੀਆਂ ਤਾਪਨਿਕਾਸੀ ਹੁੰਦੀਆਂ ਹਨ ਜੋ ਕਿ ਆੱਇਨਜ਼ ਦੀ ਹਾਈਡ੍ਰੇਸ਼ਨ ਕਾਰਨ ਜਾਂ ਕੁਝ ਹੋਰ ਆਦਰਸ਼ਕ ਸਥਿਤੀਆਂ ਤੋਂ ਹਟਣ ਕਰਕੇ ਹੁੰਦੀਆਂ ਹਨ। ਅਜਿਹੇ ਕੇਸਾਂ ਵਿਚ ਆਮ ਕਰਕੇ ਦੋ ਤਾਪਰਾਸ਼ੀਆਂ ਘੋਲਾਂ ਦੇ ਅਨੁਕਲੀ (Integral) ਅਤੇ ਅਵਕਲੀ (differential) ਤਾਪ ਘੋਲ ਦਾ ਅਨੁਭਵੀ ਤਾਪ ਐੱਚ ਪ੍ਰਤੀ ਮੋਲ ਪਦਾਰਥ ਹੁੰਦਾ ਹੈ ਜਦੋਂ ਇਸ ਨੂੰ ਕਿਸੇ ਘੋਲਕ ਵਿਚ ਵਿਸ਼ੇਸ਼ ਸੰਘਣਤਾ ਤੱਕ ਘੋਲਿਆ ਜਾਂਦਾ ਹੈ ਦੂਜੇ ਪਾਸੇ ਘੋਲ ਦਾ ਅਵਕਲੀ ਤਾਪ ਉਹ ਐੱਚ ਪ੍ਰਭਾਵ ਹੁੰਦਾ ਹੈ ਜਦੋਂ ਇਕ ਮੋਲ ਪਦਾਰਥ ਇਸ ਵਿਸ਼ੇਸ਼ ਸੰਘਣਤਾ ਵਾਲੇ ਘੋਲ ਦੀ ਇਤਨੀ ਅਧਿਕ ਮਾਤਰਾ ਵਿਚ ਘੋਲਿਆ ਜਾਂਦਾ ਹੈ ਕਿ ਉਸਦੀ ਸੰਘਣਤਾ ਵਿਚ ਜ਼ਿਆਦਾ ਫ਼ਰਕ ਨਹੀਂ ਪੈਂਦਾ। ਇਕ ਬਹੁਤ ਹੀ ਪਤਲੇ ਘੋਲ ਵਾਸਤੇ ਇਹ ਦੋਵੇਂ ਐਚ ਮੁੱਲ ਬਰਾਬਰ ਹੁੰਦੇ ਹਨ। ਐਕੁਅਸ ਗੰਧਕ ਦੇ ਤੇਜ਼ਾਬ ਦੇ 5.0 ਮੋਲਰ ਘੋਲ ਦੇ ਸਬੰਧ ਵਿਚ ਇਨ੍ਹਾਂ ਵਿਚਾਲੇ 2000 ਕੈਲੋਰੀ ਦਾ ਅੰਤਰ ਹੁੰਦਾ ਹੈ।

ਡਾ. ਵਿਦਵਾਨ ਸਿੰਘ ਸੋਨੀ

**ਤਾਫਤ, ਲੋਰਾਦੋ** **(Taft, Lorado)** : ਸੰਯੁਕਤ ਰਾਜ ਅਮਰੀਕਾ ਦੇ ਇਸ ਮੂਰਤੀਕਾਰ, ਲੇਖਕ ਅਤੇ ਸਿਖਿਅਕ ਦਾ ਜਨਮ 29 ਅਪ੍ਰੈਲ, 1860 ਨੂੰ ਇਲੀਨਾਇ ਰਾਜ ਵਿਚ ਐਲਮਵੁੱਡ ਵਿਖੇ ਹੋਇਆ। 1920 ਵਿਆਂ ਤੱਕ ਇਹ ਅਮਰੀਕਾ ਦੇ ਮੂਰਤੀਕਾਰਾਂ ਵਿਚ ਬਹੁਤ ਪ੍ਰਭਾਵਸ਼ਾਲੀ ਮਨੁੱਖ ਸੀ। ਇਸ ਨੇ ਪਹਿਲਾਂ ਇਲੀਨਾਇ ਯੂਨੀਵਰਸਿਟੀ ਤੋਂ ਅਤੇ ਫਿਰ Ecole des Beaux Arts ਸੰਸਥਾ ਵਿਖੇ ਸਿਖਿਆ ਪ੍ਰਾਪਤ ਕੀਤੀ। ਸੰਨ 1886 ਵਿਚ ਇਹ ਸ਼ਿਕਾਗੋ ਦੇ ਆਰਟ ਇਨਸਟੀਚਿਊਟ ਵਿਚ ਸਿਖਿਅਕ ਨਿਯੁਕਤ ਹੋਇਆ। ਸੰਨ 1911 ਵਿਚ ਇਸਨੂੰ 'ਨੈਸ਼ਨਲ ਅਕੈਡਮੀ ਆਫ਼ ਡਿਜ਼ਾਇਨ' ਦਾ



ਲੋਰਾਦੋ ਤਾਫਤ

ਮੈਂਬਰ ਚੁਣਿਆ ਗਿਆ ਅਤੇ ਇਸਨੇ ਜਨ-ਸਾਧਾਰਨ ਨੂੰ ਕਲਾ ਦੀ ਸਿਖਿਆ ਦੇਣ ਲਈ ਯੋਜਨਾ ਤਿਆਰ ਕੀਤੀ। ਸੰਨ 1914 ਤੋਂ 1917 ਤੱਕ ਇਹ 'ਅਮਰੀਕਨ ਫ਼ੈਡਰੇਸ਼ਨ ਆਫ਼ ਆਰਟਸ' ਦਾ ਡਾਇਰੈਕਟਰ ਰਿਹਾ। ਮੂਰਤੀਕਲਾ ਵਿਸ਼ੇ ਤੇ ਵਿਸਤ੍ਰਿਤ ਜਾਣਕਾਰੀ ਦੇਣ ਲਈ 1903 ਈ. ਵਿਚ ਇਸ ਨੇ ਇਕ ਕਿਤਾਬ 'ਦੀ ਹਿਸਟਰੀ ਆਫ਼ ਅਮੈਰੀਕਨ ਸਕਲਪਚਰ' ਲਿਖੀ। ਇਸਦੀ ਦੂਜੀ ਪੁਸਤਕ 'ਮਾੱਡਰਨ ਟੈਂਡੈਂਸੀਜ਼ ਇਨ ਸਕਲਪਚਰ' 1921 ਈ. ਵਿਚ ਪ੍ਰਕਾਸ਼ਿਤ ਹੋਈ। ਸ਼ਿਕਾਗੋ ਯੂਨੀਵਰਸਿਟੀ ਦੇ ਕੈਂਪਸ ਵਿਚ ਬਣੇ ਤਾਫ਼ਤ ਦੇ ਪਹਿਲੇ ਘਰ 'ਮਿਡਵੇ ਸਟੂਡਿਓਜ਼' ਨੂੰ ਰਾਸ਼ਟਰੀ ਸਮਾਰਕ ਵਜੋਂ ਸੁਰੱਖਿਅਤ ਕੀਤਾ ਗਿਆ ਹੈ।

30 ਅਕਤੂਬਰ, 1936 ਨੂੰ ਸ਼ਿਕਾਗੋ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 763.

**ਤਾਂਬਰਪਰਨੀ** : ਇਹ ਭਾਰਤ ਦੇ ਦੱਖਣ ਵਿਚ ਤਾਮਿਲਨਾਡੂ ਰਾਜ ਦੇ ਜ਼ਿਲ੍ਹਾ ਮਦਰਾਸ ਵਿਚ ਵਹਿਣ ਵਾਲਾ ਇਕ ਮਹੱਤਵਪੂਰਨ ਦਰਿਆ ਹੈ ਜਿਹੜਾ ਪੱਛਮੀ ਘਾਟ ਦੇ ਆਗਸਤਿਆਮਾਲਾਈ ਪਰਬਤਾਂ ਦੀਆਂ ਚੋਟੀਆਂ ਵਿਚੋਂ ਨਿਕਲਦਾ ਹੈ ਅਤੇ 112 ਕਿ. ਮੀ. ਦਾ ਫਾਸਲਾ ਤੈਅ ਕਰਨ ਉਪਰੰਤ ਖਾੜੀ ਮਨਾਰ ਵਿਚ ਜਾ ਡਿਗਦਾ ਹੈ। ਇਸ ਦਰਿਆ ਦਾ ਨਾਂ ਇਸ ਦੇ ਥੱਲੇ ਦੀ ਤਾਂਬੇ ਰੰਗੀ ਰੇਤ ਕਾਰਨ ਪਿਆ ਲਗਦਾ ਹੈ।

ਇਹ ਦਰਿਆ ਆਰੰਭ ਵਿਚ ਕੁਝ ਕਿਲੋਮੀਟਰ ਉੱਚੇ ਪਹਾੜਾਂ ਰਾਹੀਂ ਵਹਿੰਦਾ ਹੈ ਅਤੇ ਬਨਤੀਰਥਮਾ ਦੇ ਸਥਾਨ ਤੇ ਬਹੁਤ ਹੀ ਸੁਹਣੀ ਆਬਸ਼ਾਰ ਬਣਾਉਂਦਾ ਹੋਇਆ ਨੀਵੇਂ ਪਹਾੜਾਂ ਤੇ ਪਹੁੰਚਦਾ ਹੈ। ਇਸ ਤੋਂ ਅਗਾਂਹ ਕੁਝ ਕਿ. ਮੀ. ਹੋਰ ਪਾਪਨਾਸਮ ਦੇ ਪਵਿੱਤਰ ਸਥਾਨ ਤੇ ਪਹੁੰਚ ਕੇ ਇਹ ਬਹੁਤ ਹੀ ਖੂਬਸੂਰਤ ਪੰਜ ਆਬਸ਼ਾਰਾਂ ਬਣਾਉਂਦਾ ਹੋਇਆ ਮੈਦਾਨੀ ਇਲਾਕੇ ਵਿਚ ਦਾਖ਼ਲ ਹੋ ਜਾਂਦਾ ਹੈ। ਪਾਪਨਾਸਮ ਤੋਂ ਅੱਗੇ ਇਹ ਦਰਿਆ ਪੂਰਬ ਦੀ ਦਿਸ਼ਾ ਵਿਚ ਮੁੜਦਾ ਹੈ ਤੇ ਜ਼ਿਲ੍ਹਾ ਤਿਰੁਨੇਲਵੇਲੀ (ਤਿਨੈਵੱਨੀ) ਦੀ ਹੱਦ ਟੱਪ ਜਾਂਦਾ ਹੈ ਅਤੇ ਰਸਤੇ ਵਿਚ ਇਹ ਘਾਟਾਂ ਵਿਚੋਂ ਨਿਕਲਦੀਆਂ ਕਈ ਹੋਰਨਾਂ ਸਹਾਇਕ ਨਦੀਆਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ। ਕੋਈ 70 ਕਿ. ਮੀ ਲੰਬੀ ਚਿੱਤਾਰ ਨਦੀ ਇਨ੍ਹਾਂ ਸਾਰੀਆਂ ਨਦੀਆਂ ਵਿਚੋਂ ਵੱਡੀ ਹੈ।

ਇਸ ਦਰਿਆ ਨੂੰ ਗਰਮੀਆਂ ਅਤੇ ਸਰਦੀਆਂ ਦੋਵੇਂ ਮੌਨਸੂਨਾਂ ਦਾ ਪਾਣੀ ਪ੍ਰਾਪਤ ਹੁੰਦਾ ਹੈ ਜਿਸ ਕਾਰਨ ਇਹ ਦਰਿਆ ਸਾਰਾ ਸਾਲ ਵਹਿੰਦਾ ਰਹਿੰਦਾ ਹੈ ਅਤੇ ਇਸ ਦਾ ਪਾਣੀ ਸਿੰਜਾਈ ਲਈ ਬਹੁਤ ਹੀ ਫ਼ਾਇਦੇਮੰਦ ਹੈ। ਇਸ ਦਰਿਆ ਉਪਰ ਬਹੁਤ ਸਾਰੇ ਡੈਮ ਬਣੇ ਹੋਏ ਹਨ। ਸੱਤ ਡੈਮ ਤਾਂ ਅੰਗਰੇਜ਼ਾਂ ਤੋਂ ਪਹਿਲਾਂ ਲਗਭਗ 15 ਵੀਂ ਸਦੀ ਦੌਰਾਨ ਬਣਾਏ ਗਏ ਖਿਆਲ ਕੀਤਾ ਜਾਂਦਾ ਹੈ। ਇਸ ਦਰਿਆ ਦੀ ਵਾਦੀ ਆਪਣੇ ਇਰਦ-ਗਿਰਦ ਦੇ ਖੇਤਰ ਵਿਚੋਂ ਸਭ ਤੋਂ ਵੱਧ ਖੁਸ਼ਹਾਲ ਅਤੇ ਅਮੀਰ ਹੈ। ਇਸ ਦਰਿਆ ਦੇ ਕੰਢੇ ਕਈ ਚੰਗੇ ਉੱਨਤ ਸ਼ਹਿਰ ਵੱਸੇ ਹੋਏ ਹਨ। ਪਾਪਨਾਸਮ ਦੇ ਸਥਾਨ ਤੋਂ 5 ਕੁ ਕਿ.ਮੀ ਦੀ ਵਿਥ ਤੇ ਅੰਬਾਸਮੁਦਰਮ ਅਤੇ ਕਲੀਦਾਇਕਰਿਚੀ ਨਾਮੀ ਪੁਰਾਣੇ ਸ਼ਹਿਰ ਇਕ ਦੂਜੇ ਦੇ ਸਾਹਮਣੇ ਦੋਹਾਂ ਕੰਢਿਆਂ ਤੇ ਵੱਸੇ ਹੋਏ ਹਨ। ਇਨ੍ਹਾਂ ਸ਼ਹਿਰਾਂ ਨੂੰ ਜੋੜਨ ਲਈ 1840 ਈ. ਵਿਚ ਇਕ ਪੁਲ ਬਣਾਇਆ ਗਿਆ ਸੀ। ਇਸੇ ਤਰ੍ਹਾਂ ਮੈਦਾਨੀ ਇਲਾਕੇ ਵੱਲ ਨੂੰ ਹੋਰ ਅਗਾਂਹ ਜਾਂਦਿਆਂ ਤਿਰੁਨੇਲਵੇਲੀ ਤੇ ਪਾਲਮਕੋਟਾ ਸ਼ਹਿਰ ਆਉਂਦੇ ਹਨ ਜਿਨ੍ਹਾਂ ਨੂੰ ਜੋੜਨ ਵਾਲਾ 'ਸਲੋਚਨਾ' ਨਾਮੀ ਪੁਲ 1844 ਈ. ਵਿਚ ਬਣਾਇਆ ਗਿਆ। ਦਰਿਆ ਦੇ ਮੁਹਾਣੇ ਦੇ ਨਜ਼ਦੀਕ ਜਾ ਕੇ ਪਾਂਡਯੇ ਬੰਸ ਦੇ ਰਾਜਿਆਂ ਦੀ ਪਹਿਲੀ ਰਾਜਧਾਨੀ ਕੋਲਕਈ ਹੈ। ਇਥੋਂ ਹੀ ਦਰਾਵੜ ਸੱਭਿਅਤਾ ਆਰੰਭ ਹੋਈ ਸੀ। ਇਸ ਤੋਂ ਬਿਨਾਂ ਕਿਸੇ ਸਮੇਂ ਇਹ ਇਕ ਪ੍ਰਸਿੱਧ ਬੰਦਰਗਾਹ ਵੀ ਸੀ। ਪੁਰਾਣੇ ਸਮਿਆਂ ਵਿਚ ਤਾਂਬਰਪਰਨੀ ਦੇ ਮੁਹਾਣੇ ਤੋਂ ਕੁਝ ਦੂਰ ਇਥੇ ਦੇ ਮੋਤੀ – ਸਿੱਪ ਅਤੇ ਸੰਖ ਬਹੁਤ ਹੀ ਮਸ਼ਹੂਰ ਸਨ। ਇਸ ਦਾ ਜ਼ਿਕਰ ਤਾਮਿਲ ਸਾਹਿਤ ਵਿਚ ਬਹੁਤ ਮਿਲਦਾ ਹੈ।

8° 37′ ਉ. ਵਿਥ.; 77° 15′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 215

**ਤਾਂਬਾ** : ਇਹ ਇਕ ਧਾਤਵੀ ਤੱਤ ਹੈ ਜਿਸਦਾ ਪਰਮਾਣੂ ਨੰਬਰ 29 ਅਤੇ ਪਰਮਾਣੂ ਭਾਰ 63.54 ਹੈ। ਤਾਂਬਾ ਸਭ ਤੋਂ ਪਹਿਲਾਂ ਲੱਭੀਆਂ ਅਤੇ ਵਰਤੀਆਂ ਜਾਣ ਵਾਲੀਆਂ ਧਾਤਾਂ ਵਿਚੋਂ ਇਕ ਹੈ। ਰਸਾਇਣ ਵਿਗਿਆਨੀ ਇਸਨੂੰ ਉੱਤਮ ਧਾਤ ਮੰਨਦੇ ਹਨ ਕਿਉਂਕਿ ਇਹ ਧਾਤ ਨਾ ਤਾਂ ਖੁਰਦੀ ਹੈ ਅਤੇ ਨਾ ਹੀ ਇਸਦਾ ਆੱਕਸੀਕਰਣ ਹੁੰਦਾ ਹੈ।

ਇਸਦੀ ਬਿਜਲੀ ਅਤੇ ਗਰਮੀ ਚਾਲਕਤਾ, ਪਲਾਸਟਿਕਤਾ ਕਾਰਨ ਅਤੇ ਖੋਰ ਸਹਿ ਹੋਣ ਕਰਕੇ ਇਸਨੂੰ ਇੰਜਨੀਅਰਿੰਗ ਦੇ ਸਮਾਨ ਵਿਚ ਵਰਤਿਆ ਜਾਂਦਾ ਹੈ। ਤਾਂਬਾ ਇਕ ਬਹੁਤ ਹੀ ਜ਼ਿਆਦਾ ਉਪਯੋਗੀ ਧਾਤ ਹੈ। ਇਹ ਧਾਤ ਸਭ ਤੋਂ ਪਹਿਲਾਂ ਪਿਛਲੇਰੇ ਪੱਥਰ ਯੁੱਗ ਵਿਚ ਨੀਓਲੀਥਿਕ (Neolithic) ਮਨੁੱਖ ਦੁਆਰਾ ਖੋਜੀ ਅਤੇ ਵਰਤੀ ਗਈ ਸੀ ਭਾਵੇਂ ਇਸਦੀ ਖੋਜ ਦਾ ਅਸਲੀ ਸਮਾਂ ਪਤਾ ਨਹੀ ਪਰ ਇਸ ਦਾ 8000 ਈ. ਪੂ. ਦੇ ਲਗਭਗ ਦਾ ਸਮਾਂ ਮੰਨਿਆ ਜਾਂਦਾ ਹੈ।

ਨੀਓਲੀਥਿਕ ਮਨੁੱਖ ਨੇ ਪਹਿਲਾਂ ਇਸ ਧਾਤ ਨੂੰ ਪੱਥਰ ਦੀ ਥਾਂ ਤੇ ਵਰਤਿਆ ਅਤੇ ਬਾਅਦ ਵਿਚ ਇਸ ਤੋਂ ਹਥੌੜੇ, ਚਾਕੂ ਅਤੇ ਬਰਤਨ ਵੀ ਬਣਾਏ ਜਾਣ ਲੱਗ ਪਏ। ਇਸ ਵਸਤੂ ਦੀ ਕੁਟੀਣਯੋਗਤਾ ਕਰਕੇ ਇਸਨੂੰ ਕਿਸੇ ਵੀ ਆਕਾਰ ਵਿਚ ਬਦਲਿਆ ਜਾ ਸਕਦਾ ਹੈ। ਇਸ ਧਾਤ ਨੂੰ ਕੁੱਟ ਕੇ ਇਸਦੇ ਔਜ਼ਾਰ ਬਣਾਏ ਜਾਂਦੇ

ਹਨ। ਇਸਦੇ ਸਦੀਵੀ ਗੁਣਾਂ ਅਤੇ ਚਮਕਦਾਰ ਰੰਗ ਕਾਰਨ ਇਹ ਧਾਤ ਬਹੁਤ ਮਹਿੰਗੀ ਹੁੰਦੀ ਹੈ।

ਪ੍ਰਾਚੀਨ ਸਮੇਂ ਵਿਚ ਤਾਂਬੇ ਦਾ ਸਭ ਤੋਂ ਜ਼ਿਆਦਾ ਵਿਕਾਸ ਮਿਸਰ ਵਿਚ ਹੋਇਆ। 5000 ਈ. ਪੂ. ਵਿਚ ਕਬਰਾਂ ਵਿਚੋਂ ਮਿਲੇ ਮੁਰਦੇ ਦੇ ਨਾਲ ਰੱਖੇ ਗਏ ਹਥਿਆਰ ਅਤੇ ਔਜ਼ਾਰ ਵੀ ਤਾਂਬੇ ਦੇ ਹੀ ਸਨ। 3800 ਈ. ਪੂ. ਵਿਚ ਸਨੇਫ਼ਰੂ ਰਾਜੇ ਨੇ ਸਿਨਾਈ ਪੈਨਿਨਸੁਲਾ ਦੀਆਂ ਖਾਣਾਂ ਵਿਚ ਹੁੰਦੇ ਕੰਮ ਸਬੰਧੀ ਪੱਕੇ ਪ੍ਰਮਾਣ ਲੱਭੇ। ਇਸੇ ਹੀ ਸਮੇਂ ਵਿਚ ਕਾਂਸੀ ਦੀ ਵਰਤੋਂ ਦਾ ਆਰੰਭ ਹੋਇਆ। ਇਸ ਧਾਤ ਦੀ ਉਤਪਤੀ 3700 ਈ. ਪੂ. ਦੇ ਮੰਨੀ ਗਈ ਹੈ ਅਤੇ ਇਹ ਤਾਂਬੇ ਅਤੇ ਕਲੱਈ ਦਾ ਮਿਸ਼ਰਣ ਹੈ। 3000 ਈ. ਪੂ. ਦੇ ਲਗਭਗ ਸਾਈਪਰਸ ਦੇ ਟਾਪੂ ਵਿਚ ਤਾਂਬਾ ਬਹੁਤ ਜ਼ਿਆਦਾ ਮਾਤਰਾ ਵਿਚ ਮਿਲਿਆ।

ਰੋਮ ਵਿਚ ਇਸ ਧਾਤ ਦੀਆਂ ਸਾਰੀਆਂ ਲੋੜਾਂ ਇਸੇ ਟਾਪੂ ਤੋਂ ਮਿਲਣ ਵਾਲੇ ਤਾਂਬੇ ਤੋਂ ਪੂਰੀਆਂ ਹੋਈਆਂ। ਇਸ ਧਾਤ ਨੂੰ ਆਇਸ ਸਾਈਪਰਸ ( ਸਾਈਪਰਸ ਦੀ ਕੱਚੀ ਧਾਤ) ਕਿਹਾ ਜਾਣ ਲੱਗ ਪਿਆ। ਇਸ ਨਾਂ ਨੂੰ ਛੋਟਾ ਕਰਕੇ ਸਾਈਪਰੀਅਮ ਕਿਹਾ ਜਾਣ ਲਗ ਪਿਆ ਅਤੇ ਬਾਅਦ ਵਿਚ ਵਿਗੜਕੇ ਇਹ ਕਿਊਪਰਮ ਬਣ ਗਿਆ। ਇਸੇ ਨਾਂ ਤੋਂ ਹੀ ਤਾਂਬੇ ਦਾ ਅੰਗਰੇਜ਼ੀ ਅਤੇ ਰਸਾਇਣਕ ਨਾਂ ਕਾਪਰ ਪਿਆ। ਏਸ਼ੀਆਂ ਵਿਚ ਤਾਂਬੇ ਅਤੇ ਕਾਂਸੀ ਦੀ ਵਰਤੋਂ ਕਦੋਂ ਕੀਤੀ ਗਈ? ਇਸ ਬਾਰੇ ਕੁਝ ਪਤਾ ਨਹੀਂ। ਚੀਨ ਵਿਚ ਇਸ ਦਾ ਉਪਯੋਗ 2500 ਈ. ਪੂ. ਵਿਚ ਕੀਤਾ ਗਿਆ। ਅਮਰੀਕਾ ਵਿਚ ਤਾਂਬੇ ਦੀ ਹੋਂਦ 100-200 ਈ. ਦੇ ਵਿਚਕਾਰ ਹੋਈ। ਜਦੋਂ ਮਨੁੱਖ ਨੇ ਆਪਣੇ ਹਥਿਆਰ ਲੋਹੇ ਅਤੇ ਸਟੀਲ ਦੇ ਬਣਾਉਣੇ ਸ਼ੁਰੂ ਕਰ ਦਿੱਤੇ ਤਾਂ ਤਾਂਬਾ ਹੋਰ ਮੰਤਵਾਂ ਲਈ ਵਰਤਿਆ ਜਾਣ ਲਗ ਪਿਆ। ਤਾਂਬਾ ਇਕ ਜ਼ਿਆਦਾ ਚਲਣਵਾਲੀ, ਖ਼ੂਬਸੂਰਤ ਧਾਤ ਹੈ ਇਸ ਕਰਕੇ ਇਹ ਘਰੇਲੂ ਬਰਤਨਾਂ ਲਈ ਵਰਤੀ ਜਾਂਦੀ ਹੈ। ਇਸ ਦੇ ਖੋਰ ਸਹਿ ਹੋਣ ਕਰਕੇ ਇਹ ਪਾਣੀ ਵਾਲੀਆਂ ਪਾਈਪਾਂ ਲਈ ਵੀ ਵਰਤਿਆ ਜਾਂਦਾ ਹੈ।

**ਪ੍ਰਾਪਤੀ ਸਥਾਨ** — ਪ੍ਰਕਿਰਤੀ ਵਿਚ ਤਾਂਬਾ ਵਿਸਤ੍ਰਿਤ ਅਤੇ ਕਈ ਅਜੀਬ ਥਾਵਾਂ ਤੇ ਮਿਲਦਾ ਹੈ। ਇਹ ਬਹੁਤ ਸਾਰੀਆਂ ਚਟਾਨਾਂ, ਕਈ ਕਿਸਮ ਦੀਆਂ ਮਿੱਟੀਆਂ, ਮਹਾਂਸਾਗਰੀ ਚੀਕਣੀ ਮਿੱਟੀ, ਦਰਿਆਈ ਗਾਦ, ਸਮੁੰਦਰੀ ਨਦੀਨਾਂ ਦੀ ਸੁਆਹ ਅਤੇ ਹੋਰ ਬਹੁਤ ਸਾਰੇ ਪੌਦਿਆਂ ਵਿਚ, ਮਨੁੱਖੀ ਜਿਗਰ ਵਿਚ, ਬਹੁਤ ਸਾਰੇ ਮੌਲਸਕਾ ਅਤੇ ਆਰਥ੍ਰੋਪੋਡ ਪ੍ਰਾਣੀਆਂ ਜਿਵੇਂ ਕਿ ਘੋਗੇ ਅਤੇ ਮੱਕੜੀਆਂ ਆਦਿ ਵਿਚ ਮਿਲਦਾ ਹੈ। ਤਾਂਬੇ ਦੀ ਹੋਂਦ ਸੂਰਜੀ ਰੌਸ਼ਨੀ ਅਤੇ ਬਹੁਤ ਸਾਰੇ ਸਮੁੰਦਰੀ ਕੋਰਲ ਪ੍ਰਾਣੀਆਂ ਵਿਚ ਵੀ ਮੰਨੀ ਗਈ ਹੈ।

**ਕੱਚੀਆਂ ਧਾਤਾਂ** — ਤਾਂਬੇ ਦੀਆਂ ਕੱਚੀਆਂ ਧਾਤਾਂ ਨੂੰ 3 ਗਰੁਪਾਂ ਵਿਚ ਵੰਡਿਆ ਜਾਂਦਾ ਹੈ।

1. ਕੁਦਰਤੀ ਤਾਂਬਾ 2. ਸਲਫ਼ਾਈਡ-ਕੱਚੀਆਂ ਧਾਤਾਂ 3. ਆੱਕਸਾਈਡ-ਕੱਚੀਆਂ ਧਾਤਾਂ

ਭਾਵੇਂ ਤਾਂਬੇ ਦੀਆਂ ਕੱਚੀਆਂ ਧਾਤਾਂ ਦੇ ਵਪਾਰਕ ਭੰਡਾਰ ਸਾਰੇ ਮਹਾਂਦੀਪਾਂ ਵਿਚ ਮਿਲਦੇ ਹਨ ਪਰ ਸੰਸਾਰ ਦੇ ਕੁਲ ਤਾਂਬੇ ਦਾ 90 ਪ੍ਰਤੀਸ਼ਤ ਹਿੱਸਾ ਚਾਰ ਮੁੱਖ ਖੇਤਰਾਂ ਵਿਚ ਮਿਲਦਾ ਹੈ। ਇਨ੍ਹਾਂ ਖੇਤਰਾਂ ਵਿਚ 1. ਸੰਯੁਕਤ ਰਾਜ ਅਮਰੀਕਾ ਦੇ ਚਟਾਨੀ ਪਹਾੜ ਅਤੇ ਗ੍ਰੇਟ ਬੇਸਿਨ 2. ਚਿੱਲੀ ਅਤੇ ਪੇਰੂ ਵਿਚ ਐਡੀਜ਼ ਪਹਾੜਾਂ ਦੀ ਪੱਛਮੀ ਢਲਾਣ 3. ਅਫ਼ਰੀਕਾ ਦੀ ਕੇਂਦਰੀ ਪਠਾਰ ਵਾਲਾ ਭਾਗ ਅਤੇ ਉੱਤਰੀ ਰੋਡੇਸ਼ੀਆ 4. ਸੈਂਟਰਲ ਕੈਨੇਡਾ ਦਾ ਖੇਤਰ ਸ਼ਾਮਲ ਹਨ। ਤਾਂਬੇ ਦੀ ਕੱਚੀ ਧਾਤ ਦਾ ਸਭ ਤੋਂ ਵੱਡਾ ਭੰਡਾਰ ਚਿੱਲੀ ਵਿਚ ਹੈ। ਇਸ ਤੋਂ ਇਲਾਵਾ ਅਲਾਸਕਾ, ਚੀਨ, ਆਸਟਰੇਲੀਆ, ਯੂਰਪ, ਉੱਤਰੀ ਅਤੇ ਦੱਖਣੀ ਅਮਰੀਕਾ ਅਤੇ ਅਫ਼ਰੀਕਾ ਵਿਚ ਵੀ ਤਾਂਬਾ ਕੁਝ ਮਾਤਰਾ ਵਿਚ ਮਿਲਦਾ ਹੈ।

**ਧਾਤਕਰਮ (Metallurgy)** — ਤਾਂਬੇ ਦੇ ਉਤਪਾਦਨ ਲਈ ਕਈ ਢੰਗ ਵਰਤੇ ਜਾਂਦੇ ਹਨ ਅਤੇ ਇਨ੍ਹਾਂ ਢੰਗਾਂ ਵਿਚ ਲਗਾਤਾਰ ਸੁਧਾਰ ਹੋ ਰਿਹਾ ਹੈ।

ਸਭ ਤੋਂ ਪਹਿਲਾਂ ਕੱਚੀ ਧਾਤ ਨੂੰ ਗਾੜ੍ਹਾ ਜਾ ਸੰਘਣਾ ਕੀਤਾ ਜਾਂਦਾ ਹੈ। ਇਸ ਨਾਲ 20-40% ਤਾਂਬੇ ਵਾਲਾ ਗਾੜ੍ਹਾ ਪਦਾਰਥ ਪ੍ਰਾਪਤ ਹੋ ਜਾਂਦਾ ਹੈ। ਇਸ ਗਾੜ੍ਹੇ ਪਦਾਰਥ ਨੂੰ ਫਿਰ ਭੁੰਨਿਆ ਜਾਂਦਾ ਹੈ ਤਾਂ ਜੋ ਇਸ ਵਿਚਲੇ ਸਲਫ਼ਰ ਤੱਤ ਨੂੰ ਘਟਾਇਆ ਜਾ ਸਕੇ। ਇਸ ਨੂੰ ਭੁੰਨਣ (Roasting) ਕਿਰਿਆ ਕਹਿੰਦੇ ਹਨ। ਇਸ ਤੋਂ ਅਗਲੀ ਕਿਰਿਆ ਨੂੰ ਗਲਣ ਕਿਰਿਆ (Smelting) ਕਹਿੰਦੇ ਹਨ। ਇਸ ਕਿਰਿਆ ਤੋਂ ਪਹਿਲਾਂ ਭੁੰਨੇ ਹੋਏ ਪਦਾਰਥ ਵਿਚ ਕੱਚਾ ਪਦਾਰਥ ਮਿਲਾ ਦਿੰਦੇ ਹਨ ਤਾਂ ਜੋ ਸਲਫ਼ਰ ਦੀ ਕੁਝ ਮਾਤਰਾ ਪ੍ਰਾਪਤ ਕੀਤੀ ਜਾ ਸਕੇ। ਗਲਣ ਕਿਰਿਆ ਝੋਕਾਂ ਭੱਠੀਆਂ ਵਿਚ ਕੀਤੀ ਜਾਂਦੀ ਹੈ ਪਰੰਤੂ ਅੱਜਕੱਲ੍ਹ ਇਸ ਦੀ ਥਾਂ ਪਰਾਵਰਤਨੀ ਗਲਣ ਕਿਰਿਆ (Reverberatory Smelting) ਢੰਗ ਵਰਤਿਆ ਜਾਂਦਾ ਹੈ। ਪਰਾਵਰਤਨੀ ਭੱਠੀ ਵਿਚ ਕੁਝ ਕੁਦਰਤੀ ਗੈਸ, ਤੇਲ ਜਾਂ ਕੋਲੇ ਦਾ ਚੂਰਾ ਜਿਹੜੀ ਚੀਜ਼ ਵੀ ਸਸਤੀ ਹੋਵੇ ਵਰਤੀ ਜਾ ਸਕਦੀ ਹੈ। ਇਸ ਦੌਰਾਨ ਹੋਣ ਵਾਲੀ ਕਿਰਿਆ ਵਿਚ ਕਾਪਰ ਆੱਕਸਾਈਡ ਅਤੇ ਆਇਰਨ ਸਲਫ਼ਾਈਡ ਮਿਲਕੇ ਕੱਪਰ ਸਲਫ਼ਾਈਡ ਅਤੇ ਆਇਰਨ ਆੱਕਸਾਈਡ ਬਣਾਉਂਦੇ ਹਨ। ਵਾਧੂ ਆਇਰਨ ਸਲਫ਼ਾਈਡ ਅਤੇ ਕੱਪਰ ਸਲਫ਼ਾਈਡ ਮਿਲਕੇ ਇਕ ਪਿਘਲਿਆ ਹੋਇਆ ਤਰਲ ਬਣਦਾ ਹੈ ਜਿਸ ਨੂੰ ਕੱਪਰ ਮੈਟ (Copper Matte) ਆਖਦੇ ਹਨ। ਇਸ ਕਿਰਿਆ ਵਿਚ ਬਣਿਆ ਆਇਰਨ ਆੱਕਸਾਈਡ ਗਾਲਕ (Flux) ਵਜੋਂ ਪਾਏ ਪਦਾਰਥ ਸਮੇਤ, ਕੱਚੀ ਧਾਤ ਵਿਚਲੇ ਸਿਲੀਕਾ ਨਾਲ ਮਿਲਕੇ ਧਾਤ ਮੈਲ ਜਾਂ ਸਲੈਗ (Slag) ਬਣਾਉਂਦਾ ਹੈ।

ਉਪਰੋਕਤ ਬਣੇ ਮੈਟ ਨੂੰ ਪਰਿਵਰਤਨ ਯੰਤਰ (Converter) ਵਿਚ ਪਾਇਆ ਜਾਂਦਾ ਹੈ। ਇਸ ਯੰਤਰ ਵਿਚ ਪਿਘਲੇ ਹੋਏ ਮੈਟ ਵਿਚੋਂ ਹਵਾ ਲੰਘਾਈ ਜਾਂਦੀ ਹੈ ਤਾਂ ਜੋ ਲੋਹੇ ਦਾ ਆੱਕਸੀਕਰਨ ਹੋ ਕੇ ਫੈਰਸ ਆਕੱਸਾਈਡ (FeO) ਬਣ ਜਾਵੇ ਜਿਹੜਾ ਕਿ ਸਿਲੀਕਾਮਈ ਗਾਲਕ (Siliceous Flux) ਪਾਉਣ ਨਾਲ ਧਾਤ ਮੈਲ ਵਜੋਂ ਵੱਖ ਕਰ ਦਿੱਤਾ ਜਾਂਦਾ ਹੈ। ਮੈਟ ਵਿਚਲੀ ਸਲਫ਼ਰ ਦਾ ਆਕੱਸੀਕਰਨ ਹੋ ਕੇ ਸਲਫ਼ਰ ਡਾਇਆੱਕਸਾਈਡ ਬਣ ਜਾਂਦੀ ਹੈ ਅਤੇ ਇਹ ਗੈਸਾਂ ਦੇ ਨਾਲ ਹੀ ਬਾਹਰ ਨਿਕਲ ਜਾਂਦੀ ਹੈ। ਤਾਂਬੇ ਨੂੰ ਢਾਲ ਲਿਆ ਜਾਂਦਾ ਹੈ ਅਤੇ ਉਸ ਦੀ ਸਤ੍ਹਾ ਖੁਰਦਰੀ ਅਤੇ ਫਫੋਲੇਦਾਰ ਜਾਪਦੀ ਹੈ ਇਸ ਕਰਕੇ ਇਸਨੂੰ ਫਫੋਲੇਦਾਰ ਤਾਂਬਾ (blister copper) ਆਖਦੇ ਹਨ।

ਫਫੋਲੇਦਾਰ ਤਾਂਬੇ ਦੀ ਫਿਰ ਇਕ ਭੱਠੀ ਵਿਚ ਕੁਝ ਸੁਧਾਈ ਕੀਤੀ ਜਾਂਦੀ ਹੈ। ਇਸਨੂੰ ਜਾਂ ਤਾਂ ਪਿਘਲੀ ਹੋਈ ਹਾਲਤ ਵਿਚ ਭੱਠੀ ਵਿਚ ਪਾ ਦਿੱਤਾ ਜਾਂਦਾ ਹੈ ਜਾਂ ਇਸਨੂੰ ਟਿਕੀਆਂ (cakes) ਵਿਚ ਢਾਲ ਕੇ ਭੱਠੀ ਵਿਚ ਪਾਉਣ ਉਪਰੰਤ ਦੁਬਾਰਾ ਪਿਘਲਾਉਂਦੇ ਹਨ। ਭੱਠੀ ਵਿਚ ਪਿਘਲੇ ਹੋਏ ਤਾਂਬੇ ਦੀ ਸਤ੍ਹਾ ਦੇ ਹੇਠਲੇ ਪਾਸਿਉਂ ਥੋੜ੍ਹੀ ਜਿਹੀ ਮਾਤਰਾ ਵਿਚ ਹਵਾ ਦਾਖ਼ਲ ਕੀਤੀ ਜਾਂਦੀ ਹੈ ਜਿਸ ਨਾਲ ਆਕੱਸੀਕਰਨ ਸੁਧਾਈ (oxidation refining) ਹੁੰਦੀ ਹੈ। ਗਾਲਕ ਥੋੜ੍ਹੀ ਮਾਤਰਾ ਵਿਚ ਜਾਂ ਬਿਲਕੁਲ ਨਹੀਂ ਲੋੜੀਂਦਾ। ਇਥੇ ਅਸ਼ੁੱਧੀਆਂ ਦਾ ਆਕੱਸੀਕਰਨ ਹੋ ਜਾਂਦਾ ਹੈ ਅਤੇ ਉਹ ਸਲੈਗ ਵਜੋਂ ਵੱਖ ਹੋ ਜਾਂਦੀਆਂ ਹਨ ਜਾਂ ਗੈਸਾਂ ਦੇ ਰੂਪ ਵਿਚ ਬਾਹਰ ਨਿਕਲ ਜਾਂਦੀਆਂ ਹਨ। ਤਾਂਬੇ ਨੂੰ ਐਨੋਡਾਂ ਵਿਚ ਢਾਲ ਲਿਆ ਜਾਂਦਾ ਹੈ। ਐਨੋਡਾਂ ਨੂੰ ਇਲੈੱਕਟ੍ਰੋਲਿਟੀ ਟੈਂਕਾਂ ਵਿਚ ਲਟਕਾ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਵਿਚ ਫਿਰ ਕੈਥੋਡ ਰੱਖੇ ਜਾਂਦੇ ਹਨ। ਇਲੈਕਟ੍ਰੋਲਾਈਟ, ਕਾੱਪਰ ਸਲਫ਼ੇਟ ਅਤੇ ਮੁਕਤ-ਗੰਧਕ ਦੇ ਤੇਜ਼ਾਬ (free sulfuric acid) ਦਾ ਹੁੰਦਾ ਹੈ। ਇਸ ਵਿਚ ਕੁਝ ਘੁਲਣਸ਼ੀਲ ਅਸ਼ੁੱਧੀਆਂ ਵੀ ਹੁੰਦੀਆਂ ਹਨ। ਘੁਲਣਸ਼ੀਲ ਅਸ਼ੁੱਧੀਆਂ ਟੈਂਕ ਦੇ ਥੱਲੇ ਤੇ ਬੈਠ ਜਾਂਦੀਆਂ ਹਨ। ਇਨ੍ਹਾਂ

ਵਿਚ ਸੋਨਾ, ਚਾਂਦੀ, ਸਿਲੀਨੀਅਮ ਅਤੇ ਟੈਲਿਊਰੀਅਮ ਹੁੰਦਾ ਹੈ। ਕਈ ਅਸ਼ੁੱਧੀਆਂ ਅਘੁਲਣਸ਼ੀਲ ਯੋਗਿਕ ਬਣਾ ਦਿੰਦੀਆਂ ਹਨ। ਇਸ ਤਰ੍ਹਾਂ ਤਾਂਬਾ ਸਾਰੀਆਂ ਅਸ਼ੁੱਧੀਆਂ ਤੋਂ ਮੁਕਤ ਹੋ ਜਾਂਦਾ ਹੈ।

ਕੈਥੋਡਾਂ ਨੂੰ ਆਮ ਤੌਰ ਤੇ ਦੁਬਾਰਾ ਪਿਘਲਾ ਕੇ ਤਾਰਾਂ (Wire bars), ਟਿੱਕੀਆਂ (cakes), ਸੀਖਾਂ (billets) ਜਾਂ ਡਲੀਆਂ (ingots) ਵਿਚ ਢਾਲ ਲੈਂਦੇ ਹਨ। ਕਈ ਕੈਥੋਡ ਪਿਘਲਾਉਣ ਤੋਂ ਬਿਨਾਂ ਉਸੇ ਤਰ੍ਹਾਂ ਹੀ ਬਜ਼ਾਰ ਵਿਚ ਮਿਲਦੇ ਹਨ ਪਰੰਤੂ ਹੋਰ ਚੀਜ਼ਾਂ ਬਣਾਉਣ ਲਈ ਕਈ ਵਖੋ ਵੱਖਰੀ ਤਰ੍ਹਾਂ ਦੇ ਆਕਾਰਾਂ ਜਿਵੇਂ ਕਿ ਸਲਾਖ਼ਾਂ, ਤਾਰਾਂ, ਚੱਦਰਾਂ ਅਤੇ ਟਿਊਬਾਂ ਆਦਿ ਦੇ ਰੂਪ ਵਿਚ ਵਿਕਦੇ ਹਨ। ਇਨ੍ਹਾਂ ਨੂੰ ਦੁਬਾਰਾ ਪਿਘਲਾਉਣ ਦਾ ਕੰਮ ਵੱਡੀਆਂ ਵੱਡੀਆਂ ਪਰਾਵਰਤਨੀ ਭੱਠੀਆਂ (Reverberatory furnaces), ਆਰਕ ਭੱਠੀਆਂ (arc furnaces) ਜਾਂ ਪ੍ਰੇਰਣ ਭੱਠੀਆਂ (induction furnaces) ਵਿਚ ਕੀਤਾ ਜਾਂਦਾ ਹੈ।

ਆੱਕਸੀਜਨ ਰਹਿਤ ਤਾਂਬੇ ਦੀ ਢਲਾਈ ਬੜੇ ਵੱਡੇ ਪੈਮਾਨੇ ਤੇ ਕੀਤੀ ਜਾਂਦੀ ਹੈ ਅਤੇ ਪਿਘਲੇ ਹੋਏ ਤਾਂਬੇ ਨੂੰ ਹਵਾ ਤੋਂ ਬਚਾ ਕੇ ਰੱਖਿਆ ਜਾਂਦਾ ਹੈ। ਤਾਂਬੇ ਦੀਆਂ ਬਹੁਤ ਸਾਰੀਆਂ ਕੱਚੀਆਂ ਧਾਤਾਂ ਵਿਚ ਸੋਨਾ ਅਤੇ ਚਾਂਦੀ ਹੁੰਦਾ ਹੈ। ਇਸਨੂੰ ਵੱਖ ਕਰਨਾ ਵੀ ਬਹੁਤ ਜ਼ਰੂਰੀ ਹੈ। ਜਦੋਂ ਕੱਚੀ ਧਾਤ ਨੂੰ ਢਾਲਿਆ ਜਾਂਦਾ ਹੈ ਤਾਂ ਸੋਨਾ ਅਤੇ ਚਾਂਦੀ ਕੱਪਰ ਮੈਟ ਵਿਚ ਘੁਲ ਜਾਂਦੇ ਹਨ ਇਸ ਪਿਛੋਂ ਇਲੈਕਟ੍ਰੋਲਿਟੀ ਸੋਧਣ ਟੈਂਕਾਂ (electrolytic refining tanks) ਵਿਚ ਸੁਧਾਈ ਕੀਤੀ ਜਾਂਦੀ ਹੈ।

ਬਹੁਤ ਸਾਰਾ ਤਾਂਬਾ ਜਲ-ਧਾਤ ਕਰਮ (hydro metallurgy) ਦੁਆਰਾ ਤਿਆਰ ਕੀਤਾ ਜਾਂਦਾ ਹੈ। ਇਸ ਵਿਚ ਕੱਚੀ ਧਾਤ ਨੂੰ ਘੋਲਕ ਵਿਚ ਪਾਇਆ ਜਾਂਦਾ ਹੈ ਜਿਸ ਨਾਲ ਤਾਂਬਾ ਘੋਲ ਵਿਚ ਘੁਲ ਜਾਂਦਾ ਹੈ ਤੇ ਬਾਕੀ ਅਣਚਾਹਿਆ ਪਦਾਰਥ ਜਿਉਂ ਦਾ ਤਿਉਂ ਰਹਿ ਜਾਂਦਾ ਹੈ। ਤਾਂਬੇ ਨੂੰ ਘੋਲ ਤੋਂ ਵੱਖ ਵੱਖ ਵਿਧੀਆਂ ਰਾਹੀਂ ਵੱਖ ਕਰ ਲਿਆ ਜਾਂਦਾ ਹੈ।

## ਤਾਂਬੇ ਦੇ ਗੁਣ ਅਤੇ ਵਰਤੋਂ

**ਬਿਜਲੱਈ ਚਾਲਕਤਾ** — ਆਇਤਨ ਦੇ ਆਧਾਰ ਤੇ ਚਾਂਦੀ ਨੂੰ ਛੱਡਕੇ ਤਾਂਬੇ ਦੀ ਬਿਜਲੱਈ ਚਾਲਕਤਾ ਸਾਰੀਆਂ ਧਾਤਾਂ ਨਾਲੋਂ ਜ਼ਿਆਦਾ ਹੈ। ਤਾਂਬੇ ਦੀ ਬਿਜਲ-ਚਾਲਕਤਾ (High electric conductivity) ਹੋਣ ਕਰਕੇ ਇਹ ਆਧੁਨਿਕ ਬਿਜਲੀ ਉਦਯੋਗ ਦਾ ਨੀਂਹ ਪੱਥਰ ਹੈ। ਤਾਂਬੇ ਵਿਚ ਮਿਲਾਵਟ ਹੋਣ ਕਰਕੇ ਇਸ ਦੀ ਚਾਲਕਤਾ ਤੇ ਅਸਰ ਪੈਂਦਾ ਹੈ। ਇਸਨੂੰ ਦੂਰ ਕਰਨ ਦੀ ਸਭ ਤੋਂ ਵਧੀਆ ਵਿਧੀ ਬਿਜਲ-ਅਪਘਟਨ ਸੁਧਾਈ ਹੈ।

**ਤਾਪ-ਚਾਲਕਤਾ** — ਚਾਂਦੀ ਤੋਂ ਬਿਨਾਂ ਬਾਕੀ ਸਾਰੀਆਂ ਧਾਤਾਂ ਨਾਲੋਂ ਤਾਂਬੇ ਦੀ ਚਾਲਕਤਾ ਸਭ ਤੋਂ ਜ਼ਿਆਦਾ ਹੈ। ਇਹ ਮੋਟਰ ਗੱਡੀਆਂ, ਫਰਿਜਾਂ ਅਤੇ ਵਾਯੂ-ਅਨੁਕੂਲਿਤ ਪ੍ਰਣਾਲੀ ਵਿਚ ਤਾਪ ਦੇ ਖੈ ਲਈ ਵਰਤਿਆ ਜਾਂਦਾ ਹੈ। ਤਾਂਬੇ ਦੇ ਇਸ ਗੁਣ ਨੂੰ ਵਾਸ਼ਪਣ ਯੰਤਰ ਬਣਾਉਣ, ਤਾਪਨ ਕੁੰਡਲੀਆਂ ਬਣਾਉਣ ਅਤੇ ਕਸ਼ੀਦਣ ਯੰਤਰ ਵਿਚ ਵਰਤਿਆ ਜਾਂਦਾ ਹੈ।

**ਯੰਤਰਿਕ ਗੁਣ** — ਤਾਂਬਾ ਖਿਚੀਣਯੋਗ ਅਤੇ ਕੁਟੀਣਯੋਗ ਧਾਤ ਹੈ ਇਸ ਕਰਕੇ ਇਸਨੂੰ ਤਾਰਾਂ ਅਤੇ ਚਾਦਰਾਂ ਵਿਚ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ। ਇਸਦਾ ਇਕ ਮਹੱਤਵਪੂਰਨ ਗੁਣ ਇਸ ਦੀ ਕਰੜਾਈ ਹੈ ਅਤੇ ਇਹ ਛੇਤੀ ਤਿੜਕਦਾ ਵੀ ਨਹੀਂ ਹੈ।

ਤਾਂਬਾ ਕਾਫ਼ੀ ਜ਼ਿਆਦਾ ਤਾਪਮਾਨ ਤੇ ਵੀ ਪਲਾਸਟਿਕ ਗੁਣਾਂ ਵਾਲਾ ਹੈ। ਇਸ ਦੀ ਕੋਈ ਕ੍ਰਾਂਤਿਕ ਸੀਮਾ ਨਹੀਂ ਹੁੰਦੀ ਜਿਸ ਵਿਚ ਇਸ ਦੀ ਪਲਾਸਟਿਕਤਾ ਬਹੁਤ ਘਟਦੀ ਹੋਵੇ। ਇਹ ਇਕ ਵਣਜੀ ਵਿਧੀ ਹੈ ਕਿ ਤਾਂਬੇ ਨੂੰ 1200-1650° ਫਾ. ਤਾਪਮਾਨ ਤੇ ਗਰਮ ਕੀਤਾ ਜਾਂਦਾ ਹੈ। ਤਾਂਬੇ ਦਾ ਅਨੀਲੀਕਰਣ 450° ਤੋਂ 1500° ਫਾ ਤਾਪਮਾਨ ਦੇ ਵਿਚਕਾਰ ਕੀਤਾ ਜਾਂਦਾ ਹੈ। ਤਾਂਬੇ ਦਾ ਕੋਮਲੀਕਰਣ ਦਰਜਾ ਘੱਟ ਹੈ (390° ਤੋਂ 440° ਫਾ.)। ਜਦੋਂ ਇਸ ਦੇ ਕੋਮਲੀਕਰਣ ਲਈ ਜ਼ਿਆਦਾ ਤਾਪਮਾਨ ਚਾਹੀਦਾ ਹੋਵੇ ਤਾਂ ਇਸ ਵਿਚ ਥੋੜ੍ਹੀ ਜਿਹੀ ਮਾਤਰਾ ਚਾਂਦੀ ਦੀ ਮਿਲਾ ਦਿੱਤੀ ਜਾਂਦੀ ਹੈ। ਚਾਂਦੀ ਤੋਂ ਬਿਨ ਟੈਲੂਰੀਅਮ, ਐਂਟੀਮਨੀ ਅਤੇ ਕੈਡਮੀਅਮ ਵੀ ਵਰਤਿਆ ਜਾ ਸਕਦ ਹੈ।

**ਭੌਤਿਕ ਗੁਣ** — ਆਮ ਤੌਰ ਤੇ ਤਾਂਬੇ ਦੀ ਘਣਤਾ 8.9( ਹੁੰਦੀ ਹੈ। ਢਲਿਆ-ਤਾਂਬਾ 8.35-8.55 ਤੱਕ ਘਣਤਾ ਵਾਲਾ ਹੁੰਦ ਹੈ। ਆਕਸੀਕ੍ਰਿਤ ਤਾਂਬੇ ਦੀ ਘਣਤਾ 8.96 ਹੁੰਦੀ ਹੈ ਤਾਂਬੇ ਦ ਪਿਘਲਣ ਦਰਜਾ 1981° ਫਾ. ਹੁੰਦਾ ਹੈ ਅਤੇ ਇਸ ਦਾ ਉਬਾਲ ਦਰਜਾ 4703° ਫਾ. ਹੈ। ਸੰਯੋਜਨ ਦਾ ਗੁਪਤ-ਤਾਪ 48.9 ਕੈਲੋਰ ਪ੍ਰਤੀ ਗ੍ਰਾਮ ਹੈ ਅਤੇ ਵਾਸ਼ਪੀਕਰਨ ਦਾ ਗੁਪਤ ਤਾਪ 1150 ਕੈਲੋਰ ਪ੍ਰਤੀ ਗ੍ਰਾਮ ਹੁੰਦਾ ਹੈ।

**ਰਸਾਇਣਕ ਗੁਣ** — ਤਾਂਬੇ ਦਾ ਬਿਜਲ-ਅਪਘਟਨੀ ਘੋਲ ਪੁਟੈਂਸ਼ਲ ਹਾਈਡ੍ਰੋਜਨ ਦੇ ਮੁਕਾਬਲੇ 0.344 ਵੋਲਟ ਹੈ। ਇਸ ਕਰਕ ਤਾਂਬਾ ਵਾਤਾਵਰਣਿਕ ਖੋਰ (corrosion) ਅਤੇ ਰਸਾਇਣਕ ਖੋਰ ਨੂੰ ਸਹਿ ਸਕਦਾ ਹੈ।

ਇਹ ਹਾਈਡ੍ਰੋਜਨ ਲਈ ਕੈਥੋਡਿਕ (cathodic) ਹੈ ਇਸ ਲਈ ਇਹ ਹਵਾ ਦੀ ਅਣਹੋਂਦ ਵਿਚ ਹਾਈਡ੍ਰੋਜਨ ਦੇ ਕਿਸੇ ਵੀ ਤੇਜ਼ਾ ਵਿਚ ਅਘੁਲਣਸ਼ੀਲ ਹੁੰਦਾ ਹੈ। ਖੋਰ ਸਹਿ ਹੋਣਾ ਤਾਂਬੇ ਦਾ ਕੁਦਰਤ ਗੁਣ ਹੈ ਅਤੇ ਐਲਾਇ ਬਣਾਉਣ ਦਾ ਮੰਤਵ ਧਾਤ ਨੂੰ ਕਠੋਰ ਅ ਮਜ਼ਬੂਤ ਕਰਨਾ ਹੁੰਦਾ ਹੈ।

**ਤਾਂਬੇ ਦੇ ਐਲਾਇ** — ਸਾਰੇ ਅਣਫੈਰਸ (non ferrous ਐਲਾਇ ਨਾਲੋਂ ਤਾਂਬੇ ਦੇ ਐਲਾਇ ਜ਼ਿਆਦਾ ਲਾਭਦਾਇਕ ਹਨ। ਤਾਂ ਦੇ ਜਿਸਤ, ਟਿਨ, ਨਿਕਲ, ਐਲੂਮੀਨੀਅਮ, ਸਿੱਕਾ, ਮੈਂਗਨੀਜ਼ ਅ ਹੋਰ ਤੱਤਾਂ ਨਾਲ ਮਿਲਕੇ ਐਲਾਇ ਬਣਦੇ ਹਨ। ਕਈ ਐਲਾਇ ਕੇਵ ਦੋ-ਅੰਗੀ ਹੁੰਦੇ ਹਨ ਜਿਸ ਵਿਚ ਤਾਂਬੇ ਨਾਲ ਕੇਵਲ ਇਕ ਹੀ ਧਾ ਮਿਲੀ ਹੁੰਦੀ ਹੈ। ਕਈ ਵਾਰ ਕਿਸੇ ਧਾਤ ਵਿਚ ਕੋਈ ਖਾਸ ਕਿਸਮ ਗੁਣ ਪੈਦਾ ਕਰਨ ਲਈ ਦੋ ਜਾਂ ਜ਼ਿਆਦਾ ਧਾਤਾਂ ਵੀ ਮਿਲਾਈਆ ਜਾਂਦੀਆਂ ਹਨ। ਕੁਝ ਮਹੱਤਵਪੂਰਨ ਐਲਾਇ ਹਨ ਜਿਨ੍ਹਾਂ ਵਿਚ ਤਾਂ ਦਾ ਮੁੱਖ ਅੰਸ਼ ਹੁੰਦਾ ਹੈ। ਇਹ ਹਨ ਪਿੱਤਲ (ਤਾਂਬਾ-ਜਿਸਤ), ਕਾਂ (ਤਾਂਬਾ-ਕਲੱਈ) ਅਤੇ ਨਿਕਲ ਸਿਲਵਰ (ਤਾਂਬਾ, ਜਿਸਤ, ਨਿਕਲ ਇਨ੍ਹਾਂ ਤੋਂ ਛੁਟ ਹੋਰ ਵੀ ਬਹੁਤ ਸਾਰੇ ਐਲਾਇ ਹਨ ਜਿਨ੍ਹਾਂ ਉਦਯੋਗਿਕ ਵਰਤੋਂ ਜ਼ਿਆਦਾ ਹੈ ਇਨ੍ਹਾਂ ਵਿਚੋਂ ਤਾਂਬੇ ਅਤੇ ਨਿਕਲ ਐਲਾਇ ਮਹੱਤਵਪੂਰਨ ਹਨ। 20 ਵੀਂ ਸਦੀ ਵਿਚ ਇਨ੍ਹਾਂ ਉਤਪਾਦਨ ਬਹੁਤ ਵੱਧ ਗਿਆ ਹੈ। ਤਾਂਬਾ ਅਤੇ ਨਿਕਲ ਠੋ ਅਵੱਸਥਾ ਵਿਚ ਵੀ ਇਕ ਦੂਜੇ ਨਾਲ ਮਿਸ਼ਰਣ ਯੋਗ ਹਨ। 2% 45% ਤੱਕ ਨਿਕਲ ਤਾਂਬੇ ਵਿਚ ਪਾਉਣ ਨਾਲ ਕਈ ਕਿਸਮ ਐਲਾਇ ਪ੍ਰਾਪਤ ਕੀਤੇ ਜਾ ਸਕਦੇ ਹਨ ਜਿਹੜੇ ਤਾਂਬੇ ਨਾਲੋਂ ਜ਼ਿਆ ਮਜ਼ਬੂਤ ਅਤੇ ਉੱਚ-ਤਾਪਮਾਨ ਤੇ ਜ਼ਿਆਦਾ ਆੱਕਸੀਕ ਪ੍ਰਤਿਰੋਧੀ ਹੁੰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ 3 ਨਿਕਲ ਵਾਲਾ ਐਲਾਇ ਹੈ। 20% ਨਿਕਲ ਅਤੇ ਤਾਂਬੇ ਨਾਲ ਬਣ ਵਾਲਾ ਐਲਾਇ ਉਦਯੋਗਿਕ ਮਿਸ਼ਰਿਤ ਧਾਤਾਂ ਵਿਚੋਂ ਸਭ ਜ਼ਿਆਦਾ ਖਿਚੀਣਯੋਗ ਹੈ। 800° ਸੈਂਟੀਗਰੇਡ ਤੋਂ ਜ਼ਿਆ ਤਾਪਮਾਨ ਉੱਤੇ ਇਹ ਬੜੀ ਛੇਤੀ ਘੜਿਆ ਅਤੇ ਮੋੜਿਆ ਸਕਦਾ ਹੈ। ਇਸ ਉੱਤੇ ਬੜੀ ਵਧੀਆ ਪਾਲਿਸ਼ ਹੁੰਦੀ ਹੈ ਅਤੇ ਪਾਲਿਸ਼ ਵਾਤਾਵਰਣ ਦੇ ਪ੍ਰਭਾਵ ਨਾਲ ਮੱਧਮ ਵੀ ਨਹੀਂ ਪੈਂਦਾ।

ਲਈ ਇਸ ਨੂੰ ਸਵੈਚਾਲਿਤ ਮੋਟਰ ਗੱਡੀਆਂ ਵਿਚ ਕਈ ਥਾਂ ਵਰਤਿਆ ਜਾਂਦਾ ਹੈ। ਇਸ ਤੋਂ ਬਿਨਾਂ ਗੋਲੀਆਂ (bullets) ਦੇ ਖੋਲ ਵੀ ਬਣਾਏ ਜਾਂਦੇ ਹਨ। ਟਿਊਬਾਂ ਦੇ ਰੂਪ ਵਿਚ ਇਸ ਦੀ ਵਰਤੋਂ ਭਾਫ਼ ਕੰਡੈਂਸਰਾਂ ਵਿਚ ਵੀ ਕੀਤੀ ਜਾਂਦੀ ਹੈ। 25% ਅਤੇ 30% ਨਿਕਲ ਵਾਲੇ ਐਲਾਇ ਤੋਂ ਇਲਾਵਾ 40% ਅਤੇ 45% ਨਿਕਲ ਵਾਲਾ ਇਕ ਹੋਰ ਐਲਾਇ ਹੈ ਜਿਸਨੂੰ ਕਾੱਨਸਟੈਨੱਟਨ (constantan) ਵੀ ਆਖਿਆ ਜਾਂਦਾ ਹੈ। ਇਸ ਐਲਾਇ ਦੀ ਬਿਜਲੱਈ ਪ੍ਰਤਿਰੋਧਕਤਾ ਬਹੁਤ ਜ਼ਿਆਦਾ ਹੁੰਦੀ ਹੈ।

ਮੋਨਲ ਧਾਤ (Monal Metal) ਤਾਂਬੇ ਦਾ ਇਕ ਪ੍ਰਕ੍ਰਿਤਕ ਐਲਾਇ ਹੈ ਜਿਸ ਵਿਚ 65%-75% ਨਿਕਲ ਹੁੰਦਾ ਹੈ। ਇਸ ਵਿਚ ਹੋਰ ਅਸ਼ੁਧੀਆਂ ਦੇ ਨਾਲ ਨਾਲ ਥੋੜ੍ਹੀ ਮਾਤਰਾ ਵਿਚ ਲੋਹਾ ਅਤੇ ਮੈਂਗਨੀਜ਼ ਵੀ ਹੁੰਦੀ ਹੈ। ਇਹ ਸਾਧਾਰਣ ਅਤੇ ਉੱਚ ਤਾਪਮਾਨ ਉੱਤੇ ਵੀ ਬਹੁਤ ਹੀ ਜ਼ਿਆਦਾ ਮਜ਼ਬੂਤ ਐਲਾਇ ਹੈ। ਇਸਨੂੰ ਇੰਜੀਨੀਅਰਿੰਗ ਅਤੇ ਸਜਾਵਟੀ ਮੰਤਵਾਂ ਲਈ ਵਰਤਿਆ ਜਾਂਦਾ ਹੈ। ਤਾਂਬਾ, ਐਲੂਮਿਨੀਅਮ ਨਾਲ ਵੀ ਕਈ ਤਰ੍ਹਾਂ ਦੇ ਐਲਾਇ ਬਣਾਉਂਦਾ ਹੈ ਜਿਨ੍ਹਾਂ ਨੂੰ 'ਐਲੂਮਿਨੀਅਮ ਕਾਂਸੀ' ਆਖਦੇ ਹਨ। ਇਨ੍ਹਾਂ ਨੂੰ ਦੋ ਮੁੱਖ ਗਰੁਪਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਗਰੁਪ ਵਿਚ 7.5% ਐਲੂਮਿਨੀਅਮ ਹੁੰਦਾ ਹੈ ਇਹ ਬਹੁਤ ਜ਼ਿਆਦਾ ਖਿਚੀਣਯੋਗ ਹੁੰਦੇ ਹਨ। ਦੂਜੇ ਗਰੁਪ ਵਿਚ 8% ਤੋਂ 11% ਤਕ ਐਲੂਮਿਨੀਅਮ ਹੁੰਦਾ ਹੈ। ਢਲੀ ਹੋਈ ਸਥਿਤੀ ਵਿਚ ਇਸ ਦੀ ਤਣਾਉ ਸਮੱਰਥਾ ਬਹੁਤ ਜ਼ਿਆਦਾ ਹੁੰਦੀ ਹੈ। ਇਹ ਐਲਾਇ ਕਈ ਉਦਯੋਗਿਕ ਕੰਮਾਂ ਲਈ ਵਰਤੇ ਜਾਂਦੇ ਹਨ। ਕਈ ਥਾਵਾਂ ਤੇ ਇਹ ਐਲਾਇ ਪਿੱਤਲ ਦੀ ਥਾਂ ਵੀ ਵਰਤੇ ਜਾਂਦੇ ਹਨ ਕਿਉਂਕਿ ਇਹ ਪਿੱਤਲ ਨਾਲੋਂ ਜ਼ਿਆਦਾ ਮਜ਼ਬੂਤ ਅਤੇ ਵਾਤਾਵਰਨਿਕ ਖੋਰ ਸਹਿ ਹੁੰਦੇ ਹਨ। 8% ਤੋਂ 11% ਐਲੂਮੀਨੀਅਮ ਵਾਲੇ ਐਲਾਇ ਵਿਚ ਆਮ ਤੌਰ ਤੇ 1% ਤੋਂ 3% ਲੋਹਾ ਵੀ ਹੁੰਦਾ ਹੈ ਅਤੇ ਇਹ ਸੰਚਿਆਂ ਦੀ ਢਲਾਈ (die casting) ਲਈ ਵਰਤੇ ਜਾਂਦੇ ਹਨ। ਤਾਂਬੇ ਦੇ ਐਲਾਇ ਨੂੰ ਸੰਚੇ ਬਣਾਉਣ ਲਈ ਵਰਤਿਆ ਜਾਂਦਾ ਹੈ। ਸਿਲੀਕਾੱਨ ਕਾਂਸੀ ਵਿਚ ਆਮ ਤੌਰ ਤੇ 96% ਤਾਂਬਾ ਹੁੰਦਾ ਹੈ। ਬਾਕੀ ਹਿੱਸੇ ਵਿਚ ਇਕੱਲਾ ਸਿਲੀਕਾੱਨ ਵੀ ਹੋ ਸਕਦਾ ਹੈ ਜਾਂ ਕਈ ਵਾਰ ਥੋੜ੍ਹੀ ਜਿਹੀ ਮਾਤਰਾ ਮੈਗਨੀਜ਼, ਕੱਲਈ, ਲੋਹੇ ਜਾਂ ਜਿਸਤ ਦੀ ਵੀ ਹੁੰਦੀ ਹੈ। ਪਹਿਲਾਂ ਪਹਿਲ ਇਹ ਐਲਾਇ ਬਹੁਤ ਸਾਰੇ ਤਰਲਾਂ ਪ੍ਰਤਿ ਖੋਰ ਪ੍ਰਤਿਰੋਧੀ ਹੋਣ ਕਰਕੇ ਰਸਾਇਣਕ ਉਦਯੋਗਾਂ ਵਿਚ ਵਰਤੇ ਜਾਂਦੇ ਸਨ ਪਰੰਤੂ ਬਾਅਦ ਵਿਚ ਇਨ੍ਹਾਂ ਦੀ ਮਜ਼ਬੂਤੀ ਸਖ਼ਤਾਈ ਅਤੇ ਢਾਲਵੇਂ ਗੁਣਾਂ ਕਰਕੇ ਇਹ ਹੋਰ ਵੀ ਬਹੁਤ ਸਾਰੇ ਕੰਮਾਂ ਲਈ ਵਰਤੇ ਜਾਣ ਲਗ ਪਏ ਹਨ।

ਤਾਂਬੇ ਦਾ ਇਕ ਹੋਰ ਐਲਾਇ ਬੈਰੀਲੀਅਮ ਤਾਂਬਾ ਹੈ। ਇਸ ਵਿਚ ਤਾਂਬੇ ਦੇ ਨਾਲ 2% ਮਾਤਰਾ ਬੈਰੀਲੀਅਮ ਦੀ ਵੀ ਹੁੰਦੀ ਹੈ। ਕਈ ਵਾਰ ਥੋੜ੍ਹਾ ਜਿਹਾ ਨਿਕਲ ਜਾਂ ਕੋਬਾਲਟ ਵੀ ਪਾ ਦਿੱਤਾ ਜਾਂਦਾ ਹੈ। ਬੈਰੀਲੀਅਮ ਤਾਂਬੇ ਨੂੰ ਜਦੋਂ 800° ਸੈਂ. ਤੱਕ ਗਰਮ ਕਰਕੇ ਠੰਢੇ ਪਾਣੀ ਵਿਚ ਡੋਬਣ ਉਪਰੰਤ ਦੁਬਾਰਾ 275° ਸੈਂ. ਤੱਕ ਗਰਮ ਕੀਤਾ ਜਾਂਦਾ ਹੈ ਤਾਂ ਉਸ ਦੀ ਤਣਾਉ ਸਮਰਥਾ ਬਹੁਤ ਵੱਧ ਜਾਂਦੀ ਹੈ। ਜਿਸ ਦਾ ਮੁਕਾਬਲਾ ਸਟੀਲ ਨਾਲ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਕਈ ਕਿਸਮ ਦੀ ਮੈਂਗਨੀਜ਼ ਕਾਂਸੀ ਵੀ ਬਣਾਈ ਜਾਂਦੀ ਹੈ। ਇਨ੍ਹਾਂ ਵਿਚੋਂ ਇਕ ਕਿਸਮ ਅਸਲ ਵਿਚ ਪਿੱਤਲ ਹੀ ਹੈ ਜਿਸ ਵਿਚ ਮੈਂਗਨੀਜ਼ ਦੀ ਬਹੁਤ ਥੋੜ੍ਹੀ ਮਾਤਰਾ (0.5% ਤੋਂ ਵੀ ਘੱਟ) ਹੁੰਦੀ ਹੈ। ਇਕ ਹੋਰ ਕਿਸਮ ਵਿਚ 2% ਤੋਂ 5% ਤਕ ਮੈਂਗਨੀਜ਼, 2% ਤੋਂ 4% ਤਕ ਲੋਹਾ ਅਤੇ 3% ਤੋਂ 7.5% ਐਲੂਮਿਨੀਅਮ ਹੁੰਦਾ ਹੈ। ਇਹ ਐਲਾਇ ਬਹੁਤ ਜ਼ਿਆਦਾ ਮਜ਼ਬੂਤ ਹੁੰਦਾ ਹੈ। ਫ਼ਾਸਫ਼ਰ ਬ੍ਰਾੱਨਜ਼ (Phospher bronze) ਅਸਲ ਵਿਚ ਇਕ ਤਾਂਬਾ-ਕਲੱਈ ਕਾਂਸੀ ਹੈ ਜਿਸ ਵਿਚ ਥੋੜ੍ਹਾ ਜਿਹਾ ਫ਼ੱਾਸਫੋਰਸ ਵਿਆਕਸੀਕਾਰਕ ਵਜੋਂ ਮਿਲਾਇਆ ਜਾਂਦਾ ਹੈ।

ਤਾਂਬੇ ਦੇ ਹੋਰ ਵੀ ਬਹੁਤ ਸਾਰੇ ਐਲਾਇ ਹਨ ਜਿਨ੍ਹਾਂ ਨੇ ਆਧੁਨਿਕ ਉਦਯੋਗਿਕ ਕੰਮਾਂ ਵਿਚ ਆਪਣਾ ਯੋਗਦਾਨ ਪਾਇਆ ਹੈ।

**ਰਸਾਇਣਕ ਯੋਗਿਕ (Chemical Compound)** — ਤਾਂਬਾ ਦੋ ਤਰ੍ਹਾਂ ਦੇ ਯੋਗਿਕ ਬਣਾਉਂਦਾ ਹੈ ਜਿਨ੍ਹਾਂ ਵਿਚ ਇਸ ਦੀ ਆੱਕਸੀਕਰਨ ਸਥਿਤੀ +1 (ਕਿਊਪ੍ਰਸ) ਅਤੇ +2 (ਕਿਊਪ੍ਰਿਕ) ਹੁੰਦੀ ਹੈ। ਕਿਊਪ੍ਰਸ ਆਇਨ ਪਾਣੀ ਦੇ ਘੋਲ ਵਿਚ ਅਸਥਾਈ ਹੁੰਦਾ ਹੈ ਇਸ ਦੇ ਲੂਣਾਂ ਦਾ ਅਪਘਟਨ ਹੋ ਕੇ ਧਾਤ ਅਤੇ ਕਿਊਪ੍ਰਿਕ ਲੂਣ ਬਣਦੇ ਹਨ।

$2cu^{+} \longrightarrow cu + cu^{++}$

**ਆੱਕਸਾਈਡ (oxides)** — ਤਾਂਬਾ ਦੋ ਤਰ੍ਹਾਂ ਦੇ ਆਕੱਸਾਈਡ ਬਣਾਉਂਦਾ ਹੈ, ਕਿਊਪ੍ਰਸ ਆੱਕਸਾਈਡ ($Cu_2O$) ਅਤੇ ਕਿਊਪ੍ਰਿਕ ਆੱਕਸਾਈਡ (CuO) ਕਿਊਪ੍ਰਸ ਆੱਕਸਾਈਡ ਇਕ ਲਾਲ ਰਵੇਦਾਰ ਪਦਾਰਥ ਹੈ। ਇਹ ਬਿਜਲ-ਅਪਘਟਨੀ ਢੰਗ ਜਾਂ ਭੱਠੀ ਰਾਹੀਂ ਬਣਾਇਆ ਜਾਂਦਾ ਹੈ। ਇਸਨੂੰ ਛੇਤੀ ਹੀ ਹਾਈਡ੍ਰੋਜਨ, ਕਾਰਬਨ-ਮਾੱਨੋਆੱਕਸਾਈਡ, ਚਾਰਕੋਲ ਜਾਂ ਲੋਹੇ ਦੁਆਰਾ ਧਾਤਵੀ ਤਾਂਬੇ ਵਿਚ ਲਘੂਕ੍ਰਿਤ ਕੀਤਾ ਜਾ ਸਕਦਾ ਹੈ। ਇਹ ਸ਼ੀਸ਼ੇ ਨੂੰ ਲਾਲ ਰੰਗ ਪ੍ਰਦਾਨ ਕਰਦਾ ਹੈ ਤਾਂਬੇ ਦੇ ਕਈ ਲੂਣਾਂ ਜਿਵੇਂ ਕਿ ਕਾਰਬੋਨੇਟ, ਹਾਈਡ੍ਰਾੱਕਸਾਈਡ, ਨਾਈਟ੍ਰੇਟ ਜਾਂ ਕਿਊਪ੍ਰਸ ਆੱਕਸਾਈਡ ਨੂੰ ਜਲਾਉਣ ਨਾਲ ਕਿਊਪ੍ਰਿਕ ਆੱਕਸਾਈਡ, ਇਕ ਕਾਲੇ ਰੰਗ ਦਾ ਪਾਊਡਰ ਬਣਾਇਆ ਜਾ ਸਕਦਾ ਹੈ। ਇਹ ਯੋਗਿਕ ਕਾਰਬਨੀ ਯੋਗਿਕਾਂ ਦਾ ਆੱਕਸੀਕਰਨ ਕਰ ਦਿੰਦਾ ਹੈ ਅਤੇ ਪ੍ਰਯੋਗਸ਼ਾਲਾ ਅਤੇ ਉਦਯੋਗਾਂ ਵਿਹ ਬਹੁਤ ਵਰਤਿਆ ਜਾਂਦਾ ਹੈ। ਇਹ ਸ਼ੀਸ਼ੇ ਨੂੰ ਹਰਾ ਰੰਗ ਪ੍ਰਦਾਨ ਕਰਦਾ ਹੈ।

**ਹੈਲਾਈਡ (Halides)** — ਕਿਊਪ੍ਰਸ ਕਲੋਰਾਈਡ ਬਣਾਉਣ ਲਈ ਧਾਤਵੀ ਤਾਂਬਾ, ਕਿਊਪ੍ਰਸ ਆੱਕਸਾਈਡ ਅਤੇ ਲੂਣ ਦਾ ਤੇਜ਼ਾਬ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਧਾਤਵੀ ਤਾਂਬੇ ਅਤੇ ਕਿਊਪ੍ਰਿਕ ਕਲੋਰਾਈਡ ਦੀ ਲੂਣ ਦੇ ਤੇਜ਼ਾਬ ਨਾਲ ਕਿਰਿਆ ਉਪਰੰਤ ਵੀ ਕਿਊਪ੍ਰਸ ਕਲੋਰਾਈਡ ਬਣਦਾ ਹੈ। ਕਿਊਪ੍ਰਸ ਕਲੋਰਾਈਡ ਅਤੇ ਹਾਈਡ੍ਰੋਕੋਲੋਰਿਕ ਐਸਿਡ ਦਾ ਘੋਲ ਬੜੀ ਛੇਤੀ ਕਾਰਬਨ ਮਾੱਨੋਆੱਕਸਾਈਡ ਅਤੇ ਐਸਿਟਿਲੀਨ (accetylene) ਨੂੰ ਸੋਖ ਲੈਂਦਾ ਹੈ ਅਤੇ ਗੈਸ ਵਿਸ਼ਲੇਸ਼ਣ (gas analysis) ਵਿਚ ਇਸੇ ਕੰਮ ਲਈ ਵਰਤਿਆ ਜਾਂਦਾ ਹੈ ਕਿਊਪ੍ਰਿਕ ਕਲੋਰਾਈਡ ($Cucl_2$) ਕਿਊਪ੍ਰਿਕ ਆੱਕਸਾਈਡ ਨੂੰ ਲੂਣ ਦੇ ਤੇਜ਼ਾਬ ਵਿਚ ਘੋਲਣ ਉਪਰੰਤ ਬਣਾਇਆ ਜਾ ਸਕਦਾ ਹੈ। ਇਹ ਪਦਾਰਥ ਵਰਣਕ (Pigments) ਬਣਾਉਣ ਲਈ ਵਰਤੋਂ ਵਿਚ ਆਉਂਦਾ ਹੈ। ਤਾਂਬੇ ਅਤੇ ਆਇਓਡੀਨ ਦੇ ਸਿੱਧੇ ਸੰਯੋਜਨ ਨਾਲ ਕਿਊਪ੍ਰਸ ਆਇਓਡਾਈਡ (CuI) ਬਣਦਾ ਹੈ। ਕਿਊਪ੍ਰਿਕ ਆਇਓਡਾਈਡ ($cuI_2$) ਕੇਵਲ ਅਮੋਨੀਅਮ ਲੂਣਾਂ ਦੇ ਸੰਯੋਗ ਵਿਚ ਜਾਂ ਜਟਿਲ ਕਾਰਬਨੀ ਯੋਗਿਕਾਂ (Complex organic compounds) ਵਿਚ ਹੀ ਮੌਜੂਦ ਰਹਿੰਦਾ ਹੈ।

**ਸਲਫ਼ਾਈਡ ਅਤੇ ਸਲਫ਼ੇਟ** — ਕਿਊਪ੍ਰਸ ਸਲਫ਼ਾਈਡ ($Cu_2S$) ਪ੍ਰਕਿਰਤੀ ਵਿਚ ਖਣਿਜੀ ਕੈਲਕੋਸਾਈਟ ਦੇ ਰੂਪ ਵਿਚ ਮਿਲਦਾ ਹੈ। ਇਹ ਯੋਗਿਕ ਤਾਂਬੇ ਅਤੇ ਸਲਫ਼ਰ ਨੂੰ ਉੱਚ ਤਾਪਮਾਨ ਉੱਤੇ ਸੰਯੋਜਨ ਕਰਨ ਨਾਲ ਬਣਾਇਆ ਜਾ ਸਕਦਾ ਹੈ। ਕਿਊਪ੍ਰਿਕ ਸਲਫ਼ਾਈਡ (CuS) ਪ੍ਰਕਿਰਤੀ ਵਿਚ ਖਣਿਜੀ ਕੋਵੇਲਾਈਟ (covellite) ਦੇ ਰੂਪ ਵਿਚ ਮਿਲਦਾ ਹੈ ਅਤੇ ਪ੍ਰਯੋਗਸ਼ਾਲਾ ਵਿਚ ਇਹ ਤਾਂਬੇ ਦੇ ਲੂਣ ਦੇ ਘੋਲ ਦੀ ਹਾਈਡ੍ਰੋਜਨ ਸਲਫ਼ਾਈਡ ਨਾਲ ਕਿਰਿਆ ਉਪਰੰਤ ਬਣਾਇਆ ਜਾ ਸਕਦਾ ਹੈ। ਇਹ ਦੋਵੇਂ ਯੋਗਿਕ ਅਕਾਰਬਨੀ ਤੇਜ਼ਾਬਾਂ ਵਿਚ ਅਘੁਲਣਸ਼ੀਲ ਹਨ।

ਕਿਊਪ੍ਰਿਕ ਸਲਫ਼ੇਟ ($CuSo_4$) ਜਿਸਨੂੰ ਆਮ ਤੌਰ ਤੇ ਨੀਲਾ ਥੋਥਾ ਆਖਦੇ ਹਨ, ਤਾਂਬੇ ਦਾ ਇਕ ਬਹੁਤ ਹੀ ਮਹੱਤਵਪੂਰਨ ਲੂਣ ਹੈ। ਇਹ ਕਾੱਪਰ ਆੱਕਸਾਈਡ ਨੂੰ ਗੰਧਕ ਦੇ ਤੇਜ਼ਾਬ ਨਾਲ ਮਿਲਾਕੇ ਬਣਾਇਆ ਜਾਂਦਾ ਹੈ। ਇਹ ਪਾਣੀ ਵਿਚ ਬਹੁਤ ਛੇਤੀ ਘੁਲ ਜਾਂਦਾ ਹੈ ਪਰ ਅਲਕੋਹਲ ਵਿਚ ਅਘੁਲਣਸ਼ੀਲ ਹੈ। ਇਸਦਾ ਜਲਹੀਣ ਲੂਣ (anhydrous salt) ਨਮੀ ਸੋਖਕ (hygroscopic) ਹੁੰਦਾ ਹੈ ਅਤੇ ਇਹ ਜਲ-ਸੋਖਣ ਕਾਰਕ (desiscating agent) ਵਜੋਂ ਵਰਤਿਆ ਜਾਂਦਾ ਹੈ। ਤਾਂਬੇ ਦੀ ਬਿਜਲ-ਅਪਘਟਨੀ ਸੋਧ (electrolytic refining) ਵਿਚ ਕਾੱਪਰ ਸਲਫ਼ੇਟ ਇਕ ਮਹੱਤਵਪੂਰਨ ਲੂਣ ਹੁੰਦਾ ਹੈ ਅਤੇ ਇਹ ਕਈ ਕਿਸਮ ਦੇ ਵਰਣਕ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ।

**ਕਾਰਬੋਨੇਟ (Carbonates)** — ਤਾਂਬੇ ਦੇ ਕਿਸੇ ਲੂਣ ਦੇ ਘੋਲ ਵਿਚ ਕੋਈ ਖਾਰਾ ਕਾਰਬੋਨੇਟ ਪਾਉਣ ਨਾਲ ਖਾਰੇ ਕਾੱਪਰ ਕਾਰਬੋਨੇਟ ਬਣਦੇ ਹਨ। ਇਨ੍ਹਾਂ ਯੋਗਿਕਾਂ ਦਾ ਰੰਗ ਗੂੜ੍ਹਾ ਨੀਲਾ ਜਾਂ ਹਰਾ ਹੁੰਦਾ ਹੈ ਅਤੇ ਇਹ ਵਰਣਕ ਬਣਾਉਣ ਲਈ ਵਰਤੇ ਜਾਂਦੇ ਹਨ। ਪ੍ਰਕਿਰਤੀ ਵਿਚ ਇਹ ਐਗੂਰਾਈਟ (agurite) ਅਤੇ ਮੈਲੇਕਾਈਟ (Malachite) ਖਣਿਜਾਂ ਦੇ ਰੂਪ ਵਿਚ ਮਿਲਦੇ ਹਨ।

**ਕੁਝ ਹੋਰ ਯੋਗਿਕ** — ਤਾਂਬਾ ਆਰਸਨਿਕ ਨਾਲ ਕਈ ਤਰ੍ਹਾਂ ਦੇ ਲੂਣ ਬਣਾਉਂਦਾ ਹੈ ਇਹ ਸਾਰੇ ਗੂੜ੍ਹੇ ਰੰਗ ਦੇ ਅਤੇ ਜ਼ਹਿਰੀਲੇ ਹੁੰਦੇ ਹਨ। ਇਸ ਲਈ ਇਹ ਯੋਗਿਕ ਕੀਟਾਣੂਨਾਸ਼ਕ ਦਵਾਈਆਂ ਵਿਚ ਵਰਤੇ ਜਾਂਦੇ ਹਨ। ਧਾਤਵੀ ਤਾਂਬੇ ਨੂੰ ਸ਼ੋਰੇ ਦੇ ਤੇਜ਼ਾਬ ਵਿਚ ਘੋਲਣ ਨਾਲ ਕਿਊਪ੍ਰਿਕ ਨਾਈਟ੍ਰੇਟ $Cu (No_3)_2$ ਬਣਦਾ ਹੈ।

ਕਾੱਪਰ ਸਿਲੀਕੇਟ ਪ੍ਰਕਿਰਤਕ ਰੂਪ ਵਿਚ ਮਿਲਦੇ ਹਨ ਅਤੇ ਇਹ ਕਈ ਖਣਿਜਾਂ ਨੂੰ ਨੀਲਾ ਰੰਗ ਪ੍ਰਦਾਨ ਕਰਦੇ ਹਨ।

**ਪਛਾਣ (Detection)** — ਤਾਂਬੇ ਦੇ ਲੂਣਾਂ ਦੇ ਘੋਲ, ਅਮੋਨੀਆ ਨਾਲ ਕਿਰਿਆ ਕਰਕੇ ਗੂੜ੍ਹਾ ਨੀਲਾ ਰੰਗ ਦਿੰਦੇ ਹਨ। ਬੁਨਸਨ ਬਰਨਰ ਦੀ ਲਾਟ ਤੇ ਇਹ ਗੂੜ੍ਹਾ ਹਰਾ ਰੰਗ ਦਿੰਦੇ ਹਨ ਅਤੇ ਇਨ੍ਹਾਂ ਦੇ ਪਤਲੇ ਘੋਲ ਪੋਟਾਸ਼ੀਅਮ ਫ਼ੈਰੋਸਾਇਆਨਾੱਈਡ ਨਾਲ ਭੂਰਾ ਰੰਗ ਦਿੰਦੇ ਹਨ। ਸਪੈਕਟ੍ਰੋਗਾਫ਼ ਦੀ ਮਦਦ ਨਾਲ ਇਸ ਧਾਤ ਦੀ ਥੋੜ੍ਹੀ ਜਿਹੀ ਮਾਤਰਾ ਦਾ ਵੀ ਪਤਾ ਲਾਇਆ ਜਾ ਸਕਦਾ ਹੈ।

**ਡਾਕਟਰੀ ਵਰਤੋਂ (Medical uses)** — ਤਾਂਬੇ ਦੇ ਸਾਰੇ ਲੂਣ ਬਹੁਤ ਜ਼ਹਿਰੀਲੇ ਹੁੰਦੇ ਹਨ ਇਨ੍ਹਾਂ ਦੀ ਬਹੁਤ ਥੋੜ੍ਹੀ ਜਿਹੀ ਮਾਤਰਾ ਵੀ ਮਿਊਕਸ ਝਿੱਲੀਆਂ ਉੱਤੇ ਇਕ ਦਮ ਅਸਰ ਕਰਦੀ ਹੈ ਇਸੇ ਲਈ ਇਸ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਕੇਵਲ ਚਮੜੀ ਉੱਤੇ ਲਾਉਣ ਵਾਲੀਆਂ ਰੋਗਾਣੂਨਾਸ਼ਕ ਦਵਾਈਆਂ ਵਿਚ ਹੀ ਇਸ ਦੀ ਕੁਝ ਵਰਤੋਂ ਕੀਤੀ ਜਾਂਦੀ ਹੈ।

ਹ.ਪੁ.—ਐਨ. ਬ੍ਰਿ. 6 : 414; ਐਨ. ਐਮ. 7 : 651

**ਤਾਬਾਰੀ** : ਈਰਾਨ ਦੇ ਇਸ ਵਿਦਵਾਨ ਅਤੇ ਇਤਿਹਾਸਕਾਰ ਦਾ ਜਨਮ ਲ. 839 ਈ. ਵਿਚ ਤਬਰਿਸਤਾਨ ਵਿਚ ਅਮੋਲ ਵਿਖੇ ਹੋਇਆ। ਇਹ ਬਹੁਤ ਸਿਆਣਾ ਅਤੇ ਪ੍ਰਸਿੱਧ ਇਤਿਹਾਸਕਾਰ ਸੀ। ਇਸਨੇ ਇਰਾਕ, ਸੀਰੀਆ ਅਤੇ ਮਿਸਰ ਦੇ ਵੱਡੇ-ਵੱਡੇ ਵਿਦਿਅਕ-ਕੇਂਦਰਾਂ ਵਿਚ ਜਾ ਕੇ ਵਿਦਿਆ ਪ੍ਰਾਪਤ ਕੀਤੀ। ਕਈ ਸਾਲਾਂ ਦੀ ਮਿਹਨਤ ਨਾਲ ਇਸਨੇ ਅਨੇਕਾਂ ਵਿਦਵਾਨਾਂ ਤੋਂ ਜ਼ੁਬਾਨੀ ਅਤੇ ਲਿਖਤੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਇਸਨੂੰ ਆਪਣੀਆਂ ਕ੍ਰਿਤਾਂ ਵਿਚ ਸ਼ਾਮਲ ਕੀਤਾ।

ਆਰਥਕ ਹਾਲਤ ਚੰਗੀ ਹੋਣ ਕਰਕੇ ਇਹ ਆਪਣਾ ਕਾਫ਼ੀ ਸਮਾਂ ਲਿਖਣ ਪੜ੍ਹਨ ਵਿਚ ਲਗਾ ਸਕਿਆ। ਇਸਦੇ ਜੀਵਨਕਾਲ ਵਿਚ ਕਾਫ਼ੀ ਰਾਜਨੀਤਕ ਅਤੇ ਸਮਾਜਕ ਉਥਲ-ਪੁਥਲ ਹੋਈ। ਲੋਕਾਂ ਵਿਚ ਪੈਦਾ ਹੋਈ ਅਸੰਤੁਸ਼ਟਤਾ ਦੀ ਸਥਿਤੀ ਅਤੇ ਬਦਲੇ ਹਾਲਾਤਾ ਨੇ ਖਲੀਫ਼ੇ ਦੀ ਸਲਤਨਤ ਵਿਚ ਵਿਦਰੋਹ ਪੈਦਾ ਕਰ ਦਿਤਾ। ਇ ਦੌਰਾਨ ਇਸ ਨੇ ਸੁੰਨੀ ਵਿਚਾਰਾਂ ਨੂੰ ਇਕੱਤਰ ਕਰਨ ਵਿਚ ਇ ਮਹੱਤਵ-ਪੂਰਨ ਹਿੱਸਾ ਪਾਇਆ।

ਇਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਬਗ਼ਦਾਦ ਵਿ ਬਿਤਾਇਆ ਜਿਥੇ ਇਹ ਪੜ੍ਹਾਉਂਦਾ ਅਤੇ ਲਿਖਦਾ ਰਿਹਾ। ਬਗ਼ਦਾ ਵਿਚ ਹੀ 923 ਈ. ਵਿਚ ਇਸਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮੈ. 17 : 980; ਐਨ. ਬ੍ਰਿ. ਮਾ. 9 : 753; ਐ ਐਮ 26 : 200

**ਤਾਮ, ਜੈਕਬ ਬਿ. ਮਾਇਰ** : ਅਪਣੇ ਸਮੇਂ ਦੇ ਤਲਮੂ ਸਬੰਧੀ ਇਸ ਮੰਨੇ-ਪ੍ਰਮੰਨੇ ਵਿਦਵਾਨ ਅਤੇ ਟੀਕਾਕਾਰ ਦਾ ਜਨ 1100 ਈ. ਵਿਚ ਫ਼ਰਾਂਸ ਵਿਚ ਰੈਮੀਰੁਪ ਵਿਖੇ ਹੋਇਆ। ਇਸੇ ਰ ਬਦੌਲਤ ਸਰਕਾਰ ਨੇ ਮੱਧ ਕਾਲ ਵਿਚ ਯੂਰਪ ਵਿਚ ਈਸਾਈਆਂ ਅ ਯਹੂਦੀਆਂ ਦੇ ਸਬੰਧਾਂ ਬਾਰੇ ਮਹੱਤਵਪੂਰਨ ਫੈਸਲੇ ਲਏ। ਇਹ 11 ਰ ਸਦੀ ਦੇ ਉੱਘੇ ਤਲਮੂਦੀ ਟੀਕਾਕਾਰ ਰਾਸ਼ੀ ਦਾ ਪੋਤਰਾ ਸੀ।

ਯਹੂਦੀਆਂ ਦਾ ਪ੍ਰਤੀਕ ਹੋਣ ਕਰਕੇ 1147 ਈ. ਵਿਚ ਈਸਾ ਜਹਾਦੀਆਂ ਦੇ ਇਕ ਟੋਲੇ ਨੇ ਇਸ ਉੱਤੇ ਹਮਲਾ ਕੀਤਾ। ਯਹੂਦੀ ਵੱਲੋਂ ਈਸਾ ਮਸੀਹ ਉੱਤੇ ਕੀਤੇ ਪੰਜ ਜ਼ਖ਼ਮਾਂ ਦੇ ਬਦਲੇ ਉਨ੍ਹਾਂ ਨੇ ਇ ਦੇ ਸਿਰ ਉੱਤੇ ਪੰਜ ਜ਼ਖ਼ਮ ਕੀਤੇ। ਕਿਸੇ ਰਾਹ ਜਾਂਦੇ ਬਹਾਦਰ ਨੇ ਇ ਨੂੰ ਮੌਤ ਦੇ ਮੂੰਹੋਂ ਬਚਾਇਆ ਅਤੇ ਇਹ ਤ੍ਰਵਾ ਵਿਖੇ ਚਲਾ ਗਿਆ ਉਥੇ ਇਸ ਨੇ ਯਹੂਦੀਆਂ ਅਤੇ ਈਸਾਈਆਂ ਵਿਚਕਾਰ ਸਮਝੌਤੇ ਦੀ ਸ਼ਰਤਾਂ ਤੈਅ ਕਰਨ ਵਿਚ ਉੱਘਾ ਰੋਲ ਅਦਾ ਕੀਤਾ। ਇਹ ਰਾ ਸਤਸੰਗਿ ਵਿਚ ਕਾਫ਼ੀ ਭਾਗ ਲੈਂਦਾ ਸੀ। ਤਾਮ ਦੀ ਸਭ ਤੋਂ ਉੱ ਕਾਨੂੰਨੀ ਕ੍ਰਿਤ 'ਸੈਫਰ ਹਾ-ਯਾਸਰ ਸੀ। ਇਸ ਵਿਚ ਯੂਹਦੀਆਂ ਧਰਮ-ਸ਼ਾਸਤਰ ਤਲਮੂਦ ਦੇ 30 ਪ੍ਰਬੰਧਾਂ ਦੀਆਂ ਵਿਆਖਿਆ ਕੀਤੀਆਂ ਗਈਆਂ ਹਨ।

9 ਜੂਨ, 1171 ਨੂੰ ਤ੍ਰਵਾ ਵਿਖੇ ਤਾਮ ਦੀ ਮੌਤ ਹੋਈ।

ਹ.ਪੁ.—ਐਨ. ਬ੍ਰਿ. ਮਾ. 91790

**ਤਾਮਯੋ, ਰੂਫੀਨ (Tamayo Rufino)** : ਮੈਕਸੀਕੋ ਉੱਘੇ ਕਲਾਕਾਰਾਂ ਦੀ ਸ਼੍ਰੇਣੀ ਵਿਚ ਆਉਣ ਵਾਲੇ ਅਤੇ ਅੰ ਰਾਸ਼ਟਰੀ ਪੱਧਰ ਤੇ ਸਨਮਾਨਿਤ ਇਸ ਪ੍ਰਸਿੱਧ ਚਿੱਤਰਕਾਰ ਦਾ ਜ 26 ਅਗਸਤ, 1899 ਨੂੰ ਮੈਕਸੀਕੋ ਵਿਚ ਵਹਾਕਾ (oaxaca) ਵਿ ਹੋਇਆ। ਇਸ ਦਾ ਬਚਪਨ ਇਕ ਯਤੀਮ ਦੇ ਤੌਰ ਤੇ ਗੁਜ਼ਰਿਆ ਮਗਰੋਂ ਇਹ ਆਪਣੇ ਇਕ ਰਿਸ਼ਤੇਦਾਰ ਕੋਲ ਮੈਕਸੀਕੋ ਸ਼ਹਿਰ ਵਿ ਰਿਹਾ। ਇਹ ਸਾਹਸੀ ਜ਼ੇਪੋਟਿਕ ਭਾਰਤੀਆਂ (Zapotec India ਵਿਚੋਂ ਸੀ ਜਿਨ੍ਹਾਂ ਨੂੰ ਬੱਦਲਾਂ ਦੇ ਲੋਕ (The People of clouds) ਕਿਹਾ ਜਾਂਦਾ ਸੀ।

ਸੰਨ 1917 ਵਿਚ ਇਹ ਨੈਸ਼ਨਲ ਸਕੂਲ ਆਫ਼ ਫ਼ਾ ਆਰਟਸ ਵਿਚ ਦਾਖਲ ਹੋਇਆ ਪਰ ਜਲਦੀ ਹੀ ਇਸ ਨੂੰ ਛੱਡ ਆਪਣੇ ਤੌਰ ਤੇ ਚਿੱਤਰਕਾਰੀ ਕਰਨ ਲੱਗ ਪਿਆ। ਪ੍ਰੇਰਣਾ ਸ੍ਰੋਤ ਭਾਲ ਵਿਚ ਪਹਿਲਾਂ ਇਹ ਮੈਕਸੀਕੋ ਦੀ ਲੋਕਪ੍ਰਿਯ ਕਲਾ ਵਧਿਆ ਜਿਸ ਨਾਲ ਇਸ ਨੂੰ ਰੂੜ੍ਹੀਗਤ ਪਰੰਪਰਾਵਾਂ ਵਿ ਪਰਿਵਰਤਨ ਲਿਆਉਣ ਦਾ ਵਧੀਆ ਢੰਗ ਮਿਲਿਆ। ਇਸ ਪੂਰਵ ਕੋਲੰਬੀਆ ਦੀ ਨਸਲ ਸ਼ਾਸਤਰੀ ਚਿੱਤਰਕਾਰੀ ਵਜੋਂ ਰ ਜਾਣਕਾਰੀ 1921 ਈ. ਵਿਚ ਨੈਸ਼ਨਲ ਮਿਊਜ਼ੀਅਮ ਆਰਕਾਲੋਜੀ ਵਿਭਾਗ ਦੇ ਮੁੱਖੀ ਬਣਨ ਮਗਰੋਂ ਹੋਰ ਵਿਕਸਿਤ ਹੋ ਸੰਨ 1920 ਦੌਰਾਨ ਇਸ ਦੀ ਆਧੁਨਿਕ ਫ਼ਰਾਂਸੀਸੀ ਚਿੱਤਰਕ ਖ਼ਾਸ ਕਰਕੇ ਕਿਊਬਿਜ਼ਮ ਵਿਚ ਰੁਚੀ ਪੈਦਾ ਹੋਈ ਜਿਸ ਦੀ ਕਲ ਨਮੂਨਾ ਬਾਅਦ ਵਿਚ ਇਸ ਦੇ ਢੰਗ ਅਤੇ ਕਲਾਤਮਕ ਦ੍ਰਿਸ਼ਟੀ

ਦੋਹਾਂ ਤੋਂ ਮਿਲਦਾ ਹੈ ਅਤੇ ਇਸ ਨੂੰ ਇਸ ਦੇ ਸਮਕਾਲੀ ਕਲਾਕਾਰਾਂ ਤੋਂ ਜਿਵੇਂ ਕਿ ਰਿਵੇਰਾ (Rivera) ਆਰਜਕੋ (orozco) ਸੀਕੇਰਓਸ (Siqueriros) ਤੋਂ ਅੱਡ ਕਰਦੀ ਹੈ। ਸੰਨ 1938 ਵਿਚ ਇਹ ਨਿਊਯਾਰਕ ਸ਼ਹਿਰ ਦੇ ਡਾਲਟਨ ਸਕੂਲ ਅਤੇ 1946 ਈ. ਵਿਚ ਬਰੁਕਲਿਨ ਮਿਊਜ਼ੀਅਮ ਆਰਟ ਸਕੂਲ ਵਿਚ ਇਨਸਟ੍ਰਕਟਰ ਅਤੇ ਅਧਿਆਪਕ ਵਜੋਂ ਰਿਹਾ। ਇਸ ਦੇ ਉੱਚ ਸ਼੍ਰੇਣੀ ਦੇ ਪ੍ਰਬਲ ਅਤੇ ਆਮ ਤੌਰ ਤੇ ਅਰਧ ਸੂਖ਼ਮ ਚਿੱਤਰ ਜਿਵੇਂ ਕੀ 'ਫੋਟੋਜੀਨਕ ਵੀਨਸ' (1930) (Phtogenic Venus) ਅਤੇ 'ਵੂਮੈਨ ਇਨ ਦੀ ਨਾਈਟ' '(1962) (Women in the Night) ਇਸ ਦੀ ਉਸਤਾਦ ਦ੍ਰਿਸ਼ਟੀ ਦਰਸਾਉਂਦੇ ਹਨ। ਇਸ ਤੋਂ ਇਲਾਵਾ ਇਸ ਦੇ ਮੈਕਸੀਕੋ ਦੇ 'ਦੀ ਨੈਸ਼ਨਲ ਪੈਲੇਸ ਆਫ਼ ਫਾਈਨ ਆਰਟਸ' ਅਤੇ 'ਦੀ ਨੈਸ਼ਨਲ ਮਿਊਜ਼ੀਅਮ ਆਫ਼ ਐਂਥਰੋਪਾਲੋਜੀ' (The National Palace of Fine Arts & the National Museum of Anthropology), ਪੈਰਿਸ ਦੇ 'ਯੂਨਾਈਟਿਡ ਨੈਸ਼ਨਜ਼ ਐਜੂਕੇਸ਼ਨਜ਼, ਸਾਈਟਿਫ਼ਕ ਅਤੇ ਕਲਚਰਲ ਆਰਗੇਨਾਈਜ਼ਸ਼ੇਨ' (United Nations Educations, Scieitific & Cultrural organisaiton) ਅਤੇ ਸੈਨਟਰੀਲ ਦੇ ਐਕਸਪੋ' 67 ਲਈ ਤਿਆਰ ਕੀਤੇ ਕੰਧ - ਚਿੱਤਰ ਇਸ ਦੀ ਉੱਘੀ ਕਲਾਕਾਰੀ ਤੇ ਹੁਨਰ ਦੀ ਗਵਾਹੀ ਦਿੰਦੇ ਹਨ। ਇਸ ਨੇ ਬੜੇ ਕਲਾਮਈ ਢੰਗ ਨਾਲ ਆਪਣੇ ਦੇਸ਼ ਦੀ ਖੁਸ਼ਹਾਲੀ ਦੇ ਦੁਖਾਂਤ, ਸ਼ੋਖ ਫੁੱਲਾਂ ਅਤੇ ਰਹੱਸਮਈ ਸ਼ਾਮ ਦਾ ਚਿਤਰਣ ਅਪਣੇ ਚਿੱਤਰਾਂ ਰਾਹੀ ਕੀਤਾ ਹੈ। ਇਹ ਮੁੱਖ ਤੌਰ ਤੇ ਰੇਖਾ ਚਿੱਤਰ ਅਤੇ ਨਿਰਜਿੰਦ ਚਿੱਤਰ ਬਣਾਉਣ ਵਾਲਾ ਈਜ਼ਲ ਚਿੱਤਰਕਾਰ ਹੈ। ਇਸ ਦੇ ਈਜ਼ਲ ਚਿਤ੍ਰਾਂ ਵਿਚ 'ਵਿਮੈਨ ਆਫ਼ ਤੇਹੁਏਨਤੇਪੇਕ', (1939) (Women of Tehuantepec) 'ਹੋਮੇਜ ਟੂ ਦੀ ਇੰਡੀਅਨ ਰੇਸ' (1952) (Homage to the Indian Race) ਅਤੇ 'ਦੀ ਸਲੀਪ ਵੱਕਰ' (1954) (The Sleep Walker) ਪ੍ਰਮੁੱਖ ਹਨ। ਇਸ ਦੇ ਇਨਾਮਾਂ ਵਿਚੋਂ 1954 ਈ. ਵਿਚ ਮਿਲਿਆ ਸਓ ਪਾੱਲੋ ਬਾਇਨੇਲ ਦਾ ਉੱਤਮ ਇਨਾਮ (Sao Paulo Biennale) ਅਤੇ ਮੈਕਸੀਕੋ ਸਰਕਾਰ ਵਲੋਂ ਚਿੱਤਰਕਾਰੀ ਲਈ ਰਾਸ਼ਟਰੀ ਇਨਾਮ ਪ੍ਰਾਪਤ ਕਰਨਾ ਪ੍ਰਮੁੱਖ ਹਨ। ਮੈਕਸੀਕੋ ਸ਼ਹਿਰ ਦੇ ਚਾਪਲਟੇਪੇਰ ਪਾਰਕ ਵਿਚ 1981 ਈ. ਵਿਚ ਰੁਫੀਨੋ ਤਾਮਯੋ ਮਿਊਜ਼ੀਅਮ 20 ਵੀਂ. ਸਦੀ ਦੇ ਮੁੱਖ ਕਲਾਕਾਰਾਂ ਨੂੰ ਸਮਰਪਿਤ ਕਰਨ ਵਜੋਂ ਖੋਲ੍ਹਿਆ ਗਿਆ।

ਹ.ਪੁ.—ਐਨ. ਬ੍ਰਿ. ਮਾ. 9 : 793; ਐਨ. ਅਮੈ. 26 : 250

**ਤਾਮੜਾ ਸੱਪ (Copper head)** : ਇਹ ਜ਼ਹਰੀਲਾ ਸੱਪ ਕਰੋਟਲਿਡੀ (Crotalidae) ਕੁਲ ਵਿਚੋਂ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਐਜਕਿਸਟਰਡੋਨ ਕੋਨਟੋਰਟ੍ਰਿਕਸ (Agkistrodon contortrix) ਹੈ। ਇਹ ਆਮ ਤੌਰ ਤੇ ਜੰਗਲੀ ਇਲਾਕੇ ਅਤੇ ਚਟਾਨੀ ਖੇਤਰਾਂ ਵਿਚ ਹੁੰਦਾ ਹੈ। ਇਹ ਸੰਯੁਕਤ ਰਾਜ ਅਮਰੀਕਾ ਦੇ ਚਟਾਨਾਂ ਵਾਲੇ ਪਹਾੜਾਂ ਵਿਚ ਮੈਸਾਚੂਸੈੱਟਸ ਤੋਂ ਟੈਕਸਾਸ ਤੱਕ ਮਿਲਦਾ ਹੈ। ਇਸ ਜਾਤੀ ਦੇ ਸੱਪ ਛੋਟੇ ਆਕਾਰ ਦੇ ਹੁੰਦੇ ਹਨ। ਇਨ੍ਹਾਂ ਦਾ ਆਕਾਰ ਕਦੇ ਵੀ 90 ਸੈਂ. ਮੀ. ਤੋਂ ਜ਼ਿਆਦਾ ਨਹੀਂ ਹੁੰਦਾ।

ਇਸ ਦੇ ਸਰੀਰ ਉਪਰ ਲਾਖੇ ਰੰਗ ਦੀਆਂ ਤਿਰਛੀਆਂ ਧਾਰੀਆਂ ਹੁੰਦੀਆਂ ਹਨ। ਇਹ ਧਾਰੀਆਂ ਦੋਹਾਂ ਪਾਸਿਆਂ ਤੋਂ ਚੌੜੀਆਂ ਪਰ ਪਿਛੋਂ ਬਰੀਕ ਹੁੰਦੀਆਂ ਹਨ। ਤਾਮੜਾ ਸੱਪ ਬਾਅਦ ਦੁਪਹਿਰ ਅਤੇ ਮੁੱਢਲੀ ਸ਼ਾਮ ਵੇਲੇ ਜ਼ਿਆਦਾ ਚੁਸਤ ਹੁੰਦਾ ਹੈ ਕਿਉਂਕਿ ਉਸ ਵੇਲੇ ਇਹ ਆਪਣੇ ਭੋਜਨ ਦੀ ਖੋਜ ਕਰ ਰਿਹਾ ਹੁੰਦਾ ਹੈ। ਕੁਤਰਨ ਪ੍ਰਾਣੀ ਜਿਵੇਂ ਕਿ ਚੂਹੇ, ਡੱਡੂ, ਵੱਡੇ ਕੀੜੇ, ਮਾਥ ਲਾਰਵਾ ਅਤੇ ਛੋਟੇ ਥਣਧਾਰੀ ਪ੍ਰਾਣੀ ਇਸ ਦੀ ਮੁੱਖ ਖੁਰਾਕ ਹੁੰਦੇ ਹਨ। ਗਰਮੀਆਂ ਦੇ ਅਖ਼ੀਰ ਜਾਂ ਸ਼ੁਰੂ ਵਿਚ ਇਕ ਮਾਦਾ ਸੱਪ ਇਕ ਝੋਲ ਵਿਚ ਦੋ ਤੋਂ 12 ਛੋਟੇ ਬੱਚਿਆਂ ਨੂੰ ਜਨਮ ਦਿੰਦੀ ਹੈ। ਉਤੇਜਿਤ ਹੋਇਆ ਇਹ ਸੱਪ ਆਪਣੀ ਪੂਛ ਬੜੀ ਤੇਜੀ ਨਾਲ ਹਿਲਾਉਂਦਾ ਹੈ। ਸੁੱਕੇ ਪੱਤਿਆਂ ਵਿਚ ਇਹ ਰੈਟਲ ਸੱਪ ਵਰਗੀ ਆਵਾਜ਼ ਪੈਦਾ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਦੇ ਪੂਰਬੀ ਭਾਗਾਂ ਵਿਚ ਮਿਲਣ ਵਾਲੇ ਨੁਕਸਾਨ ਰਹਿਤ ਕਿੰਗ ਸਨੇਕ ਅਤੇ ਧਾਰੀਆਂ ਵਾਲੇ ਪਾਣੀ ਵਾਲੇ ਸੱਪਾਂ ਦਾ ਰੰਗ ਇਸ ਸੱਪ ਨਾਲ ਮੇਲ ਖਾਂਦਾ ਹੋਣ ਕਰਕੇ ਭੁਲੇਖਾ ਲਗ ਜਾਂਦਾ ਹੈ। ਇਸ ਸੱਪ ਦੇ ਸਿਰ ਦੇ ਦੋਨਾਂ ਸਿਰਿਆਂ ਉੱਤੇ ਸੰਵੇਦੀ ਪਿੱਟ (Sensory pit) ਅਤੇ ਚੌੜੀਆਂ ਧਾਰੀਆਂ ਹੋਣ ਕਰਕੇ ਇਹ ਪਛਾਣਿਆ ਜਾ ਸਕਦਾ ਹੈ। ਆਮ ਤੌਰ ਤੇ ਇਹ ਸੱਪ ਨਰਮ ਸੁਭਾਅ ਦਾ ਹੁੰਦਾ ਹੈ ਪਰ ਜੇ ਇਸ ਨੂੰ ਡਰਾਇਆ ਜਾਵੇ ਜਾਂ ਜ਼ਖ਼ਮੀ ਕੀਤਾ ਜਾਵੇ ਤਾਂ ਝੱਟ ਹੀ ਡੰਗ ਮਾਰ ਲੈਂਦਾ ਹੈ। ਇਸ ਦਾ ਇਲਾਜ ਜਲਦੀ ਹੀ ਕਰਵਾ ਲੈਣਾ ਚਾਹੀਦਾ ਹੈ ਖ਼ਾਸ ਤੌਰ ਤੇ ਜੇ ਕਿਸੇ ਬੱਚੇ ਨੂੰ ਡੰਗਿਆ ਹੋਵੇ।

ਹ.ਪੁ.—ਐਨ. ਅਮੈ. 7 : 666; ਐਨ. ਬ੍ਰਿ. 6 : 475



ਤਾਮੜਾ ਸੱਪ

**ਤੱਮਾ, ਐਲਬਰਟ (Thomas, Albert)** : ਇਹ ਫਰਾਂਸ ਦਾ ਇਕ ਸਿਆਸਤਦਾਨ ਸੀ ਜਿਸ ਦਾ ਜਨਮ 16 ਜੂਨ, 1878 ਨੂੰ ਪੈਰਿਸ ਦੇ ਨੇੜੇ ਸ਼ਾਨਪੀਨਯੀਸੁਰ ਵਿਖੇ ਹੋਇਆ। ਇਸ ਦਾ ਪਿਤਾ ਇਕ ਤੰਦੂਰੀਆ ਸੀ ਜਿਸ ਨੇ ਬੜੀ ਮਿਹਨਤ ਨਾਲ ਇਸ ਨੂੰ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਿੱਤੀ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਇਹ ਵਜੀਫ਼ੇ ਦੇ ਆਧਾਰ ਤੇ ਉਚੇਰੀ ਵਿਦਿਆ ਹਾਸਲ ਕਰਨ ਲਈ ਰੂਸ ਅਤੇ ਜਰਮਨੀ ਗਿਆ। ਇਨ੍ਹਾਂ ਦੇਸ਼ਾਂ ਦੇ ਵਾਤਾਵਰਣ ਦਾ ਇਸ ਦੇ ਵਿਚਾਰਾਂ ਤੇ ਕਾਫ਼ੀ ਪ੍ਰਭਾਵ ਪਿਆ ਅਤੇ ਇਹ ਪ੍ਰਭਾਵ ਇਸਦੀ ਆਪਣੀ ਪੁਸਤਕ 'ਲ ਸਿੰਡਿਕਲਿਜ਼ਮ ਐਲਮੰਡ' ਵਿਚ ਉਭਰੇ ਸਮਾਜਵਾਦੀ ਵਿਚਾਰਾਂ ਰਾਹੀਂ ਪ੍ਰਤੱਖ ਦਿਖਾਈ ਦਿੰਦਾ ਹੈ।

ਸੰਨ 1904 ਵਿਚ ਜ਼ਾਂ ਜਾਰੈਸ ਨੇ ਐਲ ਹਿਊਮੈਨਾਈਟ ਪਰਚਾ ਆਰੰਭ ਕਰਨ ਸਮੇਂ ਇਸ ਨੂੰ ਇਸ ਦਾ ਸਹਾਇਕ ਸੰਪਾਦਕ ਨਿਯੁਕਤ ਕੀਤਾ। ਇਸ ਨੇ ਜਨਰਲ ਕਾਨਫਰੰਸ ਆਫ਼ ਲੇਬਰ ਦੇ ਸੱਜੇ ਧੜੇ ਦੇ ਨੇਤਾ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਈ।

ਸੰਨ 1910 ਅਤੇ ਫਿਰ 1914 ਈ ਵਿਚ ਇਸ ਨੂੰ ਚੈਂਬਰ ਆਫ਼

ਡਿਪਟੀਜ਼ ਲਈ ਚੁਣ ਲਿਆ ਗਿਆ ਅਤੇ ਇਹ ਸਭ ਤੋਂ ਵੱਧ ਸਰਗਰਮ ਅਤੇ ਪ੍ਰਸਿੱਧ ਮੈਂਬਰਾਂ ਵਿਚੋਂ ਇਕ ਗਿਣਿਆ ਜਾਣ ਲੱਗਿਆ।

ਰੂਸ ਵਿਚ ਜ਼ਾਰਸ਼ਾਹੀ ਰਾਜ ਦੇ ਖ਼ਤਮ ਹੋਣ ਪਿੱਛੋਂ ਇਸ ਨੂੰ ਅਲੈਗਜ਼ਾਂਦਰ ਕਰੈਨਸਕੀ ਅਧੀਨ ਰੂਸ ਵਿਚ ਸਥਾਪਿਤ ਹੋਈ ਅੰਗਰੇਜ਼ੀ ਸਰਕਾਰ ਕੋਲ ਅਸਲੇਖ਼ਾਨੇ ਦਾ ਉਤਪਾਦਨ ਵਧਾਉਣ ਲਈ ਭੇਜਿਆ ਗਿਆ ਤਾਂ ਕਿ ਫ਼ਰਾਂਸ ਅਤੇ ਨਵੇਂ ਰੂਸੀ ਗਣਰਾਜ ਦਾ ਮਿਲਵਰਤਨ ਬਰਕਰਾਰ ਰੱਖਿਆ ਜਾ ਸਕੇ।

ਯੁੱਧ ਪਿੱਛੋਂ ਇਸ ਨੂੰ ਅੰਤਰਰਾਸ਼ਟਰੀ ਕਿਰਤ ਸੰਗਠਨ ਦਾ ਪਹਿਲਾ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਸ ਨੇ ਇਸ ਸੰਗਠਨ ਦੇ ਪ੍ਰਭਾਵ ਨੂੰ ਵਧਾਉਣ ਅਤੇ ਅੰਤਰਰਾਸ਼ਟਰੀ ਕਿਰਤ ਕਾਨੂੰਨ ਦੇ ਵਿਸਥਾਰ ਲਈ ਕੰਮ ਕੀਤਾ। ਇਸ ਕੰਮ ਦੇ ਦਾਅਵਿਆਂ ਕਾਰਣ ਇਸ ਨੂੰ 1921 ਈ. ਵਿਚ ਆਪਣੇ ਚੈਂਬਰ ਦੀ ਮੈਂਬਰੀ ਤੋਂ ਅਸਤੀਫ਼ਾ ਦੇਣਾ ਪਿਆ। 1932 ਨੂੰ ਪੈਰਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. 22 : 144; ਐਨ. ਬ੍ਰਿ. ਮਾ. 11 : 713

**ਤਾਮਿਲਨਾਡੂ** : ਭਾਰਤ ਦਾ ਧੁਰ ਦੱਖਣ ਵੱਲ ਦਾ ਇਹ ਰਾਜ ਹੈ ਜਿਹੜਾ ਭਾਰਤੀ ਪ੍ਰਾਇਦੀਪ ਦੇ ਦੱਖਣੀ ਸਿਰੇ ਤੇ ਪੂਰਬੀ ਤੱਟ ਵੱਲ ਵਾਕਿਆ ਹੈ। ਇਸ ਦੀ ਰਾਜਧਾਨੀ ਚੇਨੱਈ (ਮਦਰਾਸ) ਹੈ। ਇਸ ਰਾਜ ਦੀ ਪੂਰਬੀ ਹੱਦ ਖਾੜੀ ਬੰਗਾਲ ਅਤੇ ਦੱਖਣੀ ਹਿੰਦ ਮਹਾਂਸਾਗਰ ਨਾਲ ਲਗਦੀ ਹੈ। ਰਾਜ ਦੇ ਉੱਤਰ-ਪੱਛਮ ਵਿਚ ਕਰਨਾਟਕ, ਉੱਤਰ ਵਿਚ ਆਂਧਰਾ ਪ੍ਰਦੇਸ਼, ਪੱਛਮ ਵਿਚ ਕੇਰਲ ਰਾਜ ਇਸ ਦੀ ਹੱਦਬੰਦੀ ਕਰਦੇ ਹਨ। ਇਸ ਦਾ ਰਕਬਾ 1,30,058 ਵ.ਕਿ.ਮੀ. ਅਤੇ ਆਬਾਦੀ 5,56,38,318, (1991) ਹੈ।

ਪਹਿਲਾਂ ਇਸ ਰਾਜ ਦਾ ਨਾਂ ਮਦਰਾਸ ਹੀ ਹੁੰਦਾ ਸੀ ਪਰ 1968 ਈ. ਵਿਚ ਇਥੋਂ ਦੇ ਰਹਿਣ ਵਾਲੇ ਤਾਮਿਲ ਲੋਕਾਂ ਅਤੇ ਉਨ੍ਹਾਂ ਵਲੋਂ ਬੋਲੀ ਜਾਣ ਵਾਲੀ ਤਾਮਿਲ ਭਾਸ਼ਾ ਦੇ ਆਧਾਰ ਤੇ ਇਸ ਦਾ ਨਾਂ ਵੀ ਤਾਮਿਲਨਾਡੂ ਰੱਖ ਦਿੱਤਾ ਗਿਆ।

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ** — ਧਰਾਤਲ ਪੱਖੋਂ ਇਸ ਰਾਜ ਨੂੰ ਦੋ ਹਿੱਸਿਆਂ-ਉੱਚੇ ਭਾਗ ਜਾਂ ਪਠਾਰੀ ਖੇਤਰ ਅਤੇ ਪੂਰਬੀ ਤੱਟੀ ਮੈਦਾਨ ਵਿਚ ਵੰਡਿਆ ਹੋਇਆ ਹੈ।

(1) **ਉੱਚੇ ਭਾਗ ਜਾਂ ਪਠਾਰੀ ਖੇਤਰ** — ਇਹ ਰਾਜ ਦੇ ਕੇਂਦਰੀ ਹਿੱਸੇ ਵਿਚ ਪਸਰੇ ਹੋਏ ਹਨ ਜਿਹੜੇ ਨਾਲ ਲਗਵੇਂ ਪੂਰਬੀ ਅਤੇ ਪੱਛਮੀ ਘਾਟਾਂ ਤੋਂ ਨੀਵੇਂ ਅਤੇ ਤਟੀ ਮੈਦਾਨਾਂ ਨਾਲੋਂ ਉੱਚੇ ਖੇਤਰ ਹਨ। ਇਨ੍ਹਾਂ ਨੇ ਰਾਜ ਦਾ ਲਗਭਗ 38,000 ਵ.ਕਿ.ਮੀ. ਰਕਬਾ ਮੱਲਿਆ ਹੋਇਆ ਹੈ। ਇਨ੍ਹਾਂ ਦੇ ਪੱਛਮ ਵਿਚ ਪੂਰਬੀ ਘਾਟ, ਦੱਖਣ ਵੱਲ ਸਾਹਯਾਦਰੀ (ਪੱਛਮੀ ਘਾਟ), ਉੱਤਰ ਵੱਲ ਤੈਲਿੰਗਾਨਾ ਪਠਾਰ ਅਤੇ ਪੂਰਬ ਵੱਲ ਤਾਮਿਲਨਾਡੂ ਦੇ ਤੱਟੀ ਮੈਦਾਨ ਹਨ। ਕਾਵੇਰੀ, ਪਲਾਰ, ਵੈਗਾਈ, ਤਾਂਬਰਪਰਨੀ ਅਤੇ ਪਰਿਆਰ ਦਰਿਆ ਇਸ ਖੇਤਰ ਵਿਚ ਪੱਛਮ ਤੋਂ ਪੂਰਬ ਵੱਲ ਵਗਦੇ ਹੋਏ ਖਾੜੀ ਬੰਗਾਲ ਵਿਚ ਜਾ ਡਿਗਦੇ ਹਨ। ਕਾਵੇਰੀ ਅਤੇ ਇਸ ਦੀਆਂ ਸਹਾਇਕ ਨਦੀਆਂ ਨੇ ਇਸ ਉੱਚੇ ਖੇਤਰ ਦੀ ਕਾਂਟ-ਛਾਂਟ ਕਰਕੇ ਇਨ੍ਹਾਂ ਨੂੰ ਘੱਟ ਉੱਚਾ ਖੇਤਰ ਬਣਾ ਛੱਡਿਆ ਹੈ। ਵਧੇਰੇ ਕਾਂਟ-ਛਾਂਟ ਕਾਰਨ ਕਈਆਂ ਥਾਵਾਂ ਤੇ ਇਨ੍ਹਾਂ ਦੀ ਉਚਾਈ ਘੱਟ ਗਈ ਹੈ। ਪੱਛਮੀ ਹਿੱਸੇ ਵਿਚ ਇਹ ਖੇਤਰ 450 ਮੀ. ਉੱਚੇ ਹਨ ਜਦੋਂ ਕਿ ਪੂਰਬੀ ਹਿੱਸੇ ਵਿਚ ਇਹ ਸਿਰਫ਼ 150 ਮੀ. ਤੱਕ ਹੀ ਉੱਚੇ ਰਹਿ ਗਏ ਹਨ।

(2) **ਪੂਰਬੀ ਤੱਟੀ ਮੈਦਾਨ** — ਤਾਮਿਲਨਾਡੂ ਰਾਜ ਦੇ ਇਹ ਨੀਵੇਂ ਮੈਦਾਨਾਂ ਦੇ ਪੂਰਬ ਵੱਲ ਖਾੜੀ ਬੰਗਾਲ, ਦੱਖਣ ਵੱਲ ਹਿੰਦ ਮਹਾਂਸਾਗਰ, ਪੱਛਮ ਵੱਲ ਪੂਰਬੀ ਘਾਟ ਹਨ। ਉੱਤਰ ਵੱਲ ਇਹ ਮੈਦਾਨ ਆਂਧਰਾ ਪ੍ਰਦੇਸ਼ ਰਾਜ ਦੇ ਮੈਦਾਨਾਂ ਵਿਚ ਵਿਲੀਨ ਹੋ ਜਾਂਦੇ ਹਨ। ਇਹ ਮੈਦਾਨ ਖਾੜੀ ਬੰਗਾਲ ਦੇ ਨਾਲ ਨਾਲ ਪੱਟੀ ਦੀ ਸ਼ਕਲ ਵਿਚ ਫੈਲੇ ਹੋਏ ਹਨ ਅਤੇ ਅੱਗੇ ਤਿੰਨ ਭਾਗਾਂ-ਕੋਰੋਮੰਡਲ (ਉੱਤਰ ਵੱਲ ਦਾ ਮੈਦਾਨੀ ਹਿੱਸਾ), ਕਾਵੇਰੀ (ਵਿਚਕਾਰਲਾ ਜਾਂ ਡੈਲਟਾਈ ਹਿੱਸਾ) ਅਤੇ ਦੱਖਣ ਵੱਲ ਰਾਮਨਾਥਪੁਰਮ ਅਤੇ ਮਦੁਰਾਈ ਦੇ ਖੁਸ਼ਕ ਮੈਦਾਨਾਂ ਵਿਚ ਵੰਡੇ ਹੋਏ ਹਨ। ਉੱਤਰ ਵਾਲੇ ਪਾਸੇ ਇਸ ਪੱਟੀ ਦੀ ਚੌੜਾਈ ਘੱਟ ਅਤੇ ਦੱਖਣ ਵਿਚ ਵਧੇਰੇ ਹੈ। ਪੂਰਬੀ ਘਾਟਾਂ ਵਿਚੋਂ ਨਿਕਲਣ ਵਾਲੇ ਦਰਿਆ ਇਨ੍ਹਾਂ ਮੈਦਾਨਾਂ ਵਿਚੋਂ ਪੂਰਬ ਦੀ ਦਿਸ਼ਾ ਵਿਚ ਵਗਦੇ ਹੋਏ ਖਾੜੀ ਬੰਗਾਲ ਵਿਚ ਜਾ ਡਿਗਦੇ ਹਨ। ਇਨ੍ਹਾਂ ਮੈਦਾਨਾਂ ਵਿਚ ਕਾਵੇਰੀ, ਵੈਗਾਈ ਅਤੇ ਪਲਾਰ ਨਦੀਆਂ ਦੇ ਆਪਣੇ ਲੰਬੇ ਚੌੜੇ ਡੈਲਟੇ ਵੀ ਬਣਾਏ ਹੋਏ ਹਨ। ਕਾਵੇਰੀ, ਪਨੌਇਅਰ, ਪਲਾਰ, ਵੈਗਾਈ, ਤਾਂਬਰਪਰਨੀ, ਵੈਲੂਰ ਅਤੇ ਆਰਨੀ ਨਦੀਆਂ ਨੇ ਆਪਣੇ ਨਦੀ ਖੇਤਰਾਂ ਵਿਚ ਆਪਣੇ ਨਾਲ ਲਿਆਂਦੀ ਮਿੱਟੀ ਨਾਲ ਇਨ੍ਹਾਂ ਮੈਦਾਨਾਂ ਨੂੰ ਕਾਫ਼ੀ ਉਪਜਾਊ ਬਣਾ ਦਿੱਤਾ ਹੈ।

**ਜਲ ਪ੍ਰਵਾਹ** — ਤਾਮਿਲਨਾਡੂ ਦੀਆਂ ਸਾਰੀਆਂ ਨਦੀਆਂ ਪੱਛਮੀ ਘਾਟ ਜੋ ਇਸ ਦੀ ਪੱਛਮੀ ਹੱਦ ਬਣਾਉਂਦੇ ਹਨ, ਵਿਚੋਂ ਨਿਕਲ ਕੇ ਪੂਰਬ ਵਿਚ ਖਾੜੀ ਬੰਗਾਲ ਵਿਚ ਜਾ ਡਿੱਗਦੀਆਂ ਹਨ। ਰਾਜ ਦੇ ਵਿਚਕਾਰਲੇ ਹਿੱਸੇ ਦੀ ਨਦੀ ਕਾਵੇਰੀ, ਇਥੋਂ ਦੀ ਸਭ ਤੋਂ ਵੱਡੀ ਨਦੀ ਹੈ। ਇਸ ਤੋਂ ਇਲਾਵਾ ਪਲਾਰ, ਪਨੌਇਅਰ, ਕਾਵੇਰੀ ਦੇ ਦੱਖਣ ਵਿਚ ਵੈਗਾਈ ਅਤੇ ਤਾਂਬਰਪਰਨੀ ਇਥੋਂ ਦੀਆਂ ਹੋਰ ਮੁੱਖ ਨਦੀਆਂ ਹਨ।

ਤਾਮਿਲਨਾਡੂ ਦੀਆਂ ਨਦੀਆਂ ਵਰਖਾ ਰੁੱਤ ਵਿਚ ਹ ਵਗਦੀਆਂ ਹਨ। ਬਾਕੀ ਮੌਸਮਾਂ ਵਿਚ ਇਹ ਡੈਲਟਾਈ ਖੇਤਰ ਤੋਂ ਛੁੱ ਖੁਸ਼ਕ ਹੀ ਰਹਿੰਦੀਆਂ ਹਨ। ਕਾਵੇਰੀ ਨਦੀ ਗਰਮੀ ਅਤੇ ਸਰਦੀ ਦੋਨ ਮੌਸਮਾਂ ਵਿਚ ਵਰਖਾ ਹੋਣ ਨਾਲ ਵਗਦੀ ਰਹਿੰਦੀ ਹੈ।

**ਜਲਵਾਯੂ** — ਭੂ-ਮੱਧ ਰੇਖਾ ਦੇ ਨੇੜੇ ਸਥਿਤ ਹੋਣ ਕਰਕੇ ਇਸ ਊਸ਼ਣ ਖੰਡੀ ਜਲਵਾਯੂ ਰਹਿੰਦੀ ਹੈ। ਗਰਮੀ ਦੀ ਰੁੱਤ ਵਿਚ ਇਥੋਂ ਦ ਤਾਪਮਾਨ 43° ਸੈਂ. ਅਤੇ ਸਰਦੀ ਵਿਚ 18° ਸੈਂ. ਤੋਂ ਵੱਧ ਹੀ ਰਹਿੰਦ ਹੈ।

ਤਾਮਿਲਨਾਡੂ ਦਾ ਕੇਂਦਰੀ ਹਿੱਸਾ ਖੁਸ਼ਕ ਹੈ ਕਿਉਂਕਿ ਇਸ ਉ ਖੇਤਰ ਦਾ ਜ਼ਿਆਦਾ ਹਿੱਸਾ ਪਰਬਤਾਂ ਦੇ ਪੌਣ ਵਿਮੁਖ ਖੇਤਰ ਵਿ ਆ ਜਾਂਦਾ ਹੈ। ਕਰਨਾਟਕ ਖੇਤਰ ਦੇ ਨੇੜੇ ਵਰਖਾ ਜ਼ਿਆਦਾ ਹੁੰਦੀ ਹੈ ਕੋਇੰਬੇਟੂਰ ਵਿਚ ਸਿਰਫ਼ 61 ਸੈਂ. ਮੀ. ਔਸਤ ਵਰਖਾ ਹੁੰਦੀ ਹੈ ਕਰਨਾਟਕ ਵੱਲ ਆਉਂਦਿਆਂ ਇਹ 101 ਸੈਂ.ਮੀ. ਤੱਕ ਪਹੁੰਚ ਜਾਂਦ ਹੈ। ਰਾਜ ਦੇ ਉੱਤਰ-ਪੂਰਬੀ ਜ਼ਿਲ੍ਹਿਆਂ ਵਿਚ ਥੰਜਾਵਰ, ਦੱਖਣ ਅਰਕਾਟ, ਚਿੰਗਲਪੇਟ ਅਤੇ ਉੱਤਰੀ ਅਰਕਾਟ ਵਿਚ ਵਰਖਾ ਗਰ ਅਤੇ ਸਰਦੀ ਦੋਵਾਂ ਮੌਸਮਾਂ ਦੀਆਂ ਮਾਨਸੂਨ ਪੌਣਾਂ ਨਾਲ ਹੁੰਦੀ ਹੈ ਤਿਰੁਨਲਵੇਲੀ, ਕੋਇੰਬੇਟੂਰ, ਤਿਰੁਚਰਾਪੱਲੀ, ਰਾਮਨਾਥਪੁਰਮ ਵਿ ਵਰਖਾ ਘੱਟ ਹੁੰਦੀ ਹੈ। ਇਹ ਸਾਰੀ ਉੱਤਰ-ਪੂਰਬੀ ਮੌਨਸੂਨ ਪੌ ਨਾਲ ਹੁੰਦੀ ਹੈ। ਪੂਰੇ ਰਾਜ ਵਿਚ ਸਾਲਾਨਾ ਔਸਤ ਵਰਖਾ 64 191 ਸੈਂ.ਮੀ. ਦੇ ਵਿਚਕਾਰ ਹੁੰਦੀ ਹੈ।

**ਮਿੱਟੀ** — ਤਾਮਿਲਨਾਡੂ ਵਿਚ ਲਾਲ, ਕਾਲੀ ਅਤੇ ਜਲੋ ਮਿੱਟੀ ਪਾਈ ਜਾਂਦੀ ਹੈ। ਇਨ੍ਹਾਂ ਸਭ ਵਿਚੋਂ ਲਾਲ ਮਿੱਟੀ ਵ ਮਹੱਤਵਪੂਰਨ ਹੈ। ਇਹ ਲਗਭਗ ਸਾਰੇ ਜ਼ਿਲ੍ਹਿਆਂ ਵਿਚ ਹੀ ਮਿਲ ਹੈ। ਇਹ ਘੱਟ ਉਪਜਾਊ ਹੈ ਪਰ ਜਿਥੇ ਇਹ ਚੀਕਣੀ ਮਿੱਟੀ ਨ ਮਿਲ ਗਈ ਹੈ, ਉਥੇ ਉਪਜਾਊ ਬਣ ਗਈ ਹੈ। ਕਾਲੀ ਮਿ

ਰਾਮਨਾਥਪੁਰਮ, ਦੱਖਣੀ ਅਰਕਾਟ, ਥੰਜਾਵਰ, ਤਿਰੁਨਲਵੇਲੀ ਜ਼ਿਲ੍ਹਿਆਂ ਵਿਚ ਪਾਈ ਜਾਂਦੀ ਹੈ। ਡੈਲਟਾਈ ਖੇਤਰਾਂ ਵਿਚ ਨਦੀਆਂ ਨਾਲ ਲਿਆਂਦੀ ਜਲੋਢ ਮਿੱਟੀ ਦੇ ਨਿਖੇਪ ਮਿਲਦੇ ਹਨ। ਇਹ ਕਾਫ਼ੀ ਉਪਜਾਊ ਹੈ।

**ਬਨਸਪਤੀ** — ਤਾਮਿਲਨਾਡੂ ਰਾਜ ਦੇ 15 ਫੀਸਦੀ ਖੇਤਰ ਵਿਚ ਜੰਗਲ ਮਿਲਦੇ ਹਨ। ਪੱਛਮੀ ਘਾਟਾਂ ਦੇ ਉੱਚੇ ਖੇਤਰਾਂ ਜਿਵੇਂ ਕਿ ਨੀਲਗਿਰੀ, ਅਨਾਮਲਾਈ ਅਤੇ ਪਾਲਨੀ ਪਹਾੜੀਆਂ ਤੇ ਸਬ-ਐਲਪਾਈਨ ਕਿਸਮ ਦੀ ਬਨਸਪਤੀ ਮਿਲਦੀ ਹੈ। ਪੱਛਮੀ ਘਾਟਾਂ ਦੀਆਂ ਪੂਰਬੀ ਢਲਾਣਾਂ ਅਤੇ ਉੱਤਰੀ ਅਤੇ ਮੱਧਵਰਤੀ ਜ਼ਿਲ੍ਹਿਆਂ ਦੀਆਂ ਪਹਾੜੀਆਂ ਤੇ ਊਸ਼ਣ ਖੰਡੀ ਪਤਝੜੀ ਅਤੇ ਸਦਾਬਹਾਰੀ ਦੋਵੇਂ ਤਰ੍ਹਾਂ ਦੇ ਜੰਗਲ ਮਿਲਦੇ ਹਨ। ਕੋਇੰਬੇਟੂਰ ਅਤੇ ਨੀਲਗਿਰੀ ਵਿਚ ਇਮਾਰਤੀ ਲੱਕੜ ਮਿਲਦੀ ਹੈ। ਨਦੀਆਂ ਦੇ ਡੈਲਟਿਆਂ ਵਿਚ ਸਾਗਵਾਨ ਲੱਕੜ ਮਿਲਦੀ ਹੈ। ਇਮਲੀ, ਬਬੂਲ, ਕਈ ਤਰ੍ਹਾਂ ਦੀਆਂ ਝਾੜੀਆਂ, ਬਲੂਗਮ, ਰੋਜ਼ਵੁੱਡ, ਮੇਪਲ, ਅੰਬ ਇਥੋਂ ਦੀ ਬਨਸਪਤੀ ਦੀਆਂ ਹੋਰ ਕਿਸਮਾਂ ਹਨ।

## ਇਤਿਹਾਸ

ਪ੍ਰਾਚੀਨ ਅਤੇ ਮਧਕਾਲੀਨ ਸਮਿਆਂ ਵਿਚ ਇਸ ਇਲਾਕੇ ਉੱਤੇ ਸ਼ਕਤੀਸ਼ਾਲੀ ਹਿੰਦੂ ਸਾਮਰਾਜ ਹੁੰਦਾ ਸੀ ਜਿਥੇ ਪਾਂਡੇਯ, ਚੋਲ ਅਤੇ ਪੱਲਵ ਬੰਸੀ ਰਾਜੇ ਰਾਜ ਕਰਦੇ ਰਹੇ ਹਨ। ਹਿੰਦੂ ਸਭਿੱਅਤਾ ਦਾ ਇਥੇ ਬਹੁਤ ਵਿਕਾਸ ਹੋਇਆ। ਇਥੋਂ ਹੀ ਇਹ ਸੰਸਕ੍ਰਿਤੀ ਦੱਖਣ-ਪੂਰਬੀ ਏਸ਼ੀਆ ਵਿਚ ਫੈਲੀ। ਥੰਜਾਵਰ, ਮਦੁਰਾਈ ਅਤੇ ਕਾਂਚੀਪੁਰਮ ਵਿਚਲੇ ਮੰਦਰ ਦ੍ਰਾਵਿੜ ਸੰਸਕ੍ਰਿਤੀ ਦੀ ਅੱਜ ਵੀ ਯਾਦ ਦਿਵਾਉਂਦੇ ਹਨ। ਇਹ ਖੇਤਰ 1565 ਈ. ਵਿਚ ਮੁਸਲਮਾਨਾਂ ਦੇ ਕਬਜ਼ੇ ਹੇਠ ਆ ਗਿਆ। 16 ਵੀਂ. ਸਦੀ ਵਿਚ ਯੂਰਪੀ ਇਸ ਧਰਤੀ ਉਪਰ ਆ ਟਿਕੇ। ਸੰਨ 1801 ਤੱਕ ਇਹ ਸਾਰਾ ਇਲਾਕਾ ਬਰਤਾਨਵੀ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ। ਸੰਨ 1947 ਵਿਚ ਭਾਰਤ ਨੂੰ ਆਜ਼ਾਦੀ ਮਿਲਣ ਤੇ ਇਹ ਵੀ ਆਜ਼ਾਦ ਭਾਰਤ ਦਾ ਹਿੱਸਾ ਬਣਿਆ। ਤਾਮਿਲ ਬੋਲੀ ਬੋਲਣ ਵਾਲਿਆਂ ਦਾ ਵੱਖਰਾ ਰਾਜ ਮਦਰਾਸ ਹੋਂਦ ਵਿਚ ਆਇਆ। ਸੰਨ 1968 ਵਿਚ ਉਨ੍ਹਾਂ ਦੀ ਆਪਣੀ ਬੋਲੀ ਦੇ ਨਾਂ ਪਿੱਛੇ ਹੀ ਇਸ ਰਾਜ ਦਾ ਨਾਂ ਬਦਲ ਕੇ ਤਾਮਿਲਨਾਡੂ ਰੱਖ ਦਿੱਤਾ ਗਿਆ ਜਿਸ ਤੋਂ ਭਾਵ 'ਤਾਮਿਲ ਦਾ ਦੇਸ਼' ਤੋਂ ਹੈ।

## ਆਰਥਿਕਤਾ

**ਕੁਦਰਤੀ ਸਾਧਨ** — ਇਥੋਂ ਦੇ ਕੁਦਰਤੀ ਸਾਧਨਾਂ ਵਿਚ ਖਣਿਜ ਅਤੇ ਜਲ-ਸ਼ਕਤੀ ਹੀ ਸ਼ਾਮਲ ਹਨ।

**ਖਣਿਜ** — ਰਾਜ ਦੀ ਆਰਥਿਕਤਾ ਵਿਚ ਖਣਿਜਾਂ ਦੀ ਮਹੱਤਤਾ ਘੱਟ ਹੀ ਹੈ। ਇਥੇ ਧਾਤ ਅਤੇ ਕੋਲੇ ਦੀ ਘਾਟ ਹੈ। ਥੋੜ੍ਹੀ ਬਹੁਤ ਮਾਤਰਾ ਵਿਚ ਬਾਕਸਾਈਟ, ਲੋਹਾ, ਭੱਠੇ ਦੀ ਮਿੱਟੀ ਅਤੇ ਅਬਰਕ ਮਿਲਦਾ ਹੈ। ਬਹੁਤੇ ਖਣਿਜਾਂ ਦੇ ਭੰਡਾਰ ਕੋਇੰਬੇਟੂਰ, ਸੇਲਮ, ਦੱਖਣੀ ਅਰਕਾਟ, ਤਿਰੁਚਰਾਪਲੀ, ਤਿਰੁਨਲਵੇਲੀ ਵਿਚ ਮਿਲਦੇ ਹਨ। ਕੋਇੰਬੇਟੂਰ ਵਿਚ ਲੋਹਾ ਅਤੇ ਜਿਪਸਮ ਮਿਲਦਾ ਹੈ। ਦੱਖਣੀ ਅਰਕਾਟ ਵਿਚ ਲਿਗਨਾਈਟ, ਤਿਰੁਚਰਾਪਲੀ ਵਿਚ ਚੂਨੇ ਦਾ ਪੱਥਰ, ਜਿਪਸਮ ਅਤੇ ਭੱਠੇ ਦੀ ਮਿੱਟੀ, ਤਿਰੁਨਲਵੇਲੀ ਵਿਚ ਚੂਨੇ ਦਾ ਪੱਥਰ ਅਤੇ ਇਲਮੇਨਾਈਟ ਮਿਲਦਾ ਹੈ।

ਚੀਨੀ ਮਿੱਟੀ ਅਤੇ ਖੜ੍ਹੀਆ ਮਿੱਟੀ ਵੀ ਇਥੇ ਪਾਈ ਜਾਂਦੀ ਹੈ। ਲੂਣ ਸਮੁੰਦਰ ਵਿਚੋਂ ਕੱਢਿਆਂ ਜਾਂਦਾ ਹੈ। ਟੂਟੀਕੋਰਿਨ ਸ਼ਹਿਰ ਲੂਣ ਦਾ ਵੱਡਾ ਉਤਪਾਦਕ ਹੈ।

**ਜਲ ਸਿੰਜਾਈ** — ਪਣ-ਬਿਜਲੀ ਯੋਜਨਾਵਾਂ ਵਿਚ ਇਥੇ ਕਾਫ਼ੀ ਵਿਕਾਸ ਹੋਇਆ ਹੈ। ਮਛਕੁੰਡ ਯੋਜਨਾ, ਪਾਈਕਾਰਾ ਯੋਜਨਾ, ਮੇਯਰ ਯੋਜਨਾ, ਮੈਟੂਰ ਪਣ-ਬਿਜਲੀ ਯੋਜਨਾ, ਪਾਪਨਾਸਮ ਪਣ-ਬਿਜਲੀ ਯੋਜਨਾ ਰਾਜ ਦੀਆਂ ਮਹੱਤਵਪੂਰਨ ਯੋਜਨਾਵਾਂ ਹਨ।

ਚੇਂਗਲਪਟੂ ਜ਼ਿਲ੍ਹੇ ਵਿਚ ਕਲਪਾਕਮ ਵਿਖੇ ਅਟਾਮਿਕ ਪਾਵਰ ਪਲਾਂਟ ਬਣਾਇਆ ਗਿਆ ਹੈ। ਸੰਨ 1995 ਦੇ ਅੰਕੜਿਆਂ ਅਨੁਸਾਰ ਪੂਰੇ ਰਾਜ ਵਿਚ 29 ਪਣ-ਬਿਜਲੀ ਕੇਂਦਰ, ਚਾਰ ਥਰਮਲ ਸਟੇਸ਼ਨ, ਚਾਰ ਪਣ-ਚੱਕੀਆਂ ਅਤੇ ਨਰੀ ਮਨੋਰ ਵਿਖੇ ਇਕ ਗੈਸ ਟਰਬਾਈਨ ਸਥਾਪਿਤ ਹੈ।

**ਖੇਤੀਬਾੜੀ** — ਇਸ ਰਾਜ ਦੀ 70 ਫੀਸਦੀ ਵਸੋਂ ਖੇਤੀਬਾੜੀ ਵਿਚ ਲੱਗੀ ਹੋਈ ਹੈ। 70.88 ਲੱਖ ਹੈਕ. ਭੂਮੀ ਵਾਹੀਯੋਗ ਹੈ ਜਿਸ ਵਿਚੋਂ 35.06 ਹੈਕ. ਭੂਮੀ ਸੇਂਜੂ ਹੈ। ਇਸ ਜ਼ਮੀਨ ਵਿਚ ਚੌਲ, ਮੱਕੀ, ਜਵਾਰ, ਰਗੀ ਅਤੇ ਦਾਲਾਂ ਦੀ ਪੈਦਾਵਾਰ ਹੁੰਦੀ ਹੈ। ਗੰਨਾ, ਤਿਲਾਂ ਦੇ ਬੀਜਾਂ, ਕਪਾਹ, ਮਿਰਚਾਂ, ਕੇਲਾ, ਕਾਫੀ, ਚਾਹ ਅਤੇ ਰਬੜ ਇਸ ਰਾਜ ਦੀਆਂ ਵਪਾਰਕ ਫਸਲਾਂ ਹਨ। ਚੌਲ ਸਾਹਿਲੀ ਮੈਦਾਨਾਂ ਅਤੇ ਡੈਲਟਿਆਂ ਦੀ ਉਪਜ ਹੈ। ਕਪਾਹ ਕੋਇੰਬੇਟੂਰ, ਮਦੁਰਾਈ ਅਤੇ ਰਾਮਨਾਥਪੁਰਮ ਵਿਚ ਪੈਦਾ ਹੁੰਦੀ ਹੈ। ਨਾਰੀਅਲ ਅਤੇ ਕਾਜੂ ਇਥੋਂ ਦੀਆਂ ਹੋਰ ਪੈਦਾਵਾਰਾਂ ਹਨ। ਮੂੰਗਫਲੀ ਦੀ ਪੈਦਾਵਾਰ ਵਿਚ ਵੀ ਇਹ ਭਾਰਤ ਦੇ ਹੋਰਨਾਂ ਰਾਜਾਂ ਨਾਲੋਂ ਅੱਗੇ ਹੈ।



**ਦੱਖਣੀ ਭਾਰਤ ਦੇ ਜਰਖੇਜ਼ ਇਲਾਕੇ ਚਿੰਗਲਪੁਟ ਵਿਖੇ ਵਾਢੀ ਕਰਦੇ ਹੋਏ ਕਿਸਾਨ**

ਸਿੰਜਾਈ ਯੋਜਨਾਵਾਂ ਬਣਨ ਕਾਰਨ ਅਤੇ ਖਾਦਾਂ ਆਦਿ ਦੀ ਠੀਕ ਵਰਤੋਂ ਕਰਨ ਕਰਕੇ ਸਾਲ 1967 ਤੋਂ ਇਹ ਰਾਜ ਅਨਾਜੀ ਫਸਲਾਂ ਦੀ ਪੈਦਾਵਾਰ ਵਿਚ ਆਤਮ ਨਿਰਭਰ ਹੋ ਸਕਿਆ ਹੈ।

**ਮੱਛੀ ਪਾਲਣ** — ਤਾਮਿਲਨਾਡੂ ਦੀ ਲਗਭਗ 1000 ਕਿ.ਮੀ. ਲੰਬੀ ਤਾਂ ਤੱਟ ਰੇਖਾ ਹੀ ਹੈ। ਇਸ ਤੋਂ ਇਲਾਵਾ ਰਾਜ ਵਿਚ ਅਨੇਕ ਤਲਾਅ, ਝੀਲਾਂ ਅਤੇ ਨਦੀਆਂ ਹਨ। ਇਨ੍ਹਾਂ ਸਭ ਵਿਚ ਮੱਛੀਆਂ ਪਾਲੀਆਂ ਜਾਂਦੀਆਂ ਹਨ। ਇਨ੍ਹਾਂ ਮੱਛੀਆਂ ਨੂੰ ਸੁਕਾਇਆ ਵੀ ਜਾਂਦਾ ਹੈ।

**ਸੱਨਅਤਾਂ** — ਇਸ ਰਾਜ ਵਿਚ ਸੱਨਅਤੀ ਵਿਕਾਸ ਵੀ ਚੰਗਾ ਹੀ ਹੋਇਆ ਹੈ। ਅੱਜਕੱਲ੍ਹ ਇਹ ਭਾਰਤ ਦੇ 5 ਵੱਡੇ ਸੱਨਅਤੀ ਖੇਤਰਾਂ ਵਿਚੋਂ ਇਕ ਹੈ। ਪਣ-ਬਿਜਲੀ ਯੋਜਨਾਵਾਂ ਤੋਂ ਹਾਸਲ ਊਰਜਾ ਕਾਰਖਾਨਿਆਂ ਲਈ ਕੋਲੇ ਦੀ ਕਮੀ ਨੂੰ ਪੂਰਾ ਕਰਦੀ ਹੈ। ਵਧੀਆ ਬੰਦਰਗਾਹ ਅਤੇ ਵਧੀਆ ਆਵਾਜਾਈ ਵਸੀਲੇ ਵੀ ਸੱਨਅਤੀ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਸੂਤੀ ਕੱਪੜਾ ਉਦਯੋਗ ਇਥੋਂ ਦਾ ਵੱਡਾ ਉਦਯੋਗ ਹੈ। ਮਦੁਰਾਈ, ਤਿਰੁਨਲਵੇਲੀ, ਤਿਰੁਚਰਾਪਲੀ, ਰਾਮ-ਨਾਥਪੁਰਮ ਅਤੇ ਕੋਇੰਬੇਟੂਰ ਸੂਤੀ ਕੱਪੜਾ ਬਣਾਉਣ ਦੇ ਵੱਡੇ ਕੇਂਦਰ ਹਨ। ਖੰਡ, ਸੀਮਿੰਟ ਅਤੇ ਇੰਜੀਨੀਅਰਿੰਗ ਉਦਯੋਗਾਂ ਦਾ ਕਾਫ਼ੀ ਵਿਕਾਸ ਹੋਇਆ ਹੈ। ਛੋਟੀਆਂ ਦਸਤਕਾਰੀ ਇਕਾਈਆਂ ਵਿਚ ਕੱਪੜਾ ਬੁਣਨ, ਲੱਕੜੀ ਉੱਤੇ ਖੁਦਾਈ ਕਰਨ, ਮਿੱਟੀ ਦੇ ਭਾਂਡੇ ਬਣਾਉਣ, ਗੁੜ, ਲਾਖ਼, ਪੱਥਰ ਦੇ ਭਾਂਡੇ, ਨਾਰੀਅਲ ਦੇ ਰੇਸ਼ਿਆਂ ਤੋਂ ਰੱਸੇ ਬਣਾਉਣ, ਹਾਥੀ ਦੰਦ ਦੀਆਂ ਚੀਜ਼ਾਂ, ਚਮੜੇ ਦਾ ਸਾਮਾਨ, ਕੱਚ ਦੀਆਂ ਚੂੜੀਆਂ ਤੇਲ ਕੱਢਣ ਅਤੇ ਕਈ ਹੋਰ ਤਰ੍ਹਾਂ ਦੇ ਕੰਮ ਧੰਦੇ ਪ੍ਰਚਲਤ ਹਨ। ਚੇਨੱਈ ਨਕਲੀ ਜਵਾਹਰਾਤ ਅਤੇ ਫਿਲਮਾਂ ਬਣਾਉਣ ਲਈ ਵੀ ਪ੍ਰਸਿੱਧ ਹੈ। ਇਸ ਤੋਂ ਇਲਾਵਾ ਨੇਵੇਲੀ ਲਿਗਨਾਈਟ ਕੰਪਲੈਕਸ, ਇਨਟੈਗਰਲ ਕੋਚ ਫੈਕਟਰੀ, ਹਾਈ ਪ੍ਰੈਸ਼ਰ ਬਾਈਲਰ ਪਲਾਂਟ, ਹਿੰਦੁਸਤਾਨ ਟੈਲੀਪ੍ਰਿੰਟਰ, ਹਿੰਦੁਸਤਾਨ ਫੋਟੋ ਫਿਲਮ, ਮਦਰਾਸ ਰਿਫ਼ਾਈਨਰੀ, ਮਦਰਾਸ ਫਰਟੀਲਾਈਜ਼ਰ ਅਤੇ ਪੂਗਾਲੂਰ ਪੇਪਰ ਫੈਕਟਰੀ ਵਰਗੀਆਂ ਸੱਨਅਤਾਂ ਹਨ। ਪੀਰਾਮਬੂਰ ਵਿਖੇ ਸਥਿਤ ਰੇਲਵੇ-ਕੋਚ ਫੈਕਟਰੀ ਏਸ਼ੀਆ ਵਿਚ ਸਭ ਤੋਂ ਵੱਡੀ ਹੈ। ਨਵੇਲੀ ਵਿਖੇ ਇਕ ਵੱਡਾ ਥਰਮਲ-ਪਾਵਰ ਪਲਾਂਟ ਹੈ।

**ਆਵਾਜਾਈ ਦੇ ਸਾਧਨ** — ਪੂਰੇ ਰਾਜ ਵਿਚ ਰੇਲ ਮਾਰਗਾਂ ਦੀ ਲੰਬਾਈ 6,555.45 ਕਿ.ਮੀ. (1990) ਹੈ। ਰੇਲ ਮਾਰਗ ਰਾਜ ਦੇ ਸਾਰੇ ਹਿੱਸਿਆਂ ਵਿਚ ਬਣੇ ਹੋਏ ਹਨ। ਪੂਰਬੀ ਅਤੇ ਦੱਖਣੀ ਹਿੱਸਿਆਂ ਵਿਚ ਛੋਟੀ ਰੇਲ ਲਾਈਨ ਹੈ ਅਤੇ ਵੱਡੀ ਰੇਲ ਲਾਈਨ ਉੱਤਰੀ ਅਤੇ ਪੱਛਮੀ ਖੇਤਰਾਂ ਵਿਚ ਹੈ। ਰਾਜ ਵਿਚ 1.70 ਲੱਖ ਕਿ.ਮੀ. ਲੰਬੀਆਂ ਪੱਕੀਆਂ ਸੜਕਾਂ ਹਨ।

ਤਾਮਿਲਨਾਡੂ ਦੇ ਤੱਟ ਉਪਰ ਕਈ ਛੋਟੀਆਂ-ਵੱਡੀਆਂ ਬੰਦਰਗਾਹਾਂ ਹਨ ਪਰ ਚੇਨੱਈ ਇਥੋਂ ਦੀ ਇਕੋ ਇਕ ਵੱਡੀ ਬੰਦਰਗਾਹ ਹੈ। ਟੂਟੀਕੋਰਿਨ, ਨੇਗਾਪੱਟਮ, ਕੱਡਾਲੂਰ, ਕੋਲਾਚੇਲ, ਪੋਰਟੋਨੋਵੋ ਆਚਿਰਾਪਟੀਨਮ, ਤੋਂਦੀ, ਧਨੁਸ਼ਕੋੜੀ, ਕਿਲਾਕਰੀ ਆਦਿ ਹੋਰ ਬੰਦਰਗਾਹਾਂ ਹਨ। ਚੇਨੱਈ ਦੇ ਨੇੜੇ ਮੀਨਾਮਬੱਕਮ ਵਿਖੇ ਅੰਤਰ-ਰਾਸ਼ਟਰੀ ਹਵਾਈ ਅੱਡਾ ਵੀ ਹੈ। ਇਸ ਤੋਂ ਇਲਾਵਾ ਤਿਰੁਚਰਾਪਲੀ, ਮਦੁਰਾਈ ਅਤੇ ਕੋਇੰਬੇਟੂਰ ਸ਼ਹਿਰਾਂ ਵਿਚ ਵੀ ਹਵਾਈ ਅੱਡੇ ਹਨ। ਸੰਨ 1991 ਦੇ ਅੰਕਿੜਆਂ ਅਨੁਸਾਰ ਆਬਾਦੀ ਪੱਖੋਂ ਇਹ ਭਾਰਤ ਵਿਚ ਸੱਤਵੇਂ ਨੰਬਰ ਤੇ ਹੈ। ਮੈਦਾਨੀ ਖੇਤਰਾਂ ਵਿਚ ਆਬਾਦੀ ਸੰਘਣੀ ਹੈ। ਵੱਡੇ ਸ਼ਹਿਰਾਂ ਦੀ ਗਿਣਤੀ ਵੀ ਕਾਫ਼ੀ ਹੈ ਅਤੇ 20 ਸ਼ਹਿਰ ਅਜਿਹੇ ਹਨ ਜਿਨ੍ਹਾਂ ਦੀ ਆਬਾਦੀ 1 ਲੱਖ ਤੋਂ ਵੱਧ ਹੈ। ਸ਼ਹਿਰ ਭਾਵੇਂ ਜ਼ਿਆਦਾ ਹਨ ਪਰ ਬਹੁਤੀ ਵਸੋਂ ਪੇਂਡੂ ਹੀ ਹੈ ਜਿਸਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਥੋਂ ਦੇ ਲੋਕ ਤਾਮਿਲ ਹਨ। ਇਨ੍ਹਾਂ ਦੀ ਭਾਸ਼ਾ ਵੀ ਤਾਮਿਲ ਹੀ ਹੈ। ਇਹ ਹਿੰਦੂ ਧਰਮ ਦੇ ਪੈਰੋਕਾਰ ਹਨ। ਇਹ ਘੁੰਗਰਾਲੇ ਵਾਲਾ ਵਾਲੇ ਕਾਲੇ ਰੰਗ ਦੇ ਦਰਮਿਆਨੇ ਜਿਹੇ ਕੱਦ ਦੇ ਲੋਕ ਹਨ। ਇਨ੍ਹਾਂ ਦੀ ਨਸਲ ਪਿਛਲੀਆਂ ਕਈ ਸਦੀਆਂ ਤੋਂ ਲਗਭਗ ਇਕੋ ਜਿਹੀ ਹੀ ਹੈ ਅਤੇ ਇਸ ਵਿਚ ਕੋਈ ਖਾਸ ਤਬਦੀਲੀ ਨਹੀਂ ਆਈ। ਕੁੱਲ ਵਸੋਂ ਵਿਚੋਂ 90 ਫੀਸਦੀ ਆਬਾਦੀ ਹਿੰਦੂਆਂ ਦੀ ਹੈ। ਸਿਰਫ਼ 5 ਫੀਸਦੀ ਈਸਾਈ ਹਨ। ਇਸੇ ਕਰਕੇ ਪੁਰਾਣੇ ਸਮਿਆਂ ਤੋਂ ਹੀ ਇਹ ਹਿੰਦੂ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਪੰਘੂੜਾ ਰਿਹਾ ਹੈ।

ਇਸ ਰਾਜ ਦੇ ਕਈ ਸ਼ਹਿਰ ਤਾਂ ਸਿਰਫ਼ ਮੰਦਰਾਂ ਕਰਕੇ ਹੀ ਮਸ਼ਹੂਰ ਹਨ। ਮਹਾਬਲੀਪੁਰਮ, ਚਿਦੰਬ੍ਰਮ, ਤ੍ਰਿਚੈਂਗੋਡੀ, ਕੁੰਭਕੋਨਮ, ਥੰਜਾਵਰ, ਤਿਰੁਚਰਾਪਲੀ, ਮਦੁਰਾਈ ਅਤੇ ਰਾਮੇਸ਼ਵਰਮ ਮੰਦਰਾਂ ਵਾ[illegible] ਸ਼ਹਿਰ ਹਨ। ਸ਼ਿਵ ਦੀ ਪੂਜਾ ਲਈ ਚਿਦੰਬ੍ਰਮ ਵਿਚ ਵੱਡਾ ਮੰਦ[illegible] ਬਣਿਆ ਹੋਇਆ ਹੈ। ਦਸੰਬਰ ਮਹੀਨੇ ਵਿਚ ਇਥੇ ਹਜ਼ਾਰਾਂ ਦ[illegible] ਗਿਣਤੀ ਵਿਚ ਸ਼ਰਧਾਲੂ ਆਉਂਦੇ ਹਨ। ਮਦੁਰਾਈ ਵਿਚ [illegible] ਭਗਵਾਨ ਸ਼ਿਵ ਦਾ ਮੰਦਰ ਹੈ। ਇਥੇ ਕਈ ਚਟਾਨਾਂ ਨੂੰ ਕੱਟ ਕੇ ਉਨ੍[illegible] ਉਪਰ ਮੂਰਤੀਆਂ ਘੜੀਆਂ ਹੋਈਆ ਹਨ।

ਇਹ ਮੰਦਰ ਪੁਰਾਣੇ ਜ਼ਮਾਨੇ ਦੀ ਵਧੀਆ ਇਮਾਰਤ ਉਸਾ[illegible] ਦੀ ਝਲਕ ਪੇਸ਼ ਕਰਦੇ ਹਨ।

ਮੰਦਰਾਂ ਦੀ ਉਸਾਰੀ ਆਮ ਉਸਾਰੀ ਨਾਲੋਂ ਵੱਖਰੀ ਹੈ। ਮੰਦ[illegible] ਉਸਾਰੀ ਦਾ ਕੰਮ ਸਥਾਪਤੀ ਪਰਿਵਾਰਾਂ ਦਾ ਪਿਤਾਪੁਰਖੀ ਧੰਦਾ [illegible] ਇੰਞ ਪੀੜ੍ਹੀ-ਦਰ-ਪੀੜ੍ਹੀ ਇਹ ਕਿੱਤਾ ਅੱਗੇ ਚਲਦਾ ਰਿਹਾ ਹੈ। ਇ[illegible] ਪ੍ਰਾਚੀਨ ਹਿੰਦੂ ਸੰਸਕ੍ਰਿਤੀ, ਸੱਭਿਅਤਾ, ਧਾਰਮਿਕ ਰੀਤੀ ਰਿਵਾਜਾਂ [illegible] ਰਾਜ ਹੈ। ਇਥੇ ਜਨਮ ਅਤੇ ਮੌਤ ਅਤੇ ਅਨੇਕਾਂ ਹੋਰ ਅਵਸਰਾਂ [illegible] ਵੱਖ-ਵੱਖ ਰੀਤੀ ਰਿਵਾਜ ਕਾਫ਼ੀ ਪ੍ਰਚੱਲਤ ਹਨ।

ਰਾਜ ਵਿਚ 14 ਯੂਨੀਵਰਸਿਟੀਆਂ ਸਥਾਪਿਤ ਹਨ ਜਿ[illegible] ਵਿਚੋਂ ਪ੍ਰਮੁੱਖ ਹਨ— ਅਨਾਮਲਾਈ ਯੂਨੀਵਰਸਿਟੀ, ਮਦਰਾ[illegible] ਯੂਨੀਵਰਸਿਟੀ (1857), ਅਨਾਮਲਾਈਨ ਮਦੁਰਾਈ ਕਾਮਰਾ[illegible] ਯੂਨੀਵਰਸਿਟੀ (1966)। ਗਿਆਰਾਂ ਹੋਰ ਯੂਨੀਵਰਸਿਟੀਆਂ ਵਿ[illegible] ਇਕ ਖੇਤੀਬਾੜੀ ਅਤੇ ਮਦਰ ਟੇਰੇਸਾ ਵੂਮੈਨਜ਼ ਯੂਨੀਵਰਸਿਟੀ ਅ[illegible] ਤਾਮਿਲ ਯੂਨੀਵਰਸਿਟੀ ਸ਼ਾਮਲ ਹਨ।

ਹ.ਪੁ.—ਇੰਡੀਆ ਇਨਸਾਈਟ : 239; ਐਨ. ਬ੍ਰਿ. ਮਾ. 11: 53[illegible]
ਭਾਰਤ ਦਾ ਭੂਗੋਲ-ਡਾ. ਮਾਮੋਰੀਆ; ਐਨ. ਅਮੈ. 26 : 251 (1985)[illegible]
ਸਦਰਨ ਇੰਡੀਆ; ਇੰਡੀਆ 1995:817; ਐਨ. ਬ੍ਰਿ. 17 : 1014

**ਤਾਮਿਲ, ਭਾਸ਼ਾ ਤੇ ਸਾਹਿਤ** : ਇਹ ਦੱਖਣ ਪੂਰ[illegible] ਭਾਰਤ ਅਤੇ ਲੰਕਾ ਦੀ ਭਾਸ਼ਾ ਅਤੇ ਤਾਮਿਲਨਾਡੂ ਰਾਜ ਦੀ ਮੁੱਖ ਬੋ[illegible] ਹੈ। ਇਹ ਭਾਸ਼ਾ ਦਰਾਵੜ ਪਰਿਵਾਰ ਦੀ ਇਕ ਪ੍ਰਾਚੀਨ ਭਾਸ਼ਾ ਮੰ[illegible] ਜਾਂਦੀ ਹੈ। ਭਾਵੇਂ ਇਸ ਦੀ ਉਤਪਤੀ ਬਾਰੇ ਅਜੇ ਤਕ ਇਹ ਨਿਰ[illegible] ਨਹੀਂ ਹੋ ਸਕਿਆ ਕਿ ਇਸ ਭਾਸ਼ਾ ਦਾ ਆਰੰਭ ਕਦੋਂ ਹੋਇਆ [illegible] ਸੰਸਾਰ ਦੇ ਭਾਸ਼ਾ ਵਿਗਿਆਨੀਆਂ ਨੇ ਸੰਸਕ੍ਰਿਤ, ਯੂਨਾਨੀ, ਲਾਤੀ[illegible] ਆਦਿ ਭਾਸ਼ਾਵਾਂ ਵਾਂਗ ਤਾਮਿਲ ਭਾਸ਼ਾ ਨੂੰ ਵੀ ਅਤਿ ਪ੍ਰਾਚੀਨ [illegible] ਅਮੀਰ ਭਾਸ਼ਾ ਮੰਨਿਆ ਹੈ। ਹੋਰਨਾਂ ਭਾਸ਼ਾਵਾਂ ਦੀ ਨਿਸਬਤ ਤਾਮਿ[illegible] ਭਾਸ਼ਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਅਤਿ ਪ੍ਰਾਚੀਨ ਹੋਣ[illegible] ਬਾਵਜੂਦ ਵੀ ਨਿਰੰਤਰ ਰੂਪ ਵਿਚ ਅੱਜ ਤਕ ਜੀਵਨ ਦੇ ਸਾਰੇ ਖੇ[illegible] ਵਿਚ ਪ੍ਰਚੱਲਿਤ ਹੈ। ਇਸ ਭਾਸ਼ਾ ਵਿਚ ਉਪਲੱਬਧ ਗ੍ਰੰਥਾਂ ਦੇ ਆਧਾਰ[illegible] ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਤਾਮਿਲ ਭਾਸ਼ਾ ਈਸਾ ਤੋਂ [illegible] ਸੌ ਸਦੀਆਂ ਪਹਿਲਾਂ ਇਕ ਸੰਪੰਨ ਭਾਸ਼ਾ ਬਣ ਚੁੱਕੀ ਸੀ।

ਜਿਥੋਂ ਤਕ ਤਾਮਿਲ ਸ਼ਬਦ ਦੀ ਉਤਪਤੀ ਦਾ ਸਬੰਧ ਹੈ, ਵਿਦਵਾਨਾਂ ਨੇ ਸੰਸਕ੍ਰਿਤ ਭਾਸ਼ਾ ਦੇ ਦਰਾਵੜ ਸ਼ਬਦ ਤੋਂ ਇਸ ਉਤਪਤੀ ਮੰਨ ਕੇ ਦ੍ਰਾਵਿੜ, ਦ੍ਰਵਿੜ, ਦ੍ਰਮਿ, ਦਮਿ, ਦ੍ਰਮਿਲ, ਤਾ[illegible] ਆਦਿ ਰੂਪ ਵਿਖਾ ਕੇ ਤਾਮਿਲ ਦੀ ਉਤਪਤੀ ਸਿੱਧ ਕੀਤੀ ਹੈ ਤਾਮਿਲ ਦੇ ਬਹੁਤ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ [illegible] ਹਨ।

ਇਸ ਭਾਸ਼ਾ ਦਾ ਸਭ ਤੋਂ ਪ੍ਰਾਚੀਨ ਪ੍ਰਮਾਣਿਕ 'ਤੋਲਗਾ ਪਿਯਮ' ਹੈ। ਤਾਮਿਲ ਭਾਸ਼ਾ ਦੇ ਵਿਕਾਸ ਵਿਚ ਤਿੰਨ ਕ[illegible] ਸੰਘਾਂ ਦਾ ਵਰਨਨ ਤਾਮਿਲ ਸਾਹਿਤ ਵਿਚ ਮਿਲਦਾ ਹੈ। 'ਤੋਲ[illegible] ਪਿਯਮ' ਦੂਜੇ ਕਵੀ ਸੰਘ ਦੇ ਸਮੇਂ ਦਾ ਗ੍ਰੰਥ ਹੈ। ਵਿਦਵਾਨਾਂ ਨੇ ਇ[illegible] ਪਾਨਿਨੀ (400 ਈ. ਪੂ.) ਤੋਂ ਪਹਿਲਾਂ ਦਾ ਗ੍ਰੰਥ ਮੰਨਿਆ ਹੈ। ਗ੍ਰੰਥ ਵਿਚ ਇਸ ਤੋਂ ਪਹਿਲਾਂ ਦੇ ਗ੍ਰੰਥ ਲੇਖਕਾਂ ਦਾ ਵਰਣਨ ਮਿਲਦਾ ਹੈ। ਇਸ ਗ੍ਰੰਥ ਵਿਚ ਤਾਮਿਲ ਪਦ ਦੀ ਵਰਤੋਂ ਹੋਈ ਹੈ।

ਤਾਮਿਲ ਭਾਸ਼ਾ ਦਾ ਤੁਲਨਾਤਮਕ ਵਿਆਕਰਣ ਲਿਖਣ ਵਾਲੇ ਵਿਦਵਾਨ ਕਾਲਡਵੈੱਲ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਤਾਮਿਲ ਪ੍ਰਦੇਸ਼ ਦੀ ਸੀਮਾ ਸਮੁੱਚਾ ਕਰਨਾਟਕ, ਪੂਰਬ ਤੇ ਪੱਛਮ ਘਾਟ ਤੋਂ ਹੇਠਾਂ ਪਾਲਘਾਟ ਤੋਂ ਲੈ ਕੇ ਕੁਮਾਰੀ ਅੰਤਰੀਪ ਤਕ ਅਤੇ ਉੱਤਰ ਵਿਚ ਬੰਗੋਪ ਸਾਗਰ ਤਕ ਹੈ। ਉਸ ਨੇ ਤਾਮਿਲ ਪ੍ਰਦੇਸ਼ ਦਾ ਖੇਤਰਫਲ 153,600 ਕਿ. ਮੀ. (60,0008 ਵ. ਮੀਲ) ਮੰਨਿਆ ਹੈ। ਕੁਝ ਹੋਰ ਵਿਦਵਾਨਾਂ ਅਨੁਸਾਰ ਈਸਾ ਤੋਂ ਕਈ ਸਦੀਆਂ ਪਹਿਲਾਂ ਤਾਮਿਲ-ਭਾਸ਼ੀ ਪ੍ਰਦੇਸ਼ ਪੂਰਬ ਵਿਚ ਜਾਵਾ ਦੀਪ ਸਮੂਹ ਤੋਂ ਲੈ ਦੇ ਦੱਖਣ-ਪੱਛਮ ਵਿਚ ਅਫ਼ਰੀਕਾ ਤੱਕ ਫੈਲਿਆ ਹੋਇਆ ਸੀ। ਅੱਜ ਦੀ ਗਣਨਾ ਅਨੁਸਾਰ ਇਸ ਦੇ ਬੋਲਣ ਵਾਲਿਆਂ ਦੀ ਗਿਣਤੀ ਤਿੰਨ ਕਰੋੜ ਤੋਂ ਵੱਧ ਹੈ।

ਤਾਮਿਲ ਭਾਸ਼ਾ ਦੀ ਲਿਪੀ ਸਬੰਧੀ ਕੁਝ ਵਿਦਵਾਨ ਭਾਰਤ ਦੀ ਸਾਰੀਆਂ ਲਿਪੀਆਂ ਦੇ ਸਬੰਧਾਂ ਵਾਂਗ ਇਸ ਦਾ ਸਬੰਧ ਵੀ ਬ੍ਰਹਮੀ ਲਿਪੀ ਨਾਲ ਜੋੜਦੇ ਹਨ ਪਰ ਤਾਮਿਲ ਦੇ ਮਹਾਨ ਵਿਦਵਾਨ ਰਾਘਵ ਯੰਗਾਰ ਦਾ ਮੱਤ ਹੈ ਕਿ ਤਾਮਿਲ ਲਿਪੀ ਦਾ ਸਬੰਧ ਪ੍ਰਾਚੀਨ ਮਿਸਰੀ ਲਿਪੀ ਨਾਲ ਹੈ। ਭਾਰਤੀ ਭਾਸ਼ਾਵਾਂ ਵਿਚ ਤਾਮਿਲ ਹੀ ਇਕ ਅਜਿਹੀ ਭਾਸ਼ਾ ਹੈ ਜਿਸ ਦੀ ਵਰਣਮਾਲਾ ਹੋਰਨਾਂ ਭਾਸ਼ਾਵਾਂ ਦੀ ਨਿਸਬਤ ਬਹੁਤ ਛੋਟੀ ਹੈ ਇਸ ਵਿਚ 12 ਸੁਰ, 18 ਵਿਅੰਜਨ ਤੇ ਇਕ ਵਿਸਰਗ ਸਦ੍ਰਿਸ਼ ਅਰਧ-ਸਵਰ ਹੈ।

'ਇਰੈਯਨਾਕਲਵਿਯਲੁਰੈ' ਨਾਮਕ ਗ੍ਰੰਥ ਵਿਚ ਤਾਮਿਲ ਕਵੀ ਸੰਘਾਂ ਦਾ ਵਰਨਨ ਕੀਤਾ ਗਿਆ ਹੈ। ਇਸ ਗ੍ਰੰਥ ਅਨੁਸਾਰ ਪਹਿਲਾ ਕਵੀ-ਸੰਘ 9950 ਈ. ਪੂ. ਤੋਂ 5550 ਈ. ਪੂਰਵ ਤਕ ਅਰਥਾਤ 4400 ਸਾਲਾਂ ਤੱਕ ਕਾਵਿ-ਨਿਰਮਾਣ ਦੇ ਕੰਮ ਦੀ ਦੇਖਭਾਲ ਕਰਦਾ ਰਿਹਾ। ਇਸ ਕਵੀ-ਸੰਘ ਦੇ 89 ਮੈਂਬਰ ਸਨ। ਇਸ ਸੰਘ ਦਾ ਪ੍ਰਧਾਨ ਗ੍ਰੰਥ 'ਅੱਗਤੀਯਮ' ਨਾਮਕ ਵਿਆਕਰਣ ਹੈ। ਇਹ ਗ੍ਰੰਥ 12,000 ਸੂਤ੍ਰਾਂ ਵਾਲਾ ਤਾਮਿਲ ਭਾਸ਼ਾ ਦਾ ਆਲੋਚਨਾਤਮਕ ਗ੍ਰੰਥ ਮੰਨਿਆ ਗਿਆ ਹੈ। ਇਸ ਕਾਲ ਦੇ ਹੋਰ ਗ੍ਰੰਥ 'ਪਰਿਪਾਡਲ', 'ਮੁਦੁਨਾਰੈ, ਮੁਦੁਰੂਕੁ ਤੇ 'ਕਲਵਿਯਲੁਰ' ਹਨ। ਸਮੁੰਦਰੀ ਪਰਲੋ ਕਾਰਨ ਪਾਂਡਿਆ ਦੀ ਰਾਜਧਾਨੀ ਦੱਖਣ ਮਦੁਰਾ ਨਸ਼ਟ ਹੋ ਗਈ। ਝੱਟ ਮਗਰੋਂ ਹੀ ਪਾਂਡਿਆ ਨੇ ਕਪਾਟਪੁਰਮ ਨਾਮਕ ਸਥਾਨ ਤੇ ਆਪਣੀ ਨਵੀਂ ਰਾਜਧਾਨੀ ਬਣਾ ਲਈ। ਇੱਥੇ ਇਨ੍ਹਾਂ ਨੇ ਦੂਸਰੇ ਕਵੀ - ਸੰਘ ਦੀ ਸਥਾਪਨਾ ਕੀਤੀ। ਇਸ ਸੰਘ ਦੇ 59 ਕਵੀ ਸਨ। ਇਹ ਸੰਘ ਲਗਭਗ 3700 ਸਾਲਾਂ ਤੱਕ ਸਾਹਿਤ-ਸਿਰਜਣਾ ਕਰਦਾ ਰਿਹਾ। 1850 ਈ. ਪੂ. ਵਿਚ ਇਸ ਸੰਘ ਦੀ ਸਮਾਪਤੀ ਹੋ ਗਈ ਜਿਸ ਦਾ ਕਾਰਨ ਵੀ ਸਮੁੰਦਰ ਦੀ ਉੱਥਲ-ਪੁੱਥਲ ਹੀ ਸੀ। ਇਸ ਸੰਘ ਦੇ ਮੁੱਖ ਗ੍ਰੰਥ ਇਹ ਹਨ; 'ਤੋਲਗਾਪੀਯਮ', 'ਮਹਾਪੁਰਾਣਾ', 'ਇਸੈਨੁਣੁਕੱਮ' ਅਤੇ 'ਭੂਤਪੁਰਾਣਮ' ਆਦਿ। ਅਖ਼ੀਰ ਵਿਚ ਮੌਜੂਦਾ ਮਦੁਰਾ ਵਿਖੇ ਤੀਸਰੇ ਕਵੀ-ਸੰਘ ਦੀ ਸਥਾਪਨਾ ਹੋਈ ਜਿਸ ਦੇ 49 ਮੈਂਬਰ ਸਨ। ਇਹ ਸੰਘ 1850 ਸਾਲ ਤਕ ਰਿਹਾ। ਮਗਰੋਂ ਕਈ ਅਗਿਆਤ ਕਾਰਨਾਂ ਕਰਕੇ ਇਸ ਸੰਘ ਦਾ ਵੀ ਖਾਤਮਾ ਹੋ ਗਿਆ। ਇਸ ਸੰਘ ਦੀ ਅੱਜ ਵੀ ਇਤਿਹਾਸਕ ਸਮੱਗਰੀ ਮਿਲਦੀ ਹੈ। ਇਸ ਸੰਘ ਦੇ ਸਾਹਿਤ ਵਿਚ ਵਰਣਿਤ ਮੂਰਤੀਆਂ ਦੇ ਮੰਦਰਾਂ ਦਾ ਉਪਲੱਬਧ ਹੋਣਾ, ਇਸ ਸੰਘ ਦੀ ਸੱਤਾ ਨੂੰ ਪ੍ਰਮਾਣਿਤ ਕਰਦਾ ਹੈ।

ਤਾਮਿਲ ਸਾਹਿਤ ਦੀ ਕਾਲ — ਵੰਡ ਇਸ ਤਰ੍ਹਾਂ ਕੀਤੀ ਜਾਂਦੀ ਹੈ— ਸੰਘ-ਪੂਰਵ ਕਾਲ, ਸੰਘ ਕਾਲ, ਸੰਘ ਤੋਂ ਮਗਰਲਾ ਕਾਲ, ਭਗਤੀ ਕਾਲ, ਕੰਬਨ ਕਾਲ, ਮੱਧ ਕਾਲ ਅਤੇ ਆਧੁਨਿਕ ਕਾਲ। ਸਮੁੰਦਰੀ ਪਰਲੋ ਕਾਰਨ ਪਹਿਲੇ ਦੋ ਕਾਲਾਂ ਦਾ ਸਾਹਿਤ ਉਪਲੱਬਧ ਨਹੀਂ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਸੰਘ ਕਾਲ ਦੇ ਸਾਰੇ ਗ੍ਰੰਥਾਂ ਵਿਚ ਸ਼ਿੰਗਾਰ ਰਸ ਤੇ ਬੀਰ ਰਸ ਦੇ ਭਾਵ-ਆਤਮਕ ਪਦਾਂ ਦਾ ਸੰਗ੍ਰਹਿ ਹੈ। ਪ੍ਰਕਿਰਤੀ ਚਿਤ੍ਰਣ ਤਾਮਿਲ ਕਵਿਤਾਵਾਂ ਦਾ ਵਿਸ਼ੇਸ਼ ਵਿਸ਼ਾ ਹੈ। ਇਨ੍ਹਾਂ ਗ੍ਰੰਥਾਂ ਦੇ ਅਧਿਐਨ ਤੋਂ ਪ੍ਰਾਚੀਨ ਤਾਮਿਲ ਸਮਾਜ, ਤਾਮਿਲ ਰਾਸ਼ਟਰ, ਉਸ ਸਮੇਂ ਦੀ ਰਾਜਿਆਂ ਦੀ ਰਾਜਨੀਤੀ, ਧਰਮ, ਯੁੱਧ ਅਤੇ ਆਰਥਕ ਸਥਿਤੀ ਦਾ ਪਤਾ ਲਗਦਾ ਹੈ।

ਸੰਘ ਉੱਤਰ ਕਾਲ ਅਰਥਾਤ ਸੰਘ ਤੋਂ ਮਗਰਲੇ ਕਾਲ ਵਿਚ ਮਹਾਂਕਾਵਾਂ ਦੀ ਰਚਨਾ ਹੋਈ। ਤੀਸਰੇ ਸੰਘ ਦੇ ਅਖ਼ੀਰਲੇ ਸਮੇਂ ਉੱਤਰ ਵਲੋਂ ਵੈਦਿਕ, ਬੋਧੀ, ਜੈਨੀ ਤੇ ਈਸਾਈ ਸੰਤ ਆਪੋ-ਆਪਣੇ ਧਰਮ ਦਾ ਪ੍ਰਚਾਰ ਕਰਨ ਲੱਗੇ। ਇਸ ਯੁੱਗ ਵਿਚ ਸੰਸਕ੍ਰਿਤ ਅਤੇ ਪਾਲੀ ਭਾਸ਼ਾਵਾਂ ਦਾ ਤਾਮਿਲ ਭਾਸ਼ਾ ਨਾਲ ਮੇਲਜੋਲ ਹੋਇਆ। ਇਸ ਯੁੱਗ ਵਿਚ ਪੰਜ ਉੱਤਮ ਮਹਾਂਕਾਵਾਂ ਦੀ ਰਚਨਾ ਹੋਈ - 'ਸ਼ਿਲਪ ਦਿ ਕਾਰਨਾ,' ਮਣੀ ਮੇਕਲੈ', 'ਜੀਵਨ ਚਿੰਤਾਮਣੀ', 'ਬਲਯਾਪਦੀ' ਤੇ 'ਕੁੰਡਲਕੇਸ਼ੀ'।

ਸੰਘ ਉੱਤਰ ਕਾਲ ਵਿਚ ਲੋਕਾਂ ਦੀ ਰੁਚੀ ਮਹਾਂਕਾਵਿ ਵੱਲ ਹੋਈ। ਇਸੇ ਸਮੇਂ ਵਿਚ ਸ਼ੈਵਾਂ, ਬੋਧੀਆਂ, ਜੈਨੀਆਂ ਆਦਿ ਦਾ ਮਹਾਨ ਧਾਰਮਿਕ ਸੰਘਰਸ਼ ਹੋਇਆ। ਇਸ ਸਮੇਂ ਭਿੰਨ ਭਿੰਨ ਧਰਮਾਂ ਤੇ ਆਦਰਸ਼ਾਂ ਦਾ ਪ੍ਰਚਾਰ ਹੋਇਆ। ਅੰਤ ਵਿਚ ਤਾਮਿਲ ਪ੍ਰਦੇਸ਼ ਦਾ ਪੁਰਾਤਨ ਸ਼ੈਵ ਧਰਮ ਜੇਤੂ ਰਿਹਾ। ਸੰਨ 600 ਦੇ ਲਗਭਗ ਸਮੁੱਚੇ ਦੱਖਣੀ ਭਾਰਤ ਵਿਚ ਸ਼ੈਵ ਧਰਮ ਦਾ ਵਿਆਪਕ ਪ੍ਰਚਾਰ ਹੋਇਆ। ਇਸੇ ਸਮੇਂ ਵੈਸ਼ਣਵ ਧਰਮ ਦਾ ਪ੍ਰਚਾਰ ਵੀ ਹੌਲੀ ਹੌਲੀ ਹੋਣ ਲੱਗਾ। ਇਸ ਤਰ੍ਹਾਂ ਭਗਤੀ ਯੁੱਗ ਦਾ ਆਰੰਭ ਹੋਇਆ ਅਤੇ ਵੈਸ਼ ਧਰਮ, ਵੈਸ਼ਣਵ ਧਰਮ ਅਤੇ ਭਗਤੀ ਸਬੰਧੀ ਕਾਵਿ-ਰਚਨਾਵਾਂ ਦੀ ਕਾਫ਼ੀ ਭਰਮਾਰ ਹੋਈ। ਸ਼ੈਵ ਸੰਤਾਂ ਵਾਂਗ ਭਗਤੀ ਧਾਰਾ ਨੂੰ ਪ੍ਰਭਾਵਿਤ ਕਰਨ ਵਾਲੇ ਭਗਤਾਂ ਨੇ ਸਾਰੇ ਦੇਸ਼ ਦਾ ਭ੍ਰਮਣ ਕੀਤਾ ਤੇ ਵੈਸ਼ਣਵ ਧਰਮ ਤੇ ਭਗਤੀ ਦਾ ਪ੍ਰਚਾਰ ਕੀਤਾ। ਇਨ੍ਹਾਂ ਦੀਆਂ ਰਚਨਾਵਾਂ ਨੂੰ 'ਨਾਲਾ ਯਿਰਦਿਵਯਪ੍ਰਬਧੰਮ੍' ਕਿਹਾ ਜਾਂਦਾ ਹੈ। ਇਸ ਵਿਚ 4000 ਪਦ ਹਨ। ਇਨ੍ਹਾਂ ਭਗਤਾਂ ਨੇ ਤਾਮਿਲ ਸਾਹਿਤ ਵਿਚ ਉਹ ਗਤੀ ਪੈਦਾ ਕੀਤੀ ਕਿ ਕਵੀਆਂ ਦੀ ਰੁਚੀ ਪ੍ਰਬੰਧ ਕਾਵਿ ਵੱਲ ਝੁਕੀ। ਇਸੇ ਲਈ ਇਸ ਕਾਲ ਨੂੰ ਵਿਦਵਾਨਾਂ ਨੇ ਪ੍ਰਬੰਧ ਕਾਵਿ ਦਾ ਨਾਂ ਦਿੱਤਾ ਹੈ। ਇਸ ਕਾਲ ਦਾ ਪ੍ਰਮੁੱਖ ਕਵੀ ਕੰਬਨ ਹੋਇਆ ਜਿਸ ਕਰਕੇ ਇਸ ਕਾਲ ਨੂੰ 'ਕੰਬਨ ਕਾਲ' ਵੀ ਮੰਨਿਆ ਜਾਂਦਾ ਹੈ। ਕੰਬਨ (12ਵੀਂ ਸਦੀ) ਦੀ 'ਰਾਮਾਇਣ' ਵ੍ਰਿਤਮ ਨਾਮਕ ਛੰਦ ਵਿਚ 12 ਹਜ਼ਾਰ ਪਦਾਂ ਦੀ ਹੈ। ਇਹ ਰਚਨਾ ਪ੍ਰਬੰਧ ਕਾਵਿ ਹੋਣ ਦੇ ਬਾਵਜੂਦ ਨਾਟਕੀ-ਅੰਸ਼ਾਂ ਨਾਲ ਭਰਪੂਰ ਹੈ। ਇਸ ਲਈ ਵਿਦਵਾਨ ਲੋਕ ਇਸ ਨੂੰ ਦ੍ਰਿਸ਼-ਕਾਵਿ ਵੀ ਮੰਨਦੇ ਹਨ। ਤਾਮਿਲ ਕਾਵਿ ਪਰੰਪਰਾ ਦੀ ਸ਼੍ਰੇਸ਼ਠਤਾ ਦੀ ਚਰਮਸੀਮਾ ਕੰਬਨ ਦੀ ਰਾਮਾਇਣ ਵਿਚ ਮਿਲਦੀ ਹੈ।

13 ਵੀਂ ਸਦੀ ਤੋਂ ਮਗਰੋਂ ਲਗਭਗ 200 ਸਾਲ ਦਾ ਕਾਲ ਟੀਕਾ-ਕਾਲ ਸਮਝਿਆ ਜਾਂਦਾ ਹੈ। ਇਸ ਯੁੱਗ ਵਿਚ ਨਵੀਆਂ ਕਾਵਿ -ਰਚਨਾਵਾਂ ਦੀ ਰਚਨਾ ਨਹੀਂ ਹੋਈ, ਸਗੋਂ ਸੰਘ ਕਾਲ ਤੇ ਭਗਤੀ ਕਾਲ ਦੇ ਗ੍ਰੰਥਾਂ ਦੀਆਂ ਟੀਕਾਵਾਂ ਲਿਖੀਆਂ ਗਈਆਂ। ਇਸ ਸਮੇਂ ਤਾਮਿਲ ਭਾਸ਼ਾ ਵਿਚ ਗੱਦ ਦਾ ਯੁੱਗ ਸ਼ੁਰੂ ਹੁੰਦਾ ਹੈ।

ਅਠ੍ਹਾਰਵੀਂ ਸਦੀ ਵਿਚ ਈਸਾਈ ਧਰਮ ਦਾ ਪ੍ਰਚਾਰ ਹੋਣ ਲੱਗਾ। ਧਰਮ ਲਈ ਈਸਾਈਆਂ ਨੇ ਤਾਮਿਲ ਦਾ ਅਧਿਐਨ ਕੀਤਾ। ਇਹ ਕਾਲ ਤਾਮਿਲ ਦਾ ਵਿਕਾਸ ਕਾਲ ਮੰਨਿਆ ਜਾਂਦਾ ਹੈ। ਈਸਾਈਆਂ ਨੇ ਤਾਮਿਲ ਸਿਖਾਉਣ ਲਈ ਉਪਯੋਗੀ ਪਾਠ-ਪੁਸਤਕਾਂ ਅਤੇ ਸਰਲ ਵਿਆਕਰਣ ਲਿਖਿਆ। ਤਾਮਿਲ ਦੇ ਪ੍ਰਸਿੱਧ ਲੇਖਕ ਵੇਦਨਯਕਮ ਪਿੱਲੈ ਨੇ ਜੋ ਪਹਿਲਾਂ ਹਿੰਦੂ ਸੀ ਤੇ ਮਗਰੋਂ ਈਸਾਈ ਬਣ ਕੇ ਈਸਾਈ ਧਰਮ ਦਾ ਪ੍ਰਚਾਰ ਕਰਨ ਲੱਗ ਪਿਆ ਸੀ, ਤਾਮਿਲ ਭਾਸ਼ਾ ਦੇ ਅਨੇਕਾਂ ਉੱਤਮ ਗ੍ਰੰਥਾਂ ਦਾ ਨਿਰਮਾਣ ਕੀਤਾ ਹੈ। ਈਸਾਈਆਂ ਦੀ ਤਾਮਿਲ ਸੇਵਾ ਹਮੇਸ਼ਾਂ ਯਾਦ ਰੱਖੀ ਜਾਵੇਗੀ। ਇਨ੍ਹਾਂ ਲੋਕਾਂ ਨੇ ਹੀ ਤਾਮਿਲ ਭਾਸ਼ਾ ਦੇ ਸਰਲ ਵਿਆਕਰਣ ਤੇ ਕੋਸ਼ਾਂ ਦਾ ਨਿਰਮਾਣ ਕੀਤਾ ਹੈ।

19 ਵੀਂ. ਸਦੀ ਵਿਚ ਨਾਟਕ, ਗੱਦ ਉਪਨਿਆਸ, ਕਹਾਣੀ, ਗੀਤਾਂ ਆਦਿ ਦਾ ਵਿਸਤਾਰ ਹੋਇਆ। ਸੰਸਕ੍ਰਿਤ ਦੇ ਅਨੇਕਾਂ ਗ੍ਰੰਥਾਂ ਜਿਵੇਂ ਮੇਘਦੂਤ, ਕਾਦੰਬਰੀ, ਗੀਤਾ, ਪੰਚਤੰਤਰ, ਹਿਤੋਪਦੇਸ਼, ਉਪਨਿਸ਼ਦਾਂ, ਰਾਮਾਇਣ ਅਤੇ ਮਹਾਂਭਾਰਤ ਆਦਿ ਦਾ ਅਨੁਵਾਦ ਹੋਇਆ। 20 ਵੀਂ. ਸਦੀ ਵਿਚ ਅੰਗਰੇਜ਼ੀ ਤੋਂ ਪ੍ਰਭਾਵਤ ਹੋ ਕੇ ਸਾਹਿਤ ਦੇ ਸਾਰੇ ਰੂਪਾਂ ਦਾ ਵਿਕਾਸ ਹੋਣ ਲੱਗਾ। ਕਵਿਤਾ, ਨਾਟਕ, ਨਾਵਲ, ਕਹਾਣੀ, ਆਲੋਚਨਾ ਤੇ ਪੱਤਰ-ਪਤ੍ਰਿਕਾਵਾਂ ਦਾ ਵਾਧਾ ਇਸ ਯੁੱਗ ਦੀ ਵਿਸ਼ੇਸ਼ ਦੇਣ ਹੈ। ਭਾਸ਼ਾ ਵਿਚ ਨਵੀਂ ਸ਼ੈਲੀ ਦਾ ਵਿਕਾਸ ਹੋਇਆ। ਪੁਰਾਣੇ ਮਹਾਂਕਾਵਿ ਤੇ ਉਨ੍ਹਾਂ ਉੱਤੇ ਲਿਖੇ ਟੀਕਾ ਗ੍ਰੰਥਾਂ ਦਾ ਸੰਪਾਦਨ ਇਸੇ ਯੁੱਗ ਵਿਚ ਹੋਇਆ। ਤਾਮਿਲ ਭਾਸ਼ਾ ਵਿਚ ਮਹਾਂਕਾਵਿ, ਪ੍ਰਬੰਧ ਕਾਵਿ, ਲਘੂਕਾਵਿ ਤੇ ਗੀਤ-ਕਾਵਿ ਕਾਫ਼ੀ ਗਿਣਤੀ ਵਿਚ ਸਨ ਪਰ ਆਧੁਨਿਕ ਢੰਗ ਦੇ ਨਾਟਕ ਨਹੀਂ ਸਨ। ਇਸ ਘਾਟ ਨੂੰ ਫ਼ਿਲਾਸਫੀ ਦੇ ਅਧਿਆਪਕ ਸੁੰਦਰਮ ਪਿੱਲੈ ਨੇ 'ਮਨੋਨਯਣੀਯਮ' ਨਾਮਕ ਕਾਵਿ ਨਾਟਕ ਦੀ ਰਚਨਾ ਕਰਕੇ ਦੂਰ ਕੀਤਾ। ਇਸ ਤੋਂ ਮਗਰੋਂ ਸੂਰਯ - ਨਾਰਾਇਣ ਸ਼ਾਸਤਰੀ ਨੇ ਸ਼ੈਕਸਪੀਅਰ ਦੀ ਸ਼ੈਲੀ ਦਾ ਅਨੁਕਰਣ ਕਰਕੇ 'ਮਾਨ ਵਿਜੈ', 'ਕਲਾਵਤੀ, 'ਰੂਪਵਤੀ' ਅਤੇ ਨਾਟਕ ਦਾ ਲ਼ੱਛਣ ਗ੍ਰੰਥ ਲਿਖਿਆ। ਮੁਦਲਿਯਾਰ ਨੇ ਤਾਮਿਲ ਤੇ ਸੰਸਕ੍ਰਿਤ ਗ੍ਰੰਥਾਂ ਦੇ ਆਧਾਰ ਤੇ ਲਗਭਗ 80 ਨਾਟਕ ਲਿਖੇ। ਇਸ ਯੁੱਗ ਦਾ ਅਮਰ ਕਵੀ ਸੁਬ੍ਰਾਹਮਣਯ ਭਾਰਤੀ ਹੈ, ਜਿਸ ਨੇ ਅਨੇਕਾਂ ਵਿਸ਼ਿਆਂ ਤੇ ਰਚਨਾ ਕੀਤੀ। ਇਸਨੂੰ ਰਾਸ਼ਟਰੀ ਕਵੀ ਮੰਨਿਆ ਜਾਂਦਾ ਹੈ। ਇਸ ਨੇ ਕ੍ਰਾਂਤੀਕਾਰੀ ਕਵਿਤਾਵਾਂ ਰਾਹੀਂ ਆਜ਼ਾਦੀ ਦਾ ਸੰਦੇਸ਼ ਦਿੱਤਾ ਹੈ। ਇਸ ਯੁੱਗ ਵਿਚ ਤਾਮਿਲ ਭਾਸ਼ਾ ਵਿਚ ਨਾਵਲ ਤੇ ਕਹਾਣੀ ਦਾ ਹੱਦੋਂ ਵੱਧ ਵਿਕਾਸ ਹੋਇਆ ਹੈ। ਤਾਮਿਲ ਪ੍ਰਦੇਸ਼ ਵਿਚ ਕਹਾਣੀਆਂ ਦੇ ਮਾਸਿਕ-ਪੱਤਰਕਾਵਾਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ। ਸੁਤੰਤਰ ਤੇ ਮੌਲਿਕ ਲਿਖਣ ਕਲਾ ਦੇ ਵਿਕਾਸ ਦੇ ਨਾਲ ਨਾਲ ਅੰਗਰੇਜ਼ੀ, ਮਰਾਠੀ, ਬੰਗਲਾ ਤੇ ਹਿੰਦੀ ਕਹਾਣੀਆਂ ਦਾ ਵੀ ਤਾਮਿਲ ਵਿਚ ਅਨੁਵਾਦ ਹੋਇਆ। ਪ੍ਰੇਮ ਚੰਦ ਦੇ ਖਾਂਡੇਕਰ ਤੋਂ ਤਾਮਿਲ ਜਨਤਾ ਚੰਗੀ ਤਰ੍ਹਾਂ ਵਾਕਿਫ਼ ਹੈ। ਆਲੋਚਨਾ ਦੇ ਖੇਤਰ ਵਿਚ ਸਵਾਮੀਨਾਦ ਅੱਯਰ, ਡਾ. ਰਾਘਵਯਰ, ਮੁ. ਰਾਘਵੱਯਰ, ਕਾ. ਪਿੱਲੈ, ਸੋਮ ਸੁੰਦਰ ਭਾਰਤੀ, ਸੇਤੁਪਿੱਲੈ, ਵੈਯਾਪੁਰੀ ਪਿੱਲੈ, ਸ਼ਰੀ ਨਿਵਾਸ ਰਾਘਵਨ ਅਤੇ ਮੀਨਾਕਸ਼ੀ ਸੁੰਦਰਮ ਪਿੱਲੈ ਆਦਿ ਪ੍ਰਸਿੱਧ ਹਨ। ਨਿਬੰਧ ਲੇਖਕਾਂ ਵਿਚ ਕਲਿਆਣ ਸੁੰਦਰ ਮੁਦਲਿਯਾਰ ਸ੍ਰੇਸ਼ਠ ਹੈ। ਇਸ ਨੇ ਧਾਰਮਿਕ, ਸਮਾਜਿਕ, ਸਾਹਿਤਿਕ ਤੇ ਰਾਜਨੀਤਕ ਵਿਸ਼ਿਆਂ ਤੇ ਅਨੇਕਾਂ ਗ੍ਰੰਥ ਲਿਖੇ ਹਨ। ਤਾਮਿਲ ਦੀਆਂ ਰੋਜ਼ਾਨਾ ਅਖ਼ਬਾਰਾਂ ਵਿਚੋਂ 'ਸਵਦੇਸ਼-ਮਿੱਤਰਨ', 'ਦਿਨਮਣੀ', 'ਤਮਿਲਨਾ', ਆਦਿ ਪ੍ਰਸਿੱਧ ਹਨ। ਹਫ਼-ਤਾਵਾਰੀ ਤੇ ਮਾਸਿਕ ਪੱਤਰਾਂ ਵਿਚ 'ਆਨੰਦਵਿਕਟਨ', 'ਕਲਕੀ', 'ਕਲੈਮ-ਗਲਕਲੈਕਦਿਰ ਕਾਵੇਰੀ', 'ਅਮੁਦਸੁਰਤੀ ਮੰਜਰੀ' ਆਦਿ ਦੇ ਨਾਂ ਸ਼ਾਮਲ ਹਨ। ਬੱਚਿਆਂ ਲਈ 'ਕਨੱਕ' ਅਤੇ 'ਕਲਕੰਡ ' ਉਪਯੋਗੀ ਪੱਤਰ ਹਨ।

ਹ.ਪੁ.—ਹਿੰ. ਸਾ. ਕੋ. (ਭਾਗ 1)

**ਤਾਮਿਲ ਲੋਕ** : ਮੂਲ ਰੂਪ ਵਿਚ ਇਹ ਲੋਕ ਦੱਖਣੀ ਭਾਰਤ ਦੇ ਵਸਨੀਕ ਹਨ। ਇਹ ਲੋਕ ਦਰਾਵਿੜ ਭਾਸ਼ਾ ਬੋਲਦੇ ਹਨ। 1970 ਵਿਆਂ ਦੇ ਅਖੀਰ ਵਿਚ ਇਨ੍ਹਾਂ ਦੀ ਗਿਣਤੀ 47,000,000 ਤੋਂ ਵੱਧ ਸੀ ਜਿਨ੍ਹਾਂ ਵਿਚੋਂ ਤਕਰੀਬਨ 2,700,000 ਲੋਕ ਉੱਤਰੀ ਅਤੇ ਪੂਰਬੀ ਸ੍ਰੀ ਲੰਕਾ ਵਿਚ ਰਹਿੰਦੇ ਸਨ। ਤਾਮਿਲ ਬੋਲੀ ਬੋਲਣ ਵਾਲੇ ਵੱਖ ਵੱਖ ਸਮਾਜਕ ਹੈਸੀਅਤਾਂ ਅਤੇ ਰੀਤੀ ਰਿਵਾਜਾਂ ਵਾਲੇ ਇਹ ਲੋਕ ਮੁੱਖ ਰੂਪ ਵਿਚ ਤਾਮਿਲਨਾਡੂ ਅਤੇ ਕੇਰਲ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਵੱਸੇ ਹੋਏ ਹਨ। ਪਰਵਾਸੀ ਤਾਮਿਲ ਮਲਾਇਆ ਪ੍ਰਾਇਦੀਪ, ਮਿਆਂਮਾਰ, ਇੰਡੋ-ਚਾਈਨਾ, ਥਾਈਲੈਂਡ ਦੱਖਣੀ ਅਤੇ ਪੂਰਬੀ ਅਫ਼ਰੀਕਾ, ਫਿਜੀ, ਮਾੱਰਿਸ਼ੀਅਸ ਪ੍ਰਾਇਦੀਪ ਵੈੱਸਟ ਇੰਡੀਜ਼ ਅਤੇ ਮੈਲਾਗੈਸੀ ਰਿਪਬਲਿਕ ਵਿਚ ਵੀ ਰਹਿੰਦੇ ਹਨ

ਭਾਰਤ ਦਾ ਤਾਮਿਲ ਖੇਤਰ ਰਵਾਇਤੀ ਹਿੰਦੂਵਾਦ ਦਾ ਕੇਂਦਰ ਹੈ। ਜ਼ਿਆਦਾਤਰ ਤਾਮਿਲ ਹਿੰਦੂ ਹਨ ਪਰ ਈਸਾਈ, ਮੁਸਲਮਾਨ ਅਤੇ ਜੈਨੀ ਸਿਰਫ 10% ਹੀ ਹਨ। ਕੁਝ ਸਮਾਂ ਪਹਿਲਾਂ ਇਥੋਂ ਹੀ ਚੱਲੇ ਦਰਾਵੜੀ ਅੰਦੋਲਨ ਨੇ ਤਾਮਿਲ ਸੰਸਕ੍ਰਿਤੀ ਭਾਸ਼ਾ ਅਤੇ ਸਾਹਿਤ ਵਿਚੋਂ ਬ੍ਰਾਹਮਣਵਾਦ ਅਤੇ ਸੰਸਕ੍ਰਿਤੀਕਰਣ ਨੂੰ ਖ਼ਤਮ ਕਰਨ ਦਾ ਪ੍ਰਚਾਰ ਕੀਤਾ। ਇਥੋਂ ਦੇ ਸਭਿਆਚਾਰਕ ਅੰਸ਼ ਆਰੀਆਈ, ਤਾਮਿਲ ਅਤੇ ਸਿੰਧੂ ਘਾਟੀ ਦੀ ਸੱਭਿਅਤਾ ਨਾਲ ਜਾ ਮਿਲਦੇ ਹਨ।

ਤਾਮਿਲ ਲੋਕਾਂ ਦੀਆਂ ਪ੍ਰਾਪਤੀਆਂ ਦਾ ਲੰਬਾ ਚੌੜਾ ਇਤਿਹਾਸ ਹੈ ਜਿਸ ਵਿਚ ਸਮੁੰਦਰੀ ਯਾਤਰਾਵਾਂ, ਸ਼ਹਿਰੀ ਜੀਵਨ ਅਤੇ ਵਣਜ ਸ਼ਾਮਲ ਹੈ। ਸਾਹਿਤਿਕ, ਭਾਸ਼ਾਈ ਅਤੇ ਪੁਰਾਤੱਤਵੀ ਪ੍ਰਮਾਣ ਇਨ੍ਹਾਂ ਦੇ ਯੂਨਾਨੀਆਂ ਅਤੇ ਰੋਮਨਾਂ ਨਾਲ ਹੋਏ ਵਪਾਰ ਦੀ ਪੁਸ਼ਟੀ ਕਰਦੇ ਹਨ ਇਨ੍ਹਾਂ ਦਾ ਸਾਹਿਤ ਈਸਵੀ ਸੰਨ ਦੇ ਮੁੱਢ ਤੋਂ ਸ਼ੁਰੂ ਹੁੰਦਾ ਹੈ ਵਿਜੈਨਗਰ ਰਾਜ ਤੋਂ ਪਹਿਲਾਂ ਤਾਮਿਲ ਖੇਤਰ ਉੱਤੇ ਚੇਰ, ਚੋਲ ਪਾਂਡੇਯ ਅਤੇ ਪੱਲਵ ਵੰਸ਼ਾਂ ਨੇ ਰਾਜ ਕੀਤਾ।

ਦੱਖਣ-ਪੂਰਬੀ ਏਸ਼ੀਆ ਵਿਚ ਭਾਰਤੀ ਸਭਿਆਚਾਰ ਨੂੰ ਫੈਲਾਉਣ ਵਿਚ ਤਾਮਿਲ ਲੋਕਾਂ ਨੇ ਮਹੱਤਵਪੂਰਨ ਹਿੱਸਾ ਪਾਇਆ ਭਾਰਤ ਵਿਚ ਅੰਗਰੇਜ਼ਾਂ ਦੀ ਆਮਦ ਤੋਂ ਪਹਿਲਾਂ ਸਿਆਸੀ ਤੌਰ ਤੇ ਇਨ੍ਹਾਂ ਦੀ ਬਹੁਤ ਦੇਰ ਤੱਕ ਵੱਖਰੀ ਹੋਂਦ ਰਹੀ।

ਸ੍ਰੀ ਲੰਕਾ ਵਿਖੇ ਰਹਿ ਰਹੇ ਤਾਮਿਲ ਕਈ ਗਰੁੱਪਾਂ ਅਤੇ ਜ਼ਾਤਾਂ ਦੇ ਹਨ। ਸ੍ਰੀ ਲੰਕਾ ਦੇ ਤਾਮਿਲਾਂ ਵਿਚੋਂ ਤਕਰੀਬਨ ਅੱਧੇ ਲੋਕ ਉੱਤਰੀ ਹਿੱਸੇ ਵਿਚ ਰਹਿੰਦੇ ਹਨ ਅਤੇ ਇਹ ਪੜ੍ਹੇ ਲਿਖੇ ਹਨ। ਸ੍ਰੀ ਲੰਕਾ ਦੇ 'ਭਾਰਤੀ ਤਾਮਿਲ' ਕਹਾਉਂਦੇ ਲੋਕਾਂ ਨੂੰ 19 ਵੀਂ ਅਤੇ 20 ਵੀਂ ਸਦੀ ਵਿਚ ਅੰਗਰੇਜ਼ ਲੋਕ ਚਾਹ ਦੇ ਬਾਗਾਂ ਵਿਚ ਕੰਮ ਕਰਨ ਲਈ ਲੈ ਗਏ ਸਨ ਅਤੇ ਉਥੋਂ ਦੇ ਦੂਜੇ ਗਰੁੱਪਾਂ ਦੇ ਲੋਕ ਇਨ੍ਹਾਂ ਨੂੰ ਬਦੇਸ਼ੀ ਹੀ ਮੰਨਦੇ ਹਨ। ਭਾਰਤੀ ਤਾਮਿਲ ਅਤੇ ਸ੍ਰੀ ਲੰਕਾ ਦੇ ਤਾਮਿਲ ਵੱਖ-ਵੱਖ ਜ਼ਾਤ-ਪਾਤ ਅਧੀਨ ਸੰਗਠਿਤ ਹਨ ਅਤੇ ਇਨ੍ਹਾਂ ਦਾ ਆਪਸ ਵਿਚ ਕੋਈ ਮੇਲ-ਜੋਲ ਨਹੀਂ।

ਹ.ਪੁ.—ਐਨ. ਬ੍ਰਿ. ਮਾ. 11 : 529; ਐਨ. ਅਮੈ. 26 : 251

**ਤਾਮਿਲ ਵੈਸ਼ਨਵ ਸੰਤ** : ਸ਼ਿਵ ਭਗਤੀ ਦਾ ਪ੍ਰਚਾਰ ਕਰਨ ਵਾਲੇ ਨੂੰ ਤਾਮਿਲ ਵੈਸ਼ਨਵ ਸੰਤ ਕਿਹਾ ਜਾਂਦਾ ਹੈ। ਜਿਨ੍ਹਾਂ ਦੀ ਸੰਖਿਆ 63 ਦੇ ਲਗਭਗ ਮੰਨੀ ਗਈ ਹੈ। ਇਨ੍ਹਾਂ ਦੀਆਂ ਮੂਰਤੀਆਂ ਮੰਦਰ ਵਿਚ ਸਥਾਪਤ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਦੀ ਪੂਜਾ ਪਰਮਾਤਮਾ ਦੀ ਤਰ੍ਹਾਂ ਕੀਤੀ ਜਾਂਦੀ ਹੈ। ਇਨ੍ਹਾਂ ਸੰਤਾਂ ਦਾ ਚਰਿੱਤਰ ਸ਼ੇਕਿਕਕ੍ਰਾਰ ਨਾਮੀ ਭਗਤੀ ਕਾਵਿ ਦੇ ਪ੍ਰੇਮਾਪੁਰਾਣ ਵਿਚ ਪਾਇਆ ਜਾਂਦਾ ਹੈ। ਇਨ੍ਹਾਂ ਸੰਤਾਂ ਦਾ ਜੀਵਨ ਤੇਲਗੂ ਵਿਚ ਸ਼ਿਵਭਗਤੀ ਚਰਿਤਮ ਦੇ ਨਾਂ ਥੱਲੇ ਪ੍ਰਕਾਸ਼ਿਤ ਹੋਇਆ ਹੈ।

ਵਿਸ਼ਨੂੰ ਜਾਂ ਨਾਰਾਇਣ ਦੀ ਭਗਤੀ ਕਰਨ ਵਾਲੇ ਭਗਤ ਅਲਾਵਾਰ ਕਹਾਉਂਦੇ ਹਨ। ਇਨ੍ਹਾਂ ਦੀ ਸੰਖਿਆ 12 ਹੈ। ਇਨ੍ਹਾਂ ਵਿਚੋਂ ਦਾਕਸ਼ ਅਲਾਗਾਰ ਨਾਮੀ ਆਲਾਵਾਰ ਨੇ ਆਵਾਜ਼ ਉਠਾਈ ਕਿ ਭਗਵਾਨ ਦੀ ਭਗਤੀ ਕਰਨ ਦਾ ਹੱਕ ਸਭ ਨੂੰ ਪ੍ਰਾਪਤ ਹੈ। ਇਨ੍ਹਾਂ ਵਿਚ ਕਈ ਨੀਵੀਂ ਜਾਤੀ ਦੇ ਲੋਕ ਵੀ ਸਨ ਜਿਨ੍ਹਾਂ ਨੇ ਸਾਰੇ ਤਾਮਿਲ ਪ੍ਰਦੇਸ਼ ਵਿਚ ਪਦਯਾਤਰਾ ਕਰਕੇ ਭਗਤੀ ਦਾ ਪ੍ਰਚਾਰ ਕੀਤਾ। ਇਨ੍ਹਾਂ ਦੇ ਲਗਭਗ 4000 ਭਾਵਪੂਰਨ ਗੀਤ ਮਾਲਾਇਰ ਦਿਵਯ ਪ੍ਰਬੰਧ ਵਿਚ ਪਾਏ ਜਾਂਦੇ ਹਨ। ਦਿਵਯ ਪ੍ਰਬੰਧ ਭਗਤੀ ਅਤੇ ਗਿਆਨ ਦਾ ਅਨਮੋਲ ਭੰਡਾਰ ਹੈ।

ਇਨ੍ਹਾਂ ਅਲਾਵਾਰਾਂ ਵਿਚੋਂ ਪੌਰਗੇ ਦਾ ਜਨਮ ਸਥਾਨ ਕਾਜੀਪੁਰਮ, ਭੂਤਤਲਵਾਰ ਦਾ ਜਨਮ ਸਥਾਨ ਮਹਾਬਲੀਪੁਰਮ ਅਤੇ ਪੇਆਲਬਰ ਦਾ ਜਨਮ ਸਥਾਨ ਮਦਰਾਸ (ਮੈਲਾਪੁਰ) ਮੰਨਿਆ ਜਾਂਦਾ ਹੈ। ਇਨ੍ਹਾਂ ਅਲਾਵਾਰਾਂ ਵਿਚ ਭਗਤੀ, ਗਿਆਨ, ਗਿਆਨਦੀਪ ਦੇ ਰੂਪ ਵਿਚ ਪਾਈ ਜਾਂਦੀ ਹੈ। ਮਦਰਾਸ ਤੋਂ 15 ਮੀਲ ਦੂਰ ਤਿਰੂਮਿਸ਼ਿਸੈ ਨਾਮ ਦਾ ਛੋਟਾ ਜਿਹਾ ਪਿੰਡ ਹੈ। ਇਥੇ ਤਿਰੂਮਿਸ਼ਿਸੈ ਦਾ ਜਨਮ ਹੋਇਆ। ਮਾਤਾ ਪਿਤਾ ਨੇ ਉਨ੍ਹਾਂ ਨੂੰ ਬਚਪਨ ਅਵਸਥਾ ਵਿਚ ਹੀ ਵਿਆਹ ਦਿੱਤਾ। ਇਕ ਇਸਤਰੀ ਦੁਆਰਾ ਉਨ੍ਹਾਂ ਦਾ ਪਾਲਣ ਪੋਸ਼ਣ ਹੋਇਆ। ਸਮਾਂ ਪਾ ਕੇ ਇਹ ਵੱਡੇ ਗਿਆਨੀ ਅਤੇ ਭਗਤ ਬਣੇ। ਨੰਮਮਾਲਵਾ ਦਾ ਦੂਜਾ ਨਾਮ ਛਡਕੋਪ ਹੈ। ਇਸ ਨੂੰ ਪਰਾਕੁਸ਼ ਮੁਨੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਅਲਾਵਾਰਾਂ ਵਿਚੋਂ ਇਹ ਹੀ ਮਹੱਤਵਪੂਰਨ ਅਲਾਵਾਰ ਮੰਨੇ ਜਾਂਦੇ ਹਨ। ਇਨ੍ਹਾਂ ਦਾ ਜਨਮ ਤਾਮਰਮਤੀ ਨਦੀ ਦੇ ਤੱਟ ਤੇ ਸਥਿਤ ਤਿਰਕੁਕੂਰਕਰ ਨਾਮੀ ਪਿੰਡ ਵਿਚ ਹੋਇਆ। ਇਨ੍ਹਾਂ ਦੀਆਂ ਰਚਨਾਵਾਂ 'ਦਿਵਯ ਪ੍ਰਬੰਧਮ' ਵਿਚ ਪਾਈਆਂ ਜਾਂਦੀਆਂ ਹਨ। 'ਦਿਵਯ ਪ੍ਰਬੰਧਮ' ਦੇ 4000 ਪਦਾਂ ਵਿਚ 1000 ਪਦ ਇਨ੍ਹਾਂ ਦੇ ਹਨ। ਇਨ੍ਹਾਂ ਦੀ ਉਪਾਸਨਾ ਗੋਪੀ ਭਾਵ ਦੀ ਹੈ। ਛੇਵੇਂ ਅਲਾਵਾਰ ਮਧੁਰ ਕਵੀ ਗਰੜ ਦੇ ਅਵਤਾਰ ਮੰਨੇ ਜਾਂਦੇ ਹਨ। ਇਨ੍ਹਾਂ ਦਾ ਜਨਮ ਸਥਾਨ ਤਿਰਕਾਕਾਲੂਰ ਨਾਮੀ ਪਿੰਡ ਸੀ। ਇਹ ਸ਼ਡਕੋਪ ਮੁਨੀ ਦੇ ਸਮਕਾਲੀ ਹਨ ਅਤੇ ਉਨ੍ਹਾਂ ਦੇ ਗੀਤਾਂ ਨੂੰ ਮਧੁਰ ਸੁਰ ਵਿਚ ਗਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਮਧੁਰ ਕਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਅਸਲੀ ਨਾਂ ਅਗਿਆਤ ਹੈ। ਸਤਵੇਂ ਅਲਾਵਾਰ ਕੁਲਸ਼ੇਖਰਾਲਵਾਰ ਕੇਰਲ ਦੇ ਰਾਜਾ ਛਡਤਰ ਦਾ ਪੁੱਤਰ ਸੀ। ਇਹ ਕੋਮਤਭਮਰਿਕ ਦੇ ਅਵਤਾਰ ਮੰਨੇ ਜਾਂਦੇ ਹਨ। ਭਗਤੀਭਾਵ ਦੇ ਕਾਰਣ ਇਨ੍ਹਾਂ ਨੇ ਰਾਜ ਦਾ ਤਿਆਗ ਕਰ ਦਿੱਤਾ ਅਤੇ ਸ਼੍ਰੀ ਰੰਗਮ ਰੰਗਨਾਥ ਦੇ ਕੋਲ ਗਏ। ਉਨ੍ਹਾਂ ਦੇ ਕੋਲ ਰਹਿ ਕੇ ਉਨ੍ਹਾਂ ਨੇ ਮੁਕੰਦਮਮਾਲਾ ਨਾਮਕ ਸਤੋਤਰ ਲਿਖਿਆ। ਅੱਠਵੇਂ ਅਲਾਵਾਰ ਪਰੇਅਲਵਾਰ ਦਾ ਦੂਸਰਾ ਨਾਮ ਵਿਸ਼ਨੂਚਿਤਰ ਹੈ। ਇਸ ਦਾ ਜਨਮ ਸ਼੍ਰੀ ਬਿਲੁਲਪੁਤਰ ਵਿਚ ਹੋਇਆ। ਆਂਡਾਲ ਇਨ੍ਹਾਂ ਦੀ ਕੰਨਿਆ ਸੀ। ਬਾਰਾਂ ਅਲਾਵਾਰਾਂ ਵਿਚੋਂ ਆਂਡਾਲ ਔਰਤ ਸੀ। ਇਹ ਇਕ ਮਾਤਰ ਰੰਗਨਾਥ ਨੂੰ ਆਪਣਾ ਪਤੀ ਮੰਨ ਕੇ ਭਗਤੀ ਵਿਚ ਲੀਨ ਰਹੀ। ਕਿਹਾ ਜਾਂਦਾ ਹੈ ਕਿ ਇਸ ਨੂੰ ਭਗਵਾਨ ਦੀ ਜੋਤੀ ਪ੍ਰਾਪਤ ਹੋਈ। ਆਡਾਲ ਦੀਆਂ ਰਚਨਾਵਾਂ ਤਿਰੂਪਾਵੇ ਅਤੇ ਨਾਚਿਚਯਾਰ ਤਿਰੂਮੋਸ ਬਹੁਤ ਪ੍ਰਸਿੱਧ ਹੈ। ਆਡਾਲ ਦੀ ਉਪਾਸਨਾ ਮਧੁਰ ਵਿਚਾਰਾਂ ਵਾਲੀ ਹੈ। ਤਿਰੂਮਗੋਇਅਲਾਵਾਰ ਦਾ ਜਨਮ ਸ਼ੈਵ ਪਰਿਵਾਰ ਵਿਚ ਹੋਇਆ। ਇਹ ਰੱਬ ਦੀ ਦਾਸ ਭਾਵਨਾ ਨਾਲ ਉਪਾਸਨਾ ਕਰਦੇ ਸਨ। ਇਨ੍ਹਾਂ ਨੇ ਤਾਮਿਲ ਵਿਚ ਛੇ ਗ੍ਰੰਥ ਲਿਖੇ ਜਿਨ੍ਹਾਂ ਨੂੰ ਤਾਮਿਲ ਬੇਦਾਗ ਕਹਿੰਦੇ ਹਨ।

ਇਨ੍ਹਾਂ ਅਲਾਵਾਰਾਂ ਦੇ ਭਗਤੀ ਸਿਧਾਂਤਾ ਨੂੰ ਤਰਕਪੂਰਨ ਰੂਪ ਵਿਚ ਪੇਸ਼ ਕਰਨ ਵਾਲੇ ਕਈ ਵਿਦਵਾਨ ਹੋਏ ਹਨ ਜਿਨ੍ਹਾਂ ਵਿਚੋਂ ਰਾਮਾਨੁਜ ਅਚਾਰੀਆ ਅਤੇ ਬੇਦਾਤਦੇਸ਼ਿਕ ਪ੍ਰਮੁੱਖ ਹਨ।

ਹ.ਪੁ.–ਹਿੰ. ਵਿ.ਕੋ. 5 : 309

**ਤਾਮੁੱਜ਼** : ਸੁਮੇਰੀਆ, ਬੇਬੀਲੋਨੀਆ ਅਤੇ ਅਸੀਰੀਆ ਦਾ ਇਹ ਦੇਵਤਾ ਹਰੇਕ ਸਾਲ ਮਰਦਾ ਅਤੇ ਪੈਦਾ ਹੁੰਦਾ ਹੈ। ਏ. ਐਚ, ਸਾਈਜ਼ ਅਨੁਸਾਰ ਮੂਲ ਰੂਪ ਵਿਚ ਬੇਬੀਲੋਨੀਆ ਵਿਚ ਸੂਰਜ ਨੂੰ ਤਾਮੁੱਜ਼ ਦੇ ਨਾਂ ਨਾਲ ਪੂਜਿਆ ਜਾਂਦਾ ਸੀ। ਸੁਮੇਰੀਆ ਵਿਚ ਦੁਮੂਜ਼ੀ (ਜੀਵਨ) ਪੁੱਤਰ ਦਾ ਜ਼ਿਕਰ ਆਉਂਦਾ ਹੈ। ਕੈਨਾਨ ਵਿਚ ਤਾਮੁੱਜ਼ ਨੂੰ ਅਦੋਨਾਈ (ਸਵਾਮੀ) ਕਹਿੰਦੇ ਹਨ ਅਤੇ ਯੂਨਾਨ ਵਿਚ ਅਦੋਨੀਸ ਕਿਹਾ ਜਾਂਦਾ ਹੈ। ਬੇਬੀਲੋਨੀਆ ਵਿਚ ਤਾਮੁੱਜ਼ ਦੇ ਇਸ਼ਤਰ ਨਾਂ ਦੀ ਦੇਵੀ ਨਾਲ ਸਬੰਧਤ ਹੋਣ ਦੀ ਕਲਪਨਾ ਕੀਤੀ ਜਾਂਦੀ ਹੈ। ਯੂਨਾਨ ਵਿਚ ਇਸਦਾ (ਅਦੋਨੀਸ) ਸਬੰਧ ਐਫ਼ਰੋਡਾਈਟ ਨਾਲ ਜੋੜਿਆ ਜਾਂਦਾ ਹੈ। ਵਲਗੇਟ (ਬਾਈਬਲ ਦੇ ਲਾਤੀਨੀ ਅਨੁਵਾਦ) ਵਿਚ ਵੀ ਤਾਮੁੱਜ਼ ਅਤੇ ਅਦੋਨੀਸ ਨੂੰ ਇਕ ਹੀ ਸਵੀਕਾਰ ਕੀਤਾ ਗਿਆ ਹੈ।

ਅਦੋਨੀਸ ਦੀ ਪੂਜਾ ਫ਼ਿਨੀਸ਼ੀਆ ਵਿਚ ਬਹੁਤ ਪ੍ਰਚੱਲਤ ਸੀ। ਹਰ ਸਾਲ ਬਸੰਤ ਦੇ ਸ਼ੁਰੂ ਵਿਚ ਤਾਮੁੱਜ਼ ਦੇ ਪੁਨਰ ਜਨਮ ਦੀ ਖ਼ੁਸ਼ੀ ਵਿਚ ਉਤਸਵ ਮਨਾਇਆ ਜਾਂਦਾ ਸੀ ਪਰੰਤੂ ਕਾਂਸਟੈਂਟਾਈਨ ਨੇ ਅਦੋਨੀਸ ਦੀ ਪੂਜਾ ਤੇ ਰੋਕ ਲਗਾਈ ਸੀ।

ਹ.ਪੁ.–ਹਿੰ ਵਿ. ਕੋ. 5 : 315

**ਤਾਯਾਮਾ, ਕਾਤਾਈ** : ਜਾਪਾਨ ਦੇ ਇਸ ਨਾਵਲਕਾਰ ਦਾ ਜਨਮ 13 ਦਸੰਬਰ, 1871 ਨੂੰ ਤਾਤੇਬਾਯਾਸ਼ੀ ਵਿਖੇ ਹੋਇਆ। ਇਸਨੇ ਜਾਪਾਨੀ ਪ੍ਰਕ੍ਰਿਤੀਵਾਦ ਮਤ ਦੀ ਲੇਖਣੀ ਨੂੰ ਉੱਨਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਦੀਆਂ ਸ਼ੁਰੂ ਦੀਆਂ ਕ੍ਰਿਤਾਂ ਬਹੁਤ ਰੋਮਾਂਚਾਕਾਰੀ ਹਨ ਪਰ ਫ਼ਰਾਂਸ ਤੋਂ ਪ੍ਰਭਾਵਤਿ ਹੋ ਕੇ ਇਸ ਨੇ 'ਬੋਲਡ ਡਿਲਿਨੀਏਸ਼ਨ' ਨਾਮੀ ਲੇਖ ਵਿਚ ਹੋਰ ਯਥਾਰਥਵਾਦ ਵੱਲ ਇਸ਼ਾਰਾ ਕੀਤਾ ਹੈ। ਜਾਪਾਨੀ ਸਾਹਿਤ ਤੇ ਆਧਾਰਿਤ ਸਵੈ-ਜੀਵਨੀ ਨਾਵਲ 'ਦੀ ਕੁਇਲਟ' (1907) ਕਾਰਨ ਇਹ ਬਹੁਤ ਪ੍ਰਸਿੱਧ ਹੋਇਆ। ਇਸ ਤੋਂ ਇਲਾਵਾ 'ਲਾਈਫ਼ (1908), ਵਾਈਫ਼ (1908-09) ਅਤੇ 'ਟਾਈਜ਼' (1910) ਇਸਦੇ ਤਿੰਨ ਹੋਰ ਸਵੈ-ਜੀਵਨੀ ਨਾਵਲ ਹਨ।

'ਲਿਟਰੇਰੀ ਡਿਸਕੋਰਸਿਜ਼' (1911) ਨਾਮੀ ਲੇਖ ਇਸਦੇ ਆਪਣੇ ਸਾਹਿਤਕ ਸਿਧਾਂਤਾਂ ਤੇ ਆਧਾਰਿਤ ਸੀ। ਬਾਅਦ ਦੇ ਸਾਲਾਂ ਵਿਚ ਪ੍ਰਕਿਰਤੀਵਾਦ ਦੇ ਪ੍ਰਭਾਵ ਵਿਚ ਗਿਰਾਵਟ ਆਉਣ ਕਾਰਨ ਇਸਦਾ ਝੁਕਾਅ ਧਰਮ ਵੱਲ ਹੋ ਗਿਆ, ਜੋ ਕਿ 'ਲਿੰਗਰਿੰਗ ਸਨੋ' (1917-18) ਵਿਚ ਸਪਸ਼ਟ ਹੈ। ਆਲੋਚਕ ਅਤੇ ਲੇਖਕ ਮਾਸਾਮੂਨੇ ਹਾਕੂਚੋ ਅਨੁਸਾਰ ਇਹ ਉਹ ਲੇਖਕ ਹੈ ਜਿਸਨੇ 20 ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਾਪਾਨੀ ਸਾਹਿਤ ਨੂੰ ਬਹੁਤ ਪ੍ਰਭਾਵਿਤ ਕੀਤਾ।

13 ਮਈ, 1930 ਨੂੰ ਟੋਕੀਓ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. ਮਾ. 9 : 849

**ਤਾਰਸ ਪਹਾੜ** : ਏਸ਼ੀਆਈ-ਤੁਰਕੀ ਵਿਚ ਸਥਿਤ ਇਕ ਪਰਬਤ ਲੜੀ ਹੈ। ਇਸ ਪਰਬਤ ਲੜੀ ਦਾ ਆਰੰਭ ਦਜਲਾ ਅਤੇ ਫ਼ਰਾਤ ਦਰਿਆਵਾਂ ਦੇ ਪੂਰਬ ਵਿਚ ਮਾਰਾਸ ਪ੍ਰਦੇਸ਼ ਵਿਚ ਨੂਸਰ ਨਾਮਕ ਸਥਾਨ ਤੋਂ ਹੁੰਦਾ ਹੈ। ਇਸ ਤੋਂ ਬਾਅਦ ਇਹ ਪਰਬਤ ਲੜੀ ਪੱਛਮ ਵੱਲ ਮੱਧ ਸਾਗਰ ਦੇ ਤੱਟ ਦੇ ਸਮਾਨਾਂਤਰ 800 ਕਿ.ਮੀ. (500 ਮੀਲ) ਤੱਕ ਜਾਣ ਤੋਂ ਬਾਅਦ ਏਡਲੀਆ ਦੀ ਖਾੜੀ ਦੇ ਉੱਤਰ ਵੱਲ ਮੁੜ ਜਾਂਦੀ ਹੈ। ਪੂਰਬ ਵਿਚ ਇਸ ਦਾ ਨਾਂ ਜੇਬੇਲ ਕਰੀਮ ਜਾਂ ਐਂਟੀ ਤਾਰਸ ਹੈ। ਇਸ ਦੀਆਂ ਕਈ ਸ਼ਾਖਾਵਾਂ ਹਨ ਜਿਸ ਵਿਚੋਂ ਸਭ ਤੋਂ ਮਹੱਤਵਪੂਰਨ ਆਲਮਾ ਹੈ ਜਿਹੜੀ ਦੱਖਣ ਵੱਲ ਸੀਰੀਆ ਵਿਚ ਪ੍ਰਵੇਸ਼ ਕਰਦੀ ਹੈ ਅਤੇ ਲਿਬਨਾਨ ਦੀ ਪਰਬਤ ਮਾਲਾ ਵਿਚ ਜਾ ਮਿਲਦੀ ਹੈ। ਐਂਟੀ ਤਾਰਸ ਉੱਤਰ-ਪੂਰਬ ਵੱਲ ਫੈਲ ਜਾਂਦੀ ਹੈ ਅਤੇ ਅੱਗੇ ਚਲ ਕੇ ਇਹ ਏਰਾਰੇਤ, ਐਲਬੁਰਜ਼ ਅਤੇ ਕਾਕੇਸ਼ਸ਼ ਸ਼੍ਰੇਣੀਆਂ ਨਾਲ ਮਿਲ ਜਾਂਦੀ ਹੈ। ਪੂਰਬ ਦੀਆਂ ਕਈ ਚੋਟੀਆਂ 3,048 ਮੀ. (10,000 ਫੁੱਟ) ਨਾਲੋਂ ਵੱਧ ਉੱਚੀਆਂ ਹਨ। 2,438 ਮੀ. (8000 ਫੁੱਟ) ਦੀ ਉੱਚਾਈ ਤੱਕ ਚੀਲ, ਦਿਆਰ, ਬਲੂਤ, ਓਕ ਅਤੇ ਜੂਨੀਪਰ ਦੇ ਟਾਵੇਂ-ਟਾਵੇਂ ਜੰਗਲ ਮਿਲਦੇ ਹਨ। ਤਾਰਸ ਪਹਾੜ ਨੂੰ ਪਾਰ ਕਰਨ ਲਈ ਸਾਲਿਸਨ ਗੇਟਸ ਨਾਂ ਦਾ ਦੱਰਾ ਬਹੁਤ ਪ੍ਰਸਿੱਧ ਹੈ ਅਤੇ ਪ੍ਰਾਚੀਨ ਕਾਲ ਤੋਂ ਹੀ ਕਾਫ਼ਲੇ ਅਤੇ ਫ਼ੌਜਾਂ ਇਸੇ ਦੱਰੇ ਵਿਚੋਂ ਦੀ ਲੰਘਦੀਆਂ ਰਹੀਆਂ ਹਨ। ਇਥੇ ਚਾਂਦੀ, ਤਾਂਬਾ, ਲਿਗਨਾਈਟ, ਜਿਸਤ, ਲੋਹੇ

ਅਤੇ ਸੰਖੀਆ ਵਰਗੇ ਖਣਿਜ ਪਦਾਰਥ ਵੀ ਥੋੜ੍ਹੀ ਜਿਹੀ ਮਾਤਰਾ ਵਿਚ ਮਿਲਦੇ ਹਨ।

37°60′ ਉ. ਵਿਥ.; 33°00′ ਪੂ. ਲੰਬ.

ਹ.ਪੁ.—ਹਿੰ.ਵਿ.ਕੋ. 5:357; ਐਨ. ਬ੍ਰਿ. ਮਾ. 9 : 844

**ਤਾਰਕ** : ਇਹ ਇਕ ਛੰਦ ਦਾ ਨਾਂ ਹੈ। ਦਸਮ ਗ੍ਰੰਥ ਵਿਚ ਇਸ ਦੇ ਹੋਰ ਨਾਂ 'ਅਸਤਾ' ਅਤੇ 'ਤੋਟਕ' ਹਨ। ਇਸ ਦੇ ਲੱਛਣ ਹਨ- ਚਾਰ ਚਰਣ, ਪ੍ਰਤਿਚਰਣ ਚਾਰ ਸਗਣ।

ਪਿੰਗਲ ਗ੍ਰੰਥਾਂ ਵਿਚ ਚਾਰ ਸਗਣਾਂ ਦੇ ਅੰਤ ਵਿਚ ਇਕ ਗੁਰੂ ਲਾਉਣ ਤੋਂ 'ਤਾਰਕ' ਹੁੰਦੀ ਹੈ। ਦਸਮ ਗ੍ਰੰਥ ਵਿਚ ਇਸ ਭੇਦ ਦਾ ਨਾਂ 'ਤਾਰਕਾ ਹੈ।

ਹ. ਪੁ. - ਮ. ਕੋ. 439

**ਤਾਰਕਾ** : ਇਹ ਇਕ ਦੈਂਤਣੀ ਸੀ ਜੋ ਸੁਕੇਤ ਨਾਂ ਦੇ ਯਕਸ਼ ਦੀ ਧੀ, ਸੁੰਦ ਦੈਂਤ ਦੀ ਇਸਤਰੀ ਅਤੇ ਮਾਰੀਚ ਦੀ ਮਾਂ ਸੀ। ਇਸ ਨੂੰ ਤਾੜਕਾ ਜਾਂ ਤਾਡਕਾ ਵੀ ਕਹਿੰਦੇ ਹਨ। ਅਗਸਤ ਰਿਸ਼ੀ ਦੇ ਸਰਾਪ ਨਾਲ ਇਹ ਦੈਂਤਣੀ ਬਣ ਗਈ ਸੀ। ਇਹ ਆਪਣੇ ਨਾਂ ਦੇ ਜੰਗਲ ਵਿਚ ਦਰਿਆ ਗੰਗਾ ਦੇ ਕੰਢੇ ਸਰਜੂ ਦੇ ਸਾਹਮਣੇ ਰਹਿੰਦੀ ਸੀ। ਇਸ ਨੇ ਆਪਣੇ ਆਲੇ ਦੁਆਲੇ ਦਾ ਸਾਰਾ ਇਲਾਕਾ ਉਜਾੜ ਦਿੱਤਾ ਸੀ। ਬ੍ਰਹਮਾ ਦੇ ਵਰ ਕਰਕੇ ਇਸ ਵਿਚ ਹਜ਼ਾਰ ਹਾਥੀਆਂ ਜਿੰਨੀ ਤਾਕਤ ਸੀ। ਵਿਸ਼ਵਾਮਿੱਤਰ ਨੇ ਰਾਮ ਚੰਦਰ ਨੂੰ ਇਸ ਨੂੰ ਮਾਰਨ ਲਈ ਆਖਿਆ ਪਰ ਉਨ੍ਹਾਂ ਨੇ ਇਕ ਇਸਤਰੀ ਨੂੰ ਮਾਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੇ ਸੋਚਿਆ ਕਿ ਇਸ ਦੀ ਤਾਕਤ ਨੂੰ ਕੋਈ ਨੁਕਸਾਨ ਪਹੁੰਚਾ ਕੇ ਖ਼ਤਮ ਕਰ ਦਿੱਤਾ ਜਾਵੇ। ਇਸ ਲਈ ਉਨ੍ਹਾਂ ਨੇ ਇਸ ਦੀਆਂ ਦੋ ਬਾਹਵਾਂ ਕੱਟ ਦਿਤੀਆਂ ਅਤੇ ਲਛਮਣ ਨੇ ਇਸ ਦਾ ਨੱਕ ਅਤੇ ਕੰਨ ਵੱਢ ਦਿੱਤੇ। ਇਸ ਨੇ ਆਪਣੇ ਜਾਦੂ ਦੀ ਸ਼ਕਤੀ ਨਾਲ ਰਾਮ ਅਤੇ ਲਛਮਣ ਉੱਤੇ ਪੱਥਰਾਂ ਦਾ ਮੀਂਹ ਵਰ੍ਹਾ ਕੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ। ਇਸ ਕਰਕੇ ਰਾਮ ਚੰਦਰ ਜੀ ਨੇ ਵਿਸ਼ਵਾਮਿੱਤਰ ਦੀ ਆਗਿਆ ਨਾਲ ਇਸ ਨੂੰ ਇਕੋ ਤੀਰ ਨਾਲ ਮਾਰ ਸੁੱਟਿਆ।

ਹ.ਪੁ. - ਮ.ਕੋ. : 436; ਹਿੰ. ਮਿ. ਕੋ. 275

**ਤਾਰਕਾਸੁਰ** : ਤਾਰਕਾਸੁਰ ਵਜਰਾਂਗ ਨਾਂ ਦੇ ਦੈਂਤ ਦਾ ਪੁੱਤਰ ਸੀ ਅਤੇ ਅਸੁਰਾਂ ਦਾ ਸਰਦਾਰ ਸੀ। ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਦੇਵਤਿਆਂ ਨੂੰ ਜਿੱਤਣ ਲਈ ਇਸਨੇ ਘੋਰ ਤਪੱਸਿਆ ਕੀਤੀ ਸੀ ਅਤੇ ਅਸੁਰਾਂ ਤੇ ਰਾਜ ਕਰਨ ਦਾ ਵਰ ਪ੍ਰਾਪਤ ਕੀਤਾ ਸੀ। ਇਸ ਨੂੰ ਬ੍ਰਹਮਾ ਤੋਂ ਵਰ ਵੀ ਪ੍ਰਾਪਤ ਹੋ ਗਿਆ ਸੀ ਕਿ ਇਸ ਦੀ ਮੌਤ ਸ਼ਿਵ ਪੁੱਤਰ ਤੋਂ ਇਲਾਵਾ ਕਿਸੇ ਹੋਰ ਦੇ ਹੱਥੋਂ ਨਹੀਂ ਹੋ ਸਕੇਗੀ। ਇਸ ਦੇ ਸਿੱਟੇ ਵਜੋਂ ਇਹ ਬਹੁਤ ਤਾਕਤਵਰ ਹੋ ਗਿਆ ਅਤੇ ਦੇਵਤਿਆਂ ਨੂੰ ਉਸ ਦੀ ਸੇਵਾ ਕਰਨ ਲਈ ਮਜਬੂਰ ਹੋਣਾ ਪਿਆ। ਪਿਛੋਂ ਦੇਵਤਿਆਂ ਨੇ ਵੀ ਬ੍ਰਹਮਾ ਦੀ ਸ਼ਰਣ ਲਈ ਅਤੇ ਉਨ੍ਹਾਂ ਨੂੰ ਇਹ ਪਤਾ ਲਗਿਆ ਕਿ ਤਾਰਕਾਸੁਰ ਦੀ ਮੌਤ ਕੇਵਲ ਸ਼ਿਵ ਦੇ ਪੁੱਤਰ ਦੇ ਹੱਥੋਂ ਹੀ ਹੋ ਸਕੇਗੀ। ਦੇਵਤਿਆਂ ਨੇ ਕਾਮਦੇਵ ਅਤੇ ਰਤਿ ਦੀ ਸਹਾਇਤਾ ਨਾਲ ਪਾਰਬਤੀ ਰਾਹੀਂ ਸ਼ਿਵ ਨੂੰ ਵਿਵਾਹਿਕ ਜੀਵਨ ਵੱਲ ਖਿਚਣ ਦੀ ਕੋਸ਼ਿਸ਼ ਕੀਤੀ। ਸ਼ਿਵ ਨੇ ਗੁੱਸੇ ਵਿਚ ਆ ਕੇ ਕਾਮ ਨੂੰ ਜਲਾ ਦਿਤਾ ਪਰ ਪਾਰਬਤੀ ਨੇ ਆਸ ਨਾ ਛਡੀ। ਉਹ ਆਪਣੇ ਰੂਪ ਨਾਲ ਸ਼ਿਵ ਨੂੰ ਵੱਸ ਕਰਨ ਦੀ ਕੋਸ਼ਿਸ਼ ਛੱਡ ਕੇ ਤਪੱਸਿਆ ਵਿਚ ਮਗਨ ਹੋ ਕੇ ਸ਼ਿਵ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲਗ ਪਈ। ਸ਼ਿਵ ਨੇ ਖੁਸ਼ ਹੋ ਕੇ ਪਾਰਬਤੀ ਨਾਲ ਵਿਆਹ ਕਰ ਲਿਆ। ਇਸ ਵਿਆਹ ਤੋਂ ਸਕੰਦ ਪੈਦਾ ਹੋਇਆ। ਸਕੰਦ ਨੂੰ ਦੇਵਤਿਆਂ ਨੇ ਆਪਣਾ ਸੈਨਾਪਤੀ ਬਣਾ ਲਿਆ। ਉਸ ਨੇ ਦੇਵਤਿਆਂ-ਦੈਂਤਾਂ ਦੀ ਲੜਾਈ ਵਿਚ ਤਾਰਕਾਸੁਰ ਨੂੰ ਮਾਰ ਦਿਤਾ।

ਹ.ਪੁ.—ਹਿੰ. ਵਿ.ਕੋ. 5 : 346.

**ਤਾਰਕੇਸ਼ਵਰ** : ਇਹ ਭਾਰਤ ਦੇ ਪੱਛਮੀ ਬੰਗਾਲ ਰਾਜ ਦੇ ਹੁੱਗਲੀ ਜ਼ਿਲ੍ਹੇ ਦਾ ਇਕ ਸ਼ਹਿਰ ਹੈ। ਤਾਰਕੇਸ਼ਵਰ ਸ਼ਿਵ ਪੂਜਾ ਦੇ ਇਕ ਪ੍ਰਸਿੱਧ ਤੀਰਥ ਅਸਥਾਨ ਵਜੋਂ ਪ੍ਰਸਿੱਧ ਹੈ ਜਿਥੇ ਸਾਰਾ ਸਾਲ ਹੀ ਯਾਤਰੂਆਂ ਦੀ ਆਵਾਜਾਈ ਚਲਦੀ ਰਹਿੰਦੀ ਹੈ। ਇਸ ਮੰਦਰ ਨੂੰ ਸ਼ਰਧਾਲੂਆਂ ਵਲੋਂ ਕਾਫੀ ਧਨ ਅਤੇ ਜ਼ਮੀਨ ਭੇਟ ਕੀਤੀ ਹੋਈ ਹੈ। ਇਸ ਦਾ ਪ੍ਰਬੰਧ ਮਹੰਤ ਚਲਾਉਂਦੇ ਹਨ ਜਿਹੜੇ ਇਸ ਦੀ ਆਮਦਨ ਦਾ ਜੀਵਨ-ਭਰ ਆਨੰਦ ਮਾਣਦੇ ਹਨ। ਇਥੇ ਸਾਲ ਵਿਚ ਦੋ ਵਾਰ ਧਾਰਮਿਕ ਇਕੱਠ ਹੁੰਦਾ ਹੈ। ਇਨ੍ਹਾਂ ਵਿਚੋਂ ਪਹਿਲਾ ਫਰਵਰੀ ਮਹੀਨੇ ਵਿਚ ਸ਼ਿਵਰਾਤਰੀ ਦੇ ਸਮੇਂ ਹੁੰਦਾ ਹੈ ਅਤੇ ਸ਼ਿਵ ਦੇ ਉਪਾਸ਼ਕ ਆਪਣੇ ਸਾਰੇ ਰੀਤੀ ਰਿਵਾਜਾਂ ਨਾਲ ਇਸ ਮੌਕੇ ਨਾਲ ਜੁੜੀਆਂ ਧਾਰਮਿਕ ਰੀਤਾਂ ਨੂੰ ਸਭ ਤੋਂ ਪਵਿੱਤਰ ਮੰਨਦੇ ਹਨ। ਸ਼ਿਵਰਾਤਰੀ ਦੀਆਂ ਇਹ ਤਿੰਨ ਰੀਤਾਂ ਦਿਨ ਵੇਲੇ ਵਰਤ ਰੱਖਣਾ, ਰਾਤ ਸਮੇਂ ਜਗਰਾਤਾ ਰੱਖਣਾ ਅਤੇ ਸ਼ਿਵ ਜੀ ਦੀ ਇਕ ਅਦਭੁਤ ਅਤੇ ਬਹੁਤ ਲੰਮੇ ਲਿੰਗਮ ਵਜੋਂ ਪੂਜਾ ਕਰਨਾ ਹੈ। ਵਿਸ਼ਨੂੰ ਅਤੇ ਬ੍ਰਹਮਾ ਵਾਂਗ ਸ਼ਿਵਜੀ ਦੀ ਮਹਿਮਾ ਦਾ ਗਾਇਨ ਕੀਤਾ ਜਾਂਦਾ ਹੈ। ਦੂਜਾ ਵੱਡਾ ਧਾਰਮਿਕ ਸਮਾਰੋਹ ਚੇਤ ਦੀ ਸੰਗਰਾਂਦ ਨੂੰ ਅਪ੍ਰੈਲ ਦੇ ਮਹੀਨੇ ਸ਼ੁਰੂ ਹੁੰਦਾ ਹੈ ਅਤੇ ਇਹ ਦਿਨ ਵੀ ਖੁਸ਼ੀਆਂ ਭਰਪੂਰ ਹੁੰਦਾ ਹੈ। ਸ਼ਰਧਾਲੂ ਲੋਕ ਇਸ ਦਿਨ ਸ਼ਿਵ ਜੀ ਅੱਗੇ ਆਪਣੇ ਦੁੱਖਾਂ ਦੇ ਖਾਤਮੇ ਲਈ ਜਾਂ ਥੋੜ੍ਹੇ ਜਿਹੇ ਸਮੇਂ ਲਈ ਵੈਰਾਗੀ ਜੀਵਨ ਵਿਚਰਨ ਲਈ ਬੇਨਤੀਆਂ ਕਰਦੇ ਹਨ। ਸੰਨ 1885 ਵਿਚ ਭਾਰਤੀ ਰੇਲਵੇ ਵਲੋਂ ਸਿਓਰਾਫੂਲੀ ਤੋਂ ਤਾਰਕੇਸ਼ਵਰ ਤੱਕ ਰੇਲ ਲਾਈਨ ਸ਼ੁਰੂ ਕੀਤੀ ਗਈ।

ਆਬਾਦੀ – 22,632 (1991)

22°53′ ਉ. ਵਿਥ.; 88°2′ ਪੂ.ਲੰਬ.

ਹ.ਪੁ.—ਇੰਪ. ਗ. ਇੰਡ. 23 : 249

**ਤਾਰਨ ਸਿੰਘ** : ਪੰਜਾਬੀ ਦੇ ਇਸ ਸੁਪ੍ਰਸਿੱਧ ਵਿਦਵਾਨ ਅਤੇ ਲੇਖਕ ਦਾ ਜਨਮ ਪਿੰਡ ਕਲਰ ਕਹਾਰ, ਤਹਿਸੀਲ ਚਕਵਾਲ, ਜ਼ਿਲ੍ਹ ਜਿਹਲਮ (ਹੁਣ ਪਾਕਿਸਤਾਨ) ਵਿਚ 8 ਫ਼ਰਵਰੀ, 1922 ਨੂੰ ਸ ਨਿਧਾਨ ਸਿੰਘ ਦੇ ਘਰ ਹੋਇਆ। ਇਸ ਨੇ ਚੱਕਵਾਲ, ਲਾਹੌਰ ਤੇ ਅੰਮ੍ਰਿਤਸਰ ਤੋਂ ਵਿਦਿਆ ਪ੍ਰਾਪਤ ਕੀਤੀ। ਪੰਜਾਬੀ ਤੇ ਅੰਗਰੇਜ਼ੀ ਵਿਚ ਐਮ. ਏ. ਕਰਨ ਉਪਰੰਤ ਇਸ ਨੇ 'Guru Nanak As a Poet' ਦੇ ਵਿਸ਼ੇ ਉੱਤੇ ਥੀਸਿਸ ਲਿਖ ਕੇ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਕੁਝ ਦੇਰ ਪੰਜਾਬ ਸਿਵਲ ਸਕੱਤਰੇਤ, ਸ਼ਿਮਲੇ ਵਿਚ ਰਹਿਣ ਪਿਛੋਂ ਇਹ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਅਧਿਆਪਕ ਲੱਗ ਗਿਆ। ਫਿਰ ਕਈ ਹੋਰ ਕਾਲਜਾਂ ਵਿਚ ਪੜ੍ਹਾਉਣ ਉਪਰੰਤ ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁਖੀ ਦੇ ਰੂਪ ਵਿਚ ਮਹੱਤਵਪੂਰਨ ਖੋਜ ਕਾਰਜ ਕੀਤਾ

ਡਾ. ਤਾਰਨ ਸਿੰਘ ਨੇ ਧਰਮ, ਸਿੱਖ ਧਰਮ, ਤੁਲਨਾਤਮਕ ਧਰਮ ਅਧਿਐਨ, ਧਾਰਮਕ ਸਾਹਿਤ, ਪੰਜਾਬੀ ਪੁਰਾਤਨ ਮੱਧ ਕਾਲੀਨ ਤੇ ਆਧੁਨਿਕ ਸਾਹਿਤ ਆਦਿ ਵਿਸ਼ਿਆਂ ਤੇ ਖੋਜ ਨਾਲ ਸਬੰਧਤ ਲੇਖਾਂ ਦੇ ਨਾਲ ਨਾਲ ਮੌਲਿਕ ਅਤੇ ਅਧਿਆਤਮਕ ਲੇਖ ਵੀ ਲਿਖੇ ਹਨ। ਇਸ ਦੀ ਪਹਿਲੀ ਪੁਸਤਕ 'ਭਗਤੀ ਤੇ ਸ਼ਕਤੀ' ਸੀ। ਇਸ ਦੀਆਂ ਪ੍ਰਮੁੱ ਮੌਲਿਕ ਰਚਨਾਵਾਂ ਵਿਚ ਸਹਜ ਤੇ ਆਨੰਦ, ਨੇਮ ਤੇ ਪ੍ਰੇਮ, ਰਹੱਸ ਤੇ ਰਮਜ਼, ਨਾਮ ਨਿਧਾਨ, ਦਸ਼ਮੇਸ਼ ਦਰਪਨ (ਜੀਵਨੀ), ਗੁਰੂ ਗ੍ਰੰ ਸਾਹਿਬ ਦਾ ਸਾਹਿਤਕ ਇਤਿਹਾਸ, ਦਸਮ ਗ੍ਰੰਥ ਰੂਪ ਤੇ ਰਸ, ਪੰਜਾਬ

ਸਾਹਿਤ ਤੇ ਸਾਹਿਤਕਾਰ, ਜਪੁ ਦਰਸ਼ਨ ਦੀਦਾਰ, ਨਾਨਕ ਦਰ ਘਰ (ਜੀਵਨੀ) ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਇਸ ਨੇ ਸੰਪਾਦਨ ਅਤੇ ਟੀਕਾ ਸਾਹਿਤ ਵਿਚ ਪੰਜਾਬੀ ਮੁਹਾਵਰਾ ਕੋਸ਼, ਗੁਰੂ ਨਾਨਕ ਬਾਣੀ ਪ੍ਰਕਾਸ਼, ਬਾਰਾਮਾਹ, ਦਰਪਣ ਆਦਿ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ।

30 ਜਨਵਰੀ, 1981 ਈ. ਨੂੰ ਇਸ ਵਿਦਵਾਨ ਦੀ ਮੌਤ ਹੋ ਗਈ।

ਹ.ਪੁ.—ਪੰ.ਦੁ. ਮਾਰਚ-ਅਪ੍ਰੈਲ-ਮਈ, 75; ਪ, ਸਾ. ਦਾ ਇਤਿ-ਭਾ.ਵਿ ਅਤੇ ਪੰ

**ਤਾਰਪੀਡੋ** : ਇਹ ਸਵੈ ਪ੍ਰੇਰਿਤ (Self propelled) ਅਤੇ ਪਾਣੀ ਹੇਠਾਂ ਚਲਣ ਵਾਲੀ ਮਿਸਾਈਲ ਹੈ ਜਿਸ ਵਿਚ ਕਿ ਵਿਸਫੋਟਕ ਸਮੱਗਰੀ ਭਰੀ ਹੁੰਦੀ ਹੈ। ਇਹ ਸਿਗਾਰਨੁਮਾ ਹੁੰਦੀ ਹੈ। ਇਸ ਵਿਚ ਕਈ ਪ੍ਰਕਾਰ ਦੇ ਯੰਤਰ ਹੁੰਦੇ ਹਨ ਜਿਹੜੇ ਕਿ ਪਾਣੀ ਵਿਚ ਇਸ ਦੀ ਦਿਸ਼ਾ, ਚਾਲ ਅਤੇ ਗਹਿਰਾਈ ਨੂੰ ਨਿਯੰਤਰਣ ਵਿਚ ਰੱਖਦੇ ਹਨ। ਸੰਨ 1805 ਵਿਚ ਰਾਬਰਟ ਫੁਲਟਨ (Robert Fulton) ਨਾਮ ਦੇ ਇਕ ਅੰਗਰੇਜ਼ ਨੇ ਸਭ ਤੋਂ ਪਹਿਲਾਂ ਇਸਦਾ ਪ੍ਰਯੋਗ ਕੀਤਾ ਸੀ। ਉਸਦੇ ਬਾਅਦ ਤਾਰਪੀਡੋ ਵਿਚ ਅਨੇਕਾਂ ਹੈਰਾਨੀਜਨਕ ਸੁਧਾਰ ਅਤੇ ਪਰਿਵਰਤਨ ਕੀਤੇ ਗਏ ਹਨ। ਅੱਜ ਦੀ ਤਾਰਪੀਡੋ ਅਤੇ ਮੁੱਢਲੀ ਤਾਰਪੀਡੋ ਵਿਚ ਬਿਲਕੁਲ ਹੀ ਸਮਾਨਤਾ ਨਹੀ ਹੈ। ਅੱਜ ਦੀ ਤਾਰਪੀਡੋ 1864 ਈ. ਵਿਚ ਰਾਬਰਟ ਵਾਈਟਹੈੱਡ ਦੁਆਰਾ ਕੀਤੇ ਗਏ ਤਜਰਬਿਆਂ ਦਾ ਸਿੱਟਾ ਹੈ। ਇਸ ਤਾਰਪੀਡੋ ਦੀ ਲੰਬਾਈ (21 ਫੁੱਟ) 670 ਸੈਂ. ਮੀ., ਘੇਰਾ (21 ਇੰਚ) 53 ਸੈਂ. ਮੀ. ਅਤੇ ਭਾਰ ਲਗਭਗ 1364 ਕਿਲੋਗ੍ਰਾਮ ਹੁੰਦਾ ਹੈ। ਇਸ ਵਿਚ 40 ਹਾਰਸ ਪਾਵਰ ਦੀ ਸ਼ਕਤੀ ਨਾਲ ਚੱਲਣ ਵਾਲੇ 3 ਸਿਲੰਡਰਾਂ ਵਾਲਾ ਇੰਜਣ ਹੁੰਦਾ ਹੈ।



ਤਾਰਪੀਡੋ

ਇਸ ਵਿਚ (33 ਪੌਂਡ) 15 ਕਿ. ਗ੍ਰਾ. ਤੱਕ ਦਾ ਵਿਸਫੋਟਕ ਚਾਰਜ ਭਰਿਆ ਹੁੰਦਾ ਹੈ। ਪਾਣੀ ਵਿਚ ਇਸ ਨੂੰ ਜਿਸ ਗਹਿਰਾਈ ਉੱਤੇ ਰੱਖਿਆ ਜਾਂਦਾ ਹੈ ਇਹ ਉਸ ਗਹਿਰਾਈ ਉੱਤੇ ਹੀ ਸਥਿਰ ਰਹਿੰਦੀ ਹੈ। ਜਹਾਜ਼ ਨਾਲ ਟਕਰਾਉਣ ਪਿੱਛੋਂ ਜਾਂ ਉਸ ਦੇ ਥੱਲਿਉਂ ਦੀ ਪਾਰ ਕਰਦੇ ਸਮੇਂ ਇਹ ਵਿਸਫੋਟ ਕਰਦੀ ਹੈ। ਤਾਰਪੀਡੋ ਅਨੇਕ ਪ੍ਰਕਾਰ ਦੀਆਂ ਹੁੰਦੀਆਂ ਹਨ। ਸਾਰੀਆਂ ਤਾਰਪੀਡੋ ਦੇਖਣ ਵਿਚ ਇਕ ਸਮਾਨ ਹੁੰਦੀਆਂ ਹਨ ਅਤੇ ਇੰਨ੍ਹਾਂ ਦੀਆਂ ਜ਼ਰੂਰਤਾਂ ਵੀ ਇਕੋ ਜਿਹੀਆਂ ਹੁੰਦੀਆਂ ਹਨ। ਸਮੁੰਦਰੀ ਤਲ ਦਾ ਇਕ ਜਹਾਜ਼ ਦੂਜੇ ਜਹਾਜ਼ ਉੱਤੇ ਇਸ ਦੁਆਰਾ ਹਮਲਾ ਕਰ ਸਕਦਾ ਹੈ। ਅਗਾਂਹ ਧੱਕਣ ਦੀ ਸ਼ਕਤੀ ਨੂੰ ਮੁੱਖ ਰੱਖਕੇ ਤਾਰਪੀਡੋ ਦੋ ਕਿਸਮਾਂ ਦੀ ਹੁੰਦੀ ਹੈ, ਇਕ ਭਾਫ਼ ਨਾਲ ਚੱਲਣ ਵਾਲੀ ਅਤੇ ਦੂਜੀ ਬਿਜਲੱਈ ਪ੍ਰੇਰਕ। ਭਾਫ਼ ਪ੍ਰੇਰਕ ਤਾਰਪੀਡੋ ਪਾਣੀ ਵਿਚੋਂ 25–45 ਨਾਟ ਦੀ ਚਾਲ ਨਾਲ (4000 ਤੋਂ 10000 ਗਜ਼) 3680 ਮੀ. ਤੋਂ 9200 ਮੀ. ਥੱਲੇ ਜਾ ਸਕਦੀ ਹੈ ਅਤੇ ਇਹ ਡੂੰਘਾਈ ਤਾਰਪੀਡੋ ਨੂੰ ਜਹਾਜ਼ ਦੇ ਥੱਲੇ ਨਾਲ ਟਕਰਾਉਣ ਲਈ ਕਾਫ਼ੀ ਹੈ। ਬਿਜਲੱਈ ਪ੍ਰੇਰਕ ਤਾਰਪੀਡੋ ਦੀ ਚਾਲ ਭਾਫ਼ ਪ੍ਰੇਰਕ ਨਾਲੋਂ ਥੋੜ੍ਹੀ ਘੱਟ ਹੁੰਦੀ ਹੈ। ਬਾਕੀ ਵਿਸ਼ੇਸ਼ਤਾਵਾਂ ਦੋਹਾਂ ਤਾਰਪੀਡੋ ਵਿਚ ਸਮਾਨ ਹਨ। ਭਾਫ਼ ਪ੍ਰੇਰਕ ਤਾਰਪੀਡੋ ਦੇ ਚਾਰ ਮੁੱਖ ਭਾਗ ਹਨ :-

1. ਉਪਰਲਾ ਹਿੱਸਾ (War or Exercise head) — ਇਹ ਤਾਰਪੀਡੋ ਦਾ ਗੋਲ ਆਕਾਰ ਦਾ ਹਿੱਸਾ ਹੈ, ਜਿਸ ਵਿਚ ਕਿ ਲਗਭਗ ਅੱਧਾ ਟਨ ਵਿਸਫੋਟਕ ਰੱਖਿਆ ਹੁੰਦਾ ਹੈ।

2. ਅਗਲਾ ਹਿੱਸਾ (Fore body) — ਇਹ ਹਿੱਸਾ ਬਣਤਰ ਅਤੇ ਆਕਾਰ ਵਿਚ ਉਪਰਲੇ ਹਿੱਸੇ ਵਾਂਗ ਹੀ ਹੁੰਦਾ ਹੈ। ਇਸ ਵਿਚ ਵਿਸਫੋਟਕ ਦੀ ਥਾਂ ਤੇ ਪਾਣੀ ਭਰਿਆ ਹੁੰਦਾ ਹੈ। ਇਸ ਦੇ ਵੱਖ ਵੱਖ ਦੋ ਉਪਭਾਗ ਹੁੰਦੇ ਹਨ। ਇਕ ਹਵਾ ਵਾਲਾ ਅਤੇ ਇਕ ਸੰਤੁਲਨ ਭਾਗ। ਇਨ੍ਹਾਂ ਦੋਹਾਂ ਹਿੱਸਿਆਂ ਨੂੰ ਇਕ ਦੂਜੇ ਤੋਂ ਵੱਖ ਨਹੀ ਕੀਤਾ ਜਾ ਸਕਦਾ। ਹਵਾ ਵਾਲਾ ਹਿੱਸਾ ਬਹੁਤ ਹੀ ਮਜ਼ਬੂਤ ਬਣਾਇਆ ਜਾਂਦਾ ਹੈ ਜਿਸ ਵਿਚ ਕਿ ਪ੍ਰਤੀ ਵਰਗ ਇੰਚ 14545 ਕਿਲੋ ਗ੍ਰਾਮ (32000 ਪੌਂਡ) ਤੱਕ ਦਬਾਅ ਰਹਿ ਸਕੇ। ਸੰਤੁਲਨ ਭਾਗ ਵਿਚ ਗਹਿਰਾਈ ਗਿਅਰ (depth gear), ਰੋਕ ਵਾਲਵ (stop valve) ਚਾਰਜਕਾਰੀ ਵਾਲਵ (charging valve), ਬਾਲਣ ਅਤੇ ਤੇਲ ਦੀਆਂ ਬੋਤਲਾਂ ਹੁੰਦੀਆਂ ਹਨ।

3. ਪਿਛਲਾ ਅੰਗ (After-body) — ਇਸ ਵਿਚ ਇੰਜਣ ਵਾਲਾ ਕਮਰਾ ਅਤੇ ਉਛਾਲ ਚੈਂਬਰ ਦੋ ਪ੍ਰਮੁੱਖ ਭਾਗ ਹੁੰਦੇ ਹਨ। ਇੰਜਣ ਕਮਰੇ ਵਿਚ ਜਾਇਰੋ (gyro) ਅਤੇ ਸਟੇਅਰਿੰਗ ਦੇ ਪੁਰਜ਼ੇ ਹੁੰਦੇ ਹਨ।

4. ਪਿਛਲਾ ਸਿਰਾ (Tail) — ਇਸ ਵਿਚ ਪਤਵਾਰ ਖੰਭ ਪ੍ਰੋਪੈਲਰ ਅਤੇ ਇੰਜਣ ਵਿਚੋਂ ਭਾਫ਼ ਨੂੰ ਬਾਹਰ ਕੱਢਣ ਲਈ ਨਿਕਾਸ ਨਲੀ ਆਦਿ ਹੁੰਦੇ ਹਨ।

ਤਾਰਪੀਡੋ ਦੇ ਚੱਲਣ ਤੋਂ ਪਹਿਲਾਂ ਇਨਾਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ।

1) ਸਹਾਇਕਾਂ ਦੇ ਚਲਣ ਸ਼ਕਤੀ (auxilliaris) ਲਈ ਆੱਕਸੀਜਨ ਅਤੇ ਦਬਾਉ ਪਾਉਣ ਵਾਲੀ ਹਵਾ।

2) ਹਵਾ ਦੇ ਗਰਮ ਹੋਣ ਤੋਂ ਪਹਿਲਾਂ ਵੱਧ ਊਰਜਾ ਲੈਣ ਅਤੇ ਆੱਕਸੀਜਨ ਨਾਲ ਮਿਲਦੇ ਬਲਣ ਲਈ ਸਿਲੰਡਰ ਵਿਚ ਬਾਲਣ।

3) ਇੰਜਣ ਅਤੇ ਪੁਰਜ਼ਿਆ ਲਈ ਤੇਲ।

4) ਇੰਜਣ ਨੂੰ ਠੰਢਾ ਕਰਨ ਲਈ ਪਾਣੀ।

5) ਤਾਰਪੀਡੋ ਨੂੰ ਚਲਾਉਣ ਅਤੇ ਚਾਲ ਨੂੰ ਰੋਕਣ ਲਈ ਵਾਲਵ ਹੁੰਦੇ ਹਨ ਤਾਂ ਜੋ ਤਾਰਪੀਡੋ ਦੀ ਚਾਲ ਇਕੋ ਜਿਹੀ ਬਣੀ ਰਹੇ।

6) ਨਿਸ਼ਚਿਤ ਰਸਤੇ ਤੋਂ ਤਾਰਪੀਡੋ ਨੂੰ ਭਟਕਣ ਤੋਂ ਰੋਕਣ ਲਈ ਜਾਇਰੋ (gyro) ਅਤੇ

7) ਤਾਰਪੀਡੋ ਨੂੰ ਆਪਣੀ ਨਿਸ਼ਚਿਤ ਗਹਿਰਾਈ ਉੱਤੇ ਰੱਖਣ ਲਈ ਗਹਿਰਾਈ ਗਿਅਰ ਹੁੰਦੇ ਹਨ।

### ਤਾਰਪੀਡੋ ਦੇ ਚਲਣ ਲਈ ਸ਼ਕਤੀ ਉਤਪਾਦਨ

ਇਸ ਦੇ ਲਈ ਹੇਠ ਲਿਖੀਆਂ ਗੱਲਾਂ ਜ਼ਰੂਰੀ ਹਨ :—

1. ਜਦੋ ਤਾਰਪੀਡੋ ਨੂੰ ਫਾਇਰ ਕਰਨਾ ਹੁੰਦਾ ਹੈ ਤਾਂ ਚਾਲਨ ਵਾਲਵ ਖੋਲ੍ਹ ਦਿੱਤਾ ਜਾਂਦਾ ਹੈ।

ਇੰਜਣ ਕਮਰੇ ਵਿਚ ਸਥਿਤ ਵਾਲਵ ਨੂੰ ਜ਼ਿਆਦਾ ਦਬਾਉ ਵਾਲੀ ਹਵਾ ਭੇਜੀ ਜਾਂਦੀ ਹੈ ਜਿਸ ਨਾਲ ਹਵਾ ਦਾ ਦਬਾਉ ਘੱਟ ਜਾਂਦਾ ਹੈ। ਇਸ ਘੱਟ ਦਬਾਉ ਵਾਲੀ ਹਵਾ ਦਾ ਜ਼ਿਆਦਾ ਹਿੱਸਾ ਸਿੱਧਾ ਜੈਨਰੇਟਰ ਵਿਚ ਜਾਂਦਾ ਹੈ ਅਤੇ ਬਾਕੀ ਹਿੱਸਾ ਬਾਲਣ ਅਤੇ ਤੇਲ ਦੀਆਂ ਬੋਤਲਾਂ ਉੱਤੇ ਜਾ ਕੇ ਉਸ ਉੱਤੇ ਦਬਾਉ ਪਾਉਂਦਾ ਹੈ। ਦਬਾਉ ਅਧੀਨ ਬੋਤਲ ਨੂੰ ਛੱਡ ਕੇ ਦੋ ਵੱਖ ਵੱਖ ਨਾਲੀਆਂ ਵਿਚੋਂ ਨਿਕਲਦਾ ਹੈ। ਇਕ ਨਾਲੀ ਨੂੰ ਪਾਈਲਟ ਬਾਲਣ ਨਾਲੀ ਅਤੇ ਦੂਜੀ ਨੂੰ ਇੰਜਕਸ਼ਨ ਫਿਊਲ (injection fuel) ਨਾਲੀ ਕਹਿੰਦੇ ਹਨ। ਬਾਲਣ ਜੈਨਰੇਟਰ ਵਿਚ ਜਾਂਦਾ ਹੈ ਜਿਥੇ ਹਵਾ ਨਾਲ ਮਿਲਕੇ ਇਕ ਮਿਸ਼ਰਣ ਬਣਾਉਂਦਾ ਹੈ। ਇਸ ਮਿਸ਼ਰਣ ਨੂੰ ਫਿਰ ਬਾਲਿਆ ਜਾਂਦਾ ਹੈ ਅਤੇ ਬਲਦੀ ਗੈਸ ਪ੍ਰੇਰਣ ਰਿੰਗ ਦੁਆਰਾ ਇੰਜਣ ਦੇ ਸਿਲੰਡਰ ਵਿਚ ਪ੍ਰਵੇਸ਼ ਕਰਦੀ ਹੈ ਜਿਥੇ ਇਹ ਗੈਸ ਦੇ ਸੰਪਰਕ ਵਿਚ ਆਉਂਦਾ ਹੈ। ਇਸ ਨਾਲ ਸਿਲੰਡਰ ਵਿਚ ਦਬਾਉ ਵੱਧ ਜਾਂਦਾ ਹੈ। ਬਲਦੀ ਗੈਸ ਪਿਸਟਨ ਨੂੰ ਥੱਲੇ ਧੱਕ ਕੇ ਕੈਕ ਦੇ ਖੋਲ ਵਿਚ ਆਉਂਦੀ ਹੋਈ ਇਕ ਖੋਖਲੀ ਨਲੀ ਰਾਹੀਂ ਬਾਹਰ ਨਿਕਲ ਜਾਂਦੀ ਹੈ। ਤਾਰਪੀਡੋ ਹੁਣ ਗਰਮ ਹੋ ਕੇ ਚੱਲਣ ਲੱਗਦੀ ਹੈ ਅਤੇ ਉਦੋ ਤੱਕ ਸਥਾਈ ਚਾਲ ਚਲਦੀ ਰਹਿੰਦੀ ਹੈ ਜਦੋਂ ਤੱਕ ਕਿ ਬਾਲਣ ਜਾਂ ਹਵਾ ਖਰਚ ਨਹੀਂ ਹੋ ਜਾਂਦੀ ਹੈ।

ਤਾਰਪੀਡੋ ਦੀ ਦਿਸ਼ਾ ਜਾਇਰੋਸਕੋਪ ਨਾਲ ਨਿਯੰਤਰਣ ਹੁੰਦੀ ਹੈ। ਇਹ ਜਾਇਰੋਸਕੋਪ ਇੰਜਣ ਦੇ ਸਟੇਅਰਿੰਗ ਨਾਲ ਸੰਚਾਲਿਤ ਹੁੰਦੀ ਹੈ। ਸਟੇਅਰਿੰਗ ਪਿਛਲੇ ਸਿਰੇ ਤੋ ਕੰਮ ਕਰਦੀ ਹੈ ਅਤੇ ਪਤਵਾਰ (rudders) ਨੂੰ ਇਸ ਤਰੀਕੇ ਨਾਲ ਚਲਾਉਂਦਾ ਹੈ ਕਿ ਤਾਰਪੀਡੋ ਤੇ ਜਾਇਰੋਸਕੋਪ ਦਾ ਧੁਰਾ ਇਕ ਲਾਈਨ ਵਿਚ ਆ ਜਾਣ। ਤਾਰਪੀਡੋ ਵਿਚ ਅਜਿਹਾ ਵੀ ਇਕ ਯੰਤਰ ਹੁੰਦਾ ਹੈ ਜਿਸ ਨਾਲ ਉਹ ਆਪਣੀ ਦਿਸ਼ਾ ਨੂੰ ਇਕ ਤੋਂ ਜ਼ਿਆਦਾ ਵਾਰ ਬਦਲ ਸਕੇ।

ਇਕ ਤਾਰਪੀਡੋ ਲਈ ਉਸਦੀ ਚਾਲ ਸਥਿਰ ਹੁੰਦੀ ਹੈ ਪਰ ਖ਼ਾਸ ਮੰਤਵ ਲਈ ਜ਼ਿਆਦਾ ਚਾਲ ਵਾਲੀਆਂ ਤਾਰਪੀਡੋ ਵੀ ਹਨ।

ਸਮੁੰਦਰ ਵਿਚ ਤਰ ਰਹੇ ਜਹਾਜ਼ ਤੇ ਹਮਲਾ ਕਰਨ ਲਈ ਤਾਰਪੀਡੋ ਬਹੁਤ ਹੀ ਪ੍ਰਭਾਵਸ਼ਾਲੀ ਹਥਿਆਰ ਹੈ। ਤਾਰਪੀਡੋ ਦੀ ਗਹਿਰਾਈ ਨੂੰ ਇਸ ਤਰ੍ਹਾਂ ਨਿਯੰਤਰਿਤ ਕੀਤਾ ਜਾਂਦਾ ਹੈ ਤਾਂ ਇਹ ਆਪਣੇ ਨਿਸ਼ਾਨੇ ਵਾਲੇ ਜਹਾਜ਼ ਨਾਲ ਟਕਰਾ ਸਕੇ। ਤਾਰਪੀਡੋ ਰਾਹੀਂ ਗੋਲੀ ਮਾਰਨ ਤੇ ਉਪਰ ਵੱਲ ਧਮਾਕਾ ਹੁੰਦਾ ਹੈ ਇਸ ਨਾਲ ਜਹਾਜ਼ ਤੁਰੰਤ ਨਹੀਂ ਡੁਬਦਾ ਸਗੋਂ ਕਿੰਨੇ ਹੀ ਟੁਕੜਿਆਂ ਵਿਚ ਬਿਖਰ ਜਾਂਦਾ ਹੈ।

ਰਡਾਰ ਦੀ ਆਮਦ ਕਾਰਨ ਅਤੇ ਹੋਰ ਖੋਜ ਢੰਗਾਂ ਨਾਲ ਹਮਲ ਕਰ ਰਹੇ ਜਹਾਜ਼ ਲਈ ਇਹ ਬਹੁਤ ਔਖਾ ਹੁੰਦਾ ਹੈ ਕਿ ਉਹ ਤਾਰਪੀ ਨਾਲ ਬਹੁਤ ਨੇੜਿਉਂ ਹਮਲਾ ਕਰ ਸਕੇ। ਇਸ ਲਈ ਇਹ ਬਹੁ ਜ਼ਰੂਰੀ ਬਣ ਗਿਆ ਹੈ ਕਿ ਅਜਿਹੀਆਂ ਤਾਰਪੀਡੋ ਬਣਾਈਆਂ ਜਾ ਜਿਨ੍ਹਾਂ ਨਾਲ ਜ਼ਿਆਦਾ ਦੂਰੀ ਤੋਂ ਹਮਲਾ ਕੀਤਾ ਜਾ ਸਕੇ।

ਹ.ਪੁ.—ਐਨ. ਐਮ 26 : 705; ਐਮ ਬ੍ਰਿ. 22 : 306; ਹਿੰ. ਵਿ. ਕੋ 5 : 346

**ਤਾਰਪੀਡੋ ਮੱਛੀਆਂ** : ਇਹ ਤਾਰਪੀਡੀਨੀਡੀ (Torpedinidae) ਕੁਲ, ਦੀਆਂ ਉਪ-ਅਸਥੀ ਮੱਛੀਆਂ ਹਨ। ਚਪਟੇ ਸਰੀ ਵਾਲੀਆਂ ਇਨ੍ਹਾਂ ਮੱਛੀਆਂ ਦੇ ਸਿਰ ਦੇ ਨੇੜੇ ਇਕ ਜੋੜਾ ਬਿਜਲ ਅੰਗਾਂ ਦਾ ਹੁੰਦਾ ਹੈ। ਤਾਰਪੀਡੋ ਦੀਆਂ ਕਈ ਜਾਤੀਆਂ ਵਿਚ ਇ



ਤਾਰਪੀਡੋ ਪ੍ਰਜਾਤੀ ਦੀ ਇਕ ਮੱਛੀ

ਬਿਜੱਲਈ ਅੰਗ ਵੱਡੀਆਂ ਗੋਲ ਚਪਟੀਆਂ ਟਿੱਕੀਆਂ ਦੇ ਰੂਪ ਵਿ ਹੁੰਦੇ ਹਨ। ਤਾਰਪੀਡੋ ਨੋਬੀਲੀਆਨਾ (Torpedo nobiliana), ਸ ਤੋਂ ਵੱਡੀ ਬਿਜਲੀ ਪੈਦਾ ਕਰਨ ਵਾਲੀ ਇਕ ਖਾਸ ਮੱਛੀ ਹੈ, ਜਿਸ ਦ ਲੰਬਾਈ 1.8 ਮੀਟਰ ਅਤੇ ਭਾਰ ਲੱਗਭਗ 91 ਕਿਲੋਗ੍ਰਾਮ ਹੁੰਦਾ ਹੈ ਇਹ ਅੰਧ-ਮਹਾਸਾਗਰ ਦੇ ਦੋਨਾਂ ਸਿਰਿਆਂ (ਕੈਰੋਲੀਨਾ ਤੋਂ ਨੋਵ ਸਕੋਸ਼ੀਆ) ਅਤੇ ਮੱਧ-ਸਾਗਰ ਤੋਂ ਸਕਾਟਲੈਂਡ ਤੱਕ ਮਿਲਦੀਆਂ ਹਨ ਇਹ 72 ਮੀਟਰ (240 ਫੁੱਟ) ਜਾਂ ਇਸ ਤੋਂ ਜ਼ਿਆਦਾ ਡੂੰਘਾਈ ਹੁੰਦੀਆਂ ਹਨ। ਤਾਰਪੀਡੋ ਦਾ ਸਰੀਰ ਚਪਟਾ ਅਤੇ ਚੌੜਾ ਹੁੰਦਾ ਹੈ ਇਸਦੀ ਪੂਛ ਬਹੁਤ ਛੋਟੀ ਹੁੰਦੀ ਹੈ। ਇਹ ਮੱਛੀਆਂ ਆਪਣੀ ਇੱਛ ਅਨੁਸਾਰ ਹੀ ਬਿਜਲੀ ਪੈਦਾ ਕਰਦੀਆਂ ਹਨ। ਇਨ੍ਹਾਂ ਮੱਛੀਆਂ ਸਰੀਰ ਦੀ ਉੱਪਰਲੀ ਅਤੇ ਹੇਠਲੀ ਸਤ੍ਹਾ ਵਿਚ ਧਰੁਵਤਾ ਹੁੰਦੀ ਹੈ ਉਪੱਰਲੀ ਸਤ੍ਹਾ ਵਿਚ ਧਨ ਚਾਰਜ ਹੁੰਦਾ ਹੈ। ਇਹ ਮੱਛੀਆਂ 200 ਤੋ 1600 ਵੋਲਟ ਤੱਕ ਬਿਜਲੀ ਪੈਦਾ ਕਰ ਸਕਦੀਆਂ ਹਨ। ਇ ਬਿਜਲੀ ਦਾ ਮੰਤਵ ਆਪਣੇ ਆਪ ਨੂੰ ਬਚਾਉਣਾ ਜਾਂ ਸ਼ਿਕਾਰ ਗਤੀਹੀਨ ਕਰਨਾ ਹੁੰਦਾ ਹੈ। ਤਾਰਪੀਡੋ ਸੁਸਤ ਅਤੇ ਹੌਲੀ ਤਰ ਵਾਲੀਆਂ ਮੱਛੀਆਂ ਹੁੰਦੀਆਂ ਹਨ। ਵੱਡੀਆਂ ਤਾਰਪੀਡੋ ਮੱਛੀਆ

ਬਿਜਲੀ ਦੇ ਕਰੰਟ ਨੂੰ ਆਪਣਾ ਭੋਜਨ ਪ੍ਰਾਪਤ ਕਰਨ ਲਈ ਵਰਤਦੀਆਂ ਹਨ। ਜਿਨ੍ਹਾਂ ਮੱਛੀਆਂ ਵਿਚ ਇਹ ਬਿਜਲਈ ਅੰਗ ਪੂੰਛ ਦੇ ਪੱਠਿਆਂ ਵਿਚ ਹੁੰਦੇ ਹਨ ਉਨ੍ਹਾਂ ਵਿਚ ਇਹ ਅੰਗ ਕਮਜ਼ੋਰ ਹੁੰਦੇ ਹਨ ਅਤੇ ਆਪਣੇ ਬਚਾਅ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਨਹੀਂ ਵਰਤੇ ਜਾ ਸਕਦੇ।

ਹ.ਪੁ.—ਐਨ. ਅਮੈ. 10:86; ਐਨ. ਅਮੈ. 26:704/860; ਐਨ. ਬ੍ਰਿ. ਮਾ. 10 : 54

**ਤਾਰਪੀਨ** : ਇਹ ਹਲਕੇ ਪੀਲੇ ਰੰਗ ਦਾ ਵਾਸ਼ਪਸੀਲ ਅਤੇ ਜਲਣਸ਼ੀਲ ਥਿੰਦਾ ਤਰਲ ਹੈ ਜਿਸਦੀ ਵਿਸ਼ਿਸ਼ਟ ਘਣਤਾ (sp. gravity) 0.860 ਤੋਂ 0.875 ਹੁੰਦੀ ਹੈ। ਇਹ ਚੀੜ ਦੇ ਦਰਖ਼ਤ ਤੋਂ ਪ੍ਰਾਪਤ ਹੋਏ ਰਾਲ ਦਾ ਕਸ਼ੀਦਣ ਕਰਕੇ ਬਣਾਇਆ ਜਾਂਦਾ ਹੈ। ਇਸ ਦੀ ਵਰਤੋਂ 1605 ਈ. ਤੋਂ ਸ਼ੁਰੂ ਹੋਈ ਅਤੇ 1650 ਈ. ਵਿਚ ਇਹ ਵਪਾਰ ਦੀ ਇਕ ਪ੍ਰਮੁੱਖ ਵਸਤੂ ਬਣ ਗਿਆ।

ਤਾਰਪੀਨ ਕਾਰਬਨੀ ਯੌਗਿਕਾਂ ਦਾ ਮਿਸ਼ਰਣ ਹੈ। ਅਸਲ ਵਿਚ ਇਹ ਕਾਰਬਨੀ ਯੌਗਿਕ ਟਰਪੀਨ ਹੈ ਜਿਸ ਵਿਚ ਐਲਫ਼ਪਾਈਨਿਨ ਦੀ ਪ੍ਰਧਾਨਤਾ ਹੁੰਦੀ ਹੈ। ਸਲਫ਼ਾਈਟ ਤਾਰਪੀਨ ਵਿਚ ਪੈਰਾ-ਸਾਈਮਨ ਦੀ ਪ੍ਰਧਾਨਤਾ ਹੁੰਦੀ ਹੈ ਜੋ ਰਸਾਇਣਿਕ ਸੰਰਚਨਾ ਵਿਚ ਤਾਰਪੀਨ ਵਰਗਾ ਹੀ ਹੁੰਦਾ ਹੈ।

ਤਾਰਪੀਨ ਦੇ ਤੇਲ ਦੀ ਬਹੁਤ ਵਰਤੋਂ ਪੇਂਟ (ਰੋਗਨਾਂ) ਅਤੇ ਵਾਰਨਿਸ਼ ਆਦਿ ਵਿਚ ਘੋਲਕ ਵਜੋਂ ਕੀਤੀ ਜਾਂਦੀ ਹੈ। 45% ਦੇ ਕਰੀਬ ਤਾਰਪੀਨ ਦਾ ਤੇਲ ਰਸਾਇਣ ਅਤੇ ਦਵਾਈਆਂ ਆਦਿ ਵਿਚ ਵਰਤਿਆ ਜਾਂਦਾ ਹੈ। ਸਿਆਹੀ, ਮੋਮ ਅਤੇ ਪਾਲਿਸ਼ਾਂ ਆਦਿ ਬਣਾਉਣ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਕਫ਼ੂਰ (Camphor) ਟਰਪਿਨੀਆਲ (terpineol) ਅਤੇ ਟਰਪਿਨ ਹਾਈਡ੍ਰੇਟ (terpin hydrate) ਆਦਿ ਦੇ ਉਤਪਾਦਨ ਵਿਚ ਵੀ ਤਾਰਪੀਨ ਦੀ ਵਰਤੋਂ ਕੀਤੀ ਜਾਂਦੀ ਹੈ।

ਸ਼ੁਧ ਤਾਰਪੀਨ ਦਾ ਤੇਲ ਪਲੂਰਸੀ ਰੋਗ (ਫੇਫੜਾ ਝਿਲੀ ਦੀ ਸੋਜਸ਼), ਸਾਹ ਨਲੀ ਦੀ ਸੋਜਸ਼ ਲਈ, ਮੋਚ ਅਤੇ ਨੀਲ ਆਦਿ ਉਪਰ ਮਾਲਿਸ਼ ਕਰਨ ਲਈ ਵੀ ਵਰਤਿਆ ਜਾਂਦਾ ਹੈ। ਕੀੜੇ ਮਾਰ ਦਵਾਈ ਵਿਚ ਵੀ ਇਸਦੀ ਵਰਤੋਂ ਕੀਤੀ ਜਾਂਦੀ ਹੈ ਪਰ ਅਜਕੱਲ ਤਾਰਪੀਨ ਯੁਕਤ ਦਵਾਈਆਂ ਦੀ ਵਰਤੋਂ ਬਹੁਤ ਘੱਟ ਗਈ ਹੈ।

ਹ.ਪੁ.—ਐਨ. ਬ੍ਰਿ. ਮਾ. 12:68; ਹਿੰ. ਵਿ. ਕੋ. 5:348; ਮੈਕ.ਸ.ਟ. 14 : 182

**ਤਾਰਾ (ਤਿੱਬਤੀ ਦੇਵੀ)** : ਇਹ ਤਿੱਬਤ ਦੀ ਸੁਰੱਖਿਆ ਦੀ ਦੇਵੀ ਹੈ ਜਿਸ ਦੇ ਬੇਸ਼ੁਮਾਰ ਰੂਪ ਨੇਪਾਲ, ਤਿੱਬਤ ਅਤੇ ਮੰਗੋਲੀਆ ਵਿਚ ਮਿਲਦੇ ਹਨ। ਇਹ ਬੋਧਿਸੱਤਵਾ ਅਵਲੋਕਿਤੇਸਵਰਾ ਦਾ ਮਦੀਨ ਅੱਧ ਹੈ। ਆਮ ਵਿਸ਼ਵਾਸ ਅਨੁਸਾਰ ਇਹ ਅਵਲੋਕਿਤੇਸਵਰਾ ਦੇ ਹੰਝੂ ਤੋਂ ਹੋਂਦ ਵਿਚ ਆਈ ਸੀ ਜੋ ਜ਼ਮੀਨ ਉੱਤੇ ਡਿਗ ਕੇ ਇਕ ਝੀਲ ਬਣ ਗਿਆ ਸੀ। ਝੀਲ ਦੇ ਪਾਣੀ ਵਿਚੋਂ ਕੰਵਲ ਪੈਦਾ ਹੋਇਆ ਜਿਸ ਦੇ ਖੁਲਣ ਤੇ ਦੇਵੀ ਦਾ ਪ੍ਰਕਾਸ਼ ਹੋਇਆ। ਅਵਲੋਕਿਤੇਸਵਰਾ ਵਾਂਗ ਤਾਰਾ ਦੇਵੀ ਲੋਕਾਂ ਉੱਤੇ ਬੜੀ ਦਇਆਵਾਨ ਅਤੇ ਮਿਹਰਬਾਨ ਹੈ। ਇਹ ਸਮੁੰਦਰੀ ਅਤੇ ਖੁਸ਼ਕੀ ਦੇ ਸਫ਼ਰ ਤੇ ਮਨੁੱਖਾਂ ਦੀ ਸੁਰੱਖਿਆ ਕਰਦੀ ਹੈ। ਮਨੁੱਖ ਨੂੰ ਰੱਬੀ ਰਾਹ ਦਿਖਾਉਣ ਲਈ ਇਹ ਰੂਹਾਨੀ ਰਾਹ ਵਿਚ ਵੀ ਮਦਦ ਕਰਦੀ ਹੈ। ਤਿੱਬਤੀ ਲੋਕਾਂ ਦਾ ਵਿਸਵਾਸ ਹੈ ਕਿ ਹਰ ਪਵਿੱਤਰ ਔਰਤ ਵਿਚ ਇਸ ਦੇਵੀ ਦਾ ਵਾਸਾ ਹੁੰਦਾ ਹੈ।

ਤਿੱਬਤ ਦੇ ਪਹਿਲੇ ਬੋਧੀ ਬਾਦਸ਼ਾਹ ਸ੍ਰੌਂਗ-ਬ੍ਰਤਸਾਂਸਗਾਮ-ਪੋ ਦੀਆਂ ਚੀਨੀ ਅਤੇ ਨੇਪਾਲੀ ਵਹੁਟੀਆਂ ਨੂੰ ਤਾਰਾ ਦੇਵੀ ਦੇ ਦੋ ਰੂਪ ਕਰਕੇ ਜਾਣਿਆ ਜਾਂਦਾ ਹੈ। ਸਫ਼ੈਦ ਤਾਰਾ ਚੀਨੀ ਸ਼ਹਿਜ਼ਾਦੀ ਦੇ ਰੂਪ ਵਿਚ ਅਤੇ ਹਰੀ ਤਾਰਾ ਨੇਪਾਲੀ ਸ਼ਹਿਜ਼ਾਦੀ ਦੇ ਰੂਪ ਵਿਚ ਸਾਕਾਰ ਹੋਈ ਸੀ। ਸਫ਼ੈਦ ਤਾਰਾ ਪੇਵਿੱਤਰਤਾ ਦਾ ਪ੍ਰਤੀਕ ਹੈ ਅਤੇ ਇਹ ਅਵਲੋਕਿਤੇਸਵਰਾ ਦੇ ਸੱਜੇ ਪਾਸੇ ਖੜੀ ਦਿਖਾਈ ਜਾਂਦੀ ਹੈ; ਇਸ ਦੇ ਹੱਥ ਵਿਚ ਖਿੜਿਆ ਹੋਇਆ ਕੰਵਲ ਦਾ ਫੁੱਲ ਹੁੰਦਾ ਹੈ; ਇਸ ਦੇ ਮੱਥੇ ਵਿਚ ਤੀਜੀ ਅੱਖ ਦਿਖਾਈ ਜਾਂਦੀ ਹੈ। ਕਦੇ ਕਦੇ ਇਸ ਦੇ ਪੈਰਾਂ ਦੇ ਤਲਿਆਂ ਅਤੇ ਹੱਥਾਂ ਦੀਆਂ ਹਥੇਲੀਆਂ ਵਿਚ ਵੀ ਅੱਖਾਂ ਦਿਖਾਈਆਂ ਜਾਂਦੀਆਂ ਹਨ ਅਤੇ ਇਸ ਨੂੰ 'ਸੱਤ ਅੱਖਾਂ ਵਾਲੀ ਤਾਰਾ' ਕਿਹਾ ਜਾਂਦਾ ਹੈ। ਹਰੀ ਤਾਰਾ ਨੇਪਾਲੀ ਸ਼ਹਿਜ਼ਾਦੀ ਦੇ ਰੂਪ ਵਿਚ ਪ੍ਰਕਾਸ਼ ਹੋਈ ਸਮਝੀ ਜਾਂਦੀ ਹੈ। ਆਮ ਕਰਕੇ ਇਸ ਨੂੰ ਮੂਲ ਤਾਰਾ ਵਜੋਂ ਜਾਣਿਆ ਜਾਂਦਾ ਹੈ ਜੋ ਅਵਲੋਕਿਤੇਸਵਰਾ ਦੀ ਪ੍ਰੇਮਿਕਾ ਹੈ ਅਤੇ ਕੰਵਲ ਦੇ ਤਖਤ ਤੇ ਬੈਠੀ ਦਿਖਾਈ ਜਾਂਦੀ ਹੈ। ਇਸ ਦੇ ਹੱਥ ਵਿਚ ਨੀਲੇ ਰੰਗ ਦਾ ਬੰਦ ਕੰਵਲ ਹੁੰਦਾ ਹੈ।



**18ਵੀਂ ਸਦੀ ਦਾ ਬਣਿਆ ਤਾਰਾ ਦਾ ਕਾਂਸੀ ਦਾ ਬੁੱਤ**

'ਤਾਰਾ' ਦੇ ਸਫ਼ੈਦ ਅਤੇ ਹਰੇ ਰੰਗ ਅਤੇ ਖੁੱਲ੍ਹੇ ਤੇ ਬੰਦ ਕੰਵਲ ਇਸ ਗੱਲ ਦੇ ਪ੍ਰਤੀਕ ਹਨ ਕਿ ਦੇਵੀ ਦਿਨ ਰਾਤ ਲੋਕਾਂ ਦੇ ਦੁੱਖ ਕਲੇਸ਼ ਦੂਰ ਕਰਦੀ ਰਹਿੰਦੀ ਹੈ। ਤਿੱਬਤੀ ਲਾਮਿਆਂ ਦੇ ਪ੍ਰਭਾਵ ਹੇਠਾਂ 'ਤਾਰਾ ਦੇ ਵੱਖ ਵੱਖ 108 ਰੂਪ ਬਣ ਗਏ। ਤਿੱਬਤ ਵਿਚ ਮੰਦਰਾਂ ਦੇ ਝੰਡਿਆਂ ਵਿਚ ਅਕਸਰ 21 ਵੱਖ ਵੱਖ ਕਿਸਮ ਦੀਆਂ 'ਤਾਰਾ' ਦਿਖਾਈਆਂ ਹੁੰਦੀਆਂ ਹਨ। 'ਹਰੀ' ਤਾਰਾ ਕੇਂਦਰ ਵਿਚ ਹੁੰਦੀ ਹੈ।

ਨੀਲੇ ਡਰਾਉਣੇ ਰੂਪ ਵਿਚ 'ਤਾਰਾ' ਦੁਸ਼ਮਣਾਂ ਨੂੰ ਤਬਾਹ ਕਰਨ ਲਈ ਦਿਖਾਈ ਜਾਂਦੀ ਹੈ। ਇਸ ਨੂੰ ਉੱਗਰ-ਤਾਰਾ ਕਿਹਾ ਜਾਂਦਾ ਹੈ। ਲਾਲ ਰੂਪ ਵਿਚ ਇਸ ਨੂੰ ਪਿਆਰ ਦੀ ਦੇਵੀ 'ਕੁਰੁਕੁੱਲਾ' ਮੰਨਿਆ ਜਾਂਦਾ ਹੈ। ਸੱਪਾਂ ਤੋਂ ਰੱਖਿਆ ਕਰਨ ਵਾਲੇ ਰੂਪ ਨੂੰ 'ਜਾਂਗੂਲਾਈ' ਕਿਹਾ ਜਾਂਦਾ ਹੈ।

ਹ.ਪੁ.—ਐਨ. ਬ੍ਰਿ. ਮਾ. 9 : 820

**ਤਾਰਾ** : ਇਹ ਸਵੈਪ੍ਰਕਾਸ਼ਿਤ (Self-luminous) ਅਤੇ ਗਰਮ ਗੈਸ ਦੀ ਦ੍ਰਵਮਾਤਰਾ ਨਾਲ ਭਰਪੂਰ ਵਿਸ਼ਾਲ, ਖਗੋਲੀ ਪਿੰਡ ਹੈ। ਇਸ ਦਾ ਨਿੱਜੀ ਗੁਰੂਤਾਕਰਸ਼ਣ ਇਸ ਦੇ ਦ੍ਰਵ ਨੂੰ ਸੰਗਠਤ ਰੱਖਦਾ ਹੈ।

ਚਮਕਦੇ ਤਾਰਿਆਂ ਦੇ ਸਮੂਹ ਜਿਨ੍ਹਾਂ ਨੂੰ ਤਾਰਾਮੰਡਲ ਕਹਿੰਦੇ ਹਨ, ਆਕਾਸ਼ ਨੂੰ ਵੱਖ ਵੱਖ ਭਾਗਾਂ ਵਿਚ ਵੰਡਦੇ ਹਨ। ਪੂਰੇ ਆਕਾਸ਼

ਨੂੰ 88 ਤਾਰਾ ਮੰਡਲਾਂ ਵਿਚ ਵੰਡਕੇ ਇਨ੍ਹਾਂ ਤਾਰਾ ਮੰਡਲਾਂ ਦੇ ਨਾਂ ਰਖੇ ਗਏ ਹਨ। ਰਾਸ਼ੀ ਚੱਕਰ ਅਨੁਸਾਰ ਮੇਖ, ਬ੍ਰਿਖ ਆਦਿ ਨਾਂ ਪ੍ਰਚਲਿਤ ਹਨ। ਮੇਖ ਰਾਸ਼ੀ ਦੇ ਸਭ ਤੋਂ ਚਮਕੀਲੇ ਤਾਰੇ ਦਾ ਨਾਂ ਐਲਫਾ-ਏਰੀਜ਼ ਰੱਖਿਆ ਗਿਆ ਹੈ। ਕੁਝ ਤਾਰੇ ਅਤਿ ਪ੍ਰਕਾਸ਼ਿਤ ਹੋਣ ਦੇ ਕਾਰਨ ਪ੍ਰਸਿੱਧ ਹਨ ਅਤੇ ਤਾਰਾਮੰਡਲਾਂ ਦੇ ਹਵਾਲੇ ਤੋਂ ਬਿਨਾ ਵੀ ਜਾਣੇ ਜਾ ਸਕਦੇ ਹਨ, ਜਿਵੇਂ ਲੁਬਧਕ (Siriuls), ਰੈਗੂਲਸ (Regulus), ਚਿਤਰਾ (Spica) ਆਦਿ।

**ਤਾਰਾ-ਦੀਪਤੀਆਂ** — ਨੰਗੀ ਅੱਖ ਨਾਲ ਦੇਖਣ ਤੇ ਕੁਝ ਤਾਰੇ ਜ਼ਿਆਦਾ ਚਮਕੀਲੇ ਅਤੇ ਕੁਝ ਘੱਟ ਚਮਕੀਲੇ ਦਿਖਾਈ ਦਿੰਦੇ ਹਨ। ਇਨ੍ਹਾਂ ਦੀ ਜੋਤੀ ਦੇ ਘੱਟ ਵੱਧ ਹੋਣ ਅਨੁਸਾਰ ਅਸੀਂ ਤਾਰਿਆਂ ਨੂੰ ਕਈ ਦੀਪਤੀਆਂ ਵਿਚ ਸ਼੍ਰੇਣੀ ਵੰਡ ਕਰ ਲੈਂਦੇ ਹਾਂ। ਕਿਸੇ ਦੀਪਤੀ ਦੇ ਤਾਰੇ ਦੇ ਮੁਕਾਬਲੇ ਉਸਦੇ ਪੂਰਵ ਵਰਤੀ ਦੀਪਤੀ ਵਾਲੇ ਤਾਰੇ ਦੀ ਚਮਕ 2.512 ਗੁਣਾ ਜ਼ਿਆਦਾ ਹੁੰਦੀ ਹੈ। ਇਸ ਦ੍ਰਿਸ਼ ਦੀਪਤੀ ਤੇ ਮਾਪ ਵਿਚ ਸੂਰਜ ਦੀ ਦੀਪਤੀ-26.72, ਚੰਦਰਮਾ ਦੀ -12.5 ਅਤੇ ਲੁਬਧਕ ਤਾਰੇ ਦੀ ਦੀਪਤੀ -1.5 ਹੈ। ਨੰਗੀ ਅੱਖ ਨਾਲ ਅਸੀਂ ਛੇਵੀਂ ਦੀਪਤੀ ਤਕ ਦੇ ਤਾਰੇ ਦੇਖ ਸਕਦੇ ਹਾਂ ਅਤੇ ਮਾਊਂਟ ਪਾਲੋਮਾਰ ਪ੍ਰੇਖਣਸ਼ਾਲਾ ਦੀ 100 ਇੰਚ ਵਿਆਸ ਦੀ ਪਰਾਵਰਤੀ ਦੂਰਬੀਨ (ਵਰਤਮਾਨ ਕਾਲ ਦੀ ਸਭ ਤੋਂ ਵਿਸ਼ਾਲ) ਨਾਲ ਅਸੀਂ 23 ਦੀਪਤੀ ਤੱਕ ਦੇ ਤਾਰੇ ਦੇਖ ਸਕਦੇ ਹਾਂ।

**ਦੀਪਤੀ ਦਾ ਮਾਪਨ** — ਦੀਪਤੀ ਮਾਪਨ ਦਾ ਅਰਥ ਹੈ ਤਾਰੇ ਦੇ ਪ੍ਰਕਾਸ਼ ਦੀ ਤੀਬਰਤਾ ਦਾ ਮਾਪਨਾ। ਪਹਿਲਾਂ ਇਹ ਕੰਮ ਵਿਸ਼ੇਸ਼ ਪ੍ਰਕਾਰ ਦੇ ਫ਼ੋਟੋਮੀਟਰਾਂ ਦੀ ਸਹਾਇਤਾ ਨਾਲ ਅੱਖਾਂ ਰਾਹੀਂ ਕੀਤਾ ਜਾਂਦਾ ਸੀ ਅਤੇ ਹੁਣ ਇਹ ਕੰਮ ਫ਼ੋਟੋਗ੍ਰਾਫ਼ੀ ਦੀ ਸਹਾਇਤਾ ਨਾਲ ਕੀਤਾ ਜਾਣ ਲਗਾ ਹੈ। ਦ੍ਰਿਸ਼ਟੀ ਦੀਪਤੀਆਂ ਪੀਲੇ ਅਤੇ ਹਰੇ ਰੰਗ, ਫ਼ੋਟੋਗ੍ਰਾਫ਼ੀ ਦੀਪਤੀਆਂ ਨੀਲੇ ਰੰਗ ਦੇ ਪ੍ਰਕਾਸ਼ ਦੇ ਮਾਪਕ ਹਨ। ਪਰ ਤਾਰੇ ਕਈ ਰੰਗਾਂ ਦਾ ਪ੍ਰਕਾਸ਼ ਛੱਡਦੇ ਹਨ, ਇਸ ਲਈ ਤਾਰਿਆਂ ਦੀਆਂ ਦੀਪਤੀਆਂ ਪਤਾ ਕਰਨ ਲਈ ਵਿਭਿੰਨ ਰੰਗਾਂ ਦੀਆਂ ਸੰਵੇਦਨਸ਼ੀਲ ਪਲੇਟਾਂ ਦੁਆਰਾ ਅਤੇ ਵਰਣਸ਼ੋਧਕਾਂ (filters) ਦੇ ਉਪਯੋਗ ਨਾਲ ਉਨ੍ਹਾਂ ਦੇ ਪ੍ਰਕਾਸ਼ ਦੀ ਤੀਬਰਤਾ ਮਾਪੀ ਜਾਂਦੀ ਹੈ। ਫ਼ੋਟੋਗ੍ਰਾਫੀ (ਨੀਲੇ) ਅਤੇ ਦ੍ਰਿਸ਼ਟੀ (ਪੀਲੇ) ਦੀਪਤੀਆਂ ਦੇ ਅੰਤਰ ਨੂੰ ਵਰਣ-ਸੂਚਕ (colour index) ਕਹਿੰਦੇ ਹਨ। ਇਸ ਨਾਲ ਤਾਰਿਆਂ ਦਾ ਤਾਪ ਮਾਪਿਆ ਜਾਂਦਾ ਹੈ। ਦੀਪਤੀ ਪਤਾ ਕਰਨ ਦੀ ਆਧੁਨਿਕ ਵਿਧੀ ਪ੍ਰਕਾਸ਼ ਬਿਜਲੱਈ ਫ਼ੋਟੋਮੀਟਰੀ ਹੈ। ਦੀਪਤੀਆਂ ਦੇ ਸਹੀ ਗਿਆਨ ਨਾਲ ਤਾਰਿਆਂ ਦੀਆਂ ਦੂਰੀਆਂ ਅਤੇ ਬਹੁਤ ਸਾਰੇ ਭੌਤਿਕ ਪਦਾਰਥਾਂ ਨੂੰ ਜਾਣਨ ਵਿਚ ਸਹਾਇਤਾ ਮਿਲਦੀ ਹੈ।

**ਨਿਰਪੇਖ ਦੀਪਤ (Absolute magnitude)** — ਬਹੁਤ ਸਾਰੇ ਤਾਰਿਆਂ ਦਾ ਆਪਣਾ ਪ੍ਰਕਾਸ਼ ਬਹੁਤ ਜ਼ਿਆਦਾ ਹੁੰਦਾ ਹੈ ਪਰ ਬਹੁਤ ਜ਼ਿਆਦਾ ਦੂਰੀ ਉਪਰ ਹੋਣ ਕਰਕੇ ਉਨ੍ਹਾਂ ਦੀ ਦ੍ਰਿਸ਼ਟੀ ਦੀਪਤ ਬਹੁਤ ਜ਼ਿਆਦਾ ਦਿੱਸਦੀ ਹੈ। ਸਾਰੇ ਤਾਰਿਆਂ ਨੂੰ ਸਮਾਨ ਦੂਰੀ ਤੇ ਮੰਨ ਕੇ ਲੱਭੀਆਂ ਦੀਪਤੀਆਂ ਨੂੰ ਨਿਰਪੇਖ ਦੀਪਤੀਆਂ ਕਿਹਾ ਜਾਂਦਾ ਹੈ। ਜੇਕਰ ਸਾਨੂੰ ਤਾਰੇ ਦੀ ਦ੍ਰਿਸ਼ਟੀ ਦੀਪਤੀ ਅਤੇ ਤਾਰੇ ਦੀ ਦੂਰੀ ਦਾ ਪਤਾ ਹੋਵੇ ਤਦ ਅਸੀਂ ਨਿਰਪੇਖ ਦੀਪਤੀ ਜਾਣ ਸਕਦੇ ਹਾਂ। ਸੂਰਜ ਦੀ ਨਿਰਪੇਖ ਦੀਪਤੀ + 4·7 ਹੈ।

**ਸਪੇਖੀ ਜੋਤੀ (Relative luminosity)** — ਕਿਸੀ ਤਾਰੇ ਦੀ ਸੂਰਜ ਨਾਲ ਸਪੇਖੀ ਰੌਸ਼ਨੀ ਨੂੰ ਸਪੇਖੀ ਜੋਤੀ ਕਹਿੰਦੇ ਹਨ, ਜਿਸ ਨਾਲ ਤਾਰਿਆਂ ਤੋਂ ਪ੍ਰਾਪਤ ਹੋਣ ਵਾਲੀ ਊਰਜਾ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਨਾਲ ਉਸਦੀਆਂ ਭੌਤਿਕ ਸਥਿਤੀਆਂ ਦੇ ਅਧਿਐਨ ਵਿਚ ਸਹਾਇਤਾ ਮਿਲਦੀ ਹੈ।

**ਤਾਰਿਆਂ ਦੀ ਸੰਖਿਆ** — ਸਾਫ਼ ਆਕਾਸ਼ ਵਿਚ ਬਿਨ੍ਹਾ ਕਿਸੇ ਦ੍ਰਿਸ਼ਟੀ ਯੰਤਰ ਦੀ ਸਹਾਇਤਾ ਤੋਂ ਬਹੁਤ ਘੱਟ ਤਾਰੇ ਦਿੱਸਦੇ ਹਨ। ਇਸ ਲਈ ਦ੍ਰਿਸ਼ਟੀ ਨਾਲ ਦੇਖੇ ਜਾ ਸਕਣ ਵਾਲੇ ਤਾਰਿਆਂ ਦੀ ਗਿਣਤੀ ਲਗਭਗ 6,500 ਹੈ, ਜੋ ਪੰਜਵੀਂ ਦੀਪਤੀ ਤੱਕ ਦੇ ਤਾਰੇ ਹਨ। ਘੱਟ ਚਮਕੀਲੇ ਤਾਰਿਆਂ ਦੀ ਸੰਖਿਆ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਉਹ ਸਾਨੂੰ ਨਜ਼ਰ ਨਹੀਂ ਆਉਂਦੇ। ਆਕਾਸ਼ ਗੰਗਾ ਵਿਚ ਸਭ ਤੋਂ ਵਿਸ਼ਾਲ ਦੂਰਦਰਸ਼ੀ ਦੁਆਰਾ ਲੱਭੇ ਤਾਰਿਆਂ ਦੀ ਸੰਖਿਆ ਲਗਭਗ 1,00,00,00,00,000 (ਇਕ ਖਰਬ) ਹੈ।

**ਤਾਰਿਆਂ ਦੀ ਗਤੀਆਂ (Stellar motions)** — ਤਾਰੇ ਦੀ ਵਾਸਤਵਿਕ ਗਤੀ ਅਤੇ ਦਿਸ਼ਾ ਪਤਾ ਕਰਨ ਲਈ ਅਸੀਂ ਉਸਦੀ ਗਤੀ ਨੂੰ ਦੋ ਭਾਗਾਂ ਵਿਚ ਵੰਡ ਲੈਂਦੇ ਹਾਂ। ਇਕ ਸਾਡੀ ਦ੍ਰਿਸ਼ਟੀ ਦੀ ਦਿਸ਼ਾ ਵਿਚ ਅਤੇ ਦੂਸਰੀ ਇਸ ਤੋਂ ਲੰਬ ਦਿਸ਼ਾ ਵਿਚ। ਦ੍ਰਿਸ਼ਟੀ ਸੂਤਰ ਉਪਰ ਲੰਬ ਦਿਸ਼ਾ ਦੀ ਗਤੀ ਦੇ ਕੋਣੀ ਮਾਪ ਨੂੰ ਤਾਰੇ ਦੀ ਨਿਜੀ ਗਤੀ (proper motion) ਕਹਿੰਦੇ ਹਨ। ਤਾਰਿਆਂ ਦੀਆਂ ਨਿਜੀ ਗਤੀਆਂ ਬਹੁਤ ਹੀ ਘੱਟ ਹੁੰਦੀਆਂ ਹਨ। ਇਨ੍ਹਾਂ ਦਾ ਪਤਾ ਕਰਨ ਲਈ ਬਹੁਤ ਪੁਰਾਣੇ ਤਾਰਿਆਂ ਦੇ ਫ਼ੋਟੋਗ੍ਰਾਫ਼ਾਂ ਦੀ ਤੁਲਨਾ ਕਰਨੀ ਪੈਂਦੀ ਹੈ। ਜੋ ਤਾਰੇ ਸਾਡੇ ਨੇੜੇ ਹਨ,ਉਹ ਦੂਰਵਰਤੀ ਤਾਰਿਆਂ ਦੇ ਸਪੇਖੀ ਅੱਗੇ ਪਿੱਛੇ ਹਟ ਜਾਂਦੇ ਹਨ। ਦ੍ਰਿਸ਼ਟੀ ਸੂਤਰ ਦੀ ਦਿਸ਼ਾ ਵਿਚ ਤਾਰਾ ਗਤੀ ਨੂੰ ਰੇਡੀਅਲ ਵੇਗ (Radial velocity) ਕਹਿੰਦੇ ਹਨ। ਕਿਰਨਗਤ ਵੇਗ ਜਾਣਨ ਲਈ ਅਸੀ ਸਪੈੱਕਟ੍ਰੋਗ੍ਰਾਫ਼ ਦੀ ਸਹਾਇਤਾ ਲੈਂਦੇ ਹਾਂ। ਸਪੈੱਕਟ੍ਰਮੀ ਰੇਖਾਵਾਂ ਦਾ ਵਿਸਥਾਪਨ (shift) ਉਸ ਦੇ ਰੇਡੀਅਲ ਵੇਗ ਦੇ ਅਨੁਕ੍ਰਮ ਅਨੁਪਾਤੀ ਹੁੰਦਾ ਹੈ। ਬਰਨਾਰਡ ਨੇ ਓਫਿਊਕਸ (ophiucus) ਤਾਰਾਮੰਡਲ ਦੇ ਇਕ ਦਸਵੀਂ ਦੀਪਤੀ ਦੇ ਤਾਰੇ ਜੋ ਸਭ ਤੋਂ ਵਿਸ਼ਾਲ ਹੈ, ਦੀ ਨਿਜੀ ਗਤੀ 10·3" ਪ੍ਰਤਿ ਸਾਲ ਲੱਭੀ ਹੈ। ਨਿੱਜੀ ਗਤੀ ਦਾ ਗਿਆਨ ਤਾਰਾ ਪੁੰਜਾਂ ਦੇ ਅਧਿਐਨ ਵਿਚ ਸਹਾਇਕ ਹੁੰਦਾ ਹੈ ਅਤੇ ਇਸ ਤੋਂ ਇਹ ਵੀ ਜਾਣ ਜਾਂਦੇ ਹਾਂ ਕਿ ਜ਼ਿਆਦਾ ਨਿੱਜੀ ਗਤੀ ਦੇ ਤਾਰੇ ਸਾਡੇ ਨਜ਼ਦੀਕ ਹਨ।

**ਤਾਰਿਆਂ ਦੀ ਦੂਰੀਆਂ** — ਤਾਰਿਆਂ ਦੀਆਂ ਦੂਰੀਆਂ ਪਤਾ ਕਰਨ ਲਈ ਤਿਕੋਣ ਮਿੱਤਈ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਾਥੋਂ ਨੇੜੇ ਤੋਂ ਨੇੜੇ ਦਾ ਤਾਰਾ ਵੀ ਇੰਨੀ ਦੂਰੀ ਉਪਰ ਹੈ ਕਿ ਜੇਕਰ ਅਸੀਂ ਪ੍ਰਿਥਵੀ ਦੇ ਵਿਆਸ ਨੂੰ ਆਧਾਰ ਮੰਨਕੇ ਉਸਦੀਆਂ ਦਿਸ਼ਾਵਾਂ ਨੂੰ ਵੇਖੀਏ ਤਾਂ ਉਹ ਸਮਾਂਤਰ ਪਰਤੀਤ ਹੋਣਗੀਆਂ, ਅਰਥਾਤ ਤਾਰੇ ਦਾ ਲੰਬਨ (parallax) ਸਿਫ਼ਰ ਹੀ ਆਉਂਦਾ ਹੈ। ਇਸ ਲਈ ਤਾਰਿਆਂ ਦੇ ਲੰਬਨ ਦਾ ਪਤਾ ਕਰਨ ਲਈ ਸਾਨੂੰ ਵੱਡੇ ਆਧਾਰ ਦੀ ਲੋੜ ਪੈਂਦੀ ਹੈ ਅਤੇ ਪ੍ਰਿਥਵੀ ਦੇ ਪਥ (orbit) ਨੂੰ ਅਸੀਂ ਆਧਾਰ ਮੰਨਦੇ ਹਾਂ। ਜੇਕਰ ਕਿਸੀ ਤਾਰੇ ਦੀ ਦਿਸ਼ਾ ਦੇ ਇਕ ਨਿਰੀਖਣ ਤੋਂ ਛੇ ਮਹੀਨੇ ਬਾਅਦ ਦੁਬਾਰਾ ਉਸ ਦਾ ਨਿਰੀਖਣ ਕੀਤਾ ਜਾਵੇ ਤਦ ਸਾਨੂੰ ਪ੍ਰਿਥਵੀ ਦੇ ਪਥ ਦੇ ਵਿਆਸ ਦਾ ਆਧਾਰ ਮਿਲ ਜਾਂਦਾ ਹੈ। ਇਸ ਤਰ੍ਹਾਂ ਦੇ ਨਿਰੀਖਣ ਨਾਲ ਨਜ਼ਦੀਕ ਦੇ ਤਾਰੇ ਦੂਰ ਦਿਆਂ ਤਾਰਿਆਂ ਦੇ ਮੁਕਾਬਲੇ ਥੋੜ੍ਹਾ ਦਿਸ਼ਾ ਪਰਿਵਰਤਨ ਦਿਖਾਉਂਦੇ ਹਨ। ਜੇਕਰ ਕਿਸੇ ਤਾਰੇ ਦਾ ਲੰਬਨ 1" ਹੋਵੇ ਤਦ ਉਹ ਪ੍ਰਿਥਵੀ ਤੋਂ ਪ੍ਰਿਥਵੀ ਦੇ ਪਥ ਦੇ ਰੇਡੀਅਲ ਤੋਂ 2,06,265 ਗੁਣਾ ਦੂਰੀ ਤੇ ਹੁੰਦਾ ਹੈ। ਇਸ ਦੂਰੀ ਨੂੰ ਇਕ ਪਾਰਸੇਕ ਕਹਿੰਦੇ ਹਨ। ਪਾਰਸੇਕ ਦੀ ਮੀਲਾਂ ਵਿਚ ਦੂਰੀ ਲਗਭਗ 1,92,00,00,00,00,000 ਹੁੰਦੀ ਹੈ। ਦੂਰੀ ਮਾਪਣ ਲਈ ਪ੍ਰਕਾਸ਼ ਵਰ੍ਹਾ (light year) ਇਕਾਈ ਦਾ ਪ੍ਰਯੋਗ ਹੁੰਦਾ ਹੈ ਅਤੇ ਇਕ ਪਾਰਸੇਕ ਲਗਭਗ 3.26 ਪ੍ਰਕਾਸ਼ ਵਰ੍ਹੇ ਦੇ ਸਮਾਨ ਹੈ। ਤਿਕੋਣ ਮਿੱਤਈ ਵਿਧੀਆਂ ਨਾਲ ਸਿਰਫ਼ ਨੇੜੇ ਦੇ ਤਾਰਿਆਂ ਦੀਆਂ ਦੂਰੀਆਂ ਹੀ ਪਤਾ ਕੀਤੀਆਂ ਜਾਂਦੀਆਂ ਹਨ। ਦੂਰ ਦੇ ਤਾਰਿਆਂ ਦੀਆਂ ਦੂਰੀਆਂ ਮਾਪਣ ਲਈ ਕੁਝ ਹੋਰ ਵਿਧੀਆਂ ਵਰਤੀਆਂ ਜਾਂਦੀਆਂ ਹਨ।

**ਤਾਰਿਆਂ ਦਾ ਵਰਗੀਕਰਨ** — ਤਾਰਿਆਂ ਦਾ ਵਰਗੀਕਰਨ ਕਈ ਤਰ੍ਹਾਂ ਨਾਲ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਕੁਝ ਨਿਮਨ ਲਿਖਤ ਹਨ : (1) ਰਚਨਾ ਅਤੇ ਆਕਾਰਗਤ (based on size) ਵਰਗੀਕਰਨ; (2) ਆਕਾਸ਼ਗੰਗਾ ਦੀਆਂ ਕੁੰਡਲੀਦਾਰ ਭੁਜਾਵਾਂ (spiral arms) ਅਤੇ ਕੇਂਦਰਕ (nucleus) ਵਿਚ ਉਪਲਬੱਧ ਤਾਰੇ; (3) ਤਾਰਿਆਂ ਦਾ ਸਪੈੱਕਟ੍ਰਮੀ ਵਰਗੀਕਰਨ; (4) ਪ੍ਰਕਾਸ਼ ਦੇ ਵਧਣ ਘਟਣ ਦੇ ਕਾਰਨ ਤਾਰਿਆਂ ਦਾ ਵਰਗੀਕਰਨ-ਚਲ ਤਾਰੇ (Variable Stars); (5) ਪੁੰਜਾਂ (clusters) ਵਿਚ ਉਪਲਬੱਧ ਤਾਰੇ; (6) ਦੋਹਰੇ (double) ਅਤੇ ਬਹੁਸੰਖਿਅਕ (multiple) ਤਾਰੇ ਆਦਿ। ਇਨ੍ਹਾਂ ਵਰਗੀਕਰਨਾਂ ਦਾ ਆਪਣਾ ਮਹੱਤਵ ਹੈ ਅਤੇ ਇਨ੍ਹਾਂ ਤੋਂ ਸਾਨੂੰ ਤਾਰਿਆਂ ਦੇ ਵਿਸ਼ਲੇਸ਼ਣ ਵਿਚ ਖਾਸ ਸਹਾਇਤਾ ਮਿਲਦੀ ਹੈ। ਇਨ੍ਹਾਂ ਵਰਗੀਕਰਨਾਂ ਦੀ ਸੰਖੇਪ ਜਿਹੀ ਜਾਣਕਾਰੀ ਨਿਮਨ ਲਿਖਤ ਹੈ :-

1. **ਰਚਨਾ ਅਤੇ ਆਕਾਰਗਤ ਵਰਗੀਕਰਨ** — ਸੂਰਜ ਸਾਡਾ ਨਜ਼ਦੀਕੀ ਤਾਰਾ ਹੈ ਅਤੇ ਬਹੁਤੇ ਤਾਰਿਆਂ ਦੇ ਤੱਤਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਸਭ ਦਾ ਜਨਮ ਇਕੋ ਸਮੇਂ ਹੋਇਆ। ਇਹ ਤਾਰੇ ਤਾਪ, ਆਕਾਰ ਅਤੇ ਜੋਤੀ ਦੇ ਘਟਦੇ ਅਨੁਕ੍ਰਮ ਵਿਚ ਹਨ ਜਿਸ ਨੂੰ ਮੁੱਖ ਅਨੁਕ੍ਰਮ ਕਹਿੰਦੇ ਹਨ। ਸੂਰਜ ਇਸੇ ਅਨੁਕ੍ਰਮ ਵਿਚ ਵਿਚਕਾਰਲੇ ਆਕਾਰ ਦਾ ਤਾਰਾ ਹੈ ਜਿਸਦੀ ਦ੍ਰਵ ਮਾਤ੍ਰਾ ਅਤੇ ਤਾਪ ਔਸਤ ਤੋਂ ਘੱਟ ਹੈ। ਇਸ ਅਨੁਕ੍ਰਮ ਦੇ ਜ਼ਿਆਦਾ ਤਾਰੇ ਸੂਰਜ ਤੋਂ ਛੋਟੇ ਅਤੇ ਘੱਟ ਤਾਪ ਵਾਲੇ ਪਰ ਤੱਤਾਂ ਦੀ ਮਾਤਰਾ ਵਿਚ ਸੂਰਜ ਵਰਗੇ ਹੁੰਦੇ ਹਨ। ਮੁੱਖ ਅਨੁਕ੍ਰਮ ਦੇ ਵਰਗ ਤੋਂ ਇਲਾਵਾ ਤਾਰਿਆਂ ਦੇ ਦੋ ਹੋਰ ਮੁੱਖ ਵਰਗ ਹਨ : ਦਾਨਵ (gaints) ਅਤੇ ਬੌਣੇ (dwarfs) ਤਾਰੇ। ਦਾਨਵ ਤਾਰੇ ਵੀ ਤਿੰਨ ਪ੍ਰਕਾਰ ਦੇ ਹਨ : ਦਾਨਵ, ਅਤਿਦਾਨਵ (super gaints) ਅਤੇ ਉਪਦਾਨਵ (subgiants)। ਅਤਿਦਾਨਵ ਤਾਰੇ ਆਕਾਰ ਵਿਚ ਬਹੁਤ ਵਿਸ਼ਾਲ ਹੁੰਦੇ ਹਨ। ਉਦਾਹਰਣ ਦੇ ਤੌਰ ਤੇ ਅਨਟੈਰੀਜ਼ (Antares) ਅਤਿਦਾਨਵ ਤਾਰਾ ਹੈ ਜਿਸ ਦਾ ਵਿਆਸ ਸੂਰਜ ਦੇ ਵਿਆਸ ਨਾਲੋਂ 480 ਗੁਣਾ ਅਤੇ ਬੀਟੇਲਜੂਜ਼ ਦਾ ਵਿਆਸ ਸੂਰਜ ਦੇ ਵਿਆਸ ਨਾਲੋਂ ਲਗਭਗ 300 ਗੁਣਾ ਹੈ। ਦਾਨਵ ਤਾਰਿਆਂ ਵਿਚੋਂ ਬੀਟਾ ਪਿਗਾਸੀ ਦਾ ਵਿਆਸ ਸੂਰਜ ਨਾਲੋਂ 170 ਗੁਣਾ ਅਤੇ ਬ੍ਰਹਮ ਹਿਰਦੇ ਦਾ ਸੂਰਜੇ ਦੇ ਵਿਆਸ ਨਾਲੋਂ 12 ਗੁਣਾ ਹੈ। ਬੌਣੇ ਤਾਰਿਆਂ ਦੀਆਂ ਵੀ ਚਾਰ ਕਿਸਮਾਂ ਹਨ ਬੌਣੇ, ਉਪ ਬੌਣੇ, ਲਾਲ ਬੌਣੇ ਅਤੇ ਸਫੈਦ ਬੌਣੇ। ਇਨ੍ਹਾਂ ਵਿਚੋਂ ਸਫ਼ੈਦ ਬੌਣੇ ਤਾਰਿਆਂ ਦਾ ਖ਼ਾਸ ਮਹੱਤਵ ਹੈ।

2. **ਕੁੰਡਲੀਦਾਰ ਭੁਜਾਵਾਂ ਅਤੇ ਕੇਂਦਰਕਾਂ ਦੇ ਤਾਰੇ** — ਸਾਨੂੰ ਨਜ਼ਰ ਆਉਣ ਵਾਲੇ ਜ਼ਿਆਦਾ ਤਾਰੇ ਆਕਾਸ਼ ਗੰਗਾ ਦੇ ਮੈਂਬਰ ਹਨ। ਆਕਾਸ਼ ਗੰਗਾ ਆਪਣੇ ਆਪ ਵਿਚ ਹੀ ਇਕ ਵਿਸ਼ਵ (universe) ਹੈ, ਜਿਸ ਦਾ ਆਕਾਰ ਕੁੰਦਲਦਾਰ ਹੈ। ਇਨ੍ਹਾਂ ਤਾਰਿਆਂ ਦੇ ਦੋ ਮੁੱਖ ਵਰਗ ਹਨ। ਕੁਝ ਤਾਰੇ ਸਦਾ ਆਕਾਸ਼ ਗੰਗਾ ਦੀਆਂ ਕੁੰਡਲੀਦਾਰ ਭੁਜਾਵਾਂ ਵਿਚ ਮਿਲਦੇ ਹਨ ਅਤੇ ਬਾਕੀ ਆਕਾਸ਼ ਗੰਗਾ ਦੇ ਕੇਂਦਰਕ ਦੇ ਨਜ਼ਦੀਕ ਪਾਏ ਜਾਂਦੇ ਹਨ। ਪਹਿਲੇ ਵਰਗ ਦੇ ਤਾਰੇ ਸਾਡੇ ਸੂਰਜ ਦੇ ਗੁਆਂਢੀ ਹਨ ਅਤੇ ਦੂਜੇ ਵਰਗ ਦੇ ਤਾਰੇ ਸੂਰਜ ਤੋਂ ਦੂਰ ਹਨ। ਪਹਿਲੀ ਤਾਰਾ ਸ਼੍ਰੇਣੀ ਦੇ ਤਾਰਿਆਂ ਵਿਚ ਅੰਤਰ ਤਾਰਾ ਗੈਸ ਅਤੇ ਧੂੜ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦੀ ਹੈ ਅਤੇ ਇਹ ਨੀਲੇ ਰੰਗ ਦੇ ਹੁੰਦੇ ਹਨ ਜਦੋਂ ਕਿ ਦੂਸਰੀ ਤਾਰਾ ਸ਼੍ਰੇਣੀ ਦੇ ਤਾਰਿਆਂ ਵਿਚ ਇਹ ਘੱਟ ਮਾਤਰਾ ਵਿਚ ਹੁੰਦੀ ਹੈ ਅਤੇ ਇਹ ਲਾਲ ਰੰਗ ਦੇ ਹੁੰਦੇ ਹਨ। ਇਨ੍ਹਾਂ ਤਾਰਾ ਸ਼੍ਰੇਣੀਆਂ ਦੇ ਅਧਿਐਨ ਨਾਲ ਸਾਨੂੰ ਆਕਾਸ਼ ਗੰਗਾ ਦੀਆਂ ਕੁੰਡਲਦਾਰ ਭੁਜਾਵਾਂ ਅਤੇ ਕੇਂਦਰਕ ਨਿਸ਼ਚਿਤ ਕਰਨ ਲਈ ਹੀ ਨਹੀਂ, ਸਗੋਂ ਤਾਰਿਆਂ ਦੀ ਉਤਪਤੀ ਅਤੇ ਵਿਕਾਸ ਦੀ ਸਥਿਤੀ ਦਾ ਅਧਿਐਨ, ਕਰਨ ਵਿਚ ਵੀ ਸਹਾਇਤਾ ਮਿਲਦੀ ਹੈ।

3. **ਸਪੈੱਕਟ੍ਰਮੀ ਵਰਗੀਕਰਨ** — ਤਾਰਿਆਂ ਦੀ ਦ੍ਰਵ ਮਾਤਰਾ ਦੇ ਅਣੂ, ਜੋ ਮੂਲ ਅਵਸਥਾ ਵਿਚ ਉਦਾਸੀਨ ਰਹਿੰਦੇ ਹਨ, ਤਾਪ ਦੇ ਲਗਾਤਾਰ ਵਧਣ ਕਾਰਨ ਆਈਨੀਕ੍ਰਿਤ ਹੋ ਕੇ ਆਪਣੇ ਰਿਣ ਇਲੈੱਕਟ੍ਰਾਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਮਾਤਰਾ ਵਿਚ ਖੁਸਣ ਲਗ ਜਾਂਦੇ ਹਨ। ਤਾਰਿਆਂ ਵਿਚ ਬਣਨ ਵਾਲੀਆਂ ਕਾਲੀਆਂ ਅਤੇ ਚਮਕੀਲੀਆਂ ਰੇਖਾਵਾਂ ਤਾਰਿਆਂ ਦੇ ਪ੍ਰਕਾਸ਼ ਛੱਡਣ ਵਾਲੇ ਅਣੂਆਂ ਦੇ ਤਾਪ ਦੀਆਂ ਵਿਭਿੰਨ ਅਵਸਥਾਵਾਂ ਨੂੰ ਪ੍ਰਗਟ ਕਰਦੀਆਂ ਹਨ।

**O ਸਪੈੱਕਟ੍ਰਮੀ ਤਾਰੇ** — ਇਹ ਆਈਨੀਕ੍ਰਿਤ ਹੀਲੀਅਮ ਵਾਲੇ ਤਾਰੇ ਹਨ। ਇਨ੍ਹਾਂ ਦੇ ਸਪੈੱਕਟ੍ਰਮਾਂ ਵਿਚ ਆਈਨੀਕ੍ਰਿਤ ਹੀਲੀਅਮ ਅਤੇ ਦੋਹਰੇ ਤਿਹਰੇ ਆਈਨੀਕ੍ਰਿਤ ਆੱਕਸੀਜਨ ਅਤੇ ਨਾਈਟ੍ਰੋਜਨ ਦੀਆਂ ਰੇਖਾਵਾਂ ਪ੍ਰਾਪਤ ਹੁੰਦੀਆਂ ਹਨ। ਸਪੈੱਕਟ੍ਰਮੀ ਦੇ ਤਾਰਿਆਂ ਦੀ ਸੰਖਿਆ ਸੌ ਤੋਂ ਜ਼ਿਆਦਾ ਨਹੀਂ ਹੈ ਜਿਨ੍ਹਾਂ ਵਿਚੋਂ ਜ਼ਿਆਦਾ ਨੂੰ ਨੰਗੀਆਂ ਅੱਖਾਂ ਨਾਲ ਨਹੀਂ ਦੇਖ ਸਕਦੇ।

**B ਸਪੈੱਕਟ੍ਰਮੀ ਤਾਰੇ** — ਇਹ ਉਦਾਸੀਨ ਹੀਲੀਅਮ ਵਾਲੇ ਬਹੁਗਿਣਤੀ ਦੇ ਤਾਰੇ ਹਨ। ਇਨ੍ਹਾਂ ਦਾ ਤਾਪ ਹੀਲੀਅਮ ਨੂੰ ਆਈਨੀਕ੍ਰਿਤ ਕਰਨ ਵਿਚ ਅਸਮਰਥ ਹੈ ਅਤੇ ਇਸ ਦੇ ਸਪੈੱਕਟ੍ਰਮ ਵਿਚ ਆਈਨੀਕ੍ਰਿਤ ਆੱਕਸੀਜਨ ਰੇਖਾਵਾਂ ਉਪਲਬੱਧ ਹੁੰਦੀਆਂ ਹਨ। $B_5$ ਤਾਰੇ ਤੋਂ ਲੈ ਕੇ ਨੀਵੇਂ ਤਾਪ ਦੇ ਤਾਰਿਆਂ ਵਿਚ ਹੀਲੀਅਮ ਅਤੇ ਆਈਨੀਕ੍ਰਿਤ ਆੱਕਸੀਜਨ ਰੇਖਾਵਾਂ ਘੱਟ ਜਾਂਦੀਆਂ ਹਨ।

**A ਸਪੈੱਕਟ੍ਰਮੀ ਤਾਰੇ** — ਇਹ ਹਾਈਡ੍ਰੋਜਨ ਪ੍ਰਮੁੱਖ ਤਾਰੇ ਹਨ। ਇਨ੍ਹਾਂ ਦਾ ਸਤ੍ਹਈ ਤਾਪ B ਸਪੈੱਕਟ੍ਰਮੀ ਤਾਰਿਆਂ ਨਾਲੋਂ ਬਹੁਤ ਘੱਟ ਹੁੰਦਾ ਹੈ। ਇਨ੍ਹਾਂ ਦੀ ਸੰਖਿਆ ਬਹੁਤ ਹੈ।

**F ਸਪੈੱਕਟ੍ਰਮੀ ਤਾਰੇ** — ਕੁਝ ਜੋਤਿਸ਼ੀ ਇਨ੍ਹਾਂ ਨੂੰ ਕੈਲਸੀਅਮ ਤਾਰੇ ਕਹਿੰਦੇ ਸਨ। ਇਨ੍ਹਾਂ ਦਾ ਸਤ੍ਹਈ ਤਾਪ 8,000° ਤੋਂ ਲੈ ਕੇ 6,000 ਸੈਂ. ਤੱਕ ਹੁੰਦਾ ਹੈ ਜੋ A ਸਪੈੱਕਟ੍ਰਮੀ ਤਾਰਿਆਂ ਨਾਲੋਂ ਬਹੁਤ ਘੱਟ ਹੁੰਦਾ ਹੈ।

**G ਸਪੈੱਕਟ੍ਰਮੀ ਤਾਰੇ** — ਇਹ ਸੂਰਜ ਦੀ ਸ਼੍ਰੇਣੀ ਦੇ ਲਗਭਗ 13000 ਤਾਰੇ ਹਨ। ਇਨ੍ਹਾਂ ਦੇ ਸਪੈੱਕਟ੍ਰਮ ਵਿਚ ਆਈਨੀਕ੍ਰਿਤ ਕੈਲਸੀਅਮ ਦੀਆਂ ਰੇਖਾਵਾਂ ਖ਼ੂਬ ਉਭਰੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਸਤ੍ਹਈ ਤਾਪਮਾਨ 6,000° ਤੋਂ ਲੈ ਕੇ 4000° ਸੈਂ. ਤੱਕ ਹੈ।

**K ਸਪੈੱਕਟ੍ਰਮੀ ਤਾਰੇ** — ਇਨ੍ਹਾਂ ਦਾ ਸਤ੍ਹਈ ਤਾਪਮਾਨ 5,000° ਤੋਂ ਲੈ ਕੇ 3,500° ਸੈਂ. ਤੱਕ ਹੁੰਦਾ ਹੈ। ਪਹਿਲਾਂ ਇਹ ਸੂਰਜ ਕਲੰਕ ਤਾਰਿਆਂ ਦੇ ਨਾਂ ਨਾਲ ਪ੍ਰਸਿੱਧ ਸਨ।

**M ਸਪੈੱਕਟ੍ਰਮੀ ਤਾਰੇ** — ਟੀਟੇਨੀਅਮ ਓਰਾਈਡ ਤਾਰੇ। ਇਨ੍ਹਾਂ ਦਾ ਸਤ੍ਹਈ ਤਾਪ 3,500° ਤੋਂ ਲੈ ਕੇ 2,000° ਸੈਂ. ਤੱਕ ਹੈ।

**S ਸਪੈੱਕਟ੍ਰਮੀ ਤਾਰੇ** — ਇਨ੍ਹਾਂ ਵਿਚ ਲਗਭਗ ਸਾਰੇ ਚੱਲ ਤਾਰੇ ਹਨ ਜੋ ਨਜ਼ਰ ਨਹੀਂ ਆਉਂਦੇ।

**R–N ਤਾਰੇ** — ਇਨ੍ਹਾਂ ਦਾ ਸਤ੍ਹਈ ਤਾਪ 3,000° ਤੋਂ ਲੈ ਕੇ 5,000° ਸੈਂ. ਤੱਕ ਹੈ। ਇਹ ਬਹੁਤ ਘੱਟ ਗਿਣਤੀ ਦੇ ਦਾਨਵ ਅਤੇ ਜ਼ਿਆਦਾਤਰ ਚੱਲ ਤਾਰੇ ਹਨ ਜੋ ਅੱਖ ਨਾਲ ਦੇਖੇ ਨਹੀਂ ਜਾ ਸਕਦੇ।

4. **ਚੱਲ ਤਾਰੇ** — ਚੱਲ ਤਾਰੇ ਅਜਿਹੇ ਤਾਰੇ ਹਨ ਜਿਨ੍ਹਾਂ ਦੀ ਜੋਤੀ ਘਟਦੀ ਵਧਦੀ ਰਹਿੰਦੀ ਹੈ। ਲਗਭਗ 20,000 ਚੱਲ ਤਾਰੇ ਅਜਿਹੇ ਹਨ ਜਿਨ੍ਹਾਂ ਦੇ ਨਿਯਮਿਤ ਰੂਪ ਨਾਲ ਨਿਰੀਖਣ ਕੀਤੇ ਜਾ ਸਕਦੇ ਹਨ। ਕਈ ਚੱਲ ਤਾਰੇ ਗ੍ਰਹਿਣਕਾਰੀ ਯੁਗਮ ਤਾਰੇ (eclipsing binaries) ਹੁੰਦੇ ਹਨ ਜਿਨ੍ਹਾਂ ਵਿਚ ਜੋਤੀ ਘਟਣ ਦਾ ਕਾਰਨ ਇਕ ਤਾਰੇ ਦੁਆਰਾ ਦੂਜੇ ਤਾਰੇ ਦਾ ਗ੍ਰਹਿਣ ਹੁੰਦਾ ਹੈ। ਸਪੰਦਨਸ਼ੀਲ (pul-

sating) ਚੱਲ, ਵਿਸਫ਼ੋਟਕ ਚੱਲ (exploding) ਅਤੇ ਹੋਰ ਚੱਲ ਤਾਰਿਆਂ ਦੀ ਵੀ ਖੋਜ ਕੀਤੀ ਗਈ ਹੈ।

**ਸਪੰਦਨਸ਼ੀਲ ਤਾਰੇ** — ਇਨ੍ਹਾਂ ਵਿਚੋਂ ਕੁਝ ਤਾਰਿਆਂ ਦਾ ਪਰਾਵਰਤਨ ਕਾਲ ਇਕ ਦਿਨ ਤੋਂ ਵੀ ਘੱਟ ਹੁੰਦਾ ਹੈ ਅਤੇ ਕੁਝ ਦਾ 1000 ਦਿਨ ਤੱਕ ਦਾ ਵੀ ਹੋ ਸਕਦਾ ਹੈ ਲੰਬੇ ਆਵਰਤਨ ਕਾਲ ਵਾਲੇ ਤਾਰਿਆਂ ਨੂੰ ਦੀਰਘ ਆਵਰਤਕਾਲਿਕ (long period) ਚੱਲ ਤਾਰੇ ਕਹਿੰਦੇ ਹਨ। ਇਹ ਲਾਲ ਰੰਗ ਦੇ ਦਾਨਵ ਤਾਰੇ ਹੁੰਦੇ ਹਨ।

**ਵਿਸਫ਼ੋਟਕ ਤਾਰੇ** — ਅਜਿਹੇ ਤਾਰਿਆਂ ਵਿਚ ਨਿਯਮਤ ਜਾਂ ਅਨਿਯਮਤ ਰੂਪ ਨਾਲ ਵਿਸਫ਼ੋਟ ਹੁੰਦਾ ਹੈ। ਇਹ ਤਾਰੇ ਆਮ ਕਰਕੇ ਬਹੁਤ ਧੁੰਦਲੇ ਹੁੰਦੇ ਹਨ ਪਰ ਵਿਸਫ਼ੋਟ ਹੋਣ ਤੋਂ ਬਾਅਦ ਇਨ੍ਹਾਂ ਦੀ ਜੋਤੀ ਅਸਾਧਾਰਨ ਰੂਪ ਨਾਲ ਵੱਧ ਜਾਂਦੀ ਹੈ। ਕੁਝ ਦਿਨ ਤੱਕ ਇਸੇ ਹਾਲਤ ਵਿਚ ਰਹਿਣ ਤੋਂ ਬਾਅਦ ਇਹ ਆਪਣੀ ਪਹਿਲੀ ਸਥਿਤੀ ਵਿਚ ਆ ਜਾਂਦੇ ਹਨ, ਇਨ੍ਹਾਂ ਨੂੰ ਨਵਤਾਰਾ (Nova) ਕਹਿੰਦੇ ਹਨ। ਜਿਹੜੇ ਤਾਰੇ ਵਿਸਫ਼ੋਟ ਤੋਂ ਬਾਅਦ ਬਹੁਤ ਹੀ ਅਸਾਧਾਰਨ ਢੰਗ ਨਾਲ ਚਮਕੀਲੇ ਹੋ ਜਾਂਦੇ ਹਨ ਉਨ੍ਹਾਂ ਨੂੰ ਅਤਿਨਵਤਾਰਾ (Supernova) ਕਹਿੰਦੇ ਹਨ। ਇਹ ਤਾਰੇ ਸੂਰਜ ਨਾਲੋਂ ਲੱਖਾਂ ਗੁਣਾ ਜ਼ਿਆਦਾ ਪ੍ਰਕਾਸ਼ ਛੱਡਦੇ ਹਨ।

5. **ਤਾਰਾ ਝੁੰਡ** — ਰਾਤ ਨੂੰ ਕਈ ਵਾਰੀ ਆਕਾਸ਼ ਵਿਚ ਕੁਝ ਧੁੰਦਲੇ ਪ੍ਰਕਾਸ਼ ਵਾਲੇ ਧੱਬੇ ਜਿਹੇ ਦਿਖਾਈ ਦਿੰਦੇ ਹਨ ਜਿਨ੍ਹਾਂ ਵਿਚ ਤਿੰਨ ਤਰ੍ਹਾਂ ਦੀਆਂ ਵਸਤੂਆਂ ਮਿਲਦੀਆਂ ਹਨ : ਤਾਰਾ ਝੁੰਡ (Star clusters), ਨਿਹਾਰਕਾਵਾਂ (nebulae) ਅਤੇ ਆਕਾਸ਼ ਗੰਗਾਵਾਂ। ਨਿਹਾਰਕਾਵਾਂ ਚਮਕੀਲੀਆਂ ਗੈਸਾਂ ਨਾਲ ਅਤੇ ਆਕਾਸ਼ ਗੰਗਾਵਾਂ ਸੁਤੰਤਰ ਤਾਰਾ-ਪ੍ਰਣਾਲੀਆਂ ਨਾਲ ਬਣਦੀਆਂ ਹਨ। ਤਾਰਿਆਂ ਦੇ ਝੁੰਡ ਦੋ ਪ੍ਰਕਾਰ ਦੇ ਹਨ ਇਕ ਜੋ ਆਕਾਸ਼ਗੰਗਈ ਸਮਤਲ ਵਿਚ ਮਿਲਦੇ ਹਨ ਅਤੇ ਇਨ੍ਹਾਂ ਵਿਚ ਤਾਰਿਆਂ ਦੀ ਸੰਖਿਆ ਘੱਟ ਹੁੰਦੀ ਹੈ। ਦੂਜੀ ਕਿਸਮ ਦੇ ਗੋਲਾਕਾਰ ਤਾਰਾ ਝੁੰਡਾਂ ਵਿਚ ਮੁਕਾਬਲਨ ਜ਼ਿਆਦਾ ਤਾਰੇ ਹੁੰਦੇ ਹਨ। ਇਹ ਲਗਭਗ ਧੁੰਦਲੇ ਜਿਹੇ ਦਿਖਾਈ ਦਿੰਦੇ ਹਨ। ਇਨ੍ਹਾਂ ਨਾਲ ਤਾਰਿਆਂ ਦੇ ਵਿਕਾਸ ਦੀਆਂ ਅਵਸਥਾਵਾਂ ਦਾ ਗਿਆਨ ਹੁੰਦਾ ਹੈ।

6. **ਦੋਹਰੇ ਬਹੁਸੰਖਿਅਕ ਤਾਰੇ** — ਜ਼ਿਆਦਾਤਰ ਤਾਰੇ ਦੋਹਰੇ ਜਾਂ ਬਹੁਸੰਖਿਅਕ (ਬਹੁਤ ਨੇੜੇ ਦਿਖਾਈ ਦੇਣ ਵਾਲੇ ਦੋ ਜਾਂ ਵੱਧ ਤਾਰੇ) ਹੁੰਦੇ ਹਨ। ਇਨ੍ਹਾਂ ਵਿਚੋਂ ਤਾਰਿਆਂ ਦਾ ਆਪਸੀ ਕੋਈ ਸਬੰਧ ਨਹੀਂ ਹੁੰਦਾ, ਪਰ ਇਹ ਬਹੁਤ ਨਜ਼ਦੀਕ ਹੋਣ ਕਰਕੇ ਸਾਡੀ ਦ੍ਰਿਸ਼ਟੀ ਰੇਖਾ ਵਿਚ ਆਉਂਦੇ ਹਨ ਅਤੇ ਇਨ੍ਹਾਂ ਨੂੰ ਦਿੱਸਣ ਵਾਲੇ (optical) ਦੋਹਰੇ ਤਾਰੇ ਕਿਹਾ ਜਾਂਦਾ ਹੈ। ਦੋ ਤਾਰੇ, ਜੋ ਆਪਸੀ ਆਕਰਸ਼ਣ ਦੇ ਨਾਲ ਇਕ ਨਿਸ਼ਚਿਤ ਵੱਡੇ ਆਕਾਰ ਦੇ ਘੇਰੇ ਵਿਚ ਘੁੰਮਦੇ ਹਨ, ਤਾਰਾ-ਯੁਗਮ ਕਹਾਉਂਦੇ ਹਨ।

ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ : ਦ੍ਰਿਸ਼ਟੀਗਤ (Visual), ਗ੍ਰਹਿਣਕਾਰੀ (eclipsing) ਅਤੇ ਸਪੈੱਕਟ੍ਰਮੀ। ਗ੍ਰਹਿਣਕਾਰੀ ਯੁਗਮ-ਤਾਰਿਆਂ ਦਾ ਪੱਥ ਸਾਡੀ ਦ੍ਰਿਸ਼ਟੀਰੇਖਾ ਦੀ ਦਿਸ਼ਾ ਵਿਚ ਥੋੜ੍ਹੇ ਜਿਹੇ ਝੁਕਾਅ ਨਾਲ ਰਹਿੰਦਾ ਹੈ, ਜਿਸ ਨਾਲ ਇਕ ਤਾਰਾ ਦੂਸਰੇ ਨੂੰ ਥੋੜ੍ਹਾ ਢੱਕ ਲੈਂਦਾ ਹੈ। ਇਹ ਸਥਿਤੀ ਨਿਯਤ ਸਮੇਂ ਤੇ ਹੁੰਦੀ ਹੈ। ਕੁਝ ਯੁਗਮ ਤਾਰਿਆਂ ਦੀਆਂ ਸਪੈੱਕਟ੍ਰਮ ਰੇਖਾਵਾਂ ਦੇ ਪਰਿਵਰਤਨ ਤੋਂ ਪਤਾ ਲਗਦਾ ਹੈ ਕਿ ਇਹ ਕਿਸੀ ਅਦ੍ਰਿਸ਼ ਤਾਰੇ ਦੁਆਲੇ ਘੁੰਮ ਰਿਹਾ ਹੈ। ਇਨ੍ਹਾਂ ਤਾਰਿਆਂ ਨੂੰ ਸਪੈੱਕਟ੍ਰਮੀ ਯੁਗਮ-ਤਾਰੇ ਕਿਹਾ ਜਾਂਦਾ ਹੈ।

**ਤਾਰਿਆਂ ਦੇ ਆਕਾਰ** — ਤਾਰਿਆਂ ਦੇ ਆਕਾਰ ਤਿੰਨ ਵਿਧੀਆਂ ਨਾਲ ਜਾਣੇ ਜਾਂਦੇ ਹਨ : (1) ਨਿਰਪੇਖ ਦੀਪਤੀ ਅਤੇ ਤਾਪ ਨਾਲ, (2) ਗ੍ਰਹਿਣਕਾਰੀ ਯੁਗਮ-ਤਾਰਿਆਂ ਦੇ ਗ੍ਰਹਿਣਕਾਲ ਨਾਲ ਅਤੇ (3) ਇੰਟਰਫ਼ੈਰੋਮੀਟਰ (interferometer) ਨਾਲ। ਪਹਿਲੀ ਵਿਧੀ ਪਲੈਂਕ ਦੇ ਨਿਮਨਲਿਖਿਤ ਸੂਤਰ ਉਪਰ ਆਧਾਰਿਤ ਹੈ।

**ਦ੍ਰਿਸ਼ਟੀਗਤ ਨਿਰਪੇਖ ਦੀਪਤੀ** $= \frac{29,500}{374} - 5 \log r - 0{\cdot}0$

ਜਿਥੇ r ਤਾਰੇ ਦਾ ਅਰਧ ਵਿਆਸ ਹੈ। ਤਾਰਿਆਂ ਦੇ ਵਿਆਸ ਦੇ ਆਧਾਰ ਤੇ ਹੀ ਉਨ੍ਹਾਂ ਦੇ ਦਾਨਵ ਅਤੇ ਬੌਣੇ ਨਾਂ ਪਏ ਹਨ।

**ਦ੍ਰਵਮਾਤਰਾ (mass) ਅਤੇ ਘਣਤਾ** — ਤਾਰਿਆਂ ਦੀ ਦ੍ਰਵ ਮਾਤਰਾ ਯੁਗਮ-ਤਾਰਿਆਂ ਦੇ ਸਹਿਚਾਰ ਦੀ ਗਤੀ ਦਾ ਅਧਿਐਨ ਕਰਨ ਨਾਲ ਪ੍ਰਾਪਤ ਹੁੰਦੀ ਹੈ। ਗੁਰੂਤਾਕਰਸ਼ਣ ਦੀ ਸਹਾਇਤਾ ਨਾਲ ਇਨ੍ਹਾਂ ਤਾਰਿਆਂ ਦੀ ਦ੍ਰਵਮਾਤਰਾ ਲੱਭੀ ਜਾਂਦੀ ਹੈ। ਸੂਰਜ ਦੀ ਦ੍ਰਵਮਾਤਰਾ ਦੇ ਦਸਵੇਂ ਹਿੱਸੇ ਤੋਂ ਘੱਟ ਅਤੇ ਸੂਰਜ ਤੋਂ ਦੱਸ ਗੁਣਾ ਵੱਧ ਦ੍ਰਵਮਾਤਰਾ ਕਿਸੇ ਵੀ ਤਾਰੇ ਦੀ ਨਹੀਂ ਲੱਭੀ ਗਈ। ਦਾਨਵ ਤਾਰਿਆਂ ਦੀ ਘਣਤਾ ਬਹੁਤ ਘੱਟ ਅਤੇ ਬੌਣੇ ਤਾਰਿਆਂ ਦੀ ਘਣਤਾ ਬਹੁਤ ਜ਼ਿਆਦਾ ਹੁੰਦੀ ਹੈ। ਅਨਟੇਰੀਜ਼ ਵਰਗੇ ਵਿਸ਼ਾਲ ਤਾਰੇ ਦਾ ਵਿਆਸ ਸੂਰਜ ਦੇ ਵਿਆਸ ਦਾ 480 ਗੁਣਾ ਹੈ, ਫਿਰ ਵੀ ਇਸ ਦੀ ਦ੍ਰਵਮਾਤਰਾ ਸੂਰਜ ਦੀ ਦ੍ਰਵਮਾਤਰਾ ਦੇ 20 ਗੁਣਾ ਤੋਂ ਜ਼ਿਆਦਾ ਨਹੀਂ। ਇਸ ਦੀ ਘਣਤਾ ਸੂਰਜ ਦੀ ਘਣਤਾ ਦੀ ·00000002 ਨਾਲੋਂ ਵੀ ਘੱਟ ਹੈ।

**ਸਤ੍ਹਈ ਤਾਪਮਾਨ** — ਸਤ੍ਹਈ ਤਾਪਮਾਨ ਪਤਾ ਕਰਨ ਦਾ ਸਹੀ ਢੰਗ ਤਾਰਿਆਂ ਦੇ ਪ੍ਰਕਾਸ਼ ਦਾ ਸਪੈੱਕਟ੍ਰਮੀ ਵਿਸ਼ਲੇਸ਼ਣ ਹੈ।

**ਊਰਜਾ ਦਾ ਸ੍ਰੋਤ** — ਤਾਰੇ ਆਪਣੀ ਊਰਜਾ ਕੇਂਦਰਕ ਪ੍ਰਤਿਕਿਰਿਆ ਤੋਂ ਪ੍ਰਾਪਤ ਕਰਦੇ ਹਨ। ਤਾਰਿਆਂ ਦੇ ਕੇਂਦਰ ਦੇ ਤਾਪ ਦੇ ਕਾਰਨ ਤਾਰਿਆਂ ਦੇ ਹਾਈਡ੍ਰੋਜਨ ਦੇ ਪਰਮਾਣੂ ਕੇਂਦਰੀ ਕਿਰਿਆ ਨਾਲ ਹੀਲੀਅਮ ਦੇ ਪਰਮਾਣੂਆਂ ਵਿਚ ਪਰਿਵਰਤਤ ਹੁੰਦੇ ਰਹਿੰਦੇ ਹਨ। ਇਸ ਦੇ ਸਿੱਟੇ ਵਜੋਂ ਤਾਰਿਆਂ ਵਿਚ ਬਹੁਤ ਜ਼ਿਆਦਾ ਤਾਪ ਉਤਪੰਨ ਹੁੰਦਾ ਹੈ ਜਿਸ ਨੂੰ ਇਹ ਪ੍ਰਕਾਸ਼ ਦੇ ਰੂਪ ਵਿਚ ਛੱਡਦੇ ਹਨ।

**ਤਾਰਿਆਂ ਦਾ ਵਾਯੂਮੰਡਲ** — ਤਾਰਿਆਂ ਦੇ ਵਾਯੂਮੰਡਲ ਦਾ ਅਧਿਐਨ ਵੀ ਸਪੈੱਕਟ੍ਰਮ ਦੀਆਂ ਰੇਖਾਵਾਂ ਨਾਲ ਕੀਤਾ ਜਾਂਦਾ ਹੈ ਸੂਰਜ ਦੇ ਵਾਯੂਮੰਡਲ ਵਿਚ ਹਾਈਡ੍ਰੋਜਨ ਜ਼ਿਆਦਾ ਅਤੇ ਦੂਜੇ ਸਥਾਨ ਤੇ ਹੀਲੀਅਮ ਹੁੰਦਾ ਹੈ। ਗਿਆਤ ਰਸਾਇਣਿਕ ਤੱਤਾਂ ਵਿਚੋਂ 61 ਤੱਤ ਸੂਰਜ ਦੇ ਵਾਯੂਮੰਡਲ ਵਿਚੋਂ ਪਹਿਚਾਣੇ ਜਾ ਚੁੱਕੇ ਹਨ। ਸਾਰੇ ਤਾਰਿਆ ਦਾ ਵਾਯੂਮੰਡਲ ਬਿਲਕੁਲ ਇਕੋ ਜਿਹਾ ਨਹੀਂ ਹੈ।

**ਤਾਰਿਆਂ ਦਾ ਮੂਲ ਤੱਤ** — ਤਾਰਿਆਂ ਦੇ ਮੂਲ ਤੱਤਾਂ ਨੂੰ ਸਪੈੱਕਟ੍ਰਮੀ ਰੇਖਾਵਾਂ ਦੇ ਅਧਿਐਨ ਨਾਲ ਜਾਣਿਆ ਜਾਂਦਾ ਹੈ। ਔਸਤ ਤਾਰਿਆਂ ਵਿਚ ਲਗਭਗ 70% ਹਾਈਡ੍ਰੋਜਨ, 28% ਹੀਲੀਅਮ 1.5% ਕਾਰਬਨ, ਨਾਈਟ੍ਰੋਜਨ, ਆੱਕਸੀਜਨ ਅਤੇ ਨੀਆਨ ਅਤੇ 0.5% ਲੋਹ ਵਰਗ ਦੇ ਅਤੇ ਹੋਰ ਭਾਰੀ ਤੱਤ ਹੁੰਦੇ ਹਨ।

**ਤਾਰਿਆਂ ਦਾ ਵਿਕਾਸ** — ਤਾਰਿਆਂ ਦਾ ਜਨਮ ਤਾਰਿਆਂ ਦੇ ਅੰਤਰਵਰਤੀ ਗੈਸ ਅਤੇ ਧੂੜ ਦੇ ਕਣਾਂ ਨਾਲ ਹੁੰਦਾ ਹੈ। ਗੈਸ ਦੇ ਬਦਲਾਂ ਦੇ ਇਲੈੱਕਟ੍ਰਾਨ ਆਮ ਤੌਰ ਤੇ ਉਦਾਸੀਨ ਅਵਸਥਾ ਵਿਚ ਰਹਿੰਦੇ ਹਨ ਪਰ ਜਦੋਂ ਕੋਈ ਤੇਜ਼ ਤਾਪ ਵਾਲਾ ਤਾਰ ਨੇੜਿਉਂ ਲੰਘੇ ਤ ਇਹ ਆਈਨੀਕ੍ਰਿਤ ਹੋ ਕੇ ਗਤੀਸ਼ੀਲ ਹੋ ਜਾਂਦੇ ਹਨ ਅਤੇ ਇਨ੍ਹਾਂ ਵਿਚ ਇਕ ਕੇਂਦਰਕ ਬਣ ਜਾਂਦਾ ਹੈ। ਇਹ ਕੇਂਦਰਕ ਆਲੇ ਦੁਆਲੇ ਦੀ ਗੈਸ ਅਤੇ ਧੂੜ ਨੂੰ ਆਕਰਸ਼ਕ ਕਰਕੇ ਵਿਸ਼ਾਲ ਰੂਪ ਧਾਰਨ ਕਰ ਲੈਂਦਾ ਹੈ ਗਤੀ ਅਤੇ ਸੁੰਗੜਨ ਕਾਰਨ ਕੇਂਦਰਕ ਦਾ ਤਾਪ ਵੱਧ ਜਾਂਦਾ ਹੈ ਅਤੇ ਕੇਂਦਰਕ ਪ੍ਰਤਿਕ੍ਰਿਆ ਆਰੰਭ ਹੋ ਜਾਂਦੀ ਹੈ। ਇਸ ਨਾਲ ਇਹ ਪ੍ਰਕਾਸ਼ ਤੇ ਤਾਪ ਨੂੰ ਛੱਡਣ ਲਗ ਪੈਂਦੇ ਹਨ ਅਤੇ ਸਾਨੂੰ ਨਵੇਂ ਤਾਰਿਆਂ ਦੇ ਰੂਪ ਵਿਚ ਦਿੱਸਣ ਲਗਦੇ ਹਨ।

**ਤਾਰਿਆਂ ਦਾ ਜੀਵਨ** — ਤਾਰਿਆਂ ਦੇ ਜੀਵਨ ਦਾ ਭਾਵ ਉਨ੍ਹਾਂ ਦੇ ਪ੍ਰਕਾਸ਼ਮਈ ਜੀਵਨ ਤੋਂ ਹੈ। ਇਸ ਪ੍ਰਕਾਸ਼ ਦਾ ਆਧਾਰ ਉਨ੍ਹਾਂ ਦੀ ਹਾਈਡ੍ਰੋਜਨ ਦਾ ਭੰਡਾਰ ਹੈ, ਜਿਸ ਦੇ ਕੇਂਦਰਕ ਪ੍ਰਤਿਕਿਰਿਆ ਨਾਲ ਇਹ ਤਾਪ ਪ੍ਰਾਪਤ ਕਰਦੇ ਹਨ। ਜੋ ਤਾਰੇ ਜ਼ਿਆਦਾ ਚਮਕੀਲੇ ਹੁੰਦੇ ਹਨ, ਉਹ ਆਪਣੇ ਹਾਈਡ੍ਰੋਜਨ ਦੇ ਭੰਡਾਰ ਨੂੰ ਵੱਧ ਤੋਂ ਵੱਧ ਵਰਤਦੇ ਹਨ ਅਤੇ ਉਸਨੂੰ ਬਹੁਤ ਜਲਦੀ ਨਾਲ ਹੀਲੀਅਮ ਵਿਚ ਬਦਲਦੇ ਰਹਿੰਦੇ ਹਨ । ਹਾਈਡ੍ਰੋਜਨ ਦਾ ਭੰਡਾਰ ਖ਼ਤਮ ਹੋਣ ਤੇ ਵੀ ਤਾਰੇ ਸੁੰਗੜਨ ਨਾਲ ਆਪਣੀ ਤਾਪ ਊਰਜਾ ਨੂੰ ਕਈ ਸਾਲਾਂ ਤੱਕ ਪ੍ਰਾਪਤ ਕਰ ਸਕਦੇ ਹਨ, ਜੋ ਤਾਰੇ ਜ਼ਿਆਦਾ ਚਮਕੀਲੇ ਦਿੱਸਦੇ ਹਨ, ਉਨ੍ਹਾਂ ਦੀ ਜੀਵਨਕਾਲ $10^6$ ਸਾਲ ਦੇ ਲਗਭਗ ਹੈ ਅਤੇ ਧੁੰਦਲੇ ਤਾਰਿਆਂ ਦਾ ਜੀਵਨਕਾਲ $10^{13}$ ਸਾਲ ਦੇ ਲਗਭਗ ਹੁੰਦਾ ਹੈ। ਸੂਰਜ ਦਾ ਜੀਵਨ ਕਾਲ ਲਗਭਗ $10^{10}$ ਸਾਲ ਹੈ।

ਆਪਣੇ ਚਾਰੇ ਪਾਸੇ ਫੈਲੇ ਹੋਏ ਤਾਰਾ ਜਗਤ ਦੇ ਭੇਦ ਨੂੰ ਜਾਣਨ ਦੀ ਸਾਡੀ ਇੱਛਾ ਬਹੁਤ ਪੁਰਾਣੀ ਹੈ। ਵਿਗਿਆਨਕ ਵਿਕਾਸ ਦੀ ਵਰਤਮਾਨ ਪ੍ਰਗਤੀ ਵਿਚ ਸਾਨੂੰ ਆਸ ਹੈ ਕਿ ਰੇਡੀਉ ਦੂਰਦਰਸ਼ੀ ਸਾਨੂੰ ਤਾਰਾ-ਵਿਸ਼ਵ ਦੇ ਅਗਿਆਤ ਭੇਦਾਂ ਤੱਕ ਪਹੁੰਚਾ ਸਕੇਗੀ।

ਹ.ਪੁ.—ਹਿੰ. ਵਿ.ਕੋ. 5 : 358

**ਤਾਰਾ ਸਿੰਘ (ਤੇਜਾ ਸਿੰਘ)** : ਜੈਤੋ ਦੇ ਮੋਰਚੇ ਵਿਚ ਸਰਗਰਮ ਹਿੱਸਾ ਲੈਣ ਵਾਲੇ ਇਸ ਸ਼ਹੀਦ ਦਾ ਜਨਮ 1900 ਈ. ਵਿਚ ਲਾਹੌਰ ਜ਼ਿਲ੍ਹੇ (ਹੁਣ ਪਾਕਿਸਤਾਨ ਵਿਚ) ਦੇ ਅਰੋੜਾ ਪਿੰਡ ਵਿਖੇ ਸ. ਦਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਸ. ਦਲ ਸਿੰਘ ਖੇਤੀਬਾੜੀ ਕਰਦਾ ਸੀ ਪਰ ਇਸਦੇ ਪੁੱਤਰ ਤਾਰਾ ਸਿੰਘ ਨੂੰ ਜੈਤੋ ਮੋਰਚੇ ਵਿਚ ਹਿੱਸਾ ਲੈਣ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ। ਸੰਨ 1925 ਵਿਚ ਨਾਭਾ ਜੇਲ੍ਹ ਵਿਚ ਤਸ਼ੱਦਦ ਸਹਾਰਦੇ ਹੋਏ ਇਸ ਨੇ ਸ਼ਹੀਦੀ ਪ੍ਰਾਪਤ ਕੀਤੀ।

ਹ.ਪੁ.—ਹੂ. ਇੰਡੀ. ਮਾਰ : 35

**ਤਾਰਾ ਸਿੰਘ (ਸ਼ਹੀਦ)** : ਇਸ ਸਿੱਖ ਸ਼ਹੀਦ ਦਾ ਜਨਮ ਪੰਜਾਬ ਰਾਜ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ, ਪਿੰਡ ਵਾਂ ਵਿਖੇ ਹੋਇਆ। ਇਹ ਉਹ ਸਮਾਂ ਸੀ ਜਦੋਂ ਬੰਦਾ ਬਹਾਦਰ ਦੀ ਮੌਤ ਤੋਂ ਬਾਅਦ, ਸਿੱਖਾਂ ਉਪਰ ਹੱਦੋਂ ਵੱਧ ਤਸ਼ੱਦਦ ਕੀਤਾ ਜਾ ਰਿਹਾ ਸੀ। ਉਸ ਸਮੇਂ ਹੀ ਜ਼ਕਰੀਆਂ ਖ਼ਾਂ ਪੰਜਾਬ ਦਾ ਗਵਰਨਰ ਸੀ। ਸਿੱਖ ਯਾਤਰੂ ਜੋ ਕਦੀ ਕਦਾਈਂ ਇਸ ਦੇ ਪਿੰਡ ਦੇ ਕੋਲੋਂ ਦੀ ਲੰਘਦੇ ਤਾਂ ਉਹ ਇਸ ਕੋਲ ਠਹਿਰਦੇ। ਕੁਝ ਹਥਿਆਰ ਬੰਦ ਸਿੱਖ ਵੀ ਉਸੇ ਪਿੰਡ ਵਿਚ ਰਹਿੰਦੇ ਸਨ। ਇਸੇ ਹੀ ਪਿੰਡ ਦੇ ਲਾਗੇ ਪਿੰਡ ਨੌਸ਼ਹਿਰਾ ਢਾਲਾ ਵਿਚ ਇਕ ਸਰਕਾਰੀ ਮੁਖ਼ਬਰ, ਚੌਧਰੀ ਸਾਹਿਬ ਰਾਇ ਪੁਨੂੰ ਰਹਿੰਦਾ ਸੀ ਜੋ ਮੁਗ਼ਲ ਰਾਜ ਦੀ ਦੇਖ ਰੇਖ ਹੇਠ ਸੀ ਅਤੇ ਮੁਗ਼ਲਾਂ ਨੂੰ ਸਿੱਖਾਂ ਬਾਰੇ ਪੂਰੀ ਪੂਰੀ ਜਾਣਕਾਰੀ ਦਿੰਦਾ ਰਹਿੰਦਾ ਸੀ। ਉਸ ਦੇ ਘੋੜੇ ਨਾਲ ਲਗਦੇ ਇਲਾਕੇ ਵਿਚ ਗਰੀਬ ਕਿਸਾਨਾਂ ਦੇ ਖੇਤਾਂ ਵਿਚ ਚਰਦੇ ਰਹਿੰਦੇ ਸਨ ਪਰ ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਹ ਚੌਧਰੀ ਨੂੰ ਮਨ੍ਹਾ ਕਰ ਸਕਦੇ । ਲੋਕ ਉਸ ਤੋਂ ਦੁੱਖੀ ਸਨ ਅਤੇ ਉਸ ਨੂੰ ਘਿਰਣਾ ਕਰਦੇ ਸਨ। ਭਾਈ ਤਾਰਾ ਸਿੰਘ ਨੇ ਵੀ ਕਈ ਵਾਰ ਚੌਧਰੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਕੋਈ ਪਰਵਾਹ ਨਾ ਕੀਤੀ।

ਆਖ਼ਰਕਾਰ ਭਾਈ ਤਾਰਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਚੌਧਰੀ ਦੇ ਸਾਰੇ ਘੋੜੇ ਇਕੱਠੇ ਕਰਕੇ ਬਹੁਤ ਦੂਰ ਪੈਂਦੇ ਇਲਾਕਿਆਂ ਵਿਚ ਵੇਚ ਦਿੱਤੇ। ਇਸ ਤਰ੍ਹਾਂ ਘੋੜਿਆਂ ਦੀ ਵੱਟਕ ਨਾਲ ਕਮਾਈ ਗਈ ਰਕਮ ਭਾਈ ਤਾਰਾ ਸਿੰਘ ਦੁਆਰਾ ਚਲਾਏ ਜਾਂਦੇ ਗੁਰੂ ਕੇ ਲੰਗਰ ਵਿਚ ਪਾ ਦਿੱਤੀ ਗਈ।

ਚੌਧਰੀ ਸਾਹਿਬ ਰਾਇ ਨੇ ਪੱਟੀ ਕਸਬੇ ਤੋਂ ਸੌ ਫ਼ੌਜੀ ਇਕੱਠੇ ਕਰਕੇ ਭਾਈ ਤਾਰਾ ਸਿੰਘ ਦੇ ਪਿੰਡ ਉੱਤੇ ਹਮਲਾ ਕਰ ਦਿੱਤਾ। ਅੱਗੋ ਇਨ੍ਹਾਂ ਨੂੰ ਸਿੰਘਾਂ ਨੇ ਕਰਾਰੀ ਹਾਰ ਦਿੱਤੀ। ਲਾਹੌਰ ਵਿਖੇ ਜਦੋਂ ਜ਼ਕਰੀਆਂ ਖ਼ਾਂ ਨੂੰ ਇਸ ਦਾ ਪਤਾ ਲਗਾ ਤਾਂ ਉਹ ਅੱਗ ਬਬੂਲਾ ਹੋ ਉਠਿਆ। ਉਸਨੂੰ ਇਹ ਖਿਆਲ ਸੀ ਕਿ ਉਹ ਸਿੱਖਾਂ ਦਾ ਪੂਰੀ ਤਰ੍ਹਾਂ ਖ਼ਾਤਮਾ ਕਰ ਚੁੱਕਿਆ ਹੈ। ਉਸ ਨੇ 100 ਜੁਆਨਾਂ ਦੀ ਹੋਰ ਕੁਮਕ ਮੋਮਨ ਖ਼ਾਂ ਦੀ ਅਗਵਾਈ ਹੇਠ ਭੇਜੀ। ਉਸਨੂੰ ਇਹ ਹੁਕਮ ਦਿੱਤਾ ਗਿਆ ਸੀ ਕਿ ਉਹ ਭਾਈ ਤਾਰਾ ਸਿੰਘ ਨੂੰ ਉਸ ਦੇ ਪਿੰਡ ਤੋਂ ਕੱਢ ਕੇ ਲਿਆਵੇ। ਉਸ ਨੇ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਅਤੇ ਨੌਸ਼ਹਿਰਾ ਢਾਲਾ ਦੇ ਮੁਖ਼ਬਰ ਨੂੰ ਆਪਣੇ ਨਾਲ ਲੈਕੇ ਭਾਈ ਤਾਰਾ ਸਿੰਘ ਦੇ ਪਿੰਡ ਉੱਤੇ ਹਮਲਾ ਕਰ ਦਿੱਤਾ। ਸਿੰਘਾਂ ਨੂੰ ਹਮਲੇ ਦਾ ਅਗਾਊਂ ਪਤਾ ਲੱਗ ਗਿਆ ਸੀ। ਸਿੰਘਾਂ ਦੀ ਗਿਣਤੀ ਕੋਈ 200 ਦੇ ਕਰੀਬ ਸੀ। ਸਿੰਘਾਂ ਨੇ ਭਾਈ ਤਾਰਾ ਸਿੰਘ ਜੀ ਦੀ ਅਗਵਾਈ ਹੇਠ ਭਰਵੀਂ ਲੜਾਈ ਕੀਤੀ। ਇਸੇ ਹੀ ਲੜਾਈ ਵਿਚ ਭਾਈ ਤਾਰਾ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਤਾਰਾ ਸਿੰਘ ਦਾ ਸ਼ਹੀਦਗੰਜ ਖਾਦਿਮਗੜ੍ਹੀ ਦੇ ਨੇੜੇ ਬਣਿਆ ਹੋਇਆ ਹੈ। ਇਸੇ ਹੀ ਘਟਨਾ ਤੋ ਬਾਅਦ ਉਤਪੰਨ ਹੋਈ ਲੁੱਟਮਾਰ ਤੇ ਮਾਰਧਾੜ ਕਾਰਣ ਲਾਹੌਰ ਦੇ ਸੂਬੇਦਾਰ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਸਿੰਘਾਂ ਨੂੰ ਸ਼ਾਂਤ ਕਰਨ ਬਦਲੇ ਇਕ ਲੱਖ ਸਾਲਾਨਾ ਜਾਗੀਰ ਤੇ ਨਵਾਬੀ ਦਾ ਖ਼ਿਤਾਬ ਦੇਣ ਦੀ ਪੇਸ਼ਕਸ਼ ਕਰਨੀ ਪਈ ਸੀ।

ਹ.ਪੁ:—ਦੀ ਸਿੱਖ ਐਂਪਾਇਰ-ਪਿਆਰਾ ਸਿੰਘ ਦਾਤਾ; ਸਿ. ਮਿ: 9

**ਤਾਰਾ ਸਿੰਘ ਨਰੋਤਮ, ਪੰਡਤ** : ਸੰਸਕ੍ਰਿਤ ਦਾ ਇਹ ਉੱਘਾ ਪੰਡਤ ਅਤੇ ਗੁਰਬਾਣੀ ਦਾ ਗਿਆਨੀ ਪਿੰਡ ਗਿੜਵੜੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਨਿਵਾਸੀ ਸੰਤ ਗੁਲਾਬ ਸਿੰਘ ਦਾ ਚੇਲਾ ਸੀ। ਇਹ ਮਹਾਰਾਜਾ ਪਟਿਆਲਾ ਨਰੇਂਦਰ ਸਿੰਘ ਕੋਲ ਬੜੇ ਸਨਮਾਨ ਨਾਲ ਰਿਹਾ। ਇਸ ਨੇ ਕਈ ਗ੍ਰੰਥ ਰਚੇ, ਜਿਵੇਂ - ਮੋਖਪੰਥ ਦਾ ਟੀਕਾ



ਤਾਰਾ ਸਿੰਘ ਨਰੋਤਮ

(1865ਈ.); ਸੁਰਤਰੁ ਕੋਸ਼ (1866ਈ.); ਗੁਰਮਤ ਨਿਰਣਯ ਸਾਗਰ (1877ਈ); ਅਕਾਲਮੂਰਤਿ ਪ੍ਰਦਰਸ਼ਨ (1878ਈ.); ਗੁਰੁਵੰਸ਼ ਤਰੁ ਦਰਪਣ (1878ਈ.); ਜਪੁ ਰਹਿਰਾਸ ਸੋਹਿਲਾ (1879ਈ); ਹਜ਼ਾਰੇ ਸ਼ਬਦਾਂ ਦਾ ਟੀਕਾ (1879ਈ); ਭਗਤਾਂ ਦੀ ਬਾਣੀ ਦਾ ਟੀਕਾ (1882ਈ.); ਗੁਰੁ ਤੀਰਥ ਸੰਗ੍ਰਹਿ (1883ਈ.); ਸ੍ਰੀ ਰਾਗ ਦਾ ਟੀਕਾ

(1885ਈ.); ਗੁਰੁਗਿਰਾਰਥ ਕੋਸ਼ (1889ਈ.); ਸਿਧ ਗੋਸ਼ਟਿ; ਦੱਖਣੀ ਓਅੰਕਾਰ; ਰਾਮਕਲੀ ਕੀ ਵਾਰ; ਸਤੇ ਬਲਵੰਡ ਦੀ ਗਾਥਾ; ਝੁਨਹੇ ਆਦਿ।

ਹ.ਪੁ.—ਮ. ਕੋ.

**ਤਾਰਾ ਸਿੰਘ ਪ੍ਰੋ** : ਇਹ ਪੰਜਾਬ ਦਾ ਇਕ ਪ੍ਰਸਿੱਧ ਸੰਗੀਤ ਆਚਾਰੀਆ ਸੀ ਜਿਸ ਨੇ ਲਗਭਗ 50 ਸਾਲ ਵਿਦਿਆਰਥੀਆਂ ਨੂੰ ਸੰਗੀਤ-ਸਿਖਿਆ ਦਿੱਤੀ ਅਤੇ ਖ਼ੁਦ ਰੇਡੀਓ, ਟੀ.ਵੀ. ਅਤੇ ਆਮ ਸੰਗੀਤ ਸਭਾਵਾਂ ਅਤੇ ਕੀਰਤਨ ਦਰਬਾਰਾਂ ਵਿਚ ਸ਼ਾਸਤਰੀ ਗਾਇਨ ਕਰਕੇ ਹਜ਼ਾਰਾਂ ਸ਼੍ਰੋਤਿਆਂ ਨੂੰ ਕੀਲਿਆ। ਇਸ ਦਾ ਜਨਮ 18 ਸਤੰਬਰ, 1919 ਨੂੰ ਸਿਧੂਪੁਰ ਖ਼ੁਰਦ (ਜ਼ਿਲ੍ਹਾ ਰੋਪੜ) ਦੇ ਇਕ ਸਾਧਾਰਨ ਪਰਿਵਾਰ ਵਿਚ ਹੋਇਆ। ਇਸ ਦਾ ਪਿਤਾ ਬਾਰਾ ਸਿੰਘ ਲੋਕ ਸਾਹਿਤ ਦਾ ਰਸੀਆ ਸੀ ਅਤੇ ਕਿੱਸੇ ਆਦਿ ਗਾ ਕੇ ਆਪਣੇ ਸਾਥੀਆਂ ਦਾ ਮਨ ਪਰਚਾਇਆ ਕਰਦਾ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਤਾਰਾ ਸਿੰਘ ਦੀ ਰੁਚੀ ਗਾਉਣ ਵੱਲ ਹੋ ਗਈ। ਇਸ ਨੇ ਸੰਗੀਤ ਦੀ ਮੁੱਢਲੀ ਸਿਖਿਆ ਉਸਤਾਦ ਸੰਪੂਰਨ ਸਿੰਘ ਪਿੰਡ ਹਰਗਣਾ ਵਾਲਿਆਂ ਤੋਂ ਪ੍ਰਾਪਤ ਕੀਤੀ। ਇਸ ਮਗਰੋਂ ਸ਼ਾਸਤਰੀ ਗਾਇਨ ਤੇ ਵਾਦਨ ਦੀ ਸਿਖਿਆ ਇਸ ਨੇ ਪ੍ਰਸਿੱਧ ਸੰਗੀਤ ਆਚਾਰੀਆ ਨਿਤਯ ਨੰਦ ਚੋਪੜਾ, ਐਨ. ਐਨ. ਘੋਸ਼, ਉਸਤਾਦ ਬਾਸੂ ਖ਼ਾਂ, ਪੰਡਿਤ ਐਲ. ਡੀ. ਭਾਗਵਤ ਤੇ ਚਿੰਤਾਮਣੀ ਤੋਂ ਪ੍ਰਾਪਤ ਕੀਤੀ। ਇਸ ਨੇ ਪਹਿਲਾਂ ਖ਼ਾਲਸਾ ਗਰਲਜ਼ ਸਕੂਲ ਸਿਧਵਾਂ ਖ਼ੁਰਦ ਵਿਖੇ ਸੰਗੀਤ ਅਧਿਆਪਕ ਦਾ ਕਾਰਜ ਆਰੰਭ ਕੀਤਾ ਅਤੇ ਫਿਰ ਸਰਕਾਰੀ ਗਰਲਜ਼ ਕਾਲਜ ਲੁਧਿਆਣਾ ਵਿਖੇ ਬਾਲ ਸਿਖਿਆ ਦਿੰਦਾ ਰਿਹਾ। ਇਸ ਮਗਰੋਂ ਲੈਕਚਰਾਰ ਲਈ ਲਾਜ਼ਮੀ ਵਿਦਿਅਕ ਯੋਗਤਾਵਾਂ ਪ੍ਰਾਪਤ ਕਰਕੇ 1954 ਈ. ਵਿਚ ਇਹ ਸਰਕਾਰੀ ਵਿਮੈੱਨ ਕਾਲਜ, ਪਟਿਆਲਾ ਵਿਖੇ ਸੰਗੀਤ ਲੈਕਚਰਾਰ ਲੱਗ ਗਿਆ। ਸੰਨ 1977 ਵਿਚ ਰਿਟਾਇਰ ਹੋਣ ਤਕ ਇਸ ਨੇ ਉਥੇ ਪੜ੍ਹਾਇਆ ਅਤੇ ਪੋਸਟ ਗ੍ਰੈਜੂਏਟ ਵਿਭਾਗ ਵਿਚ ਵੀ ਸੇਵਾ ਕੀਤੀ। ਪ੍ਰੋ. ਤਾਰਾ ਸਿੰਘ ਨੇ ਹਜ਼ਾਰਾਂ ਵਿਦਿਆਰਥੀਆਂ ਤੇ ਸੰਗੀਤ ਸਿਖਣ ਦੇ ਚਾਹਵਾਨ ਲੋਕਾਂ ਨੂੰ ਸੰਗੀਤ ਸਿਖਾਇਆ। ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਨੇ ਹੇਠ ਲਿਖੀਆਂ ਪੁਸਤਕਾਂ ਲਿਖੀਆਂ –

1. ਵਾਦਨ – ਅੱਠਵੀਂ ਸ਼੍ਰੇਣੀ ਲਈ – ਪੰਜਾਬ ਸਕੂਲ ਸਿਖਿਆ ਬੋਰਡ ; 2. ਵਾਦਨ ਕਲਾ – ਬੀ. ਏ. ਲਈ – ਪੰਜਾਬੀ ਯੂਨੀਵਰਸਿਟੀ, ਪਟਿਆਲਾ ; 3. ਸਿਤਾਰ ਤਰੰਗਣੀ – ਪੰਜਾਬ ਸਟੇਟ ਯੂਨੀਵਰਸਿਟੀ ਟੈੱਕਸਟ ਬੁਕ ਬੋਰਡ ; 4. ਪੰਜਾਬ ਦੇ ਪ੍ਰਸਿੱਧ ਸੰਗੀਤਕਾਰ – ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ; 5. ਰਵਾਇਤੀ ਤੇ ਆਧੁਨਿਕ ਸੰਗੀਤ ਸਾਜ਼ – ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। 6. ਸੰਗੀਤ ਸ਼ਾਸਤਰ (ਦੋ ਭਾਗ) ਅਨੁਵਾਦ-ਪੰਜਾਬੀ ਯੂਨੀਵਰਸਿਟੀ ਪਟਿਆਲਾ। ਪ੍ਰੋ. ਤਾਰਾ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਗਿਣਤੀ 31 ਦੀ ਬਜਾਏ 65 ਨਿਸ਼ਚਿਤ ਕੀਤੀ ਹੈ। ਇਸ ਵਿਚਾਰ ਨੂੰ ਹੁਣ ਵਿਦਵਾਨ ਅਤੇ ਸੰਗੀਤ ਆਚਾਰੀਆ ਮਾਨਤਾ ਦੇਣ ਲੱਗ ਪਏ ਹਨ। ਇਸ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ 55 ਪੜਤਾਲਾਂ ਨੂੰ ਮੌਲਿਕ ਬੰਦਸ਼ਾਂ ਵਿਚ ਸੁਰਬੱਧ ਕੀਤਾ ਹੈ। ਇਸ ਨੇ ਗੁਰਬਾਣੀ ਸੰਗੀਤ ਦੇ ਖੇਤਰ ਵਿਚ ਬੜੀਆਂ ਉੱਤਮ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਰਾਗ ਰਤਨਾਵਲੀ, ਗੁਰੂ ਅੰਗਦ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਗੁਰੂ ਰਾਮਦਾਸ ਰਾਗ ਰਤਨਾਵਲੀ, ਗੁਰੂ ਅਰਜਨ ਰਾਗ ਰਤਨਾਵਲੀ, ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਭਗਤ ਰਵਿਦਾਸ ਰਾਗ ਰਤਨਾਵਲੀ, ਭਗਤ ਨਾਮਦੇਵ ਰਾਗ ਰਤਨਾਵਲੀ, ਆਦਿ ਗ੍ਰੰਥ ਰਾਗ ਰਤਨਾਵਲੀ ਅਤੇ ਭਗਤ ਰਾਗ ਰਤਨਾਵਲੀ ਸ਼ਾਮਲ ਹਨ।

ਇਸ ਦਾ ਦਿਹਾਂਤ 6 ਦਸੰਬਰ, 1988 ਨੂੰ ਪਟਿਆਲੇ ਵਿਖੇ ਹੋਇਆ।

ਹ.ਪੁ.—ਪੰਜਾਬੀ ਸੰਗੀਤਕਾਰ- ਡਾ. ਗੁਰਨਾਮ ਸਿੰਘ

**ਤਾਰਾ ਸਿੰਘ, ਮਾਸਟਰ** : ਪੰਜਾਬ ਦੇ ਇਸ ਮਹਾਨ ਸਿਆਸੀ ਲੀਡਰ ਦਾ ਜਨਮ ਪਿੰਡ ਹਰੀਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ 24 ਜੂਨ, 1885 ਨੂੰ ਹੋਇਆ। ਇਸ ਦਾ ਪਿਤਾ ਬਖ਼ਸ਼ੀ ਗੋਪੀਚੰਦ ਪਿੰਡ ਦਾ ਪਟਵਾਰੀ ਸੀ। ਇਸ ਦਾ ਪਹਿਲਾਂ ਨਾਮ ਨਾਨਕ ਚੰਦ ਸੀ ਅਤੇ ਸਿੱਖ ਧਰਮ ਧਾਰਨ ਕਰਨ ਤੋਂ ਬਾਅਦ 17 ਸਾਲ ਦੀ ਉਮਰ ਵਿਚ ਇਹ ਤਾਰਾ ਸਿੰਘ ਵਜੋਂ ਜਾਣਿਆ ਜਾਣ ਲਗਾ। ਇਸ ਨੇ ਆਪਣੀ ਮੁੱਢਲੀ ਵਿਦਿਆ ਆਪਣੇ ਪਿੰਡ ਵਿਚੋਂ ਹਾਸਲ ਕੀਤੀ ਅਤੇ ਬਾਅਦ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲਾ ਲੈ ਲਿਆ। ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਇਸਨੇ 1907 ਈ. ਵਿਚ ਬੀ. ਏ. ਆਨਰਜ਼ ਨਾਲ ਪਾਸ ਕੀਤੀ। ਆਪਣੇ ਵਿਦਿਅਕ ਪੰਧ ਦੌਰਾਨ ਇਸ ਨੇ ਵਿਲੱਖਣਤਾ ਨਾਲ ਕਈ ਸਨਮਾਨ ਪ੍ਰਾਪਤ ਕੀਤੇ। ਖੇਡਾਂ ਦੇ ਖੇਤਰ ਵਿਚ ਫੁੱਟਬਾਲ ਅਤੇ ਹਾਕੀ ਦੀ ਕਪਤਾਨੀ ਹਾਸਲ ਕਰਦੇ ਹੋਏ ਵਿਲੱਖਣਤਾ ਦਾ ਪ੍ਰਗਟਾਵਾ ਕੀਤਾ। ਸੰਨ 1908 ਵਿਚ ਇਹ ਲਾਇਲਪੁਰ ਦੇ ਖਾਲਸਾ ਹਾਈ ਸਕੂਲ ਦੇ ਹੈਡ ਮਾਸਟਰ ਨਿਯੁਕਤ ਕੀਤੇ ਗਏ।

ਸੰਨ 1921 ਵਿਚ ਜਦੋਂ ਅਕਾਲੀ ਲਹਿਰ ਸ਼ੁਰੂ ਹੋਈ, ਉਸ ਵਿਚ ਇਨ੍ਹਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਕੁਝ ਹੀ ਸਮੇਂ ਬਾਅਦ ਇਹ ਮਹੱਤਵਪੂਰਨ ਲੀਡਰਾਂ ਵਿਚੋਂ ਗਿਣੇ ਜਾਣ ਲੱਗ ਪਏ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਇਨ੍ਹਾਂ ਨੇ ਅਕਾਲੀ ਲਹਿਰ ਦੇ ਮੋਰਚਿਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਇਹ ਇਸ ਸਬੰਧ ਵਿਚ ਤਿੰਨ ਵਾਰ ਜੇਲ੍ਹ ਗਏ। ਤੀਸਰੀ ਵਾਰ ਇਨ੍ਹਾਂ ਉੱਤੇ ਬਾਕੀ ਅਕਾਲੀ ਲੀਡਰਾਂ ਦੀ ਤਰ੍ਹਾਂ ਬਗ਼ਾਵਤ ਕਰਨ ਦਾ ਦੋਸ਼ ਲਾਇਆ ਗਿਆ ਅਤੇ ਇਨ੍ਹਾਂ ਨੂੰ ਤਿੰਨ ਸਾਲ ਦੀ ਲੰਮੀ ਕੈਦ ਦੀ ਸਜ਼ਾ ਹੋਈ। ਗੁਰਦੁਆਰਾ ਐਕਟ, 1925 ਪਾਸ ਹੋਣ ਤੋਂ ਬਾਅਦ ਇਨ੍ਹਾਂ ਨੂੰ ਸ਼ਰਤ ਤੇ ਰਿਹਾ ਹੋਣ ਲਈ ਪੇਸ਼ਕਸ਼ ਕੀਤੀ ਗਈ ਪਰੰਤੂ ਇਨ੍ਹਾਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕੁਝ ਸਮੇਂ ਬਾਅਦ ਸਰਕਾਰ ਨੇ ਇਨ੍ਹਾਂ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ। ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਇਨ੍ਹਾਂ ਨੇ ਆਪਣੇ ਸਾਥੀ ਵਰਕਰਾਂ ਦੀ ਰਿਹਾਈ ਲਈ ਮੁਹਿੰਮ ਸ਼ੁਰੂ ਕੀਤੀ। ਇਸੇ ਹੀ ਤਰ੍ਹਾਂ ਇਨ੍ਹਾਂ ਨੇ ਆਪਣੇ ਸਾਥੀ ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਲਈ ਮੁਹਿੰਮ ਸ਼ੁਰੂ ਕੀਤੀ ਜੋ ਪਟਿਆਲਾ ਜੇਲ੍ਹ ਵਿਚ ਬੰਦ ਸੀ। ਆਖ਼ਰ ਨੂੰ ਪਟਿਆਲਾ ਦੇ ਮਹਾਰਾਜੇ ਨੂੰ ਇਨ੍ਹਾਂ ਦੀ ਮੰਗ ਅੱਗੇ ਝੁਕਣਾ ਪਿਆ ਅਤੇ ਸੇਵਾ ਸਿੰਘ ਠੀਕਰੀਵਾਲੇ ਨੂੰ ਰਿਹਾ ਕਰਨਾ ਪਿਆ।

ਸੰਨ 1920 ਦੇ ਆਖ਼ਰ ਵਿਚ ਇਸ ਨੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਵਿਚ ਪੂਰਾ ਹਿੱਸਾ ਲਿਆ। ਇਨ੍ਹਾਂ ਨੇ 'ਨਹਿਰੂ ਰਿਪੋਰਟ' ਮੰਨਣ ਤੋਂ ਇਨਕਾਰ ਕੀਤਾ ਕਿਉਂਕਿ ਇਕ ਤਾਂ ਸੰਵਿਧਾਨ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਵਾਲੀ ਕਮੇਟੀ ਦੁਆਰਾ ਤਿਆਰ ਕੀਤਾ ਗਿਆ ਸੀ, ਦੂਸਰਾ ਉਹ ਸੋਚਦੇ ਸਨ ਕਿ ਇਸ ਨਾਲ ਇਨ੍ਹਾਂ ਦੇ ਸਮੁਦਾਇ ਨਾਲ ਇਨਸਾਫ਼ ਨਹੀਂ ਹੋਇਆ। ਜਦੋਂ 1930ਈ. ਵਿਚ ਮਹਾਤਮਾ ਗਾਂਧੀ ਨੇ ਸਿਵਲ-ਫ਼ੁਰਮਾਨੀ ਲਹਿਰ ਚਲਾਈ ਉਸ ਵਿਚ ਇਨ੍ਹਾਂ ਨੇ ਪੂਰੀ ਤਰ੍ਹਾਂ ਹਿੱਸਾ ਲਿਆ। ਪਿਸ਼ਾਵਰ ਵਿਚਲੇ ਕਿਸਾ ਖ਼ਾਨੀ ਬਾਜ਼ਾਰ ਦੇ ਕਤਲੇਆਮ ਦੀ ਖ਼ਬਰ ਨੇ ਇਨ੍ਹਾਂ ਨੂੰ ਬੁਰੀ ਤਰ੍ਹਾਂ ਸਦਮਾ ਪਹੁੰਚਾਇਆ ਅਤੇ ਇਹ ਇਕਦਮ 100 ਲੋਕਾਂ ਦੇ ਜੱਥੇ ਦੀ ਅਗਵਾਈ ਕਰਦੇ ਹੋਏ ਕਾਲੇ ਕਪੜੇ ਪਾ ਕੇ ਸਰਹੱਦ ਵਲ ਗਏ। ਇਸ ਨੂੰ ਲਾਹੌਰ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਇਹ ਜੇਲ੍ਹ ਵਿਚ ਸਨ

ਇਨ੍ਹਾਂ ਨੂੰ ਇਸ ਗ਼ੈਰ ਹਾਜ਼ਰੀ ਵਿਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਹੁਣ ਤੱਕ ਇਹ ਸਿੱਖ ਧਰਮ ਦੇ ਬਿਨਾਂ ਵਿਰੋਧ ਵਾਲੇ ਲੀਡਰ ਬਣ ਚੁਕੇ ਸਨ। ਸ਼ਿਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਕਰਕੇ ਇਨ੍ਹਾਂ ਨੇ ਆਪਣੇ ਆਦੇਸ਼ਾਂ ਤੇ ਇਕ ਰਾਜਨੀਤਕ ਸੰਸਥਾ ਬਣਾਉਣੀ ਚਾਹੀ ਜਿਹੜੀ ਉਨ੍ਹਾਂ ਦੀ ਸਿੱਖਾਂ ਦੇ ਵਿਚ ਚੜ੍ਹਤ ਬਣਾ ਕੇ ਰੱਖੇ।

ਦੂਸਰੇ ਸੰਸਾਰ ਮਹਾਂ ਯੁੱਧ ਦੌਰਾਨ, ਇਹ ਕਾਂਗਰਸ ਨਾਲੋਂ ਟੁਟ ਗਏ। ਇਸ ਕਰਕੇ ਨਹੀਂ ਕਿ ਇਨ੍ਹਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਦੀ ਭਾਵਨਾ ਟਪਕ ਗਈ ਸੀ ਸਗੋਂ ਇਸ ਕਰਕੇ ਕਿ ਇਹ ਆਪਣੀ ਸਮੁਦਾਇ ਦੇ ਭਵਿਖ ਨੂੰ ਬਣਾਉਣਾ ਚਾਹੁੰਦੇ ਸਨ ਕਿਉਂਕਿ ਇਸ ਸਮੇਂ ਮੁਸਲਮ ਲੀਗ ਸਾਰੇ ਪੰਜਾਬ ਨੂੰ ਮਿਲਾ ਕੇ ਪਾਕਿਸਤਾਨ ਪ੍ਰਾਪਤ ਕਰਨਾ ਚਾਹੁੰਦੀ ਸੀ। ਇਨ੍ਹਾਂ ਨੇ ਕਰਿਪਸ ਦੀ ਤਜਵੀਜ਼ ਅਤੇ ਕੈਬਨਿਟ ਮਿਸ਼ਨ ਦਾ ਚੰਗੀ ਤਰ੍ਹਾਂ ਵਿਰੋਧ ਕੀਤਾ ਕਿਉਂਕਿ ਉਹ ਸਿੱਖਾਂ ਨੂੰ ਠੀਕ ਤਰ੍ਹਾਂ ਨਿਆਂ ਨਹੀਂ ਦੇ ਸਕੇ ਸਨ। ਇਨ੍ਹਾਂ ਨੇ 'ਆਜ਼ਾਦ ਪੰਜਾਬ' ਦੀ ਮੰਗ ਇਸ ਕਰਕੇ ਜ਼ਾਹਰ ਕੀਤੀ ਕਿਉਂਕਿ ਇਸ ਸਮੇਂ ਮੁਸਲਮ ਲੀਗ ਪਾਕਿਸਤਾਨ ਦੀ ਮੰਗ ਕਰ ਰਹੀ ਸੀ। ਇਨ੍ਹਾਂ ਦੇ ਸਮਝੌਤਾ ਨਾ ਕਰਨ ਦੇ ਵਿਵਹਾਰ ਨੇ ਪੂਰਬੀ ਪੰਜਾਬ ਨੂੰ ਭਾਰਤ ਦੀ ਵੰਡ ਸਮੇਂ ਬਚਾ ਲਿਆ।

ਇਨ੍ਹਾਂ ਦਾ ਸੰਘਰਸ਼ 1947 ਈ. ਦੀ ਆਜ਼ਾਦੀ ਨਾਲ ਹੀ ਖਤਮ ਨਹੀਂ ਸੀ ਹੋ ਗਿਆ। ਇਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਸੁਰੱਖਿਆ ਵਾਸਤੇ ਅਤੇ ਪੰਜਾਬੀ ਭਾਸ਼ਾ ਤੇ ਆਧਾਰਤ ਰਾਜ ਸਥਾਪਿਤ ਕਰਨ ਦੀ ਮੁਹਿੰਮ ਜਾਰੀ ਰੱਖੀ। ਇਸ ਵਾਸਤੇ ਇਨ੍ਹਾਂ ਨੂੰ ਕਈ ਵਾਰ ਜੇਲ੍ਹ ਯਾਤਰਾ ਕਰਨੀ ਪਈ ਪ੍ਰੰਤੂ ਇਨ੍ਹਾਂ ਨੂੰ ਇਹ ਜੇਲ੍ਹ ਯਾਤਰਾ ਆਪਣੇ ਉਦੇਸ਼ ਤੋਂ ਦੂਰ ਨਾ ਲਿਜਾ ਸਕੀ ਅਤੇ ਇਨ੍ਹਾਂ ਨੇ ਇਸ ਉਪਰੰਤ ਕਈ ਅੰਦੋਲਨ ਚਲਾਏ ਅਤੇ ਆਖ਼ਰ ਵਿਚ 1966 ਈ. ਵਿਚ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਲਈ।

ਇਹ ਆਪਣੇ ਉਦੇ ਕਿਰਦਾਰ ਕਰਕੇ ਜਾਣੇ ਜਾਂਦੇ ਸਨ ਅਤੇ ਇਥੋਂ ਤੱਕ ਕਿ ਇਸ ਦੇ ਦੁਸ਼ਮਣ ਵੀ ਇਨ੍ਹਾਂ ਦਾ ਸਨਮਾਨ ਕਰਦੇ ਸਨ। ਇਨ੍ਹਾਂ ਦੀ ਮੌਤ ਨਵੰਬਰ, 1967 ਨੂੰ ਹੋਈ।

**ਤਾਰਾਗੜ੍ਹ** : ਇਹ ਰਾਜਸਥਾਨ (ਭਾਰਤ) ਦੇ ਇਤਿਹਾਸਕ ਸ਼ਹਿਰ ਅਜਮੇਰ ਵਿਖੇ ਇਕ ਪੁਰਾਣੀ ਗੜ੍ਹੀ (ਕਿਲਾ) ਹੈ ਜਿਹੜੀ ਇਸ ਸ਼ਹਿਰ ਦੇ ਇਕ ਪਾਸੇ ਸਾਰੇ ਅਜਮੇਰ ਵਿਚੋਂ ਇਕ ਉੱਚੇ ਪਹਾੜ ਦੀ ਚੋਟੀ ਉਪਰ ਬਣੀ ਹੋਈ ਹੈ। ਇਸ ਗੜ੍ਹੀ ਦੀ ਉੱਚਾਈ ਸਮੁੰਦਰੀ ਸਤਹ ਤੋਂ 385 ਮੀ. (1,300 ਫ਼ੁੱਟ) ਹੈ। ਮੁਗ਼ਲ ਬਾਦਸ਼ਾਹ, ਅਕਬਰ ਨੇ 1560 ਤੋਂ 70 ਦੇ ਵਰ੍ਹਿਆਂ ਦੌਰਾਨ ਇਸ ਨੂੰ ਬਣਵਾਇਆ ਸੀ। ਇਹ ਕਿਲਾ ਅਜਮੇਰ ਨਾਲ ਦੋ ਦੀਵਾਰਾਂ ਰਾਹੀਂ ਜੁੜਿਆ ਹੋਇਆ ਸੀ। ਇਹ ਦੀਵਾਰ ਇਸ ਸਮੇਂ ਕਾਫ਼ੀ ਥਾਵਾਂ ਤੋਂ ਡਿੱਗ ਗਈ ਹੈ ਪਰ ਫਿਰ ਵੀ ਦੀਵਾਰ ਵਿਚਲੇ ਦਰਵਾਜ਼ੇ ਅਤੇ ਉਸ ਦੇ ਨਾਲ ਲਗਦੀ ਦੀਵਾਰ ਦੇ ਹਿੱਸੇ ਅਜੇ ਵੀ ਮੌਜੂਦ ਹਨ। ਕਿਲੇ ਤੱਕ ਜਾਣ ਵਾਲਾ ਰਸਤਾ ਇਨ੍ਹਾਂ ਦੋਹਾਂ ਕਿਲੇਬੰਦ ਦੀਵਾਰਾਂ ਦੇ ਵਿਚਕਾਰ ਸੱਪ ਵਾਂਗੂ ਵਲ ਖਾਂਦਾ ਤੇ ਸਿੱਧੀ ਚੜ੍ਹਾਈ ਵਾਲਾ ਹੈ। ਤਾਰਾਗੜ੍ਹ ਦਾ ਕਿਲਾ ਚੌਰਸ ਆਕਾਰ ਦਾ ਹੈ ਅਤੇ ਇਸ ਦੀਆਂ ਚਾਰੇ ਗੁੱਠਾਂ ਉਪਰ ਵੱਡੇ-ਵੱਡੇ ਬੁਰਜ ਬਣੇ ਹੋਏ ਹਨ। ਕਿਲੇ ਦੀ ਪੱਛਮੀ ਦਿਸ਼ਾ ਵੱਲ ਦੀ ਦੀਵਾਰ ਦੇ ਅੱਧ ਕੁ ਦੇ ਨਜ਼ਦੀਕ ਇਕ ਬਹੁਤ ਸੁਹਣਾ ਦਰਵਾਜ਼ਾ ਬਣਿਆ ਹੋਇਆ ਹੈ ਜਿਥੋਂ ਹੇਠਾਂ ਨਿਗਾਹ ਮਾਰੀਏ ਤਾਂ ਅਜਮੇਰ ਸ਼ਹਿਰ ਦਿਖਾਈ ਦਿੰਦਾ ਹੈ। ਕਿਲੇ ਦੀ ਪੂਰਬੀ ਦਿਸ਼ਾ ਵਾਲੀ ਦੀਵਾਰ ਦੇ ਅੱਧ ਵਿਚ ਪਿਛਲ-ਦੁਆਰ ਬਣਿਆ ਹੋਇਆਂ ਹੈ ਜਿਸ ਨੂੰ ਚੋਰ ਦਰਵਾਜ਼ਾ ਵੀ ਕਹਿੰਦੇ ਹਨ। ਟੁੱਟੀ ਹੋਈ ਦੀਵਾਰ ਦੀ ਮੋਟਾਈ 4 ਮੀ. ਤੋਂ ਵੱਧ (ਲ.14 ਫ਼ੁੱਟ) ਹੈ। ਇਸ ਉੱਪਰ ਛੇ-ਛੇ ਫ਼ੁੱਟ ਉੱਚੀ ਮੋਰਚੇਦਾਰ ਕੰਧ ਬਣੀ ਹੋਈ ਹੈ। ਗੜ੍ਹੀ ਦਾ ਪੱਛਮੀ ਦਰਵਾਜ਼ਾ ਇਕ ਯਾਦਗਾਰੀ ਉਸਾਰੀ ਹੈ। ਇਸ ਦੇ ਦੋਵੇਂ ਪਾਸੇ ਇਕ ਅੱਠ-ਕੋਣੀ ਮੰਮਟੀ ਬਣੀ ਹੋਈ ਹੈ ਜਿਥੇ ਸੁਰੱਖਿਆ ਲਈ ਜ਼ਬਰਦਸਤ ਚੌਕੀ ਬਿਠਾਈ ਜਾਂਦੀ ਸੀ।

ਕਿਲੇ ਦਾ ਚੋਰ ਦਰਵਾਜ਼ਾ ਹੁਣ ਕਾਫ਼ੀ ਜ਼ਿਆਦਾ ਟੁੱਟ-ਭੱਜ ਚੁੱਕਾ ਹੈ। ਬਾਹਰੋਂ ਇਹ ਗੋਲਾਈ ਵਿਚ ਹੈ ਪਰ ਅੰਦਰੋਂ ਅੱਠਕੋਣਾ ਬਣਿਆ ਹੋਇਆ ਹੈ। ਇਸ ਦਾ ਬਾਹਰ ਵਾਲਾ ਦਰਵਾਜ਼ਾ ਅੰਦਰ ਜਾਣ ਵਾਲੇ ਦਰਵਾਜ਼ੇ ਤੋਂ 90° ਦੇ ਕੋਣ ਤੇ ਬਣਿਆ ਹੋਇਆ ਹੈ। ਇਹ 5 ਫ਼ੁੱਟ 2 ਇੰਚ ਚੌੜਾ ਹੈ। ਇਹ ਰਸਤਾ ਇਕ ਪਰਦੇ ਦੇ ਹੇਠੋਂ ਵਲ-ਵਲੇਵੇਂ ਖਾਂਦਾ ਹੋਇਆ ਪਹਾੜ ਦੇ ਹੇਠਾਂ ਜਾ ਨਿਕਲਦਾ ਹੈ।

ਹ.ਪੁ.—ਦੀ ਫੋਰਟੀਫਾਈਡ ਸਿਟੀਜ਼ ਆਫ ਇੰਡੀਆ : 86

**ਤਾਰਾਪਾਤ** : ਇਹ ਇਕ ਅਕਾਸ਼ੀ ਘਟਨਾ ਹੈ ਜੋ ਅਸਮਾਨ ਵਿਚ ਕੋਈ ਤਾਰਾ ਟੁਟਣ ਵਾਂਗ ਦਿਖਾਈ ਦਿੰਦੀ ਹੈ। ਇਹ ਅਨਾਦਕਾਲ ਅੰਧ ਵਿਸ਼ਵਾਸਾਂ ਵਿਚ ਮਹੱਤਵਪੂਰਨ ਰਿਹਾ ਹੈ। ਪੁਰਾਕਥਾਵਾਂ, ਪ੍ਰਾਚੀਨ ਪੌਰਾਣਿਕ ਤੇ ਅਰਧ ਇਤਿਹਾਸਿਕ ਬਿਰਤਾਂਤਾਂ ਅਤੇ ਲੋਕ ਕਥਾਵਾਂ ਵਿਚ ਇਸ ਘਟਨਾ ਦਾ ਜ਼ਿਕਰ ਮਿਲਦਾ ਹੈ। ਅਕਾਸ਼ ਦੀ ਇਸ ਅਦਭੁਤ ਘਟਨਾ ਦਾ ਸਭ ਤੋਂ ਜ਼ਿਆਦਾ ਸਬੰਧ ਭਵਿੱਖ ਸੂਚਕ ਵਿਸ਼ਵਾਸ ਪਰੰਪਰਾ ਨਾਲ ਜੁੜੇ ਹੋਏ ਜੋਤਸ਼ ਨਾਲ ਹੈ। ਭਵਿੱਖ ਬਾਣੀ ਸਬੰਧੀ ਵਿਸ਼ਵਾਸਾਂ ਅਨੁਸਾਰ ਉਲਕਾਪਾਤ ਜਾਂ ਤਾਰਾਪਾਤ ਕਿਤੇ ਸ਼ੁਭਸੂਚਕ ਹੈ ਅਤੇ ਕਿਤੇ ਅਸ਼ੁਭਸੂਚਕ। ਜ਼ਿਆਦਾਤਰ ਭਵਿੱਖ ਵਿਚ ਹੋਣ ਵਾਲੀ ਕਿਸੀ ਦੁਰਘਟਨਾ ਦੇ ਦੈਵੀ ਸੰਕੇਤ ਦੇ ਰੂਪ ਵਿਚ ਇਹ ਅਸ਼ੁਭਸੂਚਕ ਹੀ ਸਮਝਿਆ ਜਾਂਦਾ ਹੈ। ਨਛੱਤਰਾਂ ਅਤੇ ਤਾਰਿਆਂ ਦੇ ਸਬੰਧ ਵਿਚ ਇਹ ਅੰਧਵਿਸ਼ਵਾਸ ਏਸ਼ੀਆ, ਯੂਰਪ, ਅਮਰੀਕਾ ਅਤੇ ਅਫ਼ਰੀਕਾ ਦੇ ਵਿਸ਼ਾਲ ਖੇਤਰਾਂ ਵਿਚ ਸਮਾਨ ਰੂਪ ਵਿਚ ਪ੍ਰਚੱਲਤ ਹੈ ਕਿ ਅਕਾਸ਼ ਦੇ ਹਰ ਇਕ ਤਾਰੇ ਨਾਲ ਧਰਤੀ ਦੇ ਮਨੁੱਖਾਂ ਦੇ ਜੀਵਨ ਅਤੇ ਭਾਗ ਜੁੜੇ ਹੋਏ ਹਨ। ਭੂ ਵਿਗਿਆਨ ਵਿਚ ਪ੍ਰਚਲਤ ਤਾਰਿਆਂ ਅਤੇ ਨਛੱਤਰਾਂ ਦੇ ਅਰਥਾਂ ਦੀ ਮਹੱਤਤਾ ਕਾਰਨ ਤਾਰਿਆਂ ਦੇ ਅਧਿਐਨ ਨੂੰ ਇਕ ਗਣਿਤ-ਵਿਗਿਆਨ ਦੀ ਪੱਧਤੀ ਦਿੱਤੀ ਗਈ ਹੈ। ਕਿਤੇ ਕਿਤੇ ਇਸ ਦਾ ਅਰਥ ਨਵੇਂ ਜਨਮ ਦਾ ਸੰਕੇਤ ਵੀ ਹੈ, ਪਰੰਤੂ ਤਾਰਾਪਾਤ ਦੀ ਇਹ ਸ਼ੁਭ ਸਥਿਤੀ ਵਿਸ਼ਵਾਸ ਜਗਤ ਵਿਚ ਬਹੁਤ ਹੀ ਘੱਟ ਹੈ।

ਤਾਰਾਪਾਤ ਸਬੰਧੀ ਵਿਸ਼ਵਾਸਾਂ ਦਾ ਵਰਗ ਇਸ ਨੂੰ ਅਸ਼ੁਭ ਘਟਨਾ ਦੇ ਕੁਦਰਤੀ ਭਵਿੱਖ ਸੰਕੇਤ ਦੇ ਰੂਪ ਵਿਚ ਮੰਨਦਾ ਹੈ। ਜਿਵੇਂ ਕਈ ਰਾਜਿਆਂ ਦਾ ਪਤਨ ਅਤੇ ਮੌਤ, ਤਾਰਾ ਟੁੱਟਦਾ ਦੇਖਣ ਨਾਲ ਸਬੰਧਤ ਮੰਨੇ ਗਏ ਹਨ। ਭਾਰਤੀ ਪੁਰਾਣਗਥਾਵਾਂ ਵਿਚ ਮਿਲਦੇ ਅਸ਼ੁਭਸੂਚਕਾਂ ਵਿਚ ਤਾਰਾਪਾਤ ਬਹੁਤ ਪ੍ਰਚਲੱਤ ਹੈ।

ਹ.ਪੁ.—ਹਿੰ.ਵਿ.ਕੋ. 5 : 363

**ਤਾਰਾ-ਪੁੰਜ** : ਆਕਾਸ਼ ਦੇ ਥੋੜ੍ਹੇ ਜਿਹੇ ਥਾਂ ਵਿਚ ਬਹੁਤ ਸਾਰੇ ਤਾਰਿਆਂ ਦੇ ਝੁਰਮਟ ਨੂੰ ਤਾਰਾ-ਪੁੰਜ ਜਾਂ ਤਾਰਾ-ਗੁੱਛਾ (cluster) ਕਹਿੰਦੇ ਹਨ। ਨਿੰਬਸ ਬੱਦਲਾਂ ਵਾਲੀ ਰਾਤ ਨੂੰ ਆਕਾਸ਼ ਵਿਚ ਇਹ ਕਿਤੇ-ਕਿਤੇ ਦਿਖਾਈ ਦਿੰਦੇ ਹਨ। ਦੂਰਬੀਨ ਨਾਲ ਦੇਖਣ ਨਾਲ ਇਨ੍ਹਾਂ ਵਿਚ ਸੈਂਕੜੇ ਹਜ਼ਾਰਾਂ ਤਾਰੇ ਨਜ਼ਰ ਆਉਂਦੇ ਹਨ। ਹੀਆਦੀਜ਼ (Hyades) ਆਦਿ ਕੁਝ ਤਾਰਾ-ਪੁੰਜ ਗਤੀਸ਼ੀਲ ਹਨ। ਇਨ੍ਹਾਂ ਦੇ ਮੈਂਬਰਾਂ ਦੀ ਨਿੱਜੀ ਗਤੀ ਦੇ ਅਧਿਐਨ ਨਾਲ ਪਤਾ ਲਗਦਾ ਹੈ ਕਿ ਇਹ ਸਾਰੇ ਇੱਕਠੇ ਇਕੋ ਦਿਸ਼ਾ ਵਿਚ ਚਲਦੇ ਹਨ, ਜਿਸ ਨਾਲ ਇਨ੍ਹਾਂ ਦਾ ਪੁੰਜ ਆਕਾਰ ਬਣਿਆ ਰਹਿੰਦਾ ਹੈ। ਤਾਰਾ-ਪੁੰਜ ਦੇ ਮੈਂਬਰਾਂ ਦੀ ਰਚਨਾ, ਉਨ੍ਹਾਂ ਦੇ ਮੂਲ ਤੱਤ ਅਤੇ ਵਿਕਾਸ ਵਿਚ ਵੀ ਕਾਫ਼ੀ ਆਪਸੀ ਸਬੰਧ ਹੈ।

**ਤਾਰਾ-ਪੁੰਜਾਂ ਦੀਆਂ ਕਿਸਮਾਂ** — ਤਾਰਾ-ਪੁੰਜਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ : ਆਕਾਸ਼ ਗੰਗਈ ਜਾਂ ਖੁੱਲ੍ਹੇ ਤਾਰਾ-ਪੁੰਜ ਅਤੇ ਗੋਲਾਕਾਰ ਤਾਰਾ-ਪੁੰਜ। ਗੋਲਾਕਾਰ ਤਾਰਾ-ਪੁੰਜ ਵੀ ਸਾਡੀ ਆਕਾਸ਼ ਗੰਗਾ ਦੇ ਹੀ ਮੈਂਬਰ ਹਨ ਫਿਰ ਵੀ ਇਨ੍ਹਾਂ ਦੋਹਾਂ ਸ਼੍ਰੇਣੀਆਂ ਵਿਚ ਬਹੁਤ ਸਾਰੇ ਮੌਲਿਕ ਅੰਤਰ ਹਨ। ਆਕਾਸ਼ ਗੰਗਈ ਤਾਰਾ-ਪੁੰਜ ਆਕਾਸ਼ਗੰਗਾ ਦੇ ਸਮਤਲ ਵਿਚ ਜਾਂ ਉਸ ਦੇ ਬਹੁਤ ਨੇੜੇ ਉਪਲਬੱਧ ਹੁੰਦੇ ਹਨ, ਜਦੋਂ ਕਿ ਗੋਲਾਕਾਰ ਤਾਰਾਪੁੰਜ ਆਕਾਸ਼ ਗੰਗਾ ਦੇ ਸਮਤਲ ਤੋਂ ਦੂਰ ਮਿਲਦੇ ਹਨ। ਆਕਾਸ਼ ਗੰਗਈ ਤਾਰਾ-ਪੁੰਜ ਕੁੰਡਲੀਦਾਰ ਭੁਜਾਵਾਂ ਦੇ ਆਸਪਾਸ ਅਤੇ ਗੋਲਾਕਾਰ ਤਾਰਾ-ਪੁੰਜ ਕੁੰਡਲਦਾਰ ਭੁਜਾਵਾਂ ਤੋਂ ਦੂਰ, ਲਗਭਗ ਆਕਾਸ਼ ਗੰਗਾ ਦੇ ਕੇਂਦਰੀ ਭਾਗਾਂ ਦੇ ਨੇੜੇ ਮਿਲਦੇ ਹਨ। ਆਕਾਸ਼ ਗੰਗਈ ਤਾਰਾ-ਪੁੰਜਾਂ ਵਿਚ ਤਾਰਿਆਂ ਦੀ ਸੰਖਿਆ 20 ਤੋਂ 2,000 ਤੱਕ ਹੁੰਦੀ ਹੈ, ਜਦੋਂ ਕਿ ਗੋਲਾਕਾਰ ਤਾਰਾ-ਪੁੰਜਾਂ ਦੀ ਸੰਖਿਆ 10,000 ਤੋਂ 1,00,000 ਤੱਕ ਜਾਂ ਇਸ ਤੋਂ ਵੱਧ ਹੁੰਦੀ ਹੈ। ਆਕਾਸ਼ ਗੰਗਈ ਤਾਰਾ-ਪੁੰਜ ਪਾਪੂਲੇਸ਼ਨ ਪਹਿਲੇ ਅਤੇ ਗੋਲਾਕਾਰ ਤਾਰਾ-ਪੁੰਜ ਪਾਪੂਲੇਸ਼ਨ ਦੂਜੇ ਵਰਗ ਵਿਚ ਆਉਂਦੇ ਹਨ।

**ਆਕਾਸ਼ ਗੰਗਈ ਤਾਰਾ-ਪੁੰਜ** — ਲਗਭਗ 400 ਆਕਾਸ਼ ਗੰਗਈ ਤਾਰਾ-ਪੁੰਜਾਂ ਬਾਰੇ ਪਤਾ ਲਗ ਚੁੱਕਾ ਹੈ, ਪਰ ਇਹ ਸੰਭਵ ਹੈ ਕਿ ਕੁਲ ਆਕਾਸ਼ ਗੰਗਈ ਤਾਰਾ-ਪੁੰਜਾਂ ਦੀ ਸੰਖਿਆ ਇਸ ਤੋਂ ਚਾਰ ਜਾ ਪੰਜ ਗੁਣਾ ਹੋਵੇ। ਪਾਪੂਲੇਸ਼ਨ ਪਹਿਲੇ ਦੇ ਮੈਂਬਰ ਹੋਣ ਕਰਕੇ ਆਕਾਸ਼ ਗੰਗਈ ਤਾਰਾ-ਪੁੰਜਾਂ ਵਿਚ ਤਾਰਾ-ਮੱਧਵਰਤੀ ਗੈਸ ਅਤੇ ਧੂੜ ਮਿਲਦੀ ਹੈ। ਨਜ਼ਰ ਆਉਣ ਵਾਲੇ ਆਕਾਸ਼ ਗੰਗਈ ਤਾਰਾ—ਪੁੰਜਾਂ ਵਿਚ ਕ੍ਰਿਤਿਕਾ ਤਾਰਾ-ਪੁੰਜ ਅਤੇ ਹੀਆਦੀਜ਼ ਤਾਰਾ-ਪੁੰਜ ਬਹੁਤ ਪ੍ਰਸਿੱਧ ਹਨ।

**ਕ੍ਰਿਤਿਕਾ ਤਾਰਾ-ਪੁੰਜ** — ਕ੍ਰਿਤਿਕਾ ਤਾਰਾ-ਪੁੰਜ ਵਿਚ ਚਮਕੀਲੇ ਨੀਲੇ ਰੰਗ ਦੇ ਵਿਚਕਾਰਲੇ 13 ਸਪੈੱਕਟ੍ਰਮੀ ਤਾਰੇ ਹਨ। ਧੁੰਦਲੇ ਤਾਰੇ ਇਸ ਨਾਲੋਂ ਨੀਵੇਂ ਸਪੈੱਕਟ੍ਰਮ ਅਤੇ ਨੀਵੇਂ ਸਤ੍ਹਈ ਤਾਪ ਦੇ ਹਨ। ਇਸ ਪੁੰਜ ਦੇ ਲਗਭਗ 250 ਤਾਰਿਆਂ ਦਾ ਗਿਆਨ ਪ੍ਰਾਪਤ ਕੀਤਾ ਜਾ ਚੁੱਕਾ ਹੈ। ਇਨ੍ਹਾਂ ਦਾ ਦ੍ਰਿਸ਼ਟੀਗਤ ਨਿਰਪੇਖ ਦੀਪਤੀ - -3.5 ਤੋਂ + 10.5 ਤੱਕ ਹੈ।

**ਹੀਆਦੀਜ਼ ਤਾਰਾ-ਪੁੰਜ** — ਇਹ ਗਤੀਸ਼ੀਲ ਤਾਰਾ-ਪੁੰਜ ਹੈ, ਜਿਸਦੀ ਨਿੱਜੀ ਗਤੀ ਕਾਫ਼ੀ ਜ਼ਿਆਦਾ ਹੈ। ਇਹ ਪੁੰਜ ਸੂਰਜ ਤੋਂ 130 ਪ੍ਰਕਾਸ਼ ਵਰਗ ਦੀ ਦੂਰੀ ਉਪਰ ਹੈ। ਇਸ ਦੇ ਤਾਰੇ ਇਸ ਦੇ ਕੇਂਦਰ ਵੱਲ ਅਨਿਯਮਤ ਢੰਗ ਨਾਲ ਕੇਂਦਰਿਤ ਹਨ। ਇਸ ਦੇ ਜ਼ਿਆਦਾ ਤਾਰੇ ਮੁੱਖ ਕ੍ਰਮ ਦੇ G ਅਤੇ k ਸਪੈੱਕਟ੍ਰਮ ਦੇ ਹਨ। ਇਸ ਦੇ ਅਤਿ ਨੀਲੇ ਤਾਰੇ A -2 ਸਪੈੱਕਟ੍ਰਮ ਦੇ ਹਨ। ਇਸ ਦੇ ਤਾਰਿਆਂ ਵਿਚ G ਅਤੇ K ਸਪੈੱਕਟ੍ਰਮ ਦੇ ਦਾਨਵ ਤਾਰੇ ਵੀ ਮੌਜੂਦ ਹਨ।

**ਦੂਰੀਆਂ ਅਤੇ ਭੌਤਿਕ ਵਿਸ਼ਲੇਸ਼ਣ** — ਨੇੜੇ ਦੇ ਆਕਾਸ਼ ਗੰਗਈ ਤਾਰਾ-ਪੁੰਜਾਂ ਦੀਆਂ ਦੂਰੀਆਂ ਲੰਬਲੀ ਵਿਧੀ ਨਾਲ ਪਤਾ ਕੀਤੀਆਂ ਜਾਂਦੀਆਂ ਹਨ। ਦੂਰ ਦੇ ਤਾਰਾ-ਪੁੰਜਾਂ ਦੀਆਂ ਦੂਰੀਆਂ ਫ਼ੋਟੋਗ੍ਰਾਫ਼ੀ ਅਤੇ ਪ੍ਰਕਾਸ਼-ਬਿਜਲੱਈ ਵਿਧੀਆਂ ਦੁਆਰਾ ਪਤਾ ਕੀਤੀਆਂ ਜਾਂਦੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਜ਼ਿਆਦਾਤਰ ਆਕਾਸ਼ ਗੰਗਈ ਤਾਰਾ-ਪੁੰਜ ਸੂਰਜ ਤੋਂ 10,000 ਪ੍ਰਕਾਸ਼ ਸਾਲ ਦੀ ਦੂਰੀ ਦੇ ਵਿਚਕਾਰ ਮੌਜੂਦ ਹਨ। ਬਾਕੀ ਦੀਆਂ ਦੂਰੀਆਂ ਵੀ ਸੂਰਜ ਤੋਂ 15,000 ਪ੍ਰਕਾਸ਼ ਸਾਲ ਤੋਂ ਜ਼ਿਆਦਾ ਨਹੀਂ ਹਨ। ਜਿਨ੍ਹਾਂ ਤਾਰਾ-ਪੁੰਜਾਂ ਦੀ ਦੀਪਤੀ, ਰੰਗ ਅਤੇ ਸਪੈੱਕਟ੍ਰਮ ਦਾ ਗਿਆਨ ਪ੍ਰਾਪਤ ਹੈ ਉਨ੍ਹਾਂ ਦੀ ਸੰਖਿਆ ਕੁਲ ਸੰਖਿਆ ਦੇ 10 ਪ੍ਰਤਿਸ਼ਤ ਤੋਂ ਜ਼ਿਆਦਾ ਨਹੀਂ ਹੈ। ਫਿਰ ਵੀ ਇਹ ਪਤਾ ਲਗਿਆ ਹੈ ਕਿ ਇਨ੍ਹਾਂ ਦੀ ਚਮਕ ਅਤੇ ਰੰਗ ਵਿਚ ਆਪਸੀ ਸਬੰਧ ਹੁੰਦਾ ਹੈ। ਚਮਕ ਅਤੇ ਰੰਗ ਦੇ ਅਧਿਐਨ ਨਾਲ ਸਾਨੂੰ ਗਿਆਤ ਲੰਬਨਾ ਦੇ ਕੁਝ ਨਜ਼ਦੀਕੀ ਤਾਰਿਆਂ ਬਾਰੇ ਵੀ ਪਤਾ ਲਗਿਆ ਹੈ ਜਿਨ੍ਹਾਂ ਦੀ ਚਮਕ ਅਤੇ ਸਪੈੱਕਟ੍ਰਮੀ ਪੁੰਜ ਤਾਰਿਆਂ ਦੇ ਸਮਾਨ ਹਨ। ਇਸ ਤੁਲਨਾ ਨਾਲ ਅਸੀਂ ਪੁੰਜ ਦੇ ਤਾਰਿਆਂ ਦੀਆਂ ਭੌਤਿਕ ਵਿਸ਼ੇਸ਼ਤਾਈਆਂ ਨੂੰ ਗਿਆਤ ਕਰ ਸਕਦੇ ਹਾਂ। ਇਕ ਹੀ ਰੰਗ ਅਤੇ ਸਪੈੱਕਟ੍ਰਮ ਦੇ ਆਮ ਤਾਰਿਆਂ ਅਤੇ ਪੁੰਜ ਦੇ ਤਾਰਿਆਂ ਦੀ ਵੰਡ ਇਕੋ ਜਿਹੀ ਨਹੀਂ। ਇਸ ਤੋਂ ਇਹ ਪਤਾ ਲਗਦਾ ਹੈ ਕਿ ਆਕਾਸ਼ ਗੰਗਈ ਤਾਰਾ-ਪੁੰਜ ਦੇ ਤਾਰੇ ਮੁਕਾਬਲਨ ਨਵੇਂ ਹਨ।

**ਗੋਲਾਕਾਰ ਤਾਰਾ-ਪੁੰਜ** — ਇਨ੍ਹਾਂ ਦਾ ਇਹ ਨਾਂ ਇਨ੍ਹਾਂ ਦੀ ਗੋਲ ਬਨਾਵਟ ਦੇ ਕਾਰਨ ਪਿਆ ਹੈ। ਗੋਲਾਕਾਰ ਤਾਰਾ-ਪੁੰਜ ਇਕ ਤਾਰਾ-ਪ੍ਰਣਾਲੀ ਹੈ ਜਿਸ ਦਾ ਕੇਂਦਰ ਸਾਡੀ ਆਕਾਸ਼ ਗੰਗਾ ਦਾ ਕੇਂਦਰ ਹੈ। ਸੌ ਤੋਂ ਕੁਝ ਜ਼ਿਆਦਾ ਗੋਲਾਕਾਰ ਤਾਰਾ-ਪੁੰਜ ਗਿਆਤ ਹਨ। ਸੰਭਵ ਹੈ ਕਿ ਇਨ੍ਹਾਂ ਦੀ ਕੁੱਲ ਗਿਣਤੀ ਇਸ ਨਾਲੋਂ ਦੁਗਣੀ ਨਹੀਂ ਹੋਵੇਗੀ। ਇਸ ਤਰ੍ਹਾਂ ਆਕਾਸ਼ ਗੰਗਈ ਤਾਰਾ-ਪੁੰਜਾਂ ਦੇ ਮੁਕਾਬਲੇ ਇਹ ਘੱਟ ਸੰਖਿਆ ਵਿਚ ਹਨ। ਇਨ੍ਹਾਂ ਵਿਚੋ ਓਮੇਗਾ ਸੇਂਟਾਰੀ ਅਤੇ 47-ਤੁਕਾਨੇ ਧੁੰਦਲੇ ਦ੍ਰਿਸ਼ਟੀਗਤ ਗੋਲਾਕਾਰ ਤਾਰਾ-ਪੁੰਜ ਹਨ।

**ਗੋਲਾਕਾਰ ਤਾਰਾ-ਪੁੰਜਾਂ ਦੀ ਵੰਡ** — ਕੁਝ ਤਾਰਾ-ਪੁੰਜਾਂ ਨੂੰ ਛੱਡ ਕੇ ਲਗਭਗ ਸਾਰੇ ਗੋਲਾਕਾਰ ਤਾਰੇ ਆਕਾਸ਼ ਦੇ ਅੱਧੇ ਹਿੱਸੇ ਵਿਚ ਮੌਜੂਦ ਹਨ ਜਿਨ੍ਹਾਂ ਵਿਚੋਂ ਲਗਭਗ ਇਕ ਤਿਹਾਈ ਧਨੂ ਤਾਰਾ-ਮੰਡਲ ਦੇ ਉਸ ਪ੍ਰਦੇਸ਼ ਵਿਚ ਹਨ ਜੋ ਪੂਰੇ ਆਕਾਸ਼ ਦਾ ਲਗਭਗ ਦੋ ਪ੍ਰਤਿਸ਼ਤ ਹੋਵੇਗੀ। ਆਕਾਸ਼ ਗੰਗਾ ਨੂੰ ਸੂਰਜ ਕੇਂਦ੍ਰਿਕ ਮੰਨਣ ਨਾਲ ਇਸ ਸਥਿਤੀ ਦਾ ਠੀਕ ਕਾਰਨ ਨਹੀਂ ਮਿਲਦਾ ਸੀ। ਇਸ ਲਈ ਸ਼ੈਪਲੀ ਨੇ ਇਹ ਪਤਾ ਕੀਤਾ ਕਿ ਗੋਲਾਕਾਰ ਤਾਰਾ-ਪੁੰਜਾਂ ਦਾ ਕੇਂਦਰ ਸੂਰਜ ਨਹੀਂ, ਪਰੰਤੂ ਇਸ ਤੋਂ 27,000 ਪ੍ਰਕਾਸ਼ ਸਾਲ ਦੀ ਦੂਰੀ ਉਪਰ ਧਨੂ ਤਾਰਾ-ਮੰਡਲ ਦੇ ਨੇੜੇ ਹੈ।

**ਦੂਰੀਆਂ** — ਗੋਲਾਕਾਰ ਤਾਰਾ-ਪੁੰਜ ਵਿਚ ਉਪਲੱਬਧ ਆਰ ਆਰ ਲਾਇਰਾ ਤਾਰਿਆਂ ਦੀ ਸਹਾਇਤਾ ਨਾਲ ਇਨ੍ਹਾਂ ਦੀਆਂ ਦੂਰੀਆਂ ਗਿਆਤ ਕੀਤੀਆਂ ਗਈਆਂ ਹਨ। ਹੁਣ ਜ਼ਿਆਦਾਤਰ ਗੋਲਾਕਾਰ ਤਾਰਾ-ਪੁੰਜਾਂ ਦੀਆਂ ਦੂਰੀਆਂ ਗਿਆਤ ਹੋ ਚੁੱਕੀਆਂ ਹਨ। ਇਨ੍ਹਾਂ ਦੀ ਸਹਾਇਤਾ ਨਾਲ ਇਨ੍ਹਾਂ ਦੇ ਦ੍ਰਿਸ਼ਟੀਗਤ ਦੀਪਤੀ ਦੇ ਪਤਾ ਲਗਣ ਤੇ ਇਨ੍ਹਾਂ ਦੀ ਪੂਰਨ ਚਮਕ ਦਾ ਗਿਆਨ ਹੋ ਜਾਂਦਾ ਹੈ। ਅਤਿਅੰਤ ਚਮਕੀਲੇ ਤਾਰਾ-ਪੁੰਜਾਂ ਦਾ ਨਿਰਪੇਖ ਫ਼ੋਟੋਗ੍ਰਾਫ਼ੀ ਦੀਪਤੀ ਲਗਭਗ -10 ਅਤੇ ਧੁੰਦਲੇ ਤਾਰਾ-ਪੁੰਜਾਂ ਦਾ ਲਗਭਗ -5 ਹੈ।

**ਵੇਗਾਂ ਵਿਚ ਤੀਬਰਤਾ** — ਅਤਿਅੰਤ ਦੂਰ ਹੋਣ ਕੇ ਕਾਰਣ ਗੋਲਾਕਾਰ ਤਾਰਾ-ਪੁੰਜਾਂ ਦੀ ਨਿਜੀ ਗਤੀ ਗਿਆਤ ਕਰਨਾ ਮੁਸ਼ਕਲ ਹੈ। ਐਨ.ਯੂ.ਮੇਆਲ (N.U. Mayall) ਨੇ ਲਗਭਗ 50 ਗੋਲਾਕਾਰ ਤਾਰਾ-ਪੁੰਜਾਂ ਦੇ ਅਧਿਐਨ ਨਾਲ ਗਿਆਤ ਕੀਤਾ ਹੈ ਕਿ ਇਨ੍ਹਾਂ ਦ (ਤ੍ਰਜਯ) ਵੇਗ + 290 ਤੋਂ -360 ਕਿ.ਮੀ ਪ੍ਰਤਿ ਸੈਕੰਡ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਹ ਅਤਿ ਤੀਬਰ ਵੇਗ ਵਰਗ ਦੇ ਪਿੰਡ ਹਨ

**ਗੋਲਾਕਾਰ ਤਾਰਾ-ਪੁੰਜਾਂ ਦੀ ਹੋਰ ਵਿਸ਼ੇਸ਼ਤਾਈਆਂ** — ਗੋਲਾਕਾ ਤਾਰਾ-ਪੁੰਜਾਂ ਦੇ ਅਤਿਅੰਤ ਚਮਕੀਲੇ ਤਾਰੇ ਲਾਲ ਰੰਗ ਦੇ ਦਾਨ ਹੁੰਦੇ ਹਨ ਜਿਨ੍ਹਾਂ ਦੀ ਨਿਰਪੇਖ ਦੀਪਤੀ-3 ਦੇ ਲਗਭਗ ਹੁੰਦੀ ਹੈ ਇਨ੍ਹਾਂ ਪੁੰਜਾਂ ਦੇ +4 ਨਿਰਪੇਖ ਦੀਪਤੀ ਤੋਂ ਧੁੰਦਲੇ ਤਾਰਿਆਂ ਦੇ ਸਬੰ ਵਿਚ ਅਜੇ ਤੱਕ ਕੋਈ ਪ੍ਰਕਾਸ਼ਿਤ ਅੰਕੜੇ ਨਹੀਂ ਮਿਲਦੇ। ਇਨ੍ਹਾਂ ਦੀਰਘ ਘੇਰੇ ਦੇ ਪੱਥ ਹੁੰਦੇ ਹਨ। ਉਨ੍ਹਾਂ ਦੇ ਤਾਰੇ ਆਪ ਗੁਰੁਤਵਾਕਰਸ਼ਣ ਕੇਂਦਰ ਦੇ ਨੇੜੇ ਅਤਿਅੰਤ ਘਣੇ ਹੁੰਦੇ ਹਨ। ਇ ਪੁੰਜ ਦੇ ਲਗਭਗ ਸਾਰੇ ਤਾਰੇ ਇਕ ਹੀ ਉਮਰ ਦੇ ਹੁੰਦੇ ਹਨ ਅਤੇ ਇ ਆਕਾਸ਼ ਗੰਗਈ ਤਾਰਿਆਂ ਨਾਲੋਂ ਬਹੁਤ ਪੁਰਾਣੇ ਹਨ।

ਇਨ੍ਹਾਂ ਤਾਰਾ-ਪੁੰਜਾਂ ਵਿਚ ਇਕ ਨਵਤਾਰਾ ਅਤੇ ਇਕ ਮ੍ਰਹਮ ਨਿਹਾਰਿਕਾ ਦਾ ਵੀ ਪਤਾ ਲਗਿਆ ਹੈ।

ਸਾਡੀ ਆਕਾਸ਼ ਗੰਗਾ ਦੀ ਤਰ੍ਹਾਂ ਹੋਰ ਆਕਾਸ਼ ਗੰਗਾ ਪ੍ਰਣਾਲੀ ਵਿਚ ਵੀ ਗੋਲਾਕਾਰ ਤਾਰਾ-ਪੁੰਜ ਉਪਲੱਬਧ ਹੋਏ ਹਨ। ਦੇਵਯਾਨੀ ਦੀ ਕੁੰਡਲਦਾਰ ਆਕਾਸ਼ ਗੰਗਾ ਵਿਚ ਲਗਭਗ 200 ਗੋਲਾਕਾਰ ਤਾਰਾ-ਪੁੰਜ ਮਿਲੇ ਹਨ।

ਹ.ਪ੍ਰ.–ਹਿੰ. ਵਿ. ਕੋ. 5 : 364

**ਤਾਰਾ-ਭੌਤਿਕੀ (Astrophysics)** : ਇਸ ਨੂੰ ਖਗੋਲ-ਭੌਤਿਕੀ ਵੀ ਕਿਹਾ ਜਾਂਦਾ ਹੈ। ਇਹ ਜੋਤਸ਼-ਵਿਦਿਆ ਦੀ ਇਕ ਸ਼ਾਖਾ ਹੈ ਜਿਸ ਵਿਚ ਖਗੋਲੀ ਪਿੰਡਾਂ ਦੀ ਰਚਨਾ ਅਤੇ ਉਨ੍ਹਾਂ ਦੇ ਭੌਤਿਕ ਲੱਛਣਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕੁਦਰਤ ਦੇ ਡੂੰਘੇ ਭੇਦ ਨੂੰ ਜਾਣਨ ਦੀ ਤੀਬਰ ਇੱਛਾ ਨਾਲ ਪ੍ਰੇਰਤ ਹੋ ਕੇ ਮੱਨੁਖ ਨੇ ਅਕਾਸ਼ੀ ਪਿੰਡਾਂ ਦਾ ਅਧਿਐਨ ਕਰਨਾ ਸ਼ੁਰੂ ਕੀਤਾ। ਸਾਧਾਰਣ ਅੱਖ ਨਾਲ ਜਿੰਨੀ-ਕੁ ਜਾਣਕਾਰੀ ਪ੍ਰਾਪਤ ਕਰ ਸਕਦਾ ਸੀ, ਕਰ ਲਈ ਜਿਵੇਂ ਪ੍ਰਿਥਵੀ ਦੀਆਂ ਦੈਨਿਕ ਅਤੇ ਵਾਰਸ਼ਿਕ ਗਤੀਆਂ ਅਤੇ ਇਨ੍ਹਾਂ ਨਾਲ ਸਬੰਧਤ ਭੌਤਿਕ ਘਟਨਾਵਾਂ, ਚੰਦ ਦਾ ਵਧਣਾ ਘਟਣਾ, ਗ੍ਰਹਿਆਂ ਦੀਆਂ ਗਤੀਆਂ ਆਦਿ। ਪਰੰਤੂ ਉਦੋਂ ਤੱਕ ਸੂਰਜ, ਚੰਦ ਅਤੇ ਗ੍ਰਹਿਆਂ ਨੂੰ ਬਿੰਬ ਅਤੇ ਤਾਰਿਆਂ ਨੂੰ ਪ੍ਰਕਾਸ਼ ਬਿੰਦੂ ਹੀ ਸਮਝਿਆ ਜਾਂਦਾ ਰਿਹਾ ਸੀ ਅਤੇ ਇਸ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਇਟਲੀ ਦੇ ਖਗੋਲਵੇਤਾ ਗੈਲਿਲੀਓ ਗੈਲਿਲੀ (1564-1642) ਨੇ 1612 ਈ. ਵਿਚ ਅਕਾਸ਼-ਮੰਡਲ ਦੇ ਅਧਿਐਨ ਲਈ ਪਹਿਲੀ ਵਾਰ ਦੂਰਦਰਸ਼ੀ ਜਾਂ ਦੂਰਬੀਨ ਦੀ ਵਰਤੋਂ ਕੀਤੀ ਪਰ ਜਿੰਨਾ ਚਿਰ ਦੂਰਬੀਨ ਦੀ ਬਣਤਰ ਵਿਚ ਮਹੱਤਵਪੂਰਨ ਸੁਧਾਰ ਨਾ ਹੋਇਆ ਉਨਾ ਚਿਰ ਇਸ ਦੀ ਵਰਤੋਂ ਨਾਲ ਵੀ ਗ੍ਰਹਿਆਂ ਦੀਆਂ ਸਤ੍ਹਾਵਾਂ ਤੋਂ ਅਗੇ ਹੋਰ ਕੋਈ ਵਿਸ਼ੇਸ ਜਾਣਕਾਰੀ ਪ੍ਰਾਪਤ ਨਾ ਹੋ ਸਕੀ। ਤਾਰਾ-ਭੌਤਿਕੀ ਦਾ ਆਰੰਭ 19 ਵੀਂ ਸਦੀ ਵਿਚ ਸਪੈੱਕਟ੍ਰੋਸਕੋਪੀ (Spectroscopy) ਦੇ ਗਿਆਨ ਉਪਰੰਤ ਹੋਇਆ। ਇਸ ਸਾਧਨ ਦੇ ਵਿਕਾਸ ਵਿਚ ਫੋਟੋਗ੍ਰਾਫ਼ੀ ਨੇ ਬਹੁਤ ਵੱਡੀ ਸਹਾਇਤਾ ਦਿੱਤੀ ਕਿਉਂਕਿ ਇਸ ਦੀ ਸਹਾਇਤਾ ਨਾਲ ਚਮਕੀਲੇ ਸਪੈੱਕਟ੍ਰਮ ਪੱਕੇ ਤੌਰ ਤੇ ਤੁਲਨਾਤਮਕ ਅਧਿਐਨ ਲਈ ਉਪਲੱਬਧ ਹੋਣ ਲਗ ਪਏ।

ਇਸੇ ਤਰ੍ਹਾਂ ਫ਼ੋਟੋਮੀਟਰੀ ਅਤੇ ਸਪੈੱਕਟ੍ਰਮ ਦੀਆਂ ਰੇਖਾਵਾਂ ਦੀ ਤੀਬਰਤਾ ਮਾਪਣ ਦੇ ਸਾਧਨਾਂ ਨੇ ਸਪੈੱਕਟ੍ਰੋਸਕੋਪੀ ਦੁਆਰਾ ਕੀਤੇ ਗਏ ਅਧਿਐਨ ਵਿਚ ਸਹਿਯੋਗੀ ਬਣਕੇ ਖਗੋਲੀ ਪਿੰਡਾਂ ਦੀ ਭੌਤਿਕ ਅਵਸਥਾ ਦੇ ਸਬੰਧ ਵਿਚ ਵੱਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਜਦੋਂ ਕੋਈ ਗੈਸ ਜਲਾਈ ਜਾਂਦੀ ਹੈ ਤਾਂ ਕਿਰਕਾੱਫ਼ ਦੇ ਸਿੱਧਾਂਤ ਅਨੁਸਾਰ ਉਹ ਸਫ਼ੈਦ ਪ੍ਰਕਾਸ਼ ਦਾ ਵਿਕਿਰਨ ਨਹੀਂ ਕਰਦੀ ਸਗੋਂ ਵਿਸ਼ੇਸ਼ ਰੰਗਾਂ ਵਾਲੇ ਪ੍ਰਕਾਸ਼ ਦਾ ਹੀ ਵਿਕਿਰਨ ਕਰਦੀ ਹੈ। ਇਨ੍ਹਾਂ ਰੰਗਾਂ ਨੂੰ ਉਸ ਗੈਸ ਦੇ ਲਛਣਿਕ ਰੰਗ ਕਹਿੰਦੇ ਹਨ। ਇਨ੍ਹਾਂ ਰੰਗਾਂ ਵਿਚੋਂ ਕਿਹੜੇ ਕਿਹੜੇ ਰੰਗ ਪ੍ਰਗਟ ਹੋਣਗੇ। ਇਹ ਉਸ ਗੈਸ ਦੀ ਭੌਤਿਕ ਅਵਸਥਾ ਉਪਰ ਨਿਰਭਰ ਕਰਦਾ ਹੈ। ਇਸ ਭੌਤਿਕ ਅਵਸਥਾ ਵਿਚ ਸਥਿਤ ਪ੍ਰਕਾਸ਼ਮਾਨ ਗੈਸ ਵਿਚੋਂ ਜੇਕਰ ਸਫ਼ੈਦ ਪ੍ਰਕਾਸ਼ ਲੰਘੇ ਤਾਂ ਸਫ਼ੈਦ ਸਪੈੱਕਟ੍ਰਮ ਦਿਖਾਈ ਨਹੀਂ ਦੇਵੇਗਾ, ਸਗੋਂ ਉਸ ਵਿਚ ਗੈਸ ਦੇ ਲੱਛਣਿਕ ਰੰਗ ਮੌਜੂਦ ਹੁੰਦੇ ਹਨ। ਇਸ ਤੋਂ ਇਲਾਵਾ ਜੇਕਰ ਸਫ਼ੈਦ ਪ੍ਰਕਾਸ਼ ਦੇ ਸ੍ਰੋਤ ਦਾ ਤਾਪ ਗੈਸ ਦੇ ਤਾਪ ਤੋਂ ਉੱਚਾ ਹੋਵੇ ਤਾਂ ਸਪੈੱਕਟ੍ਰਮ ਪੱਟ ਵਿਚ ਗੈਸ ਦੇ ਲੱਛਣਿਕ ਰੰਗਾਂ ਦੀ ਥਾਂ ਕਾਲੀਆਂ ਰੇਖਾਵਾਂ, ਜਿਨ੍ਹਾਂ ਨੂੰ ਫਾੱਉਨਹੋਫ਼ਰ ਰੇਖਾਵਾਂ ਕਹਿੰਦੇ ਹਨ, ਪ੍ਰਗਟ ਹੁੰਦੀਆਂ ਹਨ। ਇਨ੍ਹਾਂ ਕਾਲੀਆਂ ਰੇਖਾਵਾਂ ਦੇ ਅਧਿਐਨ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸਫ਼ੈਦ ਪ੍ਰਕਾਸ਼ ਕਿਹੜੀ ਕਿਹੜੀ ਗੈਸ ਵਿਚੋਂ ਲੰਘਕੇ ਸਪੈੱਕਟ੍ਰੋਸਕੋਪ ਤੱਕ ਪਹੁੰਚਦਾ ਹੈ ਅਤੇ ਉਸ ਦੇ ਗੈਸ ਪਰਮਾਣੂ ਕਿਸ ਤਰ੍ਹਾਂ ਦੀ ਭੌਤਿਕ ਅਵਸਥਾ ਵਿਚ ਹਨ।

ਕਿਰਕਾੱਫ਼ ਨੇ ਇਸ ਸਿੱਧਾਂਤ ਨੂੰ ਪ੍ਰਯੋਗਾਂ ਦੇ ਅਧਾਰ ਤੇ ਸਮਝਾਇਆ ਸੀ ਪਰ ਮਗਰੋਂ ਪਰਮਾਣੂ ਰਚਨਾ ਦੇ ਗਿਆਨ ਅਤੇ ਕੁਆਂਟਮ ਸਿੱਧਾਂਤ ਦੀ ਸਹਾਇਤਾ ਨਾਲ ਹੀ ਸਪੈੱਕਟ੍ਰੋਸਕੋਪੀ ਦੇ ਨਿਯਮਾਂ ਨੂੰ ਸਿੱਧਾਂਤਕ ਰੂਪ ਨਾਲ ਸਮਝਾਉਣਾ ਸੰਭਵ ਹੋ ਸਕਿਆ। ਉਪਰੋਕਤ ਕਥਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਤਾਰਾ-ਭੌਤਿਕੀ ਦੇ ਅਧਿਐਨ ਵਿਚ ਸਪੈੱਕਟ੍ਰੋਸਕੋਪੀ ਦੇ ਸਾਧਨਾਂ ਦੀ ਉਪਯੋਗਤਾ ਦੀ ਵੀ ਇਕ ਆਪਣੀ ਸੀਮਾ ਹੈ। ਇਹ ਇਸ ਲਈ ਕਿ ਸਪੈੱਕਟ੍ਰੋਸਕੋਪੀ ਰਾਹੀਂ ਪਦਾਰਥਾਂ ਦੀ ਭੌਤਿਕ ਅਵਸਥਾ ਦੇ ਵਿਸ਼ੇ ਵਿਚ ਤਦ ਹੀ ਜਾਣਕਾਰੀ ਮਿਲ ਸਕਦੀ ਹੈ ਜਦੋਂ ਉਹ ਪਦਾਰਥ ਪ੍ਰਕਾਸ਼ਮਾਨ ਗੈਸ ਦੇ ਰੂਪ ਵਿਚ ਹੋਣ। ਇਸ ਲਈ ਇਸ ਸਾਧਨ ਨਾਲ ਇਹ ਨਹੀਂ ਜਾਣਿਆ ਜਾ ਸਕਦਾ ਕਿ ਪ੍ਰਕਾਸ਼ ਦੇ ਰਾਹ ਵਿਚ ਸਥਿਤ ਪਿੰਡ ਖੰਡ ਕਿਨ੍ਹਾਂ ਪਦਾਰਥਾਂ ਦੇ ਬਣੇ ਹੋਏ ਹਨ ਅਤੇ ਉਨ੍ਹਾਂ ਦੀ ਭੌਤਿਕ ਅਵਸਥਾ ਕੀ ਹੈ। ਖਗੋਲੀ ਪਿੰਡਾਂ ਤੋਂ ਜਿਹੜਾ ਪ੍ਰਕਾਸ਼ ਆਉਂਦਾ ਹੈ ਉਹ ਉਸ ਦੇ ਅੰਦਰਲੇ ਭਾਗਾਂ ਵਿਚੋਂ ਪੈਦਾ ਹੁੰਦਾ ਹੈ, ਫਿਰ ਵੀ ਉਨ੍ਹਾਂ ਭਾਗਾਂ ਦੀ ਰਚਨਾ ਦੇ ਵਿਸ਼ੇ ਵਿਚ ਸਪੈੱਕਟ੍ਰੋਸਕੋਪੀ ਦੀ ਸਹਾਇਤਾ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਸਪੈੱਕਟ੍ਰੋਸਕੋਪੀ ਕੇਵਲ ਪਿੰਡਾਂ ਨੂੰ ਘੇਰਣ ਵਾਲੇ ਗੈਸ ਮੰਡਲ ਦੇ ਵਿਸ਼ੇ ਵਿਚ ਹੀ ਜਾਣਕਾਰੀ ਦੇਣ ਦੇ ਸਮਰੱਥ ਹੈ। ਇਸ ਲਈ ਇਨ੍ਹਾਂ ਪਿੰਡਾਂ ਦੇ ਅੰਦਰਲੇ ਭਾਗਾਂ ਦੀ ਰਚਨਾ ਅਤੇ ਭੌਤਿਕ ਅਵਸਥਾ ਦੇ ਵਿਸ਼ੇ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਸਪੈੱਕਟ੍ਰੋਸਕੋਪੀ ਦੀ ਥਾਂ ਹੋਰ ਸਾਧਨਾਂ ਦੀ ਜ਼ਰੂਰਤ ਹੈ। ਅਧਿਐਨ ਦੇ ਸਾਧਨਾਂ ਉੱਤੇ ਵਿਚਾਰ ਕਰਨ ਲਈ ਤਾਰਾ-ਪਿੰਡਾਂ ਨੂੰ ਮੁੱਖ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਭਾਵ ਅੰਦਰਲਾ ਭਾਗ ਅਤੇ ਗੈਸ ਮੰਡਲ।

ਸਪੈੱਕਟ੍ਰਮ ਰਾਹੀਂ ਅਧਿਐਨ ਦੇ ਅਧਾਰ ਉੱਤੇ ਤਾਰਿਆਂ ਸਬੰਧੀ ਅਨੇਕ ਤੱਥਾਂ ਦਾ ਪਤਾ ਲਗ ਚੁਕਾ ਹੈ ਜਿਨ੍ਹਾਂ ਵਿਚੋਂ ਪ੍ਰਮੁੱਖ ਨਿਮਨ ਲਿਖਤ ਹਨ :–

(1) ਸੂਰਜ ਅਤੇ ਦੂਜੇ ਤਾਰੇ ਪ੍ਰਕਾਸ਼ਮਾਨ ਗੈਸ ਦੇ ਵਿਸ਼ਾਲ ਗੋਲ ਪਿੰਡ ਹਨ ਜਿਨ੍ਹਾਂ ਦੇ ਅੰਦਰਲੇ ਭਾਗਾਂ ਦੇ ਉਪਰਲੇ ਤਲ ਦਾ ਤਾਪਮਾਨ ਸੈਂਕੜੇ ਡਿਗਰੀ ਤੱਕ ਹੁੰਦਾ ਹੈ। ਉਪਰਲੇ ਤਲ ਤੋਂ ਜਿਉਂ ਕੇਂਦਰ ਵੱਲ ਨੂੰ ਜਾਈਏ ਤਾਪਮਾਨ ਵਧਦਾ ਹੀ ਜਾਂਦਾ ਹੈ, ਇਥੋਂ ਤੱਕ ਕਿ ਕੇਂਦਰੀ ਤਾਪਮਾਨ ਕਈ ਲੱਖਾਂ ਡਿਗਰੀ ਤੱਕ ਹੁੰਦਾ ਹੈ।

(2) ਹਰ ਇਕ ਤਾਰੇ ਦਾ ਅੰਦਰਲਾ ਭਾਗ ਗੈਸ ਮੰਡਲ ਨਾਲ ਘਿਰਿਆ ਹੋਇਆ ਹੈ। ਇਨ੍ਹਾਂ ਗੈਸ ਮੰਡਲਾਂ ਵਿਚ ਜਿਹੜੇ ਤੱਤ ਪਹਿਚਾਣੇ ਗਏ ਹਨ ਉਹ ਸਾਰੇ ਪ੍ਰਿਥਵੀ ਉਪਰ ਵੀ ਮਿਲਦੇ ਹਨ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਪ੍ਰਿਥਵੀ ਉਪਰ ਮਿਲਣ ਵਾਲੇ ਤੱਤਾਂ ਤੋਂ ਬਿਨ੍ਹਾਂ ਉਥੇ ਹੋਰ ਕੋਈ ਤੱਤ ਨਹੀਂ ਹੋਵੇਗਾ। ਅਸਲ ਵਿਚ ਤਾਰਿਆਂ ਦੇ ਸਪੈੱਕਟ੍ਰਮ ਵਿਚ ਅਜਿਹੀਆਂ ਫਾੱਉਨਹੋਫ਼ਰ ਰੇਖਾਵਾਂ ਮਿਲਦੀਆਂ ਹਨ ਜੋ ਪ੍ਰਿਥਵੀ ਉਪਰ ਮਿਲਣ ਵਾਲੇ ਕਿਸੇ ਵੀ ਤੱਤ ਦੀਆਂ ਰੇਖਾਵਾਂ ਤੋਂ ਭਿੰਨ ਹਨ। ਤਾਰਿਆਂ ਦੇ ਗੈਸ ਮੰਡਲ ਵਿਚ ਮੁੱਖ ਰੂਪ ਵਿਚ ਹਾਈਡ੍ਰੋਜਨ, ਹੀਲੀਅਮ, ਕਾਰਬਨ, ਲੋਹਾ ਆਦਿ ਮੌਜੂਦ ਹੁੰਦੇ ਹਨ। ਭਾਰਤੀ ਖਗੋਲਵੇਤਾ ਮੇਘ ਨਦ ਸਾਹਾ ਨੇ 1992 ਈ. ਵਿਚ ਆਪਣਾ ਪ੍ਰਸਿੱਧ ਤਾਪ-ਆਇਨ ਸੂਤਰ ਪੇਸ਼ ਕੀਤਾ ਜਿਸ ਦੀ ਸਹਾਇਤਾ ਨਾਲ ਸਪੈੱਕਟ੍ਰਮ ਪੱਟਾਂ ਦਾ ਅਸਲ ਤੱਥ ਸਮਝਿਆ ਜਾ ਸਕਦਾ ਹੈ। ਇੰਗਲੈਂਡ ਦੇ ਪ੍ਰਸਿੱਧ ਖਗੋਲਵੇਤਾ ਏਡਿੰਗਟਨ ਦੇ ਸ਼ਬਦਾਂ ਵਿਚ ਸਾਰਾ ਸੂਤਰ, ਦੂਰਬੀਨ ਤੋਂ ਪਿਛੋਂ ਜੋਤਸ਼-ਵਿਦਿਆ ਦੇ ਖੇਤਰ ਵਿਚ ਸਭ ਤੋਂ ਮਹੱਤਵਪੂਰਨ ਖੋਜ ਹੈ।

3. ਤਾਰੇ ਦੇ ਨਿਰੰਤਰ ਸਪੈੱਕਟ੍ਰਮ ਦਾ ਅਧਿਐਨ ਕਰਨ ਉਪਰੰਤ ਉਸ ਦਾ ਪ੍ਰਭਾਵੀ ਤਾਪ ਨਿਸ਼ਚਿਤ ਕੀਤਾ ਜਾਂਦਾ ਹੈ। ਤਾਰੇ ਨੂੰ ਇਕ ਕਾਲਪਨਿਕ ਆਦਰਸ਼ਕ ਕਾਲਾ ਪਿੰਡ (black body) ਮੰਨ ਕੇ ਖੋਜ ਕੀਤੀ ਜਾਂਦੀ ਹੈ ਜਿਸ ਦਾ ਭਾਵ ਇਹ ਹੈ ਕਿ ਉਸ ਦਾ ਉਪਰਲਾ ਤਲ ਇਸ ਤਰ੍ਹਾਂ ਸੰਗਠਿਤ ਹੈ ਕਿ ਉਹ ਉਸ ਉੱਤੇ ਪੈ ਰਹੀਆਂ ਵਿਕਿਰਨਾਂ ਨੂੰ, ਪੂਰਨ ਤੌਰ ਤੇ ਸੋਖ ਲੈਂਦਾ ਹੈ। ਕਿਰਕਾੱਫ ਅਤੇ ਬੀ.ਸਟੂਅਰਟ (B. Stewart) ਨੇ ਇਹ ਸਿੱਧ ਕੀਤਾ ਕਿ ਜੇਕਰ ਪਿੰਡ ਦੀ ਊਰਜਾ ਵਿਚ ਪਰਿਵਰਤਨ ਨਾ ਹੋਵੇ ਤਾਂ ਹਰ ਇਕ ਰੰਗ ਵਿਚ ਉਸ ਦੇ ਵਿਕਿਰਨ ਅਤੇ ਸੋਖਣ ਦੀਆਂ ਮਾਤਰਾਵਾਂ ਇਕ ਵਿਸ਼ੇਸ਼ ਅਨੁਪਾਤ ਵਿਚ ਹੁੰਦੀਆਂ ਹਨ। ਕਾਲੇ ਸ਼ਬਦ ਦਾ ਪਿੰਡ ਦੇ ਦਿਖਾਈ ਦੇ ਰਹੇ ਰੰਗ ਨਾਲ ਕੋਈ ਸਬੰਧ ਨਹੀਂ ਹੁੰਦਾ। ਅਜਿਹੇ ਪਿੰਡ ਦੇ ਸਿੱਧਾਂਤਕ ਜਾਂ ਪ੍ਰਯੋਗਾਤਮਕ ਅਧਿਐਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਵਿਸ਼ੇਸ਼ ਤਾਪ ਉੱਤੇ ਹਰ ਇਕ ਰੰਗ ਦੀ ਤੀਬਰਤਾ ਨਿਸ਼ਚਿਤ ਹੁੰਦੀ ਹੈ। ਪਲਾਂਕ ਨੇ ਤਾਪ-ਗਤਿਕੀ ਦੇ ਆਧਾਰ ਉੱਤੇ ਇਕ ਸੂਤਰ ਸਮਝਾਇਆ ਹੈ ਜੋ ਇਹ ਦਰਸਾਉਂਦਾ ਹੈ ਕਿ ਤਾਪ-ਗਤਿਕ ਸੰਤੁਲਨ ਦੀ ਅਵਸਥਾ ਵਿਚ ਆਦਰਸ਼ਕ ਕਾਲੇ ਪਿੰਡ ਦੇ ਅਮੁਕ ਰੰਗ ਦੇ ਵਿਕਿਰਨ ਦੀ ਅਮੁੱਕ ਤੀਬਰਤਾ ਹੁੰਦੀ ਹੈ।

ਪਿੰਡ ਦੇ ਦਿੱਤੇ ਹੋਏ ਤਾਪ ਲਈ ਵਕਰ ਅਤੇ ਤਰੰਗ ਲੰਬਾਈ ਦੇ ਧੁਰੇ ਦੇ ਮੱਧ ਵਿਚ ਸੀਮਤ ਖੇਤਰਫਲ, ਉਸ ਸੰਪੂਰਨ ਊਰਜਾ ਨੂੰ ਨਿਸ਼ਚਿਤ ਕਰਦਾ ਹੈ ਜਿਸਦਾ ਵਿਕਿਰਨ ਤਾਰਾ ਅਕਾਸ਼ ਵਿਚ ਹਮੇਸ਼ਾ ਕਰਦਾ ਰਹਿੰਦਾ ਹੈ। ਇਨ੍ਹਾਂ ਵਕਰਾਂ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਪਿੰਡ ਦੇ ਤਾਪ ਵਿਚ ਪਰਿਵਰਤਨ ਦੇ ਨਾਲ ਨਾਲ ਮਹੱਤਮ ਤੀਬਰਤਾ ਦੀ ਤਰੰਗ ਲੰਬਾਈ ਵਿਚ ਵੀ ਪਰਿਵਰਤਨ ਹੋ ਜਾਂਦਾ ਹੈ। ਅਸਲ ਵਿਚ ਜਿਉਂ ਜਿਉਂ ਪਿੰਡ ਦੇ ਤਾਪ ਵਿਚ ਵਾਧਾ ਹੁੰਦਾ ਜਾਂਦਾ ਹੈ, ਮਹੱਤਮ ਤੀਬਰਤਾ ਦੀ ਤਰੰਗ ਲੰਬਾਈ ਘਟਦੀ ਜਾਂਦੀ ਹੈ ਅਰਥਾਤ ਉਹ ਸਪੈੱਕਟ੍ਰਮ ਵਿਚ ਦਿਖਾਈ ਦੇ ਰਹੇ ਭਾਗ ਵੱਲ ਸਰਕਦਾ ਜਾਂਦਾ ਹੈ।

ਆਦਰਸ਼ ਕਾਲੇ ਪਿੰਡ ਲਈ ਪਲਾਂਕ ਨਿਯਮ ਅਨੁਸਾਰ ਤਾਪ ਅਤੇ ਮਹੱਤਮ ਤੀਬਰਤਾ ਦੀ ਤਰੰਗ ਲੰਬਾਈ ਦੇ ਸਬੰਧ ਨੂੰ ਪ੍ਰਗਟ ਕਰਨ ਵਾਲਾ ਸੂਤਰ ਅਸਾਨੀ ਨਾਲ ਗਿਆਤ ਕਰ ਲਿਆ ਗਿਆ ਹੈ। ਇਸ ਲਈ ਤਾਰੇ ਦੇ ਪ੍ਰਭਾਵੀ ਤਾਪ ਨੂੰ ਨਿਸ਼ਚਿਤ ਕਰਨ ਲਈ ਪਹਿਲਾਂ ਉਸ ਦੇ ਸਪੈੱਕਟ੍ਰਮ ਦੇ ਅਧਿਐਨ ਨਾਲ ਮਹੱਤਮ ਤੀਬਰਤਾ ਦੇ ਵਿਕਿਰਨ ਦੀ ਤਰੰਗ ਲੰਬਾਈ ਗਿਆਤ ਕੀਤੀ ਜਾਂਦੀ ਹੈ। ਤਾਰੇ ਦਾ ਪ੍ਰਭਾਵੀ ਤਾਪ ਅਸਲ ਵਿਚ ਉਸ ਆਦਰਸ਼ਕ ਕਾਲੇ ਪਿੰਡ ਦਾ ਤਾਪ ਹੈ ਜਿਸ ਦੇ ਵਿਕਿਰਨ ਦੀ ਮਹੱਤਮ ਤੀਬਰਤਾ ਉਸੇ ਤਰੰਗ ਲੰਬਾਈ ਉੱਤੇ ਹੈ ਜਿਸ ਉੱਤੇ ਤਾਰੇ ਦੀ।

4. ਤਾਰਿਆਂ ਦੇ ਸਪੈੱਕਟ੍ਰਮ ਵਿਚ ਬਹੁਤ ਭਿੰਨਤਾ ਮਿਲਦੀ ਹੈ ਪਰ ਫਿਰ ਵੀ ਜੇਕਰ ਮੁੱਖ ਮੁੱਖ ਫਰੌਨਹੋਫਰ ਰੇਖਾਵਾਂ ਉੱਤੇ ਹੀ ਧਿਆਨ ਦਿੱਤਾ ਜਾਵੇ ਤਾਂ ਇਨ੍ਹਾਂ ਸਪੈੱਕਟ੍ਰਮ ਪੱਟਾਂ ਨੂੰ ਕੁਝ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਵਰਤਮਾਨ ਸਦੀ ਵਿਚ ਅਨੇਕ ਖਗੋਲਵੇਤਾਵਾਂ ਨੇ ਤਾਰਿਆਂ ਦਾ ਵਰਗੀਕਰਨ ਸਪੈੱਕਟ੍ਰਮ ਨੂੰ ਅਧਾਰ ਬਣਾ ਕੇ ਕਰਨ ਦਾ ਯਤਨ ਕੀਤਾ ਹੈ ਪਰ ਪ੍ਰਚੱਲਿਤ ਵਰਗੀਕਰਨ ਵਰਤਮਾਨ ਸਦੀ ਦੇ ਮੁਢਲੇ ਸਾਲਾਂ ਵਿਚ ਹਾਰਵਰਡ ਪ੍ਰੇਖਣਸ਼ਾਲਾਂ ਵਿਚ ਪ੍ਰੋਫ਼ੈਸਰ ਪਿਕਰਿੰਗ, ਸ਼੍ਰੀਮਤੀ ਫਲੇਮਿੰਗ ਅਤੇ ਕੁਮਾਰੀ ਕੇਨਨ ਦੁਆਰਾ ਕੀਤਾ ਗਿਆ ਸੀ। ਇਸ ਵਰਗੀਕਰਨ ਵਿਚ ਕੁਝ ਅੱਖਰਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਰਗੀਕਰਨ ਦੇ ਮੁੱਖ ਵਰਗ ਅੰਗਰੇਜ਼ੀ ਅੱਖਰ O, B, A, F, G, K ਅਤੇ M ਨਾਲ ਸੰਬੋਧਤ ਕੀਤੇ ਜਾਂਦੇ ਹਨ। ਅਸਾਨੀ ਲਈ ਇਨ੍ਹਾਂ ਵਿਚੋਂ ਹਰ ਇਕ ਵਰਗ ਦੱਸ ਉਪ ਵਰਗਾਂ ਵਿਚ ਵੰਡਿਆਂ ਗਿਆ ਹੈ। ਤਾਰੇ ਦੇ ਵਰਗ ਦਾ ਨਿਸ਼ਚਾ ਉ ਦੇ ਸਪੈੱਕਟ੍ਰਮ ਪੱਟ ਦੀਆਂ ਪ੍ਰਮੁੱਖ ਸੋਖਣ ਰੇਖਾਵਾਂ (ਫਰੌਨਹੋਫਰ ਰੇਖਾਵਾਂ ਦੀ ਤੀਬਰਤਾ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ, ਜੋ ਤਾਪ ਅਤ ਦਬਾਉ ਦੋਵਾਂ ਉੱਤੇ ਨਿਰਭਰ ਕਰਦੀਆਂ ਹਨ। ਇਸ ਲਈ ਵਰਗੀਕਰਨ ਲਈ ਤਾਪ ਅਤੇ ਦਬਾਉ ਦਾ ਪ੍ਰਭਾਵ ਇਹ ਸੋਚ ਕ ਵਿਚਾਰਿਆ ਜਾਂਦਾ ਹੈ ਕਿ ਵੱਧ ਤੋਂ ਵੱਧ ਤਾਰੇ ਦੋ ਮੁੱਖ ਸ਼੍ਰੇਣੀਆਂ ਵਿ ਵੰਡੇ ਜਾ ਸਕਣ : (1) ਦਾਨਵ (Giant) ਤਾਰੇ ਅਤੇ ਬੌਣੇ (Dwarf ਤਾਰੇ। ਇਕੋ ਵਰਗ ਦੇ ਦਾਨਵ ਤਾਰੇ ਦਾ ਤਾਪ ਉਸੇ ਵਰਗ ਦੇ ਬੌਣ ਤਾਰੇ ਦੇ ਤਾਪ ਦੇ ਮੁਕਾਬਲੇ ਘੱਟ ਹੁੰਦਾ ਹੈ। ਸੂਰਜ ਬੌਣੀ ਸ਼੍ਰੇਣੀ ਵਿ ਆਉਂਦਾ ਹੈ।

ਹੇਠਾਂ ਅੰਕਤ ਸਾਰਨੀ ਵਿਚ ਇਨ੍ਹਾਂ ਵਰਗਾਂ ਨਾਲ ਸਬੰਧ ਬੌਣੀ ਸ਼੍ਰੇਣੀ ਦੇ ਤਾਰਿਆਂ ਲਈ ਪ੍ਰਭਾਵੀ ਤਾਪ ਅਤੇ ਸਪੈੱਕਟ੍ਰਮ ਪੱ ਦੀਆਂ ਵਿਸ਼ੇਸ਼ਤਾਈਆਂ ਦਿੱਤੀਆਂ ਗਈਆਂ ਹਨ :-

| ਵਰਗ | ਤਾਪ | ਰੰਗ | ਸਪੈੱਕਟ੍ਰਮ ਪੱਟ ਦੀ ਵਿਸ਼ੇਸ਼ਤਾ |
|---|---|---|---|
| $O_7$ | 28,750 | ਨੀਲ | ਹਾਈਡ੍ਰੋਜਨ, ਆਇਨਿਕ ਹੀਲੀਅਮ |
| $B_0$ | 21,390 | ਨੀਲ | ਹਾਈਡਰੋਜਨ, ਹੀਲੀਅਮ |
| $B_5$ | 14,490 | ਸਫ਼ੈਦ | |
| $A_0$ | 10,520 | ਸਫ਼ੈਦ | ਹਾਈਡ੍ਰੋਜਨ, ਆਇਨਿਕ ਧਾਤੂ |
| $A_5$ | 8,390 | | |
| $F_0$ | 7,300 | ਹਰਾ | ਆਇਨਿਕ ਧਾਤੂ |
| $F_5$ | 6,210 | ਪੀਲਾ | |
| $G_0$ | 5,750 | ਪੀਲਾ | ਆਇਨਿਕ ਅਤੇ ਅਨਾਇਨਿਕ ਧਾਤੂ |
| $G_5$ | 5,160 | | |
| $K_0$ | 4,650 | ਨਰੰਗੀ | ਅਨਾਇਨਿਕ ਧਾਤੂ |
| $K_5$ | 4,050 | | |
| $M_0$ | 3,890 | ਲਾਲ | ਪਰਮਾਣੂ |
| $M_5$ | 3,735 | | |

ਅੱਗੇ ਚਲਕੇ ਬਾਕੀ ਦੇ ਦ੍ਰਿਸ਼ਟਮਾਨ ਤਾਰਿਆਂ ਨੂੰ ਵਰਗੀਕਰ ਵਿਚ ਸ਼ਾਮਲ ਕਰਨ ਲਈ ਇਸ ਵਰਗੀਕਰਨ ਦੇ ਪ੍ਰਾਰੰਭ ਵਿਚ ਵਰ W ਅਤੇ ਅੰਤ ਵਿਚ N, R ਅਤੇ S ਵਰਗਾਂ ਨੂੰ ਜੋੜ ਦਿੱਤਾ ਹੈ ਜਿ ਦੇ ਫਲਸਰੂਪ ਪ੍ਰਚੱਲਤ ਵਰਗੀਕਰਨ ਇਸ ਪ੍ਰਕਾਰ ਹੈ :

W–O–B–A–F–G–K < M—S / R—N

5. ਸਪੈੱਕਟ੍ਰੋਸਕੋਪੀ ਰਾਹੀਂ ਇਹ ਵੀ ਪਤਾ ਲਗਾ ਹੈ ਕਿ ਬਹੁ ਸਾਰੇ ਤਾਰੇ ਜੋ ਵੱਡੀ ਤੋਂ ਵੱਡੀ ਦੂਰਬੀਨ ਨਾਲ ਲਈਆਂ ਗਈ ਤਸਵੀਰਾਂ ਵਿਚ ਇੱਕਲੇ ਦਿਖਾਈ ਦਿੰਦੇ ਹਨ, ਅਸਲ ਵਿਚ ਉਹ ਤਾਰੇ ਹਨ, ਜੋ ਆਪਣੇ ਗੁਰੁਤਾ ਕੇਂਦਰ ਦੀ ਪ੍ਰਕਰਮਾ ਕਰਦੇ ਰਹਿ ਹਨ। ਇਨ੍ਹਾਂ ਤਾਰਿਆਂ ਨੂੰ ਸਪੈੱਕਟ੍ਰੋਸਕੋਪੀ ਜੁਗਮ-ਤਾਰੇ ਕਿਹਾ ਜਾਂ ਹੈ।

6. ਆਮ ਹਾਲਤਾਂ ਅਧੀਨ ਚੁੰਬਕੀ ਖੇਤਰ ਵਿਚ ਸਥਿ ਪ੍ਰਕਾਸ਼ਮਾਨ ਗੈਸ ਦੀਆਂ ਸਪੈੱਕਟ੍ਰਮ ਰੇਖਾਵਾਂ ਵਿਕੀਰਨ ਰੇਖਾਵਾਂ

ਮੁਕਾਬਲੇ ਵਧੇਰੇ ਫੈਲੀਆਂ ਹੋਈਆਂ ਹੁੰਦੀਆਂ ਹਨ ਅਤੇ ਹਰ ਇਕ ਦੋ ਜਾਂ ਦੋ ਤੋਂ ਵੱਧ ਉਪ-ਰੇਖਾਵਾਂ ਵਿਚ ਖਿੰਡ ਜਾਂਦੀਆਂ ਹਨ। ਇਸ ਨੂੰ ਜ਼ੇਮਾਨ ਪ੍ਰਭਾਵ ਕਹਿੰਦੇ ਹਨ। ਬੈਬਕਾਕ ਨੇ ਕੁਝ ਤਾਰਿਆਂ ਦੇ ਸਪੈੱਕਟ੍ਰਮ ਪੱਟਾਂ ਵਿਚ ਇਸ ਪ੍ਰਭਾਵ ਦੀ ਹੋਂਦ ਨੂੰ ਵੇਖਿਆ ਜਿਸ ਦੇ ਅਧਾਰ ਉੱਤੇ ਉਸਨੇ ਇਹ ਸਿੱਟਾ ਕੱਢਿਆ ਕਿ ਇਨ੍ਹਾਂ ਤਾਰਿਆਂ ਵਿਚ ਵੀ ਸੂਰਜ ਦੀ ਤਰ੍ਹਾਂ ਚੁੰਬਕੀ ਖੇਤਰ ਮੌਜੂਦ ਹੈ।

7. ਤਾਰਿਆਂ ਦੇ ਅੰਦਰਲੇ ਭਾਗਾਂ ਵਿਚ ਵੀ ਪਦਾਰਥ ਸੰਪੂਰਨ ਰੂਪ ਵਿਚ ਮੌਜੂਦ ਹੈ। ਉਥੇ ਵੱਡੀ ਮਾਤਰਾ ਵਿਚ ਧੂੜ ਉਡਦੀ ਹੈ ਅਤੇ ਪਿੰਡ ਖੰਡ ਮੌਜੂਦ ਹਨ ਉਦਾਹਰਣ ਦੇ ਤੌਰ ਤੇ ਅਕਾਸ਼ ਗੰਗਾ ਵਿਚ ਸੂਰਜ ਦੇ ਨਜ਼ਦੀਕ ਪ੍ਰਤੀਘਣ ਸੈਂ.ਮੀ. ਵਿਚ ਇਕ ਹਾਈਡ੍ਰੋਜਨ ਪਰਮਾਣੂ ਅਤੇ ਪ੍ਰਤੀ ਘਣ ਕਿ.ਮੀ. ਵਿਚ $10^{-8}$ ਸੈਂ.ਮੀ. ਅਰਧ ਵਿਆਸ ਦੇ ਲਗਭਗ 25 ਪਿੰਡ ਖੰਡ ਪਾਏ ਜਾਂਦੇ ਹਨ। ਇਸ ਤਰ੍ਹਾਂ ਇਸ ਸਥਾਨ ਵਿਚ ਸਥਿਤ ਪਦਾਰਥ ਦੀ ਘਣਤਾ ਲਗਭਗ $3 \times 10^{-24}$ ਗ੍ਰਾਮ ਪ੍ਰਤੀ ਘਣ ਸੈਂ.ਮੀ. ਹੈ। ਤਾਰਿਆਂ ਦੇ ਗੈਸ ਮੰਡਲ ਵਿਚ ਵੀ ਪਦਾਰਥ ਦੀ ਘਣਤਾ ਲਗਭਗ ਇਤਨੀ ਹੀ ਹੁੰਦੀ ਹੈ। ਇਹ ਕਥਨ ਅਕਾਸ਼ ਗੰਗਾਂ ਦੇ ਦੂਜੇ ਹਿੱਸਿਆਂ ਲਈ ਠੀਕ ਨਹੀਂ ਹੈ। ਹੁਣ ਇਹ ਵੀ ਨਿਸ਼ਚਿਤ ਰੂਪ ਵਿਚ ਗਿਆਤ ਹੈ ਕਿ ਹਰ ਇਕ ਨਿਹਾਰਿਕਾ ਦੇ ਭਿੰਨ ਭਿੰਨ ਭਾਗਾਂ ਵਿਚ ਘਣਤਾ ਵੀ ਭਿੰਨ ਭਿੰਨ ਹੈ। ਤਾਰੇ ਦੇ ਅੰਦਰਲੇ ਪਦਾਰਥ ਦੀ ਪ੍ਰਵਿਰਤੀ ਗੈਸ ਦੇ ਸੰਘਣੇ ਬੱਦਲਾਂ ਦੇ ਰੂਪ ਵਿਚ ਮੌਜੂਦ ਹੋਣ ਵਾਂਗ ਪਾਈ ਜਾਂਦੀ ਹੈ। ਇਨ੍ਹਾਂ ਬੱਦਲਾ ਦਾ ਪੁੰਜ ਤਾਰਿਆਂ ਦੇ ਪੁੰਜ ਅਤੇ ਕਦੇ ਕਦੇ ਵਿਸ਼ਾਲ ਤਾਰਾ-ਮੰਡਲ ਦੇ ਪੁੰਜ ਦੇ ਸਮਾਨ ਹੁੰਦਾ ਹੈ। ਇਹ ਬੱਦਲ ਆਪਣੇ ਪਿਛੇ ਸਥਿਤ ਤਾਰਿਆਂ ਦੇ ਪ੍ਰਕਾਸ਼ ਦਾ ਸੋਖਣ ਹੀ ਨਹੀਂ ਕਰਦੇ ਸਗੋਂ ਉਸ ਨੂੰ ਇਧਰ ਉਧਰ ਵਿਖੇਰਦੇ ਵੀ ਹਨ ਜਿਸ ਨਾਲ ਤਾਰੇ ਦਾ ਪ੍ਰਕਾਸ਼ ਲਾਲ ਰੰਗ ਦਾ ਲਗਣ ਲਗਦਾ ਹੈ; ਉਦਾਹਰਣ ਦੇ ਤੌਰ ਤੇ ਧਰਤੀ ਦੇ ਵਾਯੂਮੰਡਲ ਦੇ ਅਣੂ ਸ਼ਾਮ ਵੇਲੇ ਸੂਰਜ ਦੇ ਪ੍ਰਕਾਸ਼ ਨੂੰ ਇਧਰ ਉਧਰ ਵਿਖੇਰਕੇ ਸੂਰਜ ਦੀ ਲਾਲੀ ਦਾ ਪ੍ਰਦਸ਼ਨ ਕਰਦੇ ਹਨ। ਪ੍ਰਕਾਸ਼ ਵਿਖੇਰਨ ਦੀ ਇਸੇ ਮਾਤਰਾ ਦੇ ਅਧਿਐਨ ਨਾਲ ਤਾਰੇ ਦੇ ਅੰਦਰਲੇ ਪਦਾਰਥ ਵਿਚ ਮੌਜੂਦ ਪਿੰਡ ਖੰਡਾਂ ਦੀ ਘਣਤਾ ਦਾ ਪਤਾ ਲਗਾਇਆ ਜਾਂਦਾ ਹੈ।

**ਤਾਰਿਆਂ ਦੀ ਅੰਦਰੂਨੀ ਰਚਨਾ** — ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਤਾਰਿਆਂ ਦੀ ਅੰਦਰੂਨੀ ਬਨਾਵਟ ਦਾ ਪਤਾ ਲਗਾਉਣ ਲਈ ਕੋਈ ਭੌਤਿਕ ਸਾਧਨ ਉਪਲੱਬਧ ਨਹੀਂ ਹੈ। ਇਸੇ ਕਰਕੇ ਇਸ ਰਚਨਾ ਦਾ ਅਧਿਐਨ ਕਰਨ ਲਈ ਗਣਿਤਿਕ ਸਾਧਨਾ ਦਾ ਪ੍ਰਯੋਗ ਕਰਨਾ ਪੈਂਦਾ ਹੈ। ਜਾਂਚ ਪੜਤਾਲ ਕਰਨ ਵਾਲੀ ਸਮੱਗਰੀ ਅਤੇ ਭੌਤਿਕ ਸਿਧਾਂਤਾਂ ਦੇ ਅਨੁਕੂਲ ਤਾਰਿਆਂ ਦੇ ਅੰਦਰੂਨੀ ਭਾਗ ਦੇ ਸਰਲ ਮਾੱਡਲ ਦੀ ਕਲਪਨਾ ਕੀਤੀ ਜਾਂਦੀ ਹੈ ਅਤੇ ਫਿਰ ਇਸ ਮਾੱਡਲ ਦੇ ਭੌਤਿਕ ਲੱਛਣ ਗਣਿਤਿਕ ਢੰਗਾਂ ਰਾਹੀਂ ਨਿਸ਼ਚਿਤ ਕੀਤੇ ਜਾਂਦੇ ਹਨ। ਜੇਕਰ ਇਹ ਲੱਛਣ ਤਾਰਿਆਂ ਦੇ ਪ੍ਰਕਾਸ਼ਮਾਨ ਲੱਛਣਾਂ ਦੇ ਸਮਾਨ ਹੋਣ ਤਾਂ ਇਹ ਸਿੱਟਾ ਨਿਕਲਦਾ ਹੈ ਕਿ ਤਾਰਿਆਂ ਦੇ ਅੰਦਰੂਨੀ ਭਾਗ ਵਿਚ ਵੀ ਅਜਿਹੀਆਂ ਹੀ ਭੌਤਿਕ ਅਵਸਥਾਵਾਂ ਮੌਜੂਦ ਹਨ ਜਿਹੋ ਜਿਹੀਆਂ ਮਾਡਲ ਵਿਚ। ਅਜਿਹੇ ਕਿੰਨੇ ਹੀ ਮਾੱਡਲਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਦੇ ਫਲਸਰੂਪ ਤਾਰਿਆਂ ਦੇ ਅੰਦਰਲੇ ਹਿੱਸਿਆਂ ਦੀ ਬਣਤਰ ਦੇ ਵਿਸ਼ੇ ਵਿਚ ਸਮੁੱਚੇ ਤੌਰ ਤੇ ਗਿਆਨ ਪ੍ਰਾਪਤ ਹੋ ਸਕਿਆ ਹੈ।

ਕੁਝ ਤਾਰਿਆਂ ਦੇ ਪੁੰਜ ਅਤੇ ਅਰਧ ਵਿਆਸ ਗਿਆਤ ਹਨ। ਇਸ ਤੋਂ ਬਿਨ੍ਹਾਂ ਹਰ ਇਕ ਤਾਰੇ ਦਾ ਇਕ ਇਕ ਜ਼ਰੂਰੀ ਲੱਛਣ ਹੈ ਕਿ ਉਹ ਨਿਰੰਤਰ ਵਕਫ਼ਿਆਂ ਵਿਚ ਸਭ ਪਾਸੇ ਊਰਜਾ ਦਾ ਵਿਕੀਰਨ ਕਰਦਾ ਰਹਿੰਦਾ ਹੈ। ਊਰਜਾ ਦੇ ਵਿਕੀਰਨ ਦੀ ਦਰ ਜਿਸ ਨੂੰ ਤਾਰੇ ਦੀ ਜੋਤੀ (luminosity) ਕਹਿੰਦੇ ਹਨ। ਇਸ ਲੱਛਣ ਦੀ ਵੀ ਉਨੀ ਹੀ ਮਹੱਤਤਾ ਹੈ ਜਿੰਨੀ ਕਿ ਤਾਰੇ ਦੇ ਪੁੰਜ ਅਤੇ ਅਰਧ ਵਿਆਸ ਦੀ। ਜੇਕਰ ਤਾਰਿਆਂ ਦੇ ਪੁੰਜਾਂ ਅਤੇ ਅਰਧਵਿਆਸਾਂ ਦਾ ਰੇਖਾ ਚਿੱਤਰ ਖਿਚਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਤਾਰਿਆਂ ਨੂੰ ਲਗਭਗ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਤਾਰਿਆਂ ਦੇ ਪੁੰਜ ਅਤੇ ਜੋਤੀ ਦਾ ਰੇਖਾ-ਚਿੱਤਰ ਵੀ ਇਸ ਕਥਨ ਦੀ ਪੁਸ਼ਟੀ ਕਰਦਾ ਹੈ। ਬਹੁਤੇ ਤਾਰਿਆਂ ਦੀ ਜੋਤੀ ਉਨ੍ਹਾਂ ਦੇ ਪੁੰਜ ਦੇ ਲਗਭਗ 3.5 ਘਾਤ ਦੇ ਅਨੁਸਾਰ ਵਧਦੀ ਘਟਦੀ ਹੈ। ਇਨ੍ਹਾਂ ਤਾਰਿਆਂ ਦੇ ਸਮੂਹ ਨੂੰ ਮੁੱਖ ਸ਼੍ਰੇਣੀ ਕਹਿੰਦੇ ਹਨ। ਜਿਹੜੇ ਤਾਰੇ ਇਸ ਸ਼੍ਰੇਣੀ ਤੋਂ ਭਿੰਨ ਹਨ ਉਹ ਦੋ ਤਰ੍ਹਾਂ ਦੇ ਹੁੰਦੇ ਹਨ : (1) ਸਫ਼ੈਦ ਬੌਣੇ ਅਤੇ (2) ਟ੍ਰੰਪਲਰ ਤਾਰੇ। ਟ੍ਰੰਪਲਰ ਤਾਰਿਆਂ ਦੀ ਜੋਤੀ ਉਨ੍ਹਾਂ ਦੇ ਪੁੰਜ ਦੇ ਅਨੁਪਾਤ ਵਿਚ ਘਟਦੀ ਵਧਦੀ ਹੈ। ਜੇਕਰ ਇਕ ਹੀ ਪੁੰਜ ਦੀ ਮੁੱਖ ਸ਼੍ਰੇਣੀ ਦੇ ਤਾਰਿਆਂ ਅਤੇ ਸਫ਼ੈਦ ਬੌਣੇ ਤਾਰਿਆਂ ਦੀਆਂ ਜੋਤੀਆਂ ਅਤੇ ਅਰਧਵਿਆਸਾਂ ਦੀ ਤੁਲਨਾ ਕਰੀਏ ਤਾਂ ਇਹ ਪਤਾ ਲਗਦਾ ਹੈ ਕਿ ਸਫ਼ੈਦ ਬੌਣਾ ਮੁੱਖ ਸ਼੍ਰੇਣੀ ਦੇ ਤਾਰੇ ਦੇ ਮੁਕਾਬਲੇ ਬਹੁਤ ਘੱਟ ਜੋਤੀਮਾਨ ਹੁੰਦਾ ਹੈ ਅਤੇ ਉਸ ਦਾ ਅਰਧਵਿਆਸ ਵੀ ਬਹੁਤ ਘੱਟ ਹੁੰਦਾ ਹੈ। ਇਸ ਲਈ ਸਫ਼ੈਦ ਬੌਣੇ ਤਾਰੇ ਦਾ ਪਦਾਰਥ ਅਤਿ ਸੰਘਣਾ ਹੋਣਾ ਚਾਹੀਦਾ ਹੈ।

(ਸੀਰੀਅਸ-ਬੀ) ਸਫ਼ੈਦ ਬੌਣੀ ਸ਼੍ਰੇਣੀ ਦਾ ਪ੍ਰਤੀਨਿਧ ਤਾਰਾ ਮੰਨਿਆ ਜਾਂਦਾ ਹੈ। ਇਸ ਦੀ ਘਣਤਾ ਲਗਭਗ $6.8 \times 10^4$ ਗ੍ਰਾਮ ਪ੍ਰਤੀ ਘਣ ਸੈਂ.ਮੀ. ਹੈ। ਇਹੋ ਹੀ ਨਹੀਂ ਸਗੋਂ ਜੇਕਰ ਇਕ ਹੀ ਪ੍ਰਭਾਵ ਤਾਪ ਵਾਲੇ ਮੁੱਖ ਸ਼੍ਰੇਣੀ ਦੇ ਤਾਰਿਆਂ ਅਤੇ ਸਫ਼ੈਦ ਬੌਣੇ ਤਾਰੇ ਦੀਆਂ ਜੋਤੀਆਂ ਦੀ ਤੁਲਨਾ ਕਰੀਏ ਤਾਂ ਸਫ਼ੈਦ ਬੌਣਾ ਤਾਰਾ ਮੁੱਖ ਸ਼੍ਰੇਣੀ ਦੇ ਤਾਰੇ ਦੇ ਮੁਕਾਬਲੇ ਬਹੁਤ ਹੀ ਘੱਟ ਜੋਤੀਮਾਨ ਹੁੰਦਾ ਹੈ। ਇਨ੍ਹਾਂ ਭਿੰਨਤਾਵਾਂ ਦੇ ਅਧਾਰ ਉੱਤੇ ਇਹ ਕਿਹਾ ਜਾ ਸਕਦਾ ਹੈ ਕਿ ਤਾਰਿਆਂ ਦੀਆਂ ਅੰਦਰੂਨੀ ਰਚਨਾਵਾਂ ਵੀ ਭਿੰਨ ਭਿੰਨ ਹੋਣਗੀਆਂ।

ਹ.ਪ੍ਰ.–ਹਿੰ. ਵੀ. ਕੋ. 5 : 366

**ਤਾਰਾ-ਮੰਡਲ** : ਇਹ ਕੁਝ ਚਮਕੀਲੇ ਤਾਰਿਆਂ ਦੇ ਸਮੂਹ ਹਨ ਜਿਨ੍ਹਾਂ ਨੂੰ ਤਾਰਾ-ਮੰਡਲ ਜਾਂ ਖਿੱਤੀ ਕਿਹਾ ਜਾਂਦਾ ਹੈ ਅਤੇ ਜਿਹੜੇ ਆਕਾਸ਼ ਨੂੰ ਵੱਖ ਵੱਖ ਭਾਗਾਂ ਵਿਚ ਵੰਡਦੇ ਹਨ। ਇਨ੍ਹਾਂ ਤਾਰਾ-ਮੰਡਲਾਂ ਵਿਚੋਂ ਕੁਝ ਕੁ ਦੇ ਨਾਂ ਤਾਂ ਉਨ੍ਹਾਂ ਦੀ ਜੀਵਾਂ ਵਰਗੀ ਬਨਾਵਟ ਹੋਣ ਕਰਕੇ ਜੀਵਾਂ ਦੇ ਨਾਵਾਂ ਅਨੁਸਾਰ ਰੱਖੇ ਗਏ ਹਨ। ਜ਼ਿਆਦਾਤਰ ਤਾਰਾ-ਮੰਡਲਾਂ ਦੇ ਨਾਂ ਧਾਰਮਿਕ ਅਤੇ ਪੌਰਾਣਿਕ ਗਾਥਾਵਾਂ ਦੇ ਆਧਾਰ ਉੱਤੇ ਰੱਖੇ ਗਏ ਹਨ। ਬੇਸ਼ਕ ਸਾਰੇ ਪ੍ਰਾਚੀਨ ਦੇਸ਼ਾਂ ਦੇ ਸਾਹਿਤ ਵਿਚ ਤਾਰਾ-ਮੰਡਲਾਂ ਦਾ ਵਰਣਨ ਮਿਲਦਾ ਹੈ ਫਿਰ ਵੀ ਉਨ੍ਹਾਂ ਦੇ ਅੰਤਰ ਰਾਸ਼ਟਰੀ ਨਾਂ ਯੂਨਾਨੀ ਜੋਤਿਸ਼ੀ ਟਾਲਮੀ ਦੀ ਪੁਸਤਕ ਅਲਮਜਿਸਤੀ (Almagest) ਉੱਤੇ ਅਧਾਰਿਤ ਹਨ। ਇਨ੍ਹਾਂ ਨਾਵਾਂ ਦੀ ਸੂਚੀ ਉਸ ਨੇ ਆਪਣੇ ਪੂਰਵਵਰਤੀ ਜੋਤਿਸ਼ੀ ਹਿਪਾਰਕਸ ਤੋਂ ਪ੍ਰਾਪਤ ਕੀਤੀ ਸੀ ਪਰੰਤੂ ਇਸ ਦੇ ਅਰਥ ਇਹ ਵੀ ਨਹੀਂ ਹਨ ਕਿ ਇਨ੍ਹਾਂ ਦੇ ਨਾਂ ਮੂਲ ਯੂਨਾਨੀ ਹਨ।

**ਤਾਰਾ-ਮੰਡਲਾਂ ਦੇ ਤਾਰਿਆਂ ਦੇ ਨਾਂ** — ਅੰਤਰਰਾਸ਼ਟਰੀ ਪ੍ਰਣਾਲੀ ਤਹਿਤ ਘਟਦੇ ਕ੍ਰਮ ਵਿਚ ਚਮਕੀਲੇ ਤਾਰਿਆਂ ਦਾ ਨਾਮਕਰਨ ਤਾਰਾ-ਮੰਡਲ ਦੇ ਨਾਂ ਤੋਂ ਪਹਿਲਾਂ ਯੂਨਾਨੀ ਅੱਖਰ ਨੂੰ ਅੱਖਰਕ੍ਰਮ ਅਨੁਸਾਰ ਲਗਾ ਕੇ ਕੀਤਾ ਜਾਂਦਾ ਹੈ ਜਿਵੇਂ, ਐਲਫ਼ਾ ਏਰੀਜ਼ ($\alpha$ Aris) ਦਾ ਅਰਥ ਹੈ ਮੇਖ ਤਾਰਾ-ਮੰਡਲ ਦਾ ਸਭ ਤੋਂ ਚਮਕੀਲਾ ਤਾਰਾ। ਜਦੋਂ ਯੂਨਾਨੀ ਅੱਖਰ ਖ਼ਤਮ ਹੋ ਜਾਂਦੇ ਹਨ ਤਦ ਰੋਮਨ ਵਰਣਮਾਲਾ ਦੇ ਲਘੂ ਅੱਖਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਚੱਲ ਤਾਰਿਆਂ ਨੂੰ ਦਰਸਾਣ ਲਈ ਤਾਰਾ ਮੰਡਲਾਂ ਦੇ ਨਾਵਾਂ ਅੱਗੇ

ਰੋਮਨ ਵਰਣਮਾਲਾ ਦੇ ਵੱਡੇ ਅੱਖਰ R, S, T, ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ। ਘੱਟ ਚਮਕੀਲੇ ਤਾਰਿਆਂ ਨੂੰ ਦਰਸਾਉਣ ਲਈ ਅੰਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਤਾਰਾ-ਮੰਡਲਾਂ ਦੀਆਂ ਸੀਮਾਵਾਂ** — ਸੰਨ 1801 ਵਿਚ ਬੋਡੇ (Bode) ਨੇ ਤਾਰਾ-ਮੰਡਲਾਂ ਦੀਆਂ ਸੀਮਾਵਾਂ ਨਿਰਧਾਰਿਤ ਕੀਤੀਆਂ ਪਰ ਇਹ ਪਰਮਾਣਿਕ ਨਹੀਂ ਸਨ। ਕਿਉਂਕਿ ਇਸ ਅਨੁਸਾਰ ਵੱਖ ਵੱਖ ਸੂਚੀਆਂ ਵਿਚ ਸਥਿਤ ਸੀਮਾਂਵਰਤੀ ਤਾਰੇ ਵੱਖ ਵੱਖ ਤਾਰਾ ਮੰਡਲ ਵਿਚ ਸਥਿਤ ਹਨ। ਸੰਨ 1930 ਵਿਚ ਅੰਤਰਰਾਸ਼ਟਰੀ ਜੋਤਿਸ਼ੀ ਸੰਘ ਨੇ ਇਨ੍ਹਾਂ ਸੀਮਾਵਾਂ ਦਾ ਪਰਮਾਣਿਕ ਨਿਰਧਾਰਨ ਕੀਤਾ।

**ਤਾਰਾ-ਮੰਡਲਾਂ ਦੀ ਵੰਡ** — ਤਾਰਾ-ਮੰਡਲ ਤਿੰਨ ਖੇਤਰਾਂ ਵਿਚ ਵੰਡੇ ਹੋਏ ਹਨ :

(ੳ) ਰਾਸ਼ੀ ਚੱਕਰ ਦੇ ਤਾਰਾ-ਮੰਡਲ, (ਅ) ਰਾਸ਼ੀ ਚੱਕਰ ਅਤੇ ਉੱਤਰੀ ਧ੍ਰਵ ਦੇ ਮੱਧਵਰਤੀ ਤਾਰਾ-ਮੰਡਲ ਅਤੇ (ੲ) **ਰਾਸ਼ੀ** ਚੱਕਰ ਅਤੇ ਦਖੱਣੀ ਧ੍ਰਵ ਦੇ ਮੱਧਵਰਤੀ ਤਾਰਾ-ਮੰਡਲ। ਇਸ ਵਿਵਰਣ ਵਿਚ ਤਾਰਿਆਂ ਤੋਂ ਬਾਅਦ ਬ੍ਰੈਕਟ ਵਿਚ ਦਿੱਤਾ ਗਿਆ ਅੰਕ ਉਸ ਦੀ ਦ੍ਰਿਸ਼ਟੀਗਤ ਜੋਤੀ ਦਾ ਸੂਚਕ ਹੈ। ਤਾਰਾ ਮੰਡਲ ਦੇ ਨਾਂ ਤੋਂ ਤੁਰੰਤ ਬਾਅਦ ਲਿਖੀ ਮਿਤੀ ਉਨ੍ਹਾਂ ਦੀ ਦੱਖਣ ਤੋਂ ਉੱਤਰ ਦਿਸ਼ਾ ਵੱਲ ਨੂੰ ਗਤੀ ਨੂੰ ਸੂਚਿਤ ਕਰਦੀ ਹੈ।

**(ੳ) ਰਾਸ਼ੀ ਚੱਕਰ ਦੇ ਤਾਰਾ-ਮੰਡਲ** - ਇਨ੍ਹਾਂ ਦੀਆਂ 12 ਸੰਖਿਆਵਾਂ ਪ੍ਰਸਿੱਧ ਹਨ ਪਰ ਓਫਿਊਕਸ (ophicus) ਦਾ ਕੁਝ ਭਾਗ ਬ੍ਰਿਸ਼ਚਕ ਅਤੇ ਧਨ-ਰਾਸ਼ੀਆਂ ਦੇ ਮੱਧ ਵਿਚ ਸਥਿਰ ਹੈ। ਇਸ ਤਰ੍ਹਾਂ ਰਾਸ਼ੀ ਚੱਕਰ ਦੇ ਤਾਰਾ ਮੰਡਲਾਂ ਦੀ ਸੰਖਿਆ 13 ਹੋ ਜਾਵੇਗੀ। ਜੇਕਰ ਖੱਬੇ ਗੇੜ ਭਾਵ ਘੜੀ ਦੀਆਂ ਸੂਈਆਂ ਦੇ ਉਲਟ ਗੇੜ ਲਈਏ ਤਦ ਰਾਸ਼ੀ ਚੱਕਰ ਦੇ ਤਾਰਾ-ਮੰਡਲ ਇਸ ਤਰ੍ਹਾਂ ਹਨ :

1. **ਮੇਖ** (Aries) — 30 ਅਕਤੂਬਰ; ਇਹ ਟ੍ਰਾਇਐਂਗੁਲਮ ਸੀਟਸ ਅਤੇ ਮੀਨ ਦੇ ਵਿਚਕਾਰ ਸਥਿਤ ਹੈ। ਰਾਸ਼ੀ-ਚੱਕਰ ਦੀ ਇਹ ਪਹਿਲੀ ਰਾਸ਼ੀ ਹੈ।

2. **ਬ੍ਰਿਖ** (Taurus) — 30 ਨਵੰਬਰ; ਇਹ ਮੇਖ, (ਪਰਸੀਅਸ (Perseus), ਮ੍ਰਿਗ (orion) ਅਤੇ ਪ੍ਰਜਾਪਤੀ (Auriga) ਦੇ ਵਿਚਕਾਰ ਸਥਿਤ ਹੈ। ਅਲਸਯੌਨ (1) ਅਤੇ ਰੋਹਿਣੀ (1) ਇਸ ਦੇ ਮੁੱਖ ਤਾਰੇ ਹਨ।

3. **ਮਿਥੁਨ** (Gemini) — 5 ਜਨਵਰੀ; ਇਹ ਪ੍ਰਜਾਪਤੀ, ਮ੍ਰਿਗ ਅਤੇ ਕੈਨਿਸ ਮਾਈਨਰ (canis minor) ਦੇ ਵਿਚਕਾਰ ਸਥਿਤ ਹੈ। ਇਸ ਦੇ ਮੁੱਖ ਤਾਰੇ ਕੇਸਟਰ (1) ਅਤੇ ਪੱਲਕਸ (1) ਹਨ।

4. **ਕਰਕ** (Cancer) — 30 ਜਨਵਰੀ; ਇਹ ਪੱਲਸਕ ਅਤੇ ਮਘਾ ਦੇ ਵਿਚਕਾਰ ਸਥਿਤ ਹੈ। ਇਸ ਵਿਚ ਚਮਕੀਲੇ ਤਾਰੇ ਨਹੀਂ ਹਨ।

5. **ਸਿੰਘ** (Leo) — 1 ਮਾਰਚ; ਇਸ ਦੇ ਤਾਰੇ ਚਮਕੀਲੇ ਹਨ।

6. **ਕੰਨਿਆ** (Virgo) — 11 ਅਪ੍ਰੈਲ; ਇਹ ਕੱਰਵਸ (Corvus), ਵਾਸੁਕਿ (Hydra), ਸਰਪੈਂਸ (Serpens) ਅਤੇ ਬੂਟੀਜ਼ (Bootes) ਦੇ ਵਿਚਕਾਰ ਸਥਿਤ ਹੈ। ਇਸ ਦਾ ਮੁੱਖ ਤਾਰਾ ਚਿਤਰਾ (1) ਹੈ।

7. **ਤੁਲਾ** (Libra) — 9 ਮਈ; ਇਹ ਕੰਨਿਆ, ਲਿਊਪਸ (Lupus) ਅਤੇ ਬ੍ਰਿਸਚਕ ਦੇ ਵਿਚਕਾਰ ਸਥਿਤ ਹੈ। ਇਸ ਦੀ ਬਨਾਵਟ ਪੰਤਮ ਵਰਗੀ ਹੈ।

8. **ਬ੍ਰਿਸਚਕ** (Scorpio) — 30 ਜੂਨ; ਇਹ ਸਰਪਧਰ ਅਤੇ ਸਰਪੈਂਸ ਦੇ ਦੱਖਣ ਵਿਚ ਸਥਿਤ ਬ੍ਰਿਸਚਕ ਜਿੱਡੇ ਆਕਾਰ ਦਾ ਹੈ। ਇਸ ਦਾ ਪਲੇਠਾ (ਅਨਟੇਰੀਜ਼) ਤਾਰਾ (1) ਵਿਸ਼ਾਲ ਹੈ।

9. **ਧਨ** (Sagittarius) — 7 ਜੁਲਾਈ; ਇਹ ਬ੍ਰਿਸਚਕ ਅਤੇ ਐਕਵਿਲਾ (Aquila) ਦੇ ਵਿਚਕਾਰ ਸਥਿਤ ਹੈ। ਆਕਾਸ਼ ਗੰਗਾ ਦੀ ਕੇਂਦਰੀ ਦਿਸ਼ਾ ਵੀ ਇਸੇ ਤਾਰਾ-ਮੰਡਲ ਵਿਚ ਹੈ।

10. **ਮਕਰ** (Capricon) — 8 ਅਗਸਤ; ਇਹ ਤਾਰਾ-ਮੰਡਲ ਐਕਵਿਲਾ (Aquila), ਧਨ, ਦੱਖਣੀ ਮੀਨ ਅਤੇ ਮੀਨ ਦੇ ਵਿਚਕਾਰ ਸਥਿਤ ਹੈ।

11. **ਕੁੰਭ** (Aquarius) — 25 ਅਗਸਤ; ਇਹ ਵਿਸ਼ਾਲ ਤਾਰਾ-ਮੰਡਲ ਪੇਗਾਸਸ (Pegasus) ਦੇ ਦੱਖਣ ਵਿਚ ਸਥਿਤ ਹੈ।

12. **ਮੀਨ** (Pisces) — 27 ਸਤੰਬਰ; ਇਹ ਤਾਰਾ-ਮੰਡਲ ਪੇਗਾਸਸ ਦੇ ਹੇਠਾਂ ਕੁੰਭ ਤੋਂ ਲੈ ਕੇ ਮੇਖ ਤੱਕ ਫੈਲਿਆ ਹੋਇਆ ਹੈ ਅਤੇ ਤਾਰਿਆਂ ਦੀ ਰੇਖਾ ਵਰਗਾ ਦਿਖਾਈ ਦਿੰਦਾ ਹੈ।

13. **ਸਰਪਧਰ** (ophicichus) — 11 ਜੂਨ; ਇਹ ਵਿਸੁਵਤ ਚੱਕਰ ਨੂੰ ਕਟਦਾ ਹੋਇਆ ਬ੍ਰਿਸਚਕ ਅਤੇ ਧਨ ਦੇ ਵਿਚਕਾਰੋਂ ਜਾਂਦਾ ਹੈ।

**(ਅ) ਰਾਸ਼ੀ ਚੱਕਰ ਅਤੇ ਉੱਤਰੀ ਧ੍ਰਵ ਦੇ ਮੱਧਵਰਤੀ ਤਾਰਾ-ਮੰਡਲ** - ਇਨ੍ਹਾਂ ਦੀ ਕੁੱਲ ਸੰਖਿਆ 28 ਹੈ ਜਿਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :-

1. **ਲਿਉ ਮਾਈਨਰ** (Leo Minor) — 23 ਫ਼ਰਵਰੀ; ਇਹ ਸਿੰਘ ਦੇ ਉਪਰ ਪਾਸੇ ਧੁੰਦਲੇ ਤਾਰਿਆਂ ਦੀ ਇਕ ਛੋਟੀ ਜਿਹੀ ਰੇਖਾ ਹੈ

2. **ਸਪਤ-ਰਿਸ਼ੀ (Ursa Major)** — 11 ਮਾਰਚ; ਇਸ ਦੇ ਸੱਤ ਤਾਰੇ ਹਨ ਜਿਨ੍ਹਾਂ ਨੂੰ ਸੱਤ ਰਿਸ਼ੀਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਕ੍ਰਤੁ (1) ਅਤੇ ਪੁਲਹ (2) ਤਾਰੇ ਦਿਸ਼ਾ ਸੂਚਕ ਹਨ।

3. **ਲਘੁ ਸਪਤ-ਰਿਸ਼ੀ (Ursa Minor)** — 13 ਮਈ; ਇਹ ਖ਼ਗੋਲੀ ਧ੍ਰਵ ਦੇ ਬਿਲਕੁਲ ਨੇੜੇ ਹੋਣ ਕਾਰਨ ਉੱਤਰੀ ਦਿਸ਼ਾ ਦਾ ਸੂਚਕ ਹੈ। ਧ੍ਰਵਤਾਰਾ (2) ਇਸ ਦੀ ਪੂਛ ਦਾ ਅਖ਼ੀਰਲਾ ਤਾਰਾ ਹੈ ਧ੍ਰਵਤਾਰੇ ਅਤੇ ਦੂਸਰੇ ਚਮਕੀਲੇ ਤਾਰੇ ਨੋਕਾਬ (2) ਦੀ ਦਿਸ਼ਾ ਵਿਚ ਬੂਟੀਜ਼ ਤਾਰਾ-ਮੰਡਲ ਹੈ।

4. **ਲਿੰਕਸ (lynx)** — 19 ਜੂਨ; ਇਹ ਮਿਥੁਨ ਅਤੇ ਸਪਤ-ਰਿਸ਼ੀ ਦੇ ਵਿਚਕਤਾਰ ਧੁੰਦਲੇ ਤਾਰਿਆਂ ਦੀ ਇਕ ਲੰਬੀ ਕਤਾਰ ਵਰਗਾ ਹੈ।

5. **ਪ੍ਰਜਾਪਤੀ (Auriga)** — 21 ਦਸੰਬਰ; ਬ੍ਰਿਖ ਅਤੇ ਮਿਥੁਨ ਦੇ ਮੱਧ ਉੱਤਰ ਵਿਚ ਸਥਿਤ ਹੈ। ਆਕਾਸ਼ ਗੰਗਾ ਇਸ ਵਿਚੋਂ ਦੀ ਹੋ ਕੇ ਲੰਘਦੀ ਹੈ। ਚਮਕੀਲਾ ਤਾਰਾ ਬ੍ਰਹਮਹਿਰਦਾ (capella), ਮ੍ਰਿਗ ਅਤੇ ਧ੍ਰਵ ਦੇ ਵਿਚਕਾਰ ਹੈ।

6. **ਕਾਮੇਲੋਪਾਰਡੇਲਿਸ (Camelopardalis)** — 2[illegible] ਦਸਬੰਰ; ਧ੍ਰਵ ਅਤੇ ਬ੍ਰਹਮ ਹਿਰਦੇ ਦੇ ਵਿਚਕਾਰ ਧੁੰਦਲੇ ਤਾਰਿਆ ਵਾਲਾ ਮੰਡਲ ਹੈ।

7. **ਪਰਸੀਅਸ (Perseus)** — 7 ਨਵੰਬਰ; ਆਕਾਸ਼ ਗੰਗਾ ਦੀ ਪੇਟੀ ਵਿਚ ਸਥਿਤ ਇਹ ਤਾਰਾ-ਮੰਡਲ ਬ੍ਰਿਖ, ਪ੍ਰਜਾਪਤੀ ਅਤੇ ਕੈਸੀਓਪੀਆ (Cassiopeia) ਨਾਲ ਘਿਰਿਆ ਹੋਇਆ ਹੈ। ਇਸ ਦਾ ਮੁੱਖ ਤਾਰਾ ਮਿਫਰਕ (1) ਹੈ ਅਤੇ ਅਲਮੂਲ (Algol) (2) ਪ੍ਰਸਿੱਧ ਚੱਲ ਤਾਰਾ (ਲਾਭਕਾਰੀ ਯੁਗਮਤਾਰਾ) ਹੈ।

8. ਟ੍ਰਾਇਐਂਗੁਲਮ (Triangulum) — 23 ਅਕਤੂਬਰ; ਇਹ ਤਿੰਨ ਭੁਜਾਵੇਂ ਆਕਾਰ ਵਾਲੇ ਤਾਰਾ-ਮੰਡਲ ਮੇਖ, ਪਰਸੀਅਸ ਅਤੇ ਐਂਡ੍ਰੋਮਿਡਾ (Andromede) ਦੇ ਵਿਚਕਾਰ ਸਥਿਤ ਹੈ।

9. **ਐਂਡ੍ਰੋਮਿਡਾ** — 9 ਅਕਤੂਬਰ; ਇਹ ਕੈਸੀਓਪੀਆ ਦੇ ਠੀਕ ਹੇਠਾਂ ਪੇਗਾਸਸ, ਮੀਨ ਅਤੇ ਟ੍ਰਾਇਐਂਗੁਲਮ ਨਾਲ ਘਿਰਿਆ ਹੋਇਆ ਹੈ ਇਸ ਦਾ ਪਹਿਲਾ ਤਾਰਾ ਅਲਫਰਾਜ਼ (Alpheratz) (2), ਪੇਗਾਸਸ ਦੇ ਵਰਗ ਦੇ ਉੱਤਰ-ਪੂਰਵ ਕੋਣ ਦਾ ਸਿਖ਼ਰ ਬਿੰਦੂ (Vertex) ਹੈ। ਇਸ ਦੀ ਦ੍ਰਿਸ਼ਟੀਗਤ ਨਿਹਾਰਕਾ ਕੁੰਡਲਦਾਰ ਆਕਾਰ ਦੀ ਆਕਾਸ਼ ਗੰਗਾ ਹੈ।

10. **ਕੈਸੀਓਪੀਆ** (Cassiopeia) — ਇਹ ਐਂਡ੍ਰੋਮਿਡਾ ਤੋਂ ਠੀਕ ਉਪਰ ਅਤੇ ਧ੍ਰੁਵ ਤਾਰੇ ਦੇ ਹੇਠਾਂ, ਆਕਾਸ਼ ਗੰਗਾ ਵਿਚ ਲੀਨ ਰੋਮਨ ਲਿਪੀ ਦੇ ਡਬਲਯੂ (W) ਅੱਖਰ ਦੇ ਆਕਾਰ ਵਾਲਾ ਤਾਰਾ-ਮੰਡਲ ਹੈ।

11. **ਪੇਗਾਸਸ** (Pegasus) — 1 ਸਤੰਬਰ; ਇਹ ਐਂਡ੍ਰੋਮਿਡਾ ਦੇ ਹੇਠਾਂ ਸਥਿਤ ਹੈ। ਇਸ ਦੇ ਵਰਗਾਕਾਰ ਤਾਰੇ ਦਿਲ ਖਿਚਵੇਂ ਹਨ।

12. **ਲਾਸਰਟਾ** (lacerta) — 28 ਅਗਸਤ; ਇਹ ਪੇਗਾਸਸ ਦੇ ਉਪਰ ਸਥਿਤ ਇਕ ਧੁੰਦਲਾ ਤਾਰਾ-ਮੰਡਲ ਹੈ।

13. **ਸੀਫੀਅਸ** (Capheus) — 29 ਸਤੰਬਰ; ਇਹ ਕੈਸੀਓਪੀਆ, ਸਿਗਨਸ ਅਤੇ ਧ੍ਰੁਵਤਾਰੇ ਦੇ ਮੱਧ ਵਿਚ ਸਥਿਤ ਹੈ। ਇਸ ਵਿਚੋਂ ਦੀ ਆਕਾਸ਼ ਗੰਗਾ ਲੰਘਦੀ ਹੈ ਅਤੇ ਇਸ ਦਾ ਚੌਥਾ ਤਾਰਾ ਸੀਫੀਡ ਚੱਲ ਤਾਰਿਆਂ ਦਾ ਪ੍ਰਤਿਨਿਧੀ ਹੈ।

14. **ਸਿਗਨਸ** (Cygnus) — 30 ਜੁਲਾਈ; ਇਹ ਸੀਫੀਅਸ ਦੇ ਹੇਠਾਂ ਪੱਛਮ ਵਲ ਸਥਿਤ ਹੈ। ਆਕਾਸ਼ ਗੰਗਾ ਇਸ ਵਿਚੋਂ ਲੰਘਦੀ ਹੈ ਅਤੇ ਇਸ ਦਾ ਪਹਿਲਾ ਤਾਰਾ ਡ੍ਰੇਨੇਬ (1) ਹੈ।

15. **ਲੋਮਸ** (Vulpecula) — 25 ਜੁਲਾਈ; ਇਹ ਸਿਗਨਸ ਦੇ ਹੇਠਾਂ ਆਕਾਸ਼ ਗੰਗਾ ਦੇ ਵਿਚਲੇ ਭਾਗ ਵਿਚ ਸਥਿਤ ਹੈ।

16. **ਸੈਜਿਟਾ** (Sagitta) — 16 ਜੁਲਾਈ; ਇਹ ਲੋਮਸ਼ ਅਤੇ ਐਕਵਿਲਾ ਦੇ ਅਲਤਾਇਰ (Altair) ਤਾਰੇ ਦੇ ਵਿਚਕਾਰ ਸਥਿਤ ਹੈ।

17. **ਐਕਵਿਲਾ** (Aquila) — ਇਹ ਸੈਜਿਟਾ ਦੇ ਹੇਠਾਂ ਸਥਿਤ ਹੈ। ਆਕਾਸ਼ ਗੰਗਾ ਇਸ ਵਿਚ ਦੀ ਹੋ ਕੇ ਲੰਘਦੀ ਹੈ। ਇਸ ਦਾ ਪਹਿਲਾ ਤਾਰਾ ਅਲਤਾਇਰ (1), ਸਿਗਲਸ ਦਾ ਡ੍ਰੇਨੇਬ ਅਤੇ ਲਾਇਰਾ (Lyra) ਦਾ ਵੇਗਾ (Vega) ਤਿੰਨੋ ਚਮਕੀਲੇ ਤਾਰੇ ਮਿਲਕੇ ਇਕ ਤਿਕੋਣ ਬਣਾਉਂਦੇ ਹਨ।

18. **ਡੈਲਫਾਇਨਸ** (Delphinus) — 31 ਜੁਲਾਈ; ਇਹ ਐਕਵਿਲਾ ਦੇ ਪੂਰਬ ਵਿਚ ਆਕਾਸ਼ ਗੰਗਾ ਦੇ ਹੇਠਾਂ ਪੰਜ ਤਾਰਿਆਂ ਦੇ ਗੁੱਛੇ ਵਰਗਾ ਦਿਖਾਈ ਦਿੰਦਾ ਹੈ।

19. **ਇਕਵੂਲੀਅਸ** (Equuleus) — 8 ਅਗਸਤ; ਇਹ ਪੇਗਾਸਸ ਅਤੇ ਡੈਲਫਾਇਨਸ ਦੇ ਮੱਧ ਵਰਤੀ, ਅਤਿਅੰਤ ਨੇੜੇ ਦੇ ਤਾਰਿਆਂ ਦੀ ਤ੍ਰਿਭੁਜ ਦੇ ਆਕਾਰ ਦਾ ਹੈ।

20. **ਸਰਪੈਂਸ** (Serpens) — 9 ਜੂਨ; ਇਸ ਨੂੰ ਸਰਪਸਰ ਪੂਛ ਅਤੇ ਸਿਰ, ਦੋ ਭਾਗਾਂ ਵਿਚ ਵੰਡਦਾ ਹੈ। ਇਸ ਦੇ ਸਿਰ ਦੇ ਉਤਰ ਵਿਚ ਕਰੋਨਾ ਬੋਰੀਏਲਿਸ ਅਤੇ ਪੂਰਵ ਵਿਚ ਹਰਕੁਲੀਜ਼ ਅਤੇ ਸਰਪਧਰ ਹਨ। ਇਸ ਦੀ ਪੂਛ ਸਰਪਧਰ ਅਤੇ ਐਕਵਿਲਾ ਦੇ ਵਿਚਕਾਰ ਹੈ। ਇਸ ਦੇ ਦੋਨੇ ਭਾਗ ਵਿਸ਼ੁਵਤ ਚੱਕਰਾਂ ਵਿਚੋਂ ਲੰਘਦੇ ਹਨ।

21. **ਢਾਲ** (Scutum) — 1 ਜੁਲਾਈ; ਇਹ ਸਰਪੈਂਸ, ਐਕਵਿਲਾ ਅਤੇ ਧਨ ਦੇ ਵਿਚ ਸਥਿਤ ਹੈ।

22. **ਲਾਇਰਾ** (Lyra) — 4 ਜੁਲਾਈ; ਇਹ ਸਿਗਨਸ ਅਤੇ ਹਰਕੁਲੀਜ਼ ਦੇ ਵਿਚਕਾਰ ਸਥਿਤ ਹੈ। ਇਸ ਦਾ ਅਤਿ ਚਮਕੀਲਾ ਤਾਰਾ ਅਭਿਜਿਤ (1) ਹੈ। ਇਸ ਦਾ ਆਰ-ਆਰ-ਲਾਇਰਾ ਤਾਰਾ ਆਪਣੇ ਵਰਗ ਦੇ ਅਲਪਕਾਲੀ (Short period) ਚੱਲ ਤਾਰਿਆਂ ਦਾ ਪ੍ਰਤਿਨਿਧ ਹੈ।

23. **ਹਰਕੁਲੀਜ਼** (Hercules) — 13 ਜੂਨ; ਇਹ ਲਾਇਰਾ, ਸਰਪਧਰ ਅਤੇ ਕਰੋਨਾ ਬੋਰੀਏਲਿਸ ਦੇ ਵਿਚਕਾਰ ਸਥਿਤ ਹੈ। ਇਸ ਦੇ ਚਾਰ ਚਮਕੀਲੇ ਤਾਰੇ ਮਿਲਕੇ ਚਤਰਭੁਜ ਬਣਾਉਂਦੇ ਹਨ।

24. **ਕਰੋਨਾ ਬੋਰੀਏਲਿਸ** — 19 ਮਈ; ਇਹ ਬੂਟੀਜ਼ ਅਤੇ ਹਰਕੁਲੀਜ਼ ਦੇ ਵਿਚਕਾਰਲੇ ਤਾਰਿਆਂ ਨਾਲ ਮਿਲਦੇ ਅਰਧ ਚੱਕਰ ਦਾ ਆਕਾਰ ਬਣਾਉਂਦਾ ਹੈ।

25. **ਡ੍ਰੇਕੋ** (Draco) — 24 ਮਈ; ਇਹ ਕਰੋਨਾ ਬੋਰੀਏਲਿਸ, ਹਰਕੁਲੀਜ਼ ਅਤੇ ਬੂਟੀਜ਼ ਦੇ ਉੱਤਰ ਅਤੇ ਲਘੂ ਸਪਤ-ਰਿਸ਼ੀ ਦੇ ਹੇਠਾਂ ਸਥਿਤ, ਵਿਸਤ੍ਰਿਤ ਅਤੇ ਦਿਲ ਖਿਚਵਾਂ ਤਾਰਾ-ਮੰਡਲ ਹੈ।

26. **ਬੂਟੀਜ਼** (Bootes) — 2 ਮਈ; ਇਹ ਕੰਨਿਆ, ਕਰੋਨਾ ਬੋਰੀਏਲਿਸ ਅਤੇ ਸਪਤ ਰਿਸ਼ੀ ਨਾਲ ਘਿਰਿਆ ਹੋਇਆ ਤਾਰਾ ਮੰਡਲ ਹੈ। ਇਸ ਤਾਰਾ-ਮੰਡਲ ਦਾ ਪਹਿਲਾ ਤਾਰਾ ਆਰਕਟੂਰਸ (Arcturus) (1) ਉੱਤਰੀ ਅਰਧ-ਗੋਲੇ ਦੇ ਅਤਿਅੰਤ ਚਮਕੀਲੇ ਤਾਰਿਆਂ ਵਿਚ ਤੀਜਾ ਸਥਾਨ ਰੱਖਦਾ ਹੈ।

27. **ਕੇਨੀਸ ਵਿਨੈਟੀਸਾਇ** (Canes Venatici) — 7 ਅਪ੍ਰੈਲ; ਇਹ ਸਪਤ-ਰਿਸ਼ੀ ਦੀ ਪੂਛ ਦੇ ਹੇਠਾਂ ਨਾਰਮਾ (Norma) ਵਰਗਾ ਲਗਦਾ ਹੈ।

28. **ਕਾਮਾ ਬੇਰੀਨਾਇਸੀਜ਼** (Coma Berenices) — 2 ਅਪ੍ਰੈਲ; ਇਹ ਕੇਨੀਸ ਵਿਨੈਟੀਸਾਇ ਅਤੇ ਕੰਨਿਆ ਦੇ ਵਿਚਕਾਰ ਸਥਿਤ ਹੈ।

(ੲ) ਰਾਸ਼ੀ-ਚੱਕਰ ਅਤੇ ਦੱਖਣੀ-ਧ੍ਰੁਵ ਦੇ ਮੱਧਵਰਤੀ ਤਾਰਾ-ਮੰਡਲ — ਇਨ੍ਹਾਂ ਤਾਰਾ-ਮੰਡਲਾਂ ਦੀ ਸੰਖਿਆ 47 ਹੈ ਅਤੇ ਇਹ ਨਿਮਨਲਿਖਿਤ ਹਨ :

1. **ਮ੍ਰਿਗ** (Orion) — 13 ਦਸੰਬਰ; ਇਹ ਸਾਰੇ ਤਾਰਾ-ਮੰਡਲਾਂ ਨਾਲੋਂ ਵਧੇਰੇ ਚਮਕੀਲਾ ਹੈ। ਇਸ ਦੇ ਚਾਰ ਚਮਕੀਲੇ ਤਾਰੇ ਰਾਇਜੇਲ (Rigel) (1), ਬੀਟੇਲਜੂਜ਼ (Betelgeuse) (1), ਬੇਲੇਟ੍ਰਿਕਸ (Bellatrix) (1) ਅਤੇ ਸਾਇਫ਼ (Saiph) (2) ਹਨ। ਚਮਕੀਲੇ ਤਾਰਿਆਂ ਦੀ ਚਤੁਰਭੁਜ ਦੇ ਵਿਚਕਾਰ ਤਿੰਨ ਹੋਰ ਚਮਕੀਲੇ ਤਾਰਿਆਂ ਦੀ ਇਕ ਰੇਖਾ ਹੈ।

2. **ਲੀਪਸ** (Lepus) — 14 ਦਸੰਬਰ; ਇਹ ਮ੍ਰਿਗ ਦੇ ਹੇਠਾਂ ਮ੍ਰਿਗ ਅਤੇ ਕੋਲੰਬਾ (Columba) ਦੇ ਵਿਚਕਾਰ ਸਥਿਤ ਹੈ।

3. **ਸੀਲਮ** (Caelum) — 1 ਦਸੰਬਰ; ਇਹ ਲੀਪਸ ਦੇ ਦੱਖਣ, ਕੋਲੰਬਾ ਅਤੇ ਡੋਰਾਡੋ ਦੇ ਵਿਚਕਾਰ, ਪਹਿਲੇ ਅਤੇ ਚੌਥੇ ਤਾਰੇ ਤੋਂ ਛੋਟਾ, ਸਰਲ ਰੇਖਾ ਵਾਂਗ ਦਿਖਾਈ ਦੇਣ ਵਾਲਾ ਤਾਰਾ ਮੰਡਲ ਹੈ।

4. **ਡੋਰਾਡੋ** (Dorada) — 17 ਦਸੰਬਰ, ਇਹ ਮ੍ਰਿਗ ਤੋਂ ਬਹੁਤ ਦੂਰ ਲੀਪਸ ਦੀ ਦਿਸ਼ਾ ਵਿਚ ਸਥਿਤ ਹੈ।

5. **ਰੇਟੀਕੁਲਮ** (Reticulum) — 19 ਨਵੰਬਰ; ਇਹ ਡੋਰਾਡੋ ਅਤੇ ਹਾਈਡ੍ਰਸ (Hydrus) ਦੇ ਵਿਚਕਾਰ ਸਥਿਤ ਹੈ।

6. **ਹਾਈਡ੍ਰਸ (Hydrus)** — 26 ਅਕਤੂਬਰ; ਇਹ ਰੈਟੀਕੁਲਮ ਦੇ ਦੱਖਣ ਵਿਚ ਸਥਿਤ ਤ੍ਰਿਭੁਜ ਆਕਾਰ ਵਾਲਾ ਤਾਰਾ-ਮੰਡਲ ਹੈ।

7. **ਹੋਰੋ-ਲੋਗੀਅਮ (Horologium)** — 10 ਨਵੰਬਰ; ਇਹ ਇਰਿਡਾਨਸ, ਲੀਪਸ ਅਤੇ ਹਾਈਡ੍ਰਸ ਦੇ ਵਿਚਕਾਰ ਸਥਿਤ ਹੈ।

8. **ਇਰਿਡਾਨਸ (Eridanus)** — 10 ਨਵੰਬਰ; ਇਹ ਮ੍ਰਿਗ ਦੇ ਰਾਇਜੇਲ ਤਾਰੇ ਤੋਂ ਅਰੰਭ ਹੋ ਕੇ ਸੀਟਸ ਤੱਕ ਫੈਲੇ ਹੋਏ ਤਾਰਿਆਂ ਦੀ ਘੁੰਮਣ ਘੇਰੀਆਂ ਵਾਲੀ ਵਿਸ਼ਾਲ ਨਦੀ ਜਿਹੀ ਹੈ। ਇਸ ਦੇ ਮੁੱਖ ਤਾਰੇ ਏਕੇਰਨਾਰ (Achernar) (1) ਅਤੇ ਕਰਸਾ (Cursa) (3) ਹਨ।

9. **ਫ਼ੋਰਨੈਕਸ (Fornax)** — 2 ਨਵੰਬਰ; ਇਹ ਇਰਿਡਾਨਸ ਸੀਟਸ ਅਤੇ ਫੀਨਿਕਸ (Phoenix) ਦੇ ਵਿਚਕਾਰ ਸਥਿਤ ਹੈ।

10. **ਸੀਟਸ (Cetus)** — 1 ਅਕਤੂਬਰ; ਇਹ ਇਰਿਡਾਨਸ ਫ਼ਾਰਨੈਕਸ, ਸ਼ਿਲਪੀ (Sculptor) ਅਤੇ ਮੀਨ ਦੇ ਵਿਚਕਾਰ ਸਥਿਤ ਹੈ। ਇਸ ਦੇ ਮੁੱਖ ਤਾਰੇ ਮੈਂਕਾਰ (Menkar) (2) ਅਤੇ ਡਿਫਡਾ (Difda) (2) ਹਨ। ਇਸ ਦਾ ਮੀਰਾ (Mira) ਤਾਰਾ ਇਕ ਦੀਰਘਕਾਲੀ ਚੱਲ ਤਾਰਾ ਹੈ।

11. **ਸ਼ਿਲਪੀ (Sculptor)** — 26 ਸਤੰਬਰ; ਇਹ ਸੀਟਸ, ਫੀਨਿਕਸ ਅਤੇ ਦੱਖਣੀ ਮੀਨ ਨਾਲ ਘਿਰਿਆ ਹੋਇਆ ਹੈ।

12. **ਫੀਨਿਕਸ (Phoenix)** — 4 ਅਕਤੂਬਰ; ਇਰਿਡਾਨਸ, ਤੁਕੇਨਾ (Tucana) ਅਤੇ ਗ੍ਰਸ (Girus) ਦੇ ਵਿਚਕਾਰ ਸਥਿਤ ਹੈ। ਇਸ ਦਾ ਮੁੱਖ ਤਾਰਾ ਨਾਇਰ ਅਲ ਜ਼ੌਰਕ (Nair al Zaurak) ਹੈ।

13. **ਤੁਕੇਨਾ (Tucana)** — 17 ਸਤੰਬਰ ; ਇਹ ਹਾਈਡ੍ਰਸ, ਗ੍ਰਸ ਅਤੇ ਫੀਨਿਕਸ ਦੇ ਵਿਚਕਾਰ ਸਥਿਤ ਹੈ।

14. **ਆੱਕਟੈਂਸ (Octans)** — ਇਸ ਵਿਚ ਦੱਖਣੀ ਧ੍ਰਵ ਹੈ। ਇਸ ਲਈ ਇਹ ਦੱਖਣੀ ਅਰਧਗੋਲੇ ਦਾ ਸਥਾਈ ਚਕਰਦਾਰ ਤਾਰਾ-ਮੰਡਲ ਹੈ।

15. **ਗ੍ਰਸ (Grus)** — 28 ਅਗਸਤ; ਇਹ ਦੱਖਣ ਮੀਨ ਅਤੇ ਤੁਕੇਨਾ ਦੇ ਵਿਚਕਾਰ ਸਥਿਤ ਹੈ। ਇਸ ਦਾ ਮੁੱਖ ਤਾਰਾ ਅਲ ਨਾਇਰ (2) ਹੈ।

16. **ਦੱਖਣੀ ਮੀਨ (Piscis Australis)** — 25 ਅਗਸਤ; ਇਹ ਮੱਕਰ ਦੇ ਦੱਖਣ ਵਿਚ ਸਥਿਤ ਹੈ। ਇਸ ਦਾ ਪਹਿਲਾ ਤਾਰਾ ਫੋਮਲਹਾੱਟ (Fomalhaut) (1) ਪੈਗਾਸਸ ਦੇ ਵਰਗ ਦੇ ਸੱਜੇ ਪਾਸੇ ਦੇ ਤਾਰਿਆਂ ਦੀ ਦਿਸ਼ਾ ਵਿਚ ਹੈ।

17. **ਮਾਈਕ੍ਰੋਸਕੋਪੀਅਮ (Microscopium)** — 4 ਅਗਸਤ; ਇਹ ਧਨ, ਮਕਰ ਅਤੇ ਦੱਖਣੀ ਮੀਨ ਦੇ ਵਿਚਕਾਰ ਸਥਿਤ ਇਕ ਧੁੰਦਲਾ ਤਾਰਾ-ਮੰਡਲ ਹੈ।

18. **ਇੰਡਸ (Indus)** — 12 ਅਗਸਤ; ਇਹ ਮਕਰ ਦੇ ਦੱਖਣ ਵਿਚ ਲਿਊਪਸ ਅਤੇ ਧਨ ਨਾਲ ਘਿਰਿਆ ਹੋਇਆ ਹੈ।

19. **ਪੇਵੋ (Pavo)** — 15 ਜੁਲਾਈ; ਇਹ ਧਨ ਦੇ ਦੱਖਣ ਵਿਚ ਸਥਿਤ ਹੈ ਜਿਸ ਦਾ ਮੁੱਖ ਤਾਰਾ ਮੋਰ (Peacock) (2) ਹੈ।

20. **ਟੈਲੇਸਕੋਪੀਅਮ (Telescopium)** - 10 ਜੁਲਾਈ; ਇਹ ਧਨ ਦੇ ਦੱਖਣ ਅਤੇ ਮੋਰ ਦੇ ਉਪਰਲੇ ਪਾਸੇ ਇਕ ਧੁੰਦਲਾ ਤਾਰਾ-ਮੰਡਲ ਹੈ।

21. **ਕਰੋਨਾ ਆਸਟ੍ਰੇਲਿਸ (Corona Australus)** — 30 ਜੂਨ; ਇਹ ਧਨ ਅਤੇ ਟੈਲੇਸਕੋਪੀਅਮ ਦੇ ਵਿਚਕਾਰ ਧੁੰਦਲੇ ਤਾਰਿਆਂ ਦੇ ਅਰਧ ਚੱਕਰ ਜਿੰਨੇ ਆਕਾਰ ਦਾ ਤਾਰਾ ਮੰਡਲ ਹੈ।

22. **ਐਰਾ (Ara)** — 10 ਜੂਨ; ਇਹ ਬ੍ਰਿਸ਼ਚਕ ਦੀ ਪੂਛ ਦੇ ਹੇਠਾਂ ਦਿਲਖਿਚਵਾਂ ਤਾਰਾ-ਮੰਡਲ ਹੈ। ਇਸ ਦਾ ਕੁਝ ਭਾਗ ਆਕਾਸ਼ ਗੰਗਾ ਵਿਚ ਸ਼ਾਮਲ ਹੈ।

23. **ਨਾਰਮਾ (Norma)** — 19 ਮਈ; ਇਹ ਬ੍ਰਿਸ਼ਚਕ ਦੇ ਦੱਖਣ ਵਿਚ ਧੁੰਦਲੇ ਤਾਰਿਆਂ ਵਾਲਾ ਤਾਰਾ-ਮੰਡਲ ਹੈ।

24. **ਟ੍ਰਾਇਐਂਗੁਲਮ ਆਸਟ੍ਰੇਲਿਸ (Triangulum australis)** — 23 ਮਈ; ਇਹ ਬ੍ਰਿਸ਼ਚਕ ਦੇ ਬਹੁਤ ਦੂਰ ਦੱਖਣ ਵਿਚ ਚਮਕੀਲੇ ਤਾਰਿਆਂ ਦੀ ਇਕ ਤ੍ਰਿਭੁਜ ਦੇ ਆਕਾਰ ਵਾਲਾ ਤਾਰਾ-ਮੰਡਲ ਹੈ।

25. **ਖਗ (Apus)** — 21 ਮਈ; ਇਹ ਟ੍ਰਾਇਐਂਗੁਲਮ ਆਸਟ੍ਰੇਲਿਸ ਦੇ ਦੱਖਣ ਵਿਚ ਆੱਕਟੈਂਸ ਅਤੇ ਪੇਵੋ ਨਾਲ ਘਿਰਿਆ ਹੋਇਆ ਤਾਰਾ-ਮੰਡਲ ਹੈ।

27. **ਸਰਸੀਨਸ (Circinus)** — 30 ਅਪ੍ਰੈਲ; ਇਹ ਲਿਊਪਸ ਦੇ ਦੱਖਣ, ਟ੍ਰਾਇਐਂਗੁਲਮ ਅਸਟ੍ਰੇਲਿਸ ਅਤੇ ਸੇਂਟੋਰਸ (Centaurus) ਦੇ ਵਿਚਕਾਰ ਸਥਿਤ ਧੁੰਦਲੇ ਤਾਰਿਆਂ ਦੀ ਇਕ ਲਘੂ ਰੇਖਾ ਹੈ।

28. **ਸੇਂਟੋਰਸ (Centaurus)** — 30 ਮਾਰਚ; ਇਹ ਕੰਨਿਆ ਦੇ ਦੱਖਣ ਵਿਚ ਇਕ ਚਮਕੀਲਾ ਤਾਰਾ-ਮੰਡਲ ਹੈ। ਇਸ ਦਾ ਪਹਿਲਾ ਤਾਰਾ ਰੀਜਲ ਕੇਂਟਾਰਸ (Rigil Kentaurus) (1) ਬਹੁਤ ਜ਼ਿਆਦਾ ਚਮਕੀਲਾ ਹੈ ਅਤੇ ਧਰਤੀ ਦੇ ਨਜ਼ਦੀਕ ਤਾਰਿਆਂ ਵਿਚੋਂ ਇਕ ਹੈ।

29. **ਕ੍ਰੱਕਸ (Crux)** — 28 ਮਾਰਚ; ਇਸ ਸੈਂਟੋਰਸ ਦੇ ਪਹਿਲੇ ਅਤੇ ਦੂਜੇ ਤਾਰਿਆਂ ਦੇ ਨੇੜੇ ਪੱਛਮ ਵਿਚ, ਚਮਕੀਲੇ ਤਾਰਿਆਂ ਦੇ ਕ੍ਰਾਸ (+) ਵਰਗਾ ਹੈ। ਇਸ ਦੇ ਨੇੜੇ ਵਾਲੇ ਆਕਾਸ਼ ਗੰਗਾ ਦੇ ਖੇਤਰ ਵਿਚ ਤਾਰਿਆਂ ਦੀ ਗਿਣਤੀ ਬਹੁਤ ਘੱਟ ਹੈ।

30. **ਮਸਕਾ (Musca)** — 30 ਮਾਰਚ; ਇਹ ਕ੍ਰੱਕਸ ਦੇ ਠੀਕ ਦੱਖਣ ਵਿਚ ਸਥਿਤ ਹੈ।

31. **ਕਾੱਰਵਸ (Corvus)** — 28 ਮਾਰਚ; ਇਹ ਕੰਨਿਆ ਦੇ ਹੇਠਾਂ ਇਕ ਸਾਮਾਨ ਚਤੁਰਭੁਜ ਦੇ ਆਕਾਰ ਵਾਲਾ ਹੈ।

32. **ਕ੍ਰੇਟਰ (Crater)** — 12 ਮਾਰਚ; ਇਹ ਸਿੰਘ ਦੇ ਤ੍ਰਿਭੁਜ ਦੇ ਹੇਠਾਂ ਕਾੱਰਵਸ ਦੇ ਸੱਜੇ ਪਾਸੇ ਸਥਿਤ ਹੈ।

33. **ਵਾਸੁਕਿ (Hydra)** — 15 ਮਾਰਚ; ਇਹ ਕਰਕ ਦੇ ਹੇਠਾਂ ਅਤੇ ਚਾਰ ਨੇੜੇ ਦੇ ਤਾਰਿਆਂ ਦੇ ਸਮੂਹ ਤੋਂ ਸ਼ੁਰੂ ਹੋ ਕੇ ਚਿਤਰਾ ਤੱਕ (Spica) ਫੈਲਿਆ ਹੋਇਆ ਹੈ। ਇਸ ਦਾ ਪਹਿਲਾ ਤਾਰਾ ਅਲਫਰਦ (Alphard) (2) ਰੈਗੁਲਸ (Regulus) ਦੇ ਹੇਠਾਂ ਹੈ।

34. **ਸੈੱਕਸਟੈਂਸ (Sextans)** — 22 ਫ਼ਰਵਰੀ; ਇਹ ਸਿੰਘ ਦੇ ਹੇਠਾਂ ਵਾਸੁਕਿ ਅਤੇ ਕ੍ਰੇਟਰ ਦੇ ਵਿਚਕਾਰ ਸਥਿਤ ਹੈ।

35. **ਐਂਟਲੀਆ (Antlia)** — 23 ਫ਼ਰਵਰੀ; ਇਹ ਵਾਸੁਕਿ ਦੇ ਦੱਖਣ, ਵਾਸ਼ਕਿ ਅਤੇ ਵੇਲਾ (Vela) ਦੇ ਵਿਚਕਾਰ ਸਥਿਤ ਹੈ।

36. **ਵੇਲਾ (Vela)** — 13 ਫ਼ਰਵਰੀ; ਇਹ ਐਂਟਲੀਆ ਦੇ ਦੱਖਣ ਵਿਚ ਇਕ ਦਿਲਖਿਚਵਾਂ ਤਾਰਾ-ਮੰਡਲ ਹੈ। ਇਸ ਦਾ ਕੁਝ ਭਾਗ ਆਕਾਸ਼ ਗੰਗਾ ਵਿਚ ਰਲਦਾ ਹੈ।

37. **ਪਪਿਸ (Puppis)** — 8 ਜਨਵਰੀ; ਇਹ ਕੈਨਿਸ ਮੇਜਰ ਦੇ ਦੱਖਣ ਵਿਚ ਸਥਿਤ ਹੈ। ਇਸ ਦਾ ਕੁਝ ਭਾਗ ਆਕਾਸ਼ ਗੰਗਾ ਵਿਚ ਸ਼ਾਮਲ ਹੈ।

38. **ਕਾਰਾਇਨਾ (Carina)** — 31 ਜਨਵਰੀ; ਇਹ ਪਪਿ

ਦੇ ਦੱਖਣ ਵਿਚ ਹੈ। ਇਸ ਦਾ ਪਹਿਲਾ ਤਾਰਾ ਅਗਸਤ (Canopus) ਚਮਕ ਦੇ ਲਿਹਾਜ ਨਾਲ ਦੂਜੇ ਸਥਾਨ ਉੱਤੇ ਆਉਂਦਾ ਹੈ।

39. **ਕਾਮੀਲੀਅਨ (Chameleon)** — 1 ਮਾਰਚ; ਇਹ ਵੇਲਾ ਦੇ ਬਹੁਤ ਦੂਰ ਦੱਖਣ ਵਿਚ, ਪਸਕਾ ਅਤੇ ਖਗ ਨਾਲ ਘਿਰਿਆ ਹੋਇਆ ਹੈ।

40. **ਵੋਲਾਂਜ਼ (Volans)** — 18 ਜਨਵਰੀ; ਇਹ ਕਾਮੀਨੀਅਨ ਅਤੇ ਪਪਿਸ ਦੇ ਵਿਚਕਾਰ ਸਥਿਤ ਹੈ।

41. **ਪਿਕਟਰ (Pictor)** — 16 ਦਸੰਬਰ; ਇਹ ਕਾਰਾਇਨਾ ਅਤੇ ਡੋਰਾਡੋ ਦੇ ਵਿਚਕਾਰ ਸਥਿਤ ਹੈ।

42. **ਪਿਕਸਿਸ (Pyxis)** — 4 ਫ਼ਰਵਰੀ, ਇਹ ਵਾਸੁਕਿ, ਪਪਿਸ ਅਤੇ ਕਾਰਾਇਨਾ ਦੇ ਵਿਚਕਾਰ ਸਥਿਤ ਹੈ।

43. **ਕੇਨਿਸ ਮਾਈਨਰ (Canis Minor)** — 14 ਜਨਵਰੀ; ਇਹ ਮਿਥੁਨ ਦੇ ਹੇਠਾਂ ਸਥਿਤ ਹੈ। ਇਸ ਦਾ ਪਹਿਲਾ ਤਾਰਾ ਪ੍ਰੋਸੀਆੱਨ (Procyon) (1) ਹੈ।

44. **ਮੋਨੋਸਿਰੱਸ (Monoceros)** — 5 ਜਨਵਰੀ; ਇਹ ਕੈਨਿਸ ਮਾਈਨਰ ਅਤੇ ਕੈਨਿਸ ਮੇਜਰ ਦੇ ਵਿਚਕਾਰ ਆਕਾਸ਼ ਗੰਗਾ ਨੂੰ ਕਟਦਾ ਹੋਇਆ ਲੰਘਦਾ ਹੈ।

45. **ਕੇਨਿਸ ਮੇਜਰ (Canis Major)** — 14 ਜਨਵਰੀ; ਇਹ ਮ੍ਰਿਗ ਦੇ ਦੱਖਣ ਵਿਚ ਦਿਲਖਿਚਵਾਂ ਤਾਰਾ-ਮੰਡਲ ਹੈ। ਇਸ ਦਾ ਲੁਬਧਕ ਤਾਰਾ ਸਭ ਤੋਂ ਵਧੇਰੇ ਚਮਕੀਲਾ ਹੈ।

46. **ਕੋਲੰਬਾ (Columba)** — 18 ਦਸਬੰਰ; ਇਹ ਮ੍ਰਿਗ ਕੈਨਿਸ ਮੇਜਰ ਅਤੇ ਪਪਿਸ ਨਾਲ ਘਿਰਿਆ ਹੋਇਆ ਹੈ।

47. **ਮੈਂਸਾ (Meusa)** — 14 ਦਸੰਬਰ; ਇਹ ਵੋਲਾਂਜ, ਡੋਰਾਡੋ ਅਤੇ ਹਾਈਡ੍ਰਸ ਦੁਆਰਾ ਘਿਰਿਆ ਹੋਇਆ ਬਹੁਤ ਦੂਰ ਦੱਖਣ ਵਿਚ ਸਥਿਤ ਤਾਰਾ-ਮੰਡਲ ਹੈ।

ਹ.ਪੁ.—ਹਿੰ.ਵਿ.ਕੋ. 5 : 369

**ਤਾਰਾਮਤੀ** : ਇਹ ਸਾਧ-ਸੰਗਤ ਵਿਚ ਜਾਣ ਵਾਲੀ ਨੇਕ ਸੁਭਾਅ ਵਾਲੀ ਇਸਤਰੀ ਸੂਰਜਵੰਸ਼ੀ ਰਾਜੇ ਹਰੀਸ਼ਚੰਦਰ ਦੀ ਪਟਰਾਣੀ, ਰਾਜਾ ਸ਼ਵੈਰਾਜ ਦੀ ਪੁੱਤਰੀ ਅਤੇ ਰੋਹਿਤ ਦੀ ਮਾਤਾ ਸੀ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਵੀ ਕੀਤਾ ਹੈ।

ਹ.ਪੁ.—ਹਿੰ.ਵਿ.ਕੋ. 5 : 372; ਮ.ਕੋ.

**ਤਾਰੀਕੇਰੇ** : ਇਹ ਭਾਰਤ ਦੇ ਕਰਨਾਟਕ ਰਾਜ ਦੇ ਚਿਕ-ਮਗਲੂਰ ਜ਼ਿਲ੍ਹੇ ਵਿਚ ਇਸੇ ਨਾਂ ਦੇ ਤਾਅਲੁੱਕੇ ਦਾ ਸਦਰ-ਮੁਕਾਮ ਹੈ ਜਿਹੜਾ ਸ਼ਿਮੋਗਾ ਰੇਲ ਸ਼ਾਖਾ ਉੱਤੇ ਵਾਕਿਆ ਹੈ। ਪੁਰਾਣਾ ਕਾਤੂਰ ਨਾਂ ਦਾ ਸ਼ਹਿਰ 12ਵੀਂ. ਸਦੀ ਦੇ ਅੰਤ ਵਿਚ ਹੋਇਸਲਿਆਂ ਦੁਆਰਾ ਸਥਾਪਿਤ ਕੀਤਾ ਗਿਆ ਸੀ। ਇਥੋਂ ਦੇ ਮੁੱਖੀ ਦੇ ਉੱਤਰਾਧਿਕਾਰੀਆਂ ਨੇ ਬਾਬਾ ਬੁਡਨਜ਼ ਉੱਤੇ ਸਥਿਤ ਕਾਮਨਦੁਰਗ ਨੂੰ ਕਿਲੇਬੰਦ ਕੀਤਾ। 14ਵੀਂ ਸਦੀ ਵਿਚ ਵਿਜੈਨਗਰ ਦੇ ਰਾਜੇ ਨੇ ਇਸ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਆਪਣੇ ਇਕ ਜਰਨੈਲ ਨੂੰ ਦੇ ਦਿੱਤਾ। ਇਸ ਖ਼ਾਨਦਾਨ ਤੋਂ ਇਹ ਇਲਾਕਾ ਬੀਜਾਪੁਰ ਦੇ ਸੁਲਤਾਨ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਕਾਤੂਰ ਦਾ ਖੇਤਰ ਅੱਗੋਂ ਮੁਗਲਾਂ ਵੱਲੋਂ ਬਸਵਾਪਟਨ ਦੇ ਮੁੱਖੀ ਨੂੰ ਦੇ ਦਿੱਤਾ ਗਿਆ ਜਿਸ ਨੇ 1659 ਈ. ਵਿਚ ਸ਼ਹਿਰ ਅਤੇ ਤਾਰੀਕੇਰੇ ਦਾ ਕਿਲਾ ਬਣਾਇਆ। ਸੰਨ 1761 ਵਿਚ ਹੈਦਰ ਅਲੀ ਦੇ ਕਬਜ਼ਾ ਕਰਨ ਤੋਂ ਪਹਿਲਾਂ ਇਹ ਤਾਰੀਕੇਰੇ ਦੇ ਪੋਲੀਗਰਾਂ ਅਧੀਨ ਰਿਹਾ। ਸੰਨ 1830 ਵਿਚ ਖ਼ਾਨਦਾਨ ਦਾ ਮੁੱਖੀ ਮੈਸੂਰ ਤੋਂ ਬਚ ਨਿਕਲਿਆ ਅਤੇ ਉਸ ਨੇ ਬਗ਼ਾਵਤ ਵਿਚ ਚੰਗਾ ਹਿੱਸਾ ਪਾਇਆ। ਉਸ ਦੇ ਪੁੱਤਰ ਨੇ ਵੀ 1834 ਈ. ਤੱਕ ਉੱਨਾ ਚਿਰ ਗੜਬੜ ਜਾਰੀ ਰੱਖੀ ਜਦੋਂ ਤੀਕ ਉਸ ਨੂੰ ਫੜ ਕੇ ਫਾਂਸੀ ਨਾ ਲਾ ਦਿੱਤੀ ਗਈ। ਇਹ ਸ਼ਹਿਰ 1899 ਈ. ਵਿਚ ਰੇਲਵੇ ਦੀ ਉਸਾਰੀ ਕਾਰਨ ਪ੍ਰਸਿੱਧ ਹੋਇਆ। ਸੰਨ 1870 ਵਿਚ ਇਥੇ ਨਗਰਪਾਲਿਕਾ ਬਣਾਈ ਗਈ।

ਆਬਾਦੀ — 25,364 (1991)

13°43′ ਉ. ਵਿਥ.; 75°49′ ਪੂ. ਲੰਬ.

ਹ.ਪੁ.—ਇੰਪ.ਗ.ਇੰਡ. 23 : 251

**ਤਾਰੂ ਸਿੰਘ, ਭਾਈ** : ਇਕ ਸਿੱਖ ਸ਼ਹੀਦ ਸਿੰਘ ਸੀ ਜਿਹੜਾ ਲਾਹੌਰ ਦੇ ਸੂਬੇ ਨਵਾਬ ਜ਼ਕਰੀਆ ਖ਼ਾਨ ਦੇ ਸਮੇਂ ਹੋਇਆ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡ ਪੂਲ੍ਹੇ ਦਾ ਰਹਿਣ ਵਾਲਾ ਸੀ। ਇਹ ਆਪਣੀ ਜ਼ਮੀਨ 'ਤੇ ਹੱਥੀਂ ਵਾਹੀ ਕਰਦਾ ਅਤੇ ਹੋਰ ਕਾਰ ਵਿਹਾਰ ਕਰਦਾ ਹਰ ਵੇਲੇ ਗੁਰਬਾਣੀ ਦਾ ਪਾਠ ਕਰਦਾ ਰਹਿੰਦਾ ਸੀ। ਆਪਣੀ ਧਰਮ ਦੀ ਕਿਰਤ ਵਿਚੋਂ ਆਏ ਗਏ ਲੋਕਾਂ ਦੀ ਲੰਗਰ-ਪਾਣੀ ਦੀ ਸੇਵਾ ਵੀ ਕਰਦਾ ਸੀ।

ਇਸੇ ਤਰ੍ਹਾਂ ਪੱਟੀ ਦੇ ਰਹਿਣ ਵਾਲੇ ਰਹੀਮ ਬਖ਼ਸ਼ ਨਾਂ ਦੇ ਇਕ ਮਾਛੀ ਨੇ ਜਦੋਂ ਇਸ ਦੇ ਘਰ ਆ ਕੇ ਦੱਸਿਆ ਕਿ ਉਸ ਦੀ ਮੁਟਿਆਰ ਲੜਕੀ ਪੱਟੀ ਦੇ ਨਾਇਬ ਫ਼ੌਜਦਾਰ ਨੇ ਆਪਣੇ ਘਰ ਪਾ ਲਈ ਹੈ ਤਾਂ ਭਾਈ ਤਾਰੂ ਸਿੰਘ ਨੇ ਉਸ ਬੁੱਢੇ ਮੁਸਲਮਾਨ ਨੂੰ ਦਿਲਾਸਾ ਦਿੱਤਾ ਅਤੇ ਕਿਹਾ ਕਿ ਉਹ ਉਸ ਦੀ ਜ਼ਰੂਰ ਸਹਾਇਤਾ ਕਰੇਗਾ। ਅਗਲੇ ਦਿਨ ਭਾਈ ਤਾਰੂ ਸਿੰਘ ਨੇ ਸਿੰਘਾਂ ਦੇ ਇਕ ਜਥੇ ਨੂੰ ਜੰਗਲ ਵਿਚੋਂ ਲੱਭ ਕੇ ਪ੍ਰਸ਼ਾਦ ਪਾਣੀ ਛਕਾ ਕੇ ਰਹੀਮ ਬਖ਼ਸ਼ ਦਾ ਦੁੱਖ ਦੱਸਿਆ। ਸਿੰਘਾਂ ਨੇ ਉਸ ਨਾਇਬ ਫ਼ੌਜਦਾਰ ਨੂੰ ਕਤਲ ਕਰ ਦਿੱਤਾ ਅਤੇ ਲੜਕੀ ਉਸ ਦੇ ਪਿਤਾ ਨੂੰ ਸੌਂਪ ਦਿਤੀ।

ਇਸ ਤੇ ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ ਜਿਹੜਾ ਪਹਿਲਾਂ ਤੋਂ ਹੀ ਸਿੱਖਾਂ ਨਾਲ ਵੈਰ ਰੱਖਦਾ ਸੀ, ਲਾਹੌਰ ਦੇ ਸੂਬੇਦਾਰ ਕੋਲ ਭਾਈ ਤਾਰੂ ਸਿੰਘ ਦੀ ਚੁਗਲੀ ਕੀਤੀ। ਸੂਬੇਦਾਰ ਨੇ ਉਸੇ ਵੇਲੇ ਫ਼ੌਜ ਭੇਜ ਕੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 1743 ਈ. ਵਿਚ ਇਸ ਨੂੰ ਸ਼ਹੀਦ ਕੀਤਾ ਗਿਆ। ਭਾਈ ਤਾਰੂ ਸਿੰਘ ਦੀ ਸਮਾਧ ਲਾਹੌਰ ਸ਼ਹਿਰ ਵਿਚ ਝੰਡੇ ਬਾਜ਼ਾਰ ਦੇ ਪਾਸ, ਸ਼ਹੀਦ ਗੰਜ ਕਰਕੇ ਮਸ਼ਹੂਰ ਹੈ।

ਹ.ਪੁ.—ਤਵਾ. ਗੁ.ਖ਼ਾ.; 'ਸਿਖ ਸ਼ਹੀਦ: ਪਿਆਰਾ ਸਿੰਘ ਦਾਤਾ; ਸਿਖ ਸ਼ਹੀਦ ਤੇ ਯੋਧੇ : ਸੋਹਣ ਸਿੰਘ ਸੀਤਲ

**ਤਾੱਰੂਨ** : ਪ੍ਰਾਂਤ — ਇਹ ਪੋਲੈਂਡ ਦੇਸ਼ ਦਾ ਉੱਤਰੀ ਪ੍ਰਾਂਤ ਹੈ ਜਿਹੜਾ 1975 ਈ. ਵਿਚ ਸਥਾਪਿਤ ਹੋਇਆ। ਇਸ ਦਾ ਕੁੱਲ ਖੇਤਰਫਲ 5,348 ਵ.ਕਿ.ਮੀ. (2,065 ਵ. ਮੀਲ) ਅਤੇ ਆਬਾਦੀ 659,100 (1991) ਹੈ। ਇਸ ਪ੍ਰਾਂਤ ਦੇ ਉੱਤਰ ਵਿਚ ਅਲਬਲਾਗ ਤੇ ਆੱਲਸ਼ਟਨ, ਪੂਰਬ ਵਿਚ ਚਾਕਾਨੂਫ਼, ਦੱਖਣ ਵਿਚ ਵਲਾਟਸ-ਲਾਵੈਕ ਤੇ ਪੱਛਮ ਵਿਚ ਬਿਡਗਾਸ਼ (Bydgoszoz) ਰਾਜਾਂ ਦੀ ਸਰਹੱਦ ਲਗਦੀ ਹੈ। ਵਿਸਤੁਲਾ ਦਰਿਆ ਰਾਜ ਦੀ ਪੱਛਮੀ ਸਰਹੱਦ ਦੀ ਸ਼ਕਲ ਵਿਚ ਵਗਦਾ ਹੈ ਜਦੋਂ ਕਿ ਇਥੇ ਹੋਰ ਦੂਜੇ ਦਰਿਆ ਡਰਵੈਂਸਾ, ਲੁਤਰਯਾਨ ਅਤੇ ਫਰਾਇਆ (Fryba) ਵੀ ਹਨ। ਇਸ ਪ੍ਰਾਂਤ ਵਿਚ ਕਣਕ, ਚੁਕੰਦਰ ਅਤੇ ਰਾਈ ਦੇ ਬਹੁਤ ਸਾਰੇ ਖੇਤ ਹਨ ਜਦੋਂ ਕਿ ਜੰਗਲ ਅਤੇ ਦਲਦਲ ਵੀ ਕਾਫ਼ੀ ਫੈਲੀ ਹੋਈ ਹੈ। ਪੂਰਬੀ ਸੈਕਟਰ ਵਿਚ ਡਰਵੈਂਸਾ ਦਰਿਆ ਅਤੇ ਪ੍ਰਾਂਤ ਦੇ ਪੱਛਮੀ ਹਿੱਸੇ ਵਿਚ

ਵਿਸਤੁਲਾ ਦਰਿਆ ਦੇ ਨਾਲ ਨਾਲ ਕਈ ਸਿਹਤ-ਅਫ਼ਜ਼ਾ ਖਣਿਜੀ ਚਸ਼ਮੇ ਹਨ। ਇਸ ਪ੍ਰਾਂਤ ਦੀ ਪੈਦਾਵਾਰ ਰਸਾਇਣਕ ਉਤਪਾਦਨ, ਫੂਡ ਪ੍ਰੋਸੈਸਿੰਗ, ਮਸ਼ੀਨਾਂ ਦੇ ਪੁਰਜ਼ੇ ਤਿਆਰ ਕਰਨ, ਆਰਾ ਚਿਰਾਈ ਦੇ ਕਾਰਖ਼ਾਨਿਆਂ ਅਤੇ ਖੇਤੀਬਾੜੀ ਉੱਤੇ ਅਧਾਰਤ ਹੈ। ਪ੍ਰਾਂਤ ਦੇ ਦੱਖਣੀ ਹਿੱਸੇ ਵਿਚ ਵਿਸਤੁਲਾ ਦਰਿਆ ਦੇ ਕੰਢੇ ਤੇ ਸਥਿਤ ਤਾੱਰੂਨ ਸ਼ਹਿਰ ਪ੍ਰਾਂਤ ਦੀ ਸੂਬਾਈ ਰਾਜਧਾਨੀ ਹੈ। ਇਹ ਸ਼ਹਿਰ ਖਗੋਲ ਵਿਗਿਆਨੀ, ਕਾਪਰਨੀਕਸ ਦੀ ਜਨਮ ਭੂਮੀ ਹੈ ਅਤੇ ਇਥੇ ਇਕ ਦਰਿਆਈ ਬੰਦਰਗਾਹ ਅਤੇ ਰੇਲਵੇ ਜੰਕਸ਼ਨ ਵੀ ਹੈ। ਇਹ ਸ਼ਹਿਰ ਸੱਭਿਆਚਾਰ ਦਾ ਇਕ ਕੇਂਦਰ ਵੀ ਹੈ। ਇਸ ਪ੍ਰਾਂਤ ਦੇ ਹੋਰ ਪ੍ਰਮੁੱਖ ਸ਼ਹਿਰ ਹਨ—ਗਰੂਜਾਨਟਸ, ਬਰੋਡਨਿਕਾ ਅਤੇ ਕੈਲਮਾਨਾੱ। ਵਿਡਰ ਬਿਡਗਾਸ਼ ਸ਼ਹਿਰ ਦੇ ਉੱਤਰ ਵੱਲ 40 ਕਿ. ਮੀ. ਦੂਰ ਨਾਜ਼ੀ ਵਿਨਾਸ਼ਕਾਰੀ ਕੈਂਪ ਦੀ ਥਾਂ ਸੀ ਜਿਥੇ ਦੂਜੇ ਸੰਸਾਰ ਯੁੱਧ ਵਿਚ ਕੋਈ 200,000 ਪੋਲੈਂਡ ਦੇ ਯਹੂਦੀਆਂ ਅਤੇ ਹੋਰਨਾ ਲੋਕਾਂ ਨੂੰ ਕਤਲ ਕਰ ਦਿੱਤਾ ਗਿਆ ਸੀ।

ਹ.ਪੁ. - ਐਨ. ਬ੍ਰਿ. ਮਾ. 11:861

**ਤਾੱਰੂਨ** : ਸ਼ਹਿਰ — ਇਹ ਪੋਲੈਂਡ ਦੇ ਉੱਤਰੀ ਕੇਂਦਰੀ ਪ੍ਰਾਂਤ ਤਾੱਰੂਨ ਦਾ ਰਾਜਧਾਨੀ ਸ਼ਹਿਰ ਹੈ ਜਿਹੜਾ ਵਿਸਤੁਲਾ ਦਰਿਆ ਦੇ ਕੰਢੇ ਉੱਤੇ ਸਥਿਤ ਹੈ। ਟਿਊਟਨੀ ਨਾਈਟਾਂ ਨੇ 1230-31 ਈ. ਵਿਚ ਇਥੇ ਕਿਲਾ ਬਣਾਉਣ ਮਗਰੋਂ ਸ਼ਹਿਰ ਛੱਡ ਦਿੱਤਾ। ਇਹ ਸ਼ਹਿਰ ਮੱਧ ਯੁੱਗ ਵਿਚ ਇਕ ਪ੍ਰਸਿੱਧ ਵਪਾਰਕ ਕੇਂਦਰ ਵੀ ਹੁੰਦਾ ਸੀ। ਸੰਨ 1233 ਵਿਚ ਇਸ ਨੇ ਸ਼ਹਿਰ ਸਬੰਧੀ ਸਾਰੇ ਅਧਿਕਾਰ ਪ੍ਰਾਪਤ ਕਰ ਲਏ ਅਤੇ 1236 ਈ. ਵਿਚ ਮੌਜੂਦਾ ਸ਼ਹਿਰ ਦੀ ਯੋਜਨਾ ਤਿਆਰ ਕੀਤੀ ਗਈ। ਚੌਦਵੀਂ ਸਦੀ ਵਿਚ ਤਾੱਰੂਨ ਹੈਂਸਿਐਟਿਕ ਲੀਗ ਵਿਚ ਸ਼ਾਮਲ ਹੋ ਗਿਆ ਅਤੇ ਨੀਦਰਲੈਂਡਜ਼ ਨਾਲ ਵਪਾਰ ਕਰਨ ਲਈ ਆਪਣਾ ਵਪਾਰਕ ਸਮੁੰਦਰੀ ਬੇੜਾ ਰਵਾਨਾ ਕਰ ਦਿੱਤਾ। ਸੰਨ 1454 ਵਿਚ ਟਿਊਟਨੀ ਸ਼ਾਸਨ ਖ਼ਤਮ ਹੋ ਗਿਆ ਅਤੇ 1466 ਈ. ਵਿਚ ਇਹ ਸ਼ਹਿਰ ਪੋਲੈਂਡ ਦੇ ਪ੍ਰਬੰਧ ਹੇਠ ਇਕ ਆਜ਼ਾਦ ਸ਼ਹਿਰ ਐਲਾਨਿਆ ਗਿਆ। ਪੋਲੈਂਡ ਦੇ ਰਾਜਿਆਂ ਦੇ ਅਧਿਕਾਰ ਹੇਠ ਇਹ ਸ਼ਹਿਰ ਆਰਥਿਕ ਭੰਡਾਰਾਂ ਕਰਕੇ ਬਹੁਤ ਖੁਸ਼ਹਾਲ ਸੀ। ਸੰਨ 1793 ਵਿਚ ਪ੍ਰਸ਼ੀਆ ਨੇ ਇਸ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ 1919 ਈ. ਵਿਚ ਇਹ ਸ਼ਹਿਰ ਪੋਲੈਂਡ ਨੂੰ ਵਾਪਸ ਦੇ ਦਿੱਤਾ।

ਦਰਿਆਈ ਬੰਦਰਗਾਹ, ਰੇਲ ਅਤੇ ਸੜਕਾਂ ਦੇ ਜੰਕਸ਼ਨ ਤੋਂ ਇਲਾਵਾ ਇਹ ਸ਼ਹਿਰ ਇਕ ਸੱਭਿਆਚਾਰਕ ਕੇਂਦਰ ਵੀ ਹੈ। ਇਹ ਸ਼ਹਿਰ ਖਗੋਲ ਵਿਗਿਆਨੀ, ਕਾੱਪਰਨੀਕਸ ਦਾ ਜਨਮ-ਸਥਾਨ ਵੀ ਹੈ। ਇਥੇ 1945 ਈ. ਵਿਚ ਮੀਕੋਲਾਜ ਕਾੱਪਰਨਿਕ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਸ਼ਹਿਰ ਵਿਚ ਕੁਝ ਵਿਗਿਆਨਕ ਸਭਾਵਾਂ, ਅਜਾਇਬ ਘਰਾਂ ਤੋਂ ਇਲਾਵਾ ਦੋ ਥੀਏਟਰ ਵੀ ਹਨ। 13ਵੀਂ ਸਦੀ ਵਿਚ ਬਣੇ ਸੇਂਟ ਜੋਹਨ ਦੇ ਚਰਚ ਵਿਚ ਪੋਲੈਂਡ ਦੀਆਂ ਸਭ ਤੋਂ ਵੱਡੀਆਂ ਘੰਟੀਆਂ ਵਿਚੋਂ ਇਕ ਘੰਟੀ ਇਥੇ ਮੌਜੂਦ ਹੈ। ਇਥੋਂ ਦੇ ਰਵਾਇਤੀ ਉਦਯੋਗਾਂ ਵਿਚ ਉੱਨ ਬੁਨਣਾ ਅਤੇ ਜਿੰਜਰ ਬ੍ਰੈੱਡ ਤਿਆਰ ਕਰਨਾ ਸ਼ਾਮਲ ਹਨ। ਨਵੇਂ ਉਦਯੋਗਾਂ ਵਿਚ ਅਚੂਕ ਔਜ਼ਾਰ, ਇਲੈਕਟ੍ਰਾਨਿਕਸ, ਐਲਾਨੋ ਦੇ ਕਾਰਖ਼ਾਨੇ ਵਿਚ ਨਕਲੀ ਰੇਸ਼ੇ ਤੋਂ ਤਿਆਰ ਕੀਤਾ ਕੱਪੜਾ, ਫਾਸਫੇਟ ਖਾਦ ਅਤੇ ਬੀਜ ਨਿਰਯਾਤ ਕਰਨ ਦੇ ਉਦਯੋਗਾਂ ਕਰਕੇ ਤਾੱਰੂਨ ਬਹੁਤ ਪ੍ਰਸਿੱਧ ਹੋ ਚੁੱਕਾ ਹੈ।

ਆਬਾਦੀ-2,02,400 (1992)

53° 2′ ਉ. ਵਿਥ.; 18° 33′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11.861

**ਤਾਰੇਖਸ਼** (Astrolabe) :—ਇਹ ਗ੍ਰਹਿ ਨਛੱਤਰਾਂ (ਖਗੋਲੀ ਪਿੰਡਾਂ) ਬਾਰੇ ਗਿਆਨ ਪ੍ਰਾਪਤ ਕਰਨ ਲਈ ਸਭ ਤੋਂ ਪ੍ਰਾਚੀਨ ਵਿਗਿਆਨਕ ਯੰਤਰ ਹੈ। ਇਸਦੀ ਖੋਜ ਲ.ਭ. 240 ਈ. ਪੂ. ਵਿਚ ਯੂਨਾਨੀ ਜੋਤਸ਼ੀ ਐਪੋਲੀਨੀਅਸ ਅਤੇ 150 ਈ. ਪੂ. ਹਿਪਾਕਰਸ ਨੇ ਕੀਤੀ ਮੰਨੀ ਜਾਂਦੀ ਹੈ। ਯੂਰਪ ਵਿਚ 15 ਵੀਂ. ਸ਼ਤਾਬਦੀ ਦੇ ਅੰਤ ਤੋਂ ਲੈ ਕੇ 18ਵੀਂ ਸ਼ਤਾਬਦੀ ਦੇ ਮਧ ਤੱਕ ਇਹ ਯੰਤਰ ਸਮੁੰਦਰੀ ਯਾਤਰੀਆਂ (ਖੋਜੀਆਂ) ਵਿਚ ਕਾਫ਼ੀ ਪ੍ਰਚਲਿਤ ਹੋਇਆ। ਭਾਰਤ ਦੇ ਪ੍ਰਸਿੱਧ ਜੋਤਸ਼ੀ ਰਾਜਾ ਜੈ ਸਿੰਘ ਨੂੰ ਇਹ ਯੰਤਰ ਬਹੁਤ ਪਸੰਦ ਸੀ। ਜੈਪੁਰ ਵਿਚ ਅਜਿਹੇ ਦੋ ਯੰਤਰ ਮੌਜੂਦ ਹਨ ਜਿਨ੍ਹਾਂ ਦੇ ਅੰਕ ਅਤੇ ਅੱਖਰ ਨਾਗਰੀ ਲਿਪੀ ਵਿਚ ਹਨ।

ਪ੍ਰਾਚੀਨ ਕਾਲ ਵਿਚ ਇਹ ਯੰਤਰ ਲੱਕੜੀ ਦੀ ਗੋਲ ਡਿਸਕ (ਤਸ਼ਤਰੀ) ਦੇ ਰੂਪ ਵਿਚ ਹੁੰਦਾ ਸੀ ਜੋ ਇਕ ਛਲੇ (ring) ਨਾਲ ਟੰਗੀ ਜਾਂਦੀ ਸੀ। ਡਿਸਕ ਦੇ ਕਿਨਾਰੇ (ਕੰਨੀ) ਤੇ ਡਿਗਰੀਆਂ (ਇਕਾਈਆਂ) ਅੰਕਿਤ ਕੀਤੀਆਂ ਹੁੰਦੀਆਂ ਸਨ। ਡਿਸਕ ਦੇ ਕੇਂਦਰ (Centre) ਤੇ ਇਕ ਸੂਚਕ (pointer) ਲਗਾ ਹੁੰਦਾ ਸੀ। ਆਧੁਨਿਕ ਯੁਗ ਵਿਚ ਲੱਕੜ ਦੀ ਥਾਂ ਇਹ ਯੰਤਰ ਕਿਸੇ ਧਾਤ ਦੀ ਗੋਲ ਤਸ਼ਤਰੀ ਦੇ ਆਕਾਰ ਦਾ ਬਣਾਇਆ ਜਾਣ ਲਗ ਪਿਆ ਜਿਸ ਨੂੰ ਟੰਗਣ ਲਈ ਉਪਰ ਇਕ ਛੱਲਾ ਲਗਿਆ ਹੁੰਦਾ ਹੈ। ਇਸਦਾ ਇਕ ਪਾਸਾ ਸਮਤਲ ਹੁੰਦਾ ਹੈ ਜਿਸ ਉਪਰ 360°, ਅੰਕਿਤ ਹੁੰਦੀਆਂ ਹਨ ਅਤੇ ਇਸਦੇ ਕੇਂਦਰ ਤੇ ਚਾਰੋਂ ਪਾਸੇ ਘੁੰਮਣ ਵਾਲੀ ਸੂਈ ਲਗੀ ਹੁੰਦੀ ਹੈ। ਇਹ ਹਿੱਸਾ ਗ੍ਰਹਿ ਨਛਤਰਾਂ ਦੀ ਉਚਾਈ (ਸਮੁੰਦਰੀ ਤਲ ਤੋਂ) ਨਾਪਣ ਦੇ ਕੰਮ ਆਉਂਦਾ ਹੈ। ਦੂਜੇ ਪਾਸੇ ਦੇ ਕਿਨਾਰੇ ਉਭਰੇ ਹੁੰਦੇ ਹਨ ਅਤੇ ਵਿਚਕਾਰੋਂ ਖੋਖਲਾ ਹੁੰਦਾ ਹੈ। ਇਸ ਖੋਖਲੇ ਹਿੱਸੇ ਵਿਚ ਮੁੱਖ ਤਾਰਾ-ਮੰਡਲਾਂ ਅਤੇ ਰਾਸ਼ੀ ਚੱਕਰ ਦੇ ਤਾਰਾ-ਮੰਡਲਾਂ ਦੀ ਨਕਾਸ਼ੀ ਹੋਈ ਧਾਤ ਦੀ ਤਸ਼ਤਰੀ ਲਗੀ ਹੁੰਦੀ ਹੈ। ਇਹ ਚਾਰੋਂ ਪਾਸੇ ਘੁੰਮਾਈ ਜਾ ਸਕਦੀ ਹੈ।

ਇਸ ਯੰਤਰ ਨਾਲ ਦਿਨ ਦੇ ਸਮੇਂ ਬਾਰੇ ਵੀ ਪਤਾ ਲਗਾਇਆ ਜਾ ਸਕਦਾ ਹੈ। ਅਜਿਹਾ ਕਰਨ ਲਈ ਪਹਿਲਾਂ ਸੂਰਜ ਦੀ ਉਚਾਈ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਫਿਰ ਰਾਸ਼ੀ ਚੱਕਰ ਤਸ਼ਤਰੀ ਵਿਚ ਸੂਰਜ ਦੇ ਉਸ ਦਿਨ ਦੇ ਸਥਾਨ ਨੂੰ ਚਿੰਤ ਕਰਕੇ ਉਸਨੂੰ ਪ੍ਰਾਪਤ ਉਚਾਈ ਦੀ ਸੇਧ ਵਿਚ ਲਿਆਇਆ ਜਾਂਦਾ ਹੈ। ਇਸ ਬਿੰਦੂ ਨੂੰ ਕੇਂਦਰ ਨਾਲ ਮਿਲਾਈ ਹੋਈ ਰੇਖਾ ਦੇ ਕਿਨਾਰਿਆਂ ਤੇ ਬਣੇ ਸਮਾਂਸੂਚਕ ਸਕੇਲ ਤੱਕ ਵਧਾ ਦਿੱਤਾ ਜਾਂਦਾ ਹੈ ਅਤੇ ਸਮਾਂਸੂਚਕ ਤਸ਼ਤਰੀ ਤੋਂ ਸਮਾਂ ਪੜ੍ਹ ਲਿਆ ਜਾਂਦਾ ਹੈ।

ਹ.ਪੁ.—ਐਨ. ਬ੍ਰਿ.ਮਾ. 1:654; ਹਿ.ਵਿ.ਕੋ. 5:372

**ਤਾੱਰੇਨ** : ਇਹ ਫ਼ਰਾਂਸ ਦਾ ਇਕ ਇਤਿਹਾਸਕ ਅਤੇ ਸਭਿਆਚਾਰਕ ਖੇਤਰ ਹੈ। ਪੁਨਰਜਾਗ੍ਰਿਤੀ ਕਾਲ ਵਿਚ ਜਦੋਂ ਤਾੱਰੇਨ ਫ਼ਰਾਂਸੀਸੀ ਬਾਦਸ਼ਾਹਾਂ ਅਤੇ ਰਈਸਾਂ ਦਾ ਰਿਹਾਇਸ਼ੀ ਅਸਥਾਨ ਹੁੰਦਾ ਸੀ, ਉਸ ਸਮੇਂ ਦੌਰਾਨ ਬਣਾਈਆਂ ਗਈਆਂ ਹਵੇਲੀਆਂ ਲਈ ਇਹ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹੁੰਦਾ ਸੀ। ਇਹ ਪੈਰਿਸ ਦੇ ਦੱਖਣ ਵਿਚ ਲਵਾਰ ਘਾਟੀ ਦੇ ਦੋਵੇਂ ਪਾਸੇ ਵਾਕਿਆ ਹੈ। ਇਸ ਵਿਚ ਐਂਡਰੇਲਾਵਾਰ ਡਿਪਾਰਟਮੈਂਟਾਂ ਦੇ ਆਧੁਨਿਕ ਭਾਂਗ ਐਂਡਰੇਂ ਅਤੇ ਲਵਾਰ-ਏ-ਸ਼ੈਰ ਡਿਪਾਰਟਮੈਂਟਾਂ ਦੇ ਹਿੱਸੇ ਸ਼ਾਮਲ ਹਨ।

ਰੋਮਨ ਕਾਲ ਵਿਚ ਇਥੇ ਟੂਰੋਨੀਜ਼ ਦਾ ਇਕ ਗਾਲਿਕ ਕਬੀਲਾ ਵੱਸਦਾ ਹੁੰਦਾ ਸੀ ਅਤੇ ਇਨ੍ਹਾਂ ਦੇ ਨਾਉਂ ਤੋਂ ਹੀ ਪ੍ਰਾਂਤ ਅਤੇ ਰਾਜਧਾਨੀ ਦਾ ਨਾਉਂ ਪਿਆ ਹੈ। ਇਹ ਧਾਰਮਕ ਪ੍ਰਾਂਤ ਚੌਥੀ ਸਦੀ ਵਿਚ ਟੂਰ ਦੇ ਸੇਂਟ ਮਾਰਟਿਨ ਮਹਾਨ ਦੇ ਬਿਸ਼ਪ ਕਾਲ ਵਿਚ ਹੋਂਦ ਵਿਚ ਆਇਆ ਮੰਨਿਆ ਜਾਂਦਾ ਹੈ। ਪੰਜਵੀਂ ਸਦੀ ਵਿਚ ਇਹ ਵਿਸਗਾੱਥਾਂ ਦੇ ਰਾਜ ਵਿਚ ਸ਼ਾਮਲ ਕਰ ਲਿਆ ਗਿਆ। ਸੰਨ 507 ਵਿਚ ਜਦੋਂ ਕਲਾਵੀਸ

ਨੇ ਗਾੱਲ ਵਿਚੋਂ ਵਿਸਗਾਥਾਂ ਦੇ ਰਾਜ ਦਾ ਅੰਤ ਕੀਤਾ ਤਾਂ ਤਾੱਰੇਨ ਫਰੈਂਕ ਰਾਜ ਦਾ ਹਿੱਸਾ ਬਣ ਗਿਆ। ਇਸ ਕਾਲ ਵਿਚ ਕਲਾਵੀਸ ਦੇ ਵਾਰਸਾਂ ਵਿਚ ਰਾਜ ਦੀ ਵੰਡ ਸਮੇਂ ਤਾੱਰੇਨ ਬਾਰੇ ਕਾਫ਼ੀ ਝਗੜਾ ਹੋਇਆ। ਸਥਾਨਕ ਕਾਉਂਟਾ ਦੇ ਮੁਕਾਬਲੇ ਪਾਦਰੀਆਂ ਨੇ ਇਸ ਖੇਤਰ ਨੂੰ ਸੱਭਿਅਕ ਬਣਾਉਣ ਵਿਚ ਵਧੇਰੇ ਯੋਗਦਾਨ ਪਾਇਆ। ਐਬਟ ਨੇ ਇਥੋਂ ਦੀ ਸਭਿਆਚਾਰਕ ਸ਼ਾਖ ਨੂੰ ਵਧਾਇਆ। ਨੌਵੀਂ ਸਦੀ ਦੇ ਦੂਜੇ ਅੱਧ ਵਿਚ ਇਸ ਉਪਰ 'ਰਾਬਰਟ ਦੀ ਸਟ੍ਰਾਂਗ' ਅਤੇ ਉਸ ਦੇ ਵਾਰਸਾਂ ਦਾ ਅਧਿਕਾਰ ਰਿਹਾ। 10ਵੀਂ. ਸਦੀ ਵਿਚ ਇਸ ਉਪਰ ਕਬਜ਼ਾ ਕਰਨ ਲਈ ਬਲਵਾ ਅਤੇ ਐਂਜੂ ਦੇ ਕਾਉਂਟਾਂ ਵਿਚਕਾਰ ਸੰਘਰਸ਼ ਚਲਦਾ ਰਿਹਾ। ਫਰਾਂਸ ਦੇ ਫ਼ਿਲਿਪ ਦੂਜੇ ਨੇ 1205 ਈ. ਵਿਚ ਤਾੱਰੇਨ ਨੂੰ ਦੁਬਾਰਾ ਹਾਸਲ ਕਰ ਲਿਆ। ਸੰਨ 1360 ਵਿਚ ਇਸ ਨੂੰ ਇਕ ਪੀਅਰ ਦੀ ਡੱਚੀ ਦਾ ਦਰਜਾ ਦੇ ਦਿੱਤਾ ਗਿਆ ਅਤੇ ਫ਼ਰਾਂਸ ਅਤੇ ਇੰਗਲੈਂਡ ਵਿਚਕਾਰ ਹੱਦ ਨਿਰਧਾਰਤ ਕਰਨ ਸਬੰਧੀ ਹੋਈ ਬਰੇਟਿਨੀ ਦੀ ਸੰਧੀ ਅਨੁਸਾਰ ਇਸ ਨੂੰ ਫ਼ਰਾਂਸ ਵਾਲੇ-ਪਾਸੇ ਰੱਖਿਆ ਗਿਆ। ਸੌ-ਸਾਲਾ ਜੰਗ ਦੌਰਾਨ ਬਾਦਸ਼ਾਹ ਚਾਰਲਸ ਸਤਵੇਂ ਨੇ ਇਸ ਨੂੰ ਆਪਣਾ ਪ੍ਰਮੁੱਖ ਅੱਡਾ ਬਣਾਇਆ। ਸੰਨ 1700 ਵਿਚ ਸ਼ਾਹੀ ਰਿਹਾਇਸ਼ ਦੇ ਇਥੋਂ ਬਦਲ ਕੇ ਵਰਸੇਲਜ਼ ਚਲੇ ਜਾਣ ਨਾਲ ਇਥੋਂ ਦਾ ਵਿਕਾਸ ਰੁਕ ਜਿਹਾ ਗਿਆ। ਸੰਨ 1790 ਵਿਚ ਫ਼ਰਾਂਸ ਦੀ ਕ੍ਰਾਂਤੀ ਦੌਰਾਨ ਪ੍ਰਾਂਤ ਨੂੰ ਖ਼ਤਮ ਕਰ ਦਿੱਤਾ ਗਿਆ ਅਤੇ ਫ਼ਰਾਂਸ ਵਿਚ ਡਿਪਾਰਟਮੈਂਟ ਬਣ ਗਏ। ਲਵਾਰ, ਐਂਡਰੇ ਅਤੇ ਸ਼ੇਰ ਦਰਿਆ ਇਸ ਦੀ ਜਲ ਨਿਕਾਸੀ ਕਰਦੇ ਹਨ।

ਇਥੋਂ ਦੀ ਵਧੇਰੇ ਆਬਾਦੀ ਕੈੱਲਟਿਕ ਮੂਲ ਦੇ ਲੋਕਾਂ ਦੀ ਹੈ। ਰੋਮਨ ਕੈਥੋਲਿਕ ਧਰਮ ਵਧੇਰੇ ਪ੍ਰਚਲਤ ਹੈ। 17 ਵੀਂ. ਸਦੀ ਤੋਂ Langue d' oil' ਇਥੋਂ ਦੀ ਪ੍ਰਮੁੱਖ ਭਾਸ਼ਾ ਹੈ।

ਹ.ਪੁ. – ਐਨ. ਬ੍ਰਿ. ਮਾ. 11 : 871

**ਤਾਲ** : ਸੰਸਕ੍ਰਿਤ ਭਾਸ਼ਾ ਦੇ 'ਤਲ' ਧਾਤੂ ਤੋਂ ਤਾਲ ਸ਼ਬਦ ਬਣਿਆ ਹੈ ਜਿਸ ਦਾ ਅਰਥ ਹੈ ਹੱਥ ਦੀਆਂ ਤਲੀਆਂ ਭਾਵ ਹੱਥਾਂ ਦੀਆਂ ਤਲੀਆਂ ਨਾਲ ਹੀ ਮੌਲਿਕ ਰੂਪ ਵਿਚ ਤਾਲੀ ਲਗਾ ਕੇ ਤਾਲ ਦੀਆਂ ਮਾਤਰਾਂ ਦੀ ਗਿਣਤੀ ਕੀਤੀ ਜਾਂਦੀ ਹੈ ਅਤੇ ਹੱਥਾਂ ਨਾਲ ਹੀ ਵੱਖ ਵੱਖ ਸਾਜ਼ਾਂ ਉਪਰ ਤਾਲ ਵਜਾਏ ਜਾਂਦੇ ਹਨ। ਭਰਤ ਕ੍ਰਿਤ ਨਾਟਯ ਸ਼ਾਸਤਰ ਅਨੁਸਾਰ ਤਾਲ ਦੀ ਉਪਰੋਕਤ ਪਰਿਭਾਸ਼ਾ ਸਿੱਧਾਂਤਕ ਰੂਪ ਵਿਚ ਸਰਵ ਸੰਮਤੀ ਨਾਲ ਮੰਨੀ ਜਾਂਦੀ ਹੈ। ਢੋਲ, ਢੋਲਕ, ਮ੍ਰਿਦੰਗ, ਪਖਾਵਜ ਅਤੇ ਤਬਲਾ ਆਦਿ ਸਾਜ਼ਾਂ ਉਪਰ ਵਜਾਏ ਜਾਣ ਵਾਲੇ ਨਿਸ਼ਚਿਤ ਮਾਤਰਾ ਦੇ ਨਿਸ਼ਚਿਤ ਬੋਲਾਂ ਦੇ ਕੁਝ ਵਿਸ਼ੇਸ਼ ਨਿਯਮਾਂ ਅਨੁਸਾਰ ਵਜਾਏ ਜਾਣ ਨੂੰ ਤਾਲ ਕਹਿੰਦੇ ਹਨ। ਚਾਰ ਮਾਤਰਾਂ ਤੋਂ ਘੱਟ ਕੋਈ ਤਾਲ ਨਹੀਂ ਹੁੰਦਾ, 28 ਮਾਤਰਾਂ ਤੋਂ ਵੱਧ ਦੇ ਤਾਲ ਅੱਜਕੱਲ ਪ੍ਰਯੋਗ ਨਹੀਂ ਕੀਤੇ ਜਾਂਦੇ। ਤਾਲ ਦੀ ਰਚਨਾ ਕੁਝ ਮਾਤਰਾਂ ਦੇ ਸਮੂਹ ਤੋਂ ਹੁੰਦੀ ਹੈ। ਮਾਤਰਾ ਨੂੰ ਲੈਅ ਦੀ ਅਨੁਪਾਤ ਜਾਂ ਲੈਅ ਦੀ ਛੋਟੀ ਤੋਂ ਛੋਟੀ ਇਕਾਈ ਕਿਹਾ ਜਾਂਦਾ ਹੈ। ਇਕ ਮਾਤਰਾ ਦੀ ਤੁਲਨਾ ਇਕ ਸਕਿੰਟ ਨਾਲ ਕੀਤੀ ਜਾਂਦੀ ਹੈ ਪਰ ਸੰਗੀਤ ਵਿਚ ਪ੍ਰਮੁੱਖ ਤੌਰ ਤੇ ਤਿੰਨ ਪ੍ਰਕਾਰ ਦੀ ਲੈਅ ਹੁੰਦੀ ਹੈ, ਇਸ ਲਈ ਲੈਅ ਅਨੁਸਾਰ ਹੀ ਮਾਤਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਸੰਗੀਤ ਵਿਚ ਤਾਲ ਦਾ ਮਹੱਤਵਪੂਰਨ ਸਥਾਨ ਹੈ ਕਿਉਂਕਿ ਤਾਲ ਤੋਂ ਬਿਨਾਂ ਸੰਗੀਤ ਅਧੂਰਾ ਹੈ। ਸੰਗੀਤ ਵਿਚ ਆਨੰਦ ਤੇ ਮਸਤੀ ਤਾਲ ਤੋਂ ਉਪਜਦੀ ਹੈ, ਤਾਲ ਹੀ ਸੰਗੀਤ ਦਾ ਗਣਿਤ ਅਤੇ ਵਿਆਕਰਣ ਹੈ। ਤਾਲ ਵਿਚ ਸੰਗੀਤ ਦੀ 'ਸ਼ੁੱਧਤਾ' ਅਤੇ ਬੇਤਾਲ ਵਿਚ 'ਅਸ਼ੁੱਧਤਾ' ਮੰਨੀ ਜਾਂਦੀ ਹੈ।

ਤਾਲ ਅਨੇਕਾਂ ਪ੍ਰਕਾਰ ਦੀਆਂ ਲੈਕਾਰੀਆਂ ਵਿਚ ਵਜਾਏ ਜਾਂਦੇ ਹਨ। ਜਿਵੇਂ- ਵਿਲੰਬਿਤ, ਮੱਧ ਅਤੇ ਦੁਰੱਤ ਆਦਿ। ਇਨ੍ਹਾਂ ਤੋਂ ਇਲਾਵਾ ਦੁੱਗਣ, ਤਿੱਗੁਣ ਅਤੇ ਚੌਗੁਣ ਅਰਥਾਤ: ਦੋ ਗੁਣਾਂ ਤੇਜ਼, ਤਿੰਨ ਗੁਣਾਂ ਤੇਜ਼ ਅਤੇ ਚਾਰ ਗੁਣਾਂ ਤੇਜ਼ ਲੈਕਾਰੀਆਂ ਮੰਨੀਆਂ ਗਈਆਂ ਹਨ। ਕਠਿਨ ਲੈਕਾਰੀਆਂ ਨਿਮਨਲਿਖਤ ਹਨ :

* $1\frac{1}{4}$ ਅਰਥਾਤ ਸਵਾਗੁਣ ਤੇਜ਼ ਨੂੰ ਕੁਆੜੀ ਲੈਅ ਕਹਿੰਦੇ ਹਨ।

* $1\frac{1}{2}$ ਅਰਥਾਤ ਡੇਢ ਗੁਣ ਤੇਜ਼ ਨੂੰ ਆੜੀ ਲੈਅ ਕਹਿੰਦੇ ਹਨ।

* $1\frac{2}{3}$ ਅਰਥਾਤ ਪੌਣੇ ਦੋ ਗੁਣ ਤੇਜ਼ ਨੂੰ ਵਿਆੜੀ ਲੈਅ ਕਹਿੰਦੇ ਹਨ।

* ਤਾਲ ਦੇ ਜ਼ਰੂਰੀ ਨਿਯਮ ਠੇਕਾ (ਬੋਲ) ਸਮ, ਤਾਲੀ, ਖਾਲੀ ਵਿਭਾਗ ਅਤੇ ਆਵਰਤਨ ਮੰਨੇ ਜਾਂਦੇ ਹਨ।

* ਤਬਲਾ ਆਦਿ ਸਾਜ਼ਾਂ ਉਪਰ ਵਜਣ ਵਾਲੇ ਤਾਲ ਦੇ ਨਿਸ਼ਚਿਤ ਬੋਲਾਂ ਨੂੰ ਠੇਕਾ ਜਾਂ ਬੋਲ ਕਹਿੰਦੇ ਹਨ। ਤਾਲ ਦੇ ਬੋਲ ਹੇਠ ਲਿਖੇ ਵਰਣਾਂ ਤੋਂ ਬਣਦੇ ਹਨ :

"ਧਾ ਧਿਨ ਤਿਟ ਤਿਨ ਨਾ ਕ ਧੀ ਤਾ ਕਿਨ ਕੱਤ ਵਿਚਾਰ।
ਤਬਲਾ ਕੇ ਦਸ ਵਰਣ ਹੈ, ਇਨਕੋ ਲੇਉ ਸੁਧਾਰ॥"

ਸੱਜੇ ਹੱਥ ਨਾਲ : ਨਾ, ਤਾ, ਦਿ, ਕਿਟ, ਦਿਨ ਤੁਨ ਜਾਂ ਤਿਨ ; ਖੱਬੇ ਹੱਥ ਨਾਲ : ਧਿੰ ਜਾਂ ਧੀ, ਗ, ਕ, ਕੱਤ, ਕਿਨ ਅਤੇ ਦੋਹਾਂ ਹੱਥਾਂ ਨਾਲ ਧਿੰਨਾ, ਧਾ, ਧਿੜਨਗ, ਕਿੜਨਗ, ਤਕਿਟ, ਕਿਟਤਕ, ਤਿਰ-ਕਿਟ, ਤ੍ਰਕ, ਕੜਾਂਨਤਾ ਆਦਿ ਬੋਲ ਵਜਾਏ ਜਾਂਦੇ ਹਨ। ਤਾਲ ਦੀ ਪਹਿਲੀ ਮਾਤਰਾ ਨੂੰ ਸਮ ਕਹਿੰਦੇ ਹਨ। ਸੰਗੀਤਕ ਰਚਨਾਵਾਂ ਜਾਂ ਤਾਲਾਂ ਦੀ ਜ਼ੁਬਾਨੀ ਪਰਖ ਕਰਨ ਲਈ ਤਾਲੀਆਂ ਲਗਾ ਕੇ ਗਿਣਤੀ ਕੀਤੀ ਜਾਂਦੀ ਹੈ, ਹਰੇਕ ਤਾਲ ਦੀਆਂ ਤਾਲੀਆਂ ਨਿਸ਼ਚਿਤ ਹੁੰਦੀਆਂ ਹਨ। ਤਾਲੀ ਦਾ ਕ੍ਰਮ ਅੰਕ ਸਬੰਧਤ ਮਾਤਰਾ ਦੇ ਹੇਠਾਂ ਲਿਖਿਆ ਜਾਂਦਾ ਹੈ।

ਹਰੇਕ ਤਾਲ ਵਿਚ ਦੋ ਤਰ੍ਹਾਂ ਦੇ ਬੋਲ ਹੁੰਦੇ ਹਨ। ਦੋਹਾਂ ਹੱਥਾਂ ਨਾਲ (ਸੱਜੇ-ਖੱਬੇ) ਵੱਜਣ ਵਾਲੇ ਬੋਲਾਂ ਨੂੰ 'ਭਰੀ' ਅਤੇ ਕੇਵਲ ਇਕ (ਸੱਜੇ) ਹੱਥ ਨਾਲ ਵੱਜਣ ਵਾਲੇ ਬੋਲਾਂ ਨੂੰ 'ਖਾਲੀ' ਕਿਹਾ ਜਾਂਦਾ ਹੈ। ਖਾਲੀ ਵਾਲੀ ਮਾਤਰਾ ਦੇ ਹੇਠਾਂ ਸਿਫ਼ਰ ਦਾ ਚਿੰਨ੍ਹ ਲਗਾਇਆ ਜਾਂਦਾ ਹੈ।

'ਸਮ', 'ਤਾਲੀ', 'ਖਾਲੀ' ਅਤੇ 'ਭਰੀ' ਅਨੁਸਾਰ ਤਾਲਾਂ ਦੇ 'ਵਿਭਾਗ' (ਹਿੱਸੇ) ਖੜੀ ਰੇਖਾ ਨਾਲ ਬਣਾਏ ਜਾਂਦੇ ਹਨ।

ਆਵਰਤਨ - ਹਰੇਕ ਤਾਲ ਦੀ ਪਹਿਲੀ ਤੋਂ ਆਖ਼ਰੀ ਮਾਤਰਾ ਤਕ ਉਸ ਦਾ ਇਕ ਆਵਰਤਨ ਅਰਥਾਤ ਚਕ੍ਰ ਮੰਨਿਆ ਜਾਂਦਾ ਹੈ।

ਉੱਤਰੀ ਸੰਗੀਤ ਪ੍ਰਣਾਲੀ ਵਿਚ ਤਾਲਾਂ ਲਈ ਹੇਠ ਲਿਖੇ ਚਿੰਨ੍ਹ ਪ੍ਰਯੋਗ ਕੀਤੇ ਜਾਂਦੇ ਹਨ, ਜਿਵੇਂ ਆਦਿ ਤਾਲ (ਤੀਨਤਾਲ) ਨੂੰ ਇਸ ਤਰ੍ਹਾਂ ਲਿਪੀ ਬੱਧ ਕੀਤਾ ਜਾਂਦਾ ਹੈ :-

| | | | | | | | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ |
| × | | | | 2 | | | |

| 9 | 10 | 11 | 12 | 13 | 14 | 15 | 16 |
|---|---|---|---|---|---|---|---|
| ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| 0 | | | | 3 | | | |

ਅਰਥਾਤ - ਮਾਤਰਾ = 16 ਤਾਲੀ = 1,5,3 ਅਤੇ ਖਾਲੀ 9 ਵੀਂ ਤੇ।

ਉੱਤਰੀ ਭਾਰਤੀ ਸੰਗੀਤ ਵਿਚ 'ਤਬਲਾ' (ਤਾਲ ਵਾਦਯ) ਅਤੇ ਦੱਖਣ ਭਾਰਤੀ ਸੰਗੀਤ ਵਿਚ 'ਮਰਦੰਗ' (ਤਾਲ ਵਾਦਯ) ਪ੍ਰਯੋਗ ਕੀਤਾ ਜਾਂਦਾ ਹੈ। 'ਪਖਾਵਜ' ਦਾ ਪ੍ਰਯੋਗ ਉੱਤਰੀ ਸੰਗੀਤ ਪ੍ਰਣਾਲੀ ਦੇ ਧਰੁਪਦ - ਧਮਾਰ ਗੀਤਾਂ ਲਈ ਕੀਤਾ ਜਾਂਦਾ ਹੈ।

ਯਤੀ - ਪ੍ਰਾਚੀਨ ਸੰਗੀਤ ਸ਼ਾਸਤਰਾਂ ਵਿਚ 'ਲੈਅ ਜਾਂ ਗਤੀ' ਦੇ 'ਚਾਲ-ਕ੍ਰਮ' ਨੂੰ ਯਤੀ ਕਿਹਾ ਜਾਂਦਾ ਸੀ। ਇਸ ਦੇ ਪੰਜ ਪ੍ਰਕਾਰ ਹਨ - ਸਮਾ, ਸ਼ਰੋਤਾਵਹਾ, ਮ੍ਰਦੰਗਾ, ਪਿਪੀਲਿਕਾ ਅਤੇ ਗੋਪੁੱਛਾ। ਆਧੁਨਿਕ ਉੱਤਰ ਭਾਰਤੀ ਸੰਗੀਤ ਵਿਚ ਵਧੇਰੇ ਕਰਕੇ 'ਸ਼ਰੋਤਾਵਹਾ' ਯਤੀ ਪ੍ਰਚੱਲਤ ਹੈ ਅਰਥਾਤ ਸੰਗੀਤ ਪ੍ਰਦਰਸ਼ਨ ਵੇਲੇ ਆਰੰਭ ਵਿਚ ਵਿਲੰਬਿਤ ਲੈਅ, ਵਿਚਕਾਰ ਮੱਧ ਲੈਅ ਅਤੇ ਅੰਤ ਵਿਚ ਦਰੁੱਤ ਲੈਅ ਪ੍ਰਯੋਗ ਕਰਨ ਨੂੰ ਸ਼ਰੋਤਾਵਹਾ ਕਿਹਾ ਜਾਂਦਾ ਹੈ। ਤਾਲਾਂ ਦੀ ਤਾਲੀਮ ਵਿਚ ਕਾਇਦੇ, ਪ੍ਰਕਾਰ, ਰੇਲੇ, ਤਿੱਪਲੀ, ਚੌਪੱਲੀ, ਨੌਕਾ, ਮੋਹਰੇ, ਮੁਖੜੇ, ਤਿਹਾਈਆਂ, ਟੁਕੜੇ, ਪੇਸ਼ਕਾਰੇ, ਉਠਾਨ ਅਤੇ ਲੜੀ, ਲੱਗੀ, ਪਰਨਾ ਆਦਿ ਸਿਖਾਈਆਂ ਅਤੇ ਵਜਾਈਆਂ ਜਾਂਦੀਆਂ ਹਨ।

ਤਾਲ ਦੇ ਦਸ ਪ੍ਰਾਣ (ਪ੍ਰਮੁੱਖ ਸਿੱਧਾਂਤ) ਮੰਨੇ ਜਾਂਦੇ ਹਨ ਜਿਵੇਂ ਕਾਲ, ਕ੍ਰਿਆ, ਕਲਾ, ਮਾਰਗ, ਅੰਗ, ਪ੍ਰਸਤਾਰ, ਜਾਤੀ, ਗ੍ਰਹਿ, ਲਯ, ਗਤੀ। ਇਨ੍ਹਾਂ ਵਿਚੋਂ ਮਾਰਗ, ਅੰਗ, ਜਾਤੀ ਅਤੇ ਪ੍ਰਸਤਾਰ ਦੱਖਣੀ ਤਾਲ ਪ੍ਰਣਾਲੀ ਵਿਚ ਪ੍ਰਯੋਗ ਕੀਤੇ ਜਾਂਦੇ ਹਨ।

ਪ੍ਰਚੱਲਤ ਤਾਲਾਂ ਨੂੰ ਪੰਜ ਗੀਤ ਸ਼ੈਲੀਆਂ ਵਿਚ ਵੰਡਿਆ ਗਿਆ ਹੈ :—

1. ਧਰੁਪਦ ਅੰਗ ਦੇ ਤਾਲ-ਚਾਰਤਾਲ, ਆੜਾਚੌਤਾਲ, ਸੂਲਤਾਲ, ਧਮਾਰ, ਤੀਵਰਾ, ਝੰਪਾ, ਬ੍ਰਹਮਤਾਲ, ਰੁਦਰ ਤਾਲ ਆਦਿ।

2. ਖ਼ਿਆਲ ਅੰਗ ਦੇ ਤਾਲ-ਤਲਵਾੜਾ, ਆੜਾਚੌਤਾਲ, ਏਕਤਾਲ, ਝੂਮਰਾ ਆਦਿ।

3. ਟੱਪਾ ਅੰਗ ਦੇ ਤਾਲ - ਪੰਜਾਬੀ ਤਾਲ, ਜਤਤਾਲ ਆਦਿ।

4. ਠੁਮਰੀ ਅੰਗ ਦੇ ਤਾਲ - ਦੀਪਚੰਦੀ, ਤੀਨਤਾਲ, ਕਹਿਰਵਾ ਆਦਿ।

5. ਸੁਗਮ ਸੰਗੀਤ ਦੇ ਤਾਲ - ਕਹਿਰਵਾ, ਦਾਦਰਾ, ਰੂਪਕ, ਧੁਮਾਲੀ, ਪਸ਼ਤੋ ਆਦਿ। ਗਾਇਨ, ਵਾਦਨ ਅਤੇ ਨਿਰਤ ਦੀਆਂ ਵੱਖ ਵੱਖ ਸ਼ੈਲੀਆਂ ਵਾਸਤੇ ਵੱਖ-ਵੱਖ ਤਾਲਾਂ ਦੀ ਰਚਨਾ ਹੋਈ ਪਰੰਤੂ ਅਨੇਕਾਂ ਸਮਾਨ ਮਾਤਰਾਂ ਵਾਲੇ ਤਾਲਾਂ ਦੀ ਪਿੱਠ-ਭੂਮੀ ਵਿਚ ਵੀ ਇਹ ਕਾਰਣ ਪ੍ਰਮੁੱਖ ਹੈ ਜਿਵੇਂ - ਧਰੁਪਦ ਵਰਗੀ ਗੰਭੀਰ ਸ਼ੈਲੀ ਲਈ 12 ਮਾਤਰਾਂ ਦਾ ਚਾਰਤਾਲ ਪ੍ਰਯੋਗ ਕੀਤਾ ਜਾਂਦਾ ਹੈ ਪਰੰਤੂ ਖਿਆਲ ਵਰਗੀ ਸ਼ਿੰਗਾਰ ਸ਼ੈਲੀ ਲਈ 12 ਮਾਤਰਾ ਦਾ ਏਕਤਾਲ ਪ੍ਰਯੋਗ ਹੁੰਦਾ ਹੈ। ਇਹੀ ਅੰਤਰ 10 ਮਾਤਰਾ, 14 ਮਾਤਰਾ ਅਤੇ 16 ਮਾਤਰਾ ਵਾਲੇ ਸਮਾਨ ਮਾਤਰਾ ਤਾਲਾਂ ਵਿਚ ਪਾਇਆ ਜਾਂਦਾ ਹੈ। ਸੋ ਗੀਤ ਤੇ ਗਤੀ ਸ਼ੈਲੀਆਂ ਦੀ ਭਿੰਨਤਾ ਦਾ ਮੂਲ ਕਾਰਨ ਹੈ।

ਸਰੋਤਿਆਂ ਦੀ ਰੁਚੀ ਦਾ ਮਨੋਵਿਸ਼ਲੇਸ਼ਣ ਕਰਨ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਥੋੜ੍ਹੀਆਂ ਮਾਤਰਾ ਵਾਲੇ (ਛੋਟੇ ਤਾਲਾਂ) ਤਾਲਾਂ ਦੀਆਂ ਸੰਗੀਤਕ ਰਚਨਾਵਾਂ ਆਮ ਲੋਕਾਂ ਵਿਚ ਵਧੇਰੇ ਲੋਕਪ੍ਰਿਯ ਹਨ। ਛੇ ਮਾਤਰਾ ਵਾਲੇ, ਸੱਤ ਮਾਤਰਾ ਵਾਲੇ, ਅੱਠ ਮਾਤਰਾ ਵਾਲੇ ਅਤੇ ਦਸ ਮਾਤਰਾ ਵਾਲੇ ਤਾਲਾਂ ਦੀਆਂ ਗੀਤ ਸ਼ੈਲੀਆਂ ਨੂੰ ਬਹੁ-ਗਿਣਤੀ ਲੋਕ ਪਸੰਦ ਕਰਦੇ ਹਨ; ਜਿਵੇਂ ਲੋਕ ਗੀਤ, ਫ਼ਿਲਮੀ ਗੀਤ, ਗ਼ਜ਼ਲ, ਸ਼ਬਦ ਅਤੇ ਭਜਨ ਆਦਿ ਪ੍ਰੰਤੂ ਬਹੁਤੀਆਂ ਮਾਤਰਾ ਵਾਲੇ (ਵੱਡੇ ਤਾਲਾਂ) ਤਾਲਾਂ ਦੀਆਂ ਸੰਗੀਤਕ ਰਚਨਾਵਾਂ ਨੂੰ ਕੇਵਲ ਇਕ ਵਰਗ ਵਿਸ਼ੇਸ਼ ਦੇ ਲੋਕ ਹੀ ਪਸੰਦ ਕਰਦੇ ਹਨ ਜਿਵੇਂ 12 ਮਾਤਰਾ, 14 ਮਾਤਰਾ ਅਤੇ 16 ਮਾਤਰਾ ਵਾਲੇ ਤਾਲਾਂ ਦੀਆਂ ਰਚਨਾਵਾਂ ਕ੍ਰਮ ਅਨੁਸਾਰ ਧਰੁਪਦ, ਖਿਆਲ, ਟੱਪਾ ਠੁਮਰੀ ਨੂੰ ਪਸੰਦ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ।

ਉੱਤਰੀ ਸੰਗੀਤ ਪ੍ਰਣਾਲੀ ਦੇ ਪ੍ਰਮੁੱਖ ਤਾਲਾਂ ਦਾ ਸੰਖੇਪ ਵੇਰਵਾ :—

| ਨਾਮ | ਮਾਤਰਾ | ਤਾਲੀ | ਖਾਲੀ | ਵਿਭਾਗ ਵੰਡ ਕੇ ਕੁਲ ਵਿਭਾਗ |
|---|---|---|---|---|
| 1. ਦਾਦਰਾ | = 6 | 1 ਮਾਤਰਾ ਤੇ | 4 ਮਾਤਰਾ ਤੇ | 3 + 3 = (2) |
| 2. ਰੂਪਕ | = 7 | 1, 4 | 1 | 3 + 2 + 2 = (3) |
| 3. ਤੀਵਰਾ | = 7 | 1, 4, 6 | × | 3 + 2 + 2 = (3) |
| 4. ਕਹਿਰਵਾ | = 8 | 1 | 5 | 4 + 4 = (2) |
| 5. ਧੁਮਾਲੀ | = 8 | 1, 3, 7 | 5 | 2 + 2 + 2 + 2 = (4) |
| 6. ਝਪਤਾਲ | = 10 | 1, 3, 8 | 6 | 2 + 3 + 2 + 3 = (4) |
| 7. ਸੂਲਤਾਲ | = 10 | 1, 5, 7 | 3, 9 | 2 + 2 + 2 + 2 + 2 = (5) |
| 8. ਏਕਤਾਲ | = 12 | 1, 5, 9, 11 | 3, 7 | 2 + 2 + 2 + 2 + 2 + 2 = (6) |
| 9. ਚਾਰਤਾਲ | = 12 | 1, 5, 9, 11 | 3, 7 | 2 + 2 + 2 + 2 + 2 + 2 = (6) |
| 10. ਧਮਾਰ | = 14 | 1, 6, 11 | 8 | 5 + 2 + 3 + 4 = (4) |
| 11. ਆੜਾਚੌਤਾਲ | = 14 | 1, 3, 7, 11 | 5, 9, 13 | 2 + 2 + 2 + 2 + 2 + 2 + 2 = (7) |
| 12. ਝੂਮਰਾ | = 14 | 1, 4, 11 | 8 | 3 + 4 + 3 + 4 = (4) |
| 13. ਦੀਪਚੰਦੀ | = 14 | 1, 4, 11 | 8 | 3 + 4 + 3 + 4 = (4) |
| 14. ਯਤੀਸ਼ੇਖਰ | = 15 | 1, 2, 4, 6, 7, 8 | × | 1 + 2 + 2 + 1 + 1 + 2 + 1 + 1 + 2 |
| | | 10, 11, 12, 14 | | + 2 = 10 |

| ਨਾਮ | ਮਾਤਰਾ | ਤਾਲੀ | ਖਾਲੀ | ਵਿਭਾਗ ਵੰਡ ਕੇ ਕੁਲ ਵਿਭਾਗ |
|---|---|---|---|---|
| 15. ਚਿੱਤਰਾ | = 15 | 1, 3, 6, 10 | 14 | 2 + 3 + 4 + 2 = (5) |
| 16. ਸਵਾਰੀ | = 15 | 1, 4, 8, 12 | (6, 10, 14) | 3 + 2 + 2 + 2 + 2 + 2 + 2 = (7) |
| 17. ਤੀਨਤਾਲ | = 16 | 1, 5, 13 | 9 | 4 + 4 + 4 + 4 = (4) |
| 18. ਪੰਜਾਬੀ | = 16 | 1, 5, 13 | 9 | 4 + 4 + 4 + 4 = (4) |
| 19. ਤਲਵਾੜਾ | = 16 | 1, 5, 13 | 9 | 4 + 4 + 4 + 4 = (4) |
| 20. ਸਿਖ਼ਰ | = 17 | 1, 13, 15 | 7 | 6 + 6 + 2 + 3 = (4) |
| 21. ਵਿਸ਼ਣੂ | = 17 | 1, 3, 6, 10 | 14 | 2 + 3 + 4 + 4 + 4 = (5) |
| 22. ਮਤਤਾਲ | = 18 | 1, 5, 7, 11, 13, 15 | (3, 9, 17) | 2 + 2 + 2 + 2 + 2 + 2 + 2 + 2 + 2 = (9) |
| 23. ਲਖਸ਼ਮੀ ਤਾਲ | = 18 | 1, 2, 3, 5, 6, 7 9, 10, 11, 12 13, 14, 15 | (4, 8, 18) | 1 × 18 = (18) |
| 24. ਬ੍ਰਹਮਤਾਲ | = 28 | 1, 5, 7, 11, 13, 15, 19, 21, 23, 25 | (3, 9, 17, 27) | 2 × 14 = (28) |

**ਲੈਕਾਰੀਆਂ ਨੂੰ ਲਿੱਪੀਬੱਧ ਕਰਨ ਦਾ ਢੰਗ :**

1. ਵਿਲੰਬਿਤ ਲੈਅ (Slow Rhythm) (ਚਾਰ ਗੁਣਾ) । 1 ऽऽऽ 2 ऽऽऽ 3 ऽऽऽ 4 ऽऽऽ ।
2. ਵਿਲੰਬਿਤ ਲੈਅ (Slow Rhythm) : (ਦੋ ਗੁਣਾ) । 1 ऽ 2 ऽ 3 ऽ 4 ऽ ।
3. ਮੱਧ ਲੈਅ (Medium Tempo Rhythm) : । 1 2 3 4 ।

ਮੱਧ ਲੈ ਦੇ ਤਿੰਨ ਪ੍ਰਕਾਰ ਹਨ : ਦੁੱਗੁਣ, ਤਿੱਗੁਣ ਅਤੇ ਚੌਗੁਣ।

1. ਦੁੱਗਣ | $\frac{12}{1}$ $\frac{34}{2}$ $\frac{56}{3}$ $\frac{78}{4}$ | ਤਿੱਗੁਣ | $\frac{1\ 2\ 3}{1}$ $\frac{4\ 5\ 6}{2}$ $\frac{7\ 8\ 9}{3}$ $\frac{10\ 11\ 12}{4}$ |

ਚੌਗੁਣ | $\frac{1\ 2\ 3\ 4}{1}$ $\frac{5\ 6\ 7\ 8}{2}$ $\frac{9\ 10\ 11\ 12}{3}$ $\frac{13\ 14\ 15\ 16}{4}$ |

**ਕਠਿਨ ਲੈਕਾਰੀਆਂ ਦੇ ਤਿੰਨ ਪ੍ਰਕਾਰ :**

1. ਕੁਆੜੀ ਲੈਅ
   $1\frac{1}{4}$ ਗੁਣ (ਸਵਾ ਗੁਣ) ਮਾਤਰਾ
   1 ऽ 2 | ऽ 3 ऽ | 4 ऽ 5 | ऽ 5 ऽऽऽ
   1 | 2 | 3 | 4

2. ਆੜੀ ਲੈਅ
   $1\frac{1}{2}$ ਗੁਣ (ਡੇਢ ਗੁਣ) ਮਾਤਰਾ
   1 ऽ 2 | ऽ 3 ऽ | 4 ऽ 5 | 5 6 ऽ
   1 | 2 | 3 | 4

3. ਵਿਆੜੀ ਲੈ
   $1\frac{2}{3}$ ਗੁਣ (ਪੌਣ ਗੁਣ) ਮਾਤਰਾ
   1 ऽ ऽ ऽ 2 ऽ ऽ | ऽ 3 ऽ ऽ ऽ 4 ऽ | ऽ ऽ 5 ऽ ऽ ऽ 6 | ऽ ऽ ऽ 7 ऽ ऽ ऽ
   1 | 2 | 3 | 4

**ਦੱਖਣੀ ਤਾਲ ਪ੍ਰਣਾਲੀ** – ਉੱਤਰੀ ਅਤੇ ਦੱਖਣੀ ਤਾਲ ਪ੍ਰਣਾਲੀ ਵਿਚ ਕਾਫ਼ੀ ਅੰਤਰ ਹੈ। ਦੋਹਾਂ ਦੇ ਤੁਲਨਾਤਮਕ ਅਧਿਐਨ ਤੋਂ ਨਿਮਨ ਲਿਖਤ ਮਤਭੇਦ ਸਪਸ਼ਟ ਹੁੰਦੇ ਹਨ :

1. ਦੱਖਣੀ ਤਾਲ ਪ੍ਰਣਾਲੀ ਵਿੱਚ 'ਲਘੂ' ਦੀਆਂ ਮਾਤਰਾ ਜਾਤੀ ਭੇਦ ਅਨੁਸਾਰ ਬਦਲ ਜਾਂਦੀਆਂ ਹਨ, ਪਰ ਉੱਤਰੀ ਪ੍ਰਣਾਲੀ ਵਿਚ ਅਜਿਹਾ ਕੋਈ ਚਿੰਨ੍ਹ ਨਹੀਂ।

2. ਦੱਖਣੀ ਤਾਲਾਂ ਵਿਚ 'ਖਾਲੀ' ਨਹੀਂ ਹੁੰਦੀ, ਇਸ ਕਰਕੇ ਜਿਤਨੇ ਚਿੰਨ੍ਹ ਹੁੰਦੇ ਹਨ, ਉਤਨੀਆਂ ਤਾਲੀਆਂ (ਥਾਪ) ਜਾਂ ਭਰੀਆਂ ਹੁੰਦੀਆਂ ਹਨ, ਪਰੰਤੂ ਉੱਤਰੀ ਤਾਲਾਂ ਵਿਚ 'ਖਾਲੀ' ਦਾ ਚਿੰਨ੍ਹ ਜ਼ਰੂਰੀ ਹੈ। ਇਸ ਕਰਕੇ ਇਸ ਵਿਚ ਸਮ, ਤਾਲੀ, ਖਾਲੀ ਦੇ ਅਧਾਰ ਤੇ ਚਿੰਨ੍ਹ ਅਤੇ ਵਿਭਾਗ ਬਣਦੇ ਹਨ।

3. ਦੱਖਣੀ ਪ੍ਰਣਾਲੀ ਵਿਚ ਪ੍ਰਮੁੱਖ ਤਾਲਾਂ ਵਿਚ ਸੰਖਿਆ ਸੱਤ ਹੈ ਪਰ ਉੱਤਰੀ ਤਾਲਾਂ ਦੀ ਸੰਖਿਆ 300 ਤੋਂ ਉਪਰ ਹੈ ਜਿਸ ਵਿਚੋਂ 20/25 ਤਾਲ ਹੀ ਲੋਕ-ਪ੍ਰਿਯ ਹਨ।

4. ਦੱਖਣੀ ਤਾਲਾਂ ਦੀਆਂ ਪੰਜ ਪੰਜ ਜਾਤੀਆਂ ਅਨੁਸਾਰ 5x7 = 35 ਤਾਲ ਸੰਖਿਆ ਜਾਤੀ-ਭੇਦ ਅਨੁਸਾਰ ਬਣਦੀ ਹੈ, ਪਰ ਉੱਤਰੀ ਪ੍ਰਣਾਲੀ ਵਿੱਚ ਤਾਲਾਂ ਦੀਆਂ ਜਾਤੀਆਂ ਨਹੀਂ ਹੁੰਦੀਆਂ।

5. ਦੱਖਣੀ ਤਾਲਾਂ ਦੇ ਪੰਜ ਪੰਜ ਗਤੀ-ਭੇਦ ਹੋਣ ਕਰਕੇ ਤਾਲਾਂ ਦੀ ਕੁਲ ਸੰਖਿਆ 5x33 = 175 ਬਣਦੀ ਹੈ, ਪਰੰਤੂ ਉੱਤਰੀ ਤਾਲ ਪ੍ਰਣਾਲੀ ਵਿਚ 'ਗਤੀ-ਭੇਦ' ਦਾ ਕੋਈ ਸਿਧਾਂਤ ਨਹੀਂ, ਹਰੇਕ ਤਾਲ ਵਿਲੰਬਤ, ਮੱਧ ਤੇ ਦਰੁੱਤ ਲੈਅ ਵਿਚ ਵਜਾਇਆ ਜਾ ਸਕਦਾ ਹੈ।

ਸੋ ਸ਼ਪਸ਼ਟ ਹੈ ਕਿ "ਦੋਹਾਂ ਪ੍ਰਣਾਲੀਆਂ ਦੇ ਤਾਲ ਸਮ ਤੋਂ ਆਰੰਭ ਹੁੰਦੇ ਹਨ" ਇਸ ਨੁਕਤੇ ਤੋਂ ਇਲਾਵਾ ਹੋਰ ਕੋਈ ਵੀ ਸਮਾਨਤਾ ਨਹੀਂ ਹੈ, ਨਾ ਮਾਤਰਾ ਪੱਖੋਂ, ਨਾ ਸਮਤਾਲੀ, ਖ਼ਾਲੀ ਪੱਖ ਤੋਂ ਤੇ ਨਾ ਹੀ ਬੋਲਾਂ ਦੇ ਪੱਖ ਤੋਂ।

ਦੱਖਣੀ (ਕਰਨਾਟਕੀ) ਤਾਲ ਪੱਧਤੀ,

ਤਾਲ-ਲਿਪੀ ਦੇ ਚਿੰਨ੍ਹ ਇਸ ਪ੍ਰਕਾਰ ਹਨ—

| | | |
|---|---|---|
| 1. ਮਾਤਰਾ | (ਅਣੂ ਦਰੁੱਤ ਜਾਂ ਵਿਰਾਮ) | ਚਿੰਨ੍ਹ |
| 2. ਮਾਤਰਾ | (ਦਰੁੱਤ) | o |
| 4. ਮਾਤਰਾ | (ਲਘੂ) | 1 |
| 8. ਮਾਤਰਾ | (ਗੁਰੂ) | S |
| 12. ਮਾਤਰਾ | (ਪਲੁਤ) | 3 |
| 16. ਮਾਤਰਾ | (ਕਾਕਪਦ) | × |

ਉਪਰੋਕਤ ਚਿੰਨ੍ਹਾਂ ਵਿਚੋਂ ਪ੍ਰਥਮ ਤਿੰਨ ਚਿੰਨ੍ਹ ਗਾਇਨ ਤੇ ਵਾਦਨ ਵਿਚ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਆਖ਼ਰੀ ਤਿੰਨ ਚਿੰਨ੍ਹਾਂ ਦਾ ਪ੍ਰਯੋਗ, ਦੱਖਣੀ ਨਿਰਤ ਵਿਚ ਪ੍ਰਯੋਗ ਹੋਣ ਵਾਲੀਆਂ 108 ਤਾਲਾਂ ਵਿਚ ਕੀਤਾ ਜਾਂਦਾ ਹੈ।

o 'ਲਘੂ' ਸਾਰੇ ਚਿੰਨ੍ਹਾਂ ਵਿਚੋਂ ਮਹੱਤਵਪੂਰਨ ਹੈ ਕਿਉਂਕਿ ਇਸ ਦੀਆਂ ਮਾਤਰਾਂ ਜਾਤੀ ਭੇਦ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ ਜਿਵੇਂ :—

1. ਚਤੁਸਤਰ ਜਾਤੀ ਵਿਚ 'ਲਘੂ' ਦੀਆਂ 'ਚਾਰ' ਮਾਤਰਾਂ ਮੰਨੀਆਂ ਜਾਂਦੀਆਂ ਹਨ।
2. ਤਿਸਤਰ ਜਾਤੀ ਵਿਚ 'ਲਘੂ' ਦੀਆਂ 'ਤਿੰਨ' ਮਾਤਰਾਂ ਮੰਨੀਆਂ ਜਾਂਦੀਆਂ ਹਨ।
3. ਖੰਡ ਜਾਤੀ ਵਿਚ 'ਲਘੂ' ਦੀਆਂ 'ਪੰਜ' ਮਾਤਰਾਂ ਮੰਨੀਆਂ ਜਾਂਦੀਆਂ ਹਨ।
4. ਮਿਸਰ ਜਾਤੀ ਵਿਚ 'ਲਘੂ' ਦੀਆਂ 'ਸੱਤ' ਮਾਤਰਾਂ ਮੰਨੀਆਂ ਜਾਂਦੀਆਂ ਹਨ।
5. ਸੰਕੀਰਣ ਜਾਤੀ ਵਿਚ 'ਲਘੂ' ਦੀਆਂ 'ਨੌਂ' ਮਾਤਰਾਂ ਮੰਨੀਆਂ ਜਾਂਦੀਆਂ ਹਨ।

* ਤਾਲ ਦੇ ਬੋਲ ਵੀ 'ਜਾਤੀ-ਭੇਦ' ਅਨੁਸਾਰ ਨਿਸ਼ਚਿਤ ਹਨ ਜਿਵੇਂ :—

1. ਚਤਸਤਰ ਜਾਤੀ ਦੇ ਬੋਲ (ਚਾਰ ਮਾਤਰਾਂ) 'ਤਕ ਧਿਨ'
2. ਤਿਸਤਰ ਜਾਤੀ ਦੇ ਬੋਲ (ਤਿੰਨ ਮਾਤਰਾ) 'ਤਕਿਟ'
3. ਖੰਡ ਜਾਤੀ ਦੇ ਬੋਲ (ਪੰਜ ਮਾਤਰਾ) 'ਤਕਿਟ ਕਿਟ'
4. ਮਿਸ਼ਰ ਜਾਤੀ ਦੇ ਬੋਲ (ਸੱਤ ਮਾਤਰਾ) 'ਤਕਧਿਨ ਤਕਿਟ
5. ਸੰਕੀਰਣ ਜਾਤੀ ਦੇ ਬੋਲ (ਨੌਂ ਮਾਤਰਾ) 'ਤਕਧਿਨ ਤo ਤਕਿਟ'

ਸੱਤ ਤਾਲਾਂ ਦੇ ਜਾਤੀ ਭੇਦ ਅਨੁਸਾਰ (35) ਪ੍ਰਕਾਰ

| ਤਾਲ ਨਾਮ | ਜਾਤੀ ਭੇਦ | ਤਾਲ ਚਿੰਨ੍ਹ | ਮਾਤਰਾ ਵਿਭਾਗ | ਕੁਲ ਮਾਤਰਾ |
|---|---|---|---|---|
| 1. ਧਰੁਵ ਤਾਲ | ਚਤੁਸਤਰ | 1401414 | 4+2+4+4 | = 14 |
| | ਤਿਸਤਰ | 1301313 | 3+2+3+3 | = 11 |
| | ਮਿਸ਼ਰ | 170177 | 7+2+7+7 | = 23 |
| | ਖੰਡ | 150155 | 5+2+5+5 | = 17 |
| | ਸੰਕੀਰਣ | 1901909 | 9+2+9+9 | = 29 |
| 2. ਮਠ ਤਾਲ | ਚਤੁਸਤਰ | 14014 | 4+2+4 | = 10 |
| | ਤਿਸਤਰ | 13013 | 3+2+3 | = 9 |
| | ਮਿਸ਼ਰ | 17017 | 7+2+7 | = 16 |
| | ਖੰਡ | 15015 | 5+2+5 | = 12 |
| | ਸੰਕੀਰਣ | 19019 | 9+2+9 | = 20 |
| 3. ਰੂਪਕ ਤਾਲ | ਚਤੁਸਤਰ | 140 | 4+2 | = 6 |
| | ਤਿਸਤਰ | 130 | 3+2 | = 5 |
| | ਮਿਸ਼ਰ | 170 | 7+2 | = 9 |

| ਤਾਲ ਨਾਮ | ਜਾਤੀ ਭੇਦ | ਤਾਲ ਚਿੰਨ੍ਹ | ਮਾਤਰਾ ਵਿਭਾਗ | ਕੁਲ ਮਾਤਰਾ |
|---|---|---|---|---|
| | ਖੰਡ | 150 | 5+2 | = 7 |
| | ਸੰਕੀਰਣ | 190 | 9+2 | = 11 |
| 4. ਝਪਤਾਲ | ਚਤੁਸਤਰ | 14✓0 | 4+1+2 | = 7 |
| | ਤਿਸਤਰ | 13✓0 | 3+1+2 | = 6 |
| | ਮਿਸ਼ਰ | 17✓0 | 7+1+2 | = 10 |
| | ਖੰਡ | 15✓0 | 5+1+2 | = 8 |
| | ਸੰਕੀਰਣ | 19✓0 | 9+1+2 | = 12 |
| 5. ਤਿਰਪੁਨ ਤਾਲ | ਚਤੁਸਤਰ | 1400 | 4+2+2 | = 8 |
| | ਤਿਸਤਰ | 1300 | 3+2+2 | = 7 |
| | ਮਿਸ਼ਰ | 1700 | 7+2+2 | = 11 |
| | ਖੰਡ | 1500 | 5+2+2 | = 9 |
| | ਸੰਕੀਰਣ | 1900 | 9+2+2 | = 13 |
| 6. ਅੱਠਤਾਲ | ਚਤੁਸਤਰ | 141400 | 4+4+2+2 | = 12 |
| | ਤਿਸਤਰ | 131300 | 3+3+2+2 | = 10 |
| | ਮਿਸ਼ਰ | 171700 | 7+7+2+2 | = 18 |
| | ਖੰਡ | 151500 | 5+5+2+2 | = 14 |
| | ਸੰਕੀਰਣ | 191900 | 9+9+2+2 | = 22 |
| 7. ਏਕਤਾਲ | ਚਤੁਸਤਰ | 14 | 4 | = 4 |
| | ਤਿਸਤਰ | 13 | 3 | = 3 |
| | ਮਿਸ਼ਰ | 17 | 7 | = 7 |
| | ਖੰਡ | 15 | 5 | = 5 |
| | ਸੰਕੀਰਣ | 19 | 9 | = 9 |

**'ਪੰਜਗਤੀ-ਭੇਦ' ਅਨੁਸਾਰ (ਅੱਠ ਤਾਲ' ਦੇ (25) ਪ੍ਰਕਾਰ ਇਸ ਤਰ੍ਹਾਂ ਬਣਦੇ ਹਨ:**

| ਜਾਤੀ | ਮਾਤਰਾ | ਚਤੁਸਤਰ | ਤਿਸਤਰ | ਮਿਸ਼ਰ | ਖੰਡ | ਸੰਕੀਰਣ |
|---|---|---|---|---|---|---|

ਨੋਟ: ਉਪਰੋਕਤ ਸਾਰੇ ਤਾਲ ਚਤੁਸਤਰ ਜਾਤੀ ਵਿਚ ਦਿੱਤੇ ਗਏ ਹਨ। ਜੇਕਰ ਇਨ੍ਹਾਂ ਤਾਲਾਂ ਨੂੰ ਤਿਸਤਰ ਜਾਤੀ ਵਿਚ =3, ਤਿਸਤਰ ਜਾਤੀ ਵਿਚ=7, ਖੰਡ ਜਾਤੀ ਵਿਚ =5, ਅਤੇ ਸੰਕੀਰਣ ਵਿਚ= ਲਘੂ ਦੀਆਂ =9 ਮਾਤਰਾ ਮੰਨ ਕੇ ਲਿਖੀਏ ਤਾਂ ਸਾਰੇ ਤਾਲਾਂ ਦੀਆਂ ਮਾਤਰਾਂ ਅਤੇ ਚਿੰਨ੍ਹ ਜਾਂ ਵਿਭਾਗ ਬਦਲ ਜਾਣਗੇ।

**ਉੱਤਰੀ ਪ੍ਰਣਾਲੀ ਦੇ ਸਰਲ ਸੰਗੀਤ ਵਿਚ ਸਭ ਤੋ ਵੱਧ ਵਰਤੇ ਜਾਣ ਵਾਲੇ ਲੋਕ-ਪ੍ਰਿਯ ਤਾਲ :**

1. ਤਾਲ : ਦਾਦਰਾ । ਧਾ ਧਿੰ ਨਾ । ਧਾ ਤਿੰਨ ਨਾ ।
2. ਤਾਲ : ਰੂਪਕ । ਤੀ ਤੀ ਨਾ । ਧੀ ਨਾ । ਧੀ ਨਾ ।
3. ਤਾਲ : ਕਹਿਰਵਾ । ਧਾ ਗੇ ਨਾ ਤੀ । ਨਾ ਕੇ ਧਿੰ ਨਾ ।

**ਸ਼ਾਸਤਰੀ ਸੰਗੀਤ ਵਿਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਤਾਲ :**

1. ਝੱਪਤਾਲ : । ਧੀ ਨਾ । ਧੀ ਧੀ ਨਾ । ਤੀ ਨਾ । ਧੀ ਧੀ ਨਾ ।
2. ਏਕਤਾਲ : । ਧਿੰ ਧਿੰ । ਧਾਗੇ ਤਿਰਕਿਟ । ਤੂ ਨਾ । ਕੱ ਤਾ । ਧਾਗੇ ਤਿਰਕਿਟ ਧੀ ਨਾ।
3. ਤੀਨਤਾਲ । ਧਾ ਧਿੰ ਧਿੰ ਧਾ। ਧਾ ਧਿੰ ਧਿੰ ਧਾ। ਧਾ ਤਿੰ ਤਿੰ ਤਾ। ਤਾ ਧਿੰ ਧਿੰ ਧਾ।

ਨੋਟ : ਵਾਦਯ ਸੰਗੀਤ ਅਤੇ ਨਿਰਤ ਸੰਗੀਤ ਵਿਚ ਵੀ ਸਭ ਤੋਂ ਵੱਧ ਵਰਤੇ ਜਾਣ ਵਾਲੇ ਤਾਲ ਕਹਿਰਵਾ ਅਤੇ ਤੀਨਤਾਲ ਹਨ। ਸੋ ਭਾਰਤੀ ਸੰਗੀਤ ਦੀਆਂ ਵੱਖ ਵੱਖ ਸ਼ੈਲੀਆਂ ਵਿਚ ਤਾਲ ਦੀ ਭੂਮਿਕਾ ਸੰਗਤ ਅਤੇ ਸਹਿਯੋਗ ਵਾਲੀ ਹੈ। ਕੇਵਲ ਸੁਤੰਤਰ

ਵਾਦਨ (ਸੋਲੋ) ਵਿਚ ਇਸ ਦੀ ਪ੍ਰਵ੍ਰਿਤੀ ਕਲਾਤਮਕ-ਪ੍ਰਦਰਸ਼ਨ ਦੀ ਹੁੰਦੀ ਹੈ। ਮੂਲ ਰੂਪ ਵਿਚ 'ਸੰਗੀਤ ਦੀ ਸੰਗਤ', ਤਾਲ ਅਤੇ ਤਾਲ ਵਾਦਯ ਨਾਲ ਕਰਨੀ ਆਪਣੇ ਆਪ ਵਿਚ ਸੁਹਜਮਈ ਕ੍ਰਿਆ ਹੈ ਜਿਸ ਦਾ ਮੂਲ ਮਨੋਰਥ ਆਨੰਦ ਪ੍ਰਾਪਤੀ, ਰਸ ਜਾਂ ਮਨੋਰੰਜਨ ਹੈ। ਇਹ ਤਦ ਹੀ ਮਿਲਦਾ ਹੈ ਜੇ 'ਸੰਗਤ-ਵਾਦਕ ਸਹਿਯੋਗੀ ਪ੍ਰਵ੍ਰਿਤੀ ਦਾ ਹੋਵੇ।

—ਦਰਸ਼ਨ ਸਿੰਘ ਨਰੂਲਾ

**ਤਾਲਯੋਨੀ, ਮੇਰੀ (Taglioni, Marie)** : ਇਹ ਇਟਲੀ ਦੀ ਸੰਗੀਤ ਨਾਟ ਨਰਤਕੀ ਸੀ ਜਿਸ ਨੇ ਪੰਜਵੀਂ ਸਦੀ ਦੇ ਸ਼ੁਰੂ ਵਿਚ ਨਵੀ ਰੋਮਾਂਚਕ ਸ਼ੈਲੀ ਦਾ ਮੁੱਢ ਬੰਨ੍ਹਿਆ। ਇਸ ਦਾ ਜਨਮ 23 ਅਪ੍ਰੈਲ,



ਮੇਰੀ ਤਾਲਯੋਨੀ

1804 ਈ. ਨੂੰ ਸਟਾੱਕਹੋਮ ਵਿਖੇ ਹੋਇਆ। ਇਸ ਦੇ ਪਿਤਾ ਨੇ ਇਸ ਨੂੰ ਸਿਖਲਾਈ ਦਿਤੀ ਅਤੇ 1822 ਈ. ਵਿਚ ਇਹ ਵੀਆਨਾ ਵਿਖੇ ਪਹਿਲੀ ਵਾਰੀ ਸਟੇਜ ਤੇ ਆਈ। ਇਹ ਪੱਬਾਂ ਉੱਤੇ ਬੜਾ ਨਾਜ਼ਕ ਕਿਸਮ ਦਾ ਨਾਚ ਕਰਦੀ ਸੀ। 12 ਮਾਰਚ, 1832 ਨੂੰ ਇਸ ਨੇ ਪੈਰਿਸ ਓਪੇਰਾ ਵਿਖੇ ਆਪਣੇ ਪਿਤਾ ਦੇ ਸੰਗੀਤ-ਨਾਟ ਵਿਚ ਇਸ ਨਵੀਂ ਕਿਸਮ ਦੇ ਨਾਚ ਦੀ ਲੀਹ ਪਾਈ। ਬਹੁਤ ਜ਼ਿਆਦਾ ਫੁਲਾਵਟ ਅਤੇ ਘੇਰੇ ਵਾਲੇ ਸਕਰਟ ਸਮੇਤ ਇਸ ਦੀ ਡ੍ਰੈਸ ਨਿਵੇਕਲੀ ਕਿਸਮ ਦੀ ਸੀ ਜਿਹੜੀ ਕਿ ਮਗਰੋਂ ਲਗਭਗ ਇਕ ਸਦੀ ਤੱਕ ਕਲਾਸਕੀ ਨਰਤਕੀਆਂ ਵਿਚ ਬਹੁਤ ਪ੍ਰਚੱਲਤ ਰਹੀ। 24 ਅਪ੍ਰੈਲ, 1884 ਨੂੰ ਮਾੱਰਸੈਯ (Marseille) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 765

**ਤਾਲਾਪੋਇਨ (Talapoin)** : ਇਹ ਚੀਨ, ਜਾਪਾਨ, ਸ਼੍ਰੀਲੰਕਾ, ਸਿਆਮ ਅਤੇ ਤਿੱਬਤ ਦੇ ਬੋਧੀ ਤਪੱਸਵੀਆਂ ਜਾਂ ਭਿਕਸ਼ੂਆਂ ਦਾ ਇਕ ਫ਼ਿਰਕਾ ਹੈ। ਤਾਲਾਪੋਇਨ ਸ਼ਬਦ ਪਾਲੀ ਭਾਸ਼ਾ ਦੇ ਸ਼ਬਦ ਤਾਲਪੱਤ ਚੋਂ ਨਿਕਲਿਆ ਹੈ ਜਿਸ ਦਾ ਭਾਵ ਤਾੜ ਦੇ ਰੁੱਖ ਦਾ ਪੱਤਾ ਹੈ। ਈਸਾਈ ਭਿਕਸ਼ੂਆਂ ਦੀ ਤਰ੍ਹਾਂ ਤਾਲਾਪੋਇਨ ਵੀ ਸੰਸਾਰਕ ਕੰਮਾਂ ਤੋਂ ਅੱਲਗ ਰਹਿੰਦੇ ਹਨ। ਇਹ ਲੋਕ ਇਕ ਖ਼ਾਸ ਪਹਿਰਾਵਾ ਪਾਉਂਦੇ ਅਤੇ ਸਮੂਹਾਂ ਵਿਚ ਰਹਿੰਦੇ ਹਨ। ਇਹ ਆਪਣਾ ਸਾਰਾ ਸਮਾਂ ਪਰਾਥਨਾ ਕਰਨ ਅਤੇ ਪਰਾਥਨਾ ਦੇ ਨਿਯਮਾਂ ਦੀ ਪਾਲਣਾ ਕਰਨ ਵਿਚ ਲਗਾਉਂਦੇ ਹਨ।

ਇਸ ਧਾਰਮਿਕ ਫ਼ਿਰਕੇ ਦੇ ਕਿਸੇ ਵੀ ਬੋਧੀ ਨੂੰ ਕਿਸੇ ਹੋਰ ਕਾਨੂੰਨ ਦੀ ਥਾਂ ਬੋਧੀ ਕਾਨੂੰਨ ਦੀ ਪਾਲਣਾ ਕਰਨ ਦਾ ਪ੍ਰਣ ਕਰਨਾ ਪੈਂਦਾ ਹੈ। ਉਸ ਨੇ ਵਿਅਕਤੀਗਤ ਕਾਨੂੰਨਾਂ ਤੋਂ ਇਲਾਵਾ ਉੱਚ-ਕਾਨੂੰਨਾਂ ਦੀ ਪਾਲਣਾ ਕਰਨ ਦਾ ਅਤੇ ਆਪਣੇ ਮਨ ਦੇ ਪਾਪਾਂ ਨੂੰ ਜੋ ਕਿ ਔਗੁਣ ਪੈਦਾ ਕਰਦੇ ਹਨ, ਖ਼ਤਮ ਕਰਨ ਦਾ ਮਨ ਬਣਾਇਆ ਹੁੰਦਾ ਹੈ। ਇਨ੍ਹਾਂ ਨਿਯਮਾਂ ਦੇ ਅਭਿਆਸ ਤੇ ਪਾਲਣਾ ਰਾਹੀਂ ਤਾਲਾਪੋਇਨ ਵਿਅਕਤੀ ਦੀ ਆਤਮਾ ਬਹੁਤ ਸ਼ਕਤੀਸ਼ਾਲੀ ਹੋ ਗਈ ਜਿਸ ਕਾਰਨ ਅਜਿਹੇ ਸਾਰੇ ਕੰਮ ਜੋ ਉਸ ਨੇ ਹਾਲੇ ਕਰਨੇ ਸਨ, ਉਨ੍ਹਾਂ ਨੂੰ ਕਰਨ ਦੇ ਸਮਰੱਥ ਹੋ ਗਿਆ ਅਤੇ ਉਸ ਨੇ ਬੁੱਧ ਦੇ ਚੇਲਿਆਂ ਦੇ ਸਾਰੇ ਗੁਣ ਗ੍ਰਹਿਣ ਕਰ ਲਏ।

ਹ.ਪੁ.—ਐਨ. ਐਥ੍ਰੀ. 8 : 806

**ਤਾਲਿਬ, ਗੁਰਬਚਨ ਸਿੰਘ** : ਪੰਜਾਬੀ ਅਤੇ ਅੰਗਰੇਜ਼ੀ ਦੇ ਇਸ ਵਿਦਵਾਨ ਸਾਹਿਤਕਾਰ ਦਾ ਜਨਮ ' ਅਪ੍ਰੈਲ, 1911 ਨੂੰ ਸ. ਕਰਤਾਰ ਸਿੰਘ ਪੱਤਲ ਦੇ ਘਰ ਪਿੰਡ ਮੂਨਕ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਇਸ ਦੇ ਬਜ਼ੁਰਗ ਰੋਜ਼ਗਾਰ ਦੀ ਤਲਾਸ਼ ਵਿਚ ਆਪਣਾ ਜੱਦੀ ਪਿੰਡ ਕਿਲ੍ਹਾ ਰਾਂ ਪੁਰ (ਜ਼ਿਲ੍ਹਾ ਲੁਧਿਆਣਾ) ਛੱਡ ਕੇ ਇਥੇ ਆ ਵਸੇ ਸਨ। ਸੰਨ 1927 ਵਿਚ ਇਸ ਨੇ ਦੱਸਵੀਂ, 1929 ਈ. ਵਿਚ ਐਫ. ਏ 1931 ਈ. ਵਿਚ ਬੀ. ਏ. ਪਾਸ ਕੀਤੀ ਤੇ ਹਰ ਜਮਾਤ ਵਿਚ ਵਜ਼ੀਫ਼ਾ ਪ੍ਰਾਪਤ ਕੀਤਾ। ਸੰਨ 1933 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਅੰਗਰੇਜ਼ੀ ਦੀ ਐਮ. ਏ. ਪਹਿਲੇ ਦਰਜੇ ਵਿਚ ਪਾਸ ਕਰਕੇ ਪੰਜਾਬ ਵਿਚੋਂ ਅੱਵਲ ਰਿਹਾ। ਸੰਨ 1940 ਤੋਂ 1962 ਤਕ ਇਹ ਵੱਖ ਵੱਖ ਕਾਲਜਾਂ ਵਿਚ ਲੈਕਚਰਾਰ ਤੇ ਫਿਰ ਪ੍ਰਿੰਸੀਪਲ ਰਿਹਾ।

ਸੰਨ 1962-69 ਦੌਰਾਨ ਇਹ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਅੰਗਰੇਜ਼ੀ ਵਿਚ ਰੀਡਰ; 1969-7



ਗੁਰਬਚਨ ਸਿੰਘ ਤਾਲਿਬ

ਈ. ਦੌਰਾਨ ਗੁਰੂ ਨਾਨਕ ਚੇਅਰ ਆਫ਼ ਸਿੱਖ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪ੍ਰੋਫ਼ੈਸਰ ; 1973-76 ਈ. ਦੌਰਾਨ ਡਿਪਾਰਟਮੈਂਟ ਆਫ਼ ਰਿਲੀਜਸ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਅਤੇ 1976 ਈ. ਵਿਚ ਗੁਰੂ ਨਾਨਕ ਚੇਅਰ ਆਫ਼ ਸਿਖ ਸਟੱਡੀਜ਼, ਬਨਾਰਸ ਹਿੰਦੂ ਯੂਨੀਵਰਸਿਟੀ ਵਿਖੇ ਪ੍ਰੋਫ਼ੈਸਰ ਰਿਹਾ।

ਤਾਲਿਬ ਭਾਸ਼ਾ ਵਿਭਾਗ, ਪੰਜਾਬ ਦੇ ਰਾਜ ਸਲਾਹਕਾਰ ਬੋਰਡ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨਟ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੈਨਟ ਤੇ ਸਿੰਡੀਕੇਟ, ਭਾਰਤੀ ਗਿਆਨ ਪੀਠ ਦੀ ਐਵਾਰਡ ਸਿਲੈਕਸ਼ਨ ਕਮੇਟੀ ਦਾ ਮੈਂਬਰ ਵੀ ਰਿਹਾ। ਸੰਨ 1976 ਤੋਂ 85 ਦੌਰਾਨ ਤਾਲਿਬ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਫ਼ੈਲੋ ਰਿਹਾ ਅਤੇ 1985 ਈ. ਵਿਚ ਇਸ ਨੂੰ ਨੈਸ਼ਨਲ ਫ਼ੈਲੋਸ਼ਿਪ ਪ੍ਰਦਾਨ ਕੀਤੀ ਗਈ। ਭਾਰਤ ਸਰਕਾਰ ਨੇ ਇਸ ਦੀਆਂ ਸਾਹਿਤਕ ਸੇਵਾਵਾਂ ਨੂੰ ਮੁੱਖ ਰਖਦਿਆਂ ਇਸ ਨੂੰ ਪਦਮ ਭੂਸ਼ਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਪੰਜਾਬੀ ਅਤੇ ਅੰਗਰੇਜ਼ੀ ਤੋਂ ਇਲਾਵਾ ਤਾਲਿਬ ਉਰਦੂ ਅਤੇ ਫ਼ਾਰਸੀ ਦਾ ਵੀ ਬਹੁਤ ਪ੍ਰਸਿੱਧ ਵਿਦਵਾਨ ਸੀ। ਇਸ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ। ਸੰਪਾਦਨ ਤੇ ਵਿਗਿਆਨਕ ਆਲੋਚਨਾ ਦੇ ਖੇਤਰ ਵਿਚ ਇਸ ਦਾ ਮਾਨਯੋਗ ਸਥਾਨ ਸੀ। ਇਸ ਦਾ ਲਿਖਣ ਢੰਗ ਵਿਗਿਆਨਕ ਅਤੇ ਵਿਚਾਰ ਸਪਸ਼ਟ ਹਨ। ਇਹ ਆਪਣੀ ਹਰ ਗੱਲ ਦਲੀਲ ਨਾਲ ਸਿਧ ਕਰਦਾ ਸੀ ਅਤੇ ਬੜੀ ਸਿਧੀ ਸਾਦੀ ਭਾਸ਼ਾ ਸ਼ੈਲੀ ਦਾ ਧਾਰਨੀ ਰਿਹਾ ਹੈ। ਇਸ ਦੀਆਂ ਰਚਨਾਵਾਂ ਵਿਦਵਤਾ ਤੇ ਕਲਾ ਪੱਖੋਂ ਉੱਚ ਪੱਧਰ ਦੀਆਂ, ਪ੍ਰਭਾਵਸ਼ਾਲੀ ਤੇ ਪਾਠਕਾਂ ਨੂੰ ਕੀਲਣ ਦੇ ਸਮਰਥ ਹਨ। ਇਸ ਦੀਆਂ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹਨ। **ਪੰਜਾਬੀ ਰਚਨਾਵਾਂ** : 1. ਅਣਪਛਾਤੇ ਰਾਹ 2. ਆਧੁਨਿਕ ਵਾਰਤਕ 3. ਚੋਣਵੀਂ ਪੰਜਾਬੀ ਵਾਰਤਕ 4. ਦੇਸ਼ ਨੂੰ ਸਵਰਗ ਬਣਾਉ 5. ਨਵੀਨ ਕਹਾਣੀ ਸੰਗ੍ਰਹਿ 6. ਪਵਿਤਰ ਜੀਵਨ ਕਥਾਵਾਂ 7. ਪੰਜਾਬ ਵਿਚ ਸਿੱਖਾਂ ਹਿੰਦੂਆਂ ਉਪਰ ਮੁਸਲਿਮ ਲੀਗ ਦੇ ਹਮਲੇ ਦੀ ਵਿਥਿਆ 8. ਬਾਬਾ ਸ਼ੇਖ ਫ਼ਰੀਦ 9. ਆਧੁਨਿਕ ਪੰਜਾਬੀ ਕਾਵਿ ਲਹਿਰਾਂ 10. ਸੇਵਾ ਸਿੰਘ ਠੀਕਰੀਵਾਲਾ 11. ਉੱਨਤੀ ਦੇ ਪੜਾ (ਸ. ਸ. ਅਮੋਲ ਨਾਲ ਸਾਂਝੀ) 12. ਬੁੱਧ–ਦੋ ਜਿਲਦਾਂ (ਦੋਸਤੋਵਸਕੀ ਦੇ ਨਾਵਲ ਇਲੀਅਟ ਦਾ ਪੰਜਾਬੀ ਅਨੁਵਾਦ) **ਅੰਗਰੇਜ਼ੀ ਰਚਨਾਵਾਂ** : 1. ਮੁਸਲਿਮ ਲੀਗ ਅਟੈਕ ਆੱਨ ਸਿਖਜ਼ ਐਂਡ ਹਿੰਦੂਜ਼ ਇਨ ਪੰਜਾਬ 1947. 2. ਦੀ ਇੰਪੈਕਟ ਆੱਫ਼ ਗੁਰੂ ਗੋਬਿੰਦ ਸਿੰਘ ਆੱਨ ਇੰਡੀਅਨ ਸੁਸਾਇਟੀ 3. ਗੁਰੂ ਨਾਨਕ : ਹਿਜ਼ ਪ੍ਰਸਨੈਲਿਟੀ ਐਂਡ ਵੀਯਨ 4. ਬਾਬਾ ਸ਼ੇਖ਼ ਫਰੀਦ 5. ਜਪੁਜੀ-ਦੀ ਇੰਮਾਰਟਲ ਪ੍ਰੇਅਰ ਚਾਂਟ 6. ਸਿਲੈਕਸ਼ਨ ਫ੍ਰਾਂਮ ਦੀ ਹੋਲੀ ਗ੍ਰੰਥ 7. ਬਾਣੀ ਆਫ਼ ਸ੍ਰੀ ਗੁਰੂ ਅਮਰਦਾਸ 8. ਗੁਰੂ ਨਾਨਕ 9. ਨਿਤਨੇਮ 10. ਸਟੱਡੀਜ਼ ਇਨ ਇੰਡੀਅਨ ਪੋਇਟਰੀ ਸੇਕਰਿਡ ਐਂਡ ਸੈਕੂਲਰ 11. ਗੁਰੂ ਗ੍ਰੰਥ ਸਾਹਿਬ-ਇੰਗਲਿਸ਼ ਟ੍ਰਾਂਸਲੇਸ਼ਨ 12. ਭਾਈ ਵੀਰ ਸਿੰਘ : ਪੋਇਟ ਆੱਫ਼ ਦੀ ਸਿਖਜ਼ (ਹਰਬੰਸ ਸਿੰਘ ਤੇ ਯਾੱਨ ਲਵਲਾੱਕ ਨਾਲ ਸਾਂਝੀ)। 13. ਗੁਰੂ ਤੇਗ ਬਹਾਦਰ ਮਾਰਟਰ ਐਂਡ ਟੀਚਰ (ਡਾ. ਫੌਜਾ ਸਿੰਘ ਨਾਲ ਸਾਂਝੀ). 14. ਦੀ ਐਪਿਕ ਆੱਫ਼ ਰਾਣਾ ਸੂਰਤ ਸਿੰਘ 15. ਬਾਬਾ ਨੌਧ ਸਿੰਘ-ਭਾਈ ਵੀਰ ਸਿੰਘ।

**ਸੰਪਾਦਨ** : 1. ਵਿਨੋਬਾ ਭਾਵੇ ਕੋਮੈਂਟਰੀ ਆੱਨ ਜਪੁਜੀ 2. ਪਰਸਪੈਕਟਿਵ ਆੱਨ ਸ਼ੇਖ ਫ਼ਰੀਦ 3. ਭਾਈ ਵੀਰ ਸਿੰਘ ਲਾਈਫ਼, ਟਾਈਮ ਐਂਡ ਵਰਕਸ (ਡਾ. ਅਤਰ ਸਿੰਘ ਨਾਲ ਸਾਂਝੀ) 4. ਗੁਰੂ ਤੇਗ ਬਹਾਦਰ : ਬੈਕ ਗਰਾਊਂਡ ਐਂਡ ਸੁਪਰੀਮ ਸੈਕਰੀਫ਼ਾਈਸ 5. ਗੁਰੂ ਨਾਨਕ ਕਮੈਮੋਰੇਸ਼ਨ ਵਾੱਲਿਊਮ 6. ਐਨ ਐਡਵਾਂਸ ਬੁੱਕ ਆਫ਼ ਰਿਲੀਜਸ ਸਟੱਡੀਜ਼ 7. ਦੀ ਸਿਪਿਰਟ ਆਫ਼ ਦੀ ਸਿਖਜ਼- ਪ੍ਰੋ. ਤਾਰਨ ਸਿੰਘ 8. ਦੀ ਓਰਿਜਿਨ ਐਂਡ ਡਿਵੈਲਪਮੈਂਟ ਆੱਫ਼ ਰਿਲੀਜਨ। ਇਸ ਤੋਂ ਇਲਾਵਾ ਤਾਲਿਬ ਦੇ ਬਹੁਤ ਸਾਰੇ ਲੇਖ ਅਤੇ ਖੋਜ ਪੱਤਰ ਪ੍ਰਸਿੱਧ ਮੈਗਜ਼ੀਨਾਂ ਆਦਿ ਵਿਚ ਛਪੇ ਹੋਏ ਹਨ।

ਇਸ ਦੀ ਮੌਤ ਪਟਿਆਲਾ ਵਿਖੇ 9 ਅਪ੍ਰੈਲ, 1986 ਨੂੰ ਹੋਈ।

ਸੰਨ 1999 ਵਿਚ ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ ਦੇ ਮੌਕੇ ਤੇ ਇਨ੍ਹਾਂ ਨੂੰ 'ਆਰਡਰ ਆਫ਼ ਖਾਲਸਾ' (ਮਰਨ ਉਪਰੰਤ) ਨਾਲ ਸਨਮਾਨਿਤ ਕੀਤਾ ਗਿਆ।

ਹ. ਪੁ. - ਪ੍ਰੋ. ਜੀ. ਐਸ. ਤਾਲਿਬ : ਏ ਪਰਸਪੈਕਟਿਵ - ਪ੍ਰੋ. ਗੁਰਚਰਨ ਸਿੰਘ ਤੇ ਡਾ. ਮਨਜੀਤ ਇੰਦਰ ਸਿੰਘ; ਗੁਰਬਚਨ ਸਿੰਘ ਤਾਲਿਬ : ਜੀਵਨ ਤੇ ਰਚਨਾ - ਡਾ. ਜੋਧ ਸਿੰਘ ; - ਪੰਜਾਬੀ ਨਿਬੰਧਾਵਲੀ- ਡਾ. ਜੀਤ ਸਿੰਘ ਸੀਤਲ.

**ਤਾਲੀਕੋਟਾ** : ਭਾਰਤ ਦੇ ਕਰਨਾਟਕ ਰਾਜ ਦੇ ਬੀਜਾਪੁਰ ਜ਼ਿਲ੍ਹੇ ਦੇ ਮੁੱਦੇਬਿਹਾਲ ਤਅੱਲੁਕੇ ਦਾ ਇਕ ਸ਼ਹਿਰ ਹੈ। ਇਸ ਸ਼ਹਿਰ ਵਿਚ ਵਧੀਆ ਕਿਸਮ ਦੀਆਂ ਦਰੀਆਂ ਤਿਆਰ ਕਰਨ ਦੇ ਉਦਯੋਗ ਹਨ। 23 ਜਨਵਰੀ, 1565 ਨੂੰ ਸ਼ਹਿਰ ਦੇ ਦੱਖਣ ਵੱਲ 48 ਕਿ.ਮੀ. ਦੀ ਦੂਰੀ ਤੇ ਕਰਿਸ਼ਨਾ ਦਰਿਆ ਦੇ ਸੱਜੇ ਪਾਸੇ ਦੇ ਖੇਤਰ ਵਿਚ ਤਾਲੀਕੋਟਾ ਦੀ ਪ੍ਰਸਿੱਧ ਲੜਾਈ ਹੋਈ ਸੀ ਜਿਸ ਵਿਚ ਦੱਖਣ ਦੇ ਮੁਸਲਮਾਨ ਸੁਲਤਾਨਾਂ ਨੇ ਇਕ ਸੰਧੀ ਰਾਹੀਂ ਵਿਜੈਨਗਰ ਦੇ ਹਿੰਦੂ ਸਾਮਰਾਜ ਦੀ ਤਾਕਤ ਨੂੰ ਖੇਰੂੰ ਖੇਰੂੰ ਕਰ ਦਿੱਤਾ। ਇਸ ਲੜਾਈ ਤੋਂ ਪਿੱਛੋਂ ਹੀ ਇਸ ਸ਼ਹਿਰ ਦਾ ਨਾਂ ਤਾਲੀਕੋਟਾ ਪਿਆ। ਸੰਨ 1750 ਦੇ ਲਗਭਗ ਤੀਜੇ ਪੇਸ਼ਵਾ ਨੇ ਇਹ ਸ਼ਹਿਰ ਆਪਣੀ ਪਤਨੀ ਦੇ ਭਰਾ ਰਸਤੀਆਂ ਨੂੰ ਮਿਲਖ ਦੇ ਰੂਪ ਵਿਚ ਦਿੱਤਾ ਜਿਸ ਨੇ ਇਥੇ ਆਨੰਦ ਰਾਓ ਅਤੇ ਕੈਲਾਸ਼ਪਤੀ ਨਾਂ ਦੇ ਦੋ ਬਾਜ਼ਾਰ ਬਣਵਾਏ। ਸੰਨ 1818 ਵਿਚ ਪੇਸ਼ਵਾ ਰਾਜ ਦੇ ਪਤਨ ਉਪਰੰਤ ਰਸਤੀਆਂ ਨੇ ਤਾਲੀਕੋਟਾ ਨੂੰ ਆਪਣਾ ਸਦਰ-ਮੁਕਾਮ ਬਣਾ ਲਿਆ ਅਤੇ ਇਥੇ ਇਕ ਮਹਿਲ, ਦੋ ਮਸਜਿਦਾਂ ਅਤੇ ਇਕ ਸ਼ਿਵਜੀ ਦਾ ਮੰਦਰ ਬਣਵਾਇਆ।

ਆਬਾਦੀ– 21,882 (1991)

16°28′ ਉ. ਵਿਥ. ; 76°19′ ਪੂ. ਲੰਬ.

ਹ. ਪੁ.–ਇੰਪ. ਗ. ਇੰਡ. 23 : 214

**ਤਾਲੀਰਾਂ ਪਰੀਗੋਰ, ਸ਼ਾਰਲਮੋਰਿਸ ਦ (Talleyrand (-Perigord) , Charles-Maurice de)** : ਇਹ ਇਕ ਉੱਘਾ ਫਰਾਂਸੀਸੀ ਕ੍ਰਾਂਤੀਕਾਰੀ, ਨੈਪੋਲੀਅਨ ਦੇ ਸਮੇਂ ਦਾ ਇਕ ਮਹਾਨ ਨੀਤੀਵਾਨ ਅਤੇ ਦੇਸ਼ ਪ੍ਰੇਮੀ ਹੋਇਆ ਹੈ। ਇਸ ਦਾ ਜਨਮ 2 ਫ਼ਰਵਰੀ, 1754 ਵਿਚ ਇਕ ਚੰਗੇ ਜਾਗੀਰਦਾਰ ਘਰਾਣੇ ਵਿਚ ਹੋਇਆ। ਬਚਪਨ ਵਿਚ ਸੱਟ ਲੱਗਣ ਕਰਕੇ ਇਸਦੀ ਲੱਤ ਨਕਾਰਾ ਹੋ ਗਈ ਤੇ ਇਹ ਲੰਗੜਾ ਹੋ ਗਿਆ। ਇਸ ਬੱਜ ਪੈਣ ਕਾਰਨ ਇਹ ਬਹੁਤਾ ਫਿਰਨ ਤੁਰਨ ਦੇ ਕਾਬਲ ਨਹੀਂ ਸੀ ਜਿਸ ਦੇ ਫਲਸਰੂਪ ਇਸ ਨੇ ਪੜ੍ਹਨ-ਲਿਖਣ ਵਿਚ ਆਪਣਾ ਮਨ ਲਗਾਇਆ। ਵਿਸ਼ੇਸ਼ ਕਰਕੇ ਮਾਂਟੇਸਕਿਊ ਅਤੇ ਵਾਲਟੇਅਰ ਦੇ ਲੇਖਾਂ ਦਾ ਇਸ ਉਪਰ ਕਾਫ਼ੀ ਪ੍ਰਭਾਵ ਪਿਆ ਅਤੇ ਇਹ ਇਕ ਕ੍ਰਾਂਤੀਕਾਰੀ ਦੇ ਰੂਪ ਵਿਚ ਉੱਭਰਿਆ। ਆਪਣੇ ਵਿਚਾਰਾਂ ਅਨੁਸਾਰ ਇਹ ਫ਼ੌਜ ਵਿਚ ਭਰਤੀ ਹੋਣਾ ਚਾਹੁੰਦਾ ਸੀ ਪਰ ਝਗੜਾ ਹੋਣ ਕਰਕੇ ਇਹ ਸੰਭਵ ਨਾ ਹੋ ਸਕਿਆ ਅਤੇ 1789 ਈ. ਵਿਚ ਇਸਨੇ ਗਿਰਜੇ ਦੇ ਪਾਦਰੀ ਦਾ ਰੁਤਬਾ ਸੰਭਾਲਿਆ। ਇਸ ਖੇਤਰ ਵਿਚ ਇਸਨੇ ਚਰਚ ਦੇ ਸੁਧਾਰਕਾਂ ਦਾ ਪੱਖ ਪੂਰਿਆ ਅਤੇ ਫ਼ਰਾਂਸ ਵਿਚ ਕ੍ਰਾਂਤੀ ਆਰੰਭ ਹੋਣ ਤੇ ਇਸ ਦੀ ਸਲਾਹ ਨਾਲ ਚਰਚ ਦੀ ਸੰਪਤੀ ਉਪਰ ਰਾਸ਼ਟਰੀ ਕਾਰਜਾਂ ਦੇ ਹਿੱਤ ਵਿਚ ਰਾਸ਼ਟਰੀ ਸਭਾ ਨੇ ਕਬਜ਼ਾ ਕਰ ਲਿਆ ਜਿਸ ਦੇ ਨਤੀਜੇ ਵਿਚ 21 ਜਨਵਰੀ, 1791 ਨੂੰ ਇਸ ਨੂੰ ਬਿਸ਼ਪ ਦੀ ਪਦਵੀ ਤੋਂ ਲਾਹ

ਦਿੱਤਾ ਗਿਆ। ਇਸੇ ਦੋਸ਼ ਅਧੀਨ ਇਸਨੂੰ ਪੈਰਿਸ ਦੀ ਸਭਾ ਵਿਚ ਵੀ ਨਾ ਚੁਣਿਆ ਗਿਆ। ਇਸ ਦੇ ਬਾਵਜੂਦ ਵੀ ਇਸਨੇ ਬਗ਼ਾਵਤ ਭਰਪੂਰ ਪੈਰਿਸ ਵਿਖੇ ਸ਼ਾਂਤੀ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ।

ਕ੍ਰਾਂਤੀ ਦੇ ਇਸ ਨਾਜ਼ੁਕ ਸਮੇ ਫ਼ਰਾਂਸ ਉਪਰ ਕਿਸੇ ਸਮੇਂ ਵੀ ਗਵਾਂਢੀ ਦੇਸ਼ ਖਾਸ ਕਰਕੇ ਇੰਗਲੈਂਡ ਹਮਲਾ ਕਰਾ ਸਕਦਾ ਸੀ। ਇਸ ਆਫ਼ਤ ਨੂੰ ਟਾਲਣ ਦੇ ਉਦੇਸ਼ ਨਾਲ ਜਨਵਰੀ, 1792 ਵਿਚ ਇਸ ਨੂੰ ਸਫ਼ੀਰ ਦੇ ਰੂਪ ਵਿਚ ਲੰਡਨ ਭੇਜ ਦਿੱਤਾ ਗਿਆ। ਇਸ ਦੌਰਾਨ ਫ਼ਰਾਂਸ ਦੇ ਰਾਜੇ ਦੇ ਰਾਜ-ਭਾਗ ਦੀ ਗਿਰਾਵਟ ਸ਼ੁਰੂ ਹੋਣ ਨਾਲ ਹਾਲਾਤ ਇੰਨੇ ਖ਼ਤਰਨਾਕ ਹੋ ਗਏ ਕਿ ਇਸ ਨੂੰ ਇੰਗਲੈਂਡ ਤੋਂ ਦੌੜਨਾ ਪਿਆ ਤੇ ਅਮਰੀਕਾ ਜਾ ਪਹੁੰਚਿਆ। ਫਿਰ 1793 ਈ. ਵਿਚ ਹਾਲਾਤ ਸੁਧਰਨ ਨਾਲ ਇਹ ਪੈਰਿਸ ਪਰਤ ਆਇਆ। ਇਸ ਤੋਂ ਸਾਲ ਪਿੱਛੋਂ ਡਾਇਰੈਕਟਰੀ ਵਲੋਂ ਇਸਨੂੰ ਬਦੇਸ਼ੀ ਮੰਤ੍ਰਾਲਾ ਸੰਭਾਲ ਦਿੱਤਾ ਗਿਆ। ਇਸ ਨੇ ਇਹ ਜਾਣਦਿਆਂ ਹੋਇਆ ਕਿ ਡਾਇਰੈਕਟਰੀ ਦਾ ਸਾਸ਼ਨ ਚਿਰ-ਸਥਾਈ ਨਹੀਂ, ਨੈਪੋਲੀਅਨ ਬੋਨਾਪਾਰਟ ਨਾਲ ਆਪਣੇ ਚੰਗੇ ਸਬੰਧ ਕਾਇਮ ਕਰ ਲਏ ਅਤੇ ਫ਼ਰਾਂਸ ਦੇ ਪੁਨਰ ਨਿਰਮਾਣ ਦੇ ਕਾਰਜ ਦੌਰਾਨ ਸ਼ਾਂਤੀ ਬਣਾਈ ਰੱਖਣ ਸਬੰਧੀ ਇਸਨੇ ਨੈਪੋਲੀਅਨ ਦੇ ਮੋਢੇ ਨਾਲ ਮੋਢਾ ਡਾਹਿਆ। ਇਸ ਤੋਂ ਬਿਨਾਂ ਇਹ ਦੇਸ਼ ਦੇ ਅੰਦਰ ਅਤੇ ਅੰਤਰ ਰਾਸ਼ਟਰੀ ਖੇਤਰ ਵਿਚ ਇੰਗਲੈਂਡ ਅਤੇ ਪੋਪ ਨਾਲ ਨੈਪੋਲੀਅਨ ਦੇ ਤਅੱਲੁਕਾਤ ਚੰਗੇਰੇ ਕਰਨ ਦੇ ਯਤਨ ਵੀ ਕਰਦਾ ਰਿਹਾ। ਇਸੇ ਤਰ੍ਹਾਂ ਜਰਮਨੀ ਇਟਲੀ ਅਤੇ ਸਵਿਟਜ਼ਰਲੈਂਡ ਦੇਸ਼ਾਂ ਵਿਚ ਨੈਪੋਲੀਅਨ ਦਾ ਅਸਰ-ਰਸੂਖ ਕਾਇਮ ਕਰਨ ਵਿਚ ਇਸ ਦਾ ਹੀ ਜ਼ਿਆਦਾ ਹੱਥ ਸੀ।

ਮਈ, 1804 ਵਿਚ ਪਹਿਲੀ ਕੌਂਸਲ ਰਾਹੀਂ ਬੋਨਾਪਾਰਟ ਨੇ ਫ਼ਰਾਂਸ ਦਾ ਬਾਦਸ਼ਾਹ ਬਣਨ ਉਪਰੰਤ, ਇਸ ਨੂੰ ਸਾਮਰਾਜ ਦਾ ਬਦੇਸ਼-ਮੰਤਰੀ ਨਿਯੁਕਤ ਕੀਤਾ ਅਤੇ 26 ਦਸੰਬਰ, 1805 ਵਿਚ ਆਸਟ੍ਰੀਆ ਤੇ ਫ਼ਰਾਂਸ ਵਿਚਕਾਰ ਪ੍ਰੈਸਬਰਗ ਵਿਖੇ ਸੰਧੀ ਹੋ ਗਈ ਅਤੇ ਇਸ ਨੂੰ ਲਾਗੂ ਕਰਨ ਵਿਚ ਇਸ ਨੂੰ ਕਾਫ਼ੀ ਕੋਸ਼ਿਸ਼ ਕਰਨੀ ਪਈ ਕਿਉਂਕਿ ਇਸ ਸੰਧੀ ਵਿਚ ਆਸਟ੍ਰੀਆ ਨੂੰ ਕਾਫ਼ੀ ਨੁਕਸਾਨ ਹੋਇਆ ਸੀ। ਸੰਨ 1809 ਵਿਚ ਇਸ ਫ਼ਰਾਂਸੀਸੀ ਬਦੇਸ਼ ਮੰਤਰੀ ਨੇ ਆਪਣੇ ਅਸਰ ਰਸੂਖ ਸਦਕਾ ਆਸਟ੍ਰੀਆ ਦੀ ਰਾਜਕੁਮਾਰੀ ਨੂੰ ਨੈਪੋਲੀਅਨ ਨਾਲ ਸ਼ਾਦੀ ਕਰਵਾਉਣ ਲਈ ਮਨਾ ਲਿਆ ਤੇ ਵਿਆਹ ਕਰਵਾ ਦਿੱਤਾ ਜਿਸ ਦੇ ਫਲਸਰੂਪ ਨੈਪੋਲੀਅਨ ਦਾ ਯੂਰਪ ਦੇ ਰਾਜ-ਘਰਾਣਿਆਂ ਵਿਚ ਆਉਣ-ਜਾਣ ਹੋ ਗਿਆ।

ਤਾਲੀਰਾਂ ਅਤੇ ਨੈਪੋਲੀਅਨ ਦੇ ਆਪੋ ਵਿਚ ਚੰਗੇ ਸਬੰਧ ਹੋਣ ਦੇ ਬਾਵਜੂਦ ਵੀ ਦੋਹਾਂ ਦੇ ਸੁਭਾਅ ਬੁਨਿਆਦੀ ਤੌਰ ਤੇ ਭਿੰਨ ਸਨ ਜਿਸ ਕਰਕੇ ਸਮਾਂ ਲੰਘਣ ਦੇ ਨਾਲ ਨਾਲ ਸ਼ਾਂਤੀ-ਪ੍ਰੇਮੀ ਤਾਲੀਰਾਂ ਅਤੇ ਜੰਗੀ ਤਬੀਅਤ ਨੈਪੋਲੀਅਨ ਦੇ ਵਿਚਾਰਾਂ ਦੀ ਟੱਕਰ ਹੋਣੀ ਸ਼ੁਰੂ ਹੋ ਗਈ। ਇਹ ਨੈਪੋਲੀਅਨ ਦੀ ਸਪੇਨ ਪ੍ਰਤੀ ਨੀਤੀ ਦਾ ਹਾਮੀ ਨਹੀਂ ਸੀ ਅਤੇ 1812 ਅਤੇ 1813 ਵਿਚ ਸਪੇਨ ਤੇ ਹਮਲੇ ਦਾ ਵਿਰੋਧ ਵੀ ਕੀਤਾ ਅਤੇ ਤਿਆਗ ਪੱਤਰ ਵੀ ਲਿਖ ਦਿੱਤਾ ਪਰ ਨੈਪੋਲੀਅਨ ਨੇ ਇਸਦਾ ਤਿਆਗ ਪੱਤਰ ਰੱਦ ਕਰ ਦਿੱਤਾ।

ਸੰਨ 1814 ਵਿਚ ਨੈਪੋਲੀਅਨ ਦੀ ਗਿਰਾਵਟ ਤੋਂ ਪਿੱਛੋਂ ਪੈਰਿਸ ਦੀ ਸੈਨੇਟ ਨੇ ਇਸ ਦੀ ਪ੍ਰਧਾਨਗੀ ਵਿਚ ਇਕ ਸਰਕਾਰ ਦੀ ਸਥਾਪਨਾ ਕੀਤੀ ਅਤੇ ਇਸ ਸੰਕਟਮਈ ਸਮੇਂ ਦੌਰਾਨ ਇਸ ਨੇ ਫ਼ਰਾਂਸ ਨੂੰ ਟੁਕੜਿਆਂ ਵਿਚ ਵੰਡੇ ਜਾਣ ਤੋਂ ਕਾਮਯਾਬੀ ਨਾਲ ਬਚਾਈ ਰੱਖਿਆ। ਵੀਆਨਾ ਦੇ ਸੰਮੇਲਨ ਵਿਚ ਲੂਈ 18ਵੇਂ ਵਲੋਂ ਇਸ ਨੂੰ ਫ਼ਰਾਂਸ ਦਾ ਪ੍ਰਤੀਨਿਧ ਬਣਾ ਕੇ ਭੇਜਿਆ ਗਿਆ। ਇਸ ਨੇ ਇੰਗਲੈਂਡ ਅਤੇ ਆਸਟ੍ਰੀਆ ਨੂੰ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕੀਤਾ ਅਤੇ ਇਸ ਦੇ ਨਤੀਜੇ ਵਜੋਂ ਰੂਸ, ਪੋਲੈਂਡ ਤੇ ਹਮਲਾ ਕਰਨ ਤੋਂ ਰੁਕ ਗਿਆ। ਇਸ ਨੇ ਫ਼ਰਾਂਸ ਵਿਚ ਬਰਬਨ ਘਰਾਣੇ ਨੂੰ ਮੁੜ ਸਥਾਪਿਤ ਕਰਨ ਵਿਚ ਮਦਦ ਕੀਤੀ ਅਤੇ ਗਵਾਂਢੀ ਦੇਸ਼ਾਂ ਨੂੰ ਫ਼ਰਾਂਸ ਪ੍ਰਤੀ ਨਰਮ-ਦਿਲੀ ਦਾ ਰਵਈਆ ਅਖ਼ਤਿਆਰ ਕਰਨ ਲਈ ਤਿਆਰ ਕੀਤਾ। ਸੰਨ 1830 ਵਿਚ ਇਹ ਸਫ਼ੀਰ ਦੇ ਤੌਰ ਤੇ ਇੰਗਲੈਂਡ ਗਿਆ।

ਇਸ ਦੀ ਦੇਸ਼ ਭਗਤੀ, ਸਿਆਣਪ ਅਤੇ ਗੰਭੀਰ ਰਾਜਨੀਤਕ ਸੋਚ ਨੇ ਇਸਨੂੰ ਸਾਰੇ ਫ਼ਰਾਂਸ ਵਿਚ ਹਰਮਨ ਪਿਆਰਾ ਨੇਤਾ ਬਣਾ ਦਿੱਤਾ।

ਇਸ ਦੀ ਮੌਤ 17 ਮਈ, 1838 ਨੂੰ ਪੈਰਿਸ ਵਿਚ ਹੋਈ। ਇਸਦੇ ਪਿਆਰ ਤੇ ਮਾਣ-ਸਤਿਕਾਰ ਵਿਚ ਸਾਰੇ ਫ਼ਰਾਂਸ ਵਿਚ ਸੋਗ ਮਨਾਇਆ ਗਿਆ।

ਹ.ਪੁ.—ਹਿੰ.ਵਿ.ਕੋ. 5 : 374

**ਤਾਵਦੇ ਸਖਾਰਾਮ** : ਭਾਰਤ ਦੇ ਇਸ ਉੱਘੇ ਸੰਗੀਤਕਾਰ ਅਤੇ ਪਖਾਵਜ-ਵਾਦਕ ਦਾ ਜਨਮ 25 ਅਕਤੂਬਰ, 1879 ਨੂੰ ਇੰਦੌਰ ਵਿਖੇ ਹੋਇਆ। ਬਚਪਨ ਤੋਂ ਹੀ ਇਸ ਦੀ ਮਿਰਦੰਗ ਪ੍ਰਤੀ ਰੁਚੀ ਸੀ। ਇਸ ਨੇ ਇਸੇ ਘਰਾਣੇ ਦੇ ਉੱਘੇ ਸੰਗੀਤਕਾਰਾਂ ਬਾਲਾ ਸਾਹਿਬ ਪਾਂਸੇ ਅਤੇ ਸ਼ੰਕਰ ਭਾਈਆਂ ਤੋਂ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ। ਸੰਨ 1898 ਤੋਂ 1904 ਤੱਕ ਇਹ ਇਸਨੇ ਨਾਟਕ ਕੰਪਨੀ ਲਈ ਕੰਮ ਕੀਤਾ; ਸੰਨ 1904 ਤੋਂ 1920 ਤਕ ਗਵਾਲੀਅਰ ਦੇ ਮਹਾਰਾਜੇ ਦਾ ਦਰਬਾਰੀ ਸੰਗੀਤਕਾਰ ਰਿਹਾ ਅਤੇ ਫਿਰ 16 ਸਾਲ ਤਕ ਇਹ ਲਖਨਊ ਵਿਖੇ ਤਬਲਾ ਅਤੇ ਪਖਾਵਜ-ਵਾਦਕ ਰਿਹਾ।

ਭਾਤਖੰਡੇ ਸੰਗੀਤ ਵਿਦਿਆਪੀਠ ਨੇ ਇਸ ਨੂੰ 'ਵਿਦਿਆ ਨਿਪੁੰਨ'; ਕਾਨਪੁਰ ਦੀ ਲਲਿਤ ਕਲਾ ਅਕਾਦਮੀ ਨੇ 'ਮਿਰਦੰਗ ਆਚਾਰੀਆ' ਦੀਆਂ ਆਨਰੇਰੀ ਡਿਗਰੀਆਂ ਅਤੇ ਭਾਤਖੰਡੇ ਕਾਲਜ ਨੇ ਸੰਗੀਤ ਵਿਚ ਮਾਸਟਰ ਡਿਗਰੀ ਦੇ ਕੇ ਸਨਮਾਨਿਆ। ਸੰਨ 1965 ਵਿਚ ਇਸ ਨੂੰ ਸੰਗੀਤ ਨਾਟਕ ਅਕਾਦਮੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਤਾਵਦੇ ਨੇ ਰਾਜਕੁਮਾਰ ਜੈਰਾਜ ਸਿੰਘ ਨੂੰ ਮਿਰੰਦਗ ਦੀ ਸਿਖਿਆ ਦਿੱਤੀ ਅਤੇ ਇਹ ਆਲ ਇੰਡੀਆ ਰੇਡੀਓ, ਲਖਨਊ ਵਿਖੇ ਵੀ ਸੰਗੀਤਕਾਰ ਰਿਹਾ। 'ਮਿਰਦੰਗ ਅਤੇ ਤਬਲਾ ਸ਼ਿਕਸ਼ਾ' ਇਸ ਦੀ ਇਕ ਪ੍ਰਸਿੱਧ ਪੁਸਤਕ ਹੈ।

ਪਹਿਲੀ ਜਨਵਰੀ, 1967 ਨੂੰ ਇੰਦੌਰ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਹੂ. ਜ਼ ਹੂ, 1900-1980.

**ਤਾਵੀਜ਼** : ਵੇਖੋ, ਤਵੀਤ।

**ਤਾਵਰਨਯੇ, ਜ਼ਾਂ ਬਾਤੀਸਤ (Tavernier, Jean Baptiste)** :— ਇਹ ਇਕ ਫਰਾਂਸਿਸੀ ਯਾਤਰੀ ਸੀ ਜਿਸਦਾ ਜਨਮ 1605 ਈ. ਵਿਚ ਪੈਰਿਸ ਵਿਚ ਹੋਇਆ। ਯੂਰਪ ਦੇ ਵੱਖ ਵੱਖ ਦੇਸ਼ ਦੀ ਯਾਤਰਾ ਕਰਨ ਤੋਂ ਬਾਅਦ 16ਵੀਂ ਸਦੀ ਵਿਚ ਇਹ ਕੁਸਤੁਨਤੁਨੀਆ ਪਹੁੰਚ ਗਿਆ ਅਤੇ ਇਥੇ ਕੁਝ ਮਹੀਨੇ ਰਹਿਣ ਤੋਂ ਮਗਰੋਂ ਇਹ ਈਰਾਨ ਤੱਕ ਚਲਾ ਗਿਆ। ਇਥੋਂ ਇਹ ਅਲੈਪੋ, ਮਾਲਟਾ ਇਟਲੀ ਹੁੰਦਾ ਹੋਇਆ ਪੈਰਿਸ ਵਾਪਸ ਆ ਗਿਆ। ਸੰਨ 1638 ਵਿਚ ਆਪਣੀ ਦੂਜੀ ਯਾਤਰਾ ਸਮੇਂ ਇਹ ਆਗਰਾ ਅਤੇ ਗੋਲਕੁੰਡਾ ਤੱਕ ਗਿਆ। ਇਹ ਇਥੇ ਮੁਗ਼ਲ ਦਰਬਾਰ ਵਿਚ ਵੀ ਗਿਆ। ਇਸ ਤੋਂ ਪਿੱਛੋਂ ਵੀ ਇਸ ਨੇ ਕਈ ਹੋਰ ਯਾਤਰਾਵਾਂ ਕੀਤੀਆਂ। ਇਹ ਹੀਰੇ, ਮੋਤੀਅ

ਆਦਿ ਦਾ ਵਪਾਰ ਵੀ ਕਰਦਾ ਸੀ। ਇਸਨੇ ਆਪਣੀ ਪੁਸਤਕ ਸਿਕਸ ਵਾੱਇਇਜ਼ (ਯਾਤਰਾਵਾਂ) ਅਤੇ ਕੁਝ ਹੋਰ ਗਰੰਥਾਂ ਵਿਚ ਇਨਾਂ ਯਾਤਰਾਵਾਂ ਦਾ ਅਤੇ ਜਿਨ੍ਹਾਂ ਦੇਸ਼ਾਂ ਵਿਚ ਇਹ ਗਿਆ, ਉਥੋਂ ਦੇ ਤੌਰ ਤਰੀਕੇ, ਰੀਤੀ ਰਿਵਾਜ ਆਦਿ ਦਾ ਵਿਸ਼ੇਸ਼ ਵਰਣਨ ਕੀਤਾ ਹੈ।

ਸੰਨ 1689 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.–ਹਿੰ. ਵਿ.ਕੋ. 5 : 376

**ਤਾੜ** **(Palm)** : ਇਹ ਪਾਮੀ ਕੁਲ ਦਾ ਪੌਦਾ ਹੈ ਜਿਸ ਦੀਆਂ ਲਗਭਗ 210 ਪ੍ਰਜਾਤੀਆਂ ਅਤੇ 3000 ਤੋਂ 4000 ਤੱਕ ਜਾਤੀਆਂ ਮਿਲਦੀਆਂ ਹਨ। ਤਾੜ ਦੀਆਂ 34 ਪ੍ਰਜਾਤੀਆਂ ਅਤੇ 250 ਜਾਤੀਆਂ ਭਾਰਤ ਵਿਚ ਮਿਲਦੀਆਂ ਹਨ। ਤਾੜ ਦੇ ਪੌਦੇ ਜ਼ਿਆਦਾਤਰ ਊਸ਼ਣ-ਕਟੀਬੰਧ ਇਲਾਕਿਆਂ ਵਿਚ ਉੱਗਦੇ ਹਨ ਪਰ ਇਨ੍ਹਾਂ ਦੀਆਂ ਕੁਝ ਜਾਤੀਆਂ ਯੂਰਪ, ਚੀਨ, ਜਾਪਾਨ ਅਤੇ ਅਮਰੀਕਾ ਵਿਚ ਵੀ ਮਿਲਦੀਆਂ ਹਨ। ਊਸ਼ਣ-ਕਟੀਬੰਧ ਅਮਰੀਕਾ ਅਤੇ ਏਸ਼ੀਆ ਵਿਚ ਤਾੜ ਕੁਲ ਦੀਆਂ ਸਭ ਤੋਂ ਵੱਧ ਜਾਤੀਆਂ ਮਿਲਦੀਆਂ ਹਨ। ਸਮੁੰਦਰ ਦੇ ਕਿਨਾਰੇ ਦੇ ਊਸ਼ਣ-ਕਟੀਬੰਧ ਪ੍ਰਦੇਸ਼ਾਂ ਵਿਚ ਤਾੜ ਦੇ ਪੌਦਿਆਂ ਦੀ ਬਹੁਤਾਤ ਹੁੰਦੀ ਹੈ। ਤਾੜ ਦੀਆਂ ਕੁਝ ਜਾਤੀਆਂ ਮਾਰੂਥਲਾਂ ਅਤੇ ਦਲਦਲੇ ਸਥਾਨਾਂ ਵਿਚ ਵੀ ਮਿਲਦੀਆਂ ਹਨ।

ਤਾੜ ਕੁਲ ਦੇ ਪੌਦੇ ਦਾ ਤਣਾ ਗੋਲ, ਕਾਫ਼ੀ ਲੰਬਾ ਅਤੇ ਸਿੱਧਾ ਹੁੰਦਾ ਹੈ। ਆਮ ਤੌਰ ਤੇ ਤਣੇ ਉੱਤੇ ਸ਼ਾਖ਼ਾਵਾਂ ਨਹੀਂ ਹੁੰਦੀਆਂ ਪਰ ਕੁਝ ਜਾਤੀਆਂ ਵਿਚ ਸ਼ਾਖ਼ਾਵਾਂ ਮਿਲਦੀਆਂ ਹਨ। ਅਕਸਰ ਤਣੇ ਦੀ ਬਾਹਰਲੀ ਸਤ੍ਹਾ (ਪਰਤ) ਚਿਕਣੀ ਜਿਹੀ ਹੁੰਦੀ ਹੈ। ਤਾੜ ਦੀਆਂ ਕੁਝ ਜਾਤੀਆਂ ਵਿਚ ਤਣੇ ਉਪਰ ਕੰਡੇ ਜਿਹੇ ਵੀ ਉੱਗੇ ਦਿਖਾਈ ਦਿੰਦੇ ਹਨ। ਤਾੜ ਦਾ ਤਣਾ ਅਕਸਰ 15 ਤੋਂ 20 ਮੀ. ਤੱਕ ਉੱਚਾ, ਮੋਟਾ ਅਤੇ ਮਜ਼ਬੂਤ ਹੁੰਦਾ ਹੈ। ਕੁਝ ਜਾਤੀਆਂ ਦਾ ਤਣਾ ਪਤਲਾ ਹੁੰਦਾ ਹੈ। ਪਤਲੇ ਤਣੇ ਵਾਲਾ ਤਾੜ ਵੇਲ ਦੀ ਤਰ੍ਹਾਂ ਹੋਰ ਦਰਖ਼ਤਾਂ ਦਾ ਸਹਾਰਾ ਲੈ ਕੇ ਵਧਦਾ ਹੈ ਅਤੇ ਕਈ ਵਾਰ ਇਸ ਦੀ ਲੰਬਾਈ 100 ਮੀ. ਤੱਕ ਵੀ ਹੋ ਜਾਂਦੀ ਹੈ। ਪੱਤੇ ਤਣੇ ਦੇ ਉਪਰਲੇ ਹਿੱਸੇ ਉਪਰ ਉੱਗਦੇ ਹਨ। ਪੌਦੇ ਦੇ ਹੇਠਲੇ ਹਿੱਸੇ ਤੋਂ ਬਹੁਤ ਸਾਰੀਆਂ ਅਪਸਥਾਨਿਕ ਜੜ੍ਹਾਂ ਨਿਕਲ ਆਉਂਦੀਆਂ ਹਨ, ਜੋ ਪੌਦੇ ਨੂੰ ਸਹਾਰਾ ਅਤੇ ਆਹਾਰ ਪ੍ਰਦਾਨ ਕਰਦੀਆਂ ਹਨ।

ਤਾੜ ਦੇ ਪੌਦੇ ਦੇ ਪੱਤੇ ਘੱਟ ਪਰ ਵੱਡੇ ਵੱਡੇ ਹੁੰਦੇ ਹਨ। ਇਸ ਦੇ ਪੱਤੇ ਦੋ ਜਾਂ ਤਿੰਨ ਸੈਂ.ਮੀ. ਤੋਂ ਲੈ ਕੇ ਦੋ ਜਾਂ ਤਿੰਨ ਮੀ. ਤੱਕ ਲੰਬੇ ਹੋ ਸਕਦੇ ਹਨ। ਤਾੜ ਵਿਚ ਦੋ ਤਰ੍ਹਾਂ ਦੇ ਪੱਤੇ ਮਿਲਦੇ ਹਨ : (1) ਪਾਮੇਟ (ਹੱਥ ਅਕਾਰ) (Palmate) ਅਤੇ (2) ਪਿੰਨੇਟ (ਖੰਭ ਅਕਾਰ) (pinnate)। ਪੱਤਿਆਂ ਦੀ ਡੰਡੀ ਸਖ਼ਤ ਅਤੇ ਮਜ਼ਬੂਤ ਹੁੰਦੀ ਹੈ ਅਤੇ ਤਣੇ ਕੋਲ ਪਹੁੰਚ ਕੇ ਪੱਤੇ ਕਾਫ਼ੀ ਚੌੜੇ ਹੋ ਜਾਂਦੇ ਹਨ। ਇਨ੍ਹਾਂ ਦੇ ਪਤਝੜ ਦੀ ਕੋਈ ਖਾਸ ਰੁੱਤ ਤਾਂ ਨਹੀਂ ਹੁੰਦੀ, ਪੁਰਾਣੇ ਪੱਤੇ ਸੁੱਕ ਕੇ ਆਪਣੇ ਭਾਰ ਨਾਲ ਹੀ ਹਵਾ ਦਾ ਝੌਂਕਾ ਆਉਣ ਤੇ ਝੜ ਜਾਂਦੇ ਹਨ। ਕਈ ਵਾਰ ਪੱਤਿਆਂ ਦੀਆਂ ਡੰਡੀਆਂ ਤਣੇ ਨਾਲ ਕੰਡਿਆਂ ਦੀ ਤਰ੍ਹਾਂ ਲਗੀਆਂ ਰਹਿੰਦੀਆਂ ਹਨ। ਪੱਤਿਆਂ ਦੀ ਪਰਤ ਆਮ ਕਰਕੇ ਚਿਕਨੀ ਹੁੰਦੀ ਹੈ। ਸੁਕਣ ਮਗਰੋਂ ਤਾੜ ਦੇ ਪੱਤੇ ਕਾਗ਼ਜ਼ ਵਾਂਗ ਲਗਦੇ ਹਨ ਇਸ ਕਰਕੇ ਪ੍ਰਾਚੀਨ ਕਾਲ ਵਿਚ ਇਨ੍ਹਾਂ ਉਪਰ ਲਿਖਣ ਦਾ ਕੰਮ ਕੀਤਾ ਜਾਂਦਾ ਸੀ। ਤਾੜ ਪੱਤਰਾਂ ਉੱਤੇ ਲਿਖੇ ਕਈ ਪੁਰਾਤਨ ਗ੍ਰੰਥ ਅੱਜ ਵੀ ਵੇਖਣ ਨੂੰ ਮਿਲਦੇ ਹਨ।

ਤਾੜ ਦੇ ਪੌਦੇ ਨੂੰ ਫੁੱਲ ਗੁੱਛਿਆਂ ਦੇ ਰੂਪ ਵਿਚ ਲਗਦੇ ਹਨ। ਪੁਸ਼ਪ-ਕ੍ਰਮ ਸ਼ੁਰੂ ਵਿਚ ਸਪੇਥ ਨਾਲ ਢੱਕਿਆ ਹੁੰਦਾ ਹੈ। ਪੁਸ਼ਪ-ਕ੍ਰਮ ਦੀ ਡੰਡੀ ਉੱਤੇ ਅਨੇਕ ਇਕ-ਲਿੰਗੀ ਅਤੇ ਦੋ-ਲਿੰਗੀ ਪੁਸ਼ਪ-ਕ੍ਰਮ ਨਿਕਲ ਆਉਂਦੇ ਹਨ। ਆਮ ਤੌਰ ਤੇ ਤਾੜ ਵਿਚ ਤਿੰਨ ਪ੍ਰਕਾਰ ਦੇ ਪੁਸ਼ਪ-ਕ੍ਰਮ ਮਿਲਦੇ ਹਨ — (1) ਨਰ ਪੁਸ਼ਪ ਕ੍ਰਮ, (2) ਮਾਦਾ ਪੁਸ਼ਪ-ਕ੍ਰਮ ਅਤੇ (3) ਦੋ-ਲਿੰਗੀ ਪੁਸ਼ਪ-ਕ੍ਰਮ, ਜਿਨ੍ਹਾਂ ਵਿਚ ਨਰ ਅਤੇ ਮਾਦਾ ਦੋਵੇਂ ਫੁੱਲ ਹੁੰਦੇ ਹਨ। ਪੁਸ਼ਪ-ਕ੍ਰਮ ਦੇ ਡੰਠਲ ਉੱਤੇ ਨਰ ਅਤੇ ਮਾਦਾ ਫੁੱਲ ਅਲੱਗ ਅਲੱਗ ਭਾਗਾਂ ਵਿਚ ਉੱਗਦੇ ਹਨ। ਰੇਫ਼ਿਆ ਜਾਤੀ ਦੇ ਤਾੜ ਵਿਚ ਪੁਸ਼ਪ-ਕ੍ਰਮ ਦੀ ਡੰਡੀ ਦੇ ਉਪਰਲੇ ਹਿੱਸੇ ਵਿਚ ਨਰ ਫੁੱਲ ਅਤੇ ਹੇਠਲੇ ਹਿੱਸੇ ਵਿਚ ਮਾਦਾ ਫੁੱਲ ਉੱਗਦੇ ਹਨ ਪਰ ਜਿਨੋਮਾ ਜਾਤੀ ਵਿਚ ਪੁਸ਼ਪ-ਕ੍ਰਮ ਦੇ ਡੰਠਲ ਉੱਤੇ ਤਿੰਨ ਤਿੰਨ ਫੁੱਲ ਉੱਗਦੇ ਹਨ ਜਿਨ੍ਹਾਂ ਵਿਚ ਵਿਚਕਾਰਲਾ ਫੁੱਲ ਮਾਦਾ ਅਤੇ ਆਸੇ ਪਾਸੇ ਵਾਲੇ ਫੁੱਲ ਨਰ ਫੁੱਲ ਹੁੰਦੇ ਹਨ।



ਤਾੜ

ਨਰ ਫੁੱਲ ਮਾਦਾ ਫੁੱਲ ਤੋਂ ਛੋਟੇ ਹੁੰਦੇ ਹਨ। ਇਨ੍ਹਾਂ ਵਿਚ ਛੇ ਪੰਖੜੀਆਂ ਸਥਾਈ ਕਿਸਮ ਦੀਆਂ ਹੁੰਦੀਆਂ ਹਨ। ਇਨ੍ਹਾਂ ਦਾ ਰੰਗ ਹਰਾ, ਪੀਲਾ ਜਾਂ ਸਫ਼ੈਦ ਹੁੰਦਾ ਹੈ। ਨਰ ਫੁੱਲ ਵਿਚ ਆਮ ਤੌਰ ਤੇ ਛੇ ਪੁੰਕੇਸਰ ਅਤੇ ਮਾਦਾ ਫੁੱਲ ਵਿਚ ਇਕ ਜਾਂ ਤਿੰਨ ਅੰਡਕੋਸ਼ ਹੁੰਦੇ ਹਨ। ਜਦੋਂ ਅੰਡਕੋਸ਼ ਇਕ ਹੀ ਹੋਵੇ ਤਾਂ ਉਸ ਦੇ ਵਿਚ ਇਕ ਜਾਂ ਤਿੰਨ ਖੰਡ ਹੁੰਦੇ ਹਨ ਅਤੇ ਹਰੇਕ ਖੰਡ ਵਿਚ ਬੀਜਾਣੂ ਹੁੰਦਾ ਹੈ। ਫੁੱਲਾਂ ਦੇ ਪੂਰੀ ਤਰ੍ਹਾਂ ਵਿਕਸਿਤ ਹੋਣ ਮਗਰੋਂ ਪਰਾਗਣ ਦੀ ਕਿਰਿਆ ਹੁੰਦੀ ਹੈ। ਪਰਾਗ ਹਵਾ ਜਾਂ ਕੀੜਿਆਂ ਰਾਹੀਂ ਮਾਦਾ ਫੁੱਲ ਦੀ ਪਰਾਗ-ਕਣ-ਗ੍ਰਾਹੀ ਉੱਤੇ ਪਹੁੰਚ ਜਾਂਦੇ ਹਨ। ਇਸ ਕਿਰਿਆ ਤੋਂ ਕੁਝ ਚਿਰ ਮਗਰੋਂ ਫਲ ਪੱਕ ਜਾਂਦਾ ਹੈ। ਇਸ ਵਿਚ ਬੀਜਾਂ ਦੀ ਗਿਣਤੀ ਇਕ ਤੋਂ ਤਿੰਨ ਤੱਕ ਹੁੰਦੀ ਹੈ। ਬੀਜ ਆਮ ਤੌਰ ਤੇ ਗੋਲ ਪਰ ਕਈ ਵਾਰ ਲੰਬੇ ਵੀ ਹੁੰਦੇ ਹਨ। ਬੀਜ ਕੁਝ ਸਮਾਂ ਜ਼ਮੀਨ ਉੱਤੇ ਰਹਿਣ ਉਪਰੰਤ ਉਚਿਤ ਵਾਤਾਵਰਣ ਮਿਲਣ ਤੇ ਪੁੰਗਰਣ ਲਗ ਪੈਂਦੇ ਹਨ।

ਤਾੜ ਵਰਗ ਦੇ ਪੌਦਿਆਂ ਨੂੰ ਕਈ ਤਰ੍ਹਾਂ ਨਾਲ ਪ੍ਰਯੋਗ ਵਿਚ ਲਿਆਇਆ ਜਾਂਦਾ ਹੈ। ਇਸ ਦੇ ਤਣੇ ਨੂੰ ਕਈ ਵਾਰ ਸ਼ਤੀਰ ਦੀ ਥਾਂ

ਵਰਤ ਲਿਆ ਜਾਂਦਾ ਹੈ। ਮੈਟ੍ਰੌਕਸੀਲੌਨ (Metroxylon) ਦੇ ਤਣੇ ਤੋਂ ਸਾਗੂਦਾਣਾ ਪ੍ਰਾਪਤ ਕੀਤਾ ਜਾਂਦਾ ਹੈ। ਗੋਭੀ ਤਾੜ ਦੇ ਪੱਤਿਆਂ ਦਾ ਸਾਗ ਵੀ ਬਣਾਇਆ ਜਾਂਦਾ ਹੈ। ਤਾੜ ਤੋਂ ਇਕ ਤਰ੍ਹਾਂ ਦੀ ਸ਼ਰਾਬ ਜਿਸ ਨੂੰ ਤਾੜੀ ਕਹਿੰਦੇ ਹਨ ਵੀ ਤਿਆਰ ਕੀਤੀ ਜਾਂਦੀ ਹੈ। ਤਾੜ ਦੇ ਤਣੇ ਦੇ ਉਪਰਲੇ ਹਿੱਸੇ ਨੂੰ ਕੱਟਣ ਨਾਲ ਉਸ ਵਿਚੋਂ ਰਸ ਜਿਹਾ ਨਿਕਲਦਾ ਹੈ ਜਿਸਨੂੰ ਤਾੜ-ਰਸ ਆਖਦੇ ਹਨ। ਹਵਾ ਅਤੇ ਪ੍ਰਕਾਸ਼ ਦੇ ਪ੍ਰਭਾਵ ਅੰਦਰ ਕ੍ਰਿਆ ਦੌਰਾਨ ਨਿਤਾਰਨ ਵਿਧੀ ਰਾਹੀਂ ਤਾੜੀ ਤਿਆਰ ਕੀਤੀ ਜਾਂਦੀ ਹੈ। ਨਿਤਾਰਨ ਤੋਂ ਪਹਿਲਾਂ ਤਾੜ-ਰਸ ਵਿਚ ਕਾਫ਼ੀ ਮਾਤਰਾ ਵਿਚ ਅਲਕੋਹਲ ਮੌਜੂਦ ਹੁੰਦਾ ਹੈ। ਤਾੜ ਦੇ ਰਸ ਤੋਂ ਅੱਜਕੱਲ੍ਹ ਸ਼ਕਰ ਅਤੇ ਮਿਸ਼ਰੀ ਵੀ ਬਣਾਏ ਜਾਂਦੇ ਹਨ। ਬਗੈਰ ਨਿਤਾਰੇ ਤਾੜ-ਰਸ ਨੂੰ ਨੀਰਾ ਆਖਦੇ ਹਨ। ਪੀਣ ਲਈ ਇਹ ਇਕ ਪੌਸ਼ਟਿਕ ਤਰਲ ਹੁੰਦਾ ਹੈ। ਇਸ ਵਿਚ ਵਿਟਾਮਿਨਾਂ ਤੋਂ ਇਲਾਵਾ ਗੁਲੂਕੋਜ਼, ਫਰਕਟੋਜ਼ ਅਤੇ ਮੈਂਗਨੀਜ਼ ਵੀ ਹੁੰਦਾ ਹੈ, ਜੋ ਸਿਹਤ ਲਈ ਲਾਹੇਵੰਦ ਹੁੰਦਾ ਹੈ। ਤਾੜ ਦੇ ਪੱਤਿਆਂ ਤੋਂ ਪੱਖੇ, ਚਟਾਈਆਂ ਅਤੇ ਟੋਪੀਆਂ ਆਦਿ ਬਣਾਈਆਂ ਜਾਂਦੀਆਂ ਹਨ। ਤਾੜ ਦੇ ਫਲ ਤੋਂ ਗਿਰੀ, ਖਜੂਰ, ਰੇਸ਼ਾ ਮਿਲਦੇ ਹਨ ਅਤੇ ਬੀਜਾਂ ਤੋਂ ਤੇਲ ਕੱਢਿਆ ਜਾਂਦਾ ਹੈ। ਰੇਸ਼ਾ ਗੱਦੇ ਅਤੇ ਗੱਦੀਆਂ ਭਰਨ ਅਤੇ ਰਸੀਆਂ ਬਣਾਉਣ ਦੇ ਕੰਮ ਆਉਂਦਾ ਹੈ। ਫਲ ਦੇ ਸਖ਼ਤ ਹਿੱਸਿਆਂ ਤੋਂ ਹੁੱਕਾ ਬਣਾਇਆ ਜਾਂਦਾ ਹੈ। ਤਾੜ ਦੀਆਂ ਕੁਝ ਜਾਤੀਆਂ ਤੋਂ ਮੋਮ ਵਰਗਾ ਪਦਾਰਥ ਵੀ ਬਣਾਇਆ ਜਾਂਦਾ ਹੈ।

ਏ.ਬੀ. ਰੇਂਡਲ ਨੇ ਤਾੜ ਕੁਲ ਨੂੰ ਹੇਠ ਲਿਖੀਆਂ ਸੱਤ ਜਾਤੀਆਂ ਵਿਚ ਵੰਡਿਆ ਹੈ :—

1. **ਫ਼ੀਨਿਕਸ ਡੈਕਟਾਈਲੀਫ਼ੈਰਾ (Phoenix dactylifera)** — ਇਸ ਜਾਤੀ ਵਿਚ ਖਜੂਰ ਆਉਂਦਾ ਹੈ। ਇਸ ਦੇ ਨਰ ਅਤੇ ਮਾਦਾ ਫੁੱਲਾਂ ਵਿਚ ਤਿੰਨ ਅਲਗ ਅਲਗ ਅੰਡਪ-ਪੁੰਜ ਹੁੰਦੇ ਹਨ। ਇਨ੍ਹਾਂ ਵਿਚੋਂ ਕੇਵਲ ਇਕ ਹੀ ਬੀਜ ਧਾਰਣ ਕਰਦਾ ਹੈ ਬਾਕੀ ਦੇ ਦੋ ਸੁੱਕ ਜਾਂਦੇ ਹਨ। ਇਸ ਦਾ ਫਲ ਗੁਦੇਦਾਰ ਹੁੰਦਾ ਹੈ। ਫਲ ਵਿਚ ਇਕ ਸਖ਼ਤ ਲੰਬਾ ਬੀਜ ਹੁੰਦਾ ਹੈ ਜਿਹੜਾ ਅੰਦਰੋਂ ਇਕ ਨਾਲੀ ਰਾਹੀਂ ਦੋ ਭਾਗਾਂ ਵਿਚ ਵੰਡਿਆ ਹੁੰਦਾ ਹੈ।

2. **ਸਬਲੇਈ** — ਇਸ ਦੇ ਫੁੱਲਾਂ ਵਿਚ ਤਿੰਨ ਜੁੜੇ ਹੋਏ ਅੰਡਪ-ਪੁੰਜ ਹੁੰਦੇ ਹਨ ਜਿਨ੍ਹਾਂ ਵਿਚੋਂ ਆਮ ਤੌਰ ਤੇ ਇਕ ਜਾਂ ਕਈ ਵਾਰ ਦੋ ਜਾਂ ਤਿੰਨੋਂ ਹੀ ਫਲ ਬਣ ਜਾਂਦੇ ਹਨ। ਫਲ ਗੁਦੇਦਾਰ ਅਤੇ ਰੇਸ਼ੇਦਾਰ ਹੁੰਦਾ ਹੈ। ਭਰੂਣਪੋਸ਼ ਸਖ਼ਤ ਹੁੰਦਾ ਹੈ।

3. **ਬੌਰੈਸੇਮ (Borasseme)** — ਇਸ ਦੇ ਦਰਖ਼ਤ ਵੱਡੇ ਹੁੰਦੇ ਹਨ। ਮਾਦਾ ਫੁੱਲ ਨਰ ਤੋਂ ਵੱਡਾ ਹੁੰਦਾ ਹੈ। ਮਾਦਾ ਫੁੱਲ ਵਿਚ ਤਿੰਨੋਂ ਅੰਡਪ-ਪੁੰਜ ਮਿਲਕੇ ਇਕ ਵੱਡਾ ਫਲ ਬਣਾਉਂਦੇ ਹਨ ਜਿਸ ਵਿਚ ਬੀਜਾਂ ਦੀ ਗਿਣਤੀ ਇਕ ਤੋਂ ਲੈ ਕੇ ਤਿੰਨ ਤੱਕ ਹੁੰਦੀ ਹੈ। ਫਲ ਦਾ ਅੰਦਰਲਾ ਹਿੱਸਾ ਸਖ਼ਤ ਹੋ ਜਾਂਦਾ ਹੈ ਅਤੇ ਵਿਚਕਾਰਲਾ ਹਿੱਸਾ ਰੇਸ਼ੇਦਾਰ ਰਹਿੰਦਾ ਹੈ ਜਿਵੇਂ ਨਾਰੀਅਲ।

4. **ਲੈਪਿਡੋਕੈਰੀਆਈ (Lepidocaryeae)** — ਇਸ ਦਾ ਫਲ ਇਕਦਲੀਆ ਹੁੰਦਾ ਹੈ ਫਲ ਦੇ ਉਪਰ ਕਈ ਸਖ਼ਤ ਛੋਟੇ ਛੋਟੇ ਛਿਲੜ ਹੁਦੇ ਹਨ ਜਿਵੇਂ ਮੈਟਾੱਕਸੀਲੌਨ ਰੈਫਿਆਈ।

5. **ਐਰੀਸੀ (Areceae)** — ਇਸ ਦੇ ਅੰਡਕੋਸ਼ ਵਿਚ ਇਕ ਤੋਂ ਤਿੰਨ ਤੱਕ ਖੰਡ ਹੁੰਦੇ ਹਨ। ਫਲ ਰੇਸ਼ੇਦਾਰ, ਗੁਦੇਦਾਰ ਅਤੇ ਇਕਦਲੀਆ ਹੁੰਦਾ ਹੈ। ਇਸ ਵਰਗ ਦੇ ਪੌਦੇ ਆਮ ਤੌਰ ਤੇ ਊਸ਼ਣ-ਕਟੀਬੰਧੀ ਏਸ਼ੀਆ, ਅਸਟਰੇਲੀਆ ਅਤੇ ਨਿਊਜ਼ੀਲੈਂਡ ਵਿਚ ਮਿਲਦੇ ਹਨ।

6. **ਕੋਕੇਈ** — ਇਸ ਜਾਤੀ ਵਿਚ ਤਿੰਨ ਅੰਡਪ-ਪੁੰਜ ਮਿਲ ਕੇ ਫਲ ਬਣਾਉਂਦੇ ਹਨ। ਫਲ ਵਿਚ ਆਮ ਤੌਰ ਤੇ ਇਕ ਬੀਜ ਹੀ ਹੁੰਦਾ ਹੈ। ਇਸ ਦੀ ਅੰਦਰਲੀ ਪਰਤ ਬਹੁਤ ਸਖ਼ਤ ਹੁੰਦੀ ਹੈ ਅਤੇ ਉਸ ਉੱਤੇ ਤਿੰਨ ਅੱਖਾਂ ਬਣੀਆਂ ਹੁੰਦੀਆਂ ਹਨ। ਇਸ ਦਾ ਉਦਾਹਰਣ ਨਾਰੀਅਲ (Cocos nucifera) ਹੈ।

7. **ਫਿਟਲੇਫਨਟੇਈ** — ਇਸ ਵਿਚ ਸਿਰਫ਼ ਦੋ ਉਪ-ਜਾਤੀਅ ਦੇ ਪੌਦੇ ਆਉਂਦੇ ਹਨ। ਨਰ ਅਤੇ ਮਾਦਾ ਪੁਸ਼ਪ-ਕ੍ਰਮ ਅਲੱਗ-ਅਲੱਗ ਹੁੰਦੇ ਹਨ। ਤਣਾ ਕਮਜ਼ੋਰ ਅਤੇ ਪੱਤੇ ਵੱਡੇ ਹੁੰਦੇ ਹਨ। ਉਦਾਹਰਣ ਫਿਟਲੇਫਸ ਅਤੇ ਨੇਪਾਫਰੁਟਿਕੇਂਸ ਹਨ।

ਹ.ਪੁ.—ਹਿੰ. ਵਿ.ਕੋ. 5: 330; ਐਨ.ਬ੍ਰਿ. ਮਾ. 9:9C; ਐਨ.ਇ 17:184; ਮ.ਕੋ. : 441

**ਤਿਉਹਾਰ** : ਕੁਝ ਖ਼ਾਸ ਦਿਨ, ਤਿਥੀ, ਵਾਰ, ਉਤਸਵ ਅ ਪੁਰਬ ਆਦਿ ਮਨਾਉਣ ਨੂੰ ਤਿਉਹਾਰ ਕਹਿੰਦੇ ਹਨ। ਤਿਉਹਾਰ ਜ ਉਤਸਵ ਨੂੰ 'ਉਪਾਸਨਾ' 'ਉਪਵਾਸ' 'ਜਾਗਰਣ' 'ਇਸ਼ਨਾਨ' 'ਮੰ 'ਮੰਤਰ' ਰੌਸ਼ਨੀ ਕਰਕੇ ਬ੍ਰਾਹਮਣਾਂ ਨੂੰ ਭੇਟਾ ਦੇ ਕੇ ਮਨਾਇਆ ਜਾਂ ਹੈ।

ਸਾਰੇ ਤਿਉਹਾਰਾਂ ਬਾਰੇ ਮੁਕੰਮਲ ਜਾਣਕਾਰੀ ਦੇਣਾ ਕਾ ਮੁਸ਼ਕਲ ਹੈ ਕਿਉਂਕਿ ਹਰ ਥਾਂ ਅਤੇ ਹਰ ਸਮੁਦਾਇ ਦਾ ਤਿਉਹ ਵੱਖਰਾ ਹੁੰਦਾ ਹੈ। ਤਿਉਹਾਰਾਂ ਦਾ ਸਿੱਖਿਆ ਅਤੇ ਸਮਾਜਕ ਪੱਖ ਇਲਾਵਾ ਧਾਰਮਕ ਪੱਖ ਵੀ ਹੁੰਦਾ ਹੈ। ਇਹ ਧਾਰਮਕ ਭਾਈਚਾਰਿ ਵਿਚਕਾਰ ਏਕਤਾ ਪੈਦਾ ਕਰਦੇ ਹਨ।

ਬਹੁਤੇ ਤਿਉਹਾਰ ਮੌਸਮੀ ਹਨ। ਕਈ ਤਿਉਹਾਰ ਫ਼ਸਲ ਕ ਸਮੇਂ ਜਾਂ ਭੋਂ ਦੇ ਉਪਜਾਊਪਣ ਲਈ, ਕਈ ਜਨਮ ਦਿਨ ਮਨਾਉ ਲਈ ਅਤੇ ਕਈ ਦੇਵਤਿਆਂ ਜਾਂ ਯੋਧਿਆਂ ਦੀ ਜਿੱਤ ਦੀ ਮਨਾਉਣ ਲਈ ਮਨਾਏ ਜਾਂਦੇ ਹਨ। ਕਈ ਤਿਉਹਾਰ ਮਹੱਤਵਪੂ ਦਿਨਾਂ ਦੀ ਯਾਦ ਵਿਚ ਅਤੇ ਕਈ ਮਿਥਿਹਾਸ ਦੀਆਂ ਪ੍ਰ ਘਟਨਾਵਾਂ ਲਈ ਮਨਾਏ ਜਾਂਦੇ ਹਨ।

ਉੱਤਰੀ ਭਾਰਤ ਵਿਚ ਰੱਖੜੀ ਦਾ ਤਿਉਹਾਰ ਹੈ ਪਰ ਦੱ ਵਿਚ ਇਹ ਰਸਮ ਕਾਰਬੀਕਾਈ ਦੇ ਤਿਉਹਾਰ ਵੇਲੇ ਕੀਤੀ ਜਾਂਦੀ ਪੰਜਾਬ ਅਤੇ ਉੱਤਰੀ ਭਾਗ ਵਿਚ ਲੋਹੜੀ ਮਨਾਈ ਜਾਂਦੀ ਹੈ ਦੱਖਣ ਵਿਚ ਇਸ ਤਿਉਹਾਰ ਨੂੰ ਪੋਂਗਲ ਵਜੋਂ ਮਨਾਉਂਦੇ ਹਨ। ਵ ਵਿਚ ਵਿਸਾਖੀ ਵਿਸੂ ਦਾ ਰੂਪ ਧਾਰਣ ਕਰ ਲੈਂਦੀ ਹੈ। ਬੰਗਾਲ ਦੁਸਹਿਰੇ ਨੂੰ ਦੁਰਗਾਪੂਜਾ, ਮਹਾਰਾਸ਼ਟਰ ਵਿਚ ਗਣੇਸ਼ ਪੂਜਾ ਤੇ ਵ ਵਿਚ ਨਵਰਾਤਰੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਜਦੋਂ ਪੰਜਾਬ, ਯੂ.ਪੀ. ਅਤੇ ਮੱਧ ਭਾਰਤ ਵਿਚ ਇਸ ਨੂੰ ਦੁਸਹਿਰੇ ਮਨਾਇਆ ਜਾਂਦਾ ਹੈ।

ਭਾਰਤ ਵਿਚ ਤਕਰੀਬਨ 80% ਤਿਉਹਾਰ ਧਾਰਮਕ ਰੰ ਵਿਚ ਰੰਗੇ ਹੋਏ ਹਨ। ਮਹਾਰਾਸ਼ਟਰ, ਬੰਗਾਲ ਅਤੇ ਦੱਖਣ ਵਿਚ ਹਰ ਰੋਜ਼ ਕੋਈ ਨਾ ਕੋਈ ਦਿਨ ਤਿਉਹਾਰ ਵਜੋਂ ਮਨਾਉਂਦੇ ਹਨ

ਸਿੱਖਾਂ ਦੇ ਸਭ ਤਿਉਹਾਰ ਧਰਮ ਨਾਲ ਸਬੰਧਤ ਹਨ। ਉ ਗੁਰਪੁਰਬ ਜਾਂ ਤਾਂ ਗੁਰੂਆਂ ਦੇ ਜਨਮ ਦਿਨ ਹਨ ਜਾਂ ਫਿਰ ਗ ਪ੍ਰਾਪਤ ਕਰਨ ਦੇ ਦਿਨ ਹਨ। ਮੁਸਲਮਾਨਾਂ ਦੇ ਵੀ ਬਹੁਤੇ ਉ ਮਜ਼ਹਬੀ ਹਨ। ਭਾਰਤ ਦੇ ਕੁਝ ਮਹੱਤਵਪੂਰਣ ਤਿਉਹਾਰ ਇਸ ਹਨ :—

1. ਵਿਸਾਖੀ — ਇਹ ਤਿਉਹਾਰ ਪਹਿਲੀ ਵੈਸਾਖ ਨੂੰ ਅ 13 ਜਾਂ 14 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਸਿੱਖਾਂ ਵਲੋਂ ਤਿਉਹਾਰ ਇਸ ਕਰਕੇ ਮਨਾਇਆ ਜਾਂਦਾ ਹੈ ਕਿਉਂਕਿ ਉ

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਖਾਲਸਾ ਪੰਥ ਦੀ ਸਾਜਣਾ ਕੀਤੀ ਸੀ ਅਰਥਾਤ 1699 ਈ. ਵਿਚ ਆਨੰਦਪੁਰ ਸਾਹਿਬ ਵਿਚ ਕੇਸਗੜ੍ਹ ਵਾਲੇ ਸਥਾਨ ਤੇ ਖਾਲਸੇ ਦੀ ਸਾਜਨਾ ਕੀਤੀ। ਇਸੇ ਲਈ ਇਹ ਦਿਨ ਖਾਲਸੇ ਦੇ ਜਨਮ-ਦਿਵਸ ਵਜੋਂ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਇਸ ਤਿਉਹਾਰ ਦਾ ਸਬੰਧ ਮੌਸਮ ਨਾਲ ਵੀ ਹੈ। ਇਸ ਦਿਨ ਪੰਜਾਬੀ ਕਿਸਾਨ ਪੱਕੀ ਹੋਈ ਫ਼ਸਲ ਨੂੰ ਸਮੇਟਣ ਲਈ 'ਦਾਤੀ ਪਾਉਣ' ਦਾ ਸ਼ਗਨ ਵੀ ਕਰਦਾ ਹੈ। ਮੌਸਮ ਨਾਲ ਸੰਬੰਧਿਤ ਹੋਣ ਕਰਕੇ ਚਿਰਾਂ ਤੋਂ ਇਹ ਪੰਜਾਬੀਆਂ ਦਾ ਸਰਵ-ਸਾਂਝਾ ਕੌਮੀ ਤਿਉਹਾਰ ਰਿਹਾ ਹੈ।

ਇਸ ਦਿਨ ਮੇਲੇ ਲਗਦੇ ਹਨ ਅਤੇ ਲੋਕ ਵਹਿੰਦੇ ਪਾਣੀ ਵਿਚ ਨਹਾਉਣਾ ਸ਼ੁਭ ਸਮਝਦੇ ਹਨ। ਵਾਢੀਆਂ ਦੀ ਮੁਸ਼ੱਕਤ ਕਰਨ ਤੋਂ ਪਹਿਲਾਂ ਕਿਸਾਨ ਇਸ ਦਿਨ ਖ਼ੂਬ ਮੌਜ-ਮੇਲਾ ਮਨਾਉਂਦੇ ਹਨ।

2. **ਬੁੱਧ ਪੂਰਨਿਮਾ** — ਮਹਾਤਮਾ ਬੁੱਧ ਦਾ ਜਨਮ ਵਿਸਾਖ ਦੀ ਪੂਰਨਮਾਸ਼ੀ ਨੂੰ ਹੋਇਆ ਸੀ। ਇਸ ਦਿਨ ਨੂੰ ਬੁੱਧ ਜੈਅੰਤੀ ਕਰਕੇ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਭਗਵਾਨ ਬੁੱਧ ਨਿਰਵਾਣ ਦੇ ਮਾਰਗ ਦੀ ਤਲਾਸ਼ ਵਿਚ ਇਕ ਰਾਤ ਬੋਧੀ ਬ੍ਰਿਛ ਹੇਠਾਂ ਜਾ ਬੈਠੇ, ਉਥੇ ਉਨ੍ਹਾਂ ਨੂੰ ਸੱਚ ਦਾ ਚਾਨਣ ਦਿਸਿਆ। ਉਸ ਰਾਤ ਪੂਰਨਮਾਸ਼ੀ ਸੀ। ਇਸ ਕਾਰਨ ਇਸ ਦਿਨ ਦੀ ਦੂਹਰੀ ਮਹੱਤਤਾ ਹੈ।

ਇਸ ਸੱਚ ਦੇ ਪ੍ਰਗਟਾਵੇ ਦੀ ਰਾਤ ਦੀ ਮਨੌਤੀ ਅਜੇ ਤਕ ਬੋਧੀ ਲੋਕ ਕਰਦੇ ਹਨ। ਸਾਰੇ ਏਸ਼ੀਆ ਦੇ ਬੋਧੀ ਵਿਦਵਾਨ ਸਮਾਰੋਹ ਵਿਚ ਹਿੱਸਾ ਲੈਂਦੇ ਅਤੇ ਵਿਚਾਰ ਵਟਾਂਦਰਾ ਕਰਦੇ ਹਨ।

3. **ਤੀਆਂ ਜਾਂ ਸਾਂਵੇਂ** — ਇਹ ਤਿਉਹਾਰ ਸਾਵਣ ਸੁਦੀ ਤਿੰਨ ਨੂੰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਮੌਕੇ ਇਸਤਰੀਆਂ ਆਮ ਤੌਰ ਤੇ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਹਨ ਅਤੇ ਬੋਲੀਆਂ ਪਾਉਂਦੀਆਂ ਹਨ। ਤੀਜ, ਤਿੱਥੀ, ਅਤੇ ਤਿੰਨ ਦਿਨ ਉਤਸਵ ਰਹਿਣ ਕਰਕੇ ਇਸ ਦਾ ਨਾਂ ਤੀਆਂ ਪੈ ਗਿਆ।

4. **ਰੱਖੜੀ** — ਇਸ ਨੂੰ ਭੈਣਾਂ ਤੇ ਵੀਰਾਂ ਦਾ ਤਿਉਹਾਰ ਮੰਨਿਆ ਜਾਂਦਾ ਹੈ। ਜਿਹੜਾ ਸਾਵਣ ਦੀ ਪੂਰਨਮਾਸ਼ੀ ਦੇ ਦਿਨ ਮਨਾਇਆ ਜਾਂਦਾ ਹੈ। ਆਰੰਭ ਵਿਚ ਬ੍ਰਾਹਮਣ ਸਾਵਣ ਦੀ ਪੂਰਨਮਾਸ਼ੀ ਵਾਲੀ ਸਵੇਰ ਨੂੰ ਮੰਤਰ ਪੜ੍ਹਦੇ ਹੋਏ ਜਜਮਾਨਾਂ ਦੇ ਸੱਜੇ ਹੱਥ ਦੀ ਕਲਾਈ ਉੱਤੇ ਇਕ ਸੂਤਰ ਜਾ ਮੌਲੀ ਦੇ ਧਾਗੇ ਦਾ ਬੰਧਨ ਬੰਨ੍ਹ ਦਿੰਦੇ ਸਨ ਜਿਸ ਦਾ ਉਦੇਸ਼ ਸੀ ਕਿ ਦੁੱਖ ਜਾਂ ਭੀੜ ਬਣਨ ਤੇ ਜਜਮਾਨ ਆਪਣੇ ਪੁਰੋਹਿਤ ਦੀ ਰੱਖਿਆ ਕਰੇਗਾ। ਇਸ ਕਾਰਨ ਹੀ ਇਸ ਤਿਉਹਾਰ ਦਾ ਨਾਂ ਰਕਸ਼ਾ ਬੰਧਨ ਹੈ। ਸੰਭਵ ਹੈ ਕਿ ਇਹ ਰਿਵਾਜ ਉਸ ਸਮੇਂ ਸ਼ੁਰੂ ਹੋਇਆ ਹੋਵੇ ਜਦੋਂ ਖੱਤਰੀ ਬ੍ਰਾਹਮਣ ਜਾਤੀ ਦੀ ਰਕਸ਼ਾ ਕਰਨ ਦੇ ਧਰਮ ਤੋਂ ਉੱਕ ਗਏ ਸਨ। ਇਸ ਰਸਮ ਦੇ ਨਾਲ ਸਾਲ ਦੇ ਸਾਲ ਬ੍ਰਾਹਮਣ ਖੱਤਰੀ ਨੂੰ ਉਸ ਦਾ ਧਰਮ ਵੀ ਯਾਦ ਕਰਵਾ ਦਿੰਦੇ ਸਨ।

ਸਮਾਂ ਬੀਤਣ ਨਾਲ ਇਸ ਤਿਉਹਾਰ ਨਾਲ ਸਬੰਧਤ ਭਾਵ ਵੀ ਬਦਲ ਗਿਆ ਹੈ। ਖ਼ਾਸ ਤੌਰ ਤੇ ਪੰਜਾਬ ਵਿਚ ਹੁਣ ਇਹ ਭੈਣਾਂ ਦਾ ਤਿਉਹਾਰ ਹੀ ਰਹਿ ਗਿਆ ਹੈ।

5. **ਝੂਲਣਾ ਇਕਾਦਸ਼ੀ** — ਉੱਤਰੀ ਭਾਰਤ ਵਿਚ ਇਸ ਤਿਉਹਾਰ ਦੀ ਬਹੁਤ ਮਾਨਤਾ ਹੈ ਅਤੇ ਇਸ ਨੂੰ ਭਾਦੋਂ ਮਹੀਨੇ ਦੀ ਬਾਰਾਂ ਤਾਰੀਖ ਨੂੰ ਮਨਾਇਆ ਜਾਂਦਾ ਹੈ। ਹਰ ਮੰਦਰ ਵਿਚ ਝੂਲੇ ਪਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਜਾ ਕੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਉਸ ਵਿਚ ਟਿਕਾਇਆ ਜਾਂਦਾ ਹੈ। ਸ਼ਾਮ ਨੂੰ ਦੇਵੀ-ਦੇਵਤਿਆਂ ਨੂੰ ਜਲੂਸ ਦੀ ਸ਼ਕਲ ਵਿਚ ਸਾਰੇ ਸ਼ਹਿਰ ਵਿਚ ਘੁੰਮਾਇਆ ਜਾਂਦਾ ਹੈ ਅਤੇ ਰਾਤ ਨੂੰ ਫਿਰ ਵਿਸ਼ਰਾਮ ਲਈ ਮੰਦਰ ਵਿਚ ਲਿਜਾਇਆ ਜਾਂਦਾ ਹੈ।

6. **ਕਰਵਾ ਚੌਥ** — ਕੱਤਕ ਦੇ ਮਹੀਨੇ ਹਨੇਰੇ ਪੱਖ ਦੀ ਚੌਥੀ ਤਿੱਥ ਨੂੰ ਕਰਵਾ ਚੌਥ ਦਾ ਪੁਰਬ ਆਉਂਦਾ ਹੈ। ਇਹ ਇਸਤਰੀਆਂ ਦਾ ਸਭ ਤੋਂ ਵੱਡਾ ਤੇ ਮਹੱਤਵਪੂਰਨ ਵਰਤ ਅਤੇ ਤਿਉਹਾਰ ਹੈ। ਇਸ ਦਿਨ ਸੁਹਾਗਣਾਂ ਨਿਰਜਲ ਵਰਤ ਰੱਖਕੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ। ਔਰਤਾਂ ਸਵੇਰੇ ਤਾਰਿਆਂ ਦੀ ਛਾਂ ਤੋਂ ਪਹਿਲਾਂ ਸਰਘੀ ਖਾ ਲੈਂਦੀਆਂ ਹਨ ਅਤੇ ਛਾਨਣੀ ਵਿਚੋਂ ਚੜ੍ਹਦੇ ਚੰਨ ਦੇ ਦਰਸ਼ਨ ਕਰਕੇ ਹੀ ਪਾਣੀ ਦਾ ਘੁੱਟ ਭਰਦੀਆਂ ਹਨ।

ਕਈ ਕੁਆਰੀਆਂ ਕੁੜੀਆਂ ਵੀ ਚੰਗੇ ਵਰ ਦੀ ਆਸ ਵਿਚ ਇਹ ਵਰਤ ਰੱਖਦੀਆਂ ਹਨ। ਇਸ ਵਰਤ ਨੂੰ ਠੂਠੀ ਰੱਖਣਾ ਆਖਦੇ ਹਨ।

8. **ਦੁਸਹਿਰਾ** — ਇਹ ਹਿੰਦੂਆਂ ਦਾ ਇਕ ਵੱਡਾ ਤਿਉਹਾਰ ਹੈ। ਇਸ ਦਾ ਧਾਰਮਕ ਤੇ ਰਾਜਸੀ ਮਹੱਤਵ ਵੀ ਹੈ। ਧਾਰਮਕ ਪੱਖੋਂ ਇਸ ਦੀ ਮਹੱਤਤਾ ਇਹ ਹੈ ਕਿ ਇਸ ਦਿਨ ਚੰਗਿਆਈ ਨੇ ਪਾਪ ਉੱਤੇ ਜਿੱਤ ਪ੍ਰਾਪਤ ਕੀਤੀ ਅਤੇ ਰਾਜਸੀ ਪੱਖੋਂ ਇਸ ਦੀ ਮਹੱਤਤਾ ਇਹ ਸੀ ਕਿ ਇਸ ਦਿਨ ਭਾਰਤ ਦੇ ਸਰਵ ਪ੍ਰਿਯ ਰਾਜੇ ਰਾਮਚੰਦਰ ਜੀ ਨੇ ਆਪਣੇ ਵੈਰੀ, ਰਾਵਣ ਨੂੰ ਜਿੱਤਿਆ। ਇਸ ਕਾਰਨ ਹੀ ਇਸ ਤਿਉਹਾਰ ਨੂੰ ਵਿਜੈ ਦਸ਼ਮੀ ਵੀ ਕਹਿੰਦੇ ਹਨ।

ਇਸ ਤਿਉਹਾਰ ਦਾ ਸਬੰਧ ਖ਼ਾਸ ਤੌਰ ਤੇ ਖੱਤਰੀਆਂ (ਕਸ਼ਤਰੀਆਂ) ਨਾਲ ਹੈ। ਇਸ ਦਿਨ ਉਹ ਹਥਿਆਰਾਂ ਦੀ ਪੂਜਾ ਕਰਦੇ ਅਤੇ ਦੁਰਗਾ ਦੇਵੀ ਅੱਗੇ ਬਲੀ ਦਿੰਦੇ ਹਨ। ਪੰਜਾਬ ਵਿਚ ਇਨ੍ਹਾਂ ਦਸਾਂ ਦਿਨਾਂ ਵਿਚ ਲੋਕ ਨਰਾਤਿਆਂ ਦਾ ਵਰਤ ਵੀ ਰੱਖਦੇ ਹਨ। ਬੰਗਾਲ ਵਿਚ ਇਸ ਤਿਉਹਾਰ ਨੂੰ ਦੁਰਗਾ ਪੂਜਾ ਦੇ ਨਾਂ ਨਾਲ ਮਨਾਇਆ ਜਾਂਦਾ ਹੈ।

9. **ਦੀਵਾਲੀ** — ਇਹ ਸਾਰੇ ਭਾਰਤ ਦਾ ਇਕ ਸਾਂਝਾ ਤਿਉਹਾਰ ਹੈ। ਜਿਹੜਾ ਭਾਰਤ ਦੀ ਸਭਿਆਚਾਰਕ ਏਕਤਾ ਦਾ ਚਿੰਨ੍ਹ ਹੈ। ਇਹ ਪੰਜ ਦਿਨਾਂ ਦਾ ਤਿਉਹਾਰ ਹੈ ਕੱਤਕ ਦੀ ਤੇਰ੍ਹਾਂ ਕ੍ਰਿਸ਼ਨ ਪੱਖ ਤੋਂ ਦੋ ਸ਼ੁਕਲ ਪੱਖ ਤਕ ਪਹਿਲੇ ਦਿਨ ਨੂੰ ਧਨ ਤ੍ਰੋਦਸ ਆਖਦੇ ਹਨ। ਲੋਕ ਆਪਣੇ ਬੂਹਿਆਂ ਉਤੇ ਦੀਵੇ ਜਗਾ ਕੇ ਰੱਖਦੇ ਹਨ ਤੇ ਯਮਰਾਜ ਦੀ ਪੂਜਾ ਕਰਦੇ ਹਨ। ਇਸ ਦਿਨ ਭਾਂਡੇ ਖਰੀਦਣਾ ਸ਼ਗਨ ਮੰਨਿਆ ਜਾਂਦਾ ਹੈ। ਦੂਜੇ ਦਿਨ ਨੂੰ ਨਰਕ ਚੌਦਸ ਆਖਦੇ ਹਨ ਭਾਵ ਲਹਿੰਦੇ ਪੱਖ ਦੀ ਚੌਦਵੀਂ ਜੋ ਮੱਸਿਆ ਤੋਂ ਇਕ ਦਿਨ ਪਹਿਲੇ ਆਉਂਦੀ ਹੈ। ਇਸ ਦਿਨ ਲੋਕ ਸੂਰਜ ਨਿਕਲਣ ਤੋਂ ਪਹਿਲਾਂ ਨਹਾ ਲੈਂਦੇ ਹਨ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਬਿਨਾਂ ਇਸ਼ਨਾਨ ਕੀਤੇ ਸੂਰਜ ਦਾ ਦਰਸ਼ਨ ਕਰਨ ਵਾਲਾ ਨਰਕ ਦਾ ਭਾਗੀ ਬਣਦਾ ਹੈ। ਤੀਜਾ ਦਿਨ ਲਕਸ਼ਮੀ ਪੂਜਾ ਅਰਥਾਤ ਦੀਵਾਲੀ ਦਾ ਹੈ। ਚੌਥਾ ਦਿਨ ਗੋਵਰਧਨ ਪੂਜਾ ਦਾ ਦਿਨ ਹੈ। ਇਸ ਦਿਨ ਗੋਹੇ ਦਾ ਪਹਾੜ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਪੰਜਵਾਂ ਦਿਨ ਭਾਈ ਦੂਜ ਦਾ ਹੈ। ਇਸ ਦਿਨ ਭੈਣਾਂ ਸੁੱਚੇ-ਮੂੰਹ ਆਪਣੇ ਭਰਾਵਾਂ ਨੂੰ ਟਿੱਕਾ ਲਗਾਉਂਦੀਆਂ ਹਨ। ਵਿਸ਼ਵਾਸ ਪ੍ਰਚੱਲਤ ਹੈ ਕਿ ਇਸ ਦਿਨ ਜਮਨਾ ਵਿਚ ਇਸ਼ਨਾਨ ਕਰਨ ਵਾਲਾ ਵਿਅਕਤੀ ਜੂਨਾਂ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ।

ਇਸ ਦਿਨ ਸ੍ਰੀ ਰਾਮ ਚੰਦਰ ਜੀ ਦੇ ਚੌਦਾਂ ਸਾਲਾਂ ਦੇ ਬਨਵਾਸ ਤੋਂ ਵਾਪਿਸ ਅਯੁੱਧਿਆ ਆਉਣ ਦੀ ਖ਼ੁਸ਼ੀ ਵਿਚ ਇਹ ਤਿਉਹਾਰ ਮਨਾਇਆ ਜਾਂਦਾ ਹੈ। ਸਿੱਖਾਂ ਵਿਚ ਇਸ ਦਿਨ ਦੀਵੇ ਜਗਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ ਸੀ ਕਿਉਂਕਿ ਇਸ ਦਿਨ ਸਿੱਖਾਂ ਦੇ

ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਿਵਾਲੀ ਦੇ ਦਿਨ ਗਵਾਲੀਅਰ ਦੇ ਕਿਲੇ ਤੋਂ ਅੰਮ੍ਰਿਤਸਰ ਪਧਾਰੇ ਸਨ ਅਤੇ ਇਸ ਖ਼ੁਸ਼ੀ ਵਿਚ ਦੀਵੇ ਜਗਾਏ ਜਾਂਦੇ ਹਨ। ਅੰਮ੍ਰਿਤਸਰ ਵਿਚ ਦਿਵਾਲੀ ਉਤੇ ਲਗਦੇ ਭਰਵੇਂ ਮੇਲੇ ਦਾ ਇਹ ਪਿਛੋਕੜ ਹੈ ਕਿ ਇਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਦੀ ਨੀਂਹ ਰੱਖੀ ਸੀ।

10. **ਲੋਹੜੀ ਤੇ ਮਾਘੀ** — ਲੋਹੜੀ ਮੌਸਮੀ ਤਿਉਹਾਰ ਹੈ। ਇਹ ਜਨਵਰੀ ਦੇ ਮਹੀਨੇ ਦੇ ਵਿਚਕਾਰ 12 ਜਾਂ 13 ਜਨਵਰੀ ਅਰਥਾਤ ਦੇਸੀ ਮਹੀਨੇ ਪੋਹ ਦੇ ਅਖੀਰਲੇ ਦਿਨ ਮਨਾਇਆ ਜਾਂਦਾ ਹੈ। ਲੋਹੜੀ ਵਾਲੇ ਦਿਨ ਪਿੰਡਾਂ ਜਾਂ ਸ਼ਹਿਰਾਂ ਵਿਚ ਲੋਕੀ ਇਕੱਠੇ ਹੋ ਕੇ ਇਹ ਤਿਉਹਾਰ ਮਨਾਉਂਦੇ ਹਨ। ਲੋਹੜੀ ਦੇ ਤਿਉਹਾਰ ਤੋਂ ਕੁਝ ਦਿਨ ਪਹਿਲਾਂ ਛੋਟੇ ਬੱਚੇ ਟੋਲੀਆਂ ਬਣਾ ਕੇ ਸੁਰੀਲੀ ਆਵਾਜ਼ ਵਿਚ ਗੀਤ ਗਾਉਂਦੇ ਹੋਏ ਹਰ ਘਰ ਤੋਂ ਲੋਹੜੀ ਮੰਗਦੇ ਹਨ। ਲੋਹੜੀ ਦੇ ਤਿਉਹਾਰ ਬਾਰੇ ਸਭ ਤੋਂ ਵੱਧ ਗੀਤ ਮਿਲਦੇ ਹਨ ਜੋ ਇਸ ਗੱਲ ਦਾ ਸਬੂਤ ਹਨ ਕਿ ਇਸ ਤਿਉਹਾਰ ਨਾਲ ਲੋਕ-ਭਾਵਨਾ ਸਭ ਤੋਂ ਵਧ ਜੁੜੀ ਹੋਈ ਹੁੰਦੀ ਹੈ। ਲੋਹੜੀ ਵਾਲੀ ਰਾਤ ਉਂਜ ਤਾਂ ਹਰ ਗਲੀ ਮੁਹੱਲੇ ਵਿਚ ਹੀ ਲੋਹੜੀ ਬਾਲੀ ਜਾਂਦੀ ਹੈ, ਪਰ ਜਿਸ ਘਰ ਪੁੱਤਰ ਜੰਮਿਆ ਹੋਵੇ ਜਾਂ ਪੁੱਤਰ ਦੇ ਵਿਆਹ ਦੀ ਪਹਿਲੀ ਲੋਹੜੀ ਹੋਵੇ ਉਹ ਲੋਹੜੀ ਨੂੰ ਉਚੇਚੇ ਸ਼ਗਨਾਂ ਨਾਲ ਮਨਾਉਂਦੇ ਹਨ ਅਤੇ ਗਲੀ ਮੁਹੱਲੇ ਵਿਚ ਗੁੜ, ਰਿਉੜੀਆਂ, ਦਾਣੇ ਆਦਿ ਵੰਡਦੇ ਹਨ।

ਮਾਘੀ ਪੰਜਾਬ ਦਾ ਇਕ ਮਹੱਤਵਪੂਰਨ ਤਿਉਹਾਰ ਹੈ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਲ੍ਹੀ ਸਿੱਖਾਂ ਜਿਨ੍ਹਾਂ ਨੂੰ 'ਚਾਲ੍ਹੀ ਮੁਕਤੇ' ਕਿਹਾ ਜਾਂਦਾ ਹੈ, ਨੂੰ ਖਿਮਾ ਦਾ ਦਾਨ ਦੇਣ ਲਈ ਉਨ੍ਹਾਂ ਵਲੋਂ ਲਿਖਿਆ ਹੋਇਆ 'ਬੇਦਾਵਾ' ਫਾੜਿਆ ਸੀ।

11. **ਬਸੰਤ ਪੰਚਮੀ** — ਬਸੰਤ ਪੰਚਮੀ ਵੀ ਮੌਸਮੀ ਤਿਉਹਾਰ ਹੈ। ਇਸ ਦਿਨ ਇਸ਼ਨਾਨ ਕਰਕੇ ਪੁੰਨਦਾਨ ਕਰਨਾ ਮਹਤੱਵਪੂਰਨ ਸਮਝਿਆ ਜਾਂਦਾ ਹੈ। ਪੰਜਾਬ ਵਿਚ ਉਂਜ ਤਾਂ ਅਨੇਕ ਥਾਵਾਂ ਤੇ ਇਸ ਦਿਨ ਮੇਲੇ ਲਗਦੇ ਹਨ ਪਰ ਛਿਹਰਟਾ ਅਤੇ ਪਟਿਆਲਾ (ਗੁਰਦੁਆਰਾ ਦੁਖ ਨਿਵਾਰਨ) ਵਿਚ ਭਾਰੀ ਮੇਲੇ ਲਗਦੇ ਹਨ ਜਿਨ੍ਹਾਂ ਵਿਚ ਭਗਤੀ-ਭਾਵ ਤੋਂ ਇਲਾਵਾ ਪੰਜਾਬੀ ਸਭਿਆਚਾਰ ਦੀ ਝਲਕ ਵੀ ਵੇਖਣ ਨੂੰ ਮਿਲਦੀ ਹੈ।

ਇਸ ਦਿਨ ਲੋਕ ਪਤੰਗਬਾਜ਼ੀ ਦਾ ਸ਼ੌਂਕ ਵੀ ਪੂਰਾ ਕਰਦੇ ਹਨ। ਲਾਹੌਰ ਦੀ ਪਤੰਗਬਾਜ਼ੀ ਬਹੁਤ ਮਸ਼ਹੂਰ ਹੈ। ਇਸ ਦਿਨ ਮਾਧੋ ਲਾਲ ਹੁਸੈਨ ਦੀ ਸਮਾਧ ਉੱਤੇ ਪਤੰਗਬਾਜ਼ਾਂ ਦਾ ਚੰਗਾ ਮੇਲਾ ਭਰ ਜਾਂਦਾ ਹੈ ਕਿਉਂਕਿ ਮਾਧੋ ਲਾਲ ਨੂੰ ਵੀ ਪਤੰਗਬਾਜ਼ੀ ਦਾ ਸ਼ੌਂਕ ਸੀ।

12. **ਹੋਲੀ** — ਇਸ ਤਿਉਹਾਰ ਨੂੰ ਫੱਗਣ ਦੇ ਮਹੀਨੇ ਦੀ ਪੂਰਨਮਾਸ਼ੀ ਦੇ ਦਿਨ ਮਨਾਇਆ ਜਾਂਦਾ ਹੈ ਪਰ ਪੂਰਨਮਾਸ਼ੀ ਤੋਂ ਸੱਤ ਦਿਨ ਪਹਿਲਾਂ ਹੀ ਇਸ ਤਿਉਹਾਰ ਦਾ ਉਤਸਵ ਸ਼ੁਰੂ ਹੋ ਜਾਂਦਾ ਹੈ। ਦੱਖਣੀ ਭਾਰਤ ਤੋਂ ਇਲਾਵਾ ਇਸਨੂੰ ਸਾਰੇ ਦੇਸ਼ ਵਿਚ ਵੀ ਮਨਾਇਆ ਜਾਂਦਾ ਹੈ।

ਇਸ ਤਿਉਹਾਰ ਦੇ ਵੀ ਕਈ ਪਿਛੋਕੜ ਹਨ ਪਰ ਸਭ ਤੋਂ ਪੁਰਾਤਨ ਪਿਛੋਕੜ ਹੋਲਿਕਾ ਅਤੇ ਭਗਤ ਪ੍ਰਹਿਲਾਦ ਦੀ ਕਹਾਣੀ ਹੈ। ਲਗਭਗ ਹਰ ਥਾਂ ਹੋਲੀ ਦੇ ਅੰਤਲੇ ਦਿਨ ਅਰਥਾਤ ਪੂਰਨਮਾਸ਼ੀ ਵਾਲੇ ਦਿਨ ਹੋਲੀ ਨੂੰ ਜਲਾ ਕੇ ਹੋਲਿਕਾ ਦੇ ਸੜਨ ਦੀ ਰਸਮ ਅਦਾ ਕੀਤੀ ਜਾਂਦੀ ਹੈ।

ਉੱਤਰ ਪ੍ਰਦੇਸ਼ ਵਿਚ ਇਸ ਤਿਉਹਾਰ ਨੂੰ ਦੇਵਰ ਭਰਜਾਈ ਦਾ ਤਿਉਹਾਰ ਮੰਨਦੇ ਹਨ। ਮਹਾਰਾਸ਼ਟਰ ਵਿਚ ਪੂਰਨਮਾਸ਼ੀ ਤੋਂ ਪਹਿਲੇ ਚਾਰ ਦਿਨ ਮਿੱਟੀ ਜਾਂ ਚਿੱਕੜ ਨਾਲ ਹੋਲੀ ਖੇਡੀ ਜਾਂਦੀ ਹੈ। ਇਸ ਨੂੰ 'ਧੂਲਵੜ' ਆਖਦੇ ਹਨ।

15. **ਗੁਰੂ ਅਰਜਨ ਦੇਵ ਸ਼ਹੀਦੀ ਪੁਰਬ** — 30 ਮਈ, 1606 ਨੂੰ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸ ਦਿਨ ਖਾਲਸਾ ਪ੍ਰਤਿਗਿਆ ਕਰਦਾ ਹੈ ਕਿ ਉਹ ਜਬਰ ਤੇ ਜ਼ੁਲਮ ਅੱਗੇ ਕਦੇ ਵੀ ਸੀਸ ਨਹੀਂ ਝੁਕਾਵੇਗਾ। ਲਾਹੌਰ ਵਿਚ ਡੇਹਰਾ ਸਾਹਿਬ ਵਿਖੇ ਇਸ ਦਿਨ ਖਾਸ ਮੇਲਾ ਲਗਦਾ ਹੈ।

16. **ਗੁਰੂ ਨਾਨਕ ਦੇਵ ਜਨਮ-ਉਤਸਵ** — 1526 ਬਿਕ੍ਰਮੀ ਕੱਤਕ ਦੀ ਪੂਰਨਮਾਸ਼ੀ ਵਾਲੀ ਰਾਤ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗੁਰੂ ਘਰ ਦੇ ਸ਼ਰਧਾਲੂ ਉਨ੍ਹਾਂ ਦਾ ਜਨਮ ਦਿਵਸ ਬੜੇ ਆਦਰ ਅਤੇ ਚਾਅ ਨਾਲ ਮਨਾਉਂਦੇ ਹਨ। ਇਸ ਦਿਨ ਦੀਪਮਾਲਾ ਵੀ ਕੀਤੀ ਜਾਂਦੀ ਹੈ।

ਇਸ ਮੌਕੇ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਸਭ ਤੋਂ ਵੱਡਾ ਜੋੜ ਮੇਲਾ ਲਗਦਾ ਹੈ।

17. **ਗੁਰੂ ਗੋਬਿੰਦ ਸਿੰਘ ਪ੍ਰਕਾਸ਼-ਉਤਸਵ** — ਗੁਰੂ ਜੀ ਦਾ ਜਨਮ ਪਟਨਾ ਸਾਹਿਬ ਵਿਚ ਹੋਇਆ ਸੀ। ਇਥੇ ਇਸ ਦਿਨ ਖ਼ਾਸ ਦੀਵਾਨ ਲਗਦਾ ਹੈ। ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਂਦਾ ਹੈ। ਕਈ ਲੋਕ ਇਸ ਦਿਨ ਉਚੇਚਾ ਪਟਨੇ ਪਹੁੰਚਦੇ ਹਨ। ਇਸ ਦਿਨ ਸਭ ਗੁਰਦੁਆਰਿਆਂ ਨੂੰ ਸਜਾਇਆ ਜਾਂਦਾ ਹੈ।

18. **ਗੁਰੂ ਰਵਿਦਾਸ ਜਨਮ-ਉਤਸਵ** — ਇਸ ਪ੍ਰਸਿੱਧ ਸੰਤ-ਕਵੀ ਦਾ ਜਨਮ ਦਿਹਾੜਾ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਪ੍ਰਭਾਤ-ਫੇਰੀਆਂ ਕੱਢੀਆਂ ਜਾਂਦੀਆਂ ਹਨ। ਦਿਨ ਵੇਲੇ ਵਿਸ਼ਾਲ ਜਲੂਸ ਅਤੇ ਗੁਰੂ ਰਵਿਦਾਸ ਦਾ ਜੀਵਨ ਦਰਸਾਉਂਦੀਆਂ ਹੋਈਆਂ ਝਾਕੀਆਂ ਕੱਢੀਆਂ ਜਾਂਦੀਆਂ ਹਨ।

19. **ਰਿਸ਼ੀ ਬਾਲਮੀਕ ਜਨਮ ਉਤਸਵ** — ਸਰਦ ਪੂਰਨਿਮਾ ਵਾਲੇ ਦਿਨ ਲੋਕ ਬਾਲਮੀਕ ਪੁਰਬ ਮਨਾਉਂਦੇ ਹਨ। ਕਈ ਸ਼ਹਿਰਾਂ ਵਿਚ ਬਾਲਮੀਕ ਦੇ ਖਾਸ ਮੰਦਰ ਹਨ। ਇਸ ਦਿਨ ਮੰਦਰ ਅਤੇ ਘਰਾਂ ਵਿਚ ਰਮਾਇਣ ਦਾ ਅਖੰਡ ਪਾਠ ਹੁੰਦਾ ਹੈ ਅਤੇ ਬਾਲਮੀਕ ਦੀ ਉਸਤਤ ਵਿਚ ਭਜਨ ਗਾਏ ਜਾਂਦੇ ਹਨ।

20. **ਜਨਮ ਅਸ਼ਟਮੀ** — ਇਹ ਤਿਉਹਾਰ ਭਾਦੋਂ ਦੇ ਕ੍ਰਿਸ਼ਨ ਪੱਖ ਦੀ ਅਠਵੀਂ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ ਸੀ। ਸਾਰੇ ਭਾਰਤ ਵਿਚ ਇਹ ਤਿਉਹਾਰ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਵਰਤ ਰੱਖਦੇ, ਭਜਨ ਕੀਰਤਨ ਕਰਦੇ ਅਤੇ ਦੀਪ ਮਾਲਾ ਕਰਦੇ ਹਨ।

21. **ਰਾਮਨੌਮੀ** — ਇਸ ਦਿਨ ਸ੍ਰੀ ਰਾਮ ਚੰਦਰ ਜੀ ਦਾ ਜਨਮ ਹੋਇਆ ਸੀ। ਇਹ ਦਿਨ ਆਮ ਤੌਰ ਤੇ ਚੇਤਰ ਸੁਦੀ ਨੌਂ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਹਿੰਦੂ ਵਰਤ ਰਖਦੇ ਹਨ ਅਤੇ ਰਾਮ ਦੇ ਜਨਮ ਸਮੇਂ ਅਰਥਾਤ ਦੁਪਹਿਰ ਨੂੰ ਵਰਤ ਖੋਲ੍ਹਿਆ ਜਾਂਦਾ ਹੈ।

22. **ਮਹਾਂਵੀਰ ਜਯੰਤੀ** — ਇਹ ਤਿਉਹਾਰ ਚੇਤਰ ਦੀ ਤੇਰ ਤਾਰੀਖ ਨੂੰ ਆਉਂਦਾ ਹੈ। ਮਹਾਂਵੀਰ ਜੀ ਦਾ ਜਨਮ ਦਿਨ ਹੋਣ ਕਾਰ ਜੈਨ ਮਤ ਦੇ ਪੈਰੋਕਾਰ ਇਸ ਨੂੰ ਖ਼ਾਸ ਕਰਕੇ ਤੇ ਹਿੰਦੂ ਇਸ ਨੂੰ ਆ ਕਰਕੇ ਮਨਾਉਂਦੇ ਹਨ। ਥਾਂ-ਥਾਂ ਕਥਾਵਾਂ ਹੁੰਦੀਆਂ ਹਨ ਤੇ ਜੈਨੀ ਲੋ ਵਰਤ ਰੱਖ ਕੇ ਆਪਣੇ ਤਨ ਮਨ ਨੂੰ ਪਵਿੱਤਰ ਕਰਨ ਦਾ ਯਤ ਕਰਦੇ ਹਨ।

23. **ਧੰਮਦੇਉ** — ਧਰਤੀ ਦੇ ਕਾਮਿਆਂ ਤੇ ਕਿਰਸਾਨਾਂ ਦਾ ਇ ਤਿਉਹਾਰ ਹਾੜ ਦੇ ਮਹੀਨੇ ਦੀ ਪਹਿਲੀ ਨੂੰ ਮਨਾਇਆ ਜਾਂਦਾ ਹੈ ਇਸ ਮੌਕੇ ਤੇ ਨਵੀਂ ਕਣਕ ਨੂੰ ਸ਼ਗਨਾਂ ਨਾਲ ਮੂੰਹ ਲਾਇਆ ਜਾਂਦਾ ਹੈ

24. **ਗੁੱਗਾਨੌਮੀ** — ਗੁੱਗਾ ਪੀਰ ਬਾਰੇ ਕਈ ਕਹਾਣੀਆ ਪ੍ਰਚੱਲਤ ਹਨ। ਮੁਸਲਮਾਨ ਲੋਕ ਗੁੱਗੇ ਨੂੰ ਸੱਪਾਂ ਦਾ ਪੀਰ ਮੰਨਦੇ ਹਨ

ਇਸ ਦਿਨ ਕਈ ਭਗਤ ਛਪਾਰ ਵਿਚ ਗੁੱਗੇ ਦੀ ਮੜ੍ਹੀ ਉੱਤੇ ਜਾਕੇ ਮਿੱਟੀ ਕੱਢਦੇ ਹਨ। ਹਿੰਦੂ ਇਸ ਨੂੰ 'ਲੱਖਦਾਤੀ' ਦੇ ਨਾਂ ਨਾਲ ਪੁਕਾਰਦੇ ਹਨ ਤੇ ਪੂਜਦੇ ਹਨ। ਭਾਦੋਂ ਦੇ ਮਹੀਨੇ ਅਸ਼ਟਮੀ ਵਾਲੇ ਦਿਨ ਗੁੱਗੇ ਦੀ ਯਾਦ ਵਿਚ ਕੁਲੂ ਦੇ ਨੇੜੇ ਸਥਿਤ ਮੰਦਰ ਵਿਚ ਭਾਰੀ ਮੇਲਾ ਲਗਦਾ ਹੈ। ਕਰਨਾਲ ਅਤੇ ਅੰਬਾਲੇ ਵਿਚ ਵੀ ਇਸ ਦੀ ਬੜੀ ਮਾਨਤਾ ਹੈ। ਗੁੱਗੇ ਦੀ ਪੂਜਾ ਕੱਚੀ ਲੱਸੀ ਨਾਲ ਕੀਤੀ ਜਾਂਦੀ ਹੈ।

25. **ਭਾਈ ਦੂਜ** — ਦੀਵਾਲੀ ਤੋਂ ਤੀਜੇ ਦਿਨ ਭਾਈ ਦੂਜ ਮਨਾਈ ਜਾਂਦੀ ਹੈ। ਇਸ ਨੂੰ ਟਿੱਕੇ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ।

26. **ਨਰਾਤੇ ਤੇ ਕੰਜਕਾਂ** — ਇਹ ਤਿਉਹਾਰ ਸਾਲ ਵਿਚ ਦੋ ਵਾਰ, ਸਰਾਧਾਂ ਤੋਂ ਬਾਦ ਅੱਸੂ ਦੇ ਮਹੀਨੇ ਵਿਚ ਤੇ ਫਿਰ ਚੇਤਰ ਦੇ ਮਹੀਨੇ ਵਿਚ ਆਉਂਦਾ ਹੈ।

ਅੱਸੂ ਅਤੇ ਚੇਤ ਦੇ ਮਹੀਨੇ ਦੀ ਏਕਮ ਨੂੰ ਇਸਤਰੀਆਂ ਨਰਾਤਿਆਂ ਦਾ ਵਰਤ ਰੱਖਣਾ ਸ਼ੁਰੂ ਕਰਦੀਆਂ ਹਨ। ਵਰਤ ਤੋਂ ਪਹਿਲਾਂ ਉਹ ਇਕ ਭਾਂਡੇ ਵਿਚ ਮਿੱਟੀ ਪਾ ਕੇ ਜੌਂ ਬੀਜਦੀਆਂ ਹਨ ਅਤੇ ਪੂਜਾ ਤੋਂ ਬਾਅਦ ਵਰਤ ਸ਼ੁਰੂ ਹੁੰਦੇ ਹਨ। ਅਸ਼ਟਮੀ ਅਰਥਾਤ ਅੱਠਵੇਂ ਦਿਨ ਕੰਜਕਾਂ ਅਰਥਾਤ ਕੁਆਰੀਆਂ ਕੁੜੀਆਂ ਦੀ ਪੂਜਾ ਕੀਤੀ ਜਾਂਦੀ ਹੈ। ਅਗਲੇ ਦਿਨ ਜੌਆਂ ਦੀ ਖੇਤੀ ਪਾਣੀ ਵਿਚ ਪ੍ਰਵਾਹ ਕਰ ਦਿੱਤੀ ਜਾਂਦੀ ਹੈ।

27. **ਸਾਂਝੀ** — ਇਹ ਦੁਸਹਿਰੇ ਦੇ ਦਿਨਾਂ ਦਾ ਇਕ ਤਿਉਹਾਰ ਹੈ। ਪਹਿਲੇ ਨਰਾਤੇ ਦੇ ਨਾਲ ਸਾਂਝੀ ਦੇਵੀ ਦੀ ਪੂਜਾ ਸ਼ੁਰੂ ਹੁੰਦੀ ਹੈ। ਚੀਕਣੀ ਮਿੱਟੀ ਨਾਲ ਸਾਂਝੀ ਦੇਵੀ ਦੀਆਂ ਮੂਰਤੀਆਂ ਬਣਾ ਕੇ ਕੰਧਾਂ ਨਾਲ ਜੋੜ ਦਿੱਤੀਆਂ ਜਾਂਦੀਆਂ ਹਨ। ਪੂਰੇ ਨੌਂ ਦਿਨ ਕੁੜੀਆਂ ਪੰਜ ਵਾਰੀ ਸਾਂਝੀ ਦੇਵੀ ਦੀ ਆਰਤੀ ਉਤਾਰਦੀਆਂ ਹਨ। ਦਸਵੇਂ ਅਰਥਾਤ ਦੁਸਹਿਰੇ ਵਾਲੇ ਦਿਨ ਕੁੜੀਆਂ ਗੀਤਾਂ ਦੀ ਗੂੰਜ ਵਿਚ ਸਾਂਝੀ ਦੀਆਂ ਮੂਰਤੀਆਂ ਕੰਧਾਂ ਨਾਲੋਂ ਲਾਹ ਕੇ ਸੁੱਚੀ ਟੋਕਰੀ ਵਿਚ ਪਾ ਕੇ ਕਿਸੇ ਦਰਿਆ, ਨਦੀ ਜਾਂ ਨਾਲੇ ਵਿਚ ਪ੍ਰਵਾਹ ਕਰਦੀਆਂ ਹਨ।

28. **ਪੰਜ ਭੀਸ਼ਮੀ** — ਇਸਤਰੀਆਂ ਦਾ ਇਹ ਤਿਉਹਾਰ ਕੱਤੇ ਦੀ ਇਕਾਦਸ਼ੀ ਤੋਂ ਸ਼ੁਰੂ ਹੁੰਦਾ ਹੈ ਅਤੇ ਲਗਾਤਾਰ ਪੰਜ ਦਿਨ ਮਨਾਇਆ ਜਾਂਦਾ ਹੈ। ਪੰਜੇ ਦਿਨ ਹੀ ਇਸਤਰੀਆਂ ਵਰਤ ਰਖਦੀਆਂ ਹਨ ਤੇ ਭੀਸ਼ਮੀ ਤੇ ਕਹਾਣੀਆਂ ਸੁਣਾਉਂਦੀਆਂ ਹਨ।

29. **ਸਕਰਾਂਤੀ ਦੇਵੀ** — ਪੋਹ ਦੇ ਮਹੀਨੇ ਦੀ ਸੰਗਰਾਂਦ ਨੂੰ ਇਸਤਰੀਆਂ ਸਕਰਾਂਤੀ ਦੇਵੀ ਦੀ ਪੂਜਾ ਕਰਦੀਆਂ ਹਨ ਅਤੇ ਆਪਣੇ ਸੁਹਾਗ ਦੀ ਮੰਗਲ ਕਾਮਨਾ ਵਿਚ ਗਲਾਸ ਤੇ ਕਟੋਰੀਆਂ ਵੰਡਦੀਆਂ ਹਨ। ਇਸ ਦਿਨ ਤਿਲਾਂ ਦੇ ਹਲਵੇ ਨੂੰ ਵੰਡਣਾ ਜ਼ਰੂਰੀ ਸਮਝਿਆ ਜਾਂਦਾ ਹੈ।

30. **ਸ਼ੀਤਲਾ ਅਸ਼ਟਮੀ** :—ਇਹ ਤਿਉਹਾਰ ਮਾਰਚ ਦੇ ਮਹੀਨੇ ਦੀ ਅਸ਼ਟਮੀ ਨੂੰ ਮਨਾਇਆ ਜਾਂਦਾ ਹੈ। ਇਸ ਦਾ ਬਹੁਤਾ ਰਿਵਾਜ ਪੰਜਾਬ ਤੇ ਰਾਜਸਥਾਨ ਵਿਚ ਹੈ। ਲੋਕ ਆਪਣੇ ਬੱਚਿਆਂ ਤੇ ਪਰਿਵਾਰ ਨੂੰ ਸ਼ੀਤਲਾ ਮਾਤਾ ਦੀ ਕਰੋਪੀ ਤੋਂ ਬਚਾਉਣ ਲਈ ਉਸ ਅੱਗੇ ਮੱਥਾ ਟੇਕਦੇ ਅਤੇ ਬੇਨਤੀਆਂ ਕਰਦੇ ਹਨ।

31. **ਗਣੇਸ਼ ਚਤੁਰਥੀ** — ਇਸ ਤਿਉਹਾਰ ਨੂੰ ਅਗਸਤ-ਸਤੰਬਰ ਦੇ ਮਹੀਨੇ ਵਿਚ ਭਾਦੋਂ ਦੇ ਉਜਲੇ ਪੱਖ ਦੇ ਚੌਥੇ ਦਿਨ (ਚਤੁਰਥੀ) ਨੂੰ ਗਣੇਸ਼ ਜੀ ਦੇ ਜਨਮ ਦਿਨ ਤੇ ਮਨਾਇਆ ਜਾਂਦਾ ਹੈ। ਇਸ ਦਿਨ ਚੰਦਰਮਾ ਦੇਖਣਾ ਚੰਗਾ ਨਹੀਂ ਸਮਝਿਆ ਜਾਂਦਾ। ਪੱਛਮੀ ਅਤੇ ਕੇਂਦਰੀ ਭਾਰਤ ਅਤੇ ਰਾਜਸਥਾਨ ਵਿਚ ਇਸ ਨੂੰ ਖ਼ਾਸ ਤੌਰ ਤੇ ਮਨਾਇਆ ਜਾਂਦਾ ਹੈ।

32. **ਗੰਗਾ ਦਸ-ਹਾਰਾ** — ਇਸ ਨੂੰ ਗੰਗਾ ਦੁਸਹਿਰਾ ਵੀ ਕਿਹਾ ਜਾਂਦਾ ਹੈ ਅਤੇ ਇਹ ਮਈ-ਜੂਨ ਦੇ ਮਹੀਨੇ ਵਿਚ ਜੇਠ ਦੇ ਉਜਲੇ ਅੱਧ ਦੇ ਦਸਵੇਂ ਦਿਨ ਮਨਾਇਆ ਜਾਂਦਾ ਹੈ। ਇਹ ਦਰਿਆ ਤੇ ਉਪਜ ਦਾ ਤਿਉਹਾਰ ਹੈ ਕਿਉਂਕਿ ਇਸ ਦਿਨ ਸਰੀਰ ਦੇ ਪੰਜ ਮੁੱਖ ਅਤੇ ਪੰਜ ਗੌਣ ਪਾਪ ਗੰਗਾ ਵਿਚ ਵਹਿ ਜਾਂਦੇ ਹਨ। ਹਰਦੁਆਰ ਵਿਖੇ ਪੰਜ ਦਿਨ ਬਹੁਤ ਭਾਰੀ ਮੇਲਾ ਲਗਦਾ ਹੈ।

ਇਕ ਹੋਰ ਤਿਉਹਾਰ ਗੰਗਾ ਸਪਤਮੀ ਨੂੰ ਉੱਤਰੀ ਭਾਰਤ ਵਿਚ ਅਪ੍ਰੈਲ ਦੇ ਪਿਛਲੇ ਹਫ਼ਤੇ ਦੌਰਾਨ ਮਨਾਇਆ ਜਾਂਦਾ ਹੈ।

33. **ਮਹਾਂ-ਸ਼ਿਵਰਾਤਰੀ** — ਹਰ ਮਹੀਨੇ ਦੇ ਹਨੇਰੇ ਅੱਧ ਦੇ ਤੇਰਵੇਂ ਦਿਨ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਰਾਤ ਨੂੰ ਸ਼ਿਵ ਲਿੰਗ ਦੀ ਪੂਜਾ ਕਰਦੇ ਹਨ।

ਇਸੇ ਤਰ੍ਹਾਂ ਕਈ ਹੋਰ ਤਿਉਹਾਰ ਹਨ ਜਿਨ੍ਹਾਂ ਦਾ ਧਰਤੀ, ਮੀਂਹ, ਪਸ਼ੂਆਂ ਜਾਂ ਦਰਿਆਵਾਂ ਨਾਲ ਗੂੜ੍ਹਾ ਸਬੰਧ ਹੈ। ਗੋਪਾ ਅਸ਼ਟਮੀ ਵਾਲੇ ਦਿਨ ਗਊ ਦੀ ਪੂਜਾ ਹੁੰਦੀ ਹੈ। ਨਾਗ-ਪੰਚਮੀ ਵਾਲੇ ਦਿਨ ਨਾਗ ਦੀ ਪੂਜਾ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਮਕਰ-ਸੰਕਰਾਂਤੀ, ਸ੍ਰਾਵਣੀ ਪੂਰਨਿਮਾ, ਸ੍ਰੀ ਪੰਚਮੀ, ਤ੍ਰਿਪੁਰੀ-ਪੂਰਨਿਮਾ ਆਦਿ ਤਿਉਹਾਰ ਵੀ ਮਨਾਏ ਜਾਂਦੇ ਹਨ।

ਸਾਰੇ ਹਿੰਦੂ ਤਿਉਹਾਰਾਂ ਦੀ ਸੂਚੀ ਦੇਣਾ ਸੰਭਵ ਨਹੀਂ ਕਿਉਂਕਿ ਹਰ ਥਾਂ ਤੇ ਹਰ ਭਾਈਚਾਰੇ ਦੇ ਤਿਉਹਾਰ ਵੱਖਰੇ ਵੱਖਰੇ ਹੁੰਦੇ ਹਨ।

ਹ.ਪੁ. — ਹਿੰ. ਵਿ. ਕੋ. 1: 351; ਸਾਡੇ ਤਿਉਹਾਰ; ਐਨ. ਬ੍ਰਿ.ਮਾ. 4:708

## ਤਿਊਨਸਾਂਗ

**ਤਿਊਨਸਾਂਗ** : ਜ਼ਿਲ੍ਹਾ — ਭਾਰਤ ਦੇ ਉੱਤਰ-ਪੂਰਬੀ ਹਿੱਸੇ ਵਿਚ ਨਾਗਾਲੈਂਡ ਰਾਜ ਦਾ ਇਹ ਇਕ ਜ਼ਿਲ੍ਹਾ ਹੈ। ਇਸ ਜ਼ਿਲ੍ਹੇ ਦੇ ਉੱਤਰ ਵੱਲ ਸਿਬਸਾਗਰ ਜ਼ਿਲ੍ਹਾ (ਆਸਾਮ) ਉੱਤਰ-ਪੂਰਬ ਵੱਲ ਨਾਗਾਲੈਂਡ ਰਾਜ ਦਾ ਮੋਨ ਜ਼ਿਲ੍ਹਾ, ਦੱਖਣ-ਪੱਛਮ ਵੱਲ ਫੈਕ, ਪੱਛਮ ਵੱਲ ਜੁਹੈਬੋਤੋ ਅਤੇ ਮੋਕੋਕਚੁੰਗ ਜ਼ਿਲ੍ਹੇ ਲਗਦੇ ਹਨ। ਪੂਰਬ ਵੱਲ ਇਸ ਜ਼ਿਲ੍ਹੇ ਦੀ ਹੱਦ ਮਿਆਂਮਾਰ (ਬਰਮਾ) ਨਾਲ ਜਾ ਲਗਦੀ ਹੈ। ਤਿਊਨਸਾਂਗ ਸ਼ਹਿਰ ਇਸ ਦਾ ਸਦਰ-ਮੁਕਾਮ ਹੈ ਜਿਸ ਦੀ ਆਬਾਦੀ 21,018 (1991) ਹੈ। ਇਸ ਜ਼ਿਲ੍ਹੇ ਦਾ ਖੇਤਰਫਲ 4,228 ਵ.ਕਿ.ਮੀ. ਅਤੇ ਆਬਾਦੀ 2,32,906 (1991) ਹੈ। ਇਸ ਜ਼ਿਲ੍ਹੇ ਵਿਚ ਲੌਂਗਲੈਂਗ, ਲੌਂਗਖਿਸ, ਸਾਂਗਮੈਗਯੂ, ਨਾਕਲਕ, ਕਾਈਫਾਇਰ, ਸਿਤਿਮੀ ਅਤੇ ਸ਼ਮਤੌਰ ਨਾਂ ਦੇ 7 ਵਿਕਾਸ ਬਲਾਕ ਸ਼ਾਮਲ ਹਨ।

ਹ.ਪੁ.—ਸਟੇ.ਗੀ.ਬੁੱਕ 1986; ਸੈਂਸਿਸ ਆਫ਼ ਇੰਡੀਆ-1991

## ਤਿਸ਼ਐਨਡਾੱਰਫ਼, ਕਾੱਨਸਟੈਨਟਿਨ ਫ਼ਾੱਨ

**(Tischendorf, Konstantinron Von)** : ਇਹ ਜਰਮਨੀ ਦਾ ਬਾਈਬਲ ਸਬੰਧੀ ਇਕ ਉੱਘਾ ਸਮਾਲੋਚਕ ਸੀ ਜਿਸ ਨੇ 'ਕੋਡੈਕਸ ਸਿਨਾਇਟੀਕਸ' (Codex Sinaiticus) ਨਾਂ ਦਾ ਯੂਨਾਨੀ ਬਾਈਬਲ ਦਾ ਪ੍ਰਸਿੱਧ ਖਰੜਾ ਲਭਿਆ ਸੀ। ਇਸ ਦਾ ਜਨਮ 18 ਜਨਵਰੀ, 1815 ਨੂੰ ਸੈਕਸਨੀ ਵਿਚ ਲੈਂਗਫੈਲਡ (Lengefeld) ਵਿਖੇ ਹੋਇਆ। ਲਾਈਪਜ਼ਿਕ ਯੂਨੀਵਰਸਿਟੀ ਵਿਚ ਪੜ੍ਹਦੇ ਸਮੇਂ ਇਸ ਨੇ ਬਾਈਬਲ ਉੱਤੇ ਆਪਣਾ ਪੜਚੋਲ ਦਾ ਕੰਮ ਸ਼ੁਰੂ ਕਰ ਦਿੱਤਾ ਸੀ। 1844 ਈ. ਵਿਚ ਅਤੇ ਉਸ ਤੋਂ ਮਗਰੋਂ ਦੋ ਵਾਰੀ ਹੋਰ ਇਹ ਮਿਡਲ ਈਸਟ ਗਿਆ ਜਿਥੇ ਮੱਧ ਪੂਰਬ ਦੇ ਦੇਸ਼ਾਂ ਸਿਨਾਈ ਪ੍ਰਾਇਦੀਪ ਦੇ ਸੇਂਟ ਕੈਥਰੀਨ ਮੱਠ ਤੋਂ ਇਸ ਨੂੰ ਬਾਈਬਲ ਦਾ ਵੱਡਮੁੱਲਾ ਖਰੜਾ ਮਿਲਿਆ। ਰੂਸ ਦੀ ਮਦਦ ਨਾਲ ਮੱਠ ਦੇ ਮੁਖ਼ਤਾਰ ਤੋਂ 7000 ਡਾਲਰ ਬਦਲੇ ਇਸ ਨੇ ਜ਼ਾਰ ਅਲੈਗਜ਼ੈਂਡਰ ਦੂਜੇ ਲਈ ਇਹ ਖਰੜਾ ਪ੍ਰਾਪਤ ਕੀਤਾ। ਇਹ ਅੱਜਕੱਲ੍ਹ 'ਕੋਡੈਕਸ ਸਿਨਾਇਟੀਕਸ' ਨਾਂ ਨਾਲ ਜਾਣਿਆ ਜਾਂਦਾ ਹੈ।

ਸੰਨ 1933 ਵਿਚ ਬਾਈਬਲ ਦਾ ਇਹ ਖਰੜਾ ਰੂਸੀ ਸਰਕਾਰ ਤੋਂ ਬ੍ਰਿਟਿਸ਼ ਮਿਊਜ਼ੀਅਮ ਨੇ ਇਕ ਲੱਖ ਪੌਂਡ ਵਿਚ ਖਰੀਦ ਲਿਆ। ਇਹ ਖਰੜਾ ਚੌਥੀ ਸਦੀ ਵਿਚ ਮਿਸਰ ਵਿਚ ਲਿਖਿਆ ਗਿਆ ਜਾਪਦਾ ਹੈ। ਇਸ ਖਰੜੇ ਵਿਚ ਪੁਰਾਣੀ ਬਾਈਬਲ ਦਾ ਵਧੇਰਾ ਭਾਗ, ਨਵੀਂ ਬਾਈਬਲ ਪੂਰੀ ਦੀ ਪੂਰੀ ਅਤੇ ਬਾਰਨਾਬਾਸ ਦਾ ਪੱਤਰ' ਤੇ ਸ਼ੈਫਰਡ ਆੱਫ ਹਰਮਾਸ' Shepherd of Hermas) ਦੇ ਕੁੱਝ ਅੰਸ਼ ਸ਼ਾਮਲ ਹਨ।

ਤਿਸ਼ਐਨਡਾੱਰਫ ਦੀ ਮੌਤ 7 ਦਸੰਬਰ, 1874 ਨੂੰ ਲਾਈਪਸਿਕ ਵਿਖੇ ਹੋਈ।

ਹ.ਪੁ.—ਐਨ. ਬ੍ਰਿ. ਮਾ. 9:5; ਐ. ਰਿ. : 788.

**ਤਿਸ਼ਬੀਨ, ਯੋਹਾਨ ਹਾਈਨਰਿਕ ਵਿਲਹੈਲਮ (Tischbian, Johann Heineich Wilhelm) :** ਜਰਮਨੀ ਦੇ ਇਸ ਉੱਘੇ ਚਿੱਤਰਕਾਰ ਦਾ ਜਨਮ 15 ਫ਼ਰਵਰੀ 1751 ਨੂੰ ਮੌਜੂਦਾ ਪੱਛਮੀ ਜਰਮਨੀ ਦੇ ਹੱਸ ਰਾਜ ਵਿਚ ਹੇਨਾ (Haina) ਵਿਖੇ ਹੋਇਆ ਇਹ ਗੇਟੇ ਦਾ ਦੋਸਤ ਵੀ ਸੀ। ਇਸ ਦੇ ਪਰਿਵਾਰ ਨੇ ਪਿਛਲੀਆਂ ਤਿੰਨ ਪੁਸ਼ਤਾਂ ਤੋਂ ਉੱਘੇ ਕਲਾਕਾਰ ਪੈਦਾ ਕੀਤੇ ਸਨ। ਸ਼ੁਰੂ ਵਿਚ ਤਿਸ਼ਬੀਨ ਬਰਲਿਨ ਵਿਖੇ ਪ੍ਰਸ਼ਾ ਦਰਬਾਰ ਵਿਚ ਤਸਵੀਰਾਂ ਬਣਾਇਆ ਕਰਦਾ ਸੀ। ਸੰਨ 1779 ਵਿਚ ਇਹ ਇਟਲੀ ਚਲਾ ਗਿਆ ਅਤੇ 1789 ਈ. ਵਿਚ ਇਸ ਨੂੰ ਨੇਪਲਜ਼ ਵਿਖੇ ਆਰਟ ਅਕੈਡਮੀ ਦਾ ਡਾਇਰੈਕਟਰ ਬਣਾਇਆ ਗਿਆ। ਜੰਗ ਹੋਣ ਕਾਰਣ 1799 ਈ. ਵਿਚ ਇਹ ਉੱਤਰੀ ਜਰਮਨੀ ਵਿਚ ਚਲਾ ਗਿਆ।

ਤਿਸ਼ਬੀਨ ਦਾ ਸਭ ਤੋਂ ਪ੍ਰਸਿੱਧ ਚਿੱਤਰ 'Gothe in the Compagna' ਹੈ। ਗੇਟੇ ਨੇ ਇਸ ਨੂੰ ਕਲਾਸਕੀ ਲਹਿਰ ਵੱਲ ਮੋੜਨ ਦੀ ਕੋਸ਼ਿਸ਼ ਕੀਤੀ ਪਰ ਮਗਰੋਂ ਜਾ ਕੇ ਇਹ ਜਰਮਨ ਰੋਮਾਂਸਵਾਦ ਦਾ ਧਾਰਨੀ ਬਣ ਗਿਆ।

ਇਸ ਦੀ ਮੌਤ 26 ਜੂਨ, 1829 ਨੂੰ ਆੱਇਟੀਨ (Eutin) ਵਿਖੇ ਹੋਈ।

ਹ.ਪੁ.—ਐਨ. ਬ੍ਰਿ. ਮਾ. 9 : 4

**ਤਿਸ਼ੈਨ (Titian) :** ਇਟਲੀ ਦੇ ਇਸ ਚਿੱਤਰਕਾਰ ਦਾ ਜਨਮ 1488 ਈ. ਤੋਂ 1490 ਈ. ਦੇ ਵਿਚਕਾਰ ਪਾਈਵ ਡੀ ਕੌਡਾਰ ਵਿਖੇ ਹੋਇਆ। ਨੌਂ ਸਾਲ ਦੀ ਉਮਰ ਵਿਚ ਇਹ ਸੇਬਾਸਤੀਏਨੋ ਦਾ ਸ਼ਾਗਿਰਦ ਬਣਿਆ। ਇਸ ਤੋਂ ਬਾਅਦ ਇਸ ਨੇ ਬੈੱਲੀਨੀ ਅਤੇ ਜੋਰਜੋਨੇ ਅਧੀਨ ਕੰਮ ਕੀਤਾ। ਇਹ ਯੂਰਪ ਦੇ ਪਹਿਲੇ ਦਰਜੇ ਦੇ ਚਿੱਤਰਕਾਰਾਂ ਵਿਚੋਂ ਸੀ। ਸੁਤੰਤਰ ਤੌਰ ਤੇ ਪਹਿਲੀ ਵਾਰ ਇਸ ਨੇ ਪਾਡਾਵਾ ਦੇ ਸੇਂਟ ਐਂਥਨੀ ਲਈ ਤਿੰਨ ਕੰਧ-ਚਿੱਤਰ ਬਣਾਏ। ਸੰਨ 1516 ਤੋਂ 1538 ਦੌਰਾਨ ਇਸ ਨੇ ਕਈ ਧਾਰਮਕ ਚਿੱਤਰ ਬਣਾਏ। ਇਸ ਦੇ 'ਅਜ਼ੰਪਸ਼ਨ ਆਫ਼ ਦੀ ਵਰਜਿਨ' ਚਿੱਤਰ ਤੋਂ ਇਹ ਮਹਿਸੂਸ ਕੀਤਾ ਗਿਆ ਕਿ ਇਹ ਕਿਸੇ ਪ੍ਰਤਿਭਾਸ਼ਾਲੀ ਵਿਅਕਤੀ ਦੀ ਕਿਰਤ ਹੈ। ਇਸ ਤੋਂ ਇਲਾਵਾ ਇਸ ਦੇ ਕੁਝ ਹੋਰ ਪ੍ਰਸਿੱਧ ਧਾਰਮਕ ਚਿੱਤਰ 'ਸੇਂਟ ਪੀਟਰ ਮਾਰਟਰ' ਅਤੇ 'ਪੇਜ਼ੇਰੋ ਮੈਡੋਨਾ' (1519-26) ਆਦਿ ਹਨ। ਇਸ ਸਮੇਂ ਦੌਰਾਨ ਇਸ ਨੇ ਗੂ: ਅਤੇ ਸ਼ੋਖ ਰੰਗਾਂ ਦੀ ਵਰਤੋਂ ਕੀਤੀ।

ਸੰਨ 1532 ਵਿਚ ਇਸ ਨੇ ਚਾਰਲਸ ਪੰਜਵੇਂ ਦਾ ਆਦਮ ਕ: ਚਿੱਤਰ ਬਣਾਇਆ ਜਿਸ ਦੇ ਬਦਲੇ ਚਾਰਲਸ ਪੰਜਵੇਂ ਨੇ ਇਸ : ਸ਼ਾਹੀ ਚਿੱਤਰਕਾਰ ਨਿਯੁਕਤ ਕੀਤਾ ਅਤੇ ਕਾਊਂਟ ਪੈਲੇਟਾਈਨ ਦ ਉਪਾਧੀ ਦਿੱਤੀ। ਸੰਨ 1520 ਅਤੇ 1530 ਦੇ ਦਹਾਕੇ ਦੌਰਾਨ ਬਣਾ ਗਏ ਇਸ ਦੇ ਚਿੱਤਰ ਇਟਲੀ ਦੇ ਰਈਸਾਂ ਦੀਆਂ ਗੈਲਰੀਆਂ ਵਿ ਲਗੇ ਹੋਏ ਹਨ। ਪੋਪ ਪਾਲ ਤੀਜੇ ਦੇ ਕਹਿਣ ਤੇ ਮਈ 1543 ਵਿ ਇਹ ਬੋਲੋਨਯਾ ਗਿਆ ਅਤੇ ਉਥੇ ਇਕ ਪ੍ਰਸਿੱਧ ਚਿੱਤਰ 'ਪੋਪ ਪਾ III ਵਿਦਾਊਟ ਕੈਪ' ਬਣਾਇਆ। ਸੰਨ 1545 ਵਿਚ ਇਹ ਪਹਿ: ਵਾਰ ਰੋਮ ਗਿਆ। ਉਥੇ ਇਹ ਫਾਰਨੇਸੇ (Farnese) ਪਰਿਵਾਰ ਸੰਪਰਕ ਵਿਚ ਆਇਆ ਅਤੇ ਉਨ੍ਹਾਂ ਲਈ ਕਈ ਚਿੱਤਰ ਬਣ ਜਿਨ੍ਹਾਂ ਵਿਚੋਂ ਕੁਝ ਹੀ ਬਚੇ ਹੋਏ ਹਨ।

'ਕ੍ਰਾਈਸਟ ਬੀਫ਼ੋਰ ਪਾਈ-ਲੇਟ' ਇਸ ਦੇ ਸ਼ੁਰੂ ਦੇ ਧਾਰ ਚਿੱਤਰਾਂ ਵਿਚੋਂ ਹੈ। ਇਹ ਉਹ ਕਿਰਤ ਹੈ ਜਿਸ ਵਿਚ ਇਸ ਨੇ ਬ: ਸਾਰੀ ਭੀੜ ਨੂੰ ਜਲੂਸ ਦੇ ਰੂਪ ਵਿਚ ਦਿਖਾਇਆ ਹੈ। ਸੰਨ 154: 46 ਵਿਚ ਰੋਮ ਤੋਂ ਆਉਣ ਤੋਂ ਬਾਅਦ ਇਸ ਦੀਆਂ ਧਾਰਮਕ ਕਿਰ ਵਿਚ ਪੁਰਾਤਨ ਕਲਾ ਅਤੇ ਮਾਈਕਲ ਐਂਜਿਲੋ ਦੇ ਪ੍ਰਭਾਵ ਦੀ ਝਲ ਮਿਲਦੀ ਹੈ। ਸੰਨ 1551 ਵਿਚ ਵੈਨਿਸ ਵਾਪਿਸ ਆਉਣ ਤੇ ਇ ਆਪਣੀ ਬਾਕੀ ਦੀ ਸਾਰੀ ਜ਼ਿੰਦਗੀ ਉਥੇ ਹੀ ਰਿਹਾ ਪਰ ਗਰਮੀ ਵਿਚ ਇਹ ਆਪਣੇ ਘਰ ਪਾਈਵ ਡੀ ਕਾਡੋਰ ਜਾਂਦਾ ਹੁੰਦਾ ਸੀ।

'ਵੀਨਸ ਵਿਦ ਏ ਮਿਰਰ' ਇਸ ਦੀਆਂ ਅਨੇਕਾਂ ਮੌਰਿ ਕਿਰਤਾਂ ਵਿਚੋਂ ਇਕ ਹੈ। ਇਸ ਵਿਚ ਇਸ ਦਾ ਸੁਭਾਵਕ ਵਿ ਪਿਆਰ ਅਤੇ ਸੁੰਦਰਤਾ ਦੀ ਦੇਵੀ ਹੈ। ਇਹ ਪਹਿਲਾ ਕਲਾਕਾਰ ਜਿਸ ਨੇ ਇਸ ਨੂੰ ਸ਼ੀਸ਼ੇ ਨਾਲ ਵਿਖਾਇਆ ਹੈ। 1505ਵੇਂ ਦਹਾਕੇ ਮਗਰਲੇ ਸਾਲਾਂ ਅਤੇ 1560 ਵਿਆਂ ਦੇ ਸ਼ੁਰੂ ਵਿਚ ਇਸ ਮਿਥਿਹਾਸਕ ਦ੍ਰਿਸ਼ਾਂ ਦੀ ਇਕ ਲੜੀ ਦਾ ਚਿੱਤਰਣ ਕੀਤਾ: 'ਜ਼ਿ Diana and Actaeon, Diana and Callisto ਅਤੇ ਰੇਪ ਸ ਯੂਰੋਪਾ' ਆਦਿ। 1550 ਦੇ ਦਹਾਕੇ ਵਿਚ ਇਸ ਦੀ ਚਿੱਤਰਕਾਰੀ



ਇਜ਼ੈਬੇਲਾ ਸਟੀਵਰਡ ਗਾਰਡਨਰ ਮਿਊਜ਼ੀਅਮ ਵਿਚ ਪਈ ਤਿਸ਼ੈਨ ਦੀ ਕਲਾਕ੍ਰਿਤ

ਢੰਗ ਇਕ ਵਾਰ ਫ਼ੇਰ ਬਦਲਿਆ ਅਤੇ ਇਸ ਨੇ ਕਈ ਉੱਤਮ ਚਿੱਤਰ ਬਣਾਏ। ਇਸ ਸਮੇਂ ਦੌਰਾਨ ਇਸ ਨੇ ਕਈ ਆਦਮ-ਕੱਦ ਚਿੱਤਰ ਵੀ ਬਣਾਏ ਜਿਵੇਂ 'ਡਿਊਕ ਆਫ਼ ਐਂਟਰੀ' (ਲ. 1555)। 'ਪਾਇਟਾ' ਇਸ ਦਾ ਆਖ਼ਰੀ ਚਿੱਤਰ ਸੀ ਜੋ ਕਿ ਇਸ ਦੀ ਮੌਤ ਤੋਂ ਬਾਅਦ ਤੱਕ ਅਧੂਰਾ ਪਿਆ ਰਿਹਾ। ਇਹ ਚਿੱਤਰ ਵੈਨਿਸ ਅਕਾਦਮੀ ਵਿਚ ਲਗਾ ਹੋਇਆ ਹੈ। ਇਸ ਦੀ ਤਕਨੀਕ ਯੂਰਪ ਦੇ ਤਕਰੀਬਨ ਸਾਰੇ ਪ੍ਰਭਾਵਵਾਦੀ ਤੇਲ-ਰੰਗੀ ਚਿੱਤਰਕਾਰਾਂ ਦੀ ਬੁਨਿਆਦ ਹੈ। ਇਸ ਨੇ ਕਈ ਹੋਰ ਖੇਤਰਾਂ ਵਿਚ, ਮੁੱਖ ਤੌਰ ਤੇ ਮੂਰਤੀ ਕਲਾ ਵਿਚ ਉਹ ਪੈਟਰਨ ਕਾਇਮ ਕੀਤਾ ਜਿਸ ਨੂੰ ਅਗਲੀਆਂ ਤਿੰਨ ਸਦੀਆਂ ਦੇ ਸ਼ਾਹੀ ਚਿੱਤਰਕਾਰਾਂ ਨੇ ਅਪਣਾਇਆ।



ਬੋਰਗੀਜ਼ ਗੈਲਰੀ ਰੋਮ ਵਿਚ ਪਿਆ ਤਿਸ਼ੈਨ ਦੁਆਰਾ ਬਣਾਇਆ ਚਿੱਤਰ



ਬੋਰਗੀਜ਼ ਗੈਲਰੀ ਰੋਮ ਵਿਚ ਪਿਆ ਤਿਸ਼ੈਨ ਦੁਆਰਾ ਬਣਾਇਆ ਚਿੱਤਰ

27 ਅਗਸਤ, 1576 ਨੂੰ ਵੈਨਿਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ.ਮਾ. 18 : 457; ਚੈਂਬ. ਐਨ. 13:669; ਕੌਲ ਐਨ. 18:387; ਐਨ. ਅਮੈ. 26 : 648

**ਤਿਕੋਣ** : ਰੇਖਾ-ਗਣਿਤ ਵਿਚ ਤਿੰਨ ਰੇਖਾਵਾਂ ਦੁਆਰਾ ਘਿਰੀ ਹੋਈ ਕਿਸੇ ਸਤ੍ਹਾ ਨੂੰ ਤਿਕੋਣ ਜਾਂ ਤ੍ਰਿਭੁਜ ਕਿਹਾ ਜਾਂਦਾ ਹੈ। ਸਤ੍ਹਾ ਦੀ ਕਿਸਮ ਦੇ ਅਧਾਰ ਉੱਤੇ ਕਿਸੇ ਤਿਕੋਣ ਨੂੰ ਸਮਤਲ, ਗੋਲ ਜਾਂ ਵਕ੍ਰ-ਰੇਖੀ ਤਿਕੋਣ ਆਖਿਆ ਜਾਂਦਾ ਹੈ। ਕਿਸੇ ਤਿਕੋਣ ਦੀ ਕਿਸਮ, ਉਸ ਸਥਾਨਕ ਸਿਸਟਮ ਦੇ ਲਿਹਾਜ਼ ਨਾਲ ਵੀ ਨਿਰਧਾਰਤ ਕੀਤੀ ਜਾਂਦੀ ਹੈ ਜਿਸ ਦਾ ਇਹ ਤਿਕੋਣ ਇਕ ਹਿੱਸਾ ਹੁੰਦੀ ਹੈ ਅਤੇ ਤਿਕੋਣਾਂ ਨਾ ਸਿਰਫ਼ ਯੂਕਲਿਡੀ ਸਿਸਟਮ ਵਿਚ ਹੀ ਹੁੰਦੀਆਂ ਹਨ ਸਗੋਂ ਨਾਨ-ਯੂਕਲਿਡੀ ਸਿਸਟਮ ਵਿਚ ਵੀ ਹੁੰਦੀਆਂ ਹਨ। 'ਤਿਕੋਣ' ਸ਼ਬਦ ਦਾ ਪ੍ਰਯੋਗ ਦੋਵੇਂ ਆਕਾਰ ਅਤੇ ਆਕਾਰ ਰਾਹੀਂ ਘਿਰੇ ਖੇਤਰਫਲ ਲਈ ਕੀਤਾ ਜਾਂਦਾ ਹੈ।

**ਸਮਤਲ ਤਿਕੋਣਾਂ** — ਕਿਸੇ ਸਮਤਲ ਦਾ ਤਿੰਨ ਸਿੱਧੀਆਂ ਰੇਖਾਵਾਂ ਅੰਦਰ ਘਿਰਿਆ ਹਿੱਸਾ ਇਕ ਸਮਤਲ ਤਿਕੋਣ ਹੁੰਦੀ ਹੈ। ਇਨ੍ਹਾਂ ਸਿੱਧੀਆਂ ਰੇਖਾਵਾਂ ਨੂੰ ਤਿਕੋਣ ਦੀਆਂ ਭੁਜਾਵਾਂ ਜਾਂ ਬਾਹੀਆਂ ਅਤੇ ਭੁਜਾਵਾਂ ਦੇ ਕਾਟ-ਬਿੰਦੂਆਂ ਨੂੰ ਤਿਕੋਣ ਦੇ ਸਿਖ਼ਰ ਕਿਹਾ ਜਾਂਦਾ ਹੈ।

ਸਮਤਲ ਤਿਕੋਣਾਂ ਦੀ ਸ਼੍ਰੇਣੀ-ਵੰਡ ਇਨ੍ਹਾਂ ਦੀਆਂ ਭੁਜਾਵਾਂ ਜਾਂ ਇਨ੍ਹਾਂ ਦੇ ਕੋਣਾਂ ਅਨੁਸਾਰ ਕੀਤੀ ਜਾਂਦੀ ਹੈ। ਭੁਜਾਵਾਂ ਅਨੁਸਾਰ ਇਨ੍ਹਾਂ ਦੀਆਂ ਦੋ ਸ਼੍ਰੇਣੀਆਂ ਹੁੰਦੀਆਂ ਹਨ : (1) ਬਿਖਮ ਭੁਜੀ ਤ੍ਰਿਭੁਜ, ਜਿਸ ਦੀਆਂ ਸਾਰੀਆਂ ਭੁਜਾਵਾਂ ਬਰਾਬਰ ਨਹੀਂ ਹੁੰਦੀਆਂ; ਅਤੇ (2) ਸਮਦੋਭੁਜੀ ਤ੍ਰਿਭੁਜ, ਜਿਸ ਦੀਆਂ ਦੋ ਭੁਜਾਵਾਂ ਬਰਾਬਰ ਹੁੰਦੀਆਂ ਹਨ। ਸਮਦੋਭੁਜੀ ਤ੍ਰਿਭੁਜ ਦੀ ਇਕ ਵਿਸ਼ੇਸ਼ ਕਿਸਮ ਸਮਭੁਜਾਵੀ ਤ੍ਰਿਭੁਜ ਹੁੰਦੀ ਹੈ ਜਿਸ ਦੀਆਂ ਸਾਰੀਆਂ ਭੁਜਾਵਾਂ ਬਰਾਬਰ ਹੁੰਦੀਆਂ ਹਨ।

ਕੋਣਾਂ ਅਨੁਸਾਰ ਵੀ ਤ੍ਰਿਭੁਜਾਂ ਦੀਆਂ ਦੋ ਹੀ ਸ਼੍ਰੇਣੀਆਂ ਹਨ : (1) ਸਮਕੋਣੀ ਤ੍ਰਿਭੁਜਾਂ, ਜਿਨ੍ਹਾਂ ਵਿਚ ਇਕ ਕੋਣ 90° ਦਾ ਹੁੰਦਾ ਹੈ ਅਤੇ (2) ਤਿਰਛਕੋਣੀ ਤ੍ਰਿਭੁਜ, ਜਿਸ ਵਿਚ ਕੋਈ ਵੀ ਕੋਣ 90° ਦਾ ਨਹੀਂ ਹੁੰਦਾ। ਤਿਰਛਕੋਣੀ ਤ੍ਰਿਭੁਜ ਦੀ ਅਗੋਂ ਫਿਰ ਉਪ-ਵੰਡ ਕੀਤੀ




**ਸਮਤਲ ਤਿਕੋਣਾ : (ੳ) ਬਿਖਮਭੁਜੀ, (ਅ) ਸਮਦੋਭੁਜੀ, (ੲ) ਸਮਭੁਜਾਵੀ, (ਸ) ਸਮਕੋਣੀ ਤਿਕੋਣਾਂ। (ੳ), (ਅ) ਅਤੇ (ੲ) ਤਿਰਛਕੋਣੀ, (ਅ) ਅਤੇ (ੲ) ਨਿਊਨ ਕੋਣੀ ਅਤੇ (ੳ) ਅਧਿਕ ਕੋਣੀ ਤਿਕੋਣਾਂ ਹਨ।**

ਜਾਂਦੀ ਹੈ : (ੳ) ਨਿਊਨ ਕੋਣੀ ਤਿਕੋਣ, ਜਿਸ ਦੇ ਸਾਰੇ ਕੋਣ 90° ਤੋਂ ਘੱਟ ਹੁੰਦੇ ਹਨ ਅਤੇ (ਅ) ਅਧਿਕ ਕੋਣੀ ਤਿਕੋਣ ਜਿਸ ਵਿਚ ਇਕ ਕੋਣ 90° ਤੋਂ ਵੱਧ ਪਰ 180° ਤੋਂ ਘੱਟ ਹੁੰਦਾ ਹੈ।

ਤਿਕੋਣ ਦੀਆਂ ਭੁਜਾਵਾਂ ਅਤੇ ਕੋਣ ਇਸ ਦੇ ਅੰਗ (ਐਲੀਮੈਂਟ) ਅਖਵਾਉਂਦੇ ਹਨ। ਜਿਸ ਭੁਜਾ ਉੱਤੇ ਤਿਕੋਣ ਖੜੀ ਮੰਨੀ ਜਾਂਦੀ ਹੈ ਉਸਨੂੰ ਤਿਕੋਣ ਦਾ ਅਧਾਰ ਅਤੇ ਇਸ ਦੇ ਸਨਮੁਖ ਕੋਣ ਨੂੰ ਤਿਕੋਣ ਦਾ ਸਿਖਰ ਆਖਿਆ ਜਾਂਦਾ ਹੈ। ਤਿਕੋਣ ਦੀ ਕਿਸੀ ਵੀ ਭੁਜਾ ਨੂੰ ਅਧਾਰ ਮੰਨਿਆ ਜਾ ਸਕਦਾ ਹੈ। ਦੋ ਸਮਤਲ ਤਿਕੋਣਾਂ ਸਰਬੰਗਸਮ ਹੁੰਦੀਆਂ ਹਨ ਜੇਕਰ ਇਕ ਤਿਕੋਣ ਦੇ ਤਿੰਨ ਅੰਗ (ਐਲੀਮੈਂਟ) ਜਿਨ੍ਹਾਂ ਵਿਚ ਘਟੋ ਘੱਟ ਇਕ ਅੰਗ ਭੁਜਾ ਹੋਵੇ, ਦੂਜੀ ਦੇ ਤਿੰਨ ਅਨੁਸਾਰੀ ਅੰਗਾਂ ਦੇ ਬਰਾਬਰ ਹੋਣ। ਜਦੋਂ ਦੋ ਤਿਕੋਣਾਂ ਸਰਬੰਗਸਮ ਹੁੰਦੀਆਂ ਹਨ ਤਾਂ ਇਨ੍ਹਾਂ ਦੇ ਖੇਤਰਫਲ ਬਰਾਬਰ ਹੁੰਦੇ ਹਨ। ਜਦੋਂ ਤਿਕੋਣ ਦੇ ਕੋਣ ਦੂਜੀ ਤਿਕੋਣ ਦੇ ਅਨੁਸਾਰੀ ਕੋਣਾਂ ਦੇ ਬਰਾਬਰ ਹੋਣ ਤਾਂ ਇਹ ਤਿਕੋਣਾਂ ਸਮਰੂਪ ਹੁੰਦੀਆਂ ਹਨ। ਇਸ ਵਿਸ਼ੇਸ਼ਤਾਈ ਦਾ ਸਬੰਧ ਸਿਰਫ ਯੂਕਲਿਡੀ ਸਪੇਸ ਵਿਚ ਸਮਤਲ ਤਿਕੋਣ ਨਾਲ ਹੀ ਹੈ, ਗ਼ੈਰ ਯੂਕਲਿਡੀ ਸਪੇਸਾਂ ਨਾਲ ਸਮਰੂਪਤਾ ਦਾ ਕੋਈ ਸਬੰਧ ਨਹੀਂ ਹੈ।

ਯੂਕਲਿਡੀ ਸਪੇਸ ਵਿਚ ਸਮਤਲ ਤਿਕੋਣ ਦੇ ਕੋਣਾਂ ਦਾ ਜੋੜ 180° ਦੇ ਬਰਾਬਰ ਹੁੰਦਾ ਹੈ। ਲੋਬਾਟੈਵਸਕੀਅਨ **(Lobachevskian)** ਅਤੇ ਰੀਮਾਨੀ **(Riemannian)** ਸਪੇਸਾਂ ਵਿਚ ਸਮਤਲ ਤਿਕੋਣਾਂ ਦੇ ਕੋਣਾਂ ਦਾ ਜੋੜ ਕ੍ਰਮਵਾਰ 180° ਤੋਂ ਘੱਟ ਅਤੇ 180° ਤੋਂ ਵੱਧ ਹੁੰਦਾ ਹੈ।

**ਗੋਲ ਤਿਕੋਣ** — ਕਿਸੇ ਗੋਲੇ ਦੀ ਸਤ੍ਹਾ ਦਾ ਉਹ ਹਿੱਸਾ, ਜਿਹੜਾ ਤਿੰਨ ਵੱਡੇ ਦਾਇਰਿਆਂ **(great circles)** ਦੀਆਂ ਚਾਪਾਂ ਦੁਆਰਾ ਘਿਰਿਆ ਹੋਇਆ ਹੋਵੇ, ਗੋਲ ਤਿਕੋਣ ਅਖਵਾਉਂਦੀ ਹੈ। ਚਾਪਾਂ ਨੂੰ ਭੁਜਾਵਾਂ ਅਤੇ ਇਨ੍ਹਾਂ ਦੇ ਕਾਟ-ਬਿੰਦੂਆਂ ਨੂੰ ਸਿਖਰ ਕਿਹਾ ਜਾਂਦਾ ਹੈ। ਭੁਜਾਵਾਂ ਅਤੇ ਕਾਟ-ਬਿੰਦੂਆਂ ਵਿਚਕਾਰ ਬਣੇ ਕੋਣ ਗੋਲ ਤਿਕੋਣ ਦੇ ਕੋਣ ਹੁੰਦੇ ਹਨ ਜਿਨ੍ਹਾਂ ਨੂੰ ਗੋਲਾਕਾਰ ਕੋਣ ਕਿਹਾ ਜਾਂਦਾ ਹੈ।

ਜੇਕਰ ਗੋਲੇ ਦਾ ਅਰਧ-ਵਿਆਸ 1 ਰਖਿਆ ਜਾਵੇ ਤਦ ਕਿਸੇ ਗੋਲ ਤਿਕੋਣ ਦੀਆਂ ਭੁਜਾਵਾਂ ਦੀ ਪੈਮਾਇਸ਼ ਉਨ੍ਹਾਂ ਕੋਣਾਂ ਦੇ ਬਰਾਬਰ ਹੋਵੇਗੀ ਜਿਹੜੇ ਕਿ ਉਨ੍ਹਾਂ ਦੀਆਂ ਭੁਜਾਵਾਂ ਦੇ ਸਨਮੁਖ ਗੋਲੇ ਦੇ ਕੇਂਦਰ ਉਪਰ ਬਣਦੇ ਹਨ। ਗੋਲ ਤਿਕੋਣ ਦੇ ਕੋਣ ਉਨ੍ਹਾਂ ਦੀਆਂ ਭੁਜਾਵਾਂ ਦੇ ਤਲਾਂ (ਕ੍ਰਮਵਾਰ ਉਨ੍ਹਾਂ ਦੇ ਵੱਡੇ ਦਾਇਰਿਆਂ ਦੇ ਤਲ) ਵਿਚਕਾਰ ਬਣੇ ਕੋਣਾਂ ਦੇ ਬਰਾਬਰ ਹੋਣਗੇ ਅਤੇ ਇਨ੍ਹਾਂ ਕੋਣਾਂ ਦੀ ਪੈਮਾਇਸ਼ ਉਨ੍ਹਾਂ ਦਾਇਰਿਆਂ ਦੀਆਂ ਚਾਪਾਂ ਦੁਆਰਾ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਅਰਧ-ਵਿਆਸ 1 ਹੁੰਦਾ ਹੈ।

ਗੋਲ ਤਿਕੋਣ ਦੇ ਕੋਣ ਅਤੇ ਭੁਜਾਵਾਂ ਨੂੰ ਅੰਗ (ਐਲੀਮੈਂਟ) ਕਿਹਾ ਜਾਂਦਾ ਹੈ ਅਤੇ ਸਪੱਸ਼ਟਤਾ ਅਤੇ ਸਰਲਤਾ ਲਈ ਹਰ ਅੰਗ ਨੂੰ 180° ਤੋਂ ਘੱਟ ਮੰਨਿਆ ਜਾਵੇਗਾ ਭਾਵ ਦੋ ਸਮਕੋਣ ਨਾਲੋਂ ਘੱਟ। ਗੋਲ ਤਿਕੋਣ ਦੇ ਦੋ ਅੰਗ ਇਕੋ ਕਿਸਮ ਦੇ ਹੁੰਦੇ ਹਨ ਜਦੋਂ ਦੋਨੋਂ 90° ਤੋਂ ਘੱਟ ਜਾਂ ਦੋਨੋਂ 90° ਤੋਂ ਵੱਧ ਹੋਣ ਅਤੇ ਉਦੋਂ ਇਹ ਵੱਖੋਂ ਵੱਖ ਕਿਸਮਾਂ ਦੇ ਹੁੰਦੇ ਹਨ ਜਦੋਂ ਇਕ 90° ਤੋਂ ਘੱਟ ਅਤੇ ਦੂਜਾ 90° ਤੋਂ ਵੱਧ ਹੋਵੇ।

ਗੋਲ ਤਿਕੋਣਾਂ ਦੀ ਸ਼੍ਰੇਣੀ-ਵੰਡ ਵੀ ਸਮਤਲ ਤਿਕੋਣਾਂ ਦੀ ਤਰ੍ਹਾਂ ਹੀ ਕੀਤੀ ਜਾਂਦੀ ਹੈ। ਗੋਲ ਤਿਕੋਣ ਦੋ ਸਮਕੋਣੀ ਹੁੰਦੀ ਹੈ ਜੇਕਰ ਇਸ ਦੇ ਦੋ ਕੋਣ ਸਮਕੋਣ ਹੋਣ। ਤ੍ਰੈਸਮਕੋਣੀ ਗੋਲ ਤਿਕੋਣ ਦੇ ਤਿੰਨੇ ਕੋਣ ਸਮਕੋਣ ਹੁੰਦੇ ਹਨ। ਇਕ ਤ੍ਰੈਸਮਕੋਣੀ ਗੋਲ ਤਿਕੋਣ ਦੀ ਸਤ੍ਹਾ ਦੇ ਗੋਲੇ ਦੀ ਸਤ੍ਹਾ ਦੇ ਅਠਵੇਂ ਹਿੱਸੇ ਦੇ ਬਰਾਬਰ ਹੁੰਦੀ ਹੈ। ਦੋ ਗੋਲਾਕਾਰ ਤਿਕੋਣਾਂ ਧ੍ਰੁਵੀ ਹੁੰਦੀਆਂ ਹਨ ਜਦੋਂ ਇਕ ਗੋਲਾਕਾਰ ਤਿਕੋਣ ਦੇ ਕੋ ਦੂਜੀ ਗੋਲਾਕਾਰ ਤਿਕੋਣ ਦੀਆਂ ਭੁਜਾਵਾਂ ਨੂੰ ਸੰਪੂਰਕ ਹੋਣ ਜ ਇਨ੍ਹਾਂ ਨੂੰ ਉਸੇ ਕ੍ਰਮ ਵਿਚ ਰਖਿਆ ਗਿਆ ਹੋਵੇ। ਜਦੋਂ ਗੋਲ ਤਿਕੋ ਦੀਆਂ ਭੁਜਾਵਾਂ ਵਿਚੋਂ ਇਕ ਭੁਜਾ 90° ਦੇ ਬਰਾਬਰ ਹੋਵੇ ਤਾਂ ਗੋਲ ਤਿਕੋਣ ਕੁਆਡਰੈਂਟਲ ਹੁੰਦੀ ਹੈ।

ਹ.ਪੁ.—ਐਨ. ਅਮੈ. 27 : 95

**ਤਿਖੋਨ (Tikhon)** : ਸੰਨ 1917 ਵਿਚ ਬਾਲਸ਼ਵਿ ਕ੍ਰਾਂਤੀ ਮਗਰੋਂ ਇਹ ਰੂਸ ਦੀ ਰੂੜ੍ਹੀਵਾਦੀ ਚਰਚ ਦਾ ਪੈਟਰੀਆਰਕ ਇਸ ਦਾ ਮੁੱਢਲਾ ਨਾਂ ਵਾਸਿਲੀ ਇਵਾਨੋਵਿਚ ਬੈਲਾਵਿਨ ਸੀ। ਦਾ ਜਨਮ 19 ਜਨਵਰੀ, 1865 ਨੂੰ ਪਸਕੋਵ ਦੇ ਨੇੜੇ ਟਾੱਰੋਪੈ ਵਿਖੇ ਹੋਇਆ। ਪਹਿਲਾਂ ਪਹਿਲ ਇਸ ਨੇ ਰੂਸ ਦੇ ਚਰਚ ਵਿਰੋ ਕਾਨੂੰਨਾਂ ਅਤੇ ਆਰਥੋਡਾੱਕਸ ਸਕੂਲਾਂ ਦੇ ਰਾਸ਼ਟਰੀਕਰਨ ਆਦਿ ਮੰਨਣ ਤੋਂ ਇਨਕਾਰ ਕੀਤਾ ਪਰ ਮਗਰੋਂ ਪ੍ਰਸ਼ਾਸਨ ਨਾਲ ਇਸ ਦੇ ਸਬੰਧ ਹੋ ਗਏ। ਇਸ ਦਾ ਪਿਤਾ ਵੀ ਰੂੜ੍ਹੀਵਾਦੀ ਪਾਦਰੀ ਸੀ। ਪੀਟਰਸਬਰਗ ਤੋਂ ਧਰਮ ਦੀ ਵਿਦਿਆ ਪ੍ਰਾਪਤ ਕਰਨ ਮਗਰੋਂ 18 ਈ. ਵਿਚ ਇਹ ਸਾਧੂ ਬਣ ਗਿਆ ਅਤੇ ਇਸਨੇ ਆਪਣਾ ਨਾਂ ਤਿ ਧਾਰਨ ਕਰ ਲਿਆ। ਕੁਝ ਦੇਰ ਸਿਖਿਆ ਦੇਣ ਮਗਰੋਂ 1897 ਵਿਚ ਇਹ ਲੁਬਲਿਨ (ਹੁਣ ਪੋਲੈਂਡ ਵਿਚ) ਵਿਖੇ ਬਿਸ਼ਪ ਬਣ ਗਿ ਸੰਨ 1898 ਵਿਚ ਇਹ ਐਲਾਸਕਾ ਦਾ ਬਿਸ਼ਪ ਬਣਿਆ ਅਤੇ ਇ ਆਪਣੀ ਰਿਹਾਇਸ਼ ਪਹਿਲਾਂ ਸਾਨ ਫ੍ਰਾਂਸਿਸਕੋ ਵਿਖੇ ਅਤੇ 1905 ਤੋਂ ਨਿਊਯਾਰਕ ਵਿਖੇ ਰੱਖੀ। ਅਮਰੀਕਾ ਵਿਚ ਵੀ ਇਸ ਨੇ ਧਰਮ ਪੂਜਾ ਲਈ ਰੂਸੀ ਰਿਵਾਜ ਚਾਲੂ ਕੀਤੇ। ਮਗਰੋਂ ਇਸ ਨੇ ਮਿਨਾ ਅਤੇ ਨਿਊਜਰਸੀ ਆਦਿ ਵਿਚ ਆਰਥੋਡਾੱਕਸ ਚਰਚ ਕਾਇਮ ਕ

ਸੰਨ 1907 ਵਿਚ ਇਹ ਰੂਸ ਪਰਤ ਆਇਆ। ਸੰਨ 19 ਵਿਚ ਸਰਬ-ਰੂਸੀ ਚਰਚ ਕੌਂਸਲ ਨੇ ਇਸ ਨੂੰ ਆਰਥੋਡਾੱਕਸ ਚਰ ਤਿਖੋਨੋਵ ਨਿਕੋਲੇਅ ਸੈਮੀਓਨੋਵਿਚ ਪੁਨਰਗਠਨ ਕਰਨ ਲਈ ਰੂਸ ਪੈਟਰੀਆਰਕ ਚੁਣਿਆ। ਸੰਨ 1921-22 ਦੇ ਕਾਲ ਦੌਰਾਨ ਸਰ ਵਲੋਂ ਚਰਚ ਦੀਆਂ ਬਹੁਮੁੱਲੀਆਂ ਵਸਤਾਂ ਨੂੰ ਜ਼ਬਤ ਕਰਨ ਤੇ ਇ ਵਿਰੋਧ ਕੀਤਾ। ਸਰਕਾਰ ਨੂੰ ਇਸ ਤੇ ਪਰਵਾਸੀ ਪਾਦਰੀਆਂ ਰਲਕੇ ਸ਼ਾਮਲ ਕਰਨ ਦਾ ਸ਼ੱਕ ਹੋ ਗਿਆ। ਇਸਨੂੰ ਗ੍ਰਿਫ਼ਤਾਰ ਨੇੜੇ ਦੇ ਹੀ ਇਕ ਈਸਾਈ ਜੇਲ ਵਿਚ ਕੈਦ ਕਰ ਦਿੱਤਾ ਗਿਆ ਇਸ ਉੱਤੇ ਮੁਕੱਦਮਾ ਨਹੀਂ ਚਲਾਇਆ ਗਿਆ ਅਤੇ ਜੂਨ, 1 ਵਿਚ ਇਸ ਨੂੰ ਛੱਡ ਦਿੱਤਾ ਗਿਆ। ਆਪਣੇ ਆਖ਼ਰੀ ਸਾਲਾਂ ਇਹ ਚਰਚ ਦੇ ਅੰਦਰੂਨੀ ਝਗੜਿਆਂ ਨੂੰ ਸੁਲਝਾਉਣ ਵਿਚ ਰਿਹਾ।

7 ਅਪ੍ਰੈਲ, 1925 ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗ

ਹ. ਪੁ.—ਐਨ. ਬ੍ਰਿ. ਮਾ. 9 : 1008

**ਤਿਖੋਨੋਵ, ਨਿਕੋਲੇਅ ਸੈਮੀਓਨੋਵਿਚ** : ਇਸ ਰੂਸੀ ਕਵੀ ਅਤੇ ਵਾਰਤਕ ਲਿਖਾਰੀ ਦਾ ਜਨਮ 4 ਦਸੰਬਰ, 189 ਸੇਂਟ ਪੀਟਰਸਬਰਗ (ਹੁਣ ਲੈਨਿਨਗ੍ਰਾਡ) ਵਿਖੇ ਹੋਇਆ। ਇ ਬਹੁਤ ਘੱਟ ਵਿਦਿਆ ਪ੍ਰਾਪਤ ਕੀਤੀ ਅਤੇ ਪਹਿਲੇ ਸੰਸਾਰ ਯੁੱਧ ਭਾਗ ਲਿਆ। ਮਗਰੋਂ ਇਸ ਨੇ ਰੂਸੀ ਕ੍ਰਾਂਤੀ ਵਿਚ ਵੀ ਭਾਗ ਲਿ 1920 ਵਿਆਂ ਦੇ ਦੌਰਾਨ ਲੈਨਿਨਗ੍ਰਾਡ ਵਿਚ ਆਬਾਦ ਹੋ ਕੇ ਸੈਰਾਪੀਅਨ ਨਾਂ ਦੇ ਸਾਹਿਤਕ ਗਰੁੱਪ ਨਾਲ ਸਾਂਝ ਕਾਇਮ ਕਰ ਆਪਣੀਆਂ ਕਵਿਤਾਵਾਂ ਦੇ ਪਹਿਲੇ ਦੋ ਸੰਗ੍ਰਹਿਆਂ 'ਓਰਡਾ' (O 1922) ਅਤੇ 'ਬ੍ਰਾਗਾ' (Braga-1923) ਵਿਚ ਤਿਖੋਨੋਵ ਨੇ ਦੌਰਾਨ ਆਪਣੇ ਸਨਸਨੀ ਭਰੇ ਤਜਰਬੇ ਬਿਆਨ ਕੀਤੇ ਹਨ। ਕਵਿਤਾਵਾਂ ਵਿਚ ਅਤੇ ਆਪਣੀਆਂ ਹੋਰ ਕ੍ਰਿਤਾਂ ਵਿਚ ਵੀ ਇ

ਪ੍ਰਤਿਬਿੰਬਾਂ, ਤਸਵੀਰ-ਚਿਤਰਣ ਅਤੇ ਬੋਲੀ ਦੀ ਸ੍ਰੇਸ਼ਟਤਾ ਵੱਲ ਬਹੁਤ ਧਿਆਨ ਦਿੱਤਾ ਹੈ। ਇਹ ਰੂਸੀ ਕ੍ਰਾਂਤੀ ਦਾ ਪੱਕਾ ਸਮਰਥਕ ਸੀ ਅਤੇ ਸਰਕਾਰ ਪੱਖੀ ਤੇ ਦੇਸ਼ ਭਗਤ ਸੀ। ਇਸ ਨੇ ਪੂਰਬ ਵੱਲ ਅਤੇ ਕੇਂਦਰੀ ਏਸ਼ੀਆ ਵਿਚ ਦੂਰ ਦੂਰ ਤਕ ਸਫ਼ਰ ਕੀਤਾ ਅਤੇ ਕਵਿਤਾ ਲਈ ਨਵੇਂ ਤਜਰਬੇ ਅਤੇ ਨਵੀਂ ਸਮਗਰੀ ਇਕੱਤਰ ਕੀਤੀ। ਤਿਖੋਨੋਵ ਦੀਆਂ ਵਾਰਤਕ ਰਚਨਾਵਾਂ ਰੋਮਾਂਚਕਾਰੀ ਹੀ ਰਹੀਆਂ ਭਾਵੇਂ 1930 ਵਿਆਂ ਮਗਰੋਂ ਕਵਿਤਾ ਵਿਚ ਇਸ ਨੇ ਵਧੇਰੇ ਕਰਕੇ ਸਮਾਜਕ ਸਮੱਸਿਆਵਾਂ ਨੂੰ ਚਿਤਰਣਾ ਸ਼ੁਰੂ ਕੀਤਾ।

ਤਿਖੋਨੋਵ ਦੀਆਂ ਸਾਹਿਤਕ ਅਤੇ ਰਾਜਨੀਤਕ ਸੇਵਾਵਾਂ ਬਦਲੇ ਇਸ ਨੂੰ 'ਆਰਡਰ ਆਫ਼ ਲੈਨਿਨ' ਅਤੇ 'ਸਟਾਲਿਨ ਪ੍ਰਾਈਜ਼' ਨਾਲ ਸਨਮਾਨਿਆ ਗਿਆ। ਸੰਨ 1944 ਤੋਂ 1946 ਤਕ ਇਹ ਸੋਵੀਅਤ ਲੇਖਕਾਂ ਦੀ ਯੂਨੀਅਨ ਦਾ ਪ੍ਰਧਾਨ ਰਿਹਾ।

8 ਫ਼ਰਵਰੀ, 1979 ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ. ਪੁ.–ਐਨ. ਬ੍ਰਿ.ਮਾ. 11 : 771

**ਤਿਖੋਮੀਰੋਵ, ਵਾਸਿਲੀ** : ਇਸ ਬੈਲੇ ਡਾਂਸਰ ਅਤੇ ਸਿਖਿਅਕ ਦਾ ਜਨਮ 30 ਮਾਰਚ, 1876 ਨੂੰ ਮਾਸਕੋ ਵਿਖੇ ਹੋਇਆ। ਸੰਨ 1891 ਵਿਚ ਇਸ ਨੇ ਮਾਸਕੋ ਦੇ ਇੰਪਰੀਅਲ ਬੈਲੇ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ। ਬੱਲਸੋਈ ਵਿਚ ਸ਼ਾਮਲ ਹੋਣ ਅਤੇ ਪ੍ਰੀਮੀਅਰ ਡਾਂਸਰ (1893) ਬਣਨ ਤੋਂ ਪਹਿਲਾਂ ਇਸ ਨੇ ਦੋ ਸਾਲ ਸੇਂਟ ਪੀਟਰਜ਼ਬਰਗ ਵਿਖੇ ਪੜ੍ਹਾਈ ਕੀਤੀ। ਇਸ ਦੇ ਪ੍ਰਮੁੱਖ ਰੋਲਾਂ ਵਿਚ ਰੇਮੰਡ ਵਿਚ ਜੀਨ ਡੀ ਬ੍ਰਾਈਐਨ ਦਾ, ਕਾਨਰਾਡ ਵਿਚ ਲੀਕੋਸੇਅਰ ਦਾ ਅਤੇ ਦੀ ਰੈੱਡ ਪੋਪੀ ਵਿਚ ਸੋਵੀਅਤ ਕਪਤਾਨ ਦਾ ਰੋਲ ਸ਼ਾਮਲ ਸੀ। 'ਦੀ ਰੈੱਡ ਪੋਪੀ' ਤੋਂ ਇਲਾਵਾ ਇਸ ਨੇ 'ਲਾ ਬਾਇਅਡੀਰਾ', 'ਦੀ ਸਲੀਪਿੰਗ ਬਿਊਟੀ' (1924), ਅਤੇ 'ਐਸਮਾਰਾਲਡਾ' (1926) ਨਾਮੀ ਨ੍ਰਿਤ-ਨਾਟਕ ਵੀ ਪੇਸ਼ ਕੀਤੇ।

ਸੰਨ 1896 ਵਿਚ ਇਹ ਬਾਲਸੋਈ ਸਕੂਲ ਦੇ ਵਿਚ ਅਧਿਆਪਕ ਲਗ ਗਿਆ ਅਤੇ 1924 ਤੋਂ 1937 ਈ. ਤੱਕ ਇਸ ਦਾ ਡਾਇਰੈਕਟਰ ਰਿਹਾ।

ਇਸ ਨੇ ਮਾਸਕੋ ਬਾਲਸ਼ੋਈ ਬੈਲ੍ਹੇ ਦੀ ਤਕਨੀਕੀ ਕਲਾ ਪ੍ਰਵੀਨਤਾ ਨੂੰ ਬਰਕਰਾਰ ਰੱਖਣ ਅਤੇ ਉੱਨਤ ਕਰਨ ਵਿਚ ਬਹੁਤ ਸਹਾਇਤਾ ਕੀਤੀ।

20 ਜੂਨ, 1956 ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਐਨ. ਬ੍ਰਿ. ਮਾ. 9 : 1008

**ਤਿਜਾਰਾ** : ਇਹ ਭਾਰਤ ਦੇ ਰਾਜਸਥਾਨ ਰਾਜ ਦੇ ਜ਼ਿਲ੍ਹਾ ਅਲਵਰ ਦਾ ਇਕ ਸ਼ਹਿਰ ਹੈ ਜਿਹੜਾ ਅਲਵਰ ਸ਼ਹਿਰ ਦੇ ਉੱਤਰ-ਪੂਰਬ ਵਿਚ ਲਗਭਗ 45 ਕਿ.ਮੀ. ਦੇ ਫਾਸਲੇ ਤੇ ਸਥਿਤ ਹੈ। ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਦੀ ਨੀਂਹ ਤੇਜ ਪਾਲ ਨਾਮੀ ਇਕ ਜਾਦੋਂ ਰਾਜਪੂਤ ਨੇ ਰੱਖੀ ਸੀ। ਇਸ ਸਮੇਂ ਇਸ ਸਥਾਨ ਦਾ ਨਾਂ ਤੀਗਰਤਗ ਹੁੰਦਾ ਸੀ। ਮੇਵਾਤ ਦੇ ਖ਼ਾਨਜ਼ਾਦਿਆਂ ਦੀ ਹਕੂਮਤ ਵੇਲੇ ਇਹ ਮੁੱਖ ਸ਼ਹਿਰਾਂ ਵਿਚੋਂ ਗਿਣਿਆ ਜਾਂਦਾ ਸੀ। ਇਹ ਕਾਫ਼ੀ ਚਿਰ ਤੱਕ ਉਨ੍ਹਾਂ ਦੀ ਰਾਜਧਾਨੀ ਵੀ ਰਿਹਾ। ਇਸ ਸ਼ਹਿਰ ਦੇ ਦੱਖਣ ਵੱਲ ਇਸ ਦੇ ਨਜ਼ਦੀਕ ਹੀ ਇਕ ਪੁਰਾਣਾ ਅਤੇ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਭਰਤਰੀ ਦੇ ਨਾਂ ਦਾ ਇਕ ਪਠਾਣੀ ਮਕਬਰਾ ਹੈ। ਕਿਹਾ ਜਾਂਦਾ ਹੈ ਕਿ ਜਿਸ ਜ਼ਮੀਨ ਉੱਤੇ ਇਹ ਮਕਬਰਾ ਬਣਾਇਆ ਹੋਇਆ ਹੈ, ਉਹ ਭਰਤਰੀ ਨਾਂ ਦੇ ਹੀ ਕਿਸੇ ਹਿੰਦੂ ਦੀ ਮਲਕੀਅਤ ਹੁੰਦੀ ਸੀ। ਇਸ ਮਕਬਰੇ ਦੀ ਉਸਾਰੀ ਸਿਕੰਦਰ ਲੋਧੀ ਦੇ ਭਰਾ ਅਲਾਉੱਦੀਨ ਆਲਮ ਖ਼ਾਂ ਨੇ ਕਰਵਾਈ ਸੀ ਕਿਉਂਕਿ ਉਹ ਕਾਫ਼ੀ ਲੰਮਾ ਅਰਸਾ ਇਸ ਥਾਂ ਦਾ ਗਵਰਨਰ ਰਿਹਾ ਸੀ। ਸ਼ਹਿਰ ਦੇ ਨਜ਼ਦੀਕ ਹੀ ਦੱਖਣ-ਪੱਛਮ ਵੱਲ ਇਕ ਛੋਟੀ ਜਿਹੀ ਪੱਥਰ ਦੀ ਬਣੀ ਮਸਜਿਦ ਹੈ ਅਤੇ ਇਸ ਦੇ ਬਿਲਕੁਲ ਸਾਹਮਣੇ ਇਕ ਬੜੀ ਸਾਫ਼ ਸੁਥਰੀ ਬਣਤਰ ਵਾਲਾ ਮਕਬਰਾ ਹੈ। ਕਿਹਾ ਜਾਂਦਾ ਹੈ ਕਿ ਇਹ ਮਕਬਰਾ ਬਾਬਰ ਦੇ ਦੁਸ਼ਮਣ, ਖ਼ਾਨਜ਼ਾਦਾ ਹਸਨ ਖ਼ਾਨ ਦੀ ਆਰਾਮਗਾਹ ਹੁੰਦੀ ਸੀ।

ਆਬਾਦੀ—15, 399 (1991)

27° 56′ ਉ.ਵਿਥ.; 76°51′ ਪੂ. ਲੰਬ.

ਹ.ਪੁ.–ਇੰਪ. ਗ. ਇੰਡ. 23 : 358

**ਤਿੱਤਰ** : ਇਹ ਏਵੀਜ਼ ਸ਼੍ਰੇਣੀ ਦੇ ਗੈਲੀਫਾੱਰਮੀਜ਼ ਵਰਗ ਅਤੇ ਫ਼ੇਜ਼ੀਐਨਡੀ ਕੁਲ ਦੇ ਪੰਛੀ ਹਨ। ਤਿੱਤਰਾਂ ਦੀਆਂ ਦੋ ਪ੍ਰਸਿੱਧ ਕਿਸਮਾਂ ਕਾਲਾ ਤਿੱਤਰ ਅਤੇ ਸਫ਼ੈਦ ਤਿੱਤਰ ਹਨ।

**ਕਾਲਾ ਤਿੱਤਰ** — ਇਸ ਦਾ ਪ੍ਰਾਣੀ ਵਿਗਿਆਨਕ ਨਾਂ ਫ਼੍ਰੈਂਕੋਲਾਈਨਸ ਫ਼੍ਰੈਂਕੋਲਾਈਨਸ (Francolinus francolinus) ਹੈ। ਇਸ ਦਾ ਰੰਗ ਕਾਲਾ (ਸਿਆਹ) ਅਤੇ ਉਪਰ ਚਿੱਟੇ ਤੇ ਮਟਿਆਲੇ ਰੰਗ ਦੇ ਚਟਾਖ਼ ਅਤੇ ਧਾਰੀਆਂ ਹੁੰਦੀਆਂ ਹਨ। ਨਰ ਦੀ ਗਰਦਨ ਉਪਰ ਲਾਖੇ ਰੰਗ ਦੀ ਧਾਰੀ ਅਤੇ ਗਲ੍ਹਾਂ ਉੱਤੇ ਚਮਕਦੇ ਚਿੱਟੇ ਚਟਾਖ਼ ਹੁੰਦੇ ਹਨ, ਮਾਦਾ ਦੀ ਗਰਦਨ ਤੇ ਲਾਖੇ ਰੰਗ ਦਾ ਚਟਾਖ਼ ਹੁੰਦਾ ਹੈ। ਸਰੀਰ ਦਾ ਮਾਸ ਚਰਬੀ ਭਰਪੂਰ ਗੁਦਗੁਦਾ ਅਤੇ ਪੂਛ ਛੋਟੀ ਹੁੰਦੀ ਹੈ।



**ਕਾਲਾ ਤਿੱਤਰ**

ਇਹ ਪਾਣੀ ਵਿਚ ਖੜੀਆਂ ਝਾੜੀਆਂ ਜਾਂ ਲੰਬੇ ਲੰਬੇ ਘਾਹ ਵਾਲੇ ਜੰਗਲਾਂ, ਉੱਤਰੀ ਭਾਰਤ ਅਤੇ ਆਸਾਮ ਦੇ ਦਰਿਆਈ ਖੇਤਰਾਂ ਵਿਚ ਇੱਕਲੇ ਜਾਂ ਜੋੜਿਆਂ ਦੇ ਰੂਪ ਵਿਚ ਮਿਲਦੇ ਹਨ। ਗੰਨੇ ਤੇ ਜਵਾਰ ਦੇ ਖੇਤ ਅਤੇ ਚਾਹ ਦੇ ਬਾਗ਼ ਇਨ੍ਹਾਂ ਦੀਆਂ ਮਨਭਾਉਂਦੀਆਂ ਥਾਵਾਂ ਹਨ। ਇਹ ਅਕਸਰ ਸਵੇਰੇ ਸਵੇਰੇ ਜਾਂ ਫਿਰ ਸ਼ਾਮ ਵੇਲੇ ਹੀ ਖੇਤਾਂ ਵਿਚ ਫਿਰਦੇ ਦਿਖਾਈ ਦਿੰਦੇ ਹਨ।

ਤੁਰਦੇ ਸਮੇਂ ਇਹ ਆਪਣੀ ਪੂਛ ਉਪਰ ਨੂੰ ਚੁੱਕ ਲੈਂਦੇ ਹਨ। ਇਹ ਬਹੁਤ ਤੇਜ਼ ਦੌੜਦੇ ਹਨ। ਇਹ ਲੋੜ ਪੈਣ ਤੇ ਜ਼ਮੀਨ ਤੋਂ 3-5 ਮੀ. ਦੀ ਉਚਾਈ ਉੱਤੇ 100 ਮੀ. ਤੱਕ ਦੀ ਤੇਜ਼ ਉਡਾਰੀ ਵੀ ਮਾਰ ਸਕਦੇ ਹਨ। ਨਰ ਤਿੱਤਰ ਬਹੁਤ ਉੱਚੀ ਆਵਾਜ਼ ਕੱਢਦਾ ਹੈ। ਇਨ੍ਹਾਂ ਦਾ ਭੋਜਨ ਦਾਣੇ, ਘਾਹ, ਨਦੀਨਾ ਦੇ ਬੀਜ ਅਤੇ ਕੋਮਲ ਕੋਮਲ

ਕਰੂੰਬਲਾਂ ਹਨ। ਇਹ ਸਿਉਂਕ ਅਤੇ ਹੋਰ ਕੀੜੇ-ਮਕੌੜੇ ਵੀ ਖਾ ਲੈਂਦੇ ਹਨ।

ਇਹ ਘਾਹ ਦੀਆਂ ਜੜ੍ਹਾਂ ਵਿਚ ਟੋਆ ਪੁੱਟ ਕੇ ਅਤੇ ਉਸ ਵਿਚ ਘਾਹ-ਫੂਸ ਰੱਖਕੇ ਆਪਣਾ ਆਲ੍ਹਣਾ ਬਣਾਉਂਦੇ ਹਨ। ਇਸ ਆਲ੍ਹਣੇ ਵਿਚ ਇਹ ਹਲਕੇ ਭੂਰੇ ਤੋਂ ਲੈ ਕੇ ਗੂੜ੍ਹੇ ਭੂਰੇ ਰੰਗ ਦੇ ਅੰਡੇ ਦਿੰਦੇ ਹਨ ਜਿਨ੍ਹਾਂ ਦੀ ਗਿਣਤੀ 6 ਤੋਂ 8 ਤੱਕ ਹੁੰਦੀ ਹੈ।

**ਸਫ਼ੈਦ ਤਿੱਤਰ** — ਇਸ ਦਾ ਪ੍ਰਾਣੀ ਵਿਗਿਆਨਕ ਨਾਂ ਫ੍ਰੈਂਕੋਲਾਈਨਸ ਪਾਂਡੀਸੈਰੀਏਨੱਸ (**Francolinus pondicerianus**) ਹੈ। ਸ਼ਕਲ ਵਿਚ ਇਹ ਕਾਲੇ ਤਿੱਤਰ ਵਰਗਾ ਹੀ ਲਗਦਾ ਹੈ। ਇਸ ਦਾ ਰੰਗ ਸਲੇਟੀ-ਭੂਰਾ, ਉਪਰ ਕਾਲੇ ਅਤੇ ਲਾਖੇ ਰੰਗ ਦੀਆਂ ਬਾਰੀਕ ਬਾਰੀਕ ਧਾਰੀਆਂ ਹੁੰਦੀਆਂ ਹਨ; ਪੂਛ ਵਿਚ ਵੀ ਲਾਖਾ ਰੰਗ ਹੁੰਦਾ ਹੈ। ਗਲਾ ਲਾਲ ਰੰਗ ਦਾ ਹੁੰਦਾ ਹੈ ਅਤੇ ਇਸ ਦੁਆਲੇ ਕਾਲੇ ਰੰਗ ਦੀ ਧਾਰੀ ਵੀ ਹੁੰਦੀ ਹੈ। ਨਰ ਮਾਦਾ ਤੋਂ ਜ਼ਿਆਦਾ ਤਕੜਾ ਹੁੰਦਾ ਹੈ ਅਤੇ ਇਸ ਦੀਆਂ ਦੋਨਾਂ ਲੱਤਾਂ ਉੱਤੇ ਇਕ ਨੋਕੀਲਾ ਸੱਪਰ ਹੁੰਦਾ ਹੈ।

ਇਹ ਤਿੱਤਰ ਪਿੰਡਾਂ ਦੇ ਨੇੜੇ ਖੇਤਾਂ ਵਿਚ ਘਾਹ ਅਤੇ ਕੰਡਿਆਲੀਆਂ ਝਾੜੀਆਂ ਵਿਚ ਮਿਲਦੇ ਹਨ। ਪ੍ਰਜਣਨ ਸਮੇਂ ਨੂੰ ਛੱਡ ਕੇ, ਜਦੋਂ ਇਹ ਜੋੜਿਆਂ ਦੇ ਰੂਪ ਵਿਚ ਫਿਰਦੇ ਹੁੰਦੇ ਹਨ, ਇਹ ਤਿੱਤਰ 4-6 ਦੇ ਗਰੁੱਪਾਂ ਵਿਚ ਹੁੰਦੇ ਹਨ। ਭੋਜਨ ਦੀ ਭਾਲ ਵਿਚ ਇਹ ਜ਼ਮੀਨ ਨੂੰ ਖੁਰਚਦੇ ਅਤੇ ਗੋਹੇ-ਕੂੜੇ ਵਿਚ ਚੁੰਝਾਂ ਮਾਰਦੇ ਰਹਿੰਦੇ ਹਨ। ਇਨ੍ਹਾਂ ਦਾ ਮੁੱਖ ਆਹਾਰ ਬੀਜ, ਬੇਰੀ ਫਲ ਅਤੇ ਕੀੜੇ ਮਕੌੜੇ ਹਨ ਪਰ ਸਿਉਂਕਾਂ ਅਤੇ ਮਲ-ਮੂਤਰ ਵਿਚੋਂ ਮਿਲੇ ਮੈਗਟ ਇਨ੍ਹਾਂ ਦੀ ਮਨ ਭਾਉਂਦੀ ਖ਼ੁਰਾਕ ਹੈ। ਖ਼ਤਰਾ ਨਜ਼ਰ ਆਉਣ ਤੇ ਇਹ ਬਹੁਤ ਤੇਜ਼ ਭੱਜ ਕੇ ਸੰਘਣੀਆਂ ਝਾੜੀਆਂ ਵਿਚ ਲੁਕ ਜਾਂਦੇ ਹਨ। ਇਹ ਵੀ 100 ਮੀ. ਲੰਬੀ ਉਡਾਣ ਭਰ ਸਕਦੇ ਹਨ। ਇਹ ਬਹੁਤ ਉੱਚੀ ਆਵਾਜ਼ ਕੱਢਦੇ ਹਨ ਜੋ ਹੌਲੀ ਹੌਲੀ ਹੋਰ ਤੇਜ਼ ਹੁੰਦੀ ਜਾਂਦੀ ਹੈ।



ਚਿੱਟਾ ਤਿੱਤਰ

ਇਹ ਕਿਸੇ ਝਾੜੀ ਦੇ ਹੇਠਾਂ ਟੋਆ ਪੁਟ ਕੇ ਉਸ ਵਿਚ ਘਾਹ-ਫੂਸ ਰੱਖਕੇ ਸਾਧਾਰਣ ਜਿਹਾ ਆਲ੍ਹਣਾ ਬਣਾਉਂਦੇ ਹਨ ਅਤੇ ਉਸ ਵਿਚ 4-8, ਭੂਰੇ ਕਰੀਮ ਰੰਗ ਦੇ ਅੰਡੇ ਦਿੰਦੇ ਹਨ। ਇਨ੍ਹਾਂ ਦੇ ਬੱਚਿਆਂ ਨੂੰ ਪਾਲਤੂ ਬਣਾਇਆ ਅਤੇ ਸਿਖਾਇਆ ਜਾ ਸਕਦਾ ਹੈ। ਨਰ ਤਿੱਤਰਾਂ ਦੀ ਲੜਾਈ ਵੀ ਕਰਵਾਈ ਜਾਂਦੀ ਹੈ।

ਹ.ਪ੍ਰ.—ਕਾ. ਬ. : 44

**ਤਿੱਤਲ ਮੱਛੀ** : ਇਹ ਪਰਸੀਫ਼ਾੱਰਮੀਜ਼ (**Perciformes**) ਵਰਗ ਦੀ ਕੀਟੋਡਾਂਟਡੀ (**Cheetodontidae**) ਕੁੱਲ ਦੀਆਂ ਛੋਟੀਆਂ ਤੇ ਫੁਰਤੀਲੀਆਂ ਮੱਛੀਆਂ ਹਨ। ਇਸ ਕੁਲ ਵਿਚ ਕੋਈ ਸੌ ਤੋਂ ਵੱਧ ਜਾਤੀਆਂ ਹਨ। ਇਹ ਮੱਛੀਆਂ ਸਾਰੇ ਸੰਸਾਰ ਦੀਆਂ ਤਪਤ-ਖੰਡੀ ਚਟਾਨ-ਭਿੱਤੀਆਂ ਵਿਚ ਮਿਲਦੀਆਂ ਹਨ।



ਤਿੱਤਲ ਮੱਛੀ

ਇਨ੍ਹਾਂ ਮੱਛੀਆਂ ਦੀ ਲੰਬਾਈ ਲਗਭਗ 20 ਸੈਂ. ਮੀ. ਹੁੰਦੀ ਹੈ। ਇਨ੍ਹਾਂ ਦਾ ਸਰੀਰ ਪਾਸਿਆਂ ਤੋਂ ਪਿਚਕਿਆ ਹੋਇਆ ਇਕ ਪਿਠ ਖੰਭੜੇ ਵਾਲਾ ਹੁੰਦਾ ਹੈ। ਇਨ੍ਹਾਂ ਦਾ ਮੂੰਹ ਛੋਟਾ ਹੁੰਦਾ ਹੈ, ਜਿਸ ਵਿਚ ਬੁਰਸ਼ ਵਰਗੇ ਦੰਦ ਹੁੰਦੇ ਹਨ ਅਤੇ ਜਬਾੜ੍ਹੇ ਕਈ ਵਾਰ ਲੰਬੀ ਥੂਥਨੀ ਵਾਂਗੂੰ ਵਧੇ ਹੁੰਦੇ ਹਨ।

ਇਹ ਮੱਛੀਆਂ ਬਹੁਤ ਸ਼ੋਖ ਰੰਗਾਂ ਦੀਆਂ ਹੁੰਦੀਆਂ ਹਨ ਅਤੇ ਤਿਤਲੀਆਂ ਵਾਂਗ ਇਧਰ ਉਧਰ ਘੁੰਮਦੀਆਂ ਫਿਰਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚ ਪ੍ਰਮੁੱਖ ਰੰਗ ਕਾਲਾ ਹੁੰਦਾ ਹੈ ਪੀਲੇ ਰੰਗ ਦੀ ਭਾਅ ਮਾਰਦੀਆਂ ਕਈ ਵੰਨਗੀਆਂ ਵੀ ਹਨ ਜਿਨ੍ਹਾਂ ਉੱਤੇ ਗੂੜ੍ਹੇ ਰੰਗਾਂ ਦੀਆਂ ਧਾਰੀਆਂ ਅਤੇ ਇਕ ਜਾਂ ਇਕ ਤੋਂ ਵੱਧ ਵੱਡੇ ਵੱਡੇ ਧੱਬੇ ਵੀ ਹੁੰਦੇ ਹਨ।

ਇਨ੍ਹਾਂ ਦੀਆਂ ਪ੍ਰਸਿੱਧ ਜਾਤੀਆਂ ਇਹ ਹਨ : ਹਿੰਦ-ਸ਼ਾਂਤ ਮਹਾਸਾਗਰਾਂ ਦੀ ਲੰਬੇ ਨੱਕ ਵਾਲੀ ਕਿਸਮ ਕੀਲਮੋਨ ਰੋਸਟਰੇਟਸ (Chelmon rostratus) ; ਅੰਧ ਮਹਾਸਾਗਰ ਦੀ ਲੰਬੀ ਥੂਥਨ ਵਾਲੀ ਕਿਸਮ ਪ੍ਰੋਗਨੈਥੋਡਜ਼ ਐਕੁਲੀਟਸ (Prognathodes aculeatus) ; ਪੱਛਮੀ ਭਾਰਤ ਦੀ ਚਾਰ ਅੱਖਾਂ ਵਾਲੀ ਕਿਸਮ ਕੀਟੋਡਾੱਨ ਕੈਪੀਸਟਰੇਟਸ (Chaetodon Capistratus); ਜਿਸਦੀ ਪੂਛ ਉੱਤੇ ਚਿੱਟੇ ਚੱਕਰ ਅੰਦਰ ਇਕ ਕਾਲੀ ਅੱਖ (ocellus) ਹੁੰਦੀ ਹੈ। ਪੱਛਮੀ ਅੰਧ ਮਹਾਸਾਗਰੀ ਜਾਤੀ ਕੀਟੋਡਾੱਨ ਆੱਸੀਲੇਟਸ (c. ocellatus); ਜਿਸ ਦੇ ਖੰਭੜੇ ਪੀਲੇ ਰੰਗ ਦੇ ਹੁੰਦੇ ਹਨ ਅਤੇ ਪਿੱਠ ਖੰਭੜੇ ਦੇ ਅਧਾਰ

ਉੱਤੇ ਇਕ ਕਾਲਾ ਧੱਬਾ ਹੁੰਦਾ ਹੈ; ਹਿੰਦ ਸ਼ਾਂਤ ਮਹਾਸਾਗਰੀ ਜਾਤੀ Heniochus acuminatus ਜਿਸ ਨੂੰ ਫੈਦਰ-ਫਿਨ ਬੁਲ ਫਿਸ਼ ਕਿਹਾ ਜਾਂਦਾ ਹੈ, ਇਹ ਕਾਲੀਆਂ ਤੇ ਚਿੱਟੀਆਂ ਧਾਰੀਆਂ ਵਾਲੀ ਕਿਸਮ ਹੈ, ਜਿਸ ਦੇ ਖੰਭੜੇ ਉੱਤੇ ਇਕ ਲੰਬਾ ਕੰਡਾ ਹੁੰਦਾ ਹੈ।

ਹ.ਪੁ.—ਐਨ. ਬ੍ਰਿ. ਮਾ. 2 : 408

**ਤਿਤਲੀ** : ਇਹ ਲੈਪਿਡਾੱਪਟਰਾ **(Lepidoptera)** ਵਰਗ ਦੇ ਕੀੜਿਆਂ ਵਿਚੋਂ ਇਕ ਹੈ। ਇਸ ਵਰਗ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ। ਇਕ ਵਿਚ ਤਿਤਲੀਆਂ ਅਤੇ ਦੂਜੇ ਵਿਚ ਪਤੰਗੇ ਆਉਂਦੇ ਹਨ। ਇਹ ਕੀੜੇ ਦੇਖਣ ਵਿਚ ਇਕ ਦੂਜੇ ਨਾਲੋਂ ਕਾਫ਼ੀ ਭਿੰਨ ਲਗਦੇ ਹਨ ਅਤੇ ਇਨ੍ਹਾਂ ਦੀ ਸਰੀਰਕ ਬਣਤਰ ਵੀ ਵਖਰੀ ਹੁੰਦੀ ਹੈ।

ਲੈਪਿਡਾੱਪਟਰਾ ਵਰਗ ਦੀਆਂ 158 ਕੁਲਾਂ ਹਨ, ਜਿਨ੍ਹਾਂ ਵਿਚੋਂ ਲਗਭਗ 18 ਕੇਵਲ ਤਿਤਲੀਆਂ ਦੀਆਂ ਹੀ ਹਨ। ਤਿਤਲੀਆਂ ਸਾਰੇ ਸੰਸਾਰ ਵਿਚ ਰੰਗ ਬਰੰਗੀਆਂ ਕਿਸਮਾਂ ਵਿਚ ਫੈਲੀਆਂ ਹੋਈਆਂ ਮਿਲਦੀਆਂ ਹਨ। ਤਪਤ-ਖੰਡੀ ਇਲਾਕਿਆਂ ਵਿਚ ਤਿਤਲੀਆਂ ਆਮ ਨਾਲੋਂ ਵੱਡੇ ਆਕਾਰ ਦੀਆਂ ਅਤੇ ਬਹੁਤੇ ਰੰਗਾਂ ਵਾਲੀਆਂ ਹੁੰਦੀਆਂ ਹਨ।

ਤਿਤਲੀਆਂ ਦਾ ਸਰੀਰ ਨਰਮ ਹੋਣ ਕਾਰਨ ਇਨ੍ਹਾਂ ਦੇ ਪਥਰਾਟ ਵੀ ਘੱਟ ਮਿਲਦੇ ਹਨ। ਸਭ ਤੋਂ ਪੁਰਾਣੇ ਪਥਰਾਟ ਅਮਰੀਕਾ ਦੇ ਈਓਸੀਨ ਅਤੇ ਆੱਲੀਗੋਸੀਨ ਸਮਿਆਂ ਦੇ ਮਿਲੇ ਹਨ। ਤਿਤਲੀਆਂ ਦੇ ਸਾਰੇ ਸਰੀਰ ਅਤੇ ਖੰਭਾਂ ਉਪਰ ਚਪਟੇ ਚਣਿਆਂ ਵਰਗੇ ਵਾਲ ਹੁੰਦੇ ਹਨ। ਜੇ ਇਨ੍ਹਾਂ ਕੀੜਿਆਂ ਨੂੰ ਫੜਿਆ ਜਾਵੇ ਤਾਂ ਹੱਥਾਂ ਨੂੰ ਪਾਊਡਰ ਵਰਗਾ ਪਦਾਰਥ ਲਗ ਜਾਂਦਾ ਹੈ ਜੋ ਅਸਲ ਵਿਚ ਇਨ੍ਹਾਂ ਦੇ ਸਕੇਲ ਹੁੰਦੇ ਹਨ। ਇਸ ਪਾਊਡਰ ਕਾਰਨ ਹੀ ਖੰਭਾਂ ਦੀ ਸ਼ਿਰਾ-ਤਰਤੀਬ ਠੀਕ ਤਰ੍ਹਾਂ ਨਹੀਂ ਦਿੱਸਦੀ।

ਤਿਤਲੀ ਦਾ ਸਰੀਰ ਤਿੰਨ ਹਿੱਸਿਆਂ ਅਰਥਾਤ ਸਿਰ, ਛਾਤੀ ਅਤੇ ਪੇਟ ਵਿਚ ਵੰਡਿਆ ਹੁੰਦਾ ਹੈ।

ਹ.ਪੁ.—ਐਨ.ਬ੍ਰਿ. 4 : 488

**ਤਿੱਥੀ** : ਚੰਦਰਮਾ ਦੀ ਕਲਾ ਦੇ ਵਧਣ ਘਟਣ ਨਾਲ ਸ਼ੁਮਾਰ ਹੋਣ ਵਾਲੇ ਦਿਨ ਨੂੰ ਤਿੱਥੀ ਕਿਹਾ ਜਾਂਦਾ ਹੈ। ਚੰਦਰਮਾ ਦੇ ਹਿਸਾਬ ਨਾਲ ਮਹੀਨੇ ਦੇ ਦੋ ਪੱਖ ਹੁੰਦੇ ਹਨ— ਇਕ ਕ੍ਰਿਸ਼ਨ ਜਾਂ ਹਨੇਰਾ ਪੱਖ ਅਤੇ ਦੂਜਾ ਸ਼ੁਕਲ ਜਾਂ ਚਾਨਣ ਪੱਖ। ਪਹਿਲੇ ਪੱਖ ਦੀ ਤਿੱਥ ਏਕਮ ਤੋਂ ਅਮਾਵਸ (ਮੱਸਿਆ) ਤੱਕ ਅਤੇ ਦੂਜੇ ਦੀ ਏਕਮ ਤੋਂ ਪੂਰਨਮਾਸ਼ੀ (ਪੁੰਨਿਆ) ਤੱਕ ਗਿਣੀ ਜਾਂਦੀ ਹੈ। ਹਰ ਪੱਖ ਦੀਆਂ ਪੰਦਰਾਂ ਤਿੱਥਾਂ ਹੁੰਦੀਆਂ ਹਨ। ਮਹੀਨੇ ਦੇ ਦੋ ਪੱਖਾਂ ਦੇ ਲਿਖਣ ਲਈ ਤਿੱਥਾਂ ਦੇ ਨਾਲ ਸੁਦੀ ਤੇ ਵਦੀ ਸ਼ਬਦ ਜੋੜੇ ਜਾਂਦੇ ਹਨ। ਸ਼ੁਕਲ (ਚਿੱਟਾ) ਦਿਨ ਦਾ ਸੰਖੇਪ ਸ਼ੁਦਿ ਹੈ ਜਿਸ ਤੋਂ ਸੁਦੀ ਬਣ ਗਿਆ ਹੈ। ਬਹੁਲ (ਕਾਲਾ) ਦਿਨ ਦਾ ਸੰਖੇਪ ਬਦਿ ਹੈ ਜਿਸ ਤੋਂ ਬਦੀ ਜਾਂ ਵਦੀ ਸ਼ਬਦ ਬਣਿਆ ਹੈ।

ਹ.ਪੁ.—ਸੈ.ਕੋ.: 193 ; ਮ.ਕੋ.

**ਤਿੰਨ ਅਗਨੀਆਂ** : ਸੰਸਕ੍ਰਿਤ ਦੇ ਵਿਦਵਾਨਾਂ ਨੇ ਤਿੰਨ ਅਗਨੀਆਂ ਮੰਨੀਆਂ ਹਨ। ਪਹਿਲੀ ਅਗਨੀ 'ਭੌਮ' ਅਥਵਾ 'ਦਾਵਾ' ਅਗਨੀ ਹੈ ਜਿਸ ਨਾਲ ਲੋਕ ਭੋਜਨ ਆਦਿ ਤਿਆਰ ਕਰਦੇ ਹਨ। ਇਹ ਅਗਨੀ ਜੰਗਲਾਂ ਨੂੰ ਸਾੜ ਕੇ ਸੁਆਹ ਕਰਦੀ ਦੇਖੀ ਜਾਂਦੀ ਹੈ। ਦੂਜੀ ਅਗਨੀ 'ਦਿਵਯ' ਅਰਥਾਤ ਅਕਾਸ਼ ਦੀ ਬਿਜਲੀ ਨੂੰ ਮੰਨਿਆ ਗਿਆ ਹੈ। ਤੀਜੀ ਅਗਨੀ ਉਦਰ ਅਥਵਾ ਪੇਟ ਦੀ ਅਗਨੀ ਹੈ ਜੋ ਸਰੀਰ ਦੀ ਗਰਮੀ ਹੈ। ਇਸ ਨਾਲ ਜੀਵ ਦੁਆਰਾ ਖਾਧੀ ਹੋਈ ਖੁਰਾਕ ਹਜ਼ਮ ਹੁੰਦੀ ਹੈ।

ਕਰਮ ਕਾਂਡੀਆਂ ਨੇ ਤਿੰਨ ਅਗਨੀਆਂ ਇਸ ਪ੍ਰਕਾਰ ਮੰਨੀਆਂ ਹਨ :— ਉਨ੍ਹਾਂ ਅਨੁਸਾਰ ਪਹਿਲੀ ਗਾਰਹਪਤਯ ਅਗਨੀ ਹੈ ਜਿਸ ਨਾਲ ਯੱਗ ਵਿਚ ਵਰਤੇ ਜਾਣ ਵਾਲੇ ਬਰਤਨ ਤਪਾਏ ਜਾਂਦੇ ਹਨ ਅਤੇ ਯੱਗ ਲਈ ਭੋਜਨ ਆਦਿ ਤਿਆਰ ਕੀਤਾ ਜਾਂਦਾ ਹੈ। ਆਹਵਨੀਯ ਦੂਜੀ ਅਗਨੀ ਹੈ ਜੋ ਕਿ ਮੰਤ੍ਰਾਂ ਨਾਲ ਗਾਰਹਪਤਯ ਅਗਨੀ ਵਿਚੋਂ ਲੈ ਕੇ ਯੱਗ ਮੰਡਪ ਦੇ ਪੂਰਬ ਵੱਲ ਹਵਨ ਲਈ ਰੱਖੀ ਜਾਂਦੀ ਹੈ। ਦਾਕਸ਼ਣੀਯ ਤੀਜੀ ਅਗਨੀ ਹੈ ਜੋ ਯੱਗ ਮੰਡਪ ਦੇ ਦੱਖਣ ਵੱਲ ਰੱਖੀ ਹੁੰਦੀ ਹੈ। ਇਸ ਨਾਲ ਯੱਗ ਸਮਾਪਤੀ ਤੇ ਪੂਜਾ ਹੁੰਦੀ ਹੈ।

ਹ.ਪੁ.—ਮ.ਕੋ. : 590

**ਤਿੰਨ-ਭੇਦ** : ਇਹ ਸੰਸਾਰ ਦੇ ਸਾਰੇ ਪਦਾਰਥਾਂ ਨੂੰ ਇਕ ਦੂਜੇ ਤੋਂ ਵੱਖ ਕਰਨ ਵਾਲੇ ਫਰਕ ਹੁੰਦੇ ਹਨ।

1. ਸਜਾਤੀਯ ਅਰਥਾਤ ਉਸੇ ਜਾਤੀ ਵਿਚ ਭੇਦ ਜਿਵੇਂ, ਪੂਰਬੀ, ਬੰਗਾਲੀ, ਦੱਖਣੀ ਮਨੁੱਖ, ਕਾਬੁਲੀ ਘੋੜਾ ਅਤੇ ਅਰਬੀ ਘੋੜਾ ਆਦਿ।
2. ਵਿਜਾਤੀਯ ਅਰਥਾਤ ਦੂਜੀ ਜਾਤੀ ਦਾ ਭੇਦ ਜਿਵੇਂ; ਆਦਮੀ ਅਤੇ ਪਸ਼ੂ ; ਪੱਥਰ ਅਤੇ ਬਿਰਛ ਆਦਿ।
3. ਸ੍ਵਗਤ ਅਰਥਾਤ ਆਪਣੇ ਹੀ ਸਰੀਰ ਵਿਚ ਭੇਦ ਕਰਨ ਵਾਲੇ ਅੰਗ ਚਿੰਨ੍ਹ ਆਦਿ।

ਹ.ਪੁ.-ਮ.ਕੋ.

**ਤਿੰਨ ਰਤਨ** : ਇਹ ਬੋਧੀ ਅਤੇ ਜੈਨੀ ਧਰਮ-ਸਿਧਾਂਤਾਂ ਦੇ ਤਿੰਨ ਹਿੱਸੇ ਹਨ।

ਬੁੱਧ ਧਰਮ ਵਿਚ ਤਿੰਨ ਰਤਨ ਬੁੱਧ, ਧਰਮ ਸਿਧਾਂਤ ਅਤੇ ਸੰਘ (ਭਾਵ ਮਤਾਂ ਦੇ ਜੀਵਨ ਜਾਂ ਬੁੱਧ ਦੇ ਅਨੁਯਾਈਆਂ) ਨੂੰ ਦਰਸਾਉਂਦੇ ਹਨ। ਮਹਾਤਮਾਂ ਬੁੱਧ ਦੇ ਸਮੇਂ ਤੋਂ ਹੀ ਬੁੱਧ ਮੱਤ ਵਿਚ ਸ਼ਾਮਲ ਹੋਣ ਵੇਲੇ ਹਰ ਵਿਅਕਤੀ ਨੂੰ ਇਨ੍ਹਾਂ ਤਿੰਨ ਗੱਲਾਂ ਦਾ ਪੈਰੋਕਾਰ ਹੋਣਾ ਜ਼ਰੂਰੀ ਸੀ "ਮੈਂ ਬੁੱਧ ਦੀ ਸ਼ਰਣ ਆਉਂਦਾ ਹਾਂ, ਮੈਂ ਬੁੱਧ ਸਿਧਾਂਤ ਦੀ ਸ਼ਰਣ ਆਉਂਦਾ ਹੈਂ, ਮੈਂ ਬੁੱਧ ਮੱਤ ਦੀ ਸ਼ਰਣ ਆਉਂਦਾ ਹਾਂ।"

ਜੈਨ ਧਰਮ ਵਿਚ ਇਸ ਨੂੰ ਰਤਨਾ-ਤ੍ਰੈ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਾ ਭਾਵ 'ਸਹੀ ਵਿਸ਼ਵਾਸ', 'ਸਹੀ ਗਿਆਨ' ਅਤੇ 'ਸਹੀ ਚਰਿਤੱਰ' ਤੋਂ ਹੈ।

- ਕਲਾ ਦੇ ਖੇਤਰ ਵਿਚ 'ਤ੍ਰੈ-ਰਤਨਾ' ਤ੍ਰਿਸ਼ੂਲ ਦਾ ਪ੍ਰਤੀਕ ਹੈ।

ਹ.ਪੁ.—ਐਨ.ਬ੍ਰਿ.ਮਾ. 10 : 130

**ਤਿਪਾਈ** : ਤਿਪਾਈ ਭਾਵ ਤਿੰਨ ਪੈਰਾਂ ਜਾਂ ਪਾਵਿਆਂ ਵਾਲੀ ਕੋਈ ਚੀਜ਼। ਕਿਸੇ ਵੀ ਕਿਸਮ ਦਾ ਫਰਨੀਚਰ ਜਾਂ ਹੋਰ ਸਜਾਵਟ ਦੀ ਵਸਤੂ, ਜਿਸ ਦੀਆਂ ਤਿੰਨ ਲੱਤਾਂ ਹੋਣ, ਤਿਪਾਈ ਅਖਵਾਉਂਦੀ ਹੈ। ਇਹ ਸ਼ਬਦ ਹਰ ਇਕ ਵਸਤੂ ਲਈ ਜਿਸ ਦੀਆਂ ਤਿੰਨ ਲਤਾਂ ਹੋਣ ਲਈ ਵਰਤਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਮੇਜ਼, ਸਟੂਲ, ਲਾਈਟ-ਸਟੈਂਡ ਆਦਿ ਸ਼ਾਮਲ ਹਨ। ਇਸ ਦੀ ਵਰਤੋਂ ਕੰਪਾਸ, ਥੀਓਡੋਲਾਈਟ ਸਟੈਂਡ ਆਦਿ ਲਈ ਵੀ ਕੀਤੀ ਜਾਂਦੀ ਹੈ। ਹਰ ਧਰਮ ਦੇ ਪੂਜਾ ਸਥਾਨਾਂ ਵਿਚ ਵੀ ਕਈ ਪ੍ਰਕਾਰ ਦੇ ਸਾਮਾਨ ਲਈ ਇਸ ਨੂੰ ਵਰਤਿਆ ਜਾਂਦਾ ਹੈ।

ਬਹੁਤ ਸਾਰੇ ਧਾਰਮਿਕ ਅਤੇ ਪ੍ਰਤੀਕਾਤਮਕ ਸੰਸਕਾਰਾਂ ਨਾਲ ਜੁੜੀ ਹੋਣ ਕਰਕੇ ਤਿਪਾਈ ਪੁਰਾਤਨ ਕਾਲ ਵਿਚ ਬਹੁਤ ਹੀ ਪ੍ਰਚਲਿੱਤ ਸੀ। ਤਿਪਾਈ ਦਾ ਇਨ੍ਹਾਂ ਸੰਸਕਾਰਾਂ ਨਾਲ ਜੁੜੇ ਹੋਣ ਦਾ ਕਾਰਣ ਅੰਕ 3 (ਤਿੰਨ) ਦੀ ਰਹੱਸਪੂਰਨ ਮਹੱਤਤਾ ਸੀ। ਤਿੰਨ ਲੱਤਾਂ ਦੇ ਇਕੋ ਹੀ ਥਾਂ ਤੇ ਜੁੜੇ ਹੋਣ ਨੇ ਹੀ ਸ਼ਾਇਦ ਈਸਾਈਆਂ ਦੇ ਪੂਜਾ

ਕਰਨ ਵਾਲੀਆਂ ਵਸਤਾਂ, ਜਿਵੇਂ ਸਲੀਬਾਂ ਅਤੇ ਮੋਮਬੱਤੀ-ਸਟੈਂਡ ਵਿਚ ਤਿਪਾਈ ਦੀ ਵਰਤੋਂ ਨੂੰ ਉਤਸਾਹਿਤ ਕੀਤਾ।

ਬਹੁਪੱਖੀ ਅਤੇ ਸਜਾਵਟੀ ਵਰਤੋਂ ਵਿਚ ਪਹਿਲਾਂ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਸਭ ਤੋਂ ਵੱਧ ਲਾਭਦਾਇਕ ਗੋਲ ਮੇਜ਼ ਹੁੰਦਾ ਹੈ, ਜਿਸ ਦੇ ਹੇਠਾਂ ਕੋਈ ਇਕ ਆਧਾਰ ਹੋਵੇ। ਇਸ ਕੰਮ ਲਈ ਇਕ ਤਿੰਨ ਲੱਤਾਂ ਵਾਲੇ ਆਧਾਰ ਦੀ ਲੋੜ ਸੀ। ਇਹੋ ਕਾਰਨ ਸੀ ਕਿ 18ਵੀਂ ਅਤੇ 19ਵੀਂ ਸਦੀ ਵਿਚ ਵੀ ਗੋਲ ਮੇਜ਼ਾਂ ਲਈ ਤਿਪਾਈ ਜਾਂ ਤਿੰਨ ਲੱਤਾਂ ਵਾਲੇ ਆਧਾਰ ਹੀ ਪ੍ਰਚਲਿੱਤ ਸਨ। ਅੱਜਕੱਲ੍ਹ ਇਸ ਦੀ ਥਾਂ ਇਕ ਧਾਤ ਦੇ ਬਣੇ ਕ੍ਰਾਸ ਨੇ ਲੈ ਲਈ ਹੈ ਜਿਹੜਾ ਕਿ ਫਰਸ਼ ਉੱਤੇ ਸਿੱਧਾ ਟਿਕਦਾ ਹੈ ਅਤੇ ਮੇਜ਼ ਦੇ ਹੇਠਾਂ ਲਗੀ ਇਕ ਪਤਲੀ ਥੰਮ੍ਹੀ ਨੂੰ ਸਹਾਰਾ ਦਿੰਦਾ ਹੈ। ਗੋਲ ਅਧਾਰ ਵਾਲੀ ਇਕ ਪਲਾਸਟਿਕ ਦੀ ਥੰਮ੍ਹੀ ਨੂੰ ਵੀ ਇਸ ਦੀ ਥਾਂ ਲਗਾਇਆ ਜਾਣ ਲਗ ਪਿਆ ਹੈ ਪਰੰਤੂ 18ਵੀਂ ਸਦੀ ਦੇ ਅਖ਼ੀਰ ਵਿਚ ਲੋਕਾਂ ਦੀ ਦਿਲਚਸਪੀ ਕਲਾਸਕੀ ਫਰਨੀਚਰ ਵੱਲ ਵੱਧ ਜਾਣ ਕਾਰਣ ਸਜਾਵਟੀ ਫਰਨੀਚਰ ਲਈ ਤਿਪਾਈ ਦੀ ਵਰਤੋਂ ਵਿਚ ਕਾਫ਼ੀ ਵਾਧਾ ਹੋਇਆ। ਇਸੇ ਤਰ੍ਹਾਂ 19ਵੀਂ ਸਦੀ ਵਿਚ ਢਲਵੇਂ ਲੋਹੇ ਦਾ ਫਰਨੀਚਰ ਜਿਵੇਂ ਕਿ ਬਗ਼ੀਚੇ ਵਿਚ ਰੱਖੇ ਜਾਣ ਵਾਲੇ ਮੇਜ਼ ਆਦਿ ਬਣਨੇ ਸ਼ੁਰੂ ਹੋ ਗਏ ਜਿਨ੍ਹਾਂ ਲਈ ਤਿਪਾਈ ਦਾ ਆਧਾਰ ਵਜੋਂ ਪ੍ਰਯੋਗ ਆਮ ਕੀਤਾ ਜਾਣ ਲਗਾ। ਪ੍ਰਯੋਗਸ਼ਾਲਾ ਵਿਚ ਉਪਕਰਣ ਰੱਖਣ ਲਈ ਤਿਪਾਈ ਦੀ ਵਰਤੋਂ ਅਕਸਰ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਤਿਪਾਈ ਦੀ ਵਰਤੋਂ ਹੋਰ ਅਨੇਕ ਪ੍ਰਕਾਰ ਦੀਆਂ ਮਸ਼ੀਨਾਂ ਤੇ ਯੰਤਰਾਂ ਦੇ ਆਧਾਰਾਂ ਲਈ ਕੀਤੀ ਜਾਂਦੀ ਹੈ ਜਿਵੇਂ ਫੋਟੋਗ੍ਰਾਫ਼ੀ ਕੈਮਰੇ, ਮੈਡੀਕਲ ਉਪਕਰਣ, ਨਲਕੇ ਲਗਾਉਣ, ਭਾਰੀ ਵਸਤਾਂ ਚੁਕਣ ਲਈ, ਭੌਣੀ ਫਿੱਟ ਕਰਨ ਆਦਿ ਲਈ।

ਹ.ਪੁ.—ਐਨ. ਬ੍ਰਿ.ਮਾ. 10; 128

**ਤਿੱਬਤ** : ਚੀਨ (ਪੀਪਲਜ਼ ਰਿਪਬਲਿਕ ਆਫ਼ ਚਾਈਨਾ) ਦਾ ਇਹ ਇਕ ਖੁਦਮੁਖ਼ਤਾਰ ਖੰਡ ਹੈ ਜਿਹੜਾ ਕੇਂਦਰੀ ਏਸ਼ੀਆ ਵਿਚ ਸਥਿਤ ਹੈ। ਇਸਦੇ ਉੱਤਰ ਤੇ ਪੂਰਬੀ ਖੇਤਰ ਵਿਚ ਚੀਨ ਦੇ ਹੋਰ ਮਾਤਹਿਤ ਇਲਾਕੇ, ਪੱਛਮ ਵਿਚ ਭਾਰਤ ਅਤੇ ਦੱਖਣ ਵਿਚ ਭਾਰਤ, ਨੇਪਾਲ, ਭੂਟਾਨ ਅਤੇ ਮਿਆਂਮਾਰ (ਬਰਮਾ) ਦੇਸ਼ ਹਨ। ਸੰਨ 1951 ਵਿਚ ਚੀਨ ਦੇ ਅਧਿਕਾਰ ਹੇਠ ਆਉਣ ਤੋਂ ਪਹਿਲਾਂ ਇਹ ਕੇਂਦਰੀ ਏਸ਼ੀਆ ਦਾ ਇਕ ਆਜ਼ਾਦ ਦੇਸ਼ ਹੁੰਦਾ ਸੀ। ਇਸਨੂੰ 'ਲਾਮਿਆਂ ਦਾ ਦੇਸ਼' ਜਾਂ ਬੋਧੀ ਭਿਕਸ਼ੂਆਂ ਦਾ ਖੇਤਰ ਕਰਕੇ ਜਾਣਿਆ ਜਾਂਦਾ ਸੀ। ਇਹ ਲਾਮੇ ਇਥੋਂ ਦੇ ਰਾਜੇ ਹੁੰਦੇ ਸਨ। ਦੁਨੀਆਂ ਦੇ ਲੋਕਾਂ ਲਈ ਇਹ ਇਕ ਭੇਦਭਰੀ ਅਤੇ ਅਪਹੁੰਚ ਧਰਤੀ ਸੀ ਅਤੇ ਇਸਨੂੰ ਸਭ ਤੋਂ ਉੱਚਾਈ ਤੇ ਹੋਣ ਕਰਕੇ 'ਸੰਸਾਰ ਦੀ ਛੱਤ' (Roof of the world) ਵੀ ਕਿਹਾ ਜਾਂਦਾ ਸੀ। ਇਸ ਦੇਸ਼ ਦਾ ਨਾਲ ਲਗਵੇਂ ਚੀਨ ਤੋਂ ਸਿਵਾਏ ਕਿਸੇ ਹੋਰ ਦੇਸ਼ ਨਾਲ ਕੋਈ ਸੰਪਰਕ ਨਹੀਂ ਸੀ ਹੋ ਸਕਿਆ। ਚੀਨ ਨਾਲ ਜੁੜਨ ਪਿੱਛੋਂ ਹੀ ਇਸਦੀ ਉੱਨਤੀ ਸੰਭਵ ਹੋ ਸਕੀ ਹੈ ਅਤੇ ਇਸ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਹਾਸਲ ਹੋ ਸਕੀ ਹੈ। ਸੰਸਾਰ ਯੁਧਾਂ ਦੌਰਾਨ ਇਹ ਨਿਰਪੱਖ ਹੀ ਰਿਹਾ ਹੈ। ਇਸਦਾ ਖੇਤਰਫਲ 12,21,700 ਵ.ਕਿ.ਮੀ. ਅਤੇ ਆਬਾਦੀ 22,20,000 (1990) ਹੈ। ਇਸ ਦੀ ਰਾਜਧਾਨੀ ਲਾਸਾ ਹੈ।

## ਭੂ-ਆਕ੍ਰਿਤੀ ਵਿਗਿਆਨ

ਇਹ ਸੰਸਾਰ-ਭਰ ਵਿਚ ਬਹੁਤ ਉੱਚਾ ਪਠਾਰੀ ਇਲਾਕਾ ਹੈ। ਇਹ ਉੱਚੀ ਪਠਾਰ ਆਲੇ-ਦੁਆਲਿਉਂ ਬਹੁਤ ਉਚੇ ਪਹਾੜਾਂ ਨਾਲ ਘਿਰੀ ਹੋਈ ਹੈ। ਇਸ ਦੀ ਔਸਤ ਉਚਾਈ 4,848 ਮੀ. (16,000 ਫੁੱਟ) ਹੈ। ਪਠਾਰ ਦੇ ਉੱਤਰ ਵਿਚ ਕੁਨਲੁਨ ਪਹਾੜ, ਪੱਛਮ ਵਿਚ ਕਰਾਕੁਰਮ ਪਹਾੜ, ਦੱਖਣ-ਪੱਛਮ ਵਿਚ ਲਦਾਖ ਦੀਆਂ ਪਹਾੜੀਆਂ, ਦੱਖਣ ਵੱਲ ਹਿਮਾਲਾ ਪਰਬਤ ਹਨ। ਤਿੱਬਤ ਦੇ ਦੱਖਣੀ ਹਿੱਸੇ ਵਿਚ ਸੰਸਾਰ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ (8,848 ਮੀ. ) ਹੈ ਜੋ ਭਾਰਤ, ਨੇਪਾਲ ਅਤੇ ਚੀਨ ਦੀ ਸਰਹੱਦ ਉੱਤੇ ਸਥਿਤ ਹੈ। ਯਾਲੂੰ ਦਰਿਆ ਇਸਦੀ ਪੂਰਬੀ ਹੱਦ ਬਣਾਉਂਦਾ ਹੈ। ਧਰਾਤਲ ਪੱਖੋਂ ਇ ਖੇਤਰ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :-

(1) ਜਾਂਗ ਡਾਂਗ (Chang Tang) ਉੱਤਰੀ ਪਠਾਰ

(2) ਨਗਾ-ਰੀ ਦਾ ਪੱਛਮੀ ਉੱਚ-ਭੂਮੀ ਖੇਤਰ

(3) ਯੂ ਅਤੇ ਸਾਂਗ ਦੀ ਦੱਖਣੀ-ਮੱਧਵਰਤੀ ਵਾਦੀਆਂ

(4) ਖਾਮ ਦੀਆਂ ਪੂਰਬੀ ਵਾਦੀਆਂ

ਜਾਂਗ-ਡਾਂਗ ਖੇਤਰ ਜਿਹੜਾ ਪਠਾਰ ਦੇ ਉੱਤਰ ਵੱਲ ਪੂਰਬ ਤੋਂ ਪੱਛਮ ਦਿਸ਼ਾ ਵਿਚ 1,300 ਕਿ.ਮੀ. ਲੰਬੇ ਖੇਤਰ ਵਿਚ ਫੈਲਿਆ ਹੋਇਆ ਹੈ, ਇਕ ਠੰਡਾ ਮਾਰੂਥਲੀ ਖੇਤਰ ਹੈ। ਇਸਦੀ ਔਸਤ ਉਚਾਈ 4,545 ਮੀ. ਹੈ। ਇਸ ਉੱਤੇ ਅਣਗਿਣਤ ਝੀਲਾਂ ਹਨ। ਇਸਦੇ ਉੱਤਰ ਵੱਲ ਕੁਨਲੁਨ ਪਹਾੜ ਹਨ ਜਿਨ੍ਹਾਂ ਦੀ ਵੂਲਮਜ਼ ਸਿਖਰ 7,723 ਮੀ ਉੱਚੀ ਹੈ। ਇਹ ਪਹਾੜ ਇਸ ਨੂੰ ਸੈਦਮ ਬੇਸਿਨ ਨਾਲੋਂ ਨਖੇੜਦੇ ਹਨ।

ਨਗਾ-ਰੀ ਦੇ ਪੱਛਮੀ ਉੱਚ-ਭਾਗਾਂ ਵਿਚ ਕਰਾਕੁਰਮ ਤੇ ਹੋਰ ਪਹਾੜੀ ਸਿਲਸਿਲੇ ਤਿੱਬਤ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਨਾਲੋ ਵੱਖ ਕਰਦੇ ਹਨ। ਇਸੇ ਖੇਤਰ ਵਿਚੋਂ ਭਾਰਤ ਅਤੇ ਪਾਕਿਸਤਾਨ ਦੇ ਕਈ ਵੱਡੇ ਦਰਿਆ ਨਿਕਲਦੇ ਹਨ। ਦਰਿਆ ਸਿੰਧ ਆਪਣੇ ਸ੍ਰੋਤ, ਮਾਊਂਟ ਕੈਲਾਸ਼ ਵਿਚੋਂ ਨਿਕਲ ਕੇ ਕਰਾਕੁਰਮ ਪਹਾੜਾਂ ਵਿਚੋਂ ਵਹਿੰਦਾ ਹੋਇਆ ਅੱਗੇ ਪਾਕਿਸਤਾਨ ਵਿਚ ਚਲਾ ਜਾਂਦਾ ਹੈ ਜਦੋਂ ਕਿ ਸਤਲੁਜ ਭਾਰਤ ਦੇ ਪੰਜਾਬ ਰਾਜ ਵਿਚ ਵਗਦਾ ਹੈ। ਗੰਗਾ ਅਤੇ ਬ੍ਰਹਮਪੁੱਤਰ ਦਰਿਆਵਾਂ ਦੇ ਸ੍ਰੋਤ ਵੀ ਪੱਛਮੀ ਉਚ-ਭੂਮੀ ਵਾਲੇ ਖੇਤਰ ਵਿਚ ਹੀ ਹਨ।

ਤੀਜਾ ਭੂਗੋਲਿਕ ਭਾਗ ਯੂ ਅਤੇ ਸਾਂਗ ਦੀ ਦੱਖਣ-ਕੇਂਦਰੀ ਵਾਦੀ ਹੈ। ਇਹ ਬਹੁਤ ਮਹੱਤਵਪੂਰਨ ਖੇਤਰ ਹੈ। ਇਸ ਖੇਤਰ ਵਿਚ ਬ੍ਰਹਮਪੁੱਤਰ ਜਿਸਨੂੰ ਤਿੱਬਤੀ 'ਸਾਂਗਪੋ' ਆਖਦੇ ਹਨ, ਹਿਮਾਲਾ ਦੇ ਸਮਾਨਾਂਤਰ ਵਹਿੰਦਾ ਹੋਇਆ ਭਾਰਤ ਵਿਚ ਦਾਖ਼ਲ ਹੋ ਜਾਂਦਾ ਹੈ।

ਤਿੱਬਤ ਦਾ ਚੌਥਾ ਧਰਾਤਲੀ ਖੇਤਰ ਚੀਨ ਦੇ ਚਿੰਗ੍ਹਾਈ (Tsinghai) ਅਤੇ ਸੈਚਵਾਨ (Szechawan) ਪ੍ਰਾਂਤਾਂ ਦੇ ਨਾਲ ਲਗਦਾ ਡੂੰਘੀਆਂ ਘਾਟੀਆਂ ਵਾਲਾ ਹੈ। ਇਸ ਖੇਤਰ ਦੇ ਪਹਾੜ ਸਮਾਨਾਂਤਰ ਪਹਾੜੀ ਸਿਲਸਿਲਿਆਂ ਦੇ ਰੂਪ ਵਿਚ ਉੱਤਰ ਤੋਂ ਦੱਖਣ ਵਿਚ ਫੈਲੇ ਹੋਏ ਹਨ ਅਤੇ ਚੀਨ ਦੇ ਚਿੰਗ੍ਹਾਈ ਅਤੇ ਸੈਚਵਾਨ ਪ੍ਰਾਂਤਾਂ ਦੀ ਹੱਦਬੰਦੀ ਕਰਦੇ ਹਨ। ਇਹ ਕਈ ਦਰਿਆਈ ਪ੍ਰਣਾਲੀਆਂ ਦਾ ਸ੍ਰੋਤ ਹੈ—ਜਿਵੇਂ ਕਿ ਹਵਾਂਗ ਹੋ, ਯੈਂਗਸੀ, ਮੇਕਾਂਗ, ਸਲਵੀਨ ਦਰਿਆ ਇਥੋਂ ਹੀ ਹੋਂਦ ਵਿਚ ਆਉਂਦੇ ਹਨ ਅਤੇ ਪੂਰਬ ਅਤੇ ਦੱਖਣ-ਪੂਰਬ ਦੇ ਰੁਖ ਵਹਿੰਦੇ ਹੋਏ ਚੀਨ ਅਤੇ ਦੱਖਣ-ਪੂਰਬੀ ਏਸ਼ੀਆ ਵਿਚ ਦਾਖ਼ਲ ਹੋ ਜਾਂਦੇ ਹਨ।

**ਜਲਵਾਯੂ** — ਸਮੁੰਦਰ ਤੋਂ ਦੂਰੀ, ਸਮੁੰਦਰੀ ਸਤਹ ਤੋਂ ਉਚਾਈ ਅਤੇ ਪਰਬਤਾਂ ਦੇ ਘਿਰਾਉ ਤਿਬਤ ਦੀ ਜਲਵਾਯੂ ਨੂੰ ਪ੍ਰਭਾਵਤ ਕਰਨ ਵਾਲੇ ਕਈ ਕਾਰਨ ਹਨ ਜਿਨ੍ਹਾਂ ਕਰਕੇ ਏਸ਼ੀਆ ਦੇ ਬਾਕੀ ਭਾਗਾਂ ਨਾਲੋਂ ਇਸਦੀ ਜਲਵਾਯੂ ਵੱਖਰੀ ਹੈ। ਚਾਰੋਂ ਪਾਸਿਓਂ ਪਰਬਤੀ ਘੇਰਾ ਨਮੀ ਨਾਲ ਲੱਦੀਆਂ ਪੌਣਾਂ ਨੂੰ ਪਠਾਰ ਤੀਕ ਪਹੁੰਚਣ ਦੇ ਰਾਹ ਵਿਚ ਰੁਕਾਵਟ ਪਾਉਂਦਾ ਹੈ। ਇਸ ਕਰਕੇ ਇਥੇ ਵਰਖਾ ਘੱਟ ਹੁੰਦੀ ਹੈ ਪਰ ਦੂਜੇ ਪਾਸੇ ਉੱਤਰ ਵੱਲੋਂ ਆਉਂਦੀਆਂ ਸੀਤ ਹਵਾਵਾਂ ਉੱਤਰੀ ਜਾਂਗਾ ਡਾਂਗ ਖੇਤਰ ਨੂੰ ਖੁਸ਼ਕ ਅਤੇ ਅਤਿ ਦਰਜੇ ਦਾ ਠੰਢਾ ਬਣਾਉਂਦੀਆਂ ਹਨ ਜਦੋਂ ਕਿ ਭਾਰਤ ਵਲੋਂ ਆਉਂਦੀਆਂ ਗਰਮੀ ਦੀਆਂ ਮੌਨਸੂਨ ਪੌਣਾਂ ਦੱਖਣ-ਪੂਰਬੀ ਵਾਦੀਆਂ ਦੀ ਠੰਢ ਘਟਾ ਕੇ ਮੌਸਮ ਨੂੰ ਸੁਹਾਵਣਾ ਬਣਾਉਂਦੀਆਂ ਹਨ। ਦੱਖਣ-ਪੂਰਬੀ ਵਾਦੀ ਦੇ ਦੱਖਣੀ ਹਿੱਸਿਆਂ ਵਿਚ ਵਰਖਾ ਵਧੇਰੇ ਹੁੰਦੀ ਹੈ ਤੇ ਅੱਗੇ ਉੱਤਰ ਵਲ ਜਾਂਗ

ਡਾਂਗ, ਕਰਾਕੁਰਮ ਅਤੇ ਕੁਨਲੁਨ ਤੱਕ ਪਹੁੰਚਣ ਤੱਕ ਇਹ ਹਵਾਵਾਂ ਖੁਸ਼ਕ ਹੋ ਜਾਂਦੀਆਂ ਹਨ ਜਿਸ ਕਰਕੇ ਵਰਖਾ ਘਟ ਹੁੰਦੀ ਹੈ। ਇਸੇ ਕਰਕੇ ਦੱਖਣੀ ਤਿੱਬਤ ਦੀ ਜਲਵਾਯੂ ਦਰਮਿਆਨੀ ਕਿਸਮ ਦੀ ਹੈ ਜਦੋਂ ਕਿ ਜਾਂਗ ਡਾਂਗ ਖੇਤਰ ਵਿਚ ਅਤਿ ਦੀ ਸਰਦੀ ਪੈਂਦੀ ਹੈ। ਪਰਬਤਾਂ ਵਿਚਲੇ ਦੱਰੇ ਬਰਫ਼ ਨਾਲ ਜੰਮ ਜਾਂਦੇ ਹਨ। ਉੱਤਰੀ ਅਤੇ ਉੱਤਰ-ਪੱਛਮੀ ਪਹਾੜਾਂ ਉੱਤੇ ਉਪ-ਧਰੁਵੀ ਜਲਵਾਯੂ ਰਹਿੰਦੀ ਹੈ। ਸਾਰਾਂਸ਼ ਵਿਚ ਔਸਤ ਵਰਖਾ 20 ਸੈਂ.ਮੀ. (8 ਇੰਚ) ਹੀ ਹੈ ਅਤੇ ਕੇਵਲ ਦੱਖਣੀ ਵਾਦੀ ਦੇ ਖੇਤਰਾਂ ਵਿਚ ਵਰਖਾ ਦੀ ਮਾਤਰਾ ਥੋੜ੍ਹੀ ਜਿਹੀ ਜ਼ਿਆਦਾ ਹੁੰਦੀ ਹੈ।

**ਬਨਸਪਤੀ ਅਤੇ ਜੀਵ-ਜੰਤੂ** — ਉੱਤਰੀ ਮੈਦਾਨ ਜਾਂ ਜਾਂਗ ਡਾਂਗ ਖੇਤਰ ਬੰਜਰ ਹਨ। ਸਾਂਗਪੋ ਦਰਿਆਈ ਵਾਦੀ ਤਿੱਬਤ ਦੀ ਸਭ ਤੋਂ ਵੱਧ ਬਨਸਪਤੀ ਵਾਲੀ ਹੈ। ਗਰਮੀਆਂ ਵਿਚ ਇਥੇ ਕਈ ਤਰ੍ਹਾਂ ਦੇ ਫੁੱਲ ਦੂਰ ਦੂਰ ਤੱਕ ਦਿੱਖਾਈ ਦਿੰਦੇ ਹਨ ਜਿਸ ਕਰਕੇ ਇਸਨੂੰ ਫੁੱਲਾਂ ਦੀ ਵਾਦੀ ਵੀ ਆਖਦੇ ਹਨ। ਹਿਮਾਲਾ ਦੀਆਂ ਹੇਠਲੀਆਂ ਘਾਟੀਆਂ ਵਿਚ ਇਮਾਰਤੀ ਲੱਕੜ ਦੇ ਸੰਘਣੇ ਜੰਗਲ ਹਨ। ਦੱਖਣੀ ਤਿੱਬਤ ਵਿਚਲੀਆਂ ਦਰਿਆਈ ਵਾਦੀਆਂ ਪੱਤਝੜ ਅਤੇ ਕੋਨੀਫਰ ਦੋਨੋਂ ਕਿਸਮਾਂ ਦੇ ਦਰਖ਼ਤਾਂ ਨਾਲ ਢੱਕੀਆਂ ਹੋਈਆਂ ਹਨ।

ਦੱਖਣੀ ਤਿੱਬਤ ਦੇ ਜੰਗਲਾਂ ਵਿਚ ਹਿਰਨ, ਜੰਗਲੀ ਭੇਡ, ਜੰਗਲੀ ਗਧੇ, ਭੇੜੀਏ, ਲੂੰਬੜੀ, ਲਕੜਬੱਘੇ, ਮਾਰਟਨ ਆਮ ਪਾਏ ਜਾਂਦੇ ਹਨ। ਯਾਕ, ਭੇਡਾਂ ਤੇ ਬੱਕਰੀਆਂ ਇਥੋਂ ਦੇ ਆਮ ਪਾਲਤੂ ਜਾਨਵਰ ਹਨ। ਕਈ ਤਰ੍ਹਾਂ ਦੇ ਪੰਛੀ ਅਤੇ ਮੁਰਗਾਬੀਆਂ ਵਰਗੇ ਪ੍ਰਵਾਸੀ ਪੰਛੀ ਵੀ ਇਥੇ ਵੇਖੇ ਜਾ ਸਕਦੇ ਹਨ।

## ਇਤਿਹਾਸ

ਤਿੱਬਤ ਦਾ ਇਤਿਹਾਸ ਸਤਵੀਂ ਸਦੀ ਤੋਂ ਆਰੰਭ ਹੁੰਦਾ ਹੈ। ਉਸ ਸਮੇਂ ਇਥੇ ਸਾਂਗਸੇਨ ਗਾਂਪੋ ਦਾ ਰਾਜ ਹੁੰਦਾ ਸੀ। ਇਸਦੇ ਰਾਜ ਵਿਚ ਅਨੇਕਾਂ ਬੋਧੀ ਲਿਖਤਾਂ ਨੂੰ ਤਿਬ੍ਤੀ ਭਾਸ਼ਾ ਵਿਚ ਉਲਥਾਇਆ ਗਿਆ। ਸਾਂਗਸੇਨ ਨੇ ਨੇਪਾਲੀ ਅਤੇ ਚੀਨ ਦੀਆਂ ਸ਼ਹਿਜ਼ਾਦੀਆਂ ਨਾਲ ਵਿਆਹ ਕਰਕੇ ਆਪਣੇ ਸਬੰਧਾਂ ਨੂੰ ਇਨ੍ਹਾਂ ਦੋਹਾਂ ਦੇਸ਼ਾਂ ਨਾਲ ਮਜ਼ਬੂਤ ਬਣਾਇਆ ਅਤੇ ਇਸ ਦੀਆਂ ਇਨ੍ਹਾਂ ਰਾਣੀਆਂ ਨੇ ਤਿੱਬਤ ਵਿਚ ਬੁੱਧ ਧਰਮ ਦੀ ਉੱਨਤੀ ਲਈ ਨਿੱਗਰ ਯੋਗਦਾਨ ਪਾਇਆ। ਬੁੱਧ ਧਰਮ ਨੂੰ ਰਾਜ ਧਰਮ ਬਣਾਇਆ ਗਿਆ। ਸੰਨ 1013 ਵਿਚ ਭਾਰਤ ਵਿਚੋਂ ਬੁੱਧ ਧਰਮ ਦੇ ਪੈਰੋਕਾਰ ਦੀਪੰਕਰ ਸੀਗਿਆਨ ਤਿੱਬਤ ਵਿਚ ਪਹੁੰਚੇ ਅਤੇ ਬੁੱਧ ਧਰਮ ਦਾ ਪ੍ਰਚਾਰ ਕੀਤਾ। ਇਥੋਂ ਦੇ ਕਈ ਰਾਜੇ ਵੀ ਬੋਧੀ ਬਣ ਗਏ। ਪਰ ਕਈ ਰਾਜੇ ਬੁੱਧ ਧਰਮ ਤੋਂ ਪਹਿਲਾਂ ਦੇ ਪ੍ਰਚੱਲਿਤ ਬਾਨ ਧਰਮ ਦੇ ਹੀ ਪੈਰੋਕਾਰ ਰਹੇ। ਤਿੱਬਤ ਉੱਤੇ ਕਈ ਸ਼ਾਹੀ ਘਰਾਣਿਆਂ ਦਾ ਰਾਜ ਸੀ। 13ਵੀਂ ਸਦੀ ਵਿਚ ਮੰਗੋਲਾਂ ਨੇ ਫਿਰ ਇਸਨੂੰ ਇਕ ਸਾਮਰਾਜ ਵਿਚ ਬਦਲ ਲਿਆ। ਸੰਨ 1247 ਵਿਚ ਸਾਕਯਾਬੰਸੀ ਰਾਜਿਆਂ ਦਾ ਰਾਜਕਾਲ ਆਰੰਭ ਹੋਇਆ। ਮੰਗੋਲ ਸ਼ਾਸਕ, ਕੁਬਲਾ ਖ਼ਾਂ ਨੇ ਤਿੱਬਤ ਦੇ ਸਾਕਯਾ ਮਤ ਦੇ ਲਾਮਾ, ਫਾਗਸਪਾ ਤੋਂ ਪ੍ਰਭਾਵਿਤ ਹੋ ਕੇ ਬੁੱਧ ਧਰਮ ਧਾਰਨ ਕਰ ਲਿਆ ਅਤੇ ਮੰਗੋਲੀ ਬਾਦਸ਼ਾਹਤ ਦੌਰਾਨ ਲਾਮਾਵਾਦ ਨੂੰ ਕੌਮੀ ਧਰਮ ਦੇ ਤੌਰ ਤੇ ਮਾਨਤਾ ਦੇ ਦਿੱਤੀ। ਇਸ ਪਿੱਛੋਂ ਇਸ ਉਤੇ ਕਈ ਸਦੀਆਂ ਤੀਕ ਸਾਕਯਾ ਮਤ ਦੇ ਲਾਮਾ ਰਾਜ ਕਰਦੇ ਰਹੇ। 17ਵੀਂ ਸਦੀ ਵਿਚ ਚੀਨ ਵਿਚ ਮਾਂਚੂ ਸੱਤਾ ਵਿਚ ਆ ਗਏ। ਮਾਂਚੂਆਂ ਨੇ ਸਾਕਯਾ ਦੀ ਥਾਂ ਗਲੁਗੁਪਾ ਫਿਰਕੇ ਨੂੰ ਰਾਜ ਗੱਦੀ ਦੀ ਤਾਜਪੋਸ਼ੀ ਲਈ ਚੁਣ ਲਿਆ। ਇਸ ਫਿਰਕੇ ਦੇ ਦਲਾਈ ਅਤੇ ਪੰਚੇਨ ਦੋ ਬਰਾਬਰ ਦੇ ਧੜੇ ਸਨ। ਇਹ ਦੋਨੋਂ ਹੀ ਪ੍ਰਤਿਭਾਸ਼ਾਲੀ ਸਨ। ਦਲਾਈ ਦੇ ਗੱਦੀ ਤੇ ਬੈਠਣ ਪਿੱਛੋਂ ਪੰਚੇਨ ਲਾਮੇ ਕਈ ਸਦੀਆਂ ਤੀਕ ਧਾਰਮਿਕ ਜਾਂ ਅਧਿਆਤਮਕ ਆਗੂ ਬਣੇ ਰਹੇ ਪਰ ਇਹ ਦੋਨੋਂ ਇਕ ਦੂਜੇ ਦੇ ਦੁਸ਼ਮਣ ਸਨ। ਇਨ੍ਹਾਂ ਦੀ ਆਪਸੀ ਦੁਸ਼ਮਣੀ ਚਿੰਗ ਘਰਾਣੇ ਦੇ ਪੂਰੇ ਰਾਜਕਾਲ ਦੌਰਾਨ ਨਿਰੰਤਰ ਚਲਦੀ ਰਹੀ। ਤਿੱਬਤੀ ਲੋਕ ਆਪਣੇ ਪੰਜਵੇਂ ਦਲਾਈ ਲਾਮੇ



ਲ੍ਹਾਸਾ ਵਿਖੇ ਜਾਖਾਂਗ ਮੰਦਰ ਵਿਚ 11 ਸਿਰਾਂ, 1000 ਭੁਜਾਵਾਂ ਅਤੇ ਗਹਿਣਿਆਂ ਨਾਲ ਸਜੀ ਹੋਈ ਬੁੱਧ ਦੀ ਮੂਰਤੀ



ਭਾਰਤ ਵਿਚ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ (ਸੱਜੇ) ਤਿੱਬਤ ਦੇ ਚੌਧਵੇਂ ਦਲਾਈ ਲਾਮੇ ਦਾ ਸੁਆਗਤ ਕਰਦੇ ਹੋਏ।

ਨੂੰ ਜਿਸਨੇ 17ਵੀਂ ਸਦੀ ਵਿਚ ਰਾਜ ਕੀਤਾ ਸੀ, ਸਭ ਤੋਂ ਵੱਧ ਪ੍ਰਤਿਭਾਸ਼ਾਲੀ ਰਾਜਾ ਮੰਨਦੇ ਹਨ। ਇਸਦੇ ਰਾਜ ਵਿਚ ਪੋਟਾਲਾ ਮਹੱਲ ਦੀ ਉਸਾਰੀ ਹੋਈ ਸੀ। 18ਵੀਂ ਸਦੀ ਵਿਚ ਮਾਂਚੂ ਰਾਜਿਆਂ ਨੇ ਤਿੱਬਤ ਵਿਚ ਆਪਣਾ ਦਬਦਬਾ ਕਾਇਮ ਰੱਖਣ ਅਤੇ ਪ੍ਰਸ਼ਾਸਕੀ ਦੇਖਭਾਲ ਦੀ ਸਹੂਲਤ ਲਈ ਲਾਸਾ ਅਤੇ ਸ਼ੀਗਾਟਸੀ ਵਿਚ ਦੋ ਰੈਜ਼ੀਡੈਂਸੀਆਂ ਵੀ ਸਥਾਪਿਤ ਕੀਤੀਆਂ ਸਨ।

ਇਸ ਪਿੱਛੋਂ 18ਵੀਂ ਸਦੀ ਵਿਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਭਾਰਤ ਅਤੇ ਹੋਰਨਾਂ ਦੇਸ਼ਾਂ ਵਿਚ ਆਪਣੇ ਅੱਡੇ ਸਥਾਪਿਤ ਕਰ ਰਹੀ ਸੀ। 18ਵੀਂ ਸਦੀ ਦੇ ਅਖ਼ੀਰਲੇ ਸਾਲਾਂ ਵਿਚ ਇਸ ਨੇ ਆਪਣਾ ਵਪਾਰਕ ਮਿਸ਼ਨ ਤਿੱਬਤ ਭੇਜਿਆ ਪਰ ਇਸਨੂੰ ਕਿਸੇ ਤਰ੍ਹਾਂ ਵੀ ਕਾਮਯਾਬੀ ਹਾਸਲ ਨਾ ਹੋਈ। ਸੰਨ 1912 ਵਿਚ ਚੀਨ ਵਿਚ ਮਾਂਚੂਆਂ ਦੇ ਰਾਜ ਦੇ ਅੰਤ ਹੋਣ ਨਾਲ ਤਿੱਬਤ ਨੇ ਆਪਣੇ ਆਪ ਨੂੰ ਸੁਤੰਤਰ ਐਲਾਨ ਕਰ ਦਿੱਤਾ। ਇਸ ਤਰ੍ਹਾਂ ਇਥੇ ਚੀਨੀ ਰਾਜ ਦਾ ਅੰਤ ਹੋ ਗਿਆ। ਸੰਨ 1913 ਵਿਚ ਸ਼ਿਮਲੇ ਵਿਖੇ ਚੀਨ, ਤਿੱਬਤ ਅਤੇ ਭਾਰਤ ਦੀ ਬੈਠਕ ਹੋਈ ਜਿਸ ਅਨੁਸਾਰ ਤਿੱਬਤ-ਪੂਰਬੀ ਤੇ ਪੱਛਮੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪੂਰਬੀ ਤਿੱਬਤ ਜਿਸਨੂੰ ਅੰਦਰੂਨੀ ਤਿੱਬਤ ਵੀ ਕਹਿੰਦੇ ਸਨ, ਚੀਨ ਹੇਠ ਆ ਗਿਆ ਤੇ ਪੱਛਮੀ ਜਾਂ ਬਾਹਰਲਾ ਤਿੱਬਤ ਜਿਥੇ ਜ਼ਿਆਦਾਤਰ ਬੋਧੀ ਰਹਿੰਦੇ ਸਨ, ਆਜ਼ਾਦ ਰਿਹਾ। ਸੰਨ 1934 ਵਿਚ ਤੇਰ੍ਹਵੇਂ ਦਲਾਈ ਲਾਮਾ ਦੀ ਮੌਤ ਪਿੱਛੋਂ ਚੀਨ ਪੱਛਮ ਵੱਲ ਵੀ ਵਧਣ ਲੱਗ ਪਿਆ। ਇਸ ਪਿੱਛੋਂ 1940 ਈ. ਵਿਚ ਚੀਨ ਨੇ ਤਿੱਬਤ ਦੇ ਚੌਦਵੇਂ ਲਾਮਾ ਦੀ ਤਾਜਪੋਸ਼ੀ ਦੀ ਰਸਮ ਵਿਚ ਵੀ ਹਿੱਸਾ ਲਿਆ। ਇੰਝ ਚੀਨ ਪੱਛਮੀ ਹਿੱਸੇ ਉੱਤੇ ਕਬਜ਼ਾ ਕਰਨ ਲਈ ਸਾਰੇ ਢੰਗ ਵਰਤ ਰਿਹਾ ਸੀ। ਸੰਨ 1949 ਵਿਚ ਜਦੋਂ ਚੀਨ ਵਿਚ ਕਮਿਊਨਿਸਟ ਤਾਕਤ ਵਿਚ ਆਏ ਤਾਂ ਉਨ੍ਹਾਂ ਨੇ ਪੱਛਮੀ ਤਿੱਬਤ ਵਿਚਲੀਆਂ ਪਹਿਲਾਂ ਵਾਲੀਆਂ ਚੀਨੀ ਹੱਦਾਂ ਬਹਾਲ ਕਰਨ ਦਾ ਐਲਾਨ ਕਰ ਦਿੱਤਾ। ਸੰਨ 1950 ਵਿਚ ਇਨ੍ਹਾਂ ਨੇ ਤਿੱਬਤ ਦੀ ਸਰਹੱਦੀ ਚੌਕੀ ਉੱਤੇ ਕਬਜ਼ਾ ਕਰ ਲਿਆ। ਤਿੱਬਤ ਨੇ ਚੀਨ ਤੋਂ ਮੁਕਤੀ ਪ੍ਰਾਪਤ ਕਰਨ ਲਈ ਕਈ ਦੇਸ਼ਾਂ ਤੋਂ ਮੱਦਦ ਮੰਗੀ ਪਰ ਕੋਈ ਹੁੰਗਾਰਾ ਨਾ ਮਿਲਿਆ। ਅਖ਼ੀਰ ਤਿੱਬਤ ਨੇ ਚੀਨ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਤੇ ਦਲਾਈ ਲਾਮਾ ਨੇ ਸ਼ਾਂਤੀ ਸਥਾਪਨਾ ਮਿਸ਼ਨ ਪੀਕਿੰਗ (ਬੀਜਿੰਗ) ਵਿਖੇ ਭੇਜਿਆ। 27 ਮਈ, 1952 ਨੂੰ 17 ਨੁਕਾਤੀ ਸਮਝੌਤੇ ਤਹਿਤ ਤਿੱਬਤ ਨੂੰ ਨਾਂਮਾਤਰ ਜਿਹੀ ਆਜ਼ਾਦੀ ਦਿੱਤੀ ਗਈ ਅਤੇ ਸਮੁੱਚਾ ਕੰਟਰੋਲ ਚੀਨ ਦਾ ਹੋ ਗਿਆ। ਦਲਾਈ ਲਾਮਾ ਦੇ ਸੀਮਤ ਅਧਿਕਾਰਾਂ ਕਾਰਨ ਅਤੇ ਕੁਝ ਪ੍ਰਸ਼ਾਸ਼ਕੀ ਕਾਰਨਾਂ ਕਰਕੇ ਤਿੱਬਤ ਦੇ ਖਾਂਬਾ ਲੋਕਾਂ ਨੇ ਜ਼ਬਰਦਸਤ ਬਗ਼ਾਵਤ ਕਰ ਦਿੱਤੀ ਪਰ ਚੀਨੀ ਫ਼ੌਜਾਂ ਨੇ ਬਗ਼ਾਵਤ ਕੁਚਲ ਦਿੱਤੀ। ਸੰਨ 1959 ਵਿਚ ਦਲਾਈ ਲਾਮਾ ਭਾਰਤ ਭੱਜ ਆਇਆ। ਤਿੱਬਤੀ ਦਲਾਈ ਲਾਮਾ ਦੀ ਅਗਵਾਈ ਹੇਠ ਅਜੇ ਵੀ ਆਪਣੀ ਆਜ਼ਾਦੀ ਲਈ ਜਦੋ ਜਹਿਦ ਵਿਚ ਲੱਗੇ ਹੋਏ ਹਨ।

### ਆਰਥਿਕਤਾ

ਤਿੱਬਤ ਦੀ ਉੱਚੀ ਨੀਵੀਂ ਪਠਾਰੀ ਧਰਤੀ, ਅਤਿਅੰਤ ਠੰਢੀ ਜਲਵਾਯੂ ਅਤੇ ਆਵਾਜਾਈ ਦੇ ਚੰਗੇ ਸਾਧਨਾਂ ਦੀ ਘਾਟ ਇਥੋਂ ਦੀ ਆਰਥਿਕ ਉੱਨਤੀ ਦੇ ਰਾਹ ਵਿਚ ਰੁਕਾਵਟ ਹਨ। ਆਰਥਿਕਤਾ ਦੇ ਮੁੱਖ ਆਧਾਰ ਖੇਤੀ ਅਤੇ ਪਸ਼ੂ ਹਨ।

**ਖਣਿਜ** — ਇਥੇ ਖਣਿਜ ਤਾਂ ਕਾਫ਼ੀ ਹਨ ਪਰ ਇਨ੍ਹਾਂ ਨੂੰ ਖਾਣਾਂ ਵਿਚੋਂ ਕੱਢਿਆ ਨਹੀਂ ਗਿਆ ਕਿਉਂਕਿ ਇਥੋਂ ਦੇ ਲੋਕਾਂ ਦਾ ਅਜਿਹਾ ਵਿਚਾਰ ਹੈ ਕਿ ਜ਼ਮੀਨ ਹੇਠਾਂ ਆਤਮਾਵਾਂ ਨਿਵਾਸ ਕਰਦੀਆਂ ਹਨ। ਜੇਕਰ ਉਨ੍ਹਾਂ ਨੂੰ ਛੇੜਿਆ ਜਾਵੇ ਤਾਂ ਉਹ ਬਦਲਾ ਲੈਂਦੀਆਂ ਹਨ। ਇਸੇ ਕਰਕੇ ਖਾਣ-ਖੁਦਾਈ ਸ਼ੁਰੂ ਤੋਂ ਹੀ ਵਰਜਿਤ ਰਹੀ ਹੈ। ਚੀਨ ਹੇਠ ਆਉਣ ਪਿੱਛੋਂ ਖਣਿਜਾਂ ਦਾ ਸਰਵੇਖਣ ਹੋਇਆ ਅਤੇ ਪਤਾ ਲੱਗਾ ਹੈ ਕਿ ਇਥੇ ਸ਼ੇਲ, ਐਸਫਾਲਟ, ਲੋਹਾ, ਮੈਂਗਨੀਜ਼, ਮੈਗਨੇਸ਼ੀਅਮ, ਤਾਂਬਾ ਜਸਤ, ਸਿੱਕਾ, ਅਲੀਬਡੇਨਮ, ਐਂਟੀਮਨੀ, ਲੂਣ, ਸੋਡਾ, ਬੋਰੇਕਸ ਸਲਫਰ, ਫਟਕੜੀ, ਜਿਪਸਮ ਅਤੇ ਚੀਨੀ ਮਿੱਟੀ ਆਦਿ ਖਣਿਜਾਂ ਦੇ ਭੰਡਾਰ ਮੌਜੂਦ ਹਨ। ਚਾਂਗਡਜ਼ਾ ਦੇ ਆਸਪਾਸ ਕੋਲਾ ਕਾਫ਼ੀ ਹੈ ਭਾਂਗਕੂਲਾ ਅਤੇ ਚਿੰਗਾਈ ਵਿਚ ਵਧੀਆ ਕਿਸਮ ਦਾ ਲੋਹਾ ਮਿਲਿਆ ਹੈ।

**ਖੇਤੀਬਾੜੀ** — ਵਾਹੀਯੋਗ ਜ਼ਮੀਨ ਘੱਟ ਹੋਣ ਦੇ ਬਾਵਜੂਦ ਵੀ ਖੇਤੀਬਾੜੀ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਹੈ। ਦੱਖਣੀ ਤੇ ਪੂਰਬੀ ਖੇਤਰਾਂ ਵਿਚ ਖੇਤੀ ਹੁੰਦੀ ਹੈ। ਜੌਂ ਇਥੋਂ ਦੀ ਮੁੱਖ ਫਸਲ ਹੈ। ਥੋੜ੍ਹੀ ਬਹੁਤ ਚਾਹ ਦੀ ਕਾਸ਼ਤ ਵੀ ਹੁੰਦੀ ਹੈ। ਖੇਤੀਬਾੜੀ ਉਤਪਾਦਨ ਬਹੁਤ ਘੱਟ ਹਨ। ਇਹ ਸਿਰਫ਼ ਗੁਜ਼ਾਰੇ ਜੋਗੇ ਹੀ ਹਨ। ਸੰਨ 1965 ਵਿਚ ਇਥੇ ਕਮਿਊਨਾਂ ਸਥਾਪਿਤ ਕੀਤੀਆਂ ਗਈਆਂ ਅਤੇ ਇਹੋ ਜਿਹੇ ਹੋਰ ਕਈ ਯਤਨਾਂ ਕਰਕੇ 1975 ਈ. ਵਿਚ ਇਹ ਪਹਿਲੀ ਵੇਰ ਅਨਾਜ ਉਤਪਾਦਨਾਂ ਵਿਚ ਆਤਮ ਨਿਰਭਰ ਹੋ ਸਕਿਆ ਸੀ।

ਤਿੱਬਤੀ ਬਹੁਤਾ ਕਰਕੇ ਯਾਕ ਪਾਲਦੇ ਹਨ। ਸੰਨ 1991 ਵਿਚ ਪਸ਼ੂਆਂ ਦੀ ਕੁੱਲ ਗਿਣਤੀ 5.06 ਮਿਲੀਅਨ ਸੀ। ਤਿੱਬਤੀ ਮੱਛੀਆਂ ਨਹੀਂ ਫੜਦੇ। ਥੋੜ੍ਹੀ ਬਹੁਤ ਆਮਦਨੀ ਦਾ ਸਾਧਨ ਜੰਗਲ ਵੀ ਹਨ ਪਰ ਇਸ ਉਦਯੋਗ ਨੂੰ ਹਾਲੇ ਤੀਕ ਉੱਨਤ ਨਹੀਂ ਕੀਤਾ ਜਾ ਸਕਿਆ ਸੀ।

**ਸੱਨਅਤਾਂ** — ਸੰਨ 1950 ਤੋਂ ਪਹਿਲਾਂ ਇਥੇ ਸਿਰਫ਼ ਘਰੇਲੂ ਦਸਤਕਾਰੀਆਂ ਹੀ ਉੱਨਤ ਸਨ। ਚੀਨੀ ਪ੍ਰਸ਼ਾਸਨ ਹੇਠ ਆਧੁਨਿਕ ਸੱਨਅਤਾਂ ਚਾਲੂ ਕੀਤੀਆਂ ਗਈਆਂ ਹਨ। ਲੋਹੇ ਅਤੇ ਲੱਕੜ ਦੀਆਂ ਸੱਨਅਤਾਂ ਲਾਸਾ ਵਿਖੇ ਲਾਈਆਂ ਗਈਆਂ। ਇੰਝ ਸਾਲ 1985 ਵਿਚ ਛੋਟੀਆਂ ਅਤੇ ਵੱਡੀਆਂ ਵਰਕਸ਼ਾਪਾਂ ਦੀ ਗਿਣਤੀ 296 ਹੋ ਗਈ। ਅੱਜਕੱਲ੍ਹ ਇਥੇ ਕਪੜਾ, ਚਮੜਾ ਤੇ ਇਮਾਰਤੀ ਸਾਮਾਨ ਬਣਦਾ ਹੈ।

**ਆਵਾਜਾਈ ਸਾਧਨ** — ਸੰਨ 1951 ਤੱਕ ਤਿੱਬਤੀ ਲੋਕ ਜਾਂ ਤਾਂ ਪੈਦਲ ਯਾਤਰਾ ਕਰਦੇ ਸਨ ਤੇ ਜਾਂ ਫ਼ਿਰ ਜਾਨਵਰ ਉਨ੍ਹਾਂ ਦੀ ਸਵਾਰੀ ਦਾ ਕੰਮ ਦਿੰਦੇ ਸਨ। ਹਿਮਾਲਾ ਪਹਾੜਾਂ ਦੇ ਦੱਰਿਆ ਵਿਚੋਂ ਦੀ ਇਹ ਲੋਕ ਕਾਫ਼ਲਿਆਂ ਦੇ ਰੂਪ ਵਿਚ ਕਸ਼ਮੀਰ, ਨੇਪਾਲ ਅਤੇ ਭਾਰਤ ਦੇ ਹੋਰਨਾਂ ਖੇਤਰਾਂ ਵੱਲ ਪਹੁੰਚਦੇ ਰਹੇ ਹਨ। ਚੀਨੀ ਪ੍ਰਸ਼ਾਸਨ ਅਧੀਨ ਦੋ ਸੜਕਾਂ ਦਾ ਨਿਰਮਾਣ ਵੀ ਹੋਇਆ ਹੈ ਜਿਨ੍ਹਾਂ ਰਾਹੀਂ ਹਿਮਾਲਾ ਪਹਾੜਾਂ ਉਪਰਲੀਆਂ ਕਈ ਮਹੱਤਵਪੂਰਨ ਥਾਵਾਂ ਤੱਕ ਪਹੁੰਚਿਆ ਜਾ ਸਕਦਾ ਹੈ। ਸੰਨ 1991 ਵਿਚ ਸੜਕਾਂ ਦੀ ਲੰਬਾਈ 21,842 ਕਿ.ਮੀ. ਸੀ। ਚੀਨ ਤੋਂ ਲਾਸਾ ਵੱਲ ਹਵਾਈ ਜਹਾਜ਼ਾਂ ਰਾਹੀਂ ਆਵਾਜਾਈ ਆਮ ਹੁੰਦੀ ਹੈ। ਤਿੱਬਤ ਵਿਚ ਕਈ ਫ਼ੌਜੀ ਹਵਾਈ ਅੱਡੇ ਵੀ ਹਨ।

**ਵਪਾਰ** — ਸੰਨ 1951 ਤੋਂ ਪਹਿਲਾਂ ਉੱਨ ਅਤੇ ਲੂਣ ਹਿਮਾਲਾ ਦੇ ਕਾਫ਼ਲਿਆਂ ਦੇ ਰਾਹਾਂ ਵਿਚੋਂ ਦੀ ਭਾਰਤ ਅਤੇ ਨੇਪਾਲ ਨੂੰ ਭੇਜੇ ਜਾਂਦੇ ਸਨ ਅਤੇ ਇਧਰੋਂ ਕਪੜਾ, ਚੌਲ ਤੇ ਘੱਟ ਭਾਰ ਵਾਲੀਆਂ ਕੀਮਤੀ ਚੀਜ਼ਾਂ ਉਧਰ ਭੇਜੀਆਂ ਜਾਂਦੀਆਂ ਸਨ। ਇਹ ਵਪਾਰ 1951 ਈ. ਤੋਂ ਪਿੱਛੋਂ ਵੀ ਕਈ ਸਾਲ ਚਲਦਾ ਰਿਹਾ ਪਰ ਭਾਰਤ ਨਾਲ ਚੀਨ ਦੇ ਸਬੰਧ ਵਿਗੜਨ ਨਾਲ ਹਿਮਾਲਾ ਦੇ ਦੱਰਿਆਂ ਵਿਚੋਂ ਦੀ ਆਵਾਜਾਈ ਅਤੇ ਵਪਾਰ ਬੰਦ ਕਰ ਦਿੱਤਾ ਗਿਆ ਪਰ 1980 ਈ. ਵਿਚ ਨਾਲ ਦੇ ਦੇਸ਼ਾਂ ਨਾਲ ਵਪਾਰ ਫਿਰ ਤੋਂ ਸ਼ੁਰੂ ਹੋ ਗਿਆ।

**ਸਿੱਖਿਆ** — ਚੀਨੀ ਪ੍ਰਸ਼ਾਸਨ ਹੇਠ ਆਉਣ ਤੋਂ ਪਹਿਲਾਂ ਇਥੇ ਵਿਦਿਅਕ ਸੰਸਥਾਵਾਂ ਨਹੀਂ ਹੁੰਦੀਆਂ ਸਨ। ਸਿਰਫ਼ ਮੱਠ ਹੀ ਸਥਾਪਿਤ ਸਨ। ਵੱਡੇ ਮੱਠ ਅਧਿਆਤਮਕ ਪੜ੍ਹਾਈ ਦੀਆਂ ਯੂਨੀਵਰਸਿਟੀਆਂ ਸਨ। ਬੋਧੀ ਸਾਹਿਤ ਸਿੱਖਿਆ ਦਾ ਪਾਠਕ੍ਰਮ ਹੁੰਦਾ ਸੀ। ਮੱਠਾਂ ਵਿਚ ਕਿੱਤਿਆਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ। ਮੱਠ ਵਿਚੋਂ ਤਾਲੀਮ ਲੈਣ ਪਿੱਛੋਂ ਮੱਠਾਂ ਦੇ ਪ੍ਰਸ਼ਾਸ਼ਕੀ ਬੋਰਡ ਵਿਚ ਪੜ੍ਹੇ ਲਿਖੇ ਲੋਕ ਨੌਕਰ ਹੋ ਜਾਂਦੇ ਸਨ। ਸੰਨ 1984 ਵਿਚ ਲਾਸਾ ਵਿਖੇ ਬੋਧੀਆਂ ਦਾ ਧਰਮ-

ਵਿਦਿਆਲਾ ਖੋਲ੍ਹਿਆ ਗਿਆ। ਚੀਨੀ ਪ੍ਰਸ਼ਾਸਨ ਹੇਠ ਇਥੇ ਆਧੁਨਿਕ ਸਿਖਿਆ ਦੀ ਵਿਵਸਥਾ ਕੀਤੀ ਗਈ। ਸੰਨ 1988 ਤੱਕ ਇਥੇ 2437 ਪ੍ਰਾਇਮਰੀ ਸਕੂਲ, 67 ਸੈਕੰਡਰੀ ਸਕੂਲ, 14 ਤਕਨੀਕੀ ਸਕੂਲ ਅਤੇ ਤਿੰਨ ਉੱਚ ਵਿਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ। ਸੰਨ 1985 ਵਿਚ ਯੂਨੀਵਰਸਿਟੀ ਵੀ ਬਣਾਈ ਗਈ।

ਅੱਜਕੱਲ੍ਹ ਸਿਹਤ ਦੀਆਂ ਸਹੂਲਤਾਂ ਵੀ ਇਥੇ ਮੁਹੱਈਆ ਹਨ। ਸੰਨ 1985 ਤੱਕ ਹਸਪਤਾਲਾਂ ਦੀ ਗਿਣਤੀ 962 ਹੋ ਗਈ ਸੀ।

ਲੋਕ

ਤਿੱਬਤੀਆਂ ਦੀ ਜ਼ਿਆਦਾ ਵਸੋਂ ਮੰਗੋਲ ਨਸਲ ਨਾਲ ਮੇਲ ਖਾਂਦੀ ਹੈ। ਇਹ ਲੋਕ ਗੁੰਦਵੀ ਸਰੀਰਕ ਬਣਤਰ ਵਾਲੇ, ਕਾਲੇ ਵਾਲਾਂ ਵਾਲੇ ਹੁੰਦੇ ਹਨ। ਤਿੱਬਤ ਦੇ ਪੂਰਬੀ ਖੇਤਰ ਵਿਚ ਰਹਿਣ ਵਾਲੇ ਲੋਕ ਬਰਮੀ ਨਸਲ ਦੇ ਹਨ। ਇਨ੍ਹਾਂ ਦਾ ਕੱਦ-ਬੁੱਤ ਬਰਮਾ ਦੇ ਕ੍ਰੈਨ ਲੋਕਾਂ ਨਾਲ ਮੇਲ ਖਾਂਦਾ ਹੈ। ਇਨ੍ਹਾਂ ਤੋਂ ਇਲਾਵਾ ਚੀਨੀ, ਨੇਪਾਲੀ ਤੇ ਕਸ਼ਮੀਰੀ ਨਸਲਾਂ ਦੇ ਲੋਕ ਵੀ ਤਿੱਬਤ ਵਿਚ ਵੇਖਣ ਨੂੰ ਮਿਲਦੇ ਹਨ। ਤਿੱਬਤੀ ਸਿੱਧੇ ਸਾਦੇ ਜਿਹੇ ਹੁੰਦੇ ਹਨ। ਇਨ੍ਹਾਂ ਦਾ ਪਹਿਰਾਵਾ ਸਾਦਾ ਹੈ ਅਤੇ ਆਮ ਕਰਕੇ ਇਹ ਲੰਬਾ ਚੋਗਾ ਪਾਉਂਦੇ ਹਨ। ਇਨ੍ਹਾਂ ਦੇ ਰਹਿਣ-ਸਹਿਣ ਉਪਰ ਪੱਛਮੀ ਪ੍ਰਭਾਵ ਹਾਲੇ ਤੀਕ ਨਹੀਂ ਪਿਆ। ਜੌਆਂ ਦਾ ਆਟਾ ਇਨ੍ਹਾਂ ਲੋਕਾਂ ਦਾ ਮੁੱਖ ਆਹਾਰ ਹੈ। ਆਮ ਕਰਕੇ ਇਸਨੂੰ ਮੱਖਣ ਵਿਚ ਗੁੰਨ ਲਿਆ ਜਾਂਦਾ ਹੈ ਅਤੇ ਸੂਪ ਜਾਂ ਚਾਹ ਵਿਚ ਰਿੰਨ ਲਿਆ ਜਾਂਦਾ ਹੈ।

ਤਿੱਬਤੀਆਂ ਦੀ ਸਮਾਜਿਕ ਬਣਤਰ ਵਿਚ ਦੋ ਹੀ ਵਰਗ ਹਨ। ਇਕ ਸ਼ਾਹੀ ਘਰਾਣਿਆਂ ਵਿਚੋਂ ਹਨ ਅਤੇ ਦੂਜੇ ਆਮ ਲੋਕ ਹਨ। ਸ਼ਾਹੀ ਘਰਾਣਿਆਂ ਦੀ ਗਿਣਤੀ 1951 ਵਿਚ 200 ਸੀ। ਇਨ੍ਹਾਂ ਕੋਲ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੀ ਸਨ। ਦੂਜੇ ਆਮ ਲੋਕ ਖੇਤੀ ਕਰਨ ਵਾਲੇ ਜਾਂ ਚਰਵਾਹੇ ਹਨ। ਇਹ ਮੱਠਾਂ ਜਾਂ ਸ਼ਾਹੀ ਘਰਾਣਿਆਂ ਦੀ ਜ਼ਮੀਨ ਵਾਹੁੰਦੇ ਰਹੇ ਹਨ।

ਤਿੱਬਤੀ ਸਮਾਜ ਮੱਠਾਂ, ਭਿਕਸ਼ੂਆਂ ਅਤੇ ਬੋਧੀ ਮੰਦਰਾਂ ਨਾਲ ਮੁੱਢ ਤੋਂ ਹੀ ਜੁੜਿਆ ਰਿਹਾ ਹੈ। ਮੱਠਾਂ ਕੋਲ ਆਪਣੀ ਵਿਸਤ੍ਰਿਤ ਜ਼ਮੀਨ ਵੀ ਹੁੰਦੀ ਸੀ। ਇਹ ਵਪਾਰ ਅਤੇ ਹੋਰ ਸ਼ਹਿਰੀ ਸਹੂਲਤਾਂ ਵਿਚ ਵੀ ਆਪਣਾ ਯੋਗਦਾਨ ਦਿੰਦੇ ਰਹੇ ਹਨ। ਵਪਾਰ ਦੀ ਜ਼ਿੰਮੇਵਾਰੀ ਵੀ ਇਨ੍ਹਾਂ ਦੀ ਸੀ। ਇਸ ਤੋਂ ਬਿਨਾਂ ਇਹ ਕਿੱਤਿਆਂ ਦੀ ਸਿਖਿਆ ਵੀ ਦਿੰਦੇ ਹਨ। ਬੋਧੀ ਮੱਠਾਂ ਵਿਚ ਰਹਿਣ ਵਾਲੇ ਲੋਕ ਬ੍ਰਹਮਚਾਰੀ ਜੀਵਨ ਬਤੀਤ ਕਰਨ ਦੀ ਪ੍ਰਤਿਗਿਆ ਪੂਰੀ ਕਰਦੇ ਸਨ। ਇਸੇ ਕਰਕੇ ਤਿੱਬਤ ਦੀ ਵੱਸੋਂ ਪਿਛਲੇ ਸਮਿਆਂ ਵਿਚ ਸਥਿਰ ਰਹੀ ਹੈ।

ਹ.ਪੁ.—ਐਨ. ਬ੍ਰਿ. 18 : 372; ਕੋਲ.ਐਨ. 18:357;ਐਨ. ਅਮੇ. 26:718; ਹਿੰ.ਵਿ.ਕੋ. 5 : 378

**ਤਿੱਬਤੀ ਸਾਹਿਤ** : ਸਤਵੀਂ ਸਦੀ ਈਸਵੀ ਤੋਂ ਜਦੋਂ ਤੋਂ ਤਿੱਬਤੀ ਭਾਸ਼ਾ ਵਿਕਸਿਤ ਹੋਈ ਅਤੇ ਜਿਹੜੀਆਂ ਧਾਰਮਕ ਤੇ ਰਹੱਸਮਈ ਲਿਖਤਾਂ ਇਸ ਭਾਸ਼ਾ ਵਿਚ ਰਚੀਆਂ ਗਈਆਂ, ਉਹ ਤਿੱਬਤੀ ਸਾਹਿਤ ਅਖਵਾਉਂਦੀਆਂ ਹਨ। 13ਵੀਂ ਸਦੀ ਤਕ ਤਿੱਬਤੀ ਸਾਹਿਤ ਦੀਆਂ ਵਧੇਰੇ ਰਚਨਾਵਾਂ ਸੰਸਕ੍ਰਿਤ ਵਿਚ ਲਿਖੇ ਬੋਧੀ ਗ੍ਰੰਥਾਂ ਦਾ ਅਨੁਵਾਦ ਹੀ ਸਨ। ਕੁਝ ਦੇਸੀ ਸਾਹਿਤ ਵੀ ਹੈ ਜਿਹੜਾ ਕਿ ਜ਼ਬਾਨੀ ਤੌਰ ਤੇ ਅੱਗੇ ਤੋਂ ਅੱਗੇ ਚਲਦੀਆਂ ਰਵਾਇਤਾਂ ਉੱਤੇ ਆਧਾਰਤ ਹੈ। ਇਨ੍ਹਾਂ ਵਿਚ ਇਤਿਹਾਸਕ ਬਿਰਤਾਂਤ, ਰੋਜ਼ਨਾਮਚੇ, ਮਿਥਿਹਾਸਕ ਕਥਾਵਾਂ, ਪੂਜਾ-ਵਿਧੀਆਂ ਅਤੇ ਰਹੱਸਮਈ ਲਿਖਤਾਂ ਹਨ। 13ਵੀਂ ਸਦੀ ਤੋਂ ਮਗਰੋਂ ਤਿੱਬਤੀ ਸਾਹਿਤ ਵਿਚ ਇਤਿਹਾਸ, ਜੀਵਨੀਆਂ, ਧਾਰਮਕ ਨਾਟਕ ਅਤੇ ਬੋਧੀ ਸਿਧਾਂਤਾਂ ਦੇ ਟੀਕੇ ਤੇ ਟਿਪਣੀਆਂ ਲਿਖੇ ਜਾਣ ਲਗ ਪਏ ਪਰ ਤਿੱਬਤੀ ਸਾਹਿਤ ਵਿਚ ਇਕ ਮਹਾਨ ਮਹਾਂਕਾਵਿ 'The great Deeds of King Gesar, Destroyer of Enemies, ਤੋਂ ਇਲਾਵਾ ਲੌਕਿਕ ਸਾਹਿਤ ਬਹੁਤ ਹੀ ਘੱਟ ਰਚਿਆ ਗਿਆ।

ਹ.ਪੁ.—ਐਨ. ਬ੍ਰਿ. ਮਾ. 9 : 996

**ਤਿੱਬਤੀ ਭਾਸ਼ਾ** : ਤਿੱਬਤੀ ਭਾਸ਼ਾ ਚੀਨੀ-ਤਿੱਬਤੀ ਭਾਸ਼ਾ ਪਰਿਵਾਰ ਦੇ ਤਿੱਬਤੀ-ਬਰਮੀ ਗਰੁੱਪ ਨਾਲ ਸਬੰਧ ਰੱਖਦੀ ਹੈ। ਇਹ ਤਿੱਬਤ, ਸਿੱਕਮ, ਨੇਪਾਲ, ਭੂਟਾਨ ਅਤੇ ਭਾਰਤ ਦੇ ਕੁੱਝ ਭਾਗਾਂ ਵਿਚ ਬੋਲੀ ਜਾਂਦੀ ਹੈ। ਵਿਦਵਾਨ ਇਸ ਭਾਸ਼ਾ ਨੂੰ ਚਾਰ ਉਪਭਾਖਾਵਾਂ ਵਿਚ ਵੰਡਦੇ ਹਨ : ਕੇਂਦਰੀ, ਦੱਖਣੀ, ਉੱਤਰੀ ਅਤੇ ਪੱਛਮੀ। ਤਿੱਬਤ ਦੀ ਰਾਜਧਾਨੀ ਲਾਸਾ ਵਿਚ ਵਰਤੀ ਜਾਂਦੀ ਉਪਭਾਖਾ ਕੇਂਦਰੀ ਗਰੁੱਪ ਨਾਲ ਸਬੰਧ ਰੱਖਦੀ ਹੈ। ਉੱਤਰੀ ਤਿੱਬਤ ਦੇ ਉੱਤਰੀ ਭਾਗ ਵਿਚ ਉੱਤਰੀ ਅਤੇ ਪੱਛਮੀ ਤਿੱਬਤ ਦੇ ਪੱਛਮੀ ਭਾਗ ਵਿਚ ਪੱਛਮੀ ਉਪਭਾਖਾ ਵਰਤੀ ਜਾਂਦੀ ਹੈ। ਦੱਖਣੀ ਉਪਭਾਖਾ ਵਧੇਰੇ ਕਰਕੇ ਸਿੱਕਮ, ਨੇਪਾਲ ਅਤੇ ਭੂਟਾਨ ਦੀ ਬੋਲੀ ਹੈ। ਪੱਛਮੀ ਉਪਭਾਖਾ ਦੇ ਵਧੇਰੇ ਲੱਛਣ ਪ੍ਰਾਚੀਨ ਤਿੱਬਤੀ ਭਾਸ਼ਾ ਵਾਲੇ ਹਨ ਅਤੇ ਹੋਰਾਂ ਉਪਭਾਖਾਵਾਂ ਦੇ ਟਾਕਰੇ ਤੇ ਇਸ ਵਿਚ ਬਹੁਤ ਘੱਟ ਵਿਕਾਸ ਹੋਇਆ ਹੈ। ਤਿੱਬਤੀ ਭਾਸ਼ਾ ਦੀ ਲਿਪੀ ਰੂੜ੍ਹੀਵਾਦੀ ਹੈ। ਇਸ ਦਾ ਮੂਲ ਭਾਰਤੀ ਹੈ ਅਤੇ ਇਹ 9 ਵੀਂ ਸਦੀ ਈਸਵੀ ਤੋਂ ਵਰਤੀ ਚਲੀ ਆ ਰਹੀ ਹੈ।

ਹ.ਪੁ.—ਐਨ. ਬ੍ਰਿ.ਮਾ. 9 : 995

**ਤਿੱਬਲੱਸ, ਐਲਬੀਅਸ** : ਕਾੱਰਨੀਲੀਅਸ ਗੈਲਸ ਤੋਂ ਮਗਰੋਂ ਮਰਸੀਏ ਲਿਖਣ ਵਾਲੇ ਰੋਮ ਦੇ ਇਸ ਦੂਜੇ ਮਹਾਨ ਕਲਾਸਕੀ ਕਵੀ ਦਾ ਜਨਮ ਲਗਭਗ 55 ਈ. ਪੂ. ਹੋਇਆ। ਇਸ ਦੇ ਜੀਵਨ ਸਬੰਧੀ ਇਸ ਦੀਆਂ ਆਪਣੀਆਂ ਕਵਿਤਾਵਾਂ ਤੋਂ ਇਲਾਵਾ ਹੋਰ ਕੋਈ ਖ਼ਾਸ ਸੋਮਾ ਉਪਲਬਧ ਨਹੀਂ ਹੈ। ਇਸ ਨੂੰ ਸਾਮੰਤੀ ਦਾ ਦਰਜਾ ਪ੍ਰਾਪਤ ਸੀ ਅਤੇ ਵਿਰਸੇ ਵਿਚ ਕਾਫ਼ੀ ਜ਼ਮੀਨ ਮਿਲੀ ਸੀ। ਇਸ ਵਿਚ ਬਹੁਤ ਸਾਰੀ ਤਾਂ 41 ਈ. ਪੂ. ਵਿਚ ਮਾਰਕ ਐਂਟਨੀ ਅਤੇ ਆੱਕਟੇਵੀਅਨ ਨੇ ਆਪਣੇ ਸਿਪਾਹੀਆਂ ਲਈ ਜ਼ਬਤ ਕਰ ਲਈ ਸੀ।

ਤਿੱਬਲੱਸ ਨੂੰ ਉੱਘੇ ਸਿਆਸਤਦਾਨ ਅਤੇ ਵਿਦਵਾਨ ਮਾਰਕਸ ਵੈਲੀਰੀਅਸ ਮੈਸੈੱਲਾ ਕੋਰਵਾਈਨਸ ਦੀ ਦੋਸਤੀ ਅਤੇ ਸਰਪ੍ਰਸਤੀ ਪ੍ਰਾਪਤੀ ਹੋ ਗਈ। ਕਵਿਤਾਵਾਂ ਦੀ ਪਹਿਲੀ ਪੁਸਤਕ ਵਿਚ ਤਿੱਬਲੱਸ ਨੇ ਆਪਣੇ ਪਹਿਲੇ ਪਿਆਰ ਦਾ ਜ਼ਿਕਰ ਕੀਤਾ ਹੈ। ਜਦੋਂ ਇਸ ਨੂੰ ਪਤਾ ਲਗਿਆ ਕਿ ਇਸ ਦੀ ਪ੍ਰੇਮਿਕਾ ਡੀਲੀਆ ਦੇ ਹੋਰ ਵੀ ਪ੍ਰੇਮੀ ਸਨ ਤਾਂ ਬਹੁਤ ਮਾਯੂਸ ਹੋ ਕੇ ਇਸ ਨੇ ਉਸ ਦਾ ਪਿੱਛਾ ਛੱਡ ਦਿਤਾ। ਆਪਣੀ ਦੂਜੀ ਪੁਸਤਕ ਵਿਚ ਤਿੱਬਲੱਸ ਆਪਣੀ ਅਗਲੀ ਪ੍ਰੇਮਿਕਾ ਨਿਮੇਸਿਸ ਬਾਰੇ ਦਸਦਾ ਹੈ। ਭਾਵੇਂ ਇਹ ਥਾਉਂ ਥਾਈਂ ਉਸ ਦੀ ਪੱਥਰ-ਦਿਲੀ ਦਾ ਜ਼ਿਕਰ ਕਰਦਾ ਹੈ ਪਰ ਫਿਰ ਵੀ ਬਾਕੀ ਦੀ ਸਾਰੀ ਉਮਰ ਉਸ ਦਾ ਗ਼ੁਲਾਮ ਬਣਿਆ ਰਹਿੰਦਾ ਹੈ।

ਤਿੱਬਲੱਸ ਦੀਆਂ ਕਵਿਤਾਵਾਂ ਤੋਂ ਪਤਾ ਲਗਦਾ ਹੈ ਕਿ ਇਹ ਬੜੀ ਖੁਲੀ-ਖਲਾਸੀ ਅਤੇ ਸਾਊ ਤਬੀਅਤ ਦਾ ਮਾਲਕ ਸੀ। ਇਹ ਆਪਣੇ ਦੋਸਤਾਂ ਅਤੇ ਪ੍ਰੇਮਿਕਾਵਾਂ ਪ੍ਰਤੀ ਬਹੁਤ ਫ਼ਰਮਾਬਰਦਾਰ ਸੀ। ਔਰਤਾਂ ਨਾਲ ਇਹ ਬੜੀ ਹਲੀਮੀ, ਸਤਿਕਾਰ ਅਤੇ ਨਿੱਘੇ ਪਿਆਰ ਸਹਿਤ ਪੇਸ਼ ਆਉਂਦਾ ਸੀ। ਹਾਲਾਂਕਿ ਪ੍ਰਾਚੀਨ ਸਮੇਂ ਵਿਚ ਆਮ ਕਰਕੇ ਮਰਦ ਔਰਤਾਂ ਪ੍ਰਤੀ ਏਨੇ ਨਰਮ ਨਹੀਂ ਹੁੰਦੇ ਸਨ।

ਜਿਥੋਂ ਤਕ ਰੋਮਨ ਮਰਸੀਏ ਦਾ ਪ੍ਰਸ਼ਨ ਹੈ, ਆਪਣੇ ਸਰਲ ਸਿੱਧੇ ਬਿਆਨ, ਨਜ਼ਾਕਤ, ਅਨੁਭਵ ਅਤੇ ਬਿਆਨ ਦੀ ਤੀਖਣਤਾ ਕਰਕੇ ਤਿੱਬਲੱਸ ਵਖਰਾ ਹੀ ਪਛਾਣਿਆ ਜਾਂਦਾ ਹੈ। ਮੈਸੈੱਲਾ ਦੇ ਘੇਰੇ ਦੇ ਸਾਰੇ ਕਵੀਆਂ ਦੀਆਂ ਕ੍ਰਿਤਾਂ 'ਕਾੱਰਪਸ ਤਿਬੁਲੀਏਨਮ' (Corpus Tibullianum) ਨਾਂ ਦੇ ਕਾਵਿ ਸੰਗ੍ਰਹਿ ਵਿਚ ਸ਼ਾਮਲ ਹਨ। ਮਗਰਲੇ ਕਈ ਵਿਦਵਾਨਾਂ ਨੇ ਇਸ ਸੰਗ੍ਰਹਿ ਵਿਚ ਕਈ ਕਿਸਮ ਦੀਆਂ ਤਬਦੀਲੀਆਂ ਕਰ ਦਿੱਤੀਆਂ ਹਨ। ਇਨ੍ਹਾਂ ਕਵਿਤਾਵਾਂ ਤੋਂ ਰੋਮਨ

ਬਾਦਸ਼ਾਹ ਆੱਗਸਟਸ ਦੇ ਰਾਜਕਾਲ ਅਤੇ ਰੋਮ ਦੇ ਸਾਹਿਤਕ ਜੀਵਨ ਉੱਤੇ ਭਰਪੂਰ ਰੌਸ਼ਨੀ ਪੈਂਦੀ ਹੈ।

ਤਿੱਬਲੱਸ ਦੀ 19 ਈ.ਪੂ. ਛੋਟੀ ਉਮਰ ਵਿਚ ਹੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ.ਮਾ. 9 : 996

**ਤਿਮਰਮਾਨਜ਼, ਫੀਲਿਕਸ (Timmermans, Felix) :** ਪੇਂਡੂ ਜੀਵਨ ਨੂੰ ਕਮਾਲ ਵਿਚ ਚਿਤਰਣ ਕਰਕੇ ਬੈਲਜੀਅਮ ਦੇ ਇਸ ਸੁਪ੍ਰਸਿੱਧ ਫਲੈਂਡਰਜ਼ ਲੇਖਕ ਦਾ ਜਨਮ 5 ਜੁਲਾਈ, 1886 ਨੂੰ ਬੈਲਜੀਅਮ ਵਿਚ ਲੀਰ (Lier) ਵਿਖੇ ਹੋਇਆ। ਸੰਨ 1916 ਵਿਚ ਇਸ ਦੇ ਨਾਵਲ 'ਪੈਲੀਐਟਰ (Pallieter) ਦੇ ਛਪਣ ਨਾਲ ਇਸ ਦੀ ਪ੍ਰਸਿੱਧੀ ਹੋਣੀ ਸ਼ੁਰੂ ਹੋਈ। ਇਸ ਨਾਵਲ ਵਿਚ ਇਸ ਨੇ ਆਪਣੇ ਪ੍ਰਾਂਤ ਬ੍ਰਾਬੈਂਤ (Brabant) ਦੇ ਜੀਵਨ ਨੂੰ ਸਵਰਗ ਬਣਾ ਕੇ ਚਿਤਰਿਆ ਹੈ ਅਤੇ ਖੁਸ਼ੀਆਂ ਤੇ ਵਲਵਲਿਆਂ ਭਰੇ ਇਕ ਪਾਤਰ 'ਪੈਲੀਐਟਰ' ਦੀ ਸਿਰਜਨਾ ਕੀਤੀ ਹੈ। ਲੇਖਕ ਹੋਣ ਦੇ ਨਾਲ ਤਿਮਰਮਾਨਜ਼ ਇਕ ਚੰਗਾ ਚਿੱਤਰਕਾਰ ਵੀ ਸੀ ਪਰ ਇਸ ਵਿਚ ਡੂੰਘਾਈ ਨਹੀਂ ਸੀ। ਇਸ ਦੇ ਮਾਡਲ ਇਸ ਦੇ ਆਪਣੇ ਸ਼ਹਿਰ ਦੇ ਆਮ ਲੋਕ ਹੁੰਦੇ ਸਨ। ਕਿੰਨੇ ਸਾਰੇ ਨਾਵਲਾਂ ਅਤੇ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਇਸ ਨੇ ਜੀਵਨੀਆਂ, ਸਫ਼ਰਨਾਮੇ, ਨਾਟਕ ਅਤੇ ਸਵੈ-ਜੀਵਨੀ ਵੀ ਲਿਖੀ। ਸੰਨ 1935 ਵਿਚ ਮਨੁੱਖਤਾ ਦੇ ਦੁੱਖਾਂ ਕਲੇਸ਼ਾਂ ਸਬੰਧੀ, ਇਸ ਦੇ ਨਾਵਲ 'Boerenpsalm' ਛਪਣ ਨਾਲ ਇਸ ਦੀ ਮਸ਼ਹੂਰੀ ਹੋਰ ਜ਼ਿਆਦਾ ਹੋ ਗਈ।

24 ਜਨਵਰੀ, 1947 ਨੂੰ ਲੀਰ ਵਿਖੇ ਹੀ ਤਿਮਰਮਾਨਜ਼ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ.ਮਾ. 9 : 1017

**ਤਿਮਰੋਦ, ਹੈਨਰੀ** : 'ਰਾਜ ਸੰਘ ਦੇ ਮਹਾਂਕਵੀ' ਵਜੋਂ ਜਾਣੇ ਜਾਂਦੇ ਇਸ ਅਮਰੀਕੀ ਕਵੀ ਦਾ ਜਨਮ 8 ਦਸੰਬਰ, 1828 ਨੂੰ ਸਾਊਥ Kar-e-li ਕੈਰੋਲਾਈਨਾ ਰਾਜ ਵਿਚ ਚਾਰਲਸਟਨ ਵਿਖੇ ਹੋਇਆ। ਸੰਨ 1861 ਵਿਚ ਲਿਖੀ ਆਪਣੀ 'ਐਥਨੋਜਿਨਿਸਿਸ' ਨਾਂ ਦੀ ਕਵਿਤਾ ਵਿਚ ਇਸ ਨੇ 'ਰਾਜ ਸੰਘ' ਦੇ ਜਨਮ ਦੀ ਉਸਤਤੀ ਕੀਤੀ ਹੈ ਅਤੇ 'ਕਾੱਟਨ ਬਾੱਲ' (Cotton Boll) ਵਿਚ ਅੰਤਮ ਵਿਜੈ ਨੂੰ ਚਿਤਰਿਆ ਹੈ। ਤਿਮਰੋਦ ਦਾ ਜੀਵਨ ਅਤਿ ਦਾ ਭਿਆਨਕ ਅਤੇ ਦੁੱਖਾਂ ਭਰਿਆ ਸੀ। ਇਸ ਦਾ ਪੁੱਤਰ ਬਚਪਨ ਵਿਚ ਹੀ ਮਰ ਗਿਆ; ਇਸ ਦਾ ਕਾਰੋਬਾਰ ਤਬਾਹ ਹੋ ਗਿਆ ਅਤੇ ਇਸ ਨੂੰ ਅਤੇ ਇਸ ਦੀ ਪਤਨੀ ਨੂੰ ਪੇਟ ਭਰਨ ਲਈ ਆਪਣੀਆਂ ਨਿੱਜੀ ਵਸਤਾਂ ਵੀ ਵੇਚਣੀਆਂ ਪੈ ਗਈਆਂ। 'ਆਵਰ ਵਿੱਲੀ' ਅਤੇ 'ਏ ਮਦਰਜ਼ ਵੇਲ' ਨਾਂ ਦੀਆਂ ਕਵਿਤਾਵਾਂ ਵਿਚ ਇਸ ਨੇ ਆਪਣੇ ਪੁੱਤਰ ਦੀ ਮੌਤ ਦੀ ਦਰਦਨਾਕ ਤਸਵੀਰ ਖਿੱਚੀ ਹੈ। ਮੁਸੀਬਤਾਂ ਕਰਕੇ ਤਿਮਰੋਦ ਨੂੰ ਟੀ.ਬੀ. ਹੋ ਗਈ ਅਤੇ 6 ਅਕਤੂਬਰ, 1867 ਨੂੰ ਕੋਲੰਬੀਆ ਵਿਚ ਇਸ ਦੀ ਮੌਤ ਹੋ ਗਈ। ਸੰਨ 1899 ਵਿਚ ਇਸ ਦਾ 'ਕੰਪਲੀਟ ਪੋਇਮਜ਼' ਨਾਮੀ ਸੰਗ੍ਰਹਿ ਪ੍ਰਕਾਸ਼ਤ ਹੋਇਆ।

ਹ.ਪੁ.—ਐਨ. ਬ੍ਰਿ. ਮਾ. 9 : 1019.

**ਤਿਮੀਰ ਬਾਰਨ ਭੱਟਾਚਾਰੀਆ** : ਇਸ ਉੱਘੇ ਭਾਰਤੀ ਸੰਗੀਤਕਾਰ ਦਾ ਜਨਮ 1914 ਈ. ਵਿਚ ਕਲਕੱਤੇ ਵਿਖੇ ਹੋਇਆ। ਇਹ ਭਾਰਤੀ ਸੰਗੀਤ ਵਿਚ ਆਰਕੈਸਟਰਾ ਲਿਆਉਣ ਲਈ ਮੋਢੀ ਸੀ। ਇਸ ਨੇ ਅਮੀਰ ਖ਼ਾਂ, ਅੱਲਾਉਦੀਨ ਖਾਂ ਅਤੇ ਰਾਧਿਕਾ ਗੋਸਵਾਮੀ ਤੋਂ ਸਰੋਦ ਦੀ ਸਿਖਿਆ ਪ੍ਰਾਪਤ ਕੀਤੀ। ਉਦੇ ਸ਼ੰਕਰ ਵਲੋਂ ਵਿਸ਼ਵ ਭਰ ਵਿਚ ਦਿੱਤੇ ਜਾ ਰਹੇ ਪਹਿਲੇ ਨਾਚ ਪ੍ਰੋਗਰਾਮ ਲਈ ਇਸ ਨੇ ਸੰਗੀਤ ਨਿਰਦੇਸ਼ਕ ਵਜੋਂ ਕੰਮ ਕੀਤਾ। ਇਸ ਨੇ ਕਈ ਨ੍ਰਿਤ-ਨਾਟਕਾਂ, ਫ਼ਿਲਮਾਂ ਅਤੇ ਗਾਣਿਆਂ ਖ਼ਾਸ ਤੌਰ ਤੇ ਕੇ. ਐਲ.ਸਹਿਗਲ ਦੇ ਚੋਟੀ ਦੇ ਗਾਣਿਆਂ ਲਈ ਸੰਗੀਤ ਦਿੱਤਾ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਭਾਰਤੀ ਸੁਰਮੇਲ ਵਿਚ ਸਿੰਫ਼ਨੀ ਨੂੰ ਸ਼ਾਮਲ ਕੀਤਾ।

ਤਿਮੀਰ ਨੇ ਰਾਬਿੰਦਰ ਭਾਰਤੀ ਯੂਨੀਵਰਸਿਟੀ ਵਿਖੇ ਸਿਖਿਆ ਦਿੱਤੀ। ਕਲਕੱਤੇ ਵਿਖੇ ਇਸ ਦਾ ਆਪਣਾ ਸ਼ਿੰਫਨੀ ਆਰਕੈਸਟਰਾ ਸੀ। ਸੰਨ 1976 ਵਿਚ ਇਸ ਨੂੰ ਸੰਗੀਤ ਨਾਟਕ ਅਕਾਦਮੀ ਐਵਾਰਡ ਨਾਲ ਸਨਮਾਨਿਆ ਗਿਆ।

ਹ.ਪੁ.—ਹੂ. ਜ਼ ਹੂ 1900-1980.

**ਤਿਰਪ** : ਉੱਤਰ-ਪੂਰਬੀ ਭਾਰਤ ਵਿਚ ਅਰੁਣਾਚਲ ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਹੈ ਜਿਹੜਾ ਪੂਰਬੀ ਹਿਮਾਲਾ ਦੇ ਕੰਢੀ ਖੇਤਰ ਵਿਚ 6,907 ਵ. ਕਿ.ਮੀ. (2,667 ਵ. ਮੀਲ) ਦੇ ਖੇਤਰ ਵਿਚ ਫੈਲਿਆ ਹੋਇਆ ਅਤੇ ਇਸ ਦੀ ਆਬਾਦੀ 85,508 (1991) ਹੈ। ਇਸ ਦਾ ਸਦਰ-ਮੁਕਾਮ ਖੋਸਾ ਹੈ ਜਿਹੜਾ ਆਲੇ ਦੁਆਲੇ ਦੇ ਪਿੰਡਾਂ ਨਾਲ ਕੱਚੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ। ਉੱਤਰ ਵਲੋਂ ਲੋਹਿਤ ਜ਼ਿਲ੍ਹਾ, ਪੱਛਮ ਵੱਲ ਆਸਾਮ ਅਤੇ ਨਾਗਾਲੈਂਡ ਅਤੇ ਦੱਖਣ-ਪੂਰਬ ਵੱਲ ਮਿਆਂਮਾਰ (ਬਰਮਾ) ਦੇਸ਼ ਇਸ ਦੀ ਹੱਦਬੰਦੀ ਕਰਦੇ ਹਨ। ਇਸ ਜ਼ਿਲ੍ਹੇ ਦਾ ਨਾਂ ਤਿਰਪ ਦਰਿਆ ਦੇ ਨਾਂ ਤੇ ਪਿਆ ਹੈ ਜਿਹੜਾ ਨਾਮਚਿਨ ਅਤੇ ਬੁੜੀ ਦਿਹਾਂਗ ਦਰਿਆਵਾਂ ਨਾਲ ਮਿਲ ਕੇ ਇਸ ਦੀ ਜਲ-ਨਿਕਾਸੀ ਕਰਦਾ ਹੈ। ਉਪਰਲੇ ਆਸਾਮ ਦੇ ਮੈਦਾਨੀ ਇਲਾਕੇ ਦੇ ਦੱਖਣ ਵਿਚ ਅਤੇ ਨਾਗਾਲੈਂਡ ਦੇ ਉੱਤਰ-ਪੂਰਬੀ ਪਾਸੇ ਵੱਲ ਲੰਮੇ ਪਤਲੇ ਪਹਾੜ ਜ਼ਿਲ੍ਹੇ ਦੀ ਵਿਸ਼ੇਸ਼ ਧਰਾਤਲੀ ਨੁਹਾਰ ਪੇਸ਼ ਕਰਦੇ ਹਨ। ਇਹ ਪਹਾੜ ਸੰਘਣੇ, ਤਪਤਖੰਡੀ ਹਰੇ-ਭਰੇ ਜੰਗਲਾਂ ਨਾਲ ਢੱਕੇ ਹੋਏ ਹਨ। ਵਾਦੀਆਂ ਦੀ ਮਿੱਟੀ ਚੀਕਣੀ ਰੇਤਲੀ ਹੈ। ਝੋਨਾ, ਬਾਜਰਾ, ਮੱਕੀ, ਆਲੂ ਮਿਰਚਾਂ ਅਤੇ ਸਬਜ਼ੀਆਂ ਇਥੋਂ ਦੀਆਂ ਮੁੱਖ ਫ਼ਸਲਾਂ ਹਨ। ਇਸ ਤੋਂ ਇਲਾਵਾ ਹੱਥ ਨਾਲ ਕੱਪੜਾ ਬੁਣਨ, ਹਾਥੀ ਦੰਦ ਦੇ ਗਹਿਣੇ ਅਤੇ ਜ਼ਰਾਇਤੀ ਸੰਦ ਬਣਾਉਣ ਦੇ ਘਰੇਲੂ ਉਦਯੋਗ ਵੀ ਪ੍ਰਫੁੱਲਤ ਹਨ। ਇਥੇ ਕੋਲਾ, ਪੈਟਰੋਲ, ਕੁਦਰਤੀ ਗੈਸ, ਪਾਈਰਾਇਟਜ਼ (ਲੋਹ-ਸਲਫਾਈਡ) ਦੇ ਖਣਿਜ ਭੰਡਾਰ ਵੀ ਹਨ।

ਹ.ਪੁ.—ਐਨ. ਬ੍ਰਿ. ਮਾ. 11 : 793

**ਤਿਰਪੁਰ** : ਕੇਂਦਰੀ-ਦੱਖਣੀ ਭਾਰਤ ਵਿਚ ਤਾਮਿਲਨਾਡੂ ਰਾਜ ਦੇ ਕੋਇੰਬੇਟੂਰ ਜ਼ਿਲ੍ਹੇ ਦਾ ਇਕ ਧਾਰਮਿਕ ਸ਼ਹਿਰ ਹੈ ਜੋ ਕੋਇੰਬੇਟੂਰ ਤੋਂ ਲਗਭਗ 40 ਕਿ. ਮੀ ਦੀ ਦੂਰੀ ਤੇ ਨਾਇਲ ਦਰਿਆ ਦੇ ਕੰਢੇ ਤੇ ਵਾਕਿਆ ਹੈ। ਇਹ ਰੇਲ ਰਾਹੀਂ ਇਰੋਡ ਅਤੇ ਕੋਇੰਬੇਟੂਰ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਹ ਸ਼ਹਿਰ ਕਪਾਹ ਵੇਲਣ ਦੇ ਉਦਯੋਗਾਂ ਦਾ ਪ੍ਰਮੁੱਖ ਕੇਂਦਰ ਹੈ। ਇਸ ਦੇ ਨਾਂ ਤੋਂ ਭਾਵ ਹੈ 'ਪਵਿੱਤਰ ਸ਼ਹਿਰ'। ਇਹ ਇਥੋਂ ਦੇ ਸ਼ਿਵਾ ਮੰਦਰ ਕਾਰਨ ਵੀ ਪ੍ਰਸਿੱਧ ਹੈ। ਇਥੇ ਮਈ-ਜੂਨ ਦੇ ਮਹੀਨੇ ਵਿਚ ਹਿੰਦੂ ਰੱਥ-ਯਾਤਰਾ ਦਾ ਮੇਲਾ ਲਗਦਾ ਹੈ ਜਿਸ ਵਿਚ ਦੂਰ-ਦੂਰ ਤੋਂ ਲੋਕ ਆਉਂਦੇ ਹਨ।

ਆਬਾਦੀ—3,06,237 (1991)

11° 6′ ਉ. ਵਿਥ.; 77° 22′ ਪੂ. ਲੰਬ.

ਹ.ਪੁ.—ਐਨ. ਬ੍ਰਿ.ਮਾ. 11:797; ਇੰਪ. ਗ. ਇੰਡ. 23 : 396

**ਤਿਰਾਹ** : ਇਹ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦੀ ਪਿਸ਼ਾਵਰ ਡਵੀਜ਼ਨ ਦੀ ਖੈਬਰ ਏਜੰਸੀ ਵਿਚ ਇਕ ਪਹਾੜੀ ਖੇਤਰ ਹੈ ਜੋ ਅਫ਼ਗਾਨਿਸਤਾਨ ਅਤੇ ਪਾਕਿਸ਼ਤਾਨ ਦੀ ਸਰਹੱਦ ਉੱਤੇ—ਖ਼ੈਬਰ ਦੱਰੇ ਅਤੇ ਖਾਂਕੀ ਵਾਦੀ ਵਿਚਕਾਰ ਸਥਿਤ ਹੈ। ਇਸ ਖੇਤਰ ਵਿਚ ਪ੍ਰਮੁੱਖ ਤੌਰ ਤੇ ਅਫ਼ਰੀਦੀ ਅਤੇ ਓਰਕਜ਼ਈ ਕਬੀਲੇ ਰਹਿੰਦੇ ਹਨ। ਕਲ-ਦੇ-ਸਕ ਪਹਾੜਾਂ ਵਿਚੋਂ ਪਾਕਿਸਤਾਨ ਵੱਲ ਨੂੰ ਸੜਕਾਂ ਵਿਛੀਆਂ ਹੋਈਆਂ ਹਨ ਜਿਨ੍ਹਾਂ ਦਾ ਖੇਤਰਫਲ ਲਗਭਗ 1,127 ਵ.ਕਿ.ਮੀ. (700 ਵ. ਮੀਲ) ਹੈ ਜਿਸ ਵਿਚ ਬਾਰਾ ਦਰਿਆ

ਅਤੇ ਘਾਟੀਆਂ ਦੇ ਸੋਮੇ ਸ਼ਾਮਲ ਹਨ। ਇਥੇ ਪੰਜ ਮੁੱਖ ਘਾਟੀਆਂ ਮੈਦਾਨ, ਰਾਜਗੁਲ, ਵਰਾਂ, ਬਾਰਾ ਅਤੇ ਮਸਤੂਰਾ ਹਨ।

ਇਥੋਂ ਦੇ ਮੁੱਖ ਦਰਿਆ ਵਿਚੋਂ ਸੰਪਾਗਾ ਲਗਭਗ 1,950 ਮੀ. ਲੰਬਾ ਹੈ ਜਿਹੜਾ ਬਾਕੀ ਘਾਟੀ ਨੂੰ ਮਸਤੂਰਾ ਘਾਟੀ ਤੋਂ ਵੱਖ ਕਰਦਾ ਹੈ। ਅਰਹੰਗਾ ਦੱਰਾ 2,133 ਮੀ. ਲੰਬਾ ਹੈ ਅਤੇ ਇਹ ਮਸਤੂਰਾ ਘਾਟੀ ਨੂੰ ਮੈਦਾਨ ਘਾਟੀ ਤੋਂ ਵੱਖ ਕਰਦਾ ਹੈ। ਸਰਨਸਾਰ ਦੱਰਾ ਜਿਹੜਾ ਲਗਭਗ 2,595 ਮੀ. ਲੰਬਾ ਹੈ, ਮੈਦਾਨ ਘਾਟੀ ਦੇ ਜ਼ਾਕਾ ਖੇਲ ਹਿੱਸੇ ਤੋਂ ਸ਼ੁਰੂ ਹੋ ਕੇ ਬਾਰਾ ਘਾਟੀ ਵੱਲ ਨਿਕਲ ਜਾਂਦਾ ਹੈ। ਤਸੇਰੀ ਕੰਡਾਓ 2,572 ਮੀ. ਲੰਬਾ ਦੱਰਾ ਹੈ ਜਿਹੜਾ ਮੈਦਾਨ ਘਾਟੀ ਤੋਂ ਵਰਾਂ ਘਾਟੀ ਨੂੰ ਵੱਖਰਾ ਕਰਦਾ ਹੈ। ਸਪਰੀ ਦੱਰਾ 1,557 ਮੀ. ਲੰਬਾ ਹੈ ਅਤੇ ਇਹ ਮਸਤੂਰਾ ਘਾਟੀ ਦੇ ਪੂਰਬ ਵਿਚੋਂ ਸ਼ੁਰੂ ਹੋ ਕੇ ਬਾਰਾ ਘਾਟੀ ਦੀ ਮਾਸਾਨਾਈ ਦਿਸ਼ਾ ਵੱਲ ਅੱਗੇ ਨਿਕਲ ਜਾਂਦਾ ਹੈ। ਸਰਦੀਆਂ ਵਿਚ ਬਾਰਾ, ਲੋਅਰ ਮਸਤੂਰਾ ਅਤੇ ਖਾਂਕੀ ਘਾਟੀਆਂ ਤੋਂ ਬਿਨਾ ਤਿਰਾਹ ਦਾ ਜਲਵਾਯੂ ਠੰਢਾ ਰਹਿੰਦਾ ਹੈ ਜਿਹੜਾ ਸਾਲ ਦੇ ਅੰਤ ਵਿਚ ਗਰਮ ਅਤੇ ਹਾਨੀਕਾਰਕ ਬਣ ਜਾਂਦਾ ਹੈ। ਜਦੋਂ ਕਿ ਗਰਮੀਆਂ ਦਾ ਮੌਸਮ ਸਿਹਤ ਲਈ ਲਾਭਦਾਇਕ ਹੁੰਦਾ ਹੈ। ਪਿਸ਼ਾਵਰ ਅਤੇ ਕੋਹਾਟ ਜ਼ਿਲ੍ਹਿਆਂ ਵਿਚ ਵਰਖਾ ਜ਼ਿਆਦਾ ਹੁੰਦੀ ਹੈ।

ਤਿਰਾਹੀ ਲੋਕ ਹੀ ਅਸਲ ਵਿਚ ਇਥੋਂ ਦੇ ਮੂਲਵਾਸੀ ਸਨ ਜਿਹੜੇ ਤਾਜਿਕ ਨਸਲ ਨਾਲ ਸਬੰਧ ਰੱਖਦੇ ਸਨ ਜਿਨ੍ਹਾਂ ਨੂੰ ਪੀਰ-ਏ-ਰੌਸ਼ਨ ਨੇ ਆਪਣੇ ਦੇਸ਼ ਵਿਚੋਂ ਕੱਢ ਦਿੱਤਾ ਅਤੇ ਬਚੇ-ਖੁਚੇ ਵਿਅਕਤੀਆਂ ਨੂੰ ਨੰਗਰਾਹਾਰ ਵੱਲ ਭਜਾ ਦਿੱਤਾ। ਸੰਨ 1619-20 ਵਿਚ ਕਾਬਲ ਦੇ ਸੂਬੇਦਾਰ ਮੁਹੱਬਤ ਖ਼ਾਨ ਨੇ ਬਾਦਸ਼ਾਹ ਜਹਾਂਗੀਰ ਦੇ ਅਧੀਨ ਰਹਿ ਕੇ 300 ਦੌਲਤਜ਼ਈ ਓਰਕਜ਼ਈ ਲੋਕਾਂ ਨੂੰ ਧੋਖੇ ਨਾਲ ਕਤਲ ਕਰ ਦਿੱਤਾ ਅਤੇ ਰੋਹਤਾਸ ਵਿਚ ਜਹਾਂਗੀਰ ਦੀ ਗ਼ੈਰ ਹਾਜ਼ਰੀ ਵਿਚ ਗ਼ੈਰਤ ਖ਼ਾਨ ਨੇ ਕੋਹਾਟ ਦੇ ਰਸਤੇ ਤਿਰਾਹ ਉੱਤੇ ਹਮਲਾ ਕਰਨ ਲਈ ਇਕ ਵੱਡੀ ਸੈਨਾ ਭੇਜ ਦਿੱਤੀ। ਰਾਜਪੂਤਾਂ ਨੇ ਵੀ ਇਨ੍ਹਾਂ ਉੱਤੇ ਹਮਲਾ ਕੀਤਾ ਪਰੰਤੂ ਗ਼ੈਰਤ ਖ਼ਾਨ ਦੀਆਂ ਫ਼ੌਜਾਂ ਨੇ ਇਸ ਨੂੰ ਪਛਾੜ ਦਿੱਤਾ ਅਤੇ ਮੁਗ਼ਲ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ। ਇਸ ਲੜਾਈ ਤੋਂ ਛੇ ਸਾਲ ਬਾਅਦ ਖਵਾਜਾ ਅਬਦੁਲ ਹਸਨ ਦੇ ਪੁੱਤਰ ਮੁਜ਼ੱਫ਼ਰ ਖ਼ਾਨ ਨੂੰ ਕਾਬਲ ਦਾ ਸੂਬੇਦਾਰ ਬਣਾਇਆ ਗਿਆ ਅਤੇ ਉਸ ਨੇ ਇਹਦਾਦ ਦੇ ਕਬਜ਼ੇ ਹੇਠਲੇ ਸੁਗਾਵੰਡ ਅਤੇ ਗਰਦੇਜ਼ ਦੇ ਦੱਿਪਿਆ ਵਿਰੁੱਧ ਕੂਚ ਕਰ ਦਿੱਤਾ। ਪੰਜ ਛੇ ਮਹੀਨਿਆਂ ਦੀ ਲੜਾਈ ਤੋਂ ਮਗਰੋਂ ਇਹਦਾਦ ਮਾਰਿਆ ਗਿਆ ਅਤੇ ਉਸ ਦਾ ਸਿਰ ਵੱਢ ਕੇ ਜਹਾਂਗੀਰ ਨੂੰ ਭੇਜ ਦਿੱਤਾ। ਇਹਦਾਦ ਦੀ ਮੌਤ ਤੋਂ ਪਿੱਛੋਂ ਉਸ ਦੇ ਸਾਥੀਆਂ ਨੇ ਲੋਆਗਰ ਵਿਚ ਪਨਾਹ ਲੈ ਲਈ ਅਤੇ ਬਾਅਦ ਵਿਚ ਇਹਦਾਦ ਦਾ ਪੁੱਤਰ, ਅਬਦਲ ਕਾਦਰ ਅਤੇ ਉਸ ਦੀ ਵਿਧਵਾ ਅਲਾਈ ਤਿਰਾਹ ਪਰਤ ਆਏ। ਸੰਨ 1627 ਵਿਚ ਹੋਈ ਜਹਾਂਗੀਰ ਦੀ ਮੌਤ, ਅਫ਼ਗ਼ਾਨ ਲੋਕਾਂ ਵੱਲੋਂ ਮੁਗ਼ਲ ਹਕੂਮਤ ਦੇ ਗਲਬੇ ਵਿਰੁੱਧ ਇਕ ਵਿਆਪਕ ਵਿਦਰੋਹ ਖੜ੍ਹਾ ਹੋਣ ਵੱਲ ਇਕ ਸੰਕੇਤ ਸੀ। ਮੁਜ਼ੱਫ਼ਰ ਖ਼ਾਨ ਨੇ ਪਿਸ਼ਾਵਰ ਤੋਂ ਕਾਬਲ ਤੱਕ ਦੇ ਰਸਤੇ ਵਿਚ ਓਰਕਜ਼ਈ ਅਤੇ ਅਫ਼ਰੀਦੀ ਕਬੀਲਿਆਂ ਦੀ ਸਹਾਇਤਾ ਨਾਲ ਕਈ ਹਮਲੇ ਕੀਤੇ। ਪਿਸ਼ਾਵਰ ਦੇ ਹਮਲੇ ਸਮੇਂ ਅਬਦੁਲ ਕਾਦਰ ਨੇ ਇਸ ਸ਼ਹਿਰ ਨੂੰ ਬਹੁਤ ਲੁੱਟਿਆ ਅਤੇ ਕਿਲੇ ਨੂੰ ਆਪਣੇ ਅਧੀਨ ਕਰ ਲਿਆ।

ਮੁਗ਼ਲ ਸਾਮਰਾਜ ਦੇ ਦਸ ਸਾਲ ਪਿੱਛੋਂ ਤਿਰਾਹ ਅਸਲੀ ਅਰਥਾਂ ਵਿਚ ਆਜ਼ਾਦ ਹੋਇਆ ਪ੍ਰੰਤੂ ਉਸ ਸਮੇਂ ਤੱਕ ਇਸ ਦੀ ਕਾਬਲ ਪ੍ਰਤੀ ਨਿਸ਼ਠਾ ਨਾਮਾਤਰ ਹੀ ਸੀ। ਜਦੋਂ ਓਰਕਜ਼ਈ ਅਤੇ ਅਫ਼ਰੀਦੀ ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਵਿਰੁਧ ਜਹਾਦ ਖੜ੍ਹਾ ਕਰ ਦਿੱਤਾ ਤਾਂ 1897 ਈ. ਵਿਚ ਤਿਰਾਹ ਵਿਚ ਅੰਗਰੇਜ਼ ਸੈਨਾ ਨੇ ਪਹਿਲਾਂ ਪ੍ਰਵੇਸ਼ ਕੀਤਾ। ਓਰਕਜ਼ਈਆਂ ਨੇ ਸਮਾਨਾ ਅਫ਼ਰੀਦੀਆਂ ਨੇ ਲੰਡੀ ਕੋਤਲ ਅਤੇ ਦੱਰਾ ਖ਼ੈਬਰ ਵਿਚਲੀਆਂ ਚੌਕੀਆਂ ਉੱਤੇ ਹਮਲਾ ਕਰ ਦਿੱਤਾ। ਇਨ੍ਹਾਂ ਹਮਲਿਆਂ ਨੂੰ ਦੇਖ ਕੇ ਅੰਗਰੇਜ਼ ਸਰਕਾਰ ਨੇ ਸਰ ਵਿਲੀਅਮ ਲੱਕਹਰਟ ਦੀ ਅਗਵਾਈ ਵਿਚ ਤਿਰਾਹ ਵਿਚ 34,500 ਸੈਨਿਕ ਭੇਜ ਦਿੱਤੇ। ਅੰਗਰੇਜ਼ਾਂ ਦੇ ਮੁੱਖ ਸੈਨਿਕ ਦਲ ਨੇ ਮੀਰਾਜ਼ਈ ਘਾਟੀ ਵਿਚ ਸ਼ਿਨਾਵਰੀ ਦੇ ਸਥਾਨ ਤੋਂ ਕੂਚ ਕਰਦੇ ਹੋਏ ਦਰਗਈ ਉੱਤੇ ਹਮਲਾ ਕਰ ਦਿੱਤਾ ਅਤੇ ਤਿਰਾਹ ਨੂੰ ਤਬਾਹ ਕਰ ਦਿੱਤਾ ਅਤੇ ਬਿਨਾਂ ਕਿਸੇ ਭਾਰੀ ਵਿਰੋਧਤਾ ਦੇ ਖ਼ੈਬਰ ਦੱਰੇ ਦੀਆਂ ਚੌਕੀਆਂ ਉੱਤੇ ਮੁੜ ਆਪਣਾ ਕਬਜ਼ਾ ਕਰ ਲਿਆ।

33°37′ ਤੋਂ 34°00′ ਉ. ਵਿਥ.; 70°30′ ਤੋਂ 71°15′ ਪੂ. ਲੰਬ.

ਹ.ਪੁ.—ਐਨ. ਬ੍ਰਿ. 22:242; ਇੰਪ.ਗ. ਇੰਡ 23 : 388

**ਤਿਰਾਵੜੀ** : ਇਸਨੂੰ ਤਰਾਵੜੀ ਜਾਂ ਤਰਾਉੜੀ ਵੀ ਕਹਿੰਦੇ ਹਨ। ਇਹ ਭਾਰਤ ਦੇ ਹਰਿਆਣਾ ਰਾਜ ਦੇ ਕਰਨਾਲ ਜ਼ਿਲ੍ਹੇ ਦੀ ਇਸੇ ਨਾਂ ਦੀ ਤਹਿਸੀਲ ਦਾ ਇਕ ਬਹੁਤ ਹੀ ਪੁਰਾਣਾ ਅਤੇ ਇਤਿਹਾਸਕ ਕਸਬਾ ਹੈ ਜੋ ਥਨੇਸਰ ਦੇ ਪੂਰਬ ਵਿਚ 22 ਕਿ. ਮੀ. (14 ਮੀਲ) ਦੇ ਫਾਸਲੇ ਤੇ ਦਿੱਲੀ ਤੋਂ 130 ਕਿ. ਮੀ. ਦੂਰ, ਦਿੱਲੀ-ਅੰਬਾਲਾ ਰੇਲ-ਮਾਰਗ ਉਪਰ ਵਾਕਿਆ ਹੈ।

ਇਸ ਸਥਾਨ ਨੂੰ ਆਜ਼ਮਾਬਾਦ ਜਾਂ ਆਜ਼ਮਾਬਾਦ-ਇ-ਤਲਾਵੜੀ ਵੀ ਕਿਹਾ ਜਾਂਦਾ ਹੈ। ਮੁੱਢਲੇ ਮੁਸਲਿਮ ਇਤਿਹਾਸਕਾਰਾਂ ਨੇ ਇਸ ਦਾ ਤਰਾਈਂ ਵਜੋਂ ਕੀਤਾ ਹੈ। ਇਸ ਦਾ ਆਜ਼ਮਾਬਾਦ ਨਾਂ ਔਰੰਗਜ਼ੇਬ ਦੇ ਪੁੱਤਰ ਆਜ਼ਮ ਸ਼ਾਹ ਦੇ ਇਥੇ ਪੈਦਾ ਹੋਣ ਕਾਰਨ ਪਿਆ ਸੀ। ਸੰਨ 1739 ਵਿਚ ਨਾਦਰ ਸ਼ਾਹ ਨੇ ਤਿਰਾਵੜੀ ਉਪਰ ਕਬਜ਼ਾ ਕਰਨ ਉਪਰੰਤ ਇਥੇ ਕਿਲੇਬੰਦੀ ਕੀਤੀ। ਕਿਲੇਬੰਦੀ ਦੀ ਇਹ ਦੀਵਾਰ ਅਜੇ ਵੀ ਦੇਖੀ ਜਾ ਸਕਦੀ ਹੈ। ਇਸ ਤੋਂ ਬਿਨਾਂ ਇਥੇ ਇਕ ਬਹੁਤ ਵੱਡੀ ਕਿਲੇਬੰਦ ਸਰਾਂ ਵੀ ਬਣਵਾਈ ਗਈ ਜਿਹੜੀ ਅੱਜਕੱਲ੍ਹ ਖੰਡਰ ਬਣੀ ਪਈ ਹੈ। ਇਸ ਤੋਂ ਬਿਨਾਂ ਪ੍ਰਿਥਵੀ ਰਾਜ ਚੌਹਾਨ ਦੀ ਰਾਜ ਲਛਮੀ ਇਥੇ ਹੀ ਲੋਪ ਹੋਈ ਸੀ ਅਤੇ 1191ਈ. ਵਿਚ ਮੁਹੰਮਦ ਗ਼ੌਰੀ ਅਤੇ ਪ੍ਰਿਥਵੀ ਰਾਜ ਚੌਹਾਨ ਵਿਚਕਾਰ ਹੋਣ ਵਾਲੀ ਲੜਾਈ ਦਾ ਮੈਦਾਨ ਵੀ ਇਹੋ ਹੀ ਸੀ ਜਿਸ ਵਿਚ ਮੁਹੰਮਦ ਗ਼ੌਰੀ ਦੀ ਹਾਰ ਹੋਈ। ਸੰਨ 1192 ਵਿਚ ਫਿਰ ਇਥੇ ਹੀ ਇਨ੍ਹਾਂ ਦੋਹਾਂ ਵਿਚਕਾਰ ਲੜਾਈ ਹੋਈ ਸੀ ਜਿਸ ਵਿਚ ਪ੍ਰਿਥਵੀ ਰਾਜ ਹਾਰ ਗਿਆ ਸੀ।

ਸੰਨ 1216 ਵਿਚ ਆਪਣੇ ਆਪ ਨੂੰ 'ਪੰਜਾਬ ਦਾ ਜੇਤੂ' ਕਹਾਉਣ ਵਾਲਾ ਤਾਜੁੱਦੀਨ ਯਲਦੂਜ਼, ਸ਼ਮਸਉੱਦੀਨ ਅਲਤਮਸ਼ ਦੇ ਹੱਥੋਂ ਇਸ ਦੇ ਨੇੜੇ ਹੀ ਬੁਰੀ ਤਰ੍ਹਾਂ ਹਾਰਿਆ ਸੀ।

ਸ਼ਹਿਰ ਦੀ ਫਸੀਲ ਦੇ ਅੰਦਰਲੇ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਤਿਹਾਸਕ ਗੁਰਦੁਆਰਾ ਨੌਵੇਂ ਪਾਤਸ਼ਾਹ ਜੀ ਦੀ ਇਥੇ ਆਮਦ ਦਾ ਸੰਕੇਤ ਹੈ।

ਆਬਾਦੀ.– 16,103 (1991)

29°48′ ਉ. ਵਿਥ.; 76°56′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 390; ਮ. ਕੋ.

**ਤਿਰੁਕਾਲੁਕੁੰਦਰਮ** : ਤਾਮਿਲਨਾਡੂ ਰਾਜ (ਭਾਰਤ) ਦੇ ਚਿੰਗਲਪੇਟ ਜ਼ਿਲ੍ਹੇ ਵਿਚ ਮਦਰਾਸ ਤੋਂ 84 ਕਿ. ਮੀ ਦੱਖਣ ਵਿਚ ਮਹਾਂਬਲੀਪੁਰਮ ਦੇ ਨੇੜੇ ਵਸਿਆ ਇਕ ਸ਼ਹਿਰ ਹੈ। ਇਹ ਚਿੰਗਲਪੇਟ ਸ਼ਹਿਰ ਤੋਂ ਮਹਾਂਬਲੀਪੁਰਮ ਜਾਂਦਿਆਂ ਰਾਹ ਵਿਚ ਪੈਂਦਾ ਹੈ। ਇਹ ਸ਼ਹਿਰ ਸ਼ਿਵ ਜੀ ਦੇ ਮੰਦਰ ਅਤੇ ਇਕ 150 ਮੀ. ਉੱਚੀ ਪਹਾੜੀ ਕਰਕੇ ਪ੍ਰਸਿੱਧ ਹੈ। ਪਹਾੜੀ ਉੱਤੇ ਪੰਛੀਆਂ ਦਾ ਸਥਾਈ ਟਿਕਾਣਾ ਹੈ ਜਿਸ ਕਰਕੇ ਇਸ ਸ਼ਹਿਰ ਨੂੰ 'ਪਕਸ਼ੀਤੀਰਥਮ' ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਪਹਾੜੀ ਉਪਰ ਹਰ ਰੋਜ਼ ਹੀ ਦੁਪਹਿਰ ਤੋਂ ਕੁਝ ਸਮਾਂ ਪਹਿਲਾਂ ਪਿਛਲੇ ਅਣਮਿਥੇ ਸਮਿਆਂ



ਤਿਰੁਕਾਲੁਕੁੰਦਰਮ ਵਿਖੇ 'ਸੇਕਰੇਡ ਬਰਡਜ' ਦੇ ਪਰਬਤਾਂ ਤੋਂ ਦਿਸਦਾ ਖ਼ੂਬਸੂਰਤ ਝੀਲ ਦਾ ਨਜ਼ਾਰਾ

ਤੋਂ ਹੀ ਦੋ ਇੱਲਾਂ ਆਉਂਦੀਆਂ ਹਨ ਜਿਨ੍ਹਾਂ ਨੂੰ ਪਾਂਡੇ ਆਪਣੇ ਹੱਥਾਂ ਨਾਲ ਦਾਣਾ ਖਵਾਉਂਦੇ ਹਨ ਤੇ ਫਿਰ ਇਹ ਚਲੀਆਂ ਜਾਂਦੀਆਂ ਹਨ। ਇਕ ਦੰਦ ਕਥਾ ਅਨੁਸਾਰ ਇਹ ਇੱਲਾਂ ਦੋ ਸੰਤ ਹਨ ਜਿਹੜੇ ਰਾਮੇਸ਼ਵਰਮ ਤੋਂ ਬਨਾਰਸ ਜਾਂਦਿਆਂ ਰਾਹ ਵਿਚ ਇਥੇ ਟਿਕਦੇ ਹਨ। ਇਨ੍ਹਾਂ ਦੇ ਦਰਸ਼ਨਾਂ ਲਈ ਹਰ ਰੋਜ਼ ਅਨੇਕਾਂ ਸ਼ਰਧਾਲੂ ਇਥੇ ਇਕੱਤਰ ਹੁੰਦੇ ਹਨ।

ਪਹਾੜੀ ਉਪਰ ਜਾਣ ਲਈ ਸਿੱਧੀ ਚੜ੍ਹਾਈ ਹੋਣ ਕਾਰਨ ਸ਼ਰਧਾਲੂ ਸਵੇਰੇ ਹੀ ਰਾਹ ਫੜਦੇ ਹਨ ਤਾਂ ਕਿ ਪੰਛੀਆਂ ਦੇ ਆਉਣ ਦੇ ਸਮੇਂ ਤੇ ਪਹੁੰਚ ਸਕਣ। ਇਸ ਸ਼ਹਿਰ ਵਿਚ ਦਾਨੀ ਲੋਕਾਂ ਨੇ ਧਰਮਸ਼ਾਲਾਵਾਂ ਬਣਾ ਰੱਖੀਆਂ ਹਨ। ਇਥੋਂ ਦੀ ਬਹੁਤੀ ਵਸੋਂ ਮੰਦਰ ਅਤੇ ਇਸ ਨਾਲ ਸਬੰਧਤ ਜਾਂ ਸ਼ਰਧਾਲੂਆਂ ਦੀਆਂ ਆਮ ਲੋੜਾਂ ਪੂਰੀਆਂ ਕਰਨ ਦੇ ਕੰਮ ਧੰਦਿਆਂ ਵਿਚ ਲੱਗੀ ਹੋਈ ਹੈ। ਕੁਝ ਕੁ ਲੋਕਾਂ ਨੇ ਦੁਕਾਨਾਂ ਵੀ ਖੋਲ੍ਹ ਰੱਖੀਆਂ ਹਨ।

ਆਬਾਦੀ – 23,333 (1991)

12°36′ ਉ. ਵਿਥ.; 80°3′ ਪੂ. ਲੰਬ.

ਹ.ਪੁ.–ਇੰਪ. ਗ. ਇੰਡ. 23 : 392; ਸਾਊਥ ਇੰਡੀਆ – 20

**ਤਿਰੁਚੰਦੂਰ :** ਤਾਮਿਲਨਾਡੂ ਰਾਜ (ਭਾਰਤ) ਦੇ ਚਿਦੰਬਰਨਰ ਜ਼ਿਲ੍ਹੇ ਵਿਚ ਪਲਾਯਮਕੋਟਾਈ ਸ਼ਹਿਰ ਤੋਂ 51 ਕਿ.ਮੀ. ਦੂਰ ਪੂਰਬ ਵਿਚ ਇਹ ਸਮੁੰਦਰ ਤੱਟ ਉੱਤੇ ਵੱਸਿਆ ਮਸ਼ਹੂਰ ਤੀਰਥ ਸਥਾਨ ਹੈ। ਇਥੇ ਸਮੁੰਦਰ ਵਿਚ ਇਕ ਵੱਡਾ ਮੰਦਰ ਵੀ ਬਣਿਆ ਹੋਇਆ ਹੈ। ਇਸ ਮੰਦਰ ਦਾ ਇਕ ਉੱਚਾ ਟਾਵਰ ਵੀ ਹੈ ਜੋ ਜਹਾਜ਼ ਲਈ ਕਈ ਮੀਲਾਂ ਤੋਂ ਰਸਤੇ ਦੀ ਅਗਵਾਈ ਕਰਦਾ ਹੈ। ਇਥੋਂ ਦੇ ਮੰਦਰ ਦੇ ਦਰਸ਼ਨਾਂ ਲਈ ਬਹੁਤ ਸਾਰੇ ਸ਼ਰਧਾਲੂ ਆਉਂਦੇ ਰਹਿੰਦੇ ਹਨ। ਸ਼ਹਿਰ ਦੀ ਵਸੋਂ ਭਾਵੇਂ ਇੰਨੀ ਜ਼ਿਆਦਾ ਨਹੀਂ ਹੈ ਪਰ ਮੰਦਰ ਵਿਚ ਹਫ਼ਤਾਵਾਰੀ ਅਤੇ ਮਾਸਿਕ ਤਿਉਹਾਰਾਂ ਦੇ ਮਨਾਉਣ ਕਾਰਣ ਇਥੇ ਸ਼ਰਧਾਲੂ ਭਾਰੀ ਗਿਣਤੀ ਵਿਚ ਪੁੱਜ ਜਾਂਦੇ ਹਨ ਜਿਸ ਕਰਕੇ ਇਥੋਂ ਦੀ ਅਸਥਾਈ ਆਬਾਦੀ ਵੱਧ ਜਾਂਦੀ ਹੈ। ਸ਼ਰਧਾਲੂਆਂ ਦੀ ਭਾਰੀ ਗਿਣਤੀ ਕਰਕੇ ਇਥੋਂ ਦੀ ਮੰਦਰ ਕਾਫ਼ੀ ਅਮੀਰ ਹੈ। ਅੱਜਕੱਲ੍ਹ ਇਹ ਤਿਰੁਨਲਵੇਲੀ ਜ਼ਿਲ੍ਹੇ ਦੇ ਹੋਰਨਾਂ ਸਹਿਰਾਂ ਨਾਲ ਰੇਲਾਂ ਦੁਆਰਾ ਜੁੜੇ ਹੋਣ ਕਰਕੇ ਸੈਲਾਨੀ ਕੇਂਦਰ ਵੀ ਹੈ। ਸਮੁੰਦਰ ਵਲੋਂ ਆਉਂਦੀਆਂ ਠੰਡੀਆਂ ਪੌਣਾਂ ਇਥੋਂ ਦੇ ਪੌਣ ਪਾਣੀ ਨੂੰ ਹੋਰ ਵਧੀਆ ਬਣਾਉਂਦੀਆਂ ਹਨ।

ਆਬਾਦੀ – 75,301 (1991)

8°30′ ਉ. ਵਿਥ. ; 78°7′ ਪੂ. ਲੰਬ.

ਹ.ਪੁ.–ਇੰਪ. ਗ.ਇੰਡ 23 : 391

**ਤਿਰੁਚਿਰਾਪਲੀ** : ਜ਼ਿਲ੍ਹਾ — ਇਹ ਦੱਖਣੀ ਭਾਰਤ ਦੇ ਤਾਮਿਲਨਾਡੂ ਰਾਜ ਦਾ ਇਕ ਜ਼ਿਲ੍ਹਾ ਹੈ। ਇਸੇ ਨਾਂ ਦਾ ਸ਼ਹਿਰ ਇਸ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਜ਼ਿਲ੍ਹੇ ਦਾ ਕੁੱਲ ਖੇਤਰਫਲ 11,208 ਵ. ਕਿ.ਮੀ. (4,327 ਵ. ਮੀਲ) ਅਤੇ ਆਬਾਦੀ 41,38,048 (1991) ਹੈ। ਜ਼ਿਲ੍ਹੇ ਦਾ ਸਾਰਾ ਖੇਤਰ ਲਗਭਗ ਕਾਵੇਰੀ ਦਰਿਆ ਦੀ ਵਾਦੀ ਵਿਚ ਪੈਂਦਾ ਹੈ।

ਕਾਵੇਰੀ ਦਰਿਆ ਪੱਛਮ ਤੋਂ ਪੂਰਬ ਦੀ ਦਿਸ਼ਾ ਵਿਚ ਵਗਦਾ ਹੋਇਆ ਜ਼ਿਲ੍ਹੇ ਦੇ ਵਿਚਕਾਰੋਂ ਨਿਕਲਦਾ ਹੈ ਅਤੇ ਸ੍ਰੀਰੰਗਮ ਦੀਪ ਤੋਂ ਕਾਵੇਰੀ ਅਤੇ ਕਾਲਰਕੋਨ ਨਾਂ ਦੀਆਂ ਦੋ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ। ਇਹ ਦੋਵੇਂ ਜ਼ਿਲ੍ਹੇ ਦੀਆਂ ਮਹੱਤਵਪੂਰਨ ਨਦੀਆਂ ਹਨ ਜੋ ਇਸ ਦੇ ਬਹੁਤੇ ਹਿੱਸੇ ਦੀ ਜਲ ਨਿਕਾਸੀ ਕਰਦੀਆਂ ਹਨ। ਜ਼ਿਲ੍ਹੇ ਵਿਚ ਔਸਤਨ ਸਾਲਾਨਾ ਵਰਖਾ ਲਗਭਗ 85 ਸੈਂ. ਮੀ. (34 ਇੰਚ) ਪੈਂਦੀ ਹੈ। ਜ਼ਿਲ੍ਹੇ ਵਿਚ ਬਹੁਤ ਵਧੀਆ ਕਿਸਮ ਦਾ ਹਲਕੇ ਨੀਲੇ, ਗੁਲਾਬੀ, ਚਿੱਟੇ ਅਤੇ ਹਲਕੇ ਸੁਰਮਈ ਰੰਗਾਂ ਦਾ ਖ਼ੂਬਸੂਰਤ ਸੰਗਮਰਮਰ ਪੱਥਰ ਮਿਲਦਾ ਹੈ। ਇਸ ਵਿਚੋਂ ਇਕ ਖਾਸ ਕਿਸਮ ਦੇ ਪੱਥਰ ਨੂੰ ਤ੍ਰਿਚਨਾਪਲੀ ਸੰਗਮਰਮਰ ਵੀ ਕਿਹਾ ਜਾਂਦਾ ਹੈ। ਪੱਥਰਾਂ ਤੋਂ ਇਲਾਵਾ ਜ਼ਿਲ੍ਹੇ ਵਿਚ ਲੋਹੇ ਅਤੇ ਚੂਨਾ ਪੱਥਰ ਦੇ ਭੰਡਾਰ ਵੀ ਹਨ। ਇਥੋਂ ਦੀ ਮਿੱਟੀ ਵੀ ਕਈ ਕਿਸਮਾਂ ਦੀ ਹੈ ਜਿਸ ਵਿਚ 6% ਕਛਾਰੀ, 4% ਕਾਲੀ ਮਿੱਟੀ ਅਤੇ 54% ਲਾਲ ਮਿੱਟੀ ਹੈ। ਗੰਨਾ, ਚੌਲ, ਕਪਾਹ, ਮੂੰਗਫਲੀ ਅਤੇ ਪਾਨ ਪੱਤੇ ਇਥੋਂ ਦੀ ਮੁੱਖ ਪੈਦਾਵਾਰ ਹੈ। ਇਹ ਰਾਜ ਵਿਚ ਚੌਲ ਦੀ ਉਪਜ ਦਾ ਸਭ ਤੋਂ ਚੰਗਾ ਖੇਤਰ ਹੈ। ਕਾਵੇਰੀ ਨਦੀ ਰਾਹੀਂ ਇਸ ਦੀ ਸਿੰਜਾਈ ਕੀਤੀ ਜਾਂਦੀ ਹੈ।

ਤਿਰੁਚਿਰਾਪਲੀ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਚੋਲ ਰਾਜੇ ਜਿਨ੍ਹਾਂ ਦਾ ਅਸ਼ੋਕ ਮਹਾਨ ਨੇ ਤੀਜੀ ਈ. ਪੂ. ਦੇ ਸ਼ਿਲਾਲੇਖਾਂ ਵਿਚ ਜ਼ਿਕਰ ਕੀਤਾ ਹੈ ਅਤੇ ਟਾਲਮੀ ਨੇ ਦੂਜੀ ਈਸਵੀ ਵਿਚ ਉਲੇਖ ਕੀਤਾ ਹੈ, ਦੀ ਸ਼ੁਰੂ ਵਿਚ ਉਰਾਈਯੂਰ ਵਿਖੇ ਰਾਜਧਾਨੀ ਹੁੰਦੀ ਸੀ ਜੋ ਅੱਜਕੱਲ੍ਹ ਤਿਰੁਚਰਾਪਲੀ ਸ਼ਹਿਰ ਦਾ ਹੀ ਉਪਨਗਰ ਬਣ ਗਿਆ ਹੈ।

ਇਥੇ ਪੁਰਾਤੱਤਵੀ ਦਿਲਚਸਪੀ ਦੇ ਕਈ ਚਿਨ੍ਹ ਹਾਲੇ ਵੀ ਮਿਲਦੇ ਹਨ ਜਿਨ੍ਹਾਂ ਵਿਚ ਤ੍ਰਿਚਨਾਪਲੀ ਚਟਾਨ, ਸ੍ਰੀਰੰਗਮ, ਸੰਗਾਏ ਕੋਡਾਪੁਰਮ ਅਤੇ ਸਾਮਯਾਪੁਰਮ ਵਰਣਨਯੋਗ ਹਨ। ਉਦਯਾਰ ਪਾਲਿਅਮ ਵਿਖੇ ਬਣਿਆ ਜ਼ਿਮੀਂਦਾਰ ਦਾ ਮਹੱਲ ਸਿਵਲ ਭਵਨ ਨਿਰਮਾਣ ਦੀ ਇਕ ਵਧੀਆ ਮਿਸਾਲ ਹੈ।

ਹ.ਪੁ.–ਐਨ. ਬ੍ਰਿ. ਮਾ. 11:797; ਇੰਪ. ਗ. ਇੰਡ. 24 : 25 ਹਿੰ ਵਿ. ਕੋ. 5 : 380

**ਤਿਰੁਚਿਰਾਪਲੀ** : ਸ਼ਹਿਰ — ਇਹ ਭਾਰਤ ਦੇ ਧੁਰ ਦੱਖਣੀ ਰਾਜ ਤਾਮਿਲਨਾਡੂ ਦੇ ਇਸੇ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ।



ਤਿਰੁਚਿਰਾਪਲੀ ਸ਼ਹਿਰ ਦੇ ਉਪਰ ਵਾਲੀ ਚਟਾਨੀ ਗੜ੍ਹੀ ਨੂੰ ਮੁਕਟ ਪਹਿਨਾਉਂਦਾ ਹੋਇਆ 17ਵੀਂ ਸਦੀ ਦਾ ਬਣਿਆ ਮੰਦਰ

ਮਦਰਾਸ ਤੋਂ ਕੋਈ ਪੌਣੇ ਚਾਰ ਸੌ ਕਿਲੋਮੀਟਰ ਦੂਰ ਕਾਵੇਰੀ ਨਦੀ ਦੇ ਡੈਲਟੇ ਉਪਰ ਵਸਿਆ ਹੋਇਆ ਹੈ। ਇਹ ਮਦਰਾਸ ਤੋਂ ਤ੍ਰਿਵੈਂਦਰਮ ਜਾਣ ਵਾਲੇ ਦੱਖਣੀ-ਭਾਰਤੀ ਰੇਲ-ਰਾਹ ਦਾ ਇਕ ਜੰਕਸ਼ਨ ਹੈ। ਇਹ ਇਕ ਬਹੁਤ ਪੁਰਾਣਾ ਸਥਾਨ ਹੈ। ਇਸ ਦਾ ਮੁੱਢਲਾ ਨਾਂ ਤ੍ਰਿਸਰਾਪਲੀ ਸੀ ਜਿਸ ਦਾ ਸ਼ਾਬਦਿਕ ਅਰਥ ਹੈ ਤਿੰਨ ਸਿਰਾਂ ਵਾਲੇ ਰਾਕਸ਼ ਦਾ ਸ਼ਹਿਰ ਅਤੇ ਇਹ ਤਿੰਨ ਸਿਰਾਂ ਵਾਲਾ ਰਾਕਸ਼ ਰਾਵਣ ਦਾ ਭਰਾ ਸੀ। ਇਸ ਹਿਸਾਬ ਨਾਲ ਇਹ ਸ਼ਹਿਰ ਰਾਮਾਇਣ ਤੋਂ ਵੀ ਪਹਿਲਾਂ ਦਾ ਹੈ।



ਆਪਣੇ ਕੰਮ ਵਿਚ ਰੁਝਿਆ ਤਿਰੁਚਿਰਾਪਲੀ ਦਾ ਇਕ ਠਠਿਆਰ

ਇਤਿਹਾਸਕ ਪੱਖ ਤੋਂ ਸੱਤਵੀਂ ਤੋਂ ਸਤਾਰ੍ਹਵੀਂ ਸਦੀ ਤੱਕ ਇਸ ਸ਼ਹਿਰ ਦਾ ਕਾਫ਼ੀ ਮਹੱਤਵ ਰਿਹਾ ਹੈ। ਇਸ ਸਮੇਂ ਦੌਰਾਨ ਇਹ ਪਲਵਾਂ, ਚੋਲ ਅਤੇ ਵਿਜੇਨਗਰ ਘਰਾਣੇ ਦੀ ਮਹੱਤਵਪੂਰਨ ਖੇਤਰੀ ਰਾਜਧਾਨੀ ਸੀ। ਇਥੇ ਇਕ ਚਟਾਨੀ ਕਿਲਾ ਬਣਿਆ ਹੋਇਆ ਹੈ ਜਿਹੜਾ 17 ਵੀਂ ਤੋਂ 19 ਵੀਂ ਸਦੀਆਂ ਦੌਰਾਨ ਮੁਸਲਮਾਨਾਂ, ਮਰਾਠਿਆਂ ਅੰਗਰੇਜ਼ਾਂ ਅਤੇ ਫ਼ਰਾਂਸੀਸੀਆਂ ਵਿਚਕਾਰ ਹੋਈਆਂ ਲੜਾਈਆਂ ਦਾ ਕੇਂਦਰ ਰਿਹਾ ਹੈ। ਸੰਨ 1866 ਤੋਂ ਇਥੇ ਮਿਉਂਸਪਲਟੀ ਹੈ।

ਹੁਣ ਇਹ ਇਕ ਚੰਗਾ ਉਦਯੋਗਿਕ ਸ਼ਹਿਰ ਹੈ ਜਿਸ ਵਿਚ ਭਾਰੀ ਬਿਜਲਈ ਥਰਮਲ ਬਾਇਲਰ ਅਤੇ ਰੇਲਵੇ ਇੰਜਣ ਬਣਾਉਣ ਦੇ ਕਾਰਖ਼ਾਨੇ ਹਨ। ਇਨ੍ਹਾਂ ਦੇ ਨਾਲ-ਨਾਲ ਹੀ ਇਥੋਂ ਦੇ ਪੁਰਾਣੇ ਰਵਾਇਤੀ ਘਰੇਲੂ ਉਦਯੋਗਾਂ ਵਿਚ ਖੱਡੀ ਦਾ ਸੂਤੀ ਕੱਪੜਾ ਅਤੇ ਸਿਗਰਟਾਂ ਆਦਿ ਵੀ ਬਣਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਹ ਸ਼ਹਿਰ ਸਿਖਿਆ ਦਾ ਇਕ ਉੱਘਾ ਕੇਂਦਰ ਹੈ ਤੇ ਇਥੇ ਮਦਰਾਸ ਯੂਨੀਵਰਸਿਟੀ ਨਾਲ ਸਬੰਧਤ 9 ਕਾਲਜ ਹਨ।

ਸ਼ਹਿਰ ਦੀ ਸਭ ਤੋਂ ਦਿਲਚਸਪ ਤੇ ਵੇਖਣਯੋਗ ਚੀਜ਼ ਇਥੋਂ ਦੀ ਚਟਾਨ ਹੈ ਜੋ ਸਿਧੇ ਪੱਧਰੇ ਮੈਦਾਨ ਵਿਚੋਂ ਲਗਭਗ ਇਕ ਦਮ ਹੀ 82 ਮੀ. (273 ਫੁੱਟ) ਉੱਚੀ ਉਠੀ ਹੋਈ ਹੈ। ਇਸ ਦੀ ਸਿਖਰ ਤੇ ਪਹੁੰਚਣ ਲਈ ਛੱਤੀਆਂ ਹੋਈਆਂ ਪੱਥਰ ਦੀਆਂ ਪੌੜੀਆਂ ਬਣਾਈਆਂ ਹੋਈਆਂ ਹਨ। ਚਟਾਨ ਦੇ ਚਾਰੇ ਪਾਸਿਆਂ ਤੋਂ ਪੱਥਰ ਦੀਆਂ ਤਰਾਸ਼ੀਆਂ ਹੋਈਆਂ ਹਾਥੀਆਂ ਦੀਆਂ ਮੂਰਤੀਆਂ ਹਨ ਅਤੇ ਇਸ ਦੇ ਦੁਆਲੇ ਹੋਰ ਵੀ ਕਈ ਵੇਖਣਯੋਗ ਇਮਾਰਤਾਂ ਹਨ। ਚਟਾਨ ਦੇ ਵਿਚ ਕਈ ਮੰਦਰ, ਮਹਿਲ ਅਤੇ ਕਈ ਹੋਰ ਇਮਾਰਤਾਂ ਬਣਾਈਆਂ ਹੋਈਆਂ ਹਨ।

ਆਬਾਦੀ-ਸ਼ਹਿਰ-3,87,223 ਮੈ.ਖੇ.-7,11,862 (1991)

10° 49′ ਉ. ਵਿਥ.; 78° 42′ ਪੂ. ਲੰਥ.

ਹ.ਪੁ.—ਐਨ. ਬ੍ਰਿ. ਮਾ. 797; ਇੰਪ. ਗ. ਇੰਡ. 24 : 43

**ਤਿਰੁਪਤੀ** : ਇਹ ਭਾਰਤ ਦੇ ਦੱਖਣ ਵਿਚ ਆਂਧਰਾ ਪ੍ਰਦੇਸ਼ ਦੇ ਚਿਤੂਰ ਜ਼ਿਲ੍ਹੇ ਦਾ ਇਕ ਸ਼ਹਿਰ ਹੈ ਜਿਹੜਾ ਇਕ ਹਿੰਦੂ ਤੀਰਥ ਅਸਥਾਨ ਦੇ ਤੌਰ ਤੇ ਪ੍ਰਸਿੱਧ ਹੈ। ਇਹ ਸ਼ਹਿਰ ਬੰਬਈ- ਮਦਰਾਸ ਰੇਲ - ਮਾਰਗ ਉਪਰ ਸਥਿਤ ਹੈ। ਰੇਨਿਗੁੰਟਾ ਸਟੇਸ਼ਨ ਤੋਂ ਤਿਰੁਪਤੀ ਦਾ ਸਟੇਸ਼ਨ 10 ਕੁ. ਕਿ. ਮੀ. ਦੇ ਫ਼ਾਸਲੇ ਤੇ ਹੈ। ਤਿਰੁਪਤੀ ਸ਼ਬਦ ਤਾਮਿਲ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ (ਤਿਰੂ- ਸ੍ਰੀ ਅਤੇ ਪਤੀ ਦਾ ਅਰਥ ਪ੍ਰਭੂ ਵਿਸ਼ਨੂੰ ਆਦਿ ਹੈ) ਸ੍ਰੀ ਵਿਸ਼ਨੂੰ ਜਾਂ ਸ੍ਰੀ ਪਤੀ ਹਨ। ਇਹ ਸ਼ਹਿਰ ਤਿਰੁਮਲੈ ਪਹਾੜ ਦੇ ਪੈਰਾਂ ਵਿਚ ਵੱਸਿਆ ਹੋਇਆ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਪਰਬਤ ਦੇ ਉਪਰ ਲਕਸ਼ਮੀ ਅਤੇ ਵਿਸ਼ਨੂੰ ਮਹਾਰਾਜ ਖ਼ੁਦ ਬਿਰਾਜਮਾਨ ਹਨ। ਇਥੇ ਇਸ ਨਾਲ ਸਬੰਧਤ ਇਕ ਆਲੀਸ਼ਾਨ ਮੰਦਰ ਬਣਿਆ ਹੋਇਆ ਹੈ।

ਤਿਰੁਪਤੀ ਸ਼ਹਿਰ ਤੋਂ ਤਿਰੁਮਲੈ ਜਾਣ ਲਈ ਦੋ ਰਸਤੇ ਹਨ। ਇਕ ਪੈਦਲ ਜਿਹੜਾ 11-12 ਕਿ. ਮੀ. ਪੈਂਦਾ ਹੈ ਅਤੇ ਦੂਜਾ ਰਸਤਾ ਬੱਸ ਰਾਹੀਂ 22-23 ਕਿ. ਮੀ. ਹੈ। ਬੱਸ ਦਾ ਰਸਤਾ 1942 ਈ. ਵਿਚ ਇਕ ਦੇਵਥਾਨਮ ਨਾਮੀ ਭਗਤ ਜਨ ਨੇ 20 ਲੱਖ ਰੁਪਿਆ ਖ਼ਰਚ ਕੇ ਬਣਵਾਇਆ ਸੀ ਜਿਸ ਨਾਲ ਯਾਤਰੀਆਂ ਨੂੰ ਦਰਸ਼ਨ ਕਰਨ ਵਿਚ ਸੌਖ ਹੋ ਗਈ। ਪਹਿਲਾਂ ਤਿਰੁਮਲੈ ਦਾ ਮੰਦਰ ਇਥੋਂ ਦੇ ਮਹੰਤ ਭਗਤਾਂ ਦੇ ਹੱਥਾਂ ਵਿਚ ਸੀ ਪਰ ਅੰਤ ਵਿਚ ਮਹੰਤਾਂ ਦੀ ਪ੍ਰਬੰਧਕੀ ਅਸਮਰੱਥਾ ਨੂੰ ਵੇਖਦਿਆਂ ਮੰਦਰ ਦਾ ਪ੍ਰਬੰਧ ਸਰਕਾਰ ਨੇ ਦੇਵਸਥਾਨਮ ਨਾਮੀ ਇਕ ਸੰਮਤੀ ਦੇ ਸਪੁਰਦ ਕਰ ਦਿੱਤਾ। ਸੰਨ 1933 ਤੋਂ ਇਹੋ ਸੰਮਤੀ ਮੰਦਰ ਦਾ ਸਾਰਾ ਪ੍ਰਬੰਧ ਚਲਾਉਂਦੀ ਹੈ। ਭਾਵੇਂ ਇਸ ਸ਼ਹਿਰ ਵਿਚ ਗੋਵਿੰਦਰਾਜ ਤੇ ਕੋਦੰਡਰਾਮ ਸਵਾਮੀ ਦੇ ਮੰਦਰ ਅਤੇ ਹੋਰ ਮੰਦਰ ਵੀ ਹਨ ਫਿਰ ਵੀ ਸ੍ਰੀ ਵੈਂਕਟੇਸ਼ਵਰ ਦਾ ਮੰਦਰ ਇਥੋਂ ਦਾ ਸਭ ਤੋਂ ਪ੍ਰਸਿੱਧ ਮੰਦਰ ਹੈ। ਸੰਨ 1954 ਵਿਚ ਸ੍ਰੀ ਵੈਂਕਟੇਸ਼ਵਰ ਦੇ ਨਾਂ ਤੇ ਸ੍ਰੀ ਵੈਂਕਟੇਸ਼ਵਰ ਵਿਸ਼ਵ ਵਿਦਿਆਲਾ ਦੀ ਸਥਾਪਨਾ ਕੀਤੀ ਗਈ। ਦੇਵਸਥਾਨਮ ਸੰਮਤੀ ਵਲੋਂ ਇਸ ਵਿਸ਼ਵ ਵਿਦਿਆਲੇ ਨੂੰ ਹਰ ਸਾਲ 5 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਂਦੀ ਹੈ। ਵਿਸ਼ਵ ਵਿਦਿਆਲੇ ਸਥਾਪਿਤ ਹੋਣ ਨਾਲ ਤਿਰੁਪਤੀ ਸ਼ਹਿਰ ਨੇ ਹੋਰ ਵੀ ਤਰੱਕੀ ਕੀਤੀ ਹੈ। ਅਜੋਕਾ ਤਿਰੁਪਤੀ ਸਿਰਫ਼ ਧਾਰਮਿਕ ਕੇਂਦਰ ਨਾ ਰਹਿ ਕੇ ਸਿਖਿਆ ਦਾ ਵੀ ਚੰਗਾ ਕੇਂਦਰ ਬਣਦਾ ਜਾ ਰਿਹਾ ਹੈ।

ਆਬਾਦੀ - 1,88,904 (1991)

13° 38′ ਉ. ਵਿਥ. ; 79° 24′ ਪੂ. ਲੰਥ.

ਹ.ਪੁ.—ਹਿੰ. ਵਿ. ਕੋ. 5 : 380

**ਤਿਰੁਮਲਾਈ** : ਆਂਧਰਾ ਪ੍ਰਦੇਸ਼ ਰਾਜ (ਭਾਰਤ) ਦੇ ਚਿਤੂਰ ਜ਼ਿਲ੍ਹੇ ਵਿਚ ਦੱਖਣੀ ਭਾਰਤ ਦੇ ਪ੍ਰਸਿੱਧ ਸ਼ਹਿਰ ਤਿਰੁਪਤੀ ਤੋਂ 10 ਕਿ. ਮੀ. ਦੂਰ ਇਕ ਪਹਾੜੀ ਉਪਰ ਬਣਿਆ ਪਵਿੱਤਰ ਅਸਥਾਨ ਹੈ। ਇਹ ਸੱਤ ਪਹਾੜੀਆਂ ਦੇ ਪਿਛਲੇ ਪਾਸੇ ਇਕ ਪਹਾੜੀ ਉੱਪਰ ਬਣਿਆ ਹੋਇਆ ਹੈ। 757 ਮੀ. (2,500 ਫੁੱਟ) ਉੱਚੀ ਪਹਾੜੀ ਉਤੇ ਵਿਸ਼ਨੂੰ ਦੇ ਇਕ ਅਵਤਾਰ ਵੈਂਕਟੇਸ਼ਵਰਸਵਾਮੀ ਦੀ ਪੂਜਾ ਲਈ ਬਣਿਆ ਇਹ ਮੰਦਰ ਦੱਖਣੀ ਭਾਰਤ ਦੇ ਬਹੁਤ ਅਮੀਰ ਅਤੇ ਵਧੀਆ ਮੰਦਰਾਂ ਵਿਚੋ ਇਕ ਹੈ। ਇਹ ਦ੍ਰਾਵੜ ਇਮਾਰਤ ਉਸਾਰੀ ਦਾ ਇਕ ਵਧੀਆ ਨਮੂਨਾ ਹੈ। ਇਸ ਮੰਦਰ ਦੀ ਪਵਿੱਤਰਤਾ ਬਣਾਏ ਰੱਖਣ ਲਈ

ਹਿੰਦੂਆਂ ਤੋਂ ਸਿਵਾ ਹੋਰ ਕਿਸੇ ਨੂੰ ਪਿਛਲੇ ਸਮਿਆਂ ਵਿਚ ਇਸਦੇ ਅੰਦਰ ਆਉਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਇਥੇ ਕਦੇ ਵੀ ਕੋਈ ਈਸਾਈ ਜਾਂ ਮੁਸਲਮਾਨ ਮੰਦਰ ਤੀਕ ਨਹੀਂ ਸੀ ਗਿਆ। ਜੇ ਕਦੇ ਅੰਗਰੇਜ਼ ਜਾਂਦੇ ਵੀ ਤਾਂ ਉਨ੍ਹਾਂ ਨੂੰ ਆਪਣੇ ਨਾਲ ਨੀਵੀਂ ਜਾਤ ਦੇ ਨੌਕਰਾਂ ਨੂੰ ਲੈਕੇ ਜਾਣ ਦੀ ਆਗਿਆ ਨਹੀਂ ਮਿਲਦੀ ਸੀ। ਮੰਦਰ ਦੇ ਅੰਦਰਲੇ ਹਿੱਸੇ ਬਾਰੇ ਕੋਈ ਲਿਖਤ ਨਹੀਂ ਮਿਲਦੀ। ਇਸ ਮੰਦਰ ਦੀ ਪੂਜਾ ਲਈ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਇਥੇ ਆਉਂਦੇ ਰਹੇ ਹਨ ਅਤੇ ਅੱਜਕੱਲ੍ਹ ਵੀ ਆਉਂਦੇ ਹਨ।

ਮੰਦਰ ਦੇ ਆਸਪਾਸ ਦੀਆਂ ਪਹਾੜੀਆਂ ਇਸ ਅਸਥਾਨ ਦੇ ਦ੍ਰਿਸ਼ ਨੂੰ ਹੋਰ ਵੀ ਵਧੀਆ ਬਣਾਉਂਦੀਆਂ ਹਨ। ਇਥੇ ਕਈ ਝਰਨੇ ਅਤੇ ਜਲ ਭੰਡਾਰ ਵੀ ਬਣੇ ਹੋਏ ਹਨ। ਇਨ੍ਹਾਂ ਝਰਨਿਆਂ ਵਿਚ ਪਾਪਨਾਸਮ, ਆਕਾਸ਼ ਗੰਗਾ ਅਤੇ ਕਪਿਲਾ ਤੀਰਥ ਵੱਡੇ ਝਰਨੇ ਹਨ।

ਮੰਦਰ ਵਾਲੇ ਇਸ ਸ਼ਹਿਰ ਵਿਚ ਪੂਜਾ ਆਦਿ ਲਈ ਹਰ ਤਰ੍ਹਾਂ ਦਾ ਸਾਮਾਨ, ਸਮੱਗਰੀ ਵਗੈਰਾ ਦੁਕਾਨਾਂ ਤੋਂ ਮਿਲ ਜਾਂਦੀ ਹੈ। ਇਥੇ ਭਾਂਡਿਆਂ, ਲੱਕੜੀ ਦੀਆਂ ਚੀਜ਼ਾਂ ਆਦਿ ਦੀਆਂ ਦੁਕਾਨਾਂ ਵੀ ਖੁਲ੍ਹੀਆਂ ਹੋਈਆਂ ਹਨ। ਇਥੇ ਕਈ ਗੈੱਸਟ ਹਾਊਸ ਅਤੇ ਬੰਗਲੇ ਵੀ ਬਣੇ ਹੋਏ ਹਨ। ਅੱਜਕੱਲ੍ਹ ਇਹ ਰੇਲਾਂ ਅਤੇ ਸੜਕਾਂ ਨਾਲ ਦੱਖਣੀ ਭਾਰਤ ਦੇ ਹੋਰਨਾਂ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ ਅਤੇ ਇਥੋਂ ਮਦਰਾਸ ਨੂੰ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ।

ਆਬਾਦੀ - 17,080 (1991)

13°41′ ਉ. ਵਿਥ. ; 79°25′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 393; ਸਾਊਥ ਇੰਡੀਆ

**ਤਿਰੁਵਤਿਯੂਰ** : ਤਾਮਿਲਨਾਡੂ ਰਾਜ (ਭਾਰਤ) ਦੇ ਚਿੰਗਲਪੇਟ ਜ਼ਿਲ੍ਹੇ ਦੇ ਸੈਦਾਪੇਟ ਤਅਲੁੱਕੇ ਵਿਚ ਸੇਂਟ ਜਾਰਜ ਕਿਲੇ ਤੋਂ ਲਗਭਗ 10 ਕਿ. ਮੀ. ਦੂਰ ਉੱਤਰ ਵਿਚ ਇਹ ਸ਼ਹਿਰ ਹੈ। ਇਥੇ ਸ਼ਿਵ ਜੀ ਦਾ ਮੰਦਰ ਹੈ ਜਿਸ ਦੀਆਂ ਬਾਹਰ ਅਤੇ ਅੰਦਰ ਦੀਆਂ ਦੀਵਾਰਾਂ ਉੱਤੇ ਕੁਝ ਲਿਖਤਾਂ ਉੱਕਰੀਆਂ ਹੋਈਆਂ ਹਨ। ਇਥੇ ਮਦਰਾਸ ਸ਼ਹਿਰ ਅਤੇ ਹੋਰਨਾਂ ਥਾਵਾਂ ਤੋਂ ਹਰੇਕ ਸ਼ੁਕਰਵਾਰ ਅਤੇ ਫ਼ਰਵਰੀ ਮਹੀਨੇ ਵਿਚ ਭਾਰੀ ਗਿਣਤੀ ਵਿਚ ਲੋਕ ਦਰਸ਼ਨਾਂ ਲਈ ਆਉਂਦੇ ਰਹਿੰਦੇ ਹਨ।

ਆਬਾਦੀ - 1,68,642 (1991)

13°10′ ਉ. ਵਿਥ. ; 80°18′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 402

**ਤਿਰੁਵੱਲਮ** : ਕੇਰਲ ਰਾਜ (ਭਾਰਤ) ਦੇ ਧੁਰ ਦੱਖਣੀ ਹਿੱਸੇ ਵਿਚ ਥਿਰੁਵਨਾਥਾਪੁਰਮ (ਤ੍ਰਿਵੇਂਦ੍ਰਮ) ਜ਼ਿਲ੍ਹੇ ਦੇ ਨੇਆਤਿੰਕਾਰਾ ਤਅਲੁੱਕੇ ਵਿਚ ਇਕ ਛੋਟਾ ਜਿਹਾ ਸ਼ਹਿਰ ਹੈ ਜਿਹੜਾ ਥਿਰੁਵਨਾਥਾਪੁਰਮ ਤੋਂ 5 ਕਿ. ਮੀ. ਦੱਖਣ ਵਿਚ ਸਥਿਤ ਹੈ। ਇਥੇ ਭਗਵਾਨ ਵਿਸ਼ਨੂ ਦਾ ਇਕ ਵੱਡਾ ਅਤੇ ਪ੍ਰਾਚੀਨ ਮੰਦਰ ਬਣਿਆ ਹੋਇਆ ਹੈ। ਖਿਆਲ ਕੀਤਾ ਜਾਂਦਾ ਹੈ ਕਿ ਟ੍ਰਾਵਨਕੋਰ ਦੀ ਸ਼ਾਹੀ ਰਿਆਸਤ ਦੇ ਸ਼ਾਹੀ ਘਰਾਣੇ ਦੇ ਦੇਵਤੇ ਅਨੰਤ ਪਦਮਾਨਾਭਾ ਦਾ ਸੀਸ ਇਸੇ ਮੰਦਰ ਵਿਚ, ਧੜ ਤ੍ਰਿਵੇਂਦ੍ਰਮ ਵਿਚ ਅਤੇ ਚਰਨ ਤ੍ਰਿਪਾਪੁਰ ਵਿਚ ਬਿਰਾਜਮਾਨ ਹਨ।

ਆਬਾਦੀ – 31,868 (1991)

8°21′ ਉ. ਵਿਥ.; 77°5′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 399

**ਤਿਰੁਵਾਈਯਾਰ** : ਤਾਮਿਲਨਾਡੂ ਰਾਜ (ਭਾਰਤ) ਥੰਜਾਵੁਰ ਜ਼ਿਲ੍ਹੇ ਵਿਚ ਇਕ ਸ਼ਹਿਰ ਹੈ ਜੋ ਥੰਜਾਵੁਰ ਸ਼ਹਿਰ ਤੋਂ 10 ਮੀ. ਦੀ ਦੂਰੀ ਉਤੇ ਸਥਿਤ ਹੈ। ਇਹ ਕਾਵੇਰੀ ਨਦੀ ਦੇ ਉੱਤਰ ਦੱਖਣ ਵਿਚ ਦੋਵੇਂ ਪਾਸੇ ਵੱਸਿਆ ਹੋਇਆ ਹੈ। ਇਹ ਸ਼ਹਿਰ 19 ਸਦੀ ਵਿਚ ਹੋਏ ਕਰਨਾਟਕ ਸੰਗੀਤ ਦੇ ਮਹਾਨ ਸੰਗੀਤਕਾਰ ਅਤੇ ਸ੍ਰੀ ਥਯਾਗਾਰਾਜਾ ਕਰਕੇ ਮਸ਼ਹੂਰ ਹੈ। ਇਸ ਸੰਤ ਨੇ ਇਥੇ ਰਹਿੰਦੇ ਕੰਨੜ ਭਾਸ਼ਾ ਵਿਚ ਗੀਤ ਲਿਖੇ। ਇਥੇ ਹੀ ਉਸ ਨੂੰ ਮੁਕਤੀ ਪ੍ਰਾ ਹੋਈ। ਹਰ ਸਾਲ ਜਨਵਰੀ ਦੇ ਮਹੀਨੇ ਵਿਚ ਇਸ ਸੰਗੀਤਕਾਰ ਬਰਸੀ ਦੇ ਮੌਕੇ ਤੇ ਸੰਗੀਤ ਪ੍ਰੇਮੀ ਇਕੱਠੇ ਹੋ ਕੇ ਸਮਾਰੋਹ ਵਿਚ ਹਿ ਲੈਂਦੇ ਹਨ।

ਆਬਾਦੀ — 14,495 (1991)

ਹ.ਪੁ.—ਸਾਊਥ ਇੰਡੀਆ : 39

**ਤਿਰੁਥਾਨੀ** : ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਚਿ ਜ਼ਿਲ੍ਹੇ ਵਿਚ ਇਹ ਇਕ ਮਹੱਤਵਪੂਰਨ ਤੀਰਥ ਅਸਥਾਨ ਹੈ ਜਿਸ ਮਹੱਤਤਾ ਤਿਰੁਪਤੀ ਨੇੜੇ ਦੇ ਤਿਰੁਮਲਾਈ ਮੰਦਰ ਨਾਲੋਂ ਥੋੜ੍ਹੀ ਹਿ ਘੱਟ ਹੈ। ਇਹ ਕਾਂਚੀਪੁਰਮ ਅਤੇ ਤਿਰੁਪਤੀ ਦੋ ਵੱਡੇ ਤੀਰਥਾਂ ਵਿਚਾਲੇ ਪੈਂਦਾ ਹੈ। ਇਸ ਤੋਂ ਤਿਰੁਪਤੀ ਸ਼ਹਿਰ 62 ਕਿ. ਮੀ. ਉੱ ਵਿਚ ਅਤੇ ਕਾਂਚੀਪੁਰਮ 41 ਕਿ. ਮੀ. ਦੱਖਣ ਵਿਚ ਹੈ। ਇਹ ਮਦ - ਰਾਇਚੁਰ ਰੇਲ ਲਾਈਨ ਉੱਪਰ ਵਸਿਆ ਹੋਇਆ ਹੈ ਜਿਸ ਕ ਇਥੋਂ ਮਦਰਾਸ ਨੂੰ ਆਸਾਨੀ ਨਾਲ ਜਾਇਆ ਜਾ ਸਕਦਾ ਹੈ। ਸ਼ਹਿਰ ਵਿਚ ਇਕ ਪਹਾੜੀ ਉਪਰ ਸ਼ਿਵ ਜੀ ਦੇ ਲ ਸੁਬਰਾਮਾਨੀਆ ਸਵਾਮੀ ਦਾ ਅਸਥਾਨ ਬਣਿਆ ਹੋਇਆ ਹੈ ਜਿ ਦਰਸ਼ਨਾਂ ਲਈ ਹਰ ਮਹੀਨੇ ਕਾਫ਼ੀ ਗਿਣਤੀ ਵਿਚ ਸ਼ਰਧਾਲੂ ਆ ਹਨ। ਪਹਾੜੀ ਉਪਰ ਚੜ੍ਹਨ ਲਈ 365 ਪੌੜੀਆਂ ਹਨ। ਹਰੇਕ ਸਾਲ ਦੇ ਇਕ ਦਿਨ ਦੇ ਬਰਾਬਰ ਮੰਨੀ ਗਈ ਹੈ। ਸ਼ਹਿਰ ਦੀ ਮਹੱ ਇਸ ਮੰਦਰ ਕਰਕੇ ਹੀ ਹੈ।

13°11′ ਉ. ਵਿਥ.; 79°37′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 397; ਸਾਊਥ ਇੰਡੀਆ : 83

**ਤਿਰੂਨੇਲਵੇਲੀ** : ਜ਼ਿਲ੍ਹਾ — ਇਸ ਨੂੰ ਤਿਰੂਨੇਲ ਕਾਟਾਬੋਮਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਭਾਰ ਧੁਰ ਦੱਖਣੀ ਰਾਜ ਤਾਮਿਲਨਾਡੂ ਦਾ ਇਕ ਜ਼ਿਲ੍ਹਾ ਹੈ ਜਿਹੜਾ ਪੱ ਘਾਟਾਂ ਦੀ ਓਟ ਵਿਚ 11,433 ਵ. ਕਿ. ਮੀ. ਦੇ ਰਕਬੇ ਫੈਲਿਆ ਹੋਇਆ ਹੈ। ਇਸ ਦੀ ਕੁੱਲ ਆਬਾਦੀ 25,01, (1991) ਹੈ। ਰਾਜ ਦੇ ਜ਼ਿਲ੍ਹਿਆਂ ਵਿਚੋਂ ਤਿਰੂਨੇਲਵੇਲੀ ਜ਼ਿਲ੍ਹਾ ਸ ਵੱਧ ਖੁਸ਼ਕ ਹੈ। ਕੋਰਾਮੰਡਲ ਸਾਹਿਲੀ ਖੇਤਰ ਇਸ ਜ਼ਿਲ੍ਹੇ ਦਾ ਹੀ ਹੈ। ਇਹ ਸਾਹਿਲ ਕਾਰਡਾਮਮ ਪਹਾੜੀਆਂ ਤੋਂ ਥੋੜ੍ਹਾ ਥੋੜ੍ਹਾ ਢ ਹੋਇਆ ਖਾੜੀ ਮੱਨਾਰ ਤੀਕ ਚਲਾ ਜਾਂਦਾ ਹੈ। ਤਾਂਬਰਪਰਨੀ ਦਾ ਇਸ ਜ਼ਿਲ੍ਹੇ ਦੀਆਂ ਪੱਛਮੀ ਘਾਟਾਂ ਵਿਚੋਂ ਹੀ ਨਿਕਲਦਾ ਹੈ। ਦਰਿਆ ਜ਼ਿਲ੍ਹੇ ਦੇ ਕੇਂਦਰ ਵਿਚੋਂ ਦੀ ਪੂਰਬ ਵੱਲ ਨੂੰ ਵਹਿੰਦਾ ਹੋ ਇਥੋਂ ਦੀ ਜ਼ਰਖੇਜ਼ ਜਲੌਦੀ ਵਾਦੀ ਨੂੰ ਸਿੰਜਦਾ ਹੈ। ਪਾਪਨਾਸ ਸਥਾਨ ਤੇ ਇਸ ਉੱਤੇ ਡੈਮ ਬਣਾਇਆ ਗਿਆ ਹੈ। ਕੋਲਕੋ ਸਥਾਨ ਤੋਂ ਇਹ ਸਮੁੰਦਰ ਵਿਚ ਜਾ ਡਿਗਦਾ ਹੈ। ਕੋਲਕੋਈ ਬੰਦ ਪ੍ਰਾਚੀਨ ਸਮੇਂ ਵਿਚ ਯੂਨਾਨੀ ਵਪਾਰੀਆਂ ਲਈ ਖਿੱਚ ਦਾ ਕੇਂਦਰ ਸੀ। ਮੋਤੀ ਇਸ ਬੰਦਰਗਾਹ ਦੀ ਮੁੱਖ ਬਰਾਮਦ ਸੀ। ਅੱਜਕੱਲ੍ਹ ਬੰਦਰਗਾਹ ਦੇ ਬਜਾਇ ਕੋਈ 14 ਕਿ. ਮੀ. ਦੱਖਣ ਵਲ ਟੂਟੀਕ ਬੰਦਰਗਾਹ ਸਥਾਪਿਤ ਹੋ ਗਈ ਹੈ। ਤਿਰੂਨੇਲਵੇਲੀ ਸ਼ਹਿਰ ਇਸ ਦਾ ਸਦਰ-ਮੁਕਾਮ ਹੈ ਜਿਹੜਾ ਤਾਂਬਰਪਰਨੀ ਦਰਿਆ ਦੇ ਖੱਬੇ ਕੰ ਵਕਿਆ ਹੈ। ਇਸ ਦੇ ਨਜ਼ਦੀਕ ਹੀ ਦਰਿਆ ਦੇ ਦੂਜੇ ਕੰਢੇ ਜ਼ਿ ਦੂਜਾ ਮਸ਼ਹੂਰ ਸ਼ਹਿਰ ਪਲਾਯਨਕੋਟਾਈ ਵੱਸਿਆ ਹੋਇਆ ਹੈ।

ਜ਼ਿਲ੍ਹੇ ਦੀ ਆਰਥਿਕਤਾ ਸੁੱਚੇ ਮੋਤੀ ਤੇ ਸਿੱਪਾਂ ਦੀ ਬਰਾਮਦ, ਸਿਗਾਰ ਬਣਾਉਣ, ਸੂਤੀ ਹੱਥ ਖੱਡੀ ਦੀ ਬੁਣਾਈ ਵਰਗੇ ਉਦਯੋਗ ਉਪਰ ਨਿਰਭਰ ਹੈ। ਸੂਤੀ ਕਪੜੇ ਦੀ ਬੁਣਾਈ ਜ਼ਿਲ੍ਹੇ ਦਾ ਸਭ ਤੋਂ ਵੱਡਾ ਉਦਯੋਗ ਹੈ। 16 ਵੀਂ ਸਦੀ ਤੋਂ ਇਹ ਖੇਤਰ ਈਸਾਈ ਮਿਸ਼ਨਰੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਰਿਹਾ ਹੈ।

ਹ.ਪੁ.—ਐਨ. ਬ੍ਰਿ. ਮਾ. 11 : 797

**ਤਿਰੂਨੇਲਵੇਲੀ** : ਸ਼ਹਿਰ — ਇਹ ਭਾਰਤ ਦੇ ਧੁਰ ਦੱਖਣ ਵਿਚ ਸਥਿਤ ਤਾਮਿਲਨਾਡੂ ਰਾਜ ਦੇ ਇਸੇ ਹੀ ਨਾਂ ਦੇ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਤਾਂਬਰਪਰਨੀ ਦਰਿਆ ਦੇ ਖੱਬੇ ਕੰਢੇ ਉਪਰ ਵਾਕਿਆ ਹੈ। ਇਸਨੂੰ ਤ੍ਰਿਨੈਵੈਲੀ ਵੀ ਕਿਹਾ ਜਾਂਦਾ ਹੈ। ਪਾਂਡੇਯ ਬੰਸ ਦੇ ਸਮੇਂ ਇਹ ਸ਼ਹਿਰ ਵਪਾਰ ਦਾ ਪ੍ਰਸਿੱਧ ਕੇਂਦਰ ਹੁੰਦਾ ਸੀ। 'ਤਿਰੁਨੇਲਵੇਲੀ' ਨਾਂ ਤਾਮਿਲ ਸ਼ਬਦ ਤਿਰੁ + ਨੇਲ + ਵੇਲੀ (ਪਵਿਤਰ + ਧਾਨ + ਵਾੜ) ਦੀ ਸੰਧੀ ਤੋਂ ਬਣਿਆ ਹੈ। ਇਸ ਸ਼ਬਦ ਨਾਲ ਸਬੰਧਤ ਕਥਾ ਇਹ ਹੈ ਕਿ ਕਿਸੇ ਸਮੇਂ ਸ਼ਿਵ ਜੀ ਮਹਾਰਾਜ ਨੇ ਆਪਣੇ ਕਿਸੇ ਸ਼ਰਧਾਲੂ ਦੀ ਧਾਨ ਦੀ ਫਸਲ ਦੀ ਰਖਵਾਲੀ ਕੀਤੀ ਸੀ।

ਇਸ ਸ਼ਹਿਰ ਨੂੰ ਬਿਜਲੀ ਦੀ ਸਪਲਾਈ ਪਾਪਨਾਸਮ ਡੈਮ ਤੋਂ ਹੈ। ਇਸੇ ਕਰਕੇ ਇਹ ਇਕ ਵੱਡਾ ਉਦਯੋਗਿਕ ਕੇਂਦਰ ਬਣ ਗਿਆ ਹੈ। ਇਥੇ ਸੂਤੀ ਕਪੜੇ, ਸਿਗਾਰ, ਗਹਿਣੇ ਅਤੇ ਮੋਟਰ ਵਰਕਸ਼ਾਪ ਵਰਗੇ ਉਦਯੋਗ ਵਿਕਸਿਤ ਹਨ। ਆਧੁਨਿਕ ਸ਼ਹਿਰ ਵਿਚ ਤਿੰਨ ਸਰਕਾਰੀ ਕਾਲਜ ਹਨ ਜਿਹੜੇ ਮਦੁਰਾਈ - ਕਾਮਰਾਜ ਯੂਨੀਵਰਸਿਟੀ ਨਾਲ ਸਬੰਧਤ ਹਨ।

ਆਬਾਦੀ - ਸ਼ਹਿਰ : 1,35,825 (1991) ; ਮੈ. ਖੇ. 3,66,869 (1991)

8°45′ ਉ. ਵਿਥ.; 77°45′ ਪੂ. ਲੰਬ.

ਹ.ਪੁ. - ਹਿੰ. ਵਿ. ਕੋ. 5 : 380; ਐਨ. ਬ੍ਰਿ. ਮਾ. 11:797

**ਤਿਰੂਮੰਗਲਮ** : ਤਾਮਿਲਨਾਡੂ ਰਾਜ (ਭਾਰਤ) ਦੇ ਮਦੁਰਾਈ ਜ਼ਿਲ੍ਹੇ ਵਿਚ ਇਸੇ ਹੀ ਨਾਂ ਦੇ ਤਅੱਲੁਕੇ ਦਾ ਇਹ ਇਕ ਸ਼ਹਿਰ ਹੈ ਜਿਹੜਾ ਦੱਖਣੀ-ਭਾਰਤੀ ਰੇਲ ਰਾਹ ਉੱਤੇ ਮਦੁਰਾਈ ਸ਼ਹਿਰ ਤੋਂ ਦੱਖਣ ਵੱਲ, ਲਗਭਗ 20 ਕਿ.ਮੀ. (12 ਮੀਲ) ਦੀ ਦੂਰੀ ਤੇ ਵਾਕਿਆ ਹੈ। ਇਸ ਸ਼ਹਿਰ ਵਾਲੀ ਥਾਂ ਉੱਤੇ 1566 ਈ. ਵਿਚ ਵੈਲਾਲਾ ਨਾਂ ਦੀ ਇਕ ਬਸਤੀ ਸਥਾਪਿਤ ਕੀਤੀ ਗਈ ਸੀ ਜਿਸਨੇ ਬਾਅਦ ਵਿਚ ਇਸ ਸ਼ਹਿਰ ਦਾ ਰੂਪ ਧਾਰਨ ਕਰ ਲਿਆ।

ਇਸ ਸ਼ਹਿਰ ਵਿਚ ਕਪਾਹ ਵੇਲਣ ਦਾ ਉਦਯੋਗ ਸਥਾਪਿਤ ਹੈ। ਇਸ ਤੋਂ ਇਲਾਵਾ ਇਹ ਸ਼ਹਿਰ ਕਪੜਾ ਰੰਗਣ ਲਈ ਕਾਫ਼ੀ ਪ੍ਰਸਿਧ ਹੈ। ਇਥੋਂ ਦੀ ਜਲਵਾਯੂ ਦਮੇ ਦੇ ਰੋਗੀਆਂ ਲਈ ਵਧੀਆ ਮੰਨੀ ਜਾਂਦੀ ਹੈ।

ਆਬਾਦੀ — 34,601 (1991)

9°50′ ਉ. ਵਿਥ.; 77° 59′ ਪੂ. ਲੰਬ.

ਹ.ਪੁ.—ਇਪ. ਗ. ਇੰਡ. 23 : 394

**ਤਿਰੂਮਾਕੁਦਲੂ ਚੌਦਿਆਹ** : ਕਰਨਾਟਕ ਸ਼ੈਲੀ ਦੇ ਇਸ ਉੱਘੇ ਵਾਇਲਨ ਵਾਦਕ ਦਾ ਜਨਮ ਪਹਿਲੀ ਜਨਵਰੀ, 1895 ਨੂੰ ਮੈਸੂਰ ਵਿਚ ਤਿਰੂਮਾਕੁਦਲੂ ਵਿਖੇ ਹੋਇਆ। ਇਹ ਉੱਘੇ ਉਸਤਾਦ ਵਿਦਵਾਨ ਬਿਦਾਰਾਮ ਕ੍ਰਿਸ਼ਣਪਾ ਦਾ ਸ਼ਾਗਿਰਦ ਸੀ। ਇਸ ਨੇ ਇੱਕਲੇ ਅਤੇ ਸੰਗਤ ਵਿਚ ਵਾਇਲਨ ਵਾਦਕ ਵਜੋਂ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਨੇ 7 ਤਾਰਾਂ ਵਾਲੀ ਅਤੇ ਬਾਅਦ ਵਿਚ 19 ਤਾਰਾਂ ਵਾਲੀ ਵਾਇਲਨ ਬਣਾਇਆ। ਇਸ ਨੇ ਮੈਸੂਰ ਅਤੇ ਬੰਗਲੌਰ ਵਿਖੇ ਸੰਗੀਤ ਦੇ ਕਾਲਜ ਦੀ ਸਥਾਪਨਾ ਕੀਤੀ।

ਸੰਨ 1939 ਵਿਚ ਤਿਰੂਮਾਕੁਦਲੂ ਨੂੰ ਸਥਾਨਕ ਵਿਦਵਾਨ ਬਣਾਇਆ ਗਿਆ ਅਤੇ ਮੈਸੂਰ ਦਰਬਾਰ ਵਲੋਂ ਸੰਗੀਤ ਰਤਨ ਦੀ ਉਪਾਧੀ ਦਿੱਤੀ ਗਈ। ਸੰਨ 1957 ਵਿਚ ਇਸ ਨੂੰ ਮਦਰਾਸ ਦੀ ਸੰਗੀਤ ਅਕਾਦਮੀ ਵਲੋਂ ਸੰਗੀਤ ਰਤਨਾਕਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਇਸੇ ਸਾਲ ਹੀ ਇਸ ਨੂੰ 'ਰਾਸ਼ਟਰਪਤੀ ਐਵਾਰਡ' ਅਤੇ 'ਸੰਗੀਤ ਨਾਟਕ ਅਕਾਦਮੀ ਐਵਾਰਡ' ਦਾ ਸਨਮਾਨ ਪ੍ਰਾਪਤ ਹੋਇਆ।

19 ਜਨਵਰੀ, 1967 ਨੂੰ ਇਸ ਦੀ ਮੌਤ ਹੋ ਗਈ।

ਹ.ਪੁ.—ਹੂ. ਜ਼ ਹੂ - 1900-1980.

**ਤਿਰੂਵਨਾਮਲਾਈ** : ਤਾਮਿਲਨਾਡੂ ਰਾਜ ਦੇ ਤਿਰੂਵ-ਨਾਮਲਾਈ ਸਾਂਬੂਵਾਰਯਾਰ ਜ਼ਿਲ੍ਹੇ ਦੇ ਇਸੇ ਨਾਂ ਦੇ ਤਾਅੱਲੁਕੇ ਦਾ ਸਦਰ-ਮੁਕਾਮ ਹੈ। ਇਹ ਦੱਖਣੀ ਭਾਰਤੀ ਰੇਲਵੇ ਦੀ ਵਿਲੁਪੁਰਮ-ਧਰਮਵਰਮ ਸ਼ਾਖਾ ਉਪਰ ਵਾਕਿਆ ਹੈ। ਇਸ ਸ਼ਹਿਰ ਦੇ ਨਾਂ ਤੋਂ ਭਾਵ ਹੈ 'ਪਵਿੱਤਰ ਅਗਨੀ ਪਹਾੜੀ। ਇਹ ਨਾਂ ਸ਼ਹਿਰ ਦੇ ਪਿਛਲੇ ਪਾਸੇ ਪੈਂਦੀ ਇਕ ਨਵੇਕਲੀ ਜਿਹੀ ਚੋਟੀ ਤੋਂ ਪਿਆ ਹੈ। ਇਸ ਸ਼ਹਿਰ ਬਾਰੇ ਇਕ ਕਹਾਵਤ ਹੈ ਕਿ ਇਕ ਸ਼ਾਮ ਨੂੰ ਸ਼ਿਵ ਅਤੇ ਉਸ ਦੀ ਪਤਨੀ ਪਾਰਵਤੀ ਕੈਲਾਸ਼ ਦੇ ਫੁੱਲਾਂ ਵਾਲੇ ਬਾਗ ਵਿਚ ਘੁੰਮ ਰਹੇ ਸਨ ਜਦੋਂ ਪਾਰਵਤੀ ਨੇ ਮਜ਼ਾਕ ਨਾਲ ਆਪਣੇ ਹੱਥ ਸ਼ਿਵ ਦੀਆਂ ਅੱਖਾਂ ਉੱਤੇ ਰੱਖ ਦਿੱਤੇ ਤੇ ਉਸੇ ਵੇਲੇ ਸਾਰੇ ਸੰਸਾਰ ਤੇ ਹਨੇਰਾ ਛਾ ਗਿਆ ਅਤੇ ਸੂਰਜ ਅਤੇ ਚੰਦ ਨੇ ਰੌਸ਼ਨੀ ਦੇਣੀ ਬੰਦ ਕਰ ਦਿੱਤੀ। ਭਾਵੇਂ ਸ਼ਿਵ ਅਤੇ ਪਾਰਵਤੀ ਨੇ ਤਾਂ ਇਸ ਨੂੰ ਕੇਵਲ ਇਕ ਪਲ ਲਈ ਹੀ ਵੇਖਿਆ ਪਰ ਸੰਸਾਰ ਦੇ ਬਦਕਿਸਮਤ ਵਾਸੀਆਂ ਅੱਗੇ ਇਹ ਹਨੇਰਾ ਕਈ ਸਾਲਾਂ ਤੱਕ ਛਾਇਆ ਰਿਹਾ। ਉਨ੍ਹਾਂ ਨੇ ਸ਼ਿਵ ਨੂੰ ਇਸ ਤੋਂ ਛੁਟਕਾਰਾ ਪਾਉਣ ਲਈ ਬੇਨਤੀ ਕੀਤੀ ਅਤੇ ਪਾਰਵਤੀ ਨੂੰ ਉਸ ਦੀ ਬੇਸਮਝੀ ਲਈ ਸਜ਼ਾ ਦੇਣ ਲਈ ਕਿਹਾ। ਸ਼ਿਵ ਨੇ ਪਾਰਵਤੀ ਨੂੰ ਜਿਨ੍ਹਾਂ ਵੱਖ ਵੱਖ ਪਵਿਤਰ ਥਾਵਾਂ ਉੱਤੇ ਪਸ਼ਚਾਤਾਪ ਕਰਨ ਦਾ ਹੁਕਮ ਦਿੱਤਾ, ਤਿਰੂਵਨਾਮਲਾਈ ਉਨ੍ਹਾਂ ਸਥਾਨਾਂ ਵਿਚੋਂ ਇਕ ਹੈ। ਜਦੋਂ ਪਾਰਵਤੀ ਇਥੇ ਪਸ਼ਚਾਤਾਪ ਕਰ ਕੇ ਹਟੀ ਸੀ ਤਾਂ ਸ਼ਿਵ ਇਸ ਪਹਾੜੀ ਚੋਟੀ ਉੱਤੇ ਅੱਗ ਦੀ ਲਾਟ ਦੇ ਰੂਪ ਵਿਚ ਪਰਗਟ ਹੋਏ ਜਿਹੜਾ ਕਿ ਪਾਰਵਤੀ ਨੂੰ ਮੁਆਫ਼ ਕਰ ਦੇਣ ਦਾ ਇਕ ਚਿੰਨ੍ਹ ਸੀ। ਬਾਅਦ ਵਿਚ ਪਹਾੜੀ ਦੇ ਪੈਰਾਂ ਵਿਚ ਖ਼ੂਬਸੂਰਤੀ ਨਾਲ ਕੀਤੀ ਬੁੱਤਤਰਾਸ਼ੀ ਵਾਲਾ ਇਕ ਵੱਡਾ ਮੰਦਰ ਬਣਾਇਆ ਗਿਆ। ਕੱਤਕ (ਨਵੰਬਰ-ਦਸੰਬਰ) ਦੇ ਮਹੀਨੇ ਵਿਚ ਇਥੇ ਇਕ ਮੇਲਾ ਲਗਦਾ ਹੈ। ਪੁਜਾਰੀ ਪਹਾੜੀ ਦੀ ਇਸ ਚੋਟੀ ਉੱਤੇ ਇਸ ਕਹਾਣੀ ਦੀ ਯਾਦ ਵਿਚ ਇਕ ਵੱਡਾ ਆਕਾਸ਼ ਦੀਪ ਜਗਾਉਂਦੇ ਹਨ। ਇਸ ਪਹਾੜੀ ਅਤੇ ਮੰਦਰ ਦੀ ਜਿਨ੍ਹਾਂ ਤੋਂ ਸੇਲਮ ਨੂੰ ਜਾਣ ਵਾਲੇ ਦੱਰੇ ਚੇਨਮਾਪ ਦਾ ਨਿਯੰਤਰਣ ਕੀਤਾ ਜਾਂਦਾ ਸੀ, ਕਰਨਾਟਕ ਦੀਆਂ ਲੜਾਈਆਂ ਵਿਚ ਬਹੁਤ ਮਹੱਤਤਾ ਰਹੀ ਹੈ। ਸੰਨ 1753 ਤੋਂ 1790 ਈ. ਤੀਕ ਇਨ੍ਹਾਂ ਉਪਰ ਕਈ ਹਮਲੇ ਹੋਏ।

ਇਸ ਸਮੇਂ ਤਿਰੂਵਨਾਮਲਾਈ ਸੜਕਾਂ ਦਾ ਇਕ ਜੰਕਸ਼ਨ, ਆਲੇ-ਦੁਆਲੇ ਇਲਾਕੇ ਦੀਆਂ ਖੇਤੀ ਉਪਜਾਂ ਦੀ ਮੰਡੀ ਅਤੇ ਇਕ ਚੰਗਾ ਵਪਾਰਕ ਕੇਂਦਰ ਹੈ। ਇਥੇ ਪਸ਼ੂਆਂ ਦੀ ਮੰਡੀ ਵੀ ਲਗਦੀ ਹੈ।

ਆਬਾਦੀ — 1,09,196 (1991)

12°14′ ਉ. ਵਿਥ. ; 79°04′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 401

**ਤਿਰੂਵਲੂਰ** : ਇਹ ਤਾਮਿਲਨਾਡੂ ਰਾਜ ਦੇ ਚੇਂਗਲਪੱਟੂ ਐਮ.ਜੀ. ਆਰ. ਜ਼ਿਲ੍ਹੇ ਦਾ ਇਕ ਸ਼ਹਿਰ ਹੈ। ਇਹ ਸ਼ਹਿਰ ਦੀ ਮਹੱਤਤਾ ਆਹੋਬਿਲਮ ਮੱਠ ਜਾਂ ਧਾਰਮਿਕ ਖ਼ਾਨਦਾਨ ਦੇ ਸਦਰ-ਮੁਕਾਮ ਹੋਣ ਕਰਕੇ ਹੈ। ਇਸ ਦਾ ਮੁਖੀ ਵੈਸ਼ਨਵ ਹਿੰਦੂਆਂ ਦੀ ਵਦਗਲਾਈ ਸ਼ਾਖਾ ਦਾ ਵੱਡਾ ਪੁਜਾਰੀ ਹੁੰਦਾ ਹੈ। ਇਸ ਸ਼ਹਿਰ ਵਿਚ ਚਾਰ ਮੰਦਰ ਹਨ। ਇਨ੍ਹਾਂ ਵਿਚੋਂ ਇਕ ਸ਼ਿਵ ਅਤੇ ਬਾਕੀ ਤਿੰਨ ਮੰਦਰ ਵਿਸ਼ਨੂੰ ਨੂੰ ਸਮਰਪਿਤ ਹਨ। ਸ਼ਿਵਾ ਦਾ ਮੰਦਰ 500 ਮੀ. ਲੰਬੇ ਅਤੇ 375 ਮੀ. ਚੌੜੇ ਵਿਹੜੇ ਵਿਚ ਹੈ। ਇਸ ਦੀਆਂ ਬਾਹਰਲੀਆਂ ਦੀਵਾਰਾਂ ਉੱਤੇ ਦ੍ਰਾਵੜੀ ਨਮੂਨੇ ਦੇ ਪੰਜ ਗੁੰਬਦ ਹਨ। ਇਹ ਇਸ ਵਿਹੜੇ ਵਿਚ ਦੂਜੀਆਂ ਇਮਾਰਤਾਂ ਨਾਲੋਂ ਸਭ ਤੋਂ ਪੁਰਾਣਾ ਹੋਣ ਦਾ ਸਬੂਤ ਹੈ। ਭਵਨ-ਨਿਰਮਾਣ ਕਲਾ ਦੇ ਪੱਖੋਂ ਇਸ ਵਿਚ ਦ੍ਰਾਵੜੀ ਮੰਦਰ ਵਾਲੇ ਕਈ ਨੁਕਸ ਵੀ ਮੌਜੂਦ ਹਨ। ਸਥਾਨਕ ਪਰੰਪਰਾ ਅਨੁਸਾਰ ਮੰਦਰ ਵਾਲੀ ਥਾਂ ਤੇ ਪਹਿਲਾਂ 'ਵਿਕਸ਼ਾਰਨਾ' ਨਾਂ ਦਾ ਇਕ ਜੰਗਲ ਸੀ। ਇਸ ਜੰਗਲ ਵਿਚ ਪਾਂਡਵਾਂ ਨੇ ਇਕ ਵਾਰ ਪਾਣੀ ਦੀ ਤਲਾਸ਼ ਕੀਤੀ ਸੀ ਅਤੇ ਉਹ ਪਾਣੀ ਲੱਭਦੇ-ਲੱਭਦੇ ਨਿਰਾਸ਼ ਹੋ ਗਏ। ਅੰਤ ਵਿਚ ਉਹ ਇਸ ਸਥਾਨ ਉੱਤੇ ਆਏ ਜਿਥੇ ਹੁਣ ਇਹ ਧਰਮ-ਸਥਾਨ ਸਥਿਤ ਹੈ। ਉਨ੍ਹਾਂ ਨੇ ਇਥੇ ਸ਼ਿਵਜੀ ਇਕ ਚਿੰਨ ਪ੍ਰਗਟ ਹੁੰਦਾ ਵੇਖਿਆ। ਜਦੋਂ ਉਨ੍ਹਾਂ ਨੇ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਤਾਂ ਉਸ ਚਿੰਨ੍ਹ ਦੇ ਸਾਹਮਣੇ ਇਕ ਛੋਟਾ ਜਿਹਾ ਚਸ਼ਮਾ ਫੁੱਟ ਪਿਆ ਜਿਥੋਂ ਪਾਂਡਵਾਂ ਨੇ ਆਪਣੀ ਪਿਆਸ ਬੁਝਾਈ। ਵੈਸ਼ਨਵ ਮੰਦਰ ਸ੍ਰੀ ਵੀਰਾਰਾਘਵਸਵਾਮੀ ਨੂੰ ਸਮਰਪਿਤ ਹੈ। ਇਥੇ ਏਕਮ ਦੇ ਚੰਨ ਵਾਲੇ ਦਿਨ ਵੱਡੀ ਗਿਣਤੀ ਵਿਚ ਲੋਕ ਇਕੱਤਰ ਹੁੰਦੇ ਹਨ। ਇਨ੍ਹਾਂ ਅਵਸਰਾਂ ਉੱਤੇ ਪਵਿੱਤਰ ਤਲਾਅ ਦੇ ਪਾਣੀ ਵਿਚ ਟੁੱਭੀ ਮਾਰਨਾ ਸਾਰੇ ਪਾਪਾਂ ਨੂੰ ਧੋਣ ਦੇ ਬਰਾਬਰ ਸਮਝਿਆ ਜਾਂਦਾ ਹੈ। ਯਾਤਰੀਆਂ ਵਲੋਂ ਹਜ਼ਾਰਾਂ ਪੌਂਡ ਸੀਰਾ ਇਸ ਤਲਾਅ ਵਿਚ ਵਹਾ ਕੇ ਆਪਣੀਆਂ ਪ੍ਰਤਿਗਿਆਵਾਂ ਦੀ ਪੂਰਤੀ ਕੀਤੀ ਜਾਂਦੀ ਹੈ। ਇਹ ਮੰਦਰ ਆਹੋਬਿਲਮ ਮੱਠ ਦੀ ਪ੍ਰਬੰਧਕੀ ਕਮੇਟੀ ਦੇ ਅਧੀਨ ਹੈ।

ਆਬਾਦੀ – 38,564 (1991)

13°8′ ਉ. ਵਿਥ. ; 79°55′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 399

**ਤਿਰੂਵੱਲੂਵਰ** : ਤਾਮਿਲ ਭਾਸ਼ਾ ਦੀ ਪਹਿਲੀ ਮਹਾਨ ਕਾਵਿ ਰਚਨਾ ਦੇ ਇਸ ਲੇਖਕ ਦਾ ਸਮਾਂ ਲਗਭਗ 300 ਈ. ਤੋਂ 400 ਈ. ਦੇ ਵਿਚਕਾਰ ਮੰਨਿਆ ਜਾਂਦਾ ਹੈ। ਇਹ ਛੋਟੀ ਜਾਤੀ ਨਾਲ ਸਬੰਧਤ ਸੀ। ਕਈ ਥਾਂ ਇਸ ਨੂੰ ਜੁਲਾਹਾ ਲਿਖਿਆ ਗਿਆ ਹੈ ਪ੍ਰੰਤੂ ਕੁਝ ਗ੍ਰੰਥਾਂ ਵਿਚ ਇਸ ਨੂੰ ਬ੍ਰਾਹਮਣ ਪਿਤਾ ਅਤੇ ਛੋਟੀ ਜਾਤੀ ਦੀ ਮਾਂ ਦੀ ਸੰਤਾਨ ਲਿਖਿਆ ਗਿਆ ਹੈ।

ਤਿਰੂਵੱਲੂਵਰ 'ਕੁਰਲ' ਨਾਂ ਦੇ ਗ੍ਰੰਥ ਦਾ ਲੇਖਕ ਹੈ ਜਿਸ ਵਿਚ 1330 ਛੋਟੇ ਦੋਹੇ (ਕੁਰੂ) ਸ਼ਾਮਲ ਹਨ। ਉੱਚ ਸਦਾਚਾਰਕ ਵਿਸ਼ਾਵਸਤੂ, ਸ਼ੁਭ ਵਿਚਾਰ, ਸਿਧਾਂਤਾਂ ਦੀ ਸਰਵ ਵਿਆਪਕਤਾ ਅਤੇ ਜਾਤ ਪਾਤ ਜਾਂ ਫਿਰਕੂ ਭਾਵਨਾ ਤੋਂ ਰਹਿਤ ਹੋਣ ਕਾਰਨ ਇਸ ਗ੍ਰੰਥ ਨੇ ਸਰਬ ਵਿਆਪਕ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਦਾ ਭਾਰਤ ਦੀਆਂ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਸਾਰੇ ਫ਼ਿਰਕੇ ਵੈਸ਼ਨਵ, ਸ਼ੈਵ ਅਤੇ ਜੈਨ ਇਸ ਨੂੰ ਅਪਣਾਉਣ ਦਾ ਦਾਵਾ ਕਰਦੇ ਹਨ। ਇਸ ਪੁਸਤਕ ਦੇ ਕੁਝ ਭਾਗ ਜੈਨ ਮਤ ਦੇ ਵਿਚਾਰ ਪ੍ਰਗਟ ਕਰਦੇ ਹਨ। ਵਧੇਰੇ ਕਰਕੇ ਇਸ ਵਿਚ ਭਗਤੀ ਦੀ ਵਿਆਖਿਆ ਕੀਤੀ ਗਈ ਹੈ ਅਤੇ ਸਭ ਤੋਂ ਮਹਾਨ ਸਾਹਿਤਕ ਵਿਰਸੇ ਵਜੋਂ ਇਸ ਦਾ ਸਨਮਾਨ ਕੀਤਾ ਜਾਂਦਾ ਹੈ। ਇਸ ਦੀ ਭਾਸ਼ਾ ਨੂੰ ਸਾਹਿਤਕ ਸ੍ਰੇਸ਼ਟਤਾ ਦੀ ਕਸੌਟੀ ਮੰਨਿਆ ਜਾਂਦਾ ਹੈ। 'ਕੁਰਲ' ਦੀ ਤਮਿਲ ਲੋਕਾਂ ਦੇ ਵਿਚਾਰਾਂ ਭਾਸ਼ਾ ਤੇ ਡੂੰਘੀ ਛਾਪ ਦਾ ਮੁਕਾਬਲਾ ਦਾਂਤੇ ਦੇ ਇਟਲੀ ਉਤੇ ਪ੍ਰ ਨਾਲ ਕੀਤਾ ਜਾ ਸਕਦਾ ਹੈ।

ਹ.ਪੁ.—ਹਿੰ. ਵ. 2 : 506

**ਤਿਰੂਵਾਦੀ** : ਇਹ ਤਾਮਿਲਨਾਡੂ ਰਾਜ ਦੇ ਥੰਜਾਵੂਰ ਜ਼ਿ ਦਾ ਇਕ ਸ਼ਹਿਰ ਹੈ ਜਿਹੜਾ ਥੰਜਾਵੂਰ ਸ਼ਹਿਰ ਤੋਂ ਲਗਭਗ ਕਿ.ਮੀ. (6 ਮੀਲ) ਦੀ ਦੂਰੀ ਤੇ ਵਾਕਿਆ ਹੈ। ਇਹ 1860 ਈ. ਇਸੇ ਹੀ ਨਾਂ ਦੇ ਤਾਅੱਲੁਕੇ ਦਾ ਸਦਰ-ਮੁਕਾਮ ਹੁੰਦਾ ਸੀ। ਇਸ ਤਿਰੂਵਾਈਯਾਰ (ਸੰਸਕ੍ਰਿਤ ਵਿਚ ਪੰਚਨਦਮ) ਪੰਜ ਪਵਿ ਦਰਿਆਵਾਂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਜ਼ਿਲ੍ਹੇ ਪਵਿੱਤਰ ਸਥਾਨ ਹੋਣ ਦੇ ਨਾਲ ਨਾਲ ਇਹ ਬ੍ਰਾਹਮਣਵਾਦ ਦੇ ਕੇਂਦਰ ਵਜੋਂ ਵੀ ਮਹੱਤਵਪੂਰਨ ਹੈ। ਇਥੇ ਸੱਤ ਤੀਰਥ ਅਸਥਾਨ ਜਿਨ੍ਹਾਂ ਨੂੰ ਸਪਤਾਸਥਾਲਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਵਿਚੋਂ ਤਿਰੂਵਾਦੀ ਵਿਖੇ ਪ੍ਰਮੁੱਖ ਤੀਰਥ-ਅਸਥਾਨ ਹੈ। ਸ਼ਾਲ ਮੇਲੇ ਸਮੇਂ ਦੂਜੇ ਮੰਦਰ ਦੇ ਦੇਵਤਿਆਂ ਦੀਆਂ ਮੂਰਤੀਆਂ ਨੂੰ ਦਰਸ਼ਨਾਂ ਲਈ ਇਸੇ ਮੰਦਿਰ ਲਿਆਂਦਾ ਜਾਂਦਾ ਸੀ ਅਤੇ ਮੰਦਰ ਵਿ ਕੁਝ ਪੁਰਾਣੇ ਸ਼ਿਲਾਲੇਖ ਵੀ ਮੌਜੂਦ ਹਨ। ਸਰਕਾਰੀ ਪੁਰਾਲੇ ਸ਼ਾਸਤਰੀਆਂ ਨੇ 40 ਤੋਂ ਵਧ ਸ਼ਿਲਾਲੇਖਾਂ ਦਾ ਲਿਪੀਅੰਤਰਣ ਕੀ ਹੈ। ਇਸ ਸ਼ਹਿਰ ਵਿਚ ਸੰਸਕ੍ਰਿਤ ਹਾਈ ਸਕੂਲ, ਵੈਦਿਕ ਸਕੂਲ ਅੰਗਰੇਜ਼ੀ ਹਾਈ ਸਕੂਲ ਸਥਾਪਿਤ ਹਨ।

ਆਬਾਦੀ – 14,495 (1991)

10°53′ ਉ. ਵਿਥ.; 79°6′ ਪੂ. ਲੰਬ.

ਹ.ਪੁ.—ਇੰਪ. ਗ.ਇੰਡ. 23 : 398

**ਤਿਲ (Sesame)** : ਇਹ ਪੈਡਿਲਿਐਸੀ (Pedaliace ਕੁਲ ਦਾ ਇਕ ਵਰਸ਼ੀ, ਬੂਟੀਨੁਮਾ ਪੌਦਾ ਹੈ, ਇਸ ਦਾ ਵਿਗਿਆ ਨਾਂ ਸੀਸੇਮਮ ਇੰਡੀਕਮ (Sesamum indicum) ਹੈ। ਇਹ ਸੈਂ.ਮੀ. ਤੋਂ 1.30 ਮੀ. ਤੱਕ ਉੱਚਾ ਹੁੰਦਾ ਹੈ। ਇਸ ਦੇ ਪੱਤੇ ਸੈਂ.ਮੀ. ਤੋਂ 12.5 ਸੈਂ.ਮੀ. ਲੰਬੇ ਭਾਲਾਕਾਰ ਹੁੰਦੇ ਹਨ ਅਤੇ ਇਨ੍ਹਾਂ ਹੇਠਲਾ ਹਿੱਸਾ ਤਿੰਨ ਖੰਡਾਂ ਵਾਲਾ ਹੁੰਦਾ ਹੈ। ਇਸ ਦੇ ਫੁੱਲਾਂ ਦਾ ਗੁ ਪੰਜ ਨਾਲੀਦਾਰ ਹਲਕੇ ਗੁਲਾਬੀ ਜਾਂ ਸਫ਼ੈਦ ਫੁੱਲਾਂ ਵਾਲਾ ਹੁੰਦਾ ਜਿਸਦੀ ਲੰਬਾਈ 2 ਸੈਂ.ਮੀ. ਤੋਂ 2.5 ਸੈਂ.ਮੀ. ਤੱਕ ਹੁੰਦੀ ਹੈ। ਤਿ ਸ਼ਬਦ ਸੰਸਕ੍ਰਿਤ ਅਤੇ ਅਰਬੀ ਭਾਸ਼ਾ ਤੋਂ ਲਿਆ ਗਿਆ ਹੈ। ਧਾਰ ਸੰਸਕਾਰਾਂ ਦੌਰਾਨ ਤਿਲਾਂ ਦੇ ਪ੍ਰਯੋਗ ਦਾ ਪਤਾ ਲਗਦਾ ਹੈ ਕਿ ਪ੍ਰਾਚ ਕਾਲ ਤੋਂ ਹੀ ਇਨ੍ਹਾਂ ਨੂੰ ਤਿਲਹਨ ਦੇ ਤੌਰ ਤੇ ਭਾਰਤ ਵਿ ਉਗਾਇਆ ਜਾਂਦਾ ਰਿਹਾ ਹੈ।

ਤਿਲ ਆਮ ਤੌਰ ਤੇ ਸਾਰੇ ਗਰਮ ਦੇਸ਼ਾਂ ਵਿਚ ਜਿਵੇਂ ਭੂ-ਸਾਗਰ ਦੇ ਤੱਟਵਰਤੀ ਪ੍ਰਦੇਸ਼ ਏਸ਼ੀਆ ਮਾਈਨਰ, ਭਾਰਤ, ਚੀਨ ਜਾਪਾਨ ਆਦਿ ਵਿਚ ਆਮ ਉਗਾਇਆ ਜਾਂਦਾ ਹੈ। ਸਾਰੇ ਸੰਸਾਰ ਤਿਲਾਂ ਦੀ ਪੈਦਾਵਾਰ ਦਾ ਇਕ ਤਿਹਾਈ ਹਿੱਸਾ ਭਾਰਤ ਵਿਚ ਹੁੰ ਹੈ। ਹਲਕੀ ਦੁਮਟ ਮਿੱਟੀ ਇਸ ਦੀ ਖੇਤੀ ਲਈ ਲਾਹੇਵੰਦ ਸਿੱਧ ਹੁੰ ਹੈ, ਇਹ ਆਮ ਤੌਰ ਤੇ ਵਰਖਾ ਦੇ ਮੌਸਮ ਵਿਚ ਅਤੇ ਕਈ ਥਾਵਾਂ ਸਰਦੀਆਂ ਵਿਚ ਬੀਜਿਆ ਜਾਂਦਾ ਹੈ।

ਤਿਲ ਦੇ ਦਾਣੇ ਦਾ ਰੰਗ ਸਫ਼ੈਦ, ਭੂਰਾ ਜਾਂ ਕਾਲਾ ਹੁੰਦਾ ਇਸ ਦੇ ਤੇਲ ਦਾ ਪ੍ਰਯੋਗ ਖਾਣ, ਜਲਾਉਣ ਤੋਂ ਇਲਾਵਾ ਸਾਬ ਦਵਾਈਆਂ ਅਤੇ ਅਤਰ ਬਣਾਉਣ ਲਈ ਵੀ ਕੀਤਾ ਜਾਂਦਾ ਹੈ। ਤਿ ਦੇ ਕਈ ਔਸ਼ਧੀ ਗੁਣ ਹਨ ਜਿਵੇਂ ਤਿਲ ਦੇ ਬੀਜਾਂ ਦਾ ਪਾਊਡ

ਪਾਣੀ ਅਤੇ ਮੱਖਣ ਨਾਲ ਮਿਲਾ ਕੇ ਬਵਾਸੀਰ ਦੇ ਰੋਗੀਆਂ ਨੂੰ ਦਿੱਤਾ ਜਾਂਦਾ ਹੈ। ਦਸਤ ਅਤੇ ਪਿਸ਼ਾਬ ਦੇ ਰੋਗਾਂ ਲਈ ਵੀ ਤਿਲਾਂ ਦਾ ਤੇਲ ਲਾਹੇਵੰਦ ਰਹਿੰਦਾ ਹੈ। ਅੱਧੇ ਸਿਰ ਦੇ ਸਖ਼ਤ ਦਰਦ ਅਤੇ ਸਿਰ-ਚਕਰਾਉਣ ਦੇ ਰੋਗੀਆਂ ਦੇ ਸਿਰ ਦੀ ਮਾਲਿਸ਼ ਕਰਨ ਲਈ ਤਿਲਾਂ ਦਾ ਤੇਲ ਲਾਹੇਵੰਦ ਸਿੱਧ ਹੁੰਦਾ ਹੈ। ਗਰਭਪਾਤ ਲਈ ਵੀ ਤਿਲਾਂ ਦੇ ਤੇਲ ਨੂੰ (ਜ਼ਿਆਦਾ ਮਾਤਰਾ ਵਿਚ ਖਵਾਉਣ ਤੇ) ਵਰਤੋਂ ਵਿਚ ਲਿਆਇਆ ਜਾਂਦਾ ਹੈ। ਤਿਲ ਦੇ ਬੀਜਾਂ ਦੀ ਵਰਤੋਂ ਸੱਪ ਦੇ ਵੱਢੇ ਰੋਗੀਆਂ ਲਈ ਵੀ ਕੀਤੀ ਜਾਂਦੀ ਹੈ।

ਹ.ਪੁ.—ਹਿੰ.ਵਿ.ਕੋ. 5 : 383; ਮੈ.ਪ.ਇੰ.ਪਾ. : 210

**ਤਿਲਹਰ** : ਉੱਤਰ ਪ੍ਰਦੇਸ਼ ਰਾਜ (ਭਾਰਤ) ਦੇ ਸ਼ਾਹਜਹਾਂਪੁਰ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਅੱਵਧ-ਰੁਹੇਲਖੰਡ ਰੇਲ ਪਟੜੀ ਉੱਪਰ ਅਤੇ ਸ਼ਾਹਜਹਾਂਪੁਰ ਸ਼ਹਿਰ ਤੋਂ ਬਰੇਲੀ ਜਾਂਦੀ ਸੜਕ ਉਪਰ ਵਸਿਆ ਹੋਇਆ ਹੈ। ਇਹ ਸ਼ਹਿਰ ਅਕਬਰ ਦੇ ਸਮੇਂ ਦਾ ਵੱਸਿਆ ਮੰਨਿਆ ਜਾਂਦਾ ਹੈ ਪਰ ਇਸ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਹੈ। ਸੰਨ 1857 ਦੇ ਗਦਰ ਦੌਰਾਨ ਇਥੋਂ ਦੇ ਮੁਸਲਮਾਨ ਬਸ਼ਿੰਦੇ ਬਾਗ਼ੀਆਂ ਨਾਲ ਮਿਲ ਗਏ ਸਨ ਜਿਸ ਕਰਕੇ ਅੰਗਰੇਜ਼ਾਂ ਨੇ ਇਨ੍ਹਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਸਨ। ਉਸ ਵੇਲੇ ਇਹ ਛੋਟਾ ਜਿਹਾ ਕਸਬਾ ਹੁੰਦਾ ਸੀ ਜਿਸ ਦੀ ਮਹੱਤਤਾ ਵੀ ਇੰਨੀ ਨਹੀਂ ਸੀ ਪਰ ਪਿਛੋਂ ਰੇਲ-ਪਟੜੀ ਬਣਨ ਨਾਲ ਇਹ ਹੌਲੀ ਹੌਲੀ ਜ਼ਿਲ੍ਹੇ ਦਾ ਇਕ ਉੱਘਾ ਵਪਾਰਕ ਕੇਂਦਰ ਬਣ ਗਿਆ। ਇਥੇ 1872 ਈ. ਤੋਂ ਮਿਉਂਸਪਲਟੀ ਸਥਾਪਿਤ ਹੈ। ਇਥੇ ਗੁੜ ਅਤੇ ਅਨਾਜੀ ਫਸਲਾਂ ਦੀ ਤਜ਼ਾਰਤ ਹੁੰਦੀ ਹੈ। ਅੱਜਕੱਲ੍ਹ ਇਥੇ ਸਿਹਤ, ਸਿਖਿਆ ਆਦਿ ਦੀਆਂ ਸਹੂਲਤਾਂ ਮਿਉਂਸਪਲਟੀ ਨੇ ਮੁਹੱਈਆ ਕੀਤੀਆਂ ਹੋਈਆਂ ਹਨ।

ਆਬਾਦੀ – 42,980 (1991)

27°58′ ਉ.ਵਿਥ., 79°44′ ਪੂ. ਲੰਬ.

ਹ.ਪੁ.—ਇੰਪ.ਗ.ਇੰਡ. 23 : 359; ਜਗ ਆਫ਼ ਉੱਤਰ ਪ੍ਰਦੇਸ਼

**ਤਿਲਕ** : ਮੱਥੇ ਤੇ ਲਾਏ ਹੋਏ ਟਿੱਕੇ ਨੂੰ ਤਿਲਕ ਕਿਹਾ ਜਾਂਦਾ ਹੈ। ਇਹ ਚਿੰਨ੍ਹ ਚੰਦਨ, ਕੇਸਰ, ਭਸਮ ਆਦਿ ਨਾਲ ਮੱਥੇ ਅਤੇ ਸਰੀਰ ਦੇ ਅੰਗਾਂ ਉਪਰ ਲਗਾਇਆ ਜਾਂਦਾ ਹੈ। ਹਿੰਦੂ ਮਤ ਦੇ ਕਈ ਫਿਰਕੇ ਹੋਣ ਕਰਕੇ ਤਿਲਕ ਕਈ ਢੰਗਾਂ ਨਾਲ ਲਾਏ ਜਾਂਦੇ ਹਨ। ਸ਼ੈਵ ਤ੍ਰਿਪੁੰਡ (ਟੇਢਾ) ਤਿਲਕ ਅਤੇ ਵੈਸ਼ਨਵ ਉਰਧਪੁੰਡ (ਖੜਾ) ਤਿਲਕ ਲਗਾਉਂਦੇ ਹਨ।

ਪਦਮ ਪੁਰਾਣ ਅਨੁਸਾਰ ਵੈਸ਼ਨਵ ਮਤ ਵਿਚ ਬਾਰਾਂ ਤਿਲਕਾਂ ਨੂੰ ਬਾਰਾਂ ਅੰਗਾਂ ਤੇ ਬਾਰਾਂ ਨਾਮ ਲੈ ਕੇ ਲਾਉਣਾ ਚਾਹੀਦਾ ਹੈ। ਮੱਥੇ ਉਪਰ ਕੇਸ਼ਵ, ਪੇਟ ਤੇ ਨਾਰਾਇਣ, ਛਾਤੀ ਤੇ ਮਾਧਵ, ਕੰਠ ਤੇ ਗੋਵਿੰਦ, ਸੱਜੀ ਕੁੱਖ ਤੇ ਵਿਸ਼ਨੂੰ, ਸੱਜੀ ਬਾਂਹ ਤੇ ਮਧੁਸੂਦਨ, ਸੱਜੇ ਮੋਢੇ ਤੇ ਤ੍ਰਿਵਿਕ੍ਰਮ, ਖੱਬੀ ਕੁੱਖ ਤੇ ਵਾਮਨ, ਖੱਬੀ ਬਾਂਹ ਤੇ ਸ੍ਰੀਧਰ, ਖੱਬੇ ਮੋਢੇ ਤੇ ਰਿਸ਼ੀਕੇਸ਼, ਪਿੱਠ ਤੇ ਪਦਮ, ਨਾਭ ਅਤੇ ਕਮਰ ਤੇ ਦਾਮੋਦਰ ਨਾਮ ਲੈ ਕੇ ਤਿਲਕ ਲਾਉਣਾ ਚਾਹੀਦਾ ਹੈ।

ਹ.ਪੁ.—ਸੰ.ਕੋ.; ਮ.ਕੋ.

**ਤਿਲਕ ਕਾਮੋਦ ਰਾਗ** : ਇਹ ਇਕ ਰਾਗ ਹੈ ਜਿਸ ਵਿਚ ਦੋ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਹੁੰਦੇ ਹਨ। ਦੇਸ਼ ਰਾਗ ਦੀ ਤਰ੍ਹਾਂ ਇਸ ਵਿਚ ਵੀ ਆਰੋਹੀ ਵਿਚ ਸ਼ੁੱਧ ਅਤੇ ਅਵਰੋਹੀ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਹੁੰਦੀ ਹੈ। ਅਵਰੋਹੀ ਵਿਚ ਧੈਵਤ ਸੁਰ ਵਰਜਿਤ ਹੈ ਅਤੇ ਗੰਧਾਰ ਸੁਰ ਦੀ ਆਰੋਹੀ ਵਿਚ ਘੱਟ ਵਰਤੋਂ ਹੁੰਦੀ ਹੈ। ਇਸ ਦੀ ਥਾਟ ਖਮਾਜ, ਜਾਤੀ ਸ਼ਾੜਵ-ਸੰਪੂਰਣ, ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਇਸ ਨੂੰ ਰਾਤ ਦੇ ਦੂਸਰੇ ਪਹਿਰ ਵਿਚ ਗਾਇਆ ਜਾਂਦਾ ਹੈ। ਇਹ ਰਾਗ ਦੇਸ਼, ਖ਼ਮਾਜ, ਤਿਲੰਗ ਅਤੇ ਸੋਰਠ ਆਦਿ ਰਾਗਾਂ ਨਾਲ ਮਿਲਦਾ ਹੈ। ਇਹ ਸ਼ਿੰਗਾਰ-ਰਸ ਪ੍ਰਧਾਨ ਰਾਗ ਹੈ। ਇਸ ਵਿਚ ਠੁਮਰੀ, ਦਾਦਰਾ ਆਦਿ ਵਧੇਰੇ ਸੁਣਨ ਵਿਚ ਆਉਂਦੇ ਹਨ।

ਆਰੋਹੀ – ਸਾ ਰੇ ਗਾ ਸ, ਰੇ ਮ ਪ ਧ ਮ ਪ, ਸਾਂ।

ਅਵਰੋਹੀ – ਸਾਂ ਪ ਧ ਮ ਗ, ਸਾ, ਰੇ ਪ ਮ ਗ, ਸਾ ਨੀ।

ਹ.ਪੁ.- ਸੰਗੀਤ ਸ਼ਾਸਤਰ ਦਰਪਣ (ਭਾਗ ਪਹਿਲਾ) ਸ਼ਾਂਤੀ ਗੋਵਰਧਨ।

**ਤਿਲਕ, ਬਾਲ ਗੰਗਾਧਰ** : ਬਾਲ ਗੰਗਾਧਰ ਤਿਲਕ (1856-1920) ਨੇ 'ਸਵਰਾਜ ਮੇਰਾ ਜਨਮਸਿੱਧ-ਅਧਿਕਾਰ ਹੈ' ਦਾ ਨਾਅਰਾ ਦੇ ਕੇ ਭਾਰਤੀ ਸੁਤੰਤਰਤਾ-ਸੰਗਰਾਮ ਨੂੰ ਨਵੀਂ ਸੇਧ ਦਿੱਤੀ



ਬਾਲ ਗੰਗਾਧਰ ਤਿਲਕ

ਤੇ ਅਣਗਿਣਤ ਭਾਰਤੀ ਆਜ਼ਾਦੀ ਲੈਣ ਲਈ ਬੇਕਰਾਰ ਹੋ ਉਠੇ। ਆਧੁਨਿਕ ਭਾਰਤ ਦੀ ਆਜ਼ਾਦੀ ਦੇ ਇਸ ਜਨਮਦਾਤਾ ਦਾ ਜਨਮ ਰਤਨਗਿਰੀ (ਮਹਾਂਰਾਸ਼ਟਰ) ਦੇ ਚਿੱਤ ਪਾਵਨ-ਬ੍ਰਾਹਮਣ ਘਰਾਣੇ ਵਿਚ 23 ਜੁਲਾਈ, 1856 ਨੂੰ ਪਿਤਾ ਗੰਗਾਧਰ ਸ਼ਾਸਤਰੀ ਦੇ ਘਰ ਮਾਤਾ ਪਾਰਵਤੀ ਬਾਈ ਦੀ ਕੁੱਖੋਂ ਹੋਇਆ। ਇਨ੍ਹਾਂ ਦਾ ਵਿਆਹ ਲਾਡਪੁਰ ਪਿੰਡ (ਜ਼ਿਲ੍ਹਾ ਰਤਨਗਿਰੀ) ਦੀ ਲੜਕੀ ਤਪੀ ਬਾਈ (ਵਿਆਹ ਉਪਰੰਤ ਨਾਂ-ਸਤਿਆ ਭਾਮਾ ਬਾਈ) ਨਾਲ 1871 ਵਿਚ ਹੋਇਆ।

ਇਨ੍ਹਾਂ ਦੀ ਸਿਖਿਆ ਵਧੇਰੇ ਪੂਨਾ ਵਿਚ ਹੋਈ ਕਿਉਂਕਿ ਉਥੇ ਹੀ ਇਨ੍ਹਾਂ ਦੇ ਪਿਤਾ ਪ੍ਰਾਇਮਰੀ ਸਕੂਲਾਂ ਦੇ ਸਹਾਇਕ ਡਿਪਟੀ ਸਿਖਿਆ ਇਨਸਪੈਕਟਰ ਸਨ।

ਇਹ ਪ੍ਰਸਿੱਧ ਸਿਖਿਆ ਸ਼ਾਸਤਰੀ, ਸ਼ਾਸਤਰਾਂ ਦੇ ਗਿਆਤਾ, ਸਮਾਜ ਸੇਵਕ, ਵਿਦਵਾਨ, ਲੇਖਕ, ਹਿਸਟੋਰੀਅਨ ਤੇ ਗਣਿਤ ਦੇ ਵੀ ਮਾਹਿਰ ਸਨ।

ਇਨ੍ਹਾਂ ਨੇ ਦੱਖਣ ਐਜੂਕੇਸ਼ਨ ਸੁਸਾਇਟੀ ਅਤੇ ਫਰਗੂਸਨ ਕਾਲਜ (1885) ਦੀ ਸਥਾਪਨਾ ਕੀਤੀ। ਇਸੇ ਕਾਲਜ ਵਿਚ ਇਹ ਕੁਝ ਸਮਾਂ ਪ੍ਰੋਫ਼ੈਸਰ ਵੀ ਰਹੇ। ਇਹ ਆਜ਼ਾਦ ਭਾਰਤ ਵਿਚ ਵੀ ਗਣਿਤ ਦੇ ਪ੍ਰੋਫ਼ੈਸਰ ਵਜੋਂ ਸੇਵਾ ਕਰਨਾ ਚਾਹੁੰਦੇ ਸਨ।

ਇਨ੍ਹਾਂ ਨੇ Arctic Home of the Vedas, Geeta Rahasya ਤੇ Orion ਪੁਸਤਕਾਂ ਲਿਖੀਆਂ ਜਿਹੜੀਆਂ ਇਨ੍ਹਾਂ ਦੇ

ਗਣਿਤ, ਇਤਿਹਾਸ ਤੇ ਸ਼ਾਸਤਰਾਂ ਦੇ ਗਿਆਤਾ ਅਤੇ ਸੂਝਵਾਨ ਵਿਦਵਾਨ ਹੋਣ ਦੀ ਸਾਖੀ ਭਰਦੀਆਂ ਹਨ।

ਇਨ੍ਹਾਂ ਨੇ ਲੋਕਾਂ ਵਿਚ ਭਾਰਤੀ ਸਭਿਆਚਾਰ ਪ੍ਰਤਿ ਪਿਆਰ ਤੇ ਦੇਸ਼ ਭਗਤੀ ਦਾ ਜਜ਼ਬਾ ਜਗਾਉਣ ਲਈ ਮਹਾਂਰਾਸ਼ਟਰ ਵਿਚ ਗਣਪਤੀ ਤੇ ਸ਼ਿਵਾਜੀ ਦੇ ਜਨਮ ਦਿਨਾਂ ਨੂੰ ਉਤਸਵਾਂ ਵਜੋਂ ਮਨਾਉਣ ਦੀ ਪਰੰਪਰਾ ਸ਼ੁਰੂ ਕੀਤੀ।

ਇਨ੍ਹਾਂ ਨੇ ਦੱਖਣ ਐਜੂਕੇਸ਼ਨ ਸੁਸਾਇਟੀ ਨਾਲੋਂ ਸਬੰਧ ਤੋੜ ਕੇ ਰਾਜਨੀਤੀ ਵਿਚ ਪ੍ਰਵੇਸ਼ ਕੀਤਾ ਤੇ ਕੇਸਰੀ (ਮਰਾਠੀ) ਤੇ ਮਰਹਟਾ ਅੰਗਰੇਜ਼ੀ ਦੇ ਐਡੀਟਰ ਵਜੋਂ ਤਹਿਲਕਾ ਮਚਾ ਦਿੱਤਾ। ਇਨ੍ਹਾਂ ਨੇ ਨਾ ਕੇਵਲ 1896-97 ਵਿਚ ਹੜ੍ਹ-ਪੀੜਤਾਂ ਤੇ ਪਲੇਗ ਦੇ ਰੋਗੀਆਂ ਲਈ ਰਾਹਤ ਕਾਰਜਾਂ ਨੂੰ ਚਲਾਇਆ ਸਗੋਂ ਲੋਕਾਂ ਦੇ ਦੁਖ-ਦਲਿੱਦਰ ਲਈ ਜ਼ਿੰਮੇਵਾਰ ਅੰਗਰੇਜ਼ ਪ੍ਰਬੰਧਕਾਂ ਦੀ ਵੀ 'ਕੇਸਰੀ' ਰਾਹੀਂ ਚੰਗੀ ਖ਼ਬਰ ਲਈ। ਚਾਪੇਦਰ ਭਰਾਵਾਂ ਨੇ ਜਦੋਂ ਪੂਨਾ ਦੇ ਪਲੇਗ-ਕਮਿਸ਼ਨਰ ਰੈਂਡ ਤੇ ਇਕ ਹੋਰ ਅੰਗਰੇਜ਼-ਅਫ਼ਸਰ ਨੂੰ ਮਾਰ ਦਿੱਤਾ ਤਾਂ ਸਰਕਾਰ ਨੇ 1897 ਵਿਚ ਉਹਨਾਂ ਉੱਤੇ ਅੰਗਰੇਜ਼ਾਂ ਵਿਰੁੱਧ ਲੋਕਾਂ ਨੂੰ ਭੜਕਾਉਣ ਦਾ ਮੁਕੱਦਮਾ ਚਲਾਇਆ। ਭਾਰਤੀ ਸੁਤੰਤਰਤਾ ਲਹਿਰ ਵਿਚ ਇਸ ਮੁਕੱਦਮੇ ਦੀ ਅਦੁੱਤੀ ਥਾਂ ਹੈ ਕਿਉਂਕਿ ਇਸ ਦੀ ਪੈਰਵੀ ਤਿਲਕ ਨੇ ਖ਼ੁਦ ਕੀਤੀ ਸੀ ਤੇ 24-25 ਘੰਟਿਆਂ ਦੇ ਬਿਆਨ ਦੌਰਾਨ 'ਸਵਰਾਜ ਮੇਰਾ ਜਨਮਸਿੱਧ-ਅਧਿਕਾਰ ਹੈ, ਇਸ ਨੂੰ ਮੈਂ ਲੈ ਕੇ ਰਹਾਂਗਾ।' ਬੋਲੇ ਸਨ। ਇਸ ਕੇਸ ਵਿਚ ਉਹਨਾਂ ਨੂੰ 18 ਮਹੀਨਿਆਂ ਦੀ ਕੈਦ ਸੁਣਾਈ ਗਈ ਤੇ 1908 ਵਿਚ ਇਨ੍ਹਾਂ ਨੂੰ ਛੇ ਸਾਲ ਦੀ ਸਜ਼ਾ ਸੁਣਾ ਕੇ ਮਾਂਡਲੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹਨਾਂ ਦੋ ਸਜ਼ਾਵਾਂ ਤੋਂ ਪਹਿਲਾਂ ਵੀ ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਉਣ ਦੇ ਦੋਸ਼ ਵਿਚ ਹੀ 1882 ਵਿਚ ਚਾਰ ਮਹੀਨਿਆਂ ਦੀ ਕੈਦ ਕੀਤੀ ਗਈ ਸੀ। ਇਸ ਤਰ੍ਹਾਂ ਉਹ ਭਾਰਤੀ ਸੁਤੰਤਰਤਾ ਸੰਗਰਾਮ ਦੇ ਪਹਿਲੇ ਘੁਲਾਟੀਏ ਸਨ ਜਿਨ੍ਹਾਂ ਨੂੰ ਇੰਡੀਅਨ ਪੈਨਲ ਕੋਡ ਦੀ ਧਾਰਾ 124 ਏ ਅਧੀਨ ਸਜ਼ਾ ਦਿੱਤੀ ਗਈ।

ਇਨ੍ਹਾਂ ਨੇ ਆਪਣੇ ਭਾਸ਼ਣਾਂ ਤੇ ਲਿਖਤਾਂ ਰਾਹੀਂ ਅੰਗਰੇਜ਼ਾਂ ਦੀ ਲੁੱਟ ਤੇ ਇਨ੍ਹਾਂ ਦੇ ਅਤਿਆਚਾਰਾਂ ਨੂੰ ਲੋਕਾਂ ਦੇ ਸਾਹਮਣੇ ਲਿਆ ਕੇ ਅਨਿਆਂ ਵਿਰੁੱਧ ਡੱਟ ਜਾਣ ਦੀ ਭਾਵਨਾ ਜਗਾਈ ਅਤੇ ਸਵਰਾਜ ਨੂੰ ਆਪਣੇ ਅਧਿਕਾਰ ਵਜੋਂ ਪ੍ਰਾਪਤ ਕਰਨ ਲਈ ਵੰਗਾਰਿਆ। ਇਹ ਭਾਰਤੀ ਕ੍ਰਾਂਤੀ ਦੇ ਜਨਮਦਾਤਾ ਸਨ। ਇਹ ਖਾੜਕੂ ਕੌਮਪ੍ਰਸਤੀ (Militant Nationalism) ਦੇ ਬਾਨੀ ਸਨ। ਭਾਰਤ ਦੇ ਹਰ ਸੂਬੇ ਵਿਚ ਲੋਕਾਂ ਦੀ ਸੋਚਣੀ ਨੂੰ ਇਸ ਵਿਚਾਰਧਾਰਾ ਨੇ ਟੁੰਬਿਆ। ਪੰਜਾਬ ਵਿਚ ਸਰਦਾਰ ਅਜੀਤ ਸਿੰਘ ਤੇ ਉਹਨਾਂ ਦੇ ਸਾਥੀ ਤੇ ਉਹਨਾਂ ਤੋਂ ਬਾਅਦ ਦੇ ਕ੍ਰਾਂਤੀਕਾਰੀ ਵੀ ਇਨ੍ਹਾਂ ਤੋਂ ਪ੍ਰਭਾਵਿਤ ਸਨ। ਸਰਦਾਰ ਅਜੀਤ ਸਿੰਘ ਤੇ ਇਨ੍ਹਾਂ ਦੇ ਸਾਥੀਆਂ ਨੇ ਪੰਜਾਬ ਵਿਚ ਤਿਲਕ ਦੇ ਆਦਰਸ਼ਾਂ ਅਨੁਸਾਰ ਟੈਕਸ ਅਦਾ ਨਾ ਕਰਨ, ਸਵਦੇਸ਼ੀ ਨੂੰ ਅਪਨਾਉਣਾ, ਕੌਮੀ-ਵਿਦਿਆ ਦਾ ਪ੍ਰਚਾਰ ਕਰਨ ਤੇ ਸਵਰਾਜ ਪ੍ਰਾਪਤ ਕਰਨ ਲਈ ਅੰਦੋਲਨ ਛੇੜਿਆ ਸੀ ਤੇ ਇਨ੍ਹਾਂ ਨੇ ਤਿਲਕ ਦੀ 1908 ਵਿਚ ਹੋਈ ਗ੍ਰਿਫ਼ਤਾਰੀ ਦੇ ਰੋਸ ਵਜੋਂ ਤੇ ਇਨ੍ਹਾਂ ਦੀ ਰਿਹਾਈ ਤਕ ਗੇਰੂਏ ਬਸਤਰ ਪਾਉਣ ਦੀ ਸਹੁੰ ਚੁੱਕੀ ਸੀ।

ਤਿਲਕ 1889 ਵਿਚ ਕਾਂਗਰਸ 'ਚ ਸ਼ਾਮਲ ਹੋਏ ਤੇ ਜੀਵਨ-ਭਰ ਇਸ ਨਾਲ ਜੁੜੇ ਰਹੇ। ਇਹ ਇਸ ਵਿਚ ਗਰਮ ਧੜੇ ਦੇ ਨੇਤਾ ਵਜੋਂ ਜਾਣੇ ਜਾਂਦੇ ਰਹੇ। ਇਹ ਆਪਣੇ ਸਮੇਂ ਦੇ ਤਿੰਨ ਮਹਾਨ ਲੀਡਰਾਂ ਬਾਲ, ਪਾਲ ਤੇ ਲਾਲ (ਬਾਲ ਗੰਗਾਧਰ ਤਿਲਕ, ਬਿਪਿਨ ਚੰਦਰ ਪਾਲ ਤੇ ਲਾਲਾ ਲਾਜਪਤ ਰਾਏ) ਵਿਚੋਂ ਸਿਰਮੌਰ ਸਨ। ਇਹ ਪੰਜਾਬ ਵਿਚ ਕਾਂਗਰਸ ਸੈਸ਼ਨ ਦੇ ਮੌਕੇ ਉਤੇ 26 ਦਸੰਬਰ, 1919 ਨੂੰ ਅੰਮ੍ਰਿਤਸਰ ਆਏ ਸਨ ਜਿਥੇ ਪੰਜਾਬੀਆਂ ਨੇ ਆਪਣੇ ਮਹਿਬੂਬ ਰਾਹਨੁਮਾ ਦਾ ਲਾਸਾਨੀ ਸੁਆਗਤ ਕੀਤਾ। ਸੰਨ 1917 ਵਿਚ ਇਨ੍ਹਾਂ ਉਤੇ ਪੰਜਾ ਵਿਚ ਦਾਖ਼ਲ ਨਾ ਹੋਣ ਦੀ ਪਾਬੰਦੀ ਲਗਾ ਦਿੱਤੀ ਸੀ।

1916 ਵਿਚ ਤਿਲਕ ਨੇ ਐਨੀ ਬੇਸੈਂਟ ਤੋਂ ਪਹਿਲਾਂ ਹੋਮ ਰੂ ਮੁਹਿੰਮ ਸ਼ੁਰੂ ਕੀਤੀ ਤੇ ਇਸ ਲਹਿਰ ਦੌਰਾਨ ਹੀ ਇਨ੍ਹਾਂ ਨੂੰ ਲੋਕ ਮਾਨਾ (ਲੋਕਾਂ ਵਲੋਂ ਸਤਿਕਾਰਤ) ਕਿਹਾ ਜਾਣ ਲਗ ਪਿਆ। ਇਹ ਬੰਬਈ ਲੈਜਿਸਲੇਟਿਵ ਕੌਂਸਲ ਦੇ ਕਈ ਸਾਲ ਮੈਂਬਰ ਰਹੇ।

ਸਰਕਾਰੀ ਨੌਕਰੀਆਂ ਤੇ ਸ਼ਰਾਬਨੋਸ਼ੀ ਦਾ ਬਾਈਕਾਟ, ਸਵਦੇਸ਼ ਵਸਤਾਂ ਨੂੰ ਅਪਨਾਉਣ ਤੇ ਅੰਗ੍ਰੇਜ਼ਾਂ ਨਾਲ ਨਾ-ਮਿਲਵਰਤਣ ਜਿ ਮਹਾਨ ਕਾਰਜਾਂ ਲਈ ਸਭ ਤੋਂ ਪਹਿਲਾਂ ਅੰਦਲੋਨ ਛੇੜਣ ਦਾ ਮਾ ਨਿਰਸੰਦੇਹ ਲੋਕਮਾਨਯ ਤਿਲਕ ਨੂੰ ਜਾਂਦਾ ਹੈ। ਇਨ੍ਹਾਂ ਨੇ 189 ਵਿਚ 'ਪੂਰਨ ਸਵਰਾਜ' ਦੀ ਮੰਗ ਕੀਤੀ ਜਦ ਕਿ ਕਾਂਗਰਸ ਨੇ ਇ ਨੂੰ 1929 ਵਿਚ ਅਪਣਾਇਆ।

ਇਨ੍ਹਾਂ ਦਾ ਅਕਾਲ ਚਲਾਣਾ 1 ਅਗਸਤ, 1920 ਨੂੰ ਬੰਬ ਵਿਚ ਹੋਇਆ। ਮਹਾਤਮਾ ਗਾਂਧੀ ਦੇ ਸ਼ਬਦਾਂ ਵਿਚ

"ਸਾਡੇ ਸਾਰੇ ਸਮਕਾਲੀਆਂ ਵਿਚੋਂ ਕੋਈ ਵੀ ਤਿਲਕ ਵਾਂ ਲੋਕਾਂ ਦੇ ਦਿਲਾਂ ਨੂੰ ਮੋਹ ਨਹੀਂ ਸੀ ਸਕਿਆ ਤੇ ਲੋਕਾਂ ਦੀ ਉਹਨ ਪ੍ਰਤੀ ਸ਼ਰਧਾ ਅਸਾਧਾਰਣ ਸੀ। ਉਹ ਬਿਨਾਂ ਸ਼ੱਕ ਲੋਕਾਂ ਲ ਭਗਵਾਨ ਸਨ। .......ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਆਧੁਨਿਕ ਭਾਰਤ ਦੇ ਨਿਰਮਾਤਾ ਵਜੋਂ ਯਾਦ ਕਰਨਗੀਆਂ।"

—ਪ੍ਰੇਮ ਭੂਸ਼ਣ ਗੋਇ

**ਤਿਲਕਾ** : ਇਹ ਇਕ ਛੰਦ ਹੈ ਜਿਹੜਾ ਦਸਮ ਗਰੰਥ ਵਿ ਆਏ 'ਅਕਵਾ' 'ਅਜਬਾ' ਅਤੇ 'ਕਨਯਾਂ' ਛੰਦ ਦਾ ਹੀ ਨਾਂਮਾਤਰ ਇਸ ਦੇ ਇਕ ਰੂਪ ਦੇ ਲੱਛਣ ਹਨ-ਚਾਰ ਚਰਣ, ਪ੍ਰਤਿ ਚਰਣ ਗ਼SSSSS। ਇਸ ਦੀ ਉਦਾਹਰਣ ਹੇਠਾਂ ਦਿੱਤੀ ਜਾਂਦੀ ਹੈ।

ਭੱਗੇ ਵੀਰੰ। ਲੱਗੇ ਤੀਰੰ।
ਪਿੱਥੇ ਰਾਮੰ। ਧਰਮੰ ਧਾਮੰ॥

(ਰਾਮਾ

ਤਿਲਕਾ ਦਾ ਦੂਜਾ ਰੂਪ ਇਹ ਹੈ-ਚਾਰ ਚਰਣ ਪ੍ਰਤਿਚਰਣ ਸਗਣ, 11S 11S। ਇਸ ਦੀ ਉਦਾਹਰਣ ਹੈ।

ਗੁਰੁ ਕੋ ਸਿਖ ਹ੍ਵੈ। ਨਹਿ ਪਾਪਨ ਛ੍ਵੈ।
ਮ੍ਰਿਦੁ ਬੋਲ ਰਰੇ। ਸਭ ਸੇਵ ਕਰੇ॥

ਇਸ ਛੰਦ ਨੂੰ 'ਹਰਿਬੋਲਮਨਾ' ਅਤੇ 'ਰਮਾਣਕਾ' ਵੀ ਕਹਿ ਹਨ।

ਦਸਮ ਪਾਤਸ਼ਾਹੀ ਦੇ ਗੁਰੂ ਬਿਲਾਸ ਵਿਚ ਵੀ ਇਹੀ ਆਇਆ ਹੈ, ਜਿਵੇਂ :—

ਲੱਖ ਲੋਗ ਸਬੈ। ਬਿਸਮੇ ਸੁ ਤਬੈ।
ਇਨ ਸਾਚ ਕਰਯੋ। ਉਨ ਝੂਠ ਰਰਯੋ॥

ਹ.ਪੁ.-ਮ.ਕੋ : 592

**ਤਿਲੰਗ ਕਾਫੀ ਰਾਗ** : ਗੁਰਮਤ ਸੰਗੀਤ ਪੱਧਤੀ ਦਾ ਮੌਲਿਕ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਿਸ਼ਰਤ ਰਾਗ ਪਰਪਾਟੀ ਇਕ ਸੁੰਦਰ ਨਮੂਨਾ ਹੈ। ਤਿਲੰਗ ਅਤੇ ਕਾਫੀ ਰਾਗ ਦਾ ਇਹ ਸੁ ਸ਼ਾਸਤਰੀ ਅਤੇ ਸੁਗਮ ਸੰਗੀਤ ਲਈ ਅਤਿ ਢੁੱਕਵਾਂ ਹੈ।

ਥਾਟ = ਉਪਥਾਟ = ਖਮਾਜ - ਕਾਫੀ,

ਜਾਤੀ = ਔੜਵ – ਵਕਰ – ਸੰਪੂਰਣ,

ਵਾਦੀ = ਪੰਚਮ, ਸੰਵਾਦੀ = ਸੜਜ, ਸਮਾਂ = ਮੱਧ ਰਾਤ

ਆਰੋਹ = ਸਾ ਰੇ ਮ ਪ ਨੀ ਪ, ਗ ਮ, ਪ ਨੀ ਸਾ

ਅਵਰੋਹ = ਸਾ ਨੀ ਪਾ, ਪ ਮ ਪ ਗੁ ਮ ਗੁ ਰੇ ਸਾ

ਇਸ ਰਾਗ ਵਿਚ ਦੋਵੇਂ ਗੰਧਾਰ, ਦੋਵੇ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਅਧੀਨ ਸਿਰਫ਼ ਗੁਰੂ ਤੇਗ ਬਹਾਦਰ ਜੀ ਨੇ ਹੀ ਬਾਣੀ ਰਚੀ ਹੈ।

ਹ.ਪੁ.—ਆਦਿ ਗ੍ਰੰਥ ਰਾਗ-ਕੋਸ਼-ਗੁਰਨਾਮ ਸਿੰਘ

**ਤਿਲਗੰਜੀ** : ਇਹ ਭਾਰਤ ਦੇ ਤਾਮਿਲਨਾਡੂ ਰਾਜ ਵਿਚ ਪਾਲੀਪੁਰਮ ਬੰਦਰਗਾਹ ਦੇ ਨਜ਼ਦੀਕ, ਸਮੁੰਦਰ ਕੰਢੇ ਇਕ ਪਵਿਤਰ ਅਸਥਾਨ ਹੈ। ਇਥੇ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਦੀ ਵੰਡ-ਛਕਣ ਦੀ ਰੀਤ ਨੂੰ ਪਰਖਣ ਲਈ ਇਕ ਤਿਲ ਭੇਟ ਕੀਤਾ। ਗੁਰੂ ਜੀ ਨੇ ਉਸ ਤਿਲ ਨੂੰ ਜਲ ਵਿਚ ਘੋਟ ਕੇ ਸਭ ਨੂੰ ਵਰਤਾਇਆ ਜਿਸ ਤੇ ਸਿੱਧਾਂ ਨੂੰ ਉਹਨਾਂ ਅਗੇ ਗੋਡੇ ਟੇਕਣੇ ਪਏ। ਇਸੇ ਕਾਰਣ ਇਸ ਸਥਾਨ ਦਾ ਨਾਂ ਤਿਲਗੰਜੀ ਪਿਆ। ਬਾਅਦ ਵਿਚ ਇਸੇ ਯਾਦ ਵਿਚ ਇਥੇ ਇਕ ਗੁਰਦੁਵਾਰਾ ਉਸਾਰਿਆ ਗਿਆ।

ਹ.ਪੁ.-ਮ.ਕੋ. : 592

**ਤਿਲੰਗ ਦੀ ਵਾਰ** : ਇਹ ਵਾਰ ਸੋਢੀ ਮਿਹਰਬਾਨ ਜੀ ਦੀ ਲਿਖੀ ਹੋਈ ਮੰਨੀ ਜਾਂਦੀ ਹੈ ਜੋ ਮਹਲਾ ਸਤਵੇਂ ਅਧੀਨ ਦਰਜ ਹੈ ਤੇ ਪੋਥੀਆਂ ਵਿਚ ਲਿਖੀ ਗਈ ਮਿਲਦੀ ਹੈ ਪਰ ਕਈ ਪੋਥੀਆਂ ਵਿਚ ਇਹ ਮਹਲਾ ੧ ਦੇ ਅਧੀਨ ਵੀ ਦਰਜ ਮਿਲਦੀ ਹੈ ਜਿਸ ਕਾਰਨ ਇਸ ਦੇ ਲੇਖਕ ਬਾਰੇ ਸ਼ੰਕਾ ਹੈ ਪਰ ਇਸਨੂੰ ਮਿਹਰਬਾਨ ਸੰਪ੍ਰਦਾਇ ਵਾਲਿਆਂ ਦੀ ਹੀ ਰਚਨਾ ਮੰਨਿਆ ਜਾਂਦਾ ਹੈ। ਇਸ ਵਾਰ ਵਿਚ ਅਕਾਲ ਪੁਰਖ ਦੀ ਮਹਿਮਾ ਗਾਈ ਗਈ ਹੈ। ਇਸ ਵਿਚ ਮੁਸਲਮਾਨੀ ਬਿੰਬ ਤੇ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਤਾਂ ਕਿ ਸਮੇਂ ਦੇ ਹਾਕਮਾਂ ਨੂੰ ਖੁਸ਼ ਕੀਤਾ ਜਾ ਸਕੇ। ਇਹ ਵਾਰ ਸਾਹਿਤਕ ਪੱਖੋਂ ਸਾਧਾਰਨ ਪੱਧਰ ਦੀ ਰਚਨਾ ਹੈ ਅਤੇ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵਾਰਾਂ ਦਾ ਅਨੁਕਰਣ ਕਰਨ ਦਾ ਯਤਨ ਕੀਤਾ ਹੈ।

ਹ.ਪੁ.—ਮ.ਕੋ; ਪੰਜਾਬੀ ਵਾਰਾਂ-ਪਿਆਰਾ ਸਿੰਘ ਪਦਮ

**ਤਿਲੰਗ ਰਾਗ** : ਇਹ ਬਿਲਾਵਲ ਠਾਟ ਦਾ ਇਕ ਔੜਵ ਰਾਗ ਹੈ। ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਵਰਜਤ ਹਨ ਅਤੇ ਬਾਕੀ ਸਾਰੇ ਸੁਰ ਸ਼ੁੱਧ ਹਨ। ਨਿਸ਼ਾਦ ਅਤੇ ਪੰਚਮ ਦੀ ਇਸ ਰਾਗ ਵਿਚ ਸੰਗਤ ਹੈ। ਵਾਦੀ ਸੁਰ ਗਾਂਧਾਰ ਅਤੇ ਨਿਸ਼ਾਦ ਸੰਵਾਦੀ ਹੈ। ਇਸ ਰਾਗ ਨੂੰ ਦਿਨ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ।

ਆਰੋਹੀ - ਸ਼ ਗ ਮ ਪ ਨ ਸ਼

ਅਵਰੋਹੀ - ਸ਼ ਨ ਪ ਮ ਗ ਸ਼

ਕਈਆਂ ਨੇ ਇਸ ਵਿਚ ਧੈਵਤ ਸੁਰ ਲਾ ਕੇ ਇਸਨੂੰ ਸ਼ਾੜਵ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ਚੌਦਵਾਂ ਨੰਬਰ ਹੈ।

'ਬੁਧ ਪ੍ਰਕਾਸ਼ ਦਰਪਣ' ਵਿਚ ਤਿਲੰਗੀ ਨੂੰ ਹਿੰਡੋਲ ਦੀ ਇਸਤ੍ਰੀ ਲਿਖਿਆ ਹੈ।

ਹ.ਪੁ.—ਮ.ਕੋ.; ਸੈ.ਕੋ.

**ਤਿਲਗਾਨਾ** : ਇਹ ਦੱਖਣੀ ਭਾਰਤ ਦਾ ਇਕ ਪ੍ਰਾਚੀਨ ਖੇਤਰ ਹੁੰਦਾ ਸੀ ਜਿਸ ਦਾ ਵਿਸਥਾਰ ਸ੍ਰੀਸ਼ੈਲ (ਪਰਬਤ) ਤੋਂ ਚੋਲ ਰਾਜ ਤੱਕ ਹੁੰਦਾ ਸੀ ਅਤੇ ਇਹ ਤਿਲੰਗ ਨਾਂ ਨਾਲ ਪ੍ਰਸਿੱਧ ਸੀ ਪਰੰਤੂ ਮੁਸਲਮਾਨ ਸ਼ਾਸਕ ਤੇਲਗੂ ਭਾਸ਼ੀ ਖੇਤਰ ਨੂੰ ਤਿਲੰਗਾਨਾ ਕਹਿੰਦੇ ਸੀ। ਕੁੱਝ ਲੋਕਾਂ ਦਾ ਇਹ ਮੱਤ ਹੈ ਕਿ ਇਹ ਖੇਤਰ ਕਾਲਹਸਤੀ, ਸ੍ਰੀਸ਼ੈਲਮ ਅਤੇ ਭੀਮੇਸ਼ਵਰ ਪਹਾੜੀਆਂ ਵਿਚਕਾਰ ਪੈਂਦਾ ਸੀ ਅਤੇ ਇਨ੍ਹਾਂ ਪਹਾੜੀਆਂ ਉੱਤੇ ਕਾਲੇਸ਼ਵਰ, ਸ੍ਰੀਸ਼ੈਲਮ ਅਤੇ ਭੀਮੇਸ਼ਵਰ ਸ਼ਿਵਲਿੰਗ ਹੋਣ ਕਾਰਨ ਇਨ੍ਹਾਂ ਪਹਾੜੀਆਂ ਨੂੰ ਤ੍ਰਿਕਲਿੰਗ ਕਿਹਾ ਗਿਆ। ਇਸੇ ਤ੍ਰਿਕਲਿੰਗ ਦਾ ਵਿਗੜਿਆ ਹੋਇਆ ਰੂਪ ਤਿਲੰਗਾਨਾ ਹੈ। ਇਸ ਖੇਤਰ ਦੇ ਉੱਤਰ ਵਿਚ ਗੋਦਾਵਰੀ ਨਦੀ ਵਹਿੰਦੀ ਸੀ। ਪ੍ਰਾਚੀਨ ਕਾਲ ਵਿਚ ਇਸ ਖੇਤਰ ਨੂੰ ਆਂਧਰ ਵੀ ਕਹਿੰਦੇ ਸੀ ਪਰੰਤੂ ਸਾਧਾਰਣ ਰੂਪ ਵਿਚ ਆਂਧਰ ਨਾਮ ਦੀ ਵਰਤੋਂ ਕਾਲਿੰਗਾ ਅਤੇ ਉਨ੍ਹਾਂ ਦੂਜੇ ਖੇਤਰਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਆਂਧਰ ਰਾਜਿਆਂ ਨੇ ਜਿੱਤਿਆ ਸੀ। ਆਂਧਰ ਰਾਜਿਆਂ ਦੇ ਸਿੱਕੇ ਕ੍ਰਿਸ਼ਨਾ ਨਦੀ ਦੀ ਘਾਟੀ ਤੋਂ ਵੀ ਪ੍ਰਾਪਤ ਹੋਏ ਹਨ। ਆਧੁਨਿਕ ਆਂਧਰ ਰਾਜ ਵਿਚ ਪ੍ਰਾਚੀਨ ਤਿਲੰਗਾਨਾ ਖੇਤਰ ਵੀ ਸ਼ਾਮਿਲ ਹੈ ਪਰੰਤੂ ਹੁਣ ਤਿਲੰਗਾਨਾ ਨਾਂ ਦਾ ਕੋਈ ਖੇਤਰ ਮੌਜੂਦ ਨਹੀਂ ਹੈ।

ਹ.ਪੁ.—ਹਿ.ਵਿ.ਕੋ 5 : 422

**ਤਿੱਲੀ** (Spleen) : ਇਹ ਲਸੀਕਾ ਨਾੜੀ ਅਤੇ ਲਹੂ ਗੇੜ ਸਿਸਟਮ ਦਾ ਇਕ ਅੰਗ ਹੈ। ਤਿੱਲੀ ਮਿਹਦੇ ਦੇ ਖੱਬੇ ਪਾਸੇ ਉਦਰੀ-ਖੋੜ ਵਿਚ ਪੇਟ-ਪਰਦੇ (diaphragm) ਦੇ ਬਿਲਕੁਲ ਹੇਠਾਂ ਸਥਿਤ ਹੁੰਦੀ ਹੈ। ਵੱਖ-ਵੱਖ ਜਾਤੀਆਂ ਅਤੇ ਵੱਖ-ਵੱਖ ਉਮਰ ਦੇ ਪ੍ਰਾਣੀਆਂ ਵਿਚ ਤਿੱਲੀ ਦੇ ਆਕਾਰ, ਬਣਾਵਟ, ਰੰਗ-ਰੂਪ ਅਤੇ ਸਥਿਤੀ ਵਿਚ ਵਖਰੇਵਾਂ ਪਾਇਆ ਜਾਂਦਾ ਸੀ।

ਮਨੁੱਖ ਵਿਚ ਤਿੱਲੀ ਦਾ ਭਾਰ ਲਗਭਗ 225 ਗ੍ਰਾ. ਹੁੰਦਾ ਹੈ। ਆਮ ਤੌਰ ਤੇ ਮਨੁੱਖ, ਕੁੱਤੇ ਅਤੇ ਚੂਹੇ ਵਿਚ ਤਿੱਲੀ ਦਾ ਭਾਰ ਉਨ੍ਹਾਂ ਦੇ ਸਰੀਰਕ ਭਾਰ ਦਾ 0.25% ਹੁੰਦਾ ਹੈ ਜਦੋਂ ਕਿ ਬਿੱਲੀ ਅਤੇ ਖਰਗੋਸ਼ ਵਿਚ ਇਹ ਸਰੀਰਕ ਭਾਰ ਦਾ 0.05% ਹੁੰਦਾ ਹੈ।

**ਐਨਾਟਮੀ** —ਤਿੱਲੀ ਅੰਡਾਕਾਰ ਸ਼ਕਲ ਦਾ ਇਕ ਠੋਸ ਅੰਗ



ਤਿੱਲੀ ਦੇ ਕੈਪਸਿਊਲ ਦੇ ਹੇਠਾਂ ਸਥਿਤ ਇਕ ਤਿੱਲੀ-ਲੱਬਿਊਲ ਦਾ ਚਿੱਤਰ ਜਿਸ ਵਿਚ ਧਮਣੀ ਅਤੇ ਸ਼ਿਰਾ ਦੇ ਸਬੰਧ ਸਫ਼ੈਦ ਅਤੇ ਲਾਲ ਪਲਪ ਨਾਲ ਦਿੱਸਦੇ ਹਨ।

ਹੁੰਦਾ ਹੈ, ਜਿਸ ਦੀ ਅੰਦਰਲੀ ਸਤ੍ਹਾ ਦੰਦੇਦਾਰ ਹੁੰਦੀ ਹੈ ਅਤੇ ਇਹ ਹਾਈਲਮ ਜਾਂ ਪੈਰੀਟੋਨੀਅਮ ਨਾਲ ਇਕ ਡੰਡੀ ਰਾਹੀਂ ਜੁੜਿਆ ਹੁੰਦਾ ਹੈ। ਇਸ ਪਰਦੇ ਵਰਗੀ (ਮੀਜ਼ੈਂਟਰੀ) ਪਰਤ ਵਿਚ ਤਿੱਲੀ ਧਮਣੀ ਅਤੇ ਤਿੱਲੀ ਸ਼ਿਰਾ ਵੀ ਹੁੰਦੀਆਂ ਹਨ।

ਤਿੱਲੀ ਇਕ ਗੁੰਝਲਦਾਰ ਪਲਪ ਦੀ ਬਣੀ ਹੁੰਦੀ ਹੈ, ਜਿਹੜੀ ਰੇਸ਼ੇਦਾਰ ਪਰਦਿਆਂ ਜਾਂ ਟ੍ਰੈਬੇਕਿਊਲੀ ਵਿਚ ਹੁੰਦੀ ਹੈ। ਇਸ ਦੁਆਲੇ ਇਕ ਸੰਘਣਾ ਰੇਸ਼ੇਦਾਰ ਕੈਪਸਿਊਲ ਹੁੰਦਾ ਹੈ ਜਿਸ ਤੋਂ ਇਹ ਪਰਦੇ ਅੰਦਰ ਵਲ ਵਧਦੇ ਹਨ। ਅਸਾਧਾਰਣ ਕਿਸਮ ਦੇ ਲਹੂ-ਗੇੜ ਵਿਚ ਨਿੱਕੀਆਂ ਨਿੱਕੀਆਂ ਤਿੱਲੀ ਧਮਣੀਆਂ ਪਤਲੀਆਂ ਭਿੱਤੀਆਂ ਵਿਚ ਖੁੱਲ੍ਹਦੀਆਂ ਹਨ, ਜਿਨ੍ਹਾਂ ਨੂੰ ਸਾਈਨੁਸਾੱਇਡ (Sinusoids) ਕਹਿੰਦੇ ਹਨ, ਜੋ ਅਗੋਂ ਛੋਟੀਆਂ ਸ਼ਿਰਾਵਾਂ ਵਿਚ ਖਾਲੀ ਹੋ ਜਾਂਦੀਆਂ ਹਨ। ਇਨ੍ਹਾਂ ਲਹੂ ਭਰੀਆਂ ਵਹਿਣੀਆਂ, ਸੈੱਲਾਂ ਦੇ ਝੁੰਡਾਂ ਅਤੇ ਵਿਕਸਿਤ ਹੋ ਰਹੇ ਫਾੱਲੀਕਲਾਂ (ਪੋਟਲੀ ਸੈੱਲਾਂ) ਕਾਰਨ ਹੀ ਤਿੱਲੀ ਗੁੱਦੇਦਾਰ ਹੁੰਦੀ ਹੈ।

ਪਲਪ ਦੋ ਤਰ੍ਹਾਂ ਦੀ ਹੁੰਦੀ ਹੈ-ਸਫ਼ੈਦ ਅਤੇ ਲਾਲ। ਸਫ਼ੈਦ ਪਲਪ (ਲਸੀਕਾ ਟਿਸ਼ੂ) ਤੋਂ ਅਨਿਯਮਿਤ ਜਿਹੀਆਂ ਗੰਢਾਂ (nodules) ਬਣਦੀਆਂ ਹਨ, ਜਿਨ੍ਹਾਂ ਨੂੰ ਮੈਲਪਿਗੀ ਕਾਰਪੱਸਲਜ਼ ਕਹਿੰਦੇ ਹਨ। ਇਨ੍ਹਾਂ ਵਿਚ ਲਿੰਫ਼ੋਸਾਈਟ ਵਿਕਸਿਤ ਹੁੰਦੇ ਹਨ। ਲਿੰਫ਼ੋਸਾਈਟਾਂ ਤੋਂ ਇਲਾਵਾ ਹੋਰ ਵੀ ਸਫ਼ੈਦ ਸੈੱਲ ਜਿਵੇਂ ਮਾੱਨੋਸਾਈਟ, ਹਿਸਟੀਓਸਾਈਟ ਆਦਿ ਹੋਰ ਵੱਡੇ ਵੱਡੇ ਸੈੱਲ ਵੀ ਇਨ੍ਹਾਂ ਵਿਚ ਹੁੰਦੇ ਹਨ।

ਲਾਲ-ਪਲਪ ਲਹੂ ਨਾਲ ਭਰੇ ਸਾਈਨੁਸਾੱਇਡਾਂ ਦੀ ਬਣੀ ਹੁੰਦੀ ਹੈ। ਸਾਈਨੁਸਾੱਇਡਾਂ ਦੀ ਵਿਚਕਾਰਲੀ ਥਾਂ ਤਿੱਲੀ-ਕਾਰਡਾਂ ਨਾਲ ਭਰੀ ਹੁੰਦੀ ਹੈ, ਜਿਨ੍ਹਾਂ ਵਿਚ ਲਿੰਫ਼ੋਸਾਈਟ ਹੁੰਦੇ ਹਨ ਜਿਹੜੇ ਹੌਲੀ ਹੌਲੀ ਸਫ਼ੈਦ-ਪਲਪ ਵਿਚ ਰਚ-ਮਿਚ ਜਾਂਦੇ ਹਨ। ਸਫ਼ੈਦ ਅਤੇ ਲਾਲ-ਪਲਪ ਦਾ ਪਸਾਰ ਅਤੇ ਮਾਤਰਾ ਵੱਖ-ਵੱਖ ਕਿਸਮਾਂ ਵਿਚ ਵੱਖ ਵੱਖ ਹੁੰਦੀ ਹੈ।

**ਕੰਮ** — ਤਿੱਲੀ ਸਰੀਰ ਦਾ ਇਕ ਮਹੱਤਵਪੂਰਨ ਅੰਗ ਹੈ। ਲਹੂ ਬਣਾਉਣ ਵਾਲੇ ਸਿਸਟਮ ਵਿਚ ਇਸਦੀ ਮੁੱਖ ਭੂਮਿਕਾ ਹੈ। ਇਹ ਸਰੀਰ ਦੇ ਸਭ ਤੋਂ ਵੱਡੇ ਲਸੀਕਾ-ਅੰਗਾਂ ਵਿਚੋਂ ਇਕ ਹੈ, ਜੋ ਰੈਟੀਕੁਲੋਐਂਡੋਥੀਲੀਅਲ ਸਿਸਟਮ ਦੀ ਬੀਮਾਰੀ ਦਾ ਟਾਕਰਾ ਕਰਨ; ਬੈਕਟੀਰੀਆ ਜਾਂ ਹੋਰ ਬਾਹਰੀ ਕਣਾਂ ਦੀ ਤਾਕਤ ਨੂੰ ਖ਼ਤਮ ਕਰਨ ਦੀ ਸਮਰੱਥਾ ਰਖਦੇ ਹਨ। ਕਈ ਵਾਰ ਇਹ ਫ਼ਿਲਟਰਾਂ ਦਾ ਵੀ ਕੰਮ ਕਰਦੇ ਹਨ, ਜਿਨ੍ਹਾਂ ਵਿਚੋਂ ਲਹੂ ਜਾਂ ਲਸੀਕਾ ਲੰਘਦਾ ਹੈ।

ਤਿੱਲੀ ਦਾ ਮੁੱਖ ਕੰਮ ਲਿੰਫ਼ੋਸਾਈਟ ਬਣਾਉਣਾ ਹੈ ਪਰੰਤੂ ਇਸ ਤੋਂ ਇਲਾਵਾ ਇਹ ਪ੍ਰਤਿਜੀਵਾਣੂ ਪੈਦਾ ਕਰਨ ਅਤੇ ਟੁੱਟੇ-ਭੱਜੇ ਲਾਲ ਰਕਤਾਣੂਆਂ ਦਾ ਨਾਸ਼ ਕਰਨ ਦਾ ਕੰਮ ਵੀ ਕਰਦੀ ਹੈ। ਕਈ ਪ੍ਰਾਣੀਆਂ ਵਿਚ ਇਹ ਲਾਲ-ਰਕਤਾਣੂਆਂ ਦੇ ਭੰਡਾਰ ਵਜੋਂ ਵੀ ਕੰਮ ਕਰਦੀ ਹੈ ਅਤੇ ਸਮੇਂ ਸਮੇਂ ਤੇ ਸੁੰਗੜ ਕੇ ਲਹੂ ਦੀ ਲਾਲ-ਰਕਤਾਣੂਆਂ ਦੀ ਲੋੜ ਨੂੰ ਵੀ ਪੂਰਾ ਕਰਦੀ ਰਹਿੰਦੀ ਹੈ। ਗਰਭ ਵਿਚ ਅਤੇ ਕਈ ਵਾਰ ਪਿਛੋਂ ਵੀ, ਤਿੱਲੀ ਲਾਲ-ਰਕਤਾਣੂ ਬਣਾਉਣ ਦਾ ਮੁੱਖ ਕੰਮ ਕਰਦੀ ਹੈ।

ਨਿਮਨਪੱਧਰੀ ਰੀੜ੍ਹਧਾਰੀ ਪ੍ਰਾਣੀਆਂ ਵਿਚ ਤਿੱਲੀ ਟਿਸ਼ੂ ਦੀ ਸੂਰਤ ਵਿਚ ਮਿਲਦੀ ਹੈ ਅਤੇ ਲਹੂ ਬਣਾਉਣ ਵਾਲੇ ਮੁੱਖ ਅੰਗ ਦੇ ਤੌਰ ਤੇ ਕੰਮ ਕਰਦੀ ਹੈ। ਕੁਝ ਜਲ-ਥਲੀ ਕਿਸਮਾਂ ਅਤੇ ਬਹੁਤੀਆਂ ਉੱਚ ਪੱਧਰੀ ਕਿਸਮਾਂ ਵਿਚ ਹੱਡੀ-ਮਿੱਝ (bone marrow) ਲਾਲ-ਰਕਤਾਣੂ ਬਣਾਉਣ ਦਾ ਕੰਮ ਕਰਦੀ ਹੈ ਇਸ ਲਈ ਕਿਸੇ ਵੀ ਰੀੜ੍ਹਧਾਰੀ ਵਿਚ ਤਿੱਲੀ ਜਿਉਂਦੇ ਰਹਿਣ ਲਈ ਇਕ ਮਹਤੱਵਪੂਰਨ ਅੰਗ ਨਹੀਂ ਹੈ, ਕਿਉਂਕਿ ਇਹ ਕੰਮ ਹੋਰ ਕੋਈ ਅੰਗ ਕਰ ਸਕਦਾ ਹੈ ਜਾਂ ਵੰਡਾਅ ਸਕਦਾ ਹੈ। ਇਸ ਦੇ ਕਈ ਕੰਮ ਜਿਵੇਂ ਲਿੰਫ਼ੋਸਾਈਟ ਬਣਾਉਣਾ ਆਦਿ ਲਸੀਕਾ ਟਿਸ਼ੂ ਕਰ ਲੈਂਦਾ ਹੈ। ਤਿੱਲੀ ਕੱਢ ਦੇਣ ਨਾਲ, ਆਰਜ਼ੀ ਤੌਰ ਤੇ, ਪ੍ਰਤਿਜੀਵਾਣੂ ਬਣਨੇ ਘਟ ਜਾਂਦੇ ਹਨ ਜਾਂ ਕੋਈ ਹੋਰ ਛੁਪੀ ਹੋਈ ਜਾਂ ਹਲਕੀ ਜਿਹੀ ਲਾਗ ਮੁੜ ਕੇ ਸੁਰਜੀਤ ਹੋ ਜਾਂਦੀ ਹੈ।

**ਤਿੱਲੀ ਦੇ ਵਿਗਾੜ** — ਵਾਸਕੂਲਰ ਉਤਪੱਤੀ (origin) ਤੋਂ ਇਲਾਵਾ ਸ਼ਾਇਦ ਹੀ ਹੋਰ ਕੋਈ ਬੀਮਾਰੀ ਸਿੱਧੀ ਤਿੱਲੀ ਤੋਂ ਆਰੰਭ ਹੁੰਦੀ ਹੋਵੇ ਪਰ ਸਿਸਟੈਮਿਕ ਸੋਜਸ਼ਾਂ, ਮੈਟਾਬਾੱਲਿਕ ਬੀਮਾਰੀਆਂ ਅਤੇ ਵਿਆਪਕ-ਖ਼ੂਨ ਦੇ ਵਿਗਾੜਾਂ ਦਾ ਪ੍ਰਭਾਵ ਇਸ ਉੱਤੇ ਜ਼ਰੂਰ ਪੈਂਦਾ ਹੈ।

ਵਾਸਕੁਲਰ ਵਿਗਾੜਾਂ ਵਿਚੋਂ ਰੱਤ-ਬਹੁਲਤਾ (congestion) ਮੁੱਖ ਹੈ। ਖ਼ਾਸ ਕਰਕੇ ਰੱਤ-ਬਹੁਲਤਾ, ਜਿਹੜੀ ਦਿਲ ਦੇ ਫ਼ੇਲ੍ਹ ਹੋਣ ਜਾਂ ਰੁਕਣ; ਜਿਗਰ ਦੇ ਖ਼ਰਾਬ ਹੋਣ (cirrhosis) ਅਤੇ ਤਿੱਲੀ ਵਿਚੋਂ ਲਹੂ ਦੇ ਵਗਣ ਵਿਚ ਰੁਕਾਵਟ/ਵਿਘਨ ਕਾਰਨ ਹੁੰਦੀ ਹੈ। ਤਿੱਲੀ ਧਮਣੀ ਜਾਂ ਇਸ ਦੀਆਂ ਸ਼ਾਖ਼ਾਵਾਂ ਵਿਚ ਥਿੰਬਾਣੂ (thrombi) ਬਣ ਜਾਣ ਨਾਲ ਪੈਦਾ ਹੋਈ ਰੁਕਾਵਟ ਨਾਲ ਦਿਲ ਜਾਂ ਲਹੂ ਦੀ ਬੀਮਾਰੀ ਹੋ ਸਕਦੀ ਹੈ।

ਲਹੂ ਜਮਾਉਣ (engorgement) ਨਾਲ ਆਮ ਤੌਰ ਤੇ ਤਿੱਲੀ ਦਾ ਆਕਾਰ ਵੱਡਾ ਹੋ ਜਾਂਦਾ ਹੈ।

ਹ.ਪੁ.—ਐਨ.ਬ੍ਰਿ. 21 : 244

**ਤਿਲੈਈਆ** : ਇਹ ਬਿਹਾਰ ਰਾਜ (ਭਾਰਤ) ਦੇ ਹਜ਼ਾਰੀ ਬਾਗ਼ ਜ਼ਿਲ੍ਹੇ ਦਾ ਸ਼ਹਿਰ ਹੈ ਜਿਹੜਾ ਦਮੋਦਰ ਦਰਿਆ ਦੀ ਸਹਾਇਕ ਨਦੀ, ਬਾਰਾਕਰਾ ਦੇ ਕੰਢੇ ਉੱਤੇ ਵਸਿਆ ਹੋਇਆ ਹੈ। ਦਮੋਦਰ ਦਰਿਆ ਵਿਚ ਆਉਂਦੇ ਹੜ੍ਹਾਂ ਦੀ ਰੋਕਥਾਮ ਆਦਿ ਮੰਤਵਾਂ ਲਈ ਦਮੋਦਰ ਵਾਦੀ ਪ੍ਰਾਜੈਕਟ ਬਣਾਇਆ ਗਿਆ ਅਤੇ ਇਸ ਦਾ ਪ੍ਰਬੰਧ ਦਮੋਦਰ ਵਾਦੀ ਕਾਰਪੋਰੇਸ਼ਨ ਨੂੰ ਸੌਂਪਿਆ ਗਿਆ। ਕਾਰਪੋਰੇਸ਼ਨ ਵਲੋਂ ਇਥੇ ਬਾਰਾਕਰਾ ਦਰਿਆਈ ਪਾਣੀ ਨੂੰ ਬੰਨ੍ਹ ਮਾਰ ਕੇ ਇਕ ਬਹੁ-ਮੰਤਵੀ ਤਿਲੈਈਆ ਡੈਮ ਅਤੇ ਨਾਲ ਹੀ ਤਿਲੈਈਆ ਪਣ-ਬਿਜਲੀ ਘਰ ਬਣਾਇਆ। ਇਸ ਪਾਵਰ ਪਲਾਂਟ ਦੀ 4000 ਕਿਲੋਵਾਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਹੈ। ਇਸ ਦੇ ਨਾਲ ਹੀ ਤਿਲੈਈਆ ਜਲ-ਸਿੰਜਾਈ ਯੋਜਨਾ ਨਾਲ 15,000 ਏਕੜ ਭੂਮੀ ਦੀ ਸਿੰਚਾਈ ਕੀਤੀ ਜਾਂਦੀ ਹੈ।

24°51′ ਉ. ਵਿਥ.; 85° 30′ ਪੂ.ਲੰਬ.

ਹ.ਪੁ.—ਬਿਹਾਰ-ਇਨਾਇਤ ਅਹਿਮਦ; ਡਾਇਰੈਕਟਰੀ ਐਂਡ ਯੀਅਰ ਬੁੱਕ-1983

**ਤਿਲੋਕ ਸਿੰਘ** : ਇਹ ਪੰਜਾਬ ਦੀਆਂ ਪੁਰਾਣੀਆਂ ਸਿੱਖ ਰਿਆਸਤਾਂ ਵਿਚੋਂ ਨਾਭਾ ਤੇ ਜੀਂਦ ਦੇ ਰਾਜ-ਘਰਾਣਿਆਂ ਦਾ ਵਡੇਰਾ ਅਤੇ ਬਾਬੇ ਫੂਲ ਦਾ ਵੱਡਾ ਸਪੁੱਤਰ ਸੀ। ਇਸ ਨੇ ਆਪਣੇ ਛੋਟੇ ਭਰਾ, ਭਾਈ ਰਾਮ ਸਿੰਘ ਨਾਲ ਰਲ ਕੇ ਦਮਦਮਾ ਸਾਹਿਬ ਦੇ ਸਥਾਨ ਤੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਅਤੇ ਸਿੰਘ ਸੱਜ ਗਿਆ। ਗੁਰੂ ਸਾਹਿਬ ਦੋਹਾਂ ਭਰਾਵਾਂ ਤੇ ਬਹੁਤ ਖੁਸ਼ ਹੋਏ ਅਤੇ 'ਤੇਰਾ ਘਰੁ ਮੇਰਾ ਅਸੈ' ਹੁਕਮਨਾਮੇ ਰਾਹੀਂ ਅਪਾਰ ਬਖਸ਼ਸ਼ ਕੀਤੀ। ਇਹ ਪੂਰਾ ਅਤੇ ਅਸਲ ਹੁਕਮਨਾਮਾ ਬਾਬਾ ਆਲਾ ਸਿੰਘ ਦੇ ਬੁਰਜ ਪਟਿਆਲਾ ਵਿਖੇ ਸਾਂਭਿਆ ਹੋਇਆ ਹੈ ਅਤੇ ਇਸ ਦੀਆਂ ਨਕਲਾਂ ਨਾਭੇ ਅਤੇ ਸੰਗਰੂਰ ਵਿਖੇ ਵੀ ਰੱਖੀਆਂ ਹੋਈਆਂ ਹਨ।

ਤਿਲੋਕ ਸਿੰਘ, ਜਿਸਨੂੰ 'ਚੌਧਰੀ ਤਿਲੋਕ ਸਿੰਘ' ਕਹਿ ਕੇ ਸਤਿਕਾਰਿਆ ਜਾਂਦਾ ਸੀ, ਦੇ ਪੁੱਤਰ ਗੁਰਦਿਤ ਨੇ ਨਾਭਾ ਰਾਜ

ਘਰਾਣੇ ਦੀ ਨੀਂਹ ਰੱਖੀ। ਇਸੇ ਕਰਕੇ ਨਾਭੇ ਨੂੰ 'ਚੌਧਰੀ ਦਾ ਘਰ' ਵੀ ਕਿਹਾ ਜਾਂਦਾ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1686 ਈ. (ਸੰਮਤ 1743) ਵਿਚ ਹੁਕਮਨਾਮਾ ਭੇਜ ਕੇ ਇਸ ਨੂੰ ਆਪਣੇ ਹਜ਼ੂਰ ਵੀ ਸਦਿਆ ਸੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸੰਸਕਾਰ ਕਰਨ ਵਾਲਿਆਂ ਸਿੰਘਾਂ ਵਿਚੋਂ ਇਹ ਤੇ ਇਸਦਾ ਭਾਈ ਰਾਮ ਸਿੰਘ ਜੀ ਅੱਗੇ ਸਨ।

ਅੰਗਰੇਜ਼ ਇਤਿਹਾਸਕਾਰਾਂ ਅਨੁਸਾਰ ਇਸ ਦਾ ਦੇਹਾਂਤ 1687 ਈ. ਵਿਚ ਹੋਇਆ ਹੈ ਪਰ ਉਪਰੋਕਤ ਅਨੁਸਾਰ ਇਸ ਦੇ ਦੇਹਾਂਤ ਦੀ ਮਿਤੀ ਬਿਲਕੁਲ ਗਲਤ ਹੈ। ਇਕ ਅਨੁਮਾਨ ਅਨੁਸਾਰ ਇਸਦਾ ਦੇਹਾਂਤ 1706 ਈ. (ਸੰਮਤ 1763) ਦੇ ਨੇੜੇ ਤੇੜੇ ਹੋਇਆ ਸੀ।

ਹ.ਪੁ.—ਮ.ਕੋ. : 820

**ਤਿਲੋਕਾ** : ਇਸ ਨਾਂ ਦੇ ਤਿੰਨ ਵਿਅਕਤੀ ਹੋਏ ਹਨ ਜਿਨ੍ਹਾਂ ਵਿਚੋਂ ਇਕ ਪਾਠਕ ਜਾਤ ਦਾ ਸਿੱਖ ਸੀ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਇਆ। ਇਹ ਗਜ਼ਨੀ ਦੇ ਹਾਕਮ ਕੋਲ ਨੌਕਰ ਸੀ। ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਜੀ ਨੇ ਇਸ ਦੀ ਕਾਠ ਦੀ ਤਲਵਾਰ ਫੌਲਾਦ ਦੀ ਕਰ ਦਿੱਤੀ ਸੀ।

ਦੂਜਾ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਸਮੇਂ ਇਕ ਪ੍ਰੇਮੀ ਸਿੱਖ ਹੋਇਆ ਹੈ ਜੋ ਆਤਮ ਗਿਆਨੀ ਹੋਣ ਦੇ ਨਾਲ ਨਾਲ ਮਹਾਨ ਯੋਧਾ ਵੀ ਸੀ। ਇਸ ਨੇ ਅੰਮ੍ਰਿਤਸਰ ਦੇ ਯੁੱਧ ਵਿੱਚ ਬੜੀ ਵੀਰਤਾ ਦਿਖਾਈ।

ਤੀਜਾ ਤਿਲੋਕ ਸਿੰਘ ਸੀ ਜਿਹੜਾ ਨਾਭੇ ਅਤੇ ਜੀਂਦ ਦੇ ਘਰਾਣਿਆਂ ਦਾ ਵਡੇਰਾ ਸੀ। ਵੇਖੋ 'ਤਿਲੋਕ ਸਿੰਘ'

ਹ.ਪੁ.—ਮ.ਕੋ.

**ਤਿਲੋਕੀ (ਛੰਦ)** : ਇਹ ਇਕ ਛੰਦ ਹੈ ਜਿਸ ਨੂੰ 'ਉਪਚਿਤ੍ਰਾ' ਵੀ ਕਿਹਾ ਜਾਂਦਾ ਹੈ। ਇਸ ਦੇ ਚਾਰ ਚਰਣ ਹੁੰਦੇ ਹਨ ਅਤੇ ਹਰ ਚਰਣ ਵਿਚ ਸੋਲਾਂ ਮਾਤ੍ਰਾਂ ਹੁੰਦੀਆਂ ਹਨ। ਚਾਰ ਅਤੇ ਅੱਠ ਮਾਤ੍ਰਾਂ ਪਿਛੋਂ ਗੁਰੂ ਅੱਖਰ ਅਤੇ ਚਰਣ ਦੇ ਅੰਤ ਵਿਚ ਗੁਰੂ ਲਗਦਾ ਹੈ, ਜਿਵੇਂ :—

ਸਤਜੁਗ ਆਦਿ ਕਲੀਯੁਗ ਅੰਤੇ,
ਜਹਿੰ ਤਹਿੰ ਆਨਦ ਸੰਤ ਮਹੰਤੇ,

ਬਾਜਤ ਤੂਰੰ ਗਾਵਤ ਗੀਤਾ,
ਜਹਿੰ ਤਹਿੰ ਕਲਕੀ ਜੁੱਧਨ ਜੀਤਾ (ਕਲਕੀ)

ਪਿੰਗਲ ਗ੍ਰੰਥਾਂ ਵਿਚ ਤਿਲੋਕੀ ਦਾ ਇਕ ਹੋਰ ਰੂਪ ਵੀ ਹੈ। ਇਸ ਵਿਚ ਚਾਰ ਚਰਣ ਹੁੰਦੇ ਹਨ ਅਤੇ ਹਰ ਚਰਣ ਵਿਚ 21 ਮਾਤ੍ਰਾ ਹੁੰਦੀਆਂ ਹਨ। ਪਹਿਲਾਂ ਵਿਸ਼ਰਾਮ 11 ਮਾਤ੍ਰਾ ਮਗਰੋਂ ਅਤੇ ਦੂਜਾ 10 ਮਾਤ੍ਰਾ ਮਗਰੋਂ ਆਉਂਦਾ ਹੈ। ਅੰਤ ਵਿਚ ਲਘੂ ਗੁਰੂ ਆਉਂਦਾ ਹੈ, ਜਿਵੇਂ :—

ਸ੍ਰੀ ਗੁਰੁ ਕਰਯੋ ਬਖਾਨ, ਸਿੱਖ ਸੇਵਕ ਸੁਨੋ,
ਪਰਸੁਖ ਕੋ ਸੁਖ ਮਾਨ, ਦੁੱਖ ਕੋ ਦੁਖ ਗੁਨੋ,

ਜੁਲਮ ਮਿਟਾਵਨ ਹੇਤ, ਕਮਰ ਬਾਂਧੇ ਰਹੋ,
ਨਿਜ ਵਡਿਆਈ ਮਾਨ, ਸੁਪਨ ਮੇ ਨਾ ਚਹੋ।

ਹ.ਪੁ.—ਮ.ਕੋ. 592

**ਤਿਲੋਖੜੀ** : ਇਸ ਨੂੰ ਤਿਲੋਖਰੀ ਜਾਂ ਤਿਲੋਕਰੀ ਵੀ ਕਿਹਾ ਜਾਂਦਾ ਹੈ। ਕਈਆਂ ਨੇ ਇਸ ਨੂੰ ਕਿਲੋਖਰੀ ਵੀ ਲਿਖਿਆ ਹੈ। ਇਹ ਦਿੱਲੀ ਵਿਚ ਇਕ ਧਾਰਮਿਕ ਸਥਾਨ ਹੈ ਜਿਥੇ ਸਿੱਖਾਂ ਦੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸੰਸਕਾਰ ਹੋਇਆ ਸੀ। ਇਥੇ ਗੁਰਦਵਾਰਾ 'ਬਾਲਾ ਸਾਹਿਬ' ਬਣਿਆ ਹੋਇਆ ਹੈ। ਇਹ ਥਾਂ ਚਾਂਦਨੀ ਚੌਂਕ ਦੇ ਗੁਰਦੁਵਾਰਾ 'ਸੀਸ ਗੰਜ' ਤੋਂ ਲਗਭਗ ਛੇ ਕਿ.ਮੀ. ਦੇ ਫ਼ਾਸਲੇ ਤੇ ਹੈ।

ਹ.ਪੁ.—ਮ.ਕੋ.

**ਤਿਵਾੜੀ, ਕੇਦਾਰ ਨਾਥ** : ਪੰਜਾਬੀ ਦੇ ਇਸ ਕਵੀ ਦਾ ਜਨਮ ਪੰਡਤ ਭਗਤ ਰਾਮ ਤਿਵਾੜੀ ਦੇ ਘਰ 4 ਸਤੰਬਰ, 1904 ਨੂੰ ਕਪੂਰਥਲਾ ਵਿਖੇ ਹੋਇਆ। ਇਹ ਮੁੱਢ ਤੋਂ ਹੀ ਬਹੁਤ ਸਿਆਣਾ, ਹੁਸ਼ਿਆਰ ਅਤੇ ਹਰ ਜਮਾਤ ਵਿਚ ਫ਼ਸਟ ਆਉਣ ਵਾਲਾ ਵਿਦਿਆਰਥੀ ਸੀ। ਸੰਨ 1924 ਵਿਚ ਇਸ ਨੇ ਮਹਿੰਦਰਾ ਕਾਲਜ, ਪਟਿਆਲਾ ਤੋਂ ਬੀ.ਏ. ਪਾਸ ਕੀਤੀ ਅਤੇ ਸੰਸਕ੍ਰਿਤ ਤੇ ਅੰਗਰੇਜ਼ੀ ਵਿਚ ਪੰਜਾਬ ਭਰ ਵਿਚ ਫਸਟ ਰਹਿਣ ਤੇ ਸੋਨੇ ਦਾ ਤਮਗ਼ਾ ਜਿੱਤਿਆ। ਮਗਰੋਂ ਇਸ ਨੇ ਬਨਾਰਸ ਯੂਨੀਵਰਸਿਟੀ ਤੋਂ ਐਲ.ਐਲ.ਬੀ. ਅਤੇ ਅੰਗਰੇਜ਼ੀ ਤੇ ਸੰਸਕ੍ਰਿਤ ਵਿਚ ਐਮ.ਏ. ਕੀਤਾ। ਫਿਰ ਇਹ ਜਸਵੰਤ ਕਾਲਜ ਜੋਧਪੁਰ ਵਿਚ ਹਿੰਦੀ ਅਤੇ ਅੰਗਰੇਜ਼ੀ ਦਾ ਪ੍ਰੋਫ਼ੈਸਰ ਲਗ ਗਿਆ। ਸੰਨ 1929 ਵਿਚ ਇਹ ਨੌਕਰੀ ਛੱਡ ਕੇ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋ ਗਿਆ ਅਤੇ ਪੰਡਤ ਮਦਨ ਮੋਹਨ ਮਾਲਵੀਆ ਦਾ ਨਿੱਜੀ ਸਹਾਇਕ ਬਣ ਗਿਆ। ਮਾਲਵੀਆ ਜੀ ਦੇ ਲੰਡਨ ਜਾਣ ਮਗਰੋਂ ਇਸ ਨੇ ਪਟਿਆਲੇ ਵਿਖੇ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ।

ਕਵਿਤਾ ਲਿਖਣ ਦਾ ਸ਼ੌਕ ਇਸ ਨੂੰ ਬਚਪਨ ਤੋਂ ਹੀ ਸੀ। ਦਸਵੀਂ ਵਿਚ ਪੜ੍ਹਦੇ ਸਮੇਂ ਇਹ ਉਰਦੂ ਵਿਚ ਸ਼ਿਅਰ ਲਿਖਦਾ ਰਿਹਾ। ਬੀ.ਏ. ਪੜ੍ਹਨ ਦੌਰਾਨ ਅੰਗਰੇਜ਼ੀ ਵਿਚ ਕਵਿਤਾਵਾਂ ਲਿਖੀਆਂ। ਬਨਾਰਸ ਤੋਂ ਪੜ੍ਹਾਈ ਖ਼ਤਮ ਕਰਕੇ ਵਾਪਿਸ ਆਉਣ ਤੇ ਆਪਣੀ ਮਾਂ ਬੋਲੀ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਇਸ ਦੀ ਕਵਿਤਾ ਵਿਚ ਰਵਾਨੀ ਹੈ ਅਤੇ ਵਿਸਥਾਰ ਤੇ ਬਹੁਤ ਜ਼ੋਰ ਦਿੱਤਾ ਹੈ। 'ਕਿਣਮਿਣ ਕਣੀਆਂ' ਇਸ ਦੀਆਂ ਕਵਿਤਾਵਾਂ ਦਾ ਇਕ ਉੱਤਮ ਸੰਗ੍ਰਹਿ ਹੈ।

ਹ.ਪੁ.—ਪ. ਸ਼ਾ. ਤਜ਼.

**ਤਿਵਾੜੀ, ਵਿਸ਼ਵਾ ਨਾਥ ਡਾ.** : ਪੰਜਾਬੀ ਦੇ ਇਸ ਸਾਹਿਤਕਾਰ ਦਾ ਜਨਮ 17 ਮਾਰਚ, 1936 ਨੂੰ ਸ੍ਰੀ ਬੈਜ ਨਾਥ ਤਿਵਾੜੀ ਦੇ ਘਰ ਹੋਇਆ। ਇਸ ਨੇ 1949 ਈ. ਵਿਚ ਗਿਆਨੀ, 1954 ਵਿਚ ਬੀ.ਏ. (ਆਨਰਜ਼ ਪੰਜਾਬੀ) ਅਤੇ 1956 ਵਿਚ ਐਮ.ਏ. ਪੰਜਾਬੀ ਪਹਿਲੇ ਦਰਜੇ ਵਿਚ ਪਹਿਲੇ ਨੰਬਰ ਤੇ ਰਹਿ ਕੇ ਪਾਸ ਕੀਤੀ। ਲਗਭਗ ਇਕ ਸਾਲ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਚ ਖੋਜ ਦਾ ਕੰਮ ਕਰਨ ਉਪਰੰਤ ਇਹ ਸਰਕਾਰੀ ਕਾਲਜ ਰੋਪੜ ਅਤੇ ਮਹਿੰਦਰਾ ਕਾਲਜ, ਪਟਿਆਲਾ ਵਿਚ ਪੰਜਾਬੀ ਦਾ ਅਧਿਆਪਕ ਰਿਹਾ। ਇਸ ਉਪਰੰਤ ਕੁਝ ਵਰ੍ਹੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦਾ ਅਧਿਆਪਕ ਰਹਿਣ ਮਗਰੋਂ ਇਸੇ ਸੰਸਥਾ ਦੀ ਭਾਈ ਵੀਰ ਸਿੰਘ ਚੇਅਰ ਦਾ ਪ੍ਰੋਫ਼ੈਸਰ ਤੇ ਮੁਖੀ ਬਣ ਗਿਆ।

ਡਾ. ਵਿਸ਼ਵਨਾਥ ਤਿਵਾੜੀ ਪੰਜਾਬ ਵਿਚ ਪੰਜਾਬੀ ਬੋਲੀ ਲਈ ਸੁਹਿਰਦਤਾ ਪੈਦਾ ਕਰਨ ਲਈ ਹਮੇਸ਼ਾਂ ਹੀ ਇਛੁਕ ਰਿਹਾ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਇਸ ਦੇ ਵਿਚਾਰ ਬਹੁਤ ਉਸਾਰੂ ਸਨ।

ਡਾ. ਤਿਵਾੜੀ ਦੀ ਰਚਨਾ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਹੋਇਆ ਹੈ। ਇਸ ਨੇ ਪਹਿਲੀ ਰਚਨਾ 'ਨਿੱਕਾ ਜਿਹਾ ਜੀਵ' (ਕਵਿਤਾ) 1944 ਵਿਚ ਲਿਖੀ ਸੀ। ਇਸ ਦੀ ਪਹਿਲੀ ਪੁਸਤਕ 'ਪੰਜਾਬੀਆਂ ਦੇ ਨਾਂ ਅਪੀਲ' 1957 ਵਿਚ ਛਪੀ ਸੀ। ਇਸ ਦਾ ਸਾਹਿਤ ਅਧਿਐਨ ਅਤੇ ਖੋਜ ਦਾ ਖੇਤਰ

ਕਿੱਸਾ ਸਾਹਿਤ, ਆਧੁਨਿਕ ਸਾਹਿਤ, ਕਵਿਤਾ, ਕਹਾਣੀ, ਜੀਵਨੀ, ਪੰਜਾਬ ਤੇ ਪੰਜਾਬੀ ਬੋਲੀ ਰਿਹਾ ਹੈ। ਇਸ ਦੀਆਂ ਮੌਲਿਕ ਤੇ ਸੰਪਾਦਤ ਰਚਨਾਵਾਂ ਇਸ ਪ੍ਰਕਾਰ ਹਨ :

ਮੌਲਿਕ : ਯਾਦਾਂ 'ਚੋਂ ਯਾਦਾਂ, ਡੋਲੀਆ, ਤਪਦੀ ਚਿਖਾ, ਸਰਦਾਰ, ਕ੍ਰਾਂਤੀਕਾਰੀ ਗੁਰੂ ਨਾਨਕ, ਲੈਂਗੁਏਜ ਆਫ਼ ਚੰਡੀਗੜ੍ਹ (ਅੰਗਰੇਜ਼ੀ)

ਸੰਪਾਦਿਤ : ਚਿਣਗਾਂ, ਵਿਦਿਆ ਚਾਨਣ, ਗੁਰੂ ਨਾਨਕ ਦਾ ਸੰਦੇਸ਼, ਪਗੜੀ ਸੰਭਾਲ ਓਇ, ਨਾਨਕ ਸਿਮਰਨ, ਭਾਈ ਵੀਰ ਸਿੰਘ ਸੰਦਰਭ ਕੋਸ਼, ਪੰਜਾਬੀ ਕਵਿਤਾ (ਹਿੰਦੀ)

ਡਾ. ਤਿਵਾੜੀ ਦੀ ਵਿਦਿਆ ਦੇ ਖੇਤਰ ਵਿਚ ਦੇਣ ਨੂੰ ਮੁੱਖ ਰਖਦਿਆਂ ਇਸ ਨੂੰ ਭਾਰਤ ਦੀ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਸੀ।

ਅਪ੍ਰੈਲ, 1984 ਵਿਚ ਪੰਜਾਬੀ ਦੇ ਇਸ ਸਾਹਿਤਕਾਰ ਦੀ ਚੰਡੀਗੜ੍ਹ ਵਿਖੇ ਮੌਤ ਹੋ ਗਈ।

ਹ.ਪ.—ਪੰ. ਸਾ. ਇ – ਭਾ. ਵਿ. ਪੰ; ਪੰ.ਦੁ. ਮਾਰਚ – ਮਈ 75

**ਤੀਆਂ** : ਪੰਜਾਬ ਮੇਲਿਆਂ ਤਿਉਹਾਰਾਂ ਦੀ ਧਰਤੀ ਹੈ। ਇਸ ਧਰਤੀ ਤੇ ਸੌਣ ਮਹੀਨੇ ਤੀਆਂ ਲਗਦੀਆਂ ਹਨ। ਤੀਆਂ ਪੰਜਾਬੀ ਮੁਟਿਆਰਾਂ ਦਾ ਤਿਉਹਾਰ ਹੈ। ਇਸ ਤਿਉਹਾਰ ਨੂੰ ਸਾਂਵੇ ਵੀ ਕਿਹਾ ਜਾਂਦਾ ਹੈ। ਸਾਂਵੇਂ ਇਸ ਦਾ ਨਾਂ ਇਸ ਲਈ ਪਿਆ ਹੈ ਕਿਉਂਕਿ ਇਹ ਤਿਉਹਾਰ ਸਾਵਣ ਦੇ ਮਹੀਨੇ ਮਨਾਇਆ ਜਾਂਦਾ ਹੈ। 'ਤੀਆਂ' ਇਸ ਨੂੰ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਸਾਵਣ ਦੇ ਮਹੀਨੇ ਦੀ ਸੁਦੀ ਤਿੱਥ ਦੀ ਤੀਜੀ ਤਾਰੀਖ ਤੋਂ ਸ਼ੁਰੂ ਹੁੰਦਾ ਹੈ ਅਤੇ ਪੂਰਨਮਾਸ਼ੀ ਤਕ ਰਹਿੰਦਾ ਹੈ। ਸਾਵਣ ਦੇ ਮਹੀਨੇ ਸਹੁਰੀਂ ਬੈਠੀ ਕੁੜੀ ਵੀਰੇ ਨੂੰ ਉਡੀਕਦੀ ਔਂਸੀਆਂ ਪਾਉਂਦੀ ਹੈ। ਤੀਆਂ ਮਨਾਉਣ ਲਈ ਕੁੜੀਆਂ ਪੇਕੇ ਘਰ ਜ਼ਰੂਰ ਆਉਂਦੀਆਂ ਹਨ ਇਸ ਮੌਕੇ ਤੇ ਦੂਰ ਦੁਰਾਡੀਆਂ ਥਾਵਾਂ ਤੇ ਬੈਠੀਆਂ ਕੁੜੀਆਂ ਮੁੜ ਮਿਲ ਪੈਂਦੀਆਂ ਹਨ ਅਤੇ ਬਚਪਨ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ।

ਪਿੰਡ ਦੀਆਂ ਕੁੜੀਆਂ-ਚਿੜੀਆਂ ਗਿੱਧਾ ਪਾ ਕੇ ਅਤੇ ਪੀਘਾਂ ਝੂਟ ਕੇ ਤੀਆਂ ਮਨਾਉਂਦੀਆਂ ਹਨ। ਗਿੱਧਿਆਂ ਦੀ ਤਾਲ ਤੇ ਪੈਰਾਂ ਦੀ ਧਮਕ ਨਾਲ ਸਾਰੀ ਦੀ ਸਾਰੀ ਧਰਤੀ ਨੱਚ ਉਠਦੀ ਹੈ ਤੇ ਬੋਲੀਆਂ ਦੀ ਭਰਮਾਰ ਸ਼ੁਰੂ ਹੁੰਦੀ ਹੈ। ਗਿੱਧਾ ਆਮ ਤੌਰ ਤੇ ਪਿੰਡ ਦੇ ਬਾਹਰ ਕਿਸੇ ਵੱਡੇ ਪਿੱਪਲ ਜਾਂ ਬੋਹੜ ਦੇ ਦਰਖ਼ਤ ਹੇਠਾਂ ਕੁੜੀਆਂ ਇਕੱਠੀਆਂ ਹੋ ਕੇ ਪਾਉਂਦੀਆਂ ਹਨ। ਨੇੜੇ ਤੇੜੇ ਦੇ ਛੋਟੇ ਪਿੰਡਾਂ ਦੀਆਂ ਕੁੜੀਆਂ ਵੀ ਉਥੇ ਆ ਜਾਂਦੀਆਂ ਅਤੇ ਨੱਚਣ ਵਾਲੀਆਂ ਉਸੇ ਤਾਲ ਤੇ ਨਚਦੀਆਂ ਹਨ। ਗਿੱਧਾ ਪਾਉਣ ਵੇਲੇ ਕੁੜੀਆਂ ਘੇਰਾ ਘੱਤ ਕੇ ਖਲੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਘੇਰੇ ਅੰਦਰ ਢੋਲਕੀ ਜਾਂ ਘੜਾ ਲੈ ਕੇ ਬੈਠ ਜਾਂਦੀ ਹੈ। ਢੋਲਕੀ ਵੱਜਦੀ ਹੈ ਤਾਂ ਕੁੜੀਆਂ ਬੋਲੀ ਪਾਉਂਦੀਆਂ ਹਨ।

ਸਾਉਣ ਮਹੀਨੇ ਘਾਹ ਹੋ ਚਲਿਆ
ਰੱਜਣ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਂਭ ਲਾਂਭ ਨਾ ਜਾਈਂ।

ਪਿੱਪਲ ਦਾ ਅਤੇ ਤੀਆਂ ਦਾ ਆਪਸੀ ਰਿਸ਼ਤਾ ਬੜਾ ਡੂੰਘਾ ਹੈ। ਇਹ ਰਿਸ਼ਤਾ ਪਿੰਡ ਦੇ ਬਜ਼ੁਰਗਾਂ ਨਾਲ ਵੀ ਜੁੜਿਆ ਹੋਇਆ ਹੈ ਕਿਉਂਕਿ ਬਜ਼ੁਰਗ ਬੁੱਢੇ ਪਿਪਲਾਂ ਹੇਠ ਬੈਠ ਕੇ ਆਪਣੀ ਜਵਾਨੀ ਦੀਆਂ ਗੱਲਾਂ ਕਰਦੇ ਹਨ। ਪਿੰਡ ਦੀਆਂ ਕੁੜੀਆਂ-ਚਿੜੀਆਂ ਨੱਚਦੀਆਂ-ਟਪਦੀਆਂ ਬੋਲੀ ਪਾਉਂਦੀਆਂ ਹਨ।

ਬੁੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ
ਬਾਗਾਂ ਬਾਝ ਫਲਾਹੀਆਂ
ਹੰਸਾਂ ਨਾਲ ਹਮੇਲਾਂ ਸੁਹੰਦੀਆਂ
ਬੰਦਾਂ ਨਾਲ ਗਜਰਾਈਆਂ
ਧੰਨ ਭਾਗ ਮੇਰਾ ਆਖੇ ਪਿੱਪਲ
ਕੁੜੀਆਂ ਪੀਘਾਂ ਪਾਈਆਂ
ਸੌਣ ਵਿਚ ਕੁੜੀਆਂ ਨੇ
ਪੀਘਾਂ ਖ਼ੂਬ ਚੜ੍ਹਾਈਆਂ

ਤੀਆਂ ਤੋਂ ਇਕ ਦਿਨ ਪਹਿਲਾਂ ਦੂਜ ਦੀ ਰਾਤ ਨੂੰ ਸਭ ਔਰਤਾਂ, ਕੁੜੀਆਂ, ਮੁਟਿਆਰਾਂ ਸ਼ਗਨ ਵਜੋਂ ਆਪਣੇ ਹੱਥਾਂ ਤੇ ਪੈਰਾਂ ਤੇ ਮਹਿੰਦੀ ਲਾਉਂਦੀਆਂ ਹਨ। ਇਸ ਦੂਜ ਦੀ ਰਾਤ ਨੂੰ ਮਹਿੰਦੀ ਵਾਲੀ ਰਾਤ ਵੀ ਕਿਹਾ ਜਾਂਦਾ ਹੈ। ਇਹ ਮਹਿੰਦੀ ਉਨ੍ਹਾਂ ਦੇ ਹੱਥਾਂ ਤੇ ਸਾਰੀ ਰਾਤ ਲੱਗੀ ਰਹਿੰਦੀ ਹੈ। ਅਗਲੇ ਦਿਨ ਸਵੇਰੇ ਉਠ ਕੇ ਹੱਥਾਂ ਤੇ ਸਰ੍ਹੋਂ ਦਾ ਤੇਲ ਪਾ ਕੇ ਸੁੱਕੀ ਮਹਿੰਦੀ ਨੂੰ ਮਲ ਮਲ ਕੇ ਲਾਹਿਆ ਜਾਂਦਾ ਹੈ। ਕੁੜੀਆਂ ਦੇ ਦਿਲਾਂ ਵਿਚ ਇਹ ਗੱਲ ਬਿਠਾਈ ਜਾਂਦੀ ਹੈ ਕਿ ਜਿਸ ਦੇ ਹੱਥਾਂ ਤੇ ਜਿੰਨੀ ਜ਼ਿਆਦਾ ਗੂੜ੍ਹੀ ਮਹਿੰਦੀ ਚੜ੍ਹਦੀ ਹੈ ਉਹ ਆਪਣੀ ਸੱਸ ਨੂੰ ਉਤਨੀ ਹੀ ਜ਼ਿਆਦਾ ਪਿਆਰੀ ਹੁੰਦੀ ਹੈ।

ਤ੍ਰੀਜ ਵਾਲੇ ਦਿਨ ਅਰਥਾਤ ਤੀਆਂ ਦੇ ਪਹਿਲੇ ਦਿਨ ਦੁਪਹਿਰ ਢਲਣ ਸਾਰ ਸਭ ਕੁੜੀਆਂ ਪਹਿਨ ਪੱਚਰ ਕੇ, ਸਜ ਧੱਜ ਕੇ, ਸਿਰ ਗੁੰਦਾ ਕੇ, ਲੱਜਾਂ-ਰੱਸੇ ਚੁੱਕ ਕੇ, ਤੀਆਂ ਦੇ ਪਿੜ ਵੱਲ ਨੂੰ ਜਾਂਦੀਆਂ ਹਨ। ਤੀਆਂ ਦਾ ਪਿੜ ਪਿੰਡ ਦੇ ਬਾਹਰਵਾਰ ਛਾਂਦਾਰ ਰੁੱਖਾਂ ਖ਼ਾਸ ਕਰਕੇ ਪਿੱਪਲਾਂ ਅਤੇ ਬੋਹੜਾਂ ਹੇਠ ਖੁਲ੍ਹੀ ਥਾਂ ਤੇ ਹੁੰਦਾ ਹੈ। ਪੀਘਾਂ ਦੇ ਹੁਲਾਰਿਆਂ ਨਾਲ ਰੁੱਖ, ਬੂਟੇ ਤੇ ਧਰਤੀ ਵੀ ਨੱਚ ਤੇ ਝੂਮ ਉਠਦੇ ਹਨ। ਨਨਾਣਾਂ, ਭਰਜਾਈਆਂ, ਭੈਣਾਂ, ਭੂਆ, ਭਤੀਜੀਆਂ, ਇਕੋ ਜਿਹੇ ਹਾਣ ਦੀਆਂ ਇੱਕਠੀਆਂ ਪੀਘਾਂ ਝੂਟਦੀਆਂ ਹਨ। ਪੀਘ ਚੜ੍ਹਾਉਂਦੀ ਹਰ ਕੁੜੀ ਆਪਣੇ ਹੱਥਾਂ ਜਾਂ ਦੰਦਾਂ ਨਾਲ ਦਰਖ਼ਤ ਦੀ ਟੀਸੀ ਤੋਂ ਪੱਤਾ ਤੋੜਨਾ ਚਾਹੁੰਦੀ ਹੈ। ਪੀਘਾਂ ਝੂਟਦੀਆਂ ਤੇ ਪੀਘਾਂ ਦੁਆਲੇ ਜੁੜੀਆਂ ਕੁੜੀਆਂ ਲੰਮੀ ਹੇਕ ਨਾਲ, ਨੇੜੇ ਢੁੱਕ ਢੁੱਕ ਕੇ, ਠੋਡੀ ਤੇ ਹੱਥ ਰੱਖ ਕੇ ਆਪਸ ਵਿਚ ਲੰਮੀ ਹੇਕ ਨਾਲ ਗੀਤ ਗਾਉਂਦੀਆਂ ਹਨ। ਇਹ ਗੀਤ ਵਿਛੋੜੇ, ਪਿਆਰ, ਵੀਰਾਂ ਅਤੇ ਭੈਣਾਂ, ਬਾਬਲ, ਸੱਸ ਨੂੰ ਮਿਹਣਿਆਂ ਭਰੇ, ਭਰਜਾਈਆਂ ਨੂੰ ਤਾਹਨਿਆਂ ਭਰੇ, ਅਤੇ ਦਰਾਣੀਆਂ ਜਠਾਣੀਆਂ ਨੂੰ ਮਿਹਣਿਆਂ ਭਰੇ ਹੁੰਦੇ ਹਨ।

ਤੀਆਂ ਦੇ ਗਿੱਧੇ ਵਿਚ ਜਵਾਨੀ ਵਿਚ ਮਾਣ-ਮੱਤੀਆਂ ਨੱਢੀਆਂ ਲੋਰ ਵਿਚ ਆ ਕੇ ਨੱਚਦੀਆਂ, ਭੰਬੀਰੀ ਵਾਂਗ ਘੁਕਦੀਆਂ, ਜਜ਼ਬਾਤੀ ਰੌਂਅ ਵਿਚ ਚੁਲਬੁਲੀਆਂ ਬੋਲੀਆਂ ਪਾਉਂਦੀਆਂ ਹਨ,

"ਮੈਂ ਤਾਂ ਭੇਜਿਆ ਸੀ ਖੇਤਾਂ ਦੀ ਰਾਖੀ
ਉਥੇ ਹੀ ਡੇਰਾ ਲਾ ਲਿਆ
ਜੈ ਵੱਢੀ ਦਾ ਟਿੱਡੀ ਦਲ ਨੇ ਖਾ ਲਿਆ।"

"ਸਾਰੇ ਤਾਂ ਗਹਿਣੇ ਮੇਰਾ ਮਾਪਿਆਂ ਨੇ ਪਾਏ
ਇਕੋ ਤਵੀਤ ਇਹਦੇ ਘਰ ਦਾ ਨੀ
ਜਦੋਂ ਲੜਦਾ ਤਾਂ ਲਾਹਦੇ ਲਾਹਦੇ ਕਰਦਾ ਨੀ।"

ਜਿਨ੍ਹਾਂ ਔਰਤਾਂ ਦੇ ਕੰਤ ਪਰਦੇਸ ਗਏ ਹੁੰਦੇ ਹਨ ਉਨ੍ਹਾਂ ਦੇ ਵਿਛੋੜੇ ਦਾ ਦੁਖ ਤੇ ਯਾਦ ਤੜਪਾ ਕੇ ਰਖ ਦਿੰਦੀ ਹੈ। ਪਤੀ ਦੇ ਵਿਛੋੜੇ ਵਿਚ ਪੰਜਾਬੀ ਮੁਟਿਆਰ ਬੋਲੀ ਪਾਉਂਦੀ ਹੈ।

"ਮਾਹੀ ਮੇਰੇ ਦਾ ਪਕਿਆ ਬਾਜਰਾ
ਤੁਰ ਪਈ ਗੋਪੀਆ ਫੜ ਕੇ
ਖੇਤ 'ਚ ਜਾ ਕੇ ਹੂਕਰ ਮਾਰੀ
ਸਿਖਰ ਬੰਨੇ ਤੇ ਚੜ੍ਹ ਕੇ
ਵੇ ਟੁਰ ਪਰਦੇਸ ਗਿਉਂ
ਦਿਲ ਮੇਰੇ ਵਿਚ ਵਸਕੇ।"
"ਹੋਰਨਾਂ ਦੇ ਮਾਹੀਏ ਤੀਆਂ ਵੇਖਣ
ਮੇਰਾ ਚੁਗੇ ਕਪਾਹ
ਵੇ ਤੂੰ ਰਾਹ ਨਹੀਂ ਜਾਣਦਾ
ਤੀਆਂ ਵੇਖਣ ਆ।"

ਕੁਆਰੀਆਂ ਕੁੜੀਆਂ ਆਪਣੇ ਦਿਲ ਦੀ ਭੜਾਸ ਇਹ ਬੋਲੀ ਪਾ ਕੇ ਕੱਢਦੀਆਂ ਹਨ :

"ਬਾਰੀ ਬਰਸੀ ਖਟਣ ਗਿਆ ਸੀ
ਖਟ ਕੇ ਲਿਆਂਦੀ ਲੋਈ
ਮੈਨੂੰ ਵਿਆਹ ਦੇ ਅੰਮੀਏ
ਮੈਂ ਤਾਂ ਕੋਠੇ ਜੇਡੀ ਹੋਈ"

ਸੌਣ ਦੇ ਮਹੀਨੇ ਮੀਂਹ ਵਰ੍ਹਦਾ ਹੈ। ਕੁੜੀਆਂ ਇੱਕਠੀਆਂ ਹੋ ਕੇ ਬੈਠਦੀਆਂ ਹਨ। ਸੱਸਾਂ, ਨਨਾਣਾਂ, ਦਿਉਰਾਂ ਅਤੇ ਜੇਠਾਂ ਦੀਆਂ ਗੱਲਾਂ ਕਰਦੀਆਂ ਹਨ। ਗੱਲਾਂ ਗੱਲਾਂ ਵਿਚ ਪੇਕਿਆਂ ਦੀਆਂ ਸਿਫ਼ਤਾਂ ਅਤੇ ਸੁਹਰਿਆਂ ਦੀਆਂ ਨਿਘੋਚਾਂ ਕੱਢੀਆਂ ਜਾਂਦੀਆਂ ਹਨ। ਗੱਲਾਂ ਦਾ ਸਿਲਸਿਲਾ ਮੁਕਣ ਦੀ ਬਜਾਏ ਦੂਣ ਸਵਾਇਆ ਹੁੰਦਾ ਜਾਂਦਾ ਹੈ। ਸਾਉਣ ਵਿਚ ਗੁਲਗੁਲੇ, 'ਮਾਲ੍ਹ-ਪੂੜੇ, ਮੱਠੀਆਂ, ਸੇਵੀਆਂ, ਦਲੀਆ, ਕੜਾਹ ਆਦਿ ਪਕਾਉਣ ਖਾਣ ਦਾ ਦੌਰ ਦੇਰ ਰਾਤ ਤਕ ਚਲਦਾ ਰਹਿੰਦਾ ਹੈ। ਤੀਆਂ ਤੇ ਪੇਕੇ ਘਰ ਨਾ ਆਉਣ ਵਾਲੀਆਂ ਕੁੜੀਆਂ ਨੂੰ ਇਨ੍ਹਾਂ ਵਿਚੋਂ ਕਈ ਪਕਵਾਨ ਸੰਧਾਰਿਆਂ ਦੇ ਰੂਪ ਵਿਚ ਸਹੁਰੇ ਭੇਜੇ ਜਾਂਦੇ ਹਨ। ਸਾਉਣ ਮਹੀਨੇ ਖੀਰ ਖਾਣਾ ਸ਼ਗਨ ਸਮਝਿਆ ਜਾਂਦਾ ਹੈ :

"ਸੌਣ ਖੀਰ ਨਾ ਖਾਧੀਆ
ਜਗ ਕਿਉ ਜੰਮਿਓ ਅਪਰਾਧੀਆ।"

ਤੀਆਂ ਦੇ ਛੇਕੜਲੇ ਦਿਨਾਂ ਵਿਚ ਨਵੀਆਂ ਵਿਆਹੀਆਂ ਕੁੜੀਆਂ ਦੇ ਪ੍ਰਾਹੁਣੇ ਲੈਣ ਆਉਂਦੇ ਹਨ— ਉਹ ਚੋਰੀ ਛਿਪੇ ਜਾਂ ਸੈਦਕੀ ਤੀਆਂ ਦਾ ਪੈਂਦਾ ਗਿੱਧਾ ਦੇਖਣ ਆਉਂਦੇ ਹਨ ਤਾਂ ਕੁੜੀਆਂ ਬੋਲੀ ਪਾਉਂਦੀਆਂ ਹਨ :

"ਤੀਆਂ ਦੇ ਦਿਨ ਥੋੜ੍ਹੇ ਰਹਿ ਗਏ
ਮੀਂਹ ਪੈਂਦਾ ਕਿਣ ਮਿਣ ਦਾਣੇ
ਸੀਸ ਗੁੰਦਾ ਲੋ ਪਾ ਲੋ ਡੋਰੀ
ਰੰਗ ਲਓ ਸੂਹੇ ਬਾਣੇ
ਤੀਆਂ ਦੇਖਣ ਆਉਣ ਪ੍ਰਾਹੁਣੇ
ਬਣ ਕੇ ਇੰਦਰ ਰਾਣੇ
ਅੜੀਓ ਪਰਸੋਂ ਨੂੰ
ਅਸੀਂ ਗੁੜ ਦੇ ਪੂੜੇ ਪਕਾਣੇ।"

ਜਿਥੇ ਕੁੜੀਆਂ ਬੋਲੀਆਂ ਵਿਚ ਸੱਸ-ਸਹੁਰੇ, ਮਾਂ-ਪਿਓ, ਭਾਬੀਆਂ, ਵੀਰਾਂ ਦਿਉਰਾਂ ਦੇ ਗੁਣਗਾਣ ਕਰਦੀਆਂ ਅਤੇ ਸਹੁਰਿਆਂ ਨੂੰ ਤਾਹਨੇ-ਮਿਹਣੇ ਮਾਰਦੀਆਂ ਨੇ, ਉਥੇ ਪਿੰਡ ਦੇ ਬਾਣੀਏ, ਨਾਈ, ਨੈਣ ਆਦਿ ਨੂੰ ਵੀ ਨਹੀਂ ਬਖਸ਼ਦੀਆਂ।

"ਸੌਣ ਵਿਚ ਤਾਂ ਲੁਟਦੇ ਬਾਣੀਏ
ਨਵੀਆਂ ਹਟੀਆਂ ਪਾ ਕੇ
ਅੱਗੇ ਤਾਂ ਗੁੜ ਧੜੀਏ ਵਿਕਦਾ
ਹੁਣ ਕਿਉਂ ਦੇਣ ਘਟਾ ਕੇ
ਕੁੜੀਆਂ ਮੁੰਡੇ ਜਿੱਦ ਪਏ ਕਰਦੇ
ਪੂੜੇ ਦਿਉ ਪਕਾ ਕੇ
ਬਾਣੀਓ ਤਰਸ ਕਰੋ
ਗੁੜ ਵੇਚੋ ਭਾਅ ਘਟਾ ਕੇ।"

ਜਿਉਂ ਜਿਉ ਗਿੱਧਾ ਮਚਦਾ ਏ ਤਾਂ ਮੁਟਿਆਰਾਂ ਵਾਰੋ ਵਾਰੀ ਗਿੱਧੇ ਦੇ ਘੇਰੇ 'ਚ ਨੱਚਦੀਆਂ ਦੂਹਰੀਆਂ-ਤੀਹਰੀਆਂ ਹੋ ਜਾਂਦੀਆਂ ਹਨ। ਤੀਆਂ ਦੇ ਇਹ ਪੰਦਰਾਂ ਦਿਨ ਜਵਾਨ ਪੰਜਾਬਣ ਲਈ ਵਿਆਹ ਵਾਂਗ ਬੀਤਦੇ ਹਨ। ਪੁੰਨਿਆਂ ਵਾਲੇ ਦਿਨ ਹੱਥਾਂ ਦੀ ਮਹਿੰਦੀ ਉਦਾਸ ਹੋ ਜਾਂਦੀ ਹੈ। ਅਖੀਰਲੇ ਦਿਨ ਬਾਲ੍ਹੋ ਪਾਈ ਜਾਂਦੀ ਹੈ ਅਰਥਾਤ ਤੀਆਂ ਨੂੰ ਵਿਦਾ ਕੀਤਾ ਜਾਂਦਾ ਹੈ। ਇਕ ਗੜਵੀ ਵਿਚ ਪਾਣੀ ਪਾ ਕੇ ਤੇ ਪਾਣੀ ਵਿਚ ਦੱਬ (ਘਾਹ) ਪਾ ਕੇ ਕੁੜੀਆਂ ਗੀਤ ਗਾਉਂਦੀਆਂ ਹਨ –

ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ

ਕੁੜੀਆਂ ਗੜਵੀ ਵਿਚਲੇ ਪਾਣੀ ਦਾ ਛਿੱਟਾ ਘਰ ਦੀ ਦਹਿਲੀਜ਼ ਤੇ ਦਿੰਦੀਆਂ ਹਨ। ਇਸ ਤਰ੍ਹਾਂ ਤੀਆਂ ਦਾ ਭਰਿਆ ਮੇਲਾ ਅਗਲੇ ਸਾਲ ਲਈ ਵਿਦਾ ਹੋ ਜਾਂਦਾ ਹੈ

"ਤੀਆ ਸੌਣ ਦੀਆਂ
ਭਾਦੋਂ ਦੇ ਮੁਕਲਾਵੇ
ਸੌਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।"

ਹ.ਪੁ.—ਪੰਜਾਬ-ਮਹਿੰਦਰ ਸਿੰਘ ਰੰਧਾਵਾ; ਗਿੱਧਾ – ਦੇਵਿੰਦਰ ਸਤਿਆਰਥੀ; ਪੰਜਾਬੀ ਲੋਕ ਗੀਤ – ਡਾ. ਨਾਹਰ ਸਿੰਘ; ਪੰ.ਸੰਦ.ਕੋ.–ਡਾ. ਜੱਗੀ

**ਤੀਐਨ ਸ਼ਵੇ** : ਇਹ ਉੱਤਰ ਕੇਂਦਰੀ ਚੀਨ ਦੇ ਗਾਨਸੂ ਪ੍ਰਾਂਤ ਦਾ ਇਕ ਪ੍ਰਸਿੱਧ ਸ਼ਹਿਰ ਹੈ ਜਿਹੜਾ ਤੀਐਨ ਸ਼ਵੇ ਖੇਤਰ ਦਾ ਪ੍ਰਸਾਸ਼ਕੀ ਕੇਂਦਰ ਹੈ। ਇਹ ਵੇ ਦਰਿਆ (Wei Ho) ਦੇ ਕੰਢੇ ਵਸਿਆ ਹੋਇਆ ਹੈ। ਇਹ ਸ਼ਹਿਰ ਸਿਆਨ ਤੋਂ ਲੈਨਚਾਓ ਰਾਹੀਂ ਸੀਕਿਆਂਗ ਪ੍ਰਾਂਤ ਤੱਕ ਜਾਣ ਵਾਲੇ ਮਹੱਤਵਪੂਰਨ ਰਾਹ ਉਪਰ ਸਥਿਤ ਹੋਣ ਕਾਰਨ ਇਤਿਹਾਸਕ ਪੱਖੋਂ ਕਾਫ਼ੀ ਪ੍ਰਸਿੱਧ ਰਿਹਾ ਹੈ। ਹੁਣ ਇਸੇ ਮਾਰਗ ਦੀ ਜਗ੍ਹਾ ਇਕ ਸ਼ਾਹਰਾਹ ਅਤੇ ਰੇਲ ਮਾਰਗ ਵੀ ਬਣਾ ਦਿੱਤਾ ਗਿਆ ਹੈ।

ਇਸ ਦੇ ਆਲੇ ਦੁਆਲੇ ਦਾ ਖੇਤਰ ਚੀਨੀ ਸੱਭਿਅਤਾ ਦਾ ਪੰਘੂੜਾ ਕਿਹਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਇਸ ਖੇਤਰ ਨੂੰ ਗਵੇ (Kuei) ਨਾਂ ਨਾਲ ਜਾਣਿਆ ਜਾਂਦਾ ਸੀ। ਹਾਲ ਰਾਜਬੰਸ (206 ਈ.

ਪੂ. ਤੋਂ 220 ਈ.) ਅਧੀਨ ਇਸ ਸ਼ਹਿਰ ਦਾ ਨਾਂ ਗਵੇ ਸ੍ਰੀਐਨ (Kuei Hsien) ਹੁੰਦਾ ਸੀ। ਸੁੰਗ ਰਾਜਬੰਸ (960-1279) ਦੇ ਰਾਜ ਕਾਲ ਦੌਰਾਨ ਇਸ ਦਾ ਨਾਂ ਫਿਰ ਜੰਗ ਜੀ ਸੀਐੱਨ (Cheng-Chi Hsien) ਰੱਖਿਆ ਗਿਆ। ਸੰਨ 618 ਤੋਂ 907 ਦੌਰਾਨ ਤਾਂਗ ਰਾਜਬੰਸ ਦੇ ਸਮੇਂ ਤੀਐਨ ਸ਼ਵੇ ਕਾਉਂਟੀ ਸਥਾਪਿਤ ਕੀਤੀ ਗਈ। ਇਹ ਕਾਉਂਟੀ ਅਜੋਕੇ ਸ਼ਹਿਰ ਤੋਂ 40 ਕਿ.ਮੀ. ਦੱਖਣ-ਪੱਛਮ ਵੱਲ ਸੀ। ਤੀਜੀ ਸਦੀ ਦੇ ਅਖ਼ੀਰ ਤੋਂ ਲੈ ਕੇ ਅੱਗੋਂ ਲਈ ਸ਼ਾਂਗ ਗਵੇ (Shang-Kuei) ਚਿਨ ਪ੍ਰੀਫ਼ੈਕਚਰ ਦਾ ਪ੍ਰਸ਼ਾਸ਼ਕੀ ਸ਼ਹਿਰ ਬਣਿਆ ਅਤੇ ਮਿੰਗ (1363 ਤੋਂ 1644) ਤੇ ਚਿੰਗ (1644-1911) ਰਾਜਬੰਸਾਂ ਅਧੀਨ ਸ਼ਹਿਰ ਦਾ ਇਹੀ ਨਾਂ ਸਰਕਾਰੀ ਤੌਰ ਤੇ ਅਪਣਾਇਆ ਗਿਆ। ਇਸ ਖੇਤਰ ਨੂੰ ਕਾਉਂਟੀ ਬਣਾਉਣ ਉਪਰੰਤ 1912 ਈ. ਵਿਚ ਇਸ ਸ਼ਹਿਰ ਦਾ ਨਾਂ ਬਦਲ ਕੇ ਤੀਐੱਨ ਸ਼ਵੇ ਰੱਖ ਦਿੱਤਾ ਗਿਆ। ਇਸ ਦਾ ਪੁਰਾਣਾ ਨਾਂ ਚਿਨ-ਚਾਉ ਵੀ ਅਜੇ ਤੱਕ ਚਲਦਾ ਆ ਰਿਹਾ ਹੈ।

ਚੀਨ ਦੇ ਸਾਰੇ ਇਤਿਹਾਸ ਉਪਰ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਇਹ ਸ਼ਹਿਰ ਹਮੇਸ਼ਾ ਹੀ ਢੋਅ-ਢੁਆਈ ਦਾ ਇਕ ਵਧੀਆ ਕੇਂਦਰ ਰਿਹਾ ਹੈ ਅਤੇ ਫ਼ੌਜੀ ਨੁਕਤਾ-ਨਿਗਾਹ ਤੋਂ ਪੱਛਮ ਵੱਲ ਸਿਆਨ ਤੱਕ ਜਾਣ ਲਈ ਇਕ ਮਹੱਤਵਪੂਰਨ ਕੇਂਦਰ ਰਿਹਾ ਹੈ। ਤੀਜੀ ਅਤੇ ਚੌਥੀ ਸਦੀ ਵਿਚ ਇਹ ਵਾਰ-ਵਾਰ ਲੜਾਈਆਂ ਦੀ ਲਪੇਟ ਵਿਚ ਆਇਆ ਤੇ 763 ਤੋਂ 845 ਈ. ਦੌਰਾਨ ਇਥੇ ਤਿੱਬਤੀਆਂ ਦਾ ਅਤੇ 1127 ਤੋਂ ਪਿੱਛੋਂ ਤਾਨਗੁਤਾਂ (Tanguts) ਅਤੇ ਜੁਰਚੈਨਾ ਦਾ ਕਬਜ਼ਾ ਹੋ ਗਿਆ। ਅੰਤ ਨੂੰ 1215 ਤੋਂ 1368 ਈ. ਤੱਕ ਮੰਗੋਲ ਇਸ ਸ਼ਹਿਰ ਉੱਤੇ ਕਾਬਜ਼ ਰਹੇ। ਪੰਜਵੀਂ ਸਦੀ ਦੇ ਮੱਧ ਤੋਂ ਬਾਅਦ ਚੀਨ ਵਿਚ ਬੁਧ ਧਰਮ ਦੇ ਪ੍ਰਚਾਰ ਦੇ ਰਸਤੇ ਵਿਚ ਵੀ ਇਹ ਇਕ ਮਹੱਤਵਪੂਰਨ ਪੜਾਅ ਸੀ। ਸ਼ਹਿਰ ਤੋਂ 24 ਕਿ.ਮੀ. ਦੀ ਵਿਥ ਤੇ ਮਾਈ ਚੀ ਸ਼ਾਨ ਦੇ ਸਥਾਨ ਤੇ ਗੁਫ਼ਾ-ਬੋਧੀ ਮੰਦਰਾਂ ਦਾ ਸਮੂਹ ਹੈ। ਇਹ ਸਥਾਨ 581 ਤੋਂ 618 ਈ. ਦੌਰਾਨ ਸਵੇ (Sui) ਅਤੇ ਤਾਂਗ ਰਾਜਬੰਸਾਂ ਅਧੀਨ ਬੋਧੀ ਧਰਮ ਦਾ ਮੁੱਖ ਕੇਂਦਰ ਸੀ।

ਇਹ ਸ਼ਹਿਰ ਇਕ ਛੋਟੇ ਜਿਹੇ ਜਰਖੇਜ਼ ਬੇਸਿਨ ਵਿਚ ਵਾਕਿਆ ਹੈ ਜਿਸ ਨੂੰ ਇਕ ਪੁਰਾਣੀ ਸਥਾਪਿਤ ਸਿੰਜਾਈ ਪ੍ਰਣਾਲੀ ਦੁਆਰਾ ਪਾਣੀ ਦਿੱਤਾ ਜਾਂਦਾ ਹੈ। ਇਸ ਦੇ ਨਾਲ ਨਾਲ ਮੱਕੀ, ਕਣਕ, ਸੋਰਗਮ ਥੋੜ੍ਹੀ-ਬਹੁਤ ਕਪਾਹ ਅਤੇ ਤੰਬਾਕੂ ਦੀ ਖੇਤੀ ਕੀਤੀ ਜਾਂਦੀ ਹੈ। ਇਸੇ ਦੇ ਪੱਛਮੀ ਪਾਸੇ ਵੱਲ ਰੇਲ ਮਾਰਗ ਦੇ ਨਾਲ ਕੋਲੇ ਦੇ ਵੱਡੇ ਵੱਡੇ ਭੰਡਾਰ ਹਨ।

ਅਜੋਕਾ ਤੀਐੱਨ ਸ਼ਵੇ ਸ਼ਹਿਰ ਅਨੇਕਾਂ ਹੀ ਨਿਤ ਵਰਤੋਂ ਦੀਆਂ ਚੀਜ਼ਾਂ ਦਾ ਉਦਯੋਗਕ ਕੇਂਦਰ ਹੈ। ਸੂਤੀ ਕਪੜਾ, ਦੀਆ ਸਲਾਈ, ਸ਼ਰਾਬ, ਫ਼ਰਨੀਚਰ ਅਤੇ ਲਾਖ ਦੇ ਬਹੁਤ ਵਧੀਆ ਬਰਤਨ ਤਿਆਰ ਕਰਨਾ ਇਥੋਂ ਦੇ ਮਸ਼ਹੂਰ ਉਦਯੋਗ ਹਨ।

ਕਿਸੇ ਸਮੇਂ ਇਹ ਸ਼ਹਿਰ ਗਾਨਸੂ ਮੁਸਲਿਮ ਭਾਈਚਾਰੇ ਦਾ ਪ੍ਰਸਿੱਧ ਕੇਂਦਰ ਹੁੰਦਾ ਸੀ ਜਿਸ ਨੂੰ 1864-75 ਈ. ਦੇ ਬਾਗ਼ੀਆਂ ਨੇ ਖ਼ਤਮ ਕਰ ਦਿੱਤਾ। ਅੱਜਕੱਲ੍ਹ ਇਸ ਦੇ ਉੱਤਰ-ਪੂਰਬੀ ਖੇਤਰ ਵਿਚ ਘਟ ਗਿਣਤੀ ਦੇ ਮੁਸਲਮਾਨਾਂ ਦੀ ਕਾਫ਼ੀ ਵਸੋਂ ਹੈ।

ਵਰਤਮਾਨ ਤੀਐੱਨ ਸ਼ਵੇ ਸ਼ਹਿਰ ਦੀ ਗ੍ਰੇਟ ਸਿਟੀ, ਦੀ ਮਿਡਲ ਸਿਟੀ, ਵੈਸਟਰਨ ਬੈਰੀਅਰ, ਈਸਟਰਨ ਬੈਰੀਅਰ ਅਤੇ ਫਿਊਸੀ ਸਿਟੀ ਨਾਂ ਦੇ ਪੰਜ ਕਿਲੇਬੰਦ ਸ਼ਹਿਰਾਂ ਦਾ ਸਮੂਹ ਹੈ।

ਆਬਾਦੀ – 2,44,974 (1991)

34°35′ ਉ.ਵਿਥ.; 105° 35′ ਪੂ.ਲੰਬ.

ਹ.ਪੁ.–ਐਨ.ਬ੍ਰਿ.ਮਾ. 11:762; ਹਿੰ.ਵਿ.ਕੋ. 5 : 377

**ਤੀਐਨ ਸ਼ਾਨ ਪਰਬਤ** : ਇਹ ਕੇਂਦਰੀ ਏਸ਼ੀਆ ਦੇ ਮਹਾਨ ਪਰਬਤ ਸਮੂਹਾਂ ਵਿਚੋਂ ਇਕ ਪਰਬਤ ਸਮੂਹ ਹੈ ਜਿਹੜਾ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਅਤੇ ਚੀਨ ਵਿਚ ਸਥਿਤ ਹੈ। ਇਹ ਪਰਬਤ ਸਮੂਹ ਪੱਛਮ-ਦੱਖਣ-ਪੱਛਮ ਤੋਂ ਪੂਰਬ-ਉੱਤਰ-ਪੂਰਬ ਦਿਸ਼ਾ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀ ਲੰਬਾਈ 2,413 ਕਿ.ਮੀ. (1500 ਮੀਲ) ਹੈ। ਇਹ ਪਰਬਤ-ਸਮੂਹ ਪੱਛਮ ਵਿਚ ਸਮਰਕੰਦ ਖੇਤਰ ਤੋਂ ਲੈ ਕੇ ਪੂਰਬ ਵਿਚ ਚੀਨ ਦੇ ਕਾਂਸੂ ਪ੍ਰਾਂਤ ਦੀ ਸਰਹੱਦ ਤੱਕ ਫੈਲਿਆ ਹੋਇਆ ਹੈ। ਇਸ ਦੀਆਂ ਉੱਤਰੀ ਅਤੇ ਦੱਖਣੀ ਸਰਹੱਦਾਂ ਬਾਰੇ ਅਜੇ ਤੱਕ ਨਿਸ਼ਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਿਆ। ਕਈ ਵਾਰ ਉੱਤਰ ਵਿਚ ਸਥਿਤ ਜੰਗੈਰੀਅਨ-ਅਲਾ-ਤਾਊ (Dzungarian Ala-Tau) ਪਰਬਤ ਲੜੀ ਨੂੰ ਤੀਐਨ ਸ਼ਾਨ ਪਰਬਤ ਦਾ ਹੀ ਹਿੱਸਾ ਮੰਨ ਲਿਆ ਜਾਂਦਾ ਹੈ ਕਿਉਂਕਿ ਬੋਰੋਖੋਰੋ ਪਰਬਤ ਲੜੀ ਇਸ ਨੂੰ ਤੀਐਨ ਸ਼ਾਨ ਪਰਬਤ-ਸਮੂਹ ਨਾਲ ਜਾ ਜੋੜਦੀ ਹੈ। ਦੂਜੇ ਪਾਸੇ ਜੰਗੈਰੀਅਨ ਅਲਾ-ਤਾਓ ਪਰਬਤ ਲੜੀ ਨੂੰ ਤੀਐਨ ਸ਼ਾਨ ਦੀ ਉੱਤਰੀ ਹੱਦ ਬਣਾਉਂਦੀ ਇਲੀ ਵਾਦੀ ਸਮੇਤ ਇਕ ਵੱਖਰੀ ਸ਼ਾਖਾ ਮੰਨਿਆ ਗਿਆ ਹੈ। ਭੂ-ਵਿਗਿਆਨਕ ਸਮਾਨਤਾਵਾਂ ਹੋਣ ਕਰਕੇ ਦੱਖਣ-ਪੱਛਮ ਵਿਚ ਤੁਰਕਿਸਤਾਨ ਜੇਰਾਵਸ਼ਾਨ ਅਤੇ ਐਲੇ ਪਰਬਤ ਲੜੀਆਂ ਨੂੰ ਤੀਐਨ ਸ਼ਾਨ ਪਰਬਤ ਦਾ ਹੀ ਹਿੱਸਾ ਮੰਨਿਆ ਗਿਆ ਹੈ ਪਰੰਤੂ ਪਰਬਤ ਵਿਗਿਆਨ ਅਤੇ ਟੈੱਕਟਾਨੀ ਅੰਕੜਿਆਂ ਦੇ ਆਧਾਰ ਤੇ ਇਨ੍ਹਾਂ ਪਰਬਤ ਲੜੀਆਂ ਨੂੰ ਤੀਐਨ ਸ਼ਾਨ ਪਰਬਤ ਤੋਂ ਵੱਖਰਾ ਹੀ ਮੰਨਿਆ ਗਿਆ ਹੈ ਅਤੇ ਫਰਗਾਨਾ ਘਾਟੀ ਨੂੰ ਹੀ ਇਸ ਸਮੂਹ ਦੀ ਦੱਖਣ-ਪੱਛਮੀ ਸਰਹੱਦ ਮੰਨਿਆ ਗਿਆ ਹੈ।

ਕਾਮਨਵੈਲੱਥ ਆਫ਼ ਇੰਡੀਪੈਂਡੈਂਟ ਸਟੇਟਸ ਅਤੇ ਚੀਨ ਦੀ ਸਰਹੱਦ ਉੱਤੇ ਪੈਂਦੀ ਪਰਬਤੀ ਗੰਢ ਉੱਤੇ ਸਥਿਤ 6,995 ਮੀ. (22,949 ਫੁੱਟ) ਉੱਚੀ ਖ਼ਾਨ ਤੈਂਗਰੀ ਨਾਂ ਦੀ ਚੋਟੀ ਨੂੰ ਕਾਫ਼ੀ ਚਿਰ ਪਹਿਲਾਂ ਤੀਐਨ ਸ਼ਾਨ ਸਮੂਹ ਦੀ ਹੀ ਸਭ ਤੋਂ ਉੱਚੀ ਚੋਟੀ ਮੰਨਿਆ ਜਾਂਦਾ ਸੀ। ਸੰਨ 1943 ਵਿਚ ਇਕ ਸੋਵੀਅਤ ਮੁਹਿੰਮ ਨੇ ਖ਼ਾਨ ਤੈਂਗਰੀ ਤੋਂ 21 ਕਿ.ਮੀ. (13 ਮੀਲ) ਦੱਖਣ ਵੱਲ 7,439 ਮੀ. (24,406 ਫੁੱਟ) ਉੱਚੀ ਇਕ ਚੋਟੀ ਦਾ ਪਤਾ ਲਾਇਆ ਅਤੇ ਦੂਜੇ ਵਿਸ਼ਵ ਯੁੱਧ ਵਿਚ ਰੈੱਡ ਆਰਮੀ ਦੀਆਂ ਜਿੱਤਾਂ ਦੇ ਸਨਮਾਨ ਵਿਚ ਇਸ ਚੋਟੀ ਦਾ ਨਾਂ ਪਬੈਡਾ ਚੋਟੀ ਜਾਂ ਵਿਕਟਰੀ ਚੋਟੀ ਰੱਖਿਆ।

**ਪੱਛਮੀ ਤੀਐਨ ਸ਼ਾਨ** — ਤੀਐਨ ਸ਼ਾਨ ਪਰਬਤ ਦੇ ਪੱਛਮੀ ਜਾਂ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਵਿਚ ਫੈਲੇ ਭਾਗ ਦੀ ਬਣਤਰ ਬਹੁਤ ਗੁੰਝਲਦਾਰ ਹੈ। ਇਸ ਵਿਚ ਖ਼ਾਨ ਤੈਂਗਰੀ ਅਤੇ ਪਬੈਡਾ ਚੋਟੀ ਦੇ ਪਰਬਤੀ ਕੇਂਦਰ ਤੋਂ ਬਾਹਰ ਵੱਲ ਨੂੰ ਫੈਲੀਆਂ ਸਾਖ਼ਾਵਾਂ ਅਤੇ ਉਪ-ਲੜੀਆਂ ਸ਼ਾਮਲ ਹਨ। ਇਸ ਦੀ ਉੱਤਰੀ ਸ਼ਾਖਾ ਵਿਚ ਕੁੰਗਏ-ਅਲਾ-ਤਾਊ ਸ਼ਾਮਲ ਹੈ ਜਿਸ ਨੇ ਉੱਤਰ ਵਲੋਂ ਇਸਿਕਕੁਲ ਨਾਂ ਦੀ ਇਕ ਵਿਸ਼ਾਲ ਪਹਾੜੀ ਝੀਲ ਨੂੰ ਘੇਰਿਆ ਹੋਇਆ ਹੈ। ਉੱਤਰ ਵਿਚ ਕੁੰਗਏ-ਅਲਾ-ਤਾਊ ਦੇ ਸਮਾਨਾਂਤਰ ਟ੍ਰਾਂਸ-ਇਲੀ-ਅਲਾ-ਤਾਊ ਪਰਬਤ ਹੈ ਜਿਹੜਾ ਤਲਗਰ ਚੋਟੀ ਤੱਕ 3,122 ਮੀ. (16,243 ਫੁੱਟ) ਉੱਚਾ ਨਿਕਲ ਜਾਂਦਾ ਹੈ। ਟ੍ਰਾਂਸ-ਇਲੀ-ਅਲਾ-ਤਾਊ ਪਰਬਤ ਪੱਛਮੀ ਦਿਸ਼ਾ ਵੱਲ ਨਿਰੰਤਰ ਤੌਰ ਤੇ ਚੂ-ਇਲੀ ਪਹਾੜਾਂ ਤੱਕ ਵਧਦਾ ਜਾਂਦਾ ਹੈ ਜਦੋਂ ਕਿ ਕੁੰਗਏ-ਅਲਾ ਤਾਊ ਪਰਬਤ ਕਿਰਗੀਜ਼ ਪਰਬਤ ਲੜੀ ਤੱਕ ਫੈਲਿਆ ਹੋਇਆ ਹੈ। ਪਰਬਤੀ ਕੇਂਦਰ ਤੋਂ ਬਾਹਰ ਵੱਲ ਨੂੰ ਫੈਲੀ ਕੇਂਦਰੀ ਸ਼ਾਖਾ ਵਿਚ ਟਰਸਕੀ-ਅਲਾ ਤਾਊ ਸ਼ਾਮਲ ਹੈ ਜਿਸ ਨੇ ਦੱਖਣ ਵਲੋਂ ਇਸਿਕਕੁਲ ਬੇਸਿਨ ਨੂੰ ਘੇਰਿਆ ਹੋਇਆ ਹੈ। ਇਸ ਤੋਂ ਇਲਾਵਾ ਦੱਖਣ-ਪੱਛਮ ਵੱਲ ਕਾਕਸ਼ਾਲ ਤਾਊ ਹੈ। ਪੱਛਮੀ ਤੀਐਨ ਸ਼ਾਨ ਦੀਆਂ ਮੁੱਖ ਸਾਖ਼ਾਵਾਂ ਲੰਬੀਆਂ, ਬਰਫ਼ ਨਾਲ ਢੱਕੀਆਂ ਅਤੇ ਐਲਪਾਈਨੀ ਕਿਸਮ

ਦੀਆਂ ਹਨ। ਇਸ ਦੇ ਮੁਕਾਬਲੇ ਇਹ ਭਾਗ ਜਿਸ ਦੀ ਹੱਦਬੰਦੀ ਉੱਤਰ ਵੱਲ ਟਰਸਕੀ ਅਲਾ-ਤਾਊ ਅਤੇ ਦੱਖਣ ਵੱਲ ਕਾਕਸ਼ਾਲ ਤਾਊ ਕਰਦਾ ਹੈ, ਦੀਆਂ ਪਰਬਤ ਲੜੀਆਂ ਖੁਰ ਗਈਆਂ ਸਨ ਅਤੇ ਉਨ੍ਹਾਂ ਨੇ ਇਕ ਵਿਸ਼ੇਸ਼ ਕਿਸਮ ਦੀਆਂ ਪੱਧਰੇ ਸਿਰੇ ਵਾਲੀਆਂ ਚੋਟੀਆਂ ਦੀ ਸ਼ਕਲ ਧਾਰਨ ਕਰ ਲਈ ਸੀ। ਇਨ੍ਹਾਂ ਚੋਟੀਆਂ ਨੂੰ ਸਰਟਸ (Syrts) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਚੌੜੀਆਂ ਘਾਟੀਆਂ ਜਾਂ ਟੈਕਟਾਨੀ ਹੀ ਇਨਾਂ ਸਰਟਸਾਂ ਨੂੰ ਇਕ ਦੂਜੇ ਤੋਂ ਵੱਖ ਕਰਦੇ ਹਨ। ਬਾਹਰਲੀਆਂ ਐਲਪਾਈਨੀ ਪਰਬਤ ਲੜੀਆਂ ਨਾਲ ਲਗਦੇ ਨੀਵੇਂ ਇਲਾਕੇ ਤੋਂ ਇਕਦਮ 3,048 ਮੀ. (10,000 ਫੁੱਟ) ਜਾਂ ਇਸ ਤੋਂ ਵੀ ਵੱਧ ਉੱਚੀਆਂ ਚਲੀਆਂ ਜਾਂਦੀਆਂ ਹਨ ਜਦੋਂ ਕਿ ਸਰਟਸਾਂ ਦੀਆਂ ਵਿਚਕਾਰਲੀਆਂ ਵਾਦੀਆਂ ਤੋਂ ਉੱਪਰ ਵੱਲ ਮੁਕਾਬਲਤਨ ਉੱਚਾਈ 610 ਮੀ. (2,000 ਫੁੱਟ) ਤੋਂ 914 ਮੀ. (3,000 ਫੁੱਟ) ਤੱਕ ਹੈ।

**ਪੂਰਬੀ ਤੀਐਨ ਸ਼ਾਨ**--ਤੀਐਨ ਸ਼ਾਨ ਦੇ ਚੀਨ ਦੇ ਅੰਦਰ ਵੱਲ ਫੈਲੇ ਇਸ ਪੂਰਬੀ ਭਾਗ ਵਿਚ ਉਪ-ਲੜੀਆਂ ਦੀਆਂ ਦੋ ਸਮਾਨਾਂਤਰ ਲੜੀਆਂ ਸ਼ਾਮਲ ਹਨ। ਖ਼ਾਨ ਤੈਂਗਰੀ ਪਰਬਤ ਤੋਂ ਪੂਰਬ ਵੱਲ ਫੈਲੀਆਂ ਪਰਬਤ ਲੜੀਆਂ ਵਿਚੋਂ ਖ਼ਾਲਿਕ-ਤਾਊ ਅਤੇ ਬੋਰੋ ਹੈਟਨ ਸਭ ਤੋਂ ਪ੍ਰਮੁੱਖ ਦੱਖਣੀ ਪਰਬਤ ਲੜੀਆਂ ਹਨ ਜਿਹੜੀਆਂ ਕਿ ਬਾਗਰਸ਼ ਕਾਲ ਝੀਲ ਦੇ ਬੇਸਿਨ ਤੇ ਖ਼ਤਮ ਹੋ ਜਾਂਦੀਆਂ ਹਨ। ਇਸ ਪਰਬਤ ਦੀਆਂ ਉੱਤਰੀ ਉਪ-ਲੜੀਆਂ ਵਿਚ ਬੋਰੋਖੋਰੋ, ਬੋਗਡੋ ਉਲਾ (5,470 ਮੀ.), ਬਾਰ ਕੱਲ ਤੇਗ ਅਤੇ ਕਾਰਲਿਕ ਤੇਗ (4,295 ਮੀ.) ਸ਼ਾਮਲ ਹਨ। ਬੋਗਡੋ ਉਲਾ ਦੇ ਦੱਖਣ ਵੱਲ ਟਰਫ਼ਨ ਨਿਵਾਣ ਹੈ ਜਿਸ ਦਾ ਖਾਰੀ ਦਲਦਲ ਨਾਲ ਢੱਕਿਆ ਥੱਲਾ ਸਮੁੰਦਰੀ ਤਲ ਤੋਂ 130 ਮੀ. (427 ਫੁੱਟ) ਡੂੰਘਾ ਹੈ ਅਤੇ ਇਹ ਚੀਨ ਦਾ ਸਭ ਤੋਂ ਡੂੰਘਾ ਸਥਾਨ ਹੈ।

ਤੀਐਨ ਸ਼ਾਨ ਪਰਬਤ ਦੀ ਪੂਰਬੀ ਸ਼ਾਖ ਚੀਨ ਦੇ ਸਿਨਜੀਆਂਗ ਵੀਗੁਰ ਖੁਦਮੁਖ਼ਤਾਰ ਖੇਤਰ ਨੂੰ ਦੋ ਹਿੱਸਿਆਂ-ਜੰਗੇਰੀਆ Dzungaria (ਉੱਤਰ) ਅਤੇ ਤਾਰੀਮ ਬੇਸਿਨ (ਦੱਖਣ) ਵਿਚ ਵੰਡਦੀ ਹੈ।

## ਭੂ-ਆਕ੍ਰਿਤੀ ਵਿਗਿਆਨ

ਤੀਐਨਸ਼ਾਨ ਦੇ ਪਹਾੜ ਪੈਲੀਓਜ਼ੋਇਕ ਅਤੇ ਪੂਰਵ ਕੈਂਬਰੀਅਨ ਕਾਲ ਦੀਆਂ ਅਵਸਾਦੀ, ਰੁਪਾਂਤਰਿਤ ਅਤੇ ਅਗਨੀ ਚਟਾਨਾਂ ਤੋਂ ਹੀ ਬਣੇ ਹੋਏ ਹਨ। ਇਥੇ ਆਮ ਤੌਰ ਤੇ ਸ਼ਿਸ਼ਟ, ਰੇਤ ਪੱਥਰ, ਚੂਨਾ ਪੱਥਰ, ਸੰਗਮਰਮਰ, ਅਬਰਕੀ ਅਤੇ ਸਾਇਨਾਇਟ ਅਗਨੀ ਚਟਾਨਾਂ ਮਿਲਦੀਆਂ ਹਨ। ਅਸਲ ਵਿਚ ਉੱਤਰ ਵੱਲ ਦੀਆਂ ਪਰਬਤ ਲੜੀਆਂ, ਲੋਅਰ ਪੈਲੀਓਜ਼ਿਕ ਕਲਪ ਵਿਚ ਹੋਏ ਕੈਲੇਡੋਨੀਅਨ ਪਰਿਚੱਕਰਣ ਸਮੇਂ ਹੋਂਦ ਵਿਚ ਆਈਆਂ। ਇਹ ਮੁੱਢਲੀਆਂ ਪਰਬਤ ਲੜੀਆਂ ਹੌਲੀ ਹੌਲੀ ਖੁਰ ਗਈਆਂ ਅਤੇ ਮੀਜ਼ੋਜ਼ੋਇਕ ਅਤੇ ਟਰਸ਼ਰੀ ਮਹਾਕਲਪਾਂ ਦੇ ਦੌਰਾਨ ਇਹ ਇਕ ਲਗਭਗ ਸਮਤਲ ਭੂਮੀ ਵਿਚ ਹੀ ਤਬਦੀਲ ਹੋ ਗਈਆਂ। ਟਰਸ਼ਰੀ ਮਹਾਕਲਪਾਂ ਦੇ ਅਖ਼ੀਰ ਵਿਚ ਅਤੇ ਕੁਆਟਰਨਰੀ ਮਹਾਕਲਪ ਦੇ ਆਰੰਭ ਵਿਚ ਨਵੇਂ ਉੱਥਾਨ ਹੋਏ ਅਤੇ ਉਨ੍ਹਾਂ ਦੇ ਕਾਰਣ ਹੀ ਤੀਐਨ ਸ਼ਾਨ ਪਰਬਤ ਨੇ ਆਪਣਾ ਮੌਜੂਦਾ ਨਵਾਂ ਰੂਪ ਅਖ਼ਤਿਆਰ ਕੀਤਾ।

**ਜਲਵਾਯੂ** — ਸਮੁੱਚੇ ਤੌਰ ਤੇ ਇਨ੍ਹਾਂ ਪਰਬਤਾਂ ਦੀ ਯੂਰੇਸ਼ੀਅਨ ਮਹਾਂਦੀਪ ਦੇ ਅੰਦਰੂਨੀ ਭਾਗ ਵਿਚਲੀ ਸਥਿਤੀ ਹੀ ਇਥੋਂ ਦਾ ਜਲਵਾਯੂ ਨਿਰਧਾਰਿਤ ਕਰਦੀ ਹੈ। ਆਮ ਤੌਰ ਤੇ ਇਸ ਖੇਤਰ ਦਾ ਜਲਵਾਯੂ ਇਕਦਮ ਮਹਾਂਦੀਪੀ ਹੈ ਪਰੰਤੂ ਤੀਐਨ ਸ਼ਾਨ ਪਰਬਤ ਦੀ ਅਧਿਕ ਉੱਚਾਈ ਅਤੇ ਗੁੰਝਲਦਾਰ ਧਰਾਤਲ ਕਰਕੇ ਹੀ ਇਥੋਂ ਦੀ ਵਰਖਾ ਅਤੇ ਤਾਪਮਾਨ ਵਿਚ ਭਿੰਨਤਾ ਵੀ ਆ ਜਾਂਦੀ ਹੈ। ਪੀਡਮਾਂਟ ਮੈਦਾਨ ਅਤੇ ਪਰਬਤ ਸਮੂਹ ਦੇ ਕੰਢੀ ਖੇਤਰਾਂ ਦਾ ਜਲਵਾਯੂ ਨੇੜਲੇ ਨੀਵੇਂ ਇਲਾਕਿਆਂ ਵਾਂਗ ਮਾਰੂਥਲੀ ਹੀ ਹੈ। ਤੀਐਨ ਸ਼ਾਨ ਪਰਬਤ ਸਮੂਹ ਉੱਤੇ ਬਹੁਤਾ ਕਰਕੇ ਪੱਛਮੀ ਅੰਧ ਮਹਾਂਸਾਗਰੀ ਵਾਯੂ ਪੁੰਜਾਂ ਕਾਰਨ ਵਰਖਾ ਹੁੰਦੀ ਹੈ ਅਤੇ ਉਹੀ ਵਾਯੂ ਪੁੰਜ ਮੁੱਖ ਤੌਰ ਤੇ ਦਰਮਿਆਨੀ ਅਤੇ ਵੱਡੀ ਉਚਾਈ ਵਾਲੀਆਂ ਪੱਛਮ-ਮੁੱਖੀ ਢਲਾਣਾਂ ਉੱਤੇ ਜਾ ਵਰਖਾ ਕਰਦੇ ਹਨ। ਇਨ੍ਹਾਂ ਢਲਾਣਾਂ ਉੱਤੇ ਸਲਾਨਾ ਵਰਖਾ 75 ਸੈਂ. ਮੀ. (30 ਇੰਚ) ਤੋਂ ਵੀ ਵੱਧ ਹੁੰਦੀ ਹੈ ਜਦੋਂ ਕਿ ਪੂਰਬੀ ਢਲਾਣਾਂ ਅਤੇ ਅੰਤਰ ਪਰਬਤੀ ਬੇਸਿਨ ਵਿਚ ਸਲਾਨਾ ਵਰਖਾ ਕੇਵਲ 25 ਸੈਂ. ਮੀ. (10 ਇੰਚ) ਤੱਕ ਹੁੰਦੀ ਹੈ। ਇਸ ਪਰਬਤ ਸਮੂਹ ਦੀਆਂ ਪੱਛਮੀ ਢਲਾਣਾਂ ਉੱਤੇ ਭਾਰੀ ਵਰਖਾ ਹੋਣ ਕਾਰਨ ਇਨ੍ਹਾਂ ਢਲਾਣਾਂ ਅਤੇ ਪੱਛਮੀ ਵਾਦੀਆਂ ਵਿਚ ਸਰਦੀਆਂ ਦੇ ਮੌਸਮ ਵਿਚ ਲਗਭਗ 305 ਸੈਂ.ਮੀ. (10 ਫੁੱਟ) ਤੱਕ ਬਰਫ ਜੰਮ ਜਾਂਦੀ ਹੈ ਜਦੋਂ ਕਿ ਪੂਰਬੀ ਢਲਾਣਾਂ ਅਤੇ ਅੰਤਰ-ਪਰਬਤੀ ਬੇਸਿਨਾਂ ਵਿਚ ਸਰਦੀਆਂ ਵਿਚ ਬਰਫ ਨਹੀਂ ਜੰਮਦੀ। ਇਥੋਂ ਤੱਕ ਕਿ ਸਮੁੰਦਰ ਤਲ ਤੋਂ 3,962 ਮੀ. (13,000 ਫੁੱਟ) ਜਾਂ ਇਸ ਤੋਂ ਵੀ ਵੱਧ ਉੱਚਾਈ ਤੇ ਸਥਿੱਤ ਦੱਰਿਆਂ ਵਿਚ ਗਰਮੀਆਂ ਵਿਚ ਉਕਾ ਹੀ ਬਰਫ ਨਹੀਂ ਪੈਂਦੀ। ਉੱਚਾਈ ਕਾਰਨ ਔਸਤਨ ਤਾਪਮਾਨ ਵਧਦਾ ਘਟਦਾ ਹੈ। ਇਥੋਂ ਦੀਆਂ ਘਾਟੀਆਂ ਅਤੇ ਘਟ ਉੱਚੀਆਂ ਢਲਾਣਾਂ ਉੱਤੇ ਜੁਲਾਈ ਦੇ ਮਹੀਨੇ ਵਿਚ ਔਸਤਨ ਤਾਪਮਾਨ 21 ਤੋਂ 24 ਸੈਂ ਅਤੇ ਦਰਮਿਆਨੀ ਉੱਚਾਈ ਵਾਲੀਆਂ ਢਲਾਣਾਂ ਤੇ $10^{\circ}$ ਤੋਂ $55^{\circ}$ ਸੈਂ. ਅਤੇ ਪਹਾੜ ਦੀਆਂ ਚੋਟੀਆਂ ਤੇ ਇਹ ਤਾਪਮਾਨ ਜਮਾਉ ਦਰਜੇ ਤੱਕ ਪਹੁੰਚ ਜਾਂਦਾ ਹੈ।

**ਗਲੇਸ਼ੀਕਰਣ** — ਤੀਐਨ ਸ਼ਾਨ ਪਰਬਤ-ਸਮੂਹ ਦੀਆਂ ਭਾਂਵੇਂ ਕੁਝ ਛੋਟੀਆਂ ਲੜੀਆਂ ਉੱਤਰ-ਦੱਖਣ ਦਿਸ਼ਾ ਵੱਲ ਫੈਲੀਆਂ ਹੋਈਆਂ ਹਨ ਪਰ ਆਮ ਤੌਰ ਤੇ ਇਹ ਪੂਰਬ ਤੋਂ ਪੱਛਮ ਦੀ ਦਿਸ਼ਾ ਵੱਲ ਹੀ ਫੈਲੀਆਂ ਹੋਈਆਂ ਹਨ। ਅਖਾਉਤੀ ਪਰਬਤੀ ਗੰਢਾਂ ਤੀਐਨ ਸ਼ਾਨ ਦੇ ਵਿਸ਼ੇਸ਼ ਲੱਛਣ ਹਨ ਅਤੇ ਉਨ੍ਹਾਂ ਤੋਂ ਹੀ ਛੋਟੀਆਂ ਲੜੀਆਂ ਵੱਖ ਵੱਖ ਦਿਸ਼ਾਵਾਂ ਵਲ ਫੈਲੀਆਂ ਹੋਈਆਂ ਹਨ। ਪੱਛਮ ਵਲੋਂ ਆਉਣ ਵਾਲੀ ਨਮੀਦਾਰ ਹਵਾ ਉੱਤਰ-ਦੱਖਣ ਦਿਸ਼ਾ ਵਿਚ ਫੈਲੀਆਂ ਪਰਬਤ ਲੜੀਆਂ ਦੀਆਂ ਪੱਛਮੀ ਢਲਾਣਾਂ ਉੱਤੇ ਸੰਘਣੀ ਹੋ ਜਾਂਦੀ ਹੈ ਅਤੇ ਪਰਬਤੀ ਗੰਢ ਵਾਦੀ ਦੇ ਗਲੇਸ਼ੀਅਰ ਨੂੰ ਹੋਂਦ ਵਿਚ ਲਿਆਉਂਦੇ ਹਨ। ਖ਼ਾਨ ਤੈਂਗਰੀ, ਪਬੈਡਾ ਗੰਢ ਅਤੇ ਉੱਤਰ-ਦੱਖਣ ਦਿਸ਼ਾ ਵਿਚ ਫੈਲੀ ਐਕਸ਼ੀਯਰਾਕ ਦੀ ਛੋਟੀ ਜਿਹੀ ਪਰਬਤ ਲੜੀ, ਗਲੇਸ਼ੀਕਰਣ ਦੇ ਪ੍ਰਮੁੱਖ ਕੇਂਦਰ ਹਨ। ਵੱਡੀਆਂ ਪਰਬਤੀ ਗੰਢਾਂ ਤੇ ਗਲੇਸ਼ੀਅਰਾਂ ਨੇ 25,600 ਵ. ਕਿ. ਮੀ. (10,000 ਵ. ਮੀਲ) ਦਾ ਰਕਬਾ ਮੱਲਿਆ ਹੋਇਆ ਹੈ। ਖ਼ਾਨ ਤੈਂਗਰੀ ਪਰਬਤ ਦੇ ਦੱਖਣ ਵਾਲੇ ਪਾਸੇ 58 ਕਿ. ਮੀ. ਲੰਬਾ ਦੱਖਣੀ ਇਨਯਾਲਚੈੱਕ ਗਲੇਸ਼ੀਅਰ, ਉੱਤਰ ਵੱਲ 35 ਕਿ. ਮੀ. ਲੰਬਾ ਉੱਤਰੀ ਇਨਯਾਲਚੈੱਕ ਗਲੇਸ਼ੀਅਰ ਅਤੇ ਖ਼ਾਨ ਤੈਂਗਰੀ ਪਰਬਤ ਦੇ ਉੱਤਰ-ਪੱਛਮ ਵੱਲ ਪੈਂਦੀ ਸੈਮੇਨੋਵ ਚੋਟੀ ਤੋਂ ਹੇਠਾਂ ਵੱਲ ਆਉਂਦਾ 21 ਕਿ. ਮੀ. ਲੰਬਾ ਸੈਮੇਨੋਵ ਗਲੇਸ਼ੀਅਰ ਇਥੋਂ ਦੇ ਕੁਝ ਵੱਡੇ ਗਲੇਸ਼ੀਅਰ ਹਨ। ਐਕਸ਼ੀਯਾਰਾਕ ਪਰਬਤ ਦੀਆਂ ਪੱਛਮੀ ਢਲਾਣਾਂ ਤੇ 18 ਕਿ. ਮੀ. ਲੰਬਾ ਪੈਟਰਾਵ ਗਲੇਸ਼ੀਅਰ ਹੈ।

**ਜਲ-ਸਰਵੇਖਣ** — ਤੀਐਨ ਸ਼ਾਨ ਮੁੱਖ ਤੌਰ ਤੇ ਅੰਦਰੂਨੀ ਜਲ-ਨਿਕਾਸੀ ਵਾਲਾ ਖੇਤਰ ਹੈ ਜਿਸ ਦੇ ਦਰਿਆਵਾਂ ਦਾ ਪਾਣੀ, ਕੇਂਦਰੀ ਏਸ਼ੀਆ ਦੀਆਂ ਮਾਰੂਥਲੀ ਝੀਲਾਂ ਜਾਂ ਪਰਬਤੀ ਝੀਲਾਂ ਵਿਚ ਜਾ ਡਿਗਦਾ ਹੈ। ਇਨ੍ਹਾਂ ਦਰਿਆਵਾਂ ਦਾ ਪਾਣੀ ਕਿਸੇ ਸਮੁੰਦਰ ਤਕ ਨਹੀਂ ਪਹੁੰਚਦਾ। ਤੀਐਨ ਸ਼ਾਨ ਪਰਬਤ ਦੇ ਪੱਛਮੀ ਭਾਗ ਦਾ ਜਲ ਨਿਕਾਸ ਬਹੁਤਾ ਕਰਕੇ ਸਿਰ ਦਰਿਆ ਰਾਹੀਂ ਹੁੰਦਾ ਹੈ ਜਿਹੜਾ ਕਿ ਕੇਂਦਰੀ ਏਸ਼ੀਆ ਦੇ ਵੱਡੇ ਦਰਿਆਵਾਂ ਵਿਚੋਂ ਇਕ ਹੈ ਅਤੇ ਅਰਲ ਸਾਗਰ ਵਿਚ ਜਾ ਕੇ ਡਿਗਦਾ ਹੈ। ਇਸ ਪਰਬਤ ਦੇ ਉੱਤਰ ਵਾਲੇ

ਪਾਸੇ ਦੇ ਮੁੱਖ ਦਰਿਆਵਾਂ ਵਿਚੋਂ ਚੂ ਦਰਿਆ ਇਕ ਹੈ ਜਿਹੜਾ ਬਾਲਕਾਸ਼ ਝੀਲ ਦੇ ਪੱਛਮ ਵੱਲ ਪੈਂਦੇ ਮਾਰੂਥਲ ਵਿਚ ਜਾ ਕੇ ਅਲੋਪ ਹੁੰਦਾ ਹੈ ਅਤੇ ਇਲੀ ਦਰਿਆ ਕੇਵਲ ਬਾਲਕਾਸ਼ ਝੀਲ ਤੱਕ ਹੀ ਵਹਿੰਦਾ ਹੈ। ਤੀਐਨ ਸ਼ਾਨ ਪਰਬਤ ਦੇ ਦੱਖਣ-ਪੂਰਬ ਵੱਲ ਦਾ ਜਲ ਨਿਕਾਸ ਡਾਰੀਮ ਦਰਿਆ ਕਰਦਾ ਹੈ। ਇਹ ਦਰਿਆ ਵੀ ਲੋਪਨਾਰ ਝੀਲ ਦੇ ਨੇੜੇ ਮਾਰੂਥਲ ਵਿਚ ਹੀ ਅਲੋਪ ਹੋ ਜਾਂਦਾ ਹੈ। ਤੀਐਨ ਸ਼ਾਨ ਪਰਬਤ ਦੀ ਉੱਚਾਈ ਤੋਂ ਨਿਕਲਦੇ ਦਰਿਆਵਾਂ ਨੂੰ ਇਥੋਂ ਦੇ ਗਲੇਸ਼ੀਅਰ ਹੀ ਪਾਣੀ ਮੁਹੱਈਆ ਕਰਦੇ ਹਨ। ਇਨ੍ਹਾਂ ਦਰਿਆਵਾਂ ਵਿਚ ਗਰਮੀਆਂ ਦੇ ਮੌਸਮ ਵਿਚ ਪਾਣੀ ਕਾਫ਼ੀ ਚੜ੍ਹ ਜਾਂਦਾ ਹੈ। ਇਹ ਪਾਣੀ ਪੀਡਮਾਂਟ ਦੇ ਮੈਦਾਨਾਂ ਦੀ ਸਿੰਚਾਈ ਲਈ ਬਹੁਤ ਹੀ ਲਾਹੇਵੰਦ ਸਿੱਧ ਹੁੰਦਾ ਹੈ। ਤੀਐਨ ਸ਼ਾਨ ਪਰਬਤ ਦੇ ਕੁੱਝ ਦਰਿਆ ਘਟ ਉੱਚਾਈ ਤੋਂ ਨਿਕਲਦੇ ਹਨ ਅਤੇ ਇਹ ਦਰਿਆ ਜ਼ਮੀਨ ਹੇਠਲੇ ਪਾਣੀ, ਬਰਫ਼ ਜਾਂ ਵਰਖਾ ਦੇ ਪਾਣੀ ਤੇ ਨਿਰਭਰ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਦਰਿਆ ਜਿਵੇਂ ਕਿ ਸਿਰ ਦਰਿਆ ਅਤੇ ਉਸਦੀ ਸਹਾਇਕ ਨਦੀ ਚਿਰਚਿਕ ਅਤੇ ਚੂ ਦਰਿਆ, ਪਣ ਬਿਜਲੀ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਇਸਿਕਕੁਲ ਝੀਲ ਤੀਐਨ ਸ਼ਾਨ ਦੀਆਂ ਪਹਾੜੀ ਝੀਲਾਂ ਵਿਚੋਂ ਸਭ ਤੋਂ ਵੱਡੀ ਝੀਲ ਹੈ ਅਤੇ ਉਸ ਨੇ ਇਕ ਵਿਸ਼ਾਲ ਟੈਕਟਾਨੀ ਨਿਵਾਣ ਨੂੰ ਮੱਲਿਆ ਹੋਇਆ ਹੈ।

**ਬਨਸਪਤੀ** — ਇਥੋਂ ਦੀ ਬਨਸਪਤੀ ਦੀ ਲੰਬਾਤਮਕ ਰੂਪ ਵਿਚ ਜ਼ੋਨ-ਵੰਡ ਕੀਤੀ ਹੋਈ ਹੈ। ਨੀਵੇਂ ਕੰਢੀ ਖੇਤਰ ਖੁਸ਼ਕ ਬਨਸਪਤੀ ਨਾਲ ਢੱਕੇ ਪਏ ਹਨ। ਕਾਸ਼ਤ ਕੀਤੀਆਂ ਫਸਲਾਂ ਵਿਚੋਂ ਸਿੰਚਾਈ ਦੁਆਰਾ ਬੀਜੀ ਕਪਾਹ ਅਤੇ ਫਲਦਾਰ ਪੌਦੇ ਹੀ ਪ੍ਰਮੁੱਖ ਹਨ। 366 ਮੀ. (1200 ਫੁੱਟ) ਤੋਂ ਵੱਧ ਉੱਚਾਈ ਵਾਲੀਆਂ ਥਾਵਾਂ ਉੱਤੇ ਵਰਖਾ ਦੀ ਬਹੁਤਾਤ ਕਰਕੇ ਖੱਬਲ ਵਰਗੀ ਅਰਧ-ਖੁਸ਼ਕ ਕਿਸਮ ਦੀ ਬਨਸਪਤੀ ਮਿਲਦੀ ਹੈ। ਇਸ ਖੇਤਰ ਨੂੰ ਗਰਮੀਆਂ ਅਤੇ ਬਸੰਤ ਰੁੱਤੀ ਚਰਾਗਾਹਾਂ ਵਜੋਂ ਵਰਤਿਆ ਜਾਂਦਾ ਹੈ।

ਕੰਢੀ ਦੇ ਇਲਾਕੇ ਵਿਚ ਸਥਿਤ ਅਰਧ ਮਾਰੂਥਲ ਪੱਟੀ ਤੋਂ ਉਪਰ ਫੀਦਰ ਅਤੇ ਫੇਸਕਯੂ ਕਿਸਮ ਦੇ ਘਾਹ ਦੇ ਖੁਸ਼ਕ ਪਰਬਤੀ ਸਟੈੱਪੀ ਮੈਦਾਨ ਹਨ। 1219 ਮੀ. (4,000 ਫੁੱਟ) ਦੀ ਉੱਚਾਈ ਤੇ ਘਾਹਦਾਰ ਸਟੈੱਪੀ ਕਿਸਮ ਦੀ ਬਨਸਪਤੀ ਮਿਲਦੀ ਹੈ ਜਿਸ ਵਿਚ ਝਾੜੀਆਂ ਅਤੇ ਅਖਰੋਟ, ਸੇਬ ਅਤੇ ਮੈਪਲ ਵਰਗੇ ਪੱਤਝੜੀ ਦਰਖਤ ਮਿਲਦੇ ਹਨ। ਇਸ ਤੋਂ ਹੋਰ ਉਪਰ ਉਪ-ਐਲਪਾਈਨੀ ਚਰਾਗਾਹਾਂ ਦਾ ਜ਼ੋਨ ਆ ਜਾਂਦਾ ਹੈ ਜਿਸ ਵਿਚ ਸਪਰੂਸ, ਫਰ ਅਤੇ ਜੂਨੀਪਰ ਵਰਗੇ ਕੋਨਧਾਰੀ ਰੁਖਾਂ ਦੇ ਝੁੰਡ ਮਿਲਦੇ ਹਨ। ਹਿਮ-ਰੇਖਾ ਤੱਕ ਫੈਲੀਆਂ ਇਹ ਚਰਾਗਾਹਾਂ ਤੀਐਨ ਸ਼ਾਨ ਖੇਤਰ ਦੀਆਂ ਗਰਮੀਆਂ ਦੀਆਂ ਮੁੱਖ ਚਰਾਗਾਹਾਂ ਹਨ।

**ਖਣਿਜ** — ਹਰਸਿਨੀਅਨ ਮੈਗਮੈਟਿਜ਼ਮ ਨਾਲ ਸਬੰਧਤ ਬਾਹਰ ਵੱਲ ਨੂੰ ਹੋਏ ਵਹਾਵਾਂ ਨੇ ਕਾਮਨ ਵੈੱਲਥ ਆਫ ਇੰਡੀਪੈਂਡੈਂਟ ਸਟੇਟਸ ਵਿਚ ਫੈਲੇ ਤੀਐਨ ਸ਼ਾਨ ਵਿਚ ਵਿਸ਼ੇਸ਼ ਕਰਕੇ ਗ਼ੈਰ-ਫੌਲਾਦੀ ਅਤੇ ਦੁਰਲੱਭ ਕਿਸਮ ਦੀਆਂ ਧਾਤਾਂ ਨਾਲ ਸਬੰਧਤ ਕੁਝ ਖਣਿਜ-ਭਰਪੂਰ ਖੇਤਰ ਹੋਂਦ ਵਿਚ ਲਿਆ ਦਿੱਤੇ ਹਨ। ਇਥੇ ਮਿਲਣ ਵਾਲੀਆਂ ਧਾਤਾਂ ਵਿਚੋਂ ਸਭ ਤੋਂ ਮਹੱਤਵਪੂਰਨ ਉਜ਼ਬੇਕਿਸਤਾਨ ਦੇ ਐਲਮਲਿਕ ਸ਼ਹਿਰ ਵਿਚ ਤਾਂਬਾ ਅਤੇ ਸਿੱਕੇ, ਜਿਸਤ ਦੀ ਕੱਚੀ ਧਾਤ, ਕਿਰਗੀਜ਼ ਵਿਚ ਖੰਡਾਰਕੇਨ ਵਿਖੇ ਸੁਰਮੇ ਅਤੇ ਪਾਰੇ ਦੇ ਭੰਡਾਰ ਅਤੇ ਤਾਜ਼ਿਕਸਤਾਨ ਵਿਚ ਚੋਰੁਖ ਡੇਰਾਨ ਵਿਖੇ ਟੰਗਸਟਨ ਦੇ ਭੰਡਾਰ ਹਨ। ਜੁਰੈਸਿਕ ਸਮੇਂ ਦੀਆਂ ਘੱਟ ਉਰਜਾ ਪੈਦਾ ਕਰਨ ਵਾਲੇ ਕੋਲੇ ਦੀਆਂ ਖਾਣਾਂ ਐਂਗਰੇਨ (ਉਜ਼ਬੇਕਿਸਤਾਨ) ਫਰਗਾਨਾ ਵਾਦੀ ਦੀ ਹੱਦ ਤੇ ਕਿਜ਼ਿਲ ਕੂਜਾ, ਤਾਸ਼ਕੁਮਿਰ, ਕੱਕ, ਯੈਂਗੈਕ ਅਤੇ ਸੁਲਯੁਕਤਾ ਵਿਖੇ ਹਨ। ਫਰਗਾਨਾ ਵਾਦੀ ਵਿਚ ਤਲਛੱਟਾਂ ਦੇ ਇਕੱਠੇ ਹੋਣ ਨਾਲ ਪੈਟਰੋਲੀਅਮ, ਕੁਦਰਤੀ ਗੈਸ, ਗੰਧਕ ਅਤੇ ਮੋਮ ਵਰਗੇ ਪਦਾਰਥਾਂ ਦੇ ਭੰਡਾਰ ਵੀ ਪੈਦਾ ਹੋ ਗਏ ਹਨ।

ਚੀਨ ਵੱਲੋਂ ਫੈਲੇ ਤੀਐਨ ਸ਼ਾਨ ਪਰਬਤੀ ਹਿੱਸੇ ਵਿਚ ਅਜੇ ਵੀ ਭੂ-ਵਿਗਿਆਨ ਸਬੰਧੀ ਮੁੱਢਲੀਆਂ ਖੋਜਾਂ ਹੁੰਦੀਆਂ ਰਹਿੰਦੀਆਂ ਹਨ ਪਰ ਉੱਤਰੀ ਕੰਢੀ ਖੇਤਰ ਵਿਚ ਤੂਸ਼ੈਂਟਜ਼ੀ ਅਤੇ ਕਾਰਾਮਾਈ ਦੇ ਤੇਲ ਖੇਤਰਾਂ ਵਿਚੋਂ ਪਹਿਲਾਂ ਹੀ ਤੇਲ ਕੱਢਿਆਂ ਜਾ ਰਿਹਾ ਹੈ ਅਤੇ ਗ਼ੈਰ-ਫੌਲਾਦੀ ਅਤੇ ਦੁਰਲੱਭ ਕਿਸਮ ਦੀਆਂ ਧਾਤਾਂ ਦਾ ਵੀ ਪਤਾ ਲੱਗਾ ਹੈ।

ਤੀਐਨ ਸ਼ਾਨ ਪਰਬਤਾਂ ਵਿਚ ਸਭ ਤੋਂ ਸੰਘਣੀ ਵਸੋਂ ਤਾਸ਼ਕੰਦ ਦੇ ਨਖ਼ਲਿਸਤਾਨ, ਕਾਮਨਵੈੱਲਥ ਆਫ਼ ਇੰਡੀਪੈਂਡੈਂਸ ਸਟੇਟਸ ਦੀ ਫਰਗਾਨਾ ਅਤੇ ਚੂ ਵਾਦੀ, ਚੀਨ ਦੇ ਸਿਨਜੀਆਂਗ (Sinkiang) ਖੇਤਰ ਵਿਚ ਫੈਲੇ ਪੂਰਬੀ ਤੀਐਨ ਸ਼ਾਨ ਦੇ ਉੱਤਰੀ ਪੈਰਾਂ ਵਿਚ ਸਥਿਤ ਉਰਮਚੀ ਅਤੇ ਦੱਖਣੀ ਪੈਰਾਂ ਵਿਚ ਸਥਿਤ ਕੈਸਗਾਰ ਦੇ ਨਖ਼ਲਿਸਤਾਨ ਵਿਚ ਮਿਲਦੀ ਹੈ। ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਦੇ ਤਾਸ਼ਕੰਦ ਅਤੇ ਫਰਗਾਨਾ ਖੇਤਰਾਂ ਵਿਚ ਵੱਸਦੇ ਉਜ਼ਬੇਕਾਂ ਅਤੇ ਚੀਨ ਵਿਚ ਪਸਰੇ ਤੀਐਨ-ਸ਼ਾਨ ਪਰਬਤੀ ਸਿਲਸਿਲੇ ਦੇ ਦੱਖਣੀ ਪੈਰਾਂ ਵਿਚ ਸਥਿਤ ਨਖ਼ਲਿਸਤਾਨਾਂ ਵਿਚ ਵੱਸੇ ਵੀਗੁਰਾਂ ਵਰਗੇ ਕੇਂਦਰੀ ਏਸ਼ੀਆ ਦੇ ਦੇਸੀ ਕਾਸ਼ਤਕਾਰਾਂ ਨੇ ਤੀਐਨ ਸ਼ਾਨ ਪਰਬਤ ਦੀਆਂ ਹੇਠਲੀਆਂ ਘਾਟੀਆਂ ਅਤੇ ਕੰਢੀ ਖੇਤਰਾਂ ਜਿਥੇ ਸਿੰਚਾਈ ਦੁਆਰਾ ਮੁੱਖ ਤੌਰ ਤੇ ਕਪਾਹ ਦੀ ਪੈਦਾਵਾਰ ਕੀਤੀ ਜਾਂਦੀ ਸੀ, ਉੱਤੇ ਕਈ ਵਾਰ ਹਮਲੇ ਕੀਤੇ। ਪੱਛਮੀ ਤੀਐਨ ਸ਼ਾਨ ਵਿਚ ਵੱਸਦੇ ਕਿਰਗੀਜ਼ ਅਤੇ ਪੂਰਬੀ ਤੀਐਨ ਸ਼ਾਨ ਵਿਚ ਵੱਸਦੇ ਕਜ਼ਾਕ ਅਤੇ ਮੰਗੋਲ ਲੋਕ ਹੀ ਇਥੋਂ ਦੇ ਚਰਾਗਾਹੀ ਲੋਕ ਹਨ। ਤਾਸ਼ਕੰਦ ਤੋਂ ਫਰਗਾਨਾ ਵਾਦੀ ਅਤੇ ਫਰੂੰਜ਼ ਸ਼ਹਿਰ ਦੇ ਵਿਚੋਂ ਦੀ ਚੂ ਵਾਦੀ ਦੇ ਅੰਦਰ ਨੂੰ ਅਤੇ ਇਸਿਕਕੁਲ ਉੱਤੇ ਸਥਿਤ ਰਿਬੈਚਯਾ ਸ਼ਹਿਰ ਤੱਕ ਫੈਲੀਆਂ ਰੇਲ ਪ੍ਰਣਾਲੀ ਦੀਆਂ ਕਈ ਸ਼ਾਖ਼ਾਵਾਂ ਤੀਐਨ ਸ਼ਾਨ ਪਰਬਤ ਦੇ ਕਾਮਨਵੈੱਲਥ ਆਫ ਇੰਡੀਪੈਂਡੈਂਟ ਸਟੇਟਸ ਵਾਲੇ ਪਾਸੇ ਫੈਲੇ ਵਸੋਂ ਵਾਲੇ ਕੇਂਦਰਾਂ ਤੱਕ ਜਾਂਦੀਆਂ ਹਨ। ਸੰਨ 1960 ਵਿਚ ਮੁਕੰਮਲ ਹੋਈ ਚੀਨ ਅਤੇ ਸਾਬਕਾ ਸੋਵੀਅਤ ਯੂਨੀਅਨ ਨੂੰ ਜੋੜਨ ਵਾਲੀ ਰੇਲਵੇ ਲਾਈਨ ਪੂਰਬੀ ਤੀਐਨ ਸ਼ਾਨ ਦੇ ਉੱਤਰੀ ਪੈਰਾਂ ਦੇ ਨਾਲ ਨਾਲ ਜਾਂਦੀ ਹੈ।

**ਖੋਜਾਂ** — ਤੀਐਨ ਸ਼ਾਨ ਸਮੂਹ ਦੀ ਵਿਗਿਆਨਕ ਖੋਜ ਵਿਚ ਰੂਸੀ ਜੀਓਗ੍ਰਾਫੀਕਲ ਸੋਸਾਇਟੀ ਨੇ ਮੁਖ ਰੋਲ ਅਦਾ ਕੀਤਾ ਸੀ। ਸੰਨ 1856 ਤੋਂ 1857 ਤੱਕ ਰੂਸੀ ਭੂਗੋਲ-ਵਿਗਿਆਨੀ ਪੀ.ਪੀ ਸੈਮੋਯੋਨੋਵ ਤਿਆਨ ਸ਼ੈਂਸ਼ਕੀ ਨੇ ਉੱਤਰੀ ਅਤੇ ਅੰਦਰੂਨੀ ਤੀਐਨ ਸ਼ਾਨ ਦੇ ਕਈ ਖੇਤਰਾਂ ਦਾ ਪਹਿਲਾ ਵਿਗਿਆਨਕ ਵਰਣਨ ਕੀਤਾ ਜਦੋਂ ਕਿ 1880 ਵਿਆਂ ਵਿਚ ਇਕ ਹੋਰ ਰੂਸੀ ਭੂਗੋਲ-ਵਿਗਿਆਨੀ ਜੀ. ਵਾਈ. ਗਰੁਮ-ਗਰਜ਼ੀ ਮੇਯਲੋ ਦੀਆਂ ਮੁਹਿੰਮਾਂ ਨੇ ਪੂਰਬੀ ਤੀਐਨ ਸ਼ਾਨ ਦੀ ਖੋਜ ਵਿਚ ਚੋਖਾ ਯੋਗਦਾਨ ਪਾਇਆ। ਸੰਨ 1931 ਵਿਚ ਐਮ.ਟੀ. ਪਾਗਰੈਬੈਟਸਕੀ ਦੀ ਅਗਵਾਈ ਹੇਠ ਭੇਜੀ ਇਕ ਸੋਵੀਅਤ ਮੁਹਿੰਮ ਨੇ ਸਭ ਤੋਂ ਪਹਿਲਾਂ ਖ਼ਾਨ ਤੈਂਗਰੀ ਚੋਟੀ ਸਰ ਕੀਤੀ ਸੀ ਤੀਐਨ ਸ਼ਾਨ ਦੀ ਸਭ ਤੋਂ ਉੱਚੀ ਪਬੈਡਾ ਚੋਟੀ ਨੂੰ 1956 ਈ. ਵਿਚ ਵੀ.ਐਮ. ਐਬਲੇਕਾਵ ਦੀ ਅਗਵਾਈ ਹੇਠ ਸੋਵੀਅਤ ਮੁਹਿੰਮ ਨੇ ਸਰ ਕੀਤਾ ਸੀ।

**ਭਵਿੱਖ ਲਈ ਸੰਭਾਵਨਾਵਾਂ** — ਤੀਐਨ ਸ਼ਾਨ ਦੇ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਵੱਲ ਪੈਂਦੇ ਹਿੱਸੇ ਵਿਚ ਬਹੁਤ ਤੇਜ਼ੀ ਨਾਲ ਸੱਨਅਤੀ ਵਿਕਾਸ ਹੋ ਰਿਹਾ ਹੈ। ਇਹ ਵਿਕਾਸ ਵਾਦੀਆਂ ਦੀ ਸ਼ਹਿਰੀ ਵਸੋਂ ਵਿਚ ਹੋਏ ਵਾਧੇ ਦੇ ਨਾਲ ਨਾਲ ਹੋਇਆ ਹੈ। ਸ਼ਹਿਰੀ ਵਸੋਂ ਜੋ 1942 ਈ. ਵਿਚ ਕੁੱਲ ਵਸੋਂ ਦਾ 20 ਪ੍ਰਤੀਸ਼ਤ

ਸੀ, 1970 ਈ. ਵਿਚ ਵੱਧ ਕੇ 40 ਪ੍ਰਤੀਸ਼ਤ ਹੋ ਗਈ। ਇਸ ਤੋਂ ਇਲਾਵਾ ਇਥੋਂ ਦੀ ਆਰਥਿਕ ਉੱਨਤੀ ਸਿੰਚਾਈ ਅਧੀਨ ਖੇਤਰ ਦੇ ਵਿਸਥਾਰ, ਪਣ-ਬਿਜਲੀ ਵਿਕਾਸ, ਖਣਿਜ ਪਦਾਰਥਾਂ ਦੇ ਕੱਢਣ (ਜਿਨ੍ਹਾਂ ਵਿਚ ਪੱਛਮੀ ਤੀਐਨ ਸ਼ਾਨ ਵਿਚੋਂ ਨਿਕਲਣ ਵਾਲਾ ਤਾਂਬਾ-ਮੋਲਿਬਡੇਨਮ ਅਤੇ ਸਿੱਕੇ ਜਿਸਤ ਦੀ ਕੱਚੀ ਧਾਤ ਅਤੇ ਦੱਖਣੀ ਤੀਐਨ ਸ਼ਾਨ ਵਿਚੋਂ ਨਿਕਲਣ ਵਾਲੇ ਸੁਰਮੇ-ਪਾਰੇ ਵਰਗੇ ਖਣਿਜ ਸ਼ਾਮਲ ਹਨ, ਅਤੇ ਖੇਤਰ ਦੇ ਕਈ ਹਿੱਸਿਆਂ ਦੀਆਂ ਖ਼ਾਸ ਤੌਰ ਤੇ ਮਨੋਰੰਜਨ ਅਤੇ ਸੈਰ ਸਪਾਟੇ ਦੀਆਂ ਸੰਭਾਵਨਾਵਾਂ ਅਤੇ ਵਿਸ਼ੇਸ਼ ਕਰਕੇ ਪਰਬਤ-ਚੜ੍ਹਾਈ ਦੀ ਸੰਭਾਵਨਾ ਉੱਤੇ ਨਿਰਭਰ ਕਰਦੀ ਹੈ।

ਹ.ਪੁ.—ਐਨ.ਬ੍ਰਿ. 22 : 206; ਐਨ.ਬ੍ਰਿ.ਮੈ. 18 : 392

**ਤੀਐੱਨਸ਼ਿਨ** **(Tientsin/Tianjin)** : ਇਹ ਚੀਨ ਗਣਰਾਜ ਦਾ ਤੀਜਾ ਵੱਡਾ ਸ਼ਹਿਰ ਅਤੇ ਸ਼ੰਗਾਈ ਤੋਂ ਬਾਅਦ ਦੇਸ਼ ਦਾ ਦੂਜਾ ਵੱਡਾ ਨਿਰਮਾਣ-ਕੇਂਦਰ ਹੈ। ਇਹ ਚੀਨ ਦੀ ਰਾਜਧਾਨੀ ਬੀਜਿੰਗ (ਪੀਕਿੰਗ) ਤੋਂ 115 ਕਿ.ਮੀ. ਦੱਖਣ-ਪੂਰਬ ਵਿਚ ਅਤੇ ਸਮੁੰਦਰ ਤੋਂ 55 ਕਿ.ਮੀ. ਹਟਵਾਂ ਹਾਈ ਦਰਿਆ ਦੇ ਕੰਢੇ ਉੱਤੇ ਵੱਸਿਆ ਹੋਇਆ ਹੈ। ਇਹ ਇਸੇ ਨਾਂ ਦੇ ਪ੍ਰਾਂਤ ਪੱਧਰ ਦੀ ਮਿਉਂਸਪਲਟੀ ਦਾ ਸਦਰ-ਮੁਕਾਮ ਵੀ ਹੈ। ਯੂਆਨ ਘਰਾਣੇ ਦੇ ਰਾਜ-ਕਾਲ (1279-1368 ਈ.) ਦੌਰਾਨ ਇਸ ਨੂੰ ਸੰਚਾਰ ਅਤੇ ਵਪਾਰ ਦੇ ਵੱਡੇ ਕੇਂਦਰ ਹੋਣ ਦਾ ਵੀ ਮਾਣ ਹਾਸਲ ਰਿਹਾ ਹੈ। ਹੁਣ ਵੀ ਇਹ ਉੱਤਰੀ ਚੀਨ ਦੀ ਇਕ ਅਹਿਮ ਬੰਦਰਗਾਹ ਹੈ।

ਪੀਲੇ ਸਾਗਰ ਦੇ ਨਜ਼ਦੀਕ ਸਥਿਤ ਹੋਣ ਦੇ ਬਾਵਜੂਦ ਵੀ ਇਥੋਂ ਦਾ ਜਲਵਾਯੂ ਮਹਾਂਦੀਪੀ ਕਿਸਮ ਦਾ ਹੈ ਜਿਸ ਕਰਕੇ ਇਥੋਂ ਦਾ ਰੋਜ਼ਾਨਾ ਦਾ ਤਾਪਮਾਨ ਵਧਦਾ-ਘਟਦਾ ਰਹਿੰਦਾ ਹੈ। ਜਨਵਰੀ ਦੇ ਮਹੀਨੇ ਵਿਚ ਇਸ ਦਾ ਔਸਤਨ ਤਾਪਮਾਨ 4° ਸੈ. ਅਤੇ ਜੁਲਾਈ ਵਿਚ ਔਸਤ ਤਾਪਮਾਨ 29° ਸੈ. ਹੁੰਦਾ ਹੈ। ਦੱਖਣੀ ਸ਼ਾਂਤ ਮਹਾਂਸਾਗਰ ਤੋਂ ਆਉਣ ਵਾਲੀਆਂ ਖੁਸ਼ਕ ਤੇ ਠੰਡੀਆਂ ਪੌਣਾਂ ਇਸ ਸ਼ਹਿਰ ਦੇ ਵਾਤਾਵਰਣ ਨੂੰ ਠੰਢ ਵਿਚ ਲਪੇਟ ਦਿੰਦੀਆਂ ਹਨ। ਪਹਿਲਾਂ ਭਾਵੇਂ ਇਸ ਸ਼ਹਿਰ ਨੂੰ ਹਾਈ ਦਰਿਆ ਵਿਚ ਹੜ੍ਹ ਆਉਣ ਕਾਰਨ ਅਕਸਰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ 1890 ਦੇ ਦਹਾਕੇ ਵਿਚ ਇਸ ਸਮੱਸਿਆ ਉਪਰ ਕਾਫ਼ੀ ਕਾਬੂ ਪਾ ਲਿਆ ਗਿਆ ਹੈ।

ਸੰਨ 1949 ਵਿਚ ਚੀਨ ਵਿਚ ਕਮਿਉਨਿਸਟਾਂ ਦੇ ਤਾਕਤ ਵਿਚ ਆਉਣ ਨਾਲ ਇਥੋਂ ਦੀ ਆਮਦਨੀ ਪਹਿਲਾਂ ਵਾਂਗ ਸਿਰਫ ਵਪਾਰ ਤੇ ਹੀ ਨਿਰਭਰ ਨਹੀਂ ਰਹੀ ਸਗੋਂ ਇਥੇ ਬਹੁਤ ਸਾਰੇ ਹਲਕੇ ਤੇ ਭਾਰੇ ਨਿਰਮਾਣ ਉਦਯੋਗ ਸਥਾਪਿਤ ਕੀਤੇ ਗਏ ਹਨ। ਵੱਡੀ ਮਸ਼ੀਨਰੀ, ਰਸਾਇਣ-ਪਦਾਰਥ, ਪਲਾਸਟਿਕ, ਲੋਹਾ ਅਤੇ ਸਟੀਲ ਇਥੋਂ ਦੇ ਵਡੇ ਉਦਯੋਗ ਹਨ ਅਤੇ ਇਸ ਤੋਂ ਇਲਾਵਾ ਸਮੁੰਦਰੀ ਜਹਾਜ਼ ਤੇ ਉਨ੍ਹਾਂ ਦੀ ਮੁਰੰਮਤ ਦਾ ਉਦਯੋਗ ਵੀ ਕਾਫ਼ੀ ਤਰੱਕੀ ਤੇ ਹੈ। ਕੱਪੜਾ, ਖੱਲਾਂ ਤੇ ਭੋਜਨ ਪ੍ਰਾਸੈਸਿੰਗ, ਕਾਗਜ਼ ਤੇ ਰਬੜ ਦਾ ਸਾਮਾਨ ਤਿਆਰ ਕਰਨਾ ਇਥੋਂ ਦੇ ਹਲਕੇ ਉਦਯੋਗ ਹਨ। ਬੈਂਕਿੰਗ ਅਤੇ ਵਣਜ ਅਜੇ ਵੀ ਇਸ ਦੀ ਆਮਦਨੀ ਦਾ ਮੁੱਖ ਵਸੀਲਾ ਹੈ। ਉਪਰੋਕਤ ਸਭ ਵਸੀਲਿਆਂ ਤੋਂ ਬਿਨਾ ਉੱਤਰੀ ਚੀਨ ਦੀ ਸਭ ਤੋਂ ਵੱਧ ਬਰਾਮਦ ਅਤੇ ਦਰਾਮਦ ਵੀ ਇਸ ਬੰਦਰਗਾਹ ਰਾਹੀਂ ਹੀ ਹੁੰਦੀ ਹੈ।

ਇਸ ਦਾ ਅੰਦਰਲਾ ਸ਼ਹਿਰ ਪੂਰਬ ਤੋਂ ਪੱਛਮੀ ਦਿਸ਼ਾ ਵਿਚ 12 ਕਿ.ਮੀ. ਅਤੇ ਉੱਤਰ ਤੋਂ ਦੱਖਣੀ ਦਿਸ਼ਾ ਵੱਲ ਨੂੰ ਲ. 15 ਕਿ.ਮੀ. ਵਿਚ ਫੈਲਿਆ ਹੋਇਆ ਹੈ। ਹਾਈ ਦਰਿਆ ਦੇ ਪੱਛਮੀ ਕੰਢੇ ਉਪਰ ਇਸ ਸ਼ਹਿਰ ਦਾ ਹੋਪਿੰਗ ਨਾਂ ਦਾ ਵਪਾਰਕ ਕੇਂਦਰ (ਡਿਸਟ੍ਰਿਕਟ) ਹੈ ਜਿਸ ਵਿਚ ਬਹੁਤ ਸਾਰੇ ਵੱਡੇ ਵੱਡੇ ਸਟੋਰ, ਰੈਸਤੋਰਾਂ ਅਤੇ ਹੋਟਲ ਵੀ ਸ਼ਾਮਲ ਹਨ। ਸ਼ਹਿਰ ਦੇ ਉੱਤਰ-ਪੱਛਮੀ ਪਾਸੇ ਵੱਲ ਪੁਰਾਣੇ (ਡਿਸਟ੍ਰਿਕਟ) ਸ਼ਹਿਰ ਦੀਆਂ ਵਲ-ਵਲੇਵੇਂਦਾਰ ਕਿਧਰੋਂ ਚੌੜੀਆਂ ਤੇ ਕਿਧਰੋਂ ਭੀੜੀਆਂ ਗਲੀਆਂ ਹਨ। ਇਸ ਤੋਂ ਅਗਾਂਹ ਉੱਤਰ-ਪੱਛਮੀ ਹਿੱਸੇ ਵਿਚ ਹੰਗ ਚਿਆਓ ਡਿਸਟ੍ਰਿਕਟ ਹੈ। ਇਸ ਵਿਚ ਰਿਹਾਇਸ਼ੀ ਮਕਾਨ ਅਤੇ ਫੈਕਟਰੀਆਂ ਆਦਿ ਹਨ। ਇਹ ਭਾਗ ਇਥੋਂ ਦੀ ਘਰੇਲੂ ਦਸਤਕਾਰੀ ਲਈ ਪ੍ਰਸਿੱਧ ਹੈ।

ਅੱਜਕੱਲ੍ਹ ਇਹ ਆਵਾਜਾਈ ਦਾ ਇਕ ਪ੍ਰਸਿੱਧ ਕੇਂਦਰ ਹੈ। ਇਹ ਸ਼ਹਿਰ ਰੇਲਾਂ ਦਾ ਬਹੁਤ ਵੱਡਾ ਜੰਕਸ਼ਨ ਹੈ। ਇਥੋਂ ਬੀਜਿੰਗ, ਮਨਚੂਰੀਆ ਅਤੇ ਲੋਅਰ ਯੰਗਸੀ ਵਾਦੀ ਨੂੰ ਰੇਲਾਂ ਜਾਂਦੀਆਂ ਆਉਂਦੀਆਂ ਹਨ। ਅੰਦਰੂਨੀ ਜਲ-ਮਾਰਗਾਂ ਰਾਹੀਂ ਇਹ ਹੋਪੇ ਪ੍ਰਾਂਤ ਦੇ ਸਾਰੇ ਪ੍ਰਸਿੱਧ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਚਿੰਗ ਤੰਗ ਸ਼ਾਹਰਾਹ ਉਪਰ ਵੱਸਿਆ ਹੋਣ ਕਰਕੇ ਸਮੁੰਦਰ ਤੋਂ ਉੱਤਰੀ ਚੀਨ ਦੇ ਮੈਦਾਨਾਂ ਤੱਕ ਸਾਰੀ ਆਵਾਜਾਈ ਇਸ ਰਸਤਿਓਂ ਹੀ ਸਾਰਾ ਸਾਲ ਹੁੰਦੀ ਰਹਿੰਦੀ ਹੈ। ਅੰਤਰਾਸ਼ਟਰੀ ਬੰਦਰਗਾਹ ਹੋਣ ਦੇ ਨਾਤੇ ਇਥੋਂ ਜਾਪਾਨ, ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ (ਸਾਬਕਾ ਸੋਵੀਅਤ ਸੰਘ) ਅਤੇ ਬਹੁਤ ਸਾਰੇ ਯੂਰਪੀ ਦੇਸ਼ਾਂ ਨਾਲ ਦਰਾਮਦ ਤੇ ਬਰਾਮਦ ਵੀ ਇਥੋਂ ਹੀ ਹੁੰਦੀ ਹੈ। ਸੰਨ 1949 ਤੋਂ ਬਾਅਦ ਇਥੇ ਲਗਭਗ 400 ਨਵੀਆਂ ਫੈਕਟਰੀਆਂ ਸਥਾਪਿਤ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਮੈਟਾਲਰਜੀ ਸਬੰਧੀ ਉਦਯੋਗਾਂ ਨੂੰ ਜ਼ਿਆਦਾ ਤਰਜੀਹ ਦਿੱਤੀ ਗਈ। ਸੰਨ 1858 ਵਿਚ ਬਦੇਸ਼ੀ ਵਪਾਰ ਦੀ ਪ੍ਰਵਾਨਗੀ ਮਿਲਣ ਉਪਰੰਤ ਇਸ ਨੇ ਵਪਾਰਕ ਖੇਤਰ ਵਿਚ ਇਕ ਵੱਡੇ ਕੇਂਦਰ ਵਜੋਂ ਹੈਸੀਅਤ ਬਣਾ ਲਈ।

ਇਥੋਂ ਦਾ ਫ਼ਾਈਨ-ਆਰਟਸ ਦਾ ਅਜਾਇਬਘਰ ਯੂਆਨ, ਮਿੰਗ ਤੇ ਚਿੰਗ ਖ਼ਾਨਦਾਨਾਂ ਦੇ ਚਿਤਰਾਂ ਲਈ ਮਸ਼ਹੂਰ ਹੈ। ਇਥੋਂ ਦੀ ਤਿਐੱਨਸ਼ਿਨ ਲਾਇਬ੍ਰੇਰੀ, ਤੀਐੱਨਸਿਨ ਪੀਪਲਜ਼ ਸਾਇੰਸ ਹਾਲ ਅਤੇ ਸਿਟੀ ਮਿਊਜ਼ੀਅਮ ਆਫ਼ ਹਿਸਟਰੀ ਵਰਣਨਯੋਗ ਅਜਾਇਬ ਘਰ ਹਨ। ਨੈਸ਼ਨਲ ਮਾਇਨਾਰਿਟੀਜ਼ ਕਲਚਰਲ ਪੈਲੇਸ ਅਤੇ ਇੰਡਸਟ੍ਰੀਅਲ ਐਗਜ਼ੀਬਿਸ਼ਨ ਹਾਲ ਵਿਸ਼ੇਸ਼ ਸਭਿਆਚਾਰਕ ਪ੍ਰਦਰਸ਼ਨੀਆਂ ਦੇ ਨਮੂਨੇ ਹਨ। ਪੀਪਲਜ਼ ਫੈਸਟੀਵਲ ਹਾਲ ਵਿਖੇ ਲੋਕਾਂ ਦੇ ਮਨੋਰੰਜਨ ਲਈ ਡਰਾਮੇ ਕਰਵਾਏ ਜਾਂਦੇ ਹਨ।

ਨਾਨਕਾਈ ਅਤੇ ਤੀਐੱਨਸ਼ਿਨ ਯੂਨੀਵਰਸਿਟੀਆਂ, ਪਾਲੀ-ਟੈਕਨਿਕ ਇੰਸਟੀਚਿਊਟ, ਸੈਂਟਰਲ ਕੰਜ਼ਰਵੇਟਰੀ ਆਫ਼ ਆਰਟ ਐਂਡ ਮਿਊਜ਼ਿਕ, ਮੈਡੀਕਲ ਸਕੂਲ, ਟੀਚਰ ਟ੍ਰੇਨਿੰਗ ਸਕੂਲ ਇਥੋਂ ਦੀ ਉਚੇਰੀ ਵਿਦਿਆ ਦੀਆਂ ਹੋਰ ਸੰਸਥਾਵਾਂ ਹਨ।

ਆਬਾਦੀ—ਸ਼ਹਿਰ : 57,70,000 (1991)

39°10′ ਉ. ਵਿਥ.; 117° 0′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ. 11 : 763; ਐਨ. ਅਮੈ. 26 : 736; ਹਿੰ.ਵਿ.ਕੋ. 5 : 377

**ਤੀਸਤਾ ਦਰਿਆ** : ਬ੍ਰਹਮਪੁੱਤਰ ਦਰਿਆ ਦਾ ਇਹ ਇਕ ਸਹਾਇਕ ਦਰਿਆ ਹੈ ਜੋ ਸਿੱਕਿਮ (ਭਾਰਤ) ਅਤੇ ਬੰਗਲਾ ਦੇਸ਼ ਵਿਚੋਂ ਦੀ ਵਹਿੰਦਾ ਹੈ। ਦਰਿਆ ਦੀ ਕੁੱਲ ਲੰਬਾਈ 400 ਕਿ.ਮੀ. (250 ਮੀਲ) ਹੈ। ਇਹ ਦਰਿਆ ਹਿਮਾਲਾ ਵਿਚੋਂ ਚੁਥਾਂਗ (ਸਿੱਕਿਮ) ਦੇ ਨੇੜਿਓਂ ਨਿਕਲਦਾ ਹੈ ਅਤੇ ਸਿੱਕਿਮ ਰਾਜ ਦੇ ਦਾਰਜੀਲਿੰਗ ਅਤੇ ਜਲਪਾਈਗੁੜੀ ਜ਼ਿਲ੍ਹਿਆਂ ਅਤੇ ਬੰਗਲਾਦੇਸ਼ ਦੇ ਰੰਗਪੁਰ ਜ਼ਿਲ੍ਹੇ ਵਿਚੋਂ ਦੀ ਵਹਿੰਦਾ ਹੋਇਆ ਬ੍ਰਹਮਪੁੱਤਰ ਦਰਿਆ ਵਿਚ ਜਾ ਡਿਗਦਾ ਹੈ। ਤੀਸਤਾ ਨੂੰ ਸੰਸਕ੍ਰਿਤ ਭਾਸ਼ਾ ਵਿਚ ਤ੍ਰਿਸ਼ਨਾ ਅਤੇ ਤ੍ਰਿਸ੍ਰੋਤਾ ਕਿਹਾ ਜਾਂਦਾ ਹੈ। ਤ੍ਰਿਸ਼ਨਾ ਤੋਂ ਭਾਵ ਹੈ ਪਿਆਸ ਅਤੇ ਤਿਸ੍ਰੋਤਾ ਤੋਂ ਭਾਵ ਹੈ ਤਿੰਨ ਚਸ਼ਮੇ। ਕਾਲਿਕਾ ਪੌਰਾਣ ਵਿਚ ਇਸ ਦਰਿਆ ਦੇ ਹੋਂਦ ਵਿਚ

ਆਉਣ ਬਾਰੇ ਇੰਞ ਜ਼ਿਕਰ ਆਇਆ ਹੈ। ਇਕ ਵਾਰ ਪਾਰਬਤੀ ਮਾਤਾ ਦੀ ਇਕ ਰਾਕਸ਼ ਨਾਲ ਲੜਾਈ ਹੋ ਰਹੀ ਸੀ। ਰਾਕਸ਼ ਦਾ ਗੁਨਾਹ ਇਹ ਸੀ ਕਿ ਉਹ ਉਸਦੀ ਪੂਜਾ ਕਰਨ ਦੀ ਥਾਂ ਉਸ ਦੇ ਪਤੀ, ਸ਼ਿਵਜੀ ਦੀ ਪੂਜਾ ਕਰਦਾ ਸੀ। ਲੜਾਈ ਦੇ ਦੌਰਾਨ ਰਾਕਸ਼ ਨੂੰ ਬਹੁਤ ਪਿਆਸ ਲਗੀ। ਉਸ ਨੇ ਪਾਣੀ ਲਈ ਆਪਣੇ ਮਾਲਕ (ਸ਼ਿਵਜੀ) ਦੀ ਅਰਾਧਨਾ ਕੀਤੀ। ਸ਼ਿਵਜੀ ਨੇ ਉਸੇ ਸਮੇਂ ਹੀ ਪਾਰਬਤੀ ਮਾਤਾ ਦੀ ਛਾਤੀ ਵਿਚੋਂ ਤੀਸਤਾ ਦਰਿਆ ਨੂੰ ਤਿੰਨ ਨਦੀਆਂ ਦੇ ਰੂਪ ਵਿਚ ਵਹਾ ਦਿੱਤਾ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਹ ਦਰਿਆ ਨਿਰੰਤਰ ਤੌਰ ਤੇ ਵਹਿੰਦਾ ਆ ਰਿਹਾ ਹੈ।

ਸਿੱਕਿਮ ਰਾਜ ਦਾ ਜਲ-ਨਿਕਾਸ ਕਰਨ ਤੋਂ ਬਾਅਦ ਇਹ ਦਰਿਆ ਸਿੱਕਿਮ ਰਾਜ ਤੇ ਦਾਰਜੀਲਿੰਗ (ਪੱਛਮੀ ਬੰਗਾਲ) ਜ਼ਿਲ੍ਹੇ ਦੇ ਵਿਚਕਾਰ ਕੁਝ ਦੂਰੀ ਤੱਕ ਹੱਦ ਬਣਾਉਂਦਾ ਹੈ ਜਦੋਂ ਤਕ ਕਿ ਗ੍ਰੇਟ ਰਣਜੀਤ ਨਦੀ ਇਸ ਵਿਚ ਆ ਨਹੀਂ ਰਲਦੀ। ਇਸ ਤੋਂ ਅੱਗੇ ਇਹ ਦੱਖਣ ਦਿਸ਼ਾ ਵੱਲ ਨੂੰ ਵਹਿਣ ਲਗ ਪੈਂਦਾ ਹੈ ਅਤੇ ਦਾਰਜੀਲਿੰਗ ਜ਼ਿਲ੍ਹੇ ਦੀਆਂ ਪਹਾੜੀਆਂ ਵਿਚੋਂ ਦੀ ਆਪਣਾ ਮਾਰਗ ਬਣਾਉਂਦਾ ਹੋਇਆ ਸਿਵੋਕ ਗੋਲਾ ਦੱਰੇ ਨਾਂ ਦੀ ਇਕ ਮਸ਼ਹੂਰ ਗਹਿਰੀ ਘਾਟੀ ਰਾਹੀਂ ਮੈਦਾਨੀ ਇਲਾਕੇ ਵਿਚ ਜਾ ਦਾਖ਼ਲ ਹੁੰਦਾ ਹੈ। ਦਾਰਜੀਲਿੰਗ ਵਿਚ ਇਸ ਦੇ ਖੱਬੇ ਕੰਢੇ ਦੀਆਂ ਰੈਂਗਪੋ ਅਤੇ ਰਿਲੀ ਅਤੇ ਸੱਜੇ ਕੰਢੇ ਦੀਆਂ ਗ੍ਰੇਟ ਰਣਜੀਤ, ਰੈਂਗਜੋ, ਕਾਯੈਂਗ ਅਤੇ ਸਿਵੋਕ ਨਦੀਆਂ ਇਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ। ਖ਼ੁਸ਼ਕ ਮੌਸਮ ਸਮੇਂ ਦਰਿਆ ਦਾ ਪਾਣੀ ਗੂੜ੍ਹੇ ਅਸਮਾਨੀ ਰੰਗ ਦਾ ਹੁੰਦਾ ਹੈ ਪਰ ਬਰਸਾਤੀ ਮੌਸਮ ਸਮੇਂ ਖੜੀਆ ਮਿੱਟੀ ਦਾ ਮਲਬਾ ਪਾਣੀ ਵਿਚ ਘੁਲ ਜਾਣ ਨਾਲ ਇਸ ਦਾ ਰੰਗ ਦੁਧੀਆ ਰੰਗ ਦੀ ਭਾਹ ਮਾਰਦਾ ਹੈ। ਇਸ ਦੇ ਪਹਾੜੀ ਮਾਰਗ ਵਿਚ ਵਪਾਰਕ ਕਿਸ਼ਤੀਆਂ ਦਾ ਚਲਣਾ ਬਹੁਤ ਮੁਸ਼ਕਲ ਹੈ ਪਰ ਜਦੋਂ ਇਹ ਦਰਿਆ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦਾ ਹੈ ਤਾਂ ਉਦੋਂ ਇਸ ਦੀ ਚੌੜਾਈ 630 ਮੀ. ਤੋਂ 722 ਮੀ. (700 ਤੋਂ 800 ਗਜ਼) ਹੋ ਜਾਂਦੀ ਹੈ। ਇਥੇ ਇਸ ਵਿਚ ਦੋ ਟਨ ਭਾਰ ਚੁਕਣ ਵਾਲੀਆਂ ਕਿਸ਼ਤੀਆਂ ਦੁਆਰਾ ਆਸਾਨੀ ਨਾਲ ਵਪਾਰ ਕੀਤਾ ਜਾ ਸਕਦਾ ਹੈ।

ਦਾਰਜੀਲਿੰਗ ਤਰਾਈ ਵਿਚੋਂ ਇਕ ਤੰਗ ਜਿਹੇ ਮਾਰਗਾਂ ਵਿਚੋਂ ਦੀ ਵਹਿਣ ਉਪਰੰਤ ਇਹ ਦਰਿਆ ਉੱਤਰ-ਪੂਰਬੀ ਗੁੱਠ ਵਿਚੋਂ ਜਲਪਾਈਗੁੜੀ ਜ਼ਿਲ੍ਹੇ ਵਿਚ ਜਾ ਦਾਖ਼ਲ ਹੁੰਦਾ ਹੈ ਅਤੇ ਦੱਖਣ-ਪੂਰਬੀ ਦਿਸ਼ਾ ਵਿਚ ਵਹਿੰਦਾ ਹੋਇਆ ਪੱਛਮੀ ਦੁਆਰਾਂ ਅਤੇ ਜ਼ਿਲ੍ਹੇ ਦੇ ਆਬਾਦ ਹੋਏ ਇਲਾਕੇ ਵਿਚਕਾਰ ਹੱਦ ਬਣਾਉਂਦਾ ਹੈ।

ਇਥੇ ਲੀਸੂ ਜਾਂ ਲਿਸ਼, ਘੀਸ਼ ਅਤੇ ਸਾਲਡਾਂਗਾ ਇਸ ਦਰਿਆ ਦੀ ਸਹਾਇਕ ਨਦੀਆਂ ਬਣਦੀਆਂ ਹਨ ਜੋ ਇਸ ਦੇ ਖੱਬੇ ਜਾਂ ਸੱਜੇ ਕੰਢੇ ਤੇ ਪੈਂਦੀਆਂ ਹਨ। ਇਸ ਉਪਰੰਤ ਇਹ ਦਰਿਆ ਪੱਛਮੀ ਬੰਗਾਲ ਦੇ ਉੱਤਰੀ ਹਿੱਸੇ ਨੂੰ ਪਾਰ ਕਰਦਾ ਹੋਇਆ ਰੰਗਪੁਰ ਜ਼ਿਲ੍ਹੇ ਵਿਚ ਦਾਖ਼ਲ ਹੋ ਜਾਂਦਾ ਹੈ ਅਤੇ ਇਥੋਂ ਹੀ ਬ੍ਰਹਮਪੁੱਤਰ ਦਰਿਆ ਨਾਲ ਜਾ ਮਿਲਦਾ ਹੈ। ਰੰਗਪੁਰ ਜ਼ਿਲ੍ਹੇ ਵਿਚ ਇਸ ਵਿਚ ਹੋਰ ਵੀ ਕਈ ਛੋਟੀਆਂ-ਛੋਟੀਆਂ ਸਹਾਇਕ ਨਦੀਆਂ ਆ ਮਿਲਦੀਆਂ ਹਨ।

ਤੀਸਤਾ ਬੰਨ੍ਹ ਪ੍ਰਾਜੈਕਟ, ਬਰਿੰਡ ਖੇਤਰ ਲਈ ਤਿਆਰ ਕੀਤੇ ਗਏ ਦਰਿਆਈ ਪ੍ਰਾਜੈਕਟਾਂ ਦੇ ਇਕ ਵਿਸ਼ਾਲ ਪ੍ਰੋਗਰਾਮ ਦਾ ਹੀ ਇਕ ਹਿੱਸਾ ਹੈ ਜੋ ਗੰਗਾ ਅਤੇ ਬ੍ਰਹਮਪੁੱਤਰ ਦਰਿਆ ਵਿਚਕਾਰ ਪੈਂਦੇ ਕਾਫ਼ੀ ਸਾਰੇ ਮੈਦਾਨੀ ਇਲਾਕੇ ਨੂੰ ਸਿੰਜਾਈ ਦੀਆਂ ਸਹੂਲਤਾਂ ਪ੍ਰਦਾਨ ਕਰੇਗਾ।

ਹ.ਪੁ.—ਇੰਪ. ਗ. ਇੰ: 23 : 403

**ਤੀਹ-ਸਾਲਾ ਜੰਗ** : ਇਹ ਜੰਗ 1618 ਈ. ਤੋਂ ਲੈ ਕੇ 1648 ਈ. ਤੱਕ ਹੋਈਆਂ ਛੋਟੀਆਂ-ਵੱਡੀਆਂ ਲੜਾਈਆਂ ਅਤੇ ਬਗ਼ਾਵਤਾਂ ਦੀ ਇਕ ਨਿਰੰਤਰ ਲੜੀ ਸੀ। ਭਾਵੇਂ ਯੁੱਧ ਦੇ ਆਸਾਰ ਤੇ ਬਗ਼ਾਵਤਾਂ ਕਈ ਵਰ੍ਹੇ ਪਹਿਲਾਂ ਹੀ ਆਰੰਭ ਹੋ ਚੁੱਕੇ ਸਨ ਪਰ ਇਸ ਦਾ ਅਸਲੀ ਆਰੰਭ 1618 ਈ. ਵਿਚ ਬੋਹੀਮੀਆਂ ਦੀ ਬਗ਼ਾਵਤ ਤੋਂ ਹੋਇਆ ਅਤੇ ਵੈੱਸਟਫੇਲੀਆ ਦੀ ਸੰਧੀ ਨਾਲ ਇਸ ਤੀਹ-ਸਾਲਾ ਯੁੱਧ ਦਾ ਅੰਤ ਹੋਇਆ। ਇਸ ਲੰਬੀ ਜੰਗ ਦਾ ਮੈਦਾਨ ਭਾਵੇਂ ਜਰਮਨੀ ਹੀ ਸੀ ਪਰ ਇਸ ਦੀ ਲਪੇਟ ਵਿਚ ਲਗਭਗ ਸਾਰਾ ਯੂਰਪ ਹੀ ਆ ਗਿਆ ਸੀ ਅਤੇ ਜੰਗ ਭਾਵੇਂ ਧਾਰਮਿਕ ਕਿਸਮ ਦੀ ਸੀ ਪਰ ਵਪਾਰਕ ਦੁਸ਼ਮਣੀਆਂ, ਅਧਿਕਾਰ ਖੇਤਰਾਂ ਦੇ ਝਗੜਿਆਂ ਅਤੇ ਰਾਜਨੀਤਕ ਉਦੇਸ਼ਾਂ ਨੇ ਇਸ ਨੂੰ ਹੋਰ ਭੜਕਾ ਦਿੱਤਾ। ਜਰਮਨੀ ਦਾ ਰਾਜਨੀਤਕ ਪੱਖੋਂ ਕਮਜ਼ੋਰ ਹੋਣਾ ਅਤੇ ਦੂਜੀਆਂ ਤਾਕਤਾਂ ਦੀ ਜਰਮਨੀ ਉਪਰ ਕਾਬਜ਼ ਹੋਣ ਦੀ ਰੁਚੀ ਨੇ ਜੰਗ ਨੂੰ ਨਿਰੰਤਰਤਾ ਵੱਲ ਪ੍ਰੇਰਿਆ। ਤੀਹ-ਸਾਲਾ ਜੰਗ ਦਾ ਸਭ ਤੋਂ ਵੱਡਾ ਅਸਰ ਇਹ ਹੋਇਆ ਕਿ ਇਸ ਉਪਰੰਤ ਯੂਰਪ ਦਾ ਨਕਸ਼ਾ ਅਸਲੋਂ ਹੀ ਬਦਲ ਗਿਆ ਅਤੇ ਜਰਮਨੀ ਦੇ ਮੈਦਾਨੇ-ਜੰਗ ਬਣਨ ਕਾਰਨ ਉਥੋਂ ਦਾ ਸਥਾਨਕ ਰਿਕਾਰਡ ਤੇ ਇਤਿਹਾਸਕ ਲਿਖਤਾਂ ਸੜ ਕੇ ਸੁਆਹ ਹੋ ਗਈਆਂ।

ਸੰਨ 1618 ਵਿਚ ਜਦੋਂ ਬੋਹੀਮੀਆਂ ਦੀ ਰਾਜ ਗੱਦੀ ਦੇ ਮਾਲਕ, ਫਰਡੀਨੈਂਡ ਦੂਜੇ ਨੇ ਆਪਣੇ ਰਾਜ ਵਿਚ ਕੈਥੋਲਿਕ ਮੱਤ ਦੇ ਅਸੂਲ ਲਾਗੂ ਕਰਨ ਦਾ ਯਤਨ ਕੀਤਾ ਤਾਂ ਬੋਹੀਮੀਆਂ ਅਤੇ ਆਸਟ੍ਰੀਆ ਦੇ ਪ੍ਰੋਟੈਸਟੈਂਟ ਮੱਤ ਦੇ ਧਾਰਨੀ ਸਰਦਾਰਾਂ ਤੇ ਸ਼ਾਹੀ ਘਰਾਣਿਆਂ ਨੇ ਬਗ਼ਾਵਤ ਕਰ ਦਿੱਤੀ। ਪੰਜ ਸਾਲ ਤੱਕ ਪ੍ਰੋਟੈਸਟੈਂ ਅਤੇ ਕੈਥੋਲਿਕ ਪੰਥੀਆਂ ਵਿਚ ਚੰਗੀ ਜਦੋ-ਜਹਿਦ ਚਲਦੀ ਰਹੀ ਅੰਤ ਨੂੰ ਫਰਡੀਨੈਂਡ ਕੈਥੋਲਿਕ ਅਸੂਲ ਲਾਗੂ ਕਰਨ ਵਿਚ ਕਾਮਯਾ ਹੋ ਹੀ ਗਿਆ। ਸੰਨ 1625 ਵਿਚ ਡੈਨਮਾਰਕ ਦੇ ਰਾਜੇ ਕ੍ਰਿਸਚਨ ਚੌ ਨੇ ਜਰਮਨੀ ਦੀ ਰਾਜਨੀਤਕ ਤਾਕਤ ਨੂੰ ਕਮਜ਼ੋਰ ਦੇਖ ਕੇ ਇਸਦੇ ਕੁ ਇਲਾਕੇ ਉੱਤੇ ਕਬਜ਼ਾ ਕਰਨ ਦੇ ਉਦੇਸ਼ ਨਾਲ ਹਮਲਾ ਕਰ ਦਿੱਤਾ ਤ ਕਿ ਉਹ ਬਾਲਟਿਕ ਵਾਲੇ ਸਵੀਡਨ ਦੇ ਕਬਜ਼ੇ ਵਿਚ ਆ ਚੁੱਕੇ ਇਲਾ ਦੇ ਬਦਲੇ ਆਪਣੇ ਰਾਜ ਵਿਚ ਜਰਮਨੀ ਦੇ ਜਰਖੇਜ਼ ਖੇਤਰ ਮਿਲ ਸਕੇ। ਕ੍ਰਿਸਚਨ ਉਮੀਦ ਦੇ ਉਲਟ ਹਾਰ ਗਿਆ ਅਤੇ 1629 ਈ ਵਿਚ ਲਿਊਬੈੱਕ ਦੀ ਸੰਧੀ ਉਪਰੰਤ ਡੈਨਮਾਰਕ ਦੇ ਯੂਰਪੀ ਤਾਕ ਹੋਣ ਦੀ ਹੈਸੀਅਤ ਹੀ ਖ਼ਤਮ ਹੋ ਗਈ। ਦੂਜੇ ਪਾਸੇ ਸਵੀਡਨ ਬਾਦਸ਼ਾਹ ਗਸਟਾਵਸ ਦੂਜੇ ਅਡਾੱਲਫਸ ਨੇ ਪੋਲੈਂਡ ਨਾਲ ਚਾਰ ਸਾਲ ਤੋਂ ਸ਼ੁਰੂ ਕੀਤੀ ਹੋਈ ਜੰਗ ਖ਼ਤਮ ਕਰਕੇ, ਜਰਮਨੀ ਉਪਰ ਧਾਵਾ ਬੋ ਦਿੱਤਾ ਅਤੇ ਇਥੋਂ ਦੇ ਬਹੁਤ ਸਾਰੇ ਹਾਰੇ ਹੋਏ ਸਹਿਜ਼ਾਦਿਆਂ ਨੂੰ ਆਪਣ ਕੈਥੋਲਿਕ-ਵਿਰੋਧੀ ਅਤੇ ਸਾਮਰਾਜ-ਵਿਰੋਧੀ ਮੁਹਿੰਮ ਵਿਚ ਸ਼ਾਮਲ ਕ ਲਿਆ। ਇਸ ਦੌਰਾਨ ਕੈਥੋਲਿਕ ਤੇ ਪ੍ਰੋਟੈਸਟੈਂਟ ਮਤ ਦੇ ਧਾਰਨੀ ਵਿਚ ਵਿਰੋਧਤਾ ਹੋਰ ਵੀ ਤੇਜ਼ ਹੋ ਗਈ ਅਤੇ ਕਈ ਰਾਜਨੀਤ ਤਾਕਤ ਹਾਸਲ ਕਰਨ ਦੇ ਚਾਹਵਾਨ ਰਾਜਿਆਂ ਨੇ ਇਸ ਸੰਘਰਸ਼ ਹੋਰ ਵਧਾਉਣ ਵਿਚ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤ ਪੋਲੈਂਡ ਕਿਉਂਕਿ ਬਾਲਟਿਕ ਦੇਸ਼ਾਂ ਵਿਚੋਂ ਇਕ ਵੱਡੀ ਤਾਕਤ ਸੀ, ਇ ਲਈ ਸਵੀਡਨ ਦੇ ਬਾਦਸ਼ਾਹ ਨੇ ਆਪਣਾ ਮੰਤਵ ਮੁੱਖ ਰਖਦਿਆਂ ਇ ਦੇ ਭਵਿਖ 'ਚ ਬਣਨ ਵਾਲੇ ਬਾਦਸ਼ਾਹ, ਵਲਾਦੀਸਲਾ ਨੂੰ ਮਾਸਕੋ ਰਾਜਾ ਬਣਾਉਣ ਦਾ ਲਾਲਚ ਦੇ ਕੇ, ਰੂਸ ਉਪਰ ਹਮਲਾ ਕਰ ਦਿੱਤਾ। ਸੰਨ 1634 ਵਿਚ ਪੋਲੀਯਾਨੋਵ ਦੀ ਰੂਸੀ-ਪੋਲਿਸ਼ ਸ਼ਾਂਤ ਸੰਧੀ ਅਨੁਸਾਰ ਰੂਸੀ ਜ਼ਾਰ ਦੇ ਸਿੰਘਾਸਨ ਪ੍ਰਤਿ ਪੋਲੈਂਡ ਦਾ ਦਾਅ ਖ਼ਤਮ ਹੋ ਗਿਆ। ਇਸ ਤੇ ਪੋਲੈਂਡ ਦੀ ਸਵੀਡਨ ਨਾਲ ਦੁਸ਼ਮਣੀ ਹੋ ਗਈ ਪਰ ਸਵੀਡਨ ਦਾ ਬਾਦਸ਼ਾਹ ਇਸ ਸਮੇਂ ਜਰਮਨੀ ਨਾਲ ਬ ਤਰ੍ਹਾਂ ਉਲਝਿਆ ਹੋਇਆ ਸੀ।

ਇਸ ਸਮੇਂ ਯੂਰਪ ਦੀ ਕੇਂਦਰੀ ਭੂਮੀ ਵਿਚ ਤਿੰਨ ਕਿਸਮ ਦੀਆਂ ਸੰਪ੍ਰਦਾਇਆਂ ਵਿਚਕਾਰ ਤਾਕਤ ਹਾਸਲ ਕਰਨ ਲਈ ਟਕਰਾਅ ਸੀ। ਇਹ ਸੰਪ੍ਰਦਾਇਆਂ ਕੈਥੋਲਿਕਵਾਦੀ, ਪ੍ਰੋਟੈਸਟੈਂਟਵਾਦੀ ਅਤੇ ਕੈਲਵਿਨਵਾਦੀ ਸਨ ਜਿਸ ਨਾਲ ਸਥਿਤੀ ਬਹੁਤ ਹੀ ਗੁੰਝਲਦਾਰ ਹੋ ਗਈ ਅਤੇ ਇਸ ਨੂੰ ਸੁਲਝਾਉਣ ਲਈ ਬਾਹਰਲੀਆਂ ਤਾਕਤਾਂ ਦੇ ਸ਼ਹਿਜ਼ਾਦਿਆਂ ਤੇ ਅਹੁਦੇਦਾਰਾਂ ਨੂੰ ਮਦਦ ਲਈ ਬੁਲਾਇਆ। ਸਮੁੱਚੇ ਤੌਰ ਤੇ ਇਹ ਟਕਰਾਅ ਜਾਂ ਜਦੋ-ਜਹਿਦ ਕੈਥੋਲਿਕ ਮਤ ਦੀ ਧਾਰਨੀ ਹੋਲੀ ਰੋਮਨ ਸਲਤਨਤ ਅਤੇ ਹੈਬਸਬਰਗ ਅਤੇ ਸਵੀਡਨ ਦੀਆਂ ਵੱਡੀਆਂ ਕੈਥੋਲਿਕ-ਵਿਰੋਧੀ ਤਾਕਤਾਂ ਉੱਤੇ ਨਿਰਭਰ ਕਰਨ ਵਾਲੇ ਪ੍ਰੋਟੈਸਟੈਂਟਵਾਦੀ ਸ਼ਹਿਰਾਂ ਅਤੇ ਰਿਆਸਤਾਂ ਅਤੇ ਸੰਯੁਕਤ ਨੀਦਰਲੈਂਡਜ਼ ਜਿਸ ਨੇ ਆਖ਼ਰ ਨੂੰ ਸਪੇਨ ਦੀ ਗੁਲਾਮੀ ਤੋਂ ਖਹਿੜਾ ਛੁਡਵਾਇਆ ਸੀ, ਵਿਚਕਾਰ ਹੋਈ ਸੀ। ਦੂਜੇ ਪਾਸੇ ਸਲਤਨਤ ਦੇ ਹੈਬਸਬਰਗ ਰਾਜਿਆਂ ਅਤੇ ਸਪੇਨ ਨਾਲ ਫਰਾਂਸ ਦੀ ਵੀ ਮੁਕਾਬਲੇ ਦੀ ਵਿਰੋਧਤਾ ਚਲ ਪਈ ਸੀ ਕਿਉਂਕਿ ਇਹ ਦੇਸ਼ ਫਰਾਂਸ-ਵਿਰੋਧੀ ਗੱਠ-ਜੋੜ ਸਥਾਪਿਤ ਕਰਨ ਦੀ ਕੋਸ਼ਿਸ਼ ਵਿਚ ਸਨ।

ਇਨ੍ਹਾਂ ਸਾਰੀਆਂ ਜੰਗਾਂ ਦਾ ਮੈਦਾਨੇ-ਜੰਗ ਜਰਮਨੀ ਦੇ ਸ਼ਹਿਰ ਤੇ ਰਿਆਸਤਾਂ ਸਨ। ਤੀਹ-ਸਾਲਾ ਜੰਗ ਦੇ ਕਾਰਨ ਇਹ ਬੁਰੀ ਤਰ੍ਹਾਂ ਤਬਾਹ ਹੋਏ। ਲੜ ਰਹੀਆਂ ਫ਼ੌਜਾਂ ਵਿਚੋਂ ਬਹੁਤ ਸਾਰੀਆਂ ਮਾਂਗਵੀਆਂ ਸਨ ਜਿਨ੍ਹਾਂ ਵਿਚੋਂ ਕਈਆਂ ਨੂੰ ਤਾਂ ਤਨਖਾਹ ਵੀ ਨਹੀਂ ਸੀ ਹਾਸਲ ਹੋ ਸਕੀ। ਇਸ ਕਰਕੇ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਬਹੁਤ ਸਾਰੇ ਫ਼ੌਜੀ ਮੈਦਾਨੇ-ਜੰਗ ਤੋਂ ਬਾਹਰ ਸ਼ਹਿਰਾਂ-ਪਿੰਡਾਂ ਵਿਚ ਜਾ ਵੜੇ ਤੇ ਲੁੱਟ ਮਾਰ ਕੀਤੀ। ਇਸੇ ਨਜ਼ਾਇਜ਼ ਲੁੱਟਮਾਰ ਤੇ ਤਬਾਹੀ ਕਰਕੇ ਹੀ ਤੀਹ-ਸਾਲ ਯੁੱਧ ਬਾਕੀਆਂ ਨਾਲੋਂ ਵਿਲੱਖਣ ਕਿਹਾ ਜਾਂਦਾ ਹੈ। ਜਿਉਂ-ਜਿਉਂ ਇਹ ਫ਼ੌਜਾਂ ਅੱਗੇ ਵੱਧਦੀਆਂ ਗਈਆਂ, ਸ਼ਹਿਰ, ਪਿੰਡ ਤੇ ਖੇਤ ਤਬਾਹ ਕਰਦੀਆਂ ਗਈਆਂ। ਇਸ ਯੁੱਧ ਵਿਚ ਜਰਮਨੀ ਦਾ ਸਾਰਾ ਰਿਕਾਰਡ ਤੇ ਇਤਿਹਾਸ ਸੜ ਕੇ ਸੁਆਹ ਹੋ ਗਿਆ। ਇਸੇ ਕਰਕੇ ਜਰਮਨੀ ਦਾ ਸਥਾਨਕ ਰਿਕਾਰਡ ਇਸ ਜੰਗ ਤੋਂ ਪਿੱਛੋਂ ਹੋਈ ਪੁਨਰ-ਸਥਾਪਨਾ ਬਾਰੇ ਹੀ ਮਿਲਦਾ ਹੈ।

ਇੰਨੇ ਖ਼ੂਨ-ਖ਼ਰਾਬੇ ਤੇ ਤਬਾਹੀ ਤੋਂ ਬਾਅਦ ਸਾਰੀਆਂ ਲੜਨ ਵਾਲੀਆਂ ਧਿਰਾਂ ਅੰਤ ਨੂੰ ਵੈੱਸਟਫੇਲੀਆ ਵਿਖੇ ਸਮਝੌਤੇ ਲਈ ਇਕੱਤਰ ਹੋਈਆਂ। ਇਸ ਸਮੇਂ ਬੇਇੰਤਹਾ ਬਰਬਾਦੀ ਅਤੇ ਬੇਕਾਇਦਾ ਲੜਾਈਆਂ ਦੇ ਫਲਸਰੂਪ ਹਾਲਾਤ ਉੱਤੇ ਕਾਬੂ ਪਾਉਣਾ ਤੇ ਕਿਸੇ ਸਮਝੌਤੇ ਤੇ ਪਹੁੰਚਣਾ ਸਾਰਿਆਂ ਲਈ ਬਹੁਤ ਹੀ ਕਠਿਨ ਸੀ। ਯੂਰਪ ਦੀ ਰਾਜਸੀ ਤਾਕਤ ਦਾ ਸੰਤੁਲਨ ਮੂਲੋਂ ਹੀ ਬਦਲ ਚੁੱਕਾ ਸੀ। ਨੀਦਰਲੈਂਡਜ਼ ਸਪੇਨ ਨਾਲੋਂ ਵੱਖ ਹੋ ਗਿਆ ਸੀ ਤੇ ਇਸਦੇ ਨਾਲ ਹੀ ਪੱਛਮੀ ਯੂਰਪ ਵਿਚੋਂ ਸਪੇਨ ਦੀ ਪ੍ਰਭੁਤਾ ਵੀ ਖ਼ਤਮ ਹੋ ਗਈ ਸੀ। ਹੁਣ ਫਰਾਂਸ ਹੀ ਪੱਛਮੀ ਤਾਕਤਾਂ ਵਿਚੋਂ ਮੁੱਖ ਸੀ। ਬਾਲਟਿਕ ਦੇਸ਼ਾਂ ਉਪਰ ਸਵੀਡਨ ਦਾ ਕਬਜ਼ਾ ਸੀ। ਯੂਨਾਈਟਿਡ ਨੀਦਰਲੈਂਡਜ਼ ਨੂੰ ਆਜ਼ਾਦ ਗਣਰਾਜ ਮੰਨ ਲਿਆ ਗਿਆ। ਹੋਲੀ ਰੋਮਨ ਸਲਤਨਤ ਦੇ ਮੈਂਬਰ-ਰਾਜਾਂ ਨੂੰ ਪੂਰੀ ਤਰ੍ਹਾਂ ਪ੍ਰਭੁਸੱਤਾ ਹਾਸਲ ਹੋ ਗਈ ਸੀ। ਯੂਰਪ ਦੇ ਕੈਥੋਲਿਕ ਸਾਮਰਾਜ ਬਾਰੇ ਪ੍ਰਾਚੀਨ ਧਾਰਨਾ ਅਨੁਸਾਰ ਪੋਪ ਨੂੰ ਧਾਰਮਿਕ ਨੇਤਾ ਅਤੇ ਬਾਦਸ਼ਾਹ ਨੂੰ ਦੁਨਿਆਵੀ ਮੁਖੀ ਮੰਨਣਾ ਰੱਦ ਕਰ ਦਿੱਤਾ ਗਿਆ।

ਅੰਤ ਨੂੰ ਆਧੁਨਿਕ ਯੂਰਪ ਨੂੰ ਸਰਬ ਸੱਤਾਧਾਰੀ ਰਾਜਾਂ ਦੀ ਇਕਾਈ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ।

ਹ.ਪੁ.—ਐਨ.ਬ੍ਰਿ.ਮਾ. 11 : 711; ਐਨ.ਅਮੈ. 26 : 684

**ਤੀਬੋ** **(Thibaut)** : ਇਹ ਉੱਤਰ ਕੇਂਦਰੀ ਫਰਾਂਸ ਦੇ ਲਵਾਰ-ਏ-ਸ਼ੈੱਰ ਡਿਪਾਰਟਮੈਂਟ ਦੇ ਬਲਵਾ ਸ਼ਹਿਰ ਦਾ ਕਾਉਂਟ ਸੀ। ਇਸ ਦਾ ਜਨਮ 1093 ਈ. ਵਿਚ ਹੋਇਆ। ਇਹ ਤੀਅੱਬਾਲਡ ਤੀਜੇ ਦਾ ਪੋਤਾ ਸੀ। ਇਸਨੂੰ ਤੀਅੱਬਲਡ ਚੌਥਾ ਕਿਹਾ ਜਾਂਦਾ ਹੈ ਪਰ ਫਰਾਂਸੀਸੀ ਵਿਚ ਤੀਅੱਬਾਲਡ-ਲੀ ਗਰੈਂਡ ਕਿਹਾ ਜਾਂਦਾ ਸੀ। ਸੰਨ 1102 ਵਿਚ ਇਹ ਬਲਵਾ ਅਤੇ ਸ਼ਾਰਟਰ (Chartres) ਦਾ ਕਾਉਂਟ ਬਣਿਆ ਅਤੇ 1125 ਈ. ਵਿਚ ਤੀਅੱਬਾਲਡ ਦੂਜੇ ਦੇ ਨਾਂ ਹੇਠ ਇਸਨੂੰ ਸਪੇਨ ਦਾ ਕਾਉਂਟ ਬਣਾਇਆ ਗਿਆ। ਇਸਨੇ ਸਪੇਨ ਨੂੰ ਬਲਵਾ ਨਾਲ ਮਿਲਾ ਦਿਤਾ ਜਿਸ ਨਾਲ ਫਰਾਂਸ ਦੇ ਪੂਰਬੀ ਤੇ ਪੱਛਮੀ ਇਲਾਕਿਆਂ ਦੇ ਸ਼ਾਹੀ ਘਰਾਣਿਆਂ ਵਿਚਕਾਰ ਇਸ ਨਾਲ ਟੱਕਰ ਲੈਣ ਲਈ ਡਰ ਪੈਦਾ ਹੋ ਗਿਆ। ਇਹ ਆਪਣੇ ਸਮੇਂ ਵਿਚ ਫਰਾਂਸ ਦਾ ਤਪ ਤੇਜ ਵਾਲਾ ਦੂਜਾ ਵਿਅਕਤੀ ਸੀ। ਇਸ ਨੇ ਲੂਈ ਚੌਥੇ ਅਤੇ ਲੂਈ ਸੱਤਵੇਂ ਨਾਲ ਵਾਰੀ-ਵਾਰੀ ਮਿੱਤਰਤਾ ਅਤੇ ਦੁਸ਼ਮਣੀ ਕਾਇਮ ਕੀਤੀ। ਸੰਨ 1135 ਵਿਚ ਇਸਨੇ ਆਪਣੇ ਭਰਾ ਹੈਨਰੀ ਨੂੰ ਇੰਗਲੈਂਡ ਦਾ ਬਾਦਸ਼ਾਹ ਬਣਨ ਵਿਚ ਸਹਾਇਤਾ ਕੀਤੀ। ਇਸ ਦੇ ਸਮੇਂ ਕਾਉਂਟ ਪਦ ਦੀ ਤਾਕਤ ਪੂਰੇ ਸਿਖਰਾਂ ਤੇ ਸੀ। ਇਸਦੀ ਮੌਤ 10 ਜਨਵਰੀ, 1152 ਨੂੰ ਲੈਨੀ-ਸੁਰ ਮਾਰਨ (Lagny-sur Marne) ਵਿਖੇ ਹੋਈ।

ਹ.ਪੁ.—ਐਨ.ਬ੍ਰਿ.ਮਾ. 11 : 684

**ਤੀਬੋ ਚੌਥਾ** **(Thibaut–IV)** : ਇਹ ਨਵਾਰ ਦਾ ਬਾਦਸ਼ਾਹ ਸੀ। ਇਸ ਦਾ ਜਨਮ ਫਰਾਂਸ ਵਿਚ 1201 ਈ. ਵਿਚ ਇਸ ਦੇ ਪਿਤਾ ਕਾਉਂਟ ਤੀਬੋ ਤੀਜੇ ਦੀ ਮੌਤ ਤੋਂ ਪਿੱਛੋਂ ਤਰਵਾ (Troyes) ਵਿਖੇ ਹੋਇਆ। ਫਿਲਿਪ ਅਗਸਟਸ ਦੇ ਦਰਬਾਰ ਵਿਚ ਹੀ ਇਸ ਦੀ ਵਿਦਿਆ ਦਾ ਪ੍ਰਬੰਧ ਹੋਇਆ। ਕਿਹਾ ਜਾਂਦਾ ਹੈ ਕਿ ਇਹ ਬਾਦਸ਼ਾਹ ਲੂਈ ਅੱਠਵੇਂ ਦੀ ਮਲਕਾ ਦਾ ਪ੍ਰੇਮੀ ਸੀ। ਇਸ ਨੇ ਐਵੀਨਯੋਂ ਦੇ ਘੇਰੇ ਵੇਲੇ ਬਾਦਸ਼ਾਹ ਦਾ ਸਾਥ ਦਿੱਤਾ ਪਰ ਪਿੱਛੋਂ ਉਸ ਨੂੰ ਛੱਡ ਦਿੱਤਾ ਅਤੇ ਇਥੋਂ ਤੱਕ ਕਿ ਇਸ ਉੱਤੇ ਬਾਦਸ਼ਾਹ ਨੂੰ ਜ਼ਹਿਰ (1226 ਈ.) ਦੇਣ ਦਾ ਵੀ ਇਲਜ਼ਾਮ ਲਾਇਆ ਗਿਆ ਸੀ। ਬਾਦਸ਼ਾਹ ਲੂਈ ਨੌਵਾਂ ਜੋ ਕਿ ਅਜੇ ਬੱਚਾ ਹੀ ਸੀ, ਦੀ ਵਿਰੋਧਤਾ ਕਰਦਿਆਂ ਇਸ ਨੇ ਉਸਦੇ ਵਿਰੋਧੀ ਸਾਮੰਤਾਂ ਦੇ ਧੜੇ ਨਾਲ ਸਬੰਧ ਪੱਕੇ ਕਰ ਲਏ। ਇਸ ਨਾਲ ਇਸ ਦੇ ਪੁਰਾਣੇ ਮਿੱਤਰ ਨਰਾਜ਼ ਹੋ ਗਏ ਪਰ ਸ਼ਾਹੀ ਸਰਪ੍ਰਸਤੀ ਮਿਲਣ ਨਾਲ ਇਸ ਦਾ ਬਚਾਅ ਹੋ ਗਿਆ। ਆਪਣੇ ਮਾਮੇ 'ਸਾਂਚੋਂ ਦੀ ਸਟਰਾਂਗ' ਦੇ ਮਰਨ ਤੋਂ ਬਾਅਦ ਇਹ 1234 ਈ. ਵਿਚ ਨਵਾਰ ਦਾ ਬਾਦਸ਼ਾਹ ਬਣਿਆ। ਬਾਦਸ਼ਾਹ ਤਾਂ ਇਹ ਦਰਮਿਆਨੇ ਦਰਜੇ ਦਾ ਹੀ ਮੰਨਿਆ ਜਾਂਦਾ ਹੈ ਪਰ ਸਾਹਿਤਕਾਰ ਦੇ ਤੌਰ ਤੇ ਦਾਂਤੇ ਵਰਗੇ ਮਹਾਨ ਕਵੀਆਂ ਨੇ ਇਸ ਦੀ ਬੜੀ ਪ੍ਰਸ਼ੰਸਾ ਕੀਤੀ ਹੈ। ਇਸ ਦੀਆਂ ਕਵਿਤਾਵਾਂ ਦੀ ਕਿਤਾਬ ਇਸ ਦੇ ਮਰਨ ਉਪਰੰਤ ਦੋ ਜਿਲਦਾਂ 'ਚ ਪ੍ਰਕਾਸ਼ਿਤ ਹੋਈ। ਇਸ ਦੀ ਮੌਤ 1253 ਈ. ਵਿਚ ਨਵਾਰ ਰਾਜ ਦੇ ਵਿਚ ਹੀ ਪੈਂਪਲੋਨਾ ਦੇ ਸਥਾਨ ਤੇ ਹੋਈ।

ਹ.ਪੁ.—ਐਨ.ਅਮੈ. 26 : 551

**ਤੀਬੋਦ, ਜ਼ਾਕਸ** **(Thibaud, Jacques)** : ਫਰਾਂਸ ਦੇ ਇਸ ਵਾਇਲਿਨ-ਵਾਦਕ ਦਾ ਜਨਮ 27 ਸਤੰਬਰ, 1880 ਨੂੰ ਫ਼ਰਾਂਸ ਵਿਚ ਬੋਰਡੋ ਵਿਖੇ ਹੋਇਆ। ਇਸਨੇ ਪੈਰਿਸ ਦੇ ਸੰਗੀਤ ਵਿਦਿਆਲੇ ਵਿਖੇ ਸਿੱਖਿਆ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਪੈਰਿਸ ਦੇ ਕੈਫੇ ਵਿਖੇ ਵਾਇਲਨ ਬਜਾਈ। ਸੰਨ 1898 ਵਿਚ ਇਹ ਏਡੋਵਰਡ ਕੋਲੋਨ ਦੇ ਆਰਕੈਸਟਰਾ ਵਿਚ ਏਕਲ (ਸੋਲੋ) ਗਾਇਕ ਵਜੋਂ ਸ਼ਾਮਲ ਹੋਇਆ। ਇਹ ਥਾਵਾਂ ਤੇ ਘੁੰਮਿਆ ਅਤੇ 1905 ਈ. ਵਿਚ ਇਸਨੇ ਫ਼ਰਾਸ ਅਤੇ ਸਪੇਨ ਦੇ ਸੈਲੋਵਾਦਕ ਪਾਬਲੋ ਕਾਸਾਲਜ ਨਾਲ ਮਿਲਕੇ ਤਿੰਨ ਗਾਇਕਾਂ ਦੀ ਪ੍ਰਸਿੱਧ ਮੰਡਲੀ ਦੀ ਸਥਾਪਨਾ ਕੀਤੀ। ਇਸਦੀ ਬਜਾਈ ਵਾਇਲਨ ਦੀ ਧੁਨ ਅਤੇ ਪ੍ਰਭਾਵਸ਼ਾਲੀ ਗਤੀਸ਼ੀਲਤਾ ਕਾਰਨ ਪ੍ਰਸ਼ੰਸਾ ਕੀਤੀ ਜਾਂਦੀ ਸੀ।

ਪਹਿਲੀ ਸਤੰਬਰ, 1953 ਨੂੰ ਫ਼ਰਾਂਸ ਐਲਪਸ ਵਿਚ ਮਾਊਂਟ ਸੇਮੇਟ ਨੇੜੇ ਇਸਦੀ ਇਕ ਹਵਾਈ ਹਾਦਸੇ ਵਿਚ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 9 : 953

**ਤੀਰਅੰਦਾਜ਼ੀ** : ਦੁਨੀਆਂ ਦੀਆਂ ਪੁਰਾਤਨ ਖੇਡਾਂ ਵਿਚੋਂ ਇਕ ਖੇਡ ਕਮਾਨ ਨਾਲ ਤੀਰ ਚਲਾਉਣਾ ਹੈ। ਸੋਲ੍ਹਵੀਂ ਸਦੀ ਤੱਕ ਇਹ ਸਭ ਤੋਂ ਵੱਧ ਪ੍ਰਚਲਤ ਅਤੇ ਵਰਤੇ ਜਾਣ ਵਾਲੇ ਹਥਿਆਰਾਂ ਵਿਚ ਗਿਣੇ ਜਾਂਦੇ ਸਨ ਅਤੇ ਫਿਰ ਯੁੱਧ ਖੇਤਰ ਵਿਚ ਬਾਰੂਦ ਵਾਲੇ ਹਥਿਆਰ ਵਰਤੇ ਜਾਣ ਲੱਗੇ ਅਤੇ ਇਹ ਇਕ ਖੇਡ ਮਾਤਰ ਹੀ ਰਹਿ ਗਈ। ਬਹੁਤ ਦੇਸ਼ਾਂ ਵਿਚ ਇਹ ਖੇਡ ਅਤੇ ਮਨਪ੍ਰਚਾਵੇ ਦੇ ਸਾਧਨ ਵਜੋਂ ਬਹੁਤ ਪ੍ਰਸਿੱਧ ਹੋਈ ਅਤੇ ਸਕੂਲਾਂ, ਕਾਲਜਾਂ ਆਦਿ ਸਥਾਨਾਂ ਤੇ ਸਭ ਨੂੰ ਸਿਖਲਾਈ ਜਾਂਦੀ ਹੈ। ਨੇਤਰਹੀਣ ਬੱਚਿਆਂ ਨੂੰ ਵੀ ਆਵਾਜ਼ ਦੇ ਗਿਆਨ ਨਾਲ ਇਹ ਕਲਾ ਸਿਖਾਈ ਜਾਂਦੀ ਹੈ।

**ਇਤਿਹਾਸ** — ਮਨੁੱਖ ਨੇ ਆਪਣੀ ਬੋਲੀ ਦੇ ਵਿਕਾਸ ਅਤੇ ਅੱਗ ਦੀ ਕਾਢ ਤੋਂ ਬਾਅਦ ਇਸਦੀ ਕਾਢ ਕੱਢੀ। ਇਸਨੂੰ ਸ਼ਿਕਾਰ ਕਰਨ ਅਤੇ ਮੱਛੀਆਂ ਫੜਨ ਲਈ ਵਰਤਿਆ ਜਾਂਦਾ ਸੀ। ਕਈ ਕਬੀਲੇ ਤੀਰਾਂ ਉਪਰ ਜ਼ਹਿਰ ਲਗਾ ਕੇ ਸ਼ਿਕਾਰ ਕਰਦੇ ਅਤੇ ਆਪਣਾ ਆਹਾਰ ਇਕੱਠਾ ਕਰਦੇ। ਅਮਰੀਕਾ ਅਤੇ ਬਰਤਾਨੀਆ ਦੇ ਇਤਿਹਾਸ ਵਿਚ ਤੀਰ ਅੰਦਾਜ਼ੀ ਦਾ ਸਭ ਤੋਂ ਵੱਧ ਜ਼ਿਕਰ ਮਿਲਦਾ ਹੈ। ਅਮਰੀਕਾ ਦੇ ਇੰਡੀਅਨ ਜਾਤੀ ਦੇ ਲੋਕਾਂ ਅਤੇ ਹੋਰ ਆਦਿ ਵਾਸੀਆਂ ਲਈ ਤੀਰਅੰਦਾਜ਼ੀ ਸਵੈ-ਰੱਖਿਆ ਅਤੇ ਭੋਜਨ ਇਕੱਠਾ ਕਰਨ ਦਾ ਇਕ ਮਹਤਵਪੂਰਨ ਸਾਧਨ ਸੀ।

ਬਰਤਾਨੀਆ ਦੇ ਇਤਿਹਾਸ ਵਿਚ ਸਾਰੇ ਬਾਦਸ਼ਾਹ ਅਤੇ ਮਹਾਰਾਣੀ ਵਿਕਟੋਰੀਆਂ ਖੁਦ ਵੀ ਤੀਰਅੰਦਾਜ਼ੀ ਕਰਦੇ ਸਨ। ਰੋਗਰ ਐਸ਼ਮ ਜੋ ਇਕ ਪ੍ਰਸਿੱਧ ਤੀਰਅੰਦਾਜ਼, ਕੈਂਬਰਿਜ ਯੂਨੀਵਰਸਿਟੀ ਦਾ ਅਧਿਆਪਕ ਅਤੇ ਵਿਦਵਾਨ ਸੀ, ਨੇ 1545 ਈ. ਵਿਚ ਤੀਰ ਅੰਦਾਜ਼ੀ ਵਿਸ਼ੇ ਉਪਰ ਸਭ ਤੋਂ ਪਹਿਲੀ ਪੁਸਤਕ ਫੋਕਸੋਫਿਲਮ ਲਿਖੀ। ਅੰਗਰੇਜ਼ੀ ਵਿਚ ਸਰ ਐਸਟਨ ਲੀਵਰ ਨੇ 1781 ਈ. ਵਿਚ ਟੌਕਸੋਫਿਲਾਈਟ ਸੋਸਾਇਟੀ ਦੀ ਸਥਾਪਨਾ ਕੀਤੀ। ਬਾਦਸ਼ਾਹ ਜਾਰਜ ਚੌਥਾ, 1787 ਈ. ਵਿਚ 'ਟੌਕਸ' ਦਾ ਪੇਟਰਨ ਬਣ ਗਿਆ ਅਤੇ ਇਸਦੇ ਨਾਲ ਹੀ ਇਹ ਖੇਡ ਮਨੋਰੰਜਨ ਦਾ ਸਾਧਨ ਬਣ ਗਈ। ਸੰਨ 1844 ਵਿਚ ਗ੍ਰੈਂਡ ਨੈਸ਼ਨਲ ਆਰਚਰੀ ਨੇ ਪਹਿਲੀ ਵਾਰ ਤੀਰਅੰਦਾਜ਼ੀ ਦੇ ਯਾਰਕ ਵਿਖੇ ਮੁਕਾਬਲੇ ਕਰਵਾਏ। ਅੰਤਰਰਾਸ਼ਟਰੀ ਪੱਧਰ ਤੇ ਇਹ ਮੁਕਾਬਲੇ ਪਹਿਲੇ ਵਿਸ਼ਵ-ਯੁੱਧ ਤੋਂ ਪਹਿਲਾਂ ਸ਼ੁਰੂ ਹੋ ਗਏ ਸਨ ਪਰ 1931 ਈ. ਵਿਚ ਪੱਕੇ ਤੌਰ ਤੇ ਸਾਲਾਨਾਂ ਮੁਕਾਬਲੇ ਕਰਵਾਉਣ ਲਈ ਇਕ ਸੰਸਥਾ Fedration Internationale du Tir a l, arc ਸਥਾਪਿਤ ਕੀਤੀ ਗਈ। ਅਮਰੀਕਾ ਵਿਚ ਪਹਿਲਾਂ ਰਾਸ਼ਟਰੀ ਤੀਰਅੰਦਾਜ਼ੀ ਮੁਕਾਬਲਾ ਸ਼ਿਕਾਗੋ ਵਿਖੇ 1879 ਈ. ਵਿਚ ਹੋਇਆ।

**ਸਾਮਾਨ-ਕਮਾਨ** — ਇਕ ਲਚਕਦਾਰ ਲੱਕੜੀ ਜਾਂ ਧਾਤ ਦੀ ਲੰਬੀ ਪਤਲੀ ਡੰਡੀ ਦੇ ਦੋਹਾਂ ਸਿਰਿਆਂ ਤੇ ਖਿਚਕੇ ਰੱਸੀ ਬੰਨੀ ਜਾਂਦੀ ਹੈ। ਕਮਾਨ ਦੇ ਸਿਰਿਆਂ ਤੇ ਜਿਸ ਥਾਂ ਰੱਸੀ ਬੰਨ੍ਹੀ ਜਾਂਦੀ ਹੈ ਉਥੇ ਟੱਕ ਲਾਏ ਜਾਂਦੇ ਹਨ ਅਤੇ ਕਮਾਨ ਦੇ ਠੀਕ ਵਿਚਾਲੇ ਤੀਰ ਰੱਖਣ ਲਈ ਵੀ ਥਾਂ ਬਣਾਈ ਜਾਂਦੀ ਹੈ। ਜਿਸ ਉੱਤੇ ਚਮੜਾ ਲਾਇਆ ਜਾਂਦਾ ਹੈ। ਕਮਾਨ ਨਾਲ ਬੰਨ੍ਹੀ ਤਣੀ ਦੇ ਵਿਚਕਾਰ ਤੀਰ ਦਾ ਮੋਟਾ ਸਿਰਾ ਰੱਖ ਕੇ ਅਤੇ ਕਮਾਨ ਦੇ ਵਿਚਕਾਰ ਲਗੇ ਚਮੜੇ ਉਪਰ ਤੀਰ ਦੀ ਡੰਡੀ ਰੱਖ ਕੇ, ਤੀਰਅੰਦਾਜ਼ ਤਣੀ ਨੂੰ ਜ਼ੋਰ ਨਾਲ ਆਪਣੇ ਵੱਲ ਖਿੱਚ ਕੇ ਛੱਡ ਦਿੰਦਾ ਹੈ ਅਤੇ ਤੀਰ ਤੇਜ਼ੀ ਨਾਲ ਪਰ੍ਹੇ ਵੱਲ ਹਵਾ ਨੂੰ ਚੀਰਦਾ ਬੜੀ ਦੂਰ ਤੱਕ ਚਲਾ ਜਾਂਦਾ ਹੈ। ਤਣੀ ਨੂੰ ਇਤਨਾ ਕੁ ਖਿੱਚ ਕੇ ਕਮਾਨ ਉਪਰ ਕਸਿਆ ਜਾਂਦਾ ਹੈ ਕਿ ਕਮਾਨ ਦੇ ਵਿਚਕਾਰਲੇ ਹਿੱਸੇ ਵਿਚ ਆਪਸੀ ਦੂਰੀ 6 ਤੋਂ 8 ਇੰਚ ਹੋ ਸਕਦੀ ਹੈ। ਜਦੋਂ ਕਮਾਨ ਵਰਤੋਂ ਵਿਚ ਨਾ ਹੋਵੇ ਤਾਂ ਰੱਸੀ ਢਿੱਲੀ ਕਰ ਦਿੱਤੀ ਜਾਂਦੀ ਹੈ ਤਾਂ ਕਿ ਕਮਾਨ ਉੱਤੇ ਵਾਧੂ ਖਿਚਾਉ ਨਾ ਪਵੇ। ਟਾਰਗੈਟ-ਸ਼ੂਟਿੰਗ ਲਈ ਕਮਾਨ ਦਾ ਭਾਰ 20 ਤੋਂ 60 ਪਾਊਂਡ ਹੁੰਦਾ ਹੈ। ਕਈ ਕਮਾਨ 50 ਤੋਂ 175 ਤੱਕ ਪਾਊਂਡ ਤੱਕ ਵੀ ਹੁੰਦੇ ਹਨ। ਹਲਕੇ ਕਮਾਨ ਜੋ ਹਵਾ ਵਿਚ ਦੂਰ ਨਿਸ਼ਾਨਾ ਸੇਧਣ ਦੇ ਕੰਮ ਆਉਂਦੇ ਹਨ, 90 ਪਾਉਂਡ ਭਾਰ ਦੇ ਹੁੰਦੇ ਹਨ। ਕਮਾਨ ਦੀ ਲੰਬਾਈ 5 ਤੋਂ 6 ਫੁੱਟ ਤੱਕ ਹੋ ਸਕਦੀ ਹੈ। ਪਹਿਲਾਂ ਪਹਿਲ ਕਮਾਨ ਲੱਕੜੀ ਜਾਂ ਐਲੂਮਿਨੀਅਮ ਧਾਤ ਦੇ ਬਣਾਏ ਜਾਂਦੇ ਸਨ ਪਰ ਹੁਣ ਇਹ ਫਾਈਬਰ-ਗਲਾਸ ਦੇ ਵੀ ਬਣਾਏ ਜਾਂਦੇ ਹਨ।

**ਤੀਰ** — ਤੀਰ ਬਣਾਉਣ ਲਈ ਨਾਰਵੇ-ਪਾਈਨ ਰੁੱਖ ਦੀ ਲੱਕੜੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਇਕ ਸਿਰਾ ਨੁਕੀਲਾ ਹੁੰਦਾ ਹੈ ਅਤੇ ਦੂਜੇ ਸਿਰੇ ਉਪਰ ਖੰਭ ਵੀ ਲਗਾਇਆ ਜਾਂਦਾ ਹੈ। ਟੱਕ ਵਾਲੇ ਸਿਰੇ ਤੇ ਖੰਭ ਵੀ ਲਗਾਏ ਜਾਂਦੇ ਹਨ। ਚੀੜ੍ਹ ਅਤੇ ਬਰਚ ਦੀ ਲੱਕੜੀ ਆਮ ਵਰਤੀ ਜਾਂਦੀ ਹੈ। ਅੱਜਕਲ੍ਹ ਤੀਰ ਫਾਈਬਰ ਗਲਾਸ ਦੇ ਵੀ ਬਣਾਏ ਜਾਂਦੇ ਹਨ। ਖੰਭ ਲਗਾਉਣ ਨਾਲ ਤੀਰ ਬਹੁਤੀ ਦੂਰੀ ਤੱਕ ਜਾ ਸਕਦੇ ਹਨ ਅਤੇ ਸਹੀ ਨਿਸ਼ਾਨਾ ਵੀ ਲਗਾ ਸਕਦੇ ਹਨ।

**ਕਮਾਨ-ਰੱਸੀ** — ਆਮ ਤੌਰ ਤੇ ਕਮਾਨ ਦੀ ਰੱਸੀ ਲਿਨਨ ਤੋਂ ਬਣਦੀ ਹੈ ਅਤੇ ਇਹ ਮੋਚੀ ਦੇ ਵਰਤੇ ਜਾਣ ਵਾਲਾ ਧਾਗਾ ਵੀ ਹੁੰਦਾ ਹੈ। ਅੱਜਕੱਲ੍ਹ ਫੋਰਟੀਸਨ ਅਤੇ ਡੈਕਰੋਨ ਦੇ ਧਾਗੇ ਦੀ ਵਰਤੋਂ ਵੀ ਵਧੇਰੇ ਕੀਤੀ ਜਾਂਦੀ ਹੈ। ਇਹ ਬਹੁਤ ਜ਼ਿਆਦਾ ਹਲਕੇ ਅਤੇ ਬੇਹੱਦ ਮਜ਼ਬੂਤ ਹੁੰਦੇ ਹਨ।

ਇਸਦੇ ਨਾਲ ਹੀ ਤੀਰਅੰਦਾਜ਼ ਨੂੰ ਤੀਰ ਰੱਖਣ ਲਈ ਤਰਕਸ਼, ਦਸਤਾਨੇ, ਬਾਹਾਂ ਦੇ ਬਚਾਉ ਲਈ ਸਮਾਨ ਆਦਿ ਵੀ ਦਿੱਤਾ ਜਾਂਦਾ ਹੈ।

**ਵਰਤੋਂ ਦਾ ਢੰਗ** — ਤੀਰਅੰਦਾਜ਼ ਖੱਬੇ ਹੱਥ ਵਿਚ ਕਮਾਨ ਅਤੇ ਸੱਜੇ ਹੱਥ ਵਿਚ ਤੀਰ ਪਕੜਦਾ ਹੈ। ਕਮਾਨ ਦੀ ਤਣੀ ਖਿੱਚ ਕੇ ਛੱਡੀ ਜਾਣ ਅਤੇ ਖੱਬੀ ਬਾਂਹ ਉਪਰ ਸੱਟ ਲਗਣ ਦੇ ਡਰ ਤੋਂ ਬਾਂਹ ਉਪਰ ਇਕ ਕਵਚ ਜਿਹਾ ਚੜ੍ਹਾ ਲਿਆ ਜਾਂਦਾ ਹੈ। ਸੱਜੇ ਹੱਥ ਦੀਆ ਪਹਿਲੀਆਂ ਤਿੰਨ ਉਂਗਲਾਂ ਉਪਰ ਦਸਤਾਨਾ ਚੜ੍ਹਾਇਆ ਜਾਂਦਾ ਹੈ ਤਾਂ ਜੋ ਤੀਰ ਪਕੜਨ ਵਿਚ ਸੌਖ ਰਹੇ।

ਤੀਰਅੰਦਾਜ਼ ਨਿਸ਼ਾਨੇ ਦੀ ਸੇਧ ਵਿਚ ਖੜਾ ਹੋ ਜਾਂਦਾ ਹੈ ਅਤੇ ਖੱਬੇ ਹੱਥ ਵਿਚ ਕਮਾਨ ਨੂੰ ਦਸਤੇ ਤੋਂ ਫੜ ਲੈਂਦਾ ਹੈ। ਸੱਜੇ ਹੱਥ ਵਿਚ ਤੀਰ ਦੇ ਟੱਕ ਲੱਗੇ ਪਾਸੇ ਨੂੰ ਕਮਾਨ ਦੀ ਤਣੀ ਉਪਰ ਟਿਕਾ ਲੈਂਦਾ ਹੈ ਤੀਰ ਦੀ ਡੰਡੀ ਨੂੰ ਕਮਾਨ ਉੱਤੇ ਮਿਥੀ ਥਾਂ ਉਪਰ ਟਿਕਾ ਲੈਂਦਾ ਹੈ ਖੱਬੀ ਬਾਂਹ ਨੂੰ ਸਿੱਧਾ ਖਿੱਚ ਕੇ ਸੱਜੇ ਹੱਥ ਨਾਲ ਤਣੀ ਉਪਰ ਟਿਕਿਆ ਤੀਰ ਆਪਣੇ ਵੱਲ ਖਿੱਚਦਾ ਹੈ। ਇਸ ਸਮੇਂ ਤੀਰਅੰਦਾਜ਼ ਤੇ ਹੱ ਹਿਲਣੇ ਨਹੀਂ ਚਾਹੀਦੇ। ਕੁਝ ਮਿੱਥੀ ਦੂਰੀ ਤੱਕ ਤਣੀ ਨੂੰ ਖਿੱਚ ਕੇ ਛੱ ਦਿੱਤਾ ਜਾਂਦਾ ਹੈ ਅਤੇ ਇਹ ਤੀਰ ਨੂੰ ਬੜੀ ਤੇਜ਼ ਰਫਤਾਰ ਨਾ ਅਗਾਹ ਵਲ ਧੱਕਦੀ ਹੈ। ਇਹ ਸਭ ਕਰਨ ਵੇਲੇ ਤੀਰਅੰਦਾਜ਼ ਤੀ ਦੀ ਨੋਕ ਨੂੰ ਨਿਸ਼ਾਨੇ ਉਪਰ ਖੱਬੀ ਅੱਖ ਬੰਦ ਕਰਕੇ ਸੱਜੀ ਅੱਖ ਨਾ ਸੇਧ ਦਿੰਦਾ ਹੈ। ਕਮਾਨ ਦੀ ਰੱਸੀ ਨੂੰ ਘਟ ਖਿਚ ਕੇ ਛਡਣ ਨਾਲ ਤੀ ਘਟ ਦੂਰੀ ਤੈਅ ਕਰਦਾ ਹੈ ਅਤੇ ਜ਼ਿਆਦਾ ਖਿਚਣ ਨਾਲ ਤੀਰ ਬਹੁ ਦੂਰ ਤੱਕ ਚਲਾ ਜਾਂਦਾ ਹੈ।

**ਖੇਡ-ਪ੍ਰਤਿਯੋਗਤਾਵਾਂ** — ਇਸ ਖੇਡ ਦੇ ਰਾਸ਼ਟਰੀ ਅ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲੇ ਹੁੰਦੇ ਹਨ। ਇਹ ਤਿੰਨ ਕਿਸਮ ਹੁੰਦੇ ਹਨ।

1. **ਟਾਰਗੈਂਟ ਸ਼ੂਟਿੰਗ** — ਇਸ ਵਿਚ ਟਾਰਗੈਂਟ ਫੇਸ ਉੱਤੇ ਚਾਰ ਫੁੱਟ ਘੇਰੇ ਦੇ ਚਾਰ ਚੱਕਰ ਹੁੰਦੇ ਹਨ ਅਤੇ ਹਰੇਕ 4.8 ਇੰਚ ਚੌੜਾ ਹੁੰਦਾ ਹੈ। ਵਿਚਕਾਰ ਇਕ ਸੈਂਟਰਲ ਫੀਲਡ 9.6 ਇੰਚ ਘੇਰੇ ਦਾ ਹੁੰਦਾ ਹੈ। ਇਨ੍ਹਾਂ ਚੱਕਰਾਂ ਦੇ ਰੰਗ ਅਤੇ ਦਰਜੇ ਵੱਖਰੇ ਹੁੰਦੇ ਹਨ-ਸੁਨਹਿਰੀ ਦੇ 9; ਲਾਲ ਦੇ 7; ਨੀਲੇ ਦੇ 5; ਕਾਲੇ ਦੇ 3; ਅਤੇ ਸਫੈਦ ਦਾ ਇਕ। ਟਾਰਗੈਂਟ ਫੇਸ ਦੇ ਧੁਰੇ ਨੂੰ ਧਰਤੀ ਤੋਂ ਚਾਰ ਫੁੱਟ ਉੱਚਾ ਟੰਗਿਆ ਜਾਂਦਾ ਹੈ। ਹਰ ਤੀਰਅੰਦਾਜ਼ ਨੂੰ ਛੇ ਤੀਰ ਦਿੱਤੇ ਜਾਂਦੇ ਹਨ ਅਤੇ ਇਹ ਦੋ ਵਾਰੀਆਂ ਵਿਚ, ਤਿੰਨ-ਤਿੰਨ ਕਰਕੇ ਚਲਾਉਣੇ ਹੁੰਦੇ ਹਨ। ਹਰ ਖਿਡਾਰੀ ਦੇ ਅੰਕ ਨੋਟ ਕਰ ਲਏ ਜਾਂਦੇ ਹਨ ਅਤੇ ਵੱਧ ਅੰਕਾਂ ਵਾਲਾ ਜੇਤੂ ਮੰਨਿਆ ਜਾਂਦਾ ਹੈ।

2. **ਡਿਸਟੈਂਸ ਈਵੈਂਟਸ** — ਇਸ ਵਿਚ ਵਿੱਥ ਅਨੁਸਾਰ ਅੰਕ ਦਿੱਤੇ ਜਾਂਦੇ ਹਨ। ਨਿਸ਼ਾਨਾ ਨਿਯਤ ਨਹੀਂ ਕੀਤਾ ਜਾਂਦਾ। ਖਿਡਾਰੀਆਂ ਨੂੰ ਉਨ੍ਹਾਂ ਦੇ ਕਮਾਨ ਦੇ ਭਾਰ ਅਨੁਸਾਰ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਇਸ ਕਿਸਮ ਵਿਚ ਪੰਜ ਚੱਕਰ ਘਾਹ ਉਪਰ ਵਾਹ ਲਏ ਜਾਂਦੇ ਹਨ। ਕੇਂਦਰ ਦੇ ਇਕ 31 ਇੰਚ ਕਾਲੇ ਕੇਂਦਰ ਵਾਲਾ, ਚਿੱਟਾ ਟਾਰਗੈਂਟ 45° ਦੇ ਕੋਣ ਤੇ ਰੱਖਿਆ ਜਾਂਦਾ ਹੈ। ਵਿਚਕਾਰਲਾ ਚੱਕਰ ਡੇਢ ਫੁੱਟ ਉੱਤੇ 5 ਅੰਕਾਂ ਵਾਲਾ, ਦੂਜਾ 3 ਫੁੱਟ ਤੇ ਚਾਰ ਅੰਕਾਂ ਵਾਲਾ, ਛੇ ਫੁੱਟ ਤੇ ਤਿੰਨ ਅੰਕਾਂ ਵਾਲਾ, ਨੌ ਫੁੱਟ ਤੇ ਦੋ ਅੰਕਾਂ ਵਾਲਾ ਅਤੇ ਬਾਰਾਂ ਫੁੱਟ ਤੇ ਇਕ ਅੰਕ ਵਾਲਾ ਹੁੰਦਾ ਹੈ। ਕੋਈ ਵੀ ਤੀਰ ਜੋ ਕੇਂਦਰ ਵਿਚ ਲਗੇ ਟਾਰਗੈਂਟ ਤੇ ਲਗਦਾ ਹੈ, ਉਸਨੂੰ ਛੇ ਅੰਕ ਮਿਲਦੇ ਹਨ।

3. **ਫੀਲਡ ਈਵੈਂਟਸ** — ਇਸ ਕਿਸਮ ਦੀ ਤੀਰਅੰਦਾਜ਼ੀ ਵਿਚ 28 ਟਾਰਗੈਂਟ ਵੱਖਰੇ ਆਕਾਰਾਂ ਦੇ ਹੁੰਦੇ ਹਨ। ਇਹ ਟਾਰਗੈਂਟ ਵੱਖ ਵੱਖ ਦੂਰੀਆਂ ਅਤੇ ਉੱਚਾਈਆਂ ਦੇ ਲਗਾਏ ਜਾਂਦੇ ਹਨ। ਹਰੇਕ ਟਾਰਗੈਂਟ ਦੇ ਵੱਖਰੇ ਅੰਕ ਹੁੰਦੇ ਹਨ।

ਤੀਰਅੰਦਾਜ਼ੀ ਨਾ ਕੇਵਲ ਖੇਡ ਵਜੋਂ ਸਗੋਂ ਸ਼ਿਕਾਰ ਕਰਨ ਅਤੇ ਮੱਛੀਆਂ ਫੜਨ ਲਈ ਵੀ ਮਹੱਤਵਪੂਰਨ ਮੰਨੀ ਜਾਂਦੀ ਹੈ। ਸਾਡੇ ਪੂਰਵਜ ਵੀ ਇਸ ਦੀ ਮਦਦ ਨਾਲ ਸਵੈ-ਰੱਖਿਆ ਕਰਦੇ ਸਨ ਅਤੇ ਨਾਲ ਹੀ ਖਾਣਾ ਅਤੇ ਕੱਪੜਾ ਪ੍ਰਾਪਤ ਕਰਨ ਵਿਚ ਸਹਾਈ ਹੁੰਦੀ ਸੀ। ਹਿੰਦੂ ਮਿਥਿਹਾਸ ਵਿਚ ਕਈ ਗੁਣੀ ਤੀਰਅੰਦਾਜ਼ਾਂ ਦਾ ਵਰਣਨ ਆਉਂਦਾ ਹੈ। ਸ੍ਰੀ ਰਾਮ, ਅਰਜੁਨ, ਏਕਲਵਯ ਆਦਿ ਵਧੀਆ ਤੀਰ-ਅੰਦਾਜ਼ ਸਾਬਤ ਹੋਏ।

ਵੀਹਵੀਂ ਸਦੀ ਵਿਚ ਤੀਰਅੰਦਾਜ਼ੀ ਨੂੰ ਅੰਤਰਰਾਸ਼ਟਰੀ ਖੇਡ ਐਲਾਨ ਕੀਤਾ ਗਿਆ। ਇਹ 1900, 1904, 1908 ਅਤੇ 1920 ਈ. ਦੀਆਂ ਉਲੰਪਿਕ ਖੇਡਾਂ ਵਿਚ ਸ਼ਾਮਲ ਸੀ ਪਰ ਬਾਅਦ ਵਿਚ ਛੱਡ ਦਿੱਤੀ ਗਈ। ਸੰਨ 1972 ਵਿਚ ਇਹ ਦੁਬਾਰਾ ਉਲੰਪਿਕ ਖੇਡਾਂ ਵਿਚ ਸ਼ਾਮਲ ਕੀਤੀ ਗਈ ਅਤੇ ਉਦੋਂ ਤੋਂ ਲਗਾਤਾਰ ਖੇਡੀ ਜਾ ਰਹੀ ਹੈ। ਤੀਰਅੰਦਾਜ਼ੀ ਦਾ ਸਾਰਾ ਸਮਾਨ ਲਗਭਗ 4,000 ਤੋਂ 5,000 ਰੁਪਏ ਤੱਕ ਆਉਂਦਾ ਹੈ। ਇਸ ਲਈ ਘੱਟ ਲੋਕ ਹੀ ਇਹ ਖੇਡ ਖੇਡਦੇ ਹਨ। ਸਮਾਨ ਮਹਿੰਗਾ ਹੋਣ ਕਾਰਨ ਇਹ ਕਲਾ ਸੀਮਤ ਦਾਇਰੇ ਤੱਕ ਹੀ ਪ੍ਰਚਲਿਤ ਹੋ ਸਕੀ ਹੈ।

ਹ.ਪੁ.—ਐਨ.ਬ੍ਰਿ.2 : 292; ਏਸ਼ੀਅਨ ਗੇਮਜ਼-ਰਾਮ ਪਾਲ ਸਿੰਘ

**ਤੀਰ ਕਮਾਨ** : ਇਹ ਪੂਰਵ ਇਤਿਹਾਸ ਕਾਲ ਦਾ ਇਕ ਮਿਸਾਈਲ ਜਾਂ ਵਗਾਹ ਕੇ ਦੂਰ ਤਕ ਮਾਰ ਕਰਨ ਵਾਲਾ ਹਥਿਆਰ ਹੈ। ਇਹ ਸੰਸਾਰ ਦੇ ਸਾਰੇ ਹਥਿਆਰਾਂ ਵਿਚੋਂ ਸਭ ਤੋਂ ਪਹਿਲਾਂ ਅਤੇ ਪ੍ਰਾਚੀਨ ਹਥਿਆਰ ਹੈ। ਇਸ ਦਾ ਆਰੰਭਕ ਪ੍ਰਯੋਗ ਕਦੋਂ ਅਤੇ ਕਿਵੇਂ ਹੋਇਆ ਇਸ ਬਾਰੇ ਭਾਵੇਂ ਨਿਸ਼ਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਤੀਰ ਕਮਾਨ ਦੀ ਵਰਤੋਂ ਪੱਥਰ - ਯੁੱਗ ਦੌਰਾਨ ਸਭ ਤੋਂ ਪਹਿਲਾਂ ਪੂਰਬੀ ਦੇਸ਼ਾਂ ਵਲੋਂ ਆਰੰਭ ਹੋਈ। ਪਹਿਲਾਂ ਪਹਿਲ ਮਨੁੱਖ ਨੇ ਤੀਰ ਕਮਾਨ ਆਪਣੇ ਆਹਾਰ ਦੀ ਪ੍ਰਾਪਤੀ ਲਈ ਅਤੇ ਸਵੈ-ਰੱਖਿਆ ਲਈ ਬਣਾਏ। ਹੌਲੀ ਹੌਲੀ ਇਨ੍ਹਾਂ ਦੀ ਵਰਤੋਂ ਸ਼ਾਸਤਰ ਦੇ ਰੂਪ ਵਿਚ ਹੋਣ ਲਗੀ। ਸੋਲਵੀਂ ਸਦੀ ਤਕ ਤੀਰ ਕਮਾਨ ਰਾਜਿਆਂ, ਬਾਦਸ਼ਾਹਾਂ ਦੀਆਂ ਲੜਾਈਆਂ ਤੇ ਜੰਗਾਂ ਵਿਚ ਇਕ ਚੰਗੇ ਹਥਿਆਰ ਦੇ ਰੂਪ ਵਿਚ ਵਰਤਿਆ ਜਾਂਦਾ ਸੀ। ਇਸ ਉਪਰੰਤ ਵਿਗਿਆਨ ਦੀ ਤਰੱਕੀ ਨਾਲ ਅਗਨੀ ਹਥਿਆਰਾਂ ਦੀਆਂ ਨਵੀਆਂ ਕਾਢਾਂ ਕਾਰਨ ਤੀਰ ਕਮਾਨ ਦਾ ਸੁਰੱਖਿਆ ਦੇ ਦਾਇਰੇ ਵਿਚ ਮਹੱਤਵ ਘਟਣਾ ਸ਼ੁਰੂ ਹੋ ਗਿਆ ਪਰ ਫਿਰ ਵੀ ਖੇਡਾਂ ਵਿਚ ਅਤੇ ਨਿਸ਼ਾਨੇਬਾਜ਼ੀ ਦੇ ਪਿੜ ਵਿਚ ਅਜੇ ਵੀ ਤੀਰ ਕਮਾਨ ਕਾਫ਼ੀ ਮਹੱਤਵਪੂਰਨ ਹੈ।

ਤੀਰ ਕਮਾਨ ਦੂਰ ਤਕ ਮਾਰ ਕਰਨ ਵਾਲਾ ਸ਼ਸਤਰ ਹੈ। ਕਮਾਨ ਜਿਵੇਂ ਕਿ ਇਸਦੇ ਨਾਉਂ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਕ ਵਕਰ ਰੂਪੀ ਧਾਤ ਜਾਂ ਲੱਕੜੀ ਦੀ ਛੜ ਹੁੰਦੀ ਹੈ ਜਿਸ ਦੇ ਦੋਵੇਂ ਸਿਰੇ ਇਕ ਮਜ਼ਬੂਤ ਤੰਦ ਨਾਲ ਬੰਨੇ ਹੁੰਦੇ ਹਨ ਜਿਸ ਨੂੰ ਚਿੱਲਾ ਕਹਿੰਦੇ ਹਨ। ਤੀਰ ਜਿਸ ਦਾ ਅਗਲਾ ਸਿਰਾ ਤਿੱਖਾ ਨੋਕਦਾਰ ਹੁੰਦਾ ਹੈ ਤੇ ਪਿਛਲਾ ਖੰਭਨੁਮਾ ਦੰਦੇ ਦਾਰ ਬਣਿਆ ਹੁੰਦਾ ਹੈ। ਤੀਰ ਦੇ ਤਿੱਖੇ ਸਿਰੇ ਤੇ ਧਾਤ ਜਾਂ ਚਕਮਾਕ ਪੱਥਰ ਮੜ੍ਹਿਆ ਹੁੰਦਾ ਹੈ। ਕਿਸੇ ਤੀਰ ਕਮਾਨ ਦੀ ਸਮਰੱਥਾ ਦਾ ਅੰਦਾਜ਼ਾ ਉਸ ਦੀ ਸ਼ਕਤੀ ਤੋਂ ਲਗਾਇਆ ਜਾਂਦਾ ਹੈ। ਜਿਸ ਨਾਲ ਕਮਾਨ ਵੱਧ ਤੋਂ ਵੱਧ ਜ਼ੋਰ ਨਾਲ ਖਿੱਚ ਕੇ ਚਿੱਲਾ ਚੜ੍ਹਾਉਣ ਉਪਰੰਤ ਵਾਪਸ ਆਪਣੇ ਆਕਾਰ ਵਿਚ ਆ ਜਾਵੇ ਅਤੇ ਦੂਜੇ ਪਾਸੇ ਕਮਾਨ ਦੇ ਵਿਸਥਾਪਨ ਦੀ ਦੂਰੀ ਤੋਂ ਲਾਇਆ ਜਾਂਦਾ ਹੈ। ਇਹ ਦੂਰੀ ਤੀਰਅੰਦਾਜ਼ੀ ਦੀ ਆਪਣੀ ਸਮਰੱਥਾ ਤੇ ਨਿਰਭਰ ਕਰਦੀ ਹੈ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤੀਰ ਕਮਾਨ ਕੋਚਕ ਵਿਚ ਤੇ ਈਰਾਨ ਦੇ ਰਸਤਿਉਂ ਯੂਨਾਨ ਅਤੇ ਅਰਬ ਦੇਸ਼ਾਂ ਵਿਚ ਭਾਰਤ ਤੋਂ ਬਾਹਰ ਗਿਆ। ਦੁਨੀਆਂ ਭਰ ਦੇ ਸਭ ਤੋਂ ਪ੍ਰਾਚੀਨ ਸਾਹਿਤ ਵਿਚ ਇੰਦਰ ਦੇ ਵਜਰ ਅਤੇ ਤੀਰ ਕਮਾਨ ਦਾ ਵਰਣਨ ਮਿਲਦਾ ਹੈ। ਪ੍ਰਾਚੀਨ ਸਮੇਂ ਵਿਚ ਸੈਨਿਕ ਵਿਗਿਆਨ ਦਾ ਨਾਂ ਧਨੁਰ ਵੇਦ ਸੀ ਜਿਸ ਤੋਂ ਉਸ ਸਮੇਂ ਦੌਰਾਨ ਤੀਰ ਕਮਾਨ ਦੀ ਵਰਤੋਂ ਦੀ ਮਹੱਤਤਾ ਦਾ ਪਤਾ ਲਗਦਾ ਹੈ।

ਤੀਰ ਕਮਾਨ ਦੀ ਕਾਢ ਕਿਵੇਂ ਸੰਭਵ ਹੋਈ ਇਸਦੇ ਤਿੰਨ ਸੰਭਵ ਕਾਰਨ ਕਹੇ ਜਾ ਸਕਦੇ ਹਨ। ਪਹਿਲਾਂ ਇਸਨੂੰ ਬਣਾਉਣ ਲਈ ਲਾਗਤ ਕਾਫੀ ਘੱਟ ਆਉਂਦੀ ਹੈ, ਦੂਜਾ ਇਸ ਦੀ ਮਾਰ ਦੂਰ ਤੀਕ ਹੈ ਤੇ ਤੀਜਾ ਇਸਨੂੰ ਲੋੜ ਪੈਣ ਤੇ ਇਕਦਮ ਚਲਾਇਆ ਜਾ ਸਕਦਾ ਹੈ।

ਪ੍ਰਾਚੀਨ ਸੰਸਕ੍ਰਿਤ ਸਾਹਿਤ ਵਿਚ ਕਮਾਨ ਦੇ ਅਨੇਕਾਂ ਹੀ ਨਾਉਂ ਮਿਲਦੇ ਹਨ ਸਾਰੰਗ,ਕੋਦੰਡ, ਕਾਰਮੁਕ, ਧਨੁ, ਚਾਪ ਆਦਿ ਉਨ੍ਹਾਂ ਵਿਚੋਂ ਹਨ। ਕਮਾਨ ਬਾਰੇ ਵਰਤੇ ਗਏ ਇਹ ਸਾਰੇ ਨਾਂ ਇਸ ਗੱਲ ਨੂੰ ਸਪਸ਼ਟ ਨਹੀਂ ਕਰਦੇ ਕਿ ਕੀ ਇਹ ਹਰ ਕਿਸਮ ਦੇ ਤੀਰ ਕਮਾਨ ਲਈ ਵਰਤੇ ਜਾਂਦੇ ਸਨ ਜਾਂ ਵਿਸ਼ੇਸ਼ ਆਕਾਰ ਤੇ ਬਣਤਰ ਵਾਲੇ ਕਮਾਨ ਲਈ ਸੀ।

ਅਗਨੀ ਪੁਰਾਣ ਵਿਚ ਇਸ ਸ਼ਸਤਰ ਬਾਰੇ ਵਿਸਤਾਰਪੂਬਰਕ ਬਿਰਤਾਂਤ ਮਿਲਦਾ ਹੈ। ਇਸ ਅਨੁਸਾਰ ਕਮਾਨ ਦੀ ਪੱਟੀ ਸਟੀਲ ਜਾਂ ਲਕੜੀ ਦੀ ਬਣੀ ਹੋ ਸਕਦੀ ਹੈ ਅਤੇ ਇਸਦੀ ਡੋਰੀ ਬਾਂਸ ਆਦਿ ਵਰਗੇ ਲੰਬੇ ਰੇਸ਼ਿਆਂ ਵਾਲੇ ਦਰਖਤਾਂ ਦੇ ਤੰਤੂਆਂ ਜਾਂ ਰੇਸ਼ਿਆਂ ਤੋਂ ਬਣਾਈ ਜਾਂਦੀ ਹੈ। ਕੋਟੱਲਿਆ (ਕੌਟਿਲਯ) ਸ਼ਾਸਤਰ ਵਿਚ ਮੁਰਵਾ, ਮੂੰਜ ਘਾਹ, ਸਣ, ਅਰਕ, ਆਦਿ ਦੇ ਰੇਸ਼ੇ ਡੋਰੀ ਲਈ ਦੱਸੇ ਗਏ ਹਨ। ਲਕੜੀ ਦੇ ਕਮਾਨ ਦੀ ਪਟੀ ਆਮ ਤੌਰ ਤੇ ਛੇ ਫੁਟ ਹੁੰਦੀ ਸੀ। ਇਸਦੇ

ਮੁੱਠੇ ਵਾਲੀ ਥਾਂ ਤੇ ਮੋਟਾਈ ਲਈ ਕਈ ਪਦਾਰਥ ਲਪੇਟੇ ਜਾਂਦੇ ਸਨ। ਜਿਸ ਨਾਲ ਪਕੜ ਵਿਚ ਸਥਿਰਤਾ ਰਹਿੰਦੀ ਸੀ। ਸਟੀਲ ਵਾਲੇ ਕਮਾਨ ਦਾ ਮੁੱਠਾ ਛੋਟੀ ਪਕੜ ਵਾਲਾ ਹੁੰਦਾ ਸੀ। ਲਕੜੀ ਦਾ ਕਮਾਨ ਬਣਾਉਣ ਲਈ ਮੱਝ, ਗੈਂਡਾ ਆਦਿ ਦੇ ਸਿੰਗ ਅਤੇ ਚੰਦਨ, ਸਾਲ, ਬੈਂਤ ਆਦਿ ਦੀ ਲਕੜੀ ਵਰਤੋਂ ਵਿਚ ਲਿਆਂਦੀ ਜਾਂਦੀ ਹੈ। ਬਾਂਸ ਇਨ੍ਹਾਂ ਸਾਰਿਆਂ ਵਿਚੋਂ ਸਭ ਤੋਂ ਚੰਗਾ ਸਮਝਿਆ ਜਾਂਦਾ ਸੀ। ਵਿਸ਼ਵਾਸ ਹੈ ਕਿ ਅਰਜਨ ਦਾ ਗਾਂਡੀਵ ਕਮਾਨ ਬਾਂਸ ਦਾ ਹੀ ਬਣਿਆ ਹੋਇਆ ਸੀ। ਰਾਜਿਆਂ ਮਹਾਰਾਜਿਆਂ ਦੇ ਕਮਾਨ ਸੋਨੇ ਚਾਂਦੀ ਜਾਂ ਤਾਂਬੇ ਦੇ ਵੀ ਬਣੇ ਹੁੰਦੇ ਸਨ।

ਕੌਟੱਲਿਆ ਅਨੁਸਾਰ ਕਮਾਨ ਚਾਰ ਕਿਸਮਾਂ ਦੇ ਹੁੰਦੇ ਸਨ। (1) ਕਾਰਮੁਕ-ਇਹ ਤਾੜ ਦਾ ਬਣਿਆ ਹੁੰਦਾ ਸੀ (2) ਕੋਦੰਡ-ਇਹ ਬਾਂਸ ਦਾ ਹੀ ਬਣਾਇਆ ਜਾਂਦਾ ਸੀ; (3) ਦਰੁਣ - ਡਾਰਨਵੁੱਡ ਦਾ ਅਤੇ (4) ਹੱਡੀ ਜਾਂ ਸਿੰਗ ਦਾ ਬਣਿਆ ਹੁੰਦਾ ਸੀ। ਕ੍ਰਿਸ਼ਨ ਜੀ ਦਾ ਕਮਾਨ ਸਿੰਗ ਦਾ ਬਣਿਆ ਮੰਨਿਆ ਜਾਂਦਾ ਹੈ।

ਕੋਦੰਡ ਮੰਡਨ ਗ੍ਰੰਥ ਵਿਚ ਕਮਾਨ ਦੇ ਕਈ ਪ੍ਰਕਾਰ ਦੇ ਲੱਛਣ ਬਿਆਨ ਕੀਤੇ ਗਏ ਹਨ ਅਤੇ ਦੇਵਤਿਆਂ ਦੇ ਕਮਾਨ ਦਾ ਵੀ ਵਰਣਨ ਹੈ। ਇਸ ਵਿਚ ਡੋਰੀ ਦੇ ਹਲਕੇ ਤੇ ਭਾਰੇ ਪਣ ਤੇ ਨਿਰਭਰ 18 ਕਿਸਮ ਦੇ ਕਮਾਨ ਦੱਸੇ ਗਏ ਹਨ। ਬਹੁਤਾ ਭਾਰੀ ਕਮਾਨ ਚੰਗੀ ਤਰ੍ਹਾਂ ਨਹੀਂ ਵਰਤਿਆ ਜਾ ਸਕਦਾ।

ਆਸਾਮ ਵਿਚ ਅੱਜਕਲ੍ਹ ਵੀ ਸਾਧਾਰਣ ਕਿਸਮਾਂ ਦੇ ਕਮਾਨ ਵਰਤੇ ਜਾਂਦੇ ਹਨ। ਖਸ ਜਾਤੀ ਵਿਸ਼ੇਸ਼ ਕਰਕੇ ਇਸ ਕਮਾਨ ਦੀ ਵਰਤੋਂ ਕਰਦੀ ਹੈ। 12 ਵੀਂ ਸਦੀ ਦੌਰਾਨ ਯੂਰਪ ਵਿਚ ਕਲਦਾਰ ਕਮਾਨ ਵਰਤਿਆ ਜਾਂਦਾ ਸੀ। ਇਹ ਲੰਬੇ ਕਮਾਨ ਦੇ ਮੁਕਾਬਲੇ ਵਿਚ ਦੋ ਗੁਣਾਂ ਕਰਕੇ ਚੰਗੇਰਾ ਸੀ। ਇਕ ਤਾਂ ਇਸ ਵਿਚ ਨਿਸ਼ਾਨਾ ਚੰਗੀ ਤਰ੍ਹਾਂ ਬੰਨ੍ਹਿਆਂ ਜਾਂਦਾ ਸੀ ਅਤੇ ਦੂਜਾ ਇਸ ਵਿਚ ਅੰਗਰੇਜ਼ੀ ਕਿਸਮ ਦੇ ਕਮਾਨਾਂ ਨਾਲੋਂ ਘਟ ਤਾਕਤ ਲਗਦੀ ਸੀ। ਹੌਲੀ ਹੌਲੀ ਕਲਦਾਰ ਕਮਾਨ ਲੰਬਾਈ ਤੇ ਭਾਰ ਵਿਚ ਵਧਦਾ ਗਿਆ ਤੇ ਇਸਦਾ ਸਰੂਪ ਗੁੰਝਲਦਾਰ ਹੁੰਦਾ ਗਿਆ ਤੇ ਅੰਤ ਵਿਚ ਅਗਨੀ ਸ਼ਸਤਰ ਦੀ ਵਰਤੋਂ ਸ਼ੁਰੂ ਹੋਣ ਨਾਲ ਤੀਰ ਕਮਾਨ ਦੀ ਵਰਤੋਂ ਘਟ ਗਈ। ਹਿੰਦ-ਚੀਨ ਅੰਦਰ ਹੁਣ ਵੀ ਕਲਦਾਰ ਕਿਸਮ ਦੇ ਕਮਾਨ ਦੀ ਵਰਤੋਂ ਕੀਤੀ ਜਾਂਦੀ ਹੈ।

ਇਸ ਸ਼ਸਤਰ ਦਾ ਦੂਜਾ ਹਿੱਸਾ ਬਾਣ ਜਾਂ ਤੀਰ ਕਹਾਉਂਦਾ ਹੈ ਜਿਸ ਦਾ ਸਭ ਤੋਂ ਪਹਿਲਾਂ ਹਵਾਲਾ 'ਰਿਗ ਵੇਦ ਸੰਹਿਤਾ' ਵਿਚ ਮਿਲਦਾ ਹੈ। ਇਸ ਗ੍ਰੰਥ ਅਨੁਸਾਰ ਉਨ੍ਹਾਂ ਦਿਨਾਂ ਵਿਚ ਬਾਣ ਨਿਰਮਾਣ ਦਾ ਉਤਪਾਦਨ ਇਕ ਵਿਕਸਿਤ ਉਦਯੋਗ ਸੀ। ਤੀਰ ਦਾ ਅਗਲਾ ਹਿੱਸਾ ਲੁਹਾਰ ਬਣਾਉਂਦਾ ਸੀ ਜਦੋਂ ਕਿ ਇਸਦਾ ਬਾਕੀ ਦਾ ਹਿੱਸਾ ਤੀਰ ਬਣਾਉਣ ਵਾਲਾ ਵਿਸ਼ੇਸ਼ ਕਾਰੀਗਰ ਤਿਆਰ ਕਰਦਾ ਸੀ। ਅਗਨੀ ਪੁਰਾਣ ਵਿਚ ਤੀਰ ਦੇ ਦਿੱਤੇ ਨਿਰਮਾਣ ਦੇ ਵਰਣਨ ਤੋਂ ਪਤਾ ਚਲਦਾ ਹੈ ਕਿ ਇਹ ਲੋਹੇ ਜਾਂ ਬਾਂਸ ਤੋਂ ਤਿਆਰ ਕੀਤਾ ਜਾਂਦਾ ਸੀ ਅਤੇ ਇਸ ਕੰਮ ਲਈ ਸੋਨੇ-ਰੰਗਾ ਵਧੀਆ ਕਿਸਮ ਦਾ ਬਾਂਸ ਵਰਤਿਆ ਜਾਂਦਾ ਸੀ। ਤੀਰ ਦੇ ਪਿਛਲੇ ਸਿਰੇ ਤੇ ਖੰਭ ਬਣਾਏ ਜਾਂਦੇ ਸਨ ਤੇ ਉਸ ਉਪਰ ਹਮੇਸ਼ਾ ਤੇਲ ਲਗਾ ਕੇ ਰੱਖਿਆ ਜਾਂਦਾ ਜਿਸ ਨਾਲ ਕਮਾਨ ਵਿਚੋਂ ਤੀਰ ਦਾ ਨਿਕਲਣਾ ਸੌਖਾ ਹੁੰਦਾ ਸੀ। ਤੀਰ ਦੀ ਨੋਕ ਉਪਰ ਸੋਨਾ ਚੜ੍ਹਾਇਆ ਜਾਂਦਾ ਸੀ। ਇਸ ਤੋਂ ਬਾਅਦ 'ਹਰਿ ਹਰ ਚਤੁਰੰਗ' ਅਨੁਸਾਰ ਤੀਰ ਨਿਰਮਾਣ ਵਿਚ ਲੱਕੜੀ ਦੀ ਥਾਂ ਧਾਤ ਨੂੰ ਮਹੱਤਵ ਦਿੱਤਾ ਜਾਣ ਲੱਗਾ।

ਹ.ਪੁ.–ਹਿੰ. ਵਿ. ਕੋ. 6 : 161 ; ਐਨ. ਬ੍ਰਿ. ਮਾ. 2 : 435

**ਤੀਰ, ਗੁਰਨਾਮ ਸਿੰਘ ਡਾ.** : ਪੰਜਾਬੀ ਦੇ ਇਸ ਉੱਘੇ ਅਧਿਆਪਕ, ਵਕੀਲ, ਸੰਪਾਦਕ, ਸਿਆਸੀ ਨੇਤਾ ਤੇ ਲੇਖਕ ਦਾ ਜਨਮ 30 ਜੂਨ, 1930 ਨੂੰ ਫਰੀਦਕੋਟ ਦੇ ਪਿੰਡ ਕੋਟ ਸੁਖੀਆ ਵਿਖੇ ਹੋਇਆ। ਇਸ ਦੇ ਪਿਤਾ ਦਾ ਨਾਂ ਸਰਦਾਰ ਗੁਰਦਿਆਲ ਸਿੰਘ ਬਰਾੜ ਅਤੇ ਮਾਤਾ ਦਾ ਨਾਂ ਸਰਦਾਰਨੀ ਆਸਾ ਕੌਰ ਸੀ। ਇਸ ਨੇ ਐਮ. ਏ, ਪੀ. ਐਚ. ਡੀ . ਅਤੇ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸਨੇ ਪੱਤਰਕਾਰੀ ਅਤੇ ਵਕਾਲਤ ਦਾ ਕਿੱਤਾ ਅਪਣਾਇਆ।



ਗੁਰਨਾਮ ਸਿੰਘ ਤੀਰ

ਤੀਰ ਬਹੁਪੱਖੀ ਸ਼ਖ਼ਸੀਅਤ ਅਤੇ ਬਹੁਰੰਗੀ ਪ੍ਰਤਿਭਾ ਦਾ ਮਾਲਕ ਸੀ। ਸਿਰਫ਼ ਸਾਹਿਤਕ ਹੀ ਨਹੀਂ ਸਗੋਂ ਸਮਾਜਕ, ਸਭਿਆਚਾਰਕ ਤੇ ਸਿਆਸੀ ਹਲਕਿਆਂ ਵਿਚ ਵੀ ਇਸ ਦੀ ਬੜੀ ਚਰਚਾ ਸੀ। ਇਸ ਨੇ ਕਵਿਤਾ, ਕਹਾਣੀ ਆਦਿ ਸਾਹਿਤ ਦੇ ਹਰ ਰੂਪ ਤੇ ਕਲਮ ਅਜ਼ਮਾਈ ਹੈ। ਇਸ ਦੀ ਕਹਾਣੀ ਦਾ ਬਾਹਰੀ ਪ੍ਰਭਾਵ ਭਾਵੇਂ ਹਾਸ ਵਿਅੰਗ ਦਾ ਪੈਂਦਾ ਹੈ ਪਰ ਉਸ ਦੇ ਅੰਦਰ ਇਕ ਡੂੰਘੀ ਪੀੜਾ ਲੁਕੀ ਹੁੰਦੀ ਹੈ। ਇਸ ਦਾ ਨਿਸ਼ਾਨਾ ਪੜਚੋਲ - ਆਤਮਕ ਵੀ ਹੈ ਤੇ ਸੁਝਾਊ ਵੀ ਪਰ ਅੰਦਾਜ਼ ਨਾਟਕੀ ਤੇ ਕਲਾਤਮਕ ਹੁੰਦਾ ਹੈ। ਵਿਅੰਗ ਤੇ ਖੇਤਰ ਵਿਚ ਵੀ ਇਸ ਦਾ ਹਾਸ- ਰਸ ਬੜਾ ਸੂਖ਼ਮ ਤੇ ਜੁਗਤ ਬੜੀ ਕਾਟਵੀਂ ਹੁੰਦੀ ਹੈ। ਇਸਨੇ ਜੀਵਨ ਦੇ ਕਈ ਡੂੰਘੇ ਦੁੱਖਾਂ ਦਾ ਅਹਿਸਾਸ ਕੀਤਾ ਹੈ ਪਰ ਆਪਣੀ ਲੇਖਣੀ ਵਿਚ ਉਨ੍ਹਾਂ ਨੂੰ ਹਾਸ-ਰਸੀ ਸਾਮੱਗਰੀ ਵਿਚ ਬਦਲ ਦਿੱਤਾ ਹੈ।

ਪੱਤਰਕਾਰੀ ਦੇ ਖੇਤਰ ਵਿਚ ਇਸ ਦੀ ਸੇਵਾ ਬੜੀ ਲੰਮੀ ਅਤੇ ਦੇਣ ਵਡਮੁੱਲੀ ਸੀ। ਇਸ ਨੂੰ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਇਕੋ ਜਿੰਨੀ ਮੁਹਾਰਤ ਤੇ ਮਕਬੂਲੀਅਤ ਹਾਸਲ ਸੀ। ਸਾਹਿਤ ਅਤੇ ਪੱਤਰਕਾਰੀ ਦੋਹਾਂ ਖੇਤਰਾਂ ਵਿਚ ਹਾਸ ਵਿਅੰਗ 'ਤੀਰ ' ਦੀ ਵਿਸ਼ੇਸ਼ ਦੇਣ ਹੈ।

ਡਾ. ਗੁਰਨਾਮ ਸਿੰਘ ਤੀਰ ਨੇ ਦੋ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ 'ਮੈਨੂੰ ਮੈਥੋਂ ਬਚਾਵੋ'; ਹਸਦੀ ਦੁਨੀਆਂ'; 'ਗੁੜ੍ਹਤੀ'; 'ਮਿੱਠੀਆਂ ਪੀੜਾਂ'; 'ਆਰਟਿਸਟ ਬੋਲਿਆ'; 'ਅੱਧੀ ਰਾਤ ਦੀਆਂ ਹਾਕਾਂ'; 'ਨਵੇਕਲੀਆਂ ਹੱਦਾਂ'; 'ਵੈਸੇ ਸਰ ਸਕਦਾ ਹੈ'; 'ਪੇਂਡੂ ਜੀਵਨ'; 'ਗੁੱਝੀ ਪ੍ਰੀਤ'; 'ਛੂ-ਮੰਤਰ'; 'ਬਾਰਾਂਦਰੀ'; 'ਗੁੰਝਲਾਂ'; 'ਅਕਲ ਦਾੜ੍ਹ' ਆਦਿ ਸ਼ਾਮਲ ਹਨ। ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਇਸ ਦੇ ਵਡਮੁੱਲੇ ਯੋਗਦਾਨ ਕਾਰਨ ਭਾਸ਼ਾ ਵਿਭਾਗ, ਪੰਜਾਬ ਨੇ ਇਸ ਨੂੰ

ਸੰਨ 1986 ਦਾ 'ਸ਼੍ਰੋਮਣੀ ਪੰਜਾਬੀ ਪੱਤਰਕਾਰ' ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।

15 ਅਪ੍ਰੈਲ, 1991 ਨੂੰ ਚੰਡੀਗੜ੍ਹ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.–ਸੁਵਿਨਰ - ਭਾ. ਵਿ. ਪੰ. ; ਪੰ.ਸਾ.ਇ.- ਭਾ. ਵਿ. ਪੰ.

**ਤੀਰਥ** : ਇਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਕੋਸ਼ਗਤ ਅਰਥ ਉਸ ਪਵਿੱਤਰ ਅਸਥਾਨ ਤੋਂ ਲਿਆ ਜਾਂਦਾ ਹੈ ਜਿਥੇ ਸ਼ਰਧਾਲੂ ਧਾਰਮਿਕ ਭਾਵਨਾ ਨਾਲ ਪੂਜਾ, ਇਸ਼ਨਾਨ ਅਤੇ ਉਪਾਸਨਾ ਲਈ ਜਾਂਦੇ ਹਨ। ਤੀਰਥ ਦਾ ਅਰਥ ਘਾਟ ਜਾਂ ਉਸ ਸਥਾਨ ਤੋਂ ਵੀ ਲਿਆ ਜਾਂਦਾ ਹੈ ਜਿਥੋਂ ਨਦੀ ਪਾਰ ਕੀਤੀ ਜਾਂਦੀ ਹੈ। ਹੌਲੀ ਹੌਲੀ ਜਿਨ੍ਹਾਂ ਸਥਾਨਾਂ ਨਾਲ ਧਾਰਮਿਕ ਵਿਸ਼ਵਾਸ਼ ਜੁੜ ਗਏ ਉਨ੍ਹਾਂ ਨੂੰ ਤੀਰਥ ਕਿਹਾ ਜਾਣ ਲੱਗਾ ਕਿਉਂਕਿ ਇਹ ਜੀਵ ਨੂੰ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਕਰਾਉਣ ਵਾਲੇ ਘਾਟ ਹਨ। ਇਸ ਤਰ੍ਹਾਂ ਤੀਰਥ ਸ਼ਬਦ ਦੇ ਅਰਥ ਦਾ ਵਿਕਾਸ ਹੋ ਗਿਆ ਭਾਵ ਪਾਪਾਂ ਤੋਂ ਮੁਕਤੀ ਦਿਵਾਉਣ ਵਾਲਾ ਸਥਾਨ। ਬਹੁਤੇ ਤੀਰਥ ਅਸਥਾਨ ਨਦੀਆਂ ਜਾਂ ਸਰੋਵਰਾਂ ਦੇ ਕੰਢੇ ਬਣੇ ਹੋਣ ਕਾਰਨ ਪ੍ਰਤੀਕਾਤਮਕ ਰੂਪ ਵਿਚ ਭਵਸਾਗਰ ਨੂੰ ਪਾਰ ਕਰਨ ਦੀ ਪ੍ਰੇਰਣਾ ਦਿੰਦੇ ਹਨ। ਤੀਰਥ ਅਸਥਾਨਾਂ ਤੇ ਜਾ ਕੇ ਯਾਤਰੀ ਇਸ਼ਨਾਨ ਕਰਕੇ ਪੁੰਨ ਦਾਨ ਕਰਦੇ ਹਨ ਅਤੇ ਸਾਧਾਂ-ਸੰਤਾਂ ਦੀ ਸੰਗਤ ਵਿਚ ਹਰਿ ਕਥਾ, ਹਰਿ ਕੀਰਤਨ ਅਤੇ ਹਰੀ ਦਾ ਰਸ ਸੁਣ ਕੇ ਆਪਣਾ ਅਧਿਆਤਮਕ ਭਵਿੱਖ ਸੁਧਾਰਦੇ ਹਨ।

ਤੀਰਥ ਸ਼ਬਦ ਮੁੱਖ ਤੌਰ ਤੇ ਹਿੰਦੂ ਧਰਮ ਦੇ ਪਵਿੱਤਰ ਅਸਥਾਨਾਂ ਲਈ ਪ੍ਰਚਲੱਤ ਹੈ। ਭਾਰਤ ਵਿਚ ਹਿੰਦੂ ਧਰਮ ਨਾਲ ਸਬੰਧਤ ਅਠਾਹਠ ਪਵਿੱਤਰ ਸਥਾਨ ਮੰਨੇ ਜਾਂਦੇ ਹਨ ਜਿਨ੍ਹਾਂ ਵਿਚੋਂ ਮੁੱਖ ਤੌਰ ਤੇ ਅਯੁਧਿਆ, ਮਥੁਰਾ, ਮਾਯਾ, ਕਾਸ਼ੀ, ਕਾਂਚੀ, ਅਵੰਤਿਕਾ ਅਤੇ ਦੁਆਰਿਕਾ, ਸਤ ਪੁਰੀਆਂ ਨੂੰ ਮੁਕਤੀ ਪ੍ਰਦਾਤਾ ਮੰਨਿਆ ਗਿਆ ਹੈ। ਸੱਤ ਪੁਰੀਆਂ ਤੋਂ ਇਲਾਵਾ ਚਾਰ ਧਰਮ-ਧਾਮ ਵੀ ਮੰਨੇ ਗਏ ਹਨ ਜਿਨ੍ਹਾਂ ਵਿਚ ਦੁਆਰਿਕਾ ਪੁਰੀ ਵੀ ਸ਼ਾਮਲ ਹੈ। ਦੁਆਰਿਕਾ, ਜਗਨ ਨਾਥ, ਬਦਰਿਕਾਸ਼੍ਰਮ ਅਤੇ ਰਾਮੇਸ਼ਵਰਮ ਚਾਰ ਧਰਮ ਧਾਮ ਮੰਨੇ ਗਏ ਹਨ। ਇਸ ਤਰ੍ਹਾਂ ਹਿੰਦੂ ਧਰਮ ਦੇ ਇਹ ਦੱਸ ਮਹਾਨ ਤੀਰਥ ਅਸਥਾਨ ਮੰਨੇ ਗਏ ਹਨ। ਹਿੰਦੂ ਧਰਮ ਦੇ ਅਠਾਹਠ ਤੀਰਥ ਅਰਥਾਤ ਪਵਿੱਤਰ ਸਥਾਨਾਂ ਦੀ ਸਥਾਪਨਾ ਕਪਿਲ ਤੰਤ੍ਰ ਵਿਚ ਹੋਈ ਹੈ। ਹਿੰਦੂ ਧਰਮ ਦੇ ਉਪਰੋਕਤ ਦਸ ਮੁੱਖ ਤੀਰਥਾਂ ਤੋਂ ਇਲਾਵਾ 58 ਤੀਰਥਾਂ ਦੇ ਨਾਂ ਇਸ ਪ੍ਰਕਾਰ ਹਨ—ਓਅੰਕਾਰ, ਏਰਾਵਤੀ, ਸ਼ਤਦ੍ਰ, ਸਰਸਵਤੀ, ਸਰਯੂ ਸਿੰਘੁ, ਸ਼ਿਪ੍ਰਾ, ਸ਼ੋਣ, ਸ਼੍ਰੀਸੈਲ, ਸ਼੍ਰੀਰੰਗ, ਹਰਿਦ੍ਵਾਰ, ਕਪਾਲਮੋਚਨ, ਕਪਿਲ-ਲੌਦਕ, ਕਾਲੰਜਰ, ਕਾਵੇਰੀ, ਕੁਰਕਸ਼ੇਤ੍ਰ, ਕੇਦਾਰਨਾਥ, ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾਸਾਗਰ, ਗੰਡਕਾ, ਘਰਘਰਾ, ਚਰਮਨਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜ੍ਵਾਲਾ-ਮੁਖੀ, ਤਪਤੀ, ਤਾਮ੍ਰਪਰਣੀ, ਤੁਕਭਦ੍ਰਾ, ਦਸ਼ਾਸ੍ਵਮੇਧ, ਦ੍ਰਿਸ਼ਦਵਤੀ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ (ਤ੍ਰਿਵੇਣੀ ਸੰਗਮ), ਪ੍ਰਿਥੁਦਕ, ਭਦ੍ਰੇਸ਼੍ਵਰ, ਭੀਮੇਸ਼੍ਵਰ, ਭ੍ਰਿੰਗਤੁੰਗ, ਮਹਾਕਾਲ ਮਹਾਬੋਧਿ, ਮਾਨ ਸਰੋਵਰ, ਮੰਦਾਕਿਨੀ, ਯਮੁਨਾ, ਵਿਤਸਤਾ, ਵਿੰਧ੍ਯ ਵਿਪਾਸ਼, ਵਿਮਲਸ਼੍ਵੇਰ, ਵੇਣਾ, ਵੇਤਵਤੀ, ਵੈਸ਼ਨਵੀ ਅਤੇ ਵੈਦਯਨਾਥ।

ਉਪਰੋਕਤ ਤੀਰਥਾਂ ਵਿਚੋਂ ਜ਼ਿਆਦਾ ਦੇ ਨਾਂ ਨਦੀਆਂ ਅਤੇ ਪਰਬਤਾਂ ਨਾਲ ਸਬੰਧਤ ਹਨ। ਹਿੰਦੂਆਂ ਵਿਚ ਇਹ ਵਿਸ਼ਵਾਸ਼ ਹੈ ਕਿ ਇਨ੍ਹਾਂ ਅਠਾਹਠ ਤੀਰਥਾਂ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਸ਼ਰਧਾਲੂ ਦੀ ਸੰਸਾਰਿਕ ਬੰਧਨਾਂ ਤੋਂ ਮੁਕਤੀ ਹੋ ਜਾਂਦੀ ਹੈ।

ਹਿੰਦੂ ਧਰਮ ਤੋਂ ਇਲਾਵਾ ਸਿੱਖ ਧਰਮ ਵਿਚ ਵੀ ਤੀਰਥ ਦਾ ਜ਼ਿਕਰ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੀ ਸ਼ਾਹਕਾਰ ਰਚਨਾ 'ਜਪੁਜੀ' ਵਿਚ ਲਿਖਦੇ ਹਨ :—

"ਸੁਣਿਐ ਅਠਸਠਿ ਕਾ ਇਸਨਾਨੁ।"

ਇਥੇ ਗੁਰੂ ਜੀ ਦਾ ਕਹਿਣ ਦਾ ਭਾਵ ਹੈ ਪਰਮਾਤਮਾ ਦੇ ਨਾਮ ਨੂੰ ਸੁਣਨ ਨਾਲ ਅਠਸਠ ਅਰਥਾਤ ਅਠਾਹਠ ਤੀਰਥ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਉਸ ਪਵਿੱਤਰ ਸਥਾਨ ਨੂੰ ਅਠਾਹਠ ਤੀਰਥਾਂ ਜਿੰਨਾ ਪਵਿੱਤਰ ਮੰਨਿਆ ਹੈ ਜਿਥੇ ਸਾਧੂ ਪੁਰਸ਼ ਆਪਣੇ ਪੈਰ ਧਰਦਾ ਹੈ। ਗੁਰੂ ਜੀ ਲਿਖਦੇ ਹਨ :

ਅਠਸਠਿ ਤੀਰਥ ਜਿਹ ਸਾਧੁ ਪਗ ਧਰਹਿ॥

(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 890)

ਗੁਰੂ ਨਾਨਕ ਦੇਵ ਜੀ ਹਿੰਦੂ ਧਰਮ ਦੇ ਉਪਰੋਕਤ ਮੰਨੇ ਜਾਂਦੇ ਅਠਾਹਠ ਤੀਰਥਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਇਲਾਵਾ ਤੀਰਥ ਨੂੰ ਨਾਮ ਸਿਮਰਨ ਦਾ ਦਰਜਾ ਦਿੱਤਾ ਹੈ। ਨਾਮ ਸਿਮਰਨ ਨਾਲ ਹੀ ਅੰਤਰ-ਆਤਮਾ ਦੀ ਮੈਲ ਉਤਾਰੀ ਜਾ ਸਕਦੀ ਹੈ। ਗੁਰੂ ਜੀ ਲਿਖਦੇ ਹਨ—

ਤੀਰਥ ਨਾਵਣ ਜਾਉ ਤੀਰਥ ਨਾਮੁ ਹੈ
ਤੀਰਥ ਸਬਦ ਬੀਚਾਰੁ ਅੰਤਰਿ ਗਿਆਨ ਹੈ

(ਧਨਾਸਰੀ ਮਹਲਾ ੧ ਛੰਤ)

ਲੋਕਾਂ ਦੇ ਮੰਨੇ ਹੋਏ ਤੀਰਥਾਂ ਬਾਰੇ ਸਤਿਗੁਰੂ ਜੀ ਫਰਮਾਉਂਦੇ ਹਨ :

ਤੀਰਥ ਨ੍ਹਾਤਾ ਕਿਆ ਕਰੈ ਮਨ ਮਹਿ ਮੈਲ ਗੁਮਾਨੁ"

ਸਿੱਖ ਧਰਮ ਵਿਚ ਦਸ ਗੁਰੂ ਸਾਹਿਬਾਨਾਂ ਦੀਆਂ ਵੱਖੋ ਵਖਰੀਆਂ ਥਾਵਾਂ ਅਰਥਾਤ ਸ਼ਹਿਰਾਂ ਵਿਚ ਜਿੱਥੇ ਜਿਥੇ ਉਨ੍ਹਾਂ ਨੇ ਚਰਣ ਪਾਏ ਦੀਆਂ ਯਾਦਾਂ ਨੂੰ ਸਮਰਪਿਤ ਗੁਰਦੁਆਰਿਆਂ ਨੂੰ ਤੀਰਥ ਅਸਥਾਨ ਕਿਹਾ ਜਾਂਦਾ ਹੈ। ਇਸਲਾਮ ਧਰਮ ਵਿਚ ਮੱਕਾ ਅਤੇ ਮਦੀਨਾ ਪ੍ਰਮੁਖ ਤੀਰਥ ਅਸਥਾਨ ਹਨ। ਪਵਿੱਤਰ ਧਰਮ ਅਸਥਾਨ ਮੱਕਾ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਹੋਇਆ। ਇਥੇ ਮੁਸਲਮਾਨਾਂ ਦਾ ਧਰਮ ਸਥਾਨ ਕਾਅਬਾ ਸ਼ਥਿਤ ਹੈ। ਕਾਅਬੇ ਦੀ ਇਮਾਰਤ ਕਾਲੇ ਰੇਸ਼ਮੀ ਕੱਪੜੇ ਨਾਲ ਢੱਕੀ ਰਹਿੰਦੀ ਹੈ। ਇਸ ਇਮਾਰਤ ਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਹੋਈਆਂ ਹਨ। ਹਜ ਦੇ ਮੌਕੇ ਤੇ ਲੱਖਾਂ ਯਾਤਰੀ ਇਸ ਤੀਰਥ ਅਸਥਾਨ ਉੱਤੇ ਹਜ ਦਾ ਫਰਜ਼ ਅਦਾ ਕਰਨ ਪਹੁੰਚਦੇ ਹਨ। ਪਵਿੱਤਰ ਧਰਮ ਸਥਾਨ ਮਦੀਨਾ ਵਿਖੇ ਹਜ਼ਰਤ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ। ਇਜ਼ਰਾਈਲ ਵਿਚ ਬੈਤਲ ਮੁਕਦਮ ਅਤੇ ਇਰਾਕ ਵਿਚ ਕਰਬਲਾ ਮੁੱਖ ਪਵਿੱਤਰ ਧਰਮ ਸਥਾਨ ਮੰਨੇ ਗਏ ਹਨ। ਪੱਛਮੀ ਪੰਜਾਬ ਦੇ ਫਤਹਿਗੜ੍ਹ ਜ਼ਿਲ੍ਹੇ ਵਿਚ ਵੀ ਮੁਜੱਦਦ ਅਲਫ਼ ਸਾਨੀ ਦੀ ਦਰਗਾਹ ਬਣੀ ਹੋਈ ਹੈ ਜਿਥੇ ਮੁਸਲਮਾਨ ਹਜ ਦਾ ਫਰਜ਼ ਅਦਾ ਕਰਨ ਲਈ ਜਾਂਦੇ ਹਨ।

ਹ.ਪੁ.–ਪੰ. ਸੰਦ. ਕੋ-ਡਾ. ਜੱਗੀ; ਮ.ਕੋ.

**ਤੀਰ, ਵਿਧਾਤਾ ਸਿੰਘ** : ਪੰਜਾਬੀ ਦੇ ਇਸ ਪ੍ਰਸਿੱਧ ਕਵੀ ਦਾ ਜਨਮ 1901 ਈ. ਵਿਚ ਪਿੰਡ ਘਘਰੋਟ, ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਚ ਸ. ਹੀਰਾ ਸਿੰਘ ਦੇ ਘਰ ਹੋਇਆ। ਇਸ ਨੇ ਪੰਜ ਜਮਾਤਾਂ ਪਾਸ ਕਰਨ ਉਪਰੰਤ ਪੜ੍ਹਾਈ ਵਿਚੇ ਹੀ ਛੱਡ ਦਿੱਤੀ ਅਤੇ ਸਾਹਿਤ ਜਗਤ ਵਿਚ ਪ੍ਰਵੇਸ਼ ਕੀਤਾ। ਬਚਪਨ ਵਿਚ ਹੀ ਇਸ

ਨੂੰ ਕਵਿਤਾ ਲਿਖਣ ਦਾ ਸ਼ੌਕ ਪੈਦਾ ਹੋਇਆ ਸੀ ਅਤੇ ਫਿਰ ਇਸਨੂੰ ਪ੍ਰਸਿੱਧ ਕਵੀ ਹੀਰਾ ਸਿੰਘ ਦਰਦ ਦੀ ਸਾਹਿਤਕ ਸਰਪ੍ਰਸਤੀ ਮਿਲ ਗਈ।

ਉਸ ਤੋਂ ਬਾਅਦ ਇਹ ਰਾਵਲਪਿੰਡੀ ਛੱਡ ਕੇ ਅੰਮ੍ਰਿਤਸਰ ਚਲਾ ਗਿਆ ਅਤੇ ਗਿਆਨੀ ਹੀਰਾ ਸਿੰਘ ਦਰਦ ਦੇ ਮਾਸਕ ਪੱਤਰ 'ਫੁਲਵਾੜੀ' ਵਿਚ ਕੰਮ ਕਰਨ ਲਗ ਪਿਆ। ਅਕਾਲੀ ਲਹਿਰ ਸਮੇਂ ਇਸ ਨੂੰ ਅੰਗਰੇਜ਼ੀ ਸਾਮਰਾਜ ਵਿਰੁੱਧ ਕਵਿਤਾ ਲਿਖਣ ਦੇ ਅਪਰਾਧ ਵਜੋਂ ਜੇਲ੍ਹ ਵੀ ਜਾਣਾ ਪਿਆ। ਇਸ ਨੇ ਅੰਮ੍ਰਿਤਸਰ ਵਿਖੇ ਗਿਆਨ ਵਿਦਿਆਲਾ ਵੀ ਚਲਾਇਆ ਜਿਥੇ ਪੰਜਾਬੀ ਸਾਹਿਤ ਦੇ ਵਿਦਿ-ਆਰਥੀਆਂ ਨੂੰ ਪੜ੍ਹਾਇਆ ਜਾਂਦਾ ਸੀ। ਇਥੇ ਇਹ ਪ੍ਰਸਿੱਧ ਮਾਸਕ ਪੱਤਰ 'ਕਵਿਤਾ' ਦਾ ਮੁੱਖ ਸੰਪਾਦਕ ਵੀ ਰਿਹਾ।

ਤੀਰ ਭਾਵੇਂ ਪਹਿਲਾਂ ਵੀ ਕਵੀ ਦਰਬਾਰਾਂ ਵਿਚ ਜਾਇਆ ਕਰਦਾ ਸੀ ਪਰ ਇਸ ਦੀ ਕਵਿਤਾ ਅਕਾਲੀ ਲਹਿਰ ਦੀ ਪ੍ਰੇਰਨਾ ਰਾਹੀਂ ਉਭਰੀ ਅਤੇ ਪਿਛੋਂ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਦੀ ਪਰੰਪਰਾ ਤੇ ਇਸ ਨੇ ਸਿੱਖ ਇਤਿਹਾਸ ਨੂੰ ਕਵਿਤਾ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਧਨੀ ਰਾਮ ਚਾਤ੍ਰਿਕ ਤੇ ਕਾਲੀਦਾਸ ਗੁਜਰਾਂਵਾਲੀਆਂ ਦੇ ਪ੍ਰਭਾਵ ਹੇਠ ਇਸ ਨੇ ਸਨਾਤਨੀ ਪ੍ਰੇਮ ਕਥਾਵਾਂ ਨੂੰ ਲੰਮੇ ਬ੍ਰਿਤਾਂਤਕ ਰੂਪ ਵਿਚ ਲਿਖਿਆ ਤੇ ਕੁਝ ਕਾਵਿ ਸੰਗ੍ਰਹਿ ਛੋਟੀਆਂ ਕਵਿਤਾਵਾਂ ਦੇ ਵੀ ਸਾਹਿਤ ਜਗਤ ਨੂੰ ਦਿੱਤੇ। ਇਸਨੇ ਇੰਨੀ ਜ਼ਿਆਦਾ ਕਾਵਿ ਰਚਨਾ ਕੀਤੀ ਕਿ ਜੇ ਇਸ ਦੀ ਸਾਰੀ ਕਵਿਤਾ ਨੂੰ ਇਕੱਠਾ ਕਰ ਦਿੱਤਾ ਜਾਵੇ ਤਾਂ ਇਹ ਢਾਈ ਤਿੰਨ ਹਜ਼ਾਰ ਤੋਂ ਵੱਧ ਸਫ਼ੇ ਬਣ ਜਾਂਦੇ ਹਨ।

ਇਹ ਖ਼ਾਸ ਕਰਕੇ ਕਰੁਣਾ ਰਸ ਦਾ ਕਵੀ ਸੀ ਅਤੇ ਇਸ ਨੇ ਸਿੱਖ ਇਤਿਹਾਸ ਦੀਆਂ ਸਾਖੀਆਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕੀਤਾ। ਇਸ ਦੀਆਂ 'ਰੂਪ ਰਾਣੀ' ਅਤੇ 'ਸ਼ਕੁੰਤਲਾ' ਆਦਿ ਰਚਨਾਵਾਂ ਨੇ ਵਿਸ਼ੇਸ਼ ਤੌਰ ਤੇ ਆਲੋਚਕਾਂ/ਪਾਠਕਾਂ ਦਾ ਧਿਆਨ ਖਿਚਿਆ। ਇਸ ਸਮੇਂ ਦੀ ਇਸ ਦੀ ਇਕ ਹੋਰ ਰਚਨਾ 'ਕਾਲ ਕੂਕਾਂ' ਵੀ ਮਹੱਤਵਪੂਰਨ ਹੈ। ਇਸ ਵਿਚ ਦੇਸ਼ ਦੀ ਵੰਡ ਸਮੇਂ ਸ਼ਰਨਾਰਥੀਆਂ ਦੀ ਦੁਰਦਸ਼ਾ ਨਾਲ ਸਬੰਧਤ ਬੜੀਆਂ ਭਾਵਪੂਰਤ ਕਵਿਤਾਵਾਂ ਦਰਜ ਹਨ। 'ਦਸ਼ਮੇਸ਼ ਦਰਸ਼ਨ' ਇਸ ਦੀ ਸਭ ਤੋਂ ਉੱਤਮ ਰਚਨਾ ਮੰਨੀ ਗਈ ਹੈ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਜੀਵਨੀ 604 ਸਫ਼ਿਆ ਵਿਚ ਅੰਕਿਤ ਕੀਤੀ ਗਈ ਹੈ। 'ਅਣਿਆਲੇ ਤੀਰ' ਤੇ 'ਗੁੰਗੇ ਗੀਤ' ਇਸ ਦੀ ਰਚਨਾ ਦੇ ਉੱਘੇ ਪੜਾਅ ਹਨ।

ਤੀਰ ਦੇ ਪੰਜ ਕਾਵਿ - ਸੰਗ੍ਰਹਿ - 'ਅਣਿਆਲੇ ਤੀਰ' (1941,) 'ਦਸ਼ਮੇਸ਼ ਦਰਸ਼ਨ' (1941), 'ਮਿੱਠੇ ਮੇਵੇ' (1942), 'ਗੁੰਗੇ ਗੀਤ' (1944) ਅਤੇ 'ਬੰਦਾ ਬਹਾਦਰ' (1945), ਹਨ। ਇਸ ਤੋਂ ਇਲਾਵਾ ਕਾਲੀਦਾਸ, ਨਲ ਦਮਯੰਤੀ, ਰੂਪ ਰਾਣੀ ਸ਼ਕੁੰਤਲਾ, ਕਾਲ ਕੂਕਾਂ ਆਦਿ ਇਸ ਦੀਆਂ ਹੋਰ ਕ੍ਰਿਤਾਂ ਹਨ। 'ਰੂਪ ਰਾਣੀ ਸ਼ਕੁੰਤਲਾ' ਪੁਰਾਤਨ ਪ੍ਰੀਤ - ਕਥਾ ਉੱਤੇ ਉਸਾਰਿਆ ਇਕ ਬਿਰਤਾਂਤਕ ਕਾਵਿ ਹੈ। ਤੀਰ ਨੇ ਦੋਸਤੋਵਸਕੀ ਦੇ ਪ੍ਰਸਿੱਧ ਨਾਵਲ 'ਕ੍ਰਾਈਮ ਐਂਡ ਪਨਿਸ਼ਮੈਂਟ' ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ।

1973 ਈ. ਵਿਚ ਇਸ ਦੀ ਮੌਤ ਹੋ ਗਈ।

ਹ.ਪੁ.–ਪੰ. ਸਾ. ਇ.-ਭਾ. ਵਿ. ਪੰ.

**ਤੁਕਰੇਸ਼ਵਰੀ** : ਭਾਰਤ ਦੇ ਆਸਾਮ ਰਾਜ ਦੇ ਗੋਆਲਪਾੜਾ ਜ਼ਿਲ੍ਹੇ ਦੇ ਹਬਰਾਘਾਟ ਪਰਗਨੇ ਦੀ ਇਹ ਪਹਾੜੀ ਹੈ ਜਿਸ ਦੀ ਸਿਖਰ ਉਪਰ ਬਿਜਨੀ ਦੇ ਇਕ ਰਾਜੇ ਨੇ ਦੁਰਗਾ ਮਾਤਾ ਦਾ ਮੰਦਰ ਬਣਵਾਇਆ ਸੀ। ਇਹ ਮੰਦਰ ਬਹੁਤ ਵਧੀਆ ਇਮਾਰਤ-ਉਸਾਰੀ ਦੀ ਮਿਸਾਲ ਹੈ। ਇਸ ਮੰਦਰ ਦੇ ਦਰਸ਼ਨਾਂ ਲਈ ਸ਼ਰਧਾਲੂ ਆਉਂਦੇ ਰਹਿੰਦੇ ਹਨ। ਇਹ ਮੰਦਰ 1897 ਈ. ਦੇ ਭੂਚਾਲ ਨਾਲ ਢਹਿ ਗਿਆ ਸੀ ਤੇ ਇਸ ਪਿੱਛੋਂ ਫਿਰ ਉਸਾਰ ਲਿਆ ਗਿਆ।

26°03′ ਉ. ਵਿਥ.; 90°38′ ਪੂ. ਲੰਬ.

ਹ.ਪੁ.–ਇੰਪ. ਗ. ਇੰਡ. 24 : 51

**ਤੁੱਕਾ ਰਾਮ** : ਇਹ ਮਹਾਰਾਸ਼ਟਰ ਰਾਜ (ਭਾਰਤ) ਵਿਚ ਇਕ ਉੱਚ ਕੋਟੀ ਦਾ ਭਗਤ ਅਤੇ ਪ੍ਰਸਿੱਧ ਕਵੀ ਹੋਇਆ ਹੈ। ਇਸ ਦੀ ਜਨਮ ਮਿਤੀ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਬੈਂਜਾਮਿਨ ਵਾਕਰ ਇਸ ਦਾ ਸਮਾਂ 1607 ਈ. - 1649 ਈ. ਮੰਨਦਾ ਹੈ ਪਰ ਆਮ ਰਾਏ ਅਨੁਸਾਰ ਇਸ ਦਾ ਜਨਮ 1598 ਈ. ਵਿਚ ਪੂਨੇ ਜ਼ਿਲ੍ਹੇ ਵਿਚ ਦੇਹੂ ਨਾਂ ਦੇ ਪਿੰਡ ਵਿਚ ਮਾਤਾ ਕਨਕਾਈ ਅਤੇ ਪਿਤਾ ਬਹੋਬਾਂ ਦੇ ਘਰ ਹੋਇਆ ਮੰਨਿਆ ਜਾਂਦਾ ਹੈ। ਕਈ ਪੀੜ੍ਹੀਆਂ ਤੋਂ ਇਸ ਦੇ ਖ਼ਾਨਦਾਨ ਦੇ ਲੋਕ ਬਿੱਠਲ ਜੀ ਦੇ ਉਪਾਸ਼ਕ ਸਨ ਅਤੇ ਹਰ ਸਾਲ ਪੰਢਰਪੁਰ ਦੀ ਯਾਤਰਾ ਲਈ ਜਾਂਦੇ ਸਨ। ਇਸ ਦਾ ਪਿਤਾ ਪਿੰਡ ਦਾ ਚੰਗਾ ਸ਼ਾਹੂਕਾਰ ਸੀ, ਇਸ ਲਈ ਇਸ ਦਾ ਬਚਪਨ ਬੜਾ ਹੀ ਚੰਗਾ ਬੀਤਿਆ ਪਰ ਜਦੋਂ ਇਹ 18 ਸਾਲ ਦਾ ਹੋਇਆ ਤਾਂ ਇਸ ਦੇ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ। ਫਿਰ ਉਸੇ ਸਾਲ ਦੇਸ਼ ਵਿਚ ਕਾਲ ਪੈਣ ਕਾਰਣ ਇਸ ਦੀ ਪਤਨੀ ਅਤੇ ਛੋਟੇ ਪੁੱਤਰ ਦੀ ਭੁੱਖ ਕਾਰਨ ਮੌਤ ਹੋ ਗਈ। ਇਨ੍ਹਾਂ ਮੁਸੀਬਤਾਂ ਕਾਰਨ ਤੁੱਕਾ ਰਾਮ ਦਾ ਮਨ ਬਹੁਤ ਉਚਾਟ ਹੋ ਗਿਆ। ਇਸ ਦੀ ਦੂਜੀ ਪਤਨੀ ਬੜੀ ਹੀ ਕੁਰਖ਼ਤ ਸੀ। ਇਨ੍ਹਾਂ ਗੱਲਾਂ ਕਾਰਨ ਤੁੱਕਾ ਰਾਮ ਦਾ ਮਨ ਸੰਸਾਰ ਤੋਂ ਉਪਰਾਮ ਹੋ ਗਿਆ ਅਤੇ ਇਹ ਸਾਰਾ ਦਿਨ ਭਗਵਾਨ ਬਿੱਠਲ ਜੀ ਦੀ ਭਗਤੀ ਵਿਚ ਲਗਾ ਰਹਿੰਦਾ।

ਤੁੱਕਾ ਰਾਮ ਹੁਣ ਪ੍ਰਭੂ ਭਗਤੀ ਵਿਚ ਲਗ ਗਿਆ ਅਤੇ 21 ਸਾਲ ਦੀ ਉਮਰ ਵਿਚ ਇਸਨੂੰ ਸੁਪਨੇ ਵਿਚ ਬਾਬਾ ਚੈਤੰਨਯ ਜੀ ਨਾਂ ਦੇ ਸਾਧੂ ਤੋਂ ਗੁਰ ਮੰਤਰ ਮਿਲਿਆ। ਇਸ ਮਗਰੋਂ 17 ਸਾਲ ਤੱਕ ਸੰਸਾਰੀ ਲੋਕਾਂ ਨੂੰ ਉਪਦੇਸ਼ ਕਰਦਾ ਰਿਹਾ। ਵੈਰਾਗ ਦੀ ਉੱਚ ਅਵਸਥਾ ਅਤੇ ਖਿਮਾਸ਼ੀਲ ਹਿਰਦੇ ਕਾਰਨ ਬੇਸ਼ੁਮਾਰ ਲੋਕ ਇਸ ਦੇ ਸ਼ਰਧਾਲੂ ਬਣ ਗਏ। ਪਰਮਾਰਥ ਦੇ ਰਾਹ ਤੇ ਚਲਦੇ ਹੋਏ 1649 ਈ. ਵਿਚ ਇਸ ਦੀ ਮ੍ਰਿਤੂ ਹੋ ਗਈ। ਤੁੱਕਾ ਰਾਮ ਦੇ ਮੂੰਹੋ ਵੱਖ ਵੱਖ ਸਮਿਆਂ ਤੇ ਜਿਹੜੀ ਬਾਣੀ ਸਹਿਜ-ਸੁਭਾ ਰੂਪ ਵਿਚ ਨਿਕਲਦੀ ਰਹੀ ਉਹ 'ਅਭੰਗ' ਬਾਣੀ ਕਹਾਉਂਦੀ ਹੈ। ਇਸ ਤੋਂ ਇਲਾਵਾ ਇਸਦੀ ਹੋਰ ਕੋਈ ਵਿਸ਼ੇਸ਼ ਸਾਹਿਤਕ ਕਿਰਤ ਨਹੀਂ ਹੈ। ਆਪਣੇ ਜੀਵਨ ਦੀ ਆਖ਼ਰੀ ਅੱਧੀ ਉਮਰ ਵਿਚ ਇਸ ਵਲੋਂ ਜਿਹੜੇ ਗੀਤ ਗਾਏ ਗਏ ਇਹ ਸਮੇਂ ਸਮੇਂ ਇਸ ਦੇ ਚੇਲਿਆਂ ਦੁਆਰਾ ਲਿਖੇ ਜਾਂਦੇ ਰਹੇ। ਅਜਿਹੇ ਲਗਭਗ 4000 ਅਭੰਗ ਅੱਜ ਵੀ ਉਪਲੱਬਧ ਹਨ।

ਤੁੱਕਾ ਰਾਮ ਦੀ ਬਾਣੀ ਸੂਤਰਬਧ, ਸੁੰਦਰ ਅਤੇ ਅਧਿ-ਆਤਮਵਾਦੀ ਹੈ। ਇਸ ਉੱਤੇ ਸੰਤ ਗਿਆਨੇਸ਼ਵਰ ਅਤੇ ਸ੍ਰੀ ਏਕਨਾਥ ਦਾ ਕਾਫ਼ੀ ਅਸਰ ਪ੍ਰਤੱਖ ਦਿਸਦਾ ਹੈ। ਤੁੱਕਾ ਰਾਮ ਨੇ ਪਰਮਾਰਥਕ ਜੀਵਨ ਦੇ ਹਰ ਪਹਿਲੂ ਉੱਤੇ ਰੌਸ਼ਨੀ ਪਾਈ ਹੈ। ਇਸ ਦੀ ਬਾਣੀ ਤੋਂ ਇਸ ਦੇ ਅਧਿਆਤਮਕ ਚਰਿਤਰ ਦੀਆਂ ਤਿੰਨ ਅਵਸਥਾਵਾਂ ਆਉਂਦੀਆਂ ਹਨ।

ਪਹਿਲੀ ਅਵਸਥਾ ਵਿਚ ਇਹ ਆਪਣੇ ਮਨ ਵਿਚ ਇਕ ਵਿਸ਼ੇਸ਼ ਨਿਸ਼ਚਾ ਧਾਰ ਕੇ ਅਤੇ ਸੰਸਾਰ ਤੋਂ ਨਿਰਲੇਪ ਹੋ ਕੇ ਪਰਮਾਰਥ ਦੇ ਰਾਹ ਤੇ ਚਲਣ ਲਗਦਾ ਹੈ।

ਦੂਜੀ ਅਵਸਥਾ ਵਿਚ ਇਹ ਈਸ਼ਵਰ ਦੇ ਦਰਸ਼ਨ ਨਾ ਹੋਣ ਕਾਰਨ ਘੋਰ ਨਿਰਾਸ਼ਾ ਦੀ ਸਥਿਤੀ ਵਿਚ ਚਲਾ ਜਾਂਦਾ ਹੈ ਅਤੇ ਸੰਸਾਰ ਤੋਂ ਬਹੁਤ ਉਪਰਾਮ ਹੋ ਜਾਂਦਾ ਹੈ। ਇਸ ਦੇ ਉਲੇਖ ਇਸ ਦੀ ਅਭੰਗ ਬਾਣੀ ਵਿਚ ਮਰਾਠੀ ਭਾਸ਼ਾ ਦਾ ਇਕ ਅਮੋਲ ਖਜ਼ਾਨਾ ਹੈ।

ਆਖ਼ਰ ਤੁੱਕਾ ਰਾਮ ਉੱਤੇ ਤੀਜੀ ਅਵਸਥਾ ਆਈ ਅਤੇ ਇਸ ਦੀ ਤੜਪਦੀ ਹੋਈ ਆਤਮਾ ਨੂੰ ਪ੍ਰਭੂ ਦਾ ਸਾਖਿਆਤਕਾਰ ਹੋਇਆ। ਇਸ ਤਰ੍ਹਾਂ ਈਸ਼ਵਰ ਪ੍ਰਾਪਤੀ ਦੀ ਇਸ ਦੀ ਘਾਲਣਾ ਪੂਰੀ ਹੋ ਜਾਣ ਮਗਰੋਂ ਇਸ ਦੀ ਉਪਦੇਸ਼ਾਤਮਕ ਬਾਣੀ ਬਹੁਤ ਹੀ ਮਹੱਤਵਪੂਰਨ ਅਤੇ ਅਰਥ-ਭਰਪੂਰ ਹੋ ਗਈ। ਸਪਸ਼ਟਵਾਦੀ ਹੋਣ ਕਰਕੇ ਇਸ ਦੀ ਬਾਣੀ ਵਿਚ ਕੁਝ ਕਠੋਰਤਾ ਦਿਖਾਈ ਦਿੰਦੀ ਹੈ। ਇਸ ਨੇ ਹਰ ਕਿਸਮ ਦੇ ਪਾਖੰਡ ਦਾ ਖੰਡਨ ਕੀਤਾ ਹੈ। ਇਸ ਨੇ ਦੰਭੀ ਸੰਤਾਂ, ਅਨੁਭਵਹੀਨ ਪੰਡਤਾਂ ਅਤੇ ਦੁਰਾਚਾਰੀ ਧਰਮ ਗੁਰੂਆਂ ਦੀ ਨਿਧੜਕ ਹੋ ਕੇ ਆਲੋਚਨਾ ਕੀਤੀ ਹੈ।

ਭਾਵੇਂ ਤੁੱਕਾ ਰਾਮ ਨੇ ਸੰਸਾਰ ਨੂੰ ਬੜਾ ਨਿਰਾਸ਼ਾਜਨਕ ਦਸਿਆ ਹੈ ਪਰ ਤਾਂ ਵੀ ਇਸ ਨੇ ਸੰਸਾਰੀ ਲੋਕਾਂ ਨੂੰ 'ਸੰਸਾਰ ਦਾ ਤਿਆਗ ਕਰਨ' ਦਾ ਪਰਚਾਰ ਨਹੀਂ ਕੀਤਾ। ਇਸ ਦੇ ਉਪਦੇਸ਼ਾਂ ਦਾ ਮੁੱਖ ਸਾਰ ਇਹੋ ਸੀ ਕਿ ਸੰਸਾਰ ਦੇ ਛਿੰਨ ਭੰਗਰ ਸੁੱਖਾਂ ਦੇ ਟਾਕਰੇ ਪਰਮਾਰਥ ਦੇ ਸਦੀਵੀ ਸੁੱਖਾਂ ਦੀ ਪ੍ਰਾਪਤੀ ਦੀ ਯਾਚਨਾ ਕਰਨੀ ਚਾਹੀਦੀ ਹੈ।

ਤੁੱਕਾ ਰਾਮ ਦਾ ਸਾਹਿਤ ਕਾਵਿ-ਦ੍ਰਿਸ਼ਟੀ ਦੇ ਪੱਖੋਂ ਵੀ ਬੜਾ ਉੱਚ ਕੋਟੀ ਦਾ ਸੀ। ਇਸ ਦੀ ਬਾਣੀ ਬੜੀ ਸਰਲ ਅਤੇ ਸ੍ਰੋਤਿਆਂ ਦੇ ਮਨਾਂ ਉੱਤੇ ਝਟ ਅਸਰ ਕਰਨ ਵਾਲੀ ਹੈ। ਥੋੜ੍ਹੇ ਜਿਹੇ ਸ਼ਬਦਾਂ ਵਿਚ ਮਹਾਨ ਅਰਥ ਵਿਅਕਤ ਕਰ ਸਕਣਾ ਇਸ ਦੀ ਮਰਾਠੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ। ਇਸ ਦੀ ਬਾਣੀ ਉੱਚ ਪੱਧਰ ਦੀ ਸਾਹਿਤਕ ਰਚਨਾ ਹੋਣ ਦੇ ਨਾਲ ਨਾਲ ਜਨ-ਸਾਧਾਰਣ ਲਈ ਵੀ ਬਹੁਤ ਹਰਮਨ ਪਿਆਰੀ ਹੈ ਕਿਉਂਕਿ ਇਸ ਵਿਚ ਸਾਧਾਰਨ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਸੁਖ,ਦੁਖ, ਆਸ਼ਾ, ਨਿਰਾਸ਼ਾ, ਮੋਹ ਅਤੇ ਲੋਭ ਆਦਿ ਹਰ ਕਿਸਮ ਦੇ ਹਾਵ ਭਾਵ ਦਾ ਬੜੇ ਸੁੰਦਰ ਢੰਗ ਨਾਲ ਪ੍ਰਗਟਾ ਕੀਤਾ ਗਿਆ ਹੈ।

ਹ.ਪੁ. –ਹਿੰ. ਵਿ. ਕੋ. 5 : 394

**ਤੁਖਾਰ** : ਹਿਮਾਲਾ ਪਹਾੜਾਂ ਦੇ ਉੱਤਰ-ਪੱਛਮ ਵਿਚ ਸਥਿੱਤ ਖੇਤਰ ਨੂੰ ਤੁਖਾਰ ਕਿਹਾ ਗਿਆ ਹੈ। ਅਥੁਰਵਵੇਦ ਵਿਚ ਇਸ ਦੇਸ਼ ਦਾ ਜ਼ਿਕਰ ਆਉਂਦਾ ਹੈ। ਇਕ ਚੀਨੀ ਯਾਤਰੀ ਸੁਯੇਨਤਾਈ ਨੇ ਆਪਣੇ ਸਫਰਨਾਮੇ ਵਿਚ ਵੀ ਇਸ ਦੇਸ਼ ਦਾ ਜ਼ਿਕਰ ਕੀਤਾ ਹੈ। ਇਸ ਤੋਂ ਬਿਨਾਂ ਮਹਾਂਭਾਰਤ ਅਤੇ ਰਾਮਾਇਣ ਵਿਚ ਇਸ ਦੇਸ਼ ਦਾ ਘੋੜਿਆਂ ਦੀ ਤਾਰੀਫ ਦੇ ਸਬੰਧ ਵਿਚ ਵੀ ਜ਼ਿਕਰ ਆਉਂਦਾ ਹੈ। ਤੁਖਾਰੀ ਘੋੜੇ ਰਥਾਂ ਅਗੇ ਜੋੜਨ ਲਈ ਬਹੁਤ ਵਧੀਆ ਸਮਝੇ ਜਾਂਦੇ ਹਨ। ਸੰਸਕ੍ਰਿਤ ਦੇ ਕਈ ਗ੍ਰੰਥਾਂ ਵਿਚ ਪਾਰਸ ਦੇ ਘੋੜਿਆਂ ਦੇ ਨਾਲ ਹੀ ਤੁਖਾਰੀ ਨਸਲ ਦੇ ਘੋੜਿਆਂ ਦੀ ਤਾਰੀਫ਼ ਕੀਤੀ ਗਈ ਹੈ।

ਹ.ਪੁ.–ਮ. ਕੋ. 592

**ਤੁਖਾਰੀ** : ਇਹ ਸੰਪੂਰਣ ਜਾਤੀ ਦੀ ਇਕ ਰਾਗਣੀ ਹੈ ਜਿਸ ਦਾ ਗ੍ਰਹਿ ਸੁਰ ਸ਼ੜਜ ਪੰਚਮ ਸੰਵਾਦੀ ਅਤੇ ਮੱਧਮ ਅਨੁਵਾਦੀ ਹੈ। ਇਸ ਵਿਚ ਦੋਵੇਂ ਗਾਂਧਾਰ ਅਤੇ ਦੋਵੇਂ ਮੱਧਮ ਲਗਦੇ ਹਨ। ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ :

ਸ ਰਾ ਗ ਗਾ ਮ ਮਾ ਪ ਧਾ ਨ।

ਕਈਆਂ ਨੇ ਪੰਚ ਵਰਜਿਤ ਮੰਨ ਕੇ ਤੁਖਾਰੀ ਸ਼ਾੜਵ ਲਿਖੀ ਹੈ। ਸ਼ੜਜ ਗਾਂਧਾਰ, ਨਿਸ਼ਾਦਸ਼ੁੱਧ ਰਿਸ਼ਭ ਧੈਵਤ, ਕੋਮਲ ਅਤੇ ਮੱਧਮ ਤੀਵ੍ਰ ਹੈ। ਇਸ ਹਾਲਤ ਵਿਚ ਮੱਧਮ ਵਾਦੀ ਸ਼ੜਜ ਸੰਵਾਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਖਾਰੀ ਰਾਗ ਦਾ ਨੰਬਰ ਬਾਈਵਾਂ ਹੈ।

ਹ.ਪੁ.–ਮ. ਕੋ

**ਤੁੰਗ ਚੀ-ਚਾਂਗ** : ਇਹ ਚੀਨ ਦਾ ਇਕ ਬਹੁਤ ਉੱਘਾ ਚਿੱਤਰਕਾਰ ਅਤੇ ਸੁਲੇਖਕ ਸੀ। ਇਸ ਦੀ ਗਿਣਤੀ ਮਗਰਲੇ ਮਿੰਗ ਕਾਲ ਦੇ ਉੱਤਮ ਕਲਾਕਾਰਾਂ ਵਿਚ ਕੀਤੀ ਜਾਂਦੀ ਸੀ। ਇਸ ਦਾ ਜਨਮ ਕਿਆਂਗਸੂ ਰਾਜ ਵਿਚ ਹੂਆ ਤਿੰਗ ਵਿਖੇ ਇਕ ਗਰੀਬ ਪਰ ਵਿਦਵਾਨ ਪਰਿਵਾਰ ਵਿਚ 1555 ਈ. ਵਿਚ ਹੋਇਆ।

ਆਪਣੀ ਲਿਆਕਤ ਕਾਰਣ 1589 ਈ. ਵਿਚ ਇਹ ਉੱਚ ਸਰਕਾਰੀ ਪਦਵੀ ਤੇ ਨਿਯੁਕਤ ਹੋਇਆ। ਆਪਣੀ ਪੜ੍ਹਾਈ ਅਤੇ ਜੀਵਨ ਤਜਰਬੇ ਦੇ ਦੌਰਾਨ ਚੰਗੇ ਸੁਚੱਜੇ ਅਤੇ ਪ੍ਰਸਿੱਧ ਚਿੱਤਰ ਦੇਖਣ ਨਾਲ ਇਸ ਨੂੰ ਚਿੱਤਰਕਾਰੀ ਦਾ ਬਹੁਤ ਸ਼ੌਕ ਹੋ ਗਿਆ। ਚਿੱਤਰਕਾਰੀ ਵਿਚ ਇਸ ਨੂੰ ਨਵੀਆਂ ਨਵੀਆਂ ਲੀਹਾਂ ਪਾਉਣ ਦਾ ਖਿਆਲ ਉਤਪੰਨ ਹੋਇਆ। ਮੋ ਸ਼ੀਹ-ਲੰਗ ਨਾਲ ਮਿਲ ਕੇ ਇਸ ਨੇ ਚੀਨੀ ਚਿੱਤਰਕਾਰੀ ਨੂੰ ਉੱਤਰੀ ਅਤੇ ਦੱਖਣੀ ਪ੍ਰਣਾਲੀਆਂ ਵਿਚ ਸ਼੍ਰੇਣੀਬੱਧ ਕੀਤਾ। ਵਧੇਰੇ ਪ੍ਰਸਿੱਧੀ ਇਸਨੇ ਚਿੱਤਰਕਾਰੀ ਸਬੰਧੀ ਪੁਸਤਕਾਂ ਲਿਖ ਕੇ ਪ੍ਰਾਪਤ ਕੀਤੀ। ਤੁੰਗ-ਚੀ-ਚਾਂਗ ਦਾ ਇਕ ਹੋਰ ਗੁਣ ਸੁੰਦਰ ਲਿਖਾਈ ਲਿਖਣਾ ਸੀ। ਚਿੱਤਰਕਾਰੀ ਵਿਚ ਇਹ ਯੁਆਨ ਖ਼ਾਨਦਾਨ ਦੇ ਚਾਰ ਪ੍ਰਸਿੱਧ ਮਾਹਿਰਾਂ ਹੁਆਂਗ ਕੁੰਗ-ਵਾਂਗ, ਵੂ-ਚਿਨ, ਵਾਂਗ ਮੇਗੇ ਅਤੇ ਨੀਤਸਾਂ ਦਾ ਪੱਖੀ ਸੀ। ਇਸ ਦੇ ਚਿੱਤਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਸ਼ੈਲੀ ਅਤੇ ਭਾਵ ਦੇ ਪੱਖੋਂ ਇਸ ਨੇ ਉਨ੍ਹਾਂ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਸੀ ਪਰ ਇਸ ਦੀ ਕਲਾ ਵਿਚ ਇਸਦਾ ਆਪਾ ਵੀ ਸ਼ੀਸ਼ੇ ਵਾਂਗ ਸਪਸ਼ਟ ਹੈ। ਆਪਣੀ ਸੰਵੇਦਨਾ ਸ਼ਕਤੀ ਦੁਆਰਾ ਇਹ ਇਕ ਮਹਾਨ ਚਿਤੱਰਕਾਰ ਅਤੇ ਸਿਧਾਂਤਕਵਾਦੀ ਪ੍ਰਸਿੱਧ ਹੋਇਆ। ਇਸਦੀ ਸੁੰਦਰ ਲਿਖਾਈ ਦੇ ਨਮੂਨੇ ਇਸ ਦੇ ਚਿੱਤਰਾਂ ਉੱਤੇ ਲਿਖੇ ਮਿਲਦੇ ਹਨ। ਚਿਤੱਰਕਾਰੀ ਸਬੰਧੀ ਤੁੰਗ ਚੀ-ਚਾਂਗ ਨੇ ਕਈ ਕਲਾ- ਕਿਰਤ ਸੰਗ੍ਰਹਿ ਪੇਸ਼ ਕੀਤੇ।

ਸਮਾਜਕ ਜੀਵਨ ਦੇ ਪੱਖੋਂ ਤੁੰਗ ਚੀ-ਚਾਂਗ ਕੁਝ ਹੱਦ ਤੱਕ ਅਭਿਜ ਅਤੇ ਹਠੀਲੇ ਸੁਭਾਅ ਵਾਲਾ ਸੀ। ਇਸ ਦੇ ਆਂਢ-ਗੁਆਂਢ ਦੇ ਲੋਕ ਇਸ ਨਾਲ ਨਾਰਾਜ਼ ਰਹਿੰਦੇ ਸਨ। ਸੰਨ 1616 ਵਿਚ ਸਥਾਨਕ ਵੱਸੋਂ ਨੇ ਇਸ ਦੀ ਜਗੀਰ ਸਾੜ ਫੂਕ ਦਿੱਤੀ। ਇਹ ਆਪ ਤਾਂ ਬਚ ਗਿਆ ਪਰ ਇਸ ਦੀਆਂ ਕਲਾ-ਕਿਰਤਾਂ ਅਤੇ ਪੁਸਤਕਾਂ ਦੇ ਸੰਗ੍ਰਹਿ ਬਿਲਡਿੰਗਾਂ ਵਿਚ ਸੜ ਕੇ ਸੁਆਹ ਹੋ ਗਏ। 79 ਸਾਲਾਂ ਦੀ ਉਮਰ ਵਿਚ ਇਹ ਸਰਕਾਰੀ ਪਦ ਤੋਂ ਰਿਟਾਇਰ ਹੋਇਆ। ਸੰਨ 1639 ਵਿਚ ਇਸ ਦਾ ਦੇਹਾਂਤ ਹੋ ਗਿਆ।

ਹ.ਪੁ.–ਐੱਕ. ਕੰ. ਆ. ; ਐਨ. ਬ੍ਰਿ. ਮਾ. 10 :180

**ਤੁੰਗ ਚੁੰਗ-ਸ਼ੂ** : ਇਹ ਚੀਨ ਦਾ ਇਕ ਬਹੁਤ ਪ੍ਰਸਿੱਧ ਵਿਦਵਾਨ ਅਤੇ ਫ਼ਿਲਾਸਫ਼ਰ ਸੀ ਜਿਸ ਨੇ 136 ਈ. ਪੂ. ਕਨਫਿਊਸ਼ਸਵਾਦ ਨੂੰ ਸਰਕਾਰੀ ਧਰਮ ਵਜੋਂ ਸਥਾਪਤ ਕਰਵਾਉਣ ਵਿਚ ਬੜਾ ਅਹਿਮ ਰੋਲ ਅਦਾ ਕੀਤਾ। ਸਰਕਾਰੀ ਰਾਜਨੀਤੀ ਵਿਚ ਕਨਫ਼ਿਊਸ਼ਸਵਾਦ ਦੀ ਫ਼ਿਲਾਸਫ਼ੀ ਪ੍ਰਚੱਲਤ ਹੋਈ ਜੋ ਅਗਲੇ 2000 ਸਾਲਾਂ ਤਕ ਚਲਦੀ ਰਹੀ। ਇਸ ਦਾ ਜਨਮ ਮੌਜੂਦਾ ਹੋਪ ਨਾਂ ਦੇ ਪ੍ਰਾਂਤ ਵਿਚ ਕੁਆਂਗ-ਚੁਆਨ ਵਿਖੇ ਲ.179 ਈ. ਪੂ. ਵਿਚ ਹੋਇਆ। ਇਹ ਹਾਨ ਖ਼ਾਨਦਾਨ ਦੇ ਬਾਦਸ਼ਾਹ ਵੂ ਦਾ ਮੁੱਖ ਮੰਤਰੀ ਸੀ। ਕਨਫਿਊਸ਼ਸਵਾਦ ਦਾ ਪੱਕਾ ਧਾਰਨੀ ਹੋਣ ਕਾਰਨ ਇਸ ਨੇ ਇਸ ਮੱਤ ਨੂੰ ਨਾ ਮੰਨਣ ਵਾਲੇ ਸਾਰੇ ਵਿਦਵਾਨਾਂ ਨੂੰ ਸਰਕਾਰੀ ਪਦਾਂ ਤੋਂ ਬਰਖਾਸਤ ਕਰਵਾ ਦਿੱਤਾ।

ਵਿਦਵਾਨ ਹੋਣ ਦੇ ਨਾਤੇ ਇਸ ਨੇ ਹੋਣਹਾਰ ਵਿਦਿਆਰਥੀਆਂ ਦੀ ਸਿਖਲਾਈ ਲਈ ਇਕ ਇੰਪੀਰੀਅਲ ਕਾਲਜ ਸਥਾਪਤ ਕੀਤਾ। ਇਸੇ ਦੀ ਸਲਾਹ ਤੇ ਬਾਦਸ਼ਾਹ ਨੇ ਅਮੀਰਾਂ ਅਤੇ ਗਵਰਨਰਾਂ ਨੂੰ ਹੁਕਮ ਦਿੱਤਾ ਕਿ ਉਹ ਸਰਕਾਰੀ ਨੌਕਰੀਆਂ ਲਈ ਨੇਕ, ਹੁਸ਼ਿਆਰ ਅਤੇ

ਹੁਨਰਮੰਦ ਵਿਅਕਤੀਆਂ ਦੀ ਭਾਲ ਅਤੇ ਸਿਫ਼ਾਰਸ਼ ਕਰਿਆ ਕਰਨ। ਇਸ ਨੀਤੀ ਕਾਰਨ ਅਸਲੋਂ ਯੋਗ ਵਿਅਕਤੀ, ਭਾਵੇਂ ਉਹ ਗਰੀਬ ਹੀ ਕਿਉਂ ਨਾ ਹੋਣ, ਉੱਚੇ ਅਹੁਦਿਆਂ ਤੇ ਲੱਗਣ ਲਗ ਪਏ।

ਤੁੰਗ ਦੇ ਸਿਧਾਂਤ ਅਨੁਸਾਰ ਯਾਂਗ ਅਤੇ ਯਿਨ ਬ੍ਰਹਿਮੰਡ ਦੀਆਂ ਦੋ ਮੁੱਢਲੀਆਂ ਸ਼ਕਤੀਆਂ ਹਨ ਜੋ ਪੂਰਨ ਇਕਸੁਰਤਾ ਵਿਚ ਰਹਿਣੀਆਂ ਚਾਹੀਦੀਆਂ ਹਨ। ਯਾਂਗ ਦਾ ਭਾਵ ਹੈ ਰੌਸ਼ਨੀ ਘਣ, ਨਰ ਅਤੇ ਯਿਨ ਦਾ ਭਾਵ ਹੈ ਹਨੇਰਾ, ਰਿਣ ਅਤੇ ਮਾਦਾ। ਬਾਦਸ਼ਾਹ ਨੂੰ ਚਾਹੀਦਾ ਹੈ ਕਿ ਕੁਦਰਤ ਵਾਂਗ ਉਹ ਵੀ ਆਪਣੇ ਲੋਕਾਂ ਅਤੇ ਰਾਜ ਵਿਚਕਾਰ ਇਹ ਇਕਸੁਰਤਾ ਬਣਾਈ ਰੱਖੇ। ਵੱਖ ਵੱਖ ਵਿਸ਼ਿਆਂ ਸਬੰਧੀ ਲੋੜ ਅਨੁਸਾਰ ਬਾਦਸ਼ਾਹ ਸੁਧਾਰ ਤਾਂ ਕਰ ਸਕਦਾ ਹੈ ਪਰ ਉਸ ਨੂੰ ਕੁਦਰਤ ਦੇ ਨੈਤਿਕ ਅਸੂਲਾਂ ਨੂੰ ਬਦਲਣ ਦਾ ਕੋਈ ਹੱਕ ਨਹੀਂ। ਜਦੋਂ ਰਾਜਕਾਜ ਵਿਚ ਕੋਈ ਖਾਮੀਆਂ ਆਉਂਦੀਆਂ ਹਨ ਜਾਂ ਅਧਰਮ ਦੀਆਂ ਗੱਲਾਂ ਹੁੰਦੀਆਂ ਹਨ ਤਾਂ ਕੁਦਰਤ ਸੋਕਿਆਂ, ਹੜ੍ਹਾਂ, ਗ੍ਰਹਿਣਾਂ ਅਤੇ ਬਗਾਵਤਾਂ ਦੀ ਸੂਰਤ ਵਿਚ ਮਾੜੇ ਦਿਨਾਂ ਦੀ ਚਿਤਾਵਨੀ ਦਿੰਦੀ ਹੈ। ਜੇਕਰ ਬਾਦਸ਼ਾਹ ਅਜਿਹੀਆਂ ਗੱਲਾਂ ਨੂੰ ਸਮਝ ਕੇ ਬਦਲਦੇ ਨਹੀਂ ਤਾਂ ਉਨ੍ਹਾਂ ਦੇ ਖ਼ਾਨਦਾਨ ਤਬਾਹ ਹੋ ਜਾਂਦੇ ਹਨ। ਤੁੰਗ ਅਨੁਸਾਰ ਕਨਫਿਊਸ਼ਸਵਾਦ ਦੇ ਵਿਦਵਾਨਾਂ ਦਾ ਦਰਜਾ ਵੀ ਬਾਦਸ਼ਾਹ ਵਾਂਗ ਬਹੁਤ ਉੱਚਾ ਹੁੰਦਾ ਹੈ। ਉਹ ਕੁਦਰਤ ਦੇ ਹਰ ਕਿਸਮ ਦੇ ਸ਼ਗਨਾਂ-ਬਦਸ਼ਗਨਾਂ ਦਾ ਮਤਲਬ ਬਾਦਸ਼ਾਹ ਨੂੰ ਸਮਝਾ ਕੇ ਉਸ ਅਨੁਸਾਰ ਹਕੂਮਤ ਕਰਨ ਦੀ ਸਲਾਹ ਦਿੰਦੇ ਹਨ।

ਆਪਣੀ ਪ੍ਰਸਿੱਧ ਦਾਰਸ਼ਨਿਕ ਕ੍ਰਿਤ 'ਚੁਨ ਚਲੂ ਫਾਨ ਲੂ' ਵਿਚ ਇਸ ਨੇ ਕਨਫਿਊਸ਼ਸਵਾਦ ਦੇ ਆਪਣੇ ਰਾਜ ਲੂ ਵਿਚ 722 ਈ. ਪੂ. ਤੋਂ ਲੈ ਕੇ 481 ਈ. ਪੂ. ਤਕ ਵਾਪਰੀਆਂ ਘਟਨਾਵਾਂ ਨੂੰ ਆਪਣੇ ਸ਼ਬਦਾਂ ਵਿਚ ਬਿਆਨਿਆ ਹੈ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਘਟਨਾਵਾਂ ਦੇ ਵੇਰਵੇ ਕਨਫਿਊਸ਼ਸਵਾਦ ਨੇ ਆਪ ਇਕੱਤਰ ਕੀਤੇ ਸਨ। ਉਸ ਨੇ ਟਿੱਪਣੀਆਂ ਦੇ ਕੇ ਅਗਾਊਂ ਬਾਦਸ਼ਾਹਾਂ ਲਈ ਰਾਜ ਕਰਨ ਦੇ ਚੰਗੇ ਢੰਗ ਦਰਸਾਏ ਸਨ।

ਇਸ ਦੀ ਮੌਤ 104 ਈ. ਪੂ. ਦੇ ਲਾਗੇ ਚਾਗੇ ਹੋਈ।

ਹ.ਪੁ.–ਐਨ.ਬ੍ਰਿ.ਮਾ. 10:181

**ਤੁਗਦਾਰੀ** : ਓਟਾਇਡੀ ਕੁਲ ਦੇ ਇਸ ਪੰਛੀ ਦਾ ਪ੍ਰਾਣੀ ਵਿਗਿਆਨਕ ਨਾਂ ਕੋਰੀਓਟਿਸ ਨਾਈਗਰੀਸੈੱਪਸ ਹੈ। ਪੰਜਾਬੀ ਵਿਚ ਇਸ ਪੰਛੀ ਨੂੰ ਤਲੌਰ, ਤੁਕਤਾਰ ਜਾਂ ਹੁਕਨਾ ਵੀ ਕਹਿੰਦੇ ਹਨ। ਇਸ ਪੰਛੀ ਦਾ ਕੱਦ ਆਮ ਤੌਰ ਤੇ ਵੱਡੇ ਕੁੱਕੜ ਜਿੰਨਾਂ ਹੁੰਦਾ ਹੈ। ਮਾਦਾ ਪੰਛੀ ਨਰ ਪੰਛੀ ਤੋਂ ਛੋਟੀ ਹੁੰਦੀ ਹੈ। ਇਸ ਪੰਛੀ ਦਾ ਭਾਰ ਲਗਭਗ 15 ਕਿ. ਗ੍ਰਾ. ਹੁੰਦਾ ਹੈ।

ਤੁਗਦਾਰੀ ਦੇ ਖੰਭਾਂ ਦਾ ਰੰਗ ਪੀਲਾ ਜਿਹਾ ਜਾਂ ਖ਼ਾਕੀ ਹੁੰਦਾ ਹੈ, ਜਿਸ ਉੱਤੇ ਬਾਰੀਕ ਕਾਲੀਆਂ ਧਾਰੀਆਂ ਹੁੰਦੀਆਂ ਹਨ। ਹੇਠਲੇ ਪਾਸੇ ਦੇ ਖੰਭ ਚਿੱਟੇ ਰੰਗ ਦੇ ਹੁੰਦੇ ਹਨ। ਛਾਤੀ ਤੇ ਹੇਠਲੇ ਹਿੱਸੇ ਉੱਤੇ ਵੱਡਾ ਸਾਰਾ ਕਾਲੇ ਰੰਗ ਦਾ ਛੱਲਾ ਹੁੰਦਾ ਹੈ। ਲੱਤਾਂ ਉੱਤੇ ਖੰਭ ਨਹੀਂ ਹੁੰਦੇ। ਗਰਦਨ ਚਿੱਟੀ, ਕਲਗ਼ੀ ਕਾਲੀ ਅਤੇ ਚੌੜੇ ਖੰਭਾਂ ਦੇ ਸਿਰੇ ਦੇ ਨੇੜੇ ਵੱਡਾ ਸਾਰਾ ਚਿੱਟਾ ਚਟਾਖ਼ ਹੁੰਦਾ ਹੈ ਜਿਹੜਾ ਕੇਵਲ ਉੱਡਦੇ ਸਮੇਂ ਹੀ ਨਜ਼ਰੀ ਪੈਂਦਾ ਹੈ। ਇਸ ਦੇ ਕੰਨਾਂ ਉਪਰ ਜ਼ੁਲਫ਼ਾਂ ਵਾਂਗ ਦੋਵੇਂ ਪਾਸੇ ਲਟਕਦੇ ਹੋਏ ਵਾਲ ਹੁੰਦੇ ਹਨ।

ਇਹ ਪੰਛੀ ਆਮ ਤੌਰ ਤੇ ਇਕੱਲਾ ਹੀ ਫਿਰਦਾ ਦਿਸਦਾ ਹੈ ਪਰ ਕਈ ਵਾਰ ਇਹ ਦੋ ਜਾਂ ਤਿੰਨ ਦੇ ਗਰੁੱਪਾਂ ਵਿਚ ਵੀ ਹੁੰਦੇ ਹਨ। ਇਨ੍ਹਾਂ ਦੀਆਂ ਮਨ-ਭਾਉਂਦੀਆਂ ਥਾਵਾਂ ਖੁੱਲ੍ਹੇ ਅਰਧ-ਮਾਰੂਥਲੀ ਅਤੇ ਘੱਟ ਘਾਹ ਵਾਲੇ ਮੈਦਾਨ ਹਨ, ਜਿਨ੍ਹਾਂ ਵਿਚ ਕਿਧਰੇ ਕਿਧਰੇ ਝਾੜੀਆਂ ਅਤੇ ਖੇਤ ਵੀ ਹੁੰਦੇ ਹਨ। ਇਨ੍ਹਾਂ ਪੰਛੀਆਂ ਦਾ ਮੁੱਖ ਆਹਾਰ ਟਿੱਡੇ, ਲੋਕੱਸਟ, ਬੀਟਲ, ਦਾਣੇ, ਨਰਮ ਕਰੂੰਬਲਾਂ (ਹਰੇ ਛੋਲੇ, ਸਰ੍ਹੋਂ), ਛਿਪਕਲੀਆਂ, ਛੋਟੇ ਸੱਪ ਅਤੇ ਸੈਂਟੀਪੀਡ ਹਨ।

ਤੁਗਦਾਰੀ ਤੇਜ਼ ਉਡਾਣ ਨਹੀਂ ਭਰ ਸਕਦੇ ਪਰ ਇਹ ਪੈਰਾਂ ਨਾਲ ਬਹੁਤ ਤੇਜ਼ ਦੌੜਦੇ ਹਨ। ਇਹ ਪੰਛੀ ਉੱਡਣ ਲਈ ਸਮਾਂ ਲਗਾਉਂਦੇ ਹਨ। ਜੇਕਰ ਇਕ ਵਾਰੀ ਉਡਾਨ ਭਰ ਲੈਣ ਤਾਂ ਇਕੋ ਉਡਾਰੀ ਵਿਚ ਕਈ ਕਿ. ਮੀ. ਤੈਅ ਕਰ ਲੈਂਦੇ ਹਨ। ਖ਼ਤਰਾ ਨਜ਼ਰ ਆਉਣ ਤੇ ਇਹ ਚੀਕਵੀਆਂ ਆਵਾਜ਼ਾਂ ਕੱਢਦੇ ਹਨ।

ਨਰ ਪੰਛੀ ਮਾਦਾ ਦੇ ਹਰਮ ਸਾਹਮਣੇ ਟਰਕੀ-ਪੰਛੀ ਵਾਂਗ ਮਟਕ ਮਟਕ ਦੇ ਪ੍ਰਦਰਸ਼ਨ ਕਰਦਾ ਹੈ ਅਤੇ ਨਾਲ ਹੀ ਵਿਰਲਾਪ ਭਰੀ ਆਵਾਜ਼ ਕੱਢਦਾ ਹੈ। ਇਹ ਪੰਛੀ ਦਰਖ਼ਤਾਂ ਉੱਤੇ ਬਹੁਤ ਹੀ ਘੱਟ ਬੈਠਦੇ ਹਨ ਅਤੇ ਨਾ ਹੀ ਉਨ੍ਹਾਂ ਉੱਤੇ ਆਲ੍ਹਣੇ ਬਣਾਉਂਦੇ ਹਨ। ਕਿਸੇ ਝਾੜੀ ਦੇ ਮੁੱਢ ਵਿਚ ਇਕ ਛੋਟਾ ਜਿਹਾ ਟੋਆ ਪੁੱਟ ਕੇ ਉਸ ਵਿਚ ਮਾਦਾ ਇਕ ਜਾਂ ਦੋ ਅੰਡੇ ਦਿੰਦੀ ਹੈ। ਅੰਡੇ ਦਾ ਰੰਗ ਬਦਾਮੀ ਜਾਂ ਭੂਰਾ ਹੁੰਦਾ ਹੈ ਜਿਸ ਉਪਰ ਹਲਕੇ ਭੂਰੇ ਰੰਗ ਦੇ ਚਟਾਖ਼ ਹੁੰਦੇ ਹਨ।

ਇਹ ਬਹੁਤ ਸ਼ਰਮੀਲੇ ਸੁਭਾਅ ਵਾਲਾ ਇਕ ਚੁਕੰਨਾ ਪੰਛੀ ਹੈ। ਇਸ ਦਾ ਮਾਸ ਬਹੁਤ ਸੁਆਦ ਹੁੰਦਾ ਹੈ। ਇਹੋ ਕਾਰਨ ਹੈ ਇਸ ਦੇ ਸ਼ਿਕਾਰ ਦੀ ਮਨਾਹੀ ਹੈ ਪਰ ਫਿਰ ਵੀ ਸ਼ਿਕਾਰੀਆਂ ਨੇ ਇਸ ਦੀ ਜਾਤੀ ਨੂੰ ਲਗਭਗ ਲੁਪਤ ਹੋਣ ਦੇ ਨੇੜੇ ਪਹੁੰਚਾ ਦਿੱਤਾ ਹੈ।

ਹ.ਪੁ.–ਕਾ.ਥ. : 52; ਮ.ਕੋ. : 595

**ਤੁੰਗਭਦਰਾ** : ਇਹ ਦੱਖਣੀ ਭਾਰਤ ਦੀ 643 ਕਿ.ਮੀ. (400 ਮੀਲ) ਲੰਬੀ ਇਕ ਨਦੀ ਹੈ। ਇਹ ਨਦੀ ਕਰਨਾਟਕ ਰਾਜ ਦੇ ਪੱਛਮ ਵੱਲ ਤੁੰਗ ਅਤੇ ਭਦਰਾ ਨਦੀਆਂ-ਜਿਹੜੀਆਂ ਕਰਨਾਟਕ ਰਾਜ ਦੇ ਚਿਕਮੰਗਲੂਰ ਜ਼ਿਲ੍ਹੇ ਦੀ ਹੱਦ ਤੇ ਪੱਛਮੀ ਘਾਟਾਂ ਵਿਚ ਸਥਿਤ ਗੰਗਾਮੂਲਾ ਦੇ ਸਥਾਨ ਤੋਂ ਨਿਕਲਦੀਆਂ ਹਨ, ਦੇ ਸੰਗਮ ਤੋਂ ਹੋਂਦ ਵਿਚ ਆਈ ਹੈ। ਉੱਤਰ-ਪੂਰਬ ਵੱਲ ਆਂਧਰਾ ਪ੍ਰਦੇਸ਼ ਦੀ ਉੱਤਰੀ ਹੱਦ ਨਾਲ ਨਾਲ ਵਹਿੰਦੀ ਹੋਈ ਇਹ ਕ੍ਰਿਸ਼ਨਾ ਨਦੀ ਵਿਚ ਜਾ ਰਲਦੀ ਹੈ। ਤੁੰਗ ਨਦੀ ਉੱਤਰ-ਪੂਰਬ ਦੇ ਰੁੱਖ ਵਹਿੰਦੀ ਹੋਈ ਸਿੰਗ੍ਰੇਰੀ ਤੱਕ ਤੇ ਅੱਗੇ ਉੱਤਰ-ਪੱਛਮ ਵੱਲ ਤਿੱਖਾ ਮੋੜ ਕੱਟਦੀ ਹੋਈ ਤੀਰਥਹਾਲੀ ਵੱਲ ਅਤੇ ਉਥੋਂ ਸ਼ਿਮੋਗਾ ਸ਼ਹਿਰ ਦੇ ਨੇੜੇ ਫਿਰ ਉੱਤਰ-ਪੂਰਬ ਵੱਲ ਵਹਿੰਦੀ ਹੈ। ਦੂਜੀ ਸ਼ਾਖ਼ਾ ਭਦਰਾ, ਪੂਰਬ ਵੱਲ ਨੂੰ ਬਾਬਾ ਬੁਡਨ ਪਹਾੜ ਦੀਆਂ ਤਲਹੱਟੀਆਂ ਦੇ ਨਾਲ ਨਾਲ ਵਗਦੀ ਹੋਈ ਬਾਂਕੀਪੁਰ ਦੇ ਨੇੜਿਓਂ ਉੱਤਰ ਵੱਲ ਜਾਂਦੀ ਹੈ। ਸ਼ਿਮੋਗਾ ਜ਼ਿਲ੍ਹੇ ਵਿਚ ਪੱਛਮ ਵੱਲੋਂ ਚੋਰਾਦੀ ਜਾਂ ਕੁਮਾਦਵਤੀ ਅਤੇ ਪੂਰਬ ਵਲੋਂ ਹਰੀਦਰਾ ਨਦੀਆਂ ਇਸ ਵਿਚ ਆ ਕੇ ਮਿਲਦੀਆਂ ਹਨ। ਚਿੱਤਰਦੁਰਗ ਜ਼ਿਲ੍ਹੇ ਵਿਚ ਇਸ ਵਿਚ ਚਿੰਨਾ ਹੈਗਾਰੀ ਅਤੇ ਵੇਦਾਵਤੀ ਜਾਂ ਹੈਗਾਰੀ ਨਦੀਆਂ ਦੱਖਣ ਵੱਲੋਂ ਆ ਕੇ ਇਸ ਵਿਚ ਮਿਲਦੀਆਂ ਹਨ।

ਸੜਕ ਤੇ ਰੇਲ ਮਾਰਗ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ ਹਰੀਹਰ ਵਿਖੇ ਇਸ ਨਦੀ ਤੇ ਪੁਲ ਬਣਾਇਆ ਗਿਆ ਹੈ। ਇਸੇ ਤਰ੍ਹਾਂ ਹਾਸੁਰੂ ਅਤੇ ਰਾਮਪੁਰਮ ਵਿਖੇ ਵੀ ਰੇਲਵੇ ਆਵਾਜਾਈ ਲਈ ਪੁਲ ਬਣਾਏ ਹੋਏ ਹਨ। ਤੁੰਗ ਅਤੇ ਭਦਰਾ ਨਦੀਆਂ ਤੇ ਸਿੰਜਾਈ ਸਹੂਲਤਾਂ ਪ੍ਰਦਾਨ ਕਰਨ ਲਈ ਕਈ ਬੰਨ੍ਹ ਬਣਾਏ ਗਏ ਹਨ ਪਰ ਇਨ੍ਹਾਂ ਨਦੀਆਂ ਦਾ ਤਲ ਬਹੁਤਾ ਕਰਕੇ ਪਥਰੀਲਾ ਹੈ ਜਿਸ ਕਰਕੇ ਇਥੇ ਜਹਾਜ਼ਰਾਨੀ ਵੀ ਸੰਭਵ ਨਹੀਂ ਹੈ।

ਇਹ ਮੰਨਿਆ ਜਾਂਦਾ ਹੈ ਕਿ ਦੱਖਣੀ ਭਾਰਤ ਦੀਆਂ ਨਦੀਆਂ ਵਿਚੋਂ ਤੁੰਗ ਨਦੀ ਦਾ ਪਾਣੀ ਸਭ ਤੋਂ ਮਿੱਠਾ ਹੈ ਜਿਸ ਕਰਕੇ ਇਸ ਦੇ ਨਾਲ ਨਾਲ ਸਿੰਗ੍ਰੇਰੀ, ਹਰੀਹਰਪੁਰ, ਤੀਰਥਹਾਲੀ ਅਤੇ ਸ਼ਿਮੋਗਾ ਵਰਗੇ

ਪੁਰਾਤਨ ਧਾਰਮਿਕ ਸ਼ਹਿਰ ਲੜੀਵਾਰ ਸਥਾਪਿਤ ਹਨ। ਲੱਕਾਵੱਲੀ ਦੇ ਸਥਾਨ ਤੇ ਭਦਰਾ ਨਦੀ ਤੇ ਸਿੰਚਾਈ ਸਹੂਲਤਾਂ ਲਈ ਬੰਨ੍ਹ ਬਣਾਇਆ ਗਿਆ ਹੈ ਜਦੋਂ ਕਿ ਤੁੰਗਭਦਰਾ ਨਦੀ ਤੇ ਸਿੰਚਾਈ ਸਹੂਲਤਾਂ ਮੁਹੱਈਆ ਕਰਨ ਅਤੇ ਪਣ-ਬਿਜਲੀ ਪੈਦਾ ਕਰਨ ਲਈ ਬੇਲਾਰੀ ਜ਼ਿਲ੍ਹੇ ਵਿਚ ਹਾਸਪਟ ਵਿਖੇ ਬੰਨ੍ਹ ਮਾਰਿਆ ਗਿਆ ਹੈ।

14°00′ ਉ.ਵਿਥ.; 75°43′ ਪੂ.ਲੰਬ.

ਹ.ਪੁ.—ਇੰਪ.ਗ. ਇੰਡ. 24:60; ਵੈਬ.ਜੁ. ਡਿਕ :1234; ਏ ਰੀਜਨਲ ਜਿਉਗ੍ਰਾਫੀ ਆਫ਼ ਇੰਡੀਆ— ਆਰ.ਐਲ. ਸਿੰਘ : 795

**ਤੁਗਰਿਲ ਬੇਗ** : ਇਹ ਸਲਜੂਕ ਰਾਜ ਘਰਾਣੇ ਦਾ ਮੋਢੀ ਸੀ ਜਿਸ ਦਾ ਜਨਮ ਲਗਭਗ 990 ਈ. ਵਿਚ ਹੋਇਆ। ਇਸ ਨੇ 11ਵੀਂ ਸਦੀ ਤੋਂ 14ਵੀਂ ਸਦੀ ਤੱਕ ਈਰਾਨ, ਇਰਾਕ, ਸੀਰੀਆ ਅਤੇ ਅਨਾਤੋਲੀਆ ਤੇ ਰਾਜ ਕੀਤਾ। ਇਸ ਦੀ ਹਕੂਮਤ ਦੌਰਾਨ ਸਲਜੂਕਾਂ ਨੇ ਬਗ਼ਦਾਦ ਦੇ ਅੱਬਾਸੀ ਖ਼ਲੀਫੇ ਦੇ ਅਧਿਕਾਰ-ਖੇਤਰ ਉੱਤੇ ਸਿਆਸੀ ਸਰਦਾਰੀ ਕਾਇਮ ਕਰ ਲਈ ਅਤੇ ਸਾਰੇ ਇਸਲਾਮੀ ਦੇਸ਼ਾਂ ਦੀ ਰਹਿਨੁਮਾਈ ਆਪਣੇ ਹੱਥਾਂ ਵਿਚ ਲੈ ਲਈ।

ਇਹ ਜੰਡ ਖੇਤਰ ਦੇ ਉਗੂਜ਼ ਕਬੀਲੇ ਦਾ ਮੁੱਖੀ, ਸਲਜੂਕ ਦਾ ਪੋਤਾ ਸੀ। ਸੰਨ 1016 ਤੋਂ ਥੋੜ੍ਹਾ ਚਿਰ ਪਹਿਲਾਂ ਇਹ ਆਪਣੇ ਭਰਾ ਚਾਗ਼ਰੀ ਸਮੇਤ ਮੁਸਲਮਾਨਾਂ ਦੇ ਟ੍ਰਾਂਸਆਕਸੀਏਨਾ ਇਲਾਕੇ ਵਿਚ ਦਾਖ਼ਲ ਹੋ ਗਿਆ। ਸੰਨ 1025 ਵਿਚ ਇਨ੍ਹਾਂ ਨੇ ਆਪਣੇ ਚਾਚੇ, ਅਰਸਲਾਨ ਸਮੇਤ ਬੁਖ਼ਾਰਾ ਦੇ ਸ਼ਹਿਜ਼ਾਦੇ ਤੁਰਕੀ ਕਰਾਖ਼ਾਨੀ ਕੋਲ ਨੌਕਰੀ ਕਰ ਲਈ। ਇਸੇ ਸਾਲ ਗ਼ਜਨਾ ਦੇ ਮਹਿਮੂਦ ਤੋਂ ਹਾਰ ਜਾਣ ਉਪਰੰਤ ਤੁਗ਼ਰਿਲ ਅਤੇ ਇਸਦੇ ਭਰਾ ਨੇ ਅਰਾਲ ਸਾਗਰ ਦੇ ਦੱਖਣ-ਪੂਰਬ ਵਿਚ ਆਮੂ ਦਰਿਆ ਦੇ ਜਵਾਰ-ਦਹਾਨੇ ਦੇ ਨੇੜੇ ਕਵਾਰਿਜ਼ਮ ਵਿਚ ਜਾ ਪਨਾਹ ਲਈ। ਇਨ੍ਹਾਂ ਦਾ ਚਾਚਾ ਅਰਸਲਾਨ ਖ਼ੁਰਾਸਾਨ ਵਿਚ ਵੱਸ ਗਿਆ। ਬਾਅਦ ਵਿਚ ਇਹ ਵੀ ਖ਼ੁਰਾਸਾਨ ਆ ਗਏ ਅਤੇ ਇਨ੍ਹਾਂ ਨੇ ਇਥੋਂ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਵਸਦੇ ਰੂੜ੍ਹੀਵਾਦੀ ਮੁਸਲਮਾਨ ਪਰਿਵਾਰਾਂ ਨਾਲ ਕਾਫ਼ੀ ਨਜ਼ਦੀਕੀ ਸਬੰਧ ਕਾਇਮ ਕਰ ਲਏ। ਸੰਨ 1028-29 ਵਿਚ ਇਨ੍ਹਾਂ ਨੇ ਮੈਰਵ ਅਤੇ ਨੀਸ਼ਾਪੁਰ ਸ਼ਹਿਰਾਂ ਨੂੰ ਜਿੱਤ ਲਿਆ। ਆਖ਼ਰ 1040 ਈ. ਵਿਚ ਸਲਜੂਕਾਂ ਨੇ ਦੰਦਾਕਾਨ ਵਿਖੇ ਮਹਿਮੂਦ ਦੇ ਪੁੱਤ, ਮਸਊਦ ਨੂੰ ਇਕ ਫੈਸਲਾਕੁੰਨ ਹਾਰ ਦਿੱਤੀ। ਖ਼ੁਰਾਸਾਨ ਨੂੰ ਰਿਆਸਤ ਬਣਾ ਕੇ ਚਾਗ਼ਰੀ ਨੂੰ ਸੌਂਪ ਦਿੱਤਾ ਗਿਆ। ਇਹ ਹੁਣ ਈਰਾਨੀ ਪਠਾਰ ਉਪਰ ਜਿੱਤ ਹਾਸਲ ਕਰਨ ਲਈ ਵਿਹਲਾ ਹੋ ਗਿਆ ਸੀ।

ਇਹ ਇਕ ਨਿਪੁੰਨ ਹਾਕਮ ਸੀ ਜਿਸ ਨੇ ਯੋਜਨਾਬੰਧ ਢੰਗ ਨਾਲ ਆਪਣੇ ਖ਼ਾਨਦਾਨ ਦਾ ਸਾਮਰਾਜ ਸਥਾਪਿਤ ਕਰਨ ਵਿਚ ਕਾਮਯਾਬੀ ਹਾਸਲ ਕੀਤੀ। ਪਹਿਲੀਆਂ ਜਿੱਤਾਂ ਤੁਰਕਮਾਨ ਧਾੜਵੀਆਂ ਨੇ ਇਸ ਦੇ ਦੁੱਧ-ਭਰਾ, ਇਬਰਾਹੀਮ ਇਨਾਲ ਦੀ ਅਗਵਾਈ ਹੇਠ ਹਾਸਲ ਕੀਤੀਆਂ ਅਤੇ ਇਨ੍ਹਾਂ ਜਿੱਤੇ ਹੋਏ ਇਲਾਕਿਆਂ ਵਿਚ ਇਸ ਨੇ ਖੁਦ ਜਾ ਕੇ ਪ੍ਰਸ਼ਾਸਨ ਕਾਇਮ ਕੀਤਾ। ਇਸ ਤਰ੍ਹਾਂ 1040 ਅਤੇ 1054 ਈ. ਤੱਕ ਇਸ ਨੇ ਖੁਰਾਸਾਨ ਦੇ ਕੈਸਪੀਅਨ ਖੇਤਰ, ਰੇਅ ਅਤੇ ਹਮਦਾਨ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ ਅਤੇ ਇਸਫਾਹਾਨ ਤੇ ਵੀ ਆਪਣੀ ਸਰਦਾਰੀ ਕਾਇਮ ਕਰ ਲਈ। ਸੰਨ 1049 ਅਤੇ 1054 ਦੌਰਾਨ ਇਸਨੇ ਅਨਾਤੋਲੀਆ ਦੇ ਬਾਜ਼ਨਤੀਨੀ ਖੇਤਰ ਵਿਚ ਨਾਲ ਲਗਦੇ ਮੁਸਲਿਮ ਰਾਜਾਂ ਵਲੋਂ ਤੁਰਕਮਾਨ ਉੱਤੇ ਹੋ ਰਹੇ ਹੱਲਿਆਂ ਨੂੰ ਰੋਕਣ ਅਤੇ ਬਾਜ਼ਨਤੀਨੀ ਸਾਮਰਾਜ ਵਿਚ ਸਲਜੂਕ ਤਾਕਤ ਦਾ ਪਸਾਰਾ ਕਰਨ ਲਈ ਤੁਰਕਮਾਨਾਂ ਦੀਆਂ ਕਈ ਮੁਹਿੰਮਾਂ ਭੇਜੀਆਂ।

ਸੰਨ 1055 ਵਿਚ ਇਰਾਕ ਦੇ ਪੂਰਬੀ ਅਤੇ ਉੱਤਰੀ ਖੇਤਰਾਂ ਦੀਆਂ ਰਿਆਸਤਾਂ ਜਿੱਤਣ ਤੋਂ ਬਾਅਦ ਇਹ ਬਗ਼ਦਾਦ ਵਿਚ ਦਾਖ਼ਲ ਹੋ ਗਿਆ। ਇਥੇ ਇਸਨੂੰ ਇਸਲਾਮੀ ਦੇਸ਼ਾਂ ਦੀ ਧਾਰਮਕ ਅਤੇ ਰਾਜਸੀ ਏਕਤਾ ਦੇ ਹੱਕ ਲਈ ਮਿਸਰ ਵਿਚ ਕਾਹਿਰਾ ਦੇ ਸ਼ੀਆ-ਫ਼ਾਤਿਮੀ ਖਲੀਫ਼ਿਆਂ ਦਾ ਤਖ਼ਤਾ ਉਲਟਾ ਕੇ ਅੱਬਾਸੀ ਖਲੀਫ਼ੇ ਦੇ ਅਧੀਨ ਕਰਨ ਲਈ ਨਿਯੁਕਤ ਕੀਤਾ ਗਿਆ। ਸ਼ੀਆ ਵੱਲੋਂ ਮਿਲੀ ਧਮਕੀ ਅਤੇ ਇਸਦੇ ਹਿਮਾਇਤੀਆਂ ਵਿਚਕਾਰ ਪ੍ਰਸ਼ਾਸਕੀ ਸੇਵਾਵਾਂ ਬਦਲੇ ਲੋੜੀਂਦੇ ਇਨਾਮ ਨਾ ਮਿਲਣ ਕਾਰਨ ਅਸੰਤੋਸ਼ ਦੀ ਭਾਵਨਾ ਜਾਗ ਪਈ। ਆਮ ਜਨਤਾ ਵਿਚ ਇਸ ਦੇ ਖਿਲਾਫ਼ ਵਿਦਰੋਹ ਦੀ ਭਾਵਨਾ ਪੈਦਾ ਹੋ ਗਈ ਜਿਸ ਕਾਰਣ ਇਹ ਆਪਣੇ ਉਦੇਸ਼ ਵਿਚ ਸਫ਼ਲ ਨਾ ਹੋ ਸਕਿਆ। ਸ਼ਹਿਜ਼ਾਦੇ ਇਨਾਲ ਨੇ ਤੁਰਕਮਾਨਾਂ ਨਾਲ ਮਿਲ ਕੇ ਮੈਸੋਪੋਟਾਮੀਆ ਅਤੇ ਈਰਾਨ ਵਿਚ ਬਗ਼ਾਵਤ ਕਰ ਦਿੱਤੀ। ਦੂਜੇ ਪਾਸੇ 1058 ਈ. ਵਿਚ ਅਰਬ ਅਤੇ ਸ਼ੀਆ-ਬੁਯਿਦੀ ਫ਼ੌਜਾਂ ਕਾਹਿਰਾ ਦੇ ਫਾਤਿਮੀਆਂ ਦੀ ਅਗਵਾਈ ਹੇਠ ਇਕੱਠੀਆਂ ਹੋ ਕੇ ਬਗ਼ਦਾਦ ਵਿਚ ਦਾਖ਼ਲ ਹੋ ਗਈਆਂ। ਅੱਬਾਸੀ ਖਲੀਫ਼ੇ ਨੂੰ ਬੰਦੀ ਬਣਾ ਲਿਆ ਗਿਆ ਅਤੇ ਕਾਹਿਰਾ ਦੇ ਫਾਤਿਮੀ ਖਲੀਫ਼ੇ ਦੇ ਨਾਂ ਤੇ ਦੁਆਵਾਂ ਮੰਗੀਆਂ ਜਾਣ ਲੱਗੀਆਂ। ਸੰਨ 1060 ਵਿਚ ਇਸ ਨੇ ਇਨ੍ਹਾਂ ਸਾਰੇ ਬਾਗ਼ੀਆਂ ਨੂੰ ਕੁਚਲ ਕੇ ਬਗ਼ਦਾਦ ਦੀ ਹਕੂਮਤ ਮੁੜ ਹਾਸਲ ਕਰ ਲਈ ਅਤੇ ਮੈਸੋਪੋਟਾਮੀਆ ਦੇ ਅਰਬਾਂ ਨੂੰ ਸ਼ਾਂਤ ਕਰਨ ਵਿਚ ਕਾਮਯਾਬ ਹੋ ਗਿਆ। ਆਪਣੇ ਆਖ਼ਰੀ ਸਾਲਾਂ ਵਿਚ ਇਸਨੇ ਉੱਤਰ-ਪੱਛਮੀ ਈਰਾਨ ਦੇ ਛੋਟੇ-ਮੋਟੇ ਸ਼ਹਿਜ਼ਾਦਿਆਂ ਉੱਤੇ ਵੀ ਜਿੱਤ ਹਾਸਲ ਕਰ ਲਈ ਅਤੇ ਖ਼ਲੀਫੇ ਨੂੰ ਮਜਬੂਰ ਕਰਕੇ ਉਸਦੀ ਲੜਕੀ ਨਾਲ ਨਿਕਾਹ ਕਰਵਾ ਲਿਆ।

4 ਸਤੰਬਰ, 1063 ਈ. ਵਿਚ ਇਸ ਦੀ ਈਰਾਨ ਵਿਚ ਰੇਅ ਵਿਖੇ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. : 11 : 819

**ਤੁਗ਼ਲਕ, ਫ਼ਿਰੋਜ਼** : ਇਹ ਮੱਧਕਾਲ ਦੌਰਾਨ ਭਾਰਤ ਵਿਚ ਰਾਜ ਕਰਨ ਵਾਲੇ ਤੁਗਲਕ ਬੰਸ ਦਾ ਤੀਜਾ ਵੱਡਾ ਬਾਦਸ਼ਾਹ ਸੀ ਜਿਹੜਾ 1351 ਈ. ਵਿਚ ਮੁਹੰਮਦ ਤੁਗਲਕ ਦੀ ਮੌਤ ਪਿੱਛੋਂ ਦਿੱਲੀ ਦੇ ਤਖ਼ਤ ਦਾ ਮਾਲਕ ਬਣਿਆ। ਇਸ ਦਾ ਜਨਮ 1309 ਈ. ਵਿਚ ਮੁਹੰਮਦ ਤੁਗਲਕ ਦੇ ਚਾਚੇ ਸਿਪਾਹਸਲਾਰ ਰਜਬ ਦੇ ਘਰ ਹੋਇਆ। ਇਸ ਦੀ ਮਾਂ ਭਾਵੇਂ ਅਬੂਹਰ ਦੇ ਇਕ ਹਿੰਦੂ ਰਾਜਪੂਤ ਘਰਾਣੇ ਦੀ ਸ਼ਹਿਜ਼ਾਦੀ ਸੀ ਫਿਰ ਵੀ ਇਹ ਇਕ ਕੱਟੜ ਮੁਸਲਮਾਨ ਸੀ। ਇਹ ਬਾਕਾਇਦਾ ਮੁਸਲਮਾਨ ਧਰਮ ਦੇ ਰੀਤੀ-ਰਿਵਾਜਾਂ ਤੇ ਚਲਦਾ ਸੀ। ਇਸ ਨੂੰ ਮੁਹੰਮਦ ਤੁਗਲਕ ਦਿਲੋਂ ਪਿਆਰ ਕਰਦਾ ਸੀ। ਇਥੋਂ ਤੱਕ ਕਿ ਰਾਜਧਾਨੀ ਤੋਂ ਬਾਹਰ ਜਾਣ ਵੇਲੇ ਉਹ ਰਾਜ-ਕਾਜ ਹਮੇਸ਼ਾਂ ਇਸ ਨੂੰ ਸੰਭਾਲ ਕੇ ਜਾਂਦਾ ਸੀ। ਖਿਆਲ ਹੈ ਕਿ ਮਰਨ ਤੋਂ ਪਹਿਲਾਂ ਹੀ ਮੁਹੰਮਦ ਤੁਗਲਕ ਨੇ ਇਸ ਨੂੰ ਖੁਦ ਆਪਣਾ ਵਾਰਸ ਨਾਮਜ਼ਦ ਕਰ ਦਿੱਤਾ ਸੀ।

ਠੱਟਾ ਦੇ ਨਜ਼ਦੀਕ ਮੁਹੰਮਦ ਤੁਗਲਕ ਦੀ ਮੌਤ ਹੋ ਜਾਣ ਤੇ ਬਾਦਸ਼ਾਹ ਦੇ ਸਾਰੇ ਹੀ ਸ਼ਾਹੀ ਅਫ਼ਸਰ ਤੇ ਸਹਿਯੋਗੀ ਘਬਰਾਹਟ ਵਿਚ ਆ ਗਏ ਤੇ ਤਾਗ਼ੀ ਦੇ ਵਿਰੁੱਧ ਇਸ ਮੁਹਿੰਮ ਦੀ ਸਹਾਇਤਾ ਲਈ ਆਏ ਹੋਏ ਮੰਗੋਲ ਸੈਨਿਕ, ਸ਼ਾਹੀ ਫੌਜਾਂ ਵਿਚ ਹੀ ਦਖ਼ਲ-ਅੰਦਾਜ਼ੀ ਕਰਨ ਲਗ ਪਏ। ਇਸ ਕਰਕੇ ਮੁਸਲਮਾਨੀ ਫ਼ੌਜ ਨੂੰ ਰਾਜਧਾਨੀ ਵਾਪਸ ਪਹੁੰਚਣਾ ਵੀ ਮੁਸ਼ਕਲ ਹੋ ਗਿਆ। ਦੂਜੇ ਪਾਸੇ ਬਾਦਸ਼ਾਹ ਦੇ ਵਾਰਸ ਦੀ ਅਣਹੋਂਦ ਕਾਰਨ ਹਾਲਾਤ ਹੋਰ ਵੀ ਗੰਭੀਰ ਹੋ ਰਹੇ ਸਨ। ਇਸ ਵੇਲੇ ਦੀ ਨਜ਼ਾਕਤ ਨੂੰ ਦੇਖਦਿਆਂ ਸੁਲਤਾਨ ਦੇ ਅਮੀਰਾਂ ਤੇ ਸੈਨਾਪਤੀਆਂ ਨੇ ਸਭ ਤੋਂ ਪਹਿਲਾਂ ਗੱਦੀ ਦਾ ਵਾਰਸ ਚੁਣਨ ਦੀ

ਵਿਉਂਤ ਬਣਾਈ। ਸਮਕਾਲੀ ਇਤਿਹਾਸਕਾਰ ਬਰਨੀ ਅਨੁਸਾਰ ਸੁਲਤਾਨ ਵਲੋਂ ਪਹਿਲਾਂ ਹੀ ਬਾਦਸ਼ਾਹਤ ਲਈ ਨਾਮਜ਼ਦ ਕੀਤੇ ਗਏ ਫਿਰੋਜ਼ ਨੂੰ ਗੱਦੀਨਸ਼ੀਨ ਕਰ ਦਿੱਤਾ ਗਿਆ ਅਤੇ ਉਸ ਨੂੰ ਮੰਗੋਲਾਂ ਦੇ ਹਮਲੇ ਤੋਂ ਬਚਾਉ ਲਈ ਬੇਨਤੀ ਕੀਤੀ ਗਈ। ਇਸ ਨੂੰ ਗੱਦੀ ਦੀ ਬਿਲਕੁਲ ਚਾਹ ਨਹੀਂ ਸੀ ਅਤੇ ਇਸ ਨੇ ਆਪਣਾ ਸਾਰਾ ਜੀਵਨ ਧਾਰਮਿਕ ਰੰਗਣ ਵਿਚ ਹੀ ਬਿਤਾਉਣ ਦਾ ਸੋਚਿਆ ਹੋਇਆ ਸੀ। ਸ਼ਾਹੀ ਸਰਦਾਰਾਂ ਅਤੇ ਜਰਨੈਲਾਂ ਦੇ ਬਜ਼ਿੱਦ ਹੋਣ ਅਤੇ ਹਾਲਾਤ ਦੀ ਨਜ਼ਾਕਤ ਨੂੰ ਸਾਹਮਣੇ ਰੱਖਦਿਆਂ ਇਸ ਨੂੰ ਗੱਦੀਨਸ਼ੀਨ ਹੋਣਾ ਹੀ ਪਿਆ। ਦੂਜੇ ਪਾਸੇ ਦਿੱਲੀ ਅੰਦਰ ਬੈਠੇ ਖ਼ਵਾਜ਼ਾ ਜਹਾਨ ਨੇ ਸੁਲਤਾਨ ਦੀ ਮੌਤ ਦੀ ਖ਼ਬਰ ਸੁਣ ਕੇ ਅਤੇ ਬਾਦਸ਼ਾਹ ਦੇ ਕੋਈ ਲੜਕਾ ਨਾ ਹੋਣ ਦੀ ਸੂਰਤ ਵਿਚ ਗੱਦੀਨਸ਼ੀਨੀ ਸਬੰਧੀ ਸੰਭਾਵੀ ਝਗੜਿਆਂ ਨੂੰ ਗੰਭੀਰਤਾ ਤੱਕ ਪਹੁੰਚਣ ਤੋਂ ਪਹਿਲਾਂ ਹੀ ਸੁਲਤਾਨ ਦਾ ਇਕ ਫਰਜ਼ੀ ਉੱਤਰਾਧਿਕਾਰੀ ਥਾਪ ਦਿੱਤਾ। ਇਸ ਨਾਲ ਸਥਿਤੀ ਬਹੁਤ ਗੰਭੀਰ ਹੋ ਗਈ। ਇਸ ਸਥਿਤੀ ਵਿਚ ਇਸ ਨੇ ਸ਼ਾਹੀ ਸ਼ਖਸੀਅਤਾਂ ਅਤੇ ਅਧਿਕਾਰੀਆਂ ਕੋਲੋਂ ਸੁਲਤਾਨ ਦੇ ਵਾਰਸ ਲੜਕੇ ਦੀ ਅਣਹੋਂਦ ਬਾਰੇ ਪੁਸ਼ਟੀ ਕਰਵਾ ਕੇ ਆਪਣੇ ਆਪ ਨੂੰ ਤਖ਼ਤ ਦਾ ਜਾਇਜ਼ ਵਾਰਸ ਸਾਬਤ ਕੀਤਾ। ਇਸ ਸਮੇਂ ਖ਼ਵਾਜ਼ਾ ਜਹਾਨ ਨੇ ਆਪਣੀ ਜਲਦਬਾਜ਼ੀ ਲਈ ਇਸ ਤੋਂ ਮੁਆਫੀ ਮੰਗ ਲਈ ਅਤੇ ਇਸ ਤਰ੍ਹਾਂ 24 ਮਾਰਚ, 1351 ਨੂੰ ਇਹ ਦਿੱਲੀ ਦੇ ਤਖ਼ਤ ਦਾ ਮਾਲਕ ਬਣਿਆ।

ਬੰਗਾਲ ਦੀ ਪਹਿਲੀ ਮੁਹਿੰਮ 1353-54 ਈ. ਵਿਚ ਸ਼ੁਰੂ ਹੋਈ। ਮੁਹੰਮਦ ਤੁਗਲਕ ਦੀ ਮੌਤ ਉਪਰੰਤ ਦੇਸ਼ 'ਚ ਫੈਲੀ ਹਫੜਾ-ਦਫੜੀ ਦੌਰਾਨ ਬੰਗਾਲ ਨੇ ਆਪਣੇ ਆਪ ਨੂੰ ਦਿੱਲੀ ਤੋਂ ਵੱਖਰਾ ਕਰ ਲਿਆ ਅਤੇ ਹਾਜੀ ਇਲਿਆਸ ਨੇ ਸ਼ਮਸ-ਉੱਦ-ਦੀਨ ਦੀ ਉਪਾਧੀ ਧਾਰਨ ਕਰਕੇ ਆਪਣੇ ਆਪ ਨੂੰ ਪੱਛਮੀ ਬੰਗਾਲ ਦਾ ਇਕ ਸੁਤੰਤਰ ਸ਼ਾਸਕ ਘੋਸ਼ਿਤ ਕਰ ਲਿਆ। ਇਕ ਵੱਡੀ ਫ਼ੌਜ ਦੀ ਅਗਵਾਈ ਕਰਦੇ ਹੋਏ ਸੁਲਤਾਨ ਨੇ ਬੰਗਾਲ ਵੱਲ ਕੂਚ ਕੀਤਾ ਅਤੇ ਉਥੇ ਪੁੱਜ ਕੇ ਆਪਣੀ ਬੰਗਾਲੀ ਪਰਜਾ ਦੇ ਨਾਂ ਇਕ ਐਲਾਨ ਜਾਰੀ ਕੀਤਾ ਜਿਸ ਵਿਚ ਉਸ ਨੇ ਹਾਜੀ ਇਲਿਆਸ ਵਲੋਂ ਕੀਤੀਆਂ ਵਧੀਕੀਆਂ ਅਤੇ ਦੇਸ਼ ਦਾ ਚੰਗੀ ਤਰ੍ਹਾਂ ਸਾਸ਼ਨ ਚਲਾਉਣ ਅਤੇ ਲੋਕਾਂ ਨੂੰ ਨਿਆਂ ਦੇਣ ਸਬੰਧੀ ਆਪਣੀ ਇੱਛਾ ਦਾ ਜ਼ਿਕਰ ਕੀਤਾ। ਜਦੋਂ ਹਾਜੀ ਇਲਿਆਸ ਨੂੰ ਇਸ ਦੇ ਆਉਣ ਦਾ ਪਤਾ ਲੱਗਾ ਤਾਂ ਉਸ ਨੇ ਇਕਦਾਲਾ ਦੇ ਕਿਲੇ ਵਿਚ ਜਾ ਮੋਰਚਾਬੰਦੀ ਕੀਤੀ। ਉਸ ਨੂੰ ਕਿਲੇ ਤੋਂ ਬਾਹਰ ਕੱਢਣ ਲਈ ਫਿਰੋਜ਼ ਨੇ ਬਹੁਤ ਹੀ ਜੁਗਤੀ-ਭਰਪੂਰ ਚਾਲ ਚੱਲੀ। ਇਹ ਆਪਣੀ ਫ਼ੌਜ ਨਾਲ ਕੁਝ ਕੁ ਮੀਲ ਇਸ ਖਿਆਲ ਨਾਲ ਪਿਛਾਂਹ ਮੁੜ ਆਇਆ ਤਾਂ ਜੋ ਦੁਸ਼ਮਣ ਪਿਛਾਂਹ ਹੱਟ ਰਹੀ ਉਸ ਦੀ ਫ਼ੌਜ ਉੱਤੇ ਚੜ੍ਹਾਈ ਕਰਨ ਲਈ ਆਪਣੇ ਆਪ ਹੀ ਕਿਲੇ ਵਿਚੋਂ ਬਾਹਰ ਆ ਜਾਵੇਗਾ। ਸ਼ਮਸ-ਉੱਦ-ਦੀਨ ਨੇ ਦਸ ਹਜ਼ਾਰ ਘੁੜਸਵਾਰਾਂ ਅਤੇ ਦੋ ਲੱਖ ਪਿਆਦਿਆਂ ਦੀ ਫ਼ੌਜ ਦੀ ਅਗਵਾਈ ਕਰਦਿਆਂ ਸ਼ਾਹੀ ਫ਼ੌਜ ਦਾ ਪਿੱਛਾ ਕੀਤਾ। ਸੁਲਤਾਨ ਨੇ ਸਮਕਾਲੀ ਸਮੇਂ ਦੀ ਯੁੱਧ-ਨੀਤੀ ਅਨੁਸਾਰ ਆਪਣੀ ਸਾਰੀ ਫ਼ੌਜ ਨੂੰ ਸੱਜੇ, ਖੱਬੇ ਅਤੇ ਵਿਚਕਾਰਲੇ ਤਿੰਨ ਹਿੱਸਿਆਂ ਵਿਚ ਵੰਡ ਲਿਆ। ਇਸ ਤਰ੍ਹਾਂ ਦੇ ਅਜੀਬ ਹਾਲਾਤਾਂ ਨੂੰ ਵੇਖ ਕੇ ਸ਼ਮਸ-ਉੱਦ-ਦੀਨ ਬਹੁਤ ਘਬਰਾ ਗਿਆ ਪਰ ਉਸ ਨੇ ਆਪਣਾ ਡਰ ਜ਼ਾਹਰ ਨਾ ਹੋਣ ਦਿੱਤਾ ਤੇ ਦਿੱਲੀ ਤਖ਼ਤ ਅੱਗੇ ਝੁਕਣਾ ਵੀ ਮੁਨਾਸਿਬ ਨਾ ਸਮਝਿਆ। ਦੋਹਾਂ ਪਾਸੇ ਘਸਮਾਨ ਦਾ ਯੁੱਧ ਹੋਇਆ। ਸ਼ਮਸ-ਉੱਦ-ਦੀਨ ਨੇ ਜਦੋਂ ਆਪਣਾ ਪਾਸਾ ਕਮਜ਼ੋਰ ਹੁੰਦਾ ਵੇਖਿਆ ਤਾਂ ਉਹ ਯੁੱਧ ਭੂਮੀ ਵਿਚੋਂ ਨੱਸ ਗਿਆ ਅਤੇ ਇਕਦਾਲਾ ਦੇ ਕਿਲੇ ਵਿਚ ਜਾ ਲੁਕਿਆ। ਸ਼ਾਹੀ ਫ਼ੌਜਾਂ ਆਪਣੀ ਜਿੱਤ ਦੀਆਂ ਖ਼ੁਸ਼ੀਆਂ ਮਨਾਉਂਦੀਆਂ ਹੋਈਆਂ ਕਿਲੇ ਵਿਚ ਜਾ ਦਾਖ਼ਲ ਹੋਈਆਂ ਪਰ ਅੰਦਰੋਂ ਔਰਤਾਂ ਦੀ ਚੀਖ ਪੁਕਾਰ ਸੁਣ ਕੇ ਸੁਲਤਾਨ ਦਾ ਨਰਮ-ਦਿਲ ਪਿੰਘਲ ਗਿਆ ਅਤੇ ਉਸੇ ਵਕਤ ਹੀ ਤਕਲੀਫ਼ਾਂ ਨਾਲ ਹਾਸਲ ਕੀਤੀ ਇਸ ਜਿੱਤ ਨੂੰ ਇਉਂ ਹੀ ਛੱਡਣ ਦਾ ਫੈਸਲਾ ਕਰ ਲਿਆ।

ਬੰਗਾਲ ਦੀ ਦੂਜੀ ਮੁਹਿੰਮ 1359-60 ਈ. ਵਿਚ ਹੋਈ। ਬੰਗਾਲ ਤੋਂ ਵਾਪਿਸ ਆਉਣ ਉਪਰੰਤ ਸੁਲਤਾਨ ਨੇ ਆਪਣਾ ਸਾਰਾ ਸਮਾਂ ਅਤੇ ਸ਼ਕਤੀ ਆਪਣੇ ਪ੍ਰਸ਼ਾਸਨ ਦੇ ਸੰਗਠਨ ਵੱਲ ਹੀ ਲਾ ਦਿੱਤੀ ਪਰ ਕੁਝ ਹੀ ਸਮੇਂ ਬਾਅਦ ਬੰਗਾਲ ਉੱਤੇ ਦੁਬਾਰਾ ਚੜ੍ਹਾਈ ਕਰਨਾ ਜ਼ਰੂਰੀ ਹੋ ਗਿਆ ਕਿਉਂਕਿ ਪੂਰਬੀ ਬੰਗਾਲ ਦੇ ਸੁਤੰਤਰ ਸ਼ਾਸਕ, ਫ਼ਖਰ-ਉੱਦ-ਦੀਨ ਦੇ ਜਵਾਈ, ਜ਼ਫ਼ਰ ਖ਼ਾਂ ਨੇ ਸ਼ਮਸ-ਉੱਦ-ਦੀਨ ਦੀਆਂ ਜ਼ਿਆਦਤੀਆਂ ਵਿਰੁੱਧ ਇਨ੍ਹਾਂ ਕੋਲ ਆ ਸ਼ਿਕਾਇਤ ਕੀਤੀ ਅਤੇ ਬੇਨਤੀ ਕੀਤੀ ਕਿ ਸੁਲਤਾਨ ਇਸ ਮਾਮਲੇ ਵਿਚ ਉਸ ਦੇ ਵੱਲੋਂ ਆਪ ਦਖ਼ਲਅੰਦਾਜ਼ੀ ਕਰਨ। ਦਰਬਾਰ ਵਿਚ ਜ਼ਫ਼ਰ ਖ਼ਾਂ ਦਾ ਚੰਗੀ ਤਰ੍ਹਾਂ ਸੁਆਗਤ ਕੀਤਾ ਗਿਆ ਅਤੇ ਜਦੋਂ ਸੁਲਤਾਨ ਨੇ ਖ਼ਾਨ-ਏ-ਜਹਾਨ ਨੂੰ ਬੰਗਾਲ ਉੱਪਰ ਦੂਜੀ ਚੜ੍ਹਾਈ ਦੀਆਂ ਤਿਆਰੀਆਂ ਵਾਸਤੇ ਹੁਕਮ ਦਿੱਤਾ ਤਾਂ ਜ਼ਫ਼ਰ ਖ਼ਾਂ ਨੂੰ ਅਤਿਅੰਤ ਖ਼ੁਸ਼ੀ ਹੋਈ। ਲੋਕਾਂ ਵਿਚ ਇਸ ਦਾ ਇੰਨਾ ਉਤਸ਼ਾਹ ਫੈਲ ਗਿਆ ਕਿ ਅਨੇਕਾਂ ਹੀ ਵਲੰਟੀਅਰ ਫ਼ੌਜ 'ਚ ਭਰਤੀ ਹੋ ਗਏ। ਫ਼ੌਜ ਵਿਚ 70,000 ਘੁੜਸਵਾਰ, 470 ਹਾਥੀ ਅਤੇ ਅਣਗਿਣਤ ਪਿਆਦੇ ਸ਼ਾਮਲ ਹੋ ਗਏ। ਇਸ ਦੇ ਨਾਲ ਹੀ ਇਕ ਵੱਡਾ ਸਮੁੰਦਰੀ ਬੇੜਾ ਵੀ ਤਿਆਰ ਹੋ ਗਿਆ। ਬੰਗਾਲ ਨੂੰ ਜਾਂਦਿਆਂ ਇਸ ਨੇ ਰਸਤੇ ਵਿਚ ਆਪਣੇ ਨਾਮਵਰ ਚਚੇਰੇ ਭਾਈ, ਫਕੀਰ-ਉੱਦ-ਦੀਨ ਜੂਨਾ ਦੀ ਯਾਦ ਵਿਚ ਜੌਨਪੁਰ ਨਾਂ ਦਾ ਇਕ ਨਗਰ ਵਸਾਇਆ। ਸ਼ਮਸ-ਉੱਦ-ਦੀਨ ਦੀ ਕੁਝ ਚਿਰ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਅਤੇ ਉਸ ਦਾ ਪੁੱਤਰ, ਸਿਕੰਦਰ ਗੱਦੀ ਤੇ ਬੈਠ ਗਿਆ ਸੀ। ਉਸ ਨੇ ਵੀ ਆਪਣੇ ਪਿਤਾ ਦੇ ਪੂਰਨਿਆਂ ਤੇ ਚਲਦੇ ਹੋਇਆਂ ਆਪਣੇ ਆਪ ਨੂੰ ਇਕਦਾਲਾ ਦੇ ਕਿਲੇ ਵਿਚ ਬੰਦ ਕਰ ਦਿੱਤਾ। ਸ਼ਾਹੀ ਫ਼ੌਜਾਂ ਨੇ ਕਿਲੇ ਨੂੰ ਘੇਰਾ ਪਾ ਲਿਆ ਅਤੇ ਕਿਲੇ ਦੀਆਂ ਦੀਵਾਰਾਂ ਵਿਚ ਥਾਂ-ਥਾਂ ਤੇ ਪਾੜ ਪਾ ਦਿੱਤੇ। ਅਗੋਂ ਬੰਗਾਲੀਆਂ ਨੇ ਬੜੀ ਬਹਾਦਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ ਅਤੇ ਕਿਲੇ ਦੇ ਪਾੜ ਵੀ ਛੇਤੀ ਹੀ ਬੰਦ ਕਰਵਾ ਲਏ। ਬਹੁਤ ਲੰਮੇ ਘੇਰੇ ਕਾਰਨ ਦੋਵਾਂ ਪਾਸਿਆਂ ਦੇ ਸਬਰ ਟੁੱਟ ਚੁੱਕੇ ਸਨ ਅਤੇ ਸ਼ਾਂਤੀ ਸਥਾਪਿਤ ਕਰਨ ਵਾਸਤੇ ਗੱਲਬਾਤ ਵੀ ਸ਼ੁਰੂ ਹੋ ਗਈ। ਸਿਕੰਦਰ ਦੇ ਸਰਬ-ਅਧਿਕਾਰ ਪੂਰਣ ਵਿਅਕਤੀ, ਹੈਬਤ ਖ਼ਾਂ ਨੇ ਸ਼ਾਂਤੀ ਸਬੰਧੀ ਹੋਈਆਂ ਵਾਰਤਾਲਾਪਾਂ ਵਿਚ ਬੜੀ ਧੀਰਜ, ਜੁਗਤੀ ਅਤੇ ਦ੍ਰਿੜਤਾ ਨਾਲ ਸ਼ਮੂਲੀਅਤ ਕੀਤੀ। ਸਿਕੰਦਰ ਜ਼ਫ਼ਰ ਖ਼ਾਨ ਨੂੰ ਸੁਨਾਰਗਾਉਂ ਦਾ ਇਲਾਕਾ ਵਾਪਸ ਦੇਣ ਲਈ ਸਹਿਮਤ ਹੋ ਗਿਆ ਅਤੇ ਸੁਲਤਾਨ ਨਾਲ ਆਪਣੀ ਦੋਸਤੀ ਪਕੇਰੀ ਕਰਨ ਲਈ ਉਨ੍ਹਾਂ ਨੂੰ 40 ਹਾਥੀ ਅਤੇ ਹੋਰ ਕਈ ਕੀਮਤੀ ਤੋਹਫੇ ਭੇਜੇ ਪਰ ਜ਼ਫ਼ਰ ਖ਼ਾਨ ਜਿਹੜਾ ਕਿ ਇਸ ਸਮੁੱਚੀ ਲੜਾਈ ਦਾ ਮੁੱਖ ਕਾਰਣ ਸੀ, ਨੇ ਆਪਣੇ ਇਲਾਕੇ ਨੂੰ ਪਰਤਣ ਦਾ ਖਿਆਲ ਹੀ ਛੱਡ ਦਿੱਤਾ ਅਤੇ ਦਿੱਲੀ ਵਿਖੇ ਰਹਿਣਾ ਹੀ ਪਸੰਦ ਕੀਤਾ। ਫਿਰੋਜ਼ ਇਕ ਵੇਰ ਫਿਰ ਆਪਣੀ ਕਮਜ਼ੋਰੀ ਕਾਰਣ ਹੀ ਆਪਣੇ ਜਿੱਤੇ ਹੋਏ ਪ੍ਰਾਂਤ ਉੱਤੇ ਆਪਣੀ ਪ੍ਰਭੁਤਾ ਸਥਾਪਿਤ ਕਰਨ 'ਚ ਅਸਫਲ ਰਿਹਾ।

ਬੰਗਾਲ ਤੋਂ ਵਾਪਸੀ ਸਮੇਂ ਸੁਲਤਾਨ ਜੌਨਪੁਰ ਵਿਖੇ ਠਹਿਰਿਆ ਜਿਥੋਂ ਇਸ ਨੇ ਜਾਜਨਗਰ (ਅਜੋਕਾ ਉੜੀਸਾ) ਵੱਲ ਨੂੰ ਕੂਚ ਕੀਤਾ। ਜਾਜਨਗਰ ਉਸ ਸਮੇਂ ਇਕ ਬਹੁਤ ਖੁਸ਼ਹਾਲੀ ਵਾਲਾ ਇਲਾਕਾ ਸੀ ਅਤੇ ਉਥੋਂ ਦੇ ਫ਼ਲਾਂ ਅਤੇ ਖਾਦ-ਪਦਾਰਥ ਦੀ ਬਹੁਤਾਤ ਸ਼ਾਹੀ ਫੌਜ ਦੀਆਂ ਲੋੜਾਂ ਨੂੰ ਵੀ ਚੰਗੀ ਤਰ੍ਹਾਂ ਪੂਰੀ ਕਰ ਸਕਦੀ ਸੀ। ਜਾਜਨਗਰ ਦਾ ਰਾਏ, ਜੋ ਕਿ ਇਕ ਬ੍ਰਾਹਮਣ ਸੀ, ਸ਼ਾਹੀ ਫ਼ੌਜ ਨੂੰ ਨੇੜੇ ਆਉਂਦਿਆਂ ਵੇਖ ਕੇ ਉਥੋਂ ਭੱਜ ਨਿਕਲਿਆ ਅਤੇ ਇਕ ਟਾਪੂ ਵਿਚ ਜਾ ਸ਼ਰਣ ਲਈ ਪਰ ਸੁਲਤਾਨ ਦੀਆਂ ਫ਼ੌਜਾਂ ਨੇ ਉਥੇ ਵੀ ਉਸਦ

ਪਿੱਛਾ ਕੀਤਾ। ਸੁਲਤਾਨ ਦੀਆਂ ਫ਼ੌਜਾਂ ਨੇ ਪੁਰੀ ਦੇ ਜਗਨਨਾਥ ਦੇ ਮੰਦਰ ਦੀ ਬਹੁਤ ਬੇਅਦਬੀ ਕੀਤੀ ਅਤੇ ਉਥੋਂ ਦੀਆਂ ਮੂਰਤੀਆਂ ਨੂੰ ਸਮੁੰਦਰ ਵਿਚ ਸੁੱਟ ਦਿੱਤਾ। ਅੰਤ ਨੂੰ ਬਹੁਤ ਭਾਰੀ ਮੁਕਾਬਲੇ ਨੂੰ ਵੇਖਦੇ ਹੋਏ, ਰਾਏ ਦਾ ਦਿਲ ਢਹਿ ਗਿਆ ਅਤੇ ਉਸ ਨੇ ਸੁਲਤਾਨ ਨਾਲ ਸੰਧੀ ਕਰਨ ਲਈ ਉਸ ਪਾਸ ਆਪਣੇ ਦੂਤ ਭੇਜ ਦਿੱਤੇ। ਦੂਤਾਂ ਦੀ ਉਸ ਵੇਲੇ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਸੁਲਤਾਨ ਨੇ ਉਨ੍ਹਾਂ ਨੂੰ ਕਿਹਾ ਕਿ ਉਸ ਨੂੰ ਤਾਂ ਰਾਏ ਦੇ ਜਾਜਨਗਰ ਤੋਂ ਭੱਜ ਜਾਣ ਬਾਰੇ ਕੋਈ ਜਾਣਕਾਰੀ ਨਹੀਂ। ਰਾਏ ਨੇ ਸੁਲਤਾਨ ਪਾਸ ਜਾ ਆਪਣੇ ਵਤੀਰੇ ਦੀ ਸਫਾਈ ਦਿੱਤੀ ਅਤੇ ਹਰ ਸਾਲ ਸੁਲਤਾਨ ਨੂੰ ਨਿਸ਼ਚਿਤ ਗਿਣਤੀ ਵਿਚ ਹਾਥੀਆਂ ਨੂੰ ਖਰਾਜ ਵਜੋਂ ਦੇਣ ਲਈ ਵੀ ਸਹਿਮਤ ਹੋ ਗਿਆ। ਸੁਲਤਾਨ ਨੇ ਇਹ ਸ਼ਰਤ ਮਨਜ਼ੂਰ ਕਰ ਲਈ ਅਤੇ ਰਸਤੇ ਵਿਚ ਕਈ ਹੋਰ ਹਿੰਦੂ ਮੁਖੀਆਂ ਅਤੇ ਜ਼ਿਮੀਂਦਾਰਾਂ ਨੂੰ ਆਪਣੇ ਅਧੀਨ ਕਰਦਾ ਹੋਇਆ ਰਾਜਧਾਨੀ ਪਰਤ ਆਇਆ।

ਸੰਨ 1337 ਵਿਚ ਮੁਹੰਮਦ ਤੁਗਲਕ ਨੇ ਨਗਰਕੋਟ ਦਾ ਕਿਲਾ ਜਿੱਤਿਆ ਸੀ ਪਰ ਬਾਅਦ ਵਿਚ ਉਥੋਂ ਦੇ ਰਾਏ ਨੇ ਉਸ ਦੇ ਰਾਜ ਕਾਲ ਦੇ ਆਖਰੀ ਸਮੇਂ ਵਿਚ ਆਪਣੇ ਆਪ ਨੂੰ ਨਗਰਕੋਟ ਦਾ ਇਕ ਸੁਤੰਤਰ ਸ਼ਾਸ਼ਕ ਸਥਾਪਿਤ ਕਰ ਲਿਆ। ਨਗਰਕੋਟ ਵਿਖੇ ਜਵਾਲਾਮੁਖੀ ਦਾ ਮੰਦਰ ਇਕ ਪੁਰਾਤਨ ਅਤੇ ਪਵਿੱਤਰ ਤੀਰਥ-ਅਸਥਾਨ ਸੀ ਜਿਸ ਦੇ ਦਰਸ਼ਨਾਂ ਲਈ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਯਾਤਰੀ ਉਥੇ ਆਉਂਦੇ ਸਨ ਅਤੇ ਮੂਰਤੀ ਅੱਗੇ ਬਹੁਤ ਸਾਰੇ ਚੜ੍ਹਾਵੇ ਚੜ੍ਹਾਉਂਦੇ ਸਨ। ਹੋਰਨਾਂ ਕਾਰਨਾਂ ਤੋਂ ਇਲਾਵਾ ਇਸ ਦੀ ਪਵਿੱਤਰਤਾ ਕਾਰਣ ਵੀ ਫਿਰੋਜ਼ ਤੁਗਲਕ ਨੇ ਇਸ ਉੱਤੇ ਚੜ੍ਹਾਈ ਕੀਤੀ ਸੀ। ਛੇ ਮਹੀਨੇ ਦੀ ਲੰਬੀ ਘੇਰਾਬੰਦੀ ਤੋਂ ਪਿੱਛੋਂ ਦੋਹਾਂ ਪਾਸਿਆਂ ਦੇ ਜੋਧਿਆਂ ਦੇ ਸਬਰ ਖ਼ਤਮ ਹੋ ਗਏ ਅਤੇ ਫਿਰੋਜ਼ ਨੇ ਰਾਏ ਨੂੰ ਮੁਆਫ ਕਰ ਦੇਣ ਦੀ ਪੇਸ਼ਕਸ਼ ਕੀਤੀ। ਨਤੀਜੇ ਵਜੋਂ ਰਾਏ ਕਿਲੇ ਤੋਂ ਹੇਠਾਂ ਉੱਤਰ ਆਇਆ, ਮੁਆਫ਼ੀ ਮੰਗੀ ਅਤੇ ਆਪ ਸੁਲਤਾਨ ਦੇ ਪੈਰਾਂ ਉੱਤੇ ਡਿਗ ਗਿਆ। ਸੁਲਤਾਨ ਨੇ ਉਸ ਨੂੰ ਥਾਪਨਾ ਦਿੱਤੀ, ਇਜ਼ਤ ਨਾਲ ਖ਼ਿਲਅਤ ਬਖਸ਼ੀ ਅਤੇ ਉਸ ਨੂੰ ਆਪਣੇ ਕਿਲੇ ਵਿਚ ਵਾਪਸ ਭੇਜ ਦਿੱਤਾ।

ਫਿਰੋਜ਼ ਤੁਗਲਕ ਦੇ ਰਾਜਕਾਲ ਵਿਚ 1362 ਈ. ਵਿਚ ਹੋਈ ਠੱਟਾ ਦੀ ਮੁਹਿੰਮ ਸਭ ਤੋਂ ਮਹੱਤਵਪੂਰਨ ਘਟਨਾ ਹੈ। ਇਹ ਸੁਲਤਾਨ ਦੀ ਬੇਅਕਲੀ ਅਤੇ ਰਣਨੀਤੀ ਸਬੰਧੀ ਉਸ ਦੀ ਨਿਪੁੰਨਤਾ ਦੀ ਘਾਟ ਦੀ ਇਕੋ ਇਕ ਮਿਸਾਲ ਹੈ। ਅਸਲ ਵਿਚ ਇਹ ਮੁਹਿੰਮ ਸੁਰਗਵਾਸੀ ਸੁਲਤਾਨ ਪ੍ਰਤਿ ਠੱਟਾ ਦੇ ਲੋਕਾਂ ਵਲੋਂ ਕੀਤੀਆਂ ਵਧੀਕੀਆਂ ਦਾ ਬਦਲਾ ਲੈਣ ਦੀ ਇੱਛਾ ਕਾਰਣ ਹੀ ਸ਼ੁਰੂ ਹੋਈ ਸੀ। ਮੁਹਿੰਮ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ ਅਤੇ ਫ਼ੌਜ ਵਿਚ ਵਲੰਟੀਅਰਾਂ ਦੀ ਭਰਤੀ ਸ਼ੁਰੂ ਹੋ ਗਈ ਜਿਸ ਵਿਚ 90,000 ਘੁੜਸਵਾਰ, ਅਣਗਿਣਤ ਪੈਦਲ ਸੈਨਿਕ ਅਤੇ 480 ਹਾਥੀ ਸ਼ਾਮਲ ਸਨ। ਪੰਜ ਹਜ਼ਾਰ ਕਿਸ਼ਤੀਆਂ ਦਾ ਇਕ ਵੱਡਾ ਸਮੁੰਦਰੀ ਬੇੜਾ ਵੀ ਤਿਆਰ ਕਰਕੇ ਤਜਰਬੇਕਾਰ ਐਡਮਿਰਲਾਂ ਅਧੀਨ ਰੱਖਿਆ ਗਿਆ। ਸਿੰਧ ਦੇ ਮੁਖੀਏ, ਜੈਮ ਬਬਿਨੀਆ ਨੇ ਜੰਗ ਦੇ ਮੈਦਾਨ ਵਿਚ 20,000 ਘੋੜਿਆਂ ਅਤੇ 4,00,000 ਪਿਆਦਿਆਂ ਦੀ ਫ਼ੌਜ ਤੈਨਾਤ ਕਰ ਦਿੱਤੀ ਅਤੇ ਆਪ ਲੜਾਈ ਲਈ ਤਿਆਰ ਹੋ ਗਿਆ। ਇਸੇ ਸਮੇਂ ਦੌਰਾਨ ਕਾਲ ਅਤੇ ਮਹਾਮਾਰੀ ਕਾਰਨ ਸੁਲਤਾਨ ਦੇ ਕੈਂਪ ਵਿਚ ਰਸਦ ਦੀ ਘਾਟ ਹੋ ਗਈ ਅਤੇ ਇਸ ਦੇ ਨਤੀਜੇ ਵਜੋਂ ਇਕ ਚੌਥਾਈ ਘੁੜਸਵਾਰ ਫ਼ੌਜ ਵੀ ਇਸ ਦਾ ਸ਼ਿਕਾਰ ਹੋ ਗਈ।

ਸੰਕਟ ਵਿਚ ਫਸੀਆਂ ਫ਼ੌਜਾਂ ਦੇ ਹੌਂਸਲੇ ਢਹਿ ਗਏ ਪਰ ਜਦੋਂ ਗਿਣਤੀ 'ਚ ਘਟਦੀ ਜਾ ਰਹੀ ਫ਼ੌਜ ਨੇ ਦੁਸ਼ਮਣ ਉਤੇ ਧਾਵਾ ਬੋਲਿਆ ਤਾਂ ਉਹ ਆਪਣੇ ਕਿਲੇ ਵਿਚ ਜਾ ਦਾਖ਼ਲ ਹੋਇਆ। ਸੁਲਤਾਨ ਹੁਣ ਆਪਣੀਆਂ ਫ਼ੌਜਾਂ ਨੂੰ ਕਿਸੇ ਹੋਰ ਮੁਠਭੇੜ 'ਚ ਫਸਾਉਣਾ ਨਹੀਂ ਚਾਹੁੰਦਾ ਸੀ। ਇਸ ਲਈ ਉਹ ਆਪਣੀਆਂ ਤਾਜ਼ੀਆਂ ਕੁਮਕਾਂ ਪ੍ਰਾਪਤ ਕਰਨ ਲਈ ਗੁਜਰਾਤ ਨੂੰ ਪਰਤ ਗਿਆ। ਐਪਰ ਆਗੂਆਂ ਦੀ ਗੱਦਾਰੀ ਕਰਕੇ ਸਾਰੀ ਫ਼ੌਜ ਹੀ ਆਪਣਾ ਰਸਤਾ ਭੁੱਲ ਗਈ ਅਤੇ ਰਨ ਆਫ ਕੱਛ ਵਿਚ ਜਾ ਫਸੀ। ਸੁਲਤਾਨ ਵੀ ਆਪਣਾ ਰਸਤਾ ਭੁੱਲ ਗਿਆ ਅਤੇ ਛੇ ਮਹੀਨੇ ਤੱਕ ਫ਼ੌਜ ਦੀ ਦਿੱਲੀ ਕੋਈ ਖਬਰ ਵੀ ਨਾ ਪਹੁੰਚੀ। ਭਿਆਨਕ ਕਾਲ ਪੈ ਗਿਆ। ਅਨਾਜ ਦੇ ਭਾਅ ਅਸਮਾਨ ਨੂੰ ਛੂਹਣ ਲੱਗੇ ਅਤੇ ਭੁੱਖ ਨਾਲ ਪੀੜਤ ਲੋਕ ਦਮ ਤੋੜ ਗਏ। ਸ਼ਾਹੀ ਫ਼ੌਜ ਵੀ ਬਹੁਤ ਮੁਸ਼ਕਲ ਨਾਲ ਗੁਜਰਾਤ ਵਾਪਸ ਪਹੁੰਚੀ ਜਿਥੇ ਸੁਲਤਾਨ ਨਵੀਂ ਫ਼ੌਜ ਤਿਆਰ ਕਰਨ ਵਿਚ ਰੁਝਿਆ ਹੋਇਆ ਸੀ ਅਤੇ ਉਸ ਨੇ ਜੰਗ ਦੀ ਵਿਵਸਥਾ ਲਈ ਦੋ ਕਰੋੜ ਰੁਪਏ ਖਰਚ ਕੀਤੇ। ਮਲਿਕ ਇਮਾਦ-ਉੱਲ-ਮੁਲਕ ਨੇ ਸੁਲਤਾਨ ਨੂੰ ਇਹ ਸ਼ਿਕਾਇਤ ਕੀਤੀ ਕਿ ਰਾਜ ਪ੍ਰਤਿ ਸ਼ਾਹੀ ਫ਼ੌਜ ਦੇ ਸਥਾਈ ਸੈਨਿਕਾਂ ਦੁਆਰਾ ਕੀਤੀਆਂ ਸੇਵਾਵਾਂ ਦੇ ਬਾਵਜੂਦ ਵੀ ਉਨ੍ਹਾਂ ਦੀ ਹਾਲਤ ਤਸੱਲੀਬਖ਼ਸ਼ ਨਹੀਂ ਸੀ। ਸੁਲਤਾਨ ਨੇ ਇਹ ਹੁਕਮ ਜਾਰੀ ਕੀਤੇ ਕਿ ਸੈਨਿਕਾਂ ਨੂੰ ਲੋੜੀਂਦਾ ਸਮਾਨ ਖਰੀਦਣ ਲਈ ਪੇਸ਼ਗੀ ਦਿੱਤੀ ਜਾਵੇ। ਇਸ ਹੁਕਮ ਦੀ ਪਾਲਣਾ ਕਰਦੇ ਹੋਏ ਕੁਝ ਨੂੰ ਸੌ, ਕੁਝ ਕੁ ਨੂੰ ਸੱਤ ਸੌ ਅਤੇ ਕੁਝ ਕੁ ਨੂੰ ਹਜ਼ਾਰ ਟੰਕੇ ਮਿਲੇ। ਖ਼ਾਨ-ਏ-ਜਹਾਨ ਨੂੰ ਦਿੱਲੀ ਵਿਚ ਇਹ ਹੁਕਮ ਜਾਰੀ ਕੀਤੇ ਗਏ ਕਿ ਉਹ ਸਰਕਾਰੀ ਅਫ਼ਸਰਾਂ ਨੂੰ ਇਹ ਹੁਕਮ ਜਾਰੀ ਕਰੇ ਕਿ ਸਥਾਈ ਸੈਨਿਕਾਂ ਦੇ ਪਿੰਡਾਂ ਵਿਚ ਇੰਨੀਆਂ ਸਹੂਲਤਾਂ ਦੇ ਦਿੱਤੀਆਂ ਜਾਣ ਤਾਂ ਜੋ ਉਨ੍ਹਾਂ ਦੇ ਪਰਿਵਾਰਾਂ ਨੂੰ ਕਿਸੇ ਮੁਸ਼ਕਲ ਦਾ ਸਾਮ੍ਹਣਾ ਨਾ ਕਰਨਾ ਪਵੇ। ਸੁਲਤਾਨ ਨੂੰ ਇਹ ਵੀ ਸੂਚਨਾ ਭੇਜੀ ਗਈ ਕਿ ਉਸ ਦੀ ਆਖਰੀ ਮੁਹਿੰਮ ਤੋਂ ਤੰਗ ਆ ਕੇ ਕਈ ਸਿਪਾਹੀ ਆਪਣੇ ਸਮਾਨ ਅਤੇ ਬੋਰੀਏ-ਬਿਸਤਰੇ ਸਮੇਤ ਹੀ ਆਪਣੇ ਘਰਾਂ ਨੂੰ ਪਰਤ ਗਏ ਸਨ। ਫ਼ੌਜ ਵਿਚੋਂ ਅਜਿਹੀ ਹੋਰ ਫਰਾਰੀ ਨੂੰ ਠੱਲ੍ਹ ਪਾਉਣ ਲਈ ਕਈ ਕਦਮ ਚੁੱਕੇ ਗਏ ਅਤੇ ਇਸ ਸਬੰਧ ਵਿਚ ਕਈ ਸੰਤਰੀਆਂ ਨੂੰ ਵੀ ਤੈਨਾਤ ਕੀਤਾ ਗਿਆ। ਖ਼ਾਨ-ਏ-ਜਹਾਨ ਨੂੰ ਦਿੱਲੀ ਵਿਚ ਇਹ ਆਦੇਸ਼ ਕੀਤਾ ਗਿਆ ਕਿ ਉਹ ਭਗੌੜੇ ਹੋਏ ਸਥਾਈ ਸੈਨਿਕਾਂ ਜਿਨ੍ਹਾਂ ਨੂੰ ਸਰਕਾਰ ਵਲੋਂ ਪੇਸ਼ਗੀ ਵੀ ਦਿੱਤੀ ਹੋਈ ਹੈ, ਨੂੰ ਗ੍ਰਿਫ਼ਤਾਰ ਕਰੇ ਅਤੇ ਉਨ੍ਹਾਂ ਉੱਤੇ ਤਦਰੁਕ-ਇ-ਮਨਵੀ ਲਾਗੂ ਕਰੇ। ਭਾਵ ਉਨ੍ਹਾਂ ਨੂੰ ਲੋਕਾਂ ਦੀ ਹਾਜ਼ਰੀ ਵਿਚ ਫਿਟਕਾਰ ਪੁਆਵੇ। ਖ਼ਾਨ-ਏ-ਜਹਾਨ ਨੇ ਤਨਦੇਹੀ ਨਾਲ ਸੁਲਤਾਨ ਦੇ ਆਦੇਸ਼ਾਂ ਦੀ ਪਾਲਨਾ ਕੀਤੀ। ਉਸਨੇ ਸਾਰੇ ਫ਼ੌਜੀ ਭਗੌੜਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਜੇਕਰ ਉਨ੍ਹਾਂ ਵਿਚੋਂ ਕੋਈ ਸਥਾਈ ਸੈਨਿਕ ਸੀ ਤਾਂ ਉਸਨੂੰ ਸੁਲਤਾਨ ਦੇ ਹੁਕਮਾਂ ਅਨੁਸਾਰ ਸਜ਼ਾ ਦਿੱਤੀ ਗਈ। ਪੁਨਰ ਸੰਗਠਨ ਦਾ ਕੰਮ ਪੂਰਾ ਕਰਨ ਤੋਂ ਬਾਅਦ ਸਾਰੀ ਫ਼ੌਜ ਨੇ ਠੱਟਾ ਵੱਲ ਕੂਚ ਕੀਤਾ ਅਤੇ ਉਸ ਨੇ ਸਿੰਧ ਦਰਿਆ ਦੇ ਦੂਜੇ ਪਾਸੇ ਜਾ ਡੇਰੇ ਲਾ ਲਏ। ਪਰ ਜਦੋਂ ਸ਼ਾਹੀ ਕਮਾਂਡਰਾਂ, ਇਮਦ-ਉਲ-ਮੁਲਕ ਅਤੇ ਜ਼ਫ਼ਰ ਖ਼ਾਨ ਨੇ ਸਿੰਧ ਦਰਿਆ ਨੂੰ ਪਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦਾ ਰਸਤਾ ਸਿੰਧੀਆਂ ਨੇ ਰੋਕ ਲਿਆ। ਇਸ ਵੇਲੇ ਇਹ ਫੈਸਲਾ ਕੀਤਾ ਗਿਆ ਕਿ ਭੱਖਰ ਦੇ ਹੇਠਾਂ ਰਸਤਾ ਬਣਾਉਣ ਲਈ ਦਰਿਆ ਦੇ ਹੋਰ ਉਪਰਲੇ ਪਾਸੇ ਜਾਇਆ ਜਾਵੇ। ਇਵੇਂ ਹੀ ਕੀਤਾ ਗਿਆ ਅਤੇ ਦਰਿਆ ਦੇ ਦੂਜੇ ਪਾਸੇ ਘਮਸਾਨ ਦਾ ਯੁੱਧ ਹੋਇਆ ਪਰ ਫਿਰੋਜ਼ ਦੀ ਕਮਜ਼ੋਰੀ ਇਕ ਵਾਰ ਫਿਰ ਇਸ ਜਿੱਤ ਵਿਚ ਰੁਕਾਵਟ ਸਿੱਧ ਹੋਈ। ਘਬਰਾਏ ਹੋਏ ਫਿਰੋਜ਼ ਨੇ ਦਰਿਆ ਪਾਰ ਕਰਨ ਲਈ ਰਸਤਾ ਬਣਾਉਣ ਵਿਚ ਪੇਸ਼ ਆਈਆਂ ਮੁਸੀਬਤਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਜਰਨੈਲਾਂ ਨੂੰ ਵਾਪਸ ਬੁਲਾਇਆ। ਸਿੰਧੀਆਂ ਨੇ ਕਿਉਂਕਿ ਅਗੋਂ ਬੜੀ ਦ੍ਰਿੜਤਾ ਨਾਲ ਟਾਕਰਾ ਕੀਤਾ, ਜੰਗੀ ਕੌਂਸਲ ਨੇ ਇਮਦ-ਉਲ-ਮਲਿਕ ਨੂੰ ਨਵੀਂ ਕੁਮਕ ਲਿਆਉਣ ਲਈ ਦਿੱਲੀ ਭੇਜਿਆ। ਸਨਮਾਨਯੋਗ ਮੰਤਰੀ ਖ਼ਾਨ-ਏ-ਜਹਾਨ ਨੇ ਉਸ ਦਾ ਬਹੁਤ ਚੰਗੀ ਤਰ੍ਹਾਂ ਸਵਾਗਤ ਕੀਤਾ ਅਤੇ ਬਦਾਉਂ, ਕਨੌਜ, ਸੰਦੀਲਾ, ਜੌਨਪੁਰ, ਬਿਹਾਰ, ਤਿਰਹੁਟ, ਚੰਦੇਰੀ

ਧਾਰ ਅਤੇ ਸਲਤਨਤ ਦੇ ਹੋਰ ਆਸਰਿਤ ਰਾਜਾਂ ਤੋਂ ਵਲੰਟੀਅਰ ਸੈਨਿਕ ਬੁਲਾ ਲਏ। ਇਨ੍ਹਾਂ ਸੈਨਿਕਾਂ ਦੇ ਆਉਣ ਨਾਲ ਸ਼ਾਹੀ ਫ਼ੌਜ ਵਿਚ ਕਾਫ਼ੀ ਵਾਧਾ ਹੋਇਆ ਅਤੇ ਜਦੋਂ ਸਿੰਧੀਆਂ ਨੇ ਆਪਣੇ ਵਿਰੁੱਧ ਭਾਰੀ ਗਿਣਤੀ ਵਿਚ ਤੈਨਾਤ ਕੀਤੀਆਂ ਫ਼ੌਜਾਂ ਵੇਖੀਆਂ ਅਤੇ ਆਪਣੀ ਜਾਨ ਬਚਾਉਣ ਵਿਚ ਹੀ ਆਪਣੀ ਬਹਾਦਰੀ ਸਮਝਦੇ ਹੋਏ ਆਤਮ ਸਮਪਰਣ ਕਰਨ ਸਬੰਧੀ ਆਪਣੀ ਇੱਛਾ ਜ਼ਾਹਰ ਕੀਤੀ। ਦੋਹਾਂ ਪਾਸਿਆਂ ਵਿਚ ਇਕਦਮ ਸ਼ਾਂਤੀ ਫੈਲ ਗਈ। ਜੈਮ ਨੇ ਈਨ ਮੰਨ ਲਈ ਅਤੇ ਉਸ ਨੂੰ ਦਿੱਲੀ ਲਿਜਾਇਆ ਗਿਆ ਜਿਥੇ ਉਸ ਨੂੰ ਕਾਫ਼ੀ ਵੱਡੀ ਪੈਨਸ਼ਨ ਲਾਈ ਗਈ ਅਤੇ ਉਸ ਦੇ ਭਰਾ ਦੀ ਜੈਮਸ਼ਿਪ ਬਹਾਲ ਕਰ ਦਿੱਤੀ ਗਈ।

ਬਾਦਸ਼ਾਹ ਦੇ ਰੂਪ ਵਿਚ ਵੀ ਇਹ ਸ਼ਰ੍ਹਾ ਅਨੁਸਾਰ ਚਲਦਾ ਸੀ ਅਤੇ ਪ੍ਰਸ਼ਾਸ਼ਕੀ ਕੰਮਾਂ ਵਿਚ ਵੀ ਧਰਮ ਦੀ ਪ੍ਰਭੁਤਾ ਸੀ। ਸਮਕਾਲੀ ਮੁਸਲਮਾਨ ਅਤੇ ਹੋਰਨਾਂ ਇਤਿਹਾਸਕਾਰਾਂ ਨੇ ਇਸ ਦੀ ਬੇਹੱਦ ਸਰਾਹਣਾ ਕਰਦਿਆਂ ਲਿਖਿਆ ਹੈ ਕਿ ਮੁਇੱਜ਼ੁਦੀਨ ਮੁਹੰਮਦ ਬਿਨ ਸੈਮ ਤੋਂ ਪਿੱਛੋਂ ਦਿੱਲੀ ਦੇ ਤਖ਼ਤ ਤੇ ਬੈਠਣ ਵਾਲਾ ਸਿਦਕੀ, ਰਹਿਮਦਿਲ, ਸੱਚ ਦਾ ਪ੍ਰੇਮੀ, ਵਫ਼ਾਦਾਰ ਅਤੇ ਧਰਮਾਤਮਾ ਸਿਰਫ ਫ਼ਿਰੋਜ਼ ਤੁਗਲਕ ਹੀ ਸੀ। ਨੌਸ਼ੀਰਵਾਂ ਬਾਦਸ਼ਾਹ ਵਾਂਗ ਇਸ ਨੂੰ ਇਨਸਾਫ਼-ਪਸੰਦ, ਤਰਸਪੂਰਨ, ਨਰਮਦਿਲ ਤੇ ਧਾਰਮਿਕ ਰੁੱਚੀ ਵਾਲਾ ਮਨੁੱਖ ਦਸਿਆ ਗਿਆ ਹੈ। ਇਨ੍ਹਾਂ ਉਪਰੋਕਤ ਸਾਰੇ ਗੁਣਾਂ ਤੋਂ ਇਲਾਵਾ ਸੁਲਤਾਨ ਨੂੰ ਇਮਾਰਤਾਂ ਬਣਵਾਉਣ ਦਾ ਵੀ ਕਾਫ਼ੀ ਸ਼ੌਕ ਸੀ। ਕੋਈ 300 ਸ਼ਹਿਰਾਂ ਦੀ ਇਸ ਨੇ ਨੀਂਹ ਰੱਖੀ ਅਤੇ ਮਸਜਿਦਾਂ, ਮਹਿਲ, ਸਰਾਵਾਂ ਆਦਿ ਵਰਗੀਆਂ ਇਮਾਰਤਾਂ ਦੀ ਉਸਾਰੀ ਕਰਵਾਈ। ਲੋਕ ਭਲਾਈ ਲਈ ਹਸਪਤਾਲ ਬਣਵਾਏ, ਬਾਗ਼ ਲਗਵਾਏ ਅਤੇ ਬੱਚਿਆਂ ਲਈ ਸਕੂਲ ਚਾਲੂ ਕੀਤੇ ਗਏ। ਸਿੰਜਾਈ ਲਈ ਕਈ ਨਹਿਰਾਂ ਬਣਵਾਈਆਂ ਅਤੇ ਪਾਣੀ ਦਾ ਕਰ ਸਿਰਫ ਰਾਜ-ਨਹਿਰਾਂ ਦੇ ਪਾਣੀ ਉਪਰ ਹੀ ਲਾਗੂ ਕੀਤਾ। ਮਾਲੀਆ ਪ੍ਰਣਾਲੀ ਵਿਚ ਵੀ ਕਾਫ਼ੀ ਸੁਧਾਰ ਕੀਤੇ। ਗਰੀਬਾਂ ਲਈ ਲੋੜੀਂਦੀਆਂ ਸਹੂਲਤਾਂ ਤੇ ਰੋਜ਼ਗਾਰ ਦਾ ਪ੍ਰਬੰਧ ਕੀਤਾ ਗਿਆ। ਉਪਰੋਕਤ ਨੇਕਨਾਮੀਆਂ ਤੇ ਸਿਫ਼ਤਾਂ ਦੇ ਬਾਵਜੂਦ ਵੀ ਇਸ ਨੂੰ ਇਤਿਹਾਸ ਵਿਚ ਇਕ ਆਦਰਸ਼ਕ ਬਾਦਸ਼ਾਹ ਨਹੀਂ ਕਿਹਾ ਗਿਆ। ਇਸ ਬਾਰੇ ਤਰਕ ਪੂਰਨ ਜਾਣਕਾਰੀ ਅਨੁਸਾਰ ਇਹ ਕਹਿਣਾ ਉਚਿਤ ਹੈ ਕਿ ਇਹ ਦਵੰਧ ਪੂਰਨ ਅਤੇ ਸਮਝੌਤਾ ਨਾ ਕਰ ਸਕਣ ਵਾਲਾ ਤਅੱਸਬੀ ਸਖਸ਼ ਸੀ। ਇਸ ਨੇ ਪ੍ਰਸ਼ਾਸਕੀ ਕਾਰਜਾਂ ਨੂੰ ਧਰਮ-ਤੰਤਰ ਨੁਕਤਾ-ਨਿਗਾਹ ਨਾਲ ਨਿਭਾਇਆ ਅਤੇ ਇਸ ਸਬੰਧੀ ਹਠਧਰਮੀ ਦਾ ਰਾਹ ਅਪਣਾਇਆ। ਇਹ ਮੁਸਲਮਾਨ ਧਰਮ ਵਿਚ ਪ੍ਰਵੇਸ਼ ਕਰਨ ਵਾਲਿਆਂ ਦਾ ਜਜ਼ੀਆ ਮੁਆਫ਼ ਕਰ ਦਿੰਦਾ ਸੀ। ਧਰਮ ਦੇ ਪੱਖੋਂ ਇਹ ਇਸ ਹੱਦ ਤੀਕ ਕੱਟੜ ਸੀ ਕਿ ਇਕ ਪਾਸੇ ਤਾਂ ਇਸ ਨੇ ਆਪਣੇ ਰਾਜ ਵਿਚ ਦੋਸ਼ੀਆਂ ਨੂੰ ਸਰੀਰਕ ਕਸ਼ਟ ਦੇਣ ਦੀ ਮਨਾਹੀ ਕੀਤੀ ਹੋਈ ਸੀ ਪਰ ਦੂਜੇ ਪਾਸੇ ਗ਼ੈਰ-ਮੁਸਲਮਾਨ ਤੇ ਕਾਫ਼ਰਾਂ ਨੂੰ ਫ਼ਾਂਸੀ ਦੇਣ ਦਾ ਹੁਕਮ ਦਿੱਤਾ ਜਾਂਦਾ ਸੀ। ਇਸਲਾਮ ਸਬੰਧੀ ਇਸ ਦਾ ਤਅੱਸਬ ਇੰਨਾ ਵਧ ਗਿਆ ਸੀ ਕਿ ਇਸ ਨੇ ਜਗਨ ਨਾਥ ਦੇ ਮੰਦਰ ਵਿਚਲੀ ਮੂਰਤੀ ਨੂੰ ਦਿੱਲੀ ਮੰਗਵਾ ਕੇ ਹਿੰਦੂ ਧਰਮ ਦੀ ਬੇਅਦਬੀ ਵੀ ਕਰਵਾਈ। ਸ਼ਰ੍ਹਾ ਅਨੁਸਾਰ ਬ੍ਰਾਹਮਣਾਂ ਉਪਰ ਜਜ਼ੀਆ ਵੀ ਇਸ ਨੇ ਹੀ ਲਗਾਇਆ ਸੀ।

ਇਸ ਦਾ ਨਿੱਜੀ ਜੀਵਨ ਐਸ਼ਪ੍ਰਸਤੀ ਦਾ ਜੀਵਨ ਸੀ ਪਰ ਇਹ ਸ਼ਾਹੀ ਖਜ਼ਾਨੇ ਵਿਚੋਂ ਆਪਣੇ ਉਪਰ ਖਰਚ ਨਹੀਂ ਸੀ ਕਰਦਾ। ਔਰੰਗਜ਼ੇਬ ਵਾਂਗ ਮੁਹੰਮਦ ਤੁਗਲਕ ਨੂੰ ਭੜਕੀਲੀ ਚਮਕਦਾਰ ਪੁਸ਼ਾਕ ਤੋਂ ਨਫ਼ਰਤ ਸੀ ਅਤੇ ਇਸਨੇ ਗਿਲਟ ਦੇ ਗਹਿਣੇ ਤੇ ਭੜਕੀਲੇ ਕੱਪੜੇ ਪਹਿਨਣ ਤੇ ਪਾਬੰਦੀ ਲਗਾ ਦਿੱਤੀ ਸੀ। ਖਾਣੇ ਲਈ ਮਿੱਟੀ ਦੇ ਬਰਤਨਾਂ ਦਾ ਹੁਕਮ ਦਿੱਤਾ ਗਿਆ।

ਇਹ ਇਕ ਕਮਜ਼ੋਰਦਿਲ ਜਰਨੈਲ ਪਰ ਤਅੱਸਬੀ ਸ਼ਾਸ਼ਕ ਸੀ ਜਿਸ ਦਾ ਰਾਜ ਧਾਰਮਿਕ ਪ੍ਰਤਿਕਿਰਿਆਵਾਂ ਦੇ ਆਰੰਭ ਅਤੇ ਤੁਗਲਕ ਬੰਸ ਦੇ ਪਤਨ ਦਾ ਕਾਰਨ ਸਿੱਧ ਹੋਇਆ।

ਇਸ ਦੀ ਮੌਤ ਅਕਤੂਬਰ, 1388 ਈ. ਵਿਚ ਹੋਈ।

ਹ.ਪੁ.–ਹਿ. ਮੈ. ਇੰਡ. - ਈਸ਼ਵਰੀ ਪ੍ਰਸ਼ਾਦ, ਏ ਸਿੰਪਲ ਹਿਸਟਰੀ ਆਫ਼ ਮੀਡੀਵਲ ਇੰਡੀਆ

**ਤੁਗਲਕ ਬੰਸ** : ਇਹ ਕਾਰੌਨਾ (Qarauna) ਤੁਰਕਾਂ ਦਾ ਇਕ ਬੰਸ ਸੀ ਜਿਸ ਨੇ 1320 ਤੋਂ 1399 ਈ. ਤੱਕ ਦਿੱਲੀ ਦੇ ਸਾਮਰਾਜ ਉੱਤੇ ਰਾਜ ਕੀਤਾ। ਇਸ ਬੰਸ ਦਾ ਮੁੱਖ ਸੰਸਥਾਪਕ ਦੀਪਾਲਪੁਰ ਦਾ ਮੁਕਤਾ ਗਾਜ਼ੀ ਤੁਗਲਕ ਸੀ ਜਿਹੜਾ ਆਪਣੇ ਰਜਬ ਅਤੇ ਅਬੂਬਕਰ ਭਰਾਵਾਂ ਨਾਲ ਗ਼ਰੀਬੀ ਦੀ ਹਾਲਤ ਵਿਚ ਭਾਰਤ ਆਇਆ ਸੀ। ਉਸ ਸਮੇਂ ਭਾਰਤ ਵਿਚ ਅਲਾਉੱਦੀਨ ਖ਼ਿਲਜੀ ਦਾ ਰਾਜ ਸੀ। ਖ਼ਿਲਜੀ ਬੰਸ ਨੂੰ ਖ਼ਤਮ ਕਰਨ ਦੇ ਨਿਸ਼ਚੇ ਨਾਲ ਹਮਲਾ ਕਰਨ ਵਾਲੇ ਖੁਸਰੋ ਦੇ ਵਿਰੁੱਧ ਤੁਰਕ ਸਰਦਾਰਾਂ ਦੀ ਫ਼ੌਜ ਦੀ ਅਗਵਾਈ ਕਰਦੇ ਹੋਏ ਇਸ ਨੇ ਉਸ ਦੇ ਰਾਜ ਭਾਗ ਉੱਤੇ ਕਬਜ਼ਾ ਕੀਤਾ ਅਤੇ ਗਿਆਸ-ਉੱਦ-ਦੀਨ ਤੁਗਲਕ ਦੇ ਨਾਂ ਨਾਲ ਰਾਜ ਸਿੰਘਾਸਨ ਤੇ ਬਿਰਾਜਮਾਨ ਹੋਇਆ।

ਸਿੰਘਾਸਣ ਉੱਤੇ ਬੈਠਣ ਉਪਰੰਤ ਗਿਆਸ-ਉੱਦ-ਦੀਨ ਨੇ ਆਪਣੇ ਬੰਸ ਦੀ ਬੇਹਤਰੀ ਲਈ ਕਈ ਨਵੇਂ ਕਦਮ ਚੁੱਕਦੇ ਹੋਏ ਸਰਗਰਮ ਬਦੇਸ਼ੀ ਨੀਤੀ ਅਪਣਾਈ। ਦੱਖਣ-ਪੱਛਮੀ ਬੰਗਾਲ ਆਦਿ 'ਤੇ ਹਮਲੇ ਕੀਤੇ ਅਤੇ ਕਈ ਇਲਾਕੇ ਅਧੀਨ ਕੀਤੇ। ਸਾਢੇ ਚਾਰ ਸਾਲ ਰਾਜ ਕਰਨ ਤੋਂ ਬਾਅਦ ਬੰਗਾਲ ਤੋਂ ਮੁੜਦੇ ਸਮੇਂ ਇਹ ਦਿੱਲੀ ਦੇ ਨੇੜੇ ਅਫ਼ਗਾਨਪੁਰ ਵਿਚ ਨਵੇਂ ਬਣੇ ਮਹਿਲ ਦੇ ਡਿਗ ਜਾਣ ਕਾਰਨ ਉਸ ਦੇ ਹੇਠਾਂ ਦਬ ਕੇ ਮਰ ਗਿਆ। ਇਸ ਘਟਨਾ ਪਿੱਛੇ ਅਰਬ ਸੈਲਾਨੀ ਇਬਨ-ਬਤੂਤਾ ਅਨੁਸਾਰ ਉਸ ਦੇ ਪੁੱਤਰ ਜੂਨਾ ਖ਼ਾਨ ਦਾ ਹੱਥ ਸੀ ਜਿਹੜਾ ਕਿ ਬਾਅਦ ਵਿਚ ਮੁਹੰਮਦ ਬਿਨ ਤੁਗਲਕ ਦੇ ਨਾਂ ਨਾਲ ਸਿੰਘਾਸਣ ਉੱਤੇ ਬੈਠਿਆ। ਨਿਜ਼ਾਮੁੱਦੀਨ ਔਲੀਆ ਦੀ ਕਹਾਵਤ ਹਨੋਜ਼ ਦਿੱਲੀ ਦੂਰਸਤ ਹਾ 'ਦਿੱਲੀ ਅਜੇ ਦੂਰ ਹੈ' ਇਸ ਸਮੇ ਹੀ ਬਣੀ ਸੀ।

ਮੁਹੰਮਦ ਬਿਨ ਤੁਗਲਕ ਭਾਰਤ ਦਾ ਉਹ ਪਹਿਲਾ ਤੁਰਕ ਬਾਦਸ਼ਾਹ ਸੀ ਜਿਹੜਾ ਮੁੱਲਾਂਤੰਤਰ ਪ੍ਰਭਾਵ ਤੋਂ ਪੂਰਨ ਤੌਰ ਤੇ ਆਜ਼ਾਦ ਸੀ। ਜਿਥੇ ਉਹ ਆਪਣੇ ਸੁਭਾ ਤੋਂ ਉਲਟ ਇਕ ਚੰਗਾ ਯੋਗ ਕਮਾਂਡਰ ਅਤੇ ਪੜ੍ਹਿਆ ਲਿਖਿਆ ਸੁਲਤਾਨ ਸੀ ਉਥੇ ਉਹ ਇਕ ਜ਼ਾਲਮ ਅਤੇ ਜਾਬਰ ਸ਼ਾਸਕ ਵੀ ਸੀ। ਆਪਣੇ ਸ਼ਾਸਨ ਕਾਲ ਸਮੇਂ ਉਸ ਨੇ ਆਪਣੀ ਰਾਜਧਾਨੀ ਦੇਵਗਿਰੀ ਬਦਲ ਲਈ ਅਤੇ ਉਸ ਦਾ ਨਾਂ ਦੌਲਤਾਬਾਦ ਰੱਖਿਆ। ਰਾਜਧਾਨੀ ਦੀ ਬਦਲੀ, ਤਾਂਬੇ ਦੇ ਸਿੱਕੇ ਚਲਾਉਣਾ, ਕੁਰਮਾਂਚਲ ਉੱਤੇ ਹਮਲਾ ਕਰਨਾ ਅਤੇ ਅਸਫ਼ਲ ਖੇਤੀਬਾੜੀ ਸੁਧਾਰ ਕਰਨੇ, ਇਸ ਦੇ ਰਾਜ-ਕਾਲ ਦੀਆਂ ਪ੍ਰਮੁੱਖ ਘਟਨਾਵਾਂ ਸਨ।

ਮੁਹੰਮਦ ਤੁਗਲਕ ਦੇ ਰਾਜਕਾਲ ਦੇ ਅਖ਼ੀਰਲੇ ਪੰਦਰਾਂ ਵਰ੍ਹਿਆਂ ਵਿਚ ਬਗ਼ਾਵਤਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਉਸ ਦੇ ਜ਼ੁਲਮਾਂ ਕਾਰਨ ਹੀ ਉਸ ਨੂੰ "ਖ਼ੂਨੀ" ਵੀ ਕਿਹਾ ਜਾਂਦਾ ਹੈ। ਸਾਲ 135 ਵਿਚ ਜਦੋਂ ਉਹ ਅਮੀਰਾਂ ਨੂੰ ਕੁਚਲਣ ਲਈ ਸਿੰਧ ਵਿਚ ਪਹੁੰਚਿਆ ਤਾਂ ਉਥੇ ਹੀ ਉਸਦੀ ਬੁਖ਼ਾਰ ਨਾਲ ਮੌਤ ਹੋ ਗਈ। ਰਾਠਾਂ ਨੇ ਇਸ ਚਾਚੇ ਸਿਪਾਹਸਿਲਾਰ ਰਜਬ ਦੇ ਪੁੱਤਰ ਫ਼ਿਰੋਜ਼ ਨੂੰ ਸੁਲਤਾਨ ਬਣ ਦਿੱਤਾ ਜਿਸ ਨੇ 1351-88 ਈ. ਤੱਕ ਰਾਜ ਕੀਤਾ। ਫ਼ਿਰੋਜ਼ ਦੀ ਮਾਤਾ ਭੱਟੀ ਰਾਜਪੂਤ ਨਰੇਸ਼, ਰਾਣਾ ਮੱਲ ਦੀ ਲੜਕੀ, ਰਾਜਕੁਮਾ

ਨਵਲਾ ਉਰਫ਼ ਬੀਬੀ ਕਦਬਾਨੋ ਸੀ। ਕੱਟੜ ਮੁਸਲਮਾਨ ਹੋਣ ਕਰਕੇ ਇਸ ਨੇ ਮੁੱਲਾਂਤੰਤਰ ਨੂੰ ਆਪਣੇ ਸਮੇਂ ਵਿਚ ਬਹੁਤ ਉਤਸ਼ਾਹ ਦਿੱਤਾ ਅਤੇ ਆਪਣਾ ਰਾਜਭਾਗ ਮੁਸਲਮਾਨੀ ਸ਼ਰੀਅਤ ਦੇ ਅਨੁਸਾਰ ਚਲਾਉਣ ਦਾ ਭਰਪੂਰ ਯਤਨ ਕੀਤਾ। ਇਹ ਨਾ ਕੇਵਲ ਕੱਟੜ ਹੀ ਸੀ ਬਲਕਿ ਇਸ ਦੇ ਕੁਝ ਅਸੂਲ ਵੀ ਸਨ। ਇਸ ਨੇ ਪਹਿਲੀ ਵਾਰੀ ਮੁਸਲਮਾਨਾਂ ਉੱਤੇ ਜਜ਼ੀਆ ਲਗਾਇਆ, ਹਿੰਦੂ ਮੰਦਰਾਂ ਅਤੇ ਤੀਰਥ ਅਸਥਾਨਾਂ ਨੂੰ ਤਬਾਹ ਕੀਤਾ। ਸੈਨਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਇਹ ਅਸਫਲ ਹੀ ਰਿਹਾ। ਇਸ ਨੇ ਆਪਣੇ ਸਮੇਂ ਵਿਚ ਮਸਜਿਦਾਂ, ਮਦਰੱਸੇ ਅਤੇ ਨਹਿਰਾਂ ਬਣਵਾਈਆਂ ਸਨ। ਫ਼ਿਰੋਜ਼ਾਬਾਦ ਅਤੇ ਜੌਨਪੁਰ ਸ਼ਹਿਰਾਂ ਦਾ ਨਿਰਮਾਣ ਵੀ ਕੀਤਾ। ਇਸ ਨੇ 37 ਸਾਲ ਦੇ ਸ਼ਾਸਨ-ਕਾਲ ਦੀ ਸਫ਼ਲਤਾ ਦਾ ਸਿਹਰਾ ਇਸ ਦੇ ਵਜੀਰ ਮਕਬੂਲ ਦੇ ਸਿਰ ਤੇ ਆਉਂਦਾ ਹੈ। ਫ਼ਿਰੋਜ਼ਸ਼ਾਹ ਦੇ ਦਾਸਾਂ ਦੀ ਗਿਣਤੀ ਲਗਭਗ 18,000 ਸੀ। ਇਨ੍ਹਾਂ ਕਰਕੇ ਹੀ ਅੱਗੇ ਜਾ ਕੇ ਤੁਗਲਕ ਬੰਸ ਦਾ ਬਟਵਾਰਾ ਹੋਇਆ।

ਫਿਰੋਜ਼ਸ਼ਾਹ ਨੇ ਆਪਣਾ ਰਾਜ ਕਾਇਮ ਰੱਖਣ ਲਈ ਬੜੇ ਯਤਨ ਕੀਤੇ ਪਰ ਸਫ਼ਲ ਨਾ ਹੋ ਸਕਿਆ। ਇਸ ਤੋਂ ਬਾਅਦ ਤੁਗਲਕ ਦੂਜਾ, ਨੁਸਰਤਸ਼ਾਹ ਅਬੂ ਬਕਰ, ਮੁਹੰਮਦ ਤੀਜਾ, ਸਿਕੰਦਰ ਪਹਿਲਾ ਅਤੇ ਮਹਿਮੂਦ ਨਾਂ ਦੇ ਛੇ ਤੁਗਲਕ ਸੁਲਤਾਨ ਰਹੇ ਜਿਹੜੇ ਆਪਣੇ ਸਮੇਂ ਵਿਚ ਲੜਦੇ ਝਗੜਦੇ ਹੀ ਰਹੇ ਅਤੇ ਇਕੋ ਸਮੇਂ ਤੇ ਦੋ-ਦੋ ਸ਼ਾਸਕ ਵੀ ਸਿੰਘਾਸਣ ਤੇ ਬੈਠਦੇ ਰਹੇ।

ਲੜਖੜਾ ਰਹੇ ਤੁਗ਼ਲਕ ਬੰਸ ਨੂੰ ਆਖ਼ਰੀ ਝਟਕਾ ਸਮਰਕੰਦ ਦੇ ਹਾਕਮ ਤੈਮੂਰ ਨੇ ਸਾਲ 1398 ਵਿਚ ਦਿੱਤਾ। ਤੈਮੂਰ ਨੇ ਤੁਗ਼ਲਕਾਂ ਦੀ ਰਹਿੰਦੀ ਸਹਿੰਦੀ ਸ਼ਕਤੀ ਵੀ ਖ਼ਤਮ ਕਰ ਦਿੱਤੀ। ਅਖੀਰ ਵਿਚ ਦੌਲਤਖ਼ਾਨ ਨਾਮ ਦੇ ਇਕ ਸਰਦਾਰ ਨੂੰ ਰਾਜ ਭਾਗ ਸੰਭਾਲਣਾ ਪਿਆ। ਅਖ਼ੀਰ ਵਿਚ ਇਸ ਸਲਤਨਤ ਦੇ ਪਤਨ ਤੋਂ ਬਾਅਦ ਸੈਯਦ ਬੰਸ ਦਾ ਸ਼ਾਸਨ ਆਰੰਭ ਹੋਇਆ।

ਹ.ਪੁ.—ਹਿੰ.ਵਿ.ਕੋ. 5. ਭਾਰਤ ਦਾ ਇਤਿਹਾਸ : ਕ. ਅਨਤੋਨੋਵਾ ; ਗ. ਬੋਨਗਾਰਦ ਲੈਵਿਨ ਗ. ਕੋਤੋਵਸਕੀ : 244

**ਤੁਗਲਕਾਬਾਦ** : ਦਿੱਲੀ ਸ਼ਹਿਰ ਤੋਂ ਦੱਖਣ-ਪੱਛਮ ਵੱਲ ਇਹ ਇਕ ਬਸਤੀ ਤੇ ਸ਼ਾਹੀ ਕਿਲਾ ਹੈ। ਇਸ ਨੂੰ ਸੁਲਤਾਨ ਗਿਆਸੁੱਦੀਨ ਤੁਗ਼ਲਕ ਨੇ ਬਣਵਾਇਆ ਸੀ। ਉਸਨੇ ਇਸ ਦੁਆਲੇ ਇਕ ਮਜ਼ਬੂਤ ਫ਼ਸੀਲ ਉਸਾਰੀ ਅਤੇ ਇਸ ਦਾ ਨਾਂ ਤੁਗ਼ਲਕਾਬਾਦ ਰੱਖਿਆ। ਹੁਣ ਇਹ ਕਿਲਾ ਖੰਡਰ ਬਣ ਚੁੱਕਾ ਹੈ। ਇਹ ਕਿਲਾ ਝੀਲ ਦੇ ਵਿਚਕਾਰ ਹੁੰਦਾ ਸੀ।

ਇਸ ਦੇ ਨੇੜੇ ਹੀ ਉਸ ਨੇ ਆਪਣੇ ਲਈ ਲਾਲ ਅਤੇ ਚਿੱਟੇ ਪੱਥਰਾਂ ਦਾ ਇਕ ਮਕਬਰਾ ਬਣਾਇਆ ਜਿਹੜਾ ਕਿ ਕਿਲੇ ਦੀ ਸ਼ਕਲ ਦਾ ਹੈ।

ਹ.ਪੁ.—ਮ. ਕੋ. : 596, ਭਾਰਤ ਦਾ ਇਤਿਹਾਸ. ਅਨਤੋਨੋਵਾ. ਗ. ਬੋਨਗਾਰਦ ਲੈਵਿਨ ਗ. ਕੋਤੋਵਸਕੀ : 244

**ਤੁਬਰੁ** : ਇਹ ਪ੍ਰਸਿੱਧ ਗੰਧਰਵ ਸ਼ਾਸਤਰੀ ਸੀ। **ਜਿਹੜਾ** ਕਛਅਪ ਅਤੇ ਪ੍ਰਾਧਾਂ ਤੋਂ ਪੈਦਾ ਹੋਇਆ ਪੁੱਤਰ ਸੀ। ਇਸ ਦੀ ਪਤਨੀ ਦਾ ਨਾਮ ਰੰਬਾ ਸੀ। ਇਹ ਨਾਰਦ ਮੁਨੀ ਦੇ ਨਾਲ ਬ੍ਰਹਮਾ ਦੀ ਸਭਾ ਵਿਚ ਗਾਉਣ ਦੇ ਨਾਲ ਨਾਲ ਭਗਵਾਨ ਦਾ ਗੁਣ ਗਾਇਨ ਵੀ ਕਰਦਾ ਸੀ। ਇਹ ਸ੍ਰੀ ਕ੍ਰਿਸ਼ਨ ਦੇ ਰਾਜ ਤਿਲਕ ਸਮੇਂ ਉਨ੍ਹਾਂ ਕੋਲ ਆਇਆ ਸੀ। ਰੰਬਾ ਉੱਤੇ ਮੋਹਿਤ ਹੋਣ ਕਾਰਨ 'ਕੁਬੇਰ' ਨੇ ਇਸਨੂੰ ਸਰਾਪ ਦਿੱਤਾ ਜਿਸ ਤੋਂ ਇਹ ਵਿਰਾਟ ਰਾਕਸ਼ ਬਣਿਆ। ਰਾਮ ਲਛਮਣ ਦੇ ਨਾਲ ਯੁੱਧ ਦੇ ਦੌਰਾਨ ਇਸਨੂੰ ਮਿਰਤੂ ਤੋਂ ਬਾਅਦ ਦੁਬਾਰਾ ਪੁਨਰ-ਜੀਵਨ ਪ੍ਰਾਪਤ ਹੋਇਆ।

ਹ.ਪੁ.—ਚਰਿ. ਕੋ., ਪੰ. 194

**ਤੁੰਬੁਰ** : ਇੰਦਰ ਦੀ ਸਭਾ ਦਾ ਇਕ ਗਵੱਈਆ ਸੀ ਜੋ ਗੰਧਰਵ ਜਾਤੀ ਨਾਲ ਸਬੰਧ ਰੱਖਦਾ ਸੀ। ਇਸ ਨੇ ਬ੍ਰਹਮਾ ਤੋਂ ਸੰਗੀਤ ਵਿਦਿਆ ਸਿੱਖੀ ਅਤੇ ਮੰਨਿਆ ਜਾਂਦਾ ਹੈ ਕਿ ਵਿਸ਼ਨੂੰ ਭਗਵਾਨ ਇਸ ਦਾ ਸੰਗੀਤ ਤੇ ਗਾਇਨ ਬੜੇ ਪ੍ਰੇਮ ਨਾਲ ਸੁਣਦੇ ਸਨ। ਦੇਸੀ ਸੰਮਤ ਦੇ ਚੇਤਰ ਦੇ ਮਹੀਨੇ ਇਹ ਸੂਰਜ ਦੇ ਰੱਥ ਨਾਲ ਰਹਿੰਦਾ ਸੀ। ਅਦਭੁੱਤ ਰਾਮਾਇਣ ਵਿਚ ਇਕ ਥਾਂ ਤੇ ਇਹ ਜ਼ਿਕਰ ਆਉਂਦਾ ਹੈ ਕਿ ਨਾਰਦ ਦੇ ਗਾਉਣ ਨਾਲ ਰਾਗ ਤੇ ਰਾਗਣੀਆਂ ਦੇ ਅੰਗ ਭੰਗ ਹੋ ਗਏ ਸਨ। ਉਸ ਤੋਂ ਬਾਅਦ ਜਦੋਂ ਤੁੰਬੁਰ ਨੇ ਰਾਗ ਦਾ ਅਲਾਪ ਕੀਤਾ ਤਾਂ ਉਹ ਭੰਗ ਹੋਏ ਅੰਗ ਫੇਰ ਠੀਕ ਹੋ ਗਏ।

ਹ.ਪੁ.—ਮ. ਕੋ. : 596.

**ਤੁੰਮਾ** : ਇਹ ਖਰਬੂਜ਼ੇ ਅਤੇ ਮਤੀਰੇ ਵਰਗਾ ਇਕ ਸੁੰਦਰ ਫਲ ਹੈ ਪਰ ਇਸ ਦਾ ਸੁਆਦ ਅੰਦਰੋਂ ਕੌੜਾ ਹੁੰਦਾ ਹੈ। ਇਹ ਦਸਤਾਵਰ ਅਤੇ ਬਾਦੀ ਦੇ ਰੋਗ ਦੂਰ ਕਰਨ ਲਈ ਲਾਹੇਵੰਦ ਸਿੱਧ ਹੁੰਦਾ ਹੈ। ਕਪਟੀ ਅਤੇ ਪਾਖੰਡੀ ਆਦਮੀ ਲਈ ਤੁੰਮੇ ਦਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ। ਵਾਰ ਜੈਤਸਰੀ ਵਿਚ ਦਰਜ ਇਹ ਸਤਰ ਇਸ ਦੇ ਗੁਣਾਂ ਦਾ ਪੱਖ ਪੂਰਦੀ ਹੈ ਕਿ "ਪੇਖੰਦੜੋ ਕੀ ਭੁਲ ਤੁੰਮਾ ਦਿਸਮੁ ਸੋਹਣਾ।"

ਹ.ਪੁ.—ਮ. ਕੋ. : 447, 597

**ਤੁਰਕ ਲੋਕ** : ਇਹ ਵੱਖੋ-ਵੱਖਰੇ ਲੋਕ ਹਨ ਜੋ ਇਤਿਹਾਸਕ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਚੀਨ ਦੇ ਟੂ ਯੂ ਚੂ(T' uchuch) ਲੋਕਾਂ ਨਾਲ ਸਬੰਧਤ ਹਨ। ਚੀਨੀਆਂ ਨੇ ਇਹ ਨਾਂ ਉਨ੍ਹਾਂ ਖਾਨਾਬਦੋਸ਼ ਲੋਕਾਂ ਨੂੰ ਦਿੱਤਾ ਸੀ ਜਿਨ੍ਹਾਂ ਨੇ ਛੇਵੀਂ ਸਦੀ ਵਿਚ ਇਕ ਸਾਮਰਾਜ ਦੀ ਸਥਾਪਨਾ ਕੀਤੀ ਸੀ ਜੋ ਮੰਗੋਲੀਆ ਅਤੇ ਚੀਨ ਦੀ ਉੱਤਰੀ ਸੀਮਾ ਤੋਂ ਲੈ ਕੇ ਕਾਲੇ ਸਾਗਰ ਤੱਕ ਫੈਲਿਆ ਹੋਇਆ ਸੀ। ਤੁਰਕੀ ਦੇ ਯੂਰਪੀ ਹਿੱਸੇ ਅਤੇ ਵੋਲਗਾ ਖੇਤਰ ਨੂੰ ਛੱਡ ਕੇ ਇਹ ਲੋਕ ਏਸ਼ੀਆਂ ਮਹਾਂਦੀਪ ਤੱਕ ਵੀ ਵੱਸੇ ਹੋਏ ਹਨ। ਪੂਰਬੀ ਸਾਈਬੇਰੀਆ ਦੇ ਯਾਕੂਤਾਂ ਅਤੇ ਰੂਸ ਦੇ ਵੋਲਗਾ ਖੇਤਰ ਦੇ ਚੂਵਾਂਸ਼ਾਂ ਨੂੰ ਛੱਡ ਕੇ, ਇਨ੍ਹਾਂ ਲੋਕਾਂ ਦੀ ਇਤਿਹਾਸ ਅਤੇ ਭਾਸ਼ਾ ਤੋਂ ਬਿਨਾਂ ਸਭ ਤੋਂ ਮਹੱਤਵਪੂਰਣ ਸਭਿਆਚਾਰਕ ਸਾਂਝ ਇਸਲਾਮ ਧਰਮ ਨਾਲ ਹੈ ਕਿਉਂਕਿ ਉਹ ਸਾਰੇ ਹੀ ਮੁਸਲਮਾਨ ਹਨ।

ਤੁਰਕ ਲੋਕ ਮੁੱਖ ਤੌਰ ਤੇ ਪੱਛਮੀ ਅਤੇ ਪੂਰਬੀ ਦੋ ਗਰੁੱਪਾਂ ਵਿਚ ਵੰਡੇ ਹੋਏ ਹਨ। ਪੱਛਮੀ ਗਰੁੱਪ ਵਿਚ ਯੂਰਪ ਦੇ ਤੁਰਕ ਲੋਕ ਅਤੇ ਪੱਛਮੀ ਏਸ਼ੀਆ ਦੇ ਉਹ ਤੁਰਕ ਲੋਕ ਸ਼ਾਮਲ ਹਨ ਜਿਹੜੇ ਕਿ ਤੁਰਕੀ ਦੇ ਏਸ਼ੀਆਈ ਹਿੱਸੇ ਵਿਚ ਅਤੇ ਈਰਾਨ ਦੇ ਉੱਤਰ-ਪੱਛਮੀ ਹਿੱਸੇ ਵਿਚ, ਚੀਨ ਦੇ ਸਿਨਜੀਆਂਗ ਖੇਤਰ ਅਤੇ ਸਾਬਕਾ ਸੋਵੀਅਤ ਯੂਨੀਅਨ ਦੇ ਇਲਾਕੇ ਵਿਚ ਰਹਿੰਦੇ ਹਨ। ਮਾਨਵ ਵਿਗਿਆਨ ਪੱਖੋਂ ਇਨ੍ਹਾਂ ਲੋਕਾਂ ਵਿਚ ਬਹੁਤ ਵਖਰੇਵਾਂ ਮਿਲਦਾ ਹੈ। ਇਨ੍ਹਾਂ ਵਿਚੋਂ ਬਹੁਤੇ ਲੋਕ ਕਾਲੀ ਚਮੜੀ ਵਾਲੇ ਹਨ। ਵੱਡੀ ਗਿਣਤੀ ਵਿਚ ਤਾਤਾਰ ਅਤੇ ਤੁਰਕੀ ਦੇ ਤੁਰਕ ਲੋਕ ਤਾਂ ਪੱਛਮੀ ਯੂਰਪੀਅਨਾਂ ਵਰਗੇ ਖ਼ੂਬਸੂਰਤ ਹਨ। ਤੁਰਕੀ ਦੇ ਤੁਰਕ ਲੋਕਾਂ ਨੂੰ ਛੱਡ ਕੇ ਕਿਸੇ ਵੀ ਹੋਰਨਾਂ ਤੁਰਕਾਂ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਦੀ 1917 ਈ. ਦੇ ਰੂਸੀ ਇਨਕਲਾਬ ਤੋਂ ਪਿੱਛੋਂ ਵੱਖ ਵੱਖ ਸੋਵੀਅਤ ਰਿਪਬਲਿਕਾਂ ਦੀ ਸਥਾਪਨਾ ਹੋਣ ਤੱਕ ਅਤੇ 1955 ਈ. ਤੋਂ ਪਿੱਛੋਂ ਸਿਨਜੀਆਂਗ ਵੀਗੁਰ ਖ਼ੁਦਮੁਖ਼ਤਾਰ ਖੇਤਰ ਦੀ ਸਥਾਪਤੀ ਹੋਣ ਤੱਕ, ਕੋਈ ਨਿਰੰਤਰ ਤੌਰ ਤੇ ਰਾਸ਼ਟਰੀ ਜਾਂ ਸਿਆਸੀ ਹੋਂਦ ਸੀ। ਤੁਰਕੀ ਦੇ ਤੁਰਕ ਲੋਕਾਂ ਤੋਂ

ਪਿਛੋਂ, ਤੁਰਕ ਲੋਕਾਂ ਵਿਚ ਵਧੇਰੇ ਗਿਣਤੀ ਉਜ਼ਬੇਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਉਜ਼ਬੇਕਾਂ ਦੀ ਆ ਜਾਂਦੀ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦਾ ਨਾਂ ਗੋਲਡਨ ਹੋਰਡੇ ਦੇ ਇਕ ਖ਼ਾਨ ਨੇ ਸ਼ੁਰੂ ਕੀਤਾ ਜਿਸ ਨੇ ਇਸਲਾਮ ਧਰਮ ਕਬੂਲ ਕਰ ਲਿਆ ਸੀ ਅਤੇ ਇਹ ਨਾਂ ਗੋਲਡਨ ਹੋਰਡੇ ਦੀ ਇਕ ਮੁਸਲਿਮ ਸ਼ਾਖਾ ਨਾਲ ਲਗ ਗਿਆ ਜਿਹੜੀ ਕਿ ਇਕ ਸ਼ਾਸਕ-ਵਰਗ ਸੀ। ਇਨ੍ਹਾਂ ਲੋਕਾਂ ਵਿਚ ਕਜ਼ਾਕਾਂ ਦਾ ਵੀ ਇਕ ਵੱਡਾ ਗਰੁੱਪ ਸ਼ਾਮਲ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਕਜ਼ਾਕ ਕਿਪਚਾਕ ਕਬੀਲਿਆਂ ਵਿਚੋਂ ਹੀ ਹੋਂਦ ਵਿਚ ਆਏ ਸਨ ਜਿਹੜੇ ਕਿ ਗੋਲਡਨ ਹੋਰਡੇ ਦਾ ਹਿੱਸਾ ਸਨ। ਸਭ ਤੋਂ ਵੱਧ ਤੁਰਕ ਲੋਕ ਸਾਬਕਾ ਸੋਵੀਅਤ ਯੂਨੀਅਨ ਦੇ ਦੇਸ਼ਾਂ ਵਿਚ ਰਹਿੰਦੇ ਹਨ। ਸਿਨਜੀਆਂਗ ਅਤੇ ਉਸਦੇ ਗੁਆਂਢੀ ਪ੍ਰਾਂਤਾਂ ਕੈਂਸੂ ਅਤੇ ਚਿੰਗਾਈ ਵਿਚ 800,000 ਤੁਰਕੀ ਲੋਕ ਰਹਿੰਦੇ ਹਨ।

ਕਿਰਗੀਜ਼ ਲੋਕ ਕਿਰਗੀਜ਼ੀਆ ਵਿਚ ਰਹਿੰਦੇ ਹਨ। ਇਨ੍ਹਾਂ ਲੋਕਾਂ ਦੇ ਮੁੱਢ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਪੱਛਮੀ ਚੀਨ ਵਿਚ ਇਹ ਲੋਕ ਬਹੁਤ ਹੀ ਘਟ ਗਿਣਤੀ ਵਿਚ ਰਹਿੰਦੇ ਹਨ। ਤੁਰਕਮਾਨ ਲੋਕ 1924 ਈ. ਤੱਕ ਤਾਂ ਖਾਨਾਬਦੋਸ਼ ਅਤੇ ਕਬਾਇਲੀ ਲੋਕਾਂ ਵਰਗੇ ਹੀ ਸਨ ਅਤੇ ਇਨ੍ਹਾਂ ਦੀ ਕੋਈ ਰਾਜਨੀਤਕ ਏਕਤਾ ਵੀ ਨਹੀਂ ਸੀ। ਸਭ ਤੋਂ ਵੱਧ ਇਹ ਲੋਕ ਤੁਰਕਮਾਨਿਸਤਾਨ ਵਿਚ ਰਹਿੰਦੇ ਹਨ ਪਰੰਤੂ ਈਰਾਨ, ਅਫ਼ਗਾਨਿਸਤਾਨ, ਇਰਾਕ, ਸੀਰੀਆ ਅਤੇ ਤੁਰਕੀ ਵਿਚ ਵੀ ਕਾਫ਼ੀ ਗਿਣਤੀ 'ਚ ਰਹਿੰਦੇ ਹਨ।

ਆਜ਼ਰਬਾਈਜਾਨੀ ਲੋਕ ਜਿਹੜੇ ਕਿ ਆਜ਼ਰਬਾਈਜਾਨ ਰਿਪਬਲਿਕ ਅਤੇ ਈਰਾਨ ਦੇ ਪੂਰਬੀ ਆਜ਼ਰਬਾਈਜਾਨ ਅਤੇ ਪੱਛਮੀ ਆਜ਼ਰਬਾਈਜਾਨ ਪ੍ਰਾਂਤਾਂ ਵਿਚ ਵੱਸੇ ਹੋਏ ਹਨ, ਉਹ ਸਾਰੇ ਦੇ ਸਾਰੇ ਹੀ ਇਹ ਲੋਕ ਹਨ। ਇਹ ਲੋਕ 1928 ਈ. ਵਿਚ ਹੋਈ 'ਤੁਰਕਮਾਨਚਾਈ ਦੀ ਸੰਧੀ' ਅਨੁਸਾਰ ਰੂਸੀ ਅਤੇ ਪਰਸ਼ੀਅਨ ਸਾਮਰਾਜਾਂ ਵਿਚਕਾਰ ਵੰਡ ਦਿੱਤੇ ਗਏ ਸਨ।

ਉਜ਼ਬੇਕਿਸਤਾਨ ਦੇ ਕੈਰਾ-ਕੈਲਪੈਕ ਲੋਕਾਂ ਦਾ ਕਜ਼ਾਕਾਂ ਨਾਲ ਨੇੜੇ ਦਾ ਸਬੰਧ ਹੈ ਜਿਨ੍ਹਾਂ ਦੀ ਆਪਣੀ ਭਾਸ਼ਾ ਵੀ ਕਾਫ਼ੀ ਮਿਲਦੀ ਜੁਲਦੀ ਹੈ। ਤਾਤਾਰ ਲੋਕਾਂ ਵਿਚ ਦੋ ਸਮੂਹ ਸ਼ਾਮਲ ਹਨ। ਇਕ ਸਮੂਹ ਵਿਚ ਉਹ ਲੋਕ ਸ਼ਾਮਲ ਹਨ ਜੋ ਰੂਸ ਦੀ ਤਾਤਾਰਿਸਤਾਨ ਰਿਪਬਲਿਕ ਵਿਚ ਰਹਿ ਰਹੇ ਹਨ ਅਤੇ ਦੂਜੇ ਸਮੂਹ ਵਿਚ ਉਹ ਲੋਕ ਸ਼ਾਮਲ ਹਨ ਜਿਹੜੇ ਪਹਿਲਾਂ ਕ੍ਰਾਈਮੀਅਨ ਪ੍ਰਾਇਦੀਪ ਵਿਚ ਵੱਸਦੇ ਸਨ ਪਰੰਤੂ 1944 ਈ. ਵਿਚ ਉਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਕੱਢ ਦਿੱਤਾ ਗਿਆ ਸੀ ਅਤੇ ਹੁਣ ਇਹ ਲੋਕ ਮੁੱਖ ਤੌਰ ਤੇ ਉਜ਼ਬੇਕਿਸਤਾਨ ਰਿਪਬਲਿਕ ਵਿਚ ਰਹਿ ਰਹੇ ਹਨ। ਇਹ ਖਿਆਲ ਕੀਤਾ ਜਾਂਦਾ ਹੈ ਕਿ ਪਹਿਲਾ ਸਮੂਹ ਕਿਪਚਾਕ ਸਮੂਹ ਦੇ ਦੇਸੀ ਤੁਰਕੀ ਕਬੀਲਿਆਂ ਵਿਚੋਂ ਹੀ ਉਤਪੰਨ ਹੋਇਆ ਹੈ। ਇਹ ਵੀ ਸੰਭਾਵਨਾ ਹੈ ਕਿ ਇਨ੍ਹਾਂ ਵਿਚ ਬੁਲਗੇਰੀਅਨ ਅਨਸਰ ਵੀ ਸ਼ਾਮਲ ਹਨ।

ਬੈਸ਼ਕਿਰ ਲੋਕ ਵੱਡੀ ਗਿਣਤੀ ਵਿਚ ਸਾਬਕਾ ਯੂਰਪੀ ਸੋਵੀਅਤ ਯੂਨੀਅਨ ਦੇ ਪੱਛਮੀ ਹਿੱਸੇ ਵਿਚ ਅਤੇ ਯੂਰਾਲ ਪਰਬਤ ਤੋਂ ਵੀ ਅੱਗੇ ਖਿੰਡੇ-ਪੁੰਡੇ ਹੋਏ ਹਨ। ਭਾਵੇਂ ਬੈਸ਼ਕਿਰ ਭਾਸ਼ਾ ਸਰਾਸਰ ਤੁਰਕੀ ਹੈ ਪਰ ਬੈਸ਼ਕਿਰ ਲੋਕਾਂ ਦਾ ਸਭਿਆਚਾਰ ਰਲਵਾਂ-ਮਿਲਵਾਂ ਹੈ। ਕੁਝ ਨਸਲ ਸ਼ਾਸਤਰੀਆਂ ਦਾ ਵਿਸ਼ਵਾਸ ਹੈ ਕਿ ਉਹ ਮੂਲ ਰੂਪ ਵਿਚ ਹੰਗਰੀਵਾਸੀ ਹਨ।

ਸਾਬਕਾ ਸੋਵੀਅਤ ਕਾਕਸਸ ਦੇ ਕੈਰਾਚਾਈ ਅਤੇ ਬਾਲਕਨ ਦੇਸ਼ ਦੇ ਲੋਕਾਂ ਦੇ ਮੂਲ ਬਾਰੇ ਅਜੇ ਅਨਿਸਚਤਤਾ ਹੀ ਬਣੀ ਹੋਈ ਹੈ। ਕਈ ਸਦੀਆਂ ਦੌਰਾਨ ਇਹ ਲੋਕ ਅਸੀਸ਼ਨਾਂ ਲੋਕਾਂ ਵਿਚ ਘੁਲ-ਮਿਲ ਗਏ ਅਤੇ ਮਾਨਵ ਵਿਗਿਆਨ ਦੀ ਦ੍ਰਿਸ਼ਟੀ ਤੋਂ ਅਭੇਦ ਹੋ ਗਏ। ਸੰਨ 1979 ਵਿਚ ਹੋਈ ਸਾਬਕਾ ਸੋਵੀਅਤ ਯੂਨੀਅਨ ਦੀ ਜਨਗਣਨਾ ਅਨੁਸਾਰ ਉਥੇ 131,000 ਕੈਰਾਚਾਈ ਅਤੇ 66,000 ਬਾਲਕਨ ਲੋਕ ਸਨ। ਦੂਜੇ ਸੰਸਾਰ ਯੁੱਧ ਦੌਰਾਨ ਇਨ੍ਹਾਂ ਨੂੰ ਕੇਂਦਰੀ ਏਸ਼ੀਆ ਦੇ ਇਲਾਕੇ ਵਿਚੋਂ ਕੱਢ ਦਿੱਤਾ ਅਤੇ ਪਿੱਛੋਂ ਵਾਪਸ ਜਾਣ ਦੀ ਆਗਿਆ ਦੇ ਦਿੱਤੀ ਗਈ।

ਸਾਈਬੇਰੀਆ ਦੇ ਯਾਕੂਤ ਲੋਕਾਂ ਦੀ ਭਾਸ਼ਾ ਤੁਰਕ ਹੋਣ ਕਰਕੇ ਉਨ੍ਹਾਂ ਦਾ ਇਕ ਵੱਖਰਾ ਵਰਗ ਬਣਾ ਦਿੱਤਾ ਗਿਆ ਪਰੰਤੂ ਉਨ੍ਹਾਂ ਦੀ ਉਤਪਤੀ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਇਹ ਵੀ ਵਿਚਾਰ ਕੀਤਾ ਜਾਂਦਾ ਹੈ ਕਿ ਇਹ ਲੋਕ ਬਾਈਕਾਲ ਝੀਲ ਦੇ ਇਲਾਕੇ ਵਿਚੋਂ ਉੱਤਰ ਵਾਲੇ ਪਾਸੇ ਵੱਲ ਨੂੰ ਪਰਵਾਸ ਕਰ ਗਏ ਸਨ। ਉਨ੍ਹਾਂ ਲੋਕਾਂ ਦੇ ਸਭਿਆਚਾਰ ਦੇ ਕੁਝ ਪੱਖ ਨਾਲ ਲਗਦੇ ਸਾਈਬੇਰੀਅਨ ਲੋਕਾਂ ਨਾਲ ਮਿਲਦੇ-ਜੁਲਦੇ ਹਨ। ਸਾਬਕਾ ਸੋਵੀਅਤ ਯੂਨੀਅਨ ਦੇ ਵੋਲਗਾ ਖੇਤਰ ਵਿਚ ਭਾਰੀ ਗਿਣਤੀ ਵਿਚ ਰਹਿ ਰਹੀਆਂ ਗ਼ੈਰ-ਸਲਾਵੀ ਸਮੁਦਾਇਆਂ ਵਿਚੋਂ, ਚੂਵਾਸ਼ ਲੋਕ ਵੀ ਇਕ ਹਨ। ਉਹ ਪ੍ਰੰਪਰਾਗਤ ਈਸਾਈ ਹਨ ਅਤੇ ਕੇਵਲ ਉਨ੍ਹਾਂ ਦੀ ਭਾਸ਼ਾ ਹੀ ਸੁਝਾਉਂਦੀ ਹੈ ਕਿ ਉਹ ਤੁਰਕ ਮੂਲ ਦੇ ਹਨ। ਵੀਗੁਰ ਲੋਕਾਂ ਦੀ ਹੀ ਵੱਸੋਂ ਪੱਛਮੀ ਚੀਨ ਦੇ ਸਿਨਜੀਆਂਗ ਖੇਤਰ ਵਿਚ ਪਰਬਲ ਹੈ। ਇਹ ਲੋਕ ਥੋੜ੍ਹੀ ਜਿਹੀ ਗਿਣਤੀ 'ਚ ਸਾਬਕਾ ਸੋਵੀਅਤ ਯੂਨੀਅਨ ਦੇ ਕੇਂਦਰੀ ਏਸ਼ੀਆਈ ਹਿੱਸਿਆਂ ਵਿਚ ਵੀ ਰਹਿੰਦੇ ਹਨ।

ਹ.ਪੁ.—ਐਨ.ਬ੍ਰਿ.ਮਾ. 12 : 59

**ਤੁਰਕਮਾਨ :** ਇਹ ਤੁਰਕੀ ਭਾਸ਼ਾਈ ਗਰੁੱਪ ਦੀ ਦੱਖਣ-ਪੱਛਮੀ ਸ਼ਾਖ਼ਾ ਨਾਲ ਸਬੰਧਤ ਲੋਕ ਹਨ। ਇਨ੍ਹਾਂ ਲੋਕਾਂ ਦੀ ਬਹੁਤੀ ਗਿਣਤੀ ਤੁਰਕਮਾਨਿਸਤਾਨ ਅਤੇ ਸੋਵੀਅਤ ਸੈਂਟਰਲ ਏਸ਼ੀਆ ਦੇ ਗੁਆਂਢੀ ਭਾਗਾਂ ਵਿਚ ਰਹਿੰਦੀ ਹੈ। ਸੰਨ 1979 ਵਿਚ ਇਨ੍ਹਾਂ ਦੀ ਕੁੱਲ ਗਿਣਤੀ 2,28,000 ਸੀ। ਇਨ੍ਹਾਂ ਦਾ ਇਕ ਵੱਡਾ ਸਮੂਹ ਈਰਾਨ ਦੇ ਉੱਤਰੀ ਹਿੱਸੇ ਵਿਚ ਅਤੇ ਅਫ਼ਗਾਨਿਸਤਾਨ ਦੇ ਉੱਤਰ-ਪੂਰਬੀ ਅਤੇ ਉੱਤਰ-ਪੱਛਮੀ ਹਿੱਸੇ ਵਿਚ ਵੀ ਰਹਿੰਦਾ ਹੈ। ਇਨ੍ਹਾਂ ਸਮੂਹਾਂ ਨੂੰ ਟ੍ਰਾਂਸਕੈਸਪੀਅਨ ਤੁਰਕਮਾਨ ਵੀ ਕਿਹਾ ਜਾਂਦਾ ਹੈ। ਇਹ ਲੋਕ ਉੱਤਰੀ ਇਰਾਕ ਅਤੇ ਸੀਰੀਆ ਵਿਚ ਵੀ ਕਿਤੇ ਕਿਤੇ ਰਹਿੰਦੇ ਹਨ। ਇਨ੍ਹਾਂ ਲੋਕਾਂ ਦੇ ਵੱਡੇ-ਵੱਡੇ ਸਮੂਹ ਕੇਂਦਰੀ ਤੁਰਕੀ ਵਿਚ ਹਨ ਜਿਥੇ ਇਨ੍ਹਾਂ ਦੀ ਅਨੁਪਾਤਕ ਗਿਣਤੀ ਵਿਸ਼ੇਸ਼ ਤੌਰ ਤੇ 1958 ਤੋਂ ਬਾਅਦ, ਘੱਟ ਗਿਣਤੀ ਦੇ ਲੋਕਾਂ ਪ੍ਰਤਿ ਕੀਤੇ ਜਾਣ ਵਾਲੇ ਵਿਤਕਰੇ ਨੂੰ ਪ੍ਰਭਾਵਿਤ ਕਰਦੀ ਹੈ। ਸੰਸਾਰ ਵਿਚ ਇਨ੍ਹਾਂ ਲੋਕਾਂ ਦੀ ਗਿਣਤੀ 3,125,000 ਤੋਂ ਵੀ ਜ਼ਿਆਦਾ ਹੈ।

ਆਮ ਤੌਰ ਤੇ ਇਨ੍ਹਾਂ ਲੋਕਾਂ ਦਾ ਇਲਾਕਾ ਖੁਸ਼ਕ ਹੈ। ਰਵਾਇਤੀ ਤੌਰ ਤੇ ਇਹ ਲੋਕ ਖਾਨਾਬਦੋਸ਼ਾਂ ਵਾਲਾ ਅਤੇ ਚਰਾਗਾਹੀ ਜੀਵਨ ਬਤੀਤ ਕਰਦੇ ਸਨ। ਇਹ ਲੋਕ ਤੰਬੂਆਂ ਵਿਚ ਰਹਿੰਦੇ ਸਨ ਅਤੇ ਭੇਡਾਂ, ਬੱਕਰੀਆਂ, ਘੋੜੇ, ਗਧੇ ਅਤੇ ਊਠ ਪਾਲਦੇ ਸਨ। ਹੁਣ ਸਿੰਜਾਈ ਦੇ ਸਾਧਨਾਂ ਅਤੇ ਖਾਦ ਦੀ ਸਹਾਇਤਾ ਨਾਲ ਇਹ ਲੋਕ ਖੇਤੀਬਾੜੀ ਕਰਨ ਲਗ ਪਏ ਹਨ ਅਤੇ ਇਨ੍ਹਾਂ ਨੇ ਖਾਨਾਬਦੋਸ਼ੀ ਜੀਵਨ ਤਿਆਗ ਦਿੱਤਾ ਹੈ। ਇਹ ਲੋਕ ਗਲੀਚੇ ਆਦਿ ਬੁਣਨ ਦਾ ਕੰਮ ਵੀ ਕਰਦੇ ਹਨ। ਰੇਜ਼ਾ ਸ਼ਾਹ ਪਹਿਲਵੀ ਦੇ ਹੁਕਮ ਨਾਲ 1925 ਈ. ਵਿਚ ਈਰਾਨ ਦੀ ਸਰਕਾਰ ਨੇ ਟ੍ਰਾਂਸਕੈਸਪੀਅਨ ਤੁਰਕਮਾਨ ਉੱਤੇ ਆਪਣੀ ਹਕੂਮਤ ਕਰਨੀ ਸ਼ੁਰੂ ਕਰ ਦਿੱਤੀ।

ਇਨ੍ਹਾਂ ਲੋਕਾਂ ਦਾ ਸਮਾਜਕ ਸੰਗਠਨ ਪਿੱਤਰੀ ਬੰਸਾਵਲੀ ਵਿਚ ਆਉਂਦੀ ਪੁਸ਼ਤ ਉੱਤੇ ਆਧਾਰਿਤ ਹੈ। ਭਾਵੇਂ ਸੈਂਟਰਲ ਏਸ਼ੀਆ ਦੇ ਵਧੇਰੇ ਤੁਰਕਮਾਨ ਲੋਕ ਅਮੀਰ ਅਤੇ ਆਮ ਸਾਧਾਰਣ ਲੋਕਾਂ ਵਿਚ ਵੰਡੇ ਗਏ ਹਨ ਪਰ ਇਨ੍ਹਾਂ ਨੇ ਆਪਣੀ ਆਰਥਿਕ ਕੰਮਕਾਰ

ਅਨੁਸਾਰ ਵੰਡ ਵੀ ਕੀਤੀ ਹੋਈ ਹੈ। ਇਹ ਲੋਕ ਖੇਤੀਬਾੜੀ ਦੀ ਥਾਂ ਤੇ ਚਰਵਾਹੀ ਜੀਵਨ ਨੂੰ ਵਧੇਰੇ ਇੱਜ਼ਤ ਵਾਲਾ ਕਿੱਤਾ ਸਮਝਦੇ ਹਨ।

ਹ.ਪੁ.—ਐਨ.ਬ੍ਰਿ.ਮਾ. 12:61 ਸਟੇ.ਗੀ.ਬੁੱ. 1988-89

**ਤੁਰਕਮਾਨਿਸਤਾਨ** : ਇਹ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਦੇ ਸੁਤੰਤਰ ਗਣਰਾਜਾਂ ਵਿਚੋਂ ਇਕ ਗਣਰਾਜ ਹੈ ਜਿਹੜਾ ਏਸ਼ੀਆ ਮਹਾਂਦੀਪ ਦੇ ਮੱਧਵਰਤੀ ਭਾਗ ਵਿਚ ਸਥਿਤ ਹੈ। ਇਸ ਦੇ ਉੱਤਰ-ਪੂਰਬ ਵੱਲ ਉਜ਼ਬੇਕਿਸਤਾਨ, ਉੱਤਰ-ਪੱਛਮ ਵੱਲ ਕਜ਼ਾਕਿਸਤਾਨ, ਪੱਛਮ ਵੱਲ ਕੈਸਪੀਅਨ ਸਾਗਰ, ਦੱਖਣ-ਪੱਛਮ ਵੱਲ ਈਰਾਨ ਅਤੇ ਦੱਖਣ-ਪੂਰਬ ਵੱਲ ਅਫ਼ਗ਼ਾਨਿਸਤਾਨ ਦੀਆਂ ਹੱਦਾਂ ਲਗਦੀਆਂ ਹਨ। ਪੂਰਬ ਤੋਂ ਪੱਛਮ ਵੱਲ 1,120 ਕਿ.ਮੀ. (700 ਮੀਲ) ਅਤੇ ਉੱਤਰ ਤੋਂ ਦੱਖਣ ਵੱਲ 560 ਕਿ.ਮੀ. (350 ਮੀਲ) ਤੱਕ ਫੈਲੇ ਇਸ ਗਣਰਾਜ ਨੇ 4,88,100 ਵ. ਕਿ.ਮੀ. (1,88,500 ਵ. ਮੀਲ) ਦਾ ਰਕਬਾ ਮੱਲਿਆ ਹੋਇਆ ਹੈ ਅਤੇ ਇਥੋਂ ਦੀ ਆਬਾਦੀ 3,859,000 (1992) ਹੈ। ਐਸ਼ਕਾਬਾਦ ਇਥੋਂ ਦੀ ਰਾਜਧਾਨੀ ਹੈ।



ਤੁਰਕਮਾਨਿਸਤਾਨ ਦੇ ਕਾਰਾਕੁਮ ਮਾਰੂਥਲੀ ਇਲਾਕੇ ਵਿਚੋਂ ਲੰਘਦਾ ਹੋਇਆ ਕਾਰਵਾਂ

## ਭੂ-ਆਕ੍ਰਿਤੀ ਵਿਗਿਆਨ

**ਧਰਾਤਲ** — ਇਸ ਗਣਰਾਜ ਦਾ ਬਹੁਤਾ ਹਿੱਸਾ ਮੁੱਖ ਤੌਰ ਤੇ ਨੀਵੀਂ ਧਰਤੀ ਵਾਲਾ ਹੈ ਜਿਸ ਦੇ ਕੁੱਲ ਖੇਤਰਫਲ ਦਾ 80% ਹਿੱਸਾ ਕਾਰਾਕੁਮ ਮਾਰੂਥਲ ਨੇ ਮੱਲਿਆ ਹੋਇਆ ਹੈ ਅਤੇ ਇਸ ਨੂੰ ਦੱਖਣ ਅਤੇ ਪੱਛਮ ਵੱਲੋਂ ਉੱਚ-ਭੂਮੀਆਂ ਨੇ ਘੇਰਿਆ ਹੋਇਆ ਹੈ। ਇਸ ਦੇ ਦੱਖਣ ਵੱਲ ਬਲਕਾਨ ਪਰਬਤ ਲੜੀਆਂ 2,626 ਮੀ. (9,600 ਫੁੱਟ) ਉੱਚੇ ਕੱਪੇਟ-ਡਾਗ ਪੈਰਾਪਮੀਸਸ, ਬਦਖ਼ਿਜ਼ ਅਤੇ ਕਾਰਾਬਿਲ ਪਰਬਤ ਸ਼ਾਮਲ ਹਨ। ਪੱਛਮ ਵੱਲ ਮਾਰੂਥਲੀ ਨੀਵੇਂ ਖੇਤਰ ਅਤੇ ਕੈਸਪੀਅਨ ਸਾਗਰ ਵਿਚਕਾਰ 266 ਮੀ. (1,200 ਫੁੱਟ) ਉੱਚੇ ਉਸਟਊਰਟ ਪਠਾਰ ਦਾ ਦੱਖਣੀ ਸਿਰਾ ਹੈ ਅਤੇ ਇਸ ਦੇ ਵੀ ਦੱਖਣ ਵੱਲ 205 ਮੀ. (1000 ਫੁੱਟ) ਉੱਚਾ ਕਰੈਸਨਾਵੱਤਸਕ ਪਠਾਰ ਹੈ। ਕੱਪੇਟ-ਡਾਗ ਖੇਤਰ ਵਿਚ ਭੂਚਾਲ ਅਕਸਰ ਆਉਂਦੇ ਰਹਿੰਦੇ ਹਨ।

**ਜਲਵਾਯੂ** — ਧਰਾਤਲੀ ਵਖਰੇਵਿਆਂ ਅਤੇ ਏਸ਼ੀਆ ਮਹਾਂਦੀਪ ਦੇ ਅੰਦਰੂਨੀ ਭਾਗ ਵਿਚ ਸਥਿਤ ਹੋਣ ਕਰਕੇ ਇਥੋਂ ਦਾ ਜਲਵਾਯੂ ਮਹਾਂਦੀਪੀ ਹੈ। ਇਥੇ ਗਰਮੀਆਂ ਵਿਚ ਵਧੇਰੇ ਗਰਮੀ ਅਤੇ ਸਰਦੀਆਂ ਵਿਚ ਠੰਢ ਹੁੰਦੀ ਹੈ। ਗਰਮੀਆਂ ਦੇ ਦਿਨਾਂ ਵਿਚ ਤਾਪਮਾਨ ਅਕਸਰ $35^{\circ}$ ਸੈਂ. ਤੋਂ ਘੱਟ ਹੁੰਦਾ ਹੈ ਅਤੇ ਵੱਧ ਤੋਂ ਵੱਧ ਤਾਪਮਾਨ ਕਾਰਾਕੁਮ ਮਾਰੂਥਲ ਦੇ ਦੱਖਣ-ਪੂਰਬ ਵੱਲ ਛਾਂ ਵਿਚ $50^{\circ}$ ਸੈਂ. ਤੱਕ ਵੀ ਪਹੁੰਚ ਜਾਂਦਾ ਹੈ। ਸਰਦੀਆਂ ਵਿਚ ਇਸ ਤੋਂ ਉਲਟ ਹੈ। ਕੁਸ਼ਕਾ ਵਿਚ ਤਾਪਮਾਨ ਘਟ ਕੇ $-33^{\circ}$ ਸੈਂ ਤੱਕ ਵੀ ਪਹੁੰਚ ਜਾਂਦਾ ਹੈ। ਇਥੇ ਹਵਾ ਵਿਚ ਨਮੀ ਘੱਟ ਹੁੰਦੀ ਹੈ ਅਤੇ ਵਰਖਾ ਵੀ ਥੋੜ੍ਹੀ ਹੁੰਦੀ ਹੈ।

**ਜਲਪ੍ਰਵਾਹ** — ਆਮੂ ਇਥੋਂ ਦਾ ਮੁੱਖ ਦਰਿਆ ਹੈ ਜਿਹੜਾ ਉੱਤਰ-ਪੂਰਬੀ ਹੱਦ ਦੇ ਨਾਲ ਨਾਲ ਵਹਿੰਦਾ ਹੋਇਆ ਅਰਲ ਸਾਗਰ ਵਿਚ ਜਾ ਡਿਗਦਾ ਹੈ। ਇਸ ਤੋਂ ਇਲਾਵਾ ਤੈਜ਼ੈਨ (Tedzhen), ਮੁਰਗਾਬ ਅਤੇ ਅਟਰੈਕ ਇਥੋਂ ਦੇ ਹੋਰ ਪ੍ਰਮੁੱਖ ਦਰਿਆ ਹਨ।

**ਮਿੱਟੀ** — ਵਾਦੀਆਂ ਦੀ ਜਲੋਢੀ ਅਤੇ ਉੱਚ ਖੇਤਰਾਂ ਦੀ ਕਾਲੀ ਮਿੱਟੀ ਬਹੁਤ ਉਪਜਾਊ ਹੈ।

**ਬਨਸਪਤੀ ਅਤੇ ਜੀਵ ਜੰਤੂ** — ਨਖ਼ਲਿਸਤਾਨਾਂ, ਪਰਬਤੀ ਵਾਦੀਆਂ ਅਤੇ ਪਠਾਰਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਖੇਤਰ ਵਿਚ ਮਾਰੂਥਲੀ ਕਿਸਮ ਦੀ ਬਨਸਪਤੀ ਮਿਲਦੀ ਹੈ। ਕਾਪੈੱਟ-ਡਾਗ ਦੀ ਪਰਬਤੀ ਵਾਦੀਆਂ ਵਿਚ ਜੰਗਲੀ ਅੰਗੂਰ, ਬਦਾਮ, ਅੰਜੀਰ ਅਤੇ ਅਖ਼ਰੋਟ ਮਿਲਦੇ ਹਨ ਅਤੇ ਨਦੀਆਂ ਦੇ ਕੰਢਿਆਂ ਦੇ ਨਾਲ ਨਾਲ ਕਾਲਾ ਪਾਪਲਰ, ਬੇਦ ਦੇ ਦਰਖ਼ਤ ਅਤੇ ਸਰਕੜੇ ਅਤੇ ਬੈਂਤ ਦੇ ਜੰਗਲ ਮਿਲਦੇ ਹਨ। ਰੇਤਲੇ ਮਾਰੂਥਲ ਦੇ ਬਹੁਤੇ ਖੇਤਰ ਵਿਚ ਲੰਬੀਆਂ ਜੜ੍ਹਾਂ ਵਾਲੀਆਂ ਝਾੜੀਆਂ ਅਤੇ ਘਾਹ ਮਿਲਦਾ ਹੈ। ਦੱਖਣੀ ਉੱਚ ਖੇਤਰਾਂ ਵਿਚ ਘਾਹ ਅਤੇ ਕਈ ਤਰ੍ਹਾਂ ਦੀਆਂ ਜੜੀਆਂ-ਬੂਟੀਆਂ ਮਿਲਦੀਆਂ ਹਨ।

ਇਥੇ ਲੂੰਬੜ, ਜੰਗਲੀ ਬਿੱਲੀ ਅਤੇ ਕਾਰਾਕੁਮ ਮਿਰਗ ਵਰਗੇ ਮਾਰੂਥਲੀ ਜੀਵ ਜੰਤੂ ਮਿਲਦੇ ਹਨ। ਪਰਬਤਾਂ ਉੱਤੇ ਪਹਾੜੀ ਭੇਡਾਂ ਅਤੇ ਬੱਕਰੀਆਂ, ਚੀਤੇ, ਬਾਘੜ ਬਿੱਲੇ, ਚੀਤੇ ਅਤੇ ਕੰਡੇਦਾਰ ਜੀਵ ਮਿਲਦੇ ਹਨ। ਆਮੂ ਦਰਿਆ ਦੇ ਨਾਲ ਨਾਲ ਗਿੱਦੜ, ਜੰਗਲੀ ਸੂਰ ਅਤੇ ਗੁਲਾਬੀ ਹਿਰਨ ਮਿਲਦੇ ਹਨ। ਕੈਸਪੀਅਨ ਸਾਗਰ ਦਾ ਪੂਰਬੀ ਤੱਟ ਪਰਵਾਸੀ ਮੁਰਗਾਬੀਆਂ ਦੇ ਵੱਡੇ ਵੱਡੇ ਝੁੰਡਾਂ ਲਈ ਸਰਦੀਆਂ ਦੀ ਇਕ ਵੱਡੀ ਸ਼ਰਨਗਾਹ ਹੈ। ਕੈਸਪੀਅਨ ਸਾਗਰ ਵਿਚ ਕਈ ਤਰ੍ਹਾਂ ਦੀਆਂ ਮੱਛੀਆਂ ਵੀ ਮਿਲਦੀਆਂ ਹਨ।

## ਇਤਿਹਾਸ

ਇਸ ਗਣਰਾਜ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਚੌਥੀ ਸਦੀ ਪੂ.ਈ. ਵਿਚ ਇਸ ਨੂੰ ਮਕਦੂਨੀਆਂ ਦੇ ਸਿਕੰਦਰ ਨੇ ਜਿੱਤਿਆ ਸੀ। ਛੇਵੀਂ ਸਦੀ ਪੂ.ਈ. ਵਿਚ ਤੁਰਕੀ ਹਮਲਾਵਰਾਂ ਨੇ ਵੀ ਇਸ ਉੱਤੇ ਹਮਲੇ ਕੀਤੇ ਸਨ। ਸੱਤਵੀਂ ਅਤੇ ਅੱਠਵੀਂ ਸਦੀ ਵਿਚ ਇਸ ਉੱਤੇ ਇਸਲਾਮੀ ਅਰਬਾਂ ਦਾ ਕਬਜ਼ਾ ਹੋ ਗਿਆ। ਤੇਰ੍ਹਵੀਂ ਸਦੀ ਵਿਚ ਮੰਗੋਲਾਂ ਨੇ ਮੱਧ ਏਸ਼ੀਆ ਨੂੰ ਤਬਾਹ ਕਰ ਦਿੱਤਾ। ਚੌਦਵੀਂ ਸਦੀ ਵਿਚ

ਇਹ ਤੈਮੂਰ ਦੇ ਸਾਮਰਾਜ ਦਾ ਹਿੱਸਾ ਬਣ ਗਿਆ। ਉਨ੍ਹੀਵੀਂ ਸਦੀ ਦੇ ਅੰਤਲੇ ਸਮੇਂ ਵਿਚ ਜ਼ਾਰ ਦੀ ਫ਼ੌਜੀ ਤਾਕਤ ਵਧਣ ਨਾਲ ਇਸ ਨੂੰ ਰੂਸੀ ਸਾਮਰਾਜ ਵਿਚ ਮਿਲਾ ਲਿਆ ਗਿਆ। ਸੰਨ 1925 ਵਿਚ ਸੋਵੀਅਤ ਸਰਕਾਰ ਨੇ ਇਸ ਨੂੰ ਸੰਘੀ ਗਣਰਾਜ ਬਣਾ ਦਿੱਤਾ। ਅਗਸਤ, 1990 ਵਿਚ ਤੁਕਰਮਾਨ ਸੁਪਰੀਮ ਸੋਵੀਅਤ ਨੇ ਸਰਬ ਸੰਮਤੀ ਨਾਲ ਪ੍ਰਭੂਸੱਤਾ ਘੋਸ਼ਿਤ ਕਰ ਦਿੱਤੀ। ਦਸੰਬਰ, 1991 ਵਿਚ ਇਹ ਕਾਮਨਵੈੱਲਥ ਆਫ਼ ਇੰਡੀਪੈਂਡੈਂਟ ਸਟੇਟਸ ਦਾ ਇਕ ਵੱਖਰਾ ਸੁਤੰਤਰ ਗਣਰਾਜ ਬਣ ਗਿਆ।

## ਆਰਥਿਕਤਾ

**ਖਣਿਜ** — ਇਹ ਉਜ਼ੋਕਰਿਟ ਤੇਲ, ਕੋਲੇ, ਗੰਧਕ ਅਤੇ ਲੂਣ ਦੇ ਖਣਿਜ ਪਦਾਰਥਾਂ ਨਾਲ ਭਰਪੂਰ ਹੈ। ਕਾਰਾਕੁਮ ਮਾਰੂਥਲ ਵਿਚ ਮੈਗਨੀਸ਼ੀਅਮ, ਖਣਿਜ ਅਤੇ ਕੋਲੇ ਦੇ ਭੰਡਾਰਾਂ ਤੋਂ ਇਲਾਵਾ ਲੂਣ ਦੀਆਂ ਕੋਈ 50 ਨਵੀਆਂ ਖਾਣਾਂ ਦਾ ਪਤਾ ਲੱਗਾ ਹੈ। ਇਥੇ ਨੈਬੀਤ-ਡਾਗ ਨਾਂ ਦਾ ਇਕ ਨਵਾਂ ਤੇਲ ਦਾ ਕਸਬਾ ਵੀ ਵਿਕਸਿਤ ਹੋ ਗਿਆ ਹੈ। ਕਈ ਬਦੇਸ਼ੀ ਕੰਪਨੀਆਂ ਕੈਸਪੀਅਨ ਸਾਗਰ ਦੇ ਆਲੇ ਦੁਆਲੇ ਕੁਦਰਤੀ ਗੈਸ ਅਤੇ ਤੇਲ ਭੰਡਾਰਾਂ ਦੀ ਖੋਜ ਕਰ ਰਹੀਆਂ ਸਨ ਅਤੇ ਅਕਤੂਬਰ, 1992 ਵਿਚ ਤੁਰਕਮਾਨਿਸਤਾਨ ਅਤੇ ਯੂਕਰੇਨ ਨੇ ਕੁਦਰਤੀ ਗੈਸ ਦੀ ਸਪਲਾਈ ਸਮੇਤ ਕਈ ਸੰਧੀਆਂ ਤੇ ਹਸਤਾਖ਼ਰ ਕੀਤੇ।

**ਜਲ ਸ਼ਕਤੀ** — ਵਰਖਾ ਘਟ ਹੋਣ ਕਾਰਨ ਇਥੋਂ ਦੀ ਭੂਮੀ ਦੀ ਸਿੰਜਾਈ ਲਈ ਨਹਿਰਾਂ ਦੀ ਲੋੜ ਰਹਿੰਦੀ ਹੈ। ਇਸੇ ਕਰਕੇ ਹੀ ਕਈ ਨਹਿਰਾਂ ਅਤੇ ਜਲ ਭੰਡਾਰ ਇਸ ਪਾਣੀ ਦੀ ਘਾਟ ਨੂੰ ਪੂਰਾ ਕਰਦੇ ਹਨ। ਕਾਰਾਕੁਮ ਮਾਰੂਥਲ ਤੋਂ ਪਾਰ ਸੰਸਾਰ ਦੀ ਸਭ ਤੋਂ ਵੱਡੀ ਜਲ ਸਿੰਚਾਈ ਅਤੇ ਜਹਾਜ਼ਰਾਨੀ-ਨਹਿਰ, ਕਾਰਾਕੁਮਸਕੀ ਨਹਿਰ ਬਣੀ ਹੋਈ ਹੈ। ਇਸ ਨਹਿਰ ਦੀ ਉਸਾਰੀ ਦਾ ਕੰਮ 1950 ਵਿਆਂ ਵਿਚ ਸ਼ੁਰੂ ਕੀਤਾ ਗਿਆ ਸੀ ਅਤੇ 1958 ਤੋਂ ਲੈ ਕੇ 1970 ਈ. ਤੱਕ ਇਸ ਨਹਿਰ ਦਾ 860 ਕਿ. ਮੀ. ਤੱਕ ਹੋਰ ਅੱਗੇ ਵਿਸਥਾਰ ਕਰ ਦਿੱਤਾ ਗਿਆ। ਕੈਸਪੀਅਨ ਸਾਗਰ ਤੱਕ ਪਹੁੰਚਣ ਅਤੇ 1000 ਕਿ. ਮੀ. ਤੱਕ ਦਾ ਉਸਾਰੀ-ਕਾਰਜ ਪੂਰਾ ਕਰਨ ਲਈ ਕਾਰਾਕੁਮ ਨਹਿਰ ਦੇ ਚੌਥੇ ਹਿੱਸੇ ਦਾ ਕੰਮ ਸ਼ੁਰੂ ਕੀਤਾ ਗਿਆ।

**ਖੇਤੀਬਾੜੀ** — ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਜਿਹੜੀ ਕਿ ਸਿੰਜਾਈ ਤੇ ਆਧਾਰਿਤ ਹੈ। ਕਪਾਹ ਇਥੋਂ ਦੀ ਮੁੱਖ ਫਸਲ ਹੈ। ਇਥੋਂ ਦੇ ਕਾਫ਼ੀ ਹਿੱਸੇ ਵਿਚ ਮਿਸਰੀ ਕਿਸਮ ਦੀ ਕਪਾਹ ਉਗਾਈ ਜਾਂਦੀ ਹੈ ਜਿਸ ਤੋਂ ਅਸਲ ਸੋਵੀਅਤ ਕਿਸਮ ਦੀ ਲੰਬੀ ਰੇਸ਼ੇ ਵਾਲੀ ਕਪਾਹ ਦਾ ਬੀਜ ਤਿਆਰ ਕੀਤਾ ਗਿਆ ਹੈ। ਕਣਕ, ਜੌਂ, ਮੱਕੀ ਆਦਿ ਵੀ ਉਗਾਏ ਜਾਂਦੇ ਹਨ। ਭੇਡਾਂ ਵੀ ਪਾਲੀਆਂ ਜਾਂਦੀਆਂ ਹਨ। ਇਥੇ ਉੱਨ ਅਤੇ ਐਸਤਰਾਕਾਨ ਫਰ ਵੀ ਮਿਲਦੀ ਹੈ। ਕੈਰਾਕੁਲ ਦੇ ਲੋਕ ਗੋਰੇ ਨਸਲ ਦੀਆਂ ਭੇਡਾਂ ਵੀ ਪਾਲਦੇ ਹਨ। ਇਥੇ ਰੇਸ਼ਮ ਦੇ ਕੀੜੇ ਪਾਲਣ ਦਾ ਕੰਮ ਵੀ ਕਾਫ਼ੀ ਹੁੰਦਾ ਹੈ। ਇਸ ਤੋਂ ਇਲਾਵਾ ਫਲ ਅਤੇ ਸਬਜ਼ੀਆਂ ਵੀ ਉਗਾਈਆਂ ਜਾਂਦੀਆਂ ਹਨ। ਖਜੂਰਾਂ, ਜੈਤੂਨ, ਅੰਜੀਰ ਤਿਲ ਆਦਿ ਵੀ ਮਿਲਦੇ ਹਨ। ਕੈਸਪੀਅਨ ਸਾਗਰ ਵਿਚ ਮੱਛੀ ਪਾਲਣ ਦਾ ਕੰਮ ਵੀ ਕੀਤਾ ਜਾਂਦਾ ਹੈ।

**ਉਦਯੋਗ** — ਸੱਨਅਤ ਪੱਖੋਂ ਇਸ ਗਣਰਾਜ ਦਾ ਪੱਛਮੀ ਭਾਗ ਬਹੁਤ ਹੀ ਵਿਕਸਿਤ ਹੈ ਜਿਥੇ ਤੇਲ ਕੱਢਣ,ਤੇਲ ਸਾਫ਼ ਕਰਨ, ਰਸਾਇਣ ਤਿਆਰ ਕਰਨ, ਮੱਛੀਆਂ ਅਤੇ ਪ੍ਰਾਸੈਸਿੰਗ ਦਾ ਕਾਫੀ ਕੰਮ ਕੀਤਾ ਜਾਂਦਾ ਹੈ। ਐਸ਼ਕਾਬਾਦ ਕਾਪੈੱਟੁਡਾਗ ਨਖ਼ਲਿਸਤਾਨ ਅਤੇ ਸਾਰੇ ਤੁਰਕਮਾਨਿਸਤਾਨ ਦਾ ਇਕ ਵੱਡਾ ਸੱਨਅਤੀ ਅਤੇ ਸਭਿਆਚਾਰਕ ਕੇਂਦਰ ਹੈ ਅਤੇ ਇਥੇ ਕੱਪੜੇ ਅਤੇ ਰੇਸ਼ਮ ਦੀ ਕਤਾਈ ਦੇ ਉਦਯੋਗ ਸਥਾਪਿਤ ਹਨ। ਕਰੈਸਨਾਵੌਤਸਕ ਵਿਖੇ ਤੇਲ ਨੂੰ ਸਾਫ਼ ਕਰਨ ਅਤੇ ਸਮੁੰਦਰੀ ਜਹਾਜ਼ਾਂ ਦੀ ਮੁਰੰਮਤ ਕਰਨ ਦੇ ਉਦਯੋਗ ਸਥਾਪਿਤ ਹਨ। ਇਹ ਗਣਰਾਜ ਇਥੋਂ ਦੇ ਵਧੀਆ ਗਲੀਚਿਆਂ ਕਾਰਣ ਵੀ ਮਸ਼ਹੂਰ ਹੈ।



ਐਸ਼ਕਾਬਾਦ ਦੇ ਖੇਤਾਂ ਵਿਚ ਕਪਾਹ ਚੁਣਦੀਆਂ ਤੁਰਕਮੇਨੀਅਨ ਔਰਤਾਂ

**ਰੇਲ ਮਾਰਗ** — ਇਥੋਂ ਦੇ ਵੱਡੇ ਵੱਡੇ ਸ਼ਹਿਰ ਰੇਲ ਮਾਰਗਾਂ ਨਾਲ ਜੁੜੇ ਹੋਏ ਹਨ। ਚਾਰਜੋ-ਕੁਨਗ੍ਰਾਦ ਰੇਲ ਲਾਈਨ ਤੁਰਕਮਾਨੀਆ ਦੇ ਚਾਰਜੋ ਅਤੇ ਤਾਸ਼ਾਉਜ਼ ਖੇਤਰਾਂ ਵਿਚੋਂ ਲੰਘਦੀ ਹੋਈ ਉਜ਼ਬੇਕਿਸਤਾਨ ਤੋਂ ਪਾਰ ਲੰਘ ਜਾਂਦੀ ਹੈ। ਇਕ ਹੋਰ ਰੇਲ ਲਾਈਨ ਚਾਰਜੋ ਨੂੰ ਉਰਗੈਂਚ ਨਾਲ ਜੋੜਦੀ ਹੈ। ਸੰਨ 1990 ਵਿਚ ਇਥੇ ਦੀਆਂ ਰੇਲ ਲਾਈਨਾਂ ਦੀ ਕੁੱਲ ਲੰਬਾਈ 2,120 ਕਿ. ਮੀ. ਸੀ।

**ਸੜਕਾਂ** — ਜਨਵਰੀ, 1990 ਵਿਚ ਇਥੇ ਸੜਕਾਂ ਦੀ ਕੁੱਲ ਲੰਬਾਈ 22,600 ਕਿ. ਮੀ. ਸੀ ਜਿਸ ਵਿਚੋਂ 17,800 ਕਿ. ਮੀ. ਪੱਕੀਆਂ ਸੜਕਾਂ ਸਨ। ਐਸ਼ਕਾਬਾਦ ਅਤੇ ਮਸ਼ਹਦ(ਈਰਾਨ) ਸੜਕਾਂ ਰਾਹੀਂ ਇਕ ਦੂਜੇ ਨਾਲ ਜੁੜੇ ਹੋਏ ਹਨ।

**ਹਵਾਈ ਮਾਰਗ** — ਲੈਨਿੰਸਕ ਅਤੇ ਤਾਸ਼ਾਉਜ਼ ਹਵਾਈ ਮਾਰਗ ਰਾਹੀਂ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਐਸ਼ਕਾਬਾਦ ਤੋਂ ਪੱਛਮ, ਉੱਤਰ ਅਤੇ ਪੂਰਬ ਵਿਚ ਪੈਂਦੇ ਦੂਰਵਰਤੀ ਖੇਤਰਾਂ ਤੱਕ ਵੀ ਹਵਾਈ ਜਹਾਜ਼ਾਂ ਦੁਆਰਾ ਆਉਣ ਜਾਣ ਦੀਆਂ ਸਹੂਲਤਾਂ ਪ੍ਰਾਪਤ ਹਨ।

**ਪ੍ਰਸਿੱਧ ਸ਼ਹਿਰ** — ਇਸ ਦੇ ਰਾਜਧਾਨੀ ਸ਼ਹਿਰ ਐਸ਼ਕਾਬਾਦ ਤੋਂ ਇਲਾਵਾ ਚਾਰਜੋ ਮਾਰੀ, ਨਬੀਤ-ਡਾਕ ਅਤੇ ਕਰੈਸਨਾਵਾਅਤਸਕ ਇਥੇ ਦੇ ਹੋਰ ਪ੍ਰਮੁੱਖ ਸ਼ਹਿਰ ਹਨ।

ਲੋਕ

ਮਰਵ ਦੇ ਟੈਕੀ ਅਤੇ ਐਟਕ ਦੇ ਟੈਕੀ ਐਰਸਾਰੀ, ਯੋਮਦ ਅਤੇ ਗਾੱਕਲਾਨ ਇਥੋਂ ਦੇ ਪ੍ਰਮੁੱਖ ਤੁਰਕਮਾਨੀ ਕਬੀਲੇ ਹਨ। ਇਹ ਸਾਰੇ ਕਬੀਲੇ ਤੁਰਕੀ ਭਾਸ਼ਾ ਦੇ ਨਾਲ ਮੇਲ ਖਾਂਦੀਆਂ ਭਾਸ਼ਾਵਾਂ ਬੋਲਦੇ ਹਨ। ਇਨ੍ਹਾਂ ਵਿਚੋਂ ਬਹੁਤੇ ਸੁੰਨੀ ਮੁਸਲਮਾਨ ਹਨ। ਸੰਨ 1992 ਵਿਚ ਇਥੇ ਆਬਾਦੀ ਦੀ ਘਣਤਾ 7.9% ਵਿਅਕਤੀ ਪ੍ਰਤੀ ਕਿ.ਮੀ. ਸੀ। ਸੰਨ 1991 ਵਿਚ 45.4 ਪ੍ਰਤੀਸ਼ਤ ਸ਼ਹਿਰੀ ਅਤੇ 54.6 ਪ੍ਰਤੀਸ਼ਤ ਪੇਂਡੂ ਵਸੋਂ ਸੀ। ਸੰਨ 1989 ਵਿਚ ਇਥੇ 72.0% ਤੁਰਕਮਾਨੀ, 9.5% ਰੂਸੀ, 9.0% ਉਜ਼ਬੇਕੀ, 2.5% ਕਜ਼ਾਕਿਸਤਾਨੀ, 1.1% ਤਾਤਾਰੀ ਅਤੇ 5.9% ਹੋਰ ਨਸਲਾਂ ਦੇ ਲੋਕ ਸਨ।

**ਸਿੱਖਿਆ ਤੇ ਸਿਹਤ** — ਇਸ ਗਣਰਾਜ ਵਿਚ ਸਿਹਤ ਅਤੇ ਵਿਦਿਆ ਦੀਆਂ ਸਾਰੀਆਂ ਸਹੂਲਤਾਂ ਉਪਲੱਬਧ ਹਨ। ਵੀਹਵੀਂ ਸਦੀ ਵਿਚ ਸਿਹਤ ਸਹੂਲਤਾਂ ਵਿਚ ਕਾਫ਼ੀ ਤਰੱਕੀ ਹੋਈ ਹੈ। ਇਥੇ 7 ਤੋਂ 17 ਸਾਲ ਤੱਕ ਦੀ ਉਮਰ ਤੱਕ ਸਿੱਖਿਆ ਮੁਫ਼ਤ ਅਤੇ ਲਾਜ਼ਮੀ ਹੈ। ਸੰਨ 1989-90 ਵਿਚ ਇਥੇ 1800 ਪ੍ਰਾਇਮਰੀ ਅਤੇ ਸੈਕੰਡਰੀ ਸਕੂਲ, ਨੌਂ ਉੱਚ-ਵਿਦਿਅਕ ਸੰਸਥਾਵਾਂ ਅਤੇ 38 ਤਕਨੀਕੀ ਕਾਲਜ ਅਤੇ 11 ਸੰਗੀਤ ਅਤੇ ਕਲਾ ਦੇ ਸਕੂਲ ਸਨ। ਸੰਨ 1951 ਵਿਚ ਇਥੇ ਇਕ ਸਾਇੰਸ ਦੀ ਅਕਾਦਮੀ ਵੀ ਸਥਾਪਿਤ ਕੀਤੀ ਗਈ।

**ਰਾਜ ਪ੍ਰਬੰਧ** — ਪ੍ਰਬੰਧਕੀ ਪੱਖੋਂ ਇਹ ਗਣਰਾਜ ਚਾਰਜ਼ੋ, ਮਾਰੀ ਐਸ਼ਕਾਬਾਦ, ਤਾਸ਼ਾਉਜ਼ ਅਤੇ ਕਰੈਸਨਾਵੱਤਸਕ ਪੰਜ ਖੇਤਰਾਂ ਵਿਚ ਵੰਡਿਆ ਹੋਇਆ ਹੈ ਜਿਸ ਵਿਚ 42 ਪੇਂਡੂ ਜ਼ਿਲੇ, 15 ਕਸਬੇ ਅਤੇ 74 ਸ਼ਹਿਰੀ ਬਸਤੀਆਂ ਸ਼ਾਮਲ ਹਨ।

**ਕਰੰਸੀ** — ਇਥੋਂ ਦੀ ਕਰੰਸੀ ਰੂਬਲ ਹੈ। ਇਕ ਰੂਬਲ ਵਿਚ 100 ਕਾਪੈੱਕ ਹੁੰਦੇ ਹਨ।

**ਝੰਡਾ** — ਇਥੋਂ ਦਾ ਝੰਡਾ ਹਰੇ ਰੰਗ ਦਾ ਹੈ ਜਿਸ ਵਿਚ ਇਕ ਸਫੇਦ ਏਕਮ ਦਾ ਚੰਨ ਅਤੇ ਪੰਜ ਚਿੱਟੇ ਤਾਰੇ ਹਨ। ਦੱਸਤੇ ਵਾਲੇ ਪਾਸੇ ਝੰਡਾ ਲਹਿਰਾਉਣ ਵਾਲੀ ਥਾਂ ਦੇ ਨੇੜੇ ਗਲੀਚੇਦਾਰ ਨਮੂਨੇ ਵਾਲੀ ਲਾਲ ਰੰਗ ਦੀ ਪੱਟੀ ਹੈ।

ਹ. ਪੁ. - ਬ੍ਰਿ. ਯੀ. ਬੁ. 1993-94: 346, 409, 734; ਐਨ. ਅਮੇ. 27:278; ਸਟੇ. ਯੀ. ਬੁ. 1993-94 : 436; ਐਨ.ਬ੍ਰਿ. ਮਾ. 12:62

**ਤੁਰਕਿਸਤਾਨ** : ਮੱਧਵਰਤੀ ਏਸ਼ੀਆ ਦਾ ਇਹ ਇਕ ਖੇਤਰ ਹੈ। ਰਾਜਨੀਤਕ ਤੌਰ ਤੇ ਇਸ ਵਿਚ ਉਜ਼ਬੇਕਿਸਤਾਨ, ਤਾਜ਼ਿਕਸਤਾਨ ਅਤੇ ਕਿਰਗੀਜ਼ੀਆ ਗਣਰਾਜ, ਕਜ਼ਾਕਿਸਤਾਨ ਦਾ ਦੱਖਣੀ ਹਿੱਸਾ, ਪੂਰਬੀ ਤੁਰਕਮਾਨਿਸਤਾਨ, ਉੱਤਰੀ ਅਫ਼ਗਾਨਿਸਤਾਨ ਅਤੇ ਚੀਨ ਦਾ ਸਿਨਜੀਆਂਗ ਵੀਗੁਰ ਖੁਦਮੁਖ਼ਤਾਰ ਖੇਤਰ ਸ਼ਾਮਲ ਹਨ। ਭੂਗੋਲਿਕ ਤੌਰ ਤੇ ਇਹ ਪੂਰਬ ਤੋਂ ਪੱਛਮ ਵੱਲ ਫੈਲੇ ਕੁਨਲੁਨ ਪਰਬਤ, ਪੱਛਮੀ ਹਿਮਾਲਾ, ਹਿੰਦੂਕਸ਼ ਅਤੇ ਅਫ਼ਗਾਨਿਸਤਾਨ ਦੇ ਪੈਰਾਪਾਮਾਈਸੈਸ ਪਰਬਤਾਂ ਦੀਆਂ ਲੜੀਆਂ ਦੇ ਧੁਰੇ ਤੋਂ ਉੱਤਰ ਵੱਲ ਫੈਲਿਆ ਹੋਇਆ ਹੈ। ਇਤਿਹਾਸਕ ਪੱਖੋਂ ਇਸ ਖੇਤਰ ਨੂੰ ਤਿੰਨ ਭੂਗੋਲਿਕ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਹਰੇਕ ਖੰਡ ਦੀਆਂ ਵੱਖੋ-ਵੱਖਰੀਆਂ ਵਿਸ਼ੇਸ਼ਤਾਈਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਖੰਡ ਜਿਸਨੂੰ ਇਸਲਾਮ ਸਮਿਆਂ ਵਿਚ ਮਾ ਵਾਰਾ-ਐਨ ਨਾਹਰ ਕਿਹਾ ਜਾਂਦਾ ਸੀ, ਆਮੂ ਅਤੇ ਸਿਰ (ਜੈਕਸਾਰਟੀਜ਼) ਦਰਿਆਵਾਂ ਦੇ ਵਿਚਕਾਰ ਫੈਲਿਆ ਹੋਇਆ ਹੈ। ਇਹ ਇਕ ਖੁਸ਼ਕ ਜਾਂ ਅਰਧ-ਖੁਸ਼ਕ ਖੇਤਰ ਹੈ ਜਿਥੇ ਆਧੁਨਿਕ ਸਿੰਜਾਈ ਪ੍ਰਾਜੈਕਟਾਂ ਦੇ ਵਿਕਾਸ ਤੋਂ ਪਹਿਲਾਂ ਉਥੋਂ ਦੀ ਵੱਸੋਂ ਨਖ਼ਲਿਸਤਾਨਾਂ ਵਿਚ ਕੀਤੀ ਜਾਣ ਵਾਲੀ ਸੰਘਣੀ ਖੇਤੀ ਉੱਤੇ ਜਾਂ ਆਮੂ ਦਰਿਆ, ਸਿਰ ਦਰਿਆ ਅਤੇ ਸਮਰਕੰਦ ਖੇਤਰ ਦੇ ਜ਼ੈਰੇਫਸ਼ਾਨ ਦਰਿਆਵਾਂ ਦੇ ਉਪਜਾਊ ਕੰਢਿਆਂ ਦੇ ਨਾਲ ਪੈਂਦੇ ਉਪਜਾਊ ਖੇਤਰਾਂ ਤੇ ਨਿਰਭਰ ਕਰਦੀ ਸੀ।

ਦੂਜੇ ਖੰਡ ਵਿਚ ਸਟੈੱਪੀ ਖੇਤਰ ਆਉਂਦਾ ਹੈ ਜਿਹੜਾ ਸਿਰ ਦਰਿਆ ਦੇ ਉੱਤਰ-ਪੂਰਬ ਵੱਲ ਅਤੇ ਤੀਐਨ-ਸ਼ਾਨ ਪਰਬਤ ਦੇ ਉੱਤਰ ਵੱਲ ਅਲਤਾਈ ਪਰਬਤਾਂ ਦੇ ਪੈਰਾਂ ਤੱਕ ਫੈਲਿਆ ਹੈ। ਇਹ ਉਪਜਾਊ ਚਰਾਂਦਾ ਵਾਲੇ ਖੇਤਰਾਂ ਦਾ ਹੀ ਇਕ ਵਿਸਤਾਰ ਹੈ ਜੋ ਚਰਾਗਾਹੀ-ਖਾਨਾਬਦੋਸ਼ਾਂ ਲਈ ਬਹੁਤ ਢੁੱਕਵਾਂ ਹੈ। ਇਸ ਖੰਡ ਦੇ ਦੱਖਣ ਵੱਲ ਤੀਐਨ ਸ਼ਾਨ ਅਤੇ ਉੱਤਰ ਵੱਲ ਸਾਈਬੇਰੀਆ ਦਾ ਜੰਗਲੀ ਖੇਤਰ ਹੈ। ਪੱਛਮ ਵੱਲ ਇਹ ਖੇਤਰ ਨਿਰੰਤਰ ਤੌਰ ਤੇ ਯੂਰੇਸ਼ੀਆ ਦੇ ਸਟੈੱਪੀ ਖੰਡ ਦੇ ਅੰਦਰ ਤੱਕ ਤੁਰਿਆ ਜਾਂਦਾ ਹੈ ਅਤੇ ਅੱਗੇ ਯੂਕਰੇਨ ਤੱਕ ਫੈਲਿਆ ਹੋਇਆ ਹੈ ਅਤੇ ਪੂਰਬ ਵੱਲ ਅਲਤਾਈ ਅਤੇ ਤੀਐਨ ਸ਼ਾਨ ਵਿਚਕਾਰਲੀਆਂ ਪਰਬਤ-ਲੜੀਆਂ ਦੇ ਕੰਢੀ-ਖੇਤਰਾਂ ਤੱਕ ਫੈਲਿਆ ਹੋਇਆ ਹੈ।

ਬਲਕਾਸ਼ ਝੀਲ ਦੇ ਦੱਖਣ ਅਤੇ ਪੂਰਬ ਵੱਲ ਦੇ ਖੇਤਰ ਨੂੰ ਤੁਰਕੀ ਲੋਕ ਯੈਤੀ ਸੁ (ਸੱਤ ਦਰਿਆਵਾਂ ਦੀ ਧਰਤੀ) ਕਿਹਾ ਕਰਦੇ ਸਨ ਅਤੇ ਇਸੇ ਤੋਂ ਹੀ ਇਸ ਦਾ ਰੂਸੀ ਨਾਂ ਸੈਮੀਰੈਚੀਯੇ ਪਿਆ ਹੈ।

ਤੀਜੇ ਖੰਡ, ਕੈਸ਼ਗੈਰੀਆ ਦੀਆਂ ਵਿਸ਼ੇਸ਼ਤਾਵਾਂ ਪਹਿਲੇ ਦੋਵੇਂ ਖੰਡਾਂ ਨਾਲੋਂ ਵੱਖਰੀਆਂ ਹਨ। ਇਸ ਦਾ ਮੁੱਖ ਭਾਗ ਤਾਕਲਾ ਮਕਾਨ ਮਾਰੂਥਲ ਨੇ ਮੱਲਿਆ ਹੋਇਆ ਹੈ ਜਿਸਨੂੰ ਪਾਰ ਕਰਨਾ ਮੁਸ਼ਕਿਲ ਹੈ। ਇਸ ਦੇ ਉੱਤਰ ਵੱਲ ਤੀਐਨ ਸ਼ਾਨ, ਪੱਛਮ ਵੱਲ ਪਾਮੀਰਜ਼ ਅਤੇ ਦੱਖਣ ਵੱਲ ਕੁਨਲੁਨ ਪਰਬਤ ਹਨ। ਇਥੋਂ ਦੀ ਵੱਸੋਂ ਮਾਰੂਥਲ ਦੇ ਆਲੇ-ਦੁਆਲੇ ਪੈਂਦੇ ਉੱਚੇ ਖੇਤਰਾਂ ਤੱਕ ਜਾਂ ਨਖ਼ਲਿਸਤਾਨ ਤੱਕ ਹੀ ਸੀਮਤ ਹੈ। ਨਖ਼ਲਿਸਤਾਨ ਦੀ ਵੱਸੋਂ ਨੂੰ ਤਾਕਲਾ ਮਕਾਨ ਮਾਰੂਥਲ ਵਿਚ ਹੀ ਖ਼ਤਮ ਹੋ ਜਾਣ ਵਾਲਾ ਤਾਰੀਮ ਦਰਿਆ ਅਤੇ ਉਸ ਦੀਆਂ ਸਹਾਇਕ ਨਦੀਆਂ ਖੋਤਾਨ ਅਤੇ ਯਾਰਕੰਦ ਪਾਣੀ ਮੁਹੱਈਆ ਕਰਦੀਆਂ ਹਨ। ਪਾਮੀਰਜ਼ ਅਤੇ ਤੀਐਨ ਸ਼ਾਨ, ਭਾਵੇਂ ਦੋਵੇਂ ਹੀ ਪਰਬਤ ਕਾਫ਼ੀ ਉੱਚੇ ਹਨ ਪਰ ਇਹ ਕੈਸ਼ਗੇਰੀਆ, ਮਾ ਵਾਰਾ ਐਨ-ਨਾਹਰ ਜਾਂ ਸੈਮੀਰੈਚੀਯੇ ਖੰਡ ਵਿਚ ਆਉਣ ਜਾਣ ਦੀ ਕੋਈ ਰੁਕਾਵਟ ਨਹੀਂ ਪੈਦਾ ਕਰਦੇ। ਤੁਰਕਿਸਤਾਨ ਖੇਤਰ ਦਾ ਮੁੱਖ ਲੱਛਣ ਹੈ ਕਿ ਖੁਸ਼ਕ ਖੇਤਰ, ਵਿਸ਼ਾਲ ਮਾਰੂਥਲ ਅਤੇ ਉੱਚੀਆਂ ਪਰਬਤ ਲੜੀਆਂ ਦੀਆਂ ਰੁਕਾਵਟਾਂ ਦੇ ਹੁੰਦੇ ਹੋਏ ਵੀ ਇਸ ਨੂੰ ਹਰ ਵੇਲੇ ਅਸਾਨੀ ਨਾਲ ਆਰ-ਪਾਰ ਕੀਤਾ ਜਾ ਸਕਦਾ ਹੈ। ਇਸ ਖੇਤਰ ਨੂੰ ਮੁੱਖ ਤੌਰ ਤੇ ਇਸ ਦੀ ਬਾਹਰੀ ਸੀਮਾਵਾਂ 'ਤੇ ਵੱਸੇ ਖ਼ਾਨਾਬਦੋਸ਼ੀ ਕਬੀਲਿਆਂ ਨੇ ਹੀ ਪਾਰ ਕੀਤਾ ਸੀ ਅਤੇ ਉਨ੍ਹਾਂ ਨੇ ਈਰਾਨੀ, ਭਾਰਤੀ ਅਤੇ ਚੀਨੀ ਸਭਾਈ ਸੱਭਿਅਤਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਤੁਰਕਿਸਤਾਨ ਦਾ ਨਾਂ ਭਾਵੇਂ ਅੱਠਵੀਂ ਅਤੇ ਬਾਰਵੀਂ ਸਦੀਆਂ ਵਿਚਕਾਰ ਇਥੇ ਆ ਕੇ ਵੱਸੇ ਤੁਰਕਾਂ, ਜਿਨ੍ਹਾਂ ਨੇ ਆਪਣੀ ਭਾਸ਼ਾ ਇਕ ਵਿਰਸੇ ਵਜੋਂ ਛੱਡੀ ਸੀ, ਦੇ ਨਾਂ ਤੇ ਪਿਆ ਸੀ ਪਰ ਇਤਿਹਾਸ ਵਿਚ ਇਸੇ ਦਾ ਜ਼ਿਕਰ ਆਉਂਦਾ ਹੈ ਕਿ ਈਰਾਨੀ ਲੋਕ ਹੀ ਇਥੋਂ ਦੇ ਸਭ ਤੋਂ ਪਹਿਲੇ ਵਸਨੀਕ ਸਨ ਅਤੇ 20ਵੀਂ ਸਦੀ ਤੱਕ ਤੁਰਕਿਸਤਾਨ ਦਾ ਸਭਿਆਚਾਰ ਈਰਾਨੀ ਹੀ ਰਿਹਾ। ਆਉਣ ਵਾਲੀਆਂ ਸਦੀਆਂ ਵਿਚ ਸਿਥੀਅਨ, ਤੁਰਕ ਅਤੇ ਮੰਗੋਲਾਂ ਵਰਗੇ ਚਰਾਗਾਹੀ ਖਾਨਾਬਦੋਸ਼ ਆਪਣੇ ਪਸ਼ੂਆਂ ਸਮੇਤ ਇਸ ਖੇਤਰ ਵਿਚ ਆ ਦਾਖ਼ਲ ਹੋਏ ਅਤੇ ਉਨ੍ਹਾਂ ਨੇ ਨਖ਼ਲਿਸਤਾਨ ਦੇ ਖੇਤੀਬਾੜੀ ਅਤੇ ਵਪਾਰ ਤੇ ਆਧਾਰਿਤ ਸਭਿਆਚਾਰ ਨੂੰ ਹੌਲੀ ਹੌਲੀ ਕਬੂਲ ਕਰ ਲਿਆ।

ਘਟ ਵਰਖਾ ਅਤੇ ਬਹੁਤੀ ਧੁੱਪ ਵਾਲੇ ਇਸ ਖੇਤਰ ਵਿਚ ਚਰਾਗਾਹਾਂ ਬਹੁਤ ਘਟ ਹਨ ਪਰ ਨਦੀਆਂ ਵਿਚ ਪਹਾੜਾਂ ਤੋਂ ਆਈ ਪੰਘਰੀ ਹੋਈ ਬਰਫ਼ ਦੇ ਪਾਣੀ ਤੋਂ ਸਿੰਜਾਈ ਵਾਸਤੇ ਨਹਿਰਾਂ ਕੱਢ ਕੇ ਮੈਦਾਨੀ ਖੇਤਰ ਨੂੰ ਉਪਜਾਊ ਬਣਾਇਆ ਗਿਆ ਹੈ।

ਪੰਜਵੀ ਸਦੀ ਈ. ਪੂ. ਦੇ ਯੂਨਾਨੀ ਇਤਿਹਾਸਕਾਰ, ਹੈਰੋਡੋਟਸ ਦੇ ਸਮੇਂ ਅਰਲ ਸਾਗਰ ਦੇ ਦੱਖਣ ਵੱਲ ਆਕਸਸ ਦੇ ਮੈਦਾਨ ਵਿਚ ਖਵਾਰਿਜ਼ਮ 'ਅਜੋਕਾ ਖੀਵਾ' ਨਾਂ ਦਾ ਇਕ ਸ਼ਕਤੀਸ਼ਾਲੀ ਨਗਰ ਰਾਜ ਬਣਿਆ। ਚੌਥੀ ਸਦੀ ਈ. ਪੂ. ਵਿਚ ਜਦੋਂ ਸਿਕੰਦਰ ਮਹਾਨ ਨੇ ਬਾਖ਼ਤਰੀਆ (ਅਫ਼ਗਾਨ ਤੁਰਕਿਸਤਾਨ) ਅਤੇ ਸਾਗਡੀਆ (ਪੂਰਬੀ ਉਜ਼ਬੇਕਿਸਤਾਨ) ਉੱਤੇ ਹਮਲਾ ਕੀਤਾ ਤਾਂ ਉਸਨੇ ਮਾਰਕੰਡਾ ਸਮੇਤ ਇਸ ਖੇਤਰ ਵਿਚ ਕਈ ਹੋਰਨਾਂ ਸ਼ਹਿਰਾਂ ਦਾ ਪਤਾ ਲਾਇਆ। ਇਸਦੀ ਮੌਤ ਤੋਂ ਬਾਅਦ ਯੂਨਾਨੀ ਸਿਲੋਕਸੀ ਬੰਸ ਦੇ ਰਾਜਕਾਲ ਸਮੇਂ ਹੋਰ ਕਈ ਸ਼ਹਿਰ ਮਿਲੇ ਜਿਨ੍ਹਾਂ ਵਿਚੋਂ ਮਰਵ ਅਜੋਕਾ ਮੇਰੀ ਸ਼ਹਿਰ ਵੀ ਇਕ ਹੈ। ਦੂਜੀ ਸਦੀ ਪੂ. ਈ. ਦੇ ਅੰਤਲੇ ਸਮੇਂ ਵਿਚ ਚੀਨ ਦੀ ਪੱਛਮੀ ਹੱਦ ਤੋਂ ਸਾਗਡੀਆ ਅਤੇ ਬਾਖ਼ਤਰੀਆ ਵੱਲ ਨੂੰ ਭੱਜਣ ਵਾਲੇ ਯੂਏਚੀ ਕਬੀਲੇ ਦੇ ਚਰਾਗਾਹੀ ਖਾਨਾ ਬਦੋਸ਼ਾਂ ਨੂੰ ਕਈ ਖੁਸ਼ਹਾਲ ਸ਼ਹਿਰ ਅਤੇ ਉਪਜਾਊ ਬਾਗ਼ ਲੱਭੇ। ਉਨ੍ਹਾਂ ਨੇ ਜਿੰਦਗੀ ਦੇ ਨਵੇਂ ਤੌਰ ਤਰੀਕੇ ਇਸ ਹੱਦ ਤੱਕ ਅਖ਼ਤਿਆਰ ਕਰ ਲਏ ਕਿ ਪਹਿਲੀ ਸਦੀ ਈ.ਪੂ. ਵਿਚ ਉਹ ਆਪਣਾ ਹੀ ਇਕ ਕੁਸ਼ਾਨ ਨਾਂ ਦਾ ਰਾਜ ਜਿਹੜਾ ਉੱਤਰ-ਪੱਛਮੀ ਭਾਰਤ ਤੱਕ ਫੈਲਿਆ ਹੋਇਆ ਸੀ, ਸਥਾਪਿਤ ਕਰਨ ਦੇ ਯੋਗ ਹੋ ਗਏ।

ਬਾਖ਼ਤਰੀਆ ਵਿਚ ਯੂਏਚੀ ਕਬੀਲੇ ਦੇ ਲੋਕਾਂ ਦੇ ਆਉਣ ਤੋਂ ਥੋੜ੍ਹੀ ਦੇਰ ਬਾਅਦ ਹੀ 138 ਈ. ਪੂ. ਵਿਚ ਇਕ ਚੀਨੀ ਜਰਨੈਲ, ਜਾਂਗ ਚੀਐਨ (Chang ch'ien) ਉਨ੍ਹਾਂ ਨਾਲ ਗਠਜੋੜ ਸਥਾਪਿਤ ਕਰਨ ਲਈ ਰਵਾਨਾ ਹੋਇਆ। ਭਾਵੇਂ ਉਹ ਆਪਣੇ ਮੰਤਵ ਵਿਚ ਅਸਫਲ ਹੀ ਰਿਹਾ ਪਰ ਉਸ ਵਲੋਂ ਪੱਛਮ ਵੱਲ ਸਥਾਪਿਤ ਕੀਤੇ ਦੋ ਸਫ਼ਾਰਤਖਾਨਿਆਂ ਨੇ ਚੀਨ ਅਤੇ ਪੱਛਮੀ ਦੇਸ਼ਾਂ ਵਿਚਕਾਰ ਵਪਾਰਕ ਆਵਾਜਾਈ ਲਈ ਰਸਤੇ ਖੋਲ੍ਹ ਦਿੱਤੇ। ਕਾਫ਼ਲੇ ਕੈਸ਼ਗਾਰ ਨੂੰ ਜਾਣ ਵਾਲੀ 'ਸਿਲਕ ਰੋਡ' ਦੇ ਨਾਲ ਨਾਲ ਤਾਕਲਾ ਮਕਾਨ ਮਾਰੂਥਲ ਦੇ ਦੱਖਣ ਵੱਲ ਪੈਂਦੇ ਖੋਤਾਨ ਅਤੇ ਯਾਰਕੰਦ ਨਾਂ ਦੇ ਨਖ਼ਲਿਸਤਾਨੀ ਸ਼ਹਿਰਾਂ ਜਾਂ ਉੱਤਰ ਵੱਲ ਸਥਿਤ ਹਾਮੀ ਅਤੇ ਤੁਰਫ਼ਾਨ ਨਖ਼ਲਿਸਤਾਨਾਂ ਵਿਚੋਂ ਦੀ ਲੰਘਦੇ ਹੋਏ ਰੇਸ਼ਮ ਅਤੇ ਹੋਰ ਕੀਮਤੀ ਵਸਤਾਂ ਦਾ ਵਪਾਰ ਕਰਦੇ ਸਨ। ਕੈਸ਼ਗਾਰ ਤੋਂ ਇਕ ਰਸਤਾ ਕਰਾਕੁਰਮ ਪਰਬਤ ਦੇ ਉਤੋਂ ਦੀ ਭਾਰਤ ਵੱਲ ਅਤੇ ਹੋਰ ਰਸਤੇ ਪੱਛਮ ਵੱਲ ਸਮਰਕੰਦ, ਬੁਖ਼ਾਰਾ, ਬਲਖ ਜਾਂ ਖਵਾਰਿਜ਼ਮ ਵਿਚੋਂ ਦੀ ਈਰਾਨ ਦੀ ਪਠਾਰ ਤੱਕ ਦੱਖਣੀ ਰੂਸ ਤੱਕ ਜਾਂਦੇ ਸਨ।

ਟ੍ਰਾਂਸ-ਆਕਸੀਆਨਾ ਖੇਤਰ ਦੇ ਈਰਾਨੀ ਲੋਕ ਧਰਮ ਪੱਖੋਂ ਅਸਲ ਜ਼ਰਤੁਸ਼ਤੀ ਸਨ। ਜਦੋਂ ਦੂਜੀ ਸਦੀ ਈ. ਵਿਚ ਕੁਸ਼ਾਨਾਂ ਨੇ ਬੁੱਧ ਧਰਮ ਅਪਣਾ ਲਿਆ ਤਾਂ ਇਹ ਧਰਮ ਤੁਰਕਿਸਤਾਨ ਰਾਹੀਂ ਚੀਨ ਪੁੱਜ ਗਿਆ ਅਤੇ ਚੀਨ ਦੇ ਬੋਧੀਆਂ ਨੇ ਭਾਰਤ ਦੇ ਬੋਧੀ ਮੱਠਾਂ ਦਾ ਅਧਿਐਨ ਕਰਨ ਲਈ ਕਾਫ਼ਲਿਆਂ ਦੇ ਰਸਤਿਓਂ ਭਾਰਤ ਵੱਲ ਨੂੰ ਸਫ਼ਰ ਕੀਤਾ। ਬੁੱਧ ਧਰਮ ਪੱਛਮ ਵੱਲ ਸਮਰਕੰਦ ਖੇਤਰ ਤੱਕ ਫੈਲ ਗਿਆ। ਪੱਛਮ ਤੋਂ ਉਤਪੰਨ ਹੋਇਆ ਨੈਸਤੂਰੀ ਈਸਾਈ ਧਰਮ, ਜੋ ਪੰਜਵੀਂ ਸਦੀ ਵਿਚ ਇਸ ਖੇਤਰ ਵਿਚ ਪ੍ਰਚਲਿਤ ਹੋਇਆ ਸੀ, ਚੀਨ ਦੀਆਂ ਹੱਦਾਂ ਤੱਕ ਫੈਲਿਆ। ਆਖਰ ਨੂੰ ਅੱਠਵੀਂ ਸਦੀ ਵਿਚ ਅਰਬਾਂ ਵੱਲੋਂ ਫੈਲਾਇਆ ਇਸਲਾਮ ਧਰਮ ਹੌਲੀ ਹੌਲੀ ਨਖ਼ਲਿਸਤਾਨ ਦਾ ਪ੍ਰਮੁੱਖ ਧਰਮ ਬਣ ਗਿਆ। ਈਸਾਈ ਮੱਤ 13ਵੀਂ ਸਦੀ ਵਿਚ ਹੀ ਇਥੇ ਫੈਲਿਆ।

ਨਖ਼ਲਿਸਤਾਨੀ ਸ਼ਹਿਰਾਂ ਦੀ ਉੱਨਤੀ ਸਿੰਜਾਈ ਸਹੂਲਤਾਂ ਅਤੇ ਬਾਹਰਲੇ ਦੇਸ਼ਾਂ ਨਾਲ ਕੀਤੇ ਜਾਣ ਵਾਲੇ ਵਪਾਰ ਤੇ ਨਿਰਭਰ ਕਰਦੀ ਸੀ। ਨਗਰ-ਰਾਜਾਂ ਵਿਚਕਾਰ ਸੱਤਾ ਹਾਸਲ ਕਰਨ ਲਈ ਅਕਸਰ ਹੁੰਦੇ ਝਗੜਿਆਂ ਅਤੇ ਬਦੇਸ਼ੀ ਫ਼ੌਜਾਂ ਦੇ ਹਮਲਿਆਂ ਕਾਰਣ ਸਿੰਜਾਈ ਪ੍ਰਣਾਲੀਆਂ ਨਸ਼ਟ ਹੋ ਗਈਆਂ। ਤੇਰ੍ਹਵੀਂ ਸਦੀ ਵਿਚ ਚੰਗੇਜ਼ ਖ਼ਾਂ (Genghis Khan) ਦੁਆਰਾ ਕੀਤੀ ਗਈ ਤਬਾਹੀ ਕਾਰਨ ਕਿਸੇ ਵੇਲੇ ਸ਼ਹਿਰਾਂ ਦੀ ਜਣਨੀ ਕਰਕੇ ਜਾਣਿਆ ਜਾਣ ਵਾਲਾ ਬਲਖ਼ ਨਾਂ ਦਾ ਸ਼ਹਿਰ ਅੱਜ ਖੰਡਰ ਬਣਿਆ ਪਿਆ ਹੈ ਭਾਵੇਂ 14ਵੀਂ ਸਦੀ ਵਿਚ ਤੁਰਕ-ਮੰਗੋਲੀ ਜੇਤੂ ਤਿਮਰਲੰਗ (ਤੈਮੂਰ) ਜੋ ਕਿ ਖ਼ੁਦ ਇਕ ਤੰਬੂ ਵਾਸੀ ਹੁੰਦਾ ਸੀ, ਨੇ ਆਪਣੇ ਹੀ ਨਿਰਮਾਣਤਮਕ ਢੰਗ ਨਾਲ ਸ਼ਿੰਗਾ ਕੇ ਸਮਰਕੰਦ ਨੂੰ ਇਕ 'ਸੁਨਹਿਰੀ ਸ਼ਹਿਰ' ਬਣਾ ਦਿੱਤਾ।

ਸੋਲ੍ਹਵੀਂ ਸਦੀ ਵਿਚ ਯੂਰਪੀ ਮਲਾਹਾਂ ਦੁਆਰਾ ਸੰਸਾਰ ਦੇ ਜਲ ਮਾਰਗ ਖੋਲ੍ਹ ਦੇਣ ਨਾਲ ਨਖ਼ਲਿਸਤਾਨੀ ਸ਼ਹਿਰਾਂ ਨਾਲ ਖੁਸ਼ਕੀ ਰਸਤਿਓਂ ਹੋਣ ਵਾਲੇ ਵਪਾਰ ਅਤੇ ਉਨ੍ਹਾਂ ਦੀ ਖੁਸ਼ਹਾਲੀ ਢਹਿੰਦੀ ਕਲਾ ਵੱਲ ਜਾਣ ਲਗ ਪਈ। 20ਵੀਂ ਸਦੀ ਵਿਚ ਰੇਲਵੇ ਲਾਈ ਅਤੇ ਵਿਸ਼ਾਲ ਸਿੰਜਾਈ ਪ੍ਰਾਜੈਕਟਾਂ ਕਾਰਨ ਰੂਸੀ ਤੁਰਕਿਸਤਾ ਖੇਤਰ ਫਿਰ ਤੋਂ ਆਬਾਦ ਹੋਇਆ ਪਰ ਹੁਣ ਸਦੀਆਂ ਤੋਂ ਚੱਲੇ ਆ ਰ ਜਿੰਦਗੀ ਦੇ ਤੌਰ ਤਰੀਕਿਆਂ ਵਿਚ ਅਥਾਹ ਤਬਦੀਲੀ ਆ ਗਈ 19ਵੀਂ ਸਦੀ ਵਿਚ ਚੀਨ ਅਤੇ ਰੂਸ ਵਿਚਕਾਰ ਵੱਧ ਰਹੇ ਸੰਚਾਰ ਸਾਧਨਾਂ ਕਾਰਨ ਚੀਨੀ ਤੁਰਕਿਸਤਾਨ ਵਿਚ ਤੀਐਨ ਸ਼ਾਨ ਦੇ ਉੱਤ ਵੱਲ ਜੰਗੈਰੀਆ(Dzungaria) ਖੇਤਰ ਦੇ ਵਿਚੋਂ ਦੀ ਜਾਣ ਵਾ ਰਸਤੇ ਨੂੰ ਹੀ ਵਧੇਰੇ ਚੰਗਾ ਸਮਝਿਆ ਗਿਆ ਜਿਸ ਨਾ ਤੁਰਕਿਸਤਾਨ ਦੇ ਨਖ਼ਲਿਸਤਾਨ ਦੇ ਬਹੁਤ ਸਾਰੇ ਖੇਤਰ ਇਕ ਪਾਸੇ ਰਹਿ ਗਏ। 20ਵੀਂ ਸਦੀ ਦੇ ਮੱਧ ਵਿਚ ਜਦੋਂ ਚੀਨੀ ਕਮਿਊਨਿਸ ਤਾਕਤ ਵਿਚ ਆਏ ਤਾਂ ਭਾਰਤ ਨਾਲ ਇਨ੍ਹਾਂ ਦਾ ਸਾਰਾ ਵਪਾਰ ਬੰ ਹੋ ਗਿਆ ਅਤੇ ਕਿਸੇ ਸਮੇਂ ਦੁਨੀਆਂ-ਭਰ'ਚ ਆਪਣੀ ਪ੍ਰਸਿੱ ਕਾਰਣ ਜਾਣਿਆ ਜਾਣ ਵਾਲਾ ਕੈਸ਼ਗਾਰ ਨਾਂ ਦਾ ਸ਼ਹਿ ਅਣਗੌਲਿਆ ਹੀ ਰਹਿ ਗਿਆ।

ਹ.ਪੁ.—ਐਨ. ਅਮੇ. 27 : 246; ਐਨ ਬ੍ਰਿ. 18 : 792

**ਤੁਰਕਿਸਤਾਨ** : ਸ਼ਹਿਰ — ਕਾਜ਼ਾਕਿਸਤਾਨ ਗਣਰਾਜ ਸਿਰ ਦਰਿਆ ਦੇ ਇਲਾਕੇ ਵਿਚ ਚਿਮਕੈਂਟ ਆੱਬਲਸਤ ਦਾ ਇਹ ਇ ਸ਼ਹਿਰ ਹੈ। ਪਹਿਲਾਂ ਇਹ ਵਪਾਰੀ ਕਾਫ਼ਲਿਆਂ ਦਾ ਇਕ ਪ੍ਰਾਚੀ ਕੇਂਦਰ ਹੁੰਦਾ ਸੀ ਅਤੇ ਉਦੋਂ ਇਸ ਨੂੰ ਖਾਜ਼ਰਤ ਕਹਿੰਦੇ ਸਨ ਅ ਪਿੱਛੋਂ ਯਾਸੀ ਵੀ ਕਹਿਣ ਲਗ ਪਏ ਸਨ। 12 ਵੀਂ ਸਦੀ ਦੇ ਇ ਮੁਸਲਿਮ ਸੰਤ, ਖਵਾਜ਼ਾ ਅਹਿਮਦ ਯਸਾਵੀ, ਜਿਸ ਦਾ 14 ਵੀਂ ਸ ਵਿਚ ਇਥੇ ਮਕਬਰਾ ਬਣਾਇਆ ਗਿਆ ਸੀ, ਕਰਕੇ ਇਹ ਸ਼ਹਿ ਇਕ ਧਾਰਮਿਕ ਕੇਂਦਰ ਵਜੋਂ ਵੀ ਪ੍ਰਸਿੱਧ ਸੀ। ਸੰਨ 1864 ਵਿਚ ਇ ਉੱਤੇ ਰੂਸੀਆਂ ਦਾ ਕਬਜ਼ਾ ਹੋ ਗਿਆ। ਇਸ ਸ਼ਹਿਰ ਵਿਚ ਅੱਜ ਕੇ ਕਈ ਕਿਸਮ ਦੀਆਂ ਸੱਨਅਤਾਂ ਵੀ ਹਨ।

ਆਬਾਦੀ – 73,000 (1983)

43° 18′ ਉ. ਵਿਥ.; 68° 15′ ਪੂ. ਲੰਬ.

ਹ.ਪੁ.—ਐਨ.ਬ੍ਰਿ.ਮਾ.12 : 56

**ਤੁਰਕਿਸਤਾਨ ਪਰਬਤ ਲੜੀ** : ਕਿਰਗੀਜ਼ੀਅ ਤਾਜ਼ਿਕਸਤਾਨ ਅਤੇ ਉਜ਼ਬੇਕਿਸਤਾਨ ਗਣਰਾਜਾਂ ਵਿਚ ਫੈਲੀ ਇ ਪਰਬਤ ਲੜੀ ਹੈ। ਇਹ ਪਰਬਤ ਲੜੀ ਐਲੇ ਪਰਬਤਾਂ ਵਿ ਨਿਕਲਦੀ ਹੈ ਅਤੇ ਫਰਗਾਨਾ ਅਤੇ ਜੈਰੈਫਸ਼ਾਨ ਵਾਦੀਆਂ ਵਿਚਕ ਪੂਰਬ ਤੋਂ ਪੱਛਮ ਦੀ ਦਿਸ਼ਾ ਵਿਚ 320 ਕਿ. ਮੀ. ਦੇ ਖੇਤਰ ਵਿ ਫੈਲੀ ਹੋਈ ਹੈ। ਭੂ-ਵਿਗਿਆਨ ਪੱਖੋਂ ਇਹ ਸ਼ਿਸ਼ਟ, ਰੇਤ, ਪੱਥਰ ਬਣੀ ਹੋਈ ਹੈ। ਪੀਰਾਮੀਡਾਲਨੀ ਇਸ ਦੀ ਸਭ ਤੋਂ ਉੱਚੀ ਸਿਖਰ ਜਿਹੜੀ ਕਿ 5,510 ਮੀ. ਉੱਚੀ ਹੈ। ਇਸ ਪਰਬਤ ਲੜੀ ਦੀ ਉੱਤਰੀ ਢਲਾਣਾਂ ਉੱਤੇ ਬਰਫ਼ ਰੇਖਾ ਤੋਂ ਹੇਠਾਂ ਦਰਖ਼ਤਾਂ ਦੇ ਝੁੰਡ ਹ ਦੱਖਣੀ ਢਲਾਣਾਂ ਬਨਸਪਤੀਹੀਣ ਹਨ। ਉਰਾ-ਟਿਊਬ-ਡੁਸ਼ੰ ਸੜਕ 3,317 ਮੀ.(10,883 ਫੁੱਟ) ਦੀ ਉਚਾਈ ਤੋਂ ਸ਼ਰਕਿਸਤ ਦੱਰੇ ਨੂੰ ਪਾਰ ਕਰਦੀ ਹੈ।

39° 35′ ਉ. ਵਿਥ.; 69° 15′ ਪੂ. ਲੰਬ.

ਹ.ਪੁ.—ਐਨ. ਬ੍ਰਿ. ਮਾ 12 : 61

**ਤੁਰਕੀ** : ਰੂਮ ਸਾਗਰ ਦੇ ਉੱਤਰ-ਪੂਰਬੀ ਸਿਰੇ ਤੇ ਯੂਰਪ ਅਤੇ ਏਸ਼ੀਆ ਦੀ ਸਰਹੱਦ ਉੱਤੇ ਵਾਕਿਆ ਇਹ ਇਕ ਗਣਰਾਜ ਹੈ ਜਿਸ ਦਾ 95 ਫੀਸਦੀ ਖੇਤਰ ਏਸ਼ੀਆ ਮਹਾਂਦੀਪ ਵਿਚ ਅਤੇ 5 ਫੀਸਦੀ ਯੂਰਪ ਮਹਾਂਦੀਪ ਵਿਚ ਪੈਂਦਾ ਹੈ। ਇਸ ਦਾ ਕੁੱਲ ਖੇਤਰਫਲ 7,79,452 ਵ. ਕਿ. ਮੀ. (ਸਮੇਤ ਝੀਲਾਂ) ਹੈ ਜਿਸ ਵਿਚੋਂ 23,764 ਵ.ਕਿ.ਮੀ. ਖੇਤਰ ਯੂਰਪ(ਥਰੈਸ) ਅਤੇ 7,55,688 ਵ. ਕਿ. ਮੀ. ਏਸ਼ੀਆ(ਅਨਾਤੋਲੀਆ) ਵਿਚ ਪੈਂਦਾ ਹੈ। ਏਜੀਅਨ ਸਾਗਰ ਵਿਚ ਸਥਿਤ ਦੋ ਟਾਪੂ—ਇਮਰੋਜ ਅਤੇ ਬੋਜ਼ਕਾਡਾ ਵੀ ਤੁਰਕੀ ਵਿਚ ਸ਼ਾਮਲ ਹਨ। ਇਸ ਦੀ ਕੁੱਲ ਆਬਾਦੀ 5,98,70,000 (1993) ਹੈ। ਇਸ ਦੇਸ਼ ਦੀਆਂ ਹੱਦਾਂ ਪੂਰਬ ਵੱਲ ਈਰਾਨ, ਜਾਰਜੀਆ ਅਤੇ ਆਰਮੀਨੀਆ, ਦੱਖਣ ਵੱਲ ਇਰਾਕ, ਸੀਰੀਆ ਅਤੇ ਰੂਮ ਸਾਗਰ; ਪੱਛਮ ਵੱਲ ਯੂਨਾਨ ਅਤੇ ਏਜੀਅਨ ਸਾਗਰ ਅਤੇ ਉੱਤਰ ਵੱਲ ਕਾਲੇ ਸਾਗਰ, ਬੁਲਗਾਰੀਆ ਨਾਲ ਲਗਦੀਆਂ ਹਨ। ਇਥੋਂ ਦੀ ਰਾਜਧਾਨੀ ਅੰਕਾਰਾ ਹੈ।

ਦੋਵੇਂ ਮਹਾਂਦੀਪਾਂ ਵਿਚਕਾਰ ਸਥਿਤ ਹੋਣ ਕਾਰਨ ਇਹ ਦੋਵਾਂ ਮਹਾਂਦੀਪਾਂ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਰਾਜਸੀ ਮਸਲਿਆਂ ਵਿਚ ਇਹ ਕਾਫ਼ੀ ਖਿਚੋਤਾਣ ਦੀ ਥਾਂ ਹੈ। ਸੰਸਕ੍ਰਿਤੀ ਅਤੇ ਸਭਿਆਚਾਰਕ ਪਖੋਂ ਵੀ ਇਹ ਦੋਹਾਂ ਮਹਾਂਦੀਪਾਂ ਦੇ ਪ੍ਰਭਾਵਾਂ ਹੇਠਾਂ ਹੈ। ਇਥੇ ਪੂਰਵ ਇਤਿਹਾਸਕ ਸਮਿਆਂ ਤੋਂ ਹੀ ਵੱਖ-ਵੱਖ ਦਿਸ਼ਾਵਾਂ ਤੋਂ ਲੋਕ ਆਉਂਦੇ ਰਹੇ ਹਨ ਅਤੇ ਸਾਮਰਾਜ ਵੀ ਸਥਾਪਿਤ ਕਰਦੇ ਰਹੇ ਹਨ। ਇਸੇ ਕਰਕੇ ਸੰਸਾਰ-ਪ੍ਰਸਿੱਧ ਸੱਭਿਅਤਾਵਾਂ ਦਾ ਇਹ ਗੜ੍ਹ ਰਿਹਾ ਹੈ। ਮੁਸਲਮਾਨਾਂ ਦੀ ਵੱਧ ਗਿਣਤੀ ਦੇ ਬਾਵਜੂਦ ਵੀ ਇਹ 1923 ਈ. ਤੋਂ ਧਰਮ ਨਿਰਪੱਖ, ਲੋਕਰਾਜੀ ਗਣਰਾਜ ਬਣਿਆ ਹੋਇਆ ਹੈ। ਰਹਿਣ-ਸਹਿਣ ਦੇ ਤੌਰ ਤਰੀਕਿਆਂ ਵਿਚ ਇਹ ਪੱਛਮ ਦੇ ਪ੍ਰਭਾਵ ਹੇਠਾਂ ਹੈ। ਇਸਨੇ ਪੱਛਮੀ ਤੌਰ ਤਰੀਕੇ ਅਪਨਾਉਣ ਵਿਚ ਕੋਈ ਕਸਰ ਨਹੀਂ ਛੱਡੀ। ਅੱਜਕੱਲ੍ਹ ਇਸ ਨੇ ਕਈਆਂ ਦੇਸ਼ਾਂ ਨਾਲ ਆਰਥਿਕ ਅਤੇ ਰਾਜਸੀ ਸਮਝੌਤੇ ਕੀਤੇ ਹੋਏ ਹਨ ਅਤੇ ਇਹ ਕਈ ਆਰਥਿਕ ਗੁੱਟਬੰਦੀਆਂ ਜਿਵੇਂ ਨਾਟੋ, ਯੂਰਪੀ ਆਰਥਿਕ ਸਹਿਯੋਗ ਸੰਗਠਨ (OEEC), ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ, ਓ. ਈ. ਸੀ. ਡੀ. (O.E.C.D) ਅਤੇ ਸੰਯੁਕਤ ਰਾਸ਼ਟਰ ਸੰਘ ਦਾ ਮੈਂਬਰ ਹੈ।



ਦੱਖਣ-ਪੂਰਬੀ ਤੁਰਕੀ ਦੀ ਇਕ ਕੁਰਦ ਔਰਤ

ਭੂ-ਆਕ੍ਰਿਤੀ ਵਿਗਿਆਨ

ਇਹ ਦੇਸ਼ ਆਇਤਾਕਾਰ ਆਕਾਰ ਦਾ ਹੈ। ਇਸਦੀ ਪੂਰਬ ਤੋਂ ਪੱਛਮ ਵੱਲ ਲੰਬਾਈ 1,552 ਕਿ. ਮੀ. (970 ਮੀਲ) ਅਤੇ ਉੱਤਰ ਤੋਂ ਦੱਖਣ ਵੱਲ ਚੌੜਾਈ 640 ਕਿ. ਮੀ. (400 ਮੀਲ) ਹੈ। ਭੂਗੋਲਿਕ ਵੰਡ ਅਨੁਸਾਰ ਇਸ ਦੇਸ਼ ਦੇ ਦੋ ਹਿੱਸੇ ਹਨ- ਸਾਹਿਲੀ ਮੈਦਾਨ ਅਤੇ ਅੰਦਰਵਾਰ ਦੇ ਪਠਾਰੀ ਖੇਤਰ।

**ਸਾਹਿਲੀ ਮੈਦਾਨ** — ਇਹ ਮੈਦਾਨ ਸਮੁੰਦਰੀ ਤਟ ਦੇ ਨਾਲ



ਕਸਤੂਰੀ ਗੁਲਾਬ ਇਕੱਠੇ ਕਰਦੀ ਹੋਈ ਇਕ ਇਸਪਾਰਤਨ ਕੁੜੀ

ਨਾਲ ਇਕ ਤੰਗ ਜਿਹੀ ਪੱਟੀ ਦੀ ਸ਼ਕਲ ਵਿਚ ਹਨ। ਇਹ ਮੈਦਾਨ ਕਾਲਾ ਸਾਗਰ, ਮਾਰਮਰਾ ਸਾਗਰ, ਏਜੀਅਨ ਸਾਗਰ ਅਤੇ ਰੂਮ ਸਾਗਰ ਦੇ ਨਾਲ ਲਗਦੇ ਹਨ। ਕਾਲੇ ਸਾਗਰ ਦਾ ਤੱਟੀ ਖੇਤਰ ਪਾਂਟਿਕ ਪਰਬਤਾਂ ਦੇ ਉੱਤਰ ਵੱਲ ਪੈਂਦਾ ਹੈ। ਤੁਰਕੀ ਦੇ ਪੱਛਮੀ ਹਿੱਸੇ ਵਿਚ ਪੈਂਦੇ ਤਟੀ ਮੈਦਾਨ ਦਾ ਕੁਝ ਹਿੱਸਾ ਸਮੁੰਦਰ ਦੇ ਪਾਣੀ ਹੇਠਾਂ ਵੀ ਡੁੱਬਿਆ ਹੋਇਆ ਹੈ। ਇਥੇ ਕਈ ਪ੍ਰਾਇਦੀਪ ਵੀ ਹਨ। ਪੱਛਮੀ ਤੁਰਕੀ ਦੇ ਤਾਰਸ ਤੇ ਸਿਮਾਲੀ ਅਨਾਡਾਲੂ ਪਰਬਤਾਂ ਦੇ ਕੁਝ ਹਿੱਸੇ ਸਮੁੰਦਰ ਹੇਠਾਂ ਡੁੱਬੇ ਹੋਏ ਹਨ। ਇਨ੍ਹਾਂ ਦੀਆਂ ਪਾਣੀ ਹੇਠਾਂ ਡੁੱਬੀਆਂ ਸਿਖਰਾਂ ਟਾਪੂਆਂ ਦੀ ਸ਼ਕਲ ਵਿਚ ਬਾਹਰ ਵਿਖਾਈ ਦਿੰਦੀਆਂ ਹਨ।



ਯੂਰਪ ਅਤੇ ਏਸ਼ੀਆਈ ਤੁਰਕੀ ਦੇ ਵਿਚਕਾਰ ਪੈਂਦੀ ਬਾਸਪਰਸ ਖਾੜੀ ਦੇ ਕੰਢੇ ਉਸਮਾਨ ਸਾਮਰਾਜ ਦੇ ਸੁਲਤਾਨਾਂ ਦੇ ਮਹਿਲ ਅਤੇ ਬਗੀਚੇ ਦਾ ਇਕ ਦ੍ਰਿਸ਼

**ਅੰਦਰਵਾਰ ਦੇ ਪਠਾਰੀ ਖੇਤਰ** — ਉਪਰੋਕਤ ਸਾਹਿਲੀ ਮੈਦਾਨਾਂ ਦੇ ਅੰਦਰ ਅਨਾਤੋਲੀਆ ਦੀ ਪਠਾਰ ਹੈ ਜਿਸਨੇ ਤੁਰਕੀ ਦਾ ਕੇਂਦਰੀ-ਪੂਰਬੀ ਅਤੇ ਦੱਖਣ-ਪੂਰਬੀ ਖੇਤਰ ਮੱਲਿਆ ਹੋਇਆ ਹੈ। ਇਸ ਪਠਾਰ ਦੀ ਔਸਤ ਉਚਾਈ 760 ਮੀ. (2,500 ਫੁੱਟ) ਤੋਂ 914 ਮੀ. (3,000 ਫੁੱਟ) ਦੇ ਲਗਭਗ ਹੈ। ਪਠਾਰ ਦੇ ਉੱਤਰ ਵਿਚ ਪਾਂਟਿਕ

ਪਰਬਤ ਅਤੇ ਦੱਖਣ ਵਲ ਤਾਰਸ ਪਰਬਤ ਹਨ। ਪੂਰਬੀ ਤੁਰਕੀ ਵਿਚ ਅਨਾਤੋਲਾਈ ਦੇ ਉੱਚੇ-ਨੀਵੇਂ ਪਹਾੜ ਹਨ। ਇਸੇ ਪੂਰਬੀ ਪਠਾਰੀ ਹਿੱਸੇ ਵਿਚ ਕਈ ਜਵਾਲਾਮੁਖੀ ਵੀ ਹਨ ਜਿਨ੍ਹਾਂ ਵਿਚ ਸਭ ਤੋਂ ਉੱਚੀ ਜਵਾਲਾਮੁਖੀ ਸਿਖਰ ਐਰਾਰਾਤ ਹੈ ਜਿਸਦੀ ਉਚਾਈ 5,135 ਮੀ. (16,946 ਫੁੱਟ) ਹੈ। ਦੂਜੀ ਉੱਚੀ ਸਿਖ਼ਰ ਸੁਫ਼ਾਨ, ਵਾਨ ਝੀਲ ਦੇ ਉੱਤਰ ਵੱਲ ਹੈ ਜਿਹੜੀ ਕਿ 4,408 ਮੀ. ਉੱਚੀ ਹੈ। ਇਸੇ ਤਰ੍ਹਾਂ ਪੂਰਬੀ ਪਠਾਰ ਦੇ ਪੱਛਮ ਵਿਚ ਇਕ ਹੋਰ 3,893 ਮੀ. ਉੱਚਾ ਬੁਝਿਆ ਹੋਇਆ ਜਵਾਲਾਮੁਖੀ ਹੈ।

**ਜਲ-ਪ੍ਰਵਾਹ**--ਤੁਰਕੀ ਦੇ ਦਰਿਆ ਤਕਰੀਬਨ ਛੋਟੇ ਹਨ ਪਰ ਕਜ਼ਿਲ ਦਰਿਆ ਦੇਸ਼ ਦਾ ਸਭ ਤੋਂ ਲੰਬਾ ਦਰਿਆ ਹੈ। ਇਥੋਂ ਦ ਦਰਿਆ ਸਮੁੰਦਰ ਨੇੜੇ ਦੇ ਪਰਬਤਾਂ ਵਿਚੋਂ ਨਿਕਲਦੇ ਹਨ ਅਤੇ ਛੇਤ ਹੀ ਸਮੁੰਦਰ ਵਿਚ ਜਾ ਕੇ ਡਿਗਦੇ ਹਨ। ਸਕਾਰਯਾ ਅਤੇ ਕਜ਼ਿ ਦਰਿਆ ਉੱਤਰ ਵੱਲ ਵਹਿੰਦੇ ਹੋਏ ਕਾਲੇ ਸਾਗਰ ਵਿਚ ਜਾ ਕੇ ਡਿਗ ਹਨ। ਸੀਹਾਨ ਦਰਿਆ ਜਿਸ ਉਪਰ ਆਦਾਨ ਹੁਣ ਅਦਨ ਸ਼ਹਿ ਵੱਸਿਆ ਹੋਇਆ ਹੈ, ਰੂਮ ਸਾਗਰ ਵਿਚ ਡਿਗਣ ਵਾਲਾ ਪ੍ਰਮੁੱ ਦਰਿਆ ਹੈ। ਦਜਲਾ ਅਤੇ ਫਰਾਤ ਦਰਿਆ ਪੂਰਬ ਦੇ ਪਹਾੜਾਂ ਵਿ ਨਿਕਲ ਕੇ, ਦੱਖਣ-ਪੂਰਬ ਵੱਲ ਵਹਿੰਦੇ ਹੋਏ, ਖਾੜੀ ਫਾਰਸ ਵਿਚ ਜ ਡਿਗਦੇ ਹਨ। ਬੁਯਕ ਮੈਨਡਾਰੈਸ ਅਤੇ ਗਦੀਜ਼ ਦਰਿਆ ਪੱਛਮ ਵੱ ਵਗਦੇ ਹੋਏ, ਏਜੀਅਨ ਸਾਗ ਵਿਚ ਡਿੱਗਣ ਵਾਲੇ ਪ੍ਰਮੁੱਖ ਦਰਿਅ ਹਨ। ਅਨਾਤੋਲੀਆ ਪਠਾਰ ਪੂਰਬੀ ਹਿੱਸੇ ਵਿਚਲੇ ਜਲ-ਨਿਖੇ ਦੇ ਪੱਛਮੀ ਅਤੇ ਉੱਤਰੀ ਖੇਤਰਾਂ ਦ ਜਲ-ਨਿਕਾਸ ਕਾਲੇ ਸਾਗਰ ਵਿ ਹੁੰਦਾ ਹੈ ਜਦੋਂ ਕਿ ਪੱਛਮੀ ਤੁਰ ਦਾ ਜਲ-ਨਿਕਾਸ ਮਾਰਮਰਾ ਸਾਗ ਵਿਚ ਹੁੰਦਾ ਹੈ।

ਇਸ ਦੇਸ਼ ਵਿਚ ਅਣ ਗਿਣਤ ਝੀਲਾਂ ਹਨ ਜਿਨ੍ਹਾਂ ਵਿ ਕੇਂਦਰੀ ਮੱਧ-ਵਰਤੀ ਤੁਰਕੀ ਵਿ ਪੈਂਦੀ ਤੂਜ਼ ਝੀਲ ਅਤੇ ਪੂਰਬ ਵੱ ਵਾਨ ਝੀਲ ਇਥੋਂ ਦੀਆਂ ਸਭ ਵੱਡੀਆਂ ਝੀਲਾਂ ਹਨ। ਵਾਨ ਝੀ ਦਾ ਪਾਣੀ ਖਾਰਾ ਹੈ ਕਿਉਂ ਇਸਦਾ ਕਿਸੇ ਪਾਸਿਓਂ ਵੀ ਜਲ ਨਿਕਾਸ ਨਹੀਂ ਹੁੰਦਾ।



**ਇਸਤੰਬੋਲ ਵਿਚ ਬਾਸਪਰਸ ਵਿਖੇ ਦਿਖਾਈ ਦਿੰਦੀ ਮਾਡਰਨ ਹੋਟਲ ਦੀ ਇਮਾਰਤ**



**ਇਸਤੰਬੋਲ ਵਿਖੇ ਸੁਲਤਾਨ ਅਹਿਮਦ ਪਹਿਲੇ ਦੀ 17ਵੀਂ ਸਦੀ ਦੀ ਬਣੀ 'ਬਲਿਊ ਮਸਜਿਦ'**

**ਮਿੱਟੀ** — ਤੁਰਕੀ ਵਿਚ ਕਈ ਤਰ੍ਹਾਂ ਦੀਆਂ ਮਿੱਟੀਆਂ ਮਿਲਦੀਆਂ ਹਨ। ਇਸ ਦੇਸ਼ ਦੇ ਬਹੁਤੇ ਹਿੱਸੇ ਦੀ ਮਿੱਟੀ ਦੀ ਤਹਿ ਪਤਲੀ ਹੈ ਕਿਉਂਕਿ ਮਿੱਟੀ ਦਾ ਬਹੁਤਾ ਹਿੱਸਾ ਕਾਂਟ-ਛਾਂਟ ਕਰਕੇ ਰੁੜ੍ਹ ਗਿਆ ਹੈ। ਕਈਆਂ ਥਾਵਾਂ ਤੇ ਜੰਗਲ ਸਾਫ਼ ਕਰਨ ਕਰਕੇ ਅਤੇ ਕਈਆਂ ਥਾਵਾਂ ਤੇ ਚਰਾਦਾਂ ਬਹੁਤੀਆਂ ਹੋਣ ਕਰਕੇ ਵੀ ਮਿੱਟੀ ਖੁਰ ਗਈ ਹੈ। ਤੱਟੀ ਅਤੇ ਹੇਠਲੇ ਮੈਦਾਨੀ ਖੇਤਰਾਂ ਦੀ ਮਿੱਟੀ ਉਪਜਾਊ ਹੈ।

**ਜਲਵਾਯੂ** — ਤੁਰਕੀ ਦੀ ਜਲਵਾਯੂ ਅਰਧ-ਖੁਸ਼ਕ ਜਿਹੀ ਹੈ। ਰੂਮ ਸਾਗਰ ਅਤੇ ਏਜੀਅਨ ਸਾਗਰ ਦੇ ਨਾਲ ਲਗਵੇਂ ਸਾਹਿਲੀ ਖੁਸ਼ਕ ਹੈ ਅਤੇ ਇਥੇ ਸਟੈਪੀ ਘਾਹ ਦੇ ਮੈਦਾਨ ਫੈਲੇ ਹੋਏ ਹਨ। ਇਥੇ ਛੋਟੇ ਕੱਦ ਦੇ ਦਰਖ਼ਤ ਵੀ ਮਿਲਦੇ ਹਨ।

ਯੂਰਪ ਅਤੇ ਏਸ਼ੀਆ ਦੇ ਵਿਚਾਲੇ ਸਥਿਤ ਹੋਣ ਕਰਕੇ ਇਥੇ ਦੋਵੇਂ ਮਹਾਂਦੀਪਾਂ ਦੇ ਜੀਵ-ਜੰਤੂ ਵੇਖੇ ਜਾ ਸਕਦੇ ਹਨ। ਯੂਰਪੀ ਤੁਰਕੀ ਅਤੇ ਏਸ਼ੀਆਈ ਤੁਰਕੀ ਦੇ ਜਾਨਵਰਾਂ ਦੀਆਂ ਕਿਸਮਾਂ ਵਿਚ ਕੋਈ ਖ਼ਾਸ ਫਰਕ ਨਹੀਂ ਹੈ। ਭੇੜੀਏ, ਲੂੰਬੜੀ, ਜੰਗਲੀ ਸੂਰ, ਰਿੱਛ, ਹਿਰਨ, ਗਜ਼ਾਲ, ਲੱਕੜ ਬੱਗਾ ਇਥੋਂ ਦੇ ਜੰਗਲਾਂ ਵਿਚ ਆਮ ਮਿਲਦੇ ਹਨ। ਪੰਛੀਆਂ ਦੀਆਂ ਵੀ ਇਥੇ ਕਈ ਕਿਸਮਾਂ ਪਾਈਆਂ ਜਾਂਦੀਆ ਹਨ।



**ਬਾਸਪਰਸ ਵਿਖੇ ਡੋਲਮਾ ਬਾਹਸੀ (Dolma Bahce) ਦਾ ਮਹਿਲ**

ਮੈਦਾਨਾਂ ਦੀ ਜਲਵਾਯੂ ਰੂਮ ਸਾਗਰੀ ਹੈ। ਇਥੇ ਗਰਮੀ ਦੀ ਰੁੱਤ ਖੁਸ਼ਕ ਹੁੰਦੀ ਹੈ ਅਤੇ ਸਰਦੀ ਵਿਚ ਪੱਛਮੀ ਪੌਣਾਂ ਰਾਹੀਂ ਵਰਖਾ ਹੁੰਦੀ ਹੈ। ਇਥੇ ਸਲਾਨਾ ਵਰਖਾ 75 ਸੈਂ. ਮੀ. ਹੁੰਦੀ ਹੈ। ਸਰਦੀ ਵਿਚ ਇਥੇ ਸੀਤ ਹਵਾਵਾਂ ਚਲਦੀਆਂ ਹਨ। ਕਾਲੇ ਸਾਗਰ ਦੇ ਸਾਹਿਲੀ ਖੇਤਰਾਂ ਵਿਚ ਸਭ ਤੋਂ ਵੱਧ ਵਰਖਾ ਹੁੰਦੀ ਹੈ। ਇਥੇ 250 ਸੈਂ ਮੀ, (100 ਇੰਚ) ਦੇ ਲਗਭਗ ਵਰਖਾ ਹੁੰਦੀ ਹੈ। ਰੂਮ ਸਾਗਰੀ ਤੱਟ ਦੇ ਮੁਕਾਬਲੇ ਇਥੇ ਠੰਢ ਜ਼ਿਆਦਾ ਪੈਂਦੀ ਹੈ। ਇਸੇ ਤਰ੍ਹਾਂ ਅਨਾਤੋਲੀਆ ਦੇ ਪਠਾਰੀ ਖੇਤਰ ਦੀ ਜਲਵਾਯੂ ਤੱਟੀ ਖੇਤਰਾਂ ਨਾਲ ਭਿੰਨ ਹੈ। ਸਰਦੀਆਂ ਵਿਚ ਸੀਤ ਪੌਣਾਂ ਇਥੋਂ ਦੀ ਜਲਵਾਯੂ ਨੂੰ ਠੰਢਾ ਕਰ ਦਿੰਦੀਆਂ ਹਨ ਅਤੇ ਤਾਪਮਾਨ 0° ਸੈਂ. ਤੱਕ ਪਹੁੰਚ ਜਾਂਦਾ ਹੈ। ਗਰਮੀ ਵਿਚ ਵਧੇਰੇ ਗਰਮੀ ਪੈਂਦੀ ਹੈ। ਇਥੇ ਕਦੇ-ਕਦੇ ਹਨੇਰੀਆਂ ਵੀ ਆਉਂਦੀਆਂ ਹਨ। ਆਰਮੀਨੀਆ ਦਾ ਪਹਾੜੀ ਭਾਗ ਇਸ ਨਾਲੋਂ ਵੀ ਠੰਢਾ ਹੈ। ਇਥੇ ਸਰਦੀ ਦੀ ਰੁੱਤ ਛੇ ਮਹੀਨੇ ਦੀ ਹੁੰਦੀ ਹੈ। ਇਸ ਲਈ ਲੋਕ ਇਸ ਹਿੱਸੇ ਨੂੰ ਤੁਰਕੀ ਦਾ ਸਾਇਬੇਰੀਆ ਆਖਦੇ ਹਨ।

**ਬਨਸਪਤੀ ਅਤੇ ਜੀਵ ਜੰਤੂ** — ਜਲਵਾਯੂ ਅਤੇ ਧਰਾਤਲ ਦੀ ਭੂਗੋਲਿਕ ਭਿੰਨਤਾ ਨੇ ਬਨਸਪਤੀ ਵਿਚ ਵੀ ਭਿੰਨਤਾ ਲੈ ਆਂਦੀ ਹੈ। ਕਾਲੇ ਸਾਗਰ ਨਾਲ ਲਗਵੇਂ ਸਾਹਿਲੀ ਖੇਤਰ ਵਿਚ ਸੰਘਣੇ ਜੰਗਲ ਹਨ। ਦੱਖਣੀ-ਪੱਛਮੀ ਅਤੇ ਉੱਤਰ-ਪੱਛਮੀ ਹਿੱਸਿਆਂ ਵਿਚ ਰੂਮ ਸਾਗਰੀ ਕਿਸਮਾਂ ਦੇ ਸੰਘਣੇ ਜੰਗਲ ਹਨ। ਅਨਾਤੋਲ ਦੀ ਪਠਾਰ

ਬਰਾਲ, ਬਸਟਡ ਛੋਟਾ ਉਕਾਬ, ਸਾਰਸ, ਹੰਸ ਇਥੋਂ ਦੇ ਵਿਸ਼ੇਸ਼ ਪੰਛੀਆਂ ਵਿਚੋਂ ਹਨ। ਮੱਝਾਂ, ਗਧੇ, ਬਲਦ ਅਤੇ ਭੇਡਾਂ-ਬੱਕਰੀਆਂ ਇਥੋਂ ਦੇ ਪਾਲਤੂ ਜਾਨਵਰ ਹਨ।

## ਇਤਿਹਾਸ

ਤੁਰਕੀ ਦੇ ਇਤਿਹਾਸ ਦਾ ਆਰੰਭ ਪ੍ਰਾਪਤ ਜਾਣਕਾਰੀ ਅਨੁਸਾਰ ਅਨਾਤੋਲੀਆ ਦੇ ਮੂਲ ਵਸਨੀਕਾਂ ਦੇ ਸਮੇਂ ਤੋਂ ਮੰਨਿਆ ਜਾ ਸਕਦਾ ਹੈ। 1900 ਈ. ਪੂ. ਦੇ ਲਗਭਗ ਇਸ ਖੇਤਰ ਵਿਚ ਇੰਡੋ-ਯੂਰਪੀ ਜਾਤੀਆਂ ਵਿਚੋਂ ਹਿਤੀ ਕਬੀਲਿਆਂ ਦਾ ਬੋਲਬਾਲਾ ਸ਼ੁਰੂ ਹੋਇਆ ਅਤੇ ਕੁਝ ਅਰਸੇ ਦੌਰਾਨ ਹੀ ਇਹ ਜਾਤੀਆਂ ਅੰਤਰ-ਰਾਸ਼ਟਰੀ ਪੱਧਰ ਦੀ ਤਾਕਤ ਬਣ ਬੈਠੀਆਂ ਅਤੇ ਲ. 700 ਵਰ੍ਹੇ ਤੱਕ (1200 ਈ. ਪੂ. ਤੀਕ) ਇਨ੍ਹਾਂ ਨੇ ਆਪਣੀ ਤਾਕਤ ਕਾਇਮ ਰੱਖੀ। ਫਿਰ ਫ਼ਰਿਜੀਆ ਤੇ ਲੀਡੀਆ ਦੇ ਲੋਕਾਂ ਨੇ ਤੁਰਕੀ ਦੇ ਅਨਾਤੋਲੀਆ ਖੇਤਰ ਉਪਰ ਕਬਜ਼ਾ ਕੀਤਾ। ਇਸ ਸਮੇਂ ਤੁਰਕੀ ਦੇ ਪੂਰਬੀ ਖੇਤਰ ਵਿਚ ਇਥੋਂ ਦੇ ਮੂਲ ਵਸਨੀਕਾਂ ਦੇ ਬੰਸ ਦਾ ਰਾਜ ਸਥਾਪਿਤ ਹੋ ਗਿਆ ਜਿਸ ਨੂੰ ਆਰਮੀਨੀਆ ਬਾਦਸ਼ਾਹਤ ਵੀ ਕਿਹਾ ਜਾਂਦਾ ਸੀ। ਛੇਵੀਂ ਸਦੀ ਈ. ਪੂ ਦੌਰਾਨ ਤੁਰਕੀ ਦੇ ਅਨਾਤੋਲੀਆ ਖੇਤਰ ਵਿਚ ਪਰਸ਼ੀਅਨ ਸ਼ਹਿਨਸ਼ਾਹੀ ਕਾਬਜ਼ ਹੋ ਗਈ ਅਤੇ ਕੁਝ ਚਿਰ ਪਿਛੋਂ ਇਨ੍ਹਾਂ ਦੀ ਥਾਂ ਯੂਨਾਨੀ ਹੈਲਨਵਾਦੀ ਹਕੂਮਤ ਨੇ ਲੈ ਲਈ।

ਪਹਿਲੀ ਸਦੀ ਈ. ਪੂ. ਦੌਰਾਨ ਤੁਰਕੀ ਉਪਰ ਰੋਮਨ ਹਾਕਮ ਹਾਵੀ ਹੋਏ ਜਦੋਂ ਕਿ ਪੂਰਬੀ ਤੁਰਕੀ ਵਿਚ ਰੋਮਨ ਅਤੇ ਪਾਰਥੀ ਹਕੂਮਤਾਂ ਵਿਚਕਾਰ ਸਰਹੱਦੀ ਰਾਜ ਖੇਤਰ ਦੇ ਰੂਪ ਵਿਚ ਆਰਮੀਨੀਆਈ ਬਾਦਸ਼ਾਹਤ ਕਾਇਮ ਸੀ। ਰੋਮਨ ਹਕੂਮਤ ਪਿੱਛੋਂ ਪੱਛਮੀ ਤੁਰਕੀ ਖੇਤਰ ਉਪਰ ਬਾਜ਼ਨਤੀਨੀ ਤੋਂ ਪੂਰਬੀ ਸਾਸਾਨੀ ਰਾਜਿਆਂ ਦਾ ਰਾਜ ਆਇਆ। ਇਸ ਸਮੇਂ ਦੀ ਪੂਰਬੀ ਤੁਰਕੀ ਵਿਚ ਆਰਮੀਨੀਆਈਆਂ ਦੀ ਹਕੂਮਤ ਹੱਦ-ਬੰਦੀ ਦੇ ਰੂਪ ਵਿਚ ਕਾਇਮ ਰਹੀ। ਗਿਆਰਵੀਂ ਸਦੀ ਵਿਚ ਖਾਨਾਬਦੋਸ਼ ਤੁਰਕੀ ਲੋਕਾਂ ਦੇ ਓਗੂਜ਼ ਨਾਂ ਦੇ ਇਕ ਸਮੂਹ ਨੇ ਅਨਾਤੋਲੀਆ ਉਪਰ ਹੱਲਾ ਬੋਲ ਦਿੱਤਾ ਅਤੇ ਬਾਰ੍ਹਵੀਂ ਸਦੀ ਵਿਚ ਇਨ੍ਹਾਂ ਵਿਚੋਂ ਕਾਈ ਨਾਂ ਦਾ ਇਕ ਉਪ-ਕਬੀਲਾ, ਅਨਾਤੋਲੀਆ ਦੇ ਪੂਰਬੀ ਅਤੇ ਕੇਂਦਰੀ ਖੇਤਰ ਉਪਰ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਿਆ ਅਤੇ ਇਨ੍ਹਾਂ ਦੇ ਪਿੱਛੋਂ ਉਸਮਾਨ ਪਹਿਲੇ ਨਾਂ ਦੇ ਇਕ ਕਾਈ ਸਰਦਾਰ ਨੇ ਉਸਮਾਨ ਬਾਦਸ਼ਾਹਤ ਦੀ ਸਥਾਪਨਾ ਕੀਤੀ। ਆਪਣੀ ਹਕੂਮਤ ਦੇ ਵਿਸਥਾਰ ਦੇ ਆਰੰਭਕ ਵਰ੍ਹਿਆਂ ਵਿਚ ਉਸਮਾਨ ਬਾਜ਼ਨਤੀਨੀ ਬਾਦਸ਼ਾਹਤ ਵਿਰੁੱਧ ਹੋਣ ਵਾਲੇ ਯੁੱਧਾਂ ਵਿਚ ਤੁਰਕੀ ਗਾਜ਼ੀਆਂ ਦੇ ਆਗੂ ਹੁੰਦੇ ਸਨ ਫਿਰ ਤੇਰ੍ਹਵੀਂ-ਚੌਧਵੀਂ ਸਦੀਆਂ ਦੌਰਾਨ ਉਸਮਾਨਾਂ ਨੇ ਪੱਛਮੀ ਅਨਾਤੋਲੀਆ ਅਤੇ ਦੱਖਣ-ਪੂਰਬ ਯੂਰਪ ਵਿਚ ਪੈਂਦੇ ਬਿਜ਼ੰਨਤੀਨੀ ਖੇਤਰਾਂ ਉਪਰ ਕਬਜ਼ਾ ਕਰ ਲਿਆ ਅਤੇ ਈਸਾਈ ਬਾਲਕਨ ਰਾਜਾਂ ਨੂੰ ਆਪਣੇ ਅਧਿਕਾਰ ਹੇਠ ਛੋਟੀਆਂ ਜਾਗੀਰਾਂ ਦੇ ਰੂਪ ਵਿਚ ਸ਼ਾਮਲ ਕਰ ਲਿਆ। ਇਸ ਦੇ ਨਾਲ ਹੀ ਪੂਰਬੀ ਅਨਾਤੋਲੀਆ ਦੀਆਂ ਤੁਰਕਮਾਨ-ਰਿਆਸਤਾਂ ਉਪਰ ਵੀ ਇਨ੍ਹਾਂ ਦਾ ਅਧਿਕਾਰ ਹੋ ਗਿਆ। 15 ਵੀਂ ਸਦੀ ਦੌਰਾਨ ਉਸਮਾਨ ਸੁਲਤਾਨ ਨੇ ਆਪਣੀਆਂ ਸਾਰੀਆਂ ਹੀ ਬਾਲਕਨ ਜਾਗੀਰਾਂ ਨੂੰ ਸਿੱਧੇ ਤੌਰ ਤੇ ਹੀ ਆਪਣੇ ਅਧੀਨ ਕਰ ਲਿਆ ਅਤੇ 1453 ਈ ਵਿਚ ਕੁਸਤੁਨਤੁਨੀਆ ਨੂੰ ਜਿੱਤ ਲਿਆ। ਸੰਨ 1468 ਵਿਚ ਉਸਮਾਨ ਰਾਜ ਦੀਆਂ ਹੱਦਾਂ ਪੂਰਬ ਵੱਲ ਫ਼ਰਾਤ ਦਰਿਆ ਤੱਕ ਤੇ ਪੱਛਮ ਵਲ ਹੰਗਰੀ ਦੇ ਵੀ ਕੁਝ ਅੰਦਰੂਨੀ ਖੇਤਰਾਂ ਤੱਕ ਪਹੁੰਚ ਗਈਆਂ ਸਨ। ਸੋਲ੍ਹਵੀਂ ਸਦੀ ਦੇ ਅੰਤ ਤੀਕ ਉਸਮਾਨ ਬਾਦਸ਼ਾਹਤ ਆਪਣੀ ਤਾਕਤ ਅਤੇ ਅਮੀਰੀ ਦੇ ਸਿਖਰ ਤੇ ਸੀ। ਉਸ ਸਮੇਂ ਇਸ ਵਿਚ ਲਗਭਗ ਸਾਰਾ ਬਾਲਕਨ, ਹੰਗਰੀ ਦਾ ਕਾਫ਼ੀ ਇਲਾਕਾ ਅਤੇ ਅਫ਼ਰੀਕੀ ਮਹਾਂਦੀਪ ਦੇ ਮੱਧ-ਪੂਰਬੀ ਅਤੇ ਉੱਤਰੀ ਖੇਤਰਾਂ ਦਾ ਵੀ ਚੌਥਾ ਭਾਗ ਸ਼ਾਮਲ ਸੀ। ਸੰਨ 1516 ਵਿਚ 'ਸੁਲੇਮਾਨ ਪਹਿਲੇ ਦੀ ਮੈਗਨੀਫਿਸੰਟ' ਦੇ ਰਾਜਕਾਲ ਪਿੱਛੋਂ ਉਸਮਾਨ ਸਲਤਨਤ ਰਾਜਨੀਤਕ, ਆਰਥਿਕ ਤੇ ਪ੍ਰਸ਼ਾਸ਼ਕੀ ਪੱਖੋਂ ਢਹਿੰਦੀਆਂ ਕਲਾਂ ਵਿਚ ਜਾਣ ਲੱਗੀ। ਸੰਨ 1718 ਦੇ ਦੌਰਾਨ ਹੀ ਆਸਟ੍ਰੀਆ ਹਕੂਮਤ ਨੇ ਤੁਰਕਾਂ ਨੂੰ ਹੰਗਰੀ ਵਿਚੋਂ ਕੱਢ ਦਿੱਤਾ ਅਤੇ 1783 ਈ. ਵਿਚ ਰੂਸ ਵੀ ਨੂੰ ਜਿੱਤ ਚੁੱਕਾ ਸੀ। 19ਵੀਂ ਸਦੀ ਦੌਰਾਨ ਮਿਸਰ ਅਤੇ ਬਲਕਾਨ ਦਾ ਬਹੁਤ ਸਾਰਾ ਖੇਤਰ ਉਸਮਾਨ ਹਕੂਮਤ ਦੇ ਹੱਥੋਂ ਜਾਂਦਾ ਰਿਹਾ। ਇਸੇ ਸਦੀ ਦੇ ਅਖ਼ੀਰਲੇ ਵਰ੍ਹਿਆਂ ਦੌਰਾਨ, ਉਸਮਾਨ ਹਕੂਮਤ ਵਲੋਂ ਘਟ-ਗਿਣਤੀਆਂ ਉੱਤੇ ਸ਼ਾਸਨ ਲਈ ਚਲਾਏ ਮਿੱਲਟ ਸਿਸਟਮ ਵਿਚ ਵੀ ਕਾਫ਼ੀ ਗਿਰਾਵਟ ਆ ਗਈ ਸੀ ਜਿਸਦੇ ਨਤੀਜੇ ਵਜੋਂ ਘਟ-ਗਿਣਤੀਆਂ ਖ਼ਾਸ ਕਰਕੇ ਆਰਮੀਨੀਆਈ ਲੋਕਾਂ ਉਪਰ ਤਾਂ ਅਧਿਕਾਰੀਆਂ ਨੇ ਜ਼ੁਲਮਾਂ ਦੀ ਅੱਤ ਹੀ ਚੁੱਕ ਲਈ। ਇਹ ਯੋਜਨਾਬੱਧ ਜ਼ੁਲਮ ਇਥੋਂ ਤੱਕ ਵੱਧ ਗਿਆ ਕਿ ਪਹਿਲੀ ਵੱਡੀ ਜੰਗ ਦੌਰਾਨ ਆਰਮੀਨੀਆਈਆਂ ਦਾ ਤਾਂ ਕੁਲ ਨਾਸ ਹੀ ਕਰ ਦਿੱਤਾ ਗਿਆ।

ਸੰਨ 1908 ਵਿਚ ਤੁਰਕੀ ਅੰਦਰ ਉਸਮਾਨ ਹਕੂਮਤ ਡਾਵਾਂਡੋਲ ਹੁੰਦੀ ਵੇਖ ਕੇ ਉਸਮਾਨ ਘਰਾਣਿਆਂ ਦੇ ਨੌਜਵਾਨਾਂ ਨੇ ਵਧੀਕੀਆਂ ਵਿਰੁੱਧ ਅਤੇ ਸਾਮਰਾਜ ਦੇ ਬਚਾਉ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਜਿਸ ਦੇ ਫਲਸਰੂਪ ਬਾਲਕਨ ਦੇਸ਼ਾਂ ਵਿਚ ਇਨ੍ਹਾਂ ਨੂੰ ਮਿਲਟਰੀ ਪੱਖੋਂ ਕਾਫ਼ੀ ਨੁਕਸਾਨ ਹੋਇਆ ਤੇ ਸਾਮਰਾਜ ਦਾ ਕੁਝ ਅਧਿਕਾਰ-ਖੇਤਰ ਵੀ ਖੁੱਸ ਗਿਆ। ਪਹਿਲੀ ਵਿਸ਼ਵ ਜੰਗ ਪਿੱਛੋਂ ਤੁਰਕੀ ਸਾਮਰਾਜ ਵਿਚੋਂ ਕੁਝ ਅਰਬੀ ਪ੍ਰਾਂਤ ਤੇ ਏਸ਼ੀਆ ਕੋਚਕ ਦਾ ਕੁਝ ਹਿੱਸਾ ਵੱਖ ਹੋ ਗਏ ਜਿਸ ਕਾਰਨ ਤੁਰਕੀ ਅੰਦਰ ਘਰੇਲੂ ਜੰਗ ਅਤੇ ਸਰਹੱਦ ਉਪਰ ਯੂਨਾਨ ਨਾਲ ਯੁੱਧ ਛਿੜ ਪਿਆ।

ਤੁਰਕੀ ਅੰਦਰ ਛਿੜੀ ਇਹ ਜੰਗ ਅਤੇ ਬਗ਼ਾਵਤ ਆਜ਼ਾਦੀ ਦੀ ਜੰਗ ਹੋ ਨਿਬੜੀ ਜਿਹੜੀ ਕਿ 1919 ਤੋਂ 1922 ਈ. ਤੱਕ ਮੁਸਤਫਾ ਕਮਾਲ ਦੀ ਅਗਵਾਈ ਹੇਠ ਲੜੀ ਗਈ। ਇਸ ਦੇ ਫਲਸਰੂਪ ਉਸਮਾਨ ਸਾਮਰਾਜ ਖੇਰੂੰ ਖੇਰੂੰ ਹੋ ਗਿਆ ਅਤੇ ਤੁਰਕੀ ਦੀ ਗ੍ਰੈਂਡ ਨੈਸ਼ਨਲ ਅਸੈਂਬਲੀ ਦੀ ਪਹਿਲੀ ਇਕੱਤਰਤਾ 23 ਅਪ੍ਰੈਲ, 1920 ਨੂੰ ਅਤੇ ਦੂਜੀ ਇਕੱਤਰਤਾ ਅੰਕਾਰਾ ਵਿਖੇ 20 ਜਨਵਰੀ, 1921 ਨੂੰ ਹੋਈ ਜਿਸ ਵਿਚ ਨਵੇਂ ਉਲੀਕੇ ਸੰਵਿਧਾਨ ਨੂੰ ਬਹੁ-ਮੱਤ ਨਾਲ ਪ੍ਰਵਾਨ ਕੀਤਾ ਗਿਆ। ਇਸ ਅਨੁਸਾਰ ਲੋਕਤੰਤਰ ਸਮੁੱਚੇ ਰੂਪ ਵਿਚ ਆਮ ਲੋਕਾਂ ਨੂੰ ਸੌਂਪ ਦਿਤਾ ਗਿਆ ਅਤੇ ਸਾਰੇ ਦੇ ਸਾਰੇ ਕਾਰਜਕਾਰੀ ਤੇ ਵਿਧਾਨਕ ਅਖ਼ਤਿਆਰ ਗ੍ਰੈਂਡ ਨੈਸ਼ਨਲ ਅਸੈਂਬਲੀ ਨੂੰ ਦੇ ਦਿੱਤੇ ਗਏ। ਬਾਅਦ ਵਿਚ ਉਸਮਾਨ ਸਾਮਰਾਜ ਦੀ ਜਗ੍ਹਾ ਤੇ ਦੇਸ਼ ਦਾ ਨਾਂ 'ਟਰਕੀ' (ਤੁਰਕੀ) ਰੱਖਿਆ ਗਿਆ। 1 ਨਵੰਬਰ, 1922 ਨੂੰ ਗ੍ਰੈਂਡ ਨੈਸ਼ਨਲ ਅਸੈਂਬਲੀ ਵੱਲੋਂ ਸੁਲਤਾਨ ਦੇ ਪਦ ਦਾ ਵੀ ਖਾਤਮਾ ਕਰ ਦਿੱਤਾ ਗਿਆ ਅਤੇ 29 ਅਕਤੂਬਰ, 1923 ਨੂੰ ਤੁਰਕੀ ਦੇ ਗਣਰਾਜ ਹੋਣ ਦਾ ਐਲਾਨ ਕਰ ਦਿੱਤਾ। ਅਗਲੇ ਵਰ੍ਹੇ ਦੌਰਾਨ ਗਣਰਾਜ ਹੋਣ ਦੇ ਨਾਤੇ ਧਾਰਮਿਕ ਅਦਾਲਤਾਂ ਵੀ ਖ਼ਤਮ ਕਰ ਦਿਤੀਆਂ ਗਈਆਂ ਅਤੇ 1928 ਈ. ਵਿਚ ਇਸਲਾਮ ਸਰਕਾਰੀ ਧਰਮ ਵਜੋਂ ਖ਼ਤਮ ਕਰ ਦਿੱਤਾ ਗਿਆ। ਸੰਨ 1934 ਵਿਚ ਇਥੋਂ ਦੀਆਂ ਔਰਤਾਂ ਨੂੰ ਵੀ ਆਜ਼ਾਦੀ ਦੇ ਦਿੱਤੀ ਗਈ ਅਤੇ ਉਨ੍ਹਾਂ ਨੂੰ ਪੱਛਮੀ ਢੰਗ ਦੇ ਆਪਣੇ ਉਪਨਾਮ ਅਪਣਾਉਣ ਦੀ ਵੀ ਖੁਲ੍ਹ ਦਿੱਤੀ ਗਈ।

27 ਮਈ, 1960 ਨੂੰ ਤੁਰਕੀ ਫ਼ੌਜਾਂ ਨੇ ਇਕ ਨੈਸ਼ਨਲ ਯੂਨਿਟੀ ਕਮੇਟੀ ਰਾਹੀਂ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। ਇਸ ਨਾਲ ਗ੍ਰੈਂਡ ਨੈਸ਼ਨਲ ਅਸੈਂਬਲੀ ਟੁੱਟ ਗਈ ਅਤੇ ਪਾਰਟੀ ਦੀਆਂ ਸਰਗਰਮੀਆਂ ਵੀ ਰੁਕ ਗਈਆਂ। 12 ਜਨਵਰੀ, 1961 ਨੂੰ ਇਹ ਪਾਰਟੀ ਕਾਨੂੰਨਨ ਤੌਰ ਤੇ ਫਿਰ ਸਰਗਰਮ ਹੋ ਗਈ। 9 ਜੁਲਾਈ, 1961 ਨੂੰ ਲੋਕਮਤ ਰਾਹੀਂ ਨਵਾਂ ਸੰਵਿਧਾਨ ਪ੍ਰਵਾਨ ਕੀਤਾ ਗਿਆ।

12 ਸਤੰਬਰ, 1980 ਨੂੰ ਤੁਰਕੀ ਦੀਆਂ ਹਥਿਆਰਬੰਦ ਫ਼ੌਜਾਂ ਨੇ ਡੀਮਿਰਲ ਸਰਕਾਰ ਨੂੰ ਫਿਰ ਗੱਦੀਓਂ ਲਾਹ ਦਿੱਤਾ ਅਤੇ ਪਾਰਲੀਮੈਂਟ ਤੋੜ ਦਿੱਤੀ ਜਿਸ ਦੇ ਫਲਸਰੂਪ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਕੰਮ-ਕਾਜ ਵੀ ਠੱਪ ਹੋ ਗਏ। ਅਕਤੂਬਰ, 1981 ਵਿਚ ਫਿਰ ਸੰਵਿਧਾਨਕ ਅਸੈਂਬਲੀ ਬੁਲਾਈ ਗਈ ਤੇ ਨਵਾਂ ਸੰਵਿਧਾਨ ਸਿਰਜਿਆ ਗਿਆ ਜਿਸ ਨੂੰ 7 ਨਵੰਬਰ, 1982 ਨੂੰ ਕੌਮੀ ਬਹੁ-ਮਤ ਰਾਹੀਂ ਲਾਗੂ ਕੀਤਾ ਗਿਆ।

### ਆਰਥਿਕਤਾ

ਤੁਰਕੀ ਇਕ ਪ੍ਰਗਤੀਸ਼ੀਲ ਦੇਸ਼ ਹੈ ਜਿਸ ਦੀ ਆਰਥਿਕਤਾ ਦਾ ਆਧਾਰ ਖੇਤੀਬਾੜੀ ਅਤੇ ਸੱਨਅਤਾਂ ਦੋਵੇਂ ਹੀ ਹਨ। ਸੰਨ 1950 ਤੋਂ ਪਿੱਛੋਂ ਸੱਨਅਤਾਂ ਉੱਤੇ ਵਧ ਜ਼ੋਰ ਦਿੱਤਾ ਗਿਆ ਹੈ। ਅੱਜਕੱਲ੍ਹ ਇਸ ਨੇ ਆਪਣੀ ਆਰਥਿਕ ਹਾਲਤ ਸੁਧਾਰਨ ਖਾਤਰ ਈਰਾਨ, ਪਾਕਿਸਤਾਨ, ਮੱਧ ਪੂਰਬ ਅਤੇ ਪੂਰਬੀ ਯੂਰਪ ਦੇ ਕਈ ਦੇਸ਼ਾਂ ਨਾਲ ਆਪਣੇ ਆਰਥਿਕ ਅਤੇ ਵਪਾਰਕ ਸਬੰਧ ਕਾਇਮ ਕੀਤੇ ਹੋਏ ਹਨ।

**ਖਣਿਜ** — ਇਥੇ ਖਣਿਜ ਤਾਂ ਕਾਫ਼ੀ ਹਨ ਪਰ ਕਈ ਕਾਰਨਾਂ ਕਰਕੇ ਹਾਲੇ ਤੀਕ ਇਨ੍ਹਾਂ ਨੂੰ ਕੱਢਿਆ ਨਹੀਂ ਜਾ ਸਕਿਆ। ਬਾਹਰਲੇ ਦੇਸ਼ਾਂ ਨੇ ਵੀ ਖਾਣ-ਖੁਦਾਈ ਲਈ ਘੱਟ ਹੀ ਪੂੰਜੀ ਲਗਾਈ ਹੈ। ਇਸੇ

ਕਰਕੇ ਖਣਿਜਾਂ ਦਾ ਉਤਪਾਦਨ ਘੱਟ ਹੈ। ਲਿਗਨਾਈਟ, ਕੋਲਾ, ਤਾਂਬਾ, ਸਲਫਰ, ਪਾਰਾ, ਜਿਸਤ, ਲੂਣ, ਅਤੇ ਕ੍ਰੋਮ ਇਥੋਂ ਦੇ ਖਾਸ ਖਣਿਜ ਹਨ। ਕ੍ਰੋਮ ਦੇ ਉਤਪਾਦਨ ਵਿਚ ਇਹ ਸੰਸਾਰ-ਪ੍ਰਸਿੱਧ ਹੈ। ਪੈਟਰੋਲ ਦਾ ਉਤਪਾਦਨ ਇਥੇ ਥੋੜ੍ਹਾ ਹੈ ਜਿਹੜਾ ਕਿ ਦੇਸ਼ ਦਾ ਸਿਰਫ 15 ਫੀਸਦੀ ਲੋੜ ਹੀ ਪੂਰੀ ਕਰਦਾ ਹੈ। ਬਾਕੀ ਪੈਟ੍ਰੋਲ ਬਾਹਰਲੇ ਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਇਥੋਂ ਦਾ ਕੋਲਾ ਵੀ ਘਟੀਆ ਕਿਸਮ ਦਾ ਹੈ ਜਿਸ ਕਰਕੇ ਇਹ ਬਾਹਰ ਵੀ ਬਹੁਤ ਹੀ ਘੱਟ ਭੇਜਿਆ ਜਾਂਦਾ ਹੈ।

ਪਣ-ਬਿਜਲੀ ਵੀ ਇਥੋਂ ਦੀ ਸ਼ਕਤੀ ਦਾ ਸਾਧਨ ਹੈ। ਦੱਖਣ-ਪੂਰਬੀ ਤੁਰਕੀ ਵਿਚ ਉਪਰਲੇ ਫਰਾਤ ਦਰਿਆ ਉੱਤੇ ਵੱਡੇ ਡੈਮ ਬਣਾਉਣ ਦੀ ਯੋਜਨਾ ਤਿਆਰ ਕੀਤੀ ਗਈ ਸੀ। ਇਨ੍ਹਾਂ ਵਿਚੋਂ ਇਕ ਡੈਮ ਤੋਂ 1980 ਤੋਂ ਬਿਜਲੀ-ਉਤਪਾਦਨ ਸ਼ੁਰੂ ਵੀ ਹੋ ਗਿਆ ਹੈ।

**ਖੇਤੀਬਾੜੀ** — ਇਸ ਦੇਸ਼ ਦਾ 2/5 ਹਿੱਸਾ ਵਾਹੀਯੋਗ ਹੈ ਜਿਸਦੇ ਅੱਧੇ ਨਾਲੋਂ ਜ਼ਿਆਦਾ ਹਿੱਸੇ ਉੱਤੇ ਅਨਾਜੀ ਫਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਜ਼ਰਾਇਤੀ ਉਤਪਾਦਨ ਕੁੱਲ ਉਤਪਾਦਨਾਂ ਦਾ ਇਕ ਚੌਥਾਈ ਹਿੱਸਾ ਹੈ ਭਾਵੇਂ ਖੇਤੀਬਾੜੀ ਅਧੀਨ ਰਕਬਾ ਵਧਣ ਕਾਰਣ ਉਤਪਾਦਨ ਵੀ ਵਧੇ ਹਨ ਪਰ ਪ੍ਰਤੀ ਹੈਕਟੇਅਰ ਉਤਪਾਦਨ ਘੱਟ ਹੀ ਹਨ ਕਿਉਂਕਿ ਇਥੇ ਖੇਤੀ ਕਰਨ ਦੇ ਢੰਗ ਪਰੰਪਰਾਗਤ ਹੀ ਹਨ। ਖਾਦਾਂ ਦੀ ਵਰਤੋਂ ਬਹੁਤ ਹੀ ਥੋੜ੍ਹੀ ਕੀਤੀ ਜਾਂਦੀ ਹੈ। ਗੋਬਰ ਨੂੰ ਸੁਕਾ ਕੇ ਬਾਲਣ ਲਈ ਵਰਤਿਆ ਜਾਂਦਾ ਹੈ। ਖੇਤਾਂ ਦਾ ਆਕਾਰ ਵੀ ਛੋਟਾ ਹੈ ਜਿਸ ਕਰਕੇ ਉਤਪਾਦਨ ਘੱਟ ਹੁੰਦਾ ਹੈ। 1970 ਵਿਆਂ ਅਤੇ 1980 ਵਿਆਂ ਦੇ ਸਾਲਾਂ ਵਿਚ ਚੌਲ ਅਤੇ ਕਣਕ ਬਾਹਰੋਂ ਵੀ ਮੰਗਵਾਏ ਜਾਂਦੇ ਰਹੇ ਹਨ। ਇਥੇ ਸਿੰਜੀ ਹੋਈ ਜ਼ਮੀਨ ਵੀ ਘੱਟ ਹੈ। ਤੱਟੀ ਨੀਵੇਂ ਖੇਤਰਾਂ ਦੀ ਵਿਸਤ੍ਰਿਤ ਤੌਰ ਤੇ ਸਿੰਚਾਈ ਕੀਤੀ ਜਾਂਦੀ ਹੈ। ਇਥੇ ਹੇਜ਼ਲਨਟ, ਸਲਤਾਨਾ ਕਿਸ਼ਮਿਸ਼ ਅਤੇ ਹੋਰਨਾਂ ਗਿਰੀਆਂ ਅਤੇ ਫਲਾਂ ਦਾ ਸੰਸਾਰ ਦਾ ਸਭ ਤੋਂ ਵਧ ਉਤਪਾਦਨ ਹੁੰਦਾ ਹੈ। ਚੁਕੰਦਰ, ਆਲੂ, ਕਪਾਹ, ਤਮਾਕੂ, ਜੈਤੂਨ ਇਥੋਂ ਦੀਆਂ ਹੋਰ ਫਸਲਾਂ ਹਨ। ਇਥੇ ਬਦੇਸ਼ੀ ਮੰਡੀ ਲਈ ਸਬਜ਼ੀਆਂ ਵੀ ਬੀਜੀਆਂ ਜਾਂਦੀਆਂ ਹਨ।

**ਜੰਗਲਾਤ** — ਇਸ ਦੇਸ਼ ਵਿਚ ਜੰਗਲ ਕਾਫ਼ੀ ਥੋੜ੍ਹੇ ਰਕਬੇ ਉੱਤੇ ਹਨ। ਵਧੇਰੇ ਕਰਕੇ ਜੰਗਲ ਕੋਨੀਫਰ ਕਿਸਮ ਦੇ ਹਨ। ਪਾਪਲਰ, ਵਾਲਨਟ, ਬਲੂਤ ਇਥੋਂ ਦੇ ਮੁੱਖ ਦਰੱਖਤ ਹਨ। ਸੰਨ 1991 ਵਿਚ 20, 199,000 ਹੈਕ. ਰਕਬਾ ਜੰਗਲਾਂ ਹੇਠ ਸੀ।

**ਪਸ਼ੂ ਪਾਲਣ** — ਇਥੇ ਦੁੱਧ ਅਤੇ ਮਾਸ ਦੋਹਾਂ ਲਈ ਹੀ ਪਸ਼ੂ ਪਾਲੇ ਜਾਂਦੇ ਹਨ। ਬੱਕਰੀਆਂ, ਮੱਝਾਂ ਘੋੜੇ ਤੇ ਉੱਨ ਲਈ ਖਾਸ ਕਰਕੇ ਅੰਗੋਰਾ ਭੇਡਾਂ ਪਾਲੀਆਂ ਜਾਂਦੀਆਂ ਹਨ। ਇਹ ਦੇਸ਼ ਮਾਸ, ਦੁੱਧ ਅਤੇ ਹੋਰਨਾਂ ਉਤਪਾਦਨਾਂ ਵਿਚ ਆਤਮ ਨਿਰਭਰ ਹੈ।

**ਮੱਛੀ ਪਾਲਣ** — ਇਥੋਂ ਦਾ ਵਿਸ਼ਾਲ ਤੱਟ ਮੱਛੀਆਂ ਫੜਨ ਲਈ ਬਹੁਤ ਲਾਹੇਵੰਦ ਹੈ। ਰੂਮ ਸਾਗਰ, ਕਾਲੇ ਸਾਗਰ ਅਤੇ ਜਲ-ਡਮਰੂ ਵਿਚੋਂ ਮੱਛੀਆਂ ਫੜੀਆਂ ਜਾਂਦੀਆਂ ਹਨ। ਸੰਨ 1991 ਵਿਚ 27,379 ਟਨ ਸਮੁੰਦਰੀ ਮੱਛੀਆਂ ਅਤੇ 39,401 ਟਨ ਦਰਿਆਈ ਮੱਛੀਆਂ ਫੜੀਆਂ ਗਈਆਂ ਸਨ।

**ਸੱਨਅਤਾਂ** — ਸੱਨਅਤਾਂ ਇਥੋਂ ਦੀ ਆਰਥਿਕਤਾ ਦਾ ਮੁੱਖ ਆਧਾਰ ਹਨ। ਪੇਸ਼ਾਵਰ ਲੋਕਾਂ ਦਾ 19 ਫੀਸਦੀ ਹਿੱਸਾ ਇਸੇ ਖੇਤਰ ਵਿਚ ਜੁਟਿਆ ਹੋਇਆ ਹੈ। ਅੱਜਕੱਲ੍ਹ ਸੱਨਅਤਾਂ ਖੇਤੀਬਾੜੀ ਨੂੰ ਪਿਛਾਂਹ ਛੱਡ ਗਈਆਂ ਹਨ। ਸੱਨਅਤੀ ਉਤਪਾਦਨਾਂ ਵਿਚ ਵੀ ਵਾਧਾ ਹੋ ਰਿਹਾ ਹੈ। ਬਹੁਤ ਸਾਰੇ ਸਾਲਾਂ ਤੋਂ ਇਥੇ ਕਪੜਾ ਵੀ ਬਣਦਾ ਆ ਰਿਹਾ ਹੈ ਪਰ ਅੱਜਕੱਲ੍ਹ ਇਸ ਸੱਨਅਤ ਦੇ ਨਾਲ ਨਾਲ ਹੋਰ ਵੀ ਕਈ ਵੱਡੀਆਂ ਸੱਨਅਤਾਂ ਦਾ ਵਿਕਾਸ ਹੋ ਰਿਹਾ ਹੈ। ਇਥੇ ਲੋਹਾ ਢਾਲਣ, ਇਸਪਾਤ ਤਿਆਰ ਕਰਨ, ਸੀਮਿੰਟ, ਕਾਗਜ਼, ਰਸਾਇਣ, ਬਿਜਲੀ ਦਾ ਸਾਮਾਨ ਆਦਿ ਬਣਾਉਣ ਦੀਆਂ ਸੱਨਅਤਾਂ ਲੱਗੀਆਂ ਹੋਈਆਂ ਹਨ। ਇਸ ਤੋਂ ਛੁੱਟ ਖਾਣ-ਪੀਣ ਦੀਆਂ ਚੀਜ਼ਾਂ, ਘਰੇਲੂ ਤੇ ਇਮਾਰਤੀ ਸਮਾਨ ਤਿਆਰ ਕਰਨ ਦੀਆਂ ਸੱਨਅਤਾਂ ਵੀ ਸਥਾਪਿਤ ਹਨ। 1980 ਵਿਆਂ ਦੇ ਆਰੰਭ ਤੋਂ ਇਥੇ ਕੈਮੀਕਲ ਸੱਨਅਤ ਵੀ ਕਾਫੀ ਵਿਕਸਿਤ ਹੋਈ ਹੈ।

**ਆਵਾਜਾਈ ਦੇ ਸਾਧਨ** — ਤੁਰਕੀ ਵਿਚ ਉਸਮਾਨ ਰਾਜ ਵੇਲੇ 4000 ਕਿ. ਮੀ. ਲੰਬੀਆਂ ਰੇਲਵੇ ਲਾਈਨਾਂ ਸਨ। ਗਣਰਾਜ ਬਣਨ ਪਿੱਛੋਂ ਇਥੇ ਰੇਲ ਪਟੜੀਆਂ ਦੀ ਉਸਾਰੀ ਉੱਤੇ ਕਾਫ਼ੀ ਪੈਸਾ ਖਰਚਿਆ ਗਿਆ। ਸਾਲ 1991 ਵਿਚ ਸਾਰੇ ਦੇਸ਼ ਵਿਚ ਰੇਲ-ਲਾਈਨਾਂ ਦੀ ਲੰਬਾਈ 8,429 ਕਿ.ਮੀ. ਸੀ। ਸੜਕਾਂ ਦਾ ਵੀ ਇਥੇ ਜਾਲ ਵਿਛਿਆ ਹੋਇਆ ਹੈ। ਸੰਨ 1991 ਵਿਚ ਇਥੇ 31,261 ਕਿ.ਮੀ. ਲੰਬੇ ਸਰਕਾਰੀ ਸ਼ਾਹਰਾਹ ਅਤੇ 27,960 ਕਿ. ਮੀ. ਪ੍ਰਾਂਤਕ ਸੜਕਾਂ ਸਨ। ਹਵਾਈ ਜਹਾਜ਼ਾਂ ਰਾਹੀਂ ਵੀ ਆਵਾਜਾਈ ਹੁੰਦੀ ਹੈ। ਇਸਤੰਬੋਲ ਅਤੇ ਅੰਕਾਰਾ ਵਿਚ ਦੋ ਅੰਤਰ-ਰਾਸ਼ਟਰੀ ਹਵਾਈ ਅੱਡੇ ਹਨ। ਇਨ੍ਹਾਂ ਤੋਂ ਇਲਾਵਾ 24 ਹੋਰ ਅੰਤਰ-ਦੇਸ਼ੀ ਹਵਾਈ ਅੱਡੇ ਹਨ।

ਸਮੁੰਦਰੀ ਆਵਾਜਾਈ ਲਈ ਬੰਦਰਗਾਹਾਂ ਵੀ ਉੱਨਤ ਕੀਤੀਆਂ ਗਈਆਂ ਹਨ। ਇਸਤੰਬੋਲ, ਇਜ਼ਮੀਰ, ਸਾਮਸੂਨ ਮੈਰਸੀਨ, ਇਸਕੈਨਡਾਰੂਨ ਅਤੇ ਟ੍ਰੈਬਜਾਨ ਇਥੋਂ ਦੀਆਂ ਵੱਡੀਆਂ ਬੰਦਰਗਾਹਾਂ ਹਨ ਜਿਨ੍ਹਾਂ ਰਾਹੀਂ ਢੋ-ਢੁਆਈ ਅਤੇ ਆਵਾਜਾਈ ਹੁੰਦੀ ਹੈ।

**ਵਪਾਰ** — ਇਸ ਦੇਸ਼ ਵਿਚੋਂ ਕਪੜਾ, ਧਾਤ ਦੀਆਂ ਚੀਜ਼ਾਂ, ਖਾਣ-ਪੀਣ ਦੀਆਂ ਚੀਜ਼ਾਂ, ਫਲ, ਖੱਲਾਂ ਅਤੇ ਚਮੜਾ, ਮਸ਼ੀਨਰੀ, ਪੈਟਰੋਲ ਦੇ ਉਤਪਾਦਨ, ਰਸਾਇਣਿਕ ਵਸਤਾਂ ਸ਼ੀਸ਼ਾ ਅਤੇ ਸਿਰੈਮਿਕ ਚੀਜ਼ਾਂ ਆਦਿ ਬਾਹਰ ਭੇਜੀਆਂ ਜਾਂਦੀਆਂ ਹਨ ਅਤੇ ਮਸ਼ੀਨਰੀ, ਰਸਾਇਣਿਕ ਵਸਤਾਂ, ਲੋਹਾ ਅਤੇ ਇਸਪਾਤ ਦੀਆਂ ਚੀਜ਼ਾਂ, ਬਿਜਲਈ ਵਸਤਾਂ, ਅਲੋਹ ਧਾਤਾਂ, ਬਨਸਪਤੀ ਤੇਲ, ਅਨਾਜ ਅਤੇ ਦਾਲਾਂ ਆਦਿ ਬਾਹਰੋਂ ਮੰਗਵਾਈਆਂ ਜਾਂਦੀਆਂ ਹਨ। ਇਥੋਂ ਦਾ ਵਧੇਰੇ ਵਪਾਰ ਈਰਾਨ, ਸਾਉਦੀ ਅਰਬ, ਫਰਾਂਸ, ਨੀਦਰਲੈਂਡਜ਼, ਜਰਮਨੀ, ਸੰਯੁਕਤ ਰਾਜ, ਬਰਤਾਨੀਆ ਅਤੇ ਇਟਲੀ ਨਾਲ ਹੁੰਦਾ ਹੈ।

## ਲੋਕ

ਤੁਰਕੀ ਯੂਰਪ ਅਤੇ ਏਸ਼ੀਆ ਮਹਾਂਦੀਪਾਂ ਵਿਚਕਾਰ ਸਥਿਤ ਹੈ। ਇਸ ਕਰਕੇ ਇਥੇ ਇਨ੍ਹਾਂ ਦੋਹਾਂ ਮਹਾਂਦੀਪਾਂ ਤੋਂ ਲੋਕ ਆਉਂਦੇ ਰਹੇ ਹਨ। ਪੱਛਮ ਅਤੇ ਪੂਰਬ ਵੱਲੋਂ ਵੀ ਲੋਕ ਇਧਰ ਆਏ ਸਨ। ਪੂਰਵ ਇਤਿਹਾਸਕ ਸਮਿਆਂ ਵਿਚ ਹਿਤੀ ਫਿਰਜੀਆਈ, ਯਹੂਦੀ ਮਕਦੂਨੀਆਈ ਅਤੇ ਤੁਰਕੀ ਲੋਕ ਇਥੇ ਆ ਕੇ ਵਸੇ। ਇਨ੍ਹਾਂ ਸਾਰਿਆਂ ਵਿਚੋਂ ਤੁਰਕੀ ਲੋਕਾਂ ਨੇ ਸਭ ਤੋਂ ਵੱਧ ਪ੍ਰਭਾਵ ਪਾਇਆ। ਇਨ੍ਹਾਂ ਦੇ ਇਥੇ ਆਉਣ ਨਾਲ ਇਕ ਰਲੀ-ਮਿਲੀ ਰੂਮ ਸਾਗਰੀ-ਮੰਗੋਲੀ ਮੂਲ ਦੀ ਨਸਲ ਦੀ ਉਤਪਤੀ ਹੋਈ। ਉਸਮਾਨ ਸਾਮਰਾਜ ਵੇਲੇ ਵੀ ਇਥੇ ਕਈ ਹੋਰ ਨਸਲਾਂ ਦਾ ਤੁਰਕੀ ਲੋਕਾਂ ਨਾਲ ਮੇਲ ਜੋਲ ਵੀ ਹੋਇਆ ਹੈ। ਇਸੇ ਕਰਕੇ ਸਾਧਾਰਨ ਤੁਰਕੀ ਦੀ ਪਛਾਣ ਕਰਨੀ ਔਖੀ ਹੈ। ਇਨ੍ਹਾਂ ਲੋਕਾਂ ਦੇ ਘੁੰਗਰਾਲੇ ਵਾਲ ਅਤੇ ਅੱਖਾਂ ਐਲਪਾਈਨ ਨਸਲ ਨਾਲ ਮੇਲ ਖਾਂਦੀਆਂ ਹਨ। ਚਿਹਰੇ ਦੀ ਬਣਤਰ ਮੰਗੋਲਾਂ ਵਰਗੀ ਹੈ।

ਸੰਨ 1993 ਵਿਚ ਇਸ ਦੇਸ਼ ਦੀ ਆਬਾਦੀ 59.87 ਮਿਲੀਅਨ ਸੀ। ਪਿਛਲੇ ਸਾਲਾਂ ਤੋਂ ਹੀ ਇਥੋਂ ਦੀ ਵਸੋਂ ਲਗਾਤਾਰ ਵੱਧਦੀ ਰਹੀ ਹੈ। ਜਨਮ ਦਰ ਵੀ ਇਸ ਦੇਸ਼ ਵਿਚ ਬਹੁਤ ਜ਼ਿਆਦਾ

ਹੈ। ਸਿਹਤ ਦੀਆਂ ਸਹੂਲਤਾਂ ਵਧਣ ਨਾਲ ਮੌਤ ਦਰ ਪਹਿਲਾਂ ਨਾਲੋਂ ਘਟ ਗਏ ਹਨ। ਜਨਮ ਦਰ 1000 ਪਿੱਛੇ 28 ਅਤੇ ਮੌਤ ਦਰ 1000 ਪਿੱਛੇ 6 (1991) ਹੈ।

ਵਸੋਂ ਦੀ ਵੰਡ ਸਾਰੇ ਦੇਸ਼ ਵਿਚ ਇਕੋ ਜਿੰਨੀ ਨਹੀਂ ਹੈ। ਕਿਤੇ ਵਸੋਂ ਜ਼ਿਆਦਾ ਹੈ ਅਤੇ ਕਿਤੇ ਬਹੁਤ ਘਟ ਹੈ। ਵਸੋਂ ਸ਼ਹਿਰਾਂ ਵਿਚ ਜ਼ਿਆਦਾ ਹੈ। ਕੁੱਲ ਵਸੋਂ ਦਾ 45 ਫੀਸਦੀ ਹਿੱਸਾ 10,000 ਤੋਂ ਵਧ ਵਸੋਂ ਵਾਲੇ ਸ਼ਹਿਰਾਂ ਵਿਚ ਰਹਿੰਦਾ ਹੈ। ਦੇਸ਼ ਦੇ ਪੱਛਮੀ ਅਤੇ ਉੱਤਰ-ਪੱਛਮੀ ਹਿੱਸਿਆਂ ਵਿਚ ਸ਼ਹਿਰੀ ਵਸੋਂ ਜ਼ਿਆਦਾ ਹੈ. ਮਾਰਮਰਾ ਸਾਗਰ ਅਤੇ ਪੱਛਮੀ ਸਾਹਿਲੀ ਖੇਤਰਾਂ ਵਿਚ ਵੱਡੇ ਸ਼ਹਿਰਾਂ ਦੀ ਗਿਣਤੀ ਜ਼ਿਆਦਾ ਹੈ। ਇਸਤੰਬੋਲ, ਅੰਕਾਰਾ, ਇਜ਼ਮੀਰ, ਅਡਾਨਾ, ਬੁਰਸਾ, ਗਾਜ਼ੀਆਨਟੈਪ ਇਥੋਂ ਦੇ ਵੱਡੇ ਸ਼ਹਿਰ ਹਨ।

**ਭਾਸ਼ਾ ਅਤੇ ਬੋਲੀ** — ਤੁਰਕੀ ਦੇ ਬਹੁਤੇ ਲੋਕ ਤੁਰਕ ਜਾਤੀ ਦੇ ਹਨ ਜਿਨ੍ਹਾਂ ਦੀ ਭਾਸ਼ਾ ਵੀ ਤੁਰਕੀ ਹੈ। ਇਸ ਭਾਸ਼ਾ ਵਿਚੋਂ ਅਰਬੀ ਅਤੇ ਫਾਰਸੀ ਦੇ ਮੁਹਾਵਰੇ ਅਤੇ ਸ਼ਬਦਾਂ ਨੂੰ ਕੱਢਕੇ ਇਨ੍ਹਾਂ ਨੇ ਆਪਣੀ ਭਾਸ਼ਾ ਵੱਖਰੀ ਜਿਹੀ ਕਰ ਲਈ ਹੈ। ਇਹ ਲੋਕ ਕੁਰਦ ਅਤੇ ਅਰਬੀ-ਕੁਰਦੀ ਭਾਸ਼ਾ ਬੋਲਦੇ ਹਨ। ਪੂਰਬੀ ਅਤੇ ਦੱਖਣ- ਪੂਰਬੀ ਖੇਤਰਾਂ ਦੇ ਪਿੰਡਾਂ ਵਿਚ ਵੀ ਕੁਰਦੀ ਭਾਸ਼ਾ ਪ੍ਰਚਲਤ ਹੈ। ਲਗਭਗ 1 ਫੀਸਦੀ ਲੋਕ ਅਰਬੀ ਵੀ ਬੋਲਦੇ ਹਨ। ਤੁਰਕੀ ਦੇ ਯਹੂਦੀ ਲੋਕ, ਜਿਹੜੇ ਸਪੇਨ ਤੋਂ ਇਥੇ ਆਏ ਸਨ, ਤੁਰਕੀ ਸ਼ਬਦਾਂ ਦੀ ਵਰਤੋਂ ਕਰਕੇ ਸਪੇਨੀ ਬੋਲਦੇ ਹਨ। ਇਥੋਂ ਦੇ ਵੱਡੇ-ਵੱਡੇ ਸ਼ਹਿਰਾਂ, ਪ੍ਰਮੁੱਖ ਤੌਰ ਤੇ ਇਸਤੰਬੋਲ ਵਿਚ ਬਹੁਤ ਹੀ ਛੋਟੇ ਛੋਟੇ ਗਰੁੱਪ ਯੂਨਾਨੀ, ਆਰਮੀਨੀਆ ਅਤੇ ਯਹੂਦੀ ਭਾਸ਼ਾ ਬੋਲਦੇ ਹਨ।

**ਧਰਮ** — ਇਸ ਦੇਸ਼ ਦੀ 99 ਫੀਸਦੀ ਆਬਾਦੀ ਤੁਰਕੀ ਮੁਸਲਮਾਨਾਂ ਦੀ ਹੈ। ਸੁੰਨੀ ਲੋਕਾਂ ਦੇ ਧਾਰਮਿਕ ਰਸਮੋ-ਰਿਵਾਜ ਵਧੇਰੇ ਭਾਰੂ ਹਨ ਪਰ 1961 ਈ. ਦੇ ਸੰਵਿਧਾਨ ਮੁਤਾਬਕ ਤੁਰਕੀ ਨੂੰ ਧਰਮ-ਨਿਰਪੱਖ ਗਣਰਾਜ ਕਰਾਰ ਦਿੱਤਾ ਗਿਆ ਹੈ ਜਿਸ ਅਨੁਸਾਰ ਕਿਸੇ ਇਕ ਧਰਮ-ਸਮੂਹ ਜਾਂ ਵਰਗ ਦਾ ਦੇਸ਼ ਉੱਤੇ ਪ੍ਰਭਾਵ ਨਹੀਂ ਹੈ। ਰਾਜਨੀਤੀ ਨੂੰ ਧਰਮ-ਨਿਰਪੱਖ ਰੱਖਿਆ ਹੋਇਆ ਹੈ।

**ਸਿੱਖਿਆ** — ਤੁਰਕੀ ਗਣਰਾਜ ਦੀ ਸਥਾਪਨਾ ਵੇਲੇ ਇਸ ਦੇਸ਼ ਵਿਚ ਪੜ੍ਹੇ ਲਿਖੇ ਲੋਕ ਸਿਰਫ 10 ਫੀਸਦੀ ਹੀ ਸਨ। ਪ੍ਰੈਜ਼ੀਡੈਂਟ ਅੱਤਾਤੁਰਕ ਨੇ ਆਪਣੇ ਪ੍ਰੋਗਰਾਮ ਵਿਚ ਸਿੱਖਿਆ ਉੱਤੇ ਕਾਫ਼ੀ ਜ਼ੋਰ ਦਿੱਤਾ। ਇਨ੍ਹਾਂ ਯਤਨਾਂ ਕਰਕੇ ਹੀ 1980 ਦੇ ਸਾਲਾਂ ਵਿਚ ਸਾਖਰਤਾ ਦੀ ਦਰ ਵਧ ਕੇ 65 ਫੀਸਦੀ ਤੱਕ ਪਹੁੰਚ ਗਈ। ਸ਼ੁਰੂ ਦੇ ਸਾਲਾਂ ਵਿਚ ਧਾਰਮਿਕ ਸਿਖਿਆ ਖ਼ਤਮ ਕਰ ਦਿੱਤੀ ਗਈ ਸੀ ਪਰ 1948 ਈ. ਵਿਚ ਪ੍ਰਾਇਮਰੀ ਸਕੂਲਾਂ ਵਿਚ ਧਾਰਮਿਕ ਸਿਖਿਆ ਮੁੜ ਸ਼ੁਰੂ ਕੀਤੀ ਗਈ। ਪ੍ਰਾਇਮਰੀ ਪੱਧਰ ਤੱਕ ਦੀ ਪੜ੍ਹਾਈ ਮੁਫ਼ਤ ਅਤੇ ਲਾਜ਼ਮੀ ਕੀਤੀ ਗਈ ਹੈ। ਇਥੇ ਤਕਨੀਕੀ ਅਤੇ ਅਧਿਆਪਨ ਸਿਖਲਾਈ ਸਕੂਲ ਵੀ ਹਨ। ਸੰਨ 1990-91 ਵਿਚ ਇਥੇ 29 ਯੂਨੀਵਰਸਿਟੀਆਂ ਅਤੇ 408 ਉੱਚ-ਵਿਦਿਅਕ ਸੰਸਥਾਵਾਂ ਸਨ। ਮੁਸਲਮਾਨ ਪਾਦਰੀਆਂ ਦੀ ਸਿਖਲਾਈ ਲਈ ਖ਼ਾਸ ਸਕੂਲ ਅਤੇ ਅੰਕਾਰਾ ਵਿਚ 'ਫੈਕਲਟੀ ਆਫ਼ ਥੀਆਲੋਜੀ' ਸਥਾਪਿਤ ਹੈ।

ਗ਼ੈਰ-ਮੁਸਲਿਮ ਲੋਕਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਪ੍ਰਾਈਵੇਟ ਸਕੂਲ ਸਥਾਪਿਤ ਕੀਤੇ ਹੋਏ ਹਨ। ਇਹ ਵੀ ਹੋਰਨਾਂ ਸਕੂਲਾਂ ਦੀ ਤਰ੍ਹਾਂ ਵਿਦਿਆ ਮੰਤਰਾਲੇ ਅਧੀਨ ਹਨ।

**ਸਿਹਤ** — ਸਿਹਤ ਦੀਆਂ ਸਹੂਲਤਾਂ ਵੀ ਇਥੇ ਮੁਹੱਈਆ ਹਨ। ਸੰਨ 1990 ਵਿਚ ਇਥੇ 150 ਸਿਹਤ ਕੇਂਦਰ ਸਥਾਪਿਤ ਹਨ।

**ਰਾਜ-ਪ੍ਰਬੰਧ**

ਇਹ 29 ਅਕਤੂਬਰ, 1923 ਨੂੰ ਇਕ ਗਣਰਾਜ ਬਣਿਆ। ਸੰਨ 1924 ਵਿਚ ਇਥੋਂ ਦਾ ਪਹਿਲਾ ਸੰਵਿਧਾਨ ਲਾਗੂ ਹੋਇਆ। ਉਸ ਸਮੇਂ ਗ੍ਰੈਂਡ ਨੈਸ਼ਨਲ ਅਸੈਂਬਲੀ ਸਥਾਪਿਤ ਕੀਤੀ ਗਈ। ਸੰਨ 1961 ਵਿਚ ਨਵਾਂ ਸੰਵਿਧਾਨ ਘੜਿਆ ਗਿਆ ਅਤੇ ਗਣਰਾਜੀ ਲੀਹਾਂ ਦੇ ਆਧਾਰ ਤੇ ਪ੍ਰਸ਼ਾਸਨ ਦੀ ਵਿਵਸਥਾ ਕੀਤੀ ਗਈ ਹੈ। ਗ੍ਰੈਂਡ ਨੈਸ਼ਨਲ ਅਸੈਂਬਲੀ ਦੇ ਹੇਠਲੇ ਸਦਨ, ਨੈਸ਼ਨਲ ਅਸੈਂਬਲੀ ਦੇ 450 ਮੈਂਬਰ ਅਤੇ ਸੈਨੇਟ ਦੇ 150 ਮੈਂਬਰ ਚੁਣੇ ਗਏ ਅਤੇ ਇਨ੍ਹਾਂ ਤੋਂ ਇਲਾਵਾ 15 ਮੈਂਬਰਾਂ ਦੀ ਪ੍ਰੈਜ਼ੀਡੈਂਟ ਨੇ ਨਾਮਜ਼ਦਗੀ ਵੀ ਕੀਤੀ। ਪ੍ਰੈਜ਼ੀਡੈਂਟ ਨੂੰ ਦੇਸ਼ ਦਾ ਮੁੱਖੀ ਮੰਨਿਆ ਗਿਆ ਹੈ। ਸੰਨ 1980 ਵਿਚ ਇਸ ਦੇਸ਼ ਦਾ ਪ੍ਰਸ਼ਾਸਨ ਫ਼ੌਜ ਨੇ ਸਾਂਭ ਲਿਆ। ਨੈਸ਼ਨਲ ਅਸੈਂਬਲੀ ਭੰਗ ਹੋ ਗਈ। 23 ਅਕਤੂਬਰ, 1981 ਨੂੰ ਨਵਾਂ ਸੰਵਿਧਾਨ ਘੜਨ ਲਈ, ਕਨਸਲਟੇਟਿਵ ਅਸੈਂਬਲੀ ਬਣਾਈ ਗਈ। ਅਸੈਂਬਲੀ ਨੇ ਆਪਣਾ ਕੰਮ ਅਕਤੂਬਰ, 1981 ਵਿਚ ਆਰੰਭ ਕੀਤਾ। 7 ਨਵੰਬਰ, 1982 ਦੇ ਦਿਨ ਇਸ ਸੰਵਿਧਾਨ ਨੂੰ ਲਾਗੂ ਕੀਤੇ ਜਾਣ ਦੇ ਹੱਕ ਵਿਚ ਫੈਸਲਾ ਹੋਇਆ। ਅੱਜਕੱਲ੍ਹ ਇਥੋਂ ਦੀ ਪਾਰਲੀਮੈਂਟ ਦਾ ਇਕੋ ਸਦਨ ਹੈ। ਹਰੇਕ 21 ਸਾਲ ਦੇ ਮਰਦ ਅਤੇ ਔਰਤ ਨੂੰ ਵੋਟ ਦਾ ਅਧਿਕਾਰ ਹੈ।

**ਰਾਜਸੀ ਪਾਰਟੀਆਂ** — ਸੰਨ 1923 ਵਿਚ ਇਸ ਦੇਸ਼ ਦੀ ਇਕ ਗਣਰਾਜ ਵਜੋਂ ਸਥਾਪਨਾ ਕਰਨ ਵੇਲੇ ਇਥੇ ਇਕੋ ਰਾਜਸੀ ਪਾਰਟੀ ਹੁੰਦੀ ਸੀ ਅਤੇ ਉਹੋ ਪਾਰਟੀ ਹੀ 1946 ਤੱਕ ਸਰਗਰਮ ਰਹੀ ਸੀ। ਇਸ ਪਿੱਛੋਂ ਕਈ ਹੋਰ ਰਾਜਸੀ ਪਾਰਟੀਆਂ ਵੀ ਰਾਜਨੀਤਿਕ ਪਿੜ ਵਿਚ ਦਾਖ਼ਲ ਹੋ ਗਈਆਂ। ਇਨ੍ਹਾਂ ਨੇ ਚੋਣਾਂ ਵੀ ਲੜੀਆਂ। ਇਨ੍ਹਾਂ ਦੀ ਦਖ਼ਲ-ਅੰਦਾਜ਼ੀ ਕਾਰਣ ਇਥੋਂ ਦੀ ਰਾਜਨੀਤੀ ਵਿਚ ਕਈ ਕਿਸਮ ਦੀਆਂ ਤਬਦੀਲੀਆਂ ਵੀ ਆਈਆਂ। ਅਕਤੂਬਰ, 1991 ਨੂੰ ਨੈਸ਼ਨਲ ਅਸੈਂਬਲੀ ਦੀਆਂ ਚੋਣਾਂ ਵਿਚ ਟਰੂ ਪਾਥ ਪਾਰਟੀ ਨੇ 178 ਸੀਟਾਂ ਜਿੱਤ ਕੇ ਬਹੁਮਤ ਪ੍ਰਾਪਤ ਕੀਤਾ। ਮਦਰਲੈਂਡ ਅਤੇ ਸ਼ੋਸ਼ਲ ਡੈਮੋਕ੍ਰੇਟਿਕ ਪਾਪੂਲਿਸਟ ਪਾਰਟੀਆਂ ਨੇ ਕ੍ਰਮਵਾਰ 115 ਅਤੇ 88 ਸੀਟਾਂ ਜਿੱਤੀਆਂ। ਇਨ੍ਹਾਂ ਤੋਂ ਇਲਾਵਾ ਪ੍ਰੋਸਪੈਰਿਟੀ ਪਾਰਟੀ ਨੇ 62 ਸੀਟਾਂ ਅਤੇ ਡੈਮੋਕ੍ਰੇਟਿਕ ਲੈਫਟ ਨੇ 7 ਸੀਟਾਂ ਪ੍ਰਾਪਤ ਕੀਤੀਆਂ।

**ਸਥਾਨਕ ਪ੍ਰਸ਼ਾਸਨ** — ਸਥਾਨਕ ਪ੍ਰਸ਼ਾਸਨ ਦੀ ਸਹੂਲਤ ਖਾਤਰ ਸਮੁੱਚੇ ਦੇਸ਼ ਨੂੰ 73 ਪ੍ਰਾਂਤਾਂ ਵਿਚ ਵੰਡਿਆ ਹੋਇਆ ਹੈ। ਪ੍ਰਾਂਤ ਅਗੋਂ ਡਿਸਟ੍ਰਿਕਟਾਂ ਵਿਚ ਅਤੇ ਡਿਸਟ੍ਰਿਕਟ ਅੱਗੋਂ ਕਮਿਊਨਾਂ ਵਿਚ ਵੰਡੇ ਹੋਏ ਹਨ।

ਸੰਨ 1930 ਦੇ ਮਿਉਂਸਪਲ ਕਾਨੂੰਨ ਅਨੁਸਾਰ ਔਰਤਾਂ ਵੀ ਚੋਣ ਲੜ ਸਕਦੀਆਂ ਹਨ।

**ਮਾਪ-ਤੋਲ ਪ੍ਰਣਾਲੀ** — 1 ਜਨਵਰੀ, 1934 ਤੋਂ ਇਥੇ ਮੀਟ੍ਰਿਕ ਪ੍ਰਣਾਲੀ ਲਾਗੂ ਹੈ।

**ਕਰੰਸੀ** — ਇਥੋਂ ਦੀ ਕਰੰਸੀ ਦਾ ਨਾਂ ਤੁਰਕੀ ਲੀਰਾ ਹੈ। ਇਕ ਲੀਰੇ ਵਿਚ 100 ਕਰੂਸ਼ ਹੁੰਦੇ ਹਨ। ਇਥੇ ਤੁਰਕੀ ਲੀਰਾ 50, 100 500, 1000 ਅਤੇ 2500 ਦੀ ਸਿੱਕਿਆਂ ਦੇ ਰੂਪ ਵਿਚ ਪ੍ਰਚਲਿਤ ਹਨ। ਇਸ ਦੇ ਨਾਲ ਹੀ ਲੀਰਾ 1,000; 5,000; 10,000 20,000; 50,000; 1,00,000 ਅਤੇ 2,50,000 ਮੁਲ ਦੇ ਨੋਟ ਵਿਚ ਵੀ ਪ੍ਰਚਲਿਤ ਹਨ। ਮਾਰਚ, 1993 ਵਿਚ ਇਕ ਅਮਰੀਕਨ ਡਾਲਰ 9071 ਲੀਰਿਆਂ ਦੇ ਬਰਾਬਰ ਅਤੇ ਇਕ ਪੌਂਡ 13, 06? ਲੀਰਿਆਂ ਦੇ ਬਰਾਬਰ ਸੀ।

**ਝੰਡਾ** — ਇਥੋਂ ਦੇ ਝੰਡੇ ਦਾ ਰੰਗ ਲਾਲ ਹੈ ਜਿਸ ਉਪਰ ਚਿੱਟੇ ਰੰਗ ਦਾ ਅੱਧਾ ਚੰਦ ਅਤੇ ਇਕ ਤਾਰਾ ਬਣਿਆ ਹੋਇਆ ਹੈ।

ਹ. ਪੁ.—ਐਨ. ਅਮੈ. 27 : 266 (1985), ਐਨ. ਬ੍ਰਿ. ਮਾ. 12:56 (1985); ਕੋਲ. ਐਨ. 18 : 577; ਐਨ. ਬ੍ਰਿ. 22 : 588; ਸਟੇ. ਯੀ. ਬੁਕ-1993-94 : 1296

**ਤੁਰਕੀ ਸੰਗੀਤ** : ਤੁਰਕੀ ਸੰਗੀਤ ਨੂੰ ਜਾਨੀਸਰੀ ਜਾਂ ਜਾਨੀਸ਼ਰੀ ਸੰਗੀਤ ਵੀ ਕਿਹਾ ਜਾਂਦਾ ਹੈ। ਸੰਖੇਪ ਤੌਰ ਤੇ ਇਹ ਤੁਰਕੀ ਫ਼ੌਜੀ ਸੰਗਠਨ ਦਾ ਸੰਗੀਤ ਹੈ, ਖ਼ਾਸ ਕਰਕੇ ਜਾਨੀਸਰੀਆਂ (ਤੁਰਕੀ ਦੇ ਸੁਲਤਾਨ ਦੇ ਅੰਗਪਾਲਾਂ ਦਾ ਇਕ ਸ੍ਰੇਸ਼ਟ ਸੈਨਿਕ ਦਲ) ਦਾ ਸੰਗੀਤ ਅਤੇ ਵਿਸਤ੍ਰਿਤ ਭਾਵ ਵਿਚ ਇਹ ਯੂਰਪੀਅਨ ਸੰਗੀਤ ਦਾ ਵਿਸ਼ੇਸ਼ ਖ਼ਜਾਨਾ ਹੈ ਜਿਸ ਦਾ ਫ਼ੌਜੀ ਪੱਖ ਜਾਨੀਸਰੀ ਸੰਗੀਤ ਦੇ ਸਚੇਤ ਅਨੁਕਰਣ ਤੋਂ ਉਤਪੰਨ ਹੋਇਆ ਹੈ। ਜਾਨੀਸਰੀ ਸੰਗੀਤ ਦੀ ਖ਼ਾਸੀਅਤ ਵਧੇਰੇ ਪ੍ਰਕਾਰ ਦੇ ਡਰੰਮ, ਢੋਲ, ਢੋਲਕੀਆਂ, ਗੰਭੀਰ ਧੁਨੀ ਵਾਲੇ ਡਰੰਮ, ਛੈਣਿਆਂ ਅਤੇ ਤਿਕੋਣੇ ਉਪਕਰਣਾਂ ਦੀ ਵਰਤੋਂ ਦਾ ਸੁਚੱਜਾ ਸੁਮੇਲ ਹੈ। ਇਹ ਸੰਗੀਤ ਸ਼ਾਇਦ ਪਹਿਲੀ ਵਾਰ 1720 ਈ. ਵਿਚ ਯੂਰਪ ਵਿਚ ਹੋਂਦ ਵਿਚ ਆਇਆ ਜਦੋਂ ਇਹ ਪੋਲੈਂਡ ਦੇ ਰਾਜਾ ਆਗਸਟੱਸ ਦੂਜੇ ਦੀ ਫ਼ੌਜ ਦੁਆਰਾ ਗ੍ਰਹਿਣ ਕੀਤਾ ਗਿਆ। ਇਸ ਦੇ ਜਾਨੀਸਰੀ ਰੰਗ ਬਿਰੰਗੇ ਸਾਜ਼ਾਂ ਦੀ ਅਨੂਠੀ ਛਣਕਾਰ ਦੀ ਸਾਰੇ ਯੂਰਪ ਵਿਚ ਵਿਆਪਕ ਵਰਤੋਂ ਕੀਤੀ ਗਈ ਜਿਥੇ ਇਹ ਫ਼ੌਜੀ ਪ੍ਰਦਰਸ਼ਨ ਦਾ ਇਕ ਅਨਿਖੜਵਾਂ ਹਿੱਸਾ ਬਣ ਗਿਆ। 18 ਵੀਂ ਸਦੀ ਦੌਰਾਨ ਇਹ ਕਦੀ ਕਦਾਈ ਆਪਣੇ ਵਚਿਤਰ ਰੰਗਾਂ ਕਰਕੇ ਓਪੇਰਾ ਸੰਗੀਤ ਰਚਨਾਵਾਂ ਵਿਚ ਵਰਤਿਆ ਗਿਆ ਜਿਵੇਂ ਕਿ Gluck, Le Recontre imprevue (1764) ਅਤੇ Mozart Die Entfuhrung aus dem serail (The Abduction from the seraglio (1782).

18 ਵੀਂ ਸਦੀ ਦੇ ਅੰਤ ਅਤੇ 19 ਵੀਂ ਸਦੀ ਦੇ ਸ਼ੁਰੂ ਵਿਚ ਤੁਰਕੀ ਫ਼ੌਜੀ ਰੰਗ ਢੰਗ ਦੀਆਂ ਤਰਜ਼ਾਂ ਦੀ ਨਿਰਛਲ ਨਕਲ ਦੀ ਲੋਕ ਪ੍ਰਿਯਤਾ ਥੋੜ੍ਹੇ ਚਿਰ ਲਈ ਸੀ। ਅਲਾ ਤੁਰਕਾ 'Ala turca' ਸ਼ੈਲੀ ਦੀਆਂ ਜਾਣੀਆਂ ਪਛਾਣੀਆਂ ਉਦਾਹਰਣਾਂ, ਹੇਡਨ ਦੀ ਮਿਲਟਰੀ ਸਿੰਫਨੀ (Haydn's Military Symphony) ਅੰਤਿਮ ਸੰਗੀਤ ਗਤੀ 1794 ਈ.; ਮੋਜ਼ਾਰਟ (Mozart) ਦੀ Piano Sonata in A Major, K, 331; ਬੀਥੋਵਨ (Beethoven) ਦੇ Die Ruinen von Athen, (The Ruins of Athens) "Froh, wie seine soneen fliegen 'ਬੀਥੋਵਨ ਦੇ ਸਿੰਫਨੀ ਨੰ. 9 ਤੋਂ ਹੈ। ਤੁਰਕੀ ਸ਼ੈਲੀ ਦੀ ਲੋਕਪ੍ਰਿਯਤਾ ਇਤਨੀ ਜ਼ਿਆਦਾ ਸੀ ਕਿ ਉਸ ਸਮੇਂ ਦੀਆਂ ਪਿਆਨੋ ਅਤੇ ਹਾਰਪਸੀਕਾਰਡਾਂ (ਇਕ ਪ੍ਰਕਾਰ ਦੀ ਪ੍ਰਾਚੀਨ ਵੀਣਾ) ਉਤੇ ਜਾਨੀਸਰੀ ਸੁਰ-ਪਰਿਵਰਤਨ ਦਿੱਤਾ ਗਿਆ ਸੀ ਜਿਸ ਨੇ ਅਸੀਮਿਤ ਤਾਰਤਾ (Pitch) ਦੀ ਆਘਾਤੀ ਸੰਗਤ ਨੂੰ ਜਨਮ ਦਿੱਤਾ। ਇਹ ਸ਼ਾਇਦ ਉਸੇ ਤੱਥ ਦਾ ਪ੍ਰਮਾਣ ਹੈ ਕਿ ਪਿਆਨੋਵਾਦਕ ਡੇਨੀਅਲ ਸਈਬੇਲਣ (1765-1823) ਨੇ ਆਪਣੀ ਪਤਨੀ ਜੇਕਿਫ ਡਫਲੀ। ਜੋ ਮਿਰਦੰਗ ਵਜਾਉਂਦੀ ਸੀ, ਦੀ ਅਕਸਰ ਸੰਗੀਤ ਵਾਦਨਾ ਵਿਚ ਸੰਗਤ ਕੀਤੀ।

ਹ.ਪੁ.—ਐਨ. ਬ੍ਰਿ. ਮਾ. 10 : 197

**ਤੁਰਕੀ ਸਾਹਿਤ** : ਤੁਰਕੀ ਲੋਕਾਂ ਦਾ ਸਾਹਿਤ ਚੀਨੀ ਹਵਾਲਿਆਂ ਅਨੁਸਾਰ ਦੂਜੀ ਸਦੀ ਈ. ਪੂ. ਤੋਂ ਹੋਂਦ ਵਿਚ ਆਇਆ। ਤੁਰਕੀ ਭਾਸ਼ਾ ਵਿਚ ਲਿਖੇ ਗਏ ਉੱਤਰੀ ਮੰਗੋਲੀਆ ਵਿਚ ਅੱਠਵੀਂ ਸਦੀ ਦੇ ਓਰਖਨ (Orkhan) ਸ਼ਿਲਾਲੇਖ ਤੁਰਕੀ ਸਾਹਿਤ ਦੀ ਸਭ ਤੋਂ ਮੁਢਲੀ ਰਚਨਾ ਹੈ। ਉਘਰ (Uighar) ਉਪ-ਬੋਲੀ ਵਿਚ ਲਿਖਿਆ. ਤੁਰਕੀ ਸਾਹਿਤ ਦਾ ਬਹੁਤ ਸਾਰਾ ਹਿੱਸਾ ਤੁਰਕਿਸਤਾਨ ਵਿਚੋਂ ਮਿਲਿਆ ਹੈ, ਇਹ ਸਾਹਿਤ ਮੁੱਖ ਤੌਰ ਤੇ ਬੁੱਧ ਧਰਮ ਦੇ ਪਾਠਾਂ (Texts) ਨਾਲ ਸਬੰਧਿਤ ਸੀ। 11ਵੀਂ ਸਦੀ ਤੋਂ ਮਗਰੋਂ ਕੈਸ਼ਗੈਰ (Kashgar) ਵਿਚ ਇਸਲਾਮਿਕ ਸਭਿਆਚਾਰ ਦਾ ਬੋਲ-ਬਾਲਾ ਰਿਹਾ। ਇਸ ਸਦੀ ਦੀਆਂ ਦੋ ਮਹੱਤਵਪੂਰਨ ਰਚਨਾਵਾਂ ਕੁਟੈਡਗੂ ਬਿਲਿਕ (Kutadgu Bilik 1069-70) ਅਤੇ ਦੀਵਾਨੂ ਲੁਘਾਤੀ 'ਤ-ਤੁਰਕ' (Divanu lughati-t Turk—1071) ਮਿਲਦੀਆਂ ਹਨ। 'ਦੀਵਾਨੂ ਲੁਘਾਤੀ ਤ-ਤੁਰਕ' ਪੁਸਤਕ ਤੁਰਕੀ ਭਾਸ਼ਾ ਦਾ ਕੋਸ਼ ਹੈ ਜਿਸ ਵਿਚ ਤੁਰਕੀ ਭਾਸ਼ਾ ਦੇ ਸ਼ਬਦਾਂ ਦੀ ਗੀਤਾਂ ਅਤੇ ਅਖਾਣਾਂ ਵਿਚੋਂ ਟੂਕਾਂ ਲੈ ਕੇ ਅਰਬੀ ਭਾਸ਼ਾ ਵਿਚ ਵਿਆਖਿਆ ਕੀਤੀ ਗਈ ਹੈ।

11ਵੀਂ ਸਦੀ ਤੋਂ ਬਾਅਦ ਤੁਰਕੀ ਸਾਹਿਤ ਆਪਣੇ ਤੌਰ ਤੇ ਦੋ ਮੁੱਖ ਭਾਸ਼ਾ ਵਿਗਿਆਨਕ ਸ਼ਾਖਾਵਾਂ ਪੂਰਬੀ ਅਤੇ ਪੱਛਮੀ ਭਾਸ਼ਾਵਾਂ ਵਿਚ ਵਿਕਸਿਤ ਹੋਇਆ। ਪੂਰਬੀ ਭਾਸ਼ਾਵਾਂ ਵਿਚ ਸਰਲ ਸਾਹਿਤਕ ਭਾਸ਼ਾ ਵਿਚ ਚਾਗਤਾਈ ਸਾਹਿਤ ਲਿਖਿਆ ਗਿਆ। ਇਸ ਸਾਹਿਤ ਦੀ ਰਚਨਾ ਬਹੁਤ ਸਦੀਆਂ ਤਕ ਕੀਤੀ ਗਈ। ਇਹ ਸਾਹਿਤ ਉਜ਼ਬੇਕ ਅਤੇ ਤਾਤਾਰਜ਼ ਵਿਚ ਰਚਿਆ ਗਿਆ। ਤੁਰਕੀ ਸਾਹਿਤ ਦੀ ਦੂਜੀ ਪ੍ਰਮੁੱਖ ਸ਼ਾਖਾ ਪੱਛਮੀ ਸਾਹਿਤ ਅਰਥਾਤ ਉਸਮਾਨੀ (Ottoman) ਸਾਹਿਤ ਹੈ। ਇਹ ਸਾਹਿਤ ਅਜ਼ਰਬੇਜਨ (Azerbaijan) ਉਪਬੋਲੀ ਵਿਚ ਲਿਖਿਆ ਤੁਰਕਾਂ ਦਾ ਸਾਹਿਤ ਹੈ।

### ਚਾਗਤਾਈ ਸਾਹਿਤ

ਤੁਰਕੀ ਬੋਲੀ ਪੱਛਮੀ ਤੁਰਕਿਸਤਾਨ, ਟਰਾਂਸਆੱਕਸੀਆਨਾ (Transoxiana), ਕਾਰੀਜ਼ਮ ਅਤੇ ਹੈਰਾਤ ਦੀ ਲਿਪੀ ਸੀ ਜਿਹੜੀ ਮੁਗਲਾਂ ਦੀ ਅਦਾਲਤੀ ਭਾਸ਼ਾ ਸੀ ਅਤੇ ਉਹਨਾਂ ਦੇ ਨਾਲ ਹੀ ਇਹ ਭਾਰਤ ਆ ਗਈ। ਪੰਦਰ੍ਹਵੀਂ ਸਦੀ ਵਿਚ ਹੈਰਾਤ ਵਿਖੇ ਬਹੁਤ ਵਧੀਆ ਕਲਾਸਕੀ ਸਾਹਿਤ ਦਾ ਤਿਮੂਰਿਦ ਸੁਲਤਾਨ ਹੁਸੈਨ ਬੈਕਾਰਾਂ ਦੀ ਅਗਵਾਈ ਹੇਠ ਵਿਕਾਸ ਹੋਇਆ। ਇਸ ਸਾਹਿਤ ਵਿਚ ਵਿਲੱਖਣ ਸ਼ਖ਼ਸੀਅਤ ਵਾਲਾ ਵਿਅਕਤੀ ਅਲੀਸ਼ਿਰ ਨਵੇਆਈ (Alishir Nevayi) ਸੀ। ਇਹ ਅਪਣੇ ਸਮੇਂ ਦਾ ਬਹੁਤ ਵਧੀਆ ਕਵੀ ਸੀ। ਇਸਨੇ ਚਾਰ ਦੀਵਾਨ ਲਿਖੇ, ਕਈ ਪ੍ਰੀਤ ਕਵਿਤਾਵਾਂ ਅਤੇ ਵਾਰਤਕ ਵਿਚ ਖੋਜ ਨਿਬੰਧ ਲਿਖੇ। ਤੁਰਕੀ ਸਾਹਿਤ ਦਾ ਪੂਰਬੀ ਅਤੇ ਪੱਛਮੀ ਕਲਾਸਕੀਵਾਦ ਤੇ ਕਾਫ਼ੀ ਪ੍ਰਭਾਵ ਸੀ। ਇਸ ਸਾਹਿਤ ਵਿਚ ਸਭ ਤੋਂ ਵਧੇਰੇ ਰੁਚੀ ਰੱਖਣ ਵਾਲੀ ਸਵੈ-ਜੀਵਨੀ ਬਾਬਰ ਦੀ ਹੈ। ਇਸ ਵਿਚ ਬਾਬਰ ਦੇ ਸਾਹਸੀ ਜੀਵਨ ਦੀ ਵਧੀਆ ਤਸਵੀਰ ਪੇਸ਼ ਕੀਤੀ ਗਈ ਹੈ ਅਤੇ ਅਜਿਹੇ ਗੁਣ ਵਾਲੇ ਵਿਅਕਤੀ ਦੀ ਸ਼ਖ਼ਸੀਅਤ ਬਾਰੇ ਇਸਲਾਮਿਕ ਸਾਹਿਤ ਵਿਚ ਘੱਟ ਹੀ ਵਰਣਨ ਮਿਲਦਾ ਹੈ।

### ਪੱਛਮੀ (ਉਸਮਾਨੀ) ਸਾਹਿਤ

ਇਹ ਸਾਹਿਤ 1200 ਤੋਂ 1250 ਈ. ਦੇ ਵਿਚਕਾਰ ਉਸਮਾਨ ਰਾਜ ਦਾ ਨੀਂਹ ਪੱਥਰ ਰੱਖਣ ਤੋਂ ਪਹਿਲਾਂ ਸ਼ੁਰੂ ਹੋਇਆ। ਇਹ ਸਾਹਿਤ ਸ਼ਹਿਰੀ ਲੋਕਾਂ ਦੁਆਰਾ ਰਚਿਆ ਗਿਆ ਜਿਨ੍ਹਾਂ ਕੋਲ ਫਾਰਸੀ ਸਭਿਆਚਾਰ ਦੀ ਇਕ ਸ਼ਕਤੀਸ਼ਾਲੀ ਪਰੰਪਰਾ ਸੀ ਅਤੇ ਇਹ ਪੱਛਮੀ ਸਾਹਿਤ ਵੱਡੀ ਪੱਧਰ ਤੇ "ਦੇਸੀ" ਸਾਹਿਤ ਸੀ ਜਿਹੜਾ ਘੱਟ ਪੜ੍ਹੇ-ਲਿਖੇ ਲੋਕਾਂ ਦੀ ਜ਼ਰੂਰਤ ਨੂੰ ਪੂਰਿਆਂ ਕਰਨ ਲਈ ਵੀ ਲਿਖਿਆ ਗਿਆ ਸੀ। ਇਸ ਵਿਚ ਆਮ ਜਨਤਾ ਲਈ ਧਾਰਮਿਕ ਸਿਖਿਆਵਾਂ ਅਤੇ ਸੈਨਿਕ ਵਰਗ ਦੇ ਲੋਕਾਂ ਦੇ ਮਨੋਰੰਜਨ ਲਈ ਪ੍ਰੇਮ ਕਥਾਵਾਂ ਵੀ ਸ਼ਾਮਲ ਸਨ। ਇਹ ਕਥਾਵਾਂ ਜ਼ਿਆਦਾ ਫਾਰਸੀ ਤੋਂ ਲਈਆਂ ਗਈਆਂ ਸਨ ਇਸ ਦੇ ਨਾਲ ਨਾਲ ਇਨ੍ਹਾਂ ਵਿਚ ਮੌਲਿਕਤਾ ਵੀ ਹੈ। ਤੁਰਕੀ ਸਾਹਿਤ ਵਿਚ ਜ਼ਿਆਦਾ ਦਰਵੇਸ਼ ਕਵੀ ਸਨ, ਜਿਹਨਾਂ ਦਾ ਸੈਨਿਕ ਲੋਕਾਂ ਉਪਰ ਖ਼ਾਸ ਪ੍ਰਭਾਵ ਸੀ। ਇਹ ਪੱਛਮੀ ਯੂਰਪ ਦੇ ਸਾਹਿਤ ਦੇ ਮੁਕਾਬਲੇ ਤੇ ਮੱਧਕਾਲੀ ਸਾਹਿਤ ਸੀ। ਪੱਛਮੀ ਸਾਹਿਤ ਜ਼ਿਆਦਾ ਕਰਕੇ ਸ਼ਰਧਾਮਈ, ਧਾਰਮਿਕ, ਬੀਰ-ਰਸੀ ਵਾਲਾ ਅਤੇ ਉੱਤਮ ਵਿਸ਼ੇਸ਼ਤਾ ਰੱਖਣ ਵਾਲਾ ਸਾਹਿਤ ਸੀ।

## ਮੁੱਢਲਾ ਕਲਾਸਕੀ ਸਾਹਿਤ

ਇਹ ਸਾਹਿਤ ਜ਼ਿਆਦਾਤਰ 1400 ਈ. ਤੋਂ ਪਹਿਲਾਂ ਦਾ ਕਵਿਤਾ ਵਿਚ ਰਚਿਆ ਹੋਇਆ ਸਾਹਿਤ ਹੈ। ਇਸ ਵਿਚ ਦੋ ਤਰ੍ਹਾਂ ਦੀ ਤੁੱਕਬੰਦੀ ਕੀਤੀ ਗਈ ਹੈ। ਪਹਿਲਾ ਸਾਧਾਰਣ ਉਚਾਰ ਖੰਡ ਛੰਦ ਸ਼ਾਸ਼ਤਰ ਦਰਵੇਸ਼ ਕਵੀਆਂ ਦੁਆਰਾ ਵਰਤਿਆ ਗਿਆ ਅਤੇ ਫ਼ਾਰਸੀ ਗੁਣਾਂ ਵਾਲਾ ਛੰਦ ਸ਼ਾਸ਼ਤਰ ਵੀ ਇਥੇ ਪਾਇਆ ਜਾਂਦਾ ਸੀ। ਮੁੱਢਲਾ ਕਲਾਸਕੀ ਸਾਹਿਤ, ਜਿਹੜਾ ਮਾਤ੍ਰਿਕ ਛੰਦਾਂ ਵਿਚ ਉਪਲੱਬਧ ਹੈ, ਉਪਦੇਸ਼ਆਤਮਕ ਰੂਪ ਵਿਚ ਅਹਿਮਦ ਫਾਕੀਹ ਦੁਆਰਾ ਰਚਿਤ ਹੈ। ਯੂਸਫ ਜ਼ੁਲੈਖਾਂ ਦੀ ਪ੍ਰੇਮ ਕਹਾਣੀ ਸੱਯਦ ਹਮਜ਼ਾ ਦੁਆਰਾ ਲਿਖੀ ਗਈ ਹੈ ਅਤੇ ਕਈ ਕਵਿਤਾਵਾਂ ਦੀ ਰਚਨਾ ਸੁਲਤਾਨ ਵਲੀਦ ਦੁਆਰਾ ਹੋਈ ਹਨ। ਕੁਝ ਹੋਰ ਕਵਿਤਾਵਾਂ ਦੇਹਾਨੀ (Dehhani) ਦੁਆਰਾ 1300 ਤੋਂ ਪਹਿਲਾਂ ਦੀਆਂ ਰਚੀਆਂ ਗਈਆਂ ਹਨ। ਇਸ ਤੋਂ ਬਾਅਦ ਮਹਾਨ ਤੁਰਕੀ ਕਵੀ, ਦਰਵੇਸ਼ ਯੂਨਸ ਐਮਰੀ ਸੀ, ਇਸਨੇ ਰਾਸ਼ਟਰੀ ਚੇਤਨਾ ਭਰਪੂਰ ਕਵਿਤਾਵਾਂ ਲਿਖੀਆਂ। ਇਸ ਦੀਆਂ ਕਵਿਤਾਵਾਂ ਬੜੀਆਂ ਭਾਵੁਕ ਅਤੇ ਦਿਲ ਨੂੰ ਹਿਲਾ ਦੇਣ ਵਾਲੀਆਂ ਸਨ। ਇਹ ਕਵਿਤਾਵਾਂ ਅਜੋਕੇ ਸਮੇਂ ਤੱਕ ਪ੍ਰੇਰਨਾ ਦਾ ਸੋਮਾ ਰਹੀਆਂ ਹਨ। ਇਸ ਸਮੇਂ ਦਾ ਹੋਰ ਕੰਮ ਮੰਨਟੀਕੂਟ-ਟਾਇਰ (Mantikut-tayr) (ਪੰਛੀਆਂ ਦੀ ਬੋਲੀ) ਗੁਲਸ਼ੇਹਰੀ (Gulshehri) ਦੁਆਰਾ 1317 ਵਿਚ ਰਚੀ ਗਈ ਪੁਸਤਕ ਹੈ ਅਤੇ 'ਆਸ਼ਿਕ ਪਾਸ਼ਾ' ਦਾ 'ਗਰੀਬਨਾਮਾ' ਵੀ ਮਹੱਤਵਪੂਰਨ ਹੈ। ਇਹ ਦੋਵੇਂ ਪੁਸਤਕਾਂ ਸਿਖਿਆਦਾਇਕ ਪੁਸਤਕਾਂ ਹਨ। ਚੌਦਵੀਂ ਸਦੀ ਦੇ ਅਖੀਰ ਤੱਕ ਮਨੋਰੰਜਨ ਸਾਹਿਤ ਦੀ ਤਰੱਕੀ ਨੂੰ ਭਲੀ-ਭਾਂਤ ਦੇਖਿਆ ਜਾ ਸਕਦਾ ਹੈ। ਇਸ ਸਾਹਿਤ ਵਿਚ 'ਸੁਹੇਲ' (Suheyl) ਅਤੇ 'ਨਵਬਹਾਰ' ਮੈਸ-ਉਦ (Mesud) ਦੁਆਰਾ ਰਚੀਆਂ ਗਈਆਂ ਮਨੋਰੰਜਨ ਭਰਪੂਰ ਪੁਸਤਕਾਂ ਹਨ। ਮੁੱਢਲੇ ਕਲਾਸਕੀ ਸਾਹਿਤ ਵਿਚ ਅਹਿਮਦੀ ਦੁਆਰਾ 1390 ਈ. ਵਿਚ ਰਚਿਤ ਇਸਕੰਦਰਨਾਮਾ (Iskendernama) ਅਤੇ ਹੇਠਲੀ ਪੱਧਰ ਦੀ ਰਚਨਾ 'ਮਕਤਿਲ-ਏ-ਹੁਸੈਨ' ਦੀ ਰਚਨਾ ਮਿਲਦੀ ਹੈ, ਜੋ 1368 ਈ. ਵਿਚ ਹੁਸੈਨ ਦੀ ਸ਼ਹੀਦੀ ਬਾਬਤ ਰਚੀ ਗਈ ਹੈ। 1400 ਈ. ਦੇ ਕਰੀਬ ਸੁਲੇਮਾਨ ਚਲੇਬੀ (Suleyman Chelbi) ਦੀ ਮਸ਼ਹੂਰ ਪੁਸਤਕ ਮੇਵਲਿਦ (Mevlid) ਹੈ ਜੋ ਪੈਗ਼ੰਬਰ ਦੀ ਪ੍ਰਸ਼ੰਸਾ ਵਿਚ ਲਿਖੀ ਗਈ ਹੈ। ਇਹ ਤੁਰਕਾਂ ਦਾ ਸਾਂਭਿਆ ਹੋਇਆ ਇਕ ਮੁੱਖ ਰੱਬੀ ਖਜ਼ਾਨਾ ਹੈ ਜਿਸ ਵਿਚ 15ਵੀਂ ਸਦੀ ਦੀਆਂ ਨਸੀਮੀ ਅਤੇ ਅਹਿਮਦ-ਏ-ਦਾਈ ਦੀਆਂ ਮਹੱਤਵਪੂਰਨ ਕਵਿਤਾਵਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਮੱਧਕਾਲੀ ਵਾਰਤਕ ਦੀ ਸ਼ੁਰੂਆਤ 14ਵੀਂ ਸਦੀ ਵਿਚ ਹੋਈ ਪਰੰਤੂ ਚਿਰਸਥਾਈ ਰਹਿਣ ਵਾਲਾ ਸਾਹਿਤ 15ਵੀਂ ਸਦੀ ਵਿਚ ਸ਼ੁਰੂ ਹੁੰਦਾ ਹੈ। ਇਸ ਸਾਹਿਤ ਦੀ ਭਾਸ਼ਾ ਸਰਲ ਅਤੇ ਆਮ ਬੋਲੀ ਦੇ ਨੇੜੇ ਅਤੇ ਮਨੋਰੰਜਨ ਵਾਲੀ ਹੈ। ਇਸਦੀ ਬਹੁਤਾ ਸਾਹਿਤ ਧਾਰਮਕ ਰੰਗਣ ਵਾਲਾ ਹੈ। ਮਿਸਾਲ ਦੇ ਤੌਰ ਤੇ ਅਸੀਂ ਇਸ ਵਿਚੋਂ ਮੁਜੀਕੀ-ਊਨ-ਨੁਫੂਸ (ਆਤਮਾ ਨੂੰ ਪਵਿੱਤਰ ਕਰਨ ਵਾਲੀ) ਵੇਖ ਸਕਦੇ ਹਾਂ ਜੋ ਅਸ਼ਰਫ਼-ਉਘਲੂ (Eshref-oghlu) ਦੁਆਰਾ 15ਵੀਂ ਸਦੀ ਵਿਚ ਰਚੀ ਗਈ ਹੈ। ਇਹ ਪੁਸਤਕ ਕਲਪਨਾਤਮਕ ਹੈ ਅਤੇ ਤੀਖਣ ਭਾਸ਼ਾ ਵਿਚ ਲਿਖੀ ਭੇਦ ਭਰੀਆ ਸਿਖਿਆਵਾਂ ਨਾਲ ਸਬੰਧਤ ਹੈ। ਇਸ ਸਮੇਂ ਦੇ ਬਿਰਤਾਂਤਕ ਸਾਹਿਤ ਵਿਚ ਕਈ ਗਾਥਾਵਾਂ ਵੀ ਹੋਂਦ ਵਿਚ ਆਈਆਂ। ਇਨ੍ਹਾਂ ਵਿਚੋਂ ਕਿਰਕ ਵਜ਼ੀਰ (Kirk Vezir) ਮਹੱਤਵਪੂਰਨ ਪੁਸਤਕ ਹੈ। ਇਸ ਤੋਂ ਇਲਾਵਾ ਅਲੀ ਨਾਲ ਸਬੰਧਤ ਸ਼ਾਹਨਾਮਾ, ਸਿਕੰਦਰ ਨਾਲ ਸਬੰਧਤ ਦੰਦ ਕਥਾਵਾਂ ਅਤੇ ਭੂਤਾਂ-ਪ੍ਰੇਤਾਂ ਅਤੇ ਬਦਰੂਹਾਂ ਨਾਲ ਸਬੰਧਤ ਕਥਾਵਾਂ ਸ਼ਾਮਲ ਹਨ। 15ਵੀਂ ਸਦੀ ਵਿਚ ਬੁੱਧੀਜੀਵੀਆਂ ਨੇ ਸਾਹਿਤ ਵੱਲ ਧਿਆਨ ਦਿੱਤਾ, ਜਿਨ੍ਹਾਂ ਵਿਚ ਅਹਿਮਦ ਬਾਈ ਜਾਨ ਦੀਆਂ ਵਿਸ਼ਵਕੋਸ਼ ਲਈ ਲਿਖੀਆਂ ਰਚਨਾਵਾਂ ਅਤੇ ਆਸ਼ਿਕਪਾਸੇਜ਼ਾਦਾ ਦੀ ਪਹਿਲੀ ਵਾਰਤਕ ਵਿਚ ਲਿਖਿਆ ਇਤਿਹਾਸ, ਮਹੱਤਵਪੂਰਨ ਰਚਨਾਵਾਂ ਹਨ।

ਤੁਰਕੀ ਸਾਹਿਤ ਵਿਚ ਵਾਰਤਕ ਦਾ ਇਕ ਹੋਰ ਮਹੱਤਵਪੂਰਨ ਕੰਮ ਇਸ ਸਮੇਂ ਵੇਖਣ ਨੂੰ ਮਿਲਦਾ ਹੈ ਜਿਸਦਾ ਨਾਮ 'ਬੁਕ ਆਫ਼ ਦੀਦ ਕਾਰਕੁਦ' ਹੈ। ਇਹ ਇਕ ਅਜਿਹਾ ਕੰਮ ਹੈ ਜਿਸ ਦੀ ਸ਼ੁਰੂਆਤ ਕਬੀਲਿਆਂ ਦੇ ਰਸਮ ਰਿਵਾਜਾਂ ਤੋਂ ਹੋਈ। ਇਸ ਵਿਚ ਘੁਜ਼ (Ghuzz) ਦੀਆਂ ਬਾਰਾਂ ਦੰਦ ਕਥਾਵਾਂ ਵਾਰਤਕ ਰੂਪ ਵਿਚ ਹਨ। ਇਸ ਵਿਚ ਵਧੇਰੇ ਕਰਕੇ ਖਾਨਾਬਦੋਸ਼ਾਂ ਦੇ ਜੀਵਨ ਅਤੇ ਰਸਮਾਂ ਬਾਰੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ।

## ਕਲਾਸਕੀ ਸਾਹਿਤ ਦਾ ਵਿਕਾਸ

14ਵੀਂ ਅਤੇ 15ਵੀਂ ਸਦੀ ਵਿਚ ਤੁਰਕੀ ਸਾਹਿਤ ਆਪਣੀ ਪੂਰੀ ਸਿਖ਼ਰ ਤੇ ਸੀ ਅਤੇ ਇਸ ਵਿਚ ਸੰਗੀਤਕ ਗੁਣ ਵੀ ਪਾਏ ਜਾਂਦੇ ਸਨ। ਤੁਰਕੀ ਸਾਹਿਤ ਦਾ ਵਿਕਾਸ ਵਿਚ ਬੁਨਿਆਦੀ ਤੌਰ ਤੇ ਦੋ ਭਾਸ਼ਾ ਵਿਗਿਆਨਕ ਸਮਸਿਆਵਾਂ ਸਨ ਜਿਸਦੇ ਦੋ ਪੱਖ ਸਨ —ਕਵਿਤਾ ਦੀ ਤਕਨੀਕ ਅਤੇ ਸ਼ਬਦ ਚੋਣ।

14ਵੀਂ ਸਦੀ ਦੇ ਅੰਤ ਵਿਚ ਕਾਦੀ ਬੁਰਹਦੀਨ ਅਹਿਮਦੀ ਅਤੇ ਸਾਇਖੀ ਇਸ ਸਮੇਂ ਦੇ ਸਭ ਤੋਂ ਵਧੀਆ ਕਵੀ ਹੋਏ ਹਨ। ਸਾਇਖੀ ਨੇ ਉਪਰੋਕਤ ਤਕਨੀਕੀ ਸਮੱਸਿਆ ਸੁਲਝਾਉਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਆਪ ਨੂੰ ਪਰਸ਼ੀਅਨ ਸਕੂਲ ਦਾ ਮਾਸਟਰ ਅਖਵਾਇਆ। ਅਹਿਮਦਪਾਸ਼ਾ ਨੇ ਅਰਬੀ ਕਸੀਦਾ ਲਿਖਿਆ। ਉਸ ਨੇ ਲੋਕ ਭਾਸ਼ਾ ਵਿਚ ਕਵਿਤਾ ਦੀ ਵੀ ਰਚਨਾ ਕੀਤੀ। ਇਸ ਸਮੇਂ ਦੇ ਮਹੱਤਵਪੂਰਨ ਕਵੀਆਂ ਵਿਚੋਂ ਹਮਦੀ (Hamdi), ਆਹੀ (Ahi), ਮਸੀਹੀ (Meshihi) ਵੀ ਸਨ ਜਿਹਨਾਂ ਨੇ ਨਵੀਂ ਤਕਨੀਕ ਨਾਲ ਕਵਿਤਾ ਰਚ ਕੇ ਤੁਰਕੀ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

16ਵੀਂ ਸਦੀ ਵਿਚ ਵਧੀਆ ਕਲਾਸੀਕਲ ਸਾਹਿਤ ਦੀ ਰਚਨਾ ਹੋਈ। ਇਸ ਸਮੇਂ ਦੌਰਾਨ ਦੋ ਮਹੱਤਵਪੂਰਨ ਸਾਹਿਤਕਾਰ ਫਜ਼ੂਲੀ (Fazuli) ਅਤੇ ਬਾਕੀ (Baki) ਹੋਏ ਸਨ। ਫਜ਼ੂਲੀ ਨੇ ਉਤਜੇਨਾ ਭਰਪੂਰ ਅਤੇ ਰੁਮਾਂਟਿਕ ਕਵਿਤਾਵਾਂ ਲਿਖੀਆਂ। ਉਸਦੀਆਂ ਛੋਟੀਆਂ ਕਵਿਤਾਵਾਂ ਵਿਚੋਂ 'ਲੈਲਾ ਮਜਨੂੰ' ਮਹੱਤਵਪੂਰਨ ਹੈ। ਬਾਕੀ ਦੀ ਕਵਿਤਾ ਦੀ ਵਿਲੱਖਣਤਾ ਇਹ ਹੈ ਕਿ ਉਸਦੀਆਂ ਕਵਿਤਾਵਾਂ ਵਿਚ ਸੰਗੀਤਕ ਗੁਣ ਅਤੇ ਭਾਰੇ ਸੁਰ ਹਨ। ਜਿਸ ਕਰਕੇ ਉਸ ਵਿਚ ਆਰਕੈਸਟਰਾ ਦੇ ਸੰਗੀਤਕ ਗੁਣ ਵੀ ਪਾਏ ਜਾਂਦੇ ਹਨ।

16ਵੀ ਸਦੀ ਦੀ ਸਾਹਿਤ ਦੇ ਵਾਰਤਕ ਦੇ ਖੇਤਰ ਵਿਚ ਵੀ ਵਿਲਖੱਣਤਾ ਪਾਈ ਜਾਂਦੀ ਹੈ ਅਤੇ ਇਹ ਵਿਲਖੱਣਤਾ ਸਾਨੂੰ ਸੀਨਾਨ ਪਾਸ਼ਾ (Sinan Pasha) ਦੀ ਰਚਨਾ ਤਜ਼ਾਰੂ-ਅਤ (Tazarru-at) ਵਿਚ ਵੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਇਬਾਰਤਨਾਮਾ (Ibretnama) ਕਹਾਣੀਆਂ ਦੀ ਪੁਸਤਕ ਜੋ ਲਾਮੀ'ਈ (Lami'i) ਵਲੋਂ ਰਚੀ ਗਈ ਮਹਤੱਵਪੂਰਨ ਰਚਨਾ ਹੈ। ਇਸ ਸਮੇਂ ਦੀ ਸਭ ਤੋਂ ਮਹਤੱਵਪੂਰਨ ਰਚਨਾ ਸ਼ਿਕਾਇਤਨਾਮਾ (Shikayetnama) ਜੋ ਫਜ਼ੂਲੀ (Fuzuli) ਦੀ ਰਚਨਾ ਹੈ, ਮਹਤੱਵਪੂਰਨ ਪੁਸਤਕ ਹੈ। ਇਸ ਤਰ੍ਹਾਂ ਸੈਦੂਦੀਨ (Sadeddin) ਦੀ ਪੁਸਤਕ ਤੁਜਾਰਤ-ਤਵਾਰੀਕ (Tajurat-Tevarik) ਵੀ ਮਹਤੱਵਪੂਰਨ ਹੈ।

17ਵੀਂ ਸਦੀ ਦੇ ਵਿਚ ਵੀ ਕਈ ਮਹਤੱਵਪੂਰਨ ਲੇਖਕ ਹੋਏ ਹਨ ਜਿਹਨਾਂ ਵਿਚੋਂ ਵਿਆਸੀ (Veysi) ਅਤੇ ਨਰਗੀਸੀ (Nergisi) ਹੋਏ ਹਨ ਜਿਨ੍ਹਾਂ ਨੇ ਤੁੱਕਬੰਦੀ ਅਤੇ ਵਾਰਤਕ ਵਿਚ ਕਈ ਤਰ੍ਹਾਂ ਦੀਆਂ ਅਹਿਮ ਤਬਦੀਲੀਆਂ ਲਿਆਦੀਆਂ ਅਤੇ ਤੁਰਕੀ ਸਾਹਿਤ ਨੂੰ ਨਵਾਂ ਮੋੜ ਦਿੱਤਾ। ਇਸ ਸਮੇਂ ਦੀ ਸਭ ਤੋਂ ਵਧੀਆ ਲੇਖਣੀ ਵਾਲਾ ਕਵੀ

ਨੀਫ਼ੀ (Nifi') ਹੋਇਆ ਹੈ ਜਿਸ ਦਾ ਗੀਤ-ਕਾਵਿ ਸਭ ਤੋਂ ਮਹਤੱਵਪੂਰਨ ਰਚਨਾ ਹੈ ਪਰੰਤੂ ਗ਼ਜ਼ਲ ਦੇ ਖੇਤਰ ਵਿਚ ਉਹ ਦਰਮਿਆਨੀ ਲੇਖਣੀ ਦਾ ਕਵੀ ਸੀ। ਇਸ ਸਮੇਂ ਸਾਬਰੀ ਨੇ ਵੀ ਕੁਝ ਗਜ਼ਲਾਂ ਲਿਖੀਆਂ। ਅਗਲਾ ਸਭ ਤੋਂ ਵਧੀਆ ਕਵੀ ਨਦੀਮ ਹੋਇਆ ਹੈ ਜੋ ਅਹਿਮਦ III ਦੀ ਕੋਰਟ ਵਿਚ ਰਹਿੰਦਾ ਸੀ। ਇਸ ਨੇ ਗ਼ਜ਼ਲ ਦੇ ਖੇਤਰ ਵਿਚੋਂ ਜਾ ਚੁੱਕੀ ਰੌਸ਼ਨੀ ਅਤੇ ਨੇੜਤਾ ਨੂੰ ਵਾਪਿਸ ਲਿਆਂਦਾ ਸਤ੍ਹਾਰਵੀਂ ਸਦੀ ਦਾ ਇਹ ਸਭ ਤੋਂ ਵਧੀਆ ਕਲਾਸੀਕਲ ਕਵੀ ਕਿਹਾ ਜਾ ਸਕਦਾ ਹੈ। ਬਿਰਹਾ ਭਰਪੂਰ ਗੀਤਾਂ ਦਾ ਮਸ਼ਹੂਰ ਕਵੀ ਗਾਲਿਬ 18ਵੀਂ ਸਦੀ ਵਿਚ ਹੋਇਆ ਜਿਸ ਨੇ 'ਹੁਸਨੇ ਅਸ਼ਕ' (Husnu Ashk) ਲਿਖਿਆ। ਇਸ ਸਮੇਂ ਦੌਰਾਨ ਉਚੇਰੇ ਕਲਾਸੀਕਲ ਸਾਹਿਤ ਵਿਰੁੱਧ ਇਕ ਮਹੱਤਵਪੂਰਨ ਵਿਦਰੋਹ ਹੋਇਆ। ਸੰਨ 1631 ਵਿਚ ਕੁਚੂ ਬੇ (Kochu Bay) ਨੇ ਪੈਂਫਲਿਟ ਸ਼ੈਲੀ ਵਿਚ ਰਾਜਨੀਤਿਕ ਨਿਬੰਧ ਲਿਖਿਆ ਜਿਸਦੀ ਇਤਿਹਾਸਕਾਰ ਨੈਮਾ (Naima) ਨੇ ਬਹੁਤ ਵਧੀਆ ਰੂਪ ਵਿਚ ਨਕਲ ਕੀਤੀ।

ਇਸ ਤੋਂ ਇਲਾਵਾ ਹੋਰ ਵੀ ਤੁਰਕੀ ਸਾਹਿਤ ਹੋਂਦ ਵਿਚ ਆਇਆ ਜਿਸ ਨੂੰ ਅਜੀਰੀ ਤੁਰਕੀ ਸਾਹਿਤ ਕਿਹਾ ਜਾਂਦਾ ਹੈ। 14ਵੀਂ ਸਦੀ ਵਿਚ ਮਹਾਂਕਾਵਿ ਹੋਂਦ ਵਿਚ ਆਇਆ ਜਿਸ ਵਿਚ ਕਹਾਣੀਆਂ ਵੀ ਸਨ। ਇਸ ਮਹਾਂਕਾਵਿ ਦਾ ਨਾਂ 'ਦੀਵਾਨ' ਸੀ ਜੋ ਨਸੀਮੀ ਦੁਆਰਾ 1403 ਈ. ਵਿਚ ਰਚਿਆ ਗਿਆ। ਭੇਦ ਭਰੀਆਂ ਕਵਿਤਾਵਾਂ ਦਾ ਦੀਵਾਨ ਫਜ਼ੂਲੀ (Fuzuli) ਦੁਆਰਾ 1555 ਈ. ਵਿਚ ਰਚਿਆ ਗਿਆ। ਇਸ ਸਾਹਿਤ ਵਿਚ ਫਜ਼ੂਲੀ ਦਾ ਸਾਹਿਤ ਮਹੱਤਵਪੂਰਨ ਸੀ।

**ਉਸਮਾਨੀ ਸਾਹਿਤ** — ਉਸਮਾਨੀ ਸਾਹਿਤ ਵਿਚ ਹਿਕਲੀਰ ਪੁਸਤਕ (Hikayeler) ਨਸੀਰੁਦੀਨ ਹੋਜਾਂ ਦੁਆਰਾ 1284 ਈ. ਵਿਚ ਲਿਖੀ ਗਈ। ਇਕ ਦੀਵਾਨ ਯੌਨਸ ਐਮਰੀ (Yunas Emre) ਦੁਆਰਾ ਲਿਖਿਆ ਗਿਆ ਜਿਸ ਵਿਚ ਭੇਦ ਭਰੀਆਂ ਲੋਕਧਾਰਕ ਕਵਿਤਾਵਾਂ ਸਨ। ਮੀਵਾਲੁਤ (Mevlut) ਇਕ ਧਾਰਮਕ ਕਵਿਤਾ ਸੁਲੇਮਾਨ ਚਲੇਬੀ (Suleyman Chelebi) ਦੁਆਰਾ 1422 ਈ. ਵਿਚ ਲਿਖੀ ਗਈ। ਇਸੇ ਤਰ੍ਹਾਂ ਇਕ ਦੀਵਾਨੀ ਕਵਿਤਾ ਬਾਕੀ ਦੁਆਰਾ 1600 ਈ. ਵਿਚ; ਇਕ ਤਰਈਹ (Tarih) ਇਕ ਇਤਿਹਾਸਕ ਕੰਮ ਪੀਹੁਈ (Peehuyi) ਦੁਆਰਾ 1650 ਈ. ਵਿਚ 'ਕੇਸਫ-ਉਜ, ਜ਼ੁਨਨ' (Keshy-Uz-Zuman) ਪੁਸਤਕ ਸੂਚੀ ਦਾ ਕੰਮ ਕਾਟਿਪ-ਚਲੇਬੀ (Katip-Chelebi) ਦੁਆਰਾ 1655 ਈ. ਵਿਚ ਲਿਖਿਆ ਗਿਆ।

## ਆਧੁਨਿਕ ਕਾਲ (19ਵੀਂ ਅਤੇ 20ਵੀਂ ਸਦੀ)

ਇਸ ਸਮੇਂ ਦਾ ਸਾਹਿਤ ਆਪਣੀ ਵੱਖਰੀ ਹੋਂਦ ਦਰਸਾਉਂਦਾ ਪ੍ਰਤੀਤ ਹੁੰਦਾ ਹੈ। ਇਸ ਸਮੇਂ ਕਈ ਸਾਹਿਤ ਭਾਸ਼ਾਵਾਂ ਹੋਂਦ ਵਿਚ ਆਈਆਂ ਤੇ ਉਨ੍ਹਾਂ ਨੇ ਪੁਰਾਣੀਆਂ ਤਿੰਨਾਂ ਭਾਸ਼ਾਵਾਂ ਨਾਲ ਆਪਣੀ ਹੋਂਦ ਦਰਸਾਈ। ਇਸ ਸਮੇਂ ਸਾਹਿਤਕ ਖੇਤਰ ਵਿਚ ਨਵੀ ਤਰ੍ਹਾਂ ਦਾ ਇਨਕਲਾਬ ਆਇਆ ਅਤੇ ਸਭ ਤੋਂ ਪਹਿਲਾਂ ਸ਼ਿਨਆਸੀ ਇਫੈਂਦੀ (Shinasi Efendi) ਜੋ ਕਿ ਕਵੀ ਅਤੇ ਪੱਤਰਕਾਰ ਸੀ, ਨੇ ਤਨਜ਼ੀਮਤ (Tanzimat) ਨਾਂ ਦੀ ਪੁਸਤਕ ਦਾ ਫ਼ਾਰਸੀ ਭਾਸ਼ਾ ਤੋਂ ਤੁਰਕੀ ਵਿਚ ਅਨੁਵਾਦ ਕੀਤਾ। ਇਸ ਦੇ ਕਈ ਹੋਰ ਸਾਥੀ ਵੀ ਸਨ ਜਿਨ੍ਹਾਂ ਨੇ ਨਾਵਲ ਅਤੇ ਨਾਟਕ ਦੇ ਖੇਤਰ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਲਿਆ ਕੇ ਇਨਕਲਾਬ ਲਿਆਂਦਾ। ਪਹਿਲਾ ਨਾਟਕ ਜੋ ਅਸਲ ਵਿਚ ਖੇਡਿਆ 'ਵਤਨ' (Fatherland) ਸੀ ਜੋ ਕੇਮਲ ਦੁਆਰਾ 1873 ਈ. ਵਿਚ ਲਿਖਿਆ ਗਿਆ ਸੀ। ਪਹਿਲਾ ਪੂਰਾ ਨਾਵਲ ਅਹਿਮਦ ਮੀਦਾਹਤ (Ahmed Middhat's) ਦਾ 'ਹਸਨ ਮੀਲੀਹ' (Hasan Mellah) ਸੀ ਜੋ 1875 ਈ. ਵਿਚ ਲਿਖਿਆ ਗਿਆ।

ਮੁੱਢਲਾ ਪੱਛਮੀ ਸਾਹਿਤ ਰੁਮਾਂਸਵਾਦੀ ਸੀ। ਅਹਿਮਦ ਮੀਦਾਹਤ ਦਾ ਨਾਵਲ 'ਹਸਨ ਮੀਲੀਹ' ਭਾਵੇਂ ਬਹੁਤ ਪ੍ਰਸਿੱਧ ਹੋਇਆ ਪਰ ਕੇਮਲ ਦਾ ਨਾਵਲ 'ਇਨਤੀਬਾਹ' (Intibah) ਅਤੇ 'ਫ਼ੈਜਮੀ' (Fezmi) ਜੋ ਕ੍ਰਮਵਾਰ 1876 ਅਤੇ 1880 ਈ. ਵਿਚ ਲਿਖੇ ਗਏ ਅਹਿਮਦ ਦੇ ਨਾਵਲ ਦੇ ਮੁਕਾਬਲੇ ਤੇ ਹਨ। ਇਸੇ ਹੀ ਦੌਰ ਦੀ ਮੰਨੀ ਪ੍ਰਮੰਨੀ ਸ਼ਖ਼ਸੀਅਤ ਅਬਦੁਲ ਹੱਕ ਹਮੀਦ ਸੀ। ਉਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਮੈਕਬਰ (Makber) ਹੈ ਜੋ 1885 ਈ. ਵਿਚ ਲਿਖਿਆ ਗਿਆ। ਉਸਨੇ ਵਾਰਤਕ ਵਿਚ ਨਾਟਕ ਵੀ ਲਿਖੇ, ਜਿਹਨਾਂ ਵਿਚੋਂ ਇਕ ਨਾਟਕ 'ਦੋਹਤਰ-ਐ-ਹਿੰਦੂ' (Duhter-i-Hindu) (The Indian maid) 1875 ਈ. ਵਿਚ ਲਿਖਿਆ ਗਿਆ।

ਸਰਵਤ-ਏ-ਫੁਨਨ (Servet-i-Funun) ਨਾਂ ਦਾ ਇਕ ਰਸਾਲਾ ਹੈ ਜੋ 1890 ਈ. ਵਿਚ ਪ੍ਰਕਾਸ਼ਿਤ ਹੋਇਆ ਜਿਸ ਨੂੰ ਪ੍ਰਗਤੀਵਾਦੀ ਲੇਖਕਾਂ ਨੇ ਕੱਢਿਆ। ਇਸ ਸਮੇਂ ਦੌਰਾਨ ਤਵਫਿਕ ਫਿਕਰਤ (Tevfik-Fikrat) ਵਿਦਵਾਨ, ਸਾਹਿਤਕਾਰ ਅਤੇ ਨਾਵਲ-ਕਾਰ 'ਹਾਲਦ ਜੀਆਂ' (Halid Ziya) ਨੇ ਸਾਹਿਤਕ ਖੇਤਰ ਵਿਚ ਬਹੁਤ ਮੱਲਾਂ ਮਾਰੀਆਂ। ਤਵਫਿਕ ਨੇ ਤੁਕਬੰਦੀ ਅਤੇ ਨਵੇ ਸ਼ਬਦ ਲਿਆ ਕੇ ਕਵਿਤਾ ਤੇ ਖੇਤਰ ਵਿਚ ਤਬਦੀਲੀ ਲਿਆਂਦੀ। ਹਾਲਦ ਜੀਆਂ ਤੁਰਕੀ ਸਾਹਿਤ ਵਿਚ ਪਹਿਲਾ ਪੱਛਮੀ ਨਾਵਲਕਾਰ ਸੀ ਜਿਸਦੇ ਨਾਵਲਾਂ ਦਾ ਕਥਾਨਕ ਬਿਆਨੀਆ ਅਤੇ ਮੰਨਣਯੋਗ ਹੈ। ਇਸ ਸਮੇਂ ਵਿਚ ਅਸੀ ਦੋ ਰੁਮਾਂਸਵਾਦੀ ਕਵੀਆਂ ਦਾ ਨਾਂ ਵੀ ਲੈ ਸਕਦੇ ਹੈ; ਇਹਨਾਂ ਵਿਚੋਂ ਜਨਾਬ ਸਹਾਬੀਦੀਨ (1870-1934) ਅਤੇ ਹੁਸੈਨ ਰਾਹਮੀ (Huseyin Rahmi) ਹੈ।

## 1908-40 ਦਾ ਸਮਾਂ

ਇਸ ਸਮੇਂ ਵਿਚ ਰਾਸ਼ਟਰਵਾਦੀ ਲਹਿਰ ਨੇ ਸਾਹਿਤ ਉਪਰ ਬਹੁਤ ਪ੍ਰਭਾਵ ਪਾਇਆ ਅਤੇ ਲੇਖਕਾਂ ਨੇ ਅਰਬੀ ਤੇ ਫ਼ਾਰਸੀ ਦੀ ਔਖੀ ਸ਼ਬਦਾਵਲੀ ਨੂੰ ਛੱਡ ਕੇ ਸਰਲ ਅਤੇ ਸਾਦੀ ਸ਼ਬਦਾਵਲੀ ਅਪਣਾਉਣੀ ਸ਼ੁਰੂ ਕੀਤੀ। ਇਸ ਸਮੇਂ ਦੌਰਾਨ ਪਹਿਲੀ ਵਾਰੀ ਸਭਿਅ ਸਾਹਿਤ ਤੋਂ ਲੋਕਾਂ ਨੂੰ ਜਾਣੂੰ ਕਰਵਾਇਆ ਗਿਆ ਜਿਸ ਦੇ ਸਿੱਟੇ ਵਜੋਂ ਵੱਡੀ ਪੱਧਰ ਤੇ ਸਾਹਿਤ ਲੋਕਾਂ ਵਲੋਂ ਪ੍ਰਵਾਨ ਕੀਤਾ ਜਾਣ ਲਗਾ। ਇਸ ਸਮੇਂ ਵਿਚ ਹੀ ਉਚਾਰਖੰਡੀ ਪਿੰਗਲ ਦੀ ਰਚਨਾ ਵੀ ਹੋ ਰਹੀ ਸੀ ਜਦੋਂ ਕਿ ਨਵੀਂ ਉਤਸੁਕਤਾ ਨਾਲ ਗੁਣਾਤਮਕ ਕਵਿਤਾ ਵੀ ਲਿਖੀ ਜਾ ਰਹੀ ਸੀ। ਇਸ ਸਮੇਂ ਦੌਰਾਨ ਮਹਤੱਵਪੂਰਨ ਕਵੀਆਂ ਵਿਚੋਂ ਮਹਿਮਦ ਅਕੀਫ (1878-1936), ਯਾਹੀਆ ਕਮਾਲ (1855-1960), ਫਾਰੂਕ ਨਫੀਜ਼ (1898), ਅਹਿਮਦ ਹਮੀਦੀ ਤਾਨਪਿਨਾਰ (1901-62), ਨਜੀਬ ਫਾਜ਼ਿਲ ਕਿਸਕੁਰੇਕ (1905), ਉਮੇਰ ਬੈਦਰਦੀਨ, ਸਾਲੀਹ ਜ਼ਕੀ ਐਕਟੇ ਅਤੇ ਨਜ਼ੀਮ ਹਿਕਮਤ ਸਨ।

ਇਸ ਹੀ ਸਮੇਂ ਦੌਰਾਨ ਨਾਵਲ ਅਤੇ ਮਿੰਨੀ ਕਹਾਣੀਆਂ ਨਾਲ ਸਬੰਧਤ ਸਾਹਿਤ ਵੀ ਲਿਖਿਆ ਜਾਣ ਲਗਾ। ਹਾਲੀਦੇ ਐਡਪ (Halide Edip) ਨੇ ਬਹੁਤ ਵਧੀਆ ਨਾਵਲ ਲਿਖੇ। ਉਸ ਦੇ ਨਾਵਲਾਂ ਵਿਚੋਂ 'ਹਨਦਾਨ' (Handan) (1912) ਅਤੇ ਸਨੀਕਲੀ ਬਕੱਲ (Sinekli Bakkal) (1936) ਪ੍ਰਮੁੱਖ ਹਨ। ਇਸ ਲੇਖਿਕਾ ਦੇ ਨਾਵਲਾਂ ਦੇ ਚਰਿਤੱਰ ਸਮਾਜਕ ਸਮੱਸਿਆਵਾ ਨੂੰ ਪੇਸ਼ ਕਰਦੇ ਨਜ਼ਰ ਆਉਂਦੇ ਹਨ। ਇਸ ਸਮੇਂ ਦਾ ਇਕ ਹੋਰ ਨਾਵਲਕਾਰ ਯਾਕਪ ਕਾਦਰੀ ਕਾਰੋਸਮਨੋਗਾਲੂ (Yakup Kadri Karaosmanoghlu) ਹੈ ਜਿਸਨੇ ਕਈ ਪੁਸਤਕਾਂ ਤੁਰਕੀ ਸਾਹਿਤ ਨੂੰ ਦਿੱਤੀਆਂ ਹਨ। ਮਹੱਤਵਪੂਰਨ ਨਾਵਲਕਾਰਾਂ ਦਾ ਲੀਡਰ ਕਹੇ ਜਾਣ ਵਾਲਾ ਨਾਵਲਕਾਰ ਰੀਸਤ ਨੂਰੀ ਗਿਨਟੀਕਨ (Reshat Nari Gintekin) ਹੈ ਜਿਸਦੇ ਨਾਵਲ ਚਲੀਕੁਸੂ (Chalikushu) ਦਾ 1922 ਈ. ਵਿਚ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਗਿਆ। ਮਿੰਨੀ ਕਹਾਣੀਆਂ ਦੇ ਲੇਖਕਾਂ ਵਿਚੋਂ ਉਮੇਰ

ਸੇਫੈਡੱਦੀਨ (Omer Seyfeddin), ਰਫ਼ੀਕ ਹਾਲਿਦ ਵਰਗੇ ਮਹਤੱਵਪੂਰਨ ਸਨ ਜਿਨ੍ਹਾਂ ਨੇ ਕਈ ਮਿੰਨੀ ਕਹਾਣੀਆਂ ਦੀਆਂ ਪੁਸਤਕਾਂ ਤੁਰਕੀ ਸਾਹਿਤ ਨੂੰ ਦਿੱਤੀਆਂ।

## 1940 ਤੋਂ ਬਾਅਦ ਦਾ ਸਾਹਿਤ

ਇਸ ਸਮੇਂ ਦੌਰਾਨ ਅਰਬੀ ਭਾਸ਼ਾ ਦੀ ਵਰਣਮਾਲਾ ਦੀ ਜਗ੍ਹਾ ਲਾਤੀਨੀ ਵਰਣਮਾਲਾ ਦੀ ਵਰਤੋਂ ਕੀਤੀ ਜਾਣ ਲਗੀ ਜਿਸ ਨਾਲ ਕਈ ਨਵੀਆਂ ਤਬਦੀਲੀਆਂ ਆਈਆਂ। ਇਸ ਸਮੇਂ ਦੌਰਾਨ ਕਈ ਨਵੇਂ ਲੇਖਕ ਮਾਹਮਤ ਮਕਲ (Mahmut Makal) ਨੇ ਬਿਜ਼ਮ ਕੋਏ (Bizim Koy); ਯਾਸਰ ਕੇਮਲ ਨੇ ਇਨਸੇ ਮਹਿਮਤ (Ince Mehmet) ਪੁਸਤਕਾਂ ਲਿਖੀਆਂ। ਇਸ ਸਮੇਂ ਦਾ ਸਭ ਤੋ ਮਹਤੱਵਪੂਰਨ ਕਵੀ ਉਰਹਾਨ ਵੈਲੀ ਕਾਨਿਕ (Orhan Veli Kanik) ਹੋਇਆ ਹੈ।

ਹ.ਪ.—ਚੈ.ਇੰ. 14:29; ਮ. ਕੋ-10, ਪੰ. 196

**ਤੁਰਗਨੇਵ, ਈਵਾਨ ਸਰਜੀਵਿਚ** : ਇਸ ਮਹਾਨ ਰੂਸੀ ਨਾਵਲਕਾਰ, ਕਵੀ ਤੇ ਨਾਟਕਕਾਰ ਜਿਸ ਨੂੰ ਹਾਸ-ਵਿਅੰਗ ਦੀ ਬਹੁਲਤਾ ਅਤੇ ਆਪਣੇ ਪਾਤਰਾਂ ਤੇ ਸਥਾਨਕ ਰੰਗਣ ਨੂੰ ਪੇਸ਼ ਕਰਨ ਵਿਚ ਕਮਾਲ ਹਾਸਲ ਸੀ, ਦਾ ਜਨਮ 9 ਨਵੰਬਰ, 1818 ਈ. ਨੂੰ ਓਰੈਲ (Orel) ਵਿਖੇ ਰਸਾਲੇ ਦੇ ਇਕ ਰਿਟਾਇਰਡ ਅਫ਼ਸਰ ਦੇ ਘਰ ਹੋਇਆ। ਇਸ ਦੀ ਮਾਂ ਬੜੀ ਅਮੀਰ ਸੀ। ਤੁਰਗਨੇਵ ਉਪਰ ਆਪਣੀ ਮਾਂ ਦੇ ਪ੍ਰਬਲ ਸੁਭਾਅ ਦਾ ਅਤੇ ਸਪਾਸਕੋਇ ਦੇ ਪੇਂਡੂ ਵਾਤਾਵਰਣ ਦਾ ਬਹੁਤ ਡੂੰਘਾ ਅਸਰ ਹੋਇਆ। ਸੰਨ 1822 ਵਿਚ ਇਹ ਆਪਣੇ ਪਰਿਵਾਰ ਨਾਲ ਯੂਰਪ ਦੀ ਲੰਬੀ ਸੈਰ ਤੇ ਗਿਆ। ਇਹ ਇਕੱਲਾ ਹੀ ਉੱਘਾ ਰੂਸੀ ਸਾਹਿਤਕਾਰ ਹੈ ਜਿਸ ਉੱਤੇ ਯੂਰਪ ਦਾ ਬਹੁਤ ਅਸਰ ਪਿਆ ਜਿਹੜਾ ਇਸ ਦੀਆਂ ਲਿਖਤਾਂ ਤੋਂ ਸਪਸ਼ਟ ਹੈ। ਮਾਸਕੋ ਅਤੇ ਸੇਂਟ ਪੀਟਰਜ਼ਬਰਗ ਦੀ ਵਿਦਿਆ ਤੋਂ ਇਲਾਵਾ 1838 ਤੋਂ 1841 ਈ. ਤੱਕ ਇਸ ਨੇ ਬਰਲਿਨ ਦੀ ਯੂਨੀਵਰਸਿਟੀ ਤੋਂ ਵੀ ਵਿਦਿਆ ਪ੍ਰਾਪਤ ਕੀਤੀ। ਉਥੇ ਹੀਗਲ ਦੀ ਫ਼ਿਲਾਸਫੀ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਆਪਣਾ ਜੀਵਨ ਅਤੇ ਹੁਨਰ ਰੂਸ ਦੀ ਖੁਸ਼ਹਾਲੀ ਲਈ ਅਰਪਣ ਕਰਨ ਦਾ ਸੰਕਲਪ ਕੀਤਾ। ਇਸ ਨੇ ਮਹਿਸੂਸ ਕੀਤਾ ਕਿ ਰੂਸ ਨੂੰ ਪੱਛਮ ਦੀਆਂ ਉੱਨਤ ਲੀਹਾਂ ਉੱਤੇ ਚਲਣਾ ਚਾਹੀਦਾ ਹੈ।



ਈਵਾਨ ਤੁਰਗਨੇਵ

ਆਪਣੀ ਲੇਖਣ ਕਲਾ ਦੇ ਮੁੱਢਲੇ ਦੌਰ ਵਿਚ ਤੁਰਗਨੇਵ ਨੇ ਕਵਿਤਾ ਅਤੇ ਕਾਵਿ-ਨਾਟ ਲਿਖੇ। ਸੰਨ 1843 ਵਿਚ ਛਪੀ 'ਪਾਰਾਸ਼ਾ' ਨਾਂ ਦੀ ਲੰਬੀ ਕਵਿਤਾ ਨਾਲ ਇਸ ਦੀ ਚੰਗੀ ਪ੍ਰਸਿੱਧੀ ਹੋ ਗਈ। ਇਹ ਇਸ ਗੱਲ ਦਾ ਪੱਕਾ ਧਾਰਨੀ ਸੀ ਕਿ ਲੇਖਕ ਦਾ ਫ਼ਰਜ਼ ਹੈ ਕਿ ਉਹ ਜੀਵਨ ਦੇ ਯਥਾਰਥ ਨੂੰ ਪੂਰੀ ਈਮਾਨਦਾਰੀ ਨਾਲ ਚਿਤਰੇ ਅਤੇ ਜਿੱਥੇ ਕਿਤੇ ਇਸ ਵਿਚ ਊਣਤਾਈਆਂ ਜਾਂ ਬੇ-ਇਨਸਾਫ਼ੀਆਂ ਦੇਖੇ ਉਨ੍ਹਾਂ ਦਾ ਸਹੀ ਸਹੀ ਨਿਰੂਪਣ ਕਰੇ ਪਰ ਇਸ ਗੱਲ ਦਾ ਇਹ ਪੱਕਾ ਹਾਮੀ ਸੀ ਕਿ ਸਮਾਜਕ ਸਮੱਸਿਆਵਾਂ ਨੂੰ ਬਿਆਨ ਕਰਦੇ ਕਰਦੇ ਕਲਾ ਦਾ ਗਲਾ ਨਹੀਂ ਘੁੱਟਿਆ ਜਾਣਾ ਚਾਹੀਦਾ।

ਤੁਰਗਨੇਵ ਨੇ ਸਾਰੀ ਉਮਰ ਸ਼ਾਦੀ ਨਹੀ ਕੀਤੀ ਪਰ ਸੰਨ 1842 ਵਿਚ ਇਕ ਕਿਸਾਨ ਔਰਤ ਤੋਂ ਇਸ ਦਾ ਇਕ ਨਾਜਾਇਜ਼ ਬੱਚਾ ਪੈਦਾ ਹੋਇਆ। ਉੱਘੀ ਗਾਇਕਾ ਪੌਲੀਨ ਵਿਆਰਦੋਤ ਨਾਲ ਇਸ ਦਾ ਅਫਲਾਤੂਨੀ ਪਿਆਰ ਬੜਾ ਪ੍ਰਸਿੱਧ ਹੈ। ਕਵਿਤਾ ਮਗਰੋਂ ਇਹ ਵਾਰਤਕ ਰਚਨਾਵਾਂ ਛਪਵਾਉਣ ਲੱਗ ਪਿਆ ਅਤੇ ਫਿਰ ਇਸਨੇ ਨਾਟਕ ਲਿਖਣੇ ਆਰੰਭ ਕਰ ਦਿੱਤੇ। ਇਨ੍ਹਾਂ ਵਿਚੋਂ 'ਏ ਪੂਅਰ ਜੈਂਟਲਮੈਨ' (1848); 'ਦੀ ਬੈਚਲਰ' (1849) ਅਤੇ ਇਸ ਦਾ ਮਹਾਨ ਨਾਟਕ 'ਏ ਮੰਥ ਇਨ ਦਾ ਕੰਟਰੀ' (1855) ਪ੍ਰਸਿੱਧ ਹਨ। ਤੁਰਗਨੇਵ ਨੇ ਰੇਖਾ-ਚਿਤੱਰ ਵੀ ਲਿਖਣੇ ਸ਼ੁਰੂ ਕੀਤੇ। ਇਸ ਨੇ ਕੁੱਲ ਮਿਲਾ ਕੇ 25 ਰੇਖਾ ਚਿਤੱਰ ਛਪਵਾਏ ਅਤੇ ਖ਼ੂਬ ਪ੍ਰਸਿੱਧੀ ਪ੍ਰਾਪਤ ਕੀਤੀ। ਇਹ ਰੇਖਾ-ਚਿਤੱਰ ਕਿਸਾਨਾਂ, ਮਜ਼ਦੂਰਾਂ ਅਤੇ ਭੌਂ-ਮਾਲਕਾਂ ਆਦਿ ਬਾਰੇ ਸਨ। ਆਪਣੇ ਸ਼ਿਕਾਰੀ ਜੀਵਨ ਦੇ ਦੌਰਾਨ ਇਸ ਨੂੰ ਕਿਸਾਨਾਂ ਦਾ ਜੀਵਨ ਬਹੁਤ ਨੇੜਿਓਂ ਹੋ ਕੇ ਤੱਕਣ ਦਾ ਮੌਕਾ ਮਿਲਿਆ। ਸ਼ਹਿਰੀ ਪੜ੍ਹੀ ਲਿਖੀ ਉੱਚ ਸ਼੍ਰੇਣੀ ਨੂੰ ਇਸ ਨੇ ਇਨ੍ਹਾਂ ਲੋਕਾਂ ਦੇ ਸੱਚੇ ਸੁੱਚੇ ਜੀਵਨ ਬਾਰੇ ਗਿਆਤ ਕਰਵਾਇਆ ਅਤੇ ਉਨ੍ਹਾਂ ਲਈ ਹਮਦਰਦੀ ਉਤਪੰਨ ਕੀਤੀ। ਇਨ੍ਹਾਂ ਰੇਖਾ ਚਿਤੱਰਾਂ ਵਿਚ ਇਸਨੇ ਦੇਰ ਤੋਂ ਚਲੀ ਆ ਰਹੀ ਵਗਾਰ ਦੀ ਪ੍ਰਥਾ ਦੀ ਖ਼ੂਬ ਨਿਖੇਧੀ ਕੀਤੀ। ਇਸ ਦੇ ਫਲਸਰੂਪ ਇਸ ਨੂੰ ਇਕ ਮਹੀਨੇ ਦੀ ਕੈਦ ਹੋਈ ਅਤੇ ਫਿਰ ਡੇਢ ਸਾਲ ਲਈ ਸਪਾਸਕੋਇ ਵਿਚ ਕਿਆਮ ਰੱਖਣ ਦਾ ਆਦੇਸ਼ ਹੋਇਆ।

ਸੇਂਟ ਪੀਟਰਜ਼ਬਰਗ ਵਿਚ ਇਕ ਮਹੀਨੇ ਦੀ ਕੈਦ ਸਮੇਂ ਤੁਰਗਨੇਵ ਨੇ 'ਮੂਮੂ' ਨਾਂ ਦੀ ਆਪਣੀ ਕ੍ਰਿਤ ਵਿਚ ਵਗਾਰ ਦੇ ਜ਼ੁਲਮਾਂ ਦਾ ਬੜੇ ਸੁਚੱਜੇ ਢੰਗ ਨਾਲ ਪ੍ਰਗਟਾਵਾ ਕੀਤਾ। ਇਸ ਦੀਆਂ ਕ੍ਰਿਤਾਂ ਵਿਚ ਨਾਵਲ ਦੀ ਵਿਸ਼ੇਸ਼ ਥਾਂ ਹੈ। ਆਪਣੇ ਸਮਕਾਲੀਆਂ ਦੋਸ-ਤੋਵਸਕੀ ਅਤੇ ਟਾਲਸਟਾਏ ਤੋਂ ਉਲਟ ਇਸ ਦਾ ਵਿਚਾਰ ਸੀ ਕਿ ਇਹ ਸਾਹਿਤ ਦਾ ਕੰਮ ਨਹੀਂ ਕਿ ਉਹ ਜੀਵਨ ਦੇ ਪ੍ਰਸ਼ਨਾਂ ਜਾਂ ਗੁੰਝਲਾਂ ਦਾ ਉੱਤਰ ਦੇਵੇ। ਇਸ ਦੇ ਨਾਵਲ ਇਕੱਲੇ ਨਾਇਕ ਜਾਂ ਇਕੱਲੀ ਨਾਇਕਾ ਦੇ ਜੀਵਨ ਨੂੰ ਅਤੇ ਉਨ੍ਹਾਂ ਦੇ ਜੀਵਨ ਵਿਚ ਆਈਆਂ ਰੁਕਾਵਟਾਂ ਨੂੰ ਦਰਸਾਉਂਦੇ ਹਨ। ਸੰਨ 1856 ਵਿਚ ਛਪਿਆ 'ਰੂਡਿਨ' ਇਸਦਾ ਪਹਿਲਾ ਨਾਵਲ ਹੈ। 'ਹੋਮ ਆਫ਼ ਜੈਂਟਰੀ' (1859); 'ਔਨ ਦਾ ਈਵ' (1860) ਅਤੇ ਇਸ ਦਾ ਸ਼ਾਹਕਾਰ 'ਫ਼ਾਦਰਜ਼ ਐਂਡ ਸਨਜ਼' (1862) ਇਸ ਦੇ ਹੋਰ ਨਾਵਲ ਹਨ। ਰੂਸੀ ਜੀਵਨ ਨੂੰ ਇਨ੍ਹਾਂ ਨਾਵਲਾਂ ਵਿਚ ਤੁਰਗਨੇਵ ਨੇ ਬੜੇ ਹੀ ਸੁਹਣੇ ਅਤੇ ਸੁਚੱਜੇ ਢੰਗ ਨਾਲ ਚਿਤਰਿਆ ਹੈ ਜਿਸ ਕਾਰਨ ਇਸ ਦੀ ਖ਼ੂਬ ਸ਼ਲਾਘਾ ਹੋਈ।

ਤੁਰਗਨੇਵ ਰੂਸ ਛੱਡ ਕੇ ਜਰਮਨੀ ਚਲਾ ਗਿਆ। ਇਸ ਦੀ ਪ੍ਰੇਮਿਕਾ ਮੈਡਮ ਵਿਆਰਦੋਤ ਵੀ ਉਥੇ ਰਹਿੰਦੀ ਸੀ। ਰੂਸੀ ਸਾਹਿਤਕ ਜੀਵਨ ਤੁਰਗਨੇਵ ਨੂੰ ਪਸੰਦ ਨਹੀਂ ਸੀ। ਟਾਲਸਟਾਏ ਅਤੇ ਦੋਸਤੋਵਸਕੀ ਨਾਲ ਇਸ ਦੀ ਲੜਾਈ ਹੀ ਰਹੀ। ਸੰਨ 1870-71 ਦੀ ਫ਼ਰਾਂਸ ਅਤੇ ਜਰਮਨੀ ਦੀ ਲੜਾਈ ਕਾਰਨ ਵਿਆਰਦੋਤ ਜੋੜਾ ਜਰਮਨੀ ਛੱਡ ਗਿਆ। ਤੁਰਗਨੇਵ ਵੀ ਉਨ੍ਹਾਂ ਦੇ ਮਗਰ ਮਗਰ, ਪਹਿਲਾਂ ਲੰਡਨ ਅਤੇ ਫਿਰ ਪੈਰਿਸ ਵਿਚ ਜਾ ਕੇ ਰਹਿਣ ਲੱਗ ਪਿਆ।

ਜਰਮਨੀ ਵਿਚ ਰਹਿੰਦਿਆਂ ਇਸ ਨੇ 'ਫੈਂਟਮ' (1864) ਅਤੇ 'ਐਨਫ਼' (1865) ਨਾਂ ਦੀਆਂ ਕ੍ਰਿਤਾਂ ਦੁਆਰਾ ਰੂਸ ਪ੍ਰਤੀ ਆਪਣੀ ਨਾਰਾਜ਼ਗੀ ਦਾ ਪ੍ਰਗਟਾਵਾ ਕੀਤੀ। ਉਸੇ ਸਮੇਂ ਦੌਰਾਨ ਇਸ ਨੇ 'ਸਮੋਕ' (1867) ਨਾਂ ਦਾ ਇਕ ਨਾਵਲ ਵੀ ਉਥੇ ਲਿਖਿਆ ਸੀ।

ਪੈਰਿਸ ਵਿਚ ਤੁਰਗਨੇਵ ਰੂਸੀ ਸਭਿਆਚਾਰ ਦਾ ਇਕ ਨਮੂਨਾ ਸੀ। ਜਾਰਜ ਸੈਂਡ, ਗਸਟੇਵ ਫਲਾੱਬੇਅਰ, ਗਨਕੋਰਟ ਭਰਾ, ਐਮਾਈਲ ਜ਼ੋਲਾ ਅਤੇ ਹੈਨਰੀ ਜੇਮਜ਼ ਵਰਗੇ ਉੱਘੇ ਲੇਖਕਾਂ ਨੇ ਇਸ ਦੀ ਬੜੀ ਆਉਭਗਤ ਕੀਤੀ ਅਤੇ ਇਸ ਨਾਲ ਦੋਸਤੀ ਕਾਇਮ ਕੀਤੀ। ਪੈਰਿਸ ਤੋਂ ਇਹ ਹਰ ਵਰ੍ਹੇ ਰੂਸ ਜਾਂਦਾ ਰਿਹਾ। ਸੰਨ 1878 ਵਿਚ ਇਸ ਨੂੰ ਪੈਰਿਸ ਦੀ ਅੰਤਰਰਾਸ਼ਟਰੀ ਸਾਹਿਤਕ ਕਾਂਗਰਸ ਦਾ ਉਪ-ਪ੍ਰਧਾਨ ਚੁਣਿਆ ਗਿਆ ਅਤੇ ਸੰਨ 1879 ਵਿਚ ਆੱਕਸਫੋਰਡ ਯੂਨੀ-ਵਰਸਿਟੀ ਨੇ ਇਸ ਨੂੰ ਆਨਰੇਰੀ ਡਿਗਰੀ ਨਾਲ ਸਨਮਾਨਤ ਕੀਤਾ। ਆਪਣੇ ਆਖ਼ਰੀ ਜੀਵਨ ਵਿਚ ਵੀ ਤੁਰਗਨੇਵ ਨੇ ਕਾਫ਼ੀ ਕੁਝ ਲਿਖਿਆ। 'ਵਰਜਿਨ ਸਾਇਲ' (1877) ਇਸ ਦਾ ਅੰਤਲਾ ਨਾਵਲ ਸੀ। 'ਦੀ ਸੌਂਗ ਆਫ਼ ਟ੍ਰਾਈਅਮਫੈਂਟ ਲਵ' (1881) ਅਤੇ 'ਕਲਾਰਾ ਮਿਲਿਚ' (1883) ਇਸ ਦੀਆਂ ਬੜੀਆਂ ਸੁਚੱਜੀਆਂ ਕ੍ਰਿਤਾਂ ਹਨ।

ਤੁਰਗਨੇਵ ਦੀਆਂ ਕਿਰਤਾਂ ਤੋਂ ਪਤਾ ਲਗਦਾ ਹੈ ਕਿ ਇਸ ਨੂੰ ਆਪਣੇ ਦੇਸ਼ ਨਾਲ ਕਿੰਨਾ ਪਿਆਰ ਅਤੇ ਹਮਦਰਦੀ ਸੀ ਅਤੇ ਇਸਤੋਂ ਇਹ ਵੀ ਪਤਾ ਲਗਦਾ ਹੈ ਕਿ ਰੂਸੀ ਸਾਹਿਤ ਨੂੰ ਭਰਪੂਰ ਅਤੇ ਅਮੀਰ ਬਣਾਉਣ ਲਈ ਇਸ ਨੇ ਆਪਣੇ ਇਲਮ, ਅਕਲ, ਸੂਝ ਬੂਝ ਅਤੇ ਕਲਾ ਨੂੰ ਬੜੇ ਸੁਚੱਜੇ ਢੰਗ ਨਾਲ ਵਰਤਿਆ ਹੈ।

ਤੁਰਗਨੇਵ ਦਾ ਦੇਹਾਂਤ ਪੈਰਿਸ ਦੇ ਨੇੜੇ ਬਾਊਗੀਵਾਲ ਵਿਖੇ 3 ਸਤੰਬਰ, 1883 ਈ. ਨੂੰ ਹੋਇਆ। ਇਸਨੂੰ ਸੇਂਟ ਪੀਟਰਜ਼ਬਰਗ ਵਿਖੇ ਦਫ਼ਨਾਇਆ ਗਿਆ।

ਹ.ਪੁ.—ਆੱਕ.ਕੰ. ਇੰਗ, ਲਿਟ; ਐਨ. ਬ੍ਰਿ.ਮੈ. 18 : 778; ਐਨ.ਅਮੈ. 27; ਕੋਲ.ਐਨ. 18 : 568

**ਤੁਰੰਜ** : ਇਹ ਨਿੰਬੂ-ਪ੍ਰਜਾਤੀ ਦਾ ਉਹ ਰੁੱਖ ਹੈ ਜਿਸਦੀ ਕਾਸ਼ਤ ਸਭ ਤੋਂ ਪਹਿਲਾ ਕੀਤੀ ਗਈ ਮੰਨੀ ਜਾਂਦੀ ਹੈ। ਤੁਰੰਜ ਦਾ ਵਿਗਿਆਨਕ ਨਾਂ ਸਿਟ੍ਰਸ ਮੈਡਿਕਾ (Citrus medica) ਹੈ। ਇਸ ਦੇ ਰੁੱਖ ਦਾ ਆਕਾਰ ਛੋਟਾ ਅਤੇ ਟਾਹਣੀਆਂ ਲੰਬੀਆਂ ਅਤੇ ਬੇਤਰਤੀਬੀਆਂ ਜਿਹੀਆਂ ਹੁੰਦੀਆਂ ਹਨ, ਕੰਡੇ ਛੋਟੇ, ਮਜ਼ਬੂਤ ਅਤੇ ਸਖ਼ਤ ਹੁੰਦੇ ਹਨ। ਪੱਤਿਆਂ ਦਾ ਹਰਾ ਰੰਗ ਪਿੱਲਤਣ ਉੱਤੇ ਹੁੰਦਾ ਹੈ। ਪੱਤੇ ਲੰਬੂਤਰੇ, ਅੰਡਾਕਾਰ, ਸਿਰੇ ਤੋਂ ਨੋਕੀਲੇ ਅਤੇ ਕੰਢਿਆਂ ਤੋਂ ਦੰਦੇਦਾਰ ਹੁੰਦੇ ਹਨ। ਪੱਤਾ-ਡੰਡੀ (Petiole) ਪਾਸਿਆਂ ਤੋਂ ਕਈ ਵਾਰ ਪਤਲੀ ਹੁੰਦੀ ਹੈ। ਫੁੱਲ ਵੱਡੇ ਵੱਡੇ, ਇਕੱਲੇ ਜਾਂ ਪੱਤਿਆਂ ਦੀ ਐਕਸਿਲ ਵਿਚੋਂ ਛੋਟੇ ਛੋਟੇ ਗੁੱਛਿਆਂ ਦੇ ਰੂਪ ਵਿਚ ਲੱਗਦੇ ਹਨ। ਡੋਡੀਆਂ ਹਲਕੀ ਜਿਹੀ ਲਾਲ ਭਾਹ ਮਾਰਦੀਆਂ ਹਨ। ਪੈਟਲ ਜਾਂ ਰੰਗਦਾਰ ਪੱਤੀਆਂ ਉਪਰੋਂ ਚਿੱਟੀਆਂ ਹੁੰਦੀਆਂ ਹਨ ਅਤੇ ਹੇਠਲੇ ਪਾਸੇ ਤੋਂ ਲਾਲ ਭਾਹ ਮਾਰਦੀਆਂ ਜਾਮਣੀ ਰੰਗੀਆਂ ਹੁੰਦੀਆਂ ਹਨ। ਪੁੰਕੇਸਰਾਂ ਦੀ ਗਿਣਤੀ 20-40 ਤੱਕ ਹੁੰਦੀ ਹੈ। ਇਸ ਦਾ ਫਲ ਅੰਡਾਕਾਰ ਜਾਂ ਲੰਬੂਤਰਾ ਜਿਹਾ ਹੁੰਦਾ ਹੈ। ਪੱਕਣ ਉਪਰੰਤ ਇਸ ਦਾ ਰੰਗ ਨਿੰਬੂ ਵਰਗਾ ਪੀਲਾ ਹੋ ਜਾਂਦਾ ਹੈ। ਇਸ ਦਾ ਛਿਲਕਾ ਖੁਰਦਰਾ ਜਿਹਾ ਅਤੇ ਦਰਮਿਆਨੀ ਮੋਟਾਈ ਵਾਲਾ ਹੁੰਦਾ ਹੈ। ਗੁੱਦਾ ਬਹੁਤ ਜ਼ਿਆਦਾ ਅਤੇ ਰਸ ਤੇਜ਼ਾਬੀ ਹੁੰਦਾ ਹੈ। ਬੀਜ ਛੋਟੇ ਛੋਟੇ, ਗਿਣਤੀ ਵਿਚ ਘੱਟ ਜਾਂ ਕਈ ਵਾਰ ਤਾਂ ਹੁੰਦੇ ਹੀ ਨਹੀਂ।

ਤੁਰੰਜ ਦਾ ਰੁੱਖ ਸਰਦੀ ਪ੍ਰਤਿ ਬੜਾ ਸੰਵੇਦਨਸ਼ੀਲ ਹੁੰਦਾ ਹੈ। ਜੇਕਰ ਸਰਦੀ ਦੇ ਮੌਸਮ ਵਿਚ ਕੁੱਝ ਦਿਨ ਵੀ ਤਾਪਮਾਨ ਜ਼ਿਆਦਾ ਹੋ ਜਾਏ ਤਾਂ ਇਸ ਦਾ ਵਾਧਾ ਬੜੀ ਤੇਜ਼ੀ ਨਾਲ ਹੁੰਦਾ ਹੈ।



ਤੁਰੰਜ

ਇਹ ਸਾਰੇ ਤਪਤਖੰਡੀ (tropical) ਅਤੇ ਗਰਮ ਅਰਧ ਤਪਤਖੰਡੀ ਖੇਤਰਾਂ ਵਿਚ ਮਿਲਦਾ ਹੈ। ਭੂਮੱਧ ਸਾਗਰੀ ਖੇਤਰਾਂ ਵਿਚ ਇਸ ਦੀ ਵੱਡੇ ਪੈਮਾਨੇ ਤੇ ਕਾਸ਼ਤ ਕੀਤੀ ਜਾਂਦੀ ਹੈ। ਖ਼ਾਸ ਕਰਕੇ ਸਿਸਲੀ ਵਿਚ ਇਸ ਦੀ ਖੇਤੀ ਬਹੁਤ ਹੁੰਦੀ ਹੈ ਅਤੇ ਇਸ ਦੇ ਫਲ ਸੰਯੁਕਤ ਰਾਜ ਅਮਰੀਕਾ ਨੂੰ ਭੇਜੇ ਜਾਂਦੇ ਹਨ। ਇਸ ਦੇ ਫ਼ਲ ਪੂਰੀ ਤਰ੍ਹਾਂ ਪੱਕਣ ਤੋਂ ਪਹਿਲਾਂ ਹੀ ਤੋੜ ਲਏ ਜਾਂਦੇ ਹਨ ਅਤੇ ਇਨ੍ਹਾਂ ਨੂੰ ਨਿਸ਼ਚਿਤ ਤਾਪਮਾਨ ਅਤੇ ਖ਼ਾਸ ਨਮੀ ਵਾਲੇ ਵਾਤਾਵਰਣ ਵਿਚ ਰੱਖ ਕੇ ਪਕਾਇਆ ਜਾਂਦਾ ਹੈ। ਇਸ ਦਾ ਰਸ ਸ਼ਿਕੰਜਵੀ ਅਤੇ ਖਾਣਾ ਪਕਾਉਣ ਵਿਚ ਵਰਤਿਆ ਜਾਂਦਾ ਹੈ। ਇਸ ਦੇ ਛਿਲਕੇ ਅਤੇ ਛਿਲਕੇ ਦੇ ਤੇਲ ਦੀ ਵਰਤੋਂ ਕੇਕ ਅਤੇ ਹੋਰ ਮਿਠਿਆਈਆਂ ਬਣਾਉਣ ਵਿਚ ਕੀਤੀ ਜਾਂਦੀ ਹੈ।

ਹ.ਪੁ.—ਐਨ.ਆੱਫ.ਹਾਰਟੀਕਲਚਰ 1 : 781; ਮੈ.ਐਨ.ਸ.ਟ. 3 : 158

**ਤੁਰੰਜਬੀਨ** : ਇਹ ਖ਼ੁਰਾਸਾਨ ਵਿਚ ਉੱਟਕਟਾਰੇ ਦੇ ਬੂਟਿਆਂ ਨੂੰ ਲਗਦੀ ਹੈ। ਸੰਸਕ੍ਰਿਤ ਵਿਚ ਇਸ ਨੂੰ 'ਯਵਾਸ ਸ਼ੱਕਰਾ' ਆਖਦੇ ਹਨ। ਯੂਨਾਨੀ ਦਵਾ ਪ੍ਰਣਾਲੀ ਅਨੁਸਾਰ ਤਰੁੰਜਬੀਨ ਦੀ ਤਾਸੀਰ ਗਰਮ, ਤਰ ਅਤੇ ਦ੍ਰਵਕ ਹੁੰਦੀ ਹੈ। ਵੈਦਿਕ ਗ੍ਰੰਥਾਂ ਵਿਚ ਤੁਰੰਜਬੀਨ ਦੀ ਤਾਸੀਰ ਸਰਦ ਤਰ ਦੱਸੀ ਗਈ ਹੈ। ਇਹ ਖ਼ਾਂਸੀ ਨੂੰ ਦਬਾਉਂਦੀ ਹੈ, ਅੰਤੜੀਆਂ ਦੀ ਗੰਦਗੀ ਸਾਫ਼ ਕਰਦੀ ਹੈ ਅਤੇ ਛਾਤੀ ਦਾ ਦਰਦ ਵੀ ਘਟਾਉਂਦੀ ਹੈ ਨਿੰਬੂ ਦੇ ਰਸ ਦੇ ਸ਼ਰਬਤ ਨੂੰ ਵੀ ਤੁਰੰਜਬੀਨ ਕਿਹਾ ਜਾਂਦਾ ਹੈ।

ਹ.ਪੁ.—ਮ.ਕੋ. :448, 598

**ਤੁਰਬੈਤ-ਇ-ਹੈਦਰੀ (Turbet-I-Haidari)** : ਈਰਾਨ ਵਿਚ ਖੁਰਾਸਾਨ ਪ੍ਰਾਂਤ ਦਾ ਇਹ ਇਕ ਸ਼ਹਿਰ ਹੈ ਜਿਹੜਾ ਮਸ਼ਹਦ ਦੇ ਦੱਖਣ ਵਲ ਲਗਭਗ 123 ਕਿ.ਮੀ. ਦੀ ਦੂਰੀ ਤੇ ਜ਼ਹੀਦਾਂ ਵੱਲ ਜਾਂਦੀ ਸੜਕ ਤੇ ਵਾਕਿਆ ਹੈ। ਸਮੁੰਦਰੀ ਸਤਹਿ ਤੋਂ ਇਸ ਦੀ ਉਚਾਈ 1,341 ਮੀ. ਹੈ।

ਪਹਿਲਾਂ ਇਸ ਨੂੰ ਜਵਾਹ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਦਾ ਮੌਜੂਦਾ ਨਾਂ ਕੁਤਬ-ਉੱਦ-ਦੀਨ ਹੈਦਰ ਦੇ ਮਕਬਰੇ ਤੇ ਪਿਆ। ਕੁਤਬ-ਉੱਦ-ਦੀਨ ਹੈਦਰ ਦਰਵੇਸ਼ਾਂ ਦੇ ਵੈਰਾਗੀ ਫਿਰਕੇ ਦਾ ਮੋਢੀ ਸੀ ਜਿਸ ਦੀ ਮੌਤ 1230 ਦੇ ਲਗਭਗ ਹੋਈ ਸੀ। ਇਸ ਦੀ ਲਾਸ਼ ਨੂੰ ਸ਼ਹਿਰ ਦੇ ਬਾਹਰ ਇਕ ਗੁੰਬਦਦਾਰ ਇਮਾਰਤ ਵਿਚ ਦਫ਼ਨਾਇਆ ਗਿਆ ਸੀ।

ਇਹ ਸ਼ਹਿਰ ਕਈ ਮੁੱਖ ਸੜਕਾਂ ਨਾਲ ਹੋਰ ਸ਼ਹਿਰਾਂ ਨਾਲ ਜੁੜਿਆ ਹੋਇਆ ਹੈ। ਇਸ ਦੇ ਉੱਤਰ-ਪੂਰਬ ਵੱਲ ਇਕ ਪੁਰਾਣੇ ਕਿਲੇ ਦੇ ਖੰਡਰਾਤ ਹਨ ਜੋ ਇਸਹਾਕ ਖ਼ਾਨ ਦੀ ਪਨਾਹਗਾਹ ਹੈ ਪਰ ਇਸ ਸ਼ਹਿਰ ਦੀ ਪ੍ਰਮੁਖ ਵਿਸ਼ੇਸ਼ਤਾ ਇਥੋਂ ਦਾ ਇਕ ਬਾਜ਼ਾਰ ਹੈ ਜਿਹੜਾ ਇਕ ਵੱਡੇ ਕੇਂਦਰੀ ਗੁੰਬਦ ਕੋਲੋਂ ਨਿਕਲਣ ਵਾਲੀਆਂ ਚਾਰ ਗੁਬੰਦ ਨੁਮਾ ਮਹਿਰਾਬੀ ਛੱਤਾਂ ਵਾਲੀਆਂ ਗਲੀਆਂ ਵਿਚ ਫੈਲਿਆ ਹੋਇਆ ਹੈ। ਸੰਨ 1871 ਦੇ ਕਾਲ ਤੋਂ ਪਹਿਲਾਂ ਇਸ ਸ਼ਹਿਰ ਦੀ ਵਸੋਂ ਬੜੀ ਸੰਘਣੀ ਹੁੰਦੀ ਸੀ ਪਰ ਕਾਲ ਤੋਂ ਬਾਅਦ ਇਹ ਘੱਟ ਕੇ ਕੇਵਲ 20,000 ਦੇ ਕਰੀਬ ਰਹਿ ਗਈ।

ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਰੂਸ, ਤੁਰਕਿਸਤਾਨ ਅਤੇ ਅਫ਼ਗਾਨਿਸਤਾਨ ਵਿਚਕਾਰ ਵਪਾਰ ਵੱਧਣ ਕਾਰਨ, ਸ਼ਹਿਰ ਫਿਰ ਵਿਕਸਿਤ ਹੋਣ ਲਗ ਪਿਆ। ਸੰਨ 1956 ਵਿਚ ਇਥੋਂ ਦੀ ਆਬਾਦੀ 19,807 ਸੀ। 14ਵੀਂ ਸਦੀ ਵਿਚ ਖਾਸ ਤੌਰ ਤੇ ਤੁਰਕੀ ਕੁਰਾਨ (Turki Quran) ਵੰਸ਼ ਦੇ ਲੋਕ ਇਥੇ ਆ ਕੇ ਵੱਸੇ। ਇਨ੍ਹਾਂ ਵਿਚੋਂ ਬਹੁਤੇ ਵਪਾਰੀ ਅਤੇ ਸ਼ਿਲਪਕਾਰ ਹਨ।

ਸ਼ਹਿਰ ਦੇ ਆਲੇ ਦੁਆਲੇ ਦਾ ਇਲਾਕਾ ਬੜਾ ਉਪਜਾਊ ਹੈ। ਇਥੋਂ ਕਣਕ ਅਤੇ ਜੌਂ ਕਾਫ਼ੀ ਮਾਤਰਾ ਵਿਚ ਦੇਸ਼ ਦੇ ਹੋਰਨਾਂ ਭਾਗਾਂ ਵਿਚ ਭੇਜੇ ਜਾਂਦੇ ਹਨ। ਇਸ ਤੋਂ ਇਲਾਵਾ ਇਥੇ ਤਾਂਬੇ ਦੇ ਭਾਂਡੇ ਬਣਾਉਣ, ਰੇਸ਼ਮੀ ਕੱਪੜਾ ਤਿਆਰ ਕਰਨ, ਉੱਨ ਅਤੇ ਗ਼ਲੀਚਿਆਂ ਆਦਿ ਦੇ ਉਦਯੋਗ ਪ੍ਰਫੁੱਲਤ ਹਨ।

ਆਬਾਦੀ –35,000 (1982)

35°16′ ਉ. ਵਿਥ. ; 59°13′ ਪੂ. ਲੰਬ.

ਹ.ਪੁ.—ਐਨ.ਬ੍ਰਿ.ਮਾ 10 : 50; ਐਨ.ਬ੍ਰਿ. 22 : 572

**ਤੁਰਵਾਲਸਨ, ਬੈਰਤੈਲ (Thorvaldsen, Bertel)** : ਇਹ ਡੈਨਮਾਰਕ ਦਾ ਇਕ ਪ੍ਰਸਿੱਧ ਬੁੱਤਘਾੜਾ ਸੀ ਜਿਹੜਾ ਅੰਤਰਰਾਸ਼ਟਰੀ ਨਵ-ਕਲਾਸਕੀਵਾਦ ਲਹਿਰ ਦੇ ਨੇਤਾਵਾਂ ਵਿਚੋਂ ਇਕ ਸੀ। ਇਸ ਦਾ ਜਨਮ 19 ਨਵੰਬਰ, 1770 ਈ. ਨੂੰ ਕੋਪਨ-ਹੈਗਨ ਵਿਖੇ ਹੋਇਆ। ਇਸ ਦਾ ਪਿਤਾ ਲੱਕੜ ਦੇ ਕੰਮ ਦਾ ਬੜਾ ਉੱਘਾ ਕਾਰੀਗਰ ਸੀ। ਕਈ ਸਾਲ ਪਿਤਾ ਨਾਲ ਕੰਮ ਕਰਨ ਮਗਰੋਂ ਹੀ ਇਹ ਆਜ਼ਾਦ ਤੌਰ ਤੇ ਆਪਣੇ ਹੁਨਰ ਦਾ ਵਿਕਾਸ ਕਰ ਸਕਿਆ। ਪੰਜ ਸਾਲ ਕੋਪਨਹੈਗਨ ਅਕੈਡਮੀ ਵਿਚ ਲਗਾਉਣ ਮਗਰੋਂ 1797 ਈ. ਵਿਚ ਇਹ ਰੋਮ ਪਹੁੰਚਿਆ ਅਤੇ ਆਪਣਾ ਬਾਕੀ ਜੀਵਨ ਇਸ ਨੇ ਵਧੇਰੇ ਕਰਕੇ ਰੋਮ ਵਿਚ ਹੀ ਬਿਤਾਇਆ।

ਤੁਰਵਾਲਸਨ ਨੂੰ ਯੂਨਾਨੀ ਕਲਾ ਬਹੁਤ ਪਸੰਦ ਸੀ ਅਤੇ ਇਹ ਉਸ ਦੀ ਨਕਲ ਕਰਨ ਵਿਚ ਫ਼ਖ਼ਰ ਸਮਝਦਾ ਸੀ। ਸੰਨ 1802-03 ਵਿਚ 'Jason' ਨਾਂ ਦਾ ਬੁੱਤ ਤਿਆਰ ਕਰਕੇ ਇਸ ਨੇ ਪਹਿਲੀ ਸਫ਼ਲਤਾ ਪ੍ਰਾਪਤ ਕੀਤੀ। ਇਸ ਨੂੰ ਨਿੱਤ ਨਵੇਂ ਆਰਡਰ ਮਿਲਣ ਲੱਗ ਪਏ ਅਤੇ ਰੋਮ ਦੇ ਕਲਾਸਕੀਵਾਦੀਆਂ ਦੀ ਇਹ ਕੇਂਦਰੀ ਸ਼ਖ਼ਸੀਅਤ ਬਣ ਗਿਆ। ਇਕ ਕਲਾਕਾਰ ਵਜੋਂ ਅਤੇ ਇਕ ਪੁਰਾਖੋਜੀ ਵਜੋਂ ਤੁਰਵਾਲਸਨ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ। ਇਸ ਕੋਲ ਇੰਨਾ ਕੰਮ ਆਉਣ ਲੱਗ ਪਿਆ ਕਿ 1820 ਈ. ਵਿਚ ਇਸ ਦੀ ਵਰਕਸ਼ਾਪ ਵਿਚ 40 ਸਹਾਇਕ ਕੰਮ ਕਰਦੇ ਸਨ। ਉਸੇ ਸਾਲ ਇਹ ਕੋਪਨਹੇਗਨ ਗਿਆ ਅਤੇ 'ਆਵਰ ਲੇਡੀ' ਚਰਚ ਨੂੰ ਸਜਾਉਣ ਅਤੇ ਉਸ ਵਿਚ 'ਕ੍ਰਾਈਸਟ' ਅਤੇ 'ਸੇਂਟ ਪਾਲ' ਦੇ ਸੰਗਮਰਮਰ ਦੇ ਬੁੱਤ ਬਣਾਉਣ ਦੀ ਯੋਜਨਾ ਬਣਾਈ। ਇਸ ਕੰਮ ਵਿਚ ਇਸ ਨੇ ਕਈ ਸਾਲ ਲਗਾਏ। ਸੰਨ 1824 ਤੋਂ 1831 ਤੱਕ ਇਸ ਨੇ ਰੋਮ ਵਿਚ ਪਾਇਸ ਸਤਵੇਂ ਮਹਾਨ ਦੇ ਮਕਬਰੇ ਤੇ ਬਹੁਤ ਵਧੀਆ ਕੰਮ ਕੀਤਾ।

ਅੰਤ 1838 ਈ. ਵਿਚ ਤੁਰਵਾਲਸਨ ਬੁੱਤ ਕਲਾ ਵਿਚ ਇਕ ਬਹੁਤ ਪ੍ਰਸਿੱਧ ਹਸਤੀ ਦੇ ਰੂਪ ਵਿਚ ਡੈਨਮਾਰਕ ਪਰਤਿਆ। ਕੋਪਨ-ਹੈਗਨ ਵਿਚ ਇਸ ਨੇ ਇਕ ਬਹੁਤ ਹੀ ਸੁੰਦਰ ਅਜਾਇਬ ਘਰ ਬਣਵਾਉਣ ਲਈ ਧਨ ਦਿੱਤਾ ਜਿਹੜਾ ਨਵ-ਪ੍ਰਾਚੀਨ ਇਮਾਰਤ-ਸਾਜ਼ੀ ਦਾ ਇਕ ਵਧੀਆ ਨਮੂਨਾ ਹੈ। 24 ਮਾਰਚ, 1844 ਈ. ਨੂੰ ਇਸ ਦੀ ਮੌਤ ਮਗਰੋਂ ਇਸ ਅਜਾਇਬ-ਘਰ ਦੇ ਵਿਹੜੇ ਵਿਚ ਹੀ ਇਸ ਦਾ ਮਕਬਰਾ ਬਣਵਾਇਆ ਗਿਆ।

ਹ.ਪੁ.—ਆੱਕ.ਕੰ.ਆ.; ਕੋਲ.ਐਨ. 18 : 349; ਐਨ.ਬ੍ਰਿ.ਮਾ. 9 : 974

**ਤੁਰਾ** : ਇਹ ਸ਼ਹਿਰ ਭਾਰਤ ਦੇ ਮੇਘਾਲਿਆ ਰਾਜ ਦੇ ਪੱਛਮੀ ਗਾਰੋ ਹਿਲਜ਼ ਜ਼ਿਲ੍ਹੇ ਦਾ ਸਦਰ-ਮੁਕਾਮ ਹੈ। ਇਹ ਗਾਰੋ ਪਹਾੜੀਆਂ ਉਪਰ ਸਮੁੰਦਰ ਤਲ ਤੋਂ 394 ਮੀ. ਦੀ ਉੱਚਾਈ ਉੱਤੇ ਸਥਿਤ ਹੈ ਇਸਦੇ ਪਿਛਲੇ ਪਾਸੇ 1363 ਮੀ ਉੱਚੀ ਤੁਰਾ ਪਹਾੜੀ ਹੈ ਜਿਸ ਦੇ ਨਾਮ ਤੇ ਹੀ ਇਸਦਾ ਨਾਂ ਪ੍ਰਚਲਤ ਹੋਇਆ ਹੈ। ਇਸ ਦੇ ਆਲੇ ਦੁਆਲੇ ਜੰਗਲਾਂ ਨਾਲ ਢੱਕੀਆਂ ਪਹਾੜੀਆਂ ਹਨ ਜਿਨ੍ਹਾਂ ਦਾ ਨਜ਼ਾਰ ਇਥੋਂ ਸਪਸ਼ਟ ਵਿਖਾਈ ਦਿੰਦਾ ਹੈ ਅਤੇ ਪਹਾੜ ਉੱਤੇ ਹੇਠਾਂ ਵੱਲ ਵਾਦੀ ਵਿਚ ਵੱਸਿਆ ਇਹ ਛੋਟਾ ਜਿਹਾ ਸ਼ਹਿਰ ਹੋਰ ਵੀ ਸੋਹਣਾ ਦਿਸਦਾ ਹੈ ਪਰ ਇਥੋਂ ਦਾ ਪੌਣ ਪਾਣੀ ਰਹਿਣ ਲਈ ਵਧੀਆ ਨਹੀਂ ਹੈ ਕਿਉਂਕਿ ਇਥੇ ਜੰਗਲਾਂ ਦੀ ਭਰਮਾਰ ਹੈ ਜਿਸ ਕਾਰਨ ਇਥੇ ਮੱਛਰ ਬਹੁਤ ਹੁੰਦ ਹੈ। ਅੱਜਕੱਲ੍ਹ ਇਥੇ ਇਕ ਚੰਗਾ ਬਾਜ਼ਾਰ ਵੀ ਬਣ ਗਿਆ ਹੈ। ਇਥੇ ਮਿਉਂਸਪਲਟੀ ਵੀ ਸਥਾਪਿਤ ਹੈ।

ਆਬਾਦੀ–46,066 (1991)

25°31′ ਉ. ਵਿਥ.; 90°14′ ਪੂ. ਲੰਬ.

ਹ.ਪੁ.—ਇੰਪ.ਗ. ਇੰਡ. 24 : 62

**ਤੁਰਾਈਯੂਰ** : ਤਾਮਿਲਨਾਡੂ ਰਾਜ (ਭਾਰਤ) ਦੇ ਤਿਰ ਚੁਰਾਪਲੀ ਜ਼ਿਲ੍ਹੇ ਵਿਚ ਪਚਾਈਮਲਾਈ ਅਤੇ ਕੋਲਾਈਮਲਾਈ ਪਹਾੜੀਆਂ ਦੇ ਨੇੜੇ ਵੱਸਿਆ ਸ਼ਹਿਰ ਹੈ। ਆਜ਼ਾਦੀ ਤੋਂ ਪਹਿਲਾਂ ਇਹ ਇਸੇ ਨਾਂ ਦੀ ਜ਼ਿਮੀਂਦਾਰੀ ਦਾ ਇਕ ਵੱਡਾ ਸ਼ਹਿਰ ਰਿਹਾ ਹੈ। ਇਹ ਸ਼ਹਿਰ ਇਕ ਸਰੋਵਰ ਕਰਕੇ ਮਸ਼ਹੂਰ ਹੈ। ਇਸ ਸਰੋਵਰ ਵਿਚਕਾਰ ਇਕ ਪ੍ਰਾਚੀਨ ਇਮਾਰਤ ਹੁੰਦੀ ਸੀ ਜਿਸ ਵਿਚ ਰਾਜੇ-ਮਹਾਰਾਜੇ ਆਸ ਪਾਸ ਦੇ ਦ੍ਰਿਸ਼ ਦਾ ਆਨੰਦ ਮਾਨਣ ਲਈ ਅਕਸਰ ਆ ਕੇ ਟਿਕਿਆ ਕਰਦੇ ਸਨ। ਇਹ ਇਮਾਰਤ ਮੂਰੀ ਇਮਾਰਤ ਉਸਾਰੀ ਕਲਾ ਦਾ ਵਧੀਆ ਨਮੂਨਾ ਸੀ। ਇਥੇ ਇਕ ਮਿਉਂਸਪਲਟੀ ਵੀ ਸਥਾਪਿਤ ਹੈ ਜੋ ਸ਼ਹਿਰ ਦਾ ਪ੍ਰਬੰਧ ਚਲਾਉਂਦੀ ਹੈ।

ਆਬਾਦੀ–27,640 (1991)

11°10′ ਉ. ਵਿਥ.; 79°36′ ਪੂ. ਲੰਬ.

ਹ.ਪੁ.—ਇੰਪ. ਗ.ਇੰਡ. 24 : 62

**ਤੁਲਸੀ** : ਇਹ ਲੇਬੀਏਟੀ (Labiateae) ਕੁਲ ਦਾ ਪੌਦਾ ਹੈ। ਇਸ ਦਾ ਵਿਗਿਆਨਕ ਨਾਂ ਔਸਿਮਮ ਸੈਂਕਟਮ (Ocimum sanctum) ਹੈ। ਇਹ ਇਕ-ਰੁੱਤੀ ਅਤੇ ਬਹੁ-ਰੁੱਤੀ ਪੌਦੇ ਹਨ। ਇਹ ਪੌਦਾ ਝਾੜੀਨੁਮਾ ਹੁੰਦਾ ਹੈ ਜਿਸ ਦੇ ਪੱਤੇ ਆਮੋ ਸਾਹਮਣੇ ਲੱਗੇ ਹੁੰਦੇ ਹਨ। ਫੁੱਲ ਛੋਟੇ-ਛੋਟੇ ਅਤੇ ਸਫੈਦ ਜਿਹੇ ਹੁੰਦੇ ਹਨ। ਕਈ ਜਾਤੀਆਂ ਦੇ ਫੁੱਲ ਪੀਲੇ ਵੀ ਹੁੰਦੇ ਹਨ। ਆਮ ਤੌਰ ਤੇ ਇਕ ਚੱਕਰ ਵਿਚ 6 ਫੁੱਲ ਲਗੇ ਹੁੰਦੇ ਹਨ। ਸੈਪਲ-ਪੁੰਜ (Calyx) ਆਮ ਤੌਰ ਤੇ ਦੰਦੇਦਾਰ ਹੁੰਦਾ ਹੈ ਅਤੇ ਦੰਦੇ ਵੱਡੇ ਛੋਟੇ ਹੁੰਦੇ ਹਨ। ਪੈਟਲ-ਪੁੰਜ (Corolla) ਨਲੀ ਆਮ ਤੌਰ ਤੇ ਸੈਪਲ-ਪੁੰਜ ਤੋਂ ਵੱਡੀ ਨਹੀਂ ਹੁੰਦੀ। ਇਸ ਦੇ ਦੋ ਬੁੱਲ੍ਹ ਹੁੰਦੇ ਹਨ। ਉਪਰਲੇ ਬੁੱਲ੍ਹ ਦੇ 4 ਖੰਨ ਹੁੰਦੇ ਹਨ। ਪੁੰਕੇਸਰ (Stamen) 4 ਹੁੰਦੇ ਹਨ ਜੋ ਦੋ-ਦੀਰਘ ਪੁੰਕੇਸਰੀ (didynamous) ਕਿਸਮ ਦੇ ਹੁੰਦੇ ਹਨ। ਸਟਾਈਲ ਦੇ ਦੋ ਹਿੱਸੇ ਹੋਏ ਹੁੰਦੇ ਹਨ।

ਤੁਲਸੀ ਦੁਨੀਆ ਦੇ ਗਰਮ ਭਾਗਾਂ ਵਿਚ ਉੱਗਾਈ ਜਾਂਦੀ ਹੈ। ਇਹ ਭਾਰਤ ਅਤੇ ਪਾਕਿਸਤਾਨ ਦੇ ਲਗਭਗ ਸਭ ਭਾਗਾਂ ਵਿਚ ਮਿਲਦੀ ਹੈ। ਇਸ ਦੇ ਪੱਤੇ, ਬੀਜ ਅਤੇ ਸਾਰਾ ਪੌਦਾ ਹੀ ਦਵਾਈ ਦੇ ਤੌਰ ਤੇ ਵਰਤਿਆ ਜਾਂਦਾ ਹੈ। ਤੁਲਸੀ ਕਫ਼-ਨਿਵਾਰਕ ਅਤੇ ਪੇਟ ਦੀਆਂ ਬੀਮਾਰੀਆਂ ਨੂੰ ਠੀਕ ਕਰਨ ਵਾਲੀ ਹੈ। ਇਸ ਦਾ ਕਾੜ੍ਹਾ ਨਜ਼ਲੇ, ਜ਼ੁਕਾਮ ਅਤੇ ਬ੍ਰੌਂਕਾਈਟਸ ਵਿਚ ਵਰਤਿਆ ਜਾਂਦਾ ਹੈ। ਇਹ ਦਿਲ ਨੂੰ ਉਤੇਜਨਾ ਦੇਣ ਵਾਸਤੇ, ਜ਼ਿਆਦਾ ਪਿਸ਼ਾਬ ਲਿਆਉਣ ਲਈ ਜਾਂ ਐਂਟੀਸੈਪਟਿਕ ਦਵਾਈ ਵਜੋਂ ਵੀ ਵਰਤਿਆ ਜਾਂਦਾ ਹੈ।

ਤੁਲਸੀ ਦੇ ਪੱਤਿਆਂ ਦਾ ਕਾੜ੍ਹਾ ਮਲੇਰੀਆ, ਬੱਚਿਆਂ ਦੀਆਂ ਪੇਟ ਦੀਆਂ ਬੀਮਾਰੀਆਂ ਅਤੇ ਜਿਗਰ ਦੀਆਂ ਬੀਮਾਰੀਆਂ ਠੀਕ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦੇ ਤਾਜ਼ੇ ਪੱਤਿਆਂ ਨੂੰ ਕਾਲੀ ਮਿਰਚ ਲਗਾ ਕੇ ਖਾਣ ਨਾਲ ਮਲੇਰੀਏ ਵਿਚ ਬਹੁਤ ਲਾਭ ਪਹੁੰਚਦਾ ਹੈ। ਇਸਦੇ ਪੱਤੇ ਸਵੇਰੇ ਜਾਂ ਦੋ ਖਾਣਿਆਂ ਦੇ ਦਰਮਿਆਨ ਖਾਣੇ ਚਾਹੀਦੇ ਹਨ। ਇਕ ਬਾਲਗ਼ ਵਿਅਕਤੀ ਲਈ ਇਸ ਦੀ ਮਾਤਰਾ ਪੰਜ ਤਾਜ਼ੇ ਪੱਤੇ ਅਤੇ ਤਿੰਨ ਕਾਲੀਆਂ ਮਿਰਚਾਂ ਹਨ। ਇਹ ਹਫ਼ਤੇ ਵਿਚ ਦੋ ਵਾਰੀ ਲੈਣੇ ਚਾਹੀਦੇ ਹਨ। ਬੱਚਿਆਂ ਨੂੰ ਇਸ ਤੋਂ ਘੱਟ ਮਾਤਰਾ ਦੇਣੀ ਚਾਹੀਦੀ ਹੈ। ਇਸ ਦੇ ਪੱਤਿਆਂ ਦਾ ਰਸ ਜੇਕਰ ਹਰ ਰੋਜ਼ ਸਵੇਰ ਵੇਲੇ ਲਿਆ ਜਾਵੇ ਤਾਂ ਪੁਰਾਣਾ ਬੁਖ਼ਾਰ ਵੀ ਠੀਕ ਹੋ ਜਾਂਦਾ ਹੈ। ਪੱਤਿਆਂ ਦਾ ਰਸ ਰੱਤਵਾਹ, ਪੇਚਸ ਅਤੇ ਉਲਟੀਆਂ ਰੋਕਣ ਲਈ ਵੀ ਵਰਤਿਆ ਜਾਂਦਾ ਹੈ। ਇਸ ਨਾਲ ਪੇਟ ਦੇ ਕੀੜੇ ਜਾਂ ਵਰਮ ਵੀ ਖ਼ਤਮ ਹੋ ਜਾਂਦੇ ਹਨ।

ਇਸ ਦੀਆਂ ਜੜ੍ਹਾਂ ਦਾ ਕਾੜ੍ਹਾ ਵੀ ਮਲੇਰੀਆ ਬੁਖ਼ਾਰ ਠੀਕ ਕਰਦਾ ਹੈ। ਇਸ ਦੀਆਂ ਤਾਜ਼ੀਆਂ ਜੜ੍ਹਾਂ ਦਾ ਪੇਸਟ ਮੱਛਰਾਂ, ਮਧੂ-ਮੱਖੀਆਂ, ਭਰਿੰਡਾਂ ਦੇ ਲੜ ਜਾਣ ਅਤੇ ਜੋਕਾਂ ਦੇ ਕੱਟ ਜਾਣ ਤੇ ਵਰਤਿਆ ਜਾਂਦਾ ਹੈ।

ਤੁਲਸੀ ਦੇ ਫੁੱਲ ਸ਼ਹਿਦ, ਅਦਰਕ ਦੇ ਰਸ ਅਤੇ ਪਿਆਜ ਦੇ ਰਸ ਨਾਲ ਮਿਲਾਕੇ ਖਾਣ ਨਾਲ ਖ਼ਾਂਸੀ ਅਤੇ ਬਲਗਮ ਤੋਂ ਆਰਾਮ ਮਿਲਦਾ ਹੈ। ਇਸ ਤੋਂ ਇਲਾਵਾ ਤੁਲਸੀ ਦੇ ਬੀਜ ਜਣਨ ਅਤੇ ਪਿਸ਼ਾਬ-ਅੰਗਾਂ ਦੀਆਂ ਬੀਮਾਰੀਆਂ ਵਿਚ ਵੀ ਵਰਤੇ ਜਾਂਦੇ ਹਨ।

ਹ.ਪੁ.—ਐਨ.ਆੱਫ਼. ਹਾਰਟੀ. 2 : 2319; ਮੈਡੀ. ਪਲਾਂਟਸ : 173

**ਤੁਲਸੀ, ਇੰਦਰਜੀਤ ਸਿੰਘ** : ਪੰਜਾਬੀ ਦੇ ਇਸ ਪ੍ਰਸਿੱਧ ਕਵੀ ਅਤੇ ਪੱਤਰਕਾਰ ਦਾ ਜਨਮ 2 ਅਪ੍ਰੈਲ, 1926 ਈ. ਨੂੰ ਪਿੰਡ ਕਾਨ੍ਹਾ ਕਾਛਾ ਜ਼ਿਲਾ ਲਾਹੌਰ (ਹੁਣ ਪਾਕਿਸਤਾਨ) ਵਿਖੇ ਹੋਇਆ। ਇਸ ਨੇ ਐਫ਼.ਏ. ਕਰਕੇ ਮਾਸਕ ਪੱਤਰ 'ਉਜਾਲਾ' ਦਾ ਸੰਪਾਦਨ ਸ਼ੁਰੂ ਕੀਤਾ। ਇਸ ਤੋਂ ਬਾਅਦ ਇਹ ਰੇਲਵੇ ਵਿਚ ਭਰਤੀ ਹੋ ਗਿਆ। ਇਸ ਨੂੰ ਕਵਿਤਾ ਲਿਖਣ ਅਤੇ ਸਟੇਜ ਉੱਤੇ ਬੋਲਣ ਦਾ ਸ਼ੌਕ ਬਚਪਨ ਤੋਂ ਹੀ ਸੀ। ਇਹ ਆਪਣੀ ਕਵਿਤਾ ਰਾਹੀਂ ਸ਼ਰੋਤਿਆਂ ਨੂੰ ਕੀਲ ਲੈਂਦਾ ਸੀ। ਤੇਨ ਸਿੰਘ ਦੀ ਵਾਰ ਰਚਣ ਕਰਕੇ ਇਸ ਨੂੰ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਹੋਈ। ਸੰਨ 1961 ਵਿਚ ਪੰਜਾਬ ਸਰਕਾਰ ਨੇ ਇਸ ਨੂੰ ਰਾਜ ਕਵੀ ਦੀ ਪਦਵੀ ਪ੍ਰਦਾਨ ਕੀਤੀ। ਇਹ ਕਵੀ ਦਰਬਾਰਾਂ ਦਾ ਲੋਕਪ੍ਰਿਯ ਕਵੀ ਸੀ। ਆਪਣੇ 'ਸੁਰ-ਸ਼ਿੰਗਾਰ' ਨਾਂ ਦੇ ਕਾਵਿ ਸੰਗ੍ਰਹਿ ਵਿਚ ਇਸ ਨੇ ਆਧੁਨਿਕ ਰੰਗ ਦੀਆਂ ਬਹੁਤ ਸਾਰੀਆਂ ਸੁੰਦਰ ਕਵਿਤਾਵਾਂ ਰਚੀਆਂ ਹਨ। ਇਸ ਦੇ ਰਚਨਾ ਖੇਤਰ ਨੂੰ ਲੋਕ ਕਾਵਿ ਦੀ ਗੀਤਮਈ ਸ਼ੈਲੀ ਅਤੇ ਕਵੀ ਦਰਬਾਰਾਂ ਦੇ ਲੋਕਪ੍ਰਿਯ ਵਿਸ਼ੇ ਵਿਆਪਕ ਬਣਾਉਂਦੇ ਹਨ। ਇਸ ਦੀ ਕਵਿਤਾ ਵਿਚ ਸੂਖ਼ਮਤਾ, ਭਾਵੁਕਤਾ, ਭਾਸ਼ਾ ਦੀ ਮਧੁਰਤਾ ਅਤੇ ਸ਼ਰੋਤਿਆਂ ਉੱਤੇ ਛਾ ਜਾਣ ਵਾਲੇ ਪ੍ਰਭਾਵ ਮੌਜੂਦ ਹਨ। ਇਸ ਵਿਚ ਸ਼ਿੰਗਾਰ ਅਤੇ ਬੀਰ ਰਸੀ ਰੰਗ ਵਧੇਰੇ ਪ੍ਰਧਾਨ ਹੈ। ਇਸ ਦੀ 'ਬਾਦਸ਼ਾਹ ਦਰਵੇਸ਼' ਨਾਂ ਦੀ ਲੰਮੇਰੀ ਕਾਵਿ ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਿਰਤਾਂਤ ਦੇ ਭਿੰਨ ਭਿੰਨ ਪੱਖਾਂ ਦਾ ਸੁੰਦਰ ਕਾਵਿਮਈ ਪ੍ਰਗਟਾ ਕਰਦੀ ਹੈ।

ਹ.ਪੁ.—ਪੰ.ਸਨ. ਸਾ-ਭਾ. ਵਿ.ਪੰ. (1970)

**ਤੁਲਸੀਦਾਸ** : ਇਹ ਭਾਰਤ ਦਾ ਇਕ ਸਤਿਕਾਰਯੋਗ ਕਵੀ ਅਤੇ ਹਿੰਦੀ ਦੇ ਸੰਸਾਰ ਪ੍ਰਸਿੱਧ ਗ੍ਰੰਥ 'ਰਾਮਚਰਿਤਮਾਨਸ' ਦਾ ਕਰਤਾ ਸੀ। ਇਸ ਮਹਾਂਕਵੀ ਦਾ ਜਨਮ ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਵਿਚ ਰਾਜਾਪੁਰ ਵਿਖੇ 1533 ਈ. (ਸੰਮਤ 1589) ਵਿਚ ਇਕ ਗਰੀਬ ਬ੍ਰਾਹਮਣ ਦੇ ਘਰ ਹੋਇਆ। ਇਸ ਤੋਂ ਵੱਧ ਇਸ ਦੇ ਵਡੇਰਿਆਂ ਬਾਰੇ ਹੋਰ ਕੁਝ ਵੀ ਪਤਾ ਨਹੀਂ ਲਗਦਾ। ਇਸ ਦਾ ਜੀਵਨ ਬੜੀਆਂ ਕਠਿਨਾਈਆਂ ਭਰਿਆ ਸੀ। ਬਚਪਨ ਵਿਚ ਹੀ ਇਸ ਦੇ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਾਰਨ ਇਸਨੂੰ ਭੀਖ ਮੰਗ ਕੇ ਗੁਜ਼ਾਰਾ ਕਰਨਾ ਪਿਆ। ਇਸ ਸਮੇਂ ਦੌਰਾਨ ਇਸ ਨੂੰ ਇਕ ਹਨੂਮਾਨ ਮੰਦਰ ਦਾ ਸਹਾਰਾ ਮਿਲ ਗਿਆ। ਇਕ ਨਰਹਰੀ ਨਾਂ ਦੇ ਗੁਰੂ ਪਾਸੋਂ ਤੁਲਸੀਦਾਸ ਨੇ ਬਾਰ ਬਾਰ ਰਾਮ ਕਥਾ ਸੁਣੀ ਅਤੇ ਰਾਮ ਭਗਤੀ ਦੀ ਦੀਖਿਆ ਪ੍ਰਾਪਤ ਕੀਤੀ।

ਕੁਝ ਚਿਰ ਤੱਕ ਤੁਲਸੀਦਾਸ ਨੇ ਗ੍ਰਹਿਸਤੀ ਦਾ ਸੁੱਖ ਵੀ ਭੋਗਿਆ ਪਰ ਮੁੱਢ ਤੋਂ ਹੀ ਵੈਰਾਗ ਅਤੇ ਰਾਮ ਭਗਤੀ ਦੀ ਲਗਨ ਕਾਰਨ ਇਹ ਮੁੜ ਉਸੇ ਸਾਧਨਾ ਵਿਚ ਜੁਟ ਗਿਆ। ਸੰਨ 1564 ਵਿਚ ਇਸ ਨੇ ਚਿਤ੍ਰਕੂਟ ਵਿਚ ਰਹਿ ਕੇ 'ਰਾਮ ਆਗਿਆ ਪ੍ਰਸ਼ਨ' ਦੀ ਰਚਨਾ ਕੀਤੀ। ਸੰਨ 1623 (ਸੰਮਤ 1680) ਵਿਚ ਕਾਸ਼ੀ ਵਿਖੇ ਇਸ ਦੀ ਮੌਤ ਹੋ ਗਈ। ਸੰਨ 1574 ਵਿਚ ਤੁਲਸੀਦਾਸ ਨੇ ਅਯੁੱਧਿਆ ਵਿਖੇ 'ਰਾਮਚਰਿਤਮਾਨਸ' ਲਿਖਣੀ ਆਰੰਭ ਕੀਤੀ ਪਰ ਇਸ ਨੂੰ ਮੁਕੰਮਲ ਕਾਸ਼ੀ ਵਿਖੇ ਕੀਤਾ ਜਿਥੇ ਤੁਲਸੀਦਾਸ ਨੇ ਆਪਣਾ ਬਾਕੀ ਸਾਰਾ ਜੀਵਨ ਬਿਤਾਇਆ। ਕਾਸ਼ੀ ਵਿਚ ਹੀ 1623 ਈ. ਵਿਚ ਇਸ ਦਾ ਦੇਹਾਂਤ ਹੋਇਆ।

ਕਾਸ਼ੀ ਵਿਚ ਤੁਲਸੀਦਾਸ ਦਾ ਬਹੁਤ ਵਿਰੋਧ ਹੋਇਆ। ਉਥੋਂ ਦਾ ਬ੍ਰਾਹਮਣ ਸਮਾਜ ਉਸ ਦੀ ਜਾਤਪਾਤ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਉਡਾਉਂਦਾ ਸੀ ਅਤੇ ਉਸ ਦੀ ਸਾਧਨਾ ਨੂੰ ਨਿਰਾ ਢੌਂਗ ਹੀ ਦਸਦਾ ਸੀ ਪਰ ਤੁਲਸੀਦਾਸ ਇਸ ਵਿਰੋਧ ਤੋਂ ਘ਼ਬਰਾਇਆ ਨਹੀਂ। ਆਪਣੀਆਂ ਪ੍ਰਸਿੱਧ ਰਚਨਾਵਾਂ 'ਕਵਿਤਾਵਲੀ' ਅਤੇ 'ਵਿਨਯ-ਪਤ੍ਰਿਕਾ' ਵਿਚ ਇਸ ਨੇ ਉਸ ਵਿਰੋਧ ਦਾ ਸਪਸ਼ਟ ਤੌਰ ਤੇ ਉਲੇਖ ਕੀਤਾ ਹੈ। ਆਪਣੇ ਅੰਤਲੇ ਵਰ੍ਹਿਆਂ ਵਿਚ ਤੁਲਸੀਦਾਸ ਕਈ ਕਿਸਮ ਦੀਆਂ ਸਰੀਰਕ ਬੀਮਾਰੀਆਂ ਦਾ ਸ਼ਿਕਾਰ ਰਿਹਾ। ਇਨ੍ਹਾਂ ਦਾ ਜ਼ਿਕਰ ਇਸ ਦੀ ਰਚਨਾ 'ਹਨੂਮਾਨਬਾਹੁਕ' ਵਿਚ ਆਉਂਦਾ ਹੈ। ਤੁਲਸੀਦਾਸ ਦੇ ਜੀਵਨ ਵਿਚ ਵਾਤਸਲ ਪ੍ਰੇਮ, ਸੁੰਦਰਤਾ ਅਤੇ ਪਿਆਰ ਦਾ ਅਭਾਵ

ਰਹਿਣ ਕਰਕੇ ਇਸ ਦੀਆਂ ਰਚਨਾਵਾਂ 'ਗੀਤਾਵਲੀ' ਅਤੇ 'ਕਵਿਤਾਵਲੀ' ਵਿਚ ਵੀ ਇਨ੍ਹਾਂ ਬਾਰੇ ਕਿਤੇ ਮਾੜਾ ਮੋਟਾ ਜ਼ਿਕਰ ਆਉਂਦਾ ਹੈ।

ਤੁਲਸੀਦਾਸ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ : ਰਾਮਲਲਾਨਹਛੂ, ਰਾਮ ਆਗਿਆ ਪ੍ਰਸ਼ਨ, ਜਾਨਕੀ ਮੰਗਲ, ਰਾਮ-ਚਰਿਤਮਾਨਸ, ਪਾਰਵਤੀ ਮੰਗਲ, ਗੀਤਾਵਲੀ, ਕ੍ਰਿਸਨਗੀਤਾਵਲੀ, ਵਿਨਯ ਪੱਤਰਿਕਾ, ਬਰਵੈ ਰਾਮਾਇਣ, ਦੋਹਾਵਲੀ, ਕਵਿਤਾਵਲੀ, ਹਨੂਮਾਨਬਾਹੁਕ, ਵੈਰਾਗਿਆ ਸੰਦੀ ਪਿਨੀ, ਸਤਸਈ, ਕੰਡਲੀਆ ਰਾਮਾਇਣ, ਸੰਕਾਵਲੀ, ਬਜਰੰਗਬਾਣ, ਬਜਰੰਗਚਿਕਾ, ਭਰਤ-ਮਿਲਨ, ਵਿਨਯਦੋਹਾਵਲੀ, ਬ੍ਰਿਹਸਾਤਿਕਾਂਡ, ਛੰਦਾ-ਵਲੀ ਰਾਮਾ-ਇਣ, ਛੱਪਯ ਰਾਮਾਇਣ, ਧਰਮਰਾਇ ਕੀ ਗੀਤਾ, ਧਵਪ੍ਰਸ਼ਨਾਵਲੀ, ਗੀਤਾਭਾਸ਼ਾ, ਹਨੂਮਾਨ ਸਤੋਤ੍ਰ, ਹਨੂਮਾਨਚਾਲੀਸਾ, ਹਨੂਮਾਨ ਪੰਚਕ, ਗਿਆਨਦੀਪਿਕਾ, ਰਾਮਮੁਕਤਾਵਲੀ, ਪਦਬੰਦ ਰਾਮਾਇਣ, ਰਸ-ਭੂਸ਼ਣ, ਸਾਰਣੀ ਤੁਲਸੀਦਾਸ ਜੀ ਕੀ, ਸੰਕਟ ਮੋਚਨ, ਸਤਭਕਤ ਉਪਦੇਸ਼, ਸੂਰਯ ਪੁਰਾਣ, ਤੁਲਸੀਦਾਸ ਜੀ ਕੀ ਬਾਨੀ ਅਤੇ ਉਪਦੇਸ਼ਦੋਹਾ। ਇਨ੍ਹਾਂ ਵਿਚੋਂ ਪਹਿਲੀਆਂ 12 ਰਚਨਾਵਾਂ ਹੀ ਪ੍ਰਮਾਣਿਕ ਰੂਪ ਵਿਚ ਤੁਲਸੀਦਾਸ ਦੀਆਂ ਮੰਨੀਆਂ ਜਾਂਦੀਆਂ ਹਨ। ਬਾਕੀ ਰਚਨਾਵਾਂ ਬਾਰੇ ਸ਼ੱਕ ਹੀ ਹੈ। ਤੁਲਸੀਦਾਸ ਦੀਆ ਰਚਨਾਵਾਂ ਦੀ ਪ੍ਰਸਿੱਧੀ ਕਾਰਨ ਹੋਰ ਅਨੇਕਾਂ ਰਚਨਾਵਾਂ ਇਸ ਦੇ ਨਾਂ ਹੇਠ ਸਾਹਿਤ ਖੇਤਰ ਵਿਚ ਸ਼ਾਮਲ ਹੋ ਗਈਆਂ।

'ਰਾਮਚਰਿਤਮਾਨਸ' ਵਿਚ ਤੁਲਸੀਦਾਸ ਨੇ ਰਾਮ ਭਗਤੀ ਲਈ ਤੀਬਰ ਧਾਰਮਕ ਜਜ਼ਬਾ ਪੈਦਾ ਕੀਤਾ, ਵਿਸੇਸ਼ ਕਰਕੇ ਉੱਤਰੀ ਭਾਰਤ ਵਿਚ ਸ੍ਰੀ ਰਾਮ ਚੰਦਰ ਜੀ ਦੀ ਪੂਜਾ ਬਹੁਤ ਵੱਧ ਗਈ।

ਹ.ਪੁ.—ਹਿੰ. ਵਿ.ਕੋ.; ਐਨ.ਬ੍ਰਿ.ਮਾ. 9:175; ਹਿੰ.ਸਾ.ਇਤਿ.

**ਤੁਲਸੀ ਰਾਮਾਇਣ** : ਆਦਿ ਕਵੀ ਬਾਲਮੀਕ ਦੀ ਰਾਮਾਇਣ ਹੀ ਰਾਮ ਭਗਤੀ ਦਾ ਸ੍ਰੋਤ ਮੰਨੀ ਜਾਂਦੀ ਹੈ ਕਿਉਂਕਿ ਰਾਮ ਕਥਾ ਦਾ ਸਭ ਤੋਂ ਪਹਿਲਾ ਵਰਣਨ ਬਾਲਮੀਕੀ ਨੇ ਆਪਣੇ ਗ੍ਰੰਥ ਵਿਚ ਕੀਤਾ ਹੈ। ਇਸ ਤੋਂ ਮਗਰੋਂ ਜਿੰਨੇ ਵੀ ਰਾਮ-ਭਗਤ ਹੋਏ ਹਨ ਉਨ੍ਹਾਂ ਨੇ ਆਪਣੇ ਕਾਵਿ ਦੀ ਕਥਾ ਬਾਲਮੀਕੀ-ਰਾਮਾਇਣ ਤੋਂ ਹੀ ਲਈ ਹੈ। ਭਗਤ ਕਵੀ ਤੁਲਸੀਦਾਸ ਵੀ ਇਸ ਦ੍ਰਿਸ਼ਟੀ ਤੋਂ ਬਾਲਮੀਕੀ ਕਵੀ ਦੇ ਰਿਣੀ ਹਨ। ਹਿੰਦੀ ਵਿਚ ਰਾਮ-ਸਾਹਿਤ ਦੇ ਸਰਬੋਤਮ ਕਵੀ ਤੁਲਸੀਦਾਸ ਮੰਨੇ ਜਾਂਦੇ ਹਨ। ਮਾਨਸ-ਜੀਵਨ ਦੀਆਂ ਜਿੰਨੀਆਂ ਅਵਸਥਾਵਾਂ ਦਾ ਵਰਣਨ ਤੁਲਸੀ ਰਾਮਾਇਣ ਅਰਥਾਤ 'ਰਾਮ ਚਰਿਤ ਮਾਨਸ' ਵਿਚ ਮਿਲਦਾ ਹੈ ਉਨਾ ਹੋਰ ਰਾਮ ਭਗਤ ਕਵੀਆਂ ਦੀਆਂ ਰਚਨਾਵਾਂ ਵਿਚ ਨਹੀਂ ਮਿਲਦਾ। ਬਾਲਮੀਕੀ ਰਾਮਾਇਣ ਤੋਂ ਬਿਨਾਂ ਅਧਿਆਤਮ ਰਾਮਾਇਣ ਦੇ ਕਥਾਨਕ ਤੋਂ ਵੀ ਤੁਲਸੀ ਦਾਸ ਨੇ ਪ੍ਰਭਾਵ ਗ੍ਰਹਿਣ ਕੀਤਾ ਹੈ। ਤੁਲਸੀ ਰਚਿਤ 'ਰਾਮਚਰਿਤ ਮਾਨਸ' ਦਾ ਕਥਾਨਕ ਪ੍ਰਸੰਨ ਰਾਘਵ, ਹਨੂਮਾਨ ਨਾਟਕ, ਸ੍ਰੀਮਦਭਾਗਵਤ ਆਦਿ ਅਨੇਕਾਂ ਰਚਨਾਵਾਂ ਨਾਲ ਮਿਲਦਾ ਹੈ। ਫਿਰ ਵੀ 'ਰਾਮਚਰਿਤਮਾਨਸ' ਦੀ ਆਪਣੀ ਵਿਸ਼ੇਸ਼ ਮੌਲਿਕਤਾ ਹੈ ਜਿਸ ਨਾਲ ਤੁਲਸੀ ਰਾਮਾਇਣ ਦੀ ਸ੍ਰੇਸ਼ਠਤਾ ਵਿਚ ਵਾਧਾ ਹੋਇਆ ਹੈ।

ਤੁਲਸੀਦਾਸ ਨੇ ਭਗਵਾਨ ਦੇ ਲੋਕ-ਰੱਖਿਅਕ ਰੂਪ ਨੂੰ ਉਜਾਗਰ ਕਰਨ ਲਈ 'ਰਾਮਚਰਿਤਮਾਨਸ' ਦੀ ਰਚਨਾ ਕੀਤੀ। ਇਸ ਤੋਂ ਪਹਿਲਾਂ ਕ੍ਰਿਸ਼ਨ ਭਗਤ ਕਵੀਆਂ ਨੇ, ਜਿਨ੍ਹਾਂ ਦੇ ਆਗੂ ਸੂਰਦਾਸ ਜੀ ਮੰਨੇ ਜਾਂਦੇ ਹਨ, ਭਗਵਾਨ ਦੇ ਲੋਕ-ਰੰਜਕ ਰੂਪ ਨੂੰ ਵਿਅਕਤ ਕੀਤਾ ਸੀ। ਤੁਲਸੀ ਨੇ 'ਰਾਮਚਰਿਤਮਾਨਸ' ਵਿਚ ਜਿਸ ਰਾਮ ਦੀ ਭਗਤੀ ਦਾ ਵਰਣਨ ਕੀਤਾ ਹੈ, ਉਹ ਕਬੀਰ ਦਾ ਨਿਰਗੁਣ ਰਾਮ ਨਹੀਂ ਹੈ, ਉਹ ਤਾਂ ਸਰਬ ਸ਼ਕਤੀਮਾਨ ਵਿਸ਼ਣੂ ਦਾ ਅਵਤਾਰ ਹੈ ਜਿਸ ਦਾ ਜਨਮ ਅਤਿਆਚਾਰ ਦਾ ਦਮਨ ਕਰਕੇ ਧਰਮ ਦੀ ਸਥਾਪਨਾ ਲਈ ਹੋਇਆ ਸੀ। ਇਸ ਤਰ੍ਹਾਂ ਤੁਲਸੀ ਦੇ ਰਾਮ ਸਚਦਾਨੰਦ ਪਾਰਬ੍ਰਹਮ ਸਨ ਜਿਹੜੇ ਧਰਤੀ ਦਾ ਭਾਰ ਹਰਨ, ਧਰਮ ਸੰਸਥਾਪਨ ਕਰਨ ਅਤੇ ਲੋਪ ਹੁੰਦੀ ਜਾ ਰਹੀ ਲੋਕ ਮਰਿਆਦਾ ਦਾ ਪਾਲਣ ਕਰਨ ਲਈ ਮਾਇਆ ਤੋਂ ਨਿਰਲੇਪ ਹੁੰਦਿਆਂ ਹੋਇਆਂ ਵੀ ਮਾਇਆ ਅਧੀਨ ਹੋ ਕੇ ਧਰਤੀ ਉੱਤੇ ਵਿਚਰਦੇ ਰਹੇ।

ਤੁਲਸੀਦਾਸ ਰਚਿਤ 'ਰਾਮਚਰਿਤਮਾਨਸ' ਵਿਚ ਲੋਕ ਤੇ ਸ਼ਾਸਤ੍ਰ ਦਾ, ਗ੍ਰਹਿਸਥ ਤੇ ਵੈਰਾਗ ਦਾ, ਸ਼ੈਵ ਤੇ ਵੈਸ਼ਨਵ ਦਾ, ਭਗਤੀ ਤੇ ਗਿਆਨ ਦਾ, ਭਾਸ਼ਾ ਤੇ ਸੰਸਕ੍ਰਿਤ ਦਾ, ਨਿਰਗੁਣ ਤੇ ਸਰਗੁਣ ਦਾ, ਕਥਾ ਤੇ ਤੱਤਗਿਆਨ ਦਾ, ਗਿਆਨ ਤੇ ਅਗਿਆਨ ਦਾ ਅਤੇ ਪੰਡਤ ਤੇ ਚੰਡਾਲ ਦਾ ਸੰਜੋਗ ਦਿਖਾਇਆ ਹੈ। ਇਸ ਵਿਚ ਤਤਕਾਲੀਨ ਪਰਿਸਥਿਤੀਆਂ ਦਾ ਸੁੰਦਰ ਚਿਤਰਣ ਮਿਲਦਾ ਹੈ। ਉਸ ਸਮੇਂ ਸਮਾਜਕ, ਧਾਰਮਿਕ ਤੇ ਰਾਜਨੀਤਿਕ ਆਦਿ ਸਾਰੇ ਖੇਤਰਾਂ ਵਿਚ ਅਰਾਜਕਤਾ ਫੈਲੀ ਹੋਈ ਸੀ। ਤੁਲਸੀਦਾਸ ਨੇ ਇਸ ਅਰਾਜਕਤਾ ਤੇ ਅਵਿਵਸਥਾ ਨੂੰ ਦੂਰ ਕਰਨ ਦੇ ਉਪਾਅ ਵੀ ਸਮਾਜ ਅੱਗੇ ਰਖੇ ਹਨ।

ਚਰਿੱਤਰ-ਚਿਤਰਣ, ਵਾਰਤਾਲਾਪ, ਅਲੰਕਾਰ-ਯੋਜਨਾ, ਅਰਥ-ਗੌਰਵ, ਭਾਸ਼ਾ, ਕਵਿਤਾ-ਸ਼ਕਤੀ ਆਦਿ ਸਾਰੇ ਪੱਖਾਂ ਤੋਂ 'ਰਾਮਚਰਿਤਮਾਨਸ' ਇਕ ਉੱਤਮ ਗ੍ਰੰਥ ਹੈ। ਪ੍ਰਬੰਧ ਕਾਵਿ ਦੇ ਪੱਖੋਂ ਇਹ ਇਕ ਮਹਾਨ ਗ੍ਰੰਥ ਮੰਨਿਆ ਜਾਂਦਾ ਹੈ। ਇਸ ਦੇ 7 ਖੰਡ ਹਨ। ਤੁਲਸੀ ਦਾਸ ਨੇ ਆਰੰਭ ਵਿਚ ਬੰਦਨਾ ਅਤੇ ਫਿਰ ਮਾਨਸ-ਰੂਪਕ ਦੁਆਰਾ ਕਥਾ ਦੇ ਪ੍ਰਬੰਧ ਦੀ ਸਪਸ਼ਟ ਪ੍ਰਸਤਾਵਨਾ ਕੀਤੀ ਹੈ। ਕਥਾ ਦਾ ਪ੍ਰਵਾਹ ਸ਼ੁਰੂ ਤੋਂ ਅਖ਼ੀਰ ਤਕ ਇਸੇ ਰੂਪ ਵਿਚ ਚਲਦਾ ਹੈ। ਪ੍ਰਬੰਧ ਕਾਵਿ ਦੀ ਦ੍ਰਿਸ਼ਟੀ ਤੋਂ ਤੁਲਸੀ ਰਾਮਾਇਣ ਦਾ ਸਮੁੱਚੇ ਹਿੰਦੀ ਸਾਹਿਤ ਵਿਚ ਸਰਬੋਤਮ ਸਥਾਨ ਹੈ।

ਤੁਲਸੀ ਰਾਮਾਇਣ ਦੀਆਂ ਵਿਸ਼ੇ ਤੇ ਕਾਵਿਗਤ ਵਿਸ਼ੇਸ਼-ਤਾਈਆਂ ਨੂੰ ਵੇਖਦਿਆਂ ਇਹ ਕਿਹਾ ਜਾਂਦਾ ਹੈ ਕਿ ਤੁਲਸੀਦਾਸ ਆਪਣੇ ਸਮੇਂ ਦੇ ਲੋਕ-ਨਾਇਕ ਹੋਏ ਹਨ।

ਹ.ਪੁ.—ਤੁਲਸੀਦਾਸ—ਪ੍ਰੋ: ਦਮੋਦਰ ਦਾਸ ਗੁਪਤ

**ਤੁਲਜਾਪੁਰਾ** : ਭਾਰਤ ਦੇ ਮਹਾਰਾਸ਼ਟਰ ਰਾਜ ਦੇ ਉਸਮਾਨਾਬਾਦ ਜ਼ਿਲ੍ਹੇ ਦਾ ਇਹ ਇਕ ਸ਼ਹਿਰ ਹੈ ਜਿਹੜਾ ਉਸਮਾਨਾਬਾਦ ਸ਼ਹਿਰ ਤੋਂ 22.4 ਕਿ.ਮੀ. (14 ਮੀਲ) ਅਤੇ ਸ਼ੋਲਾਪੁਰ ਤੋਂ ਲ. 4 ਕਿ.ਮੀ. (28 ਮੀਲ) ਦੀ ਦੂਰੀ ਤੇ ਵਾਕਿਆ ਹੈ। ਇਸ ਸ਼ਹਿਰ ਵਿ ਇਕ ਸਕੂਲ, ਡਿਸਪੈਂਸਰੀ, ਡਾਕਖਾਨਾ ਅਤੇ ਯਾਤਰੂਆਂ ਲ ਆਰਾਮਘਰ ਬਣਿਆ ਹੋਇਆ ਹੈ। ਇਹ ਇਕ ਵਪਾਰਕ ਕੇਂਦਰ ਹੈ। ਪਹਾੜੀ ਦੇ ਪੈਰਾਂ ਵਿਚ ਪੈਂਦੀ ਇਕ ਖੱਡ ਵਿਚ 'ਤੁਲਜਾ ਭਿਵਾਨੀ ਦਾ ਮੰਦਰ ਹੈ ਜਿਸ ਦੇ ਦਰਸ਼ਨਾਂ ਲਈ ਭਾਰਤ ਦੇ ਸਾਰੇ ਹਿੱਸਿਆਂ ਵਿ ਸ਼ਰਧਾਲੂ ਆਉਂਦੇ ਹਨ। ਦਸਾਰਾ (Dasara) ਤਿਉਹਾਰ ਸਮੇਂ ਜ ਪੂਰਨਮਾਸ਼ੀ ਹੁੰਦੀ ਹੈ ਤਾਂ ਉਸ ਸਮੇਂ ਇਥੇ ਇਕ ਵੱਡਾ ਜਲੂਸ ਕੱਢਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਮੰਦਰ ਕੋਲ੍ਹਾਪੁਰ ਅਤੇ ਸਤਾਰਾ ਦੇ ਰਾਜਿਆਂ ਨੇ ਬਣਵਾਇਆ ਸੀ। ਸ਼ਹਿ ਵਿਚ ਮਿਉਂਸਪਲਟੀ ਵੀ ਸਥਾਪਿਤ ਹੈ।

ਆਬਾਦੀ – 23,012 (1991)

18°1′ ਉ. ਵਿਥ.; 76°5′ ਪੂ.ਲੰਬ.

ਹ.ਪੁ.—ਇੰਪ. ਗ. ਇੰਡ. 24 : 52; ਡਿ.ਆਫ. ਸਿ.ਐਂਡ ਟਾਊ: 1

**ਤੁਲਨਾਤਮਕ ਨਸ-ਵਿਗਿਆਨ** : ਸਭ ਕਿਸਮਾਂ ਪ੍ਰਾਣੀਆਂ ਦੀ ਨਾੜੀ ਰਚਨਾ ਅਤੇ ਕਿਰਿਆਸ਼ੀਲਤਾ

ਤੁਲਨਾਤਮਕ ਨਸ-ਵਿਗਿਆਨ ਵਿਚ ਸ਼ਾਮਲ ਕੀਤਾ ਜਾਂਦਾ ਹੈ। ਸਾਰੇ ਪ੍ਰਾਣੀਆਂ ਉੱਤੇ ਵਾਤਾਵਰਣਕ ਤਬਦੀਲੀਆਂ ਦਾ ਅਸਰ ਪੈਂਦਾ ਹੈ। ਇਸ ਸੰਵੇਦਨਸ਼ੀਲਤਾ ਨੂੰ ਉਤੇਜਨਾਸ਼ੀਲਤਾ (irritability) ਦਾ ਨਾਂ ਦਿੱਤਾ ਜਾਂਦਾ ਹੈ ਅਤੇ ਇਹ ਜਿਉਂਦੇ ਪ੍ਰਾਣੀਆਂ ਦਾ ਇਕ ਵਿਸ਼ੇਸ਼ ਲੱਛਣ ਹੈ। ਵਾਤਾਵਰਣਕ ਤਬਦੀਲੀਆਂ ਉਤੇਜਨਾਵਾਂ ਦਾ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਤੋਂ ਪੈਦਾ ਹੋਈ ਪ੍ਰਤਿਕਿਰਿਆ ਜੀਵ ਲਈ ਆਮ ਤੌਰ ਤੇ ਗੁਣਕਾਰੀ ਹੁੰਦੀ ਹੈ।

ਬਹੁਤ ਨਿਮਨ-ਪੱਧਰੀ ਕਿਸਮਾਂ ਨੂੰ ਛੱਡ ਕੇ, ਬਾਕੀ ਸਭ ਪ੍ਰਾਣੀਆਂ ਵਿਚ ਵੱਖ ਵੱਖ ਤਰ੍ਹਾਂ ਦੀਆਂ ਉਤੇਜਨਾਵਾਂ ਨੂੰ ਗ੍ਰਹਿਣ ਕਰਨ ਲਈ ਵਿਸੇਸ਼ ਸੈੱਲ ਹੁੰਦੇ ਹਨ ਜਿਨ੍ਹਾਂ ਨੂੰ ਰਿਸੈੱਪਟਰ ਜਾਂ ਗ੍ਰਾਹੀ ਕਿਹਾ ਜਾਂਦਾ ਹੈ। ਉੱਚ ਪੱਧਰੀ ਕਿਸਮਾਂ ਵਿਚ ਇਹ ਸੈੱਲ ਖ਼ਾਸ ਸੰਵੇਦੀ-ਅੰਗ (ਜਿਵੇਂ ਅੱਖ, ਕੰਨ ਆਦਿ) ਬਣਾਉਂਦੇ ਹਨ। ਸਭ ਪ੍ਰਾਣੀਆਂ ਵਿਚ ਕੁੱਝ ਸਾਧਾਰਣ ਕਿਸਮਾਂ ਦੇ ਰਿਸੈੱਪਟਰ ਵੀ ਹੁੰਦੇ ਹਨ ਜਿਹੜੇ ਅੰਦਰੂਨੀ ਅਤੇ ਬਾਹਰੀ ਉਤੇਜਨਾਵਾਂ ਨਾਲ ਕਿਰਿਆਸ਼ੀਲ ਹੁੰਦੇ ਹਨ। ਸੈੱਲ ਦੇ ਜਿਹੜੇ ਹਿੱਸੇ ਤੇ ਉਤੇਜਨਾ ਅਸਰ ਪਾਉਂਦੀ ਹੈ, ਉਸ ਹਿੱਸੇ ਵਿਚ ਰਿਸੈੱਪਟਰ ਵਿਚ ਕੁਝ ਤਬਦੀਲੀ ਆ ਜਾਂਦੀ ਹੈ। ਇਸ ਤਬਦੀਲੀ ਕਾਰਨ ਇਹ ਉਤੇਜਨਾ ਦੂਰ ਦੇ ਹਿੱਸਿਆਂ ਤੱਕ ਪਹੁੰਚ ਜਾਂਦੀ ਹੈ। ਉਤੇਜਨਾ ਰਾਹੀਂ ਪੈਦਾ ਹੋਈ ਇਸ ਤਰੰਗ ਜਾਂ ਪ੍ਰੇਰਣਾ (Impulse) ਦੀ ਇਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਣ ਦੀ ਸ਼ਕਤੀ ਨੂੰ ਚਾਲਕਤਾ (Conductivity) ਕਿਹਾ ਜਾਂਦਾ ਹੈ, ਇਹ ਜੀਉਂਦੇ ਪ੍ਰਾਣੀਆਂ ਦਾ ਦੂਜਾ ਗੁਣ ਹੈ। ਸਾਰੇ ਸਜੀਵ ਸੈੱਲਾਂ ਵਿਚ ਇਹ ਕੁਝ ਹੱਦ ਤੱਕ ਹੁੰਦਾ ਹੈ ਪਰ ਨਾੜੀ-ਸੈੱਲਾਂ ਦਾ ਇਹ ਖ਼ਾਸ ਗੁਣ ਹੈ। ਉਹ ਬਣਤਰ ਜਿਸ ਵਿਚ ਪ੍ਰਤਿਕਿਰਿਆ ਲਈ ਸਮਰੱਥਾ ਹੁੰਦੀ ਹੈ, ਇਫ਼ੈਕੱਟਰ (effector) ਜਾਂ ਪ੍ਰੇਰਨਾ ਚਾਲਕ (ਅੰਗ) ਕਹਾਉਂਦੀ ਹੈ।

## ਰੀੜ੍ਹ ਰਹਿਤ ਪ੍ਰਾਣੀ

**ਪ੍ਰੋਟੋਜ਼ੋਆ ਪ੍ਰਾਣੀ** — ਇਹ ਇਕ ਸੈੱਲੇ ਪ੍ਰਾਣੀ ਹਨ। ਕਈ ਪ੍ਰੋਟੋਜ਼ੋਆ ਪ੍ਰਾਣੀਆਂ ਵਿਚ ਨਾਜ਼ੁਕ ਜਿਹੇ ਧਾਗੇ ਜਾਂ ਰੇਸ਼ੇ ਹੁੰਦੇ ਹਨ ਜਿਹੜੇ ਸਿਲੀਆ (Cilia) ਦੇ ਆਧਾਰਾਂ ਨੂੰ ਆਪਸ ਵਿਚ ਮਿਲਾਉਂਦੇ ਹਨ। ਗ੍ਰਸ-ਨਲੀ ਦੇ ਨਜ਼ਦੀਕ ਸਥਿਤ ਇਕ ਬਣਤਰ ਮੋਟੋਰੀਅਮ (Motorium) ਵਿਚ ਇਹ ਇੱਕਠੇ ਹੁੰਦੇ ਹਨ। ਸਿਲੀਆ ਦੀਆਂ ਇਕਸਾਰ ਹਰਕਤਾਂ ਇਨ੍ਹਾਂ ਪ੍ਰਾਣੀਆਂ ਵਿਚ ਕਿਸੇ ਖ਼ਾਸ ਸੰਚਾਲਕ ਮੈਕੇਨਿਜ਼ਮ ਦੀ ਹੋਂਦ ਦਰਸਾਉਂਦੀਆਂ ਹਨ ਜਿਹੜਾ ਰੇਸ਼ਿਆਂ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਨਿਊਰੋਮੋਟਰ ਸਿਸਟਮ ਬਣਾਉਂਦੇ ਹਨ।

**ਸਪੰਜ** — ਇਨ੍ਹਾਂ ਬਹੁ-ਸੈੱਲੇ ਪ੍ਰਾਣੀਆਂ ਵਿਚ ਕੋਈ ਨਾੜੀ-ਸਿਸਟਮ ਨਹੀਂ ਮਿਲਦਾ। ਇਨ੍ਹਾਂ ਪ੍ਰਾਣੀਆਂ ਵਿਚ ਪਾਣੀ ਦਾ ਜੋ ਚੱਕਰ ਚਲਦਾ ਹੈ, ਉਹ ਸੁਰਾਖ਼ਾਂ (pores) ਦੇ ਖੁਲ੍ਹਣ ਤੇ ਬੰਦ ਹੋਣ ਨਾਲ ਕੰਟਰੋਲ ਹੁੰਦਾ ਹੈ। ਇਹ ਹਰਕਤਾਂ ਸੁੰਗੜਨਸ਼ੀਲ ਸੈੱਲਾਂ ਜਿਨ੍ਹਾਂ ਨੂੰ ਸੁਤੰਤਰ ਇਫ਼ੈੱਕਟਰ ਕਹਿੰਦੇ ਹਨ, ਦੇ ਉਤੇਜਤ ਹੋਣ ਨਾਲ ਹੁੰਦੀਆਂ ਹਨ।

**ਸੀਲੈਂਟਰੇਟ** — ਜੈਲੀ ਫਿਸ਼ ਅਤੇ ਕਈ ਹੋਰ ਇਹੋ ਜਿਹੇ ਸੀਲੈਂਟਰੇਟ ਪ੍ਰਾਣੀਆਂ ਦੇ ਡੰਗਣ-ਅੰਗ ਸੁਤੰਤਰ ਇਫ਼ੈੱਕਟਰਾਂ ਦੇ ਤੌਰ ਤੇ ਕੰਮ ਕਰਦੇ ਹਨ। ਇਨ੍ਹਾਂ ਵਿਚ ਚੰਗੇ ਵਿਕਸਿਤ ਪੱਠਿਆਂ ਦੇ ਰੂਪ ਵਿਚ ਵੀ ਇਫ਼ੈਕੱਟਰ ਹੁੰਦੇ ਹਨ ਜਿਨ੍ਹਾਂ ਦੇ ਸੈੱਲ ਬੜੀ ਜਲਦੀ ਜਲਦੀ ਰੂਪ ਵਟਾ ਸਕਦੇ ਹਨ। ਸਮੁੰਦਰੀ ਐਨੀਮੋਨ ਵਰਗੇ ਪ੍ਰਾਣੀਆਂ ਦੇ ਸਪੱਰਸ਼ਕਾਂ ਵਿਚ ਰਿਸੈੱਪਟਰ-ਇਫ਼ੈੱਕਟਰ ਅਪਰੇਟਸ ਹੁੰਦਾ ਹੈ ਜਿਹੜਾ ਇਕ ਸੰਵੇਦੀ-ਸੈੱਲ ਅਤੇ ਪੇਸ਼ੀ ਤੋਂ ਬਣਦਾ ਹੈ। ਸੰਵੇਦੀ-ਸੈੱਲ ਬਾਹਰਲੀ ਸਤ੍ਹਾ ਤੱਕ ਪਹੁੰਚਦਾ ਹੈ ਅਤੇ ਰਿਸੈੱਪਟਰ ਬਣਦਾ ਹੈ। ਰਿਸੈੱਪਟਰ ਦੇ ਡੂੰਘੇ (ਹੇਠਲੇ) ਹਿੱਸੇ ਤੋਂ ਇਕ ਰੇਸ਼ੇਦਾਰ ਵਾਧਰਾ ਨਿਕਲਦਾ ਹੈ ਜਿਹੜਾ ਸੰਚਾਲਕ (Conductor) ਦਾ ਕੰਮ ਕਰਦਾ ਹੈ। ਇਸ ਵਾਧਰੇ ਤੋਂ ਕਈ ਸ਼ਾਖ਼ਾਵਾਂ ਨਿਕਲਦੀਆਂ ਹਨ ਜਿਹੜੀਆਂ ਬਾਹਰਲੀ ਸਤ੍ਹਾ ਦੇ ਹੇਠ੍ਹਾਂ ਨਾੜੀ-ਜਾਲ (plexus) ਵਿਛਾਉਂਦੀਆਂ ਹਨ ਅਤੇ ਡੂੰਘੀਆਂ ਤਹਿਆਂ ਵਿਚ ਪੇਸ਼ੀਆਂ ਦੇ ਸੰਪਰਕ ਵਿਚ ਖ਼ਤਮ ਹੁੰਦੀਆਂ ਹਨ। ਇਹ ਨਾੜੀ-ਜਾਲ ਉਤੇਜਨਾ ਨੂੰ ਖ਼ਿਲਾਰ ਦਿੰਦਾ ਹੈ ਅਤੇ ਪੇਸ਼ੀਆਂ ਦੀ ਇਕ ਵਿਸਤ੍ਰਿਤ ਪ੍ਰਤਿਕ੍ਰਿਆ ਪੈਦਾ ਹੁੰਦੀ ਹੈ ਜਿਸ ਰਾਹੀਂ ਟੌਹਣੀਆਂ ਹਰਕਤਾਂ ਕਰਦੀਆਂ ਹਨ।




**ਸਮੁੰਦਰੀ ਐਨੀਮੋਨ ਦਾ ਗੁੰਝਲਦਾਰ ਰਿਸੈੱਪਟਰ-ਇਫ਼ੈੱਕਟਰ ਸਿਸਟਮ**

ਹਾਈਡ੍ਰੌਇਡ ਪਾੱਲਿਪ, ਸਮੁੰਦਰੀ ਐਨੀਮੋਨਾਂ ਅਤੇ ਜੈਲੀ ਫ਼ਿਸ਼ ਵਿਚ ਰਿਸੈੱਪਟਰ-ਕੰਡਕਟਰ-ਇਫ਼ੈੱਕਟਰ ਸਿਸਟਮ ਮਿਲਦਾ ਹੈ ਜਿਸ ਵਿਚ ਰਿਸੈੱਪਟਰ ਤੇ ਇਫ਼ੈਕੱਟਰ ਦੇ ਵਿਚਕਾਰ ਪੂਰਵਜ ਕਿਸਮ ਦੇ ਨਾੜੀ-ਸੈੱਲ ਤੇ ਉਨ੍ਹਾਂ ਦੀਆਂ ਸ਼ਾਖ਼ਾਵਾਂ ਆ ਜਾਂਦੀਆਂ ਹਨ। ਕਈ ਥਾਵਾਂ ਤੇ ਇਹ ਸ਼ਾਖ਼ਾਵਾਂ ਮਿਲਕੇ ਪ੍ਰੇਰਨਾਂ ਨੂੰ ਦੂਜੇ ਨਾੜੀ-ਰੇਸ਼ੇ ਵਿਚ ਪਹੁੰਚਾ ਦਿੰਦੀਆਂ ਹਨ; ਇਨ੍ਹਾਂ ਨੁਕਤਿਆਂ ਨੂੰ ਸਿਨੈਪਸਿਸ (Synapses) ਕਹਿੰਦੇ ਹਨ।

ਉੱਚ ਪੱਧਰੀ ਪ੍ਰਾਣੀਆਂ ਵਿਚ ਇਹ ਸਿਨੈਪਸਿਸ ਇਕ-ਪਾਸੀ ਵਾਲਵਾਂ ਦਾ ਕੰਮ ਕਰਦੇ ਹਨ ਅਤੇ ਪ੍ਰੇਰਨਾ ਕੇਵਲ ਇਕੋ ਦਿਸ਼ਾ ਵਿਚ ਹੀ ਜਾ ਸਕਦੀ ਹੈ, ਜਦੋਂ ਕਿ ਨਿਮਨ-ਪੱਧਰੀ ਪ੍ਰਾਣੀਆਂ ਦੇ ਇਹ ਸਾਰੇ ਸਰੀਰ ਵਿਚ ਪਹੁੰਚ ਸਕਦੀ ਹੈ।

**ਉੱਚ ਪੱਧਰੇ ਰੀੜ੍ਹ ਰਹਿਤ ਪ੍ਰਾਣੀ** — ਜੈਲੀ-ਫ਼ਿਸ਼ ਤੋਂ ਉੱਚੇ (ਵਿਕਸਿਤ) ਪ੍ਰਾਣੀਆਂ ਵਿਚ ਅਨੇਕਾਂ ਤਰ੍ਹਾਂ ਦੇ ਨਾੜੀ ਸਿਸਟਮ ਮਿਲਦੇ ਹਨ। ਸਾਰੇ ਦੋ-ਪਾਸੀ ਸਮਮਿਤ ਪ੍ਰਾਣੀਆਂ ਵਿਚ ਇਹ ਖ਼ਾਸ ਨਾੜੀ-ਸੈੱਲਾਂ, ਨਿਊਰੌਨ (Neuron) ਦਾ ਬਣਿਆ ਹੁੰਦਾ ਹੈ। ਇਨ੍ਹਾਂ ਪ੍ਰਾਣੀਆਂ ਵਿਚ ਆਮ ਤੌਰ ਤੇ ਨਾੜੀ ਸੈੱਲ ਗਰੁੱਪਾਂ ਵਿਚ ਇਕੱਠੇ ਹੋਏ ਹੁੰਦੇ ਹਨ ਅਤੇ ਇਨ੍ਹਾਂ ਨੂੰ ਨਾੜੀ-ਕੇਂਦਰ ਆਖਦੇ ਹਨ; ਲੰਬੀਆਂ ਸ਼ਾਖ਼ਾਵਾਂ ਬੰਡਲਾਂ ਦੇ ਰੂਪ ਵਿਚ ਇਕ ਕੇਂਦਰੀ ਨਾੜੀ-ਧੁਰੇ (Central nervous axis) ਵਿਚ ਇਕੱਠੀਆਂ ਹੋਈਆਂ ਹੁੰਦੀਆਂ ਹਨ ਜਿਹੜੇ ਨਾੜੀ ਕੇਂਦਰਾਂ ਨੂੰ ਆਪਸ ਵਿਚ ਮਿਲਾਉਂਦੇ ਹਨ। ਇਹ ਪਰਿਧੀ (peripheral) ਬੰਡਲਾਂ ਵਿਚ ਵੀ ਇਕੱਠੀਆਂ ਹੋ ਕੇ ਨਾੜੀਆਂ (nerves) ਕਹਾਉਂਦੀਆਂ ਹਨ। ਨਾੜੀਆਂ ਰਿਸੈੱਪਟਰ ਤੇ ਇਫ਼ੈੱਕਟਰ ਅੰਗਾਂ ਨੂੰ ਕੇਂਦਰੀ ਨਾੜੀ ਅਪਰੇਟਸ ਨਾਲ ਮਿਲਾਉਂਦੀਆਂ ਹਨ।

ਖੰਡਮਈ (Segmented) ਰੀੜ੍ਹ ਰਹਿਤ ਪ੍ਰਾਣੀਆਂ (ਗੰਡੋਏ, ਕੀੜੇ ਆਦਿ) ਦੇ ਸਰੀਰ ਦੇ ਅਗਲੇ ਹਿੱਸੇ ਵਿਚ ਦਿਮਾਗ਼ ਹੁੰਦਾ ਹੈ ਜਿਸ ਵਿਚ ਨਾੜੀ-ਸੈੱਲਾਂ ਤੇ ਰੇਸ਼ਿਆਂ ਦਾ ਇਕੱਠ ਹੁੰਦਾ ਹੈ ਅਤੇ ਨਾੜੀ-ਰੇਸ਼ਿਆਂ ਅਤੇ ਸੈੱਲਾਂ ਦੀਆਂ ਬਣੀਆਂ ਦੋ ਲੰਬੀਆਂ ਤੰਦਾਂ (Strands) ਸਾਰੇ ਸਰੀਰ ਤੱਕ ਪਹੁੰਚਦੀਆਂ ਹਨ।

ਹਰ ਖੰਡ ਵਿਚ ਇਕ ਜੋੜਾ ਨਾੜੀ-ਸੈੱਲਾਂ ਦੀਆਂ ਬਣੀਆਂ ਨਾੜੀ-ਗੰਢਾਂ (ganglia) ਦਾ ਹੁੰਦਾ ਹੈ। ਇਹ ਗੰਢਾਂ ਨਾੜੀ-ਰੇਸ਼ਿਆਂ ਨਾਲ ਜੁੜ ਕੇ ਕੇਂਦਰੀ-ਨਾੜੀ ਸਿਸਟਮ ਬਣਾਉਂਦੀਆਂ ਹਨ। ਸਿਰ ਦੇ ਹਿੱਸੇ ਵਿਚ ਦਿਮਾਗ਼ ਸਥਿਤ ਹੁੰਦਾ ਹੈ। ਇਹ ਨਾੜੀ ਕਾੱਰਡ ਦੇ ਅਗਲੇ ਹਿੱਸੇ ਵਿਚਲੇ ਨਾੜੀ-ਕੇਂਦਰ ਨਾਲ, ਨਾੜੀ-ਰੇਸ਼ਿਆਂ ਦੇ ਇਕ ਸਟਰੈਂਡ ਰਾਹੀਂ ਜੁੜਿਆ ਹੁੰਦਾ ਹੈ। ਪਾਚਨ ਨਲੀ ਦੇ ਅਗਲੇ ਹਿੱਸੇ ਦੇ ਦੋਨੋਂ ਪਾਸੇ ਹੇਠਾਂ ਨੂੰ ਜਾਂਦਾ ਨਾੜੀ-ਰੇਸ਼ਿਆਂ ਦਾ ਇਕ ਸਟਰੈਂਡ (strand) ਹੁੰਦਾ ਹੈ। ਰੀੜ੍ਹ ਰਹਿਤ ਪ੍ਰਾਣੀਆਂ ਵਿਚ ਨਾੜੀ-ਕਾੱਰਡ ਪਾਚਨ ਨਲੀ ਦੇ ਹੇਠਾਂ ਹੁੰਦੀ ਹੈ।

ਗੰਡੋਏ — ਗੰਡੋਇਆਂ ਦੇ ਸਰੀਰ ਦੇ ਹਰ ਖੰਡ ਵਿਚ ਇਕ ਇਕ ਜੋੜਾ ਨਾੜੀ-ਗੰਢਾਂ ਦਾ ਹੁੰਦਾ ਹੈ। ਇਨ੍ਹਾਂ ਨਾੜੀ-ਗੰਢਾਂ ਤੋਂ ਅਤੇ ਦਿਮਾਗ਼ ਤੋਂ ਨਿਕਲਕੇ ਨਾੜੀਆਂ ਸਰੀਰ ਦੇ ਹੋਰ ਹਿੱਸਿਆਂ, ਪੇਸ਼ੀਆਂ ਅਤੇ ਚਮੜੀ ਨੂੰ ਜਾਂਦੀਆਂ ਹਨ। ਇਨ੍ਹਾਂ ਪ੍ਰਾਣੀਆਂ ਦੀ ਚਮੜੀ ਵਿਚ, ਖ਼ਾਸ ਕਰਕੇ ਸਰੀਰ ਦੇ ਅਗਲੇ ਹਿੱਸੇ ਵਿਚ, ਸੰਵੇਦੀ-ਸੈੱਲ ਹੁੰਦੇ ਹਨ ਜਿਨ੍ਹਾਂ ਦੇ ਬਾਹਰਲੇ ਸਿਰੇ, ਬਾਹਰਲੀ ਸਤ੍ਹਾ ਤੱਕ ਪਹੁੰਚਦੇ ਹਨ ਤੇ ਰਿਸੈੱਪਟਰ ਬਣਦੇ ਹਨ। ਇਨ੍ਹਾਂ ਦੇ ਅੰਦਰਲੇ ਸਿਰੇ ਤੇ ਛੋਟੇ ਛੋਟੇ ਨਾੜੀ ਰੇਸ਼ੇ ਹੁੰਦੇ ਹਨ ਜਿਹੜੇ ਇਕੱਠੇ ਹੋ ਕੇ ਨਾੜੀਆਂ ਬਣਦੇ ਅਤੇ ਨਾੜੀ ਕੇਂਦਰਾਂ ਤੱਕ ਪਹੁੰਚਦੇ ਹਨ। ਇਨ੍ਹਾਂ ਨਾੜੀ ਕੇਂਦਰਾਂ ਵਿਚ ਇਹ ਰੇਸ਼ੇ ਸੈੱਲਾਂ ਜਾਂ ਉਨ੍ਹਾਂ ਦੇ ਵਾਧਰਿਆਂ ਨਾਲ ਸਿਨੈਪਟਿਕ ਸੰਪਰਕ ਬਣਾਉਂਦੇ ਹਨ। ਚਮੜੀ ਤੇ ਹੋਣ ਵਾਲੀ ਸੰਵੇਦਨਾ ਨਾਲ ਪੇਸ਼ੀਆਂ ਹਰਕਤ ਕਰ ਸਕਦੀਆਂ ਹਨ। ਇਸ ਕਿਰਿਆ ਵਿਚ ਜਿਹੜਾ ਨਾੜੀ ਮੈਕੇਨਿਜ਼ਮ ਕੰਮ ਕਰਦਾ ਹੈ, ਉਸ ਵਿਚ ਰਿਸੈੱਪਟਰ ਜਾਂ ਸੰਵੇਦੀ ਨਾੜੀ-ਸੈੱਲ, ਨਾੜੀ-ਕੇਂਦਰ ਵਿਚ ਜੋੜਕ (Connections) ਅਤੇ ਪ੍ਰੇਰਕ (effector) ਨਾੜੀ-ਸੈੱਲ ਆਉਂਦੇ ਹਨ। ਰਿਸੈੱਪਟਰ ਤੋਂ ਇਫ਼ੈੱਕਟਰ ਤੱਕ ਦੀ ਨਾੜੀ-ਸੈੱਲਾਂ ਦੀ ਲੜੀ ਇਕ ਪ੍ਰਤਿਵਰਤੀ ਆਰਕ (reflex arc) ਬਣਾਉਂਦੀ ਹੈ; ਇਸ ਦੀ ਸਭ ਤੋਂ ਸਾਧਾਰਣ ਕਿਸਮ ਵਿਚ ਦੋ ਐਲੀਮੈਂਟ ਅਤੇ ਨਾੜੀ-ਕੇਂਦਰ ਵਿਚ ਉਨ੍ਹਾਂ ਦਾ ਸਿਨੈਪਟਿਕ ਸੰਪਰਕ ਆਉਂਦਾ ਹੈ।



ਗੰਡੋਏ ਦੇ ਦਿਮਾਗ਼ ਅਤੇ ਅਗਲੀਆਂ ਨਾੜੀਆਂ ਦਾ ਪਾਸੇ ਦਾ ਦ੍ਰਿਸ਼

ਗੰਡੋਇਆਂ ਵਿਚ ਸੰਵੇਦੀ ਅਤੇ ਪ੍ਰੇਰਕ ਨਾੜੀ-ਸੈੱਲਾਂ ਦੇ ਵਿਚਕਾਰ ਇਕ ਤੀਜੀ ਕਿਸਮ ਦਾ ਨਾੜੀ ਸੈੱਲ ਵੀ ਮਿਲਦਾ ਹੈ। ਇਸ ਨੂੰ ਇੰਟਰਨਨਸ਼ੀਅਲ (internuncial) ਨਾੜੀ-ਸੈੱਲ ਕਹਿੰਦੇ ਹਨ ਅਤੇ ਇਹ ਐਡਜਸਟਰ (adjustor) ਦਾ ਕੰਮ ਕਰਦਾ ਹੈ। ਅਜਿਹੇ ਨਾੜੀ-ਸੈੱਲ ਸਿਰਫ਼ ਦਿਮਾਗ਼ ਅਤੇ ਨਾੜੀ-ਕਾੱਰਡ ਅਤੇ ਇਸ ਦੇ ਕੇਂਦਰਾਂ ਵਿਚ ਹੁੰਦੇ ਹਨ ਅਤੇ ਸਾਰੀ ਲੰਬਾਈ ਦੇ ਨਾਲ ਨਾਲ, ਇਕ ਨਾੜੀ ਕੇਂਦਰ ਤੋਂ ਦੂਜੇ ਤੱਕ ਜਾਂਦੇ ਅਤੇ ਉਨ੍ਹਾਂ ਪ੍ਰੇਰਨਾਵਾਂ ਦਾ ਸੰਚਾਰ ਕਰਦੇ ਜਾਂਦੇ ਹਨ, ਜਿਹੜੀਆਂ ਉਤੇਜਨਾ ਵਾਲੇ ਨੁਕਤੇ ਤੋਂ ਦੂਰ ਦੇ ਦੇਹ-ਖੰਡਾਂ ਦੀਆਂ ਕਿਰਿਆਵਾਂ ਤੇ ਅਸਰ ਪਾਉਂਦੀਆਂ ਹਨ।

ਵਰਮਾਂ ਵਿਚ ਵੀ ਕੁਝ ਹੱਦ ਤੱਕ ਅਗਲੇ ਨਾੜੀ-ਕੇਂਦਰ, ਨਾੜੀ ਸਿਸਟਮ ਦੇ ਦੂਜੇ ਭਾਗਾਂ ਨੂੰ ਕੰਟਰੋਲ ਕਰਦੇ ਹਨ। ਗੰਡੋਏ ਦਾ ਦਿਮਾਗ਼ ਕੱਢ ਦੇਣ ਤੋਂ ਬਾਅਦ ਵੀ ਉਹ ਖਾਣ-ਪੀਣ, ਰੀਂਗਣ, ਆਪਣੇ ਆਪ ਨੂੰ ਸਿੱਧਾ ਕਰਨ ਦੇ ਯੋਗ ਹੁੰਦਾ ਹੈ ਅਤੇ ਅਜਿਹੇ ਕਈ ਹੋਰ ਕੰਮ ਵੀ ਠੀਕ ਤਰੀਕੇ ਨਾਲ ਕਰ ਸਕਦਾ ਹੈ ਪਰ ਇਹ ਬੇਚੈਨ ਤੇ ਫੁਰਤੀਲਾ ਰਹਿੰਦਾ ਹੈ ਅਤੇ ਸਰੀਰ ਦੇ ਅਗਲੇ ਕੁਝ ਖੰਡ ਉਪਰ ਨੂੰ ਚੁੱਕੇ ਰਹਿੰਦੇ ਹਨ ਅਤੇ ਜ਼ਮੀਨ ਪੁੱਟਣ (burrow) ਨੂੰ ਜ਼ਿਆਦਾ ਸਮਾਂ ਲਗਾਉਂਦਾ ਹੈ।

**ਸਮੁੰਦਰੀ ਕਲੈਮ ਵਰਗ** — ਕਲੈਮ ਵਰਗ (Nereis) ਦੀ ਚਮੜੀ ਵਿਚ ਕੁਝ ਸੰਵੇਦੀ-ਸੈੱਲ ਹੁੰਦੇ ਹਨ ਪਰ ਇਸ ਵਿਚ ਅੱਖਾਂ, ਫੀਲਰਾਂ ਅਤੇ ਸਪੱਰਸ਼ਕਾਂ ਦੇ ਕਈ ਜੋੜੇ ਹੁੰਦੇ ਹਨ ਜਿਹੜੇ ਰਸਾਇਣਿਕ ਪਦਾਰਥਾਂ ਨਾਲ ਉੱਤੇਜਤ ਹੁੰਦੇ ਹਨ। ਜੇ ਇਸ ਦਾ ਦਿਮਾਗ਼ ਕੱਢ ਦਿੱਤਾ ਜਾਵੇ ਤਾਂ ਇਸ ਦੀ ਰੌਸ਼ਨੀ ਅਤੇ ਰਸਾਇਣਿਕ ਤਬਦੀਲੀਆਂ ਪ੍ਰਤਿ ਸੰਵੇਦਨਾ ਖ਼ਤਮ ਹੋ ਜਾਂਦੀ ਹੈ ਅਤੇ ਇਹ ਖਾਣਾ-ਪੀਣਾ ਅਤੇ ਘੁਰਨੇ ਪੁੱਟਣ ਦਾ ਕੰਮ ਬੰਦ ਕਰ ਦਿੰਦਾ ਹੈ ਪਰ ਜ਼ਿਆਦਾ ਫ਼ੁਰਤੀਲਾ ਹੋ ਜਾਂਦਾ ਹੈ।

**ਕੀਟ (ਜਾਂ ਕੀੜੇ)** — ਬਹੁਤੇ ਪ੍ਰਾਣੀਆਂ ਅਤੇ ਕੀੜਿਆਂ ਦੀਆਂ ਕਈ ਕਿਰਿਆਵਾਂ ਪ੍ਰਵਿਰਤਿਕ (Instinctive) ਹੁੰਦੀਆਂ ਹਨ ਇਹ ਪ੍ਰਾਣੀ ਕੁਝ ਸਿਖ ਨਹੀਂ ਸਕਦੇ ਸਗੋਂ ਉਸੇ ਨਾੜੀ ਸਿਸਟਮ ਤੇ ਨਿਰਭਰ ਕਰਦੇ ਹਨ ਜਿਹੜਾ ਹਰੇਕ ਪ੍ਰਾਣੀ ਵਿਚ ਪਹਿਲਾਂ ਤੋਂ ਹੀ ਬਣਿਆ ਹੋਇਆ ਹੁੰਦਾ ਹੈ। ਪ੍ਰਵਿਰਤਿਕ ਕਿਰਿਆਵਾਂ ਨੂੰ ਸਿਰਫ਼ ਸ਼ੁਰੂ ਕਰਨ ਲਈ ਢੁਕਵੀਂ ਉਤੇਜਨਾ ਮਿਲਣੀ ਚਾਹੀਦੀ ਹੈ ਪਰ ਇਹ ਪ੍ਰਤਿਵਰਤੀ (Reflex) ਕਿਰਿਆਵਾਂ ਨਾਲੋਂ ਬਹੁਤ ਜ਼ਿਆਦਾ ਗੁੰਝਲਦਾਰ ਹੁੰਦੀਆਂ ਹਨ। ਉਦਾਹਰਣ ਵਜੋਂ ਸ਼ਹਿਦ ਦੀਆਂ ਮੱਖੀਆਂ ਦਾ ਨਾੜੀ ਸਿਸਟਮ ਅਜਿਹਾ ਹੁੰਦਾ ਹੈ ਕਿ ਉਹ ਬਿਨ੍ਹਾਂ ਟ੍ਰੇਨਿੰਗ ਤੋਂ ਆਪਣੇ ਛੱਤੇ ਬਣਾਉਂਦੀਆਂ ਹਨ ਅਤੇ ਹੋਰ ਕੰਮ ਵੀ ਪ੍ਰਵਿਰਤਿਕ ਤਰੀਕੇ ਨਾਲ ਕਰਦੀਆਂ ਰਹਿੰਦੀਆਂ ਹਨ। ਉੱਚ-ਪੱਧਰੇ ਪ੍ਰਾਣੀਆਂ ਵਿਚ ਵੀ ਕੁਝ ਪ੍ਰਵਿਰਤਿਕ ਕਿਰਿਆਵਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਥਣਧਾਰੀਆਂ ਵਿਚ ਨਵ-ਜੰਮੇ ਬੱਚਿਆਂ ਦਾ ਦੁੱਧ-ਚੁੰਘਣਾ ਆਦਿ।

**ਰੀੜ੍ਹਧਾਰੀ ਪ੍ਰਾਣੀ** — ਰੀੜ੍ਹਧਾਰੀ ਪ੍ਰਾਣੀਆਂ ਦੇ ਕੇਂਦਰੀ ਨਾੜੀ-ਸਿਸਟਮ ਵਿਚ ਮੁਹਰਿਆਂ ਨਾਲ ਘਿਰੀ ਸੁਖ਼ਮਨਾ ਜਾਂ ਰੀੜ੍ਹ-ਕਾੱਰਡ (Spinal cord) ਅਤੇ ਸਿਰ ਵਿਚ ਸਥਿਤ ਦਿਮਾਗ਼ ਆਉਂਦਾ ਹੈ।

**ਸੁਖ਼ਮਨਾ** — ਸੁਖ਼ਮਨਾ ਮੁੱਖ ਤੌਰ ਤੇ ਇਕ ਪ੍ਰਤਿਵਰਤੀ ਅੰਗ ਹੈ ਪਰ ਇਸ ਉੱਤੇ ਦਿਮਾਗ਼ ਦੇ

ਕੇਂਦਰਾਂ ਦੀਆਂ ਪ੍ਰੇਰਨਾਵਾਂ ਅਸਰ ਪਾਉਂਦੀਆਂ ਹਨ। ਇਹ ਸੁਖ਼ਮਨਾਂ-ਨਾੜੀਆਂ ਰਾਹੀਂ ਲਿਆਂਦੀਆਂ ਸੰਵੇਦੀ ਪ੍ਰੇਰਨਾਵਾਂ ਨੂੰ ਦਿਮਾਗ਼ ਵਲ ਭੇਜਦੀ ਹੈ। ਨਿਮਨ ਪੱਧਰੀ ਰੀੜ੍ਹਧਾਰੀਆਂ ਦੇ ਮੁਕਾਬਲੇ ਥਣਧਾਰੀਆਂ ਵਿਚ ਕਾੱਰਡ ਦੀਆਂ ਪ੍ਰੇਰਕ ਕਿਰਿਆਵਾਂ ਉੱਤੇ ਦਿਮਾਗ਼ ਦਾ ਪ੍ਰਭਾਵ ਬਹੁਤ ਜ਼ਿਆਦਾ ਹੁੰਦਾ ਹੈ। ਇਸ ਤੋਂ ਇਲਾਵਾ ਸੈਰੀਬ੍ਰਲ ਕਾੱਰਟੈਕਸ ਤੋਂ ਸ਼ੁਰੂ ਹੁੰਦੀ ਇਕ ਸਵੈਇੱਛਿਤ (Voluntary) ਪ੍ਰੇਰਨ-ਪੱਧਤੀ ਵੀ ਹੁੰਦੀ ਹੈ ਜਿਸ ਦੀਆਂ ਉਤੇਜਨਾਵਾਂ ਪ੍ਰਤਿਵਰਤੀ ਲੈਵਲਾਂ ਦੀ ਥਾਂ, ਨਾੜੀ ਸਿਸਟਮ ਦੇ ਸਭ ਤੋਂ ਉੱਚੇ ਪੱਧਰ ਤੇ ਅਨੁਕਲਨ (Integration) ਦਾ ਸਿੱਟਾ ਹਨ।

ਦਿਮਾਗ਼ ਦੇ ਸੰਵੇਦੀ ਅਤੇ ਕੁਝ ਪ੍ਰੇਰਕ ਸਿਸਟਮਾਂ ਦੀ ਸਾਪੇਖੀ ਕਾਰਜਾਤਮਕ ਮਹੱਤੱਤਾ ਵੱਖ-ਵੱਖ ਜਾਤੀਆਂ ਵਿਚ ਵੱਖ-ਵੱਖ ਹੁੰਦੀ ਹੈ। ਕਈ ਜਲੀ ਰੀੜ੍ਹਧਾਰੀਆਂ (ਜਿਵੇਂ ਮੱਛੀਆਂ) ਵਿਚ ਸੰਵੇਦੀ ਅੰਗਾਂ ਅਤੇ ਨਾੜੀ-ਕੇਂਦਰਾਂ ਦਾ ਇਕ ਵਿਸ਼ੇਸ਼ ਸਿਸਟਮ ਹੁੰਦਾ ਹੈ ਜਿਸ ਨੂੰ ਲੈਟਰਲ ਲਾਈਨ ਸਿਸਟਮ ਕਹਿੰਦੇ ਹਨ; ਇਹ ਸਿਸਟਮ ਸਥੱਲੀ ਪ੍ਰਾਣੀਆਂ ਵਿਚ ਨਹੀਂ ਹੁੰਦਾ। ਦਿਮਾਗ਼ ਦੇ ਨਾੜੀ-ਕੇਂਦਰਾਂ ਦਾ ਆਕਾਰ ਪ੍ਰਾਣੀਆਂ ਦੇ ਵੱਖ-ਵੱਖ ਗਰੁੱਪਾਂ ਵਿਚ ਇਨ੍ਹਾਂ ਕੇਂਦਰਾਂ ਦੀ ਮਹੱਤਤਾ ਦੇ ਅਨੁਸਾਰ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਪੰਛੀਆਂ ਦੀ ਦੇਖਣ-ਸ਼ਕਤੀ ਤੇਜ਼ ਹੁੰਦੀ ਹੈ, ਉਨ੍ਹਾਂ ਦੇ ਨੇਤਰ-ਕੇਂਦਰ ਵੱਡੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਲੈਟਰਲ ਲਾਈਨ ਕੇਂਦਰ ਨਹੀਂ ਹੁੰਦੇ।

ਪ੍ਰਯੋਗਾਂ ਦੇ ਆਧਾਰ ਉੱਤੇ ਰੀੜ੍ਹਧਾਰੀ ਪ੍ਰਾਣੀਆਂ ਦੇ ਦਿਮਾਗ਼ ਦੇ ਬਹੁਤੇ ਕਾਰਜਾਤਮਕ ਹਿੱਸੇ ਅਤੇ ਉਨ੍ਹਾਂ ਨਾਲ ਸਬੰਧਤ ਫ਼ਾਈਬਰ ਬੰਡਲਾਂ ਬਾਰੇ ਪਤਾ ਲਗਾਇਆ ਗਿਆ ਹੈ।

**ਦਿਮਾਗ਼** - ਸਾਰੇ ਪ੍ਰਾਣੀਆਂ ਵਿਚ ਦਿਮਾਗ਼ ਨਾੜੀ-ਸਿਸਟਮ ਦਾ ਇਕ ਬਹੁਤ ਹੀ ਜ਼ਰੂਰੀ ਹਿੱਸਾ ਹੈ। ਇਹ ਸਰੀਰ ਦੇ ਅਗਲੇ ਹਿੱਸੇ ਵਿਚ ਅਤੇ ਸਰੀਰ ਦੇ ਮੁੱਖ ਸੰਵੇਦੀ-ਅੰਗਾਂ ਨਾਲ ਜੁੜਿਆ ਹੁੰਦਾ ਹੈ।

ਦਿਮਾਗ਼ ਦੇ ਪੰਜ ਹਿੱਸੇ ਹੁੰਦੇ ਹਨ ਜਿਨ੍ਹਾਂ ਦੇ ਆਕਾਰ, ਬਣਤਰ ਆਦਿ ਵਿਚ ਰੀੜ੍ਹਧਾਰੀਆਂ ਦੇ ਵੱਖ-ਵੱਖ ਗਰੁੱਪਾਂ ਵਿਚ ਵਖਰੇਵੇਂ ਮਿਲਦੇ ਹਨ। ਇਹ ਪੰਜ ਹਿੱਸੇ—ਐਂਡ ਬ੍ਰੇਨ (telencephalon), ਬਿਟਵੀਨ ਬ੍ਰੇਨ (diencephalon), ਮਿਡ ਬ੍ਰੇਨ (mesencephalon), ਸੈਰੀਬੈਲਮ (metencephalon) ਅਤੇ ਮੈਡੂਲਾ ਆੱਬਲਾਂਗੇਟਾ (myelencephalon) ਹਨ ਅਤੇ ਇਨ੍ਹਾਂ ਦੀ ਬਣਤਰ ਅਤੇ ਕੰਮ ਵੱਖੋ-ਵੱਖਰੇ ਹੁੰਦੇ ਹਨ। ਐਂਡ ਬ੍ਰੇਨ ਦਾ ਕੁਝ ਹਿੱਸਾ ਅਤੇ ਬਿਟਵੀਨ ਬ੍ਰੇਨ, ਮਿਡ ਬ੍ਰੇਨ ਅਤੇ ਮੈਡੂਲਾ ਆੱਬਲਾਂਗੇਟਾ ਪੂਰੇ ਦੇ ਪੂਰੇ, ਇਕੱਠੇ ਤੌਰ ਤੇ ਬ੍ਰੇਨ ਸਟੈੱਮ (Brain stem) ਕਹਾਉਂਦੇ ਹਨ ਕਿਉਂਕਿ ਇਹ ਪੂਰੇ ਅੰਗ ਦਾ ਆਧਾਰ ਹਨ।

ਦਿਮਾਗ਼ ਅਤੇ ਸੁਖ਼ਮਨਾ ਨਾਲ ਯੁਗਮਿਤ (paired) ਨਾੜੀਆਂ ਜੁੜੀਆਂ ਹੁੰਦੀਆਂ ਹਨ। ਸੁਖ਼ਮਨਾ ਨਾੜੀਆਂ (spinal nerves) ਵਿਚ ਸੰਵੇਦੀ ਅਤੇ ਪ੍ਰੇਰਕ ਦੋਨੋਂ ਰੇਸ਼ੇ ਹੁੰਦੇ ਹਨ ਅਤੇ ਇਹ ਸਾਰੇ ਰੀੜ੍ਹਧਾਰੀ ਪ੍ਰਾਣੀਆਂ ਵਿਚ ਇਕੋ ਤਰ੍ਹਾਂ ਦੀਆਂ ਹੁੰਦੀਆਂ ਹਨ ਭਾਵੇਂ ਇਨ੍ਹਾਂ ਦੀ ਗਿਣਤੀ ਵੱਖ ਵੱਖ ਹੁੰਦੀ ਹੈ। ਦਿਮਾਗ਼ ਨਾਲ ਜੁੜੀਆਂ ਨਾੜੀਆਂ ਸੰਵੇਦੀ ਅਤੇ ਪ੍ਰੇਰਕ ਰੇਸ਼ਿਆਂ ਦੇ ਕਈ ਤਰ੍ਹਾਂ ਦੇ ਸੰਗਠਨਾਂ (Combinations) ਨਾਲ ਬਣੀਆਂ ਹੁੰਦੀਆਂ ਹਨ। ਕਈ ਸਿਰਫ਼ ਸੰਵੇਦੀ ਅਤੇ ਕਈ ਪ੍ਰੇਰਕ ਹੀ ਹੁੰਦੀਆਂ ਹਨ।

**ਨਿਮਨ-ਪੱਧਰੀ ਰੀੜ੍ਹਧਾਰੀ ਪ੍ਰਾਣੀ** — ਸਭ ਤੋਂ ਨਿਮਨ-ਪੱਧਰੀ ਕਿਸਮਾਂ ਨੂੰ ਛੱਡਕੇ, ਬਾਕੀ ਸਭ ਰੀੜ੍ਹਧਾਰੀਆਂ ਵਿਚ ਐਂਡ ਬ੍ਰੇਨ ਦੇ ਡੂੰਘੇ ਹਿੱਸੇ ਉੱਤੇ ਮੈਂਟਲ ਜਾਂ ਪੈਲੀਅਮ (Superposed) ਹੁੰਦੀ ਹੈ ਅਤੇ ਮੈਡੂਲਾ ਆੱਬਲਾਂਗੇਟਾ ਦੇ ਅਗਲੇ ਹਿੱਸੇ ਦੇ ਉਪਰ ਇਕ ਸੈਰੀਬੈਲਮ ਹੁੰਦਾ ਹੈ। ਪੈਲੀਅਮ ਤੋਂ ਸੈਰੀਬ੍ਰਲ ਕਾੱਰਟੈਕਸ ਵੱਖ ਹੋਇਆ ਹੁੰਦਾ ਹੈ। ਮੱਛੀਆਂ ਅਤੇ ਨਿਮਨ-ਪੱਧਰੀ ਯੂਰੋਡੀਲਾ ਨੂੰ ਛੱਡਕੇ, ਡੱਡੂ ਤੋਂ ਲੈ ਕੇ ਹੋਰ ਉੱਚ-ਪੱਧਰੀ ਜੀਵਾਂ ਵਿਚ ਇਸ ਦਾ ਆਕਾਰ ਅਤੇ ਮਹੱਤਤਾ ਵੱਧਦੇ ਜਾਂਦੇ ਹਨ। ਮਨੁੱਖ ਵਿਚ ਇਸ ਦਾ ਆਕਾਰ ਇੰਨਾ ਵੱਧ ਜਾਂਦਾ ਹੈ ਕਿ ਇਹ ਬਾਕੀ ਦੇ ਹਿੱਸਿਆਂ ਨੂੰ ਢੱਕ ਲੈਂਦਾ ਹੈ। ਕਾੱਰਟੈਕਸ ਇੰਟਰਨਨਸ਼ੀਅਲ (Internuncial) ਨਾੜੀ-ਸੈੱਲਾਂ ਦਾ ਬਣਿਆ ਹੁੰਦਾ ਹੈ ਅਤੇ ਇਕ ਗੁੰਝਲਦਾਰ ਅਪਰੇਟਸ ਬਣਾਉਂਦਾ ਹੈ। ਇਹ ਨਾੜੀ-ਸਿਸਟਮ ਦੀ ਸਭ ਤੋਂ ਉੱਚੇ ਲੈਵਲ ਦੀ ਬਣਤਰ ਹੈ। ਬ੍ਰੇਨ-ਸਟੈੱਮ ਵਿਚ ਗੁੰਝਲਦਾਰ ਪ੍ਰਤਿਵਰਤੀ ਕੇਂਦਰ ਅਤੇ ਉਨ੍ਹਾਂ ਦੇ ਜੋੜਕ ਰੇਸ਼ੇਦਾਰ-ਬੰਡਲ ਹੁੰਦੇ ਹਨ। ਇਨ੍ਹਾਂ ਵਿਚੋਂ ਕਈ ਕੇਂਦਰਾਂ ਦਾ ਸੰਪਰਕ ਸੈਰੀਬ੍ਰਲ ਕਾੱਰਟੈਕਸ ਅਤੇ ਹੇਠਲੇ ਕੇਂਦਰ ਨਾਲ ਹੁੰਦਾ ਹੈ।

**ਥਣਧਾਰੀ ਪ੍ਰਾਣੀ (ਮਨੁੱਖ ਸਮੇਤ)** — ਇਨ੍ਹਾਂ ਦਾ ਕਾੱਰਟੈਕਸ ਸੰਵੇਦੀ, ਪ੍ਰੇਰਕ ਅਤੇ ਸਹਿਵਾਸ (Association) ਹਿੱਸਿਆਂ ਵਿਚ ਵੰਡਿਆ ਹੁੰਦਾ ਹੈ। ਸੰਵੇਦੀ ਹਿੱਸੇ, ਬਿਟਵੀਨ ਬ੍ਰੇਨ ਦੇ ਇਕ ਭਾਗ, ਥੈਲੇਮਸ (thalamus) ਤੋਂ ਦ੍ਰਿਸ਼ਟੀ ਅਤੇ ਸੁਣਨ ਦੀਆਂ ਪ੍ਰਸਾਰਿਤ (relayed) ਪ੍ਰੇਰਨਾਵਾਂ ਗ੍ਰਹਿਣ ਕਰਦਾ ਹੈ। ਸੰਪਰਕ (ਐਸੋਸੀਏਸ਼ਨ) ਹਿੱਸੇ ਨਿਮਨ-ਪੱਧਰੀ ਥਣਧਾਰੀਆਂ ਵਿਚ ਛੋਟੇ ਹੁੰਦੇ ਹਨ ਪਰ ਮਨੁੱਖ ਵਿਚ ਇਨ੍ਹਾਂ ਨੇ ਕਾੱਰਟੈਕਸ ਦਾ ਬਹੁਤਾ ਹਿੱਸਾ ਮੱਲਿਆ ਹੁੰਦਾ ਹੈ। ਇਨ੍ਹਾਂ ਹਿੱਸਿਆਂ ਵਿਚ, ਦੂਜੇ ਕੇਂਦਰਾਂ ਰਾਹੀਂ ਭੇਜੀਆਂ ਪ੍ਰੇਰਨਾਵਾਂ ਤੋਂ ਅਨੁਕਲਨ ਦੇ ਹੋਰ ਗੁੰਝਲਦਾਰ ਨਮੂਨੇ ਬਣਦੇ ਹਨ।

ਸੈਰੀਬ੍ਰਮ (cerebrum) ਦਾ ਮੱਥਾ ਖੰਨ (frontal lobe) ਨਿਮਨ-ਪੱਧਰੀ ਥਣਧਾਰੀਆਂ ਵਿਚ ਬਹੁਤ ਛੋਟਾ ਹੁੰਦਾ ਹੈ ਪਰ ਇਹ ਉੱਚ-ਪੱਧਰੀ ਕਿਸਮ ਵਲ ਵੱਡਾ ਹੁੰਦਾ ਜਾਂਦਾ ਹੈ ਅਤੇ ਉੱਚ-ਪੱਧਰੀ ਏਪ ਵਿਚ ਇਹ ਦਿਮਾਗ਼ ਦਾ ਬਹੁਤਾ ਹਿੱਸਾ ਬਣਾਉਂਦਾ ਹੈ ਅਤੇ ਇਥੇ ਸਭ ਤੋਂ ਗੁੰਝਲਦਾਰ ਏਕੀਕਰਨ ਪੈਦਾ ਹੁੰਦੇ ਹਨ। ਮਨੁੱਖ ਵਿਚ ਇਹ ਖ਼ਾਸ ਤੌਰ ਤੇ ਪ੍ਰਤੱਖ ਹੁੰਦਾ ਹੈ। ਇਸ ਵਿਚ ਕਾੱਰਟੈਕਸ ਸ਼ਾਮਲ ਹੁੰਦਾ ਹੈ




ਮਨੁੱਖੀ ਦਿਮਾਗ

ਜਿਹੜਾ ਮਨੁੱਖੀ ਦਿਮਾਗ਼ ਦੀਆਂ ਸਭ ਤੋਂ ਉੱਚ ਪੱਧਰ ਦੀਆਂ ਕਿਰਿਆਵਾਂ ਵਿਚ ਹਿੱਸਾ ਪਾਉਂਦਾ ਹੈ। ਸੈਰੀਬ੍ਰਲ ਕਾੱਰਟੈਕਸ ਦੇ ਹੋਰ ਖੰਨ ਵੀ ਨਿਮਨ ਤੋਂ ਉੱਚ-ਪੱਧਰੀ ਥਣਧਾਰੀਆਂ ਵਲ, ਆਕਾਰ ਅਤੇ ਗੁੰਝਲਤਾ ਵਿਚ ਵਧਦੇ ਜਾਂਦੇ ਹਨ। ਇਸੇ ਤਰ੍ਹਾਂ ਸਾਡਾ ਨਾੜੀ-ਸਿਸਟਮ ਬਣਤਰ ਵਿਚ ਜ਼ਿਆਦਾ ਗੁੰਝਲਦਾਰ ਹੁੰਦਾ ਜਾਂਦਾ ਹੈ। ਇਥੇ ਪਹੁੰਚਣ ਵਾਲੀਆਂ ਪ੍ਰੇਰਨਾਵਾਂ ਵਾਤਾਵਰਨ ਬਾਰੇ ਜ਼ਿਆਦਾ ਜਾਣਕਾਰੀ ਦਿੰਦੀਆਂ ਹਨ ਅਤੇ ਦਿਮਾਗ਼ ਹੇਠਲੇ ਨਾੜੀ-ਕੇਂਦਰਾਂ ਦੀਆਂ ਕਿਰਿਆਵਾਂ ਉੱਤੇ ਜ਼ਿਆਦਾ ਹਾਵੀ ਹੁੰਦਾ ਜਾਂਦਾ ਹੈ।

ਮਨੁੱਖ ਅਤੇ ਹੋਰ ਥਣਧਾਰੀ ਪ੍ਰਾਣੀਆਂ ਵਿਚ ਇਸਦਾ ਹੇਠਲੇ ਕੇਂਦਰਾਂ ਉੱਤੇ ਪ੍ਰਭਾਵ ਕਿਸੇ ਵਤੀਰੇ ਦੀ ਤਬਦੀਲੀ ਨਾਲ ਜ਼ਾਹਰ ਹੁੰਦਾ ਹੈ, ਜਾਂ ਇਹ ਅਤਿ ਮਹੱਤਵਪੂਰਨ ਗਿਆਨ-ਇੰਦਰੀਆਂ ਦੀਆਂ ਪ੍ਰੇਰਨਾਵਾਂ ਦਾ ਏਕੀਕਰਨ ਜਾਂ ਪੁਰਾਣੇ ਤਜਰਬਿਆ ਦਾ ਸਿੱਟਾ ਹੁੰਦਾ ਹੈ। ਇਹ ਏਕੀਕਰਨ ਹੇਠਲੇ ਲੈੱਵਲਾਂ ਦੇ ਅਨੁਭਵਾਂ ਨੂੰ ਕਾਬੂ ਕਰ ਲੈਂਦੀਆਂ ਜਾਂ ਉਨ੍ਹਾਂ ਨੂੰ ਤਬਦੀਲ ਕਰ ਦਿੰਦੀਆਂ ਹਨ; ਉਦਾਹਰਣ ਦੇ ਤੌਰ ਤੇ ਇਕ ਸਮਾਜੀ ਤੌਰ ਤਰੀਕਿਆਂ ਬਾਰੇ ਚੇਤੰਨ ਮਨੁੱਖ ਛਿੱਕ ਮਾਰਨ ਲਗਿਆਂ (Reflex act) ਉਸ ਦੀ ਆਵਾਜ਼ ਨੂੰ ਦਬਾ ਲੈਂਦਾ ਹੈ ਜਦੋਂ ਕਿ ਕੋਈ ਅਣਸਿਖਿਆ ਬੰਦਾ ਅਜਿਹਾ ਨਹੀਂ ਕਰ ਸਕਦਾ। ਕੁਝ ਗ੍ਰਹਿਣਿਤ ਕਿਰਿਆਵਾਂ ਜਿਹਾ ਕਿ ਬੋਲਣਾ, ਬੋਲੇ ਹੋਏ ਜਾਂ ਲਿਖੇ ਹੋਏ ਸ਼ਬਦਾਂ ਦੀ ਪਛਾਣ ਅਤੇ ਇਹੋ ਜਿਹੀਆਂ ਕਈ ਹੋਰ ਖੂਬੀਆਂ ਦੇ ਕੇਂਦਰ ਸੈਰੀਬ੍ਰਮ ਦੇ ਅਰਧ ਗੋਲਿਆਂ ਵਿਚ ਹੁੰਦੇ ਹਨ। ਸੱਜੇ-ਹੱਥ ਨਾਲ ਕੰਮ ਕਰਨ ਵਾਲਿਆਂ ਦਾ ਖੱਬਾ ਅਰਧ ਗੋਲਾ ਜ਼ਿਆਦਾ ਹਾਵੀ ਹੁੰਦਾ ਹੈ ਅਤੇ ਖੱਬੇ-ਹੱਥ ਵਾਲਿਆਂ ਦਾ ਸੱਜਾ।

**ਨਾੜੀ-ਸਿਸਟਮ ਵਿਚ ਝੁਕਾਅ (trends)** — ਐਨਾਟਮੀਕਲ ਅਤੇ ਫ਼ਿਜ਼ਿਆੱਲੋਜੀਕਲ ਤਰੀਕਿਆਂ ਰਾਹੀਂ ਨਾੜੀ-ਸਿਸਟਮ ਦਾ ਤੁਲਨਾਤਮਕ ਅਧਿਐਨ ਕਰਨ ਨਾਲ ਹੇਠ ਲਿਖੇ ਝੁਕਾਅ ਸਪੱਸ਼ਟ ਹੁੰਦੇ ਹਨ : ਉਤੇਜਨਾਵਾਂ ਅਤੇ ਇਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਪ੍ਰੇਰਨਾਵਾਂ ਦੇ ਸੰਚਾਰ ਦੀ ਗਤੀ ਦੀ ਦਰ ਵਿਚ ਵਾਧਾ : ਪ੍ਰੇਰਨਾਵਾਂ ਦਾ ਅਨੁਕਲਨ, ਜਿਸ ਕਰਕੇ ਕੋਈ ਉਤੇਜਨਾ ਜ਼ਿਆਦਾ ਅਸਰਦਾਇਕ ਹੁੰਦੀ ਹੈ ਜਾਂ ਬਿਲਕੁਲ ਹੀ ਅਸਰਹੀਨ ਹੋ ਜਾਂਦੀ ਹੈ, ਅਨੁਭਵ ਦੇ ਤਰੀਕੇ ਵਿਚ ਤਬਦੀਲੀ, ਦਿਮਾਗ਼ ਨਾਲ ਬਹੁਤ ਮਹੱਤਵਪੂਰਨ ਗਿਆਨ ਇੰਦਰੀਆਂ ਦੇ ਜੁੜਨ ਕਰਕੇ ਇਸ ਦਾ ਜ਼ਿਆਦਾ ਹਾਵੀ ਹੋਣਾ ਅਤੇ ਦਿਮਾਗ਼ ਦਾ ਆਪਣੇ ਐਡਜਸਟਰ ਮੈਕੇਨਿਜ਼ਮ ਰਾਹੀਂ ਪ੍ਰੇਰਕ-ਕੇਂਦਰ ਉੱਤੇ ਕਾਬੂ ਪਾਉਣਾ।

ਮਨੁੱਖੀ ਦਿਮਾਗ਼ ਸਭ ਤੋਂ ਪੇਚੀਦਾ ਮੈਕੇਨਿਜ਼ਮ ਹੈ। ਇਸ ਵਿਚ ਕਈ ਤਰ੍ਹਾਂ ਦੀਆਂ (ਘੱਟ ਅਤੇ ਵੱਧ) ਗੁੰਝਲਦਾਰ ਕਿਰਿਆਵਾਂ ਮਿਲਦੀਆਂ ਹਨ। ਘੱਟ ਗੁੰਝਲਦਾਰ ਦੀ ਉਦਾਹਰਣ ਵਜੋਂ ਅਸੀਂ ਇਕ ਸਾਧਾਰਨ ਪ੍ਰਤਿਵਰਤੀ ਆਰਕ ਲੈ ਸਕਦੇ ਹਾਂ ਜਿਵੇਂ ਕਿ ਰੋਸ਼ਨੀ ਵਿਚ ਅੱਖ ਦੀ ਪੁਤਲੀ ਦਾ ਸੁੰਗੜਨਾ ਅਤੇ ਸਭ ਤੋਂ ਗੁੰਝਲਦਾਰ ਕਿਰਿਆਵਾਂ ਵਿਚ ਉਹ ਅਨੁਕੂਲਨ ਆ ਜਾਂਦੇ ਹਨ ਜਿਹੜੇ ਵਿਵਹਾਰ ਤੇ ਅਸਰ ਪਾਉਂਦੇ ਹਨ। ਇਨ੍ਹਾਂ ਅਨੁਕੂਲਾਂ ਵਿਚ ਨਾ ਸਿਰਫ਼ ਮਨੁੱਖ ਦੇ ਆਪਣੇ ਵਰਤਮਾਨ-ਸਮੇਂ ਦੇ ਅਨੁਭਵ ਅਤੇ ਭੂਤ ਦੀਆਂ ਯਾਦਾਂ ਆਉਂਦੀਆਂ ਹਨ ਸਗੋਂ ਮਨੁੱਖ ਦੀਆਂ 'ਨਸਲੀ ਯਾਦਾਂ' ਵੀ ਸ਼ਾਮਲ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਲੋਕ-ਗੀਤਾਂ ਅਤੇ ਕਿਤਾਬਾਂ ਵਿਚ ਸੰਭਾਲੀਆਂ ਪਈਆਂ ਹਨ। ਮਨੁੱਖੀ ਦਿਮਾਗ਼ ਵਿਚ ਸੋਚ-ਵਿਚਾਰਨ ਅਤੇ ਕਲਪਨਾ ਕਰਨ ਦੀ ਸ਼ਕਤੀ ਹੁੰਦੀ ਹੈ ਜਿਸ ਕਰਕੇ ਇਹ ਸਭ ਤੋਂ ਵੱਧ ਹਾਵੀ ਹੈ, ਅਜਿਹਾ ਇਸ ਦੇ ਸੈਰੀਬ੍ਰਲ ਕਾੱਰਟੈਕਸ ਅਤੇ ਇਸ ਦੇ ਜੋੜਕਾਂ ਦੀ ਗੁੰਝਲਤਾ ਦਾ ਸਿੱਟਾ ਹੈ।

ਹ.ਪੁ.—ਐਨ.ਬ੍ਰਿ. 16 : 290

**ਤੁਲਾਦਾਨ** : ਇਹ ਦਾਨ ਦੀ ਇਕ ਰੀਤ ਹੈ ਜਿਸ ਵਿਚ ਤਰਾਜੂ ਦੇ ਇਕ ਪਲੜੇ ਵਿਚ ਦਾਨ ਕਰਨ ਵਾਲੇ ਨੂੰ ਬਿਠਾਇਆ ਜਾਂਦਾ ਹੈ ਅਤੇ ਦੂਜੇ ਪਲੜੇ ਵਿਚ ਅੰਨ, ਵਸਤੂ, ਧਾਤੂ ਆਦਿ ਦਾਨ ਕਰਨ ਯੋਗ ਪਦਾਰਥ ਉੱਨਾ ਪਾਇਆ ਜਾਂਦਾ ਹੈ ਜਿਸ ਦਾ ਵਜ਼ਨ ਦਾਨੀ ਦੇ ਸਰੀਰ ਜਿੰਨਾ ਹੋਵੇ। ਜੋਤਸ਼ੀਆਂ ਅਨੁਸਾਰ ਇਸ ਤਰ੍ਹਾਂ ਦੇ ਦਾਨ ਕਰਨ ਨਾਲ ਵਿਘਨ ਦੂਰ ਹੋ ਜਾਂਦੇ ਹਨ। ਹਿੰਦੂ ਰੀਤੀਆਂ ਦੇ ਵਿਰੁੱਧ ਹੋਣ ਦੇ ਬਾਵਜੂਦ ਵੀ ਔਰੰਗਜ਼ੇਬ ਵਰਗੇ ਬਾਦਸ਼ਾਹ ਤੁਲਾਦਾਨ ਕਰਦੇ ਸਨ। ਅੱਜਕੱਲ੍ਹ ਵੀ ਸਿਆਸੀ ਅਤੇ ਧਾਰਮਕ ਖੇਤਰਾਂ ਵਿਚ ਤੁਲਾਦਾਨ ਕੀਤਾ ਜਾਂਦਾ ਹੈ।

ਹ.ਪੁ.—ਮ. ਕੋ.

**ਤੁੜ** : ਪੰਜਾਬ (ਭਾਰਤ) ਰਾਜ ਦੇ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਦੀ ਤਹਿਸੀਲ ਤਰਨਤਾਰਨ ਦੇ ਥਾਣਾ ਸਰਹਾਲੀ ਵਿਚ ਇਕ ਪਿੰਡ ਹੈ ਜਿਹੜਾ ਤਰਨਤਾਰਨ ਸ਼ਹਿਰ ਤੋਂ 13 ਕਿ. ਮੀ. ਦੂਰ ਸਥਿਤ ਹੈ। ਇਹ ਪਿੰਡ ਇਕ ਧਾਰਮਕ ਸਥਾਨ ਹੋਣ ਕਾਰਨ ਮਸ਼ਹੂਰ ਹੈ। ਪਿੰਡ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਗੁਰਦੁਆਰਾ ਸੁਸ਼ੋਭਿਤ ਹੈ।

ਇਕ ਵਾਰ ਅਜਿਹੀ ਔੜ ਲੱਗੀ ਕਿ ਕਾਫੀ ਦੇਰ ਤੱਕ ਵਰਖਾ ਨਾ ਹੋਈ। ਲੋਕ ਇਕੱਠੇ ਹੋ ਕੇ ਦਾਦੂ ਨਾਂ ਦੇ ਤਪੇ ਕੋਲ ਗਏ, ਜੋ ਖਡੂਰ ਸਾਹਿਬ ਰਹਿੰਦਾ ਹੁੰਦਾ ਸੀ। ਲੋਕਾਂ ਨੇ ਤਪੇ ਕੋਲ ਵਰਖਾ ਲਈ ਬੇਨਤੀ ਕੀਤੀ। ਉਸਨੇ ਅਗੋਂ ਕਿਹਾ ਕਿ ਜਦੋਂ ਤੱਕ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਚ ਵੱਸਦੇ ਹਨ ਉਦੋਂ ਤੱਕ ਵਰਖਾ ਨਹੀਂ ਹੋਵੇਗੀ। ਜੇ ਉਹ ਇਥੋਂ ਚਲੇ ਜਾਣ ਤਾਂ ਵਰਖਾ ਹੋਵੇਗੀ। ਇਹ ਗੱਲ ਲੋਕਾਂ ਨੇ ਗੁਰੂ ਜੀ ਨੂੰ ਜਾ ਦੱਸੀ। ਇਹ ਗੱਲ ਸੁਣ ਕੇ ਗੁਰੂ ਜੀ ਰਾਤ ਨੂੰ ਇਕੱਲੇ ਹੀ ਖਡੂਰ ਸਾਹਿਬ ਤੋਂ ਚਲ ਕੇ ਤੁੜ ਪਿੰਡ ਆ ਬਿਰਾਜਮਾਨ ਹੋਏ। ਇਸ ਪਿੰਡ ਤੋਂ ਛਪਾਰੀ ਪਿੰਡ ਦੇ ਲੋਕ ਗੁਰੂ ਜੀ ਨੂੰ ਆਪਣੇ ਨਾਲ ਲੈ ਗਏ। ਗੁਰੂ ਜੀ ਥੋੜ੍ਹੀ ਦੇਰ ਉਥੇ ਰਹੇ, ਇਸ ਤੋਂ ਬਾਅਦ ਭਰੋਵਾਲ ਪਿੰਡ ਚਲੇ ਗਏ। ਉਦੋਂ ਤੀਕ ਖਡੂਰ ਸਾਹਿਬ ਦੇ ਲੋਕਾਂ ਨੂੰ ਸਹੀ ਗਿਆਨ ਹੋ ਗਿਆ ਤੇ ਉਨ੍ਹਾਂ ਨੇ ਜਾ ਕੇ ਗੁਰ ਸਾਹਿਬ ਤੋਂ ਖਿਮਾ ਮੰਗੀ। ਇਸ ਤੇ ਉਹ ਉਨ੍ਹਾਂ ਦੀ ਬੇਨਤੀ ਤੇ ਮੁੜ ਖਡੂਰ ਸਾਹਿਬ ਪਰਤ ਆਏ।

ਅੱਜਕੱਲ੍ਹ ਪਿੰਡ ਵਿਚ ਇਕ ਮੁੱਢਲਾ ਸਿਹਤ ਕੇਂਦਰ, ਸਕੂਲ ਅਤੇ ਡਾਕਘਰ ਹੈ।

ਆਬਾਦੀ—2,332 (1981)

ਹ.ਪੁ.—ਮ. ਕੋ. : 599; ਡਿਸਟ੍ਰਿਕਟ ਸੈਂਸਜ਼ ਹੈਂਡ ਬੁਕ-ਅੰਮ੍ਰਿਤਸਰ-ਡਿਸਟ੍ਰਿਕਟ

**ਤੂਤ ਸਾਹਿਬ** : ਪੰਜਾਬ ਰਾਜ (ਭਾਰਤ) ਦੇ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਵਿਚ ਪੈਂਦੇ ਸੁਲਤਾਨਵਿੰਡ ਪਿੰਡ ਵਿਚ ਸਿੱਖਾਂ ਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਇਕ ਇਤਿਹਾਸਕ ਗੁਰਦੁਆਰਾ ਹੈ ਜਿਹੜਾ ਸੁਲਤਾਨਵਿੰਡ ਅਤੇ ਅੰਮ੍ਰਿਤਸਰ ਦੇ ਵਿਚਕਾਰ ਪੈਂਦੀ ਚੁੰਗੀ ਤੋਂ ਇਕ ਫਰਲਾਂਗ ਦੇ ਕਰੀਬ ਪੱਛਮ ਵੱਲ ਹੈ ਅਤੇ ਅੰਮ੍ਰਿਤਸਰ ਦੇ ਸਟੇਸ਼ਨ ਤੋਂ ਲਗਭਗ ਤਿੰਨ ਕਿ. ਮੀ. ਦੀ ਦੂਰੀ ਤੇ ਹੈ। ਸਤਿਗੁਰੂ ਜੀ ਕਦੇ ਕਦੇ ਇਥੇ ਤੂਤ ਦੇ ਇਕ ਦਰੱਖ਼ਤ ਥੱਲੇ ਆ ਕੇ ਬੈਠਦੇ ਹੁੰਦੇ ਸਨ। ਇਹ ਤੂਤ ਅੱਜ ਵੀ ਉਥੇ ਮੌਜੂਦ ਹੈ।

ਹ.ਪੁ.—ਮ.ਕੋ. : 449

**ਤੂਸੀ, ਨਸੀਰੁੱਦੀਨ** : ਫ਼ਾਰਸੀ ਦੇ ਇਸ ਉੱਘੇ ਦਾਰਸ਼ਨਿਕ, ਵਿਗਿਆਨੀ ਅਤੇ ਗਣਿਤਵੇਤਾ ਦਾ ਜਨਮ 18 ਫ਼ਰਵਰੀ, 1201 ਨੂੰ ਈਰਾਨ ਦੇ ਖੁਰਾਸਾਨ ਇਲਾਕੇ ਵਿਚ ਤੂਸ ਵਿਖੇ ਹੋਇਆ।

ਤੂਸੀ ਇਸਮਾਇਲ ਦੇ ਗਵਰਨਰ ਦਾ ਨਜ਼ਮੀ ਬਣਿਆ ਪਰ ਬਗ਼ਦਾਦ ਦੇ ਖਲੀਫ਼ੇ ਦੇ ਦਰਬਾਰੀਆਂ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਤੇ ਅਲਮੂਦ ਦੇ ਕਿਲੇ ਵਿਚ ਬੰਦ ਕਰ ਦਿੱਤਾ ਗਿਆ। ਸੰਨ 1256 ਵਿਚ ਇਹ ਹਲਾਕੂ ਖਾਂ ਦੀਆਂ ਹਮਲਾਵਰ ਫ਼ੌਜਾਂ ਨਾਲ ਮਿਲ ਗਿਆ ਅਤੇ 1258 ਈ. ਵਿਚ ਜਦੋਂ ਹਲਾਕੂ ਨੇ ਬਗ਼ਦਾਦ ਉੱਤੇ ਹਮਲਾ ਕੀਤਾ ਉਦੋਂ ਤੂਸੀ ਉਸ ਦਾ ਗੁਪਤ ਸਲਾਹਕਾਰ ਸੀ। ਆਪਣੀ ਉੱਚ ਧਾਰਮਕ ਪਦਵੀ ਕਾਰਨ ਇਸ ਨੇ ਮਾਰਾਗੇਹ ਵਿਖੇ ਇਕ ਸੁੰਦਰ ਔਬਜ਼ਰਵੇਟਰੀ ਬਣਵਾਈ।

ਇਕ ਬਹੁਤ ਵੱਡੀ ਗਿਆਨਵਾਨ ਸ਼ਖ਼ਸੀਅਤ ਹੋਣ ਦੇ ਨਾਤੇ ਤੂਸੀ ਨੇ ਅਰਬੀ ਅਤੇ ਫ਼ਾਰਸੀ ਵਿਚ ਕਈ ਪੁਸਤਕਾਂ ਲਿਖੀਆਂ। ਯੂਕਲਿਡ, ਟਾਲਮੀ, ਆੱਟੋਲਾਈਕਸ, ਥੀਉਡੋਸੀਅਸ, ਅਪੋਲੋਨੀਅਸ ਅਤੇ ਹੋਰਾਂ ਦੀਆਂ ਪੁਸਤਕਾਂ ਦੇ ਹੋਏ ਪਹਿਲੇ ਅਰਬੀ ਅਨੁਵਾਦਾਂ ਨੂੰ ਇਸ ਨੇ ਹੋਰ ਬਿਹਤਰ ਬਣਾਇਆ।

ਇਸ ਨੇ ਗਣਿਤ ਅਤੇ ਜੋਤਿਸ਼ ਬਾਰੇ ਵੀ ਪੁਸਤਕਾਂ ਲਿਖੀਆਂ। ਆਪਣੀ ਪੁਸਤਕ '**ਜ਼ਿਜ-ਏ-ਇਲਖਾਨੀ**' ਵਿਚ ਇਸ ਨੇ ਗ੍ਰਹਿਆਂ ਦੀਆਂ ਗਤੀਵਿਧੀਆਂ ਦੀ ਸਹੀ ਸਾਰਣੀ ਪੇਸ਼ ਕੀਤੀ। ਕਈ ਹੋਰਾਂ ਰਚਨਾਵਾਂ ਤੋਂ ਇਲਾਵਾ 'ਅਖ਼ਲਾਕ ਨਸ਼ੀਰੀ' ਇਸ ਦੀ ਸਭ ਤੋਂ ਵਧੀਆ ਪੁਸਤਕ ਮੰਨੀ ਜਾਂਦੀ ਹੈ। ਇਹ ਇਬਨ ਮਿਸਕੋਇਆ ਦੀ 11ਵੀਂ ਸਦੀ ਦੀ ਪੁਸਤਕ 'ਤਹਿਜ਼ੀਬ ਅਲ-ਅਖ਼ਲਾਕ' ਤੇ ਆਧਾਰਤ ਹੈ। ਇਸ ਨੇ ਕਈ ਖੋਜ ਨਿਬੰਧ ਵੀ ਲਿਖੇ।

ਇਸਲਾਮੀ ਸਿਖਿਆਵਾਂ ਦੀਆਂ ਕਈ ਵੱਖ ਵੱਖ ਸ਼ਾਖ਼ਾਵਾਂ ਬਾਰੇ ਇਸ ਨੇ ਬਹੁਤ ਕੁਝ ਲਿਖਿਆ ਹੈ। ਇਸ ਨੇ ਆਪਣੀ ਵਾਰਤਕ ਨੂੰ ਫਲਸਤਾਨਾ ਅੰਦਾਜ਼ ਵਿਚ ਬਹੁਤ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ।

26 ਜੂਨ, 1274 ਈ. ਨੂੰ ਇਰਾਕ ਵਿਚ ਬਗ਼ਦਾਦ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 10 : 205

**ਤੂਤਨਖਾਮਨ** : ਇਹ ਮਿਸਰ ਦੇ 18 ਵੇਂ ਬੰਸ ਦਾ ਇਕ ਬਾਦਸ਼ਾਹ ਸੀ ਜਿਸਨੇ 1361 ਤੋਂ 1352 ਈ. ਪੂ. ਤੱਕ ਰਾਜ ਕੀਤਾ ਸੀ। ਇਸ ਦੇ ਪਿਤਾ ਦਾ ਨਾਂ ਆਮਨਹੋਟੇਪ ਤੀਜਾ (Amenhotop III) ਅਤੇ ਇਸ ਦਾ ਅਸਲੀ ਨਾਂ ਤੂਤਾਂਗਕਾਤੰਨ (Tutankhaten) ਸੀ। ਇਹ 1922 ਈ. ਵਿਚ ਸਹੀ-ਸਲਾਮਤ ਰੂਪ ਵਿਚ ਲੱਭੇ ਆਪਣੇ ਮਕਬਰੇ ਕਾਰਣ ਵੀ ਬਹੁਤ ਮਸ਼ਹੂਰ ਹੈ। ਆਕਨੇਤੰਨ (Akhenaton) ਜਿਸਨੇ ਆਮਾਰਨਾ ਇਨਕਲਾਬ ਦੀ ਅਗਵਾਈ ਕੀਤੀ ਸੀ, ਦੀ ਮੌਤ ਉਪਰੰਤ ਇਸਦੇ ਸ਼ਕੀਤਸ਼ਾਲੀ ਸਲਾਹਕਾਰਾਂ ਨੇ ਇਸਦੇ ਰਾਜ-ਕਾਲ ਦੌਰਾਨ ਰਵਾਇਤੀ ਧਰਮ ਅਤੇ ਕਲਾ ਦੀ ਸ਼ੈਲੀ ਨੂੰ ਪੁਨਰ-ਸਥਾਪਿਤ ਕਰ ਦਿੱਤਾ।

ਇਸ ਦੀ ਮੰਮੀ ਦੇ ਡਾਕਟਰੀ ਮੁਆਇਨੇ ਤੋਂ ਪਤਾ ਲਗਦਾ ਹੈ ਕਿ ਇਹ ਸ਼ਾਇਦ ਬਾਦਸ਼ਾਹ ਸਮੈਂਗਕਾਰਾ (Smenkhare) ਦਾ ਭਰਾ ਸੀ ਜੋ ਇਸਦਾ ਤਤਕਾਲੀ ਪੂਰਵ-ਪਦ ਅਧਿਕਾਰੀ ਸੀ। ਇਹ ਬਾਦਸ਼ਾਹ ਆਕਨੇਤੰਨ ਮਹਾਨ ਜਿਸ ਨਾਲ ਸਮੈਂਗਕਾਰਾ ਨੇ ਸਹਿ-ਸ਼ਾਸਕ ਵਜੋਂ ਰਾਜ ਕੀਤਾ ਸੀ, ਦਾ ਜੁਆਈ ਸੀ। ਟੈਲ-ਏ-ਆਮਾਰਨਾ ਤੋਂ ਪ੍ਰਾਪਤ ਅਦਾਲਤੀ ਫ਼ੈਸਲਿਆਂ ਦੇ ਇਕ ਰਜਿਸਟਰ ਅਤੇ ਹਾਲਾਤੀ ਸ਼ਹਾਦਤ ਤੋਂ ਪਤਾ ਲਗਦਾ ਹੈ ਕਿ ਨੌਜਵਾਨ ਤੂਤਾਂਗਕਾਤੰਨ, ਬਾਦਸ਼ਾਹ ਆਕਨੇਤੰਨ ਅਤੇ ਉਸਦੇ ਸਹਿ-ਸ਼ਾਸਕ ਦੀ ਮੌਤ ਉਪਰੰਤ ਹੀ ਬਾਦਸ਼ਾਹ ਬਣਿਆ ਸੀ। ਇਸਨੇ ਆਕਨੇਤੰਨ ਦੀ ਤੀਜੀ ਅਤੇ ਸ਼ਾਹੀ ਘਰਾਣੇ ਦੀ ਸਭ ਤੋਂ ਵੱਡੀ ਲੜਕੀ ਨਾਲ ਸ਼ਾਦੀ ਕਰਵਾ ਲਈ



ਤੂਤਨਖਾਮਨ ਦੇ ਤਿੰਨ ਸੁਨਹਿਰੀ ਤਾਬੂਤਾਂ ਵਿਚੋਂ ਅੰਦਰਲਾ ਤਾਬੂਤ

ਤਾਂ ਕਿ ਠੋਸ ਰੂਪ ਵਿਚ ਰਾਜ ਗੱਦੀ ਲਈ ਆਪਣਾ ਦਾਅਵਾ ਸਥਾਪਿਤ ਕਰ ਸਕੇ। ਰਾਜ ਗੱਦੀ ਤੇ ਬੈਠਣ ਸਮੇਂ ਇਹ ਅਜੇ ਜਵਾਨ ਹੀ ਸੀ ਜਿਸ ਕਰਕੇ ਇਸਨੇ ਆਈ (Ay) ਜੋ ਇਸਦਾ ਵਜ਼ੀਰ ਅਤੇ ਰੀਜੈਂਟ ਸੀ ਅਤੇ ਹਰੰਮਹੈਬ (Horemheb) ਜੋ ਫ਼ੌਜਾਂ ਦਾ ਜਰਨੈਲ ਸੀ, ਨੂੰ ਆਪਣਾ ਮੁੱਖ ਸਲਾਹਕਾਰ ਬਣਾ ਲਿਆ।

ਇਨ੍ਹਾਂ ਸਲਾਹਕਾਰਾਂ ਦੀ ਸਰਪਰਸਤੀ ਅਧੀਨ ਹੀ ਇਸਨੇ ਆਪਣਾ ਨਿਵਾਸ-ਸਥਾਨ ਆਧੁਨਿਕ ਕਾਹਿਰਾ ਦੇ ਨੇੜੇ ਪੈਂਦੀ ਪ੍ਰਬੰਧਕੀ ਰਾਜਧਾਨੀ, ਮੈਮਫਸ (Memphis) ਵਿਖੇ ਤਬਦੀਲ ਕਰ ਲਿਆ ਅਤੇ ਆਪਣੇ ਪਿਤਾ ਦੇ ਥੀਬਜ਼ ਦੇ ਮਹਿਲ ਦੀ ਮੁਰੰਮਤ ਕਰਵਾਈ। ਇਸਨੇ ਚੌਥੇ ਸਾਲ ਦੇ ਦੌਰਾਨ ਹੀ ਆਪਣਾ ਨਾਂ ਬਦਲ ਕੇ ਤੂਤਨਖਾਮਨ ਰੱਖ ਲਿਆ ਅਤੇ ਮੰਦਰਾਂ, ਮੂਰਤੀਆਂ, ਅਸਲੇ ਅਤੇ ਪੁਰਾਣੇ ਦੇਵਤਿਆਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਮੁੜ ਬਹਾਲ ਕਰਨ ਲਈ ਫ਼ੁਰਮਾਨ ਜਾਰੀ ਕੀਤਾ ਅਤੇ ਆਕਨੇਤੰਨ ਦੇ ਰਾਜਕਾਲ ਵਿਚ ਹੋਈਆਂ ਗਲਤੀਆਂ ਨੂੰ ਸਵੀਕਾਰ ਕੀਤਾ। ਐਮਨ (Amon) ਪਾਦਰੀਪੁਣੇ ਸਬੰਧੀ ਇਨ੍ਹਾਂ ਸ਼ਰਤਨਾਮਿਆਂ ਦੇ ਬਾਵਜੂਦ ਵੀ, ਆਕਨੇਤੰਨ ਦੇ ਦੇਵਤੇ, ਐਟਨ (Aton) ਨੂੰ ਨਾ ਤਾਂ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਅਤੇ ਨਾ ਹੀ ਉਸ ਉੱਤੇ ਜ਼ੁਲਮ ਢਾਹੇ ਗਏ। ਸ਼ਾਹੀ ਅੰਗੂਰਾਂ ਦੇ ਬਾਗ਼ਾਂ (ਬਾਦਸ਼ਾਹ ਦੀ ਮੌਤ ਤੱਕ) ਅਤੇ ਫ਼ੌਜਾਂ ਦੇ ਹਿੱਸਿਆਂ ਦੇ ਨਾਂ ਅਜੇ ਤੱਕ ਐਟਨ ਦੇ ਨਾਂ ਪਿੱਛੇ ਹੀ ਕਾਇਮ ਰਹੇ। ਇਸਦੇ ਰਾਜ ਕਾਲ ਦੇ ਨੌਂਵੇਂ ਸਾਲ ਦੌਰਾਨ ਸ਼ਾਇਦ ਹਰੰਮਹੈਬ ਦੀ ਅਗਵਾਈ ਹੇਠ ਮਿਸਰੀਆਂ ਨੇ ਉੱਤਰੀ ਸੀਰੀਆ ਵਿਚ ਪੈਂਦੇ ਮਿਸਰ ਦੇ ਇਕ ਪੁਰਾਣੇ ਮਿੱਤਰ ਦੇਸ਼, ਮਿਤਾਨੀ ਜੋ ਹਿਤੀਆਂ ਦੇ ਜਾਗੀਰਦਾਰਾਂ ਨਾਲ ਲੜਾਈਆਂ ਵਿਚ ਉਲਝਿਆ ਪਿਆ ਸੀ, ਦੀ ਸਹਾਇਤਾ ਲਈ ਸੀਰੀਆ ਦੇ ਅੰਦਰ ਵੱਲ ਨੂੰ ਕੂਚ ਕੀਤਾ। ਹਿਤੀ ਬਾਦਸ਼ਾਹ ਦੁਆਰਾ ਆਪਣੇ ਜਾਗੀਰਦਾਰਾਂ ਦੀ ਸਹਾਇਤਾ ਲਈ ਭੇਜੀਆਂ ਕੁਮਕਾਂ ਨੇ ਬੜੀ ਤੇਜ਼ੀ ਨਾਲ ਕੂਚ ਕਰ ਦਿੱਤਾ ਪਰ

ਅਚਾਨਕ ਹੀ ਲਗਭਗ 18 ਸਾਲ ਦੀ ਉਮਰ ਵਿਚ ਇਸ ਦੀ ਮੌਤ ਹੋ ਗਈ। ਪਿੱਛੋਂ ਇਸਦਾ ਕੋਈ ਵੀ ਬੱਚਾ ਜਿਉਂਦਾ ਨਾ ਰਹਿਣ ਕਾਰਣ, ਆਈ ਰਾਜ ਗੱਦੀ ਉੱਤੇ ਬੈਠਾ ਅਤੇ ਉਸਨੇ ਇਸਦੀ ਵਿਧਵਾ ਨਾਲ ਵਿਆਹ ਕਰਵਾ ਲਿਆ।

ਇਸ ਦੀ ਮੌਤ ਤੋਂ ਕੁਝ ਸਮਾਂ ਪਿੱਛੋਂ ਲੁਟੇਰਿਆਂ ਨੇ ਇਸਦੇ ਮਕਬਰੇ(ਜੋ ਕਿ ਇਸ ਦਾ ਅਸਲ ਨਹੀਂ ਸੀ ਅਤੇ ਜਿਸ ਨੂੰ ਆਈ ਨੇ ਆਪਣੇ ਲਈ ਵੱਖ ਰੱਖ ਲਿਆ ਸੀ) ਅੰਦਰ ਦੋ ਵਾਰ ਪ੍ਰਵੇਸ਼ ਕੀਤਾ ਅਤੇ ਇਸ ਦਾ ਥੋੜ੍ਹੇ ਜਿਹੇ ਨੁਕਸਾਨ ਹੋਣ ਤੋਂ ਬਾਅਦ ਉਨ੍ਹਾਂ ਨੂੰ ਫੜ ਲਿਆ ਗਿਆ। ਦਫ਼ਨਾਉਣ-ਚੈਂਬਰ ਵਿਚ ਕਿਸੇ ਵੀ ਵਿਅਕਤੀ ਦੁਆਰਾ ਦਾਖ਼ਲ ਨਾ ਹੋਣ ਕਾਰਨ, ਇਹ ਮਕਬਰਾ ਸਹੀ-ਸਲਾਮਤ ਰਿਹਾ ਅਤੇ ਇਸ ਸਬੰਧੀ 1922 ਈ. ਵਿਚ ਇਕ ਅੰਗਰੇਜ਼ ਮਿਸਰ-ਪੁਰਾਖੋਜੀ, ਹਾਵਰਡ ਕਾਰਟਰ ਦੁਆਰਾ ਕੀਤੀ ਗਈ ਖ਼ੁਦਾਈ ਕਾਰਨ ਹੀ ਪਤਾ ਲੱਗਾ। ਜਦੋਂ ਨਵੇਂ ਰਾਜ ਬੰਸ ਵੇਲੇ ਆਮਾਰਨਾ ਬਾਦਸ਼ਾਹ-ਆਕਨੇਤੰਨ ਤੂਤਨਖਾਮਨ, ਸਮੈਂਗਕਾਰਾ ਅਤੇ ਆਈ ਦੇ ਨਾਂਵਾਂ ਨੂੰ ਸ਼ਾਹੀ ਸੂਚੀਆਂ ਵਿਚੋਂ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਦੀ ਸ਼ਰੇਆਮ ਨਿੰਦਿਆ ਕੀਤੀ ਗਈ ਤਾਂ ਇਸਦੇ ਮਕਬਰੇ ਦੀ ਸਥਿਤੀ ਹੀ ਭੁੱਲ ਗਈ। ਇਸ ਦੀਆਂ ਕੁਝ ਕੁ ਯਾਦਗਾਰਾਂ ਉੱਤੇ ਇਸੇ ਦੇ ਹੀ ਇਕ ਸਾਬਕਾ ਜਰਨੈਲ, ਹਾਰੰਮਹੈਬ ਜੋ ਮਗਰੋਂ ਫਰਾਊਨ ਬਣ ਗਿਆ ਸੀ, ਨੇ ਆਪਣਾ ਕਬਜ਼ਾ ਕਰ ਲਿਆ।

ਮਿਸਰ ਦੇ 20ਵੇਂ ਸ਼ਾਹੀ ਖ਼ਾਨਦਾਨ ਵੇਲੇ ਰੈਮਸੀਜ਼ ਛੇਵੇਂ (Ramses VI) ਦੇ ਮਕਬਰੇ ਜੋ ਤੂਤਨਖਾਮਨ ਦੇ ਮਕਬਰੇ ਤੋਂ ਉਪਰ ਵੱਲ ਸੀ, ਨੂੰ ਜਦੋਂ ਤੋੜਿਆ ਗਿਆ ਤਾਂ ਘਾਟੀ ਵਾਲੇ ਪਾਸੇ ਨੂੰ ਡਿੱਗੇ ਉਸਦੇ ਪੱਥਰਾਂ ਦੇ ਮਲਬੇ ਨੇ ਨੌਜਵਾਨ ਬਾਦਸ਼ਾਹ ਦੇ ਮਕਬਰੇ ਨੂੰ ਬਿਲਕੁਲ ਹੀ ਢੱਕ ਲਿਆ। 20ਵੇਂ ਸ਼ਾਹੀ ਖਾਨਦਾਨ ਦੇ ਅਖੀਰ ਤੱਕ ਇਹ ਮਕਬਰਾ ਕਈ ਲੁੱਟਾਂ ਖੋਹਾਂ ਤੋਂ ਬਚਦਾ ਗਿਆ। ਬਾਦਸ਼ਾਹੀ ਮਕਬਰਿਆਂ ਦੀ ਵਾਦੀ ਸਬੰਧੀ ਹੋਈ ਯੋਜਨਾਬੱਧ ਖੋਜ ਤੋਂ ਹੀ ਇਸਦੇ ਮਕਬਰੇ ਦੀ ਸਥਿਤੀ ਬਾਰੇ ਪਤਾ ਲਗਾ ਅਤੇ ਇਸ ਸਮੇਂ ਤੱਕ ਇਸ ਨੂੰ ਸੁਰੱਖਿਅਤ ਹੀ ਰੱਖੀ ਰੱਖਿਆ।

ਛੋਟੇ ਮਕਬਰੇ ਦੇ ਅੰਦਰ ਰਾਜੇ ਦਾ ਮਸਾਲਿਆਂ ਨਾਲ ਸੁਰੱਖਿਅਤ ਰੱਖਿਆ ਮਿਰਤਕ ਸਰੀਰ ਇਕ ਦੂਜੇ 'ਚ ਰੱਖੇ ਤਿੰਨ ਤਾਬੂਤਾਂ ਵਿਚ ਬੰਦ ਰੱਖਿਆ ਗਿਆ। ਸਭ ਤੋਂ ਅੰਦਰਲਾ ਤਾਬੂਤ ਨਿੱਗਰ ਸੋਨੇ ਦਾ ਬਣਿਆ ਹੋਇਆ ਸੀ ਅਤੇ ਬਾਹਰਲੇ ਦੋਹਾਂ ਤਾਬੂਤਾਂ ਉੱਤੇ ਲੱਕੜੀ ਦੇ ਫਰੇਮਾਂ ਉੱਤੇ ਸੋਨਾ ਚਾੜ੍ਹਿਆ ਹੋਇਆ ਸੀ। ਰਾਜੇ ਦੇ ਸਿਰ ਉੱਤੇ ਸੋਨੇ ਦਾ ਸ਼ਾਨਦਾਰ ਮਖੌਟਾ ਸੀ ਅਤੇ ਉਸ ਦੀ ਮੱਮੀ ਅਤੇ ਲਪੇਟਣਾਂ (Wrappings) ਉੱਤੇ ਕਈ ਹੀਰੇ ਜਵਾਹਰਾਤ ਅਤੇ ਤਵੀਤ ਪਏ ਹੋਏ ਸਨ। ਤਾਬੂਤਾਂ ਅਤੇ ਪੱਥਰਾਂ ਦੇ ਤਾਬੂਤਾਂ ਦੁਆਲੇ ਪਾਠ-ਪੁਸਤਕਾਂ ਨਾਲ ਢੱਕੇ ਸੋਨੇ-ਚੜ੍ਹੀ ਲੱਕੜੀ ਦੇ ਚਾਰ ਅਸਥੀ ਪਾਤਰ ਹੁੰਦੇ ਸਨ ਅਤੇ ਇਨ੍ਹਾਂ ਨੇ ਹੀ ਅਸਲ ਵਿਚ ਦਫ਼ਨਾਉਣ ਚੈਂਬਰ ਨੂੰ ਭਰਿਆ ਹੁੰਦਾ ਸੀ। ਦੂਜੇ ਕਮਰੇ ਫ਼ਰਨੀਚਰ, ਮੂਰਤੀਆਂ, ਕਪੜੇ, ਰੱਥ, ਹਥਿਆਰ ਅਤੇ ਹੋਰ ਵਸਤੂਆਂ ਨਾਲ ਭਰੇ ਹੋਏ ਹੁੰਦੇ ਸਨ। ਇਸਦੇ ਮਕਬਰੇ ਤੋਂ ਇਲਾਵਾ ਇਸ ਦੀ ਹੋਰ ਕੋਈ ਵੀ ਮਹੱਤਵਪੂਰਨ ਪ੍ਰਾਪਤੀ ਨਹੀਂ ਹੈ। ਇਸਦੇ ਮਕਬਰੇ ਦੇ ਸਬੰਧ ਵਿਚ ਹੀ 1923-33 ਵਿਚ ਹਾਵਰਡ ਕਾਰਟਰ ਦੁਆਰਾ ਲਿਖੀ 'ਦੀ ਟੂਮ ਆਫ਼ ਤੂਤਨਖਾਮੂਨ' ਪੁਸਤਕ ਅਤੇ 1963 ਈ. ਵਿਚ ਕਰਿਸਟੀਏਨ ਡੈਸਰੋਚੀਜ਼-ਨੋਬਲ ਕੋਰਟ ਦੁਆਰਾ ਲਿਖੀ 'ਤੂਤਨਖਾਮਨ' ਪੁਸਤਕ ਪ੍ਰਕਾਸ਼ਿਤ ਹੋਈ। ਇਸ ਤੋਂ ਇਲਾਵਾ 1977 ਈ. ਵਿਚ ਆਈ.ਈ. ਐਸ. ਐਡਵਰਡਜ਼ ਦੁਆਰਾ ਤੂਤਨਖਾਮਨ : ਦੀ ਟੂਮ ਐਂਡ ਇਟਸ ਟ੍ਰੈਯਅਰਜ਼ (The Tomb And Its Treasures) ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਗਈ।

ਹ.ਪੁ.—ਐਨ. ਬ੍ਰਿ.ਮਾ. 12 : 17; ਐਨ. ਅਮੈ.27 : 290

**ਤੂਤੀਕਾਰਿਨ** : ਇਹ ਦੱਖਣੀ ਭਾਰਤ ਦੇ ਤਾਮਿਲਨਾਡੂ ਰਾਜ ਦੇ ਚਿਦੰਬਰਨਰ (Chidambarnar) ਜ਼ਿਲ੍ਹੇ ਦਾ ਪੁਰਾਣਾ ਸ਼ਹਿਰ ਹੈ ਜੋ ਤਿਰੁਨੈਲਵਲੀ ਸ਼ਹਿਰ ਦੇ ਪੂਰਬ ਵੱਲ ਮਾਨਾਰ ਖਾੜੀ ਤੇ ਸਥਿਤ ਹੈ ਅਤੇ ਰੇਲ ਅਤੇ ਮੋਟਰ ਰਾਹੀਂ ਉਸ ਸ਼ਹਿਰ ਨਾਲ ਜੁੜਿਆ ਹੋਇਆ ਹੈ। ਸ਼ੁਰੂ ਵਿਚ ਇਹ ਮੱਛੀਆਂ ਫੜਨ ਵਾਲਾ ਇਕ ਛੋਟਾ ਜਿਹਾ ਪਿੰਡ ਹੁੰਦਾ ਸੀ ਪਰ 16ਵੀਂ ਸਦੀ ਵਿਚ ਇਹ ਪੁਰਤਗੇਜ਼ੀਆਂ ਦੀ ਇਕ ਖੁਸ਼ਹਾਲ ਬਸਤੀ ਦੇ ਰੂਪ ਵਿਚ ਵਿਕਸਤ ਹੋ ਗਿਆ। ਇਸ ਤੋਂ ਬਾਅਦ ਵੱਖ ਵੱਖ ਸਮਿਆਂ ਵਿਚ ਇਸ ਉੱਤੇ ਵਲੰਦੇਜ਼ੀਆਂ ਅਤੇ ਬਰਤਾਨਵੀਆਂ ਦਾ ਕਬਜ਼ਾ ਰਿਹਾ। ਇਨ੍ਹਾਂ ਅਧੀਨ ਵੀ ਇਸ ਸ਼ਹਿਰ ਦਾ ਕਾਫ਼ੀ ਵਿਕਾਸ ਹੋਇਆ ਪਰ ਬਾਅਦ ਵਿਚ ਮਦਰਾਸ ਸ਼ਹਿਰ ਦੇ ਵਿਕਾਸ ਹੋਣ ਨਾਲ ਇਸ ਸ਼ਹਿਰ ਦਾ ਮਹੱਤਵ ਬਹੁਤ ਘੱਟ ਗਿਆ। ਸੰਨ 1960 ਤੋਂ ਇਸ ਸ਼ਹਿਰ ਵੱਲ ਵਿਸ਼ੇਸ਼ ਧਿਆਨ ਦਿਤਾ ਗਿਆ ਜਿਸ ਨਾਲ ਇਸ ਦੀ ਬੰਦਰਗਾਹ ਨੂੰ ਡੂੰਘਾ ਕੀਤਾ ਗਿਆ ਅਤੇ ਇਥੇ ਮਾਲਖਾਨੇ ਬਣਵਾਏ ਗਏ। ਇਸ ਦੇ ਨਾਲ ਹੀ ਮੱਛੀ ਫੜਨ ਦੀਆਂ ਸਹੂਲਤਾਂ ਵੀ ਚੰਗੀਆਂ ਕੀਤੀਆਂ ਗਈਆਂ ਅਤੇ ਉਦਯੋਗਿਕ ਵਿਕਾਸ ਵੀ ਕਾਫੀ ਹੋਇਆ। ਹੁਣ ਇਹ ਰਾਜ ਦੀ ਦੂਜੀ ਵੱਡੀ ਬੰਦਰਗਾਹ ਹੈ। ਸੰਨ 1970 ਵਿਚ ਰਾਜ ਦੇ ਵਿਦੇਸ਼ੀ ਵਪਾਰ ਦਾ ਲਗਭਗ 12% ਇਸੇ ਬੰਦਰਗਾਹ ਦੁਆਰਾ ਹੋਇਆ ਸੀ। ਸੰਨ 1974 ਵਿਚ ਪੁਰਾਣੇ ਤੂਤੀਕਾਰਿਨ ਤੋਂ ਦੱਖਣ-ਪੂਰਬ ਵੱਲ 8 ਕਿ.ਮੀ. ਦੀ ਦੂਰੀ ਤੇ ਇਸ ਦੀ ਨਵੀਂ ਬੰਦਰਗਾਹ ਬਣਾਈ ਗਈ ਹੈ ਜਿਸ ਨੂੰ ਭਾਰਤ ਦੀ ਦਸਵੀਂ ਵੱਡੀ ਬੰਦਰਗਾਹ ਮੰਨਿਆ ਜਾਂਦਾ ਹੈ। ਸੰਨ 1866 ਤੋਂ ਇਥੇ ਮਿਉਂਸਪਲਟੀ ਹੈ। ਸ਼ਹਿਰ ਵਿਚ ਮਦੁਰਾਇ-ਕਾਮਰਾਜ ਯੂਨੀਵਰਸਿਟੀ ਨਾਲ ਸਬੰਧਤ ਸੱਤ ਕਾਲਜ ਹਨ।

ਆਬਾਦੀ–1,99,854 (1991)

8°50′ ਉ. ਵਿਥ.; 78°09′ ਪੂ. ਲੰਬ.

ਹ.ਪੁ.—ਐਨ.ਬ੍ਰਿ. ਮਾ. 9 : 206; ਇੰਪ. ਗ. ਇੰਡ. 24 : 64

**ਤੂਨੀ** : ਆਂਧਰਾ ਪ੍ਰਦੇਸ਼ ਰਾਜ (ਭਾਰਤ) ਦੇ ਪੂਰਬੀ ਗੋਦਾਵਰੀ ਜ਼ਿਲ੍ਹੇ ਦਾ ਸ਼ਹਿਰ ਹੈ। ਇਹ ਪੂਰਬੀ ਤੱਟੀ ਰੇਲਵੇ ਲਾਈਨ ਉੱਤੇ ਚੇਨੱਈ (ਪਹਿਲਾਂ ਮਦਰਾਸ) ਸ਼ਹਿਰ ਤੋਂ 680 ਕਿ.ਮੀ. ਉੱਤਰ ਵੱਲ ਵਾਕਿਆ ਹੈ। ਇਹ ਆਲੇ ਦੁਆਲੇ ਦੇ ਇਲਾਕੇ ਦੀ ਜ਼ਰਾਇਤੀ ਮੰਡੀ ਹੈ। ਅੱਜਕੱਲ੍ਹ ਇਸ ਸ਼ਹਿਰ ਦੇ ਆਸਪਾਸ ਦੇ ਖੇਤਰ ਵਿਚ ਸਿੰਜਾਈ ਯੋਜਨਾਵਾਂ ਕਰਕੇ ਅਨਾਜੀ ਫਸਲਾਂ, ਤਿਲ ਅਤੇ ਤਮਾਕੂ ਦੀ ਪੈਦਾਵਾਰ ਹੁੰਦੀ ਹੈ।

ਆਬਾਦੀ – 43,904 (1991)

17°22′ ਉ. ਵਿਥ.; 82°32′ ਪੂ. ਲੰਬ.

ਹ.ਪੁ.—ਇੰਪ.ਗ.ਇੰਡ. 24 : 62

**ਤੂੰਬਾ** : ਪ੍ਰਾਚੀਨ ਭਾਰਤੀ ਸਾਜ਼ਾਂ ਵਿਚ ਸ਼ਾਮਲ ਇਸ ਸੰਗੀਤ ਸਾਜ਼ ਨੂੰ ਪੰਜਾਬ ਦੇ ਲੋਕ ਤੂੰਬਾ ਜਾਂ ਘੁਮਚੂ ਕਹਿੰਦੇ ਹਨ। ਮਹਾਰਾਸ਼ਟਰ ਵਿਚ ਇਸ ਨੂੰ 'ਤੁਨਤਨਾ' ਕਿਹਾ ਜਾਂਦਾ ਹੈ।

ਆਮ ਤੌਰ ਤੇ ਤੂੰਬਾ ਅੰਬ ਦੀ ਲੱਕੜੀ ਦਾ ਬਣਿਆ ਹੁੰਦਾ ਹੈ ਅਤੇ ਇਸ ਦੀ ਲੰਬਾਈ ਗਿਆਰਾਂ ਉਂਗਲਾਂ ਤੋਂ ਲੈ ਕੇ ਤੇਰ੍ਹਾਂ ਉਂਗਲਾਂ ਤਕ ਹੁੰਦੀ ਹੈ। ਇਸ ਦਾ ਢਿੱਡ ਵਿਚੋਂ ਪਿਚਕਿਆ ਹੋਇਆ ਤੇ ਮੂੰਹ ਖੁਲ੍ਹਾ ਹੁੰਦਾ ਹੈ। ਇਸ ਦੇ ਮੂੰਹ ਦਾ ਆਕਾਰ ਸੱਤ ਅੱਠ ਉਂਗਲਾਂ ਗੋਲਾਈ ਵਿਚ ਹੁੰਦਾ ਹੈ ਅਤੇ ਮੂੰਹ ਉੱਤੇ ਚਮੜੇ ਦੀ ਖੱਲ ਮੜ੍ਹੀ ਹੁੰਦੀ ਹੈ। ਮੜ੍ਹੀ ਹੋਈ ਖੱਲ ਦੇ ਵਿਚਕਾਰ ਲਗਭਗ ਅੱਧਾ ਮੀਟਰ ਚਮੜੇ ਦੀ ਤੰਦ ਪਰੋ ਕੇ ਦੂਜੇ ਮੂੰਹ ਰਾਹੀਂ ਕੱਢ ਦਿੱਤੀ ਜਾਂਦੀ ਹੈ। ਇਸ ਤੰਦ ਦੇ ਚਮੜੇ ਵਾਲੇ

ਸਿਰੇ ਨੂੰ ਗੰਢ ਦਿੱਤੀ ਜਾਂਦੀ ਹੈ ਤੇ ਦੂਜੇ ਸਿਰੇ ਨੂੰ ਲੱਕੜੀ ਦੇ ਗੱਟੇ ਵਿਚ ਗੰਢ ਮਾਰ ਕੇ ਪਰੋ ਦਿੱਤਾ ਜਾਂਦਾ ਹੈ।

ਤੂੰਬੇ ਨੂੰ ਵਜਾਉਣ ਵੇਲੇ ਖੱਬੇ ਪਾਸੇ ਕੁੱਛੜ ਵਿਚ ਮਾਰ ਕੇ ਤੰਦ ਸਿੱਧੀ ਕਰ ਲਈ ਜਾਂਦੀ ਹੈ ਤੇ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਇਸ ਤੰਦ ਤੇ ਚੋਟ ਮਾਰਦੇ ਹੋਏ ਲੱਕੜੀ ਦੇ ਗੱਟੇ ਨੂੰ ਖੱਬੇ ਹੱਥ ਨਾਲ ਖਿਚਿਆ ਜਾ ਢਿੱਲਾ ਕੀਤਾ ਜਾਂਦਾ ਹੈ, ਇਸ ਤਰ੍ਹਾਂ ਇਸ ਵਿਚੋਂ 'ਗਮਕ' ਦੀ ਆਵਾਜ਼ ਪੈਦਾ ਹੁੰਦੀ ਹੈ। ਲੋਕ ਗੀਤਾਂ ਜਾਂ ਬੋਲੀਆਂ ਵਿਚ ਇਹ ਸਾਜ਼ ਸੁਰ ਨਾਲੋਂ ਜ਼ਿਆਦਾ ਤਾਲ ਪ੍ਰਧਾਨ ਹੁੰਦਾ ਹੈ।

ਹ.ਪੁ.—ਪੰਜਾਬ ਦੇ ਲੋਕ-ਸਾਜ਼-ਅਨਿਲ ਨਰੂਲਾ

**ਤੂੰਬੀ (ਇਕਤਾਰਾ)** : ਤੂੰਬੀ ਅਤਿ ਪ੍ਰਾਚੀਨ ਕਾਲ ਦਾ ਸਾਜ਼ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਇਹ ਸਾਧੂ ਸੰਤਾਂ ਦਾ ਸਾਜ਼ ਰਿਹਾ ਹੈ। ਸਾਧੂ-ਸੰਤ ਇਸ ਦੇ ਨਾਲ 'ਓਮ ਨਮੋ' ਦਾ ਜਾਪ ਕਰਦੇ ਸਨ ਅਰਥਾਤ ਇਹ ਮੋਖ ਪ੍ਰਾਪਤੀ ਦਾ ਸਾਧਨ ਬਣਿਆ ਰਿਹਾ ਹੈ। ਮੀਰਾ ਬਾਈ ਨੇ ਤੂੰਬੀ (ਇਕਤਾਰੇ) ਦੇ ਨਾਲ ਹੀ ਭਜਨ ਕਰਦੇ ਹੋਏ ਕ੍ਰਿਸ਼ਨ ਭਗਵਾਨ ਨੂੰ ਪਾਇਆ।

ਪ੍ਰਾਚੀਨ ਕਾਲ ਵਿਚ ਸ਼ਾਸਤਰੀ ਸੰਗੀਤ ਦਾ ਅਭਿਆਸ ਕਰਨ ਲਈ ਤੂੰਬੀ ਦਾ ਪ੍ਰਯੋਗ ਹੁੰਦਾ ਸੀ। ਵਿਦਵਾਨ ਲੋਕ ਇਸ ਨੂੰ ਆਪਣੇ ਸੁਰ ਤੇ ਮਿਲਾ ਕੇ 'ਸਾ ਰੇ ਗ ਮ ਪ ਧ ਨੀ ਸਾ' ਸਰਗਮ ਦਾ ਅਭਿਆਸ ਕਰਦੇ ਸਨ।

ਹੌਲੀ ਹੌਲੀ ਇਸ ਸਾਜ਼ ਨੇ ਤਰੱਕੀ ਕੀਤੀ ਤੇ ਇਹ ਲੋਕ ਗੀਤਾਂ ਵਿਚ ਵੀ ਪ੍ਰਯੋਗ ਹੋਣ ਲਗਾ। ਇਸ ਦੇ ਆਕਾਰ ਵਿਚ ਲੋੜ ਅਨੁਸਾਰ ਤਬਦੀਲੀ ਕੀਤੀ ਗਈ। ਸ਼ਾਸਤਰੀ ਗਾਇਨ ਵਿਚ ਇਸ ਦੇ ਆਕਾਰ ਅਤੇ ਤਾਰਾਂ ਨੂੰ ਵਧਾ ਕੇ ਤਾਨਪੂਰੇ ਦੀ ਸ਼ਕਲ ਦਿੱਤੀ ਗਈ ਦੂਜੇ ਪਾਸੇ ਇਸ ਦੇ ਆਕਾਰ ਨੂੰ ਛੋਟਾ ਕਰਕੇ ਤੂੰਬੀ ਬਣਾ ਦਿੱਤੀ ਗਈ ਜਿਹੜੀ ਕਿ ਪੰਜਾਬ ਦੇ ਲੋਕ ਗੀਤਾਂ ਦੇ ਗਾਉਣ ਲਈ ਅੱਜ ਪ੍ਰਯੋਗ ਕੀਤੀ ਜਾਂਦੀ ਹੈ।

ਪੰਜਾਬ ਵਿਚ ਤੂੰਬੀ ਭੰਗੜਾ, ਮਿਰਜ਼ਾ, ਜੁਗਨੀ ਅਤੇ ਹੋਰ ਪੰਜਾਬੀ ਲੋਕ ਗੀਤਾ ਨਾਲ ਵਜਾਈ ਜਾਂਦੀ ਹੈ।

ਤੂੰਬੀ ਇਕ ਸਾਧਾਰਣ ਬਣਾਵਟ ਦਾ ਸਾਜ਼ ਹੈ। ਆਮ ਤੌਰ ਤੇ ਕੱਦੂ ਜਾਂ ਲੱਕੜੀ ਨੂੰ ਖੋਖਲਾ ਕਰਕੇ ਇਕ ਖੋਲ ਬਣਾ ਲਿਆ ਜਾਂਦਾ ਹੈ। ਇਸ ਦੇ ਵਿਚ ਇਕ ਤੋਂ ਲੈ ਕੇ ਡੇਢ ਫੁੱਟ ਤਕ ਲੱਕੜੀ ਦਾ ਡੰਡਾ ਗੋਲ ਤਰਾਸ਼ ਕੇ ਲਗਾ ਦਿੱਤਾ ਜਾਂਦਾ ਹੈ। ਇਸ ਦੇ ਡੰਡੇ ਦੀ ਲੰਬਾਈ 54 ਸੈਂਟੀਮੀਟਰ ਤੇ ਖੋਲ ਦੀ ਚੌੜਾਈ 9 ਸੈਂਟੀਮੀਟਰ ਹੁੰਦੀ ਹੈ। ਇਸ ਖੋਲ ਦੇ ਮੂੰਹ ਉੱਤੇ ਇਕ ਪਤਲੀ ਖੱਲ ਚੜ੍ਹਾਈ ਜਾਂਦੀ ਹੈ ਅਤੇ ਡੰਡੇ ਦੇ ਉਪਰਲੇ ਪਾਸੇ ਇਕ ਲੱਕੜੀ ਦੀ ਖੂੰਟੀ ਲਗਾਈ ਜਾਂਦੀ ਹੈ ਜਿਸ ਵਿਚ ਤਾਰ ਪਰੋ ਕੇ ਡੰਡੇ ਦੇ ਵਿਚਲੇ ਪਾਸੇ ਤਾਰ ਨੂੰ ਮਰੋੜੀ ਦੇ ਕੇ ਬੰਨ੍ਹ ਦਿੱਤੀ ਜਾਂਦੀ ਹੈ। ਚਮੜੇ ਦੇ ਖੋਲ ਉੱਤੇ ਇਕ ਬਾਂਸ ਜਾਂ ਲੱਕੜੀ ਦਾ ਟੁਕੜਾ ਰਖਿਆ ਜਾਂਦਾ ਹੈ ਜਿਸ ਉੱਤੇ ਤਾਰ ਟਿਕਦੀ ਹੈ। ਖੂੰਟੀ ਦੇ ਨਾਲ ਤਾਰ ਨੂੰ ਕੱਸ ਕੇ ਆਪਣੀ ਇੱਛਾ ਅਨੁਸਾਰ ਮਿਲਾ ਲਿਆ ਜਾਂਦਾ ਹੈ।

ਅੱਜਕੱਲ੍ਹ ਇਸ ਨੂੰ ਵਜਾਉਣ ਲਈ ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਸਿਤਾਰ ਦੀ ਮਿਜ਼ਰਾਬ ਪਾ ਕੇ ਵਜਾਉਂਦੇ ਹਨ ਅਤੇ ਉਪਰਲੇ ਪਾਸੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਤਾਰ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ। ਪਹਿਲਾਂ ਇਸ ਨੂੰ ਖ਼ਾਲੀ ਉਂਗਲ ਨਾਲ ਹੀ ਵਜਾਉਣ ਦਾ ਰਿਵਾਜ ਸੀ। ਅੱਜ ਵੀ ਕਈ ਲੋਕ ਇਸਨੂੰ ਇਕ ਉਂਗਲ ਨਾਲ ਹੀ ਵਜਾਉਂਦੇ ਹਨ ਅਤੇ ਮਿਜ਼ਰਾਬ ਦੀ ਵਰਤੋਂ ਨਹੀਂ ਕਰਦੇ।

ਅੱਜਕੱਲ੍ਹ ਪੰਜਾਬ ਦੇ ਲੋਕ ਗੀਤਾਂ ਵਿਚ ਜੋ ਮਹੱਤਤਾ ਇਸ ਸਾਜ਼ ਦੀ ਹੈ ਉਹ ਸ਼ਾਇਦ ਕਿਸੇ ਹੋਰ ਸਾਜ਼ ਦੀ ਨਹੀਂ।

ਹ.ਪੁ.—ਪੰਜਾਬ ਦੇ ਲੋਕ ਸਾਜ਼ ਪੰ. 21

**ਤੂਰਾ, ਕੋਸਮੀ** : ਇਟਲੀ ਦੇ ਇਸ ਚਿੱਤਰਕਾਰ ਦਾ ਜਨਮ 1430 ਈ. ਦੇ ਲਗਭਗ ਫ਼ੈੱਰਾਰਾ ਵਿਖੇ ਹੋਇਆ। ਇਹ 15ਵੀਂ ਸਦੀ ਦੇ ਫ਼ੈੱਰਾਰਾ ਸਕੂਲ ਦਾ ਬਾਨੀ ਅਤੇ ਪ੍ਰਮੁੱਖ ਵਿਅਕਤੀ ਸੀ। ਸੰਨ 1451 ਦੇ ਇਕ ਦਸਤਾਵੇਜ਼ ਤੋਂ ਜਦੋਂ ਇਹ ਐਸਤੇ ਪਰਿਵਾਰ ਲਈ ਕੰਮ ਕਰਦਾ ਸੀ, ਇਸ ਦੇ ਚਿੱਤਰਕਾਰ ਹੋਣ ਦਾ ਪਤਾ ਲਗਦਾ ਹੈ। ਸੰਨ 1458 ਵਿਚ ਇਸਨੂੰ ਸ਼ਾਹੀ ਚਿੱਤਰਕਾਰ ਨਿਯੁਕਤ ਕੀਤਾ ਗਿਆ ਅਤੇ 1495 ਈ. ਵਿਚ ਆਪਣੀ ਮੌਤ ਤੱਕ ਇਹ ਡਿਊਕ ਦੀ ਸਰਪ੍ਰਸਤੀ ਹੇਠ ਰਿਹਾ। ਗਿਰਜਿਆਂ ਅਤੇ ਹੋਰ ਭਵਨਾਂ ਲਈ ਕੀਤੀਆਂ ਗਈਆਂ ਇਸ ਦੀਆਂ ਮੁਹਰਾਕਸ਼ੀਆਂ ਮਿਟ ਗਈਆ ਹਨ ਪਰ ਫ਼ੈੱਰਾਰਾ ਦੇ ਵੱਡੇ ਗਿਰਜੇ ਵਿਚ ਚਿੱਤਰਿਆ ਬਸ਼ਾਰਤ (Annunciation) ਅਜੇ ਵੀ ਬਚਿਆ ਹੋਇਆ ਹੈ। ਇਹ ਸਾਰੀ ਉਮਰ ਸਕਵਾਰਸੋਨ (Squarcione) ਦੀ ਕਲਾ-ਪਰੰਪਰਾ ਦੇ ਅੰਦਰ ਹੀ ਰਿਹਾ ਅਤੇ ਇਸ ਕਲਾ-ਪਰੰਪਰਾ ਦੇ ਅੰਦਰ ਹੀ ਇਸ ਨੇ ਆਪਣੀ ਸ਼ੈਲੀ ਨੂੰ ਉੱਨਤ ਕੀਤਾ। ਇਸ ਦੀਆਂ ਕਈ ਕ੍ਰਿਤਾਂ ਨੂੰ ਲੰਡਨ, ਪੈਰਿਸ ਅਤੇ ਰੋਮ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ।

ਸੰਨ 1495 ਵਿਚ ਫ਼ੈੱਰਾਰਾ ਵਿਖੇ ਇਸਦੀ ਮੌਤ ਹੋ ਗਈ।

ਹ.ਪੁ.—ਚੈਂਬ.ਐਨ. 13:828; ਕੋਲ. ਐਨ. 18:565; ਐਨ. ਬ੍ਰਿ. ਮਾ. 10 : 188

**ਤੂਰੀਨਾ, ਜੋਆਕੁਇਨ** : ਸਪੇਨ ਦੇ ਇਸ ਸੰਗੀਤਕਾਰ ਦਾ ਜਨਮ 9 ਦਸੰਬਰ, 1882 ਈ. ਨੂੰ ਸੈਵੀਲ ਵਿਖੇ ਹੋਇਆ। ਇਸ ਨੇ 20ਵੀਂ ਸਦੀ ਦੇ ਸਪੇਨੀ ਸੰਗੀਤ ਨੂੰ ਉੱਨਤ ਕਰਨ ਵਿਚ ਬਹੁਤ ਸਹਾਇਤਾ ਕੀਤੀ। ਸੈਵੀਲ ਅਤੇ ਮੈਡਰਿਡ ਵਿਖੇ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ 1905 ਈ. ਵਿਚ ਇਹ ਪੈਰਿਸ ਚਲਾ ਗਿਆ। ਉੱਥੇ ਇਸ ਨੇ ਮੋਰਿਟਜ਼ ਮੌਸਕੋਵਸਕੀ ਤੋਂ ਪਿਆਨੋ ਸਿਖੀ।



ਜੋਆਕੁਇਨ ਤੂਰੀਨਾ

ਇਜ਼ਾਕ ਐਲਬੇਨਿਜ਼ ਨੇ ਪੈਰਿਸ ਵਿਖੇ ਇਸ ਨੂੰ ਆਪਣੇ ਸੰਗੀਤ ਵਿਚ ਸਪੇਨ ਦੇ ਗੁਣਾਂ ਨੂੰ ਸਪਸ਼ਟ ਰੂਪ ਵਿਚ ਉਭਾਰਨ ਲਈ ਉਤਸ਼ਾਹਿਤ ਕੀਤਾ। ਇਸ ਨੇ ਦੋ ਸੰਗੀਤ-ਨਾਟ ਮਾਰਜੈਟ (Margot) (1914), ਜਾਰਡੀਨਡੀ ਉਰੀਅੰਟ (Jardinde Oriente) (1923) ਵੀ ਲਿਖੇ। ਇਸ ਤੋਂ ਇਲਾਵਾ ਇਸ ਨੇ ਪ੍ਰਸੰਗਕ-ਭਾਵ ਸੰਗੀਤ ਅਤੇ ਚੈਂਬਰ ਸੰਗੀਤ ਵੀ ਰਚਿਆ। ਇਸ ਨੇ ਆਰਕੈਸਟਰਾ ਅਤੇ ਪਿਆਨੋ ਲਈ ਵੀ ਸੰਗੀਤ ਤਿਆਰ ਕੀਤਾ। ਇਹ ਮੈਡਰਿਡ ਦੇ 'ਐਲ ਡਿਬੇਟ' ਨਾਮੀ ਪੱਤਰ ਦਾ ਆਲੋਚਕ ਸੀ। ਇਸ ਨੇ ਸੰਗੀਤ ਦਾ ਲਘੂ ਵਿਸ਼ਵ ਕੋਸ਼ ਵੀ ਲਿਖਿਆ।

14 ਜਨਵਰੀ, 1949 ਈ. ਨੂੰ ਮੈਡਰਿਡ ਵਿਖੇ ਇਸ ਦੀ ਮੌਤ ਹੋ ਗਈ।

ਹ.ਪ.—ਚੈਂਬ.ਐਨ. 13 : 835; ਐਨ.ਐਮ. 27 : 246; ਐਨ.ਬ੍ਰਿ.ਮਾ. 10 : 193

**ਤੂਰੇ, ਗੁਸਤਾਵ ਅਦਾਲਫ਼** : ਫ਼ਰਾਂਸ ਦੇ ਇਸ ਬਨਸਪਤੀ ਵਿਗਿਆਨੀ ਨੇ ਐਲਗੀ ਦੇ ਪ੍ਰਜਣਨ ਸਬੰਧੀ ਖੋਜ ਕੀਤੀ। ਇਸ ਦਾ ਜਨਮ 23 ਮਈ, 1817 ਨੂੰ ਪੈਰਿਸ ਵਿਖੇ ਹੋਇਆ। ਸੰਨ 1838 ਵਿਚ ਇਸ ਨੇ ਕਾਨੂੰਨ ਦੀ ਡਿਗਰੀ ਹਾਸਲ ਕੀਤੀ। ਸੰਨ 1840 ਵਿਚ ਇਹ ਕੁਸਤਨਤੁਨੀਆਂ ਗਿਆ। ਫ਼ਰਾਂਸ ਤੋਂ ਮੁੜਨ ਪਿਛੋਂ ਇਸਦਾ ਸਾਰਾ ਝੁਕਾਅ ਵਿਗਿਆਨ ਵਲ ਹੋ ਗਿਆ।

ਇਸ ਨੇ ਐਲਗੀ ਦੇ ਮਾਹਿਰ ਜਾੱਸਫ਼ ਡੀਕੇਸਨ ਨਾਲ ਮਿਲਕੇ ਖੋਜ ਕਰਨੀ ਸ਼ੁਰੂ ਕੀਤੀ। ਇਹ ਸਮੁੰਦਰੀ ਐਲਗੀ ਦੇ ਇਤਿਹਾਸ ਅਤੇ ਵਤੀਰੇ ਵਿਚ ਦਿਲਚਸਪੀ ਲੈਣ ਲਗ ਪਿਆ। ਇਸਨੇ ਹਰੀ ਐਲਗੀ ਦੇ ਨਰਲਿੰਗੀ ਸੈੱਲ (ਸਪੱਰਮੈਟੋਜ਼ੋਇਡ) ਦੇ ਫ਼ਲੈਜੈੱਲਾ (ਚਾਬੁਕ-ਨੁਮਾ ਬਣਤਰ) ਸਬੰਧੀ ਖੋਜ ਕੀਤੀ। ਸੰਨ 1844 ਵਿਚ ਡੀਕੇਸ਼ਨ ਅਤੇ ਤੂਰੇ ਨੇ ਭੂਰੀ ਸਮੁੰਦਰੀ ਐਲਗੀ ਫਿਊਕਸ ਵਿਚ ਨਰ ਲਿੰਗੀ ਸੈੱਲਾਂ (ਸਪਰਮੈਟੋਜ਼ੋਇਡ) ਦੀ ਹੋਂਦ ਬਾਰੇ ਜਾਣਕਾਰੀ ਦਿੱਤੀ। ਤੂਰੇ ਨੇ 1858 ਵਿਚ ਇਹ ਸਿੱਧ ਕੀਤਾ ਕਿ ਫਿਊਕਸ ਦੇ ਅੰਡੇ ਦੁਆਲੇ ਸਿਲੀਆ ਸਹਿਤ ਸਪਰਮੈਟੋਜ਼ੋਇਡ ਹੁੰਦੇ ਹਨ ਜਿਨ੍ਹਾਂ ਵਿਚੋਂ ਕੁਝ ਅੰਡਾ-ਸੈੱਲ ਦੀ ਦੀਵਾਰ ਨਾਲ ਲਗੇ ਹੁੰਦੇ ਹਨ। ਇਸਨੇ ਐਲਗੀ ਵਿਚ ਨਿਸ਼ੇਚਣ ਸਬੰਧੀ ਖੋਜ ਕੀਤੀ। ਇਸਨੇ ਇਕ ਬਟਾਨੀਕਲ ਗਾਰਡਨ ਵੀ ਸਥਾਪਤ ਕੀਤਾ।

ਸੰਨ 1857 ਤੋਂ ਪਹਿਲਾਂ ਤੂਰੇ ਆਪਣਾ ਬਹੁਤ ਸਮਾਂ ਫ਼ਰਾਂਸ ਦੇ ਐਟਲਾਂਟਿਕ ਕੋਸਟ ਤੇ ਐਲਗੀ ਦੇ ਅਧਿਐਨ ਕਰਨ ਤੇ ਹੀ ਬਿਤਾਉਂਦਾ ਸੀ। ਸੰਨ 1867 ਵਿਚ ਇਸਨੇ ਲਾਲ ਐਲਗੀ ਦੇ ਜੀਵਨ-ਚੱਕਰ ਸਬੰਧੀ ਵੀ ਖੋਜ ਕੀਤੀ। ਇਸ ਦੀਆਂ ਪ੍ਰਮੁੱਖ ਰਚਨਾਵਾਂ "Etudes Phycologiques" ਅਤੇ "Notes algologiques" ਹਨ ਜੋ ਉਸ ਦੀ ਮੌਤ ਉਪਰੰਤ ਪ੍ਰਕਾਸ਼ਿਤ ਹੋਈਆਂ। 20 ਮਈ, 1875 ਨੂੰ ਨਾਈਸ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ. 22 : 170; ਐਨ. ਮਾ. 9 : 986

**ਤੂਵਿਮ, ਜੂਲੀਅਨ** : ਇਸ ਪੋਲਿਸ਼ ਸਰੋਦੀ ਕਵੀ ਦਾ ਜਨਮ 13 ਸਤੰਬਰ, 1894 ਈ. ਨੂੰ ਪੋਲੈਂਡ ਵਿਚ ਲੂੱਜ਼ (Lodz) ਵਿਖੇ ਹੋਇਆ। ਇਹ ਪੋਲੈਂਡ ਦੇ 20ਵੀਂ ਸਦੀ ਦੇ ਕਵੀਆ ਦੇ ਇਕ ਸਮੂਹ ਦਾ ਮੁਖੀ ਸੀ। ਇਸ ਸਮੂਹ ਨੂੰ ਇਨ੍ਹਾਂ ਦੇ ਮਾਸਿਕ ਰਸਾਲੇ ਦੇ ਨਾਂ ਤੇ Skamander ਕਿਹਾ ਜਾਂਦਾ ਸੀ। ਇਹ ਰਸਾਲਾ ਸਮੂਹ ਮੈਂਬਰਾਂ ਦੀਆਂ ਸਰਗਰਮੀਆਂ ਅਤੇ ਕਵਿਤਾ ਦੀ ਨਵੀਂ ਸ਼ੈਲੀ ਨੂੰ ਉੱਨਤ ਕਰਨ ਦੀ ਇੱਛਾ ਕਾਰਨ ਹੋਂਦ ਵਿਚ ਆਇਆ।

ਇਸ ਨੇ ਆਪਣੀ ਜ਼ਿੰਦਗੀ ਦਾ ਵਧੇਰਾ ਸਮਾਂ ਪੋਲੈਂਡ ਵਿਖੇ ਬਿਤਾਇਆ। ਦੂਜੇ ਵਿਸ਼ਵ ਯੁੱਧ ਦੌਰਾਨ ਇਹ ਜਲਾਵਤਨ ਹੋ ਕੇ ਬ੍ਰਾਜ਼ੀਲ ਅਤੇ ਸੰਯੁਕਤ ਰਾਜ ਵਿਖੇ ਰਿਹਾ। ਸੰਨ 1915 ਵਿਚ ਇਸ ਨੇ ਭੜਕੀਲੇ ਮੈਨੀਫੈਸਟੋ ਫਿਊਚਰਿਸਟ ਤੋਂ ਆਪਣਾ ਜੀਵਨ ਸ਼ੁਰੂ ਕੀਤਾ ਜਿਸ ਤੋਂ ਇਹ ਬਹੁਤ ਬਦਨਾਮ ਹੋਇਆ। ਛੇਤੀ ਹੀ ਇਹ 20ਵੀਂ ਸਦੀ ਦੇ ਆਰੰਭ ਵਿਚ ਇਟਲੀ ਦੇ ਸਾਹਿਤਕ ਖੇਤਰ ਵਿਚ ਹੋਏ ਅੰਦੋਲਨ ਅਰਥਾਤ ਫਿਊਚਰਿਜ਼ਮ ਤੋਂ ਵੱਖ ਹੋ ਗਿਆ। 'ਲਰਕਿੰਗ ਗਾਡ' (1818), 'ਦੀ ਡਾਨਸਿੰਗ ਸੁਕਰਾਤਸ' (1920) ਅਤੇ 'ਵਰਡਜ਼ ਬੇਥਡ ਇਨ ਬਲੱਡ' (Words Bathed in Blood) ਇਸ ਦੀਆਂ ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਪ੍ਰਕਾਸ਼ਿਤ ਹੋਣ ਵਾਲੀਆਂ ਪੁਸਤਕਾਂ ਹਨ। ਆਪਣੀ ਜਲਾਵਤਨੀ ਦੌਰਾਨ ਇਸ ਨੇ ਨੌ-ਅੱਖਰੀ ਟੁਕੜਿਆਂ ਦੀ ਵਰਤੋਂ ਕਰਕੇ ਇਕ ਲੰਬੀ ਅਤੇ ਦਲੀਲ-ਭਰਪੂਰ ਸਵੈ-ਜੀਵਨੀ ਸਬੰਧੀ ਕਵਿਤਾ 'ਪੋਲਿਸ਼ ਫਲਾਵਰਜ਼' (1949) ਲਿਖੀ। ਇਸ ਤੋਂ ਇਲਾਵਾ ਇਸ ਨੇ ਬੱਚਿਆਂ ਲਈ ਗੀਤ ਵੀ ਲਿਖੇ।

27 ਦਸੰਬਰ, 1953 ਈ. ਨੂੰ ਜ਼ਾਕੋਪਾਨੈ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 10 : 207

**ਤੇਹਾੜੀ** : ਇਸ ਪੰਛੀ ਨੂੰ 'ਕੁਰੱਗੀ' ਵੀ ਆਖਦੇ ਹਨ। ਇਹ ਲੈਰਿਡੀ ਕੁਲ ਦਾ ਇਕ ਪ੍ਰਵਾਸੀ ਪੰਛੀ ਹੈ ਜਿਹੜਾ ਦਲਦਲਾਂ, ਧਾਨ ਦੇ ਹੜ੍ਹੇ ਹੋਏ ਖੇਤਾਂ ਜਾਂ ਸਮੁੰਦਰੀ ਤਟਾਂ ਦੀਆਂ ਦਲਦਲੀ ਥਾਵਾਂ ਉੱਤੇ ਉੱਡਦਾ ਵਿਖਾਈ ਦਿੰਦਾ ਹੈ। ਇਸ ਦਾ ਪ੍ਰਾਣੀ ਵਿਗਿਆਨਕ ਨਾਂ ਕਲਾਈਡੋਨੀਅਸ ਹਾਈਬ੍ਰਿਡਾ (Chlidonias hybrida) ਹੈ। ਇਹ ਕਬੂਤਰ ਦੇ ਆਕਾਰ ਦਾ ਇਕ ਬੜਾ ਛਬੀਲਾ ਪੰਛੀ ਹੈ, ਕਬੂਤਰ ਨਾਲੋਂ ਇਹ ਕੁਝ ਪਤਲਾ ਹੁੰਦਾ ਹੈ। ਇਸ ਦਾ ਰੰਗ ਅਸਮਾਨੀ ਜਿਹਾ ਸਫ਼ੈਦ, ਟੰਗਾਂ ਬਹੁਤ ਛੋਟੀਆਂ, ਪੂੰਝਾ ਦੁਸਾਂਗਾ ਅਤੇ ਚੁੰਝ ਲਾਲ ਜਾਂ ਕਾਲੀ ਭਾਹ ਵਾਲੀ ਲਾਲ ਹੁੰਦੀ ਹੈ। ਆਰਾਮ ਦੀ ਹਾਲਤ ਵਿਚ ਬੈਠੇ ਪੰਛੀਆਂ ਦੇ ਖੰਭ ਪੂੰਝੇ ਨਾਲੋਂ ਵੀ ਲੰਬੇ ਅਤੇ ਪਿਛੇ ਤੱਕ ਵਧੇ ਹੋਏ ਦਿੱਸਦੇ ਹਨ। ਇਸ ਦੇ ਪਹੁੰਚੇ ਜੁੜਵੇਂ ਹੁੰਦੇ ਹਨ ਅਤੇ ਇਹ ਤੈਰ ਸਕਦਾ ਹੈ ਪਰ ਪਾਣੀ ਉੱਤੇ ਇਹ ਬਹੁਤ ਘੱਟ ਨਜ਼ਰ ਆਉਂਦਾ ਹੈ। ਬਹੁਤਾ ਸਮਾਂ ਇਹ ਹਵਾ ਵਿਚ ਉਡਦਾ ਜਾਂ ਪਾਣੀ ਦੇ ਕੰਢੇ ਤੇ ਬੈਠਾ ਹੀ ਗੁਜ਼ਾਰਦਾ ਹੈ। ਪ੍ਰਜਣਨ ਰੁੱਤ ਵਿਚ (ਗਰਮੀ ਦੇ ਮੌਸਮ ਵਿਚ) ਨਰ ਅਤੇ ਮਾਦਾ ਦੋਹਾਂ ਦੇ ਸਿਰ ਅਤੇ ਪੇਟ ਦਾ ਰੰਗ ਕਾਲਾ ਹੋ ਜਾਂਦਾ ਹੈ।

ਇਹ ਆਪਣੀਆਂ ਅੱਖਾਂ ਅਤੇ ਚੁੰਝ ਹੇਠਾਂ ਵਲ ਕਰਕੇ ਸ਼ਿਕਾਰ ਦੀ ਭਾਲ ਵਿਚ ਤਿਆਰ ਬੈਠਾ ਰਹਿੰਦਾ ਹੈ। ਪਾਣੀ ਦੀ ਸਤ੍ਹਾ ਉੱਤੇ ਝਪਟਾ ਮਾਰਕੇ ਇਹ ਕੇਕੜੇ, ਕੀੜੇ-ਮਕੌੜੇ, ਡੱਡੂ ਜਾਂ ਛੋਟੀਆਂ ਛੋਟੀਆਂ ਮੱਛੀਆਂ ਫ਼ੜ ਕੇ ਲੈ ਜਾਂਦਾ ਹੈ। ਮੱਛੀਆਂ ਫੜ ਕੇ ਆ ਰਹੀਆਂ ਬੇੜੀਆਂ ਦੇ ਦੁਆਲੇ ਵੀ ਇਹ ਚੱਕਰ ਲਾਉਂਦਾ ਦਿੱਸਦਾ ਹੈ। ਇਹ ਉਡਣ ਸਮੇਂ ਤਿੱਖੀ ਆਵਾਜ਼ ਕੱਢਦਾ ਹੈ ਜਿਹੜੀ 'ਕਰੀਕ, ਕਰੀਕ' ਵਾਂਗ ਸੁਣਾਈ ਦਿੰਦੀ ਹੈ।

ਤੇਹਾੜੀ ਦੀ ਇਕ ਹੋਰ ਕਿਸਮ ਦਰਿਆਈ ਤੇਹਾੜੀ (Sterne aurantia) ਹੈ ਜੋ ਦਰਿਆਵਾਂ ਦੇ ਨੇੜੇ-ਤੇੜੇ ਦਿੱਸਦਾ ਹੈ। ਇਸ ਦਾ ਰੰਗ ਵੀ ਅਸਮਾਨੀ ਤੇ ਸਫ਼ੈਦ ਹੈ ਪਰ ਸਿਰ ਕੁਝ ਵੱਡਾ ਹੁੰਦਾ ਹੈ ਅਤੇ ਇਸ ਉੱਤੇ ਬਦਾਮੀ ਰੰਗ ਦੇ ਚਟਾਖ਼ ਹੁੰਦੇ ਹਨ। ਚੁੰਝ ਪੀਲੇ ਰੰਗ ਦੀ ਹੁੰਦੀ ਹੈ ਅਤੇ ਪੂੰਝਾ ਵੀ ਜ਼ਿਆਦਾ ਤਿੱਖੀ ਦੁਸਾਂਗੀ ਵਰਗਾ ਹੁੰਦਾ ਹੈ। ਪ੍ਰਜਣਨ ਰੁੱਤ ਵਿਚ ਸਿਰ ਦਾ ਰੰਗ ਗੂੜ੍ਹਾ ਕਾਲਾ ਹੋ ਜਾਂਦਾ ਹੈ।

ਤੇਹਾੜੀ ਉੱਤਰੀ ਭਾਰਤ ਅਤੇ ਕਸ਼ਮੀਰ ਵਿਚ ਪ੍ਰਜਣਨ ਕਰਦਾ ਹੈ। ਪਾਣੀ ਵਿਚ ਅੱਧੇ ਡੁੱਬੇ ਬੂਟਿਆਂ ਉੱਤੇ ਇਹ ਜੜ੍ਹਾਂ, ਤਿੜਾਂ ਆਦਿ ਦਾ ਗੋਲ-ਮੋਲ ਆਲ੍ਹਣਾ ਬਣਾਉਂਦਾ ਹੈ। ਇਸ ਆਲ੍ਹਣੇ ਵਿਚ

ਇਹ 2-3, ਹਲਕੇ ਹਰੇ, ਅਸਮਾਨੀ ਜਾਂ ਬਦਾਮੀ ਰੰਗ ਦੇ ਅੰਡੇ ਦਿੰਦਾ ਹੈ। ਅੰਡਿਆਂ ਉੱਤੇ ਗੂੜ੍ਹੇ ਬਦਾਮੀ ਜਾਂ ਕਾਸ਼ਨੀ ਭਾਹ ਵਾਲੇ ਬਦਾਮੀ ਰੰਗ ਦੇ ਚਟਾਖ਼ ਹੁੰਦੇ ਹਨ।

ਹ.ਪੁ.–ਪੰਛੀ : 73

**ਤੇਗ ਬਹਾਦਰ, ਗੁਰੂ** : ਸਿੱਖਾਂ ਦੇ ਨੌਵੇਂ ਗੁਰੂ ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਮੁਗ਼ਲ ਸਾਮਰਾਜ ਨਾਲ ਟੱਕਰ ਲਈ ਅਤੇ ਦਿੱਲੀ ਵਿਚ ਅਜ਼ੀਮ ਸ਼ਹਾਦਤ ਦਿੱਤੀ। ਆਪ ਜੀ ਸ਼ਹੀਦ ਪੋਤਿਆਂ ਦੇ ਦਾਦਾ ਅਤੇ ਸ਼ਹੀਦ ਦਾਦੇ (ਸ੍ਰੀ ਗੁਰੂ ਅਰਜਨ ਦੇਵ ਜੀ) ਦੇ ਪੋਤੇ ਵਜੋਂ ਵੀ ਜਾਣੇ ਜਾਂਦੇ ਹਨ। ਆਪ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦਾ ਪ੍ਰਕਾਸ਼ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਵਿਚ 'ਗੁਰੂ ਕੇ ਮਹਿਲ' ਵਿਖੇ ਪਹਿਲੀ ਅਪ੍ਰੈਲ, 1621 ਈ. ਨੂੰ ਹੋਇਆ। ਆਪ ਆਪਣੇ ਬਚਪਨ ਦੇ ਪਹਿਲੇ 9 ਸਾਲ ਅੰਮ੍ਰਿਤਸਰ ਰਹੇ ਅਤੇ ਫਿਰ ਆਪਣੇ ਪਰਿਵਾਰ ਨਾਲ ਕਰਤਾਰਪੁਰ ਆ ਗਏ। ਆਪ ਦੇ ਪਿਤਾ ਨੇ ਆਪ ਜੀ ਨੂੰ ਹਰ ਪ੍ਰਕਾਰ ਦੀ ਵਿਦਿਆ ਤੋਂ ਛੁੱਟ ਸ਼ਸਤਰ-ਵਿਦਿਆ ਅਤੇ ਘੋੜ-ਸਵਾਰੀ ਸਿਖਾਉਣ ਦਾ ਪ੍ਰਬੰਧ ਵੀ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਤੇ ਠੋਸੀਆਂ ਲੜਾਈਆਂ ਵਿਚੋਂ ਜਦੋਂ ਕਰਤਾਰਪੁਰ ਵਿਖੇ ਚੌਥੀ ਲੜਾਈ ਲੜਨੀ ਪਈ ਤਾਂ ਉਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਕੇਵਲ 14 ਸਾਲ ਦੇ ਸਨ। ਆਪ ਨੇ ਯੁੱਧ ਵਿਚ ਸ਼ਾਮਲ ਹੋ ਕੇ ਵੱਡੇ ਵੱਡੇ ਸੂਰਮਿਆਂ ਵਾਂਗ ਇਸ ਤਰ੍ਹਾਂ ਤੇਗ ਵਾਹੀ ਕਿ ਵੇਖਣ ਵਾਲੇ ਹੈਰਾਨ ਰਹਿ ਗਏ। ਕੁਝ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਆਪ ਦਾ ਪਹਿਲਾ ਨਾਂ ਤਿਆਗ ਮਲ ਸੀ ਪਰ ਤੇਗ ਦੇ ਧਨੀ ਹੋਣ ਕਾਰਨ ਇਨ੍ਹਾਂ ਨੂੰ ਤੇਗ ਬਹਾਦਰ ਕਹਿਣਾ ਸ਼ੁਰੂ ਕਰ ਦਿੱਤਾ ਗਿਆ।



ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਪਿਛੋਂ ਆਪ ਆਪਣੀ ਮਾਤਾ ਜੀ ਅਤੇ ਆਪਣੀ ਸੁਪਤਨੀ ਸਮੇਤ ਬਕਾਲੇ ਆ ਗਏ ਜਿਥੇ ਆਪ ਦੇ ਨਾਨਕੇ ਸਨ। ਇਸ ਸਮੇਂ ਆਪ 23 ਸਾਲ ਦੇ ਭਰ ਜਵਾਨ ਸਨ। ਆਪ ਲਗਭਗ 20 ਸਾਲ ਸਿਮਰਨ ਭਗਤੀ ਵਿਚ ਲੀਨ, ਅਡੋਲ ਤੇ ਇਕ ਚਿਤ ਮਗਨ ਰਹੇ। ਜਦੋਂ ਦਿੱਲੀ ਵਿਚ ਅੱਠਵੇਂ ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੰਗਤਾਂ ਨੂੰ ਦੋ ਸ਼ਬਦ 'ਬਾਬਾ ਬਕਾਲਾ' ਕਹਿ ਕੇ ਜੋਤੀ-ਜੋਤ ਸਮਾ ਗਏ ਤਾਂ ਸੰਗਤਾਂ ਗੁਰੂ ਦੀ ਭਾਲ ਵਿਚ ਬਾਬੇ ਬਕਾਲੇ ਆਈਆਂ। ਉਥੇ 22 ਸੋਢੀ ਬਾਬੇ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਏ ਪਰ ਮੱਖਣ ਸ਼ਾਹ ਲੁਬਾਣੇ ਨੇ ਸੰਗਤਾਂ ਨੂੰ 'ਗੁਰੂ ਲਾਧੋ ਰੇ' ਪੁਕਾਰ ਕੇ ਅਸਲ ਗੁਰੂ ਦੀ ਭਾਲ ਕਰਵਾ ਦਿੱਤੀ। ਇਸ ਤਰ੍ਹਾਂ 20 ਮਾਰਚ 1665 ਈ. ਨੂੰ 44 ਸਾਲ ਦੀ ਉਮਰ ਵਿਚ ਆਪ ਬਾਬੇ ਬਕਾਲੇ ਗੁਰੂ ਗੱਦੀ ਉੱਤੇ ਬਿਰਾਜਮਾਨ ਹੋਏ।

ਗੁਰੂ ਤੇਗ ਬਹਾਦਰ ਜੀ ਨੂੰ ਸਭ ਸਿੱਖ ਸੰਗਤਾਂ ਨੇ ਪ੍ਰਵਾਨ ਕਰ ਲਿਆ ਪਰ ਕਿਤੇ ਕਿਤੇ ਗੁਰਦਵਾਰਿਆਂ ਦੇ ਕੁਝ ਪੁਜਾਰੀ ਅੜੇ ਰਹੇ। ਉਨ੍ਹਾਂ ਨੂੰ ਇਹ ਡਰ ਸੀ ਕਿ ਉਨ੍ਹਾਂ ਨੂੰ ਕੇਂਦਰੀ ਅਧਿਕਾਰ ਦੇ ਥੱਲੇ ਆਉਣਾ ਪਵੇਗਾ ਅਤੇ ਉਨ੍ਹਾਂ ਨੂੰ ਆਉਣ ਵਾਲੀ ਭੇਟਾ ਖੁਸ ਜਾਵੇਗੀ। ਇਨ੍ਹਾਂ ਝਗੜਿਆਂ ਤੋਂ ਪਰੇ ਰਹਿਣ ਲਈ ਗੁਰੂ ਸਾਹਿਬ ਇਕ ਸੁਹਾਵਣੇ ਪਹਾੜੀ ਸਥਾਨ ਤੇ ਚਲੇ ਗਏ ਜੋ (ਮੌਜੂਦਾ ਰੋਪੜ ਜ਼ਿਲ੍ਹੇ ਵਿਚ) ਕੀਰਤਪੁਰ ਦੇ ਉੱਤਰ-ਪੱਛਮ ਵਿਚ ਪੰਜ ਮੀਲਾਂ ਦੀ ਵਿੱਥ ਤੇ ਸੀ। ਕੁਝ ਸਮਾਂ ਇਥੇ ਟਿਕ ਕੇ ਆਪ ਨੇ ਨੈਣਾਂ ਦੇਵੀ ਪਰਬਤ ਦੇ ਨੇੜੇ ਸਤਲੁਜ ਨਦੀ ਦੇ ਕੰਢੇ ਮਾਖੋਵਾਲ ਪਿੰਡ ਦੀ ਧਰਤੀ ਪਹਾੜੀ ਰਾਜਿਆਂ ਤੋਂ ਖਰੀਦ ਕੇ 1666 ਈ. ਵਿਚ ਅਨੰਦਪੁਰ ਨਗਰ ਦੀ ਸਥਾਪਨਾ ਕੀਤੀ ਜੋ ਬਾਅਦ ਵਿਚ ਖਾਲਸੇ ਦੀ ਜਨਮਭੂਮੀ ਵਜੋਂ ਪ੍ਰਸਿੱਧ ਹੋਇਆ।

ਆਨੰਦਪੁਰ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਜੀ ਧਰਮ-ਪ੍ਰਚਾਰ ਲਈ ਮਾਲਵਾ ਅਤੇ ਬਾਂਗਰ ਖੇਤਰ ਵਿਚੋਂ ਹੁੰਦੇ ਹੋਏ ਅਹੀਆਪੁਰ (ਇਲਾਹਾਬਾਦ) ਪਹੁੰਚੇ ਅਤੇ ਫਿਰ ਉਥੋਂ ਬਨਾਰਸ ਪਟਨਾ ਅਤੇ ਗੋਆ ਆਦਿ ਥਾਵਾਂ ਤੇ ਗਏ। ਉਥੋਂ ਪਰਿਵਾਰ ਨੂੰ ਪਟਨੇ ਛੱਡ ਕੇ ਪਹਿਲਾਂ ਬੰਗਾਲ ਵੱਲ ਗਏ ਅਤੇ ਫਿਰ ਕੁਝ ਸਮਾਂ ਢਾਕੇ ਵਿਚ ਰਹੇ। ਇਸ ਉਪਰੰਤ ਜੋਧਪੁਰ ਦੇ ਰਾਜਾ ਰਾਮ ਸਿੰਘ ਨਾਲ ਆਸਾਮ ਦੀ ਮੁਹਿੰਮ ਤੇ ਚਲੇ ਗਏ ਅਤੇ ਉਥੋਂ ਦੇ ਸਾਰਾ ਮਾਮਲਾ ਸ਼ਾਂਤੀਪੂਰਵਕ ਢੰਗ ਨਾਲ ਹਲ ਕੀਤਾ। ਉਥੋਂ ਵਾਪਸ ਆ ਕੇ ਕੁਝ ਸਮਾਂ ਪਟਨਾ ਵਿਚ ਰਹੇ ਅਤੇ ਫਿਰ ਵਰਿਵਾਰ ਨੂੰ ਉਥੋਂ ਛੱਡ ਕੇ 1668 ਈ. ਵਿਚ ਅਨੰਦਪੁਰ ਪਰਤ ਆਏ ਅਤੇ 1672 ਈ. ਵਿਚ ਪਟਨੇ ਤੋਂ ਆਪਣੇ ਪਰਿਵਾਰ ਨੂੰ ਉਥੇ ਹੀ ਬੁਲਾ ਲਿਆ।

ਸੰਨ 1675 ਵਿਚ ਕਸ਼ਮੀਰੀ ਬ੍ਰਾਹਮਣਾਂ ਦੇ ਧਾਰਮਿਕ ਸੰਕਟ ਨੂੰ ਦੂਰ ਕਰਨ ਲਈ ਕੁਝ ਸਿੱਖਾਂ ਨੂੰ ਨਾਲ ਲੈ ਕੇ ਆਪ ਦਿੱਲੀ ਵੱਲ ਚਲ ਪਏ ਅਤੇ ਰਸਤੇ ਵਿਚ ਪੈਂਦੇ ਵੱਡੇ ਵੱਡੇ ਕਸਬਿਆਂ ਵਿਚ ਧਰਮ-ਪ੍ਰਚਾਰ ਕਰਦੇ ਗਏ। ਦਿੱਲੀ ਪਹੁੰਚਣ ਤੋਂ ਪਹਿਲਾਂ ਆਗਰੇ ਵਿਚ ਹੀ ਆਪ ਨੂੰ ਬੰਦੀ ਬਣਾ ਲਿਆ ਗਿਆ। ਸਮਕਾਲੀਨ ਬਾਦਸ਼ਾਹ ਔਰੰਗਜ਼ੇਬ ਵਲੋਂ ਮੁਸਲਮਾਨ ਬਣਨ ਦੀ ਹਰ ਪੇਸ਼ਕਸ਼ ਨੂੰ ਠੁਕਰਾਉਂਦਿਆ ਹੋਇਆ ਆਪ ਨੇ 11 ਨਵੰਬਰ, 1675 ਈ. ਨੂੰ ਦਿੱਲੀ ਵਿਚ ਮਹਾਂ-ਬਲੀਦਾਨ ਦਿੱਤਾ। ਆਪ ਦੇ ਨਾਲ ਗਏ ਸਿੱਖਾਂ ਵਿਚੋਂ ਭਾਈ ਮਤੀਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਦਿੱਲੀ ਦੇ ਚਾਂਦਨੀ ਚੌਂਕ ਵਿਚ ਜਿਸ ਸਥਾਨ ਤੇ ਆਪ ਨੂੰ ਸ਼ਹੀਦ ਕੀਤਾ ਗਿਆ, ਉਥੇ ਹੁਣ ਗੁਰਦੁਆਰਾ

ਸੀਸ ਗੰਜ ਸਥਿਤ ਹੈ। ਆਪ ਦੇ ਸਰੀਰ (ਕੇਵਲ ਧੜ) ਦਾ ਸਸਕਾਰ ਭਾਈ ਲਖੀ ਸ਼ਾਹ ਨੇ ਰਾਏਸੀਨਾ ਪਿੰਡ ਵਿਚ ਆਪਣੇ ਘਰ ਅੰਦਰ ਉਸ ਸਥਾਨ ਤੇ ਕੀਤਾ ਜਿਥੇ ਹੁਣ ਰਕਾਬਗੰਜ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਜੀ ਦਾ ਸੀਸ ਚਾਦਰ ਵਿਚ ਲਪੇਟ ਕੇ ਭਾਈ ਜੈਤਾ ਜੀ ਅਨੰਦਪੁਰ ਪਹੁੰਚੇ ਜਿਥੇ ਆਪ ਜੀ ਦੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਸਤਿਕਾਰ ਨਾਲ ਸਸਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤ ਦੀ ਇਸ ਘਟਨਾ ਬਾਰੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ :—

ਠੀਕਰਿ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਯੋ ਪਯਾਨ।

ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕੁ।

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

ਆਪ ਕੁੱਲ 10 ਵਰ੍ਹੇ, 7 ਮਹੀਨੇ ਅਤੇ 18 ਦਿਨ ਗੁਰਗੱਦੀ ਉੱਤੇ ਬਿਰਾਜਮਾਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਤੇ ਜੈਜਾਵੰਤੀ ਰਾਗ ਵਿਚ 59 ਸ਼ਬਦ ਅਤੇ 56 ਸਲੋਕ ਹਨ। ਗੁਰੂ ਜੀ ਦੀ ਬਾਣੀ ਬਹੁਤ ਵੈਰਾਗਮਈ ਹੈ। ਇਸ ਵਿਚ ਜਗ-ਰਚਨਾ, ਆਦਰਸ਼ਕ-ਮਨੁੱਖ, ਹਰੀ ਦੀ ਪ੍ਰਾਪਤੀ, ਜੀਵਨ-ਮੁਕਤੀ, ਨਿਰਲੇਪਤਾ ਤੇ ਨਿਡਰਤਾ ਬਾਰੇ ਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਗੁਰੂ ਜੀ ਦੇ ਜੀਵਨ ਤੇ ਬਾਣੀ ਦਾ ਅਧਿਐਨ ਕਰਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਤੌਖਲਿਆਂ ਤੇ ਸਹਿਮ ਦੇ ਇਸ ਵਾਤਾਵਰਣ ਵਿਚ ਮਾਨਸਿਕ ਬੇਚੈਨੀ ਤੋਂ ਛੁਟਕਾਰੇ ਦੀ ਪ੍ਰਬਲ ਤਾਂਘ ਦੇ ਪ੍ਰਸੰਗ ਵਿਚ ਗੁਰੂ ਜੀ ਦੀ ਬਾਣੀ ਅਜੋਕੇ ਮਨੁੱਖ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਅਮੁੱਕ ਸੋਮਾ ਸਿਧ ਹੁੰਦੀ ਹੈ।

ਹ.ਪੁ.—ਸਿੱਖ ਇਤਿਹਾਸ-ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ; ਮ.ਕੋ.

**ਤੇਜ ਸਿੰਘ** : ਇਹ ਜਮਾਦਾਰ ਖੁਸ਼ਹਾਲ ਸਿੰਘ ਦਾ ਭਤੀਜਾ ਸੀ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਸਿੱਖ ਫ਼ੌਜਾਂ ਦੇ ਸੈਨਾਪਤੀ ਦੀ ਹੈਸੀਅਤ ਵਿਚ ਪਹਿਲੀ ਅੰਗਰੇਜ਼-ਸਿੱਖ ਜੰਗ ਦੌਰਾਨ ਦੇਸ਼-ਧਰੋਹੀ ਵਾਲਾ ਪਾਰਟ ਅਦਾ ਕੀਤਾ। ਇਸ ਦਾ ਅਸਲੀ ਨਾਂ ਤੇਜ ਰਾਮ ਸੀ, ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਖੁਸ਼ ਕਰਨ ਲਈ ਇਹ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਿਆ ਅਤੇ ਤੇਜ ਰਾਮ ਤੋਂ ਤੇਜ ਸਿੰਘ ਬਣਿਆ।

ਇਹ ਮੇਰਠ ਜ਼ਿਲ੍ਹੇ ਦੇ ਸਰਧਨਾ ਪਰਗਨੇ ਦੇ ਏਕਰੀ ਪਿੰਡ ਦੇ ਇਕ ਬ੍ਰਾਹਮਣ ਪਰਿਵਾਰ ਦਾ ਜੰਮ-ਪਲ ਸੀ। ਪੰਜਾਬ ਤੋਂ ਬਾਹਰਲਾ ਹੋਣ ਅਤੇ ਲਾਲਚੀ ਸੁਭਾਅ ਕਾਰਣ ਇਸ ਨੂੰ ਪੰਜਾਬ ਦੀ ਧਰਤੀ ਤੇ ਸਿੱਖ ਰਾਜ ਨਾਲ ਕੋਈ ਲਗਾਉ ਨਹੀਂ ਸੀ। ਆਪਣੀ ਰਾਜ-ਧ੍ਰੋਹੀ ਤੇ ਚਾਲਾਕੀ ਕਾਰਣ ਇਹ 1845 ਈ. ਦੌਰਾਨ ਸਿੱਖ ਫ਼ੌਜਾਂ ਦਾ ਜਰਨੈਲ ਬਣਿਆ। ਉਸ ਸਮੇਂ ਸ. ਲਾਲ ਸਿੰਘ ਸਿੱਖ ਰਾਜ ਦਾ ਪ੍ਰਧਾਨ ਮੰਤਰੀ ਸੀ।

ਆਪਣਾ ਮੰਤਵ ਪੂਰਾ ਕਰਨ ਲਈ ਇਸ ਨੇ ਅੰਗਰੇਜ਼ਾਂ ਨਾਲ ਗੁਪਤ ਰੂਪ ਵਿਚ ਗਠਜੋੜ ਕੀਤਾ ਅਤੇ ਸਿੱਖ ਤਾਕਤ ਨੂੰ ਕਮਜ਼ੋਰ ਕਰਨ ਲਈ ਸਿੱਖ ਫ਼ੌਜਾਂ ਨੂੰ ਭੜਕਾ ਕੇ ਅੰਗਰੇਜ਼ਾਂ ਨਾਲ ਜੰਗ ਛੇੜੇ। ਇਸ ਨੇ ਆਪਣੇ ਗਿਣੇ-ਮਿਥੇ ਰਾਜ ਧ੍ਰੋਹ ਕਾਰਣ ਅੰਗਰੇਜ਼ਾਂ ਨੂੰ ਫ਼ੀਰੋਜ਼ਸ਼ਾਹ ਦੀ ਲੜਾਈ ਵਿਚ ਵੱਡੀ ਤਬਾਹੀ ਤੋਂ ਬਚਾਇਆ। ਇਹ ਇੰਨਾ ਖ਼ੁਦਗਰਜ਼ ਸੀ ਕਿ ਅੰਗਰੇਜ਼ਾਂ ਨਾਲ ਵੀ ਪੂਰੀ ਵਫ਼ਾਦਾਰੀ ਨਾ ਨਿਭਾ ਸਕਿਆ। ਜੇਕਰ ਇਹ ਚਾਹੁੰਦਾ ਤਾਂ ਫ਼ੀਰੋਜ਼ਸ਼ਾਹ ਦੀ ਲੜਾਈ ਦੌਰਾਨ ਦਿੱਲੀ ਵਿਚ ਵੀ ਰਾਜ ਪਲਟਾ ਲਿਆ ਸਕਦਾ ਸੀ ਕਿਉਂਕਿ ਤੋਪਾਂ, ਬਾਰੂਦ ਤੇ ਹੋਰ ਸਪਲਾਈ ਦੀ ਲੜਾਈ ਦੇ ਮੈਦਾਨ ਵਿਚ ਬੇਹੱਦ ਘਾਟ ਸੀ। ਇਸ ਲੜਾਈ ਤੋਂ ਬਾਅਦ ਇਸ ਨੇ ਆਰਜ਼ੀ ਤੌਰ ਤੇ ਵੈਰ-ਭਾਵ ਦੀਆਂ ਝਪਟਾਂ ਬੰਦ ਕਰ ਦਿੱਤੀਆਂ। ਅੰਗਰੇਜ਼ਾਂ ਲਈ ਤੋਪਾਂ ਤੇ ਸੱਜਰਸ਼ਾਹੀ ਸੈਨਾ ਤੋਂ ਬਿਨਾਂ ਹਮਲੇ ਕਰਨੇ ਮੁਮਕਿਨ ਨਹੀਂ ਸਨ। ਇਸ ਤਰ੍ਹਾਂ ਇਸ ਨੇ ਅਤੇ ਲਾਲ ਸਿੰਘ ਨੇ ਅੰਗਰੇਜ਼ਾਂ ਨੂੰ ਆਰਜ਼ੀ ਵਕਫਾ ਦੇ ਕੇ ਉਨ੍ਹਾਂ ਦੀ ਜਾਨ ਸੁਰਖਰੂ ਰੱਖੀ। ਕ੍ਰਿਸਮਿਸ ਵਾਲੇ ਦਿਨ ਅੰਗਰੇਜ਼ਾਂ ਨੇ ਇਕ ਘੋਸ਼ਣਾ-ਪੱਤਰ ਰਾਹੀਂ ਸਿੱਖ ਰਾਜ ਦੇ ਪੂਰਬੀ ਨਾਨ-ਕਮਿਸ਼ਨਡ ਸਿਪਾਹੀਆਂ ਤੇ ਅਫ਼ਸਰਾਂ ਨੂੰ ਇਨਾਮ ਦੇਣ ਦੇ ਭਰੋਸੇ ਦਿਵਾ ਕੇ ਗਵਰਨਰ ਜਨਰਲ ਸਾਹਮਣੇ ਪੇਸ਼ ਹੋਣ ਲਈ ਕਿਹਾ।

ਸਭਰਾਓਂ ਦੇ ਮੁਕਾਮ ਤੇ ਸਤਲੁਜ ਦਰਿਆ ਉੱਤੇ ਬੱਝੇ ਬੇੜੀਆਂ ਦੇ ਪੁਲ ਨੂੰ ਤੋੜ ਦਿੱਤਾ ਗਿਆ ਅਤੇ ਸਿੱਖ ਫ਼ੌਜਾਂ ਦਾ ਘਾਣ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਕਿੱਸਾਕਾਰ, ਸ਼ਾਹ ਮੁਹੰਮਦ ਆਪਣੀ ਵਾਰ ਵਿਚ ਲਿਖਦਾ ਹੈ :—

ਤੇਜ ਸਿੰਘ ਸਰਦਾਰ, ਪੁਲ ਵੱਢ ਦਿੱਤਾ,

ਘਰੀਂ ਨਸ ਨਾ ਜਾਏ; ਇਹ ਫ਼ੌਜ ਸਾਰੀ।

ਲਾਲ ਸਿੰਘ ਤੇ ਤੇਜ ਸਿੰਘ ਨੇ ਅੰਗਰੇਜ਼ਾਂ ਦੇ ਪੱਖ ਵਿਚ ਖਾਲਸਾ ਰਾਜ ਨਾਲ ਅਜਿਹਾ ਘਿਨਾਉਣਾ ਧ੍ਰੋਹ ਕਮਾਇਆ ਜਿਸ ਬਾਰੇ ਅੰਗਰੇਜ਼ ਇਤਿਹਾਸ ਫ਼ਖ਼ਰ ਕਰਨ ਯੋਗ ਹੋਇਆ।

ਹ.ਪੁ.—ਮ.ਕੋ.: 600; ਹਿ ਸਿ.-ਜੇ.ਡੀ. ਕਨਿੰਘਮ—ਐ.ਸਿ.ਵਾ.—ਡਾ. ਗੰਡਾ ਸਿੰਘ; ਐ.ਸਿ.ਵਾ.ਡਾ. ਬਖ਼ਸ਼ੀਸ਼ ਸਿੰਘ; ਦੀ ਹੈਰੀਟੇਜ ਆਫ਼ ਦੀ ਸਿ.-ਹਰਬੰਸ ਸਿੰਘ

**ਤੇਜਪਤ੍ਰ** : ਇਹ ਲਾਉਰੇਸੀ (Lauraceae) ਕੁਲ ਦਾ ਪੌਦਾ ਹੈ ਜਿਸ ਦੇ ਪੱਤੇ ਸੁਗੰਧ ਵਾਲੇ ਹੁੰਦੇ ਹਨ। ਇਸ ਦਾ ਬਨਸਪਤੀ ਵਿਗਿਆਨਕ ਨਾਂ ਲਾਊਰਸ ਕੇਸ਼ੀਆ (Laurus Cassia) ਹੈ। ਸੁੱਕੇ ਤੇਜਪਤ੍ਰ ਫਿੱਕੇ ਰੰਗ ਦੇ ਹੁੰਦੇ ਹਨ। ਇਨ੍ਹਾਂ ਪੱਤਿਆਂ ਨੂੰ ਮਸਾਲੇ, ਮੀਟ, ਸ਼ੋਰਬਾ, ਮੱਛੀ ਅਤੇ ਆਚਾਰ ਆਦਿ ਵਿਚ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦੀ ਲੱਕੜੀ ਮੇਜ਼, ਕੁਰਸੀ ਆਦਿ ਸਾਮਾਨ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦਾ ਤੇਲ ਵੀ ਸੁੰਗਧ ਵਾਲਾ ਅਤੇ ਹਰੇ ਪੀਲੇ ਰੰਗ ਦਾ ਵਾਸ਼ਪਸ਼ੀਲ ਹੁੰਦਾ ਹੈ ਜਿਹੜਾ ਇਸ ਦੇ ਪੱਤਿਆਂ ਤੋਂ ਨਿਕਲਦਾ ਹੈ। ਇਸ ਦੀ ਵਰਤੋਂ ਭੁੱਖ ਵਧਾਉਣ ਲਈ ਕੀਤੀ ਜਾਂਦੀ ਹੈ। ਇਸ ਦੀ ਤਾਸੀਰ ਗਰਮ ਤਰ ਹੈ।

ਹ.ਪੁ.—ਮ.ਕੋ.: 600

**ਤੇਜਪੁਰ** : ਭਾਰਤ ਦੇ ਆਸਾਮ ਰਾਜ ਦੇ ਉੱਤਰ-ਕੇਂਦਰੀ ਹਿੱਸੇ ਵਿਚ ਸੋਨੀਤਪੁਰ ਜ਼ਿਲ੍ਹੇ ਦਾ ਸਦਰ-ਮੁਕਾਮ ਹੈ ਜਿਹੜਾ ਬ੍ਰਹਮਪੁੱਤਰ ਦਰਿਆ ਦੇ ਸੱਜੇ ਕੱਢੇ ਉੱਤੇ ਵਾਕਿਆ ਹੈ। ਦਰਿਆ ਉਪਰ ਵਸਿਆ ਹੋਣ ਕਾਰਨ, ਇਹ ਦਰਿਆਈ ਬੰਦਰਗਾਹ ਵੀ ਹੈ। ਇਥੋਂ ਕਲਕੱਤਾ ਅਤੇ ਡਿਬਰੂਗੜ੍ਹ ਵਿਚਕਾਰ ਸਟੀਮਰ ਚਲਦੇ ਹਨ। ਇਥੋਂ 32 ਕਿ.ਮੀ. ਉੱਤਰ ਵਲ ਤੇਜਪੁਰ ਘਾਟ ਤੋਂ ਬਾਲੀਪਾੜਾ ਤੱਕ ਛੋਟੀ ਰੇਲ ਗੱਡੀ ਵੀ ਜਾਂਦੀ ਹੈ ਅਤੇ ਉੱਤਰੀ ਮੁੱਖ ਸੜਕ ਵੀ ਇਸੇ ਸ਼ਹਿਰ ਵਿਚੋਂ ਦੀ ਲੰਘਦੀ ਹੈ। ਸ਼ਹਿਰ ਦੇ ਨੇੜੇ ਸਲਾਨੀ ਹਵਾਈ ਅੱਡਾ ਵੀ ਹੈ। ਆਵਾਜਾਈ ਸਹੂਲਤਾਂ ਕਰਕੇ ਇਹ ਝੋਨੇ, ਚਾਹ ਅਤੇ ਹੋਰ ਫਸਲਾਂ ਦੀ ਮੰਡੀ ਵੀ ਹੈ। ਇਥੇ ਗੋਹਾਟੀ ਯੂਨੀਵਰਸਿਟੀ ਨਾਲ ਸਬੰਧਿਤ ਦਾਰੰਗ ਕਾਲਜ ਅਤੇ ਲਾਅ ਸਕੂਲ ਸਥਾਪਿਤ ਹਨ। ਇਸ

ਤੋਂ ਇਲਾਵਾ ਇਥੇ ਇਕ ਸਰਕਾਰੀ ਉਦਯੋਗਿਕ ਅਤੇ ਤਕਨੀਕੀ ਸਕੂਲ ਵੀ ਹੈ।

ਇਹ ਬਹੁਤ ਹੀ ਪੁਰਾਣਾ ਸ਼ਹਿਰ ਹੈ ਅਤੇ ਇਕ ਛੋਟੇ ਜਿਹੇ ਕਸਬੇ ਤੋਂ ਹੀ ਸ਼ਹਿਰ ਵਿਚ ਬਦਲਿਆ ਹੈ। ਇਸ ਜਗ੍ਹਾ ਨੂੰ ਇਕ ਮਿਥਿਹਾਸਕ ਹਿੰਦੂ ਸ਼ਹਿਜ਼ਾਦੇ, ਬਾਨ ਰਾਜਾ ਦੀ ਰਾਜਧਾਨੀ ਵੀ ਮੰਨਿਆ ਜਾਂਦਾ ਹੈ। ਇਸ ਸ਼ਹਿਜ਼ਾਦੇ ਦਾ ਇਥੇ ਇਕ ਮਹਿਲ ਵੀ ਹੁੰਦਾ ਸੀ। ਸ਼ਹਿਰ ਦੇ ਪੱਛਮ ਵੱਲ ਪੱਥਰਾਂ ਦੇ ਬਣੇ ਇਕ ਵੱਡੇ ਮੰਦਰ ਦੇ ਥੇਹ ਅੱਜ ਵੀ ਵੇਖੇ ਜਾ ਸਕਦੇ ਹਨ। ਇਹ ਮੰਦਰ ਕਈ ਸਦੀਆਂ ਪਹਿਲਾਂ ਗ੍ਰੇਨਾਈਟ ਪੱਥਰਾਂ ਨਾਲ ਬਣਾਇਆ ਗਿਆ ਸੀ।

ਇਹ ਲਗਭਗ 9ਵੀਂ ਸਦੀ ਈ. ਵਿਚ ਪ੍ਰਾਚੀਨ ਸਾਮਰਾਜ, ਪਾਲਾ ਦਾ ਰਾਜਧਾਨੀ ਸ਼ਹਿਰ ਵੀ ਹੁੰਦਾ ਸੀ। ਇਸ ਦੌਰਾਨ ਬਣੇ ਮੰਦਰਾਂ ਦੇ ਖੰਡਰ ਅੱਜ ਵੀ ਇਥੇ ਮੌਜੂਦ ਹਨ। ਸੰਨ 1893 ਤੋਂ ਇਥੇ ਮਿਉਂਸਪਲਟੀ ਕਾਇਮ ਹੈ। ਇਥੇ ਕਿਸੇ ਤਰ੍ਹਾਂ ਦੀ ਕੋਈ ਵੀ ਸੱਨਅਤ ਉੱਨਤ ਨਹੀਂ ਹੋ ਸਕੀ। ਇਹ ਸੰਸਾਰ ਦੀ ਦੂਜੀ ਵੱਡੀ ਲੜਾਈ ਵੇਲੇ ਹਿਮਾਲਾ ਦੇ ਸੀ.ਬੀ.ਆਈ.ਹੰਪ. (C.B.I. Hump) ਦੇ ਉੱਤੋਂ ਦੀ ਇਤਿਹਾਦੀ ਦੇਸ਼ਾਂ ਦੇ ਹਵਾਈ ਜਹਾਜ਼ਾਂ ਦੁਆਰਾ ਚੀਨ ਦੇ ਕੁਨਮਿੰਗ ਸ਼ਹਿਰ ਨੂੰ ਰਸਦ ਪਹੁੰਚਣ ਲਈ, ਆਖਰੀ ਪੱਛਮੀ ਮੁਕਾਮ ਸੀ।

ਆਬਾਦੀ- 55,084 (1991)

26°37′ ਉ. ਵਿਥ.; 92°47′ ਪੂ. ਲੰਬ.

ਹ.ਪੁ.–ਇੰਪ.ਗ. ਇੰਡ. 23 : 282; ਐਨ.ਬ੍ਰਿ. ਮਾ. 11 : 666 (1985)

**ਤੇਜਬਲ** : ਇਹ ਇਕ ਕੰਡੇਦਾਰ ਝਾੜੀ ਹੈ ਜਿਸਦਾ ਬਨਸਪਤੀ ਵਿਗਿਆਨਕ ਨਾਂ ਸਿਨਡੈਪਸਸ ਔਫ਼ੀਸੀਨੈਲਸ (Scindapsus officinalis) ਹੈ। ਇਸਦੀ ਲੱਕੜੀ ਕਾਲੀ ਮਿਰਚ ਵਾਂਗੂੰ ਚਰਪਰੀ ਜਿਹੀ ਹੁੰਦੀ ਹੈ। ਇਹ ਖਾਸ ਤੌਰ ਤੇ ਪਹਾੜਾਂ ਵਿਚ ਮਿਲਦੀ ਹੈ। ਬਹੁਤ ਲੋਕ ਇਸਦੀ ਦਾਤਣ ਕਰਦੇ ਹਨ ਅਤੇ ਸ਼ਰਦਾਈ ਘੋਟਣ ਲਈ ਇਸਦੀ ਲੱਕੜੀ ਦੇ ਸੋਟੇ ਵੀ ਬਣਾਏ ਜਾਂਦੇ ਹਨ। ਦੰਦ ਪੀੜ ਦੂਰ ਕਰਨ ਵਾਸਤੇ ਇਸਦੀ ਛਿਲ ਦਾ ਚੱਬਣਾ ਬਹੁਤ ਗੁਣਕਾਰੀ ਹੁੰਦਾ ਹੈ।

ਹ.ਪੁ.–ਮ.ਕੋ. : 600

**ਤੇਜਾ ਸਿੰਘ, ਜਸਟਿਸ** : ਪੰਜਾਬ ਦੇ ਇਸ ਉੱਘੇ ਕਾਨੂੰਨਦਾਨ ਅਤੇ ਵਿਦਵਾਨ ਦਾ ਜਨਮ 4 ਜਨਵਰੀ, 1889 ਈ. ਨੂੰ ਗੁਜਰਖ਼ਾਨ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਖੇ ਸ. ਸੁੰਦਰ ਸਿੰਘ ਦੇ ਘਰ ਹੋਇਆ। ਇਸਦੇ ਪਿਤਾ ਹੈਡਮਾਸਟਰ ਸਨ। ਉਹ ਬੜੇ ਪ੍ਰੇਮੀ ਗੁਰਸਿਖ ਸਨ ਅਤੇ ਤੇਜਾ ਸਿੰਘ ਉਤੇ ਵੀ ਉਨ੍ਹਾਂ ਦਾ ਬਹੁਤ ਪ੍ਰਭਾਵ ਪਿਆ। ਸੰਨ 1906 ਵਿਚ ਇਸ ਨੇ ਮੈਟ੍ਰਿਕ ਦੀ ਪ੍ਰੀਖਿਆ ਸਾਰੇ ਸਕੂਲ ਵਿਚੋਂ ਅੱਵਲ ਰਹਿ ਕੇ ਪਾਸ ਕੀਤੀ। ਫਿਰ 1910 ਈ. ਵਿਚ ਗਾਰਡਨ ਮਿਸ਼ਨ ਕਾਲਜ, ਰਾਵਲਪਿੰਡੀ ਤੋਂ ਬੀ.ਏ. ਦੀ ਪ੍ਰੀਖਿਆ ਪਾਸ ਕੀਤੀ। ਦੇਸ਼ ਭਗਤੀ ਦਾ ਜਜ਼ਬਾ ਇਸ ਦੇ ਹਿਰਦੇ ਵਿਚ ਕਾਲਜ ਦੇ ਜ਼ਮਾਨੇ ਤੋਂ ਹੀ ਪੈਦਾ ਹੋ ਗਿਆ ਸੀ। ਸੰਨ 1907 ਵਿਚ ਜਦੋਂ ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ ਆਦਿ ਦੇਸ਼-ਭਗਤਾਂ ਨੇ ਰਾਵਲਪਿੰਡੀ ਵਿਚ ਆ ਕੇ ਆਜ਼ਾਦੀ ਦੀ ਲਹਿਰ ਚਲਾਈ ਤਾਂ ਉਥੋਂ ਦੇ ਵਿਦਿਆਰਥੀਆਂ ਨੇ ਇਸ ਵਿਚ ਵਧ ਚੜ੍ਹ ਕੇ ਭਾਗ ਲਿਆ। ਤੇਜਾ ਸਿੰਘ 'ਯੰਗਮੈਨ ਸੁਸਾਇਟੀ' ਦਾ ਜਨਰਲ ਸਕੱਤਰ ਬਣ ਗਿਆ ਅਤੇ ਟ੍ਰੈਕਟ ਕੱਢੇ ਅਤੇ 'ਫਰੀ ਨਾਈਟ ਸਕੂਲ' ਵਿਚ ਕਲਾਸਾਂ ਲੈਣੀਆਂ ਸ਼ੁਰੂ ਕੀਤੀਆਂ। ਸੰਨ 1913 ਈ. ਵਿਚ ਲਾਅ ਕਾਲਜ, ਲਾਹੌਰ ਤੋਂ ਇਸ ਨੇ ਐਲ.ਐਲ.ਬੀ. ਦੀ ਡਿਗਰੀ ਪ੍ਰਾਪਤ ਕੀਤੀ।

ਲਾਅ ਦੀ ਡਿਗਰੀ ਪ੍ਰਾਪਤ ਕਰਨ ਮਗਰੋਂ ਤੇਜਾ ਸਿੰਘ ਨੇ ਗੁਜਰਖ਼ਾਨ ਵਿਖੇ ਵਕਾਲਤ ਸ਼ੁਰੂ ਕਰ ਦਿਤੀ। ਇਸ ਦੇ ਨਾਲ ਹੀ ਇਹ ਪੰਥਕ ਸੇਵਾ ਵਿਚ ਹਿੱਸਾ ਲੈਂਦਾ ਰਿਹਾ। ਗੁਜਰਖ਼ਾਨ ਵਿਖੇ ਸਿੱਖ ਲੀਗ ਦੀ ਬ੍ਰਾਂਚ ਖੋਲ੍ਹੀ ਤੇ ਉਸ ਦੀ ਪ੍ਰਧਾਨਗੀ ਦੀ ਸੇਵਾ ਬੜੀ ਨਿਮਰਤਾ ਨਾਲ ਨਿਭਾਈ। ਰੋਲਟ ਐਕਟ ਦੇ ਵਿਰੁੱਧ ਜੋ ਜਲਸੇ ਹੁੰਦੇ, ਉਨ੍ਹਾਂ ਵਿਚ ਇਹ ਨਿਧੜਕ ਭਾਸ਼ਣ ਦਿੰਦਾ ਸੀ। ਬਾਅਦ ਵਿਚ ਇਹ ਰਾਵਲਪਿੰਡੀ ਆ ਗਿਆ ਤੇ ਸਿਵਲ ਲਾਅ ਵਿਚ ਇਸ ਦਾ ਨਾਂ ਬੜਾ ਪ੍ਰਸਿੱਧ ਹੋ ਗਿਆ। ਦੇਸ਼ ਭਗਤੀ ਦੀ ਭਾਵਨਾ ਕਾਰਨ ਇਹ ਅਕਾਲੀਆਂ ਤੇ ਕਾਂਗਰਸੀਆਂ ਦੇ ਮੁੱਕਦਮੇ ਮੁਫ਼ਤ ਲੜਨ ਲਗਾ। ਇਸੇ ਸਮੇਂ ਇਹ ਮਹਾਤਮਾ ਗਾਂਧੀ, ਪੰਡਤ ਮਦਨ ਮੋਹਨ ਮਾਲਵੀਆ, ਸਰਦਾਰ ਪਟੇਲ, ਪੰਡਤ ਨਹਿਰੂ, ਮਾਸਟਰ ਤਾਰਾ ਸਿੰਘ, ਮੌਲਾਨਾ ਆਜ਼ਾਦ ਆਦਿ ਦੇ ਸੰਪਰਕ ਵਿਚ ਆਇਆ।

ਸੰਨ 1925 ਤੋਂ 1932 ਤਕ ਸ. ਤੇਜਾ ਸਿੰਘ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਪ੍ਰਧਾਨ ਰਿਹਾ। ਅਦਾਲਤ ਵਿਚ ਇਸ ਦੀ ਪ੍ਰਤਿਭਾ ਬਹੁਤ ਚਮਕ ਉਠੀ। ਸਮਾਜਕ ਗੱਲਾਂ ਵਿਚ ਇਸ ਦੀ ਪਹਿਲਾਂ ਹੀ ਬਹੁਤ ਪ੍ਰਸਿੱਧੀ ਹੋ ਚੁੱਕੀ ਸੀ। ਸੰਨ 1932 ਵਿਚ ਸ. ਤੇਜਾ ਸਿੰਘ ਸੈਸ਼ਨ ਜੱਜ ਬਣਾਇਆ ਗਿਆ ਅਤੇ 1943 ਈ. ਵਿੱਚ ਹਾਈ ਕੋਰਟ, ਲਾਹੌਰ ਵਿਚ ਜੱਜ ਨਿਯੁਕਤ ਕੀਤਾ ਗਿਆ। ਪਹਿਲੇ ਸਿੱਖ ਜੱਜ ਵਜੋਂ ਇਸ ਨੇ ਬਹੁਤ ਨਾਮਣਾ ਖੱਟਿਆ। ਸੰਨ 1947 ਦੇ ਬਟਵਾਰੇ ਸਮੇਂ ਜਸਟਿਸ ਤੇਜਾ ਸਿੰਘ ਬਾਊਂਡਰੀ ਕਮਿਸ਼ਨ ਦਾ ਮੈਂਬਰ ਸੀ। ਅਗਸਤ, 1947 ਤੋਂ 1948 ਦੇ ਅੰਤ ਤਕ ਇਹ ਈਸਟ ਪੰਜਾਬ ਹਾਈ ਕੋਰਟ ਸ਼ਿਮਲਾ ਵਿਚ ਜੱਜ ਰਿਹਾ ਅਤੇ ਨਾਲ ਦੀ ਨਾਲ ਈਸਟ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਵੀ ਬੜੀ ਸੁਘੜਤਾ ਨਾਲ ਡਿਊਟੀ ਨਿਭਾਈ। ਫਿਰ ਇਸ ਨੂੰ ਪੈਪਸੂ ਹਾਈ ਕੋਰਟ ਦਾ ਚੀਫ਼ ਜਸਟਿਸ ਨਿਯੁਕਤ ਕੀਤਾ ਗਿਆ ਜਿਥੋਂ ਇਹ 1953 ਵਿਚ ਰੀਟਾਇਰ ਹੋਇਆ ਅਤੇ ਮਗਰੋਂ ਦਿੱਲੀ ਵਿਖੇ ਰਹਿਣ ਲੱਗ ਪਿਆ ਜਿਥੇ ਛੇਤੀ ਹੀ ਵਿਦਿਅਕ ਅਤੇ ਹੋਰ ਸਰਗਰਮੀਆਂ ਵਿਚ ਇਸਨੇ ਭਰਪੂਰ ਹਿੱਸਾ ਲੈਣਾ ਸ਼ੁਰੂ ਕਰ ਦਿਤਾ। ਸਰਕਾਰ ਨੇ ਇਸ ਦੇ ਵੱਖ ਵੱਖ ਖੇਤਰਾਂ ਦੇ ਤਜਰਬੇ ਤੋਂ ਬਹੁਤ ਲਾਭ ਉਠਾਇਆ। ਇਸ ਨੂੰ ਭਾਸ਼ਾ ਕਮਿਸ਼ਨ ਦਾ ਮੈਂਬਰ ਅਤੇ ਸਿਖਿਆ ਦੇ ਕੇਂਦਰੀ ਸਲਾਹਕਾਰ ਬੋਰਡ ਦਾ ਮੈਂਬਰ ਬਣਾਇਆ ਗਿਆ। 'ਲੈਂਗੁਏਜ ਕਮਿਸ਼ਨ' ਦੇ ਮੈਂਬਰ ਵਜੋਂ ਇਸ ਨੇ ਪੰਜਾਬੀ ਦੀ ਜੋ ਸੇਵਾ ਕੀਤੀ ਉਹ ਆਉਣ ਵਾਲੇ ਸਮੇਂ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਵੇਗੀ। ਸ. ਤੇਜਾ ਸਿੰਘ ਨੂੰ ਦਿੱਲੀ, ਕਲਕੱਤਾ, ਪੰਜਾਬ, ਪੰਜਾਬੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀਆਂ ਦੀਆਂ ਸੈਨੇਟਾਂ ਅਤੇ ਸਿੰਡੀਕੇਟਾਂ ਦਾ ਮੈਂਬਰ ਰਹਿਣ ਦਾ ਮਾਣ ਪ੍ਰਾਪਤ ਸੀ।

ਯੂਨੈਸਕੋ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਚੋਣਵੇਂ ਸ਼ਬਦਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਹਿਤ 'ਇੰਡੀਅਨ ਸਾਹਿਤ ਅਕਾਦਮੀ' ਵਲੋਂ ਜੋ ਕਮੇਟੀ ਬਣਾਈ ਗਈ ਸੀ, ਉਸ ਦਾ ਚੇਅਰਮੈਨ ਸ. ਤੇਜਾ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ। ਇਸ ਨੂੰ ਯੂ.ਐਨ.ਓ. ਦੇ ਪੈਨਲ ਵਿਚ ਭਾਰਤ ਦਾ ਪ੍ਰਤਿਨਿਧ ਬਣਾਇਆ ਗਿਆ ਅਤੇ 1961 ਈ. ਵਿਚ ਬਰਲਿਨ ਵਿਖੇ ਇੰਡੀਅਨ ਲਾਇਰਜ਼ ਕਾਨਫਰੰਸ ਵਿਚ ਇਸ ਨੇ ਭਾਰਤੀ ਡੈਲੀਗੇਸ਼ਨ ਦੀ ਅਗਵਾਈ ਕੀਤੀ। 'ਇੰਡੋ-ਸ਼ੋਵੀਅਤ ਕਲਚਰ ਸੁਸਾਇਟੀ' ਦੇ ਲੀਡਰ ਵਜੋਂ ਇਹ ਰੂਸ ਗਿਆ ਅਤੇ ਮਗਰੋਂ ਹੋਰ ਯੂਰਪੀ ਦੇਸ਼ਾਂ ਵਿਚ ਵੀ ਘੁੰਮਿਆ ਫਿਰਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਇਕ ਫਾਊਂਡੇਸ਼ਨ ਬਣਾਈ ਗਈ ਅਤੇ ਜਸਟਿਸ ਸ. ਤੇਜਾ ਸਿੰਘ ਨੂੰ ਇਸ ਦਾ ਜਨਰਲ ਸਕੱਤਰ ਬਣਾਇਆ ਗਿਆ ਪਰ

13 ਅਕਤੂਬਰ, 1965 ਈ. ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਇਸ ਵਿਲੱਖਣ ਸ਼ਖ਼ਸੀਅਤ ਦੀ ਮੌਤ ਹੋ ਗਈ।

ਸਰਦਾਰ ਬਹਾਦਰ ਜਸਟਿਸ ਤੇਜਾ ਸਿੰਘ ਦੀਆਂ ਪ੍ਰਕਾਸ਼ਤ ਪੁਸਤਕਾਂ ਵਿਚੋਂ 'ਗੁਰੂ ਨਾਨਕ ਐਂਡ ਹਿਜ਼ ਰਿਲੀਜਨ', 'Commentry on Punjab Presumption Act' ਅਤੇ 'ਜਪੁ ਵਿਆਖਿਆ' ਸ਼ਾਮਲ ਹਨ। ਇਨ੍ਹਾਂ ਵਿਚੋਂ ਪਹਿਲੀ ਪੁਸਤਕ ਪੰਜਾਬ ਯੂਨੀਵਰਸਿਟੀ ਦੇ ਕੋਰਸ ਵਿਚ ਲਗੀ ਰਹੀ ਹੈ।

—ਜਸਟਿਸ ਗੁਰਦੇਵ ਸਿੰਘ

**ਤੇਜਾ ਸਿੰਘ, ਪ੍ਰਿੰਸੀਪਲ** : ਪੰਜਾਬੀ ਸਾਹਿਤ ਅਤੇ ਸਿੱਖ ਧਰਮ ਦੇ ਮੰਨੇ ਪ੍ਰਮੰਨੇ ਵਿਦਵਾਨ ਦਾ ਜਨਮ 2 ਜੂਨ, 1894 ਨੂੰ ਭਾਈ ਭਲਾਕਰ ਸਿੰਘ ਦੇ ਘਰ ਪਿੰਡ ਅਡਿਆਲਾ ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਖੇ ਹੋਇਆ। ਇਸ ਦਾ ਪਹਿਲਾ ਨਾਂ ਤੇਜ ਰਾਮ ਸੀ ਅਤੇ 1898 ਈ. ਵਿਚ ਬਾਬਾ ਖੇਮ ਸਿੰਘ ਜੀ ਪਾਸੋਂ ਅੰਮ੍ਰਿਤ ਛੱਕ ਕੇ ਸਿੱਖ ਬਣਿਆ ਅਤੇ ਤੇਜਾ ਸਿੰਘ ਨਾਂ ਰੱਖਿਆ। ਇਹ ਅਜੇ ਸੱਤਵੀਂ ਜਮਾਤ ਵਿਚ ਹੀ ਪੜ੍ਹਦਾ ਸੀ ਜਦੋਂ ਇਸ ਨੇ ਚਿੱਤਰਕਾਰੀ ਉੱਤੇ ਅੰਗਰੇਜ਼ੀ ਵਿਚ ਇਕ ਪੁਸਤਕ ਲਿਖੀ। ਇਸ ਪਿਛੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਉੱਤੇ ਇਕ ਅੰਗਰੇਜ਼ੀ ਨਾਟਕ ਲਿਖਿਆ ਜੋ ਇਕ ਸਾਲ ਪਿਛੋਂ 'ਸਿੱਖ ਰੀਵੀਊ' ਰਸਾਲੇ ਵਿਚ ਛਪਿਆ। ਨੌਵੀਂ ਤੋ ਐਫ.ਏ. ਤੱਕ ਇਸ ਨੇ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਾਈ ਕੀਤੀ ਅਤੇ ਇਸ ਪਿਛੋਂ ਸੰਤ ਸਿੰਘ ਸੁੱਖਾ ਸਿੰਘ ਸਕੂਲ ਦਾ ਹੈਡ ਮਾਸਟਰ ਰਿਹਾ। ਫਿਰ ਗਾਰਡਨ ਕਾਲਜ ਰਾਵਲਪਿੰਡੀ ਤੋਂ ਬੀ.ਏ. ਹਿਸਾਬ ਅਤੇ ਇਤਿਹਾਸ ਵਿਸ਼ਿਆਂ ਨਾਲ ਪਾਸ ਕੀਤੀ। ਸੰਨ 1917 ਵਿਚ ਤੇਜਾ ਸਿੰਘ ਨੇ ਅੰਗਰੇਜ਼ੀ ਦੀ ਐਮ.ਏ. ਪਾਸ ਕੀਤੀ। ਸ. ਨਿਹਾਲ ਸਿੰਘ ਸੂਰੀ ਦੀ ਸੰਗਤ ਨਾਲ ਇਸ ਨੂੰ ਗੁਰਬਾਣੀ ਦੀ ਖੋਜ ਵਿਚ ਹੋਰ ਵਧੇਰੇ ਰੁਚੀ ਹੋ ਗਈ।

3 ਮਾਰਚ, 1919 ਈ. ਨੂੰ ਪ੍ਰਿੰਸੀਪਲ ਤੇਜਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ, ਇਤਿਹਾਸ ਤੇ ਧਰਮ ਵਿਦਿਆ ਦਾ ਪ੍ਰੋਫ਼ੈਸਰ ਬਣਿਆ। ਅਕਾਲੀ ਲਹਿਰ ਵਿਚ ਡੂੰਘੀ ਦਿਲਚਸਪੀ ਲੈਣ ਕਾਰਣ ਅਤੇ ਇਸ ਦਾ ਸਰਗਰਮ ਵਰਕਰ ਹੋਣ ਕਾਰਨ 1923-24 ਈ. ਵਿਚ ਇਹ ਅੰਮ੍ਰਿਤਸਰ ਅਤੇ ਲਾਹੌਰ ਕਿਲ੍ਹੇ ਵਿਖੇ ਜੇਲ੍ਹ ਵਿਚ ਰਿਹਾ ਅਤੇ ਉੱਥੇ ਵੀ ਗੁਰਬਾਣੀ ਸਬੰਧੀ ਖੋਜ ਦਾ ਕਾਰਜ ਕਰਦਾ ਰਿਹਾ। ਇਸੇ ਸਮੇ ਦੌਰਾਨ ਇਹ ਕਾਫ਼ੀ ਬੀਮਾਰ ਵੀ ਰਿਹਾ। ਸੰਨ 1925 ਵਿਚ ਇਸ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਮੁੜ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ।

ਸੰਨ 1945 ਵਿਚ ਇਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਖਾਲਸਾ ਕਾਲਜ, ਮਤੁੰਗਾ, ਬੰਬਈ ਵਿਖੇ 13 ਦਸੰਬਰ, 1945 ਈ. ਤੋਂ ਲੈ ਕੇ 13 ਅਗਸਤ, 1948 ਈ. ਤੱਕ ਪ੍ਰਿੰਸੀਪਲ ਦੇ ਅਹੁਦੇ ਤੇ ਕੰਮ ਕੀਤਾ।

16 ਅਗਸਤ, 1948 ਈ. ਤੋਂ ਤਿੰਨ ਮਹੀਨਿਆਂ ਲਈ ਇਸ ਨੇ ਸ਼ਿਮਲੇ ਵਿਖੇ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਦੇ ਸਕੱਤਰ ਦੇ ਅਹੁਦੇ ਤੇ ਕੰਮ ਕੀਤਾ ਅਤੇ 2 ਜਨਵਰੀ, 1949 ਈ. ਤੋਂ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਵਜੋਂ ਅਤੇ 27 ਜੁਲਾਈ, 1949 ਤੋਂ ਮਹਿਕਮਾ ਪੰਜਾਬੀ (ਹੁਣ ਭਾਸ਼ਾ ਵਿਭਾਗ) ਦੇ ਸਕੱਤਰ ਅਤੇ ਮੋਢੀ ਡਾਇਰੈਕਟਰ ਵਜੋਂ ਕਾਰਜ ਕੀਤਾ। ਪ੍ਰਿੰਸੀਪਲ ਸਾਹਿਬ ਨੂੰ ਸ਼੍ਰੋਮਣੀ ਸਾਹਿਤਕਾਰ ਵਜੋਂ ਪੰਜਾਬ ਸਰਕਾਰ ਵਲੋਂ ਸਨਮਾਨਤ ਕੀਤਾ ਗਿਆ। 10 ਜਨਵਰੀ, 1958 ਈ. ਨੂੰ ਇਸ ਦਾ ਅੰਮ੍ਰਿਤਸਰ ਵਿਖੇ ਸੁਰਗਵਾਸ ਹੋ ਗਿਆ।

ਪ੍ਰਿੰਸੀਪਲ ਤੇਜਾ ਸਿੰਘ ਦੁਆਰਾ ਲਿਖੀਆਂ ਗਈਆਂ ਪੁਸਤਕਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਸ਼ਬਦਾਰਥ ਟੀਕਾ (1941), 'ਨਵੀਆਂ ਸੋਚਾਂ' ਅਤੇ 'ਸਹਿਜ ਸੁਭਾ' ਬਹੁਤ ਪ੍ਰਸਿੱਧ ਹਨ। ਇਸ ਤੋਂ ਇਲਾਵਾ ਅੰਗਰੇਜ਼ੀ ਵਿਚ 'ਐਸੇਜ਼ ਇਨ ਸਿਖੀਇਜ਼ਮ' ਅਤੇ ਡਾ. ਗੰਡਾ ਸਿੰਘ ਨਾਲ ਰਲ ਕੇ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ' ਇਸ ਦੀਆਂ ਕੁਝ ਹੋਰ ਅੰਗਰੇਜ਼ੀ ਰਚਨਾਵਾਂ ਹਨ। ਕੋਸ਼ਕਾਰੀ ਦੇ ਖੇਤਰ ਵਿਚ ਪ੍ਰਿੰਸੀਪਲ ਸਾਹਿਬ ਦੀ 'ਐਂਗਲੋਂ ਪੰਜਾਬੀ ਡਿਕਸ਼ਨਰੀ' ਦਾ ਮਹੱਤਵਪੂਰਨ ਸਥਾਨ ਹੈ।

ਹ.ਪੁ.–ਆਰਸੀ-ਪ੍ਰਿੰ. ਤੇਜਾ ਸਿੰਘ; ਪ੍ਰਿੰ. ਤੇਜਾ ਸਿੰਘ ਅਭਿਨੰਦਨ ਗ੍ਰੰਥ ਸੁਵਿਨਰ; ਭਾ. ਵਿ.ਪੰ.

**ਤੇਤੀਸ ਕੋਟਿ** : ਇਹ ਰਿਗਵੇਦ ਅਨੁਸਾਰ ਕੀਤੀ ਗਈ ਦੇਵਤਿਆਂ ਦੀ ਗਿਣਤੀ ਹੈ। ਵੇਦਾਂ ਦੇ ਟੀਕਾਕਾਰ ਯਾਸਕ ਅਨੁਸਾਰ ਇਨ੍ਹਾਂ ਦੇਵਤਿਆਂ ਦੀ ਵੰਡ ਇਸ ਪ੍ਰਕਾਰ ਹੈ—ਅਮਨ ਪ੍ਰਿਥਵੀ ਤੇ ਰਹਿੰਦਾ ਹੈ; ਵਾਯੂ ਹਵਾ ਵਿਚ ਰਹਿੰਦਾ ਹੈ ਅਤੇ ਸੂਰਜ ਆਕਾਸ਼ ਵਿਚ ਰਹਿੰਦਾ ਹੈ। ਮੁੱਖ ਤੌਰ ਤੇ ਇਹ ਤਿੰਨ ਦੇਵਤੇ ਹਨ। ਇਨ੍ਹਾਂ ਦੇ ਕੰਮ ਵੱਖ ਵੱਖ ਹੋਣ ਕਰਕੇ ਇਨ੍ਹਾਂ ਦੇ ਕਈ ਨਾਂ ਹਨ। ਰਿਗਵੇਦ ਵਿਚ ਦੱਸੀ ਇਸ ਗਿਣਤੀ ਅਨੁਸਾਰ ਇਨ੍ਹਾਂ ਵਿਚੋਂ 11 ਆਕਾਸ਼ ਵਿਚ, 11 ਵਾਯੂ ਵਿਚ ਅਤੇ 11 ਪ੍ਰਿਥਵੀ ਤੇ ਰਹਿੰਦੇ ਹਨ। ਇਨ੍ਹਾਂ ਨੂੰ ਤੇਤੀਸ ਕੋਟਿ ਦੇਵਤੇ ਆਖਿਆ ਜਾਂਦਾ ਹੈ। ਇਨ੍ਹਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ।

ਹ.ਪੁ.—ਮ.ਕੋ.

**ਤੇਂਦੁਲਕਰ, ਦੀਨਾ ਨਾਥ ਗੋਪਾਲ** : ਭਾਰਤ ਦੇ ਇਸ ਉੱਘੇ ਸਾਹਿਤਕਾਰ ਦਾ ਜਨਮ 9 ਅਕਤੂਬਰ, 1909 ਈ. ਨੂੰ ਰਤਨਾਗਿਰੀ ਵਿਖੇ ਹੋਇਆ। ਇਸ ਨੇ ਆਪਣੀ ਸਿੱਖਿਆ ਬੰਬਈ, ਕੈਂਬ੍ਰਿਜ, ਮਾਰਬਰਗ ਅਤੇ ਗਟਿੰਗੈਨ ਯੂਨੀਵਰਸਿਟੀਆਂ ਤੋਂ ਪ੍ਰਾਪਤ ਕੀਤੀ। ਇਸ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ ਅਤੇ ਇਕ ਕਾਮੇ ਤੇ ਇਕ ਲੇਖਕ ਵਜੋਂ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਸਰਗਰਮੀ ਨਾਲ ਹਿੱਸਾ ਲਿਆ।

ਤੇਂਦੁਲਕਰ ਮਰਾਠੀ ਅਤੇ ਅੰਗਰੇਜ਼ੀ ਵਿਚ ਲਿਖੀਆਂ ਆਪਣੀਆਂ ਪੁਸਤਕਾਂ, 'ਸੋਵੀਅਤ ਸੰਸਕ੍ਰਿਤੀ'; 'ਥਰਟੀ ਮੰਥਜ਼ ਇਨ ਰਸ਼ੀਆ' (1943); ' ਮਹਾਤਮਾ' (8ਜਿਲਦਾਂ 1951–54); 'ਖਾਨ ਅਬਦੁਲ ਗ਼ੁਫ਼ਾਰ ਖ਼ਾਨ' ਅਤੇ 'ਗਾਂਧੀ ਇਨ ਚੰਪਾਰਨ' (1975) ਕਾਰਨ ਬਹੁਤ ਪ੍ਰਸਿੱਧ ਹੋਇਆ। ਇਹ ਮਹਾਤਮਾ ਗਾਂਧੀ ਦਾ ਉੱਘਾ ਜੀਵਨੀਕਾਰ ਸੀ। ਇਸ ਨੇ ਮਹਾਤਮਾ ਗਾਂਧੀ ਦੇ 75ਵੇਂ ਜਨਮ ਦਿਨ ਤੇ ਲਿਖੀ ਇਕ ਪੁਸਤਕ ਦੀ ਸੰਪਾਦਨਾ ਕੀਤੀ।

12 ਜੂਨ, 1971 ਈ. ਨੂੰ ਬੰਬਈ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਹੂ. ਜ਼. ਹੂ 1900-1980

**ਤੇਨਾਲੀ** : ਇਹ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਗੁੰਟੂਰ ਜ਼ਿਲ੍ਹੇ ਵਿਚ ਪੂਰਬੀ-ਤੱਟੀ ਰੇਲਵੇ ਲਾਈਨ ਉਪਰ ਵੱਸਿਆ ਸ਼ਹਿਰ ਹੈ ਇਸ ਸ਼ਹਿਰ ਦਾ ਵਿਕਾਸ ਰੇਲਵੇ ਲਾਈਨ ਬਣਨ ਪਿੱਛੋਂ ਹੀ ਹੋਇਆ ਹੈ। ਇਥੋਂ ਦੇ ਮੰਦਰਾਂ ਵਿਚ ਕੁਝ ਪ੍ਰਾਚੀਨ ਸ਼ਿਲਾ-ਲੇਖ ਮੌਜੂਦ ਹਨ ਜਿਨ੍ਹਾਂ ਨੂੰ ਵਾਚਿਆ ਨਹੀਂ ਜਾ ਸਕਿਆ। ਇਹ ਸ਼ਹਿਰ ਵਿਜੈ ਨਗਰ ਦੇ ਬਾਦਸ਼ਾਹ ਕ੍ਰਿਸ਼ਨਾ ਦੇਵ ਦੇ ਅੱਠ ਦਰਬਾਰੀ ਕਵੀਆਂ ਵਿਚੋਂ ਗਰਲਾਪਤੀ ਰਾਮਾਲਿੰਗਮ ਨਾਂ ਦੇ ਇਕ ਕਵੀ ਦੇ ਜਨਮ-ਅਸਥਾਨ ਕਰਕੇ ਵੀ ਮਸ਼ਹੂਰ ਹੈ।

ਆਬਾਦੀ-1,43,726 (1991)

16°15′ ਉ. ਵਿਥ.; 80°38′ ਪੂ. ਲੰਬ.

ਹ.ਪੁ.—ਇੰਪ.ਗ. ਇੰਡ. 23 : 277

**ਤੇਰਵਾਨੀ ਦੀ ਮੈਰੀਕੂਰ, ਆਨ ਜੋਜ਼ੈਫ** : ਫਰਾਂਸੀਸੀ ਇਨਕਲਾਬ ਦੀ ਇਹ ਇਕ ਪ੍ਰਭਾਵਸ਼ਾਲੀ ਹਸਤੀ ਸੀ। ਇਸ ਦਾ ਜਨਮ 13 ਅਗਸਤ, 1762 ਨੂੰ ਲਕਸਮਬਰਗ ਵਿਚ ਮੈਰਕੂਰ ਵਿਖੇ ਹੋਇਆ। ਇਸ ਦਾ ਪਿਤਾ ਪੀਟਰ ਤੇਰਵਾਨੀ ਇਕ ਕਿਸਾਨ ਸੀ। ਇਸ ਨੇ ਰੋਬਰ ਮਾਊਂਟ ਦੇ ਕਾਨਵੈਂਟ ਤੋਂ ਸਿਖਿਆ ਹਾਸਲ ਕੀਤੀ। ਇਹ ਤੀਖਣ-ਬੁਧੀ, ਖੂਬਸੂਰਤ ਅਤੇ ਗਰਮ ਮਿਜ਼ਾਜ਼ ਵਾਲੀ ਇਸਤਰੀ ਸੀ।

ਆਪਣੀ ਜ਼ਿੰਦਗੀ ਦੇ ਕੁਝ ਸਾਲਾਂ (1789-93) ਦੌਰਾਨ ਇਸ ਨੇ ਪੈਰਿਸ ਦੇ ਲੋਕਾਂ ਦੇ ਸਾਹਮਣੇ ਕਈ ਪ੍ਰਭਾਵਸ਼ਾਲੀ ਭਾਸ਼ਣ ਕੀਤੇ ਜਿਹੜੇ ਕਿ ਇਤਿਹਾਸਕ ਪੱਖੋਂ ਕਾਫ਼ੀ ਮਹੱਤਵਪੂਰਨ ਹਨ। ਮਤਰੇਈ ਮਾਂ ਨਾਲ ਝਗੜਾ ਹੋ ਜਾਣ ਕਾਰਨ ਇਸ ਨੇ ਆਪਣਾ ਘਰ ਛੱਡ ਦਿੱਤਾ। ਸੰਨ 1788 ਵਿਚ ਇਹ ਇਕ ਗਾਇਕਾ ਦੇ ਤੌਰ ਤੇ ਜਨੀਵਾ ਚਲੀ ਗਈ।

ਕ੍ਰਾਂਤੀ ਦੇ ਸ਼ੁਰੂ ਹੋ ਜਾਣ ਤੇ ਇਹ ਪੈਰਿਸ ਵਿਚ ਉਥੋਂ ਦੇ ਪਤਵੰਤਿਆਂ ਦੇ ਇਕ ਗੁੱਟ ਦੇ ਪ੍ਰਭਾਵ ਥੱਲੇ ਆ ਗਈ। ਉਸ ਸਮੇਂ ਇਸ ਗੁੱਟ ਦੇ ਮੁਖੀ ਜ਼ਰੋਮ ਪੇਟੀਉਂਡੀ ਵਿਲੀਨੀਵ (Jerome Petion de Villeneave) ਅਤੇ ਕਾਮੀਯ ਡੈਸਮੌਲਿਨਜ਼ (Camille Dasmaulins) ਸਨ।

ਜਨਵਰੀ, 1792 ਵਿਚ ਇਹ ਫਿਰ ਪੈਰਿਸ ਚਲੀ ਗਈ ਅਤੇ ਇਸ ਨੇ ਕਲੱਬਾਂ ਵਿਚ ਅਕਸਰ ਭਾਸ਼ਣ ਦੇਣੇ ਸ਼ੁਰੂ ਕਰ ਦਿੱਤੇ। ਇਥੋਂ ਤੱਕ ਕਿ ਇਹ ਨੈਸ਼ਨਲ ਅਸੈਂਬਲੀ ਵਿਚ ਪੇਸ਼ ਕੀਤੇ ਨਰਮ ਵਿਚਾਰਾਂ ਵਿਚ ਵੀ ਦਖ਼ਲਅੰਦਾਜ਼ੀ ਕਰਨੋਂ ਵੀ ਨਹੀਂ ਝਿੱਜਕਦੀ ਸੀ। ਇਹ ਘੋੜ ਸਵਾਰੀ ਦੀ ਜ਼ਨਾਨਾ ਪੁਸ਼ਾਕ, ਕਲਗੀ ਵਾਲੀ ਟੋਪੀ ਅਤੇ ਕਮਰ ਵਿਚ ਪਸਤੌਲ ਪਾ ਕੇ ਰੱਖਿਆ ਕਰਦੀ ਸੀ ਅਤੇ ਜੋਸ਼ੀਲੀਆਂ ਤਕਰੀਰਾਂ ਦੇ ਕੇ ਅਵਾਮ ਨੂੰ ਭੜਕਾਉਂਦੀ ਸੀ।

ਇਹ ਮਾਕਸੀਮੀਲਯਾਂ ਰੱਬਿਸਪਿਅਰੋ (Maximilier Robespirre) ਦੇ ਦੁਸ਼ਮਣਾਂ ਅਤੇ ਜਰਾਂਡੀਆਂ (Girondists) ਨਾਲ ਰਲ ਗਈ। 20 ਜੂਨ, 1792 ਨੂੰ ਇਸ ਨੇ ਖੁਦ ਉਪ-ਸ਼ਹਿਰੀ ਖੇਤਰਾਂ ਦੇ ਤੀਜੇ ਸੈਨਿਕ ਦਲ ਦੀ ਕਮਾਨ ਸੰਭਾਲੀ ਅਤੇ 10 ਅਗਸਤ, 1792 ਨੂੰ ਹੋਏ ਫਸਾਦਾਂ ਦੀ ਆਪਣੇ ਸਿਰ ਵੀ ਭਾਰੀ ਜ਼ਿੰਮੇਵਾਰੀ ਲਈ। ਸਤੰਬਰ ਵਿਚ ਹੋਏ ਖੂਨ ਖਰਾਬੇ ਵਿਚ ਇਸ ਨੇ ਕੋਈ ਹਿੱਸਾ ਨਹੀਂ ਲਿਆ ਅਤੇ 1793 ਤੋਂ ਬਾਅਦ ਇਸ ਦੀ ਲੋਕਪ੍ਰਿਯਤਾ ਵੀ ਕਾਫ਼ੀ ਘੱਟ ਗਈ।

ਮਈ ਦੇ ਅੰਤ ਵਿਚ ਇਕ ਜੈਕਬਿਨ (ਅੱਤਵਾਦੀ) ਔਰਤ ਨੇ ਇਸ ਨੂੰ ਫੜਕੇ ਬਸਤਰਹੀਣ ਕਰ ਦਿੱਤਾ ਅਤੇ ਟਿਊਲਰੀਜ ਦੇ ਸਰਕਾਰੀ ਬਾਗ ਵਿਚ ਕੋਰੜਿਆਂ ਨਾਲ ਕੁੱਟਿਆ। ਇਸ ਤੋਂ ਅਗਲੇ ਸਾਲ ਹੀ ਇਹ ਪਾਗਲ ਹੋ ਗਈ।

9 ਜੂਨ, 1817 ਨੂੰ ਲਾ-ਸੈਲਪੈਟਰੀਅਰ (La-Salpeteriere) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ. 22 : 126

**ਤੇਰਾਂ-ਸਾਲਾ ਜੰਗ** : ਇਹ ਜੰਗ 1454 ਤੋਂ 1466 ਤੱਕ, ਤੇਰਾਂ ਵਰ੍ਹੇ ਪੋਲੈਂਡ ਅਤੇ ਟਿਊਟਾਨੀ ਨਾਈਟਾਂ ਵਿਚਕਾਰ ਚਲਦੀ ਰਹੀ। ਇਸ ਦਾ ਆਰੰਭ ਪ੍ਰਸ਼ੀਆ ਦੀ ਜਨਤਾ ਵਲੋਂ ਆਪਣੇ ਮੁਖੀ ਸਰਦਾਰਾਂ (ਟਿਊਟਾਨੀ ਨਾਈਟ) ਦੇ ਵਿਰੋਧ ਵਿਚ ਬਗ਼ਾਵਤ ਕਰਨ ਤੋਂ ਹੋਇਆ। ਸੰਨ 1454 ਵਿਚ ਪ੍ਰਸ਼ੀਆ ਦਾ ਬਾਗ਼ੀ ਧੜਾ ਪੋਲੈਂਡ ਦੇ ਬਾਦਸ਼ਾਹ ਕੈਜ਼ਾਮਿਰ ਚੌਥੇ ਕੋਲ ਟਿਊਟਾਨੀਆਂ ਵਿਰੁੱਧ ਲੜਾਈ ਵਾਸਤੇ ਮਦਦ ਲੈਣ ਲਈ ਗਿਆ। ਕੈਜ਼ਾਮਿਰ ਨੇ ਮੌਕਾ ਸੰਭਾਲਦਿਆਂ ਜੰਗ ਦਾ ਐਲਾਨ ਕਰ ਦਿੱਤਾ ਅਤੇ 1462 ਈ. ਵਿਚ ਪਕ (Puck) ਦੇ ਮੈਦਾਨਿ ਜੰਗ ਵਿਚ ਫੈਸਲਾਕੁੰਨ ਜਿੱਤ ਹਾਸ਼ਲ ਕੀਤੀ। ਇਸ ਉਪਰੰਤ ਤਾਰੂਨ ਦੀ ਸੰਧੀ ਅਨੁਸਾਰ ਟਿਊਟਨੀ ਸੰਪ੍ਰਦਾਇ ਨੂੰ ਪਾਮਰੇਨੀਆ ਦਾ ਪੂਰਬੀ ਇਲਾਕਾ ਅਤੇ ਪੱਛਮੀ ਪ੍ਰਸ਼ੀਆ ਦਾ ਖੇਤਰ ਛੱਡਣਾ ਪਿਆ। ਪੂਰਬੀ ਪ੍ਰਸ਼ੀਆ ਪਹਿਲਾਂ ਹੀ ਪੋਲੈਂਡ ਦੇ ਬਾਦਸ਼ਾਹ ਅਧੀਨ ਇਕ ਸਾਮੰਤ ਰਾਜ ਸੀ ਅਤੇ ਇਸਦੀ ਆਪਣੀ ਇਕ ਡਾਇਟ (ਵਿਧਾਨ ਸਭਾ) ਅਤੇ ਰਾਜ-ਪ੍ਰਬੰਧ ਸੀ ਅਤੇ ਰਾਜਧਾਨੀ ਕੇਨਿੰਗਜ਼ਬਰਗ ਵਿਖੇ ਹੁੰਦੀ ਸੀ।

ਹ.ਪੁ.—ਐਨ.ਬ੍ਰਿ.ਮਾ. 11 : 710

**ਤੇਲੰਗ, ਪੰਢਰੀਨਾਥ ਕਾਸ਼ੀਨਾਥ** : ਇਹ ਸੰਸਕ੍ਰਿਤ ਤੇ ਇਤਿਹਾਸ ਦਾ ਵਿਦਵਾਨ, ਵੇਦਾਂ, ਉਪਨਿਸ਼ਦਾਂ ਅਤੇ ਆਰੀਆ ਸੰਸਕ੍ਰਿਤੀ ਦਾ ਗਿਆਤਾ ਸੀ। ਇਸ ਦਾ ਜਨਮ ਬੰਬਈ ਦੇ ਮੱਧ-ਵਰਗੀ ਸਾਰਸਵਤ ਪਰਿਵਾਰ ਵਿਚ 1878 ਈ. ਵਿਚ ਹੋਇਆ। ਇਸ ਦਾ ਪਿਤਾ ਇਕ ਸਮਾਜ ਸੇਵਕ ਤੇ ਬੰਬਈ ਹਾਈ ਕੋਰਟ ਦਾ ਜੱਜ ਸੀ। ਇਸਨੇ ਐਮ.ਏ., ਐਲ.ਐਲ.ਬੀ. ਦੀ ਡਿਗਰੀ ਪ੍ਰਾਪਤ ਕੀਤੀ ਤੇ ਕੁਝ ਸਮਾਂ ਬੰਬਈ ਹਾਈ ਕੋਰਟ ਦਾ ਵਕੀਲ ਵੀ ਰਿਹਾ। ਐਮ.ਏ. ਦੀ ਪ੍ਰੀਖਿਆ ਵਿਚ ਪਹਿਲੇ ਦਰਜੇ ਤੇ ਆਉਣ ਅਤੇ ਸਭ ਤੋਂ ਵੱਧ ਨੰਬਰ ਪ੍ਰਾਪਤ ਕਰਨ ਤੇ ਇਸ ਨੂੰ 'ਤੇਲੰਗ ਸਵਰਣ ਪਦਕ' ਪ੍ਰਦਾਨ ਕੀਤਾ ਗਿਆ।

ਤੇਲੰਗ ਦਾ ਵਿਸ਼ਵਾਸ ਸੀ ਕਿ ਚੰਗੀ ਸਿਖਿਆ ਰਾਹੀਂ ਬੱਚਿਆਂ ਵਿਚ ਚੰਗੇ ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ ਅਤੇ ਸਿੱਖਿਆ ਦੇ ਮਾਧਿਅਮ ਰਾਹੀਂ ਆਦਰਸ਼, ਨਿਡਰ ਤੇ ਸੁਤੰਤਰ ਨਾਗਰਿਕਾਂ ਦਾ ਨਿਰਮਾਣ ਹੋ ਸਕਦਾ ਹੈ। ਸੰਨ 1909 ਵਿਚ ਕਾਸ਼ੀ ਵਿਖੇ ਪ੍ਰਾਚੀਨ ਸੈਂਟਰਲ ਹਿੰਦੂ ਕਾਲਜ ਵਿਚ ਬਿਨਾਂ ਤਨਖ਼ਾਹ ਦੇ ਇਤਿਹਾਸ ਦਾ ਪ੍ਰੋਫੈਸਰ ਲੱਗ ਕੇ ਇਸ ਨੇ ਮਹਾਨ ਤਿਆਗ ਤੇ ਸੇਵਾ ਦਾ ਆਦਰਸ਼ ਪੇਸ਼ ਕੀਤਾ। ਮਗਰੋਂ ਬਿਨਾਂ ਤਨਖ਼ਾਹ ਇਤਿਹਾਸ ਦੇ ਪ੍ਰੋਫੈਸਰ ਦੇ ਰੂਪ ਵਿਚ ਇਸ ਨੇ ਕਾਸ਼ੀ ਯੂਨੀਵਰਸਿਟੀ ਦੀ ਕਈ ਸਾਲ ਸੇਵਾ ਕੀਤੀ।

ਸੰਨ 1918 ਵਿਚ ਡਾ. ਏਰੇਡੇਲ, ਵਾਡੀਆ ਤੇ ਪੀ.ਕੇ. ਤੇਲੰਗ ਚਾਰ-ਪੰਜ ਮਹੀਨੇ ਲਈ ਭਾਰਤ ਦੇ ਹੋਮਰੂਲ ਸਬੰਧੀ ਵਿਚਾਰਾਂ ਦੇ ਪ੍ਰਚਾਰ ਹਿਤ ਦੇਸ਼ ਦੇ ਪ੍ਰਤਿਨਿਧਿ ਦੇ ਰੂਪ ਵਿਚ ਇੰਗਲੈਂਡ ਗਏ। ਉਥੇ ਇਸ ਨੇ ਭਾਰਤ ਦੇ ਸਵੈ-ਪ੍ਰਸ਼ਾਸਨ ਸਬੰਧੀ ਦ੍ਰਿਸ਼ਟੀਕੋਣ ਦਾ ਪ੍ਰਚਾਰ ਕੁਸ਼ਲਤਾ ਨਾਲ ਕੀਤਾ। ਸੰਨ 1917 ਵਿਚ ਕੁਝ ਸਮੇਂ ਲਈ ਇਹ 'ਨਿਊ ਇੰਡੀਆ' ਦਾ ਸੰਪਾਦਕ ਰਿਹਾ। ਇਸ ਦੇ ਸੰਪਾਦਕੀ ਲੇਖ ਬਹੁਤ ਹੀ ਗੰਭੀਰ ਤੇ ਬੌਧਿਕ ਹੁੰਦੇ ਸਨ।

ਤੇਲੰਗ ਇਕ ਬਹੁਤ ਹੀ ਵਿਚਾਰਸ਼ੀਲ, ਦਾਨਸ਼ੀਲ, ਉਦਾਰ ਤੇ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਸੀ। ਖੇਡਾਂ, ਅਦਾਕਾਰੀ, ਤੈਰਾਕੀ ਆਦਿ ਸਿਖਾਉਣ ਵਿਚ ਇਸ ਦੀ ਦੇਣ ਅਨੁਪਮ ਸੀ। ਇਹ ਕ੍ਰਿਕਟ ਦਾ ਵੀ ਬਹੁਤ ਵਧੀਆ ਖਿਡਾਰੀ ਸੀ। ਇਹ ਫ਼ੀਲਡਿੰਗ ਤੇ ਬੈਟਿੰਗ ਦੋਹਾਂ ਵਿਚ ਹੀ ਮਾਹਰ ਸੀ। ਸੰਨ 1929 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਹਿੰ.ਵਿ.ਕੋ. 7 : 228

**ਤੇਲ ਦੇਣਾ** (ਵਾਂਗਣ) : ਜਦੋਂ ਕੋਈ ਇਕ ਸਤ੍ਹਾ ਦੂਸਰੀ ਸਤ੍ਹਾ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਇਕ ਦੂਜੇ ਉੱਤੇ ਸਰਕਣ ਨਾਲ ਰਗੜ-ਪ੍ਰਤਿਰੋਧ ਪੈਦਾ ਹੋ ਜਾਂਦਾ ਹੈ। ਇਸ ਰਗੜ ਪ੍ਰਤਿਰੋਧ ਨੂੰ

ਘਟਾਉਣ ਲਈ ਜੋ ਵਿਧੀਆਂ ਵਰਤੋਂ ਵਿਚ ਆਉਂਦੀਆਂ ਹਨ ਉਨ੍ਹਾਂ ਵਿਚੋਂ ਇਕ ਤੇਲ ਦੇਣਾ ਹੈ ਜਿਸਨੂੰ ਵਾਂਗਣ ਵੀ ਕਿਹਾ ਜਾਂਦਾ ਹੈ। ਤੇਲ ਦੇਣ ਨਾਲ ਮਸ਼ੀਨਰੀ ਦੇ ਪੁਰਜ਼ਿਆਂ ਨੂੰ ਜੰਗ ਨਹੀਂ ਲਗਦਾ ਅਤੇ ਘਸਾਈ ਵੀ ਘੱਟ ਹੁੰਦੀ ਹੈ। ਦੋ ਸਰਕਣ-ਸ਼ੀਲ ਪਰਤਾਂ ਵਿਚਕਾਰ ਇਕ ਪਤਲੀ ਤਹਿ ਵਾਂਗਣ ਪਦਾਰਥ ਦੀ ਵਰਤੀ ਜਾਂਦੀ ਹੈ। ਰਗੜ ਘਟਾਉਣ ਲਈ ਵਰਤੇ ਜਾਂਦੇ ਪਦਾਰਥ ਨੂੰ ਵਾਂਗਣ ਪਦਾਰਥ ਜਾਂ ਲੁਬਰੀਕੈਂਟ ਕਿਹਾ ਜਾਂਦਾ ਹੈ। ਅੱਜ ਦੇ ਮਸ਼ੀਨੀ ਯੁਗ ਵਿਚ ਵਾਂਗਣ ਦੀ ਬਹੁਤ ਮਹੱਤਤਾ ਹੈ। ਰਗੜ ਨਾਲ ਊਰਜਾ ਨਸ਼ਟ ਹੋ ਜਾਂਦੀ ਹੈ। ਤਕਰੀਬਨ 30% ਊਰਜਾ ਰਗੜ ਵਿਚ ਜ਼ਾਇਆ ਹੋ ਜਾਂਦੀ ਹੈ।

**ਇਤਿਹਾਸ** — ਕੁਦਰਤੀ ਤੌਰ ਤੇ ਮਨੁੱਖੀ ਸਰੀਰ ਵਿਚ ਇਕ ਐਸਾ ਦ੍ਰਵ ਰਿਸਦਾ ਰਹਿੰਦਾ ਹੈ ਜਿਸ ਨਾਲ ਜੋੜਾਂ ਦੀ ਲੁਬਰੀਕੇਸ਼ਨ ਹੁੰਦੀ ਰਹਿੰਦੀ ਹੈ। ਪੁਰਾਤਨ ਸਮੇਂ ਵਿਚ ਮਨੁੱਖ ਨੇ ਇਹ ਦੇਖਿਆ ਕਿ ਜਦੋਂ ਕਿਸੇ ਦਰਖ਼ਤ ਦੇ ਤਣੇ ਤੋਂ ਉਪਰਲਾ ਸੱਕ ਉਤਾਰ ਦਿੱਤਾ ਜਾਵੇ ਤਾਂ ਇਕ ਰਿਸਾਓ ਨਿਕਲਦਾ ਹੈ ਜਿਸ ਨਾਲ ਤਣੇ ਨੂੰ ਤਿਲਕਾਣ ਤੇ ਫਿਸਲਾਣ ਵਿਚ ਸੌਖ ਹੁੰਦੀ ਹੈ। ਇਸ ਤੋਂ ਹੀ ਲੁਬਰੀਕੇਸ਼ਨ ਦਾ ਆਰੰਭ ਹੋਇਆ। ਪੁਰਾਤਨ ਸਮੇਂ ਵਿਚ ਮਨੁੱਖ ਬਿਨ੍ਹਾਂ ਪਹੀਏ ਦੀਆਂ ਗੱਡੀਆਂ ਨੂੰ ਘੜੀਸਣ ਲਈ ਗਾਰੇ ਅਤੇ ਸਰਕੜੇ ਦੀ ਵਰਤੋਂ ਕਰਦਾ ਸੀ। ਬਾਅਦ ਵਿਚ ਵੈਗਨਜ਼ (Wagons) ਦੀਆਂ ਧੁਰੀਆਂ ਨੂੰ ਜਾਨਵਰਾਂ ਦੀ ਚਰਬੀ ਵਰਤ ਕੇ ਤੇਲ ਦਿੱਤਾ ਜਾਣ ਲਗ ਪਿਆ। 19ਵੀਂ ਸਦੀ ਤੱਕ ਇਹ ਜਾਰੀ ਰਿਹਾ। ਬਾਅਦ ਵਿਚ ਪੈਟਰੋਲੀਅਮ ਵਾਂਗਣ ਪਦਾਰਥ ਦਾ ਮੁੱਖ ਸ੍ਰੋਤ ਬਣ ਗਿਆ। ਵਾਂਗਣ ਦੀ ਸਮਰੱਥਾ ਵਿਚ ਹੌਲੀ ਹੌਲੀ ਸੁਧਾਰ ਹੋਇਆ। ਆਟੋਮੋਬੀਲ, ਹਵਾਈ ਜਹਾਜ਼, ਡੀਜ਼ਲ ਲੋਕੋਮੋਟਿਵ ਵਿਚ ਵੱਖ ਵੱਖ ਤਰ੍ਹਾਂ ਦੇ ਵਾਂਗਣ ਪਦਾਰਥ ਵਰਤੇ ਜਾਣ ਲਗ ਪਏ। ਇਸ ਤਰ੍ਹਾਂ ਉਦਯੋਗਿਕ ਮਸ਼ੀਨਰੀ ਅਤੇ ਹੋਰ ਮਸ਼ੀਨਰੀ ਦੀ ਕਾਰਜ ਕੁਸ਼ਲਤਾ ਵਿਚ ਵਾਧਾ ਹੋਇਆ ਹੈ।

ਜਿਵੇਂ ਜਿਵੇਂ ਵਿਗਿਆਨਿਕ ਖੋਜਾਂ ਵਿਚ ਵਾਧਾ ਹੋਇਆ ਉਸੇ ਤਰ੍ਹਾਂ ਵਾਂਗਣ ਵਿਧੀਆਂ ਵਿਚ ਵੀ ਸੁਧਾਰ ਹੋਇਆ। ਚੰਗੇਰੇ ਵਾਂਗਣ ਪਦਾਰਥਾਂ ਦੀ ਵਰਤੋਂ ਕੀਤੀ ਜਾਣ ਲਗ ਪਈ। ਇਹ ਜ਼ਰੂਰੀ ਹੈ ਕਿ ਠੀਕ ਵਾਂਗਣ ਪਦਾਰਥ (Lubricant) ਠੀਕ ਜਗ੍ਹਾ ਅਤੇ ਠੀਕ ਸਮੇਂ ਤੇ ਨਿਯਮਬੱਧ ਤਰੀਕੇ ਨਾਲ ਦਿੱਤਾ ਜਾਵੇ। ਵਾਂਗਣ ਦੇਣ ਲਈ ਕਈ ਤਰ੍ਹਾਂ ਦੇ ਸਾਧਾਰਣ ਤੋਂ ਲੈ ਕੇ ਜਟਿਲ ਉਪਕਰਣ ਵਰਤੇ ਜਾਂਦੇ ਹਨ। ਇਨ੍ਹਾਂ ਨਾਲ ਕਿਸੇ ਪਲਾਂਟ ਵਿਚ ਸਥਿਤ ਸਾਰੀਆਂ ਮਸ਼ੀਨਾਂ ਨੂੰ ਤੇਲ ਦਿੱਤਾ ਜਾ ਸਕਦਾ ਹੈ। ਆਮ ਤੌਰ ਤੇ ਉਦਯੋਗਿਕ ਵਾਂਗਣ ਪਦਾਰਥ ਕੱਚੇ ਪੈਟਰੋਲੀਅਮ/ਅਣਸੋਧੇ ਪੈਟਰੋਲੀਅਮ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਪੈਟਰੋਲੀਅਮ ਉਦਯੋਗ ਦੇ ਵਿਕਾਸ ਨਾਲ ਵਾਂਗਣ ਪਦਾਰਥਾਂ ਵਿਚ ਵੀ ਉਨਤੀ ਹੋਈ। ਅੰਤਰ ਦਹਿਣ ਇੰਜਣਾਂ, ਆਟੋਮੋਬੀਲ, ਹਵਾਈ ਜ਼ਹਾਜ, ਡੀਜ਼ਲ ਗੱਡੀਆਂ ਅਤੇ ਟਰਬੋਜੈੱਟ ਵਿਚ ਪੈਟਰੋਲੀਅਮ, ਬਾਲਣ ਅਤੇ ਵਾਂਗਣ ਦੇ ਤੌਰ ਤੇ ਵਰਤਿਆ ਜਾਣ ਲਗ ਪਿਆ।

## ਵਾਂਗਣ ਪਦਾਰਥ ਦੇ ਕਾਰਜ

**ਰਗੜ ਕੰਟ੍ਰੋਲ** — ਵਾਂਗਣ ਪਦਾਰਥਾਂ ਦਾ ਮੁੱਖ ਕਾਰਜ ਰਗੜ ਘਟਾਉਣਾ ਹੈ। ਵਾਂਗਣ ਪਦਾਰਥ ਦੀ ਮਾਤਰਾ ਇਸ ਗਲ ਤੇ ਨਿਰਭਰ ਕਰਦੀ ਹੈ ਕਿ ਰਗੜ ਕਿਤਨੀ ਪੈਦਾ ਹੁੰਦੀ ਹੈ। ਦੋ ਇਕੋ ਜਿਹੀਆਂ ਪਰਤਾਂ ਦਾ ਜੇ ਮੁਕਾਬਲਾ ਕਰੀਏ ਤਾਂ ਉਸ ਪਰਤ ਵਿਚ ਜਿਥੇ ਵਾਂਗਣ ਪਦਾਰਥ ਦੀ ਵਰਤੋਂ ਕੀਤੀ ਗਈ ਹੈ ਵਿਚ ਰਗੜ ਦੀ ਮਾਤਰਾ ਜਿਸ ਵਿਚ ਵਾਂਗਣ ਪਦਾਰਥ ਨਹੀਂ ਵਰਤਿਆ ਗਿਆ ਨਾਲੋਂ 200 ਗੁਣਾਂ ਘੱਟ ਹੁੰਦੀ ਹੈ। ਰਗੜ ਵਰਤੇ ਜਾਣ ਵਾਲੇ ਦ੍ਰਵ ਦੀ ਵਿਸਕਾਸਤਾ (ਲੇਸਲੇਪਣ) ਉੱਤੇ ਨਿਰਭਰ ਹੈ। ਪੈਟਰੋਲੀਅਮ ਤੋਂ ਮਿਲਣ ਵਾਲੇ ਵਾਂਗਣ ਪਦਾਰਥ ਵੱਖ ਵੱਖ ਵਿਸਕਾਸਤਾ ਵਾਲੇ ਹੁੰਦੇ ਹਨ। ਸੂਖ਼ਮ ਯੰਤਰਾਂ ਵਿਚ ਦ੍ਰਵ ਵਾਂਗਣ ਪਦਾਰਥ ਨਹੀਂ ਵਰਤੇ ਜਾਂਦੇ ਕਿਉਂਕਿ ਸੂਖ਼ਮ ਧਾਤਾਂ ਉੱਤੇ ਖੁਰਣ ਕਾਰਜ ਹੁੰਦਾ ਹੈ।

**ਘਸਾਈ ਕੰਟ੍ਰੋਲ** (Wear) — ਦੋ ਸਰਕਣਸ਼ੀਲ ਪਰਤਾਂ ਵਿਚਕਾਰ ਵਾਂਗਣ ਪਦਾਰਥ ਕਾਰਨ ਇਕ ਫਿਲਮ ਬਣਨ ਨਾਲ ਦੋਹਾਂ ਪਰਤਾਂ ਵਿਚਕਾਰਲਾ ਫ਼ਾਸਲਾ ਵੱਧ ਜਾਂਦਾ ਹੈ ਅਤੇ ਘਸਰ ਕਾਰਨ ਹੋਣ ਵਾਲਾ ਨੁਕਸਾਨ ਘੱਟ ਜਾਂਦਾ ਹੈ।

**ਤਾਪਮਾਨ ਕੰਟ੍ਰੋਲ** — ਰਗੜ ਘੱਟ ਹੋ ਜਾਣ ਨਾਲ ਵਾਂਗਣ ਪਦਾਰਥ ਤਾਪਮਾਨ ਕੰਟ੍ਰੋਲ ਕਰਨ ਵਿਚ ਸਹਾਈ ਹੁੰਦੇ ਹਨ। ਵਾਂਗਣ ਪਦਾਰਥ ਦੀ ਵਰਤੀ ਜਾਣ ਵਾਲੀ ਮਾਤਰਾ ਆਲੇ ਦੁਆਲੇ ਦੇ ਤਾਪਮਾਨ ਅਤੇ ਬਾਹਰੀ ਸੀਤਨ ਪ੍ਰਬੰਧ ਉੱਤੇ ਨਿਰਭਰ ਕਰਦੀ ਹੈ। ਵਾਂਗਣ ਪਦਾਰਥ ਦੀ ਕਿਸਮ ਵੀ ਤਾਪਮਾਨ ਕੰਟ੍ਰੋਲ ਉੱਤੇ ਅਸਰ ਪਾਉਂਦੀ ਹੈ।

**ਖੋਰ ਕੰਟ੍ਰੋਲ** (Corrosion) — ਜਦੋਂ ਮਸ਼ੀਨਰੀ ਵਰਤੋਂ ਵਿਚ ਨਹੀਂ ਹੁੰਦੀ ਤਾਂ ਵਾਂਗਣ ਪਦਾਰਥ ਇਕ ਸੁਰਖਿਅਕ ਦਾ ਕੰਮ ਕਰਦਾ ਹੈ। ਜਦੋਂ ਮਸ਼ੀਨਰੀ ਵਰਤੋਂ ਵਿਚ ਹੁੰਦੀ ਹੈ ਤਾਂ ਵਾਂਗਣ ਪਦਾਰਥ ਦੀ ਸੁਰਖਿਆਕਾਰੀ ਫਿਲਮ ਬਣ ਜਾਂਦੀ ਹੈ ਜੋ ਖੋਰਕ ਪਦਾਰਥਾਂ ਨੂੰ ਬੇਅਸਰ ਕਰ ਦਿੰਦੀ ਹੈ। ਖੋਰ ਕੰਟ੍ਰੋਲ ਲੁਬਰੀਕੈਂਟ ਫ਼ਿਲਮ ਦੀ ਮੋਟਾਈ ਤੇ ਨਿਰਭਰ ਕਰਦਾ ਹੈ।

**ਹੋਰ ਕਾਰਜ** — ਵਾਂਗਣ ਪਦਾਰਥ ਪ੍ਰਦੂਸ਼ਕ (Contaminent) ਹਟਾਉਣ ਲਈ ਵੀ ਵਰਤੇ ਜਾਂਦੇ ਹਨ। ਇਹ ਬਿਜਲੀ ਰੋਧਕ ਦੇ ਤੌਰ ਤੇ ਵੀ ਵਰਤੇ ਜਾਂਦੇ ਹਨ। ਇਨ੍ਹਾਂ ਦੀ ਵਰਤੋਂ ਸ਼ਾੱਕ ਸੋਖਕ ਦੇ ਤੌਰ ਤੇ ਵੀ ਕੀਤੀ ਜਾਂਦੀ ਹੈ। ਵਾਂਗਣ ਗਰੀਜ਼ ਸੀਲ ਦਾ ਕੰਮ ਵੀ ਕਰਦੀ ਹੈ।

## ਵਾਂਗਣਾਂ ਦੀਆਂ ਕਿਸਮਾਂ

**ਤਰਲ ਚਿਕਣੇ ਵਾਂਗਣ ਪਦਾਰਥ** — ਜੀਵ ਅਤੇ ਬਨਸਪਤੀ ਵਾਂਗਣ ਪਦਾਰਥ ਸਭ ਤੋਂ ਪਹਿਲੇ ਵਾਂਗਣ ਪਦਾਰਥ ਸਨ ਪਰ ਵਾਂਗਣ ਜ਼ਰੂਰਤਾਂ ਨੂੰ ਮੁੱਖ ਰਖਦੇ ਹੋਏ ਪੈਟਰੋਲੀਅਮ ਪਦਾਰਥਾਂ ਦੀ ਵਰਤੋਂ ਵਧੇਰੇ ਕੀਤੀ ਜਾਣ ਲੱਗ ਪਈ। ਆੱਰਗੈਨਿਕ ਪਦਾਰਥ ਜਿਵੇਂ ਕਿ ਸੂਰ ਦੀ ਚਰਬੀ ਅਤੇ ਵੇਲ੍ਹ ਮੱਛੀ ਦਾ ਤੇਲ ਅਜੇ ਵੀ ਵਾਂਗਣ ਪਦਾਰਥ ਵਜੋਂ ਵਰਤੇ ਜਾਂਦੇ ਹਨ।

**ਪੈਟਰੋਲੀਅਮ ਵਾਂਗਣ ਪਦਾਰਥ** — ਇਹ ਹਾਈਡ੍ਰੋਕਾਰਬਨ ਪਦਾਰਥ ਹਨ ਜੋ ਕਿ ਧਰਤੀ ਵਿਚੋਂ ਮਿਲਦੇ ਹਨ। ਵੱਖ ਵੱਖ ਵਿਸਕਾਸਤਾ (Viscosity), ਨਿਮਨ ਵਾਸ਼ਪਸ਼ੀਲਤਾ (Volatility) ਅਤੇ ਘੱਟ ਕੀਮਤ ਇਨ੍ਹਾਂ ਦੇ ਗੁਣ ਹਨ।

**ਸੰਸ਼ਲੇਸ਼ਣੀ ਵਾਂਗਣ ਪਦਾਰਥ** — ਇਹ ਸਿੱਧੇ ਰੂਪ ਵਿਚ ਪੈਟਰੋਲੀਅਮ ਤੋਂ ਪ੍ਰਾਪਤ ਨਹੀਂ ਕੀਤੇ ਜਾਂਦੇ ਪਰ ਇਨ੍ਹਾਂ ਦੇ ਗੁਣ ਪੈਟਰੋਲੀਅਮ ਪਦਾਰਥ ਵਰਗੇ ਹੁੰਦੇ ਹਨ। ਇਹ ਚਿਕਣੇ ਨਿਊਟਰਲ ਤਰਲ ਹੁੰਦੇ ਹਨ। ਸੰਸਲੇਸ਼ਣੀ ਵਾਂਗਣ ਪਦਾਰਥਾਂ ਵਲ ਝੁਕਾਅ ਵੱਧ ਰਿਹਾ ਹੈ। ਵਿਸਕਾਸਤਾ ਦੀ ਸਥਿਰਤਾ, ਨਿਮਨ ਵਾਸ਼ਪਸ਼ੀਲਤਾ, ਆੱਕਸੀਕਰਣ ਪ੍ਰਤਿਰੋਧ ਅਤੇ ਅੱਗ-ਪ੍ਰਤਿਰੋਧ ਇਨ੍ਹਾਂ ਦੇ ਮੁੱਖ ਲਛਣ ਹਨ।

**ਵਾਂਗਣੀ ਗਰੀਜ਼** — ਇਹ ਠੋਸ ਪਦਾਰਥ ਜਾਂ ਅਰਧ ਠੋਸ ਵਾਂਗਣ ਪਦਾਰਥ ਹੈ। ਜਦੋਂ ਘੱਟ ਤੇਲ ਦੇਣ ਦੀ ਲੋੜ ਹੋਵੇ ਤਾਂ ਗਰੀਜ਼ ਵਾਂਗਣ ਪਦਾਰਥ ਦੇ ਤੌਰ ਤੇ ਜ਼ਿਆਦਾ ਠੀਕ ਹੈ। ਗਰੀਜ਼ ਸੀਲ ਦਾ ਕੰਮ ਵੀ ਕਰਦੀ ਹੈ।

**ਠੋਸ ਵਾਂਗਣ ਪਦਾਰਥ** — ਠੋਸ ਪਦਾਰਥ ਦੀ ਤਹਿ ਦੋ ਪਰਤਾਂ ਵਿਚ ਰੱਖ ਦਿੱਤੀ ਜਾਂਦੀ ਹੈ । ਇਹ ਰਗੜ ਅਤੇ ਘਸਾਈ ਨੂੰ ਰੋਕਦੀ ਹੈ। ਇਹ ਪਰਤ ਆੱਰਗੈਨਿਕ ਜਾਂ ਇਨਆਰੱਗੈਨਿਕ ਕੰਪਾਉਂਡ ਦੀ ਜਾਂ ਧਾਤ ਦੀ ਵੀ ਹੋ ਸਕਦੀ ਹੈ। ਠੋਸ ਆੱਰਗੈਨਿਕ ਯੋਗਿਕ ਵਿਚ ਸਾਬਣ, ਮੋਮ, ਮਧੂ ਮੱਖੀਆਂ ਦੀ ਮੋਮ, ਵੇਲ੍ਹ ਮੱਛੀ ਦੀ ਮੋਮ ਅਤੇ ਸੂਰ ਦੀ ਚਰਬੀ ਵੀ ਵਰਤੀ ਜਾਂਦੀ ਹੈ। ਕੁਝ ਗੈਸਾਂ ਵੀ ਵਾਂਗਣ ਪਦਾਰਥ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ। ਗੈਸਾਂ ਦੀ ਵਿਸਕਾਸਤਾ ਬਹੁਤ ਹੁੰਦੀ ਹੈ। ਭਾਫ਼, ਉਦਯੋਗਿਕ ਗੈਸਾਂ, ਤਰਲ ਧਾਤ ਵਾਸ਼ਪ ਇਸ ਮੰਤਵ ਲਈ ਵਰਤੇ ਜਾਂਦੇ ਹਨ।

### ਵਾਂਗਣ ਪਦਾਰਥਾਂ ਦੇ ਗੁਣ

1. **ਵਿਸਕਾਸਤਾ** — ਤਰਲ ਵਾਂਗਣ ਪਦਾਰਥਾਂ ਵਿਚ ਵਿਸਕਾਸਤਾ ਦਾ ਗੁਣ ਮਹਤੱਵਪੂਰਨ ਹੈ। ਵਿਸਕਾਸਤਾ ਵਿਸਕੋਮੀਟਰ ਨਾਲ ਮਾਪੀ ਜਾ ਸਕਦੀ ਹੈ। ਜਿਤਨਾ ਵਹਾਉ ਦਰ ਜ਼ਿਆਦਾ ਹੁੰਦਾ ਹੈ ਉਤਨੀ ਵਿਸਕਾਸਤਾ ਘੱਟ ਹੁੰਦੀ ਹੈ।

2. **ਪੋਰ ਪੁਆਇੰਟ** — ਇਹ ਉਹ ਤਾਪਮਾਨ ਹੈ ਜਿਸ ਤੇ ਵਾਂਗਣ ਪਦਾਰਥ ਵਹਿਣੇ ਬੰਦ ਹੋ ਜਾਂਦੇ ਹਨ। ਵਾਂਗਣ ਪਦਾਰਥ ਦੀ ਚੋਣ ਸਮੇਂ ਇਸ ਦੀ ਮਹੱਤਤਾ ਹੈ।

3. **ਚਿਕਨਾਪਣ** — ਇਸ ਦਾ ਕੋਈ ਖਾਸ ਟੈੱਸਟ ਨਹੀਂ ਹੈ। ਜੀਵ ਅਤੇ ਬਨਸਪਤੀ ਤੇਲ ਜ਼ਿਆਦਾ ਚਿਕਨੇ ਮੰਨੇ ਜਾਂਦੇ ਹਨ। ਕਈ ਵਾਰ ਗਰੀਜ਼ ਜੋ ਕਿ ਘੱਟ ਚਿਕਨੀ ਹੁੰਦੀ ਹੈ ਜ਼ਿਆਦਾ ਗੁਣਕਾਰੀ ਹੁੰਦੀ ਹੈ।

### ਵਾਂਗਣ-ਵਿਧੀਆਂ

ਵਾਂਗਣ ਹੱਥ ਨਾਲ ਜਾਂ ਕੁਝ ਮਸ਼ੀਨਾਂ ਨਾਲ ਦਿੱਤਾ ਜਾਂਦਾ ਹੈ।

**ਡ੍ਰਾਪ ਫੀਡ** — ਤੇਲ ਤੁਪਕਾ ਤੁਪਕਾ ਕਰਕੇ ਦਿੱਤਾ ਜਾਂਦਾ ਹੈ, ਇਹ ਤੇਲ ਗੁਰੂਤਾ ਕਾਰਨ ਡਿਗਦਾ ਰਹਿੰਦਾ ਹੈ।

**ਫੋਰਸਡ ਫੀਡ** — ਦਬਾਓ ਅਧੀਨ ਪੰਪ ਰਾਹੀ ਵੀ ਵਾਂਗਣ ਕੀਤਾ ਜਾਂਦਾ ਹੈ। ਤਰਲ ਪਦਾਰਥ ਦੀ ਫ਼ੁਹਾਰ ਬਣਾਕੇ ਵੀ ਵਾਂਗਣ ਕੀਤਾ ਜਾਂਦਾ ਹੈ।

**ਅੰਦਰੂਨੀ ਵਾਂਗਣ** — ਇਸ ਵਿਚ ਚਲਣ ਵਾਲੇ ਪੁਰਜ਼ਿਆਂ ਨੂੰ ਵਾਂਗਣ ਕੀਤਾ ਹੁੰਦਾ ਹੈ ਅਤੇ ਬਾਹਰੀ ਵਾਂਗਣ ਦੀ ਲੋੜ ਨਹੀਂ ਪੈਂਦੀ।

ਹ.ਪੁ.—ਐਨ. ਬ੍ਰਿ. ਮਾ. 11 : 172; ਐਨ. ਬ੍ਰਿ. 14 : 453

**ਤੇਲਾ** : ਇਹ ਇਨਸੈੱਕਟਾ ਸ਼੍ਰੇਣੀ ਦੇ ਹੋਮੋਪਟਰਾ ਵਰਗ ਅਤੇ ਐਫ਼ਿਡੀ ਕੁਲ ਦੇ ਕੀੜੇ ਹਨ। ਇਨ੍ਹਾਂ ਕੀੜਿਆਂ ਨੂੰ ਐਫ਼ਿਡ ਨਾਂ ਨਾਲ ਵੀ ਜਾਣਿਆ ਜਾਂਦਾ ਹੈ। (ਵਿਸਥਾਰ ਲਈ ਵੇਖੋ 'ਐਫ਼ਿਡ')।

**ਤੇਲੀਆਗੜ੍ਹੀ** : ਭਾਰਤ ਦੇ ਬਿਹਾਰ ਰਾਜ ਦੇ ਦੁਮਕਾ ਜ਼ਿਲ੍ਹੇ ਵਿਚ ਇਕ ਦੱਰਾ ਹੈ ਜਿਹੜਾ ਦੱਖਣ ਵਿਚ ਰਾਜਮਹੱਲ ਦੀਆਂ ਪਹਾੜੀਆਂ ਅਤੇ ਉੱਤਰ ਵਿਚ ਗੰਗਾ ਨਦੀ ਦੇ ਵਿਚਕਾਰ ਵਾਕਿਆ ਹੈ। ਇਥੋਂ ਦੇ ਕਿਲੇ ਦੇ ਖੰਡਰ ਅਜੇ ਵੀ ਵਿਖਾਈ ਦਿੰਦੇ ਹਨ। ਇਹ ਕਿਲਾ 18ਵੀਂ ਸਦੀ ਵਿਚ ਬਣਾਇਆ ਗਿਆ ਸੀ ਜਿਹੜਾ ਜਾਪਦਾ ਹੈ ਕਿ ਪੂਰਾ ਹੋਣ ਤੋਂ ਪਹਿਲਾਂ ਹੀ ਢਹਿਣਾ ਸ਼ੁਰੂ ਹੋ ਗਿਆ ਸੀ। ਇਸ ਨੂੰ ਇਕ ਇਕ ਤੇਲੀ ਜ਼ਿਮੀਂਦਾਰ ਨੇ ਬਣਾਇਆ ਸੀ ਜਿਸ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਦਿਤਾ ਗਿਆ ਸੀ।

ਹ.ਪੁ.—ਇੰਪ.ਗ. ਇੰਡ. 23 : 275

**ਤੇਲੀਆ ਮੁਨੀਆ** : ਇਹ ਪਲੋਸੀਅਡੀ (Ploceidae) ਕੁਲ ਦਾ ਲਾਲ ਮੁਨੀਆ ਜਿੱਡਾ ਇਕ ਪੰਛੀ ਹੈ। ਇਸ ਦਾ ਪ੍ਰਾਣੀ-ਵਿਗਿਆਨਕ ਨਾਂ ਲਾਂਕਿਊਰਾ ਪੰਕਚੂਲੈਟਾ (Lonchura punctulata) ਹੈ। ਇਹ ਪੰਛੀ ਵੱਡੀਆਂ ਵੱਡੀਆਂ ਡਾਰਾਂ ਵਿਚ (ਕਈ ਵਾਰ ਦੋ ਸੌ ਜਾਂ ਇਸ ਤੋਂ ਵੀ ਵੱਧ ਪੰਛੀਆਂ ਦੇ ਝੁੰਡਾਂ ਵਿਚ) ਇਕੱਠੇ, ਖੇਤਾਂ ਦੇ ਨੇੜੇ-ਤੇੜੇ ਉਡਦੇ ਦਿੱਸਦੇ ਹਨ। ਇਨ੍ਹਾਂ ਪੰਛੀਆਂ ਦੇ ਝੁੰਡ ਲਹਿਰੀਏਦਾਰ ਉਡਾਰੀਆਂ ਮਾਰਦੇ ਹਨ।



ਤੇਲੀਆ ਮੁਨੀਆ

ਆਕਾਰ ਵਿਚ ਚਿੜੀ ਨਾਲੋਂ ਵੀ ਛੋਟੇ ਇਸ ਪੰਛੀ ਦਾ ਪੂੰਝਾ ਨੋਕਦਾਰ ਹੁੰਦਾ ਹੈ। ਪ੍ਰਜਣਨ ਰੁੱਤ ਤੋਂ ਬਿਨਾਂ, ਨਰ ਅਤੇ ਮਾਦਾ ਬਦਾਮੀ ਜਿਹੇ ਰੰਗ ਦੇ ਹੁੰਦੇ ਹਨ ਅਤੇ ਦੇਖਣ ਵਿਚ ਇਕੋ ਜਿਹੇ ਲਗਦੇ ਹਨ। ਧਰਤੀ ਉਪਰ ਟਪੂਸੀਆਂ ਮਾਰ ਮਾਰ ਕੇ ਇਹ ਘਾਹ ਵਿਚੋਂ ਡਿਗੇ ਹੋਏ ਦਾਣੇ ਚੁਗਦੇ ਰਹਿੰਦੇ ਹਨ ਤੇ ਕਈ ਵਾਰੀ ਕੀੜੇ ਮਕੌੜਿਆਂ ਨੂੰ ਵੀ ਫੜ ਲੈਂਦੇ ਹਨ। ਡਰ ਜਾਣ ਤੇ ਇਹ ਹੌਲੀ ਹੌਲੀ 'ਚੂੰ-ਚੂੰ' ਦੀ ਆਵਾਜ਼ ਕਢਦੇ ਹੋਏ ਉੱਡ ਕੇ ਦਰਖ਼ਤਾਂ ਉਪਰ ਬੈਠ ਜਾਂਦੇ ਹਨ।

ਇਹ ਆਮ ਤੌਰ ਤੇ ਨੀਵੀਆਂ ਨੀਵੀਆਂ ਝਾੜੀਆਂ ਵਿਚ ਆਲ੍ਹਣੇ ਬਣਾਉਂਦੇ ਹਨ ਪਰ ਕਈ ਵਾਰ 10-15 ਮੀ. ਉੱਚੇ ਦਰਖ਼ਤਾਂ ਦੇ ਸਿਖ਼ਰ ਤੇ ਜਾਂ ਖਜੂਰਾਂ ਦੇ ਪੱਤਿਆਂ ਵਿਚ ਵੀ ਇਨ੍ਹਾਂ ਦੇ ਆਲ੍ਹਣੇ ਬਣੇ ਦਿੱਸਦੇ ਹਨ। ਆਲ੍ਹਣਾ ਲਾਲ ਮੁਨੀਆ ਪੰਛੀ ਦੇ ਆਲ੍ਹਣੇ ਵਰਗਾ, ਗੋਲ-ਮੋਲ ਜਿਹਾ ਹੁੰਦਾ ਹੈ। ਇਸ ਆਲ੍ਹਣੇ ਵਿਚ ਇਹ 4-8, ਚਿੱਟੇ ਰੰਗ ਦੇ ਅੰਡੇ ਦਿੰਦੇ ਹਨ।

ਹ.ਪੁ.—ਸਾਡੇ ਪੰਛੀ : 139

**ਤੈਸੀ, ਜੇਮਜ਼ (Tassi James)** : ਇਹ ਸਕਾਟਲੈਂਡ ਦਾ ਹੀਰਿਆਂ ਉੱਤੇ ਖੁਣਾਈ ਕਰਨ ਵਾਲਾ ਅਤੇ ਵੱਡੇ ਗੋਲਾਕਾਰ ਚਿੱਤਰ ਬਣਾਉਣ ਵਾਲਾ ਕਲਾਕਾਰ ਸੀ। ਇਸ ਦਾ ਜਨਮ 15 ਜੁਲਾਈ, 1735 ਈ. ਨੂੰ ਗਲਾਸਗੋ ਦੇ ਨੇੜੇ ਪੋਲੋਕਸ਼ਾਅਜ਼ ਵਿਖੇ ਹੋਇਆ। ਪਹਿਲਾਂ ਇਹ ਪੱਥਰ ਘਾੜਾ ਸੀ ਅਤੇ ਨਾਲ ਨਾਲ ਗਲਾਸਗੋ ਵਿਖੇ ਫਾਊਲਿਸ ਅਕੈਡਮੀ ਵਿਚ ਇਹ ਮਾੱਡਲਿੰਗ ਸਬੰਧੀ ਅਧਿਐਨ ਕਰਦਾ ਸੀ। ਸੰਨ 1763 ਵਿਚ ਇਹ ਡਬਲਿਨ ਵਿਖੇ ਡਾਕਟਰ ਹੈਨਰੀ ਕੁਇਨ ਅਧੀਨ ਲੈਬਾਰਟਰੀ ਅਸਿਸਟੈਂਟ ਜਾ ਲੱਗਿਆ। ਇਸ ਨੂੰ ਪ੍ਰਾਚੀਨ ਹੀਰਿਆਂ ਦੀ ਨਕਲ ਕਰਕੇ ਉਹੋ ਜਿਹੇ ਹੀਰੇ ਬਣਾਉਣ ਦਾ ਸ਼ੌਂਕ ਸੀ। ਇਸੇ ਮੰਤਵ ਲਈ ਇਨ੍ਹਾਂ ਦੋਹਾਂ ਨੇ ਸ਼ੀਸ਼ੇ ਅਤੇ ਸਿੱਕੇ ਦੇ ਮਿਸ਼ਰਣ ਤੋਂ ਇਕ ਵਿਸ਼ੇਸ਼ ਕਿਸਮ ਦੇ ਪੇਸਟ ਦੀ ਕਾਢ ਕੱਢੀ। ਤੈਸੀ ਅਪਾਰਦਰਸ਼ੀ ਅਤੇ ਪਾਰਦਰਸ਼ੀ ਦੋਵੇਂ ਕਿਸਮ ਦੇ ਪੇਸਟ ਬਣਾਉਂਦਾ ਸੀ ਅਤੇ ਉਨ੍ਹਾਂ ਨੂੰ ਵੱਖਰੇ ਵੱਖਰੇ ਰੰਗ ਚੜ੍ਹਾਉਂਦਾ ਸੀ। ਅਜਿਹਾ ਕਰਨ ਨਾਲ ਉਹ ਕਿੰਨੇ ਹੀ ਵੱਖ ਵੱਖ ਕਿਸਮਾਂ ਦੇ ਹੀਰਿਆਂ ਨਾਲ ਮਿਲਦੇ

ਜੁਲਦੇ ਦਿਖਾਈ ਦਿੰਦੇ ਸਨ ਜਿਵੇਂ ਕਿ ਕੈਲਸੀਡੋਨੀ ਕਾਰਨੀਲੀਅਨ, ਜੈਸਪਰ ਅਤੇ ਓਨਿਕਸ। ਇਸ ਨੇ ਇਨਟੈਗਲੀਓ (Intaglios) ਅਤੇ ਕੇਮੀਓ (Cameos) ਦੋਵੇਂ ਕਿਸਮ ਦੇ ਡਿਜ਼ਾਈਨ ਬਣਾਏ। ਸੰਨ 1766 ਵਿਚ ਤੈਸੀ ਲੰਡਨ ਚਲਾ ਗਿਆ। ਉਥੇ ਇਸ ਨੂੰ ਪ੍ਰਾਚੀਨ ਅਤੇ ਆਧੁਨਿਕ ਹੀਰਿਆਂ ਵਰਗੇ ਨਕਲੀ ਹੀਰੇ ਤਿਆਰ ਕਰਨ ਦਾ ਕੰਮ ਦਿੱਤਾ ਗਿਆ। ਸੰਨ 1780 ਵਿਆਂ ਵਿਚ ਇਸ ਨੂੰ ਰੂਸ ਦੀ ਮਹਾਰਾਣੀ ਕੈਥਰੀਨ ਮਹਾਨ ਨੇ ਆਪਣੇ ਸੰਗ੍ਰਹਿ ਕੀਤੇ ਹਜ਼ਾਰਾਂ ਹੀਰਿਆਂ ਦੀਆਂ ਨਕਲਾਂ ਤਿਆਰ ਕਰਨ ਲਈ ਕਿਹਾ। ਸੰਨ 1791 ਵਿਚ ਰਾਸਪ (Raspe) ਵਲੋਂ ਸੰਪਾਦਿਤ ਪੁਸਤਕ 'ਏ ਡਿਸਕ੍ਰਿਪਟਿਵ ਕੈਟਾਲਾੱਗ ਆਫ਼ ਏ ਜਨਰਲ ਕੁਲੈਕਸ਼ਨ ਆਫ਼ ਏਨਸ਼ੀਐਂਟ ਐਂਡ ਮਾਡਰਨ ਜੈੱਮਜ਼' ਵਿਚ 57 ਪਲੇਟਾਂ ਰਾਹੀਂ ਤੈਸੀ ਦੇ ਤਿਆਰ ਕੀਤੇ 15,000 ਪ੍ਰਤਿਰੂਪਾਂ ਦਾ ਵਰਣਨ ਕੀਤਾ ਗਿਆ ਮਿਲਦਾ ਹੈ।

ਤੈਸੀ ਦੇ ਬਣਾਏ ਹੋਏ ਗੋਲਾਕਾਰ ਚਿੱਤਰ (Medallions) ਇਸ ਦੀ ਇਕ ਹੋਰ ਬਹੁਤ ਵੱਡੀ ਦੇਣ ਹੈ। ਮੋਮ ਅਤੇ ਇਕ ਕਿਸਮ ਦੇ ਸਫ਼ੈਦ ਪੇਸਟ ਤੋਂ ਤਿਆਰ ਕੀਤੇ ਅਜਿਹੇ 150 ਤੋਂ ਵੱਧ ਚਿੱਤਰ ਐਡਿਨਬਰਾ ਦੀ 'ਸਕਾਟਿਸ਼ ਨੈਸ਼ਨਲ ਪੋਰਟ੍ਰੇਟ ਗੈਲਰੀ' ਵਿਚ ਸੰਗ੍ਰਹਿ ਕੀਤੇ ਮਿਲਦੇ ਹਨ।

ਪਹਿਲੀ ਜੂਨ 1799 ਈ. ਨੂੰ ਲੰਡਨ ਵਿਚ ਤੈਸੀ ਦੀ ਮੌਤ ਹੋਈ। ਇਸ ਤੋਂ ਮਗਰੋਂ ਇਸ ਦਾ ਭਤੀਜਾ ਵਿਲੀਅਮ ਤੈਸੀ ਹੀਰਿਆਂ ਦੇ ਪ੍ਰਤਿਰੂਪ ਤਿਆਰ ਕਰਦਾ ਰਿਹਾ।

ਹ.ਪੁ.—ਐਨ.ਬ੍ਰਿ.ਮਾ. 9 : 836; ਐਨ.ਐਮ. 26 : 280

**ਤੈਨਕਾਸੀ** : ਤਾਮਿਲਨਾਡੂ ਰਾਜ (ਭਾਰਤ) ਦੇ ਤਿਰੂਨੇਵਲੀ ਕਾਟਾਬੋਮਨ ਜ਼ਿਲ੍ਹੇ ਵਿਚ ਇਸੇ ਨਾਂ ਦੇ ਤਅਲੁੱਕੇ ਦਾ ਸਕਾਰ-ਮੁਕਾਮ ਹੈ ਜੋ ਤਿਰੂਨੇਵਲੀ ਸ਼ਹਿਰ ਤੋਂ 55 ਕਿ.ਮੀ. ਦੂਰ ਉੱਤਰ-ਪੂਰਬ ਵਿਚ ਦੱਖਣੀ-ਭਾਰਤੀ ਰੇਲਵੇ ਦੀ ਇਕ ਬ੍ਰਾਂਚ ਲਾਈਨ ਉਪਰ ਵਸਿਆ ਹੋਇਆ ਹੈ। ਇਹ ਕੇਰਲ ਦੇ ਕਵੀਲਨ ਸ਼ਹਿਰ ਨਾਲ ਰੇਲਾਂ ਦੁਆਰਾ ਅਤੇ ਟ੍ਰਾਵਨਕੋਰ ਖੇਤਰ ਨਾਲ ਸੜਕ ਦੁਆਰਾ ਜੁੜਿਆ ਹੋਇਆ ਹੈ। ਇਹ ਵਪਾਰਕ ਕੇਂਦਰ ਵੀ ਹੈ। ਸ਼ਹਿਰ ਦੇ ਨੇੜੇ ਹੀ 5 ਕਿ.ਮੀ. ਦੂਰ ਕੂਟਾਲੱਮ ਦਾ ਮਸ਼ਹੂਰ ਝਰਨਾ ਅਤੇ ਸੈਨੀਟੋਰੀਅਮ ਹੈ। ਇਹ ਸ਼ਹਿਰ ਇਕ ਪਵਿੱਤਰ ਅਸਥਾਨ ਵੀ ਹੈ। ਇਥੇ ਇਕ ਆਲੀਸ਼ਾਨ ਮੰਦਰ ਹੈ ਜਿਸ ਵਿਚ ਕੁਝ ਸ੍ਰੇਸ਼ਠ ਮੂਰਤੀਆਂ ਵੀ ਮੌਜੂਦ ਹਨ। ਇਸ ਸ਼ਹਿਰ ਨਾਲ ਜੁੜੇ ਕਾਸੀ (Kasi) ਸ਼ਬਦ ਤੋਂ ਭਾਵ 'ਬਨਾਰਸ' ਸ਼ਹਿਰ ਤੋਂ ਹੈ।

ਆਬਾਦੀ – 55,189 (1991)

8° 58′ ਉ. ਵਿਥ.; 77° 19′ ਪੂ. ਲੰਬ.

ਹ.ਪੁ.—ਇੰਪ. ਗ. ਇੰਡ. 23 : 281

•

**ਤੈਨਜ਼ਿਅਰ** : ਮਰਾਕੋ ਦੀ ਇਕ ਸਮੁੰਦਰੀ ਬੰਦਰਗਾਹ ਅਤੇ ਇਸੇ ਨਾਂ ਦੇ ਪ੍ਰਾਂਤ ਦਾ ਰਾਜਧਾਨੀ ਸ਼ਹਿਰ ਹੈ। ਇਹ ਸਪੇਨ ਦੇ ਦੱਖਣੀ ਸਿਰੇ ਤੋਂ 27 ਕਿ.ਮੀ. ਦੀ ਦੂਰੀ ਤੇ ਜਿਬਰਾਲਟਰ ਜਲ-ਡਮਰੂ ਉੱਤੇ ਪੈਂਦੀ ਇਕ ਖਾੜੀ ਉੱਤੇ ਵਾਕਿਆ ਹੈ।

ਪਹਿਲਾਂ ਇਸ ਨੂੰ 15ਵੀ ਸਦੀ ਈ.ਪੂ. ਦੀ ਇਕ ਫੋਨੀਸ਼ੀਅਨ ਵਪਾਰਕ ਚੌਂਕੀ ਵਜੋਂ ਜਾਣਿਆ ਜਾਂਦਾ ਸੀ। ਇਸ ਤੋਂ ਪਿੱਛੋਂ ਇਹ ਕਾਰਥਿਜੀਅਨਾਂ ਦੇ ਕਬਜ਼ੇ ਹੇਠ ਰਿਹਾ। ਫਿਰ ਇਹ ਇਕ ਰੋਮਨ ਬਸਤੀ ਬਣ ਗਿਆ ਅਤੇ ਇਸ ਦਾ ਨਾਂ ਟਿਨਜਸ (Tingis) ਰੱਖਿਆ ਗਿਆ। 42 ਈ. ਵਿਚ ਇਕ ਆਜ਼ਾਦ ਸ਼ਹਿਰ ਬਣਨ ਤੋਂ ਬਾਅਦ ਇਸ ਨੂੰ ਮਾਰਤਾਨੀਆ ਤਿੰਜਾਤੇਨਾ ਦੀ ਰਾਜਧਾਨੀ ਬਣਾਇਆ ਗਿਆ। ਪੰਜ ਸਦੀਆਂ ਤੱਕ ਰੋਮਨ ਸਾਮਰਾਜ ਦੇ ਰਾਜ ਤੋਂ ਬਾਅਦ ਇਸ ਉੱਤੇ ਉਪਰੋਂ ਥਲੀ ਵੰਡਾਲਿਆਂ, ਬਾਜ਼ਨਤੀਨੀਆਂ (Byzantins) ਅਤੇ ਅਰਬਾਂ ਦਾ ਕਬਜ਼ਾ ਰਿਹਾ। ਲਗਭਗ 705 ਈ. ਤੋਂ ਲੈ ਕੇ 1471 ਈ. ਤੱਕ ਇਹ ਸ਼ਹਿਰ ਇਸਲਾਮੀ ਬੰਸਾਂ ਅਤੇ 1662 ਈ. ਤੱਕ ਸਪੇਨੀ ਅਤੇ ਪੁਰਤਗੇਜ਼ੀ ਬੰਸਾਂ ਦੇ ਕਬਜ਼ੇ ਵਿਚ ਰਿਹਾ। ਇਸੇ ਸਾਲ (1662 ਈ.) ਬਰਾਗੈਂਸਾਂ ਦੀ ਕੈਥਰੀਨ ਦੇ ਚਾਰਲਸ ਦੂਜੇ ਨਾਲ ਵਿਆਹ ਹੋਣ ਸਮੇਂ, ਇਹ ਕੈਥਰੀਨ ਨੂੰ ਦਾਜ ਵਜੋਂ ਦੇ ਦਿੱਤਾ ਗਿਆ ਅਤੇ ਇਸ ਤਰ੍ਹਾਂ ਇਹ ਬਰਤਾਨਵੀ ਸਾਮਰਾਜ ਦਾ ਵਿਸਤ੍ਰਿਤ ਹਿੱਸਾ ਬਣ ਗਿਆ। ਚਾਰਲਸ ਦੂਜੇ ਦੇ ਰਾਜ ਕਾਲ ਦੌਰਾਨ ਇਸ ਸ਼ਹਿਰ ਦੇ ਦੁਆਲੇ ਕਈ ਕਿਲਾਬੰਦੀਆਂ ਕੀਤੀਆਂ ਗਈਆਂ। ਸੰਨ 1684 ਵਿਚ ਇਹ ਮਰਾਕੋ ਨੂੰ ਵਾਪਸ ਕਰ ਦਿੱਤਾ ਗਿਆ। 19ਵੀਂ ਸਦੀ ਦੇ ਦੌਰਾਨ ਇਹ ਮਰਾਕੋ ਦੀ ਅੰਤਰ ਰਾਜਨੀਤਕ ਰਾਜਧਾਨੀ ਬਣਿਆ। ਭਾਵੇਂ ਅਜੇ ਵੀ ਇਸ ਉਪਰ ਬਰਤਾਨਵੀ ਵਪਾਰ ਅਤੇ ਸਿਆਸੀ ਪ੍ਰਭਾਵ ਹਾਵੀ ਸਨ।

ਸੰਨ 1912 ਵਿਚ ਜਦੋਂ ਮਰਾਕੋ ਦਾ ਬਾਕੀ ਹਿੱਸਾ ਫਰਾਂਸੀਸੀ ਪ੍ਰੋਟੈਕਟੋਰੇਟ ਬਣਿਆ ਤਾਂ ਤੈਨਜ਼ਿਅਰ ਨੂੰ ਇਕ ਵਿਸ਼ੇਸ਼ ਦਰਜਾ ਦਿੱਤਾ ਗਿਆ। ਸੰਨ 1923 ਵਿਚ ਇਹ ਸਰਕਾਰੀ ਤੌਰ ਤੇ ਅੰਤਰਰਾਸ਼ਟਰੀ ਪੱਧਰ ਦਾ ਸ਼ਹਿਰ ਬਣਿਆ ਜਿਸ ਉਪਰ ਬਰਤਾਨੀਆ, ਫਰਾਂਸ, ਸਪੇਨ, ਪੁਰਤਗਾਲ, ਇਟਲੀ, ਬੈਲਜੀਅਮ, ਨੀਦਰਲੈਂਡਜ਼, ਸਵੀਡਨ ਅਤੇ ਬਾਅਦ ਵਿਚ ਸੰਯੁਕਤ ਰਾਜ ਦੇ ਨੁਮਾਇੰਦਿਆਂ ਦੇ ਇਕ ਕਮਿਸ਼ਨ ਨੇ ਸ਼ਾਸਨ ਚਲਾਇਆ। ਸੰਨ 1956 ਵਿਚ ਆਜ਼ਾਦ ਮਰਾਕੋ ਦੇ ਰਾਜ ਵਿਚ ਮਿਲਣ ਤੱਕ ਤੈਨਜ਼ਿਅਰ ਇਕ ਅੰਤਰ-ਰਾਸ਼ਟਰੀ ਜ਼ੋਨ ਰਿਹਾ। ਦੂਜੀ ਵੱਡੀ ਜੰਗ ਦੌਰਾਨ ਇਸ ਉੱਤੇ ਥੋੜ੍ਹੇ ਜਿਹੇ ਸਮੇਂ ਲਈ ਸਪੇਨ ਨੇ ਵੀ ਆਪਣਾ ਕਬਜ਼ਾ ਕਰ ਲਿਆ ਸੀ।

ਇਹ ਸ਼ਹਿਰ ਖੜੀਆਲਾ ਚੂਨਾ ਪੱਥਰ ਦੀ ਇਕ ਪਹਾੜੀ ਦੀਆਂ ਢਲਾਣਾਂ ਉੱਤੇ ਬਣਿਆ ਹੋਇਆ ਹੈ। ਪੁਰਾਣੇ ਸ਼ਹਿਰ ਦੇ ਦੁਆਲੇ 15ਵੀਂ ਸਦੀ ਦੀਆਂ ਬਣੀਆਂ ਹੋਈਆਂ ਫਸੀਲਾਂ ਹਨ। ਇਹ ਸੁਲਤਾਨ ਦੇ ਮਹਿਲ, (ਜਿਥੇ ਅੱਜ-ਕੱਲ੍ਹ ਮਰਾਕੋ ਦੀ ਕਲਾ ਦੇ ਨਮੂਨਿਆਂ ਦਾ ਅਜਾਇਬ ਘਰ ਹੈ) ਅਤੇ ਵੱਡੀ ਮਸਜਿਦ (Great Mosque) ਕਰਕੇ ਵੀ ਕਾਫ਼ੀ ਪ੍ਰਸਿੱਧ ਹੈ। ਸੰਨ 1962 ਤੋਂ ਤੈਨਜ਼ਿਅਰ ਸ਼ਾਹੀ ਘਰਾਣਿਆਂ ਲਈ ਗਰਮੀਆਂ ਦੀ ਰਿਹਾਇਸ਼ ਦਾ ਅਸਥਾਨ ਬਣਿਆ ਹੋਇਆ ਹੈ। ਸੰਨ 1968 ਵਿਚ ਇਥੇ ਅਮਰੀਕਾ ਦੀ ਯੂਨੀਵਰਸਿਟੀ ਅਤੇ 1971 ਈ. ਵਿਚ ਉੱਤਰੀ ਅਫ਼ਰੀਕਾ ਦੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਤੈਨਜ਼ਿਅਰ ਇਕ ਪ੍ਰਸਿੱਧ ਬੰਦਰਗਾਹ ਅਤੇ ਵਪਾਰਕ ਕੇਂਦਰ ਹੋਣ ਕਰਕੇ ਸੜਕਾਂ ਅਤੇ ਰੇਲਾਂ ਰਾਹੀਂ ਮਰਾਕੋ ਦੇ ਦੂਜੇ ਵੱਡੇ ਸ਼ਹਿਰਾਂ-ਫੈਸ (Fes), ਮੈਕਨੈਸ (Meckness), ਰਬਾਤ (Rabat) ਅਤੇ ਕੈਸਾਬਲੈਂਗਕਾ (Casablanca) ਨਾਲ ਅਤੇ ਸਮੁੰਦਰੀ ਰਸਤਿਓਂ ਯੂਰਪ ਨਾਲ ਜੁੜਿਆ ਹੋਇਆ ਹੈ।

ਇਥੇ ਇਕ ਪ੍ਰਸਿੱਧ ਅੰਤਰਰਾਸ਼ਟਰੀ ਹਵਾਈ ਅੱਡਾ ਵੀ ਹੈ। ਇਥੋਂ ਦੇ ਨਿਰਮਾਣ ਧੰਦੇ, ਮੱਛੀਆਂ ਫੜਣ ਦਾ ਕੰਮ ਅਤੇ ਸੂਤੀ ਕਪੜੇ ਦਾ ਉਦਯੋਗ (ਵਿਸ਼ੇਸ਼ ਕਰਕੇ ਕਾਲੀਨ) ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਇਥੋਂ ਦੇ ਲੋਕ ਜ਼ਿਆਦਾ ਕਰਕੇ ਸਬਜ਼ੀਆਂ ਉਗਾਉਣ ਅਤੇ ਮੁਰਗੀ ਪਾਲਣ ਦਾ ਧੰਦਾ ਕਰਦੇ ਹਨ।

ਆਬਾਦੀ – 2,66,346 (1982)

35°52′ ਉ. ਵਿਥ.; 5°55′ ਪੱ. ਲੰਬ.

ਹ.ਪੁ.—ਐਨ. ਬ੍ਰਿ.ਮਾ. 11 : 542

**ਤੈਮੂਰ** : ਇਹ ਪਰਸ਼ੀਆ ਅਤੇ ਅਫ਼ਗਨਿਸਤਾਨ ਦਾ ਬਾਦਸ਼ਾਹ ਸੀ। ਇਸ ਨੂੰ ਤਿਮਰਲੰਗ ਦੇ ਨਾਂ ਨਾਲ ਵੀ ਜਾਣਿਆ

ਜਾਂਦਾ ਹੈ। ਇਸ ਦਾ ਜਨਮ ਟ੍ਰਾਂਸ-ਆਕਸੀਆਨਾ ਦੇ ਨਗਰ ਸ਼ਹਰ-ਏ-ਸਬਜ਼ ਵਿਖੇ 1336 ਈ. ਵਿਚ ਹੋਇਆ। ਇਹ ਬਾਰਲਸ ਤੁਰਕ ਘਰਾਣੇ ਨਾਲ ਸਬੰਧ ਰੱਖਦਾ ਸੀ। ਸੰਨ 1369 ਵਿਚ ਸਮਰਕੰਦ ਦੇ ਤਖ਼ਤ ਉਪਰ ਬੈਠਣ ਪਿੱਛੋਂ ਇਸ ਨੇ ਛੇਤੀ ਹੀ ਪਰਸ਼ੀਆ ਅਤੇ ਅਫ਼ਗਾਨਿਸਤਾਨ ਨੂੰ ਜਿੱਤ ਕੇ ਆਪਣੇ ਕਬਜ਼ੇ ਅਧੀਨ ਕਰ ਲਿਆ। ਇਸ ਦਾ ਅਸਲੀ ਨਾਂ ਅਮੀਰ ਤੈਮੂਰ ਸੀ ਪਰ ਲੜਾਈ ਵਿਚ ਲੱਤ ਉੱਤੇ ਤੀਰ ਵੱਜਣ ਨਾਲ ਇਹ ਲੰਗੜਾ ਹੋ ਗਿਆ ਜਿਸ ਕਰਕੇ ਇਤਿਹਾਸ ਵਿਚ ਤਿਮਰਲੰਗ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਸ ਨੇ ਆਪਣੇ ਜੀਵਨ ਦਾ ਲੰਬਾ ਸਮਾਂ ਲੜਾਈਆਂ ਲੜਨ ਵਿਚ ਬਿਤਾਇਆ ਜਿਸਦੇ ਫਲਸਰੂਪ ਇਹ ਇਕ ਵੱਡੇ ਸਾਮਰਾਜ ਦਾ ਹਾਕਮ ਬਣਿਆ ਜਿਸ ਵਿਚ ਟ੍ਰਾਂਸ-ਆਕਸੀਆਨਾ, ਤੁਰਕਿਸਤਾਨ, ਅਫ਼ਗਾਨਿਸਤਾਨ, ਪਰਸ਼ੀਆ, ਸੀਰੀਆ, ਕੁਰਦਿਸਤਾਨ ਅਤੇ ਏਸ਼ੀਆ ਮਾਈਨਰ ਦਾ ਵੱਡਾ ਹਿੱਸਾ ਸ਼ਾਮਿਲ ਸੀ। ਆਪਣੇ ਰਾਜ ਦੇ ਅੰਤਲੇ ਸਾਲਾਂ ਵਿਚ ਇਸਨੇ ਭਾਰਤ ਉੱਤੇ ਹਮਲਾ ਕਰਨ ਦੀ ਯੋਜਨਾ ਵੀ ਬਣਾਈ। ਤੈਮੂਰ ਨੇ ਆਪਣੀ ਸਵੈ-ਜੀਵਨੀ ਵਿਚ ਭਾਰਤ ਉੱਤੇ ਹਮਲਾ ਕਰਨ ਦਾ ਮੁੱਖ ਉਦੇਸ਼ ਕਾਫ਼ਰਾਂ ਨੂੰ ਮਾਰਕੇ ਗਾਜ਼ੀ ਦੀ ਉਪਾਧੀ ਲੈਣਾ ਦੱਸਿਆ ਜਾਂਦਾ ਹੈ।

ਸੰਨ 1397 ਵਿਚ ਇਸਨੇ ਆਪਣੇ ਪੋਤਰੇ, ਪੀਰ ਮੁਹੰਮਦ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਭੇਜਿਆ ਅਤੇ ਉਹ ਉੱਚ ਅਤੇ ਮੁਲਤਾਨ ਉੱਤੇ ਕਬਜ਼ਾ ਕਰਨ ਵਿਚ ਸਫ਼ਲ ਹੋਇਆ। 1 ਮਾਰਚ, 1398 ਈ. ਨੂੰ ਤੈਮੂਰ ਨੇ ਖ਼ੁਦ 92,000 ਘੋੜ-ਸਵਾਰਾਂ ਨਾਲ ਭਾਰਤ ਉੱਤੇ ਹਮਲਾ ਕਰਨ ਲਈ ਸਮਰਕੰਦ ਤੋਂ ਕੂਚ ਕੀਤਾ। ਸਤੰਬਰ, 1398 ਈ. ਨੂੰ ਇਸ ਨੇ ਦਰਿਆ ਸਿੰਧ ਨੂੰ ਪਾਰ ਕੀਤਾ ਅਤੇ ਜਿਹਲਮ ਅਤੇ ਚਨਾਬ ਵਿਚਕਾਰ ਇਸ ਨੇ ਬਹੁਤ ਸਾਰੇ ਸਥਾਨਕ ਹਾਕਮਾਂ ਨੂੰ ਹਰਾਇਆ। ਛੇਤੀ ਹੀ ਇਸ ਨੇ ਤੁਲੰਬਾ, ਦੀਪਾਲਪੁਰ ਅਤੇ ਸਮਾਣਾ ਉੱਤੇ ਕਬਜ਼ਾ ਕਰ ਲਿਆ। ਇਸ ਨੇ ਦਿੱਲੀ ਵੱਲ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਪੁਜੀਸ਼ਨ ਨੂੰ ਪੰਜਾਬ ਵਿਚ ਪੱਕਾ ਕੀਤਾ। ਇਸ ਨੇ ਅਮੀਰ ਸ਼ਾਹ ਮਲਿਕ ਅਤੇ ਦੌਲਤ ਤਵਾਚੀ ਦੀ ਕਮਾਂਡ ਹੇਠ ਆਪਣੀ ਮੁੱਖ ਫ਼ੌਜ ਨੂੰ ਦੀਪਾਲਪੁਰ ਅਤੇ ਸਮਾਣਾ ਦੇ ਰਸਤਿਓਂ ਦਿੱਲੀ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਅਤੇ ਆਪ ਪਾਕਪਟਨ ਦੇ ਰਸਤਿਓਂ ਸ਼ੇਖ਼ ਫ਼ਰੀਦ-ਉੱਦ-ਦੀਨ ਗੰਜ-ਏ-ਸ਼ਕਰ ਦੇ ਮਕਬਰੇ ਦੇ ਦਰਸ਼ਨ ਕਰਦਾ ਹੋਇਆ ਦਿੱਲੀ ਵੱਲ ਵਧਣ ਲੱਗਿਆ। ਇਸ ਸਮੇਂ ਭਟਨੇਰ ਦਾ ਹਾਕਮ, ਭੱਟੀ ਰਾਜਪੂਤ ਦੂਲ ਚੰਦ ਹੁੰਦਾ ਸੀ। ਭਟਨੇਰ ਦਾ ਕਿਲਾ ਭਾਰਤ ਦੇ ਬਹੁਤ ਹੀ ਮਜ਼ਬੂਤ ਕਿਲਿਆਂ ਵਿਚੋਂ ਗਿਣਿਆ ਜਾਂਦਾ ਸੀ। ਤੈਮੂਰ ਨੇ ਭਟਨੇਰ ਦੇ ਇਸ ਕਿਲੇ ਉੱਤੇ ਵੀ ਕਬਜ਼ਾ ਕੀਤਾ ਅਤੇ 500 ਦੇ ਕਰੀਬ ਲੋਕਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰਵਾ ਦਿੱਤਾ। ਭਟਨੇਰ ਉੱਤੇ ਤੈਮੂਰ ਦਾ ਕਬਜ਼ਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਭਟਨੇਰ ਤੋਂ ਇਹ ਫ਼ੀਰੋਜ਼ਾਬਾਦ, ਆਰੋਨੀ ਅਤੇ ਟੋਹਾਣੇ ਰਾਹੀਂ ਹੁੰਦਾ ਹੋਇਆ ਸਰਸਾ ਪਹੁੰਚ ਕੇ ਆਪਣੀ ਮੁੱਖ ਫ਼ੌਜ ਨਾਲ ਜਾ ਮਿਲਿਆ।

10 ਦਸੰਬਰ, 1398 ਨੂੰ ਇਸ ਨੇ ਦਿੱਲੀ ਉੱਤੇ ਹਮਲਾ ਬੋਲ ਦਿੱਤਾ ਅਤੇ ਆਪਣੇ ਸੈਨਿਕਾਂ ਨੂੰ ਕਤਲੇਆਮ ਕਰਨ ਦਾ ਹੁਕਮ ਦੇ ਦਿੱਤਾ। ਦਿੱਲੀ ਦਾ ਕਮਜ਼ੋਰ ਸੁਲਤਾਨ ਮਹਿਮੂਦ ਹਾਰ ਜਾਣ ਉਪਰੰਤ ਭੱਜ ਗਿਆ ਅਤੇ ਇਕ ਲੱਖ ਹਿੰਦੂਆਂ ਨੂੰ ਬਹੁਤ ਹੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਤਿਹਾਸ ਵਿਚ ਬੇਰਹਿਮੀ ਦੀ ਸ਼ਾਇਦ ਇਹ ਸਭ ਤੋਂ ਵੱਡੀ ਘਟਨਾ ਸੀ ਜਦੋਂ ਇੰਨੀ ਵੱਡੀ ਗਿਣਤੀ ਵਿਚ ਨਿਹੱਥੇ ਨਰ, ਨਾਰੀਆ ਅਤੇ ਬੱਚਿਆਂ ਨੂੰ ਮਾਰਿਆ ਗਿਆ। ਹੁਣ ਇਸ ਨੇ ਦਿੱਲੀ ਉੱਤੇ ਕਬਜ਼ਾ ਕਰਕੇ ਆਪਣੇ ਆਪ ਨੂੰ ਭਾਰਤ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਦਿੱਲੀ ਦੇ ਤਖ਼ਤ ਤੇ ਇਹ ਸਿਰਫ਼ 15 ਕੁ ਦਿਨ ਹੀ ਬੈਠਿਆ। ਥੋੜ੍ਹੇ ਜਿਹੇ ਅਰਸੇ ਦੌਰਾਨ ਇਸ ਨੇ ਬਹੁਤ ਵੱਡੀ ਦੌਲਤ ਦੇ ਲੁੱਟਣ ਦੇ ਨਾਲ-ਨਾਲ ਹਜ਼ਾਰਾਂ ਔਰਤਾਂ ਅਤੇ ਕਾਰੀਗਰਾਂ ਨੂੰ ਆਪਣੇ ਨਾਲ ਸਮਰਕੰਦ ਲੈ ਜਾਣ ਲਈ ਬੰਦੀ ਬਣਾ ਲਿਆ ਅਤੇ ਪਿੱਛੋਂ ਮੇਰਠ, ਹਰਦੁਆਰ ਆਦਿ ਥਾਵਾਂ ਤੇ ਲੁੱਟਮਾਰ ਕਰਦਾ ਹੋਇਆ ਅੰਬਾਲੇ ਪਹੁੰਚਿਆ। ਇਥੋਂ ਇਹ ਸ਼ਿਵਾਲਕ ਪਹਾੜੀ ਇਲਾਕਿਆਂ ਨੂੰ ਜਿੱਤਦਾ ਅਤੇ ਲੁੱਟ-ਮਾਰ ਕਰਦਾ ਹੋਇਆ ਜੰਮੂ ਪਹੁੰਚ ਗਿਆ। ਇਸ ਤਰ੍ਹਾਂ ਉੱਤਰੀ ਭਾਰਤ ਵਿਚ ਹਮਲੇ ਕਰਨ ਅਤੇ ਇਥੋਂ ਦੇ ਨਗਰਾਂ ਨੂੰ ਲੁੱਟਣ ਵਿਚ ਲਗਭਗ ਇਕ ਸਾਲ ਲਗ ਗਿਆ ਜਿਸ ਦੌਰਾਨ ਇਸਨੇ ਹਜ਼ਾਰਾਂ ਹਿੰਦੂਆਂ ਦਾ ਕਤਲ ਕੀਤਾ। ਵਾਪਸੀ ਸਮੇਂ ਲਾਹੌਰ, ਮੁਲਤਾਨ ਅਤੇ ਦੀਪਾਲਪੁਰ ਦੇ ਇਲਾਕਿਆਂ ਨੂੰ ਆਪਣੇ ਵਿਸ਼ਵਾਸਯੋਗ ਲੈਫਟੀਨੈਂਟ ਖਿਜ਼ਰ ਖ਼ਾਨ ਦੇ ਹਵਾਲੇ ਕਰਕੇ ਸਮਰਕੰਦ ਨੂੰ ਮੁੜ ਗਿਆ।

ਇਸ ਦੇ ਭਾਰਤ ਉੱਤੇ ਹਮਲੇ ਦੇ ਕਾਫ਼ੀ ਡੂੰਘੇ ਪ੍ਰਭਾਵ ਪਏ। ਇਸ ਦੇ ਹਮਲਿਆਂ ਦੇ ਨਤੀਜੇ ਵਜੋਂ ਤੁਗਲਕ ਬੰਸ ਦਾ ਅੰਤ ਹੋ ਗਿਆ ਅਤੇ ਦੇਸ਼ ਵਿਚ ਰਾਜਨੀਤਿਕ ਅਸਥਿਰਤਾ ਆ ਗਈ। ਦੇਸ਼ ਦੀ ਆਰਥਿਕ ਹਾਲਤ ਇੰਨੀ ਖ਼ਰਾਬ ਹੋ ਗਈ ਕਿ ਦੇਸ਼ ਵਿਚ ਕਾਲ ਪੈ ਗਿਆ।

ਦਿੱਲੀ ਅਤੇ ਇਸਦੇ ਇਰਦ-ਗਿਰਦ ਵੱਡੀ ਗਿਣਤੀ ਵਿਚ ਕਤਲੇਆਮ ਹੋਣ ਕਰਕੇ ਵਾਤਾਵਰਣ ਵੀ ਦੂਸ਼ਿਤ ਹੋ ਗਿਆ ਸੀ। ਇਸਦੇ ਹਮਲੇ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਵੀ ਪਿਆ ਕਿ ਦਿੱਲੀ ਸ਼ਹਿਰ ਆਪਣੀ ਪਹਿਲਾਂ ਵਾਲੀ ਸ਼ਾਨ ਫਿਰ ਕਦੇ ਪ੍ਰਾਪਤ ਨਾ ਕਰ ਸਕਿਆ।

ਇਸ ਦੀ ਮੌਤ ਫਰਵਰੀ, 1405 ਨੂੰ ਚਿਮਕੈਂਤ (Chimkent) ਦੇ ਸਥਾਨ ਤੇ ਹੋਈ।

ਹ.ਪੁ.—ਦੀ ਦਿੱਲੀ ਸਲਤਨਤ : ਆਰ.ਸੀ. ਮਜੂਮਦਾਰ : 116-123; ਮੀਡਿਅਵਲ ਹਿਸਟਰੀ ਆਫ ਇੰਡੀਆ -ਮੀਰਾ ਸਿੰਘ : 127-128; ਪੰਜਾਬ ਅੰਡਰ ਦੀ ਸੁਲਤਾਨ - ਬੀ.ਐਸ. ਨਿੱਜਰ

—ਡਾ. ਮਹਿੰਦਰ ਸਿੰਘ

**ਤੈਰਾਕੀ** : ਤੈਰਾਕੀ ਸਾਰੇ ਸੰਸਾਰ ਵਿਚ ਮਨੋਰੰਜਨ ਲਈ ਅਤੇ ਮੁਕਾਬਲੇ ਦੀਆਂ ਖੇਡਾਂ ਲਈ ਪ੍ਰਸਿੱਧ ਹੈ। ਇਹ ਮਨੁੱਖ ਦੀਆਂ ਪੁਰਾਤਨ ਸਰੀਰਕ ਖੇਡਾਂ ਵਿਚੋਂ ਇਕ ਹੈ। ਪੁਰਾਤਨ ਤਸਵੀਰਾਂ ਅਤੇ ਪੁਰਾਤਨ ਸ਼ਿਲਪ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਘੱਟੋ ਘੱਟ 2000 ਸਾਲ ਤੋਂ ਤੈਰਾਕੀ ਦੀ ਖੇਡ ਖੇਡੀ ਜਾਂਦੀ ਰਹੀ ਹੈ। ਆਧੁਨਿਕ ਤੈਰਾਕੀ ਦੀ ਖੇਡ ਅੰਗਰੇਜ਼ਾਂ ਦੁਆਰਾ ਵਿਕਸਿਤ ਹੋਈ। ਸਭ ਤੋਂ ਪਹਿਲਾਂ ਤੈਰਨ ਸਬੰਧੀ ਤਲਾਬ, 1828 ਵਿਚ ਲਿਵਰਪੂਲ ਵਿਖੇ ਬਣਾਇਆ ਗਿਆ ਅਤੇ ਬ੍ਰੈਸਟ ਸਟਰੋਕ ਵਾਲਾ ਪਹਿਲਾ ਮੁਕਾਬਲਾ ਲੰਡਨ ਵਿਖੇ 1837 ਵਿਚ ਕਰਵਾਇਆ ਗਿਆ।

ਸੰਨ 1860 ਤੋਂ ਲੰਡਨ ਵਿਖੇ ਤੈਰਾਕੀ ਕਲੱਬਾਂ ਵਿਚ ਅੰਤਰ ਕਲੱਬ ਕੰਪੀਟੀਸ਼ਨ ਕਰਵਾਏ ਜਾਣ ਲਗੇ। ਸੰਨ 1869 ਵਿਚ ਮੈਟਰੋਪਾਲੀਟਨ ਤੈਰਾਕੀ ਐਸੋਸੀਏਸ਼ਨ ਜਿਸ ਨੂੰ ਬਾਅਦ ਵਿਚ ਲੰਡਨ ਤੈਰਾਕੀ ਐਸੋਸੀਏਸ਼ਨ ਕਿਹਾ ਜਾਣ ਲਗਾ, ਸਥਾਪਿਤ ਹੋ ਗਈ। ਇਹ ਐਸੋਸੀਏਸ਼ਨ ਮੁਕਾਬਲਿਆਂ ਦੀ ਨਿਗਰਾਨੀ ਕਰਦੀ ਸੀ। ਸਾਈਡ ਸਟਰੋਕ ਨੇ ਫੇਰ ਬ੍ਰੈਸਟ ਸਟਰੋਕ ਦਾ ਸਥਾਨ ਲੈ ਲਿਆ।

ਅੱਜ ਸਾਰੇ ਸੰਸਾਰ ਵਿਚ ਤੈਰਾਕੀ ਮੁਕਾਬਲਿਆਂ ਦਾ ਕੰਟਰੋਲ ਸਥਾਨਕ, ਖੇਤਰੀ, ਕੌਮੀ ਅਤੇ ਅੰਤਰ-ਰਾਸ਼ਟਰੀ ਤੈਰਾਕੀ ਸੰਗਠਨਾਂ ਦੁਆਰਾ ਕੀਤਾ ਜਾਂਦਾ ਹੈ। ਤੈਰਾਕੀ ਦੀਆਂ ਸਭ ਤੋਂ ਅਹਿਮ ਸਟਰੋਕਾਂ ਇਸ ਪ੍ਰਕਾਰ ਹਨ : ਕਰੌਲ, ਬੈਕ ਸਟਰੋਕ, ਬ੍ਰੈਸਟ ਸਟਰੋਕ ਅਤੇ ਸਾਈਡ ਸਟਰੋਕ। ਲੰਬੀ ਤੈਰਾਕੀ ਵਿਚ ਮੁੱਖ ਤੌਰ ਤੇ ਬਟਰਫਲਾਈ

ਸਟਰੋਕ ਵਰਤੀ ਜਾਂਦੀ ਹੈ। ਸਾਰੀਆਂ ਸਟਰੋਕਾਂ ਵਿਚ ਕਰੱਲ ਜਾਂ ਫਰੀ ਸਟਾਈਲ ਸਟਰੋਕ ਸਭ ਤੋਂ ਤੇਜ਼ ਹੁੰਦੀ ਹੈ। ਇਸ ਵਿਚ ਸਰੀਰ ਨੂੰ ਪਾਣੀ ਦੀ ਸਤਹ ਉਪਰ ਚੌਫਾਲ ਰੱਖਣਾ ਹੁੰਦਾ ਹੈ ਅਤੇ ਇਸ ਵਿਚ ਬਾਹਵਾਂ ਅਤੇ ਲੱਤਾਂ ਦਾ ਇਸਤੇਮਾਲ ਬਦਲਵੇਂ ਰੂਪ ਵਿਚ ਕਰਨਾ ਪੈਂਦਾ ਹੈ ਅਤੇ ਹੌਲੀ ਹੌਲੀ ਸਾਹ ਲੈਣਾ ਪੈਂਦਾ ਹੈ। ਇਸ ਵਿਚ ਕਿੱਕ ਮੁੱਖ ਰੂਪ ਵਿਚ ਤੇਜ਼ੀ ਲਿਆਉਣ ਦਾ ਕੰਮ ਕਰਦੀ ਹੈ। ਇਸ ਵਿਚ ਬਾਹਾਂ ਇਸ ਪ੍ਰਕਾਰ ਚਲਦੀਆਂ ਹਨ ਕਿ ਇਕ ਪਾਣੀ ਦੇ ਥੱਲੇ ਹੁੰਦੀ ਹੈ ਅਤੇ ਦੂਜੀ ਉਪਰ ਆ ਜਾਂਦੀ ਹੈ। ਪਾਣੀ ਨੂੰ ਧੱਕਣ ਵਾਲੀ ਬਾਂਹ ਤਕਰੀਬਨ ਸਿੱਧੀ ਹੀ ਹੁੰਦੀ ਹੈ, ਜਦੋਂ ਹੱਥ ਪਾਣੀ ਅੰਦਰ ਜਾਂਦਾ ਹੈ। ਪਾਣੀ ਨੂੰ ਧੱਕਣ ਦੇ ਦਰਮਿਆਨ ਤੈਰਾਕ ਦੀ ਕੂਹਣੀ ਝੁੱਕ ਕੇ 90° ਤੇ ਪਹੁੰਚ ਜਾਂਦੀ ਹੈ ਅਤੇ ਸਟਰੋਕ ਪੂਰੀ ਹੋਣ ਉੱਤੇ ਉਹ ਬਾਂਹ ਫੇਰ ਤੋਂ ਸਿੱਧੀ ਹੋ ਜਾਂਦੀ ਹੈ। ਦੋਹਾਂ ਬਾਹਾਂ ਦਾ ਅਜਿਹਾ ਤਾਲਮੇਲ ਹੁੰਦਾ ਹੈ ਕਿ ਜਦੋਂ ਉਨ੍ਹਾਂ 'ਚੋਂ ਇਕ ਬਾਹ ਆਪਣੀ ਸਟਰੋਕ ਪੂਰੀ ਕਰ ਲੈਂਦੀ ਹੈ ਤਾਂ ਦੂਜੀ ਬਾਂਹ ਉਸਦੇ ਸਥਾਨ ਤੇ ਪਹੁੰਚ ਜਾਂਦੀ ਹੈ। ਇਹ ਕਿਰਿਆ ਇਸੇ ਪ੍ਰਕਾਰ ਚਲਦੀ ਰਹਿੰਦੀ ਹੈ।

ਤੈਰਾਕ ਸਾਹ ਲੈਣ ਲਈ ਆਪਣਾ ਸਿਰ ਦੋਨੋਂ ਪਾਸੇ ਘੁੰਮਾਉਂਦਾ ਹੈ, ਜਦੋਂ ਇਕ ਸਟਰੋਕ ਖ਼ਤਮ ਹੋ ਜਾਂਦੀ ਹੈ ਤਾਂ ਇਕ ਪਾਸੇ ਨੂੰ ਸਾਹ ਲੈਂਦਾ ਹੈ। ਜਦੋਂ ਦੂਜੀ ਸਟਰੋਕ ਖ਼ਤਮ ਹੁੰਦੀ ਹੈ ਤਾਂ ਦੂਜੇ ਪਾਸੇ ਸਾਹ ਲੈਂਦਾ ਹੈ। ਜਦੋਂ ਤੱਕ ਉਸਦਾ ਹੱਥ ਉਸਦੇ ਸਾਹਮਣੇ ਵਾਲੇ ਪਾਣੀ ਤਕ ਨਹੀਂ ਪਹੁੰਚਦਾ, ਉਹ ਆਪਣਾ ਚਿਹਰਾ ਪਾਣੀ ਵੱਲ ਮੋੜ ਲੈਂਦਾ ਹੈ ਅਤੇ ਨੱਕ ਤੇ ਮੂੰਹ ਦੋਹਾਂ ਦੇ ਰਾਹੀਂ ਸਾਹ ਲੈਂਦਾ ਰਹਿੰਦਾ ਹੈ। ਉਹ ਦੋਵਾਂ ਬਾਂਹਵਾਂ ਦੇ ਸਟਰੋਕ ਵਿਚੋਂ ਕੇਵਲ ਇਕ ਦੇ ਸਮੇਂ ਹੀ ਸਾਹ ਲੈਂਦਾ ਹੈ।

**ਬੈਕ ਸਟਰੋਕ** — ਇਸ ਵਿਚ ਤੈਰਣ ਵਾਲਾ ਪਾਣੀ ਤੇ ਪੱਧਰਾ ਹੋ ਕੇ ਲੇਟਦਾ ਹੈ। ਉਸ ਦਾ ਸਿਰ ਥੋੜ੍ਹਾ ਉਠਿਆ ਰਹਿੰਦਾ ਹੈ। ਇਸ ਵਿਚ ਬਾਂਹ ਦੇ ਐਕਸ਼ਨ 'ਪੁਲ' ਅਤੇ 'ਰਿਕਵਰੀ' ਬਦਲਵੇਂ ਰੂਪ ਵਿਚ ਹੁੰਦੇ ਹਨ। ਤੈਰਾਕ ਨੂੰ ਨਿਮਨ ਲਿਖਤ ਕਿਰਿਆ ਕਰਨੀ ਪੈਂਦੀ ਹੈ।

1. ਦੋਵੇਂ ਹੱਥ ਮੋੜਕੇ ਲੱਕ ਦੇ ਵਲ ਕਰ ਲੈਣੇ ਅਤੇ ਦੋਵੇਂ ਪੈਰ ਢਿੱਲੇ ਰੱਖਕੇ ਨਜ਼ਦੀਕ ਕਰ ਲੈਣੇ।
2. ਪਾਣੀ ਵਿਚ ਸਿਰ ਦੇ ਉਪਰ ਹੱਥ ਸਿਧੇ ਕਰਨਾ ਅਤੇ ਨਾਲ ਹੀ ਨਾਲ ਗਿਟਿਆਂ ਤੋਂ ਥੱਲੇ ਪੈਰ ਹਿਲਾ ਕੇ ਸਿਧੇ ਕਰਨਾ।
3. ਕੈਂਚੀ ਵਰਗੇ ਪੈਰ ਇਕਠੇ ਕਰਕੇ ਦੋਵੇਂ ਹੱਥ ਪਾਣੀ ਵਿਚ ਹਿਲਾਕੇ ਸਰੀਰ ਦੇ ਨਜ਼ਦੀਕ ਪਾਣੀ ਨੂੰ ਦਬਾਉਂਦੇ ਦਬਾਉਂਦੇ ਲਿਆਉਣਾ।
4. ਇਸੇ ਸਥਿਤੀ ਵਿਚ ਸਰੀਰ ਨੂੰ ਢਿੱਲਾ ਰੱਖਕੇ ਅੱਗੇ ਵਧਾਉਣਾ। ਇਸ ਸਟਰੋਕ ਵਿਚ ਸਾਹ ਲੈਣ ਲਈ ਕੋਈ ਖਾਸ ਕਿਰਿਆ ਨਹੀਂ ਕਰਨੀ ਪੈਂਦੀ।

ਇਸ ਸਟਰੋਕ ਅੰਦਰ ਛੇ ਬੀਟ ਦੀ ਕਿੱਕ ਹੁੰਦੀ ਹੈ। ਪਾਣੀ ਵਿਚ ਬਾਂਹ ਬਿਲਕੁਲ ਮੋਢੇ ਦੀ ਸੇਧ ਵਿਚ ਜਾਣੀ ਚਾਹੀਦੀ ਹੈ। ਜਦੋਂ ਪੁਲ ਕੀਤਾ ਜਾਂਦਾ ਹੈ ਤਾਂ ਬਾਂਹ ਬਿਲਕੁਲ ਸਿੱਧੀ ਹੁੰਦੀ ਹੈ ਅਤੇ ਫੇਰ ਕੂਹਣੀ ਉੱਤੇ ਆ ਕੇ ਹੱਥ ਝੁੱਕ ਜਾਂਦਾ ਹੈ, ਜਦੋਂ ਤੱਕ ਕਿ ਪਿਛਲੀ 'ਪੁਲ' ਅੱਧੀ ਪੂਰੀ ਨਹੀਂ ਹੋ ਜਾਂਦੀ। ਇਸ ਮੌਕੇ ਤੇ ਆ ਕੇ ਬਾਂਹ ਫੈਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਤੈਰਾਕ ਆਪਣੀ ਸਿੱਧੀ ਬਾਂਹ ਦੇ ਨਾਲ 'ਪੁਲ' ਨੂੰ ਥੱਲੇ ਕਰਕੇ ਪੂਰਾ ਕਰ ਲੈਂਦਾ ਹੈ। ਹੇਠਲੀ ਬੀਟ ਦੇ ਸਮੇਂ ਗੋਡੇ ਬਿਲਕੁਲ ਸਿੱਧੇ ਹੁੰਦੇ ਹਨ। ਤੈਰਾਕ ਆਪਣੇ ਸਿਰ ਦਾ ਪਿਛਲਾ ਹਿੱਸਾ ਪਾਣੀ ਵਿਚ ਰੱਖਦਾ ਹੈ ਅਤੇ ਇਕ ਵਾਰੀ ਸਾਹ ਲੈਂਦਾ ਹੈ ਅਤੇ ਹਰੇਕ ਬਾਂਹ ਦੇ ਚਲਣ ਨਾਲ ਫੇਰ ਸਾਹ ਲੈਂਦਾ ਹੈ।

**ਬ੍ਰੈਸਟ ਸਟਰੋਕ** — ਇਸ ਵਿਚ ਫਲੈਟ ਪੁਜ਼ੀਸ਼ਨ 'ਚ ਲੱਤਾਂ ਅਤੇ ਬਾਂਹਾਂ ਨੂੰ ਫੈਲਾਇਆ ਜਾਂਦਾ ਹੈ ਅਤੇ ਹਥੇਲੀਆਂ ਨੂੰ ਬਾਹਰ ਨੂੰ ਰੱਖਿਆ ਜਾਂਦਾ ਹੈ ਜਿਵੇਂ ਹੀ ਉਸਦੇ ਹੱਥ ਥੱਲੇ ਨੂੰ ਅਤੇ ਉਪਰ ਨੂੰ ਦੱਬਦੇ ਹਨ ਤਾਂ ਉਹ ਨੱਕ ਅਤੇ ਮੂੰਹ ਨਾਲ ਸਾਹ ਲੈਂਦਾ ਹੈ। ਆਪਣੀ ਬਾਂਹ ਦੇ ਪੁਲ ਨੂੰ ਪੂਰਾ ਕਰਨ ਤੋਂ ਪਹਿਲਾਂ, ਉਹ ਫੇਰ ਆਪਣੇ ਗੋਡਿਆਂ ਨੂੰ ਝੁਕਾ ਕੇ ਲੱਤ ਦੀ ਕਿਰਿਆ ਸ਼ੁਰੂ ਕਰਦਾ ਹੈ। ਫੇਰ ਉਹ ਆਪਣੇ ਸਿਰ ਨੂੰ ਪਾਣੀ ਹੇਠਾਂ ਕਰ ਲੈਂਦਾ ਹੈ, ਜਿਵੇਂ ਹੀ ਉਹ ਆਪਣੀਆਂ ਅੱਡੀਆਂ ਨੂੰ ਆਪਣੇ ਪਿੱਛੇ ਦੇ ਬਰਾਬਰ ਲਿਆਂਦਾ ਹੈ। ਉਹ ਆਪਣੇ ਹੱਥਾਂ ਨੂੰ ਪਾਣੀ ਦੇ ਅੰਦਰ ਹੀ ਮੋੜਦਾ ਹੈ, ਆਪਣੀਆਂ ਬਾਂਹਵਾਂ ਨੂੰ ਅੱਗੇ ਨੂੰ ਫੈਲਾਉਂਦਾ ਹੈ ਅਤੇ ਆਪਣੇ ਪੈਰਾਂ ਨੂੰ ਜ਼ੋਰ ਨਾਲ ਬਾਹਰ ਨੂੰ ਅਤੇ ਅੰਦਰ ਨੂੰ ਰੱਖਦਾ ਹੈ ਜੋ ਕਿ ਇਕ ਅਰਧ ਗੋਲੇ ਸਮਾਨ ਕਿਰਿਆ ਹੁੰਦੀ ਹੈ। ਇਹ ਇਕ ਡੱਡੂ ਦੀ ਟਪੂਸੀ ਵਰਗੀ ਹੁੰਦੀ ਹੈ। ਜਦੋਂ ਤੈਰਾਕ ਆਪਣੀ 'ਕਿੱਕ' ਪੂਰੀ ਕਰ ਲੈਂਦਾ ਹੈ ਤਾਂ ਉਹ ਆਪਣੇ ਸਰੀਰ ਨੂੰ ਥੋੜ੍ਹੇ ਚਿਰ ਲਈ ਚੋਫਾਲ ਗਲਾਈਡ ਦੀ ਤਰ੍ਹਾਂ ਛੱਡ ਦੇਂਦਾ ਹੈ। ਪਾਣੀ ਉੱਤੇ ਛਾਤੀ ਦੇ ਭਾਰ ਲੇਟ ਕੇ ਨਿਮਨ ਲਿਖਤ ਕਿਰਿਆ ਕਰਨੀ ਪੈਂਦੀ ਹੈ :

1. ਦੋਵੇਂ ਹੱਥ ਅਤੇ ਪੈਰ ਪਿੱਛੇ ਰੱਖਕੇ ਸਰੀਰ ਨੂੰ ਥੱਲੇ ਵੱਲ ਨੂੰ ਮੋੜਨਾ।
2. ਦੋਵਾਂ ਹੱਥਾਂ ਨੂੰ ਮਿਲਾ ਕੇ ਸਿੱਧੇ ਕਰਨਾ ਅਤੇ ਨਾਲ ਨਾਲ ਦੋਵੇਂ ਪੈਰ ਵੀ ਗਿਟਿਆਂ ਤੋਂ ਥੱਲੇ ਹਿਲਾ ਕੇ ਸਿੱਧੇ ਕਰਨਾ।
3. ਸਿੱਧੇ ਪੈਰ ਕੈਂਚੀ ਦੀ ਤਰ੍ਹਾਂ ਜ਼ੋਰ ਨਾਲ ਇਕੱਠੇ ਕਰਨੇ। ਇਸ ਨਾਲ ਪਾਣੀ ਜ਼ੋਰ ਨਾਲ ਪਿੱਛੇ ਹਟੇਗਾ ਅਤੇ ਸਰੀਰ ਅੱਗੇ ਜਾਵੇਗਾ।
4. ਦੋਵਾਂ ਹੱਥਾਂ ਨਾਲ ਪਾਣੀ ਨੂੰ ਮੋਢਿਆਂ ਵੱਲ ਜ਼ੋਰ ਨਾਲ ਦਬਾਉਣਾ। ਇਸ ਨਾਲ ਮੂੰਹ ਪਾਣੀ ਨਾਲ ਉਪਰ ਨੂੰ ਆਏਗਾ ਅਤੇ ਸਾਹ ਲੈਣ ਵਿਚ ਆਸਾਨੀ ਹੋਵੇਗੀ।

**ਬਟਰਫਲਾਈ** — ਇਸ ਸਟਰੋਕ ਵਿਚ ਬਾਹਵਾਂ ਅਤੇ ਹੱਥਾਂ ਦੇ 'ਪੁਲ' ਨਾਲ ਤੈਰਾਕ ਅੱਗੇ ਨੂੰ ਜਾਂਦਾ ਹੈ। ਇਸ ਸਟਰੋਕ ਦੀ ਵਿਸ਼ੇਸ਼ਤਾ ਇਹ ਹੈ ਕਿ 'ਕਿੱਕ' ਮਾਰਨਾ, ਡਾਲਫਿਨ ਦੀ ਪੂੰਛ ਦੀ ਕਿਰਿਆ ਵਰਗੀ ਹੁੰਦੀ ਹੈ। ਦੋਨੋਂ ਬਾਹਵਾਂ, ਸਰੀਰ ਦੇ ਦੋਵੇਂ ਪਾਸਿਆਂ ਤੋਂ ਪਿੱਛੇ ਨੂੰ 'ਪੁਲ' ਕਰਦੀਆਂ ਹਨ ਅਤੇ ਪਾਣੀ ਵਿਚ ਅੱਗੇ ਨੂੰ ਵਧਾਉਂਦੀਆਂ ਹਨ, ਜਿਵੇਂ ਹੀ ਲੱਤਾਂ ਦੋ ਕਿਕ ਮਾਰਦੀਆਂ ਹਨ। ਪਹਿਲੀ ਕਿੱਕ ਤੇ ਜਿਵੇਂ ਹੀ ਫੈਲੀਆਂ ਹੋਈਆਂ ਬਾਹਵਾਂ 'ਪੁਲ' ਸ਼ੁਰੂ ਕਰਦੀਆਂ ਹਨ ਅਤੇ ਤੈਰਾਕ ਸਾਹ ਲੈਂਦਾ ਹੈ ਤਾਂ ਲੱਤਾਂ ਤੇਜ਼ੀ ਨਾਲ ਥੱਲੇ ਨੂੰ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦੂਜੀ ਕਿੱਕ ਥੱਲੇ ਨੂੰ ਉੱਦੋਂ ਸ਼ੁਰੂ ਹੁੰਦੀ ਹੈ ਜਦੋਂ ਬਾਂਹ ਦਾ ਆਖਰੀ 'ਪੁਲ' ਚਲ ਰਿਹਾ ਹੁੰਦਾ ਹੈ, ਜਿਸ ਵਕਤ ਤੈਰਾਕ ਦਾ ਸਿਰ ਪਾਣੀ ਦੇ ਉਪਰ ਆ ਜਾਂਦਾ ਹੈ ਅਤੇ ਇਹ ਸਾਹ ਲੈਂਦਾ ਹੈ। ਕੂਹਣੀਆਂ ਦੇ ਥੋੜ੍ਹਾ ਜਿਹਾ ਮੁੜਨ ਨਾਲ ਬਾਂਹ ਨੂੰ ਆਰਾਮ ਮਿਲਦਾ ਹੈ।

**ਬੈਕ ਕਰਾਲ** — ਇਸ ਵਿਚ ਹੱਥ ਦੀ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ : (1) ਦੋਨਾਂ ਨੂੰ ਸਰੀਰ ਦੇ ਨੇੜੇ ਲਿਆਂਦੇ ਹੋਏ ਢਿੱਲਾ ਰੱਖਕੇ ਮੋੜਨਾ ਅਤੇ ਪਾਣੀ ਤੋਂ ਬਾਹਰ ਕੱਢਦੇ ਹੋਏ ਸਿਰ ਦੇ ਪਿੱਛੋਂ ਪਾਣੀ ਵਿਚ ਸਿੱਧਾ ਰੱਖਣਾ ਅਤੇ ਪਾਣੀ ਨੂੰ ਦਬਾਂਦੇ ਦਬਾਂਦੇ ਦੋਨੋ ਹੱਥਾਂ ਨੂੰ ਸ਼ਰੀਰ ਦੇ ਨੇੜੇ ਜ਼ੋਰ ਨਾਲ ਲਿਆਉਣਾ। (2) ਉਕਤ ਕਿਰਿਆ ਨੂੰ ਇਕ ਦੇ ਬਾਅਦ ਦੂਜੇ ਹੱਥ ਨਾਲ ਨਿਰੰਤਰ ਕਰਦੇ ਰਹਿਣਾ, ਪੈਰ ਦੀ ਕਿਰਿਆ ਵਿਚ ਦੋਵੇਂ ਪੈਰ ਸਿੱਧੇ ਕਰਕੇ ਗੋਡਿਆਂ ਦੇ ਥੱਲੇ ਅਤੇ ਉਪਰ ਹਿਲਾਉਣਾ।

**ਕਰਾਲ ਜਾਂ ਫਰੀ ਸਟਾਈਲ** — ਇਸ ਵਿਚ ਹੱਥ ਦੀ ਕਿਰਿਆ ਉਸੇ ਤਰ੍ਹਾਂ ਹੁੰਦੀ ਹੈ, ਜਿਸ ਤਰ੍ਹਾਂ ਉਪਰ ਇਸ ਦੇ ਉਲਟ ਲਿਖਿਆ ਹੋਇਆ ਹੈ। ਇਸ ਤੋਂ ਬਾਅਦ ਦੂਜਾ ਹੱਥ ਸਿਰ ਦੇ ਸਾਹਮਣੇ ਰਖਕੇ ਪਾਣੀ ਥੱਲੇ ਅਤੇ ਪਿਛੇ ਨੂੰ ਦਬਾਉਣਾ। ਪਾਣੀ ਵਿਚ ਹੱਥ ਢਿੱਲਾ ਰੱਖ ਕੇ ਬਾਹਰ ਮੋੜਦੇ ਹੋਏ ਕੱਢਣਾ। ਪੈਰ ਨੂੰ ਛੇ ਵਾਰ ਉਪਰ ਥੱਲੇ ਹਿਲਾਉਣਾ।

ਥੱਲੇ ਹਿਲਾਉਣ ਵੇਲੇ ਪੈਰ ਢਿੱਲਾ ਛੱਡ ਕੇ ਅਤੇ ਉਪਰ ਜ਼ੋਰ ਦੀ ਕਰਨਾ। ਜਦੋਂ ਤੈਰਾਨ ਦੋਵੇਂ ਹੱਥ ਬਾਹਰ ਕੱਢਦੇ ਹਨ, ਤਾਂ ਸਿਰ ਨੂੰ ਖੱਬੇ ਜਾਂ ਸਜੇ ਮੋੜ ਕੇ ਮੂੰਹ ਨਾਲ ਸਾਹ ਲਿਆ ਜਾਂਦਾ ਹੈ। ਪਾਣੀ ਵਿਚ ਮੂੰਹ ਡੁਬਿਆ ਰਹਿਣਾ ਤੇ ਨੱਕ ਰਾਹੀਂ ਸਾਹ ਛੱਡਿਆ ਜਾਂਦਾ ਹੈ।

ਹ.ਪੁ.—ਐਨ.ਅਮੇ. 26 : 131; ਹਿੰ.ਵਿ.ਕੋ. 5 : 421

**ਤੈਰੋਵ, ਅਲੈਕਸਾਂਦਰ ਯਾਕੋਫ਼ਲੀਵਿਚ** : ਰੂਸ ਦੇ ਇਸ ਨਾਟਕ ਨਿਰਮਾਤਾ ਦਾ ਜਨਮ 24 ਜੂਨ, 1885 ਈ. ਨੂੰ ਰੋਮੀ ਵਿਖੇ ਹੋਇਆ। ਸੰਨ 1914 ਵਿਚ ਇਸ ਨੇ ਕਾਮੇਰਨੀ ਥੀਏਟਰ ਦੀ



ਅਲੈਕਸਾਂਦਰ ਯਾਕੋਫ਼ਲੀ ਵਿਚ ਤੈਰੋਵ

ਸਥਾਪਨਾ ਕੀਤੀ ਅਤੇ 1955 ਈ. ਵਿਚ ਆਪਣੀ ਮੌਤ ਤੱਕ ਇਸ ਨਾਲ ਸਬੰਧਤ ਰਿਹਾ।

ਸੰਨ 1934 ਵਿਚ ਇਸ ਦੇ ਉਦੋਂ ਦੇ ਨਾਟਕ 'ਦੀ ਆਪਟਿਮਿਸਟਕ ਟ੍ਰੈਜਡੀ' ਦੀ ਇਸ ਆਧਾਰ ਉਤੇ ਆਲੋਚਨਾ ਕੀਤੀ ਗਈ ਕਿ ਉਹ ਨਵੇਂ ਸਰੋਤਿਆਂ ਦੇ ਅਨੁਕੂਲ ਨਹੀਂ ਸੀ। ਇਸ ਤੋਂ ਬਾਅਦ ਥੀਏਟਰ ਦਾ ਚਾਰਜ ਇਕ ਕਮੇਟੀ ਨੇ ਲੈ ਲਿਆ ਅਤੇ ਇਸ ਨੂੰ ਉਨ੍ਹਾਂ ਦੀ ਨਿਗਰਾਨੀ ਹੇਠ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਅੱਜ ਇਸ ਪ੍ਰੋਡਕਸ਼ਨ ਨੂੰ ਆਪਣੇ ਸਮੇਂ ਦੀ ਮਹੱਤਵਪੂਰਨ ਪ੍ਰੋਡਕਸ਼ਨ ਮੰਨਿਆ ਜਾਂਦਾ ਹੈ। ਸੰਨ 1939 ਵਿਚ 'ਮੈਡਮ ਬਾਵੇਰੀ' ਦੇ ਨਿਰਮਾਣ ਨਾਲ ਇਸ ਨੂੰ ਮੁੜ ਤੋਂ ਲੋਕਪ੍ਰਿਯਤਾ ਪ੍ਰਾਪਤ ਹੋਈ। ਆਪਣੇ ਥੀਏਟਰ ਰਾਹੀਂ ਇਸ ਨੇ ਸ਼ਾਅ ਅਤੇ ਓ ਨੀਲ ਸਮੇਤ ਕਈ ਨਵੇਂ ਪੱਛਮੀ ਲੇਖਕਾਂ ਦੀ ਜਾਣ ਪਛਾਣ ਕਰਾਈ। ਥੀਏਟਰ ਆਲੋਚਕ ਅੱਜ ਇਸ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹਨ। ਇਹ ਅਦਾਕਾਰਾਂ ਦੇ ਸਰੀਰਕ ਗੁਣਾਂ ਵੱਲ ਜ਼ਿਆਦਾ ਧਿਆਨ ਦਿੰਦਾ ਸੀ। ਇਸ ਦੀ ਕੰਪਨੀ ਨਾਚ, ਗਾਉਣ ਆਦਿ ਵਿਚ ਨਿਪੁੰਨ ਸੀ।

25 ਸਤੰਬਰ, 1950 ਈ. ਨੂੰ ਮਾਸਕੋ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਔਕ.ਕੰਪ. ਥੀਏਟਰ; ਐਨ.ਬ੍ਰਿ.ਮਾ. 9 : 776

**ਤੈਲ ਹੇ** : ਲੈਬਨਾਨ ਦੀ ਸਰਹੱਦ ਦੇ ਨੇੜੇ ਇਸਰਾਈਲ ਦੇਸ਼ ਦੀ ਅਪਰ ਗੈਲਾਲੀ ਵਿਚ ਇਹ ਇਕ ਸਾਬਕਾ ਬਸਤੀ ਹੁੰਦੀ ਸੀ ਜਿਹੜੀ ਕਿ ਹੁਣ ਇਕ ਕੌਮੀ ਯਾਦਗਰ ਵਜੋਂ ਪ੍ਰਸਿੱਧ ਹੈ। ਇਹ ਉੱਤਰੀ ਫ਼ਲਸਤੀਨ ਵਿਚ ਯਹੂਦੀਆਂ ਦੀਆਂ ਸਭ ਤੋਂ ਮੁਢਲੀਆਂ ਬਸਤੀਆਂ ਵਿਚੋਂ ਇਕ ਸੀ। ਭਾਵੇਂ 1905 ਤੋਂ ਇਥੇ ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ ਵਸੋਂ ਹੁੰਦੀ ਰਹੀ ਸੀ ਪਰ 1918 ਤੋਂ ਇਹ ਪੱਕੇ ਤੌਰ ਤੇ ਆਬਾਦ ਹੋ ਗਈ।

ਸੰਨ 1916 ਵਿਚ ਬਰਤਾਨੀਆ ਅਤੇ ਫਰਾਂਸ ਵਿਚਕਾਰ ਇਕ ਗੁਪਤ ਸਮਝੌਤਾ ਹੋਇਆ ਜਿਸ ਅਨੁਸਾਰ ਪੂਰਬੀ ਅਪਰ ਗੈਲਾਲੀ ਸਮੇਤ ਵਿਸਤ੍ਰਿਤ ਲੈਬਨਾਨ ਪਹਿਲੀ ਵਿਸ਼ਵ ਜੰਗ ਮਗਰੋਂ ਫਰਾਂਸ ਨੂੰ ਦੇਣਾ ਮੰਨਿਆ ਗਿਆ। ਇਸ ਸਮਝੌਤੇ ਅਨੁਸਾਰ ਨਾ ਤਾਂ ਮੁਸਲਮਾਨ ਖੁਸ਼ ਹੋਏ ਕਿਉਂਕਿ ਉਹ ਇਕ ਆਜ਼ਾਦ ਅਰਬ ਗ੍ਰੇਟਰ ਸੀਰੀਆ ਦੇ ਇਛੁੱਕ ਸਨ ਅਤੇ ਨਾ ਹੀ ਯਹੂਦੀ ਸੰਤੁਸ਼ਟ ਹੋਏ ਕਿਉਂਕਿ ਉਹ ਬਰਤਾਨੀਆ ਨਾਲ ਮਿਲ ਕੇ ਜ਼ਿਆਦਾ ਖੁਸ਼ ਸੀ। ਪਹਿਲੀ ਵੱਡੀ ਜੰਗ ਖ਼ਤਮ ਹੋਣ ਤੋਂ ਬਾਅਦ ਮੁਸਲਮਾਨ ਅਰਬਾਂ ਨੇ ਦੱਖਣੀ ਲੈਬਨਾਨ ਦੇ ਈਸਾਈ ਪਿੰਡਾਂ ਅਤੇ ਅਪਰ ਗੈਲਾਲੀ ਦੀ ਵੱਖਰੀਆਂ ਜਿਹੀਆਂ ਯਹੂਦੀ ਬਸਤੀਆਂ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਤੈਲ ਹੇ ਅਤੇ ਲਾਗਲੇ ਕੇਫਰ ਗਿਲਾਦੀ ਦੇ ਲੋਕਾਂ ਨੇ ਆਪਣੇ ਆਪ ਨੂੰ ਹਮਲੇ ਤੋਂ ਬਚਾਉਣ ਦਾ ਨਿਸ਼ਚਾ ਕੀਤਾ। ਤੈਲ ਹੇ ਦੀ ਹਿਫਾਜ਼ਤ ਲਈ ਯੇਰੋਸ਼ਲਮ ਤੋਂ ਹਾ ਸੋਮਰ ਨਾਂ ਦੀ ਯਹੂਦੀ ਕਾਮਿਆਂ ਦੀ ਇਕ ਸੁਰੱਖਿਅਕ ਜੱਥੇਬੰਦੀ ਨੇ ਵੀ ਕੁਮਕ ਭੇਜੀ। ਇਕ ਮਾਰਚ, 1920 ਨੂੰ ਅਰਬਾਂ ਨੇ ਇਕ ਵੱਡੀ ਟੁਕੜੀ ਨਾਲ ਇਸ ਬਸਤੀ ਤੇ ਹਮਲਾ ਕੀਤਾ ਜਿਸ ਵਿਚ ਇਸ ਦੀ ਹਿਫਾਜ਼ਤ ਕਰਨ ਵਾਲੇ ਛੇ ਰੱਖਿਅਕ ਮਾਰੇ ਗਏ ਅਤੇ ਅੰਤ 1920 ਵਿਚ ਅਪਰ ਗੈਲਾਲੀ ਬਰਤਾਨੀਆ ਨੂੰ ਦੇ ਦਿਤਾ ਗਿਆ। ਸੰਨ 1948 ਵਿਚ ਇਸ ਨੂੰ ਆਜ਼ਾਦੀ ਮਿਲੀ ਅਤੇ ਇਹ ਪੱਕੇ ਤੌਰ ਤੇ ਇਸਰਾਈਲ ਦਾ ਹਿੱਸਾ ਬਣ ਗਿਆ।

ਸੰਨ 1921 ਵਿਚ ਇਸ ਨੂੰ ਮੁੜ ਆਬਾਦ ਕੀਤਾ ਗਿਆ ਅਤੇ 1926 ਵਿਚ ਇਸਨੂੰ ਕੇਫਰ ਗਿਲਾਦੀ ਦੇ ਕਿਬੂਟਸ (Kibbutz) ਵਿਚ ਮਿਲਾ ਦਿੱਤਾ ਗਿਆ। ਇਸ ਦੇ ਨੇੜੇ ਹੀ ਪੈਂਦੇ ਕਿਰਯਾਤ ਸ਼ੈਮੋਨਾ (Qiryat-shemona) ਨਾਂ ਦੇ ਕਸਬੇ, ਜਿਸਦੀ 1949 ਵਿਚ ਨੀਂਹ ਰੱਖੀ ਗਈ ਸੀ, ਦਾ ਨਾਂ ਤੈਲ ਹੇ ਦੀ ਰਖਿਆ ਲਈ ਕੁਰਬਾਨ ਹੋਏ ਸ਼ਹੀਦਾਂ ਦੇ ਪਿੱਛੇ ਰੱਖ ਦਿਤਾ ਗਿਆ। ਇਸ ਜਗ੍ਹਾ ਤੇ ਇਕ ਯੁਵਕ ਹੋਸਟਲ ਅਤੇ ਸੈਨਿਕ ਅਜਾਇਬ ਘਰ ਵੀ ਸਥਾਪਿਤ ਕੀਤੇ ਗਏ।

ਹ.ਪੁ.—ਐਨ. ਬ੍ਰਿ. ਮਾ 9 : 871

**ਤੈਲਗੂ ਭਾਸ਼ਾ ਤੇ ਸਾਹਿਤ** : ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਇਹ ਇਕ ਪ੍ਰਧਾਨ ਭਾਸ਼ਾ ਹੈ ਅਤੇ ਹਿੰਦੀ ਤੋਂ ਬਾਅਦ ਸਭ ਤੋਂ ਵੱਧ ਸੰਖਿਆ ਵਿਚ ਬੋਲੀ ਜਾਂਦੀ ਹੈ।

ਤੈਲਗੂ, ਤੈਨਗੂ ਅਤੇ ਆਂਧਰ ਇਹ ਤਿੰਨੋ ਸ਼ਬਦ ਇਕ ਹੀ ਭਾਸ਼ਾ ਲਈ ਵਰਤੇ ਜਾਂਦੇ ਹਨ। ਆਂਧਰ ਸ਼ਬਦ ਦੀ ਵਰਤੋਂ 11 ਵੀਂ ਸਦੀ ਤਕ ਰਹੀ। ਉਸ ਸਮੇਂ ਤੋਂ ਪਹਿਲਾਂ ਹੀ 'ਤੈਨਗੂ' ਸ਼ਬਦ ਵੀ ਪ੍ਰਚੱਲਿਤ ਸੀ। 'ਤੈਲਗੂ' ਸ਼ਬਦ ਦੀ ਵਰਤੋਂ 1200 ਈ. ਦੇ ਆਸਪਾਸ ਸ਼ੁਰੂ ਹੋਈ।

ਭਾਸ਼ਾ-ਸ਼ਾਸਤਰੀਆਂ ਅਨੁਸਾਰ ਤੈਲਗੂ ਭਾਸ਼ਾ ਦੀ ਉਤਪਤੀ ਬਾਰੇ ਦੋ ਮਤ ਹਨ। ਕਈ ਇਸ ਨੂੰ ਦ੍ਰਾਵਿੜ ਭਾਸ਼ਾ ਪਰਿਵਾਰ ਵਿਚੋਂ ਨਿਕਲੀ ਮੰਨਦੇ ਹਨ ਪਰ ਚਿਲੁਕੂਰੀ ਨਾਰਾਇਣ ਰਾਉ ਆਦਿ ਤੈਲਗੂ ਨੂੰ ਆਰੀਆ ਪਰਿਵਾਰ ਦੀ ਭਾਸ਼ਾ ਹੀ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਦੱਖਣੀ ਭਾਰਤ ਵਿਚ ਈਸਾ ਤੋਂ ਪਹਿਲਾਂ ਅਤੇ ਬਾਅਦ ਦੀਆਂ ਸਦੀਆਂ ਵਿਚ ਪ੍ਰਚੱਲਤ ਪ੍ਰਾਕ੍ਰਿਤ ਭਾਸ਼ਾ ਦਾ ਹੀ ਵਿਕਸਿਤ ਰੂਪ ਹੈ।

ਤੈਲਗੂ ਲਿਪੀ ਪ੍ਰਾਚੀਨ ਬ੍ਰਾਹਮੀ ਦੀ ਦੱਖਣੀ ਸ਼ਾਖ ਦਾ ਹੀ ਸਿੱਟਾ ਹੈ। ਦੱਖਣ ਦੀਆਂ ਚਾਰੇ ਲਿਪੀਆਂ ਵਿਚੋਂ ਕੰਨੜ ਲਿਪੀ ਨਾਲ ਇਸ ਦੇ ਵਧੇਰੇ ਕਰੀਬੀ ਸਬੰਧ ਹਨ। ਦੋਵੇਂ ਲਗਭਗ ਇਕੋ ਜਿਹੀਆਂ ਹੀ ਲਗਦੀਆਂ ਹਨ। ਵਿਦਵਾਨਾਂ ਦਾ ਵਿਚਾਰ ਹੈ ਕਿ ਤਿੰਨ ਚਾਰ ਸਦੀਆਂ ਪਹਿਲਾ ਤਕ ਦੋਹਾਂ ਭਾਸ਼ਾਵਾਂ ਦੀ ਇਕੋ ਹੀ ਲਿਪੀ ਸੀ।

ਤੈਲਗੂ ਵਰਣਮਾਲਾ ਬਹੁਤ ਵਿਗਿਆਨਕ ਅਤੇ ਸੰਪੂਰਣ ਹੈ। ਇਸ ਵਿਚ 56 ਅੱਖਰ ਹਨ। ਤੈਲਗੂ ਭਾਸ਼ਾ ਦੇ ਸਾਰੇ ਸ਼ਬਦਾਂ ਦੇ ਅੰਤ ਵਿਚ ਸੁਰ ਆਉਂਦੇ ਹਨ ਜਦੋਂ ਕਿ ਹਿੰਦੀ ਆਦਿ ਹੋਰ ਭਾਰਤੀ ਭਾਸ਼ਾਵਾਂ ਵਿਚ ਵਿਅੰਜਨ ਆਉਂਦੇ ਹਨ। ਇਸ ਤਰ੍ਹਾਂ ਇਹ ਭਾਸ਼ਾ ਸੰਗੀਤ ਲਈ ਬਹੁਤ ਉਚਿਤ ਹੈ। ਕਰਨਾਟਕ ਸੰਗੀਤਕਾਰਾਂ ਨੇ ਇਸੇ ਭਾਸ਼ਾ ਵਿਚ ਕ੍ਰਿਤਾਂ ਰਚੀਆਂ ਹਨ। ਇਸ ਭਾਸ਼ਾ ਦੀ ਇਹ ਖ਼ੂਬੀ ਦੇਖ ਕੇ ਹੀ ਕਾਲਡਵੈੱਲ ਨੇ ਇਸ ਨੂੰ 'ਪੂਰਬੀ ਈਟਾਲੀਆ' ਕਿਹਾ ਹੈ। ਤੈਲਗੂ ਭਾਸ਼ਾ ਬੋਲਣ ਵਾਲੇ ਲੋਕਾਂ ਦਾ ਉਚਾਰਣ ਹਮੇਸ਼ਾ ਸ਼ੁੱਧ ਰਹਿੰਦਾ ਹੈ। ਵਧੇਰੇ ਲੰਬੇ ਚੌੜੇ ਖੇਤਰ ਵਿਚ ਫੈਲੇ ਹੋਣ ਕਰਕੇ ਵੱਖ ਵੱਖ ਪ੍ਰਾਂਤਾਂ ਦੀ ਤੈਲਗੂ ਭਾਸ਼ਾ ਵਿਚ ਥੋੜ੍ਹਾ ਬਹੁਤ ਅੰਤਰ ਆ ਜਾਣਾ ਸੁਭਾਵਕ ਹੈ। ਪੱਛਮੀ, ਉੱਤਰੀ ਅਤੇ ਦੱਖਣੀ ਜ਼ਿਲ੍ਹਿਆਂ ਦੀ ਬੋਲੀ ਅਤੇ ਤੇਲੰਗਾਨੇ ਦੀ ਭਾਸ਼ਾ ਵਿਚ ਤੈਲਗੂ ਉਚਾਰਣ ਅਤੇ ਸ਼ਬਦ ਪ੍ਰਯੋਗਾਂ ਵਿਚ ਇਕਰੂਪਤਾ ਨਹੀਂ ਹੈ। ਰਾਜਨੀਤਿਕ ਕਾਰਨਾਂ ਕਾਰਨ ਵੀ ਤੇਲੰਗਾਨਾ ਦੀ ਤੈਲਗੂ ਵਿਚ ਉਰਦੂ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਗ੍ਰੀਅਰਸਨ ਅਨੁਸਾਰ ਤੈਲਗੂ ਭਾਸ਼ਾ ਨੇ ਹੋਰ ਦ੍ਰਾਵਿੜ ਭਾਸ਼ਾਵਾਂ ਦੇ ਟਾਕਰੇ ਆਪਣਾ ਸੁਤੰਤਰ ਸਥਾਨ ਰਖਿਆ ਹੈ।

ਤੈਲਗੂ ਦਾ ਵਿਕਿਸਤ ਸਾਹਿਤ 1050 ਈ. ਦੇ ਲਗਭਗ ਹੋਂਦ ਵਿਚ ਆਇਆ। ਮਹਾਂ ਕਵੀ ਨਨਯ ਭਟੱਰਕ ਦਾ ਸੰਸਕ੍ਰਿਤ ਭਾਰਤ ਦਾ ਕਾਵਿ-ਅਨੁਵਾਦ ਇਸ ਸਾਹਿਤ ਦੀ ਪਹਿਲੀ ਅਤੇ ਸੁੰਦਰ ਕ੍ਰਿਤ ਹੈ ਅਤੇ ਇਸ ਨੂੰ ਹੀ ਹੁਣ ਤਕ ਉਪਲੱਬਧ ਸਾਹਿਤ ਦਾ ਮੁੱਢ ਮੰਨਿਆ ਜਾਂਦਾ ਹੈ। ਨਨਯ ਇਕ ਉੱਚ ਪਾਏ ਦੇ ਕਵੀ ਤੋਂ ਇਲਾਵਾ ਤੈਲਗੂ ਦਾ ਪਹਿਲਾ ਵਿਆਕਰਣਕਾਰ ਵੀ ਸੀ । 'ਆਂਧਰ ਸ਼ਬਦ ਚਿੰਤਾਮਣੀ' ਇਸ ਦਾ ਸੰਸਕ੍ਰਿਤ ਵਿਚ ਲਿਖਿਆ ਪਹਿਲਾ ਵਿਆਕਰਣ-ਗ੍ਰੰਥ ਸੀ। ਇਸ ਤੋਂ ਪਹਿਲਾਂ ਪ੍ਰਾਪਤ ਹੋਏ ਪ੍ਰਾਚੀਨ ਸ਼ਿਲਾਲੇਖਾਂ ਅਤੇ ਤਾਂਬੇ ਦੇ ਦਾਨ ਪੱਤਰਾਂ ਤੇ ਲਿਖੇ ਤੈਲਗੂ ਸ਼ਬਦਾਂ ਤੋਂ ਇਹ ਪ੍ਰਮਾਣ ਮਿਲਦਾ ਹੈ ਕਿ ਤੈਲਗੂ ਵਿਚ ਸਾਹਿਤ-ਰਚਨਾ 11 ਵੀਂ ਸਦੀ ਤੋਂ ਪਹਿਲਾਂ ਤੋਂ ਸ਼ੁਰੂ ਹੋਈ ਸੀ ਅਤੇ ਈਸਾ ਦੀ ਸੱਤਵੀਂ ਸਦੀ ਤੋਂ ਇਸ ਦਾ ਮੁੱਢ ਮੰਨਿਆ ਜਾਂਦਾ ਹੈ।

ਆਧੁਨਿਕ ਤੈਲਗੂ ਸਾਹਿਤ ਦੇ ਯੁੱਗ ਪਰਵਰਤਕ ਵੀਰੇਸ਼ਲਿੰਗਮ ਪੰਤੁਲੁਕੇ ਅਨੁਸਾਰ ਤੈਲਗੂ ਦੇ ਇਸ 1250 ਸਾਲਾਂ ਦੇ ਸਾਹਿਤ ਦੀ ਕਾਲ ਵੰਡ ਹੇਠ ਅਨੁਸਾਰ ਹੈ :—

1. ਅਗਿਆਤ ਯੁੱਗ — 700 ਈ. ਤੋ 1050 ਈ. ਤਕ
2. ਆਦਿ ਯੁੱਗ — 1050 ਈ. ਤੋ 1500 ਈ. ਤਕ
3. ਮੱਧ ਯੁੱਗ — 1500 ਈ. ਤੋਂ 1750 ਈ. ਤਕ
4. ਵਰਤਮਾਨ ਯੁੱਗ — ਸੰਨ 1750 ਤੋਂ ਅੱਜ ਤਕ

ਸਾਹਿਤ ਵਿਚ ਸ਼ਾਮਲ ਵਿਸ਼ਿਆਂ ਅਨੁਸਾਰ ਇਨ੍ਹਾਂ ਨੂੰ ਚਾਰ ਹੋਰ ਨਾਂ ਵੀ ਦਿੱਤੇ ਜਾ ਸਕਦੇ ਹਨ —

1. ਸ਼ਾਸਨ ਯੁੱਗ — ਲੇਖਾਂ ਅਤੇ ਤਾਮਰ ਪੱਤਰਾਂ ਦਾ ਕਾਲ
2. ਪੁਰਾਣ ਯੁੱਗ — ਸੰਸਕ੍ਰਿਤ ਦੇ ਪੁਰਾਣ ਗ੍ਰੰਥਾਂ ਦਾ ਅਨੁਵਾਦ ਯੁੱਗ
3. ਪ੍ਰਬੰਧ ਯੁੱਗ — ਸੁਤੰਤਰ ਕਾਵਿ ਰਚਨਾ ਦਾ ਯੁੱਗ
4. ਗੱਦ ਯੁੱਗ — ਨਵੀਨ ਵਿਕਾਸ ਦਾ ਯੁੱਗ

ਇਨ੍ਹਾਂ ਯੁੱਗਾਂ ਦਾ ਸੰਖਿਪਤ ਪਰਿਚੈ ਨਿਮਨ ਅਨੁਸਾਰ ਹੈ—

**1. ਅਗਿਆਤ ਯੁੱਗ** — 200 ਈ. ਪੂ. ਦੇ ਲਗਭਗ ਆਂਧਰ ਸਾਤਵਾਹਨ ਰਾਜਿਆਂ ਦੇ ਸਮੇਂ ਤੋਂ ਹੀ ਇਸ ਦਾ ਮੁੱਢ ਸਮਝਿਆ ਜਾ ਸਕਦਾ ਹੈ ਪਰ 700 ਈ. ਤੋ ਪਹਿਲਾਂ ਮਿਲੇ ਸ਼ਿਲਾਲੇਖਾਂ ਦੀ ਭਾਸ਼ਾ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਸੀ। 7 ਵੀ ਸਦੀ ਤੋਂ ਬਾਅਦ ਦੇ ਸ਼ਿਲਾਲੇਖਾਂ ਵਿਚ ਤੈਲਗੂ ਦਾ ਰੂਪ ਮਿਲਦਾ ਹੈ। ਇਨ੍ਹਾਂ ਵਿਚ ਅਨੰਤਪੁਰਮ ਜ਼ਿਲ੍ਹੇ ਦੇ ਬਾਦਾਮੀ ਚਾਲੂਕੀਆ ਰਾਜਿਆਂ ਦੇ ਦੋ ਸ਼ਿਲਾਲੇਖ ਅਤੇ ਜ਼ਿਲ੍ਹਾ ਗੁੰਟੂਰ ਵਿਚ ਉਪਲੱਬਧ ਵੈਂਗੀ ਚਾਲੂਕੀਆ ਰਾਜਾ ਦਾ ਸ਼ਿਲਾਲੇਖ ਬਹੁਤ ਪ੍ਰਸਿੱਧ ਹੈ। ਲੇਖਾਂ ਤੋਂ ਇਲਾਵਾ ਇਸ ਯੁੱਗ ਦੇ ਸਾਹਿਤ ਦੇ ਦੂਸਰੇ ਰੂਪ ਵੀ ਹਨ— 'ਤੁੰਮੇਦਪਦਮੁਲੂ', 'ਯਕਸ਼ਗਾਨਮੁਲੂ' ਅਤੇ 'ਮੇਲੂਕੋਲੂਪਲੂ' ਆਦਿ।

**2. ਪੁਰਾਣ ਯੁੱਗ** — ਇਸ ਯੁੱਗ ਦੇ ਸਾਹਿਤ ਦੀ ਰਚਨਾ ਧਰਮ ਪ੍ਰਚਾਰ, ਧਰਮ ਰੱਖਿਆ ਅਤੇ ਸਭਿਆਚਾਰਕ ਉਦੇਸ਼ਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਸੀ। ਖ਼ਤਮ ਹੋ ਰਹੇ ਸਨਾਤਨ ਵੈਦਿਕ ਧਰਮ ਨੂੰ ਮੁੜ ਤੋਂ ਸੁਰਜੀਤ ਕਰਨ ਲਈ ਮਹਾਭੱਟਾਰਕ ਨੇ 'ਮਹਾਭਾਰਤ' ਦਾ ਅਨੁਵਾਦ ਕੀਤਾ। 'ਅਰਣਯ' ਕਾਂਡ ਦਾ ਕੁਝ ਅਨੁਵਾਦ ਕਰਨ ਉਪਰੰਤ ਇਸ ਦੀ ਮੌਤ ਹੋ ਗਈ। ਉਸ ਤੋਂ ਤਕਰੀਬਨ 200 ਸਾਲ ਉਪਰੰਤ ਤਿੱਕਨ ਸੋਮਯਾਜੀ ਨੇ ਬਾਕੀ 15 ਕਾਂਡਾਂ ਦਾ ਅਨੁਵਾਦ ਕੀਤਾ। ਅਧੂਰੇ 'ਅਰਣਯ' ਕਾਂਡ ਨੂੰ 14 ਵੀਂ ਸਦੀ ਦੇ ਮੱਧ ਵਿਚ ਇਕ ਹੋਰ ਕਵੀ ਨੇ ਮੁਕੰਮਲ ਕੀਤਾ। ਇਸ ਤਰ੍ਹਾਂ ਇਸ ਗ੍ਰੰਥ ਦਾ ਅਨੁਵਾਦ ਤਿੰਨ ਸਦੀਆਂ ਵਿਚ ਤਿੰਨ ਕਵੀਆਂ ਰਾਹੀਂ ਕੀਤਾ ਗਿਆ।

ਰਾਜਾ ਨੱਨੇਚੋਡ, ਨਾਚਨ ਸੋਮਨਾਥ, ਪਾਲ ਕੁਰਿਕ ਸੋਮਨਾਥ ਅਤੇ ਸ੍ਰੀ ਨਾਥ ਆਦਿ ਇਸ ਯੁਗ ਦੇ ਉੱਘੇ ਕਵੀ ਸਨ। 'ਕੁਮਾਰ ਸੰਭਵਮ', 'ਉੱਤਰ ਹਰੀਵੰਸ਼ਮ', 'ਭਾਸਕਰ ਰਾਮਾਇਣਮ', 'ਆਂਧਰ ਮਹਾਂਭਾਗਵਤਮ', ਅਤੇ 'ਬਸਵ ਪੁਰਾਣਮੁ' ਆਦਿ ਇਸ ਸਮੇਂ ਦੇ ਉੱਘੇ ਗ੍ਰੰਥ ਹਨ। ਇਸ ਯੁਗ ਵਿਚ ਦੋ ਸ਼ੈਲੀਆਂ ਹੋਂਦ ਵਿਚ ਆਈਆਂ। ਪਹਿਲੀ ਮਾਰਗੀ ਅਰਥਾਤ ਸੰਸਕ੍ਰਿਤ ਕਾਵਿ ਰੀਤੀਆਂ ਦੀ ਨਕਲ ਕਰਨ ਵਾਲੀ ਸੰਸਕ੍ਰਿਤ ਸ਼ਬਦਾਂ ਵਾਲੀ ਰਚਨਾ ਅਤੇ ਦੂਸਰੀ ਦੇਸੀ ਅਰਥਾਤ ਜਨ-ਸਮੂਹ ਦੀ ਰੁਚੀ ਅਨੁਸਾਰ ਠੇਠ ਤੈਲਗੂ ਵਿਚ ਪ੍ਰਚਲੱਤ ਸ਼ੈਲੀ।

**3. ਪ੍ਰਬੰਧ ਯੁੱਗ** — ਇਸ ਨੂੰ ਤੈਲਗੂ ਸਾਹਿਤ ਦਾ 'ਸੁਨਿਹਰੀ ਯੁੱਗ' ਮੰਨਿਆ ਜਾਂਦਾ ਹੈ। 16 ਵੀਂ ਸਦੀ ਦੇ ਮੁੱਢ ਵਿਚ ਪ੍ਰਬੰਧ ਰਚਨਾ ਹੋਂਦ ਵਿਚ ਆਈ। ਮਨੁਚਰਿਤ੍ਰਮ, ਪਾਰੀਜਾਤਾਪਹਰਣਮੁ, ਵਸੁਚ-ਰਿਤ੍ਰਮੁ, ਆਮੁਕਤਮਾਲਯਦਾ, ਵਿਜੈਬਿਲਾਸ, ਰਘੁਨਾਥਨਾਯਕੀ-ਭਯੁਦਯਮੁ ਆਦਿ ਇਸ ਯੁੱਗ ਦੇ ਉੱਘੇ ਗ੍ਰੰਥ ਹਨ। ਕ੍ਰਿਸ਼ਣ-ਦੇਵਰਾਯਲੁ, ਪੋਤਨਮਾਲ ਤੇਨਾਲੀਰਾਮ ਕ੍ਰਿਸ਼ਣ, ਭਟੁਮੂਰਤੀ ਪਿੰਗਲੀ ਸੂਰੰਨਾ, ਸ਼ੇਸ਼ਮ ਵੈਂਕਟਪਤੀ, ਮੁੱਦੂਪਲਨਿਕਾ ਭਾਸਕਰ ਅਤੇ ਰੰਗਾਜੰਮਾ ਆਦਿ ਇਸ ਯੁੱਗ ਦੇ ਉੱਘੇ ਸਾਹਿਤਕਾਰ ਹਨ। L ਇਸ ਯੁੱਗ ਵਿਚ ਅਨੁਵਾਦਾਂ ਅਤੇ ਪ੍ਰਬੰਧਾਂ ਤੋਂ ਇਲਾਵਾ ਸ਼ਤਕ-ਸਾਹਿਤ ਦ

ਵੀ ਬਹੁਤ ਮਹੱਤਵ ਰਿਹਾ ਹੈ। ਪ੍ਰਸਿੱਧ ਸ਼ੈਵ ਕਵੀ ਪੰਡਿਤਾਰਾਧਯ ਦੀ ਰਚਨਾ 'ਸ਼ਿਵਤੱਤਸਾਰਮ' ਤੋਂ ਹੀ ਇਸ ਦਾ ਮੁੱਢ ਬੱਝਾ। ਨਾਰਾਇਣਸ਼ਤਕ ਨਰਸਿੰਘਸ਼ਤਕ, ਭਾਸਕਰਸ਼ਤਕ ਅਤੇ ਦਾਸ਼ਰ-ਥੀਸ਼ਤਕ ਆਦਿ ਪ੍ਰਸਿੱਧ ਸ਼ਤਕ ਗ੍ਰੰਥ ਹਨ। ਤੈਲਗੂ ਵਿਚ 1000 ਤੋਂ ਵੀ ਵੱਧ ਸ਼ਤਕ-ਕਾਵਿ ਲਿਖੇ ਗਏ ਹਨ ਜਿਨ੍ਹਾਂ ਵਿਚੋਂ ਤਕਰੀਬਨ 600 ਹੀ ਉਪਲੱਬਧ ਹਨ। ਇਹ ਸ਼ਤਕ ਭਗਤੀ, ਸ਼ਿੰਗਾਰ ਅਤੇ ਨੀਤੀਪੂਰਣ ਰਚਨਾਵਾਂ ਹਨ ਜਿਨ੍ਹਾਂ ਵਿਚ ਸੌ ਜਾਂ ਇਸ ਤੋਂ ਵੱਧ, ਮੁਕਤਕ ਸ਼ੈਲੀ ਦੇ ਛੰਦ ਸ਼ਾਮਲ ਹਨ । ਹਰ ਸ਼ਤਕ ਦਾ ਇਕ 'ਮੁਕਟ' ਹੁੰਦਾ ਹੈ ਜਿਸ ਨੂੰ ਰਚਨਾ ਦੇ ਹਰ ਛੰਦ ਵਿਚ ਜੋੜਿਆ ਜਾਂਦਾ ਹੈ।

**ਗੀਤ ਸਾਹਿਤ** — ਸ਼ਤਕਾਂ ਦੀ ਤਰ੍ਹਾਂ ਪ੍ਰਾਚੀਨ ਤੈਲਗੂ ਸਾਹਿਤ ਵਿਚ ਗੀਤ-ਕਾਵਿ ਦੀ ਵੀ ਬੜੀ ਮਹੱਤਤਾ ਰਹੀ। ਇਹ ਗੀਤ ਵੀ ਭਗਤੀ, ਸ਼ਿੰਗਾਰ ਅਤੇ ਨੀਤੀ ਪ੍ਰਧਾਨ ਹੁੰਦੇ ਸਨ ਅਤੇ ਇਹ ਸਾਹਿਤ ਦੇ ਨਾਲ ਨਾਲ ਸੰਗੀਤ ਅਤੇ ਨਾਟਕੀ ਗੁਣਾਂ ਨਾਲ ਭਰਪੂਰ ਸਨ। 15 ਵੀਂ ਸਦੀ ਵਿਚ ਗੀਤ-ਕਾਵਿ ਖੇਤਰ ਵਿਚ ਤਾਲਪਾਕ ਅੰਨਮਾਚਾਰਯ, ਗੋਪੰਨਾ (ਰਾਮਦਾਸ), ਨਾਦਯੋਗੀ, ਤਿਆਗਰਾਜ ਆਦਿ ਉੱਘੇ ਕਵੀ ਸਨ।

**ਯਕਸ਼ਗਾਨ** — ਪ੍ਰਾਚੀਨ ਤੈਲਗੂ ਸਾਹਿਤ ਦੇ ਦ੍ਰਿਸ਼-ਪ੍ਰਬੰਧਾਂ ਨੂੰ ਯਕਸ਼ਗਾਨ ਕਿਹਾ ਜਾਂਦਾ ਹੈ। ਸੰਗੀਤ, ਅਭਿਨੈ ਅਤੇ ਨ੍ਰਿਤ ਇਨ੍ਹਾਂ ਤਿੰਨਾਂ ਕਲਾਵਾਂ ਵਿਚ ਕੁਸ਼ਲ ਕਲਾਕਾਰ ਹੀ ਇਸ ਦਾ ਪ੍ਰਦਰਸ਼ਨ ਕਰਦੇ ਸਨ। ਰਾਮਾਇਣ, ਮਹਾਭਾਰਤ ਅਤੇ ਭਾਗਵਤ ਦੀਆਂ ਕਥਾਵਾਂ ਨੂੰ ਯਕਸ਼ਗਾਨਾਂ ਵਿਚ ਪੇਸ਼ ਕਰਨ ਦੀ ਪਰੰਪਰਾ ਤੈਲਗੂ ਜਨ ਜੀਵਨ ਵਿਚ ਰਹੀ ਹੈ।

4. **ਵਰਤਮਾਨ ਯੁੱਗ** — ਇਸ ਨੂੰ ਗੱਦ ਯੁੱਗ ਜਾਂ ਨਵੀਨ ਵਿਕਾਸ ਦਾ ਯੁੱਗ ਕਿਹਾ ਜਾ ਸਕਦਾ ਹੈ। ਸੰਨ 1750 ਤਕ ਦੇਸ਼ ਵਿਚ ਈਸਟ ਇੰਡੀਆ ਕੰਪਨੀ ਦਾ ਰਾਜ ਜਮ ਚੁਕਿਆ ਸੀ। ਕੁਝ ਹੱਦ ਤੱਕ ਤਾਂ ਵਿਦੇਸ਼ੀ ਰਾਜ ਨੇ ਸਾਹਿਤ ਦੇ ਵਿਕਾਸ ਵਿਚ ਰੁਕਾਵਟ ਪਾਈ ਪਰ ਦੂਜੇ ਪਾਸੇ ਕੁਝ ਅੰਗਰੇਜ਼ ਅਧਿਕਾਰੀਆਂ ਅਤੇ ਈਸਾਈ ਧਰਮ ਪ੍ਰਚਾਰਕਾਂ ਨੇ ਤੈਲਗੂ ਗਦ-ਰਚਨਾ ਨੂੰ ਬਹੁਤ ਉਤਸ਼ਾਹਿਤ ਕੀਤਾ। ਸੀ. ਪੀ. ਬ੍ਰਾਊਨ ਨੇ ਤੈਲਗੂ ਭਾਸ਼ਾ ਵਿਚ 'ਬ੍ਰੌਨਯ-ਨਿਘੰਟੁਵੁ' 'ਨਾਮੀ ਇਕ ਉੱਤਮ ਸ਼ਬਦ-ਕੋਸ਼ ਤਿਆਰ ਕੀਤਾ ਜਿਸ ਕਾਰਨ ਤੈਲਗੂ ਸਾਹਿਤ ਜਗਤ ਵਿਚ ਉਸ ਦੀ ਉੱਚੀ ਥਾਂ ਹੈ।

19 ਵੀਂ ਸਦੀ ਦੇ ਅੰਤ ਅਤੇ 20 ਵੀਂ ਸਦੀ ਦੇ ਮੁੱਢ ਵਿਚ ਹੋਏ ਕੰਦੂਕੂਰੀ ਵੀਰੇਸ਼ਲਿੰਗਮ ਪੰਤੂਲੂ ਨੂੰ ਆਧੁਨਿਕ ਤੈਲਗੂ ਸਾਹਿਤ ਦਾ ਜਨਮਦਾਤਾ ਕਿਹਾ ਜਾ ਸਕਦਾ ਹੈ। ਜੋ ਸਥਾਨ ਭਾਰਤੇਂਦੂ ਹਰੀਸ਼ਚੰਦਰ ਨੂੰ ਹਿੰਦੀ ਸਾਹਿਤ ਵਿਚ ਪ੍ਰਾਪਤ ਹੈ, ਉਹੀ ਪੰਤੂਲੂ ਨੂੰ ਤੈਲਗੂ ਸਾਹਿਤ ਵਿਚ ਪ੍ਰਾਪਤ ਹੈ। ਉਸ ਨੇ ਕਵਿਤਾ, ਨਾਟਕ, ਨਾਵਲ ਆਦਿ ਸਾਰੇ ਖੇਤਰਾਂ ਵਿਚ ਇਕ ਨਵਾਂ ਦ੍ਰਿਸ਼ਟੀਕੋਣ ਅਪਣਾਇਆ। ਉਸ ਦੀਆਂ ਰਚਨਾਵਾਂ ਉੱਤੇ ਅੰਗਰੇਜ਼ੀ ਸਾਹਿਤ ਅਤੇ ਬੰਗਾਲੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਪਿਆ।

ਪੰਤੂਲੂ ਤੋਂ ਬਾਅਦ ਕਈ ਸਾਹਿਤਕਾਰ ਹੋਏ ਜਿਨ੍ਹਾਂ ਨੇ ਗੱਦ, ਕਵਿਤਾ, ਨਾਟਕ, ਭਾਸ਼ਾ ਅਤੇ ਸਾਹਿਤ ਦਾ ਇਤਿਹਾਸ, ਨਿਬੰਧ, ਆਲੋਚਨਾ, ਕਹਾਣੀ ਆਦਿ ਸਾਹਿਤ ਦੀਆਂ ਸਾਰੀਆਂ ਸ਼ੈਲੀਆਂ ਵਿਚ ਗ੍ਰੰਥ ਰਚੇ। ਗੁਰਜਾਡ ਅੱਪਾਰਾਵ ਮੰਡਯਾਕ, ਵੇਦ ਵੈਂਕਟਰਾਇਸ਼ਾਸ਼ਤਰੀ, ਜਯੰਤੀਰਾਮੱਯਾ, ਧਰਮਵਰਮ ਰਾਮਕ੍ਰਿਸ਼ਣ-ਮਾਚਾਰਯ, ਚਿਲੁਕੁਰੀ ਵੀਰਭਦ੍ਰਰਾਵ, ਵੈਂਕਟ ਪਾਰਵਤੀਸ਼ਵਰ ਕਬੂਲੂ, ਰਾਇਪ੍ਰੋਲੂ, ਸੁੱਬਾਰਾਵ, ਤੱਲਾਝਲ ਸ਼ਿਵਸ਼ੰਕਰ ਸਵਾਮੀ, ਸ਼੍ਰੀਪਾਦ ਕ੍ਰਿਸ਼ਣਮੂਰਤੀ ਸ਼ਾਸਤਰੀ, ਵਿਸ਼ਵ ਨਾਥ ਸਤਿਆਨਾਰਾਇਣ, ਤੁੰਮਲ ਸੀਤਾਰਾਮ ਮੂਰਤੀ ਚੌਧਰੀ ਅਤੇ ਕਾਲੋਜੀ ਨਾਰਾਇਣਰਾਵ ਆਦਿ ਇਸ ਯੁੱਗ ਦੇ ਹੋਰ ਉਘੇ ਸਾਹਿਤਕਾਰ ਹਨ।

ਆਂਧਰ ਵਿਗਿਆਨ ਮੰਡਲੀ, ਵਿਗਿਆਨ ਚੰਦ੍ਰਿਕਾ ਮੰਡਲੀ ਸਾਹਿਤੀ ਸਮਿਤੀ ਆਦਿ ਸੰਸਥਾਵਾ ਨੇ ਵੀ ਤੈਲਗੂ ਸਾਹਿਤਕ ਖੇਤਰ ਵਿਚ ਉੱਘਾ ਯੋਗਦਾਨ ਪਾਇਆ ਹੈ। ਮੌਲਿਕ ਨਾਵਲ ਦੇ ਖੇਤਰ ਵਿਚ ਉਨੱਵ ਲਕਸ਼ਮੀ ਨਾਰਾਇਣ ਪੰਤੂਲੂ, ਗੁਡਿਪਾਈ ਵੈਂਕਚਲਮੂ ਆਦਿ ਦਾ ਅਤੇ ਕਹਾਣੀ ਦੇ ਖੇਤਰ ਵਿਚ ਸ਼੍ਰੀਪਾਦ ਕ੍ਰਿਸ਼ਣਮੂਰਤੀ ਚਿੰਤਾਦੀਕਸ਼ੀਤੁਲੂ, ਵਿਸ਼ਵਨਾਥ ਸਤਯਨਾਰਾਇਣ, ਗੋਪੀਚੰਦ, ਪਾਲਗੁੱਮੀਪਦਯਰਾਜੂ ਆਦਿ ਦੇ ਨਾਂ ਪ੍ਰਮੁੱਖ ਹਨ। ਇਵੇਂ ਹੀ ਹਾਸ-ਵਿਅੰਗ ਦੇ ਖੇਤਰ ਵਿਚ ਭਮਿਡਿਪਾਟੀ ਕਾਮੇਕਸ਼ਵਰਾਵ ਦਾ, ਸੰਸਕ੍ਰਿਤ ਦੇ ਅੱਲਕਾਰ ਸ਼ਾਸਤਰ-ਗ੍ਰੰਥਾਂ ਦੇ ਪ੍ਰਮਾਣਿਕ ਅਨੁਵਾਦ ਵਿਚ ਵੇਦਾਲ ਤਿਰੁਵੈਂਗਲਾਚਾਰੀ, ਸੰਨੀਧਾਨਮ ਸੂਰਯਨਾਰਾਇਣ ਸ਼ਾਸਤਰੀ ਆਦਿ ਦੇ ਨਾਂ ਲਏ ਜਾ ਸਕਦੇ ਹਨ। ਸਾਹਿਤਕ ਸਮਾਲੋਚਨਾ ਵਿਚ ਰਾਲਪੱਲੀ ਅਨੰਤ ਕ੍ਰਿਸ਼ਣ ਸ਼ਰਮਾ, ਵਿਸ਼ਵਨਾਥ ਸਤਿਆਨਾਰਾਇਣ ਅਤੇ ਸ਼ਿਸ਼ਟਲਾ ਸੂਰਯਨਾਰਾਇਣ ਸ਼ਾਸਤਰੀ ਨੇ ਅਨਮੋਲ ਸੇਵਾ ਕੀਤੀ ਹੈ। ਤੈਲਗੂ ਸਾਹਿਤ ਦਾ ਇਤਿਹਾਸ ਪੇਸ਼ ਕਰਨ ਵਾਲਿਆਂ ਵਿਚ ਕਰੁੰਗਟੀ ਸੀਤਾਰਾਮ ਭੱਟਾਚਾਰੀਆ, ਪੀ.ਏ. ਹਨੂਮੰਤਰਾਵ, ਮਧੁਨਾਮੰਤੁਲ ਸਤਿਆਨਾਰਾਇਣ ਸ਼ਾਸਤਰੀ ਅਤੇ ਅਟੂਕੁਰਿ ਲਕਸ਼ਮੀਕਾਂਤ ਝਾ ਆਦਿ ਦਾ ਪ੍ਰਮੁੱਖ ਸਥਾਨ ਹੈ। ਭਾਸ਼ਾ ਅਤੇ ਸਾਹਿਤ ਸਬੰਧੀ ਖ਼ੋਜ ਕਰਨ ਵਾਲਿਆਂ ਵਿਚ ਕੋਰਾਡ ਰਾਮਕ੍ਰਿਸ਼ਣੱਯਾ ਨਿਡਦਵੋਲੂ ਵੈਂਕਟਰਾਵ ਆਦਿ ਸ਼ਾਮਲ ਹਨ। ਅਨੁਵਾਦ ਦੇ ਖੇਤਰ ਵਿਚ ਰਾਬਿੰਦਰ, ਸ਼ਰਤ, ਪ੍ਰੇਮਚੰਦ ਆਦਿ ਦੀਆਂ ਕ੍ਰਿਤਾਂ ਤੋਂ ਇਲਾਵਾ ਕਈ ਅੰਗਰੇਜ਼ੀ ਕ੍ਰਿਤਾਂ ਦਾ ਵੀ ਅਨੁਵਾਦ ਕੀਤਾ ਗਿਆ ਹੈ। ਪ੍ਰਚਲੱਤ ਲੋਕ ਗੀਤਾਂ ਅਤੇ ਔਰਤਾਂ ਦੇ ਗੀਤਾਂ ਨੂੰ ਸੰਕਲਿਤ ਕਰਨ ਵਿਚ ਨੇਦੂਨੂਰਿ ਗੰਗਾਧਰਮ ਨੇ ਉੱਘਾ ਕੰਮ ਕੀਤਾ ਹੈ।

ਹ.ਪੁ.—ਹਿੰ. ਸਾ. ਕੋ. 1 : 358

**ਤੋਸਕਾਨੀਨੀ, ਆਰਤੁਰੋ (Toscanini Arturo) :** ਇਟਲੀ ਦੇ 20ਵੀਂ ਸਦੀ ਦੇ ਪਹਿਲੇ ਅੱਧ ਦੇ ਇਸ ਪ੍ਰਸਿੱਧ ਸੰਗੀਤ ਵਾਦਕ ਦਾ ਜਨਮ 25 ਮਾਰਚ 1867 ਨੂੰ ਪਾਰਮਾ ਵਿਖੇ ਹੋਇਆ। ਇਸ ਨੇ ਪਾਰਮਾ ਅਤੇ ਮਿਲਾਨ ਦੀਆਂ ਕਨਜ਼ਰਵੇਟਰੀਆਂ ਵਿਚ ਸੰਗੀਤ ਦਾ ਅਧਿਐਨ ਕੀਤਾ। ਆਪਣੀ ਤੀਖਣ ਬੁੱਧੀ ਅਤੇ ਲਗਨ ਨਾਲ ਇਹ ਛੇਤੀ ਹੀ ਸੰਗੀਤ ਵਾਦਕ ਵਜੋਂ ਬਹੁਤ ਪ੍ਰਸਿੱਧ ਹੋ ਗਿਆ। ਇਸਨੇ ਕਈ ਸਾਲ ਬ੍ਰਾਜ਼ੀਲ ਵਿਚ ਬਤੀਤ ਕੀਤੇ ਸ਼ਹਿਰ ਸੰਨ 1898 ਵਿਚ ਇਹ ਮਿਲਾਨ ਵਿਚ ਅਤੇ 1908 ਵਿਚ ਨਿਊਯਾਰਕ ਸ਼ਹਿਰ ਦੇ ਮੈਟ੍ਰੋਪਾਲਿਟਨ ਓਪੇਰਾ ਵਿਖੇ ਸੰਗੀਤ ਵਾਦਕ ਲਗਿਆ। ਇਸ ਦੀ ਪ੍ਰਸਿੱਧੀ ਵਧਦੀ ਗਈ ਅਤੇ 1928 ਤੋਂ 1936 ਤਕ ਇਹ ਨਿਊਯਾਰਕ ਫਿਲਹਾਰਮੋਨਿਕ ਸਿੰਫ਼ਨੀ ਆਰਕੈਸਟਰਾ ਦਾ ਵੀ ਸੰਗੀਤ ਵਾਦਕ ਰਿਹਾ। ਫਿਰ 1937 ਤੋਂ 1954 ਈ. ਤਕ ਇਹ ਸੰਯੁਕਤ ਰਾਜ ਅਮਰੀਕਾ ਰੇਡੀਓ ਵਲੋਂ ਐਨ ਬੀ. ਸੀ. ਸਿੰਫ਼ਨੀ ਆਰਕੈਸਟਰੇ ਦਾ ਡਾਇਰੈਕਟਰ ਬਣਿਆ। ਇਸਨੇ ਸੰਸਾਰ ਭਰ ਦੇ ਪ੍ਰਸਿੱਧ ਆਰਕੈਸਟਰਾ ਸਮਾਗਮਾਂ ਵਿਚ ਵੀ ਭਾਗ ਲਿਆ। 14 ਮਈ, 1931 ਨੂੰ ਅਜਿਹੇ ਹੀ ਇਕ ਦੌਰੇ ਤੇ ਬੋਲੋਨਯਾ ਵਿਖੇ ਕੁਝ ਫਾਸ਼ੀਆਂ ਨੇ ਇਸ ਉਪਰ ਹਮਲਾ ਕੀਤਾ। ਤੋਸਕਾਨੀਨੀ ਵਧੇਰੇ ਕਰਕੇ ਵੇਅਰਦੀ ਦੇ ਓਪੇਰਿਆਂ ਅਤੇ ਬੀਥੋਵਨ ਦੀਆਂ ਸਿੰਫ਼ਨੀਆਂ ਗਾਣ ਲਈ ਪ੍ਰਸਿੱਧ ਸੀ। ਇਸ ਦੀ ਯਾਦਸ਼ਕਤੀ ਇੰਨੀ ਤੇਜ਼ ਸੀ ਕਿ ਨਜ਼ਰ ਘਟ ਜਾਣ ਮਗਰੋਂ ਇਹ ਆਪਣੀ ਯਾਦਦਾਸ਼ਤ ਸਦਕਾ ਹੀ ਸੰਗੀਤ ਵਾਦਕ ਵਜੋਂ ਨਿਪੁੰਨਤਾ ਨਾਲ ਕੰਮ ਕਰਦਾ ਰਿਹਾ।

16 ਜਨਵਰੀ, 1957 ਨੂੰ ਨਿਊਯਾਰਕ ਸ਼ਹਿਰ ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 10 : 61; ਐਨ.ਅਮੈ. 26 : 715

**ਤੋਸ਼ਮ** : ਹਰਿਆਣਾ ਰਾਜ (ਭਾਰਤ) ਦੇ ਭਿਵਾਨੀ ਜ਼ਿਲ੍ਹੇ ਵਿਚ ਇਕ ਸ਼ਹਿਰ ਹੈ ਜਿਹੜਾ ਹਿਸਾਰ ਤੋਂ 25 ਕਿ. ਮੀ. ਉੱਤਰ ਵਿਚ ਸਥਿਤ ਹੈ। ਸ਼ਹਿਰ ਦੇ ਨੇੜੇ ਅਰਾਵਲੀ ਪਹਾੜੀਆਂ ਦੀ 242 ਮੀ. (800 ਫੁੱਟ) ਉੱਚੀ ਪਹਾੜੀ ਹੈ ਜਿਸ ਉਪਰ ਇਕ ਪ੍ਰਾਚੀਨ ਕਿਲਾ ਬਣਿਆ ਹੋਇਆ ਹੈ। ਇਸ ਦੇ ਨੇੜੇ ਦੋ ਪ੍ਰਾਚੀਨ ਯਾਦਗਾਰਾਂ ਹਨ ਇਨ੍ਹਾਂ ਵਿਚੋਂ ਇਕ ਤਾਂ ਬਾਰਾਂਦਰੀ ਹੈ ਜਿਸ ਨੂੰ ਪ੍ਰਿਥਵੀ ਰਾਜ ਦੀ ਕਚਹਿਰੀ ਕਰਕੇ ਜਾਣਿਆ ਜਾਂਦਾ ਹੈ ਦੂਜੀ ਇਸੇ ਬਾਰਾਂਦਰੀ ਦੇ ਨੇੜੇ ਸੰਸਕ੍ਰਿਤ ਭਾਸ਼ਾ ਵਿਚ ਇਕ ਸ਼ਿਲਾਲੇਖ ਹੈ ਜਿਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਜਾ ਸਕਿਆ। ਸਰ ਅਲੈਗਜਾਂਦਰ ਕਨਿੰਘਮ ਅਨੁਸਾਰ ਇਹ ਸ਼ਿਲਾ ਲੇਖ ਇੰਡੋਸੀਥੀਅਨ ਬਾਦਸ਼ਾਹ, ਤੋਸ਼ਾਰਾ ਨੇ ਲਿਖਵਾਇਆ ਸੀ। ਇਸ ਤੋਂ ਬਿਨਾਂ ਪਹਾੜੀ ਉਪਰ ਕੁਝ ਕੁੰਡ (ਜਲ ਭੰਡਾਰ) ਵੀ ਹਨ, ਜਿਥੇ ਸੋਮਵਾਰੀ ਮੱਸਿਆ ਦੇ ਦਿਨ ਚੰਗਾ ਮੇਲਾ ਲਗਦਾ ਹੈ।

**ਆਬਾਦੀ**—9,387 (1991)

28°54′ ਉ. ਵਿਥ.; 75°56′ ਪੂ. ਲੰਬ.

ਹ.ਪੁ.—ਡਿ.ਸੈਂ.ਹੈਂ.ਬੁੱ.—ਹਿਸਾਰ (1961) ; ਇੰਪ.ਗ਼.ਇੰਡ. 23 : 421

**ਤੋਸਾ ਮਿਤਸੂਓਕੀ** : ਜਾਪਾਨ ਦੇ ਇਸ ਚਿੱਤਰਕਾਰ ਦਾ ਜਨਮ 1617 ਈ. ਵਿਚ ਓਸਾਕਾ ਪ੍ਰੀਫ਼ੈਕਚਰ ਵਿਚ ਸਾਕਾਈ (Sakai) ਵਿਖੇ ਹੋਇਆ। ਇਸ ਨੇ 15 ਵੀਂ ਸਦੀ ਤੋਂ ਸਥਾਪਿਤ ਚਿੱਤਰਕਾਰੀ ਦੇ ਤੋਸਾ ਸਕੂਲ ਨੂੰ ਮੁੜ ਤੋਂ ਚਾਲੂ ਕੀਤਾ।

ਸੰਨ 1634 ਵਿਚ ਇਹ ਆਪਣੇ ਚਿੱਤਰਕਾਰ ਪਿਤਾ ਨਾਲ ਕਿਓਟੋ ਆ ਗਿਆ। ਸੰਨ 1654 ਵਿਚ ਇਸ ਨੇ ਸ਼ਾਹੀ ਚਿੱਤਰਕਾਰ ਦਾ ਅਹੁਦਾ ਸੰਭਾਲਿਆ। ਇਹ ਅਹੁਦਾ ਤੋਸਾ ਪਰਿਵਾਰ ਦੇ ਲੋਕਾਂ ਨੂੰ ਦਿੱਤਾ ਜਾਂਦਾ ਸੀ ਪਰ ਮਿਉਰੋਮਾਚੀ (Muromachi) ਯੁੱਗ ਦੇ ਅੰਤ ਤੋਂ ਬਾਅਦ ਇਹ ਥਾਂ ਖਾਲੀ ਪਈ ਸੀ। ਇਸ ਦੀ ਸ਼ੈਲੀ ਬਾਰੀਕ ਲਕੀਰਾਂ ਅਤੇ ਵਧੀਆ ਚਿੱਤਰਾਂ ਕਾਰਨ ਪ੍ਰਸਿੱਧ ਸੀ। ਇਸ ਨੇ ਪ੍ਰਸਿੱਧ ਕਾਨੋ (Kano) ਸਕੂਲ ਦੀ ਸ਼ੈਲੀ ਅਤੇ ਚੀਨ ਦੀ ਵਿਸ਼ਾ-ਸਾਮੱਗਰੀ ਨੂੰ ਵੀ ਅਪਣਾਇਆ। Kitano Tenjin engi emaki; Itsukushima Matsushima zu-byoku ਅਤੇ'Kikujun ਇਸ ਦੀਆਂ ਕੁਝ ਕ੍ਰਿਤਾਂ ਹਨ। ਸੰਨ 1681 ਵਿਚ ਆਪਣੇ ਲੜਕੇ ਮਿਤਸੂਨਾਰੀ ਨੂੰ ਆਪਣੇ ਅਹੁਦੇ ਦਾ ਉਤਾਰਾਧਿਕਾਰੀ ਬਣਾ ਕੇ ਇਹ ਭਿਖਸ਼ੂ ਬਣ ਗਿਆ।

ਸੰਨ 1691 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 10 : 60

**ਤੋਸਾ ਮਿਤਸੂਨੋਬੂ** : ਜਾਪਾਨ ਦੇ ਇਸ ਚਿੱਤਰਕਾਰ ਦਾ ਜਨਮ 1434 ਈ. ਵਿਚ ਹੋਇਆ। ਇਸ ਨੂੰ ਜਾਪਾਨੀ ਕਲਾ ਦੇ ਤੋਸਾ ਸਕੂਲ ਦਾ ਬਾਨੀ ਮੰਨਿਆ ਜਾਂਦਾ ਹੈ। ਸੰਨ 1493 ਤੋਂ 1496 ਦੌਰਾਨ ਇਹ ਸ਼ਾਹੀ ਚਿੱਤਰਕਾਰੀ ਵਿਭਾਗ ਦਾ ਮੁੱਖੀ ਰਿਹਾ। ਸੰਨ 1518 ਵਿਚ ਇਸ ਨੂੰ ਫ਼ੌਜੀ ਸੈਨਿਕਾਂ ਦੇ ਇਕ ਪਰਿਵਾਰ ਜਿਸਨੇ 1338 ਈ. ਤੋਂ 1573 ਈ. ਤਕ ਜਾਪਾਨ ਤੇ ਰਾਜ ਕੀਤਾ ਸੀ, ਦਾ ਮੁੱਖ ਚਿੱਤਰਕਾਰ ਨਿਯੁਕਤ ਕੀਤਾ ਗਿਆ। ਤੋਸਾ ਸਕੂਲ ਨੇ ਜਿਸ ਸ਼ੈਲੀ ਨੂੰ ਮੁੜ ਚਾਲੂ ਕੀਤਾ ਅਤੇ ਸੰਭਾਲ ਕੇ ਰਖਿਆ ਉਹ ਜਾਪਾਨੀ ਚਿੱਤਰਕਾਲ ਸੀ। ਇਹ ਸ਼ੈਲੀ ਹਲਕੇ ਰੰਗਾਂ, ਵੱਖ-ਵੱਖ ਰੰਗਾਂ ਨੂੰ ਨਿਖੇੜਨ ਵਾਲੀਆਂ ਰੇਖਾਵਾਂ ਅਤੇ ਵੰਨ ਸੁਵੰਨੇ ਰੰਗਾਂ ਕਾਰਨ ਪ੍ਰਸਿੱਧ ਹੈ। ਇਸ ਨੂੰ ਕਈ ਵਾਰ ਬਿਰਤਾਂਤਕ ਲਿਖਤਾਂ ਵਿਚ ਵਰਤਿਆ ਜਾਂਦਾ ਹੈ।

ਬਾਦਸ਼ਾਹ ਐਨ. ਯੂ. ਦੂਜੇ ਦੀ ਤਸਵੀਰ (1492 ਈ.) ਅਤੇ ਮੰਦਰਾਂ ਅਤੇ ਮਜਾਰਾਂ ਆਦਿ ਦੇ ਇਤਿਹਾਸ ਅਤੇ ਪੁਰਾਣਿਕ ਕਥਾਵਾਂ ਦੀਆਂ ਬਿਰਤਾਂਤਕ ਲਿਖਤਾਂ ਮਿਤਸੂਨੋਬੂ ਦੀਆਂ ਕੁਝ ਪ੍ਰਸਿੱਧ ਕ੍ਰਿਤਾਂ ਹਨ।

ਸੰਨ 1525 ਵਿਚ ਕੀਓਟੋ ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ.ਬ੍ਰਿ.ਮਾ. 10 : 60

**ਤੋਸ਼ੂਸਾਈ ਸ਼ਾਰਾਕੂ** : ਜਾਪਾਨ ਦੇ ਇਸ ਕਲਾਕਾਰ ਦਾ ਅਸਲ ਨਾਂ ਸੈਤੋ ਜਯੂਰੋਬੇਲ (Saito Jurobel ) ਸੀ। ਇਹ ਨਿਤਾਪ੍ਰਤੀ ਜੀਵਨ ਨੂੰ ਸਾਧਾਰਣ ਰੂਪ ਵਿਚ ਪੇਸ਼ ਕਰਨ ਵਾਲੀ ਜਾਪਾਨੀ ਚਿੱਤਰਕਲਾ ਪੱਧਤੀ (Ukiyo-e) ਦੇ ਬਾਨੀਆਂ ਵਿਚੋ ਸੀ। ਇਸ ਨੂੰ ਆਵਾ ਪ੍ਰਾਂਤ ਜੋ ਹੁਣ ਟੋਕੁਸ਼ੀਮਾ (Tokushima) ਪ੍ਰੀਫ਼ੈਕਚਰ ਵਿਚ ਹੈ, ਦੇ ਨਾਚ ਗਾਣ ਵਾਲੇ ਇਕ ਪਰੰਪਰਾਗਤ ਧਾਰਮਿਕ ਜਾਪਾਨੀ ਨਾਟਕ ਦੇ ਅਦਾਕਾਰ ਵਜੋਂ ਜਾਣਿਆ ਜਾਂਦਾ ਹੈ। ਇਸ ਦੀਆਂ ਪ੍ਰਸਿੱਧ ਕ੍ਰਿਤਾਂ ਵਿਚ 160 ਤੋਂ ਵੀ ਘੱਟ ਪ੍ਰਿੰਟ ਹਨ। ਇਸ ਨੇ ਅਦਾਕਾਰੀ ਦੇ ਵੱਖ ਵੱਖ ਪਹਿਲੂਆਂ ਦਾ ਚਿੱਤਰਣ ਕੀਤਾ ਹੈ। ਆਪਣੇ ਸਮੇਂ ਦਾ ਸਭ ਤੋਂ ਖ਼ੂਬਸੂਰਤ ਅਦਾਕਾਰ ਮਤਸੂਮੋਤੋ ਯੋਨੋਸਾਬੁਰੋ ਜਿਸ ਨੇ ਔਰਤਾਂ ਦੇ ਰੋਲ ਅਦਾ ਕੀਤੇ, ਵੀ ਇਸ ਦੇ ਚਿੱਤਰਾਂ ਵਿਚ ਮੋਟੀ ਗਰਦਨ ਵਾਲਾ ਬੇਡੌਲ ਪੁਰਖ ਨਜ਼ਰ ਆਉਂਦਾ ਹੈ। ਇਹ ਕੋਈ ਬਹੁਤਾ ਪ੍ਰਸਿੱਧ ਕਲਾਕਾਰ ਨਹੀਂ ਸੀ। ਪੱਛਮੀ ਦੇਸ਼ਾਂ ਦੇ ਲੋਕਾਂ ਵਲੋਂ ਇਸ ਦੇ ਕੰਮ ਦੀ ਪ੍ਰਸ਼ੰਸਾ ਹੋਣ ਤੋਂ ਬਾਅਦ ਹੀ ਜਾਪਾਨੀ ਲੋਕਾਂ ਨੇ ਇਸ ਨੂੰ ਮਾਨਤਾ ਦਿੱਤੀ।

ਹ.ਪੁ.—ਐਨ.ਬ੍ਰਿ.ਮਾ. 10 : 61

**ਤੋਕਿਵਾ ਮਿਤਸੂਨਾਗਾ** : ਇਹ 12 ਵੀਂ ਸਦੀ ਦਾ ਇਕ ਉੱਘਾ ਜਾਪਾਨੀ ਚਿੱਤਰਕਾਰ ਸੀ ਜਿਸ ਦਾ ਜਨਮ 12 ਵੀਂ ਸਦੀ ਵਿਚ ਕਿਓਟੋ ਵਿਚ ਹੋਇਆ। ਇਹ ਦਰਬਾਰੀਆਂ ਅਤੇ ਦਰਬਾਰਾਂ ਵਿਚ ਹੁੰਦੇ ਜਸ਼ਨਾਂ ਦੀਆਂ ਵੱਡੀਆਂ ਵੱਡੀਆਂ ਤਸਵੀਰਾਂ ਬਣਾਇਆ ਕਰਦਾ ਸੀ। ਇਸ ਦੇ ਬਣਾਏ ਹੋਏ 60 ਵੱਡੇ ਚਿੱਤਰ ਸਨ ਜਿਨ੍ਹਾਂ ਵਿਚ ਸ਼ਾਹੀ ਦਰਬਾਰ ਦੇ ਰਸਮਾਂ ਰਿਵਾਜਾਂ ਅਤੇ ਦਰਬਾਰੀਆਂ ਨੂੰ ਮੌਜਮੇਲਾ ਮਨਾਉਂਦੇ ਹੋਏ ਦਿਖਾਇਆ ਗਿਆ ਹੈ। ਚਿੱਤਰਾਂ ਦੀ ਪਿੱਠ ਭੂਮੀ ਵਿਚ ਮਹਿਲ ਦੇ ਵੱਖ ਵੱਖ ਭਾਗ ਦਿਖਾਏ ਗਏ ਹਨ। ਸੰਨ 1626 ਤੱਕ ਇਸ ਦੇ ਚਿੱਤਰਾਂ ਵਿਚੋਂ 20 ਦੀਆਂ ਨਕਲਾਂ ਤਿਆਰ ਕੀਤੀਆਂ ਗਈਆਂ ਸਨ। ਉਸੇ ਸਾਲ ਭਿਆਨਕ ਅੱਗ ਕਾਰਨ ਸਾਰੀਆਂ ਮੂਲ ਤਸਵੀਰਾਂ ਨਸ਼ਟ ਹੋ ਗਈਆਂ ਸਨ, ਕੇਵਲ ਇਹ 20 ਨਕਲਾਂ ਹੀ ਬਚੀਆਂ ਰਹਿ ਗਈਆਂ ਸਨ। ਇਸ ਤਰ੍ਹਾਂ ਤੋਕਿਵਾ ਨੇ ਆਪਣੇ ਸਮੇਂ ਦੇ ਮਨੁੱਖਾਂ ਦੀਆਂ ਸਰਗਰਮੀਆਂ ਨੂੰ ਸਾਕਾਰ ਕੀਤਾ ਹੈ।

ਹ.ਪੁ.—ਐਨ.ਬ੍ਰਿ.ਮਾ. 9 : 26

**ਤੋਕੁਗਾਵਾ ਮਿਤਸੁਕੁਨੀ** : ਇਹ ਜਾਪਾਨ ਦਾ ਇਕ ਬਹੁਤ ਵੱਡਾ ਜਾਗੀਰਦਾਰ ਸੀ ਜਿਸ ਨੇ ਦਾਈ ਨਿਹੋਂ ਸ਼ੀ (Dai Nihon shi) (ਮਹਾਨ ਜਾਪਾਨ ਦਾ ਇਤਿਹਾਸ) ਨਾਂ ਦੀ ਪੁਸਤਕ ਸੰਕਲਿਤ ਕਰਨੀ ਸ਼ੁਰੂ ਕੀਤੀ ਸੀ। ਇਸ ਦਾ ਜਨਮ ਮੌਜੂਦਾ ਇਬਾਰਾਕੀ ਪ੍ਰੀਫ਼ੈਕਚਰ ਵਿਚ ਮਿਤੋ ਜਾਗੀਰ (Mito fief) ਵਿਖੇ 1628 ਵਿਚ ਹੋਇਆ। ਇਹ ਤੋਕੂਗਾਵਾ ਦੇ ਸ਼ਾਹੀ ਘਰਾਣੇ ਨਾਲ ਸਬੰਧ ਰੱਖਦਾ ਸੀ। ਇਸ ਦੇ ਪ੍ਰਾਜੈਕਟ ਦਾ ਵਧੇਰੇ ਹਿੱਸਾ ਤਾਂ ਇਸ ਦੇ ਜੀਵਨ ਕਾਲ ਵਿਚ ਹੀ ਪੂਰਾ ਹੋ ਗਿਆ ਸੀ ਪਰ ਇਹ ਕਾਰਜ ਅੰਤਿਮ ਰੂਪ ਵਿਚ 1906 ਈ. ਵਿਚ ਜਾ ਕੇ ਮੁਕੰਮਲ ਹੋਇਆ ਸੀ। ਆਪਣੀ ਲਿਖਤ ਦੁਆਰਾ ਇਸ ਨੇ ਕਨਫ਼ਿਊਸਸ ਦੇ ਵਿਚਾਰਾਂ ਨੂੰ ਜਾਪਾਨ ਵਿਚ ਫੈਲਾਉਣ ਅਤੇ ਜਾਪਾਨੀ ਲੋਕਾਂ ਵਿਚ ਰਾਸ਼ਟਰੀ ਭਾਵਨਾਵਾਂ ਅਤੇ ਰਾਜ-ਸੱਤਾ ਪ੍ਰਤੀ ਵਫ਼ਾਦਾਰੀ ਉਜਾਗਰ ਕਰਨ 'ਚ ਸਹਾਇਤਾ ਕੀਤੀ।

ਆਪਣੀ ਜਵਾਨੀ ਨੂੰ ਕੁਕਰਮਾਂ ਵਿਚ ਹੀ ਗੁਜ਼ਾਰ ਦੇਣ ਉਪਰੰਤ ਇਸ ਨੂੰ ਕਲਾਸਕੀ ਅਧਿਐਨ ਕਰਨ ਵਿਚ ਦਿਲਚਸਪੀ ਹੋ ਗਈ। 30 ਸਾਲਾਂ ਦੀ ਉਮਰ ਵਿਚ ਇਸ ਨੇ ਆਪਣੇ ਇਤਿਹਾਸ ਦਾ ਸੰਕਲਨ ਕਾਰਜ ਚੀਨ ਦੇ ਵੱਡੇ-ਵੱਡੇ ਰਾਜ ਘਰਾਣਿਆਂ ਦੇ ਇਤਿਹਾਸਾਂ ਨੂੰ ਆਪਣੇ ਸਾਹਮਣੇ ਮਿਸਾਲ ਵਜੋਂ ਰੱਖ ਕੇ ਲਿਖਣਾ ਸ਼ੁਰੂ ਕੀਤਾ। ਇਸ ਦਾ ਇਹ ਮਨਸ਼ਾ ਸੀ ਕਿ ਇਸ ਦਾ ਇਹ ਅਧਿਐਨ ਨੈਤਿਕ ਪੱਖੋਂ ਸਿੱਖਿਆਦਾਇਕ ਹੋਵੇ ਅਤੇ ਉਸ ਵਿਚ ਬੀਤੇ ਸਮੇਂ ਦੇ ਮਨੁੱਖਾਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਕਿ ਆਧੁਨਿਕ ਸਮੇਂ ਦੇ ਮਨੁੱਖਾਂ ਨੂੰ ਨੇਕੀ ਦੇ ਸਰੂਪ ਬਾਰੇ ਸਿੱਖਿਆ ਪ੍ਰਾਪਤ ਹੋ ਸਕੇ। ਇਸ ਨੇ ਵੱਡੇ ਵੱਡੇ ਵਿਦਵਾਨਾਂ ਦੀਆਂ ਲਿਖਤਾਂ ਤੋਂ ਲਾਭ ਉਠਾਇਆ। ਇਹ ਬਾਦਸ਼ਾਹੀ ਹਕੂਮਤ ਦਾ ਵੱਡਾ ਸਮੱਰਥਕ ਸੀ। ਇਸ ਲਈ ਇਸ ਵਲੋਂ ਚਲਾਈ ਗਈ ਇਸ ਕਿਸਮ ਦੀ ਲਹਿਰ ਦੇ ਸਦਕਾ 1868 ਈ. ਵਿਚ ਜਾਪਾਨ ਦੇ ਫ਼ੌਜੀ ਗਵਰਨਰਾਂ (Shoguns) ਦਾ ਤਖ਼ਤਾ ਉਲਟਾ ਕੇ ਸਾਰੀ ਤਾਕਤ ਫਿਰ ਤੋਂ ਸ਼ਾਹੀ ਖਾਨਦਾਨ ਨੂੰ ਸੌਂਪ ਦਿੱਤੀ ਗਈ।

ਇਸ ਦੀ ਮੌਤ 1700 ਈ. ਵਿਚ ਓਟਾ ਵਿਚ ਨਿਸ਼ੀਯਾਮਾ ਵਿਖੇ ਹੋਈ।

ਹ.ਪੁ.—ਐਨ.ਬ੍ਰਿ.ਮਾ. 10 : 27

**ਤੋਖੀ** : ਸੰਨ 1700 ਦੇ ਨੇੜੇ ਹੋਤਕ ਕਬੀਲੇ ਵਿਚੋਂ ਹੀ ਕੰਧਾਰ ਦੇ ਕਈ ਸ਼ਾਸਕ ਬਣਨ ਤੋਂ ਪਹਿਲਾਂ, ਇਹ ਗ਼ਿਲਜ਼ਈ ਅਫ਼ਗਾਨ ਕਬੀਲਿਆਂ ਵਿਚੋਂ ਸਰਵੋਤਮ ਕਬੀਲਾ ਸੀ। ਇਸ ਕਬੀਲੇ ਦਾ ਟਰਨਕ (Tarnak) ਦੀ ਵਾਦੀ ਅਤੇ ਅਰਗ਼ਨਦਾਬ (Arghandab) ਦੀ ਉੱਤਰੀ ਵਾਦੀ ਉੱਤੇ ਅਧਿਕਾਰ ਹੁੰਦਾ ਸੀ ਅਤੇ ਕੈਲਾਤ-ਇ-ਗਿਲਜ਼ਈ (Kelat-i- Ghilzai) ਉਨ੍ਹਾਂ ਦਾ ਪ੍ਰਮੁੱਖ ਕੇਂਦਰ ਹੁੰਦਾ ਸੀ।

ਖਰੋਟੀ ਕਬੀਲਾ ਵੀ ਇਸੇ ਕਬੀਲੇ ਦੀ ਇਕ ਸ਼ਾਖਾ ਹੈ। ਬਾਦ ਵਿਚ ਕੁਝ ਤੋਖੀ ਡੇਰਾ ਇਸਮਾਈਲ ਖ਼ਾਂ ਵੀ ਚਲੇ ਗਏ ਸਨ।

ਹ.ਪੁ.—ਗਲਾ.ਟ੍ਰਾ.ਕਾਸ. 3 : 471. ਪੰ. ਕਾਸ. ਇਬੈਟਸਨ

**ਤੋਟਕ** : ਇਹ ਇਕ ਛੰਦ ਹੈ ਜਿਸ ਨੂੰ 'ਅਸਤਾ', 'ਕਿਲਕਾ', ਅਤੇ 'ਤਾਰਕ' ਵੀ ਕਿਹਾ ਜਾਂਦਾ ਹੈ। ਇਹ ਉਹ ਵਰਨਕ ਛੰਦ ਹੈ ਜਿਸ ਦੇ ਚਾਰੇ ਚਰਣ ਬਰਾਬਰ ਹੁੰਦੇ ਹਨ। 'ਪਿੰਗਲ ਸੂਤਰ ' (6:32) ਅਤੇ ਭਰਤ ਮੁਨੀ ਦੇ 'ਨਾਟ ਸ਼ਾਸਤਰ' (16 : 41) ਅਨੁਸਾਰ ਇਸ ਦੇ ਹਰ ਚਰਣ ਵਿਚ ਚਾਰ ਸਗਣ ਹੁੰਦੇ ਹਨ। ਇਹ ਛੰਦ ਸੰਸਕ੍ਰਿਤ ਵਿਚ ਬਹੁਤ ਪ੍ਰਚੱਲਤ ਹੈ। ਤੁਲਸੀ, ਚੰਦ, ਕੇਸ਼ਵ, ਸੂਦਨ ਅਤੇ ਜੋਧਰਾਜ ਆਦਿ ਨੇ ਇਸ ਛੰਦ ਦੀ ਵਰਤੋਂ ਕੀਤੀ ਹੈ। ਦੂਹਰੀ ਗਤੀ ਕਾਰਨ ਇਸ ਦਾ ਪ੍ਰਯੋਗ ਬੀਰ ਰਸ ਵਿਚ ਵਧੇਰੇ ਚੰਗਾ ਹੋਇਆ ਹੈ।

ਹ.ਪੁ.—ਹਿੰ.ਸਾ.ਕੋ. ; ਮ. ਕੋ.

**ਤੋਤਾ** : ਏਵੀਜ਼ ਸ਼੍ਰੇਣੀ ਦੇ ਸਿਡੈਸਿਫ਼ੌਰਮੀਜ਼ (Psittaciformes) ਵਰਗ ਅਤੇ ਸਿਡੈਸਡੀ (Psittacidae) ਕੁਲ ਦਾ ਇਹ ਇਕ ਆਮ ਮਿਲਣ ਵਾਲਾ ਪੰਛੀ ਹੈ। ਇਸ ਦੀ ਆਮ ਮਿਲਣ ਵਾਲੀ ਜਾਤੀ ਦਾ ਪ੍ਰਾਣੀ-ਵਿਗਿਆਨਕ ਨਾਂ ਸਿਟਾਕੁਲਾ ਕ੍ਰੈਮੇਰੀ (Psittacula krameri) ਹੈ। ਹਰੇ ਰੰਗ ਵਾਲਾ ਇਹ ਪੰਛੀ ਆਕਾਰ ਵਿਚ ਮੈਨਾ ਤੋਂ ਥੋੜ੍ਹਾ ਵੱਡਾ ਹੁੰਦਾ ਹੈ। ਇਸ ਦੀ ਚੁੰਝ ਲਾਲ ਰੰਗ ਦੀ, ਛੋਟੀ ਅਤੇ ਕਾਫ਼ੀ ਮੁੜੀ ਹੋਈ ਹੁੰਦੀ ਹੈ। ਪੂਛ ਲੰਮੀ ਤੇ ਨੁਕੀਲੀ, ਲੱਤਾਂ ਛੋਟੀਆਂ ਅਤੇ ਪੈਰਾਂ ਦੀਆਂ ਦੋ ਉਂਗਲਾਂ ਅਗੇ ਵਲ ਅਤੇ ਦੋ ਪਿੱਛੇ ਵਲ ਮੁੜੀਆਂ (Zygodactyl) ਹੋਈਆਂ ਹੁੰਦੀਆਂ ਹਨ। ਉਂਗਲਾਂ ਦੀ ਅਜਿਹੀ ਸਥਿਤੀ ਕਾਰਨ ਇਹ ਮਨੁੱਖਾਂ ਵਾਂਗ ਪੈਰ ਵਿਚ ਫ਼ਲ ਆਦਿ



ਤੋਤਾ

ਵਸਤਾਂ ਫੜ ਕੇ ਖਾਂਦੇ ਹਨ। ਇਹ ਸਥਿਤੀ ਕਿਸੇ ਵੀ ਹੋਰ ਪੰਛੀ ਵਿਚ ਨਹੀਂ ਮਿਲਦੀ। ਇਸੇ ਕਾਰਨ ਇਹ ਪੰਛੀ ਰੁੱਖਾਂ ਉਪਰ ਵੀ ਆਸਾਨੀ ਨਾਲ ਚੜ੍ਹ ਜਾਂਦਾ ਹੈ।

ਨਰ-ਤੋਤੇ ਦੀ ਗਰਦਨ ਦੁਆਲੇ ਕਾਲੇ ਤੇ ਗੁਲਾਬੀ ਰੰਗ ਦੀ ਧਾਰੀ (ਗਾਨੀ) ਹੁੰਦੀ ਹੈ। ਇਹ ਧਾਰੀ ਮਾਦਾ-ਤੋਤੇ ਦੀ ਗਰਦਨ ਦੁਆਲੇ ਨਹੀਂ ਹੁੰਦੀ। ਇਹ ਪੰਛੀ ਵੱਡੇ ਵੱਡੇ ਝੁੰਡ ਬਣਾ ਕੇ ਖੇਤਾਂ ਅਤੇ ਬਾਗਾਂ ਵਿਚ ਰਹਿੰਦੇ ਹਨ, ਜਿਥੇ ਇਨ੍ਹਾਂ ਨੂੰ ਖਾਣ ਲਈ ਕਾਫ਼ੀ ਕੁਝ ਮਿਲਦਾ ਰਹੇ। ਪੱਕੀਆਂ ਹੋਈਆਂ ਫ਼ਸਲਾਂ ਅਤੇ ਪੱਕ ਰਹੇ ਫ਼ਲਾਂ ਦਾ ਇਹ ਬਹੁਤ ਨੁਕਸਾਨ ਕਰਦੇ ਹਨ। ਇਹ ਜਿੰਨਾ ਖਾਂਦੇ ਹਨ ਉਸ ਤੋਂ ਵੱਧ ਟੁੱਕ-ਟੁੱਕ ਕੇ ਜ਼ਾਇਆ ਕਰਦੇ ਹਨ। ਰੁੱਖਾਂ ਉਪਰ ਬੈਠ ਕੇ ਜਾਂ ਉੱਡਦੇ ਹੋਏ ਇਹ ਬਹੁਤ ਤਿੱਖੀ ਅਤੇ ਚੀਕਵੀਂ ਆਵਾਜ਼ (Keeak, keeak) ਕੱਢਦੇ ਹਨ।

ਇਹ ਪੰਛੀ 4 ਤੋਂ 6 ਤੱਕ ਚਿੱਟੇ ਅਤੇ ਗੋਲ ਆਕਾਰ ਦੇ ਅੰਡੇ , ਕਠਫੋੜੇ ਜਾਂ ਹੋਰ ਪੰਛੀਆਂ ਦੇ ਬਣਾਏ ਹੋਏ ਟੋਇਆਂ ਵਿਚ ਜਾਂ ਘਰਾਂ ਦੀਆਂ ਕੰਧਾਂ ਆਦਿ ਵਿਚ ਦਿੰਦੇ ਹਨ। ਕਈ ਮਾਦਾ-ਪੰਛੀ ਇਕ ਥਾਂ ਤੇ ਹੀ ਇਕੱਠੇ ਅੰਡੇ ਦਿੰਦੇ ਹਨ।

ਇਹ ਇਕ ਪਾਲਤੂ ਪੰਛੀ ਵੀ ਹੈ ਅਤੇ ਇਸ ਨੂੰ ਪਿੰਜਰੇ ਵਿਚ ਬੰਦ ਕਰਕੇ ਘਰਾਂ ਵਿਚ ਰਖਿਆ ਜਾਂਦਾ ਹੈ। ਇਸ ਦੀ ਨਕਲ ਕਰਨ ਦੀ ਯੋਗਤਾ ਕਾਰਨ ਇਸ ਨੂੰ ਬੋਲਣਾ ਵੀ ਸਿਖਾਇਆ ਜਾਂਦਾ ਹੈ। ਤੋਤਾ ਮਨੁੱਖ ਵਾਂਗ ਬੋਲਣ ਦੀ ਨਕਲ ਕਰਦਾ ਹੈ।

ਵੱਡੀ ਜਾਤੀ ਦਾ ਤੋਤਾ ਸਿਟਾਕੁਲਾ ਇਉਪੈਟਰੀਆ (Psittacula eupatria ) ਆਕਾਰ ਵਿਚ ਕਾਫ਼ੀ ਵੱਡਾ ਹੁੰਦਾ ਹੈ। ਇਸ ਦੀ ਚੁੰਝ ਵੀ ਭਾਰੀ ਹੁੰਦੀ ਹੈ ਅਤੇ ਨਰ-ਪੰਛੀ ਦੇ ਮੋਢੇ ਉੱਤੇ ਇਕ ਗੂੜ੍ਹੇ ਲਾਲ ਰੰਗ ਦਾ ਚਟਾਖ ਹੁੰਦਾ ਹੈ। ਗਰਦਨ ਦੁਆਲੇ ਕਾਲੇ ਤੇ ਪਿਆਜ਼ੀ ਰੰਗ ਦੀ ਧਾਰੀ ਹੁੰਦੀ ਹੈ। ਇਹ ਜ਼ਿਆਦਾਤਰ ਜੰਗਲਾਂ ਵਿਚ ਮਿਲਦਾ ਹੈ। ਤੋਤਿਆਂ ਦੇ ਛੋਟੇ ਬੱਚੇ ਘਰਾਂ ਵਿਚ ਪਾਲਣ ਲਈ ਵੇਚੇ ਵੀ ਜਾਂਦੇ ਹਨ।

ਹ.ਪੁ.—ਕਾ. ਬ. 64; ਐਨ. ਬ੍ਰਿ. 17 : 404; ਪਾ. ਹੈ. ਇੰ. ਬ: 334

**ਤੋਪਖਾਨਾ** : ਮੁੱਢ ਕਦੀਮ ਤੋਂ ਹੀ ਮਨੁੱਖ ਆਪਣੀ ਰਖਿਆ ਲਈ ਢੁਕਵੇਂ ਸਾਧਨ ਲਭਦਾ ਤੇ ਅਪਨਾਉਂਦਾ ਰਿਹਾ ਹੈ। ਸਭਿਅਤਾ ਦੇ ਵਿਕਾਸ ਨਾਲ ਸੁਰੱਖਿਆ ਲਈ ਫ਼ੌਜ ਕਾਇਮ ਕਰਨੀ ਜ਼ਰੂਰੀ ਸਮਝੀ ਗਈ। ਕਿਸੇ ਵੀ ਫ਼ੌਜੀ ਸੰਗਠਨ ਵਿਚ ਤੋਪਖਾਨਾ ਅਹਿਮ ਰੋਲ ਅਦਾ ਕਰਦਾ ਹੈ। ਜੰਗੀ ਹਥਿਆਰਾਂ ਦੀ ਵਰਤੋਂ ਬਾਰੇ ਕਿਆਸ ਲਾਇਆ ਜਾਂਦਾ ਹੈ ਕਿ ਬਰਤਾਨਵੀ ਮਹਾਰਾਜੇ ਐਡਵਰਡ ਤੀਸਰੇ

ਦੁਆਰਾ ਇਕ ਛੋਟੀ ਤੋਪ ਦੀ ਵਰਤੋਂ 1346 ਵਿਚ ਕੀਤੀ ਗਈ। ਇਹ ਵੀ ਕਿਹਾ ਜਾਂਦਾ ਹੈ ਕਿ ਤੋਪਖਾਨਾ 15 ਵੀਂ ਸਦੀ ਦੇ ਅੱਧ ਤਕ ਲੜਾਈ ਵਿਚ ਫੈਸਲਾਕੁਨ ਅਸਰ ਨਹੀਂ ਦਿਖਾ ਸਕਿਆ। ਪਰ ਇਸ ਤੱਥ ਦੇ ਪ੍ਰਮਾਣ ਮਿਲਦੇ ਹਨ ਕਿ ਯੂਰਪ ਵਿਚ ਇਸ ਸਮੇਂ ਦੌਰਾਨ ਵੱਡੀਆਂ ਤੋਪਾਂ ਬਣਨੀਆਂ ਸ਼ੁਰੂ ਹੋ ਚੁਕੀਆਂ ਸਨ। ਕਿਸੇ ਸ਼ਹਿਰ ਜਾਂ ਕਿਲੇ ਦੀ ਘੇਰਾ-ਬੰਦੀ ਕਰਨ ਅਤੇ ਇਸ ਤੋਂ ਬਚਾਅ ਲਈ ਤੋਪਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਤੋਪਾਂ ਵਿਚ ਬਾਰੂਦ ਦਾ ਮਿਸ਼ਰਣ ਇਸ ਪ੍ਰਕਾਰ ਦਾ ਹੁੰਦਾ ਸੀ ਜਿਸ ਵਿਚ ਸ਼ੋਰਾ, ਚਾਰਕੋਲ ਅਤੇ ਸਲਫ਼ਰ ਇਕ ਪਾਊਡਰ ਦੀ ਸ਼ਕਲ ਵਿਚ ਮਿਲਾਏ ਜਾਂਦੇ ਸਨ। ਇਸ ਦੀ ਤਾਕਤ ਇਸ ਵਿਚਲੇ ਪਦਾਰਥ ਨੂੰ ਚੰਗੀ ਤਰ੍ਹਾਂ ਮਿਲਾਏ ਜਾਣ ਤੇ ਵੀ ਨਿਰਭਰ ਕਰਦੀ ਸੀ। ਜਦ ਇਸ ਮਿਸ਼ਰਣ ਨੂੰ ਕੁਝ ਦੂਰੀ ਤਕ ਲਿਜਾਇਆ ਜਾਂਦਾ ਸੀ ਤਾਂ ਇਸ ਵਿਚਲੇ ਤਿੰਨੇ ਤੱਤ ਇਕ ਦੂਜੇ ਤੋਂ ਬਿਲਕੁਲ ਅਲੱਗ ਹੋਂਦ ਵਿਚ ਵਿਚਰਦੇ ਅਤੇ ਡੱਬਿਆਂ ਵਿਚ ਆਪਣੇ ਵੱਖਰੇ ਵੱਖਰੇ ਬੈਂਡ ਬਣਾ ਲੈਂਦੇ ਸਨ। ਨਿਪੁੰਨ ਤੋਪਚੀ ਆਮ ਤੌਰ ਤੇ ਇਸ ਮਿਸ਼ਰਣ ਨੂੰ ਵਰਤਣ ਤੋਂ ਕੁਝ ਚਿਰ ਪਹਿਲਾਂ ਹੀ ਇਹ ਮਿਸ਼ਰਣ ਤਿਆਰ ਕਰਦੇ ਸਨ। ਭਾਵੇਂ ਇਹ ਵਿਧੀ ਖਤਰਨਾਕ ਅਤੇ ਮੁਸ਼ਕਿਲਾਂ ਭਰੀ ਸੀ। ਇਕ ਕਿਸਮ ਦਾ ਕਾਰਨਿੰਗ ਗੰਨਪਾਊਡਰ, ਜਿਸ ਵਿਚ ਮਿਸ਼ਰਣ ਦੇ ਤਿੰਨੇ ਅੰਸ਼ ਮਹੀਨ ਆਕਾਰ ਦੇ ਰਵਿਆਂ ਵਿਚ ਸਹੀ ਅਨੁਪਾਤ ਵਿਚ ਰਹਿੰਦੇ ਹਨ, ਕਰੀਬ 15 ਵੀਂ ਸਦੀ ਵਿਚ ਵਰਤਿਆ ਜਾਣਾ ਸ਼ੁਰੂ ਹੋਇਆ। ਪਰ ਆਮ ਸਾਧਾਰਨ ਕਿਸਮ ਦਾ ਗੰਨਪਾਊਡਰ ਜਿਸ ਨੂੰ ਕਿ ਸਰਪੈਂਟਾਈਨ ਗੰਨਪਾਊਡਰ ਕਿਹਾ ਜਾਂਦਾ ਹੈ, ਇਕ ਸਦੀ ਤੋਂ ਵੀ ਵਧ ਛੋਟੇ ਹਥਿਆਰਾਂ ਵਿਚ ਵਰਤਿਆ ਜਾਂਦਾ ਰਿਹਾ ਹੈ। ਦਾਣੇਦਾਰ ਪਾਊਡਰ ਨਾ ਕੇਵਲ ਢੋਣਹਾਰ ਸੀ ਬਲਕਿ ਵਿਸਫ਼ੋਟਕ ਵੀ ਵਧੇਰੇ ਸੀ। ਥੋੜ੍ਹੇ ਜਿਹੇ ਚਾਰਜ ਨਾਲ ਜ਼ਿਆਦਾ ਕੰਮ ਲਿਆ ਜਾ ਸਕਦਾ ਸੀ ਪਰ ਉਨ੍ਹਾਂ ਹੀ ਦਬਾਉ ਵੀ ਵਧੇਰੇ ਸੀ। ਛੋਟੇ ਆਕਾਰ ਦੇ ਇਕਹਿਰੇ ਗੋਲੇ ਜੋ ਕਈ ਪ੍ਰਕਾਰ ਦੇ ਪਦਾਰਥਾਂ ਦੇ ਬਣਾਏ ਜਾਂਦੇ ਸਨ, ਉਹ ਵਧੇਰੇ ਅਸਰਦਾਇਕ ਸਨ। ਤੋਪਾਂ ਦੀਆਂ ਨਾਲੀਆਂ ਜੋ ਦੇਗੀ ਲੋਹੇ ਦੀਆਂ ਬਣਾਈਆਂ ਜਾਂਦੀਆਂ ਸਨ ਅਤੇ ਇਨ੍ਹਾਂ ਨੂੰ ਇਕੱਠਾ ਕਰਕੇ ਵੈਲਡਿੰਗ ਵਿਧੀ ਦੁਆਰਾ ਜੋੜਿਆ ਜਾਂਦਾ ਸੀ। ਇਹ ਨਾਲੀਆਂ ਲੋਹੇ, ਤਾਂਬੇ ਜਾਂ ਸਿੱਕਾ ਆਦਿ ਦੇ ਗੋਲਿਆਂ ਨੂੰ ਦਾਗਣ ਲਈ ਲੋੜੀਂਦੇ ਚਾਰਜ ਨੂੰ ਸਹਿ ਸਕਦੀਆਂ ਸਨ। ਚੌਧਵੀਂ ਅਤੇ ਪੰਦਰਵੀਂ ਸਦੀ ਦੀਆਂ ਤੋਪਾਂ ਵਿਚ ਜ਼ਿਆਦਾਤਰ ਵੱਡੇ ਆਕਾਰ ਦੇ ਪੱਥਰ ਹੀ ਚਲਾਏ ਜਾਂਦੇ ਸਨ। ਪੱਥਰ ਦੇ ਇਹ ਗੋਲੇ ਕਦੀ ਵੀ ਇੰਨੇ ਪੱਧਰੇ ਨਹੀਂ ਸੀ ਹੁੰਦੇ ਅਤੇ ਇਨ੍ਹਾਂ ਦਾ ਭਾਰ ਘੱਟ ਹੋਣ ਕਰਕੇ ਚਲਦੇ ਹੋਇਆਂ ਇਨ੍ਹਾਂ ਦਾ ਵੇਗ ਵੀ ਘਟ ਜਾਂਦਾ ਸੀ। ਪੰਦਰਵੀ ਸਦੀ ਵਿਚ ਢਲਾਈ ਦੀ ਵਿਧੀ ਵਿਚ ਕਾਫ਼ੀ ਸੁਧਾਰ ਆਇਆ। ਤੋਪਾਂ ਦੀਆਂ ਨਾਲੀਆਂ ਲੋਹੇ ਜਾਂ ਤਾਂਬੇ ਦੀਆਂ ਢਾਲੀਆਂ ਜਾ ਸਕਦੀਆਂ ਸਨ। ਇਨ੍ਹਾਂ ਤੋਪਾਂ ਵਿਚ ਲੋਹੇ ਦੇ ਗੋਲੇ ਲਗਾਤਾਰ ਦਾਗੇ ਜਾ ਸਕਦੇ ਸਨ ਅਤੇ ਇਹ ਦੇਗੀ ਲੋਹੇ ਦੀਆਂ ਤੋਪਾਂ ਨਾਲੋਂ ਵਧੇਰੇ ਮਜਬੂਤ ਸਨ।

ਸੋਲ੍ਹਵੀਂ ਸਦੀ ਦੇ ਤੋਪਖਾਨੇ ਵਿਚ ਤੋਪ ਦੀ ਨਾਲੀ ਲੋਹੇ ਜਾਂ ਪਿੱਤਲ ਦੀ ਸਮਰੂਪ ਢਲੀ ਹੋਈ ਹੁੰਦੀ ਸੀ। ਇਸ ਵਿਚ ਪੂਰੀ ਤਰ੍ਹਾਂ ਮਾਪੇ ਹੋਏ ਦਾਣੇਦਾਰ ਪਾਊਡਰ ਦੇ ਚਾਰਜ ਨਾਲ ਲੋਹੇ ਦਾ ਇਕ ਗੋਲਾ ਦਾਗਿਆ ਜਾ ਸਕਦਾ ਸੀ, ਬਹੁਪੱਖੀ ਪ੍ਰੋਜੈਕਟਾਈਲ ਚਾਰਜ ਥੋੜ੍ਹੀ ਦੂਰੀ ਲਈ ਵਰਤੇ ਜਾਂਦੇ ਸਨ, ਵਿਸਫੋਟਕ ਸੈੱਲ ਜਾਂ ਬੰਬ 16 ਵੀਂ ਸਦੀ ਦੇ ਅੱਧ ਤਕ ਹੋਂਦ ਵਿਚ ਆ ਚੁੱਕੇ ਸਨ ਪਰ ਇਨ੍ਹਾਂ ਦੀ ਵਰਤੋਂ ਵਿਚ ਜ਼ਿਆਦਾ ਕਾਮਯਾਬੀ ਹਾਸਲ ਨਹੀਂ ਸੀ ਹੋ ਸਕੀ। ਸੰਨ 1850 ਤਕ ਤੋਪਾਂ ਦੇ ਬਾਰੂਦ ਵਿਚ ਕੋਈ ਭਾਰੀ ਤਬਦੀਲੀ ਨਹੀਂ ਆਈ। ਬਾਰੂਦ ਉਸ ਸਮੇਂ ਤਕ ਕਾਰਤੂਸਾਂ ਵਿਚ ਭਰਨਾ ਸ਼ੁਰੂ ਹੋ ਗਿਆ ਸੀ ਤਾਂ ਕਿ ਫਾਇਰ ਕਰਦੇ ਸਮੇਂ ਇਕ ਇਕੱਲੀ ਅਸੈਂਬਲੀ ਨੂੰ ਹੀ ਨਾਲੀ ਦੇ ਬੋਰ ਹੇਠਾਂ ਲੰਘਾਉਣਾ ਪਵੇ। ਜੰਗ ਦੀ ਤੋਪਖਾਨਾ ਯੁੱਧਨੀਤੀ ਵਿਚ ਵੀ ਭਾਰੀ ਤਬਦੀਲੀ ਆਈ ਹੈ। ਤੋਪਾਂ ਅਤੇ ਉਨ੍ਹਾਂ ਦੇ ਕੈਰੀਅਰ ਪਹਿਲਾਂ ਪਹਿਲ ਕਾਫ਼ੀ ਵੱਡੇ ਅਤੇ ਕੁਢੱਬੇ ਹੁੰਦੇ ਸਨ ਅਤੇ ਇਹ ਢੋ-ਢੁਆਈ ਲਈ ਡਿਜ਼ਾਈਨ ਨਹੀਂ ਸਨ ਕੀਤੇ ਹੁੰਦੇ। ਹੌਲੀ ਹੌਲੀ ਇਹ ਹਲਕੀਆਂ ਹੁੰਦੀਆਂ ਗਈਆਂ ਜਿਸ ਕਾਰਨ ਇਹ ਗਤੀਸ਼ੀਲ ਵੀ ਵਧੇਰੇ ਸਨ ਅਤੇ ਇਹ ਤੇਜ਼ ਫਾਇਰ ਕਰਦੀਆਂ ਸਨ। ਇਸ ਸਮੇਂ ਦੌਰਾਨ ਤੋਪਖਾਨੇ ਦੇ ਸੰਗਠਨ ਵਿਚ ਵੀ ਕਾਫ਼ੀ ਸੁਧਾਰ ਆਇਆ।

ਤੋਪ ਦੀ ਨਾਲੀ ਦੇ ਮੂੰਹ ਰਾਹੀਂ ਬਾਰੂਦ ਭਰੇ ਜਾਣ ਵਾਲੀਆਂ ਫੀਲਡ ਤੋਪਾਂ, ਛੋਟੀਆਂ ਤੋਪਾਂ 18 ਵੀਂ ਅਤੇ 19 ਵੀਂ ਸਦੀ ਵਿਚ ਵੀ ਇਸਤੇਮਾਲ ਹੁੰਦੀਆਂ ਰਹੀਆਂ ਹਨ। ਇਹ ਸਾਧਾਰਨ ਤੌਰ ਤੇ ਲੰਬੀਆਂ ਅਤੇ ਭਾਰੀਆਂ ਸਨ ਅਤੇ ਇਨ੍ਹਾਂ ਦੇ ਬੋਰ ਵੀ ਛੋਟੇ ਹੁੰਦੇ ਸਨ। ਇਨ੍ਹਾਂ ਛੋਟੀਆਂ ਤੋਪਾਂ ਵਿਚ ਹੀ ਵਰਤੇ ਜਾਂਦੇ ਵਿਸਫ਼ੋਟਕ ਸੈੱਲਾਂ ਦੇ ਫੱਟਣ ਦਾ ਪ੍ਰਭਾਵ ਇਨ੍ਹਾਂ ਵਿਚਲੇ ਚਾਰਜ ਦੇ ਨਿਰਭਰ ਹੁੰਦਾ ਸੀ। ਸੰਨ 1850 ਵਿਚਲੇ ਸਮੇਂ ਦੌਰਾਨ ਬਾਰੂਦ ਲਈ ਵਰਤੇ ਜਾਂਦੇ ਫਿਊਜ਼ ਘੱਟ ਅਸਰਦਾਇਕ ਸਨ। ਵਿਸਫ਼ੋਟਕ ਸੈੱਲ ਲੜਾਈ ਦੇ ਦੌਰਾਨ ਬਹੁਤ ਘਟ ਵਰਤੇ ਜਾਂਦੇ ਸਨ।

ਨੈਪੋਲੀਅਨ ਦੇ ਸਮੇਂ ਹੋਈਆਂ ਲੜਾਈਆਂ (1800-1815) ਵਿਚ ਪੁਰਾਣੇ ਕਿਸਮ ਦਾ ਜੰਗੀ ਤੋਪਖਾਨਾ ਸ਼ਾਇਦ ਸਭ ਤੋਂ ਕੁਸ਼ਲ ਸੀ। ਨੈਪੋਲੀਅਨ ਖੁਦ ਇਕ ਪ੍ਰਬੀਨ ਗੋਲੰਦਾਜ਼ ਸੀ ਅਤੇ ਕੁਝ ਫਰਾਂਸੀਸੀ ਜੰਗੀ ਬੈਟਰੀਆਂ (ਤੋਪਾਂ ਦੀ ਇਕ ਇਕਾਈ) ਜੋ ਉਸ ਸਮੇਂ ਫ਼ੌਜ ਵਿਚ ਸ਼ਾਮਲ ਸਨ, ਉਹ ਕਾਫ਼ੀ ਗਤੀਸ਼ੀਲ ਸਨ ਅਤੇ ਉਹ ਪੈਦਲ ਫ਼ੌਜ ਤੇ ਘੋੜ ਸਵਾਰਾਂ ਦੀ ਮਦਦ ਲਈ ਨਾਲ ਨਾਲ ਚਲ ਸਕਦੀਆਂ ਸਨ। ਘੋੜ ਸਵਾਰਾਂ ਦੇ ਉਸ ਜ਼ਮਾਨੇ ਵਿਚ ਨੈਪੋਲੀਅਨ ਨੇ ਬਹੁਤ ਵਡੀਆਂ ਤੋਪਾਂ ਬਣਵਾਈਆਂ ਅਤੇ ਤੋਪਖਾਨਾ ਜੰਗ ਦੀਆਂ ਰੀਤਾਂ ਨੂੰ ਨਵੇਂ ਸਿਰਿਉਂ ਯੋਜਨਾਬੱਧ ਕੀਤਾ। ਇਨ੍ਹਾਂ ਸਕੀਮਾਂ ਵਿਚ ਬਹੁਤ ਭਾਰੀਆਂ ਤੋਪਾਂ ਦੀ ਵਧੇਰੇ ਲੋੜ ਸੀ। ਉਸ ਦੁਆਰਾ ਬਣਵਾਈਆਂ ਗਈਆਂ 12-ਪਾਊਂਡ ਤੋਪਾਂ (ਲ. ਭ. 5. 5 ਕਿਲੋ) ਅਤੇ 6.5 ਇੰਚ (18 ਸੈਂ. ਮੀ.) ਵਿਆਸ ਵਾਲੀਆਂ ਛੋਟੀਆਂ ਤੋਪਾਂ ਦਾ ਨਾਲੀ ਅਤੇ ਕੈਰੀਅਰ ਸਮੇਤ ਭਾਰ ਕਰੀਬ 3,440 ਅਤੇ 2,065 ਪਾਊਂਡ ਕ੍ਰਮਵਾਰ ਸੀ। ਨੈਪੋਲੀਅਨ ਨੇ ਇਨ੍ਹਾਂ ਤੋਪਾਂ ਦੀ ਵਰਤੋਂ ਵੱਡੀਆਂ ਕੇਂਦਰੀ ਬੈਟਰੀਆਂ ਵਿਚ ਕੀਤੀ ਜਿਸ ਨਾਲ ਦੁਸ਼ਮਣ ਦੀ ਪੈਦਲ ਫ਼ੌਜ ਨੂੰ ਪਛਾੜ ਕੇ ਆਪਣੇ ਹਮਲੇ ਨੂੰ ਸਫ਼ਲ ਬਣਾਇਆ ਜਾ ਸਕਦਾ ਸੀ।

ਦੂਸਰੇ ਪਾਸੇ ਡਿਊਕ ਆਫ਼ ਵੈਲਿੰਗਟਨ (ਬਰਤਾਨੀਆ) ਨੇ ਤੋਪਖਾਨੇ ਦੇ ਵਿਪਰੀਤ ਸੰਕਲਪ ਨੂੰ ਵਿਕਸਿਤ ਕੀਤਾ ਜੋ ਤੋਪਾਂ ਅਤੇ ਭਾਰੇ ਬਾਰੂਦ ਦੀਆਂ ਬੰਦਸ਼ਾਂ ਤੇ ਆਧਾਰਤ ਸੀ । ਜੰਗੀ ਤੋਪਾਂ ਅਤੇ ਛੋਟੀਆਂ ਤੋਪਾਂ ਨੂੰ ਨਿਪੁੰਨਤਾ ਨਾਲ ਲਗਾਤਾਰ ਨਹੀਂ ਸੀ ਦਾਗਿਆ ਜਾ ਸਕਦਾ। ਵੈਲਿੰਗਟਨ ਨੇ ਇਸ ਕਮੀ ਨੂੰ ਪੂਰਿਆਂ ਕਰਨ ਲਈ ਛੋਟੀਆਂ ਅਤੇ ਹਲਕੀਆਂ ਤੋਪਾਂ ਦੀ ਵਰਤੋਂ ਕੀਤੀ, ਜਿਨ੍ਹਾਂ ਨੂੰ ਆਸਾਨੀ ਨਾਲ ਅਤੇ ਫ਼ੌਜਾਂ ਦੇ ਕਾਫ਼ਲੇ ਦੀ ਰਫਤਾਰ ਵਿਚ ਵਿਘਨ ਪੈਣ ਤੋਂ ਬੇਰੋਕ ਨਾਲ ਲਿਜਾਇਆ ਜਾ ਸਕਦਾ ਸੀ। ਵਾਟਰਲੂ ਦੀ ਲੜਾਈ ਵਿਚ ਵੈਲਿੰਗਟਨ ਨੇ ਅਜਿਹੀਆਂ ਤੋਪਾਂ ਦੀ ਵਰਤੋਂ ਕੀਤੀ ਜਿਨ੍ਹਾਂ ਵਿਚ 6-ਪਾਊਂਡਰ ਜ਼ਿਆਦਾ ਸਨ ਅਤੇ ਇਨ੍ਹਾਂ ਦਾ ਕੁੱਲ ਭਾਰ 1,640 ਪਾਊਂਡ ਸੀ।

ਨੈਪੋਲੀਅਨ ਜੰਗਾਂ ਦੇ ਵੇਲੇ ਹੀ ਇਕ ਬਰਤਾਨਵੀ ਗੋਲੰਦਾਜ਼ ਜਿਸ ਦਾ ਨਾਂ ਹੈਨਰੀ ਸ਼ਾਰਪਨਲ ਸੀ, ਨੇ ਇਕ ਅਜਿਹਾ ਵਿਸਫੋਟਕ ਸੈੱਲ ਈਜਾਦ ਕੀਤਾ, ਜਿਸ ਵਿਚ ਵਿਸਫ਼ੋਟਕ ਸਾਮਗਰੀ ਕਾਫ਼ੀ ਹੁੰਦੀ ਸੀ ਜਿਸ ਨਾਲ ਗੋਲਾਕਾਰ ਖੋਲ ਖੁਲ੍ਹ ਸਕਦਾ ਸੀ ਅਤੇ ਜਿਸ ਵਿਚ

ਵਧ ਤੋਂ ਵਧ ਢਾਲਿਆ ਹੋਇਆ ਲੋਹਾ ਅਤੇ ਸਿੱਕੇ ਦੀਆਂ ਪ੍ਰੋਜੈਕਟਾਈਲ ਰੱਖੀਆਂ ਜਾ ਸਕਦੀਆਂ ਸਨ। ਜੇਕਰ ਟਾਈਪ ਫਿਊਜ਼ ਚੰਗੀ ਤਰ੍ਹਾਂ ਕੰਮ ਪ੍ਰੋਜੈਕਟਾਈਲ ਰਖੀਆਂ ਜਾ ਸਕਦੀਆਂ ਸਨ। ਜੇਕਰ ਟਾਈਮ ਫਿਊਜ਼ ਚੰਗੀ ਤਰ੍ਹਾਂ ਕੰਮ ਕਰਦਾ ਤਾਂ ਸ਼ਾਰਪਨਲ ਗੋਲੇ ਨੂੰ ਨਿਸ਼ਾਨੇ ਦੇ ਸਾਹਮਣੇ ਜਾਂ ਉਪਰ ਫਟਾਇਆ ਜਾ ਸਕਦਾ ਸੀ।

ਘੇਰਾਬੰਦੀ ਅਤੇ ਵਡੇ ਗੜ੍ਹਾਂ (ਲੜਾਈ ਦੇ ਮੈਦਾਨ) ਵਿਚ ਲਗਭਗ ਹਰ ਪ੍ਰਕਾਰ ਦੀਆਂ ਤੋਪਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਇਹ ਤੋਪਾਂ 1600 ਤੋਂ 1850 ਤਕ ਵਰਤੀਦੀਆਂ ਰਹੀਆਂ ਹਨ। ਇਨ੍ਹਾਂ ਦੇ ਬੋਰ ਪਧਰੇ ਸਨ ਅਤੇ ਜਿਨ੍ਹਾਂ ਨੂੰ ਨਾਲੀ ਰਾਹੀਂ ਭਰਿਆ ਜਾਂਦਾ ਸੀ। ਇਹ ਜ਼ਿਆਦਾਤਰ ਢਾਲਵੇਂ ਲੋਹੇ ਅਤੇ ਤਾਂਬੇ ਦੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਤੋਪਾਂ ਤੋਂ ਦੋ ਪ੍ਰਕਾਰ ਦੇ ਕੰਮ ਲਏ ਜਾਂਦੇ ਸਨ। ਇਕ ਤਾਂ ਇਨ੍ਹਾਂ ਨਾਲ ਕਿਲ੍ਹਿਆਂ ਦੀਆਂ ਕੰਧਾਂ ਨੂੰ ਹੇਠਾਂ ਗਿਰਾਇਆ ਜਾਂਦਾ ਸੀ ਅਤੇ ਦੂਸਰਾ ਇਨ੍ਹਾਂ ਰਾਹੀਂ ਵਿਸਫੋਟਕ ਅਤੇ ਬਲਣਸ਼ੀਲ ਪਦਾਰਥ ਕਿਲ੍ਹਿਆਂ ਜਾਂ ਸ਼ਹਿਰਾਂ ਜਾਂ ਅਜਿਹੀਆਂ ਥਾਵਾਂ ਤੇ ਸੁਟੇ ਜਾ ਸਕਦੇ ਸਨ ਜਿਥੇ ਫ਼ੌਜਾਂ ਦੇ ਅਹਿਮ ਟਿਕਾਣੇ ਵਗੈਰਾ ਹੁੰਦੇ ਸਨ ਅਤੇ ਇਨ੍ਹਾਂ ਵਿਚ ਜੰਗੀ ਤੋਪਾਂ ਤੋਂ ਵਡੇ ਅਤੇ ਭਾਰੇ ਗੋਲੇ ਦਾਗੇ ਜਾ ਸਕਦੇ ਹਨ। ਇਨ੍ਹਾਂ ਤੋਪਾਂ ਵਿਚ ਆਮ ਤੌਰ ਤੇ ਮਜ਼ਲ ਵੇਗ ਵੀ ਜ਼ਿਆਦਾ ਹੁੰਦੀ ਸੀ। ਇਸ ਕਾਰਨ ਹੀ ਇਨ੍ਹਾਂ ਤੋਪਾਂ ਨੂੰ ਅਕਸਰ ਭਾਰੇ ਆਕਾਰ ਦਾ ਬਣਾਇਆ ਜਾਂਦਾ ਸੀ ਤਾਂ ਕਿ ਇਹ ਗੋਲੇ ਦਾਗਣ ਸਮੇਂ ਪੈਦਾ ਹੋਏ ਝਟਕੇ ਦੇ ਅਸਰ ਨੂੰ ਸਹਾਰ ਸਕਣ ਅਤੇ ਲੰਬੇ ਸਮੇਂ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਇਨ੍ਹਾਂ ਤੋਂ ਵਧੇਰੇ ਪ੍ਰਭਾਵਕਾਰੀ ਕੰਮ ਲੈਣ ਲਈ ਜ਼ਰੂਰੀ ਸੀ ਕਿ ਇਨ੍ਹਾਂ ਨੂੰ ਇਕ ਥਾਂ ਤੇ ਹੀ ਟਿਕਿਆ ਰਹਿਣ ਦਿਤਾ ਜਾਂਦਾ ਕਿਉਂਕਿ ਜ਼ਮੀਨ ਉਪਰ ਇਨ੍ਹਾਂ ਦੀ ਢੋ-ਢੁਆਈ ਸੁਖਾਲੀ ਨਹੀਂ ਸੀ। ਘੇਰਾਬੰਦੀ ਵਾਲੀਆਂ ਇਨ੍ਹਾਂ ਤੋਪਾਂ ਰਾਹੀਂ ਛੋਟੇ ਗੋਲਿਆਂ ਨੂੰ ਸੁਰਖਿਆ ਕੰਧਾਂ, ਜੋ ਕਾਫ਼ੀ ਉੱਚੀਆਂ ਹੁੰਦੀਆਂ ਸਨ, ਦੇ ਕਾਫੀ ਉਪਰੋਂ ਦੀ ਇੰਨੀ ਉਪਰ ਕਰਕੇ ਸੁਟਿਆ ਜਾਣਾ ਹੁੰਦਾ ਸੀ ਕਿ ਉਹ ਗੁਰੂਤਾ ਖਿੱਚ ਦੇ ਅਸਰ ਦੇ ਬਾਵਜੂਦ ਵੀ ਕੰਧਾਂ ਦੇ ਦੂਸਰੇ ਪਾਸੇ ਗਿਰ ਸਕਣ। ਇਸ ਕੰਮ ਲਈ ਮਾਰਟਰ ਤੋਪਾਂ ਦੀਆਂ ਨਾਲੀਆਂ ਵੀ ਛੋਟੀਆਂ ਹੁੰਦੀਆਂ ਸਨ। ਮਾਰਟਰ ਤੋਪਾਂ ਦਾ ਮਜ਼ਲ ਵੇਗ ਵੀ ਘਟ ਹੁੰਦਾ ਸੀ ਜਿਸ ਨੂੰ ਪ੍ਰਾਪਤ ਕਰਨ ਲਈ ਚਾਰਜ ਵਾਲੇ ਪਾਊਡਰ ਦੀ ਵਰਤੋਂ ਵੀ ਘੱਟ ਹੁੰਦੀ ਸੀ। ਇਹ ਆਕਾਰ ਵਿਚ ਛੋਟੇ ਪਰ ਵੱਡੇ ਬੋਰ ਵਾਲੀਆਂ ਅਤੇ ਉੱਚੀ ਮਾਰ ਕਰਨ ਵਾਲੇ ਹਥਿਆਰ ਸਨ।

**ਮਾਰਟਰ ਤੋਪ** — ਇਨ੍ਹਾਂ ਦੀ ਵਰਤੋਂ 16 ਵੀਂ ਸਦੀ ਤੋਂ ਪਹਿਲਾਂ ਵੀ ਹੁੰਦੀ ਸੀ। ਨਲੀਆਂ ਦੇ ਵਿਆਸ ਵਿਚ ਵੀ ਕਾਫ਼ੀ ਵਖਰੇਵਾਂ ਸੀ। ਜਿਵੇਂ 8 ਇੰਚ ਤੋਂ 13 ਇੰਚ ਵਰਗ ਦੀਆਂ ਤੋਪਾਂ ਲਈ ਸੌ ਸਾਲਾਂ ਤਕ ਵਰਤੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਦੀ ਮਾਰ ਕਰਨ ਦੀ ਦੂਰੀ ਨੂੰ ਬਾਰੂਦ ਦੇ ਧਕੇਲਣ ਵਾਲਾ ਪਦਾਰਥ (ਪ੍ਰੋਪੈਲੈਂਟ) ਦਾ ਮਾਤਰਾ ਘਟਾ ਵਧਾ ਕੇ ਨਿਸਚਿਤ ਕੀਤਾ ਜਾਂਦਾ ਸੀ। ਆਮ ਤੌਰ ਤੇ ਤੋਪ ਦੀ ਨਾਲੀ ਦੀ ਉਚਾਈ ਦਾ ਕੋਣ 45° ਦੇ ਲਗਭਗ ਰਖਿਆ ਜਾਂਦਾ।

ਘੇਰਾ ਬੰਦੀ ਦੇ ਸਮੇਂ ਛੋਟੀਆਂ ਤੋਪਾਂ ਹੀ ਵਰਤੀਆਂ ਜਾਂਦੀਆਂ ਸਨ ਪਰ ਇਹ ਅਕਸਰ ਛੋਟੀਆਂ ਅਤੇ ਸਾਧਾਰਨ ਤੋਪਾਂ ਨਾਲੋਂ ਇਨ੍ਹਾਂ ਦੇ ਬੋਰ ਵੱਡੇ ਹੁੰਦੇ ਸਨ। ਇਹ ਅਕਸਰ ਦੋ ਮੰਤਵੀ ਕੈਰੀਅਰਾਂ ਉਪਰ ਰਖੀਆਂ ਹੁੰਦੀਆਂ ਸਨ। ਜਿਸ ਨਾਲ ਇਨ੍ਹਾਂ ਵਿਚੋਂ ਮਾਰਟਰ ਵਰਗੇ ਫਾਇਰ ਕੀਤੇ ਜਾਂਦੇ ਸਨ ਜਿਨ੍ਹਾਂ ਵਿਚ ਵਿਸਫ਼ੋਟਕ ਗੋਲੇ ਹੁੰਦੇ ਸਨ। ਜਿਹੋ ਜਿਹਾ ਜੰਗੀ ਤੋਪਖਾਨਾ ਕਿਲੇਬੰਦ ਜਗ੍ਹਾ ਤੇ ਹਮਲਾ ਕਰਨ ਲਈ ਵਰਤਿਆ ਜਾਂਦਾ ਸੀ। ਉਹੋ ਜਿਹੇ ਹਥਿਆਰ ਵੀ ਇਨ੍ਹਾਂ ਸਥਾਨਾਂ ਦੀ ਸੁਰੱਖਿਆ ਵਿਚ ਵੀ ਵਰਤੇ ਜਾਂਦੇ ਰਹੇ ਹਨ। ਇਹ ਪ੍ਰਥਾ 18 ਵੀਂ ਅਤੇ 19 ਵੀਂ ਸਦੀ ਵਿਚ ਕਾਇਮ ਰਹੀ।

**ਅਜੋਕੇ ਤੋਪਖਾਨੇ ਦਾ ਵਿਕਾਸ** — ਉਦਯੋਗਿਕ ਕ੍ਰਾਂਤੀ ਆਉਣ ਨਾਲ ਇਸਦਾ ਪ੍ਰਭਾਵ ਜਲ ਸੈਨਾ ਅਤੇ ਥਲ ਸੈਨਾਵਾਂ ਉ ਵੀ ਪਿਆ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਵਾਟਰਲੂ ਲੜਾਈ (1815) ਤੋਂ ਬਾਅਦ ਪੱਛਮੀ ਯੂਰਪ ਅਤੇ ਉੱਤਰੀ ਅਮਰੀ ਵਿਚ ਅਸਾਧਾਰਨ ਸ਼ਾਂਤੀ ਦਾ ਦੌਰ ਰਿਹਾ ਹੈ। ਸੰਨ 1850 ਦੇ ਕਰ ਹਥਿਆਰ ਜੋ ਸਦੀਆਂ ਪੁਰਾਣੇ ਹਥਿਆਰਾਂ ਵਿਚ ਤਬਦੀਲੀ ਆਉ ਸ਼ੁਰੂ ਹੋ ਗਈ ਸੀ ਜਾਂ ਹੋਣ ਵਾਲੀ ਸੀ। ਨਵੀਂ ਵਿਗਿਆਨਕ ਸੂਝ ਪੁਰਾਣੇ ਹਥਿਆਰਾਂ ਦੀ ਖੋਜ ਸ਼ੁਰੂ ਕੀਤੀ। ਤੋਪਾਂ, ਦੂਰ ਤਕ ਮਾਰ ਕਰ ਵਾਲੀਆਂ ਛੋਟੀਆਂ ਤੋਪਾਂ ਅਤੇ ਉੱਚੀ ਜਗ੍ਹਾ ਤੇ ਮਾਰ ਕਰ ਵਾਲੀਆਂ ਮਾਰਟਰ ਤੋਪਾਂ ਨੇ ਆਪਣੀ ਪਿਛਲੀ ਪਹਿਚਾਣ ਗੁਅ ਲਈ ਅਤੇ ਨਵੀਂ ਕਿਸਮ ਦੀਆਂ ਬਣਨੀਆਂ ਸ਼ੁਰੂ ਹੋਈਆਂ। ਫਰ ਸਿਰਫ਼ ਏਨਾ ਸੀ ਕਿ ਇਨ੍ਹਾਂ ਦੇ ਨਾਂ ਉਹੀ ਸਨ। ਬਹੁਤ ਵਾ ਅਸਫ਼ਲਤਾ ਵੀ ਮਿਲੀ, ਉਦਾਹਰਣ ਵਜੋਂ ਝਿਰੀਦਾਰ ਤੋਪਾਂ ਦੀਅ ਨਾਲੀਆਂ ਬਣਾਉਣ ਅਤੇ ਤੋਪਾਂ ਦੇ ਮਗਰਲੇ ਹਿੱਸੇ ਤੋਂ ਬਾਰੂਦ ਭਰ ਆਦਿ ਦੀ ਖੋਜ ਜਾਰੀ ਰਹੀ। ਦੋਵਾਂ ਤਰ੍ਹਾਂ ਦੀਆਂ ਤੋਪਾਂ ਨੂੰ ਜਦ ਪਹਿਲਾਂ ਪਹਿਲ ਅਜਮਾਇਸ਼ ਦੇ ਤੌਰ ਤੇ ਚਲਾਇਆ ਗਿਆ ਤ ਇਨ੍ਹਾਂ ਵਿਚ ਕਾਫ਼ੀ ਕੁਸ਼ਲਤਾ ਪਾਈ ਗਈ। ਸੰਯੁਕਤ ਰਾਜ ਅਮਰੀਕ ਦੀ ਘਰੋਗੀ ਜੰਗ (1861-65) ਵਿਚ ਝਿਰੀਦਾਰ ਤੋਪਾਂ ਦੀ ਵਰਤੋ ਪਹਿਲੀ ਵਾਰ ਭਾਰੀ ਤਾਦਾਦ ਵਿਚ ਕੀਤੀ ਗਈ। ਇਨ੍ਹਾਂ ਦੀ ਵਰਤੋ 1865 ਈ. ਤਕ ਵੀ ਰਹੀ ਹੈ ਪਰ ਇਹ ਪਹਿਲਾਂ ਨਾਲੋਂ ਘਟ ਪ੍ਰਸਿੱਧੀ ਹਾਸਲ ਕਰ ਸਕੀਆਂ। ਇਨ੍ਹਾਂ ਦੇ ਪਰਖੇਪਕ ਅਸਤਰ ਪ੍ਰੋਜੈੱਕਟਾਈਲ ਲੰਬੇ ਪਰ ਵਿਆਸ ਵਿਚ ਛੋਟੇ ਹੁੰਦੇ ਸਨ ਬਲਸਪਤਿ ਪੱਧਰੇ ਬੋਰ ਵਾਲੀਆਂ ਤੋਪਾਂ ਦੇ। ਇਹ ਪੱਧਰੇ ਬੋਰ ਵਾਲੀਆਂ ਤੋਪਾਂ ਦੇ ਉਲਟ ਨਿਸ਼ਾਨੇ ਵਿਚ ਜ਼ਿਆਦਾ ਦਰੁਸਤ ਅਤੇ ਇਨ੍ਹਾਂ ਦੇ ਬਾਰੂਦ ਦੀ ਰੇਂਜ ਵੀ ਲੰਬੀ ਹੁੰਦੀ ਸੀ।

ਸੰਨ 1880 ਦੇ ਲਗਭਗ ਤੋਪਖਾਨੇ ਦੀ ਤਰੱਕੀ ਵਿਚ ਸਾਇੰਸ ਅਤੇ ਇੰਜਨੀਅਰਿੰਗ ਨੇ ਕਾਫੀ ਯੋਗਦਾਨ ਪਾਇਆ। ਰਸਾਇਣਿਕ ਵਿਸਫ਼ੋਟਕ ਸਧਾਰਨ ਗੰਨ ਪਾਊਡਰ ਨਾਲੋਂ ਵਧੇਰੇ ਸ਼ਕਤੀਸ਼ਾਲੀ ਸਨ। ਪਰ ਇਕ ਸਮੱਸਿਆ ਇਨ੍ਹਾਂ ਤੇ ਨਿਯੰਤਰਨ ਰਖਣ ਦੀ ਲਗਾਤਾਰ ਬਣੀ ਰਹਿੰਦੀ ਸੀ। ਕੁਝ ਹੀ ਮਹੀਨਿਆਂ ਦੇ ਅਰਸੇ ਵਿਚ ਉੱਚ ਵਿਸਫ਼ੋਟਕ ਫਟਣਸ਼ੀਲ ਚਾਰਜਾਂ ਵਿਚ ਨਿਪੁੰਨਤਾ ਲਿਆਉਣ ਲਈ ਤਿੰਨ ਦੇਸ਼ਾਂ ਬਰਤਾਨੀਆ, ਜਾਪਾਨ ਅਤੇ ਫਰਾਂਸ ਵਿਚ ਕੰਮ ਚਲ ਰਿਹਾ ਸੀ। ਇਹ ਦਾਗਣ ਸਮੇਂ ਡਿਸਚਾਰਜ ਝਟਕੇ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਹਿਣ ਦੇ ਯੋਗ ਸਨ ਅਤੇ ਬਾਹਰੀ ਸੈੱਲ ਸੌ ਤੋਂ ਵੀ ਵੱਧ ਉੱਚ ਗੀਤੀਸ਼ੀਲ ਹਿੱਸਿਆਂ ਵਿਚ ਫੱਟਣ ਦੇ ਯੋਗ ਸਨ। ਰਸਾਇਣਿਕ ਧਕੇਲੂਆ (propellants) ਜਿਵੇਂ ਨਾਈਟ੍ਰੋਸੈਲੂਲੋਸ ਅਤੇ ਨਾਈ-ਟ੍ਰੋਗਲਿਸਰੀਨ ਦੀ ਵੀ ਉਸ ਵਕਤ ਵਰਤੋਂ ਹੋਣ ਲਗੀ। ਇਸ ਨਾਲ ਬਾਰੂਦ ਦੀ ਗਤੀ ਵਿਚ ਤੇਜ਼ੀ ਆਈ ਅਤੇ ਇਸ ਦੀ ਮਾਰ ਵੀ ਵਧੀ ਕਿਉਂਕਿ ਇਨ੍ਹਾਂ ਦੀ ਬਲਣ ਦਰ ਧੀਮੀ ਸੀ। ਇਸ ਕਰਕੇ ਇਸ ਦੇ ਸੁਮੇਲ ਦੀ ਸੰਭਾਵਨਾ ਕਾਫੀ ਸੀ। ਝਿਰੀਦਾਰ ਤੋਪਾਂ ਪਿਛਲੇ ਸਮੇਂ ਦੀਆਂ ਤੋਪਾਂ ਨਾਲੋਂ ਮੁਕਾਬਲਤਨ ਵਧੇਰੇ ਚੰਗੀਆਂ ਸਨ ਕਿਉਂਕਿ ਇਨ੍ਹਾਂ ਨਾਲ ਰੇਂਜ, ਦਰੁਸਤੀ ਅਤੇ ਘਾਤਕਤਾ ਵਿਚ ਕਾਫ਼ੀ ਵਾਧਾ ਹੋਇਆ।

ਬਾਰੂਦ ਵਿਚਲੇ ਫਿਊਜ਼ਾਂ ਵਿਚ ਵੀ ਸੁਧਾਰ ਹੋਇਆ। ਸ਼ਾਰਪਨਲ ਕਿਸੇ ਵੀ ਦਿਤੀ ਹੋਈ ਤੋਪ ਲਈ ਵਧ ਤੋਂ ਵਧ ਅਸਰਦਾਇਕ ਸਾਬਤ ਹੁੰਦੀ ਸੀ। ਇਸ ਤੋਂ ਵੱਧ ਇਸ ਵਿਚ ਇਕ ਹੋਰ ਲਾਭ ਇਹ ਵੀ ਸੀ ਕਿ ਤੋਪਚੀ ਆਪਣੇ ਆਪ ਬਲਣ ਸਮੇਂ ਨੂੰ ਘਟਾਉਣ ਲਈ ਆਪਣੇ ਆਪ ਕੰਟਰੋਲ ਕਰ ਸਕਦਾ ਸੀ। ਕਿਲੇਬੰਦ

ਇਮਾਰਤਾਂ ਅਤੇ ਹਥਿਆਰਬੰਦ ਸਮੁੰਦਰੀ ਜਹਾਜ਼ਾਂ ਤੇ ਹਮਲਾ ਕਰਨ ਲਈ ਵਿਸ਼ੇਸ਼ ਤਰ੍ਹਾਂ ਦੇ ਫਿਊਜ਼ ਅਤੇ ਪ੍ਰੋਜੈੱਕਟਾਈਲ ਵਿਕਸਿਤ ਕੀਤੇ ਗਏ ਜੋ ਪਹਿਲਾਂ ਅੰਦਰ ਧੱਸ ਜਾਣ ਅਤੇ ਬਾਅਦ ਵਿਚ ਫਟਣ ਦੇ ਯੋਗ ਸਨ।

ਤੋਪਾਂ ਦੀਆਂ ਨਾਲੀਆਂ ਬਣਾਉਣ ਵਿਚ ਦੇਗੀ ਲੋਹੇ ਅਤੇ ਕਾਂਸੀ ਧਾਤ ਵਿਚ ਸਦੀਆਂ ਦੇ ਅਰਸੇ ਦੌਰਾਨ ਹੁੰਦੇ ਮੁਕਾਬਲੇ ਵਿਚ ਦੋਵੇਂ ਧਾਤਾਂ ਅਸਰਦਾਇਕ ਸਾਬਤ ਨਾ ਹੋ ਸਕੀਆਂ। ਝਿਰੀਦਾਰ ਨਾਲੀਆਂ ਵਿਚ ਵਰਤਣ ਲਈ ਕਾਂਸੀ ਨੂੰ ਵਧੇਰੇ ਮਜ਼ਬੂਤ ਨਹੀਂ ਸੀ ਬਣਾਇਆ ਜਾ ਸਕਦਾ। ਇਕਸਾਰ ਢਾਲਿਆ ਲੋਹਾ ਬਹੁਤੀ ਵਰਤੋਂ ਕਾਰਨ ਘਸਾਈ ਤਾਂ ਸਹਿ ਸਕਦਾ ਸੀ ਪਰ ਚੈਂਬਰਾਂ ਵਿਚਲਾ ਦਬਾਉ ਬਹੁਤ ਜ਼ਿਆਦਾ ਹੁੰਦਾ ਸੀ। ਇਸ ਦਾ ਇਕ ਹੱਲ ਤਾਂ ਇਹ ਸੀ ਕਿ ਢਾਲਵੇ ਲੋਹੇ ਦੀਆਂ ਨਾਲੀਆਂ ਵਿਚ ਕੁਝ ਮਾਤਰਾ ਦੇਗੀ ਲੋਹੇ ਦੀ ਮਿਲਾ ਕੇ ਅਜਿਹੇ ਕੜੇ ਬਣਾ ਲਏ ਜਾਂਦੇ ਜੋ ਇਨ੍ਹਾਂ ਨਾਲੀਆਂ ਉਪਰ ਚੜ੍ਹਾਏ ਜਾਂਦੇ, ਜਿਥੇ ਇਨ੍ਹਾਂ ਵਿਚ ਦਬਾਅ ਵਧੇਰੇ ਹੁੰਦਾ ਸੀ। ਪੁਰਾਣੀਆਂ ਤੋਪਾਂ ਕੇਵਲ ਇਨ੍ਹਾਂ ਕੁ ਦਬਾਅ ਸਹਿ ਸਕਦੀਆਂ ਸਨ ਜਿਥੇ ਤਕ ਇਨ੍ਹਾਂ ਦੀ ਲਚਕ ਸੀਮਾ ਹੁੰਦੀ ਸੀ। ਨਾਲੀਆਂ ਦੇ ਪਿਛੇ ਦੇਗੀ ਲੋਹੇ ਦਾ ਕੜਾ ਜੋ ਲਗਾਇਆ ਜਾਂਦਾ ਸੀ ਉਸ ਨਾਲ ਅੰਦਰਲੀਆਂ ਪਰਤਾਂ ਦਬਾਉ ਹੇਠ ਆ ਜਾਂਦੀਆਂ ਸਨ, ਜਦ ਅਜਿਹੀ ਸਧਾਰਨ ਪਰ ਮਜ਼ਬੂਤ ਤੋਪ ਦਾਗੀ ਜਾਂਦੀ ਸੀ ਤਾਂ ਅੰਦਰੂਨੀ ਦਬਾਉ ਨੂੰ ਪਹਿਲਾਂ ਨਾਲੀ ਦੇ ਵਿਚਲੀ ਧਾਤ ਦੀਆਂ ਪਰਤਾਂ ਦੇ ਮੁਢਲੇ ਦਬਾਉ ਨੂੰ ਝਲਣਾ ਪੈਂਦਾ ਸੀ। ਜੇਕਰ ਡਿਜ਼ਾਈਨ ਅਤੇ ਜੋੜਨ ਆਦਿ ਵਿਚ ਵਰਤੀਆਂ ਗਈਆਂ ਪਰਿਕਲਨ ਦਰੁਸਤ ਹੋਣ ਤਾਂ ਮੁਕੰਮਲ ਹੋਈ ਬੈਰਲ ਦੇ ਦੋਹਾਂ ਹਿੱਸਿਆਂ ਵਿਚ ਇਸ ਦੀ ਯੋਗਤਾ ਅਨੁਸਾਰ ਇਸ ਵਿਚ ਭਾਰ ਸਹਿਣ ਦੀ ਯੋਗਤਾ ਆ ਸਕਦੀ ਸੀ। ਇਨ੍ਹਾਂ ਸਧਾਰਨ ਢਾਲਵੇਂ ਲੋਹੇ ਵਾਲੀਆਂ ਤੋਪਾਂ ਜੋ ਅਕਸਰ ਨਾਲੀ ਦੇ ਮੂੰਹ ਰਾਹੀਂ ਬਾਰੂਦ ਨਾਲ ਭਰੀਆਂ ਜਾਂਦੀਆਂ, ਉਪਯੋਗਤਾ ਵਿਚ ਸੀਮਤ ਸਨ। ਧਾਤਵੀ ਅਤੇ ਮਸ਼ੀਨ ਸ਼ਾਪ ਦੀ ਤਰੱਕੀ ਨਾਲ ਜਿਸ ਅਨੁਸਾਰ ਸਟੀਲ ਦੀਆਂ ਤੋਪਾਂ ਦੀਆਂ ਨਾਲੀਆਂ ਵਾਲੀਆਂ ਉਚ ਪਾਏ ਦੀਆਂ ਜੰਗੀ ਤੋਪਾਂ ਨੇ ਉਸ ਸਮੇਂ ਦੀ ਲੋੜ ਨੂੰ ਪੂਰਿਆ ਕੀਤਾ। ਵੱਖ ਵੱਖ ਕਿਸਮਾਂ ਦੀਆਂ ਤੋਪਾਂ ਦੇ ਹਿੱਸੇ ਸਟੀਲ ਦੇ ਬਚਾਉਣ ਲਈ ਤਜਰਬੇ ਕੀਤੇ ਗਏ ਜਿਨ੍ਹਾਂ ਵਿਚ ਕਈ ਨਾਲੀਆਂ ਅਤੇ ਕੜੇ ਹੁੰਦੇ ਸਨ। ਕੇਂਦਰੀ ਜਾਂ ਵਿਚਕਾਰਲੀ ਨਾਲੀ ਉਪਰ ਕਈ ਵੇਰ ਤਾਰ ਲਪੇਟੀ ਜਾਂਦੀ ਸੀ। ਇਸ ਤਰ੍ਹਾਂ ਦੀ ਖੋਜ ਵਿਚ ਇਸ ਗੱਲ ਤੇ ਵਧੇਰੇ ਜ਼ੋਰ ਇਸ ਤੱਥ ਤੇ ਦਿਤਾ ਜਾਂਦਾ ਸੀ ਕਿ ਅਜਿਹੀ ਬੈਰਲ ਬਣਾਈ ਜਾਵੇ ਜਿਸ ਵਿਚ ਕੋਈ ਵੀ ਕਲਪਿਤ ਪਰਤ ਜੋ ਅੰਦਰ ਤੋਂ ਬਾਹਰ ਵੱਲ ਨੂੰ ਆਉਂਦੀ ਹੋਵੇ, ਵੱਧ ਤੋਂ ਵਧ ਇਕਸਾਰ ਦਬਾਉ ਹੇਠ ਹੋਣੀ ਚਾਹੀਦੀ ਸੀ।

ਇਕ ਹੋਰ ਵਿਧੀ ਜਿਸ ਨੂੰ ਆਟੋਫਰੈਟੈਜ ਕਿਹਾ ਜਾਂਦਾ ਸੀ ਅਤੇ ਇਹ ਵਿਧੀ ਦੂਜੀ ਸੰਸਾਰ ਜੰਗ ਪਿਛੋਂ ਹੋਂਦ ਵਿਚ ਆਈ। ਇਸ ਨਾਲ ਅਜਿਹੀਆਂ ਤੋਪ ਨਾਲੀਆਂ ਬਣਨੀਆਂ ਸੰਭਵ ਹੋ ਸਕੀਆਂ ਜੋ ਸਿੱਧਾਂਤਕ ਟੀਚੇ ਦੇ ਕਾਫ਼ੀ ਨੇੜੇ ਸਨ। ਇਸ ਵਿਧੀ ਵਿਚ ਇਕ ਅਣ ਕਮਾਈ ਸਟੀਲ ਨਾਲੀ ਨੂੰ ਇਸ ਦੀ ਖਿਚੀਣ ਸਮਰੱਥਾ ਤੋਂ ਅੱਗੇ ਜਲ-ਸ਼ਕਤੀ ਦਬਾਉ ਨਾਲ ਇਸ ਤਰ੍ਹਾਂ ਵਧਾਇਆ ਜਾਂਦਾ ਹੈ ਕਿ ਜਦ ਇਹ ਬਣ ਰਿਹਾ ਦਬਾਉ ਹਟਾ ਲਿਆ ਜਾਂਦਾ ਹੈ ਤਾਂ ਹਰੇਕ ਬੋਰ ਤੋਂ ਬਾਹਰਲੀ ਹਰੇਕ ਕਲਪਿਤ ਪਰਤ ਦਬਾਉ ਹੇਠ ਹੁੰਦੀ ਹੈ। ਨਾਲੀ ਦਾ ਬਾਹਰਲਾ ਹਿੱਸਾ ਵਧੇਰੇ ਦਬਾਉ ਹੇਠ ਹੁੰਦਾ ਹੈ ਜਦ ਕਿ ਅੰਦਰੂਨੀ ਪਰਤਾਂ ਨਪੀੜਨ ਅਸਰ ਹੇਠ ਹੁੰਦੀਆਂ ਹਨ ਅਜਿਹੀ ਨਾਲੀ ਵੀ ਪੂਰਨ ਨਹੀਂ ਹੁੰਦੀ ਕਿਉਂਕਿ ਪੂਰਨ ਪਰਪੱਕਤਾ ਲਈ ਅੰਦਰੋਂ ਅਤੇ ਬਾਹਰੋਂ ਧਾਤ ਨੂੰ ਹਟਾਉਣਾ ਜ਼ਰੂਰੀ ਹੁੰਦਾ ਹੈ ਪਰ ਫਿਰ ਵੀ ਇਹ ਵਿਧੀ ਖ਼ਾਸ ਕਰਕੇ ਲਾਭਦਾਇਕ ਹੈ ਕਿਉਂਕਿ ਭਾਰ ਅਨੁਸਾਰ ਇਨ੍ਹਾਂ ਦੀ ਮਜ਼ਬੂਤੀ ਵੀ ਅਸਾਧਾਰਨ ਹੋਣੀ ਚਾਹੀਦੀ ਹੈ।

ਸੰਯੁਕਤ ਰਾਜ ਅਮਰੀਕਾ ਦੀ ਖ਼ਾਨਾਜੰਗੀ ਪਿਛੋਂ ਵੀ ਕਈ ਦਹਾਕਿਆਂ ਤਕ ਤੋਪਾਂ ਦੇ ਦਾਗਣ ਦੀ ਪ੍ਰਤਿਕਿਰਿਆ ਨੇ ਜੰਗੀ ਤੋਪਖਾਨੇ ਦੇ ਦਾਗਣ ਦੀ ਦਰ ਨੂੰ ਸੀਮਤ ਕਰ ਦਿੱਤਾ। ਇਸ ਪ੍ਰਤਿਕਿਰਿਆ ਕਾਰਨ ਤੋਪਾਂ ਕਈ ਗਜ਼ ਪਿੱਛੇ ਹਟ ਜਾਂਦੀਆਂ ਸਨ। ਦਰਮਿਆਨੇ ਆਕਾਰ ਦੀਆਂ ਤੋਪਾਂ ਖ਼ਾਸ ਕਰਕੇ ਜੋ ਸਮੁੰਦਰੀ ਜਹਾਜ਼ਾਂ ਦੇ ਉਪਰ ਲਗੀਆਂ ਹੁੰਦੀਆਂ ਸਨ, ਨੂੰ ਰੱਸਿਆਂ ਦੀ ਮਦਦ ਨਾਲ ਕਾਬੂ ਵਿਚ ਰਖਿਆ ਜਾਂਦਾ ਸੀ। ਕੁਝ ਤੋਪਾਂ ਨੂੰ ਜਟਿਲ ਤਰ੍ਹਾਂ ਦੇ ਕੈਰੀਅਰਾਂ ਉਪਰ ਰਖਿਆ ਜਾਂਦਾ ਸੀ ਜੋ ਇਸ ਝਟਕੇ ਨੂੰ ਕਈ ਤਰ੍ਹਾਂ ਨਾਲ ਜਜ਼ਬ ਕਰ ਸਕਣ ਦੇ ਯੋਗ ਹੁੰਦੀਆਂ ਸਨ। ਪਰ ਇਸ ਤਰ੍ਹਾਂ ਦੇ ਡਿਜ਼ਾਈਨ ਵਿਚ ਪਿਛੇ ਹਟਣ ਦੀ ਕਿਰਿਆ ਦੀ ਦਰ ਘਟਾਉਣ ਲਈ ਤੋਪ ਦਾ ਆਪਣਾ ਵਜਨ ਵੀ ਉਸੇ ਅਸਰ ਦੀ ਮਹੱਤਤਾ ਕਰਦਾ ਹੈ।

ਇਸ ਤੋਂ ਬਾਅਦ ਤੋਪਾਂ ਦੀਆਂ ਨਾਲੀਆਂ ਲਈ ਨਵਾਂ ਅਤੇ ਮਜ਼ਬੂਤ ਸਾਜ਼ੋ ਸਮਾਨ, ਸ਼ਕਤੀਸ਼ਾਲੀ ਧਕੇਲੂ ਲੰਮੀਆਂ ਅਤੇ ਭਾਰੀਆਂ ਪ੍ਰੋਜੈੱਕਟਾਈਲਾਂ ਨੇ ਇਕ ਨਵੀਂ ਕਿਸਮ ਦੀ ਪ੍ਰਤਿਕਿਰਿਆ ਸਹਿਣ ਵਾਲੇ ਅਬਜਾਰਬਰ ਤਿਆਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਜਿਸ ਵਿਚ ਤੋਪ ਦੇ ਭਾਰੇ ਹੋਣ ਤੇ ਅਧਾਰਤ ਹੋਣਾ ਜ਼ਰੂਰੀ ਨਹੀਂ ਸੀ। ਇਸ ਤਰ੍ਹਾਂ ਦੇ ਹਥਿਆਰ ਦੀ ਖੋਜ ਕਰਨ ਵਿਚ ਵੀ ਕਈ ਕੌਮਾਂ ਦੇ ਬਹੁਤ ਸਾਰੇ ਵਿਅਕਤੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਇਕ ਅਜਿਹੀ ਰਚਨਾ ਕੀਤੀ ਗਈ ਜਿਸ ਵਿਚ ਤੋਪ ਦੀ ਨਾਲੀ ਅਤੇ ਕੈਰੀਅਰ ਵਿਚਾਲੇ ਪਿਛੇ ਹਟਣ ਦੀ ਪ੍ਰਤਿਕਿਰਿਆ (recoil) ਸਿਲਿੰਡਰ ਰਖੇ ਗਏ। ਪੈਦਾ ਹੋਣ ਵਾਲੀ ਊਰਜਾ ਨੂੰ ਵਿਘਟਨ (dissi-pate) ਕਰਨ ਲਈ ਇਕ ਪ੍ਰਕਾਰ ਦੇ ਤੇਲ ਨੂੰ ਗਰਮ ਕੀਤਾ ਜਾਂਦਾ ਸੀ ਜੋ ਤੇਲ ਇਕ ਦੁਆਰ ਰਾਹੀਂ ਬਾਹਰ ਆਉਂਦਾ ਸੀ, ਇਸ ਵਿਚੋਂ ਕੁਝ ਤੇਲ ਉਨ੍ਹਾਂ ਸਪਰਿੰਗਾਂ ਵਿਚ ਰਹਿ ਜਾਂਦਾ ਸੀ ਜੋ ਕਿ ਨਾਲੀ ਅਤੇ ਪੇਂਦੇ (breech) ਨੂੰ ਮੁਢਲੀ ਪੁਜ਼ੀਸ਼ਨ ਵਿਚ ਜਾਣ ਲਈ ਕਾਫ਼ੀ ਹੁੰਦਾ ਸੀ।

ਤੇਜ਼ੀ ਨਾਲ ਫਾਇਰ ਕਰ ਸਕਣ ਵਾਲੀਆਂ ਤੋਪਾਂ ਅਮਲੀ ਤੌਰ ਤੇ ਛੋਟੇ ਅਤੇ ਦਰਮਿਆਨੇ ਆਕਾਰ ਵਿਚ ਹੋਂਦ ਵਿਚ ਆ ਚੁਕੀਆਂ ਸਨ। ਫਾਇਰ ਕਰਨ ਦੀ ਇਹ ਤੇਜ਼ੀ ਪਿੱਤਲ ਦੇ ਕਾਰਤੂਸਾਂ ਦੇ ਬਣਨ ਉਪਰ ਨਿਰਭਰ ਕਰਦੀ ਸੀ ਜਿਸ ਵਿਚ ਪ੍ਰਾਈਮਰ, ਪ੍ਰੋਪੈਲੈਂਟ ਅਤੇ ਪ੍ਰੋਜੈੱਕਟਾਈਲ ਆਦਿ ਹੁੰਦੇ ਸਨ। ਖ਼ਾਲੀ ਖੋਲ ਨੂੰ ਬਾਹਰ ਧੱਕਣ ਅਤੇ ਕੱਢਣ ਦਾ ਕੰਮ ਪਿੱਛੇ ਹਟਣ ਦੀ ਪ੍ਰਤਿਕਿਰਿਆ ਵੇਲੇ ਆਪਣੇ ਆਪ ਹੋ ਜਾਂਦਾ ਸੀ। ਇਕ ਹੁਨਰਮੰਦ ਅਮਲਾ ਠੀਕ ਤਰ੍ਹਾਂ ਨਾਲ ਨਿਸ਼ਾਨੇ ਤੇ ਬੀੜੇ ਗਏ 20 ਗੋਲੇ ਇਕ ਮਿੰਟ ਵਿਚ ਫਾਇਰ ਕਰ ਸਕਦਾ ਸੀ।

**ਪਹਿਲੀ ਸੰਸਾਰ ਜੰਗ ਅਤੇ ਉੱਚ ਵਿਸਫੋਟਕ** — ਇਸ ਭਿਆਨਕ ਜੰਗ ਵਿਚ ਹਰ ਪ੍ਰਕਾਰ ਦੇ ਤੋਪਖਾਨੇ ਦੀ ਵਰਤੋਂ ਕੀਤੀ ਗਈ। ਨਵੇਂ ਰਸਾਇਣਿਕ ਧਕੇਲੂ, ਸਟੀਲ ਦੀਆਂ ਨਾਲੀਆਂ ਦੇ ਨਾਲ ਪੇਂਦੇ ਅਤੇ ਪਿੱਛੇ ਹਟਣ ਦੀ ਪ੍ਰਤਿਕਿਰਿਆ ਵਿਧੀਆਂ ਨੇ ਤੋਪਾਂ ਦੀ ਰੇਂਜ ਅਤੇ ਦਰੁਸਤੀ ਵਿਚ ਵਾਧਾ ਕੀਤਾ। ਵੱਡੇ ਵੱਡੇ ਖੋਲ ਵੀ ਈਜਾਦ ਕੀਤੇ ਗਏ ਜਿਨ੍ਹਾਂ ਵਿਚ ਉੱਚ ਵਿਸਫੋਟਕ ਚਾਰਜ ਪਾਏ ਹੁੰਦੇ ਅਤੇ ਦਰੁਸਤ ਫਿਊਜ਼ਾਂ ਦੀ ਵਰਤੋਂ ਨਾਲ ਜਦ ਇਹ ਫੱਟਦੇ ਤਾਂ ਇਹ ਜਰਾਬਕਤਰ ਅਤੇ ਕੰਕਰੀਟ ਨੂੰ ਤਬਾਹ ਕਰ ਸਕਣ ਦੇ ਯੋਗ ਹੁੰਦੇ ਸਨ। ਫਿਊਜ਼ਾਂ ਵਿਚ ਹੋਏ ਦੂਸਰੇ ਸੁਧਾਰਾਂ ਕਾਰਨ ਸ਼ਾਰਪਨਲ ਸੈੱਲ ਜ਼ਿਆਦਾ ਅਸਰਦਾਇਕ ਢੰਗ ਨਾਲ ਪਹਿਲੀ ਵਾਰ ਵਰਤੇ ਗਏ। ਜਿਥੇ ਤਕ ਤੋਪਖਾਨਾ ਮਾਰ ਕਰ ਸਕਦਾ ਹੁੰਦਾ ਉੱਨੀ ਜਗ੍ਹਾ ਵਿਚ ਦੁਸ਼ਮਣ ਉਪਰ ਸਿੱਕੇ ਦੀਆਂ ਗੋਲੀਆਂ ਦੀ ਬੁਛਾਰ ਕੀਤੀ ਜਾ ਸਕਦੀ ਸੀ। ਬਾਅਦ ਵਿਚ ਇਸੇ ਹੀ ਤਰ੍ਹਾਂ ਦੇ ਬਾਰੂਦ ਦੀ ਅਸਰਦਾਇਕਤਾ ਘਟਦੀ ਜਾਪਣ ਲਗੀ ਕਿਉਂਕਿ ਦੋਹਾਂ ਪਾਸਿਆਂ ਤੋਂ ਹੀ ਤੋਪਖਾਨੇ ਦੇ ਮਾਰੂ ਅਸਰ ਤੋਂ ਬਚਣ ਲਈ ਜੰਗੀ ਕਿਲੇਬੰਦੀ ਦੇ ਕਈ ਸਿਸਟਮਾਂ ਰਾਹੀਂ

ਬਚਾਉ ਦੇ ਢੰਗ ਕਢ ਲਏ ਗਏ ਸਨ। ਜਿਥੇ ਦੁਸ਼ਮਣ ਨੇ ਆਪਣੀ ਸੁਰੱਖਿਆ ਲਈ ਕਾਫ਼ੀ ਕਰੜਾ ਪ੍ਰਬੰਧ ਕਰ ਰਖਿਆ ਹੁੰਦਾ ਉਨ੍ਹਾਂ ਥਾਵਾਂ ਉਪਰ ਉੱਚ ਵਿਸਫ਼ੋਟਕ ਕਾਫ਼ੀ ਅਸਰਦਾਇਕ ਸਾਬਤ ਹੁੰਦੇ। ਪਹਿਲੀ ਸੰਸਾਰ ਜੰਗ ਦੇ ਸਮੇਂ ਵਰਤੀਆਂ ਮਾਰਟਰ ਤੋਪਾਂ ਵਿਚ ਮਜ਼ਬੂਤ ਨਾਲੀ ਨੂੰ ਪਿਛੋਂ ਬੰਦ ਕਰ ਦਿੱਤਾ ਜਾਂਦਾ ਅਤੇ ਇਸਨੂੰ ਉਪਰ ਵਲ ਸੇਧ ਦਿਤੀ ਜਾਂਦੀ। ਇਕ ਅਜਿਹੇ ਪ੍ਰੋਜੈੱਕਟਾਈਲ ਜਿਸ ਉਪਰ ਪਰਕਸ਼ਨ ਕੈਪ ਅਤੇ ਇਸਦੇ ਅਧਾਰ ਤੇ ਆਲੇ ਦੁਆਲੇ ਇਕ ਅਜਿਹਾ ਪ੍ਰੋਪੈਲੈਂਟ ਚਾਰਜ ਭਰਿਆ ਜਾਂਦਾ ਸੀ। ਇਕ ਸਥਿਰ ਫਾਇਰਿੰਗ ਪਿੰਨ ਜੋ ਇਸ ਦੇ ਥਲਵੇਂ ਹਿੱਸੇ ਤੇ ਲਗੀ ਹੁੰਦੀ ਸੀ ਉਸ ਦੀ ਮਦਦ ਨਾਲ ਇਸਨੂੰ ਦਾਗਿਆ ਜਾਂਦਾ ਸੀ। ਇਸ ਤਰ੍ਹਾਂ ਦੇ ਹਥਿਆਰ ਬਣਨ ਸਮੇਂ ਜੋ ਪ੍ਰੋਜੈੱਕਟਾਈਲ ਇਨ੍ਹਾਂ ਸਧਾਰਨ ਮਾਰਟਰ ਤੋਪਾਂ ਵਿਚੋਂ ਚਲਾਈਆਂ ਜਾਂਦੀਆਂ ਸਨ ਉਹ ਅਕਸਰ ਉਡਾਰੀ ਵਿਚ ਇਧਰ ਉਧਰ ਹੋ ਜਾਂਦੀਆਂ ਸਨ, ਪਰ ਥੋੜ੍ਹੀ ਦੂਰੀ ਵਿਚ ਅਜਿਹੀ ਕੋਈ ਸਮੱਸਿਆ ਨਹੀਂ ਸੀ।

ਸੰਨ 1918 ਤੋਂ ਪਿਛੋਂ ਮਾਰਟਰ ਤੋਪਾਂ ਦੀ ਰੇਂਜ ਨਿਸ਼ਾਨੇ ਅਤੇ ਹਲਕਾਪਣ ਆਦਿ ਵਿਸੇਸ਼ਤਾਈਆਂ ਵਿਚ ਹੌਲੀ ਹੌਲੀ ਸੁਧਾਰ ਹੋਣਾ ਸ਼ੁਰੂ ਹੋਇਆ। ਲਗਭਗ 82 ਮਿ. ਮੀ. ਨਲੀ ਵਿਆਸ ਵਾਲੀਆਂ ਛੋਟੀਆਂ ਤੋਪਾਂ ਪੈਦਲ ਸੈਨਾ ਦੇ ਹਥਿਆਰ ਬਣ ਗਏ। ਉਸ ਸਮੇਂ ਇਹ ਤੋਪਾਂ 9 ਪਾਉਂਡ ਦੇ ਬੰਬਾਂ ਨੂੰ 4000 ਗਜ਼ ਦੀ ਦੂਰੀ ਤਕ ਸੁੱਟ ਸਕਦੀਆਂ ਸਨ। ਇਸ ਤੋਂ ਵੀ ਵੱਡੇ ਬੋਰ ਜਿਵੇਂ 4.2" ਅਤੇ 4.7" (107 ਮਿ. ਮੀ. ਅਤੇ 120 ਮਿ. ਮੀ) ਵਾਲੇ ਬੋਰ ਵਾਲੇ ਹਥਿਆਰ ਅਮਲੇ ਦੇ ਆਦਮੀਆਂ ਵਲੋਂ ਪੈਦਲ ਚੁਕ ਕੇ ਕੁਝ ਕੁ ਦੂਰੀ ਤਕ ਲਿਜਾਏ ਜਾਂਦੇ ਸਨ। ਸੰਨ 1918 ਅਤੇ 1938 ਦਰਮਿਆਨ ਪਰੰਪਰਾਗਤ ਤੋਪਾਂ ਵਿਚ ਕਾਫ਼ੀ ਸੁਧਾਰ ਹੋਇਆ। ਸ਼ਾਇਦ ਦੂਜੀ ਸੰਸਾਰ ਜੰਗ ਦੀਆਂ ਬਿਹਤਰੀਨ ਤੋਪਾਂ 88 ਮਿ. ਮੀ. (3·5") ਵਿਆਸ ਵਾਲੀਆਂ ਜਰਮਨ ਤੋਪਾਂ ਸਨ ਜਿਨ੍ਹਾਂ ਦੀ ਵਰਤੋਂ ਜ਼ਮੀਨ, ਹਵਾ ਅਤੇ ਬਖਤਰਬੰਦ ਨਿਸ਼ਾਨਿਆਂ ਨੂੰ ਤਬਾਹ ਕਰਨ ਲਈ ਕੀਤੀ ਜਾਂਦੀ ਰਹੀ ਹੈ। ਅਜਿਹੇ ਗੋਲੇ ਜਿਨ੍ਹਾਂ ਦਾ ਭਾਰ 20 ਤੋਂ 25 ਪਾਉਂਡ ਹੁੰਦਾ ਸੀ ਉਹ ਆਪਣੇ ਆਪ ਲੋਡ ਕਰਕੇ ਅਤੇ ਨਿਸ਼ਾਨਾ ਲਗਾਉਣ ਬਾਅਦ 20 ਗੋਲੇ ਪ੍ਰਤਿ ਮਿੰਟ ਦੀ ਰਫ਼ਤਾਰ ਨਾਲ 30,000 ਫੁੱਟ ਦੀ ਉਚਾਈ ਤਕ ਮਾਰ ਕਰ ਸਕਦੀਆਂ ਸਨ। ਜ਼ੱਰਾਬਕਤਰ ਨੂੰ ਚੀਰ ਸਕਣ ਵਾਲੇ ਐਂਟੀ ਟੈਂਕ ਗੋਲੇ ਜਿਨ੍ਹਾਂ ਵਿਚ ਟੰਗਸਟਨ ਕਾਰਬਾਈਡ ਦੀ ਕੋਰ ਹੁੰਦੀ ਸੀ, ਵਿਸ਼ੇਸ਼ ਕਰਕੇ ਉਚ ਗਤੀ ਪ੍ਰਾਪਤ ਕਰ ਸਕਣ ਦੇ ਯੋਗ ਸਨ। ਇਨ੍ਹਾਂ ਦੀ ਤੁਲਨਾ 90 ਮਿ. ਮੀ. (3·5") ਅਮਰੀਕਨ ਤੋਪਾਂ ਨਾਲ ਕੀਤੀ ਜਾ ਸਕਦੀ ਸੀ।

ਦੂਸਰੀ ਸੰਸਾਰ ਜੰਗ ਦੌਰਾਨ ਹਥਿਆਰਾਂ ਵਿਚ ਹੋਈ ਖੋਜ ਅਤੇ ਇਸ ਤੋਂ ਬਾਅਦ ਹੋਏ ਵਿਕਾਸ ਵਿਚ ਬਹੁਤ ਹਲਕੀਆਂ ਜੰਗੀ ਤੋਪਾਂ ਬਾਰੇ ਵੀ ਕਾਫ਼ੀ ਕੰਮ ਹੋਇਆ। ਕਿਉਂਕਿ ਇਹ ਹਥਿਆਰ ਅਤੇ ਇਸ ਦਾ ਚੌਪਟਾ ਜਿਸ ਉਪਰ ਇਸ ਨੂੰ ਟਿਕਾਇਆ ਜਾਂਦਾ ਹੈ, ਨੂੰ ਪਿੱਛੇ ਹੱਟਣ ਦੀ ਪ੍ਰਤਿਕਿਰਿਆ ਸਹਾਰਨ ਦੇ ਯੋਗ ਹੋਣਾ ਲੋੜੀਂਦਾ ਹੈ ਇਸੇ ਪ੍ਰਕਾਰ ਹਲਕੀਆਂ ਤੋਂ ਹਲਕੀਆਂ ਤੋਪਾਂ ਵੀ ਬਾਰੂਦ ਦੇ ਇਕ ਗੋਲੇ ਤੋਂ ਲਗਭਗ 12 ਗੁਣਾਂ ਭਾਰੀਆਂ ਸਨ। ਜਰਮਨੀ ਅਤੇ ਸੰਯੁਕਤ ਰਾਜ ਅਮਰੀਕਾ ਦੇ ਬਾਰੂਦੀ ਤਕਨੀਕੀ ਮਾਹਿਰ ਵੀ ਵਿਸ਼ੇਸ਼ ਕਰਕੇ ਚਲਣ ਸਮੇਂ ਦੇ ਭਾਰ ਨੂੰ ਘਟਾਉਣ ਜਿਹੇ ਅਹਿਮ ਕੰਮ ਵਿਚ ਜੁਟੇ ਹੋਏ ਸਨ। ਜਦੋਂ ਅਜਿਹਾ ਕੋਈ ਹਥਿਆਰ ਦਾਗਿਆ ਜਾਂਦਾ ਤਾਂ ਗੋਲਾ ਜਾਂ ਪ੍ਰੋਜੈੱਕਟਾਈਲ ਤਾਂ ਅਗਾਂਹ ਵਲ ਜਾਂਦਾ ਪਰ ਧਕੇਲੂ ਗੈਸਾਂ ਪਿਛੇ ਵਲ ਨੂੰ ਆਉਂਦੀਆਂ ਸਨ। ਜਦ ਇਹ ਦੋਵੇਂ ਬਲ ਇਕ ਸਮਾਨ ਹੁੰਦੇ ਤਾਂ ਹਥਿਆਰ ਲਗਭਗ ਉਥੇ ਹੀ ਰਹਿੰਦੇ ਜਿਥੇ ਇਹ ਪਹਿਲਾਂ ਸੀ। ਇਸ ਤਰੀਕੇ ਨਾਲ ਦਾਗੇ ਗਏ ਗੋਲੇ ਦਰਮਿਆਨੀ ਗਤੀ ਨਾਲ ਗੰਨ ਨੂੰ ਮੋਢੇ ਦੇ ਬਰਾਬਰ ਰਖਕੇ ਚਲਾਏ ਜਾ ਸਕਦੇ ਸਨ, ਕਿਉਂਕਿ ਅਜਿਹੇ ਹਥਿਆਰਾਂ ਵਿਚ ਪ੍ਰਤਿਕਿਰਿਆ ਬਿਲਕੁਲ ਹੀ ਨਹੀਂ ਸੀ ਹੁੰਦੀ। ਦੂਜੀ ਸੰਸਾਰ ਜੰਗ ਦੌਰਾਨ ਮਿਤਰ ਦੇਸ਼ਾਂ ਵਲੋਂ 57 ਮਿ. ਮੀ. ਅਤੇ 75 ਮਿ. ਮੀ. (2.2 ਅਤੇ 3.0 ਇੰਚ ਕ੍ਰਮਵਾਰ ) ਦੀਆਂ ਪ੍ਰਤਿਕਿਰਿਆ ਰਹਿਤ ਰਾਈਫਲਾਂ ਦੀ ਵਰਤੋਂ ਕੀਤੀ ਗਈ ਜਿਨ੍ਹਾਂ ਦਾ ਭਾਰ 45 ਅਤੇ 105 ਪਾਉਂਡ ਦੇ ਕਰੀਬ ਸੀ। ਇਨ੍ਹਾਂ ਹਥਿਆਰਾਂ ਵਿਚਲੇ ਪ੍ਰੋਜੈੱਕਟਾਈਲਾਂ ਦਾ ਵੇਗ ਰਵਾਇਤੀ ਤੋਪਖਾਨੇ ਨਾਲੋਂ ਘਟ ਹੁੰਦਾ ਸੀ ਜਦ ਕਿ ਦਰਮਿਆਨੀ ਰੇਂਜ ਤਕ ਇਨ੍ਹਾਂ ਦਾ ਨਿਸ਼ਾਨਾ ਕਾਫ਼ੀ ਚੰਗਾ ਹੁੰਦਾ ਸੀ। ਦੋ ਵਿਅਕਤੀਆਂ ਵਲੋਂ 75 ਮਿ. ਮੀ. ਦੀ ਪਿੱਛੇ ਹੱਟਣ ਦੀ ਪ੍ਰਤਿਕਿਰਿਆ ਰਹਿਤ ਰਾਈਫਲ ਜੋ ਕਿ ਇਕ ਤਿਪਾਈ ਉਪਰ ਟਿਕਾ ਕੇ ਫਾਇਰ ਕੀਤੀ ਜਾਂਦੀ ਸੀ। 3,500 ਗਜ਼ ਤਕ ਉਨੀ ਹੀ ਅਸਰਦਾਇਕ ਸੀ ਜਿੰਨੀ ਕਿ ਪਹਿਲੀ ਸੰਸਾਰ ਜੰਗ ਸਮੇਂ ਦੀ ਜੰਗੀ ਤੋਪ।

ਪ੍ਰੋਜੈਕੱਟਾਈਲਾਂ ਦੀ ਬਕਤਰਬੰਦ ਚੀਰਨ ਦੀ ਇਹ ਯੋਗਤਾ, ਇਨ੍ਹਾਂ ਪ੍ਰਤਿਕਿਰਿਆ ਰਹਿਤ ਹਥਿਆਰਾਂ ਜੋ ਬੇਸ਼ਕ ਝਿਰੀਦਾਰ ਅਤੇ ਪੱਧਰੇ ਬੋਰ ਵਾਲੇ ਸਨ, ਬਾਰੇ ਜੰਗ ਦੇ ਦਰਮਿਆਨ ਅਤੇ ਬਾਅਦ ਵਿਚ ਵੀ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਪ੍ਰਾਪਤ ਹੋਈ ਜਿਸ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ ਕਿਸੇ ਵੀ ਜ਼ੱਰਾਬਕਤਰ ਨੂੰ ਚੀਰਨ ਵਾਸਤੇ ਅਜਿਹੇ ਬਰੂਦ ਦੀ ਲੋੜ ਸੀ ਜਿਸ ਵਿਚ ਉੱਚ ਵਿਸਫੋਟਕ ਚਾਰਜ ਭਰੇ ਘਟ ਵੇਗ ਵਾਲੇ ਪ੍ਰੋਜੈਕੱਟਾਈਲ ਨਾਲ ਸੰਭਵ ਹੋ ਸਕਦੀ ਹੈ। ਅਜਿਹੇ ਵਿਸਫ਼ੋਟਕ ਪ੍ਰੇਰਨ ਵਜੋਂ ਉਤਪੰਨ ਹੋਈ ਸ਼ਕਤੀ ਨੂੰ ਇਕ ਸਿਧੀ ਰੇਖਾ ਵਿਚ ਸੇਧ ਦਿਤੀ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਗੈਸ ਦੀ ਇਕ ਪਤਲੀ ਕਾਲਮ ਅਤੇ ਤਰਲ ਸਟੀਲ ਜੋ ਇੰਜ ਪੈਦਾ ਹੁੰਦੀ ਹੈ, ਨਾਲ ਚੰਗੀ ਤੋਂ ਚੰਗੀ ਜ਼ੱਰਾਬਕਤਰ ਵਿਚ ਕਈ ਸੈ. ਮੀ. ਅੰਦਰ ਧਸਣ ਦੀ ਸ਼ਕਤੀ ਹੁੰਦੀ ਹੈ। ਪੈਦਾ ਹੋਣ ਵਾਲਾ ਛਿਦਰ ਬੇਸ਼ਕ ਛੋਟਾ ਹੁੰਦਾ ਹੈ ਪਰ ਇਹ ਜੈੱਟ ਜੋ ਕਾਫ਼ੀ ਵੇਗ ਨਾਲ ਚਲ ਰਿਹਾ ਹੁੰਦਾ ਹੈ ਆਪਣੇ ਰਸਤੇ ਵਿਚ ਆਉਣ ਵਾਲੀ ਕਿਸੇ ਵੀ ਵਸਤੂ ਆਦਿ ਨੂੰ ਤਬਾਹ ਕਰ ਸਕਦਾ ਹੈ।

ਅਜਿਹੀਆਂ ਪ੍ਰੋਜੈੱਕਟਾਈਲ ਜੋ ਕਿ ਬਖਤਰਬੰਦਾਂ ਨੂੰ ਚੀਰਨ ਵਿਚ ਕਾਫ਼ੀ ਅਸਰਦਾਇਕ ਹੁੰਦੀਆਂ ਹਨ ਪਰ ਇਹ ਸਤ੍ਹਾ ਨਾਲ ਚੰਗੀ ਤਰ੍ਹਾਂ ਸੇਧ ਵਿਚ ਹੋਣ ਨਿਸ਼ਾਨੇ ਤੋਂ ਕੁਝ ਦੂਰੀ ਤੇ ਵਿਸਫੋਟਿਤ ਹੌਣ ਦੇ ਯੋਗ ਹੋਣ ਵਿਚ ਧਸਣ ਤੋਂ ਬਾਅਦ ਇਹ ਕਿਸੇ ਠੋਸ ਨਾਲ ਜ਼ਰੂਰ ਟਕਰਾਉਣ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਸੀ ਕਿ ਟੈਂਕ ਅਜਿਹੇ ਪ੍ਰੋਜੈੱਕਟਾਈਲਾਂ ਦੇ ਧਸਣ ਤੋਂ ਬਾਅਦ ਵੀ ਚਲਦੇ ਰਹਿੰਦੇ ਸਨ। ਦੂਜੀ ਸੰਸਾਰ ਜੰਗ ਦੇ ਦੌਰਾਨ ਇਕ ਨਵੇਂ ਫਿਊਜ਼ ਦੀ ਕਾਢ ਕੱਢੀ ਗਈ ਜੋ ਕਿਸੇ ਵੀ ਉਚਾਈ ਤੋਂ ਕਿਸੇ ਦਿਤੇ ਨਿਸ਼ਾਨੇ ਉਪਰ ਵਿਸਫੋਟਿਤ ਚਾਰਜਾਂ ਦੀ ਕਿਰਿਆ ਸ਼ੁਰੂ ਕਰ ਸਕਦਾ ਸੀ।

ਦੋਵੇਂ ਤਰ੍ਹਾਂ ਗਤਿਜ ਊਰਜਾ ਅਤੇ ਪ੍ਰਤਿਕਿਰਿਆ ਰਹਿਤ ਤੋਪਖਾਨਾ ਨਿਰੰਤਰ ਵਿਕਾਸ ਦੇ ਪੜਾਵਾਂ ਵਿਚ ਨਿਕਲਦਾ ਰਿਹਾ ਹੈ। ਨਰਮ ਟਿਕਾਣਿਆਂ ਉਪਰ ਉੱਚ ਵਿਸਫੋਟਾਂ ਨੂੰ ਫਾਇਰ ਕਰਨ ਵਾਲੀਆਂ ਤੋਪਾਂ ਵੀ ਹਲਕੀਆਂ ਹੁੰਦੀਆਂ ਗਈਆਂ। ਇਹ ਜ਼ਿਆਦਾ ਦਰੁਸਤ ਅਤੇ ਅਕਸਰ ਸਵੈ-ਚਲਿਤ ਬਣਦੇ ਗਏ। ਕਿਸੇ ਵੀ ਕੇਂਦਰੀ ਸਥਾਨ ਤੋਂ ਤੋਪਾਂ ਦੀ ਇਕ ਬੈਟਰੀ (ਤੋਪਾਂ ਦੀ ਇਕ ਇਕਾਈ) ਨੂੰ ਕੰਟਰੋਲ ਕੀਤਾ ਜਾ ਸਕਦਾ ਸੀ। ਇਕ ਨਵਾਂ ਰਾਉਂਦ ਜਿਸ ਨੂੰ 'ਬੀਹਾਵੀਵ' ਦਾ ਨਾਂ ਦਿਤਾ ਗਿਆ ਸੀ ਵਿਸਫੋਟਿਤ ਹੋਣ ਉਪਰੰਤ ਸਾਰੀਆਂ ਦਿਸ਼ਾਵਾਂ ਵਿਚ ਲਗਭਗ ਕਈ ਸੌ ਤੀਰ ਭੇਜਣ ਦੇ ਸਮਰੱਥ ਹੁੰਦਾ ਹੈ। ਪ੍ਰਤਿਕਿਰਿਆ ਰਹਿਤ ਤੋਪਾਂ ਦਾ ਆਕਾਰ ਅਤੇ ਵੇਗ ਵਧਦਾ ਗਿਆ ਅਤੇ ਹੁਣ ਇਨ੍ਹਾਂ ਦੀ ਵਰਤੋਂ ਚਾਰਜ ਅਤੇ ਸਧਾਰਨ ਉੱਚ

ਵਿਸਫੋਟਾਂ ਵਾਲੇ ਪ੍ਰੋਜੈਕਟਾਈਲਾਂ ਨੂੰ ਚਲਾਉਣ ਲਈ ਵਧੇਰੇ ਲਾਭਦਾਇਕ ਹਨ।

**ਸਿੱਖ ਰਾਜ ਵੇਲੇ ਦਾ ਤੋਪਖਾਨਾ** — ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਪਖਾਨਾ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਸੀ।

1. **ਤੋਪਖਾਨਾ-ਏ-ਅਸਪੀ** — ਇਸ ਵਿਚ ਘੋੜਿਆਂ ਨਾਲ ਖਿਚੀਆਂ ਜਾਣ ਵਾਲੀਆਂ ਹਲਕੀਆਂ ਤੋਪਾਂ ਹੁੰਦੀਆਂ ਸਨ।

2. **ਤੋਪਖਾਨਾ-ਏ-ਜਿਨਸੀ** — ਇਸ ਵਿਚ ਬਲਦਾਂ ਨਾਲ ਖਿੱਚੀਆਂ ਜਾਣ ਵਾਲੀਆਂ ਤੋਪਾਂ ਸਨ। ਕਈ ਵਾਰੀ ਭਾਰੀ ਤੋਪਾਂ ਨੂੰ ਖਿੱਚਣ ਲਈ ੪੦ ਤੋਂ 100 ਤਕ ਬਲਦ ਲਾਏ ਜਾਂਦੇ ਸਨ।

3. **ਤੋਪਖਾਨਾ-ਏ-ਸ਼ੁਤਰੀ** — ਇਸ ਵਿਚ ਊਠਾਂ ਦੁਆਰਾ ਖਿਚੀਆਂ ਜਾਣ ਵਾਲੀਆਂ ਤੋਪਾਂ ਹੁੰਦੀਆਂ ਸਨ।

ਤੋਪਖਾਨੇ ਦਾ ਸੰਗਠਨ ਵੀ ਪੈਦਲ ਜਾਂ ਘੋੜ ਸਵਾਰ ਸੈਨਾ ਦੀ ਤਰ੍ਹਾਂ ਹੀ ਸੀ। ਲਗਭਗ ਹਰ ਤੋਪ ਉਤੇ 10 ਦੇ ਕਰੀਬ ਗੰਨਰ ਲਗਾਏ ਜਾਂਦੇ ਸਨ। ਤੋਪਖਾਨੇ ਵਿਚ ਵਰਤੇ ਜਾਨਵਰਾਂ ਵਿਚੋਂ ਘੋੜੇ ਸਭ ਤੋਂ ਮਹੱਤਵਪੂਰਨ ਸਨ। ਘੋੜਿਆਂ ਤੋਂ ਹਟ ਕੇ ਬੈਲਾਂ ਅਤੇ ਊਠਾਂ ਨੂੰ ਤਰਜੀਹ ਦਿਤੀ ਜਾਂਦੀ ਸੀ। ਪਰ ਇਹ ਜਾਨਵਰ ਹੌਲੀ ਚਲਦੇ ਸਨ। ਇਸ ਕਰਕੇ ਕਈ ਵਾਰ ਭਾਰੀ ਤੋਪਾਂ ਵੇਲੇ ਸਿਰ ਆਪਣੇ ਥਾਂ ਠਿਕਾਣੇ ਤੇ ਨਹੀਂ ਸਨ ਪੁਜਦੀਆਂ।

ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਜਰਨੈਲਾਂ ਵਿਚ ਸ. ਲਹਿਣਾ ਸਿੰਘ ਮਜੀਠੀਆ ਤੋਪਾਂ ਦੇ ਨਵੇਂ ਡਿਜ਼ਾਈਨ ਤਿਆਰ ਕਰਨ ਵਿਚ ਬੜਾ ਮਾਹਿਰ ਸੀ ਜਿਸ ਕਰਕੇ ਉਸ ਨੇ ਬੜੀਆਂ ਖ਼ੂਬਸੂਰਤ ਤੋਪਾਂ ਬਣਵਾਈਆਂ ਸਨ। ਮਹਾਰਾਜਾ ਰਣਜੀਤ ਸਿੰਘ ਤੋਪਖਾਨੇ ਦਾ ਵੀ ਬੜਾ ਸ਼ੌਕੀਨ ਸੀ। ਚਾਰਲਸ ਮੈਟਕਾਫ਼ ਅਨੁਸਾਰ ਰਣਜੀਤ ਸਿੰਘ ਦੇ ਮਨ ਵਿਚ ਇਹ ਖਿੱਚ ਸੀ ਕਿ ਜੇ ਉਸ ਨੂੰ ਕਿਸੇ ਕਿਲੇ ਵਿਚ ਤੋਪ ਦਾ ਪਤਾ ਲਗਦਾ ਸੀ ਤਾਂ ਉਸ ਤੋਪ ਨੂੰ ਪ੍ਰਾਪਤ ਕਰਨ ਲਈ ਉਹ ਉਸ ਕਿਲੇ ਉਤੇ ਹਮਲਾ ਕਰ ਦਿੰਦਾ ਸੀ। ਜਾਂ ਉਸ ਕਿਲੇ ਦਾ ਮਾਲਕ ਆਪਣੇ ਆਪ ਨੂੰ ਬਚਾਉਣ ਲਈ ਆਪੇ ਹੀ ਤੋਪ ਉਸ ਦੇ ਸਪੁਰਦ ਕਰ ਦਿੰਦਾ। ਮਹਾਰਾਜਾ ਨੇ ਤੋਪਖਾਨੇ ਵਲ ਸਭ ਤੋਂ ਵਧ ਧਿਆਨ ਦਿਤਾ। ਉਸ ਨੇ ਵਧੀਆ ਤੋਪਾਂ ਢਾਲਣ ਲਈ ਲਾਹੌਰ ਤੇ ਕੁਝ ਹੋਰ ਥਾਈਂ ਕਾਰਖਾਨੇ ਸਥਾਪਿਤ ਕੀਤੇ।

ਹ.ਪੁ.—ਐਨ. ਬ੍ਰਿ. ਮੈ. 19 : 690 ; ਮਹਾਰਾਜਾ ਰਣਜੀਤ ਸਿੰਘ-ਭਗਤ ਸਿੰਘ 103; ਹਿ. ਪੰ. ਲਤੀਫ 451; ਪੰਜਾਬ ਸਟੀਨਬੈਕ : 26, ਮਿਲਟਰੀ ਡਿਕਸ਼ਨਰੀ ਐਂਡ ਐਨਸਾਈਕਲੋਪਾਡੀਆ-ਭਾਟੀਆ : 13.

**ਤੋਮਰ** : ਇਹ ਮਾਤ੍ਰਿਕ ਸਮ ਛੰਦ ਦਾ ਇਕ ਭੇਦ ਹੈ ਜਿਸ ਵਿਚ ਚਾਰ ਚਰਣ ਹੁੰਦੇ ਹਨ ਅਤੇ ਹਰ ਚਰਣ ਵਿਚ ਤਿੰਨ ਮਾਤਰਾਂ ਹੁੰਦੀਆਂ ਹਨ। ਇਸ ਤਰ੍ਹਾਂ ਇਹ 12 ਮਾਤਰਾਂ ਦਾ ਛੰਦ ਹੈ ਜਿਸ ਦੇ ਅੰਤ ਵਿਚ ਗੁਰੂ ਲਘੂ ਹੁੰਦਾ ਹੈ। ਸੰਭਵ ਹੈ ਕਿ ਇਸ ਦੀ ਵਰਤੋਂ ਹਿੰਦੀ ਵਿਚ ਹੀ ਵਧੇਰੇ ਹੋਈ ਹੋਵੇ ਕਿਉਂਕਿ 'ਪ੍ਰਾਕ੍ਰਿਤ ਪੈਂਗਲਮ' ਵਿਚ ਇਸ ਦਾ ਵਰਣਨ ਨਹੀਂ ਕੀਤਾ ਗਿਆ ਹੈ। ਹਿੰਦੀ ਦੇ ਕਵੀਆਂ ਵਿਚੋਂ ਤੁਲਸੀ, ਕੇਸ਼ਵ, ਸੂਦਨ, ਸ਼੍ਰੀਧਰ ਅਤੇ ਰਘੁਰਾਜ ਨੇ ਇਸ ਦੀ ਵਰਤੋਂ ਕੀਤੀ । ਇਸ ਛੰਦ ਦੀ ਵਰਤੋਂ ਯੁੱਧ ਵਰਣਨ ਵਿਚ ਬੀਰ ਰਸ ਉਪਜਾਉਣ ਲਈ ਕੀਤੀ ਗਈ ਹੈ। ਤੁਲਸੀ ਨੇ ਲੰਕਾ ਕਾਂਡ ਵਿਚ ਇਸ ਛੰਦ ਦੀ ਵਰਤੋਂ ਯੁੱਧ ਦੇ ਭਿਆਨਕ ਅਤੇ ਵੀਭਤਸ ਦ੍ਰਿਸ਼ ਦੇ ਚਿਤ੍ਰਣ ਲਈ ਕੀਤੀ ਹੈ। ਇਸ ਛੰਦ ਦੀ ਵਰਤੋਂ ਪੰਜਾਬੀ ਵਿਚ ਵੀ ਗੁਰੂ ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਕੀਤੀ ਗਈ ਹੈ। 'ਕ੍ਰਿਸ਼ਨਾਵਤਾਰ' ਵਿਚ ਤੋਮਰ ਦਾ ਇਕ ਹੋਰ ਰੂਪ ਵੀ ਮਿਲਦਾ ਹੈ ਜਿਸ ਵਿਚ ਪਹਿਲੇ ਦੋ ਚਰਣ ਮੁਕਤਾਮਣੀ ਛੰਦ ਦਾ ਰੂਪਾਂਤਰ ਹਨ ਅਰਥਾਤ ਪਹਿਲਾ ਵਿਸ਼ਰਾਮ 12 ਮਾਤ੍ਰਾਂ ਉਤੇ ਅਤੇ ਦੂਜਾ 13 ਮਾਤ੍ਰਾਂ ਉਤੇ ਹੁੰਦਾ ਹੈ। ਅੰਤ ਵਿਚ ਗੁਰੂ ਤੇ ਲਘੂ ਹੁੰਦੇ ਹਨ। ਪਿਛਲੇ ਦੋ ਚਰਣ 'ਹਰਿਗੀਤਿਕਾ' ਛੰਦ ਦੇ ਹੁੰਦੇ ਹਨ।

ਹ.ਪੁ.—ਹਿੰ. ਸਾ. ਕੋ.; ਮ. ਕੋ.

**ਤੋਰਕੇਮਾਦਾ ਤਾਮਸ 'ਦ'** : ਸਪੇਨ ਦੇ ਇਸ ਮਹਾਨ ਧਰਮ-ਪਰੀਖਕ ਦਾ ਜਨਮ 1420 ਈ. ਵਿਚ ਵਾਲਡਵਿਡ ਵਿਖੇ ਹੋਇਆ। ਇਸ ਦਾ ਨਾਂ ਜਾਂਚ ਪੜਤਾਲ ਕਰਨ ਵਾਲਿਆਂ ਸਬੰਧੀ ਨਫ਼ਰਤ ਅਤੇ ਧਾਰਮਿਕ ਕੱਟੜਤਾ ਦੇ ਸਮਾਨਰਥਕ ਵੀ ਸਮਝਿਆ ਜਾਂਦਾ ਸੀ। ਇਹ ਸਿਗੋਵੀ ਪ੍ਰਾਂਤ ਦੇ ਡੋਮੀਨੀਕੀ ਵਿਚ ਵਿਸ਼ਵਾਸ ਕਰਨ ਵਾਲੇ ਲੋਕਾਂ ਨਾਲ ਰਲ ਗਿਆ ਅਤੇ 1452 ਈ. ਤੋਂ 1474 ਈ. ਤੱਕ ਸਾਂਤਾ ਕਰੂਜ਼ ਮੋਨੈਸਟਰੀ ਦਾ ਮਹੰਤ ਬਣਿਆ ਰਿਹਾ। ਇਹ ਰਾਣੀ ਇਜ਼ਬੈਲ ਅਤੇ ਰਾਜੇ ਫਰਡੀਨੈਂਡ ਦਾ ਅੰਗੀਕਾਰ ਅਤੇ ਸਲਾਹਕਾਰ ਸੀ। ਯਹੂਦੀਆਂ ਨੂੰ ਦੇਸ਼-ਨਿਕਾਲਾ ਦੇਣ ਦੀ ਸਲਾਹ ਰਾਜੇ ਨੂੰ ਇਸ ਨੇ ਦਿੱਤੀ ਸੀ। ਅਗਸਤ, 1483 ਵਿਚ ਇਸ ਨੂੰ ਕਾਸਟੀਲ, ਲਾਉਨ ਅਤੇ ਅਕਤੂਬਰ 17 ਨੂੰ ਅਰਗਾਨ, ਕੈਟਲੋਨਈ, ਵਲੈਂਸ਼ ਅਤੇ ਮਜਰੋਕ ਵਿਖੇ ਇੱਕ ਵੱਡਾ ਸਰਕਾਰੀ ਜਾਂਚ-ਅਧਿਕਾਰੀ ਨਿਯੁਕਤ ਕੀਤਾ ਗਿਆ। ਸਰਕਾਰੀ ਜਾਂਚ-ਅਧਿਕਾਰੀ ਹੋਣ ਦੇ ਨਾਤੇ ਤੋਰਕੇਮਾਦਾ ਨੇ ਸਵਿਲ (Seville), ਹਾਏਨ (Jaen) ਕਾੱਰਡਬ (Cardoba), ਸੀਉਥਾਥ ਰੇਆਲ (Cindad Real) ਅਤੇ ਸਰਗਾਸ (Saragossa ) ਵਿਖੇ ਸਥਾਨਕ ਜੱਜ ਨਿਯੁਕਤ ਕਰ ਦਿੱਤੇ। ਪਿਛਲੇ ਸਾਲਾਂ ਦੌਰਾਨ ਤੋਰੇਕੇਮਾਦਾ ਵੱਲੋਂ ਧਾਰਾ 28 ਲਾਗੂ ਕਰ ਦਿੱਤੀ ਗਈ ਜਿਸ ਅਨੁਸਾਰ ਕੁਫ਼ਰ ਤੋਲਣ ਵਾਲੇ, ਧਰਮ ਨੂੰ ਛੱਡਣ ਵਾਲੇ, ਜਾਦੂਗਰ, ਇਕ ਤੋਂ ਵੱਧ ਪਤਨੀਆਂ ਜਾਂ ਪਤੀ ਰਖਣ ਵਾਲੇ ਵਿਅਕਤੀਆਂ, ਸੂਦਖ਼ੋਰ ਅਤੇ ਰੱਬ ਦੀ ਨਿੰਦਿਆ ਕਰਨ ਵਾਲੇ ਨਾਗਰਿਕਾਂ ਨੂੰ ਸਜ਼ਾ ਦਿੱਤੀ ਜਾਂਦੀ ਸੀ। ਇਸ ਧਾਰਾ ਅਨੁਸਾਰ ਜੱਜਾਂ ਨੂੰ ਇਹ ਵੀ ਅਧਿਕਾਰ ਹਾਸਲ ਸੀ ਕਿ ਦੋਸ਼ੀ ਨੂੰ ਜੁਰਮ ਇਕਬਾਲ ਕਰਨ ਤੱਕ ਤਸੀਹੇ ਦਿੱਤੇ ਜਾਣ। ਸਰਕਾਰੀ ਜਾਂਚ-ਅਧਿਕਾਰੀ ਦੇ ਤੌਰ ਤੇ ਤੋਰਕੇਮਾਦਾ ਨੇ ਦਸ ਹਜ਼ਾਰ ਲੋਕਾਂ ਨੂੰ ਆਪਣੀਆਂ ਅਦਾਲਤਾਂ ਵਿਚ ਪੇਸ਼ ਕਰਵਾਇਆ ਅਤੇ ਇਨ੍ਹਾਂ ਵਿਚੋਂ ਲਗਭਗ ਦੋ ਹਜ਼ਾਰ ਲੋਕਾਂ ਨੂੰ ਜੁਰਮ ਦੇ ਅਨੁਸਾਰ ਧਾਰਾ 28 ਅਧੀਨ ਸੂਲੀ ਚੜ੍ਹਾਇਆ ਗਿਆ। ਤੋਰਕੇਮਾਦਾ ਦੇ ਇੰਨੇ ਹੱਠੀ ਵਤੀਰੇ ਕਾਰਣ ਲੋਕ ਇਸ ਦੇ ਖਿਲਾਫ਼ ਹੋ ਗਏ ਤੇ ਇਸ ਦੀ ਮੁਖ਼ਾਲਫਤ ਸ਼ੁਰੂ ਕਰ ਦਿੱਤੀ ਪਰ ਤੋਰਕੇਮਾਦਾ ਨਿਯਮਾਂ ਦੀ ਪਾਲਣਾ ਕਰਨ ਵਿਚ ਇੰਨਾਂ ਲਕੀਰ ਦਾ ਫਕੀਰ, ਕੱਟੜ ਅਤੇ ਕਠੋਰ-ਚਿੱਤ ਸੀ ਕਿ ਪੋਪ ਵਲੋਂ ਰਵਈਏ ਦੀ ਕਠੋਰਤਾ ਨੂੰ ਕੁਝ ਘੱਟ ਕਰਨ ਦੀ ਅਰਜ਼ ਵੀ ਨਿਸਫ਼ਲ ਰਹੀ। ਸੰਨ 1494 ਵਿਚ ਇਸ ਨੇ ਰਿਟਾਇਰਮੈਂਟ ਲੈ ਲਈ ਪਰ ਇਸ ਦੀ ਇਮਾਨਦਾਰੀ ਅਤੇ ਕਠੋਰ-ਚਿੱਤੀ ਇਸ ਦੀ ਮੌਤ ਤੱਕ ਨਾਲ ਹੀ ਰਹੀਆਂ। 16 ਸਤੰਬਰ, 1498 ਨੂੰ ਸਪੇਨ ਵਿਚ ਆਵਿਲ (Avile ) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 10 : 54; ਐਨ. ਅਮੈ. 26 : 863

**ਤੋਰਾਈ ਕਾਈਓਨਾਗਾ** : ਜਾਪਾਨ ਦੇ ਇਸ ਚਿੱਤਰਕਾਰ ਦਾ ਜਨਮ 1752 ਈ. ਵਿਚ ਇਥੋਂ ਦੇ ਹੀ ਸਾਗਾਮੀ ਪ੍ਰਾਂਤ, ਜੋ ਹੁਣ ਕਾਨਾਗਾਵਾ ਪ੍ਰੀਫੈਕਚਰ ਵਿਚ ਹੈ, ਵਿਖੇ ਹੋਇਆ। ਇਸ ਦਾ ਅਸਲ ਨਾਂ ਸੇਕੀਗੁਚੀ ਸ਼ਿਨਸੋਕੇ ਸੀ। ਇਹ ਯੂਕਿਓ-ਯਾ (Ukiyo - c ) ਲਹਿਰ ਦਾ ਇਕ ਉੱਘਾ ਚਿੱਤਰਕਾਰ ਸੀ। ਇਹ ਤੋਰਾਈ ਕਾਈਓਨੈਗਾ ਦਾ ਸ਼ਾਗਿਰਦ ਸੀ ਅਤੇ ਕੁਝ ਸਮੇਂ ਲਈ ਤੋਰਾਈ ਸਕੂਲ ਦਾ ਮੁੱਖੀ ਰਿਹਾ। ਇਸ ਨੇ ਪ੍ਰਸਿੱਧ ਸੁੰਦਰੀਆਂ ਨੂੰ ਚਿੱਤਰਣ ਵਿਚ ਆਪਣਾ ਧਿਆਨ ਲਗਾਇਆ। ਇਸ ਨੇ ਦੋਹਰੀਆਂ ਅਤੇ ਤੀਹਰੀਆਂ ਲੰਮੀਆਂ ਤਸਵੀਰਾਂ ਦੇ ਕਈ ਵੱਡੇ ਵੱਡੇ ਬਹੁਰੰਗੀ ਛਾਪੇ ਵੀ ਤਿਆਰ ਕੀਤੇ

ਇਸ ਦੀਆਂ ਬਣਾਈਆਂ ਤਸਵੀਰਾਂ ਵਿਚ ਔਰਤ ਦਾ ਯਥਾਰਥਵਾਦੀ ਸ਼ੈਲੀ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਣ ਕੀਤਾ ਗਿਆ ਹੈ। ਇਸ ਦੀਆਂ ਪ੍ਰਸਿੱਧ ਕ੍ਰਿਤਾਂ 'ਟਵੈਲਵ ਮੰਥਜ਼ ਐਟ ਦੀ ਗੇ ਕਵਾਰਟਰਜ਼', 'ਏ ਕਨਟੈਸਟ ਆਫ਼ ਫੈਸ਼ਨੇਬਲ ਬਿਊਟੀਜ਼ ਆਫ਼ ਦੀ ਗੇ ਕਵਾਟਰਜ਼' ਅਤੇ 'ਲਾਈਫ਼ ਆਫ਼ ਵਿਮਨ ਨੱਟ ਬਿਲਾਂਗਿੰਗ ਟੂ ਦੀ ਗੇ ਕਵਾਟਰਜ਼' ਹਨ।

ਸੰਨ 1815 ਵਿਚ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 10 : 52.

**ਤੋਰਾਈ ਕਾਈਯੋਨੋਬ** : ਇਹ ਜਾਪਾਨ ਦਾ ਇਕ ਉੱਘਾ ਚਿੱਤਰਕਾਰ ਸੀ ਜਿਸ ਦਾ ਜਨਮ 1664 ਈ. ਵਿਚ ਓਸਾਕਾ ਵਿਖੇ ਹੋਇਆ। ਇਸ ਨੇ ਤੋਰਾਈ ਸਕੂਲ ਦੀ ਨੀਂਹ ਰੱਖੀ ਜਿਸ ਨੇ ਨਿੱਤ ਦਿਹਾੜੀ ਦੇ ਜੀਵਨ ਨੂੰ ਸਾਧਾਰਣ ਰੂਪ ਵਿਚ ਪੇਸ਼ ਕਰਨ ਵਾਲੀ ਜਾਪਾਨੀ ਚਿੱਤਰਕਲਾ ਪੱਧਤੀ ਯੂਕਿਓ-ਯਾ ਨੂੰ ਅੱਜੇ ਵੀ ਜੀਵਤ ਰੱਖਿਆ ਹੈ।

ਇਸ ਨੇ ਆਪਣੇ ਅਦਾਕਾਰ ਅਤੇ ਚਿੱਤਰਕਾਰ ਪਿਤਾ ਕਿਯੋਮੋਟੋ ਤੋਂ ਚਿੱਤਰਕਾਰੀ ਸਿਖੀ। ਇਸ ਨੇ ਈਡੋ ਦੇ ਕਾਬੁਕੀ ਥੀਏਟਰ ਲਈ ਸਾਈਨ ਬੋਰਡ ਲਿਖੇ ਅਤੇ ਯੂਕਿਓ-ਯਾ ਸ਼ੈਲੀ ਵਿਚ ਕਈ ਕਿਤਾਬਾਂ ਵੀ ਲਿਖੀਆਂ। ਇਸ ਨੇ ਕਈ ਅਦਾਕਾਰਾਂ ਦੀਆਂ ਤਸਵੀਰਾਂ ਦੀ ਰੂਪ ਰੇਖਾ ਤਿਆਰ ਕੀਤੀ ਤਾਂ ਜੋ ਉਨ੍ਹਾਂ ਤੋਂ ਪ੍ਰਿੰਟ ਤਿਆਰ ਹੋ ਸਕਣ। ਇਸ ਦੀ ਸ਼ੈਲੀ ਸਪਸ਼ਟ ਅਤੇ ਪ੍ਰਭਾਵਸ਼ਾਲੀ ਸੀ ਜਿਸ ਕਾਰਨ ਇਹ ਬਹੁਤ ਪ੍ਰਸਿੱਧ ਹੋਈ। ਬੁਰਸ਼ ਦੀਆਂ ਬਾਰੀਕ ਅਤੇ ਗੁੜ੍ਹੀਆਂ ਛੁਹਾਂ ਕਾਰਨ ਇਸ ਦੀ ਸ਼ੈਲੀ ਨੂੰ (hyetau mimizugaki) ਸੰਖਿਪਤ ਨਾਂ ਦਿੱਤਾ ਗਿਆ। ਇਸ ਨੇ ਆਪਣੇ ਸਮੇਂ ਦੀਆਂ ਸੁੰਦਰੀਆਂ ਨੂੰ ਯਥਾਰਥਵਾਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਿੱਤਰਿਆ। 'ਪਿਕਚਰ ਐਲਬਮ ਆਫ਼ ਕੋਰਟਸੇਨਜ਼' ਅਤੇ ਦੋ ਜਿਲਦਾਂ ਵਾਲੀ 'ਪੋਰਟ੍ਰੇਟਜ਼ ਆਫ਼ ਫ਼ੇਮਸ ਐਕਟਰਜ਼' ਇਸ ਦੀਆਂ ਆਦਰਸ਼ ਕ੍ਰਿਤਾਂ ਹਨ ਜੋ ਇਸ ਨੇ 1700 ਈ. ਵਿਚ ਪ੍ਰਕਾਸ਼ਿਤ ਕਰਵਾਈਆਂ।

ਸੰਨ 1729 ਵਿਚ ਈਡੋ (ਹੁਣ ਟੋਕੀਓ) ਵਿਖੇ ਇਸ ਦੀ ਮੌਤ ਹੋ ਗਈ।

ਹ.ਪੁ.—ਐਨ. ਬ੍ਰਿ. ਮਾ. 10 : 52

**ਤੋਰਾਈ ਕਿਯਮਾਬੂ** : ਜਾਪਾਨੀ ਰੋਜ਼ਾਨਾ ਜੀਵਨ ਦੇ ਨਜ਼ਾਰਿਆਂ ਨੂੰ ਬੜੀ ਖ਼ੂਬਸੂਰਤੀ ਨਾਲ ਚਿਤਰਣ ਵਾਲੇ ਇਸ ਜਪਾਨੀ ਚਿੱਤਰਕਾਰ ਦਾ ਜਨਮ 1694 ਈ. ਵਿਚ ਹੋਇਆ। ਜਾਪਾਨ ਵਿਚ 17 ਵੀਂ ਸਦੀ ਦੇ ਅੰਤ ਤੋਂ ਚਿੱਤਰਕਾਰੀ ਵਿਚ ਸੰਧੂਰ (red lead) ਨੂੰ ਪ੍ਰਮੁੱਖ ਰੰਗ ਦੇ ਤੌਰ ਤੇ ਵਰਤਿਆ ਜਾਂਦਾ ਸੀ। ਤੋਰਾਈ ਨੇ ਵੀ ਇਹੋ ਤਕਨੀਕ ਅਪਣਾਈ। ਕਦੇ ਕਦੇ ਸਿਆਹੀ ਵਿਚ ਗੂੰਦ ਜਾਂ ਸਰੇਸ਼ ਮਿਲਾ ਕੇ ਕਾਲੇ ਰੰਗ ਵਿਚ ਲਿਸ਼ਕ ਲਿਆਂਦੀ ਜਾਂਦੀ ਸੀ। ਕਿਯੋਮਾਸੂ ਦੇ ਬਣਾਏ ਹੋਏ ਚਿੱਤਰਾਂ ਵਿਚੋਂ ਐਕਟਰਾਂ ਦੇ ਚਿੱਤਰ ਬਹੁਤ ਪ੍ਰਸਿੱਧ ਹਨ।

ਹ.ਪੁ.—ਐਨ. ਬ੍ਰਿ. ਮਾ. 10 : 51

**ਤੋਰੀ** : ਇਹ ਕੁਕਰਬਿਟੇਸੀ (Cucurbitaceae) ਕੁਲ ਦਾ ਪੌਦਾ ਹੈ। ਇਸ ਦਾ ਵਿਗਿਆਨਕ ਨਾਂ ਲੂਫ਼ਾ ਐਕੂਟੈਂਗਲਾ (Luffa acutangula) ਹੈ। ਇਹ ਇਕ-ਰੁੱਤੀ ਪੌਦੇ (annual) ਹਨ ਜਿਨ੍ਹਾਂ ਦੀਆਂ ਲਗਭਗ 8 ਜਾਤੀਆਂ ਮਿਲਦੀਆਂ ਹਨ। ਇਸ ਦੇ ਬੂਟੀਨੁਮਾ ਪੌਦੇ ਤੰਦੜਿਆਂ (tendrils) ਦੀ ਮਦਦ ਨਾਲ ਵੇਲਾਂ ਵਾਂਗ ਉਪਰ ਚੜ੍ਹ ਜਾਂਦੇ ਹਨ। ਇਸ ਦੇ ਪੱਤਿਆਂ ਦੇ 5 ਤੋਂ ਲੈ ਕੇ 7 ਤੱਕ ਖੰਨ (lobes) ਹੁੰਦੇ ਹਨ। ਇਸ ਦੇ ਤੰਦੜੇ ਸਾਧਾਰਨ ਜਾਂ ਬਹੁ-ਸ਼ਾਖੀ ਹਨ। ਫੁੱਲ ਦੋ-ਲਿੰਗੀ ਜਾਂ ਇਕ-ਲਿੰਗੀ ਹੁੰਦੇ ਹਨ। ਪੁੰਕੇ (Staminate) ਫੁੱਲ ਇਕ ਲੰਬੀ ਡੰਡੀ ਵਾਲੇ ਰੈਸੀਮ ਜਾਂ ਗੁੱਛੇ ਲੱਗਦੇ ਹਨ ਜਦੋਂ ਕਿ ਅੰਡਪ-ਪੁੰਜੀ (Pistillate) ਫੁੱਲ ਇ ਇੱਕਲੇ ਲਗਦੇ ਹਨ ਅਤੇ ਇਨ੍ਹਾਂ ਦੀ ਡੰਡੀ ਵੀ ਛੋਟੀ ਹੁੰਦੀ ਸੈਪਲ-ਪੁੰਜ ਘੰਟੀਨੁਮਾ ਹੁੰਦੀਆਂ ਹਨ ਅਤੇ ਪੂਰੀ ਤਰ੍ਹਾਂ ਨਾਲ ਖੰਨਾ ਵਿਚ ਵੰਡੀਆਂ ਹੁੰਦੀਆਂ ਹਨ। ਪੈਟਲ-ਪੁੰਜ ਵਿਚ ਵੀ ਹ ਪੀਲੇ ਜਿਹੇ ਰੰਗ ਦੀਆਂ ਪੰਜ ਪੰਖੜੀਆਂ ਹੁੰਦੀਆਂ ਹਨ। ਪੁੰਕੇਸਰ ਤੌਰ ਤੇ ਤਿੰਨ ਹੁੰਦੇ ਹਨ ਅਤੇ ਇਹ ਕੈਲਿਕਸ ਨਲੀ ਵਿਚ ਹੁੰਦੇ ਫਲ ਲੰਬਾ ਘੀਆ ਵਰਗਾ ਹੁੰਦਾ ਹੈ। ਪੀਪੋ (pepo) ਤਿੰਨ ਖ਼ਾਨਿ ਵਾਲਾ ਹੁੰਦਾ ਹੈ। ਪੱਕਣ ਪਿਛੋਂ ਇਹ ਸੁੱਕ ਜਾਂਦਾ ਹੈ ਅਤੇ ਅੰਦਰ ਰੇਸ਼ੇਦਾਰ ਹਿੱਸਾ ਸਪੰਜ ਵਰਗਾ ਬਣ ਜਾਂਦਾ ਹੈ।

ਤੋਰੀ ਦੀ ਕਾਸ਼ਤ ਪਹਿਲਾਂ ਤਪਤ-ਖੰਡੀ ਦੇਸ਼ਾਂ, ਚੀਨ ਜਾਪਾਨ ਵਿਚ ਕੀਤੀ ਜਾਂਦੀ ਸੀ। ਉਸ ਤੋਂ ਬਾਅਦ ਅਮਰੀਕਾ ਇਸ ਦੀ ਕਾਸ਼ਤ ਸ਼ੁਰੂ ਹੋਈ ਹੈ। ਇਸ ਦੇ ਫਲ ਨੂੰ ਸਬਜ਼ੀ ਵਾਂਗ ਪ ਕੇ ਖਾਧਾ ਜਾਂਦਾ ਹੈ। ਇਸ ਦੀ ਵਰਤੋਂ ਸੂਪ ਆਦਿ ਵਿਚ ਵੀ ਕੀ ਜਾਂਦੀ ਹੈ। ਇਸ ਦੇ ਸੁੱਕੇ ਹੋਏ ਅੰਦਰਲੇ ਰੇਸ਼ੇਦਾਰ ਹਿੱਸੇ ਦੀ ਵਰ ਨਹਾਉਣ ਲਈ ਝਾਵੇਂ ਵਜੋਂ ਵੀ ਕੀਤੀ ਜਾਂਦੀ ਹੈ। ਇਸ ਦਾ ਪੌ ਖੀਰੇ ਅਤੇ ਖ਼ਰਬੂਜ਼ੇ ਵਾਂਗ ਹੀ ਨਰਮ ਜਿਹਾ ਹੁੰਦਾ ਹੈ ਜਿਹੜਾ ਵੇਲ ਰੂਪ ਵਿਚ 3 ਮੀ. ਤੋਂ 4.5 ਮੀ. (10-15 ਫੁੱਟ) ਤੱਕ ਉੱਚਾ ਹੋ ਜਾਂ ਹੈ।

ਤੋਰੀ ਦੀਆਂ ਕਈ ਜਾਤੀਆਂ ਵਿਚੋਂ ਕਾਲੀ ਤੋਰੀ (Luf acutangula ) ਅਤੇ ਘੀਆ ਤੋਰੀ (Luffa cylindrica) ਦੋ ਪ੍ਰ ਜਾਤੀਆਂ ਹਨ।

ਹ.ਪੁ.—ਐਨ. ਹਾਰਟੀਕਲਚਰ 2 : 1921

**ਤੋਰੀਆ** (Rape) : ਇਹ ਕਰੂਸੀਫਰੀ (Cruciferae) ਕੁ ਦਾ ਸਰੋਂ ਵਰਗਾ ਇਕ ਪੌਦਾ ਹੈ। ਇਸ ਦਾ ਬਨਸਪਤੀ ਵਿਗਿਆਨ ਨਾਂ ਬ੍ਰੈਸਿਕਾ ਨੇਪਸ (Brassica napes) ਹੈ। ਇਸ ਨੂੰ ਅੰਗ੍ਰੇਜ਼ੀ ਵਿ ਰੇਪ ਕਹਿੰਦੇ ਹਨ, ਜਿਹੜਾ ਅਸਲ ਵਿਚ ਲਾਤੀਨੀ ਸ਼ਬਦ (rapu ਤੋਂ ਲਿਆ ਗਿਆ ਹੈ। ਇਸ ਸ਼ਬਦ ਦਾ ਅਰਥ ਹੈ ਸ਼ਲਗਮ, ਜਿ ਨਾਲ ਇਹ ਕਾਫ਼ੀ ਮਿਲਦਾ ਜੁਲਦਾ ਹੈ। ਤੋਰੀਆ ਕੈਨੇਡਾ, ਯਰੂਪ ਏਸ਼ੀਆ ਜਾਂ ਉਪ ਊਸ਼ਣੀ ਹਿੱਸਿਆਂ ਵਿਚ ਸਰਦੀਆਂ ਦੀ ਫ਼ਸਲ ਵਜੋਂ ਉਗਾਇਆ ਜਾਂਦਾ ਹੈ। ਇਸ ਪੌਦੇ ਦੇ ਉਪਰਲੇ ਭਾਗ ਨੂੰ ਤੇਲ ਵਾਲੇ ਬੀਜਾਂ (Oil seed), ਚਾਰੇ ਅਤੇ ਸਬਜ਼ੀ ਲਈ ਵਰਤਿਆ ਜਾਂਦਾ ਹੈ ਤੋਰੀਏ ਦਾ ਬੀਜ ਇੰਨਾ ਛੋਟਾ ਹੁੰਦਾ ਹੈ ਕਿ 1000 ਬੀਜਾਂ ਦਾ ਭਾਰ . ਤੋਂ 5 ਗ੍ਰਾਮ ਦਰਮਿਆਨ ਹੀ ਹੁੰਦਾ ਹੈ।

ਤੋਰੀਆ ਇਕ ਰੁੱਤੀ ਅਤੇ ਦੋ-ਰੁੱਤੀ ਦੋਵੇਂ ਕਿਸਮਾਂ ਵਿਚ ਮਿਲਦਾ ਹੈ। ਦੋ ਰੁੱਤੀ ਪੌਦੇ ਲੰਬੇ ਸੀਤ ਕਾਲ ਵਿਚੋਂ ਲੰਘਣ ਮਗਰੋਂ ਹੀ ਫੁੱਲ ਦਿੰਦੇ ਹਨ। ਇਸ ਦੀ ਫ਼ਸਲ 25-40 ਸੈਂ. ਮੀ. ਵਰਖਾ ਵਾਲੇ ਇਲਾਕਿਆਂ ਵਿਚ ਚੰਗੀ ਹੁੰਦੀ ਹੈ। ਇਸ ਦੀ ਫ਼ਸਲ ਲਈ ਕਣਕ ਦੀ ਫ਼ਸਲ ਦੇ ਮੁਕਾਬਲੇ ਘੱਟ ਖਾਦਾਂ, ਥੋੜ੍ਹੀ ਸਿੰਜਾਈ ਅਤੇ ਮਿਹਨਤ ਦੀ ਲੋੜ ਪੈਂਦੀ ਹੈ। ਇਸ ਨੂੰ ਕਣਕ-ਤੋਰੀਆ-ਕਪਾਹ ਅਤੇ ਗੰਨਾ-ਤੋਰੀਆ ਦੇ ਚਕਰ (ਗੇੜ) ਵਿਚ ਬੀਜਿਆ ਜਾਂਦਾ ਹੈ।

ਤੋਰੀਏ ਦੀ ਫ਼ਸਲ ਲਈ ਚੰਗੇ ਨਿਕਾਸ ਵਾਲੀ, ਹਲਕੀ ਤੋਂ ਦਰਮਿਆਨੀ ਕਿਸਮ ਦੀ ਮੱਲੜ੍ਹ ਧਰਤੀ ਲਾਹੇਵੰਦ ਰਹਿੰਦੀ ਹੈ। ਚੰਗੀ ਸਿੱਲ੍ਹੀ ਜ਼ਮੀਨ ਵਿਚ ਦੋ ਕਿਲੋ ਪ੍ਰਤੀ ਏਕੜ ਬੀਜ ਬੀਜਣੇ ਚਾਹੀਦੇ ਹਨ। ਬੀਜ ਛੋਟੇ ਛੋਟੇ, ਗੋਲ ਅਤੇ ਆਮ ਤੌਰ ਤੇ ਕਾਲੇ ਰੰਗ ਦੇ ਹੁੰਦੇ

ਹਨ। ਬੀਜ ਕਤਾਰਾਂ ਵਿਚ ਬੀਜੇ ਜਾਂਦੇ ਹਨ। ਕਤਾਰਾਂ ਦੀ ਆਪਸੀ ਦੂਰੀ ਲਗਭਗ 30 ਸੈਂ. ਮੀ. ਰੱਖੀ ਜਾਂਦੀ ਹੈ ਅਤੇ ਬੀਜ 4 ਤੋਂ 5 ਸੈਂ. ਮੀ. ਡੂੰਘੇ ਸਿਆੜਾਂ ਵਿਚ ਪੋਰ (drill) ਨਾਲ ਕੇਰੇ ਜਾਂਦੇ ਹਨ। ਬਿਜਾਈ ਤੋਂ ਤਿੰਨ ਹਫ਼ਤੇ ਬਾਅਦ ਬੀਜਾਂ ਨੂੰ ਵਿਰਲਾ ਕਰ ਦਿੱਤਾ ਜਾਂਦਾ ਹੈ। ਦੋ ਬੂਟਿਆਂ ਦੀ ਆਪਸੀ ਦੂਰੀ ਲਗਭਗ 10 ਤੋਂ 15 ਸੈਂ. ਮੀ. ਕਰ ਦਿੱਤੀ ਜਾਂਦੀ ਹੈ। ਜੇ ਮੁੱਖ ਫ਼ਸਲ ਸਿਰਫ਼ ਤੋਰੀਏ ਦੀ ਹੀ ਲੈਣੀ ਹੋਵੇ ਤਾਂ ਕਤਾਰਾਂ ਦੀ ਆਪਸੀ ਦੂਰੀ 1.8 ਤੋਂ 2.4 ਮੀ. ਰੱਖੀ ਜਾਂਦੀ ਹੈ ਅਤੇ ਇਸ ਨੂੰ ਸਤਬੰਰ ਦੇ ਪਹਿਲੇ ਪੰਦਰਵਾੜੇ ਵਿਚ ਬੀਜਿਆ ਜਾਂਦਾ ਹੈ, ਨਹੀਂ ਤਾਂ ਜਿਹੜੀ ਫ਼ਸਲ ਦੇ ਨਾਲ ਬੀਜਿਆ ਜਾਵੇ ਉਸ ਦੇ ਲਿਹਾਜ ਨਾਲ ਹੀ ਬੀਜੀ ਜਾਂਦੀ ਹੈ। ਜੇ ਜ਼ਮੀਨ ਵਿਚ ਨਮੀ ਘੱਟ ਹੋਵੇ ਤਾਂ ਬੀਜਣ ਤੋਂ ਪਹਿਲਾਂ ਬੀਜਾਂ ਨੂੰ ਗਿਲੀ ਮਿੱਟੀ ਵਿਚ ਰਲਾ ਕੇ ਇਕ ਰਾਤ ਲਈ ਰਖਿਆ ਜਾਂਦਾ ਹੈ। ਬੀਜ ਬੀਜਣ ਤੋਂ ਤਿੰਨ ਹਫ਼ਤੇ ਬਾਅਦ ਇਕ ਵਾਰ ਗੁਡਾਈ ਦੀ ਲੋੜ ਹੁੰਦੀ ਹੈ। ਚੰਗੀ ਤਰ੍ਹਾਂ ਪਾਣੀ ਦਿੱਤੀ ਜ਼ਮੀਨ ਵਿਚ ਬੀਜਾਈ ਕਰਨ ਉਪਰੰਤ 3-4 ਹਫ਼ਤੇ ਬਾਅਦ ਇਕ ਵਾਰ ਫਿਰ ਸਿੰਜਾਈ ਦੀ ਲੋੜ ਪੈਂਦੀ ਹੈ। ਫੁਲ ਪੈਣ ਸਮੇਂ ਜੇ ਲੋੜ ਹੋਵੇ ਤਾਂ ਇਕ ਵਾਰ ਹੋਰ ਸਿੰਜਾਈ ਕਰ ਲੈਣੀ ਚਾਹੀਦੀ ਹੈ।

ਬੀਜ ਪੁਗੰਰਣ ਤੋਂ ਬਾਅਦ ਇਨ੍ਹਾਂ ਵਿਚੋਂ ਨੀਲੀ ਭਾਹ ਵਾਲੇ ਹਰੇ ਰੰਗ ਦੇ ਪੌਦੇ ਨਿਕਲਦੇ ਹਨ, ਜਿਹੜੇ ਕਾਫ਼ੀ ਜਲਦੀ ਜਲਦੀ ਵਧਦੇ ਹਨ। ਪੌਦਾ ਬਹੁਤੀਆਂ ਸ਼ਾਖ਼ਾਵਾਂ ਵਾਲਾ ਅਤੇ ਤਕਰੀਬਨ ਇਕ ਮੀ. ਉੱਚਾ ਹੁੰਦਾ ਹੈ। ਪੱਤੇ ਖੰਨਾ ਜਾਂ ਦੰਦਿਆਂ ਵਾਲੇ ਤੇ ਗੁੱਦੇਦਾਰ ਹੁੰਦੇ ਹਨ। ਵਿਚਕਾਰੋਂ ਪੀਲੇ ਰੰਗ ਦੇ ਫੁੱਲਾਂ ਵਾਲੇ ਅਸੀਮਿਤ ਧੁਰੋਂਈ (racemose) ਪੁਸ਼ਪ-ਕ੍ਰਮ ਉੱਗਦੇ ਹਨ। ਬੀਜ ਲੰਬੀਆਂ ਤੇ ਪਤਲੀਆਂ ਫਲੀਆਂ ਵਿਚ ਲਗਦੇ ਹਨ। ਜਦੋਂ ਫਲੀਆਂ ਪੀਲੀਆਂ ਪੈ ਜਾਣ ਤਾਂ ਫ਼ਸਲ ਕਟਣ ਲਈ ਤਿਆਰ ਹੁੰਦੀ ਹੈ। ਫ਼ਸਲ ਦੀ ਕਟਾਈ ਦਸੰਬਰ ਮਹੀਨੇ ਦੇ ਪਹਿਲੇ ਅੱਧ ਵਿਚ ਕੀਤੀ ਜਾਂਦੀ ਹੈ।

ਤੋਰੀਏ ਦੀਆਂ ਕੁਝ ਚੰਗੀਆਂ ਕਿਸਮਾਂ ਹੇਠ ਲਿਖੀਆਂ ਹੁੰਦੀਆਂ ਹਨ :–

**ਇੰਮਪਰੂਵਡ ਤੋਰੀਆ ਸਲੈਕਸ਼ਨ-ਏ (ITSA)** — ਇਹ 100 ਦਿਨਾਂ ਵਿਚ ਤਿਆਰ ਹੋਣ ਵਾਲੀ ਕਿਸਮ ਹੈ ਅਤੇ ਸਭ ਤੋਂ ਵੱਧ ਝਾੜ ਦਿੰਦੀ ਹੈ। ਇਸ ਦਾ ਔਸਤਨ ਝਾੜ 3-4 ਕੁਇੰਟਲ (ਬੀਜ) ਪ੍ਰਤੀ ਏਕੜ ਹੈ। ਬੀਜਾਂ ਵਿਚ ਤੇਲ ਦੀ ਮਾਤਰਾ 41% ਹੁੰਦੀ ਹੈ।

**ਟੀ-ਐਲ-15** — ਇਹ ਲਗਭਗ 88 ਦਿਨਾਂ ਵਿਚ ਤਿਆਰ ਹੋਣ ਵਾਲੀ ਕਿਸਮ ਹੈ। ਜਲਦੀ ਤਿਆਰ ਹੋ ਜਾਣ ਕਰਕੇ ਬਦਲਵੀਂ ਫ਼ਸਲ (rotation) ਲਈ ਇਕ ਢੁੱਕਵੀਂ ਕਿਸਮ ਹੈ। ਇਸ ਦਾ ਔਸਤਾਨ ਝਾੜ 3.9 ਕੁਇੰਟਲ (ਬੀਜ) ਪ੍ਰਤੀ ਏਕੜ ਹੈ ਅਤੇ ਇਸ ਦੇ ਬੀਜਾਂ ਵਿਚ ਵੀ ਤੇਲ ਦੀ ਮਾਤਰਾ ਆਈ ਟੀ ਐਸ ਏ ਕਿਸਮ ਜਿੰਨੀ ਹੀ ਹੁੰਦੀ ਹੈ।

ਤੋਰੀਏ ਦੇ ਪੱਤਿਆਂ ਨੂੰ ਸਬਜ਼ੀ ਵਜੋਂ (ਸਾਗ) ਖਾਣ ਲਈ ਅਤੇ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ ਅਤੇ ਬੀਜਾਂ ਵਿਚੋਂ ਤੇਲ ਕੱਢਿਆ ਜਾਂਦਾ ਹੈ। ਇਹ ਸੰਸਾਰ ਦੇ ਖਾਣ-ਯੋਗ ਤੇਲਾਂ ਦੀ ਤਕਰੀਬਨ 10-12% ਲੋੜ ਪੂਰੀ ਕਰਦਾ ਹੈ। ਇਸ ਤੇਲ ਨੂੰ ਬਣਾਉਟੀ ਮੱਖਣ (ਮਾਰਗਰੀਨ) (margarine) ਆਦਿ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਕਾਰਖ਼ਾਨਿਆਂ ਵਿਚ ਇਸ ਦੀ ਵਾਂਗਣ-ਪਦਾਰਥਾਂ (lubricants) ਅਤੇ ਕਈ ਹੋਰ ਉਤਪਾਦਨਾਂ ਜਿਵੇਂ ਰਬੜ, ਪਲਾਸਟਿਕ ਅਤੇ ਨਾਈਲੋਨ ਆਦਿ ਬਣਾਉਣ ਲਈ ਵਰਤੋਂ ਕੀਤੀ ਜਾਂਦੀ ਹੈ। ਤੇਲ ਕੱਢਣ ਤੋਂ ਬਾਅਦ ਫੋਕੜ ਭਾਵ ਖਲ ਨੂੰ ਪਸ਼ੂਆਂ ਅਤੇ ਮੁਰਗੀਆਂ ਨੂੰ ਪ੍ਰੋਟੀਨ ਭਰਪੂਰ ਖ਼ੁਰਾਕ ਵਜੋਂ ਦਿੱਤਾ ਜਾਂਦਾ ਹੈ। ਕਈ ਏਸ਼ੀਆਈ ਦੇਸ਼ਾਂ ਵਿਚ ਇਸ ਨੂੰ ਕਈ ਫ਼ਸਲਾਂ (ਜਿਵੇਂ ਤਮਾਕੂ ਅਤੇ ਨਿੰਬੂ ਕੁਲ ਦੇ ਪੌਦੇ) ਲਈ ਖਾਦ ਅਤੇ ਭੌਂ-ਸੋਧਕ ਵਜੋਂ ਵੀ ਵਰਤਿਆ ਜਾਂਦਾ ਹੈ।

ਹ.ਪੁ.—ਐਨ. ਸ. ਟ. 11:366; ਐਨ. ਬ੍ਰਿ. 18 : 981; ਪੇਕੇਜ ਆਫ਼ ਪ੍ਰੈਕਟਿਸਿਜ਼ ਫ਼ਾੱਰ ਰਬੀ ਕਰੱਪਸ (ਪੰ. ਖੇਤੀਬਾੜੀ ਯੂਨੀ. ਲੁਧਿਆਣਾ) 1978-79 : 35

**ਤੌਹੀਦ** : ਤੌਹੀਦ ਤੋਂ ਭਾਵ ਰੱਬ ਦੀ ਏਕਤਾ ਜਾਂ ਇਕਰੂਪਤਾ ਤੋਂ ਹੈ। 'ਤੌਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਇਕ ਕਰਨਾ'। ਇਸਲਾਮ ਅਨੁਸਾਰ 'ਅੱਲ੍ਹਾ' ਇਕ ਹੈ, ਉਸ ਤੋਂ ਸਿਵਾ ਹੋਰ ਕੋਈ ਦੇਵੀ ਦੇਵਤਾ ਨਹੀਂ ਹੈ ਅਤੇ ਮੁੰਹਮਦ ਸਾਹਿਬ ਰੱਬ ਦੇ ਰਸੂਲ ਜਾਂ ਪੈਗੰਬਰ ਹਨ। ਇਹ ਸ਼ਬਦ ਕੁਰਾਨ ਵਿਚ ਨਹੀਂ ਆਉਂਦਾ ਪਰ 'ਲਿਸਾਨ' ਵਿਚ ਇਸ ਦਾ ਪੂਰਾ ਵਿਸਥਾਰ ਦਿੱਤਾ ਗਿਆ ਹੈ। ਤੌਹੀਦ ਵਿਚ ਅੱਗੇ ਜਾ ਕੇ 'ਰੱਬ' ਦੇ ਗੁਣ ਇਸ ਪ੍ਰਕਾਰ ਦੱਸੇ ਗਏ ਹਨ: ਉਹ ਇਕ ਹੈ, ਉਹ ਵੱਖ ਵੱਖ ਭਾਗਾਂ ਜਾਂ ਜੁਜ਼ਾਂ ਦਾ ਬਣਿਆ ਹੋਇਆ ਨਹੀਂ ਸਗੋਂ ਵਾਹਿਦ ਇਕ ਪੂਰਨ ਮੁਜੱਸਮਾ ਅਤੇ ਅਯੋਗਿਕ ਹੈ। ਅੱਲ੍ਹਾ ਦਾ ਹੋਰ ਕੋਈ ਸਾਥੀ ਜਾਂ ਸ਼ਰੀਰਕ ਨਹੀਂ ਸਿਰਫ਼ ਉਸੇ ਦੀ ਹੋਂਦ ਪਰਮ ਸੰਪੂਰਨ ਹੈ, ਹੋਰ ਸਭ ਜੀਵਾਂ ਦੀ ਹੋਂਦ ਆਰਜ਼ੀ ਹੈ। ਤੌਹੀਦ ਤੋਂ ਭਾਵ ਸਰਬਈਸ਼ਵਰਵਾਦ ਦੇ ਸਿਧਾਂਤ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਅੱਲ੍ਹਾ ਹੀ ਸਭ ਕੁਝ ਹੈ। ਇਸ ਇਕਾਈ ਦਾ ਗਿਆਨ ਧਰਮ ਦੇ ਸਿਲਸਿਲੇਵਾਰ ਅਧਿਐਨ ਦੁਆਰਾ ਜਾਂ ਧਾਰਮਿਕ ਅਨੁਭਵ ਦੁਆਰਾ ਸੰਭਵ ਹੈ। ਇਹ ਅਨੁਭਵ ਲਿਵ ਜਾਂ ਧਿਆਨ ਲਗਾ ਕੇ ਜਾਂ ਦਾਰਸ਼ਨਿਕ ਖ਼ਿਆਲ ਉਡਾਰੀ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸੰਖੇਪ ਵਿਚ ਤੌਹੀਦ ਦਾ ਭਾਵ ਹੈ 'ਅੱਲ੍ਹਾ ਤੋਂ ਸਿਵਾ ਹੋਰ ਕੋਈ ਦੇਵੀ ਦੇਵਤਾ ਨਹੀਂ ।'

ਰੱਬ ਦੀ ਏਕਤਾ ਦੇ ਸਿਧਾਂਤ ਬਾਰੇ ਅਤੇ ਇਸ ਤੋਂ ਉੱਠੇ ਪ੍ਰਸ਼ਨਾਂ ਬਾਰੇ ਇਸਲਾਮ ਦੇ ਇਤਿਹਾਸ ਵਿਚ ਬਾਰ ਬਾਰ ਜ਼ਿਕਰ ਆਉਂਦਾ ਹੈ। ਮੁਸਲਮਾਨ ਸੂਫ਼ੀ ਸੰਤਾਂ ਦੇ ਸ਼ਬਦਾਂ ਅਨੁਸਾਰ ਤੌਹੀਦ ਤੋਂ ਭਾਵ ਇਕਈਸ਼ਵਰਵਾਦ ਹੈ ਰੱਬ ਹੀ ਸਭ ਕੁਝ ਹੈ। ਉਸ ਦੀ ਹੋਂਦ ਤੋਂ ਬਿਨਾਂ ਹੋਰ ਕੋਈ ਪਰਮ ਹੋਂਦ ਨਹੀਂ।

ਹ.ਪੁ.—ਐਨ. ਬ੍ਰਿ. ਮਾ. 9 : 846; ਸ਼ਾ. ਐਨ. ਇਸ; ਡਿ. ਇਸ.